॥ ਸ੍ਰੀ ਅਕਾਲ ਜੀ ਸਹਾਇ ॥

# ਮਿਤ੍ਰ ਅਸਾਡੜੇ ਸੇਈ

## ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

ਦੇ ਸੰਗੀ ਸਾਥੀ ਅਤੇ ਕੁੱਝ ਹੋਰ ਗੁਰਸਿੱਖਾਂ ਦੇ

## ਜੀਵਨ ਬਿਰਤਾਂਤ

ਸੰਪਾਦਕ
**ਗੁਰਦੀਪ ਸਿੰਘ**
ਸ੍ਰੀ ਅੰਮ੍ਰਿਤਸਰ

www.AKJ.Org

ਜਿਨ੍ਹਾ ਦਿਸੰਦੜਿਆ ਦੁਰਮਤਿ ਵੰਞੈ

# ਮਿਤ੍ਰ ਅਸਾਡੜੇ ਸੇਈ

ਸੰਪਾਦਕ :

**ਗੁਰਦੀਪ ਸਿੰਘ**

ਪ੍ਰਕਾਸ਼ਕ :

**ਅਖੰਡ ਕੀਰਤਨੀ ਜਥਾ (ਰਜਿ.)**

ਰਜਿ ਨੰ. 110/78-79

ਰੰਗਲੇ ਸੱਜਣ ਟਰੱਸਟ ਬਿਲਡਿੰਗ, ਨੇੜੇ ਬਾਬਾ ਸਾਹਿਬ ਚੌਂਕ, ਸ੍ਰੀ ਅੰਮ੍ਰਿਤਸਰ

www.AKJ.Org

ਜਿਨ੍ਹਾ ਦਿਸੰਦੜਿਆ ਦੁਰਮਤਿ ਵੰਞੈ

# ਮਿਤ੍ਰ ਅਸਾਡੜੇ ਸੇਈ

*ਸੰਪਾਦਕ :*


**ਗੁਰਦੀਪ ਸਿੰਘ**
209, ਅਜੀਤ ਨਗਰ, ਸੁਲਤਾਨਵਿੰਡ ਰੋਡ, ਸ੍ਰੀ ਅੰਮ੍ਰਿਤਸਰ-143001
ਫੋਨ ਨੰ. 94638-27597
E-mail: cmgurdipsingh@gmail.com



© ਸੰਪਾਦਕ



*ਪਹਿਲੀ ਵਾਰ :* 2021

ਭੇਟਾ ਰਹਿਤ (ਕੇਵਲ ਵਿਦੇਸ਼ੀ ਡਾਕ ਖ਼ਰਚ 700/- ਪ੍ਰਤੀ ਕਾਪੀ)

*ਪ੍ਰਕਾਸ਼ਕ :*

**ਅਖੰਡ ਕੀਰਤਨੀ ਜਥਾ (ਰਜਿ.)**

ਰਜਿ ਨੰ. 110/78-79
ਰੰਗਲੇ ਸੱਜਣ ਟਰੱਸਟ ਬਿਲਡਿੰਗ, ਨੇੜੇ ਬਾਬਾ ਸਾਹਿਬ ਚੌਂਕ, ਸ੍ਰੀ ਅੰਮ੍ਰਿਤਸਰ

*ਡਿਸਟ੍ਰੀਬਿਊਟਰ :*

**ਸਿੰਘ ਬ੍ਰਦਰਜ਼**

S.C.O. 223-24, ਸਿਟੀ ਸੈਂਟਰ
ਅੰਮ੍ਰਿਤਸਰ-143001
ਫ਼ੋਨ : 0183-2543965, 2550739

*ਪ੍ਰਿੰਟਰ :*

**ਪ੍ਰਿੰਟਵੈੱਲ**

146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ



www.AKJ.Org

# ਸਮਰਪਣ

ਸੁਣਿ ਸੁਣਿ ਜੀਵਾ ਸੋਇ ਤਿਨਾ ਕੀ ਜਿਨ੍ ਅਪੁਨਾ ਪ੍ਰਭੁ ਜਾਤਾ ॥
ਹਰਿ ਨਾਮੁ ਅਰਾਧਹਿ ਨਾਮੁ ਵਖਾਣਹਿ ਹਰਿ ਨਾਮੇ ਹੀ ਮਨੁ ਰਾਤਾ ॥
ਸੇਵਕੁ ਜਨ ਕੀ ਸੇਵਾ ਮਾਗੈ ਪੂਰੈ ਕਰਮਿ ਕਮਾਵਾ ॥
ਨਾਨਕ ਕੀ ਬੇਨੰਤੀ ਸੁਆਮੀ ਤੇਰੇ ਜਨ ਦੇਖਣੁ ਪਾਵਾ ॥੨॥
(ਅੰਗ ੮੦੨)

ਜਿਨਾ੍ ਦਿਸੰਦੜਿਆ ਦੁਰਮਤਿ ਵੰਞੈ ਮਿਤ੍ਰ ਅਸਾਡੜੇ ਸੇਈ ॥
ਹਉ ਢੂਢੇਦੀ ਜਗੁ ਸਬਾਇਆ ਜਨ ਨਾਨਕ ਵਿਰਲੇ ਕੇਈ ॥੨॥
(ਅੰਗ ੫੨੦)

ਨਾਨਕ ਕਚੜਿਆ ਸਿਉ ਤੋੜਿ ਢੂਢਿ ਸਜਣ ਸੰਤ ਪਕਿਆ ॥
ਓਇ ਜੀਵੰਦੇ ਵਿਛੁੜਹਿ ਓਇ ਮੁਇਆ ਨ ਜਾਹੀ ਛੋੜਿ ॥੧॥
(ਅੰਗ ੧੧੦੨)

ਸਜਣ ਸੇਈ ਨਾਲਿ ਮੈ ਚਲਦਿਆ ਨਾਲਿ ਚਲੰਨਿ੍ ॥
ਜਿਥੈ ਲੇਖਾ ਮੰਗੀਐ ਤਿਥੈ ਖੜੇ ਦਿਸੰਨਿ ॥੧॥ ਰਹਾਉ ॥
(ਅੰਗ ੭੨੯)

ਜਿਨ ਡਿਠਿਆ ਮਨੁ ਰਹਸੀਐ ਕਿਉ ਪਾਈਐ ਤਿਨ੍ ਸੰਗੁ ਜੀਉ ॥
ਸੰਤ ਸਜਨ ਮਨ ਮਿਤ੍ਰ ਸੇ ਲਾਇਨਿ ਪ੍ਰਭ ਸਿਉ ਰੰਗੁ ਜੀਉ ॥
ਤਿਨ੍ ਸਿਉ ਪ੍ਰੀਤਿ ਨ ਤੁਟਈ ਕਬਹੁ ਨ ਹੋਵੈ ਭੰਗੁ ਜੀਉ ॥੧॥
(ਅੰਗ ੭੬੦ )

ਕਿਆ ਸਵਣਾ ਕਿਆ ਜਾਗਣਾ ਗੁਰਮੁਖਿ ਤੇ ਪਰਵਾਣੁ ॥
ਜਿਨਾ ਸਾਸਿ ਗਿਰਾਸਿ ਨ ਵਿਸਰੈ ਸੇ ਪੂਰੇ ਪੁਰਖ ਪਰਧਾਨ ॥
ਕਰਮੀ ਸਤਿਗੁਰੁ ਪਾਈਐ ਅਨਦਿਨੁ ਲਗੈ ਧਿਆਨੁ ॥
ਤਿਨ ਕੀ ਸੰਗਤਿ ਮਿਲਿ ਰਹਾ ਦਰਗਹ ਪਾਈ ਮਾਨੁ ॥
ਸਉਦੇ ਵਾਹੁ ਵਾਹੁ ਉਚਰਹਿ ਉਠਦੇ ਭੀ ਵਾਹੁ ਕਰੇਨਿ ॥
ਨਾਨਕ ਤੇ ਮੁਖ ਉਜਲੇ ਜਿ ਨਿਤ ਉਠਿ ਸੰਮਾਲੇਨਿ ॥੧॥
(ਅੰਗ ੩੧੨)

## ਗੁਰਬਾਣੀ ਦਾ ਨਿਰਬਾਨ ਅਥਵਾ ਅਖੰਡ ਕੀਰਤਨ :

ਸ੍ਰੀ ਅਖੰਡ ਪਾਠ ਦੌਰਾਨ ਚੱਲ ਰਹੇ ਨਿਰੰਤਰ ਗੁਰਬਾਣੀ ਦੇ ਪ੍ਰਵਾਹ ਵਾਂਗ ਗੁਰਬਾਣੀ ਦੇ ਅਖੰਡ ਕੀਰਤਨ ਲਈ ਜ਼ਰੂਰੀ ਨੁੱਕਤੇ :-

1) ਇਤਿਹਾਸਕ ਗੁਰਦੁਆਰਿਆਂ ਖਾਸ ਕਰ ਸੱਚਖੰਡ ਸ੍ਰੀ ਦਰਬਾਰ ਸਾਹਿਬ ਵਿਖੇ ਧੁਰ ਤੋਂ ਚਲੀ ਆ ਰਹੀ ਕੀਰਤਨ ਦੀ ਪ੍ਰੰਪਰਾ ਮੁਤਾਬਕ ਕੀਰਤਨ ਕੇਵਲ ਗੁਰਬਾਣੀ ਅਤੇ ਉਸ ਦੀ ਵਿਆਖਿਆ ਸਰੂਪ ਭਾਈ ਗੁਰਦਾਸ ਜੀ ਅਤੇ ਭਾਈ ਨੰਦ ਲਾਲ ਜੀ ਦੀ ਰਚਨਾਵਾ ਵਿੱਚੋਂ ਹੀ ਹੋ ਸਕਦਾ ਹੈ। ਉਪਰੋਕਤ ਤੋਂ ਬਾਹਰਲੀ ਕਿਸੇ ਵੀ ਰਚਨਾ ਦਾ ਕੀਰਤਨ ਕਰਨਾ ਪ੍ਰਵਾਨਤ ਨਹੀਂ ਹੈ, ਪ੍ਰੰਤੂ ਗੁਰਬਾਣੀ ਦੀ ਕਥਾ, ਵਿਚਾਰ, ਵਿਆਖਿਆ ਦੌਰਾਨ ਜਾਂ ਕਿਸੇ ਗੁਰਮਤਿ ਦੇ ਸਿਧਾਂਤ ਦੀ ਵਿਆਖਿਆ ਸਬੰਧੀ ਲੇਖ ਜਾਂ ਰਚਨਾ ਵਿਚ ਗੁਰਬਾਣੀ ਤੋਂ ਬਾਹਰ ਦੀਆਂ ਉਪਲੱਬਧ ਰਚਨਾਵਾਂ ਵਿੱਚੋਂ ਪ੍ਰਮਾਣ, ਹਵਾਲੇ ਜਾਂ ਸਬੂਤ ਦਿੱਤੇ ਜਾ ਸਕਦੇ ਹਨ।

2) ਗੁਰੂ ਸਾਹਿਬ ਜੀ ਨੇ ਜਿਸ ਤਰ੍ਹਾਂ ਗੁਰਬਾਣੀ ਉਚਾਰੀ ਹੈ, ਉਸੇ ਤਰ੍ਹਾਂ ਹੀ ਉਸ ਦਾ ਕੀਰਤਨ ਕਰਨਾ ਯੋਗ ਹੈ ਤਾਂ ਹੀ ਉਸ ਨੂੰ ਨਿਰੋਲ ਗੁਰਬਾਣੀ ਦਾ ਕੀਰਤਨ ਆਖਿਆ ਜਾ ਸਕਦਾ ਹੈ। ਕੁਝ ਡੇਰੇਦਾਰਾਂ, ਸੰਤਾਂ, ਬਾਬਿਆਂ ਵਾਂਗ ਗੁਰਬਾਣੀ ਤੋਂ ਬਿਨਾਂ ਬਾਹਰਲੀਆਂ ਮਨਘੜਤ ਅਤੇ ਵਾਧੂ ਤੁਕਾਂ ਲਾ ਕੇ ਕੱਚੀ ਧਾਰਨਾ ਲਾਉਣੀ ਜਾਂ ਗਾਉਣਾ ਅਯੋਗ ਹੈ। ਸ਼ਬਦਾਂ ਨੂੰ ਜੋਟੀਆਂ ਦੀ ਧਾਰਨਾ ਜਾਂ ਰਾਗ ਨਾਲ ਪੜ੍ਹਦਿਆਂ ਸ਼ਬਦ ਦੀ ਤੁਕ ਦੀ ਹੀ ਧਾਰਨਾ ਬਣਾਈ ਜਾਵੇ। ਭਾਈ ਸਾਹਿਬ ਜੀ ਨੇ ਗੁਰਬਾਣੀ ਦੇ ਨਿਰੋਲ ਕੀਰਤਨ ਦੀ ਪ੍ਰੰਪਰਾ ਨੂੰ ਅਪਣਾਇਆ, ਜਿਸ ਲਈ ਜਥਾ ਹੁਣ ਤਾਈਂ ਪੰਥ ਵਿੱਚ ਮਸ਼ਹੂਰ ਰਿਹਾ ਹੈ।

3) ਗੁਰਬਾਣੀ ਮੂਲ ਹੈ ਅਤੇ ਭਾਈ ਗੁਰਦਾਸ ਜੀ ਅਤੇ ਭਾਈ ਨੰਦ ਲਾਲ ਜੀ ਦੀਆਂ ਰਚਨਾਵਾਂ ਵਿਆਜ ਰੂਪ ਹਨ। ਕੀਰਤਨ ਗੁਰਬਾਣੀ ਦੇ ਸ਼ਬਦ ਤੋਂ ਆਰੰਭ ਕਰਨਾ ਚਾਹੀਦਾ ਹੈ ਅਤੇ ਉਸ ਦੇ ਪ੍ਰਮਾਣ ਉਪਰੋਕਤ ਰਚਨਾਵਾਂ ਵਿੱਚੋਂ ਦੇਣੇ ਚਾਹੀਦੇ ਹਨ। ਇਹ ਨਹੀਂ ਕਿ ਪਹਿਲਾਂ ਭਾਈ ਗੁਰਦਾਸ ਜੀ ਜਾਂ ਭਾਈ ਨੰਦ ਲਾਲ ਦੀ ਰਚਨਾ ਵਿੱਚੋਂ ਕਿਸੇ ਸ਼ਬਦ ਦਾ ਕੀਰਤਨ ਆਰੰਭ ਕੀਤਾ ਜਾਵੇ ਅਤੇ ਉਸ ਦੇ ਪ੍ਰਮਾਣ ਗੁਰਬਾਣੀ ਵਿਚੋਂ ਦਿੱਤੇ ਜਾਣ। ਮੂਲ ਨੂੰ ਵਿਆਜ ਲੱਗਦਾ ਹੈ ਨਾ ਕਿ ਵਿਆਜ ਨੂੰ ਮੂਲ ਲੱਗਦਾ ਹੈ।

4) ਕੀਰਤਨ ਹਮੇਸ਼ਾ ਪੂਰੇ ਸ਼ਬਦਾਂ ਦਾ ਹੀ ਕਰਨਾ ਚਾਹੀਦਾ ਹੈ। ਇਕ ਸਬਦ ਦੀ ਸਮਾਪਤੀ ਤੋਂ ਬਾਅਦ, ਉਸ ਦੇ ਰਲਵੇਂ ਮਿਲਵੇਂ ਭਾਵਾਂ ਵਾਲੇ ਅਗਲੇ ਸ਼ਬਦ ਦਾ ਕੀਰਤਨ ਕੀਤਾ ਜਾਵੇ। ਇਹ ਨਹੀਂ ਕਿ ਦੋ ਤੁਕਾਂ ਇਕ ਸ਼ਬਦ ਦੀਆਂ ਅਤੇ ਫਿਰ ਦੋ ਤੁਕਾਂ ਕਿਸੇ ਹੋਰ ਸਬਦ ਦੀਆਂ ਪੜ੍ਹ ਕੇ ਤੁਕਾਂਤ ਕੀਰਤਨ ਕੀਤਾ ਜਾਵੇ। ਗੁਰਬਾਣੀ ਦੇ ਅਰਥ ਭਾਵ ਨੂੰ ਚੰਗੀ ਤਰ੍ਹਾਂ ਸਮਝ ਕੇ, ਸੋਚ ਵਿਚਾਰ ਤੋਂ ਬਾਅਦ ਹੀ ਕੀਰਤਨ ਕਰਨਾ ਯੋਗ ਹੈ।

5) ਕੀਰਤਨ ਦੀ ਅਖੰਡਤਾ ਕਾਇਮ ਰੱਖਣ ਲਈ ਆਮ ਰਾਗੀਆਂ ਜਾਂ ਕੁਝ ਕੀਰਤਨੀਆਂ ਵਾਂਗ ਖਾਲੀ ਸਾਜ਼ ਨਾ ਵਜਾਏ ਜਾਣ। ਭਾਈ ਸਾਹਿਬ ਜੀ ਨੇ ਕੀਰਤਨ ਦੀ ਅਖੰਡਤਾ ਰੱਖਣ ਵਾਸਤੇ ਹੀ ਜੋਟੀਆਂ ਰਾਹੀਂ ਕੀਰਤਨ ਦੀ ਪਰੰਪਰਾ ਅਪਨਾਈ, ਜਿਸ ਨਾਲ ਗੁਰਬਾਣੀ ਦਾ ਨਿਰੰਤਰ ਪ੍ਰਵਾਹ ਚੱਲਦਾ ਰਹਿੰਦਾ ਹੈ ਅਤੇ ਗੁਰਬਾਣੀ ਦੀ ਪਾਰਸ ਕਲਾ ਵਰਤਦੀ ਹੈ।

6) ਗੁਰਬਾਣੀ ਦੇ ਕੀਰਤਨ ਦੌਰਾਨ ਕਿਸੇ ਪ੍ਰਕਾਰ ਦਾ ਵਖਿਆਨ ਜਾਂ ਕਥਾ ਕਰਨੀ, ਗੁਰਬਾਣੀ ਦੇ ਕੀਰਤਨ ਦੀ ਅਖੰਡਤਾ ਨੂੰ ਭੰਗ ਕਰਨਾ ਹੈ। ਇਸੇ ਕਾਰਨ ਜੱਥੇ ਵੱਲੋਂ ਹੋਣ ਵਾਲੇ ਸਮਾਗਮਾਂ ਦੌਰਾਨ ਕੋਈ ਵਿਖਿਆਨ, ਕਥਾ ਜਾਂ ਬੇਲੋੜੀ ਅਨਾਊਂਸਮੈਂਟ ਨਹੀਂ ਕੀਤੀ ਜਾਂਦੀ।

7) ਇਤਿਹਾਸਕ ਗੁਰਦੁਆਰਿਆਂ ਵਿੱਚ ਸ੍ਰੀ ਆਸਾ ਜੀ ਦੀ ਵਾਰ ਦਾ ਕੀਰਤਨ ਅੰਮ੍ਰਿਤ ਵੇਲੇ ਅਖੰਡ ਹੀ ਕੀਤਾ ਜਾਂਦਾ ਹੈ। ਇਸ ਦੌਰਾਨ ਕੋਈ ਕਥਾ, ਵਿਖਿਆਨ ਜਾਂ ਅਨਾਊਂਸਮੈਂਟ ਭੋਗ ਪੈਣ ਤੋਂ ਪਹਿਲਾਂ ਨਹੀਂ ਕੀਤੀ ਜਾਂਦੀ। ਜੱਥੇ ਦੇ ਸਮਾਗਮਾਂ ਵਿੱਚ ਵੀ ਇਹ ਪ੍ਰੰਪਰਾ ਪੁਰਾਣੇ ਸਮੇਂ ਤੋਂ ਲਾਗੂ ਹੈ।

8) ਕੀਰਤਨ ਦਾ ਮੁੱਖ ਪ੍ਰਯੋਜਨ ਅਪਣਾ ਆਤਮਿਕ ਲਾਹਾ ਅਤੇ ਮਨ ਨੂੰ ਪ੍ਰਬੋਧਨ ਸੋਧਣ ਦਾ ਹੋਣਾ ਚਾਹੀਦਾ ਹੈ। ਕੀਰਤਨ ਕਰਨ ਸਮੇਂ ਚਲ ਰਹੇ ਸਮਾਗਮ ਪਰਥਾਇ ਅਤੇ ਆਪਣੀ ਆਤਮਿਕ ਅਵਸਥਾ ਅਨੁਸਾਰ ਸ਼ਬਦਾਂ ਦੀ ਚੋਣ ਕਰਕੇ ਕੀਰਤਨ ਕਰਨਾ ਹੀ ਯੋਗ ਹੈ। ਗੁਰੂ ਸਾਹਿਬ ਜੀ ਦੀ ਬਖ਼ਸ਼ਿਸ਼ ਲੈਣ ਲਈ ਅਕਾਲ ਪੁਰਖ/ਗੁਰੂ ਸਾਹਿਬ ਜੀ ਦੀ ਉਸਤਤਿ/ਸਿਫਤ-ਸਾਲਾਹ, ਦਰਸ਼ਨਾਂ ਦੀ ਤਾਂਘ, ਬੈਰਾਗ ਅਤੇ ਬੇਨਤੀ ਮਈ ਸ਼ਬਦਾਂ ਦਾ ਕੀਰਤਨ ਗੁਰੂ ਸਾਹਿਬ ਜੀ ਨੂੰ ਸਨਮੁਖ ਹੋ ਕੇ ਕਰਨਾ ਚਾਹੀਦਾ ਹੈ। ਪ੍ਰਚਾਰਕ ਰੁਚੀ ਅਧੀਨ ਸੰਗਤਾਂ ਨੂੰ ਸੰਬੋਧਨ ਹੋ ਕੇ ਉਨ੍ਹਾਂ ਨੂੰ ਪ੍ਰਚਾਉਣ ਰੀਝਾਉਣ ਲਈ ਕੀਤਾ ਕੀਰਤਨ ਨਿਰਾ ਘਾਟੇ ਦਾ ਸੌਦਾ ਹੈ। ਮਾਇਆ ਰੂਪੀ ਨਾਗਨੀ, ਸੰਗਤਾਂ ਦੇ ਦਸਵੰਧ ਖਾਣ, ਲੋਕਾਂ ਦੀ ਵਾਹ ਵਾਹ ਖੱਟਣ ਅਤੇ ਨਿੱਜੀ ਮਸ਼ਹੂਰੀ ਕਰਨ ਕਰਵਾਉਣ ਤੋਂ ਹਮੇਸ਼ਾਂ ਬੱਚਣਾ ਚਾਹੀਦਾ ਹੈ।

9) **"ਸਹਿਜੇ ਗਾਵਿਆ ਥਾਇ ਪਵੈ ਬਿਨੁ ਸਹਜੈ ਕਥਨੀ ਬਾਦਿ ॥"**

ਗੁਰਬਾਣੀ ਪਰੇਮ, ਸਹਿਜ, ਵੈਰਾਗ ਵਿੱਚ ਪੜ੍ਹਨ, ਸੁਣਨ ਨਾਲ ਹੀ ਮਨ ਵਿਚ ਵੱਸਦੀ ਹੈ ਅਤੇ ਰਸ ਆਉਣਾ ਸ਼ੁਰੂ ਹੁੰਦਾ ਹੈ। ਸਹਿਜ ਵਿਚ ਗਾਵਿਆ ਹੀ ਥਾਏਂ ਪੈਂਦਾ ਹੈ। ਇਸ ਲਈ ਕੀਰਤਨ ਦੀ ਚਾਲ (speed) ਨੂੰ ਨਿਰੰਤਰ (control) ਵਿਚ ਰੱਖ ਕੇ ਕੀਰਤਾ ਕਰਨਾ ਹੀ ਠੀਕ ਹੈ। ਸਾਜ਼ਾਂ ਦੀ ਆਵਾਜ਼ ਵੀ ਕੀਰਤਨੀਏ ਸਿੰਘ ਦੀ ਆਵਾਜ ਤੋਂ ਹੇਠਾਂ ਰਹਿਣੀ ਚਾਹੀਦੀ ਹੈ। ਬੇਸ਼ੱਕ ਗੁਰਬਾਣੀ ਨੂੰ ਰਾਗਾਂ ਵਿੱਚ ਗਾਉਣ ਦਾ ਵਿਧਾਨ ਹੈ ਪ੍ਰੰਤੂ ਰਾਗ ਨੂੰ ਗੁਰਬਾਣੀ ਉੱਪਰ ਭਾਰੂ ਨਹੀਂ ਹੋਣ ਦਿੱਤਾ ਜਾਣਾ ਚਾਹੀਦਾ।

# ਤਤਕਰਾ


| | | | ਪੰਨਾ |
|---|---|---|---|
| | ਉਥਾਨਕਾ | | 11 |


## ਅਧਿਆਇ ਪਹਿਲਾ

### (ਸੰਨ 1903 ਤੋਂ 1914 ਤਾਂਈ ਜਥੇ ਵਿੱਚ ਆਏ ਗੁਰਸਿੱਖ)


| | | | |
|---|---|---|---|
| 1) | ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ | | |
| | ੳ) ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਜੀਵਨ ਤੇ ਪੰਛੀ ਝਾਤ | ਭਾਈ ਗੁਰਦੀਪ ਸਿੰਘ ਜੀ | 17 |
| | ਅ) ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਸ਼ਖ਼ਸੀਅਤ ਦੇ ਵਿਸ਼ੇਸ਼ ਗੁਣ | ਭਾਈ ਗੁਰਦੀਪ ਸਿੰਘ ਜੀ | 21 |
| | ੲ) ਪੰਥ ਦੀ ਸੋਨਚਿੜੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ | ਪ੍ਰਿੰਸੀਪਲ ਗੁਰਮੁਖ ਸਿੰਘ ਜੀ | 34 |
| 2) | ਬੇਬੇ ਕਰਤਾਰ ਕੌਰ ਜੀ | | |
| | ੳ) ਸੰਖੇਪ ਜੀਵਨੀ - ਬੇਬੇ ਕਰਤਾਰ ਕੌਰ ਜੀ | ਗਿਆਨੀ ਨਾਹਰ ਸਿੰਘ ਜੀ | 46 |
| | ਅ) ਪ੍ਰੇਮ ਯਾਦਾਂ - ਕਰਤਾਰ ਕੌਰ ਜੀ ਦੀਆਂ | ਭਾਈ ਸਾਹਿਬ ਰਣਧੀਰ ਸਿੰਘ ਜੀ | 50 |
| 3) | ਭਾਈ ਬਲਬੀਰ ਸਿੰਘ ਜੀ ਨਾਰੰਗਵਾਲ | | |
| | ੳ) ਜੀਵਨ ਬਿਰਤਾਂਤ | ਡਾ ਹਰਿੰਦਰ ਸਿੰਘ ਜੀ | 52 |
| | ਅ) ਸੰਖੇਪ ਜੀਵਨ | ਗਿਆਨੀ ਗੁਰਦਿੱਤ ਸਿੰਘ ਜੀ | 55 |
| 4) | ਬੀਬੀ ਦਲੇਰ ਕੌਰ ਜੀ | ਭਾਈ ਗੁਰਦੀਪ ਸਿੰਘ ਜੀ | 56 |
| 5) | ਭਾਈ ਸੱਜਣ ਸਿੰਘ ਜੀ (ਭਤੀਜ ) ਨਾਰੰਗਵਾਲ | ਭਾਈ ਗੁਰਦੀਪ ਸਿੰਘ ਜੀ | 58 |
| 6) | ੳ) ਰੰਗ ਰੱਤੜੇ ਬਾਊ ਮਲ ਸਿੰਘ ਜੀ | ਪ੍ਰੋ. ਠਾਕੁਰ ਸਿੰਘ ਜੀ | 60 |
| | ਅ) ਬਾਊ ਮੱਲ ਸਿੰਘ ਜੀ ਦਾ ਪਰਉਪਕਾਰ | ਭਾਈ ਵਰਿਆਮ ਸਿੰਘ ਜੀ | 65 |
| | ੲ) ਬਾਊ ਮੱਲ ਸਿੰਘ ਜੀ ਪ੍ਰਥਾਇ ਕਵਿਤਾ | ਗਿਆਨੀ ਗੋਪਾਲ ਸਿੰਘ ਜੀ | 66 |
| | ਸ) ਹੱਥ ਲਿਖਤ ਪੋਸਟ ਕਾਰਡ ਦੀ ਕਾਪੀ | ਬਾਊ ਮੱਲ ਸਿੰਘ ਜੀ | 68 |
| 7) | ਭਾਈ ਵਰਿਆਮ ਸਿੰਘ ਜੀ ਨਾਗੋ ਕੀ ਸਰਲੀ | ਪ੍ਰੋਫ਼ੈਸਰ ਠਾਕੁਰ ਸਿੰਘ ਜੀ | 69 |
| 8) | ਪ੍ਰੋ. ਠਾਕੁਰ ਸਿੰਘ ਜੀ ਸ੍ਰੀ ਅੰਮ੍ਰਿਤਸਰ | ਭਾਈ ਗੁਰਦੀਪ ਸਿੰਘ ਜੀ | 78 |
| 9) | ਪ੍ਰਿੰਸੀਪਲ ਇੰਦਰ ਕੌਰ ਜੀ ਅਤੇ ਡਾ ਪਰਗਟ ਸਿੰਘ ਜੀ | ਭਾਈ ਗੁਰਦੀਪ ਸਿੰਘ ਜੀ | 82 |
| 10) | ਸੁਕਰੇਡਨ ਲੀਡਰ ਜਥੇਦਾਰ ਭਾਈ ਰਾਮ ਸਿੰਘ ਜੀ | ਭਾਈ ਗੁਰਦੀਪ ਸਿੰਘ ਜੀ | 94 |
| 11) | ਕਰਨਲ ਪਿਆਰਾ ਸਿੰਘ ਜੀ ਜੈਪੁਰ | | |
| | ੳ) ਜੀਵਨ ਬਿਰਤਾਂਤ ਕਰਨਲ ਪਿਆਰਾ ਸਿੰਘ ਜੀ | ਸੂਰਾ ਮਾਸਕ ਪੱਤਰ | 113 |
| | ਅ) ਭਾਈ ਸਾਹਿਬ ਜੀ ਨਾਲ ਮੇਰੀ ਪਹਿਲੀ ਮਿਲਣੀ | ਭਾਈ ਮਨਮੋਹਨ ਸਿੰਘ ਜੀ | 117 |
| | ੲ) ਕਰਨਲ ਪਿਆਰਾ ਸਿੰਘ ਜੀ ਜੈਪੁਰ | ਭਾਈ ਸੁਰਜਨ ਸਿੰਘ ਜੀ | 120 |
| | ਸ) ਸਬਦੈ ਕਾ ਨਿਬੇੜਾ ਸੁਣਿ ਤੂ ਅਉਧੂ | ਭਾਈ ਮਨਮੋਹਨ ਸਿੰਘ ਜੀ | 122 |
| | ਹ) ਕੁਝ ਅਭੁੱਲ ਯਾਦਾਂ | ਪ੍ਰਿੰਸੀਪਲ ਗੁਰਮੁਖ ਸਿੰਘ ਜੀ | 125 |
| | ਕ) ਪਿਤਾ ਜੀ ਦੀ ਇਕ ਅਭੁੱਲ ਯਾਦ | ਬੀਬੀ ਸਤਵੰਤ ਕੌਰ ਜੀ | 129 |
| | ਖ) ਹੱਥ ਲਿਖਤ ਚਿੱਠੀ ਦੀ ਕਾਪੀ | ਕਰਨਲ ਪਿਆਰਾ ਸਿੰਘ ਜੀ | 130 |

| | | | |
|---|---|---|---|
| 12) | ਭਾਈ ਅਤਰ ਸਿੰਘ ਜੀ ਢੀਕਮ ਪੁਰ (ਜਿਹਲਮ) | ਭਾਈ ਜਸਬੀਰ ਸਿੰਘ ਜੀ | 131 |
| 13) | ਗਿਆਨੀ ਨਾਹਰ ਸਿੰਘ ਜੀ ਗੁੱਜਰਵਾਲ | ਸ. ਜੈਤੇਗ ਸਿੰਘ ਜੀ ਅਨੰਤ | 135 |
| 14) | ਭਾਈ ਸੁਰਜਨ ਸਿੰਘ ਜੀ ਗੁਜਰਵਾਲ | ਭਾਈ ਗੁਰਦੀਪ ਸਿੰਘ ਜੀ | 140 |
| 15) | ਗਿਆਨੀ ਦਲੀਪ ਸਿੰਘ ਜੀ ਫੁੱਲਾਂਵਾਲ | ਸਵੈ ਜੀਵਨੀ | 146 |
| 16) | ਗਿਆਨੀ ਹਰਭਜਨ ਸਿੰਘ ਜੀ ਚਮਿੰਡਾ | ਸਵੈ ਜੀਵਨੀ | 158 |
| 17) | ਹੈੱਡ ਮਾਸਟਰ ਧਰਮ ਸਿੰਘ ਜੀ ਫੱਲੇਵਾਲ | ਭਾਈ ਜਤਿੰਦਰਪਾਲ ਸਿੰਘ ਜੀ | 181 |
| 18) | ਪ੍ਰੋਫ਼ੈਸਰ ਬੇਅੰਤ ਜੀ ਦਿੱਲੀ | ਸ. ਜੈਤੇਗ ਸਿੰਘ ਜੀ ਅਨੰਤ | 185 |
| 19) | ਪ੍ਰਿੰਸੀਪਲ ਇਕਬਾਲ ਸਿੰਘ ਜੀ ਬੋਪਾਰਾਏ | ਭਾਈ ਗੁਰਦੀਪ ਸਿੰਘ ਜੀ | 188 |
| 20) | ਭਾਈ ਸੁੰਦਰ ਸਿੰਘ ਜੀ ਘੁਮਾਣ | ਭਾਈ ਗੁਰਦੀਪ ਸਿੰਘ ਜੀ | 191 |
| 21) | ਭਾਈ ਮਹਿੰਦਰ ਸਿੰਘ ਜੀ ਸਿੱਧਵਾਂ | ਭਾਈ ਗੁਰਦੀਪ ਸਿੰਘ ਜੀ | 193 |

**ਅਧਿਆਇ ਦੂਜਾ**

**(ਸੰਨ 1915 ਤੋਂ 1947 ਤਾਈਂ ਜਥੇ ਵਿਚ ਆਏ ਗੁਰਸਿੱਖ)**

| | | | |
|---|---|---|---|
| 1) | ਡਾ ਸੁਰਿੰਦਰ ਸਿੰਘ ਜੀ | ਪ੍ਰਿੰਸੀਪਲ ਗੁਰਮੁਖ ਸਿੰਘ ਜੀ | 196 |
| 2) | ਮਾਸਟਰ ਜੋਗਿੰਦਰ ਸਿੰਘ ਜੀ ਬੜੂੰਦੀ | | |
| | ੳ) ਜੀਵਨ ਬਿਰਤਾਂਤ ਮਾਸਟਰ ਜੁਗਿੰਦਰ ਸਿੰਘ ਜੀ ਬੜੂੰਦੀ | ਪ੍ਰਿੰਸੀਪਲ ਗੁਰਮੁਖ ਸਿੰਘ ਜੀ | 200 |
| | ਅ) ਸੁੰਞੇ ਘਰ ਕਾ ਪਾਹੁਣਾ | ਮਾਸਟਰ ਜੁਗਿੰਦਰ ਸਿੰਘ ਜੀ | 205 |
| 3) | ਪ੍ਰੋਫ਼ੈਸਰ ਹਰਮਿੰਦਰ ਸਿੰਘ ਜੀ ਯੂ. ਕੇ. | ਭਾਈ ਗੁਰਦੀਪ ਸਿੰਘ ਜੀ | 206 |
| 4) | ਬੀਬੀ ਕੁਲਵੰਤ ਕੌਰ ਜੀ ਨਾਰੰਗਵਾਲ | ਭਾਈ ਗੁਰਦੀਪ ਸਿੰਘ ਜੀ | 209 |
| 5) | ਬੀਬੀ ਨੰਦ ਕੌਰ ਜੀ ਨਾਰੰਗਵਾਲ | ਮਾਸਟਰ ਕੁੰਦਨ ਸਿੰਘ ਜੀ | 212 |
| 6) | ਭਾਈ ਦਿਆਲ ਸਿੰਘ ਜੀ ਲੁਧਿਆਣਾ | ਭਾਈ ਗੁਰਦੀਪ ਸਿੰਘ ਜੀ | 214 |
| 7) | ਬੀਬੀ ਸੁਖਦੇਵ ਕੌਰ ਜੀ ਨਾਰੰਗਵਾਲ | ਭਾਈ ਗੁਰਦੀਪ ਸਿੰਘ ਜੀ | 214 |
| 8) | ਭਾਈ ਹਰਚਰਨ ਸਿੰਘ ਜੀ ਅੰਬਾਲਾ ਕੈਂਟ | ਭਾਈ ਤਰਲੋਕ ਸਿੰਘ ਜੀ | 218 |
| 9) | ਭਾਈ ਆਤਮਾ ਸਿੰਘ ਜੀ ਪੰਜੋਖਰਾ ਸਾਹਿਬ | | |
| | ੳ) ਜੀਵਨ ਬਿਰਤਾਂਤ | ਭਾਈ ਗੁਰਦੀਪ ਸਿੰਘ ਜੀ | 220 |
| | ਅ) ਪ੍ਰੇਮ ਯਾਦਾਂ | ਭਾਈ ਅਮਰੀਕ ਸਿੰਘ ਜੀ | 226 |
| 10) | ਬੀਬੀ ਉਪਦੇਸ਼ ਕੌਰ ਜੀ ਨਾਰੰਗਵਾਲ | ਭਾਈ ਗੁਰਦੀਪ ਸਿੰਘ ਜੀ | 228 |
| 11) | ਭਾਈ ਹਰਨਾਮ ਸਿੰਘ (ਕੋਮਲ) ਜੀ | ਬੀਬੀ ਤਰਨਜੋਤ ਕੌਰ ਜੀ | 230 |
| 12) | ਮਾਸਟਰ ਭੁਪਿੰਦਰ ਸਿੰਘ ਜੀ ਚੰਡੀਗੜ੍ਹ | ਬੀਬੀ ਤਰਨਜੋਤ ਕੌਰ ਜੀ | 240 |
| 13) | ਭਾਈ ਸੂਰਤ ਸਿੰਘ ਪੂਰਨ (ਦਾਰ) ਜੀ | ਭਾਈ ਗੁਰਦੀਪ ਸਿੰਘ ਜੀ | 247 |
| 14) | ਬੀਬੀ ਭੁਪਿੰਦਰ ਕੌਰ ਜੀ (ਭੂਪ ਜੀ) | ਭਾਈ ਗੁਰਦੀਪ ਸਿੰਘ ਜੀ | 257 |
| 15) | ਭਾਈ ਵਰਿੰਦਰ ਸਿੰਘ ਅਤੇ ਰੁਪਿੰਦਰ ਸਿੰਘ ਜੀ | ਭਾਈ ਗੁਰਦੀਪ ਸਿੰਘ ਜੀ | 267 |
| 16) | ਸੰਤ ਜਵਾਲਾ ਸਿੰਘ ਜੀ ਨੰਦ ਪੁਰ ਕਲੌੜ | ਪ੍ਰਿੰ. ਗੁਰਮੁਖ ਸਿੰਘ ਜੀ | 270 |
| 17) | ਮਾਸਟਰ ਸੁੰਦਰ ਸਿੰਘ ਜੀ ਜਲੰਧਰ | ਡਾ. ਸਰਬਜੋਤ ਕੌਰ ਜੀ | 275 |

www.AKJ.Org

| | | | |
|---|---|---|---|
| 18) | ਭਾਈ ਮਨਮੋਹਨ ਸਿੰਘ ਜੀ ਯੂ.ਐਸ.ਏ | ਡਾ ਕੁਲਦੀਪ ਕੌਰ ਜੀ | 283 |
| 19) | ਡਾ ਕੁਲਦੀਪ ਕੌਰ ਜੀ ਮੋਹਾਲੀ | ਡਾ ਸਰਬਜੋਤ ਕੌਰ ਜੀ | 285 |
| 20) | ਭਾਈ ਸੇਵਾ ਸਿੰਘ ਜੀ ਸ੍ਰੀ ਅੰਮ੍ਰਿਤਸਰ | ਭਾਈ ਗੁਰਦੀਪ ਸਿੰਘ ਜੀ | 289 |
| 21) | ਭਾਈ ਈਸ਼ਰ ਸਿੰਘ (ਭਗਤ) ਜੀ | ਭਾਈ ਗੁਰਦੀਪ ਸਿੰਘ ਜੀ | 297 |
| 22) | ਬੀਬੀ ਹਰਬੰਸ ਕੌਰ ਜੀ (ਭੂਆ ਜੀ) | ਭਾਈ ਗੁਰਦੀਪ ਸਿੰਘ ਜੀ | 299 |
| 23) | ਭਾਈ ਸਤਨਾਮ ਸਿੰਘ ਜੀ ਸ੍ਰੀ ਅੰਮ੍ਰਿਤਸਰ | ਡਾ. ਰੂਪ ਸਿੰਘ ਜੀ | 304 |
| 24) | ਭਾਈ ਦਰਸ਼ਨ ਸਿੰਘ ਜੀ (ਗੜਗੱਜ) ਜਲੰਧਰ | ਪ੍ਰਿੰਸੀਪਲ ਗੁਰਮੁਖ ਸਿੰਘ ਜੀ | 307 |
| 25) | ਭਾਈ ਅਮਰੀਕ ਸਿੰਘ ਜੀ ਲੁਧਿਆਣਾ | ਭਾਈ ਗੁਰਦੀਪ ਸਿੰਘ ਜੀ | 312 |
| 26) | ਭਾਈ ਹਰਬੰਸ ਸਿੰਘ ਜੀ ਲਖਨਊ | ਭਾਈ ਬਰਜਿੰਦਰਪਾਲ ਸਿੰਘ ਜੀ | 314 |
| 27) | ਬੀਬੀ ਮਹਿੰਦਰ ਕੌਰ ਜੀ ਲੁਧਿਆਣਾ | ਭਾਈ ਗੁਰਦੀਪ ਸਿੰਘ ਜੀ | 318 |
| 28) | ਭਾਈ ਹਰਚਰਨ ਸਿੰਘ ਜੀ ਚੰਡੀਗੜ੍ਹ | ਸ਼. ਜੈਤੇਗ ਸਿੰਘ ਜੀ ਅਨੰਤ | 321 |
| 29) | ਭਾਈ ਦਰਸ਼ਨ ਸਿੰਘ (ਭਰਾ ਜੀ) ਦਿੱਲੀ | ਭਾਈ ਗੁਰਦੀਪ ਸਿੰਘ ਜੀ | 335 |
| 30) | ਭਾਈ ਅਵਤਾਰ ਸਿੰਘ (ਖੜਤਾਲੀ ਜਥਾ) ਦਿੱਲੀ | ਭਾਈ ਗੁਰਦੀਪ ਸਿੰਘ ਜੀ | 340 |
| 31) | ਭਾਈ ਹਰਬੰਸ ਸਿੰਘ ਜੀ (ਨਿਰਮਾਣ ਵਿਹਾਰ) ਦਿੱਲੀ | ਭਾਈ ਗੁਰਦੀਪ ਸਿੰਘ ਜੀ | 342 |
| 32) | ਭਾਈ ਮੱਖਣ ਸਿੰਘ ਜੀ ਦਿੱਲੀ | ਭਾਈ ਜੋਧ ਸਿੰਘ ਜੀ | 345 |
| 33) | ਭਾਈ ਦਰਸ਼ਨ ਸਿੰਘ ਜੀ (ਵੀਰਾ ਜੀ) ਦਿਲਰੁਬਾ | ਭਾਈ ਹਰਦੀਪ ਸਿੰਘ ਜੀ | 348 |
| 34) | ਭਾਈ ਰਤਨ ਸਿੰਘ ਜੀ ਮਸਤਾਨਾ ਚੰਡੀਗੜ੍ਹ | ਭਾਈ ਕੁਲਦੀਪ ਸਿੰਘ ਜੀ | 353 |
| 35) | ਭਾਈ ਅਮੋਲਕ ਸਿੰਘ ਜੀ ਜਮਸ਼ੇਦਪੁਰ | ਭਾਈ ਗੁਰਦੀਪ ਸਿੰਘ ਜੀ | 356 |
| 36) | ਭਾਈ ਚਰਨ ਸਿੰਘ ਜੀ ਬਡਾਲਾ ਖਰੜ | ਭਾਈ ਗੁਰਦੀਪ ਸਿੰਘ ਜੀ | 358 |
| 37) | ਭਾਈ ਬਹਾਦਰ ਸਿੰਘ ਜੀ ਸ੍ਰੀ ਆਨੰਦਪੁਰ ਸਾਹਿਬ | ਭਾਈ ਗੁਰਦੀਪ ਸਿੰਘ ਜੀ | 362 |
| 38) | ਭਾਈ ਈਸ਼ਰ ਸਿੰਘ ਜੀ (ਟੋਡਰਪੁਰ) ਲੁਧਿਆਣਾ | ਭਾਈ ਗੁਰਦੀਪ ਸਿੰਘ ਜੀ | 365 |
| 39) | ਭਾਈ ਬਾਵਾ ਸਿੰਘ ਜੀ ਕੁਮਾਰ ਹੱਟੀ | | |
| | ੳ) ਜੀਵਨ ਬਿਰਤਾਂਤ | ਭਾਈ ਗੁਰਦੀਪ ਸਿੰਘ ਜੀ | 367 |
| | ਅ) ਜਿਸੁ ਮਰਨੇ ਤੇ ਜਗੁ ਡਰੈ | ਪ੍ਰਿੰਸੀਪਲ ਗੁਰਮੁਖ ਸਿੰਘ ਜੀ | 371 |
| 40) | ਭਾਈ ਪ੍ਰੀਤਮ ਸਿੰਘ ਜੀ ਅੰਬੋ ਮਾਜਰਾ | ਭਾਈ ਤਲਵਿੰਦਰ ਸਿੰਘ ਜੀ | 372 |
| 41) | ਭਾਈ ਨਾਰਾਇਣ ਸਿੰਘ ਜੀ (ਭਾਅ ਜੀ) ਨਾਰੰਗਵਾਲ | ਭਾਈ ਗੁਰਦੀਪ ਸਿੰਘ ਜੀ | 377 |
| 42) | ਭਾਈ ਪ੍ਰੀਤਮ ਸਿੰਘ ਜੀ (ਭਾਅ) ਕੋਹਾਲੀ ਗੁਰਦਾਸਪੁਰ | ਭਾਈ ਗੁਰਦੀਪ ਸਿੰਘ ਜੀ | 379 |
| 43) | ਭਾਈ ਸੁਰੈਣ ਸਿੰਘ ਜੀ ਸਰਬਲੋਹੀ ਗੁਰਦਾਸਪੁਰ | ਭਾਈ ਭੁਪਿੰਦਰ ਸਿੰਘ ਜੀ | 382 |
| 44) | ਡਾ ਕੌਰ ਸਿੰਘ ਜੀ ਘਨਗਸ (ਲੁਧਿਆਣਾ) | ਡਾ. ਨਿਰੰਜਨ ਸਿੰਘ ਜੀ | 385 |
| 45) | ਭਾਈ ਸੇਵਾ ਸਿੰਘ ਜੀ ਗੁਰਾਇਆ | ਭਾਈ ਗੁਰਦੀਪ ਸਿੰਘ ਜੀ | 390 |
| 46) | ਭਾਈ ਜੀਵਨ ਸਿੰਘ ਜੀ ਰਾਗੀ ਲੁਧਿਆਣਾ | ਸ. ਜੈਤੇਗ ਸਿੰਘ ਜੀ ਅਨੰਤ | 393 |
| 47) | ਗਿਆਨੀ ਗੁਰਬਚਨ ਸਿੰਘ ਜੀ ਸ੍ਰੀ ਅੰਮ੍ਰਿਤਸਰ | ਭਾਈ ਗੁਰਦੀਪ ਸਿੰਘ ਜੀ | 398 |
| 48) | ਭਾਈ ਹਰਕਿਸ਼ਨ ਸਿੰਘ ਜੀ ਜਾਨ ਸੁਖਾਲਾ | ਭਾਈ ਗੁਰਦੀਪ ਸਿੰਘ ਜੀ | 402 |


www.AKJ.Org

| | | |
|---|---|---|
| 49) ਗਿਆਨੀ ਅਮੋਲਕ ਸਿੰਘ ਜੀ ਯੂ ਕੇ | ਭਾਈ ਗੁਰਦੀਪ ਸਿੰਘ ਜੀ | 404 |
| 50) ਪ੍ਰੋ. ਉਦੇ ਸਿੰਘ ਜੀ ਕੈਨੇਡਾ | ਭਾਈ ਗੁਰਦੀਪ ਸਿੰਘ ਜੀ | 408 |
| 51) ਭਾਈ ਜ਼ੋਰਾਵਰ ਸਿੰਘ ਜੀ ਇੰਗਲੈਂਡ | ਭਾਈ ਗੁਰਦੀਪ ਸਿੰਘ ਜੀ | 412 |
| 52) ਡਾ ਹਰਬੰਸ ਸਿੰਘ ਜੀ ਕੁੱਬੀ ਬੇਰੀ ਵਾਲੇ ਸ੍ਰੀ ਅੰਮ੍ਰਿਤਸਰ | ਭਾਈ ਗੁਰਦੀਪ ਸਿੰਘ ਜੀ | 414 |
| 53) ਮਾਸਟਰ ਉਜਾਗਰ ਸਿੰਘ ਜੀ ਫਰਵਾਲੀ | ਭਾਈ ਗੁਰਦੀਪ ਸਿੰਘ ਜੀ | 417 |


**ਅਧਿਆਇ ਤੀਜਾ**

**(ਸੰਨ 1948 ਤੋਂ 1961 ਤਾਈਂ ਜਥੇ ਵਿਚ ਆਏ ਗੁਰਸਿੱਖ)**


| | | |
|---|---|---|
| 1) ਡਾ. ਦਰਸ਼ਨ ਸਿੰਘ ਜੀ ਲੁਧਿਆਣਾ | ਭਾਈ ਗੁਰਦੀਪ ਸਿੰਘ ਜੀ | 429 |
| 2) ਮਾਸਟਰ ਹਰਬੰਸ ਸਿੰਘ ਜੀ ਦਿੱਲੀ | ਸ. ਪਿਆਰਾ ਸਿੰਘ ਜੀ ਦਾਤਾ | 440 |
| 3) ਭਾਈ ਨੌਹਰੀਆ ਸਿੰਘ ਜੀ ਕਾਲਕਾ | ਭਾਈ ਗੁਰਦੀਪ ਸਿੰਘ ਜੀ | 442 |
| 4) ਭਾਈ ਮੇਹਰ ਸਿੰਘ ਜੀ ਦਿੱਲੀ | ਭਾਈ ਗੁਰਦੀਪ ਸਿੰਘ ਜੀ | 444 |
| 5) ਭਾਈ ਹਰਸਰੂਪ ਸਿੰਘ ਜੀ ਅੰਬਾਲਾ ਕੈਂਟ | ਭਾਈ ਗੁਰਦੀਪ ਸਿੰਘ ਜੀ | 447 |
| 6) ਭਾਈ ਜੋਧ ਸਿੰਘ ਜੀ ਦਿੱਲੀ | ਭਾਈ ਗੁਰਦੀਪ ਸਿੰਘ ਜੀ | 449 |
| 7) ਭਾਈ ਇੰਦਰ ਸਿੰਘ ਜੀ ਸ਼ਿਮਲਾ | ਭਾਈ ਗੁਰਦੀਪ ਸਿੰਘ ਜੀ | 454 |
| 8) ਭਾਈ ਦੁਰਲੱਭ ਸਿੰਘ ਜੀ ਅੰਬਾਲਾ ਕੈਂਟ | ਭਾਈ ਗੁਰਦੀਪ ਸਿੰਘ ਜੀ | 457 |
| 9) ਭਾਈ ਮੋਹਨ ਸਿੰਘ ਜੀ ਗਾਰਡ ਕਾਨਪੁਰ | ਭਾਈ ਗੁਰਦੀਪ ਸਿੰਘ ਜੀ | 459 |
| 10) ਭਾਈ ਗੁਰਦੇਵ ਸਿੰਘ ਜੀ ਟਾਟਾ ਨਗਰ | ਭਾਈ ਗੁਰਦੀਪ ਸਿੰਘ ਜੀ | 463 |
| 11) ਵੀਰ ਪਰਿਵਾਰ ਲੁਧਿਆਣਾ | | |
| ੳ) ਭਾਈ ਦਇਆ ਸਿੰਘ ਜੀ | ਭਾਈ ਗੁਰਦੀਪ ਸਿੰਘ ਜੀ | 466 |
| ਅ) ਭਾਈ ਮੋਹਕਮ ਸਿੰਘ ਜੀ | ਭਾਈ ਗੁਰਦੀਪ ਸਿੰਘ ਜੀ | 469 |
| ੲ) ਸ਼ਹੀਦ ਬੀਬੀ ਗੁਰਨਾਮ ਕੌਰ ਜੀ | ਭਾਈ ਗੁਰਦੀਪ ਸਿੰਘ ਜੀ | 470 |
| 12) ਗਿਆਨੀ ਮੇਵਾ ਸਿੰਘ ਜੀ ਕੈਨੇਡਾ | ਭਾਈ ਗੁਰਦੀਪ ਸਿੰਘ ਜੀ | 471 |
| 13) ਭਾਈ ਸਨਮੁਖ ਸਿੰਘ ਜਬਲਪੁਰ | | |
| ੳ) ਜੀਵਨ ਬਿਰਤਾਂਤ | ਭਾਈ ਮਨਜੀਤ ਸਿੰਘ ਜੀ | 473 |
| ਅ) ਗੁਰੂ ਦਾ ਸਨਮੁਖ ਸਿਖ | ਮਾਸਟਰ ਜਸਵੰਤ ਸਿੰਘ ਜੀ | 477 |
| 14) ਭਾਈ ਸੁੰਦਰ ਸਿੰਘ ਜੀ ਜੈਪੁਰ | ਭਾਈ ਗੁਰਦੀਪ ਸਿੰਘ ਜੀ | 480 |
| 15) ਪ੍ਰਿੰਸੀਪਲ ਗੁਰਮੁਖ ਸਿੰਘ ਜੀ ਪਟਿਆਲਾ | ਭਾਈ ਗੁਰਦੀਪ ਸਿੰਘ ਜੀ | 482 |
| 16) ਭਾਈ ਰਣ ਸਿੰਘ ਜੀ ਸਰਹਿੰਦ | ਭਾਈ ਗੁਰਦੀਪ ਸਿੰਘ ਜੀ | 491 |
| 17) ਭਾਈ ਮਨਮੋਹਨ ਸਿੰਘ ਜੀ ਗ਼ਜ਼ਲਗੋ ਦਿੱਲੀ | ਭਾਈ ਗੁਰਦੀਪ ਸਿੰਘ ਜੀ | 493 |
| 18) ਬੀਬੀ ਅਮਰਜੀਤ ਕੌਰ ਜੀ ਦਿੱਲੀ | ਭਾਈ ਗੁਰਦੀਪ ਸਿੰਘ ਜੀ | 495 |
| 19) ਬੀਬੀ ਹਰਬੰਸ ਕੌਰ ਜੀ ਮੇਰਠ | ਭਾਈ ਗੁਰਦੀਪ ਸਿੰਘ ਜੀ | 497 |
| 20) ਭਾਈ ਇਕਬਾਲ ਸਿੰਘ ਜੀ ਪਟਨਾ ਸਾਹਿਬ | ਭਾਈ ਗੁਰਦੀਪ ਸਿੰਘ ਜੀ | 500 |
| 21) ਭਾਈ ਬਲਵੰਤ ਸਿੰਘ ਜੀ ਪਟਨਾ ਸਾਹਿਬ | ਭਾਈ ਗੁਰਦੀਪ ਸਿੰਘ ਜੀ | 503 |

| | | |
|---|---|---|
| 22) ਭਾਈ ਸੰਤਾ ਸਿੰਘ ਜੀ ਟਹਿਲੀਆ | | |
| ੳ) ਜੀਵਨ ਬਿਰਤਾਂਤ | ਭਾਈ ਗੁਰਦੀਪ ਸਿੰਘ ਜੀ | 504 |
| ਅ) ਕੁਝ ਪ੍ਰੇਮ ਯਾਦਾਂ | ਪ੍ਰਿੰਸੀਪਲ ਗੁਰਮੁਖ ਸਿੰਘ ਜੀ | 506 |
| 23) ਭਾਈ ਹਰਭਜਨ ਸਿੰਘ ਜੀ ਬੱਸੀ ਪਠਾਣਾ | ਭਾਈ ਗੁਰਦੀਪ ਸਿੰਘ ਜੀ | 508 |
| 24) ਭਾਈ ਸਰਦਾਰਾ ਸਿੰਘ ਜੀ ਲਾਂਗਰੀ ਲੁਧਿਆਣਾ | ਭਾਈ ਗੁਰਦੀਪ ਸਿੰਘ ਜੀ | 510 |
| 25) ਭਾਈ ਜੀਵਨ ਸਿੰਘ ਜੀ ਸ੍ਰੀ ਅੰਮ੍ਰਿਤਸਰ | ਭਾਈ ਗੁਰਦੀਪ ਸਿੰਘ ਜੀ | 513 |
| 26) ਗਿਆਨੀ ਨਾਹਰ ਸਿੰਘ ਜੀ ਮੁੱਲਾਂਪੁਰ ਦਾਖਾ ਲੁਧਿਆਣਾ | ਭਾਈ ਗੁਰਦੀਪ ਸਿੰਘ ਜੀ | 517 |
| 27) ਭਾਈ ਅਜੀਤ ਸਿੰਘ ਜੀ ਭੋਗਲ ਦਿੱਲੀ | ਭਾਈ ਗੁਰਦੀਪ ਸਿੰਘ ਜੀ | 519 |
| 28) ਭਾਈ ਪ੍ਰਿਤਪਾਲ ਸਿੰਘ ਜੀ ਮੁੰਬਈ | ਭਾਈ ਗੁਰਦੀਪ ਸਿੰਘ ਜੀ | 522 |
| 29) ਗਿਆਨੀ ਦਲਜੀਤ ਸਿੰਘ ਜੀ ਕਮਲ (ਨਾਸਿਕ) | ਸਵੈ ਜੀਵਨੀ | 524 |
| 30) ਭਾਈ ਬੰਤਾ ਸਿੰਘ ਜੀ ਯੂ ਕੇ | ਭਾਈ ਮਦਨ ਸਿੰਘ ਜੀ | 544 |
| 31) ਭਾਈ ਬਚਨ ਸਿੰਘ ਜੀ ਥਾਣੇਦਾਰ ਪਟਿਆਲਾ | ਭਾਈ ਗੁਰਦੀਪ ਸਿੰਘ ਜੀ | 547 |
| 32) ਬੀਬੀ ਦਲਜੀਤ ਕੌਰ ਜੀ ਸ੍ਰੀ ਅੰਮ੍ਰਿਤਸਰ | ਭਾਈ ਗੁਰਦੀਪ ਸਿੰਘ ਜੀ | 550 |
| 33) ਭਾਈ ਪ੍ਰੀਤਮ ਸਿੰਘ ਜੀ ਦਸੂਹਾ ਹੁਸ਼ਿਆਰਪੁਰ | ਭਾਈ ਗੁਰਦੀਪ ਸਿੰਘ ਜੀ | 554 |
| 34) ਮਾਸਟਰ ਨਿਰੰਜਨ ਸਿੰਘ ਜੀ ਗੁਰਦਾਸਪੁਰ | ਭਾਈ ਗੁਰਦੀਪ ਸਿੰਘ ਜੀ | 555 |
| 35) ਗਿਆਨੀ ਭਗਵਾਨ ਸਿੰਘ ਜੀ ਸ੍ਰੀ ਅੰਮ੍ਰਿਤਸਰ | ਭਾਈ ਗੁਰਦੀਪ ਸਿੰਘ ਜੀ | 559 |
| 36) ਸੂਬੇਦਾਰ ਧਰਮ ਸਿੰਘ ਜੀ ਸੁੱਜੋਂ ਯੂ ਕੇ | ਭਾਈ ਗੁਰਦੀਪ ਸਿੰਘ ਜੀ | 561 |
| 37) ਕਰਨਲ ਦਲਜੀਤ ਸਿੰਘ ਜੀ ਮਿੱਠਾਪੁਰ ਜਲੰਧਰ | ਪ੍ਰਿੰਸੀਪਲ ਗੁਰਮੁਖ ਸਿੰਘ ਜੀ | 564 |
| 38) ਬੀਬੀ ਹਰਸ਼ਰਨ ਕੌਰ ਜੀ ਜਲੰਧਰ | ਭਾਈ ਸਵਰਨ ਸਿੰਘ ਜੀ | 568 |
| 39) ਭਾਈ ਜਸਵੰਤ ਸਿੰਘ ਜੀ ਜਲੰਧਰ | ਆਤਮ ਰੰਗ ਚੰਡੀਗੜ੍ਹ | 574 |
| 40) ਬੀਬੀ ਜਸਬੀਰ ਕੌਰ ਜੀ ਜਲੰਧਰ | ਆਤਮ ਰੰਗ ਚੰਡੀਗੜ੍ਹ | 575 |
| 41) ਡਾ ਪ੍ਰੀਤਮ ਸਿੰਘ ਜੀ ਅਨਜਾਣ ਜਲੰਧਰ | ਸੂਰਾ ਮਾਸਿਕ ਪੱਤਰ ਲੁਧਿਆਣਾ | 576 |
| 42) ਭਾਈ ਭਾਗ ਸਿੰਘ ਜੀ ਫਿਰੋਜ਼ਪੁਰ | ਭਾਈ ਗੁਰਦੀਪ ਸਿੰਘ ਜੀ | 580 |
| 43) ਭਾਈ ਜੋਗਿੰਦਰ ਸਿੰਘ ਜੀ ਤਲਵਾੜਾ | | |
| ੳ) ਸੰਖੇਪ ਜੀਵਨੀ | ਭਾਈ ਸਤਨਾਮ ਸਿੰਘ ਜੀ | 582 |
| ਅ) ਪਰ ਉਪਕਾਰੀ ਸ਼ਖਸੀਅਤ | ਭਾਈ ਗੁਰਦਿਆਲ ਸਿੰਘ ਜੀ | 586 |
| ੲ) ਤਲਵਾੜਾ ਜੀ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਭਵਨ ਨੂੰ ਦੇਣ | ਪ੍ਰਿੰਸੀਪਲ ਗੁਰਮੁਖ ਸਿੰਘ ਜੀ | 591 |
| ਸ) ਤਲਵਾੜਾ ਜੀ ਦੀ ਗੁਰਮਤਿ ਸਾਹਿਤ ਪੜਤੀ ਦੇਣ | ਭਾਈ ਗੁਰਸਾਗਰ ਸਿੰਘ ਜੀ | 594 |
| ਹ) ਤਲਵਾੜਾ ਜੀ ਦੀ ਸ਼ਖਸੀਅਤ ਦੇ ਖਾਸ ਗੁਣ | ਭਾਈ ਗੁਰਦੀਪ ਸਿੰਘ ਜੀ | 597 |
| 44) ਭਾਈ ਤਾਰਾ ਸਿੰਘ ਜੀ ਲੁਧਿਆਣਾ | ਭਾਈ ਗੁਰਦੀਪ ਸਿੰਘ ਜੀ | 607 |
| 45) ਬਾਬਾ ਲਾਭ ਸਿੰਘ ਜੀ ਕਾਰ ਸੇਵਾ ਵਾਲੇ | ਭਾਈ ਗੁਰਦੀਪ ਸਿੰਘ ਜੀ | 610 |
| 46) ਭਾਈ ਸੰਤੋਖ ਸਿੰਘ ਜੀ ਕਾਕੀ ਪਿੰਡ | ਭਾਈ ਅਮਰੀਕ ਸਿੰਘ ਜੀ | 614 |
| 47) ਭਾਈ ਮਹਿੰਦਰ ਸਿੰਘ ਜੀ ਕਾਲਾ ਸੰਘਾ | ਭਾਈ ਗੁਰਦੀਪ ਸਿੰਘ ਜੀ | 618 |


www.AKJ.Org

48) ਡਾ ਦਲਬੀਰ ਸਿੰਘ ਜੀ ਦਿੱਲੀ — ਭਾਈ ਗੁਰਦੀਪ ਸਿੰਘ ਜੀ — 620
49) ਮਾਸਟਰ ਜਸਵੰਤ ਸਿੰਘ ਜੀ ਸ੍ਰੀ ਅੰਮ੍ਰਿਤਸਰ — ਭਾਈ ਗੁਰਦੀਪ ਸਿੰਘ ਜੀ — 624

**ਅਧਿਆਇ ਚੌਥਾ**

**(ਸੰਨ 1961 ਤੋਂ ਬਾਅਦ ਜਥੇ ਵਿਚ ਆਏ ਗੁਰਸਿੱਖ ਅਤੇ ਕੁਝ ਹੋਰ ਪ੍ਰਮੁੱਖ ਪੰਥਕ ਸ਼ਖਸੀਅਤਾਂ)**

1) ਦੋ ਪ੍ਰਮੁੱਖ ਕੀਰਤਨੀਏ
ੳ) ਭਾਈ ਮਨਸਾ ਸਿੰਘ ਜੀ ਰਾਗੀ — ਸੋ ਕਹੀਅਤ ਹੈ ਸੂਰਾ — 629
ਅ) ਭਾਈ ਹੀਰਾ ਸਿੰਘ ਜੀ ਰਾਗੀ — ਸੋ ਕਹੀਅਤ ਹੈ ਸੂਰਾ — 630
2) ਭਾਈ ਗਿਆਨ ਸਿੰਘ ਜੀ ਰਾਵਲਪਿੰਡੀ — ਪ੍ਰਿੰਸੀਪਲ ਗੁਰਮੁਖ ਸਿੰਘ ਜੀ — 645
3) ੳ) ਆਹ ! ਮੇਰਾ ਰੰਗੀਲੜਾ ਸਾਜਨ ਅਕਾਲੀ ਕੌਰ ਸਿੰਘ ਜੀ — ਭਾਈ ਰਣਧੀਰ ਸਿੰਘ ਜੀ — 649
ਅ) ਇੱਕ ਵਿਦਵਾਨ ਮਹਾਂਪੁਰਖ — ਪ੍ਰੋਫ਼ੈਸਰ ਪਿਆਰਾ ਸਿੰਘ ਪਦਮ — 654
5) ਭਾਈ ਮੁਨਸ਼ਾ ਸਿੰਘ ਜੀ ਦੁਖੀ — ਸਰਦਾਰ ਸਵਰਨ ਸਿੰਘ ਸਨੇਹੀ — 656
6) ਬਾਬਾ ਗੁਰਦਿੱਤ ਸਿੰਘ ਜੀ ਅਕਾਲੀ — ਭਾਈ ਗੁਰਦੀਪ ਸਿੰਘ ਜੀ — 665
7) ਬਾਬਾ ਵਿਸਾਖਾ ਸਿੰਘ ਜੀ ਦਦੇਹਰ — ਭਾਈ ਗੁਰਦੀਪ ਸਿੰਘ ਜੀ — 668
8) ਗਿਆਨੀ ਹਰਭਗਤ ਸਿੰਘ ਜੀ ਨਾਰੰਗਵਾਲ — ਭਾਈ ਗੁਰਦੀਪ ਸਿੰਘ ਜੀ — 674
9) ਸੰਤ ਗੁਰਮੁਖ ਸਿੰਘ ਜੀ ਪਟਿਆਲਾ — ਪ੍ਰਿੰਸੀਪਲ ਗੁਰਮੁਖ ਸਿੰਘ ਜੀ — 680
10) ਗਿਆਨੀ ਗੁਰਦਿੱਤ ਸਿੰਘ ਜੀ ਚੰਡੀਗੜ੍ਹ — ਭਾਈ ਗੁਰਦੀਪ ਸਿੰਘ ਜੀ — 685
11) ਭਾਈ ਦਲਜੀਤ ਸਿੰਘ ਜੀ ਤਲਵਾੜਾ ਸ੍ਰੀ ਅੰਮ੍ਰਿਤਸਰ — ਭਾਈ ਗੁਰਦੀਪ ਸਿੰਘ ਜੀ — 690
12) ਭਾਈ ਪ੍ਰੀਤ ਸਿੰਘ ਜੀ ਦਿੱਲੀ — ਭਾਈ ਗੁਰਦੀਪ ਸਿੰਘ ਜੀ — 694
13) ਭਾਈ ਦਲਜਿੰਦਰ ਸਿੰਘ ਜੀ ਪਟਿਆਲਾ — ਭਾਈ ਗੁਰਦੀਪ ਸਿੰਘ ਜੀ — 698
14) ਡਾ ਅਰਜਨ ਸਿੰਘ ਜੀ ਫਗਵਾੜਾ — ਭਾਈ ਗੁਰਦੀਪ ਸਿੰਘ ਜੀ — 702
15) ਭਾਈ ਕੁਲਦੀਪ ਸਿੰਘ ਜੀ ਮਤਵਾਲਾ ਚੰਡੀਗੜ੍ਹ — ਭਾਈ ਗੁਰਦੀਪ ਸਿੰਘ ਜੀ — 711
16) ਭਾਈ ਹਰਦੀਸ਼ ਸਿੰਘ ਜੀ ਸੰਗਰ ਖਰੜ — ਭਾਈ ਗੁਰਦੀਪ ਸਿੰਘ ਜੀ — 716
17) ਭਾਈ ਸਾਵਣ ਸਿੰਘ ਜੀ ਚੰਡੀਗੜ — ਭਾਈ ਗੁਰਦੀਪ ਸਿੰਘ ਜੀ — 723
18) ਭਾਈ ਜਗਜੀਤ ਸਿੰਘ ਜੀ ਮੁਗਲ ਸਰਾਏ — ਭਾਈ ਗੁਰਦੀਪ ਸਿੰਘ ਜੀ — 725
19) ਭਾਈ ਸੁਰਜੀਤ ਸਿੰਘ ਜੀ ਟਰੱਕਾਂ ਵਾਲੇ ਪਟਿਆਲਾ — ਭਾਈ ਗੁਰਦੀਪ ਸਿੰਘ ਜੀ — 728
20) ਜਥੇਦਾਰ ਭਾਈ ਰਾਮਾ ਸਿੰਘ ਜੀ ਯੂ. ਕੇ. — ਭਾਈ ਗੁਰਦੀਪ ਸਿੰਘ ਜੀ — 734
21) ਭਾਈ ਬਾਲਾ ਸਿੰਘ ਜੀ ਗੁਰੂ ਕੀ ਵਡਾਲੀ — ਭਾਈ ਬਲਦੇਵ ਸਿੰਘ ਜੀ — 742
22) ਭਾਈ ਗੋਪਾਲ ਸਿੰਘ ਜੀ ਬਟਾਲਾ — ਭਾਈ ਗੁਰਦੀਪ ਸਿੰਘ ਜੀ — 746
23) ਗਿਆਨੀ ਅਮਰਜੀਤ ਸਿੰਘ ਜੀ ਪ੍ਰਤਾਬਪੁਰਾ — ਭਾਈ ਗੁਰਦੀਪ ਸਿੰਘ ਜੀ — 748
24) ਭਾਈ ਮਾਨ ਸਿੰਘ ਜੀ ਧੰਨਬਾਦ — ਭਾਈ ਗੁਰਦੀਪ ਸਿੰਘ ਜੀ — 751
25) ਭਾਈ ਹਰਬੰਸ ਸਿੰਘ ਜੀ ਸਾਸਾਰਾਮ — ਭਾਈ ਗੁਰਦੀਪ ਸਿੰਘ ਜੀ — 758
26) ਸ਼ਹੀਦ ਭਾਈ ਅਵਤਾਰ ਸਿੰਘ ਜੀ ਪਾਰੋਵਾਲ — ਭਾਈ ਗੁਰਦੀਪ ਸਿੰਘ ਜੀ — 760
27) ਸ਼ਹੀਦ ਬੀਬੀ ਪਰਮਜੀਤ ਕੌਰ ਜੀ ਸ੍ਰੀ ਅੰਮ੍ਰਿਤਸਰ — ਭਾਈ ਗੁਰਦੀਪ ਸਿੰਘ ਜੀ — 765

# ਉਥਾਨਕਾ

ਇਤਿਹਾਸ ਹਰ ਸੰਸਥਾ, ਕੌਮ, ਧਰਮ, ਦੇਸ਼ ਦੀ ਜਿੰਦ ਜਾਨ ਹੁੰਦਾ ਹੈ। ਕੌਮਾਂ ਉਹ ਜੀਉਂਦੀਆਂ ਜਾਗਦੀਆਂ ਕਹੀਆਂ ਜਾਂਦੀਆਂ ਹਨ ਜੋ ਆਪਣੇ ਇਤਿਹਾਸ ਨੂੰ ਸਹੀ ਸਮੇਂ ਸੰਭਾਲ ਕੇ ਰੱਖਦੀਆਂ ਹਨ। ਜੇ ਇਹ ਸਮੇਂ ਸਿਰ ਨਾ ਸੰਭਾਲਿਆ ਜਾਵੇ ਤਾਂ ਇਸ ਵਿਚ ਮਿਲਗੋਭੇ ਦੀ ਗੁੰਜਾਇਸ਼ ਪੈਦਾ ਹੋ ਜਾਂਦੀ ਹੈ, ਜੋ ਉਸ ਸੰਸਥਾ, ਕੌਮ, ਧਰਮ, ਦੇਸ਼ ਦੇ ਅੰਕਸ ਨੂੰ ਧੁੰਧਲਾ ਵੀ ਕਰ ਦਿੰਦੀ ਹੈ। ਇਤਿਹਾਸ ਕੀ ਹੈ? ਇਸ ਨੂੰ ਸਿੱਧੇ ਸਾਦੇ ਲਫਜ਼ਾਂ ਵਿਚ ਕਿਹਾ ਜਾ ਸਕਦਾ ਹੈ ਕਿ ਕਿਸੇ ਵੀ ਸੰਸਥਾ, ਕੌਮ, ਧਰਮ, ਦੇਸ਼ ਨਾਲ ਸਬੰਧਤ ਪੂਰਵਜਾਂ ਵਲੋਂ ਅਤੀਤ ਵਿਚ ਪਾਏ ਗਏ ਪੂਰਨਿਆਂ ਨਾਲ ਸਬੰਧਤ ਘਟਨਾਵਾਂ/ਸਾਖੀਆਂ ਦੇ ਸਹੀ ਤੱਥਾਂ ਨੂੰ ਲਿਖਤੀ ਰੂਪ ਦੇ ਕੇ ਸਾਂਭ ਕੇ ਰੱਖਣਾ ਤਾਂ ਕਿ ਵਰਤਮਾਨ ਅਤੇ ਭਵਿੱਖ ਸਮੇਂ ਦੀਆਂ ਆਉਣ ਵਾਲੀਆਂ ਪੀੜੀਆਂ ਉਨ੍ਹਾਂ ਤੋਂ ਸੇਧ ਜਾਂ ਅਗਵਾਈ ਲੈ ਸਕਣ। ਇਤਿਹਾਸ ਦਾ ਸਬੰਧ ਹਮੇਸ਼ਾ ਬੀਤੇ ਸਮੇਂ ਨਾਲ ਹੁੰਦਾ ਹੈ ਅਤੇ ਘਟਨਾਵਾਂ/ਸਾਖੀਆਂ ਦੀ ਠੋਸ ਪ੍ਰਮਾਣਕਤਾ ਲਈ ਸਮੇਂ, ਸਥਾਨ, ਸਬੰਧਤ ਵਿਅਕਤੀ ਅਤੇ ਚਸ਼ਮਦੀਦ ਗਵਾਹ ਦਾ ਹੋਣਾ ਲਾਜ਼ਮੀ ਹੈ। ਸੁਣੀਆਂ ਸੁਣਾਈਆਂ ਘਟਨਾਵਾਂ ਜਾਂ ਸਾਖੀਆਂ ਨੂੰ ਕਿਸੇ ਵਿਅਕਤੀ ਨਾਲ ਜੋੜ ਦੇਣਾ, ਇਤਿਹਾਸ ਨੂੰ ਮਿਥਿਆਸ ਵਿਚ ਬਦਲ ਦਿੰਦਾ ਹੈ।

**ਬਾਬਾਣੀਆ ਕਹਾਣੀਆ ਪੁਤ ਸਪੁਤ ਕਰੇਨਿ ॥**

(ਪੰਨਾ ੫੯੧)

ਅਰਥਾਤ ਉੱਤਮ ਹਸਤੀਆਂ ਦੇ ਜੀਵਨ, ਸਾਡੇ ਜੀਵਨਾਂ ਨੂੰ ਭੀ ਉੱਚਾ ਬਣਾਉਂਦੇ ਹਨ। ਸੰਸਾਰ ਵਿਚ ਜੀਵਨ ਯਾਤਰਾ ਨੂੰ ਸਫਲ ਕਰਨ ਦੇ ਹੋਰ ਸਾਧਨਾਂ ਦੇ ਨਾਲ ਨਾਲ, ਉਨ੍ਹਾਂ ਵਿਚੋਂ ਇਕ ਸਾਧਨ ਇਹ ਵੀ ਉੱਤਮ ਹੈ ਕਿ ਪਵਿੱਤਰ ਜੀਵਨ ਵਾਲੀਆਂ ਹਸਤੀਆਂ ਜੋ ਪੂਰਨੇ ਪਾ ਗਈਆਂ ਹਨ, ਉਨ੍ਹਾਂ ਦੇ ਜੀਵਨ ਨੂੰ ਚਾਨਣ ਮੁਨਾਰੇ ਸਮਝ ਕੇ, ਉਨ੍ਹਾਂ ਤੋਂ ਸਿੱਖਿਆ ਪ੍ਰਾਪਤ ਕੀਤੀ ਜਾਵੇ ਅਤੇ ਆਪਣਾ ਜੀਵਨ ਉਸ ਮੁਤਾਬਕ ਢਾਲਿਆ ਜਾਵੇ। ਆਪਣੇ ਜੀਵਨ ਨੂੰ ਉੱਚਾ ਬਣਾਉਣ ਲਈ ਉਤਸ਼ਾਹ ਹਾਸਲ ਕਰ ਕੇ ਸਤਿ ਮਾਰਗ ਪਰ ਚੱਲਣ ਦੀ ਸਾਧਨਾ 'ਤੇ ਪਰਪੱਕ ਹੋਇਆ ਜਾਵੇ।

ਸਿੱਖ ਧਰਮ ਸਬੰਧੀ ਬਹੁਤ ਸਾਰਾ ਇਤਿਹਾਸ ਗ੍ਰੰਥਾਂ, ਪੁਸਤਕਾਂ ਦੇ ਰੂਪ ਵਿਚ ਵੱਖ-ਵੱਖ ਸਿਆਣੇ ਵਿਦਵਾਨਾਂ, ਲਿਖਾਰੀਆਂ ਵਲੋਂ ਰਚਿਤ ਕੀਤਾ ਉਪਲੱਬਧ ਹੈ, ਜਿਸ ਵਿਚ ਗੁਰੂ ਸਾਹਿਬਾਨ, ਸ਼ਹੀਦ ਸਿੰਘਾਂ, ਨਾਮ ਰਸੀਏ ਗੁਰਮੁਖ ਭਗਤ ਜਨਾਂ ਦੀਆਂ ਜੀਵਨ ਘਟਨਾਵਾਂ/ਸਾਖੀਆਂ ਤੋਂ ਇਲਾਵਾ ਅਤੀਤ ਵਿਚ ਵਰਤੇ ਘਲੂਘਾਰਿਆਂ, ਸ਼ਹੀਦੀ ਸਾਕਿਆਂ, ਗੁਰਮਤਿ ਪ੍ਰਚਾਰ ਦੀਆਂ ਲਹਿਰਾਂ ਜਿਵੇਂ ਕਿ ਸਿੰਘ ਸਭਾ ਲਹਿਰ, ਗਦਰ ਲਹਿਰ, ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ, ਅਤੇ ਅਕਾਲੀ ਲਹਿਰ ਦੇ ਬਿਰਤਾਂਤ ਮਿਲਦੇ ਹਨ। ਵਰਤਮਾਨ ਅਤੇ ਆਉਣ ਵਾਲੀ ਨਵੀਂ ਪੀੜੀ ਨੂੰ ਇਤਿਹਾਸਕ ਘਟਨਾਵਾਂ ਤੋਂ ਸੇਧ ਲੈ ਕੇ ਗੁਰਮਤਿ ਮਾਰਗ ਦੇ ਪਾਂਧੀ ਬਣਾਉਣ ਅਤੇ ਗੁਰਸਿੱਖੀ ਜੀਵਨ ਜੀਉਣ ਲਈ ਇਹ ਇਤਿਹਾਸਕ ਗ੍ਰੰਥ ਅਤੇ ਪੁਸਤਕਾਂ ਇਕ ਬਹੁਤ ਵੱਡਾ ਪ੍ਰਚਾਰ ਦਾ ਸਾਧਨ ਹੈ ਤੇ ਇਸ ਦੇ ਯੋਗਦਾਨ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ।

ਨਿਰਬਾਣ ਕੀਰਤਨੀ ਜਥਾ ਅਰਥਾਤ ਅਖੰਡ ਕੀਰਤਨੀ ਜਥੇ ਦਾ ਅਗਾਜ਼ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਜੂਨ 1903 ਵਿਚ ਅੰਮ੍ਰਿਤ ਛੱਕਣ ਦੇ ਵੇਲੇ ਤੋਂ ਸ਼ੁਰੂ ਹੰਦਾ ਹੈ। ਨਿਰੋਲ ਗੁਰਬਾਣੀ ਦੇ ਨਿਸ਼ਕਾਮ ਅਤੇ ਨਿਰਬਾਣ



www.AKJ.Org

ਅਖੰਡ ਕੀਰਤਨ ਕਰਨ ਕਰਕੇ ਇਸ ਦਾ ਨਾਮ ਪਹਿਲਾਂ ਨਿਰਬਾਣ ਕੀਰਤਨੀ ਜਥਾ ਹੀ ਸੀ, ਪਰ 1978 ਤੋਂ ਬਾਅਦ ਅਖੰਡ ਕੀਰਤਨੀ ਜਥਾ ਦੇ ਨਾਮ ਨਾਲ ਹੀ ਇਹ ਜਥਾ ਸਾਰੇ ਸੰਸਾਰ ਵਿਚ ਪ੍ਰਸਿੱਧ ਹੋ ਗਿਆ। ਧੁਰ ਕੀ ਬਾਣੀ ਦੇ ਅਖੰਡ ਕੀਰਤਨ ਦਾ ਧੁਰਵਾ ਗੁਰੂ ਨਾਨਕ ਸਾਹਿਬ ਜੀ ਦੇ ਆਗਮਨ ਤੋਂ ਹੀ ਸ਼ੁਰੂ ਹੋ ਗਿਆ ਸੀ। ਜਦੋਂ ਵੀ ਬਾਣੀ ਸਚ-ਖੰਡੋਂ ਅਵਤਰਦੀ ਸੀ ਤਾਂ ਉਸ ਵੇਲੇ ਗੁਰੂ ਸਾਹਿਬ ਜੀ ਭਾਈ ਮਰਦਾਨਾ ਨੂੰ ਰਬਾਬ ਛੇੜਨ ਲਈ ਕਹਿੰਦੇ ਤੇ ਕੀਰਤਨ ਰਾਹੀਂ ਹੀ ਗੁਰਬਾਣੀ ਉਚਾਰਦੇ। ਇਸ ਨੂੰ ਬੱਝਵੇਂ ਰੂਪ ਵਿਚ ਪੰਚਮ ਪਾਤਸ਼ਾਹ ਨੇ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਅਤੇ ਤਰਨਤਾਰਨ ਦੀ ਸਥਾਪਨਾ ਕਰਕੇ ਉਥੇ ਕੇਵਲ ਨਿਰੋਲ ਗੁਰਬਾਣੀ ਦੇ ਅਖੰਡ ਕੀਰਤਨ ਦੀ ਪ੍ਰਥਾ ਚਲਾਈ, ਜਿਹੜੀ ਕਿ ਵੱਖ-ਵੱਖ ਸਾਜ਼ਾਂ ਨਾਲ ਕੇਵਲ ਰਾਗਾਂ ਵਿਚ ਹੀ ਹੁਣ ਤਾਈਂ ਗਾ ਕੇ ਚਲ ਰਹੀ ਹੈ। ਉਨੀਵੀ ਸਦੀ ਦੇ ਅੱਧ ਤੋਂ ਬਾਅਦ ਕੁਝ ਸੰਤਾਂ, ਮਹਾਂਪੁਰਖਾਂ ਵਲੋਂ ਪੇਂਡੂ ਇਲਾਕਿਆਂ ਵਿਚ ਪ੍ਰਚਾਰ ਖਾਤਰ ਗੁਰਬਾਣੀ ਨੂੰ ਸਿੱਧੀਆਂ ਧਾਰਨਾ ਦੇ ਗਾਉਣ ਦੇ ਨਾਲ ਨਾਲ, ਕੱਚੀਆਂ ਧਾਰਨਾਂ ਵੀ ਲਾਉਣੀਆਂ ਸ਼ੁਰੂ ਕਰ ਦਿੱਤੀਆਂ ਗਈਆਂ। ਇਸ ਵਧ ਰਹੀ ਪ੍ਰਪਾਟੀ ਨੂੰ ਭਾਈ ਸਾਹਿਬ ਜੀ ਨੇ ਨਿਰੋਲ ਗੁਰਬਾਣੀ ਦਾ ਕੀਰਤਨ, ਸਿੱਧੀਆਂ ਧਾਰਨਾਂ ਅਤੇ ਜੋਟੀਆਂ ਰਾਹੀਂ ਕਰਕੇ ਠੱਲ ਪਾਉਣ ਦਾ ਉਪਰਾਲਾ ਕੀਤਾ। ਅੱਜ ਤਾਈ ਅਖੰਡ ਕੀਰਤਨੀ ਜਥਾ ਪਿਛਲੀ ਇਕ ਸਦੀ ਤੋਂ ਵੱਧ ਸਮੇਂ ਤੋਂ ਕੇਵਲ ਗੁਰਬਾਣੀ ਦਾ ਨਿਰੋਲ ਕੀਰਤਨ ਕਰਕੇ ਪੰਥ ਦੀ ਯਥਾਸ਼ਕਤ ਸੇਵਾ ਕਰ ਰਿਹਾ ਹੈ। ਜਥੇ ਦਾ ਸਿੰਘਾਂ ਦਾ ਮੁਖ ਨਿਸ਼ਾਨਾ ਗੁਰਬਾਣੀ ਦੇ ਕੀਰਤਨ ਰਾਹੀਂ ਜਿਥੇ ਆਪ ਗੁਰੂ ਚਰਨਾਂ ਨਾਲ ਜੁੜਨਾ ਹੈ ਉਥੇ ਹੋਰ ਸੰਗਤਾਂ ਨੂੰ ਵੀ ਗੁਰੂ ਚਰਨਾਂ ਨਾਲ ਜੋੜਨਾ ਹੈ ਤਾਂ ਕਿ ਗੁਰੂ ਸਾਹਿਬ ਜੀ ਦੇ ਕੀਤੇ ਹੁਕਮ "ਆਪਿ ਜਪੈ ਅਵਰਹ ਨਾਮੁ ਜਪਾਵੈ" ਤੇ ਪਹਿਰਾ ਦਿੱਤਾ ਜਾ ਸਕੇ।

ਭਾਈ ਸਾਹਿਬ ਜੀ ਨੇ ਅੰਮ੍ਰਿਤ ਛੱਕਣ ਤੋਂ ਬਾਅਦ ਜਿੱਥੇ ਤਤ ਗੁਰਮਤਿ ਅਸੂਲਾਂ ਅਤੇ ਰਹਿਤ ਬਹਿਤ ਤੇ ਦ੍ਰਿੜਤਾ ਨਾਲ ਪਹਿਰਾ ਦਿੱਤਾ, ਉਥੇ ਨਾਮ ਬਾਣੀ ਦੀ ਅਤੁਟ ਕਮਾਈ ਕਰਕੇ ਉੱਚ ਆਤਮਿਕ ਅਵਸਥਾ ਵੀ ਪ੍ਰਾਪਤ ਕੀਤੀ। ਸਾਰੀ ਆਯੂ ਕੇਵਲ ਗੁਰਬਾਣੀ ਦੇ ਕੀਰਤਨ ਨੂੰ ਹੀ ਆਧਾਰ ਬਣਾਇਆ। ਜਿਸ ਤਰ੍ਹਾਂ ਦੀਵੇ ਨਾਲ ਦੀਵਾ ਜਗਦਾ ਹੈ ਇਸੇ ਤਰ੍ਹਾਂ ਭਾਈ ਸਾਹਿਬ ਜੀ ਦੀ ਸੰਗਤ ਵਿਚ ਜਿਹੜਾ ਇਕ ਵਾਰ ਆ ਗਿਆ, ਉਹ ਉਨ੍ਹਾਂ ਦੀ ਆਕਰਖਣ ਚੁੰਬਕੀ ਸ਼ਕਤੀ ਕਰਕੇ ਉਨ੍ਹਾਂ ਦਾ ਹੀ ਹੋ ਕੇ ਰਹਿ ਗਿਆ। ਹੌਲੀ ਹੌਲੀ ਨਾਮ ਰਸੀਆਂ ਅਤੇ ਗੁਰਬਾਣੀ ਦੇ ਆਸ਼ਕਾਂ ਦਾ ਇਹ ਇਕ ਤਕੜਾ ਜਥਾ ਬਣ ਗਿਆ ਜੋ ਕਿ ਪੰਥ ਦੀ ਸਿਰਮੌਰ ਜਥੇਬੰਦੀ ਤੌਰ ਤੇ ਵਿਚਰ ਰਿਹਾ ਹੈ। ਜਥੇ ਨਾਲ ਸਬੰਧਤ, ਜਿਥੇ ਭਾਈ ਸਾਹਿਬ ਸਮੇਤ ਅਨੇਕ ਸੂਰਬੀਰ ਯੋਧੇ ਪੈਦਾ ਹੋਏ, ਜਿਨ੍ਹਾਂ ਨੇ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ, ਗਦਰ ਲਹਿਰ, ਅਕਾਲੀ ਲਹਿਰ, ਪੰਥਕ ਮੋਰਚਿਆਂ, ਸੰਨ 1978 ਵਿਚ ਨਕਲੀ ਨਿਰੰਕਾਰੀਆਂ ਵਲੋਂ ਕੀਤੇ ਜਾ ਰਹੇ ਪ੍ਰਪੰਚ ਵਿਰੁਧ ਅਤੇ ਉਸ ਤੋਂ ਬਾਅਦ ਚਲੇ ਖਾੜਕੂਵਾਦ ਦੌਰਾਨ ਚਲੇ ਸਿੱਖ ਸੰਘਰਸ਼ ਵਿਚ ਅਕਹਿ ਅਤੇ ਅਸਹਿ ਕਸ਼ਟ ਸਹਾਰਦੇ ਕੈਦਾਂ ਕੱਟੀਆਂ ਅਤੇ ਸ਼ਹੀਦੀਆਂ ਪਾਈਆਂ, ਉਥੇ ਹਜ਼ਾਰਾਂ ਸਿੰਘਾਂ/ਸਿੰਘਣੀਆਂ ਨੇ ਗ੍ਰਿਹਸਤੀ ਜੀਵਨ ਜਿਉਂਦਿਆਂ, ਧਰਮ ਦੀ ਕ੍ਰਿਤ ਕਰਦਿਆਂ, ਨਾਮ ਦੀਆਂ ਅਤੁੱਟ ਕਮਾਈਆਂ ਰਾਹੀਂ ਉੱਚ ਆਤਮਿਕ ਅਵਸਥਾ ਨੂੰ ਪਹੁੰਚ ਕੇ, ਸਫਲ ਜੀਵਨ ਜੀਵਿਆ। ਦੇਸ਼ ਵਿਦੇਸ਼ਾਂ ਵਿਚ ਗੁਰਬਾਣੀ ਕੀਰਤਨ, ਸ੍ਰੀ ਅਖੰਡ ਪਾਠ ਅਤੇ ਅੰਮ੍ਰਿਤ ਸੰਚਾਰ ਸਮਾਗਮ ਰੱਚ ਕੇ ਹਜ਼ਾਰਾਂ ਪ੍ਰਾਣੀਆਂ ਨੂੰ ਗੁਰੂ ਚਰਨਾਂ ਨਾਲ ਜੋੜਿਆ। ਇਨ੍ਹਾਂ ਗੁਰਸਿੱਖਾਂ ਦੇ ਜੀਵਨ ਵਿਚ ਅਨੇਕਾਂ ਚਮਤਕਾਰੀ ਘਟਨਾਵਾਂ ਘਟੀਆਂ ਜੋ ਕਿ ਵਰਤਮਾਨ ਅਤੇ ਭਵਿੱਖ ਦੀ ਨੌਜਵਾਨ ਪੀੜੀ ਲਈ ਚਾਨਣ ਮੁਨਾਰੇ ਦੇ ਕੰਮ ਕਰਦੀਆਂ ਹਨ ਜਿਨ੍ਹਾਂ ਨੂੰ ਸੰਭਾਲ ਕੇ ਰੱਖਣਾ ਅਤੇ ਸੰਗਤਾਂ ਤਾਈ ਪਹੁੰਚਾਉਣਾ ਅਤਿ ਲੋੜੀਂਦਾ ਹੈ।

ਇਸ ਸਬੰਧੀ ਸਭ ਤੋਂ ਪਹਿਲਾਂ ਉੱਦਮ, ਖੁਦ ਭਾਈ ਸਾਹਿਬ ਜੀ ਵਲੋਂ ਪੁਸਤਕ ਰੰਗਲੇ ਸੱਜਣ ਆਪਣੇ ਹੱਥੀਂ ਲਿਖ ਕੇ ਕੀਤਾ ਗਿਆ, ਜਿਸ ਵਿਚ ਉਨ੍ਹਾਂ ਦੇ ਅਤਿ ਨਿਕਟਵਰਤੀ 23 ਗੁਰਸਿੱਖਾਂ ਦੇ ਜੀਵਨ ਦੀਆਂ ਚਮਤਕਾਰੀ ਘਟਨਾਵਾਂ ਦਾ ਵਰਣਨ ਕੀਤਾ ਗਿਆ, ਜੋ ਉਸ ਸਮੇਂ ਤੱਕ ਚੜ੍ਹਾਈ ਕਰ ਗਏ ਸਨ। ਇਸ ਤੋਂ ਇਲਾਵਾ ਭਾਈ ਸਾਹਿਬ ਜੀ ਅਤੇ ਹੋਰ ਨਿਕਟਵਰਤੀ ਕੁਝ ਸੰਗੀ ਸਾਥੀ ਸਿੰਘਾਂ ਦੇ ਜੀਵਨ ਸਬੰਧੀ ਜਾਣਕਾਰੀ ਦਿੰਦੀਆਂ ਕੁਝ ਹੋਰ ਪੁਸਤਕਾਂ ਵੀ



www.AKJ.Org

ਲਿਖੀਆਂ ਮਿਲਦੀਆਂ ਹਨ ਜਿਨ੍ਹਾਂ ਦਾ ਵੇਰਵਾ ਹੇਠ ਪ੍ਰਕਾਰ ਹੈ :-

1. ਜੇਲ ਚਿੱਠੀਆਂ ਲਿਖਤ ਭਾਈ ਸਾਹਿਬ ਰਣਧੀਰ ਸਿੰਘ ਜੀ
2. ਭਾਈ ਸਾਹਿਬ ਰਣਧੀਰ ਸਿੰਘ ਜੀ ਸਿਮ੍ਰਤੀ ਗ੍ਰੰਥ -- ਸ. ਜੈਤੇਗ ਸਿੰਘ ਅਨੰਤ, ਕੈਨੇਡਾ
3. ਜੀਵਨ ਚਰਿੱਤਰ - ਭਾਈ ਰਣਧੀਰ ਸਿੰਘ ਜੀ - ਪ੍ਰਕਾਸ਼ਕ ਸੂਰਾ ਅਤੇ ਆਤਮ ਰੰਗ ਮਾਸਿਕ ਪੱਤਰ
4. ਪੂਰਬ ਜਨਮ ਕੇ ਮਿਲੇ ਸੰਜੋਗੀ (ਜੀਵਨ ਚਰਿਤਰ ਬਾਊ ਮਲ ਸਿੰਘ ਜੀ) - ਪ੍ਰੋ. ਠਾਕੁਰ ਸਿੰਘ
5. ਸੋਨ ਚਿੜੀ ਚੜੀ ਗੈਣਿ - ਭਾਈ ਜੋਧ ਸਿੰਘ ਜੀ, ਦਿੱਲੀ
6. ਤਵਾਰੀਖ - ਅਖੰਡ ਕੀਰਤਨੀ ਜਥਾ ਭਾਈ ਜੋਧ ਸਿੰਘ ਜੀ, ਦਿੱਲੀ
7. ਸੇਈ ਪਿਆਰੇ ਮੇਲਿ - ਪ੍ਰਿੰ. ਗੁਰਮੁਖ ਸਿੰਘ, ਪਟਿਆਲਾ
8. ਦਰਸ਼ਨ ਝਲਕੀਆਂ ਡਾਕਟਰ ਸੁਰਿੰਦਰ ਸਿੰਘ ਜੀ, ਸੰਗ੍ਰਹਿ ਕਰਤਾ - ਭਾਈ ਗੁਰਪ੍ਰੀਤ ਸਿੰਘ ਅਤੇ ਭਾਈ ਇੰਦਰਦੀਪ ਸਿੰਘ ਜੀ
9. ਜਨ ਪਰਉਪਕਾਰੀ ਆਏ, ਜੀਵਨ ਚਰਿੱਤਰ ਭਾਈ ਹਰਚਰਨ ਸਿੰਘ ਜੀ ਚੰਡੀਗੜ੍ਹ - ਸ. ਜੈਤੇਗ ਸਿੰਘ ਅਨੰਤ ਕੈਨੇਡਾ
10. ਸਭਿ ਅਵਗਣ ਮੈ - ਜੀਵਨ ਬਿਰਤਾਂਤ ਮਾਸਟਰ ਉਜਾਗਰ ਸਿੰਘ ਫਰਵਾਲੀ - ਸੰਪਾਦਕ ਸ. ਜੈਤੇਗ ਸਿੰਘ ਅਨੰਤ
11. ਗਦਰੀ ਯੋਧੇ - ਸੰਪਾਦਕ ਸ. ਜੈਤੇਗ ਸਿੰਘ ਅਨੰਤ
12. ਜੀਵਨ ਰਾਸ - ਜੀਵਨ ਬਿਰਤਾਂਤ ਡਾ. ਕੁਲਦੀਪ ਕੌਰ ਜੀ, ਲਿਖਤ ਡਾ. ਸਰਬਜੋਤ ਕੌਰ ਲੁਧਿਆਣਾ
13. ਸੰਨ 1978 ਦੇ ਸ਼ਹੀਦੀ ਸਾਕੇ - ਸੰਪਾਦਕ ਭਾਈ ਗੁਰਦੀਪ ਸਿੰਘ, ਪ੍ਰਕਾਸ਼ਕ ਸਿੰਘ ਬ੍ਰਦਰਜ਼ ਸ੍ਰੀ ਅੰਮ੍ਰਿਤਸਰ
14. ਜੇਹਾ ਡਿਠਾ ਮੈ ਤੇਹੋ ਕਹਿਆ – ਭਾਈ ਗੁਰਦੀਪ ਸਿੰਘ ਸ੍ਰੀ ਅੰਮ੍ਰਿਤਸਰ
15. ਰੂਪ ਗੋਬਿੰਦ ਕਾ, ਰਾਜ ਖਾਲਸੇ ਕਾ, ਸਿੱਕਾ ਸੋਨੇ ਕਾ - ਸ੍ਵੈ ਜੀਵਨੀ ਬਿਰਤਾਂਤ ਭਾਈ ਰਾਮਾ ਸਿੰਘ ਜੀ (ਇੰਗਲੈਂਡ)

ਇਸ ਤੋਂ ਇਲਾਵਾ ਪੰਥਕ ਅਖ਼ਬਾਰਾਂ, ਪੰਜਾਬੀ ਦੇ ਰਸਾਲਿਆਂ ਵਿਚ ਵੀ ਸਮੇਂ ਸਮੇਂ ਅਜਿਹੇ ਗੁਰਸਿੱਖਾਂ ਦੇ ਜੀਵਨ ਛਪਦੇ ਰਹੇ ਹਨ ਅਤੇ ਛਪ ਰਹੇ ਹਨ ਜਿਵੇਂ ਰੋਜ਼ਾਨਾ ਅਕਾਲੀ ਅਖ਼ਬਾਰ (ਉਰਦੂ) ਸ੍ਰੀ ਅੰਮ੍ਰਿਤਸਰ ਹਫਤਾਵਾਰ ਪੰਜਾਬੀ ਰਤਨ ਲੁਧਿਆਣਾ, ਪ੍ਰਕਾਸ਼ ਪਟਿਆਲਾ, ਗੁਰਮਤਿ ਪ੍ਰਕਾਸ਼ ਧਰਮ ਪ੍ਰਚਾਰ ਕਮੇਟੀ (SGPC) ਸੂਰਾ ਮਾਸਿਕ ਪੱਤਰ, ਬਲਿਓ ਚਰਾਗ ਪਟਿਆਲਾ, ਆਤਮ ਰੰਗ ਚੰਡੀਗੜ੍ਹ, ਅਖੰਡ ਕੀਰਤਨੀ ਜਥਾ ਬੁਲਿਟਿਨ ਲੁਧਿਆਣਾ, ਸੋ ਕਹੀਅਤ ਹੈ ਸੂਰਾ ਚੰਡੀਗੜ੍ਹ ਆਦਿ। ਇਸ ਸਭ ਦੇ ਬਾਵਜੂਦ ਸੈਂਕੜੇ ਗੁਰਸਿੱਖਾਂ (ਜੋ ਭਾਈ ਸਾਹਿਬ ਜੀ ਦੇ ਸੰਗੀ ਸਾਥੀ ਰਹੇ ਹਨ ਤੇ ਬਾਅਦ ਵਿਚ ਚੜਾਈ ਕਰ ਗਏ ਹਨ) ਦੇ ਜੀਵਨ ਬਿਰਤਾਂਤ ਅਜੇ ਤਾਈਂ ਕਿਸੇ ਲੇਖਣੀ ਵਿਚ ਨਹੀਂ ਆਏ।

ਦਾਸ ਨੂੰ ਜਦੋਂ ਤੋਂ ਅਖੰਡ ਕੀਰਤਨੀ ਜਥੇ ਦੇ ਸਿੰਘਾਂ ਦੀ ਸੰਗਤ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਹੈ, ਉਸੇ ਵੇਲੇ ਤੋਂ ਕਾਫੀ ਚੜ੍ਹਦੀ ਕਲਾ ਵਾਲੇ ਗੁਰਸਿੱਖਾਂ ਦੇ ਨੇੜੇ ਹੋ ਕੇ ਵਿਚਰਣ ਦਾ ਮੌਕਾ ਮਿਲਦਾ ਰਿਹਾ ਹੈ, ਜਿਸ ਨਾਲ ਗੁਰਸਿੱਖੀ ਮਾਰਗ ਤੇ ਚੱਲਣ ਦੀ ਥੋੜ੍ਹੀ ਬਹੁਤ ਸੇਧ ਪ੍ਰਾਪਤ ਹੁੰਦੀ ਰਹੀ ਹੈ। ਇਨ੍ਹਾਂ ਵਿਚੋਂ ਤਕਰੀਬਨ ਸਾਰੇ ਹੀ ਗੁਰਸਿੱਖ ਗੁਰਪੁਰੀ ਜਾ ਬਿਰਾਜੇ ਹਨ। ਭਾਈ ਸਾਹਿਬ ਜੀ ਅਤੇ ਉਨ੍ਹਾਂ ਦੇ ਸੰਗੀ ਸਾਥੀਆਂ ਨੇ (ਵਿਚਾਰਾਂ ਦੇ ਵਖਰੇਵੇ ਹੁੰਦਿਆਂ ਹੋਇਆਂ ਵੀ) ਕੇਵਲ ਗੁਣਾਂ ਦੀ ਸਾਂਝ, ਧਰਮ ਦੀ ਸੱਚੀ ਸੁੱਚੀ ਕ੍ਰਿਤ ਕਰਦਿਆਂ, ਨਾਮ ਬਾਣੀ ਅਤੇ ਗੁਰਬਾਣੀ ਦੇ ਕੀਰਤਨ ਰਾਹੀਂ ਅਤੁੱਟ ਕਮਾਈਆਂ ਕਰਕੇ, ਜੋ ਜਥੇ ਦੇ ਮੁਖ ਆਸ਼ੇ, ਉਦੇਸ਼, ਰਹਿਤ ਬਹਿਤ ਦੇ ਤਤ ਗੁਰਮਤਿ ਅਸੂਲ ਨਿਰਧਾਰਿਤ ਕੀਤੇ ਸਨ, ਦੀ ਪੂਰੀ ਜਾਣਕਾਰੀ ਨਾ ਹੋਣ ਕਰਕੇ, ਅਜ ਕਲ ਦੀ ਨਵੀਂ ਪੀੜ੍ਹੀ ਦੇ ਨੌਜਵਾਨ ਅਤੇ ਸਮਾਗਮਾਂ ਦੇ ਪ੍ਰਬੰਧਕ ਉਨ੍ਹਾਂ ਤੋਂ ਦੂਰ ਜਾ ਰਹੇ ਹਨ। ਇਸ ਘਾਟ ਨੂੰ ਮਹਿਸੂਸ ਕਰਦੇ ਹੋਏ, ਦਾਸ ਨੇ ਜਿਨ੍ਹਾਂ ਪੁਰਾਤਨ ਗੁਰਸਿਖਾਂ ਦੀ ਸੰਗਤ ਕੀਤੀ ਸੀ,


www.AKJ.Org

ਦੇ ਜੀਵਨ ਬਿਰਤਾਂਤ ਲਿਖਣ ਬਾਰੇ ਸਭ ਤੋਂ ਪਹਿਲਾਂ ਸੰਕਲਪ ਧਾਰਿਆ ਸੀ। ਕੁਝ ਕੁ ਜ਼ਰੂਰੀ ਲੋੜੀਂਦੀ ਜਾਣਕਾਰੀ ਵਾਸਤੇ, ਆਪਣੇ ਸਤਿਕਾਰ ਯੋਗ ਵੱਡੇ ਵੀਰ, ਭਾਈ ਜੈਤੇਗ ਸਿੰਘ ਜੀ ਅਨੰਤ ਜੋ ਕਿ ਇਕ ਸੁੱਘੜ ਲੇਖਕ, ਵਿਦਵਾਨ, ਫੋਟੋ ਪੱਤਰਕਾਰ ਤੇ ਜਥੇ ਦੀ ਲੰਬੇ ਸਮੇਂ ਤੋਂ ਸੰਗਤ ਕਰਦੇ ਰਹੇ ਹਨ, ਨਾਲ ਸੰਪਰਕ ਕੀਤਾ ਤਾਂ ਉਨ੍ਹਾਂ ਨੇ ਦਾਸ ਨੂੰ ਭਾਈ ਸਾਹਿਬ ਜੀ ਦੇ ਵੇਲੇ ਤੋਂ ਸਾਰੇ ਗੁਰਸਿੱਖਾਂ (ਜਿਨ੍ਹਾਂ ਦੇ ਜੀਵਨ ਰੰਗਲੇ ਸਜਣ ਪੁਸਤਕ ਵਿਚ ਨਹੀਂ ਆਏ) ਦੇ ਜੀਵਨ ਬਿਰਤਾਂਤ ਲਿਖਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਬਹੁਤ ਸਾਰੇ ਪੁਰਤਨ ਸਿੰਘਾਂ ਦੇ ਪ੍ਰੀਵਾਰਾਂ ਦੇ ਫੋਨ ਨੰਬਰ ਅਤੇ ਐਡਰੈਸ ਵੀ ਦਿੱਤੇ ਜੋ ਕਿ ਲੋੜੀਂਦੀ ਜਾਣਕਾਰੀ ਲਈ ਮੱਦਦਗਾਰ ਹੋ ਸਕਦੇ ਸਨ। ਇਸ ਦੇ ਨਾਲ ਸਮੇਂ ਸਮੇਂ ਉਹ ਯੋਗ ਅਗਵਾਈ ਵੀ ਕਰਦੇ ਰਹੇ। ਉਨ੍ਹਾਂ ਵਲੋਂ ਕੀਤੀ ਹੌਂਸਲਾ ਅਫਜਾਈ ਸਦਕਾ, ਦਾਸ ਨੇ ਇਸ ਸੇਵਾ ਦਾ ਬੀੜਾ ਚੁੱਕਿਆ ਤੇ ਸਾਰੇ ਪੁਰਾਤਨ ਗੁਰਸਿਖਾਂ ਦੀ ਸੂਚੀ ਬਣਾ ਕੇ ਉਨ੍ਹਾਂ ਦੇ ਜੀਵਨ ਬਾਰੇ ਜ਼ਰੂਰੀ ਜਾਣਕਾਰੀ ਇਕੱਤਰ ਕਰਨੀ ਸ਼ੁਰੂ ਕਰ ਦਿੱਤੀ।

ਇਸ ਕਾਰਜ ਲਈ ਸਭ ਤੋਂ ਪਹਿਲਾਂ ਤਿੰਨ ਸਰੋਤਾਂ ਦੀ ਨਿਸ਼ਾਨ ਦੇਹੀ ਕੀਤੀ ਗਈ ਜਿਥੋਂ ਇਹ ਜਾਣਕਾਰੀ ਮਿਲ ਸਕਦੀ ਸੀ :-

1. ਪੁਰਾਤਨ ਗੁਰਸਿੱਖ, ਜੋ ਭਾਈ ਸਾਹਿਬ ਜੀ ਜਾਂ ਜਿਨ੍ਹਾਂ ਗੁਰਸਿਖਾਂ ਦੇ ਜੀਵਨ ਲਿਖਣ ਲਈ ਵਿਚਾਰ ਅਧੀਨ ਹਨ, ਦੇ ਸੰਗੀ ਸਾਥੀ ਰਹੇ ਹੋਣ।
2. ਜਥੇ ਨਾਲ ਸਬੰਧਤ ਪੁਰਾਣੇ ਰਸਾਲੇ ਜਾਂ ਪੁਸਤਕਾਂ ਜਿਨ੍ਹਾਂ ਵਿਚ ਚੜ੍ਹਾਈ ਕਰ ਗਏ ਗੁਰਸਿਖਾਂ ਦੀ ਸਮੇਂ ਸਮੇਂ ਸੂਚਨਾ ਅਤੇ ਉਨ੍ਹਾਂ ਦੇ ਸੰਖੇਪ ਜੀਵਨ ਛਪਦੇ ਰਹੇ ਹਨ।
3. ਜਥੇ ਦੇ ਪੁਰਾਤਨ ਗੁਰਸਿਖਾਂ ਦੇ ਪ੍ਰਵਿਾਰਕ ਮੈਂਬਰ, ਜਿਨ੍ਹਾਂ ਤੋਂ ਉਨ੍ਹਾਂ ਦੇ ਜੀਵਨ ਬਾਰੇ ਜਾਣਕਾਰੀ ਮਿਲ ਸਕਦੀ ਸੀ।

ਸਭ ਤੋਂ ਪਹਿਲੇ ਸਰੋਤ ਤੋਂ ਕੋਈ ਖ਼ਾਸ ਸਹਾਇਤਾ ਨਹੀਂ ਮਿਲ ਸਕੀ, ਕਿਉਂਕਿ ਭਾਈ ਸਾਹਿਬ ਜੀ ਦੇ ਸੰਗੀ ਸਾਥੀ ਪੁਰਾਤਨ ਗੁਰਸਿਖ ਜਾਂ ਤਾਂ ਚੜਾਈ ਕਰ ਗਏ ਹਨ ਜਾਂ ਫਿਰ ਬਿਰਧ ਅਵਸਥਾ ਹੋਣ ਕਾਰਨ ਯਾਦਾਸ਼ਤ ਕਮਜ਼ੋਰ ਹੋ ਚੁੱਕੀ ਹੈ ਅਤੇ ਕੰਨਾਂ ਤੋਂ ਵੀ ਉੱਚਾ-ਸੁਣਦਾ ਹੈ। ਦੂਜੇ ਸਰੋਤ ਲਈ ਭੱਜ ਦੌੜ ਆਰੰਭ ਕੀਤੀ। ਸੂਰਾ ਮਾਸਿਕ ਪੱਤਰ ਫਰਵਰੀ 1966 ਤੋਂ ਅਰੰਭ ਹੋਇਆ ਸਨ, ਤੇ ਕਈ ਸ਼ਹਿਰਾਂ ਦਾ ਸਫਰ ਕਰਦਾ ਹੋਇਆ, ਅਪਰੈਲ 2002 ਤੋਂ ਬੰਦ ਪਿਆ ਹੈ। ਸੂਰਾ ਮਾਸਿਕ ਪੱਤਰ ਦੇ ਸ੍ਰੀ ਅੰਮ੍ਰਿਤਸਰ ਰਹਿਣ ਸਮੇਂ ਭਾਈ ਸੇਵਾ ਸਿੰਘ ਜੀ ਨੇ ਹਰੇਕ ਸਾਲ ਦੇ ਸੂਰੇ ਮਾਸਿਕ ਪੱਤਰ ਦੀਆਂ ਜਿਲਦਾਂ ਬਣਵਾ ਕੇ ਸੰਭਾਲੀਆਂ ਸਨ ਪਰ ਉਹ ਵੀ ਕਾਫੀ ਯਤਨ ਕਰਨ ਤੇ ਉਪਲੱਬਧ ਨਹੀਂ ਸੀ ਹੋ ਰਹੀਆਂ ਪਰ ਬਾਅਦ ਵਿਚ ਇਕ ਗੁਰਸਿਖ ਕੋਲੋਂ ਮਿਲ ਗਈਆਂ। ਪੁਰਾਤਨ ਗੁਰਸਿੱਖਾਂ ਦੇ ਚੜਾਈ ਕਰ ਜਾਣ ਕਰਕੇ ਅਤੇ ਉਨ੍ਹਾਂ ਦੇ ਵਾਰਸਾਂ ਵਿਚ ਪੜਨ ਦੀ ਰੁਚੀ ਘੱਟਣ ਕਰਕੇ ਪੁਰਾਣੇ ਰਸਾਲੇ ਵੀ ਤਕਰੀਬਨ ਹਰ ਘਰ ਵਿਚੋਂ ਗਾਇਬ ਸਨ। ਸੱਚੇ ਪਾਤਸ਼ਾਹ ਦੀ ਬਖਸ਼ਿਸ਼ ਸਦਕਾ, ਜਥੇ ਵਿਚ ਹੁਣ ਵਿਚਰ ਰਹੇ, ਗੁਰਸਿੱਖਾਂ ਦੇ ਘਰ ਘਰ ਜਾ ਕੇ ਪੁਰਾਣੇ ਰਸਾਲੇ ਇਕੱਠੇ ਕਰਨੇ ਸ਼ੁਰੂ ਕੀਤੇ। ਇਸ ਕਾਰਜ ਵਿਚ ਦਾਸ ਨੂੰ ਭਾਈ ਐੱਚ.ਪੀ. ਸਿੰਘ ਮੁਹਾਲੀ, ਭਾਈ ਹਰਿੰਦਰਪਾਲ ਸਿੰਘ ਲੁਧਿਆਣਾ (ਜਿਨ੍ਹਾਂ ਕੋਲੋਂ ਸੂਰੇ ਦੀਆਂ 1973 ਤੋਂ ਲੈ ਕੇ 2001 ਤਾਈ ਪੁਰਾਣੀਆਂ ਜਿਲਦਾਂ ਮਿਲੀਆਂ) ਭਾਈ ਅਜੀਤ ਸਿੰਘ ਰੇਲਵੇ (ਲੁਧਿਆਣਾ) ਭਾਈ ਗੁਰਦੀਪ ਸਿੰਘ ਆਰਕੀਟੈਕਟ ਲੁਧਿਆਣਾ ਅਤੇ ਕਈ ਗੁਰਸਿੱਖਾਂ ਨੇ ਸਹਿਯੋਗ ਦਿੱਤਾ ਤੇ ਗੁਰੂ ਸਾਹਿਬ ਜੀ ਦੀ ਕ੍ਰਿਪਾ ਨਾਲ ਸਾਰੇ ਹੀ ਪੁਰਾਣੇ ਰਸਾਲੇ ਇਕੱਤਰ ਹੋ ਗਏ, ਜਿਨ੍ਹਾਂ ਤੋਂ ਪੁਰਾਣੇ ਗੁਰਸਿੱਖਾਂ ਪ੍ਰਤੀ ਕਾਫੀ ਜਾਣਕਾਰੀ ਮਿਲੀ। ਸਭ ਤੋਂ ਵੱਧ ਸਹਾਇਤਾ ਅਤੇ ਸਹਿਯੋਗ ਤੀਸਰੇ ਸਰੋਤ ਤੋਂ ਮਿਲਿਆ। ਪੁਰਾਤਨ ਗੁਰਸਿਖਾਂ ਦੇ ਪ੍ਰੀਵਾਰਕ ਮੈਂਬਰ, ਚਾਹੇ ਕਈ ਕਾਰਨਾਂ ਕਰਕੇ ਜਥੇ ਤੋਂ ਦੂਰ ਜਾ ਚੁੱਕੇ ਹਨ, ਪ੍ਰੰਤੂ ਉਨ੍ਹਾਂ ਕੋਲ ਆਪਣੇ ਪੂਰਵਜਾਂ ਬਾਰੇ ਜਿਤਨੀ ਵੀ ਜਾਣਕਾਰੀ ਸੀ, ਉਸ ਨੂੰ ਉਨ੍ਹਾਂ ਨੇ ਹਿਤੋ ਚਿਤੋ ਦਾਸ ਨਾਲ ਸਾਂਝਾ ਕੀਤਾ। ਇਸ



www.AKJ.Org

ਪੁਸਤਕ ਵਿਚ ਉਨ੍ਹਾਂ ਗੁਰਸਿੱਖਾਂ ਦੇ ਹੀ ਜੀਵਨ ਬਿਰਤਾਂਤ ਦਿੱਤੇ ਗਏ ਹਨ ਜੋ ਗੁਰਪੁਰੀ ਸਿਧਾਰ ਚੁੱਕੇ ਹਨ। ਅਜੇ ਦਰਜਨ ਕੁ ਗੁਰਸਿੱਖ ਜੀਵਤ ਹਨ ਜੋ ਭਾਈ ਸਾਹਿਬ ਸਾਹਿਬ ਜੀ ਦੇ ਸੰਗੀ ਸਾਥੀ ਰਹੇ ਹਨ ਤੇ ਉਨ੍ਹਾਂ ਦੇ ਜੀਵਨ ਬਿਰਤਾਂਤ ਵੀ ਲਿਖਣ ਯੋਗ ਹਨ।

ਵੱਡੇ ਵੀਰ ਸ. ਜੈਤੇਗ ਸਿੰਘ ਜੀ ਅਨੰਤ ਵਲੋਂ ਦਿੱਤੇ ਸੁਝਾਅ ਮੁਤਾਬਕ ਇਸ ਪੁਸਤਕ ਨੂੰ ਚਾਰ ਭਾਗਾਂ ਵਿਚ ਵੰਡਿਆ ਗਿਆ।

1- ਭਾਗ ਪਹਿਲਾ : ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਅਤੇ ਬਾਊ ਮਲ ਸਿੰਘ ਜੀ ਅਤੇ ਉਨ੍ਹਾਂ ਪ੍ਰੀਵਾਰਕ ਮੈਂਬਰਾਂ ਦੇ ਜੀਵਨ ਬਿਰਤਾਂਤਾਂ ਤੋਂ ਇਲਾਵਾ ਭਾਈ ਸਾਹਿਬ ਜੀ ਦੇ ਜੇਲ ਯਾਤਰਾ ਜਾਣ ਤੋਂ ਪਹਿਲੇ ਸੰਗੀ ਸਾਥੀ ਸਿੰਘਾਂ ਦੇ ਜੀਵਨ ਬਿਰਤਾਂਤ।

2- ਭਾਗ-ਦੂਜਾ : ਭਾਈ ਸਾਹਿਬ ਜੀ ਦੀ ਜੇਲ ਯਾਤਰਾ ਦੇ ਸਮੇਂ ਤੋਂ ਲੈ ਕੇ ਸੰਨ 1947 ਵਿਚ ਦੇਸ਼ ਦੀ ਵੰਡ ਸਮੇਂ ਤਕ ਜਥੇ ਵਿਚ ਆਏ ਗੁਰਸਿਖਾਂ ਦੇ ਜੀਵਨ ਬਿਰਤਾਂਤ।

3- ਭਾਗ-ਤੀਜਾ : ਦੇਸ਼ ਦੀ ਵੰਡ ਵੇਲੇ ਸੰਨ 1947 ਤੋਂ ਲੈ ਕੇ ਅਪਰੈਲ 1961 ਵਿਚ ਭਾਈ ਸਾਹਿਬ ਜੀ ਦੇ ਚੜ੍ਹਾਈ ਕਰ ਜਾਣ ਦੇ ਸਮੇਂ ਤੱਕ ਜਥੇ ਵਿਚ ਆਏ ਗੁਰਸਿੱਖਾਂ ਦੇ ਜੀਵਨ ਬਿਰਤਾਂਤ।

4- ਭਾਗ ਚੌਥਾ : ਸੰਨ 1961 ਤੋਂ ਬਾਅਦ ਵਿਚ ਜਥੇ ਵਿਚ ਆਏ ਹੋਰ ਗੁਰਸਿੱਖਾਂ ਦੇ ਜੀਵਨ ਬਿਰਤਾਂਤ ਸ਼ਾਮਿਲ ਹਨ ਜਿਨ੍ਹਾਂ ਜਥੇ ਵਿਚ ਵਿਚਰ ਕੇ ਖ਼ਾਸ ਸੇਵਾ ਨਿਭਾਈਆਂ ਅਤੇ ਪੰਥ ਲਈ ਕੁਰਬਾਨੀ ਕੀਤੀ। ਇਸ ਤੋਂ ਇਲਾਵਾ ਕੁਝ ਹੋਰ ਗੁਰਸਿਖਾਂ ਦੇ ਜੀਵਨ ਬਿਰਤਾਂਤ ਵੀ ਸ਼ਾਮਿਲ ਕੀਤੇ ਗਏ ਹਨ ਜੋ ਜਥੇ ਵਿਚ ਸ਼ਾਮਿਲ ਤਾਂ ਨਹੀਂ ਹੋ ਸਕੇ ਪ੍ਰੰਤੂ ਉਨ੍ਹਾਂ ਦਾ ਜਥੇ ਨਾਲ ਸਿੱਧਾ ਜਾਂ ਅਸਿੱਧਾ ਸਬੰਧ ਰਿਹਾ ਹੈ ਅਤੇ ਉਹ ਵੀ ਉੱਤਮ ਕਰਨੀ ਵਾਲੇ ਸੁਕ੍ਰਿਤ ਕਰਣੀਏ ਅਤੇ ਗੁਰੂ ਘਰ ਦੇ ਅਨਿੰਨ ਭਗਤ ਹੋਏ ਹਨ।

**ਇਥੇ ਇਕ, ਖਾਸ ਗੱਲ ਵਰਣਨਯੋਗ ਹੈ ਕਿ ਭਾਈ ਸਾਹਿਬ ਜੀ ਖੁਦ ਉੱਚ ਆਤਮਿਕ ਅਵਸਥਾ ਦੇ ਮਾਲਕ ਸਨ ਤੇ ਉਨ੍ਹਾਂ ਨੇ ਰੰਗਲੇ ਸੱਜਣ ਪੁਸਤਕ ਵਿਚ ਸ਼ਾਮਿਲ ਗੁਰਸਿੱਖਾਂ ਦੇ ਸੰਸਾਰਕ ਜੀਵਨ ਬਿਰਤਾਂਤ ਲਿਖਣ ਦੀ ਬਜਾਏ, ਉਨ੍ਹਾਂ ਦੇ ਜੀਵਨ ਵਿਚ ਘਟੀਆਂ ਆਤਮਿਕ ਚਮਤਕਾਰੀ ਘਟਨਾਵਾਂ ਹੀ ਦਰਜ ਕੀਤੀਆਂ ਹਨ। ਪਰ ਦਾਸ ਬਿਲਕੁਲ ਨਿਗੂਣਾ ਤੇ ਕਿਸੇ ਵੀ ਅੰਦਰਲੀ ਆਤਮਿਕ ਅਵਸਥਾ ਤੋਂ ਵਾਂਝਾ ਹੈ। ਇਸ ਵਲੋਂ ਇਨ੍ਹਾਂ ਉੱਚ ਕਮਾਈਆਂ ਵਾਲੇ ਸੁਕ੍ਰਿਤ ਕਰਣੀਏ ਗੁਰਸਿੱਖਾਂ ਦਾ ਜੀਵਨ ਬਿਰਤਾਂਤ ਲਿਖਣੇ ਤਾਂ ਸੂਰਜ ਨੂੰ ਦੀਵਾ ਦਿਖਾਉਣ ਦੇ ਬਰਾਬਰ ਹੈ। ਸੋ ਪੁਸਤਕ ਰੰਗਲੇ ਸੱਜਣ ਪੁਸਤਕ ਦੀ, ਇਹ ਪੁਸਤਕ ਕਿਸੇ ਪੱਖੋਂ ਵੀ ਬਰਾਬਰੀ ਨਹੀਂ ਕਰ ਸਕਦੀ। ਇਸ ਪੁਸਤਕ ਵਿਚ ਦਰਜ ਸਾਰੇ ਗੁਰਸਿਖਾਂ ਦੇ ਕੇਵਲ ਸੰਸਾਰਕ ਜੀਵਨ ਹੀ ਲਿਖੇ ਹਨ। ਜੇਕਰ ਕਿਸੇ ਸ੍ਰੋਤ ਤੋਂ ਉਨ੍ਹਾਂ ਉਪਰ ਵਾਪਰੀ ਕੋਈ ਆਤਮਿਕ ਘਟਨਾ ਦੀ ਜਾਣਕਾਰੀ ਮਿਲੀ ਜਾਂ ਉਨ੍ਹਾਂ ਵਿਚ ਜੋ ਉੱਤਮ ਗੁਣ ਦੇਖੇ ਪਰਖੇ ਗਏ ਹਨ, ਨੂੰ ਹੀ ਦਰਜ ਕੀਤਾ ਗਿਆ ਹੈ। ਦਾਸ ਸੰਗਤਾਂ ਤੋਂ ਹਥ ਜੋੜ ਕੇ ਖਿਮਾ ਮੰਗਦਾ ਹੈ ਕਿ ਅਲਪ ਬੁੱਧੀ ਵਾਲਾ ਹੋਣ ਦੇ ਬਾਵਜੂਦ, ਪੁੱਗ ਚੁੱਕੇ ਪੂਰਨ ਗੁਰਸਿੱਖਾਂ ਦੇ ਜੀਵਨ ਬਿਰਤਾਂਤ ਲਿਖਣ ਦੀ ਗੁਸਤਾਖੀ ਕੀਤੀ ਹੈ।**

ਕੇਵਲ ਸਤਿਗੁਰੂ ਹੀ ਪੂਰਾ ਅਤੇ ਅਭੁੱਲ ਹੈ। ਗੁਰਸਿੱਖ ਕਿਤਨੀ ਵੀ ਉੱਚ ਕਮਾਈ ਵਾਲਾ ਹੋਵੇ, ਉਸ ਦੇ ਸੰਸਾਰ ਵਿਚ ਵਿਚਰਦਿਆਂ ਜਾਣੇ ਅਣਜਾਣੇ ਭੁੱਲਾਂ ਹੋਣ ਦੀ ਹਮੇਸ਼ਾ ਗੁੰਜਾਇਸ਼ ਰਹਿੰਦੀ ਹੈ। ਇਸ ਕਰਕੇ ਇਸ ਪੁਸਤਕ ਵਿਚ ਸ਼ਾਮਿਲ ਗੁਰਸਿੱਖਾਂ ਦੇ ਉੱਤਮ ਗੁਣਾਂ ਤੇ ਉੱਚੀ ਸੁੱਚੀ ਕਰਣੀ ਨੂੰ ਦਰਜ ਕੀਤਾ ਗਿਆ ਹੈ। ਇਸ ਤੋਂ ਇਲਾਵਾ, ਕਈ ਵੀਰਾਂ/ਭੈਣਾਂ ਦੀ ਕਈ ਗੁਰਸਿੱਖਾਂ (ਜਿਨ੍ਹਾਂ ਦੇ ਜੀਵਨ ਇਸ ਪੁਸਤਕ ਵਿਚ ਸ਼ਾਮਿਲ ਹਨ, ਵਿਚਾਰਾਂ ਦੇ ਵਖਰੇਵਿਆਂ ਜਾਂ ਨਿੱਜੀ ਮਤਭੇਦਾਂ ਕਾਰਨ) ਪ੍ਰਤੀ ਸੋਚਣੀ ਅਤੇ ਉਨ੍ਹਾਂ ਦੇ ਜੀਵਨ ਸ਼ੈਲੀ ਬਾਰੇ ਵੱਖਰੀ ਸੋਚ ਹੋ ਸਕਦੀ ਹੈ ਅਤੇ ਉਨ੍ਹਾਂ ਵੱਲੋਂ ਕਈ ਗੁਰਸਿੱਖਾਂ ਦੇ ਜੀਵਨ ਬਿਰਤਾਂਤ ਸ਼ਾਮਿਲ ਕਰਨ ਸੰਬੰਧੀ ਇਤਰਾਜ ਕਰਨ ਦੀ ਵੀ ਸੰਭਾਵਨਾ ਹੈ। ਦਾਸ ਦੀ


www.AKJ.Org

ਸੰਗਤਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਇਸ ਪੁਸਤਕ ਵਿਚ ਵੱਖਰੇਵਿਆਂ ਤੋਂ ਉੱਪਰ ਉੱਠ ਕੇ, ਕੇਵਲ ਗੁਣਾਂ ਦੀ ਸਾਂਝ ਕਰਦੇ ਹੋਏ ਹੀ ਹਰ ਗੁਰਸਿੱਖ ਦੇ ਜੀਵਨ ਦੇ ਉੱਤਮ ਗੁਣਾਂ ਨੂੰ ਹੀ ਮੁੱਖ ਰੱਖਿਆ ਗਿਆ ਹੈ। ਕਿਸੇ ਦੇ ਅਉਗੁਣ ਜਾਂ ਨਿੱਜੀ ਕਮਜੋਰੀ ਨੂੰ ਪੂਰੀ ਤਰ੍ਹਾਂ ਅਣਡਿੱਠ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ।

ਦਾਸ ਨਾ ਤਾਂ ਕੋਈ ਲੇਖਕ ਹੈ ਤੇ ਨਾ ਵਿਦਵਾਨ ਅਤੇ ਨਾ ਹੀ ਗੁਰਮਤਿ ਦੀ ਕੋਈ ਆਤਮਿਕ ਸੋਝੀ ਰੱਖਦਾ ਹੈ। ਇਸ ਪੁਸਤਕ ਲਿਖਣ ਦਾ ਮੁਖ ਨਿਸ਼ਾਨਾ ਆਪਣੇ ਪੂਰਵਜ਼ ਪੁਰਾਤਨ ਗੁਰਸਿਖਾਂ ਦੇ ਇਤਿਹਾਸ ਨੂੰ ਸੰਭਾਲਣਾ ਅਤੇ ਉਨ੍ਹਾਂ ਉੱਤਮ ਹਸਤੀਆਂ ਦੇ ਉੱਚੇ ਸੁੱਚੇ ਜੀਵਨ ਅਤੇ ਕੀਤੀਆ ਗਈਆਂ ਘਾਲ ਕਮਾਈਆਂ ਨੂੰ ਵਰਤਮਾਨ ਅਤੇ ਆਉਣ ਵਾਲੀ ਪੀੜੀ ਤਾਈ ਪਹੁੰਚਾਉਣਾ ਹੈ ਤਾਂ ਕਿ ਉਹ ਉਨ੍ਹਾਂ ਦੇ ਜੀਵਨ, ਜੋ ਇਕ ਚਾਨਣ ਮੁਨਾਰੇ ਵਾਂਗ ਹਨ, ਤੋਂ ਸੇਧ ਲੈ ਕੇ, ਗੁਰਮਤਿ ਮਾਰਗ ਦੇ ਸੱਚੇ ਸੁੱਚੇ ਪਾਂਧੀ ਬਣ ਸਕਣ। ਉਮੀਦ ਹੈ ਕਿ ਦਾਸਰੇ ਦਾ ਉੱਦਮ ਸਤਿਗੁਰੂ ਜੀ ਦੀ ਮਿਹਰ ਨਾਲ ਸਫਲ ਹੋਵੇਗਾ।

ਅਖੀਰ ਤੇ ਦਾਸ, ਪਿਆਰੇ ਜੀਓ ਟੀਮ ਦੇ ਉਤਸ਼ਾਹੀ ਨੌਜਵਾਨਾਂ ਦਾ ਧੰਨਵਾਦੀ ਹੈ, ਜਿਨ੍ਹਾਂ ਨੇ ਬੜੀ ਮੁਸ਼ਕਲ ਨਾਲ ਪੁਰਾਤਨ ਗੁਰਸਿਖਾਂ ਦੀਆਂ ਇਕੱਤਰ ਕੀਤੀਆਂ ਫੋਟੋ ਇਸ ਪੁਸਤਕ ਵਿਚ ਛਾਪਣ ਲਈ ਸਾਂਝੀਆਂ ਕੀਤੀਆਂ ਹਨ। ਦਾਸ ਫਿਰ ਸ. ਜੈਤੇਗ ਸਿੰਘ ਅਨੰਤ ਦਾ ਰਿਣੀ ਹੈ, ਜਿਨ੍ਹਾਂ ਨੇ ਇਸ ਕਾਰਜ ਨੂੰ ਲੋੜੀਂਦੀ ਅਗਵਾਈ ਤੇ ਆਪਣੇ ਕੋਲੋਂ ਜਾਣਕਾਰੀ/ਫੋਟੋ ਭੇਜ ਕੇ ਪੁਸਤਕ ਸੰਪੂਰਨ ਕਰਨ ਲਈ ਆਪਣਾ ਸਹਿਯੋਗ ਦਿੱਤਾ ਹੈ।

ਦਾਸ ਆਪਣੇ ਵੱਡੇ ਵੀਰ ਡਾ. ਹਰਗੋਪਾਲ ਸਿੰਘ ਜੀ ਸ. ਅੱਛਰ ਸਿੰਘ ਜੀ ਬੰਬਈ ਅਤੇ ਕੁਝ ਹੋਰ ਗੁਰਸਿੱਖਾਂ ਦਾ ਵੀ ਅਤੀ ਧੰਨਵਾਦੀ ਹੈ ਜਿਨ੍ਹਾਂ ਆਪਣੇ ਰੁਝੇਵਿਆਂ ਵਿੱਚੋਂ ਸਮਾਂ ਕੱਢ ਕੇ ਇਸ ਪੁਸਤਕ ਦੀ ਪਰੂਫ ਰੀਡਿੰਗ ਦੀ ਸੇਵਾ ਕੀਤੀ ਹੈ ਤੇ ਬਾਕੀ ਪੁਸਤਕਾਂ ਵਿਚ ਵੀ ਅਪਣਾ ਸਹਿਯੋਗ ਅਤੇ ਅਗਵਾਈ ਦਿੰਦੇ ਰਹਿੰਦੇ ਹਨ। ਇਸ ਪੁਸਤਕ ਨੂੰ ਛਪਵਾਉਣ ਦੀ ਸੇਵਾ ਬਾਬਾ ਗੁਰਦਿੱਤ ਸਿੰਘ ਜੀ ਅਕਾਲੀ ਪਿੰਡ ਪਰਤਾਬਪੁਰਾ ਜ਼ਿਲ੍ਹਾ ਜਲੰਧਰ ਦੇ ਪ੍ਰੀਵਾਰ ਨੇ ਆਪਣੀ ਝੋਲੀ ਵਿਚ ਪੁਆਈ ਹੈ।

ਅਖੀਰ ਦਾਸ ਦੀ ਦੁਇ ਕਰ ਜੋੜ ਬੇਨਤੀ ਹੈ ਕਿ ਜੇ ਪੁਸਤਕ ਵਿਚ ਕਿਸੇ ਗੁਰਸਿੱਖ ਦੇ ਜੀਵਨ ਸਬੰਧੀ ਲਿਖਦਿਆਂ, ਕੋਈ ਗਲਤ ਸੂਚਨਾ, ਤੱਥ, ਘਟਨਾ ਜਾਂ ਕੋਈ ਛਾਪੇ ਦੀ ਹੋਰ ਉਕਾਈ ਰਹਿ ਗਈ ਹੋਵੇ ਤਾਂ ਸੂਚਿਤ ਕਰਨ ਦੀ ਕ੍ਰਿਪਾਲਤਾ ਕਰਨੀ ਤਾਂ ਕਿ ਅਗਲੀ ਐਡੀਸ਼ਨ ਵਿਚ ਸੁਧਾਈ ਕੀਤੀ ਜਾ ਸਕੇ।


ਦਾਸਨ-ਦਾਸ

**ਗੁਰਦੀਪ ਸਿੰਘ**

ਸਾਬਕਾ, ਚੀਫ਼ ਮੈਨੇਜਰ

ਪੰਜਾਬ ਐਂਡ ਸਿੰਧ ਬੈਂਕ

ਫ਼ੋਨ : 94638-27597






www.AKJ.Org

# ਵੀਹਵੀਂ ਸਦੀ ਦੇ ਮਹਾਨ ਤਪਸੱਵੀ



ਪੰਥ ਦੀ ਸੋਨ ਚਿੜੀ

# ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ




ਨਾਰੰਗਵਾਲ ਵਿਖੇ ਭਾਈ ਸਾਹਿਬ ਜੀ ਦੀ ਰਿਹਾਇਸ਼ ਗਾਹ (ਹਵੇਲੀ)




ਮਾਤਾ ਪੰਜਾਬ ਕੌਰ ਜੀ



ਬੇਬੇ ਕਰਤਾਰ ਕੌਰ ਜੀ
ਸੁਪਤਨੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ



ਭਾਈ ਬਲਬੀਰ ਸਿੰਘ ਜੀ
ਸਪੁੱਤਰ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ



ਬੀਬੀ ਹਰਸ਼ਰਨ ਕੌਰ ਜੀ
ਸੁਪਤਨੀ ਭਾਈ ਸਾਹਿਬ ਭਾਈ ਬਲਬੀਰ ਸਿੰਘ ਜੀ



ਭਾਈ ਮਨਜੀਤ ਸਿੰਘ ਜੀ
ਸੁੱਪਤਰ ਭਾਈ ਬਲਬੀਰ ਸਿੰਘ ਜੀ




ਭਾਈ ਜੁਝਾਰ ਸਿੰਘ ਜੀ
ਦੋਹਤਰਾ ਭਾਈ ਬਲਬੀਰ ਸਿੰਘ ਜੀ



ਬੀਬੀ ਦਲੇਰ ਕੌਰ ਜੀ
ਸਪੁੱਤਰੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ




ਡਾ. ਹਰਿੰਦਰ ਸਿੰਘ ਜੀ
ਸਪੁੱਤਰ ਬੀਬੀ ਦਲੇਰ ਕੌਰ ਜੀ



ਭਾਈ ਸੱਜਣ ਸਿੰਘ ਜੀ
ਭਤੀਜ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ



ਬੀਬੀ ਗੁਰਦੀਸ਼ ਕੌਰ ਜੀ
ਸਪੁੱਤਰੀ ਭਾਈ ਸੱਜਣ ਸਿੰਘ ਜੀ



ੴ ਵਾਹਿਗੁਰੂ ਜੀ ਕੀ ਫਤਹਿ

੨.੮.੨੨

ਮੇਰੇ ਪਿਆਰੇ ਬਰਖੁਰਦਾਰ ਜਸਬੀਰ ਸਿੰਘ॥ ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ॥ ਤੇਰੀ ਚਿਠੀ ਮੈਨੂੰ ਪਰਸੋਂ ੨੧ ਜੁਲਾਈ ਨੂੰ ਮਿਲੀ॥ ਸਭ ਸਮਾਚਾਰ ਮਲੂਮ ਹੋਇਆ॥

ਭਾਈ ਸਾਹਿਬ ਜੀ ਵਲੋਂ ਰਾਜਮੰਦਰੀ ਜੇਲ੍ਹ ਤੋਂ ਲਿਖੀ ਚਿੱਠੀ
(ਸਿਮ੍ਰਤੀ ਗ੍ਰੰਥ ਵਿਚੋਂ ਧੰਨਵਾਦ ਸਹਿਤ)



www.AKJ.Org




ਭਾਈ ਸਾਹਿਬ ਰਣਧੀਰ ਸਿੰਘ ਜੀ ਨਜ਼ਦੀਕੀ ਪਰਿਵਾਰਿਕ ਮੈਂਬਰਾਂ ਨਾਲ




ਬਾਊ ਮਲ ਸਿੰਘ ਜੀ
ਤਰਨ ਤਾਰਨ



ਭਾਈ ਜਗਦੀਸ਼ ਸਿੰਘ ਜੀ
ਸਪੁੱਤਰ ਭਾਈ ਸੱਜਣ ਸਿੰਘ ਜੀ




ਸ੍ਰੀਮਾਨ ਬਾਊ ਜੀ ਕੁਮਾਰ ਹੱਟੀ ਪਹਾੜੀ ਉੱਤੇ ਇਕਾਂਤ ਵਿੱਚ ਨਾਮ ਸਿਮਰਨ ਵਿੱਚ ਲੀਨ


25.7.74


New Delhi

ਬਾਊ ਜੀ ਵੱਲੋਂ ਸ੍ਰੀ ਪੂਰਨ ਜੀ ਨੂੰ ਲਿਖੇ ਹੱਥ ਲਿਖਤ ਚਿੱਠੀ ਦਾ ਨਮੂਨਾ



ਪ੍ਰੋ. ਠਾਕੁਰ ਸਿੰਘ ਜੀ
ਭਤੀਜ ਬਾਊ ਮਲ ਸਿੰਘ ਜੀ



ਬਾਊ ਮਲ ਸਿੰਘ ਜੀ
ਅਤੇ ਡਾ. ਪ੍ਰਗਟ ਸਿੰਘ ਜੀ



ਪ੍ਰਿੰਸੀਪਲ ਇੰਦਰ ਕੌਰ ਜੀ
ਧਰਮ ਪੁੱਤਰੀ ਬਾਊ ਮਲ ਸਿੰਘ ਜੀ



ਜਥੇਦਾਰ ਭਾਈ ਰਾਮ ਸਿੰਘ ਜੀ



ਬੀਬੀ ਬਲਵੰਤ ਕੌਰ ਜੀ
ਦੋਹਤਰੀ ਬਾਊ ਮਲ ਸਿੰਘ ਜੀ



ਕਰਨਲ ਪਿਆਰਾ ਸਿੰਘ ਜੀ ਜੈਪੁਰ



ਜਥੇਦਾਰ ਸਾਹਿਬ ਅਰਦਾਸ ਵਿੱਚ ਲੀਨ




ਜਥੇਦਾਰ ਸਾਹਿਬ ਧਰਮ ਯੁੱਧ ਮੋਰਚੇ ਵਿੱਚ ਗ੍ਰਿਫ਼ਤਾਰੀ ਸਮੇਂ ਸੰਗਤਾਂ ਨੂੰ ਸੰਬੋਧਨ ਕਰਦੇ ਹੋਏ।



ਜਥੇਦਾਰ ਸਾਹਿਬ ਅੰਮ੍ਰਿਤ ਸੰਚਾਰ ਸਮੇਂ ਪੰਚਾਂ ਦੀ ਸੇਵਾ ਵਿੱਚ




ਬਾਬਾ ਅਤਰ ਸਿੰਘ ਜੀ
ਢੀਕਮਪੁਰ ਜੇਹਲਮ



ਗਿਆਨੀ ਨਾਹਰ ਸਿੰਘ ਜੀ
ਗੁਜਰਵਾਲ



ਜਥੇਦਾਰ ਸਾਹਿਬ, ਪੂਰਨ ਜੀ, ਭਾਈ ਜੀਵਨ ਸਿੰਘ ਜੀ,
ਬੀਬੀ ਅਮਰਜੀਤ ਕੌਰ ਜੀ ਅਤੇ ਬੀਬੀ ਬਲਵੰਤ ਕੌਰ ਜੀ




ਬਾਬਾ ਸੁਰਜਨ ਸਿੰਘ ਜੀ
ਗੁਜਰਵਾਲ




ਗਿਆਨੀ ਦਲੀਪ ਸਿੰਘ ਜੀ
ਫੁੱਲਾਂਵਾਲ (ਲੁਧਿਆਣਾ)



ਗਿਆਨੀ ਦਲੀਪ ਸਿੰਘ ਜੀ ਦੇ ਸਸਕਾਰ ਵੇਲੇ
ਕੀਰਤਨ ਕਰਦੀਆਂ ਹੋਈਆਂ ਸੰਗਤਾਂ



ਗਿਆਨੀ ਹਰਭਜਨ ਸਿੰਘ ਜੀ
ਚਮਿੰਡਾ (ਲੁਧਿਆਣਾ)



ਹੈਡਮਾਸਟਰ ਧਰਮ ਸਿੰਘ ਜੀ
ਫ਼ਲੇਵਾਲ (ਲੁਧਿਆਣਾ)



ਡਾ. ਬੇਅੰਤ ਸਿੰਘ ਜੀ
ਨਵੀਂ ਦਿੱਲੀ




ਪ੍ਰਿੰਸੀਪਲ ਇਕਬਾਲ ਸਿੰਘ ਜੀ
ਬੋਪਾਰਾਏ (ਲੁਧਿਆਣਾ)



ਭਾਈ ਸੁੰਦਰ ਸਿੰਘ ਜੀ
ਘੁਮਾਣ (ਲੁਧਿਆਣਾ)



ਸ. ਮਹਿੰਦਰ ਸਿੰਘ ਜੀ
ਸਿਧਵਾਂ (ਲੁਧਿਆਣਾ)



ਡਾਕਟਰ ਸੁਰਿੰਦਰ ਸਿੰਘ ਜੀ



ਮਾਸਟਰ ਜੋਗਿੰਦਰ ਸਿੰਘ ਜੀ
ਬੜੂੰਦੀ (ਲੁਧਿਆਣਾ)




ਬੀਬੀ ਸ਼ਰਨ ਕੌਰ ਜੀ
ਸੁਪੱਤਨੀ ਮਾ. ਜੋਗਿੰਦਰ ਸਿੰਘ ਜੀ



ਪ੍ਰੋ. ਹਰਮਿੰਦਰ ਸਿੰਘ ਜੀ
ਯੂ.ਕੇ.



ਬੀਬੀ ਕੁਲਵੰਤ ਕੌਰ ਜੀ, ਭਾਈ ਸਾਹਿਬ ਜੀ ਅਤੇ
ਬੀਬੀ ਸੁਖਦੇਵ ਕੌਰ ਜੀ



ਕਾਕਾ ਪ੍ਰੇਮ ਸਿੰਘ ਜੀ ਬਹਿਬਲ



ਬੀਬੀ ਕੁਲਵੰਤ ਕੌਰ ਜੀ
ਨਾਰੰਗਵਾਲ (ਲੁਧਿਆਣਾ)



ਡਾਕਟਰ ਗੁਰਦੀਪ ਸਿੰਘ ਜੀ
ਨਾਰੰਗਵਾਲ (ਲੁਧਿਆਣਾ)



ਬੀਬੀ ਨੰਦ ਕੌਰ ਜੀ
ਨਾਰੰਗਵਾਲ (ਲੁਧਿਆਣਾ)



ਭਾਈ ਦਿਆਲ ਸਿੰਘ ਜੀ
ਲੁਧਿਆਣਾ



ਬੀਬੀ ਸੁਖਦੇਵ ਕੌਰ ਜੀ
ਲੁਧਿਆਣਾ



ਬੀ. ਸੁਖਦੇਵ ਕੌਰ ਜੀ ਨੂੰ
ਗੁਰੂ ਸਾਹਿਬ ਵਲੋਂ ਬਖ਼ਸ਼ਿਸ਼ ਹੋਇਆ ਅਜ਼ਗੈਬੀ ਸਿਮਰਨਾ



ਭਾਈ ਹਰਚਰਨ ਸਿੰਘ ਜੀ
ਅੰਬਾਲਾ ਕੈਂਟ



ਭਾਈ ਆਤਮਾ ਸਿੰਘ ਜੀ
ਪੰਜੋਖਰਾ ਸਾਹਿਬ



ਗੁ: ਤਪੋਬਨ ਕੁਮਾਰ ਹੱਟੀ ਵਿਖੇ ਭਾਈ ਆਤਮਾ ਸਿੰਘ ਜੀ ਅਤੇ
ਭਾਈ ਬਲਬੀਰ ਸਿੰਘ ਜੀ ਕੀਰਤਨ ਦਾ ਆਨੰਦ ਮਾਣਦੇ ਹੋਏ।



ਬੀਬੀ ਉਪਦੇਸ ਕੌਰ ਜੀ
ਪੰਜੋਖਰਾ ਸਾਹਿਬ



ਤਿੰਨ ਗੁਰਮੁਖ ਭਰਾ: ਪੂਰਨ ਜੀ, ਕੋਮਲ ਜੀ
ਅਤੇ ਮਾ. ਭੁਪਿੰਦਰ ਸਿੰਘ ਜੀ



ਭਾਈ ਹਰਨਾਮ ਸਿੰਘ (ਕੋਮਲ) ਜੀ



ਮਾ. ਭੁਪਿੰਦਰ ਸਿੰਘ ਜੀ
ਚੰਡੀਗੜ



ਭਾਈ ਸੂਰਤ ਸਿੰਘ ਪੂਰਨ ਜੀ



ਬੀਬੀ ਭੂਪਿੰਦਰ ਕੌਰ ਜੀ



ਯੂ.ਕੇ. ਦੀ ਫੇਰੀ ਦੌਰਾਨ ਬੀਬੀ ਭੂਪਿੰਦਰ ਕੌਰ ਜੀ ਪ੍ਰੀਵਾਰਕ ਮੈਂਬਰਾਂ ਸਮੇਤ
ਕੀਰਤਨ ਦੀ ਹਾਜਰੀ ਭਰਦੇ ਹੋਏ



ਭਾਈ ਵਰਿੰਦਰ ਸਿੰਘ ਜੀ
ਭੁਝੰਗੀ ਪੂਰਨ ਜੀ




ਭਾਈ ਰੁਪਿੰਦਰ ਸਿੰਘ ਜੀ
ਭੁਝੰਗੀ ਪੂਰਨ ਜੀ



ਪੂਰਨ ਜੀ ਦੇ ਹੋਣਹਾਰ ਭੁਝੰਗੀ ਕਾਕਾ ਵਰਿੰਦਰ ਅਤੇ ਰੁਪਿੰਦਰ ਸਿੰਘ
ਕੀਰਤਨ ਦੀ ਹਾਜ਼ਰੀ ਭਰਦੇ ਹੋਏ।




ਪੂਰਨ ਜੀ ਅੰਮ੍ਰਿਤ ਸੰਚਾਰ ਸਮੇਂ ਪੰਚਾਂ ਦੀ ਸੇਵਾ ਵਿੱਚ



ਪੂਰਨ ਜੀ ਅਰਦਾਸ ਵਿੱਚ ਲੀਨ




ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਨਿਤਨੇਮ ਦੇ ਸਾਥੀ
ਭਾਈ ਆਤਮਾ ਸਿੰਘ ਅਤੇ ਸੰਤ ਜਵਾਲਾ ਸਿੰਘ ਜੀ



ਸੰਤ ਜਵਾਲਾ ਸਿੰਘ ਜੀ ਨੰਦਪੁਰ
ਕਲੌੜ



ਮਾ. ਸੁੰਦਰ ਸਿੰਘ ਜੀ
ਜਲੰਧਰ



ਭਾਈ ਮਨਮੋਹਨ ਸਿੰਘ ਜੀ
ਯੂ. ਐਸ. ਏ.



ਡਾ. ਕੁਲਦੀਪ ਕੌਰ ਜੀ
ਮੁਹਾਲੀ



ਭਾਈ ਸੇਵਾ ਸਿੰਘ ਜੀ
ਬਾਨੀ ਸਿੰਘ ਬ੍ਰਦਰਜ਼, ਸ੍ਰੀ ਅੰਮ੍ਰਿਤਸਰ



ਭਾਈ ਈਸ਼ਰ ਸਿੰਘ ਜੀ
ਖ਼ਾਲਸਾ ਬ੍ਰਦਰਜ਼, ਸ੍ਰੀ ਅੰਮ੍ਰਿਤਸਰ




ਬੀਬੀ ਹਰਬੰਸ ਕੌਰ ਜੀ
(ਭੂਆ ਜੀ) ਸ੍ਰੀ ਅੰਮ੍ਰਿਤਸਰ


www.AKJ.Org


ਭਾਈ ਸਤਨਾਮ ਸਿੰਘ ਜੀ
ਸਿੰਘ ਬ੍ਰਦਰਜ਼, ਸ੍ਰੀ ਅੰਮ੍ਰਿਤਸਰ


ਬੀਬੀ ਮਹਿੰਦਰ ਕੌਰ ਜੀ
ਲੁਧਿਆਣਾ


ਭਾਈ ਹਰਚਰਨ ਸਿੰਘ ਜੀ
ਚੰਡੀਗੜ੍ਹ


ਭਾਈ ਦਰਸ਼ਨ ਸਿੰਘ ਜੀ ਗੜਗੱਜ
ਜਲੰਧਰ


ਭਾਈ ਅਮਰੀਕ ਸਿੰਘ ਜੀ
ਲੁਧਿਆਣਾ


ਭਾਈ ਹਰਬੰਸ ਸਿੰਘ ਜੀ
ਲਖਨਊ


ਭਾਈ ਦਰਸ਼ਨ ਸਿੰਘ ਜੀ (ਭਰਾ ਜੀ)
ਦਿੱਲੀ


ਭਾਈ ਅਵਤਾਰ ਸਿੰਘ ਜੀ
ਖੜਤਾਲੀ ਜੱਥਾ, ਦਿੱਲੀ


ਭਾਈ ਹਰਬੰਸ ਸਿੰਘ ਜੀ
ਨਿਰਮਾਣ ਵਿਹਾਰ, ਨਵੀ ਦਿੱਲੀ



ਭਾਈ ਮਖਣ ਸਿੰਘ ਜੀ
ਨਵੀਂ ਦਿੱਲੀ



ਭਾਈ ਦਰਸ਼ਨ ਸਿੰਘ ਜੀ (ਵੀਰਾ ਜੀ)
ਦਿਲਰੁਬਾ, ਦਿੱਲੀ



ਭਾਈ ਰਤਨ ਸਿੰਘ ਜੀ ਮਸਤਾਨਾ
ਚੰਡੀਗੜ



ਭਾਈ ਅਮੋਲਕ ਸਿੰਘ ਜੀ
ਜਮਸ਼ੇਦਪੁਰ (ਟਾਟਾ ਨਗਰ)



ਭਾਈ ਚਰਨ ਸਿੰਘ ਜੀ ਬਡਾਲਾ
ਖਰੜ, ਮੋਹਾਲੀ



ਭਾਈ ਬਹਾਦਰ ਸਿੰਘ ਜੀ
ਸ੍ਰੀ ਅਨੰਦਪੁਰ ਸਾਹਿਬ



ਭਾਈ ਈਸ਼ਰ ਸਿੰਘ ਜੀ
ਟੋਡਰਪੁਰ, ਲੁਧਿਆਣਾ



ਭਾਈ ਬਾਵਾ ਸਿੰਘ ਜੀ
ਕੁਮਾਰ ਹੱਟੀ




ਭਾਈ ਉਦੇ ਸਿੰਘ ਜੀ
ਬਹਾਦੁਰਪੁਰ (ਰਈਆ)



ਭਾਈ ਪ੍ਰੀਤਮ ਸਿੰਘ ਜੀ
ਅੰਬੋਮਾਜਰਾ



ਬਾਬਾ ਨਰਾਇਣ ਸਿੰਘ ਜੀ (ਭਾਅ)
ਨਾਰੰਗਵਾਲ, ਲੁਧਿਆਣਾ



ਭਾਈ ਪ੍ਰੀਤਮ ਸਿੰਘ ਜੀ (ਭਾਅ)
ਕੋਹਾਲੀ, ਗੁਰਦਾਸਪੁਰ



ਬਾਬਾ ਸੁਰੇਣ ਸਿੰਘ ਜੀ ਸਰਬਲੋਹੀ
ਚਾਂਕਾਂ ਵਾਲੀ, ਡੇਰਾ ਬਾਬਾ ਨਾਨਕ



ਡਾ ਕੌਰ ਸਿੰਘ ਜੀ
ਘਨਗਸ, ਲੁਧਿਆਣਾ



ਭਾਈ ਈਸ਼ਰ ਸਿੰਘ ਜੀ
ਕਟਾਹਰੀ, ਰਾੜਾ ਸਾਹਿਬ



ਭਾਈ ਸੇਵਾ ਸਿੰਘ ਜੀ
ਗੁਰਾਇਆ, ਜਲੰਧਰ



ਭਾਈ ਸੇਵਾ ਸਿੰਘ ਜੀ ਕੀਰਤਨ ਦੀ ਹਾਜਰੀ ਭਰਦੇ ਹੋਏ

## ਅਧਿਆਇ ਪਹਿਲਾ
## (ਸੰਨ 1903 ਤੋਂ 1914 ਤਾਂਈ ਜਥੇ ਵਿੱਚ ਆਏ ਗੁਰਸਿੱਖ)

# ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਜੀਵਨ 'ਤੇ ਪੰਛੀ ਝਾਤ

ਭਾਈ ਗੁਰਦੀਪ ਸਿੰਘ ਸ੍ਰੀ ਅੰਮ੍ਰਿਤਸਰ

1. ਜਨਮ : 7 ਜੁਲਾਈ 1878 ਦਿਨ ਐਤਵਾਰ ਪਿਤਾ ਸ. ਨੱਥਾ ਸਿੰਘ ਜੀ (ਜੱਜ ਹਾਈਕੋਰਟ ਨਾਭਾ) ਅਤੇ ਮਾਤਾ ਪੰਜਾਬ ਕੌਰ ਜੀ ਪਿੰਡ ਨਾਰੰਗਵਾਲ ਜ਼ਿਲ੍ਹਾ ਲੁਧਿਆਣਾ। (ਅੰਮ੍ਰਿਤ ਛੱਕਣ ਤੋਂ ਪਹਿਲਾ ਦਾ ਨਾਮ - ਬਸੰਤ ਸਿੰਘ)
2. ਮੁੱਢਲੀ ਵਿਦਿਆ : ਦਸਵੀਂ-ਤਾਈਂ ਹਾਈ ਸਕੂਲ ਨਾਭਾ ਰਿਆਸਤ ਸੰਨ 1896
3. ਅਨੰਦ ਕਾਰਜ : ਬਚਪਨ ਵਿਚ ਬੇਬੇ ਕਰਤਾਰ ਕੌਰ ਜੀ ਸਪੁੱਤਰੀ ਪਿਤਾ ਸ. ਬਚਨ ਸਿੰਘ ਅਤੇ ਮਾਤਾ ਦਇਆ ਕੌਰ ਨਿਵਾਸੀ ਪਿੰਡ ਗੁੰਮਟੀ (ਨਾਭਾ ਰਿਆਸਤ) ਨਾਲ।
4. ਸੰਤਾਨ : ਭਾਈ ਬਲਬੀਰ ਸਿੰਘ ਜੀ ਸਪੁੱਤਰ (ਜਨਮ 1911) ਅਤੇ ਸਪੁੱਤਰੀ ਬੀਬੀ ਦਲੇਰ ਕੌਰ (ਸੰਨ 1914) (ਵੱਡੀ ਸਪੁੱਤਰੀ ਬੀਬੀ ਭਗਵੰਤ ਕੌਰ ਆਪ ਜੀ ਦੇ ਜੇਲ੍ਹ ਜਾਣ ਤੋਂ ਬਾਅਦ ਜਲਦੀ ਹੀ ਛੋਟੀ ਉਮਰ ਵਿਚ ਚੜ੍ਹਾਈ ਕਰ ਗਈ)।
5. ਬੀ.ਏ. : ਐਫ.ਸੀ ਮਿਸ਼ਨ ਕਾਲਜ-ਲਾਹੌਰ ਸੰਨ 1900
6. ਪਹਿਲੀ ਸਰਕਾਰੀ ਨੌਕਰੀ - ਨਾਇਬ ਤਹਿਸੀਲਦਾਰ ਵਜੋਂ ਮੈਡੀਕਲ ਅਫ਼ਸਰ ਡਾਕਟਰ ਫਿਸ਼ਰ ਨਾਲ ਪਲੇਗ ਡਿਊਟੀ 'ਤੇ ਅਕਤੂਬਰ 1902
7. ਪਲੇਠੀ ਪੁਸਤਕ ਦੀ ਰਚਨਾ : ਸੰਨ 1902 ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪੂਜਾ ਬੁਤ ਪ੍ਰਸਤੀ ਹੈ? ਜੋ ਸੰਨ 1910 ਵਿਚ ਛਪੀ।
8. ਅੰਮ੍ਰਿਤ ਛੱਕਣਾ : 14 ਜੂਨ 1903 ਪਿੰਡ ਬਕਾਪੁਰ ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ।
9. ਸਰਬਲੋਹ ਧਾਰਨ ਕਰਨਾ : ਸੰਨ 1904 ਕਿਲਾ ਰਾਏਪੁਰ ਸਟੇਸ਼ਨ 'ਤੇ
10. ਦੂਸਰੀ ਸਰਕਾਰੀ ਨੌਕਰੀ : ਸੰਨ 1904-05 ਐਬਟਾਬਾਦ (ਪਾਕਿਸਤਾਨ) ਹੈੱਡ ਕਲਰਕ ਵਜੋਂ
11. ਅਕਾਲੀ ਜੋਤਿ ਦੇ ਦਰਸ਼ਨ ਐਬਟਾਬਾਦ-20 ਨਵੰਬਰ ਤੋਂ 23 ਨਵੰਬਰ 1904
12. ਦੋ ਅਖੰਡ ਪਾਠ-ਇਕ ਚੌਂਕੜੇ ਵਿਚ ਸ੍ਵਣ ਕਰਨੇ ਪਹਿਲਾ 23 ਨਵੰਬਰ 1904 ਤੇ ਦੂਸਰਾ 11 ਤੋਂ 13 ਜਨਵਰੀ 1905
13. ਦਫ਼ਤਰ ਨਾ ਜਾਣਾ ਤੇ ਹਾਜ਼ਰੀ ਲੱਗ ਜਾਣੀ : ਨਵੰਬਰ 1904
14. ਮਾਈ ਗੁਲਾਬ ਕੌਰ ਜੀ ਦੇ ਦਰਸ਼ਨ : ਸ੍ਰੀ ਅਖੰਡ ਪਾਠਾਂ ਦੇ ਪ੍ਰਵਾਹ ਚਲਾਉਣ ਦੇ ਹੁਕਮ ਦੀ ਆਸੀਸ ਤੇ ਸ੍ਰੀ ਪੰਜਾ ਸਾਹਿਬ ਜੀ ਤੇ ਸ੍ਰੀ ਅੰਮ੍ਰਿਤਸਰ ਜੀ ਦੇ ਪਹਿਲੇ ਦਰਸ਼ਨ ਸੰਨ 1905
15. ਖਾਲਸਾ ਕਾਲਜ ਵਿਚ ਹੋਸਟਲ ਸੁਪ੍ਰਿੰਟੈਂਡੈਂਟ ਤੇ ਅਜੀਬ ਘਟਨਾ-ਭਾਈ ਆਤਮਾ ਸਿੰਘ ਜੀ ਮੋਗਾ ਨਿਵਾਸੀ ਨਾਲ ਮਿਲਾਪ ਸੰਨ 1906-07
16. ਖ਼ਾਲਸਾ ਦੀਵਾਨ ਦਮਦਮਾ ਸਾਹਿਬ ਦੀ ਨੀਂਹ ਅਤੇ ਖਾਲਸਾ ਹਾਈ ਸਕੂਲ ਕਾਇਮ - ਸੰਨ 1908


www.AKJ.Org

17. ਪੰਚ ਖੰਡ ਭਸੌੜ ਤੇ ਪੰਚ ਖਾਲਸਾ ਦੀਵਾਨ (ਵਿਦਿਆ ਭੰਡਾਰ) ਦੀ ਨੀਂਹ ਰੱਖਣੀ : ਸੰਨ 1908-09
18. ਭਾਈ ਜੋਗਿੰਦਰ ਸਿੰਘ ਜੀ ਕਿਲ੍ਹਾ ਰਾਇਪੁਰ ਗੋਲਕ ਅਫ਼ਸਰ ਪਟਿਆਲਾ ਨਾਲ ਮਿਲਾਪ ਅਤੇ ਭਸੋੜ ਪੰਚ ਖੰਡ ਖਾਲਸਾ ਦੀਵਾਨ ਦੀ ਹਾਜ਼ਰੀ - ਸੰਨ 1909
19. ਖ਼ਾਲਸਾ ਭੁਜੰਗੀ ਸਭਾ ਲੁਧਿਆਣੇ ਦੇ ਸਮਾਗਮ 1909 ਤੋਂ 1914 ਤੱਕ
20. ਬਾਊ ਮਲ ਸਿੰਘ ਜੀ ਨਾਲ ਮਿਲਾਪ ਪੰਚ ਖੰਡ ਖ਼ਾਲਸਾ ਦੀਵਾਨ ਭਸੌੜ, ਸੰਨ 1910
21. ਗੁਰਦੁਆਰਾ ਰਕਾਬ ਗੰਜ ਦਿੱਲੀ ਦੀ ਦੀਵਾਰ ਢਾਹੁਣ ਸੰਬੰਧੀ ਕਾਨਫਰੰਸ 13 ਅਪ੍ਰੈਲ 1914 ਨੂੰ ਪੱਟੀ ਜ਼ਿਲ੍ਹਾ ਅੰਮ੍ਰਿਤਸਰ ਤੇ 30 ਮਈ, 1914 ਈ: ਲੰਙੇ ਮੰਡੀ ਲਾਹੌਰ
22. ਗੁਰਦੁਆਰਾ ਕਤਲਗੜ੍ਹ ਚਮਕੌਰ ਸਾਹਿਬ ਉੱਪਰ ਪੰਥਕ ਕਬਜਾ : ਗੁਰਦੁਆਰਾ ਸੁਧਾਰ ਲਹਿਰ ਦਾ ਪ੍ਰਾਰੰਭ ਦਸੰਬਰ 1914 ਈ:
23. ਗਦਰ ਲਹਿਰ ਵਿਚ ਸ਼ਮੂਲੀਅਤ ਤੇ ਫਿਰੋਜ਼ਪੁਰ, ਛਾਉਣੀ ਕਿਲੇ ਉੱਤੇ ਜਥੇ ਸਮੇਤ ਧਾਵਾ 19 ਫਰਵਰੀ 1915 ਈ:
24. ਨਾਭੇ ਹਵਾਲਾਤ ਵਿਚ ਅਤੇ ਲੋਹਟ-ਬੱਦੀ ਠਾਣੇ ਵਿਚ ਨਜ਼ਰ ਬੰਦੀ : 9 ਮਈ 1915 ਈ: ਤੋਂ 17 ਜੂਨ 1915
25. ਲੋਹਟ ਬੱਦੀ ਤੋਂ ਲੁਧਿਆਣੇ ਹਵਾਲਾਤ ਵਿਚ : 17 ਜੂਨ 1915 ਈ:
26. ਲੁਧਿਆਣੇ ਵਿਚ ਬਕਾਇਦਾ ਗ੍ਰਿਫਤਾਰ : 19 ਜੂਨ 1915
27. ਲੁਧਿਆਣੇ ਹਵਾਲਾਤ ਤੋਂ ਜੇਲ੍ਹ ਵਿਚ ਤਬਦੀਲੀ : 25 ਜੂਨ 1915
28. ਲੁਧਿਆਣਾ ਜੇਲ੍ਹ ਵਿਚ ਪਹਿਲੀ ਭੁੱਖ ਹੜਤਾਲ : 25 ਜੂਨ ਤੋਂ 10 ਜੁਲਾਈ 1915 ਈ:
29. ਲੁਧਿਆਣਾ ਜੇਲ੍ਹ ਤੋਂ ਲਾਹੌਰ ਸੈਂਟਰਲ ਜੇਲ੍ਹ ਤਬਦੀਲੀ : 27 ਅਕਤੂਬਰ 1915
30. ਦੂਜਾ ਲਾਹੌਰ ਸਾਜਿਸ਼ ਕੇਸ ਦੀ ਕਾਰਵਾਈ ਅਰੰਭ : ਲਾਹੌਰ ਜੇਲ੍ਹ - 29 ਅਕਤੂਬਰ 1915
31. ਦੂਜੀ ਭੁੱਖ ਹੜਤਾਲ ਲਾਹੌਰ ਸੈਂਟਰਲ ਜੇਲ੍ਹ : 27 ਅਕਤੂਬਰ ਤੋਂ 16 ਨਵੰਬਰ 1915
32. ਦੂਜੇ ਲਾਹੌਰ ਸਾਜਿਸ਼ ਕੇਸ ਦਾ ਫੈਸਲਾ ਅਤੇ ਬਗਾਵਤ ਦੇ ਦੋਸ਼ ਵਿਚ ਉਮਰ ਕੈਦ ਤੇ ਜਾਇਦਾਦੀ ਜਬਤੀ ਦੀ ਸਜਾ : 30 ਮਾਰਚ 1916
33. ਲਾਹੌਰ ਤੋਂ ਮੁਲਤਾਨ ਜੇਲ ਵਿਚ ਤਬਦੀਲੀ : 4 ਅਪ੍ਰੈਲ 1916
34. ਮੁਲਤਾਨ ਜੇਲ੍ਹ ਵਿਚ ਤੀਜੀ ਭੁੱਖ ਹੜਤਾਲ : 4 ਅਪ੍ਰੈਲ ਤੋਂ 13 ਮਈ 1916 (40 ਦਿਨ)
35. ਮੁਲਤਾਨ ਜੇਲ੍ਹ ਤੋਂ ਹਜ਼ਾਰੀ ਬਾਗ ਜੇਲ੍ਹ ਦਾ ਤਬਾਦਲਾ : ਜੁਲਾਈ 1917
36. ਚੌਥੀ ਭੁੱਖ ਹੜਤਾਲ ਹਜ਼ਾਰੀ ਬਾਗ ਜੇਲ੍ਹ : ਸੰਨ 1917 ਵਿਚ ਤਿੰਨ ਹਫਤੇ
37. ਹਜ਼ਾਰੀ ਬਾਗ ਤੋਂ 18 ਸਿੰਘਾਂ ਦਾ ਹਰਨ ਹੋਣਾ : ਸੰਨ1918
38. ਪੰਜਵੀਂ ਭੁੱਖ ਹੜਤਾਲ ਹਜ਼ਾਰੀ ਬਾਗ ਜੇਲ੍ਹ : ਸੰਨ 1918 (ਦੋ ਹਫਤੇ) ਸਿੰਘਾਂ ਦੇ ਹਰਨ ਹੋਣ ਤੋਂ ਬਾਅਦ
39. ਭਾਈ ਨਿਰਭੈ ਸਿੰਘ ਜੀ ਲਲਤੋ ਨਾਲ ਮੁਲਾਕਾਤ : ਸੰਨ 1920
40. ਪਹਿਲੀ ਵਾਰ ਬੇਬੇ ਕਰਤਾਰ ਕੌਰ ਜੀ (ਸਿੰਘਣੀ) ਤੇ ਭਾਈ ਸੁਰਜਨ ਸਿੰਘ ਨਾਲ ਮੁਲਾਕਾਤ ਅਪ੍ਰੈਲ-ਮਈ ਸੰਨ 1921
41. ਹਜ਼ਾਰੀ ਬਾਗ ਜੇਲ੍ਹ ਤੋਂ ਰਾਜਮੰਦਰੀ : ਅਕਤੂਬਰ 1921
42. ਛੇਵੀਂ ਭੁੱਖ ਹੜਤਾਲ-ਰਾਜਮੰਦਰੀ ਜੇਲ੍ਹ : ਅਕਤੂਬਰ 1922 (4-5 ਦਿਨ)
43. ਰਾਜ ਮੰਦਰੀ ਜੇਲ੍ਹ ਵਿਚ ਪੁਸਤਕ ਗੁਰਮਤਿ ਬਿਬੇਕ ਦੀ ਰਚਨਾ ਤੇ ਚਿੱਠੀ ਪੱਤਰ ਦੀ ਅਰੰਭਤਾ (ਜੇਲ੍ਹ ਚਿੱਠੀਆਂ) : ਅਕਤੂਬਰ 1921 ਤੋਂ ਨਵੰਬਰ 1922


www.AKJ.Org

44. ਰਾਜ ਮੰਦਰੀ ਜੇਲ੍ਹ ਤੋਂ ਨਾਗਪੁਰ ਜੇਲ੍ਹ ਦਾ ਤਬਾਦਲਾ : ਨਵੰਬਰ 1922
45. ਭਾਈ ਕਰਤਾਰ ਸਿੰਘ ਸਮੇਤ ਨਾਗਪੁਰ ਜੇਲ੍ਹ ਵਿਚ ਪਹੁੰਚਣਾ : 1 ਦਸੰਬਰ 1922
46. ਨਾਗਪੁਰ ਜੇਲ੍ਹ ਵਿਚ ਤਸੀਹੇ ਤੇ ਧਰਮ ਧੱਕਾ : ਜਨਵਰੀ 1923
47. ਨਾਗਪੁਰ ਜੇਲ੍ਹ ਵਿਚ ਸਤਵੀਂ ਭੁੱਖ ਹੜਤਾਲ : ਜਨਵਰੀ 1923
48. ਪੰਥ ਵਲੋਂ ਅਰਦਾਸ ਦਿਵਸ : 1 ਫਰਵਰੀ 1923
49. ਭਾਈ ਸੁਰਜਨ ਸਿੰਘ ਜੀ ਗੁੱਜਰਵਾਲ ਵਜੋਂ ਨਾਗਪੁਰ ਜੇਲ੍ਹ ਵਿਚ ਮੁਲਾਕਾਤ : ਅਪ੍ਰੈਲ-ਮਈ 1923
50. ਨਾਗਪੁਰ ਜੇਲ੍ਹ ਵਿਚ ਸਿੰਘਣੀ ਅਤੇ ਬੱਚਿਆ ਨਾਲ ਮੁਲਾਕਾਤ ਭਾਈ ਸੁੰਦਰ ਸਿੰਘ ਘੁਮਾਣ ਦੇ ਰਾਹੀਂ : ਸੰਨ 1926-27 ਦੇ ਨੇੜੇ ਤੇੜੇ
51. ਨਾਗਪੁਰ ਜੇਲ੍ਹ ਵਿਚ ਪੁਸਤਕ ਜੋਤਿ ਵਿਗਾਸ ਦੀ ਰਚਨਾ : ਜਨਵਰੀ 1930
52. ਅੰਗਰੇਜ਼ ਪਾਦਰੀ ਦਾ ਜੇਲ੍ਹ ਦੌਰਾ : ਅਪ੍ਰੈਲ 1930
53. ਨਾਗਪੁਰ ਜੇਲ੍ਹ ਤੋਂ ਸੈਂਟਰਲ ਜੇਲ੍ਹ ਲਾਹੌਰ ਨੂੰ ਰਵਾਨਗੀ ਤੇ ਇਟਾਰਸੀ ਸਟੇਸ਼ਨ ਤੇ ਅਕਾਲੀ ਕੌਰ ਸਿੰਘ ਜੀ ਨਾਲ ਮੁਲਾਕਾਤ : ਮਈ 1930
54. ਲਾਹੌਰ ਨੌ ਲੱਖੇ ਥਾਣੇ ਰਾਤ ਬਿਸਰਾਮ ਤੇ ਸਵੇਰੇ ਸੈਂਟਰਲ ਜੇਲ੍ਹ ਵਿਚ ਪਹੁੰਚ : ਮਈ 1930
55. ਸ਼ਹੀਦ ਭਗਤ ਸਿੰਘ ਨਾਲ ਮੁਲਾਕਾਤ : ਸੈਂਟਰਲ ਜੇਲ੍ਹ ਲਾਹੌਰ ਵਿਚ 4 ਅਕਤੂਬਰ 1930
56. ਜੇਲ ਤੋਂ ਰਿਹਾਈ ਪਿੰਡ ਨਾਰੰਗਵਾਲ ਪਹੁੰਚਣਾ : 5 ਅਕਤੂਬਰ 1930
57. ਸ੍ਰੀ ਅਖੰਡ ਪਾਠ/ਕੀਰਤਨ ਸਮਾਗਮਾਂ ਤੇ ਅੰਮ੍ਰਿਤ ਸੰਚਾਰ ਦੇ ਪ੍ਰਵਾਹ ਅਤੇ ਪੁਸਤਕਾਂ ਦੀ ਰਚਨਾ : 30 ਸਾਲ 6 ਮਹੀਨੇ, 10 ਦਿਨ (6 ਅਕਤੂਬਰ 1930 ਤੋਂ 16 ਅਪ੍ਰੈਲ 1961)
57. ਸ੍ਰੀ ਅਕਾਲ ਤਖ਼ਤ ਸਾਹਿਬ ਜੀ ਤੋਂ ਸਿਰੋਪਾਓ ਤੇ ਹੁਕਮ ਨਾਮੇ ਦੀ ਬਖਸ਼ਿਸ਼ : 15 ਸਤੰਬਰ 1931
58. ਪੋਹ ਸੁਦੀ ਸਮਾਗਮ ਨਾਰੰਗਵਾਲ/ ਲੁਧਿਆਣਾ ਸੰਨ ਦਸੰਬਰ 1930 ਤੋਂ ਦਸੰਬਰ 1960
59. ਸ੍ਰੀ ਤਰਨਤਾਰਨ ਜੀ ਦੇ ਸਰੋਵਰ ਦੀ ਕਾਰ ਸੇਵਾ ਦੇ ਅਰੰਭਤਾ ਸਮੇਂ ਪੰਜਾਂ ਪਿਆਰਿਆਂ ਵਜੋਂ ਸ਼ਾਮਿਲ : 17 ਸਤੰਬਰ 1931
60. ਰਾਵਲਪਿੰਡੀ, ਲਾਇਲਪੁਰ, ਸਿਆਲਕੋਟ, ਜੇਹਲਮ, ਪਿਸ਼ਾਵਰ ਅਤੇ ਪੋਠੋਹਾਰ ਇਲਾਕੇ ਵਿਚ ਪ੍ਰਚਾਰ ਫੇਰੀਆ ਸੰਨ 1932 ਤੋਂ ਸੰਨ 1947 ਤੱਕ
61. ਗੁਰਦੁਆਰਾ ਪੰਜਾ ਸਾਹਿਬ ਜੀ ਦੀ ਨਵੀਂ ਇਮਾਰਤ ਦੇ ਉਦਘਾਟਨ ਵੇਲੇ ਪੰਜਾਂ ਪਿਆਰਿਆਂ ਵਿਚ ਸ਼ਾਮਿਲ : 14 ਅਕਤੂਬਰ 1932
62. ਐਬਟਾਬਾਦ ਵਿਚ 1905 ਤੋਂ ਬਾਅਦ ਜਥੇ ਸਮੇਤ ਪ੍ਰਚਾਰ-ਫੇਰੀ 15 ਅਕਤੂਬਰ 1932
63. ਸ੍ਰੀ ਨਨਕਾਣਾ ਸਾਹਿਬ ਦੇ ਸ਼ਹੀਦ ਗੰਜ ਦੇ ਬੁਨਿਆਦੀ ਪੱਥਰ ਰੱਖਣ ਸਮੇਂ ਪੰਜਾਂ ਪਿਆਰਿਆਂ ਵਿਚ ਸ਼ਾਮਿਲ : 21 ਨਵੰਬਰ 1934
64. ਸ੍ਰੀ ਹਜ਼ੂਰ ਸਾਹਿਬ ਅਤੇ ਹੋਰ ਇਤਿਹਾਸਕ ਗੁਰਦੁਆਰਿਆਂ ਤੇ ਸ਼ਹਿਰਾਂ ਦੀ ਜਥੇ ਸਮੇਤ ਯਾਤਰਾ : 21 ਦਸੰਬਰ 1934 ਤੋਂ 14 ਜਨਵਰੀ 1935 (10 ਜਨਵਰੀ 1935 ਨੂੰ ਪੋਹ ਸੁਦੀ ਸਮਾਗਮ ਸ੍ਰੀ ਹਜ਼ੂਰ ਸਾਹਿਬ ਮਨਾਇਆ।)
65. ਸ੍ਰੀ ਚਮਕੌਰ ਸਾਹਿਬ ਜੀ ਦੀ ਯਾਤਰਾ 11 ਤੇ 12 ਦਸੰਬਰ 1935
66. ਕੁਮਾਰ ਹੱਟੀ, ਡੱਗਸ਼ਈ, ਕਸੌਲੀ, ਸੋਲਨ, ਸ਼ਿਮਲਾ ਵਿਖੇ ਗਰਮੀਆ ਵਿਚ ਜਾਣਾ ਆਰੰਭ ਕਰਨਾ 1936 ਤੋਂ 1959 ਤੱਕ


www.AKJ.Org

67. ਸ੍ਰੀ ਪਟਨਾ ਸਾਹਿਬ ਜੀ ਦੀ ਯਾਤਰਾ ਤੇ ਅਕਾਲ ਬੁੰਗੇ ਦੇ ਨੀਂਹ ਪੱਥਰ ਰਖਣੇ ਵਾਲੇ ਪੰਜਾਂ ਸਿੰਘਾਂ ਵਿਚ ਸ਼ਾਮਿਲ ਤੇ ਕਲਕੱਤਾ ਦੀ ਯਾਤਰਾ : ਜਨਵਰੀ 1938 (8 ਜਨਵਰੀ ਨੂੰ ਪੋਹ ਸੁਦੀ ਸਮਾਗਮ ਸਮੇਂ ਸ੍ਰੀ ਪਟਨਾ ਸਾਹਿਬ ਹਾਜ਼ਿਰ ਸਨ)
68. ਹੌਲੇ ਮੁਹੱਲੇ ਦੇ ਸਮਾਗਮ ਸਮੇਂ ਸ੍ਰੀ ਪਾਉਂਟਾ ਸਾਹਿਬ ਜੀ ਦੀ ਯਾਤਰਾ ਅਤੇ ਕਵੀ ਦਰਬਾਰ ਦੇ ਅਸਥਾਨ ਤੇ ਗੁਰਦੁਆਰੇ ਦੇ ਨੀਂਹ ਪੱਥਰ ਰੱਖਣ ਵਾਲੇ ਪੰਜਾਂ ਪਿਆਰਿਆਂ ਵਿਚ ਸ਼ਾਮਿਲ : 17 ਮਾਰਚ 1938
69. ਚਕਾਰ ਆਸ਼ਰਮ ਸਿਆਲ-ਕੋਟ, ਕਸ਼ਮੀਰ ਦੇ ਇਤਿਹਾਸਕ ਗੁਰਦੁਆਰਿਆਂ ਦੀ ਯਾਤਰਾ ਤੇ ਗਰਮੀਆਂ ਵਿਚ ਠਹਿਰਾਅ : 1938 ਤੋਂ 1942
70. ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਅਨੰਦਪੁਰ ਸਾਹਿਬ ਵਿਖੇ ਹੌਲੇ-ਮੁਹੱਲੇ ਦੇ ਸਮਾਗਮ ਸਮੇਂ ਸਿਰਪਾਓ ਤੇ ਹੁਕਮਨਾਮੇ ਦੀ ਬਖ਼ਸ਼ਿਸ : 25 ਮਾਰਚ 1940
71. ਧਰਮਸਾਲਾ ਸਮਾਗਮ ਚੰਬਾ ਤੇ ਡਲਹੌਜ਼ੀ ਵਿਚ ਕੱਤਕ ਪੂਰਨਮਾਸ਼ੀ ਦਾ ਗੁਰਪੁਰਬ : ਸੰਨ 1943-1944
72. ਪਹਿਲੀ ਕੂਕਾ ਕੁਫਰ ਤੋੜ ਕਾਨਫਰੰਸ, ਮੁੱਲਾਂਪੁਰ ਦਾਖਾ ਦੀ ਪ੍ਰਧਾਨਗੀ ਕਰਨ ਵਾਲੇ ਪੰਜਾਂ ਪਿਆਰਿਆਂ ਵਿਚ ਸ਼ਾਮਿਲ : 21 ਤੇ 22 ਫਰਵਰੀ 1942
73. ਦੂਜੀ ਕੂਕਾ ਕੁਫਰ ਤੋੜ ਕਾਨਫਰੰਸ ਪਿੰਡ ਧਾਦਰਾ ਜ਼ਿਲ੍ਹਾ ਲੁਧਿਆਣਾ ਵਿਖੇ ਪ੍ਰਧਾਨਗੀ ਕਰਨ ਵਾਲੇ ਪੰਜਾਂ ਪਿਆਰਿਆਂ ਵਿਚ ਸ਼ਾਮਿਲ : ਫਰਵਰੀ-ਮਾਰਚ 1943
74. ਸ਼ਿਮਲੇ-ਪੰਚਮ ਪਾਤਸ਼ਾਹ ਦੀ ਸ਼ਹੀਦੀ ਗੁਰਪੁਰਬ ਸਮੇਂ ਸਮਾਗਮ ਸੰਨ 1943 ਤੋਂ 1953
75. ਦੁਸ਼ਹਿਰੇ ਦੇ ਛੁੱਟੀਆਂ ਵੇਲੇ ਦਿੱਲੀ ਸਾਲਾਨਾ ਸਮਾਗਮ ਦੀ ਆਰੰਭਤਾ ਸੰਨ 1944
76. ਦੇਸ਼ ਦੀ ਵੰਡ ਉਪਰੰਤ ਸ਼ਹੀਦੀ ਦਲ ਦੀ ਸਥਾਪਨਾ ਜਿਸ ਵਿਚ ਆਪ ਜੀ ਨੂੰ ਲੁਧਿਆਣਾ ਜ਼ਿਲ੍ਹੇ ਦਾ ਜਥੇਦਾਰ ਥਾਪਿਆ ਗਿਆ : 13 ਅਪ੍ਰੈਲ 1948
77. ਪੰਥਕ ਦਰਬਾਰ ਵਲੋਂ ਗੁਰਦੁਆਰਾ ਟਾਹਲੀ ਸਾਹਿਬ ਪਿੰਡ ਜੋਧਾਂ ਮਨਸੂਰਾਂ ਕਾਨਫਰੰਸ ਦੀ ਪ੍ਰਧਾਨਗੀ ਅਤੇ ਪੰਥਕ ਦਰਬਾਰ ਦਾ ਭੋਗ ਪੈਣਾ : 22 ਅਕਤੂਬਰ 1948
78. ਹੋਲੇ ਮਹੱਲੇ ਦੇ ਸਮਾਗਮ ਸ੍ਰੀ ਅੰਮ੍ਰਿਤਸਰ ਸੰਨ 1950 ਤੋਂ 1955
79. ਲਖਨਊ ਤੇ ਜਮਸ਼ੇਦਪੁਰ ਸਮਾਗਮ : ਸੰਨ 1951
80. ਕਤੱਕ ਪੂਰਨਮਾਸੀ ਗੁਰਪੁਰਬ ਤੇ ਜਲੰਧਰ ਸਮਾਗਮ 1952 ਤੋਂ ਹੁਣ ਤਾਈਂ (ਭਾਈ ਸਾਹਿਬ ਜੀ ਦੇ ਜੀਵਨ ਦੇ ਕੁਝ ਆਖਰੀ ਸਾਲ ਇਹ ਗੁਰਪੁਰਬ ਲੁਧਿਆਣੇ ਮਨਾਇਆ ਜਾਂਦਾ ਰਿਹਾ ਹੈ)
81. ਸ੍ਰੀ ਪਟਨਾ ਸਾਹਿਬ ਦੂਜੀ ਯਾਤਰਾ : ਸੰਨ 1953
82. (ੳ) ਬੰਬਈ, ਤਾਰਾਦੇਵੀ, ਮਨਮਾੜ, ਆਗਰਾ ਸਮਾਗਮ-ਮਾਰਚ/ਅਪ੍ਰੈਲ 1955
    (ਅ) ਸ੍ਰੀ ਹਜ਼ੂਰ ਸਾਹਿਬ, ਦੀ ਦੂਜੀ ਯਾਤਰਾ : ਅਪ੍ਰੈਲ 1955 (ਵੈਸਾਖੀ ਸਮੇਂ)
83. ਦਿੱਲੀ ਵਿਖੇ ਸਾਲਾਨਾ ਸਮਾਗਮ ਵਿਚ ਆਖਰੀ ਹਾਜ਼ਰੀ ਭਰੀ : ਅਕਤੂਬਰ 1958
84. ਗੁਰਪੁਰੀ ਸਿਧਾਰੇ 16 ਅਪ੍ਰੈਲ 1961 ਸਵੇਰੇ ਸਾਢੇ 7.30 ਵਜੇ।
85. ਸਸਕਾਰ : 17 ਅਪਰੈਲ 1961 - ਦੁਪਹਿਰ 12 ਵਜੇ - ਮਲਿਆਣੇ ਦੀ ਢਾਬ ਪਿੰਡ ਨਾਰੰਗਵਾਲ ਲੁਧਿਆਣਾ।


www.AKJ.Org

# ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਸ਼ਖ਼ਸੀਅਤ ਦੇ ਵਿਸ਼ੇਸ਼ ਗੁਣ ਅਤੇ ਪੰਥ ਨੂੰ ਦੇਣ

ਭਾਈ ਗੁਰਦੀਪ ਸਿੰਘ ਸ੍ਰੀ ਅੰਮ੍ਰਿਤਸਰ

ਪੰਥ ਦੀ ਸੋਨ ਚਿੜੀ, ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੈਵੀ ਗੁਣਾਂ ਨਾਲ ਭਰਪੂਰ, ਇਕ ਬਹੁ ਪੱਖੀ ਸਖਸ਼ੀਅਤ ਸੀ। ਵੀਹਵੀਂ ਸਦੀ ਦੀਆਂ ਪੰਥ ਦੀਆਂ ਮਹਾਨ ਸ਼ਖਸੀਅਤਾਂ ਵਿਚ ਆਪ ਇਕ ਖਾਸ ਸਥਾਨ ਰੱਖਦੇ ਸਨ। ਆਪ ਜਿਥੇ ਦਿਬ ਦ੍ਰਿਸ਼ਟੀ ਦੇ ਮਾਲਕ, ਨਾਮ ਗੁਰਬਾਣੀ ਅਤੇ ਕੀਰਤਨ ਦੇ ਰਸੀਏ, ਲੇਖਕ, ਵਿਦਵਾਨ, ਵਿਆਖਿਆਕਾਰ ਸਨ ਉਥੇ ਦੇਸ਼ ਅਤੇ ਪੰਥ ਲਈ ਮਰ ਮਿੱਟਣ ਵਾਲੇ ਸਿਰਲੱਥ ਯੋਧੇ, ਗੁਰਦੁਆਰਾ ਸੁਧਾਰ ਦੇ ਮੋਢੀ, ਗਦਰ ਲਹਿਰ ਦੇ ਮੁੱਖ ਨਾਇਕ ਅਤੇ ਸਮਾਜ ਸੁਧਾਰਕ ਵੀ ਸਨ। ਉਨ੍ਹਾਂ ਦੀ ਬਹੁਪੱਖੀ ਸਖਸ਼ੀਅਤ ਦੇ ਸਾਰੇ ਗੁਣਾਂ ਅਤੇ ਦੇਸ਼ ਕੌਮ ਲਈ ਕੀਤੀਆਂ ਕੁਰਬਾਨੀਆਂ ਨੂੰ ਵਰਣਨ ਕਰਨਾ ਮੇਰੇ ਵਰਗੇ ਨਾਚੀਜ਼ ਅਤੇ ਨਿਗੂਣੇ ਵਿਅਕਤੀ ਲਈ ਅਸੰਭਵ ਹੈ। ਉਨ੍ਹਾਂ ਦੀਆਂ ਰਚਿਤ ਪੁਸਤਕਾਂ ਅਤੇ ਸੰਗੀਆਂ ਸਾਥੀਆਂ ਵਲੋਂ ਵੱਖ-ਵੱਖ ਲੇਖਾਂ/ਕਿਤਾਬਾਂ ਰਾਹੀਂ ਵਰਣਨ ਕੀਤੀਆਂ, ਉਨ੍ਹਾਂ ਦੇ ਜੀਵਨ ਸਬੰਧੀ ਘਟਨਾਵਾਂ ਤੋਂ, ਜੋ ਕੁਝ ਮਾੜੀ ਮੋਟੀ ਸਮਝ ਪੈ ਸਕੀ ਹੈ, ਦੇ ਅਧਾਰ 'ਤੇ ਹੀ ਉਨ੍ਹਾਂ ਦੀ ਦੇਸ਼ ਕੌਮ ਨੂੰ ਦੇਣ ਅਤੇ ਉਸ ਮਹਾਨ ਸਖਸ਼ੀਅਤ ਦੇ ਜੀਵਨ ਦੀਆਂ ਵਿਸ਼ੇਸ਼ਤਾਵਾਂ ਨੂੰ ਵਰਣਨ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ, ਭਾਵੇਂ ਹੈ ਇਹ ਸੂਰਜ ਨੂੰ ਦੀਵਾ ਦਿਖਾਉਣ ਦੇ ਤੁੱਲ ਹੀ।

1- **ਗੁਰਮਤਿ ਤੇ ਸਮਾਜ ਸੁਧਾਰਕ** :- ਭਾਈ ਸਾਹਿਬ ਜੀ ਦੇ ਜਨਮ ਤੋਂ ਪਹਿਲਾਂ ਹੀ ਸੰਨ 1873 ਵਿਚ ਸਿੰਘ ਸਭਾ ਲਹਿਰ ਸ਼ੁਰੂ ਹੋ ਚੁੱਕੀ ਸੀ। ਮੁਗ਼ਲ ਹਕੂਮਤ ਦੀਆਂ ਸਖਤੀਆਂ ਕਾਰਨ, ਖਾਲਸੇ ਨੂੰ ਜੰਗਲਾਂ ਦਾ ਨਿਵਾਸ ਕਰਨਾ ਪਿਆ ਤੇ ਗੁਰਦੁਆਰਿਆਂ ਦਾ ਪ੍ਰਬੰਧ ਨਿਰਮਲੇ, ਉਦਾਸੀਆਂ, ਮਹੰਤਾਂ ਦੇ ਕਬਜ਼ੇ ਵਿਚ ਆਉਣ ਕਰਕੇ, ਗੁਰੂ ਘਰਾਂ ਅਤੇ ਆਮ ਸਿੱਖ ਸੰਗਤਾਂ ਵਿੱਚ ਹਿੰਦੂ ਸਨਾਤਨੀ, ਬ੍ਰਾਹਮਣੀ ਰੀਤਾਂ ਦਾ ਬੋਲ ਬਾਲਾ ਹੀ ਹੋ ਗਿਆ ਸੀ। ਸਿੱਖਾਂ ਦੇ ਸਾਰੇ ਧਰਮ ਕਾਰਜ, ਹਿੰਦੂ ਬ੍ਰਾਹਮਣੀ ਰੀਤੀਆਂ ਅਨੁਸਾਰ ਹੋਣ ਲੱਗ ਪਏ। ਨੀਵੀਆਂ ਜਾਤਾਂ ਵਾਲੇ ਸਿੱਖਾਂ ਨੂੰ ਅਛੂਤ ਸਮਝ ਕੇ, ਗੁਰੂ ਘਰਾਂ ਵਿਚ ਵੀ ਬਰਾਬਰੀ ਦੇ ਹੱਕ ਤੋਂ ਵਾਂਝਾ ਕਰ ਦਿੱਤਾ ਗਿਆ ਸੀ। ਅੰਮ੍ਰਿਤ ਛਕਾਉਣ, ਲੰਗਰ ਦੀ ਸੇਵਾ ਅਤੇ ਲੰਗਰ ਇਕੋ ਪੰਗਤ ਵਿਚ ਛਕਾਉਣ ਵੇਲੇ ਵਿਤਕਰਾ ਕੀਤਾ ਜਾਂਦਾ ਸੀ। ਬੀਬੀਆਂ ਨੂੰ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਬੈਠਣ, ਤਖ਼ਤ ਸਾਹਿਬ ਉਪਰ ਜਾਣ ਦੀ ਮਨਾਹੀ, ਨਾਲ ਨਾਲ ਪਾਠ ਅਤੇ ਕੀਰਤਨ ਕਰਨ 'ਤੇ ਵੀ ਬੰਦਸ਼ਾਂ ਲਗਾਈਆਂ ਜਾਂਦੀਆਂ ਸਨ। ਸਿੰਘ ਸਭਾ ਲਹਿਰ ਦੇ ਮੋਢੀਆਂ ਨੇ ਸਿੱਖ ਧਰਮ ਵਿਚ ਆਣ ਵੜੀਆਂ ਇਹ ਸਨਾਤਨੀ/ਹਿੰਦੂ ਬ੍ਰਾਹਮਣੀ ਰੀਤੀਆਂ ਦੇ ਖਾਤਮੇ ਲਈ ਬੀੜਾ ਚੁੱਕਿਆ। ਸੰਨ 1900 ਤਾਈਂ, ਜਦੋਂ ਭਾਈ ਸਾਹਿਬ ਜੀ ਨੇ ਸੰਸਾਰਿਕ ਵਿਦਿਆ ਪੂਰੀ ਕਰਕੇ ਗੁਰਸਿੱਖੀ ਮੰਡਲ ਵਿਚ ਪ੍ਰਵੇਸ਼ ਕੀਤਾ ਤਾਂ ਉਸ ਵੇਲੇ ਤਾਈਂ ਇਹ ਲਹਿਰ ਪੂਰਾ ਜੋਰ ਫੜ ਚੁੱਕੀ ਸੀ। ਹਰ ਸ਼ਹਿਰ, ਕਸਬੇ, ਪਿੰਡਾਂ ਵਿਚ ਸਿੰਘ ਸਭਾ ਸਥਾਪਿਤ ਹੋ ਚੁੱਕੀਆਂ ਸਨ ਅਤੇ ਉਨ੍ਹਾਂ ਵਲੋਂ ਸੰਗਤਾਂ ਨੂੰ ਜਾਗਰੂਕ ਕਰਨ ਲਈ ਦੀਵਾਨ ਸਜਾਏ ਜਾਂਦੇ ਸਨ। ਭਾਈ ਸਾਹਿਬ ਜੀ, ਇਕ ਪੜੇ ਲਿਖੇ ਅਤੇ ਅਗਾਂਹ ਵਧੂ ਸੋਚ ਦੇ ਮਾਲਕ ਹੋਣ ਕਰਕੇ, ਸਿੰਘ ਸਭਾ ਲਹਿਰ ਵਿਚ ਕੁੱਦ ਪਏ ਅਤੇ ਪੰਥ ਤੇ ਸਮਾਜ ਸੁਧਾਰ ਲਈ ਮੋਹਰਲੀ ਕਤਾਰ ਵਿੱਚ ਖੜੇ ਹੋ ਗਏ। ਪੰਚ ਖਾਲਸਾ ਦੀਵਾਨ ਦਮਦਮਾ ਸਾਹਿਬ ਅਤੇ ਪੰਚ ਖੰਡ ਭਸੌੜ ਦੀ ਸਥਾਪਨਾ ਇਨ੍ਹਾਂ ਕੁਰੀਤੀਆਂ ਦੇ ਸੁਧਾਰ ਹਿੱਤ ਹੀ ਕੀਤੀ ਗਈ ਸੀ, ਜਿਸ ਵਿਚ ਭਾਈ ਸਾਹਿਬ ਜੀ ਦਾ ਖਾਸ ਯੋਗਦਾਨ ਸੀ। ਕਿਉਂਕਿ ਸਿੰਘ ਸਭਾ ਵਾਲੇ ਅੰਮ੍ਰਿਤ ਛਕਾਉਣ ਵੇਲੇ ਅਛੂਤਾਂ ਨੂੰ ਵੀ ਸੰਗਤ ਨਾਲ ਅਭੇਦ ਕਰ ਲੈਂਦੇ ਸਨ ਤੇ ਜਦੋਂ ਆਪ ਜੀ ਨੇ



www.AKJ.Org

ਜੂਨ 1903 ਵਿਚ ਇਕ ਮੁਸਲਮਾਨ ਪ੍ਰੀਵਾਰ ਨਾਲ ਇਕੋ ਬਾਟੇ ਵਿਚ ਅੰਮ੍ਰਿਤ ਛੱਕਿਆ ਤਾਂ ਨਾਰੰਗਵਾਲ ਨਿਵਾਸੀ, ਹਿੰਦੂ ਸਨਾਤਨੀ ਵਿਚਾਰਧਾਰਾ ਦੇ ਲੋਕਾਂ ਨੇ, ਆਪ ਦੇ ਘਰ ਵਿਚ ਲੱਗੀ ਖੂਹੀ ਤੋਂ ਪਾਣੀ ਲੈਣਾ ਬੰਦ ਕਰ ਦਿੱਤਾ ਕਿਉਂਕਿ ਆਪ ਅਛੂਤਾਂ ਨਾਲ ਬਰਾਬਰ ਦਾ ਵਰਤਾਓ ਕਰਦੇ ਸਨ। ਇਕੋ ਪੰਗਤ ਵਿਚ ਲੰਗਰ ਛਕਣ ਅਤੇ ਅੰਮ੍ਰਿਤ ਛਕਾਉਣ ਵੇਲੇ ਕੋਈ ਵਿਤਕਰਾ ਨਹੀਂ ਕਰਦੇ ਸਨ। ਇਸੇ ਤਰ੍ਹਾਂ ਬੀਬੀਆਂ ਨੂੰ ਵੀ ਗੁਰੂ ਸਾਹਿਬ ਜੀ ਦੀ ਤਾਬਿਆ ਬੈਠ ਕੇ ਸਹਿਜ ਪਾਠ ਜਾਂ ਸ੍ਰੀ ਅਖੰਡ ਪਾਠ ਦੀ ਸੇਵਾ ਕਰਵਾਉਣੀ ਅਤੇ ਉਤਸ਼ਾਹ ਦੇ ਕੇ ਸਿੰਘਾਂ ਦੇ ਬਰਾਬਰ, ਬੀਬੀਆਂ ਤੋਂ ਕੀਰਤਨ ਦੀ ਸੇਵਾ, ਸਭ ਤੋਂ ਪਹਿਲਾਂ ਆਪ ਜੀ ਨੇ ਹੀ ਅਰੰਭ ਕਰਵਾਈ। ਸਿੱਖਾਂ ਵਿਚ ਜਨਮ-ਮਰਨ ਵੇਲੇ ਅਤੇ ਹੋਰ ਧਾਰਮਿਕ/ਸਮਾਜਿਕ ਕਾਰਜਾਂ ਸਮੇਂ ਚਲ ਰਹੀਆਂ ਹਿੰਦੂ ਸਨਾਤਨੀ ਰੀਤਾਂ ਤੋਂ ਖਹਿੜਾ ਛੁਡਵਾਇਆ ਅਤੇ ਅਲੋਪ ਹੋ ਚੁੱਕੀ ਖਾਲਸਾ ਰਹਿਤ ਬਹਿਤ ਮੁੜ ਸੁਰਜੀਤ ਕੀਤੀ।

2- **ਜਾਗਦੀ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਪ੍ਰਗਟ ਗੁਰਾਂ ਕੀ ਦੇਹ ਕਰਕੇ ਮੰਨਣਾ ਅਤੇ ਗੁਰਬਾਣੀ ਤੇ ਭਰੋਸਾਃ-** ਕਾਲਜ ਪੜਾਈ ਸਮੇਂ ਗੁਰਸਿੱਖੀ ਦੇ ਪ੍ਰੇਮ ਲਗਣ ਤੋਂ ਬਾਅਦ, ਪੂਰਬਲੇ ਜਨਮਾਂ ਦੀ ਕਮਾਈ ਅਤੇ ਗੁਰਬਾਣੀ ਦੇ ਪਾਠ-ਪਠਨ ਅਤੇ ਅਧਿਐਨ ਨੇ ਆਪ ਜੀ ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੇ ਅਟੱਲ ਭਰੋਸਾ ਤੇ ਗੁਰਬਾਣੀ ਨੂੰ ਸਤਿ ਸਤਿ ਕਰਕੇ ਮੰਨਣ ਦਾ ਉਪਦੇਸ਼ ਦ੍ਰਿੜ ਕਰਵਾ ਦਿੱਤਾ। ਆਮ ਦੂਜੇ ਧਰਮਾਂ ਦੇ ਲੋਕ ਅਗਿਆਨਤਾ ਵਸ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਕੇਵਲ ਇਕ ਪੁਸਤਕ ਜਾਂ ਗ੍ਰੰਥ ਹੀ ਸਮਝਦੇ ਹਨ ਪ੍ਰੰਤੂ ਆਪ ਦੀ ਪਹਿਲੀ ਨੌਕਰੀ ਦੌਰਾਨ, ਦੋ ਅੰਗਰੇਜ਼ ਡਾਕਟਰਾਂ ਨਾਲ ਹੋਈ ਇਸ ਬਹਿਸ ਤੇ, ਆਪ ਜੀ ਨੇ ਉਨ੍ਹਾਂ ਨੂੰ ਵਿਸਥਾਰ ਸਹਿਤ ਇਸੇ ਵਿਸ਼ੇ ਤੇ ਦਲੀਲਾਂ ਦੇ ਕੇ ਸਿੱਧ ਕਰਾ ਦਿੱਤਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪੂਜਾ ਬੁੱਤ ਪ੍ਰਸਤੀ ਨਹੀਂ ਹੈ। ਇਹ ਸਾਰਾ ਬਿਰਤਾਂਤ ਆਪ ਜੀ ਦੀ ਇਸ ਸਿਰਲੇਖ ਹੇਠ ਸੰਨ 1910 ਵਿਚ ਛਪੀ ਪਲੇਠੀ ਪੁਸਤਕ ਵਿਚ ਦਰਜ ਹੈ। ਆਪ ਜੀ ਦੇ ਪਿਤਾ ਜੀ ਦੇ ਬੀਮਾਰ ਹੋਣ ਸਮੇਂ, ਗੁਰਬਾਣੀ ਅੰਦਰ ਦਰਜ **"ਸਰਬ ਰੋਗ ਕਾ ਅਉਖਧੁ ਨਾਮੁ"** ਦੀ ਤੁਕ ਤੇ ਅਟੱਲ ਭਰੋਸਾ ਕਰਕੇ, ਗੁਰਬਾਣੀ ਦੇ ਪਾਠ ਨਾਲ ਹੀ, ਜਿਸ ਤਰ੍ਹਾਂ ਆਪ ਜੀ ਦੇ ਪਿਤਾ ਜੀ ਅਰੋਗ ਹੋਏ ਅਤੇ ਗੁਰਬਾਣੀ ਦੀ ਪਾਰਸ ਕਲਾ ਵਰਤੀ, ਇਹ ਹੱਡੀਂ ਬੀਤੀ ਵਾਰਤਾ ਵੀ ਆਪ ਜੀ ਦੇ ਗੁਰਬਾਣੀ ਤੇ ਭਰੋਸੇ ਦੀ ਪ੍ਰਤੀਕ ਸੀ। ਇਸ ਭਰੋਸੇ ਅਧੀਨ ਹੀ ਆਪ ਜੀ ਨੇ ਸਾਰੀ ਆਯੂ ਗੁਰਬਾਣੀ ਦੇ ਅੱਖਰ ਅੱਖਰ ਨੂੰ ਸਤਿ ਕਰਕੇ ਮੰਨਿਆ ਤੇ ਦ੍ਰਿੜ੍ਹਤਾ ਨਾਲ ਕਮਾਇਆ।

3- **ਦਿੱਬ ਦ੍ਰਿਸ਼ਟੀ ਅਤੇ ਦਸਮ ਦੁਆਰੀ ਖੇਡ ਦੇ ਮਾਲਕ-ਅਕਾਲੀ ਜੋਤ ਦੇ ਦਰਸ਼ਨਃ-** ਅੰਮ੍ਰਿਤ ਛੱਕਣ ਤੋਂ ਬਾਅਦ ਗੁਰਬਾਣੀ ਤੇ ਭਰੋਸਾ ਹੋਣ ਕਰਕੇ ਆਪ ਜੀ ਰਾਤ ਦਿਨ ਨਾਮ ਦੀ ਕਮਾਈ ਵਿਚ ਜੁੱਟ ਗਏ ਤੇ ਆਪ ਜੀ ਦੇ ਅੰਦਰ ਪ੍ਰਭੂ ਦੇ ਦਰਸ਼ਨਾਂ ਦੀ ਬਿਹਬਿਲਤਾ/ਤਾਂਘ ਬਹੁਤ ਪ੍ਰਬਲ ਹੋ ਗਈ। ਸੰਨ 1905 ਵਿਚ ਆਪ ਜੀ ਨੂੰ ਸੰਗਤੀ ਹੁਕਮ ਅਨੁਸਾਰ, ਐਬਟਾਬਾਦ ਵਿਚ ਨੌਕਰੀ ਤੇ ਜਾਣਾ ਪਿਆ। ਉਥੋਂ ਦੇ ਅਤਿ ਮਨਮੋਹਨ ਸੁੰਦਰ ਪਹਾੜੀ ਨਜ਼ਾਰਿਆਂ ਨੇ ਦਰਸ਼ਨਾਂ ਦੀ ਤਾਂਘ ਨੂੰ ਹੋਰ ਖੰਭ ਲਾ ਦਿੱਤੇ। ਉਥੇ ਰਾਤ ਦਿਨ ਨਾਮ ਜਪਣ ਕਰਕੇ, ਜਿਥੇ ਆਪ ਜੀ ਨੂੰ ਅਕਾਲੀ ਜੋਤ ਦੇ ਦਰਸ਼ਨ ਹੋਏ, ਦਸਮ ਦੁਆਰ ਦਾ ਉਘਾੜ ਹੋਇਆ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੇ ਸਾਖਸ਼ਾਤ ਚਹੁ ਅੱਖਰਾ ਗੁਰਮੰਤਰ ਬਖਸ਼ਿਆ ਅਤੇ ਉਥੇ ਸਵਾਸ ਗਿਰਾਸੀ ਨਾਮ ਅਭਿਆਸ ਦਾ ਅਰੁੱਕ ਤੋਰਾ ਵੀ ਤੁਰਿਆ। ਦੋ ਸ੍ਰੀ ਅਖੰਡ ਪਾਠ ਇਕੋ ਚੌਂਕੜੇ ਵਿਚ ਸਰਵਣ ਕਰਵਾਏ ਅਤੇ ਦਸ਼ਮੇਸ਼ ਜੀ ਨੇ ਪ੍ਰਤੱਖ ਦਰਸ਼ਨ ਵੀ ਦਿੱਤੇ। ਇਹ ਸਾਰੇ ਬਿਰਤਾਂਤ ਜੇਲ ਚਿੱਠੀਆਂ ਵਿਚ ਦਰਜ ਹਨ। ਆਪ ਜੀ ਸਾਰੇ ਬ੍ਰਹਿਮੰਡ ਦੀ ਦਿਬ-ਦ੍ਰਿਸ਼ਟੀ ਦੇ ਮਾਲਕ ਸਨ ਅਤੇ ਆਪ ਨੂੰ ਆਗਮ ਨਿਗਮ ਦੀ ਪੂਰੀ ਸੋਝੀ ਸੀ, ਪ੍ਰੰਤੂ ਆਪ ਸਭ ਕੁਝ ਗੁਪਤ ਹੀ ਰੱਖਦੇ ਸਨ। ਸਿਰਫ ਇਸ਼ਾਰੇ ਮਾਤਰ ਭਾਵੇਂ ਕਦੇ ਜ਼ਾਹਰ ਕਰਨ, ਪਰ ਕਦੇ ਖੁਲ ਖੇਡ ਨਹੀਂ ਸਨ ਵਰਤਾਉਂਦੇ। ਜੇ ਕਰ ਕੋਈ ਹੋਰ ਵੀ ਅਜਿਹਾ ਕਰਦਾ ਸੀ ਤਾਂ ਉਸ ਨੂੰ ਵੀ ਡਾਂਟ ਦਿੰਦੇ ਸਨ ਤੇ ਅਜਰ ਨੂੰ ਜਰਨ ਲਈ ਪ੍ਰੇਰਨਾ ਦਿੰਦੇ ਸਨ।



www.AKJ.Org

4- **ਅੰਮ੍ਰਿਤ ਸੰਚਾਰ ਦੌਰਾਨ ਅੰਮ੍ਰਿਤ ਕਲਾ ਵਰਤਣੀ** :-ਐਬਟਾਬਾਦ ਵਿਚ ਗੁਰੂ ਦੀ ਬਖਸ਼ਸ਼ਿ ਲੈਣ ਤੋਂ ਬਾਅਦ ਆਪ ਜੀ ਨੇ ਅਖੰਡ ਪਾਠ, ਕੀਰਤਨ ਤੇ ਅੰਮ੍ਰਿਤ ਸੰਚਾਰ ਸਮਾਗਮਾਂ ਦੇ ਪ੍ਰਵਾਹ ਚਲਾਏ। ਉਸ ਸਮੇਂ ਹੋਣ ਵਾਲੇ ਅੰਮ੍ਰਿਤ ਸੰਚਾਰ ਸਮਾਗਮਾਂ ਵਿਚ, ਅਭਿਲਾਖੀਆਂ ਉੱਪਰ ਅੰਮ੍ਰਿਤ ਦੀ ਕਲਾ ਵਰਤਣੀ ਇਕ ਆਮ ਜਿਹੀ ਗੱਲ ਸੀ, ਕਿਉਂਕਿ ਪੰਚਾਂ ਦੀ ਚੋਣ ਅਤੇ ਅੰਮ੍ਰਿਤ ਅਭਿਲਾਖੀਆਂ ਦੀ ਪਰਖ ਉੱਤੇ ਖ਼ਾਸ ਜੋਰ ਦਿੱਤਾ ਜਾਂਦਾ ਸੀ। ਸ੍ਰੀ ਅਖੰਡ ਪਾਠ ਸਾਹਿਬ ਦੇ ਮੰਡਲ ਅੰਦਰ ਰਹਿ ਕੇ ਪਾਠ ਕਰਨ ਸੁਣਨ ਵਾਲੇ ਸਿੰਘਾਂ ਵਿੱਚੋਂ ਹੀ ਪੰਚਾਂ ਦੀ ਚੋਂਣ ਕੀਤੀ ਜਾਂਦੀ ਸੀ ਅਤੇ ਅੰਮ੍ਰਿਤ ਅਭਿਲਾਖੀਆਂ ਨੂੰ ਵੀ ਸ੍ਰੀ ਅਖੰਡ ਪਾਠ ਸਾਹਿਬ ਦੋਰਾਨ ਵੱਧ ਤੋਂ ਵੱਧ ਸਮਾ ਪਾਠ ਸੁਣਨ ਦੀ ਤਾਕੀਦ ਕੀਤੀ ਜਾਂਦੀ ਸੀ। ਫਿਰ ਇਕੱਲੇ ਇਕੱਲੇ ਅਭਿਲਾਖੀ ਨੂੰ ਪੰਚਾ ਦੇ ਪੇਸ਼ ਕਰਕੇ ਉਸ ਦੀ ਅੰਮ੍ਰਿਤ ਛਕਣ ਦੀ ਅਭਿਲਾਖਾ ਦੀ ਪਰਖ ਕੀਤੀ ਜਾਂਦੀ ਸੀ। ਆਮ ਤੌਰ ਤੇ ਸੌ ਵਿਚੋਂ ਪੰਦਰਾਂ ਵੀਹ ਪ੍ਰਾਣੀ ਹੀ ਅੰਮ੍ਰਿਤ ਦੇ ਅਧਿਕਾਰੀ ਬਣਦੇ ਸਨ। ਪੰਚਾਂ ਦੀ ਸੇਵਾ ਕਰਨ ਬਾਰੇ ਸਿੰਘਾਂ ਦੀ ਉੱਚ ਆਤਮਿਕ ਅਵਸਥਾ, ਨਾਮ ਬਾਣੀ ਦੀ ਅਤੁੱਟ ਕਮਾਈ ਸਦਕਾ ਹੋਏ ਜੋਤ ਵਿਗਾਸ ਅਤੇ ਉਨ੍ਹਾਂ ਵੱਲੋਂ ਕੀਤੀ ਜਾਂਦੀ ਸੁਕ੍ਰਿਤ ਕਰਣੀ ਕਾਰਨ, ਅੰਮ੍ਰਿਤ ਅਭਿਲਾਖੀਆਂ ਦੀ ਅੰਮ੍ਰਿਤ ਲੈਣ ਦੀ ਪਾਤਰਤਾ ਅਤੇ ਭਾਵਨਾ ਕਰਕੇ, ਅੰਮ੍ਰਿਤ ਦੇ ਛਿੱਟੇ ਅੱਖਾਂ ਵਿੱਚ ਪੈਣ ਜਾਂ ਅੰਮ੍ਰਿਤ ਦੀ ਬੂੰਦ ਅੰਦਰ ਜਾਂਦੇ ਸਾਰ ਹੀ ਅੰਮ੍ਰਿਤ ਦੀ ਕਲਾ ਵਰਤੀ ਜਾਂਦੀ ਸੀ। ਬਹੁਤਿਆਂ ਨੂੰ ਉਸੇ ਸਮੇਂ ਹੀ ਅਕਾਲੀ ਜੋਤ ਦੇ ਦਰਸ਼ਨ ਅਤੇ ਦਸਵੇਂ ਦੁਆਰ ਦਾ ਓਘਾੜ ਹੋ ਜਾਂਦਾ ਸੀ। ਉਨ੍ਹਾਂ ਦੇ ਹਿਰਦੇ ਅੰਦਰ ਨਾਮ ਅਭਿਆਸ ਦਾ ਐਸਾ ਤੋਰਾ ਤੁਰਦਾ ਜੋ ਕਿ ਠੱਲ੍ਹਣ ਵਿੱਚ ਹੀ ਨਾ ਆਉਂਦਾ ਅਤੇ ਇਹ ਤਾਅ ਜਿੰਦਗੀ ਅੰਮ੍ਰਿਤ ਵੇਲੇ ਨਾਮ ਅਭਿਆਸ ਦੀ ਘਾਲ ਕਮਾਈ ਦੁਆਰਾ ਲਗੀ ਅੱਠ ਪਹਿਰੀ ਕੁੰਜੀ ਸਦਕਾ ਉਨ੍ਹਾਂ ਦੇ ਚਲਦੇ ਫਿਰਦੇ, ਕੰਮ ਕਾਰ ਕਰਦੇ ਸਮੇਂ ,ਉਨ੍ਹਾਂ ਦੇ ਹਿਰਦੇ ਅੰਦਰ ਗੁਪਤੋ ਗੁਪਤੀ ਚੱਲਦਾ ਹੀ ਰਹਿੰਦਾ ਸੀ। ਭਾਈ ਸਾਹਿਬ ਜੀ ਦੇ ਜੇਲ੍ਹ ਜਾਣ ਤੋਂ ਪਹਿਲਾਂ ਉਨ੍ਹਾਂ ਦੀ ਅਤੇ ਬਾਅਦ ਵਿੱਚ ਬਾਊ ਜੀ ਦੀ ਜਥੇਦਾਰੀ ਹੇਠ ਹੁੰਦੇ ਅੰਮ੍ਰਿਤ ਸੰਚਾਰ ਸਮਾਗਮਾ ਵਿਚ ਇਹ ਕਲਾ ਵਰਤਦੀ ਰਹੀ ਜੋ ਕਿ ਵੀਹਵੀਂ ਸਦੀ ਦੇ ਅੱਠਵੇਂ ਦਹਾਕੇ ਤੋਂ ਘਟਦੀ ਘਟਦੀ ਹੁਣ ਤਕਰੀਬਨ ਰਹਿ ਹੀ ਖੜੋਤੀ ਹੈ। ਇਸ ਦਾ ਮੁੱਖ ਕਾਰਨ ਇਕ ਤਾਂ ਸਾਡੀ ਅੰਦਰ ਪ੍ਰਚਾਰਕ ਰੁਚੀ ਵਧਣ ਕਾਰਨ ਅੰਮ੍ਰਿਤ ਸੰਚਾਰ ਦੌਰਾਨ ਅਣ ਅਧਿਕਾਰਤ ਪ੍ਰਾਣੀਆਂ ਨੂੰ ਅੰਮ੍ਰਿਤ ਛਕਾਉਣਾ ਹੈ, ਜਿਸ ਵਿਚ ਗੁਣਵੱਤਾ (Quality) ਨਾਲੋਂ ਗਿਣਤੀ (Quantity ) ਵਧਾਉਣ ਨੂੰ ਤਰਜੀਹ ਦਿੱਤੀ ਜਾ ਰਹੀ ਹੈ। ਦੂਸਰਾ ਅੰਮ੍ਰਿਤ ਸੰਚਾਰ ਸਮੇਂ ਪੰਚਾਂ ਦੀ ਚੋਣ, ਅੰਮ੍ਰਿਤ ਅਭਿਲਾਖੀਆਂ ਦੀ ਪਰਖ ਅਤੇ ਅੰਮ੍ਰਿਤ ਸੰਚਾਰ ਤੋਂ ਪਹਿਲਾਂ ਹੋਣ ਵਾਲੇ ਸ੍ਰੀ ਅਖੰਡ ਪਾਠ ਦੀ ਪੂਰੇ ਸਮੇਂ ਲਈ ਪੰਚਾਂ ਦੀ ਸੇਵਾ ਕਰਨ ਵਾਲਿਆਂ ਅਤੇ ਅੰਮ੍ਰਿਤ ਅਭਿਲਾਖੀਆਂ ਵਲੋਂ ਹਾਜ਼ਰੀ ਨਾ ਭਰਨਾ ਹੈ ਜਿਸ ਕਾਰਨ ਸ੍ਰੀ ਅਖੰਡ ਪਾਠ ਸਾਹਿਬ ਵੇਲੇ ਵਰਤਦੀ ਗੁਰਬਾਣੀ ਦੀ ਪਾਰਸ ਕਲਾ ਤੋਂ ਅਸੀਂ ਸੱਖਣੇ ਰਹਿ ਜਾਂਦੇ ਹਾਂ। ਸਾਨੂੰ ਸੇਧ ਦੇਣ ਲਈ ਉਨ੍ਹਾਂ ਅੰਮ੍ਰਿਤ ਕੀ ਹੈ ਅਤੇ ਅਸੀਂ ਅੰਮ੍ਰਿਤ ਕਲਾ ਨਾਮੀ ਦੋ ਟਰੈਕਟਾਂ ਦੀ ਰਚਨਾ ਵੀ ਕੀਤੀ ਹੈ।

5- **ਗੁਰਦੁਆਰਾ ਸੁਧਾਰ ਦੇ ਮੋਢੀ** :- ਜਿਸ ਤਰ੍ਹਾਂ ਪਿਛੇ ਦਸਿਆ ਗਿਆ ਹੈ ਕਿ ਨੀਵੀਂ ਜਾਤੀ ਵਾਲਿਆਂ ਨੂੰ ਅਛੂਤ ਸਮਝ ਕੇ ਗੁਰੂ ਘਰਾਂ ਵਿਚ ਜਾਣ ਤੇ ਕਈ ਤਰ੍ਹਾਂ ਦੀਆਂ ਪਾਬੰਦੀਆਂ ਸਨ ਤੇ ਉਨ੍ਹਾਂ ਦੀ ਦੇਗ ਵੀ ਪ੍ਰਵਾਨ ਨਹੀਂ ਸੀ ਕੀਤੀ ਜਾਂਦੀ। ਗੁਰਦੁਆਰਾ ਕਤਲ ਗੜ ਚਮਕੌਰ ਸਾਹਿਬ ਜਿਥੇ ਨਿਹੰਗ ਸਿੰਘ ਪੁਜਾਰੀਆਂ ਦਾ ਕਬਜ਼ਾ ਸੀ ਉਥੇ ਵੀ ਅੰਦਰਲੀ ਪ੍ਰਕ੍ਰਮਾ ਦੀ ਮਨਾਹੀ ਸੀ। ਭਾਈ ਸਾਹਿਬ ਹਰ ਸਾਲ ਜਥੇ ਸਮੇਤ ਉਥੇ ਸ਼ਹੀਦੀ ਪੁਰਬ ਤੇ ਜਾਂਦੇ ਸਨ। ਦਸੰਬਰ 1914 ਵਿਚ ਆਪ ਜੀ ਨੇ ਜਥੇ ਸਮੇਤ ਉੱਥੇ ਜਾ ਕੇ ਪੁਜਾਰੀਆਂ ਵਲੋਂ ਲਾਈ ਹੋਈ ਪਾਬੰਦੀ ਹਟਵਾਈ ਤੇ ਇਸ ਗੁਰਦੁਆਰੇ ਦਾ ਕਬਜ਼ਾ ਵੀ ਪੰਥ ਸੇਵਕਾਂ ਨੂੰ ਦਿਵਾਇਆ। ਗੁਰਦੁਆਰਿਆਂ ਨੂੰ ਪੁਜਾਰੀਆਂ ਦੇ ਕਬਜੇ ਵਿਚੋਂ ਛਡਵਾ ਕੇ ਪੰਥਕ ਪ੍ਰਬੰਧ ਹੇਠਾਂ ਲਿਆਉਣ ਦੀ ਇਹ ਸਭ ਤੋਂ ਪਹਿਲੀ ਘਟਨਾ ਹੈ। ਗੁ: ਰਕਾਬ ਗੰਜ



www.AKJ.Org

ਸਾਹਿਬ ਦੀ ਕੰਧ, ਅੰਗਰੇਜ਼ਾਂ ਵਲੋਂ ਢਾਹੁਣ ਤੇ ਵੀ, ਆਪ ਨੇ ਜਥੇ ਸਮੇਤ ਅੱਗੇ ਹੋ ਕੇ, ਹੋਰ ਪੰਥਕ ਦਰਦੀਆਂ ਨਾਲ ਮਿਲ ਕੇ ਇਸ ਧੱਕੇਸ਼ਾਹੀ ਵਿਰੁਧ ਜਦੋ ਜਹਿਦ ਕੀਤੀ ਤੇ ਅੰਗਰੇਜ਼ਾਂ ਨੂੰ ਕੰਧ ਮੁੜ ਕੇ ਉਸਾਰਣ ਲਈ ਮਜ਼ਬੂਰ ਕਰ ਦਿੱਤਾ।

6- **ਗਦਰ ਲਹਿਰ ਦੇ ਮੁਖ ਨਾਇਕ ਅਤੇ ਅਜ਼ਾਦੀ ਘੁਲਾਟੀਏ** :- ਗੁਰੁਦੁਆਰਾ ਰਕਾਬ ਗੰਜ ਸਾਹਿਬ ਅਤੇ ਕਾਮਾਗਾਟਾਮਾਰੂ ਜਹਾਜ਼ ਦੀ ਘਟਨਾ ਦੇ ਕਾਰਨ ਅਤੇ ਦੇਸ਼ ਦੀ ਅਜ਼ਾਦੀ ਲਈ ਗੁਲਾਮੀ ਦੀਆਂ ਜੰਜੀਰਾਂ ਲਈ ਤੋੜਨ ਲਈ, ਹੋਰ ਦੇਸ਼ ਭਗਤ, ਜੋ ਕੈਨੇਡਾ ਅਮਰੀਕਾ ਤੋਂ ਹੋਰ ਦੇਸ਼ਾਂ ਤੋਂ ਫਰੰਗੀ ਰਾਜ ਤੋਂ ਨਿਜਾਤ ਦਿਵਾਉਣ ਵਾਸਤੇ ਭਾਰਤ ਵਾਪਸ ਆਏ ਸਨ, ਨਾਲ ਮਿਲ ਕੇ ਦੇਸ਼ ਦੀ ਅਜ਼ਾਦੀ ਖਾਤਰ ਕੀਤੀ ਜਾ ਰਹੀ ਜਦੋ ਜਹਿਦ ਵਿੱਚ ਕੁੱਦ ਪਏ ਤੇ ਗਦਰ ਲਹਿਰ ਵਿਚ ਉਨ੍ਹਾਂ ਨਾਲ ਸ਼ਾਮਿਲ ਹੋ ਗਏ। ਸ. ਕਰਤਾਰ ਸਿੰਘ ਸਰਾਭਾ ਅਤੇ ਹੋਰ ਗਦਰੀਆਂ ਵਲੋਂ ਬਣਾਈ ਯੋਜਨਾ ਅਧੀਨ, ਆਪ ਜੀ ਜਥੇ ਸਮੇਂ ਫਿਰੋਜ਼ਪੁਰ ਛਾਉਣੀ ਤੇ ਧਾਵਾ ਕਰਕੇ ਕਬਜ਼ਾ ਕਰਨ ਲਈ ਉਥੇ ਗਏ, ਪਰ ਕਿਸੇ ਮੁਖਬਰ ਦੀ ਸੂਹ ਕਾਰਨ ਇਹ ਯੋਜਨਾ ਸਿਰੇ ਨਾ ਚੜ੍ਹ ਸਕੀ। ਆਪ ਜੀ ਨੂੰ ਹੋਰ ਦੇਸ਼ ਭਗਤਾਂ ਸਮੇਤ ਲਾਹੌਰ ਦੂਸਰੇ ਸਾਜਿਸ਼ ਕੇਸ ਵਿਚ ਉਮਰ ਕੈਦ, ਕਾਲਾ ਪਾਣੀ ਤੇ ਜਾਇਦਾਦ ਜਬਤੀ ਦੀ ਸਖਤ ਸਜ਼ਾ ਹੋਈ, ਜੋ ਆਪ ਨੇ ਤਕਰੀਬਨ 16 ਸਾਲ ਬਹੁਤ ਕਸ਼ਟ ਤਸੀਹੇ ਸਹਿ ਕੇ, ਨਾਮ ਬਾਣੀ ਗੁਰਬਾਣੀ ਦੇ ਆਸਰੇ, ਚੜਦੀ ਕਲਾ ਵਿਚ ਰਹਿ ਕੇ ਕੱਟੀ। ਆਪ ਦਾ ਪਿੰਡ ਨਾਰੰਗਵਾਲ ਗਦਰੀਆਂ ਦਾ ਖਾਸ ਅੱਡਾ ਗਿਣਿਆ ਜਾਂਦਾ ਸੀ ਜਿਥੇ ਕਈ ਵਾਰ ਗਦਰੀਆਂ ਦੇ ਮੁਖੀਆਂ ਦੀਆਂ ਮੀਟਿੰਗਾਂ ਵੀ ਹੁੰਦੀਆਂ ਰਹੀਆਂ ਅਤੇ ਸਰਕਾਰ ਆਪ ਜੀ ਨੂੰ ਸਭ ਤੋਂ ਖ਼ਤਰਨਾਕ ਤੇ ਗਦਰੀਆਂ ਦਾ ਜਨਮ ਦਾਤਾ ਸਮਝਦੀ ਸੀ। ਇਸ ਤਰ੍ਹਾਂ ਆਪ ਇਕ ਪ੍ਰਸਿੱਧ ਅਜ਼ਾਦੀ ਘੁਲਾਟੀਏ ਅਤੇ ਗਦਰ ਲਹਿਰ ਦੇ ਮੁਖ ਨਾਇਕ ਵੱਜੋਂ ਉਭਰੇ ਜਿਸ ਕਰਕੇ ਦੇਸ਼ ਦੀ ਅਜ਼ਾਦੀ ਲਈ ਲੰਬਾ ਸਮਾਂ ਜੇਲ ਕੱਟੀ।

7- **ਜੇਲ ਵਿਚ ਕਕਾਰਾਂ ਦੀ ਅਜ਼ਾਦੀ** :- ਸੰਨ 1916 ਵਿਚ ਸਜ਼ਾ ਹੋਣ ਤੋਂ ਬਾਅਦ, ਆਪ ਜੀ ਨੂੰ ਕੈਦੀ ਵਜੋਂ ਜੇਲ ਵਿਚ ਬੰਦ ਕਰਨ ਸਮੇਂ, ਕਕਾਰਾਂ ਤੋਂ ਵੀ ਜਬਰਦਸਤ ਕੁੱਟ ਮਾਰ ਕਰਕੇ ਵਾਂਝਾ ਵੀ ਕੀਤਾ ਗਿਆ, ਜਿਸ ਦੀ ਆਪ ਜੀ ਅਤੇ ਦੂਸਰੇ ਸਿੱਖ ਕੈਦੀਆਂ ਨੇ ਸਖ਼ਤ ਵਿਰੋਧਤਾ ਕੀਤੀ। ਅੰਗਰੇਜ਼ਾਂ ਦੇ ਰਾਜ ਵੇਲੇ ਜੇਲ੍ਹ ਵਿੱਚ ਕੈਦੀ ਦੀ ਪੁਸ਼ਾਕ, ਜਿਸ ਵਿੱਚ ਕਛਹਿਰੇ ਦੀ ਥਾਂ ਤੰਬੀ (ਨਿੱਕਰ), ਦਸਤਾਰ ਦੀ ਥਾਂ ਟੋਪੀ ਹੁੰਦੀ ਸੀ ਅਤੇ ਕਕਾਰ (ਕ੍ਰਿਪਾਨ ਅਤੇ ਕੜਾ) ਵੀ ਲੁਹਾ ਲਏ ਜਾਂਦੇ ਸਨ। ਜੇਲ੍ਹ ਦੀ ਵਰਦੀ ਪਾਉਣ ਲਈ ਦਿੱਤੀ ਗਈ ਅਤੇਜੇਲ ਵਿਚ ਦਸਤਾਰ ਅਤੇ ਹੋਰ ਕਕਾਰ ਪਹਿਨਣ ਦੀ ਅਜ਼ਾਦੀ ਬਾਰੇ ਆਪ ਜੀ ਨੂੰ ਮੁਲਤਾਨ ਜੇਲ੍ਹ ਵਿਚ 40 ਦਿਨ ਲਗਾਤਾਰ ਲੰਬੀ ਭੁੱਖ ਹੜਤਾਲ ਕਰਨੀ ਪਈ ਅਤੇ ਜੇਲ੍ਹ ਅਧਿਕਾਰੀਆਂ ਵਲੋਂ ਦਿੱਤੇ ਅਣ ਮਨੁੱਖੀ ਤਸੀਹੇ ਤੇ ਕਸ਼ਟ ਵੀ ਸਹਾਰਨੇ ਪਏ। ਆਪ ਜੀ ਦੀ ਹੀ ਸਖਤ ਘਾਲਣਾ ਸਦਕਾ, ਜੇਲ ਵਿਚ ਸਿੱਖ ਕੈਦੀਆਂ ਨੂੰ ਕਕਾਰ ਪਹਿਨਣ ਦੀ ਅਜ਼ਾਦੀ ਮਿਲੀ। ਪਰ ਇਹ ਸਿਰਫ ਅੰਗਰੇਜੀ ਹਕੂਮਤ ਦੇ ਰਾਜ ਤਾਈਂ ਰਹੀ। ਦੇਸ਼ ਅਜ਼ਾਦ ਹੋਣ ਤੋਂ ਬਾਅਦ, ਦਸਤਾਰ ਅਤੇ ਕੜਾ ਪਹਿਨਣ ਦੀ ਇਜ਼ਾਜਤ ਹੈ, ਪਰ ਜੇਲ ਮੈਨੂਅਲ ਅਨੁਸਾਰ ਸ੍ਰੀ ਸਾਹਿਬ ਰੱਖਣ 'ਤੇ ਅਜੇ ਵੀ ਪਾਬੰਦੀ ਹੈ।

8- **ਗੁਰਮਤਿ ਸਿਧਾਂਤਾਂ ਦੇ ਪਹਿਰੇਦਾਰ ਅਤੇ ਤੱਤ ਗੁਰਮਤਿ ਅਸੂਲਾਂ ਦੇ ਪੱਕੇ ਧਾਰਨੀ** :- ਆਪ ਜੀ ਸਮੱਗਰ ਗੁਰਬਾਣੀ ਅੰਦਰ ਦਰਸਾਏ ਗੁਰਮਤਿ ਸਿਧਾਂਤਾਂ ਤੇ ਦ੍ਰਿੜਤਾ ਨਾਲ ਪਹਿਰਾ ਦੇਣ ਅਤੇ ਸੀਨਾ ਬਸੀਨਾ ਚਲੇ ਆ ਰਹੇ ਤੱਤ ਗੁਰਮਤਿ ਰਹਿਣੀ ਦੇ ਅਸੂਲਾਂ ਨੂੰ ਨਿਬਾਹੁਣ ਲਈ ਜਾਨ ਦੀ ਬਾਜ਼ੀ ਲਾਉਣ ਤੋਂ ਵੀ ਗੁਰੇਜ਼ ਨਹੀਂ ਸਨ ਕਰਦੇ। ਅੰਮ੍ਰਿਤ ਛੱਕਣ ਵੇਲੇ ਹਰ ਅਭਿਲਾਖੀ ਨੂੰ ਪੰਚਾਂ ਵਲੋਂ ਸਰਬ ਲੋਹ ਬਿਬੇਕ ਰਹਿਤ ਦੇ ਨਾਲ ਇਹ ਰਹਿਤ ਵੀ ਦ੍ਰਿੜਾਈ ਜਾਂਦੀ ਹੈ ਕਿ ਕਿਸੇ ਬੇ ਅੰਮ੍ਰਿਤੀਏ, ਸਿਰ ਗੁੰਮ, ਕੁੜੀ-ਮਾਰ, ਨੜੀ-ਮਾਰ ਦੇ ਹੱਥਾਂ ਦੀ ਬਣੀ ਕੋਈ ਚੀਜ਼



www.AKJ.Org

ਨਹੀਂ ਛੱਕਣੀ ਅਤੇ ਰੋਟੀ ਬੇਟੀ ਦੀ ਸਾਂਝ ਕੇਵਲ ਗੁਰਸਿੱਖਾਂ ਨਾਲ ਹੀ ਰੱਖਣੀ ਹੈ। ਆਮ ਸਿੱਖ ਕੈਦੀ ਤਾਂ ਜੇਲ ਕਰਮਚਾਰੀਆਂ ਵਲੋਂ ਬਣਾਇਆ ਗਿਆ ਪ੍ਰਸ਼ਾਦਾ ਛੱਕ ਲੈਂਦੇ ਸਨ ਪਰ ਆਪ ਜੀ ਵਲੋਂ ਉਪਰੋਕਤ ਗੁਰਮਤਿ ਸਿਧਾਂਤਾਂ ਤੇ ਅਸੂਲਾਂ ਤੇ ਦ੍ਰਿੜਤਾ ਨਾਲ ਪਹਿਰਾ ਦੇਣ ਕਾਰਨ, ਆਪਣੇ ਹੱਥੀਂ ਪ੍ਰਸ਼ਾਦਾ ਸਜਾਉਣ ਦੀ ਮਨਜ਼ੂਰੀ ਵਾਸਤੇ ਕਈ ਵਾਰ ਭੁੱਖ ਹੜਤਾਲ ਕਰਨੀ ਪਈ, ਜੇਲ ਅਧਿਕਾਰੀਆਂ ਵਲੋਂ ਦਿੱਤੇ ਅਕਹਿ ਅਤੇ ਅਸਹਿ ਕਸ਼ਟ ਅਤੇ ਤਸੀਹੇ ਵੀ ਸਹਿਣੇ ਪਏ, ਪਰ ਆਪ ਜੀ ਆਪਣੇ ਸਿਦਕ ਤੋਂ ਨਹੀਂ ਡੋਲੇ। ਅਖੀਰ ਆਪ ਜੀ ਦੀ ਘਾਲਣਾ ਨੂੰ ਫਲ ਲਗਦੇ ਰਹੇ ਅਤੇ ਜੇਲ ਦੀਆਂ ਕਾਲ ਕੋਠੜੀਆਂ ਵਿਚ ਹੀ ਸਰਬ ਲੋਹੀ ਬਰਤਨਾਂ ਵਿਚ ਆਪਣੇ ਹੱਥੀਂ ਪ੍ਰਸ਼ਾਦਾ ਬਣਾ ਕੇ ਛੱਕਦੇ ਰਹੇ। ਆਪ ਕਦੇ ਵੀ ਰਸਾਂ ਕਸਾਂ ਵਿਚ ਨਹੀਂ ਲਪਟਾਏ, ਸਗੋਂ ਰੁੱਖਾ ਮਿੱਸਾ ਅਲੂਣਾ ਜਿਹੋ ਜਿਹਾ ਵੀ ਬਣ ਸਕਦਾ ਸੀ, ਉਸ ਉਪਰ ਹੀ ਗੁਜ਼ਾਰਾ ਕਰਦੇ ਰਹੇ। ਇਸ ਤਰ੍ਹਾਂ ਗੁਰੂ ਸਾਹਿਬ ਜੀ ਨੇ ਹਮੇਸ਼ਾ ਆਪ ਦੀ ਪੈਜ ਰਖੀ ਤੇ ਬਿਖੜੇ ਸਮੇਂ ਵੀ ਸਰਬ ਲੋਹ ਬਿਬੇਕ ਦੇ ਤੱਤ ਗੁਰਮਤਿ ਅਸੂਲਾਂ ਪਹਿਰਾ ਦਿਵਾਇਆ ਅਤੇ ਆਪ ਨੇ ਇਹ ਰਹਿਤ ਆਯੂ ਪ੍ਰਯੰਤ ਤੋੜ ਨਿਬਾਹੀ। ਇਹ ਗੱਲ ਨੋਟ ਕਰਨ ਵਾਲੀ ਹੈ ਕਿ ਚਾਹੇ ਉਨ੍ਹਾਂ ਨੇ ਸਰਬ ਲੋਹ ਬਿਬੇਕ ਰਹਿਤ ਦੇ ਦ੍ਰਿੜਤਾ ਨਾਲ ਪਹਿਰਾ ਦਿੱਤਾ, ਪਰੰਤੂ ਕਿਸੇ ਨੂੰ ਇਹ ਰਹਿਤ ਰੱਖਣ ਲਈ ਮਜਬੂਰ ਨਹੀਂ ਕੀਤਾ ਅਤੇ ਇਸ ਨੂੰ ਆਪਣੀ ਉੱਚ ਆਤਮਿਕ ਅਵਸਥਾ ਦੀ ਸਹਾਇਕ ਸਮਝ ਕੇ ਹੀ ਰੱਖਿਆ। ਇਹ ਵੱਖਰੀ ਗੱਲ ਹੈ ਕਿ ਆਪ ਜੀ ਦੇ ਜੀਵਨ ਤੋਂ ਪ੍ਰਭਾਵਿਤ ਹੋ ਕੇ ਬੇਅੰਤ ਗੁਰਸਿੱਖ ਇਹ ਰਹਿਤ ਰੱਖਣ ਲਈ ਪ੍ਰੇਰੇ ਗਏ ਅਤੇ ਉਨ੍ਹਾਂ ਨੇ ਵੀ ਇਸ ਰਹਿਤ ਤੇ ਦ੍ਰਿੜਤਾ ਨਾਲ ਪਹਿਰਾ ਦਿੱਤਾ।

9- **ਭਾਣੇ ਵਿਚ ਰਹਿਣਾ ਅਤੇ ਅਜਰ ਨੂੰ ਸਹਿਣਾ** :- ਦਿਬ ਦ੍ਰਿਸ਼ਟੀ ਦੇ ਮਾਲਕ ਹੋਣ ਕਾਰਨ ਆਪ ਜੀ ਨੂੰ ਆਉਣ ਵਾਲੇ ਸਮੇਂ ਵਿਚ ਹੋਣ ਵਾਲੀਆਂ ਘਟਨਾਵਾਂ ਦਾ ਵੀ ਪਹਿਲਾਂ ਹੀ ਪਤਾ ਹੁੰਦਾ ਸੀ ਜਿਸ ਦਾ ਕਈ ਵਾਰ ਇਸ਼ਾਰੇ ਮਾਤਰ ਜ਼ਿਕਰ ਵੀ ਕਰ ਦਿੰਦੇ ਸਨ। ਪਰ ਆਪ ਹਮੇਸ਼ਾ ਗੁਰੂ ਦੇ ਭਾਣੇ ਵਿਚ ਹੀ ਰਹੇ। ਉਹ ਕਹਿੰਦੇ ਸਨ ਕਿ ਸਰੀਰ ਤੇ ਆ ਰਹੇ ਕਸ਼ਟਾਂ ਅਤੇ ਦੁੱਖਾਂ ਨੂੰ ਕੱਟਣ ਲਈ ਤਾਂ ਕੇਵਲ ਗੁਰਬਾਣੀ ਦੇ ਇਕ ਸ਼ਬਦ ਦਾ ਪਾਠ ਵੀ ਸਮਰੱਥ ਹੈ ਪਰ ਜੋ ਆਨੰਦ ਭਾਣੇ ਨੂੰ ਮੰਨਣ ਵਿਚ ਹੈ, ਉਹ ਦੁੱਖਾਂ ਕਸ਼ਟਾਂ ਤੋਂ ਨਿਜਾਤ ਪਾਉਣ ਵਿਚ ਨਹੀਂ। ਪਰਮਾਰਥ ਦੇ ਪਾਂਧੀ ਲਈ, ਨਾਮ ਬਾਣੀ ਦੀ ਕਮਾਈ ਤੇ ਤਪੱਸਿਆ ਦਾ ਫਲ ਮੰਗ ਕੇ, ਸੰਸਾਰ ਦੀਆਂ ਔਕੁੜਾਂ ਤੋਂ ਓਹਲਾ ਲੈਣਾ ਸੌਖਾ ਹੈ, ਪਰ ਹੁਕਮੀ ਖੇਡਾਂ ਵਿਚ ਰੱਤੀ ਫਰਕ ਨਾ ਪੈਣ ਦੇਣਾ, ਸੰਸਾਰਕ ਦੁਖਾਂ ਸੁੱਖਾਂ ਨੂੰ ਬਰਾਬਰ ਜਾਨਣਾ ਅਤੇ ਭਾਣਾ ਮੰਨਣਾ ਬੜਾ ਹੀ ਕਠਿਨ ਹੈ। ਉਨ੍ਹਾਂ ਇਤਨੇ ਕਸ਼ਟ ਸਹਿੰਦਿਆਂ ਕਦੇ ਉਫ ਨਹੀਂ ਆਖੀ, ਕਿਸੇ ਨੂੰ ਸਰਾਪ ਨਹੀਂ ਦਿੱਤਾ, ਕਿਸੇ ਤੇ ਗਿੱਲਾ ਨਹੀਂ ਕੀਤਾ, ਕੋਈ ਮਨ ਵਿਚ ਰੋਸ ਨਹੀਂ ਰੱਖਿਆ। ਆਤਮ ਰੰਗਾਂ ਦੀ ਤ੍ਰਿਪਤੀ ਵਿਚ ਅਡੋਲ ਰਹੇ। ਜੋ ਕਸ਼ਟ ਅਤੇ ਤਸੀਹੇ ਉਨ੍ਹਾਂ ਨੇ ਜੇਲ ਵਿਚ ਬਰਦਾਸ਼ਤ ਕੀਤੇ, ਉਨ੍ਹਾਂ ਨੂੰ ਨਾਮ ਬਾਣੀ ਦੇ ਆਸਰੇ ਹੀ ਜਰਿਆ। ਉਨ੍ਹਾਂ ਨੇ ਕਸ਼ਟਾਂ ਅਤੇ ਸੰਸਾਰ ਦੇ ਅਤਿਆਚਾਰਾਂ ਨੂੰ, ਮਾਇਆ ਦੇ ਅਕਸ ਸਮਝ ਕੇ ਵਰਤਿਆ। ਡਿੱਗਣ ਡੋਲਣ ਦੀ ਬਜਾਏ, ਸਹਿਜ ਸਮਾਧ ਦੀਆਂ ਚੜ੍ਹਦੀਆਂ ਕਲਾ ਵਿਚ ਨਾਮ ਅਤੇ ਬਾਣੀ ਦੇ ਆਸਰੇ ਸਭ ਕੁਝ ਜਰਿਆ।

10- **ਘੋਰ ਤਪੱਸਿਆ** :- ਅੰਮ੍ਰਿਤ ਛੱਕਣ ਤੋਂ ਲੈ ਕੇ ਅਖੀਰਲੇ ਸਵਾਸ ਤਾਈਂ ਉਨ੍ਹਾਂ ਨਾਮ ਬਾਣੀ ਅਤੇ ਗੁਰਬਾਣੀ ਕੀਰਤਨ ਰਾਹੀਂ ਘੋਰ ਤਪੱਸਿਆ ਸਾਧੀ। ਸੋਲਾਂ ਸਾਲਾਂ ਦੀ ਜੇਲ ਯਾਤਰਾ ਦਾ ਜੀਵਨ ਇਕ ਕਠਨ ਘੋਰ ਤਪੱਸਿਆ ਦਾ ਜੀਵਨ ਸੀ। ਜੇਲ ਜਾਣ ਤੋਂ ਪਹਿਲਾਂ ਅਤੇ ਜੇਲ ਦੀ ਰਿਹਾਈ ਤੋਂ ਬਾਅਦ, ਸ੍ਰੀ ਅਖੰਡ ਪਾਠਾਂ, ਦਿਵਸ ਸੁਹੇਲੇ, ਰੈਣ ਸਬਾਈ ਕੀਰਤਨਾਂ ਦਾ ਅਤੁਟ ਦੌਰ ਚਲਿਆ, ਜਿਸ ਵਿਚ ਆਪ ਨੇ ਇਕ ਚੌਂਕੜੇ ਵਿਚ ਬੈਠ ਕੇ ਨਾਮ ਬਾਣੀ ਦੇ ਖ਼ੂਬ ਲਾਹੇ। ਪਹਿਲਾਂ ਮਲਿਆਣੇ ਦੀ ਢਾਬ ਅਤੇ ਫਿਰ ਕੁਮਾਰਹੱਟੀ (ਤਪੋਬਨ) ਵਿਚ ਸਾਰੀ ਸਾਰੀ ਰਾਤ ਨਾਮ ਰੰਗਾਂ ਵਿਚ ਸਮਾਧੀਆਂ ਲਾ ਕੇ ਅਤੁੱਟ ਕਮਾਈਆਂ ਕੀਤੀਆਂ। ਆਪ ਗੁਰੂ ਗੁਰੂ ਜਪਿਆ ਅਤੇ ਹੋਰਨਾਂ ਨੂੰ ਅਜਿਹੀ ਪ੍ਰੇਰਨਾ ਦਿੱਤੀ ਕਿ ਹਜ਼ਾਰਾਂ ਪ੍ਰਾਣੀ ਅੰਮ੍ਰਿਤ ਸੰਚਾਰ ਸਮਾਗਮਾਂ ਤੇ ਅੰਮ੍ਰਿਤ ਛੱਕ ਕੇ ਗੁਰੂ ਚਰਨਾਂ ਨਾਲ ਜੁੜੇ। ਇਹ ਸਭ ਕੁਝ ਆਪ ਜੀ ਦੀ ਘੋਰ ਤਪੱਸਿਆ ਦਾ ਹੀ ਫਲ ਸੀ।

11- **ਗੁਰਮਤਿ ਸਾਹਿਤ ਦੀ ਦੇਣ** :- ਭਾਈ ਸਾਹਿਬ ਜੀ ਨੇ ਆਪਣੇ ਜੀਵਨ ਕਾਲ ਵਿਚ ਗੁਰਮਤਿ ਦੇ ਵੱਖ-ਵੱਖ ਵਿਸ਼ਿਆਂ ਤੇ ਸਾਢੇ ਤਿੰਨ ਦਰਜਨਾਂ ਤੋਂ ਵੱਧ ਪੁਸਤਕਾਂ ਤੇ ਛੋਟੇ ਟ੍ਰੈਕਟ ਅਤੇ ਸੈਂਕੜੇ ਲੇਖ ਲਿਖ ਕੇ ਗੁਰੂ ਪੰਥ ਦੀ ਝੋਲੀ ਵਿਚ ਪਾਏ। ਜਿਨ੍ਹਾਂ ਵਿਸ਼ਿਆਂ ਨੂੰ ਸਿੱਖ ਵਿਦਵਾਨ ਇਕ ਜਾਂ ਦੋ ਵਿਦਾਂਤ ਤੇ ਹੱਠ ਜੋਗ ਦੇ ਹਵਾਲੇ ਦੇ ਕੇ ਹੀ ਟਾਲ ਦਿਆ ਕਰਦੇ ਸਨ, ਉਨ੍ਹਾਂ ਵਿਸ਼ਿਆਂ ਦੀ ਮੁਕੰਮਲ ਵਿਆਖਿਆ ਆਪ ਜੀ ਨੇ ਕੀਤੀ। ਜਿਨ੍ਹਾਂ ਅਧਿਆਤਮਕ ਸਿਧਾਂਤਾਂ ਬਾਰੇ ਕਿਸੇ ਵੀ ਵਿਦਵਾਨ ਨੇ ਅਠ-ਦਸ ਸਤਰਾਂ ਤੋਂ ਵੱਧ ਨਹੀਂ ਸੀ ਲਿਖਿਆ, ਉਨ੍ਹਾਂ ਉੱਤੇ ਆਪ ਜੀ ਨੇ ਪੂਰੀਆਂ ਪੁਸਤਕਾਂ ਲਿਖ ਕੇ ਬੜਾ ਉਪਕਾਰ ਕੀਤਾ ਹੈ। ਗੁਰਬਾਣੀ ਦੇ ਕਈ ਗੁੱਝੇ ਭੇਦ, ਉਨ੍ਹਾਂ ਨੇ ਬੜੇ ਸਪੱਸ਼ਟ ਕਰਕੇ ਖੋਲ੍ਹ ਦਿੱਤੇ ਹਨ। ਭਾਈ ਸਾਹਿਬ ਜੀ ਦਾ ਗੁਰਬਾਣੀ ਦੀ ਵਿਆਖਿਆ ਕਰਨ ਦਾ ਢੰਗ ਬੌਧਿਕ ਨਹੀਂ ਬਲਕਿ ਰਸ ਰਸਾਤਮਕ ਅਤੇ ਅਨੁਭਵੀ ਹੈ। ਉਨ੍ਹਾਂ ਦੀਆਂ ਸਾਰੀਆਂ ਪੁਸਤਕਾਂ ਵਿਚ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ, ਸਾਰੇ ਹੀ ਔਖੇ ਤੇ ਸਿਧਾਂਤ ਪ੍ਰਗਟਾਊ ਸ਼ਬਦਾਂ ਦੀ ਵਿਆਖਿਆ ਮਿਲ ਜਾਂਦੀ ਹੈ। ਆਪ ਪੰਥ ਦੇ ਇਕ ਮਹਾਨ ਲੇਖਕ, ਵਿਦਵਾਨ, ਗੁਰਮਤਿ ਸਿਧਾਂਤਾਂ ਅਤੇ ਤੱਤ ਅਸੂਲਾਂ ਦੇ ਵੱਖ-ਵੱਖ ਵਿਸ਼ਿਆਂ ਦੇ ਮਹਾਨ ਵਿਆਖਿਆਕਾਰ ਤੋਂ ਇਲਾਵਾ ਗੁਰਬਾਣੀ ਦੇ ਵਿਆਕਰਣਕ ਨਿਯਮਾਂ ਅਤੇ ਲਗਾਂ ਮਾਤਰਾਂ ਦੀ ਵਿਲੱਖਣਤਾ ਦੇ ਡੂੰਘੇ ਜਾਣਕਾਰ ਸਨ। ਇਸ ਤੋਂ ਇਲਾਵਾ ਆਪ ਜੀ ਵਲੋਂ ਜੇਲ੍ਹ ਵਿਚ ਬੈਠਿਆਂ ਲਿਖਿਆ ਅਨੂਠਾ ਮਹਾਂਕਾਵਿ 'ਜੋਤਿ ਵਿਗਾਸ' ਅਤੇ "ਦਰਸ਼ਨ ਝਲਕਾ" ਨਾਮੀ ਪੁਸਤਕਾਂ, ਜੋ ਇਕ ਕਵਿਤਾ ਰੂਪ ਵਿਚ ਹਨ, ਆਪ ਜੀ ਦੇ ਮਹਾਨ ਕਵੀ ਹੋਣ ਦਾ ਪ੍ਰਮਾਣ ਵੀ ਦਿੰਦੀਆਂ ਹਨ।

12- **ਮਾਇਆ ਅਤੇ ਦੁਨਿਆਵੀ ਸੁਖਾਂ ਦੇ ਤਿਆਗੀ** :- ਆਪ ਜੀ ਇਕ ਤਕੜੇ ਅਮੀਰ ਜਿਮੀਂਦਾਰ ਘਰਾਣੇ ਨਾਲ ਸਬੰਧ ਰਖਦੇ ਸਨ। ਪਿਤਾ ਜੀ ਦੇ ਉਸ ਵੇਲੇ ਨਾਭਾ ਹਾਈਕੋਰਟ ਦੇ ਜੱਜ ਹੋਣ ਕਾਰਨ, ਆਪ ਜੀ ਨੂੰ ਹਰ ਤਰ੍ਹਾਂ ਦੀ ਮਾਇਕ ਸੁੱਖ ਸਹੂਲਤ ਪ੍ਰਾਪਤ ਸੀ ਤੇ ਪਿੰਡ ਵਿਚ ਇੱਕ ਵੱਡੀ ਕਿਲਾ ਨੁਮਾ ਹਵੇਲੀ ਦੇ ਨਾਲ ਨਾਲ, ਦੋ ਪਿੰਡਾਂ ਵਿਚ ਚੰਗੀ ਉਪਜਾਊ ਜਮੀਨ ਵੀ ਸੀ। ਪਰ ਜਿਉਂ ਹੀ ਆਪ ਜੀ ਗੁਰੂ ਦੇ ਲੜ ਲੱਗੇ ਤਾਂ ਇਨ੍ਹਾਂ ਸਾਰੇ ਸੁੱਖਾਂ ਨੂੰ ਤਿਆਗ ਕੇ, ਬਿਲਕੁਲ ਸਾਦਾ ਗੁਰਮੁਖੀ ਜੀਵਨ ਜੀਉਣਾ ਸ਼ੁਰੂ ਕਰ ਦਿੱਤਾ। ਆਪ ਜੀ ਨੇ ਕੋਈ ਖਾਣ ਪੀਣ ਤੇ ਪਹਿਨਣ ਦਾ ਸ਼ੌਂਕ ਨਹੀਂ ਰੱਖਿਆ। ਸਾਦੇ ਸਰਬ ਲੋਹੀ ਬਿਬੇਕੀ ਲੰਗਰ ਦੇ ਨਾਲ ਨਾਲ ਗੁਰਮੁਖੀ ਸਾਦਾ ਪਹਿਰਾਵਾ ਰੱਖਿਆ। ਇਨ੍ਹਾਂ ਸਭ ਦੁਨਿਆਵੀ ਸੁੱਖਾਂ ਨੂੰ ਤਿਲਾਂਜਲੀ ਦੇ ਕੇ, ਦੇਸ਼ ਅਤੇ ਪੰਥ ਲਈ ਲਗਾਤਾਰ ਸੋਲਾਂ ਸਾਲ ਜੇਲ ਦੀਆਂ ਕਾਲ ਕੋਠੜੀਆਂ ਵਿਚ ਅਕਹਿ ਤੇ ਅਸਹਿ ਕਸ਼ਟ ਸਹਾਰੇ। ਜੇਲ ਤੋਂ ਬਾਹਰ ਆ ਕੇ ਵੀ ਮਾਇਆ ਨੂੰ ਕਦੇ ਹੱਥ ਨਹੀਂ ਲਾਇਆ। ਆਪ ਜੀ ਦੇ ਸਾਰੇ ਸੰਸਾਰਕ ਕਾਰਜ ਗੁਰੁ ਸਾਹਿਬ ਗੁਰਸਿੱਖਾਂ ਰਾਹੀਂ ਆਪ ਹੀ ਕਰਵਾਉਂਦੇ ਰਹੇ। ਦੇਸ਼ ਦੀ ਵੰਡ ਤੋਂ ਬਾਅਦ ਆਪ ਨੇ ਦੇਸ਼ ਲਈ ਕੀਤੀ ਕੁਰਬਾਨੀ ਲਈ ਕੋਈ ਮੁਆਵਜ਼ਾ/ਪੈਨਸ਼ਨ ਆਦਿ ਨਹੀਂ ਲਈ। ਇਥੋਂ ਤੱਕ ਕਿ ਜ਼ਬਤ ਕੀਤੀ ਜਾਇਦਾਦ ਅਤੇ ਜਮੀਨ ਦੇ ਠੇਕੇ ਦੀ ਵਾਪਸੀ ਲਈ ਕੋਈ ਅਰਜੀ ਜਾਂ ਬਿਨੈ ਪੱਤਰ ਵੀ ਨਹੀਂ ਦਿੱਤਾ ਤੇ ਨਾ ਹੀ ਕਿਸੇ ਅੱਗੇ ਹੱਥ ਅੱਡੇ। ਆਪ ਹਮੇਸ਼ਾ ਗੁਰੂ ਆਸਰੇ ਹੀ ਰਹੇ। ਉਨ੍ਹਾਂ ਨੇ ਮਾਇਆ ਨੂੰ ਹਮੇਸ਼ਾਂ ਦਾਸੀ ਬਣਾ ਕੇ ਰੱਖਿਆ ਅਤੇ ਕਦੇ ਵੀ ਇਸ ਦੇ ਪਿੱਛੇ ਨਹੀਂ ਲੱਗੇ। ਆਪ ਨੇ ਦੇਸ਼ ਅਤੇ ਕੌਮ ਲਈ ਕੀਤੀ ਸੇਵਾ ਲਈ ਕੋਈ ਮਸ਼ਹੂਰੀ ਨਹੀਂ ਕਰਵਾਈ ਤੇ ਨਾ ਹੀ ਕਿਸੇ 'ਤੇ ਕੋਈ ਅਹਿਸਾਨ ਜਤਾਇਆ।

13- **ਨਿਧੜਕ, ਬੇਬਾਕ, ਨਿਡਰ ਪੰਥਕ ਆਗੂ** :- ਜਿਥੇ ਕਿ ਆਪ ਨਾਮ ਬਾਣੀ ਦੀ ਰਸੀਏ, ਉੱਚ ਆਤਮਿਕ ਅਵਸਥਾ ਦੇ ਮਾਲਕ ਸਨ ਉਥੇ ਸਿਰਲੱਖ ਯੋਧੇ ਵੀ ਸਨ। ਇਕ ਸੰਤ ਸਿਪਾਹੀ ਵਾਲੇ ਗੁਣ ਆਪ ਜੀ ਵਿਚ ਮੌਜੂਦ ਸਨ। ਆਪ ਕਿਸੇ ਵੀ ਵੱਡੇ ਸਿਆਸੀ, ਪੰਥਕ ਆਗੂ ਜਾਂ ਮਾਇਆਧਾਰੀ ਲੋਕਾਂ ਦੀ ਕਦੇ ਵੀ ਕਨੌਡ ਨਹੀਂ ਸੀ ਮੰਨਦੇ। ਆਪ ਇਕ ਨਿਧੜਕ, ਬੇਬਾਕ ਅਤੇ ਨਿਡਰ ਪੰਥਕ ਆਗੂ ਸਨ। ਚਾਹੇ ਦੇਸ਼ ਕੌਮ ਦੀ ਅਜ਼ਾਦੀ, ਗੁਰੂ ਘਰ ਦੀ



www.AKJ.Org

ਬੇਅਦਬੀ ਜਾਂ ਗੁਰੂ ਸਿਧਾਂਤਾਂ ਦੀ ਉਲੰਘਣਾ ਦਾ ਮਸਲਾ ਹੋਵੇ ਆਪ ਉਥੇ ਸਿਰ ਧੜ ਦੀ ਬਾਜੀ ਲਾ ਕੇ ਮੈਦਾਨ ਵਿਚ ਨਿੱਤਰ ਪੈਂਦੇ ਸਨ। ਕਿਸੇ ਲੇਖਕ ਜਾਂ ਵਿਦਵਾਨ ਵਲੋਂ ਗੁਰਮਤਿ ਵਿਰੋਧੀ ਲਿਖਣ ਕਰਕੇ ਆਪ ਬੜੀ ਬੇਬਾਕੀ, ਨਿਡਰਤਾ ਅਤੇ ਗੁਰਬਾਣੀ ਦੀ ਰੋਸ਼ਨੀ ਵਿਚ ਉਸ ਦੇ ਵਿਰੁੱਧ ਲੇਖ ਲਿਖ ਦਿੰਦੇ ਸਨ, ਜਿਵੇਂ ਗੁਰਬਖਸ਼ ਸਿੰਘ ਪ੍ਰੀਤਲੜੀ ਵਲੋਂ ਲਿਖੇ ਲੇਖਾਂ ਦਾ, ਆਪ ਨੇ ਅਕੱਟ ਅਤੇ ਠੋਸ ਦਲੀਲਾਂ ਨਾਲ ਲੇਖ ਲਿਖ ਕੇ ਜੁਆਬ ਦਿੱਤੇ। ਇਸੇ ਤਰ੍ਹਾਂ ਅੰਗਰੇਜੀ ਹਕੂਮਤ ਵਲੋਂ ਗੁ: ਰਕਾਬ ਗੰਜ ਸਾਹਿਬ ਦੀ ਦੀਵਾਰ ਢਾਹੁਣ ਸਮੇਂ, ਕੂਕਿਆਂ ਵਲੋਂ ਪੱਤਰਾ ਪਾਠ ਰਾਹੀਂ ਕੀਤੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ, ਸ਼੍ਰੋ. ਕਮੇਟੀ ਵਲੋਂ ਕੂਕਿਆਂ ਦੀ ਮਦਦ, ਫਿਰ ਦੂਸਰੀ ਵਿਸ਼ਵ ਜੰਗ ਵੇਲੇ ਸਿੱਖ ਫੌਜੀਆਂ ਨੂੰ ਲੋਹ ਟੋਪ ਪਾਉਣ ਦੇ ਮਸਲੇ ਤੇ ਲਿਖਿਆ ਲੇਖ ਅਤੇ ਅਖੀਰ ਵਿਚ ਦੇਸ਼ ਦੀ ਵੰਡ ਵੇਲੇ ਪਾਕਿਸਤਾਨ ਵਿਚ ਰਹਿ ਗਏ ਗੁਰ ਧਾਮਾਂ ਦੀ ਆਜ਼ਾਦੀ ਲਈ ਬਣਾਇਆ ਸ਼ਹੀਦੀ ਦਲ ਤੇ ਉਸ ਸਮੇਂ ਹੋਈਆਂ ਪੰਥਕ ਕਾਨਫਰੰਸਾਂ ਵਿਚ ਆਪ ਵਲੋਂ ਨਿਧੜਕ ਹੋ ਕੇ ਕੀਤੀਆਂ ਤਕਰੀਰਾਂ ਆਪ ਜੀ ਦੇ ਇਕ ਨਿਧੜਕ ਬੇਬਾਕ, ਨਿਡਰ ਪੰਥਕ ਆਗੂ ਹੋਣ ਦਾ ਸਬੂਤ ਹਨ।

14- **ਕੋਈ ਡੇਰਾ ਜਾਂ ਸੰਪਰਦਾ ਨਹੀਂ ਕਾਇਮ ਕੀਤੀ ਤੇ ਨਾ ਹੀ ਆਪਣੇ ਆਪ ਨੂੰ ਸੰਤ ਕਹਾਇਆ** :- ਭਾਈ ਸਾਹਿਬ ਜੀ ਨੇ ਤਾਅ ਜ਼ਿੰਦਗੀ ਇਕ ਆਮ ਸਧਾਰਨ ਗੁਰਸਿੱਖ ਦੀ ਤਰ੍ਹਾਂ ਜੀਵਨ ਜੀਵਿਆ। ਆਮ ਡੇਰੇਦਾਰਾਂ, ਸੰਤਾਂ, ਸਾਧਾਂ ਵਾਂਗ ਨਾ ਤਾਂ ਕੋਈ ਡੇਰਾ ਜਾਂ ਸੰਪਰਦਾ ਕਾਇਮ ਕੀਤੀ ਤੇ ਨਾ ਹੀ ਆਪਣੀ ਕੋਈ ਸ਼ਖਸੀ ਪੂਜਾ ਕਰਾਈ ਅਤੇ ਨਾ ਹੀ ਕਿਸੇ ਤੋਂ ਪੈਰੀਂ ਹੱਥ ਲਵਾਇਆ। ਹੌਲੀ-ਹੌਲੀ ਆਪ ਜੀ ਦੇ ਸੰਗੀ ਸਾਥੀਆਂ ਅਤੇ ਪ੍ਰੇਮੀਆਂ ਦਾ ਘੇਰਾ ਕਾਫੀ ਵਿਸ਼ਾਲ ਹੋ ਗਿਆ ਸੀ, ਪਰ ਫਿਰ ਵੀ ਆਪ ਜੀ ਨੇ ਆਪਣੇ ਨਾਮ ਦੀ ਬਜਾਏ, ਜਥੇ ਦਾ ਨਾਮ ਨਿਰਬਾਣ ਕੀਰਤਨੀ ਜਥਾ ਹੀ ਰੱਖਿਆ, ਜੋ ਕਿ ਹੁਣ ਅਖੰਡ ਕੀਰਤਨੀ ਜਥੇ ਦੇ ਨਾਮ ਨਾਲ ਪੰਥ ਵਿਚ ਪ੍ਰਸਿੱਧ ਹੈ। ਸਾਰੀ ਉਮਰ ਭਾਈ ਸਾਹਿਬ ਹੀ ਬਣ ਕੇ ਰਹੇ ਅਤੇ ਆਪਣੇ ਨਾਮ ਨਾਲ ਭਾਈ ਹੀ ਲਿਖਵਾਇਆ। ਜ਼ਿੰਦਗੀ ਦੇ ਕੁਝ ਅਖੀਰਲੇ ਸਾਲ ਛੱਡ ਕੇ, ਜਦੋਂ ਆਪ ਜੀ ਸਰੀਰਕ ਕਿਰਿਆਵਾਂ ਸੋਧਣ ਤੋਂ ਅਸਮਰਥ ਹੋ ਗਏ ਸਨ, ਸਾਰੀ ਉਮਰ ਹੀ ਸਾਰੀਆਂ ਸਰੀਰਕ ਕਿਰਿਆਵਾਂ ਆਪਣੇ ਹੱਥੀਂ ਹੀ ਕਰਦੇ ਰਹੇ, ਇਥੋਂ ਤੱਕ ਕਿ ਆਪਣਾ ਕਛਹਿਰਾ, ਬੁਨੈਣ, ਤੇ ਛੋਟੀ ਕੇਸਕੀ ਆਦਿ ਵੀ ਆਪ ਹੀ ਧੋਂਦੇ ਸਨ। ਜੇਲ੍ਹ ਵਿਚ ਵੀ ਜ਼ਿਆਦਾ ਬੀਮਾਰੀ ਦੀ ਹਾਲਤ ਨੂੰ ਛੱਡ ਕੇ, ਆਪਣੇ ਸਾਰੇ ਕਾਰਜ ਆਪ ਹੀ ਕਰਦੇ ਰਹੇ ਹਨ। ਆਪ ਜੀ ਦੇ ਚੜਾਈ ਕਰਨ ਤੋਂ ਬਾਅਦ ਆਪ ਜੀ ਦੇ ਸਸਕਾਰ ਵੇਲੇ ਬਾਊ ਮਲ ਸਿੰਘ ਜੀ ਵਲੋਂ ਮਲਿਆਣੇ ਦੀ ਢਾਬ ਤੇ ਮਿਤੀ 16 ਅਪ੍ਰੈਲ 1961 ਨੂੰ ਇਕ ਖਾਸ ਐਲਾਨ ਕੀਤਾ ਗਿਆ ਸੀ ਜੋ ਕਿ ਪੰਜਾਬੀ ਰਤਨ ਲੁਧਿਆਣਾ ਅਖਬਾਰ ਦੇ ਖਾਸ ਅੰਕ ਮਿਤੀ 24 ਅਗਸਤ 1961 ਨੂੰ ਛਪਿਆ ਸੀ ਜੋ ਇੰਝ ਹੈ :- ਜਥਾ ਕੋਈ ਡੇਰਾ ਜਾਂ ਸੰਪਰਦਾ ਨਹੀਂ ਹੈ। ਕੋਈ ਗੱਦੀ ਨਹੀ ਚੱਲੇਗੀ, ਪੰਜ ਪਿਆਰੇ ਹੀ ਕੰਮ ਚਲਾਉਣਗੇ। ਪੰਥ ਵਿਚ ਅਨੇਕਾਂ ਜਥੇ ਹਨ। ਥੋੜ੍ਹਾ ਬਹੁਤ ਵਰਤ ਵਰਤਾਵੇ ਵਿਚ ਫਰਕ ਹੈ। ਦਾਸ ਸੰਗਤਾਂ ਦਾ ਝਾੜੂ ਬਰਦਾਰ ਹੈ।" ਇਹ ਐਲਾਨਨਾਮਾ ਭਾਈ ਸਾਹਿਬ ਜੀ ਦੀ ਸੋਚ ਉੱਤੇ ਪਹਿਰਾ ਦਿੰਦਾ ਹੈ ਅਤੇ ਬਿਲਕੁਲ ਢੁੱਕਵਾਂ ਹੈ।

15- **ਅਲੋਪ ਹੋ ਚੁੱਕੀ ਤੱਤ ਗੁਰਮਤਿ ਮਰਿਯਾਦਾ ਅਤੇ ਅਸੂਲਾਂ ਨੂੰ ਸੁਰਜੀਤ ਕਰਨਾ** :- ਗੁਰੂ ਨਾਨਕ ਨਿਰੰਕਾਰੀ ਜੋਤ ਦੇ ਪ੍ਰਕਾਸ਼ ਤੋਂ ਲੈ ਕੇ ਸ੍ਰੀ ਦਸਮੇਸ਼ ਜੀ ਤਾਈਂ ਦਸਾਂ ਪਾਤਸ਼ਾਹੀਆਂ ਨੇ ਸੰਸਾਰ ਵਿਚ ਆਪਣੇ ਸਰੀਰਕ ਜਾਮਿਆਂ ਵਿਚ ਵਿਚਰਦਿਆਂ ਗੁਰਬਾਣੀ ਰਾਹੀਂ ਉਪਦੇਸ਼ ਦੇ ਕੇ, ਸਿੱਖਾਂ ਨੂੰ ਅਪਨਾਉਣ ਵਾਲੇ ਗੁਰਮਤਿ ਸਿਧਾਂਤਾਂ ਤੇ ਅਸੂਲਾਂ ਬਾਰੇ ਜਾਗਰੂਕ ਕੀਤਾ, ਜਿਨ੍ਹਾਂ ਤੇ ਪਹਿਰਾ ਦੇਣ ਨਾਲ ਇਕ ਸਿੱਖ ਦੀ ਰਹਿਣੀ-ਬਹਿਣੀ ਅਤੇ ਜੀਵਨ ਆਮ ਸੰਸਾਰੀਆਂ ਨਾਲੋਂ ਨਿਰਾਲਾ ਤੇ ਵੱਖਰਾ ਨਜ਼ਰ ਆਵੇ। ਦਸ਼ਮੇਸ਼ ਜੀ ਨੇ ਸਮੱਗਰ ਗੁਰਬਾਣੀ ਅੰਦਰ ਆਏ ਗੁਰਮਤਿ ਸਿਧਾਂਤਾਂ ਤੇ ਤੱਤ ਗੁਰਮਤਿ ਅਸੂਲਾਂ ਨੂੰ ਵੈਸਾਖੀ 1699 ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਅੰਮ੍ਰਿਤ ਛਕਾਉਣ



www.AKJ.Org

ਵੇਲੇ ਨਿਯਮਬੱਧ ਕਰਕੇ ਸਿੱਖਾਂ ਦੀ ਰਹਿਤ ਮਰਯਾਦਾ ਦਾ ਬਾਨਣੂੰ ਬੰਨਿਆ। ਇਹ ਸਾਰੇ ਸਿਧਾਂਤਾਂ ਦੀ ਵਿਆਖਿਆ ਗੁਰੂ ਘਰ ਦੇ ਭਗਤਾਂ, ਭਾਈ ਗੁਰਦਾਸ ਜੀ, ਭਾਈ ਨੰਦ ਲਾਲ ਜੀ ਤੇ ਗੁਰੂ ਸਾਹਿਬ ਦੇ ਸਮਕਾਲੀ ਕਵੀਆਂ ਵਲੋਂ ਆਪਣੀਆਂ ਰਚਨਾਵਾਂ ਵਿਚ ਕੀਤੀ ਮਿਲਦੀ ਹੈ। ਕੁਝ ਰਹਿਤ ਮਰਿਯਾਦਾ ਦੇ ਅੰਸ਼ ਸੀਨਾ-ਬਸੀਨਾ ਵੀ ਚਲੇ ਆਉਂਦੇ ਹਨ। ਗੁਰੂ ਘਰ ਦੇ ਅਨਿਨ ਭਗਤਾਂ ਨੇ, ਬਿਖੜੇ ਸਮੇਂ ਵੀ ਗੁਰੂ ਜੀ ਦੀ ਦ੍ਰਿੜਾਈ ਰਹਿਤ ਮਰਯਾਦਾ ਤੇ ਦ੍ਰਿੜਤਾ ਨਾਲ ਪਹਿਰਾ ਦਿੱਤਾ ਭਾਵੇ ਇਸ ਲਈ ਉਨ੍ਹਾਂ ਨੂੰ ਬੇਅੰਤ ਅਕਹਿ ਅਤੇ ਅਸਹਿ ਕਸ਼ਟ ਵੀ ਸਹਾਰਨੇ ਪਏ। ਪਰ ਸਮੇਂ ਦੇ ਬਦਲਣ ਨਾਲ, ਖਾਸ ਕਰ ਨਿਰਮਲੇ, ਉਦਾਸੀਆਂ, ਮਹੰਤਾਂ ਵਲੋਂ ਗੁਰਦੁਆਰਿਆਂ ਦਾ ਪ੍ਰਬੰਧ ਸੰਭਾਲਣ ਵੇਲੇ, ਇਸ ਤੱਤ ਗੁਰਮਤਿ ਰਹਿਤ ਮਰਯਾਦਾ ਦੇ ਕਈ ਅੰਸ਼ ਅਲੋਪ ਹੋ ਗਏ। ਸਿੰਘ ਸਭਾ ਲਹਿਰ ਦੇ ਉਭਾਰ ਨੇ ਸਿੱਖ ਸੰਗਤਾਂ ਨੂੰ ਜਾਗਰੂਕ ਕੀਤਾ ਤੇ ਇਹ ਤੱਤ ਗੁਰਮਤਿ ਮਰਯਾਦਾ ਮੁੜ ਸੁਰਜੀਤ ਹੋਣ ਲੱਗੀ। ਭਾਈ ਸਾਹਿਬ ਜੀ ਨੇ ਵੀ ਇਸ ਵਿਚ ਆਪਣਾ ਯੋਗਦਾਨ ਪਾਇਆ ਤੇ ਜਿਹੜੇ ਰਹਿਤ ਮਰਿਯਾਦਾ ਦੇ ਕਈ ਅੰਸ਼ ਅਲੋਪ ਹੋ ਗਏ ਸਨ, ਉਨ੍ਹਾਂ ਨੂੰ ਗੁਰਬਾਣੀ ਦੀ ਰੋਸ਼ਨੀ ਤੇ ਗੁਰਮਤਿ ਸਿਧਾਂਤਾਂ ਦੀ ਕਸਵੱਟੀ ਤੇ ਪਰਖ ਕੇ, ਮੁੜ ਸੁਰਜੀਤ ਕੀਤਾ, ਜਿਨ੍ਹਾਂ ਵਿਚ ਕੁਝ ਦਾ ਵੇਰਵਾ ਹੇਠਾਂ ਦਿੱਤਾ ਗਿਆ। ਇਹ ਨੋਟ ਕਰਨ ਵਾਲੀ ਗਲ ਹੈ ਕਿ ਜਿਸ ਤਰ੍ਹਾਂ ਆਮ ਕਿਹਾ ਜਾਂਦਾ ਹੈ ਕਿ ਭਾਈ ਸਾਹਿਬ ਜੀ ਨੇ ਨਵੀਂ ਮਰਿਯਾਦਾ ਤੋਰੀ ਜਾਂ ਬੰਨੀ ਹੈ ਪਰ ਇਹ ਗਲ ਦਰੁਸੱਤ ਨਹੀਂ ਹੈ। ਭਾਈ ਸਾਹਿਬ ਜੀ ਨੇ ਕੋਈ ਨਵੀਂ ਮਰਿਯਾਦਾ ਨਹੀਂ ਤੋਰੀ, ਸਗੋਂ ਸਮੇਂ ਨਾਲ ਅਲੋਪ ਹੋ ਚੁੱਕੀ ਤੱਤ ਗੁਰਮਤਿ ਮਰਿਯਾਦਾ ਨੂੰ ਹੀ ਮੁੜ ਸੁਰਜੀਤ ਕੀਤਾ ਹੈ।

ੳ) **ਮਾਸ ਅੰਡਾ ਖਾਣ ਦੀ ਮਨਾਹੀ** :- ਗੁਰਬਾਣੀ ਦੀ ਰੋਸ਼ਨੀ ਵਿਚ ਜੀਅ ਦਇਆ, ਧਰਮ ਦਾ ਮੁਖ ਅੰਗ ਹੈ। ਨਾਮ ਜਪਣ ਵਾਲੇ ਪ੍ਰਾਣੀ ਵਲੋਂ ਕਿਸੇ ਵੀ ਜੀਅ 'ਤੇ ਜੁਲਮ ਕਰਨਾ, ਦੁਖੀ ਕਰਨਾ ਜਾਂ ਦਿਲ ਦੁਖਾਉਣਾ ਉਸ ਦੀ ਪ੍ਰਮਾਰਥਿਕ ਪ੍ਰਗਤੀ ਲਈ ਬੜੀ ਵੱਡੀ ਰੁਕਾਵਟ ਬਣਦੀ ਹੈ। ਜੀਭ ਦੇ ਚਸਕਾਲੂਆਂ ਵਲੋਂ ਝਟਕੇ ਮਾਸ ਦੀ ਰਵਾਇਤ ਪੰਥ ਅੰਦਰ ਵਾੜ ਦਿੱਤੀ ਗਈ ਹੈ, ਜਿਸ ਲਈ ਗੁਰਬਾਣੀ ਦੀਆਂ ਕੁਝ ਤੁਕਾਂ ਦੀ ਗਲਤ ਵਿਆਖਿਆ ਅਤੇ ਕੁਝ ਇਤਿਹਾਸਿਕ ਗ੍ਰੰਥਾਂ ਦੇ ਹਵਾਲੇ ਦੇ ਕੇ ਆਪਣੇ ਪੱਖ ਨੂੰ ਸਿਧ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਰਹੀ ਹੈ। ਭਾਈ ਸਾਹਿਬ ਜੀ ਨੇ ਚਾਰ ਬਜਰ ਕੁਰਹਿਤਾਂ ਵਿਚ ਇਸ ਆਣ ਵੜੀ ਕੁਰੀਤੀ ਦੇ ਵਿਰੁਧ ਅੰਮ੍ਰਿਤ ਛਕਾਉਣ ਸਮੇਂ, ਜਿਥੇ ਹਰ ਤਰ੍ਹਾਂ ਦੇ ਮਾਸ ਅੰਡਾ ਅਤੇ ਉਸ ਤੋਂ ਬਣੇ ਪਦਾਰਥਾਂ ਤੋਂ ਖਾਣ ਦੀ ਮਨਾਹੀ ਕੀਤੀ, ਉਥੇ ਇਕ ਝਟਕਾ ਮਾਸ ਸਬੰਧੀ ਤੱਤ ਗੁਰਮਤਿ ਨਿਰਣਯ ਪੁਸਤਕ ਲਿਖ ਕੇ ਅਤੇ ਉਸ ਵਿਚ ਅਕੱਟ ਅਤੇ ਠੋਸ ਦਲੀਲਾਂ ਦੇ ਕੇ ਜ਼ੋਰਦਾਰ ਸ਼ਬਦਾਂ ਵਿਚ ਇਸ ਮਨਮੱਤ ਨੂੰ ਗਲਤ ਸਾਬਿਤ ਕੀਤਾ।

ਅ) **ਪੰਜਵਾਂ ਕਕਾਰ ਕੇਸਕੀ** :- ਸਿੱਖ ਧਰਮ ਦੇ ਹਰ ਪੈਰੋਕਾਰ, ਚਾਹੇ ਪੁਰਸ਼ ਹੋਵੇ ਜਾਂ ਇਸਤਰੀ ਨੂੰ ਹਰ ਵੇਲੇ ਸਿਰ (ਸੀਸ) ਢੱਕ ਕੇ ਰੱਖਣ ਦਾ ਹੁਕਮ ਹੈ, ਜੋ ਕਿ ਦਸਤਾਰ ਤੋਂ ਬਿਨਾਂ ਦੁਪੱਟੇ ਜਾਂ ਚੁੰਨੀ ਨਾਲ ਸੰਭਵ ਨਹੀਂ ਹੈ। ਗੁਰੂ ਸਾਹਿਬ ਜੀ ਨੇ ਰਹਿਤ ਮਰਿਯਾਦਾ ਬੰਨਣ ਵੇਲੇ ਕੇਸਾਂ ਦੀ ਬੇਅਦਬੀ ਨੂੰ ਚਾਰ ਬਜਰ ਕੁਰਹਿਤਾਂ ਵਿਚ ਸ਼ਾਮਿਲ ਕੀਤਾ ਤੇ ਉਨ੍ਹਾਂ ਦੀ ਸੰਭਾਲ ਲਈ ਕੇਸਕੀ ਨੂੰ ਪੰਜਾਂ ਕਕਾਰਾਂ ਵਿਚ ਸ਼ਾਮਿਲ ਕੀਤਾ। ਕੇਸਾਂ ਦੀ ਬੇਅਦਬੀ ਕਰਨ ਵਾਲਾ ਪਤਿਤ ਹੋ ਜਾਂਦਾ ਹੈ ਤੇ ਉਸ ਨੂੰ ਭੁੱਲ ਬਖਸ਼ਾਉਣ ਲਈ ਦੁਬਾਰਾ ਅੰਮ੍ਰਿਤ ਛਕਣਾ ਪੈਂਦਾ ਹੈ। ਪਰ ਦੂਸਰੇ ਪਾਸੇ ਕਕਾਰਾਂ ਦੀ ਢਿੱਲ ਕਰਨ ਵਾਲਾ ਤਨਖਾਹੀਆ ਹੀ ਹੁੰਦਾ ਹੈ ਪਤਿਤ ਨਹੀਂ, ਉਸ ਨੂੰ ਦੁਬਾਰਾ ਅੰਮ੍ਰਿਤ ਨਹੀਂ ਛਕਾਇਆ ਜਾਂਦਾ, ਕੇਵਲ ਤਨਖਾਹ ਹੀ ਲਾਈ ਜਾਂਦੀ ਹੈ। ਪੰਥ ਅੰਦਰ ਕੁਝ ਢਿੱਲੜ ਸੋਚ ਵਾਲੇ ਵਿਅਕਤੀਆਂ ਨੇ ਕੇਸਾਂ ਦੀ ਬੇਅਦਬੀ ਵਾਲੀ ਕੁਰਹਿਤ ਨੂੰ ਪੰਜ ਕਕਾਰਾਂ ਵਿਚ ਵੀ ਸ਼ਾਮਿਲ ਕਰ ਦਿੱਤਾ ਹੈ। ਇਕੋ ਰਹਿਤ ਦੋ ਪਾਸੇ ਨਹੀਂ ਹੋ ਸਕਦੀ, ਕਿਉਂਕਿ ਦੋਹਾਂ ਲਈ ਵੱਖਰੀ ਵੱਖਰੀ ਸਜ਼ਾ ਹੈ। ਗੁਰੂ ਸਾਹਿਬ ਜੀ ਨੇ ਸਿੱਖਾਂ ਨੂੰ ਦਸਤਾਰ



www.AKJ.Org

ਰਾਹੀਂ ਹੀ ਸਰਦਾਰੀ ਬਖਸ਼ੀ ਸੀ ਤੇ ਇਸ ਲਈ ਸਾਰੇ ਸਿੱਖ ਕਹਾਉਣ ਵਾਲਿਆਂ ਲਈ ਦਸਤਾਰ ਸਜਾਉਣਾ ਲਾਜਮੀ ਹੈ। ਸਿੰਘਾਂ ਵਲੋਂ ਦਸਤਾਰ ਤਾਂ ਸਜਾਈ ਜਾਂਦੀ ਹੈ, ਪਰ ਬੀਬੀਆਂ ਨੂੰ ਇਹ ਢਿੱਲ ਦੇਣ ਨਾਲ ਪੰਥ ਦੇ ਅੱਧੇ ਹਿੱਸੇ ਨੂੰ ਗੁਰੂ ਸਾਹਿਬ ਵੱਲੋਂ ਬਖਸ਼ੀ ਸਰਦਾਰੀ ਦੀ ਦਾਤ ਤੋਂ ਵਾਂਝਾ ਕਰ ਦਿੱਤਾ ਗਿਆ ਹੈ। ਭਾਈ ਸਾਹਿਬ ਜੀ ਨੇ ਅੰਮ੍ਰਿਤ ਛੱਕਣ ਵੇਲੇ ਛੋਟੀ ਦਸਤਾਰ (ਕੇਸਕੀ) ਬੀਬੀਆਂ ਲਈ ਲਾਜ਼ਮੀ ਕਰਕੇ ਇਸ ਨੂੰ ਕਕਾਰਾਂ ਵਿਚ ਸ਼ਾਮਿਲ ਕਰਵਾਇਆ ਤੇ ਬੀਬੀਆਂ ਨੂੰ ਵੀ ਸਿੰਘਾਂ ਦੇ ਬਰਾਬਰ ਦਰਜਾ ਦਿੱਤਾ। ਕੇਸਕੀ ਸੰਯੁਕਤ ਬੀਬੀ ਦੀ, ਦਸਤਾਰ-ਧਾਰੀ ਸਿੰਘ ਵਾਂਗ ਦੂਰੋਂ ਹੀ ਲੱਖਾਂ ਵਿਚੋਂ ਪਛਾਣ ਹੋ ਜਾਂਦੀ ਹੈ। ਕੇਸਕੀ ਦੇ ਪੰਜਵਾਂ ਕਕਾਰ ਹੋਣ ਬਾਰੇ ਭਾਈ ਸਾਹਿਬ ਜੀ ਨੇ ਆਪਣੇ ਹੱਥੀਂ "ਸਿੰਘਾਂ ਦਾ ਪੰਥ ਨਿਰਾਲਾ" ਟ੍ਰੈਕਟ ਲਿਖ ਕੇ ਗੁਰੂ ਪੰਥ ਦੀ ਝੋਲੀ ਪਾਇਆ ਹੈ।

ੲ) **ਸਰਬ ਲੋਹ ਰਹਿਤ ਦੀ ਬਹਾਲੀ** :- ਲੋਹੇ ਦੀ ਧਾਤ ਵਿਚ ਬਾਕੀਆਂ ਧਾਤਾਂ ਨਾਲੋਂ ਸਭ ਤੋਂ ਵੱਧ ਗੁਣ ਹੋਣ ਕਰਕੇ ਗੁਰੂ ਸਾਹਿਬ ਜੀ ਨੇ ਅੰਮ੍ਰਿਤ ਛਕਾਉਣ ਵੇਲੇ ਸਰਬ-ਲੋਹ ਦਾ ਬਾਟਾ ਅਤੇ ਸਰਬਲੋਹ ਦੇ ਖੰਡੇ ਦੀ ਵਰਤੋਂ ਕੀਤੀ। ਉਸ ਵੇਲੇ ਲੰਗਰ ਵਾਸਤੇ ਵੀ ਸਾਰੇ ਬਰਤਨ, ਪਤੀਲੇ, ਕੜਾਹੇ, ਦੇਗਾਂ, ਖੌਂਚੇ ਅਤੇ ਛਕਣ ਵਾਸਤੇ ਬਾਟੇ, ਆਦਿ ਸਾਰੇ ਹੀ ਲੋਹੇ ਦੀ ਧਾਤ ਦੇ ਬਣੇ ਹੁੰਦੇ ਸਨ ਜੋ ਸਿੰਘਾਂ ਦੀ ਸਿਹਤ ਨੂੰ ਫੌਲਾਦ ਵਾਂਗ ਮਜਬੂਤ ਰੱਖਣ ਲਈ ਸਹਾਈ ਹੁੰਦੇ ਸਨ। ਸਿੰਘਾਂ ਦੇ ਸਾਰੇ ਸ਼ਸ਼ਤਰ ਵੀ ਇਸੇ ਧਾਤ ਦੇ ਬਣੇ ਹੁੰਦੇ ਸਨ। ਹੌਲੀ-ਹੌਲੀ ਕੁਝ ਕੁ ਨਿਹੰਗ ਸਿੰਘ ਜਥੇਬੰਦੀਆਂ ਨੂੰ ਛੱਡ ਕੇ, ਇਹ ਮਰਿਯਾਦਾ ਪੰਥ ਵਿਚ ਅਲੋਪ ਹੋ ਗਈ ਅਤੇ ਲੋਹੇ ਦੀ ਥਾਂ ਪਿੱਤਲ, ਕਾਂਸੀ, ਤਾਂਬੇ, ਸਿਲਵਰ ਦੇ ਬਰਤਨ ਬਣਾ ਲਏ ਗਏ। ਹੁਣ ਤਾਂ ਜ਼ਹਿਰ ਰੂਪੀ ਥਰਮੋਕੋਲ ਦੀਆਂ ਬਣੀਆਂ ਡਿਸਪੋਜ਼ਲ ਪਲੇਟਾਂ, ਗਲਾਸ ਚਿਮਚਿਆਂ ਨੇ ਆ ਥਾਂ ਮਲ ਲਈ ਹੈ ਜੋ ਕਿ ਕੈਂਸਰ ਦੀ ਬੀਮਾਰੀ ਦਾ ਕਾਰਨ ਬਣਦੇ ਹਨ ਅਤੇ ਗੁਰੂ ਘਰ ਦੀਆਂ ਸੰਗਤਾਂ ਨੂੰ ਹੱਥੀ ਭਾਂਡੇ ਸਾਫ ਕਰਨ ਦੀ ਸੇਵਾ ਤੋਂ ਵੀ ਵਾਂਝੇ ਕਰ ਦਿੱਤਾ ਹੈ। ਭਾਈ ਸਾਹਿਬ ਨੇ ਇਹ ਸਰਬ ਲੋਹੀ ਮਰਿਯਾਦਾ ਨੂੰ ਆਪ ਖ਼ੁਦ ਧਾਰਨ ਕੀਤਾ ਅਤੇ ਹੋਰ ਸੰਗੀ ਸਾਥੀਆਂ ਨੂੰ ਵੀ ਇਸ ਲਈ ਪ੍ਰੇਰਿਆ। ਇਸ ਵਿਸ਼ੇ ਤੇ ਗੁਰਮਤਿ ਬਿਬੇਕ ਪੁਸਤਕ ਵਿਚ ਲੇਖ ਵੀ ਲਿਖ ਕੇ ਸੰਗਤਾਂ ਦੀ ਦ੍ਰਿਸ਼ਟੀ ਗੋਚਰ ਕੀਤੇ ਹਨ। ਜਥੇ ਵਲੋਂ ਹੋਣ ਵਾਲੇ ਸਾਰੇ ਸਮਾਗਮਾਂ ਤੇ ਲੰਗਰ ਸਰਬ ਲੋਹੀ ਬਰਤਨਾਂ ਵਿਚ ਬਣਾਉਣ ਤੇ ਵਰਤਾਉਣ ਦੀ ਮਰਿਯਾਦਾ ਲਾਗੂ ਕੀਤੀ ਜੋ ਵਰਤਾਉਣ ਵੇਲੇ ਕੁਝ ਕੁ ਢਿੱਲਾਂ ਨਾਲ ਅਜੇ ਵੀ ਚੱਲ ਰਹੀ ਹੈ।

ਸ) **ਨਿਰੋਲ ਗੁਰਬਾਣੀ ਦਾ ਕੀਰਤਨ** :- ਕਲਯੁਗ ਵਿਚ ਜੀਵਾਂ ਦੇ ਉਧਾਰ ਹਿਤ ਗੁਰੂ ਸਾਹਿਬਾਨ ਨੇ ਧੁਰੋਂ ਅਵਤਰੀ ਬਾਣੀ ਉਚਾਰੀ ਤੇ ਫਿਰ ਉਸ ਬਾਣੀ ਦਾ **"ਕਲਯੁਗਿ ਮਹਿ ਕੀਰਤਨੁ ਪਰਧਾਨਾ"** ਦੇ ਵਾਕ ਅਨੁਸਾਰ ਆਪ ਕੀਰਤਨ ਕੀਤਾ ਤੇ ਸੰਗਤਾਂ ਕੋਲੋਂ ਕਰਵਾਇਆ। ਪੰਚਮ ਪਾਤਸ਼ਾਹ ਨੇ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਦੀ ਉਸਾਰੀ ਕਰਕੇ ਸਚਖੰਡ ਦਾ ਹੂਬਹੂ ਨਮੂਨਾ ਇਸ ਮਾਤਲੋਕ ਵਿਚ ਬਣਾਇਆ। ਸਚਖੰਡ ਵਿਚ ਚੱਲ ਰਹੀਆਂ ਕੇਵਲ ਨਿਰੋਲ ਗੁਰਬਾਣੀ ਦੀਆਂ ਅਨਹਦ ਧੁਨੀਆਂ ਦੀ ਤਰਜ਼ 'ਤੇ ਹੋਣ ਵਾਲੇ ਕੀਰਤਨ ਦੀ ਮਰਿਯਾਦਾ ਸ੍ਰੀ ਦਰਬਾਰ ਸਾਹਿਬ ਵਿਖੇ ਬੰਨ੍ਹੀ, ਜਿਥੇ ਕੇਵਲ ਗੁਰਬਾਣੀ ਦਾ ਨਿਰੋਲ ਕੀਰਤਨ ਹੀ ਹੁੰਦਾ ਹੈ। ਪੰਥ ਵਲੋਂ ਪ੍ਰਵਾਨਿਤ ਰਹਿਤ ਮਰਯਾਦਾ ਮੁਤਾਬਕ ਗੁਰਬਾਣੀ ਜਾਂ ਉਸ ਦੀ ਵਿਆਖਿਆ ਸਰੂਪ ਭਾਈ ਗੁਰਦਾਸ ਅਤੇ ਭਾਈ ਨੰਦ ਲਾਲ ਜੀ ਦੀ ਬਾਣੀ ਦਾ ਹੀ ਕੀਰਤਨ ਹੋ ਸਕਦਾ ਹੈ। ਗੁਰਬਾਣੀ ਮੂਲ ਹੈ ਅਤੇ ਭਾਈ ਗੁਰਦਾਸ ਜੀ ਅਤੇ ਭਾਈ ਨੰਦ ਲਾਲ ਜੀ ਦੀਆਂ ਰਚਨਾਵਾਂ ਵਿਆਜ ਦੀ ਤਰ੍ਹਾਂ ਹਨ। ਜਿਸ ਤਰ੍ਹਾਂ ਮੂਲ ਤੇ ਵਿਆਜ ਲਗਦਾ ਹੈ ਪਰ ਵਿਆਜ ਤੇ ਮੂਲ ਨਹੀਂ ਇਸੇ ਤਰ੍ਹਾਂ ਕੀਰਤਨ ਦਾ ਆਰੰਭ ਵੀ ਗੁਰਬਾਣੀ ਦੇ ਸ਼ਬਦ ਨਾਲ ਕਰਨ ਦੀ ਮਰਿਯਾਦਾ ਹੈ ਅਤੇ ਉਸ ਦੀ ਵਿਆਖਿਆ ਲਈ ਭਾਈ ਗੁਰਦਾਸ ਜੀ ਜਾਂ ਭਾਈ ਨੰਦ ਲਾਲ ਜੀ ਦੀਆਂ ਰਚਨਾਵਾਂ ਵਿਚੋਂ ਪਰਮਾਣ ਦਿੱਤੇ ਜਾ ਸਕਦੇ ਹਨ। ਪਰ ਇਹ ਨਹੀਂ ਕਿ ਕੀਰਤਨ ਦਾ ਆਰੰਭ ਭਾਈ ਗੁਰਦਾਸ ਜੀ ਅਤੇ ਭਾਈ


www.AKJ.Org

ਨੰਦ ਲਾਲ ਜੀ ਦੀਆਂ ਰਚਨਾਵਾਂ ਤੋਂ ਕੀਤਾ ਜਾਵੇ ਅਤੇ ਉਸ ਦੇ ਭਾਵ ਦੀ ਪ੍ਰੋੜਤਾ ਲਈ ਪਰਮਾਣ ਗੁਰਬਾਣੀ ਵਿਚੋਂ ਦਿੱਤੇ ਜਾਣ। ਇਸ ਸਿਧਾਂਤ ਨੂੰ ਨਾ ਤਾਂ ਅੱਜ ਕਲ ਦੇ ਸ੍ਰੀ ਦਰਬਾਰ ਸਾਹਿਬ ਜੀ ਦੇ ਰਾਗੀਆਂ ਵਲੋਂ ਅਤੇ ਨਾ ਹੀ ਜਥੇ ਦੇ ਕੀਰਤਨੀ ਸਿੰਘਾਂ ਵਲੋਂ ਅਪਨਾਇਆ ਜਾਂਦਾ ਹੈ।

ਕੀਰਤਨ ਕੇਵਲ ਗੁਰਬਾਣੀ ਅਤੇ ਉਪਰੋਕਤ ਰਚਨਾਵਾਂ ਦਾ ਹੀ ਪਰਮਾਨਿਤ ਹੈ। ਇਸ ਤੋਂ ਬਾਹਰਲੀ ਕੋਈ ਵੀ ਰਚਨਾ ਜਿਵੇਂ ਭਾਈ ਗੁਰਦਾਸ ਸਿੰਘ ਜੀ ਦੀ ਵਾਰ, ਦਸਮ ਗ੍ਰੰਥ ਵਿਚ ਦਰਜ ਰਚਨਾਵਾਂ ਤੋਂ ਕੋਈ ਬਾਹਰਲੀ ਰਚਨਾ, ਰਹਿਤਨਾਮੇ ਜਾਂ ਪੰਥ ਪ੍ਰਵਾਨਿਤ ਅਰਦਾਸ ਵਿਚੋਂ ਕਿਸੇ ਸ਼ਬਦ ਜਾਂ ਤੁਕ ਦਾ ਕੀਰਤਨ ਨਹੀਂ ਹੋ ਸਕਦਾ। ਪ੍ਰੰਤੂ ਕਿਸੇ ਵਿਸ਼ੇ 'ਤੇ ਲਿਖੇ ਜਾ ਰਹੇ ਲੇਖ ਜਾਂ ਕੀਤੀ ਜਾ ਰਹੀ ਕਥਾ, ਵੀਚਾਰ ਦੌਰਾਨ, ਇਨ੍ਹਾਂ ਸਾਰੇ ਪੁਰਾਤਨ ਗ੍ਰੰਥਾਂ ਵਿਚੋਂ ਹਵਾਲੇ ਦਿੱਤੇ ਜਾ ਸਕਦੇ ਹਨ।

ਗੁਰੂ ਸਾਹਿਬਾਨ ਦੇ ਜੀਵਨ ਕਾਲ ਦੌਰਾਨ ਅਤੇ ਬਾਅਦ ਵਿਚ ਸਿੱਖ ਰਾਜ ਦੇ ਅੰਤ ਤਾਈਂ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਵਿਚਲੀ ਨਿਰੋਲ ਗੁਰਬਾਣੀ ਦੇ ਕੀਰਤਨ ਦੀ ਪਰੰਪਰਾ ਪੰਥ ਅੰਦਰ ਚਾਲੂ ਰਹੀ ਪ੍ਰੰਤੂ ਉਨੀਵੀਂ ਸਦੀ ਦੇ ਪਿਛਲੇ ਅੱਧ ਦੌਰਾਨ ਕੁਝ ਸੰਤਾਂ, ਡੇਰੇਦਾਰਾਂ ਵਲੋਂ ਪੇਂਡੂ ਸਿੱਖ ਜਨਤਾ, ਜੋ ਘੱਟ ਪੜ੍ਹੀ ਲਿਖੀ ਸੀ, ਦੀ ਸਹੂਲਤ ਲਈ ਸਿੱਧੀਆਂ ਧਾਰਨਾਂ ਤੇ ਜੋਟੀਆਂ ਰਾਹੀਂ ਗੁਰਬਾਣੀ ਦੇ ਕੀਰਤਨ ਦੀ ਪ੍ਰਪਾਟੀ ਚਾਲੂ ਕੀਤੀ ਗਈ, ਜਿਸ ਵਿਚ ਪਹਿਲਾਂ ਕੀਰਤਨ ਕਰਨ ਵਾਲੇ ਗੁਰਬਾਣੀ ਦੀ ਤੁਕ ਬੋਲਦੇ ਸਨ ਤੇ ਪਿਛੋਂ ਉਹ ਤੁਕ ਸੁਣ ਕੇ ਸਾਰੀ ਸੰਗਤ ਬੋਲਦੀ ਸੀ। ਹੌਲੀ-ਹੌਲੀ ਇਸ ਵਿਚ ਕੱਚੀਆਂ ਧਾਰਨਾ ਲਾਉਣੀਆਂ ਸ਼ੁਰੂ ਹੋ ਗਈਆਂ ਅਤੇ ਖਾਸ ਕਰ ਪਿੰਡਾਂ ਵਿਚ ਬੀਬੀਆਂ, ਸੰਗਤੀ ਰੂਪ ਵਿਚ ਪਹਿਲਾਂ ਕੋਈ ਧਾਰਨਾ ਲਾ ਕੇ ਮਨਘੜਤ ਕੱਚੀ ਤੁਕ ਪੜ੍ਹਦੀਆਂ ਤੇ ਪਿਛੋਂ ਕਿਸੇ ਸ਼ਬਦ ਦਾ ਕੀਰਤਨ ਕਰਦੀਆਂ ਸਨ। ਇਸ ਤਰ੍ਹਾਂ ਗੁਰਬਾਣੀ ਵਿਚ ਮਿਲਗੋਭਾ ਪੈਣਾ ਸ਼ੁਰੂ ਹੋ ਗਿਆ, ਜਿਸ ਦਾ ਕਈ ਦੇਹਧਾਰੀ ਗੁਰੂ ਅਖਵਾਉਣ ਵਾਲੇ ਫਾਇਦਾ ਵੀ ਉਠਾਉਣ ਲੱਗ ਪਏ। ਉਹ ਆਪਣੇ ਮਤਲਬ ਲਈ ਗੁਰਬਾਣੀ ਦੇ ਅਰਥਾਂ ਨੂੰ ਤਰੋੜ ਮਰੋੜ ਕੇ ਆਪਣਾ ਉਲੂ ਸਿੱਧਾ ਕਰਦੇ ਸਨ ਤੇ ਭੋਲੀ ਭਾਲੀ ਸਿੱਖ ਜਨਤਾ ਨੂੰ ਆਪਣੇ ਪਿੱਛੇ ਲਾਅ ਲੈਂਦੇ ਸਨ। ਪੰਥ ਵਿਚ ਆ ਵੜੀ ਇਸ ਕੁਰੀਤੀ ਨੂੰ ਖ਼ਤਮ ਕਰਨ ਲਈ, ਭਾਈ ਸਾਹਿਬ ਜੀ ਨੇ ਸੰਗੀ-ਸਾਥੀਆਂ ਨਾਲ ਮਿਲ ਕੇ ਨਿਰੋਲ ਗੁਰਬਾਣੀ ਦੀ ਕੀਰਤਨ ਦੀ ਪ੍ਰਪਾਟੀ ਸੁਰਜੀਤ ਕੀਤੀ। ਚਾਹੇ ਭਾਈ ਸਾਹਿਬ ਜੀ ਵੀ ਸਿੱਧੀਆਂ ਧਾਰਨਾਂ ਤੇ ਜੋਟੀਆਂ ਵਿਚ ਹੀ ਅੱਗੇ ਪਿੱਛੇ ਬੋਲ ਕੇ ਕੀਰਤਨ ਕਰਦੇ ਸਨ, ਪਰ ਗੁਰਬਾਣੀ ਦੇ ਕੀਰਤਨ ਦੌਰਾਨ, ਗੁਰਬਾਣੀ ਤੋਂ ਬਾਹਰਲੀ ਕੋਈ ਵੀ ਰਚਨਾ ਜੋ ਪੰਥ ਪ੍ਰਵਾਨਿਤ ਨਹੀਂ ਹੈ, ਦੀ ਧਾਰਨਾ ਨਹੀਂ ਲੱਗਦੀ ਸੀ। ਸਮੁੱਚੇ ਪੰਥ ਅੰਦਰ ਜਥਾ ਇਸ ਗਲ ਲਈ ਪ੍ਰਸਿੱਧ ਸੀ ਕਿ ਇਹ ਸਿਰਫ ਨਿਰੋਲ ਗੁਰਬਾਣੀ ਦਾ ਹੀ ਕੀਰਤਨ ਕਰਦੇ ਹਨ ਅਤੇ ਜਿਸ ਤਰ੍ਹਾਂ ਗੁਰਬਾਣੀ ਉਚਾਰੀ ਗਈ ਹੈ ਬਿਨਾਂ ਕਿਸੇ ਅੱਖਰ ਦੇ ਵਾਧੇ ਘਾਟੇ ਕੀਤੇ, ਕੀਰਤਨ ਵੇਲੇ ਉਸੇ ਤਰ੍ਹਾਂ ਹੀ ਗੁਰਬਾਣੀ ਉਚਾਰਦੇ ਹਨ। ਪਰ ਸਮੇਂ ਨਾਲ ਹੁਣ ਜਥੇ ਵਿਚ ਪ੍ਰਚਾਰਕ ਰੁੱਚੀ ਰੱਖਣ ਵਾਲੇ ਕੀਰਤਨੀਆਂ ਨੇ ਇਹ ਪ੍ਰਪਾਟੀ ਖ਼ਤਮ ਕਰਕੇ ਗੁਰਬਾਣੀ ਤੇ ਪ੍ਰਵਾਨਿਤ ਰਚਨਾਵਾਂ ਤੋਂ, ਬਾਹਰ ਦੀਆਂ ਰਚਨਾਵਾਂ ਦਾ ਵੀ ਕੀਰਤਨ ਕਰਨਾ ਸ਼ੁਰੂ ਕਰ ਦਿੱਤਾ ਹੈ, ਇਸ ਤੋਂ ਇਲਾਵਾ, ਜਥੇ ਦੇ ਪ੍ਰਮੁੱਖ ਕੀਰਤਨੀਆਂ ਨੇ ਗੁਰੂ ਸਾਹਿਬਾਨ ਦੇ ਨਾਮ ਨਾਲ ਧੰਨ ਧੰਨ ਲਾ ਕੇ ਗੁਰਬਾਣੀ ਦੇ ਕੀਰਤਨ ਦੌਰਾਨ ਕੱਚੀਆਂ ਧਾਰਨਾ ਵੀ ਲਾਉਣੀਆਂ ਸ਼ੁਰੂ ਕਰ ਦਿੱਤੀਆਂ ਹਨ ਜਿਵੇਂ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ, ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਦਿ। ਹੁਣ ਇਹ ਪ੍ਰਪਾਟੀ ਵੱਧਦੀ-ਵੱਧਦੀ ਗੁਰੂ ਸਾਹਿਬ ਜੀ ਦੇ ਮਾਤਾ ਜੀ, ਮਹਿਲਾਂ ਅਤੇ ਸਾਹਿਬਜ਼ਾਦਿਆਂ ਅਤੇ ਸ਼ਹੀਦਾਂ ਸਿੰਘਾਂ ਦੇ ਨਾਵਾਂ ਨਾਲ ਵੀ ਧੰਨ ਧੰਨ ਲਾ ਕੇ ਇਹ ਕੱਚੀਆਂ ਧਾਰਨਾ ਆਮ ਡੇਰੇਦਾਰਾਂ/ਸੰਤਾਂ ਵਾਂਗ, ਜਥੇ ਵਿੱਚ ਵੀ ਪਹੁੰਚ ਚੁੱਕੀ ਹੈ। ਭਾਈ ਗੁਰਦਾਸ ਜੀ ਦੀ ਵਾਰ ਦੀ ਇਕ ਪਉੜੀ ਦੀ ਅੱਧੀ ਤੁਕ **ਧੰਨ ਗੁਰੂ ਧੰਨ ਗੁਰੂ ਪਿਆਰੇ ਨੂੰ** ਵੀ ਕੀਰਤਨ ਦੇ ਆਰੰਭ ਅਤੇ ਫਿਰ ਵਿਚਕਾਰ ਵਾਰ ਵਾਰ ਧਾਰਨਾ



www.AKJ.Org

ਲਾ ਕੇ ਪੜਿਆ ਜਾਂਦਾ ਹੈ ਜੋ ਕਿ ਗਲਤ ਪ੍ਰਪਾਟੀ ਪੈ ਚੁੱਕੀ ਹੈ। ਜੇਕਰ ਗੁਰਬਾਣੀ ਦੇ ਸਹਿਜ ਪਾਠ ਜਾਂ ਅਖੰਡ ਪਾਠ ਕਰਨ ਵੇਲੇ ਬਿਨਾਂ ਕਿਸੇ ਅੱਖਰ ਦੇ ਵਾਧੇ ਘਾਟੇ ਕੀਤੇ, ਪਾਠ ਕੀਤਾ ਜਾਂਦਾ ਹੈ ਤਾਂ ਗੁਰਬਾਣੀ ਦੇ ਅਖੰਡ ਕੀਰਤਨ ਦੌਰਾਨ ਅਜਿਹਾ ਕਿਉਂ? ਇਸ ਕਰਕੇ ਸ਼ਬਦਾਂ ਨੂੰ ਜੋਟੀਆਂ ਦੀ ਧਾਰਨਾ ਜਾਂ ਰਾਗ ਨਾਲ ਪੜ੍ਹਦਿਆਂ ਬਾਹਰ ਦੀਆਂ ਮਨ ਘੜਤ ਤੇ ਵਾਧੂ ਤੁਕਾਂ ਲਾ ਕੇ ਧਾਰਨਾ ਲਾਉਣੀ ਜਾਂ ਗਾਉਣਾ ਅਯੋਗ ਹੈ। ਸੋ ਸ਼ਬਦ ਦੀ ਤੁੱਕ ਦੀ ਹੀ ਧਾਰਨਾ ਬਣਾਈ ਜਾਵੇ।

ਹ) **ਨਿਰਬਾਣ ਤੇ ਨਿਸ਼ਕਾਮ ਸੇਵਾ** :- ਪੰਡਿਤਾਂ, ਮੌਲਵੀਆਂ ਅਤੇ ਹੋਰ ਧਾਰਮਿਕ ਆਗੂਆਂ ਵਲੋਂ ਆਮ ਸੰਸਾਰੀ ਲੋਕਾਂ ਦੇ ਪੂਜਾ ਪਾਠ ਅਤੇ ਹੋਰ ਧਾਰਮਿਕ ਕਿਰਿਆਵਾਂ ਲਈ ਪੂਜਾ ਲਈ ਜਾਂਦੀ ਸੀ, ਚਾਹੇ ਉਹ ਨਕਦ ਜਾਂ ਕਿਸੇ ਵਸਤੂ ਦੇ ਰੂਪ ਵਿਚ ਹੋਵੇ। ਧਾਰਮਿਕ ਲੁੱਟ ਖਸੁੱਟ ਖੁੱਲ੍ਹ ਕੇ ਕੀਤੀ ਜਾਂਦੀ ਸੀ। ਗੁਰੂ ਸਾਹਿਬਾਨ ਨੇ ਇਸ ਪ੍ਰੰਪਰਾ ਨੂੰ ਖ਼ਤਮ ਕਰਕੇ, ਸਾਰੇ ਧਰਮ ਕਾਰਜ, ਪਾਠ, ਕੀਰਤਨ ਅਤੇ ਹੋਰ ਸਾਰੀਆਂ ਸੇਵਾਵਾਂ ਖ਼ੁਦ ਸੰਗਤਾਂ ਨੂੰ ਆਪ ਕਰਨ ਦੀ ਰੀਤ ਚਲਾਈ। ਗੁਰੂ ਘਰ ਦੇ ਸ਼ਰਧਾਲੂ, ਅਨਿੰਨ ਭਗਤ, ਸਿੱਖ ਸੇਵਕ, ਸਿਪਾਹੀ ਯੋਧੇ ਆਦਿ ਇਹ ਸੇਵਾਵਾਂ ਨਿਰਬਾਣ ਰਹਿ ਕੇ ਨਿਬਾਹੁੰਦੇ ਸਨ ਤੇ ਗੁਰੂ ਸਾਹਿਬ ਜੀ ਦੀਆਂ ਖੁਸ਼ੀਆਂ ਦੇ ਪਾਤਰ ਬਣਦੇ ਸਨ। ਸਿੰਘਾਂ ਦੇ ਜੰਗਲੀਂ ਨਿਵਾਸ ਕਰਨ ਵੇਲੇ ਮਹੰਤ, ਉਦਾਸੀ, ਨਿਰਮਲੇ ਗੁਰੂ ਘਰਾਂ ਵਿਚ ਪ੍ਰਬੰਧਕ ਬਣੇ ਤੇ ਨਾਲ ਹੀ ਪੁਜਾਰੀ ਜਮਾਤ ਵੀ ਪੈਦਾ ਹੋ ਗਈ ਜੋ ਹੱਥੀਂ ਕ੍ਰਿਤ ਕਰਨ ਦੇ ਬਜਾਏ ਆਪਣਾ ਗੁਜ਼ਰਾਨ ਸੰਗਤਾਂ ਦੀਆਂ ਭੇਟਾ ਨਾਲ ਕਰਦੇ ਸਨ ਤੇ ਹੌਲੀ-ਹੌਲੀ ਲਾਲਚੀ ਬਣ ਕੇ ਜਾਇਦਾਦਾਂ ਦੇ ਮਾਲਕ ਵੀ ਬਣਨ ਲੱਗ ਪਏ। ਮਾਇਆ ਦੇ ਪਸਾਰੇ ਅਤੇ ਸੁਖ ਰਹਿਣੀ ਬਿਰਤੀ ਕਾਰਨ ਸਿੱਖ ਸੰਗਤਾਂ ਨੇ ਵੀ ਬ੍ਰਾਹਮਣਾਂ, ਪੰਡਿਤਾਂ ਅਤੇ ਮੌਲਵੀਆਂ ਦੀ ਤਰ੍ਹਾਂ ਆਪਣੇ ਸਾਰੇ ਧਰਮ ਕਾਰਜ ਮਾਇਆ ਖਰਚ ਕੇ ਪਾਠੀਆਂ ਤੇ ਰਾਗੀਆਂ ਕੋਲੋਂ ਕਰਵਾਉਣੇ ਸ਼ੁਰੂ ਕਰ ਦਿੱਤੇ। ਹੁਣ ਤਾਂ ਇਹ ਪੁਜਾਰੀ ਜਮਾਤ ਇਤਨੇ ਪੱਕੇ ਪੈਰੀਂ ਖੜੀ ਹੋ ਗਈ ਹੈ ਕਿ ਇਨ੍ਹਾਂ ਤੋਂ ਬਿਨਾਂ ਕਿਸੇ ਵੀ ਸਿੱਖ ਪ੍ਰੀਵਾਰ ਦੇ ਵਿਆਹ ਸ਼ਾਦੀ, ਮਰਣੇ ਪਰਣੇ, ਮਕਾਨਾਂ ਦੁਕਾਨਾਂ ਦੇ ਮਹੂਰਤ ਸੰਭਵ ਨਹੀਂ ਹਨ ਅਤੇ ਇਨ੍ਹਾਂ ਸੇਵਾਵਾਂ ਦੀ ਕੀਮਤ ਵੀ ਪਹਿਲਾਂ ਹੀ ਬੰਨ੍ਹੀ (ਤਹਿ) ਹੁੰਦੀ ਹੈ। ਗੁਰਸਿੱਖਾਂ ਵਲੋਂ ਆਪਣੀ ਕਿਰਤ ਵਿਚੋਂ ਕੱਢੀ ਦਸਵੰਧ ਦੀ ਮਾਇਆ ਨੂੰ ਪੂਜਾ ਦਾ ਧਾਨ ਬਣਾ ਕੇ ਖਾਣਾ, ਹੱਡ ਗਾਲਣ ਅਤੇ ਬੁੱਧੀ ਭ੍ਰਿਸ਼ਟ ਕਰਨ ਦਾ ਕੰਮ ਕਰਦੀ ਹੈ ਅਤੇ ਜ਼ਹਿਰ ਸਮਾਨ ਹੀ ਹੁੰਦੀ ਹੈ।

ਭਾਈ ਸਾਹਿਬ ਜੀ ਨੇ ਗੁਰਸਿੱਖਾਂ ਨੂੰ ਸੰਗਤਾਂ ਦੇ ਦਸਵੰਧ ਨੂੰ ਖਾਣ ਤੋਂ ਬਚਣ ਲਈ ਪ੍ਰੇਰਿਆ ਤਾਂ ਕਿ ਉਹ ਜ਼ਹਿਰ ਬਣ ਕੇ ਹੱਡ ਨਾ ਗਾਲੇ, ਆਪਣੇ ਸਾਰੇ ਸੰਗੀ ਸਾਥੀਆਂ ਨੂੰ ਗੁਰੂ ਘਰ ਦੀਆਂ ਸਾਰੀਆਂ ਸੇਵਾਵਾਂ ਚਾਹੇ ਉਹ ਸ੍ਰੀ ਅਖੰਡ ਪਾਠ ਸਾਹਿਬ ਹੋਵੇ ਜਾਂ ਕੀਰਤਨ ਅਤੇ ਲੰਗਰ ਦੀ ਸੇਵਾ ਹੋਵੇ ਨਿਰਬਾਣ ਤੇ ਨਿਸ਼ਕਾਮ ਹੋ ਕੇ ਨਿਬਾਹੁਣ ਲਈ ਪ੍ਰੇਰਨਾ ਦਿੱਤੀ ਜੋ ਕਿ ਜਥੇ ਵਿਚ ਹੁਣ ਤੱਕ ਚਲਦੀ ਆ ਰਹੀ ਹੈ। ਜਿਥੇ ਇਹ ਸੇਵਾਵਾਂ, ਬਿਨਾਂ ਕਿਸੇ ਭੇਟਾ ਜਾਂ ਮਾਇਆ ਲੈ ਕੇ ਕਰਨ ਤੋਂ ਵਰਜਿਆ, ਉਥੇ ਹਉਮੈ ਤੋਂ ਬੱਚ ਕੇ, ਨਿਰਬਾਣ ਰਹਿਣ ਦੀ ਵੀ ਤਾਕੀਦ ਕੀਤੀ ਹੈ, ਤਾਂ ਹੀ ਇਸੇ ਜਥੇ ਨੂੰ ਨਿਰਬਾਣ ਕੀਰਤਨੀ ਜਥਾ ਕਿਹਾ ਜਾਂਦਾ ਸੀ। ਨਿਰਬਾਣ ਦਾ ਅਸਲੀ ਭਾਵ ਹੈ ਨਿਮਾਣਾ ਤੇ ਨਿਤਾਣਾ ਬਣ ਕੇ ਰਹਿਣਾ ਅਤੇ ਸਭ ਕੁਝ ਗੁਰੂ ਆਸਰੇ ਕਰਨਾ। ਸੇਵਾਵਾਂ ਤਾਂ ਬਿਨਾਂ ਭੇਟਾ ਲਏ ਜਾਂ ਮਾਇਆ ਰਹਿਤ ਨਿਭਾ ਦਿੱਤੀਆਂ, ਪਰ ਜੇ ਲੋਕਾਂ ਨੂੰ ਬਫਾ ਬਫਾ ਕਿ ਇਹ ਦਸਣਾ ਹੈ ਕਿ ਅਸੀਂ ਨਿਸ਼ਕਾਮ ਸੇਵਾ ਕੀਤੀ ਹੈ ਜਾਂ ਕਰਦੇ ਹਾਂ ਤਾਂ ਇਹ ਸੇਵਾ ਵੀ ਥਾਏਂ ਨਹੀਂ ਪੈਂਦੀ। ਸਾਰੀਆਂ ਸੇਵਾਵਾਂ ਗੁਪਤ ਰਹਿ ਕੇ ਨਿਬਾਹੀਆਂ ਜਾਣੀਆਂ ਚਾਹੀਦੀਆਂ ਹਨ। ਆਮ ਸੰਗਤਾਂ ਵਿਚ ਆਪਣੀ ਪਬਲਿਸਿਟੀ ਕਰਨ ਜਾਂ ਵਡਿਆਈ ਕਰਵਾਉਣ ਤੋਂ ਬਚਣਾ ਚਾਹੀਦਾ ਹੈ। ਭਾਈ ਸਾਹਿਬ ਜੀ ਨੇ ਪੰਥ ਅਤੇ ਦੇਸ਼ ਕੌਮ ਪ੍ਰਤੀ ਜੋ ਵੀ ਸੇਵਾਵਾਂ ਨਿਬਾਹੀਆਂ ਉਸ ਦੀ ਕੋਈ ਪਬਲਿਸਿਟੀ ਨਹੀਂ ਕਰਵਾਈ ਤੇ ਨਾ ਹੀ ਕੋਈ ਮਾਇਕ ਮੁਆਵਜਾ ਲਿਆ ਜਾਂ ਉਸ ਦੀ ਆਸ ਰੱਖੀ।



www.AKJ.Org

**"ਘਾਲ ਖਾਇ ਕਿਛੁ ਹਥਹੁ ਦੇਇ"** ਗੁਰਵਾਕ ਦੀ ਪਾਲਣਾ ਵਾਸਤੇ ਭਾਈ ਸਾਹਿਬ ਜੀ ਨੇ ਜਥੇ ਦੇ ਸਿੰਘਾਂ ਨੂੰ ਕੋਈ ਨਾ ਕੋਈ ਧਰਮ ਦੀ ਕ੍ਰਿਤ ਕਰਨ ਲਈ ਪ੍ਰੇਰਿਆ ਤਾਂ ਕਿ ਉਹ ਆਪਣੀ ਕ੍ਰਿਤ ਕਮਾਈ ਕਰਕੇ ਪ੍ਰੀਵਾਰਾਂ ਦਾ ਗੁਜ਼ਾਰਾ ਚਲਾਉਣ ਲਈ, ਕਿਸੇ ਤੇ ਨਿਰਭਰ ਨਾ ਹੋਣ, ਖਾਸ ਕਰ ਸੰਗਤਾਂ ਦੇ ਦਸਵੰਧ ਤੇ। ਸਾਰੀਆਂ ਸੇਵਾਵਾਂ ਨਿਸ਼ਕਾਮ ਨਿਰਬਾਣ ਹੋ ਕੇ ਨਿਬਾਹੁਣ ਅਤੇ ਆਪਣੀ ਕ੍ਰਿਤ ਕਮਾਈ ਵਿਚੋਂ ਦਸਵੰਧ ਕੱਢ ਕੇ ਲੋੜਵੰਦਾਂ ਗੁਰਸਿੱਖਾਂ ਦੀ ਮਾਇਕ ਸਹਾਇਤਾ ਕਰਨ। ਪੰਥ ਅੰਦਰ ਇਹ ਪ੍ਰਸਿੱਧ ਸੀ ਕਿ ਜਥੇ ਦੇ ਸਾਰੇ ਸਿੰਘ ਗ੍ਰਿਹਸਥੀ, ਕਿਰਤੀ ਅਤੇ ਤੱਤ ਗੁਰਮਤਿ ਅਸੂਲਾਂ, ਰਹਿਤ ਬਹਿਤ ਦੇ ਪੱਕੇ ਧਾਰਨੀ ਹਨ। ਆਮ ਡੇਰਿਆਂ, ਸੰਪਰਦਾਵਾਂ ਵਾਂਗ ਇਥੇ ਵਿੱਹਲੜ ਨਿਖੱਟੂ ਅਤੇ ਸੰਗਤਾਂ ਦੇ ਦਸਵੰਧ ਤੇ ਨਿਰਭਰ ਹੋਣ ਵਾਲੇ ਨਹੀਂ ਮਿਲਦੇ।

ਕ) **ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜੀਦਾਰ ਸਰੂਪ (ਜੁੜਤ ਅੱਖਰਾਂ) ਦੇ ਹਾਮੀ** :- ਗੁਰੂ ਸਾਹਿਬ ਜੀ ਨੇ ਸਮੱਗਰ ਗੁਰਬਾਣੀ ਲੜੀਦਾਰ ਭਾਵ ਜੁੜਤ ਅੱਖਰਾਂ ਵਿੱਚ ਹੀ ਰਚੀ ਹੈ। ਇਹੋ ਰੀਤ ਵੀਹਵੀਂ ਸਦੀ ਦੇ ਆਰੰਭ ਤਾਈਂ ਚੱਲਦੀ ਰਹੀ ਹੈ। ਗੁਰੂ ਘਰ ਦੇ ਪ੍ਰੀਤਵਾਨਾਂ ਨੇ ਜਿੰਨੀਆ ਵੀ ਬੀੜਾਂ ਹੱਥੀਂ ਲਿਖੀਆਂ, ਉਹ ਸਭ ਲੜੀਦਾਰ ਹੀ ਹਨ। ਛਾਪੇਖਾਨੇ ਦੀ ਕਾਢ ਉਪਰੰਤ, ਪ੍ਰਾਈਵੇਟ ਪ੍ਰਕਾਸ਼ਕਾਂ ਨੇ ਸੁਖ ਰਹਿਣੇ ਲੋਕਾਂ ਦੀ ਸਹੂਲਤ ਲਈ, ਗੁਰੂ ਸਾਹਿਬ ਜੀ ਦੇ ਪਦਛੇਦ ਸਰੂਪ ਛਾਪਣੇ ਸ਼ੁਰੂ ਕਰ ਦਿੱਤੇ। ਇਸ ਮਨਮਤ ਵਿਰੁੱਧ ਸ਼੍ਰੋਮਣੀ ਕਮੇਟੀ ਅਤੇ ਚੀਫ਼ ਖਾਲਸਾ ਦੀਵਾਨ ਨੇ ਵੀਹਵੀਂ ਸਦੀ ਦੇ ਅੱਧ ਵਿੱਚ ਗੁਰਮਤੇ ਪਾਸ ਕਰ ਕੇ ਵਿਰੋਧ ਵੀ ਕੀਤਾ। ਅੱਜ ਤਾਈਂ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ, ਸਮੂਹ ਤਖ਼ਤ ਸਾਹਿਬਾਨ ਅਤੇ ਹੋਹ ਇਤਿਹਾਸਕ ਗੁਰਦੁਆਰਿਆਂ ਵਿੱਚ ਲੜੀਦਾਰ ਸਰੂਪ ਹੀ ਪ੍ਰਕਾਸ਼ ਹੁੰਦੇ ਹਨ। ਭਾਈ ਸਾਹਿਬ ਜੀ ਨੇ ਵੀ ਗੁਰਬਾਣੀ ਦੀਆਂ ਲਗਾਂ ਮਾਤਰਾਂ ਦੀ ਵਿਲੱਖਣਤਾ ਪੁਸਤਕ ਵਿੱਚ ਅਨੇਕ ਸਾਵਾਂ ਤੇ ਗੁਰਬਾਣੀ ਨੂੰ ਪਦਛੇਦ ਕਰਨਾ ਇਕ ਘੋਰ ਮਨਮਤ ਲਿਖਿਆ ਹੈ। ਜੱਥੇ ਦੇ ਪ੍ਰਬੰਧ ਹੇਠ ਹੋਣ ਵਾਲੇ ਸਾਰੇ ਕੀਰਤਨ ਸਮਾਗਮਾਂ ਸ੍ਰੀ ਅਖੰਡ ਪਾਠ ਅਤੇ ਅੰਮ੍ਰਿਤ ਸੰਚਾਰ ਵੇਲੇ ਅਤੇ ਅਪਣੇ ਘਰਾਂ ਵਿੱਚ ਲੜੀਵਾਰ ਸਰੂਪ ਹੀ ਪ੍ਰਕਾਸ਼ ਕੀਤੇ ਜਾਂਦੇ ਹਨ।

ਖ) **ਗੁਰੂ ਸਾਹਿਬ ਜੀ ਵੱਲੋਂ ਗੁਰਬਾਣੀ ਵੀ ਸਮਾਪਤੀ ਮੁੰਦਾਵਣੀ ਉੱਪਰ ਹੀ ਕੀਤੀ ਗਈ ਹੈ, ਰਾਗਮਾਲਾ ਗੁਰਬਾਣੀ ਨਹੀਂ ਹੈ** :- ਭਾਈ ਸਾਹਿਬ ਜੀ ਵੱਲੋਂ ਪੁਸਤਕ ਗੁਰਬਾਣੀ ਦੀਆਂ ਲਗਾਂ ਮਾਤਰਾਂ ਦੀ ਵਿਲੱਖਣਤਾ ਦੇ ਪੰਨਾ 469 ਤੋਂ 475 ਤਾਈ ਮੁੰਦਾਵਣੀ ਦੇ ਅਰਥ ਕਰਦਿਆਂ ਸਪੱਸ਼ਟ ਲਿਖਿਆ ਗਿਆ ਹੈ ਕਿ ਗੁਰਬਾਣੀ ਮੁੰਦਾਵਣੀ ਉੱਪਰ ਮੁੰਦੀ ਗਈ ਭਾਵ ਸਮਾਪਿਤ ਕੀਤੀ ਗਈ ਹੈ। ਕੇਵਲ ਰਾਗ ਮਾਲਾ ਦੇ ਹਾਮੀ ਹੀ ਇਸ ਦੇ ਅਰਥ ਤਰੋੜ ਮਰੋੜ ਕੇ ਮੁਦਾਵਣੀ (ਬੁਝਾਰਤ) ਦੇ ਕਰਦੇ ਹਨ। ਰਾਗ ਮਾਲਾ ਨੂੰ ਗੁਰੂ ਕਿਰਤ ਨਾ ਸਮਝਦੇ ਹੋਏ, ਭਾਈ ਸਾਹਿਬ ਜੀ ਦੇ ਵੇਲੇ ਤੋਂ ਹੀ ਜਥੇ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਭੋਗ ਮੁੰਦਾਵਣੀ ਉਪਰ ਹੀ ਪਾਏ ਜਾਂਦੇ ਹਨ ਅਤੇ ਸੰਨ 1945 ਵਿਚ ਕੀਤੇ ਸਟੇਟਸ ਕੋ ਰੱਖਣ ਦੇ ਪੰਥਕ ਫ਼ੈਸਲੇ ਦੀ ਤਾਮੀਲ ਕੀਤੀ ਜਾ ਰਹੀ ਹੈ।

ਗ) **ਗੁਰਬਾਣੀ ਅਕੱਥ ਹੈ, ਇਸ ਦੀ ਅਰਥ ਕਰਨੀ ਕਥਾ ਨਹੀਂ ਹੋ ਸਕਦੀ** :- ਭਾਈ ਸਾਹਿਬ ਜੀ ਨੇ ਸਿੱਖ ਪੰਥ ਅੰਦਰ ਚੱਲ ਰਹੇ ਗੁਰਬਾਣੀ ਦੀ ਕਥਾ ਕਰਨ ਦੇ ਰਿਵਾਜ਼ ਨੂੰ ਨਿਰਾ ਮਨਮੱਤ ਸਿੱਧ ਕਰਨ ਵਾਸਤੇ ਕਥਾ ਕੀਰਤਨ ਨਾਮੀ ਪੁਸਤਕ ਰਚੀ ਹੈ। ਉਹ ਲਿਖਦੇ ਹਨ ਕਿ ਗੁਰਮਤਿ ਅਨੁਸਾਰ ਨਾਮ ਅਭਿਆਸ, ਗੁਰਬਾਣੀ ਦੇ ਪਾਠ ਅਤੇ ਅਖੰਡ ਕੀਰਤਨ ਤੋਂ ਬਿਨਾਂ ਕਿਸੇ ਵੀ ਅਰਥ ਕਰਨੀ ਕਥਾ ਦਾ ਵਿਧਾਨ ਨਹੀਂ ਹੈ। ਸਰਬੱਗਤਾ ਦੇ ਭਾਵ ਵਾਲੀ ਗੁਰਬਾਣੀ ਰੂਪੀ ਅਕੱਥ ਕਥਾ ਨੂੰ ਅਲਪੱਗਤਾ ਵਾਲੀ ਬੁੱਧੀ ਦੁਆਰਾ ਵੀਚਾਰਨਾ ਅਰਥਾਂ ਦੇ ਅਨਰਥ ਕਰਨਾ ਹੈ। ਨਿਰੰਕਾਰ ਦੇ ਦੇਸ਼ ਤੋਂ ਆਈ ਅਗਮ ਅਗੋਚਰੀ ਗੁਰਬਾਣੀ ਦੀ ਗਤਿ ਮਿਤਿ ਗੁਰੂ ਸਾਹਿਬਾਨ ਤੋਂ ਬਿਨਾਂ ਕੌਣ ਜਾਣ ਸਕਦਾ ਹੈ? ਬਸ ਗੁਰਬਾਣੀ ਦਾ ਉਚਾਰਨਾ, ਉਹ ਵੀ ਸ਼ੁੱਧ ਰੂਪ ਵਿੱਚ ਅਤੇ ਅਖੰਡਤਾ ਦੇ ਪ੍ਰਵਾਹ ਵਿੱਚ, ਉਚਾਰੀ ਜਾਣਾ ਹੀ ਗੁਰਮਤਿ ਅਨੁਸਾਰ ਅਕੱਥ ਕਥਾ ਦਾ ਕਥਨਾ ਹੈ। ਵੱਖ ਵੱਖ ਸਰੋਤਾਂ ਤੋਂ ਮਿਲਦੇ, ਗੁਰਬਾਣੀ



www.AKJ.Org

ਦੀ ਕਸਵੱਟੀ ਤੇ ਖਰੇ ਉਤਰਦੇ, ਗੁਰੂ ਘਰ ਦੇ ਇਤਿਹਾਸ ਦੀ ਕਥਾ ਕਰਨੀ ਸਹੀ ਸਿੱਧ ਹੁੰਦਾ ਹੈ। ਗੁਰਬਾਣੀ ਦੇ ਸ਼ੁੱਧ ਉਚਾਰਨ, ਬਿਸਰਾਮ ਚਿੰਨ੍ਹ ਲਾਉਣ, ਸ਼ਬਦ ਜੋੜਾਂ ਦੇ ਨਿਖੇੜ ਦੀ ਸੰਥਿਆ ਲੈਣ ਦਾ ਉੱਦਮ ਧਾਰਨਾ ਵੀ ਯੋਗ ਹੈ। ਇਸ ਮਕਸਦ ਲਈ ਉਨ੍ਹਾਂ ਗੁਰਬਾਣੀ ਦੀਆਂ ਲਗਾਂ ਮਾਤਰਾ ਦੀ ਵਿਲੱਖਣਤਾ ਨਾਮੀ ਇਕ ਪੁਸਤਕ ਵੀ ਲਿਖੀ ਹੈ। ਗੁਰਬਾਣੀ ਦੇ ਪਾਠ ਅਤੇ ਕੀਰਤਨ ਦਾ ਨਿਰੰਤਰ ਪ੍ਰਵਾਹ ਚਲਾਉਣ ਨਾਲ ਆਤਮਿਕ ਅਵਸਥਾ ਉੱਚੀ ਹੋਣ ਤੇ ਅਨੁਭਵ ਰਾਹੀਂ ਆਪੇ ਹੀ ਗੁਰਬਾਣੀ ਦੇ ਅਰਥਾਂ ਦੀ ਸਮਝ ਆਉਣ ਲਗ ਪੈਂਦੀ ਹੈ। ਉਪਰੋਕਤ ਕਾਰਨਾਂ ਕਰਕੇ ਭਾਈ ਸਾਹਿਬ ਜੀ ਨੇ ਕੇਵਲ ਗੁਰਬਾਣੀ ਦੇ ਅਖੰਡ ਪਾਠਾਂ ਤੇ ਅਖੰਡ ਕੀਰਤਨ ਦਾ ਪ੍ਰਵਾਹ ਹੀ ਚਲਾਇਆ। ਕੀਰਤਨ ਦੌਰਾਨ ਜਾਂ ਬਾਅਦ ਵਿੱਚ ਕਦੇ ਵੀ ਗੁਰਬਾਣੀ ਦੇ ਅਰਥਾਂ ਦੀ ਕਥਾ ਨਹੀਂ ਕੀਤੀ ਅਤੇ ਨਾ ਹੀ ਸੁਣੀ। ਅਖੰਡ ਕੀਰਤਨੀ ਜਥੇ ਵੱਲੋਂ ਹੁਣ ਤਾਈਂ ਆਯੋਜਿਤ ਕੀਤੇ ਜਾਣ ਵਾਲੇ ਸਮਾਗਮਾਂ ਤੇ ਇਹ ਪਰੰਪਰਾ ਜਾਰੀ ਰੱਖੀ ਹੋਈ ਹੈ। ਕੇਵਲ ਗੁਰਬਾਣੀ ਦੇ ਅਖੰਡ ਕੀਰਤਨ ਦਾ ਪ੍ਰਵਾਹ ਹੀ ਚਲਾਇਆ ਜਾਂਦਾ ਹੈ, ਕਥਾ ਜਾਂ ਵਿਚਾਰ ਨਹੀਂ ਕੀਤੀ ਜਾਂਦੀ।

ਘ) **ਕੀਰਤਨ ਸਮਾਗਮਾਂ ਸਮੇਂ ਸਾਦੇ ਅਨੰਦ ਕਾਰਜ** :- ਆਮ ਪਿੰਡ ਅਤੇ ਸ਼ਹਿਰਾਂ ਵਿਚ ਅਨੰਦ ਕਾਰਜਾਂ ਸਮੇਂ ਬਹੁਤੇ ਰਸਮੋ ਰਿਵਾਜ਼ ਹਿੰਦੂ ਰੀਤੀਆਂ ਅਨੁਸਾਰ ਹੀ ਹੁੰਦੇ ਹਨ। ਇਸ ਤੋਂ ਇਲਾਵਾ ਰਿਸ਼ਤੇ ਨਾਤੇ ਵੀ ਜਾਤ-ਬਰਾਦਰੀਆਂ ਅਤੇ ਗੋਤਾਂ ਦੇ ਅਧਾਰ ਤੇ ਹੀ ਹੁੰਦੇ ਹਨ। ਵਿਆਹ ਅਤੇ ਸ਼ਗਨ ਸਮੇਂ ਕੀਤੇ ਜਾਂਦੇ ਇਕੱਠਾਂ ਅਤੇ ਦਾਜ ਦਹੇਜ ਤੇ ਵੀ ਚੌਖੀਆਂ ਰਕਮਾਂ ਖਰਚ ਕੀਤੀਆਂ ਜਾਂਦੀਆਂ ਹਨ ਤੇ ਕਈ ਵਾਰੀ ਇਹ ਆਪਣੀ ਵਿੱਤ ਤੋਂ ਬਾਹਰ ਹੁੰਦੀਆਂ ਹਨ ਤੇ ਜਿਸ ਲਈ ਕਰਜ਼ੇ ਵੀ ਚੁੱਕੇ ਜਾਂਦੇ ਹਨ।

ਭਾਈ ਸਾਹਿਬ ਜੀ ਨੇ ਬਿਨਾਂ ਸਾਰੀਆਂ ਕੁਰੀਤੀਆਂ ਤੋਂ ਖਹਿੜਾ ਛਡਾਉਣ ਲਈ ਗੁਰਸਿੱਖ ਬੱਚੇ ਬੱਚੀਆਂ ਦੇ, ਆਨੰਦ ਕਾਰਜ ਜਾਤ ਪਾਤ ਦੇ ਬੰਧਨਾਂ ਤੋਂ ਮੁਕਤ, ਗੁਰਮਤਿ ਮਰਿਯਾਦਾ ਅਨੁਸਾਰ, ਬਿਲਕੁਲ ਸਾਦੇ ਤਰੀਕੇ ਨਾਲ ਜਥੇ ਦੇ ਕੀਰਤਨ ਸਮਾਗਮਾਂ ਵਿੱਚ ਕਰਨ ਦੀ ਪ੍ਰਪਾਟੀ ਚਲਾਈ, ਜੋ ਅਜੇ ਤੱਕ ਕਾਫੀ ਹੱਦ ਤਾਈਂ ਚਲ ਰਹੀ ਹੈ। ਇਹ ਪ੍ਰਪਾਟੀ ਪੰਥ ਲਈ ਇਕ ਨਮੂਨਾ ਹੈ ਜਿਸ ਦੇ ਅਪਨਾਉਣ ਨਾਲ ਅਸੀਂ ਕਈ ਸਮਾਜਿਕ ਬੁਰਿਆਈਆਂ ਤੇ ਫਾਲਤੂ ਰੀਤਾਂ ਰਸਮਾਂ ਰਿਵਾਜ਼ਾਂ ਅਤੇ ਫਜ਼ੂਲ ਖਰਚੀ ਤੋਂ ਬਚ ਸਕਦੇ ਹਾਂ।

ਚ) **ਗੁਰਬਾਣੀ ਕੀਰਤਨ-ਆਤਮਾ ਦੀ ਖੁਰਾਕ**:- ਭਾਈ ਸਾਹਿਬ ਗੁਰਬਾਣੀ ਦੇ ਕੀਰਤਨ ਨੂੰ ਆਪਣੀ ਆਤਮਾ ਦੀ ਖੁਰਾਕ ਸਮਝਦੇ ਸਨ ਤੇ ਗੁਰਬਾਣੀ ਦਾ ਕੀਰਤਨ ਕਰਦੇ/ਸੁਣਦੇ ਕਦੇ ਅੱਕਦੇ/ਥੱਕਦੇ ਨਹੀਂ ਸਨ ਕਿਉਂਕਿ ਇਹ ਉਨ੍ਹਾਂ ਦੀ ਆਤਮਿਕ ਤ੍ਰਿਪਤੀ ਦਾ ਸੋਮਾ ਸੀ। ਆਪ ਜੀ ਕਿਹਾ ਕਰਦੇ ਸਨ ਕਿ ਅਖੰਡ ਪਾਠ ਅਤੇ ਕੀਰਤਨ ਸਮਾਗਮ ਗ੍ਰਿਹਸਥੀਆਂ ਲਈ ਭਜਨ ਗੁਫਾ ਹਨ ਅਤੇ ਉਨ੍ਹਾਂ ਨੂੰ ਘਰ-ਬਾਰ ਛੱਡ ਕੇ ਜੰਗਲਾਂ ਬੇਲਿਆਂ ਵਿਚ ਜਾਣ ਦੀ ਲੋੜ ਨਹੀਂ। ਜਿਸ ਸੰਗਤ ਵਿਚ ਗੁਰਬਾਣੀ ਦਾ ਕੀਰਤਨ ਜਾਂ ਪਾਠ ਹੋ ਰਿਹਾ ਹੋਵੇ, ਉਹ ਸਚਖੰਡ ਹੈ। ਆਪ ਜੀ ਕੀਰਤਨ ਕੇਵਲ ਆਪਣੇ ਮਨ ਪਰਬੋਧਣ ਅਤੇ ਆਤਮਿਕ ਲਾਹੇ ਲਈ ਹੀ ਕਰਦੇ ਸਨ। ਦੂਜਿਆਂ ਨੂੰ ਵਿਖਾਉਣ ਜਾਂ ਪਰਚਾਉਣ ਲਈ ਕੀਰਤਨ ਨਹੀ ਸੀ ਕਰਦੇ। ਇਸੇ ਕਰਕੇ ਉਹ ਉਚੇਚੇ ਤੌਰ ਤੇ, ਦੀਵਾਨ ਸਜਾ ਕੇ ਸਟੇਜਾਂ ਲਾਉਣ ਜਾਂ ਸਜਾਵਟਾਂ ਕਰਨ ਦੇ ਹੱਕ ਵਿਚ ਨਹੀਂ ਸਨ। ਉਨ੍ਹਾਂ ਦੇ ਕੀਰਤਨ ਦਾ ਮੁਖ ਪ੍ਰਯੋਜਨ ਗੁਰੂ ਪਾਤਸ਼ਾਹ ਨੂੰ ਰੀਝਾਉਣਾ ਹੀ ਹੁੰਦਾ ਸੀ ਅਤੇ ਖੁਸ਼ੀਆਂ ਪ੍ਰਾਪਤ ਕਰਨਾ ਹੁੰਦਾ ਸੀ। ਕਾਸ਼ ! ਅਸੀਂ ਵੀ ਉਨ੍ਹਾਂ ਦੇ ਪਾਏ ਹੋਏ ਪੂਰਨਿਆਂ ਤੇ ਚਲ ਸਕੀਏ।



www.AKJ.Org

# ਪੰਥ ਦੀ ਸੋਨਚਿੜੀ
# ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ, ਨਾਰੰਗਵਾਲ

(ਗੁਰਪੁਰਵਾਸੀ ਪ੍ਰਿੰਸੀਪਲ ਗੁਰਮੁਖ ਸਿੰਘ ਜੀ ਪਟਿਆਲਾ)

ਭਾਈ ਸਾਹਿਬ ਰਣਧੀਰ ਸਿੰਘ ਜੀ ਦਾ ਜਨਮ ਨਾਰੰਗਵਾਲ (ਜ਼ਿਲ੍ਹਾ ਲੁਧਿਆਣਾ) ਦੇ ਇਕ ਸਰਦੇ-ਪੁਜਦੇ ਪੜ੍ਹੇ-ਲਿਖੇ ਪਰਿਵਾਰ ਵਿਚ 7 ਜੁਲਾਈ ਸੰਨ 1878 ਨੂੰ ਹੋਇਆ। ਆਪ ਦੇ ਪਿਤਾ ਸ. ਨੱਥਾ ਸਿੰਘ ਜੀ ਨਾਰੰਗਵਾਲ ਦੇ ਹੀ ਨੰਬਰਦਾਰ ਸ. ਬਸਾਵਾ ਸਿੰਘ ਦੇ ਪੁੱਤਰ ਸਨ। ਜਿਨ੍ਹਾਂ ਨੇ ਮੁੱਢਲਾ ਜੀਵਨ ਤਾਂ ਇਕ ਪ੍ਰਾਇਮਰੀ ਸਕੂਲ ਟੀਚਰ ਤੋਂ ਆਰੰਭ ਕੀਤਾ ਪਰ ਆਪਣੀ ਲਗਨ ਅਤੇ ਮਿਹਨਤ ਸਦਕਾ ਨਾਭਾ ਹਾਈ ਕੋਰਟ ਦੇ ਜੱਜ ਦੀ ਪਦਵੀ ਉਤੇ ਸੁਸ਼ੋਭਿਤ ਹੋਏ। ਭਾਈ ਸਾਹਿਬ ਦੇ ਮਾਤਾ ਜੀ, ਸਰਦਾਰਨੀ ਪੰਜਾਬ ਕੌਰ ਜੀ ਗੁਰੂ ਅਰਜਨ ਦੇਵ ਜੀ ਦੇ ਅੰਨਿਨ ਸਿੱਖ, ਭਾਈ ਭਗਤੂ ਜੀ ਦੇ ਪਰਿਵਾਰ ਵਿਚੋਂ ਸਨ। ਪਿਤਾ ਦੇ ਉਚੇ ਅਹੁਦੇ ਉਤੇ ਹੋਣ ਕਰਕੇ ਆਪ ਨੂੰ ਬੀ.ਏ. ਪਾਸ ਕਰਦਿਆਂ ਹੀ ਨਾਇਬ ਤਹਿਸੀਲਦਾਰੀ ਦੀ ਨੌਕਰੀ ਫੌਰਨ ਮਿਲ ਗਈ ਸੀ ਪਰ ਚਿਤ ਉਪਰਾਮ ਰਹਿਣ ਕਰਕੇ ਆਪ ਨੇ ਅਸਤੀਫਾ ਦੇ ਦਿੱਤਾ। ਪਿਤਾ ਤੋਂ ਆਪ ਨੇ ਪੜ੍ਹਾਈ ਅਤੇ ਉੱਚੇ ਅਹੁਦੇ ਉਤੇ ਕੰਮ ਕਰ ਸਕਣ ਦੀ ਯੋਗਤਾ ਦੇ ਗੁਣ ਲਏ। ਦੂਜੇ ਪਾਸੇ ਮਾਤਾ ਪੰਜਾਬ ਕੌਰ ਜੀ ਪਾਸੋਂ ਸਿਖੀ ਸਿਦਕ ਅਤੇ ਗੁਰ ਚਰਨਾਂ ਨਾਲ ਪਿਆਰ ਅਤੇ ਆਪਣਾ ਸਭ ਕੁਝ ਗੁਰੂ ਉਤੇ ਨਿਛਾਵਰ ਕਰਨ ਦੇ ਦੈਵੀ ਗੁਣ ਸਿਖੇ।

ਆਪ ਦੀ ਮੁੱਢਲੀ ਪੜਾਈ ਨਾਭੇ ਵਿਚ ਹੀ ਹੋਈ। ਫਿਰ ਆਪ ਨੇ ਸੰਨ 1896 ਤੋਂ 1900 ਤਕ ਲਾਹੌਰ ਵਿਖੇ ਕਾਲਜ ਦੇ ਪੱਧਰ ਦੀ ਪੜ੍ਹਾਈ ਕਰਕੇ ਬੀ.ਏ. ਪਾਸ ਕੀਤੀ। ਆਪਣੇ ਕਾਲਜ ਸਮੇਂ ਆਪ ਹਾਕੀ ਦੇ ਕਪਤਾਨ ਸਨ। ਉਨੀਂ ਦਿਨੀਂ ਕਾਲਜਾਂ ਵਿਚ ਫਾਰਸੀ ਕਵੀ, ਹਾਫਿਜ਼ ਅਤੇ ਰੂਮ ਦੀਆਂ ਗਜ਼ਲਾਂ ਜਾਂ ਪੰਜਾਬ ਦੇ ਸੂਫ਼ੀ ਕਵੀਆਂ ਦੀਆਂ ਕਵਿਤਾਵਾਂ ਯਾਦ ਕਰਨ ਦਾ ਰਿਵਾਜ ਸੀ। ਆਪ ਇਸ ਸਮੇਂ ਦੌਰਾਨ ਕਵਿਤਾ ਲਿਖਦੇ ਹੁੰਦੇ ਸਨ (ਉਰਦੂ ਅਤੇ ਪੰਜਾਬੀ ਵਿਚ) ਕਾਲਜ ਦੀ ਪੜ੍ਹਾਈ ਦੇ ਸਮੇਂ ਤਕ ਜੇ ਵੇਖਿਆ ਜਾਏ, ਤਾਂ ਭਾਈ ਸਾਹਿਬ ਦੀ ਸਿਖ ਧਰਮ ਬਾਰੇ ਕੋਈ ਦਿਲਚਸਪੀ ਵੇਖਣ ਵਿਚ ਨਹੀਂ ਆਈ। ਉਨੀਂ ਦਿਨੀਂ ਲਾਹੌਰ ਵਿਖੇ ਆਰੀਆ ਸਮਾਜੀਆਂ ਅਤੇ ਸਿੰਘ ਸਭਾ ਦੇ ਪ੍ਰਚਾਰਕਾਂ ਅਤੇ ਈਸਾਈ ਮਿਸ਼ਨਰੀ ਵਾਲਿਆਂ ਵਿਚਕਾਰ ਆਪੋ ਆਪਣੇ ਧਰਮ ਨੂੰ ਉੱਚਾ ਅਤੇ ਬਾਕੀ ਧਰਮਾਂ ਨੂੰ ਘਟੀਆ ਦਿਖਾਉਣ ਦੀ ਹੋੜ ਜੇਹੀ ਲਗੀ ਹੋਈ ਸੀ। ਐਸੇ ਮਾਹੌਲ ਵਿਚ ਭਾਈ ਸਾਹਿਬ ਨੂੰ ਕਿਸੇ ਧਰਮ ਨੇ ਆਪਣੇ ਵੱਲ ਨਾ ਖਿਚਿਆ ਕਿਉਂਕਿ ਪਛਮੀ ਵਿਦਿਆ ਦਾ ਸਭ ਤੋਂ ਮਾਰੂ ਪ੍ਰਭਾਵ ਇਹ ਹੁੰਦਾ ਹੈ ਕਿ ਮਨੁੱਖ ਧਰਮ ਤੋਂ ਮੂੰਹ ਮੋੜ ਬੈਠਦਾ ਹੈ, ਖਾਸ ਕਰਕੇ ਐਸੇ ਮਾਹੋਲ ਵਿਚ ਜਦੋਂ ਹਰ ਧਰਮ ਦੇ ਅਨੁਆਈ ਆਪਣੇ ਧਰਮ ਨੂੰ ਚੰਗਾ ਸਾਬਤ ਕਰਨ ਉਤੇ ਤੁਲੇ ਹੋਏ ਹੋਣ।

ਪਰ ਅਕਾਲ ਪੁਰਖ ਦੇ ਚੋਜ ਨਿਆਰੇ ਹੁੰਦੇ ਹਨ। ਪਿਤਾ ਨੂੰ ਤਾਂ ਆਪਣੇ ਬੇਟੇ ਦੀ ਅਕਾਦਮਿਕ ਰੁਚੀਆਂ ਪ੍ਰਤੀ ਪੂਰਨ ਭਰੋਸਾ ਸੀ ਕਿ ਉਹ ਬੀ.ਏ. ਪਾਸ ਕਰ ਜਾਣਗੇ, ਪਰ ਪਤਾ ਨਹੀਂ ਕਿਉਂ ਅਤੇ ਕਿਸ ਆਧਾਰ ਤੇ ਉਹਨਾਂ ਆਪਣੇ ਬੇਟੇ ਨੂੰ ਜਨਵਰੀ 1900 ਵਿਚ ਇਕ ਪੱਤਰ ਵਿਚ ਜ਼ੋਰਦਾਰ ਤਾਕੀਦ ਕੀਤੀ ਕਿ ਜੇ ਤੂੰ ਬੀ.ਏ. ਵਿਚ ਪਾਸ ਹੋਣਾ ਚਾਹੁੰਦਾ ਹੈ ਤਾਂ ਸਵੇਰੇ ਸ੍ਰੀ ਜਪੁਜੀ ਸਾਹਿਬ ਦਾ ਅਤੇ ਸ਼ਾਮ ਨੂੰ ਰਹਿਰਾਸ ਸਾਹਿਬ ਦਾ ਪਾਠ ਲਾਜ਼ਮੀ ਤੌਰ ’ਤੇ ਕਰਿਆ ਕਰ। ਨਾਲ ਹੀ ਇਕ ਨਿਤਨੇਮ ਦਾ ਗੁਟਕਾ ਵੀ ਭੇਜ ਦਿੱਤਾ। ਇਸ ਦਾ ਭਾਵ ਇਹ ਹੈ ਕਿ ਕਾਲਜ ਦਾਖਲ ਹੋਣ ਤਕ ਜਾਂ ਸੰਨ 1900 ਤਕ ਆਪ ਜੀ ਨੇ ਨਿਤਨੇਮ ਦੀਆਂ ਬਾਣੀਆਂ ਦਾ ਪਾਠ ਕਦੀ ਨਹੀਂ ਸੀ ਕੀਤਾ ਪਰ ਜਦੋਂ ਆਪ ਨੇ ਨਿੱਤਨੇਮ ਦੀਆਂ ਬਾਣੀਆਂ ਦਾ ਲਗਨ ਨਾਲ ਪਾਠ ਕੀਤਾ ਤਾਂ ਕੋਈ ਐਸੀ ਕਲਾ ਵਰਤੀ, ਜੋ ਅਖਰਾਂ ਰਾਹੀਂ ਬਿਆਨ ਨਹੀਂ ਕੀਤੀ ਜਾ ਸਕਦੀ। ਬਾਣੀ


www.AKJ.Org

ਦੇ ਪਾਠ ਨੇ ਆਪ ਦੇ ਕਵੀ ਮਨ ਉਤੇ ਐਸੀ ਅਸਚਰਜ ਛਾਪ ਲਾਈ ਕਿ ਉਹਨਾਂ ਸਾਰੀ ਉਮਰ ਗੁਰਬਾਣੀ ਦਾ ਪਾਠ ਅਤੇ ਕੀਰਤਨ ਨੂੰ ਹੀ ਆਪਣੀ ਆਤਮਾ ਦੀ ਖ਼ੁਰਾਕ ਬਣਾ ਲਿਆ। ਬੀ.ਏ. ਤਾਂ ਆਪ ਨੇ ਸੰਨ 1900 ਵਿਚ ਹੀ ਪਾਸ ਕਰ ਲਈ ਪਰ ਨਾਲ ਹੀ ਗੁਰਬਾਣੀ ਨੂੰ ਹੋਰ ਪ੍ਰੇਮ ਨਾਲ ਅਤੇ ਡੂੰਘਾਈ ਨਾਲ ਪੜ੍ਹਨਾ ਜਾਰੀ ਰੱਖਿਆ।

ਆਪ ਨੇ ਭਾਵੇਂ ਬਾਣੀ ਆਪਣੇ ਸੁਆਰਥ ਲਈ ਪੜ੍ਹਨੀ ਸ਼ੁਰੂ ਕੀਤੀ ਸੀ, ਪਰ ਬਾਣੀ ਦੀ ਪਾਰਸ ਕਲਾ ਨੇ ਆਪ ਦਾ ਜੀਵਨ ਹੀ ਬਦਲ ਕੇ ਰੱਖ ਦਿੱਤਾ। 2 ਅਕਤੂਬਰ 1902 ਵਿਚ ਆਪ ਨੂੰ ਬ੍ਰਿਟਿਸ਼ ਸਰਕਾਰ ਨੇ ਨਾਇਬ ਤਹਿਸੀਲਦਾਰ ਨਿਯੁਕਤ ਕਰਕੇ ਡਾ. ਫਿਸ਼ਰ ਨਾਲ ਦੁ-ਭਾਸ਼ੀਏ ਦੇ ਤੌਰ 'ਤੇ ਪੰਜਾਬ ਦੇ ਮਾਲਵੇ ਦੇ ਇਲਾਕੇ ਵਿਚ ਪਲੇਗ ਦੀ ਰੋਕ-ਥਾਮ ਕੰਮ ਕਰਨ ਲਈ ਭੇਜ ਦਿੱਤਾ। ਪਿਤਾ ਨੇ ਭੀ ਸਰਕਾਰੀ ਨੌਕਰੀ ਕਰ ਲੈਣ ਦੀ ਪ੍ਰਵਾਨਗੀ ਇਸ ਲਈ ਦਿਤੀ ਕਿ ਮਨੁਖਤਾ ਦੀ ਸੇਵਾ ਰੱਬ ਦੀ ਸੇਵਾ ਹੁੰਦੀ ਹੈ। ਭਾਈ ਸਾਹਿਬ ਪਹਿਲਾਂ ਪਹਿਲ ਤਾਂ ਬੜੇ ਖ਼ੁਸ਼ ਹੋਏ ਪਰ ਮਗਰੋਂ ਡਾ. ਫਿਸ਼ਰ ਨਾਲ ਆਏ ਹੋਰ ਮੈਡੀਕਲ ਸਟਾਫ ਵਿਚ ਜਦੋਂ ਆਪ ਨੇ ਕੁਰੱਪਸ਼ਨ ਵੇਖੀਂ ਤਾਂ ਆਪ ਨੇ ਨੌਕਰੀ ਤੋਂ ਅਸਤੀਫਾ ਦੇ ਦਿੱਤਾ। ਇਸ ਥੋੜ੍ਹੇ ਸਮੇਂ ਵਿਚ ਆਪ ਨੇ ਅੰਗਰੇਜ਼ ਸਰਕਾਰ ਦੇ ਸਾਰੇ ਪ੍ਰਬੰਧਕੀ ਢਾਂਚੇ ਵਿਚ ਸਾਰੇ ਪਾਸੇ ਰਿਸ਼ਵਤ ਦਾ ਬਾਜ਼ਾਰ ਗਰਮ ਵੇਖਿਆ। ਇਥੇ ਬਾਹਰੋਂ ਬਾਹਰੋਂ ਤਾਂ ਲੋਕਾਂ ਦੀਆਂ ਅੱਖਾਂ ਵਿਚ ਘੱਟਾ ਪਾਉਣ ਲਈ, ਬ੍ਰਿਟਿਸ਼ ਸਰਕਾਰ ਵਲੋਂ ਦੇਸ਼ ਦੇ ਪਲੇਗ ਤੋਂ ਪੀੜਤ ਜਨਤਾ ਦੀ ਸੇਵਾ ਲਈ, ਇੰਗਲੈਂਡ ਤੋਂ ਉਚੇਚੇ ਡਾਕਟਰ ਮੰਗਵਾਉਣ ਦਾ ਵਿਖਾਵਾ ਕੀਤਾ ਗਿਆ ਸੀ ਕਿ ਅਸੀਂ ਮਨੁਖਤਾ ਦੀ ਸੇਵਾ ਕਰ ਰਹੇ ਹਾਂ, ਪਰ ਇਸ 'ਸੇਵਾ' ਰਾਹੀਂ ਕਈ ਸਰਕਾਰੀ (ਭਾਰਤੀ) ਅਫ਼ਸਰ ਉਪਰੋਂ ਕਮਾਈ ਕਰਨ ਵਿਚ ਲਗੇ ਹੋਏ ਸਨ। ਅੰਗਰੇਜ਼ ਅਫ਼ਸਰਾਂ ਨੂੰ ਗੁਲਾਮ ਭਾਰਤੀ ਡਾਲੀ (ਤੋਹਫੇ) ਭੇਟਾ ਕਰਕੇ ਆਪਣੇ ਨਾਜਾਇਜ਼ ਕੰਮ ਕਰਵਾਉਂਦੇ ਸਨ।

ਭਾਈ ਸਾਹਿਬ ਦੇ ਸ਼ੀਸ਼ੇ ਵਰਗੇ ਸਾਫ਼ ਮਨ ਨੂੰ ਸਰਕਾਰੀ ਪ੍ਰਬੰਧ ਵਿਚ ਰਹਿ ਕੇ ਬਹੁਤ ਦੁਖ ਹੋਇਆ। ਭਾਵੇਂ ਅੰਗਰੇਜ਼ ਅਫਸਰ ਭਾਈ ਸਾਹਿਬ ਦੀਆਂ ਖਰੀਆਂ ਖਰੀਆਂ ਸੁਣ ਕੇ ਖੁਸ਼ ਤਾਂ ਨਹੀਂ ਹੋਏ ਪਰ ਉਹਨਾਂ ਵੇਖ ਲਿਆ ਕਿ ਇਹੋ ਜਿਹੇ ਸਚੇ ਸੁੱਚੇ ਬੰਦੇ ਲਈ, ਜਾ ਧਾਰਮਿਕ ਰੁਚੀਆਂ ਰਖਣ ਵਾਲੇ ਲਈ ਕੁਰੱਪਟ ਸਿਸਟਮ ਵਿਚ ਟਿੱਕ ਸਕਣਾ ਔਖਾ ਹੋਵੇਗਾ। ਇਸ ਲਈ ਆਪ ਦਾ ਅਸਤੀਫਾ ਪਰਵਾਨ ਕਰ ਲਿਆ ਗਿਆ।

ਪਿਤਾ ਤੋਂ ਪ੍ਰਾਪਤ ਕੀਤੇ ਸੰਸਕਾਰਾਂ ਨੇ ਆਪ ਨੂੰ ਅਫਸਰ ਤਾਂ ਬਣਾ ਦਿੱਤਾ ਪਰ ਮਾਤਾ ਪੰਜਾਬ ਕੌਰ ਜੀ ਵਲੋਂ ਬਖ਼ਸ਼ੇ ਸੰਸਕਾਰਾਂ ਨੇ ਆਪ ਦੇ ਮਨ ਵਿਚ ਇਹ ਗੱਲ ਬਿਠਾ ਦਿਤੀ ਕਿ ਦਇਆ, ਦੁਖੀਆਂ ਦੀ ਸੇਵਾ, ਮਨੁਖਤਾ ਦੇ ਭਲੇ ਲਈ ਕੰਮ ਕਰਨਾ (ਪਰਉਪਕਾਰ) ਸੱਚੀ ਸੁਚੀ ਕਿਰਤ ਕਰਨਾ, ਗੁਰਸਿੱਖ ਦਾ (ਫਰਜ਼) ਧਰਮ ਹੁੰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਦਸਾ ਪਾਤਸ਼ਾਹੀਆਂ ਦਾ ਪ੍ਰਗਟ ਸਰੂਪ ਮੰਨ ਕੇ ਮੱਥਾ ਟੇਕਣਾ ਅਤੇ ਸ਼ਰਧਾ ਭਾਵਨੀ ਰਖਣੀ ਇਹ ਭੀ ਆਪ ਨੂੰ ਮਾਤਾ ਦੀ ਸਿਖਿਆ ਰਾਹੀਂ ਪ੍ਰਾਪਤ ਹੋਇਆ। ਪਾਠਕ ਹੈਰਾਨ ਹੋਣਗੇ ਕਿ ਭਾਈ ਸਾਹਿਬ ਨੇ ਜਦੋਂ 2 ਅਕਤੂਬਰ 1902 ਵਿਚ ਡਾਕਟਰ ਫਿਸ਼ਰ ਨਾਲ ਦੁ-ਭਾਸ਼ੀਏ ਲਗੇ ਤਾਂ (ਇਹਨਾਂ ਨਾਲ ਸ਼ਾਇਦ ਇਕ ਸਾਲ ਦੇ ਕਰੀਬ ਰਹੇ) ਉਦੋਂ ਭਾਈ ਸਾਹਿਬ ਨੇ ਡਾ. ਫਿਸ਼ਰ ਦੁਆਰਾ ਉਠਾਏ ਇਸ ਸਵਾਲ – ਕਿ "ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁਤਪ੍ਰਸਤੀ ਨਹੀਂ "ਦਾ ਉੱਤਰ ਇਸ ਛੋਟੇ ਜਿਹੇ ਸਮੇਂ ਵਿਚ ਬੜੇ ਦਲੀਲ-ਸੰਜੁਗਤ ਢੰਗ ਨਾਲ ਦਿੱਤਾ, ਜਿਸ ਨੂੰ ਬਾਅਦ ਵਿਚ (ਸੰਨ 1910 ਵਿਚ) ਕਲਮ-ਬੰਦ ਕੀਤਾ। ਭਾਈ ਸਾਹਿਬ ਜੀ ਦੀ ਲਿਖਤ ਇਹ ਪਲੇਠੀ ਪੁਸਤਕ ਸੀ। ਬਾਕੀ ਸਾਰੀਆਂ ਪੁਸਤਕਾਂ ਇਸ ਤੋਂ ਬਾਅਦ ਹੀ ਲਿਖੀਆਂ ਗਈਆਂ। ਇਹ ਸਭ ਮਾਤਾ ਦੇ ਸੰਸਕਾਰਾਂ ਸਦਕਾ ਸੀ ਕਿ ਆਪ ਨੂੰ ਆਪਣੇ ਇਸ਼ਟ ਉਤੇ ਪੂਰਨ ਭਰੋਸਾ ਸਾਰੀ ਉਮਰ ਬੱਝਾ ਰਿਹਾ। ਹੁੰਦਾ ਤਾਂ ਸਭ ਅਕਾਲ ਪੁਰਖ ਦੇ ਹੁਕਮ ਅੰਦਰ ਹੀ ਹੈ, ਪਰ ਅਸੀਂ ਸੰਸਾਰੀ ਜੀਵਾਂ ਨੂੰ ਕਿਸੇ ਨੇ ਕਿਸੇ ਰਾਹੀਂ ਸੰਸਕਾਰਾਂ ਦੇ ਰੂਪ ਵਿਚ ਮਿਲਦਾ ਹੈ।

ਇਕ ਵਾਰੀ ਆਪ ਪੜ੍ਹਾਈ ਕਾਲ ਦੌਰਾਨ ਲਾਹੌਰ ਵਿਖੇ ਇਕ ਕਰਾਮਾਤੀ ਜਟਾ ਜੂਟ ਸਾਧੂ ਦੇ ਮਗਰ ਹੋ ਤੁਰੇ। ਇਹ ਸ਼ਾਇਦ ਉਹਨਾਂ ਦੇ ਜੀਵਨ ਦੀ ਧਾਰਮਿਕ ਲਾਲਸਾ ਦੀ ਪਹਿਲੀ ਘਟਨਾ ਹੈ। ਸਾਰਾ ਦਿਨ ਉਸ ਸਾਧੂ ਦੇ ਮਗਰ



www.AKJ.Org

ਮਗਰ ਆਪ ਤੁਰਦੇ ਰਹੇ। ਸ਼ਾਮ ਵੇਲੇ ਸਾਧੂ ਇਕ ਥਾਂ ਉਤੇ ਬੈਠ ਕੇ ਸੁਲਫਾ ਪੀਣ ਲੱਗ ਪਿਆ। ਭਾਈ ਸਾਹਿਬ ਅੰਦਰ ਮਾਤਾ ਤੋਂ ਪ੍ਰਾਪਤ ਸਿਖੀ ਦੇ ਸੰਸਕਾਰਾਂ ਨੇ ਉਛਾਲ ਖਾਧਾ। ਇਕ ਦਮ ਆਪ ਉਥੋਂ ਵਾਪਸ ਮੁੜ ਪਏ। ਉਹ ਸਾਧੂ ਆਵਾਜ਼ਾਂ ਮਾਰਦਾ ਰਿਹਾ, ਪਰ ਭਾਈ ਸਾਹਿਬ ਨੇ ਭੋਰਾ ਪਰਵਾਹ ਨਹੀਂ ਕੀਤੀ। ਉਹ ਕਿਸੇ ਅਧਿਆਤਮਕ ਵਿਅਕਤੀ ਨੂੰ, ਜੇ ਉਹ ਸੁਲਫਈ ਹੋਵੇ, ਜਾਂ ਕੋਈ ਹੋਰ ਨਸ਼ਾ ਕਰਦਾ ਹੋਵੇ, ਨੂੰ ਰੂਹਾਨੀ ਮਾਡਲ ਦੇ ਤੌਰ ਤੇ ਪਰਵਾਨ ਕਰਨ ਲਈ ਉੱਕਾ ਤਿਆਰ ਨਹੀਂ ਸੀ। ਦੂਜੇ ਸ਼ਬਦਾਂ ਵਿਚ ਇਉਂ ਆਖਿਆ ਜਾ ਸਕਦਾ ਹੈ ਕਿ ਵਾਹਿਗੁਰੂ ਜੀ ਆਪ ਹੀ ਆਪਣੇ ਸੇਵਕ ਦੇ ਨੇੜੇ ਵਰਤ ਕੇ ਸਹਾਇਤਾ ਕਰਦਾ ਹੈ।

ਅੰਮ੍ਰਿਤ ਪਾਨ ਕਰਨਾ ਹਰ ਸਿੱਖ ਲਈ ਲਾਜ਼ਮੀ ਹੈ। ਸੰਨ 1850 ਤੋਂ 1900 ਤਕ ਦੇ ਸਮੇਂ ਹੀ ਐਸੇ ਸਨ ਕਿ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੇ ਪਤਨ ਤੋਂ ਮਗਰੋਂ ਇਕ ਦਮ ਪਤਿਤ ਪੁਣੇ ਦੀ ਲਹਿਰ ਆਰੰਭ ਹੋ ਗਈ ਸੀ। ਅੰਗਰੇਜ਼ ਸਰਕਾਰ ਸਿੱਖ ਦੀ ਥਾਂ ਮੋਨਿਆਂ ਨੂੰ ਨੌਕਰੀਆਂ ਲਈ ਜ਼ਿਆਦਾ ਤਰਜੀਹ ਦੇਂਦੀ ਸੀ (ਸਿਵਲ ਪ੍ਰਬੰਧ ਵਿਚ) ਹਾਂ ਫੌਜੀ ਪ੍ਰਬੰਧ ਵਿਚ ਅੰਗਰੇਜ਼ ਜਾਣਦਾ ਸੀ ਕਿ ਸਿੱਖਾਂ ਤੋਂ ਜੰਗਜੂ ਕੌਮ ਹੋਣ ਦਾ ਲਾਭ ਉਠਾਇਆ ਜਾ ਸਕਦਾ ਹੈ। ਸੰਨ 1873 ਵਿਚ ਇਸ ਪਤਿਤਪੁਣੇ ਨੂੰ ਠੱਲ ਪਾਉਣ ਲਈ ਸਿੰਘ-ਸਭਾ ਕਾਇਮ ਹੋਈ ਸੀ (ਭਾਈ ਸਾਹਿਬ ਦੇ ਜਨਮ ਤੋਂ 5 ਸਾਲ ਪਹਿਲਾਂ) ਸੰਨ 1903 ਤਕ ਸਿੰਘ ਸਭਾ ਲਹਿਰ ਨੇ ਥਾਂ ਪਰ ਥਾਂ ਅੰਮ੍ਰਿਤ ਸੰਚਾਰ ਸਮਾਗਮ ਕਰਕੇ ਅਨੇਕਾਂ ਪ੍ਰਾਣੀਆਂ ਨੂੰ ਗੁਰਚਰਨਾਂ ਨਾਲ ਜੋੜਿਆ। ਅਸਲ ਗੱਲ ਇਹ ਹੈ ਕਿ ਰਾਜ ਸੱਤਾ ਦੀ ਤਬਦੀਲੀ ਨਾਲ ਸਿੱਖ ਕੌਮ ਵਿਚ ਪਤਿਤ-ਪੁਣੇ ਦੀ ਗਿਣਤੀ ਵੱਧਦੀ ਦੇਖੀ ਗਈ ਹੈ। ਆਜ਼ਾਦੀ ਤੋਂ ਮਗਰੋਂ ਦੇਸ਼ ਉਤੇ ਕਾਂਗਰਸ ਸਰਕਾਰ ਨੇ ਤਕਰੀਬਨ ਅੱਧੀ ਸਦੀ ਤਕ ਰਾਜ ਕੀਤਾ। ਕਾਂਗਰਸ ਦੇ ਉਚ ਅਧਿਕਾਰੀ ਨਹਿਰੂ ਅਤੇ ਪਟੇਲ ਵਰਗੇ ਸਿਖਾਂ ਨੂੰ ਸਿਵਲ ਪ੍ਰਬੰਧ ਵਿਚ ਲੈਣ ਉਤੇ ਖੁਸ਼ ਨਹੀਂ ਸਨ ਹੁੰਦੇ। ਸ. ਕਪੂਰ ਸਿੰਘ ਆਈ.ਸੀ.ਐਸ. ਨੂੰ ਡਿਸਮਿਸ ਕਰਨਾ ਇਕ ਸੰਕੇਤ ਹੈ ਵਰਨਾ ਅੰਗਰੇਜ਼ ਸਮੇਂ ਦੇ ਬਣੇ ਆਈ.ਸੀ.ਐਸ. ਨੂੰ ਡਿਸ-ਮਿਸ ਨਹੀਂ ਸੀ ਕੀਤਾ ਜਾ ਸਕਦਾ, (ਪੜ੍ਹੋ ਸਾਚੀ ਸਾਖੀ ਕ੍ਰਿਤ ਕਪੂਰ ਸਿੰਘ) ਇਸ ਲਈ ਭਾਰਤ ਵਿਚ ਨੌਕਰੀਆਂ ਨਾ ਮਿਲਣ ਕਰਕੇ ਬਹੁਤ ਸਾਰੇ ਸਿੱਖ, ਪਰਿਵਾਰਾਂ ਸਮੇਤ ਇੰਗਲੈਂਡ, ਅਮਰੀਕਾ, ਕੈਨੇਡਾ, ਜਾਂ ਹੋਰ ਦੇਸ਼ਾਂ ਵਿਚ ਮਜ਼ਦੂਰੀ ਲਈ ਜਾ ਵਸੇ। ਉਥੇ ਦੀਆਂ ਸਰਕਾਰਾਂ ਅਤੇ ਪ੍ਰਾਈਵੇਟ ਕੰਪਨੀਆਂ ਵਿਚ ਭੀ ਪਤਿਤ ਸਿੱਖਾਂ ਨੂੰ ਛੇਤੀ ਥਾਂ ਮਿਲ ਜਾਂਦੀ ਸੀ ਪਰ ਅੰਮ੍ਰਿਤਧਾਰੀ ਸਿੱਖਾਂ ਨੂੰ ਕਿਤੇ ਟਾਵੇਂ-ਟਾਵੇਂ ਅਤੇ ਦੇਰ ਨਾਲ। ਇਸ ਦਾ ਨਤੀਜਾ ਇਹ ਨਿਕਲਿਆ ਕਿ ਗੁਰੂ ਸਾਹਿਬਾਨ ਨੇ ਜੋ ਸਰੂਪ ਖਾਲਸੇ ਨੂੰ ਇਤਨੀਆਂ ਕੁਰਬਾਨੀਆਂ ਕਰਨ ਤੋਂ ਮਗਰੋਂ ਦਿੱਤਾ ਸੀ, ਉਸ ਸਰੂਪ ਨੂੰ ਦੁਨਿਆਵੀ ਲੋੜਾਂ ਦੀ ਪੂਰਤੀ ਲਈ, ਸਾਡੀ ਕੌਮ ਦੇ ਵੱਡੇ ਹਿਸੇ ਨੇ ਵਿਗਾੜ ਕੇ ਰੱਖ ਦਿੱਤਾ। ਹੁਣ ਵਿਦੇਸਾਂ ਵਿਚ ਉਹ ਕਲੀਨ ਸ਼ੇਵਨ ਸਿੱਖ ਅਖਵਾਉਣ ਵਿਚ ਮਾਣ ਮਹਿਸੂਸ ਕਰਦੇ ਹਨ। ਵਿਦੇਸਾਂ ਵਿਚ ਉਹੀ ਪਤਿਤ ਸਿਖ ਗੁਰਦੁਆਰਿਆਂ ਵਿਚ ਪ੍ਰਧਾਨ ਜਾਂ ਸਕੱਤਰ ਭੀ ਬਣੇ ਹੋਏ ਹਨ।

ਬਹੁਤਾ ਲਾਂਭੇ ਨਾ ਜਾਂਦੇ ਹੋਏ ਭਾਈ ਸਾਹਿਬ ਦੇ ਸਮੇਂ ਪਤਿਤਪੁਣੇ ਦੀ ਭੀ ਇਹੋ ਸਮੱਸਿਆ ਸੀ। ਜੂਨ 1903 ਨੂੰ ਸਿੰਘ ਸਭਾ ਦੇ ਸੇਵਕਾਂ ਵਲੋਂ ਅਖਬਾਰਾਂ ਰਾਹੀਂ ਐਲਾਨ ਹੋਇਆ ਕਿ ਪਿੰਡ ਬਕਾਪੁਰ ਨੇੜੇ ਫਿਲੌਰ, ਭਾਰੀ ਅੰਮ੍ਰਿਤ ਸੰਚਾਰ ਸਮਾਗਮ ਹੋਵੇਗਾ ਜਿਸ ਵਿਚ ਇਕ ਮੁਸਲਮਾਨ ਮੌਲਵੀ ਕਰੀਮ ਬਖ਼ਸ਼ ਆਪਣੇ ਪਰਿਵਾਰ ਸਹਿਤ ਸਿੰਘ ਸਜੇਗਾ। ਇਕ ਮੁਸਲਮਾਨ ਨਾਲ ਇਕੋ ਬਾਟੇ ਵਿਚ ਪਾਹੁਲ ਦੇ ਘੁਟ ਭਰਨੇ ਜਾਂ ਦੇਗ ਛਕਣੀ, ਉਸ ਸਮੇਂ ਦੇ ਸਿਖ ਸਮਾਜ ਨੂੰ ਇਸ ਲਈ ਪ੍ਰਵਾਨ ਨਹੀਂ ਸੀ ਕਿਉਂਕਿ ਬ੍ਰਾਹਮਣ ਵਲੋਂ ਜਾਤੀ-ਵੰਡ ਦੇ ਬੀਜੇ ਬੀਜ, ਸਿਖ ਸਮਾਜ ਅੰਦਰ ਭੀ ਉਸ ਵੇਲੇ ਵੀ ਹਰੇ ਭਰੇ ਸਨ। ਇਹ ਬੀਜ ਤਾਂ ਪੂਰੇ ਸੌ ਸਾਲ ਮਗਰੋਂ ਅੱਜ ਭੀ ਹਰੇ ਦੇ ਹਰੇ ਹਨ ਭਾਵੇਂ ਗੁਰਬਾਣੀ ਨੂੰ ਪੜ੍ਹਨ ਅਤੇ ਮੰਨਣ ਵਾਲਿਆਂ ਨੂੰ ਜਾਤ-ਪਾਤ ਤੋਂ ਉਪਰ ਉਠ ਜਾਣਾ ਚਾਹੀਦਾ ਸੀ। ਮੁਸਲਮਾਨ ਨੂੰ ਬ੍ਰਾਹਮਣ ਦੇ ਕਹੇ ਤੇ ਹਿੰਦੂ ਉਸਨੂੰ ਅਛੂਤ ਨਾਲੋਂ ਭੀ ਹੇਠਲਾ ਮਲੇਛ ਦਾ ਦਰਜਾ ਦਿੰਦੇ ਸਨ। ਦਲਿਤ ਜਾਂ ਅਛੂਤਾਂ ਨੂੰ ਤਾਂ ਧਰਮ ਗ੍ਰੰਥਾਂ ਨੂੰ ਪੜ੍ਹਨ ਜਾਂ ਮੰਦਰਾਂ ਵਿਚ ਉਚਾਰੇ ਜਾਣ ਵਾਲੇ ਮੰਤਰ ਜਾਂ ਵੇਦ ਪਾਠ ਆਦਿ ਦੇ ਸੁਣਨ ਤੋਂ ਭੀ ਮਨਾਹੀ ਸੀ। ਗੁਰੂ ਨਾਨਕ ਦੇ ਘਰ ਵਿਚ ਆ



www.AKJ.Org

ਕੇ ਬਿਨਾਂ ਕਿਸੇ ਕਿਸਮ ਦੇ ਜ਼ਾਤ ਦੇ ਵਿਤਕਰੇ ਦੇ, ਪਾਹੁਲ (ਅੰਮ੍ਰਿਤ) ਪਾਨ ਕਰਨ ਦਾ ਸਾਰੀ ਮਨੁਖਤਾ ਨੂੰ ਅਧਿਕਾਰ ਦੇਣਾ, ਇਹ ਕੇਵਲ ਗੁਰੂ ਨਾਨਕ ਸਾਹਿਬ ਦੇ ਹਿੱਸੇ ਵਿਚ ਹੀ ਆਇਆ ਹੈ।

ਖ਼ੈਰ ਐਸੇ ਉਪਰੋਕਤ ਅਖ਼ਬਾਰੀ ਇਸ਼ਤਿਹਾਰਾਂ ਨੂੰ ਪੜ੍ਹ ਕੇ ਜ਼ਾਤ-ਪਾਤ ਦੀ ਕੈਦ ਵਿਚ ਜਕੜੇ, ਅਨੇਕਾਂ ਸਿੱਖ ਬਕਾਪੁਰ ਦੇ ਅੰਮ੍ਰਿਤ ਸੰਚਾਰ ਸਮਾਗਮ ਵਿਚ ਸ਼ਾਮਲ ਇਸ ਲਈ ਨਹੀਂ ਹੋਏ ਕਿਉਂਕਿ ਉਸ ਵਿਚ ਇਕ ਮੁਸਲਮਾਨ ਅਤੇ ਹੋਰ ਦਲਿਤਾਂ ਦੇ ਪਰਿਵਾਰ ਭੀ ਅੰਮ੍ਰਿਤ ਛੱਕਣ ਜਾ ਰਹੇ ਸਨ। ਦਸਿਆ ਜਾਂਦਾ ਹੈ ਕਿ ਅੰਮ੍ਰਿਤਪਾਨ ਕਰਨ ਤੋਂ ਪਹਿਲਾਂ ਭਾਈ ਸਾਹਿਬ ਨੇ ਕਾਲਜ ਦੀ ਪੜ੍ਹਾਈ ਤੋਂ ਫਾਰਗ਼ ਹੋ ਕੇ ਸਿੱਖ ਧਰਮ ਬਾਰੇ ਪ੍ਰਾਪਤ ਲਿਟਰੇਚਰ ਪੜ੍ਹਿਆ ਤੇ ਫਿਰ 14 ਜੂਨ 1903 ਨੂੰ ਬਕਾਪੁਰ ਦੇ ਅੰਮ੍ਰਿਤ ਸੰਚਾਰ ਸਮਾਗਮ ਵਿਚ ਹਾਜ਼ਰ ਹੋ ਕੇ ਆਪ ਗੁਰੂ ਵਾਲੇ ਬਣੇ। ਜਦੋਂ ਪਿੰਡ ਵਾਪਸ ਮੁੜੇ ਤਾਂ ਪਿੰਡ ਵਾਸੀਆਂ ਨੇ ਆਪ ਦਾ ਸਮਾਜਿਕ ਬਾਈਕਾਟ ਕੀਤਾ ਕਿ ਆਪ ਨੇ ਇਕ ਮਲੇਛ ਨਾਲ ਅੰਮ੍ਰਿਤਪਾਨ ਕਿਉਂ ਕੀਤੈ ? ਭਾਈ ਸਾਹਿਬ ਦੇ ਜੱਦੀ ਘਰ ਵਿਚ ਇਕ ਖ਼ੂਹੀ ਹੋਇਆ ਕਰਦੀ ਸੀ ਜਿਸ ਦਾ ਅੱਧਾ ਹਿੱਸਾ ਵੇਹੜੇ ਦੀ ਦੀਵਾਰ ਤੋਂ ਬਾਹਰਵਾਰ ਹੁੰਦਾ ਸੀ ਤੇ ਬਾਕੀ ਦਾ ਅੱਧਾ ਹਿੱਸਾ ਅੰਦਰਵਾਰ ਹੁੰਦਾ ਸੀ। ਖ਼ੂਹੀ ਦੇ ਬਾਹਰਲੇ ਹਿੱਸੇ ਵਿਚੋਂ ਸਾਰਾ ਗਲੀ-ਗੁਆਂਢ ਪਾਣੀ ਭਰਦਾ ਹੁੰਦਾ ਸੀ। ਭਾਈ ਸਾਹਿਬ ਦੇ ਅੰਮ੍ਰਿਤ ਛਕਣ ਸਾਰ ਗਲੀ-ਗੁਆਂਢ ਨੇ ਆਪ ਦੇ ਘਰ ਦੀ ਖ਼ੂਹੀ ਵਿਚੋਂ ਪਾਣੀ ਲੈਣਾ ਬੰਦ ਕਰ ਦਿੱਤਾ। ਭਾਵ ਇਹ ਸੀ ਕਿ ਪਿੰਡ ਨਾਰੰਗਵਾਲ ਦੇ ਉਸ ਸਮੇਂ ਦੇ ਲੋਕ, ਭਾਈ ਸਾਹਿਬ ਨੂੰ 'ਅੰਮ੍ਰਿਤਧਾਰੀ-ਅਛੂਤ' ਸਮਝਦੇ ਸਨ। ਭਾਈ ਸਾਹਿਬ ਨੇ ਭੀ ਐਲਾਨ ਕਰ ਦਿੱਤਾ ਕਿ ਅੱਜ ਤੋਂ ਬਾਅਦ ਸਾਡੀ ਬੇਅੰਮ੍ਰਿਤੀਆਂ ਨਾਲ ਰੋਟੀ ਬੇਟੀ ਦੀ ਸਾਂਝ ਖ਼ਤਮ ਸਮਝੀ ਜਾਏ। ਜੇਲ੍ਹ ਜਾਣ ਦੀਆਂ ਸਖ਼ਤ ਸਜ਼ਾਵਾਂ ਦੇ ਬਾਵਜ਼ੂਦ ਜੇਲ੍ਹ ਦੇ ਕਾਨੂੰਨ ਵਿਚ ਸਰਕਾਰ ਨੂੰ, ਭਾਈ ਸਾਹਿਬ ਦੇ ਉਪਰੋਕਤ ਅਸੂਲ (ਕਿ ਅਸੀਂ ਅੰਮ੍ਰਿਤਧਾਰੀ ਦੇ ਹੱਥ ਦਾ ਪ੍ਰਸ਼ਾਦਾ ਹੀ ਛਕਣਾ ਹੈ) ਨੂੰ ਮੁਖ ਰਖਦਿਆਂ ਜੇਲ-ਮੈਨੂਅਲ ਵਿਚ ਤਬਦੀਲੀ ਕਰਨੀ ਪਈ। ਜੇਲ੍ਹ ਦੀ ਉਮਰ ਕੈਦ ਵਿਚ ਭੀ ਆਪ ਨੇ ਸਰਬ ਲੋਹ ਬਿਬੇਕ ਉਤੇ ਕਰੜਾ ਪਹਿਰਾ ਦਿੱਤਾ ਜੋ ਕਿਸੇ ਮਾੜੇ-ਧੀੜੇ ਬੰਦੇ ਦਾ ਕੰਮ ਨਹੀਂ।

ਸੰਨ 1903 ਤੋਂ 1914 ਵਿਚਕਾਰ ਕਈ ਘਟਨਾਵਾਂ ਸਿਆਸੀ ਪੱਧਰ ਉਤੇ ਐਸੀਆਂ ਘਟੀਆਂ ਕਿ ਭਾਈ ਸਾਹਿਬ ਨੂੰ ਕਠੋਰ ਨਿਰਣਾ ਲੈਣਾ ਪਿਆ। ਜੋ ਮਨੁਖ ਬੀ.ਏ. ਤਕ ਪੜ੍ਹਿਆ, ਫਿਰ ਸਿਖ ਘਰਾਣੇ ਦਾ ਜਮ-ਪਲ ਹੋਵੇ ਅਤੇ ਅੰਮ੍ਰਿਤਧਾਰੀ ਹੋਵੇ ਉਹ ਭਲਾ ਸਿੱਖ ਕੌਮ ਨਾਲ ਬ੍ਰਿਟਿਸ਼ ਸਰਕਾਰ ਵਲੋਂ ਕੀਤਾ ਜਾ ਰਿਹਾ ਧੱਕਾ ਕਿਵੇਂ ਬਰਦਾਸ਼ਤ ਕਰ ਸਕਦਾ ਹੈ ? ਫਿਰ ਜੁਆਨੀ ਅਵਸਥਾ ਸੀ। ਜਨਵਰੀ 1914 ਵਿਚ ਸ੍ਰੀ ਰਕਾਬ ਗੰਜ ਗੁਰਦੁਆਰੇ ਸਾਹਿਬ ਦੀ ਕੰਧ ਢਾਹ ਕੇ, ਰੋੜੀ ਕੁੱਟ ਕੇ, ਕੰਧ ਵਾਲੀ ਥਾਂ ਸੜਕ ਵਿਚ ਸ਼ਾਮਲ ਕਰ ਲੈਣ ਦੀ ਸਰਕਾਰੀ ਹਰਕਤ ਨੇ ਮਾਨੋਂ ਭਾਈ ਸਾਹਿਬ ਦੇ ਕੋਮਲ ਹਿਰਦੇ ਉਤੇ ਅਸਹਿ ਸੱਟ ਮਾਰੀ। ਆਪਣੇ ਜੱਦੀ ਪਿੰਡ ਨਾਰੰਗਵਾਲ ਤੋਂ ਸੰਗਤ ਤੱਤ-ਖ਼ਾਲਸਾ ਨਾਮ ਹੇਠ ਵਾਈਸਰਾਏ ਹਿੰਦ ਨੂੰ ਰੋਸ ਪ੍ਰਗਟ ਕਰਨ ਹਿੱਤ, ਆਪਨੇ ਤਾਰ ਭੇਜ ਦਿਤੀ।

ਉਹ ਦੀਵਾਰ 400 ਫੁੱਟ ਲੰਬੀ, 2 ਫੁੱਟ ਚੌੜੀ ਅਤੇ 11 ਫੁੱਟ ਉੱਚੀ ਸੀ। ਸਰਕਾਰ ਨੇ ਗੁਰਦੁਆਰੇ ਦੀ ਕਰੀਬ 50 ਬਿਘੇ ਜ਼ਮੀਨ ਨੂੰ ਕਬਜ਼ੇ ਵਿਚ ਲੈ ਕੇ ਸੜਕ ਵਿਚ ਸ਼ਾਮਲ ਕਰ ਲਈ। ਸਿੱਖ ਸੰਗਤਾਂ ਵਿਚ ਰੋਸ ਦੀ ਲਹਿਰ ਦੌੜ ਗਈ। ਜਨਵਰੀ 1914 ਵਿਚ ਸਿੱਖ ਐਜੂਕੇਸ਼ਨ ਕਾਨਫ਼ਰੰਸ ਜਲੰਧਰ ਵਿਖੇ ਹੋਈ, ਜਿਸ ਵਿਚ ਚੀਫ਼ ਖ਼ਾਲਸਾ ਦੀਵਾਨ ਦੇ ਚੀਫ਼ੀਏ ਸਰਕਾਰ ਦੇ ਇਸ ਕਦਮ ਨੂੰ ਸਿੱਖਾਂ ਦੇ ਭਲੇ ਲਈ ਹੈ, ਦੱਸਣ ਲੱਗ ਪਏ ਪਰ ਸ. ਹਰਿਚੰਦ ਸਿੰਘ ਲਾਇਲਪੁਰੀ ਅਤੇ ਸ. ਹਰਬੰਸ ਸਿੰਘ ਅਟਾਰੀ ਰੋਸ ਵਜੋਂ ਕਾਨਫ਼ਰੰਸ ਵਿਚੋਂ ਉਠ ਕੇ ਚਲੇ ਗਏ। ਸ. ਹਰਚੰਦ ਸਿੰਘ ਹੋਰਾਂ ਦੇ ਸਹਿਯੋਗ ਨਾਲ ਭਾਈ ਸਾਹਿਬ ਨੇ ਮਾਝੇ ਦੇ ਪੱਟੀ ਨਗਰ ਵਿਖੇ 13 ਅਪ੍ਰੈਲ 1914 ਨੂੰ ਪੰਥਕ ਕਾਨਫ਼ਰੰਸ ਕੀਤੀ। ਫਿਰ ਲਾਹੌਰ ਲੰਡੇ ਮੰਡੀ ਮਿਤੀ 30 ਮਈ 1914 ਨੂੰ ਪੰਥਕ ਦੀਵਾਨ ਕੀਤਾ। ਕਿਹਾ ਜਾਂਦਾ ਹੈ ਕਿ ਪੰਜਾਬ ਉਤੇ ਅੰਗਰੇਜ਼ਾਂ ਦੇ ਕਬਜੇ ਕਰਨ ਤੋਂ ਮਗਰੋਂ, ਇਥੇ ਪਹਿਲੀ ਵਾਰੀ ਇਤਨੀ ਵੱਡੀ ਪੱਧਰ ਉਤੇ ਰੋਸ-ਮੁਜ਼ਾਹਰਾ ਹੋਇਆ ਸੀ। ਇਥੇ ਇਹ ਮਤਾ ਪਾਸ ਕੀਤਾ ਗਿਆ ਕਿ ਸਿੱਖਾਂ ਦੇ ਗੁਰਧਾਮ ਨੂੰ ਜੇ ਛੇੜਿਆ ਗਿਆ ਤਾਂ ਇਸਦੇ ਸਿੱਟੇ ਗੰਭੀਰ ਹੋਣਗੇ। ਭਾਈ ਸਾਹਿਬ ਨੇ ਤਾਂ ਉਥੇ



www.AKJ.Org

ਇਹ ਐਲਾਨ ਭੀ ਕਰ ਦਿੱਤਾ ਕਿ ਉਹ ਆਪਣੇ ਜੱਥੇ ਸਮੇਤ ਉਥੇ ਸ਼ਹੀਦੀ ਦੇਣ ਲਈ ਜਾਣਗੇ। ਭਾਈ ਸਾਹਿਬ ਜੀ ਨੇ ਇਕੱਤਰ ਸੰਗਤਾਂ ਨੂੰ ਅੰਗਰੇਜ਼ਾਂ ਵਲੋਂ ਗੁਰਧਾਮਾਂ ਨਾਲ ਛੇੜਖਾਨੀ ਕਰਨ ਦੇ ਰੁਝਾਨ ਤੋਂ ਖ਼ਬਰਦਾਰ ਕੀਤਾ। ਸੰਗਤਾਂ ਵਿਚ ਅੰਗਰੇਜ਼ ਸਰਕਾਰ ਪ੍ਰਤੀ ਬਹੁਤ ਰੋਸ ਜਾਗਿਆ ਹੋਇਆ ਸੀ। ਅੰਗਰੇਜ਼ ਸਰਕਾਰ ਨੂੰ ਇਤਨੇ ਵੱਡੇ ਪੱਧਰ ਉਤੇ ਰੋਸ ਜਾਗਣ ਦੀ ਆਸ ਨਹੀਂ ਸੀ। ਉਹਨਾਂ ਇਹ ਸਾਰੀ ਕਾਰਵਾਈ ਵਾਈਸਰਾਏ ਹਾਊਸ (ਹੁਣ ਰਾਸ਼ਟਰਪਤੀ ਭਵਨ) ਦੀ ਸੁਰੱਖਿਆ ਨੂੰ ਮੁਖ ਰਖਦਿਆਂ ਕੀਤੀ ਸੀ। ਪਰ ਸਰਕਾਰ ਨੂੰ ਰੋਸ ਅਗੇ ਝੁਕਣਾ ਪਿਆ ਤੇ ਆਖ਼ਰ ਉਹ ਦੀਵਾਰ ਮੁੜ ਕੇ ਸਰਕਾਰ ਨੂੰ ਆਪਣੇ ਖ਼ਰਚ ਉੱਤੇ ਉਸਾਰਨੀ ਪਈ। ਪਰ ਇਸ ਸਾਰੇ ਕਾਂਡ ਪਿਛੋਂ ਭਾਈ ਸਾਹਿਬ ਸਰਕਾਰ ਦੀਆਂ ਨਜ਼ਰਾਂ ਵਿਚ ਰੜਕਣ ਲਗ ਪਏ।

ਭਾਈ ਸਾਹਿਬ ਨੇ ਸੰਨ 1903 ਤੋਂ ਮਗਰੋਂ ਸੰਨ 1913 ਤਕ ਸਿੱਖ ਸੰਗਤਾਂ ਵਿਚ ਸਿਖ ਧਰਮ ਦੀ ਗੌਰਵਤਾ ਦਾ ਪ੍ਰਚਾਰ ਕੀਤਾ ਪਰ ਅਚਾਨਕ ਸੰਨ 1914 ਦੀਆਂ ਕੁਝ ਘਟਨਾਵਾਂ ਨੇ ਆਪ ਦਾ ਕਾਰਜ ਖੇਤਰ ਹੀ ਬਦਲ ਕੇ ਰੱਖ ਦਿੱਤਾ। ਗੁਰਦੁਆਰੇ ਦੀ ਜ਼ਮੀਨ ਉਤੇ ਨਜਾਇਜ਼ ਕਬਜ਼ਾ, ਘਰ ਘਰ ਤਲਾਸ਼ੀਆਂ ਲੈਣੀਆਂ, ਬਿਨਾਂ ਕਾਰਣ ਦਸੇ ਫੜ ਕੇ ਹਵਾਲਾਤ ਵਿਚ ਪਾ ਦੇਣਾਂ, ਦੇਸ਼ ਨਿਕਾਲਾ ਆਦਿ ਗੁਲਾਮ ਹੋਏ ਭਾਰਤੀਆਂ ਨੂੰ ਸਬਕ ਸਿਖਾਉਣ ਦੇ ਹੱਥ ਕੰਡੇ ਉਦੋਂ ਦੇ ਭਾਰਤੀ ਪੁਲਸ ਨੂੰ ਵਿਰਸੇ ਵਿਚ ਮਿਲੇ ਹੋਏ ਹਨ। ਇਸ ਲਈ ਪ੍ਰਸ਼ਾਸਨ ਦੀਆਂ ਇਹੋ ਜਿਹੀਆਂ ਜ਼ਿਆਦਤੀਆਂ ਵਿਰੁਧ ਆਵਾਜ਼ ਉਠਾਉਣ ਵਿਚ ਭਾਈ ਸਾਹਿਬ ਕਿਵੇਂ ਪਿਛੇ ਰਹਿ ਸਕਦੇ ਸਨ ?

"ਕਾਮਾਗਾਟਾ ਮਾਰੂ" ਸਮੁੰਦਰੀ ਜਹਾਜ਼ ਦੇ ਕੈਨੇਡਾ ਤੋਂ ਪਰਤੇ ਮੁਸਾਫਰ ਜਦੋਂ ਬਜ-ਬਜ ਘਾਟ ਉਤੇ ਉਤਰੇ ਤਾਂ ਪੁਲਸ ਨੇ ਉਹਨਾਂ ਬੇਕਸੂਰਾਂ ਨੂੰ ਗੋਲੀਆਂ ਨਾਲ ਭੁੰਨ ਸੁੱਟਿਆ। ਇਸ ਵਿਚ ਬਹੁਤੇ ਮੁਸਾਫਰ ਪੰਜਾਬ ਦੇ ਸਿਖ ਸਨ। ਜਿਹੜੇ ਇਸ ਕਤਲੇ-ਆਮ ਤੋਂ ਬਚ ਕੇ ਪੰਜਾਬ ਪੁਜੇ ਤਾਂ ਪੰਜਾਬ ਵਿਚ ਭੀ ਸੰਨ 1857 ਦੇ ਗ਼ਦਰ ਵਰਗੇ ਹਾਲਾਤ ਪੈਦਾ ਹੋ ਗਏ ਸਨ। ਭਾਈ ਸਾਹਿਬ ਜੀ ਸਿਖ ਇਤਿਹਾਸ ਦੇ ਗੌਰਵ ਨੂੰ ਮੁਖ ਰਖਦਿਆਂ, ਅੰਗਰੇਜ਼ਾਂ ਦੀਆਂ ਇਸ ਕਿਸਮ ਦੀਆਂ ਕਾਰਵਾਈਆਂ ਦੇ ਸਖ਼ਤ ਵਿਰੁਧ ਸਨ। ਆਪਦਾ ਗਦਰੀ ਸਿੱਖਾਂ ਨਾਲ ਮੇਲ-ਜੋਲ ਹੋਣਾ ਸੁਭਾਵਕ ਸੀ ਕਿ ਕਿਸੇ ਨਾ ਕਿਸੇ ਤਰ੍ਹਾਂ ਅੰਗਰੇਜ਼ ਨੂੰ ਭਾਰਤ ਵਿਚੋਂ ਕੱਢ ਦੇਣਾ ਚਾਹੀਦਾ ਹੈ। ਜ਼ਿਆਦਾ ਵਿਸਥਾਰ ਵਿਚ ਨਾ ਜਾਂਦੇ ਹੋਏ, ਇਸ ਵੇਲੇ ਭਾਈ ਸਾਹਿਬ ਦੇ ਸਾਹਮਣੇ ਦੋ ਹੀ ਰਸਤੇ ਸਨ - ਕੇਵਲ ਪ੍ਰਭੂ ਭਗਤੀ ਜਾਂ ਫਿਰ ਦੇਸ਼-ਭਗਤੀ ? ਭਾਈ ਸਾਹਿਬ ਨੇ ਆਪਣੇ ਆਪ ਨੂੰ ਪ੍ਰਭੂ ਭਗਤੀ ਦੇ ਨਾਲ-ਨਾਲ ਦੇਸ਼ ਭਗਤੀ ਦੀ ਲਹਿਰ ਵਿਚ ਸ਼ਾਮਿਲ ਹੋ ਕੇ ਕੁਰਬਾਨੀ ਦੇਣ ਲਈ ਦ੍ਰਿੜ ਸੰਕਲਪ ਕਰ ਲਿਆ। ਛੇਤੀ ਹੀ ਲਾਹੌਰ ਸਾਜਿਸ਼ ਕੇਸ ਵਿਚ ਆਪ ਨੂੰ ਉਮਰ ਕੈਦ ਦੀ ਸਜ਼ਾ ਹੋਈ। ਜ਼ਮੀਨ ਜਾਇਦਾਦ ਕੁਰਕ ਕਰਨ ਦੇ ਆਦੇਸ਼ ਜਾਰੀ ਕਰ ਦਿੱਤੇ ਗਏ। ਇਹ ਗੱਲ ਵੱਖਰੀ ਹੈ ਕਿ ਭਾਈ ਸਾਹਿਬ ਦੀ ਦੋ ਪਿੰਡਾਂ ਦੀ ਜ਼ਮੀਨ ਵਿਚੋਂ ਇਕ ਪਿੰਡ ਦੀ ਜ਼ਮੀਨ ਨੂੰ ਕਿਸੇ ਨੇ ਠੇਕੇ ਤੇ ਨਹੀਂ ਵਾਹਿਆ ਅਤੇ ਨਾ ਹੀ ਸਰਕਾਰ ਉਹਨਾਂ ਦੇ ਬਾਲ ਬੱਚੇ ਨੂੰ ਨਿੱਜੀ ਘਰ ਤੋਂ ਬੇ-ਘਰ ਕਰ ਸਕੀ।

ਸਿੱਦਕ ਦੇ ਕੱਚੇ ਇਤਨੀ ਸਜ਼ਾ ਮਿਲਣ ਤੇ ਰੱਬ ਨੂੰ ਸੌ-ਸੌ ਉਲ੍ਹਾਮੇ ਦਿੰਦੇ ਹਨ ਪਰ ਭਾਈ ਸਾਹਿਬ ਨੂੰ ਪੈਰਾਂ ਵਿਚ ਡੰਡਾ-ਬੇੜੀਆਂ ਲਗੀਆਂ ਤੇ ਧੁੱਪੇ ਖੜਾ ਕਰਨ ਦੀ ਸਜ਼ਾ ਭੀ ਦਿਤੀ ਗਈ। ਕਕਾਰ ਭੀ ਜੇਲ੍ਹ ਵਾਲਿਆਂ ਨੇ ਖੋਹ ਲਏ, ਪ੍ਰਸ਼ਾਦਾ ਭੀ ਉਹਨਾਂ ਨੂੰ ਬਿਬੇਕ ਦਾ ਨਾ ਦਿੱਤੇ ਜਾਣ ਕਾਰਣ ਉਹਨਾਂ ਭੁਖ ਹੜਤਾਲ ਰਖੀ ਅਤੇ 40 ਦਿਨ ਨਾਮ ਸਿਮਰਨ ਦੇ ਆਸਰੇ ਜੀਵੇ, ਨਾ ਪਾਣੀ, ਨਾ ਰੋਟੀ। ਭੁਖੇ ਤਿਹਾਏ ਰਹਿੰਦੇ ਹੋਏ ਰੱਬ ਦੇ ਸ਼ੁਕਰ ਵਿਚ 16 ਸਾਲ ਜੇਲ ਦੇ ਤਸੀਹੇ ਸਹੇ। ਧੱਕੇ ਨਾਲ ਦੁਧ ਪਿਲਾਉਣ ਲਈ ਦੰਦ ਤੋੜ ਕੇ ਨਲਕੀ ਭੀ ਅੰਦਰ ਕੀਤੀ ਗਈ। ਸਭ ਨਿਰੰਕਾਰ ਦੇ ਭਾਣੇ ਵਿਚ ਹੋਇਆ ਪਰ ਆਪ ਅਡੋਲ ਰਹੇ। ਜੇਲ੍ਹ ਵਿਚੋਂ ਜੋ ਚਿੱਠੀਆਂ ਆਪ ਨੇ ਭਾਈ ਨਾਹਰ ਸਿੰਘ ਨੂੰ ਭੇਜੀਆਂ, ਉਹ ਉਹਨਾਂ ਦੇ ਜੇਲ੍ਹ ਤੋਂ ਬਾਹਰ ਆਉਣ ਤੋਂ ਮਗਰੋਂ ਹੀ ਛਪੀਆਂ, ਜਿਨ੍ਹਾਂ ਨੂੰ ਪੜ੍ਹ ਪੜ੍ਹ ਕੇ ਅਨੇਕਾਂ ਸਿੱਦਕੀ ਰੂਹਾਂ ਨੇ ਭਾਈ ਸਾਹਿਬ ਦੇ ਕੀਰਤਨ ਸਮਾਗਮਾਂ ਵਿਚ ਜਾਣਾ ਸ਼ੁਰੂ ਕੀਤਾ ਅਤੇ ਅਖੰਡ ਕੀਰਤਨੀ ਜੱਥੇ ਵਿਚ ਕੀਰਤਨ ਕਰਨ ਅਤੇ ਸਰਵਨ ਕਰਨ



www.AKJ.Org

ਲਈ ਸ਼ਾਮਲ ਹੋਏ। ਇਹ ਤੋਰਾ ਸੰਨ 1930-31 ਤੋਂ 1961 ਤੱਕ ਭਾਈ ਸਾਹਿਬ ਦੇ ਅਕਾਲ ਚਲਾਣੇ ਤੱਕ ਚਲਦਾ ਰਿਹਾ।

ਜੇਲ੍ਹ ਯਾਤਰਾ ਦੇ ਲੰਬੇ ਸਮੇਂ ਉਤੇ ਪੰਛੀ-ਝਾਤ ਮਾਰਿਆਂ ਇਹ ਗੱਲ ਸਹਿਜੇ ਸਾਹਮਣੇ ਆਉਂਦੀ ਹੈ ਕਿ ਭਾਵੇਂ ਭਾਈ ਸਾਹਿਬ ਨੇ ਆਪਣੀ ਸੋਚ ਅਨੁਸਾਰ ਦੇਸ਼ ਭਗਤੀ ਦੇ ਮੈਦਾਨ ਵਿਚ ਛਾਲ ਮਾਰ ਦਿਤੀ ਪਰ ਨਿਰੰਕਾਰ ਨੂੰ ਤਾਂ ਕੁਝ ਹੋਰ ਹੀ ਮਨਜ਼ੂਰ ਸੀ। ਉਸ ਨੇ ਆਪਣੇ ਪਿਆਰੇ ਨੂੰ ਕਰੜੇ ਟੈਸਟਾਂ ਦੀ ਕੁਠਾਲੀ ਵਿਚ ਪਾ ਕੇ ਖਰੇ ਸੋਨੇ ਵਤ ਕੌਮ ਨੂੰ ਸੌਂਪਣਾ ਸੀ। ਜੇਲ੍ਹ ਤਾਂ ਮਿਲੀ ਹੀ ਭਗਤੀ ਕਰਨ ਲਈ ਸੀ।

ੳ) ਜੇਲ੍ਹ ਅੰਦਰ ਵਾਪਰੀਆਂ ਕੁਝ ਕੁ ਘਟਨਾਵਾਂ ਤੋਂ ਗੁਰਮਤਿ ਦੇ ਪਾਂਧੀਆਂ ਲਈ ਸੁਘੜ ਸੇਧਾਂ ਮਿਲਦੀਆਂ ਹਨ। ਭਾਈ ਸਾਹਿਬ ਨੂੰ ਇਕ ਸਿੱਖ ਕੈਦੀ ਸਾਥੀ ਨੇ ਕੁਝ ਕੈਮੀਕਲਜ਼ ਦੇ ਇਸਤੇਮਾਲ ਨਾਲ ਤਾਂਬੇ ਤੋਂ ਸੋਨਾ ਬਣਾਉਣ ਦਾ ਪ੍ਰੈਕਟੀਕਲ ਕਰ ਕੇ ਵਿਖਾ ਦਿੱਤਾ। ਉਸ ਸੋਨੇ ਨੂੰ ਬਾਹਰ ਭੇਜ ਕੇ ਸਰਾਫਾਂ ਤੋਂ ਪੜਤਾਲ ਕਰਾਈ ਗਈ। ਸੋਨਾ 100 ਪ੍ਰਤੀਸ਼ਤ ਠੀਕ ਨਿਕਲਿਆ। ਭਾਈ ਸਾਹਿਬ ਨੇ ਪਹਿਲਾਂ ਤਾਂ ਉਨ੍ਹਾਂ ਕੈਮੀਕਲਜ਼ ਨੂੰ ਜ਼ਬਾਨੀ ਯਾਦ ਕੀਤਾ ਫਿਰ ਬਾਹਰ ਆ ਕੇ ਸੋਨਾ ਬਣਾਉਣ ਅਤੇ ਇਸ ਕਾਰੋਬਾਰ ਨੂੰ ਅਗੇ ਵਧਾਉਣ ਦੀਆਂ ਗੋਂਦਾ (ਸੁਪਨੇ) ਗੁੰਦਦੇ ਰਹੇ। ਇੰਜ ਕਰਨ ਨਾਲ ਸੁਰਤਿ ਨਾਮ ਵਿਚੋਂ ਉਖੜ ਕੇ ਸੋਨੇ ਦੇ 'ਡਰੀਮ ਪ੍ਰੋਜੈਕਟ' ਵਿਚ ਚਲੀ ਗਈ। ਜਦੋਂ ਅਗਲੇ ਦਿਨ ਅੰਮ੍ਰਿਤ ਵੇਲੇ ਨਿਤਨੇਮ ਦੀਆਂ ਬਾਣੀਆਂ ਦੇ ਪਾਠ ਵਿਚੋਂ ਭੀ ਸੁਰਤਿ ਗੈਰ-ਹਾਜ਼ਰ ਹੋ ਜਾਂਦੀ ਦੇਖੀ ਤਾਂ ਭਾਈ ਸਾਹਿਬ ਨੇ ਉਸ ਕੈਮੀਕਲ ਦੇ ਨੁਸਖ਼ੇ ਵਾਲੇ ਕਾਗ਼ਜ਼ ਦੇ ਟੁਕੜੇ ਟੁਕੜੇ ਕਰ ਸੁੱਟੇ। ਇਉਂ ਕਰਨ ਮਗਰੋਂ ਗੁਰੂ ਸਾਹਿਬ ਦੇ ਚਰਨਾਂ ਵਿਚ ਅਰਦਾਸ ਕਰਕੇ ਭੁਲ ਬਖ਼ਸ਼ਾਈ। ਇਸ ਘਟਨਾ ਤੋਂ ਗੁਰਸਿਖਾਂ ਨੂੰ ਆਪਣੇ ਅੰਦਰ ਝਾਕਣ ਦੀ ਪ੍ਰੇਰਨਾ ਮਿਲਦੀ ਹੈ ਕਿ ਅਸੀਂ ਕਿਵੇਂ, ਕਦੋਂ ਅਤੇ ਕਿਤਨੇ ਚਿਰ ਲਈ ਮਾਇਆ ਜਾਲ ਵਿਚ ਫਸਦੇ ਹਾਂ? ਇਸ ਵਿਚੋਂ ਛੁਟਣ ਦਾ ਕੇਵਲ ਇਕੋ ਇਲਾਜ ਹੈ ਗੁਰੂ ਪਾਤਸ਼ਾਹ ਅੱਗੇ ਸੱਚੇ ਦਿਲੋਂ ਅਰਦਾਸ।

ਅ) ਪੰਜਾਬ ਤੋਂ ਆਏ ਸਿੱਖ ਕੈਦੀਆਂ ਨੂੰ ਇਕੋ ਬਲਾਕ ਵਿਚ ਰਖਿਆ ਜਾਂਦਾ ਸੀ। ਇਹਨਾਂ ਕੈਦੀਆਂ ਨੇ ਅੰਮ੍ਰਿਤ ਵੇਲੇ ਸਾਵਧਾਨ ਹੋ ਕੇ ਨਿੱਤ ਨੇਮ ਅਤੇ ਹੋਰ ਬਾਣੀਆਂ ਦੇ ਪਾਠ ਸਾਰੇ ਸਾਥੀਆਂ ਨੂੰ ਜ਼ਬਾਨੀ ਸੁਣਾਉਣੇ। ਇਸ ਦਾ ਇਕ ਵੱਡਾ ਲਾਭ ਇਹ ਹੋਇਆ ਕਿ ਕਈ ਸਿੰਘਾਂ ਨੇ ਕੈਦ-ਕੋਠੜੀਆਂ ਵਿਚ ਰਹਿੰਦਿਆਂ ਉਹਨਾਂ ਕਾਫੀ ਬਾਣੀਆਂ ਯਾਦ ਕਰ ਲਈਆਂ। ਦੂਜਾ ਲਾਭ ਇਹ ਹੋਇਆ ਕਿ ਜੇਲ-ਖਾਨਾ ਗੁਰਸਿੱਖੀ ਦਾ ਸਤਿਸੰਗ ਘਰ ਬਣ ਗਿਆ। ਇਥੇ ਇਕ ਭਾਈ ਕਰਤਾਰ ਸਿੰਘ ਜੀ ਅੰਮ੍ਰਿਤ ਵੇਲੇ ਜੋ ਪਾਠ ਸੁਣਾਉਂਦੇ ਹੁੰਦੇ ਸਨ ਉਹ ਬੜੇ ਵੈਰਾਗ ਅਤੇ ਪ੍ਰੇਮ ਵਿਚ ਉਚੀ ਸੁਰ ਨਾਲ ਪਾਠ ਕਰਿਆ ਕਰਦੇ ਸਨ। ਇਕ ਦਿਨ ਕਿਤੇ ਭਾਈ ਸਾਹਿਬ ਨੇ ਉਸ ਸਿਖ ਦੇ ਪਾਠ ਸੁਣਕੇ ਟਿੱਪਣੀ ਕੀਤੀ, "ਬੈਰਾਗ ਹੈ, ਪ੍ਰੇਮ ਹੈ ਪਰ ਰਸ ਨਹੀਂ ਹੈ।" ਭਾਈ ਸਾਹਿਬ ਆਪ ਬਾਣੀ ਦੇ ਰਸੀਆ ਸਨ। ਇਹ ਨੁਕਤਾ ਸਮਝਣ ਵਾਲਾ ਹੈ ਕਿ ਬੈਰਾਗ ਅਤੇ ਪ੍ਰੇਮ ਤੋਂ ਇਲਾਵਾ ਬਾਣੀ ਦੇ ਪਾਠ ਕਰਨ ਵਾਲੇ ਜਾਂ ਕੀਰਤਨ ਕਰਨ ਵਾਲੇ ਲਈ ਬਾਣੀ ਦਾ ਰਸ ਮਾਨਣਾ ਬੜਾ ਜ਼ਰੂਰੀ ਹੈ। ਆਪਣੇ ਨਿੱਜੀ ਨਿਤਨੇਮ ਅਤੇ ਕੀਰਤਨ ਉਤੇ ਅੰਤਰਮੁਖੀ ਝਾਤ ਮਾਰ ਕੇ ਪੜਚੋਲਣ ਦੀ ਲੋੜ ਹੈ ਕਿ ਕੀ ਸਾਨੂੰ ਬਾਣੀ ਦਾ ਪਾਠ/ਕੀਰਤਨ ਕਰਨ/ਜਾਂ ਸੁਣਨ ਵਿਚ ਰਸ ਦਾ ਅਨੁਭਵ ਹੁੰਦਾ ਹੈ ? ਰਸ, ਪ੍ਰੇਮ ਅਤੇ ਬੈਰਾਗ ਤੋਂ ਇਲਾਵਾ Third dimension ਹੈ।

**ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ ॥ ਸੰਤ ਸਾਜਨ ਭਏ ਸਰਸੇ ਪੂਰੇ ਗੁਰ ਤੇ ਜਾਣੀ ॥**

(ਅੰਗ ੯੨੨)

ਇਥੇ 'ਭਏ ਸਰਸੇ' ਦੇ ਅਰਥ ਹਨ ਸ+ਰਸੇ=ਰਸ ਭਰਪੂਰ ਹੋ ਗਏ।

ਸਚੀ ਬਾਣੀ ਸਰਵਨ ਕਰਕੇ ਜਿਸ ਸਦਕਾ ਸੰਤ ਜਨਾਂ ਦੇ ਦੁਖ, ਰੋਗ ਅਤੇ ਸੰਤਾਪ ਬਾਣੀ ਦੇ ਰਸ ਰਾਹੀਂ ਦੂਰ ਹੋ ਗਏ। ਇਹ ਨੁਕਤਾ ਪੂਰੇ ਗੁਰੂ ਤੋਂ ਜਾਣਿਆ ਜਾਂਦਾ ਹੈ।



www.AKJ.Org

ਇਹੋ ਜਿਹੇ ਗੁਰਸਿਖਾਂ ਦੇ ਮੁਖਾਰਬਿੰਦ ਤੋਂ ਸਹਿਜ-ਸਭਾਏ ਨਿਕਲੇ ਬੋਲਾਂ ਵਿਚ ਬੜੀ ਡੂੰਘਾਈ ਹੁੰਦੀ ਹੈ ਜੇ ਅਸੀਂ ਪਕੜ ਪਾਈਐ। ਖ਼ੁਦ ਬਾਣੀ ਦੇ ਰਸੀਆ ਹੋਣ ਕਰਕੇ ਉਹਨਾਂ ਨੂੰ ਦੂਜੇ ਦੇ ਪਾਠ ਅਥਵਾ ਕੀਰਤਨ ਵਿਚੋਂ ਆ ਰਹੇ ਰਸ ਦਾ ਪਤਾ ਲਗ ਜਾਂਦਾ ਸੀ।

ੲ) ਭਾਈ ਸਾਹਿਬ ਆਪ ਇਕ 'ਰੰਗਲੇ ਸਜਣ' ਸਨ ਇਸ ਲਈ ਉਹਨਾਂ ਆਪਣੇ ਸੰਪਰਕ ਵਿਚ ਆਏ ਕੁਝ ਸਜਣਾਂ ਦੇ ਕਲਮੀ-ਚਿਤਰ ਉਲੀਕੇ ਤੇ ਉਹਨਾਂ ਦੇ ਸੰਸਾਰ ਤੋਂ ਕੂਚ ਹੋਣ ਮਗਰੋਂ ਛਾਪ ਕੇ ਸੰਗਤਾਂ ਵਿਚ ਵੰਡੇ। ਇਸ ਹਥਲੇ ਲੇਖ ਵਿਚ ਮੈਂ ਉਹਨਾਂ ਦੇ ਕਿਸੇ ਕਰਾਮਾਤੀ-ਪੱਖ ਨੂੰ ਸਾਹਮਣੇ ਲਿਆਉਣ ਦਾ ਜਤਨ ਨਹੀਂ ਕਰ ਰਿਹਾ, ਪਰ ਸਾਡੇ ਰੰਗਲੇ ਸਜਣ ਜੀ ਉਪਰ, ਕਰਤਾਰ ਦੀ ਜੋ ਕਿਰਪਾ ਹੋਈ ਉਸ ਰੰਗ ਅਤੇ ਰਸ ਦੀ ਖ਼ੁਸ਼ਬੂ ਨੂੰ ਇਕ ਅੰਗਰੇਜ਼ ਪਾਦਰੀ ਨੇ ਭੀ ਨਾਗਪੁਰ ਦੀ ਜੇਲ੍ਹ ਵਿਚ ਆਪ ਜੀ ਦੀ ਕੈਦ-ਕੋਠੜੀ ਦੇ ਬਾਹਰ ਖੜੇ ਹੋ ਕੇ ਮਹਿਸੂਸ ਕੀਤਾ। ਭਾਈ ਸਾਹਿਬ ਜੀ ਦੀ ਜੇਲ੍ਹ-ਬੁੱਕ ਵਿਚ ਦਰਜ ਸੀ ਕਿ ਇਹ ਸਭ ਤੋਂ ਜ਼ਿਆਦਾ ਖ਼ਤਰਨਾਕ ਕੈਦੀ ਹੈ। ਇਸ ਲਈ ਆਪ ਜੀ ਨੂੰ ਕਈ ਵਾਰੀ ਸਜ਼ਾ ਵਜੋਂ, ਇਕੱਲੇ ਕਿਸੇ ਖੂੰਜੇ ਵਾਲੀ ਕੋਠੜੀ ਵਿਚ ਕਈ ਕਈ ਦਿਨ ਬੰਦ ਰਖਿਆ ਜਾਂਦਾ ਸੀ। ਜਿਸ ਦਾ ਆਪ ਨੂੰ ਇਹ ਲਾਭ ਹੁੰਦਾ ਕਿ ਆਪ ਇਕਾਂਤ ਵਿਚ ਸੁਰਤਿ ਨੂੰ ਸ਼ਬਦ ਵਿਚ ਪਰੋਈ ਰਖਦੇ। ਜੇਲ੍ਹ ਅਧਿਕਾਰੀਆਂ ਭਾਣੇ ਭਾਵੇਂ ਇਕੱਲੇ ਰੱਖਣਾ ਸਜ਼ਾ ਸੀ, ਪਰ ਭਾਈ ਸਾਹਿਬ ਲਈ ਇਹ ਸੁਭਾਗੀ ਇਕਾਂਤ ਹੁੰਦੀ ਸੀ। ਆਪ ਇਕਾਂਤ ਵਿਚ ਨਾਮ ਦੇ ਖ਼ੂਬ ਲਾਹੇ ਲੈਂਦੇ ਸਨ।

ਇਕ ਵਾਰੀ ਕੁਦਰਤ ਨੇਤ ਵਲੈਤੋਂ (ਇੰਗਲੈਂਡ) ਚਰਚ ਆਫ ਇੰਗਲੈਂਡ ਦਾ ਇਕ ਵੱਡਾ ਪਾਦਰੀ ਭਾਰਤ ਅੰਦਰ ਜੇਲ-ਖਾਨਿਆਂ ਵਿਚ ਬੰਦ ਕੈਦੀਆਂ ਦੀ ਹਾਲਤ ਦੇਖਣ ਲਈ ਉਚੇਚੇ ਤੌਰ 'ਤੇ ਆਇਆ। ਉਹ ਨਾਗਪੁਰ ਦੀ ਜੇਲ੍ਹ ਦੇ ਖ਼ਾਸ ਕਰਕੇ ਪੰਜਾਬੀ ਕੈਦੀਆਂ ਦੀ ਹਾਲਤ ਵੇਖਣ ਲਈ ਭੀ ਆਇਆ। ਭਾਈ ਸਾਹਿਬ ਆਪਣੀ ਕੈਦ-ਕੋਠੜੀ ਦੇ ਜੰਗਲੇ ਨੂੰ ਹੱਥ-ਪਾਈਂ ਅੰਤਰ-ਧਿਆਨ ਸਮਾਧੀ ਵਿਚ ਸਨ। ਪਾਦਰੀ ਸਾਹਿਬ ਜੇਲ੍ਹ ਅਮਲੇ ਸਮੇਤ ਕਾਫੀ ਦੇਰ ਉਹਨਾਂ ਨੂੰ ਵੇਖਦੇ ਰਹੇ, ਪਰ ਭਾਈ ਸਾਹਿਬ ਦੀ ਸਮਾਧੀ ਨਾ ਖੁਲ੍ਹੀ। ਪਾਦਰੀ ਦੇ ਹੁਕਮ ਤੇ ਭਾਈ ਸਾਹਿਬ ਨੂੰ ਝੰਜੋੜਿਆ ਗਿਆ। ਪਾਦਰੀ ਨੇ ਕਈ ਸਵਾਲ ਪੁਛੇ ਤੇ ਭਾਈ ਸਾਹਿਬ ਨੇ ਉਹਨਾਂ ਦਾ ਢੁਕਵਾਂ ਉਤਰ ਅੰਗਰੇਜ਼ੀ ਵਿਚ ਦਿੱਤਾ। ਇਸ ਸਾਰੀ ਵਾਰਤਾ ਦਾ ਵੇਰਵਾ ਜੇਲ੍ਹ-ਚਿੱਠੀਆਂ ਵਿਚ ਦਰਜ ਹੈ। ਇਥੇ ਕੇਵਲ ਪਾਦਰੀ ਵਲੋਂ ਕੀਤੇ ਇਕ ਸਵਾਲ ਦੀ ਚਰਚਾ ਪਾਠਕਾਂ ਨਾਲ ਸਾਂਝੀ ਕਰਦਾ ਹਾਂ। ਪਾਦਰੀ ਨੇ ਪੁਛਿਆ 'ਕੀ ਤੁਸੀਂ ਇਸ ਕੋਠੜੀ ਵਿਚ ਇਕੱਲ ਮਹਿਸੂਸ ਨਹੀਂ ਕਰਦੇ ? ਭਾਈ ਸਾਹਿਬ ਦਾ ਉਤਰ ਸੀ ਕਿ 'ਮੈਂ ਕੋਠੜੀ ਵਿਚ ਇਕ ਮਿੰਟ ਲਈ ਭੀ ਇਕੱਲਾ ਨਹੀਂ ਹੁੰਦਾ।' ਜੇਲਰ ਕਹੇ ਕਿ ਇਹਨਾਂ ਨੇੜੇ ਚਿੜੀ ਵੀ ਨਹੀਂ ਫੜਕ ਸਕਦੀ, ਇਹ ਝੂਠ ਬੋਲਦੇ ਹਨ। ਪਾਦਰੀ ਨੇ ਜਦੋਂ ਭਾਈ ਸਾਹਿਬ ਨੂੰ ਸਪੱਸ਼ਟ ਤੌਰ 'ਤੇ ਦਸਣ ਲਈ ਕਿਹਾ ਤਾਂ ਭਾਈ ਸਾਹਿਬ ਵਜਦ ਵਿਚ ਆ ਗਏ ਤੇ ਇਸ ਸ਼ਬਦ ਦਾ ਕੀਰਤਨ ਕਰਨ ਲਗ ਪਏ।

**ਗੁਰੁ ਮੇਰੈ ਸੰਗਿ ਸਦਾ ਹੈ ਨਾਲੇ ॥ ਸਿਮਰਿ ਸਿਮਰਿ ਤਿਸੁ ਸਦਾ ਸਮ੍ਹਾਲੇ ॥੧॥ ਰਹਾਉ ॥**

(ਅੰਗ ੩੯੪)

ਫਿਰ ਆਪ ਨੇ ਪਾਦਰੀ ਨੂੰ ਅੰਗਰੇਜ਼ੀ ਵਿਚ ਇਸ ਸ਼ਬਦ ਦੇ ਅਰਥ ਦਸੇ। ਉਹ ਬੜਾ ਖ਼ੁਸ਼ ਹੋਇਆ। ਪਰ ਉਹ ਕਹਿਣ ਲਗਾ ਜੇ ਭਾਈ ਸਾਹਿਬ ਰਣਧੀਰ ਸਿੰਘ ਦਾ ਗੁਰੂ ਇਸ ਕੈਦ ਕੋਠੜੀ ਵਿਚ ਉਸਦਾ ਸਦਾ ਸਾਥ ਦੇ ਰਿਹਾ ਹੈ ਤੇ ਮੈਂ ਵੀ ਤਾਂ ਗੁਰੂ ਵਾਲਾ ਹਾਂ। ਮੈਂ ਵੇਖਣਾ ਚਾਹਵਾਂਗਾ ਕਿ ਕੀ ਮੇਰਾ ਗੁਰੂ ਭੀ ਇਥੇ ਦੀ ਕੈਦ-ਕੋਠੜੀ ਵਿਚ ਮੇਰਾ ਸਾਥ ਦੇਵੇਗਾ ? ਉਹ ਜੇਲ੍ਹਰ ਨੂੰ ਕਹੇ "ਮੈਨੂੰ ਭੀ ਕਿਸੇ ਕੋਠੜੀ ਵਿਚ ਥੋੜ੍ਹੀ ਦੇਰ ਲਈ ਬੰਦ ਕਰੋ।" ਪਛਮੀ ਲੋਗ ਝੱਟ (Experiment) ਪ੍ਰਯੋਗ ਕਰਨ ਲੱਗ ਪੈਂਦੇ ਹਨ। ਜੇਲ੍ਹਰ ਨੂੰ ਆਪਣੀ ਮਰਜ਼ੀ ਨਾਲ, ਤਜਰਬਾ ਕਰਨ ਹਿੱਤ ਕੈਦ-ਕੋਠੜੀ ਵਿਚ ਇਕ ਘੰਟੇ ਲਈ ਬੈਠਣ ਦਾ ਬਿਨੇ-ਪੱਤਰ ਦਸਤਖ਼ਤ ਕਰਕੇ ਦੇ ਦਿੱਤਾ ਅਤੇ ਲਗਾ ਵੇਖਣ ਕਿ ਹਜ਼ਰਤ ਈਸਾ ਜੀ ਆਉਂਦਾ ਹੈ ਕਿ ਨਹੀਂ। ਅੱਧੇ ਘੰਟੇ ਦੀ ਉਡੀਕ ਮਗਰੋਂ ਭਾਈ ਸਾਹਿਬ ਨੂੰ ਕਹਿੰਦਾ ਕਿ ਤੇਰਾ ਗੁਰੂ ਤੇਰੇ ਵਸ ਵਿਚ ਹੈ,



www.AKJ.Org

ਮੇਰਾ ਗੁਰੂ ਮੇਰੇ ਪਾਸ ਨਹੀਂ ਆਇਆ। ਪਾਦਰੀ ਕੀ ਜਾਣੇ ਇਹ ਕੀ ਖੇਡ ਹੈ ? ਪਹਿਲਾਂ ਮਨ ਦੇ ਕੇ ਗੁਰੂ ਨਾਲ ਪਿਆਰ ਪਾਈਦਾ ਹੈ। ਫਿਰ ਗੁਰੂ ਸਾਹਿਬ ਜਗਿਆਸੂ ਦੇ ਅੰਗ-ਸੰਗ ਰਹਿੰਦੇ ਹਨ।

**ਸਭੁ ਕੋ ਤੇਰੈ ਵਸਿ ਅਗਮ ਅਗੋਚਰਾ ॥ ਤੂ ਭਗਤਾ ਕੈ ਵਸਿ ਭਗਤਾ ਤਾਣੁ ਤੇਰਾ ॥੧੦॥**

(ਅੰਗ ੯੩੨)

ਉਮਰ ਭਰ ਕੈਦ ਵਿਚ ਭਾਈ ਸਾਹਿਬ, ਅਕਾਲਪੁਰਖ ਦੇ, ਨਾ ਕੇਵਲ ਭਾਣੇ ਵਿਚ ਅਡੋਲ ਹੀ ਰਹੇ ਸਗੋਂ ਉਹਨਾਂ ਦੀ ਹਜ਼ੂਰੀ, ਆਪਣੇ ਹਿਰਦੇ ਅੰਦਰ ਸਦਾ ਮਾਣੀ ਅਤੇ ਹਜ਼ੂਰੀ ਦੇ ਨਸ਼ੇ ਵਿਚ, ਸਦਾ ਮਸਤੁਲ-ਮਸਤ ਨਾਮ ਦੇ ਚਲੂਲੇ ਰੰਗ ਮਾਣੇ। ਇਹੋ ਜੇਹੀਆਂ ਰੂਹਾਂ ਸਾਡੇ ਲਈ ਸਿੱਖੀ ਦੇ ਆਦਰਸ਼ਕ ਮਾਡਲ ਹੁੰਦੇ ਹਨ।

ਸ) ਉਹਨਾਂ ਦੀ ਇਕ ਹੋਰ ਖ਼ੂਬੀ ਕਾਬਲੇ ਜ਼ਿਕਰ ਹੈ। ਭਾਈ ਸਾਹਿਬ ਨਾਮ ਜਪ ਜਪ ਕੇ ਭਾਵੇਂ ਤ੍ਰੈ-ਕਾਲ ਦਰਸ਼ੀ ਹੋ ਗਏ ਸਨ ਪਰ ਰਿਧੀ-ਸਿਧੀ ਨੂੰ ਕਦੀ ਪ੍ਰਗਟ ਨਹੀਂ ਹੋਣ ਦਿੱਤਾ। ਜੇ ਕੋਈ ਸੰਗੀ ਸਾਥੀ ਭੀ ਆਪ ਨੂੰ ਕੋਈ ਕਰਾਮਾਤੀ ਖੇਡ ਬਾਰੇ ਆ ਕੇ ਦਸਦਾ ਤਾਂ ਆਪ ਨੇ ਉਸ ਨੂੰ ਝਿੜਕ ਕੇ ਮੋੜ ਦੇਣਾ ਅਤੇ ਤਾਕੀਦ ਕਰਨੀ 'ਜਰੋ'। ਇਸ ਲਈ ਆਪ ਆਪਣੀ ਫੋਕੀਸ਼ਾਨ ਦੇ ਵਿਖਾਵੇ ਦੇ ਸਖ਼ਤ ਖਿਲਾਫ ਸਨ। ਜਦੋਂ ਲਾਹੌਰ ਜੇਲ੍ਹ ਤੋਂ ਰਿਹਾ ਹੋਣਾ ਸੀ ਤਾਂ ਸ. ਭਗਤ ਸਿੰਘ ਨਾਲ ਮੁਲਾਕਾਤ ਦਾ ਸਮਾਂ ਭੀ ਜਾਣ ਬੁੱਝ ਕੇ ਉਹੀ ਰਖਵਾਇਆ ਗਿਆ ਤਾਂ ਕਿ ਉਸ ਤੋਂ ਮਗਰੋਂ ਰਾਤ ਦੇ ਹਨੇਰੇ ਵਿਚ ਹੀ ਗੱਡੀ ਫੜ ਕੇ ਸਿੱਧੇ ਅੰਮ੍ਰਿਤਸਰ ਪਹੁੰਚ ਜਾਣ। ਰਾਤ ਉਥੇ ਪਹੁੰਚ ਕੇ ਬਿਸਰਾਮ ਕੀਤਾ, ਅੰਮ੍ਰਿਤ ਵੇਲੇ ਦਰਸ਼ਨ ਇਸ਼ਨਾਨ ਉਪਰੰਤ ਗੱਡੀ ਫੜ ਕੇ ਸਿੱਧੇ ਲੁਧਿਆਣੇ ਸਟੇਸ਼ਨ ਅਤੇ ਉਥੋਂ ਨਾਰੰਗਵਾਲ। ਇਉਂ ਜੇਲ੍ਹ ਤੋਂ ਰਿਹਾ ਹੋਣ ਉਪਰੰਤ ਛੁਪਦੇ-ਛੁਪਾਂਦੇ ਘਰ ਪੁੱਜੇ। ਕਿਤੇ ਗੱਲ ਵਿਚ ਹਾਰ ਨਹੀਂ ਪੁਆਏ। ਜਿਵੇਂ ਭਾਈ ਵੀਰ ਸਿੰਘ ਨੇ 'ਬਿਨਫਸ਼ੇ ਦੇ ਫੂਲ' ਵਿਚ ਕਿਹਾ ਹੈ।

ਮੇਰੀ ਛਿਪੇ ਰਹਿਣ ਦੀ ਚਾਹ ਤੇ ਛਿਪ ਟੁਰ ਜਾਣ ਦੀ।
ਹਾਏ ! ਪੂਰੀ ਹੁੰਦੀ ਨਾ, ਮੈਂ ਤਰਲੇ ਲੈ ਰਿਹਾ।
ਪਰ ਗੱਲ ਇਹ ਹੈ "ਹਰਿ ਕਾ ਭਗਤ ਪ੍ਰਗਟ ਨਹੀ ਛਪੈ ॥'

ਬਿਨਫਸੇ ਦੇ ਫੁਲ ਦੀ ਜੀਵਨੀ ਹੋਰ ਹੈ। ਨਾ ਭਾਈ ਰਣਧੀਰ ਸਿੰਘ ਜੇਲ੍ਹ ਯਾਤਰਾ ਤੋਂ ਮਗਰੋਂ, ਅਖੰਡ-ਪਾਠ ਅਤੇ ਅਖੰਡ ਕੀਰਤਨਾਂ ਸਦਕਾ ਛੁਪੇ ਰਹਿ ਸਕੇ ਅਤੇ ਨਾ ਹੀ ਭਾਈ ਵੀਰ ਸਿੰਘ, ਭਾਵੇਂ ਉਹ ਭੀ 'ਕਰਤਾ ਸੁੰਦਰੀ' ਦੇ ਓਲੇ, ਢੇਰ ਚਿਰ ਤਕ ਲੁਕੇ ਰਹੇ। ਭਗਤ ਜਨ ਆਪਣਾ ਆਪ ਜਣਾਉਂਦੇ ਨਹੀਂ। ਅਕਾਲ ਪੁਰਖ ਹੀ ਉਹਨਾਂ ਤੋਂ ਐਸੀ ਸੇਵਾ ਲੈਂਦਾ ਹੈ ਕਿ ਸਾਰੇ ਸੰਸਾਰ ਉਤੇ ਪ੍ਰਗਟ ਹੋ ਜਾਂਦੇ ਹਨ। ਭਾਈ ਵੀਰ ਸਿੰਘ ਅਤੇ ਭਾਈ ਰਣਧੀਰ ਸਿੰਘ ਦੀਆਂ ਪੁਸਤਕਾਂ ਸਿਖ ਘਰਾਣਿਆਂ ਦੇ ਘਰ ਘਰ ਵਿਚ ਪੜ੍ਹੀਆਂ ਜਾਂਦੀਆਂ ਹਨ ਅਤੇ ਇਨ੍ਹਾਂ ਵਿਚੋਂ ਗੁਰਮਤਿ ਦੀ ਸੇਧ ਮਿਲਦੀ ਹੈ।

ਹ) ਭਾਈ ਸਾਹਿਬ ਜੇਲ੍ਹ ਜਾਣ ਤੋਂ ਪਹਿਲਾਂ ਬਾਬੂ ਤੇਜਾ ਸਿੰਘ ਪੰਚ-ਖ਼ਾਲਸਾ ਦੀਵਾਨ (ਸਿਖ ਪਾਰਲੀਮੈਂਟ) ਭਸੌੜ (ਨੇੜੇ ਧੂਰੀ) ਦੇ ਨਿਕਟਵਰਤੀ ਸੰਗੀ ਸਾਥੀ ਸਨ। ਉਹ ਇਕ ਅਗਾਂਹ ਵਧੂ ਸੁਧਾਰਕ ਸਨ। ਉਹਨਾਂ ਉਤੇ ਭੀ ਸਿੰਘ ਸਭਾ ਲਹਿਰ ਦਾ ਡੂੰਘਾ ਪ੍ਰਭਾਵ ਸੀ। ਕੁਦਰਤੀ, ਇਹ ਮੰਨਿਆ ਜਾਏਗਾ ਕਿ ਮਾਲਵੇ ਵਿਚ ਇਕ ਬਾਬੂ ਤੇਜਾ ਸਿੰਘ ਅਤੇ ਦੂਜੇ ਭਾਈ ਸਾਹਿਬ ਰਣਧੀਰ ਸਿੰਘ ਆਪਣੇ ਸਮੇਂ ਦੇ ਸਰਗਰਮ ਸੁਧਾਰਕ ਸਨ। ਸੰਨ 1930 ਵਿਚ ਜਦੋਂ ਆਪ ਜੇਲ ਤੋਂ ਰਿਹਾ ਹੋ ਕੇ ਆਏ ਤਾਂ ਸੰਨ 1928 ਵਿਚ ਹੀ ਬਾਬੂ ਤੇਜਾ ਸਿੰਘ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਹੁਕਮ ਜਾਰੀ ਕਰਕੇ ਪੰਥ ਵਿਚੋਂ ਖਾਰਜ ਦਿੱਤਾ ਗਿਆ ਸੀ ਅਤੇ ਹੁਕਮ ਸੀ ਕਿ ਕੋਈ ਗੁਰੂ ਕਾ ਸਿਖ ਉਸ ਨੂੰ ਮੂੰਹ ਨਾ ਲਾਵੇ। ਬਾਬੂ ਜੀ ਭਾਈ ਸਾਹਿਬ ਨੂੰ ਪੁਰਾਣਾ ਸੰਗੀ-ਸਾਥੀ ਜਾਣ ਕੇ, ਮਿਲਣ ਲਈ ਨਾਰੰਗਵਾਲ ਗਏ, ਪਰ ਭਾਈ ਸਾਹਿਬ ਨੇ ਆਪ ਨੂੰ ਮਿਲਣ ਤੋਂ ਇਨਕਾਰ ਕਰ ਦਿੱਤਾ। ਸ੍ਰੀ ਅਕਾਲ ਤਖ਼ਤ ਦੇ ਹੁਕਮ ਅਗੇ, ਆਪਣੇ ਇਕ ਅਤਿ ਨਿਕਟ ਮਿੱਤਰ ਨੂੰ ਆਪ ਨੇ ਮੂੰਹ ਤਕ ਨਹੀਂ ਲਾਇਆ, ਇਤਨਾ ਸਤਿਕਾਰ ਕਰਦੇ ਸਨ ਸ੍ਰੀ ਅਕਾਲ ਤਖ਼ਤ ਸਾਹਿਬ ਦਾ। ਆਪ ਜੀ ਦੀਆਂ ਪੰਥਕ


www.AKJ.Org

ਸੇਵਾਵਾਂ ਅਤੇ ਕੁਰਬਾਨੀਆਂ ਨੂੰ ਮੁਖ ਰਖਦਿਆਂ, ਸਾਰੇ ਤਖ਼ਤ ਸਾਹਿਬਾਨਾਂ ਵਲੋਂ ਆਪ ਨੂੰ ਸਿਰੋ-ਪਾਉ ਬਖ਼ਸ਼ਸ਼ ਹੋਏ। ਸੰਨ 1930 ਤੋਂ ਮਗਰੋਂ ਤਾਂ ਆਪ ਨੇ ਸਚੇ ਗੁਰਦੇਵ-ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਨ ਮਨ ਧਨ ਨਾਲ ਸੇਵਾ ਕੀਤੀ।

ਕ) ਗੱਲ ਹੋ ਰਹੀ ਸੀ ਕਿ ਭਾਈ ਸਾਹਿਬ ਆਪਣੇ ਸਮੇਂ ਦੇ ਸਰਗਰਮ ਪੰਥਕ ਸੁਧਾਰਕ ਦੇ ਤੌਰ 'ਤੇ ਜਾਣੇ ਜਾਂਦੇ ਸਨ। ਆਪ ਨਾਲ ਜੋ ਜੋ ਸੰਗੀ ਸਾਥੀ, ਕੀਰਤਨ ਸਦਕਾ ਜੁੜਦੇ ਗਏ, ਉਨ੍ਹਾਂ ਇਕ ਅੱਛੇ-ਖਾਸੇ ਜੱਥੇ ਦੀ ਸ਼ਕਲ ਅਖਤਿਆਰ ਕਰ ਲਈ। ਕਿਉਂਕਿ ਆਪ ਕਈ ਕਈ ਘੰਟਿਆਂ-ਬੱਧੀ ਅੰਮ੍ਰਿਤ ਵੇਲੇ ਤੋਂ ਸ਼ਾਮ ਤਕ ਦੀਵਾਨ ਲਗਾਉਂਦੇ ਹੁੰਦੇ ਸਨ। ਇਸ ਲਈ ਇਸ ਜੱਥੇ ਨੂੰ ਸਿੱਖ ਸੰਗਤਾਂ ਨੇ ਹੀ ਅਖੰਡ ਕੀਰਤਨੀ ਜੱਥੇ ਦਾ ਨਾਮ ਦੇ ਦਿੱਤਾ। ਇਹ ਨਾਮ ਭਾਈ ਸਾਹਿਬ ਵਲੋਂ ਨਹੀਂ ਰਖਿਆ ਗਿਆ। ਪਹਿਲਾਂ ਇਸ ਜਥੇ ਦਾ ਨਾਮ ਨਿਰਬਾਣ ਕੀਰਤਨੀ ਜਥਾ ਸੀ। ਆਪ ਦੇ ਕੀਰਤਨ ਕਰਨ ਦਾ ਸਟਾਈਲ ਪ੍ਰਚਲਤ ਸੰਤਾਂ ਤੇ ਡੇਰੇਦਾਰਾਂ ਅਤੇ ਗੁਰਦੁਆਰੇ ਦੇ ਰਾਗੀਆਂ ਨਾਲੋਂ ਬਿਲਕੁਲ ਵੱਖਰਾ ਸੀ। ਸੰਨ 1901 ਤੋਂ ਜੇ ਕੀਰਤਨ ਕਰਨ ਦੀਆਂ ਵਿਧੀਆਂ ਨੂੰ ਹੀ ਵੇਖੀਏ ਤਾਂ ਕਈ ਸੰਤ ਚਿਮਟੇ ਛੈਣੇ ਅਤੇ ਢੋਲਕੀ ਵਾਜਿਆਂ ਨਾਲ ਗੁਰਬਾਣੀ ਦੇ ਸ਼ਬਦ ਤੋਂ ਬਾਹਰਲੀ ਕੋਈ ਕਾਵ-ਧਾਰਨਾ ਸੈੱਟ ਕਰ ਲੈਂਦੇ ਅਤੇ ਉਸ ਨੂੰ ਹੀ ਅਸਥਾਈ ਦੇ ਰੂਪ ਵਿੱਚ ਗਾਇਨ ਕਰਦੇ, ਪਰ ਸ਼ਬਦ ਵੈਸੇ ਤਰੱਨਮ ਵਿਚ ਪੜ੍ਹ ਲੈਂਦੇ। ਇਸ ਤਰ੍ਹਾਂ ਸ਼ਬਦ ਦੇ ਨਾਲ ਨਾਲ ਸਿਖ ਇਤਿਹਾਸ ਵਿਚੋਂ ਕੋਈ ਸਾਖੀ ਭੀ ਸੰਗਤਾਂ ਨੂੰ ਸਰਵਨ ਕਰਾਈ ਜਾਂਦੀ। ਇਹ ਸਟਾਈਲ ਪੰਜਾਬ, ਯੂ.ਪੀ. ਅਤੇ ਰਾਜਸਥਾਨ ਵਿਚ ਸਵਾਂਗ-ਸੈਲੀ ਨਾਲ ਰਲਦਾ-ਮਿਲਦਾ ਹੈ। ਅੱਜ ਵੀ ਕਈ ਸੰਤ ਤੇ ਡੇਰੇਦਾਰ ਪੇਂਡੂ ਸੰਗਤਾਂ ਵਿਚ ਇਸੇ ਸਟਾਈਲ ਉਤੇ ਕੀਰਤਨ ਕਰਦੇ ਸੁਣੀਦੇ ਹਨ। ਸੰਤ ਅਤਰ ਸਿੰਘ ਜੀ ਮਸੂਆਣਾ, ਸੰਤ ਈਸ਼ਰ ਸਿੰਘ ਜੀ ਰਾੜੇ ਵਾਲੇ, ਸੰਤ ਨੰਦ ਸਿੰਘ ਕਲੇਰਾਂ ਵਾਲਿਆਂ ਦੇ ਕੀਰਤਨੀ ਜੱਥਿਆਂ ਦਾ ਹੁਣ ਤਕ ਇਹੋ ਸਟਾਈਲ ਹੈ। ਇਹਲਾਂ ਦਾ ਖੇਤਰ ਪੇਂਡੂ ਸੰਗਤਾਂ ਹੀ ਰਹੀਆਂ ਹਨ। ਸੰਤ ਗੁਰਮੁਖ ਸਿੰਘ ਪਟਿਆਲੇ ਵਾਲਿਆਂ ਦਾ ਕੀਰਤਨ ਭੀ ਇਸੇ ਸਟਾਈਲ 'ਤੇ ਹੁੰਦਾ ਸੀ।

ਪਰ ਰਾਗੀਆਂ ਰਬਾਬੀਆਂ ਦਾ ਕੀਰਤਨ ਸ਼ਹਿਰੀ ਸੰਗਤਾਂ ਵਿਚ ਪ੍ਰਚਲਤ ਹੁੰਦਾ ਸੀ। ਰਾਗਾਂ ਵਿਚ ਕੀਰਤਨ ਦੀ ਪਿਰਤ ਸ੍ਰੀ ਦਰਬਾਰ ਸਾਹਿਬ ਤੋਂ ਚਲੀ ਹੈ। ਸੰਤ ਬਾਬਾ ਸ਼ਾਮ ਸਿੰਘ ਜੀ, ਸੰਤ ਜਵਾਲਾ ਸਿੰਘ ਜੀ, ਭਾਈ ਗੁਰਚਰਨ ਸਿੰਘ ਜੀ ਅਵਤਾਰ ਸਿੰਘ ਜੀ ਠੱਠਾ ਟਿੱਬਾ, ਪਟਿਆਲਾ ਘਰਾਨੇ ਦੇ ਰਾਗੀ ਆਦਿ ਰਾਗਾਂ ਵਿਚ ਕੀਰਤਨ ਕਰਦੇ ਹੁੰਦੇ ਸਨ। ਵਿਚੇ ਵਿਚ ਕਈ ਵਾਰੀ ਢੁਕਵੇਂ ਪ੍ਰਮਾਣ ਦੇ ਕੇ ਚਲ ਰਹੇ, ਸ਼ਬਦ ਦੀ ਵਿਆਖਿਆ ਗੁਰਬਾਣੀ ਦੇ ਪ੍ਰਮਾਣ ਜਾਂ ਭਾਈ ਗੁਰਦਾਸ ਜੀ ਦੀਆਂ ਵਾਰਾਂ ਆਦਿ ਵਿਚੋਂ ਸੁਣਾਉਂਦੇ। ਤੰਤੀ ਸਾਜ਼ਾਂ ਦਾ ਰਿਵਾਜ ਭੀ ਹੁੰਦਾ ਸੀ। ਰਾਗੀ ਸਿੰਘਾਂ ਨੂੰ ਸੰਗਤਾਂ ਕੀਰਤਨ ਭੇਟਾ ਦਿੰਦੀਆਂ ਜਿਸ ਦੀ ਅਰਦਾਸ ਨਾਲੋਂ ਨਾਲ ਹੁੰਦੀ ਸੀ। ਭਾਈ ਹੀਰਾ ਸਿੰਘ ਭਾਗ ਸਿੰਘ ਭੀ ਇਸੇ ਤਰ੍ਹਾਂ ਦਾ ਕੀਰਤਨ ਕਰਦੇ ਹੁੰਦੇ ਸਨ। ਰਾਗੀ ਭਾਈ ਸੁਰਜਨ ਸਿੰਘ, ਭਾਈ ਸੁਮੰਦ ਸਿੰਘ, ਭਾਈ ਪਿਆਰਾ ਸਿੰਘ, ਭਾਈ ਹਰੀ ਸਿੰਘ, ਭਾਈ ਗੁਰਮੇਜ ਸਿੰਘ ਅਤੇ ਭਾਈ ਗੋਪਾਲ ਸਿੰਘ ਸਾਰੇ ਰਾਗੀ ਸਾਹਿਬਾਨ, ਨਿਰੋਲ ਗੁਰਬਾਣੀ ਦਾ ਕੀਰਤਨ ਸ੍ਰੀ ਦਰਬਾਰ ਸਾਹਿਬ ਜਾਂ ਹੋਰ ਗੁਰਦਵਾਰਿਆਂ ਵਿਚ ਵੀ ਕਰਦੇ ਹੁੰਦੇ ਸਨ।

ਪਰ ਭਾਈ ਸਾਹਿਬ ਰਣਧੀਰ ਸਿੰਘ ਜੀ ਦਾ ਕੀਰਤਨ ਉਪਰੋਕਤ ਸ਼ੈਲੀਆਂ ਤੋਂ ਨਿਰਾਲਾ ਕਿਹਾ ਜਾ ਸਕਦਾ ਹੈ। ਨਿਰੋਲ ਗੁਰਬਾਣੀ ਦਾ ਕੀਰਤਨ ਪਰ ਬੜੇ ਵਜਦ ਵਿਚ। ਕੇਵਲ ਨਿਰੋਲ ਗੁਰਬਾਣੀ ਦੇ ਕੀਰਤਨ ਦੀ ਪ੍ਰਪਾਟੀ ਲਈ ਜਥਾ ਅਜ ਤਾਈਂ ਪੰਥ ਵਿਚ ਮਸ਼ਹੂਰ ਰਿਹਾ ਹੈ ਜਿਥੇ ਬਿਨ੍ਹਾਂ ਕਿਸੇ ਬਾਹਰਲੀ ਕੱਚੀ ਧਾਰਨਾ ਲਗਾਏ, ਗੁਰਬਾਣੀ ਦੇ ਲਗਾਤਾਰ ਸ੍ਰੀ ਅਖੰਡ ਪਾਠ ਵਾਂਗ, ਨਿਸ਼ਕਾਮ ਅਤੇ ਨਿਰਬਾਣ ਰਹਿ ਕੇ ਅਖੰਡ ਕੀਰਤਨ ਹੀ ਕੀਤਾ ਜਾਂਦਾ ਹੈ। ਉਪਰੋਕਤ ਰਾਗੀਆਂ ਦੇ ਕੀਰਤਨਾਂ ਵਿਚ ਜੋਸ਼ ਅਤੇ ਵਜਦ ਘੱਟ ਹੁੰਦਾ ਸੀ। ਮੈਂ ਨਾਮਧਾਰੀਆਂ ਦੀ ਪੁਰਾਣੀ ਸ਼ੈਲੀ ਵਿਚ ਵਜਦ ਦੀ ਗੱਲ ਸੁਣਦਾ ਆਇਆ ਹਾਂ ਉਹ ਵਜਦ ਵਿਚ ਆ ਕੇ ਕੂਕਨ ਲੱਗ ਪੈਂਦੇ ਸਨ ਅਤੇ ਕਈ ਵਾਰੀ ਵਜਦ (ਭਾਵੁਕਤਾ) ਠੱਲੀ ਨਾ ਜਾਣੀ ਤਾਂ ਉਠ ਕੇ ਨੱਚਣ ਲੱਗ ਜਾਣਾ, ਪੱਗ ਲਹਿ ਜਾਣੀ, ਕੇਸ ਖੁਲ ਜਾਣੇ। ਸੰਗਤਾਂ ਨੇ ਹੀ



www.AKJ.Org

ਉਹਨਾਂ ਦੇ ਜੱਥੇ ਦਾ ਨਾਮ ਕੂਕੇ ਪਾਇਆ ਸੀ। ਭਾਈ ਸਾਹਿਬ ਦੇ ਕੀਰਤਨ ਵਿਚ ਰਾਗ ਪ੍ਰਮੁਖ ਨਹੀਂ ਸੀ ਪ੍ਰੇਮ ਅਤੇ ਭਾਵੁਕਤਾ ਪ੍ਰਮੁੱਖ ਹੁੰਦੇ ਸਨ। ਪ੍ਰੇਮ ਠਾਠਾਂ ਮਾਰਦਾ ਹੁੰਦਾ ਸੀ। ਉਹ ਆਪ ਕਈ-ਕਈ ਘੰਟੇ ਕੀਰਤਨ ਕਰਦੇ ਅੱਕਦੇ ਥੱਕਦੇ ਨਹੀਂ ਸੀ ਹੁੰਦੇ। ਸੰਗੀ ਸਾਥੀ ਉਹਨਾਂ ਦੁਆਲੇ ਝੁਰਮੱਟ ਪਾ ਕੇ ਬੈਠ ਜਾਦੇ ਅਤੇ ਉਹ ਭੀ ਉਸੇ ਤਰ੍ਹਾਂ ਵਜਦ ਵਿਚ, ਕਿਸੇ ਖਾਸ ਮਸਤੀ ਵਿਚ ਗੁਰਬਾਣੀ ਦੀ ਇਕ ਇਕ ਤੁਕ ਨੂੰ ਕਈ ਕਈ ਵਾਰੀ ਮਸਤੀ ਵਿਚ ਗਾਈ ਜਾਦੇ ਜਿਸ ਨਾਲ ਰੁਹਾਨੀ ਮਸਤੀ ਦਾ ਮਾਹੌਲ ਬਣ ਜਾਣਾ। **"ਰੰਗਿ ਹਸਹਿ ਰੰਗਿ ਰੋਵਹਿ, ਚੁਪ ਭੀ ਕਰਿ ਜਾਹਿ॥"** (473) ਵਾਲੀ ਹਾਲਤ ਦੇ ਨਜ਼ਾਰੇ ਬੱਝਦੇ ਹੁੰਦੇ ਸਨ।

ਐਸੇ ਕੀਰਤਨ ਨੂੰ ਸਮੇਂ ਦੇ ਬੰਧਨ ਵਿਚ ਨਹੀਂ ਸੀ ਪਾਇਆ ਜਾ ਸਕਦਾ। ਜੇ ਕਿਸੇ ਕੀਰਤਨੀਏ ਦੇ ਕੀਰਤਨ ਵਿਚ ਭਾਈ ਸਾਹਿਬ ਨੂੰ ਅਤੇ ਸੰਗਤਾਂ ਨੂੰ ਸਰੂਰ ਆ ਰਿਹਾ ਹੁੰਦਾ ਤਾਂ ਆਪ ਉਸ ਤੋਂ ਘੰਟਿਆ ਬੱਧੀ ਕੀਰਤਨ ਕਰਵਾਉਂਦੇ ਹੁੰਦੇ ਸਨ। ਅੱਜ ਕਲ ਇਕ ਅੱਧ ਸ਼ਬਦ ਪੜ੍ਹਾ ਕੇ ਕੀਰਤਨੀਏ ਦੀ ਪਿੱਠ ਉਤੇ ਸਮਾਪਤੀ ਦੀ ਥਾਪੀ ਦੇ ਦਿੱਤੀ ਜਾਂਦੀ ਹੈ। ਕੀਰਤਨੀਏ ਨੂੰ ਜੇ ਮਸਤੀ ਚੜ੍ਹੇ ਤਾਂ ਉਹ ਸੰਗਤ ਨੂੰ ਭੀ ਰਸ-ਮਗਨ ਕਰੇ। ਪਰ ਹੁਣ ਭਾਈ ਸਾਹਿਬ ਤਾਂ ਰਹੇ ਨਹੀਂ। ਅੱਧ-ਪੱਚਧੇ ਸਿਖੇ, ਕੀਰਤਨੀਏ ਸਿੰਘ ਅਤੇ ਬੀਬੀਆਂ ਦਾ ਬਹੁਤ ਜ਼ੋਰ ਨਾਮ ਸਿਮਰਨ ਤੇ ਹੀ ਹੁੰਦਾ ਹੈ, ਜੋ ਕਈ ਵਾਰੀ ਕਾਫੀ ਦੇਰ ਤਕ ਵਾਜੇ ਅਤੇ ਤਬਲੇ ਦੀ ਥਾਪ ਦੇ ਸਹਾਰੇ ਤੁਰਦਾ ਰਹਿੰਦਾ ਹੈ ਅਤੇ ਇੰਝ ਜਾਪਦਾ ਹੁੰਦਾ ਹੈ ਕਿ ਇਹ ਕੀਰਤਨ ਸਮਾਗਮ ਨਹੀਂ ਬਲਕਿ ਨਾਮ ਅਭਿਆਸ ਸਮਾਗਮ ਹੈ। ਭਾਈ ਸਾਹਿਬ ਤਾਂ ਬਾਣੀ ਵਿਚੋਂ ਰਸ ਲੈ ਲੈ ਕੀਰਤਨ ਕਰਦੇ ਹੁੰਦੇ ਸਨ ਅਤੇ ਬਾਣੀ ਦੇ ਅੰਤਰੀਵ ਭਾਵਾਂ ਦੀ ਉਹਨਾਂ ਨੂੰ ਪੂਰਨ ਜਾਣਕਾਰੀ ਹੁੰਦੀ ਸੀ, ਪਰ ਅੱਜ ਦੇ ਕੀਰਤਨੀਏ ਸਿੰਘਾਂ ਅਤੇ ਬੀਬੀਆਂ ਦਾ ਨਾ ਉਹ ਬੌਧਿਕ ਪੱਧਰ ਦਿਸਦਾ ਹੈ ਨਾ ਆਤਮਕ ਸਰੂਰ। ਉਹਨਾਂ ਨੂੰ ਨਾ ਬਿਸਰਾਮ ਦਾ ਬੋਧ ਹੈ ਨਾ ਇਹ ਪਤਾ ਕਿ ਕਿਥੇ ਬਿੰਦੀ ਸਹਿਤ ਉਚਾਰਨਾ ਹੈ ਜਿਵੇਂ 'ਕਹਾ' (ਜਿਸਦੇ ਅਰਥ, 'ਕੀ' ਹੁੰਦੇ ਹਨ) ਨੂੰ ਕਹਾਂ ਪੜ੍ਹਦੇ ਹਨ, ਕਾਢੀਆ ਅਤੇ ਕਾਂਢੀਆ ਦਾ ਫ਼ਰਕ ਬਹੁਤਿਆਂ ਨੂੰ ਨਹੀਂ ਪਤਾ। "ਕਿਰਤਨ ਜੁਰਿਆ" ਦੇ ਅਰਥ ਨਾ ਸਮਝਣ ਕਰਕੇ ਇਥੇ ਵਾਹਿਗੁਰੂ ਦੀ ਧੁਨੀ ਕੁਥਾਂ ਇਸ ਲਈ ਹੈ ਕਿਉਂਕਿ ਕਿਰਤਨ ਦੇ ਅਰਥ ਹਨ ਕਾਰ-ਵਿਹਾਰ ਨਾਲ ਜੁੜਿਆ ਮਨੁੱਖ, ਇਸਨੂੰ ਕੀਰਤਨ ਜੁਰਿਆ ਪੜ੍ਹਨਾ ਅਸ਼ੁਧ ਹੈ। ਇਸੇ ਤਰ੍ਹਾਂ ਆਸਾ ਕੀ ਵਾਰ ਵਿਚ **'ਸਿਖਾ ਕੰਨ੍ਹ ਚੜ੍ਹਾਈਆ ਗੁਰੁ ਬ੍ਰਹਮਣ ਥੀਆ॥** ਨੂੰ ਅੱਜ ਸਾਰੇ ਕੀਰਤਨੀਏ ਪੜ੍ਹਦੇ ਹਨ – "ਸਿਖਾਂ ਕੰਨ੍ਹ ਚੜਾਈਆਂ' ਜੋ ਅਨਰਥ ਹੈ। ਸਿਖਾ ਦੇ ਅਰਥ ਹਨ ਸਿਖਿਆ, ਬ੍ਰਾਹਮਣ ਨੇ ਜਨੇਊ ਪਾਉਣ ਲਗਿਆਂ ਆਪਣੇ ਜਜਮਾਨ ਨੂੰ ਕੰਨ ਵਿਚ ਇਹ ਸਿਖਿਆ ਦਿਤੀ ਕਿ ਅੱਜ ਤੋਂ ਬ੍ਰਾਹਮਣ ਤੇਰਾ ਗੁਰੂ ਹੈ। ਸੋ ਕੁਝ ਕੁ ਇਨ੍ਹਾਂ ਉਦਾਹਰਣਾਂ ਤੋਂ ਪਤਾ ਲਗਦਾ ਹੈ ਜੱਥੇ ਦੇ ਕੀ, ਹੋਰ ਭੀ ਬਹੁਤੇ ਆਪੂੰ ਬਣੇ ਨਵੇਂ-ਨਵੇਂ ਕੀਰਤਨੀਆਂ ਦਾ ਬੋਧਿਕ ਪੱਧਰ ਨੀਵਾਂ ਹੁੰਦਾ ਜਾ ਰਿਹਾ ਹੈ, ਜਿਸ ਦੇ ਸਿਟੇ ਵਜੋਂ ਕੀਰਤਨ ਦਾ ਰਸ ਬੱਝਣਾ ਅਲੋਪ ਹੀ ਹੋ ਗਿਆ ਹੈ। ਅਜ ਜੱਥੇ ਵਿਚ ਪ੍ਰਸਪਰ ਪ੍ਰੇਮ ਦੀ ਥਾਂ, ਦ੍ਵੈਤ ਭਾਵ ਨੇ ਲੈ ਲਈ ਹੈ। ਜੇ ਇਕ ਗੁਰਸਿਖ ਦੂਜੇ ਗੁਰਸਿਖ ਨੂੰ ਨਫ਼ਰਤ ਅਤੇ ਸ਼ੱਕ ਦੀ ਨਿਗ੍ਹਾ ਨਾਲ ਵੇਖੇ ਤਾਂ ਉਸ ਅੰਦਰ ਵਜਦ ਅਤੇ ਮਸਤੀ ਕਿਵੇਂ ਆਏਗੀ ? ਭਾਈ ਸਾਹਿਬ ਦੇ ਸਮੇਂ ਸਿੰਘਾਂ ਵਿਚ ਪ੍ਰਸਪਰ ਪ੍ਰੇਮ ਸਿਖਰਾਂ ਉਤੇ ਹੁੰਦਾ ਸੀ।

ਸੋ ਭਾਈ ਸਾਹਿਬ ਵਰਗਾ ਕੀਰਤਨ ਮੁੜ ਕੇ ਕਿਸ ਨੇ ਕਰਨਾ ਹੈ ? ਜਿਨ੍ਹਾਂ ਨੇ ਭਾਈ ਸਾਹਿਬ ਦੇ ਦਰਸ਼ਨ ਨਹੀਂ ਕੀਤੇ, ਉਹ ਕੇਵਲ ਅਨੁਮਾਨ ਹੀ ਲਗਾ ਸਕਦੇ ਹਨ ਕਿ ਭਾਈ ਸਾਹਿਬ ਕਿਵੇਂ ਮਸਤੀ ਵਿਚ ਝੂਮ ਝੂਮ ਕੇ ਕੀਰਤਨ ਕਰਦੇ ਹੁੰਦੇ ਸਨ। ਉਸ ਰਸ ਭਿੰਨੜੇ ਕੀਰਤਨ ਦੀਆਂ ਗੂੰਜਾ ਅੱਜ ਵੀ ਮੇਰੀ ਉਮਰ ਦੇ ਬਜ਼ੁਰਗਾਂ ਦੇ ਕੰਨਾਂ ਵਿਚ ਗੂੰਜਦੀਆਂ ਹਨ। ਆਪ ਨੇ ਜਦੋਂ ਨਾਰੰਗਵਾਲ ਵਿਖੇ ਸਮਾਗਮ ਕਰਾਉਣੇ ਤਾਂ ਆਈਆਂ ਸੰਗਤ ਨੂੰ ਅਗੋਂ ਸੁਆਗਤ ਵਿਚ ਕੀਰਤਨ ਦੀਆਂ ਝੜੀਆਂ ਲਗਾ ਦੇਣੀਆਂ, ਫਿਰ ਜ਼ਮੀਨ ਉਤੇ ਡੰਡੋਤ ਪ੍ਰਣਾਮ ਦੀ ਮੁਦਰਾ ਵਿਚ ਪੈ ਜਾਣਾ ਭਾਵੇਂ ਕਪੜੇ ਮਿੱਟੀ ਜਾਂ ਚਿੱਕੜ ਨਾਲ ਲਿਬੜ ਜਾਣ। ਇਉਂ ਵਾਰੇ-ਘੋਲੇ ਜਾਣਾ, ਆਈਆਂ ਸੰਗਤਾਂ ਉਪਰ। ਕਦੀ ਉਹਨਾਂ ਆਪਣੇ ਆਪ ਨੂੰ ਕੁਝ ਸਮਝ ਕੇ, ਸਿੰਘਾਂ ਨਾਲੋਂ ਵੱਖਰਾ ਅਤੇ ਉੱਚਾ (ਸੰਤ/ਸਾਧ) ਮੰਨਿਆ ਹੋਵੇ, ਇਹ ਕਦੀ ਨਹੀਂ



www.AKJ.Org

ਹੋਇਆ। ਸਭਨਾਂ ਕੀ ਰੇਣੁਕਾ ਹੋ ਕੇ ਵਿਚਰਦੇ ਰਹੇ। ਆਏ ਗਿਆਂ ਦੀ ਪੁੱਜ ਕੇ, ਰੱਜ ਕੇ ਸੇਵਾ ਕਰਨੀ। ਅਸਾਂ ਭੀ ਬਥੇਰੇ ਸਾਧ ਤੇ ਡੇਰੇ ਡਿਠੇ ਹਨ ਪਰ ਭਾਈ ਸਾਹਿਬ ਕੋਈ ਸਾਧ ਨਹੀਂ ਸੀ। ਉਹ ਸਿਰਫ ਭਾਈ ਬਣ ਕੇ ਹੀ ਰਹੇ, ਆਪਣੇ ਆਪ ਨੂੰ ਸੰਤ ਨਹੀਂ ਕਹਾਇਆ। ਕੋਈ ਡੇਰਾ, ਸੰਪਰਦਾ ਨਹੀਂ ਚਲਾਈ ਨਾ ਹੀ ਕੋਈ ਸੰਪਤੀ ਜ਼ਾਇਦਾਦ ਬਣਾਈ। ਗੁਰੂ ਕੇ ਸਿੱਖਾਂ ਦਾ ਦਾਸ ਬਣ ਕੇ ਵਿਚਰਨਾ ਉਹਨਾਂ ਦੀ ਖਾਸੀਅਤ ਸੀ। ਸੰਗਤ ਦਾ ਕਿਹਾ ਕਦੀ ਮੋੜਦੇ ਨਹੀਂ ਸੀ ਹੁੰਦੇ।

ਆਪ ਰਾਗਮਾਲਾ ਨੂੰ ਗੁਰਬਾਣੀ ਨਹੀਂ ਸੀ ਮੰਨਦੇ ਅਤੇ ਇਹ ਗੱਲ ਹੈ ਭੀ ਸੱਚ। ਰਾਗਾਂ ਦੇ ਤੱਤਕਰੇ ਨੂੰ ਜੇ ਕੌਮ ਬਾਣੀ ਮੰਨੇ ਤਾਂ ਸਾਡੀ ਬਦ-ਕਿਸਮਤੀ ਹੈ। ਛੇ ਰਾਗ+ਤੀਸ ਰਾਗਣੀਆਂ+ਅਠਾਰਾਂ+ਦਸ+ਬੀਸ ਰਾਗਾਂ ਦੇ ਪੁਤ ਭਾਵ 84 ਰਾਗ ਰਾਗਣੀਆਂ ਦੀ ਰਾਗ ਮਾਲਾ ਹੈ। ਇਸ ਵਿਚ ਕਰਤੇ ਪੁਰਖ ਦੀ ਕੋਈ ਗੱਲ ਨਹੀਂ ਹੈ। ਇਸ ਲਈ ਭਾਈ ਸਾਹਿਬ ਦੇ ਸੰਗੀ ਸਾਥੀ ਭੀ ਰਾਗ ਮਾਲਾ ਤੋਂ ਪਹਿਲਾਂ ਮੁੰਦਾਵਣੀ ਦੇ ਸਲੋਕ ਉਤੇ ਹੀ ਭੋਗ ਪਾ ਦਿੰਦੇ ਹਨ। ਰਹਿਤ ਮਰਯਾਦਾ (ਐਸ.ਜੀ.ਪੀ.ਸੀ.) ਵਿਚ ਭੀ ਸਪੱਸ਼ਟ ਦਰਜ ਹੈ ਕਿ ਭੋਗ ਮੁੰਦਾਵਣੀ ਤੇ ਹੈ, ਰਾਗ ਮਾਲਾ ਲੋਕਲ ਮਰਯਾਦਾ ਅਨੁਸਾਰ ਕੋਈ ਪੜ੍ਹੇ ਜਾ ਨਾ ਪੜ੍ਹੇ। ਇਸ ਨਿਰਣੇ ਪਿਛੇ ਭੀ ਭਾਈ ਸਾਹਿਬ ਦੇ ਲੰਬੇ ਸਮੇਂ ਦੇ ਜਤਨਾਂ ਨੇ ਕੰਮ ਕੀਤੈ।

ਆਪ ਵਲੋਂ ਕੀਤਾ ਦੂਜਾ ਸੁਧਾਰ ਹੈ ਬੀਬੀਆਂ ਨੂੰ ਕੇਸਕੀਆਂ ਸਜਾਉਣ, ਅਤੇ ਸਟੇਜ ਉਤੇ ਬਿਠਾ ਕੇ ਕੀਰਤਨ ਕਰਾਉਣ ਦੀ ਪਿਰਤ, ਜੋ ਭਾਈ ਸਾਹਿਬ ਨੇ ਆਰੰਭ ਕੀਤੀ। ਅਜੋਕੇ ਸਮੇਂ ਬੀਬੀਆਂ ਲਈ ਗੁਰੂ ਘਰ ਦੀ ਸੇਵਾ ਵਿਚ ਸਿੰਘਣੀਆਂ ਨੂੰ ਸਿੰਘਾਂ ਦੇ ਬਰਾਬਰ ਦੇ ਹੱਕ ਦੇਣ ਦੀ ਪਹਿਲ ਭਾਈ ਸਾਹਿਬ ਨੇ ਅਮਲੀ ਤੌਰ ਤੇ ਕਰ ਦਿਖਾਈ, ਨਹੀਂ ਤਾਂ ਕਈ ਡੇਰੇਦਾਰ, ਸੰਪਰਦਾਵਾਂ ਬੀਬੀਆਂ ਨੂੰ ਗੁਰੂ ਘਰ ਵਿਚ ਬਰਾਬਰਤਾ ਦੇ ਸਿਧਾਂਤ ਤੋਂ ਵਾਂਝਾ ਹੀ ਰਖਦੇ ਹਨ। ਇਥੋਂ ਤੱਕ ਕਿ ਅੰਮ੍ਰਿਤ ਵੀ ਵੱਖਰਾ ਹੀ ਛਕਾਉਂਦੇ ਹਨ ਜਿਵੇਂ ਤਖ਼ਤ ਸ੍ਰੀ ਹਜ਼ੂਰ ਸਾਹਿਬ ਵਿਖੇ ਹੁੰਦਾ ਹੈ।

ਲੇਖ ਦੇ ਅੰਤ ਵਿਚ ਭਾਈ ਸਾਇਬ ਜੀ ਦੀ ਸਭ ਤੋਂ ਨਿੱਘਰ ਸੇਵਾ ਹੈ, ਉਹਨਾਂ ਦੁਆਰਾ ਰਚਿਆ ਗੁਰਮਤਿ ਸਾਹਿਤ। ਆਪ ਆਪਣੇ ਸਮੇਂ ਦੇ ਉਚ ਕੋਟੀ ਦੇ ਵਿਦਵਾਨ ਗੁਰਸਿਖ ਭੀ ਆਖੇ ਜਾ ਸਕਦੇ ਹਨ। ਆਪ ਨੇ 40 ਤੋਂ ਉਪਰ ਪੁਸਤਕਾਂ ਲਿਖੀਆਂ। ਗੁਰਬਾਣੀ ਦੇ ਲਗਾਂ ਮਾਤ੍ਰਾਂ ਦੀ ਵਿਲਖਣਤਾ ਬੜੀ ਮਿਹਨਤ ਅਤੇ ਅੰਦਰਲੀ ਸੋਝੀ (ਅਨੁਭਵ) ਦੇ ਆਧਾਰ 'ਤੇ ਲਿਖੀ ਗਈ ਹੈ। ਉਸ ਸਮੇਂ ਦੇ ਕਿਸੇ ਸਾਧ ਸੰਤ ਨੇ ਗੁਰਮਤਿ ਸਾਹਿਤ ਦੀ ਰਚਨਾ ਨਹੀਂ ਕੀਤੀ। ਸਗੋਂ ਉਹਨਾਂ ਦੇ ਸੰਗੀ ਸਾਥੀਆਂ ਨੇ, ਉਹਨਾਂ ਦੇ ਨਾਮ ਨਾਲ ਕਥਾ ਕਹਾਣੀਆਂ ਜੋੜ ਕੇ, ਉਹਨਾਂ ਨੂੰ ਕਰਾਮਾਤੀ ਬਾਬੇ ਦਾ ਦਰਜਾ ਦੇਣ ਵਿਚ ਕੋਈ ਕਸਰ ਨਹੀਂ ਛੱਡੀ। ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਜੀਵਨ ਵਿਚੋਂ ਗੁਰਮਤਿ-ਮਾਰਗ ਦੀਆਂ ਅਨੇਕਾਂ ਸੇਧਾਂ, ਉਹਨਾਂ ਦੀ ਪੁਸਤਕ ਜੇਲ ਚਿੱਠੀਆਂ ਅਤੇ ਹੋਰ ਪੁਸਤਕਾਂ ਵਿਚੋਂ ਮਿਲਦੀਆਂ ਹਨ।

ਮੈਂ ਸੰਨ 1953 ਦੇ ਦਿੱਲੀ ਤਿਲਕ-ਨਗਰ ਵਿਖੇ ਹੋਏ, ਇਕ ਕੀਰਤਨ ਸਮਾਗਮ ਦੀ ਅੱਖੀ ਡਿੱਠੀ ਝਲਕ, ਪਾਠਕਾਂ ਨਾਲ ਸਾਂਝੀ ਕਰਨਾ ਚਾਹੁੰਦਾ ਹਾਂ। ਸਿਖ-ਅਰਦਾਸ ਦੇ ਬੋਲਾਂ ਵਿਚ ਬੜੇ ਹੀ ਡੂੰਘੇ ਭਾਵ ਲੁਕੇ ਹੋਏ ਹਨ, ਜਿਨ੍ਹਾਂ ਵਲ ਸਾਡਾ ਧਿਆਨ ਜੇ ਟਿੱਕ ਜਾਏ ਤਾਂ ਬੜਾ ਅਨੰਦ ਬੱਝਦਾ ਹੈ। ਪਹਿਲੀ ਵਾਰ ਅਕਤੂਬਰ 1953 ਦੇ ਦੁਸਹਿਰੇ ਦੇ ਮੌਕੇ ਤੇ ਦਿੱਲੀ ਵਿਖੇ ਅਖੰਡ ਕੀਰਤਨ ਸਮਾਗਮ ਦੇ ਦਰਸ਼ਨ-ਮੇਲੇ ਕਰਨ ਲਈ ਦਾਸ ਕਰਨਲ ਪਿਆਰਾ ਸਿੰਘ ਜੀ ਦੇ ਸੰਗ ਦਿੱਲੀ ਪੁੱਜਾ। ਉਦੋਂ ਸੰਗਤਾਂ ਅਤੇ ਭਾਈ ਸਾਹਿਬ ਰਣਧੀਰ ਸਿੰਘ ਜੀ ਦਾ ਉਤਾਰਾ ਦਾਰ ਜੀ (ਭਾਈ ਦਰਸ਼ਨ ਸਿੰਘ ਜੀ ਜੋ ਉਸ ਸਮੇਂ ਫੂਡ-ਕਮਿਸ਼ਨਰ ਸਨ) ਦੇ ਗ੍ਰਿਹਿ ਵਿਖੇ ਹੁੰਦਾ ਸੀ।

ਅੰਮ੍ਰਿਤ ਵੇਲੇ ਕਰੀਬ ਡੇਢ ਦੋ ਵਜੇ, ਸਿੰਘਾਂ ਦੇ ਇਸ਼ਨਾਨ ਤੋਂ ਫਾਰਗ ਹੋ ਕੇ, ਨਿਤਨੇਮ ਦੀਆਂ ਗੂੰਜਾਂ ਪੈਣ ਲੱਗੀਆਂ। ਮੇਰੇ ਲਈ ਇਹ ਸਭ ਕੁਝ ਅਜੀਬ ਸੀ। ਚਾਰ ਵਜੇ ਤੱਕ ਸਭ ਸੰਗਤਾਂ ਸਵੇਰ ਦਾ ਨਾਸ਼ਤਾ ਕਰ ਕੇ ਗੁ. ਸੀਸ ਗੰਜ ਸਾਹਿਬ ਲਈ ਰਵਾਨਾ ਹੋ ਗਈਆਂ। ਭਾਈ ਸਾਹਿਬ ਉਦੋਂ ਆਪ ਵਾਜੇ ਤੇ ਚਾਰ-ਚਾਰ, ਪੰਜ-ਪੰਜ ਘੰਟੇ ਕੀਰਤਨ ਕਰਦੇ ਥੱਕਦੇ ਨਹੀਂ ਸਨ ਹਾਲਾਂ ਕਿ ਉਹਨਾਂ ਦੀ ਉਮਰ ਉਸ ਸਮੇਂ 74 ਸਾਲ ਦੀ ਸੀ। ਭਾਈ ਦਰਸ਼ਨ ਸਿੰਘ ਜੀ ਦਿਲਰੁਬਾ ਵਾਲੇ, ਭਾਈ ਮਿਹਰ ਸਿੰਘ ਜੀ, ਭਾਈ ਹਰਮਿੰਦਰ ਸਿੰਘ ਜੀ, ਸਿੰਧਣ ਬੀਬੀ ਮੀਰਾਂ, ਕੁਝ ਇੱਕ ਕੀਰਤਨੀਆਂ ਦੇ ਨਾਮ



www.AKJ.Org

ਦਾਸ ਨੂੰ ਚੇਤੇ ਨਹੀਂ ਸਭ ਹਾਜ਼ਰੀਆਂ ਭਰਦੇ ਹੁੰਦੇ ਸਨ। ਚਿੱਠੀਆਂ ਵਿਚ ਪਿਆਰ ਨਾਲ ਕੀਰਤਨੀ ਜਥਿਆਂ ਦੇ ਨਾਮ ਲਿਖ ਕੇ ਦੂਰ ਦੂਰ ਸੰਗਤਾਂ ਨੂੰ ਸੱਦੇ ਭੇਜ ਕੇ ਬੁਲਾਇਆ ਜਾਂਦਾ ਸੀ ਜਿਵੇਂ ਬੀਬੀ ਮਹਿੰਦਰ ਕੌਰ ਦਾ ਟਕਸਾਲੀ ਜੱਥਾ, ਕਰਨਲ ਪਿਆਰਾ ਸਿੰਘ ਜੀ ਦਾ ਬਿਸਮਾਦੀ ਕੀਰਤਨ ਆਦਿ। ਕਰਨਲ ਪਿਆਰਾ ਸਿੰਘ ਜੀ, ਜਿਹੜੇ ਜਿਹੜੇ ਸਿੰਘ ਨੂੰ ਮਿਲਣ ਉਸ ਨੂੰ ਜੱਫੀ ਵਿਚ ਲੈ ਕੇ ਮਿਲਣ, ਕਈ ਕਈ ਦੇਰ ਤਕ ਅਭਿਆਸ ਹੀ ਕਰੀ ਜਾਣ ਅਤੇ ਜਦੋਂ ਫ਼ਤਹਿ ਬੁਲਾਉਂਦੇ ਉਹਨਾਂ ਦੇ ਨੇਤਰ ਸੱਜਲ ਹੋਏ ਹੁੰਦੇ। ਮੈਂ ਪਹਿਲੀ ਵਾਰੀ ਪੁਰਾਤਨ ਸਿੰਘਾਂ ਨੂੰ ਗਲਵੱਕੜੀ ਪਾਉਂਦਿਆਂ ਵੇਖਿਆ ਅਤੇ ਵੈਰਾਗ ਵਿਚ ਇੰਝ ਮਿਲਦਿਆਂ ਦੇਖਿਆ।

ਮੈਨੂੰ ਹੁਣ ਸਮਝ ਆਈ, ਪਰ ਆਈ ਕਈ ਚਿਰਾਂ ਪਿਛੋਂ, ਜਦੋਂ ਦਾਸ ਭੀ ਉਨ੍ਹਾਂ ਵਾਂਗ ਬੈਰਾਗ ਮਈ ਲਹਿਰਾਂ ਨਾਲ ਹੁਲਾਰੇ ਲੈਣ ਲੱਗ ਪਿਆ। ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਖ਼ੁਦ ਐਸੀ ਚੁੰਭਕੀ ਸ਼ਖ਼ਸੀਅਤ ਸਨ ਕਿ ਉਹਨਾਂ ਦੇ ਦੁਆਲੇ ਜਿਨ੍ਹਾਂ ਸਿੰਘਾਂ ਨੇ ਆਣ ਕੇ ਬੈਠਣਾ ਉਹਨਾਂ ਸਾਰਿਆਂ ਵਿਚ ਉਹੋ ਚੁੰਭਕੀ-ਆਕਰਸ਼ਣ ਹੁੰਦੀ ਸੀ।

ਮੈਂ ਅਗਲੀ ਗੱਲ ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਕੀਰਤਨ ਦੀ ਇਕ ਪਲਕ, ਇਕ ਝਲਕ ਦੀ ਕਰਨ ਲਗਾ ਹਾਂ। ਰਾਗੀ ਸਿੰਘਾਂ ਨੂੰ ਭੀ ਕੀਰਤਨ ਕਰਦਿਆਂ ਵੇਖਿਆ ਸੁਣਿਆ ਹੈ। ਉਹਨਾਂ ਦਾ ਬਹੁਤਾ ਜ਼ੋਰ ਸਾਜ਼ਾਂ ਦੇ ਵਜਾਉਣ, ਰਾਗਾਂ ਦੇ ਆਲਾਪ, ਅਤੇ ਆਪਣੀ ਰਾਗ-ਪ੍ਰਬੀਨਤਾ ਦੇ ਪ੍ਰਗਟਾਅ ਉਤੇ ਹੁੰਦੈ। ਉਹ ਆਪਣੇ ਗਲੇ ਨੂੰ ਬੜਾ ਬਚਾਅ ਬਚਾਅ ਕੇ ਵਰਤਦੇ ਹਨ। ਉਹ ਕਲਾਕਾਰ ਅਖਵਾਉਂਦੇ ਹਨ। ਪਰ ਜਿਨ੍ਹਾਂ ਧੁਰੋਂ ਆਈ ਸੇਧ ਅਨੁਸਾਰ ਕੀਰਤਨ ਕਰਨਾ ਹੁੰਦੈ "**ਠਾਕਰੁ ਗਾਈਐ ਆਤਮ ਰੰਗਿ ॥**' ਉਹਨਾਂ ਨੂੰ ਨਾ ਤਾਂ ਆਪਣੇ ਗਲੇ ਦੀ ਹੀ ਪਰਵਾਹ ਹੁੰਦੀ ਹੈ ਅਤੇ ਨਾ ਹੀ ਕਲਾ ਦੇ ਪ੍ਰਗਟਾਉਣ ਵਲ ਧਿਆਨ ਹੁੰਦੈ। ਉਹਨਾਂ ਦੀ ਸੁਰਤਿ ਸਦਾ ਆਤਮ ਰੰਗਾਂ, ਆਤਮ-ਤਰੰਗਾਂ ਵਲ ਹੁੰਦੀ ਹੈ। ਕਈ ਕਈ ਘੰਟੇ ਉਚੀ-ਉਚੀ ਪੰਚਮ ਦੀਆਂ ਸੁਰਾਂ ਤੇ ਕੀਰਤਨ ਕਰੀ ਜਾਣਾ, ਉਹਨਾਂ ਦੇ ਅੰਤਰ-ਆਤਮੇ ਦਾ ਅਗੰਮੀ ਵੇਗ ਹੁੰਦਾ ਸੀ। ਕਈ ਰੂਹਾ ਉਸ ਕੀਰਤਨ ਵਿਚੋਂ ਆਤਮਕ ਖ਼ੁਰਾਕ ਭੁੰਚਦੀਆਂ ਸਨ।

**ਅਖੰਡ ਕੀਰਤਨੁ ਤਿਨਿ ਭੋਜਨੁ ਚੂਰਾ ॥ ਕਹੁ ਨਾਨਕ ਜਿਸੁ ਸਤਿਗੁਰੁ ਪੂਰਾ ॥੮॥੨॥**

(ਅੰਗ ੨੩੬)

ਆਮ ਰਾਗੀ ਇਸ ਭੋਜਨ ਚੂਰੀ ਤੋਂ ਵਿਰਵੇ ਰਹਿ ਜਾਂਦੇ ਹਨ। 1953 ਦੇ ਅਕਤੂਬਰ ਸਮਾਗਮ ਦੀ ਗੱਲ ਚਲ ਰਹੀ ਸੀ। ਤਿਲਕ ਨਗਰ ਦੇ ਗੁਰਦੁਆਰੇ ਸਾਹਿਬ ਭਾਈ ਸਾਹਿਬ ਜੀ ਆਪ ਕੀਰਤਨ ਕਰ ਰਹੇ ਸਨ, ਚਾਨੀ ਜੀ ਜੋੜੀ ਵਜਾ ਰਹੇ ਸਨ। ਹੋਰ ਸੰਗੀ ਸਾਥੀ ਸਟੇਜ ਤੇ ਭਾਈ ਸਾਹਿਬ ਦੁਆਲੇ ਬੈਠੇ ਹੋਏ ਸਨ ਤੇ ਉਹਨਾਂ ਦੇ ਨਾਲ ਮਿਲ ਕੇ ਸ਼ਬਦ ਪੜ੍ਹ ਰਹੇ ਸਨ :-

**ਮੋਹਿ ਗਇਆ ਬੈਰਾਗੀ ਜੋਗੀ ਘਟਿ ਘਟਿ ਕਿੰਗੁਰੀ ਵਾਈ ॥੯॥**

(ਅੰਗ ੯੦੭)

ਭਾਈ ਸਾਹਿਬ ਰਸ ਭੂੰਚ ਭੂੰਚ ਕੇ ਇਉਂ ਗੂੰਜਾਂ ਪਾ ਰਹੇ ਸਨ :-

**'ਮੋਹਿ ਗਇਆ ਮੋਹਿ ਗਇਆ ਮੋਹਿ ਗਇਆ ਬੈਰਾਗੀ ਜੋਗੀ ॥'**

ਇਕ ਛਿਨ ਲਈ ਮੋਹਿ ਗਇਆ ਉਚੀ ਸੁਰ ਵਿਚ ਪੜ੍ਹਿਆ ਤੇ ਭਾਈ ਸਾਹਿਬ ਦੀ ਸੁਰਤਿ ਸ਼ਬਦ ਨਾਲ ਜੁੜ ਗਈ। ਸਿੰਘਾਂ ਨੇ ਪਹਿਲਾਂ ਭੀ ਇਹ ਨਜ਼ਾਰਾ ਵੇਖਿਆ ਹੋਵੇਗਾ, ਪਰ ਮੇਰੇ ਲਈ ਤਾਂ ਇਹ ਅਦਭੁਤ ਨਜ਼ਾਰਾ ਸੀ ਕਿ ਕੀਰਤਨ ਕਰਦਾ ਕਰਦਾ, ਕੋਈ ਕੀਰਤਨ ਵਿਚ ਹੀ ਸਮਾਅ ਜਾਵੇ। ਭਾਈ ਸਾਹਿਬ ਜੀ ਦਾ ਵਾਜਾ ਵਜਣਾ ਬੰਦ ਹੋ ਗਿਆ। ਜੋੜੀ ਵਾਲਾ ਭੀ ਰੁਕ ਗਿਆ। ਖੜਤਾਲਾਂ ਭੀ ਰੁਕ ਗਈਆਂ। ਸਿੰਘ ਹੌਲੀ-ਹੌਲੀ ਅਭਿਆਸ ਕਰਨ ਜੁੱਟ ਪਏ। ਕੁਝ ਮਿੰਟ ਇਹ ਸੁੰਨ-ਮੁੰਨ ਅਵਸਥਾ ਰਹੀ। ਫਿਰ ਭਾਈ ਸਾਹਿਬ ਜੀ ਦੀ ਰੂਹ ਦਿੱਬ ਮੰਡਲ ਤੋਂ ਉਤਰੀ ਤੇ ਉਥੋਂ ਹੀ ਤੁਕ ਨੂੰ ਮੁੜ ਗਾਉਣਾ ਆਰੰਭ ਕੀਤਾ 'ਮੋਹਿ ਗਇਆ ਬੈਰਾਗੀ ਜੋਗੀ।'



www.AKJ.Org

ਇਕ ਵਾਰੀ ਫਿਰ ਉਹ ਗੂੰਜਾਂ ਪੈਣ ਲੱਗ ਪਈਆਂ। ਅੱਜਕਲ੍ਹ ਦੇ ਕੀਰਤਨ ਅਖਾੜਿਆਂ ਵਿਚ ਇਹੋ ਜਿਹੀਆਂ ਚੁੰਭਕੀ ਗੱਲਾਂ, ਰੂਹ ਨੂੰ ਸ਼ਬਦ ਨਾਲ ਜੋੜ ਦੇਣ ਦੇ ਕ੍ਰਿਸ਼ਮੇ ਘਟ ਹੀ ਵਾਪਰਦੇ ਹਨ, ਹੁਣ ਤਾਂ ਕੀਰਤਨੀ ਜੱਥੇ ਜਿਆਦਾ ਤਰ ਆਪਣਾ ਸਮਾਂ ਪੂਰਾ ਕਰਕੇ ਸਾਥੀਆਂ ਸਮੇਤ ਸਟੇਜ ਤੋਂ ਉਠ ਜਾਂਦੇ ਹਨ। ਪਰ ਓਦੋਂ ਇਹ ਗੱਲ ਨਹੀਂ ਸੀ। ਸਾਰੇ ਕੀਰਤਨੀਏ ਸਟੇਜ ਉਤੇ ਇਕ ਦੂਜੇ ਨਾਲ ਮਿਲ ਕੇ ਇਕੱਠੇ ਹੀ ਕੀਰਤਨ ਦੀਆਂ ਧੁਨੀਆਂ ਗੂੰਜਾਉਂਦੇ ਹੁੰਦੇ ਸਨ। ਕੀਰਤਨੀਏ ਵੀਰ ਆਪੋ ਆਪਣੀ ਵਾਰੀ ਭੁਗਤਾ ਕੇ ਉਥੇ ਸਟੇਜ ਉਤੇ ਹੀ ਬੈਠੇ ਰਹਿੰਦੇ ਸਨ ਅਤੇ ਕੀਰਤਨ ਦਾ ਰਸ ਭੁੰਚਦੇ ਕਦੀ ਥੱਕਦੇ ਅੱਕਦੇ ਨਹੀਂ ਸਨ। ਉਨ੍ਹਾਂ ਨੂੰ ਕਿਤੇ ਬਾਹਰ ਜਾਣ ਦੀ ਖੋਹ ਭੀ ਨਹੀਂ ਸੀ ਪੈਂਦੀ। ਇਸੇ ਕਰਕੇ ਉਹ ਕੀਰਤਨ-ਅਖਾੜਾ ਵਧ ਤੋਂ ਵਧ ਚੜ੍ਹਦੇ ਰੰਗਾਂ ਵਿਚ ਨਾਮ-ਰਸ ਵਿੱਚ ਮਸਤੂਲ ਮਸਤ ਤੁਰੀ ਜਾਂਦਾ ਸੀ। ਕਾਸ਼! ਉਹ ਰੰਗ ਹੁਣ ਵੀ ਮਾਣਨ ਦੇ ਅਵਸਰ ਬਝਣ। ਦਾਸ 1953 ਵਿਚ ਬਿਲਕੁਲ ਅਣਜਾਣ ਸੀ, ਪਰ ਉਪਰੋਕਤ ਘਟਨਾ ਮੇਰੇ ਧੁਰ ਅੰਦਰ ਧੱਸ ਗਈ। ਇਸ ਘਟਨਾ ਨੇ ਹੀ ਮੈਨੂੰ ਇਸੇ ਸਮਾਗਮ ਉਤੇ ਅੰਮ੍ਰਿਤ ਛਕਣ ਲਈ ਪ੍ਰੇਰਿਆ। ਮੇਰੇ ਲਈ ਉਹ ਘੜੀ ਇਕ ਸਫਲ ਘੜੀ ਸੀ।

*(ਪੁਸਤਕ ਸੇਈ ਪਿਆਰੇ ਮੇਲਿ ਵਿਚੋਂ ਧੰਨਵਾਦ ਸਹਿਤ)*

# ਸੰਖੇਪ ਜੀਵਨੀ - ਬੇਬੇ ਕਰਤਾਰ ਕੌਰ ਜੀ

ਗਿਆਨੀ ਨਾਹਰ ਸਿੰਘ ਜੀ ਗੁਜਰਵਾਲ

ਸੰਸਾਰ ਵਿਚ ਜੀਵਨ-ਯਾਤਰਾ ਨੂੰ ਸਫਲ ਕਰਨ ਦੇ ਉੱਤਮ ਸਾਧਨਾਂ ਵਿਚੋਂ ਇਕ ਸ੍ਰੇਸ਼ਟ ਸਾਧਨ ਇਹ ਭੀ ਹੈ ਕਿ ਪਵਿੱਤਰ ਜੀਵਨ ਵਾਲੀਆਂ ਹਸਤੀਆਂ ਜੋ ਪੂਰਨੇ ਪਾ ਗਈਆਂ, ਉਨ੍ਹਾਂ ਨੂੰ ਚਾਨਣ-ਮੁਨਾਰੇ ਸਮਝ ਕੇ ਉਨ੍ਹਾਂ ਤੋਂ ਸਿਖਿਆ ਪ੍ਰਾਪਤ ਕੀਤੀ ਜਾਵੇ ਤੇ ਆਪਣੇ ਜੀਵਨ ਨੂੰ ਉੱਚਾ ਬਣਾਉਣ ਲਈ ਉਤਸ਼ਾਹ ਹਾਸਲ ਕਰ ਕੇ ਸਤਿ ਮਾਰਗ ਪਰ ਚਲਣ ਦੀ ਸਾਧਨਾ 'ਤੇ ਪ੍ਰਪੱਕ ਹੋਈਏ। ਇਸ ਪ੍ਰਥਾਇ ਗੁਰਵਾਕ ਹੈ :

**ਬਾਬਾਣੀਆ ਕਹਾਣੀਆ ਪੁਤ ਸਪੁਤ ਕਰੇਨਿ ॥**

(ਅੰਗ ੯੫੧)

ਅੰਗਰੇਜ਼ੀ ਵਿੱਚ ਭੀ ਇਉਂ ਆਖਿਆ ਗਿਆ ਹੈ :-

**Lives of great men make our lives sublime.**

**ਅਰਥਾਤ :** ਉੱਤਮ ਹਸਤੀਆਂ ਦੇ ਜੀਵਨ, ਸਾਡੇ ਜੀਵਨਾਂ ਨੂੰ ਭੀ ਉੱਚਾ ਬਣਾਉਂਦੇ ਹਨ। ਇਸੇ ਭਾਵ ਨੂੰ ਮੁਖ ਰੱਖ ਕੇ ਹੁਣੇ ਜਿਹੇ ਸਫਲ ਯਾਤਰਾ ਕਰ ਕੇ ਗੁਰਪਰ ਸਿਧਾਰੀ ਇਕ ਪਵਿੱਤਰ ਆਤਮਾ ਸੰਬੰਧੀ ਕੁਝ ਸ਼ਬਦ ਸ਼ਰਧਾਂਜਲੀ ਵਜੋਂ ਪੇਸ਼ ਕਰਨ ਦੀ ਅਕਾਂਖਿਆ ਹੋਈ ਹੈ। ਇਹ ਪਵਿੱਤਰ ਆਤਮਾ ਸ੍ਰੀ ਮਤੀ ਬੇਬੇ ਕਰਤਾਰ ਕੌਰ ਜੀ ਸੁਪਤਨੀ ਭਾਈ ਸਾਹਿਬ ਰਣਧੀਰ ਸਿੰਘ ਜੀ ਹਨ, ਜਿਨ੍ਹਾਂ ਦਾ ਅਕਾਲ ਚਲਾਣਾ 27 ਜਨਵਰੀ 1952 ਨੂੰ ਰਾਤ ਦੇ ਸੇਵਾ ਦੋ ਵਜੇ ਲੁਧਿਆਣੇ ਮਾਡਲ ਟਾਊਨ ਕੋਠੀ ਨੰ. 126 ਵਿਚ ਹੋਇਆ।

ਆਪ ਇਸ ਅਸਾਰ ਸੰਸਾਰ ਪਰ 73 ਸਾਲ ਰਹੇ। ਜਿਸ ਤਰ੍ਹਾਂ ਦਾ ਦ੍ਰਿੜ੍ਹ ਵਿਸ਼ਵਾਸ ਤੇ ਸਿਦਕ ਭਰੋਸੇ ਵਾਲਾ ਜੀਵਨ ਆਪ ਨੇ ਗੁਜ਼ਾਰਿਆ, ਜੋ ਕਿ ਆਪਣੇ ਆਪ ਵਿਚ ਇਕ ਮਿਸਾਲ ਸੀ। ਉਸ ਦਾ ਹੂ-ਬ-ਹੂ ਨਕਸ਼ਾ ਇਸ ਲੇਖ ਦੇ ਅਖੀਰ ਤੇ ਦਿੱਤੀ ਕਵਿਤਾ ਵਿਚ ਖਿਚਿਆ ਗਿਆ ਹੈ, ਸੰਖੇਪ ਜਿਹਾ ਬ੍ਰਿਤਾਂਤ ਇਉਂ ਹੈ—ਬੇਬੇ ਜੀ ਦਾ ਜਨਮ ਪਿੰਡ ਗੁੰਮਟੀ ਰਿਆਸਤ ਨਾਭਾ ਦੇ ਫੂਲ-ਬੰਸ ਘਰਾਣੇ ਵਿਚ ਪਿਤਾ ਸ੍ਰ. ਬਚਨ ਸਿੰਘ ਅਤੇ ਮਾਤਾ ਦਇਆ ਕੌਰ ਦੇ ਘਰ ਸੰਨ



www.AKJ.Org

1879 ਵਿਚ ਹੋਇਆ। ਜੋ ਛੇਵੇਂ ਤੇ ਦਸਵੇਂ ਗੁਰਾਂ ਦੀਆਂ ਬਖ਼ਸ਼ਿਸ਼ਾਂ ਨਾਲ ਸਾਜਿਆ ਨਿਵਾਜਿਆ ਹੋਇਆ ਹੈ। ਜਦ ਤੋਂ ਆਪ ਨਾਰੰਗਵਾਲ ਆਏ ਤੇ ਭਾਈ ਸਾਹਿਬ ਰਣਧੀਰ ਸਿੰਘ ਜੀ ਨੇ ਆਪਣੇ ਜੀਵਨ ਨੂੰ ਗੁਰੂ ਕੇ ਲੇਖੇ ਲਾਉਣ ਦਾ ਸੰਕੱਲਪ ਧਾਰਿਆ, ਓਦੋਂ ਤੋਂ ਹੀ ਆਪ ਨੇ ਆਪਣਾ ਜੀਵਨ ਇਸ ਗੁਰਵਾਕ ਦੀ ਸਿੱਖਿਆ ਦੇ ਸੰਚੇ ਵਿਚ ਢਾਲਣਾ ਸ਼ੁਰੂ ਕਰ ਦਿੱਤਾ :

**ਭੀ ਸੋ ਸਤੀਆ ਜਾਣੀਅਨਿ ਸੀਲ ਸੰਤੋਖਿ ਰਹੰਨਿ੍ ॥ ਸੇਵਨਿ ਸਾਈ ਆਪਣਾ ਨਿਤ ਉਠਿ ਸੰਮ੍ਾਲੰਨਿ੍ ॥**

(ਅੰਗ ੭੮੭)

ਆਪ ਜੀ ਨੇ ਆਪ ਜੀ ਦੇ ਸਿੰਘ ਸਾਹਿਬ ਦੇ ਜੂਨ 1903 ਅੰਮ੍ਰਿਤ ਛੱਕਣ ਤੋਂ ਥੋੜੀ ਦੇਰ ਬਾਅਦ ਹੀ ਅੰਮ੍ਰਿਤ ਛੱਕ ਲਿਆ ਸੀ। ਸਿੰਘ ਸਾਹਿਬ ਜੀ ਦੇ ਅੰਮ੍ਰਿਤ ਛੱਕਣ ਵੇਲੇ ਆਪ ਪੇਕੇ ਘਰ ਗਏ ਹੋਏ ਸਨ ਤੇ ਉਨ੍ਹਾਂ ਨਾਲ ਅੰਮ੍ਰਿਤ ਛੱਕਣ ਤੋਂ ਰਹਿ ਗਏ ਸਨ, ਪਰ ਬਾਅਦ ਵਿਚ ਜਲਦੀ ਹੀ ਅੰਮ੍ਰਿਤ ਛੱਕ ਕੇ ਭਾਈ ਸਾਹਿਬ ਜੀ ਵਾਂਗ ਰਹਿਤ ਬਹਿਤ ਦੇ ਪੱਕੇ ਧਾਰਨੀ ਹੋ ਗਏ। ਆਪ ਜੀ ਨੇ ਪਿਤਾ ਇਕ ਤਕੜੇ ਜਿਮੀਦਾਰ ਘਰਾਣੇ ਨਾਲ ਸੰਬੰਧ ਰੱਖਦੇ ਸਨ। ਆਪ ਜੀ ਨੇ ਗੁਰਮੁਖੀ ਆਪਣੀ ਭੂਆ ਬੀਬੀ ਸਮਸ਼ੇਰ ਕੌਰ ਉਰਫ ਜਗਤ ਪ੍ਰਕਾਸ਼ ਕੌਰ ਕੋਲੋਂ ਲਈ ਤੇ ਗੁਰਬਾਣੀ ਦਾ ਪਾਠ ਵੀ ਉਸ ਕੋਲੋਂ ਹੀ ਸਿੱਖਿਆ। ਉਸ ਵੇਲੇ ਦੇ ਰਿਵਾਜ਼ ਮੁਤਾਬਿਕ ਆਪ ਜੀ ਦਾ ਆਨੰਦ ਕਾਰਜ ਛੋਟੀ ਉਮਰ ਵਿਚ ਹੀ ਭਾਈ ਰਣਧੀਰ ਸਿੰਘ ਸਪੁੱਤਰ ਸ. ਨੱਥਾ ਸਿੰਘ ਪਿੰਡ ਨਾਰੰਗਵਾਲ, ਜੋ ਨਾਭਾ ਹਾਈ ਕੋਰਟ ਦੇ ਜੱਜ ਸਨ ਨਾਲ ਬਹੁਤ ਧੂਮਧਾਮ ਨਾਲ ਹੋਇਆ। ਇਹ ਬਰਾਤ ਨਾਰੰਗਵਾਨ ਤੋਂ ਘੋੜਿਆਂ, ਰੱਥਾਂ 'ਤੇ ਚੜ੍ਹ ਕੇ ਗਈ ਸੀ ਤੇ ਭਾਈ ਸਾਹਿਬ ਹਾਥੀ ਤੇ ਚੜ੍ਹ ਕੇ ਵਿਆਹੁਣ ਗਏ ਸਨ। ਰਿਵਾਜ਼ ਮੁਤਾਬਿਕ ਨਵੇਂ ਵਿਆਹੇ ਜੋੜੇ ਨੂੰ ਪੂਰੇ ਜਵਾਨ ਹੋਣ ਤਾਈ ਇਕੱਠੇ ਨਹੀਂ ਰਹਿਣ ਦਿੱਤਾ ਜਾਂਦਾ ਸੀ। ਬੀਬੀ ਕਰਤਾਰ ਕੌਰ ਜੀ ਸੰਨ 1899 ਦੇ ਨੇੜੇ ਤੇੜੇ ਹੀ ਪਿੰਡ ਨਾਰੰਗਵਾਲ ਆ ਕੇ ਰਹਿਣ ਲੱਗੇ। ਆਪ ਜੀ ਦੇ ਘਰ ਇਕ ਸਪੁੱਤਰ ਤੇ ਦੋ ਸਪੁੱਤਰੀਆਂ ਨੇ ਜਨਮ ਲਿਆ। ਵੱਡੀ ਸਪੁੱਤਰੀ ਬੱਚੀ ਭਗਵੰਤ ਕੌਰ ਛੋਟੀ ਉਮਰ ਵਿਚ ਹੀ ਭਾਈ ਸਾਹਿਬ ਜੀ ਦੇ ਜੇਲ੍ਹ ਜਾਣ ਤੋਂ ਬਾਅਦ ਪਿਤਾ ਦੇ ਵਿਛੋੜੇ ਦਾ ਸਦਮਾ ਨਾ ਸਹਾਰਦੀ ਹੋਈ ਚੜ੍ਹਾਈ ਕਰ ਗਈ ਸੀ।

ਆਪ ਜੀ ਨੇ ਭਾਈ ਸਾਹਿਬ ਵਾਂਗ ਗੁਰਸਿਖੀ ਦੀ ਰਹਿਤ ਰਹਿਣੀ-ਬਿਬੇਕ ਦੀ ਧਾਰਨਾ ਐਸੀ ਧਾਰਨ ਕੀਤੀ ਕਿ ਤੋੜ ਤਕ ਇਕ-ਰਸ ਨਿਭਾਈ, ਚਾਹੇ ਭਾਈ ਸਾਹਿਬ ਦੀ ਜੇਲ੍ਹ ਯਾਤਰਾ ਦੇ ਸੋਲ੍ਹਾਂ ਸਾਲ ਦੇ ਸਮੇਂ ਵਿਚ ਆਪ ਨੂੰ ਅਨੇਕਾਂ ਕਸ਼ਟਾਂ ਦਾ ਸਾਹਮਣਾ ਕਰਨਾ ਪਿਆ। ਆਪ ਨੇ ਨਿਤਨੇਮ ਦੀਆਂ ਬਾਣੀਆਂ ਦੇ ਨਾਲ ਸੁਖਮਨੀ ਸਾਹਿਬ ਬਾਵਨ ਅਖਰੀ ਆਦਿ ਕਈ ਹੋਰ ਬਾਣੀਆਂ ਕੰਠ ਕੀਤੀਆਂ, ਜਿਨ੍ਹਾਂ ਦਾ ਪਾਠ ਸਾਰੀ ਉਮਰ ਕਰਦੇ ਰਹੇ। ਸੰਗਤ ਦੇ ਲੰਗਰ ਆਦਿ ਦੀ ਸੇਵਾ ਕਰਨ ਵਿਚ ਅਥੱਕ ਸਨ ਤੇ ਸੇਵਾ ਪ੍ਰੇਮ ਭਾਵ ਨਾਲ ਨਿਭਾਉਂਦੇ ਸਨ। ਡਾ ਤਰਲੋਚਨ ਸਿੰਘ ਜੀ ਲੁਧਿਆਣਾ ਮੁਤਾਬਕ ਭਾਈ ਸਾਹਿਬ ਜੀ ਦੀ ਜੇਲ੍ਹ ਯਾਤਰਾ ਦੌਰਾਨ ਕਲਗੀਧਰ ਪਿਤਾ ਨੇ ਆਪਣੀ ਬੱਚੀ ਨੂੰ ਧਰਵਾਸ ਦੇਣ ਵਾਸਤੇ ਤਿੰਨ ਵਾਰ ਆਪਣੇ ਸਰੀਰਕ ਜਾਮੇ ਵਿਚ ਦਰਸ਼ਨ ਦਿੱਤੇ। ਆਪ ਜੀ ਨੇ ਡਾ ਸਾਹਿਬ ਨੂੰ ਆਪਣੀ ਹਵੇਲੀ ਵਿਚ ਉਹ ਤਿੰਨ ਜਗ੍ਹਾ ਵੀ ਦਿਖਾਈਆਂ, ਜਿੱਥੇ ਦਸਮੇਸ਼ ਜੀ ਨੇ ਸਾਂਗੋ ਪਾਂਗ ਦਰਸ਼ਨ ਦਿੱਤੇ ਸਨ।

ਸੰਨ 1914-15 ਦੀ ਆਜ਼ਾਦੀ ਦੀ ਲਹਿਰ ਦੇ ਸਮੇਂ ਬੜੇ ਭਿਆਨਕ ਸਨ, ਜਦੋਂ ਕਿ ਆਪਣੇ ਭੀ ਸਹਿਮ ਤੇ ਡਰ ਦੇ ਮਾਰੇ ਨੇੜੇ ਲੱਗਣ ਤੋਂ ਝੱਕਦੇ ਸਨ। ਜਦੋਂ ਸੰਨ 1916 ਵਿਚ ਭਾਈ ਸਾਹਿਬ ਜੀ ਦੇ ਉਮਰ ਕੈਦ ਹੋਣ ਪਰ, ਜਾਇਦਾਦ ਜ਼ਬਤੀ ਦੀ ਸਜ਼ਾ ਹੋਈ ਤੇ ਲੁਧਿਆਣੇ ਤੋਂ ਤਹਿਸੀਲਦਾਰ ਘਰ ਜ਼ਬਤ ਕਰਨ ਲਈ ਆਇਆ ਤਾਂ ਆਪ ਨੇ ਬੜੀ ਨਿਰਭੈਤਾ ਨਾਲ ਕਿਹਾ, "ਘਰ ਤਾਂ ਅਸੀਂ ਤਦੇ ਛੱਡ ਸਕਦੇ ਹਾਂ, ਜੇ ਸਾਨੂੰ ਭੀ ਜੇਲ੍ਹ ਵਿਚ ਹੀ ਪੁਚਾ ਦਿੱਤਾ ਜਾਏ।" ਇਸ ਦਾ ਸਿੱਟਾ ਇਹ ਹੋਇਆ ਕਿ ਘਰ ਜ਼ਬਤੀ ਤੋਂ ਬੱਚ ਗਿਆ। ਇਸੇ ਤਰ੍ਹਾਂ ਆਪ ਨੇ ਬੜੇ ਹੌਂਸਲੇ ਤੇ ਦ੍ਰਿੜ੍ਹਤਾ ਨਾਲ ਘਰ ਦਾ ਸਭ ਸਮਾਨ ਏਧਰ ਓਧਰ ਸੰਭਾਲ ਕੇ ਜ਼ਬਤ ਹੋਣੋਂ ਬਚਾ ਲਿਆ। ਨਹੀਂ ਤਾਂ ਕਈ ਹੋਰ ਦੇਸ਼-ਭਗਤਾਂ ਦੇ ਘਰ-ਬਾਰ, ਕਪੜੇ ਲੀੜੇ, ਭਾਂਡੇ ਤੇ ਹੋਰ ਸਭ ਰਿਣੀ ਚਿਣੀ ਅੰਗਰੇਜ਼ੀ ਸਰਕਾਰ ਨੇ ਜ਼ਬਤ ਕਰ ਲਈ।



www.AKJ.Org

ਜਦੋਂ ਆਪ ਹਜ਼ਾਰੀ ਬਾਗ਼ ਤੇ ਬੱਚਿਆਂ ਸਮੇਤ, ਨਾਗਪੁਰ ਜੇਲ੍ਹ ਵਿਚ ਭਾਈ ਸਾਹਿਬ ਦੀ ਮੁਲਾਕਾਤ ਲਈ ਗਏ ਤਾਂ ਉਸ ਸਮੇਂ ਦੇ ਨਜ਼ਾਰੇ ਅੱਖਰਾਂ ਵਿਚ ਲਿਖੇ ਜਾਣ ਦੀ ਲੇਖਣੀ ਵਿਚ ਸਮਰੱਥਾ ਨਹੀਂ, ਆਪਣਾ ਕੋਈ ਭੀ ਦੁਖ ਕਲੇਸ਼ ਭਾਈ ਸਾਹਿਬ ਨੂੰ ਨਹੀਂ ਦਸਿਆ। ਸਗੋਂ ਇਹੋ ਕਿਹਾ ਕਿ ਅਸਾਨੂੰ ਕੋਈ ਖੇਚਲ ਨਹੀਂ, ਸਾਨੂੰ ਤੁਹਾਡਾ ਹੀ ਫ਼ਿਕਰ ਹੈ, ਹਾਲਾਂ ਕਿ ਜਾਇਦਾਦ ਜ਼ਬਤ ਹੋ ਚੁੱਕੀ ਸੀ, ਛੋਟੇ ਦੋ ਬੱਚੇ ਸਨ, ਉਨ੍ਹਾਂ ਦੀ ਸੰਭਾਲ ਸਿਰ ਪਰ ਸੀ। ਸਿਰ ਤੋਂ ਸੱਸ ਤੇ ਸਹੁਰੇ ਦਾ ਸਾਇਆ ਭੀ ਉੱਠ ਚੁੱਕਾ ਸੀ। ਜਲੋਧਰ ਦੀ ਭਿਆਨਕ ਬੀਮਾਰੀ ਤੋਂ ਗੁਰੂ ਦੀ ਕਿਰਪਾ ਨਾਲ ਮਸਾਂ ਜਾਨ-ਬਖ਼ਸ਼ੀ ਹੋਈ ਸੀ। ਪਰ ਆਪ ਨੇ ਇਹ ਸਭ ਕੁਝ 'ਸਬਰ ਸ਼ੁਕਰ' ਦੇ ਆਸਰੇ ਸਹਾਰਿਆ। ਜੇ ਭਾਈ ਸਾਹਿਬ ਸੋਲ੍ਹਾਂ ਸਾਲ ਜੇਲ੍ਹ ਵਿਚ ਬੈਠੇ ਕਸ਼ਟ ਸਹਾਰਦੇ ਤਪ ਕਰਦੇ ਰਹੇ ਤਾਂ ਉਨ੍ਹਾਂ ਬਾਹਰ 'ਸਤ, ਸੰਤੋਖ, ਸਬਰ, ਸ਼ੁਕਰ' ਭਾਣਾ ਮੰਨਣ ਦੀ ਤਪੱਸਿਆ ਸਾਧਣ ਦਾ ਪੂਰਨਾ ਪਾਇਆ। ਓੜਕ ਦੋਹਾਂ ਦੇ ਤਪ ਪੂਰ ਹੋਏ। 16 ਸਾਲ ਬਾਅਦ ਭਾਈ ਸਾਹਿਬ ਜਲਾ-ਵਤਨੀਆਂ ਤੋਂ ਵਾਪਸ ਆਏ ਤੇ ਘਰ ਓਹੋ ਰੌਣਕਾਂ ਤੇ ਮੰਗਲਾਚਾਰ ਹੋਣ ਲੱਗੇ, ਜੋ 1915 ਤੋਂ ਪਹਿਲਾਂ ਹੁੰਦੇ ਸਨ। 'ਦੁਖ' ਸੁਖ ਵਿਚ ਬਦਲ ਗਏ। 21 ਸਾਲ ਇਸੇ ਤਰ੍ਹਾਂ ਅਨੰਦ ਮੰਗਲਾਚਾਰ ਵਿਚ ਬੀਤ ਗਏ। ਇਸ ਸਮੇਂ ਵਿਚ ਕੁਝ ਕੁ ਭਾਣੇ ਵੀ ਵਰਤੇ, ਆਪ ਦੇ ਤਿੰਨ ਪੋਤਰੇ ਤੇ ਦੋ ਦੋਹਤਰੇ ਗੁਰ–ਭਾਣੇ ਦੀ ਨੇਤ ਅਨੁਸਾਰ ਜਨਮ ਲੈਣ ਤੋਂ ਬਾਅਦ ਜਲਦੀ ਹੀ ਚਲਾਣਾ ਕਰ ਗਏ। ਪਰ ਭਾਣੇ ਦੀ ਕਸੌਟੀ ਪਰ ਚੜ੍ਹ ਚੁੱਕੀ ਏਸ ਪਵਿੱਤਰ ਰੂਹ ਨੇ ਇਨ੍ਹਾ ਵਿਛੋੜਿਆਂ ਨੂੰ ਮਿੱਠਾ ਕਰਕੇ ਮੰਨਿਆ।

ਇਕ ਵਾਰ ਨਾਰੰਗਵਾਲ ਦੇ ਇਕ ਬਿਰਧ ਸਰਦਾਰ ਨੇ ਭਾਈ ਸਾਹਿਬ ਰਣਧੀਰ ਸਿੰਘ ਜੀ ਨੂੰ ਜੱਫੀ ਪਾ ਕੇ ਹਉਕਾ ਭਰ ਕੇ ਕਿਹਾ ਕਿ 'ਮੇਰਾ ਇਕ ਪੋਤਰਾ ਗੁਜ਼ਰ ਗਿਆ ਹੈ, ਮੈਨੂੰ ਉਸੇ ਦਾ ਹਉਕਾ ਮਾਰ ਰਿਹਾ ਹੈ। ਰਣਧੀਰ ਸਿੰਘਾ ! ਧੰਨ ਜਿਗਰਾ ਤੇਰਾ। ਜਿਸਦੇ ਤਿੰਨ ਪੋਤਰੇ ਤੇ ਦੋ ਦੋਹਤੇ ਗੁਜ਼ਰ ਗਏ, ਪਰ ਤੈਂ ਗੁਮੇਹ ਨਹੀਂ ਕੀਤਾ।

ਸੋ ਜਿਨ੍ਹਾਂ ਦੇ ਸਿਰ ਦੇ ਸਾਈਂ ਐਸੇ ਸਿਦਕ ਭਰੋਸੇ ਤੇ ਭਾਣੇ ਦੀ ਕਾਰ ਨੂੰ ਮਿੱਠਾ ਜਾਣਨ ਵਾਲੇ ਹੋਣ, ਉਨ੍ਹਾਂ ਦੇ ਜੀਵਨ-ਸਾਥਣ, ਉਸੇ ਪੂਰਨੇ ਪਰ ਚਲਣ ਵਾਲੇ ਕਿਵੇਂ ਡੋਲਣ?

ਓੜਕ ਜੀਵਨ-ਯਾਤਰਾ ਦੇ ਸਫਲ ਹੋਣ ਦਾ ਸਮਾਂ ਆਇਆ, ਪਿਛਲੇ ਛੇ ਮਹੀਨੇ ਤੋਂ ਸਰੀਰ ਸਾਥ ਛੱਡਣ ਲੱਗ ਪਿਆ ਤੇ ਧੁਰ ਦੇ ਸੱਦੇ ਆ ਗਏ। ਉਨ੍ਹਾਂ ਦੇ, ਭਾਈ ਸਾਹਿਬ ਜੀ ਨੂੰ ਕਈ ਸਾਲ ਪਹਿਲੋਂ ਦੇ ਕਹੇ, ਇਹ ਬਚਨ ਪੂਰੇ ਹੋਏ ਕਿ ਮੇਰਾ ਚਲਾਣਾ ਤੁਹਾਡੇ ਹੱਥਾਂ ਵਿਚ ਹੀ ਹੋਵੇ। ਸੋ '**ਜੀਵਤ ਸਾਹਿਬੁ ਸੇਵਿਓ ਅਪਨਾ ਚਲਤੇ ਰਾਖਿਓ ਚੀਤਿ ॥**''[1] ਦੇ ਗੁਰਵਾਕ ਅਨੁਸਾਰ ਗੁਰਮੰਤ੍ਰ ਦਾ ਜਾਪ ਕਰਦਿਆਂ ਆਪ ਦੀ ਰੂਹ ਅਰਸ਼ੀ ਮੰਡਲਾਂ ਨੂੰ ਚੜ੍ਹਾਈ ਕਰ ਗਈ। ਤੇ ਇਸ ਵਾਕ ਦਾ ਪੂਰਨਾ ਪਾ ਕੇ ਦੂਸਰਿਆਂ ਲਈ ਨਜ਼ੀਰ ਕਾਇਮ ਕਰ ਗਈ :

**ਕਹੁ ਨਾਨਕ ਜਿਨਿ ਪ੍ਰਿਉ ਪਰਮੇਸਰ ਕਰਿ ਜਾਨਿਆ ॥ ਧੰਨੁ ਸਤੀ ਦਰਗਹ ਪਰਵਾਨਿਆ ॥**

(ਅੰਗ ੧੮੫)

26–27 ਜਨਵਰੀ 1952 ਦੀ ਰਾਤ ਜਦੋਂ ਆਪ ਜੀ ਨੇ ਚੜ੍ਹਾਈ ਕੀਤੀ ਤਾਂ ਉਸ ਵੇਲੇ ਭਾਈ ਸਾਹਿਬ ਜੀ ਗੁਰਦੁਆਰਾ ਸਿੰਘ ਸਭਾ ਹੁਸ਼ਿਆਰਪੁਰ ਅੱਡਾ ਜਲੰਧਰ ਵਿਚ ਹੋ ਰਹੇ ਰੈਣ ਸਬਾਈ ਕੀਰਤਨ ਦੌਰਾਨ ਸ਼ਬਦ ਤਰੰਗੀ ਮੌਜਾਂ ਮਾਣਦੇ ਕੀਰਤਨ ਰਸ ਵਿਚ ਮਗਨ ਸਨ। ਬੀਬੀਆਂ ਦਾ ਜਥਾ ਕੀਰਤਨ ਕਰ ਰਿਹਾ ਸੀ। ਕੋਈ ਦੋ–ਢਾਈ ਵਜੇ ਦਾ ਵਕਤ ਸੀ ਕਿ ਭਾਈ ਸਾਹਿਬ ਜੀ ਨੇ ਯਕਾ ਯਕ ਬਾਊ ਜੀ ਵਲ ਹੱਥ ਖਿਲਾਰ ਕੇ ਅਜਬ ਰੰਗ ਵਿਚ ਕਿਹਾ, "ਦੇਖੋ ਜੀ, ਸ੍ਰੀ ਕਰਤਾਰ ਕੌਰ ਜੀ ਵੀ ਚੜ੍ਹਾਈ ਕਰ ਗਏ..." ਅਤੇ ਫਿਰ ਕੀਰਤਨ ਵਿਚ ਮਸਤ ਹੋ ਗਏ ਤੇ ਕੀਰਤਨ ਚਲਦਾ ਰਿਹਾ। ਸੰਗਤਾਂ ਨੂੰ ਕੋਈ ਮਾਨ ਗੁਮਾਨ ਵੀ ਨਹੀਂ ਸੀ। ਚਾਰ ਕੁ ਵਜੇ ਲੁਧਿਆਣੇ ਤੋਂ ਇਕ ਸਿੰਘ ਪੁੱਜਾ ਜਿਸ ਨੇ ਆ ਕੇ ਖਬਰ ਦਿੱਤੀ। ਸੰਗਤਾਂ ਸਵੇਰੇ ਰੈਣ ਸਬਾਈ ਕੀਰਤਨ ਦਾ ਭੋਗ ਪਾ ਕੇ ਲੁਧਿਆਣੇ ਆਪ ਜੀ ਦੇ ਸਸਕਾਰ ਲਈ ਪੁੱਜੀਆਂ।

ਲੁਧਿਆਣਾ **ਨਾਹਰ ਸਿੰਘ ਗਜਾਨੀ**

10 ਫ਼ਰਵਰੀ 1952 **ਹਰਿਭਜਨ ਸਿੰਘ ਗਜਾਨੀ**



www.AKJ.Org

ਸ. ਬਲਵੰਤ ਸਿੰਘ ਜੀ ਐਮ.ਏ. ਦਿੱਲੀ ਵਾਲਿਆਂ ਇਸ ਅਕਾਲ ਚਲਾਣੇ ਦਾ ਬੜਾ ਹੀ ਅਦਭੁਤ ਤੇ ਬੇਬੇ ਜੀ ਦੇ ਸਾਰੇ ਜੀਵਨ ਨਾਲ ਢੁਕਦਾ ਨਕਸ਼ਾ ਇਨ੍ਹਾਂ ਲਫ਼ਜ਼ਾਂ ਵਿਚ ਕਿਆ ਹੀ ਦਿਲ-ਪਸੀਜਦਾ ਖਿੱਚਿਆ ਹੈ :

"ਪਿਆਰੇ ਤੇ ਮਾਨ ਯੋਗ ਭਾਈ ਸਾਹਿਬ,

..........ਦੁਖ ਸੁਖ ਦੇ ਪੁਰਾਣੇ ਸਾਥੀਆਂ ਤੋਂ ਵਿਛੜਨਾ ਸਦਾ ਦੁਖਦਾਈ ਹੈ। ਪਰ ਆਪ ਜੀ ਦੀ ਵਡਭਾਗਣ ਸਾਥਣ ਦੀ ਹਾਰਦਿਕ ਇਛਿਆ ਭੀ ਤਾਂ ਇਹੋ ਹੋਈ ਹੋਣੀ ਹੈ ਕਿ ਆਪ ਜੀ ਆਪਣੇ ਮੋਢਿਆਂ 'ਤੇ ਛਡ ਆਓ। ਉਹ ਜਿਥੋਂ ਆਏ ਸੇ, ਉਥੇ ਜਾ ਟਿਕੇ। ਆਪਣੇ ਵਤਨਾਂ ਨੂੰ ਚਲੇ ਗਏ। ਤੁਸੀਂ ਸੋਲ੍ਹਾਂ ਸਾਲ ਜੇਲ੍ਹੀਂ ਕਟੇ, ਉਹ ਤੁਹਾਨੂੰ ਉਡੀਕਦੇ ਰਹੇ। ਅਖ਼ੀਰ ਉਡੀਕਾਂ ਮੁੱਕੀਆਂ, ਤੁਸੀਂ ਮੁੜ ਘਰ ਰੌਣਕਾਂ ਲਾਂਈਆਂ। ਉਨ੍ਹਾਂ ਦੀ ਇੱਛਾ ਪੂਰਨ ਹੋਈ। ਹੁਣ ਜਾਣ ਦੀ ਇੱਛਾ ਹੋਈ ਹੋਣੀ ਹੈ। ਸੋ ਪੂਰੀ ਹੋਈ। ਅਕਾਲ ਪੁਰਖ ਆਪਣੇ ਚਰਨਾਂ ਵਿਚ ਨਿਵਾਸ ਬਖ਼ਸ਼ੇ।"

**ਕਵਿਤਾ-ਬੇਬੇ ਕਰਤਾਰ ਕੌਰ ਜੀ ਨੂੰ ਸਮਰਪਿਤ : ਵਲੋਂ ਗਿ. ਨਾਹਰ ਸਿੰਘ ਜੀ ਤੇ ਗਿਆਨੀ ਹਰਿਭਜਨ ਸਿੰਘ ਜੀ**

ਭਾਣੇ ਵਰਤਦੇ ਨੇ ਦਿਨੇ ਰਾਤ ਭਾਵੇਂ,
ਭਾਣੇ ਵਿਚ ਮੈਂ ਇਕ ਤਸਵੀਰ ਦੇਖੀ।
ਦੇਖੀ ਦੁੱਖ ਦੇ ਵਿਚ ਨ ਦੁਖੀ ਜਿਹੜੀ,
ਸੁੱਖਾਂ ਵਿਚ ਨ ਕੱਢਦੀ ਚੀਰ ਦੇਖੀ।
ਦੇਖੀ ਗੁਰੂ ਕਰਤਾਰ ਦੀ ਮੇਹਰ ਐਸੀ,
ਸੇਵਾ-ਭਾਵਨੀ ਬੇਨਜ਼ੀਰ ਦੇਖੀ।
ਦੇਖੀ ਬਦਲੀ ਨਹੀਂ ਉਹ ਓਸ ਵੇਲੇ,
ਬਦਲੀ ਪਤੀ ਦੀ ਜਦੋਂ ਤਕਦੀਰ ਦੇਖੀ।
ਦੇਖੀ ਫੇਰ ਭੀ ਆਗਿਆਕਾਰ ਪੂਰੀ,
ਜੇਲ੍ਹੀਂ ਖੜਕਦੀ ਜਦੋਂ ਜ਼ੰਜ਼ੀਰ ਦੇਖੀ।
ਦੇਖੀ ਘਰ ਦੀ ਜ਼ਬਤ ਜ਼ਮੀਨ ਹੋਈ,
ਤਨ ਤੇ ਲਟਕਦੀ ਸੀ ਲੀਰੋ ਲੀਰ ਦੇਖੀ।
ਦੇਖੀ ਸ਼ੇਰਨੀ ਵਾਂਗ 'ਦਲੇਰ' ਬੈਠੀ,
ਨਿੱਕੀ ਟੱਬਰੀ ਸਣੇ 'ਬਲਬੀਰ' ਦੇਖੀ।
ਦੇਖੀ ਦੋਹਤਿਆਂ ਮਗਰ ਨਾ ਵੈਣ ਪੌਂਦੀ,
ਪੋਤੇ ਗਿਆਂ ਤੋਂ ਨਹੀਂ ਦਿਲਗੀਰ ਦੇਖੀ।
ਦੇਖੀ ਦ੍ਰਿੜ੍ਹ ਵਿਸ਼ਵਾਸ ਦੇ ਵਿਚ ਪੱਕੀ,
ਸਾਬਤ ਸੂਰਤੀ ਵਿਚ ਅਖ਼ੀਰ ਦੇਖੀ।
ਦੇਖੀ ਰੂਹ ਪਰਲੋਕ ਨੂੰ ਤੁਰੀ ਜਾਂਦੀ,
ਕਰਦੀ ਗੁਣਾਂ ਦੀ ਕਾਇਮ ਨਜ਼ੀਰ ਦੇਖੀ।
ਦੇਖੀ ਸ੍ਰੀ ਦਸਮੇਸ਼ ਦੀ ਇਕ ਬੱਚੀ,
ਸਾਥਣ ਵਿਛੜੀ ਵੀਰ 'ਰਣਧੀਰ' ਦੇਖੀ।
ਦੇਖੀ ਵਰਤਦੀ ਭੈਣ 'ਕਰਤਾਰ ਕੁਰ' ਦੀ,
ਭਾਣੇ ਵਿਚ ਮੈਂ ਇਕ ਤਸਵੀਰ ਦੇਖੀ।



www.AKJ.Org

**ਪ੍ਰੇਮ-ਯਾਦਾਂ : ਕਰਤਾਰ ਕੌਰ ਜੀ ਦੀਆਂ : ਵਲੋਂ ਭਾਈ ਸਾਹਿਬ ਰਣਧੀਰ ਸਿੰਘ ਜੀ ਨਾਰੰਗਵਾਲ**

ਸਮੇਂ ਗੁਜ਼ਰਦੇ ਗੁਜ਼ਰਦੇ ਗੁਜ਼ਰ ਗਏ ਅਤੇ ਸੋਹਣੇ ਗੁਜ਼ਰੇ। ਸਾਡੀਆਂ ਬਾਹਰ ਗੁਜ਼ਰੀਆਂ, ਤਾਂ ਭੀ ਸੋਹਣੀਆਂ ਗੁਜ਼ਰੀਆਂ, ਕਾਲ-ਕੋਠੜੀਆਂ ਅੰਦਰ ਗੁਜ਼ਰੀਆਂ ਤਾਂ ਉਦੂੰ ਸੋਹਣੀਆਂ। ਸਾਰੀ ਅਵਰਦਾ ਇਕ-ਰਸ ਰੰਗ ਵਿਚ ਗੁਜ਼ਰੀ। ਬਾਹਰ ਭੀ ਬਹਾਰਾਂ, ਜੇਲ੍ਹਾਂ ਅੰਦਰ ਭੀ ਗੁਲਜ਼ਾਰਾਂ। ਸਾਲਾਂ ਬੱਧੀ ਕਾਲ-ਕੋਠੜੀਆਂ ਵਿਚ ਹੀ ਉਮਰ ਕੈਦਾਂ ਕਟੀਆਂ, ਪਰ ਚੜ੍ਹਦੇ ਰੰਗਾਂ ਵਿਚ ਕਟੀਆਂ। ਮੈਂਡੀ ਬਹਾਰ ਵਿਚ ਮੈਂਡੀ ਗੁਲਜ਼ਾਰ ਵਿਚ ਕਦੇ ਫ਼ਕਰ ਨਹੀਂ ਪਿਆ। ਇਕ ਗੁਰੂ ਅਕਾਲ ਪੁਰਖ ਦੀ ਹਾਜ਼ਰਾ ਹਜ਼ੂਰੀ ਦੇ ਆਤਮ-ਰੰਗ ਪਰਮਾਤਮ-ਰੰਗ ਮਾਣਨ ਤੋਂ ਬਿਨਾਂ, ਇਕ ਹੋਰ ਉਸ ਦੀਆਂ ਮੇਹਰਾਂ ਦੇ ਅਨੂਠੇ ਰੰਗ ਸਨ, ਜਿਸ ਦੇ ਕਾਰਨ ਜੇਲ੍ਹਾਂ, ਜੇਲ੍ਹਾਂ ਨਹੀਂ ਭਾਸੀਆਂ, ਉਮਰ ਕੈਦਾਂ ਉਮਰ ਕੈਦਾਂ ਨਹੀਂ ਪ੍ਰਤੀਤ ਹੋਈਆਂ। ਉਹ ਮੇਹਰ ਇਹ ਸੀ ਕਿ ਗੁਰੂ ਕਰਤਾਰ ਨੇ ਇਕ ਅਮੋਲ ਦਾਤ ਬਖ਼ਸ਼ੀ ਹੋਈ ਸੀ, ਜਿਸ ਦਾ ਸਰੂਰ ਮੈਂਡੇ ਰੋਮ ਰੋਮ ਨੂੰ ਹਰ ਛਿਨ ਸ਼ਾਦਾਬ ਕਰ ਰਿਹਾ ਸੀ। ਉਸ ਮੇਹਰ ਮੈਂ ਕਿਵੇਂ ਵਰਣਨ ਕਰਾਂ। ਪ੍ਰੇਮ-ਯਾਦਾਂ ਵਰਣਨ ਕਰਨ ਨਹੀਂ ਦਿੰਦੀਆਂ। ਸਤਿਗੁਰੂ ਨੇ ਇਕ ਅਦੁੱਤੀ ਅਰਧੰਗੀ ਕਰਤਾਰ-ਰੰਗੀ ਸੁਪਤਨੀ ਦੀ ਮਿਹਰੰਮਤ ਕੀਤੀ ਹੋਈ ਸੀ, ਜਿਸ ਦੇ ਸਦਕਾ ਮੈਂ ਅੰਦਰ ਬਾਹਰ ਸਦਾ ਸਰਸਬਜ਼ ਰਿਹਾ, ਹਰ ਛਿਨ ਹਰਾ ਭਰਾ ਰਿਹਾ। ਦੁਖ ਵਿਚ ਦੁਖ ਮਹਿਸੂਸ ਨਹੀਂ ਹੋਣ ਦਿੱਤਾ, ਦੁਖ ਵਿਚ ਸੁਖ ਮਨਾਉਣ ਦੀ ਸੁਰਖ਼ਰੀਅਤ ਬਖ਼ਸ਼ੀ।

ਸਾਡੇ ਤਾਂ ਜੇਲ੍ਹਾਂ ਵਿਚਲੇ ਸੋਲ੍ਹਾਂ ਸਾਲ ਆਤਮ-ਰੰਗਾਂ ਗੁਲਾਲਾਂ ਦੀ ਹਾਲ ਮਸਤੀ ਵਿਚ ਲੰਘੇ। ਅਸੀਂ ਤਾਂ ਜੋ ਤਨ-ਤਸੀਹੇ ਸਹੇ, ਉਹ ਤੁਛ-ਮਾਤਰ ਹੀ ਪ੍ਰਤੀਤ ਹੁੰਦੇ ਹਨ। ਜਦੋਂ ਮੰਝ ਬਿਰਹੋਂ-ਰੰਵਾਣੇ ਦੀ ਅਰਧੰਗੀ ਦੀਆਂ ਯਾਦਾਂ ਯਾਦ ਆਉਂਦੀਆਂ ਹਨ, ਸਾਨੂੰ ਤਾਂ ਚਿਤ ਚੇਤੇ ਭੀ ਨਹੀਂ ਸੀ ਉਹ ਯਾਦਾਂ, ਭੁੱਲ ਗਈਆਂ ਸਨ ਉਹ ਪ੍ਰੇਮ-ਸੰਸਕਾਰੀ-ਯਾਦਾਂ। ਸੁਪਨਾ ਹੀ ਹੋ ਗਈਆਂ ਸਨ। ਉਮਰ ਕੈਦਾਂ ਦੇ ਫ਼ਤਵੇ ਸੁਣ ਕੇ **"ਮਰਣੈ ਕੀ ਚਿੰਤਾ ਨਹੀ ਜੀਵਣ ਕੀ ਨਹੀ ਆਸ ॥"** (ਅੰਗ 20) ਦੇ ਗੁਰਵਾਕ ਅਨੁਸਾਰ ਖ਼ੁਦ ਭੀ ਮਰ ਚੁੱਕੇ ਸਾਂ ਅਤੇ ਬਾਹਰਲੀ ਦੁਨੀਆ ਭੀ ਸਾਡੇ ਭਾ ਦੀ ਮਰ ਚੁੱਕੀ ਸੀ। ਹੋਰ ਤਾਂ ਹੋਰ, ਇਸ ਮਹਾਂ ਬੈਰਾਗ ਸੁਤੇ ਤਿਆਗ ਦੀ ਅਲਮਸਤ ਖ਼ੁਮਾਰੀ ਵਿਚ ਆਪਣੀ ਸਾਰੀ ਉਮਰ ਦੀ ਜੀਵਨ-ਸਾਥਣ ਭੀ ਭੁੱਲ ਚੁੱਕੀ ਸੀ, ਜਿਸ ਨੇ 20 ਸਾਲ ਦੀ ਉਮਰ ਤੋਂ 36 ਸਾਲ ਦੀ ਉਮਰ ਤਾਈਂ ਸਾਡਾ ਸਾਥ ਉਹ ਨਿਭਾਇਆ ਸੀ ਜਿਸ ਦੀ ਨਜ਼ੀਰ ਮਿਲਣੀ ਸੰਸਾਰ ਦੇ ਦੰਪਤ-ਅਖਾੜੇ ਵਿਚ ਅਤੀ ਕਠਿਨ ਹੈ। ਅਸੀਂ ਉਸ ਦੇ ਭਾ ਦੇ ਮਰ ਚੁੱਕੇ ਸਾਂ, ਉਹ ਸਾਡੇ ਭਾ ਦੀ ਮਰ ਚੁੱਕੀ ਸੀ। 1916 ਤੋਂ 1921 ਤਾਈਂ ਇਹੀ ਹਾਲਤ ਤਾਰੀ ਰਹੀ।

ਅਚਾਨਕ ਹੀ ਹਜ਼ਾਰੀ ਬਾਗ਼ ਜੇਲ੍ਹ ਵਿਚ ਮੇਰੇ ਅੰਦਰੋਂ ਕਦੇ ਦੀ ਮਰ ਚੁੱਕੀ ਅਰਧੰਗੀ ਸ੍ਰੀਮਤੀ ਕਰਤਾਰ ਕੌਰ ਮੇਰੀ ਮੁਲਾਕਾਤ ਲਈ ਮੈਨੂੰ ਹਸੂੰ ਹਸੂੰ ਕਰਦੀ ਆ ਮਿਲੀ। ਮੇਰੇ ਭਾ ਦਾ ਇਹ ਇਕ ਅਨੂਪਮ ਸੁਪਨਾ ਸੀ। ਮੇਰੇ ਲਈ ਮਰ ਚੁੱਕੀ ਦੁਨੀਆ ਇਕ ਵਾਰ ਨਵੇਂ ਸਿਰਿਓਂ ਫੇਰ ਜੀਉਂਦੀ ਜਾਗਦੀ ਅਮਰ ਹੋਇ ਦਿੱਸੀ। ਇਹ ਉਹ ਸਮਾਂ ਸੀ ਕਿ 1914 ਦੇ ਪੁਲੀਟੀਕਲ ਉਮਰ-ਕੈਦੀਆਂ ਵਿਚੋਂ ਕਿਸੇ ਨੂੰ ਬਾਹਰ ਦੀ ਦੁਨੀਆ ਦੀ ਸੋਇ ਨਹੀਂ ਪੁੱਜਦੀ ਸੀ। ਬਾਹਰੋਂ ਕਿਸੇ ਉਮਰ-ਕੈਦੀ ਦੇ ਸਨਬੰਧੀ ਨੇ ਮੁਲਾਕਾਤ ਲਈ ਤਾਂ ਕੀ ਆ ਸਕਣਾ ਸੀ, ਚਿੱਠੀ ਪੱਤਰ ਕਰਨ ਕਰਵਾਣ ਦਾ ਭੀ ਕੋਈ ਹੀਲਾ ਨਹੀਂ ਸੀ। ਹੋਰਨਾਂ ਦਾ ਤਾਂ ਸਾਨੂੰ ਕੀ ਪਤਾ, ਮੈਂ ਤਾਂ ਉੱਕਾ ਹੀ ਬਾਹਰਲੀ ਦੁਨੀਆਂ ਨੂੰ ਭੁਲਾ ਚੁੱਕਾ ਸਾਂ। ਐਉਂ ਪ੍ਰਤੀਤ ਹੋਇਆ ਕਿ ਪੰਜਾਂ ਸਾਲਾਂ ਪਿਛੋਂ ਫੇਰ ਇਸ ਲੋਕ ਵਿਚ ਆ ਵੱਸੇ ਹਾਂ। ਇਹ ਉਸ ਤੋਂ ਭੀ ਵੱਧ ਕੇ ਆਨੰਦ ਮਗਨਤਾ ਹੋਈ, ਏਸ ਕਰਕੇ ਕਿ ਮੈਨੂੰ ਆਪਣੀ ਪ੍ਰੇਮ-ਯਾਚਨੀ-ਅਰਧੰਗੀ ਚੜ੍ਹਦੇ ਆਤਮ ਰੰਗਾਂ ਵਿਚ ਮਿਲਣ ਆਈ। ਇਹ ਗੁਰੂ ਕਰਤਾਰ ਦੇ ਮਿਹਰੰਮਤੀ ਰੰਗਾਂ ਦੇ ਅਜਬ ਅਨੋਖੇ ਢੰਗ ਹਨ ਕਿ ਮੈਂਡੀ ਕਰਤਾਰ ਕੌਰ ਦੇ ਵੇਖਣੇ ਫੇਰ ਨਸੀਬ ਹੋਏ। ਨਾ ਉਸ ਦੇ ਚੇਹਰੇ 'ਤੇ ਕੋਈ ਮਲਾਲ ਨਾ ਰੰਜ, ਓਸੇ ਚੜ੍ਹਦੀ ਕਲਾ ਦਾ ਆਤਮ ਰੰਗੀ ਅਉਜ ਓਵੇਂ ਕਿਵੇਂ ਦੇਖਿਆ, ਜਿਵੇਂ ਛੱਡ ਕੇ ਗਏ ਸਾਂ। ਓਸ ਗੁਰੂ-ਸਵਾਰੀ ਨੇ ਆਪਣੇ ਨਾਲ ਬੀਤੀ ਦਾ ਰੰਚਕ ਮਾਤਰ ਜ਼ਿਕਰ ਨਹੀਂ ਕੀਤਾ। ਮੁਲਾਕਾਤ ਨੂੰ ਆਏ ਦੂਜੇ ਸੰਗੀ ਸਾਥੀ ਵੀਰ ਸੁਰਜਨ ਸਿੰਘ ਨੇ ਜਦੋਂ ਉਸ ਨਾਲ ਹੱਡ-ਬੀਤੀਆਂ ਦੇ ਬਿਰਹੇ-ਬਿਰਤਾਂਤ



www.AKJ.Org

ਸੁਣਾਣੇ ਛੋੜ ਦਿੱਤੇ ਤਾਂ ਉਹ ਬਥੇਰਾ ਹਟਾਉਣ, ਪਰ ਉਹ ਹਟਣ ਹੀ ਨਾ। ਉਹਨਾਂ ਦੇ (ਅਰਧੰਗੀ ਜੀ ਦੇ) ਹਟਾਉਣ ਦਾ ਇਹ ਉੱਚ ਖਿਆਲ ਸੀ ਕਿ ਇਹ (ਅਰਥਾਤ ਮੈਂ) ਤਾਂ ਅੱਗੇ ਹੀ (ਉਹਦੇ ਭਾ ਦਾ) ਮੁਸੀਬਤਾਂ ਵਿਚ ਫਸੇ ਹੋਏ ਹਨ, ਆਪਣੀਆਂ ਮੁਸੀਬਤਾਂ ਦੇ ਦੁਖ ਸੁਣਾ ਕੇ ਇਹਨਾਂ ਨੂੰ (ਮੈਨੂੰ) ਕਾਹਨੂੰ ਦੁਖੀ ਕਰਨਾਂ ਹੈ। ਪਰ ਵੀਰ ਜੀ ਤੋਂ ਨਾ ਹੀ ਰਿਹਾ ਗਿਆ। ਸੰਖੇਪ ਵਿਚ ਤਰਦੇ ਤਰਦੇ ਬ੍ਰਿਤਾਂਤ ਸੁਣਾ ਹੀ ਗਏ, ਜਿਨ੍ਹਾਂ ਨੂੰ ਸੁਣ ਕੇ ਮੇਰੇ ਪੈਰਾਂ ਹੇਠੋਂ ਮਿੱਟੀ ਨਿਕਲ ਗਈ, ਮੈਂ ਹੱਕਾ ਬੱਕਾ ਰਹਿ ਗਿਆ।

ਇਕ ਅਥਾਹ ਕਰੁਣਾ ਰਸ ਦੇ ਸਮੁੰਦਰ ਵਿਚ ਤ੍ਰਿਬੁਡ ਹੋ ਗਿਆ। ਕਿਵੇਂ ਜਾਇਦਾਦਾਂ ਜ਼ਬਤ ਹੋਈਆ, ਕਿਵੇਂ ਸਾਰੀ ਉਮਰ ਦੇ ਜੀਵਨ-ਸਾਥੀ ਦੀ ਉਮਰ-ਕੈਦ ਦੇ ਸੱਲ ਸਹੇ, ਮਿੱਤਰ ਵੀ ਵੈਰੀ ਹੋ ਗਏ, ਨੇੜੇ ਦੂਰ ਦੇ ਸਾਕ-ਸਨਬੰਧੀ ਸਭ ਅੱਖੀਆਂ ਫੇਰ ਗਏ, ਘਰ ਬਾਹਰ ਦੇ ਸਭ ਬੂਹੇ ਬੰਦ ਹੋ ਗਏ, ਨਾ ਕੋਈ ਬਾਹਰ ਬਹਿਣ ਦੇਵੇ, ਨਾ ਅੰਦਰ ਵੜਨ ਦੇਵੇ। ਜਰਵਾਣੇ ਹਾਕਮਾਂ ਨੇ ਜ਼ਮੀਨ, ਜਾਇਦਾਦਾਂ ਜ਼ਬਤ ਕਰ ਦਿੱਤੀਆਂ ਸਨ, ਘਰੋਂ ਬਾਹਰ ਕੱਢਣ 'ਤੇ ਭੀ ਤੁਲ ਗਏ। ਉਧਰ ਇਹ ਸ਼ੇਰਨੀ ਭੀ ਮਰਨ ਮਾਰਨ 'ਤੇ ਤੁਲ ਬੈਠੀ। ਵੰਗਾਰ ਕੇ ਆਖਿਆ ਓਸ ਸਮੇਂ ਦੇ ਤਸੀਲਦਾਰ ਨੂੰ ਕਿ, ਮੈਂ ਨਿੱਕੇ ਨਿੱਕੇ ਜਾਤਕੀ ਬੱਚਿਆਂ ਵਾਲੀ ਕਿਧਰ ਨੂੰ ਜਾਵਾਂ, ਮੈਂ ਤਾਂ ਮਰ ਕੇ ਹੀ ਐਥੋਂ ਨਿਕਲਾਂਗੀ। ਮੈਨੂੰ ਜੀਉਂਦੀ ਨੂੰ ਮਾਰ ਦੇਵੋ, ਨਹੀਂ ਮੇਰੇ ਪਤੀ ਪਾਸ ਕਾਲੇ ਪਾਣੀਆਂ ਵਿਚ ਮੈਨੂੰ ਭੀ ਪੁਚਾ ਦੇਵੋ। ਓਥੇ ਮੈਂ ਸ਼ਹੁ–ਦੀਦਾਰੇ ਪੇਖਿ ਪੇਖਿ ਤਾ ਜੀਵਾਂਗੀ।

ਸ਼ੇਰਨੀ ਦੇ ਜਲਾਲ ਭਰੇ ਇਹ ਬਚਨ ਸੁਣ ਕੇ ਜਰਵਾਣਾ ਕਰਮਚਾਰੀ ਅਫ਼ਸਰ ਭੀ ਦਬਕ ਗਿਆ। ਐਸਾ ਦਬਕਿਆ ਦੜਿਆ ਕਿ ਮੁੜ ਨਾ ਉਹ, ਨਾ ਕੋਈ ਹੋਰ ਪੁੱਛਣ ਆਇਆ। ਇਉਂ ਆਪਣਾ ਆਲ੍ਹਣਾ ਮੱਲਿਆ।

ਹੋਰ ਅਨਿਕ ਪ੍ਰਕਾਰ ਦੀਆਂ ਘਾਲੀਆਂ ਘਾਲਣਾਂ ਦੇ ਜਦ ਬ੍ਰਿਤਾਂਤ ਸੁਣੇ ਤਾਂ ਮੈਂ ਦੰਗ ਅਤੇ ਦਮ-ਬਖ਼ੁਦ ਰਹਿ ਗਿਆ। ਫੇਰ ਜਦੋਂ ਇਹ ਸੁਣਿਆ ਕਿ ਮਾਨਸਿਕ ਚਿੰਤਾ ਦੇ ਕਾਰਨ ਉਹਨਾਂ ਨੂੰ ਸਰੀਰਕ ਰੋਗ, ਜਲੋਧਰ ਦੀ ਬੀਮਾਰੀ ਦਾ ਐਸਾ ਚਿਮੜਿਆ ਕਿ ਉਸ ਨੇ ਇਹਨਾਂ ਦੀ ਰੱਤ ਹੀ ਨਿਚੋੜ ਲਈ, ਸੁਣ ਕੇ ਰੱਤ ਭੀ ਸਰੀਰ ਵਿਚੋਂ ਸੁੱਕ ਗਈ। ਮੈਂ ਬੁੱਤ ਬਣਿਆ ਰਹਿ ਗਿਆ। ਡੇਢ ਮਣ ਪਾਣੀ ਪਿਆ ਉਹਨਾਂ ਦੇ ਸਰੀਰ ਵਿਚੋਂ ਨਿਕਲਿਆ। ਮਿਸ ਬ੍ਰਾਊਨ ਨੇ ਜਦੋਂ ਕਲੋਰਾ-ਫਾਰਮ ਸੁੰਘਾ ਕੇ ਪਾਣੀ ਪੇਟ ਵਿਚੋਂ ਕੱਢਣਾ ਸ਼ੁਰੂ ਕੀਤਾ ਤਾਂ ਕੂਹਣੀ ਤਾਈਂ ਨਬਜ਼ਾਂ ਮੁੜ ਚੁੱਕੀਆਂ ਸਨ, ਇਕ ਪਿਰ ਦੇਖਣ ਦੀ ਆਸ ਨੇ ਜਾਨ ਸਰੀਰ ਤੋਂ ਨਹੀਂ ਸੀ ਨਿਕਲਣ ਦਿੱਤੀ। ਫੇਰ ਉਪਰੇਸ਼ਨ ਹੋਇਆ, ਜੋ ਉਪਰੇਸ਼ਨ ਕਰਨ ਵਾਲਿਆਂ ਦੇ ਤਜ਼ਰਬੇ ਵਿਚ ਪਹਿਲਾ ਕਾਮਯਾਬ ਉਪਰੇਸ਼ਨ ਸੀ। ਇਸ ਬਿਧ ਜਦੋਂ ਸਰੀਰ ਕਰਕੇ ਤਕੜੀ ਹੋਈ, ਤਾਂ ਫੇਰ ਮੁਲਾਕਾਤ ਲਈ ਲੰਮੀ ਧਾਈ ਕੀਤੀ। ਏਸ ਮੁਲਾਕਾਤ ਨੇ ਨਾ ਸਿਰਫ਼ ਸਾਰਾ ਜਗ ਜੀਉਂਦਾ ਕਰ ਦਿੱਤਾ ਬਲਕਿ ਸਭ ਤੋਂ ਵੱਡਾ ਅਸਰ ਮੇਰੀ ਸੁਰਤੀ-ਬਿਰਤੀ 'ਤੇ ਉਹਨਾਂ ਦੇ ਲੁਪਤ ਗੁਪਤ ਗੁਰਮਤਿ ਗੁਣਾਂ ਦੀ ਕਦਰ-ਸਾਰ-ਮਈ ਚਾਨਣ ਦਾ ਪਿਆ। ਸੱਚ-ਮੁਚ ਉਹ ਗੁਣਾਂ ਦੇ ਗੁਥਲੇ ਸਨ। ਉਹਨਾਂ ਦੀ ਸਿਦਕ-ਤਪੱਸਿਆ ਦਾ ਸਦਕਾ ਉਮਰ-ਕੈਦਾਂ ਟੁੱਟੀਆਂ ਅਤੇ ਸੋਲ੍ਹਾਂ ਸਾਲਾਂ ਪਿਛੋਂ ਮੁੜ ਆਪਣੇ ਘਰ ਆ ਗਏ, ਅਤੇ ਆ ਮਿਲੇ।

ਓਸ ਸਮੇਂ ਉਹਨਾਂ ਦੀ ਸਰੀਰਕ ਹਾਲਤ ਬਹੁਤ ਕਮਜ਼ੋਰ ਸੀ, ਲੰਮੇ ਵਿਛੋੜੇ ਅਤੇ ਤਨ-ਤਸੀਹਿਆਂ ਦੇ ਕਾਰਨ। ਗੋਡਿਆਂ ਦੀ ਕਮਜ਼ੋਰੀ ਦੇ ਕਾਰਨ ਕੋਠੇ 'ਤੇ ਭੀ ਮਸਾਂ ਚੜ੍ਹ ਸਕਦੇ ਸਨ। ਮੇਰੇ ਘਰ ਆਇਆਂ ਉਹਨਾਂ ਦੀ ਦੁਨੀਆ ਫੇਰ ਵੱਸ ਗਈ। ਐਸੀ ਵਸੀ ਰਸੀ ਕਿ ਉਹ ਨਵੇਂ ਨਰੋਏ ਹੋ ਗਏ। ਵੀਹ ਇਕੀਹ ਬਰਸ ਖ਼ੂਬ ਗੁਜ਼ਰੇ। ਇਹ ਭੀ ਸਮੇਂ ਗੁਜ਼ਰ ਗਏ ਅਰ ਖ਼ੂਬ ਗੁਜ਼ਰ ਗਏ, ਪਰ ਉਹਨਾਂ ਦਾ ਤਾਣ ਤਨ ਖੀਨ ਹੋ ਚੁੱਕਾ ਸੀ, ਐਵੇਂ ਸਾਹ ਹੀ ਵਿਚੋਂ ਲੈਂਦੇ ਸਨ। ਓੜਕ ਹੁਣ ਉਹ ਭੀ ਗੁਜ਼ਰ ਗਏ। ਹੁਣ ਤਾਂ ਉਹਨਾਂ ਦੀਆਂ ਪ੍ਰੇਮ-ਯਾਦਾਂ ਹੀ ਯਾਦ ਆਉਂਦੀਆਂ ਹਨ।

**ਸੰਪਾਦਕੀ ਨੋਟ:** ਭਾਈ ਸਾਹਿਬ ਜੀ ਵੱਲੋਂ ਜੇਲ੍ਹ ਵਿਚ ਲਿਖੀ ਲਿਖਤ ਜੇਲ੍ਹ ਯਾਤਨੀਆਂ ਦੀਆਂ ਆਤਮ ਰੰਗੀ ਕਵਿਤਾਵਾਂ ਵਿੱਚੋਂ ਉਤਾਰਾ ਕੀਤੀ ਗਈ ਬੇਬੇ ਜੀ ਦੀ ਯਾਦ ਵਿਚ ਕਵਿਤਾ ਆਤਮ ਰੰਗ ਪ੍ਰਕਾਸ਼ਨ ਚੰਡੀਗੜ੍ਹ ਵੱਲੋਂ ਪ੍ਰਕਾਸ਼ਿਤ ਪੁਸਤਕ ਜੀਵਨ ਚਰਿੱਤਰ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਪੰਨਾ 160 ਤੋਂ 167 ਤਾਈਂ ਦਰਜ ਹੈ।



www.AKJ.Org

# ਭਾਈ ਬਲਬੀਰ ਸਿੰਘ ਜੀ - ਨਾਰੰਗਵਾਲ (ਲੁਧਿਆਣਾ)

(1)

**ਵੱਲੋਂ : ਡਾਕਟਰ ਹਰਿੰਦਰ ਸਿੰਘ ਚੰਡੀਗੜ੍ਹ**

ਮਹਾਨ ਸੁਤੰਤਰਤਾ ਸੈਨਾਨੀ, ਗੁਰਦਵਾਰਾ ਪ੍ਰਬੰਧ ਸੁਧਾਰ ਦੇ ਅਰੰਭਕ ਅਤੇ ਗੁਰਦਵਾਰਾ ਰਕਾਬ ਗੰਜ ਸਾਹਿਬ ਦੀ ਬੇਅਦਬੀ ਰੋਕਣ ਵਾਲੇ ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਸਪੁੱਤਰ ਭਾਈ ਬਲਬੀਰ ਸਿੰਘ ਜੀ ਦਾ ਜਨਮ 12 ਦਸੰਬਰ 1911 ਨੂੰ ਪਿੰਡ ਨਾਰੰਗਵਾਲ ਜ਼ਿਲ੍ਹਾ ਲੁਧਿਆਣਾ ਵਿਚ ਹੋਇਆ। ਆਪਦੇ ਦਾਦਾ ਸਰਦਾਰ ਨੱਥਾ ਸਿੰਘ, ਇਕ ਮੰਨੇ ਪਰਮੰਨੇ ਕਾਨੂੰਨਦਾਨ, ਪਟਿਆਲਾ ਸਟੇਟ ਦੇ ਕਨੂੰਨੀ ਸਲਾਹਕਾਰ ਅਤੇ ਨਾਭਾ ਸਟੇਟ ਵਿਚ ਜੱਜ ਰਹੇ। ਜਿਸ ਸਮੇਂ ਭਾਈ ਸਾਹਿਬ ਰਣਧੀਰ ਸਿੰਘ ਜੀ ਸੰਨ 1914-15 ਦੀ ਗ਼ਦਰ ਲਹਿਰ ਵਿਚ ਸ਼ਾਮਲ ਹੋਣ ਦੇ ਜੁਰਮ ਵਿਚ ਗ੍ਰਿਫਤਾਰ ਹੋਏ, ਭਾਈ ਬਲਬੀਰ ਸਿੰਘ ਤਿੰਨ ਚਾਰ ਸਾਲ ਦੇ ਅਭੋਲ ਬੱਚੇ ਹੀ ਸਨ। ਭਾਈ ਸਾਹਿਬ ਰਣਧੀਰ ਸਿੰਘ ਜੀ ਨੂੰ ਸਪਲੀਮੈਂਟਰੀ ਲਾਹੌਰ ਕਾਨਸਪੀਰੇਸੀ ਕੇਸ ਵਿਚ ਉਮਰ ਕੈਦ (ਕਾਲੇ ਪਾਣੀ) ਅਤੇ ਜਾਇਦਾਦ ਜ਼ਬਤੀ ਦੀ ਸਜ਼ਾ ਹੋਈ। ਆਪਦੇ ਹਿੱਸੇ ਦੀ ਪਿਤਾ ਪੁਰਖੀ ਜ਼ਮੀਨ, ਘਰ ਅਤੇ ਘਰ ਦਾ ਹੋਰ ਸਾਮਾਨ ਸਭ ਜ਼ਬਤ ਹੋ ਗਏ। ਕੁਛ ਹੀ ਸਮੇਂ ਪਿਛੋਂ ਸਰਦਾਰ ਨੱਥਾ ਸਿੰਘ, ਜੋ ਭਾਈ ਸਾਹਿਬ ਰਣਧੀਰ ਸਿੰਘ ਜੀ ਦੀ ਗ੍ਰਿਫਤਾਰੀ ਸਮੇਂ ਬਿਮਾਰ ਸਨ, ਵੀ ਅਕਾਲ ਚਲਾਣਾ ਕਰ ਗਏ। ਘਰ ਵਿਚ ਬਾਕੀ ਰਹਿ ਗਏ, ਦੁਨੀਆਦਾਰੀ ਤੋਂ ਬੇਖ਼ਬਰ ਬਲਬੀਰ ਸਿੰਘ, ਦੁੱਧ ਪੀਂਦੀ ਛੋਟੀ ਭੈਣ ਬੀਬੀ ਦਲੇਰ ਕੌਰ, ਮਾਂ ਕਰਤਾਰ ਕੌਰ ਅਤੇ ਉਹਨਾਂ ਦਾ ਧੀਰਜ ਬਨਾਉਣ ਵਾਲੀ ਦਾਦੀ ਪੰਜਾਬ ਕੌਰ। ਵੱਡੀ ਭੈਣ ਬੱਚੀ ਭਗਵੰਤ ਕੌਰ ਜੀ ਪਿਤਾ ਦੇ ਵਿਛੋੜੇ ਵਿਚ ਪਹਿਲਾਂ ਹੀ ਅਕਾਲ ਚਲਾਣਾ ਕਰ ਗਈ ਸੀ। ਮਾਤਾ ਕਰਤਾਰ ਕੌਰ ਇਕ ਹੌਸਲੇ ਵਾਲੀ, ਪਤੀ ਦੇ ਨਾਲ ਮੋਢਾ ਡਾਹ ਕੇ ਚਲਣ ਵਾਲੀ ਸੂਝਵਾਨ ਸਿੰਘਣੀ ਹੋ ਨਿਬੜੀ। ਉਸਨੇ ਦੋਹਾਂ ਬੱਚਿਆਂ ਦਾ ਪਾਲਣ ਪੋਸ਼ਣ ਤੰਗੀ ਤੁਰਸ਼ੀ ਦੀ ਹਾਲਤ ਵਿਚ ਬਾਖ਼ੂਬੀ ਕੀਤਾ ਅਤੇ ਧਾਰਮਿਕ ਤੇ ਸੰਸਾਰਿਕ ਪੱਖੋਂ ਪ੍ਰਵਾਨ ਚੜ੍ਹਾਇਆ।

ਭਾਈ ਬਲਬੀਰ ਸਿੰਘ ਜੀ ਨੇ ਸਕੂਲੀ ਵਿਦਿਆ ਗੌਰਮਿੰਟ ਸਕੂਲ ਗੁਜਰਵਾਲ ਤੇ ਮਾਲਵਾ ਖ਼ਾਲਸਾ ਹਾਈ ਸਕੂਲ ਲੁਧਿਆਣਾ ਤੋਂ ਪ੍ਰਾਪਤ ਕੀਤੀ। ਖ਼ਾਲਸਾ ਕਾਲਜ ਅੰਮ੍ਰਿਤਸਰ ਤੋਂ ਐਫ.ਐਸ.ਸੀ. ਕਰਕੇ, ਰਸੂਲ ਇੰਜੀਨੀਅਰਿੰਗ ਸਕੂਲ ਵਿਚ ਜਾ ਦਾਖ਼ਲ ਹੋਏ। ਉਹਨਾਂ ਦਿਨਾਂ ਵਿਚ ਰਸੂਲ ਤੋਂ ਹਰ ਇਕ ਪਾਸ ਹੋਣ ਵਾਲੇ ਨੂੰ ਸਰਕਾਰੀ ਨੌਂਕਰੀ ਮਿਲ ਜਾਂਦੀ ਸੀ। ਪਰ ਭਾਈ ਬਲਬੀਰ ਸਿੰਘ ਲਈ ਅਜਿਹਾ ਨਾ ਹੋਇਆ ਕਿਉਂਕਿ ਅੰਗਰੇਜ਼ ਸਰਕਾਰ ਦੀਆਂ ਨਜ਼ਰਾਂ ਵਿਚ ਬਲਬੀਰ ਸਿੰਘ ਇਕ ਸਜ਼ਾ ਯਾਫਤਾ ਬਾਗ਼ੀ ਦਾ ਪੁੱਤਰ ਹੋਣ ਕਾਰਨ, ਸਰਕਾਰੀ ਨੌਂਕਰੀ ਦੇ ਕਾਬਲ ਨਹੀਂ ਸੀ। ਅਖ਼ੀਰ ਨਾ ਚਾਹੁੰਦੇ ਹੋਏ 1937-38 ਵਿਚ ਸਰਕਾਰ ਨੇ ਲੁਧਿਆਣਾ ਡਿਸਟ੍ਰਿਕਟ ਬੋਰਡ ਨੂੰ ਭਾਈ ਬਲਬੀਰ ਸਿੰਘ ਨੂੰ ਬਤੌਰ ਓਵਰਸੀਅਰ ਰੱਖਣ ਦੀ ਮਨਜ਼ੂਰੀ ਦੇ ਦਿੱਤੀ। ਜਦੋਂ ਸੰਨ 1945-46 ਵਿਚ ਬੋਰਡ ਨੇ ਤਰੱਕੀ ਦੇ ਕੇ ਆਪ ਜੀ ਨੂੰ ਡਿਸਟ੍ਰਿਕਟ ਇੰਜੀਨੀਅਰ ਬਨਾਉਣਾ ਚਾਹਿਆ ਤਾਂ ਫਿਰ ਸਰਕਾਰ ਨੇ ਉਹੀ ਪੁਰਾਣਾ ਇਤਰਾਜ਼ ਕੀਤਾ ਅਤੇ ਬੋਰਡ ਨੂੰ ਆਪਣੇ ਫੈਸਲੇ 'ਤੇ ਪੁਨਰ ਵਿਚਾਰ ਕਰਨ ਲਈ ਕਿਹਾ। ਅਖ਼ੀਰ ਬੋਰਡ ਦੇ ਫੈਸਲਾ ਨਾ ਬਦਲਣ 'ਤੇ ਆਪ ਨੇ ਡਿਸਟ੍ਰਿਕਟ ਇੰਜੀਨੀਅਰ ਦਾ ਅਹੁਦਾ ਸੰਭਾਲਿਆ ਅਤੇ ਸੋਲਾਂ ਸਤਾਰਾਂ ਸਾਲ ਪੂਰੀ ਤਨਦੇਹੀ ਅਤੇ ਦਿਆਨਤਦਾਰੀ ਨਾਲ ਨਿਭਾਇਆ। 1961-62 ਵਿਚ ਪੰਜਾਬ ਸਰਕਾਰ ਨੇ ਡਿਸਟ੍ਰਿਕਟ ਬੋਰਡ ਖ਼ਤਮ ਕਰਕੇ ਪੰਚਾਇਤੀ ਰਾਜ ਡਿਵੈਲਪਮੈਂਟ ਵਿਭਾਗ ਕਾਇਮ ਕੀਤਾ ਅਤੇ ਇਸ ਵਿਭਾਗ ਵਿਚ ਅਗਜ਼ੈਕਟਿਵ ਇੰਜੀਨੀਅਰ ਨਿਯੁਕਤ ਹੋਏ ਅਤੇ ਅਣਵੰਡੇ ਪੰਜਾਬ (ਅਜੋਕਾ ਪੰਜਾਬ, ਹਰਿਆਣਾ ਅਤੇ ਹਿਮਾਚਲ ਦੇ ਹਿੱਸੇ ਆਏ ਇਲਾਕੇ) ਵਿਚ ਪੰਚਾਇਤੀ ਰਾਜ ਦੇ ਭਵਨ ਨਿਰਮਾਣ ਤੇ ਸੰਭਾਲ ਦੇ ਕੰਮ ਦੀ ਨਿਗਰਾਨੀ ਕਰਨ ਲੱਗੇ। ਇਸ ਅਹੁਦੇ ਤੋਂ ਆਪ ਸੰਨ 1969 ਵਿਚ ਸੇਵਾ ਮੁਕਤ ਹੋਏ।



www.AKJ.Org

ਆਪ ਜੀ ਦੇ ਪਿਤਾ ਜੀ 1930 ਵਿਚ ਰਿਹਾਅ ਹੋਣ ਤੋਂ ਬਾਅਦ ਸੰਨ 1933 ਵਿਚ ਆਪ ਜੀ ਦਾ ਆਨੰਦ ਕਾਰਜ ਬੀਬੀ ਹਰਸ਼ਰਨ ਕੌਰ ਪੁੱਤਰੀ ਮਾਘ ਸਿੰਘ ਅਤੇ ਬੀਬੀ ਸ਼ਾਮ ਕੌਰ ਨਿਵਾਸੀ ਪਿੰਡ ਰਾਮੂਵਾਲਾ ਜਿਲ੍ਹਾ ਮੋਗਾ ਨਾਲ ਹੋਇਆ ਬੀਬੀ ਜੀ ਜਿੱਥੇ ਨਿਮਰਤਾ ਸੇਵਾ ਦੇ ਪੁੰਜ ਸਨ ਉੱਥੇ ਭਾਣੇ ਨੂੰ ਮਿੱਠਾ ਕਰਕੇ ਮੰਨਣ ਵਾਲੇ ਸਨ। ਆਪ ਜੀ ਦੇ ਘਰ, ਪਹਿਲਾਂ ਤਿੰਨ ਬੱਚੇ ਜਨਮੇ ਜੋ ਅੰਮ੍ਰਿਤ ਛੱਕ ਕੇ ਛੋਟੀ ਆਯੂ ਵਿਚ ਹੀ ਚੜ੍ਹਾਈ ਕਰ ਗਏ। ਪ੍ਰੰਤੂ ਨਾਮ ਬਾਣੀ ਦੇ ਆਸਰੇ ਅਤੇ ਬਾਪੂ ਜੀ ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਆਸ਼ੀਰਵਾਦ ਨਾਲ ਬਿਖਮ ਭਾਣੇ ਨੂੰ ਮਿੱਠਾ ਕਰਕੇ ਮੰਨਿਆ। ਰਿਹਾਈ ਤੋਂ ਬਾਅਦ ਬਾਪੂ ਜੀ ਦਾ ਘਰ ਸਤਿਸੰਤ ਘਰ ਬਣਿਆ ਹੋਇਆ ਸੀ ਤੇ ਸੰਗਤਾਂ ਦੀ ਆਵਾਜ਼ਾਈ ਲੱਗੀ ਰਹਿੰਦੀ ਸੀ, ਪ੍ਰੰਤੂ ਇਸ ਬੀਬੀ ਨੇ ਛੋਟੇ ਪੰਜ ਬੱਚਿਆਂ ਦੀ ਸੇਵਾ ਸੰਭਾਲ ਤੋਂ ਇਲਾਵਾ ਆਈਆਂ ਸੰਗਤਾਂ ਦੀ ਰਾਤ ਦਿਨ ਅਤੁੱਟ ਸੇਵਾ ਕਰਕੇ ਆਪਣਾ ਜੀਵਨ ਸਫਲਾ ਕੀਤਾ।

ਬੇਸ਼ੱਕ ਪਿਤਾ ਜੀ ਦੀ ਜੇਲ੍ਹ-ਯਾਤਰਾ, ਭਾਈ ਬਲਬੀਰ ਸਿੰਘ ਦੇ ਜੀਵਨ ਵਿਚ ਕਈ ਵੇਰ ਔਕੜਾਂ ਪੈਦਾ ਕਰਦੀ ਰਹੀ, ਫਿਰ ਵੀ ਆਪ ਨੂੰ ਆਪਣੇ ਪਿਤਾ ਦੇ ਕਾਰਨਾਮਿਆਂ 'ਤੇ ਫ਼ਖ਼ਰ ਸੀ। ਆਪ ਦੇ ਬਾਲਗ ਹੋਣ 'ਤੇ ਕਿਸੇ ਮਿੱਤਰ ਨੇ ਆਪ ਨੂੰ ਜ਼ਬਤ ਹੋਈ ਜੱਦੀ ਜਾਇਦਾਦ ਛੁਡਵਾਉਣ ਲਈ ਉਪਰਾਲਾ ਕਰਨ ਦੀ ਸਲਾਹ ਦਿੱਤੀ ਤਾਂ ਆਪ ਨੇ ਆਖਿਆ, "ਪਿਤਾ ਦੇ ਜਿਉਂਦਿਆਂ ਜਾਇਦਾਦ ਦਾ ਮਾਲਕ ਬਣਨਾ, ਇਕ ਪੁੱਤਰ ਲਈ ਸ਼ਰਮ ਦੀ ਗੱਲ ਹੈ।" ਆਪ ਨੇ ਕਦੇ ਵੀ ਸੁਤੰਤਰਤਾ ਸੰਗਰਾਮੀਆਂ ਨੂੰ ਉਪਲਬਧ ਸਹੂਲਤਾਂ ਦਾ ਫਾਇਦਾ ਨਹੀਂ ਉਠਾਇਆ। ਗਿਆਨੀ ਜ਼ੈਲ ਸਿੰਘ, ਮੁੱਖ ਮੰਤਰੀ ਦੀ ਅਗਵਾਈ ਵਿੱਚ ਪੰਜਾਬ ਸਰਕਾਰ ਨੇ 1976-77 ਵਿੱਚ ਭਾਈ ਸਾਹਿਬ ਰਣਧੀਰ ਸਿੰਘ ਜੀ ਦੀ ਜਨਮ-ਸ਼ਤਾਬਦੀ ਮਨਾਉਣ ਲਈ ਪ੍ਰੋਗਰਾਮ ਉਲੀਕਣੇ ਸ਼ੁਰੂ ਕੀਤੇ। ਇਸੇ ਸੰਬੰਧ ਵਿੱਚ ਪ੍ਰਵਾਰ ਦੀ ਮਾਇਕ ਸਹਾਇਤਾ ਕਰਨ ਲਈ ਸਰਕਾਰ ਵੱਲੋਂ ਕੁਝ ਰਕਮ ਭਾਈ ਬਲਬੀਰ ਸਿੰਘ ਜੀ ਨੂੰ ਇਕ ਚੈੱਕ ਰਾਹੀਂ ਭੇਜੀ ਗਈ ਜੋ ਆਪ ਨੇ ਇਹ ਕਹਿ ਕੇ ਵਾਪਸ ਕਰ ਦਿੱਤੀ ਕਿ ਭਾਈ ਸਾਹਿਬ ਰਣਧੀਰ ਸਿੰਘ ਜੀ ਨੇ ਕਿਸੇ ਜ਼ਾਤੀ ਮੁਫ਼ਾਦ ਲਈ ਸਜ਼ਾ ਨਹੀਂ ਕੱਟੀ। ਪੰਜਾਬ ਸਰਕਾਰ ਨੇ ਸੰਨ 1979 ਵਿੱਚ ਭਾਈ ਬਲਬੀਰ ਸਿੰਘ ਦਾ ਨਾਂ ਸੁਤੰਤਰਤਾ ਸੈਨਾਨੀਆਂ ਦੇ ਵਾਰਿਸਾਂ ਦੀ ਸੂਚੀ ਵਿੱਚ ਸ਼ਾਮਿਲ ਕਰ ਲਿਆ।

ਇਕ ਸੁਯੋਗ ਅਤੇ ਆਗਿਆਕਾਰੀ ਪੁੱਤਰ ਦਾ ਫ਼ਰਜ਼ ਨਿਭਾਉਂਦੇ ਹੋਏ ਆਪ ਨੇ ਸਭ ਪ੍ਰਵਾਰਿਕ ਜ਼ੁੰਮੇਵਾਰੀਆਂ ਸੰਭਾਲ ਰੱਖੀਆਂ ਸਨ ਤਾਂਕਿ ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਭਜਨ ਬੰਦਗੀ, ਕੀਰਤਨ ਸਮਾਗਮਾਂ ਅਤੇ ਗੁਰਮਤਿ ਸਾਹਿਤ ਰਚਨਾ ਦੇ ਰੁਝਾਨ ਵਿੱਚ ਕੋਈ ਵਿਘਨ ਨਾ ਪਵੇ। ਜੋ ਸੰਗਤ, ਭਾਈ ਸਾਹਿਬ ਜੀ ਦੇ ਸੱਦੇ 'ਤੇ ਗੁਰਪੁਰਬ ਸਮਾਗਮਾਂ ਲਈ ਨਾਰੰਗਵਾਲ ਜਾਂ ਲੁਧਿਆਣੇ ਜੁੜਦੀ, ਆਪ ਇਕ ਨਿਰਮਾਣ ਸਿੱਖ ਵਾਂਗ, ਉਸਦੀ ਸੇਵਾ ਵਿੱਚ ਤੱਤਪਰ ਰਹਿੰਦੇ। ਆਪ ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਲੁਧਿਆਣਾ ਦੇ ਸੰਸਥਾਪਕ ਮੈਂਬਰ ਅਤੇ ਸਿੰਘ ਸਭਾ ਸਕੂਲ ਮਾਡਲ ਟਾਊਨ ਲੁਧਿਆਣਾ ਦੇ ਆਜੀਵਨ ਸਰਪ੍ਰਸਤ ਸਨ।

ਆਪਣੇ ਪਿਤਾ ਵਾਂਗ ਆਪਦਾ ਰਾਜਨੀਤਕ ਰੁਝਾਨ ਅਕਾਲੀ ਪੱਖੀ ਸੀ। ਧਰਮ-ਯੁੱਧ ਮੋਰਚੇ ਵਿੱਚ ਆਪ ਨੇ ਇਕ ਜੱਥੇ ਦੀ ਅਗਵਾਈ ਕੀਤੀ ਅਤੇ ਜੇਲ੍ਹ ਕੱਟੀ। ਲੁਧਿਆਣਾ ਜ਼ਿਲ੍ਹੇ ਦੇ ਵਰਕਰਾਂ ਦੇ ਜ਼ੋਰ ਪਾਉਣ 'ਤੇ ਸ਼੍ਰੋਮਣੀ ਅਕਾਲੀ ਦਲ ਨੇ ਸੰਨ 1980 ਦੀਆਂ ਲੋਕ ਸਭਾ ਚੋਣਾਂ ਵਿੱਚ ਆਪ ਨੂੰ ਲੁਧਿਆਣਾ ਤੋਂ ਉਮੀਦਵਾਰ ਨਾਮਜ਼ਦ ਕੀਤਾ। ਜਥੇਦਾਰ ਜਗਦੇਵ ਸਿੰਘ ਤਲਵੰਡੀ ਹੀ ਇਕੋ ਇੱਕ ਸਿਰਮੌਰ ਅਕਾਲੀ ਨੇਤਾ ਸੀ ਜਿਸ ਨੇ ਇਸ ਚੋਣ ਮੁਹਿੰਮ ਵਿੱਚ ਪੂਰੀ ਤਨਦੇਹੀ ਨਾਲ ਆਪ ਦਾ ਸਾਥ ਦਿੱਤਾ। ਭਾਈ ਬਲਬੀਰ ਸਿੰਘ ਦੀ ਇਮਾਨਦਾਰੀ, ਅਨੁਸ਼ਾਸਨ ਅਤੇ ਕੰਮ ਕਰਨ ਲਈ ਉਤਸ਼ਾਹ ਉਨ੍ਹਾਂ ਦੇ ਚੋਣ ਪ੍ਰਚਾਰ ਵਿੱਚ ਝਲਕਾਂ ਮਾਰਦਾ ਸੀ। ਪ੍ਰੈੱਸ ਨੇ ਇਸ ਚੋਣ ਪ੍ਰਚਾਰ ਨੂੰ ਭਾਰਤ ਦਾ ਇਕਲੌਤਾ ਸਵੱਛ ਚੋਣ ਪ੍ਰਚਾਰ ਦੱਸਿਆ ਜਿਸ ਵਿੱਚ ਸ਼ਰਾਬ, ਧਨ ਜਾਂ ਕਿਸੇ ਹੋਰ ਗ਼ਲਤ ਤਰੀਕੇ ਦੀ ਵਰਤੋਂ ਨਹੀਂ ਸੀ ਕੀਤੀ ਗਈ। ਇੱਕ ਹੋਰ ਪੱਖ ਜੋ ਸਾਹਮਣੇ ਨਹੀਂ ਆਇਆ-ਆਪ ਨੇ ਚੋਣ ਖ਼ਰਚੇ ਦਾ ਹਿਸਾਬ ਕਰਕੇ 32000 ਰੁਪਿਆ ਪਾਰਟੀ ਨੂੰ ਵਾਪਸ ਕੀਤਾ।



www.AKJ.Org

ਸੰਨ 1993-94 ਵਿਚ ਜਥੇ ਵਲੋਂ ਇਕ ਪੰਥਕ ਜਥੇਬੰਦੀ ਨਾਲ ਕੀਤੇ ਇਕ ਸਮਝੌਤੇ ਕਾਰਨ ਪਈ ਦੁਬਿਧਾ ਨੂੰ ਹੱਲ ਕਰਨ ਲਈ, ਆਪ ਨੇ ਜਥੇ ਦੇ ਪੁਰਾਤਨ ਸਿੰਘਾਂ ਦੇ ਸਹਿਯੋਗ ਨਾਲ ਪੰਜਾਂ ਪਿਆਰਿਆਂ ਵਿਚ ਸ਼ਾਮਿਲ ਹੋ ਕੇ, ਸਿਰ ਤੋੜ ਯਤਨ ਕੀਤੇ, ਜਿਸ ਬਾਰੇ ਉਹ ਆਪਣੀ ਰਹਿੰਦੀ ਆਯੂ ਤੱਕ ਯਤਨਸ਼ੀਲ ਰਹੇ।

ਭਾਈ ਸਾਹਿਬ ਰਣਧੀਰ ਸਿੰਘ ਜੀ ਰਚਿਤ ਪੁਸਤਕਾਂ ਦੇ ਛਾਪਣ ਆਦਿ ਦਾ ਪ੍ਰਬੰਧ ਉਹਨਾਂ ਦੇ ਪੁਰਾਤਨ ਸਾਥੀ ਗਿਆਨੀ ਨਾਹਰ ਸਿੰਘ ਗੁਜਰਵਾਲ ਅਤੇ ਗਿਆਨੀ ਹਰਭਜਨ ਸਿੰਘ ਚਵਿੰਡਾ ਸੇਵਾ ਸਮਝ ਕੇ ਕਰਦੇ ਸਨ। ਬ੍ਰਿਧ ਹੋਣ ਕਰਕੇ ਸੰਨ 1962 ਵਿੱਚ ਇਹਨਾਂ ਨੇ ਪੁਸਤਕਾਂ ਦਾ ਪ੍ਰਬੰਧ ਭਾਈ ਬਲਬੀਰ ਸਿੰਘ ਦੇ ਹਵਾਲੇ ਕਰ ਦਿੱਤਾ। ਸੰਨ 1978 ਵਿੱਚ ਆਪ ਨੇ ਭਾਈ ਸਾਹਿਬ ਰਣਧੀਰ ਸਿੰਘ ਟ੍ਰਸਟ ਬਣਾ ਕੇ ਇਹਨਾਂ ਅਨਮੋਲ ਧਾਰਮਿਕ ਪੁਸਤਕਾਂ ਦੀ ਛਪਾਈ ਦਾ ਪੱਕਾ ਪ੍ਰਬੰਧ ਕਰ ਦਿੱਤਾ। ਆਪ ਨੇ ਇਕੱਲਿਆਂ ਹੀ ਪੁਸਤਕਾਂ ਦੀ ਛਪਾਈ ਅਤੇ ਵਿਕਰੀ ਦਾ ਪ੍ਰਬੰਧ ਸੁਚਾਰੂ ਰੂਪ ਵਿੱਚ ਕੀਤਾ। ਜਿੱਥੇ ਉਹਨਾਂ ਨੇ ਪੁਸਤਕਾਂ ਦੀ ਛਪਾਈ ਅਤੇ ਦਿੱਖ ਵਿੱਚ ਸੁਧਾਰ ਕੀਤਾ, ਉੱਥੇ ਪਹਿਲਾਂ ਵਾਂਗ ਪਿਤਾ ਜੀ ਦੀ ਰਵਾਇਤ ਅਨੁਸਾਰ ਬਿਨਾਂ ਕਿਸੇ ਲਾਭ ਹਾਨ, ਲਾਗਤ ਮੁੱਲ 'ਤੇ ਉਪਲੱਬਧ ਕਰਵਾਈਆਂ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਛੱਡ ਕੇ, ਭਾਈ ਸਹਿਬ ਰਣਧੀਰ ਸਿੰਘ ਟ੍ਰਸਟ ਹੀ ਸ਼ਾਇਦ ਇਕੋ ਇਕ ਅਦਾਰਾ ਹੈ, ਜੋ ਕਿ ਅਜਿਹਾ ਉੱਚ-ਪੱਧਰੀ ਧਾਰਮਿਕ ਸਾਹਿਤ, ਇੰਨੀ ਥੋੜ੍ਹੀ ਕੀਮਤ ਵਿੱਚ ਦੇ ਰਿਹਾ ਹੈ ਅਤੇ ਭਾਈ ਸਾਹਿਬ ਰਣਧੀਰ ਸਿੰਘ ਜੀ ਦਾ ਪ੍ਰਵਾਰ ਹੀ ਇਕੋ ਇੱਕ ਅਜਿਹਾ ਪ੍ਰਵਾਰ ਹੈ, ਜੋ ਇਸ ਖ਼ਜ਼ਾਨੇ 'ਤੇ ਆਪਣਾ ਹੱਕ ਨਹੀਂ ਜਤਾਉਂਦਾ ਤੇ ਇਸਦਾ ਹਰ ਮੈਂਬਰ ਇਸ ਸੇਵਾ ਵਿੱਚ ਯਥਾਸ਼ਕਤ ਹਿੱਸਾ ਪਾਉਂਦਾ ਹੈ।

ਭਾਈ ਬਲਬੀਰ ਸਿੰਘ ਨੇ ਆਪਣੇ ਪਿਤਾ ਦੀ ਯਾਦ ਵਿੱਚ ਦੋ ਹੋਰ ਟ੍ਰਸਟ ਬਣਾਏ। ਇੱਕ ਜੱਦੀ ਪਿੰਡ ਨਾਰੰਗਵਾਲ ਵਿਖੇ, ਜੱਦੀ ਹਵੇਲੀ ਦਾਨ ਦੇ ਕੇ ਅਤੇ ਦੂਸਰਾ ਸੰਗਤ ਦੇ ਸਹਿਯੋਗ ਨਾਲ ਕੁਮਾਰਹੱਟੀ (ਹਿਮਾਚਲ ਪ੍ਰਦੇਸ਼) ਵਿਖੇ, ਗੁਰਦੁਆਰਾ ਤਪੋਬਨ ਦੇ ਪ੍ਰਬੰਧ ਲਈ ਜਿੱਥੇ ਭਾਈ ਸਾਹਿਬ ਰਣਧੀਰ ਸਿੰਘ ਜੀ ਨੇ ਗਰਮੀਆਂ ਵਿੱਚ ਰਹਿੰਦੇ ਹੋਏ, ਘੋਰ ਤਪੱਸਿਆ ਸਾਧੀ ਅਤੇ ਕਈ ਪੁਸਤਕਾਂ ਦੀ ਰਚਨਾ ਕੀਤੀ।

ਆਪ ਜੀ ਨੇ ਗੁਰੂ ਸੰਗਤਾਂ ਦੇ ਸੇਵਾ ਕਰਦਿਆਂ 89 ਸਾਲ ਦੀ ਲੰਬੀ ਆਯੂ ਭੋਗੀ। ਆਪ ਜੀ ਦੀ ਸਿਹਤ ਤਾਅ ਜ਼ਿੰਦਗੀ ਨਰੋਈ ਰਹੀ। ਅਖੀਰ ਤੇ ਬੁਢੇਪੇ ਕਾਰਨ ਸਰੀਰਕ ਕਮਜ਼ੋਰੀ ਆ ਗਈ ਪਰ ਆਪ ਫਿਰ ਵੀ ਸੰਗਤਾਂ ਦੀ ਚਰਨ ਧੂੜ ਪਰਸਣ ਲਈ ਲੋਕਲ ਅਤੇ ਕੇਂਦਰੀ ਸਮਾਗਮਾਂ 'ਤੇ ਪਹੁੰਚ ਜਾਂਦੇ ਸਨ। 1 ਮਈ 2001 ਨੂੰ ਇਹ ਗੁਰਮੁਖ ਪਿਆਰੀ ਰੂਹ ਪੰਜ ਭੂਤਕ ਚੋਲੇ ਨੂੰ ਤਿਆਗ ਕੇ ਗੁਰੂ-ਗੁਰੂ ਜਪਦੀ ਗੁਰੂ ਚਰਨਾਂ ਵਿਚ ਜਾ ਬਿਰਾਜੀ।

ਭਾਈ ਬਲਬੀਰ ਸਿੰਘ ਜੀ ਜੇ ਅਕਾਲ ਚਲਾਣੇ ਸਮੇਂ ਉਨ੍ਹਾਂ ਦੀ ਇੱਕ ਪੁੱਤਰੀ ਤੇ ਚਾਰ ਪੁੱਤਰ ਜੀਵਤ ਸਨ। ਤਿੰਨ ਪੁੱਤਰ ਬਚਪਨ ਵਿੱਚ ਹੀ ਚੜ੍ਹਾਈ ਕਰ ਗਏ ਸਨ। ਆਪ ਦੇ ਤੀਸਰੇ ਪੁੱਤਰ ਭਾਈ ਮਨਜੀਤ ਸਿੰਘ ਜੀ ਯੂਥ ਵੈੱਲਫੇਅਰ ਅਫ਼ਸਰ (ਸੇਵਾ ਮੁਕਤ) ਪੰਜਾਬ ਐਗਰੀਕਲਚਰ ਯੂਨੀਵਰਸਟੀ ਲੁਧਿਆਣਾ ਸੰਨ 2001 ਤੋਂ 2012 ਤਕ ਭਾਈ ਸਾਹਿਬ ਰਣਧੀਰ ਸਿੰਘ ਜੀ ਦੀ ਯਾਦ ਵਿਚ ਬਣੇ ਤਿੰਨ ਟਰੱਸਟਾਂ ਦੇ ਸਕੱਤਰ ਰਹੇ ਹਨ। ਆਪ ਨੇ ਜਿੱਥੇ ਟਰੱਸਟਾਂ ਦੇ ਕਾਰਜ ਨੂੰ ਸੁਯੋਗ ਢੰਗ ਨਾਲ ਚਲਾਇਆ, ਉਥੇ ਭਾਈ ਸਾਹਿਬ ਰਣਧੀਰ ਸਿੰਘ ਜੀ ਅਕੈਡਮੀ ਲੁਧਿਆਣਾ ਅਤੇ ਨਾਰੰਗਵਾਲ ਦੀ ਸਥਾਪਨਾ ਵੀ ਕੀਤੀ। ਸੰਨ 2012 ਵਿੱਚ ਭਾਈ ਮਨਜੀਤ ਸਿੰਘ ਜੀ ਦੇ ਅਕਾਲ ਚਲਾਣੇ ਤੋਂ ਬਾਅਦ ਉਨ੍ਹਾਂ ਦਾ ਸਪੁੱਤਰ ਡਾ ਕੀਰਤ ਸਿੰਘ ਇਹ ਸੇਵਾ ਕਰ ਰਿਹਾ ਹੈ। ਭਾਈ ਬਲਬੀਰ ਸਿੰਘ ਦੇ ਛੋਟੇ ਸਪੁੱਤਰ ਭਾਈ ਕੁਲਦੀਪ ਸਿੰਘ ਸੀਨੀਅਰ ਮੈਨੇਜਰ (ਸੇਵਾਮੁਕਤ) ਪੰਜਾਬ ਐਂਡ ਸਿੰਧ ਬੈਂਕ ਅਕੈਡਮੀਆਂ ਦਾ ਪ੍ਰਬੰਧ ਸੰਭਾਲ ਰਹੇ ਹਨ।

ਨਿਰਸੰਦੇਹ ਭਾਈ ਬਲਬੀਰ ਸਿੰਘ ਇਕ ਮਹਾਨ ਪਿਤਾ ਦੇ ਸੁਯੋਗ ਸਪੁੱਤਰ ਸਨ। ਆਪਣੇ ਪਿਤਾ ਦੀ ਦਿੱਤੀ ਸੇਧ ਵਿੱਚ ਚਲਦੇ ਹੋਏ, ਆਪਣੇ ਪ੍ਰਵਾਰ ਅਤੇ ਸੰਗੀ ਸਾਥੀਆਂ ਲਈ ਇਕ ਅਮੀਰ ਵਿਰਸਾ ਛੱਡ ਗਏ ਹਨ।



www.AKJ.Org

(2)

**ਵੱਲੋਂ : ਗਿਆਨੀ ਗੁਰਦਿੱਤ ਸਿੰਘ ਜੀ, ਚੰਡੀਗੜ੍ਹ**

ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਇਕਲੌਤੇ ਸਪੁੱਤਰ, ਭਾਈ ਬਲਬੀਰ ਸਿੰਘ ਦਾ ਜਨਮ 12 ਦਸੰਬਰ 1911 ਵਿੱਚ ਹੋਇਆ। ਭਾਈ ਸਾਹਿਬ ਰਣਧੀਰ ਸਿੰਘ ਜੀ ਆਪ ਦੇ ਜਨਮ ਤੋਂ ਚਾਰ ਸਾਲ ਪਿੱਛੋਂ ਗ੍ਰਿਫ਼ਤਾਰ ਕੀਤੇ ਗਏ। ਤਿੰਨ ਸਾਢੇ ਤਿੰਨ ਸਾਲ ਦੀ ਉਮਰ ਪੋਤੜਿਆਂ ਵਿੱਚ ਖੇਲਣ ਦੀ ਹੁੰਦੀ ਹੈ, ਜਦੋਂ ਕਿਸੇ ਬੱਚੇ ਨੂੰ ਆਪਣੇ ਮਾਤਾ-ਪਿਤਾ ਦੀ ਸਿਆਣ ਵੀ ਨਹੀਂ ਹੁੰਦੀ। ਸੰਨ 1930 ਵਿੱਚ ਭਾਈ ਸਾਹਿਬ ਜੀ ਰਿਹਾਅ ਹੋ ਕੇ ਆਏ। ਏਨੇ ਲੰਮੇ ਸਮੇਂ ਵਿੱਚ ਇਕ ਵਾਰ ਸ. ਸੁੰਦਰ ਸਿੰਘ ਘੁਮਾਣ ਨਾਲ ਨਾਗਪੁਰ ਵਿੱਚ ਪਿਤਾ, ਪੁੱਤਰ, ਪੁੱਤਰੀ, ਪਤਨੀ ਦਾ ਮੇਲ ਹੋਇਆ। ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਵਿਛੋੜੇ ਦਾ ਸਮਾਂ ਕਿਵੇਂ ਲੰਘਾਇਆ ਹੋਵੇਗਾ? ਉਸ ਹਾਲਤ ਵਿੱਚ ਜਦੋਂ ਆਪ ਜੀ ਦੀ ਨਾਰੰਗਵਾਲ ਅਤੇ ਮਨਸੂਰਾਂ ਦੀ ਜ਼ਮੀਨ ਵੀ ਸਰਕਾਰ ਨੇ ਜ਼ਬਤ ਕੀਤੀ ਹੋਈ ਸੀ।

ਭਾਈ ਬਲਬੀਰ ਸਿੰਘ ਜੀ ਨਾਰੰਗਵਾਲ ਪਿੰਡ ਦੇ ਸਰਦੇ ਪੁੱਜਦੇ ਘਰ ਦੇ ਨੌਂ-ਨਿਹਾਲ ਸਨ। ਆਪ ਜੀ ਦੇ ਦਾਦਾ ਜੀ ਨਾਭਾ ਰਿਆਸਤ ਵਿੱਚ ਜੱਜ ਦੀ ਪਦਵੀਂ ਉੱਤੇ ਰਹੇ ਸਨ। ਭਾਈ ਸਾਹਿਬ ਖ਼ੁਦ ਤਹਿਸੀਲਦਾਰੀ ਛੱਡ ਕੇ ਪੰਥ ਸੇਵਾ ਦੇ ਮੈਦਾਨ ਵਿੱਚ ਆਏ ਸੀ। ਬੱਚਿਆਂ ਨੂੰ ਆਪਣਾ ਬਚਪਨ ਕਿਵੇਂ ਗੁਜ਼ਾਰਨਾ ਪਿਆ, ਇਸ ਦਾ ਅੰਦਾਜ਼ਾ ਹਰ ਸਖ਼ਸ਼ ਲਾ ਸਕਦਾ ਹੈ।

ਗੁਰਦੁਆਰਿਆਂ ਦੇ ਸੁਧਾਰ ਦਾ ਸਮਾਂ ਸੀ, ਜਿਸ ਦਾ ਆਰੰਭ ਭਾਈ ਸਾਹਿਬ ਨੇ ਗੁਰਦੁਆਰਾ ਰਕਾਬ ਗੰਜ ਬਾਰੇ ਸ਼ਹੀਦੀ ਪਾਉਣ ਦੇ ਐਲਾਨ ਤੋਂ ਹੋਇਆ ਸੀ। ਗੁਰਧਾਮਾਂ ਦੇ ਸੁਧਾਰ ਲਈ ਜਥੇ ਬਣਾ-ਬਣਾ ਕੇ ਸਿੰਘ, ਜਲਸੇ ਜਲੂਸ, ਦੀਵਾਨ ਕਰ ਕੇ ਮਹੰਤਾਂ ਤੇ ਪੁਜਾਰੀਆਂ ਤੋਂ ਗੁਰਦੁਆਰੇ ਆਜ਼ਾਦ ਕਰਾਉਣ ਲਈ ਜੱਥਿਆਂ ਦੀਆਂ ਵਹੀਰਾਂ ਘੱਤ ਲੈਂਦੇ ਸਨ। ਇਸ ਭਾਂਤ ਦੀਆਂ ਸਰਗਰਮੀਆਂ ਵਿੱਚ ਭਾਈ ਸਾਹਿਬ ਜੀ ਦੇ ਜੇਲ੍ਹ ਵਿੱਚ ਤਸੀਹੇ ਕੱਟਣ ਦੀਆਂ ਖ਼ਬਰਾਂ ਅਖ਼ਬਾਰਾਂ ਵਿੱਚ ਛਪਦੀਆਂ ਸਨ। ਜੋਸ਼ੀਲੀਆਂ ਕਵਿਤਾਵਾਂ, ਅਖ਼ਬਾਰਾਂ ਵਿੱਚ ਛਪਦੀਆਂ ਸਨ ਅਤੇ ਦੀਵਾਨਾਂ ਵਿੱਚ ਵੀ ਸੁਣਾਈਆਂ ਜਾਂਦੀਆਂ ਸਨ। ਅਕਾਲੀ ਅਖ਼ਬਾਰ ਨਿਕਲੀ ਤਾਂ ਉਸ ਵਿੱਚ ਸਿੱਖ ਪੰਥ ਦੀ ਸੋਨ-ਚਿੜੀ, ਗੁਰਦੁਆਰਾ ਸੁਧਾਰ ਲਹਿਰ ਦਾ ਪਹਿਲਾ ਕੈਦੀ ਦੇ ਅਨਵਾਨ ਹੇਠਾਂ ਲੇਖ ਲੜੀਆਂ ਛਪੀਆਂ। ਗਿਆਨੀ ਹੀਰਾ ਸਿੰਘ ਦਰਦ ਦੀ ਦਰਦੀਲੀ ਹੂਕ :

**"ਦੇਖ ਮਰਦਾਨਿਆ ਓਏ ਰੰਗ ਕਰਤਾਰ ਦੇ।"**

ਦੀ ਟੇਕ ਉੱਤੇ ਰਚੀ ਕਵਿਤਾ ਖ਼ਾਸ ਤੌਰ 'ਤੇ ਗਾਈ ਜਾਂਦੀ ਸੀ :

**ਚੱਲ ਉੱਠ ਚੱਲੀਏ ਓਏ ਵੀਰ ਰਣਧੀਰ ਪਾਸ, ਚੱਕੀਆਂ ਪਿਹਾਈਏ ਬੈਠ ਕੋਲ ਸੋਹਣੇ ਯਾਰ ਦੇ।**
**ਅੱਜ ਉਹ ਹਜ਼ਾਰੀ ਬਾਗ਼ ਲੱਖੀ ਤੇ ਕਰੋੜੀ ਬਾਰ ਸਾਈਂ ਦੇ ਪਿਆਰੇ, ਜਿੱਥੇ ਰਾਤਾਂ ਨੇ ਗੁਜ਼ਾਰਦੇ।**
**ਚੰਦਨ ਦੇ ਬੂਟੜੇ ਨੇ ਲਾਈ ਹੈ ਸੁਗੰਧ ਉੱਥੇ, ਸੁੰਘ ਲਈਏ ਭੌਰ ਬਣ ਫੁਲ ਮਜ਼ਾਰ ਦੇ।**

ਅਜਿਹੇ ਮਾਹੌਲ ਵਿੱਚ ਜੇਲ੍ਹਾਂ ਨੂੰ ਜਾਂਦੇ ਜੱਥੇ, ਨਾਰੰਗਵਾਲ ਵੱਲੋਂ ਲੰਘਦੇ ਤਾਂ ਜੁ ਏਸ ਪਿੰਡ ਦੀ ਮਿੱਟੀ ਦੀਆਂ ਜੋਸ਼ੀਲੀ ਕਣੀਆਂ, ਆਪਣੇ ਆਪ ਵਿੱਚ ਸਮੋ ਲੈਣ।

ਸਕੂਲ ਵਿੱਚ ਪੜ੍ਹਦੇ ਕਾਕਾ ਬਲਬੀਰ ਸਿੰਘ ਨੂੰ ਮੋਢਿਆਂ ਉੱਤੇ ਚੁੱਕ ਕੇ ਇੰਨ੍ਹਾਂ ਜੇਲੀਂ ਜਾਂਦੇ ਜਥਿਆਂ ਦੇ ਦਰਸ਼ਨ ਕਰਾਏ ਜਾਂਦੇ। ਬਲਬੀਰ ਸਿੰਘ ਨੇ ਓਵਰਸੀਅਰੀ ਪਾਸ ਕੀਤੀ। ਨੌਕਰੀ ਇਕ ਮਸਲਾ ਬਣ ਗਿਆ। ਸਰਕਾਰੀ ਬਾਗ਼ੀ ਦੇ ਪੁੱਤਰ ਨੂੰ ਨੌਕਰੀ ਕਿੱਥੇ? ਜ਼ਿਲ੍ਹਾ ਲੁਧਿਆਣਾ ਡਿਸਟ੍ਰਿਕ ਬੋਰਡ ਵਿੱਚ ਉਨ੍ਹਾਂ ਨੂੰ ਸਰਵਿਸ ਮਿਲੀ। ਜੋ ਆਜ਼ਾਦੀ ਪਿੱਛੋਂ ਸਰਕਾਰੀ ਨੌਕਰੀ ਬਣੀ। ਭਾਈ ਬਲਬੀਰ ਸਿੰਘ ਜੀ ਐਗਜ਼ੈਕਟਿਵ ਅਫ਼ਸਰ ਦੀ ਪਦਵੀਂ ਤੋਂ ਰੀਟਾਇਰ ਹੋਏ। ਉਸ ਪਿੱਛੋਂ ਭਾਈ ਸਾਹਿਬ ਜੀ ਲਿਖਤ ਪੁਸਤਕਾਂ ਨੂੰ ਛਪਵਾਉਣ ਦੀ ਤੇ ਟਰੱਸਟ ਦੀ ਬਿਲਡਿੰਗ ਬਨਵਾਉਣ ਵਿੱਚ ਹਿੱਸਾ


www.AKJ.Org

ਪਾਉਂਦੇ ਰਹੇ। ਇਹ ਬਿਲਡਿੰਗ ਪ੍ਰੋ. ਉਦੈ ਸਿੰਘ ਜੀ ਵੱਲੋਂ ਕੀਤੀ ਮਾਇਕ ਸਹਾਇਤਾ ਨਾਲ ਉਨ੍ਹਾਂ ਦੇ ਭਰਾਤਾ ਜੀ ਨੇ ਸੰਪੂਰਨ ਕਰਨ ਵਿਚ ਭਰਪੂਰ ਮਦਦ ਕੀਤੀ। ਅਖੰਡ ਕੀਰਤਨੀ ਜਥਿਆਂ ਨਾਲ ਆਪ ਜੀ ਦਾ ਸੰਪੂਰਨ ਮੇਲ ਮਿਲਾਪ ਰਿਹਾ। ਆਪ ਜੀ ਨੇ 89 ਸਾਲ ਦੀ ਉਮਰ ਵਿੱਚ 1 ਮਈ 2001 ਨੂੰ ਬਿਰਧ ਅਵਸਥਾ ਕਾਰਨ ਹੋਈ ਕਮਜ਼ੋਰੀ ਕਾਰਨ ਸੱਚਖੰਡ ਪਿਆਨੇ ਕੀਤੇ। ਭੋਗ ਦੇ ਅੰਤਮ ਸਮਾਗਮ ਵਿੱਚ ਦੂਰੋਂ-ਦੂਰੋਂ ਆਪ ਜੀ ਦੇ ਮਿੱਤਰ, ਪਿਆਰੇ, ਅਖੰਡ ਕੀਰਤਨੀ ਜਥੇ ਦੇ ਸਿੰਘ ਧਾਅ ਕੇ ਪੁੱਜੇ ਅਤੇ ਆਪ ਦੀ ਆਤਮਿਕ ਸਹਾਇਤਾ ਪ੍ਰਤੀ ਅਸੀਸਾਂ ਭਰਿਆ ਅਖੰਡ ਕੀਰਤਨ ਸਮਾਗਮ ਹੋਇਆ।

## ਬੀਬੀ ਦਲੇਰ ਕੌਰ ਜੀ (ਸਪੁੱਤਰੀ ਭਾਈ ਰਣਧੀਰ ਸਿੰਘ ਜੀ)

(ਭਾਈ ਗੁਰਦੀਪ ਸਿੰਘ ਜੀ ਅੰਮ੍ਰਿਤਸਰ)

ਬੀਬੀ ਦਲੇਰ ਕੌਰ ਜੀ ਨੂੰ, ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ, ਪੰਥ ਦੀ ਸੋਨ ਚਿੜੀ ਦੇ ਖ਼ਿਤਾਬ ਨਾਲ ਸਨਮਾਨਿਤ ਵਿਅਕਤੀ ਦੇ ਗ੍ਰਹਿ ਵਿਖੇ, ਜਨਮ ਲੈਣ ਦਾ ਸੁਭਾਗ ਪ੍ਰਾਪਤ ਹੋਇਆ। ਉਨ੍ਹਾਂ ਦਾ ਜਨਮ ਮਿਤੀ 14 ਅਕਤੂਬਰ 1914 ਨੂੰ ਮਾਤਾ ਕਰਤਾਰ ਕੌਰ ਜੀ ਦੀ ਕੁਖੋਂ ਹੋਇਆ। ਆਪ ਅਜੇ ਕੇਵਲ 8 ਮਹੀਨੇ ਦੇ ਹੀ ਸਨ ਤੇ ਹੋਸ਼ ਵੀ ਨਹੀਂ ਸੀ ਸੰਭਾਲੀ ਕਿ ਆਪ ਦੇ ਪਿਤਾ ਜੀ ਦੀ ਲੰਬੀ ਜੇਲ੍ਹ ਯਾਤਰਾ ਸ਼ੁਰੂ ਹੋ ਗਈ। ਆਪ ਜੀ ਦੀ ਪਾਲਣਾ ਪੋਸ਼ਣਾ ਮਾਤਾ ਜੀ ਦੀ ਨਿਗਰਾਨੀ ਹੇਠ ਹੀ ਹੋਈ। ਮੁੱਢਲੀ ਵਿਦਿਆ ਸਕੂਲ ਨਾਰੰਗਵਾਲ ਤੋਂ ਕਰਨ ਤੋਂ ਬਾਅਦ, ਗਿਆਨੀ ਦੀ ਪ੍ਰੀਖਿਆ ਸੰਨ 1940 ਤੋਂ ਬਾਅਦ ਪਾਸ ਕੀਤੀ। ਇਸ ਤੋਂ ਇਲਾਵਾ ਕਢਾਈ ਸਿਲਾਈ ਦਾ ਕੰਮ ਵੀ ਸਿਖਿਆ। ਘਰੇਲੂ ਕੰਮਾਂ ਵਿਚ ਨਿਪੁੰਨਤਾ ਤੇ ਜੀਵਨ ਦੇ ਹਰ ਪਹਿਲੂ ਵਿਚ ਸੁਚੱਜਤਾ ਹਾਸਿਲ ਕੀਤੀ।

ਅਕਾਲ ਪੁਰਖ ਜੀ ਵੱਲੋਂ ਉਨ੍ਹਾਂ ਦੀ ਸੇਵਾ ਆਪਣੇ ਪਿਤਾ ਦੇ ਗ੍ਰਹਿ ਵਿਖੇ ਹੀ ਸਾਧ ਸੰਗਤ ਦੀ ਚਰਨ ਧੂੜ ਵਿੱਚ ਬਤੀਤ ਕਰਨ ਲਈ ਲੱਗ ਚੁੱਕੀ ਸੀ। ਆਪਣੇ ਪਿਤਾ ਜੀ ਵਲੋਂ ਜੇਲ੍ਹ ਦੇ ਸੋਲ੍ਹਾਂ ਸਾਲ ਬਤੀਤ ਕਰਨ ਉਪਰੰਤ, ਭਾਈ ਸਾਹਿਬ ਜੀ ਦੀ ਆਯੂ ਪ੍ਰਯੰਤ, ਲੰਗਰ, ਘਰੇਲੂ ਪ੍ਰਬੰਧ (ਜੋ ਕਿ ਹੁਣ ਸਾਧ ਸੰਗਤ ਦਾ ਹੀ ਘਰ ਸੀ, ਭਾਈ ਸਾਹਿਬ ਦਾ ਨਹੀਂ ਮੰਨਿਆ ਜਾਂਦਾ ਸੀ) ਅਤੇ ਆਏ ਗਏ ਗੁਰੂ ਖ਼ਾਲਸਾ ਦੀ ਸੇਵਾ ਵਿੱਚ ਹੀ ਬਤੀਤ ਹੋਇਆ। ਬਚਪਨ ਤਾਂ ਸਾਰਾ ਹੀ ਪੁਲਿਸ ਛਾਪਿਆਂ, ਪੁਲਿਸ ਦਹਿਸ਼ਤ, ਸਾਰੀ ਜਾਇਦਾਦ ਜ਼ਬਤ ਹੋਣ ਕਰਕੇ ਗ਼ਰੀਬੀ ਵਿੱਚ ਕੱਟਿਆ। ਉਹ ਭੀ ਖਿੜੇ ਮੱਥੇ ਹੁਕਮ ਸਿਰ ਧਰ ਕੇ, ਆਪਣੀ ਸਤਿਵੰਤੀ ਮਾਤਾ ਕਰਤਾਰ ਕੌਰ ਜੀ ਨਾਲ ਮੋਢੇ ਨਾਲ ਮੋਢਾ ਡਾਹ ਕੇ ਬਰਦਾਸ਼ਤ ਕੀਤਾ। ਕਿਸੇ ਨੇ ਘਰ ਦੀ ਚਾਰ-ਦੀਵਾਰੀ ਤੋਂ ਬਾਹਰ ਇਨ੍ਹਾਂ ਦੀ ਕੋਈ ਆਹ ਤੱਕ ਨਹੀਂ ਸੁਣੀ। ਗੁਰਮਤੀ ਜੀਵਨ ਨਿਭਾਉਣ ਲਈ ਗੁਰੂ ਦੀ ਬਖ਼ਸ਼ਿਸ਼ ਨਾਲ, ਅਡੋਲ ਪੈਰ ਗੱਡ ਕੇ ਹਰ ਜ਼ੁਲਮ, ਹਰ ਮੁਸੀਬਤ ਸਾਹਮਣੇ ਖੜ੍ਹੇ ਰਹੇ।

ਪਿਤਾ ਦੇ ਜੇਲ ਯਾਤਰਾ ਤੋਂ ਘਰ ਮੁੜਨ ਬਾਅਦ ਜਵਾਨੀ ਅਵਸਥਾ ਨੂੰ ਪਹੁੰਚ ਚੁੱਕੀ, ਬੀਬੀ ਦਾ ਅਨੰਦ ਕਾਰਜ ਸੰਨ 1933 ਵਿਚ ਸ. ਮਹਿੰਦਰ ਸਿੰਘ, ਸ. ਨਰਿੰਦਰ ਸਿੰਘ ਸਪੁੱਤਰ ਪਿੰਡ ਉਭਾਵਾਲ ਜ਼ਿਲ੍ਹਾ ਸੰਗਰੂਰ ਨਾਲ ਹੋਇਆ। ਇਨ੍ਹਾਂ ਦੇ ਸਿੰਘ ਸਾਹਿਬ ਹਮੇਸ਼ਾਂ ਸਾਧੂ ਸੰਤਾਂ ਦੀ ਸੇਵਾ, ਲੋੜਵੰਦ ਗਰੀਬਾਂ ਦੀ ਮੱਦਦ ਕਰਨ ਵਿਚ ਸਭ ਤੋਂ ਅੱਗੇ ਰਹਿੰਦੇ ਸਨ। ਆਪ ਸੰਨ 1972 ਵਿਚ ਨਾਇਬ ਤਹਿਸੀਲ ਦੇ ਅਹੁਦੇ ਤੋਂ ਸੇਵਾ-ਮੁਕਤ ਹੋਏ ਤੇ ਸੰਨ 1981 ਵਿਚ ਅਕਾਲ ਚਲਾਣਾ ਕਰ ਗਏ ਸਨ। ਪਿਤਾ ਜੀ ਦੀ ਛੱਤਰ-ਛਾਇਆ ਹੇਠ ਰਹਿ ਕੇ, ਪੂਰੀ ਮਰਯਾਦਾ ਦੀ ਜ਼ਿੰਦਗੀ ਬਤੀਤ ਕੀਤੀ, ਜਿਵੇਂ ਸਤਿਵੰਤੀਆਂ ਧੀਆਂ ਘਰ ਅੰਦਰ ਰਹਿ ਕੇ ਕਰਦੀਆਂ ਹਨ। ਕੁਝ ਚਿਰ ਬਾਅਦ ਬੀਬੀ ਜੀ ਦੇ ਸਹੁਰਾ ਸਾਹਿਬ, ਜੋ ਆਪਣੇ ਅੰਤ ਤਕ ਬੀਬੀ ਜੀ ਦਾ ਬਹੁਤ ਅਦਬ ਸਤਿਕਾਰ ਕਰਦੇ ਰਹੇ ਹਨ, ਨੇ ਮਾਡਲ ਟਾਊਨ ਲੁਧਿਆਣਾ ਵਿਚ ਬੀਬੀ ਜੀ ਵਾਸਤੇ ਕੋਠੀ ਲੈ ਦਿੱਤੀ। ਬੇਬੇ ਕਰਤਾਰ ਕੌਰ ਜੀ



www.AKJ.Org

ਦੇ ਅਕਾਲ ਚਲਾਣੇ ਤੋਂ ਬਾਅਦ, ਬੀਬੀ ਜੀ ਨੇ ਬਾਪੂ ਜੀ ਦੀ ਸੇਵਾ ਮੰਗ ਲਈ ਅਤੇ ਬਾਪੂ ਜੀ ਦੇ ਜੀਵਨ ਪ੍ਰਯੰਤ ਉਨ੍ਹਾਂ ਦੀ ਸੇਵਾ ਤੇ ਹਰ ਆਏ ਗਏ ਗੁਰਸਿੱਖ ਦੀ ਸੇਵਾ ਬੜੀ ਸੋਹਣੇ, ਸੁਚੱਜੇ ਤਰੀਕੇ ਨਾਲ ਨਿਭਾਈ। ਸੰਗਤਾਂ ਦੀ ਆਵਾਜ਼ਾਈ ਕਾਰਨ ਇਹ ਅਸਥਾਨ ਸਤਿਸੰਗ ਘਰ ਹੀ ਬਣ ਗਿਆ ਸੀ। ਬਾਪੂ ਜੀ ਅਖੀਰਲੇ ਸਮੇਂ ਤੱਕ ਇਸੇ ਘਰ ਵਿਚ ਹੀ ਰਹੇ ਤੇ ਇੱਥੇ ਹੀ ਪੰਜ ਭੂਤਕ ਸਰੀਰ ਤਿਆਗਿਆ ਸੀ। ਭਾਈ ਸਾਹਿਬ ਜੀ ਦੇ ਚੜ੍ਹਾਈ ਕਰਨ ਤੋਂ ਬਾਅਦ ਵੀ ਜਿਤਨਾ ਚਿਰ ਬੀਬੀ ਜੀ ਲੁਧਿਆਣੇ ਰਹੇ, ਉਦੋਂ ਤੱਕ ਸਾਲਾਨਾ ਪੋਹ ਸੁਦੀ ਸਮਾਗਮ ਸਮੇਂ ਲੰਗਰ ਇਸੇ ਹੀ ਕੋਠੀ ਵਿਚ ਸਜਾਇਆ ਜਾਂਦਾ ਸੀ।

ਬਾਪੂ ਜੀ ਦੀ ਜੇਲ ਯਾਤਰਾ ਤੋਂ ਬਾਅਦ ਆਪਣੇ ਜੀਵਨ ਕਾਲ ਵਿੱਚ ਬਾਪੂ ਜੀ ਦੇ ਸੰਗ ਸਾਥ ਬਾਹਰ ਦੂਰ-ਦੂਰ ਸਮਾਗਮਾਂ 'ਤੇ ਸੰਗਤ ਨਾਲ ਜਾਂਦੇ ਰਹਿੰਦੇ ਸਨ। ਬੀਬੀਆਂ, ਕੀਰਤਨੀ ਜੱਥੇ ਦੇ ਰੂਪ ਵਿੱਚ ਭੀ ਨਾਲ ਹੁੰਦੀਆਂ ਸੀ। ਬੀਬੀ ਦਲੇਰ ਕੌਰ ਜੀ ਦੀ ਮਿੱਠੀ ਪਰ ਕਰੜੀ ਨਜ਼ਰ ਥੱਲੇ ਹੀ ਹਰ ਵਕਤ ਬੀਬੀਆਂ ਦਾ ਰਹਿਣ ਸਹਿਣ ਹੋਇਆ ਕਰਦਾ ਸੀ। ਘਰ ਵਾਲੇ ਭੀ ਬੇਫ਼ਿਕਰ ਨੌਜੁਆਨ ਬੱਚੀਆਂ ਨੂੰ ਕੀਰਤਨ ਸੇਵਾ ਲਈ ਭੇਜਦੇ ਸਨ ਕਿ ਬੀਬੀ ਦਲੇਰ ਕੌਰ, ਬੀਬੀ ਕੁਲਵੰਤ ਕੌਰ ਅਤੇ ਬੀਬੀ ਸੁਖਦੇਵ ਕੌਰ ਜਥੇ ਨਾਲ ਹੋਇਆ ਕਰਦੀਆਂ ਸਨ। ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੇ ਇਸ ਜੱਥੇ ਨੂੰ ਟਕਸਾਲੀ ਜੱਥੇ ਦਾ ਨਾਮ ਪਿਆਰ ਵੱਜੋਂ ਦਿੱਤਾ ਹੋਇਆ ਸੀ। ਸੰਨ 1947 ਤੋਂ ਮਗਰੋਂ ਇਸ ਜੱਥੇ ਵਿੱਚ ਬੀਬੀ ਮਹਿੰਦਰ ਕੌਰ, ਬੀਬੀ ਉਪਦੇਸ਼ ਕੌਰ, ਬੀਬੀ ਗੁਰਦੀਸ਼ ਕੌਰ ਅਤੇ ਬੀਬੀ ਹਰਸ਼ਰਨ ਕੌਰ ਵੀ ਸ਼ਾਮਲ ਹੋ ਗਈਆਂ। ਬੀਬੀਆਂ ਨੂੰ ਕੀਰਤਨ ਵੱਲ ਪ੍ਰੇਰਨ ਦਾ ਕੰਮ ਇਸ ਟਕਸਾਲੀ ਜੱਥੇ ਨੇ ਖ਼ੂਬ ਨਿਭਾਇਆ ਅਤੇ ਅਨੇਕਾਂ ਬੀਬੀਆਂ ਅਖੰਡ ਕੀਰਤਨੀ ਜੱਥੇ ਵਿੱਚ ਕੀਰਤਨ ਦੀ ਸੇਵਾ ਲਈ ਤਿਆਰ ਹੁੰਦੀਆਂ ਗਈਆਂ। ਬੀਬੀ ਦਲੇਰ ਕੌਰ ਜੀ ਅਤੇ ਉਨ੍ਹਾਂ ਦੇ ਟਕਸਾਲੀ ਜੱਥੇ ਦੀ ਇਹ ਦੇਣ, ਦੇਸ਼ ਵਿਦੇਸ਼ ਵਿੱਚ ਕੀਰਤਨੀ ਬੀਬੀਆਂ ਲਈ ਪ੍ਰੇਰਣਾ ਦਾ ਸਰੋਤ ਹੈ। ਬੀਬੀਆਂ ਨੂੰ ਸਿੰਘਾਂ ਵਾਂਗ ਦਸਤਾਰ (ਕੇਸਕੀ) ਧਾਰੀ ਬਣਾ ਕੇ ਅਤੇ ਕੀਰਤਨ, ਪਾਠ ਦੇ ਬਰਾਬਰ ਮੌਕੇ ਦੇ ਕੇ, ਭਾਈ ਸਾਹਿਬ ਜੀ ਵਲੋਂ ਇਹ ਇਕ ਬਹੁਤ ਵੱਡਾ ਇਸਤਰੀ ਸਮਾਜ ਸੁਧਾਰ ਲਈ ਕੀਤਾ ਉਪਰਾਲਾ ਸੀ, ਕਿਉਂਕਿ ਉਸ ਵੇਲੇ ਕੁਝ ਰੂੜੀਵਾਦੀ ਸੰਪਰਦਾਈ ਡੇਰਿਆਂ ਵਾਲੇ ਬੀਬੀਆਂ ਨੂੰ ਕੀਰਤਨ, ਅਖੰਡ ਪਾਠ ਸੇਵਾ ਤੋਂ ਵੰਚਿਤ ਰੱਖਦੇ ਸਨ ਤੇ ਬਰਾਬਰਤਾ ਪ੍ਰਦਾਨ ਨਹੀਂ ਸਨ ਕਰਦੇ। ਇਸੇ ਤੋਂ ਇਲਾਵਾ ਅੰਮ੍ਰਿਤ ਵੀ ਵੱਖਰਾ ਹੀ ਛਕਾਉਂਦੇ ਸਨ ਜਿਵੇਂ ਤਖ਼ਤ ਸ੍ਰੀ ਹਜ਼ੂਰ ਸਾਹਿਬ ਵਿਖੇ ਹੁੰਦਾ ਹੈ।

ਗੁਰੂ ਭਾਣੇ ਅੰਦਰ ਉਨ੍ਹਾਂ ਦੇ ਘਰ ਤਿੰਨ ਬੱਚਿਆਂ ਨੇ ਜਨਮ ਲਿਆ ਪ੍ਰੰਤੂ ਆਪ ਜੀ ਦੇ ਘਰ ਇੱਕੋ ਬੱਚਾ ਉਨ੍ਹਾਂ ਦੀ ਗੋਦੀ ਨੂੰ ਭਾਗ ਲਾਉਣ ਲਈ ਬਚਿਆ। ਦੋ ਬੱਚੇ ਤਾਂ ਅੰਮ੍ਰਿਤ ਛੱਕਣ ਸਾਰ ਹੀ ਚੜ੍ਹਾਈ ਕਰ ਜਾਂਦੇ ਰਹੇ, ਜਿਵੇਂ ਕਿ ਉਨ੍ਹਾਂ ਦੀ ਪੂਰਬਲੀ ਭਗਤੀ ਕਾਰਨ ਉਹ ਪੁੱਗ ਚੁੱਕੇ ਹੋਏ ਸਨ, ਪ੍ਰੰਤੂ ਅੰਮ੍ਰਿਤ ਦੀ ਦਾਤ ਲੈਣ ਲਈ ਹੀ ਇਸ ਮਾਤ ਲੋਕ ਵਿਚ ਆਏ ਹੋਣ। ਭਾਈ ਸਾਹਿਬ ਜੀ ਦੇ ਚੜ੍ਹਾਈ ਕਰਨ ਤੋਂ ਬਾਅਦ ਬੀਬੀ ਜੀ ਸੰਨ 1975 ਤਕ ਲੁਧਿਆਣੇ ਰਹਿੰਦੇ ਰਹੇ। ਉਸ ਤੋਂ ਬਾਅਦ ਆਪਣੇ ਸਪੁੱਤਰ ਪਾਸ, ਜਿੱਥੇ ਵੀ ਉਹ ਨੌਕਰੀ ਕਾਰਨ ਰਹਿੰਦੇ ਰਹੇ, ਉਸ ਦੇ ਕੋਲ ਨਿਵਾਸ ਰੱਖਦੇ ਰਹੇ। ਬੀਬੀ ਜੀ ਹਮੇਸਾਂ ਨਾਮ ਬਾਣੀ ਵਿਚ ਮਗਨ ਰਹਿੰਦੇ ਸਨ ਤੇ ਸਹਿਜ ਪਾਠ ਵੀ ਜਾਰੀ ਰੱਖਦੇ ਸਨ। ਪਿਛਲੇ ਦੋ ਤਿੰਨ ਕੁ ਸਾਲਾਂ ਤੋਂ ਸਿਹਤ ਢਿੱਲੀ ਰਹਿੰਦੀ ਸੀ। ਜਦ ਸੰਗਤਾਂ ਮਿਲਣ ਜਾਂਦੀਆਂ ਸਨ ਤਾਂ ਪੁੱਛਣ 'ਤੇ ਦੱਸਦੇ ਸਨ ਕਿ ਬਾਪੂ ਜੀ ਮੇਰੇ ਹਰ ਵਕਤ ਨਾਲ ਹਨ। ਬਾਣੀ ਪੜ੍ਹਣ ਦੀ ਸਿੱਖਿਆ ਦਿੰਦੇ ਸਨ। ਅਚਾਨਕ ਸੱਦਾ ਆਇਆ ਤੇ ਮਿਤੀ 22 ਮਈ 1999 ਨੂੰ ਆਪਣੇ ਸਪੁੱਤਰ ਕੋਲ ਹੀ ਚੰਡੀਗੜ੍ਹ ਵਿਚ 85 ਸਾਲ ਦੀ ਆਯੂ ਚੜ੍ਹਦੇ ਰੰਗਾਂ ਵਿਚ, ਸੰਗਤਾਂ ਦੀ ਸੇਵਾ ਕਰਦਿਆਂ, ਉਡਾਰੀ ਮਾਰ ਗਏ ਅਤੇ ਗੁਰੂ ਦੀ ਗੋਦੀ ਵਿੱਚ ਜਾ ਬਿਰਾਜੇ। ਜਦੋਂ ਸਤਿਗੁਰਾਂ ਦੀ ਅਸੀਸ ਹੈ ਆਪਣੇ ਭਗਤਾਂ ਨੂੰ ਕਿ ਇੰਨ੍ਹਾਂ ਦੀਆਂ ਇਕੀ ਕੁਲਾਂ ਤਰਨਗੀਆਂ, ਤਾਂ ਇਨ੍ਹਾਂ ਵਰਗੀਆਂ ਸੁਭਾਗੀਆਂ ਰੂਹਾਂ ਨੂੰ ਅੰਦੇਸ਼ਾ ਕਾਹਦਾ? ਪਿੱਛੇ ਅਸੀਂ ਉਨ੍ਹਾਂ ਰੂਹਾਂ ਦੀ ਮਿੱਠੀ ਛੂਹ ਨੂੰ, ਉਜਲੀ ਪਰਛਾਈ ਨੂੰ ਢੂੰਡਦੇ ਰਹਿੰਦੇ ਹਾਂ। ਭਰੇ ਮਨ ਨਾਲ ਅਰਦਾਸ ਕਰਦੇ ਹਾਂ ਕਿ ਸਾਨੂੰ ਭੀ ਗੁਰੂ ਚਰਨਾਂ ਵਿੱਚ ਥਾਂ ਦਿਵਾਉਣੀ ਜੀ।

ਬੀਬੀ ਦਲੇਰ ਕੌਰ ਜੀ ਨੂੰ ਜੋ ਸਿਰੋਪਾਉ ਸ੍ਰੀ ਹਜ਼ੂਰ ਸਾਹਿਬ ਤੋਂ ਸੰਨ 1934-35 ਵਿੱਚ, ਆਪਣੇ ਬਾਪੂ ਜੀ ਦੇ ਸੰਗ,



www.AKJ.Org

ਯਾਤਰਾ ਸਮੇਂ ਬਖ਼ਸ਼ਿਸ਼ ਹੋਇਆ ਸੀ, ਉਸ ਸਿਰੋਪਾਉ ਨੂੰ ਸਸਕਾਰ ਸਮੇਂ, ਉਨ੍ਹਾਂ ਉਪਰ ਵੀਰ ਭਾਈ ਬਲਬੀਰ ਸਿੰਘ ਜੀ ਨੇ ਪਾਇਆ। ਇਨ੍ਹਾਂ ਦੇ ਸਪੁੱਤਰ ਡਾਕਟਰ ਹਰਿੰਦਰ ਸਿੰਘ ਜੀ ਨੂੰ ਬਚਪਨ ਤੋਂ ਹੀ ਬਾਪੂ ਜੀ ਦੀ ਗੋਦੀ ਵਿਚ ਖੇਡਣ ਅਤੇ ਉਨ੍ਹਾਂ ਦਾ ਲਾਡ ਮਿਲਦਾ ਰਿਹਾ ਹੈ। ਇਹ ਉੱਚ ਵਿਦਿਆ ਪ੍ਰਾਪਤ ਕਰਕੇ, ਖ਼ਾਲਸਾ ਕਾਲਜ ਸ੍ਰੀ ਅੰਮ੍ਰਿਤਸਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, ਆਦਿ ਅਦਾਰਿਆਂ ਵਿਚ ਉੱਚ ਅਹੁਦੇ ਤੇ ਕੰਮ ਕਰਦੇ ਰਹੇ ਹਨ। ਰੀਟਾਇਰਮੈਂਟ ਤੋਂ ਬਾਅਦ ਆਪ ਜੇ ਪੀ ਯੂਨੀਵਰਸਿਟੀ ਆਫ਼ ਇਨਫੋਰਮੇਸ਼ਨ ਐਂਡ ਤਕਨਾਲੋਜੀ ਵਕਨਾਘਾਟ ਸੋਲਨ ਹਿਮਾਚਲ ਪ੍ਰਦੇਸ਼ ਵਿੱਚ ਗਣਿਤ ਵਿਭਾਗ ਦੇ ਮੁਖੀ ਰਹੇ। ਉਹ ਦੈਵੀ ਗੁਣਾਂ ਨਾਲ ਭਰਪੂਰ ਸਖ਼ਸ਼ੀਅਤ ਹੈ ਅਤੇ ਅਜ ਕਲ ਭਾਈ ਸਾਹਿਬ ਭਾਈ ਰਣਧੀਰ ਸਿੰਘ ਟਰੱਸਟ ਦੇ ਚੇਅਰਮੈਨ ਦੀ ਸੇਵਾ ਨਿਭਾਉਂਦੇ ਹਨ ਅਤੇ ਭਾਈ ਸਾਹਿਬ ਜੀ ਦੀਆਂ ਰਚਿਤ ਪੁਸਤਕਾਂ ਨੂੰ ਛਾਪਣ ਅਤੇ ਵੰਡਣ ਦਾ ਸੁਯੋਗ ਪ੍ਰਬੰਧ ਕਰਦੇ ਹਨ।

# ਭਾਈ ਸੱਜਣ ਸਿੰਘ ਜੀ (ਭਤੀਜ) ਪਿੰਡ ਨਾਰੰਗਵਾਲ, ਜ਼ਿਲ੍ਹਾ ਲੁਧਿਆਣਾ

ਭਾਈ ਗੁਰਦੀਪ ਸਿੰਘ ਸ੍ਰੀ ਅੰਮ੍ਰਿਤਸਰ

ਸਤਿਕਾਰਯੋਗ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਭਤੀਜੇ ਅਤੇ ਸੰਗਤਾਂ ਦੇ ਚਾਚਾ ਜੀ ਕਰਕੇ ਮਸ਼ਹੂਰ ਭਾਈ ਸੱਜਣ ਸਿੰਘ ਜੀ ਦਾ ਜਨਮ ਸੰਨ 1894 ਵਿਚ ਭਾਈ ਸਾਹਿਬ ਜੀ ਦੇ ਜੱਦੀ ਪਿੰਡ ਨਾਰੰਗਵਾਲ ਵਿਖੇ ਸੂਬੇਦਾਰ ਸ਼ਾਮ ਸਿੰਘ ਅਤੇ ਮਾਨ ਕੌਰ ਜੀ ਦੇ ਘਰ ਹੋਇਆ। ਆਪ ਜੀ ਭਾਈ ਸਾਹਿਬ ਜੀ ਦੇ ਸ਼ਰੀਕੇ ਵਿਚ ਭਤੀਜੇ ਲੱਗਦੇ ਸਨ। ਇਨ੍ਹਾਂ ਤੋਂ ਇਲਾਵਾ ਇਕ ਦੂਸਰੇ ਭਾਈ ਸੱਜਣ ਸਿੰਘ ਜੀ ਜੋ ਨਾਰੰਗਵਾਲ ਦੇ ਹੀ ਨਿਵਾਸੀ ਸਨ ਅਤੇ ਗਦਰ ਲਹਿਰ ਵਿਚ ਹਿੱਸਾ ਲੈਣ ਕਰਕੇ ਭਾਈ ਸਾਹਿਬ ਜੀ ਨਾਲ ਜੇਲ੍ਹ ਵਿਚ ਸੰਗ ਸਾਥ ਹੀ ਰਹੇ ਹਨ। ਪਰ ਦੂਸਰੇ ਸੱਜਣ ਸਿੰਘ (ਗਦਰੀ) ਇਨ੍ਹਾਂ ਤੋਂ ਵੱਖਰੇ ਸਨ ਜੋ ਕਿ ਜਥੇ ਦੀ ਵਿਚਾਰਧਾਰਾ ਅਤੇ ਗੁਰਮਤਿ ਰਹਿਤ ਰਹਿਣੀ ਦੇ ਪੂਰੇ ਧਾਰਨੀ ਨਹੀਂ ਸਨ।

ਆਪ ਜੀ ਨੇ ਆਪਣਾ ਬਚਪਨ ਭਾਈ ਸਾਹਿਬ ਜੀ ਦੇ ਸੰਗ ਸਾਥ ਰਹਿੰਦਿਆਂ ਹੀ ਬਿਤਾਇਆ। ਇਸ ਤਰ੍ਹਾਂ ਉਨ੍ਹਾਂ ਨੂੰ ਗੁਰਮਤਿ ਦੀ ਗੁੜ੍ਹਤੀ ਭਾਈ ਸਾਹਿਬ ਜੀ ਕੋਲੋਂ ਹੀ ਮਿਲੀ। ਆਪ ਜੀ ਦੇ ਪਿਤਾ ਜੀ ਬ੍ਰਿਟਿਸ਼ ਆਰਮੀ ਵਿਚ ਨੌਕਰੀ ਕਰਦੇ ਸਨ ਤੇ ਆਪ ਆਪਣੀ ਮਾਤਾ ਜੀ ਨਾਲ ਪਿੰਡ ਵਿਚ ਹੀ ਰਹਿੰਦੇ ਸਨ। ਆਪ ਜੀ ਦੀ ਮਾਤਾ ਦਾ ਬੇਬੇ ਕਰਤਾਰ ਕੌਰ ਜੀ ਸੁਪਤਨੀ ਭਾਈ ਰਣਧੀਰ ਸਿੰਘ ਜੀ ਨਾਲ ਅਥਾਹ ਪਿਆਰ ਸੀ ਉਹ ਨਾਮ ਬਾਣੀ ਦੀ ਅਭਿਆਸੀ ਅਤੇ ਸੇਵਾ ਭਾਵ ਵਾਲੇ ਸੁਭਾਅ ਦੀ ਮਾਲਕਣ ਸੀ। ਇਸ ਤਰ੍ਹਾਂ ਆਪ ਜੀ ਦੇ ਸ਼ਖ਼ਸੀਅਤ ਉਤੇ ਭਾਈ ਸਾਹਿਬ ਜੀ ਦੇ ਨਾਲ-ਨਾਲ ਮਾਤਾ ਜੀ ਦੇ ਗੁਰਮਤਿ ਰਹਿਣੀ ਬਹਿਣੀ ਦਾ ਵੀ ਬਹੁਤ ਪ੍ਰਭਾਵ ਪਿਆ।

ਆਪ ਜੀ ਨੇ ਆਪਣੀ ਮੁਢਲੀ ਵਿਦਿਆ ਪ੍ਰਾਇਮਰੀ ਤਾਈਂ ਪਿੰਡ ਦੇ ਸਕੂਲ ਤੋਂ ਲਈ ਅਤੇ ਦਸਵੀਂ ਤਾਈਂ ਗੁਜਰਵਾਲ ਸਰਕਾਰੀ ਹਾਈ ਸਕੂਲ ਤੋਂ ਪ੍ਰਾਪਤ ਕੀਤੀ। ਗੁਰਮਤਿ ਦੀ ਵਿਦਿਆ ਭਾਈ ਸਾਹਿਬ ਜੀ ਕੋਲੋਂ ਲਈ।

ਆਪ ਜੀ ਦਾ ਅਨੰਦ ਕਾਰਜ ਬੀਬੀ ਰਣਜੀਤ ਕੌਰ ਵਾਸੀ ਪਿੰਡ ਗਿੱਲ ਜ਼ਿਲ੍ਹਾ ਲੁਧਿਆਣਾ ਨਾਲ ਹੋਇਆ। ਬੀਬੀ ਜੀ ਦੇ ਮਾਤਾ-ਪਿਤਾ ਆਪ ਪੇਂਡੂ ਸਿੱਖ ਪਰਿਵਾਰਾਂ ਵਾਂਗ ਸਨ ਪਰ ਬੀਬੀ ਦੈਵੀ ਗੁਣਾਂ ਨਾਲ ਸ਼ਿੰਗਾਰੀ ਹੋਈ ਸੀ। ਉਨ੍ਹਾਂ ਆਨੰਦ ਕਾਰਜ ਤੋਂ ਬਾਅਦ ਕੇਸਕੀ ਦੀ ਰਹਿਤ ਧਾਰਨ ਕਰਨ ਦੇ ਨਾਲ-ਨਾਲ ਗੁਰਮਤਿ ਦੇ ਅਸੂਲਾਂ ਨੂੰ ਵੀ ਧਾਰਨ ਕਰ ਲਿਆ। ਉਹ ਲੰਗਰ ਦੇ ਅਣਥੱਕ ਸੇਵਾਦਾਰ ਸੇਵਾ ਸਿਮਰਨ ਤੇ ਨਿਮਰਤਾ ਦੇ ਪੁੰਜ ਸਨ। ਇਕ ਵਾਰ ਕੁਮਾਰਹੱਟੀ ਭਾਈ ਸਾਹਿਬ ਜੀ ਦੇ ਨਿਵਾਸ ਰੱਖਣ ਸਮੇਂ, ਲੰਗਰ ਦੀ ਸੇਵਾ ਵਾਸਤੇ ਕੋਈ ਬੀਬੀ ਨਹੀਂ ਸੀ ਤੇ ਇਸ ਬੀਬੀ



www.AKJ.Org

ਨੂੰ ਖ਼ਾਸ ਸੁਨੇਹੇ ਰਾਹੀਂ ਸੇਵਾ ਵਾਸਤੇ ਕੁਮਾਰਹਟੀ ਮੰਗਵਾਇਆ ਗਿਆ। ਇਹ ਬੀਬੀ ਵੀ ਭਾਈ ਸਾਹਿਬ ਜੀ ਅਤੇ ਸੰਗਤਾਂ ਦੇ ਲੰਗਰ ਦੀ ਸੇਵਾ ਕਰਕੇ ਗੁਰੂ ਸਾਹਿਬ ਜੀ ਦੀਆਂ ਖੁਸ਼ੀਆਂ ਦੀ ਪਾਤਰ ਬਣਦੀ ਰਹੀ ਹੈ।

ਭਾਈ ਸਾਹਿਬ ਜੀ ਦੀ ਜੇਲ੍ਹ ਯਾਤਰਾ ਆਰੰਭ ਹੋਣ ਤੋਂ ਬਾਅਦ, ਆਪ ਜੀ ਨੇ ਬੱਸਾਂ ਦੀ ਟਰਾਂਸਪੋਰਟ ਦੇ ਕੰਮ ਚਲਾਉਣ ਲਈ ਮਿੰਟਗੁਮਰੀ (ਪਾਕਿਸਤਾਨ) ਜਾ ਡੇਰੇ ਲਾਏ। ਉਥੇ ਆਪਣੀ ਲਿਆਕਤ ਨਾਲ ਇਸ ਕੰਮ ਨੂੰ ਖ਼ੂਬ ਚਲਾਇਆ। ਪਾਕਿਸਤਾਨ ਬਣਨ ਤੋਂ ਬਾਅਦ ਇਹ ਟਰਾਂਸਪੋਰਟ ਕਰਨਾਲ ਵਿਚ ਚਲੀ ਗਈ ਅਤੇ ਆਪ ਉਥੇ ਜਾ ਕੇ ਵੀ ਇਸ ਦੀ ਦੇਖ ਭਾਲ ਕਰਦੇ ਰਹੇ।

ਕਿਰਤ ਵਜੋਂ ਵਪਾਰ ਕਰਦੇ ਸਮੇਂ, ਆਪ ਆਪਣੀ ਅਸਲੀ ਕਿਰਤ, ਨਾਮ ਦੇ ਵਪਾਰ ਵਲੋਂ ਅਵੇਸਲੇ ਨਹੀਂ ਹੋਏ ਅਤੇ ਭਾਈ ਸਾਹਿਬ ਜੀ ਦੇ ਸੰਥ ਸਾਥ ਹੀ ਹਰ ਵੇਲੇ ਵਿਚਰਦੇ ਰਹੇ। ਆਪ ਭਾਈ ਸਾਹਿਬ ਜੀ ਦੇ ਨਾਲ ਹੀ ਕੀਰਤਨੀਆਂ ਦੇ ਪਿਛੇ ਬੈਠ ਕੇ ਉੱਚੀ ਸੁਰ ਵਿਚ ਬੋਲ ਕੇ ਕੀਰਤਨੀਆਂ ਨੂੰ ਹਲਾਸ਼ੇਰੀ ਦਿੰਦੇ ਸਨ। ਆਪ ਜੀ ਕੀਰਤਨ ਦੇ ਬਹੁਤ ਆਸ਼ਕ ਸਨ। ਕੀਰਤਨ ਸਮਾਗਮਾਂ ਵਿਚ, ਦੂਰ ਨੇੜੇ ਜਿਥੇ ਵੀ ਹੋਣ ਧਾਅ ਕੇ ਪੁੱਜ ਜਾਂਦੇ ਸਨ।

ਉਨ੍ਹਾਂ ਨੂੰ ਗੁਰਬਾਣੀ ਦੀ ਬਹੁਤ ਸੋਝੀ ਸੀ। ਗੁਰਬਾਣੀ ਦੇ ਗੁੱਝੇ ਭਾਵਾਂ ਦਾ ਅਰਥ ਗਿਆਨ ਹੋਣ ਕਾਰਨ, ਗਲ ਬਾਤ ਜਾਂ ਕਥਾ ਵਾਰਤਾ ਕਰਦੇ ਹੋਏ, ਭਾਵਪੂਰਤ ਸ਼ਬਦਾਂ ਰਾਹੀਂ ਅਰਥ ਸਮਝਾਉਂਦੇ ਸਨ। ਕੀਰਤਨ ਦੌਰਾਨ ਕਿਸੇ ਕੋਲੋਂ ਹੋਈ ਕਿਸੇ ਗਲਤੀ ਬਾਰੇ ਨੋਕ-ਟੋਕ ਨਹੀਂ ਕਰਦੇ ਸੀ ਸਗੋਂ ਬਾਅਦ ਵਿਚ ਸਮਝਾ ਦਿੰਦੇ ਸਨ।

ਆਪ ਜੀ ਦੇ ਘਰ ਤਿੰਨ ਸਪੁੱਤਰਾਂ ਤੇ ਦੋ ਸਪੁੱਤਰੀਆਂ ਨੇ ਜਨਮ ਲਿਆ ਜੋ ਆਪ ਜੀ ਅਤੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਸੰਗਤ ਅਤੇ ਪ੍ਰੇਰਨਾ ਸਦਕਾ ਬਚਪਨ ਤੋਂ ਹੀ ਗੁਰਮਤਿ ਮਾਰਗ ਦੇ ਪਾਂਧੀ ਬਣੇ। ਆਪ ਦੀਆਂ ਆਪਣੀਆਂ ਦੋਵੇਂ ਬੱਚੀਆਂ ਬੀਬੀ ਗੁਰਦੀਸ਼ ਕੌਰ ਚੰਡੀਗੜ੍ਹ ਅਤੇ ਬੀਬੀ ਗੁਰਮਤਿ ਕੌਰ ਲੁਧਿਆਣਾ ਵੀ ਲੰਬਾ ਸਮਾਂ ਲੁਧਿਆਣੇ ਭਾਈ ਸਾਹਿਬ ਜੀ ਨੂੰ ਕੀਰਤਨ ਸੁਣਾਉਣ ਦੀ ਸੇਵਾ ਕਰਦੀਆਂ ਰਹੀਆਂ ਹਨ। ਇਨ੍ਹਾਂ ਨੇ, ਪਾਕਿਸਤਾਨ ਬਣਨ ਤੋਂ ਬਾਅਦ, ਆਪਣਾ ਮਕਾਨ ਵੀ ਭਾਈ ਬਲਬੀਰ ਸਿੰਘ ਜੀ, ਜੋ ਭਾਈ ਸਾਹਿਬ ਜੀ ਦੇ ਸਪੁੱਤਰ ਸਨ, ਦੇ ਗੁਆਂਢ ਹੀ ਮਾਡਲ ਟਾਊਨ ਵਿਚ ਅਲਾਟ ਕਰਵਾ ਲਿਆ। ਇਨ੍ਹਾਂ ਦੇ ਵੱਡੇ ਸਪੁੱਤਰ ਭਾਈ ਜਗਦੀਸ਼ ਸਿੰਘ ਜੈਪੁਰ ਵਿਚ ਟਰਾਂਸਪੋਰਟ ਦਾ ਕੰਮ ਕਰਦੇ ਸਨ ਅਤੇ ਆਪ ਉਸ ਕੋਲ ਜਾ ਕੇ ਵੀ ਕਾਫੀ ਚਿਰ ਰਹਿੰਦੇ ਰਹੇ। ਉਥੇ ਵੀ ਕਰਨਲ ਪਿਆਰਾ ਸਿੰਘ ਜੀ ਅਤੇ ਹੋਰ ਸੰਗਤਾਂ ਨਾਲ ਅਥਾਹ ਪਿਆਰ ਬਣ ਗਿਆ ਅਤੇ ਨਾਮ ਬਾਣੀ ਦੇ ਲਾਹੇ ਲੈਂਦੇ ਰਹੇ।

ਆਪ ਜੀ ਹਮੇਸ਼ਾ ਚਿੱਟੇ ਬਸਤਰਾਂ ਦਾ ਸਾਦਾ ਲਿਬਾਸ ਰੱਖਦੇ ਸਨ। ਬਾਹਰਲੇ ਦਿਖਾਵੇ ਤੋਂ ਦੂਰ ਰਹਿੰਦੇ ਰਹਿੰਦੇ ਸਨ। ਪੁਰਾਤਨ ਗੁਰਸਿਖ ਭਾਈ ਹਰਨਾਮ ਸਿੰਘ ਜੀ ਕੋਮਲ ਦਾ ਰਿਸ਼ਤਾ ਬੀਬੀ ਇੰਦਰਜੀਤ ਕੌਰ ਨਾਲ ਕਰਵਾਉਣ ਵਿਚ ਵੀ ਆਪ ਦਾ ਖ਼ਾਸ ਯੋਗ ਦਾਨ ਸੀ ਕਿਉਂਕਿ ਇਹ ਰਿਸ਼ਤਾ ਭਾਈ ਸਾਹਿਬ ਜੀ ਦੀ ਨਿਗਰਾਨੀ ਹੇਠ ਹੋਇਆ ਸੀ। ਆਪ ਜੀ ਦਾ ਗੁਰਸਿਖਾਂ ਨਾਲ ਅਥਾਹ ਪਿਆਰ ਸੀ ਖ਼ਾਸ ਕਰ ਭਾਈ ਬਲਬੀਰ ਸਿੰਘ ਜੀ ਲੁਧਿਆਣਾ, ਭਾਈ ਹਰਨਾਮ ਸਿੰਘ ਕੋਮਲ ਜੀ, ਡਾਕਟਰ ਦਰਸ਼ਨ ਸਿੰਘ ਤੇ ਡਾ. ਹਰਦਿਆਲ ਸਿੰਘ, ਭਾਈ ਦਿਆਲ ਸਿੰਘ ਜੀ ਆਦਿ। ਭਾਈ ਸਾਹਿਬ ਜੀ ਦੀ ਜੇਲ੍ਹ ਯਾਤਰਾ ਦੌਰਾਨ, ਆਪ ਜੀ ਦੀ ਚਾਚੀ ਬੇਬੇ ਕਰਤਾਰ ਕੌਰ ਜੀ, ਗੁਰਸਿਖ ਵੀਰ ਭਾਈ ਬਲਬੀਰ ਸਿੰਘ ਜੀ ਅਤੇ ਭੈਣ ਬੀਬੀ ਦਲੇਰ ਕੌਰ ਜੀ ਦੀ ਬਿਖੜੇ ਸਮੇਂ ਵਿਚ ਤਨ-ਮਨ-ਧਨ ਨਾਲ ਸੇਵਾ ਵੀ ਕਰਦੇ ਰਹੇ।

ਭਾਈ ਸਾਹਿਬ ਜੀ ਦੇ ਸੰਨ 1961 ਵਿਚ ਚੜ੍ਹਾਈ ਕਰ ਜਾਣ ਤੋਂ ਥੋੜ੍ਹੇ ਸਮੇਂ ਬਾਅਦ ਹੀ, ਆਪ ਨੇ ਵੀ ਆਪਣੀ ਤਿਆਰੀ ਕਰ ਲਈ। ਆਪ ਜੀ ਕੁਝ ਸਮੇਂ ਤੋਂ ਖ਼ੂਨ ਦੇ ਵੱਧ ਦਬਾਅ ਕਾਰਨ ਢਿੱਲੇ ਰਹਿਣ ਪਏ। ਕਾਰੋਬਾਰ ਦੇ ਸੰਬੰਧ ਵਿਚ ਕਰਨਾਲ ਗਏ ਹੋਏ ਸਨ ਅਤੇ ਉਥੇ ਹੀ ਦਿਮਾਗ ਦੀ ਨਾਲੀ ਫੱਟ ਜਾਣ ਕਰਕੇ ਹਸਪਤਾਲ ਦਾਖਲ ਕਰਵਾਉਣਾ ਪਿਆ। ਗੁਰੂ ਨੇਤ ਨਾਲ ਸਤਿਕਾਰਯੋਗ ਪੂਰਨ ਦਾਰ ਜੀ ਵੀ ਉਸ ਵੇਲੇ ਆਪਣੀ ਨੌਕਰੀ ਕਾਰਨ ਉਥੇ ਰਹਿ ਰਹੇ ਸਨ। ਉਨ੍ਹਾਂ ਨੂੰ ਪਤਾ ਲੱਗਣ ਤੇ ਉਹ ਹਸਪਤਾਲ ਪਹੁੰਚ ਗਏ ਤੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਆਰੰਭ ਕਰ ਦਿੱਤੇ। ਅੰਤ



www.AKJ.Org

ਮਿਤੀ 11 ਦਸੰਬਰ 1969 ਨੂੰ ਉਹ ਪੂਰਨ ਦਾਰ ਜੀ ਦੇ ਹੱਥਾਂ ਵਿਚ ਹੀ ਗੁਰਪੁਰੀ ਸਿਧਾਰ ਗਏ, ਜਦੋਂ ਉਹ ਆਪ ਜੀ ਕੋਲ ਬੈਠੇ ਗੁਰਬਾਣੀ ਦਾ ਪਾਠ ਕਰ ਰਹੇ ਸਨ। ਇਸ ਤਰ੍ਹਾਂ ਸਿਖੀ ਸਿਦਕ ਅਖ਼ੀਰ ਤਾਈਂ ਕੇਸਾਂ ਸਵਾਸਾਂ ਸੰਗ, ਨਾਮ ਬਾਣੀ ਸ੍ਰਵਨ ਕਰਦੇ ਹੋਏ, ਤੋੜ ਨਿਭਾ ਗਏ। ਪੂਰਨ ਦਾਰ ਜੀ ਨੇ ਹੀ ਕਰਨਾਲ ਤੋਂ ਉਨ੍ਹਾਂ ਦੀ ਮਿਰਤਕ ਦੇਹ ਨੂੰ ਸਸਕਾਰ ਲਈ ਲੁਧਿਆਣੇ ਲਿਆਉਣ ਦਾ ਪ੍ਰਬੰਧ ਕੀਤਾ ਤੇ ਲਗਾਤਾਰ ਗੁਰਬਾਣੀ ਦਾ ਪ੍ਰਵਾਹ ਚਲਾਉਂਦੇ ਰਹੇ।

# ਰੰਗ ਰਤੜੇ ਬਾਊ ਮਲ ਸਿੰਘ ਜੀ

ਪ੍ਰੋ. ਠਾਕਰ ਸਿੰਘ ਜੀ (ਭਤੀਜ ਬਾਊ ਜੀ) ਸ੍ਰੀ ਅੰਮ੍ਰਿਤਸਰ

(**ਸੰਪਾਦਕੀ ਨੋਟ** : ਮਾਨਯਵਰ ਬਾਊ ਜੀ ਦੇ ਜੀਵਨ ਸਬੰਧੀ ਪੂਰੀ ਜਾਣਕਾਰੀ ਪ੍ਰੋ. ਠਾਕੁਰ ਸਿੰਘ ਜੀ ਵਲੋਂ ਲਿਖਤ ਪੁਸਤਕ "ਪੂਰਬ ਜਨਮ ਕੇ ਮਿਲੇ ਸੰਜੋਗੀ" ਵਿਚ ਦਿੱਤੀ ਹੋਈ ਹੈ। ਇਸ ਤੋਂ ਇਲਾਵਾ, ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ ਰੰਗਲੇ ਸੱਜਣ ਅਤੇ ਜੇਲ੍ਹ ਚਿੱਠੀਆਂ ਵਿਚ ਵੀ ਆਪ ਜੀ ਸਬੰਧੀ ਕਈ ਬਿਰਤਾਂਤ ਮਿਲਦੇ ਹਨ। ਇਸ ਪੁਸਤਕ ਵਿਚ ਸਿਰਫ਼ ਉਹੀ ਲੇਖ ਦਿੱਤੇ ਜਾ ਰਹੇ ਹਨ ਜੋ ਉਨ੍ਹਾਂ ਦੀ ਚੜ੍ਹਾਈ ਕਰਨ ਵੇਲੇ ਸੂਰਾ ਮਾਸਿਕ ਪੱਤਰ ਦੇ ਸਤੰਬਰ 1979 ਦੇ ਅੰਕ ਵਿਚ ਛਪੇ ਸਨ)

ਅਖੰਡ ਕੀਰਤਨੀ ਜਥੇ ਦੇ ਮਹਾਨ ਸਤਿਕਾਰ ਯੋਗ ਤੇ ਹਰਮਨ-ਪਿਆਰੇ, ਕਰਨੀ ਤੇ ਕਮਾਈ ਦੇ ਉੱਚੇ ਸੁੱਚੇ, ਗੁਰਮਤਿ ਦੀਆਂ ਨਜ਼ੀਰਾਂ ਕਾਇਮ ਕਰਨ ਵਾਲੇ ਰੰਗਲੇ ਸਜਣ ਮਾਨਯਵਰ ਬਾਊ ਮਲ ਸਿੰਘ ਜੀ, ਆਪਣੀ ਸੌ ਵਰ੍ਹਾ ਆਯੂ ਭੋਗ ਕੇ ਨਾਮ-ਰੰਗਾਂ ਵਿੱਚ ਵਿਚਰਦੇ ਹੋਏ, ਗੁਰਬਾਣੀ ਗਾਉਂਦੇ ਤੇ ਜੈਕਾਰੇ ਗਜਾਉਂਦੇ 23 ਜੁਲਾਈ 1979 ਨੂੰ ਦਿਨ ਦੇ ਸਾਢੇ ਯਾਰ੍ਹਾਂ ਵਜੇ ਗੁਰਪੁਰੀ ਪਿਆਨੇ ਕਰ ਗਏ।

ਆਪ ਜੀ ਦਾ ਜੀਵਨ ਅਲੌਕਿਕ ਤੇ ਅਸਚਰਜ ਘਟਨਾਵਾਂ ਨਾਲ ਭਰਪੂਰ ਹੈ। ਆਪ ਦੀ ਪਾਰਸ-ਰਸਾਇਣੀ ਛੁਹ ਨਾਲ ਹਜ਼ਾਰਾਂ ਪ੍ਰਾਣੀਆਂ ਨੂੰ ਗੁਰਮਤਿ ਦੀ ਲਾਗ ਲੱਗੀ ਅਤੇ ਬੇਅੰਤ ਪ੍ਰਾਣੀ ਆਪ ਦੀਆਂ ਅਰਦਾਸਾਂ ਸਦਕਾ ਗੁਰੂ-ਘਰੋਂ ਵਰੋਸਾਇ ਗਏ। ਅਨੇਕਾਂ ਦੇ ਪਰਮਾਰਥ ਸੁਧਰੇ ਤੇ ਅਨੇਕਾਂ ਦੇ ਸੁਆਰਥ ਪੂਰੇ ਹੋਏ। ਆਪ ਜੀ ਦੀ ਪਿਆਰ-ਗਲਵੱਕੜੀ ਦੀ ਮਿਲੌਣੀ ਸਭ ਨੂੰ ਮੋਹ ਲੈਂਦੀ ਸੀ। ਆਪ ਜੀ ਦਾ ਚੁੰਭਕੀ ਜੀਵਨ ਸਭ ਨੂੰ ਖਿੱਚ ਪਾਉਂਦਾ ਸੀ। "**ਗੁਰਮਤਿ ਰਿਦੇ ਗਰੀਬੀ ਆਵੈ**" ਵਾਕ ਅਨੁਸਾਰ ਅਤਿ ਦੀ ਨਾਮ-ਗ਼ਰੀਬੀ ਆਪ ਦੇ ਅੰਦਰ ਵੱਸਦੀ ਸੀ। ਜਦੋਂ ਕੋਈ ਗੁਰਸਿਖ ਉਨ੍ਹਾਂ ਦੇ ਘਰ ਚਲ ਕੇ ਜਾਂਦਾ ਤਾਂ ਉਸ ਤੋਂ ਵਾਰਨੇ ਬਲਿਹਾਰਨੇ ਹੁੰਦੇ ਅਤੇ ਚਰਨ ਧੋ ਧੋ ਕੇ ਪੀਣ ਤਕ ਜਾਂਦੇ। ਸਤਿਗੁਰੂ ਦਾ ਬਖ਼ਸ਼ਿਆ ਨਾਮ ਉਨ੍ਹਾਂ ਦੇ ਰੋਮ-ਰੋਮ ਵਿੱਚ ਵੱਸਦਾ ਸੀ। ਉਨ੍ਹਾਂ ਉਪਰ ਸਤਿਗੁਰਾਂ ਦੀ ਪੂਰਨ ਬਖ਼ਸ਼ਿਸ਼ ਸੀ।

**ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ ਜੋ ਹਰਿ ਹਿਰਦੈ ਸਦਾ ਵਸਾਇ ॥**

(ਅੰਗ : ੬੪੯)

ਇਹ ਗੁਰਵਾਕ ਆਪ ਜੀ ਤੇ ਇੰਨ ਬਿਨ ਘਟਦਾ ਸੀ। ਉਨ੍ਹਾਂ ਵੱਲੋਂ ਕਰਾਏ ਗਏ ਸਮਾਗਮਾਂ ਸਮੇਂ ਇਹੋ ਹੁਕਮਨਾਮਾ ਕਈ ਵਾਰੀ ਆਉਂਦਾ ਰਿਹਾ। ਉਨ੍ਹਾਂ ਦਾ ਇਹ ਲੋਕ ਵੀ ਸੁਹੇਲਾ ਸੀ ਤੇ ਪਰਲੋਕ ਵੀ। ਜਿੱਥੇ ਦੁਨਿਆਵੀਂ ਪਦਾਰਥਾਂ ਵੱਲੋਂ ਕੋਈ ਘਾਟ ਨਹੀਂ ਸੀ ਉੱਥੇ ਪ੍ਰਮਾਰਥੀ ਬਖਸ਼ਿਸ਼ਾਂ ਸਿਖ਼ਰਾਂ ਛੁਹੰਦੀਆਂ ਸਨ। ਕਾਮਯਾਬੀ ਸਦਾ ਉਨ੍ਹਾਂ ਦੇ ਪੈਰ ਚੁੰਮਦੀ ਸੀ। ਆਪ ਜੀ ਨਾਮੁਮਕਿਨ ਨੂੰ ਮੁਮਕਿਨ ਬਣਾ ਦਿੰਦੇ ਸਨ। ਭਾਰਤੀ ਬਟਵਾਰੇ ਤੋਂ ਪਹਿਲਾਂ ਉਕਾੜਾ (ਪਾਕਿਸਤਾਨ) ਵਿੱਚ ਆਪ ਜੀ ਦੇ ਦੋ ਮੁਰੱਬੇ ਜ਼ਮੀਨ ਸੀ।



www.AKJ.Org

ਆਪ ਨੇ ਤਕਰੀਬਨ ਅੱਧੀ ਸਦੀ ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਸੰਗ ਸਾਥ ਅਤੇ ਪਿਛੋਂ ਤਕਰੀਬਨ ਦੋ ਦਹਾਕੇ, ਅਖੰਡ ਕੀਰਤਨ ਜਥੇ ਦੀ ਨਿਰਮਾਣ ਤੇ ਅਥੱਕ ਸੇਵਾ ਕੀਤੀ। ਹਜ਼ਾਰਾਂ ਪ੍ਰਾਣੀਆਂ ਨੂੰ ਪੰਚਮ ਦੀ ਜਥੇਦਾਰੀ ਦੀ ਸੇਵਾ ਨਿਭਾਉਂਦਿਆਂ ਹੋਇਆਂ ਅੰਮ੍ਰਿਤ ਪਾਨ ਕਰਵਾਇਆ ਅਤੇ "**ਜੀਅ ਦਾਨੁ ਦੇ ਭਗਤੀ ਲਾਇਨਿ**" ਦੇ ਵਾਕ ਅਨੁਸਾਰ ਸਤਿਗੁਰਾਂ ਪਾਸੋਂ ਜੀਅ ਦਾਨ ਦਿਵਾਇਆ। ਪੰਜਾਬ ਦੇ ਕੋਨੇ-ਕੋਨੇ ਵਿੱਚ ਅਤੇ ਭਾਰਤ ਦੇ ਵੱਡੇ-ਵੱਡੇ ਸ਼ਹਿਰਾਂ ਬੰਬੇ, ਦਿੱਲੀ, ਕਲਕੱਤਾ, ਕਾਨਪੁਰ, ਬਰੇਲੀ, ਕੋਟਾ, ਆਗਰਾ, ਅੰਬਾਲਾ ਕੈਂਟ, ਪਟਨਾ ਸਾਹਿਬ, ਸ਼ਿਮਲਾ, ਕੁਮਾਰਹੱਟੀ ਤੇ ਪੰਜਾਬ ਦੇ ਸਾਰੇ ਸ਼ਹਿਰਾਂ ਤੋਂ ਇਲਾਵਾ ਜਿਹਲਮ, ਸਿਆਲ ਕੋਟ, ਪੋਠੋਹਾਰ ਰਾਵਲਪਿੰਡੀ, ਪਿਸ਼ਾਵਰ ਤੇ ਕਸ਼ਮੀਰ ਆਦਿਕ ਥਾਵਾਂ ਤੇ ਪੁੱਜ ਕੇ ਬੇਅੰਤ ਚੜ੍ਹਦੀਆਂ ਕਲਾ ਵਾਲੇ ਅਨੂਠੇ ਅਖੰਡ ਪਾਠ, ਕੀਰਤਨ ਤੇ ਅੰਮ੍ਰਿਤ-ਸਿੰਚਾਰ ਸਮਾਗਮਾਂ ਵਿੱਚ ਸਤਿਗੁਰਾਂ ਦੇ ਵਰਤਾਏ ਕਲਾ-ਕ੍ਰਿਸ਼ਮੀ ਕੌਤਕਾਂ ਦੇ ਰੰਗ ਆਪ ਮਾਣਦੇ ਰਹੇ ਅਤੇ ਗੁਰਸਿੱਖ ਭੌਰਿਆਂ ਨੂੰ ਪ੍ਰੇਰ-ਪ੍ਰੇਰ ਕੇ ਅੰਮ੍ਰਿਤ ਰਸ ਭੁੰਚਾਉਂਦੇ ਰਹੇ।

ਕੁਮਾਰ ਹੱਟੀ ਦੀਆਂ ਪਹਾੜੀ ਚੋਟੀਆਂ ਨੂੰ ਬੜੇ ਭਾਗ ਲਾਏ। ਨਾਮ ਦੀਆਂ ਅਤੁੱਟ ਅਭਿਆਸ ਕਮਾਈਆਂ ਕੀਤੀਆਂ। ਇਹ ਗੂੰਜਾਂ ਅੱਜ ਵੀ ਉੱਥੋਂ ਦੀ ਪਉਣ ਵਿੱਚ ਗੂੰਜਦੀਆਂ ਹਨ। ਉਥੋਂ ਦੀਆਂ ਸੀਤਲ ਤੇ ਠੰਢੀਆਂ ਮਿੱਠੀਆਂ ਪਵਣ-ਫੁਹਾਰਾਂ ਅੱਜ ਵੀ ਅਭਿਆਸੀ ਜਨਾਂ ਨੂੰ ਨਾਮ-ਅਭਿਆਸ ਖੇੜੇ ਦਾ ਰੁਮਕਾ ਰੁਮਕਾਅ ਦਿੰਦੀਆਂ ਹਨ।

1879 ਈਸਵੀ ਵਿੱਚ ਪਿੰਡ ਸਰਲੀ ਨੇੜੇ ਨਾਗੋ ਕੇ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਪਿਤਾ ਸ. ਕਾਹਨ ਸਿੰਘ ਤੇ ਮਾਤਾ ਗੁਲਾਬ ਕੌਰ ਦੇ ਗ੍ਰਹਿ ਵਿਖੇ ਆਪ ਦਾ ਜਨਮ ਹੋਇਆ। ਆਪ ਦੀ ਆਯੂ ਅਠ ਕੁ ਵਰ੍ਹੇ ਦੀ ਸੀ ਕਿ ਪਿਤਾ ਜੀ ਚੜ੍ਹਾਈ ਕਰ ਗਏ। ਆਪਣੇ ਭੈਣਾਂ ਭਰਾਵਾਂ ਵਿੱਚੋਂ ਆਪ ਸਭ ਤੋਂ ਛੋਟੇ ਸਨ। ਆਪ ਦੀਆਂ ਦੋਵੇਂ ਵੱਡੀਆਂ ਭੈਣਾਂ ਵਿਆਹੀਆਂ ਹੋਈਆਂ ਸਨ। ਆਪ ਦੇ ਤਿੰਨ ਹੋਰ ਵੱਡੇ ਭਰਾ ਸਨ, ਜਿਨ੍ਹਾਂ ਵਿੱਚੋਂ ਵੱਡਾ ਭਰਾ ਸ. ਵਰਿਆਮ ਸਿੰਘ 16 ਸਾਲਾਂ ਦੇ ਸਨ। ਘਰ ਦੀ ਸੰਭਾਲ ਕਰਨ ਵਾਲਾ ਮਾਤਾ ਤੋਂ ਸਿਵਾ ਹੋਰ ਕੋਈ ਸਿਆਣਾ ਬੰਦਾ ਨਹੀਂ ਸੀ। ਘਰ ਵਿੱਚ ਅਤਿ ਦੀ ਗਰੀਬੀ ਵਰਤ ਗਈ। ਆਪ ਦੀ ਮਾਤਾ ਨੇ ਆਪ ਨੂੰ ਪੜ੍ਹਨੇ ਪਾ ਦਿੱਤਾ। ਆਪ ਜੀ ਬੜੇ ਹੋਣਹਾਰ ਸਨ।

ਆਪ ਤੀਸਰੀ ਜਮਾਤ ਵਿੱਚ ਪੜ੍ਹਦੇ ਸਨ ਕਿ ਇਨ੍ਹਾਂ ਦੇ ਨਗਰ ਵਿੱਚ ਗੁਰੂ ਵੰਸ਼ ਵਿਚੋਂ ਬਟਾਲੇ ਤੋਂ ਗੁਰੂ ਕੇ ਹਰ ਸਾਲ ਵਾਂਗ ਕਾਰ-ਭੇਟ ਲੈਣ ਆਏ। ਆਪ ਦੀ ਮਾਤਾ ਨੇ ਆਪ ਨੂੰ ਰੁਪਿਆ ਦੇ ਕੇ ਕਿਹਾ ਕਿ ਜਾਹ ਬੱਚਾ, ਗੁਰੂ ਕਿਆਂ ਨੂੰ ਮੱਥਾ ਟੇਕ ਆ। ਜਦ ਆਪ ਜੀ ਮੱਥਾ ਟੇਕਣ ਗਏ ਤਾਂ ਅਗੋਂ 'ਗੁਰੂ ਕੇ' ਬਜ਼ੁਰਗ ਆਪਣੇ ਉਪਰ ਚਾਦਰ ਲਪੇਟੀ ਝੁੰਗਲਮਾਟਾ ਕਰ ਕੇ ਬੈਠੇ ਸਨ। ਇਹ ਘਰ ਵਾਪਸ ਆਏ ਤੇ ਮਾਤਾ ਜੀ ਨੂੰ ਪੁੱਛਿਆ ਕਿ 'ਗੁਰੂ ਕੇ' ਇਸ ਤਰ੍ਹਾਂ ਬੈਠੇ ਕੀ ਕਰਦੇ ਹਨ? ਮਾਤਾ ਜੀ ਨੇ ਉੱਤਰ ਦਿੱਤਾ, ਬੱਚਾ ਉਹ ਭਜਨ ਕਰਦੇ ਹਨ। ਫਿਰ ਪੁੱਛਿਆ, ਮਾਤਾ ਜੀ ਭਜਨ ਕੀ ਹੁੰਦਾ ਹੈ? ਮਾਤਾ ਜੀ ਨੇ ਸਹਿਜ ਭਾਅ ਵਿੱਚ ਬੱਚੇ ਨੂੰ ਪਿਆਰ ਨਾਲ ਦਸਿਆ ਕਿ ਗੁਰਬਾਣੀ ਦਾ ਪਾਠ ਕਰਦੇ ਉਹ ਅਨੰਦ ਮਾਣਦੇ ਹਨ ਤੇ ਇਉਂ ਰੱਬ ਦੀ ਭਗਤੀ ਕਰਦੇ ਹਨ। ਬਸ ਇਹ ਗੱਲ ਆਪਦੇ ਮਨ ਵਿੱਚ ਘਰ ਕਰ ਗਈ ਅਤੇ ਅੰਤਸ਼ਕਰਣ ਦੀ ਤਖ਼ਤੀ ਤੇ ਅਮਿਟ ਲਕੀਰ ਵਾਂਗ ਉੱਕਰੀ ਗਈ। ਸ਼ੀਘਰ ਹੀ ਆਪ ਨੇ ਸ੍ਰੀ ਅੰਮ੍ਰਿਤਸਰ ਤੋਂ ਜਪੁ ਜੀ ਦਾ ਉਰਦੂ ਵਿੱਚ ਗੁਟਕਾ ਮੰਗਵਾਇਆ (ਉਦੋਂ ਸਕੂਲਾਂ ਵਿੱਚ ਉਰਦੂ ਹੀ ਪੜ੍ਹਾਇਆ ਜਾਂਦਾ ਸੀ) ਤੇ ਰੋਜ਼ਾਨਾ ਨੇਮ ਨਾਲ ਮਾਤਾ ਜੀ ਕੋਲ ਬੈਠ ਕੇ, ਉਨ੍ਹਾਂ ਨੂੰ ਸੁਣਾਕੇ ਬੜੇ ਪਿਆਰ-ਲਗਨ ਨਾਲ ਪਾਠ ਕਰਨਾ। ਆਪ ਜੀ ਦੇ ਪ੍ਰਮਾਰਥਿਕ ਜੀਵਨ ਦਾ ਇਹ ਅਰੰਭ ਸੀ।

ਜਦ ਦੂਜੀ ਫੇਰੀ ਸਮੇਂ "ਗੁਰੂ ਕੇ ਬਜ਼ੁਰਗ" ਨਗਰ ਸਰਲੀ ਵਿੱਚ ਆਏ ਤਾਂ ਇਸ ਬੱਚੇ ਨੂੰ ਹੋਣਹਾਰ ਅਤੇ ਘਰ ਦੀ ਗਰੀਬੀ ਨੂੰ ਤੱਕ ਕੇ, ਅਗਲੀ ਪੜ੍ਹਾਈ ਲਈ ਉਨ੍ਹਾਂ ਪਾਸ ਬਟਾਲੇ ਭੇਜਣ ਲਈ ਕਹਿ ਗਏ। ਆਪ ਇਸ ਵੇਲੇ ਪੰਜਵੀਂ ਜਮਾਤ ਵਿੱਚ ਚੜ੍ਹੇ ਸਨ। ਆਪ ਦੇ ਵੱਡੇ ਭਾਈ ਆਪ ਨੂੰ ਬਟਾਲੇ ਛੱਡਣ ਗਏ ਤੇ ਕਿਹਾ ਕਿ ਇਹ ਗੁਰੂ ਕਿਆਂ ਦਾ ਘਰ ਹੈ, ਸੇਵਾ ਤੋਂ ਮੇਵਾ ਤੇ ਟਹਿਲ ਤੋਂ ਮਹਿਲ ਮਿਲਦਾ ਹੈ, ਸੇਵਾ ਕਰੀਂ।



www.AKJ.Org

ਬਟਾਲੇ ਗੁਰੂ ਕਿਆਂ ਪਾਸ ਰਹਿ ਕੇ ਬਾਲ ਅਵਸਥਾ ਵਿੱਚ ਆਪ ਨੇ ਭਾਂਡੇ ਮਾਂਜਣ ਤੇ ਪਾਣੀ ਢੋਣ ਆਦਿ ਦੀ ਇੰਨੀ ਅਤੁੱਟ ਸੇਵਾ ਕੀਤੀ ਕਿ ਗੁਰੂ ਕਿਆਂ ਦਾ ਪਰਵਾਰ ਇਨ੍ਹਾਂ ਨੂੰ ਆਪਣਾ ਬੱਚਾ ਹੀ ਜਾਨਣ ਲੱਗ ਪਿਆ। ਘਰ ਦੀ ਸੇਵਾ ਵੀ ਵਧ ਚੜ੍ਹ ਕੇ ਕਰਨੀ ਤੇ ਸਕੂਲ ਦੀ ਪੜ੍ਹਾਈ ਵਿੱਚ ਆਪਣੀ ਜਮਾਤ ਵਿਚੋਂ ਪਹਿਲੇ ਦੂਜੇ ਨੰਬਰ ਤੇ ਆਉਣਾ।

ਬਟਾਲੇ ਨੌਵੀਂ ਜ਼ਮਾਤ ਵਿੱਚ ਪੜ੍ਹਦੇ ਸਨ ਕਿ 1899 ਈਸਵੀ ਵਿੱਚ ਕਿਸੇ ਸੰਬੰਧੀ ਦੇ ਰਾਹੀਂ, ਆਪ ਕੋਇਟੇ (ਪਾਕਿਸਤਾਨ) ਜਾ ਕੇ 36 ਨੰਬਰ ਰਸਾਲੇ ਵਿੱਚ ਭਰਤੀ ਹੋ ਗਏ। ਉਨ੍ਹੀਂ ਦਿਨੀ ਰਸਾਲੇ ਦੇ ਜਵਾਨਾਂ ਦੀ ਬੜੀ ਕਦਰ ਤੇ ਸ਼ਾਨ ਹੁੰਦੀ ਸੀ। ਨਿਤਨੇਮ ਦੀਆਂ ਬਾਣੀਆਂ ਦੇ ਆਪ ਪੱਕੇ ਨੇਮੀ ਪ੍ਰੇਮੀ ਬਣ ਚੁੱਕੇ ਸਨ ਤੇ ਆਪਣੀ ਸਰਕਾਰੀ ਨੌਕਰੀ ਵੀ ਪੂਰੀ ਲਗਨ ਤੇ ਦਿਆਨਤਦਾਰੀ ਨਾਲ ਨਿਭਾਉਂਦੇ ਸਨ। ਜਿਸ ਕਰ ਕੇ ਆਪ ਦਾ ਰਸਾਲੇ ਵਿੱਚ ਬੜਾ ਸਤਿਕਾਰ ਬਣ ਗਿਆ। ਓਦੋਂ ਅੰਗਰੇਜ਼ੀ ਪੜ੍ਹੇ ਹੋਏ ਕੋਈ ਟਾਵੇਂ ਹੀ ਹੁੰਦੇ ਸਨ ਤੇ ਅੰਗਰੇਜ਼ੀ ਪੜ੍ਹੇ ਹੋਣ ਕਰਕੇ ਹੀ ਰਸਾਲੇ ਵਿੱਚ ਹੈਡ ਕਲਰਕ ਤੱਕ ਪਹੁੰਚ ਗਏ। ਇਸੇ ਕਾਰਨ ਇਹ ਅੱਜ ਤਾਈਂ "ਬਾਊ ਜੀ" ਦੇ ਲਕਬ ਨਾਲ ਪੁਕਾਰੇ ਜਾਂਦੇ ਰਹੇ ਹਨ।

ਸੰਨ 1910 ਵਿੱਚ ਆਪ ਦਾ ਰਸਾਲਾ ਕੋਇਟੇ ਤੋਂ ਅੰਬਾਲੇ ਛਾਉਣੀ ਆ ਗਿਆ। ਉਥੇ ਬਹੁਤ ਸਾਰੀਆਂ ਫੌਜੀ ਰਜ਼ਮੈਂਟਾਂ ਸਨ। ਇਥੇ ਰਸਾਲਾ ਨੰਬਰ 8 ਵਿੱਚ ਇਕ ਐਜੂਕੇਸ਼ਨ ਅਫ਼ਸਰ ਪਿਆਰਾ ਸਿੰਘ ਜੀ ਗੂੜ੍ਹੀ ਪ੍ਰਮਾਰਥੀ ਲਗਨ ਵਾਲੇ ਨਾਮ ਅਭਿਆਸੀ ਸੱਜਣ ਸਨ, ਜੋ ਬਾਅਦ ਵਿੱਚ ਕਰਨਲ ਪਿਆਰਾ ਸਿੰਘ ਦੇ ਨਾਂ ਨਾਲ ਜਥੇ ਵਿੱਚ ਪ੍ਰਸਿੱਧ ਹੋਏ ਹਨ। ਇਨ੍ਹਾਂ ਦਾ 36 ਨੰਬਰ ਰਸਾਲੇ ਵਿੱਚ ਸਿੰਘਾਂ ਨਾਲ ਮੇਲ ਮਿਲਾਪ ਤੇ ਆਉਣ ਜਾਣ ਹੋ ਗਿਆ। ਇਕ ਦਿਨ ਸਰਦਾਰ ਪਿਆਰਾ ਸਿੰਘ ਜੀ ਬਾਰਸ਼ ਸਮੇਂ 36 ਨੰਬਰ ਰਸਾਲੇ ਦੇ ਗੁਰਦੁਆਰੇ ਵਿੱਚ ਆ ਕੇ ਬੈਠ ਗਏ ਤੇ ਬਾਊ ਜੀ ਨੂੰ ਘਰੋਂ ਸਦ ਭੇਜਿਆ। ਜਦ ਬਾਊ ਜੀ ਗੁਰਦੁਆਰੇ ਪੁੱਜੇ ਤਾਂ ਪਿਆਰਾ ਸਿੰਘ ਜੀ ਨੇ ਹਾਰਮੋਨੀਅਮ ਨਾਲ ਇਹ ਸ਼ਬਦ ਬੜੇ ਬੈਰਾਗ ਵਿੱਚ ਅਲਾਪਿਆ–

**ਨ੍ਰਿਪ ਕੰਨਿਆ ਕੇ ਕਾਰਨੈ ਇਕੁ ਭਇਆ ਭੇਖਧਾਰੀ ॥**

(ਅੰਗ : ੮੫੮)

ਇਸ ਸ਼ਬਦ ਦਾ ਬਾਊ ਜੀ ਦੇ ਹਿਰਦੇ ਤੇ ਇੰਨਾਂ ਵੈਰਾਗਮਈ ਅਸਰ ਹੋਇਆ ਕਿ ਅੰਦਰ ਧੱਸ ਗਿਆ। ਸ਼ਬਦ ਦਾ ਭੋਗ ਪਾ ਕੇ ਕਰਨਲ ਸਾਹਿਬ ਪੁਛਣ ਲੱਗੇ ਕਿ ਤੁਹਾਨੂੰ ਪਤੈ ਮੈਂ ਕਿਉਂ ਤੁਹਾਡੇ ਪਿਛੇ ਫਿਰਦਾ ਹਾਂ? ਬਾਊ ਜੀ ਨੇ ਕਿਹਾ, ਮੈਨੂੰ ਹੋਰ ਤਾਂ ਕੁਝ ਪਤਾ ਨਹੀਂ, ਪਰ ਜੋ ਕਹੋ ਮੈਨੂੰ ਮਨਜ਼ੂਰ ਹੈ। ਜੇ ਆਖੋ ਤਾਂ ਮੈਂ ਖ਼ੂਹ ਵਿੱਚ ਛਾਲ ਮਾਰਨ ਨੂੰ ਤਿਆਰ ਹਾਂ। ਉਨ੍ਹਾਂ ਕਿਹਾ ਕਿ ਮੈਨੂੰ ਸਤਿਗੁਰੂ ਦਾ ਹੁਕਮ ਹੋਇਆ ਹੈ ਕਿ ਮੈਂ ਤੈਨੂੰ ਨਾਮ ਜਪਾਵਾਂ। ਉਨ੍ਹਾਂ ਦੇ ਨਾਮ–ਚਾਟ ਲਾਉਣ ਦੀ ਦੇਰ ਹੀ ਸੀ ਕਿ ਪਹਿਲੀ ਬੈਠਕ ਵਿੱਚ ਹੀ ਆਪ ਦੀ ਸੁਰਤੀ ਬਿਰਤੀ ਅਕਾਸ਼ੀਂ ਚੜ੍ਹ ਗਈ। ''**ਘੋਲਿ ਘੁਮਾਈ ਤਿਸੁ ਮਿਤ੍ਰ ਵਿਚੋਲੇ**'' ਵਾਲੀਆਂ ਸਦੀਵੀ ਪੱਕੀਆਂ ਗੰਢਾਂ ਪੈ ਗਈਆਂ।

ਉਸ ਤੋਂ ਕੁਝ ਦਿਨ ਪਿਛੋਂ ਸ. ਪਿਆਰਾ ਸਿੰਘ ਨੇ ਬੇਨਤੀ ਕੀਤੀ, ਵੀਰ ਜੀ, ਹੁਣ ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਛਕੋ ਤਾਂ ਹੀ ਗੁਰਮਤਿ ਨਾਮ–ਅਭਿਆਸ ਕਮਾਈ ਦਾ ਪੱਕਾ ਗੁਰਮਤਿ–ਗਾਡੀ–ਰਾਹ ਹਥਿ ਆਵੇਗਾ। ਸੋ ਦੇਰ ਕਾਹਦੀ ਸੀ, ਤਿਆਰੇ ਹੋ ਗਏ। ਸ. ਪਿਆਰਾ ਸਿੰਘ ਦੇ ਨਾਲ ਜਾ ਕੇ ਉਨ੍ਹਾਂ ਦੇ ਪਿੰਡ ਮਹਿਲੋਵਾਲ ਜ਼ਿਲ੍ਹਾ ਸਿਆਲੋਕਟ ਵਿਖੇ ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਪਾਨ ਕਰ ਲਿਆ।

ਬਾਊ ਜੀ ਦੇ ਨਾਮ–ਅਭਿਆਸ ਦੇ ਤੋਰੇ ਅਜਿਹੇ ਤੁਰੇ ਕਿ ਅਨਿਕ ਤਰੰਗੀ ਨਾਮ ਅਭਿਆਸ ਜਾਰੀ ਹੋ ਗਿਆ। ਦੋਨੋਂ ਅਭਿਆਸੀ ਸਜਣ ਇਕਾਂਤ ਵਿੱਚ ਇਕੱਠੇ ਬੈਠ ਕੇ ਨਾਮ–ਅਭਿਆਸ ਸਤਿਸੰਗ ਕਰਦੇ। ਥੋੜ੍ਹੇ ਸਮੇਂ ਵਿੱਚ ਹੀ ਰੰਗ–ਰਤੜੀ ਦਸ਼ਾ ਵਿਆਪ ਗਈ। ਬਾਊ ਜੀ ਆਪਣੀ ਜ਼ਬਾਨੀ ਦੱਸਿਆ ਕਰਦੇ ਸਨ ਕਿ ਅਭਿਆਸ ਕਰਦਿਆਂ ਕਰਦਿਆਂ ਇਕ ਦਿਨ ਅਜਿਹੀ ਦਸ਼ਾ ਵਾਪਰੀ ਕਿ ਮੇਰੀ ਰੀੜ੍ਹ ਦੀ ਹੱਡੀ ਹਿਲਨ ਲਗ ਪਈ ਤੇ ਨਾਲ ਹੀ ਸਾਰੀਆਂ ਅੰਤੜੀਆਂ ਤੜਫਣ ਲਗ ਪਈਆਂ। ਜਦ ਮੈਂ ਇਹ ਅਸਚਰਜ ਕੌਤਕ ਪਿਆਰਾ ਸਿੰਘ ਜੀ ਨੂੰ ਦੱਸਿਆ ਤਾਂ ਉਹ ਹੈਰਾਨੀ ਵਿੱਚ


www.AKJ.Org

ਕਹਿਣ ਲਗੇ ਕਿ ਹੈਂ !! ਬਸ ਹੁਣ ਤੂੰ ਮੇਰੇ ਕੋਲ ਨਾ ਆਇਆ ਕਰ, ਸਗੋਂ ਮੈਂ ਤੇਰੇ ਪਾਸ ਚਲ ਕੇ ਆਇਆ ਕਰਾਂਗਾ, ਤੂੰ ਹੁਣ ਮੈਥੋਂ ਅਗਾਂਹ ਹੋ ਗਿਆ ਹੈਂ।

ਇਨ੍ਹਾਂ ਦਿਨਾਂ ਵਿੱਚ ਪੰਚ ਖ਼ਾਲਸਾ ਦੀਵਾਨ ਭਸੌੜ ਗੁਰਸਿਖੀ ਦਾ ਕੇਂਦਰ ਬਣਿਆ ਹੋਇਆ ਸੀ ਤੇ ਉੱਥੇ ਪੰਥਕ ਦੀਵਾਨ ਸਜਦੇ ਰਹਿੰਦੇ ਸਨ। ਸੰਨ 1910 ਦੇ ਸਮਾਗਮ ਸਮੇਂ ਸ੍ਰੀ ਬਾਊ ਜੀ ਸਿੰਘਣੀ ਤੇ ਬੱਚਿਆਂ ਨੂੰ ਨਾਲ ਲੈ ਕੇ ਅੰਮ੍ਰਿਤ ਪਾਨ ਕਰਾਉਣ ਲਈ ਉੱਥੇ ਪੁੱਜੇ। ਜਿਸ ਕਮਰੇ ਵਿੱਚ ਬਾਊ ਜੀ ਠਹਿਰੇ ਹੋਏ ਸਨ ਉਸੇ ਕਮਰੇ ਦੀ ਦੂਸਰੀ ਨੁਕਰੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਠਹਿਰੇ ਹੋਏ ਸਨ। ਰੋਜ਼ ਦੇ ਨਿਯਮ ਅਨੁਸਾਰ ਸ੍ਰੀ ਬਾਊ ਜੀ ਅੰਮ੍ਰਿਤ ਵੇਲੇ ਉੱਠ ਕੇ ਸੋਚ ਇਸ਼ਨਾਨ ਪਿਛੋਂ ਕਮਰੇ ਦੀ ਨੁਕਰ ਵਿੱਚ ਬੈਠ ਕੇ ਨਾਮ-ਅਭਿਆਸ ਵਿੱਚ ਜੁੱਟ ਗਏ। **"ਪੂਰਬ ਜਨਮ ਕੇ ਮਿਲੇ ਸੰਜੋਗੀ"** ਦੇ ਭਾਵ ਅਨੁਸਾਰ ਪਿਛੋਂ ਦੇ ਮਲਕੜੇ ਜਿਹੇ ਆ ਕੇ ਭਾਈ ਸਾਹਿਬ ਜੀ ਨੇ ਬਾਊ ਜੀ ਨੂੰ ਜੱਫੀ ਪਾ ਲਈ ਤੇ ਕਹਿਣ ਲਗੇ, "ਤੂੰ ਹੁਣ ਤਕ ਕਿੱਥੇ ਲੁਕਿਆ ਰਿਹਾ ਹੈਂ? ਸਾਨੂੰ ਤੇਰੇ ਜਿਹਾ ਕੋਈ ਲਭਾ ਨਹੀਂ। ਤੂੰ ਸਾਡੇ ਨਾਲ ਹੀ ਚਲ।" ਭਾਈ ਸਾਹਿਬ ਜੀ ਨਾਲ ਬਾਊ ਜੀ ਦਾ ਇਹ ਪਹਿਲਾ ਮੇਲ ਸੀ। ਇਹ ਅਜਿਹਾ ਮੇਲ ਸੀ ਜੋ ਅੰਤ ਸੁਆਸਾਂ ਤੱਕ ਮਿਲੇ ਹੀ ਰਹੇ ਅਤੇ ਅਗਲੀ ਦਰਗਾਹ ਵਿੱਚ ਵੀ ਇਹ ਮੇਲ ਅਵੱਸ਼ ਕਾਇਮ ਰਹੇਗਾ।

ਬਾਊ ਜੀ ਦਾ ਸਦਕਾ ਭਾਈ ਸਾਹਿਬ ਜੀ ਦੀਆਂ ਅੰਬਾਲੇ ਛਾਉਣੀ ਵਿੱਚ ਪ੍ਰੇਮ-ਫੇਰੀਆਂ ਅਰੰਭ ਹੋ ਗਈਆਂ। ਇੱਥੇ ਬੜੇ ਅਖੰਡ ਪਾਠ ਤੇ ਅਸਚਰਜ ਕੀਰਤਨ-ਸਮਾਗਮ ਹੁੰਦੇ ਰਹੇ ਅਤੇ ਬੜੇ ਕਲਾ-ਕ੍ਰਿਸ਼ਮੀ ਕੌਤਕ ਵਰਤਦੇ ਰਹੇ, ਜਿਨ੍ਹਾਂ ਦੀ ਬੜੀ ਵਚਿੱਤਰ ਕਹਾਣੀ ਹੈ। ਇੱਥੇ ਹੀ ਸ੍ਰੀ ਬਾਊ ਜੀ ਦੀ ਸੁਰਤੀ ਵਿਸਮਾਦੀ ਰੰਗਾਂ ਵਿੱਚ ਮਸਤੁਲ ਮਸਤ ਹੋ ਕੇ ਉੱਚ-ਮੰਡਲਾਂ ਵਿੱਚ ਜਾ ਟਿਕੀ ਤੇ ਬਾਹਰ ਦੀ ਸੁਧ ਬੁਧ ਨਾ ਰਹੀ। ਇਸ ਦਸ਼ਾ ਵਿੱਚ ਉਹ ਇਕ ਦਿਨ ਪ੍ਰੇਡ ਵਿੱਚ ਹਾਜ਼ਰ ਨਾ ਹੋ ਸਕੇ। ਅਗਲੇ ਦਿਨ ਅੰਮ੍ਰਿਤ ਵੇਲੇ ਜਦ ਸਾਵਧਾਨਤਾ ਹੋਈ ਤਾਂ ਨੌਕਰੀ ਦਾ ਖ਼ਿਆਲ ਆਇਆ। ਉਧਰ ਅਫ਼ਸਰਾਂ ਨੇ ਬਾਊ ਜੀ ਨੂੰ ਕੁਆਟਰ ਵਿੱਚ ਹੀ ਓਪਨ ਅਰੈਸਟ (ਨਜ਼ਰਬੰਦ) ਕਰ ਦਿੱਤਾ। ਭਾਈ ਸਾਹਿਬ ਨੂੰ ਪਤਾ ਲੱਗਾ ਤਾਂ ਉਨ੍ਹਾਂ ਨੇ ਸਾਰੇ ਸਿੰਘਾ ਨਾਲ ਮਿਲ ਕੇ ਗੁਰੂ ਮਹਾਰਾਜ ਦੀ ਹਜ਼ੂਰੀ ਵਿੱਚ ਬਾਊ ਜੀ ਲਈ ਨਿਮਰੀਭੂਤ ਹੋ ਕੇ ਅਰਦਾਸ ਕੀਤੀ। ਜਦ ਬਾਊ ਜੀ ਦੀ ਅੰਗਰੇਜ਼ ਕਰਨਲ ਦੇ ਪੇਸ਼ੀ ਹੋਈ ਤਾਂ ਸਭ ਦਾ ਖ਼ਿਆਲ ਸੀ ਕਿ ਕਰਨਲ ਇਸ ਨੂੰ ਸਖ਼ਤ ਸਜ਼ਾ ਦੇਵੇਗਾ ਤੇ ਹੌਲਦਾਰੀ ਫੀਤੀਆਂ ਉਤਾਰ ਲਏਗਾ। ਪੇਸ਼ੀ ਸਮੇਂ ਐਜੂਟੈਂਟ ਨੇ ਸ਼ਿਕਾਇਤ ਕੀਤੀ, "ਇਹ ਹਰ ਸ਼ਨੀਵਾਰ ਸ਼ਾਮ ਨੂੰ (ਨਾਰੰਗਵਾਲ) ਛੁੱਟੀ ਜਾਂਦਾ ਹੈ ਅਤੇ ਸੋਮਵਾਰ ਨੂੰ ਸਵੇਰੇ ਵਾਪਸ ਮੁੜਦਾ ਹੈ।" ਕੰਪਨੀ-ਸੂਬੇਦਾਰ ਨੇ ਭੀ ਸ਼ਿਕਾਇਤ ਕੀਤੀ, "ਇਹ ਕਦੇ ਠੀਕ ਵਕਤ ਤੇ ਪਰੇਡ ਵਿੱਚ ਹਾਜ਼ਰ ਨਹੀਂ ਹੋਇਆ।"

ਪਤਾ ਨਹੀਂ ਸਤਿਗੁਰੂ ਨੇ ਕੀ ਕਲਾ ਵਰਤਾਈ ਕਿ ਕਰਨਲ ਬਾਊ ਜੀ ਨੂੰ ਕਹਿਣ ਲਗਾ, "ਮਲ ਸਿੰਘ ! ਤੂੰ ਫਕੀਰ ਹੋ ਗਿਆ ਹੈਂ?" ਬਾਊ ਜੀ ਨੇ ਉੱਤਰ ਦਿੱਤਾ, "ਨਹੀਂ, ਮੈਂ ਲਾਈਨ ਵਿੱਚ ਹੀ ਹਾਜ਼ਰ ਸਾਂ।" ਕਰਨਲ ਨੇ ਕਿਹਾ, "ਜਾਹ ਫਿਰ ਨਾ ਐਸਾ ਕਰੀਂ।" ਸਾਰੇ ਰਸਾਲੇ ਵਾਲੇ ਛੋਟੇ-ਵੱਡੇ ਇਹ ਮੁਅਜਜ਼ਾ ਵੇਖ ਕੇ ਦੰਗ ਰਹਿ ਗਏ।

ਇਸ ਤਰ੍ਹਾਂ ਦੇ ਹੋਰ ਕਈ ਕੌਤਕ ਇੱਥੇ ਵਰਤਦੇ ਰਹੇ। ਵਿਸਥਾਰ ਦੇ ਡਰ ਤੋਂ ਇੱਥੇ ਸਾਰਿਆਂ ਦਾ ਵਰਨਣ ਕਰਨਾ ਔਖਾ ਹੈ। ਇਹ ਸਭ ਕੁਝ ਵੱਖਰੀ ਪੁਸਤਕ ਪੂਰਬ ਜਨਮ ਕੇ ਮਿਲੇ ਸੰਜੋਗੀ ਵਿੱਚ ਅੰਕਿਤ ਹੈ।

ਸੰਨ 1920 ਵਿੱਚ ਪੈਨਸ਼ਨ ਆਉਣ ਦੀ ਇਕ ਅਜਬ ਵਿਥਿਆ ਹੈ। ਪੈਨਸ਼ਨ ਦੇ ਨਾਲ ਆਪ ਜੀ ਨੂੰ ਉਕਾੜੇ (ਪਾਕਿਸਤਾਨ) ਵਿਖੇ ਇਕ ਮੁਰੱਬਾ ਜ਼ਮੀਨ, ਚੰਗੀ ਸਰਵਿਸ ਬਦਲੇ ਇਨਾਮ ਵਜੋਂ ਮਿਲਿਆ। ਉੱਥੇ ਹੀ ਇਕ ਮੁਰੱਬਾ ਹੋਰ, ਇਕ ਸਜਣ ਨੇ ਸਤ ਹਜ਼ਾਰ ਰੁਪਏ ਵਿੱਚ ਮਲੋ ਜ਼ੋਰੀ ਇਨ੍ਹਾਂ ਨੂੰ ਦੇ ਦਿੱਤਾ। ਭਾਈ ਸਾਹਿਬ ਰਣਧੀਰ ਸਿੰਘ ਜੀ ਗਦਰ ਲਹਿਰ ਵਿਚ ਸ਼ਾਮਿਲ ਹੋਣ ਕਰਕੇ ਉਮਰ-ਕੈਦ ਸਨ ਤੇ ਬਾਊ ਜੀ ਦੀ ਭਾਈ ਸਾਹਿਬ ਨਾਲ ਗੂੜ੍ਹੀ ਮਿੱਤਰਤਾ ਹੋਣ ਕਰਕੇ ਸੀ.ਆਈ.ਡੀ. ਬਾਊ ਜੀ ਦੀ ਨਿਗਰਾਨੀ ਰੱਖਦੀ ਸੀ। ਪਰ ਆਪ ਜੀ ਅਨੇਕਾਂ ਫਸਤਿਆਂ ਤੇ ਪ੍ਰੀਖਿਆਵਾਂ ਵਿੱਚੋਂ ਕਵਲ-ਜਲ ਵਤ ਨਿਰਲੇਪ ਹੀ ਮਹਿਫੂਜ਼ ਵਿਚਰਦੇ ਰਹੇ, ਕੋਈ ਦੂਤ ਵੀ ਵਾਲ ਵਿੰਗਾ ਨਾ ਕਰ ਸਕਿਆ।


www.AKJ.Org

ਸੰਨ 1933 ਦੇ ਲਾਗੇ ਚਾਗੇ ਆਪ ਆਪਣੇ ਇਲਾਕੇ ਗੰਜੀ ਬਾਰ ਵਿਚੋਂ ਸ਼੍ਰੋਮਣੀ ਗੁਰਦੁਆਰਾ ਕਮੇਟੀ ਦੇ ਬਿਲਾ-ਮੁਕਾਬਲਾ ਮੈਂਬਰ ਚੁਣੇ ਗਏ। ਪਰ ਵਡਿਆਈ ਵਾਲੀ ਗੱਲ ਇਹ ਹੈ ਕਿ ਇਸ ਮੈਂਬਰੀ ਦੇ ਦੌਰਾਨ ਕਦੇ ਵੀ ਕੋਈ ਸਫ਼ਰ-ਖ਼ਰਚ ਜਾਂ ਕੋਈ ਹੋਰ ਭਤਾ ਆਦਿ ਸ਼੍ਰੋਮਣੀ ਕਮੇਟੀ ਪਾਸੋਂ ਸਵੀਕਾਰ ਨਹੀਂ ਕੀਤਾ, ਸਗੋਂ ਆਪਣੇ ਦਸਵੰਧ ਵਿਚੋਂ ਸੇਵਾ ਕਰਦੇ ਰਹੇ। ਭਾਈ ਸਾਹਿਬ ਦੀ ਜੇਲ੍ਹ-ਯਾਤਰਾ ਸਮੇਂ ਜਿੱਥੇ ਆਪ ਜੀ ਨੇ ਜੱਥੇ ਦੇ ਸਮਾਗਮਾਂ ਦੇ ਪ੍ਰੋਗਰਾਮ ਨੂੰ ਚੜ੍ਹਦੀਆਂ ਕਲਾ ਵਿੱਚ ਨਿਭਾਇਆ ਉੱਥੇ ਭਾਈ ਸਾਹਿਬ ਦੇ ਪਰਵਾਰ ਦੀ ਪਾਲਣ ਪੋਸ਼ਣ ਤੇ ਬੱਚਿਆਂ ਦੀ ਪੜ੍ਹਾਈ ਆਦਿ ਦੇ ਖ਼ਰਚ ਪੂਰੇ ਕਰਨ ਦੀ ਸੇਵਾ ਨਿਭਾਉਂਦੇ ਰਹੇ। ਇਥੋਂ ਤੱਕ ਕਿ ਭਾਈ ਸਾਹਿਬ ਦੇ ਰਿਹਾ ਹੋ ਕੇ ਆਉਣ ਤੋਂ ਪਿੱਛੋਂ ਵੀ ਪਰਵਾਰ ਦੀ ਦੇਖ-ਰੇਖ ਤੇ ਬੱਚਿਆਂ ਦੀਆਂ ਵਿਆਹ-ਸ਼ਾਦੀਆਂ, ਭਾਈ ਸਾਹਿਬ ਦੇ ਸਪੁਤਰ ਬਲਬੀਰ ਸਿੰਘ ਨੂੰ ਨੌਕਰੀ ਦਿਵਾਉਣ ਆਦਿ ਦੀਆਂ ਜ਼ਿੰਮੇਵਾਰੀਆਂ ਵੀ ਆਪ ਜੀ ਨੇ ਹੀ ਨਿਭਾਈਆਂ। ਜੇਲ੍ਹ ਯਾਤਰਾ ਦੀ ਰਿਹਾਈ ਪਿੱਛੋਂ ਜਦੋਂ ਭਾਈ ਸਾਹਿਬ ਨੂੰ ਸ੍ਰੀ ਬਾਊ ਜੀ ਨਾਰੰਗਵਾਲ ਮਿਲਣ ਗਏ ਤਾਂ ਵਰ੍ਹਿਆਂ ਦੇ ਵਿਛੜਿਆਂ ਮੇਲੀਆਂ ਦੇ ਮਿਲਾਪ ਦਾ ਵੈਰਾਗਮਈ ਦ੍ਰਿਸ਼ ਅਤੀ ਅਨੂਪਮ ਸੀ, ਜਿਸ ਦਾ ਵਰਨਣ ਕਰਨਾ ਇਸ ਛੋਟੇ ਜਿਹੇ ਲੇਖ ਵਿਚ ਮੁਸ਼ਕਲ ਹੈ। ਇਸ ਤਰ੍ਹਾਂ ਦੇ ਹੋਰ ਕਈ ਬ੍ਰਿਤਾਂਤ ਸੂਬੇਦਾਰ ਹਰਿਬਚਨ ਸਿੰਘ ਦਾ ਸੰਜੋਗੀ ਲੱਧਾ ਮੇਲ, ਘੋੜੀ ਦੇ ਦੁਲੱਤਾ ਮਾਰਨ ਨਾਲ ਖੋਪਰੀ ਦਾ ਹਿੱਲ ਜਾਣਾ ਆਦਿ ਇੱਥੇ ਨਹੀਂ ਦਿੱਤੇ ਜਾ ਸਕੇ।

ਸੰਨ 1947 ਦੇ ਪੰਜਾਬ ਦੇ ਬਟਵਾਰੇ ਪਿੱਛੋਂ ਬਾਊ ਜੀ ਸ੍ਰੀ ਤਰਨ ਤਾਰਨ ਸਾਹਿਬ ਵਿਖੇ ਆ ਵਸੇ। ਪਿਛਲੀ ਜ਼ਮੀਨ ਦੇ ਬਦਲੇ ਇੱਥੇ ਸ਼ਹਿਰ ਦੀਆਂ ਕੰਧਾਂ ਨਾਲ ਹੀ ਬੜੀ ਉਪਜਾਊ ਤੇ ਕੀਮਤੀ ਜ਼ਮੀਨ ਨਿਰ ਯਤਨ ਹੀ ਅਲਾਟ ਹੋ ਗਈ। ਇਸ ਜ਼ਮੀਨ ਦੀ ਆਮਦਨ ਵਿਚੋਂ ਬਾਊ ਜੀ ਨੇ ਇਕ ਨਵਾਂ ਤੋਰਾ ਤੋਰਿਆ। ਸ੍ਰੀ ਗੋਇੰਦਵਾਲ ਸਾਹਿਬ, ਤਰਨ ਤਾਰਨ ਸਾਹਿਬ ਤੇ ਯਤੀਮਖਾਨਾ ਅੰਮ੍ਰਿਤਸਰ ਸਾਹਿਬ ਵਿਖੇ ਆਪਣੇ, ਆਪਣੀ ਸਿੰਘਣੀ (ਮਾਤਾ ਨਿਹਾਲ ਕੌਰ) ਅਤੇ ਆਪਣੇ ਮਾਤਾ ਪਿਤਾ ਦੇ ਨਮਿਤ, ਵਡੀਆਂ ਰਕਮਾਂ ਜਮ੍ਹਾ ਕਰਵਾਈਆਂ, ਜਿਨ੍ਹਾਂ ਦੇ ਸੂਦ ਤੋਂ ਸਦੀਵ ਕਾਲ ਸਾਲਾਨਾ ਸ੍ਰੀ ਅਖੰਡ ਪਾਠ ਹੁੰਦੇ ਰਹਿਣਗੇ। ਸ੍ਰੀ ਤਰਨ ਤਾਰਨ ਦੇ ਵਸੇਬੇ ਸਮੇਂ ਦਾ ਕੌਤਕ ਵੀ ਬੜਾ ਅਸਚਰਜ ਸੀ।

ਆਪ ਦੀ ਨਿਸ਼ਕਾਮ ਪੰਥਕ ਸੇਵਾ ਅਤੇ ਉੱਚੇ-ਸੁੱਚੇ ਗੁਰਸਿਖੀ ਜੀਵਨ ਦੇ ਸਦਕਾ, ਆਪ ਜੀ ਨੂੰ ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਦੀ ਪ੍ਰੇਰਨਾ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਹਜ਼ੂਰੀ ਵਿੱਚ ਮਿਤੀ 16 ਸਤੰਬਰ 1974 ਨੂੰ ਸਨਮਾਨ ਪੱਤਰ ਤੇ ਸਿਰੋਪਾਉ ਨਾਲ ਸਨਮਾਨਿਆ ਗਿਆ ਤੇ ਹੋਰ ਤਖ਼ਤ ਸਾਹਿਬਾਨ ਦੇ ਮੁੱਖੀਆਂ ਨੇ ਭੀ ਸ੍ਰੀ ਅਕਾਲ ਤਖ਼ਤ ਸਾਹਿਬ ਪੁੱਜ ਕੇ ਸਿਰੋਪਾਉ ਬਖਸ਼ਸ਼ ਕੀਤੇ।

ਸਮਾਂ ਲੰਘਦਾ ਲੰਘਦਾ ਕਈ ਰੰਗ ਵਰਤਾਉਂਦਾ ਜੁਲਾਈ 1979 ਦਾ ਸਮਾਂ ਆ ਗਿਆ। ਤਿੰਨ ਜੁਲਾਈ ਨੂੰ ਆਪ ਜੀ ਨੂੰ ਅਚਨਚੇਤ ਹੀ ਬੁਖਾਰ ਹੋ ਗਿਆ, ਜੋ ਘਟਦਾ ਵਧਦਾ ਰਿਹਾ। 11 ਤਰੀਕ ਨੂੰ ਪਿਸ਼ਾਬ ਰੁਕਣ ਦੀ ਕੁਝ ਖੇਚਲ ਹੋਣ ਕਰਕੇ ਪਰਵਾਰ ਦੇ ਜੀਆਂ ਨੇ ਸ੍ਰੀ ਅੰਮ੍ਰਿਤਸਰ ਹਸਪਤਾਲ ਦੀ ਸਪੈਸ਼ਲ ਵਾਰਡ ਵਿੱਚ ਲੈ ਆਂਦਾ। ਡਾਕਟਰੀ ਸਹਾਇਤਾ ਨਾਲ ਪਿਸ਼ਾਬ ਵੀ ਠੀਕ ਚਲ ਪਿਆ ਤੇ ਬੁਖ਼ਾਰ ਵੀ ਉਤਰ ਗਿਆ। ਪਰਵਾਰ ਦੇ ਜੀਆਂ ਨੇ ਖ਼ੂਬ ਸੇਵਾ-ਸੰਭਾਲ ਕੀਤੀ। ਸਿੱਖ-ਸੰਗਤਾਂ ਭੀ ਗੁਰਬਾਣੀ ਦੇ ਪਾਠ ਤੇ ਦੇਖ ਭਾਲ ਕਰਦੀਆਂ ਰਹੀਆਂ।

ਇਨ੍ਹਾਂ ਦਿਨਾਂ ਵਿੱਚ ਆਪ ਜੀ ਬਿਲਕੁਲ ਅੰਤਰ-ਮੁਖੀ ਹੋ ਗਏ ਸਨ, ਬਾਹਰ-ਮੁਖੀ ਕੋਈ ਬਚਨ ਬਿਲਾਸ ਜਾਂ ਇਧਰ ਉਧਰ ਦੀ ਝਾਕ ਨਹੀਂ ਸੀ। ਸਗੋਂ ਮੂੰਦੇ ਨੇਤਰਾਂ ਨਾਲ ਸੁਰਤੀ ਬਿਰਤੀ ਗਗਨ ਚੜ੍ਹੀ ਆਪਣੇ ਹੀ ਰੰਗਾਂ ਵਿੱਚ ਮਸਤ ਸੀ ਤੇ ਚਿਹਰੇ ਦਾ ਜਲਾਲ ਦੇਖਣ ਵਾਲਾ ਸੀ। ਸੰਗਤਾਂ ਦੇ ਪਾਠ ਸੁਣਾਉਂਦਿਆਂ, ਕਦੀ-ਕਦੀ ਨਾਲ ਤੁਕਾਂ ਗੁਣਗੁਣਾਉਣ ਲਗ ਪੈਂਦੇ ਸਨ। **'ਹਲੇ ਯਾਰਾਂ ਹਲੇ ਯਾਰਾਂ ਖੁਸ਼ਖਬਰੀ' 'ਜਿਸੁ ਆਸਣਿ ਹਮ ਬੈਠੇ ਕੇਤੇ ਬੈਸਿ ਗਇਆ' 'ਨਾਨਕ ਕਾ ਪਾਤਿਸਾਹੁ ਦਿਸੈ ਜਾਹਰਾ'** ਤੇ **'ਮਰਣੁ ਲਿਖਾਇ ਮੰਡਲ ਮਹਿ ਆਇ'** ਗੁਰਬਾਣੀ ਦੀਆਂ ਤੁਕਾਂ ਉਚਾਰਦੇ, ਜੈਕਾਰੇ ਤੇ ਫਤਹ ਗਜਾਉਂਦਿਆਂ ਕਹਿੰਦੇ ਕਿ ਚਲੋ ਲੈ ਚਲੋ, ਫਿਰ ਕਹਿੰਦੇ, ਕੀ ਅਜੇ ਨਹੀਂ ਜਾਣਾ, ਹੱਛਾ।



www.AKJ.Org

ਸਰੀਰਕ ਖੇਚਲ ਕੋਈ ਵੀ ਨਹੀਂ ਸੀ, ਪਰ ਸਰੀਰ ਦਾ ਬਲ ਖੀਣ ਹੋ ਰਿਹਾ ਸੀ ਤੇ ਘਟਦਾ ਘਟਦਾ ਇੰਨਾ ਘਟ ਗਿਆ ਕਿ 22 ਜੁਲਾਈ ਸ਼ਾਮ ਨੂੰ ਨਬਜ਼ ਮੱਧਮ ਹੋ ਕੇ 52 'ਤੇ ਪੁੱਜ ਗਈ ਸੀ। 23 ਜੁਲਾਈ ਸੋਮਵਾਰ ਦਿਨੇ ਸਾਢੇ ਯਾਰ੍ਹਾਂ ਵਜੇ ਆਪ ਜੀ ਦੇ ਪਾਸ ਜਦ ਜਪਜੀ ਦੀ 15ਵੀਂ ਪੌੜੀ ਦਾ ਭੋਗ ਪਿਆ ਤਾਂ ਨਾਲ ਹੀ ਪੰਖੇਰੂ ਉਡਾਰੀ ਮਾਰ ਗਿਆ ਅਤੇ ਕੋਲ ਬੈਠਿਆਂ ਨੂੰ ਪਤਾ ਹੀ ਨਾ ਲਗਾ।

**ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ ॥ ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ ॥**

(ਅੰਗ : ੮੪੬)

ਆਪ ਦੀ ਦੇਹ ਐਂਬੂਲੈਂਸ ਵਿੱਚ ਸ੍ਰੀ ਤਰਨ ਤਾਰਨ ਲਿਜਾਈ ਗਈ। ਸ੍ਰੀ ਅੰਮ੍ਰਿਤਸਰ ਤੋਂ ਵੀ ਕਾਫ਼ੀ ਸੰਗਤਾਂ ਉੱਥੇ ਪੁੱਜ ਗਈਆਂ ਅਤੇ ਹੋਰ ਬੇਅੰਤ ਸੰਗਤਾਂ ਦਾ ਇਕੱਠ ਹੋ ਗਿਆ। ਇਸ਼ਨਾਨ ਕਰਾ ਕੇ ਪੰਜ ਵਜੇ ਅਰਦਾਸਾ ਕਰ ਕੇ ਆਪ ਦੀ ਅਰਥੀ ਭਾਰੀ ਜਲੂਸ ਦੇ ਨਾਲ, ਸ਼ਬਦ ਕੀਰਤਨ ਦੀ ਅਗਵਾਈ ਵਿੱਚ, ਸ੍ਰੀ ਦਰਬਾਰ ਸਾਹਿਬ ਤਰਨ ਤਾਰਨ ਤੋਂ ਸਿਰੋਪਾ ਲੈ ਕੇ, ਸ਼ਮਸ਼ਾਨ-ਭੂਮੀ ਵਿੱਚ ਲਿਜਾ ਕੇ ਸਸਕਾਰ ਕੀਤਾ ਗਿਆ।

ਸਸਕਾਰ ਤੋਂ ਉਪਰੰਤ ਸੰਗਤਾਂ ਵਾਪਸ ਘਰ ਆਈਆਂ ਅਤੇ ਸੋਦਰ ਦਾ ਪਾਠ ਕਰ ਕੇ ਉਸੇ ਵੇਲੇ ਸਹਿਜ ਪਾਠ ਅਰੰਭ ਕਰ ਦਿੱਤਾ ਗਿਆ। ਉਸ ਵੇਲੇ ਜੋ ਹੁਕਮਨਾਮਾ ਆਇਆ ਉਹ ਬੜੀ ਚੜ੍ਹਦੀ ਕਲਾ ਤੇ ਵਧਾਈ-ਦਾਇਕ ਹੈ, ਜੋ ਇਸ ਪ੍ਰਕਾਰ ਹੈ—

**ਗੋਂਡ ਮਹਲਾ ੫ ॥**
**ਕਲਿ ਕਲੇਸ ਮਿਟੇ ਹਰਿ ਨਾਇ ॥ ਦੁਖ ਬਿਨਸੇ ਸੁਖ ਕੀਨੋ ਠਾਉ ॥**
**ਜਪਿ ਜਪਿ ਅੰਮ੍ਰਿਤ ਨਾਮੁ ਅਘਾਏ ॥ ਸੰਤ ਪ੍ਰਸਾਦਿ ਸਗਲ ਫਲ ਪਾਏ ॥੧॥**
**ਰਾਮ ਜਪਤ ਜਨ ਪਾਰਿ ਪਰੇ ॥ ਜਨਮ ਜਨਮ ਕੇ ਪਾਪ ਹਰੇ ॥੧॥ ਰਹਾਉ ॥**
**ਗੁਰ ਕੇ ਚਰਨ ਰਿਦੈ ਉਰਿ ਧਾਰੇ ॥ ਅਗਨਿ ਸਾਗਰ ਤੇ ਉਤਰੇ ਪਾਰੇ ॥**
**ਜਨਮ ਮਰਣ ਸਭ ਮਿਟੀ ਉਪਾਧਿ ॥ ਪ੍ਰਭ ਸਿਉ ਲਾਗੀ ਸਹਜਿ ਸਮਾਧਿ ॥੨॥**
**ਥਾਨ ਥਨੰਤਰਿ ਏਕੋ ਸੁਆਮੀ ॥ ਸਗਲ ਘਟਾ ਕਾ ਅੰਤਰਜਾਮੀ ॥**
**ਕਰਿ ਕਿਰਪਾ ਜਾ ਕਉ ਮਤਿ ਦੇਇ ॥ ਆਠ ਪਹਰ ਪ੍ਰਭ ਕਾ ਨਾਉ ਲੇਇ ॥੩॥**
**ਜਾ ਕੈ ਅੰਤਰਿ ਵਸੈ ਪ੍ਰਭੁ ਆਪਿ ॥ ਤਾ ਕੈ ਹਿਰਦੈ ਹੋਇ ਪ੍ਰਗਾਸੁ ॥**
**ਭਗਤਿ ਭਾਇ ਹਰਿ ਕੀਰਤਨੁ ਕਰੀਐ ॥ ਜਪਿ ਪਾਰਬ੍ਰਹਮੁ ਨਾਨਕ ਨਿਸਤਰੀਐ ॥੪॥੧੦॥੧੨॥**

(ਅੰਗ : ੮੬੫)

**ਬਾਊ ਮਲ ਸਿੰਘ ਜੀ ਦਾ ਪਰਉਪਕਾਰ : ਵੱਲੋਂ ਸ. ਵਰਿਆਮ ਸਿੰਘ ਜੀ, ਗਾਂਧੀ ਨਗਰ, ਦਿੱਲੀ**

ਗੁਰਮੁਖ ਪਿਆਰੇ ਬਾਊ ਮਲ ਸਿੰਘ ਜੀ ਦੇ ਵਿਛੋੜੇ ਨਾਲ ਖ਼ਾਲਸਾ ਪੰਥ ਨੂੰ ਇਕ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਆਪ, ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਜਿਗਰੀ ਪਿਆਰ ਵਾਲੇ ਸੰਗੀ-ਸਾਥੀ ਸਨ। ਉਨ੍ਹਾਂ ਦੇ ਨਾਲ ਰਹਿ ਕੇ ਆਪ ਨੇ ਨਾਮ-ਰੰਗਾਂ ਦੇ ਅਨੇਕਾਂ ਚਲੂਲੇ ਰੰਗ ਮਾਣੇ ਅਤੇ ਉਨ੍ਹਾਂ ਤੋਂ ਬਾਅਦ ਵੀ ਨਾਮ-ਰਸ ਦੇ ਉੱਚੇ ਗਗਨ-ਮੰਡਲਾਂ ਵਿੱਚ ਵਿਚਰਦੇ ਰਹੇ। ਆਪ ਜੀ ਨੇ ਜੀਵਨ ਭਰ ਸਿੱਖੀ ਕਮਾਈ ਅਤੇ ਸਿੱਖੀ ਦੀ ਹੀ ਸੇਵਾ ਕੀਤੀ। ਪੰਜਾਂ ਪਿਆਰਿਆਂ ਵਿੱਚ ਆਪ ਨੇ ਸ਼ਾਮਲ ਹੋ ਕੇ ਸੈਂਕੜੇ ਹਜ਼ਾਰਾਂ ਦੀ ਗਿਣਤੀ ਵਿੱਚ ਪ੍ਰਾਣੀਆਂ ਨੂੰ ਅੰਮ੍ਰਿਤ ਛਕਾਇਆ ਤੇ ਗੁਰੂ ਕੇ ਲੜ ਲਾਇਆ। ਪਰਉਪਕਾਰ ਦਾ ਮਾਦਾ ਆਪ ਦੇ ਰੋਮ ਰੋਮ ਵਿੱਚ ਸਮਾਇਆ ਹੋਇਆ ਸੀ। ਹਿਰਦਾ ਇਤਨਾ ਕੋਮਲ ਸੀ ਕਿ ਕਿਸੇ ਦੁਖੀ ਨੂੰ ਦੇਖ ਕੇ ਉਨ੍ਹਾਂ ਦਾ ਮਨ ਪਸੀਜ ਜਾਂਦਾ ਸੀ।



www.AKJ.Org

ਦਾਸ ਉੱਤੇ ਉਨ੍ਹਾਂ ਨੇ ਜੋ ਮਹਾਨ ਕਿਰਪਾ-ਦ੍ਰਿਸ਼ਟੀ ਕੀਤੀ, ਦਾਸ ਉਸ ਨੂੰ ਕਦੀ ਭੁੱਲ ਨਹੀਂ ਸਕੇਗਾ। ਹੋਇਆ ਇੰਜ ਕਿ ਸੰਨ 1970 ਈਸਵੀ ਦੀ ਗੱਲ ਹੈ, ਦਿੱਲੀ ਵਿਖੇ ਦੁਸਹਿਰੇ ਦਾ ਸਮਾਗਮ ਚਲ ਰਿਹਾ ਸੀ। ਗੁਰਦੁਆਰਾ ਬੰਗਲਾ ਸਾਹਿਬ ਵਿੱਚ ਇਲਾਹੀ ਕੀਰਤਨ ਦੀਆਂ ਧੁੰਨਾਂ ਉੱਠ ਰਹੀਆਂ ਸਨ। ਪਿਆਰ ਵਿੱਚ ਸ਼ਬਦ ਪੜ੍ਹੇ ਜਾ ਰਹੇ ਸਨ। ਮਾਨੋ ਇਕ ਸਵਰਗ ਦਾ ਨਮੂਨਾ ਬਣਿਆ ਹੋਇਆ ਸੀ। ਦਾਸ ਦੇ ਹਿਰਦੇ ਵਿੱਚ ਅੰਮ੍ਰਿਤ ਛਕ ਕੇ ਤਿਆਰ-ਬਰ-ਤਿਆਰ ਹੋਣ ਤੇ ਨਾਮ ਦੀ ਦਾਤਿ ਪ੍ਰਾਪਤ ਕਰਨ ਦਾ ਚਾਉ ਉਤਪੰਨ ਹੋਇਆ। ਅਖੰਡ ਕੀਰਤਨੀ ਜਥੇ ਵੱਲੋਂ ਅੰਮ੍ਰਿਤ-ਸੰਚਾਰ ਉੱਥੇ ਸ਼ਾਮ ਨੂੰ ਅਰੰਭ ਹੋਣਾ ਸੀ। ਹੁਣ ਸਵਾਲ ਪੈਦਾ ਹੋਇਆ ਕਿ ਸਿੰਘਣੀ ਨੂੰ ਦਸਤਾਰ ਲਈ ਕਿਸ ਤਰ੍ਹਾਂ ਮਨਾਇਆ ਜਾਏ? ਸਿੰਘਣੀ ਅੰਮ੍ਰਿਤ ਛਕਣ ਲਈ ਤਾਂ ਤਿਆਰ ਸੀ, ਪਰ ਦਸਤਾਰ ਸਜਾਉਣ ਲਈ ਤਿਆਰ ਨਹੀਂ ਸੀ। ਪਰ ਇਥੇ ਅਸੂਲ ਵਿੱਚ ਢਿਲਿਆਈ ਕਰ ਕੇ ਦਸਤਾਰ ਤੋਂ ਬਗ਼ੈਰ ਅੰਮ੍ਰਿਤ ਨਹੀਂ ਸੀ ਛਕਾਇਆ ਜਾਂਦਾ। ਇਸ ਲਈ ਮਜਬੂਰਨ ਇਕੱਲਾ ਹੀ ਅੰਮ੍ਰਿਤ ਛਕਣ ਲਈ ਗੁਰਦੁਆਰਾ ਬੰਗਲਾ ਸਾਹਿਬ ਪਹੁੰਚ ਗਿਆ। ਹੋਰ ਵੀ ਬਹੁਤ ਮਾਈ ਭਾਈ ਅੰਮ੍ਰਿਤ ਛਕਣ ਲਈ ਪੁੱਜੇ ਹੋਏ ਸਨ।

ਦਾਸ ਨੂੰ ਪੁੱਛਿਆ ਗਿਆ—ਤੇਰਾ ਵਿਆਹ ਹੋਇਆ ਹੋਇਆ ਹੈ?

ਦਾਸ ਨੇ ਉੱਤਰ ਦਿੱਤਾ—ਜੀ ਹਾਂ।

"ਫਿਰ ਤੂੰ ਅੰਮ੍ਰਿਤ ਨਹੀਂ ਛੱਕ ਸਕਦਾ। ਆਪਣੀ ਸਿੰਘਣੀ ਨੂੰ ਨਾਲ ਲਿਆਉਣਾ ਬਹੁਤ ਜ਼ਰੂਰੀ ਹੈ।" ਇਹ ਕਹਿ ਕੇ ਦਾਸ ਨੂੰ ਅੰਮ੍ਰਿਤ ਅਭਿਲਾਖੀਆਂ ਦੀ ਲਾਈਨ 'ਚੋਂ ਬਾਹਰ ਕੱਢ ਦਿੱਤਾ ਗਿਆ। ਦਾਸ ਕਮਰੇ ਵਿਚੋਂ ਬਾਹਰ ਤਾਂ ਗਿਆ ਨਾ। ਕਮਰੇ ਵਿੱਚ ਹੀ ਨਿਮੋਝੂਣਾ ਹੋ ਕੇ ਇਕ ਪਾਸੇ ਖਲੋ ਗਿਆ। ਦਾਸ ਦਾ ਮੂੰਹ ਰੋਣਹਾਕਾ ਹੋਇਆ ਪਿਆ ਸੀ। ਕੁਝ ਸੁੱਝੇ ਨਾ ਕੀ ਕਰਾਂ? ਮਨ ਵਿੱਚ ਹੀ ਬੇਨਤੀ ਕੀਤੀ— 'ਦਾਤਾ ! ਮਿਹਰ ਕਰੋ। ਅੰਮ੍ਰਿਤ ਦੀ ਦਾਤ ਬਖਸ਼ੋ। ਅੰਮ੍ਰਿਤ ਛਕੇ ਤੋਂ ਬਗੈਰ ਮੈਂ ਘਰ ਨਹੀਂ ਸੀ ਜਾਣਾ ਚਾਹੁੰਦਾ।' ਦਾਸ ਦਾ ਦਿਲ ਰੋਈ ਜਾ ਰਿਹਾ ਸੀ। ਬਾਊ ਮਲ ਸਿੰਘ ਜੀ, ਜੋ ਦਾਸ ਨੂੰ ਲਗਾਤਾਰ ਦੇਖੀ ਜਾ ਰਹੇ ਸਨ, ਉਨ੍ਹਾਂ ਦੇ ਕੋਮਲ ਹਿਰਦੇ ਵਿੱਚ ਤਰਸ ਆਇਆ, ਮਨ ਵਿੱਚ ਦਇਆ ਆਈ। ਦਾਸ ਨੂੰ ਕੋਲ ਸੱਦਿਆ ਤੇ ਪੁੱਛਿਆ- "ਤੇਰੇ ਦਿਲ ਅੰਦਰ ਸੱਚੀ ਲਗਨ ਨਜ਼ਰ ਆਉਂਦੀ ਹੈ। ਜੋ ਤੂੰ ਅੰਮ੍ਰਿਤ ਛਕਣਾ ਹੈ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਮੱਥਾ ਟੇਕ ਅਤੇ ਪ੍ਰਣ ਕਰ ਕਿ ਜਿਤਨਾ ਚਿਰ ਤੇਰੀ ਸਿੰਘਣੀ ਤੇਰੇ ਵਾਂਗ ਅੰਮ੍ਰਿਤ ਨਹੀਂ ਛੱਕ ਲੈਂਦੀ, ਉਤਨਾ ਚਿਰ ਤੇਰਾ ਉਸ ਨਾਲ ਗ੍ਰਿਹਿਸਥੀ ਰਿਸ਼ਤਾ ਕੋਈ ਨਹੀਂ, ਉਸ ਨੂੰ ਭੈਣ ਸਮਾਨ ਸਮਝਣਾ।" ਇਹ ਸੁਣ ਕੇ ਦਾਸ ਗਦ ਗਦ ਹੋ ਗਿਆ ਅਤੇ ਫੌਰਨ ਬਿਨਾ ਹੀਲ ਹੁਜਤ ਪਰਵਾਨ ਕਰ ਕੇ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਮੱਥਾ ਟੇਕ ਦਿੱਤਾ। ਸਤਿਗੁਰੂ ਦੀ ਬਖਸ਼ਸ਼ ਹੋਈ ਤੇ ਅੰਮ੍ਰਿਤ ਦੀ ਦਾਤਿ ਦੇ ਨਾਲ ਨਾਮ ਦਾਨ ਦੀ ਪ੍ਰਾਪਤੀ ਹੋਈ। ਇਸ ਦਾ ਅਸਰ ਇਹ ਪਿਆ ਕਿ ਇਸ ਘਟਨਾ ਤੋਂ ਪੰਜ ਛੇ ਮਹੀਨੇ ਬਾਅਦ ਦਾਸ ਦੀ ਸਿੰਘਣੀ (ਰਾਜਿੰਦਰ ਕੌਰ) ਨੇ ਵੀ ਖ਼ੁਦ ਬਖ਼ੁਦ ਅੰਮ੍ਰਿਤ ਛਕ ਲਿਆ ਅਤੇ ਸ਼ੌਕ ਨਾਲ ਦਸਤਾਰ ਸਜਾ ਲਈ। ਇਹ ਸਭ ਬਾਊ ਜੀ ਦੇ ਜੀਵਨ ਦਾ ਹੀ ਅਲੌਕਿਕ ਪ੍ਰਭਾਵ ਸੀ।

ਧੰਨ ਹੋ ਬਾਊ ਮਲ ਸਿੰਘ ਜੀ ! ਦਾਸ ਤੁਹਾਡੇ ਗੁਣਾਂ ਨੂੰ ਕੀ ਬਿਆਨ ਕਰੇ। ਤੁਸੀਂ ਆਪ ਤਾਂ ਇਥੋਂ ਤੁਰ ਗਏ ਹੋ, ਪਰ ਆਪਣੀਆਂ ਮਿੱਠੀਆਂ ਤੇ ਪਿਆਰੀਆਂ ਯਾਦਾਂ ਸਦਾ ਲਈ ਦਿਲਾਂ ਤੇ ਛੱਡ ਗਏ ਹੋ। ਆਪ ਸਦਾ ਲਈ ਸਦਾ-ਸਦਾ ਜੀਵਤ ਹੋ।

**ਜੀਵਤ ਪੇਖੇ ਜਿਨ੍ਹੀ ਹਰਿ ਹਰਿ ਧਿਆਇਆ ॥ ਸਾਧਸੰਗਿ ਤਿਨ੍ਹੀ ਦਰਸਨੁ ਪਾਇਆ ॥੧॥ ਰਹਾਉ ॥**

(ਅੰਗ : ੭੩੯-੪੦)

**ਗੁਰਮੁਖ ਪਿਆਰੇ ਬਾਊ ਮਲ ਸਿੰਘ ਜੀ ਪ੍ਰਥਾਇ ਸ਼ਰਧਾ : ਵੱਲੋਂ ਗਿ: ਗੋਪਾਲ ਸਿੰਘ ਜੀ ਮਿੱਤਰ, ਮਾਲਬ, ਗੁੜਗਾਉਂ**

ਧੰਨ ਧੰਨ 'ਬਾਊ ਮਲ ਸਿੰਘ', ਸਤਿਗੁਰ ਨੂੰ ਭਾਂਦੇ।
ਗੁਰ ਕੀਰਤ ਰੰਗ ਰੱਤੜੇ, ਨਿਤ ਕੀਰਤਨ ਗਾਉਂਦੇ।



www.AKJ.Org

ਮਤ ਉੱਚੀ, ਮਨ ਨਿਮ੍ਰਤਾ, ਉਪਦੇਸ਼ ਸੁਣਾਉਂਦੇ।
ਸੁਰਤ ਚਾੜ੍ਹ ਕੇ ਨਾਮ ਵਿੱਚ ਗਗਨੀਂ ਲਹਿਰਾਉਂਦੇ।
ਗੁਰਸਿਖਾਂ ਦੀ ਚਰਨ-ਧੂੜ ਲੈ ਮਸਤਕ ਲਾਉਂਦੇ।
ਜਪਦੇ 'ਗੁਰਸਿਖ ਆਇ ਮਿਲਿ' ਇਉਂ ਵਾਕ ਅਲਾਉਂਦੇ।
'ਮੇਰੀ ਖਲਹੁੰ ਮੌਜੜੇ ਗੁਰਸਿਖ ਹੰਢਾਂਦੇ॥੧॥'

ਧਰਮ ਮਲ੍ਹ ਰਣਧੀਰ ਸਿੰਘ ਦੇ ਨਾਲ ਗੁਜ਼ਾਰੇ।
ਰੂਹਾਂ ਦੋਹਾਂ ਪਿਆਸੀਆਂ ਦੇ ਚੋਜ ਨਿਆਰੇ।
ਪੜ੍ਹ ਪੜ੍ਹ ਮਨ ਅਸਚਰਜ ਹੋਏ ਜੋ ਲਿਖੇ ਨਜ਼ਾਰੇ।
ਝੂਮੇ ਜਿਉਂ ਵਿੱਚ ਮਸਤੀਆਂ ਕੀ ਲਿਖਨ ਲਿਖਾਰੇ?
ਦੇ ਗਇਓਂ ਵਿਛੋੜਾ ਪੰਥ ਨੂੰ ਮੇਰੇ ਸਜਣ ਪਿਆਰੇ।
ਤੇਰੇ ਬੋਲ ਬ੍ਰਹਿਮੰਡ ਤੋਂ ਹੁਣ ਵੀ ਸੁਣ ਪਾਂਦੇ।
'ਮੇਰੀ ਖਲਹੁੰ ਮੌਜੜੇ ਗੁਰਸਿਖ ਹੰਢਾਂਦੇ॥੨॥'

ਤੇਰੇ ਮੁਖੜੇ ਉੱਤੇ ਵਰਸਦਾ ਸੀ ਨੂਰ ਇਲਾਹੀ।
ਤੇਰਾ ਮਸਤਕ ਹੈਸੀ ਦੇਂਵਦਾ ਹਰ ਸਮੇਂ ਗਵਾਹੀ।
ਪੂਰਬ ਜਨਮ ਤਪੱਸਵੀ ਮੂਰਤ ਜਗ ਆਈ।
ਕਾਰ ਕਰੀ ਗੁਰ-ਹੁਕਮ ਵਿੱਚ ਜੋ ਧੁਰ ਫੁਰਮਾਈ।
ਛੱਡ ਗਇਓਂ ਸਭ ਸਾਥੀਆਂ ਕਰ ਗੁਰਪੁਰਿ ਧਾਈ।
ਕਰੇ 'ਮਿੱਤਰ' ਯਾਦ ਇਹ ਵਚਨ ਤੇਰੇ ਦਿਲ ਖੌਰੂ ਪਾਂਦੇ।
'ਮੇਰੀ ਖਲਹੁੰ ਮੌਜੜੇ ਗੁਰਸਿਖ ਹੰਢਾਂਦੇ॥੩॥'

## ਪਿਆਰੇ ਬਾਊ ਮਲ ਸਿੰਘ ਜੀ ਦੀ ਅਮਰ ਯਾਦ

ਪਿਆਰੇ ਬਾਊ ਜੀ ਦੀ ਇਕ ਅਮਰ ਯਾਦ ਦਿਲ ਵਿੱਚ ਉਭਰ ਆਈ ਹੈ। ਤਰੀਕ 13 ਅਕਤੂਬਰ 1975 ਹੈ, ਜੋ ਦਿੱਲੀ ਰੈਣ ਸਬਾਈ ਸ਼ੁਰੂ ਹੋਣ ਦਾ ਦਿਨ ਸੀ।

ਦਾਸ ਆਪਣੇ ਸਪੁੱਤਰ ਸ. ਜਗਤਾਰ ਸਿੰਘ 'ਪਰਵਾਨਾ' ਨੂੰ ਖੰਡੇਧਾਰ ਪਾਹੁਲ ਪਾਨ ਕਰਾਉਣ ਲਈ ਗੁਰਦੁਆਰਾ ਰਕਾਬਗੰਜ ਸਾਹਿਬ ਪੁੱਜਾ ਹੋਇਆ ਸੀ। ਕੌਤਕ ਅੱਖੀਂ ਵੇਖੇ। ਅੰਮ੍ਰਿਤ-ਅਭਿਲਾਖੀਆਂ ਦੀਆਂ ਹਾਜ਼ਰੀਆਂ ਹੋਈਆਂ। ਜਦੋਂ ਦੋ ਕੁਰਹਿਤੀ ਪ੍ਰੇਮੀਆਂ ਦੇ ਹੱਥ ਨੂੜੇ ਗਏ ਤਾਂ ਅਚਨਚੇਤ ਹੀ ਪਿਆਰੇ ਬਾਊ ਜੀ ਦਰਵਾਜ਼ੇ ਵਿੱਚ ਆ ਖੜੇ ਹੋਏ। ਮੈਂ ਬਾਹਰ ਬਰਾਂਡੇ ਵਿੱਚ ਬੈਠਾ ਸਭ ਕੁਝ ਵੇਖ ਰਿਹਾ ਸਾਂ। ਦਗ-ਦਗ ਕਰਦਾ ਮਸਤਕ, ਨੂਰੀ ਚੇਹਰਾ, ਤੇਜੱਸਵੀ ਮੂਰਤ, ਸੋਹਣਾ ਨੀਲਾ ਦਸਤਾਰਾ, ਗਾਤਰੇ ਕਿਰਪਾਨ ਤੇ ਕੇਸਰੀ ਬਾਣੇ ਵਾਲਾ ਮਹਾਂਪੁਰਸ਼, ਆਪ ਜੀ ਨੇ ਇਸ ਭਾਵ ਦੇ ਬਚਨ ਕੀਤੇ, ਉਹ ਹੁਣ ਵੀ ਕੰਨਾਂ ਵਿੱਚ ਗੂੰਜ ਰਹੇ ਹਨ-

ਓ ਕਲਗੀਆਂ ਵਾਲੇ ਦੇ ਦੂਲਿਓ! ਇਹ ਕੁਰਹਿਤਾਂ ਗੁਰਸਿਖਾਂ ਨੂੰ ਨਹੀਂ ਸੋਭਦੀਆਂ। ਫੇਰ ਵੀ ਤੁਸੀਂ ਧੰਨ ਹੋ, ਜੋ ਦਾਤਾਰ ਪਿਤਾ ਦੀ ਝੋਲੀ ਵਿੱਚ ਮੁੜ ਬਹਿਣ ਲਈ ਪਸਚਾਤਾਪ ਕਰ ਕੇ ਆਏ ਹੋ, ਜੀ ਆਇਆ ਨੂੰ।


www.AKJ.Org

ਮੇਰੇ ਦਿਲ ਵਿੱਚ ਇਕ ਝਰਨਾਹਟ ਛਿੜੀ ਤੇ ਅੱਖਾਂ ਵਗ ਪਈਆਂ। ਇਹ ਮੇਰਾ ਪਹਿਲਾ ਸਮਾਂ ਸੀ ਆਪ ਜੀ ਦੇ ਦਰਸ਼ਨਾਂ ਦਾ। ਅੱਜ ਉਸ ਮਹਾਂ ਪੁਰਸ਼ ਨੂੰ ਕਿਥੋਂ ਭਾਲੀਏ।

**ਤਿਨ ਧੰਨੁ ਜਣੇਦੀ ਮਾਉ ਆਏ ਸਫਲੁ ਸੇ ॥**

(ਅੰਗ : ੪੮੮)

ਮਹਾਂ ਕਵੀ ਭਾਈ ਸਾਹਿਬ ਡਾਕਟਰ ਵੀਰ ਸਿੰਘ ਜੀ ਦੇ ਲਿਖੇ ਅਨੁਸਾਰ ਜਿੱਥੇ ਵੀ ਗੁਰਮੁਖ ਜਨ ਬੈਠਦੇ ਹਨ, ਸੁਗੰਧੀ ਛੋੜ ਜਾਂਦੇ ਹਨ-

**ਜਿਸ ਜਿਸ ਥਾਵੇਂ ਪਿਆਰੂਏ ਬੈਠੇ, ਗਏ ਰੰਗ ਲਾਏ। ਓਥੇ ਓਥੇ ਅਜੇ ਤਕ ਲਪਟ ਰਹੀ ਲਹਿਰਾਏ।**
**ਮਾਣਨਹਾਰੇ ਟੁਰ ਗਏ, ਸਮੇਂ ਗਏ ਹਨ ਬੀਤ। ਪਰ ਲਪਟੀ ਹੈ ਦੇ ਰਹੀ ਲਪਟ ਆਪਣੀ ਪ੍ਰੀਤ।**
**ਸੁਚੀ ਪ੍ਰੀਤੀ ਦੇਂਵਦੀ ਸਦਾ ਸਦਾ ਖੁਸ਼ਬੋਈ।**

## ਸ੍ਰੀ ਬਾਊ ਜੀ ਦੇ ਹੱਥ ਲਿਖਤ ਕਾਰਡ ਦੀ ਕਾਪੀ

ਵਾਹਿਗੁਰੂ　　　　　　Tarn Taran　　　　　　25/4/74

ੴ ਅਕਾਲ ਜੀ ਸਹਾਇ॥

ਜੁਗ ਜੁਗ ਜੀਵਓ "**ਸਾਚੀ ਪ੍ਰੀਤਿ ਨ ਤੁਟਈ ਪਿਆਰੇ ਜੁਗੁ ਜੁਗੁ ਰਹੀ ਸਮਾਇ ॥**" "**ਤੂੰ ਮੇਰੀ ਓਟ ਤੂੰਹੈ ਮੇਰਾ ਮਾਣਾ ॥**" "**ਤੈ ਜੇਵਡੁ ਮੈ ਨਾਹਿ ਕੋ ਸਭੁ ਜਗੁ ਡਿਠਾ ਹੰਢਿ ॥**" "**ਆਨ ਨ ਬੀਆ ਤੇਰੀ ਸਮਸਰਿ ॥**" "**ਨਾਨਕ ਜਿਸੁ ਬਿਨੁ ਘੜੀ ਨ ਜੀਵਣਾ ਵਿਸਰੇ ਸਰੈ ਨ ਬਿੰਦ ॥** "**ਤਿਸੁ ਸਿਉ ਕਿਉ ਮਨ ਰੂਸੀਐ ਜਿਸਹਿ ਹਮਾਰੀ ਚਿੰਦ ॥**" "**ਸੰਤ ਬਿਨਾ ਮੈ ਥਾਉ ਨ ਕੋਈ ਅਵਰ ਨ ਸੂਝੈ ਜਾਵਨਾ ॥** "**ਮੋਹਿ ਨਿਰਗੁਨ ਕਉ ਕੋਇ ਨ ਰਾਖੈ ਸੰਤਾ ਸੰਗਿ ਸਮਾਵਨਾ ॥**" "**ਗੁਰਸਿਖੀ ਭਾਣਾ ਮੰਨਿਆ ਗੁਰੁ ਪੂਰਾ ਪਾਰਿ ਲੰਘਾਇ ॥ ਗੁਰਸਿਖਾਂ ਕੀ ਹਰਿ ਧੂੜਿ ਦੇਹਿ ਹਮ ਪਾਪੀ ਭੀ ਗਤਿ ਪਾਂਹਿ ॥**" "**ਤੇਰੇ ਭਰੋਸੈ ਪਿਆਰੇ ਮੈ ਲਾਡ ਲਡਾਇਆ ॥ ਭੂਲਹਿ ਚੂਕਹਿ ਬਾਰਿਕ ਤੂੰ ਹਰਿ ਪਿਤਾ ਮਾਇਆ ॥**"

ਵਾਹਿਗੁਰੂ ! ਮੇਰੇ ਸਭ ਤੋਂ ਪਿਆਰੇ, ਮੇਰੇ ਮਾਤਾ ਪਿਤਾ ਭੈਣ ਭਾਈ, ਸਖਾ ਸਹਾਈ, ਡਾਡੇ ਪਿਆਰੇ, ਸ੍ਰੀ ਪੂਰਨ ਜੀਓ, ਹੱਥ ਜੋੜ, ਗਲਵਕੜੀ ਪਾ, ਚਰਨ ਪਰਸ, ਨਾਮ ਜਪ ਜਪ, ਗੁਰ ਫਤਹ ਪ੍ਰਵਾਨ ਹੋਵੇ। ਤੇਰੇ ਪਿਆਰੇ ਪਾਵਨ ਪੁੱਤਰ ਪੁੱਜੇ ਹਨ। ਦਾਸ ਇਕ ਮਹੀਨੇ ਤੋਂ ਚੱਕਰਵਰਤੀ ਹੈ। ਉਤਰ ਨਹੀਂ ਦੇ ਸਕਿਆ। ਹੱਥ ਜੋੜ ਖਿਮਾ। ਕਲ 25/4/74 ਨੂੰ ਦਾਸ ਅੰਮ੍ਰਿਤਸਰ Dhillon ਦੇ ਅਖੰਡ ਪਾਠ ਹਾਜਰੀ ਭਰ ਕੇ 28/4/74 ਨੂੰ Ambala ਜਾਵੇਗਾ। ਦਾਸ ਦੀ ਸੇਹਤ ਡਾਡੀ down ਜਾ ਰਹੀ ਹੈ। ਮੈਨੂੰ accident ਤੇ ਫੇਰ ਲੱਤ ਪਰ ਕਾਫੀ ਚੋਟ ਆਈ ਹੈ, ਛੁਕਰ ! ਗੁਰੂ ਰਾਖਾ ਹੈ। ਸਾਨੂੰ ਭੁਲਾਵਨਾ ਨਹੀਂ ਜੀ-ਦਾਸ ਮਲ ਸਿੰਘ

ਹਾਸੀਏ ਤੇ-ਤੇਰੀ ਅਰਦਾਸ ਦਾ ਰਿਣੀ ਹਾਂ। ...ਖ਼ੂਬ ਨਾਮ ਜਪੋ। ਬੱਚਿਆਂ ਨੂੰ ਪਿਆਰ ਦੇਣਾ।

To

Gurmukh Piare Raj Jog Sant Bhagat
Sardar Surat Singh Pooran Ji
33/23 Old Rajinder Nagar New Delhi



www.AKJ.Org

# ਸ੍ਰੀ ਬਾਊ ਜੀ ਦੇ ਵੱਡੇ ਭਰਾਤਾ
# ਭਾਈ ਵਰਿਆਮ ਸਿੰਘ ਜੀ ਵੈਰੋਵਾਲ

ਪ੍ਰੋ. ਠਾਕੁਰ ਸਿੰਘ ਜੀ ਸ੍ਰੀ ਅੰਮ੍ਰਿਤਸਰ

ਦਾਸ ਦੇ ਪਿਤਾ ਭਾਈ ਵਰਿਆਮ ਸਿੰਘ ਜੀ ਬਾਊ ਮੱਲ ਸਿੰਘ ਜੀ ਦੇ ਸਭ ਤੋਂ ਵੱਡੇ ਵੀਰ ਸਨ। ਜਿਨ੍ਹਾਂ ਦਾ ਜਨਮ ਸੰਨ 1871 ਪਿੰਡ ਸਰਲੀ ਨੇੜੇ ਨਾਗੋਕੇ ਜ਼ਿਲ੍ਹਾ ਅੰਮ੍ਰਿਤਸਰ ਪਿਤਾ ਕਾਹਨ ਸਿੰਘ ਜੀ ਅਤੇ ਮਾਤਾ ਗੁਲਾਬ ਕੌਰ ਜੀ ਦੇ ਘਰ ਹੋਇਆ। 16 ਸਾਲ ਦੀ ਉਮਰ ਵਿਚ ਪਿਤਾ ਜੀ ਦੇ ਅਕਾਲ ਚਲਾਣਾ ਕਰ ਜਾਣ 'ਤੇ ਸਾਰੇ ਪਰਿਵਾਰ-ਤਿੰਨ ਛੋਟੇ ਵੀਰਾਂ ਤੇ ਦੋ ਭੈਣਾਂ ਦੀ ਸੰਭਾਲ ਕਰਨੀ ਪਈ। ਬਾਊ ਜੀ ਨੂੰ ਪੜ੍ਹਾਈ ਵਲ ਲਾਇਆ ਅਤੇ ਬਾਕੀ ਸਾਰੇ ਪਰਿਵਾਰ ਦੀ ਸੰਭਾਲ ਬੜੇ ਸੁਚੱਜੇ ਢੰਗ ਨਾਲ ਕੀਤੀ।

### ਨਾਗੋਕੀ ਸਰਲੀ (ਲਾਇਲਪੁਰ) ਵਿਖੇ ਅਖੰਡ ਪਾਠ ਅਤੇ ਅੰਮ੍ਰਿਤ ਸੰਚਾਰ ਸਮਾਗਮ

ਫਿਰ ਆਪ ਜੀ ਨੇ ਪਰਿਵਾਰ ਸਮੇਤ ਪਾਕਿਸਤਾਨ ਵਿਚ ਲਾਇਲਪੁਰ ਦੀ ਬਾਰ ਵਿੱਚ ਜ਼ਮੀਨ ਖਰੀਦ ਕੇ ਉੱਥੇ ਖੇਤੀਬਾੜੀ ਦਾ ਕੰਮ ਸ਼ੁਰੂ ਕਰ ਦਿੱਤਾ। ਇਨ੍ਹਾਂ ਦੇ ਸਭ ਤੋਂ ਛੋਟੇ ਵੀਰ ਬਾਊ ਮਲ ਜੀ, ਕਰਨਲ ਪਿਆਰਾ ਸਿੰਘ ਜੀ ਦੀ ਪ੍ਰੇਰਨਾ ਨਾਲ ਅੰਮ੍ਰਿਤ ਛਕ ਕੇ ਤਿਆਰ ਬਰ ਤਿਆਰ ਹੋ ਗਏ ਸਨ। ਉਸ ਤੋਂ ਬਾਅਦ ਸੰਨ 1910 ਵਿੱਚ, ਭਾਈ ਸਾਹਿਬ ਜੀ ਨਾਲ ਮੇਲ ਮਿਲਾਪ ਤੋਂ ਬਾਅਦ, ਬਾਊ ਜੀ ਦੀ ਸਿੰਘਣੀ ਅਤੇ ਛੋਟੇ ਬੱਚਿਆਂ ਨੇ ਵੀ ਅੰਬਾਲਾ ਛਾਉਣੀ ਦੇ ਇੱਕ ਸਮਾਗਮ ਤੇ ਅੰਮ੍ਰਿਤ ਛਕ ਲਿਆ ਸੀ। ਫਿਰ ਬਾਊ ਜੀ ਨੇ ਬਾਕੀ ਪਰਿਵਾਰ ਮੈਂਬਰਾਂ ਨੂੰ ਗੁਰੂ ਚਰਨਾਂ ਨਾਲ ਜੋੜਨ ਦਾ ਉੱਦਮ ਧਾਰਿਆ। ਇਸ ਮਕਸਦ ਲਈ ਸਭ ਤੋਂ ਪਹਿਲਾਂ ਸਾਲ 1913 ਵਿੱਚ ਆਪਣੇ ਜੱਦੀ ਪਿੰਡ ਸਰਲੀ ਨਾਗੋ ਕੀ ਜ਼ਿਲ੍ਹਾ ਅੰਮ੍ਰਿਤਸਰ ਵਿੱਚ ਜਥੇ ਸਮੇਤ ਭਾਈ ਸਾਹਿਬ ਜੀ ਨੂੰ ਬੁਲਾ ਕੇ ਸ੍ਰੀ ਅਖੰਡ ਪਾਠ ਸਮਾਗਮ ਰਚਾਇਆ ਤੇ ਪਰਿਵਾਰ ਨੂੰ ਅੰਮ੍ਰਿਤ ਛਕਣ ਲਈ ਪ੍ਰੇਰਿਆ। ਉਸ ਵੇਲੇ ਬਿਬੇਕ ਰਹਿਤ ਰੱਖਣੀ ਲਾਜ਼ਮੀ ਸੀ ਤੇ ਬਾਰ ਦੇ ਇਲਾਕੇ ਵਿੱਚ ਪਾਣੀ ਦੀ ਕਿੱਲਤ ਦੀ ਮਜਬੂਰੀ ਕਰਕੇ ਪਰਿਵਾਰ ਵੱਲੋਂ ਅੰਮ੍ਰਿਤ ਛਕਣ ਤੋਂ ਅਸਮਰੱਥਾ ਪ੍ਰਗਟਾਈ ਗਈ ਪ੍ਰੰਤੂ ਬਾਊ ਜੀ ਨੇ ਕਰੜਾਈ ਕਰਦੇ ਹੋਏ ਪਰਿਵਾਰ ਨਾਲੋਂ ਰਿਸ਼ਤਾ ਤੋੜ ਲਿਆ।

ਗੁਰੂ ਕੇ ਭਾਣੇ ਵਿਚ ਸ੍ਰੀ ਮਾਨ ਬਾਊ ਜੀ ਵਲੋਂ ਪਰਿਵਾਰ ਨਾਲ, ਅੰਮ੍ਰਿਤ ਛਕਣ ਤਕ ਨਾ-ਮਿਲਵਰਤਣ ਕਰਨ ਦੀ ਕਰੜਾਈ, ਰੰਗ ਲਿਆਈ। ਦਾਸ ਦੇ ਪਿਤਾ ਸ. ਵਰਿਆਮ ਸਿੰਘ ਜੀ ਨੇ ਬਾਰ ਵਿਚ ਆਪਣੇ ਪਿੰਡ ਨਾਗੋਕੀ-ਸਰਲੀ ਜ਼ਿਲ੍ਹਾ ਲਾਇਲਪੁਰ ਵਿਚ ਪੁੱਜ ਕੇ ਆਪਣੇ ਪਰਿਵਾਰ ਨਾਲ ਸਲਾਹ ਕੀਤੀ। ਕੁਝ ਸਮੇਂ ਬਾਅਦ ਸੱਚੇ ਪਾਤਸ਼ਾਹ ਨੇ ਹਿੰਮਤ ਬਖਸ਼ੀ ਤੇ ਮਨ ਤਕੜਾ ਹੋ ਗਿਆ। ਅੰਮ੍ਰਿਤ ਛਕਣ ਲਈ ਤਿਆਰ-ਬਰ-ਤਿਆਰ ਹੋ ਕੇ ਅੰਮ੍ਰਿਤ ਦੇ ਪਾਤਰ ਬਣਨ ਲਈ ਕਮਰਕੱਸੇ ਕਰ ਲਏ। ਪਿਤਾ ਜੀ ਨੇ ਆਪਣੇ ਛੋਟੇ ਵੀਰ ਬਾਊ ਮੱਲ ਸਿੰਘ ਜੀ ਨੂੰ ਚਿੱਠੀ ਲਿਖੀ, "ਵੀਰ ਜੀ, ਅਸੀਂ ਸਾਰਾ ਪਰਿਵਾਰ ਅੰਮ੍ਰਿਤ ਛਕਣ ਲਈ ਬਿਲਕੁਲ ਤਿਆਰ ਹਾਂ। ਮਨ ਪੱਕਾ ਹੋ ਗਿਆ ਹੈ ਤੇ ਆਪਣੀ ਏਹੜ-ਤੇਹੜ ਛਡ ਬੈਠਾ ਹੈ ਅਤੇ ਹੁਣ ਗੁਰੂ ਦੀ ਕਿਰਪਾ ਨਾਲ ਸਾਰੀ ਢਿਲ-ਮੱਠ ਮੁਕ ਗਈ ਹੈ। ਆਪ ਜੀ ਕਿਰਪਾ ਕਰੋ ਅਤੇ ਗੁਰਮੁਖ ਪਿਆਰਿਆਂ ਦੇ ਜਥੇ ਸਮੇਤ ਦਰਸ਼ਨ ਬਖਸ਼ੋ। ਜੇ ਤੁਸੀਂ ਨਾ ਆਏ ਅਤੇ ਗੁਰੂ-ਭਾਣੇ ਵਿਚ ਜੇ ਸਰੀਰ ਬਿਨਸ ਜਾਏ ਤਾਂ ਇਸ ਦੀ ਜ਼ਿੰਮੇਵਾਰੀ ਆਪ ਜੀ ਦੀ ਹੋਵੇਗੀ।"

ਪੱਤਰ ਪੁੱਜਣ 'ਤੇ ਮਾਨਯੋਗ ਬਾਊ ਜੀ ਨੇ ਭਾਈ ਸਾਹਿਬ ਪਾਸ ਨਾਰੰਗਵਾਲ ਪੁਜ ਕੇ ਬੇਨਤੀ ਕੀਤੀ ਕਿ ਦਾਸ ਦੇ ਵੀਰ-ਪਰਿਵਾਰ 'ਤੇ ਬਖਸ਼ਿਸ਼ ਕਰੋ ਅਤੇ ਬਾਰ ਵਿਚ ਪੁੱਜ ਕੇ ਸਮਾਗਮ ਰਚੋ ਤੇ ਪਰਵਾਰ ਨੂੰ ਜਹਾਜ਼ੇ ਚੜ੍ਹਾਓ। ਪ੍ਰੇਮ



www.AKJ.Org

ਕੁਠੀਆਂ ਰੂਹਾਂ ਦੇ ਪ੍ਰੇਮ-ਉਛਾਲਿਆਂ ਅਗੇ ਕੌਣ ਹੁੱਤ ਕਰੇ? ਭਾਈ ਸਾਹਿਬ ਜੀ ਨੇ ਖੁਸ਼ੀ ਨਾਲ ਪਰਵਾਨਗੀ ਦੇ ਦਿੱਤੀ। ਸਮਾਗਮ ਦੀਆਂ ਤਰੀਕਾਂ ਮਿਥ ਲਈਆਂ ਗਈਆਂ। ਮਿਥੇ ਸਮੇਂ 'ਤੇ ਬਾਊ ਜੀ, ਸ੍ਰੀਮਾਨ ਭਾਈ ਸਾਹਿਬ ਜੀ, ਸਾਰਾ ਜਥਾ ਨਾਲ ਲੈ ਕੇ ਨਾਗੋਕੀ ਸਰਲੀ ਜ਼ਿਲ੍ਹਾ ਲਾਇਲਪਾਰ ਪੁਜ ਗਏ। ਜਥੇ ਨੇ ਪਿੰਡ ਤੋਂ ਤਕਰੀਬਨ ਅੱਧਾ ਮੀਲ ਦੂਰੀ ਤੋਂ ਕੀਰਤਨ ਕਰਨਾ ਸ਼ੁਰੂ ਕਰ ਦਿੱਤਾ। ਅਗਲੇ ਪਾਸੇ ਵੀ ਪਿੰਡ ਦੀ ਸੰਗਤ ਕੀਰਤਨ ਕਰਦੀ ਉਡੀਕ ਰਹੀ ਸੀ। ਇਹ ਸ਼ਬਦ ਪੜ੍ਹਿਆ ਜਾ ਰਿਹਾ ਸੀ-

**ਗੁਰਮੁਖਿ ਪਿਆਰੇ ਆਇ ਮਿਲੁ ਮੈ ਚਿਰੀ ਵਿਛੁੰਨੇ ਰਾਮ ਰਾਜੇ ॥੩॥੧੯॥**

(ਆਸਾ ਮ: ੪ ਛੰਤ, ਪੰਨਾ ੪੪੯)

ਪਿੰਡ ਦੀ ਚੜਦੀ ਗੁੱਠੇ ਮਿਲਾਪ ਹੋਇਆ, ਜਿਥੇ ਦੋਵੇਂ ਜਥੇ ਆਮ੍ਹੋ ਸਾਹਮਣੇ ਕਿੰਨਾ ਚਿਰ ਕੀਰਤਨ ਕਰਦੇ ਰਹੇ, ਤੇ ਫਿਰ ਘਰ ਪੁੱਜ ਗਏ। ਇਲਾਕੇ ਵਿਚ ਇਹ ਖ਼ਬਰ ਪੁਜਣ ਨਾਲ ਸੰਗਤਾਂ ਵਿਚ ਉਤਸ਼ਾਹ ਜਾਗ ਪਿਆ। ਸਾਰੇ ਸਮਾਗਮ ਵਿਚ ਬੇਅੰਤ ਸੰਗਤਾਂ ਦਰਸ਼ਨ ਦਿੰਦੀਆਂ ਰਹੀਆਂ। ਸ੍ਰੀ ਅਖੰਡਪਾਠ ਦਾ ਇਹ ਸਮਾਗਮ ਇਲਾਕੇ ਦਾ ਇਕ ਵੱਡਾ ਦੀਵਾਨ ਹੋ ਨਿਬੜਿਆ। ਅਖੰਡਪਾਠ ਦੇ ਨਾਲ ਸਰਬ ਲੋਹੀ ਬਿਬੇਕ ਦਾ ਲੰਗਰ, ਸਮਾਗਮ ਨੂੰ ਬੜਾ ਰੰਗ ਲਾ ਰਿਹਾ ਸੀ। ਘਰ ਵਾਲੇ ਤੇ ਇਲਾਕੇ ਦੇ ਹੋਰ ਪ੍ਰੇਮੀ ਸੇਵਾ ਵਿਚ ਲੱਕ ਬੰਨ੍ਹ ਕੇ ਜੁੱਟੇ ਹੋਏ ਸਨ।

ਸ੍ਰੀ ਆਸਾ ਦੀ ਵਾਰ ਦੇ ਕੀਰਤਨ ਉਪਰੰਤ ਸ੍ਰੀ ਅਖੰਡਪਾਠ ਰਖਿਆ ਗਿਆ ਅਤੇ ਭੋਗ ਪਿਛੋਂ ਫਿਰ ਆਸਾ ਦੀ ਵਾਰ ਦਾ ਕੀਰਤਨ ਹੋਇਆ, ਜਿਸ ਦਾ ਭੋਗ ਦੁਪਹਿਰ ਪਿਛੋਂ ਪਿਆ ਤੇ ਅੰਮ੍ਰਿਤ-ਸੰਚਾਰ ਸ਼ੁਰੂ ਹੋ ਗਿਆ। ਪੰਜਾਂ ਪਿਆਰਿਆਂ ਵਿਚ ਸ੍ਰੀ ਮਾਨ ਭਾਈ ਸਾਹਿਬ, ਮਾਨਯੋਗ ਬਾਊ ਜੀ, ਭਾਈ ਅਤਰ ਸਿੰਘ ਜੀ, ਗਿਆਨੀ ਦਲੀਪ ਸਿੰਘ ਜੀ ਤੇ ਭਾਈ ਸੁਰਜਨ ਸਿੰਘ ਜੀ ਅਤੇ ਇਕ ਸਿੰਘ ਹੋਰ ਸ਼ਾਮਲ ਹੋਏ। ਆਪਣੇ ਪਰਵਾਰ ਤੋਂ ਇਲਾਵਾ ਡਾਕਟਰ ਗੁਰਬਖਸ਼ ਸਿੰਘ ਜੀ ਰਾਵਲਪਿੰਡੀ ਵਾਲੇ, ਜੋ ਇਥੇ ਸਰਕਾਰੀ ਹਸਪਤਾਲ ਵਿਚ ਡਾਕਟਰ ਸਨ, ਤੇ ਉਨ੍ਹਾਂ ਦਾ ਪਰਿਵਾਰ, ਭਾਈ ਤ੍ਰਿਪਤ ਸਿੰਘ ਜੀ, ਜੋ ਪਿਛੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਰਹੇ, ਪਰਿਵਾਰ ਸਮੇਤ ਅਤੇ ਇਲਾਕੇ ਦੇ ਹੋਰ ਉੱਘੇ ਪਰਿਵਾਰਾਂ ਨੇ ਅੰਮ੍ਰਿਤ ਪਾਨ ਕੀਤਾ। ਸਾਰੇ ਸਮਾਗਮਾਂ ਦੇ ਭੋਗ ਪੈਣ 'ਤੇ ਜਥਾ ਬੜੀ ਨਿਰਾਲੀ ਸ਼ਾਨ ਨਾਲ ਪਿੰਡ ਤੋਂ ਬਾਹਰ ਇਕ ਮੀਲ ਤਕ ਕੀਰਤਨ ਕਰਦਾ ਹੋਇਆ ਵਿਦਾ ਹੋਇਆ। ਉਦੋਂ ਦਾ ਇਕ ਸ਼ਬਦ ਅਜੇ ਵੀ ਕੰਨਾਂ ਵਿਚ ਗੂੰਜਾਂ ਗੁੰਜਾਉਂਦਾ ਹੈ। ਸ਼ਬਦ ਸੀ:-

**ਬੀਰਾ ਬੀਰਾ ਕਰਿ ਰਹੀ ਬੀਰ ਭਏ ਬੈਰਾਇ ॥ ਬੀਰ ਚਲੇ ਘਰਿ ਆਪਣੈ ਬਹਿਣ ਬਿਰਹਿ ਜਲਿ ਜਾਇ ॥**

(ਓਅੰਕਾਰ, ਰਾਮਕਲੀ ਮ: ੧, ਪੰਨਾ ੯੩੫)

ਜਥੇ ਨੂੰ ਅਬਾਸਪੁਰ ਸਟੇਸ਼ਨ 'ਤੇ ਗੱਡੀ-ਸਵਾਰ ਕਰ ਕੇ, ਉਨ੍ਹਾਂ ਦੀਆਂ ਖੁਸ਼ੀਆਂ ਲੈਂਦੇ ਹੋਏ ਮਾਨਯੋਗ ਬਾਊ ਜੀ, ਪਿਤਾ ਜੀ ਤੇ ਦਾਸ ਵਾਪਸ ਪਿੰਡ ਪੁਜ ਗਏ। ਇਸ ਗੁਰਮਤਿ ਸਮਾਗਮ ਦੀ ਸਾਰੇ ਇਲਾਕੇ ਵਿਚ ਧੁੰਮ ਪੈ ਗਈ ਤੇ ਬੜੀ ਮਹਿਮਾ ਹੋਈ। ਇਹ ਸਮਾਗਮ 1914 ਈਸਵੀ ਵਿਚ ਹੋਇਆ ਸੀ।

ਡਾਕਟਰ ਗੁਰਬਖਸ਼ ਸਿੰਘ ਜੀ ਓਹੋ ਹੀ ਗੁਰਮੁਖ ਡਾਕਟਰ ਸਨ, ਜੋ ਲਾਇਲਪੁਰ ਤੋਂ ਬਦਲ ਕੇ 1928 ਵਿਚ ਰਾਵਲਪਿੰਡੀ ਸ਼ਹਿਰ ਵਿਚ ਜਾ ਲਗੇ ਸਨ। ਇਨ੍ਹਾਂ ਦੇ ਉਪਰਾਲੇ ਸਦਕਾ ਹੀ ਬਾਊ ਜੀ, ਸਣੇ ਜਥੇ ਦੇ ਰਾਵਲਪਿੰਡੀ ਪੁਜ ਕੇ ਗੁਰਮਤਿ ਸਮਾਗਮ ਕਰਦੇ ਰਹੇ। ਸ੍ਰੀਮਾਨ ਭਾਈ ਸਾਹਿਬ ਰਣਧੀਰ ਸਿੰਘ ਜੀ ਤਦੋਂ ਅਜੇ ਜੇਲ੍ਹ-ਯਾਤਰਾ ਹੀ ਕਰ ਰਹੇ ਸਨ। 1930 ਵਿਚ ਜੇਲ੍ਹ ਤੋਂ ਰਿਹਾ ਹੋਣ ਪਿਛੋਂ ਰਾਵਲਪਿੰਡੀ ਦੇ ਸਮਾਗਮਾਂ ਵਿਚ ਭਾਈ ਸਾਹਿਬ ਜੀ ਜਥੇ ਨਾਲ ਸ਼ਾਮਲ ਹੁੰਦੇ ਰਹੇ।

ਅੰਮ੍ਰਿਤ ਛਕ ਕੇ ਤਿਆਰ-ਬਰ-ਤਿਆਰ ਹੋ ਕੇ ਪਿਤਾ ਜੀ ਨੂੰ ਗਜ ਗਜ ਲਾਲੀਆਂ ਚੜ੍ਹ ਗਈਆਂ। ਆਪ ਜੀ ਨੇ ਸਾਰੇ ਪਰਿਵਾਰ ਲਈ ਬਿਬੇਕ ਦਾ ਜਲ ਢੋਣ ਦੀ ਸੇਵਾ ਆਪਣੇ ਜ਼ਿੰਮੇ ਲੈ ਲਈ। ਖੂਹ 'ਚੋਂ ਜਲ ਕੱਢਣ ਲਈ ਲੱਜ, ਪੀਪਾ



www.AKJ.Org

ਤੇ ਵਹਿੰਗੀ ਬਣਵਾ ਲਈ ਅਤੇ 14 ਸਾਲ ਸਾਰੇ ਪਰਿਵਾਰ ਲਈ ਜਲ ਢੋਣ ਦੀ ਸੇਵਾ ਕੀਤੀ। ਇਹ ਦਾਤਾ ਜੀ ਦੀ ਬਖਸ਼ਿਸ਼ ਸੀ। ਫਿਰ ਘਰ ਵਿਚ ਹੀ ਖੂਹੀ ਲਗਵਾ ਲਈ ਤੇ ਸਾਰਾ ਕੰਮ ਠੀਕ ਠਾਕ ਹੋ ਗਿਆ।

ਸ੍ਰੀਮਾਨ ਭਾਈ ਸਾਹਿਬ ਰਣਧੀਰ ਸਿੰਘ ਜੀ ਆਪ ਜੀ ਨੂੰ ਪਿਆਰ ਸਤਿਕਾਰ ਵਜੋਂ "ਗਵਰਨਰ ਸਾਹਿਬ" ਕਹਿ ਕੇ ਬੁਲਾਉਂਦੇ ਹੁੰਦੇ ਸਨ ਅਤੇ ਦੂਰ ਬੈਠੇ ਹੋਇਆਂ ਨੂੰ ਕੀਰਤਨ-ਸਮਾਗਮਾਂ 'ਤੇ ਸਦ ਭੇਜਦੇ ਹੁੰਦੇ ਸਨ। ਸ੍ਰੀ ਕਰਤਾਰਪੁਰ ਰਾਵੀ, ਗੁਰਦੁਆਰਾ ਡੇਹਰਾ ਬਾਬਾ ਨਾਨਕ ਸਾਹਿਬ, ਸ੍ਰੀ ਅੰਮ੍ਰਿਤਸਰ ਤੇ ਸਚਖੰਡ ਹਜ਼ੂਰ ਸਾਹਿਬ ਵਿਖੇ ਸ੍ਰੀਮਾਨ ਭਾਈ ਸਾਹਿਬ ਜੀ ਆਪ ਜੀ ਨੂੰ ਜਥੇ ਦੇ ਨਾਲ ਲੈ ਕੇ ਗਏ ਸਨ।

ਸਿੱਖੀ ਦੀ ਲਗਨ, ਗੁਰਬਾਣੀ, ਨਿਤਨੇਮ, ਸ਼ਬਦ ਕੀਰਤਨ ਤੇ ਗੁਰਦੁਆਰੇ ਨਾਲ ਪ੍ਰੇਮ ਤਾਂ ਆਪ ਨੂੰ ਬਚਪਨ ਤੋਂ ਹੀ ਵਿਰਸੇ ਵਿਚ ਮਿਲਿਆ ਸੀ। ਆਪ ਜੀ ਤੇ ਮਾਨਯੋਗ ਬਾਊ ਜੀ ਦੇ ਉੱਦਮ ਨਾਲ ਸਾਰੇ ਇਲਾਕੇ ਵਿਚ ਕੀਰਤਨ ਸਮਾਗਮ ਸ਼ੁਰੂ ਹੋ ਗਏ ਅਤੇ ਦੂਰ ਨੇੜੇ ਇਨ੍ਹਾਂ ਦੇ ਪਰਿਵਾਰ ਦੀ **"ਭਗਤੁ ਭਗਤੁ ਜਗਿ ਵਜਿਆ"** ਵਾਲੀ ਸ਼ੋਭਾ ਫੈਲ ਗਈ। ਸ੍ਰੀ ਅਖੰਡਪਾਠ ਤੇ ਅੰਮ੍ਰਿਤ-ਸੰਚਾਰ ਸਮਾਗਮ ਕੀਤੇ ਜਾਂਦੇ ਰਹੇ।

ਜਿਥੇ ਆਪ ਨੂੰ ਪੰਥ ਸੇਵਾ ਦਾ ਸ਼ੁਰੂ ਤੋਂ ਹੀ ਬੜਾ ਚਾਅ ਸੀ, ਉਥੇ ਵਿਦਿਆ-ਪਰਚਾਰ ਦਾ ਸ਼ੌਂਕ ਕੋਈ ਘਟ ਨਹੀਂ ਸੀ। ਖਾਲਸਾ ਹਾਈ ਸਕੂਲ ਚੱਕ 41 ਝੰਗ ਬਰਾਂਚ ਅਤੇ ਖਾਲਸਾ ਹਾਈ ਸਕੂਲ ਲਾਇਲਪੁਰ ਦੇ ਆਪ ਮੋਢੀਆਂ ਵਿਚੋਂ ਸਨ। ਆਪ "ਬਾਰ ਖਾਲਸਾ ਦੀਵਾਨ" ਦੇ ਉਘੇ ਮੈਂਬਰ ਬਣ ਗਏ। ਇਸ ਨਾਲ ਆਪ ਦਾ ਮੇਲ ਸ. ਤੇਜਾ ਸਿੰਘ ਜੀ ਸਮੁੰਦਰੀ, ਸ. ਹਰਚਰਨ ਸਿੰਘ ਤੇ ਮਾਸਟਰ ਤਾਰਾ ਸਿੰਘ ਜੀ ਨਾਲ ਹੋ ਗਿਆ, ਜੋ ਉਸ ਵੇਲੇ ਲਾਇਲਪੁਰ ਸਕੂਲ ਦੇ ਹੈੱਡ-ਮਾਸਟਰ ਸਨ।

## ਗੁ: ਰਕਾਬ ਗੰਜ ਦੀ ਕੰਧ ਦਾ ਮੋਰਚਾ

1911 ਵਿਚ ਜਦੋਂ ਅੰਗਰੇਜ਼ਾਂ ਨੇ ਕਲਕਤੇ ਦੀ ਥਾਂ ਦਿੱਲੀ ਰਾਜਧਾਨੀ ਬਣਾਈ ਤਾਂ 'ਰਾਏ ਸੀਨਾ' ਵਾਇਸਰਾਏ ਦੇ ਦਫ਼ਤਰ ਬਣਾਉਣ ਦੇ ਨਕਸ਼ੇ ਵਿਚ ਗੁ: ਰਕਾਬ ਗੰਜ ਦੀ ਦੀਵਾਰ ਆਉਂਦੀ ਸੀ। ਸੰਨ 1914 ਵਿਚ ਸਰਕਾਰ ਨੇ ਕੰਧ ਢਾਅ ਕੇ ਸੜਕ ਸਿੱਧੀ ਕਰ ਲਈ। ਸਿਖ ਸੰਗਤਾਂ ਵਿਚ ਇਸ ਦੇ ਵਿਰੁੱਧ ਬੜਾ ਜੋਸ਼ ਜਾਗ ਪਿਆ। ਭਾਈ ਸਾਹਿਬ ਰਣਧੀਰ ਸਿੰਘ ਜੀ ਨਾਰੰਗਵਾਲ, ਬਾਬਾ ਕੇਹਰ ਸਿੰਘ ਜੀ ਪੱਟੀ ਅਤੇ ਲਾਇਲਪੁਰ ਦੇ ਬਾਰ ਖਾਲਸਾ ਦੀਵਾਨ ਦੇ ਮੁਖੀ ਸ. ਤੇਜਾ ਸਿੰਘ ਸਮੁੰਦਰੀ, ਸ. ਤਾਰਾ ਸਿੰਘ, ਸ. ਹਰਚਰਨ ਸਿੰਘ ਤੇ ਭਾਈ ਵਰਿਆਮ ਸਿੰਘ ਜੀ ਇਸ ਧਰਮ ਲਹਿਰ ਵਿਚ ਕੁੱਦ ਪਏ।

ਚੀਫ਼ ਖਾਲਸਾ ਦੀਵਾਨ ਨੇ ਸਿਖ ਸੰਗਤਾਂ ਦੀ ਰਾਏ ਲੈਣ ਲਈ ਅੰਮ੍ਰਿਤਸਰ ਵਿਖੇ ਇਕ ਪ੍ਰਤੀਨਿਧ ਕਾਨਫ਼ਰੰਸ ਸੱਦੀ, ਜਿਸ ਵਿਚ ਬਾਰ ਖਾਲਸਾ ਦੀਵਾਨ ਦੇ ਉਪਰੋਕਤ ਮੁਖੀ ਵੀ ਪੁਜ ਗਏ ਅਤੇ ਭਾਈ ਵਰਿਆਮ ਸਿੰਘ ਜੀ ਦੀ ਤਾਂ ਉਚੇਚੀ ਡਿਊਟੀ ਇਸ ਕਾਨਫ਼ਰੰਸ ਵਿਚ ਸ਼ਾਮਲ ਹੋਣ ਦੀ ਲਾਈ ਗਈ ਸੀ। ਜਦੋਂ ਚੀਫ਼ ਖਾਲਸਾ ਦੀਵਾਨ ਦੇ ਮੁੱਖੀਆਂ ਨੇ ਕੰਧ ਢਾਹੇ ਜਾਣ ਦੇ ਹੱਕ ਵਿਚ ਬੋਲਿਆ ਤਾਂ ਆਪ ਨੇ ਬੜੇ ਗਰਜਵੇਂ ਸ਼ਬਦਾਂ ਵਿਚ ਕਿਹਾ, "ਸਾਨੂੰ ਇਹ ਮਤਾ ਨਹੀਂ ਮਨਜ਼ੂਰ, ਅਸੀਂ ਕੰਧ ਨਹੀਂ ਢਾਹੁਣ ਦਿਆਂਗੇ, ਕਰਾਂਗੇ ਜਾਂ ਮਰਾਂਗੇ।" ਸਾਰੇ ਸਮਾਗਮ ਵਿਚ ਖੱਪ ਪੈ ਗਈ, ਕੁਝ ਹੱਥੋਪਾਈ ਵੀ ਹੋਈ। ਚੀਫ਼ ਖਾਲਸਾ ਦੀਵਾਨ ਦੇ ਮੁਖੀ ਤਾਂ ਸਟੇਜ ਛਡ ਕੇ ਹੀ ਹਰਨ ਹੋ ਗਏ।

ਇਸ ਤੋਂ ਇਲਾਵਾ ਥਾਂ-ਪਰ-ਥਾਂ ਸਿਖੀ ਜਜ਼ਬੇ ਵਿਚ ਇਨ੍ਹਾਂ ਗੁਰਸਿਖ ਮਰਜੀਵੜਿਆਂ ਵਲੋਂ ਇਸ ਸਰਕਾਰ-ਵਿਰੋਧੀ ਮੁਹਿੰਮ ਦੇ ਹੱਕ ਵਿਚ ਦੀਵਾਨ ਹੋਏ। ਅਖ਼ੀਰ ਸਰਕਾਰ ਨੂੰ ਝੁਕਣਾ ਪਿਆ ਅਤੇ ਦੁਬਾਰਾ ਕੰਧ ਨੂੰ ਉਸਾਰਨਾ ਪਿਆ।

## ਗੁਰੂ ਕੇ ਬਾਗ ਦਾ ਮੋਰਚਾ

ਗੁਰਦੁਆਰਾ ਸੁਧਾਰ ਲਹਿਰ (1921-25) ਵਿਚ ਕਈ ਮੋਰਚੇ ਲਗੇ। ਉਨ੍ਹਾਂ ਵਿਚੋਂ ਗੁਰੂ ਕੇ ਬਾਗ਼ ਦਾ ਮੋਰਚਾ ਵਿਸ਼ੇਸ਼ ਮਹੱਤਤਾ ਰਖਦਾ ਹੈ। ਇਸ ਮੋਰਚੇ ਵਿਚ ਲਾਇਲਪੁਰ ਦੇ ਪੰਜਵੇਂ ਜਥੇ ਦੀ ਖਾਸ ਮਹੱਤਤਾ ਹੈ। ਸੌ ਸਿੰਘਾਂ ਦੇ ਇਸ



www.AKJ.Org

ਜਥੇ ਨੇ ਜ਼ਾਲਮ ਬੀ. ਟੀ. ਅਤੇ ਉਸ ਦੇ ਪੁਲਸ-ਧਾੜਵੀਆਂ ਦੀਆਂ ਕਹਿਰੀ ਡਾਂਗਾਂ ਦੀ ਮਾਰ, ਜਿਸ ਸ਼ਾਨਦਾਰ ਸਿੰਘਾਊ ਜਜ਼ਬੇ ਨਾਲ ਖਾਧੀ, ਉਸ ਨੇ ਸ਼ਾਂਤਮਈ ਅਕਾਲੀ ਸਤਿਆਗ੍ਰਹਿ ਦੀ ਧਾਂਕ ਦੇਸ-ਪਰਦੇਸ ਵਿਚ ਬਿਠਾ ਦਿੱਤੀ। ਇਹ ਸਭ ਕੁਝ ਅੱਖੀਂ ਵੇਖ ਕੇ ਹੀ ਕਾਂਗਰਸ ਦੇ ਪ੍ਰਸਿੱਧ ਨੇਤਾ ਪੰ: ਮਦਨ ਮੋਹਨ ਮਾਲਵੀਆ ਜੀ ਚਕ੍ਰਿਤ ਰਹਿ ਗਏ ਅਤੇ ਉਨ੍ਹਾਂ ਨੂੰ ਕਹਿਣਾ ਪਿਆ ਕਿ ਸਿੱਖ ਕੌਮ ਬੜੇ ਹੌਂਸਲੇ ਵਾਲੀ ਅਤੇ ਅਤਿ ਦਰਜੇ ਦੀ ਸ਼ਾਂਤਮਈ ਨਿਭਾ ਸਕਣ ਵਾਲੀ ਬਹੁਤ ਬਹਾਦਰ ਕੌਮ ਹੈ ਅਤੇ ਨਾਲ ਹੀ ਕਿਹਾ ਕਿ ਜੇ ਭਾਰਤ ਅਜ਼ਾਦ ਕਰਾਉਣਾ ਹੈ ਤਾਂ ਹਰੇਕ ਹਿੰਦੂ ਘਰ ਵਿਚੋਂ ਇਕ ਇਕ ਬੱਚਾ ਸਿੰਘ ਬਨਾਉਣਾ ਚਾਹੀਦਾ ਹੈ।

ਇਸ ਪੰਜਵੇਂ ਸ਼ਹੀਦੀ ਜਥੇ ਵਿਚ ਸਾਡੇ ਬਜ਼ੁਰਗ ਭਾਈ ਵਰਿਆਮ ਸਿੰਘ ਜੀ, ਸ੍ਰ. ਪ੍ਰਿਥੀਪਾਲ ਸਿੰਘ ਜੀ ਦੀ ਜਥੇਦਾਰੀ ਹੇਠਾਂ ਸ਼ਾਮਲ ਹੋਏ। ਇਹ ਪ੍ਰਿਥੀਪਾਲ ਸਿੰਘ ਦੁੱਧਾਂ ਮੱਖਣਾਂ ਦਾ ਪਲਿਆ ਹੋਇਆ ਸ਼ੇਰਨੀ (ਸਿੰਘਣੀ) ਮਾਂ ਦਾ ਪਾਲਿਆ ਹੋਇਆ ਛੇ-ਫੁਟ ਲੰਮਾ ਭਰਵਾਂ ਜਵਾਨ ਸੀ। ਖਾਲਸਾ ਕਾਲਜ ਵਿਚ ਪੜ੍ਹਨ ਸਮੇਂ ਬਦਾਮਾਂ ਦੀ ਬੋਰੀ ਅਤੇ ਦੋ ਦੋ ਪੀਪੇ ਘਿਓ ਦੇ ਇਸ ਦੇ ਛਕਣ ਲਈ ਪਏ ਰਹਿੰਦੇ ਸਨ। ਇਸ ਦੀ ਮਾਂ ਨੇ ਇਸ ਨੂੰ ਇਹ ਗਲ ਪੱਕੀ ਕਰ ਕੇ ਘਰੋਂ ਤੋਰਿਆ, "ਵੇਖੀਂ ਪੁੱਤਰਾ, ਮੇਰੇ ਦੁੱਧ ਨੂੰ ਲਾਜ ਨਾ ਲਾਈਂ, ਗੁਰੂ ਪੰਥ ਦਾ ਸ੍ਰੀ ਅਕਾਲ ਤਖ਼ਤ ਤੋਂ ਮਿਲਿਆ ਹੁਕਮ ਸਿਰ ਧੜ ਦੀ ਬਾਜ਼ੀ ਨਾਲ ਨਿਭਾਈਂ।"

ਸ. ਪ੍ਰਿਥੀਪਾਲ ਸਿੰਘ ਤੇ ਦਾਸ ਕਾਲਜ ਵਿਚ ਬੜੇ ਮਿੱਤਰ ਸਾਂ। ਦਾਸ ਹਾਕੀ ਦਾ ਅਤੇ ਉਹ ਕ੍ਰਿਕਟ ਦੀ ਟੀਮ ਦਾ ਬਹੁਤ ਮਸ਼ਹੂਰ ਖਿਲਾੜੀ ਸੀ। ਜਦੋਂ ਲਾਇਲਪੁਰ ਤੋਂ ਇਹ ਜਥਾ ਆ ਰਿਹਾ ਸੀ ਤਾਂ ਦਾਸ ਓਦੋਂ ਖਾਲਸਾ ਕਾਲਜ ਅੰਮ੍ਰਿਤਸਰ ਵਿਚ ਐੱਮ.ਏ. (ਇੰਗਲਿਸ਼) ਵਿਚ ਪੜ੍ਹਦਾ ਸੀ। ਹੋਰ ਮਿੱਤਰਾਂ ਸਾਥੀਆਂ ਨਾਲ ਜਥੇ ਦਾ ਕਾਲਜ ਦੇ ਸਾਹਮਣੇ ਆਦਰ ਸਤਿਕਾਰ ਕੀਤਾ। ਪ੍ਰਿਥੀਪਾਲ ਸਿੰਘ ਨਾਲ ਖ਼ੂਬ ਜੱਫੀਆਂ ਪਾਈਆਂ ਅਤੇ ਫਿਰ ਸ਼ਬਦ ਕੀਰਤਨ ਕਰਦੇ ਸਾਰੇ ਜਥੇ ਨੂੰ ਕਾਲਜ ਦੇ ਗੁਰਦੁਆਰੇ ਲੈ ਗਏ। ਦੁੱਧ ਤੇ ਮਿਠਿਆਈ ਆਦਿ ਨਾਲ ਸੇਵਾ ਕਰਕੇ ਖੁਸ਼ੀਆਂ ਪ੍ਰਾਪਤ ਕੀਤੀਆਂ।

ਕਾਲਜ ਤੋਂ ਤੁਰਨ ਲਗਿਆਂ ਪ੍ਰਿਥੀਪਾਲ ਸਿੰਘ ਜੀ ਨੇ ਦਾਸ ਨੂੰ ਕਿਹਾ ਕਿ ਆਪਾਂ ਇਕੱਠੇ ਕਾਲਜ ਵਿਚ ਖੇਡਦੇ ਰਹੇ ਹਾਂ, ਹੁਣ ਵੀ ਇਕੱਠੇ ਹੀ ਜਥੇ ਵਿਚ ਡਾਂਗਾਂ ਖਾਣ ਲਈ ਚਲੀਏ। ਦਾਸ ਮੰਨ ਗਿਆ। ਸ਼ਾਮ ਨੂੰ ਅਸੀਂ ਦੋਵੇਂ ਮਿੱਤਰ, ਸ. ਤੇਜਾ ਸਿੰਘ ਸਮੁੰਦਰੀ, ਜੋ ਮੋਰਚੇ ਦੇ ਮੁਖੀ ਪ੍ਰਬੰਧਕ ਸਨ, ਨੂੰ ਮਿਲੇ। ਪ੍ਰਿਥੀਪਾਲ ਸਿੰਘ ਨੇ ਉਨ੍ਹਾਂ ਨੂੰ ਕਿਹਾ ਕਿ ਸਾਨੂੰ ਦੋਹਾਂ ਨੂੰ ਜਥੇ ਵਿਚ ਜਾਣ ਦੀ ਆਗਿਆ ਦਿੱਤੀ ਜਾਵੇ। ਸਮੁੰਦਰੀ ਜੀ ਨੇ ਉੱਤਰ ਵਿਚ ਕਿਹਾ, "ਪ੍ਰਿਥੀਪਾਲ ਸਿੰਘ ਜੀ, ਇਸ ਵਿਚ ਮੁਸ਼ੀਕਲ ਇਹ ਹੈ ਕਿ ਠਾਕਰ ਸਿੰਘ ਅੱਜ ਕਲ੍ਹ ਇਥੇ ਖਾਸ ਡਿਊਟੀ 'ਤੇ ਲੱਗਾ ਹੋਇਆ ਹੈ। ਸਾਡੇ ਪਾਸ ਹਿੰਦੋਸਤਾਨ ਦੀਆਂ ਤਿੰਨ ਮਸ਼ਹੂਰ ਅਖ਼ਬਾਰਾਂ-

1. Hindu (ਹਿੰਦੂ) ਮਦਰਾਸ,
2. ਅੰਮ੍ਰਿਤ ਬਜ਼ਾਰ ਪੱਤ੍ਰਕਾ ਕਲਕੱਤਾ ਤੇ
3. Leader (ਲੀਡਰ) ਅਲਾਹਾਬਾਦ ਦੇ ਸੰਪਾਦਕ ਆਏ ਹੋਏ ਹਨ, ਠਾਕਰ ਸਿੰਘ ਉਨ੍ਹਾਂ ਨੂੰ ਪੰਜਾਬੀ ਤੋਂ ਅੰਗਰੇਜ਼ੀ ਤਰਜਮਾ ਕਰ ਕੇ ਦਿੰਦਾ ਹੈ ਤੇ ਫਿਰ ਤਾਰ-ਘਰ ਜਾ ਕੇ ਉਹ ਆਪੋ ਆਪਣੇ ਅਖ਼ਬਾਰਾਂ ਨੂੰ ਤਾਰਾਂ ਭੇਜਦੇ ਹਨ। ਇਹ ਕੰਮ ਬਹੁਤ ਜ਼ਰੂਰੀ ਹੈ ਅਤੇ ਸਿਰਫ਼ ਇਹੋ ਹੀ ਕਰ ਸਕਦਾ ਹੈ। ਇਹ ਮੇਰਾ ਵਾਕਫ਼ ਹੈ ਤੇ ਮੈਂ ਇਸ ਨੂੰ ਕਾਲਜ ਵਿਚੋਂ 'ਸੇਵਾ' ਕਰਨ ਲਈ ਸਦ ਭੇਜਿਆ ਹੈ। ਨਾਲੇ ਇਹ ਉਨ੍ਹਾਂ ਪੱਤਰਕਾਰਾਂ ਦੇ ਰਹਿਣ ਤੇ ਖਾਣੇ ਦਾ ਪ੍ਰਬੰਧ ਵੀ ਕਰ ਰਿਹਾ ਹੈ। ਸੋ ਮੇਰੀ ਮਜਬੂਰੀ ਹੈ। ਨਾਲੇ ਇਨ੍ਹਾਂ ਦੇ ਪਿਤਾ ਜੀ ਜਥੇ ਵਿਚ ਹਿੱਸਾ ਪਾ ਹੀ ਰਹੇ ਹਨ।" ਸਮੁੰਦਰੀ ਜੀ ਨੇ ਪ੍ਰਿਥੀਪਾਲ ਸਿੰਘ ਜੀ ਨੂੰ ਗਲੇ ਲਾ ਕੇ ਵਿਦਾ ਕੀਤਾ।

ਇਹ ਜਥਾ ਇਸ ਮੋਰਚੇ ਵਿਚ ਪਹਿਲਾ ਨੰਬਰ ਲੈ ਗਿਆ। ਬੜੇ ਬਲੀ ਸਿੰਘ ਸੂਰਮੇ ਇਸ ਜਥੇ ਵਿਚ ਸਨ। ਸਿੰਘ ਡਾਂਗਾਂ ਖਾ ਕੇ ਬੇਹੋਸ਼ੀ ਦੀ ਹਾਲਤ ਵਿਚ ਡਿੱਗ ਪੈਂਦੇ ਸਨ, ਪਰ ਹੋਸ਼ ਵਿਚ ਆ ਕੇ ਦੋ ਦੋ ਤਿੰਨ ਤਿੰਨ ਵਾਰੀ ਅੱਗੇ ਵਧਦੇ



www.AKJ.Org

ਸਨ। ਜਥੇ ਦੇ ਜਥੇਦਾਰ ਪ੍ਰਿਥੀਪਾਲ ਸਿੰਘ ਜੀ ਨੇ ਤਾਂ ਮਾਂ ਦੀ ਸਿਖਿਆ ਨੂੰ ਪੂਰੀ ਸਿਦਕ-ਦਿਲੀ ਨਾਲ ਨਿਭਾਇਆ ਅਤੇ ਬੇਹੋਸ਼ੀ ਤੋਂ ਮੁੜ ਮੁੜ ਉਠ ਕੇ ਡਾਂਗਾਂ ਖਾਂਦਾ ਰਿਹਾ।

ਫਿਰ ਇਸ ਬਹਾਦਰ ਯੋਧੇ ਪ੍ਰਿਥੀਪਾਲ ਸਿੰਘ ਨੂੰ, ਜਥੇ ਦੇ ਬਾਕੀ ਜ਼ਖ਼ਮੀ ਸਿੰਘਾਂ ਦੇ ਨਾਲ, ਐਂਬੂਲੈਂਸ ਗੱਡੀਆਂ ਵਿਚ ਪਾ ਕੇ ਸ੍ਰੀ ਅੰਮ੍ਰਿਤਸਰ ਅਕਾਲੀ ਬਾਗ਼ ਕੈਂਪ ਵਿਚ ਲਿਆਂਦਾ ਗਿਆ। ਇਸ ਦਲੇਰ ਨੌਜੁਆਨ ਦੀ ਕੁਟ ਦੀ ਖ਼ਬਰ ਸ਼ਹਿਰ ਪੁਜ ਗਈ ਸੀ। ਸੋ ਇਕ ਡਾਕਟਰ ਇਸ ਉਪਰ ਮਲ੍ਹਮ ਪੱਟੀ ਲਈ ਪਹਿਲਾਂ ਹੀ ਲਾ ਦਿੱਤਾ ਗਿਆ ਸੀ। ਉਸ ਨੇ ਦੇਖਿਆ ਕਿ ਸਾਰੇ ਸਰੀਰ, ਲੱਤਾਂ ਬਾਹਾਂ ਨੂੰ ਡਾਂਗਾਂ ਮਾਰ ਮਾਰ ਕੇ ਚਕਨਾ ਚੂਰ ਕਰ ਸੁੱਟਿਆ ਹੈ। ਵੱਖ-ਵੱਖ ਅੰਗਾਂ ਵਿਚੋਂ ਜਾਂ ਖ਼ੂਨ ਵਗ ਰਿਹਾ ਸੀ ਜਾਂ ਨੀਲ ਪਏ ਹੋਏ ਸਨ। ਅੰਮ੍ਰਿਤਸਰ ਸ਼ਹਿਰ ਦੇ ਹਿੰਦੂ, ਮੁਸਲਮਾਨ, ਸਿੱਖ ਅਤੇ ਮਾਈਆਂ ਬੀਬੀਆਂ, ਇਸ ਸਿੰਘ ਸੂਰਮੇ ਤੇ ਬਾਕੀ ਜਥੇ ਦੇ ਸਿੰਘਾਂ ਦੇ ਦਰਸ਼ਨ ਲਈ ਆਏ ਹੋਏ ਸਨ। ਦਾਸ ਵੀ ਆਪਣੇ ਮਿੱਤਰ ਦੀ ਮਲ੍ਹਮ ਪੱਟੀ ਤੇ ਇਲਾਜ ਲਈ ਪੁਜ ਗਿਆ ਸੀ। ਅਸਾਂ ਸਾਰਿਆਂ ਨੇ ਉਨ੍ਹਾਂ ਦੀ ਖ਼ੂਬ ਸੇਵਾ ਕੀਤੀ। ਬਾਕੀ ਜਥੇ ਦੇ ਸਿੰਘਾਂ ਦੀ ਅਤੇ ਪਿਤਾ ਜੀ ਦੀ ਮਲ੍ਹਮ ਪੱਟੀ ਕੀਤੀ। ਦੋ ਦਿਨ ਆਰਾਮ ਕਰ ਕੇ ਜਥਾ ਵਾਪਸ ਹੋ ਗਿਆ। ਪਿਤਾ ਜੀ ਵੀ ਸਚਖੰਡ ਸ੍ਰੀ ਦਰਬਾਰ ਸਾਹਿਬ ਜੀ ਦੇ ਦਰਸ਼ਨ ਤੇ ਸਰੋਵਰ ਦੇ ਇਸ਼ਨਾਨ ਕਰ ਕੇ ਵਾਪਸ ਪਿੰਡ ਚਲੇ ਗਏ।

ਇਸ ਜਥੇ ਦੀ ਸਿਦਕ-ਦਿਲੀ 'ਅਕਾਲੀ ਲਹਿਰ ਦੇ ਇਤਿਹਾਸ' ਵਿਚ ਗਿਆਨੀ ਪ੍ਰਤਾਪ ਸਿੰਘ ਜੀ ਨੇ ਇਉਂ ਬਿਆਨ ਕੀਤੀ ਹੈ-

"5 ਸਤੰਬਰ 1922 ਨੂੰ ਸਵੇਰੇ 10 ਵਜੇ ਜ਼ਿਲ੍ਹਾ ਲਾਇਲਪੁਰ ਦੇ ਇਕ ਸੌ ਸਿੰਘਾਂ ਦਾ ਜਥਾ ਸ੍ਰੀ ਦਰਬਾਰ ਸਾਹਿਬ ਮੱਥਾ ਟੇਕ, ਗੁਰੂ ਕੇ ਬਾਗ਼ ਨੂੰ ਰਵਾਨਾ ਹੋਇਆ। ਇਸ ਦੇ ਜਥੇਦਾਰ ਸ. ਪ੍ਰਿਥੀਪਾਲ ਸਿੰਘ ਪੁਤਰ ਸੂਬੇਦਾਰ ਨਿਹਾਲ ਸਿੰਘ ਚੱਕ 52 ਮੁਲਾਂਪੁਰ ਤੇ ਮੀਤ ਜਥੇਦਾਰ ਨਾਦਰ ਸਿੰਘ ਪੁਤਰ ਸੂਬੇਦਾਰ ਈਸ਼ਰ ਸਿੰਘ ਸਨ। ਜਥਾ ਰਾਜਾਸਾਂਸੀ ਤੋਂ ਮੀਲ ਉਰੇ ਸੀ ਤਾਂ ਬੱਦਲ ਸ਼ੁਰੂ ਹੋ ਗਿਆ, ਪਰ ਰਾਜਾਸਾਂਸੀ ਪੁਜਣ ਤਕ ਬੱਦਲ ਬੰਦ ਹੋ ਗਿਆ। ਛੀਨੇ ਦੇ ਪੁਲ 'ਤੇ ਡਿਪਟੀ ਕਮਿਸ਼ਨਰ ਨੇ ਜਥੇ ਨੂੰ ਕਿਹਾ, "ਚੰਗਾ ਹੋਵੇ ਜੇ ਤੁਸੀਂ ਮੁੜ ਜਾਉ।" ਜਥੇਦਾਰ ਦਾ ਉੱਤਰ ਸੀ, "ਇਹ ਗੱਲ ਸਾਡੀ ਪ੍ਰਤਿੱਗਿਆ ਦੇ ਉਲਟ ਹੈ। ਅਸੀਂ ਵਾਪਸ ਨਹੀਂ ਜਾਣਾ।"

"ਇਸ ਪਰ ਪੁਲਸ ਨੇ ਮਾਰ ਕੁਟਾਈ ਸ਼ੁਰੂ ਕਰ ਦਿੱਤੀ। ਸਤ ਮਿੰਟ ਤਕ ਮਾਰ ਪੈਂਦੀ ਰਹੀ। " ਸੁੰਮਦਾਰ ਲਾਠੀਆਂ ਸਿੰਘਾਂ 'ਤੇ ਇਸ ਤਰ੍ਹਾਂ ਵਰ੍ਹ ਰਹੀਆਂ ਸਨ ਜਿਵੇਂ ਤੂੜੀ ਕੁਟੀ ਜਾ ਰਹੀ ਹੋਵੇ। ਲਾਠੀਆਂ ਦੀ ਦੜਾਹ ਦੜਾਹ ਦੀ ਅਵਾਜ਼ 'ਵਾਹਿਗੁਰੂ' 'ਵਾਹਿਗੁਰੂ' ਦੀ ਗੂੰਜ ਵਿਚ ਮਿਲ ਕੇ ਸਿਖੀ ਸਿਦਕ ਦੇ ਅਨੋਖੇ ਦ੍ਰਿਸ਼ ਬੰਨ੍ਹ ਰਹੀ ਸੀ। ਮਿ. ਸੁਲੀਰ ਆਪ ਸਿੰਘਾਂ ਨੂੰ ਹੰਟਰ ਮਾਰ ਮਾਰ ਕੇ ਪੁਲਸ ਨੂੰ ਤੈਸ਼ ਦੇ ਰਿਹਾ ਸੀ। ਜਦ ਕਾਫ਼ੀ ਮਾਰ ਹੋ ਚੁਕੀ ਤਾਂ ਪੁਲਸ ਨੇ ਬੇਹੋਸ਼ ਤੇ ਜ਼ਖ਼ਮੀ ਸਿੰਘਾਂ ਨੂੰ ਲਾਗੇ ਨਹਿਰ ਦੇ ਸੂਏ ਵਿਚ ਸੁੱਟ ਦਿੱਤਾ।

"ਸ੍ਰ. ਪ੍ਰਿਥੀਪਾਲ ਸਿੰਘ ਛੇ ਫੁਟ ਦਾ ਸੋਹਣਾ ਜਵਾਨ ਸੀ। ਉਸ ਨੂੰ ਬਹੁਤ ਮਾਰਿਆ ਗਿਆ। ਉਸ ਦੀ ਛਾਤੀ ਬੜੀ ਚੌੜੀ ਸੀ। ਛੇ ਸਤ ਪੁਲਸੀਆਂ ਨੇ ਉਸ ਦੀ ਹਿੱਕ 'ਤੇ ਚੜ੍ਹ ਕੇ ਉਸ ਨੂੰ ਮਾਰ-ਕੁਟਾਈ ਕੀਤੀ ਅਤੇ ਜ਼ਖ਼ਮੀ ਕਰ ਕੇ ਸੂਏ ਵਿਚ ਸੁਟ ਦਿੱਤਾ। ਉਹ ਸ਼ੇਰ ਮਾਰ ਖਾ ਕੇ ਸਤ ਵੇਰ ਉਠਿਆ ਤੇ ਹਰ ਵਾਰ ਜ਼ਾਲਮਾਂ ਨੇ ਉਸ ਨੂੰ ਮਾਰ ਕੇ ਸੁਟ ਵਗਾਇਆ। ਉਸ ਦੇ ਮੂੰਹ, ਸਿਰ, ਛਾਤੀ ਤੇ ਪਿੱਠ ਉੱਤੇ ਬਹੁਤ ਸੱਟਾਂ ਲੱਗੀਆਂ। ਉਹ ਲਹੂ-ਲੁਹਾਨ ਹੋ ਚੁੱਕਾ ਸੀ। ਬੇਹੋਸ਼ੀ ਦੀ ਹਾਲਤ ਵਿਚ ਉਸ ਨੂੰ ਅੰਮ੍ਰਿਤਸਰ ਪੁਚਾਇਆ ਗਿਆ। ..... ਸ. ਪ੍ਰਿਥੀਪਾਲ ਸਿੰਘ ਕਈ ਦਿਨ ਹਸਪਤਾਲ ਰਹਿ ਕੇ ਰਾਜ਼ੀ ਹੋ ਗਏ। ਪਰ ਸੱਟਾਂ ਗੁੱਝੀਆਂ ਹੋਣ ਕਰਕੇ ਉਨ੍ਹਾਂ ਨਾਲ ਹੀ ਬੀਮਾਰ ਹੋ ਗਏ ਅਤੇ 2 ਅਪ੍ਰੈਲ 1924 ਨੂੰ ਗੁਰੂ ਰਾਮਦਾਸ ਹਸਪਤਾਲ ਅੰਮ੍ਰਿਤਸਰ ਵਿਚ ਅਕਾਲ ਚਲਾਣਾ ਕਰ ਗਏ। ਸ਼੍ਰੋਮਣੀ ਕਮੇਟੀ ਤੇ ਸੰਗਤਾਂ ਨੇ ਉਨ੍ਹਾਂ ਦਾ ਅੰਤਮ ਸੰਸਕਾਰ ਬੜੇ ਸਤਿਕਾਰ ਨਾਲ ਕੀਤਾ। ਸ. ਪ੍ਰਿਥੀਪਾਲ ਸਿੰਘ ਨੂੰ 1923 ਵਿਚ ਸ਼੍ਰੋਮਣੀ ਕਮੇਟੀ ਦਾ ਮੈਂਬਰ ਚੁਣਿਆ ਗਿਆ, ਪਰ ਮੌਤ ਨੇ ਉਨ੍ਹਾਂ ਨੂੰ ਇਹ ਸੇਵਾ ਕਰਨ ਦਾ ਮੌਕਾ ਨਾ ਦਿੱਤਾ।"

*(ਅਕਾਲੀ ਲਹਿਰ ਦਾ ਇਤਿਹਾਸ, (ਪਹਿਲੀ ਐਡੀਸ਼ਨ ੧੯੫੧, ਪੰਨਾ ੧੬੯)*



www.AKJ.Org

ਬਾਅਦ ਵਿਚ ਪਿਤਾ ਜੀ (ਭਾਈ ਵਰਿਆਮ ਸਿੰਘ ਜੀ) ਨੇ ਆਪਣੇ ਛੋਟੇ ਵੀਰ ਵਡਭਾਗ ਸਿੰਘ ਜੀ ਨੂੰ ਗੁ: ਗੰਗਸਰ ਜੈਤੋਂ ਵਾਲੇ ਮੋਰਚੇ ਦੇ ਪਹਿਲੇ ਪੰਜ ਸੌ ਸਿੰਘਾਂ ਦੇ ਜਥੇ ਵਿਚ ਭੇਜਿਆ। ਉਸ ਜਥੇ ਉਪਰ ਅੰਧਾ-ਧੁੰਦ ਗੋਲੀ ਚਲਾਈ ਗਈ ਅਤੇ ਅਨੇਕਾਂ ਸਿੰਘ ਸ਼ਹੀਦੀਆਂ ਪਾ ਗਏ। ਭਾਈ ਵਡਭਾਗ ਸਿੰਘ ਜੀ ਸਤਿਗੁਰੂ ਦੀ ਕਿਪਾ ਨਾਲ ਉਸ ਕਰੜੀ ਪ੍ਰੀਖਿਆ ਵਿਚ ਪੂਰਾ ਉਤਰੇ ਸਨ।

## ਕਿਸਾਨ ਮੋਰਚੇ ਦੇ ਆਗੂ

ਗੁਰੂ ਕੇ ਬਾਗ਼ ਦੇ ਮੋਰਚੇ ਤੋਂ ਵਾਪਸ ਆਪਣੇ ਚੱਕ ਪਿੰਡ ਨਾਗੋਕੀ ਸਰਲੀ (ਲਾਇਲਪੁਰ) ਪੁਜਿਆ ਕੁਝ ਸਮਾਂ ਹੀ ਬੀਤਿਆ ਸੀ ਜੁ ਸਰਕਾਰ ਨੇ ਨਹਿਰੀ ਮਾਮਲੇ ਵਿਚ ਵਾਧੇ ਦਾ ਐਲਾਨ ਕਰ ਦਿੱਤਾ। ਭਾਈ ਵਰਿਆਮ ਸਿੰਘ ਜੀ ਇਲਾਕੇ ਦੇ ਅਕਾਲੀ ਜਥੇ ਦੇ ਜਥੇਦਾਰ ਸਨ। ਇਸ ਸਰਕਾਰੀ ਚੈਲੰਜ ਨੂੰ ਕਬੂਲ ਕਰਦਿਆਂ, ਜ਼ਿਲ੍ਹਾ-ਪੱਧਰ 'ਤੇ 'ਮਾਮਲਾ ਵਿਰੋਧੀ ਐਜੀਟੇਸ਼ਨ' ਸ਼ੁਰੂ ਹੋ ਗਈ। ਪਿੰਡ ਪਿੰਡ ਦੀਵਾਨ ਲੱਗਣੇ ਸ਼ੁਰੂ ਹੋ ਗਏ। ਸਿੰਘਾਂ ਨੇ ਮੁਸਲਮਾਨਾਂ ਨੂੰ ਵੀ ਨਾਲ ਲੈਣ ਦੇ ਪੂਰੇ ਉਪਰਾਲੇ ਕੀਤੇ ਅਤੇ ਉਨ੍ਹਾਂ ਵਲੋਂ ਪੂਰੇ ਤੌਰ 'ਤੇ ਦਿਲਚਸਪੀ ਨਾ ਲੈਣ ਦੀ ਹਾਲਤ ਵਿਚ ਵੀ ਐਜੀਟੇਸ਼ਨ ਖ਼ੂਬ ਭਖ ਪਈ। ਇਸ ਮਾਮਲਾ-ਵਿਰੋਧੀ ਪਰਚਾਰ ਨਾਲ ਜਨਤਾ ਡਟ ਕੇ ਮੁਕਾਬਲਾ ਕਰਨ ਲਈ ਤਿਆਰ ਹੋ ਗਈ।

ਦੂਜੇ ਪਾਸੇ ਪੰਜਾਬ ਸਰਕਾਰ ਨੇ, ਜਨਤਾ ਨੂੰ ਡਰਾਉਣ-ਧਮਕਾਉਣ ਲਈ, ਪੰਜ ਕੁ ਹਜ਼ਾਰ ਪੁਲਸ ਤੇ ਫ਼ੌਜ ਬੰਦੂਕਾਂ ਨਾਲ ਸਨੱਧਬੱਧ, ਭੇਜ ਦਿੱਤੀ। ਡਿਪਟੀ ਕਮਿਸ਼ਨਰ ਨੇ ਜ਼ਿਮੀਂਦਾਰਾਂ ਦੇ ਪੰਜ ਨੁਮਾਇੰਦੇ ਗੱਲਬਾਤ ਕਰਨ ਲਈ ਸੱਦ ਭੇਜੇ। ਇਨ੍ਹਾਂ ਪੰਜਾਂ ਨੁਮਾਇੰਦਿਆਂ ਨੇ ਗੱਲਬਾਤ ਕਰਨ ਲਈ ਆਪਣਾ ਮੁਖੀ ਭਾਈ ਵਰਿਆਮ ਸਿੰਘ ਜੀ ਨੂੰ ਚੁਣਿਆ। ਹਜ਼ਾਰਾਂ ਦੀ ਗਿਣਤੀ ਵਿਚ ਸਿੱਖ, ਹਿੰਦੂ ਅਤੇ ਮੁਸਲਮਾਨ ਜ਼ਿਲ੍ਹਾ ਕਚਹਿਰੀ ਵਿਚ ਜਾ ਪੁੱਜੇ। ਕਮਰੇ ਅੰਦਰ ਹੋਰ ਅਫ਼ਸਰਾਂ ਦੇ ਨਾਲ, ਨਹਿਰੀ ਮਹਿਕਮੇ ਦਾ ਵੱਡਾ ਇੰਜੀਨੀਅਰ ਲਾਹੌਰ ਤੋਂ ਆਇਆ ਹੋਇਆ ਸੀ, ਜੋ ਪਠਾਣ ਸੀ।

ਨੁਮਾਇੰਦਿਆਂ ਨੂੰ ਇੰਜੀਨੀਅਰ ਬੜੇ ਰੁਅਬ ਤੇ ਗੁੱਸੇ ਵਿਚ ਕਹਿਣ ਲੱਗਾ, "ਓਇ ਸਰਦਾਰੋ, ਇਹ ਕੀ ਖੱਪ ਪਾਈ ਹੋਈ ਜੇ, ਲੋਕਾਂ ਨੂੰ ਭੜਕਾ ਰਹੇ ਹੋ ਕਿ ਮਾਮਲਾ ਨਹੀਂ ਦੇਣਾ। ਕੀ ਅਸੀਂ ਇਨ੍ਹਾਂ ਡਰਾਵਿਆਂ ਨਾਲ ਹਕੂਮਤ ਕਰ ਸਕਦੇ ਹਾਂ? ਅਸੀਂ ਇਸ ਲਈ ਇਥੇ ਆਏ ਹਾਂ ਕਿ ਮਾਮਲਾ ਦੇਣ ਵਾਲਾ ਹੁਕਮ ਆਪੇ ਮੰਨ ਲਵੋ, ਨਹੀਂ ਤਾਂ ਸਾਨੂੰ ਤਾਕਤ ਵਰਤਣੀ ਪਵੇਗੀ।"

ਭਾਈ ਸਾਹਿਬ ਵਰਿਆਮ ਸਿੰਘ ਜੀ ਜੁਆਬ ਵਿਚ ਬੋਲੇ, "ਖ਼ਾਨ ਸਾਹਿਬ, ਠੀਕ ਗੱਲ ਤਾਂ ਇਹ ਹੈ ਕਿ ਹਕੂਮਤ ਵਾੜ ਹੁੰਦੀ ਹੈ, ਅਸੀਂ ਜਨਤਾ ਆਪ ਦੀ ਖੇਤੀ ਹਾਂ ਤੇ ਤੁਸਾਂ ਸਾਡੀ ਸੰਭਾਲ ਤੇ ਰਾਖੀ ਕਰਨੀ ਹੈ। ਹੁਣ ਇਥੇ ਸਵਾਲ ਨਹਿਰੀ ਮਾਮਲਾ ਵਧਣ ਦਾ ਹੈ। ਝਨਾਂ ਦਰਿਆ ਦਾ ਪਾਣੀ ਅੱਗੇ ਜਿੰਨਾ ਹੀ ਆ ਰਿਹਾ ਹੈ, ਓਹੋ ਨਹਿਰਾਂ ਪਾਣੀ ਦੇ ਰਹੀਆਂ ਹਨ, ਜ਼ਿਮੀਂਦਾਰਾਂ ਨੂੰ ਅਗੇ ਜਿੰਨਾ ਹੀ ਪਾਣੀ ਮਿਲ ਰਿਹਾ ਹੈ, ਤੁਹਾਡਾ ਪਾਣੀ ਉਪਰ, ਨਵਾਂ ਖ਼ਰਚ ਵੀ ਕੋਈ ਨਹੀਂ ਹੋਇਆ ਤਾਂ ਫਿਰ ਮਾਮਲਾ ਜ਼ਿਆਦਾ ਕਰਨ ਦਾ ਕੀ ਹੱਕ ਹੈ? ਤੁਹਾਨੂੰ ਇਹ ਫ਼ੌਜ ਤੇ ਪੁਲਸ ਦੀ ਨੁੰਮਾਇਸ਼ ਕਰ ਕੇ, ਸਾਡੇ ਉਪਰ ਰੁਅਬ ਪਾਉਣ ਦਾ ਖ਼ਿਆਲ ਹੈ ਕਿ ਸਖ਼ਤੀ ਕਰੋਗੇ। ਸਾਡੀ ਅਕਾਲੀ ਫ਼ੌਜ ਵੀ ਜ਼ੁਲਮ ਸਹਾਰਨ ਲਈ ਤਿਆਰ ਹੈ। ਤੁਸੀਂ ਆਪਣਾ ਜ਼ੋਰ ਲਾ ਕੇ ਦੇਖ ਲਵੋ। ਸਾਡੀਆਂ ਬਹਾਦਰ ਫ਼ੌਜਾਂ, ਜੋ ਅਜੇ ਹੁਣੇ ਹੀ ਗੁਰੂ ਕੇ ਬਾਗ਼ ਦਾ ਮੋਰਚਾ ਜਿੱਤ ਕੇ ਆਈਆਂ ਹਨ, ਉਹ ਆਪ ਦੀ ਸਖ਼ਤੀ ਸਹਾਰਨ ਲਈ ਉਡੀਕ ਕਰ ਰਹੀਆਂ ਹਨ।"

ਪਹਿਲੇ ਮਿਥੇ ਪ੍ਰੋਗਰਾਮ ਅਨੁਸਾਰ ਬਾਹਰ ਤੋਂ ਜੈਕਾਰਿਆਂ ਦੀ ਉਹ ਗੂੰਜ ਪਈ ਕਿ ਸਾਰੀ ਕਚਹਿਰੀ ਕੰਬ ਉਠੀ। ਕਚਹਿਰੀ ਦੇ ਅੰਦਰ ਵੀ ਜੈਕਾਰਿਆਂ ਦੀ ਆਵਾਜ਼ ਪੁੱਜ ਗਈ। ਇੰਜੀਨੀਅਰ ਸਾਹਿਬ ਤੇ ਡਿਪਟੀ ਕਮਿਸ਼ਨਰ ਬਾਹਰ ਆਏ ਤਾਂ ਦੇਖਿਆ ਕਿ ਅੱਠ ਦਸ ਹਜ਼ਾਰ ਲੋਕ ਜੈਕਾਰੇ ਬੋਲ ਰਹੇ ਹਨ ਅਤੇ ਕਈ ਬਹਾਦਰ ਤਾਂ ਜ਼ਮੀਨ 'ਤੇ ਲਾਠੀਆਂ



www.AKJ.Org

ਮਾਰ ਰਹੇ ਹਨ। ਉਨ੍ਹਾਂ ਨੂੰ ਗੁਰੂ ਕੇ ਬਾਗ਼ ਦੇ ਮੋਰਚੇ ਦੀ ਯਾਦ ਆ ਗਈ, ਉਹ ਘਬਰਾ ਗਏ। ਇਨ੍ਹਾਂ ਪੰਜਾਂ ਪੰਚਾਂ ਦੇ ਚਿਹਰਿਆਂ 'ਤੇ ਵੀ ਗੁੱਸੇ ਨਾਲ ਲਾਲੀਆਂ ਫਿਰ ਰਹੀਆਂ ਸਨ।

ਲਾਹੌਰ ਵਾਲਾ ਸਾਹਿਬ ਅੰਦਰ ਜਾ ਕੇ ਪੰਚਾਂ ਨੂੰ ਕਹਿਣ ਲੱਗਾ, "ਤੁਸੀਂ ਤਾਂ ਸਾਰਾ ਜ਼ਿਲ੍ਹਾ ਹੀ ਇਕੱਠਾ ਕਰ ਲਿਆਏ ਹੋ। ਅਸੀਂ ਸੋਚਿਆ ਹੈ ਕਿ ਰਿਆਇਆ ਨਾਲ ਸਖ਼ਤੀ ਕਰਨੀ ਠੀਕ ਨਹੀਂ। ਚਲੋ, ਸੁਲਾਹ ਕਰ ਲਈਏ, ਜਿਸ ਨਾਲ ਆਪ ਦੀ ਵੀ ਇੱਜ਼ਤ ਰਹਿ ਜਾਵੇ ਤੇ ਸਾਡੀ ਵੀ ਰਹਿ ਆਵੇ। ਤੁਸੀਂ ਇਸ ਸਾਲ ਇਹ ਵਾਧੂ ਮਾਮਲਾ ਦੇ ਦੇਵੋ, ਅਗਲੇ ਸਾਲ ਇਹ ਰਕਮ ਤੁਹਾਡੇ ਮਾਮਲੇ 'ਚੋਂ ਕਟ ਦੇਵਾਂਗੇ ਅਤੇ ਫਿਰ ਪੁਰਾਣਾ ਮਾਮਲਾ ਹੀ ਦੇਈ ਜਾਣਾ।" ਭਾਈ ਸਾਹਿਬ ਕਹਿਣ ਲੱਗੇ ਕਿ ਅਸੀਂ ਬਾਹਰ ਫ਼ੌਜਾਂ ਨੂੰ ਪੁੱਛ ਕੇ ਆਉਂਦੇ ਹਾਂ ਕਿ ਉਹ ਇਸ ਦਾ ਕੀ ਫ਼ੈਸਲਾ ਕਰਦੇ ਹਨ? ਵਾਪਸੀ 'ਤੇ ਦਸ ਦਿੱਤਾ ਕਿ ਉਹ ਨਹੀਂ ਮੰਨਦੇ। ਉਹ ਕਹਿੰਦੇ ਹਨ ਕਿ ਅਸੀਂ ਕਰਾਂਗੇ ਜਾਂ ਮਰਾਂਗੇ, ਪਰ ਮਾਮਲਾ ਵਾਧੂ ਨਹੀਂ ਭਰਾਂਗੇ।

ਫਿਰ ਸਾਰੇ ਅਫ਼ਸਰਾਂ ਨੇ ਵੱਖਰੇ ਬੈਠ ਕੇ ਮੀਟਿੰਗ ਕੀਤੀ ਅਤੇ ਵਾਪਸ ਆ ਕੇ ਕਹਿ ਦਿੱਤਾ ਕਿ ਅਸੀਂ ਸਖ਼ਤੀ ਨਹੀਂ ਕਰਨੀ ਚਾਹੁੰਦੇ, ਸੋ ਵਾਧੂ ਮਾਮਲਾ ਨਹੀਂ ਲਿਆ ਜਾਵੇਗਾ। ਜਦੋਂ ਪੰਚਾਂ ਨੇ ਬਾਹਰ ਆ ਕੇ ਇਹ ਖ਼ਬਰ ਦੱਸੀ ਤਾਂ ਅਸਮਾਨ ਜੈਕਾਰਿਆਂ ਨਾਲ ਗੂੰਜ ਰਿਹਾ ਸੀ।

## ਪੁਲਸ ਨਾਲ ਟੱਕਰ

ਇਕ ਦਿਨ ਭਾਈ ਵਰਿਆਮ ਸਿੰਘ ਜੀ ਘਰੋਂ ਬਾਹਰ ਨਿਕਲੇ ਤਾਂ ਅਗੋਂ ਪਿੰਡ ਦਾ ਚੌਂਕੀਦਾਰ ਖਰੈਤੀ ਉਨ੍ਹਾਂ ਨੂੰ ਮਿਲਿਆ। ਕਹਿਣ ਲੱਗਾ, "ਬਾਬਾ ਜੀ, ਥਾਣੇਦਾਰ ਤੁਹਾਡੀ ਤਾਂ ਬੜੀ ਇੱਜ਼ਤ ਕਰਦਾ ਹੈ, ਪਰ ਸਾਡੇ 'ਤੇ ਤਾਂ ਇਹ ਪੁਲਸੀਏ ਬੜੀ ਤੂੱਦੀ ਕਰਦੇ ਹਨ। ਜਦੋਂ ਕੋਈ ਪੁਲਸੀਆ ਪਿੰਡ ਆਉਂਦਾ ਹੈ, ਮੁਲਜ਼ਮ ਨਾ ਮਿਲੇ ਤਾਂ ਮੈਥੋਂ ਕੁੱਕੜ ਖਾਣ ਲਈ ਮੰਗਦੇ ਹਨ। ਅਸੀਂ ਗਰੀਬ ਇਨ੍ਹਾਂ ਨੂੰ ਕੁੱਕੜ ਕਿਥੋਂ ਦੇਈਏ?" ਬਾਬਾ ਜੀ ਨੇ ਹੱਸਦਿਆਂ ਹੱਸਦਿਆਂ ਕਹਿ ਦਿੱਤਾ, "ਖਰੈਤੀ, ਹੁਣ ਕੋਈ ਕੁੱਕੜ ਮੰਗੇ ਤਾਂ ਇਨਕਾਰ ਕਰ ਦਈਂ ਅਤੇ ਜੇ ਅਗੋਂ ਹਮਕੀ ਤੁਮਕੀ ਕਰੇ ਤਾਂ ਗੋਡਾ ਵਾਹਵੀਂ।"

ਇਸੇ ਤਰ੍ਹਾਂ ਹੋਇਆ। ਇਕ ਪੁਲਸੀਆ ਪਿੰਡ ਆਇਆ ਤੇ ਖਰੈਤੀ ਤੋਂ ਕੁੱਕੜ ਨਾ ਮਿਲਣ ਤੇ ਅਬੇ ਤਬੇ ਕਰਨ ਲੱਗਾ। ਖਰੈਤੀ ਪਿੰਡ ਵਿਚ ਕੁਝ ਘੁਲਦਾ ਵੀ ਹੁੰਦਾ ਸੀ। ਉਸ ਨੇ ਸਿਪਾਹੀ ਨੂੰ ਗੋਡਿਆਂ ਵਿਚ ਰਖ ਲਿਆ ਅਤੇ ਖ਼ੂਬ ਗੱਤ ਬਣਾਈ। ਸਿਪਾਹੀ ਨੇ ਮਿੰਨਤਾਂ ਤਰਲੇ ਕਰ ਕੇ ਜਾਨ ਛੁਡਾਈ। ਸਿਪਾਹੀ ਆਪਣੀ ਪਗੜੀ ਪਾੜ ਕੇ ਲੈ ਗਿਆ ਅਤੇ ਆਪਣੇ ਠਾਣੇ ਠੀਕਰੀ ਵਾਲੇ ਜਾ ਰਿਪੋਰਟ ਕੀਤੀ ਕਿ ਨਾਲੇ ਮੈਨੂੰ ਮਾਰਿਆ ਹੈ ਅਤੇ ਨਾਲੇ ਮੇਰੀ ਵਰਦੀ ਵਾਲੀ ਪੱਗ ਪਾੜ ਸੁਟੀ ਹੈ।

ਪਠਾਣ ਥਾਣੇਦਾਰ ਤੈਸ਼ ਵਿਚ ਆ ਗਿਆ। ਸਨੱਧ-ਬੱਧ ਸਿਪਾਹੀ ਲੈ ਕੇ ਪਿੰਡ ਨਾਗੋਕੀ ਸਰਲੀ ਪੁਜਾ ਅਤੇ ਚੌਂਕੀਦਾਰ, ਮੁਨਸ਼ੀ, ਨੰਬਰਦਾਰ ਆਦਿ ਸਭ ਸੱਦ ਬੁਲਾਏ। ਨੱਥੂ ਚੱਕ ਤੋਂ ਜ਼ੈਲਦਾਰ ਵੀ ਆਇਆ ਹੋਇਆ ਸੀ, ਉਹ ਵੀ ਪੁਜ ਗਿਆ। ਥਾਣੇਦਾਰ ਬੜੇ ਗੁੱਸੇ ਵਿਚ ਸੀ। ਕਹਿਣ ਲੱਗਾ, "ਬਾਬੇ ਹੋਰਾਂ ਨੂੰ ਵੀ ਬੁਲਾ ਲਓ। ਉਨ੍ਹਾਂ ਨੇ ਮੇਰੇ ਸਿਪਾਹੀ ਨੂੰ ਕੁਟਵਾਇਆ ਹੈ ਤੇ ਨਾਲ ਹੀ ਸਰਕਾਰੀ ਵਰਦੀ ਦੀ ਪੱਗ ਪਾੜੀ ਹੈ। ਇਹ ਸਰਕਾਰ ਦੀ ਬੇਇਜ਼ਤੀ ਕੀਤੀ ਹੈ।"

ਜ਼ੈਲਦਾਰ ਉਠ ਖਲੋਤਾ ਅਤੇ ਕਹਿਣ ਲੱਗਾ, "ਜਨਾਬ, ਤੁਸੀਂ ਇਲਾਕੇ ਦੇ ਹਾਕਮ ਹੋ। ਇਹ ਸਿਪਾਹੀ ਸਰਕਾਰ ਨੇ ਸਾਡੀ ਰਾਖੀ ਵਾਸਤੇ ਰੱਖੇ ਹਨ, ਪਰ ਜੇ ਉਹ ਸਾਡੇ 'ਤੇ ਤੂੱਦੀ ਕਰਨ ਤੇ ਖਾਣ ਨੂੰ ਕੁੱਕੜ ਮੰਗਣ ਤਾਂ ਸਾਨੂੰ ਆਪ ਜੈਸੇ ਚੰਗੇ ਅਫ਼ਸਰਾਂ ਪਾਸੋਂ ਇਨਸਾਫ਼ ਮਿਲਣਾ ਚਾਹੀਦਾ ਹੈ। ਮੈਂ ਤਾਂ ਜ਼ੈਲਦਾਰ ਹਾਂ, ਪਰ ਬਾਬਾ ਜੀ ਇਸ ਸਾਰੇ ਇਲਾਕੇ ਦੇ ਜਥੇਦਾਰ ਹਨ। ਸਾਰਾ ਇਲਾਕਾ ਉਨ੍ਹਾਂ ਦੀ ਬਹੁਤ ਇਜ਼ਤ ਕਰਦਾ ਹੈ। ਤੇ ਜੇ ਤੁਸਾਂ ਉਨ੍ਹਾਂ ਨੂੰ ਬੁਲਾ ਕੇ ਅਬਾ ਤਬਾ ਬੋਲਣਾ ਹੈ ਤਾਂ ਮੈਂ ਜ਼ੈਲਦਾਰੀ ਤੋਂ ਅਸਤੀਫ਼ਾ ਦਿੰਦਾ ਹਾਂ।" ਨੰਬਰਦਾਰ ਨੇ ਵੀ ਇਸੇ ਤਰ੍ਹਾਂ ਹੀ ਕਿਹਾ ਕਿ ਉਹ ਸਾਡੇ ਸਭ ਦੇ ਵੱਡੇ ਸਰਦਾਰ ਹਨ, ਉਨ੍ਹਾਂ ਦੀ ਇੱਜ਼ਤ ਤੋਂ ਕੁਰਬਾਨ ਹੋ ਜਾਵਾਂਗੇ।


www.AKJ.Org

ਥਾਣੇਦਾਰ ਇਹ ਕੁਝ ਸੁਣ ਕੇ ਠੰਢਾ ਹੋ ਗਿਆ ਤੇ ਕਹਿਣ ਲੱਗਾ, "ਉਨ੍ਹਾਂ ਨੂੰ ਬੁਲਾਓ ਤਾਂ ਸਹੀ, ਜੇ ਉਹ ਇਸ ਤਾਕਤ ਦੇ ਮਾਲਕ ਹਨ ਤਾਂ ਉਨ੍ਹਾਂ ਨੂੰ ਮਿਲ ਤਾਂ ਲਈਏ।"

ਬਾਬਾ ਜੀ ਆ ਗਏ। ਥਾਣੇਦਾਰ ਕਹਿਣ ਲੱਗਾ, "ਬਾਬਾ ਜੀ, ਇਹ ਕੀ ਕਰਵਾ ਦਿੱਤਾ ਜੇ? ਸਰਕਾਰੀ ਆਦਮੀ ਨੂੰ ਮਾਰਿਆ ਜਾਵੇ ਤੇ ਉਸ ਦੀ ਵਰਦੀ ਪਾੜੀ ਜਾਵੇ, ਇਹ ਤਾਂ ਬਹੁਤ ਵੱਡਾ ਜੁਰਮ ਹੈ।"

ਬਾਬਾ ਜੀ ਕਹਿਣ ਲੱਗੇ, "ਖਾਨ ਸਾਹਿਬ, ਤੁਸੀਂ ਇਥੇ ਨਵੇਂ ਆਏ ਹੋ, ਅਗੇ ਮੁਲਾਕਾਤ ਨਹੀਂ ਹੋਈ। ਅਸਾਂ ਤਾਂ ਹਮੇਸ਼ਾਂ ਹਰ ਇਕ ਥਾਣੇਦਾਰ ਨੂੰ ਪੂਰਾ ਸਹਿਯੋਗ ਦਿੱਤਾ ਹੈ। ਸਾਡੇ ਰਾਖੇ ਜੁ ਤੁਸੀਂ ਹੋਏ। ਹਰੇਕ ਅਫ਼ਸਰ ਵੀ ਸਾਡੀ ਪੂਰੀ ਇੱਜ਼ਤ ਕਰਦਾ ਹੈ, ਮਿੱਤਰਾਂ ਵਾਂਗ ਵਰਤਦਾ ਹੈ।" ਇਉਂ ਥਾਣੇਦਾਰ ਨੂੰ ਠੰਢਾ ਕਰ ਕੇ ਖਰੈਤੀ ਨੂੰ ਕਹਿਣ ਲੱਗੇ, "ਓਇ ਬੇਅਕਲਾ, ਤੂੰ ਇਹ ਕੀ ਕੀਤਾ? ਤੈਨੂੰ ਤਾਂ ਐਵੇਂ ਹੱਸਦਿਆਂ ਕਿਹਾ ਸੀ, 'ਗੋਡਾ ਵਾਹਵੀਂ', ਤੂੰ ਸਚ ਕਰ ਵਿਖਾਇਆ। ਅਗੇ ਆ, ਪਾ ਗਲ ਵਿਚ ਪੱਲਾ ਤੇ ਮੰਗ ਉਸ ਸਿਪਾਹੀ ਕੋਲੋਂ ਮਾਫ਼ੀ ਕਿ ਅੱਗੇ ਨੂੰ ਐਸਾ ਨਹੀਂ ਕਰੇਂਗਾ।' ਫਿਰ ਥਾਣੇਦਾਰ ਨੂੰ ਕਹਿਣ ਲੱਗੇ ਕਿ ਇਹ ਜੋ ਕੁਝ ਹੋਇਆ ਹੈ, ਸਾਨੂੰ ਸਭ ਨੂੰ ਇਸ ਦਾ ਅਫ਼ਸੋਸ ਹੈ। ਖ਼ਰੈਤੀ ਨੂੰ ਮਾਫ਼ੀ ਦੇ ਦਿਓ ਤੇ ਇਹ ਲਓ ਪੰਜਾਹ ਰੁਪਏ, ਇਸ ਸਿਪਾਹੀ ਨੂੰ ਦੇ ਦਿਓ, ਪਗੜੀ ਨਵੀਂ ਲੈ ਲਵੇ ਤੇ ਬਾਕੀ ਕੁਝ ਘਿਓ ਖਾ ਲਵੇ।

ਥਾਣੇਦਾਰ ਸਮਝ ਗਿਆ ਕਿ ਬਾਬਾ ਜੀ ਦੀ ਇਲਾਕੇ ਵਿਚ ਬੜੀ ਇੱਜ਼ਤ ਹੈ। ਉਨ੍ਹਾਂ ਨੂੰ ਸੁਣ ਕੇ ਖੁਸ਼ ਹੋ ਗਿਆ ਅਤੇ ਅਗੋਂ ਲਈ ਬਾਬਾ ਜੀ ਦਾ ਪੱਕਾ ਮਿੱਤਰ ਬਣ ਗਿਆ।

## ਪਿੰਡਾਂ ਦੇ ਝਗੜੇ ਨਿਬੇੜਨੇ

ਬਾਬਾ ਜੀ ਉੱਤੇ ਭਾਈਚਾਰੇ ਤੇ ਆਮ ਲੋਕਾਂ ਦਾ ਵੱਡਾ ਭਰੋਸਾ ਸੀ। ਵੱਡੇ ਤੋਂ ਵੱਡੇ ਸੰਗੀਨ ਕੇਸਾਂ ਨੂੰ ਵੀ ਆਪ ਬੜੀ ਸਿਆਣਪ ਨਾਲ ਨਜਿਠਿਆ ਕਰਦੇ ਸਨ। ਪਿੰਡ ਵਿਚ ਕੋਈ ਵਾਰਦਾਤ ਹੋ ਜਾਵੇ ਤੇ ਥਾਣੇਦਾਰ ਤਫ਼ਤੀਸ਼ 'ਤੇ ਆਵੇ ਤਾਂ ਹਮੇਸ਼ਾ ਨੰਬਰਦਾਰ ਦੇ ਨਾਲ ਬਾਬਾ ਜੀ ਨੂੰ ਬੁਲਾ ਭੇਜਦਾ ਸੀ। ਲਾਇਲਪੁਰ ਮਸ਼ਹੂਰ ਸੀ ਕਿ ਇਕ ਲਾਇਲਪੁਰ ਦੀ ਸਰਕਾਰੀ ਕਚਹਿਰੀ ਹੈ ਤੇ ਇਕ ਬਾਬਾ ਵਰਿਆਮ ਸਿੰਘ ਜੀ ਪਿੰਡ ਨਾਗੋਕੀ ਸਰਲੀ ਹੈ। ਉਥੇ ਉਨ੍ਹਾਂ ਨੂੰ ਸਤਿਗੁਰੂ ਨੇ ਇਤਨਾ ਤਪ-ਤੇਜ ਬਖ਼ਸ਼ਿਆ ਸੀ ਕਿ ਪਾਕਿਸਤਾਨ ਤੋਂ ਆ ਕੇ 1976 ਤਕ, (ਜਦੋਂ ਆਪ ਇਸ ਅਸਾਰ ਸੰਸਾਰ ਤੋਂ ਕਮਰ-ਕਸੇ ਕਰ ਗਏ), ਕੋਈ ਨਾ ਕੋਈ ਪੁਰਾਣਾ ਮਿੱਤਰ, ਉਨ੍ਹਾਂ ਦੇ ਦਰਸ਼ਨਾਂ ਨੂੰ ਵੈਰੋਵਾਲ ਵਿਖੇ ਆਇਆ ਹੀ ਰਹਿੰਦਾ ਸੀ।

## ਪਾਕਿਸਤਾਨ ਤੋਂ ਆ ਕੇ ਵੈਰੋਵਾਲ ਵਸਣਾ

ਬਾਬਾ ਵਰਿਆਮ ਸਿੰਘ ਜੀ ਨੂੰ ਲਾਇਲਪੁਰ ਮੁਰੱਬਿਆਂ ਦੇ ਬਦਲੇ ਵੈਰੋਵਾਲ (ਜ਼ਿਲ੍ਹਾ ਅੰਮ੍ਰਿਤਸਰ) ਜ਼ਮੀਨ ਮਿਲ ਗਈ ਸੀ। ਦਾਸ (ਠਾਕਰ ਸਿੰਘ) ਗੌਰਮਿੰਟ ਕਾਲਜ ਲੁਧਿਆਣਾ ਦੀ ਨੌਕਰੀ ਪੂਰੀ ਕਰ ਕੇ ਖਾਲਸਾ ਕਾਲਜ ਅੰਮ੍ਰਿਤਸਰ ਵਿਚ ਪ੍ਰੋਫ਼ੈਸਰ ਆ ਬਣਿਆ।

ਪਿਤਾ ਜੀ ਨਾਲ ਇਹ ਫ਼ੈਸਲਾ ਹੋਇਆ ਕਿ ਹਰ ਮਹੀਨੇ ਉਹ ਘਟੋ ਘਟ ਇਕ ਵਾਰੀ ਸ੍ਰੀ ਅੰਮ੍ਰਿਤਸਰ ਸਚਖੰਡ ਹਰਿਮੰਦਰ ਸਰੋਵਰ ਦੇ ਦਰਸ਼ਨ ਇਸ਼ਨਾਨ ਤੇ ਕੀਰਤਨ ਸੁਣਨ ਲਈ ਹਾਜ਼ਰੀ ਭਰਿਆ ਕਰਨਗੇ। ਰਾਤ ਨੂੰ ਦਾਸ ਪਾਸ ਖਾਲਸਾ ਕਾਲਜ ਠਹਿਰ ਕੇ, ਅਗਲੇ ਦਿਨ ਕੀਰਤਨ ਸੁਣ ਕੇ ਵਾਪਸ ਵੈਰੋਵਾਲ ਪੁਜਣਗੇ। ਅਗਲੇ ਮਹੀਨੇ ਇਸੇ ਤਰ੍ਹਾਂ ਸ੍ਰੀਮਾਨ ਬਾਊ ਜੀ ਪਾਸ ਪੁਜ ਕੇ ਤਰਨ ਤਾਰਨ ਜੀ ਦੇ ਦਰਸ਼ਨ, ਇਸ਼ਨਾਨ ਤੇ ਕੀਰਤਨ ਦਾ ਅਨੰਦ ਮਾਣਨਗੇ। ਸੋ ਪੰਦਰਾਂ ਵੀਹ ਸਾਲ ਇਹ ਪ੍ਰੋਗਰਾਮ ਇਸੇ ਤਰ੍ਹਾਂ ਚਲਦਾ ਰਿਹਾ।

ਪਿੰਡ ਵਿਚ ਅੰਮ੍ਰਿਤ ਵੇਲੇ ਦਾ ਕੀਰਤਨ ਤੇ ਨਿਤਨੇਮ ਕਰ ਕੇ ਗੁਰਦੁਆਰੇ ਸੱਚੇ ਪਾਤਸ਼ਾਹ ਦੀਆਂ ਹਾਜ਼ਰੀਆਂ



www.AKJ.Org

ਭਰਦੇ ਸਨ। ਗੁਰਦੁਆਰਾ ਸਾਹਿਬ ਸਾਧਾਰਨ ਪਾਠ ਹਮੇਸ਼ਾਂ ਰਖਿਆ ਹੁੰਦਾ ਸੀ, ਉਹ ਪਿਛਲੇ ਪਹਿਰ ਆਪ ਸੁਣਦੇ ਸਨ ਅਤੇ ਫਿਰ ਨਿਯਮ ਅਨੁਸਾਰ ਸੈਰ ਨੂੰ ਜਾਂਦੇ ਸਨ।

## ਅੰਤਲੀ ਉਮਰ

ਬਾਬਾ ਜੀ ਆਪਣੇ ਨਿਤ ਦੇ ਅੰਮ੍ਰਿਤ ਵੇਲੇ ਨੂੰ ਸਫਲ ਕਰਦੇ ਅਤੇ ਬਾਕੀ ਪ੍ਰੋਗਰਾਮ ਨਿਭਾਉਂਦੇ ਹੋਏ 102 ਸਾਲ ਦੀ ਆਯੂ 'ਤੇ ਅੱਪੜ ਚੁਕੇ ਸਨ। ਓਦੋਂ ਦਾਸ 74 ਸਾਲ ਦੀ ਉਮਰ ਵਿਚ ਖਾਲਸਾ ਕਾਲਜ ਤੋਂ ਰੀਟਾਇਰ ਹੋ ਕੇ ਪਿਤਾ ਜੀ ਦੀ ਸੇਵਾ ਤੇ ਅਸੀਸਾਂ ਪ੍ਰਾਪਤ ਕਰਨ ਲਈ ਉਨ੍ਹਾਂ ਪਾਸ ਵੈਰੋਵਾਲ ਆ ਗਿਆ। ਦੋਹਾਂ ਨੇ ਰੋਜ਼ ਅੰਮ੍ਰਿਤ ਵੇਲੇ ਉਠ ਕੇ ਕੀਰਤਨ ਸਿਮਰਨ ਕਰ ਕੇ, ਗੁਰਦੁਆਰੇ ਸ੍ਰੀ ਆਸਾ ਦੀ ਵਾਰ ਦਾ ਕੀਰਤਨ ਤੇ ਸਤਿਗੁਰੂ ਜੀ ਦੇ ਦਰਸ਼ਨ ਕਰ ਕੇ ਘਰ ਪੁਜਣਾ। ਕੁਝ ਆਰਾਮ ਕਰ ਕੇ ਸੁਖਮਨੀ ਸਾਹਿਬ ਦਾ ਪਾਠ ਕਰਨਾ ਅਤੇ ਪਿਛਲੇ ਪਹਿਰ ਟੇਪ ਰੀਕਾਰਡ ਤੇ ਕੀਰਤਨ ਦੇ ਸ਼ਬਦ ਸੁਣਨੇ। ਫਿਰ ਥੋੜੀ ਬਹੁਤ ਸੈਰ ਕਰਨੀ।

ਕੁਝ ਦਿਨ ਇਸੇ ਤਰ੍ਹਾਂ ਪ੍ਰੋਗਰਾਮ ਚਲਦਾ ਰਿਹਾ। ਇਕ ਦਿਨ ਦਾਸ ਨੇ ਬੇਨਤੀ ਕੀਤੀ, "ਪਿਤਾ ਜੀ, ਤੁਸੀਂ ਇਕ ਵਜੇ ਉਠ ਕੇ ਕੀਰਤਨ ਸ਼ੁਰੂ ਕਰ ਦਿੰਦੇ ਹੋ, ਪਰ ਮੈਨੂੰ ਤਿੰਨ ਵਜੇ ਉਠਣ ਦੀ ਆਦਤ ਹੈ। ਇਹ ਦੋ ਘੰਟੇ ਮੇਰੀ ਨੀਂਦ ਉਚਕ ਜਾਂਦੀ ਹੈ। ਤੁਸੀਂ ਕਿਰਪਾ ਕਰ ਕੇ, ਇਕ ਤੋਂ ਤਿੰਨ ਤਕ, ਦੋ ਘੰਟੇ ਹੌਲੀ ਹੌਲੀ ਸਿਮਰਨ ਕਰ ਲਿਆ ਕਰੋ ਤੇ ਜਦੋਂ ਮੈਂ ਉਠ ਪਵਾਂ ਤਾਂ ਦੋਵੇਂ ਰਲ ਕੇ ਕੀਰਤਨ ਕਰਿਆ ਕਰਾਂਗੇ।" ਪਿਤਾ ਜੀ ਮੰਨ ਤਾਂ ਗਏ, ਪਰ ਇਹ ਕੁਝ ਉਨ੍ਹਾਂ ਨੂੰ ਠੀਕ ਨਾ ਜਚਿਆ। ਦੋ ਚਾਰ ਦਿਨ ਹੌਲੀ ਹੌਲੀ ਸਿਮਰਨ ਕਰਦੇ ਰਹੇ, ਪਰ ਫਿਰ ਇਕ ਦਿਨ ਉਠ ਕੇ ਵਾਜਾਂ ਮਾਰਨ ਲਗ ਪਏ, "ਓਏ ਠਾਕੁਰ ਸਿੰਘ ! ਓਏ ਠਾਕੁਰ ਸਿੰਘ !" ਜਦੋਂ ਮੈਂ ਜਾਗ ਕੇ ਉਨ੍ਹਾਂ ਨੂੰ ਪੁਛਿਆ ਤਾਂ ਕਹਿਣ ਲੱਗੇ, "ਮੇਰੇ ਪਾਸੋਂ ਮੰਜਾ ਚੁਕ ਕੇ ਦੂਰ ਲੈ ਜਾ, ਮੈਂ ਸਾਰੀ ਉਮਰ ਉਠ ਕੇ ਕੀਰਤਨ ਕਰਦਾ ਰਿਹਾ ਹਾਂ, ਹੁਣ ਮੈਂ ਹਟ ਕੇ ਹੌਲੀ ਹੌਲੀ ਸਿਮਰਨ ਨਹੀਂ ਕਰ ਸਕਦਾ। ਮੈਨੂੰ ਤੇਰੀ ਸੇਵਾ ਦੀ ਲੋੜ ਨਹੀਂ, ਆਪੇ ਸਤਿਗੁਰੂ ਜੀ ਕਿਰਪਾ ਕਰਨਗੇ।"

ਮੈਂ ਸਮਝ ਗਿਆ ਕਿ ਇਹ ਇਲਾਹੀ ਹੁਕਮ ਹੈ ਅਤੇ ਉਪਰੋਂ ਹੀ ਆਇਆ ਹੈ। ਸੋ ਦਾਸ ਨੇ ਪਿਤਾ ਜੀ ਅਗੇ ਮੱਥਾ ਟੇਕਿਆ 'ਤੇ ਬੇਨਤੀ ਕੀਤੀ ਕਿ ਤੁਸੀਂ ਮੈਨੂੰ ਆਪਣੇ ਨਾਲ ਹੀ ਇਕ ਵਜੇ ਜਗਾ ਦਿਆ ਕਰੋ, ਮੈਂ ਵੀ ਉਸੇ ਵਕਤ ਇਸ਼ਨਾਨ ਕਰ ਕੇ, ਆਪ ਜੀ ਦੇ ਨਾਲ ਕੀਰਤਨ ਕਰਿਆ ਕਰਾਂਗਾ ਤੇ ਬਾਕੀ ਨਿਤਨੇਮ ਫਿਰ ਕਰਿਆ ਕਰਾਂਗੇ। ਸੱਚੇ ਪਾਤਸ਼ਾਹ ਨੇ ਬਖ਼ਸ਼ਿਸ਼ ਕੀਤੀ ਅਤੇ ਐਸਾ ਨਿਤ ਦਾ ਪ੍ਰੋਗਰਾਮ ਚਲਿਆ ਕਿ ਬਿਨਾਂ ਟਾਈਮ-ਪੀਸ ਤੋਂ ਸਤਿਗੁਰੂ ਜੀ ਇਕ ਵਜੇ ਅੰਮ੍ਰਿਤ ਵੇਲੇ ਜਾਗ ਬਖ਼ਸ਼ ਦਿੰਦੇ ਅਤੇ ਹੁਣ ਤਕ ਅੰਮ੍ਰਿਤ-ਸਰੋਵਰ ਦੇ ਚੁਭੇ ਤੇ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਦੀਦਾਰ ਦਾਸ ਨੂੰ ਬਖ਼ਸ਼ਦੇ ਰਹਿੰਦੇ ਹਨ।

ਜਦੋਂ ਪਿਤਾ ਜੀ ਦੀ ਉਮਰ 103 ਸਾਲ ਤੋਂ ਉਪਰ ਹੋ ਗਈ ਤਾਂ ਸਰੀਰ ਦੀ ਕਿਰਿਆ ਸਾਧਣੀ ਕੁਝ ਔਖੀ ਹੋ ਗਈ। ਦਾਸ ਨੇ ਉਨ੍ਹਾਂ ਨੂੰ ਕੁਰਸੀ ਤੇ ਬਿਠਾ ਅਤੇ ਆਪ ਸਾਬਣ ਲਾ ਕੇ ਇਸ਼ਨਾਨ ਕਰਾਣਾ। ਉਨ੍ਹਾਂ ਨੇ ਬੜੇ ਖੁਸ਼ ਹੋਣਾ ਤੇ ਅਸੀਸਾਂ ਦੇਣੀਆਂ ਤੇ ਨਾਲ ਕਹਿਣਾ, "ਸੱਚੇ ਪਾਤਸ਼ਾਹ, ਤੂੰ ਹੁਣ ਆਪੇ ਹੀ ਦੇਖ ਲੈ, ਮੇਰਾ ਸ੍ਰਵਣ ਪੁਤਰ ਕਿਤਨੀ ਸੇਵਾ ਕਰਦਾ ਹੈ, ਇਸ ਨੂੰ ਜੋ ਮੰਗਦਾ ਹੈ, ਦੇ ਦੇਵੋ। ਤੁਸੀਂ ਬੱਚਿਆਂ ਦੀ ਪ੍ਰਤਿਪਾਲਣਾ ਕਰਨ ਵਾਲੇ ਹੋ ਅਤੇ ਤੁਹਾਡੇ ਖ਼ਜ਼ਾਨੇ ਅਤੁਟ ਹਨ।"

ਸਰੀਰ ਹੋਰ ਨਿਰਬਲ ਹੁੰਦਾ ਗਿਆ। ਪਰ ਦਾਤਾ ਜੀ ਦੀ ਬਖ਼ਸ਼ਿਸ਼, ਨਿਤਨੇਮ ਤੇ ਸਿਮਰਨ ਠੀਕ ਚਲਦਾ ਰਿਹਾ। ਅਖ਼ੀਰ 17 ਜਨਵਰੀ 1976 ਸ਼ਾਮ ਨੂੰ ਦੇਖਿਆ ਕਿ ਸਾਹ ਕੁਝ ਖਿਚ ਕੇ ਆ ਰਿਹਾ ਹੈ। ਮੰਜਾ ਅੰਦਰ ਕਰ ਦਿੱਤਾ ਤੇ ਸੁਖਮਨੀ ਸਾਹਿਬ ਦਾ ਪਾਠ ਆਰੰਭ ਹੋ ਗਿਆ। ਨੌਂ ਵਜੇ ਸ਼ਾਮ ਨੂੰ ਸਾਰਾ ਪਰਿਵਾਰ ਪਾਸ ਬੈਠਾ ਸੀ। ਪਾਠ ਹੋ ਰਿਹਾ ਸੀ। ਅਖ਼ੀਰ ਸਵਾਸ ਬੰਦ ਹੋ ਗਿਆ। ਸਰੀਰ ਨੂੰ ਬਿਲਕੁਲ ਕੋਈ ਤਕਲੀਫ਼ ਨਾ ਹੋਈ।



www.AKJ.Org

ਸ਼ਾਮ ਨੂੰ ਹੀ ਸ੍ਰੀਮਾਨ ਬਾਊ ਜੀ ਪਾਸ ਤਰਨ ਤਾਰਨ ਖ਼ਬਰ ਭੇਜ ਦਿੱਤੀ ਸੀ। ਉਹ ਸਵੇਰੇ ਹੀ ਪੁਜ ਗਏ। ਬਾਊ ਜੀ ਨੇ ਤੇ ਦਾਸ ਨੇ ਉਨ੍ਹਾਂ ਦਾ ਇਸ਼ਨਾਨ ਕਰਾਇਆ। ਸਾਰੇ ਪਰਿਵਾਰ ਨੂੰ ਸ੍ਰੀਮਾਨ ਬਾਊ ਜੀ ਦਾ ਹੁਕਮ ਸੀ ਕਿ ਉਚੀ ਉਚੀ ਗੁਰ-ਮੰਤਰ ਦਾ ਸਿਮਰਨ ਕਰਨ। ਪਿਛੋਂ ਕੀਰਤਨ ਕਰਦੇ ਹੋਏ, ਸਰੀਰ ਨੂੰ ਸ਼ਮਸ਼ਾਨ-ਭੂਮੀ ਵਿਚ ਲੈ ਗਏ, ਜਿਥੇ ਸ੍ਰੀ ਬਾਊ ਜੀ ਨੇ ਡਾਢੇ ਵੈਰਾਗ ਵਿਚ ਅਰਦਾਸ ਕੀਤੀ ਅਤੇ ਫਿਰ ਸਸਕਾਰ ਹੋਇਆ। ਘਰ ਆ ਕੇ ਉਸ ਵਕਤ ਸਹਿਜ ਪਾਠ ਰਖਿਆ ਗਿਆ ਅਤੇ ਦਸਵੇਂ ਦਿਨ ਸ੍ਰੀ ਅਖੰਡਪਾਠ ਤੇ ਸਹਿਜ ਪਾਠ ਦੇ ਭੋਗ ਪਾਏ ਗਏ। ਇਲਾਕੇ ਦੀਆਂ ਬੇਅੰਤ ਸੰਗਤਾਂ ਤੇ ਰਿਸ਼ਤੇਦਾਰ ਪੁਜ ਗਏ ਸਨ। ਭਾਈ ਸਾਹਿਬ ਰਾਮ ਸਿੰਘ ਜੀ ਅਤੇ ਗਿਆਨੀ ਗੁਰਬਚਨ ਸਿੰਘ ਜੀ ਹੋਰ ਕਈ ਸੰਗਤਾਂ ਨਾਲ ਸ੍ਰੀ ਅੰਮ੍ਰਿਤਸਰ ਤੋਂ ਪੁਜ ਗਏ। ਖ਼ੂਬ ਕੀਰਤਨ ਹੋਏ। ਅੰਤਲੀ ਅਰਦਾਸ ਸ੍ਰੀਮਾਨ ਬਾਊ ਜੀ ਨੇ ਕੀਤੀ ਅਤੇ ਸੰਗਤਾਂ ਲੰਗਰ ਛਕ ਕੇ ਵਿਦਾ ਹੋ ਗਈਆਂ।

**ਭਾਈ ਵਰਿਆਮ ਸਿੰਘ ਜੀ ਦੀ ਸੰਤਾਨ**

1. ਬੀਬੀ ਲਛਮਣ ਕੌਰ। ਇਨ੍ਹਾਂ ਦੇ ਸਪੁੱਤਰ ਭਾਈ ਦਿਆਲ ਸਿੰਘ ਦਾ ਅਨੰਦ ਕਾਰਜ ਬੀਬੀ ਸੁਖਦੇਵ ਕੌਰ ਨਾਲ ਭਾਈ ਸਾਹਿਬ ਰਣਧੀਰ ਸਿੰਘ ਜੀ ਨੇ ਆਪ ਕਰਾਇਆ ਸੀ।
2. ਠਾਕੁਰ ਸਿੰਘ (ਲੇਖਕ)।

# ਰੰਗਲੇ ਸਜਣ ਪ੍ਰੋ. ਠਾਕਰ ਸਿੰਘ ਜੀ, ਜੋਗੀਸ਼ੂਰ ਜੀ

ਭਾਈ ਗੁਰਦੀਪ ਸਿੰਘ ਸ੍ਰੀ ਅੰਮ੍ਰਿਤਸਰ

**ਨੋਟ :** ਪ੍ਰੋਫੈਸਰ ਠਾਕਰ ਸਿੰਘ ਜੀ ਦੇ ਜੀਵਨ ਦੇ ਬਿਰਤਾਂਤ ਵਿਸਥਾਰ ਸਹਿਤ ਉਨ੍ਹਾਂ ਵਲੋਂ ਸ੍ਰੀ ਮਾਨ ਬਾਊ ਮਲ ਸਿੰਘ ਜੀ ਦੀ ਜੀਵਨੀ ਬਾਰੇ ਲਿਖੀ ਪੁਸਤਕ "**ਪੂਰਬ ਜਨਮ ਕੇ ਮਿਲੇ ਸੰਜੋਗੀ**" ਵਿਚ ਅੰਕਿਤ ਹਨ ਜੋ ਉਨ੍ਹਾਂ ਦੇ ਭਾਈ ਸਾਹਿਬ ਜੀ, ਬਾਊ ਮਲ ਸਿੰਘ ਜੀ ਦੇ ਨਾਲ ਅੰਤਮ ਆਤਮੇ ਜੁੜੇ ਹੋਣ ਤੇ ਉਨ੍ਹਾਂ ਦੇ ਸੰਗ ਰਹਿੰਦਿਆਂ ਮਾਣੇ ਆਤਮ ਰੰਗਾਂ ਬਾਰੇ ਚਾਨਣਾ ਪਾਉਂਦੇ ਹਨ।

ਪ੍ਰੋਫੈਸਰ ਠਾਕਰ ਸਿੰਘ ਜੀ ਬੜੇ ਭਾਗਾਂ ਵਾਲੇ ਪੁਰਸ਼ ਹੋਏ ਹਨ, ਜਿਨ੍ਹਾਂ ਨੇ ਰਜ-ਰਜ ਕੇ ਭਾਈ ਸਾਹਿਬ ਰਣਧੀਰ ਸਿੰਘ ਜੀ ਅਤੇ ਮਾਨਯਵਰ ਬਾਊ ਮੱਲ ਸਿੰਘ ਜੀ ਦੀ ਸੰਗਤ ਵਿੱਚ ਅਨੰਦ-ਰਸ ਮਾਣੇ ਅਤੇ ਉਹਨਾਂ ਤੋਂ ਖੁਸ਼ੀਆਂ ਪ੍ਰਾਪਤ ਕੀਤੀਆਂ।

**ਜਨਮ :** ਸਤਿਕਾਰ ਯੋਗ ਬਾਪੂ ਜੀ ਭਾਈ ਰਣਧੀਰ ਸਿੰਘ ਜੀ ਅਤੇ ਮਾਨਯਵਰ ਬਾਊ ਮਲ ਸਿੰਘ ਜੀ ਅਤਿ ਨਿਕਟਵਰਤੀ ਪ੍ਰੋ. ਠਾਕੁਰ ਸਿੰਘ ਜੀ ਦਾ ਜਨਮ ਸੰਨ 1900 ਵਿਚ ਪਿੰਡ ਸਰਲੀ ਨਾਗੋਕੀ ਜ਼ਿਲ੍ਹਾ ਅੰਮ੍ਰਿਤਸਰ ਸ. ਵਰਿਆਮ ਸਿੰਘ ਜੀ, ਜੋ ਬਾਊ ਮਲ ਸਿੰਘ ਜੀ ਦੇ ਵੱਡੇ ਭਰਾਤਾ ਸਨ, ਦੇ ਘਰ ਹੋਇਆ। ਇਨ੍ਹਾਂ ਦਾ ਪੂਰਬਲੇ ਜਨਮ ਦਾ ਸੰਯੋਗ ਹੀ ਇਹੋ ਜਿਹਾ ਸੀ ਕਿ ਇਨ੍ਹਾਂ ਸਾਰੀ ਉਮਰ ਭਾਈ ਸਾਹਿਬ ਜੀ ਅਤੇ ਬਾਊ ਜੀ ਦੇ ਸੰਗ ਬਿਹਾਈ ਤੇ ਉਨ੍ਹਾਂ ਦੀ ਸ਼ਖਸ਼ੀਅਤ ਦਾ ਇੰਨ੍ਹਾਂ ਉਪਰ ਬਹੁਤ ਪ੍ਰਭਾਵ ਸੀ। ਭਾਵੇਂ ਇਹ ਬਾਊ ਜੀ ਦੇ ਭਤੀਜ ਲੱਗਦੇ ਸਨ ਪਰ ਬਾਊ ਜੀ ਇਨ੍ਹਾਂ ਨੂੰ ਪੁੱਤਰਾਂ ਨਾਲੋਂ ਵੱਧ ਪਿਆਰ ਕਰਦੇ ਸਨ। ਇੰਨ੍ਹਾਂ ਦੇ ਜਨਮ ਤੋਂ ਥੋੜੇ ਚਿਰ ਹੀ ਬਾਅਦ, ਇੰਨ੍ਹਾਂ ਦੇ ਪਿਤਾ ਜੀ ਆਪਣੇ ਦੂਸਰੇ ਭਰਾਵਾਂ ਨਾਲ ਜਿਲ੍ਹਾ ਲਾਇਲਪੁਰ ਦੀ ਬਾਰ ਵਿਚ ਜਾ ਕੇ ਵੱਸ ਗਏ ਉਥੇ ਵੀ ਪਿੰਡ ਦਾ ਨਾਮ ਵੀ ਸਰਲੀ ਨਾਗੋਕੀ ਹੀ ਸੀ। ਆਪ ਜੀ ਦਾ ਬਚਪਨ ਪਿੰਡ ਵਿਚ ਹੀ ਬੀਤਿਆ ਤੇ ਮੁੱਢਲੀ ਵਿਦਿਆ ਵੀ ਇੰਨ੍ਹਾਂ ਪਾਕਿਸਤਾਨ ਵਿਚ ਹੀ ਲਈ।



www.AKJ.Org

**ਵਿਦਿਆ** : ਜਿਲ੍ਹਾ ਲਾਇਲਪੁਰ ਪਾਕਿਸਤਾਨ ਦੀ ਬਾਰ ਵਿਚ ਪਿੰਡੋਂ ਪ੍ਰਾਇਮਰੀ ਤੱਕ ਵਿਦਿਆ ਪ੍ਰਾਪਤ ਕਰਨ ਤੋਂ ਬਾਅਦ ਆਪ ਨੇ ਸ੍ਰੀ ਅੰਮ੍ਰਿਤਸਰ ਵਿਖੇ ਖਾਲਸਾ ਕਾਲਜ ਵਿਚ ਉਚੇਰੀ ਵਿਦਿਆ ਲਈ ਦਾਖਲਾ ਲੈ ਲਿਆ। ਸੰਨ 1916 ਵਿਚ ਦਸਵੀਂ ਪਾਸ ਕੀਤੀ। ਸੰਨ 1918 ਵਿਚ ਬਾਰਵੀਂ ਤੇ ਸੰਨ 1921 ਵਿਚ ਬੀ.ਏ. ਪਾਸ ਕਰ ਲਈ। ਉਸ ਤੋਂ ਬਾਅਦ ਇਸੇ ਕਾਲਜ ਵਿਚ ਐੱਮ.ਏ. ਅੰਗਰੇਜ਼ੀ ਦੇ ਵਿਸ਼ੇ ਵਿਚ ਪਾਸ ਕੀਤੀ। ਸਕੂਲ ਕਾਲਜ ਦੀ ਪੜ੍ਹਾਈ ਦੌਰਾਨ ਆਪ ਹਾਕੀ ਦੇ ਖਿਡਾਰੀ ਸਨ ਤੇ ਕਈ ਸਾਲ ਕਪਤਾਨੀ ਵੀ ਕੀਤੀ। ਖੇਡਣ ਸਮੇਂ ਆਪਣੇ ਕਕਾਰ ਸਰੀਰ ਨਾਲੋਂ ਵੱਖ ਨਹੀਂ ਸੀ ਹੋਣ ਦਿੰਦੇ। ਸ੍ਰੀ ਸਾਹਿਬ ਕਪੜੇ ਦੇ ਖੋਖੇ ਵਿਚ ਪਾ ਕੇ, ਸੇਫਟੀ ਪਿੰਨ ਨਾਲ ਕਮੀਜ਼ ਦੇ ਬੋਝੇ ਵਿਚ ਟੰਗ ਕੇ ਹਾਕੀ ਖੇਡਣੀ। ਇਕ ਵਾਰ ਜਲੰਧਰ ਛਾਉਣੀ ਵਿਚ ਪਲਟਨ ਦੇ ਨਾਲ ਮੈਚ ਸਮੇਂ ਤਿੰਨ ਅੰਗਰੇਜ਼ ਅਫਸਰ ਕ੍ਰਿਪਾਨ ਲੁਹਾਉਣ ਦੀ ਜਿੱਦੇ ਪੈ ਗਏ। ਆਪ ਨੇ ਖੇਡਣ ਤੋਂ ਇਨਕਾਰ ਕੀਤਾ ਪਰ ਫਿਰ ਇਕ ਵੱਡੇ ਅਫਸਰ ਨੇ, ਵਿਚ ਪੈ ਕੇ ਝਗੜਾ ਨਿਬੇੜਿਆ। ਇਸੇ ਤਰ੍ਹਾਂ 1944 ਗੌਰਮਿੰਟ ਕਾਲਜ ਲੁਧਿਆਣਾ ਦੇ ਰੋਵਰਾਂ (Rovers) ਨਾਲ ਯਾਤਰਾ ਕਰਦਿਆਂ ਗਵਾਲੀਅਰ ਗੁਰਦੁਆਰਾ ਬੰਦੀ ਛੋੜ ਦੇ ਦਰਸ਼ਨਾਂ ਸਮੇਂ ਵੀ ਇਹ ਮਸਲਾ ਖੜਾ ਹੋ ਗਿਆ, ਜਦੋਂ ਕਿਲ੍ਹੇ ਦੇ ਗੇਟ ਦੇ ਸਿਪਾਹੀਆਂ ਨੇ ਕ੍ਰਿਪਾਨ ਉਤਾਰਨ ਲਈ ਕਿਹਾ, ਪਰ ਆਪ ਅੜ ਗਏ ਤੇ ਕਿਲੇ ਦੇ ਅਫ਼ਸਰ ਨੇ ਆ ਕੇ ਸਿਪਾਹੀ ਨੂੰ ਗੁੱਸੇ ਹੁੰਦੇ ਕਿਹਾ ਕਿ ਸਿੱਖ ਕ੍ਰਿਪਾਨ ਪਹਿਨ ਦੇ ਅੰਦਰ ਜਾ ਸਕਦੇ ਹਨ। ਸੰਨ 1921 ਤੋਂ 1925 ਤਾਈਂ ਟੀਮ ਦੇ ਕਪਤਾਨ ਹੋਣ ਕਰਕੇ ਯੂਨੀਵਰਸਿਟੀ ਤੇ ਪੰਜਾਬ ਸਟੇਟ ਦੀ ਟੀਮ ਦੇ ਮੈਂਬਰ ਬਣ ਕੇ ਬੰਬਈ ਆਦਿ ਕਈ ਥਾਵਾਂ 'ਤੇ ਭਾਰੀ ਜਿੱਤਾਂ ਪ੍ਰਾਪਤ ਕੀਤੀਆਂ ਤੇ ਸ਼ੀਲਡਾ ਪ੍ਰਾਪਤ ਕੀਤੀਆਂ। ਸੰਨ 1928 ਤੋਂ 1955 ਤਾਈਂ ਲਗਾਤਾਰ 27 ਸਾਲ ਗੋਰਮਿੰਟ ਕਾਲਜ ਲੁਧਿਆਣਾ ਵਿਚ ਡਾਇਰੈਕਟਰ ਆਫ ਫਿਜ਼ੀਕਲ ਐਜੂਕੇਸ਼ਨ ਦੇ ਅਹੁਦੇ ਤੇ ਨਿਯੁਕਤ ਰਹੇ। ਉੱਥੇ ਰਹਿੰਦਿਆਂ ਨਾਰੰਗਵਾਲ, ਰਾਵਲ ਪਿੰਡੀ, ਜਿਹਲਮ, ਕਸ਼ਮੀਰ, ਕੁਮਾਰਹੱਟੀ ਅਨੇਕ ਥਾਵਾਂ 'ਤੇ ਸਮਾਗਮਾਂ ਦੇ ਖੂਬ ਆਨੰਦ ਮਾਣੇ। ਇਸ ਤੋਂ ਬਾਅਦ 21 ਸਾਲ ਖਾਲਸਾ ਕਾਲਜ ਸ੍ਰੀ ਅੰਮ੍ਰਿਤਸਰ ਅੰਗਰੇਜ਼ੀ ਦੇ ਪ੍ਰੋਫੈਸਰ ਲੱਗੇ ਰਹੇ।

**ਅੰਮ੍ਰਿਤ ਛੱਕਣਾ** : ਬਾਊ ਜੀ ਦੇ ਭਾਈ ਸਾਹਿਬ ਜੀ ਨਾਲ 1910 ਵਿਚ ਹੋਏ ਮੇਲ ਤੋਂ ਪਹਿਲੀ ਵਾਰ 1913 ਵਿਚ ਭਾਈ ਸਾਹਿਬ ਜਥੇ ਸਮੇਤ ਨਾਗੋ ਕੀ ਸਰਲੀ ਸ੍ਰੀ ਅੰਮ੍ਰਿਤਸਰ ਸ੍ਰੀ ਅਖੰਡ ਪਾਠ ਸਾਹਿਬ ਤੇ ਕੀਰਤਨ ਸਮਾਗਮ ਲਈ ਆਏ। ਬਾਊ ਜੀ ਆਪਣੇ ਬਾਕੀ ਪ੍ਰੀਵਾਰਕ ਮੈਂਬਰਾਂ ਨੂੰ ਸੰਗਤ ਕਰਵਾ ਕੇ ਅੰਮ੍ਰਿਤ ਛਕਾ ਕੇ ਗੁਰੂ ਚਰਨਾਂ ਨਾਲ ਜੋੜਨਾ ਚਾਹੁੰਦੇ ਸਨ। ਉਸ ਵੇਲੇ ਬਿਬੇਕ ਦਾ ਪਹਿਰਾ ਲਾਜ਼ਮੀ ਹੁੰਦਾ ਸੀ ਤੇ ਪ੍ਰੀਵਾਰ ਵਲੋਂ ਬਾਰ ਵਿਚ ਪਾਣੀ ਦੀ ਕਿੱਲਤ ਨੂੰ ਲੈ ਕੇ ਦਿਖਾਈ ਮਜ਼ਬੂਰੀ ਕਾਰਨ ਅੰਮ੍ਰਿਤ ਸੰਚਾਰ ਨਾ ਹੋ ਸਕਿਆ।

ਇਸ ਤੋਂ ਬਾਅਦ ਬਾਊ ਜੀ ਦੇ ਪ੍ਰੀਵਾਰਕ ਮੈਂਬਰਾਂ ਨੂੰ ਚਿਤਾਵਨੀ ਦੇ ਦਿੱਤੀ ਕਿ ਉਨ੍ਹਾਂ ਦਾ ਮੇਲ ਮਿਲਾਪ ਤਾਈਂ ਹੀ ਸੰਭਵ ਹੈ ਜੇ ਸਾਰੇ ਅੰਮ੍ਰਿਤ ਛੱਕ ਕੇ ਤਿਆਰ-ਬਰ-ਤਿਆਰ ਹੋਵੋਗੇ। ਬਾਊ ਜੀ ਦੀ ਇਹ ਚਿਤਾਵਨੀ ਤੇ ਕਰੜਾਈ ਰੰਗ ਲਿਆਈ। ਅਗਲੇ ਸਾਲ ਸੰਨ 1914 ਵਿਚ ਸਾਰਾ ਪ੍ਰੀਵਾਰ ਅੰਮ੍ਰਿਤ ਛੱਕਣ ਲਈ ਤੇ ਬਿਬੇਕ ਰਹਿਤ ਰੱਖਣ ਲਈ ਤਿਆਰ ਹੋ ਗਿਆ। ਭਾਈ ਸਾਹਿਬ ਜੀ ਨੇ ਜਥੇ ਸਮੇਤ ਪਿੰਡ ਨਾਗੋ ਕੀ ਸਰਲੀ ਜਿਲ੍ਹਾ ਲਾਇਲਪੁਰ ਦੀ ਬਾਰ ਵਿਚ ਜਾ ਕੇ ਸ੍ਰੀ ਅਖੰਡ ਪਾਠ ਸਾਹਿਬ ਅਤੇ ਕੀਰਤਨ ਅਖਾੜੇ ਰਚਾਏ ਅਤੇ ਅੰਮ੍ਰਿਤ ਸੰਚਾਰ ਵੀ ਹੋਇਆ ਜਿਸ ਵਿਚ ਆਪ ਜੀ ਸਮੇਤ ਸਾਰੇ ਪ੍ਰੀਵਾਰ ਨੇ ਅੰਮ੍ਰਿਤ ਛੱਕਿਆ। ਸ੍ਰੀ ਮਾਨ ਬਾਊ ਮੱਲ ਸਿੰਘ ਜੀ ਦੇ ਵੱਡੇ ਭਰਾਤਾ, ਜਥੇਦਾਰ ਵਰਿਆਮ ਸਿੰਘ ਜੀ ਦੇ ਘਰ ਜਨਮ ਲੈ ਕੇ ਬਚਪਨ ਤੋਂ ਹੀ ਆਪ ਗੁਰਮਤੀ ਮਾਹੌਲ ਵਿੱਚ ਵਧੇ-ਫੁਲੇ ਤੇ ਪੁੰਗਰੇ।

**ਜਲ੍ਹਿਆਂਵਾਲਾ ਬਾਗ਼ ਦਾ ਸਾਕਾ** : ਸੰਨ 1919 ਵਿਚ ਆਪ ਬਾਰਵੀਂ ਕਲਾਸ ਵਿਚ ਖ਼ਾਲਸਾ ਕਾਲਜ ਵਿਚ ਪੜ੍ਹ ਰਹੇ ਸਨ। ਪਹਿਲੀ ਜੰਗ ਦੀ ਸਮਾਪਤੀ ਤੋਂ ਬਾਅਦ ਲੋਕਾਂ ਨੂੰ ਅਜ਼ਾਦੀ ਮਿਲਣ ਦੀ ਆਸ ਹੋ ਗਈ ਅਤੇ ਲੋਕਾਂ ਵਿਚ ਜੋਸ਼ ਪੈਦਾ ਹੋ ਗਿਆ। ਸ੍ਰੀ ਅੰਮ੍ਰਿਤਸਰ ਦੇ ਕੁਝ ਦੇਸ਼ ਭਗਤ ਗ੍ਰਿਫਤਾਰ ਕਰ ਗਏ ਅਤੇ ਰੋਲਟ ਐਕਟ ਲਾਗੂ ਕਰ ਦਿੱਤਾ ਗਿਆ। ਜਿਸ ਦੇ ਵਿਰੋਧ ਵਿਚ ਸ਼ਹਿਰ ਵਾਸੀਆਂ ਵਲੋਂ 13 ਅਪਰੈਲ 1919 ਵੈਸਾਖੀ ਵਾਲੇ ਦਿਨ ਜਲਸਾ ਰੱਖ ਦਿੱਤਾ


www.AKJ.Org

ਗਿਆ। ਫੌਜੀ ਅਫਸਰਾ ਗੋਬਿੰਦ ਗੜ੍ਹ ਕਿਲ੍ਹੇ ਵਿਚ ਮੀਟਿੰਗ ਕੀਤੀ, ਜਿਸ ਵਿਚ ਇੰਨ੍ਹਾਂ ਦੇ ਕਾਲਜ ਦੇ ਪ੍ਰਿੰਸੀਪਲ ਜੀ.ਏ. ਵਾਦਨ ਜੋ ਅੰਗਰੇਜ਼ ਸੀ ਨੂੰ ਬੁਲਾਇਆ ਗਿਆ ਤੇ ਸਖ਼ਤੀ ਕਰਨ ਦਾ ਫੈਸਲਾ ਕੀਤਾ ਗਿਆ। ਪ੍ਰਿੰਸੀਪਲ ਨੇ ਕਾਲਜ ਆ ਕੇ ਵਿਦਿਆਰਥੀਆਂ ਨੂੰ ਜਲਸੇ ਵਿਚ ਨਾ ਜਾਣ ਦੀ ਹਿਦਾਇਤ ਕੀਤੀ। ਪਰ ਕੁਝ ਵਿਦਿਆਰਥੀ ਨੇ ਫੈਸਲਾ ਕੀਤਾ ਕਿ ਜ਼ਰੂਰ ਜਾਣਾ ਹੈ ਤੇ ਸ਼ਾਮ ਚਾਰ ਕੁ ਵਜੇ ਬਾਗ ਵਿਚ ਪਹੁੰਚ ਗਏ। ਆਪ ਵੀ ਉਨ੍ਹਾਂ ਵਿਚ ਸ਼ਾਮਿਲ ਸਨ। ਇੰਨ੍ਹਾਂ ਦੇ ਸਾਹਮਣੇ ਸ਼ਾਤਮਈ ਜਲਸੇ ਉੱਪਰ ਜਨਰਲ ਡਾਇਰ ਨੇ ਗੋਰਖੇ ਸਿਪਾਹੀ ਲੈ ਕੇ ਬਿਨ੍ਹਾਂ ਚੇਤਾਵਨੀ ਦਿੱਤੇ ਗੋਲੀ ਚਲਾਉਣ ਦਾ ਹੁਕਮ ਦਿੱਤਾ ਤੇ ਲਾਸ਼ਾਂ ਦੇ ਢੇਰ ਲਗ ਗਏ। ਬਹੁਤ ਸਾਰੇ ਜ਼ਖ਼ਮੀ ਹੋ ਗਏ ਤੇ ਕਈਆਂ ਨੇ ਬਾਹਰ ਨਿਕਲਣ ਲਈ ਨੱਸ ਭੱਜ ਕਰਨੀ ਸ਼ੁਰੂ ਕਰ ਦਿੱਤੀ। ਆਪ ਵੀ ਇਕ ਛੋਟੀ ਕੰਧ ਵੱਲ ਬਾਹਰ ਨਿਕਲਣ ਲਈ ਭੱਜੇ, ਪਰ ਉੱਥੇ 11-12 ਕੁ ਸਾਲ ਦੇ ਦੋ ਬੱਚੇ ਚੀਕਾਂ ਮਾਰ ਰਹੇ ਸਨ, ਕਿ ਉਨ੍ਹਾਂ ਨੂੰ ਬਾਹਰ ਕੱਢੋ। ਆਪ ਨੇ ਇਕ ਨੂੰ ਤਾਂ ਚੁੱਕੇ ਕੇ ਬਾਹਰ ਸੁੱਟ ਦਿੱਤਾ ਪਰ ਦੂਜੇ ਨੂੰ ਸੁੱਟਣ ਵੇਲੇ ਬਹੁਤ ਸਾਰੇ ਜ਼ਖ਼ਮੀ ਲੋਕ ਆ ਕੇ, ਆਪ ਉੱਪਰ ਡਿੱਗ ਪਏ ਤੇ ਆਪ ਉਨ੍ਹਾਂ ਥੱਲੇ ਦੱਬੇ ਗਏ। ਪਰ ਜਵਾਨ ਤੇ ਖਿਡਾਰੀ ਹੋਣ ਕਾਰਨ ਜ਼ੋਰ ਲਗਾ ਕੇ ਆਪ ਹੇਠੋਂ ਨਿਕਲ ਕੇ ਕੰਧ ਟੱਪ ਕੇ ਨਾਮਧਾਰੀਆਂ ਦੀ ਧਰਮਸ਼ਾਲਾ ਚਲੇ ਗਏ। ਆਪ ਜੀ ਦੀ ਪਗੜੀ, ਪਜਾਮਾ, ਜੁੱਤੀ ਉੱਥੇ ਹੀ ਰਹਿ ਗਈਆਂ। ਕਮੀਜ਼ ਵੀ ਖ਼ੂਨ ਨਾਲ ਲਿਬੜੀ ਹੋਈ ਸੀ। ਉੱਥੇ ਆ ਰਹੇ ਜਖ਼ਮੀਆਂ ਨੂੰ ਪਾਣੀ ਪਿਆਉਣ ਦੀ ਸੇਵਾ ਕਰਦੇ ਰਹੇ। ਫਿਰ ਬਾਗ਼ ਵੱਲ ਜਾ ਕੇ ਆਪ ਦੀਆਂ ਰਹੀਆਂ ਵਸਤੂਆਂ ਲੈ ਕੇ ਹੌਲੀ-ਹੌਲੀ ਕਾਲਜ ਵਾਪਿਸ ਪਹੁੰਚ ਗਏ। ਆਪ ਇਸ ਸਾਕੇ ਦੇ ਚਸ਼ਮਦੀਦ ਗਵਾਹ ਸਨ। ਸੰਨ 1980 ਵਿਚ ਆਪ ਦਾ ਬਿਆਨ ਕਈ ਸਾਲ ਆਲ ਇੰਡੀਆ ਰੇਡੀਓ ਤੋਂ ਸੁਣਾਇਆ ਜਾਂਦਾ ਰਿਹਾ ਹੈ ਜੋ ਕਿ ਪ੍ਰਸਿੱਧ ਲੇਖਕ ਸ. ਖੁਸ਼ਵੰਤ ਸਿੰਘ ਨੇ ਰਿਕਾਰਡ ਕੀਤਾ ਸੀ। ਇਸੇ ਤਰ੍ਹਾਂ ਸੰਨ 1921 ਵਿਚ ਮਹਾਤਮਾ ਗਾਂਧੀ ਵਲੋਂ ਚਲਾਈ ਨਾ ਮਿਲ ਵਰਤਣ ਲਹਿਰ ਵਿਚ ਨਾ ਸ਼ਾਮਿਲ ਹੋਣ ਲਈ ਕਾਲਜ ਦੇ ਪ੍ਰਿੰਸੀਪਲ ਵਲੋਂ ਆਪ ਨੂੰ ਉੱਚੇ ਅਹੁਦੇ ਵਾਲੀ ਨੌਕਰੀ ਦਾ ਲਾਲਚ ਵੀ ਦਿੱਤਾ ਸੀ ਜੋ ਆਪ ਜੀ ਨੇ ਠੁਕਰਾ ਦਿੱਤਾ ਸੀ ਕਿਉਂਕਿ ਆਪ ਅੰਦਰ ਦੇਸ਼ ਭਗਤੀ ਦਾ ਜ਼ਜ਼ਬਾ ਕੁੱਟ-ਕੁੱਟ ਕੇ ਭਰਿਆ ਹੋਇਆ ਸੀ।

ਇਸੇ ਤਰ੍ਹਾਂ ਦੀ ਇਕ ਹੋਰ ਘਟਨਾ ਹੈ ਕਿ ਗੁਰੂ ਕੇ ਪਿਆਰੇ ਕਿਵੇਂ ਆਪਣੇ ਅਜ਼ੀਜ਼ਾਂ ਦੀ ਰਖਿਆ ਕਰਦੇ ਹਨ। ਸੰਨ 1914-18 ਵਾਲੀ ਪਹਿਲੀ ਸੰਸਾਰ ਯੁੱਧ ਖ਼ਤਮ ਹੋਣ ਸਮੇਂ ਭਾਈ ਸਾਹਿਬ ਉਮਰ ਕੈਦ ਹੋ ਕੇ ਜੇਲ੍ਹ ਦੀਆਂ ਸੀਖਾਂ ਪਿਛੇ ਬੰਦ ਸਨ। ਓਦੋਂ ਆਪ ਜੀ ਦਾ ਇਕ ਹਾਕੀ-ਟੀਮ ਦਾ ਸਾਥੀ ਕੈਪਟਨ ਜੈ ਸਿੰਘ ਬੇਅੰਤ ਮਾਇਆ ਜੋੜ ਕੇ ਸੰਸਾਰ ਯੁਧ ਤੋਂ ਵਾਪਸ ਮੁੜਿਆ। ਉਹ ਰੋਜ਼ ਖ਼ਾਲਸਾ ਕਾਲਜ ਦੇ ਪੁਰਾਣੇ ਸਾਥੀਆਂ ਨਾਲ ਹਾਕੀ ਖੇਡਣ ਆ ਜਾਂਦਾ, ਫਿਰ ਸ੍ਰੀ ਦਰਬਾਰ ਸਾਹਿਬ ਇਕ ਪਰਾਤ ਕੜਾਹ ਪ੍ਰਸ਼ਾਦ ਭੇਟ ਕਰਨੀ ਅਤੇ ਬਾਅਦ ਵਿੱਚ ਸਾਰਿਆਂ ਨੇ ਰਲ ਮਿਲ ਕੇ ਖ਼ੂਬ ਗਫੇ ਲਾਉਣੇ। ਇਹਨਾਂ ਵਿਚੋਂ ਇਕ ਸ਼ਰਾਰਤੀ ਖਿਡਾਰੀ ਇਕ ਦਿਨ ਸਾਰਿਆਂ ਨੂੰ ਬਾਹਰ ਕਿਤੇ ਹੋਰ ਥਾਂ ਰੰਗ-ਰਲੀਆਂ ਮਾਨਣ ਲਈ ਲੈ ਤੁਰਿਆ। ਪ੍ਰੋਫੈਸਰ ਸਾਹਿਬ ਪੁਸਤਕ ਵਿੱਚ ਲਿਖਦੇ ਹਨ-

'ਮੈਂ ਉਹਨਾਂ ਦਾ ਪ੍ਰੇਰਿਆ ਹੋਇਆ ਜਕੋ ਤਕਿਆਂ ਵਿੱਚ, ਉਹਨਾਂ ਦੇ ਮਗਰ ਲਗ ਤੁਰਿਆ। ਕੁਝ ਸਮਝ ਨਾ ਆਵੇ। ਨਾਂਹ ਕਰਨ ਦਾ ਹੌਸਲਾ ਨਾ ਪਵੇ। ਪਰ ਮੇਰੀ ਆਤਮਾ ਲਾਹਨਤਾ ਪਾਵੇ ਕਿ ਕਿਧਰ ਜਾ ਰਿਹਾ ਹੈਂ ? ਉਹ ਸਾਰੇ ਬਜ਼ਾਰ ਮੁੜ ਕੇ ਪੌੜੀਆਂ ਚੜ੍ਹ ਕੇ ਇਕ ਕਮਰੇ ਵਿੱਚ ਜਾ ਰਹੇ ਸਨ। ਮੈਂ ਅਖ਼ੀਰ ਤੇ ਉਪਰ ਚੜ੍ਹ ਕੇ ਜਦ ਆਖ਼ਰੀ ਪੌੜੀ ਤੋਂ ਪੈਰ ਅੰਦਰ ਰਖਣ ਲਗਾ ਤਾਂ ਸਤਿਗੁਰੂ ਜੀ ਦੀ ਬਖਸ਼ਸ਼ ਹੋਈ ਅਤੇ ਸ੍ਰੀ ਮਾਨ ਭਾਈ ਸਾਹਿਬ ਜੀ ਝਟ-ਪਟ ਅੱਗੇ ਆ ਕੇ ਖੜੇ ਹੋ ਗਏ। ਮੇਰੀਆਂ ਅੱਖਾਂ ਖੁਲ੍ਹੀਆਂ ਸਨ, ਪਰ ਨਜ਼ਰ ਕੁਛ ਨਹੀਂ ਸੀ ਆ ਰਿਹਾ। ਮੈਂ ਘਬਰਾਹਟ ਵਿੱਚ ਨੀਮ ਬੇਸੁਧ ਸਾਂ। ਮੇਰਾ ਉਹ ਕਦਮ ਜੋ ਅੰਦਰ ਜਾ ਰਿਹਾ ਸੀ, ਵਾਪਸ ਹੇਠਲੀ ਪੌੜੀ ਤੇ ਆ ਲਗਾ। ਮੇਰੀ ਹੋਸ਼ ਪਰਤ ਆਈ। ਭੱਜ ਕੇ ਜਦ ਹਾਲ ਬਜ਼ਾਰ ਪੁੱਜਾ ਤਾਂ ਮੇਰੀਆਂ ਅੱਖਾਂ ਵਿੱਚ ਰੌਸ਼ਨੀ ਆ ਗਈ। ਮੈਂ ਖੜਾ ਹੋ ਗਿਆ ਅਤੇ ਘਬਰਾਹਟ ਤੋਂ ਹੌਲੀ-ਹੌਲੀ ਅਰਾਮ ਆ ਗਿਆ। ਮੈਂ ਸਤਿਗੁਰੂ ਜੀ ਦਾ ਸ਼ੁਕਰ ਕੀਤਾ, ਜਿਨ੍ਹਾਂ ਨੇ ਭਾਈ ਸਾਹਿਬ ਜੀ ਦਾ ਪਹਿਰਾ ਲਾ ਕੇ ਮੈਨੂੰ


www.AKJ.Org

ਬੁਰੀ ਸੰਗਤ ਤੋਂ ਬਚਾਅ ਲਿਆ ਸੀ। ਜਦੋਂ ਭਾਈ ਸਾਹਿਬ ਜੀ ਜੇਲ੍ਹ ਤੋਂ ਵਾਪਸ ਆਏ ਤਾਂ ਇਕ ਦੋ ਵੇਰ ਤਰੀਕੇ ਤਰੀਕੇ ਨਾਲ ਦਸ ਦੇਂਦੇ ਰਹੇ ਕਿ ਜੇਲ੍ਹ ਵਿੱਚ ਬੈਠਿਆਂ ਵੀ ਬੱਚਿਆਂ ਦੀ ਸੰਭਾਲ ਕਰਨੀ ਪੈਂਦੀ ਹੈ।"

ਸੰਨ 1914 ਵਿੱਚ ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਜਥੇ ਤੋਂ ਅੰਮ੍ਰਿਤ ਪਾਨ ਕਰ ਕੇ 'ਗੁਰਸਿਖ ਰਹਿਤ ਰਹਿਣੀ' ਨੂੰ ਨਿਭਾਉਣ ਲਈ ਅਫ਼ਸਰਾਂ ਨਾਲ ਵੀ ਹਾਕੀ ਮੈਚ ਖੇਡਦਿਆਂ ਕਿਰਪਾਨ ਨੂੰ ਆਪਣੇ ਅੰਗ ਸੰਗ ਰਖਿਆ। ਰਹਿਤ ਰਹਿਣੀ ਵਿੱਚ ਢਿਲਿਆਈ ਕਦੇ ਨਹੀਂ ਹੋਣ ਦਿੱਤੀ। ਭਾਈ ਸਾਹਿਬ ਦੀਆਂ ਅਸੀਸਾਂ ਸਦਕਾ ਗੌਰਮਿੰਟ ਕਾਲਜ ਲੁਧਿਆਣਾ ਵਿੱਚ ਚੰਗੀ ਪੋਸਟ ਮਿਲ ਗਈ, ਜਿੱਥੇ 27 ਸਾਲ ਦੀ ਸਰਵਿਸ ਪਿਛੋਂ ਰੀਟਾਇਰ ਹੋਏ। ਬਾਅਦ ਵਿੱਚ 19 ਸਾਲ ਖ਼ਾਲਸਾ ਕਾਜਲ ਅੰਮ੍ਰਿਤਸਰ ਵਿੱਚ ਸਰਵਿਸ ਕੀਤੀ ਅਤੇ ਇਥੋਂ ਵੇਹਲੇ ਹੋ ਕੇ ਆਪਣੇ ਪਿਤਾ ਜੀ ਦੀ ਅੰਤਲੇ ਸਾਲਾਂ ਵਿੱਚ ਖ਼ੂਬ ਰਜ ਕੇ ਸੇਵਾ ਕੀਤੀ, ਅੰਮ੍ਰਿਤ ਵੇਲੇ ਇਕ ਵਜੇ ਇਸ਼ਨਾਨ ਕਰਾਉਣੇ, ਫਿਰ ਰਲ ਕੇ ਕੀਰਤਨ ਕਰਨਾ ਤੇ ਨਿਤਨੇਮ ਤੇ ਹੋਰ ਬਾਣੀਆਂ ਦੇ ਪਾਠ ਦੇ ਅਨੰਦ ਮਾਣਨੇ। ਪਿਤਾ ਜੀ ਦੀ 103 ਸਾਲ ਦੀ ਆਯੂ ਤਕ ਖਿੜੇ ਮੱਥੇ ਸੇਵਾ ਨਿਭਾ ਕੇ ਉਹਨਾਂ ਤੋਂ ਅਸੀਸਾਂ ਪ੍ਰਾਪਤ ਕਰਦੇ ਰਹੇ। ਇਸੇ ਤਰ੍ਹਾਂ ਮਾਨਯੋਗ ਬਾਊ ਮੱਲ ਸਿੰਘ ਜੀ ਦੇ ਅੰਤ ਸਮੇਂ 100 ਸਾਲ ਦੀ ਆਯੂ ਤੱਕ ਉਹਨਾਂ ਦਾ ਵੀ ਖ਼ੂਬ ਸਾਥ ਨਿਭਾਇਆ, ਸੇਵਾ ਕੀਤੀ ਅਤੇ ਖ਼ੁਸ਼ੀਆਂ ਪ੍ਰਾਪਤ ਕੀਤੀਆਂ।

ਭਾਈ ਸਾਹਿਬ ਰਣਧੀਰ ਸਿੰਘ ਜੀ ਦੀਆਂ ਬਖ਼ਸ਼ਿਸ਼ਾਂ ਸਦਕਾ ਜਦੋਂ ਗੌਰਮਿੰਟ ਕਾਲਜ ਲੁਧਿਆਣੇ ਡਾਇਰੈਕਟਰ ਆਫ਼ ਫ਼ਿਜ਼ੀਕਲ ਐਜੂਕੇਸ਼ਨ ਲਗ ਗਏ ਤਾਂ ਓਦੋਂ ਹਰ ਸਨਿਚਰਵਾਰ ਪਿਛਲੇ ਪਹਿਰ ਸਾਈਕਲ ਤੇ ਸੋਲ੍ਹਾਂ ਮੀਲ ਪੈਂਡਾ ਮਾਰ ਕੇ ਨਾਰੰਗਵਾਲ ਭਾਈ ਸਾਹਿਬ ਜੀ ਪਾਸ ਪੁਜ ਜਾਣਾ ਅਤੇ ਸ਼ਾਮ ਦਾ ਸੋਦਰ, ਐਤਵਾਰ ਅੰਮ੍ਰਿਤ ਵੇਲੇ ਦਾ ਅਨੰਦ, ਕੀਰਤਨ ਅਤੇ ਫਿਰ ਸ਼ਾਮ ਦੇ ਪ੍ਰੋਗਰਾਮ ਦੇ ਅਨੰਦ-ਰਸ ਭੁੰਚਣੇ। ਸੋਮਵਾਰ ਨੂੰ ਅੰਮ੍ਰਿਤ ਵੇਲੇ ਸੱਚੇ ਪਾਤਸ਼ਾਹ ਦੇ ਹੁਕਮਨਾਮੇ ਸੁਣ ਕੇ ਵਾਪਸ ਸਾਈਕਲ ਤੇ ਹੀ ਕਾਲਜ ਨੂੰ ਪਰਤਣਾ।

ਇਸ ਸਮੇਂ ਦੀ ਇਕ ਵਾਰਤਾ ਪ੍ਰੋ. ਠਾਕਰ ਸਿੰਘ ਜੀ ਆਪ ਇਉਂ ਬਿਆਨ ਕਰਦੇ ਹਨ- "ਇਕ ਵਾਰੀ ਕਤਕ ਪੂਰਨਮਾਸ਼ੀ ਗੁਰਪੁਰਬ ਸਮੇਂ ਭਾਈ ਸਾਹਿਬ ਨੂੰ ਬੇਨਤੀ ਕੀਤੀ ਕਿ ਰਾਸ਼ਨ ਵਿੱਚ ਹਿੱਸਾ ਪਾਉਣ ਲਈ ਦਾਸ ਨੂੰ ਆਗਿਆ ਦਿੱਤੀ ਜਾਵੇ। ਬਹੁਤ ਖੁਸ਼ ਹੋ ਕੇ ਕਹਿਣ ਲਗੇ, 'ਗੁਰਪੁਰਬ ਤੇ ਆਉਂਦੇ ਹੋਏ ਸਾਈਕਲ ਤੇ ਖੰਡ ਚਾਵਲ ਬੰਨ੍ਹ ਲਿਆਉਣੇ।' ਜਦੋਂ ਮੈਂ ਨਾਰੰਗਵਾਲ ਨੂੰ ਛੇ ਵਜੇ ਸ਼ਾਮ ਜਾਣ ਲਈ ਕਮਰਕਸੇ ਕਰ ਲਏ ਅਤੇ ਸਾਈਕਲ ਤੇ ਤਕਰੀਬਨ ਇਕ ਮਣ ਸਮਾਨ ਬੰਨ੍ਹ ਲਿਆ ਤਾਂ ਲੁਧਿਆਣੇ ਮਿਲਰਗੰਜ ਵਿੱਚ ਹੀ ਚਲ ਰਿਹਾ ਸਾਂ ਕਿ ਸਾਹਮਣੇ ਪਾਸੇ ਤੋਂ ਇਤਨੀ ਸਖ਼ਤ ਕਾਲੀ ਹਨ੍ਹੇਰੀ ਆਈ ਕਿ ਤਿੰਨ ਘੰਟੇ ਉੱਥੇ ਹੀ ਅਟਕਣਾ ਪਿਆ। ਸਾਢੇ ਨੌਂ ਵਜੇ ਰਾਤ ਬੜੀ ਮੁਸ਼ਕਲ ਨਾਲ ਚਲਣ ਦੀ ਕੋਸ਼ਿਸ਼ ਕੀਤੀ। ਦਿਲ ਵਿੱਚ ਚਾਅ ਸੀ ਕਿ ਹਰ ਹਾਲਤ ਵਿੱਚ ਇਹ ਰਾਸ਼ਨ ਰਾਤੋ ਰਾਤ ਨਾਰੰਗਵਾਲ ਪੁਚਾਣਾ ਹੈ। ਸੋ ਸਾਹਮਣੀ ਹਵਾ ਦੇ ਬਾਵਜੂਦ, ਕੈਂਦ ਬੂਲ ਵਾਲੇ ਪੁੱਲ ਤੇ ਸਰਹਿੰਦ ਨਹਿਰ ਤਕ, ਜੋ ਨਾਰੰਗਵਾਲ ਦੇ ਲਾਗੇ ਦੀ ਜਾਂਦੀ ਹੈ, ਦਸ ਮੀਲ ਦਾ ਫ਼ਾਸਲਾ ਬੜੀ ਮੁਸ਼ਕਲ ਨਾਲ ਤਹਿ ਕਰ ਕੇ ਢਾਈ ਘੰਟੇ ਵਿੱਚ ਬਾਰ੍ਹਾਂ ਵਜੇ ਰਾਤ ਪੁੱਜਾ। ਕੱਤਕ ਪੂਰਨਮਾਸ਼ੀ ਦੇ ਚੰਦ ਦੀ ਚਾਨਣੀ ਬਹੁਤ ਅੱਛੀ ਸੀ, ਪਰ ਉਸ ਵਕਤ ਸਾਰੀ ਦੁਨੀਆ ਸੁਤੀ ਪਈ ਸੀ ਤੇ ਨਾਰੰਗਵਾਲ ਅਜੇ ਛੇ ਮੀਲ ਅਗੇ ਸੀ। ਸੋ ਨਹਿਰ ਦੀ ਪਟੜੀ ਪਟੜੀ ਚਲ ਪਿਆ। ਪਰ ਇਹ ਨਾ ਪਤਾ ਲਗ ਸਕੇ ਕਿ ਨਾਰੰਗਵਾਲ ਪਿੰਡ ਕਿੱਥੇ ਕੁ ਹੈ। ਜਾਂਦੇ-ਜਾਂਦੇ ਅਖ਼ੀਰ ਤੇ ਇਕ ਲਾਲਟੈਨ ਦੀ ਰੌਸ਼ਨੀ ਨਜ਼ਰ ਆਈ। ਇਹ ਖ਼ਿਆਲ ਕਰਕੇ ਕਿ ਇਸ ਪਿੰਡ ਪੁੱਜ ਕੇ ਨਾਰੰਗਵਾਲ ਦਾ ਪਤਾ ਕਰ ਲਵਾਂਗਾ, ਨਹਿਰ ਦੀ ਪਟੜੀ ਛੱਡ ਕੇ ਸਿੱਧਾ ਡਾਂਡੇ-ਮੀਂਡੇ ਰਸਤੇ ਸਾਈਕਲ ਵਾਹਣ ਵਿੱਚ ਦੀ ਪਾ ਲਿਆ ਤੇ ਉਤਰ ਕੇ ਸਾਈਕਲ ਨਾਲ ਉਸ ਰੋਸ਼ਨੀ ਵਲ ਚਲ ਪਿਆ। ਸਾਈਕਲ ਪਿੱਛੇ ਕਾਫ਼ੀ ਵਜ਼ਨ ਬੱਧਾ ਹੋਣ ਕਰਕੇ ਤੁਰਨਾ ਕਾਫ਼ੀ ਮੁਸ਼ਕਲ ਸੀ। ਥੋੜੀ ਦੂਰ ਹੀ ਗਿਆ ਸੀ ਕਿ ਗਠੜੀ ਵਿਚੋਂ ਚੌਲ ਕਿਰਨ ਲਗ ਪਏ। ਉੱਥੇ ਠਹਿਰ ਕੇ ਸਭ ਕੁਛ ਠੀਕ ਕੀਤਾ ਅਤੇ ਸਚੇ ਪਾਤਸ਼ਾਹ ਤੇ ਭਾਈ ਸਾਹਿਬ ਜੀ ਹੋਰਾਂ ਨੂੰ ਯਾਦ ਕੀਤਾ। ਇੰਨੇ ਨੂੰ ਲਾਲਟੈਨ ਵਾਲਾ ਲਾਗੇ ਆ ਪੁੱਜਾ। ਪੁਛਿਆ ਤਾਂ ਉਹ ਸਜਣ ਕਹਿਣ ਲਗਾ ਕਿ ਇਹੋ ਹੀ



www.AKJ.Org

ਨਾਰੰਗਵਾਲ ਹੈ। ਨਾਲ ਹੀ ਬੋਲਿਆ ਕਿ ਭਾਈ ਸਾਹਿਬ ਜੀ ਦੇ ਘਰ ਗੁਰਪੁਰਬ ਦਾ ਸਮਾਗਮ ਹੈ, ਮੈਂ ਤੁਹਾਨੂੰ ਘਰ ਛੱਡ ਆਵਾਂਗਾ। ਜਦੋਂ ਘਰ ਪੁਜਾ, ਦਰਵਾਜ਼ਾ ਖੁਲ੍ਹਾ ਸੀ, ਦੋ ਵਜੇ ਦਾ ਵਕਤ ਸੀ ਅਤੇ ਭਾਈ ਸਾਹਿਬ ਤੇ ਮਾਨਯੋਗ ਬਾਊ ਜੀ ਦੋਵੇਂ ਉੱਪਰ ਛਤ ਤੇ ਬੈਠੇ ਉਡੀਕ ਕਰ ਰਹੇ ਸਨ। ਬਾਊ ਜੀ ਨੇ ਉਹਨਾਂ ਨੂੰ ਬੇਨਤੀ ਕੀਤੀ ਸੀ ਕਿ 'ਉਸ ਨੇ ਆ ਹੀ ਜਾਣਾ ਹੈ, ਤੁਸੀਂ ਅਰਾਮ ਕਰ ਲਵੋ।' ਕਹਿਣ ਲੱਗੇ, 'ਇਹ ਨਹੀਂ ਹੋ ਸਕਦਾ, ਉਹ ਬੜੀ ਮੁਸ਼ਕਲ ਵਿਚ ਰਾਤ ਇਕੱਲਾ ਆ ਰਿਹਾ ਹੈ। ਉਸ ਦੀ ਰਸਤੇ ਵਿੱਚ ਸੰਭਾਲ ਕਰਨੀ ਹੈ।' ਮਿਲਣ ਤੇ ਬਹੁਤ ਖੁਸ਼ੀ ਮਨਾਈ, ਗਲੇ ਲਾਇਆ ਤੇ ਬੇਅੰਤ ਅਸੀਸਾਂ ਦਿੱਤੀਆਂ।'

ਭਾਈ ਸਾਹਿਬ ਰਣਧੀਰ ਸਿੰਘ ਜੀ ਪ੍ਰੋਫੈਸਰ ਠਾਕਰ ਸਿੰਘ ਜੀ ਨੂੰ 'ਜੋਗੀ' ਕਹਿ ਕੇ ਸਦਦੇ ਹੁੰਦੇ ਸਨ ਅਤੇ ਉਹਨਾਂ ਤੇ ਬੜੀਆਂ ਹੀ ਮਿਹਰਾਂ ਕਰਦੇ ਰਹੇ ਹਨ। ਇਕੇਰਾਂ ਕੁਮਾਰ ਹੱਟੀ ਤੋਂ ਇਕ ਪਤਰਕਾ ਭਾਈ ਸਾਹਿਬ ਨੇ ਜੋਗੀ ਜੀ ਨੂੰ ਲਿਖੀ, ਜੋ ਰੂਹਾਨੀ ਸਾਹਿੱਤ ਦਾ ਇਕ ਅਲੌਕਿਕ ਨਮੂਨਾ ਹੈ। ਭਾਈ ਸਾਹਿਬ ਜੀ ਦੀਆਂ ਬਖ਼ਸ਼ੀਆਂ ਕਈ ਪਿਆਰ ਸੁਗਾਤਾਂ (ਇਕ ਵੱਡੀ ਸ੍ਰੀ ਸਾਹਿਬ, ਇਕ ਬੈਰਾਗਣ, ਇਕ ਸਿਮਰਨਾ) ਪ੍ਰੋਫੈਸਰ ਜੀ ਨੇ ਆਪਣੇ ਪਾਸ ਸੰਭਾਲ ਕੇ ਰਖੀਆਂ ਹੋਈਆਂ ਸਨ।

ਪ੍ਰੋਫੈਸਰ ਠਾਕਰ ਸਿੰਘ ਜੀ ਬਚਪਨ ਤੋਂ ਹੀ ਮਾਨਯਵਰ ਬਾਊ ਮੱਲ ਸਿੰਘ ਜੀ ਦੀ ਨਿਗਰਾਨੀ ਵਿੱਚ ਪਲੇ, ਖੇਡੇ ਅਤੇ ਵਿਦਿਆ-ਪ੍ਰਾਪਤ ਕੀਤੀ ਅਤੇ ਆਯੂ ਪ੍ਰਯੰਤ ਸਤਿਸੰਗ ਮੰਡਲਾ ਵਿੱਚ ਨਾਮ, ਬਾਣੀ ਤੇ ਕੀਰਤਨ ਦੇ ਅਨੰਦ ਭੁੰਚਦੇ ਰਹੇ। ਉਹਨਾਂ ਦੀ ਸੰਗਤ ਵਿੱਚ ਰਾਵਲ ਪਿੰਡੀ-ਕੀਰਤਲ-ਫੇਰੀਆਂ ਵਿੱਚ ਬੀਬੀ ਇੰਦਰ ਕੌਰ ਜੀ ਦੇ ਬੁੰਗਿਆਂ ਵਿੱਚ ਅਤੇ ਜੇਹਲਮ ਆਦਿ ਅਨੇਕਾਂ ਕੀਰਤਨ ਸਮਾਗਮਾਂ ਵਿੱਚ ਰੰਗ-ਰਸ ਮਾਣਦੇ ਰਹੇ, ਜਿਨ੍ਹਾਂ ਦੀ ਵੰਨਗੀ ਪੁਸਤਕ "**ਪੂਰਬ ਜਨਮ ਕੇ ਮਿਲੇ ਸੰਜੋਗੀ**" ਵਿੱਚ ਵੇਖੀ ਜਾ ਸਕਦੀ ਹੈ। ਢਾਈ ਸੌ ਸਫੇ ਦੀ ਇਹ ਪੁਸਤਕ ਪ੍ਰੋਫੈਸਰ ਠਾਕਰ ਸਿੰਘ ਜੀ ਨੇ 1982 ਵਿੱਚ ਲਿਖੀ ਤੇ ਛਪਵਾਈ ਸੀ। ਪ੍ਰੋਫੈਸਰ ਜੀ ਆਖ਼ਰੀ ਦਿਨਾਂ ਤਕ ਅੰਮ੍ਰਿਤਸਰ ਜੀ ਹੀ ਆਪਣੀ ਵਿਧਵਾ ਬੱਚੀ ਦੇ ਪਾਸ, ਉਹਨਾਂ ਦੀ ਕੋਠੀ ਵਿੱਚ ਰਹਿੰਦੇ ਰਹੇ ਹਨ। ਅਠਾਸੀ ਸਾਲ ਦੀ ਆਖ਼ਰੀ ਉਮਰ ਤਕ, ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਤੇ ਅੰਮ੍ਰਿਤ ਸਰੋਵਰ ਦੇ ਇਸ਼ਨਾਨ ਲਈ ਲਾਰੰਸ ਰੋਡ ਤੋਂ ਨਿਤ ਸਾਈਕਲ ਤੇ ਸ੍ਰੀ ਦਰਬਾਰ ਸਾਹਿਬ ਦੀਆਂ ਹਾਜ਼ਰੀਆਂ ਭਰਨੀਆਂ ਉਹਨਾਂ ਦਾ ਅਮਲ ਸੀ।

ਗਰਮੀਆਂ ਦੇ ਦਿਨਾਂ ਵਿੱਚ ਉਹ ਲਗ ਪਗ ਹਰ ਸਾਲ ਪ੍ਰਿੰਸੀਪਲ ਇੰਦਰ ਕੌਰ ਜੀ ਦੇ ਸੰਗ ਸਾਥ ਧਰਮਸਾਲਾ ਪਹਾੜ ਤੇ ਜਾਂਦੇ, ਗੁਰਦੁਆਰਾ ਸਾਹਿਬ ਦੇ ਲਾਗੇ ਠਹਿਰਦੇ ਅਤੇ ਦੋਵੇਂ ਵਕਤ ਗੁਰਸਿਖ ਸੰਗਤਾਂ ਦੀ ਚਰਨ-ਧੂੜੀ ਪਰਸਦੇ ਹੋਏ ਇਲਾਹੀ ਰੰਗ ਮਾਣਦੇ। ਇਸ ਵਾਰੀ ਵੀ ਆਪ ਧਰਮਸਾਲਾ ਗਏ ਹੋਏ ਸਨ ਅਤੇ ਉਥੇ ਹੀ 23-24 ਜੂਨ 1987 ਨੂੰ ਦਿਲ ਦੀ ਕੁਝ ਖੇਚਲ ਮਹਿਸੂਸ ਕੀਤੀ ਗਈ। ਉਥੋਂ ਲੁਧਿਆਣਾ ਰਹਿੰਦੇ ਸਾਰੇ ਪਰਵਾਰ ਵਿੱਚ ਲਿਆਂਦੇ ਗਏ ਅਤੇ 26 ਜੂਨ 1987 ਨੂੰ ਇਲਾਹੀ ਰੰਗਾਂ ਵਿੱਚ ਸਰੀਰਕ-ਚੋਲਾ ਤਿਆਗ ਕੇ ਗੁਰਪੁਰੀ ਸਿਧਾਰ ਗਏ।

# ਪ੍ਰਿੰਸੀਪਲ ਇੰਦਰ ਕੌਰ ਜੀ ਅਤੇ ਡਾਕਟਰ ਪਰਗਟ ਸਿੰਘ ਜੀ, ਰਾਵਲਪਿੰਡੀ

ਭਾਈ ਗੁਰਦੀਪ ਸਿੰਘ ਸ੍ਰੀ ਅੰਮ੍ਰਿਤਸਰ

(ਨੋਟ :- ਸੰਨ 1929 ਵਿਚ ਇਸ ਦੰਪਤੀ ਨਾਲ ਮਿਲਾਪ ਤੋਂ ਲੈ ਕੇ ਸ੍ਰੀ ਮਾਨ ਬਾਊ ਮਲ ਸਿੰਘ ਜੀ ਦੇ ਸੰਨ 1979 ਵਿਚ ਚੜਾਈ ਕਰ ਜਾਣ ਤਾਈਂ, ਉਨ੍ਹਾਂ ਨਾਲ ਬਹੁਤ ਡੂੰਘਾ ਸਬੰਧ ਤੇ ਨਿਘਾ ਪਿਆਰ ਸੀ। ਬਾਊ ਜੀ, ਪ੍ਰਿੰਸੀਪਲ ਸਾਹਿਬ ਨੂੰ ਆਪਣੀ ਧਰਮ ਪੁੱਤਰੀ ਕਹਿੰਦੇ ਸਨ। ਅੱਧੀ ਸਦੀ ਇਸ ਬੀਬੀ ਨੇ ਬਾਊ ਜੀ ਦੇ ਬਹੁਤ ਨੇੜੇ ਹੋ ਕੇ ਵਿਚਰਿਆ ਹੈ ਅਤੇ ਉਨ੍ਹਾਂ ਦੀ ਸੰਗਤ ਦਾ ਰੰਗ ਮਾਣਿਆ ਹੈ। ਇਸ ਕਰਕੇ ਪ੍ਰੋ. ਠਾਕੁਰ ਸਿੰਘ ਜੀ ਵਲੋਂ ਸ੍ਰੀ ਬਾਊ ਜੀ ਦੀ ਜੀਵਨ ਸਬੰਧੀ ਲਿਖੀ


www.AKJ.Org

ਪੁਸਤਕ ਪੂਰਬ ਜਨਮ ਕੇ ਮਿਲੇ ਸੰਜੋਗੀ ਵਿਚ, ਇਸ ਦੰਪਤੀ ਸਬੰਧੀ ਵਿਸਥਾਰਿਤ ਜਾਣਕਾਰੀ ਮਿਲਦੀ ਹੈ। ਲੇਖ ਦਾ ਵਿਸਥਾਰ ਵੱਧਣ ਤੋਂ ਬਚਣ ਲਈ ਇਸ ਲੇਖ ਵਿਚ ਉਨ੍ਹਾਂ ਦੇ ਜੀਵਨ ਦੇ ਸੰਖੇਪ ਬਿਰਤਾਂਤ ਹੀ ਦਿੱਤੇ ਗਏ ਹਨ।)

ਜਥੇ ਵਿਚ ਤਿੰਨ ਬੀਬੀਆਂ ਜਿਨ੍ਹਾਂ ਨੇ ਉੱਚ ਵਿਦਿਆ ਪ੍ਰਾਪਤ ਕਰਕੇ ਕਾਲਜਾਂ/ਯੂਨੀਵਰਸਿਟੀਆਂ ਦੇ ਪ੍ਰਿੰਸੀਪਲ ਜਾਂ ਉਚ ਅਹੁਦਿਆਂ ਉੱਤੇ ਗੁਰਸਿੱਖੀ ਰਹਿਤ ਬਹਿਤ ਦੇ ਧਾਰਨੀ ਰਹਿ ਕੇ ਸੇਵਾ ਕੀਤੀ ਹੈ, ਉਨ੍ਹਾਂ ਵਿਚੋਂ ਇਕ ਇਹ ਬੀਬੀ ਇੰਦਰ ਕੌਰ ਜੀ ਸਨ। ਬੀਬੀ ਜੀ ਦੀ ਜਨਮ ਮਿਤੀ 11 ਜਨਵਰੀ 1911 ਨੂੰ ਰਾਵਲਪਿੰਡੀ (ਪਾਕਿਸਤਾਨ) ਦੇ ਨਿਵਾਸੀ ਸ. ਗੰਗਾ ਸਿੰਘ ਜੀ ਅਤੇ ਮਾਤਾ ਸੰਤ ਕੌਰ ਜੀ ਦੇ ਘਰ ਹੋਇਆ। ਅਜੇ ਆਪ ਸਿਰਫ 8-9 ਮਹੀਨਿਆਂ ਦੇ ਹੀ ਸਨ ਕਿ ਆਪ ਦੀ ਮਾਤਾ ਟੀ.ਬੀ. ਦੀ ਬੀਮਾਰੀ ਨਾਲ ਅਕਾਲ ਚਲਾਣਾ ਕਰ ਗਈ। ਆਪ ਜੀ ਨੂੰ ਆਪਦੇ ਨਾਨਾ ਰਾਇ ਬਹਾਦਰ ਬੂਟਾ ਸਿੰਘ ਜੀ ਆਪਣੇ ਘਰ ਲੈ ਆਏ ਤੇ ਆਪ ਦੀ ਮਾਸੀ ਬੀਬੀ ਜਸਰਾਮ ਕੌਰ ਨੇ ਆਪ ਦੀ ਪਾਲਣਾ ਪੋਸ਼ਣਾ ਕੀਤੀ। ਸੰਨ 1918 ਵਿਚ ਮਾਸੀ ਜੀ ਦੇ ਵਿਆਹੇ ਜਾਣ ਕਾਰਨ ਅਤੇ ਆਪ ਜੀ ਦੇ ਨਾਨਾ ਜੀ ਦੀ ਸੰਨ 1920 ਵਿਚ ਚੜ੍ਹਾਈ ਕਰ ਜਾਣ ਕਰਕੇ ਆਪ ਫਿਰ ਆਪਣੇ ਪਿਤਾ ਕੋਲ ਆ ਗਏ ਤੇ ਆਪ ਦੀ ਮਤਰੇਈ ਮਾਤਾ ਕੋਲ ਰਹਿਣਾ ਪਿਆ। ਉਸ ਸਮੇਂ ਲੜਕੀਆਂ ਨੂੰ ਉੱਚ ਪੜ੍ਹਾਈ ਕਰਾਉਣ ਦਾ ਰਿਵਾਜ਼ ਨਹੀਂ ਸੀ। ਇਸ ਕਰਕੇ ਸੰਨ 1924 ਵਿਚ ਜਦੋਂ ਆਪ ਜੀ ਨੇ ਅੱਠਵੀਂ ਪਾਸ ਕੀਤੀ ਤਾਂ ਆਪ ਜੀ ਨੂੰ ਸਕੂਲ ਤੋਂ ਹਟਾ ਲਿਆ ਗਿਆ।

ਸੰਨ 1927 ਵਿਚ ਆਪ ਜੀ ਦਾ ਅਨੰਦ ਕਾਰਜ ਡਾਕਟਰ ਪਰਗਟ ਸਿੰਘ ਜੀ ਨਾਲ ਹੋਇਆ। ਡਾਕਟਰ ਸਾਹਿਬ ਜੀ ਦਾ ਜਨਮ 1898 ਵਿਚ ਹੋਇਆ ਸੀ। ਉਹ ਉੱਚ ਵਿਦਿਆ ਪ੍ਰਾਪਤ ਕਰਕੇ ਦਿਮਾਗੀ ਬੀਮਾਰੀਆਂ ਦੇ ਮਾਹਰ ਡਾਕਟਰ ਬਣੇ ਅਤੇ ਗੋਲਡ ਮੈਡਲਿਸਟ ਸਨ। ਸੰਨ 1917 ਵਿਚ ਉਨ੍ਹਾਂ ਸੰਤ ਬਾਬਾ ਅਤਰ ਸਿੰਘ ਜੀ ਮਸਤੂਆਣੇ ਦੇ ਜਥੇ ਤੋਂ ਅੰਮ੍ਰਿਤ ਛੱਕਿਆ ਸੀ ਅਤੇ ਅਨੰਦ ਕਾਰਜ ਵੇਲੇ ਇਹ ਬਚਨ ਦਿੱਤਾ ਸੀ ਕਿ ਉਹ ਆਪਣੀ ਸਿੰਘਣੀ ਨੂੰ ਵੀ ਜਲਦੀ ਹੀ ਅੰਮ੍ਰਿਤ ਛਕਾ ਲੈਣਗੇ। ਇਨ੍ਹਾਂ ਨੂੰ ਡਾਕਟਰ ਗੁਰਬਖਸ਼ ਸਿੰਘ ਜੀ (ਜਿੰਨ੍ਹਾਂ ਨੇ ਸੰਨ 1914 ਵਿਚ ਨਾਗੋ ਕੀ ਸਰਲੀ ਜ਼ਿਲ੍ਹਾ ਲਾਇਲਪੁਰ, ਪਾਕਿਸਤਾਨ ਵਿਚ ਹੋਏ ਅੰਮ੍ਰਿਤ ਸੰਚਾਰ ਸਮਾਗਮ ਵਿਚ ਸ੍ਰੀ ਬਾਊ ਜੀ ਦੇ ਵੱਡੇ ਭਰਾਤਾ ਭਾਈ ਵਰਿਆਮ ਸਿੰਘ ਜੀ ਦੇ ਪ੍ਰੀਵਾਰ ਨਾਲ ਹੀ ਅੰਮ੍ਰਿਤ ਛੱਕਿਆ ਸੀ) ਦੀ ਸੰਗਤ ਵੀ ਪ੍ਰਾਪਤ ਰਹੀ ਹੈ ਜਦੋਂ ਉਹ ਸੰਨ 1927 ਵਿਚ ਡਾਕਟਰੀ ਪ੍ਰੈਕਟਿਸ ਖਾਤਰ ਰਾਵਲਪਿੰਡੀ ਆ ਕੇ ਵੱਸ ਗਏ ਸਨ। ਡਾਕਟਰ ਗੁਰਬਖਸ਼ ਸਿੰਘ ਜੀ ਦੇ ਮਰੀਜਾਂ ਪ੍ਰਤੀ ਹਮਦਰਦੀ ਵਾਲੇ ਵਿਵਹਾਰ ਕਰਕੇ ਸਾਰੇ ਉਨ੍ਹਾਂ ਦਾ ਸਤਿਕਾਰ ਕਰਦੇ ਸਨ। ਉਨ੍ਹਾਂ ਦੇ ਸੱਦੇ 'ਤੇ ਹੀ ਸੰਨ 1929 ਤੋਂ ਸ਼੍ਰੀ ਬਾਊ ਜੀ ਰਾਵਲ ਪਿੰਡੀ ਵਿਚ ਆਪਣੇ ਸਾਥੀਆਂ ਨਾਲ ਕੀਰਤਨ ਫੇਰੀ ਪਾਉਂਦੇ ਰਹਿੰਦੇ ਸਨ। ਸਾਰੀ ਪਿੰਡੀ ਵਿੱਚ ਕੀਰਤਨ ਦੀ ਖੁਸ਼ਬੋ ਸੀ ਤੇ ਸੰਗਤਾਂ ਹੁਮ ਹੁਮਾ ਕੇ ਅੰਮ੍ਰਿਤ ਛੱਕ ਕੇ ਗੁਰੂ ਚਰਨਾਂ ਨਾਲ ਜੁੜ ਰਹੀਆਂ ਸਨ। ਸੰਨ 1929 ਵਿਚ ਸ੍ਰੀ ਬਾਊ ਜੀ ਜਥੇ ਸਮੇਤ ਪਹਿਲੀ ਪ੍ਰਚਾਰ ਫੇਰੀ ਤੇ ਰਾਵਲਪਿੰਡੀ ਆਏ। ਡਾਕਟਰ ਗੁਰਬਖਸ਼ ਸਿੰਘ ਜੀ ਦੀ ਲੜਕੀ ਬੀਬੀ ਕੁੰਦਨ ਕੌਰ ਤਪਦਿਕ ਦੀ ਬੀਮਾਰੀ ਤੋਂ ਪੀੜਤ ਸੀ। ਬੱਚੀ ਨੂੰ ਪਿੰਡੀ ਲਾਗੇ ਮਰੀ ਪਹਾੜ ਤੇ ਸਾਂਵਲੀ ਚਸ਼ਮੇ ਲਾਗੇ ਰਖਿਆ ਹੋਇਆ ਸੀ। ਡਾਕਟਰ ਸਾਹਿਬ ਜੀ ਦਾ ਅਟੱਲ ਵਿਸ਼ਵਾਸ **"ਸਰਬ ਰੋਗ ਕਾ ਅਉਖਧੁ ਨਾਮੁ"** ਤੇ ਹੋਣ ਕਰਕੇ ਉਨ੍ਹਾਂ ਦੀ ਬੇਨਤੀ ਕਰਨ 'ਤੇ ਜਥਾ ਤਿੰਨ ਦਿਨ ਪਿੰਡੀ ਕੀਰਤਨ ਕਰਕੇ ਸਾਂਵਲੀ ਪੁੱਜ ਗਿਆ।

ਇਹ ਜਗ੍ਹਾ ਬੜੀ ਸੁੰਞੀ ਅਤੇ ਸੁਹਾਵਣੀ ਇਕਾਂਤ ਵਿੱਚ ਅਤਿਅੰਤ ਸਾਫ ਸੁਥਰੀ, ਰਮਣੀਕ ਹਰਿਆਵਲ ਭਰੇ ਚੀਲਾਂ ਦੇ ਜੰਗਲਾਂ ਵਿੱਚ ਘਿਰੀ ਹੋਈ ਸੀ। ਇਥੇ ਸ਼ਾਮ ਦੇ ਸੋਦਰ ਕੀਰਤਨ ਤੋਂ ਇਲਾਵਾ ਦੋ ਸ਼੍ਰੀ ਅਖੰਡ ਪਾਠ ਸਮਾਗਮ ਹੋਏ। ਗੁਰਬਾਣੀ ਦੀ ਪਾਰਸ ਕਲਾ ਵਰਤੀ ਤੇ ਬੱਚੀ ਅਰੋਗ ਹੋ ਗਈ ਤੇ ਉਸਦਾ ਤਾਪ ਉੱਤਰ ਗਿਆ। ਫਿਰ ਤੀਸਰਾ ਸ੍ਰੀ ਅਖੰਡ ਪਾਠ ਸਾਹਿਬ ਸ਼ੁਕਰਾਨੇ ਵਜੋਂ ਪਿੰਡੀ ਵਿਚ ਹੀ ਕਰਨ ਦਾ ਪ੍ਰੋਗਰਾਮ ਬਣਿਆ ਤੇ ਨਾਲ ਹੀ ਅੰਮ੍ਰਿਤ ਸੰਚਾਰ ਦਾ ਪ੍ਰਬੰਧ ਕੀਤਾ ਗਿਆ ਜਿਸ ਵਿੱਚ ਪ੍ਰਿੰਸੀਪਲ ਸਾਹਿਬ ਜੀ ਦੇ ਮਾਮੇ ਦੇ ਪ੍ਰੀਵਾਰ ਨੇ ਅੰਮ੍ਰਿਤ ਛਕਿਆ ਤੇ ਨਾਲ ਹੀ ਮਾਈ ਕੁੰਜੀ (ਭਾਈ ਡੋਗਰ ਸਿੰਘ ਜੀ ਦੀ ਪਤਨੀ) ਵੀ ਜਹਾਜੇ ਚੜ੍ਹੀ। ਸਭ ਤੋਂ ਪਹਿਲਾਂ ਉਸ ਬੀਬੀ ਨੂੰ ਅੰਮ੍ਰਿਤ ਛਕਾ ਕੇ ਗੁਰ-


www.AKJ.Org

ਮੰਤਰ ਦ੍ਰਿੜ ਕਰਵਾਇਆ ਗਿਆ ਤਾਂ ਉਹ ਬੀਬੀ ਨਾਮ ਜਪਦੀ-ਜਪਦੀ ਦੀਆਂ ਅੱਖਾਂ ਟਟਾਰੇ ਲੱਗ ਗਈਆਂ, ਸੁਰਤੀ ਬਿਰਤੀ ਉੱਚ ਦਿੱਬ ਮੰਡਲਾਂ ਵਿੱਚ ਜਾ ਚੜ੍ਹੀ, ਬਾਕੀ ਅੰਮ੍ਰਿਤ ਅਭਿਲਾਖੀ ਵੀ ਅੰਮ੍ਰਿਤ ਛੱਕਣ ਸਾਰ ਨਾਮ ਦੇ ਚਲੂਲੇ ਰੰਗਾਂ ਵਿਚ ਮਖਸੂਰ ਹੁੰਦੇ ਗਏ। ਅਗਲੇ ਸਾਲ ਸ੍ਰੀ ਅਖੰਡ ਪਾਠ ਤੇ ਅੰਮ੍ਰਿਤ ਸੰਚਾਰ ਮਾਈ ਕੁੰਜੀ ਦੇ ਘਰ ਹੀ ਕਰਨ ਦਾ ਫੈਸਲਾ ਹੋਇਆ। ਜਦੋਂ ਜਥਾ ਸਾਂਵਲੀ-ਮਰੀ ਪਹਾੜ 'ਤੇ ਗਿਆ ਸੀ ਤਾਂ ਡਾਕਟਰ ਪ੍ਰਗਟ ਸਿੰਘ ਜੀ ਵੀ ਨਾਲ ਗਏ ਸਨ। ਉਥੇ ਸ੍ਰੀ ਬਾਊ ਜੀ ਨਾਲ ਜੱਫੀ ਪਾਉਣ ਦਾ ਮੌਕਾ ਮਿਲਿਆ। ਜਦੋਂ ਬਾਊ ਜੀ ਨੇ ਡਾਕਟਰ ਸਾਹਿਬ ਨੂੰ ਜੱਫੀ ਵਿਚ ਘੁੱਟਿਆ ਤਾਂ ਉਨ੍ਹਾਂ ਦੇ ਸਰੀਰ ਵਿਚ ਅਜੀਬ ਝੁਣਝੁਣੀ ਛਿੜ ਪਈ ਅਤੇ ਅੰਤਰ ਆਤਮੇ ਐਸੀ ਦਸ਼ਾ ਵਰਤ ਗਈ, ਜਿਵੇਂ ਕਿ ਨਾਮ ਦੀ ਅਗੰਮੀ ਰੋ ਚਲ ਪੈਂਦੀ ਹੈ।

ਪ੍ਰਿੰਸੀਪਲ ਸਾਹਿਬ ਜੀ ਨੂੰ ਅੰਮ੍ਰਿਤ ਛੱਕਣ ਦੀ ਤਾਂਘ ਆਪਣੇ ਮਾਮੇ ਦੀ ਲੜਕੀ ਬੀਬੀ ਸੁਰਿੰਦਰ ਕੌਰ ਜੀ ਤੋਂ ਪੈਦਾ ਹੋਈ ਸੀ, ਜਿਸ ਨੇ ਸੰਨ 1929 ਵਿਚ ਪਿੰਡੀ ਵਿਚ ਹੋਏ ਇਕ ਅੰਮ੍ਰਿਤ ਸੰਚਾਰ ਵਿਚ ਅੰਮ੍ਰਿਤ ਛੱਕਿਆ ਸੀ। ਸੰਨ 1930 ਵਿਚ ਰਾਵਲ ਪਿੰਡੀ ਦੀ ਦੂਜੀ ਪ੍ਰਚਾਰ ਫੇਰੀ ਵੇਲੇ ਜਥਾ ਮਾਈ ਕੁੰਜੀ ਦੇ ਘਰ ਠਹਿਰਿਆ। ਇਸ ਸਮਾਗਮ ਤੇ ਇਸ ਦੰਪਤੀ ਨੂੰ ਅੰਮ੍ਰਿਤ ਦੀ ਦਾਤ ਪ੍ਰਾਪਤ ਹੋਈ। ਅੰਮ੍ਰਿਤ ਸੰਚਾਰ ਵੇਲੇ ਦੀ ਅਲੌਕਿਕ ਹੱਡ ਬੀਤੀ ਵਾਰਤਾ ਪ੍ਰਿੰਸੀਪਲ ਜੀ ਦੀ ਹੱਥੀ ਲਿਖਤ ਜੋ ਪੁਸਤਕ 'ਪੂਰਬ ਜਨਮ ਕੇ ਮਿਲੇ ਸੰਜੋਗੀ' ਦੇ ਪੰਨਾ 64 ਤੋਂ 67 ਉਪਰ ਦਿੱਤੀ ਹੋਈ ਹੈ, ਹੇਠਾਂ ਦਿੱਤੀ ਜਾਂਦੀ ਹੈ।

**ਅੰਮ੍ਰਿਤ ਦੀ ਦਾਤ ਤੇ ਕਰੜੀ ਪ੍ਰੀਖਿਆ : ਵਲੋਂ ਪ੍ਰਿੰਸੀਪਲ ਬੀਬੀ ਇੰਦਰ ਕੌਰ ਜੀ**

ਮੇਰੇ ਅੰਮ੍ਰਿਤ ਛਕਣ ਦੀ ਵਾਰਤਾ ਬੜੀ ਅਸਚਰਜ ਹੈ। ਮੇਰੇ ਮਾਮਾ ਜੀ ਦੀ ਲੜਕੀ ਬੀਬੀ ਸੁਰਿੰਦਰ ਕੌਰ ਨੇ ਨਿਰਬਾਣ ਕੀਰਤਨੀ ਜਥੇ ਪਾਸੋਂ ਅੰਮ੍ਰਿਤ ਛਕਿਆ ਤਾਂ ਉਸ ਦੇ ਜੀਵਨ ਵਿਚ ਭਾਰੀ ਤਬਦੀਲੀ ਆ ਗਈ। ਉਹ ਮੈਨੂੰ ਜਦੋਂ ਵੀ ਮਿਲਦੀ, ਨਾਮ ਬਾਣੀ ਦੀਆਂ ਗੱਲਾਂ ਕਰਦੀ ਅਤੇ ਅੰਮ੍ਰਿਤ ਛਕਣ ਸਮੇਂ ਦੇ ਅਸਚਰਜ ਵਾਯੂ-ਮੰਡਲ ਬਾਰੇ ਦੱਸਦੀ। ਜਦੋਂ ਮੈਂ ਉਸ ਨੂੰ ਹੋਰ ਚੰਗੀ ਤਰ੍ਹਾਂ ਖੋਲ੍ਹ ਕੇ ਦੱਸਣ ਲਈ ਬੇਨਤੀ ਕਰਦੀ ਤਾਂ ਉਹ ਅੱਖਾਂ ਮੀਟ ਕੇ ਚੁੱਪ ਹੋ ਜਾਂਦੀ। ਬਸ ਇਤਨਾ ਹੀ ਕਹਿੰਦੀ-

**ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨੁ ॥੧੨੧॥**

(ਪੰਨਾ ੧੩੭੦)

**ਕਹੁ ਕਬੀਰ ਗੂੰਗੈ ਗੁੜੁ ਖਾਇਆ ਪੂਛੇ ਤੇ ਕਿਆ ਕਹੀਐ ॥**

(ਪੰਨਾ ੩੩੪)

ਇਹ ਸੁਣ ਕੇ ਮੇਰੇ ਮਨ ਵਿਚ ਵੀ ਅੰਮ੍ਰਿਤ ਛਕਣ ਦੀ ਚਾਹ ਪ੍ਰਬਲ ਹੋ ਉੱਠਦੀ। ਮੇਰੇ ਪਤੀ ਡਾਕਟਰ ਪ੍ਰਗਟ ਸਿੰਘ ਜੀ ਨੇ ਸ਼ਾਦੀ ਤੋਂ ਪਹਿਲਾਂ ਅੰਮ੍ਰਿਤ ਛਕਿਆ ਹੋਇਆ ਸੀ ਅਤੇ ਮੈਨੂੰ ਅੰਮ੍ਰਿਤ ਛਕਾਉਣ ਦਾ ਇਕਰਾਰ ਵੀ ਕੀਤਾ ਹੋਇਆ ਸੀ। ਮੈਂ ਜਦ ਵੀ ਉਹਨਾਂ ਨੂੰ ਆਪਣਾ ਕੀਤਾ ਇਕਰਾਰ ਚੇਤੇ ਕਰਾਉਂਦੀ ਤਾਂ ਉਹ ਇਕੋ ਉਤਰ ਦੇਂਦੇ, "ਕੋਈ ਉਚੇ ਜੀਵਨ ਵਾਲੇ ਗੁਰਸਿਖ ਮਿਲਣਗੇ ਤਾਂ ਅੰਮ੍ਰਿਤ ਛਕਾ ਦਿਆਂਗਾ।" ਆਪਣੀ ਭੈਣ ਤੋਂ ਇਸ ਜਥੇ ਦੀ ਸੋਭਾ ਸੁਣ ਕੇ ਮੈਨੂੰ ਬੜੀ ਤਸੱਲੀ ਮਿਲੀ ਕਿ ਇਹ ਤਾਂ ਨਾਮ ਜਪਣ ਵਾਲੇ ਕਿਰਤੀ ਸਿੰਘਾਂ ਦਾ ਜਥਾ ਹੈ, ਮੇਰੇ ਪਤੀ ਨੂੰ, ਮੈਨੂੰ ਇਨ੍ਹਾਂ ਤੋਂ ਅੰਮ੍ਰਿਤ ਛਕਾਉਣ ਵਿਚ ਪ੍ਰਸੰਨਤਾ ਹੋਵੇਗੀ।

ਮੇਰੇ ਪਤੀ ਜੀ ਪਿਛਲੇ ਸਾਲ ਜਦੋਂ ਸਾਂਵਲੀ ਸਮਾਗਮ ਪਿਛੋਂ ਬਾਊ ਜੀ ਨੂੰ ਮਿਲੇ ਸਨ ਤਾਂ ਜੋ ਅਨੰਦ ਉਨ੍ਹਾਂ ਦੇ ਦਰਸ-ਮਿਲਾਪ ਸਮੇਂ ਪ੍ਰਾਪਤ ਹੋਇਆ ਸੀ, ਉਸ ਨੇ ਉਨ੍ਹਾਂ ਨੂੰ ਮੋਹਿਤ ਕਰ ਲਿਆ ਸੀ। ਉਨ੍ਹਾਂ ਮਨ ਹੀ ਮਨ ਵਿਚ ਫ਼ੈਸਲਾ ਕਰ ਲਿਆ ਸੀ ਕਿ ਇਸ ਜਥੇ ਪਾਸੋਂ ਹੀ ਆਪਣੀ ਸੁਪਤਨੀ ਨੂੰ ਅੰਮ੍ਰਿਤ ਛਕਾਉਣਾ ਹੈ। ਪਰ ਇਥੇ ਇਕ ਹੋਰ ਇਹ



www.AKJ.Org

ਅੜਿੱਚਣ ਆ ਪਈ ਕਿ ਮੇਰੇ ਪਤੀ ਜੀ, ਆਪ ਦੂਜੀ ਵਾਰ ਅੰਮ੍ਰਿਤ ਛਕਣ ਲਈ ਤਿਆਰ ਨਹੀਂ ਸਨ ਅਤੇ ਇਹ ਜਥਾ ਦੰਪਤੀ ਨੂੰ ਇਕੱਠਿਆਂ ਅੰਮ੍ਰਿਤ ਛਕਾਉਂਦਾ ਸੀ। ਮੇਰੇ ਮਨ ਦੀ ਇੱਛਾ ਦੀ ਪੂਰਤੀ ਕਿਵੇਂ ਹੋਵੇ, ਇਸ ਦਾ ਉਤਰ ਮੇਰੇ ਪਾਸ ਕੋਈ ਨਹੀਂ ਸੀ।

ਇਕ ਦਿਨ ਸ਼ਾਮ ਨੂੰ ਅਸੀਂ ਮਾਮੀ ਜੀ ਦੇ ਘਰ ਗਏ। ਇਸ ਜਥੇ ਦਾ ਪ੍ਰਸ਼ਾਦਾ ਉਨ੍ਹਾਂ ਦੇ ਘਰ ਸੀ। ਸਭ ਪ੍ਰਸ਼ਾਦਾ ਛਕ ਰਹੇ ਸਨ। ਮੈਂ ਆਪਣੀ ਭੈਣ ਨੂੰ ਇਕ ਪਾਸੇ ਲਿਜਾ ਕੇ ਕਿਹਾ, "ਕੀ ਇਹ ਮੈਨੂੰ ਵੀ ਅੰਮ੍ਰਿਤ ਛਕਾ ਦੇਣਗੇ?" ਉਸ ਨੇ ਕਿਹਾ, "ਕਿਉਂ ਨਹੀਂ? ਮੈਂ ਹੁਣੇ ਪੁਛ ਦਿੰਦੀ ਹਾਂ।" ਨਾਲ ਹੀ ਮੈਨੂੰ ਕਿਹਾ ਕਿ ਇਹ ਗਹਿਣੇ ਉਤਾਰਨੇ ਪੈਣਗੇ। ਮੈਂ ਰਤਾ ਸੋਚ ਕੇ ਕਿਹਾ, "ਕੋਈ ਗੱਲ ਨਹੀਂ, ਮੈਂ ਉਤਾਰ ਦਿਆਂਗੀ।"

ਇਹ ਮੈਨੂੰ ਜਥੇਦਾਰ ਬਾਊ ਮੱਲ ਸਿੰਘ ਜੀ ਪਾਸ ਲੈ ਗਈ ਅਤੇ ਉਨ੍ਹਾਂ ਨੂੰ ਕਿਹਾ, "ਜੀ, ਇਹ ਮੇਰੀ ਭੈਣ ਡਾਕਟਰ ਸਾਹਿਬ ਦੀ ਪਤਨੀ ਹੈ, ਇਹ ਆਪ ਜੀ ਦੇ ਜਥੇ ਪਾਸੋਂ ਅੰਮ੍ਰਿਤ ਪਾਨ ਕਰਨਾ ਚਾਹੁੰਦੀ ਹੈ।"

ਜਥੇਦਾਰ ਜੀ ਨੇ ਮੇਰੇ ਵਲ ਵੇਖਿਆ, ਪਰ ਕੁਝ ਨਾ ਬੋਲੇ। ਮੇਰਾ ਮਨ ਬੁੱਝ ਗਿਆ ਤੇ ਉਦਾਸ ਹੋ ਗਿਆ ਕਿ ਮੇਰੇ ਭਾਗਾਂ ਵਿਚ ਅੰਮ੍ਰਿਤ ਹੈ ਈ ਨਹੀਂ। ਇਨ੍ਹਾਂ ਵਰਗੇ ਨਾਮ-ਰਸੀਏ ਮੁੜ ਮਿਲਣੇ ਨਹੀਂ ਤੇ ਮੈਨੂੰ ਅੰਮ੍ਰਿਤ ਨਸੀਬ ਹੋਣਾ ਨਹੀਂ।

ਪ੍ਰਸ਼ਾਦ ਛਕ ਕੇ ਜਥੇਦਾਰ ਸਾਹਿਬ, ਸਣੇ ਜਥੇ ਦੇ ਆਪਣੇ ਨਿਵਾਸ-ਅਸਥਾਨ ਵਲ ਚਲ ਪਏ। ਅਸੀਂ ਵੀ ਨਾਲ ਤੁਰ ਪਏ। ਉਹ ਮੇਰੇ ਪਤੀ ਜੀ ਨਾਲ ਬਚਨ ਕਰਦੇ ਰਹੇ ਤੇ ਮੈਂ ਚੁਪ ਚਾਪ ਪਿਛੇ ਪਿਛੇ ਤੁਰਦੀ ਗਈ। ਮੇਰਾ ਮਨ ਸੋਚੇ, ਮੇਰੀ ਭੈਣ ਦੇ ਕਹਿਣ 'ਤੇ ਇਹ ਬੋਲੇ ਕਿਉਂ ਨਹੀਂ? ਮੈਨੂੰ ਯੋਗ ਪਾਤਰ ਨਹੀਂ ਸਮਝਦੇ ਹੋਣੇ। ਮੈਨੂੰ ਆਪਣਾ ਆਪ ਬਹੁਤ ਛੋਟਾ ਦਿਸੇ ਤੇ ਉਹ ਬਹੁਤ ਵੱਡੇ ਲਗਣ। ਇੰਨੇ ਵਿਚ ਨਿਵਾਸ-ਅਸਥਾਨ ਆ ਗਿਆ। ਉਨ੍ਹਾਂ ਨੇ ਸਾਡੇ ਵਲ ਵੇਖ ਕੇ ਫਤਿਹ ਗਜਾਈ।

ਪਤਾ ਨਹੀਂ, ਕਿਹੜੀ ਸ਼ਕਤੀ ਨੇ ਮੇਰੀ ਚੁੱਪ ਨੂੰ ਤੋੜ ਦਿੱਤਾ ਅਤੇ ਹਿਰਦਾ ਚੀਰ ਕੇ ਮੇਰੇ ਅੰਦਰੋਂ ਆਵਾਜ਼ ਆਈ, "ਜੀ, ਇਨ੍ਹਾਂ ਨੂੰ (ਮੇਰੇ ਪਤੀ ਜੀ ਨੂੰ) ਅੰਮ੍ਰਿਤ ਛਕਾਓ, ਤਾਂ ਕਿ ਮੈਨੂੰ ਵੀ ਅੰਮ੍ਰਿਤ ਦੀ ਦਾਤ ਮਿਲ ਸਕੇ।" ਉਹਨਾਂ ਨੇ ਭਾਵ-ਪੂਰਤ ਤੇ ਬਖ਼ਸ਼ਿਸ਼-ਭਰੀਆਂ ਨਜ਼ਰਾਂ ਨਾਲ ਮੇਰੇ ਵਲ ਵੇਖਿਆ ਤੇ ਕਿਹਾ ਕਿ ਬੀਬੀ, ਗਲ ਵਿਚ ਪੱਲਾ ਪਾ ਕੇ ਡਾਕਟਰ ਸਾਹਿਬ ਨੂੰ ਅੰਮ੍ਰਿਤ ਛਕਣ ਲਈ ਮਨਾਵਾਂਗੇ ਤੇ ਤੈਨੂੰ ਵੀ ਅੰਮ੍ਰਿਤ ਦੀ ਦਾਤ ਪ੍ਰਾਪਤ ਹੋਵੇਗੀ।

ਜਥੇਦਾਰ ਜੀ ਦੇ ਇਹ ਬਚਨ ਮੈਨੂੰ ਬੜੇ ਪਿਆਰੇ ਲਗੇ, ਪਰ ਆਪਣੇ ਪਤੀ ਜੀ ਦੇ ਹੱਠੀ ਸੁਭਾਅ ਕਾਰਨ ਮੈਨੂੰ ਪੂਰਾ ਯਕੀਨ ਨਾ ਆਇਆ ਕਿ ਮੈਨੂੰ ਅੰਮ੍ਰਿਤ ਦੀ ਦਾਤ ਮਿਲ ਸਕੇਗੀ।

ਦੂਜੇ ਦਿਨ ਸਵੇਰੇ ਮੈਂ ਕਿਸੇ ਦੇ ਘਰ ਸਮਾਗਮ 'ਤੇ ਗਈ ਹੋਈ ਸਾਂ। ਓਥੇ ਹੀ ਮੈਨੂੰ ਸੁਨੇਹਾ ਮਿਲਿਆ ਕਿ ਤੁਹਾਨੂੰ ਘਰ ਬੁਲਾਇਆ ਹੈ। ਮੈਂ ਘਬਰਾਈ ਹੋਈ ਘਰ ਪੁੱਜੀ। ਅਗੇ ਮੇਰੇ ਪਤੀ ਜੀ ਖੜੇ ਉਡੀਕ ਰਹੇ ਸਨ। ਕਹਿਣ ਲੱਗੇ, "ਛੇਤੀ ਕਰੋ, ਇਸ਼ਨਾਨ ਕਰ ਕੇ ਪੰਜ ਕਕਾਰ ਪਹਿਨੋ, ਅਸੀਂ ਅੰਮ੍ਰਿਤ ਛਕਣਾ ਹੈ।" ਖੁਸ਼ੀ ਤੇ ਹੈਰਾਨੀ ਵਿਚ ਮੈਂ ਕੋਈ ਉੱਤਰ ਨਾ ਦੇ ਸਕੀ। ਮੇਰੇ ਚੌਗਿਰਦੇ ਇਕ ਚਾਨਣ ਜਿਹਾ ਪਸਰ ਗਿਆ। ਛੇਤੀ ਨਾਲ ਜ਼ੇਵਰ ਉਤਾਰੇ, ਇਸ਼ਨਾਨ ਕੀਤਾ ਅਤੇ ਪੰਜ ਕਕਾਰ ਸਜਾ ਕੇ ਤਿਆਰ ਹੋ ਗਈ। ਆਪਣੀ ਕੁਛੜਲੀ ਬੱਚੀ ਨੂੰ ਵੀ ਤਿਆਰ ਕਰ ਲਿਆ।

ਅਸੀਂ ਅੰਮ੍ਰਿਤ ਛਕਣ ਵਾਲੇ ਅਸਥਾਨ ਮਾਈ ਕੁੰਜੀ ਦੇ ਗ੍ਰਿਹਿ ਵਿਖੇ ਪੁਜ ਗਏ। ਮੈਨੂੰ ਆਪਣੀ ਚੰਗੀ ਤਕਦੀਰ 'ਤੇ ਯਕੀਨ ਨਹੀਂ ਸੀ ਆ ਰਿਹਾ, ਪਰ ਇਹ ਸਭ ਕੁਝ ਸੱਚ ਸੀ। ਮੈਨੂੰ ਪੰਜਾਂ ਪਿਆਰਿਆਂ ਦੀ ਹਜ਼ੂਰੀ ਵਿਚ ਬੁਲਾਇਆ ਗਿਆ। ਜਥੇਦਾਰ ਬਾਊ ਮੱਲ ਸਿੰਘ ਜੀ ਨੰਗੀ ਸਿਰੀ ਸਾਹਿਬ ਫੜ ਕੇ ਖੜੇ ਸਨ। ਉਨ੍ਹਾਂ ਨੇ ਬੜੇ ਬੀਰ ਰਸੀ ਜਾਹੋ-ਜਲਾਲ ਵਿਚ ਪੁਛਿਆ, "ਏਥੇ ਕਿਉਂ ਆਏ ਹੋ?" ਮੈਨੂੰ ਤਾਂ ਸੁਧ ਬੁਧ ਵਿਸਰ ਗਈ ਸੀ। ਮੈਂ ਲੜਖੜਾਂਦੀ ਅਵਾਜ਼ ਵਿਚ ਕਿਹਾ, "ਜੀ, ਅੰਮ੍ਰਿਤ ਛਕਣ ਲਈ।" ਫਿਰ ਆਵਾਜ਼ ਗੂੰਜੀ, "ਸਿਰ ਭੇਟ ਕਰਨਾ ਪਵੇਗਾ। " ਪਰ ਮੈਂ ਬੇਸੁਧ ਹੁੰਦੀ ਜਾਵਾਂ। ਮੈਂ ਵੈਰਾਗ ਦੇ ਹੜ੍ਹ ਵਿਚ ਰੁੜ੍ਹ ਗਈ। ਤੇ ਸ਼ਾਇਦ ਉਨ੍ਹਾਂ ਨੇ ਇਸੇ ਲਈ ਮੈਨੂੰ ਬਾਹਰ ਘਲ ਦਿੱਤਾ। ਹਰੇਕ ਪ੍ਰਾਣੀ ਦੀ ਪੁਛ-ਪ੍ਰਤੀਤ ਹੋ ਕੇ, ਫਿਰ ਸਾਰਿਆਂ ਨੂੰ ਅੰਦਰ ਬੁਲਾ ਲਿਆ ਗਿਆ।



www.AKJ.Org

ਸਤਿਗੁਰਾਂ ਦੇ ਪ੍ਰਕਾਸ਼ ਦੇ ਇਕ ਪਾਸੇ ਸਾਰੇ ਸਿੰਘ ਕਤਾਰ ਵਿਚ ਬੈਠ ਗਏ ਤੇ ਦੂਜੇ ਪਾਸੇ ਦੀ ਕਤਾਰ ਵਿਚ ਬੀਬੀਆਂ। ਬੀਬੀਆਂ ਵਾਲੇ ਪਾਸੇ ਮੈਂ ਸਿਰੇ 'ਤੇ ਬੈਠੀ ਹੋਈ ਸਾਂ। ਅੰਮ੍ਰਿਤ-ਬਾਟਾ ਤਿਆਰ ਹੋਇਆ ਤਾਂ ਪੰਚਾਂ ਦੇ ਜਥੇਦਾਰ ਮਾਨਯੋਗ ਬਾਊ ਜੀ ਨੇ ਦੋਹੀਂ ਪਾਸੀਂ ਇਕ ਮਿੱਠੀ ਜਿਹੀ ਨਜ਼ਰ ਦੌੜਾਈ। ਸਭ ਤੋਂ ਪਹਿਲਾਂ ਮੈਨੂੰ ਅਵਾਜ਼ ਪਈ। ਮੈਨੂੰ ਬੀਰ-ਆਸਨ 'ਤੇ ਬਿਠਾਇਆ ਗਿਆ। ਮੇਰੇ ਹੱਥ ਵਿਚ ਅੰਮ੍ਰਿਤ ਦੀ ਦਾਤ ਪਾਈ ਗਈ। ਉਹ ਜਦੋਂ ਮੇਰੇ ਮੂੰਹ ਵਿਚ ਪਈ ਤਾਂ ਮੇਰੀ ਹੋਸ਼ ਗੁੰਮ ਹੋ ਗਈ। ਉਥੇ ਕੋਈ ਹੋਰ ਮੰਡਲ ਬਣ ਗਿਆ। ਪੰਜਾਂ ਪਿਆਰਿਆਂ ਵਿਚ ਮੈਨੂੰ ਕਲਗੀਧਰ ਵਰਤਦੇ ਭਾਸਣ। ਮੈਨੂੰ ਅੰਮ੍ਰਿਤ ਦੇ ਸਾਰੇ ਚੁਲੇ ਛਕਣੇ ਵੀ ਯਾਦ ਨਹੀਂ, ਨਾ ਹੀ ਨਾਮ ਦ੍ਰਿੜ੍ਹਾਣਾ ਯਾਦ ਹੈ। ਬਸ ਮੈਨੂੰ ਆਪਣੀ ਥਾਂ ਉਸੇ ਮਸਤੀ ਦੀ ਹਾਲਤ ਵਿਚ ਭੇਜ ਦਿੱਤਾ ਗਿਆ। ਉਥੇ ਹੀ ਮੈਨੂੰ ਬਾਊ ਮੱਲ ਸਿੰਘ ਜੀ ਦਾ, ਪਿਤਾ ਤੇ ਪ੍ਰਤਿਪਾਲਕ ਰੂਪ ਦਿਸਿਆ। ਉਨ੍ਹਾਂ ਦੇ ਨਾਲ ਜਨਮ ਜਨਮ ਦੀ ਸਾਂਝ ਦੀ ਸਮਝ ਪਈ। ਮੇਰੇ ਮਨ ਵਿਚ ਉਨ੍ਹਾਂ ਲਈ ਬੜੀ ਪ੍ਰਬਲ ਸ਼ਰਧਾ ਜਾਗ ਪਈ ਤੇ ਡੂੰਘੇ ਸਤਿਕਾਰ ਨਾਲ ਮਨ ਭਰ ਗਿਆ। ਮਸਤੀ ਦੀ ਦਸ਼ਾ ਵਿਚ ਹੀ ਅਸੀਂ ਘਰ ਪੁਜੇ। ਸਾਰੀ ਰਾਤ, ਮੈਂ ਸੌਂ ਨਹੀਂ ਸਕੀ। ਅੰਮ੍ਰਿਤ ਵੇਲੇ ਨਿਤਨੇਮ ਸ਼ੁਰੂ ਕੀਤਾ ਤਾਂ ਸ੍ਰੀ ਅਨੰਦ ਸਾਹਿਬ ਦੀ ਏਸ ਤੁਕ 'ਤੇ ਮਨ ਰੁਕ ਗਿਆ-

**ਸੁਰਿ ਨਰ ਮੁਨਿ ਜਨ ਅੰਮ੍ਰਿਤੁ ਖੋਜਦੇ ਸੁ ਅੰਮ੍ਰਿਤੁ ਗੁਰ ਤੇ ਪਾਇਆ ॥**

(ਪੰਨਾ ੯੧੮)

ਬਸ, ਇਹ ਤੁਕ ਬਾਰ ਬਾਰ ਪੜ੍ਹਦੀ ਗਈ ਤੇ ਵੈਰਾਗ ਦੇ ਹੰਝੂ ਕੇਰਦੀ ਰਹੀ।

ਮੇਰੇ ਪਤੀ ਜੀ ਨੇ ਵੀ ਅੰਮ੍ਰਿਤ ਦੀ ਦਾਤ ਦੇ ਚਲੂਣੇ ਰੰਗੇ ਮਾਣੇ। ਅਗੇ ਉਹ ਬਾਊ ਜੀ ਨੂੰ ਘਰ ਪ੍ਰਸ਼ਾਦ ਛਕਣ ਲਈ ਕਹਿੰਦੇ ਸਨ ਤਾਂ ਉੱਤਰ ਹੁੰਦਾ ਸੀ ਕਿ ਤੇਰੇ ਘਰ ਪ੍ਰਸ਼ਾਦ ਨਹੀਂ ਛਕ ਸਕਦੇ, ਕਿਉਂਕਿ ਤੇਰੀ ਪਤਨੀ ਨੇ ਅੰਮ੍ਰਿਤ ਨਹੀਂ ਛਕਿਆ ਹੋਇਆ। ਪਰ ਹੁਣ ਇਸ ਅੰਮ੍ਰਿਤ-ਪ੍ਰਾਪਤੀ ਪਿਛੋਂ ਉਨ੍ਹਾਂ ਬਾਊ ਜੀ ਨੂੰ ਬੇਨਤੀ ਕਰ ਕੇ ਸਵੇਰ ਦਾ ਅਤੇ ਫਿਰ ਸ਼ਾਮ ਦਾ ਪ੍ਰਸ਼ਾਦਾ ਛਕਣ ਲਈ ਮਨਾਇਆ ਅਤੇ ਇਹ ਵੀ ਆਗਿਆ ਮਿਲ ਗਈ ਕਿ ਕਲ੍ਹ ਸਵੇਰ ਦਾ ਕੀਰਤਨ ਵੀ ਆਪ ਦੇ ਗ੍ਰਹਿ ਵਿਖੇ ਹੋਵੇਗਾ।

ਇਸ ਪ੍ਰਵਾਨਗੀ ਮਿਲਣ 'ਤੇ ਮੇਰੇ ਅੰਦਰ ਪ੍ਰੇਮ-ਕਾਂਗਾਂ ਹੋਰ ਭੀ ਉਮਡ ਉਮਡ ਪੈਣ। ਇਸੇ ਚਾਅ ਤੇ ਖੁਸ਼ੀ ਵਿਚ ਮੈਂ ਸਾਰੀ ਰਾਤ ਕਮਰਿਆਂ ਦਾ ਸਾਮਾਨ ਸਾਂਭਦੀ, ਸਾਫ਼ ਕਰਦੀ ਅਤੇ ਸੰਵਾਰਦੀ ਨੇ ਜਾਗਦਿਆਂ ਬਿਤਾ ਦਿੱਤੀ। ਮੇਰਾ ਆਪਾ ਉਛਲ ਉਛਲ ਪੈਂਦਾ ਸੀ, ਜੁ ਸਵੇਰੇ ਜਥਾ ਸਾਡੇ ਘਰ ਕੀਰਤਨ ਕਰੇਗਾ ਅਤੇ ਮੇਰੇ ਹੱਥ ਦਾ ਬਣਿਆ ਪ੍ਰਸ਼ਾਦ ਬਾਊ ਜੀ ਵੀ ਛਕਣਗੇ। ਸੋ ਦਾਤੇ ਨੇ ਇਹ ਚਾਹ ਵੀ ਪੂਰੀ ਕਰ ਦਿੱਤੀ।

ਸ੍ਰੀ ਅਖੰਡਪਾਠ ਸਮਾਗਮ ਦੀਆਂ ਹਾਜ਼ਰੀਆਂ, ਅੰਮ੍ਰਿਤ-ਸੰਚਾਰ ਦੀ ਅਗੰਮੀ ਖੇਡ, ਨਾਮ-ਅਭਿਆਸ ਕਮਾਈਆਂ ਦੇ ਚਲੂਲੇ ਰੰਗ ਅਤੇ ਫਿਰ ਦੂਜਾ ਸਾਰਾ ਦਿਨ ਜਥੇ ਦੇ ਆਉ ਭਗਤ, ਲੰਗਰ ਦੀ ਸੇਵਾ ਅਤੇ ਕੀਰਤਨ ਦੇ ਅਨੰਦ ਮੰਗਲ ਬਣੇ ਰਹਿਣ ਨਾਲ ਮੇਰੇ ਪਤੀ ਜੀ ਦੀ ਅਵਸਥਾ ਤਾਂ ਅਤਿ ਬੈਰਾਗਮਈ ਹੋ ਗਈ। ਉਹ ਇਸ ਅਜਰ ਅਵਸਥਾ ਨੂੰ ਜਰ ਨਾ ਸਕੇ। ਸਾਹਿਬਾਂ ਦੀ ਐਸੀ ਖੇਡ ਵਰਤੀ ਕਿ ਦੋ ਦਿਨਾਂ ਦੇ ਅੰਦਰ ਹੀ ਉਨ੍ਹਾਂ ਦੀ ਦਿਮਾਗ਼ੀ ਹਾਲਤ ਵਿਗੜ ਗਈ। ਲੋਕੀ ਭਾਂਤ-ਭਾਂਤ ਦੀਆਂ ਗੱਲਾਂ ਕਰਨ ਲਗੇ। ਰਿਸ਼ਤੇਦਾਰਾਂ ਨੂੰ ਵੀ ਨਿੰਦਾ ਕਰਨ ਦਾ ਮੌਕਾ ਮਿਲ ਗਿਆ। ਜਥੇ ਨੂੰ ਜਾਦੂਗਰਾਂ ਦਾ ਟੋਲਾ ਕਿਹਾ ਗਿਆ। ਪੁਲਿਸ ਤਕ ਰਿਪੋਰਟ ਕਰਨ ਦੀ ਨੌਬਤ ਪੁੱਜੀ। ਮੇਰੀ ਮਸਤੀ ਦੀ ਦਸ਼ਾ ਨੂੰ ਵੀ ਦਿਮਾਗੀ ਬਿਮਾਰੀ ਸਮਝਿਆ ਗਿਆ। ਉਹ ਮੇਰੇ 'ਤੇ ਕਈ ਸਵਾਲ ਕਰਦੇ, ਪਰ ਮੈਂ ਤਾਂ ਇਕੋ ਚੁਪ ਧਾਰ ਲਈ। ਮਹਾਂਪੁਰਸ਼ਾਂ ਅਤੇ ਮੇਰੇ ਧਰਮ ਪਿਤਾ ਦੀ ਨਿੰਦਾ ਮੈਥੋਂ ਜਰੀ ਨਾ ਜਾਂਦੀ। ਇਕੋ ਹੀ ਅਰਦਾਸ ਕਰਦੀ, "ਦਾਤਾ ! ਇਨ੍ਹਾਂ ਸਭਨਾਂ ਨੂੰ ਸੁਮੱਤ ਦੇਹ, ਇਹ ਉਨ੍ਹਾਂ ਨੂੰ ਗ਼ਲਤ ਨਾ ਸਮਝਣ।"

ਗੁਰੂ ਪਾਤਸ਼ਾਹ ਨੇ ਬਖ਼ਸ਼ਿਸ਼ ਕੀਤੀ ਅਤੇ ਕੁਝ ਚਿਰ ਬਾਅਦ ਮੇਰੇ ਪਤੀ ਜੀ ਠੀਕ ਹਾਲਤ ਵਿਚ ਹੋ ਗਏ। ਇਸ



www.AKJ.Org

ਘਟਨਾ ਮਗਰੋਂ ਮੇਰੇ ਪਤੀ ਜੀ ਦੀ ਇਹ ਤੀਬਰ ਇੱਛਾ ਬਣ ਗਈ ਕਿ ਆਉਂਦੇ ਸਾਲ ਰਾਵਲਪਿੰਡੀ ਫੇਰੀ ਸਮੇਂ ਜਥੇ ਦਾ ਨਿਵਾਸ ਅਤੇ ਸ੍ਰੀ ਅਖੰਡਪਾਠ ਸਮਾਗਮ ਦਾਸਾਂ ਦੇ ਗ੍ਰਿਹ ਵਿਖੇ ਹੋਵੇ।

ਆਪ ਜੀ ਦੀ ਅਤੇ ਗੁਰਸਿਖਾਂ ਦੀ ਪ੍ਰਬਲ ਇੱਛਾ-ਅਭਿਲਾਸ਼ਾ ਦਾ ਸਦਕਾ ਸੰਨ 1931 ਵਿਚ ਬਾਊ ਜੀ ਫਿਰ ਜਥੇ ਸਮੇਤ ਕੀਰਤਨ ਸਮਾਗਮ, ਸ੍ਰੀ ਅਖੰਡ ਪਾਠ ਤੇ ਸੰਚਾਰ ਲਈ ਤੀਜੀ ਪ੍ਰਚਾਰ ਫੇਰੀ ਤੇ ਰਾਵਲਪਿੰਡੀ ਪੁੱਜੇ ਤੇ ਜਥੇ ਦਾ ਉਤਾਰਾ ਆਪ ਜੀ ਦੇ ਗ੍ਰਿਹ ਵਿਖੇ ਹੋਇਆ। ਇਨ੍ਹਾਂ ਦੇ ਗ੍ਰਿਹ ਸ੍ਰੀ ਅਖੰਡ ਪਾਠ ਹੋਇਆ ਅਤੇ ਬਹੁਤ ਸਾਰੇ ਨਵੇਂ ਅਭਿਲਾਖੀ ਅੰਮ੍ਰਿਤ ਛੱਕ ਕੇ ਤਿਆਰ ਬਰ ਤਿਆਰ ਸਿੰਘ ਸਜ ਗਏ। ਪ੍ਰਸਿੱਧ ਕੀਰਤਨੀਏ ਭਾਈ ਤੀਰਥ ਸਿੰਘ ਜੀ ਦੀ ਸੁਭਾਗ ਜੋੜੀ ਵੀ ਇਸ ਸਮੇਂ ਅੰਮ੍ਰਿਤ ਛੱਕ ਕੇ ਗੁਰੂ ਚਰਨਾਂ ਵਿਚ ਜੁੜੀ। ਇਹ ਡਾਕਟਰ ਗੁਰਬਖਸ਼ ਸਿੰਘ ਜੀ ਦੇ ਪਰਮ ਮਿੱਤਰ ਸਨ। ਉਨ੍ਹਾਂ ਦੀ ਪ੍ਰੇਰਨਾ ਸਦਕਾ ਇਹ ਦੰਪਤੀ ਰਾਵਲਪਿੰਡੀ ਦੀ ਪਹਿਲੀ ਫੇਰੀ ਸਮੇਂ ਸਾਂਵਲੀ ਚਸ਼ਮੇ ਤੇ ਪੁੱਜੇ ਸਨ ਅਤੇ ਜਥੇ ਦੇ ਸਮਾਗਮਾਂ ਦੀ ਵਿਲਖੱਣਤਾ ਤੇ ਨਾਮ ਕਲਾ ਸਦਕਾ ਬੜੇ ਹੀ ਪ੍ਰਭਾਵਿਤ ਹੋਏ ਸਨ। ਉਨ੍ਹਾਂ ਦੀ ਬੇਨਤੀ ਤੇ ਜਥਾ ਉਨ੍ਹਾਂ ਦੇ ਨਗਰ ਮਿਹਾਰ ਜੋ ਕਿ ਫਰੰਟੀਅਰ ਹੋਤੀ ਮਰਦਾਨ ਦੇ ਨੇੜੇ ਹੈ, ਸਮਾਗਮ ਲਈ ਪੁੱਜਾ। ਇਥੇ ਵੀ ਸਵੇਰੇ-ਸ਼ਾਮ ਕੀਰਤਨ ਸਮਾਗਮ, ਸ੍ਰੀ ਅਖੰਡ ਪਾਠ ਤੇ ਅੰਮ੍ਰਿਤ ਸੰਚਾਰ ਹੋਏ। ਇਥੋਂ ਚੱਲ ਕੇ ਪਿਸ਼ਾਵਰ ਤੇ ਰਾਵਲਪਿੰਡੀ ਹੁੰਦਾ ਹੋਇਆ ਜਥਾ ਤਰਨ ਤਾਰਨ ਪਹੁੰਚ ਗਿਆ। ਗੁਰੂ ਨੇਤ ਨਾਲ ਭਾਈ ਸਾਹਿਬ ਜੀ ਵੀ ਸ੍ਰੀ ਦਰਬਾਰ ਸਾਹਿਬ ਜੀ ਸ੍ਰੀ ਅੰਮ੍ਰਿਤਸਰ ਦੇ ਦਰਸ਼ਨ ਇਸ਼ਨਾਨ ਕਰਦੇ, ਤਰਨ ਤਾਰਨ ਪਹੁੰਚ ਗਏ ਸਨ।

ਇਨ੍ਹਾਂ ਸਮਾਗਮਾਂ ਵਿਚ, ਜਦੋਂ ਸੰਨ 1931 ਵਿਚ ਆਪ ਜੀ ਦੇ ਗ੍ਰਿਹ ਉਤਾਰਾ ਕੀਤਾ ਤਾਂ ਪਿਛਲੇ ਸਾਲ ਵਾਂਗ ਹੀ ਆਪ ਦੇ ਪਤੀ ਜੀ ਬੈਰਾਗ ਦਸ਼ਾ ਵਿਚ ਐਸੇ ਮਸਤਾਨੇ ਹੋਏ ਕਿ ਸੁਧ ਬੁਧ ਹੀ ਭੁੱਲ ਗਏ। ਦਿਮਾਗ਼ੀ ਖੇਚਲ ਹੋ ਗਈ। ਜਿਆਦਾ ਤਬੀਅਤ ਵਿਗੜਣ ਤੇ ਆਪ ਨੇ ਰਾਵਲਪਿੰਡੀ ਨਿਵਾਸੀ ਜਥੇਦਾਰ ਕਿਰਪਾਲ ਸਿੰਘ ਜੀ ਨੂੰ ਬਾਊ ਜੀ ਪਾਸ ਅਰਦਾਸ ਕਰਨ ਲਈ ਭੇਜਿਆ ਕਿ ਪਤੀ ਜੀ ਠੀਕ ਹੋ ਜਾਣ। ਲੋਕ ਭਾਂਤ ਭਾਂਤ ਦੀਆਂ ਗੱਲਾਂ ਅਤੇ ਨਿੰਦਾ ਕਰਦੇ ਹਨ ਜੋ ਆਪ ਕੋਲੋਂ ਸੁਣੀ ਨਹੀਂ ਸੀ ਜਾਂਦੀ। ਇਕ ਬੇਨਤੀ ਪੱਤਰ ਵਿਚ ਆਪਣੀ ਬਿਰਥਾ ਲਿਖ ਕੇ ਸ੍ਰੀ ਬਾਊ ਜੀ ਨੂੰ ਵੀ ਭੇਜੀ। ਸ਼੍ਰੀ ਬਾਊ ਜੀ ਨੇ ਸ੍ਰੀ ਦਰਬਾਰ ਸਾਹਿਬ ਤਰਨ ਤਾਰਨ ਵਿਖੇ ਡਾਢੇ ਬੈਰਾਗ ਵਿਚ ਅਰਦਾਸ ਕੀਤੀ ਤੇ ਹੁਕਮਨਾਮਾ ਆਇਆ:- **"ਗਈ ਬਹੋੜੁ ਬੰਦੀ ਛੋੜੁ ਨਿਰੰਕਾਰ ਦੁਖਦਾਰੀ"**। ਭਾਈ ਕਿਰਪਾਲ ਸਿੰਘ ਜੀ ਹੁਕਮਨਾਮਾ ਤੇ ਪ੍ਰਸ਼ਾਦ ਲੈ ਕੇ ਵਾਪਿਸ ਪਿੰਡੀ ਪਹੁੰਚ ਗਏ। ਬਾਊ ਜੀ ਨੇ ਇਸ ਹੁਕਮਨਾਮੇ ਵਾਲੇ ਸ਼ਬਦ ਦਾ ਸਾਰਾ ਦਿਨ ਪਾਠ ਕਰਨ ਲਈ ਕਿਹਾ। ਗੁਰਬਾਣੀ ਦੀ ਪਾਰਸ ਕਲਾ ਸਦਕਾ ਆਪ ਦੇ ਪਤੀ ਡਾਕਟਰ ਸਾਹਿਬ ਸੱਤ ਦਿਨ ਵਿਚ ਠੀਕ ਹੋ ਗਏ। ਡਾਕਟਰ ਸਾਹਿਬ ਦੇ ਸ਼ਬਦਾਂ ਵਿਚ ਅੱਗੋ ਇਹ ਬਾਰਤਾ ਦਾ ਜ਼ਿਕਰ ਹੇਠਾਂ ਦਿੱਤਾ ਜਾਂਦਾ ਹੈ।

**ਭਾਈ ਸਾਹਿਬ ਜੀ ਨਾਲ ਪਹਿਲਾ ਮਿਲਾਪ : ਡਾ ਪਰਗਟ ਸਿੰਘ ਜੀ ਦੀ ਹੱਡ ਵਾਰਤਾ —**

ਕੁਝ ਦਿਨ ਠੀਕ ਹੋਣ ਪਿਛੋਂ, ਨਾਰੰਗਵਾਲ ਜਾ ਕੇ ਭਾਈ ਸਾਹਿਬ ਜੀ ਦੇ ਦਰਸ਼ਨ ਕਰਨ ਦਾ ਪ੍ਰੋਗਰਾਮ ਬਣਿਆ। ਕਿਉਂਕਿ ਬਾਊ ਜੀ ਵੱਲੋਂ ਅਰਦਾਸ ਕਰਨ ਸਮੇਂ, ਬੇਸੁਰਤੀ ਦੀ ਹਾਲਤ ਵਿਚ ਦਾਸ ਨੂੰ ਸ੍ਰੀ ਮਾਨ ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਪਹਿਲੀ ਵਾਰ ਦਰਸ਼ਨ ਹੋਏ, ਜਦੋਂ ਭਾਈ ਸਾਹਿਬ ਜੀ ਮੈਂਟਲ ਹਸਪਤਾਲ ਦੇ ਸਭ ਤੋਂ ਵੱਡੇ ਡਾਕਟਰ ਲਾਜ ਪੈਚ (Lodge Patch) ਨਾਲ ਗਲਬਾਤ ਕਰ ਰਹੇ ਸਨ। ਦਾਸ ਦਾ ਜੀਅ ਉਤਾਵਲਾ ਹੋ ਗਿਆ ਕਿ ਪਹਿਲਾਂ ਓਕਾੜੇ ਚੱਕ ਨੰਬਰ 52 ਸ਼੍ਰੀ ਬਾਊ ਜੀ ਕੋਲ ਜਾਣਾ ਹੈ। ਦਾਸ ਸਿੰਘਣੀ ਸਮੇਤ ਜਥੇਦਾਰ ਕਿਰਪਾਲ ਸਿੰਘ ਜੀ ਦੰਪਤੀ, ਪ੍ਰਿੰਸੀਪਲ ਸਾਹਿਬ ਦੇ ਮਾਮੀ ਜੀ ਅਤੇ ਭੈਣ ਸੁਰਿੰਦਰ ਕੌਰ ਬਾਊ ਜੀ ਦੇ ਦਰਸ਼ਨਾਂ ਲਈ ਤੁਰ ਪਏ। ਸ੍ਰੀ ਦਰਬਾਰ ਸਾਹਿਬ ਜੀ ਅੰਮ੍ਰਿਤਸਰ ਦਰਸ਼ਨ ਕਰਕੇ ਓਕਾੜੇ ਪੱਜ ਗਏ। ਜਦ ਖਾਲਸਾ ਨਗਰ (ਚੱਕ ਨੰਬਰ 52) ਲਈ ਓਕਾੜੇ ਸਟੇਸ਼ਨ ਤੇ ਪੁੱਜੇ ਤਾਂ ਸਾਡੀ ਹੈਰਾਨਗੀ ਦੀ ਹੱਦ ਹੋ ਗਈ ਕਿ ਸ੍ਰੀ ਬਾਊ ਜੀ ਤੇ ਦੂਲੇਸ਼ਵਰ (ਸੂਬੇਦਾਰ ਹਰਬਚਨ ਸਿੰਘ ਹੀਰਾ ਜੀ)



www.AKJ.Org

ਸਵਾਗਤ ਲਈ ਸਟੇਸ਼ਨ ਤੇ ਪੁੱਜੇ ਹੋਏ ਸਨ, ਜਦ ਕਿ ਸਾਡੇ ਵਲੋਂ ਕੋਈ ਅਗੇਤਰੀ ਸੂਚਨਾ ਨਹੀਂ ਸੀ ਭੇਜੀ ਗਈ। ਕੁਝ ਦਿਨ ਉਥੇ ਰਹੇ ਤੇ ਸੂਬੇਦਾਰ ਹਰਿਬਚਨ ਸਿੰਘ ਹੀਰਾ ਜੀ ਦੇ ਪਹਿਲੀ ਵਾਰ ਦਰਸ਼ਨ ਹੋਏ, ਜਿਨ੍ਹਾਂ ਸਿੰਘਣੀ ਦੇ ਮਾਮਾ ਜੀ ਬਣ ਕੇ ਬੱਚੀਆਂ ਵਾਂਗ ਪਿਆਰ ਦਿੱਤਾ। ਜਥੇਦਾਰ ਕ੍ਰਿਪਾਲ ਸਿੰਘ ਤੇ ਬਾਕੀ ਮੈਂਬਰ ਵਾਪਿਸ ਪਿੰਡੀ ਆ ਗਏ ਪ੍ਰੰਤੂ ਦਾਸ, ਸਿੰਘਣੀ, ਸ੍ਰੀ ਬਾਊ ਜੀ ਅਤੇ ਦੂਲੇਸ਼ਵਰ ਜੀ ਨੇ ਲੁਧਿਆਣੇ ਵੱਲ ਚਾਲੇ ਪਾ ਦਿੱਤੇ। ਉਥੋਂ ਪ੍ਰੋ. ਠਾਕਰ ਸਿੰਘ ਜੀ ਨੂੰ ਨਾਲ ਲੈ ਕੇ ਅਸੀਂ ਸੋਦਰੁ ਦੇ ਸਮਾਗਮ ਸਮੇਂ ਨਾਰੰਗਵਾਲ ਜਾ ਪੁਜੇ। ਬੀਬੀ ਦਲੇਰ ਕੌਰ ਕੀਰਤਨ ਪਿਛੋਂ ਰਹਿਰਾਸ ਜੀ ਦਾ ਪਾਠ ਕਰ ਰਹੀ ਸੀ। ਦਲੇਰ ਕੌਰ ਪਾਸੋਂ ਪਾਠ ਇੰਦਰ ਕੌਰ ਨੇ ਲਿਆ- **"ਇਕ ਦਾਤੇ ਇਕਿ ਭਿਖਾਰੀ ਜੀ"** ਹੁਣ ਤਕ ਕੰਨਾਂ ਵਿਚ ਗੂੰਜਦਾ ਹੈ। ਦਰਸ਼ਨ ਮੇਲੇ ਹੋਏ। ਪਹਿਲੀ ਵਾਰੀ ਸ੍ਰੀ ਭਾਈ ਸਾਹਿਬ ਜੀ ਦੀ ਸੁਭਾਗ ਛੋਹ ਪ੍ਰਾਪਤ ਹੋਈ, **"ਗੁਰਸਿਖ ਗੁਰ ਮਿਲੈ ਗਲਾਟੈ"**। ਦਾਸਰੇ ਦੀ ਹਾਲਤ ਮੁੜ ਕੁਝ ਮਸਤਾਨੀ ਹੋ ਗਈ।

ਬਾਬੂ ਜੀ ਨੂੰ ਫ਼ਿਕਰ ਹੋਇਆ। ਪੁਛਣ ਤੇ ਮੈਂ ਦਸਿਆ, ਮੈਂ ਤਾਂ ਭਾਈ ਸਾਹਿਬ ਦੇ ਦਰਸ਼ਨ ਤੇ ਇਸ ਬੁੰਗੇ ਦੇ ਦਰਸ਼ਨ ਪਹਿਲੇ ਹੀ ਕਰ ਚੁੱਕਾ ਹਾਂ। ਮੈਂ ਆਪਣੀ ਬੀਮਾਰੀ ਵਿਚ ਇਕ ਸੁਪਨ ਦਰਸ਼ਨ ਦੇਖਦਾ ਹਾਂ। ਜਿਥੇ ਸੋਦਰੁ ਦਾ ਸਮਾਗਮ ਹੋਇਆ ਸੀ, ਉਹ ਹੀ ਚੁਬਾਰਾ ਹੈ। ਦੋਹਾਂ ਪਾਸੇ ਪੌੜੀਆਂ ਹਨ। ਵਿਚਕਾਰ ਕਮਰੇ ਦੇ ਇਕ ਮੇਜ਼ ਲੱਗਾ ਹੈ। ਇਕ ਪਾਸੇ ਮੇਰਾ ਉਸਤਾਦ ਕਰਨਲ ਲਾਜ-ਪੈਚ ਕੁਰਸੀ ਤੇ ਬੈਠਾ ਹੈ, ਦੂਜੇ ਪਾਸੇ ਇਹੋ ਭਾਈ ਸਾਹਿਬ। ਆਪਸ ਵਿਚ ਬਹਿਸ ਕਰ ਰਹੇ ਹਨ। ਮੇਰਾ ਉਸਤਾਦ ਕਹਿੰਦਾ ਹੈ, ਇਸ ਵਿਚ ਸਾਰੀਆਂ ਨਿਸ਼ਾਨੀਆਂ ਪਾਗਲਪਨ ਦੀਆਂ ਮੌਜੂਦ ਹਨ। ਭਾਈ ਸਾਹਿਬ ਜੀ ਕਹਿ ਰਹੇ ਹਨ, ਤੂੰ ਭੁਲਦਾ ਹੈਂ, ਇਹ ਪਾਗ਼ਲ ਨਹੀਂ।

ਦਰਸ਼ਨ ਮੇਲੇ ਹੋਏ। ਸ੍ਰੀ ਭਾਈ ਸਾਹਿਬ ਜੀ ਤੇ ਉਨ੍ਹਾਂ ਦੇ ਪਰਿਵਾਰ ਨੇ ਬੜਾ ਪਿਆਰ ਕੀਤਾ। ਬੜੀਆਂ ਖ਼ਾਤਰਾਂ ਕੀਤੀਆਂ। ਚਾਲੇ ਵਾਲੇ ਦਿਨ ਭਾਈ ਸਾਹਿਬ ਜੀ ਨੂੰ ਕੁਝ ਬੁਖ਼ਾਰ ਦੀ ਖੇਚਲ ਸੀ। ਅਸਾਂ ਬੜੀਆਂ ਬੇਨਤੀਆਂ ਕੀਤੀਆਂ, ਆਪ ਜੀਉ ਆਪਣੇ ਬੁੰਗੇ ਟਿੱਕਣ, ਪਰ ਓਹ ਆਪਣੇ ਪਿੰਡ ਦੀ ਹਦ ਤਕ ਵਿਦਾ ਕਰਨ ਲਈ ਸਾਡੇ ਨਾਲ ਆਏ। ਉਨ੍ਹਾਂ ਪਾਸੋਂ ਇਕ ਸਰਬ ਲੋਹ ਦਾ ਸਿਮਰਨਾ, ਜਿਹੜਾ ਉਨ੍ਹਾਂ ਦੇ ਮਿੱਤਰ-ਜੇਲ੍ਹ ਸਾਥੀ ਭਾਈ ਕਰਤਾਰ ਸਿੰਘ ਜੀ-ਦੀ ਯਾਦ ਸੀ, ਦਾਸਰੇ ਨੇ ਮੰਗ ਲਿਆ। ਭਾਈ ਸਾਹਿਬ ਜੀ ਨੇ ਖਿੜੇ ਮੱਥੇ ਉਹ ਸਿਮਰਨਾ ਦਾਸ ਦੇ ਹਵਾਲੇ ਕਰ ਦਿੱਤਾ, ਜਦ ਤੱਕ ਅਸੀਂ ਦਿਸਦੇ ਰਹੇ, ਆਪ ਜੀਉ ਆਪਣੇ ਪਿੰਡ ਦੀ ਹੱਦ 'ਤੇ ਖੜੇ ਸਨ। ਅਸੀਂ ਉਨ੍ਹਾਂ ਦਾ ਪਿਆਰ ਤੇ ਬਖ਼ਸ਼ਸ਼ਾਂ ਕਿਸ ਤਰ੍ਹਾਂ ਭੁਲ ਸਕਦੇ ਹਾਂ ?

ਅੰਮ੍ਰਿਤ ਛੱਕਣ ਤੋਂ ਤਿੰਨ ਸਾਲ ਬਾਅਦ ਸੰਨ 1933 ਵਿਚ ਗੁਰੂ ਪਿਆਰਿਆਂ ਨੂੰ ਮਿਲਣ ਦੀ ਆਪ ਦੀ ਸਿੱਕ ਫਿਰ ਦੁਬਾਰਾ ਪੂਰੀ ਹੋਈ। ਆਪ ਦੀ ਮਾਸੀ ਦਾ ਅਨੰਦ ਕਾਰਜ ਕਪੂਰਥਲੇ ਰਾਜ ਘਰਾਣੇ ਵਿਚ ਟਿੱਕਾ ਜਗਜੀਤ ਸਿੰਘ ਨਾਲ ਹੋਇਆ ਸੀ। ਮਾਸੀ ਜੀ ਦੇ ਸਪੁੱਤਰ ਦਾ ਅਨੰਦ ਕਾਰਜ ਸੀ ਤੇ ਆਪ ਨੂੰ ਸੱਦਾ ਪੱਤਰ ਆ ਗਿਆ। ਆਪ ਜੀ ਆਪਣੀ ਵੱਡੀ ਮਾਸੀ ਜੀ ਦੇ ਪ੍ਰੀਵਾਰ ਸਮੇਤ, ਜਿਸ ਨੇ ਸੰਨ 1929 ਵਿਚ ਜਥੇ ਪਾਸੋਂ ਅੰਮ੍ਰਿਤ ਛੱਕਿਆ ਹੋਇਆ ਸੀ, ਨਾਨਕਾ ਮੇਲ ਨਾਲ ਜਲੰਧਰ ਪੁੱਜ ਗਏ। ਬਰਾਤ ਤੁਰ ਗਈ ਤੇ ਉਸ ਵੇਲੇ ਦੇ ਰਿਵਾਜ ਮੁਤਾਬਕ ਤਿੰਨ ਦਿਨ ਬਾਅਦ ਵਾਪਸ ਆਉਣੀ ਸੀ। ਆਪ ਜੀ ਦੇ ਦਿਲ ਨੂੰ ਭਾਈ ਸਾਹਿਬ ਜੀ ਦੇ ਦਰਸ਼ਨਾਂ ਦੀ ਤੜਪ ਲੱਗੀ ਹੋਈ ਸੀ ਅਤੇ ਆਪ ਆਪਣੀ ਮਾਸੀ ਜੀ ਨਾਲ ਲੁਧਿਆਣੇ ਤੋਂ ਪ੍ਰੋ. ਠਾਕੁਰ ਸਿੰਘ ਜੀ ਨੂੰ ਨਾਲ ਲੈ ਕੇ ਨਾਰੰਗਵਾਲ ਹਨੇਰੇ ਪੈਣ ਤਾਈਂ ਪੁੱਜ ਗਏ। ਅਗੋਂ ਭਾਈ ਸਾਹਿਬ ਜੀ ਅਤੇ ਸ੍ਰੀ ਬਾਊ ਜੀ ਪਟਿਆਲੇ ਕਿਸੇ ਕਾਰਜ ਲਈ ਗਏ ਹੋਏ ਸਨ ਅਤੇ ਪਤਾ ਲੱਗਾ ਕਿ ਦੋ ਤਿੰਨ ਦਿਨ ਬਾਅਦ ਹੀ ਵਾਪਿਸ ਮੁੜਨਗੇ। ਇਹ ਸੁਣ ਕੇ ਆਪ ਨੂੰ ਡੂੰਘੀ ਨਿਰਾਸਤਾ ਹੋ ਗਈ ਤੇ ਹੰਝੂਆਂ ਦੀ ਝੜੀ ਲਗ ਗਈ। ਬੇਬੇ ਕਰਤਾਰ ਕੌਰ ਜੀ ਤੇ ਬੀਬੀ ਦਲੇਰ ਕੌਰ ਜੀ ਨੇ ਦਿਲਾਸਾ ਦਿੱਤਾ ਪਰ ਮਨ ਨੂੰ ਧੀਰਜ ਕਿਵੇਂ ਆਵੇ ? ਮਸਾਂ ਥੋੜਾ ਬਹੁਤ ਪ੍ਰਸਾਦਿ ਛੱਕਿਆ ਪਰ ਬਿਰੋਹ ਵਿਜੋਗੀ ਨੈਣਾਂ ਵਿਚ ਨੀਂਦ ਕਿਥੇ? ਸਾਰੀ ਰਾਤ ਜਾਗਦਿਆਂ ਤੁਰਦਿਆਂ ਫਿਰਦਿਆਂ ਕੱਟੀ ਤੇ ਅੰਮ੍ਰਿਤ ਵੇਲਾ ਹੋ ਗਿਆ। ਸੋਚ ਇਸ਼ਨਾਨ ਪਿਛੋਂ ਨਿਤਨੇਮ ਕਰਕੇ ਕੀਰਤਨ ਦੀ



www.AKJ.Org

ਹਾਜਰੀ ਭਰੀ ਤੇ ਸਤਿਗੁਰੂ ਜੀ ਦੇ ਦਰਸ਼ਨਾਂ ਤੋਂ ਬਾਅਦ ਦੀਵਾਨ ਦੀ ਸਮਾਪਤੀ ਹੋਈ। ਸਿਰਫ ਇਕੋ ਦਿਨ ਹੀ ਬਚਿਆ ਸੀ ਤੇ ਦੂਸਰੇ ਦਿਨ ਦੁਪਹਿਰ ਬਰਾਤ ਦੀ ਵਾਪਸੀ ਤੋਂ ਪਹਿਲਾਂ ਜਲੰਧਰ ਪੁੱਜਣਾ ਸੀ। ਬਿਨਾਂ ਦਰਸ਼ਨ ਤੋਂ ਵਾਪਿਸ ਜਾਵਾਂਗੇ ਇਹ ਖਿਆਲ ਆ ਕੇ ਬਿਹਬਲਤਾ ਵਧੀ ਜਾ ਰਹੀ ਸੀ ਤੇ ਮਸਾਂ ਦਿਨ ਬੀਤਿਆ। ਸ਼ਾਮ ਭੀ ਡੂੰਘੀ ਨਿਰਾਸਤਾ ਭਰੀ ਸੀ। ਉਸੇ ਵੇਲੇ ਇਕ ਦਮ ਹੇਠੋਂ ਆਵਾਜ਼ ਆਈ ਕਿ ਬਾਪੂ ਜੀ ਆ ਗਏ ਹਨ। ਆਪ ਜੀ ਨੇ ਬਿਹਬਲਤਾ ਵਿਚ ਹੀ ਦੁਬਾਰਾ ਪੁੱਛਿਆ ਕਿ ਕੌਣ ਆ ਗਏ? ਬੀ. ਦਲੇਰ ਕੌਰ ਨੇ ਫਿਰ ਕਿਹਾ "ਉਨ੍ਹਾਂ ਨੇ ਅੱਜ ਆਉਣਾ ਤਾਂ ਨਹੀਂ ਸੀ ਪਰ ਪਤਾ ਨਹੀਂ ਕਿਵੇਂ ਆ ਗਏ ਹਨ ? ਇਸ ਮੇਲੇ ਤੇ ਦਰਸ਼ਨ ਮਿਲਾਪ ਦੀ ਮਹਿਮਾ ਅਕੱਥ ਸੀ। ਬਾਪੂ ਜੀ ਨੇ ਦੋਵੇਂ ਹੱਥ ਆਪ ਦੇ ਸਿਰ ਤੇ ਰਖ ਕੇ ਪਿਆਰ ਦਿੱਤਾ ਤੇ ਕਿਹਾ ਕਿ ਸਾਨੂੰ ਅੰਮ੍ਰਿਤ ਵੇਲੇ ਹੀ ਪਤਾ ਲੱਗ ਗਿਆ ਸੀ ਕਿ ਤੁਸੀਂ ਇਥੇ ਆਏ ਹੋ। ਆਪ ਦੀ ਵੈਰਾਗੀ ਦਸ਼ਾ ਤੇ ਬਿਹਬਲਤਾ ਨੇ ਸਾਨੂੰ ਅਜਿਹੀ ਖਿੱਚ ਪਾਈ ਕਿ ਅਸੀਂ ਹੋਰ ਸਮਾਂ ਉਥੇ ਟਿਕ ਨਹੀਂ ਸਕੇ ਤੇ ਸ੍ਰੀ ਬਾਊ ਜੀ ਨੂੰ ਕਹਿ ਦਿੱਤਾ ਕਿ ਹੁਣ ਚਲੀਏ, ਬੀਬੀ ਇੰਦਰ ਉਡੀਕ ਰਹੀ ਹੈ। ਤੇ ਵੇਖ ਲੈ, ਬੀਬੀ ਅਸੀਂ ਆ ਗਏ ਇਸ ਤਰ੍ਹਾਂ ਸ਼ਾਮ ਨੂੰ ਬੜੇ ਵੈਰਾਗ ਤੇ ਸੁਕਰ ਵਿਚ ਇਕ ਤਾਰੇ ਨਾਲ ਕੀਰਤਨ ਕਰਕੇ, ਦੂਸਰੇ ਦਿਨ ਬਾਪੂ ਜੀ ਤੇ ਬਾਊ ਜੀ ਤੋਂ ਖੁਸ਼ੀਆਂ ਦੀਆਂ ਝੋਲੀਆਂ ਭਰ ਕੇ ਵਾਪਿਸ ਮੁੜੇ।

ਸੰਨ 1932 ਵਿਚ ਭਾਈ ਸਾਹਿਬ ਜੀ ਵੀ ਜਥੇ ਸਮੇਤ ਸ੍ਰੀ ਬਾਊ ਜੀ ਨਾਲ ਰਾਵਲਪਿੰਡੀ ਦੇ ਇਲਾਕੇ ਵਿਚ ਚੌਥੀ ਪ੍ਰਚਾਰ ਫੇਰੀ ਤੇ ਆਏ। ਸਾਰੇ ਜਥੇ ਦਾ ਉਤਾਰਾ ਆਪ ਜੀ ਦੇ ਗ੍ਰਿਹ ਵਿਖੇ ਹੋਇਆ। ਇਸ ਸਮੇਂ ਰਾਵਲਪਿੰਡੀ ਦੇ ਵੱਖ-ਵੱਖ ਗੁਰਦੁਆਰਿਆਂ ਵਿਚ ਕੀਰਤਨ ਸਮਾਗਮ, ਸ੍ਰੀ ਅਖੰਡ ਪਾਠ ਤੇ ਅੰਮ੍ਰਿਤ ਸੰਚਾਰ ਸਮਾਗਮ ਹੋਏ, ਬੇਅੰਤ ਪ੍ਰਾਣੀ ਜਹਾਜ਼ੇ ਚੜ੍ਹੇ। ਜੱਥਾ 13 ਦਿਨ ਇਥੇ ਠਹਿਰਿਆ। ਇਸ ਦੰਮਤੀ ਨੇ ਜਥੇ ਦੀ ਖ਼ੂਬ ਸੇਵਾ ਨਿਬਾਹੀ। ਆਪ ਜੀ ਦੇ ਇਸ ਪਿਆਰ ਸਦਕਾ ਜਥਾ ਜਦੋਂ ਵੀ ਰਾਵਲ ਪਿੰਡੀ ਜਾਂਦਾ ਤਾਂ ਇਨ੍ਹਾਂ ਦੇ ਗ੍ਰਿਹ ਹੀ ਨਿਵਾਸ ਰੱਖਦਾ ਸੀ। ਜਥੇ ਵਿਚ ਪਹਿਲੇ ਪਹਿਲ ਰੈਣ ਸਬਾਈ ਕੀਰਤਨ ਦਾ ਆਰੰਭ ਵੀ ਇਥੇ ਹੀ ਹੋਇਆ।

ਸੰਨ 1938 ਵਿਚ ਜਦੋਂ ਜਥਾ ਇਥੇ ਠਹਿਰਿਆ ਹੋਇਆ ਸੀ ਅਤੇ ਆਪ ਜੀ ਦੇ ਗ੍ਰਿਹ ਵਿਖੇ ਹੀ ਸ੍ਰੀ ਅਖੰਡ ਪਾਠ ਸਮਾਗਮ ਹੋਏ। ਪਾਠ ਤੋਂ ਮਗਰੋਂ ਆਪ ਜੀ ਦੇ ਪਤੀ ਦੀ ਦਿਮਾਗ਼ੀ ਹਾਲਤ ਵਿਗੜ ਗਈ। ਸ੍ਰੀ ਬਾਊ ਜੀ ਨੇ ਜੋ ਆਪ ਜੀ ਦੇ ਧਰਮ ਪਿਤਾ ਸਨ ਤੇ ਆਪ ਨੂੰ ਇਸ ਹਾਲਤ ਵਿਚ ਇਕੱਲਾ ਛੱਡਣਾ ਨਾ ਮੁਨਾਸਬ ਸਮਝ ਕੇ, ਪ੍ਰੋ. ਠਾਕੁਰ ਸਿੰਘ ਸੀ ਅਤੇ ਬਾਊ ਤੇਜਾ ਸਿੰਘ ਜੀ ਇਨ੍ਹਾਂ ਦੇ ਪਤੀ ਦੀ ਸੇਵਾ ਲਈ ਇਨ੍ਹਾਂ ਦੇ ਘਰ ਰੁਕਣ ਦਾ ਹੁਕਮ ਕੀਤਾ। ਇਨ੍ਹਾਂ ਦੋਹਾਂ ਨੇ ਬੜੇ ਪਿਆਰ ਨਾਲ ਡਾਕਟਰ ਸਾਹਿਬ ਦੀ ਸੇਵਾ ਕੀਤੀ ਜਿਸ ਕਾਰਨ ਆਪ ਜੀ ਦੇ ਮਨ ਵਿਚ ਗੁਰਸਿੱਖਾਂ ਪ੍ਰਤੀ ਪਿਆਰ ਵੱਧ ਗਿਆ ਤੇ ਇਹ ਹੀ ਸਕੇ ਸਬੰਧੀ ਦਿਸੇ। ਇਸ ਤੋਂ ਬਾਅਦ ਇਨ੍ਹਾਂ ਦੇ ਪਤੀ ਨੂੰ ਲਾਹੌਰ ਦਿਮਾਗੀ ਬੀਮਾਰੀਆਂ ਦੇ ਹਸਪਤਾਲ ਦਾਖਲ ਕਰਾਉਣਾ ਪੈ ਗਿਆ ਤੇ ਹਾਲਤ ਹੋਰ ਵਿਗੜ ਗਈ। ਉਸ ਸਮੇਂ ਹੀ ਸ੍ਰੀ ਬਾਊ ਜੀ ਦੀ ਛੋਟੀ ਲੜਕੀ ਬੀਬੀ ਗਿਆਨ ਕੌਰ ਜੀ ਦਾ ਆਨੰਦ ਕਾਰਜ ਸੀ ਤੇ ਭਾਈ ਸਾਹਿਬ ਜੀ ਵੀ ਜਥੇ ਸਮੇਤ ਉਥੇ ਆਏ ਹੋਏ ਸਨ ਤੇ ਆਪ ਵੀ ਓਕਾੜੇ ਚਲੇ ਗਏ। ਇਸ ਸਮੇਂ ਬਾਊ ਜੀ ਦਾ ਬਹੁਤ ਸੰਗੀਨ ਐਕਸੀਡੈਂਟ ਵੀ ਹੋ ਗਿਆ ਸੀ ਤੇ ਬਾਊ ਜੀ ਸਖ਼ਤ ਜਖ਼ਮੀ ਹੋ ਗਏ ਸਨ। ਆਪ ਜੀ, ਵਾਪਸੀ ਸਮੇਂ ਡੂੰਘੀ ਨਿਰਾਸਤਾ ਵਿਚ, ਭਾਈ ਸਾਹਿਬ ਜੀ ਦੇ ਨਾਲ ਹੀ ਬੱਸ ਵਿਚ ਬੈਠੇ ਸਨ। ਅਚੇਤ ਹੀ ਭਾਈ ਸਾਹਿਬ ਜੀ ਨੇ ਆਪਣਾ ਹੱਥ ਆਪ ਦੇ ਸਿਰ ਤੇ ਰੱਖ ਦਿੱਤਾ। ਉਨ੍ਹਾਂ ਨੇ ਬਖਸ਼ਿਸ਼ ਭਰੀ ਨਜ਼ਰ ਦੇ ਨਾਲ ਹੀ ਬਚਨ ਕੀਤਾ, "ਬੱਸ ਬੀਬੀ, ਤੇਰਾ ਕਸ਼ਟ ਦੂਰ ਹੋ ਚੁੱਕਾ ਹੈ। ਹੁਣ ਡਾਕਟਰ ਸਾਹਿਬ ਠੀਕ ਹੋ ਜਾਣਗੇ" ਆਪ ਜੀ ਨੇ ਸੁਕਰ ਵਿਚ ਸਿਰ ਨਿਵਾਇਆ ਤੇ ਰਾਵਲਪਿੰਡੀ ਪਹੁੰਚ ਗਏ। ਇਕ ਦਿਨ ਭਾਈ ਸਾਹਿਬ ਜੀ ਦੀ ਤਾਰ ਆਈ ਕਿ ਡਾਕਟਰ ਸਾਹਿਬ ਜੀ ਦੀ ਸਿਹਤਯਾਬੀ ਲਈ ਲੁਧਿਆਣੇ ਸ੍ਰੀ ਅਖੰਡ ਪਾਠ ਰੱਖਿਆ ਹੈ, ਭੋਗ ਅਰਦਾਸ ਵਿਚ ਸ਼ਾਮਿਲ ਹੋਵੋ"। ਆਪ ਉੱਥੇ ਸਮੇਂ ਸਿਰ ਪੁੱਜ ਗਏ। ਭਾਈ ਸਾਹਿਬ ਜੀ ਨੇ ਪ੍ਰੋ. ਠਾਕੁਰ ਸਿੰਘ ਜੀ ਨੂੰ ਭੋਗ ਦੀ ਅਰਦਾਸ ਕਰਨ ਲਈ ਕਿਹਾ ਜੋ ਕਿ ਬੜੇ ਰੰਗਾਂ ਵਿਚ ਹੋਈ। **"ਬਿਰਥੀ ਕਦੇ ਨ ਹੋਵਈ ਜਨ ਕੀ ਅਰਦਾਸਿ"**



www.AKJ.Org

ਦੇ ਮਹਾਂਵਾਕ ਅਨੁਸਾਰ ਜਨ ਕੀ ਅਰਦਾਸ ਸੁਣੀ ਗਈ ਤੇ ਆਪ ਦਾ ਕਸ਼ਟ ਦੂਰ ਹੋ ਗਿਆ। ਇਕ ਹਫ਼ਤੇ ਦੇ ਵਿਚ ਹੀ ਡਾਕਟਰ ਸਾਹਿਬ ਰਾਜ਼ੀ ਹੋ ਗਏ।

ਇਕ ਵਾਰ ਭਾਈ ਸਾਹਿਬ ਜੀ ਅਤੇ ਸ੍ਰੀ ਬਾਊ ਜੀ ਜਥੇ ਸਮੇਤ ਜੇਹਲਮ ਗਏ, ਜਿਨ੍ਹਾਂ ਨਾਲ ਇਹ ਦੰਪਤੀ ਵੀ ਉਥੇ ਗਈ। ਜਥੇ ਦਾ ਉਤਾਰਾ ਡਾਕਟਰ ਸਾਹਿਬ ਜੀ ਦੇ ਭੈਣ ਜੀ ਦੇ ਘਰ ਰੱਖਿਆ ਗਿਆ। ਸ਼ਹਿਰ ਦੇ ਇਕ ਗੁਰਦੁਆਰੇ ਕੀਰਤਨ ਹੋਇਆ। ਉਥੇ ਭੋਗ ਪੈਣ ਮਗਰੋਂ ਭਾਈ ਸਾਹਿਬ ਜੀ ਤੇ ਸ੍ਰੀ ਬਾਊ ਜੀ ਘਰ ਦੇ ਗੁਰਦੁਆਰੇ ਅੰਦਰ ਆ ਗਏ ਤੇ ਆਪ ਜੀ ਨੂੰ ਕੀਰਤਨ ਕਰਨ ਦਾ ਹੁਕਮ ਦਿੱਤਾ। ਆਪ ਜੀ ਨੇ ਸ਼ਬਦ ਪੜ੍ਹਿਆ **"ਸਰਬ ਸੁਖਾ ਗੁਰ ਚਰਨਾ ॥ ਕਲਿਮਲ ਤਾਰਨ ਮਨਹਿ ਸਧਾਰਨ ਇਹ ਆਸਰ ਮੋਹਿ ਤਰਨਾ ॥੧॥ ਰਹਾਉ ॥** ....... ਭਾਈ ਸਾਹਿਬ ਜੀ ਨੇ ਸਿਰ ਤੇ ਹੱਥ ਰੱਖ ਕੇ ਆਪ ਕੋਲੋਂ ਉਥੇ ਅੱਠ ਘੰਟੇ ਕੀਰਤਨ ਕਰਵਾਇਆ। ਉਥੇ ਇਕ ਅਜੀਬ ਘਟਨਾ ਵਾਪਰੀ, ਅਗਾਧ ਬੋਧ ਬਾਣੀ, ਜੋ ਕਦੀ ਆਪ ਨੇ ਨਹੀਂ ਸੀ ਪੜ੍ਹੀ, ਚੇਤੇ ਆਈ ਜਾਵੇ। ਅਠ ਘੰਟੇ ਇਕੋ ਸ਼ਬਦ ਚਲਦਾ ਰਿਹਾ। ਗੁਰਮੁਖ ਪਿਆਰਿਆਂ ਦੀ ਬਖਸ਼ਿਸ਼ ਦਾ ਆਪ ਜੀ ਨੂੰ ਉਦੋਂ ਪਤਾ ਲੱਗਾ ਕਿ ਕਿਵੇਂ ਨਿਵਾਜ਼ ਲੈਂਦੇ ਹਨ। ਇਕ ਹੋਰ ਫੇਰੀ ਸਮੇਂ ਭਾਈ ਸਾਹਿਬ ਨਾਲ ਜਥਾ ਕੈਂਬਲ ਪੁਰ ਦੀ ਸੰਗਤ ਦੀ ਬੇਨਤੀ ਤੇ ਸ੍ਰੀ ਪੰਜਾ ਸਾਹਿਬ ਜੀ ਦੇ ਦਰਸ਼ਨ ਕਰਦਾ ਹੋਇਆ, ਉਥੇ ਪੁੱਜਾ ਤੇ ਸ੍ਰੀ ਗੁਰੂ ਸਿੰਘ ਸਭਾ ਦੇ ਗੁਰਦੁਆਰੇ ਕੀਰਤਨ ਸਮਾਗਮ ਹੋਇਆ। ਇਸ ਸਮਾਗਮ ਵਿਚ ਵੀ ਆਪ ਜੀ ਪ੍ਰੀਵਾਰ ਸਮੇਤ ਸ਼ਾਮਿਲ ਹੋਏ ਸਨ। ਸ੍ਰੀ ਅਖੰਡ ਪਾਠ, ਕੀਰਤਨ ਸਮਾਗਮ ਉਪਰੰਤ ਅੰਮ੍ਰਿਤ ਸੰਚਾਰ ਹੋਇਆ। 50 ਕੁ ਪ੍ਰਾਣੀ ਉਥੇ ਜਹਾਜ਼ੇ ਚੜ੍ਹੇ ਤੇ ਫਿਰ ਵਾਪਿਸ ਰਾਵਲਪਿੰਡੀ ਆਪ ਜੀ ਦੇ ਗ੍ਰਹਿ ਆ ਗਏ ਤੇ ਕਈ ਦਿਨ ਹਸਬ ਮਾਮੂਲ ਸਮਾਗਮ ਹੁੰਦੇ ਰਹੇ।

ਸੰਨ 1941 ਵਿਚ ਆਪ ਜੀ ਦੇ ਪਤੀ ਡਾਕਟਰ ਸਾਹਿਬ ਨੇ ਦੂਸਰੀ ਵਿਸ਼ਵ ਯੁਧ ਵੇਲੇ ਫੌਜ ਦੀ ਨੌਕਰੀ ਕਰ ਲਈ ਤੇ ਇਰਾਕ ਭੇਜ ਦਿੱਤੇ ਗਏ। ਅੰਮ੍ਰਿਤ ਛਕਾਉਣ ਵੇਲੇ ਪੰਚਾਂ ਵੱਲੋਂ ਅੰਮ੍ਰਿਤ ਅਭਿਲਾਖੀਆਂ ਨੂੰ ਮਾਸ ਖਾਣ ਦੀ ਮਨਾਹੀ ਕੀਤੀ ਜਾਂਦੀ ਹੈ , ਪਰ ਡਾਕਟਰ ਸਾਹਿਬ ਪਾਸੋਂ ਮਾਸ ਖਾਧਾ ਗਿਆ। ਹੁਕਮ ਅਨੁਸਾਰ ਆਪ ਜੀ ਨੂੰ ਦੁਬਾਰਾ ਅੰਮ੍ਰਿਤ ਛੱਕਣਾ ਪੈਣਾ ਸੀ। ਇਸ ਸਮੇਂ ਭਾਈ ਸਾਹਿਬ ਜੀ ਤੇ ਸ੍ਰੀ ਬਾਊ ਜੀ ਜਥੇ ਸਮੇਤ ਰਾਵਲਪਿੰਡੀ ਇਕ ਸਮਾਗਮ 'ਤੇ ਆਏ ਹੋਏ ਸਨ। ਉਸ ਸਮੇਂ ਵਾਪਰੀ ਇਕ ਅਹਿਮ ਘਟਨਾ ਆਪ ਜੀ ਨੇ ਪੁਸਤਕ "ਪੂਰਬ ਜਨਮ ਕੇ ਮਿਲੇ ਸੰਜੋਗੀ" ਵਿਚ ਪੰਨਾ 74 ਤੋਂ 77 ਤਾਈਂ ਆਪਣੇ ਕਰ ਕਮਲਾਂ ਨਾਲ ਲਿਖੀ ਹੋਈ ਹੈ ਜੋ ਹੇਠਾਂ ਦਿੱਤੀ ਜਾਂਦੀ ਹੈ:

### ਮਹਿਮਾ ਸਾਧੂ ਸੰਗ ਕੀ ਸੁਨਹੁ ਮੇਰੇ ਮੀਤਾ : ਵਲੋਂ ਬੀਬੀ ਇੰਦਰ ਕੌਰ ਜੀ

ਦੂਸਰੇ ਵਿਸ਼ਵ ਜੰਗ ਵਿੱਚ ਮੇਰੇ ਪਤੀ (ਡਾ ਪਰਗਟ ਸਿੰਘ ਜੀ) ਨੇ ਮਿਲਟਰੀ ਦੀ ਨੌਕਰੀ ਲੈ ਲਈ। ਅੰਮ੍ਰਿਤ ਛਕਣ ਵੇਲੇ ਪੰਜਾ ਪਿਆਰਿਆਂ ਨੇ ਮਾਸ ਖਾਣ ਦੀ ਮਨਾਹੀ ਕੀਤੀ ਸੀ, ਪਰ ਉਨ੍ਹਾਂ ਪਾਸੋਂ ਮਾਸ ਖਾਧਾ ਗਿਆ। ਹੁਕਮ ਅਨੁਸਾਰ ਸਾਨੂੰ ਮੁੜ ਅੰਮ੍ਰਿਤ ਛਕਣਾ ਪੈਣਾ ਸੀ। ਇਸ ਫੇਰੀ ਦੌਰਾਨ ਮੇਰਾ ਮਨ ਉਦਾਸ ਸੀ ਕਿ ਐਤਕੀਂ ਸ੍ਰੀਮਾਨ ਭਾਈ ਸਾਹਿਬ ਰਣਧੀਰ ਸਿੰਘ ਜੀ ਅਤੇ ਬਾਊ ਮੱਲ ਸਿੰਘ ਜੀ ਮੇਰੇ ਹੱਥਾਂ ਦਾ ਬਣਿਆ ਭੋਜਨ ਨਹੀਂ ਛਕਣਗੇ। ਤੀਬਰ ਇੱਛਾ ਅਤੇ ਡੂੰਘੀ ਸ਼ਰਧਾ ਨੇ ਇਸ ਦਾ ਹਲ ਲੱਭ ਲਿਆ। ਸੁੱਕੇ ਆਟੇ ਨੂੰ ਘਿਓ ਵਿਚ ਭੁੰਨ ਲਿਆ, ਵਿਚ ਪੀਸੀ ਖੰਡ ਰਲਾ ਦਿੱਤੀ ਤੇ ਸੁੱਕੇ ਬਦਾਮ ਪੀਸ ਕੇ ਵਿਚ ਪਾ ਦਿੱਤੇ। ਮਨ ਵਿਚ ਕਿਹਾ ਕਿ ਇਹ ਪੰਜੀਰੀ ਤਾਂ ਉਹ ਛਕ ਹੀ ਲੈਣਗੇ। ਇਹ ਤਾਂ ਸਭ ਚੀਜ਼ਾਂ ਸੁੱਚੀਆਂ ਹਨ। ਪੰਜੀਰੀ ਨੂੰ ਕੋਰੇ ਭਾਂਡੇ ਵਿਚ ਪਾ ਕੇ, ਉਨ੍ਹਾਂ ਦੇ ਲੰਗਰ ਦੀ ਅਲਮਾਰੀ ਵਿਚ ਰੱਖ ਦਿੱਤਾ। ਲੰਗਰ ਤਿਆਰ ਕਰਨ ਵਾਲਿਆਂ ਨਾਲ ਪੰਜੀਰੀ ਬਾਰੇ ਗੱਲ ਕੀਤੀ ਤਾਂ ਉਨ੍ਹਾਂ ਕਿਹਾ, "ਬੀਬੀ, ਤੁਸੀਂ ਤਿਆਰ-ਬਰ-ਤਿਆਰ ਨਹੀਂ, ਇਹ ਪੰਜੀਰੀ ਭਾਈ ਸਾਹਿਬ ਤੇ ਬਾਊ ਜੀ ਨਹੀਂ ਛਕਣਗੇ।" ਮੇਰਾ ਮਨ ਬੁਝ ਗਿਆ। ਪੰਜੀਰੀ ਪਈ ਰਹੀ ਤੇ ਮੈਂ ਇਹ ਦਸਣ ਦੀ ਜੁਰਅਤ ਵੀ ਨਾ ਕੀਤੀ ਕਿ ਮੈਂ ਕਿਸ ਪਿਆਰ ਨਾਲ ਇਹ ਪੰਜੀਰੀ ਬਣਾਈ ਹੈ, ਇਹ ਸੁੱਚੀ ਹੈ, ਜੂਠੀ ਨਹੀਂ। ਮੈਨੂੰ ਯਕੀਨ ਹੋ ਚੁੱਕਾ ਸੀ ਕਿ ਇਹ ਹੁਣ ਪਰਵਾਨ ਨਹੀਂ ਹੋ ਸਕਦੀ।



www.AKJ.Org

ਜਥੇ ਦਾ ਕੀਰਤਨ ਕਿਤੇ ਦੂਰ ਦੇ ਗੁਰਦੁਆਰਾ ਸਾਹਿਬ ਵਿਖੇ ਸੀ। ਘਰ ਦੀ ਜ਼ਿੰਮੇਵਾਰੀ ਸਦਕਾ ਉਸ ਦਿਨ ਮੈਂ ਉਨ੍ਹਾਂ ਦੇ ਨਾਲ ਨਹੀਂ ਸਾਂ ਜਾ ਸਕੀ। ਓਦੋਂ ਹੀ ਜਥੇ ਦੇ ਖ਼ਾਸ ਵਿਅਕਤੀ ਕਰਨਲ ਪਿਆਰਾ ਸਿੰਘ ਜੀ ਸਾਡੇ ਘਰ ਆ ਪੁਜੇ। ਉਨ੍ਹਾਂ ਦੇ ਆਉਣ ਦੀ ਮੈਨੂੰ ਬਹੁਤ ਖੁਸ਼ੀ ਹੋਈ। ਸਤਿਗੁਰੂ ਦੇ ਪਿਆਰੇ ਆ ਮਿਲੇ, ਚਾਅ ਚੜ੍ਹ ਗਿਆ। ਬਸ ਜੀ, ਫਿਰ ਤਾਂ :

**ਸਜਣ ਮਿਲੇ ਸਜਣਾ ਜਿਨ ਸਤਗੁਰ ਨਾਲਿ ਪਿਆਰੁ ॥**
**ਮਿਲਿ ਪ੍ਰੀਤਮ ਤਿਨੀ ਧਿਆਇਆ ਸਚੈ ਪ੍ਰੇਮਿ ਪਿਆਰੁ ॥**

(ਪੰਨਾ ੫੮੭)

ਬੈਰਾਗੀ ਜੀਊੜੇ ਕਰਨਲ ਸਾਹਿਬ ਨੇ ਵਾਜਾ ਫੜ ਲਿਆ। ਪ੍ਰੇਮ-ਤਰੰਗ-ਮਸਤੀ ਵਿਚ ਝੂਮਦਿਆਂ ਨੇ ਸ਼ਬਦ ਆਰੰਭ ਕੀਤਾ :

**ਹਉ ਅਨਦਿਨੁ ਹਰਿ ਨਾਮੁ ਕੀਰਤਨੁ ਕਰਉ ॥ ਸਤਿਗੁਰਿ ਮੋ ਕਉ ਹਰਿ ਨਾਮੁ ਬਤਾਇਆ**
**ਹਉ ਹਰਿ ਬਿਨੁ ਖਿਨੁ ਪਲੁ ਰਹਿ ਨ ਸਕਉ ॥੧॥ ਰਹਾਉ ॥**
**ਹਮਰੈ ਸ੍ਰਵਣੁ ਸਿਮਰਨੁ ਹਰਿ ਕੀਰਤਨੁ ਹਉ ਹਰਿ ਬਿਨੁ ਰਹਿ ਨ ਸਕਉ ਹਉ ਇਕੁ ਖਿਨੁ ॥**
**ਜੈਸੇ ਹੰਸੁ ਸਰਵਰ ਬਿਨੁ ਰਹਿ ਨ ਸਕੈ ਤੈਸੇ ਹਰਿ ਜਨੁ ਕਿਉ ਰਹੈ ਹਰਿ ਸੇਵਾ ਬਿਨੁ ॥੧॥**
**ਕਿਨਹੂੰ ਪ੍ਰੀਤਿ ਲਾਈ ਦੂਜਾ ਭਾਉ ਰਿਦ ਧਾਰਿ ਕਿਨਹੂੰ ਪ੍ਰੀਤਿ ਲਾਈ ਮੋਹ ਅਪਮਾਨ ॥**
**ਹਰਿ ਜਨ ਪ੍ਰੀਤਿ ਲਾਈ ਹਰਿ ਨਿਰਬਾਣ ਪਦ ਨਾਨਕ ਸਿਮਰਤ ਹਰਿ ਹਰਿ ਭਗਵਾਨ ॥੨॥੧੪॥੬੬॥**

(ਆਸਾਵਰੀ ਮਹਲਾ ੪, ਪੰਨਾ ੩੬੯)

ਕਰਨਲ ਸਾਹਿਬ ਕੀਰਤਨ ਵਿਚ ਲਟਬਉਰੇ ਹੋ ਹੋ ਜਾਣ ਅਤੇ ਉਨ੍ਹਾਂ ਦੇ ਅੰਦਰੋਂ ਪ੍ਰੇਮ ਦੀਆਂ ਅਜਿਹੀਆਂ ਕਾਂਗਾਂ ਫੁਟ ਫੁਟ ਨਿਕਲਣ ਕਿ ਬੈਰਾਗ ਦਾ ਇਕ ਮੰਡਲ ਹੀ ਛਾ ਗਿਆ।

ਗੁਰੂ ਨੇਤ ਨਾਲ ਉਸ ਸਮੇਂ ਪ੍ਰੋਫੈਸਰ ਠਾਕਰ ਸਿੰਘ ਜੀ ਵੀ ਕੀਰਤਨ 'ਤੇ ਨਾ ਜਾ ਸਕੇ। ਕੀਰਤਨ ਦੇ ਇਨ੍ਹਾਂ ਰੰਗਾਂ ਵਿਚ ਉਹ ਵੀ ਬਿਹਬਲ ਹੋ ਰਹੇ ਸਨ। ਕਰਨਲ ਸਾਹਿਬ ਤੋਂ ਪਿਛੋਂ ਪ੍ਰੋ. ਠਾਕਰ ਸਿੰਘ ਜੀ ਨੇ ਕੀਰਤਨ ਦੇ ਉਸ ਬੈਰਾਗ-ਮੰਡਲ ਵਿਚ ਹੋਰ ਵਾਧਾ ਕੀਤਾ ਅਤੇ ਕੀਰਤਨ ਦੁਆਰਾ ਬਾਣੀ ਦੇ ਬਾਣ ਐਸੇ ਸਿੰਨ੍ਹ ਸਿੰਨ੍ਹ ਕੇ ਚਲਾਏ ਕਿ ਸਾਰਾ ਮਨ ਤਨ ਹੀ ਮੋਹਿਆ ਗਿਆ।

ਜਦੋਂ ਜਥਾ ਵਾਪਸ ਸਾਡੇ ਬੁੰਗੇ ਪੁਜਾ ਤਾਂ ਮੈਂ ਸ਼ਬਦ ਪੜ੍ਹ ਰਹੀ ਸਾਂ:-

**ਮਾਈ ਮੋਰੋ ਪ੍ਰੀਤਮੁ ਰਾਮੁ ਬਤਾਵਹੁ ਰੀ ਮਾਈ ॥**
**ਹਉ ਹਰਿ ਬਿਨੁ ਖਿਨੁ ਪਲੁ ਰਹਿ ਨ ਸਕਉ ਜੈਸੇ ਕਰਹਲੁ ਬੇਲਿ ਰੀਝਾਈ ॥੧॥ ਰਹਾਉ ॥**
**ਹਮਰਾ ਮਨੁ ਬੈਰਾਗ ਬਿਰਕਤੁ ਭਇਓ ਹਰਿ ਦਰਸਨ ਮੀਤ ਕੈ ਤਾਈ ॥**
**ਜੈਸੇ ਅਲਿ ਕਮਲਾ ਬਿਨੁ ਰਹਿ ਨ ਸਕੈ ਤੈਸੇ ਮੋਹਿ ਹਰਿ ਬਿਨੁ ਰਹਨੁ ਨ ਜਾਈ ॥੧॥**
**ਰਾਖੁ ਸਰਣਿ ਜਗਦੀਸੁਰ ਪਿਆਰੇ ਮੋਹਿ ਸਰਧਾ ਪੂਰਿ ਹਰਿ ਗੁਸਾਈ ॥**
**ਜਨ ਨਾਨਕ ਕੈ ਮਨਿ ਅਨਦੁ ਹੋਤ ਹੈ ਹਰਿ ਦਰਸਨੁ ਨਿਮਖ ਦਿਖਾਈ ॥੨॥੩੯॥**

(ਆਸਾਵਾਰੀ ਮਹਲਾ ੪, ਪੰਨਾ ੩੬੯-੭੦)

ਇਹ ਤੁਕ ਗੂੰਜ ਰਹੀ ਸੀ, "ਮਾਈ ਮੋਰੋ ਪ੍ਰੀਤੁਮੁ ਰਾਮੁ ਬਤਾਵਹੁ ਰੀ ਮਾਈ"। ਭਾਈ ਸਾਹਿਬ ਜੀ ਅੰਦਰ ਪੁਜਦਿਆਂ ਸਾਰ ਰੰਗਾਂ ਵਿਚ ਆ ਗਏ ਅਤੇ ਬਾਊ ਜੀ ਨੂੰ ਕਹਿਣ ਲਗੇ, "ਪ੍ਰੀਤਮ ਰਾਮੁ ਬਤਾਵਹੁ"। ਉਨ੍ਹਾਂ ਦੇ ਅਉਣ ਨਾਲ ਮੇਰੇ ਮਨ ਦੀ ਦਸ਼ਾ ਹੋਰ ਵੀ ਬੈਰਾਗੀ ਗਈ। ਭਾਈ ਸਾਹਿਬ ਤੇ ਸ੍ਰੀਮਾਨ ਬਾਊ ਜੀ ਜਥੇ ਸਮੇਤ ਉਥੇ ਹੀ ਬੈਠ ਗਏ। ਕੀਰਤਨ ਮੰਡਲ ਅਨੁਪਮ ਰੰਗਾਂ ਵਿਚ ਰੰਗੀਜ ਗਿਆ। ਪਤਾ ਨਹੀਂ, ਕਿਵੇਂ ਮੇਰੇ ਮਨ ਵਿਚ ਆਇਆ ਅਤੇ ਮੈਂ


www.AKJ.Org

ਆਪਣਾ ਇਕ ਤਾਰਾ ਫੜ ਲਿਆ ਅਤੇ ਸ਼ਬਦ ਆਰੰਭ ਦਿੱਤਾ :-

**ਆਏ ਸੰਤ ਪਰਾਹੁਣੇ ਕੀਰਤਨ ਹੋਆ ਰੈਣ ਸਬਾਈ ॥**

(ਭਾਈ ਗੁਰਦਾਸ ਜੀ, ਵਾਰ ੧੦, ਪਉੜੀ ੧੬)

ਸੰਤ ਪਰਾਹੁਣੇ ਤਾਂ ਆਏ ਹੋਏ ਹੀ ਸਨ ਅਤੇ ਕੀਰਤਨ ਵੀ ਰਾਤ ਸਮੇਂ ਹੀ ਹੋ ਰਿਹਾ ਸੀ। ਐਉਂ ਕੀਰਤਨ-ਰੰਗਾਂ ਵਿਚ ਹੀ ਅੱਧੀ ਰਾਤ ਬੀਤ ਗਈ, ਤਾਂ ਭਾਈ ਸਾਹਿਬ ਜੀ ਕਹਿਣ ਲੱਗੇ, "ਜੋਗਣੇ, ਲਿਆ ਹੁਣ ਪੰਜੀਰੀ ! ਕੌਣ ਕਹਿੰਦਾ ਹੈ ਅਸੀਂ ਤੇਰੇ ਹੱਥਾਂ ਦੀ ਪੰਜੀਰੀ ਨਹੀਂ ਖਾਵਾਂਗੇ ? ਉਠ, ਲਿਆ ਪੰਜੀਰੀ।" ਮੈਂ ਥਿੜਕਦੀਆਂ ਲੱਤਾਂ ਤੇ ਕੰਬਦੇ ਹੱਥਾਂ ਨਾਲ ਲੋਹੇ ਦੇ ਬਾਟੇ ਵਿਚ ਪਾ ਕੇ ਪੰਜੀਰੀ ਪੇਸ਼ ਕੀਤੀ। ਸਾਰੀ ਸੰਗਤ ਵਿਚ ਸੱਨਾਟਾ ਛਾ ਗਿਆ। ਕੀਰਤਨ ਬੰਦ ਹੋ ਗਿਆ। ਸਭ ਇਹ ਅਸਚਰਜ ਕੌਤਕ ਵੇਖ ਰਹੇ ਸਨ। ਮੈਂ ਭੀ ਆਪਣੀ ਛੁਟਿੱਤਣ ਅਤੇ ਭਾਈ ਸਾਹਿਬ ਦੀ ਵਡਿੱਤਣ ਬਾਰੇ ਸੋਚ ਰਹੀ ਸਾਂ, ਪਰ ਚੁਪ ਛਾਈ ਹੋਈ ਸੀ। ਸ੍ਰੀਮਾਨ ਭਾਈ ਸਾਹਿਬ ਜੀ ਨੇ ਇਸ ਚੁੱਪ ਨੂੰ ਤੋੜਿਆ, ਬਖਸ਼ਿਸ਼ ਭਰੀਆਂ ਨਜ਼ਰਾਂ ਨਾਲ ਦੇਖਿਆ ਤੇ ਕਿਹਾ, "ਚਖ ਕੇ ਦੇਹ"। ਮੈਂ ਬਾਟਾ ਹੋਰ ਅੱਗੇ ਉਨ੍ਹਾਂ ਦੇ ਪਾਸ ਕੀਤਾ। ਮੈਥੋਂ ਆਪਣਾ ਆਪ ਸੰਭਾਲਿਆ ਨਹੀਂ ਸੀ ਜਾਂਦਾ। ਉਹ ਫਿਰ ਬੋਲੇ, "ਚਖ ਕੇ ਦੇਹ, ਭੀਲਣੀ ਨੇ ਬੇਰ ਚੱਖ ਕੇ ਦਿੱਤੇ ਸਨ। " ਭਾਈ ਸਾਹਿਬ ਮੇਰੇ ਮਨ ਦੀ ਅਵਸਥਾ ਨੂੰ ਲੱਖ ਗਏ। ਮੈਂ ਹੋਰ ਬਖਸ਼ਸ਼ ਝਲਣ ਦੇ ਸਮਰੱਥ ਨਹੀਂ ਸਾਂ। ਉਨ੍ਹਾਂ ਨੇ ਦੋ ਚੂੰਢੀਆਂ ਪੰਜੀਰੀ ਦੀਆਂ ਛਕੀਆਂ ਤੇ ਫਿਰ ਕੀਰਤਨ ਸ਼ੁਰੂ ਹੋ ਗਿਆ, ਮਹਾਂ-ਪੁਰਸ਼ਾਂ ਦਾ ਪਰਸਿਆ ਪੰਜੀਰੀ ਪਰਸ਼ਾਦ ਅਚਰਜ ਸੁਆਦ ਤੇ ਅਹਿਲਾਦ ਦਾ ਮੂਜਬ ਬਣਿਆ। ਉਤੋਂ ਕੀਰਤਨ ਰੰਗ, ਸੋਨੇ 'ਤੇ ਸੁਹਾਗੇ ਦਾ ਕੰਮ ਕਰ ਗਏ। ਭੋਗ ਅਗਲੇ ਦਿਨ ਦੁਪਹਿਰੇ ਇਕ ਵਜੇ ਜਾ ਕੇ ਪਿਆ। ਪ੍ਰੋ. ਠਾਕੁਰ ਸਿੰਘ ਜੀ ਮੁਤਾਬਕ ਜਥੇ ਵਲੋਂ ਇਹ ਪਹਿਲਾ ਰੈਣ ਸਬਾਈ ਕੀਰਤਨ ਸੀ।

ਸੰਨ 1945 ਵਿਚ ਦੂਸਰੇ ਵਿਸ਼ਵ ਯੁਧ ਦੀ ਸਮਾਪਤੀ ਤੋਂ ਬਾਅਦ ਆਪ ਜੀ ਦੇ ਪਤੀ ਦੀ ਮੇਰਠ ਛਾਉਣੀ ਵਿਚ ਪੋਸਟਿੰਗ ਹੋ ਗਈ ਤੇ ਉਥੋਂ ਹੀ ਉਨ੍ਹਾਂ ਪ੍ਰੀਵਾਰ ਸਮੇਤ ਪੋਹ ਸੁਦੀ ਸਪਤਮੀ ਦੇ ਸਮਾਗਮ ਤੇ ਨਾਰੰਗਵਾਲ ਆ ਕੇ ਖੂਬ ਆਨੰਦ ਮਾਣੇ ਤੇ ਬਾਪੂ ਜੀ ਦੀਆਂ ਅਸੀਸਾਂ ਪ੍ਰਾਪਤ ਕੀਤੀਆਂ। ਸੰਨ 1947 ਦੇ ਸ਼ੁਰੂ ਵਿਚ ਆਪ ਜੀ ਦੇ ਪਤੀ ਨੇ ਫੌਜ ਦੀ ਨੌਕਰੀ ਛੱਡ ਕੇ ਕਰਾਚੀ ਜਾ ਕੇ ਆਪਣੀ ਕਲਿਨਕ ਖੋਲ੍ਹ ਲਈ। ਛੇਤੀ ਹੀ ਦੇਸ਼ ਦਾ ਬਟਵਾਰਾ ਹੋ ਜਾਣ ਕਾਰਨ ਆਪ ਕਰਾਚੀ ਤੋਂ ਬੰਬਈ ਚਲੇ ਗਏ ਤੇ ਉਥੋਂ ਦਿੱਲੀ ਆ ਕੇ ਲਗਾਤਾਰ ਢਾਈ ਸਾਲ ਨਿਯਾਮੁਦੀਨ ਇਲਾਕੇ ਵਿਚ, ਆਪਣੇ ਘਰ ਦੀ ਉਸਾਰੀ ਦੀ ਦੇਖ ਭਾਲ ਕਰਦੇ ਰਹੇ। ਇਸ ਸਮੇਂ ਦੌਰਾਨ ਹੀ ਆਪ ਜੀ ਨੇ ਆਪਣੇ ਹੱਥੀਂ ਕ੍ਰਿਤ ਕਰਨ ਲਈ ਦੁਬਾਰਾ ਪੜਾਈ ਸ਼ੁਰੂ ਕੀਤੀ ਤੇ ਪਹਿਲਾਂ ਦਸਵੀਂ ਦਾ ਇਮਤਿਹਾਨ ਪਾਸ ਕੀਤਾ। ਇਸ ਦੇ ਨਾਲ ਹੀ ਗਿਆਨੀ ਦਾ ਕੋਰਸ ਵੀ ਪਾਸ ਕਰ ਲਿਆ। ਸੰਨ 1948 ਵਿਚ ਪ੍ਰੀਵਾਰ ਦੇ ਗੁਜ਼ਾਰੇ ਲਈ ਪੜ੍ਹਾਈ ਕਰਨ ਦੇ ਨਾਲ ਨਾਲ ਸੇਂਟ ਮੈਰੀ ਸਕੂਲ ਵਿਚ ਪੜ੍ਹਾਉਣਾ ਵੀ ਸ਼ੁਰੂ ਕਰ ਦਿੱਤਾ ਸੀ। ਸੰਨ 1952 ਵਿਚ ਐਫ.ਏ. ਦਾ ਕੋਰਸ ਪਾਸ ਕੀਤਾ। ਸੰਨ 1953 ਵਿਚ ਬੀ.ਏ. ਦੇ ਕੋਰਸ ਵਾਸਤੇ ਅੰਗਰੇਜ਼ੀ ਦਾ ਪੇਪਰ ਪਾਸ ਕੀਤਾ। ਸੰਨ 1955 ਵਿਚ ਹਿਸਟਰੀ ਦਾ ਪੇਪਰ ਪਾਸ ਕਰਕੇ, ਪੰਜਾਬੀ, ਅੰਗਰੇਜ਼ੀ ਅਤੇ ਹਿਸਟਰੀ ਦੇ ਵਿਸ਼ਿਆਂ ਵਿਚ ਬੀ.ਏ. ਦੀ ਡਿਗਰੀ ਪ੍ਰਾਪਤ ਕਰ ਲਈ। ਸੰਨ 1956 ਵਿਚ ਆਪ ਜੀ ਦੇ ਪਤੀ ਕੁਝ ਖਾਸ ਕਾਰਨਾਂ ਕਰਕੇ ਘਰ ਛੱਡ ਕੇ ਚਲੇ ਗਏ ਤੇ ਆਪ ਜੀ ਨੂੰ Working Girls Hostel ਵਿਚ ਰਹਿਣਾ ਪਿਆ। ਸੰਨ 1958 ਵਿਚ ਆਪ ਜੀ ਨੇ ਪੰਜਾਬੀ ਸਾਹਿਤ ਦੇ ਵਿਸ਼ੇ ਵਿਚ ਐਮ.ਏ. ਦੀ ਡਿਗਰੀ ਪ੍ਰਾਪਤ ਕਰ ਲਈ ਤੇ ਆਪ ਜੀ ਨੂੰ ਸੰਨ 1959 ਵਿਚ ਦਿੱਲੀ ਯੂਨੀਵਰਸਿਟੀ ਅਧੀਨ ਖ਼ਾਲਸਾ ਕਾਲਜ ਵਿਚ ਬਤੌਰ ਲੈਕਚਰਾਰ ਦੀ ਨੌਕਰੀ ਮਿਲ ਗਈ। ਆਪ ਇਸ ਸਮੇਂ ਕਾਲਜ ਵਿਚ ਐਮ.ਏ. ਦੇ ਵਿਦਿਆਰਥੀਆਂ ਨੂੰ ਪੰਜਾਬੀ ਦਾ ਵਿਸ਼ਾ ਪੜਾਉਂਦੇ ਰਹੇ। ਇਸ ਤੋਂ ਬਾਅਦ ਆਪ ਜੀ ਨੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ ਚਲ ਰਹੇ ਮਾਤਾ ਸੁੰਦਰੀ ਕਾਲਜ ਦੇ ਕਾਰਜਕਾਰੀ ਪ੍ਰਿੰਸੀਪਲ ਦੇ ਅਹੁਦੇ 'ਤੇ ਕੰਮ ਕੀਤਾ। ਆਪ ਜੀ ਦੇ ਮਿਹਨਤੀ ਸੁਭਾਉ, ਦਿਆਨਤਦਾਰੀ ਅਤੇ ਕਾਰਜ



www.AKJ.Org

ਕੁਸ਼ਲਤਾ ਕਰਕੇ ਸੰਨ 1969 ਵਿਚ ਆਪ ਜੀ ਨੂੰ ਖਾਲਸਾ ਕਾਲਜ ਫਾਰ ਵੂਮੈਨ ਸ੍ਰੀ ਅੰਮ੍ਰਿਤਸਰ ਦਾ ਬਾਨੀ ਪ੍ਰਿੰਸੀਪਲ ਬਣਨ ਦਾ ਮਾਣ ਹਾਸਿਲ ਹੋਇਆ।

ਸੰਨ 1970 ਵਿਚ ਸ੍ਰੀ ਅੰਮ੍ਰਿਤਸਰ ਵਿਖੇ ਆਪ ਸਖ਼ਤ ਬੀਮਾਰ ਹੋ ਗਏ ਤੇ ਡਾਕਟਰਾਂ ਨੇ ਜੁਆਬ ਦੇ ਦਿੱਤਾ। ਅੰਤ ਸਮਾਂ ਨੇੜੇ ਦਿਸਣ ਲੱਗਾ। ਪ੍ਰੋ. ਠਾਕੁਰ ਸਿੰਘ ਜੀ ਨੇ ਸ੍ਰੀ ਬਾਊ ਜੀ ਨੂੰ ਬੇਨਤੀ ਕੀਤੀ ਕਿ ਹੁਣ ਸ੍ਰੀ ਅਖੰਡ ਪਾਠ ਰਖਵਾ ਕੇ ਅਰਦਾਸ ਕਰੋ ਤਾਂ ਹੀ ਕੋਈ ਆਸ ਬੱਝ ਸਕਦੀ ਹੈ, ਡਾਕਟਰ ਤਾਂ ਕੋਈ ਆਸ ਨਹੀਂ ਬੁਝਾਉਂਦੇ। ਭਾਈ ਸੇਵਾ ਸਿੰਘ ਜੀ ਦੇ ਗ੍ਰਿਹ ਅਜੀਤ ਨਗਰ ਵਿਖੇ ਸ੍ਰੀ ਅਖੰਡ ਪਾਠ ਰੱਖ ਦਿੱਤਾ ਗਿਆ ਤੇ ਸ੍ਰੀ ਬਾਊ ਜੀ ਨੇ ਅਰਦਾਸ ਕੀਤੀ ਕਿ, ਹੇ ਦਾਤਾ ਨਾਮ ਜਪਣ ਤੇ ਸੇਵਾ ਕਰਨ ਲਈ ਬੀਬੀ ਨੂੰ ਹੋਰ ਸਮਾਂ ਬਖਸ਼ੋ। ਆਪ ਉਸ ਵੇਲੇ ਬੇਹੋਸ਼ੀ ਦੀ ਹਾਲਤ ਵਿਚ ਸਨ, ਪਰ ਸੇਵਾ ਲਈ ਜੋ ਮਾਈ ਰੱਖੀ ਸੀ, ਉਹ ਨਾਮ ਜਪਣ ਵਾਲੀ ਸੀ। ਉਸ ਨੇ ਇਕ ਨਜ਼ਾਰਾ ਦੇਖਿਆ ਕਿ ਆਪ ਨੂੰ ਕੁਝ ਸਿੰਘ ਲੈਣ ਲਈ ਆਏ ਸਨ, ਪਰ ਕਹਿੰਦੇ ਸਨ ਕਿ ਅਜੇ ਨਹੀਂ ਲਿਜਾਣਾ ਅਤੇ ਉਹ ਵਾਪਿਸ ਚਲੇ ਗਏ। ਇਸ ਤੋਂ ਬਾਅਦ ਆਪ ਜੀ ਦੀ ਹਾਲਤ ਸੁਧਰਨ ਲਗ ਪਈ ਤੇ ਕੁਝ ਚਿਰ ਮਗਰੋਂ ਰਾਜੀ ਬਾਜ਼ੀ ਹੋ ਗਏ।

ਸੰਨ 1971 ਵਿਚ ਸੰਤ ਦਰਬਾਰਾ ਸਿੰਘ ਜੀ ਨੇ ਲੋਪੋਕੇ ਜ਼ਿਲ੍ਹਾ ਫਿਰੋਜ਼ਪੁਰ ਵਿਚ ਲੜਕੀਆਂ ਵਾਸਤੇ ਗਰਲਜ਼ ਕਾਲਜ ਖੋਲਣਾ ਸੀ ਤੇ ਆਪ ਜੀ ਨੂੰ ਕਲਰਕ ਭੇਜ ਕੇ ਸਕੂਲ ਦੇ ਬਾਨੀ ਪ੍ਰਿੰਸੀਪਲ ਦੀ ਸੇਵਾ ਸੌਂਪ ਦਿੱਤੀ। ਇਥੇ ਆਪ ਸੰਨ 1976 ਤਾਈਂ ਰਹੇ ਤੇ ਉਥੋਂ ਸ੍ਰੀ ਬਾਊ ਜੀ, ਭਾਈ ਰਾਮ ਸਿੰਘ ਜਥੇਦਾਰ ਸਾਹਿਬ ਜੀ ਅਤੇ ਪ੍ਰੋ. ਠਾਕੁਰ ਸਿੰਘ ਜੀ ਕੋਲ ਸ੍ਰੀ ਅੰਮ੍ਰਿਤਸਰ ਅਤੇ ਤਰਨ ਤਾਰਨ ਆ ਕੇ ਸੰਗਤਾਂ ਨਾਲ ਮਿਲ ਕੇ ਨਾਮ ਬਾਣੀ, ਕੀਰਤਨ ਦੇ ਆਨੰਦ ਮਾਣਦੇ ਰਹੇ। ਸੰਨ 1976 ਵਿਚ ਆਪ ਜੀ ਬੀਬੀ ਰਜਨੀ ਕਾਲਜ ਪੱਟੀ ਦੇ ਪ੍ਰਿੰਸੀਪਲ ਲਗ ਗਏ ਤੇ ਰੋਜ਼ਾਨਾ ਸ੍ਰੀ ਅੰਮ੍ਰਿਤਸਰ ਤੋਂ ਆਉਣਾ ਜਾਣਾ ਕਰ ਲਿਆ। ਰਿਹਾਇਸ਼ ਵੀ ਰਾਣੀ ਕੇ ਬਾਗ਼ ਜਥੇਦਾਰ ਸਾਹਿਬ ਜੀ ਦੀ ਕੋਠੀ ਦੇ ਸਾਹਮਣੇ ਇਕ ਮਕਾਨ ਵਿਚ ਰੱਖ ਲਈ। ਪੱਟੀ ਵਿਖੇ ਜਥੇ ਦੇ ਸਿੰਘਾਂ ਨੂੰ ਬੁਲਾ ਕੇ ਰੈਣ ਸਬਾਈ ਕੀਰਤਨ ਵੀ ਕਾਲਜ ਦੇ ਗੁਰਦੁਆਰੇ ਵਿਚ ਕਰਵਾਉਂਦੇ ਰਹੇ ਜਿਸ ਵਿਚ ਸ੍ਰੀ ਬਾਊ ਜੀ ਖ਼ਾਸ ਤੌਰ ਤੇ ਦਰਸ਼ਨ ਦਿੰਦੇ ਸਨ। ਇਸ ਤੋਂ ਇਲਾਵਾ ਆਪ ਸ੍ਰੀ ਅੰਮ੍ਰਿਤਸਰ, ਤਰਨ ਤਾਰਨ ਕੈਰੋਂ ਆਦਿ ਵਿਖੇ ਹੋਣ ਵਾਲੇ ਸ੍ਰੀ ਅਖੰਡ ਪਾਠ ਸਾਹਿਬ, ਲੋਕਲ ਅਤੇ ਰੈਣ ਸਬਾਈ ਕੀਰਤਨ ਸਮਾਗਮਾਂ ਦੀ ਹਾਜ਼ਰੀ ਭਰ ਕੇ ਖੂਬ ਲਾਹੇ ਲੈਂਦੇ ਰਹੇ। ਆਪ ਜੀ ਹਮੇਸ਼ਾ ਹੀ ਵੈਰਾਗੀ ਦਸ਼ਾ ਵਿਚ ਰਹਿੰਦੇ ਸਨ ਤੇ ਸੰਗਤ ਵਿਚ ਬੈਠੇ ਅੱਖਾਂ ਵਿਚੋਂ ਹਮੇਸ਼ਾ ਨੀਰ ਵੱਗਦਾ ਰਹਿੰਦਾ ਸੀ।

ਜੁਲਾਈ 1979 ਵਿਚ ਆਪ ਜੀ ਦੇ ਧਰਮ ਪਿਤਾ ਸ੍ਰੀ ਮਾਨ ਬਾਊ ਮਲ ਸਿੰਘ ਜੀ ਦੇ ਚੜ੍ਹਾਈ ਕਰਨ ਜਾਣ ਤੋਂ ਬਾਅਦ ਆਪ ਜੀ ਬਹੁਤ ਵਿਯੋਗ ਤੇ ਵੈਰਾਗੀ ਦਸ਼ਾ ਵਿਚ ਰਹਿਣ ਲਗ ਪਏ। ਅੱਖਾਂ ਵਿਚ ਜਿਆਦਾ ਨੀਰ ਵਗਣ ਕਰਕੇ ਅੱਖਾਂ ਦੀ ਰੋਸ਼ਨੀ ਵੀ ਘੱਟਣੀ ਸ਼ੁਰੂ ਹੋ ਗਈ। ਸੰਨ 1986 ਵਿਚ ਆਪ ਜੀ ਨੇ ਨੌਕਰੀ ਛੱਡ ਦਿੱਤੀ ਤੇ ਨਾਮ ਬਾਣੀ ਦੇ ਲਾਹੇ ਲੈਣ ਲਈ ਧਰਮਸ਼ਾਲਾ ਵਿਚ ਮਕਾਨ ਲੈ ਕੇ ਰਹਿਣ ਦਾ ਪ੍ਰੋਗਰਾਮ ਬਣਾ ਲਿਆ। ਇਸ ਤੋਂ ਬਾਅਦ ਆਪ ਜੀ 6 ਮਹੀਨੇ ਗਰਮੀਆਂ ਵਿਚ ਧਰਮਸ਼ਾਲਾ ਰਹਿੰਦੇ ਸਨ ਤੇ 6 ਮਹੀਨੇ ਸਰਦੀਆਂ ਵਿਚ ਸ੍ਰੀ ਅੰਮ੍ਰਿਤਸਰ ਠਹਿਰਦੇ ਸਨ। ਉਨ੍ਹਾਂ ਕੋਲ ਪ੍ਰੋ. ਠਾਕੁਰ ਸਿੰਘ ਜੀ ਵੀ ਜਾ ਕੇ ਨਾਮ ਬਾਣੀ ਦੀਆਂ ਛਹਿਬਰਾਂ ਲਾਉਂਦੇ ਰਹਿੰਦੇ ਸਨ। ਮਿਤੀ 14 ਅਗਸਤ 1992 ਨੂੰ ਇਨ੍ਹਾਂ ਦੇ ਪਤੀ ਡਾਕਟਰ ਪ੍ਰਗਟ ਸਿੰਘ ਜੀ ਵੀ ਦਿੱਲੀ ਵਿਚ ਰਹਿੰਦੇ ਹੋਏ 94 ਸਾਲ ਦੀ ਲੰਮੇਰੀ ਆਯੂ ਭੋਗ ਕੇ ਗੁਰੂ ਚਰਨਾਂ ਵਿਚ ਜਾ ਬਿਰਾਜੇ।

ਉਮਰ ਦੇ ਵਾਧੇ ਨਾਲ ਆਪ ਜੀ ਦੀਆਂ ਅੱਖਾਂ ਦੀ ਰੋਸ਼ਨੀ ਬਹੁਤ ਘੱਟ ਗਈ ਤੇ ਨਾਲ ਹੀ ਗੋਡਿਆਂ ਦੀ ਦਰਦ ਕਰਕੇ ਚੱਲਣ ਫਿਰਨ ਵਿਚ ਬਹੁਤ ਤਕਲੀਫ ਹੋਣੀ ਸ਼ੁਰੂ ਹੋ ਗਈ। ਮਿਤੀ 26 ਮਾਰਚ 1996 ਨੂੰ ਸ੍ਰੀ ਅੰਮ੍ਰਿਤਸਰ ਵਿਚ ਹੀ ਆਪ ਜੀ ਇਸ ਪੰਜ ਭੂਤਕ ਸਰੀਰ ਨੂੰ ਛੱਡ ਕੇ ਆਪਣਾ ਜੀਵਨ ਸਫਲ ਕਰਦੇ ਹੋਏ ਗੁਰੂ ਚਰਨਾਂ ਵਿਚ ਜਾ ਬਿਰਾਜੇ।



www.AKJ.Org

# ਸੁਕੈਰਡਨ ਲੀਡਰ ਜਥੇਦਾਰ ਭਾਈ ਰਾਮ ਸਿੰਘ ਜੀ

—ਭਾਈ ਗੁਰਦੀਪ ਸਿੰਘ ਜੀ ਸ੍ਰੀ ਅੰਮ੍ਰਿਤਸਰ

ਸ੍ਰੀ ਮਾਨ ਮਾਨਯਵਰ ਬਾਊ ਮਲ ਸਿੰਘ ਜੀ ਦੇ ਅਤਿ ਪਿਆਰਨ ਪਿਆਰੇ, ਨਾਮ ਅਭਿਆਸੀ, ਕੁਰਬਾਨੀ ਦੇ ਪੁੰਜ, ਹਮੇਸ਼ਾ ਗੁਪਤ ਵਰਤਣ ਵਾਲੇ, ਜਥੇਦਾਰ ਭਾਈ ਰਾਮ ਸਿੰਘ ਜੀ ਦਾ ਜਨਮ ਮਿਤੀ 25 ਸਤੰਬਰ 1916 ਸਰਕਾਰੀ ਰਿਕਾਰਡ ਮੁਤਾਬਕ (ਮਾਰਚ 1916) ਨੂੰ ਇੰਡੋਨੇਸ਼ੀਆ ਦੇ ਸ਼ਹਿਰ ਮੇਦਨ (Medan) ਵਿਚ ਸ. ਗੁਰਮੁਖ ਸਿੰਘ ਅਤੇ ਬੀਬੀ ਹੁਕਮ ਕੌਰ ਜੀ ਦੇ ਘਰ ਹੋਇਆ। ਪੰਜਾਬ ਵਿਚ ਇਨ੍ਹਾਂ ਦਾ ਪਿੰਡ ਝਬਾਲ ਜ਼ਿਲ੍ਹਾ ਅੰਮ੍ਰਿਤਸਰ ਸੀ ਤੇ ਪਿਤਾ ਜੀ ਪਹਿਲਾਂ ਖੇਤੀਬਾੜੀ ਦਾ ਕੰਮ ਕਰਦੇ ਸੀ ਫਿਰ ਬਾਅਦ ਵਿਚ ਇੰਡੋਨੇਸ਼ੀਆ ਜਾ ਕੇ ਵੱਸ ਗਏ। ਆਪ ਜੀ ਦੇ ਮਾਤਾ-ਪਿਤਾ ਗੁਰੂ ਘਰ ਦੇ ਪ੍ਰੇਮੀ ਸ਼ਰਧਾਲੂ ਅਤੇ ਗੁਰਸਿਖੀ ਮਾਰਗ ਦੇ ਪਾਂਧੀ ਸਨ।

ਆਪ ਜੀ ਨੇ ਮੁੱਢਲੀ ਵਿਦਿਆ ਝਬਾਲ ਪਿੰਡ ਦੇ ਸਕੂਲ ਤੋਂ ਲਈ ਤੇ ਫਿਰ ਦਸਵੀਂ ਗੋਰਮਿੰਟ ਹਾਈ ਸਕੂਲ ਤਰਨ ਤਾਰਨ ਤੋਂ ਪਾਸ ਕੀਤੀ। ਇਸ ਤੋਂ ਬਾਅਦ ਖਾਲਸਾ ਕਾਲਜ ਸ੍ਰੀ ਅੰਮ੍ਰਿਤਸਰ ਤੋਂ ਬੀ.ਐੱਸ.ਸੀ. ਦੀ ਡਿਗਰੀ ਲਈ। ਉਸ ਵੇਲੇ ਪਿੰਡਾਂ ਵਿਚ ਬੱਚਿਆਂ ਨੂੰ ਆਮ ਤੌਰ ’ਤੇ ਪੜਾਉਣ ਦਾ ਰਿਵਾਜ ਨਹੀਂ ਸੀ ਕਿਉਂਕਿ ਪਿਤਾ ਜੀ ਕਹਿੰਦੇ ਹੁੰਦੇ ਸਨ ਕਿ ਖੇਤੀਬਾੜੀ ਦਾ ਕੰਮ ਕਰਨ ਲਈ ਪੜਾਈ ਦੀ ਕੀ ਲੋੜ ਹੈ? ਪਰ ਮਾਤਾ ਜੀ ਦੇ ਉੱਦਮ ਅਤੇ ਪ੍ਰੇਰਨਾ ਨਾਲ ਆਪ ਜੀ ਨੇ ਉੱਚ ਵਿਦਿਆ ਪ੍ਰਾਪਤ ਕਰ ਲਈ। ਦੂਜੇ ਸੰਸਾਰ ਯੁੱਧ ਵੇਲੇ ਆਪ ਜੀ ਨੂੰ Royal India Air Force ਵਿਚ ਫਲਾਇੰਗ ਅਫਸਰ ਦੀ ਨੌਕਰੀ ਮਿਲ ਗਈ ਤੇ ਆਪ ਜੀ ਦੀ ਪੋਸਟਿੰਗ ਬ੍ਰਹਮਾ ਫਰੰਟ ਤੇ ਹੋ ਗਈ। ਉਸ ਤੋਂ ਬਾਅਦ ਆਪ 1974 ਵਿਚ ਰਿਟਾਇਰ ਹੋਣ ਤੱਕ ਭਾਰਤ ਦੇ ਵੱਖ-ਵੱਖ ਸ਼ਹਿਰਾਂ ਕੋਇੰਬਾਟੂਰ, ਮਦਰਾਸ, ਸਿਕੰਦਰਾਬਾਦ, ਆਦਮਪੁਰ, ਹਲਵਾਰਾ, ਅੰਬਾਲਾ, ਦਿੱਲੀ, ਚਿਟਾਗਾਂਵ (ਆਸਾਮ) ਕਾਨਪੁਰ ਤਾਇਨਾਤ ਰਹੇ ਤੇ ਸੁਕੈਰਡਨ ਲੀਡਰ ਦੇ ਉੱਚ ਅਹੁੱਦੇ ਤੋਂ ਸੇਵਾ ਮੁਕਤ ਹੋਏ।

ਆਪ ਜੀ ਦਾ ਆਨੰਦ ਕਾਰਜ ਬੀਬੀ ਬਲਵੰਤ ਕੌਰ ਜੀ ਸਪੁਤਰੀ ਸ. ਲਛਮਣ ਸਿੰਘ ਅਤੇ ਬੀਬੀ ਨਰਿੰਦਰ ਕੌਰ ਜੀ ਵਾਸੀ ਪਿੰਡ ਮੁੱਛਲ ਨੇੜੇ ਟਾਂਗਰਾ ਜਿਲਾ ਸ੍ਰੀ ਅੰਮ੍ਰਿਤਸਰ ਨਾਲ ਮਿਤੀ 20 ਅਪ੍ਰੈਲ 1946 ਨੂੰ ਹੋਇਆ। ਇਹ ਰਿਸ਼ਤਾ ਮੇਜਰ ਕਰਤਾਰ ਸਿੰਘ ਜੋ ਕਿ ਪ੍ਰੋ. ਠਾਕੁਰ ਸਿੰਘ ਜੀ ਦੇ ਦਾਮਾਦ ਸਨ ਰਾਹੀਂ ਹੋਇਆ ਸੀ। ਬੀਬੀ ਜੀ, ਸ੍ਰੀ ਮਾਨ ਬਾਊ ਜੀ ਦੀ ਦੋਹਤਰੀ ਲੱਗਦੇ ਸੀ ਕਿਉਂਕਿ ਬੀਬੀ ਨਰਿੰਦਰ ਕੌਰ ਜੀ, ਜੋ ਬੀਬੀ ਜੀ ਦੇ ਮਾਤਾ ਜੀ ਸਨ ਉਹ ਬਾਊ ਜੀ ਦੀ ਵਿਚਕਾਰਲੀ ਪੁੱਤਰੀ ਸੀ। ਇਸ ਕਰਕੇ ਬੀਬੀ ਜੀ ਨੂੰ ਬਚਪਨ ਤੋਂ ਹੀ ਬਾਊ ਜੀ ਦੀਆਂ ਅਸੀਸਾਂ ਬਖਸ਼ਿਸ਼ ਹੁੰਦੀਆਂ ਰਹੀਆਂ ਹਨ। ਇਨ੍ਹਾਂ ਦੇ ਪਿਤਾ ਸ. ਲਛਮਣ ਸਿੰਘ ਜੀ ਜੋ ਕਿ ਸਕੂਲ ਹੈੱਡ ਮਾਸਟਰ ਸਨ ਅਤੇ ਆਪਣੀ ਨੌਕਰੀ ਦੇ ਬਹੁਤੇ ਸਾਲ ਕੈਰੋਂ ਜ਼ਿਲ੍ਹਾ ਸ੍ਰੀ ਅੰਮ੍ਰਿਤਸਰ (ਹੁਣ ਤਰਨ ਤਾਰਨ) ਦੇ ਸਰਕਾਰੀ ਸਕੂਲ ਵਿਚ ਲੱਗੇ ਰਹੇ ਹਨ। ਇਸ ਕਰਕੇ ਉਨ੍ਹਾਂ ਦਾ ਸ. ਪ੍ਰਤਾਪ ਸਿੰਘ ਕੈਰੋਂ (ਉਸ ਵੇਲੇ ਦੇ ਮੁਖ ਮੰਤਰੀ ਪੰਜਾਬ) ਅਤੇ ਉਸ ਦੇ ਪ੍ਰੀਵਾਰ ਨਾਲ ਨੇੜਲਾ ਸਬੰਧ ਰਿਹਾ ਹੈ ਜੋ ਕਿ ਹੁਣ ਤਾਈਂ ਵੀ ਕਾਇਮ ਹੈ। ਬੀਬੀ ਜੀ ਦਾ ਜਨਮ ਮਿਤੀ 6 ਫਰਵਰੀ 1930 ਨੂੰ ਓਕਾੜੇ (ਪਾਕਿਸਤਾਨ) ਵਿੱਚ ਹੋਇਆ ਕਿਉਂਕਿ ਬੀਬੀ ਜੀ ਦੇ ਮਾਤਾ ਜੀ ਦਾ ਪੇਕਾ ਪ੍ਰੀਵਾਰ ਉਸ ਵੇਲੇ ਉਥੇ ਵਸਿਆ ਹੋਇਆ ਸੀ। ਬਾਊ ਜੀ ਨੂੰ ਓਕਾੜੇ ਹੀ ਮੁਰੱਬੇ ਅਲਾਟ ਹੋਏ ਸਨ ਤੇ ਉਹ ਉਥੇ ਹੀ ਪ੍ਰੀਵਾਰ ਸਮੇਤ ਰਹਿੰਦੇ ਸਨ। ਬੀਬੀ ਜੀ ਨੇ ਦਸਵੀਂ ਗੋਰਮਿੰਟ ਹਾਈ ਸਕੂਲ ਓਕਾੜੇ ਤੋਂ ਹੀ ਤੋਂ ਪਾਸ ਕੀਤੀ ਸੀ। ਇਸ ਤੋਂ ਬਾਅਦ ਉਸ ਵੇਲੇ ਦੇ ਰਿਵਾਜ਼ ਅਨੁਸਾਰ ਆਪ ਜੀ ਦਾ ਅਨੰਦ ਕਾਰਜ ਛੋਟੀ ਉਮਰ ਵਿਚ ਹੀ ਕਰ ਦਿੱਤਾ ਗਿਆ ਸੀ। ਵਿਆਹ ਤੋਂ ਬਾਅਦ ਬੀਬੀ ਜੀ ਆਪ ਜੀ ਨਾਲ ਜਿਥੇ ਵੀ ਪੋਸਟਿੰਗ ਹੁੰਦੀ ਉਥੇ ਹੀ ਰਹਿੰਦੇ ਰਹੇ। ਸੰਨ 1953 ਵਿਚ ਮਦਰਾਸ ਪੋਸਟਿੰਗ ਵੇਲੇ ਉਨ੍ਹਾਂ ਦੇ ਘਰ ਇਕਲੌਤੇ ਪੁੱਤਰ ਡਾ. ਸੰਤ ਪ੍ਰਕਾਸ਼ ਸਿੰਘ ਜੀ ਨੇ ਜਨਮ ਲਿਆ। ਇਨ੍ਹਾਂ ਦੇ ਪੁੱਤਰ ਦਾ ਨਾਮ ਵੀ ਮਾਨਯਵਰ ਬਾਊ ਜੀ ਨੇ ਹੀ ਰੱਖਿਆ



www.AKJ.Org

ਸੀ। ਬੀਬੀ ਜੀ ਨੂੰ ਬਚਪਨ ਤੋਂ ਹੀ ਗੁਰਸਿਖੀ ਦੀ ਦਾਤ ਪ੍ਰਾਪਤ ਹੋਣ ਤੇ ਕੀਰਤਨ ਦੀ ਦਾਤ ਆਪਣੇ ਮਾਮੇ ਪ੍ਰੋ. ਠਾਕੁਰ ਸਿੰਘ ਜੀ ਤੋਂ ਮਿਲੀ ਸੀ। ਇਸ ਤੋਂ ਬਾਅਦ ਅਖੰਡ ਪਾਠੀ ਵੀ ਬਣ ਗਏ ਤੇ ਇਸ ਦੰਪਤੀ ਨੇ ਅਨੇਕਾਂ ਅਖੰਡ ਪਾਠ ਗੁਪਤ ਇਕੱਲਿਆਂ ਹੀ ਕੀਤੇ। ਬੀਬੀ ਜੀ ਲੰਗਰ ਦੀ ਸੇਵਾ ਦੀ ਵੀ ਖਾਸ ਮੁਹਾਰਤ ਰਖਦੇ ਸਨ ਤੇ ਇਕੱਲੇ ਹੀ ਸਾਰੀ ਸੰਗਤ ਦਾ ਲੰਗਰ ਤਿਆਰ ਕਰ ਦਿੰਦੇ ਸਨ। ਬੀਬੀ ਜੀ ਤਾਅ ਜ਼ਿੰਦਗੀ ਆਪ ਜੀ ਨਾਲ ਮੋਢੇ ਨਾਲ ਮੋਢਾ ਡਾਹ ਕੇ ਹਰ ਸੇਵਾ ਵਿੱਚ ਤਤਪਰ ਰਹੇ ਆਪ ਜੀ ਜੇ ਚੜ੍ਹਾਈ ਕਰ ਜਾਣ ਤੋਂ ਬਾਅਦ ਹਰ ਮਹੀਨੇ ਇੱਕ ਸਹਿਜ ਪਾਠ ਕਰ ਕੇ ਸੰਗਤਾਂ ਨੂੰ ਬੁਲਾ ਕੇ ਹਰ ਮਹੀਨੇ ਸੰਗਰਾਂਦ ਵਾਲੇ ਦਿਨ ਸ੍ਰੀ ਆਸਾ ਕੀ ਵਾਰ ਦੇ ਕੀਰਤਨ ਉਪਰੰਤ ਪਾਠ ਦੀ ਸਮਾਪਤੀ ਕਰਦੇ ਰਹੇ। ਜ਼ਿੰਦਗੀ ਦੇ ਆਖ਼ਰੀ ਪੜਾਅ ਵਿਚ ਆਪ ਦੇ ਸਰੀਰ ਨੂੰ ਕੁਝ ਖੇਚਲਾਂ ਵੀ ਹੁੰਦੀਆਂ ਰਹੀਆਂ ਪਰ ਫਿਰ ਵੀ ਆਖ਼ਰੀ ਸੁਆਸ ਤਾਈਂ ਸੁਰਤੀ ਬਿਰਤੀ ਕਾਇਮ ਰਹੀ। ਬੁਢਾਪੇ ਅਤੇ ਸਰੀਰਕ ਕਮਜ਼ੋਰੀ ਕਾਰਨ ਮਿਤੀ 16 ਦਸੰਬਰ 2017 ਨੂੰ ਗੁਰੂ ਚਰਨਾਂ ਵਿਚ ਜਾ ਬਿਰਾਜੇ।

ਵਿਆਹ ਤੋਂ ਬਾਅਦ ਆਪ ਜੀ ਨੂੰ ਵੀ ਬਾਊ ਜੀ ਦੀ ਸੰਗਤ ਮਿਲਣੀ ਸ਼ੁਰੂ ਹੋ ਗਈ ਸੀ। ਪ੍ਰੰਤੂ ਦੂਰ ਦੁਰਾਡੇ ਵੱਖ-ਵੱਖ ਸ਼ਹਿਰਾਂ ਵਿਚ ਪੋਸਟਿੰਗ ਹੋਣ ਕਰਕੇ, ਨੇੜੇ ਰਹਿ ਕੇ ਉਨ੍ਹਾਂ ਦੀ ਸੰਗਤ ਮਾਨਣ ਦਾ ਸੁਭਾਗ ਨਹੀਂ ਸੀ ਮਿਲਿਆ। ਸੰਨ 1954-55 ਵਿਚ ਸਿਕੰਦਰਾਬਾਦ ਪੋਸਟਿੰਗ ਵੇਲੇ ਭਾਈ ਜਗਤ ਸਿੰਘ ਜੀ ਉਰਫ ਤਜਿੰਦਰ ਸਿੰਘ ਜੀ ਉਥੇ ਏਅਰ ਫੋਰਸ ਵਿਚ ਤਾਇਨਾਤ ਸਨ ਤੇ ਉਹ ਆਪ ਜੀ ਨੂੰ ਬਾਊ ਜੀ ਦੇ ਕਹਿਣ ਤੇ ਘਰ ਆ ਕੇ ਮਿਲਦੇ ਰਹੇ।

ਫਿਰ ਉਨ੍ਹਾਂ ਦੇ ਪੂਰਬਲੇ ਕਰਮ ਸਫੁਟ ਹੋਣ ਦੇ ਨੇੜੇ ਆ ਗਏ ਅਤੇ ਆਪ ਜੀ ਦੀ ਪੋਸਟਿੰਗ ਸੰਨ 1957 ਦੇ ਆਰੰਭ ਵਿਚ ਹਲਵਾਰੇ ਹੋ ਗਈ। ਇਥੇ ਹੀ ਆਪ ਜੀ ਨੂੰ ਜੇਲ ਚਿੱਠੀਆਂ ਪੁਸਤਕ ਪੜ ਕੇ ਭਾਈ ਸਾਹਿਬ ਜੀ ਦੇ ਦਰਸ਼ਨ ਕਰਨ ਦੀ ਤੀਬਰ ਇੱਛਾ ਉਤਪੰਨ ਹੋ ਗਈ ਤੇ ਇਕ ਐਤਵਾਰ ਲੁਧਿਆਣੇ ਮਿਲਾਪ ਲਈ ਚਲੇ ਗਏ। ਭਾਈ ਸਾਹਿਬ ਜੀ ਨਾਲ ਪਹਿਲੀ ਮਿਲਣੀ ਕਿਸ ਤਰ੍ਹਾਂ ਹੋਈ ਇਹ ਉਨ੍ਹਾਂ ਆਪਣੇ ਕਰ-ਕਮਲਾਂ ਨਾਲ ਲਿਖੀ ਹੈ, ਜੋ ਹੇਠਾਂ ਦਿੱਤੀ ਗਈ ਹੈ।

**ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਪਹਿਲੇ ਦਰਸ਼ਨ: ਵਲੋਂ ਭਾਈ ਸਾਹਿਬ ਰਾਮ ਸਿੰਘ ਜੀ**

1957 ਦੇ ਅਰੰਭ ਵਿਚ ਦਾਸ ਹਲਵਾਰਾ (ਲੁਧਿਆਣਾ) ਵਿਖੇ ਆਪਣੀ ਨੌਕਰੀ ’ਤੇ ਤਾਇਨਾਤ ਸੀ। ‘ਜੇਲ੍ਹ-ਚਿੱਠੀਆਂ’ ਪੁਸਤਕ ਪੜ੍ਹਨ ਨਾਲ ਭਾਈ ਸਾਹਿਬ ਜੀ ਦੇ ਦਰਸ਼ਨ ਕਰਨ ਲਈ, ਇਕ ਦਿਨ ਮਨ ਵਿਚ ਬੜੀ ਤੀਬਰ ਇੱਛਾ ਉਤਪੰਨ ਹੋ ਪਈ। ਦਾਸ ਆਉਂਦੇ ਐਤਵਾਰ ਸਵੇਰੇ ਪਹਿਲੀ ਬਸ ਫੜ ਕੇ, ਪਹੁ-ਫੁਟਣ ਦੇ ਨਾਲ ਹੀ ਲੁਧਿਆਣਾ ਰੇਲਵੇ ਸਟੇਸ਼ਨ ਦੇ ਸਾਹਮਣੇ, ਘੰਟਾ ਘਰ ਲਾਗੇ, ਬਸ ਤੋਂ ਜਾ ਉਤਰਿਆ। ਦਾਸ ਨੇ ਮੂਰਖਤਾ ਇਹ ਕੀਤੀ ਕਿ ਭਾਈ ਸਾਹਿਬ ਜੀ ਦੇ ਟਿਕਾਣੇ ਬਾਰੇ ਕਿਸੇ ਪਾਸੋਂ ਪਹਿਲੋਂ ਪੁਛਿਆ ਹੀ ਨਾ। ਉਨ੍ਹਾਂ ਦੀਆਂ ਵਡਿਆਈਆਂ ਤੇ ਘਾਲਣਾ ਸੁਣ-ਪੜ੍ਹ ਕੇ ਹੀ ਮਸਤ ਰਹਿੰਦਾ ਰਿਹਾ।

ਬਸ ਤੋਂ ਉਤਰ ਕੇ ਖ਼ਿਆਲ ਆਇਆ ਕਿ ਹੁਣ ਕਿਧਰ ਨੂੰ ਜਾਇਆ ਜਾਏ ਅਤੇ ਕਿਸ ਪਾਸੋਂ ਭਾਈ ਸਾਹਿਬ ਜੀ ਦਾ ਟਿਕਾਣਾ ਪੁੱਛਾਂ। ਘੰਟਾ ਘਰ ਤੋਂ ਕਈ ਸੜਕਾਂ ਇਧਰ ਉਧਰ ਨਿਕਲਦੀਆਂ ਸਨ। ਐਵੇਂ ਅਟਕਲ-ਪੱਚੂ ਹੀ ਉਨ੍ਹਾਂ ਵਿਚੋਂ ਇਕ ਸੜਕ ’ਤੇ ਤੁਰ ਪਿਆ। ਤੁਰੇ ਜਾਂਦੇ ਨੂੰ ਅਗੋਂ ਇਕ ਸਰਦਾਰ ਜੀ ਆਉਂਦੇ ਮਿਲ ਪਏ। ਦਾਸ ਨੇ ‘ਸਤਿ ਸ੍ਰੀ ਅਕਾਲ’ ਬੁਲਾਈ। ਉਨ੍ਹਾਂ ਨੇ ਭੀ ਪ੍ਰੇਮ ਨਾਲ ‘ਸਤਿ ਸ੍ਰੀ ਅਕਾਲ’ ਵਿਚ ਉੱਤਰ ਦਿੱਤਾ। ਦਾਸ ਨੇ ਪੁਛ ਕੀਤੀ, ਸੰਤ ਰਣਧੀਰ ਸਿੰਘ ਜੀ ਹੁਰੀਂ ਇਥੇ ਕਿਥੇ ਰਹਿੰਦੇ ਨੇ? ਮੈਨੂੰ ਨਹੀਂ ਪਤਾ , ਉਨ੍ਹਾਂ ਦਾ ਉਤਰ ਸੀ। ਅੱਛਾ, ਖੇਚਲ ਵਜੋਂ ਮਾਫ਼ ਕਰਨਾ , ਦਾਸ ਨੇ ਕਿਹਾ, ਅਤੇ ਦਾਸ ਅਗੇ ਨੂੰ ਚਲਦਾ ਹੋਇਆ।

ਕਾਫ਼ੀ ਦੂਰ ਅਗੇ ਜਾ ਕੇ ਇਕ ਹੋਰ ਸਰਦਾਰ ਜੀ, ਕਮੇਟੀ ਦੇ ਨਲਕੇ ’ਤੇ ਦਾਤਣ ਕਰ ਰਹੇ ਦਿਸੇ। ਉਨ੍ਹਾਂ ਪਾਸ ਜਾ ਕੇ ‘ਸਤਿ ਸ੍ਰੀ ਅਕਾਲ’ ਕਹੀ ਅਤੇ ਸੰਤ ਰਣਧੀਰ ਸਿੰਘ ਜੀ ਦਾ ਟਿਕਾਣਾ ਪੁਛਿਆ। ਉਸ ਸਰਦਾਰ ਨੇ ਅਗੋਂ ਇਹ ਪੁਛ ਕੀਤੀ-


www.AKJ.Org

ਜਿਹੜਾ ਕੀਰਤਨ ਕਰਦਾ ਹੁੰਦਾ?

ਹਾਂ ਜੀ, ਜਿਹੜੇ ਕੀਰਤਨ ਕਰਦੇ ਹੁੰਦੇ ਨੇ।”

ਸਿਵਲ ਲਾਈਨ ਵਿਚ ਜਾ ਕੇ ਪਤਾ ਕਰੋ। ਉਹ ਉਥੇ ਕੀਰਤਨ ਕਰਦਾ ਹੁੰਦਾ।”

ਦਾਸ ਨੇ ਸਰਦਾਰ ਜੀ ਦਾ ਧੰਨਵਾਦ ਕੀਤਾ ਅਤੇ ਲਾਗੇ ਖਲੋਤੇ ਇਕ ਰਿਕਸ਼ੇ ਵਾਲੇ ਨੂੰ ਸਿਵਲ-ਲਾਈਨਜ਼ ਜਾਣ ਲਈ ਪੁਛਿਆ। ਉਸ ਨੇ ਕਿਹਾ, ਬੋਹਣੀ ਦਾ ਸਮਾਂ ਹੈ, ਬੈਠ ਜਾਓ, ਚਾਰ ਆਨੇ ਲਵਾਂਗਾ।” ਦਾਸ ਰਿਕਸ਼ੇ ਵਿਚ ਬੈਠ ਗਿਆ ਅਤੇ ਰਿਕਸ਼ਾ ਸਿਵਲ ਲਾਈਨਜ਼ ਵਲ ਰੇੜ੍ਹੇ ਪੈ ਗਿਆ। ਆਮ ਲੁਕਾਈ ਤਾਂ ਅਜੇ ਸੁੱਤੀ ਹੀ ਪਈ ਸੀ। ਕੋਈ ਟਾਵਾਂ ਟਾਵਾਂ ਹੀ ਉਠਿਆ ਹੋਇਆ ਸੀ। ਸਿਵਲ ਲਾਈਨਜ਼ ਵਿਚ ਪਹੁੰਚ ਕੇ ਰਿਕਸ਼ੇ ਵਾਲਾ ਕਹਿਣ ਲੱਗਾ, ਕਿਹੜੀ ਕੋਠੀ ਜਾਣਾ ਜੇ?” (ਦਾਸ ਉਸ ਨੂੰ ਕਿਹੜੀ ਕੋਠੀ ਦਸਦਾ?) ਦਾਸ ਨੇ ਕਿਹਾ, ਮੈਨੂੰ ਕੋਠੀ ਦਾ ਨੰਬਰ ਭੁਲ ਗਿਆ ਹੈ, ਤੂੰ ਥੋੜ੍ਹਾ ਹੋਰ ਅਗੇ ਗੇੜਾ ਕੱਢ, ਮੈਂ ਤੈਨੂੰ ਜਗ੍ਹਾ ਦਸ ਦਿਆਂਗਾ।”

ਏਨੀ ਦੇਰ ਨੂੰ ਕੁਝ ਵਿਥ ’ਤੇ ਇਕ ਸਰਦਾਰ ਅਤੇ ਸਰਦਾਰਨੀ ਸਵੇਰ ਦੀ ਸੈਰ ਕਰਨ ਲਈ ਕੋਠੀਓਂ ਨਿਕਲਦੇ ਨਜ਼ਰੀਂ ਪਏ। ਦਾਸ ਨੇ ਰਿਕਸ਼ੇ ਵਾਲੇ ਨੂੰ ਉਨ੍ਹਾਂ ਪਾਸ ਪਹੁੰਚਣ ਲਈ ਕਿਹਾ। ਉਨ੍ਹਾਂ ਲਾਗੇ ਪੁਜ ਕੇ ਦਾਸ ਨੇ ਰਿਕਸ਼ੇ ਤੋਂ ਉਤਰ ਕੇ ਉਨ੍ਹਾਂ ਨੂੰ ਸਤਿ ਸ੍ਰੀ ਅਕਾਲ ਬੁਲਾਈ ਅਤੇ ਸੰਤ ਰਣਧੀਰ ਸਿੰਘ ਜੀ ਦੇ ਟਿਕਾਣੇ ਬਾਰੇ ਪੁਛਿਆ। ਉਨ੍ਹਾਂ ਨੇ ਬੜੇ ਚੱਜ-ਆਚਾਰ ਨਾਲ ਦਸਿਆ ਕਿ ਗੁਰਦੁਆਰਾ ਸਿੰਘ ਸਭਾ ਮਾਡਲ ਟਾਊਨ ਤੋਂ ਪਤਾ ਕਰੋ ਅਤੇ ਨਾਲ ਹੀ ਦਸਿਆ ਕਿ ਉਹ ਆਮ ਤੌਰ ’ਤੇ ਉਥੇ ਹੀ ਕੀਰਤਨ ਕਰਦੇ ਹੁੰਦੇ ਹਨ। ਦਾਸ ਨੇ ਖੇਚਲ ਵਜੋਂ ਉਨ੍ਹਾਂ ਦਾ ਧੰਨਵਾਦ ਕੀਤਾ।

ਹੁਣ ਰਿਕਸ਼ੇ ਵਾਲੇ ਨੂੰ ਮਾਡਲ ਟਾਊਨ ਪਹੁੰਚਾਣ ਦਾ ਕਿਰਾਇਆ ਪੁੱਛਿਆ। ਉਸ ਨੇ ਕਿਹਾ, ਜੀ, ਇਕ ਚਵਾਨੀ ਹੋਰ।” ਦਾਸ ਰਿਕਸ਼ੇ ’ਤੇ ਮਾਡਲ ਟਾਊਨ ਗੁ: ਸਿੰਘ ਸਭਾ ਪਾਸ ਆ ਪੁਜਾ। ਗੁਰਦੁਆਰਾ ਸਾਹਿਬ ਦੇ ਬਾਹਰ ਸੜਕ ’ਤੇ ਕੁਝ ਸਿੰਘ ਬਚਨ-ਬਿਲਾਸ ਕਰ ਰਹੇ ਸਨ। ਉਨ੍ਹਾਂ ਨੂੰ ‘ਸਤਿ ਸ੍ਰੀ ਅਕਾਲ’ ਬੁਲਾ ਕੇ ਪੁਛਿਆ, ਸੰਤ ਰਣਧੀਰ ਸਿੰਘ ਜੀ ਹੁਰੀਂ ਕਿਥੇ ਹੁੰਦੇ ਹਨ? ਉਨ੍ਹਾਂ ਗੁਰਮੁਖਾਂ ਨੇ ਗੁਰਦੁਆਰਾ ਸਾਹਿਬ ਦੇ ਅੰਦਰ ਵਲ ਦੋਹਾਂ ਹੱਥਾਂ ਦਾ ਇਸ਼ਾਰਾ ਕੀਤਾ ਅਤੇ ਇਕ ਨੇ ਕਿਹਾ, ਸ੍ਰੀਮਾਨ ਜੀ ਅੰਦਰ ਸੰਗਤ ਵਿਚ ਸਸ਼ੋਭਤ ਹਨ।” ਇਹ ਸੁਣ ਕੇ ਦਾਸ ਦੀ ਖੁਸ਼ੀ ਦੀ ਹੱਦ ਨਾ ਰਹੀ ਕਿ ਟਿਕਾਣੇ ’ਤੇ ਪੁਜ ਗਿਆ ਹਾਂ ਅਤੇ ਘਾਲ ਥਾਂਇ ਪਈ ਹੈ। ਦਾਸ ਨੇ ਪ੍ਰਸੰਨਤਾ ਵਿਚ ਰਿਕਸ਼ੇ ਵਾਲੇ ਨੂੰ ਇਕ ਰੁਪਿਆ ਇਵਜ਼ਾਨਾ ਦਿੱਤਾ। ਉਹ ਵੀ ਬੜਾ ਖੁਸ਼ ਹੋ ਗਿਆ ਅਤੇ ਸਲਾਮ ਕਰਦਾ ਵਾਪਸ ਮੁੜ ਪਿਆ। ਉਨ੍ਹੀਂ ਦਿਨੀਂ ਇਕ ਰੁਪਏ ਦਾ ਤਿੰਨ ਸੇਰ ਚੁਆਵਾਂ ਦੁਧ ਮਿਲ ਜਾਂਦਾ ਸੀ। ਭਾਵ ਇਹ ਕਿ ਰੁਪਏ ਦੀ ਕਾਫ਼ੀ ਕਦਰ ਸੀ।

ਦਾਸ ਗੁਰਦੁਆਰਾ ਸਾਹਿਬ ਦੀ ਹਦੂਦ ਵਿਚ ਜਾ ਦਾਖ਼ਲ ਹੋਇਆ। ਜੋੜਾ ਉਤਾਰਿਆ, ਪੈਰ ਧੋਤੇ ਅਤੇ ਮੱਥਾ ਟੇਕਣ ਲਈ ਸਹਿਜੇ ਸਹਿਜੇ ਗੁਰੂ ਜੀ ਵਲ ਵਧਦਾ ਗਿਆ। ਦਾਸ ਨੂੰ ਭਾਈ ਸਾਹਿਬ ਜੀ ਦੇ ਪਹਿਰਾਵੇ ਦਾ ਤਾਂ ਪਤਾ ਹੀ ਨਹੀਂ ਸੀ, ਇਸ ਲਈ ਕੋਈ ਸਮਝ ਨਾ ਆਵੇ ਕਿ ਇਤਨੀ ਗਹਿਮਾ-ਗਹਿਮ ਵਿਚ ਕਿਹੜੇ ਵਿਅਕਤੀ ਸੰਤ ਰਣਧੀਰ ਸਿੰਘ ਜੀ ਹਨ। ਕੀਰਤਨੀਆਂ ਦੇ ਪਿਛੇ ਇਕ ਵਿਅਕਤੀ ਬੈਰਾਗਣ ਤੇ ਦੋਇ ਹੱਥ ਧਰੀ, ਆਪਣੇ ਸੀਸ ਤੇ ਚੇਹਰੇ ਨੂੰ ਮਲਮਲ ਦੇ ਕਪੜੇ ਨਾਲ ਢੱਕੀ ਬੈਠੇ ਸਨ। ਖਿਆਲ ਆਇਆ ਕਿ ਸ਼ਾਇਦ ਇਹੋ ਹੀ ਸੰਤ ਜੀ ਹੋਣ। ਦਾਸ ਚਾਹੁੰਦਾ ਤਾਂ ਸੀ ਕਿ ਉਨ੍ਹਾਂ ਦੇ ਸਨਮੁਖ ਹੋ ਕੇ ਬੈਠਾਂ, ਪਰ ਉਥੇ ਤਾਂ ਤਿੱਲ ਸੁਟਿਆਂ ਭੁੰਞੇ ਨਹੀਂ ਸੀ ਪੈਂਦਾ, ਤਾਂ ਦਾਸ ਨੂੰ ਬੈਠਣ ਲਈ ਥਾਂ, ਉਥੇ ਕਿਥੇ ਲਭਣੀ ਸੀ ?

ਦਾਸ ਨੂੰ ਕੀਰਤਨੀ ਸਿੰਘਾਂ ਵਾਲੀ ਥਾਂ ਤੋਂ ਕੋਈ 45 ਕੁ ਡਿਗਰੀ ਦੀ ਟੇਢ ’ਤੇ, ਕਾਫ਼ੀ ਪਿੱਛੇ ਹਟਵੀਂ ਜਹੀ ਜਗ੍ਹਾ ’ਤੇ ਬੈਠਣ ਲਈ ਥਾਂ ਮਿਲੀ।

ਦਾਸ ਭਾਈ ਸਾਹਿਬ ਜੀ ਵਲ ਟਿਕਟਿਕੀ ਲਾ ਕੇ ਬੈਠ ਗਿਆ ਅਤੇ ਮਨ ਵਿਚ ਧਾਰ ਲਿਆ ਕਿ ਕਦੇ ਤਾਂ ਚੇਹਰੇ ਤੋਂ ਪਰਦਾ ਚੁੱਕਣਗੇ ਹੀ ਨਾ ! ਬਸ ਓਦੋਂ ਦਰਸ਼ਨ ਕਰ ਲਏ ਜਾਣਗੇ। ਦਾਸ ਨੂੰ ਬੈਠਿਆਂ ਅਜੇ ਸ਼ਾਇਦ ਇਕ ਸੈਕਿੰਡ ਹੀ



www.AKJ.Org

ਹੋਇਆ ਹੋਵੇਗਾ ਕਿ ਭਾਈ ਸਾਹਿਬ ਜੀ ਨੇ ਬੈਰਾਗਣ ਤੋਂ ਇਕ ਹੱਥ ਚੁਕਿਆ, ਮਲਮਲ ਦੇ ਪਰਦੇ ਨੂੰ ਆਪਣੇ ਦਸਤਾਰੇ ’ਤੇ ਰਖ ਲਿਆ ਅਤੇ ਆਪਣੇ ਸੀਸ ਨੂੰ ਦਾਸ ਵੱਲ ਘੁਮਾ ਕੇ, ਦਾਸ ਦੇ ਨੇਤਰਾਂ ਵਿਚ ਆਪਣੇ ਨੇਤਰ ਗੱਡ ਦਿੱਤੇ। ਕੋਈ ਮਿੰਟ ਕੁ ਭਰ ਮੇਹਰ-ਭਰੀ ਤੱਕਣੀ ਤੱਕਦੇ ਰਹੇ। ਦਾਸ ਉਨ੍ਹਾਂ ਦੇ ਲੁਸ਼ ਲੁਸ਼ ਕਰਦੇ ਲਾਲ-ਗੁਲਾਬੀ ਚਿਹਰੇ ਦੇ ਦਰਸ਼ਨ ਕਰ ਕੇ ਨਿਹਾਲੋ ਨਿਹਾਲ ਹੋ ਗਿਆ। ਮਨ ਨੇ ਕਿਹਾ, ‘ਘਰੋਂ ਦਰਸ਼ਨ ਕਰਨ ਦੀ ਚਾਹ ਲੈ ਕੇ ਆਇਆ ਸੈਂ, ਸੋ ਖ਼ੂਬ ਦਰਸ਼ਨ ਹੋਏ ਹਨ !’ ਉਨ੍ਹਾਂ ਦੇ ਦਰਸ਼ਨ ਕਰਦਿਆਂ ਹੋਇਆਂ, ਦਾਸ ਨੇ ਆਪਣੇ ਮੂੰਹ ਵਿਚ ਹੌਲੀ ਜਿਹੀ ਉਨ੍ਹਾਂ ਨੂੰ ਫਤਿਹ ਬੁਲਾਈ। ਤਾਂ ਉਨ੍ਹਾਂ ਨੇ ਆਪਣੇ ਸੀਸ ਦਾ ਰੁਖ਼ ਸਾਹਮਣੇ ਨੂੰ ਕਰ ਕੇ, ਮੁੜ ਆਪਣਾ ਚਿਹਰਾ ਮਲਮਲ ਦੇ ਕਪੜੇ ਨਾਲ ਢੱਕ ਲਿਆ ਅਤੇ ਬੈਰਾਗਣ ਉਤੇ ਰਖ ਲਿਆ।

ਇੰਜ ਹੋਏ ਪਹਿਲੇ ਦਰਸ਼ਨ ਭਾਈ ਸਾਹਿਬ ਜੀ ਦੇ, ਦਾਸ ਨੂੰ।

ਭਾਈ ਸਾਹਿਬ ਜੀ ਦੇ ਦਰਸ਼ਨ ਮਿਲਾਪ ਤੋਂ ਬਾਅਦ ਆਪ ਜੀ ਅੰਦਰ ਮੁੜ ਅੰਮ੍ਰਿਤ ਛਕਣ ਦੀ ਤਾਂਘ ਜਾਗ ਪਈ, ਜਿਸ ਲਈ ਬਾਊ ਜੀ ਪਹਿਲਾਂ ਪ੍ਰੇਰਨਾ ਦਿੰਦੇ ਰਹਿੰਦੇ ਸਨ। ਵੈਸੇ ਅਨੰਦ ਕਾਰਜ ਤੋਂ ਪਹਿਲਾਂ ਇਸ ਦੰਪਤੀ ਨੇ ਅੰਮ੍ਰਿਤ ਛੱਕ ਲਿਆ ਸੀ ਪਰ ਰਹਿਤ ਬਹਿਤ ਦੇ ਧਾਰਨੀ ਨਹੀਂ ਬਣੇ ਸਨ ਤੇ ਨਾ ਹੀ ਨਾਮ ਦ੍ਰਿੜ੍ਹ ਕਰਵਾਇਆ ਸੀ। ਇਸ ਤੋਂ ਬਾਅਦ, ਉਸੇ ਸਾਲ ਹੀ ਅਗਲੇ ਹੋਣ ਵਾਲੇ ਅੰਮ੍ਰਿਤ ਸੰਚਾਰ ਵਿਚ ਪ੍ਰੀਵਾਰ ਸਮੇਤ ਅੰਮ੍ਰਿਤ ਛਕ ਕੇ ਤਿਆਰ ਬਰ ਤਿਆਰ ਹੋ ਗਏ। ਉਸ ਦਿਨ ਤੋਂ ਹੀ ਅੰਮ੍ਰਿਤ ਵੇਲੇ ਦੀ ਸੰਭਾਲ ਸ਼ੁਰੂ ਕਰ ਦਿੱਤੀ ਜੋ ਉਨ੍ਹਾਂ ਬਾਕੀ ਦੀ ਸਾਰੀ ਆਯੂ ਬਿਨਾਂ ਨਾਗਾ ਅਖੀਰਲੇ ਸਵਾਸ ਤਾਈ ਨਿਬਾਹੀ। ਆਮ ਤੌਰ ਤੇ ਉਸ ਵੇਲੇ ਜ਼ਿਆਦਾ ਤਰ ਸਿੰਘ, ਸਵਾ ਪਹਿਰ ਰਾਤ ਰਹਿੰਦੀ ਤੋਂ ਅੰਮ੍ਰਿਤ ਵੇਲਾ ਮੰਨਦੇ ਸਨ। ਪਰ ਆਪ ਜੀ ਨੇ ਬਾਊ ਜੀ ਦੀ ਸੰਗਤ ਕਰਕੇ, ਰਾਤ ਨੂੰ ਦੋ ਹਿੱਸਿਆਂ ਵਿਚ ਵੰਡ ਕੇ ਪਿਛਲੀ ਰਾਤ ਦੇ ਸਮੇਂ ਨੂੰ ਗੁਰੂ ਲੇਖੇ ਲਾਉਣਾ ਸ਼ੁਰੂ ਕੀਤਾ। ਪਹਿਲਾਂ ਇਹ ਸਮਾਂ ਸੂਰਜ ਦੇ ਛਿਪਣ ਤੇ ਚੜ੍ਹਨ ਦੇ ਸਮੇਂ ਨਾਲ ਕੁਝ ਚਿਰ ਬਦਲਦੇ ਰਹੇ ਪ੍ਰੰਤੂ ਬਾਅਦ ਵਿਚ, ਇਸ ਦਾ ਖਹਿੜਾ ਛੱਡ ਕੇ ਰਾਤ ਦੇ 12 ਵਜੇ ਉਠਣ ਦਾ ਹੀ ਸਮਾਂ ਪੱਕਾ ਕਰ ਲਿਆ ਅਤੇ ਸਵੇਰੇ 4-5 ਤਾਈਂ ਨਾਮ ਅਭਿਆਸ ਅਤੇ ਗੁਰਬਾਣੀ ਦੇ ਪਾਠ ਵਿਚ ਜੁੱਟ ਕੇ ਸਫਲਾ ਕਰਦੇ ਰਹੇ। ਫਿਰ ਕੁਝ ਆਰਾਮ ਕਰਕੇ ਸਰਕਾਰੀ ਡਿਊਟੀ ਤੇ ਚਲੇ ਜਾਂਦੇ ਸਨ। ਹਲਵਾਰੇ ਰਿਹਇਸ਼ ਸਮੇਂ ਇਕ ਵਾਰ ਬੀਬੀ ਜੀ ਕਿਤੇ ਬਾਹਰ ਗਏ ਹੋਏ ਸਨ ਤੇ ਨੌਕਰ ਸਵੇਰੇ ਚਾਹ ਬਨਾਉਣੀ ਭੁੱਲ ਗਿਆ। ਉਸ ਦਿਨ ਤੋਂ ਆਪ ਜੀ ਨੇ ਚਾਹ ਪੀਣੀ ਵੀ ਜ਼ਿੰਦਗੀ ਭਰ ਲਈ ਤਿਆਗ ਦਿੱਤੀ।

ਹਲਵਾਰੇ ਤੋਂ ਆਪ ਜੀ ਦਾ ਤਬਾਦਲਾ ਅੰਬਾਲੇ ਹੋ ਗਿਆ। ਉਥੇ ਫਿਰ ਆਪ ਜੀ ਦਾ ਮੇਲ ਭਾਈ ਜਗਤ ਸਿੰਘ ਜੀ ਨਾਲ ਹੋ ਗਿਆ। ਉੱਥੇ ਹੀ ਡਾਕਟਰ ਦਲਬੀਰ ਸਿੰਘ ਜੀ ਨੇ ਭਾਈ ਜਗਤ ਸਿੰਘ ਜੀ ਦੀ ਪ੍ਰੇਰਨਾ ਨਾਲ ਜਥੇ ਤੋਂ ਅੰਮ੍ਰਿਤ ਛਕਿਆ ਸੀ। ਜੁਲਾਈ 1959 ਵਿਚ ਇਨ੍ਹਾਂ ਦੇ ਭੁਜੰਗੀ ਨੂੰ ਪੋਲੀਓ ਦਾ ਅਟੈਕ ਹੋ ਗਿਆ। ਇਸ ਬੀਮਾਰੀ ਕਰਕੇ ਉਸ ਦੀ ਸੱਜੀ ਲੱਤ ਹਿਲਣੋਂ ਰਹਿ ਖੜੋਤੀ ਅਤੇ ਸਰੀਰਕ ਤਾਕਤ ਵੀ ਘਟਣੀ ਸ਼ੁਰੂ ਹੋ ਗਈ। ਡਾਕਟਰ ਦੇ ਕਹਿਣ ਤੇ ਬੱਚੇ ਨੂੰ ਫੌਜੀ ਹਸਪਤਾਲ ਵਿਚ ਦਾਖਲ ਕਰਾ ਦਿੱਤਾ ਗਿਆ। ਉਨੀ ਦਿਨੀਂ ਭਾਈ ਸਾਹਿਬ ਜੀ ਆਪਣੇ ਕੁਝ ਸੰਗੀ ਸਾਥੀਆਂ ਸਮੇਤ ਕਸੌਲੀ ਤੋਂ ਵਾਪਿਸ ਆਉਂਦੇ ਹੋਏ, ਆਪਣੇ ਪਰਮ ਮਿੱਤਰ ਭਾਈ ਆਤਮਾ ਸਿੰਘ ਜੀ ਕੋਲ ਗੁ. ਪੰਜੋਖਰਾ ਸਾਹਿਬ ਆ ਕੇ ਕੁਝ ਚਿਰ ਰੁਕਣਾ ਸੀ। ਭਾਈ ਜਗਤ ਸਿੰਘ ਜੀ ਨੇ ਭਾਈ ਸਾਹਿਬ ਜੀ ਨੂੰ ਬੁਲਾ ਕੇ ਕਾਕੇ ਦੀ ਦੇਹ ਅਰੋਗਤਾ ਲਈ ਸ੍ਰੀ ਅਖੰਡ ਪਾਠ ਅਤੇ ਅਰਦਾਸ ਕਰਨ ਲਈ ਆਪ ਕੋਲ ਤਜਵੀਜ ਰੱਖੀ। ਆਪ ਜੀ ਤੋਂ ਹਾਂ ਕਰਵਾ ਕੇ ਉਨ੍ਹਾਂ ਭਾਈ ਸਾਹਿਬ ਜੀ ਕੋਲੋਂ ਵੀ ਪ੍ਰਵਾਨਗੀ ਲੈ ਲਈ। ਇਸ ਸਮੇਂ ਵਾਪਰਿਆ ਸਾਰਾ ਬਿਰਤਾਂਤ ਆਪ ਜੀ ਨੇ ਆਪਣੇ ਹੱਥੀਂ ਕਲਮਬੱਧ ਕੀਤਾ ਹੈ ਜੋ ਹੇਠਾਂ “**ਪ੍ਰਭ ਕਉ ਸਿਮਰਹਿ ਬਸਹਿ ਹਰਿ ਨੇਰੇ**” ਦੇ ਸਿਰਲੇਖ ਹੇਠਾਂ ਦਿੱਤਾ ਜਾ ਰਿਹਾ ਹੈ।



www.AKJ.Org

**ਪ੍ਰਭ ਕਉ ਸਿਮਰਹਿ ਬਸਹਿ ਹਰਿ ਨੇਰੇ : ਵਲੋਂ ਭਾਈ ਰਾਮ ਸਿੰਘ ਜੀ ਜਥੇਦਾਰ**

1959 ਜੁਲਾਈ ਵਿਚ ਦਾਸ ਦੇ ਭੁਜੰਗੀ ਨੂੰ ਪੌਲੀਓ ਦਾ ਅਟੈਕ ਹੋ ਗਿਆ। ਭੁਜੰਗੀ ਦੀ ਉਮਰ ਉਸ ਵਕਤ 6 ਬਰਸ ਦੀ ਸੀ। ਇਸ ਬੀਮਾਰੀ ਦੇ ਅਸਰ ਨਾਲ ਕਾਕੇ ਦੀ ਸੱਜੀ ਲੱਤ ਹਿਲਣੋਂ ਰਹਿ ਖੜੋਤੀ ਅਤੇ ਸਰੀਰਕ ਤਾਕਤ ਭੀ ਦਿਨ-ਬ-ਦਿਨ ਘਟਣੀ ਸ਼ੁਰੂ ਹੋ ਗਈ। ਦਾਸ ਓਨ੍ਹੀਂ ਦਿਨੀਂ ਅੰਬਾਲੇ ਠਹਿਰ ਰਿਹਾ ਸੀ। ਡਾਕਟਰ ਦੇ ਕਹਿਣ ’ਤੇ ਬੱਚੇ ਨੂੰ ਫ਼ੌਜੀ ਹਸਪਤਾਲ ਵਿਚ ਦਾਖ਼ਲ ਕਰਾ ਦਿੱਤਾ। ਬੱਚੇ ਦੀ ਮਾਤਾ ਨੂੰ ਭੀ ਬੱਚੇ ਦੇ ਪਾਸ ਹੀ ਰਹਿਣ ਦੀ ਆਗਿਆ ਮਿਲ ਗਈ।

ਇਕ ਦਿਨ ਭਾਈ ਜਗਤ ਸਿੰਘ ਹੁਰੀਂ (ਜੋ ਅੱਜ-ਕਲ੍ਹ I.A.F ਵਿਚ W.O. ਹਨ) ਮੇਰੇ ਪਾਸ ਆਏ ਅਤੇ ਕਹਿਣ ਲੱਗੇ, ਮੈਂ ਤੁਹਾਨੂੰ ਇਕ ਖੁਸ਼ੀ ਦੀ ਖ਼ਬਰ ਦਸਾਂ ?

ਦਾਸ :- ਧੰਨ ਭਾਗ ! ਜ਼ਰੂਰ ਦਸੋ।

ਜਗਤ ਸਿੰਘ ਜੀ:- ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਹੁਰੀਂ ਐਤਕੀਂ ਦੀਆਂ ਗਰਮੀਆਂ ਕਸੌਲੀ ਕੱਟਣ ਗਏ ਸਨ। ਉਥੇ ਬਾਰਸ਼ਾਂ ਉਤਰ ਆਈਆਂ ਹਨ। ਉਨ੍ਹਾਂ ਨੇ ਵਾਪਸ ਲੁਧਿਆਣੇ ਨੂੰ ਆਂਦਿਆਂ ਹੋਇਆਂ ਆਪਣੇ ਪਰਮ ਮਿੱਤਰ ਭਾਈ ਆਤਮਾ ਸਿੰਘ ਜੀ ਪੰਜੋਖਰਾ ਸਾਹਿਬ ਵਾਲਿਆਂ ਨੂੰ ਮਿਲ ਕੇ ਜਾਣਾ ਹੈ। (ਪੰਜੋਖਰਾ ਸਾਹਿਬ ਅੰਬਾਲਾ ਛਾਉਣੀ ਤੋਂ ਕੋਈ ਤਿੰਨ ਕੁ ਕਿਲੋਮੀਟਰ ਦੀ ਵਿਥ ’ਤੇ ਹੈ)। ਜੇ ਤੁਸੀਂ ਕਹੋ ਤਾਂ ਤੁਹਾਡੇ ਘਰ ਕਾਕੇ ਦੀ ਦੇਹ-ਅਰੋਗਤਾ ਵਾਸਤੇ ਸ੍ਰੀ ਅਖੰਡਪਾਠ ਸਾਹਿਬ ਰੱਖੀਏ ਅਤੇ ਭਾਈ ਸਾਹਿਬ ਹੁਰਾਂ ਨੂੰ ਸ੍ਰੀ ਅਖੰਡਪਾਠ ਸਾਹਿਬ ’ਤੇ ਹਾਜ਼ਰੀ ਭਰਨ ਲਈ ਬੇਨਤੀ ਕਰੀਏ।

ਦਾਸ :- ਇਹ ਤਾਂ ਤੁਸੀਂ ਬੜੀ ਹੀ ਚੰਗੀ ਖ਼ਬਰ ਦਿੱਤੀ ਹੈ। ਇਸ ਤੋਂ ਵੱਧ ਸਾਨੂੰ ਹੋਰ ਕੀ ਚਾਹੀਦਾ ਹੈ? ਤਾਂ ਫਿਰ ਤੁਸਾਂ ਹੀ ਭਾਈ ਸਾਹਿਬ ਜੀ ਦੇ ਪੰਜੋਖਰਾ ਸਾਹਿਬ ਆਉਣ ਦਾ ਪਤਾ ਰੱਖਣਾ ਹੈ, ਅਤੇ ਤੁਸਾਂ ਹੀ ਉਨ੍ਹਾਂ ਨੂੰ ਅਖੰਡ ਪਾਠ ਵਿਚ ਹਾਜ਼ਰੀ ਭਰਨ ਲਈ ਬੇਨਤੀ ਕਰਨੀ ਹੈ। ਮੇਰੀ ਤਾਂ ਉਨ੍ਹਾਂ ਨਾਲ ਕੋਈ ਵਾਕਫ਼ੀਅਤ ਨਹੀਂ ਹੈ।

ਜਗਤ ਸਿੰਘ ਜੀ :- ਬੱਸ, ਮੈਨੂੰ ਤਾਂ ਤੁਹਾਡੀ ’ਹਾਂ’ ਹੀ ਚਾਹੀਦੀ ਸੀ। ਹੁਣ ਸਭ ਤੁਸੀਂ ਮੇਰੇ ਉੱਤੇ ਛੱਡ ਦਿਉ। ਸਭ ਠੀਕ ਹੋ ਜਾਏਗਾ।

ਜਦ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਹੁਰੀਂ ਪੰਜੋਖਰਾ ਸਾਹਿਬ ਪਹੁੰਚ ਗਏ ਤਾਂ ਵੀਰ ਜਗਤ ਸਿੰਘ ਹੁਰੀਂ ਉਨ੍ਹਾਂ ਮਹਾਂਪੁਰਖਾਂ ਨੂੰ ਉੱਥੇ ਹੀ ਜਾ ਮਿਲੇ ਅਤੇ ਉਨ੍ਹਾਂ ਨੂੰ ਕਹਿਓ ਨੇ ਕਿ ਛਾਉਣੀ ਵਿਚ ਬਾਊ ਜੀ ਦੀ ਦੋਹਤੀ ਦੇ ਘਰ ਸ੍ਰੀ ਅਖੰਡਪਾਠ ਸਾਹਿਬ ਰੱਖਣੇ ਹਨ ਜੀ। ਆਪ ਜੀ ਕਿਰਪਾ ਕਰ ਕੇ ਸ੍ਰੀ ਅਖੰਡਪਾਠ ਸਾਹਿਬ ਵਿਚ ਹਾਜ਼ਰੀਆਂ ਭਰਨ ਦੀ ਮਨਜ਼ੂਰੀ ਬਖਸ਼ੋ ਜੀ।” ਗੱਲਾਂ-ਗੱਲਾਂ ਵਿਚ ਇਨ੍ਹਾਂ ਨੇ ਭਾਈ ਸਾਹਿਬ ਜੀ ਪਾਸੋਂ ਸ੍ਰੀ ਅਖੰਡਪਾਠ ਸਾਹਿਬ ’ਤੇ ਪਹੁੰਚਣ ਦੀ ’ਹਾਂ’ ਕਰਵਾ ਹੀ ਲਈ। ਇਸ ਦੇ ਬਾਅਦ ਸਿੱਧੇ ਮੇਰੇ ਪਾਸ ਆਏ ਅਤੇ ਕਹਿਣ ਲੱਗੇ ਕਿ ਬਾਪੂ ਜੀ ਨੇ ’ਹਾਂ’ ਕਰ ਦਿੱਤੀ ਹੈ, ਤੁਸੀਂ ਹੁਣ ਕਿਸੇ ਕਾਰ ਦਾ ਫਟਾਫਟ ਬੰਦੋਬਸਤ ਕਰੋ, ਤਾਂ ਜੁ ਉਨ੍ਹਾਂ ਨੂੰ ਹੁਣੇ ਹੀ ਘਰ ਲੈ ਆਈਏ। ਜੇ ਦੇਰ ਹੋ ਗਈ ਤਾਂ ਉਹ ਕਿਤੇ ਆਪਣਾ ਪ੍ਰੋਗਰਾਮ ਹੀ ਨਾ ਬਦਲ ਲੈਣ।”

ਓਨ੍ਹੀਂ ਦਿਨੀਂ ਏਅਰ ਫ਼ੋਰਸ ਸਟੇਸ਼ਨ ਦੇ ਸੀਨੀਅਰ ਡਾਕਟਰ Sqn. ldr. ਖੇੜਾ ਸਾਹਿਬ ਹੁੰਦੇ ਸਨ। ਇਹ ਬੜੇ ਨੇਕ ਅਤੇ ਗੁਰਮੁਖ ਜਨ ਸਨ। ਉਨ੍ਹਾਂ ਮੇਰੀ ਬੇਨਤੀ ਪਰਵਾਨ ਕਰ ਲਈ ਅਤੇ ਉਸੇ ਦਿਨ ਸ਼ਾਮ ਨੂੰ ਭਾਈ ਜਗਤ ਸਿੰਘ ਹੁਰਾਂ ਨੂੰ ਆਪਣੀ ਕਾਰ ’ਤੇ ਨਾਲ ਲੈ ਕੇ ਪੰਜੋਖਰਾ ਸਾਹਿਬ ਨੂੰ ਰਵਾਨਾ ਹੋ ਗਏ। ਇਸ ਵਕਤ ਥੋੜੀ ਥੋੜੀ ਬਰਸਾਤੀ ਬੂੰਦਾ-ਬਾਂਦੀ ਭੀ ਹੋ ਰਹੀ ਸੀ। ਮੈਂ ਇਕੱਲਾ ਹੀ ਘਰ ਸਾਂ, ਕਾਕਾ ਅਤੇ ਸਿੰਘਣੀ ਦੋਨੋਂ ਹਸਪਤਾਲ ਸਨ। ਮੈਂ ਵੇਲੇ ਸਿਰ ਹੀ ਰਹਿਰਾਸ ਦਾ ਪਾਠ ਕਰ ਲਿਆ। ਉਪਰੰਤ ਪਰਸ਼ਾਦਾ ਛਕ ਕੇ ਬਾਹਰਲੇ ਬਰਾਂਡੇ ਵਿਚ ਕੁਰਸੀ ਡਾਹ ਕੇ, ਸੰਗਤਾਂ ਦੀ ਉਡੀਕ ਵਿਚ, ਸੜਕ ਵੱਲ ਮੂੰਹ ਕਰ ਕੇ ਜਾ ਬੈਠਾ। ਮਨ ਵਿਚ ਬੜਾ ਚਾਅ ਸੀ ਕਿ ਭਾਈ ਸਾਹਿਬ ਹੁਣ ਆਏ ਕਿ



www.AKJ.Org

ਆਏ। 'ਮੇਰੇ ਭਾਗ ਕਿਤਨੇ ਚੰਗੇ ਹਨ ਕਿ ਐਸੇ ਮਹਾਂਪੁਰਖਾਂ ਦੇ ਦਰਸ਼ਨ ਅੱਜ ਆਪਣੇ ਘਰ ਵਿਚ ਹੀ ਹੋਣਗੇ।' ਇਸ ਪ੍ਰਕਾਰ ਦੇ ਕਈ ਖ਼ਿਆਲ ਮਨ ਵਿਚ ਆ ਰਹੇ ਸਨ। ਭਾਈ ਸਾਹਿਬ ਅਤੇ ਉਨ੍ਹਾਂ ਦੇ ਮਨਜ਼ੂਰਿ-ਨਜ਼ਰ ਗੁਰਸਿਖਾਂ ਦਾ ਜਥਾ, ਜੋ ਉਨ੍ਹਾਂ ਦੇ ਨਾਲ ਹੋਵੇਗਾ, ਉਸ ਦੀ ਅਨੁਮਾਨੀ ਤਸਵੀਰ ਚਲਦੀ ਫ਼ਿਲਮ ਦੀ ਤਰ੍ਹਾਂ, ਮੇਰੀਆਂ ਅੱਖਾਂ ਅੱਗੋਂ ਨਹੀਂ ਸੀ ਹਟਦੀ। ਜਦੋਂ ਭੀ ਕਿਸੇ ਦੂਰੋਂ ਆਉਂਦੀ ਮੋਟਰ ਦੀ ਆਵਾਜ਼ ਕੰਨੀ ਪੈਂਦੀ ਤਾਂ ਮੈਂ ਝੱਟ ਉੱਠ ਖੜਾ ਹੋ ਜਾਂਦਾ ਕਿ 'ਗੁਰੂ ਕੇ ਲਾਲ ਆ ਗਏ।' ਪਰ ਜਦ ਇਹ ਮੋਟਰ ਸਿੱਧੀ ਅੱਗੇ ਨੂੰ ਲੰਘ ਜਾਂਦੀ ਤਾਂ ਥੋੜ੍ਹੀ ਜਿਹੀ ਮਾਯੂਸੀ ਨਾਲ ਮੈਂ ਫਿਰ ਬੈਠ ਜਾਂਦਾ ਅਤੇ ਅਗਲੀ ਗੱਡੀ ਦੀ ਆਵਾਜ਼ ਦੀ ਉਡੀਕ ਵਿਚ ਮਨ ਦੀ ਸਾਰੀ ਇਕਾਗਰਤਾ ਲਗਾ ਦਿੰਦਾ।

ਇਸ ਤਰ੍ਹਾਂ ਕਰਦਿਆਂ ਕਰਦਿਆਂ ਸ਼ਾਮ ਦੇ ਅੱਠ ਵੱਜ ਗਏ। ਹਨੇਰਾ ਭੀ ਖਾਸਾ ਹੋ ਗਿਆ। ਅਸਮਾਨ ਉਤੇ ਘਣੇ ਬੱਦਲ ਤਾਂ ਹੈ ਹੀ ਸਨ। ਕਦੇ ਕਦੇ ਬਾਰਸ਼ ਦੀ ਬਰੀਕ ਜਿਹੀ ਕਿਣ-ਮਿਣ ਭੀ ਸ਼ੁਰੂ ਹੋ ਜਾਂਦੀ ਸੀ। ਉਡੀਕਾਂ ਉਡੀਕਦੇ ਨੂੰ 9 ਵੱਜ ਗਏ। ਕਦੇ ਕੋਈ ਖ਼ਿਆਲ ਆਵੇ ਕਦੇ ਕੋਈ। ਕੁਝ ਸਮਝ ਨਾ ਆਵੇ ਕਿ ਦੇਰੀ ਕਿਉਂ ਹੋ ਰਹੀ ਹੈ। ਘੜੀਆਂ ਬਹੁਤ ਹੀ ਲੰਮੀਆਂ ਹੁੰਦੀਆਂ ਜਾਣ। ਬੜੀ ਹੀ ਮੁੱਦਤ ਦੇ ਬਾਅਦ ਘੜੀ ਨੇ 10 ਵਜਾਏ। ਗੁਰੂ-ਪਿਆਰਿਆਂ ਦੀ ਕੋਈ ਭੀ ਸੋਇ ਨਾ ਆਈ। ਜਦ ਸਾਢੇ ਦਸ ਹੋ ਗਏ ਤਾਂ ਮਨ ਵਿਚ ਵੈਰਾਗ ਨੇ ਸਿਰ ਚੁੱਕ ਲਿਆ ਕਿ 'ਭਾਈ ਤੇਰੇ ਐਡੇ ਭਾਗ ਕਿਥੇ ਕਿ ਭਾਈ ਸਾਹਿਬ ਜੈਸੀ ਪਾਵਨ ਹਸਤੀ ਦੇ ਤੇਰੇ ਘਰ ਚਰਨ ਪੈਣ?" ਉਥੋਂ ਉੱਠਣ ਨੂੰ ਭੀ ਜੀਅ ਨਾ ਕਰੇ। ਬੈਠਿਆਂ ਭੀ ਕੁਝ ਸਰਦਾ ਨਜ਼ਰ ਨਾ ਆਵੇ। ਘੜੀ ਦੀਆਂ ਸੂਈਆਂ ਭੀ ਮਸਾਂ ਹੀ ਚੱਲਣ। ਇੰਜ ਜਾਪਣ ਲੱਗ ਪਿਆ ਕਿ ਜੀਵਨ ਦੀ ਬਾਜੀ ਹਾਰੀ ਤੁਰਿਆ ਜਾ ਰਿਹਾ ਹਾਂ। ਓੜਕ ਨੂੰ ਘੜੀ ਨੇ ਗਿਆਰਾਂ ਵਜਾਏ। ਸੜਕਾਂ ਉੱਤੇ ਭੀ ਪੂਰੀ ਚੁੱਪ-ਚਾਂ ਹੋ ਗਈ। ਨਿਰਾਸਤਾ ਨਾਲ ਮੇਰਾ ਗੱਚ ਭਰ ਗਿਆ। ਆਖ਼ਰ ਇਕ ਲੰਬਾ ਸਾਹ ਲੈ ਕੇ ਬਰਾਂਡਾ ਛੱਡ, ਦਰਵਾਜ਼ਾ ਬੰਦ ਕਰ, ਪੂਰਨ ਨਿਰਾਸਤਾ ਸਹਿਤ ਆਪਣੇ ਬਿਸਤਰੇ ਉੱਤੇ ਅੰਦਰ ਜਾ ਬੈਠਾ।

ਭਾਈ ਸਾਹਿਬ ਜੀ ਵਾਸਤੇ ਵਿਛਾਏ ਹੋਏ ਬਿਸਤਰੇ ਵੱਲ ਤੱਕ ਕੇ ਇਕ ਲੰਮਾ ਹੌਕਾ ਭਰਿਆ। ਆਪਣੀ ਕਿਸਮਤ ਨੂੰ ਇਸ ਸਭ ਕਾਸੇ ਦਾ ਜ਼ਿੰਮੇਵਾਰ ਸਮਝ ਕੇ ਦਾਸ ਲੇਟ ਗਿਆ। ਨੀਂਦ ਤਾਂ ਕਿਤੇ ਖੰਭ ਲਾ ਕੇ ਉੱਡ ਚੁੱਕੀ ਸੀ। ਮਨ ਵਿਚ ਪੱਕਾ ਵਿਸ਼ਵਾਸ ਹੋ ਗਿਆ ਕਿ ਭਾਈ ਸਾਹਿਬ ਨਹੀਂ ਆਉਣਗੇ। ਮਨ ਵਿਚ ਕਈ ਪ੍ਰਕਾਰ ਦੀਆਂ ਵਿਚਾਰਾਂ ਆਉਣ ਕਿ 'ਜਗਤ ਸਿੰਘ ਹੁਰੀਂ ਤਾਂ ਝੂਠ ਬੋਲਣ ਵਾਲੇ ਗੁਰੂ ਕੇ ਲਾਲ ਨਹੀਂ ਹਨ। ਤਾਂ ਫਿਰ ਕੀ ਭਾਣਾ ਵਰਤ ਗਿਆ? ਸੁਖ ਹੋਵੇ। ਕਿਤੇ ਰਾਹ ਵਿਚ ਕੋਈ ਭਾਣਾ ਨਾ ਵਰਤ ਗਿਆ ਹੋਵੇ।'

ਅਜਿਹੀਆਂ ਵਿਚਾਰਾਂ ਵਿਚਾਰਦੇ, ਅਜੇ ਉੱਸਲਵੱਟੇ ਹੀ ਖਾ ਰਿਹਾ ਸੀ ਕਿ ਇਤਨੇ ਨੂੰ ਬਾਹਰੋਂ ਕਾਰ ਦੇ ਹਾਰਨ ਦੀ ਆਵਾਜ਼ ਆਈ। ਮੈਂ ਤਾਂ ਮਾਨੋ ਉੱਡ ਕੇ ਅੱਖ ਦੇ ਫ਼ਰੱਕੇ ਵਿਚ ਬਰਾਂਡੇ ਵਿਚ ਪਹੁੰਚ ਗਿਆ। ਲਾਈਟ ਤਾਂ ਬਰਾਂਡੇ ਦੀ ਜਗ ਹੀ ਰਹੀ ਸੀ। ਭਾਈ ਸਾਹਿਬ ਜੀ ਦਾ ਕਾਰ ਵਿਚ ਬੈਠਿਆਂ ਹੋਇਆਂ ਦਾ ਦਰਸ਼ਨ ਕਰ ਕੇ, ਦਾਸ ਆਪੋ 'ਚੋਂ ਬਾਹਰ ਹੋ ਗਿਆ ਅਤੇ ਗੱਜਵੀਂ ਫਤਿਹ ਨਾਲ ਗੁਰੂ ਦੇ ਲਾਲਾਂ ਦਾ ਸਵਾਗਤ ਕੀਤਾ। ਖੁਸ਼ੀ ਵਿਚ ਆਪੇ ਤੋਂ ਬਾਹਰ ਹੋਏ ਨੂੰ ਸਮਝ ਨਾ ਆਵੇ ਕਿ ਕੀ ਕਰਾਂ? ਭਾਈ ਸੰਤਾ ਸਿੰਘ ਜੀ, ਭਾਈ ਬਾਵਾ ਸਿੰਘ ਜੀ, ਜਾਨ ਸੁਖਾਲਾ ਜੀ, ਭਾਅ ਜੀ, ਭਾਈ ਆਤਮਾ ਸਿੰਘ ਜੀ, ਭਾਈ ਜਗਤ ਸਿੰਘ ਜੀ ਅਤੇ ਉਨ੍ਹਾਂ ਦੇ ਵੱਡੇ ਭਰਾ ਜੀ, ਬੀਬੀ ਦਲੇਰ ਕੌਰ ਜੀ, ਬੀਬੀ ਸੁਖਦੇਵ ਕੌਰ ਜੀ, ਬੀਬੀ ਤਾਰਾ ਵਤੀ ਜੀ ਅਤੇ ਹੋਰ ਬੀਬੀਆਂ ਅਤੇ ਸਿੰਘ, ਜਿਨ੍ਹਾਂ ਦੇ ਨਾਮ ਹੁਣ ਦਾਸ ਨੂੰ ਯਾਦ ਨਹੀਂ ਹਨ, ਦਾਸ ਦੇ ਗ੍ਰਿਹਿ ਨੂੰ ਭਾਗ ਲਗਾ ਰਹੇ ਸਨ।

ਭਾਈ ਸੰਤਾ ਸਿੰਘ ਹੁਰਾਂ ਨੇ ਭਾਈ ਬਾਵਾ ਸਿੰਘ ਹੁਰਾਂ ਦੀ ਮਦਦ ਨਾਲ ਭਾਈ ਸਾਹਿਬ ਜੀ ਨੂੰ ਕਾਰ ਵਿਚੋਂ ਆਪਣੀ ਪਿੱਠ ਉਤੇ ਚੁੱਕ ਕੇ ਉਨ੍ਹਾਂ ਦੇ ਬਿਸਤਰੇ ਉਤੇ ਲਿਆ ਬਿਠਾਇਆ। ਦਾਸ ਖੁਸ਼ੀ ਵਿਚ ਐਵੇਂ ਹੀ ਇਧਰ ਓਧਰ ਭੱਜਾ ਫਿਰੇ। ਕੋਈ ਸਿੰਘ ਭੀ ਆਪਣੀ ਗੱਠ, ਥੈਲੇ, ਬਿਸਤਰੇ ਜਾਂ ਸੂਟਕੇਸ ਨੂੰ ਹੱਥ ਨਾ ਲਾਉਣ ਦੇਵੇ। ਮੰਜੇ ਉੱਤੇ ਬੈਠਦਿਆਂ ਸਾਰ ਭਾਈ ਸਾਹਿਬ ਜੀ ਕਹਿਣ ਲੱਗ ਪਏ,  ਇਥੇ ਨਹੀਂ ਰਹਿਣਾ। ਸਵੇਰੇ ਹੀ ਚਲੋ, ਇਥੋਂ ਲੁਧਿਆਣੇ ਨੂੰ।



www.AKJ.Org

ਇਹ ਕਿਥੇ ਲਿਆ ਬਿਠਾਇਆ ਜੇ?" ਇਤਿ ਆਦਿ ਕਈ ਹੋਰ ਮਨ-ਚੁਭਵੇਂ ਸ਼ਬਦ ਬੋਲੇ, ਜਿਨ੍ਹਾਂ ਨੂੰ ਸੁਣ ਕੇ ਮੇਰੇ ਮਨ ਵਿਚ ਬੜੀ ਨਿਰਾਸਤਾ ਹੋਈ। ਮੇਰੀ ਖੁਸ਼ੀ ਇਕ ਘੜੀ ਦੀ ਹੀ ਪ੍ਰਾਹੁਣੀ ਬਣ ਕੇ ਰਹਿ ਗਈ। ਬੀਬੀ ਦਲੇਰ ਕੌਰ ਜੀ ਨੇ ਮੇਰੇ ਚਿਹਰੇ ਦਾ ਰੰਗ ਉੱਡਿਆ ਦੇਖ ਕੇ ਭਾਈ ਆਤਮਾ ਸਿੰਘ ਜੀ ਅਤੇ ਭਾਈ ਜਗਤ ਸਿੰਘ ਜੀ ਨੂੰ ਬੁਲਾਇਆ। ਉਨ੍ਹਾਂ ਨੂੰ ਮੇਰੇ ਪਾਸ ਲਿਆ ਕੇ ਕਹਿਣ ਲੱਗੇ, ਬਾਪੂ ਜੀ ਜਿਹੜੀ ਗੱਲ ਮੂੰਹੋਂ ਕੱਢ ਬਹਿੰਦੇ ਹਨ, ਉਸ ਉਤੇ ਡੱਟ ਹੀ ਜਾਂਦੇ ਹਨ। ਤੁਸੀਂ ਫਿਕਰ ਨਾ ਕਰੋ। ਬਾਪੂ ਜੀ ਨੂੰ ਦੱਸਿਆਂ ਬਗ਼ੈਰ ਹੀ ਸਵੇਰੇ ਸ੍ਰੀ ਅਖੰਡਪਾਠ ਸਾਹਿਬ ਅਰੰਭ ਕਰ ਲਓ। ਅਰੰਭ ਕਰਨ ਤੋਂ ਮਗਰੋਂ ਉਨ੍ਹਾਂ ਨੂੰ ਦੱਸ ਦਿਆ ਜੇ। ਫਿਰ ਉਹ ਆਪੇ ਹੀ ਰੁਕ ਜਾਣਗੇ।" ਇਹ ਸਲਾਹ ਸਾਨੂੰ ਬੜੀ ਚੰਗੀ ਲਗੀ। ਬਾਕੀ ਸਿੰਘਾਂ ਨਾਲ ਭੀ ਅਸੀਂ ਇਹੋ ਮਤਾ ਪਕਾ ਲਿਆ ਕਿ ਸਵੇਰੇ ਚੁੱਪ-ਚੁਪੀਤੇ ਹੀ ਸ੍ਰੀ ਅਖੰਡਪਾਠ ਸਾਹਿਬ ਸ਼ੁਰੂ ਕਰ ਦੇਈਏ। ਇਕ ਦੋ ਸਿੰਘ ਸ਼ਹਿਰ ਜਾ ਕੇ ਲੋਕਲ ਸਿੰਘਾਂ ਨੂੰ ਖ਼ਬਰ ਕਰ ਦੇਣ ਕਿ ਭਾਈ ਸਾਹਿਬ ਫਲਾਣੀ ਕੋਠੀ ਰਾਤ ਦੇ ਉਤਰੇ ਹੋਏ ਹਨ ਅਤੇ ਓਥੇ ਅਖੰਡਪਾਠੀਆਂ ਦੀ ਲੋੜ ਹੈ। ਇਤਨੇ ਨਾਲ ਦਿਲ ਨੇ ਕੁਝ ਹੌਂਸਲਾ ਫੜ ਲਿਆ। ਪਰ ਦਿਲ ਵਿਚ ਬੈਠਾ ਚੋਰ ਇਹ ਕਹੀ ਹੀ ਜਾਵੇ ਕਿ ਭਲਕ ਚੜ੍ਹੇ ਤੇ ਜਾਣਾਂਗੇ।

ਫਿਰ ਦਾਸ ਨੇ ਭਾਈ ਜਗਤ ਸਿੰਘ ਹੁਰਾਂ ਨੂੰ ਅੱਡ ਕਰ ਕੇ ਪੁੱਛਿਆ ਕਿ ਪੰਜੋਖਰਾ ਸਾਹਿਬ ਤੋਂ ਇਥੇ ਆਉਂਦਿਆਂ ਇਤਨੀ ਦੇਰ ਕਿਉਂ ਲਗ ਗਈ? ਪੰਧ ਤਾਂ ਇਤਨਾ ਨਹੀਂ ਹੈ।

ਭਾ. ਜਗਤ ਸਿੰਘ- ਕੀ ਦੱਸਾਂ? ਬੜੀ ਹੀ ਮੁਸ਼ਕਿਲ ਦਾ ਸਾਹਮਣਾ ਆ ਪਿਆ ਸੀ। ਭਾਈ ਸਾਹਿਬ ਜੀ ਨੇ ਇਥੇ ਅਖੰਡਪਾਠ 'ਤੇ ਹਾਜ਼ਰੀਆਂ ਭਰਨ ਲਈ ਬੜੇ ਸਾਫ਼ ਲਫ਼ਜ਼ਾਂ ਵਿਚ ਮੈਨੂੰ 'ਹਾਂ' ਕੀਤੀ ਸੀ। ਮੇਰੇ ਅੱਜ ਪੰਜੋਖਰਾ ਸਾਹਿਬ ਪਹੁੰਚਣ ਮਗਰੋਂ ਪ੍ਰਸ਼ਾਦ-ਪਾਣੀ ਛਕ ਕੇ ਭਾਈ ਸਾਹਿਬ ਤਿਆਰ ਹੋ ਕੇ ਮੰਜੇ ਉੱਤੇ ਬੈਠ ਗਏ। ਸਿੰਘਾਂ ਨੇ ਭੀ ਲੰਗਰ ਛਕ ਕੇ ਅਤੇ ਇਧਰ ਆਉਣ ਦੇ ਤਿਆਰੇ ਵਿਚ ਆਪਣੇ ਕਛਹਿਰੇ ਪਰਨੇ ਆਦਿ ਇਕੱਠੇ ਕਰਨੇ ਸ਼ੁਰੂ ਕਰ ਦਿੱਤੇ। (ਪੰਜੋਖਰਾ ਸਾਹਿਬ ਗੁਰਦੁਆਰੇ, ਜਿਥੇ ਭਾਈ ਸਾਹਿਬ ਜੀ ਦਾ ਉਤਾਰਾ ਸੀ, ਅਤੇ ਪੰਜੋਖਰਾ ਪਿੰਡ ਦੇ ਦਰਮਿਆਨ ਇਕ ਬਰਸਾਤੀ ਨਾਲਾ ਹੈ, ਜਿਸ ਵਿਚ ਗੋਡੇ ਕੁ ਤਕ ਦੀ ਗਹਿਰਾਈ ਦਾ ਪਾਣੀ ਬਰਸਾਤਾਂ ਵਿਚ ਚਲਦਾ ਰਹਿੰਦਾ ਹੈ)। ਕਾਰ ਬਰਸਾਤੀ ਨਾਲੇ ਦੇ ਪਿੰਡ ਵਾਲੇ ਪਾਸੇ ਸੜਕ ਉੱਤੇ ਖੜੋਤੀ ਹੋਈ ਸੀ। ਇਸ ਦੇ ਨਾਲ ਸਿੰਘਾਂ ਅਤੇ ਉਨ੍ਹਾਂ ਦੇ ਸਾਮਾਨ ਵਾਸਤੇ ਕੁਝ ਰਿਕਸ਼ੇ ਭੀ ਕੀਤੇ ਹੋਏ ਸਨ। ਜਦ ਸਾਰੇ ਸਿੰਘ ਤਿਆਰ ਹੋ ਗਏ ਤਾਂ ਸਿੰਘਾਂ ਨੇ ਭਾਈ ਸਾਹਿਬ ਜੀ ਨੂੰ ਚੰਗੀ ਤਰ੍ਹਾਂ ਮੰਜੇ ਉੱਤੇ ਬਿਠਾ ਲਿਆ ਅਤੇ ਉਨ੍ਹਾਂ ਦਾ ਮੰਜਾ ਚੁੱਕ ਕੇ ਪਿੰਡ ਵਲ ਨੂੰ ਹੋ ਤੁਰੇ। ਜਦ ਸਿੰਘ ਭਾਈ ਸਾਹਿਬ ਜੀ ਦਾ ਮੰਜਾ ਉਠਾਈ, ਬਰਸਾਤੀ ਨਾਲੇ ਦੇ ਅੱਧ ਕੁ ਵਿਚ ਪਹੁੰਚੇ ਤਾਂ ਭਾਈ ਸਾਹਿਬ ਨੇ ਕਿਹਾ, ਠਹਿਰ ਜਾਓ। ਅਸੀਂ ਨਹੀਂ ਜਾਣਾ।" ਤਾਂ ਸਿੰਘਾਂ ਨੇ ਉੱਥੇ ਹੀ ਆਪਣੇ ਕਦਮ ਰੋਕ ਲਏ। ਉਪਰੋਂ ਬਰਸਾਤ ਦੀ ਨਿੱਕੀ ਨਿੱਕੀ ਕਿਣ-ਮਿਣ ਲੱਗੀ ਹੋਈ ਸੀ। ਥੱਲਿਓਂ ਬਰਸਾਤੀ ਨਾਲਾ ਬਹਿ ਰਿਹਾ ਸੀ। ਸਿੰਘ ਮੰਜੇ ਉੱਤੇ ਭਾਈ ਸਾਹਿਬ ਜੀ ਦਾ ਵਜ਼ਨ ਚਾਈ ਖੜੇ ਸਨ। ਮੈਂ ਭਾਈ ਸਾਹਿਬ ਜੀ ਨੂੰ ਕਿਹਾ, ਬਾਪੂ ਜੀ, ਤੁਸੀਂ ਇਕਰਾਰ ਕੀਤਾ ਸੀ ਜੀ, ਜਾਣ ਦਾ। ਇਸ ਲਈ ਹੁਣ ਜ਼ਰੂਰ ਜਾਣਾ ਹੈ ਜੀ।" ਉਹ ਅੱਗੋਂ ਕਹਿਣ, ਨਹੀਂ ਜਾਣਾ।" ਮੈਂ ਕਿਹਾ, ਬਾਪੂ ਜੀ, ਹੁਣ ਸਾਰੇ ਸਿੰਘ ਤੁਹਾਡੇ ਸਮੇਤ ਤਿਆਰ ਹੋ ਕੇ ਆਏ ਹੋਏ ਨੇ, ਰਿਕਸ਼ੇ ਅਤੇ ਕਾਰ ਉਡੀਕ ਰਹੇ ਨੇ। ਉੱਤੋਂ ਮੀਂਹ ਪੈਣ ਡਿਆ ਹੋਇਆ ਏ। ਇਥੇ ਖੜੋਤੇ ਐਵੇਂ ਭਿੱਜਦੇ ਪਏ ਹਾਂ। ਇਸ ਲਈ ਜ਼ਰੂਰ ਜਾਣਾ ਹੈ ਜੀ।" ਉਹ ਕਹਿਣ, ਨਹੀਂ ਜਾਣਾ।" ਮੈਂ ਉਨ੍ਹਾਂ ਦੇ ਚਰਨ ਫੜ ਲਏ ਅਤੇ ਬੇਨਤੀ ਕੀਤੀ ਕਿ ਬਾਪੂ ਜੀ, ਜ਼ਰੂਰ ਜਾਣਾ ਹੈ ਜੀ।" ਉਹ ਕਹਿਣ ਨਹੀਂ ਜਾਣਾ।" ਤਾਂ ਮੈਂ ਸਿੰਘਾਂ ਨੂੰ ਕਿਹਾ ਕਿ ਤੁਸੀਂ ਮੰਜਾ ਲੈ ਕੇ ਅਗਾਹਾਂ ਨੂੰ ਤੁਰੋ ਖਾਂ। ਤੁਸੀਂ ਕਿਉਂ ਦਰਿਆ ਵਿਚ ਖੜੋਤੇ ਸਾਰਿਆਂ ਨੂੰ ਭਿਉਣ ਡਹੇ ਜੇ ? ਸਿੰਘ ਕਹਿਣ, ਜੇ ਭਾਈ ਸਾਹਿਬ ਜੀ ਕਹਿਣਗੇ ਤਾਂ ਤੁਰਾਂਗੇ, ਨਹੀਂ ਤੇ ਨਹੀਂ। ਮੈਂ ਫਿਰ ਭਾਈ ਸਾਹਿਬ ਜੀ ਨੂੰ ਬੇਨਤੀ ਕਰਾਂ ਕਿ, ਬਾਪੂ ਜੀ, ਚੱਲੋ ਜੀ।" ਉਹ ਕਹਿਣ, ਨਹੀਂ ਜਾਣਾ।" ਦਰਿਆ ਵਿਚ ਝਗੜਦਿਆਂ ਨੂੰ ਹੀ ਕਾਫ਼ੀ ਸਮਾਂ ਬਤੀਤ ਹੋ ਗਿਆ। ਮੈਂ ਫਿਰ ਕਿਹਾ, ਬਾਪੂ ਜੀ, ਰਾਤ ਦਰਿਆ ਵਿਚ ਕੱਟਣੀ ਹੈ ਕਿ ਅੱਗੇ ਜਾਣਾ ਹੈ?" ਉਹ ਕਹਿਣ, ਨਹੀਂ



www.AKJ.Org

ਜਾਣਾ।" ਮੈਂ ਫਿਰ ਉਨ੍ਹਾਂ ਦੇ ਚਰਨ ਫੜ ਲਏ ਅਤੇ ਕਿਹਾ, ਬਾਪੂ ਜੀ, ਭਾਵੇਂ ਕੁਝ ਹੋਵੇ, ਜ਼ਰੂਰ ਜਾਣਾ ਹੈ।" ਤਾਂ ਕਿਤੇ ਰੱਬ ਕਰਾਇਆ ਅਤੇ ਭਾਈ ਸਾਹਿਬ ਜੀ ਦੇ ਮੂੰਹੋਂ ਨਿਕਲਿਆ ਕਿ ਅੱਛਾ ਚਲੋ ਤੇ ਅਸੀਂ ਤੁਰੇ। ਨਹੀਂ ਤਾਂ ਅਸੀਂ ਕਾਫ਼ੀ ਵੇਲੇ ਸਿਰ ਆ ਜਾਣਾ ਸੀ। ਨਾਲੇ ਸਾਈਕਲਾਂ ਅਤੇ ਰਿਕਸ਼ੇ ਵਾਲਿਆਂ ਨੂੰ ਭੀ ਹਨੇਰੇ ਵਿਚ ਨਾਲ ਨਾਲ ਲਿਆਉਣਾ ਸੀ, ਇਸ ਲਈ ਭੀ ਦੇਰ ਹੋ ਗਈ।

ਥੋੜੀ ਦੇਰ ਅਰਾਮ ਕਰ ਕੇ, ਸਿੰਘਾਂ ਨੇ ਅੰਮ੍ਰਿਤ ਵੇਲੇ ਦੀ ਸੰਭਾਲ ਸ਼ੁਰੂ ਕਰ ਦਿੱਤੀ ਅਤੇ ਇਲਾਹੀ ਰੰਗ ਖਿੜਾ ਦਿੱਤੇ। ਫਿਰ ਆਸਾ ਜੀ ਦੀ ਵਾਰ ਦੇ ਚਲੰਤ ਕੀਰਤਨ ਤੋਂ ਉਪਰੰਤ ਸ੍ਰੀ ਅਖੰਡਪਾਠ ਸਾਹਿਬ ਅਰੰਭ ਕਰ ਦਿੱਤੇ ਗਏ। ਬਾਅਦ ਵਿਚ ਭਾਈ ਸਾਹਿਬ ਜੀ ਨੂੰ ਖ਼ਬਰ ਕੀਤੀ ਗਈ। ਭਾਈ ਸਾਹਿਬ ਖ਼ਾਮੋਸ਼ ਹੀ ਰਹੇ ਅਤੇ ਕੁਝ ਨਾ ਬੋਲੇ। ਗੁਰੂ ਕੇ ਰੰਗ ਰਤੜੇ ਲਾਲਾਂ ਨੇ ਗੁਰਬਾਣੀ ਦੀਆਂ ਧੁਨੀਆਂ ਨਾਲ ਘਰ ਬਾਹਰ ਕੀ, ਸਾਰਾ ਮੰਡਲ ਹੀ ਵਿਸਮਾਦ ਕਰ ਦਿੱਤਾ। ਬੀਬੀਆਂ ਆਪਣੇ ਗੁਰਸਿੱਖੀ ਪਿਆਰ ਦਾ ਪ੍ਰਗਟਾਵਾ, ਗੁਰੂ ਕੇ ਲੰਗਰ ਦੇ ਚਾਵਾਂ ਭਰੇ ਤਿਆਰੇ ਦੁਆਰਾ ਕਰ ਰਹੀਆਂ ਸਨ। ਭਾਈ ਬਾਵਾ ਸਿੰਘ ਜੀ ਸਿੰਘਾਂ ਦੀ ਰਸ-ਰਸੀਲੀ ਖ਼ੁਸ਼ੀ ਪ੍ਰਾਪਤ ਕਰਨ ਲਈ ਨਾਮ ਜਪਦੇ ਹੋਏ ਦਿਲ-ਖਿਚਵੇਂ ਜਲੇਬ ਤਿਆਰ ਕਰ ਰਹੇ ਸਨ। ਦੂਰ ਨੇੜੇ ਦੇ ਸਿੰਘਾਂ ਨੂੰ, ਪਤਾ ਨਹੀਂ ਕਿਵੇਂ ਝਟ ਪਟ ਖ਼ਬਰਾਂ ਪਹੁੰਚ ਗਈਆਂ, ਸਭ ਨੇ ਵਹੀਰਾਂ ਘੱਤ ਕੇ ਦਾਸ ਦੇ ਗ੍ਰਿਹਿ ਨੂੰ ਆ ਭਾਗ ਲਾਏ। ਵਿਚੋਂ ਹੀ ਟਾਵੇਂ ਟਾਵੇਂ ਸਿੰਘ ਹਸਪਤਾਲ ਜਾ ਕੇ ਕਾਕੇ ਦੀ ਸਿਹਤ ਬਾਰੇ ਭੀ ਪੁੱਛ-ਗਿੱਛ ਕਰ ਆਉਂਦੇ ਰਹੇ।

ਸ੍ਰੀ ਅਖੰਡਪਾਠ ਸਾਹਿਬ ਦੇ ਭੋਗ ਪੈਣ ਤੋਂ ਪਹਿਲਾਂ ਦਾਸ ਨੂੰ ਸਿੰਘਾਂ ਨੇ ਕਿਹਾ, ਜਾਓ, ਕਾਕੇ ਅਤੇ ਭੈਣ ਜੀ ਨੂੰ ਹਸਪਤਾਲੋਂ ਲੈ ਆਓ। ਉਹ ਭੀ ਆ ਕੇ ਭੋਗ ਸੁਣ ਲੈਣ।" ਦਾਸ ਸੰਗਤ ਦਾ ਬਚਨ ਮੰਨ ਹਸਪਤਾਲ ਨੂੰ ਤੁਰਿਆ। ਓਥੇ ਜਾ ਕੇ ਕੀ ਦੇਖਿਆ ! ਸਿੰਘਣੀ ਦੀਆਂ ਅੱਖੀਆਂ ਜਲ ਨਾਲ ਭਰੀਆਂ ਹੋਈਆਂ ਹਨ ਅਤੇ ਕਾਕਾ ਕਾਫ਼ੀ ਬੇ-ਸੁਧੀ ਵਿਚ ਪਿਆ ਹੈ। ਸਿੰਘਣੀ ਨੂੰ ਪੁਛਿਆ, ਕੀ ਗੱਲ ਹੈ? ਇਸ ਤਰ੍ਹਾਂ ਕਿਉਂ ਬੈਠੇ ਜੇ? ਤਾਂ ਸਿੰਘਣੀ ਦੀਆਂ ਅੱਖਾਂ ਵਿਚ ਰੋਕੇ ਹੋਏ ਅੱਥਰੂ ਵਹਿ ਤੁਰੇ, ਅਤੇ ਕਾਕੇ ਵਲ ਹੱਥ ਦਾ ਇਸ਼ਾਰਾ ਕਰ ਕੇ ਕਹਿਓ ਨੇ, ਇਹ ਤਾਂ ਤੁਰਿਆ ਜਾਂਦਾ ਏ।" ਇਹ ਸੁਣ ਕੇ ਮਨ ਵਿਚ ਬੜਾ ਅਫ਼ਸੋਸ ਹੋਇਆ ਅਤੇ ਮੇਰੇ ਪੈਰ ਜਕੜੇ ਗਏ। ਆਖ਼ਰ ਹਿੰਮਤ ਕਰ ਕੇ ਕੁਝ ਬੋਲੇ ਬਿਨਾਂ ਹੀ, ਪੁੱਠੀ ਪੈਰੀਂ ਵਾਪਸ ਪਰਤ ਆਇਆ।

ਸਿੰਘਾਂ ਨੇ ਘਰ ਆਏ ਨੂੰ ਪੁੱਛਿਆ, ਕਾਕਾ ਕਿਉਂ ਨਹੀਂ ਆਇਆ? ਦਾਸ ਨੇ ਰੁਕਵੀਂ ਜ਼ੁਬਾਨ ਵਿਚ ਕਿਹਾ, ਉਹ ਹੁਣ ਆਉਣ ਜੋਗਾ ਨਹੀਂ। ਉਹ ਤਾਂ ਅਗਾਂਹ ਦੀਆਂ ਤਿਆਰੀਆਂ ਵਿਚ ਹੈ।" ਇਤਨੀ ਗੱਲ ਸੁਣਨ ਨਾਲ ਸਿੰਘਾਂ ਦੇ ਮਨ ਵਿਚ ਬੜਾ ਉਛਾਲਾ ਆਇਆ। ਭਾਈ ਆਤਮਾ ਸਿੰਘ ਜੀ ਅਤੇ ਭਾਈ ਜਗਤ ਸਿੰਘ ਜੀ ਸਿੱਧੇ ਭਾਈ ਸਾਹਿਬ ਪਾਸ (ਜੋ ਉਸ ਵਕਤ ਮੰਜੇ ਉੱਤੇ ਲੇਟੇ ਹੋਏ ਸਨ) ਪਹੁੰਚੇ, ਅਤੇ ਹੱਥ ਜੋੜ ਕੇ ਕਹਿਓ ਨੇ, ਬਾਪੂ ਜੀ, ਕੋਈ ਕਿਰਪਾ ਕਰੋ ਜੀ। ਕਾਕਾ ਬਹੁਤ ਹੀ ਢਿੱਲਾ ਹੈ। ਅੰਤ ਸਮਾਂ ਨਜ਼ਦੀਕ ਜਾਪਦਾ ਹੈ ਜੀ। ਬੀਬੀ ਦੀ ਹਾਲਤ ਦੇਖ ਕੇ ਝੱਲੀ ਨਹੀਂ ਜਾਂਦੀ। ਇਕੋ ਹੀ ਬੱਚਾ ਹੈ ਜੀ।" ਭਾਈ ਸਾਹਿਬ ਕੁਝ ਨਾ ਬੋਲੇ। ਕੁਝ ਕੁ ਦੇਰ ਮਗਰੋਂ ਪੁੱਛਿਓ ਨੇ ਕਿ ਸ੍ਰੀ ਅਖੰਡਪਾਠ ਦੇ ਅਰੰਭ ਵਿਚ ਕੀ ਹੁਕਮ ਆਇਆ ਸੀ? ਹੁਕਮ ਤਾਂ ਸਾਨੂੰ ਕਿਸੇ ਨੂੰ ਭੀ ਯਾਦ ਨਹੀਂ ਸੀ। ਦਾਸ ਨੇ ਕਿਹਾ, ਬਾਪੂ ਜੀ, ਹੁਕਮ ਤਾਂ ਯਾਦ ਨਹੀਂ, ਪਰ ਉਸ ਦਾ ਭਾਵ ਨਾਮ ਜਪਣ ਦਾ ਸੀ।" ਇਹ ਸੁਣ ਕੇ ਭਾਈ ਸਾਹਿਬ ਜੀ ਖਿੜਖਿੜਾ ਕੇ ਹੱਸੇ, ਅਤੇ ਦੁਹਰਾਇਓ ਨੇ, ਅੱਛਾ, ਹੁਕਮ ਨਾਮ ਜਪਣ ਦਾ ਸੀ? ਅਤੇ ਫਿਰ ਹੱਸੇ।

ਇਤਨੇ ਨੂੰ ਲੰਗਰ ਦੀ ਸੇਵਾ ਕਰ ਰਹੀਆਂ ਬੀਬੀਆਂ ਨੇ 'ਸੱਪ ਸੱਪ' ਦਾ ਰੌਲਾ ਪਾ ਦਿੱਤਾ। ਇਕ ਸਿੰਘ ਭਾਈ ਸਾਹਿਬ ਜੀ ਦੀ ਸੋਟੀ ਲੈ ਕੇ ਲੰਗਰ ਵੱਲ ਦੌੜ ਗਿਆ ਅਤੇ ਸੱਪ ਦੀ ਬੰਦ-ਖਲਾਸ ਕਰ ਦਿੱਤੀਓਸੁ। ਭਾਈ ਸਾਹਿਬ ਜੀ ਕਹਿੰਦੇ ਹੀ ਰਹਿ ਗਏ, 'ਮੇਰੀ ਸੋਟੀ ਨਾਲ ਨਾ ਮਾਰਿਓ, ਮੇਰੀ ਸੋਟੀ ਨਾਲ ਨਾ ਮਾਰਿਓ।' ਜਦ ਸਿੰਘ ਨੇ ਵਾਪਸ ਆ ਕੇ ਦੱਸਿਆ ਕਿ ਉਨ੍ਹਾਂ ਦੀ ਸੋਟੀ ਨਾਲ ਹੀ ਸੱਪ ਮਾਰਿਆ ਹੈ ਤਾਂ ਭਾਈ ਸਾਹਿਬ ਜੀ ਨੇ ਬੜਾ ਇਤਰਾਜ਼ ਕੀਤਾ ਕਿ, ਮੇਰੀ ਸੋਟੀ ਨਾਲ ਕਿਉਂ


www.AKJ.Org

ਮਾਰਿਆ ਹੈ? ਤੁਹਾਨੂੰ ਮਨ੍ਹਾ ਕੀਤਾ ਸੀ। ਤੁਸੀਂ ਆਖੇ ਨਹੀਂ ਲਗਦੇ। ਆਪਣੀ ਹੀ ਜੀਅ ਆਈ ਕਰਦੇ ਜੇ , ਇਤਿਆਦਿ ਕਈ ਹੋਰ ਸ਼ਬਦ ਆਪਣੀ ਨਾਰਾਜ਼ਗੀ ਪ੍ਰਗਟ ਕਰਦੇ ਹੋਏ ਬੋਲੇ। ਪਰ ਸਿੰਘਾਂ ਦੀ ਪਹਿਲੀ ਬੇਨਤੀ ਦਾ ਕੋਈ ਜਵਾਬ ਨਾ ਦਿੱਤਾ। ਦਾਸ ਦਾ ਮਨ ਤਾਂ ਹਿਰਖ ਨਾਲ ਬਹੁਤ ਹੀ ਭਰਿਆ ਹੋਇਆ ਸੀ ਅਤੇ ਸੋਚ ਰਿਹਾ ਸੀ ਕਿ ਪਤਾ ਨਹੀਂ ਕਿਹੜੀ ਘੜੀ ਹਸਪਤਾਲੋਂ ਮਾੜੀ ਖ਼ਬਰ ਨੇ ਆ ਜਾਣਾ ਹੈ। ਬੇ-ਵੱਸੀ ਵਿਚ ਦਾਸ, ਚੁੱਪ ਕਰ ਕੇ ਸੰਗਤ ਵਿਚ ਭੋਗ ਸੁਣਨ ਲਈ ਜਾ ਬੈਠਿਆ।

ਭੋਗ ਪੈ ਗਿਆ। ਸੰਗਤ ਨੇ ਅਰਦਾਸ ਕੀਤੀ। ਹੁਕਮ ਆਇਆ :

**ਜਿਸ ਕੇ ਸਿਰ ਊਪਰਿ ਤੂੰ ਸੁਆਮੀ ਸੋ ਦੁਖੁ ਕੈਸਾ ਪਾਵੈ ॥ ਬੋਲਿ ਨ ਜਾਣੈ ਮਾਇਆ ਮਦਿ ਮਾਤਾ ਮਰਣਾ ਚੀਤਿ ਨ ਆਵੈ ॥੧॥ ਮੇਰੇ ਰਾਮ ਰਾਇ ਤੂੰ ਸੰਤਾ ਕਾ ਸੰਤ ਤੇਰੇ ॥ ਤੇਰੇ ਸੇਵਕ ਕਉ ਭਉ ਕਿਛੁ ਨਾਹੀ ਜਮੁ ਨਹੀ ਆਵੈ ਨੇਰੇ ॥੧॥ ਰਹਾਉ ॥ ਜੋ ਤੇਰੈ ਰੰਗਿ ਰਾਤੇ ਸੁਆਮੀ ਤਿਨ ਕਾ ਜਨਮ ਮਰਣ ਦੁਖੁ ਨਾਸਾ ॥ ਤੇਰੀ ਬਖਸ ਨ ਮੇਟੈ ਕੋਈ ਸਤਿਗੁਰ ਕਾ ਦਿਲਾਸਾ ॥੨॥ ਨਾਮੁ ਧਿਆਇਨਿ ਸੁਖ ਫਲ ਪਾਇਨਿ ਆਠ ਪਹਰ ਆਰਾਧਹਿ ॥ ਤੇਰੀ ਸਰਣਿ ਤੇਰੈ ਭਰਵਾਸੈ ਪੰਚ ਦੁਸਟ ਲੈ ਸਾਧਹਿ ॥੩॥ ਗਿਆਨੁ ਧਿਆਨੁ ਕਿਛੁ ਕਰਮੁ ਨ ਜਾਣਾ ਸਾਰ ਨ ਜਾਣਾ ਤੇਰੀ ॥ ਸਭ ਤੇ ਵਡਾ ਸਤਿਗੁਰੁ ਨਾਨਕੁ ਜਿਨਿ ਕਲ ਰਾਖੀ ਮੇਰੀ ॥੪॥੧੦॥੫੭॥**

(ਸੂਹੀ ਮਹਲਾ ੫, ਪੰਨਾ ੭੪੯-੫੫)

ਦੇਗ ਵਰਤ ਕੇ ਝੱਟ ਪੱਟ ਹੀ ਕੀਰਤਨ ਅਰੰਭ ਹੋ ਗਿਆ। ਰੰਗ-ਰੱਤੜੇ ਕੀਰਤਨ ਕਰਨ ਵਾਲਿਆਂ ਹੀਰਿਆਂ ਨੇ ਬੇਨਤੀ ਭਰੀਆਂ ਜੋਦੜੀਆਂ ਵਿਚ ਹਰਿ ਜਸ ਦੀਆਂ ਘੁੰਮਰਾਂ ਨਾਲ ਕੀਰਤਨ-ਅਖਾੜੇ ਵਿਚ ਇਲਾਹੀ ਗੁੰਜਾਰਾਂ ਖਿੜਾ ਦਿੱਤੀਆਂ। ਕੀਰਤਨ-ਧੁੰਨੀਆਂ ਨੂੰ ਥਲੇ ਆਉਣ ਹੀ ਨਾ ਦੇਣ। ਇਸ ਗੁੰਜਾਰ ਭਰੀ ਗਹਿਮਾ-ਗਹਿਮ ਵਿਚ ਭਾਈ ਸਾਹਿਬ ਭੀ ਆ ਸੰਗਤ ਵਿਚ ਬੈਠੇ। ਬੱਸ ਫਿਰ ਕੀ ਸੀ? ਕੀਰਤਨ ਹੀ ਕੀਰਤਨ, ਕੀਰਤਨ ਹੀ ਕੀਰਤਨ, ਨਾਮ ਦੇ ਖੰਡੇ ਅਤੇ ਕੀਰਤਨ ਹੀ ਕੀਰਤਨ। ਅੰਤ ਨੂੰ ਆਸਾ ਦੀ ਵਾਰ ਦਾ ਭੋਗ ਪਿਆ। ਸੰਗਤ ਨੇ ਸਤਿਗੁਰਾਂ ਅੱਗੇ ਕਾਕੇ ਦੀ ਦੇਹ-ਅਰੋਗਤਾ ਲਈ ਲਿਲਕੜੀਆਂ ਲੈ ਕੇ ਅਰਦਾਸ ਕੀਤੀ। ਹੁਕਮ ਫਿਰ ਹੌਂਸਲਾ-ਅਫ਼ਜ਼ਾਈ ਦਾ ਹੀ ਆਇਆ। ਦੇਗ ਵਰਤੀ ਅਤੇ ਸੰਗਤ ਲੰਗਰ ਛੱਕਣ ਲਈ ਸਜ ਗਈ। ਵਿਚ-ਵਿਚ ਕੁਝ ਕੁ ਸਿੰਘਾਂ ਨੂੰ ਇਸ ਪ੍ਰਕਾਰ ਬਚਨ ਕਰਦਿਆਂ ਨੂੰ ਸੁਣਿਆ, ਸੱਪ ਦਾ ਇਸ ਮੌਕੇ ਉੱਤੇ ਨਿਕਲਣਾ ਅਤੇ ਮਾਰੇ ਜਾਣਾ ਚੰਗੀ ਹੀ ਨਿਸ਼ਾਨੀ ਜਾਪਦੀ ਹੈ। ਉਮੀਦ ਹੈ ਕਾਕਾ ਠੀਕ ਹੋ ਜਾਏਗਾ। ਰੱਬ ਦੇ ਘਰ ਕਿਸੇ ਗੱਲ ਦਾ ਘਾਟਾ ਨਹੀਂ। ਹੁਕਮ ਭੀ ਤਾਂ ਦੇਖੋ ਕੈਸੀਆਂ ਚੜ੍ਹਦੀਆਂ ਕਲਾਂ ਦੇ ਆਏ ਹਨ।" ਲੰਗਰ ਛਕਣ ਦੇ ਪਿਛੋਂ ਬਹੁਤ ਸਾਰੀਆਂ ਸੰਗਤਾਂ ਹਸਪਤਾਲ ਹੀ ਪਹੁੰਚ ਗਈਆਂ। ਓਹੋ ਕਾਕਾ, ਜੋ ਅਗਾਂਹ ਦੀਆਂ ਤਿਆਰੀਆਂ ਵਿਚ ਸੀ, ਪਿਛਾਂਹ ਨੂੰ ਮੋੜੇ ਪਾ ਆਇਆ। ਇਹ ਖੁਸ਼ੀ ਦੀ ਖ਼ਬਰ ਝਟਪਟ ਬਾਕੀ ਦੀ ਸੰਗਤ ਵਿਚ ਭੀ ਪਹੁੰਚ ਗਈ। ਸਭ ਨੇ ਗੁਰੂ ਜੀ ਦਾ ਸ਼ੁਕਰਾਨਾ ਕਰਦਿਆਂ ਹੋਇਆਂ ਖੁਸ਼ੀ ਮਨਾਈ।

ਹੁਣ ਭਾਈ ਸਾਹਿਬ ਜੀ ਕਹਿਣ, ਅਸੀਂ ਲੁਧਿਆਣੇ ਨਹੀਂ ਜਾਣਾ, ਇਥੇ ਹੀ ਰਹਿਣਾ ਹੈ । ਇਹ ਮਕਾਨ ਚੰਗਾ ਹੈ।" ਭਾਈ ਸਾਹਿਬ ਜੀ ਨੇ ਆਪਣੇ ਸੰਗੀਆਂ ਸਮੇਤ ਹਫ਼ਤਾ ਕੁ ਇਥੇ ਹੀ ਰੱਬੀ ਰੰਗਾਂ ਦੀਆਂ ਝੜੀਆਂ ਲਾਈਆਂ। ਇਕ ਦਿਨ ਕਹਿਣ ਲੱਗੇ, ਬਾਊ ਜੀ ਸੁਣਨਗੇ ਤਾਂ ਖੁਸ਼ ਹੋਣਗੇ।" (ਓਨ੍ਹੀਂ ਦਿਨੀਂ ਬਾਊ ਜੀ ਆਪਣੇ ਸਪੁੱਤਰ Lt. Col. ਕੁਲਵੰਤ ਸਿੰਘ ਹੋਰਾਂ ਪਾਸ ਆਗਰੇ ਟਿਕੇ ਹੋਏ ਸਨ।)

ਬੀਬੀ ਦਲੇਰ ਕੌਰ ਜੀ ਦੇ ਜ਼ੋਰ ਦੇਣ 'ਤੇ ਭਾਈ ਸਾਹਿਬ ਵਾਪਸ ਲੁਧਿਆਣੇ ਜਾਣ ਲਈ ਮੰਨ ਗਏ ਅਤੇ ਸਿੰਘਾਂ ਨੇ ਵਾਪਸੀ ਦੇ ਤਿਆਰੇ ਕੱਸ ਲਏ। ਦਾਸ ਦੇ ਅੰਦਰ ਤਾਂ ਇਸ ਪਰਉਪਕਾਰੀ ਜਥੇ ਦੇ ਵਿਛੋੜੇ ਨੇ ਵੈਰਾਗ ਦੇ ਕੜ ਛੇੜ ਦਿੱਤੇ। ਬਚਨ ਕਰਨ ਦੀ ਥਾਂ ਭੀ ਹੰਝੂ ਹੀ ਵਹੀ ਜਾਣ। ਆਖ਼ਰ ਗੁਰੂ ਪਿਆਰੇ ਮੇਰੇ ਦੇਖਦੇ ਦੇਖਦੇ ਤੁਰ ਹੀ ਗਏ। ਇਸ ਤੋਂ ਬਾਅਦ, ਅਕਾਲ ਚਲਾਣੇ ਤੱਕ, ਮੁੜ ਭਾਈ ਸਾਹਿਬ ਜੀ ਲੁਧਿਆਣਿਓਂ ਬਾਹਰ ਨਹੀਂ ਗਏ।



www.AKJ.Org

ਬਾਊ ਜੀ ਦੇ ਦਰਸ਼ਨ ਵੈਸੇ ਤਾਂ ਹਰ ਸਾਲ ਹੀ ਇਕ ਦੋ ਦਫ਼ਾ ਹੋ ਜਾਇਆ ਕਰਦੇ ਸਨ, ਪਰ ਇਸ ਵਾਕਿਆ ਦੇ ਬਾਰੇ, ਉਨ੍ਹਾਂ ਕਦੇ ਕੋਈ ਗੱਲ ਨਾ ਕੀਤੀ। ਇਸ ਦੇ ਅੱਠ ਕੁ ਸਾਲ ਪਿਛੋਂ, ਇਕ ਦਫ਼ਾ ਦਾ ਜ਼ਿਕਰ ਹੈ ਕਿ ਬਾਊ ਜੀ ਦਾਸ ਦੇ ਪਾਸ ਕਾਨਪੁਰ ਆਏ। ਸ਼ਾਮ ਨੂੰ ਬਾਹਰ ਵਿਹੜੇ ਵਿਚ ਕੁਰਸੀ ’ਤੇ ਬੈਠ ਕੇ ਅਕਸਰ ਆਏ ਗਏ ਸਿੰਘਾਂ ਨਾਲ ਬਚਨ-ਬਿਲਾਸ ਕਰਦੇ ਰਹਿੰਦੇ। ਇਕ ਦਿਨ ਸ਼ਾਮ ਦੇ ਸਮੇਂ ਦਾਸ ਨੂੰ ਉਚੇਚਾ ਪਾਸ ਬੁਲਾ ਕੇ ਸਜਲ ਨੇਤਰਾਂ ਨਾਲ ਕਹਿਣ ਲੱਗੇ, ਕੀ ਤੈਨੂੰ ਯਾਦ ਹੈ ਕਿ ਇਕ ਦਫ਼ਾ ਭਾਈ ਸਾਹਿਬ ਜੀ ਨੇ ਕਿਹਾ ਸੀ ਕਿ ਬਾਊ ਜੀ ਦਿਆਲਤਾ ਵਰਤਦੇ ਹਨ? ਮੈਂ ਕਿਹਾ, ਹਾਂ ਜੀ, ਕਿਹਾ ਸੀ।” ਤਾਂ ਬਚਨ ਨੂੰ ਜਾਰੀ ਰੱਖਦੇ ਹੋਏ ਕਹਿਣ ਲੱਗੇ, ਉਨ੍ਹਾਂ ਨੇ ਕਿਹੜੀ ਘੱਟ ਕੀਤੀ? **ਕਿਥੋਂ ਕਸੌਲੀ ਤੋਂ ਆਏ ਅਤੇ ਰੱਬ ਪਾਸੋਂ ਇਸ ਬੱਚੇ ਦੀ ਟੁੱਟੀ ਗੰਢਵਾ ਗਏ। ਮੇਰੇ ਉੱਤੇ ਇਹ ਬੜਾ ਅਹਿਸਾਨ ਕਰ ਗਏ। ਮੈਥੋਂ ਇਹ ਨਹੀਂ ਸੀ ਹੋਣਾ। ਜੇ ਅਜੇ ਭੀ ਤੁਸੀਂ, ਜਿਨ੍ਹਾਂ ਨਾਲ ਇਤਨੀ ਵਾਪਰੀ ਹੋਏ ਅਤੇ ਜਿਨ੍ਹਾਂ ਨੇ ਆਪਣੀ ਅੱਖੀਂ ਸਭ ਕੁਝ ਦੇਖ ਲਿਆ ਹੋਵੇ, ਗੁਰਸਿੱਖੀ ਵੱਲੋਂ ਢਿੱਲੇ ਪੈ ਜਾਓ ਤਾਂ ਲਾਅਨਤ ਹੈ ਐਸੇ ਜੀਵਨ ਨੂੰ।”**

ਇਥੇ ਵਿਚਾਰਨ ਵਾਲੀ ਗੱਲ ਇਕ ਇਹ ਭੀ ਹੈ ਕਿ, ਅਸੀਂ ਜਗਿਆਸੂ, ਜੇ ਕਿਸੇ ਦਾ ਦੋ ਪੈਸੇ ਦਾ ਕੰਮ ਕਰ ਦਿੰਦੇ ਹਾਂ ਤਾਂ ਅਸੀਂ ਤਾਂ ਚਾਹੁੰਦੇ ਹਾਂ ਕਿ ਅਗਲਾ ਉਮਰ ਭਰ ਹੀ ਸਾਡਾ ਅਹਿਸਾਨਮੰਦ ਰਹੇ। ਵਾਹ ਲਗਦੀ ਨੂੰ ਉਸ ਨੂੰ ਇਸ ਬਾਰੇ ਕਈ ਦਫ਼ਾ ਜਣਾਉਣੀ ਭੀ ਕਰਾ ਦਿੰਦੇ ਹਾਂ ਕਿ ਮਤਾ ਉਹ ਸਾਡੇ ਕੀਤੇ ਨੂੰ ਭੁਲ ਹੀ ਨਾ ਜਾਏ ਅਤੇ ਕਈਆਂ ਹੋਰਨਾਂ ਪਾਸ ਭੀ ਇਸ ਦਾ ਅਕਸਰ ਜ਼ਿਕਰ ਕਰਦੇ ਰਹਿੰਦੇ ਹਾਂ। ਇਸ ਦੇ ਮੁਕਾਬਲੇ ਵਿਚ ਗੁਰਮੁਖ ਜਨ ਪਰਉਪਕਾਰੀ ਤਾਂ ਹੁੰਦੇ ਹੀ ਹਨ, ਪਰ ਪਰਉਪਕਾਰ ਕਰਦੇ ਹੋਏ ਇਸ ਨੂੰ ਹੱਦੋਂ ਪਰੇ ਛੁਪਾਉਣ ਦੀ ਕੋਸ਼ਿਸ਼ ਕਰਦੇ ਹਨ। ਇਸ ਬਾਰੇ ਕਿਸੇ ਨੂੰ ਜਣਾਉਂਦੇ ਹੀ ਨਹੀਂ ਹਨ। ਸਗੋਂ ਜ਼ਾਹਰਾ ਤੌਰ ’ਤੇ ਇੰਝ ਜਾਪਦਾ ਹੈ ਕਿ ਉਹ ਕੋਈ ਭੀ ਐਸਾ ਕਦਮ ਉਠਾਉਣ ਦੇ ਡਾਢੇ ਖ਼ਿਲਾਫ਼ ਹੁੰਦੇ ਹਨ। ਜੈਸਾ ਕਿ ਭਾਈ ਸਾਹਿਬ ਜੀ ਦਾ ਦਰਿਆ ਵਿਚ ਅੜ ਖੜੋਣਾ ਕਿ ਨਹੀਂ ਜਾਣਾ , ਘਰ ਪਹੁੰਚਦਿਆਂ ਸਾਰ ਹੀ ਇਹ ਕਹਿਣ ਲੱਗ ਪੈਣਾ ਕਿ ’ਇਥੇ ਨਹੀਂ ਰਹਿਣਾ, ਸਵੇਰੇ ਹੀ ਇਥੋਂ ਲੁਧਿਆਣੇ ਨੂੰ ਚਲੇ ਜਾਣਾ ਹੈ, ਇਹ ਕਿਥੇ ਲਿਆ ਬੈਠਾਇਆ ਹੈ।’ ਸੱਪ ਨੂੰ ਮਾਰਨ ਸਮੇਂ ਕਹਿਣਾ ’ਮੇਰੀ ਸੋਟੀ ਨਾਲ ਨਾ ਮਾਰਿਓ, ਮੇਰੀ ਸੋਟੀ ਨਾਲ ਕਿਉਂ ਮਾਰਿਆ ਹੈ, ਤੁਸੀਂ ਆਖੇ ਨਹੀਂ ਲਗਦੇ।’ ਇਤਿਆਦਿ ਕੋਈ ਨਾ ਕੋਈ ਇਤਰਾਜ਼ ਉਨ੍ਹਾਂ ਨੇ ਖੜਾ ਹੀ ਰੱਖਿਆ, ਅਤੇ ਕੀਤੇ ਜਾਣ ਵਾਲੇ ਪਰਉਪਕਾਰ ਨੂੰ ਛੁਪਾਈ ਹੀ ਰਖਿਆ।

ਆਪ ਜੀ ਨਾਮ ਬਾਣੀ ਅਤੇ ਗੁਰਬਾਣੀ ਨਾਲ ਬਚਪਨ ਤੋਂ ਹੀ ਜੁੜੇ ਹੋਏ ਸਨ। ਜਥੇ ਵਿਚ ਅੰਮ੍ਰਿਤ ਛੱਕਣ ਤੋਂ ਬਾਅਦ ਆਪ ਜੀ ਦੀ ਅੰਮ੍ਰਿਤ ਵੇਲੇ ਦੀ ਸੰਭਾਲ, ਬਿਬੇਕ ਰਹਿਤ, ਉੱਚੀ ਸੁੱਚੀ ਕਰਣੀ, ਧਰਮ ਦੀ ਕ੍ਰਿਤ ਨੂੰ ਮੁੱਖ ਰੱਖ ਕੇ ਬਾਊ ਜੀ ਨੇ ਅੰਮ੍ਰਿਤ ਸੰਚਾਰ ਸਮਾਗਮਾਂ ਸਮੇਂ ਪੰਚਾਂ ਦੀ ਸੇਵਾ ਵਿਚ ਸ਼ਾਮਿਲ ਕਰਨਾ ਸ਼ੁਰੂ ਕਰ ਦਿੱਤਾ। ਇਹ ਸੇਵਾ ਆਪ ਜੀ ਨੇ ਤਾਅ ਜ਼ਿੰਦਗੀ ਨਿਬਾਹੀ ਅਤੇ ਹਜ਼ਾਰਾਂ ਪ੍ਰਾਣੀਆਂ ਨੂੰ ਗੁਰੂ ਚਰਨਾਂ ਨਾਲ ਜੋੜਿਆ।

ਆਪ ਜੀ ਗੁਰਬਾਣੀ ਦਾ ਪਾਠ ਬਹੁਤ ਪ੍ਰੇਮ ਅਤੇ ਬੈਰਾਗ ਨਾਲ ਕਰਦੇ ਸਨ। ਪਹਿਲਾਂ ਸਹਿਜ ਪਾਠ ਕਰਦੇ ਸਨ ਹੌਲੀ ਹੌਲੀ ਅਖੰਡ ਪਾਠ ਵੀ ਕਰਨ ਲੱਗ ਪਏ। ਇਨ੍ਹਾਂ ਦੀ ਸਿੰਘਣੀ ਵੀ ਬਚਪਨ ਤੋਂ ਹੀ ਗੁਰਬਾਣੀ ਦਾ ਪਾਠ ਕਰਨ ਕਰਕੇ, ਬਾਊ ਜੀ ਦੀ ਸੰਗਤ ਅਤੇ ਪ੍ਰੇਰਨਾ ਨਾਲ ਅਖੰਡ ਪਾਠ ਦੀ ਸੇਵਾ ਵੀ ਆਪ ਜੀ ਨਾਲ ਮਿਲ ਕੇ ਨਿਬਾਹੁਣ ਲਗ ਪਏ। ਇਸ ਦੰਪਤੀ ਨੇ ਰਲ ਮਿਲ ਕੇ ਇਕੱਲਿਆਂ ਹੀ ਸ੍ਰੀ ਅਖੰਡ ਪਾਠ ਕਰਨ ਦੀ ਸੇਵਾ ਆਰੰਭ ਕਰ ਦਿੱਤੀ। ਫਿਰ ਜਿਤਨਾ ਚਿਰ ਆਪ ਦੀ ਸਿਹਤ ਠੀਕ ਰਹੀ ਉਨਾਂ ਚਿਰ ਦਿੱਲੀ, ਕਾਨਪੁਰ, ਸ੍ਰੀ ਅੰਮ੍ਰਿਤਸਰ ਰਹਿੰਦਿਆਂ ਅਨੇਕਾਂ ਹੀ ਸ੍ਰੀ ਅਖੰਡ ਪਾਠ ਇਕੱਲਿਆਂ ਹੀ ਗੁਪਤ ਤੌਰ ’ਤੇ ਕੀਤੇ। ਇਸ ਸਮੇਂ ਦੌਰਾਨ ਇਨ੍ਹਾਂ ਦਾ ਭੁਜੰਗੀ ਡਾਕਟਰ ਸੰਤ ਪ੍ਰਕਾਸ਼ ਸਿੰਘ ਪਹਿਰੇ ਦੀ ਸੇਵਾ ਕਰਦਾ ਹੁੰਦਾ ਸੀ। ਇੱਕ ਵਾਰ ਕਾਨ੍ਹਪੁਰ ਰਹਿੰਦਿਆਂ ਭਾਈ ਪ੍ਰੀਤ ਸਿੰਘ ਜੀ ਦਿੱਲੀ ਵਾਲਿਆਂ ਨੇ ਕੀਰਤਨ ਸਮਾਗਮ ਰੱਚ ਕੇ ਤਿੰਨ ਸਹਿਜ ਪਾਠਾਂ ਦੇ ਭੋਗ ਪਾਉਣ ਦਾ ਪ੍ਰੋਗਰਾਮ ਬਣਾਇਆ। ਦਿਨੇ ਉਹ ਸਮਾਗਮ ਦੀ ਤਿਆਰੀ ਵਿੱਚ ਰੁੱਝੇ ਰਹੇ ਅਤੇ ਤੀਜੇ ਸਹਿਜ ਪਾਠ ਦੇ ਭੋਗ ਪਾਉਣ ਵਾਸਤੇ ਤਕਰੀਬਨ 100 ਤੋਂ ਜ਼ਿਆਦਾ ਅੰਗਾਂ ਦਾ


www.AKJ.Org

ਪਾਠ ਅਜੇ ਰਹਿੰਦਾ ਸੀ ਜੋ ਉਹ ਦਿਨੇ ਨਾ ਕਰ ਸਕਣ ਕਰਕੇ ਪਾਠ ਦੀ ਸੰਪੂਰਨਤਾ ਲਈ ਅੱਧੀ ਰਾਤ ਤਾਈਂ ਪਾਠ ਕਰਦੇ ਰਹੇ। ਫਿਰ ਨੀਂਦ ਨੇ ਜ਼ੋਰ ਪਾਇਆ ਤੇ ਅੱਖਾਂ ਦੀਆਂ ਪਲਕਾਂ ਨੂੰ ਦੋਹਾਂ ਹੱਥਾਂ ਨਾਲ ਫੜ ਕੇ ਪਾਠ ਜਾਰੀ ਰੱਖਿਆ। ਆਪ ਜੀ ਨੂੰ ਅੰਤਰ ਆਤਮੇ ਵਾਇਰ ਲੈੱਸ ਪਹੁੰਚ ਗਈ। ਅੰਮ੍ਰਿਤ ਵੇਲੇ ਦੇ ਨਿਤਨੇਮ ਕਰਕੇ ਦੋ ਵਜੇ ਉਨ੍ਹਾਂ ਦੇ ਗ੍ਰਿਹ ਪਹੁੰਚ ਕੇ ਉਨ੍ਹਾਂ ਨੂੰ ਪਾਠ ਤੋਂ ਉਠਾਇਆ ਤੇ ਕਿਹਾ ਕਿ ਗੁਰਸਿਖਾਂ ਨੂੰ ਹੱਠ ਨਹੀਂ ਕਰਨਾ ਚਾਹੀਦਾ। ਆਪਣੀ ਆਤਮਿਕ ਅਵਸਥਾ ਅਨੁਸਾਰ ਸਹਿਜ ਵਿਚ ਹੀ ਵਿਚਰਨਾ ਚਾਹੀਦਾ ਹੈ। ਆਪ ਜੀ ਆਪਣੀ ਆਤਮਿਕ ਅਵਸਥਾ ਅਤੇ ਅਖੰਡ ਪਾਠਾਂ ਦੀ ਸੇਵਾ ਨੂੰ ਹਮੇਸ਼ਾਂ ਗੁਪਤ ਹੀ ਰਖਦੇ ਸਨ। ਹਰ ਮਹੀਨੇ ਇਕ ਸਹਿਜ ਪਾਠ ਦੀ ਸੇਵਾ ਕਰਕੇ ਹਰ ਸੰਗਰਾਂਦ ਵਾਲੇ ਦਿਨ ਭੋਗ ਪਾਉਂਦੇ ਸਨ। ਇਸ ਗੁਰਮੁਖ ਦੰਪਤੀ ਦੇ ਚੜ੍ਹਾਈ ਕਰਨ ਤੋਂ ਬਾਅਦ ਉਨ੍ਹਾਂ ਦੀ ਨੂੰਹ ਬੀਬੀ ਸਰਬਜੀਤ ਕੌਰ ਹੁਣ ਸੇਵਾ ਨਿਬਾਹ ਰਹੀ ਹੈ। ਆਪ ਜੀ ਦੀ ਸਿਹਤ ਕਮਜੋਰ ਹੋਣ ਤੇ ਜਦੋਂ ਆਪ ਸੰਗਤ ਵਿਚ ਜਾਣ ਤੋਂ ਅਸਮਰਥ ਹੋ ਗਏ ਤਾਂ ਆਪ ਜੀ ਨਾਲ ਸਨੇਹ ਰਖਣ ਵਾਲੇ ਕੁਝ ਸ੍ਰੀ ਅੰਮ੍ਰਿਤਸਰ ਨਿਵਾਸੀ ਸਿੰਘ ਅਤੇ ਬੀਬੀਆਂ ਹਰ ਮਹੀਨੇ ਸੰਗਰਾਂਦ ਵਾਲੇ ਦਿਨ ਆਪ ਜੀ ਦੇ ਗ੍ਰਿਹ ਜਾ ਕੇ ਅੰਮ੍ਰਿਤ ਵੇਲੇ 2 ਵਜੇ ਤੋਂ 5 ਵਜੇ ਤੱਕ ਸ੍ਰੀ ਆਸਾ ਦੀ ਵਾਰ ਦੇ ਕੀਰਤਨ ਦੀ ਸੇਵਾ ਵੀ ਕਰਦੇ ਰਹੇ ਹਨ ਅਤੇ ਇਹ ਸੇਵਾ ਆਪ ਜੀ ਅਤੇ ਬੀਬੀ ਜੀ ਦੇ ਚੜ੍ਹਾਈ ਕਰਨ ਤੋਂ ਬਾਅਦ ਵੀ ਉਨ੍ਹਾਂ ਦੇ ਪ੍ਰੀਵਾਰਕ ਮੈਂਬਰਾਂ ਦੇ ਸਹਿਯੋਗ ਨਾਲ ਹੁਣ ਤਾਈ ਜਾਰੀ ਰਹੀ ਹੈ। ਹਰ ਸਾਲ ਉਨ੍ਹਾਂ ਦੀ ਮਿੱਠੀ ਯਾਦ ਅੰਦਰ ਪ੍ਰੀਵਾਰ ਵਲੋਂ ਸੰਗਤਾਂ ਨੂੰ ਸੱਦੇ ਭੇਜ ਕੇ ਸ੍ਰੀ ਅਖੰਡ ਪਾਠ ਅਤੇ ਕੀਰਤਨ ਸਮਾਗਮ ਕਰਵਾਏ ਜਾਂਦੇ ਹਨ। ਜਿਥੇ ਬੀਬੀ ਜੀ ਕੀਰਤਨ ਦੀ ਸੇਵਾ ਪ੍ਰੇਮ ਬੈਰਾਗ ਅਤੇ ਰੰਗਾਂ ਵਿਚ ਕਰਦੇ ਸਨ ਉਥੇ ਆਪ ਜੀ ਲੋੜ ਪੈਣ ਤੇ ਤਬਲੇ ਦੀ ਸੇਵਾ ਅਤੇ ਕੀਰਤਨ ਵੀ ਕਰ ਲੈਂਦੇ ਸਨ। ਇਹ ਦੰਪਤੀ ਜਿੱਥੇ ਇਕੱਲੇ ਹੀ ਆਪਣੇ ਗ੍ਰਿਹ ਵਿਖੇ ਸ੍ਰੀ ਅਖੰਡ ਪਾਠਾਂ ਦੇ ਪ੍ਰਵਾਹ ਚਲਾਉਂਦੇ ਰਹੇ ਉੱਥੇ ਸ੍ਰੀ ਅਖੰਡ ਪਾਠ ਦੇ ਆਰੰਭ ਅਤੇ ਭੋਗ ਸਮੇਂ ਸ੍ਰੀ ਆਸਾ ਦੀ ਵਾਰ ਦੇ ਕੀਰਤਨ ਕਰਕੇ, ਨਾਮ ਬਾਣੀ ਦੇ ਲਾਹੇ ਲੈਂਦੇ ਰਹੇ ਹਨ। ਆਪ ਜੀ ਦਸਦੇ ਸਨ ਕਿ ਬਾਊ ਜੀ ਕਿਹਾ ਕਰਦੇ ਸਨ ਕਿ ਸ੍ਰੀ ਅਖੰਡ ਪਾਠ ਦੇ ਆਰੰਭ ਅਤੇ ਭੋਗ ਸਮੇਂ ਸ੍ਰੀ ਆਸਾ ਦੀ ਵਾਰ ਦਾ ਪੂਰਾ ਕੀਰਤਨ ਕਰਨਾ ਚਾਹੀਦਾ ਹੈ ਭਾਵੇਂ ਕਿ ਸਮਾਂ ਥੋੜਾ ਹੋਣ ਕਰਕੇ ਇਕੱਲੇ ਛੱਕਿਆ ਸਲੋਕਾਂ ਅਤੇ ਪਉੜੀਆਂ ਦਾ ਚਲੰਤ ਕੀਰਤਨ ਹੀ ਕਰ ਲਿਆ ਜਾਵੇ।

ਅੰਬਾਲੇ ਤੋਂ ਆਪ ਜੀ ਦੀ ਬਦਲੀ ਦਿੱਲੀ ਪਾਲਮਪੁਰ ਏਅਰ ਫੋਰਸ ਸਟੇਸ਼ਨ ਤੇ ਹੋ ਗਈ। ਬਾਊ ਜੀ ਦੀਆਂ ਫੇਰੀਆਂ ਆਪ ਦੇ ਗ੍ਰਿਹ ਪੈਣੀਆਂ ਸ਼ੁਰੂ ਹੋ ਗਈਆਂ। ਬਾਊ ਜੀ ਆਗਰੇ ਅਤੇ ਦਿੱਲੀ ਆਪਣੇ ਸਪੁੱਤਰਾਂ/ਸਪੁੱਤਰੀਆਂ ਕੋਲ ਠਹਿਰਨ ਦੀ ਬਜਾਏ ਆਪ ਜੀ ਕੋਲ 2–3 ਮਹੀਨੇ ਆ ਕੇ ਰੁਕਣ ਲਗ ਪਏ ਤੇ ਨਾਮ ਬਾਣੀ ਦੇ ਖ਼ੂਬ ਲਾਹੇ ਲੈਂਦੇ ਸਨ। ਬਾਊ ਜੀ ਦੇ ਆਉਣ ਕਰਕੇ ਦਿੱਲੀ ਦੀਆਂ ਸੰਗਤਾਂ ਵੀ ਆਪ ਦੇ ਗ੍ਰਿਹ ਆ ਕੇ ਜੁੜਦੀਆਂ ਰਹੀਆਂ ਅਤੇ ਕਈ ਵਾਰ ਹਫ਼ਤਾਵਾਰੀ ਸਮਾਗਮ ਵੀ ਆਪ ਜੀ ਦੇ ਗ੍ਰਿਹ ਹੀ ਹੁੰਦੇ। ਇਸ ਤਰ੍ਹਾਂ ਆਪ ਜੀ ਦਾ ਦਿੱਲੀ ਦੇ ਪੁਰਾਤਨ ਗੁਰਸਿੱਖਾਂ ਨਾਲ ਪਿਆਰ ਵੀ ਪੈ ਗਿਆ। ਇਨ੍ਹਾਂ ਵਿਚੋਂ ਮਾਸਟਰ ਹਰਬੰਸ ਸਿੰਘ ਜੀ, ਭਾਈ ਦਰਸ਼ਨ ਸਿੰਘ ਭਰਾ ਜੀ, ਭਾਈ ਜੋਧ ਸਿੰਘ ਜੀ, ਭਾਈ ਸੰਤੋਖ ਸਿੰਘ ਜੀ, ਭਾਈ ਹਰਬੰਸ ਸਿੰਘ ਜੀ ਨਿਰਮਾਣ, ਡਾਕਟਰ ਦਲਬੀਰ ਸਿਘ ਜੀ, ਭਾਈ ਪ੍ਰੀਤ ਸਿੰਘ ਜੀ ਆਦਿ ਨਾਮ ਵਰਣਨ ਯੋਗ ਹਨ। ਇਸ ਸਮੇਂ ਭਾਈ ਪ੍ਰੀਤ ਸਿੰਘ ਜੀ ਨੇ ਅਜੇ ਨਵਾਂ ਨਵਾਂ ਅੰਮ੍ਰਿਤ ਛਕਿਆ ਸੀ ਅਤੇ ਸਰਬ ਲੋਹ ਰਹਿਤ ਧਾਰਨ ਕਰ ਲਈ ਸੀ। ਇਕ ਵਾਰ ਆਪ ਜੀ ਦੇ ਗ੍ਰਿਹ ਵਿਖੇ ਹੀ ਹਫ਼ਤਾਵਾਰੀ ਕੀਰਤਨ ਹੀ ਸੀ। ਨੇੜੇ ਕੋਈ ਖੂਹੀ, ਟਿਊਬਵੈੱਲ/ਚਸ਼ਮਾ ਨਾ ਹੋਣ ਕਰਕੇ ਸਰਕਾਰੀ ਪਾਣੀ ਦੇ ਸਪਲਾਈ ਵਾਲੀ ਪਿੱਤਲ ਦੀ ਟੂਟੀ ਬਦਲ ਕੇ ਲੋਹੇ ਦੀਆਂ ਟੂਟੀਆਂ ਲਾ ਕੇ ਲੰਗਰ/ਦੇਗ ਵਾਸਤੇ ਜਲ ਵਰਤ ਲਿਆ ਗਿਆ। ਲੰਗਰ ਛਕਣ ਤੋਂ ਬਾਅਦ ਜਦ ਭਾਈ ਪ੍ਰੀਤ ਸਿੰਘ ਜੀ ਨੂੰ ਪਤਾ ਲੱਗਾ ਕਿ ਲੰਗਰ ਵਾਸਤੇ ਜਲ ਸਰਬ ਲੋਹ ਦਾ ਨਹੀਂ ਵਰਤਿਆ ਗਿਆ ਤਾਂ ਉਨ੍ਹਾਂ ਕਾਫੀ ਨਰਾਜ਼ਗੀ ਜਾਹਰ ਕੀਤੀ। ਆਪ ਜੀ ਨੇ ਸਹਿਜੇ ਹੀ ਬਚਨ ਕੀਤਾ ਕਿ ਜੇ ਤੇਰੀ ਬਦਲੀ ਨਾਰਥ ਈਸਟ (NEFA) ਵਿਚ ਹੋ ਜਾਏ ਜਿਥੇ ਧਰਤੀ ਹੇਠਾਂ ਜਲ ਹੀ ਨਹੀਂ ਮਿਲਦਾ ਤਾਂ ਫਿਰ ਕੀ ਕਰੇਂਗਾ? ਉਹ ਵੀ ਏਅਰ ਫੋਰਸ



www.AKJ.Org

ਵਿਚ ਹੀ ਨੌਕਰੀ ਕਰਦੇ ਸਨ। ਸਮਾਗਮ ਦੀ ਸਮਾਪਤੀ ਬਾਅਦ ਜਦ ਉਹ ਘਰ ਪਹੁੰਚੇ ਤਾਂ ਅਗੋਂ ਉਨ੍ਹਾਂ ਦੀ ਬਦਲੀ ਬੰਗਲੌਰ ਵਿਚ ਹੋਣ ਦੇ ਹੁਕਮ ਆਏ ਪਏ ਸਨ ਜਿੱਥੇ ਧਰਤੀ ਹੇਠ ਪਾਣੀ ਦੂਰ ਹੋਣ ਕਰਕੇ ਪਾਣੀ ਦੀ ਕਾਫੀ ਕਿੱਲਤ ਸੀ। ਉਹ ਇਕਦਮ ਦੁਹਾਈ ਪਾਉਂਦਾ ਵਾਪਿਸ ਆ ਗਿਆ ਕਿ ਮੈਨੂੰ ਬਖਸ਼ ਲਓ, ਮੈਨੂੰ ਬਖਸ਼ ਲਓ, ਆਪ ਦਾ ਕਿਹਾ ਬਚਨ ਸਤ ਹੋ ਗਿਆ ਹੈ। ਆਪ ਜੀ ਨੇ ਕਿਹਾ ਕਿ ਭਾਣੇ ਵਿਚ ਰਹੋ, ਜੋ ਗੁਰੂ ਸਾਹਿਬ ਨੇ ਕੀਤਾ ਹੈ ਉਹ ਚੰਗਾ ਤੇ ਤੇਰੇ ਭਲੇ ਲਈ ਹੀ ਹੈ।

1965 ਵਿਚ ਆਪ ਜੀ ਨੂੰ ਡੈਪੂਟੇਸ਼ਨ ਤੇ ਹਿੰਦੁਸਤਾਨ ਐਰੋਨੋਟਿਕਸ ਲਿਮਟਿਡ ਵਿਚ ਭੇਜ ਦਿੱਤਾ ਗਿਆ ਤੇ ਬਦਲੀ ਕਾਨਪੁਰ ਹੋ ਗਈ। ਕਾਨਪੁਰ, ਉਸ ਵੇਲੇ ਜਥੇ ਦੇ ਪੁਰਾਤਨ ਸਿੰਘਾਂ ਦਾ ਗੜ੍ਹ ਸੀ। ਆਪ ਜੀ ਦੇ ਉਥੇ ਜਾਣ ਨਾਲ ਹੋਰ ਵੀ ਰੰਗ ਬੱਝਣੇ ਸ਼ੁਰੂ ਹੋ ਗਏ। ਬਾਊ ਜੀ ਦੀਆਂ ਫੇਰੀਆਂ ਵੀ ਉਥੇ ਪੈਣ ਲੱਗ ਪਈਆਂ। ਜਿਥੇ ਆਪ ਸੰਗਤਾਂ ਵਿਚ ਵਿਚਰ ਕੇ ਸ੍ਰੀ ਅਖੰਡ ਪਾਠਾਂ, ਦਿਵਸ ਸੁਹੇਲੇ, ਰੈਣ ਸਬਾਈ ਕੀਰਤਨ ਅਤੇ ਅੰਮ੍ਰਿਤ ਸੰਚਾਰ ਦੇ ਪ੍ਰਵਾਹ ਚਲਾਉਂਦੇ ਰਹੇ ਉਥੇ ਗੁਪਤ ਤੌਰ ਤੇ ਅਨੇਕਾਂ ਅਖੰਡ ਪਾਠ ਵੀ ਕੀਤੇ। ਉਸ ਵੇਲੇ ਕਾਨਪੁਰ ਦੇ ਸਿੰਘਾਂ ਦਾ ਆਪਸੀ ਪਿਆਰ ਆਪਣੇ ਆਪ ਵਿਚ ਹੀ ਇਕ ਮਿਸਾਲ ਸੀ, ਜੋ ਬਾਹਰ ਹੋਰ ਕਿਤੇ ਘਟ ਹੀ ਮਿਲਦੀ ਸੀ। ਆਪ ਜੀ ਨੇ ਕਾਨਪੁਰ ਵਿਚ ਨੌਂ ਸਾਲ ਨਿਵਾਸ ਰੱਖਿਆ ਜੋ ਕਿ ਤਾਅ ਜ਼ਿੰਦਗੀ ਨਾ ਭੁੱਲਣ ਵਾਲਾ ਸੀ। ਜਦੋਂ ਆਪ ਸੇਵਾ ਮੁਕਤ ਹੋਏ ਤਾਂ ਕਾਨਪੁਰ ਦੀਆਂ ਸਾਰੀਆਂ ਸੰਗਤਾਂ ਕੀ ਬੱਚਾ, ਕੀ ਬੁੱਢਾ ਸਭ ਆਪ ਨੂੰ ਵਿਦਾਇਗੀ ਦੇਣ ਲਈ ਆਪ ਜੀ ਦੇ ਘਰ ਪੁੱਜ ਗਏ। ਜਦੋਂ ਆਪ ਜੀ ਕਾਰ ਰਾਹੀਂ ਰਵਾਨਾ ਹੋਏ ਤਾਂ ਸਾਰੀਆਂ ਸੰਗਤਾਂ ਜਲੂਸ ਦੀ ਸ਼ਕਲ ਵਿਚ ਕਈ ਮੀਲ ਤੱਕ ਆਪ ਦੇ ਪਿੱਛੇ ਆਈਆਂ। ਉਹ ਨਜ਼ਾਰਾ ਦੇਖਣ ਵਾਲਾ ਸੀ। ਅਖੀਰ ਆਪ ਨੇ ਕਾਰ ਵਿਚੋਂ ਉਤਰ ਕੇ ਸੰਗਤਾਂ ਨੂੰ ਡੰਡਉਤ ਕਰਕੇ ਬੇਨਤੀ ਕੀਤੀ ਕਿ ਦਾਸ ਆਪ ਦੇ ਪਿਆਰ ਦਾ ਰਿਣੀ ਹੈ। ਹੁਣ ਜ਼ਿਆਦਾ ਭਾਰ ਦਾਸ ਉਪਰ ਨਾ ਪਾਓ। ਫਿਰ ਤਰਲੇ ਮਿੰਨਤਾਂ ਕਰਕੇ ਸੰਗਤਾਂ ਨੂੰ ਵਾਪਿਸ ਭੇਜਿਆ ਤੇ ਆਪ ਜੀ ਨੇ ਸ੍ਰੀ ਅੰਮ੍ਰਿਤਸਰ ਨੂੰ ਅੱਗੇ ਚਾਲੇ ਪਾਏ।

ਆਪ ਜੀ ਬਹੁਤ ਮਿਠ ਬੋਲੜੇ ਸਨ ਤੇ ਆਮ ਤੌਰ ਤੇ ਬਚਨ ਵੀ ਘੱਟ ਹੀ ਕਰਦੇ ਸਨ। ਹਮੇਸ਼ਾ ਗੰਭੀਰ ਰਹਿੰਦੇ ਅਤੇ ਅੰਦਰੋਂ ਅੰਦਰੀ ਨਾਮ ਦਾ ਖੰਡਾ ਖੜਕਾਉਂਦੇ ਨਾਮ ਬਾਣੀ ਨਾਲ ਹੀ ਜੁੜੇ ਰਹਿੰਦੇ ਸਨ। ਘਰ ਆਏ ਹਰ ਛੋਟੇ ਵੱਡੇ ਗੁਰਸਿਖ ਦਾ ਸਤਿਕਾਰ ਕਰਦੇ ਅਤੇ ਘਰ ਦੇ ਗੇਟ ਤਾਈ ਛੱਡਣ ਆਉਂਦੇ ਸਨ। ਉਹ ਗੁਰਸਿੱਖਾਂ ਦਾ ਇਤਨਾ ਸਤਿਕਾਰ ਕਰਦੇ ਸਨ ਕਿ ਜੇ ਕੋਈ ਵੀ ਗੱਲ ਉਨ੍ਹਾਂ ਨੂੰ ਕਹਿੰਦਾ ਤਾਂ ਉਸ ਨੂੰ ਆਪਣੇ ਨਾਲੋਂ ਸਿਆਣਾ ਸਮਝ ਕੇ ਉਸ ਦੀ ਗਲ ਮੰਨ ਲੈਂਦੇ। ਖਾਸ ਕਰ ਪੰਜਾ ਸਿੰਘਾਂ ਨੂੰ ਤਾਂ ਉਹ ਰੱਬ ਦਾ ਰੂਪ ਹੀ ਮੰਨਦੇ ਸਨ। ਕਈ ਵਾਰੀ ਕਈ ਲੋਕ ਉਨ੍ਹਾਂ ਦੀ ਇਸ ਨਿਮਰਤਾ ਅਤੇ ਸਤਿਕਾਰ ਕਰਨ ਦਾ ਨਜਾਇਜ ਫਾਇਦਾ ਵੀ ਉਠਾ ਲੈਂਦੇ ਸਨ।

ਉਨ੍ਹਾਂ ਨੇ ਆਪਣੀ ਸਾਰੀ ਨੌਕਰੀ ਬਹੁਤ ਕੁਸ਼ਲਤਾ, ਈਮਾਨਦਾਰੀ, ਦਿਆਨਤਦਾਰੀ ਅਤੇ ਡਿੱਸਪਲਿਨ ਵਿਚ ਰਹਿ ਕੇ ਨਿਭਾਈ। ਕਿਸੇ ਬੁਰੇ ਦਾ ਵੀ ਭਲਾ ਕਰ ਦਿੰਦੇ ਸਨ ਤੇ ਕਿਸੇ ਦੀ ਸਿਫਾਰਿਸ਼ ਕਰਨ ਤੋਂ ਵੀ ਗੁਰੇਜ਼ ਹੀ ਕਰਦੇ ਸਨ। ਉਹ ਹਮੇਸ਼ਾ ਭਾਣੇ ਵਿਚ ਹੀ ਰਹਿਣ ਦੀ ਕੋਸ਼ਿਸ਼ ਕਰਦੇ ਸਨ। ਨੌਕਰੀ ਕਰਦਿਆਂ ਵੀ ਆਪਣੀ ਬਿਬੇਕ ਰਹਿਤ ਨਿਭਾਉਂਦੇ ਰਹੇ ਤੇ ਨੜੀਮਾਰ, ਕੁੜੀਮਾਰ, ਸਿਰ-ਗੁੰਮ ਤੇ ਬੇ ਅੰਮ੍ਰਿਤੀਆਂ ਦੇ ਹੱਥ ਦਾ ਖਾਣਾ ਨਹੀਂ ਸੀ ਖਾਂਦੇ। ਇਸ ਕਰਕੇ ਆਪਣੀ ਸਿੰਘਣੀ ਨੂੰ ਹਮੇਸ਼ਾ ਨਾਲ ਹੀ ਰੱਖਦੇ ਰਹੇ ਤਾਂ ਕਿ ਪ੍ਰਸ਼ਾਦੇ ਆਦਿ ਦੀ ਮੁਸ਼ਕਲ ਨਾ ਆਵੇ।

ਆਪ ਬੜੇ ਰਹਿਮ ਕਰਨ ਵਾਲੇ ਅਤੇ ਨਰਮ ਦਿਲ ਸਨ। ਇਕ ਵਾਰੀ ਆਪ ਦੇ ਮਹਿਕਮੇ ਦੇ ਬੰਗਾਲੀ ਕਰਮਚਾਰੀ ਨੇ ਹੇਰਾ ਫੇਰੀ ਕੀਤੀ ਤੇ ਉਸ ਦੀ ਪੜਤਾਲ ਦੀ ਜਿੰਮੇਵਾਰੀ ਆਪ ਦੀ ਲੱਗੀ। ਉਹ ਕਰਮਚਾਰੀ ਆਪ ਜੀ ਦੇ ਘਰ ਆ ਕੇ ਪੈਰੀਂ ਪੈ ਗਿਆ ਅਤੇ ਆਪਣੀ ਗਲਤੀ ਦਾ ਅਹਿਸਾਸ ਕਰਕੇ ਮੁਆਫੀ ਮੰਗਣ ਲੱਗ ਪਿਆ। ਆਪ ਜੀ ਨੇ ਉਸ ਦੇ ਪ੍ਰੀਵਾਰ ਉੱਪਰ ਆਉਣ ਵਾਲੀਆਂ ਮੁਸ਼ਕਲਾਂ ਨੂੰ ਮੁੱਖ ਰੱਖ ਕੇ, ਉਸ ਦਾ ਭਲਾ ਕਰਦੇ ਹੋਏ, ਪੜਤਾਲ ਰਿਪੋਰਟ ਉਸ ਦੇ ਹੱਕ ਵਿਚ ਦੇ ਕੇ ਉਸ ਦੀ ਰੋਜ਼ੀ ਰੋਟੀ ਬਚਾ ਦਿੱਤੀ। ਇਸੇ ਤਰ੍ਹਾਂ, ਇਕ ਵਾਰ ਆਪ ਜੀ ਨੂੰ ਕਿਸੇ ਗੁਰਮੁਖ ਨੇ ਆਪ ਦੇ ਮਹਿਕਮੇ ਵਿਚ


www.AKJ.Org

ਨੌਕਰੀ ਲੱਗਣ ਲਈ, ਕਿਸੇ ਨੌਜਵਾਨ ਬੱਚੇ ਦੀ ਇੰਟਰਵਿਊ ਸਮੇਂ ਸਹਾਇਤਾ ਕਰਨ ਦੀ ਸਿਫਾਰਸ਼ ਕੀਤੀ। ਕਿਉਂਕਿ ਆਪ ਜੀ ਹਮੇਸ਼ਾਂ ਭਾਣੇ ਵਿਚ ਰਹਿਣ ਦੇ ਮੁਦੱਈ ਸਨ ਤੇ ਕਿਸੇ ਯੋਗ ਬੱਚੇ ਦਾ ਹੱਕ ਵੀ ਨਹੀਂ ਸੀ ਮਾਰਨਾ ਚਾਹੁੰਦੇ। ਇਸ ਲਈ ਆਪ ਜੀ ਨੇ ਉਹ ਸਿਫਾਰਿਸ਼ ਕਰਨ ਤੋਂ ਗੁਰੇਜ਼ ਕੀਤਾ ਅਤੇ ਯੋਗਤਾ ਦੇ ਆਧਾਰ ਤੇ ਹੀ ਫੈਸਲਾ ਕੀਤਾ। ਮਗਰੋਂ ਪਤਾ ਲੱਗਾ ਹੈ ਕਿ ਉਸ ਨੌਜਵਾਨ ਬੱਚੇ ਦੀ ਆਪ ਦੇ ਮਹਿਕਮੇ ਵਿਚ ਨੌਕਰੀ ਨਾ ਲਗਣ ਕਰਕੇ, ਉਸ ਦਾ ਭਲਾ ਹੀ ਹੋਇਆ ਅਤੇ ਉਸ ਨੂੰ ਕਿਸੇ ਹੋਰ ਮਹਿਕਮੇ ਵਿਚ ਇਸ ਤੋਂ ਚੰਗੀ ਨੌਕਰੀ ਮਿਲ ਗਈ।

ਮਾਰਚ 1974 ਵਿਚ ਸੇਵਾ ਮੁਕਤ ਹੋਣ ਤੋਂ ਪਹਿਲਾਂ, ਆਪ ਨੇ ਸ੍ਰੀ ਅੰਮ੍ਰਿਤਸਰ ਰਾਣੀ ਕੇ ਬਾਗ ਕਲੋਨੀ ਇਕ ਪਲਾਟ ਲੈ ਕੇ ਰਿਹਾਇਸ਼ੀ ਮਕਾਨ ਉਸਾਰ ਲਿਆ ਸੀ। ਸੇਵਾ ਮੁਕਤੀ ਤੋਂ ਬਾਅਦ ਆਪ ਜੀ ਨੇ ਸਾਰਾ ਜੀਵਨ ਗੁਰੂ ਲੇਖੇ ਲਾਉਣਾ ਸ਼ੁਰੂ ਕਰ ਦਿੱਤਾ। ਗੁਪਤ ਸ੍ਰੀ ਅਖੰਡ ਪਾਠਾਂ ਦੀ ਸੇਵਾ ਦੇ ਨਾਲ ਸਹਿਜ ਪਾਠ, ਲੋਕਲ ਹਫਤਾਵਾਰੀ ਅਤੇ ਕੇਂਦਰੀ ਸਮਾਗਮਾਂ ਦੀ ਹਾਜਰੀ ਭਰਨੀ ਸ਼ੁਰੂ ਕਰ ਦਿੱਤੀ। ਬਹੁਤ ਜਲਦੀ ਹੀ ਆਪ ਸੰਗਤਾਂ ਵਿਚ ਹਰਮਨ ਪਿਆਰੇ ਹੋ ਗਏ। ਹੁਣ ਬਾਊ ਜੀ ਦੀਆਂ, ਤਰਨ ਤਾਰਨ ਤੋਂ ਆਪ ਜੀ ਦੇ ਗ੍ਰਹਿ ਫੇਰੀਆਂ ਅਕਸਰ ਹੋਣ ਲੱਗ ਪਈਆਂ। ਸ੍ਰੀ ਬਾਊ ਜੀ ਨੂੰ ਨੇੜੇ ਤੇੜੇ ਸਮਾਗਮ ਵਿਚ ਆਪਣੀ ਕਾਰ ਰਾਹੀਂ ਲਿਜਾਣ ਆਉਣ ਦੀ ਸੇਵਾ ਵੀ ਨਿਭਾਉਂਦੇ ਰਹੇ। ਸ੍ਰੀ ਅੰਮ੍ਰਿਤਸਰ ਵਿਖੇ ਜਦ ਵੀ ਆਪ ਜੀ ਦੇ ਗ੍ਰਹਿ ਸ੍ਰੀ ਅਖੰਡ ਪਾਠ ਅਤੇ ਕੀਰਤਨ ਸਮਾਗਮ ਹੋਣਾ ਹੁੰਦਾ ਤਾਂ ਸ੍ਰੀ ਅੰਮ੍ਰਿਤਸਰ ਨਿਵਾਸੀ ਹਰ ਛੋਟੇ ਵੱਡੇ ਗੁਰਸਿੱਖ ਦੇ ਘਰ ਜਾ ਕੇ, ਸਿੰਘਣੀ ਸਮੇਤ ਖੁਦ ਚਲ ਕੇ ਸਮਾਗਮ ਦੀ ਹਾਜ਼ਰੀ ਭਰਨ ਲਈ ਬੇਨਤੀ ਕਰਕੇ ਆਉਂਦੇ ਸਨ ਜੋ ਕਿ ਆਪ ਅੰਦਰ ਵਰਤ ਰਹੀ ਨਿਰਮਾਣਤਾ ਦਾ ਨਮੂਨਾ ਸੀ। ਆਪ ਜੀ ਦੇ ਗ੍ਰਹਿ ਵਿਖੇ ਹੋਣ ਵਾਲੇ ਸਮਾਗਮ ਦੀ ਇਹ ਵਿਸ਼ੇਸ਼ਤਾ ਸੀ ਕਿ ਬੀਬੀ ਜੀ ਨੇ ਅੰਮ੍ਰਿਤ ਵੇਲੇ ਉੱਠ ਕੇ 6 ਵਜੇ ਕੀਰਤਨ ਦੀ ਅਰੰਭਤਾ ਤੋਂ ਪਹਿਲਾਂ ਹੀ, ਦੇਗ ਅਤੇ ਸ਼ਬਜੀ-ਭਾਜੀ, ਦਾਲਾ ਤੇ ਨਾਲ ਮਿੱਠੇ ਚੌਲ ਸਜਾ ਦੇਣੇ, ਸਿਰਫ ਪ੍ਰਸ਼ਾਦੇ ਹੀ ਬੀਬੀਆਂ ਆ ਕੇ ਲਾਹੁੰਦੀਆਂ ਸਨ। ਇਸ ਤਰ੍ਹਾਂ ਭੋਗ ਵਾਲੇ ਦਿਨ, ਸਾਰੀ ਸੰਗਤ ਦਾ ਲੰਗਰ ਬੀਬੀ ਜੀ ਨੇ ਇਕ ਦੋ ਸਿੰਘਾਂ ਦੀ ਮਦਦ ਨਾਲ ਤਿਆਰ ਕਰ ਲੈਣਾ। ਆਪ ਜੀ ਦਾ ਵੀਚਾਰ ਸੀ ਕਿ ਦੇਗ ਹਮੇਸ਼ਾ ਕੀਰਤਨ ਸਮਾਗਮ ਦੇ ਆਰੰਭ ਤੇ ਪਹੁੰਚਣੀ ਚਾਹੀਦੀ ਹੈ ਤਾਂ ਹੀ ਉਹ ਨਾਮ ਬਾਣੀ ਦੇ ਪ੍ਰਵਾਹ ਨਾਲ ਅੰਮ੍ਰਿਤ ਦੇਗ ਬਣੇ। ਮਾਰਚ 1973 ਵਿਚ ਸੂਰਾ ਮਾਸਿਕ ਪੱਤਰ ਦੀ ਸੇਵਾ ਸ੍ਰੀ ਬਾਊ ਜੀ ਵਲੋਂ ਸ੍ਰੀ ਅੰਮ੍ਰਿਤਸਰ ਦੀ ਸੰਗਤ ਨੂੰ ਭਾਈ ਸੇਵਾ ਸਿੰਘ ਜੀ ਰਾਹੀਂ ਸੌਂਪਣ ਤੋਂ ਬਾਅਦ, ਆਪ ਜੀ ਨੇ ਗੁਰਮਤਿ ਦੇ ਵੱਖ-ਵੱਖ ਵਿਸ਼ਿਆਂ ਉਪਰ ਸੈਂਕੜੇ ਹੀ ਲੇਖ ਲਿਖੇ। ਬਾਅਦ ਵਿਚ ਲੜੀਦਾਰ ਸਰੂਪ ਸਬੰਧੀ ਆਪਣੇ ਲੇਖਾਂ ਨੂੰ ਟਰੈਕਟ ਦੇ ਰੂਪ ਵਿਚ ਛਾਪਿਆ ਜੋ ਕਿ ਲੱਖਾਂ ਦੀ ਗਿਣਤੀ ਵਿਚ ਹੁਣ ਤਾਈ ਸੰਗਤਾਂ ਦੇ ਹੱਥ ਵਿਚ ਪਹੁੰਚ ਚੁੱਕਿਆ ਹੈ। ਇਸ ਤੋਂ ਇਲਾਵਾ ਜੇਲ ਚਿੱਠੀਆਂ ਵਿਚ ਛਪੇ ਭਾਈ ਸਾਹਿਬ ਜੀ ਦੇ ਲਿਖੇ ਲੇਖ "ਕੇਸਾਂ ਨੂੰ ਰੱਖਣਾ ਕਿਉਂ ਜ਼ਰੂਰੀ ਹੈ?" ਦਾ ਆਪ ਜੀ ਨੇ ਅੰਗਰੇਜ਼ੀ ਅਨੁਵਾਦ ਕਰਕੇ Hair a Divine Gift ਨਾਂ ਦਾ ਟਰੈਕਟ ਵੀ ਤਿਆਰ ਕੀਤਾ, ਜੋ ਸੂਰੇ ਮਾਸਿਕ ਪੱਤਰ ਵਲੋਂ ਛਾਪਿਆ ਗਿਆ ਸੀ। ਇਸ ਤੋਂ ਇਲਾਵਾ ਇਕ ਹੋਰ ਟਰੈਕਟਰ ਅੰਗਰੇਜ਼ੀ ਵਿਚ Dawn of Divine Wisdom ਵੀ ਲਿਖਿਆ ਅਤੇ ਛਪਵਾਇਆ। ਸ੍ਰੀ ਬਾਊ ਜੀ ਦੇ ਜੁਲਾਈ 1979 ਵਿਚ ਚੜਾਈ ਕਰ ਜਾਣ ਤੋਂ ਬਾਅਦ ਉਨ੍ਹਾਂ ਦੇ ਭਤੀਜੇ ਪ੍ਰੋ. ਠਾਕਰ ਸਿੰਘ ਜੀ ਵਲੋਂ ਬਾਊ ਜੀ ਦੇ ਜੀਵਨ ਸਬੰਧੀ ਲਿਖੀ ਪੁਸਤਕ "ਪੂਰਬ ਜਨਮ ਕੇ ਮਿਲੇ ਸੰਜੋਗੀ" ਦੀ ਤਿਆਰੀ ਵਿਚ ਵੀ ਆਪ ਜੀ ਨੇ ਆਪਣਾ ਯੋਗਦਾਨ ਪਾਇਆ।

13 ਅਪਰੈਲ 1978 ਦੀ ਵੈਸਾਖੀ ਨੂੰ ਨਕਲੀ ਨਿਰੰਕਾਰੀਆਂ ਦੇ ਪ੍ਰਪੰਚ ਵਿਰੁੱਧ ਰੋਸ ਵਿਖਾਵਾ ਕਰਨ ਗਏ, ਸਿੰਘਾਂ ਤੇ ਚੱਲੀ ਗੋਲੀ ਕਾਰਨ 13 ਸਿੰਘ ਸ਼ਹੀਦ ਤੇ 78 ਤੋਂ ਵੱਧ ਜ਼ਖਮੀ ਹੋ ਗਏ। ਇਸ ਕਾਂਡ ਵਿਚ ਜਥੇ ਨਾਲ ਸੰਬੰਧਤ ਸਿੰਘ ਜ਼ਿਆਦਾ ਸ਼ਹੀਦ ਹੋਣ ਅਤੇ ਜ਼ਖਮੀ ਹੋਣ ਕਾਰਨ, ਇਸ ਕਾਂਡ ਤੋਂ ਬਾਅਦ ਜਥੇ ਦੀ ਖਾਸ ਜਿੰਮੇਵਾਰੀ ਬਣ ਗਈ। ਸ੍ਰੀ ਬਾਊ ਜੀ ਦੀ ਬੁਢੇਪੇ ਅਤੇ ਸਰੀਰਕ ਕਮਜ਼ੋਰੀ ਕਾਰਨ ਜਥੇ ਨੂੰ ਇਕ ਮਜ਼ਬੂਤ ਮੁਖੀ ਦੀ ਲੋੜ ਮਹਿਸੂਸ ਕੀਤੀ ਗਈ ਜੋ



www.AKJ.Org

ਇਸ ਕਾਂਡ ਨਾਲ ਸਬੰਧਤ ਮੁੱਕਦਮੇ ਅਤੇ ਸ਼ਹੀਦ ਪ੍ਰੀਵਾਰਾਂ ਦੀ ਦੇਖ ਭਾਲ ਕਰ ਸਕੇ। ਉਸ ਸਮੇਂ ਪੈਦਾ ਹੋਏ ਹਾਲਤਾਂ ਕਾਰਨ ਜਥੇ ਦੇ ਸਾਰੇ ਸ਼ਹਿਰਾਂ/ਪ੍ਰਾਂਤਾਂ ਦੇ ਮੁਖੀਆਂ ਨੇ ਲੁਧਿਆਣੇ ਸ੍ਰੀ ਮਾਨ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਸੌ ਸਾਲਾ ਸ਼ਤਾਬਦੀ ਦੇ ਸਬੰਧ ਵਿਚ ਮਨਾਏ ਜਾ ਰਹੇ, ਜੁਲਾਈ 1978 ਦੇ ਸਮਾਗਮ ਸਮੇਂ, ਇਕੱਤਰ ਹੋ ਕੇ ਸਰਬ-ਸੰਮਤੀ ਨਾਲ ਆਪ ਜੀ ਨੂੰ ਜਥੇ ਦੇ ਮੁਖੀ ਦੀ ਸੇਵਾ ਸੌਂਪੀ। ਆਪ ਜੀ ਨੇ ਆਪਣੀ ਨਾਮ ਬਾਣੀ ਦੀ ਕਮਾਈ ਤੁਫੈਲ, ਜਿਥੇ ਅੰਮ੍ਰਿਤ ਸੰਚਾਰ ਦੀ ਸੇਵਾ ਅਤੇ ਜਥੇ ਦੇ ਕੇਂਦਰੀ ਕੀਰਤਨ ਸਮਾਗਮਾਂ ਦੀ ਅਗਵਾਈ ਸੁਚਾਰੂ ਢੰਗ ਨਾਲ ਕੀਤੀ, ਉਥੇ ਇਸ ਸ਼ਹੀਦੀ ਕਾਂਡ ਤੋਂ ਬਾਅਦ ਪੈਦਾ ਹੋਏ ਬਿਖੜੇ ਪੰਥਕ ਹਾਲਾਤਾਂ ਵਿਚ, ਜਥੇ ਦੇ ਮੁਖੀ ਦੀ ਜਿੰਮੇਵਾਰੀ ਨੂੰ ਬਾ-ਖੂਬੀ ਨਿਭਾਹਿਆ, ਭਾਵੇਂ ਕਿ ਆਪ ਜੀ ਅਤੇ ਆਪ ਦੇ ਪ੍ਰੀਵਾਰ ਨੂੰ ਕਈ ਵਾਰ ਪੁਲਸ ਦੀਆਂ ਜ਼ਿਆਦਤੀਆਂ ਦਾ ਸਾਹਮਣਾ ਵੀ ਕਰਨਾ ਪਿਆ। ਕਈ ਵਾਰ ਠਾਣਿਆਂ ਵਿਚ ਪੁੱਛ-ਗਿੱਛ ਦੇ ਬਹਾਨੇ ਲਿਜਾ ਕੇ ਜ਼ਲੀਲ ਕੀਤਾ ਜਾਂਦਾ ਰਿਹਾ ਅਤੇ ਜੇਲ ਯਾਤਰਾ ਵੀ ਕਰਨੀ ਪਈ। ਪੁਲਿਸ ਵਲੋਂ ਜੇਲ ਵਿਚ ਭੇਜਣ ਵੇਲੇ, ਅਕਸਰ ਰਹਿਤ ਬਹਿਤ ਖਾਸ ਕਰ ਸ੍ਰੀ ਸਾਹਿਬ ਦੇ ਮਸਲੇ ਸਬੰਧੀ ਪੁਲਿਸ ਅਤੇ ਜੇਲ ਅਧਿਕਾਰੀਆਂ ਨਾਲ ਤਿੱਖਾ ਤਤਕਾਰ ਹੁੰਦਾ ਰਿਹਾ, ਪਰ ਆਪ ਨੇ ਇਸ ਸਬੰਧੀ ਕੋਈ ਵੀ ਢਿੱਲ ਨਹੀਂ ਦਿਖਾਈ ਅਤੇ ਹਮੇਸ਼ਾ ਚੜ੍ਹਦੀ ਕਲਾ ਵਿਚ ਰਹੇ।

ਵੈਸਾਖੀ 1978 ਦਾ ਸ਼ਹੀਦੀ ਸਾਕਾ ਬੀ ਬਲਾਕ ਰੇਲਵੇ ਦੀ ਗਰਾਊਂਡ ਜਿੱਥੇ ਨਕਲੀ ਨਿਰੰਕਾਰੀਆਂ ਨੇ ਪੰਡਾਲ ਸਜਾਇਆ ਹੋਇਆ ਸੀ, ਵਿੱਚ ਵਾਪਰਿਆ ਸੀ। ਉਸ ਜਗ੍ਹਾ ਤੇ ਆਪ ਜੀ ਦੀ ਅਗਵਾਈ ਹੇਠ ਸਿੱਖ ਸਟੂਡੈਂਟਸ ਫੈਡਰੇਸ਼ਨ ਅਤੇ ਸਿੱਖ ਸੰਗਤਾਂ ਨੇ ਸ਼ਹੀਦਾਂ ਦੀ ਯਾਦ ਵਿੱਚ ਗੁਰਦੁਆਰੇ ਦੀ ਉਸਾਰੀ ਕੀਤੀ ਤੇ ਬਾਅਦ ਵਿੱਚ ਉੱਥੇ ਹੀ ਛੋਟੇ ਗਰੀਬ ਬੱਚਿਆਂ ਲਈ ਸ਼ਹੀਦ ਗੰਜ ਮੈਮੋਰੀਅਲ ਪਬਲਿਕ ਸਕੂਲ ਦੀ ਸਥਾਪਨਾ ਵੀ ਕੀਤੀ। ਇਹ ਸੇਵਾ ਆਪ ਜੀ ਨੇ ਸੰਗਤਾਂ ਦੇ ਸਹਿਯੋਗ ਖਾਸ ਕਰ ਭਾਈ ਜ਼ੋਰਾਵਰ ਸਿੰਘ ਰਾਏ ਯੂ ਕੇ ਵਲੋਂ ਭੇਜੀ ਮਾਇਕ ਸਹਾਇਤਾ ਨਾਲ ਸਿਰੇ ਚੜ੍ਹਾਈ।

ਫਰਵਰੀ-ਮਾਰਚ 1982 ਵਿਚ ਆਪ ਜੀ ਨੇ ਸ੍ਰੀ ਅੰਮ੍ਰਿਤਸਰ ਦੀ ਇਕ ਗੁਰਸਿੱਖ ਦੰਪਤੀ ਅਤੇ ਡਾਕਟਰ ਦਰਸ਼ਨ ਸਿੰਘ ਜੀ ਲੁਧਿਆਣਾ ਨਾਲ ਮਿਲ ਕੇ, ਲੁਧਿਆਣੇ ਦੀ ਸੰਗਤ ਵਲੋਂ ਖਰੀਦੀ ਮੈਟਾਡੋਰ ਗੱਡੀ ਰਾਹੀਂ ਦਿੱਲੀ, ਆਗਰਾ, ਗਵਾਲੀਅਰ, ਇੰਦੋਰ, ਔਂਕਲੇਸਵਰ, ਬੁਰਹਾਨਪੁਰ, ਤਖ਼ਤ ਸ੍ਰੀ ਹਜ਼ੂਰ ਸਾਹਿਬ ਅਤੇ ਸਬੰਧਿਤ ਇਤਿਹਾਸਿਕ ਗੁਰਧਾਮਾਂ, ਨਾਨਕ ਝੀਰਾ (ਬਿਦਰ), ਪੂਨਾ, ਬੰਬਈ ਅਹਿਮਦਾਬਾਦ, ਜੈਪੁਰ ਆਦਿ ਇਤਿਹਾਸਕ ਅਸਥਾਨਾਂ ਅਤੇ ਸ਼ਹਿਰਾਂ ਦੀ ਯਾਤਰਾ ਕੀਤੀ ਤੇ ਥਾਂ ਥਾਂ ਕੀਰਤਨ ਸਮਾਗਮ ਵੀ ਰਚੇ। 18 ਦਿਨ ਦੀ ਇਹ ਇਕ ਅਲੌਕਿਕ ਯਾਤਰਾ ਸੀ ਜੋ ਬੜੇ ਸਹਿਜ ਭਾਵ ਅਤੇ ਨਾਮ ਗੁਰਬਾਣੀ ਦੇ ਲਾਹੇ ਲੈਂਦਿਆਂ ਕੀਤੀ ਗਈ। ਇਸ ਯਾਤਰਾ ਦੌਰਾਨ ਜਦ ਜਥਾ ਪੂਨੇ ਪਹੁੰਚਿਆ ਤਾਂ ਉਥੇ ਇਕ ਜਥੇ ਦਾ ਸਿੰਘ ਜੋ ਆਰਮੀ ਵਿਚ ਮੇਜਰ ਲਗਾ ਹੋਇਆ ਸੀ ਅਤੇ ਉਸ ਨੇ ਆਪਣਾ ਵਖਰਾ ਹੀ ਗਰੁੱਪ ਬਣਾਇਆ ਹੋਇਆ ਸੀ ਤੇ ਉਹ ਸੰਗਤੀ ਅੰਮ੍ਰਿਤ ਵੇਲੇ ਵਿਚ ਸ਼ਾਮਲ ਨਹੀਂ ਸੀ ਹੁੰਦਾ। ਆਪਣੇ ਚੇਲੇ ਚਾਟੜਿਆਂ ਨਾਲ ਵੱਖਰਾ ਅੰਮ੍ਰਿਤ ਵੇਲਾ ਕਰਦਾ ਸੀ। ਆਪ ਜੀ ਨੇ ਜਦੋਂ ਉਸ ਨੂੰ ਇਕੱਠੇ ਬੈਠਣ ਦੀ ਬੇਨਤੀ ਕੀਤੀ ਤਾਂ ਉਸ ਨੇ ਭਾਈ ਸਾਹਿਬ ਜੀ ਅਤੇ ਬਾਊ ਜੀ ਵਿਰੁੱਧ ਨਿਰਾਦਰੀ ਦੇ ਸ਼ਬਦ ਬੋਲਣੇ ਸ਼ੁਰੂ ਕਰ ਦਿੱਤੇ। ਆਪ ਜੀ ਪੁਰਾਤਨ ਗੁਰਸਿੱਖਾਂ ਦੀ ਨਿੰਦਾ ਬਰਦਾਸ਼ਤ ਨਹੀਂ ਕਰ ਸਕੇ ਅਤੇ ਉਸ ਨੂੰ ਸਖਤ ਲਫਜਾਂ ਵਿਚ ਤਾੜਨਾ ਕੀਤੀ ਕਿ ਮੇਰੇ ਵਿਰੁੱਧ ਜੋ ਮਰਜੀ ਕਹਿ ਲੈ, ਪਰ ਮੈਂ ਆਪਣੇ ਵਡੇਰੇ ਗੁਰਸਿੱਖਾਂ ਦੀ ਨਿੰਦਾ ਕਿਸੇ ਕੀਮਤ ਤੇ ਨਹੀਂ ਸੁਣ ਸਕਦਾ।

ਅਗਸਤ 1982 ਵਿਚ ਪੰਜਾਬ ਅਤੇ ਸਿੱਖਾਂ ਦੀ ਹੱਕੀ ਮੰਗਾਂ ਵਾਸਤੇ ਉਸ ਵੇਲੇ ਭਾਰਤ ਦੀ ਸਰਕਾਰ ਵਿਰੁੱਧ ਸ਼੍ਰੋਮਣੀ ਅਕਾਲੀ ਦਲ ਵਲੋਂ ਧਰਮ ਯੁੱਧ ਮੋਰਚਾ ਆਰੰਭ ਕੀਤਾ ਗਿਆ। ਪੁਲਿਸ ਵਲੋਂ ਨਕਲੀ ਨਿਰੰਕਾਰੀਆਂ ਨੂੰ ਸੋਧਣ ਵਾਲੇ ਸਿੰਘਾਂ ਦੇ ਪ੍ਰੀਵਾਰਾਂ ਅਤੇ ਆਮ ਅੰਮ੍ਰਿਤਧਾਰੀ ਗੁਰਸਿੱਖਾਂ ਨੂੰ ਤੰਗ ਕਰਨ ਦੇ ਨਾਲ-ਨਾਲ ਗੁਰਬਾਣੀ ਦੀ ਬੇਅਦਬੀ



www.AKJ.Org

ਕੀਤੀ ਜਾ ਰਹੀ ਸੀ। ਅਦਾਲਤ ਵਲੋਂ ਵੀ ਸ਼ਹੀਦ ਸਿੰਘਾਂ ਦੇ ਕਾਤਿਲ ਨਕਲੀ ਬਾਬੇ ਅਤੇ ਉਸ ਦੇ ਪੈਰੋਕਾਰਾਂ ਨੂੰ ਬਾਇਜ਼ਤ ਬਰੀ ਕਰਕੇ ਸਿੱਖਾਂ ਦੇ ਜ਼ਖਮਾਂ ਉਪਰ ਲੂਣ ਪਾਉਣ ਦਾ ਕੰਮ ਕੀਤਾ ਗਿਆ। ਇਸ ਸਮੇਂ ਆਪ ਵੀ ਚੁਪ ਕਰਕੇ ਕਿਵੇਂ ਬਹਿ ਸਕਦੇ ਸਨ? ਜਥਾ ਹਮੇਸ਼ਾਂ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਸਮਰਪਿਤ ਰਿਹਾ ਹੈ ਭਾਵੇਂ ਰਹਿਤ ਮਰਯਾਦਾ ਦੇ ਸਬੰਧ ਵਿਚ ਕੁਝ ਵਖਰੇਵੇਂ ਹਨ। ਹਰ ਸੰਕਟ ਦੀ ਘੜੀ ਵਿਚ ਜਥੇ ਵਲੋਂ ਭਾਈ ਸਾਹਿਬ ਜੀ ਦੇ ਵੇਲੇ ਤੋਂ ਪੰਥ ਦੇ ਮੋਢੇ ਨਾਲ ਮੋਢਾ ਡਾਹ ਕੇ ਸੇਵਾ ਨਿਬਾਹੀ ਜਾਂਦੀ ਰਹੀ ਹੈ, ਜੋ ਵੈਸਾਖੀ 1978 ਸਮੇਂ ਵਾਪਰੇ ਕਾਂਡ ਵਿਚ ਵੀ ਨਿਬਾਹੀ ਗਈ ਕਿਉਂਕਿ ਨਾਮ ਰਸੀਏ ਸੂਰਬੀਰ ਸਿੰਘ ਗੁਰੂ ਸਾਹਿਬ ਦੀ ਨਿੰਦਾ ਅਤੇ ਬੇਅਦਬੀ ਕਦੇ ਵੀ ਨਹੀਂ ਸਹਾਰ ਸਕਦੇ। ਆਪਣੇ ਗੁਰੂ ਅਤੇ ਪਿਆਰੇ ਪੰਥ ਲਈ ਜਾਨਾਂ ਵਾਰਨ ਤੋਂ ਕਦੇ ਵੀ ਗੁਰੇਜ਼ ਨਹੀਂ ਕਰਦੇ ਅਤੇ ਕੁਰਬਾਨੀ ਵਾਸਤੇ ਹਮੇਸ਼ਾਂ ਮੋਹਰੀ ਕਤਾਰ ਵਿਚ ਖਲੋਂਦੇ ਹਨ।

ਸੰਨ 1982 ਸਤੰਬਰ ਦੇ ਮਹੀਨੇ ਵਿਚ ਆਪ ਜੀ ਨੇ ਜਥੇ ਦੇ ਵੱਡੀ ਗਿਣਤੀ ਵਿਚ ਸਿੰਘਾਂ ਅਤੇ ਸਿੰਘਣੀਆਂ ਸਮੇਤ ਇਸ ਮੋਰਚੇ ਵਿਚ ਮਿਤੀ 14 ਸਤੰਬਰ ਨੂੰ ਗ੍ਰਿਫ਼ਤਾਰੀ ਦਿੱਤੀ। ਉਸ ਸਮੇਂ ਮੰਜੀ ਸਾਹਿਬ ਹਾਲ ਵਿਚ ਗ੍ਰਿਫ਼ਤਾਰੀ ਤੋਂ ਪਹਿਲਾਂ ਜੋ ਆਪ ਜੀ ਨੇ ਪੰਥਕ ਲੀਡਰਾਂ ਅਤੇ ਸੰਗਤਾਂ ਨੂੰ ਸੰਬੋਧਨ ਹੋ ਕਿ ਭਾਸ਼ਨ ਦਿੱਤਾ, ਉਹ ਹੇਠਾਂ ਦਰਜ ਕੀਤਾ ਜਾ ਰਿਹਾ ਹੈ।

### ਜਥੇਦਾਰ ਭਾਈ ਰਾਮ ਸਿੰਘ ਜੀ ਦੀ ਗ੍ਰਿਫ਼ਤਾਰੀ ਸਮੇਂ ਦਾ ਭਾਸ਼ਨ

ਪਾਵਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਚਰਨ ਸ਼ਰਨ ਵਿਚ ਸਜੀ ਹੋਈ ਸਾਧ ਸੰਗਤ ਜੀਉ !

**ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ ॥**

ਅੱਜ ਸਵੇਰੇ ਇਕ ਹਿੰਦੂ ਸਜਣ ਦਾਸ ਪਾਸ ਆਇਆ ਅਤੇ ਉਹ ਕਹਿਣ ਲੱਗਾ, "ਮੈਂ 'ਇੰਡੀਅਨ ਐਕਸਪ੍ਰੈਸ' ਅਖ਼ਬਾਰ ਦਾ ਰਿਪੋਰਟਰ ਹਾਂ। ਅੱਜ ਅਖੰਡ ਕੀਰਤਨੀ ਜਥੇ ਨੇ ਗ੍ਰਿਫ਼ਤਾਰੀ ਦੇਣੀ ਹੈ। ਮੈਂ ਜਾਣਨਾ ਚਾਹੁੰਦਾ ਹਾਂ ਕਿ ਇਸ ਜਥੇ ਦੀ ਕੀ ਵਿਸ਼ੇਸ਼ਤਾ ਹੈ? ਦਾਸ ਨੇ ਕਿਹਾ, "ਤਾਂ ਦਸਾਂਗਾ ਜੇ ਇਕਰਾਰ ਕਰੋ ਕਿ ਜੋ ਦਸਾਂਗਾ, ਆਪਣੇ ਅਖ਼ਬਾਰ ਵਿਚ ਛਾਪੋਗੇ:" ਰੀਪੋਟਰ ਦੇ ਭਰੋਸਾ ਦਿਵਾਉਣ ਤੇ ਦਾਸ ਨੇ ਕਿਹਾ, ਲਿਖੋ–

**"ਗੁਰਸਿਖਾ ਕੇ ਮਨਿ ਭਾਵਦੀ ਗੁਰ ਸਤਿਗੁਰ ਕੀ ਵਡਿਆਈ ॥**

ਉਹ ਚੁਪ ਕਰਕੇ ਬੈਠਾ ਰਿਹਾ, ਨਾ ਕੁਝ ਬੋਲਿਆ ਅਤੇ ਨਾ ਕੁਝ ਲਿਖਿਆ। ਦਾਸ ਦੇ ਪੁਛਣ ਤੇ ਕਿ, 'ਤੁਸੀਂ ਨੋਟ ਨਹੀਂ ਕੀਤਾ' ਕਹਿਓ ਸੂ, "ਮੈਂ ਜ਼ਬਾਨੀ ਨੋਟ ਕਰ ਲਿਆ ਹੈ। ਕੁਝ ਹੋਰ ਦਸੋ।'

ਉਸ ਨੇ ਫਿਰ ਅਖ਼ਬਾਰ ਵਿਚ ਠੀਕ ਠੀਕ ਛਾਪਣ ਦਾ ਭਰੋਸਾ ਦਿਵਾਇਆ ਤਾਂ ਦਾਸ ਨੇ ਕਿਹਾ, "ਇਕ ਵੇਰ ਇਕ ਸਿੰਘ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਪਾਸੋਂ ਪੁਛਿਆ, "ਸੱਚੇ ਪਾਤਸ਼ਾਹ ਜੀ ! ਜੋ ਭੀ ਆਪ ਜੀ ਦੀ ਚਰਨ ਸ਼ਰਨ ਵਿਚ ਆਉਂਦੇ ਹਨ, ਆਪ ਜੀ ਪਾਸੋਂ ਮੂੰਹ-ਮੰਗੀਆਂ ਮੁਰਾਦਾਂ ਪਾਉਂਦੇ ਹਨ। ਕਈ ਅਜਿਹੇ ਵਿਅਕਤੀ ਭੀ ਆਉਂਦੇ ਹੋਣਗੇ, ਜੋ ਕੁਝ ਨਹੀਂ ਮੰਗਦੇ। ਕੀ ਉਨ੍ਹਾਂ ਨੂੰ ਭੀ ਆਪ ਜੀ ਕੁਝ ਬਖਸ਼ਦੇ ਹੋ?" ਗੁਰੂ ਜੀ ਨੇ ਉਤਰ ਵਿਚ ਕਿਹਾ, "ਹਾਂ।" ਕੁਝ ਦੇਰ ਬਾਅਦ ਸਿੰਘ ਨੇ ਪੁਛ ਕੀਤੀ, "ਕਿਰਪਾ ਕਰਕੇ ਸਾਨੂੰ ਭੀ ਦਸੋ ਕਿ ਉਨ੍ਹਾਂ ਨੂੰ ਆਪ ਕੀ ਬਖਸ਼ਦੇ ਹੋ?" ਤਾਂ ਸਾਹਿਬਾਂ ਨੇ ਜਲਾਲ ਵਿਚ ਆ ਕੇ ਕਿਹਾ, "ਅਜਿਹੇ ਪ੍ਰਾਣੀਆਂ ਨੂੰ ਅਸੀਂ ਗੁਰਸਿਖਾਂ ਦਾ ਦਰਸ਼ਨ ਬਖ਼ਸ਼ਦੇ ਹਾਂ।" ਇਹ ਸੁਣ ਕੇ ਰੀਪੋਰਟਰ ਜੀ ਪਤਰਾ ਵਾਚ ਗਏ।

ਜਿਵੇਂ ਦਾਸ ਅੱਜ ਮਨ ਭਰ ਕੇ ਆਪ ਜੀ ਦੇ ਦਰਸ਼ਨ ਕਰ ਰਿਹਾ ਹੈ, ਇਹ ਨਜ਼ਾਰਾ, ਜਿੰਨ੍ਹਾਂ ਚਿਰ ਦਾਸ ਜੇਲ੍ਹ ਵਿਚ ਰਹੇਗਾ, ਦਾਸ ਦੇ ਨੇਤਰਾਂ ਵਿਚ ਸਮਾਇਆ ਰਹੇਗਾ। ਦਾਸ ਚਾਹੁੰਦਾ ਹੈ ਕਿ ਆਪ ਜੀ ਦੀ ਕੋਈ ਯਾਦ ਦਾਸ ਦੇ ਕੰਨਾਂ ਵਿਚ ਵੀ ਆ ਜਾਏ, ਜਿਸ ਦੀ ਗੂੰਜ ਹਮੇਸ਼ਾਂ ਹੀ ਦਾਸ ਦੇ ਕੰਨਾਂ ਵਿਚ ਸੁਣਾਈ ਦਿੰਦੀ ਰਹੇ ਅਤੇ ਜੇਲ੍ਹ ਯਾਤਰਾ ਵਿਚ



www.AKJ.Org

ਸਾਨੂੰ ਇਸ ਤੋਂ ਸਹਾਰਾ ਮਿਲਦਾ ਰਹੇ। ਰੱਬ ਹੈ "ਨਾਮ" ਗੁਰੂ ਹੈ 'ਨਾਮ' ਉਸ ਦਾ ਮੰਤ੍ਰ ਹੈ 'ਨਾਮ'। ਨਾਮ ਸਿਮਰਨ ਕਰਕੇ ਹੀ ਵਾਹਿਗੁਰੂ ਦਾ ਮਿਲਾਪ ਸੰਭਵ ਹੈ। ਕਲਗੀਧਰ ਪਾਤਸ਼ਾਹ ਜੀ ਨੇ ਉਸ ਨਾਮ ਨੂੰ ਖਾਲਸੇ ਦੀ ਪ੍ਰਸਪਰ ਫਤਹ (Greeting) ਵਿਚ ਦੋ ਵਾਰੀ ਸ਼ਾਮਿਲ ਕਰ ਦਿੱਤਾ ਹੈ ਤਾਂ ਜੁ ਜੇ ਇਕ ਸਿੰਘ ਫਤਹ ਬੁਲਾਵੇ ਤਾਂ ਸੁਤੇ ਹੀ ਉਸ ਦੀ ਰਸਨਾ ਦੋ ਵਾਰ ਨਾਮ ਦਾ ਸਿਮਰਨ ਕਰੇ।

ਅੱਜ ਸੰਗਤ ਵਿਚ ਹਾਜ਼ਰੀ ਅੰਦਾਜ਼ਨ ਵੀਹ ਹਜ਼ਾਰ (20,000) ਦੀ ਹੈ। ਜੇ ਆਪ ਜੀ ਸਾਰੇ ਦਾਸ ਨੂੰ ਫਤਹ ਦਾ ਜਵਾਬ ਫਤਹ ਵਿਚ ਗੱਜ ਵੱਜ ਕੇ ਦਿਓ ਤਾਂ ਚਾਲੀ ਹਜ਼ਾਰ (40,000) ਵਾਰੀ ਸਿਮਰੇ ਹੋਏ ਨਾਮ ਦੀ ਗੁੰਜਾਰ ਸਾਰਿਆਂ ਦੇ ਕੰਨਾਂ ਵਿਚ ਪੈ ਜਾਏਗੀ। ਇਹ ਹੈ ਸੰਗਤ ਦਾ ਲਾਭ। ਸੋ, ਕੋਈ ਮੁਖ ਫਤਹ ਤੋਂ ਸੁੰਞਾ ਨਾ ਰਹੇ :

**ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਿਹ ॥**

ਆਪ ਜੀ ਨੂੰ ਜਥੇ ਸਮੇਤ ਸ੍ਰੀ ਅੰਮ੍ਰਿਤਸਰ ਦੀ ਜੇਲ ਵਿਚ ਰੱਖਿਆ ਗਿਆ। ਉਥੇ ਆਪ ਜੀ ਨੇ ਸੰਗੀਆਂ ਸਾਥੀਆਂ ਨਾਲ ਮਿਲ ਕੇ ਜੇਲ ਵਿਚ ਜੰਗਲ ਤੋਂ ਮੰਗਲ ਬਣਾ ਦਿੱਤਾ। ਰੋਜਾਨਾ ਅੰਮ੍ਰਿਤ ਵੇਲੇ ਦੀ ਸੰਭਾਲ, ਫਿਰ ਆਸਾ ਦੀ ਵਾਰ ਦਾ ਕੀਰਤਨ, ਦਿਨੇ ਬੇਅੰਤ ਬਾਣੀਆਂ ਦੇ ਪਾਠ, ਸ਼ਾਮ ਨੂੰ ਫਿਰ ਕੀਰਤਨ ਅਤੇ ਸੋਦਰ ਦੇ ਪਾਠ ਦੇ ਨਿਰੰਤਰ ਪ੍ਰਵਾਹ ਚਲਦੇ ਰਹੇ। ਸਿੰਘਾਂ ਨੇ ਜੇਲ ਕਰਮਚਾਰੀਆਂ ਹਥੋਂ ਬਣਿਆ ਖਾਣਾ ਛਕਣ ਦੀ ਬਜਾਏ, ਆਪਣਾ ਹੀ ਵੱਖਰਾ ਸਰਬ ਲੋਹੀ ਲੰਗਰ ਚਾਲੂ ਕਰ ਲਿਆ। ਤਕਰੀਬਨ ਡੇਢ ਮਹੀਨੇ ਬਾਅਦ ਸਾਰਿਆਂ ਜਥਿਆਂ ਸਮੇਤ ਆਪ ਜੀ ਨੂੰ ਰਿਹਾਅ ਕੀਤਾ ਗਿਆ। ਜੇਲ ਕਾਨੂੰਨ ਮੁਤਾਬਕ, ਉਥੇ ਕੈਦੀਆਂ ਨੂੰ ਸ੍ਰੀ ਸਾਹਿਬ ਰਖਣ ਦੀ ਮਨਾਹੀ ਹੈ ਪਰ ਆਪ ਜੀ ਵੱਲੋਂ ਗੁਰਮਤਿ ਅਸੂਲਾਂ ਦੀ ਦ੍ਰਿੜਤਾ ਕਰਕੇ ਜਥੇ ਦੇ ਸਾਰੇ ਸਿੰਘ ਸ੍ਰੀ ਸਾਹਿਬ ਸਮੇਤ ਹੀ ਜੇਲ ਵਿਚ ਵਿਚਰਦੇ ਰਹੇ।

3 ਜੂਨ 1984 ਨੂੰ ਆਪ ਜੀ ਸੰਗਤਾਂ ਸਮੇਤ ਪੰਚਮ ਪਾਤਸ਼ਾਹ ਦੇ ਸ਼ਹੀਦੀ ਗੁਰਪੁਰਬ ਸਬੰਧੀ ਹੁਸ਼ਿਆਰਪੁਰ ਸਮਾਗਮ ਤੇ ਗਏ ਹੋਏ ਸਨ। ਪਿਛੋਂ ਸ੍ਰੀ ਦਰਬਾਰ ਸਾਹਿਬ ਜੀ ਤੇ ਹੋਈ ਫੌਜੀ ਕਾਰਵਾਈ ਕਰਕੇ, ਸਾਰੇ ਪੰਜਾਬ ਵਿਚ ਕਰਫਿਊ ਲਗਾ ਦਿੱਤਾ ਗਿਆ ਅਤੇ ਰੇਲਾਂ ਗੱਡੀਆਂ, ਬੱਸਾਂ ਅਤੇ ਹੋਰ ਆਵਾਜਾਈ ਦੇ ਸਾਧਨਾਂ ਤੇ ਪਾਬੰਦੀ ਲਾ ਦਿੱਤੀ ਗਈ। 3-4 ਦਿਨ ਉਥੇ ਰੁਕਣ ਬਾਅਦ, ਕਰਫਿਊ ਵਿਚ ਥੋੜੀ ਜਿਹੀ ਢਿੱਲ ਮਿਲਣ ਤੇ ਆਪ ਪੈਦਲ ਹੀ ਪਿੰਡਾਂ ਵਿਚ ਦੀ ਹੁੰਦੇ ਹੋਏ ਜਲੰਧਰ ਪਹੁੰਚੇ। ਉਸ ਸਮੇਂ ਆਪ ਜੀ ਨਾਲ ਸ੍ਰੀ ਅੰਮ੍ਰਿਤਸਰ ਨਿਵਾਸੀ ਸੰਗਤਾਂ ਖਾਸਕਰ 'ਸੂਰਾ' ਮਾਸਿਕ ਪੱਤਰ ਦੇ ਸੰਪਾਦਕ ਭਾਈ ਸੇਵਾ ਸਿੰਘ ਜੀ ਅਤੇ ਮੈਨੇਜਰ ਗਿਆਨੀ ਗੁਰਬਚਨ ਸਿੰਘ ਜੀ, ਬੇਜੀ ਹਰਬੰਸ ਕੌਰ ਜੀ (ਭੂਆ ਜੀ) ਵੀ ਨਾਲ ਸਨ ਅਤੇ ਇਸ ਸਮੇਂ ਦੌਰਾਨ ਭਾਈ ਜੱਸਾ ਸਿੰਘ ਜੀ (ਹਾਲ ਰੰਗਲੇ ਸੱਜਣ ਟਰੱਸਟ, ਸ੍ਰੀ ਅੰਮ੍ਰਿਤਸਰ) ਨੇ ਆਪ ਜੀ ਦੀ ਬਹੁਤ ਮੱਦਦ ਅਤੇ ਸੇਵਾ ਕੀਤੀ। ਉਥੇ ਕੁਝ ਦਿਨ ਕਰਨਲ ਦਲਜੀਤ ਸਿੰਘ ਜੀ ਤੇ ਬੀਬੀ ਹਰਸ਼ਰਨ ਕੌਰ ਜੀ ਮਿੱਠਾਪੁਰ ਪਿੰਡ ਠਹਿਰ ਕੇ ਕਿਸੇ ਸਾਧਨ ਦਾ ਪ੍ਰਬੰਧ ਕਰਕੇ ਸ੍ਰੀ ਅੰਮ੍ਰਿਤਸਰ ਪਹੁੰਚੇ। ਜਦੋਂ ਆਪ ਬਾਹਰ ਸਮਾਗਮਾਂ ਤੇ ਜਾਂਦੇ ਸਨ ਤਾਂ ਜਥੇ ਦੇ ਮੁੱਖੀ ਹੋਣ ਦੇ ਨਾਤੇ ਕੋਈ ਉਚੇਚ ਨਹੀਂ ਸੀ ਕਰਾਉਂਦੇ। ਸੰਗਤਾਂ ਦੇ ਨਾਲ ਹੀ ਰੇਲ ਗੱਡੀ ਜਾਂ ਬੱਸ ਰਾਹੀਂ ਸਮਾਗਮਾਂ ਤੇ ਜਾਂਦੇ ਸਨ। ਉਥੇ ਸੰਗਤਾਂ ਦੀ ਆਮ ਰਿਹਾਇਸ਼ ਵਾਲੀ ਜਗ੍ਹਾ ਤੇ ਸੰਗਤਾਂ ਦੇ ਨਾਲ ਹੀ ਕਮਰਿਆਂ ਵਿਚ ਭੂਮ ਆਸਣ ਕਰ ਲੈਂਦੇ ਸਨ ਤੇ ਲੰਗਰ ਵੀ ਹਮੇਸ਼ਾ ਪੰਗਤ ਵਿਚ ਬਹਿ ਕੇ ਹੀ ਛੱਕਦੇ ਸਨ। ਇਥੋਂ ਤੱਕ ਕਿ ਆਪਣਾ ਸਮਾਨ ਵਾਲਾ ਬੈਗ ਜਾਂ ਅਟੈਚੀ ਵੀ ਖੁਦ ਚੁੱਕਦੇ ਸਨ ਕਿਸੇ ਨੂੰ ਹੱਥ ਨਹੀਂ ਸੀ ਲਾਉਣ ਦਿੰਦੇ। ਵੈਸੇ ਜਥੇ ਦੇ ਸਾਰੇ ਪੁਰਾਤਨ ਪ੍ਰਮੁੱਖ ਸਿੰਘ, ਸੰਗਤਾਂ ਵਿਚ ਵਿਚਰਨ ਵੇਲੇ, ਇਹੋ ਜਿਹਾ ਹੀ ਵਰਤਾਰਾ ਰਖਦੇ ਸਨ, ਕੋਈ ਉਚੇਚ ਕਰਨ ਜਾਂ ਕਰਾਉਣ ਦਾ ਫੁਰਨਾ ਹੀ ਨਹੀਂ ਸੀ ਆਉਣ ਦਿੰਦੇ।

ਵੈਸੇ ਤਾਂ ਸੰਨ 1980 ਤੋਂ ਹੀ ਪੰਜਾਬ ਦੇ ਹਾਲਾਤ ਵਿਗੜਨੇ ਸ਼ੁਰੂ ਹੋ ਗਏ ਸਨ ਪਰ ਜੂਨ 1984 ਦੀ ਫੌਜੀ ਕਾਰਵਾਈ ਨੇ ਸਿੱਖ ਹਿਰਦਿਆਂ ਨੂੰ ਵਲੂੰਧਰ ਦਿੱਤਾ। ਇਸ ਤੋਂ ਬਾਅਦ ਨਵੰਬਰ 1984 ਵਿਚ ਦੇਸ਼ ਭਰ ਵਿਚ ਹੋਈ ਸਿੱਖਾਂ ਦੀ ਨਸਲਕੁਸ਼ੀ ਨੇ ਬਲਦੀ ਅੱਗ ਤੇ ਤੇਲ ਪਾਉਣ ਦਾ ਕੰਮ ਕੀਤਾ। ਇਨ੍ਹਾਂ ਹਾਲਾਤਾਂ ਨੇ ਜਿਥੇ ਸਿੱਖ ਨੌਜਵਾਨੀ



www.AKJ.Org

ਨੂੰ ਹਥਿਆਰਬੰਦ ਸੰਘਰਸ਼ ਦੇ ਰਾਹ ਤੇ ਤੋਰਿਆ ਉਥੇ ਸਰਕਾਰ ਵਲੋਂ ਸਿੰਘਾਂ 'ਤੇ ਅੰਨਾ ਤਸ਼ੱਦਦ ਢਾਹੁਣਾ ਸ਼ੁਰੂ ਹੋ ਗਿਆ। ਝੂਠੇ ਪੁਲਿਸ ਮੁਕਾਬਲੇ, ਅੰਮ੍ਰਿਤਧਾਰੀ ਨੌਜਵਾਨ ਸਿੰਘਾਂ ਤੇ ਝੂਠੇ ਕੇਸ ਪਾਉਣੇ ਅਤੇ ਸ਼ਹੀਦ ਹੋਏ ਸਿੰਘਾਂ ਦੇ ਪ੍ਰੀਵਾਰਾਂ ਨੂੰ ਤੰਗ ਪ੍ਰੇਸ਼ਾਨ ਤੇ ਜਲੀਲ ਕਰਨਾ ਆਮ ਗੱਲ ਹੋ ਗਈ ਸੀ। ਇਸ ਬਹੁਤ ਭਿਆਨਕ ਅਤੇ ਬਿਖੜੇ ਸਮੇਂ, ਜਿਥੇ ਆਪ ਜੀ ਨੇ ਸ਼ਹੀਦ ਸਿੰਘਾਂ ਦੇ ਪ੍ਰੀਵਾਰਾਂ ਦੀ ਮਾਇਕ ਸਹਾਇਤਾ ਦੇ ਉਪਰਾਲੇ ਕੀਤੇ, ਉਥੇ ਜਥੇ ਦੇ ਮੁਖੀ ਦੇ ਤੌਰ ਤੇ ਜਥੇ ਦੇ ਆਸ਼ੇ ਉਦੇਸ਼ ਤੇ ਪਹਿਰਾ ਦਿੰਦਿਆਂ, ਜਥੇ ਦੇ ਆਮ ਮਿਹਨਤੀ, ਕਾਰੋਬਾਰੀ ਪ੍ਰੀਵਾਰਾਂ ਨੂੰ ਪੁਲਿਸ ਦੇ ਤਸ਼ੱਦਦ ਦਾ ਸ਼ਿਕਾਰ ਹੋਣੋਂ ਬਚਾਇਆ।

ਇਸ ਸਮੇਂ ਦੌਰਾਨ, ਆਪ ਜੀ ਨੂੰ ਆਪਣੇ ਕਰ ਕਮਲਾਂ ਨਾਲ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜੀਦਾਰ ਸਰੂਪ ਲਿਖਣ ਦਾ ਚਾਓ ਉਮਾਹਾ ਉਪਜਿਆ। ਆਪ ਜੀ ਨੇ ਤਿੰਨ-ਚਾਰ ਸਾਲ ਦੀ ਕਰੜੀ ਮਿਹਨਤ ਨਾਲ ਇਹ ਸੇਵਾ ਸੰਪੂਰਨ ਕੀਤੀ ਤੇ ਇਸ ਤੋਂ ਬਾਅਦ ਆਪ ਜੀ ਦੇ ਗ੍ਰਹਿ ਵਿਖੇ ਪੰਜ ਸ੍ਰੀ ਅਖੰਡ ਪਾਠ ਲਗਾਤਾਰ ਕਰਕੇ ਸ਼ੁਕਰਾਨਾ ਕੀਤਾ ਗਿਆ। ਆਪ ਜੀ ਰਾਗਮਾਲਾ ਨੂੰ ਗੁਰਬਾਣੀ ਨਹੀਂ ਸੀ ਮੰਨਦੇ ਤੇ ਇਸ ਕਰਕੇ ਸਰੂਪ ਦੇ ਅਖੀਰ ਵਿਚ ਇਹ ਦਰਜ ਨਹੀਂ ਸੀ ਕੀਤੀ ਗਈ। ਇਹ ਗੱਲ ਸੰਗਤਾਂ ਵਿਚ ਜ਼ਾਹਿਰ ਹੋਣ ਤੇ, ਇਕ ਪੰਥਕ ਜਥੇਬੰਦੀ ਤੇ ਉਸ ਦੀਆਂ ਸਹਿਯੋਗੀ ਖਾੜਕੂ ਜਥੇਬੰਦੀਆਂ ਨੇ ਇਸ ਮਸਲੇ ਸਬੰਧੀ ਵਾਵੇਲਾ ਖੜਾ ਕਰ ਦਿੱਤਾ ਅਤੇ ਆਪ ਜੀ ਨੂੰ ਧਮਕੀਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ। ਬਾਅਦ ਵਿਚ ਇਹ ਮਸਲਾ ਉਸ ਵੇਲੇ ਦੇ ਪੰਥਕ ਆਗੂਆਂ ਦੀ ਦਖ਼ਲ-ਅੰਦਾਜ਼ੀ ਨਾਲ ਸੁਲਝਾਅ ਲਿਆ ਗਿਆ ਸੀ। ਜਦੋਂ ਆਪ ਜੀ ਨੂੰ ਧਮਕਾਇਆ ਡਰਾਇਆ ਜਾ ਰਿਹਾ ਸੀ ਅਤੇ ਆਪ ਜੀ ਦੀ ਜਾਨ ਨੂੰ ਖ਼ਤਰਾ ਭਾਂਪਦੇ ਹੋਏ, ਜਥੇ ਦੇ ਸਿੰਘਾਂ ਨੇ ਆਪ ਨੂੰ ਸੁਰੱਖਿਆ ਗਾਰਡ ਦੇਣ ਦੀ ਪੇਸ਼ਕਸ਼ ਕੀਤੀ। ਆਪ ਜੀ ਗੁਰੂ ਦੇ ਭਾਣੇ ਵਿਚ ਨਿਰਭੈ ਹੋ ਕੇ ਵਿਚਰਦੇ ਸਨ। ਆਪ ਨੇ ਇਹ ਪੇਸ਼ਕਸ਼, ਇਹ ਕਹਿ ਕੇ ਠੁਕਰਾ ਦਿੱਤੀ ਕਿ ਹੁਣ ਤਾਂ ਮੈਨੂੰ ਗੁਰੂ ਸਾਹਿਬ ਜੀ ਦੀ ਸੁਰੱਖਿਆ ਹਾਸਲ ਹੈ, ਤੇ ਤੁਸੀਂ ਮੈਨੂੰ ਸੁਰੱਖਿਆ ਗਾਰਡ ਦੇ ਕੇ ਬੰਦਿਆਂ ਦੀ ਸੁਰੱਖਿਆ ਤੇ ਨਿਰਭਰ ਕਰਨਾ ਚਾਹੁੰਦੇ ਹੋ। ਜਿਹੜੀ ਗੋਲੀ ਮੈਨੂੰ ਵੱਜਣੀ ਹੈ ਉਸ ਨੂੰ ਕੋਈ ਰੋਕ ਨਹੀਂ ਸਕਦਾ। ਗੁਰੂ ਮੇਰੇ ਹਰ ਵੇਲੇ ਅੰਗ ਸੰਗ ਹੈ ਅਤੇ ਉਸ ਦੇ ਨਾਮ ਦੀ ਬਖਸ਼ੀ ਹੋਈ ਕਾਰ ਮੈਨੂੰ ਪ੍ਰਾਪਤ ਹੈ।

ਬੇਸ਼ਕ ਆਪ ਕੋਲ ਗੁਰੂ ਸਾਹਿਬ ਜੀ ਦੀ ਬਖਸ਼ੀ ਕਾਰ ਦੀ ਨਿੱਜੀ ਸਵਾਰੀ ਉਪਲੱਬਧ ਸੀ ਪਰ ਆਪ ਜ਼ਿਆਦਾ ਸਾਈਕਲ ਜਾਂ ਦੋ ਪਹੀਆਂ ਸਕੂਟਰ ਤੇ ਇਕੱਲੇ ਹੀ ਆਮ ਨਾਗਰਿਕਾਂ ਵਾਂਗ ਵਿਚਰਦੇ ਰਹਿੰਦੇ ਸਨ ਤੇ ਜਦੋਂ ਇਕੱਲਿਆਂ ਦੂਰ ਨੇੜੇ ਜਾਣਾ ਹੁੰਦਾ ਤਾਂ ਸਾਈਕਲ ਜਾਂ ਸਕੂਟਰ ਤੇ ਹੀ ਜਾਂਦੇ ਸਨ। ਆਪ ਸੰਸਥਾਵਾਂ, ਸੰਪਰਦਾਵਾਂ, ਡੇਰੇਦਾਰਾਂ, ਜਥੇਦਾਰਾਂ ਜਾਂ ਆਗੂਆਂ ਵਾਂਗ ਨਾ ਤਾਂ ਆਪਣੇ ਨਾਲ ਕੋਈ ਲਾਓ ਲਸ਼ਕਰ ਰਖਦੇ ਸਨ ਤੇ ਨਾ ਹੀ ਸੰਗਤ ਦੀ ਮਾਇਆ ਨਾਲ ਖਰੀਦੀ ਹੋਈ ਵਧੀਆ ਕਾਰ ਦੀ ਸਵਾਰੀ ਕਰਦੇ ਸਨ। ਇਕ ਵਾਰ ਆਪ ਜੀ ਨੂੰ ਬੰਬਈ ਦੀਆਂ ਸੰਗਤਾਂ ਨੇ ਇਕ ਕਾਰ ਖਰੀਦ ਕੇ ਉਸ ਦੀਆਂ ਚਾਬੀਆਂ ਫੜਾਈਆਂ। ਆਪ ਜੀ ਨੇ ਉਹ ਚਾਬੀਆਂ ਪ੍ਰਬੰਧਕਾਂ ਨੂੰ ਧੰਨਵਾਦ ਸਹਿਤ ਇਹ ਕਹਿ ਕੇ ਵਾਪਿਸ ਕਰ ਦਿੱਤੀਆਂ ਕਿ ਦਾਸ ਕੋਲ ਸਾਈਕਲ ਹੈ। ਸਾਡੇ ਸ੍ਰੀ ਅੰਮ੍ਰਿਤਸਰ ਸ਼ਹਿਰ ਵਿਚ ਰੇਲ ਫਾਟਕ ਜ਼ਿਆਦਾ ਹਨ, ਉਹ ਆਮ ਤੌਰ ਤੇ ਬੰਦ ਹੀ ਰਹਿੰਦੇ ਹਨ ਤੇ ਕਾਰਾਂ ਜਾਂ ਹੋਰ ਵੱਡੇ ਸਾਧਨ ਭੀੜ ਵਿਚ ਫਸ ਜਾਂਦੇ ਹਨ। ਦਾਸ ਆਪਣਾ ਸਾਈਕਲ ਚੁੱਕ ਕੇ ਸਹਿਜੇ ਹੀ ਫਾਟਕ ਲੰਘ ਜਾਂਦਾ ਹੈ ਤੇ ਆਉਣ ਜਾਣ ਵਿਚ ਕੋਈ ਮੁਸ਼ਕਲ ਨਹੀਂ ਆਉਂਦੀ। ਜਦ ਉਮਰ ਵਡੇਰੀ ਹੋ ਗਈ ਤੇ ਆਪ ਆਪਣਾ ਵਾਹਨ ਨਹੀਂ ਚਲਾ ਸਕਦੇ ਸਨ ਤਾਂ ਇਕ ਅੰਮ੍ਰਿਤਸਰ ਨਿਵਾਸੀ ਗੁਰਪੁਰ ਵਾਸੀ ਭਾਈ ਰਘਬੀਰ ਸਿੰਘ ਆਪਣੀ ਕਾਰ ਨਾਲ ਆਪ ਜੀ ਦੀ ਸੇਵਾ ਕਰਦਾ ਰਿਹਾ, ਪਰ ਉਸ ਵਿਚ ਤੇਲ ਆਪ ਆਪਣੇ ਕੋਲੋਂ ਪੁਆਉਂਦੇ ਸਨ। ਬਾਅਦ ਵਿਚ ਇਕ ਨਵੀਂ ਕਾਰ ਉਸ ਨੂੰ ਆਪਣੇ ਆਉਣ-ਜਾਣ ਲਈ ਲੈ ਕੇ ਦੇ ਦਿੱਤੀ। ਆਪ ਜੀ ਆਪਣੇ ਅਸੂਲਾਂ ਦੇ ਪੱਕੇ ਸਨ ਤੇ ਕਿਸੇ ਤੇ ਮਾਇਕ ਭਾਰ ਨਹੀਂ ਪਾਉਂਦੇ ਸਨ, ਨਾ ਹੀ ਦਸਵੰਧ ਰੂਪੀ ਪੂਜਾ ਦੇ ਧਾਨ ਤੇ ਕੋਈ ਟੇਕ ਰੱਖਦੇ ਸਨ।



www.AKJ.Org

ਆਪ ਜੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਲੜਦੀਰ (ਜੁੜਵੇਂ ਅਖਰਾਂ) ਸਰੂਪ ਤੇ ਅਟੱਲ ਭਰੋਸਾ ਤੇ ਦ੍ਰਿੜ੍ਹ ਵਿਸ਼ਵਾਸ ਸੀ। ਇਕ ਵਾਰ ਅੰਮ੍ਰਿਤ ਸੰਚਾਰ ਦੌਰਾਨ ਇਕ ਬੀਬੀ ਜਿਸ ਦੇ ਅੰਦਰ ਕੋਈ ਅਬਿਗਤ ਰੂਹ ਦਾ ਵਾਸਾ ਸੀ, ਉਸ ਤੋਂ ਛੁਟਕਾਰੇ ਲਈ ਪੇਸ਼ ਹੋਈ। ਉਸ ਤੋਂ ਪੁਛ ਪੜਤਾਲ ਦੌਰਾਨ, ਕੋਈ ਕਾਰਨ ਪ੍ਰਤੱਖ ਰੂਪ ਵਿਚ ਸਾਹਮਣੇ ਨਾ ਆਇਆ। ਉਸ ਨੇ ਦੱਸਿਆ ਕਿ ਉਹ ਗੁਰਬਾਣੀ ਦਾ ਪਾਠ ਵੀ ਕਰਦੀ ਹੈ ਤੇ ਘਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਵੀ ਹੈ। ਉਸ ਨੂੰ ਹੋਰ ਪੁੱਛਣ ਤੇ ਪਤਾ ਲੱਗਾ ਕਿ ਉਨ੍ਹਾਂ ਗੁਰੂ ਸਾਹਿਬ ਜੀ ਦੇ ਪਦ-ਛੇਪ ਸਰੂਪ ਦਾ ਪ੍ਰਕਾਸ਼ ਕੀਤਾ ਹੋਇਆ। ਆਪ ਪੰਚਾਂ ਦੇ ਜਥੇਦਾਰ ਦੀ ਸੇਵਾ ਨਿਬਾਅ ਰਹੇ ਸਨ। ਉਸ ਨੂੰ ਕਿਹਾ ਗਿਆ ਕਿ ਤੂੰ ਘਰ ਜਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜੀਦਾਰ ਸਰੂਪ ਦਾ ਪ੍ਰਕਾਸ਼ ਕਰਕੇ ਸਹਿਜ ਪਾਠ ਕਰ, ਫਿਰ ਦੇਖ ਇਹ ਬਲਾ ਕਿਵੇਂ ਭੱਜਦੀ ਹੈ? ਉਸ ਬੀਬੀ ਨੇ ਘਰ ਜਾ ਕੇ ਇਸੇ ਤਰ੍ਹਾਂ ਹੀ ਕੀਤਾ ਅਤੇ ਅਗਲੇ ਅੰਮ੍ਰਿਤ ਸੰਚਾਰ ਸਮਾਗਮ ਤੇ ਖੁਸ਼ੀ ਖੁਸ਼ੀ ਆ ਕੇ ਦੱਸਿਆ ਕਿ ਪੰਚਾਂ ਦੇ ਹੁਕਮ ਮੰਨ ਕੇ ਗੁਰੂ ਸਾਹਿਬ ਜੀ ਲੜੀਦਾਰ ਸਰੂਪ ਤੋਂ ਪਾਠ ਕਰਕੇ ਉਹ ਬਿਲਕੁਲ ਠੀਕ ਹੋ ਗਈ ਤੇ ਹੁਣ ਉਸ ਨੂੰ ਕੋਈ ਡਰ ਭੈ ਨਹੀਂ ਆਉਂਦਾ। ਇਸੇ ਤਰ੍ਹਾਂ ਆਪ ਜੀ ਨੂੰ ਗੁਰੂ ਸਾਹਿਬ ਜੀ ਦੀ ਬਖਸ਼ੀ ਹੋਈ ਰਹਿਤ ਬਹਿਤ ਅਤੇ ਅੰਮ੍ਰਿਤ ਦੀ ਦਾਤ ਤੇ ਵੀ ਪੂਰਨ ਭਰੋਸਾ ਸੀ। ਇਕ ਵਾਰ ਹੋਰ ਵਿਅਕਤੀ ਜਿਹੜਾ ਕਿ ਕਿਸੇ ਅਬਿਗਤ ਰੂਹ ਨੇ ਗ੍ਰਸਿਆ ਹੋਇਆ ਸੀ ਪੰਚਾਂ ਦੇ ਸਮਾਗਮ ਵਿਚ ਆ ਪੇਸ਼ ਹੋਇਆ। ਆਪ ਜੀ ਉਸ ਵੇਲੇ ਗੁਰੂ ਸਾਹਿਬ ਜੀ ਦੀ ਤਾਬਿਆ ਸਜੇ ਬੈਠੇ ਸਨ। ਉਸ ਪ੍ਰਾਣੀ ਨੇ ਜਦੋਂ ਦੱਸਿਆ ਕਿ ਮੇਰੇ ਅੰਦਰ ਕੋਈ ਅਬਿਗਤ ਰੂਹ ਹੈ ਉਹ ਮੈਨੂੰ ਇਥੇ ਆਉਣ ਨਹੀਂ ਸੀ ਦਿੰਦੀ ਤੇ ਬਹੁਤ ਤੰਗ ਕਰਦੀ ਹੈ। ਤੱਦ ਉਸ ਨੂੰ ਅੰਮ੍ਰਿਤ ਛੱਕ ਕੇ ਪੂਰੀ ਰਹਿਤ ਬਹਿਤ ਰਖਣ ਲਈ ਕਿਹਾ ਗਿਆ। ਫਿਰ ਉਸ ਪ੍ਰਾਣੀ ਨੇ ਕਿਹਾ ਕਿ ਇਸ ਦੀ ਕੀ ਗਰੰਟੀ ਹੈ ਕਿ ਉਹ ਮੈਨੂੰ ਛੱਡ ਜਾਵੇਗੀ? ਆਪ ਜੀ ਤੇ ਕਿਹਾ ਕਿ ਗੁਰੂ 'ਤੇ ਭਰੋਸਾ ਰੱਖ, ਪੰਚਾਂ ਦਾ ਹੁਕਮ ਮੰਨ ਸਭ ਠੀਕ ਹੋ ਜਾਵੇਗਾ। ਪਰ ਉਸ ਪ੍ਰਾਣੀ ਨੂੰ ਯਕੀਨ ਨਾ ਆਏ। ਉਸ ਸਮੇਂ ਆਪ ਜੀ ਨੇ ਕਿਹਾ ਕਿ ਜੇ ਤੂੰ ਮਨ ਬਚ ਕਰਕੇ ਰਹਿਤ ਰਖੇਂਗਾ ਤੇ ਗੁਰੂ ਦਾ ਹੁਕਮ ਮੰਨੇਂਗਾ ਤਾਂ ਇਹ ਜਰੂਰ ਛੱਡ ਜਾਵੇਗੀ, ਨਹੀਂ ਤਾਂ ਦਾਸ ਸਿੱਖੀ ਛੱਡ ਜਾਵੇਗਾ। ਇਹ ਸੁਣ ਕੇ ਉਹ ਪ੍ਰਾਣੀ ਬੋਲਿਆ ਕਿ ਇਤਨਾ ਵੱਡਾ ਭਰੋਸਾ ਆਪ ਜੀ ਨੂੰ ਹੈ ਕਿ ਆਪ ਇਤਨਾ ਵੱਡਾ ਖਤਰਾ ਮੁੱਲ ਲੈਂਦੇ ਹੋਏ ਗੁਰਸਿੱਖੀ ਨੂੰ ਤਿਆਗਣ ਲਈ ਵੀ ਤਿਆਰ ਹੋ ਗਏ। ਆਪ ਜੀ ਨੇ ਕਿਹਾ ਕਿ ਮੈਂ ਐਵੇਂ ਨਹੀਂ ਕਹਿ ਰਿਹਾ ਅਤੇ ਇਹ ਕੇਵਲ ਗੁਰੂ ਤੇ ਅਟੱਲ ਭਰੋਸੇ ਦੀ ਗੱਲ ਹੈ, ਕੋਈ ਫੱਕੜ ਨਹੀਂ ਮਾਰਿਆ।

ਇਸ ਤਰ੍ਹਾਂ ਹੋਰ ਅਨੇਕ ਬਿਰਤਾਂਤ ਆਪ ਜੀ ਦੇ ਜੀਵਨ ਸੰਬੰਧੀ ਹਨ ਜੋ ਪੂਰੇ ਲਿਖੇ ਜਾਣ ਤਾਂ ਇਕ ਪੁਸਤਕ ਬਣ ਸਕਦੀ ਹੈ। ਆਪ ਜੀ ਨੇ ਤਾਅ ਜ਼ਿੰਦਗੀ ਬੇਅੰਤ ਪ੍ਰਾਣੀਆਂ ਨੂੰ ਅੰਮ੍ਰਿਤ ਛੱਕਣ ਦੀ ਪ੍ਰੇਰਨਾ ਦੇ ਕੇ ਗੁਰੂ ਚਰਨਾਂ ਨਾਲ ਜੋੜਿਆ। ਸ੍ਰੀ ਬਾਊ ਜੀ ਦੇ ਪ੍ਰੀਵਾਰ ਦੇ ਮੈਂਬਰ ਵੀ, ਪਹਿਲਾਂ ਜਿਹੜੇ ਰਹਿਤ ਬਹਿਤ ਵਿਚ ਢਿੱਲੇ ਸਨ ਉਨ੍ਹਾਂ ਨੂੰ ਵੀ ਪ੍ਰੇਰਨਾ ਦੇ ਕੇ ਰਹਿਤ ਬਹਿਤ ਵਿਚ ਪੱਕਾ ਕੀਤਾ। ਉਸ ਪ੍ਰੀਵਾਰ ਦੀਆਂ ਬੀਬੀਆਂ ਨੂੰ ਵੀ ਕੇਸਕੀਆਂ ਸਜਾਈਆਂ। ਆਪ ਜੀ ਦਾ ਬੀਬੀ ਇੰਦਰ ਕੌਰ ਜੀ, ਪ੍ਰੋ. ਠਾਕਰ ਸਿੰਘ ਜੀ, ਪ੍ਰਿੰਸੀਪਲ ਨਿਰੰਜਨ ਸਿੰਘ ਸਰਹਾਲੀ ਤੇ ਕਾਨਪੁਰ ਨਿਵਾਸੀ ਸਿੰਘਾਂ ਨਾਲ ਬਹੁਤ ਹੀ ਨਿੱਘਾ ਪਿਆਰ ਸੀ।

ਆਪ ਜੀ ਅੰਦਰੋਂ ਬਾਹਰੋਂ ਨਿਰਮਲੇ, ਨਿਰਛਲ ਅਤੇ ਨਿਰਕਪਟ ਸਨ। ਜਥੇ ਵਿਚ ਵੜੇ ਕੁਝ ਸਿਆਸੀ ਸੋਚ ਵਾਲੇ ਵਿਅਕਤੀ ਆਪ ਜੀ ਦੀ ਸ਼ਰਾਫਤ ਦਾ ਫਾਇਦਾ ਉਠਾਉਂਦੇ ਹੋਏ ਆਪਣੇ ਨਿੱਜੀ ਸੁਆਰਥਾਂ ਲਈ ਵੀ ਆਪ ਜੀ ਨੂੰ ਵਰਤ ਲੈਂਦੇ ਸਨ। ਇਸੇ ਤਰ੍ਹਾਂ ਨਵੰਬਰ 1993 ਵਿਚ ਇਕ ਪੰਥਕ ਜਥੇਬੰਦੀ ਦੇ ਨਾਲ ਸਮਝੋਤਾ ਕਰਕੇ ਇਕ ਸਿਆਸੀ ਸੋਚ ਦੇ ਵਿਅਕਤੀ ਵਲੋਂ ਜਥੇ ਵਿਚ ਦੁਬਿਧਾ ਖੜੀ ਕਰ ਦਿੱਤੀ ਗਈ। ਕੁਝ ਜਥੇ ਦੇ ਪੁਰਾਤਨ ਸਿੰਘਾਂ ਵਲੋਂ ਵੀ ਇਸ ਸਮੇਂ ਆਪ ਜੀ ਨੂੰ ਮੰਦੇ ਚੰਗੇ ਸ਼ਬਦ ਵਰਤੇ ਗਏ। ਪਰ ਆਪ ਹਮੇਸ਼ਾ ਇਹੀ ਕਹਿੰਦੇ ਹੁੰਦੇ ਸਨ "**ਜਬ ਧਾਰੈ ਕੋਊ ਬੈਰੀ ਮੀਤੁ ॥ ਤਬ ਲਗੁ ਨਿਹਚਲੁ ਨਾਹੀ ਚੀਤੁ ॥**" ਇਸ ਸਮੇਂ ਦੌਰਾਨ ਆਪ ਜੀ ਨੇ ਕਿਸੇ ਨੂੰ ਵੀ ਮੰਦਾ ਚੰਗਾ ਨਹੀਂ ਬੋਲਿਆ ਸਭ ਦਾ ਸਤਿਕਾਰ ਉਸੇ ਤਰ੍ਹਾਂ ਕਰਦੇ ਰਹੇ। ਸ੍ਰੀ ਪੂਰਨ ਦਾਰ ਜੀ ਦਾ ਆਪ ਹਮੇਸ਼ਾਂ ਬਹੁਤ ਸਤਿਕਾਰ ਕਰਦੇ ਸਨ। ਸਮਾਗਮਾਂ ਤੇ ਉਨ੍ਹਾਂ ਕੋਲੋਂ ਹੀ ਅਰਦਾਸ ਕਰਾਉਂਦੇ ਅਤੇ ਪੰਚਾਂ ਦੀ ਸੇਵਾ ਵੇਲੇ ਵੀ ਉਨ੍ਹਾਂ ਨੂੰ ਜਥੇਦਾਰੀ ਦੀ ਸੇਵਾ ਸੌਂਪ ਦਿੰਦੇ ਸਨ। ਆਪ ਜੀ ਇਕ ਨਿਰਮਲ ਆਤਮਾ ਸੀ ਜੋ ਹਮੇਸ਼ਾਂ ਨਾਮ ਰੰਗਾਂ ਵਿਚ ਅਡੋਲ ਅਵਸਥਾ ਵਿਚ ਵਿਚਰਦੀ ਰਹੀ।



www.AKJ.Org

ਆਯੂ ਦੇ ਅਖੀਰਲੇ ਕੁਝ ਸਾਲਾਂ ਵਿਚ ਆਪ ਨੂੰ ਬਲੱਡ ਸ਼ੂਗਰ ਦੀ ਬੀਮਾਰੀ ਨੇ ਆ ਘੇਰਿਆ, ਪਰ ਫਿਰ ਵੀ ਆਪ ਦੀ ਸਿਹਤ ਠੀਕ ਹੀ ਰਹੀ ਅਤੇ ਆਪ ਸੰਗਤਾਂ ਵਿਚ ਵਿਚਰਦੇ ਹੋਏ ਨਾਮ ਬਾਣੀ ਦਾ ਲਾਹਾ ਲੈਂਦੇ ਰਹੇ। ਆਪ ਜੀ ਜ਼ਿੰਦਗੀ ਦੇ ਪਿਛਲੇ ਕੁਝ ਸਾਲਾਂ ਵਿਚ ਰੋਜ਼ਾਨਾ ਪਹਿਲਾਂ ਗ੍ਰਿਹਿ ਵਿਖੇ ਹੀ ਅੰਮ੍ਰਿਤ ਵੇਲੇ ਦੀ ਸੰਭਾਲ ਕਰਕੇ ਤੇ ਫਿਰ ਸਵੇਰੇ ਵੇਲੇ ਸ੍ਰੀ ਦਰਬਾਰ ਸਾਹਿਬ ਜੀ ਦੀ ਹਾਜ਼ਰੀ ਭਰਦੇ ਰਹੇ। ਪਿਛਲੇ ਤਿੰਨ ਚਾਰ ਸਾਲ ਸਰੀਰਕ ਕਮਜ਼ੋਰੀ ਅਤੇ ਬੁਢੇਪੇ ਕਾਰਨ ਬਾਹਰ ਸਮਾਗਮਾਂ ਜਾਂ ਸ੍ਰੀ ਦਰਬਾਰ ਸਾਹਿਬ ਨਹੀਂ ਜਾ ਸਕੇ ਤੇ ਘਰ ਵਿਚ ਹੀ ਨਾਮ ਬਾਣੀ ਦੇ ਲਾਹੇ ਲੈਂਦੇ। ਚੜ੍ਹਾਈ ਕਰਨ ਤੋਂ ਇਕ ਮਹੀਨਾ ਪਹਿਲਾਂ ਆਪ ਨੇ ਖਾਣਾ ਪੀਣਾ ਛੱਡ ਦਿੱਤਾ ਤੇ ਨਾਮ ਅਧਾਰ ਤੇ ਹੀ ਰਹੇ। ਸੁਰਤੀ ਬਿਰਤੀ ਆਖੀਰ ਤਾਈ ਕਾਇਮ ਰਹੀ, ਭਾਵੇਂ ਕਮਜ਼ੋਰੀ ਬਹੁਤ ਵਧ ਗਈ ਸੀ। ਅਖੀਰ ਮਿਤੀ 2 ਮਾਰਚ 2006 ਨੂੰ ਆਪਣੀ ਸਿੰਘਣੀ ਨੂੰ ਆਖਰੀ ਫਤਹਿ ਬੁਲਾਉਂਦੇ ਹੋਏ, ਪੰਜ ਭੂਤਕ ਸਰੀਰ ਛੱਡ ਕੇ ਗੁਰਪੁਰੀ ਜਾ ਵਾਸਾ ਕਰ ਲਿਆ।

**ਗੁਰਪੁਰ ਵਾਸੀ ਭਾਈ ਕੁਲਦੀਪ ਸਿੰਘ ਜੀ ਮਤਵਾਲਾ ਵਲੋਂ ਉਨ੍ਹਾਂ ਦੀ ਯਾਦ ਹਿਤੀ ਲਿਖੀ ਕਵਿਤਾ ਹੇਠਾਂ ਦਿੱਤੀ ਗਈ ਹੈ।**

**"ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ"**

ਜ— ਜਨ ਉਪਕਾਰੀ, ਅਤਿ ਉੱਜਲ ਦੀਦਾਰੀ, ਮੱਥੇ ਲਿੱਖ ਸਰਦਾਰੀ, ਪ੍ਰਭੁ ਜਗ 'ਚ ਪਠਾਇਆ ਸੀ॥ ਜਜ਼ਬਾ ਪਿਆਰ ਵਾਲਾ, ਸਚੀ ਸੁਚੀ ਕਾਰ ਵਾਲਾ, ਬਿਮਲ ਵਿਚਾਰ ਵਾਲਾ, ਰਿਦੇ 'ਚ ਸਮਾਇਆ ਸੀ॥

ਥ— "ਥੇ ਭਾਵੈ ਰਾਖਹੁ ਪ੍ਰੀਤਿ" ਸਦਾ ਸਦਾ ਨੀਤ ਨੀਤ, ਐਸੇ ਐਸੇ ਬੋਲ ਬੋਲ, ਪ੍ਰਭੂ ਨੂੰ ਰੀਝਾਇਆ ਸੀ॥ ਥੇਵਾ ਗੁਰ ਗਿਆਨ ਵਾਲਾ, ਸ਼ਬਦ ਧੁਨ ਧਿਆਨ ਵਾਲਾ, ਸੁਰਤ ਕੋ ਸੰਕੋਚ, ਅਨਹਦ ਲਿਵ ਲਾਇਆ ਸੀ॥

ਦ— ਦਾਇਮ ਵਿਗਾਸ, ਸਦਾ ਚਿੱਤ 'ਚ ਹੁਲਾਸ, ਗਲ ਕਹੇ ਸਦਾ ਖਾਸ, ਬਡੋ ਬਿਰਖਖ ਕੀ ਛਾਇਆ ਸੀ॥ ਦਾਸਨ ਦਾਸਾਨ ਹੋਇ ਜਥੇ ਦੀ ਕਮਾਈ ਸੇਵ, ਔਖ ਸੌਖ ਤਜ, ਸਹੀ ਫਰਜ਼ ਨਿਭਾਇਆ ਸੀ॥

ਰ— ਰਸਨਾ ਸ਼ਬਦ ਰਸ ਚਖ ਮਖਮੂਰ ਹੋਈ, ਰਸਿਕ ਰਸੀਲਾ ਨਾਮ ਰਿਦੇ 'ਚ ਵਸਾਇਆ ਸੀ॥ ਰਜ ਰਜ ਸਿੱਖਾਂ ਦੀ ਕਮਾਈ ਸੇਵ ਦੇਵ ਸਮ, ਗੁਰਸਿਖ ਸੰਗਤ ਮਿਲਾਪ ਕੋ ਬਹੁ ਧਾਇਆ ਸੀ॥

ਭ— ਭਾਰੀ ਭੁਜਾਂ ਵਾਲੇ ਦਾ ਭਰੋਸਾ ਉਹਨੂੰ ਬਹੁਤ ਭਾਰੀ, "ਭਾਵਨੀ ਭਗਤਿ" ਭਉ ਭੰਜਨ ਧਿਆਇਆ ਸੀ॥ ਭਾਨਾਨ ਭਾਨ ਐਸਾ ਪ੍ਰਭੂ ਜੋ ਮਹਾਨ, ਜਿਹਦੀ ਉੱਚੀ-ਸੁੱਚੀ ਸ਼ਾਨ, ਨੇਹੁ ਓਸ ਸੰਗ ਲਾਇਆ ਸੀ।

ਈ—ਈਖੋਂ-ਵਧ ਮਿੱਠੇ ਬੋਲ, ਜੈਸੇ ਮਿਸ਼ਰੀ ਦਾ ਘੋਲ, ਕਉੜਾ ਤੇ ਕਸੈਲਾ ਬੋਲ, ਜੀਭ ਤੇ ਨਾ ਆਇਆ ਸੀ॥ ਈਹਾਂ ਲਾਹਾ ਖਾਟ ਆਗੈ ਬਸਨ ਸੁਹੇਲਾ ਕੀਆ, ਸਹਜ ਸ਼ਬਦ ਰਸ ਅੰਮ੍ਰਿਤ ਅਘਾਇਆ ਸੀ॥

ਰ— ਰਾਜੀ ਰਿਹਾ ਰੱਬ ਦੀ ਰਜਾਇ ਵਿਚ ਸਦਾ ਸਦਾ, ਵੈਰ ਤੇ ਵਿਰੋਧ ਵਾਲੇ ਮਾਰਗ ਨ ਧਾਇਆ ਸੀ॥ ਰਾਜਜੋਗ ਪਾਇਆ, ਧੁਰੋਂ ਤ੍ਰਿਪਤ ਸੰਤੋਖ ਪਾਇਆ, ਬੁਧਿ ਦਾ ਵਿਵੇਕੀ ਹੋਇ, ਮਨ ਨਿਰਮਲਾਇਆ ਸੀ॥

ਮ— ਮਧੁਰ ਬਚਨ ਬੋਲ, ਤਪਤ ਠਰੂਰ ਕਰੇ, ਕਰਕ ਬਚਨ ਬੋਲ ਕਿਸੇ ਨਾ ਦੁਖਾਇਆ ਸੀ॥ ਮਸਤੀ 'ਚ ਮਸਤ ਸਦਾ ਰਿਦੇ 'ਚ ਵਿਗਾਸ ਰਹਿੰਦਾ, ਪ੍ਰੀਤ ਪਰਤੀਤ ਵਾਲੀ ਰੀਤ ਨੂੰ ਨਿਭਾਇਆ ਸੀ॥

ਸਿ— ਸਿੰਘ ਸੂਰਬੀਰ, ਅਤਿ ਸੀਤਲ ਤਸੀਰ, ਬਡੋ ਕਾਲਮਲ ਫ਼ਕੀਰ, ਕਿਸੇ ਤਾਈਂ ਨਾ ਲਖਾਇਆ ਸੀ॥ ਸਿੰਘ ਬਹੁ ਸਜਾਏ ਮਿਲ ਪੰਚ ਪ੍ਰਬੀਨ ਸਿੰਘ, ਸ਼ਬਦ ਰਸ ਮਗਨ ਹੋਇ ਅੰਮ੍ਰਿਤ ਛਕਾਇਆ ਸੀ॥

ਘ— ਘਣੋਂ ਨੰਦ ਪਾਇ ਸਦਾ ਮਾਇਆ 'ਚ ਉਦਾਸ ਰਿਹਾ ਭੇਖ ਤੋਂ ਅਭੇਖ ਰਹਿ ਕੇ ਜੀਵਨ ਬਿਤਾਇਆ ਸੀ॥ ਘਣੋਂ ਉਪਕਾਰੀ, ਗੁਰੂ ਗ੍ਰੰਥ ਦਾ ਲਿਖਾਰੀ, ਮਹਿਮਾਂ ਕਿੰਜ ਕਹਾਂ ਸਾਰੀ ਮੈਥੋਂ ਕਹਿਣ ਨਾ ਆਇਆ ਜੀ॥

ਜੀ—ਜੀਅਹੁ ਗੁਰਬਾਣੀ ਸੰਗ ਪੂਰਨ ਸਨੇਹ ਲਾਇਆ, ਧਿਆਇ ਕੇ ਕਮਾਇ ਕੇ ਪਰਮ ਸੁੱਖ ਪਾਇਆ ਸੀ॥ ਜੀਉ ਜੀਉ ਆਖ ਆਖ ਸਭ ਤਾਂਈ ਮਾਣ ਦਿੱਤਾ, ਮਸਤ "ਮਤਵਾਲਾ" ਹੋਇ ਜਗ ਤੋਂ ਸਿਧਾਇਆ ਸੀ॥



www.AKJ.Org

# ਕਰਨਲ ਪਿਆਰਾ ਸਿੰਘ ਜੀ, ਜੈਪੁਰ

(ਸੂਰਾ ਮਾਸਿਕ ਪੱਤਰ ਜਨਵਰੀ 1986)

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਸਭ ਤੋਂ ਪਹਿਲੇ ਨਿਕਟਵਰਤੀ ਗੁਰਸਿਖਾਂ ਵਿਚੋਂ ਕਰਨਲ ਪਿਆਰਾ ਸਿੰਘ ਜੀ ਦਾ ਨਾਂ ਬੜੇ ਸਤਿਕਾਰ ਨਾਲ ਲਿਆ ਜਾਂਦਾ ਹੈ। ਆਪ ਜੀ ਨੂੰ ਬਚਪਨ ਤੋਂ ਹੀ ਗੁਰਸਿਖੀ ਜੀਵਨ ਦੀ ਲਾਗ ਲਗਦੀ ਗਈ ਅਤੇ ਗੁਰਮੁਖ ਗੁਰਸਿਖ, ਸੰਤਾਂ ਭਗਤਾਂ ਦੀ ਸੰਗਤ ਦੇ ਅਉਸਰ ਗੁਰੂ ਪਾਤਸ਼ਾਹ ਦੀ ਕਿਰਪਾ ਨਾਲ ਬਝਦੇ ਰਹੇ, ਜਿਸ ਕਰਕੇ ਆਪ ਦੇ ਅੰਦਰ ਗੁਰਸਿਖੀ ਲਈ ਅਥਾਹ ਪਿਆਰ ਵੱਧਦਾ ਗਿਆ। ਗੁਰਸਿਖੀ ਪਿਆਰ ਵਿਚ ਗੁਰ-ਬਾਣੀ ਦਾ ਪਾਠ ਪਠਨ ਕਰਦਿਆਂ, ਇੰਨਾ ਸਿਦਕ ਤੇ ਬਿਹਬਲਤਾ ਵੱਧਦੀ ਗਈ ਕਿ ਬੈਰਾਗ ਵਿਚ ਖੀਵੇ ਤੇ ਲਟਬੌਰੇ ਹੋਏ ਰਹਿੰਦੇ।

ਅੰਬਾਲੇ ਛਾਉਣੀ ਬਾਊ ਮੱਲ ਸਿੰਘ ਜੀ ਨੂੰ ਇਨ੍ਹਾਂ ਦੀ ਸੰਗਤ ਪ੍ਰਾਪਤ ਹੋਈ ਤੇ ਫਿਰ ਭਾਈ ਸਾਹਿਬ ਰਣਧੀਰ ਸਿੰਘ ਜੀ ਦਾ ਮੇਲ-ਮਿਲਾਪ ਐਸਾ ਹੋਇਆ ਕਿ ਅੰਬਾਲਾ ਛਾਉਣੀ ਵਿਖੇ ਭਾਈ ਸਾਹਿਬ ਜੀ ਅਤੇ ਉਨ੍ਹਾਂ ਦੇ ਜਥੇ ਦੀਆਂ ਫੇਰੀਆਂ ਪੈਂਦੀਆਂ ਹੀ ਰਹੀਆਂ ਅਤੇ ਇਨ੍ਹਾਂ ਫੇਰੀਆਂ ਵਿਚ ਸ੍ਰੀ ਅਖੰਡ ਪਾਠਾਂ ਦੇ ਅੰਮ੍ਰਿਤ ਪ੍ਰਵਾਹ ਅਤੇ ਕੀਰਤਨ ਦੀਆਂ ਅਨਾਹਤ ਧੁੰਨੀਆਂ ਗੂੰਜਦੀਆਂ ਹੀ ਰਹੀਆਂ।

ਇਸ ਤੋਂ ਪਹਿਲਾ ਫਤਹਿਗੜ੍ਹ ਸਾਹਿਬ ਗੁਰਦੁਆਰੇ, ਵੀਹਵੀਂ ਸਦੀ ਦੇ ਪਹਿਲੇ ਦਹਾਕੇ ਦੇ ਸਾਲਾਨਾ ਜੋੜ ਮੇਲੇ 'ਤੇ ਆਪ ਜੀ ਨੂੰ ਭਾਈ ਸਾਹਿਬ ਜੀ ਦੇ ਦਰਸ਼ਨ ਹੋ ਚੁੱਕੇ ਸਨ ਜਿਸ ਦਾ ਬਿਰਤਾਂਤ ਮੇਰੀ ਪਹਿਲੀ ਮਿਲਣੀ ਦੇ ਨਾਂ ਹੇਠ ਭਾਈ ਮਨਮੋਹਨ ਸਿੰਘ ਜੀ ਜੈਪੁਰ (ਹਾਲ ਯੂ.ਐੱਸ.ਏ) ਵਲੋਂ ਅਗਲੇ ਪੰਨਿਆਂ 'ਤੇ ਦਿੱਤਾ ਗਿਆ ਹੈ।

ਭਾਈ ਪਿਆਰਾ ਸਿੰਘ ਜੀ ਸਿਆਲਕੋਟ ਵਿਚ ਭਾਈ ਠਾਕੁਰ ਸਿੰਘ ਜੀ ਦੇ ਗ੍ਰਹਿ ਸੰਨ 1885 ਵਿਚ ਜਨਮੇ ਸਨ, ਜੋ ਪੋਸਟ ਆਫ਼ਿਸ ਸਿਆਲਕੋਟ ਛਾਉਣੀ ਵਿਖੇ ਵੈਂਡਰ ਸਨ। ਸਿਆਲਕੋਟ ਐਮ.ਬੀ. ਹਾਈ ਸਕੂਲ ਵਿਚੋਂ ਐਂਗਲੋ ਵਰਨੈਕੁਲਰ ਮਿਡਲ ਜਮਾਤ ਸੰਨ 1901 ਵਿਚ ਪਾਸ ਕਰਨ ਪਿਛੋਂ ਆਪ ਸਿਆਲਕੋਟ ਛਾਉਣੀ ਵਿਚ ਹੀ ਸਿਪਾਹੀ ਦੇ ਤੌਰ 'ਤੇ ਸਕੂਲ ਮਾਸਟਰ ਭਰਤੀ ਹੋ ਗਏ। ਨੌਕਰੀ ਦੀ ਪਾਬੰਦੀ ਅਤੇ ਲਗਨ ਨਾਲ ਕੰਮ ਕਰਨ ਦੇ ਸੁਭਾਅ ਸਦਕਾ, ਇਹ ਅਗਾਂਹ ਅਗਾਂਹ ਤਰੱਕੀ ਕਰਦੇ ਗਏ ਅਤੇ ਬਹੁਤ ਕਾਮਯਾਬ ਸਕੂਲ ਮਾਸਟਰ ਸਾਬਤ ਹੋਏ। ਹਜ਼ਾਰਾਂ ਗੋਰਿਆਂ ਤੇ ਅੰਗਰੇਜ਼ ਅਫ਼ਸਰਾਂ ਨੂੰ ਹਿੰਦੁਸਤਾਨੀ ਬੋਲਣੀ ਸਿਖਾਈ ਅਤੇ ਅੰਗਰੇਜ਼ੀ ਤੋਂ ਹਿੰਦੁਸਤਾਨੀ ਸਰਲ ਕਰਨ ਲਈ ਇਨ੍ਹਾਂ ਨੇ ਇਕ ਰੋਮਨ ਭਾਸ਼ਾ ਵਿਚ ਪੁਸਤਕ ਲਿਖੀ, ਜੋ ਕਾਫ਼ੀ ਗਿਣਤੀ ਵਿਚ ਛਪ ਕੇ ਸਾਰੀਆਂ ਯੂਨਿਟਾਂ ਵਿਚ ਪਹੁੰਚੀ। ਇਸ ਪੁਸਤਕ ਕਰਕੇ ਆਪ ਦੀ ਬੜੀ ਮਹਿਮਾ ਹੋਈ ਤੇ ਮਾਣ ਮਿਲਿਆ। ਇਹ ਜਮਾਦਾਰ ਐਜੂਕੇਸ਼ਨ ਅਫ਼ਸਰ ਪੱਕੇ ਹੋ ਗਏ।

ਜਮਾਦਾਰ ਭਾਈ ਪਿਆਰਾ ਸਿੰਘ ਜੀ ਦਾ ਰਸਾਲਾ ਨੰਬਰ 8 ਅੰਬਾਲਾ ਛਾਉਣੀ ਵਿਚ ਇਸਥਿਤ ਸੀ, ਜਦ ਕਿ ਬਾਊ ਮੱਲ ਸਿੰਘ ਜੀ ਦਾ ਰਸਾਲਾ ਨੰਬਰ 36 ਵੀ ਇਨ੍ਹਾਂ ਦੇ ਨੇੜੇ ਹੀ ਇਸੇ ਛਾਉਣੀ ਵਿਚ ਟਿਕਿਆ ਹੋਇਆ ਸੀ। 36 ਨੰਬਰ ਰਸਾਲੇ ਦੇ ਹੈਡ ਕਲਰਕ ਸ. ਮਾਨ ਸਿੰਘ ਜੀ, ਬਾਊ ਮੱਲ ਸਿੰਘ ਜੀ ਦੇ ਉਚੇ ਸੁੱਚੇ ਇਖ਼ਲਾਕੀ ਗੁਣਾਂ ਤੋਂ ਬਹੁਤ ਪ੍ਰਭਾਵਤ ਸਨ। ਉਹ ਗੁਰਸਿਖੀ ਪਿਆਰ ਸਦਕਾ ਹੀ ਭਾਈ ਪਿਆਰਾ ਸਿੰਘ ਜੀ ਦੇ ਵੀ ਪਹਿਲਾਂ ਤੋਂ ਹੀ ਮੇਲੀ ਗੇਲੀ ਸਨ। ਇਕੇਰਾਂ ਜਦ ਭਾਈ ਮਾਨ ਸਿੰਘ ਜੀ, ਭਾਈ ਪਿਆਰਾ ਸਿੰਘ ਨੂੰ ਮਿਲਣ ਗਏ ਤਾਂ ਸਹਿਜ ਸੁਭਾਏ ਹੀ ਬਾਊ ਮੱਲ ਸਿੰਘ ਜੀ ਨੂੰ ਵੀ ਨਾਲ ਲੈ ਗਏ। ਉਥੇ ਗੁਰਮਤਿ ਵੀਚਾਰ-ਵਟਾਂਦਰਾ ਕਰਦਿਆਂ, ਬਾਊ ਜੀ ਤੇ ਭਾਈ ਪਿਆਰਾ ਸਿੰਘ ਜੀ ਐਸੇ ਆਪਸ ਵਿਚ ਮਿਲੇ ਕਿ ਪੀਡੀਆਂ ਪਿਆਰ-ਗੰਢਾਂ ਪੈ ਗਈਆਂ।

ਪਹਿਲੀ ਪਿਆਰ-ਮਿਲਣੀ ਸਦਕਾ ਹੀ ਭਾਈ ਪਿਆਰਾ ਸਿੰਘ ਜੀ ਤੇ ਬਾਊ ਮੱਲ ਸਿੰਘ ਜੀ ਦਾ ਇਕ-ਦੂਜੇ ਪਾਸ



www.AKJ.Org

ਆਉਣਾ ਜਾਣਾ ਸ਼ੁਰੂ ਹੋ ਗਿਆ। ਭਾਈ ਪਿਆਰਾ ਸਿੰਘ ਜੀ ਦਫ਼ਤਰ ਤੋਂ ਵਿਹਲੇ ਹੋ ਕੇ, ਨਿਤ ਹੀ ਬਾਊ ਜੀ ਪਾਸ ਆ ਜਾਂਦੇ। ਉਹ ਵਾਧੂ ਗੱਲਾਂ ਕਰਨ ਦੀ ਥਾਂ ਪਾਠ-ਸਿਮਰਨ ਵਿਚ ਜੁੜਨ ਨੂੰ ਵਧੇਰੇ ਪਸੰਦ ਕਰਦੇ ਸਨ। ਸੋ ਦੋਹਾਂ ਰੱਬੀ ਜੀਊੜਿਆਂ ਨੇ ਲਾਗਲੀ ਖੁਲ੍ਹੀ ਇਕਾਂਤ ਵਿਚ ਆ ਜੁੜਨਾ। ਭਾਈ ਪਿਆਰਾ ਸਿੰਘ ਜੀ ਨੇ ਸੁਝਾ ਦਿੱਤਾ ਕਿ ਪਾਠ ਕਰਨ ਤੋਂ ਪਹਿਲਾਂ 'ਵਾਹਿਗੁਰੂ' ਸ਼ਬਦ ਦਾ ਅਭਿਆਸ ਕਰਨਾ ਜ਼ਰੂਰੀ ਹੈ। ਪੁਸਤਕ 'ਪੂਰਬ ਜਨਮ ਕੇ ਮਿਲੇ ਸੰਜੋਗੀ" ਵਿਚ ਪ੍ਰੋ਼ਫ਼ੇਸ਼ਰ ਠਾਕਰ ਸਿੰਘ ਜੀ ਲਿਖਦੇ ਹਨ—

'ਸੋ ਉਹ ਨਾਮ ਜਪਣ ਵਿਚ ਜੁਟ ਪਏ, ਪਹਿਲਾਂ ਰਸਨਾ ਨਾਲ ਹੌਲੀ-ਹੌਲੀ, ਫਿਰ ਉਚੀ-ਉਚੀ। ਬਾਊ ਜੀ ਉਨ੍ਹਾਂ ਦੇ ਨਾਲ ਨਾਲ, ਜਿਵੇਂ ਉਹ ਕਰਦੇ ਸਨ, ਕਰੀ ਗਏ, ਪਹਿਲਾਂ ਰਸਨਾ ਨਾਲ ਹੌਲੀ-ਹੌਲੀ, ਫਿਰ ਉਚੀ-ਉਚੀ ਤੇ ਜ਼ੋਰੋ ਜ਼ੋਰ। ਸਤਿਗੁਰੂ ਜੀ ਦੀ ਐਸੀ ਕਲਾ ਵਰਤੀ ਕਿ ਬਾਊ ਜੀ ਤੇ ਬਿਸਮਾਦੀ ਦਸ਼ਾ ਤਾਰੀ ਹੋ ਗਈ। ਬਾਊ ਜੀ ਦਸਿਆ ਕਰਦੇ ਸਨ ਕਿ ਜਿਵੇਂ ਨਹਿਰ ਦੇ ਮੋਘੇ ਵਿਚੋਂ ਪਾਣੀ ਚਲ ਪੈਂਦਾ ਹੈ ਓਸੇ ਤਰ੍ਹਾਂ ਸਿਮਰਨ ਆਪਣੇ ਆਪ ਜ਼ੋਰੋ ਜ਼ੋਰ ਵਿਸਮਾਦੀ ਰੰਗਾਂ ਵਿਚ ਚੱਲਣ ਲਗ ਪਿਆ। ਦੋਵੇਂ ਅੱਧੀ ਰਾਤ ਤੋਂ ਪਿਛੋਂ ਤਕ ਸਿਮਰਨ ਵਿਚ ਜੁਟੇ ਰਹਿੰਦੇ। ਫਿਰ ਉਠ ਕੇ ਆਪੋ ਆਪਣੇ ਟਿਕਾਣਿਆਂ ਤੇ ਚਲੇ ਜਾਂਦੇ। ਪਹਿਲਾਂ ਫ਼ੈਸਲਾ ਕਰ ਲਿਆ ਸੀ ਕਿ ਅਗੇ ਨੂੰ ਰੋਜ਼ ਇਹੋ ਕੁਝ ਕਰਨਾ ਹੈ।"

ਅਗੇ ਇਸੇ ਪੁਸਤਕ ਵਿਚ ਲਿਖਿਆ ਹੈ—

"ਇਕ ਦਿਨ ਅੰਬਾਲੇ ਕਾਫੀ ਬਾਰਸ਼ ਹੋਈ। ਸ. ਪਿਆਰਾ ਸਿੰਘ ਜੀ ਬਾਊ ਜੀ ਦੇ ਰਸਾਲੇ ਦੇ ਗੁਰਦੁਆਰੇ ਵਿਚ ਆ ਕੇ ਬੈਠ ਗਏ ਤੇ ਉਨ੍ਹਾਂ ਨੂੰ ਕਵਾਟਰ ਤੋਂ ਸਦ ਭੇਜਿਆ। ਬਾਊ ਜੀ ਦੇ ਆਉਣ ਤੇ ਭਾਈ ਪਿਆਰਾ ਸਿੰਘ ਜੀ ਨੇ ਹਾਰਮੋਨੀਅਮ ਖੋਲ੍ਹ ਲਿਆ ਅਤੇ ਬੜੇ ਬੈਰਾਗ ਵਿਚ ਸ਼ਬਦ ਗਾਵਿਆ—

**ਨ੍ਰਿਪ ਕੰਨਿਆ ਕੇ ਕਾਰਨੈ ਇਕੁ ਭਇਆ ਭੇਖਧਾਰੀ ॥ ਕਾਮਾਰਥੀ ਸੁਆਰਥੀ ਵਾ ਕੀ ਪੈਜ ਸਵਾਰੀ ॥੧॥**

(ਅੰਗ ੮੫੮)

ਜਦੋਂ ਇਸ ਸ਼ਬਦ ਦੀਆਂ ਆਖ਼ਰੀ ਤੁਕਾਂ ਬਾਰ ਬਾਰ ਪੜ੍ਹੀਆਂ—

**ਮੈ ਨਾਹੀ ਕਛੁ ਹਉ ਨਹੀ ਕਿਛੁ ਆਹਿ ਨ ਮੋਰਾ ॥ ਅਉਸਰ ਲਜਾ ਰਾਖਿ ਲੇਹੁ ਸਧਨਾ ਜਨੁ ਤੋਰਾ ॥੪॥੧॥**

(ਅੰਗ ੮੫੮)

ਤਾਂ ਬਾਊ ਜੀ ਦੀ ਆਤਮਾ ਤੇ ਐਸਾ ਡੂੰਘਾ ਅਸਰ ਹੋਇਆ ਕਿ ਆਪ ਬਿਹਬਲ ਹੋ ਗਏ। ਫਿਰ ਕੁਝ ਚਿਰ ਚੁਪ ਛਾਈ ਰਹੀ। ਅੰਤ ਭਾਈ ਪਿਆਰਾ ਸਿੰਘ ਜੀ ਬੋਲੇ, ਭਾਈ ਸਾਹਿਬ ਜੀ, ਤੁਹਾਨੂੰ ਪਤਾ ਹੈ ਕਿ ਮੈਂ ਇਥੇ ਕਿਉਂ ਆਇਆ ਹਾਂ ਅਤੇ ਕਈ ਚਿਰਾਂ ਤੋਂ ਤੁਹਾਡੇ ਪਿਛੇ ਕਿਉਂ ਫਿਰ ਰਿਹਾ ਹਾਂ ?' ਬਾਊ ਜੀ ਨੇ ਉਤਰ ਦਿੱਤਾ, ਮੈਂ ਕੀ ਜਾਣਾਂ। ਪਰ ਮੇਰਾ ਮਨ ਇਸ ਵਕਤ ਇੰਨਾ ਦ੍ਰਵਿਆ ਹੈ ਕਿ ਜੋ ਹੁਕਮ ਕਰੋ, ਦਾਸ ਮੰਨਣ ਨੂੰ ਤਿਆਰ ਹੈ।' ਭਾਈ ਪਿਆਰਾ ਸਿੰਘ ਨੇ ਕਿਹਾ ਕਿ ਮੈਨੂੰ ਸਤਿਗੁਰੂ ਜੀ ਵਲੋਂ ਹੁਕਮ ਹੋਇਆ ਹੈ ਕਿ ਆਪ ਨੂੰ ਗੁਰਸਿੱਖੀ ਮਾਰਗ ਤੇ ਲਿਆ ਕੇ ਸਿਮਰਨ ਵਿਚ ਜੋੜਾਂ। ਇਸ ਲਈ ਗੁਰਮੁਖ ਪੰਜਾਂ ਪਿਆਰਿਆਂ ਪਾਸੋਂ ਅੰਮ੍ਰਿਤ ਪਾਨ ਕਰੋ। ਪੰਜਾਂ ਪਿਆਰਿਆ ਵਿਚ ਸਤਿਗੁਰੂ ਆਪ ਵਸਦੇ ਹਨ ਅਤੇ ਉਨ੍ਹਾਂ ਰਾਹੀਂ ਦ੍ਰਿੜਾਇਆ ਗੁਰ-ਮੰਤਰ ਆਤਮਾ ਨੂੰ ਚਲੂਲੇ ਰੰਗਾਂ ਵਿਚ ਲਿਆਉਂਦਾ ਹੈ। ਗੁਰਸਿਖੀ ਦਾ ਇਹੋ ਗਾਡੀ-ਰਾਹ ਹੈ।"

ਕੁਝ ਦਿਨਾਂ ਪਿਛੋਂ ਹੀ ਸਿਆਲਕੋਟ ਦੇ ਪਿੰਡ ਮੇਹਲੋਵਾਲ ਵਿੱਚ ਇਕ ਅੰਮ੍ਰਿਤ-ਸੰਚਾਰ ਪ੍ਰੋਗਰਾਮ ਰਚੇ ਗਏ। ਇਸੇ ਪਿੰਡ ਵਿਖੇ ਬੀਬੀ ਅਮਰ ਕੌਰ ਨਾਲ ਭਾਈ ਪਿਆਰਾ ਸਿੰਘ ਦੇ ਵਿਵਾਹ ਹੋਏ ਸਨ। ਇਸੇ ਪਿੰਡ ਦੇ ਗੁਰਦੁਆਰੇ ਵਿਖੇ ਗੁਰਸਿਖੀ ਜੀਵਨ ਵਾਲੇ ਪੰਚਾਂ ਦਾ ਇਕੱਠ ਹੋਇਆ, ਭਾਈ ਪਿਆਰਾ ਸਿੰਘ ਜੀ ਵੀ ਇਨ੍ਹਾਂ ਪੰਜਾਂ ਵਿਚ ਸ਼ਾਮਲ ਕਰ ਲਏ ਗਏ। ਅੰਮ੍ਰਿਤ-ਬਾਟਾ ਤਿਆਰ ਹੋਇਆ ਅਤੇ ਬਾਊ ਮੱਲ ਸਿੰਘ ਜੀ ਨਾਮ-ਰੰਗਾਂ ਨਾਲ ਰੰਗੀਜੇ ਹੋਏ ਜਹਾਜ਼ੇ ਚੜ੍ਹ ਗਏ।



www.AKJ.Org

ਵਾਪਸ ਅੰਬਾਲੇ ਛਾਉਣੀ ਪੁੱਜ ਕੇ ਦੋਹਾਂ ਗੁਰਮੁਖ ਪਿਆਰਿਆਂ ਨੇ ਇਹ ਕਾਰ ਦੂਣੇ ਚੌਣੇ ਰੰਗਾਂ ਵਿਚ ਨਿਭਾਉਣੀ ਨਿਤ ਜਾਰੀ ਰਖੀ।

ਹੁਣ ਜ਼ਰੂਰੀ ਸੀ ਕਿ ਬਾਊ ਜੀ ਦੀ ਸਿੰਘਣੀ ਤੇ ਬੱਚਿਆਂ ਨੂੰ ਵੀ ਅੰਮ੍ਰਿਤ ਦੀ ਦਾਤ ਦਾ ਭਾਈਵਾਲ ਬਣਾਇਆ ਜਾਵੇ। ਸੋ ਸਲਾਹ ਕਰ ਕੇ ਬਾਊ ਮੱਲ ਸਿੰਘ ਜੀ ਸਿੰਘਣੀ ਤੇ ਬੱਚਿਆਂ ਨੂੰ ਪੰਚ ਖਾਲਸਾ ਦੀਵਾਨ ਭਸੌੜ (ਸੰਗਰੂਰ) ਵਿਖੇ ਲੈ ਗਏ। ਇਥੇ ਬਾਊ ਮੱਲ ਸਿੰਘ ਜੀ ਜਦ ਪੁਜੇ ਤਾਂ ਓਦੋਂ ਹੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਵੀ ਉਥੇ ਪੁਜ ਹੋਏ ਸਨ। ਅੰਮ੍ਰਿਤ ਵੇਲੇ ਇਕੋ ਕਮਰੇ ਦੀਆਂ ਵੱਖ-ਵੱਖ ਨੁਕਰਾਂ ਵਿਚ ਆਪੋ ਆਪਣੇ ਆਸਣਾਂ ਤੇ ਸਜੇ, ਜਦੋਂ ਦੋਵੇਂ ਗੁਰਮੁਖ ਪਿਆਰੇ ਨਾਮ-ਅਭਿਆਸ ਰੰਗਾਂ ਵਿਚ ਖੰਡੇ ਖੜਕਾ ਰਹੇ ਸਨ ਤਾਂ ਸੁਰਤਾਂ ਦੇ ਐਸੇ ਜੋੜ-ਮੇਲੇ ਹੋਏ ਕਿ ਅਟੁਟ ਜਫੀਆਂ ਪੈ ਗਈਆਂ, ਜੋ ਆਖ਼ਰੀ ਸੁਆਸਾਂ ਤਕ ਪਈਆਂ ਹੀ ਰਹੀਆਂ।

ਭਾਈ ਸਾਹਿਬ ਬਾਊ ਜੀ ਨੂੰ ਉਨ੍ਹਾਂ ਦੇ ਪਰਿਵਾਰ ਸਮੇਤ, ਆਪਣੇ ਪਿੰਡ ਨਾਰੰਗਵਾਲ ਲੈ ਗਏ। ਉਥੇ ਫ਼ੈਸਲਾ ਹੋਇਆ ਕਿ ਆਉਂਦੇ ਹਫਤੇ ਅੰਬਾਲੇ ਛਾਉਣੀ ਸ੍ਰੀ ਅਖੰਡਪਾਠ ਸਮਾਗਮ ਹੋ ਕੇ ਅੰਮ੍ਰਿਤ-ਸੰਚਾਰ ਸਮਾਗਮ ਕੀਤਾ ਜਾਵੇ ਅਤੇ ਉਥੇ ਹੀ ਸਾਰੇ ਅਭਿਲਾਖੀ ਪੇਸ਼ ਕੀਤੇ ਜਾਣ।

ਇਸ ਸਮਾਗਮ ਵਿਚ ਕਿਸੇ ਅਨੂਪਮ ਰੂਹ ਨੇ ਵੀ ਰੰਗੀਜਿਆ ਜਾਣਾ ਸੀ, ਜਿਸ ਕਰਕੇ ਗੁਰੂ ਪਾਤਸ਼ਾਹ ਜੀ ਆਪ ਹੀ ਇਹ ਢੋਅ ਢੁਕਾ ਰਹੇ ਸਨ। ਭਾਈ ਮਾਨ ਸਿੰਘ ਜੀ ਹੈਡ ਕਲਰਕ ਦਾ ਭੁਜੰਗੀ ਹਰਿਬਚਨ ਸਿੰਘ ਬੜੀ ਨਿਰਮਲ ਆਤਮਾ ਸੀ, ਪਰ ਖਾਲਸਾ ਕਾਲਜ ਦੀ ਕੁਸੰਗਤ ਕਰਕੇ ਗੁਰਸਿੱਖੀ ਤੋਂ ਥਿੜਕ ਕੇ ਨਾਸਤਕ ਰੁਚੀ ਵਿਚ ਵਿਚਰ ਰਿਹਾ ਸੀ। ਸੋ ਸਮਾਂ ਆਣ ਬੱਝਾ ਅਤੇ ਭਾਈ ਸਾਹਿਬ ਰਣਧੀਰ ਸਿੰਘ ਜੀ ਗੁਰਮੁਖ ਰੰਗ-ਰਤੜੇ ਗੁਰਸਿਖ ਵੀਰਾਂ ਦੇ ਸੰਗ ਸਾਥ ਛਾਉਣੀ ਆ ਪੁਜੇ। ਭਾਈ ਪਿਆਰਾ ਸਿੰਘ ਜੀ ਤੇ ਹੋਰ ਗੁਰਮੁਖ ਪਿਆਰਿਆਂ ਨੇ ਅੰਬਾਲੇ ਛਾਉਣੀ ਬਜ਼ਾਰ ਦੇ ਗੁਰਦੁਆਰਾ ਸਾਹਿਬ ਵਿਚ ਸਾਰਾ ਪ੍ਰਬੰਧ ਕਰ ਦਿੱਤਾ। ਇਸ ਅੰਮ੍ਰਿਤ-ਸਮਾਗਮ ਵਿਚ ਜੋ ਨਾਮ ਦੀ ਅਲੌਕਿਕ ਕਲਾ ਵਰਤੀ ਉਸ ਦਾ ਜ਼ਿਕਰ ਭਾਈ ਸਾਇਬ ਰਣਧੀਰ ਸਿੰਘ ਜੀ ਰਚਿਤ ਪੁਸਤਕ 'ਰੰਗਲੇ ਸਜਣ' ਵਿਚ 'ਹੀਰਾ ਹਰਿਬਚਨ ਸਿੰਘ' ਦੇ ਪ੍ਰਸੰਗ ਵਿਚ ਪੜ੍ਹਿਆ ਜਾ ਸਕਦਾ ਹੈ।

ਇਸ ਅਗੰਮੀ ਸਮਾਗਮ ਤੋਂ ਬਾਅਦ ਕਈ ਸਮਾਗਮ ਅੰਬਾਲੇ ਛਾਉਣੀ ਵਿਚ ਜੁੜਦੇ ਰਹੇ, ਜਿਨ੍ਹਾਂ ਵਿਚ ਬਾਊ ਮੱਲ ਸਿੰਘ ਜੀ ਦੇ ਸੰਗ ਸਾਥ ਭਾਈ ਪਿਆਰਾ ਸਿੰਘ ਜੀ ਵੀ, ਭਾਈ ਰਣਧੀਰ ਸਿੰਘ ਜੀ ਦੀ ਸੰਗਤ ਦੇ ਖ਼ੂਬ ਅਨੰਦ ਮਾਣਦੇ ਰਹੇ ਅਤੇ ਉਨ੍ਹਾਂ ਦੀਆਂ ਖੁਸ਼ੀਆਂ ਪ੍ਰਾਪਤ ਕਰਦੇ ਰਹੇ। ਇਕੇਰਾਂ ਭਾਈ ਸਾਹਿਬ ਜੀ ਭਾਈ ਪਿਆਰਾ ਸਿੰਘ ਜੀ ਦੀ ਰੰਗ-ਰਤੜੀ ਦਸ਼ਾ ਤੇ ਬਹੁਤ ਹੀ ਪ੍ਰਸੰਨ ਹੋਏ ਅਤੇ ਨਿਤ ਦੇ ਨਾਮ-ਅਭਿਆਸ ਸਮੇਂ ਜਿਸ ਸਰਬ-ਲੋਹੀ ਸਿਮਰਨੇ ਨਾਲ ਆਪ ਅਭਿਆਸ ਵਿਚ ਜੁਟਦੇ ਸਨ, ਉਹ ਸਿਮਰਨਾ ਭਾਈ ਪਿਆਰਾ ਸਿੰਘ ਜੀ ਨੂੰ ਬਖ਼ਸ਼ ਦਿੱਤਾ। ਇਹ ਸਿਮਰਨਾ ਹੁਣ ਉਨ੍ਹਾਂ ਦੇ ਸਪੁਤਰ ਸ. ਸਤਵੰਤ ਸਿੰਘ ਜੀ (ਰੀ. ਤਸੀਲਦਾਰ) ਪਾਸ ਸੁਭਾਇਮਾਨ ਹੈ, ਜਿਸ ਨੂੰ ਉਨ੍ਹਾਂ ਨੇ ਮਹਾਂਪੁਰਖਾਂ ਦੀ ਅਮੋਲਕ ਭਗਤੀ ਦਾ ਦਾਤਿ ਸਮਝ ਕੇ ਸੰਭਾਲ ਕੇ ਰਖਿਆ ਹੋਇਆ ਹੈ।

ਭਾਈ ਪਿਆਰਾ ਸਿੰਘ ਜੀ ਦੀ ਸਰਵਿਸ ਦੌਰਾਨ ਆਪ ਦੀ ਯੂਨਿਟ ਕਈ ਥਾਂਵਾਂ ਤੇ ਬਦਲਦੀ ਰਹੀ, ਪਰ ਗੁਰਸਿਖਾਂ ਤੇ ਗੁਰਮੁਖ ਪਿਆਰਿਆਂ ਦੇ ਸਤਸੰਗ-ਮੇਲੇ ਵੀ ਬਣਦੇ ਹੀ ਰਹੇ। ਅਖ਼ੀਰ 18-20 ਸਾਲ ਦੀ ਸਰਵਿਸ ਬਾਅਦ ਜਮਾਦਾਰ ਤੋਂ ਰਿਸਾਲਦਾਰ ਰੈਂਕ ਮਿਲਣ ਪਿਛੋਂ ਆਪ ਜੀ ਰੀਟਾਇਰ ਹੋ ਗਏ। ਫਿਰ ਨਨਕਾਣਾ ਸਾਹਿਬ ਦੇ ਸ਼ਹੀਦੀ ਸਾਕੇ ਤੋਂ ਪਿਛੋਂ ਕੁਝ ਚਿਰ ਨਨਕਾਣੇ ਸਾਹਿਬ ਮੈਨੇਜਰ ਰਹੇ ਅਤੇ ਕੁਝ ਚਿਰ ਗੁਰਦੁਆਰਾ ਸਾਹਿਬ ਜੈਤੋ ਵਿਖੇ ਵੀ ਮੈਨੇਜਰ ਰਹੇ।

ਸੰਨ 1923 ਵਿਚ ਜੈਪੁਰ ਵਿਖੇ ਸ੍ਰੀ ਗਲੈਂਸੀ ਰੈਜ਼ੀਡੈਂਟ ਹੁੰਦਾ ਸੀ, ਉਹ ਭਾਈ ਪਿਆਰਾ ਸਿੰਘ ਜੀ ਦੇ ਇਕ ਸ਼ਾਗਿਰਦ ਦਾ ਰਿਸ਼ਤੇਦਾਰ ਸੀ। ਉਸ ਨੇ ਆਪ ਨੂੰ ਜੈਪੁਰ ਸੱਦ ਕੇ ਮਿਲਟਰੀ ਆਡਿਟ ਆਫ਼ੀਸਰ ਲਗਾ ਦਿੱਤਾ ਅਤੇ



www.AKJ.Org

ਬਾਅਦ ਵਿਚ ਜੈਪੁਰ ਸਟੇਟ ਵਿਚ ਇਕ ਨਵਾਂ ਰਸਾਲਾ ਬਣਨ ਤੇ ਆਪ ਨੂੰ ਲੈਫ਼ਟੀਨੈਂਟ ਕੁਆਰਟਰ ਮਾਸਟਰ ਲਗਾ ਦਿੱਤਾ ਗਿਆ, ਜਿਥੋਂ ਆਪ ਹੋਰ ਰੈਂਕ ਪ੍ਰਾਪਤ ਕਰਦੇ ਕਰਦੇ ਲੈਫ਼ਟੀਨੈਂਟ ਕਰਨਲ ਦੇ ਅਹੁਦੇ ਤਕ ਅਪੜੇ ਅਤੇ ਫਿਰ ਸਰਦਾਰ ਸਾਹਿਬ ਦੇ ਖ਼ਿਤਾਬ ਨਾਲ ਰੀਟਾਇਰ ਹੋਏ। ਇਸ ਤੋਂ ਉਪਰੰਤ ਆਪ ਕਰਨਲ ਪਿਆਰਾ ਸਿੰਘ ਕਰ ਕੇ ਹੀ ਸਿਖ ਸੰਗਤਾਂ ਵਿਚ ਜਾਣੇ ਜਾਂਦੇ ਰਹੇ।

ਰੀਟਾਇਰ ਹੋ ਕੇ ਆਪ ਜੈਪੁਰ ਵਿਖੇ ਹੀ ਗੁਰਸਿਖੀ ਪ੍ਰਚਾਰ ਵਿਚ ਰੁਝ ਗਏ। ਓਦੋਂ ਆਪ ਤੋਂ ਇਲਾਵਾ ਜੈਪੁਰ ਵਿਚ ਦੋ ਤਿੰਨ ਹੀ ਗੁਰਸਿਖ ਪਰਿਵਾਰ ਵਸਦੇ ਸਨ। ਜੜੀਏ ਸਿਖ ਉਥੇ ਬਹੁਤ ਗਿਣਤੀ ਵਿਚ ਰਹਿੰਦੇ ਸਨ, ਜੋ ਅੱਧੇ ਹਿੰਦੂ ਤੇ ਅੱਧੇ ਸਿੱਖ ਸਨ। ਜੈਪੁਰ ਪਿਤਲੀਆਂ ਦੇ ਚੌਂਕ ਵਿਚ ਜੜੀਏ ਸਿੱਖਾਂ ਦਾ ਗੁਰਦੁਆਰਾ ਸੀ ਅਤੇ ਦੋ ਹੋਰ ਛੋਟੇ ਗੁਰਦੁਆਰੇ ਉਥੇ ਸਨ, ਜਿਨ੍ਹਾਂ ਵਿਚ ਮੂਰਤੀਆਂ ਵੀ ਰਖੀਆਂ ਹੋਈਆਂ ਸਨ।

ਭਾਈ ਪਿਆਰਾ ਸਿੰਘ ਜੀ ਨੇ ਪਹਿਲਾਂ ਜੜੀਆਂ ਦੇ ਗੁਰਦੁਆਰੇ ਕੀਰਤਨ ਅਰੰਭ ਕਰਾਇਆ ਅਤੇ ਹੌਲੀ ਹੌਲੀ ਜੜੀਏ ਸਿਖਾਂ ਨੂੰ ਗੁਰਮਤਿ ਵੱਲ ਪ੍ਰੇਰਿਆ, ਮਨਮਤ ਤੋਂ ਹਟਾਇਆ। ਜੜੀਏ ਸਿਖਾਂ ਨੂੰ ਗੁਰਮਤਿ ਮਾਰਗ ਤੇ ਤੌਰ ਕੇ ਉਨ੍ਹਾਂ ਦੀ ਸੁਧਾਈ ਕਰਵਾਈ, ਕਈਆਂ ਦੇ ਗੁਰਮਤਿ ਮਰਯਾਦਾ ਅਨੁਸਾਰ ਨਵੇਂ ਸਿਰੇ ਫੇਰੇ ਦਿਵਾਏ ਅਤੇ ਅੰਮ੍ਰਿਤ-ਸੰਚਾਰ ਸਮਾਗਮ ਰਚ ਕੇ, ਉਨ੍ਹਾਂ ਨੂੰ ਪੂਰੇ ਸਤਿਗੁਰੂ ਦੇ ਲੜ ਲਾਇਆ। ਗੁਰਦੁਆਰੇ ਦੀ ਇਮਾਰਤ ਵਿਚ ਵੀ ਕਾਫ਼ੀ ਵਾਧਾ ਹੋਇਆ। ਅਨੇਕਾਂ ਊਚ-ਨੀਚ ਜਾਤਾਂ ਵਾਲੇ ਅੰਮ੍ਰਿਤ ਪਾਨ ਕਰ ਕੇ ਗੁਰੂ ਵਾਲੇ ਬਣੇ। ਉਸ ਗੁਰਦੁਆਰਾ ਸਾਹਿਬ ਵਿਖੇ ਬੇਅੰਤ ਸੰਗਤਾਂ ਇਕੱਤਰ ਹੋਣ ਲੱਗ ਪਈਆਂ ਅਤੇ ਗੁਰਪੁਰਬ ਤੇ ਹੋਰ ਦਿਨ ਦਿਹਾਰ ਬੜੀ ਸਜ-ਧਜ ਨਾਲ ਮਨਾਏ ਜਾਣ ਲੱਗ ਪਏ। ਜਿਥੇ ਆਪ ਦੀ ਪਿਆਰੀ ਸ਼ਖ਼ਸੀਅਤ ਸਦਕਾ ਅਨੇਕਾਂ ਨੀਚ ਜਾਤੀਆਂ ਦੇ ਪ੍ਰਾਣੀ ਤਿਆਰ-ਬਰ-ਤਿਆਰ ਸਿੰਘ ਸਜੇ ਉਥੇ ਆਪ ਦੀ ਪ੍ਰੇਰਨਾ ਨਾਲ ਬੜੇ-ਬੜੇ ਜਗੀਰਦਾਰ ਵੀ ਗੁਰਦੁਆਰਾ ਸਾਹਿਬ ਆਉਣ ਲਗ ਪਏ। ਇਸੇ ਤਰ੍ਹਾਂ ਦੂਜੇ ਛੋਟੇ ਗੁਰਦੁਆਰਿਆਂ ਵਿਚ ਵੀ ਆਪ ਜੀ ਪੁਜਦੇ ਰਹੇ ਅਤੇ ਉਥੋਂ ਵੀ ਮਨਮਤਿ ਨੂੰ ਦੂਰ ਕਰ ਕੇ ਗੁਰਮਤਿ ਦਾ ਪ੍ਰਵੇਸ਼ ਕਰਦੇ ਰਹੇ ਅਤੇ ਸਿਖ ਸੰਗਤਾਂ ਨੂੰ ਗੁਰਬਾਣੀ ਤੇ ਕੀਰਤਨ ਨਾਲ ਜੋੜਦੇ ਰਹੇ।

ਕੀਰਤਨ ਨਾਲ ਆਪ ਦਾ ਬਹੁਤ ਇਸ਼ਕ ਸੀ। ਇਸੇ ਪਿਆਰ ਸਦਕਾ ਉਨ੍ਹਾਂ ਨੇ ਪਹਿਲੇ ਆਪਣੇ ਘਰ ਵਿਚ ਰੈਣ-ਸਬਾਈ ਕੀਰਤਨ ਅਰੰਭ ਕੀਤੇ ਅਤੇ ਉਸ ਇਲਾਹੀ ਕੀਰਤਨ ਦੇ ਅਨੂਪਮ ਰੰਗ ਖਿੜਦੇ ਰਹੇ। ਫਿਰ ਗੁਰਦੁਆਰਿਆਂ ਵਿਚ ਅਤੇ ਹੋਰ ਸਿੰਘਾਂ ਦੇ ਘਰਾਂ ਵਿਚ ਇਹ ਰੈਣ-ਸਬਾਈ ਕੀਰਤਨ ਹੋਣ ਲੱਗ ਪਏ। ਪਾਕਿਸਤਾਨ ਬਣਨ ਪਿਛੋਂ ਕਾਫ਼ੀ ਸਿਖ ਪਰਿਵਾਰ ਜੈਪੁਰ ਆ ਵਸੇ, ਜਿਸ ਕਰਕੇ ਉਥੇ ਹੋਰ ਕਈ ਗੁਰਦੁਆਰੇ ਬਣ ਗਏ, ਜਿਥੇ ਗੁਰਸਿਖ ਸੰਗਤਾਂ ਨਿਤ, ਨਾਮ ਬਾਣੀ ਕੀਰਤਨ ਦੇ ਰਸ ਮਾਣਦੀਆਂ ਤੇ ਅਨੰਦਤ ਹੁੰਦੀਆਂ ਹਨ।

ਪਾਕਿਸਤਾਨ ਬਣਨ ਤੋਂ ਪਿਛੋਂ, ਉਨ੍ਹਾਂ ਦਿਨਾਂ ਵਿਚ ਹੀ ਕਰਨਲ ਪਿਆਰਾ ਸਿੰਘ ਜੀ ਇਕੇਰਾਂ ਸ੍ਰੀ ਅੰਮਿਤਸਰ ਆਏ। ਇਥੇ ਗੁਰਦੁਆਰਾ ਅਰੋੜਿਆ (ਗੋਲ ਹੱਟੀ, ਲਾਗੇ ਹਾਲ ਬਜ਼ਾਰ) ਵਿਖੇ ਆਪ ਜੀ ਦੇ ਆਉਣ ਤੇ ਰੈਣ ਸਬਾਈ ਕੀਰਤਨ ਰਖੇ ਗਏ। ਕੀਰਤਨੀ ਸਿੰਘ ਸੱਚੇ ਪਾਤਸ਼ਾਹ ਦੇ ਪ੍ਰਕਾਸ਼ ਦੇ ਨਾਲ ਸੱਜੇ ਪਾਸੇ ਬੈਠੇ ਸਨ ਤੇ ਆਪ ਜੀ ਉਨ੍ਹਾਂ ਦੇ ਸਾਹਮਣੇ ਪਾਸੇ ਬੈਠੇ ਅਨੰਦ ਮਾਣ ਰਹੇ ਸਨ। ਸਿੰਘ ਕੀਰਤਨ ਕਰ ਰਹੇ ਸਨ, ਆਪ ਗੁਰਬਾਣੀ ਧੁਨੀਆਂ ਦੀ ਗੂੰਜ ਵਿਚ ਮਸਤੂਲ ਮਸਤ ਹੁੰਦੇ ਜਾ ਰਹੇ ਸਨ। ਇਥੋਂ ਤਕ ਕਿ ਬੈਰਾਗ ਦੀ ਅੰਦਰੋਂ ਐਸੀ ਕਾਂਗ ਉਠੀ ਕਿ ਆਪ ਵੀ ਕੀਰਤਨ ਕਰਨਹਾਰਿਆਂ ਦੇ ਨਾਲ ਹੀ ਸ਼ਾਂਮਲ ਹੋ ਗਏ ਅਤੇ ਆਪ-ਮੁਹਾਰਾ ਇਸ ਸ਼ਬਦ ਦਾ ਅਲਾਪ ਗੂੰਜਣ ਲਗ ਪਿਆ—

**ਮੇਰੇ ਸਾਹਾ ਮੈ ਹਰਿ ਦਰਸਨ ਸੁਖੁ ਹੋਇ ॥**
**ਹਮਰੀ ਬੇਦਨਿ ਤੂ ਜਾਨਤਾ ਸਾਹਾ ਅਵਰੁ ਕਿਆ ਜਾਨੈ ਕੋਇ ॥ ਰਹਾਉ ॥**

(ਅੰਗ ੬੭੦)

ਜਿਸ ਅੰਦਰਲੇ ਪਿਆਰ-ਖਿਚ ਤੇ ਬਿਰਹੁੰ-ਬੈਰਾਗ ਦੇ ਵਲਵਲੇ ਵਿਚ ਉਹ ਇਨ੍ਹਾਂ ਤੁਕਾਂ ਦੇ ਕੀਰਤਨ ਵਿਚ ਜੁੜੇ



www.AKJ.Org

ਹੋਏ ਸਨ, ਉਸ ਦਾ ਰੰਗ ਜਾਂ ਤਾਂ ਉਹ ਜਾਣਦੇ ਹਨ ਜਿਨ੍ਹਾਂ ਨੇ ਉਸ ਸਮੇਂ ਉਨ੍ਹਾਂ ਨੂੰ ਉਸ ਰੰਗ ਵਿਚ ਵੇਖਿਆ, ਜਾਂ ਰੰਗ-ਰਤੜੇ ਨਾਮ-ਰਸੀਏ ਜੀਊੜੇ ਉਨ੍ਹਾਂ ਦੀ ਉਸ ਬੈਰਾਗ-ਅਵਸਥਾ ਦਾ ਅਨੁਮਾਨ ਲਾ ਸਕਦੇ ਹਨ।

ਇਸ ਪ੍ਰੇਮ-ਬੇਦਨਾ ਵਿਚ ਹੀ ਉਹ ਸਾਰੇ ਸ਼ਬਦ ਦੀ ਇਕ ਇਕ ਪੰਗਤੀ ਦੇ ਰਸ-ਸੁਆਦ ਨੂੰ ਮਾਣਦੇ ਰਹੇ, ਜਿਸ ਨਾਲ ਸਾਰੇ ਕੀਰਤਨ-ਮੰਡਲ ਵਿਚ ਇਕ ਅਲੌਕਿਕ ਹੀ ਰੰਗ ਬਝਾ ਰਿਹਾ। ਸ਼ਬਦ ਦੀਆਂ ਬਾਕੀ ਤੁਕਾਂ ਇਉਂ ਹਨ—

**ਸਾਚਾ ਸਾਹਿਬੁ ਸਚੁ ਤੂ ਮੇਰੇ ਸਾਹਾ ਤੇਰਾ ਕੀਆ ਸਚੁ ਸਭੁ ਹੋਇ ॥**
**ਝੂਠਾ ਕਿਸ ਕਉ ਆਖੀਐ ਸਾਹਾ ਦੂਜਾ ਨਾਹੀ ਕੋਇ ॥੧॥**
**ਸਭਨਾ ਵਿਚਿ ਤੂ ਵਰਤਦਾ ਸਾਹਾ ਸਭਿ ਤੁਝਹਿ ਧਿਆਵਹਿ ਦਿਨੁ ਰਾਤਿ ॥**
**ਸਭਿ ਤੁਝ ਹੀ ਥਾਵਹੁ ਮੰਗਦੇ ਮੇਰੇ ਸਾਹਾ ਤੂ ਸਭਨਾ ਕਰਹਿ ਇਕ ਦਾਤਿ ॥੨॥**
**ਸਭੁ ਕੋ ਤੁਝ ਹੀ ਵਿਚਿ ਹੈ ਮੇਰੇ ਸਾਹਾ ਤੁਝ ਤੇ ਬਾਹਰਿ ਕੋਈ ਨਾਹਿ ॥**
**ਸਭਿ ਜੀਅ ਤੇਰੇ ਤੂ ਸਭਸ ਦਾ ਮੇਰੇ ਸਾਹਾ ਸਭਿ ਤੁਝ ਹੀ ਮਾਹਿ ਸਮਾਹਿ ॥੩॥**
**ਸਭਨਾ ਕੀ ਤੂ ਆਸ ਹੈ ਮੇਰੇ ਪਿਆਰੇ ਸਭਿ ਤੁਝਹਿ ਧਿਆਵਹਿ ਮੇਰੇ ਸਾਹ ॥**
**ਜਿਉ ਭਾਵੈ ਤਿਉ ਰਖੁ ਤੂ ਮੇਰੇ ਪਿਆਰੇ ਸਚੁ ਨਾਨਕ ਕੇ ਪਾਤਿਸਾਹ ॥੪॥੭॥੧੩॥**

(ਅੰਗ ੬੭੦)

ਹਾਂ ਜੀ, ਇਉਂ ਇਲਾਹੀ ਰੰਗਾਂ ਵਿਚ ਕੀਰਤਨ ਮਾਨਣ ਵਾਲੇ, ਕੀਰਤਨ-ਰਸ ਵਿਚ ਗੜੂੰਦ ਰਹਿਣ ਵਾਲੇ, ਕਰਨਲ ਪਿਆਰਾ ਸਿੰਘ ਜੀ ਸਾਰੀ ਉਮਰ ਹੀ ਗੁਰਸਿਖੀ ਦੀ ਕਮਾਈ ਕਰਦੇ ਰਹੇ। ਆਪ ਜੀ ਨੇ ਰਜ-ਰਜ ਕੇ ਬਾਊ ਮੱਲ ਸਿੰਘ ਜੀ ਦੀ ਸੰਗਤ ਦਾ ਮਾਣ ਪ੍ਰਾਪਤ ਕੀਤਾ ਅਤੇ ਉਨ੍ਹਾਂ ਦੇ ਪਿਆਰੇ ਸਾਥੀ ਵੀਰ ਹਰਿਬਚਨ ਸਿੰਘ ਜੀ (ਸੂਬੇਦਾਰ) ਦੀ ਮਿਠੀ ਤੇ ਪਿਆਰੀ ਸ਼ਖ਼ਸੀਅਤ ਨਾਲ ਵੀ ਮੇਲੇ ਗੇਲੇ ਬਣਦੇ ਹੀ ਰਹੇ। ਬਾਊ ਮੱਲ ਸਿੰਘ ਜੀ ਦਾ ਆਪ ਇਤਨਾ ਸਤਿਕਾਰ ਕਰਦੇ ਸਨ ਕਿ ਆਪ ਜੀ ਜਦ ਕਦੇ ਵੀ ਉਨ੍ਹਾਂ ਨੂੰ ਪ੍ਰੇਮ-ਪਾਤੀ ਲਿਖਦੇ ਤਾਂ ਪੂਰਾ ਪੂਰਾ ਸਫ਼ਾ ਆਪ ਜੀ ਦੇ ਗੁਣਾਂ ਦੇ ਵਿਸ਼ੇਸ਼ਣ ਬਿਆਨ ਕਰਨ ਵਿਚ ਲਾ ਦਿੰਦੇ ਅਤੇ ਸਾਰੀ ਸਾਰੀ ਪਤਰਕਾ ਵਿਚ ਜੋ ਸ਼ਰਧਾ ਤੇ ਪ੍ਰੇਮ ਦੇ ਵਲਵਲੇ ਪੇਸ਼ ਕਰਦੇ, ਉਹ ਆਪਣੀ ਮਿਸਾਲ ਆਪ ਹੀ ਹੁੰਦੇ। ਕਰਨਲ ਸਾਹਿਬ ਜੀ ਦੀਆਂ ਬਾਊ ਜੀ ਵਲ ਲਿਖੀਆਂ ਕੁਝ ਯਾਦਗਾਰੀ ਪਤਰਕਾਂ ਸਾਡੇ ਪਾਸ ਕਾਫ਼ੀ ਚਿਰ ਸਾਂਭੀਆਂ ਰਹੀਆਂ, ਪਰ ਹੁਣ ਕਾਫ਼ੀ ਯਤਨ ਕਰਨ ਤੇ ਵੀ ਉਹ ਲਭ ਨਾ ਸਕੀਆਂ।

ਬਾਊ ਮੱਲ ਸਿੰਘ ਜੀ ਦਾ ਆਪ ਨਾਲ ਇਤਨਾ ਪਿਆਰ ਸੀ ਕਿ 18 ਨਵੰਬਰ 1966 ਨੂੰ ਜਦੋਂ ਕਰਨਲ ਸਾਹਿਬ ਨੇ ਜੈਪੁਰ ਵਿਖੇ ਚਲਾਣਾ ਕੀਤਾ ਤਾਂ ਉਸ ਤੋਂ ਪਹਿਲਾਂ ਬਾਊ ਮੱਲ ਸਿੰਘ ਜੀ ਨੇ ਆਪ ਜੈਪੁਰ ਪੁਜ ਕੇ, ਉਨ੍ਹਾਂ ਦੀ ਪ੍ਰਮਾਰਥਕ ਸਹਾਇਤਾ ਲਈ ਤੇ ਉਨ੍ਹਾਂ ਨੂੰ ਚੜ੍ਹਦੀਕਲਾ ਵਿਚ ਰਖਣ ਲਈ ਸ੍ਰੀ ਅਖੰਡ ਪਾਠ ਕੀਤੇ ਅਤੇ ਅੰਮ੍ਰਿਤ ਸੰਚਾਰ ਸਮਾਗਮ ਵੀ ਰਚੇ। ਇਉਂ ਗੁਰੂ-ਪਿਆਰਿਆਂ ਨੇ ਆਪਣੇ ਗੁਰਸਿਖੀ ਪਿਆਰ ਨੂੰ ਤੋੜ ਤਕ ਨਿਭਾ ਦਿੱਤਾ।

**ਭਾਈ ਸਾਹਿਬ ਜੀ ਨਾਲ ਮੇਰੀ ਪਹਿਲੀ ਮਿਲਣੀ - (ਜ਼ਬਾਨੀ ਕਰਨਲ ਸਾਹਿਬ) : ਵਲੋਂ ਭਾਈ ਮਨਮੋਹਨ ਸਿੰਘ ਜੀ, ਜੈਪੁਰ**

ਇਸ ਵੀਹਵੀਂ ਸਦੀ ਦੇ ਪਹਿਲੇ ਦਹਾਕੇ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਛੋਟੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਪੁਰਬ ਸਮੇਂ, ਸ਼ਹੀਦੀ ਅਸਥਾਨ ਗੁਰਦੁਆਰਾ ਸ੍ਰੀ ਫਤਿਹਗੜ੍ਹ ਸਾਹਿਬ ਵਿਖੇ ਭਾਰੀ ਜੋੜ-ਮੇਲਾ ਸੀ। ਰਿਆਸਤੀ ਕਰਮਚਾਰੀ ਤੇ ਅੰਗਰੇਜ਼ੀ ਹਕੂਮਤ ਦੇ ਅਫ਼ਸਰ ਸਰਕਾਰੀ ਤੌਰ 'ਤੇ ਪ੍ਰਬੰਧ ਕਰ ਰਹੇ ਸਨ। ਇਸ ਜੋੜ ਮੇਲੇ ਦਾ ਪ੍ਰਬੰਧ ਰਿਆਸਤ ਦੇ ਮਹਾਰਾਜਾ ਜੀ ਦੀ ਸਰਕਰਦਗੀ ਵਿਚ ਹੋਇਆ ਕਰਦਾ ਸੀ। ਬੜਾ ਭਾਰੀ ਇਕੱਠ ਸੀ। ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਦੀਵਾਨ-ਅਸਥਾਨ ਵਾਲੇ ਪੰਡਾਲ ਵਿਚ ਸ਼ੋਭ ਰਹੀਆਂ ਸਨ। ਮਹਰਾਜਾ ਪਟਿਆਲਾ ਤੇ ਹੋਰ ਬਹੁਤ ਸਾਰੇ ਛੋਟੇ ਵੱਡੇ ਕਰਮਚਾਰੀ ਮੌਜੂਦ ਸਨ। ਮੈਂ ਆਪਣੇ ਪੰਜ-ਛੇ ਫ਼ੌਜੀ ਸਾਥੀਆਂ ਸਮੇਤ ਉਸ ਜੋੜ-ਮੇਲੇ ਦੇ ਦਰਸ਼ਨਾਂ ਲਈ ਪੁੱਜਾ ਹੋਇਆ ਸੀ।


www.AKJ.Org

ਸਵੇਰ ਦਾ ਵੇਲਾ ਸੀ। ਦੀਵਾਨ-ਅਸਥਾਨ ਵਿਚ ਸ੍ਰੀ ਆਸਾ ਜੀ ਦੀ ਵਾਰ ਦਾ ਕੀਰਤਨ ਪੰਥ ਦਾ ਇਕ ਉੱਘਾ ਰਾਗੀ ਜੱਥਾ ਕਰ ਰਿਹਾ ਸੀ। ਸੰਗਤਾਂ ਕੀਰਤਨ ਦਾ ਅਨੰਦ ਲੈ ਰਹੀਆਂ ਸਨ। ਸਾਨੂੰ ਪੁੱਜਦਿਆਂ ਨੂੰ ਇਹ ਖ਼ਿਆਲ ਆਇਆ ਕਿ ਦੀਵਾਨ ਵਿਚ ਬੈਠਣ ਤੋਂ ਪਹਿਲੋਂ ਮਾਤਾ ਜੀ ਦੇ ਬੁਰਜ ਵਿਚ ਜਾ ਕੇ ਯਾਤਰਾ ਕਰ ਆਈਏ ਤੇ ਫਿਰ ਨਿਸ਼ਚਿੰਤ ਹੋ ਕੇ ਸਾਰੇ ਪ੍ਰੋਗਰਾਮ ਦੇ ਲਾਹੇ ਲਈਏ। ਇਸ ਖ਼ਿਆਲ ਨਾਲ ਅਸੀਂ ਸਾਰੇ ਫ਼ੌਜੀ-ਸਾਥੀ ਬੁਰਜ ਵਲ ਨੂੰ ਚਲੇ ਗਏ। ਦਰਵਾਜ਼ੇ ਵਿਚ ਦਾਖ਼ਲ ਹੁੰਦਿਆਂ ਹੀ ਇਕ ਅਸਚਰਜ ਨਜ਼ਾਰਾ ਦੇਖਿਆ :

ਖਾਲਸਈ ਬਸਤਰ-ਸ਼ਸਤਰਧਾਰੀ ਇਕ ਨੌਜਵਾਨ ਇਕੱਲਾ ਹੀ ਸਮਾਧੀ ਲਾਈ ਬੈਠਾ ਹੈ। ਹਾਰਮੋਨੀਅਮ ਨਾਲ ਸ੍ਰੀ ਆਸਾ ਦੀ ਵਾਰ ਦੇ ਕੀਰਤਨ ਕਰਨ ਵਿਚ ਉਸਦੀ ਬਿਰਤੀ ਇਸ ਤਰ੍ਹਾਂ ਲਗੀ ਹੋਈ ਹੈ ਜਿਵੇਂ ਕਿਸੇ ਸਮਾਧੀ ਵਿਚ ਹੋਣ ਦੀ ਦਸ਼ਾਂ ਹੋਵੇ। ਅੱਖਾਂ ਬੰਦ ਹਨ। ਬੜੇ ਪ੍ਰੇਮ-ਸ਼ਰਧਾ ਨਾਲ ਕਿਸੇ ਮਸਤੀ ਵਿਚ ਕੀਰਤਨ ਕਰ ਰਿਹਾ ਹੈ। ਉਸ ਵੇਲੇ ਆਸਾ ਦੀ ਵਾਰ ਦਾ ਭੋਗ ਪੈਣ ਵਾਲਾ ਹੀ ਸੀ। ਉਸ ਦਾ ਅਦੁੱਤੀ ਪ੍ਰੇਮ ਵੇਖ ਕੇ ਤੇ ਅਲੌਕਿਕ ਕੀਰਤਨ ਸੁਣ ਕੇ ਸਾਡੇ ’ਤੇ ਐਸਾ ਪ੍ਰਭਾਵ ਪਿਆ ਕਿ ਅਸੀਂ ਭੀ ਉਥੇ ਹੀ ਉਸ ਦੇ ਪਿੱਛੇ ਬੈਠ ਗਏ। ਛੇਤੀ ਹੀ ਭੋਗ ਪੈ ਗਿਆ ਤੇ ਉਸੇ ਮਸਤੀ ਵਿਚ ਅਧ-ਮੀਟੀਆਂ ਅੱਖਾਂ ਨਾਲ ਉਹ ਯੁਵਕ ਉੱਠ ਕੇ ਅਰਦਾਸਾ ਸੋਧਣ ਲਈ ਸਾਵਧਾਨ ਹੋਇਆ। ਅਸੀਂ ਵੀ ਖੜੇ ਹੋ ਕੇ ਅਰਦਾਸੇ ਵਿਚ ਸ਼ਾਮਿਲ ਹੋ ਗਏ। ਪਰ ਉਸ ਨੂੰ ਸ਼ਾਇਦ ਉਥੇ ਸਾਡੀ ਹੋਂਦ ਦਾ ਪਤਾ ਨਹੀਂ ਸੀ। ਕਿਸੇ ਖ਼ਾਸ ਰੰਗ ਅਤੇ ਸ਼ਰਧਾ ਵਿਚ ਅਰਦਾਸਾ ਹੋਇਆ। ਉਸ ਨਜ਼ਾਰੇ ਅਤੇ ਅਤਿ ਸ਼ਰਧਾ-ਪ੍ਰੇਮ ਭਰੇ, ਉਸ ਯੁਵਕ ਦੇ ਚੇਹਰੇ ਦਾ ਹੁਣ ਵੀ ਜਦ ਖ਼ਿਆਲ ਕਰਦਾ ਹਾਂ ਤਾਂ ਹਿਰਦਾ ਦ੍ਰਵ ਜਾਂਦਾ ਹੈ। ਅਸੀਂ ਵੀ ਪੰਜ-ਛੇ ਸਾਥੀ ਉਸ ਅਰਦਾਸੇ ਨਾਲ ਰਲ ਕੇ, ਅਰਦਾਸ-ਰੂਪ ਹੋ ਰਹੇ ਸਾਂ ਕਿ ਉਸ ਦੇ ਮੂੰਹੋਂ ਨਿਕਲੇ ਕੁਝ ਏਸ ਤਰ੍ਹਾਂ ਦੇ ਅੱਖਰਾਂ ਨੇ ਸਾਨੂੰ ਚੌਂਕਾ ਦਿੱਤਾ :

> ‘ਹੇ ਖ਼ਾਲਸਾ ਪੰਥ ਦੇ ਮਾਲੀ ਦਸ਼ਮੇਸ਼ ਪਿਤਾ ਜੀ, ਇਸ ਪਵਿੱਤਰ ਅਸਥਾਨ ’ਤੇ ਆਪ ਜੀ ਨੇ ਇਸ ਦਾਸ ਦੇ ਦੋ ਭਰਾਵਾਂ ਦੀ ਸ਼ਹੀਦੀ ਕਬੂਲੀ ਸੀ। ਪਿਆਰੇ ਪਿਆਰੇ ਸਾਹਿਬਜ਼ਾਦਿਆਂ ਨੂੰ ਛੋਟੀ ਜਿਹਾ ਬਰੇਸ ਵਿਚ ਇਹ ਸ਼ਹੀਦੀ ਜਾਮ ਪੀਣ ਦਾ ਸੁਭਾਗ ਬਖ਼ਸ਼ਿਆ ਸੀ। ਅੱਜ ਇਸ ਪਵਿੱਤਰ ਅਸਥਾਨ ’ਤੇ ਉਹਨਾਂ ਦਾ ਇਹ ਛੋਟਾ ਵੀਰ ਵੀ, ਆਪ ਜੀ ਪਾਸੋਂ ਸ਼ਹੀਦੀ ਦੀ ਮੰਗ ਮੰਗਣ ਲਈ ਹਾਜ਼ਰ ਹੋਇਆ ਹੈ। ਜੋ ਕੁਝ ਇਸ ਅਸਥਾਨ ’ਤੇ ਹੋ ਰਿਹਾ ਹੈ, ਦਾਸ ਉਹ ਬਰਦਾਸ਼ਤ ਕਰਨ ਤੋਂ ਅਸਮਰਥ ਹੈ। ਦੁਨਿਆਵੀ ਐਸ਼ਵਰਜ਼ ਤੇ ਰਾਜਸੀ ਤਾਕਤ ਵਾਲੇ ਮਹਾਰਾਜੇ ਤੇ ਅੰਗਰੇਜ਼ੀ ਹਕੂਮਤ ਦੇ ਕਰਮਚਾਰੀਆਂ ਨਾਲ ਟਾਕਰਾ ਹੈ। ਮੈਨੂੰ ਆਸ ਨਹੀਂ ਕਿ ਦਾਸ ਦੀ ਮੰਗ ਵਲ ਗਹੁ ਕਰਨ ਤੇ ਇਸੇ ਲਈ ਅਰਦਾਸ ਹੈ ਪਿਤਾ ਜੀ, ਕਿ ਜਾਨ ਜਾਏ ਤਾਂ ਜਾਏ, ਪਰ ਇਸ ਪਾਵਨ ਅਸਥਾਨ ਦੀ ਹੋ ਰਹੀ ਬੇਅਦਬੀ ਨਾ ਹੋਵੇ। ਇਸ ਕਾਰਜ ਲਈ ਸ਼ਹੀਦੀ ਦੀ ਯਾਚਨਾ ਕਰਨ ਲਈ ਹਾਜ਼ਰ ਹੋਇਆ ਹਾਂ।’

ਕੁਝ ਇਸ ਤਰ੍ਹਾਂ ਦੇ ਭਾਵ ਵਾਲੇ ਅੱਖਰਾਂ ਵਿਚ, ਪਰ ਕਿਸੇ ਖ਼ਾਸ ਰੰਗ ਤੇ ਦ੍ਰਿੜ੍ਹਤਾ ਵਿਚ ਅਰਦਾਸ ਹੋਈ। ਸਮਾਪਤੀ ’ਤੇ ਸਾਰਿਆਂ ਨੇ ਮੱਥਾ ਟੇਕਿਆ।

ਉਸ ਸਿੰਘ (ਭਾਈ ਸਾਹਿਬ ਰਣਧੀਰ ਸਿੰਘ ਜੀ) ਨੂੰ ਮੁੜਨ ਲੱਗਿਆਂ ਅਸਾਂ ਫ਼ਤਹ ਗਜਾਈ। ਉਸ ਨੇ ਅੱਧ-ਮੀਟੀਆਂ ਮਸਤ ਅੱਖਾਂ ਨਾਲ ਫ਼ਤਹ ਦਾ ਉੱਤਰ ਦੇ ਦਿੱਤਾ, ਪਰ ਸਾਡੀ ਹੋਂਦ ਵਲੋਂ ਬਿਲਕੁਲ ਬੇਪਰਵਾਹ, ਉਹ ਦੀਵਾਨ-ਅਸਥਾਨ ਵੱਲ ਨੂੰ ਧਾਈ ਕਰ ਕੇ ਚਲਾ ਗਿਆ। ਅਸਾਂ ਇਹ ਤਾੜ ਲਿਆ ਕਿ ਇਸ ਦੀ ਅਰਦਾਸ ਦਾ ਸੰਬੰਧ ਇਸੇ ਦੀਵਾਨ ਨਾਲ ਹੈ, ਤੇ ਜ਼ਰੂਰ ਕੁਝ ਨਾ ਕੁਝ ਵਾਪਰਨ ਵਾਲਾ ਹੈ।

ਅਸੀਂ ਆਪਸ ਵਿਚ ਇਸ ਸਿੰਘ ਦੀ ਸਹਾਇਤਾ ਦਾ ਮਤਾ ਪਕਾ ਕੇ ਉਸ ਦੇ ਪਿਛੇ ਚਲੇ ਗਏ, ਇਹ ਸੋਚ ਕੇ ਸ਼ਾਇਦ ਇਸ ਨੇ ਦੀਵਾਨ ਵਿਚ ਜਾ ਕੇ ਕੋਈ ਐਸੀ ਗੱਲ ਕਰਨੀ ਹੋਵੇ, ਜਿਸ ਤੋਂ ਪ੍ਰਬੰਧਕ ਰੋਕਣ। ਅਸਾਂ ਫ਼ੌਜੀ ਢੰਗ ਨਾਲ ਇਹ ਵਿਉਂਤ ਬਣਾਈ ਤੇ ਸਾਰੇ ਜਣੇ ਦੀਵਾਨ ਦੇ ਸਾਰਿਆਂ ਪਾਸਿਆਂ ਵਲ ਖਿੰਡ ਗਏ, ਤਾਂਕਿ ਹਰ ਪਾਸੇ ਤੋਂ ਉਸ ਸਿੰਘ ਦੀ ਗੱਲ ਸੁਣਨ ਦੀ ਮੰਗ ਅਵਾਜ਼ਾਂ ਰਾਹੀਂ ਉਠਾਈ ਜਾਵੇ। ਇਵੇਂ ਹੀ ਹੋਇਆ।



www.AKJ.Org

ਸ਼ਸਤਰ-ਧਾਰੀ ਸਿੰਘ ਜਦ ਗੁਰੂ ਮਹਾਰਾਜ ਦੇ ਸਨਮੁਖ ਮੱਥਾ ਟੇਕ ਕੇ ਉਠੇ ਤਾਂ ਵਾਪਸ ਮੁੜ ਕੇ ਕਿਤੇ ਬੈਠਣ ਦੀ ਥਾਂ, ਉਹ ਉਥੇ ਹੀ ਖੜੇ ਹੋ ਗਏ। ਆਪਣੇ ਦੋਹਾਂ ਹੱਥਾਂ ਵਿਚ ਪਾਏ ਮੋਟੇ ਮੋਟੇ ਕੜਿਆਂ ਨੂੰ ਖੜਕਾ ਕੇ, ਕਿਸੇ ਗੁਰ-ਸ਼ਬਦ ਦਾ ਕੀਰਤਨ ਬਹੁਤ ਉੱਚੀ ਧੁਨੀ ਵਿਚ ਅਰੰਭ ਕਰ ਦਿੱਤਾ। ਆਸਾ ਦੀ ਵਾਰ ਦੇ ਪਹਿਲੋਂ ਹੋ ਰਹੇ ਕੀਰਤਨ ਵਿਚ ਵਿਘਨ ਪੈ ਗਿਆ। ਖਲਬਲੀ ਜਿਹੀ ਮਚ ਗਈ। ਪ੍ਰਬੰਧਕਾਂ ਵਲੋਂ ਉੱਚੀਂ-ਉੱਚੀ ਉਸ ਸਿੰਘ ਨੂੰ ਬੈਠਣ ਅਤੇ ਚੁੱਪ ਕਰਨ ਦੇ ਹੁਕਮ ਹੋਣ ਲੱਗੇ। ਪਰ ਉਥੇ ਕੌਣ ਸੁਣਦਾ ਸੀ? ਅੱਖੀਆਂ ਬੰਦ, ਗੁਰੂ ਸਾਹਿਬ ਦੇ ਸਨਮੁਖ, ਉਹ ਸਿੰਘ ਹਰ ਟੋਕਾ-ਟੋਕੀ ਤੋਂ ਬੇਪਰਵਾਹ ਕੀਰਤਨ ਕਰੀ ਗਿਆ। ਐਨੀ ਉੱਚੀ ਗੂੰਜਵੀਂ ਅਵਾਜ਼ ਸੀ ਕਿ ਰਾਗੀ ਸਿੰਘਾਂ ਨੂੰ ਕੀਰਤਨ ਬੰਦ ਕਰਨ ਪਿਆ।

ਸ਼ੋਰ ਮਚਾਣ ਉਪਰੰਤ, ਜਦ ਪ੍ਰਬੰਧਕ ਉਸ ਨੂੰ ਰੋਕਣ ਲਈ ਅੱਗੇ ਵਧੇ ਤਾਂ ਅਸੀਂ ਸਾਰਿਆਂ ਪਾਸਿਆਂ ਤੋਂ ਅਵਾਜ਼ਾਂ ਦੇਣੀਆਂ ਸ਼ੁਰੂ ਕਰ ਦਿੱਤੀਆਂ ਕਿ ਇਸ ਸਿੰਘ ਨੂੰ ਪੁਛਿਆ ਜਾਵੇ ਕਿ ਇਹ ਕੀ ਚਾਹੁੰਦਾ ਹੈ? ਅਤੇ ਇਸ ਦੀ ਗੱਲ ਸਾਰੀ ਸੰਗਤ ਵਿਚ ਸੁਣੀ ਜਾਵੇ। ਸਾਡੀਆਂ ਅਵਾਜ਼ਾਂ ਨਾਲ ਹੋਰ ਕਈ ਅਵਾਜ਼ਾਂ ਰਲ ਗਈਆਂ ਤੇ ਇਹ ਮੰਗ ਸਾਰੀ ਸੰਗਤ ਦੀ ਮੰਗ ਬਣ ਗਈ। ਪ੍ਰਬੰਧਕ ਝਿਜਕਦੇ ਸਨ, ਪਰ ਮਜਬੂਰ ਹੋ ਕੇ ਉਨ੍ਹਾਂ ਸਿੰਘ ਨੂੰ ਗੱਲ ਦੱਸਣ ਲਈ ਪੁਛਿਆ ਕਿ ਉਸ ਦਾ ਅਸਲ ਮੰਤਵ ਕੀ ਹੈ ? ਸਿੰਘ ਜੀ ਸਟੇਜ 'ਤੇ ਆ ਗਏ ਤੇ ਖੜੇ ਹੋ ਕੇ ਕੁਝ ਇਸ ਤਰ੍ਹਾਂ ਨਾਲ ਬੜੇ ਜੋਸ਼ ਵਿਚ ਕਿਹਾ :

"ਸਾਧ ਸੰਗਤ ਜੀ, ਦਾਸ ਨੂੰ ਖੇਦ ਹੈ ਕਿ ਸ੍ਰੀ ਆਸਾ ਦੀ ਵਾਰ ਦੇ ਪਵਿੱਤਰ ਕੀਰਤਨ ਨਾਲੋਂ, ਆਪ ਦੀਆਂ ਬਿਰਤੀਆਂ ਨੂੰ ਤੋੜਨ ਦਾ ਅਪਰਾਧੀ ਬਣਿਆ ਹਾਂ। ਇਸ ਅਪਰਾਧ ਦੀ ਹੱਥ ਜੋੜ ਕੇ ਖਿਮਾ ਮੰਗਦਾ ਹੋਇਆ ਬੇਨਤੀ ਕਰਦਾ ਹਾਂ ਕਿ ਇਹ ਅਪਰਾਧ ਮੈਂ ਕਿਸੇ ਖ਼ਾਸ ਮਜਬੂਰੀ ਵਿਚ ਕੀਤਾ ਹੈ। ਇਹ ਕਦਮ ਚੁੱਕਣ ਤੋਂ ਪਹਿਲਾਂ ਦਾਸ ਪ੍ਰਬੰਧਕ ਕਰਮਚਾਰੀਆਂ ਨਾਲ ਚਾਰਾਜੋਈ ਕਰ ਚੁੱਕਾ ਹੈ ਪਰ ਉਹਨਾਂ ਨੇ ਦਾਸ ਦੀ ਬੇਨਤੀ ਵਲ ਗਹੁ ਨਹੀਂ ਕੀਤਾ, ਪਰਵਾਹ ਹੀ ਨਹੀਂ ਕੀਤੀ ਤੇ ਸੁਣੀ ਅਣਸੁਣੀ ਕਰ ਕੇ ਟਾਲ ਦਿੱਤਾ। ਇਸ ਪਵਿੱਤਰ ਅਸਥਾਨ 'ਤੇ ਦਸਮੇਸ਼ ਪਿਤਾ ਜੀ ਦੇ ਲਾਡਲੇ ਸਾਹਿਬਜ਼ਾਦਿਆਂ ਦਾ ਪਵਿੱਤਰ ਸ਼ਹੀਦੀ ਖ਼ੂਨ ਡੁਲ੍ਹਿਆ ਹੈ। ਇਥੇ ਜਗਤ-ਮਾਤਾ, ਮਾਤਾ ਗੁਜਰੀ ਜੀ ਧਰਮ ਤੋਂ ਨਿਛਾਵਰ ਹੋਏ ਹਨ। ਗੁਰਬਾਣੀ, ਧੁਰ ਕੀ ਬਾਣੀ, ਮਹਾਂ ਬਾਣੀ, ਬਾਣੀਆਂ ਸਿਰ ਬਾਣੀ ਹੈ। ਐਸੇ ਪਵਿੱਤਰ ਅਸਥਾਨ 'ਤੇ ਐਸੀ ਪਵਿੱਤਰ ਬਾਣੀ ਦਾ ਕੀਰਤਨ, ਫਿਰ ਐਸੇ ਪਵਿੱਤਰ ਦਿਹਾੜੇ, ਇਕ ਐਸਾ ਕੀਰਤਨੀ ਜੱਥਾ ਸੁਣਾਵੇ ਜੋ ਪਤਿਤ-ਕਰਮੀ ਹੋਣ ਕਰਕੇ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮ ਅਨੁਸਾਰ ਪੰਥ ਤੋਂ ਛੇਕਿਆ ਜਾ ਚੁੱਕਾ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮ ਅਨੁਸਾਰ ਇਸ ਜੱਥੇ ਨੂੰ ਕਿਸੇ ਗੁਰਦੁਆਰਾ ਸਾਹਿਬ ਜਾਂ ਕਿਸੇ ਦੀਵਾਨ ਵਿਚ ਕੀਰਤਨ ਕਰਨ ਦੀ ਆਗਿਆ ਨਹੀਂ, ਜਦ ਤਾਈਂ ਕਿ ਇਹ ਜੱਥਾ ਪੰਜਾਂ ਪਿਆਰਿਆਂ ਦੇ ਪੇਸ਼ ਹੋ ਕੇ ਆਪਣੀ ਭੁਲ ਬਖ਼ਸ਼ਵਾ ਕੇ, ਫੇਰ ਅੰਮ੍ਰਿਤ ਪਾਨ ਕਰਕੇ ਸਿੰਘ ਨਹੀਂ ਸੱਜ ਜਾਂਦਾ। ਇਸ ਜੱਥੇ ਦੇ ਮੁਖੀ ਨੂੰ ਪੁੱਛ ਲਵੋ ਕਿ ਕੀ ਉਸ ਨੇ ਅਮੁਕੇ ਸ਼ਹਿਰ ਵਿਚ ਇਕ ਪਵਿੱਤਰ ਆਤਮਾ ਨਵਯੁਵਕ ਬੀਬੀ ਨੂੰ ਆਪਣੀ ਨਾਪਾਕ ਤੇ ਨੀਚ ਹਰਕਤ ਨਾਲ ਅਪਵਿੱਤਰ ਨਹੀਂ ਕੀਤਾ ? ਕੀ ਇਸ ਨੀਚਤਾ ਭਰੇ ਕੁਕਰਮ ਤੇ ਪਤਿਤ ਕਰਮ ਦੇ ਭਾਗੀ ਹੋਣ ਕਰਕੇ ਇਸ ਨੂੰ ਅਕਾਲ ਤਖ਼ਤ ਤੋਂ ਕੀਰਤਨ ਕਰਨ ਦੀ ਮਨਾਹੀ ਦਾ ਹੁਕਮ ਨਹੀਂ ਹੋਇਆ? ਇਨ੍ਹਾਂ ਹਾਲਾਤਾਂ ਵਿਚ ਇਹ ਕਦਾਚਿਤ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ ਕਿ ਐਸਾ ਪਤਿਤ-ਕਰਮੀ ਜੱਥਾ ਹਜ਼ਾਰਾਂ ਦੀ ਗਿਣਤੀ ਵਿਚ ਜੁੜ ਰਹੀ ਸ਼ਰਧਾਵਾਨ ਸੰਗਤ ਵਿਚ ਕੀਰਤਨ ਕਰੇ ਤੇ ਫੇਰ ਇਸ ਪਵਿੱਤਰ ਅਸਥਾਨ ਅਤੇ ਇਸ ਪਵਿੱਤਰ ਪੁਰਬ ਦੇ ਦਿਹਾੜੇ। ਪ੍ਰਬੰਧਕਾਂ ਵਿਚੋਂ ਕਈਆਂ ਨਾਲ ਇਸ ਦਾ ਸ਼ਾਇਦ ਮੇਲ-ਜੋਲ ਹੋਣ ਕਰਕੇ, ਉਨ੍ਹਾਂ ਨੇ ਦਾਸ ਦੀ ਇਸ ਮੰਗ ਨੂੰ ਨਹੀਂ ਗਉਲਿਆ, ਤੇ ਹੁਣ ਇਹ ਸਭ ਮੁਆਮਲਾ ਸਰਬੱਤ ਸੰਗਤ ਦੇ ਸਪੁਰਦ ਹੈ।"

ਇਹ ਅੱਖਰ ਕੀ ਸਨ, ਇਕ ਜਾਦੂ ਸੀ। ਹਜ਼ਾਰਾਂ ਦੀ ਗਿਣਤੀ ਵਿਚ ਜੁੜੀ ਸੰਗਤ 'ਤੇ ਸਨਾਟਾ ਛਾ ਗਿਆ।



www.AKJ.Org

ਕਿਸੇ ਅਕਹਿ ਜੋਸ਼, ਦ੍ਰਿੜ੍ਹਤਾ ਤੇ ਮਸਤੀ ਵਿਚ ਇਹ ਜਜ਼ਬਾਤ ਪੇਸ਼ ਕੀਤੇ ਗਏ ਸਨ। ਪ੍ਰਬੰਧਕ ਜਨ ਨਿਮੋਝੂਣੇ ਹੋਏ ਬੈਠੇ ਸਨ। ਉਹ ਰਾਗੀ ਜਥਾ ਤਾਂ ਇਸ ਕਥਨ ਦੀ ਸਮਾਪਤੀ ਤੋਂ ਪਹਿਲੇ ਹੀ ਸਾਜ ਆਦਿ ਸਾਂਭ ਕੇ ਪਤਾ ਨਹੀਂ ਲੱਗਾ ਕਿ ਕਦੋਂ ਖਿਸਕੰਤ ਹੋ ਗਿਆ। ਸੰਗਤ ਨੇ 'ਸ਼ਰਮ ! ਸ਼ਰਮ !' ਦੇ ਨਾਅਰੇ ਲਗਾਏ ਅਤੇ ਸਿੰਘ ਸਾਹਿਬ (ਜਿਨ੍ਹਾਂ ਦੇ ਕੀਰਤਨ ਦਾ ਨਮੂਨਾ ਸੰਗਤ ਹੁਣੇ ਦੇਖ ਚੁੱਕੀ ਸੀ) ਨੂੰ ਹੀ ਬੇਨਤੀ ਕੀਤੀ ਗਈ ਕਿ ਉਹ ਬਾਕੀ ਰਹਿੰਦੀ ਆਸਾ ਦੀ ਵਾਰ ਦਾ ਕੀਰਤਨ ਸੁਣਾਉਣ। ਉਹ ਬੜੇ ਉਤਸ਼ਾਹ ਨਾਲ ਸਟੇਜ 'ਤੇ ਸੱਜ ਗਏ ਅਤੇ ਕਿਸੇ ਚਾਅ, ਖੁਸ਼ੀ ਤੇ ਪ੍ਰੇਮ ਵਿਚ ਆ ਕੇ, ਸ਼ੁਕਰਾਨੇ ਭਰੇ ਜਜ਼ਬਾਤ ਵਿਚ ਐਸਾ ਕੀਰਤਨ ਕੀਤਾ ਕਿ ਸੰਗਤਾਂ ਮਸਤ ਹੋ ਗਈਆਂ।

ਇਹ ਸੀ ਮੇਰੀ ਪਹਿਲੀ ਮਿਲਣੀ ਭਾਈ ਸਾਹਿਬ ਰਣਧੀਰ ਸਿੰਘ ਜੀ ਨਾਲ।

*('ਸੂਰਾ' ਪਟਿਆਲਾ, ਅਪ੍ਰੈਲ 1967)*

**ਕਰਨਲ ਪਿਆਰਾ ਸਿੰਘ ਜੀ, ਜੈਪੁਰ : ਵਲੋਂ ਭਾਈ ਸੁਰਜਨ ਸਿੰਘ ਜੀ ਗੁਜਰਵਾਲ**

ਕਰਨਲ ਪਿਆਰਾ ਸਿੰਘ ਜੀ ਨੂੰ ਚੜ੍ਹਾਈ ਕਰਿਆਂ ਨੂੰ ਕਾਫੀ ਅਰਸਾ ਹੋ ਗਿਆ ਹੈ। ਆਪ ਜੀ ਸਿਆਲਕੋਟ ਦੇ ਰਹਿਣ ਵਾਲੇ ਸਨ। ਕਿਸੇ ਫ਼ੌਜ ਵਿਚ ਆਪ ਜੀ ਪਹਿਲਾਂ ਪਹਿਲ ਜਮਾਂਦਾਰ ਲਗੇ ਰਹੇ। ਜਮਾਂਦਾਰੀ ਕਰਦੇ ਕਰਦੇ ਆਪ ਜੀ ਪੈਨਸ਼ਨ ਆ ਗਏ ਸਨ। ਮੈਨੂੰ ਇਹਨਾਂ ਦੇ ਦਰਸ਼ਨ ਸੰਨ 1912 ਵਿਚ ਨਾਰੰਗਵਾਲ ਹੋਏ ਸਨ ਜਦੋਂ ਕਿ ਫ਼ੌਜ ਵਿਚੋਂ ਆਪ ਛੁਟੀ ਆਉਂਦੇ ਸਨ ਤਾਂ ਪਹਿਲਾਂ ਨਾਰੰਗਵਾਲ ਆ ਕੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਦਰਸ਼ਨ ਕਰਦੇ ਹੁੰਦੇ ਸਨ। ਜਿਸ ਦਿਨ ਮੈਨੂੰ ਪਹਿਲੇ ਪਹਿਲ ਮਿਲੇ ਸਨ ਉਸ ਦਿਨ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ, ਨਾਲ ਦੇ ਪਿੰਡ ਫਲੇਵਾਲ ਨੂੰ ਜਾਣ ਦੀਆਂ ਤਿਆਰੀਆਂ ਕਰਦੇ ਸਨ। ਫਲੇਵਾਲ ਇਕ ਗੁਰਮੁਖ ਪਿਆਰੇ ਭਾਈ ਸਾਹਿਬ ਸਰਵਣ ਸਿੰਘ ਜੀ ਨੰਬਰਦਾਰ ਸਨ। ਇਹ ਪਹਿਲਾਂ ਬਹੁਤ ਰੱਬੀ ਰੰਗਾਂ ਵਿਚ ਸਨ ਜਿਸ ਬਾਰੇ ਭਾਈ ਸਾਹਿਬ ਜੀ ਨੇ ਪਹਿਲਾਂ ਜੇਲ੍ਹ ਚਿੱਠੀਆਂ ਤੇ ਰੰਗਲੇ ਸਜਣ ਪੁਸਤਕਾਂ ਵਿਚ ਜ਼ਿਕਰ ਕੀਤਾ ਹੋਇਆ ਹੈ। ਭਾਈ ਸਰਵਣ ਸਿੰਘ ਜੀ ਦਾ ਮਿਲਾਪ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨਾਲ ਮਾਸਟਰ ਨਿਰੰਜਨ ਸਿੰਘ ਨੇ ਕਰਵਾਇਆ ਸੀ। ਮਾਸਟਰ ਨਿਰੰਜਨ ਸਿੰਘ ਜੀ ਨਾਰੰਗਵਾਲ ਦੇ ਸਨ। ਭਾਈ ਸਾਹਿਬ ਰਣਧੀਰ ਸਿੰਘ ਜੀ ਨਾਲ ਬਹੁਤ ਪ੍ਰੇਮ ਸੀ। ਪਹਿਲਾਂ ਪਹਿਲ ਭਾਈ ਸਾਹਿਬ ਜੀ ਨਾਲ ਢੋਲਕੀ ਵਜਾਇਆ ਕਰਦੇ ਸਨ। ਮਾਸਟਰ ਨਿਰੰਜਨ ਸਿੰਘ ਜੀ ਫਲੇਵਾਲ ਦੇ ਪ੍ਰਾਇਮਰੀ ਸਕੂਲ ਵਿਚ ਪੜ੍ਹਾਇਆ ਕਰਦੇ ਸਨ। ਜਿਸ ਦਿਨ ਫਲੇਵਾਲ ਗਏ ਸਨ, ਦਾਸ ਤੇ ਭਾਈ ਸਾਹਿਬ ਤੇ ਕਰਨਲ ਪਿਆਰਾ ਸਿੰਘ ਜੀ ਭੀ ਨਾਲ ਸਨ ਤੇ ਮਾਸਟਰ ਨਿਰੰਜਨ ਸਿੰਘ ਜੀ ਭੀ ਨਾਲ ਹੀ ਸਨ। ਜਦੋਂ ਅਸੀਂ ਫਲੇਵਾਲ ਪਹੁੰਚੇ ਤਾਂ ਸਾਨੂੰ ਅਗੋਂ ਭਾਈ ਸਰਵਣ ਸਿੰਘ ਜੀ ਮਿਲ ਪਏ ਆਪਣੀ ਕੁਟੀਆ ਵਿਚ ਲੈ ਗਏ ਉਥੇ ਜਾ ਕੇ ਕੀਰਤਨ ਅਰੰਭ ਹੋ ਗਿਆ। ਤਕਰੀਬਨ ਸਾਰਾ ਦਿਨ ਹੀ ਕੀਰਤਨ ਹੋਈ ਗਿਆ। ਦਾਸ ਅਜੇ ਇਨ੍ਹਾਂ ਗੁਰਮੁਖ ਪਿਆਰਿਆਂ ਦਾ ਜਾਣੂ ਨਹੀਂ ਸੀ ਮੈਂ ਤਾਂ ਬੈਠਾ ਬੈਠਾ ਥੱਕ ਗਿਆ। ਪਰ ਇਹ ਕੀਰਤਨ ਕਰਦੇ ਨਹੀਂ ਸਨ ਥੱਕੇ, ਅਗੋਂ ਰਾਤ ਪੈ ਗਈ। ਨਾ ਹੀ ਕਿਸੇ ਜਲ ਛਕਿਆ ਹੈ ਤੇ ਨਾ ਹੀ ਪ੍ਰਸ਼ਾਦਾ। ਮੈਂ ਅਜੇ ਨਵਾਂ ਨਮੂਨਾ ਸੀ। ਮੈਨੂੰ ਕੀ ਪਤਾ ਸੀ ਕਿ ਇਨ੍ਹਾਂ ਦਾ ਕੀਰਤਨ ਹੀ ਭੋਜਨ ਹੈ। ਮੇਰੇ ਵਿਚ ਏਨੀ ਬੈਠਣ ਦੀ ਹਿੰਮਤ ਨਹੀਂ ਸੀ ਪਰ ਮੈਂ ਇਹਨਾਂ ਦੇ ਦਰਸ਼ਨ ਕਰੀ ਜਾਵਾਂ। ਇਹ ਸੱਜਣ ਹਾਲੋਂ ਬੇਹਾਲ ਹੋਏ ਹੋਏ ਸਨ। ਇਹਨਾਂ ਨੂੰ ਸੰਸਾਰ ਦੀ ਕੋਈ ਸੁਧ-ਬੁਧ ਨਹੀਂ ਸੀ। ਆਪਣੇ ਰੰਗ ਵਿਚ ਕੀਰਤਨ ਦੀ ਧੁਨੀ ਵਧਦੀ ਹੀ ਜਾਵੇ, ਹਟਣ ਦਾ ਕੋਈ ਨਾਮ ਤਕ ਨਾ ਲਵੇ। ਮੈਂ ਭੀ ਫਸਿਆ ਫਸਾਇਆ ਬੈਠਾ ਹੀ ਰਿਹਾ। ਕੋਈ ਰਾਤ ਦੇ ਦੋ ਕੁ ਵਜੇ ਕੀਰਤਨ ਤੋਂ ਹਟੇ ਹੋਣਗੇ, ਫੇਰ ਇਸ਼ਨਾਨ ਕਰਕੇ ਸਿਮਰਨ ਨੂੰ ਜੁਟ ਗਏ। ਦਿਨੇ ਭਾਈ ਸਰਵਣ ਸਿੰਘ ਦੀ ਸਿੰਘਣੀ ਕਿਸ਼ਨ ਕੌਰ ਪ੍ਰਸ਼ਾਦੇ ਲਿਆਈ ਸੀ। ਫੇਰ ਸਾਰੇ ਪ੍ਰਸ਼ਾਦੇ ਛੱਕ ਕੇ ਨਾਰੰਗਵਾਲ ਨੂੰ ਨਾਲ ਹੀ ਭਾਈ ਸਰਵਣ ਸਿੰਘ ਜੀ ਭੀ ਤੁਰ ਪਏ। ਏਥੇ ਆ ਕੇ ਫੇਰ ਕਿਸੇ ਦੇ ਘਰ ਅਖੰਡ ਪਾਠ ਅਰੰਭ ਕਰਨਾ ਸੀ ਉਥੇ ਪਹੁੰਚ ਗਏ। ਮੇਰੀ ਨਿਗ੍ਹਾ ਕਰਨਲ ਪਿਆਰਾ ਸਿੰਘ ਜੀ ਤੇ ਪੈ ਗਈ। ਇਸ



www.AKJ.Org

ਸਜਨ ਨੇ ਤਾਂ ਆਪਣੇ ਕੇਸ ਖੋਲ੍ਹੇ ਹੋਏ ਸਨ ਕੇਸਾਂ ਨਾਲ ਸੰਗਤਾਂ ਦੇ ਜੋੜੇ ਸਾਫ਼ ਕਰ ਰਹੇ ਸਨ। ਮੈਨੂੰ ਇਨ੍ਹਾਂ ਨੇ ਨਹੀਂ ਦੇਖਿਆ। ਸਾਰੇ ਜੋੜੇ ਸਾਫ਼ ਕਰਕੇ ਫਿਰ ਕੀਰਤਨ ਵਿਚ ਆ ਬੈਠੇ।

ਦੂਜੇ ਦਿਨ ਕੀ ਵੇਖਦਾ ਹਾਂ ਕਰਨਲ ਸਾਹਿਬ ਜੀ ਸੰਗਤ ਦਾ ਇਸ਼ਨਾਨ ਕਰਵਾ ਰਹੇ ਹਨ। ਕੁਝ ਦਿਨਾਂ ਤੋਂ ਬਾਅਦ ਕੁਝ ਸਿੰਘ ਦੂਰੋਂ ਆਏ ਸਨ। ਕਰਨਲ ਸਾਹਿਬ ਜੀ ਨੇ ਉਹਨਾਂ ਸਿੰਘਾਂ ਦੇ ਗਰਮ ਪਾਣੀ ਨਾਲ ਚਰਣ ਧੋਤੇ, ਕੁਛ ਜਲ, ਜਿਸ ਨਾਲ ਸਿੰਘਾਂ ਦੇ ਚਰਨ ਧੋਤੇ ਸਨ, ਛਕ ਗਏ। ਕੁਝ ਦਿਨਾਂ ਤੋਂ ਬਾਅਦ ਕਰਨਲ ਪਿਆਰਾ ਸਿੰਘ ਜੀ ਸਿਆਲਕੋਟ ਨੂੰ ਚਲੇ ਗਏ।

ਜਦੋਂ ਕਰਨਲ ਸਾਹਿਬ ਜੀ ਜਮਾਂਦਾਰੀ ਪੈਨਸ਼ਨ ਆਏ ਸਨ ਤਾਂ ਇਨ੍ਹਾਂ ਨੂੰ 20 ਰੁਪਏ ਪੈਨਸ਼ਨ ਹੋਈ ਸੀ। ਇਸ ਨਾਲ ਇਨ੍ਹਾਂ ਦਾ ਗੁਜ਼ਾਰਾ ਨਹੀਂ ਸੀ ਹੁੰਦਾ। ਇਨ੍ਹਾਂ ਦੇ ਦੋ ਲੜਕੇ ਤੇ ਦੋ ਲੜਕੀਆਂ ਸਨ। ਫੇਰ ਇਨ੍ਹਾਂ ਨੇ ਨਨਕਾਣੇ ਸਾਹਿਬ ਮੈਨੇਜਰੀ ਦੀ ਨੌਕਰੀ ਕਰ ਲਈ। ਇਨ੍ਹਾਂ ਦਾ ਰੋਜ਼ ਦਾ ਨਿਤਨੇਮ ਇਹ ਸੀ। ਪਹਿਲਾਂ ਇਸ਼ਨਾਨ ਕਰਕੇ ਗੁਰਬਾਣੀ ਦਾ ਪਾਠ ਕਰਨਾ। ਫੇਰ ਗੁਰੂ ਦਰਬਾਰ ਵਿਚ ਹਾਜ਼ਿਰ ਹੋ ਕੇ ਆਪ ਵੀ ਝਾੜੂ ਦੇਣਾ ਤੇ ਹੇਠਲੇ ਕਰਮਚਾਰੀਆਂ ਨੂੰ ਵੀ ਇਹ ਸੇਵਾ ਨਿਭਾਉਣ ਵਾਸਤੇ ਹਾਜ਼ਿਰ ਹੋਣ ਲਈ ਕਹਿਣਾ। ਇਨ੍ਹਾਂ ਦੇ ਮਾਤਹਿਤ ਜੇਹੜੇ ਸੇਵਾਦਾਰ ਜਾਂ ਕਲਰਕ ਸਨ, ਇਨ੍ਹਾਂ ਤੋਂ ਤੰਗ ਆ ਗਏ। ਕਹਿਣ ਲਗੇ ਇਹ ਚੰਗਾ ਮੈਨੇਜਰ ਆਇਆ ਹੈ। ਨਾਲੇ ਤਾਂ ਸਾਨੂੰ ਏਸ ਨਾਲ ਗੁਰਦੁਆਰੇ ਜਾ ਕੇ ਝਾੜੂ ਦੇਣਾ ਪੈਂਦਾ ਹੈ ਤੇ ਨਾ ਹੀ ਇਹ ਸਾਨੂੰ ਗੁਰਦੁਆਰੇ ਦੀ ਜ਼ਮੀਨ ਵਿਚੋਂ ਸਬਜ਼ੀ ਲੈਣ ਦੇਂਦਾ ਹੈ। ਸੇਵਾਦਾਰਾਂ ਨੇ ਕਰਨਲ ਸਾਹਿਬ ਜੀ ਦੇ ਖਿਲਾਫ ਸ਼ਰੋਮਣੀ ਕਮੇਟੀ ਨੂੰ ਲਿਖ ਕੇ ਭੇਜਿਆ। ਅੰਮ੍ਰਿਤਸਰ ਤੋਂ ਕੁਝ ਆਦਮੀ ਦਫ਼ਤਰ ਦੀ ਪੜਤਾਲ ਕਰਨ ਆਏ। ਜਦੋਂ ਹਿਸਾਬ ਕਿਤਾਬ ਦੀ ਪੜਤਾਲ ਕੀਤੀ ਤਾਂ ਹਿਸਾਬ ਕਿਤਾਬ ਬਹੁਤ ਠੀਕ ਸੀ। ਪੜਤਾਲੀਆ ਕਮੇਟੀ ਕਹਿਣ ਲਗੀ, ਇਸ ਦਾ ਹਿਸਾਬ-ਕਿਤਾਬ ਤਾਂ ਬਹੁਤ ਠੀਕ ਹੈ। ਤੁਹਾਨੂੰ ਕੀ ਦੁਖ ਹੈ। ਇਹ ਬਹੁਤ ਅੱਛਾ ਪੁਰਸ਼ ਹੈ। ਕਰਨਲ ਸਾਹਿਬ ਜੀ ਕਹਿਣ ਲਗੇ ਇਨ੍ਹਾਂ ਨੂੰ ਤਾਂ ਇਹ ਦੁਖ ਹੈ ਕਿ ਮੈਂ ਗੁਰਦੁਆਰੇ ਦੀ ਜ਼ਮੀਨ ਵਿਚੋਂ ਕੋਈ ਚੀਜ਼ ਵੀ ਅੰਗੀਕਾਰ ਨਹੀਂ ਕਰਦਾ ਤੇ ਨਾ ਹੀ ਕਿਸੇ ਨੂੰ ਕੋਈ ਚੀਜ਼ ਲੈਣ ਦੇਂਦਾ ਹਾਂ। ਆਖ਼ਰ ਕਰਨਲ ਸਾਹਿਬ ਜੀ ਨੇ ਇਸੇ ਨੌਕਰੀ ਤੋਂ ਅਸਤੀਫਾ ਦੇ ਦਿੱਤਾ। ਕੁਝ ਅਰਸੇ ਤੋਂ ਬਾਅਦ ਆਪ ਜੀ ਬਨਾਰਸ ਜਾਂ ਸਿਕੰਦਰਾਬਾਦ ਗਏ, ਉਥੇ ਇਨ੍ਹਾਂ ਦਾ ਇਕ ਅੰਗਰੇਜ਼ ਦੋਸਤ ਸੀ। ਏਨ੍ਹਾਂ ਆਪਣੀ ਤੰਗੀ ਦਾ ਸਾਰਾ ਹਾਲ ਉਸ ਅੰਗਰੇਜ਼ ਨੂੰ ਦਸਿਆ। ਉਸ ਅੰਗਰੇਜ਼ ਨੇ ਕਿਸੇ ਨੂੰ ਕਹਿ ਕਹਾ ਕੇ ਇਨ੍ਹਾਂ ਨੂੰ ਡੇਢ ਮੁਰਬਾ ਜ਼ਮੀਨ ਦਿਵਾ ਦਿੱਤੀ। ਦੂਜਾ ਕੰਮ ਇਹ ਕੀਤਾ ਕਿ ਜੈਪੁਰ ਵਾਲੇ ਰਾਜੇ ਨੂੰ ਇਕ ਚਿੱਠੀ ਲਿਖੀ। ਮੇਰਾ ਇਕ ਦੋਸਤ ਸਰਦਾਰ ਪਿਆਰਾ ਸਿੰਘ ਜੀ ਹਨ। ਏਨ੍ਹਾਂ ਨੂੰ ਲੈਫਟੀਨੈਂਟ ਦੀ ਨੌਕਰੀ ਤੇ ਫੌਜ ਵਿਚ ਰਖ ਲਵੋ। ਫੇਰ ਕਰਨਲ ਸਾਹਿਬ ਜੀ ਜੈਪੁਰ ਚਲੇ ਗਏ। ਆਪ ਜੀ ਹੌਲੀ-ਹੌਲੀ ਲੈਫਟੀਨੈਂਟ ਕਰਨਲ ਬਣ ਗਏ। ਪਹਿਲਾਂ ਤੋਂ ਹੀ ਆਪ ਜੀ ਨੂੰ ਸਿੱਖੀ ਪ੍ਰਚਾਰ ਦਾ ਬਹੁਤ ਸ਼ੌਂਕ ਸੀ।

ਜੇਹੜਾ ਵੀ ਕੋਈ ਪੁਰਸ਼ ਆਪ ਜੀ ਨੂੰ ਮਿਲਦਾ, ਉਸਨੂੰ ਇਹੋ ਕਹਿਣਾ, ਤੁਸੀਂ ਅੰਮ੍ਰਿਤ ਪਾਨ ਕਰ ਲਵੋ, ਮਨੁੱਖੀ ਜਨਮ ਤਦੇ ਹੀ ਸਫਲਾ ਹੋਵੇਗਾ। ਜਦੋਂ ਆਪ ਪਹਿਲੇ ਪਹਿਲ ਕਿਸੇ ਫੌਜ ਵਿਚ ਸੀ ਤਾਂ ਆਪ ਜੀ ਨਾਲ ਬਾਬੂ ਮੱਲ ਸਿੰਘ ਜੀ ਦਾ ਮੇਲ ਹੋ ਗਿਆ, ਇਹਨਾਂ ਨੇ ਆਪਣੀ ਨੇਕ ਕਮਾਈ ਦਾ ਐਸਾ ਅਸਰ ਪਾਇਆ ਕਿ ਬਾਬੂ ਮੱਲ ਸਿੰਘ ਨੂੰ ਅੰਮ੍ਰਿਤ ਛਕਾ ਕੇ ਸਿੰਘ ਸਜਾ ਲਿਆ। ਬਾਬੂ ਮੱਲ ਸਿੰਘ ਜੀ ਨੇ ਦਾਸ ਨੂੰ ਇਕ ਦਫ਼ਾ ਖੁਦ ਕਿਹਾ ਸੀ ਮੇਰੇ ਤੇ ਜੇਹੜੀ ਕ੍ਰਿਪਾ ਹੋਈ ਹੈ ਅਤੇ ਮੈਂ ਗੁਰਸਿਖੀ ਵਲ ਆਇਆ ਹਾਂ, ਇਹ ਸਰਦਾਰ ਪਿਆਰਾ ਸਿੰਘ ਜੀ ਦਾ ਉੱਦਮ ਹੈ।

ਇਕ ਦਫਾ ਕਰਨਲ ਪਿਆਰਾ ਸਿੰਘ ਜੀ ਨੇ ਮੈਨੂੰ ਇਕ ਖ਼ਤ ਮੇਹਲੋਵਾਲ ਤੋਂ ਪਾਇਆ। ਇਥੇ ਕਰਨਲ ਸਾਹਿਬ ਜੀ ਦੇ ਸਹੁਰੇ ਸੀ ਓਦੋਂ ਆਪ ਜੀ ਅਜੇ ਕਰਨਲ ਨਹੀਂ ਸਨ, ਜਮਾਦਾਰੀ ਪੈਨਸ਼ਨ 'ਤੇ ਸਨ। ਮੈਂ ਪਿੰਡ ਗੁਜਰਵਾਲ ਤੋਂ ਸਿਆਲਕੋਟ ਗਿਆ, ਸਿਆਲਕੋਟ ਤੋਂ ਮੇਹਲੋਵਾਲ ਚਲਾ ਗਿਆ। ਮੈਨੂੰ ਦੇਖ ਕੇ ਬਹੁਤ ਖੁਸ਼ ਹੋਏ ਤੇ ਕਹਿਣ ਲਗੇ, ਮੇਰੇ



www.AKJ.Org

ਪਾਸ ਆਤਸ਼ਬਾਜ਼ੀ ਦੇ ਗੋਲੇ ਪਏ ਹਨ ਮੇਰਾ ਜੀਅ ਕਰਦਾ ਹੈ ਆਪ ਜੀ ਦੀ ਆਉਣ ਦੀ ਖੁਸ਼ੀ ਵਿਚ ਮੈਂ ਗੋਲੇ ਚਲਾ ਦਿਆਂ। ਮੈਂ ਕਿਹਾ ਇਹ ਨਹੀਂ ਕਰਨਾਂ ਤੇ ਜੇ ਤੁਸੀਂ ਇਹ ਕੰਮ ਕੀਤਾ ਤਾਂ ਮੈਂ ਹੁਣੇ ਹੀ ਮੁੜ ਜਾਵਾਂਗਾ। ਮੇਰੇ ਕਹਿਣ ਤੇ ਮਸਾਂ ਮਸਾਂ ਹਟੇ। ਇਹਨਾਂ ਦਾ ਹਰ ਰੋਜ਼ ਦਾ ਨਿਤਨੇਮ ਇਸ ਤਰ੍ਹਾਂ ਦਾ ਸੀ। ਸਵੇਰੇ ਦੋ ਜਾਂ ਢਾਈ ਵਜੇ ਉਠ ਕੇ ਇਸ਼ਨਾਨ ਸੋਧ ਕੇ ਸਮਾਧੀ ਵਿਚ ਬੈਠ ਜਾਣਾ, ਫੇਰ ਇਕ–ਤਾਰੀਏ ਨਾਲ ਕੀਰਤਨ ਕਰਨਾ। ਉਸ ਤੋਂ ਬਾਅਦ ਜਿਨ੍ਹਾਂ ਜਿਨ੍ਹਾਂ ਦੇ ਘਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ ਸਨ, ਸਾਰੇ ਘਰੀਂ ਪਹੁੰਚ ਕੇ ਮੱਥਾ ਟੇਕਣਾ। ਸ਼ਾਮ ਨੂੰ ਫਿਰ ਕੀਰਤਨ ਕਰ ਕੇ ਰਹਿਰਾਸ ਸਾਹਿਬ ਜੀ ਦਾ ਪਾਠ ਕਰਨਾ ਤੇ ਫਿਰ ਰਾਤ ਨੂੰ ਇਤਿਹਾਸ ਪੜ੍ਹਨਾ। ਕੋਈ ਸਮਾਂ ਐਵੇਂ ਨਹੀਂ ਸਨ ਜਾਣ ਦੇਂਦੇ। ਹਰ ਵਕਤ ਆਪਣੀ ਸੁਰਤ ਨੂੰ ਰੱਬੀ ਰੰਗ 'ਚ ਲਾਈ ਰਖਦੇ ਸੀ। ਮੈਂ ਇਕ ਮਹੀਨਾ ਰਹਿ ਕੇ ਇਹਨਾਂ ਪਾਸੋਂ ਵਿਦਾਇਗੀ ਲੈ ਕੇ ਆਪਣੇ ਪਿੰਡ ਗੁਜਰਵਾਲ ਆ ਗਿਆ। ਇਕ ਵਾਰੀ ਆਪ ਜੀ ਕਸ਼ਮੀਰ ਦੀ ਸੈਰ ਨੂੰ ਗਏ, ਆਉਂਦੇ ਹੋਏ 500 ਰੁਪਏ ਦਾ ਗਰਮ ਕਪੜਾ ਲੈ ਆਏ, ਇਹ ਸੋਚ ਕੇ ਇਸ ਕਪੜੇ ਨੂੰ ਵੇਚ ਕੇ ਆਪਣਾ ਕਰਾਇਆ ਕੱਢ ਲਵਾਂਗੇ। ਪਰ ਪ੍ਰੇਮ ਵਿਚ ਆ ਕੇ ਸਾਰਾ ਕਪੜਾ ਸਿੰਘਾਂ ਨੂੰ ਵੰਡ ਦਿੱਤਾ। ਇਕ ਕੁੜਤਾ ਪਜਾਮਾ ਮੈਨੂੰ ਵੀ ਉਹਨਾਂ ਦਿੱਤਾ। ਜਿਨ੍ਹਾਂ ਦਿਨਾਂ ਵਿਚ ਆਪ ਜੀ ਜੈਪੁਰ ਵਿਚ ਗਏ ਸਨ ਬਹੁਤ ਪੁਰਸ਼ਾਂ ਨੂੰ ਆਪ ਜੀ ਨੇ ਸਚੇ ਪਾਤਸ਼ਾਹ ਦੇ ਚਰਨੀਂ ਲਾਇਆ। ਆਪ ਜੀ ਦੇ ਰਸੂਖ ਨਾਲ ਵਡੇ-ਵਡੇ ਅਫ਼ਸਰ ਰੱਬੀ ਮਾਰਗ ਵੱਲ ਲਗ ਪਏ। ਇਥੋਂ ਦੇ ਇਕ ਵਜ਼ੀਰ ਨੂੰ ਆਪ ਜੀ ਨੇ ਗੁਰਬਾਣੀ ਦਾ ਪਾਠ ਕਰਨ ਲਾ ਦਿੱਤਾ।

ਆਪ ਜੀ ਨੇ ਆਪਣੇ ਖ਼ਰਚ ਤੇ ਬਹੁਤ ਸਾਰੇ ਗੁਟਕੇ ਹਿੰਦੀ ਵਿਚ ਛਪਵਾ ਕੇ ਵੰਡੇ ਸਨ। ਏਥੇ ਜੈਪੁਰ ਵਿਚ ਬਾਹਰ ਜੰਗਲ ਵਿਚ ਇਕ ਔਧੂ ਫ਼ਕੀਰ ਰਹਿੰਦਾ ਸੀ, ਉਸ ਨਾਲ ਭੀ ਇਹਨਾਂ ਦਾ ਮੇਲ ਹੋ ਗਿਆ। ਉਸਨੂੰ ਪ੍ਰੇਰ ਕੇ ਗੁਰਬਾਣੀ ਪੜ੍ਹਨ ਲਾ ਦਿੱਤਾ। ਇਸ ਫ਼ਕੀਰ ਨੇ ਮੰਗ ਕੀਤੀ। ਮੈਨੂੰ ਤੁਸੀਂ ਇਕ ਗੁਟਕਾ ਸੁਖਮਨੀ ਸਾਹਿਬ ਜੀ ਦਾ ਹਿੰਦੀ ਵਿਚ ਮੰਗਵਾ ਕੇ ਦੇਵੋ। ਕਰਨਲ ਸਾਹਿਬ ਜੀ ਨੇ ਗੁਟਕਾ ਮੰਗਵਾ ਕੇ ਔਧੂ ਫ਼ਕੀਰ ਨੂੰ ਆਪਣੇ ਘਰ ਸਦਿਆ। ਫਿਰ ਪੰਜ ਸਿੰਘਾਂ ਨੂੰ ਨਾਲ ਲੈ ਕੇ, ਔਧੂ ਫ਼ਕੀਰ ਵੀ ਨਾਲ ਸੀ, ਗੁਟਕਾ ਸਾਹਿਬ ਜੀ ਨੂੰ ਛੋਟੀ ਮੰਜੀ ਸਾਹਿਬ ਤੇ ਸਜਾ ਕੇ ਔਧੂ ਦੀ ਕੁਟੀਆ ਨੂੰ ਤੁਰ ਪਏ, ਮੁਖੋਂ ਗੁਰਮੰਤਰ ਦਾ ਜਾਪ ਕਰੀ ਜਾਣ। ਮੁੜਨ ਲਗਿਆਂ ਔਧੂ ਨੂੰ ਕਿਹਾ, ਇਸ ਗੁਰਬਾਣੀ ਦੀ ਜਿੰਨੀ ਤੁਸੀਂ ਇਜ਼ਤ ਕਰੋਗੇ, ਤੁਹਾਡਾ ਉਤਨਾ ਹੀ ਛੇਤੀ ਪ੍ਰਮਾਤਮਾ ਨਾਲ ਮੇਲ ਹੋਵੇਗਾ। ਕਰਨਲ ਸਾਹਿਬ ਕਹਿੰਦੇ ਹੁੰਦੇ ਸੀ ਕਿ ਪਾਠ ਕਰਨਾ ਭੀ ਜ਼ਰੂਰੀ ਹੈ ਪਰ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਸਤਿਕਾਰ ਕਰੋ, ਗੁਰੂ ਸਾਹਿਬ ਜੀ ਦਾ ਸਰੂਪ ਸਮਝ ਕੇ ਜਿਤਨੀ ਇਜ਼ਤ ਕਰੋਗੇ, ਉਤਨੀ ਹੀ ਸਿਖੀ ਪ੍ਰਾਪਤ ਹੋਵੇਗੀ।

ਮੈਂ ਇਕ ਵਾਰੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨਾਲ ਲਖਨਊ ਗਿਆ। ਓਥੇ ਇਕ ਸਮਾਗਮ ਕਰਨਾ ਸੀ, ਉਸਦਾ ਪ੍ਰਬੰਧ ਕਰਨਲ ਸਾਹਿਬ ਦੇ ਜ਼ੁਮੇਂ ਸੀ। ਮੈਂ ਦੂਜੇ ਦਿਨ ਕਰਨਲ ਸਾਹਿਬ ਦੇ ਨਿਵਾਸ ਅਸਥਾਨ 'ਤੇ ਗਿਆ ਤਾਂ ਕੀ ਵੇਖਦਾ ਹਾ ਕਿ ਇਕ ਅੰਗਰੇਜ਼ ਨੇ ਸਿਖੀ ਲਿਬਾਸ ਪਹਿਨਿਆ ਹੋਇਆ ਸੀ, ਮੇਰੇ ਪੁਛਣ ਤੇ ਪਤਾ ਲਗਾ ਕਿ ਇਸ ਅੰਗਰੇਜ਼ ਨੂੰ ਕਰਨਲ ਸਾਹਿਬ ਨੇ ਇਕ ਸਾਲ ਆਪਣੇ ਘਰ ਰਖ ਕੇ ਪ੍ਰਸ਼ਾਦੇ ਆਦਿ ਦੀ ਸੇਵਾ ਕਰਕੇ ਇਸ ਨੂੰ ਸਿੰਘ ਸਜਾ ਦਿੱਤਾ।

ਕਈ ਵਾਰੀ ਆਪ ਜੀ ਪਹਾੜ ਤੇ ਜਾ ਕੇ ਭਾਈ ਸਾਹਿਬ ਜੀ ਨੂੰ ਮਿਲਦੇ ਸਨ। ਕੁਮਾਰ ਹੱਟੀ ਦੇ ਗੁਰਦੁਆਰੇ ਆਪ ਜੀ ਨੇ ਨਿਸ਼ਾਨ ਸਾਹਿਬ ਜੀ ਦੀ ਸੇਵਾ ਕੀਤੀ। ਤਕਰੀਬਨ 700 ਜਾਂ 800 ਰੁਪਏ ਖ਼ਰਚ ਆਇਆ ਹੋਵੇਗਾ। ਆਪ ਜੀ ਬੜੇ ਦਾਨੀ ਪਰਉਪਕਾਰੀ ਸਿਮਰਨ ਵਿਚ ਪ੍ਰਪੱਕ ਰਹਿੰਦੇ ਸਨ।

*('ਸੂਰਾ' ਮਾਸਿਕ ਪੱਤਰ ਪਟਿਆਲਾ ਦੇ ਅੰਕ 5 ਮਾਰਚ 1970 ਵਿਚੋਂ ਧੰਨਵਾਦ ਸਹਿਤ)*

**ਸਬਦੈ ਕਾ ਨਿਬੇੜਾ ਸੁਣਿ ਤੂੰ ਅਉਧੂ : ਵਲੋਂ ਭਾਈ ਮਨਮੋਹਨ ਸਿੰਘ ਜੀ ਜੈਪੁਰ (ਹਾਲ U.S.A.)**

ਇਹ ਵਾਰਤਾ ਕੁਝ ਸਾਲ ਹੋਏ, ਸਚਖੰਡ ਵਾਸੀ ਸ੍ਰੀ ਭਾਈ ਸਾਹਿਬ ਕਰਨਲ ਪਿਆਰਾ ਸਿੰਘ ਜੀ ਨੇ ਜੈਪੁਰ ਵਿਖੇ ਦਾਸ ਨੂੰ ਸੁਣਾਈ ਸੀ। "ਬਾਣੀ ਗੁਰੂ, ਗੁਰੂ ਹੈ ਬਾਣੀ" ਦੇ ਆਸ਼ੇ ਨੂੰ ਤੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਾਜ਼ਰਾ,



www.AKJ.Org

ਹਜ਼ੂਰ, 'ਘਟ ਘਟ ਕੇ ਅੰਤਰ ਕੀ ਜਾਨਤ' ਵਾਲੀ ਸ਼ਕਤੀ ਭਰਪੂਰ ਗੁਰੂ ਪਦਵੀ ਨੂੰ ਪ੍ਰਗਟਾਉਣ ਵਾਲੀ ਘਟਨਾ ਹੋਣ ਕਰਕੇ, ਪਾਠਕਾਂ ਦੇ ਪੇਸ਼ ਕੀਤੀ ਜਾਂਦੀ ਹੈ।

ਕਈ ਸਾਲ ਪਹਿਲੇ ਦੀ ਗਲ ਹੈ। ਕਰਨਲ ਸਾਹਿਬ ਉਨੀਂ ਦਿਨੀਂ ਜੈਪੁਰ ਰਿਆਸਤ ਦੀ ਫ਼ੌਜ ਵਿਚ ਅਫ਼ਸਰ ਲਗੇ ਹੋਏ ਸਨ। ਆਪਣੇ ਦਫ਼ਤਰੀ ਆਲੇ-ਦੁਆਲੇ ਵਿਚ, ਉਨ੍ਹਾਂ ਦੀ ਧਾਰਮਿਕ ਬਿਰਤੀ ਤੇ ਗੁਰਸਿਖੀ ਦੀ ਲਗਨ ਪ੍ਰਸਿੱਧ ਹੋ ਚੁੱਕੀ ਸੀ, ਜਿਸ ਕਰਕੇ ਕਈ ਵੇਰ ਆਤਮਕ ਜਗਿਆਸੂ ਵੀਰ, ਵਿਚਾਰ ਵਟਾਂਦਰੇ ਲਈ ਤੇ ਉਨ੍ਹਾਂ ਦੀ ਸੰਗਤ ਤੋਂ ਲਾਭ ਪ੍ਰਾਪਤ ਕਰਨ ਲਈ ਉਨ੍ਹਾਂ ਪਾਸ ਆ ਜਾਇਆ ਕਰਦੇ ਸਨ। ਗੁਰਸਿਖੀ ਦੇ ਪ੍ਰਚਾਰ ਦੀ ਲਗਨ ਮਨ ਵਿਚ ਹੋਣ ਕਰਕੇ ਉਹ ਸਦਾ ਹੀ ਐਸੇ ਮੌਕਿਆਂ ਲਈ ਤਤਪਰ ਰਹਿੰਦੇ ਸਨ। ਇਨ੍ਹਾਂ ਦੀ ਪਲਟਨ ਵਿਚ ਇਕ ਰਾਜਪੂਤ ਅਫ਼ਸਰ ਸੀ, ਜਿਸ ਪਾਸ ਉਸ ਦਾ ਭਰਾ ਇਕ ਵਾਰੀ ਕੁਝ ਚਿਰ ਲਈ ਆਇਆ। ਉਹ ਸਜਨ ਆਤਮਕ ਖੋਜ ਦੀ ਬਿਰਤੀ ਵਾਲਾ ਸੀ। ਕਿਸੇ ਜੋਗ ਅਭਿਆਸੀ ਗੁਰੂ ਪਾਸੋਂ ਉਸਨੇ ਜੋਗ ਅਭਿਆਸ ਵਿਚ ਚੰਗੀ ਨਿਪੁੰਨਤਾ ਪ੍ਰਾਪਤ ਕੀਤੀ ਹੋਈ ਸੀ। ਆਪਣੇ ਭਰਾ ਪਾਸੋਂ ਕਰਨਲ ਸਾਹਿਬ ਦੀਆਂ ਸਿਫਤਾਂ ਤੇ ਧਾਰਮਿਕ ਰੁਚੀ ਸੰਬੰਧੀ ਸੋਆਂ ਸੁਣ ਕੇ ਉਸਨੇ ਕਰਨਲ ਸਾਹਿਬ ਦੀ ਸੰਗਤ ਕਰਨੀ ਅਰੰਭ ਦਿਤੀ। ਕਈ ਦਿਨ ਰੋਜ਼ ਹੀ ਸ਼ਾਮ ਨੂੰ ਘੰਟਾ ਘੰਟਾ ਵਿਚਾਰ ਵਟਾਂਦਰਾ ਧਾਰਮਿਕ ਵਿਸ਼ਿਆਂ ਤੇ ਹੁੰਦਾ ਰਿਹਾ। ਕਰਨਲ ਸਾਹਿਬ ਨੇ ਗੁਰਮਤਿ ਆਸ਼ੇ ਅਨੁਸਾਰ ਗੁਰਬਾਣੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਜ਼ਾਹਰਾ-ਜ਼ਹੂਰ ਸਰਬ ਕਲਾ ਭਰਪੂਰ ਸਚੇ ਗੁਰੂ ਹੋਣ ਸੰਬੰਧੀ ਜ਼ਿਕਰ ਕੀਤਾ। ਜਦੋਂ ਉਸ ਨੂੰ ਇਹ ਦਸਿਆ ਗਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਉਸੇ ਤਰ੍ਹਾਂ ਸਤਿਗੁਰੂ ਦੇ ਰੂਪ ਵਿਚ ਆਪਣੇ ਗੁਰਸਿਖਾਂ ਅਤੇ ਜਗਿਆਸੂਆਂ ਦੀ ਅਗਵਾਈ ਕਰ ਰਹੇ ਹਨ ਜਿਵੇਂ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਪਣੇ ਪੰਜ ਭੂਤਕ ਸਰੀਰ ਵਿਚ ਵਿਚਰਦੇ ਹੋਏ ਕਰਦੇ ਸਨ, ਉਹ ਭਉਚੱਕਾ ਜਿਹਾ ਰਹਿ ਗਿਆ। ਪਰ ਕਰਨਲ ਸਾਹਿਬ ਦੇ ਦਰਸਾਏ ਹੋਏ ਪ੍ਰਮਾਣ, ਜੋ ਉਨ੍ਹਾਂ ਨੇ ਸ੍ਵੈ ਜੀਵਨ ਤੇ ਹੋਰ ਨਿਕਟਵਰਤੀ ਗੁਰਮੁਖਾਂ ਦੇ ਜੀਵਨਾਂ ਵਿਚੋਂ ਸੁਣਾਏ, ਉਹ ਉਸ ਜੋਗ ਅਭਿਆਸੀ ਸਜਨ ਦੇ ਮਨ ਵਿਚ, ਇਸ ਸਬੰਧੀ ਵਿਸ਼ਵਾਸ ਤੇ ਅਮੰਨਾ ਦਾ ਬੀਜ ਬੀਜ ਗਏ।

ਹੁਣ ਉਹ ਦਿਨ ਆਇਆ ਜਦ ਰਾਜਪੂਤ ਸਜਨ ਨੇ ਕਰਨਲ ਸਾਹਿਬ ਪਾਸੋਂ ਵਿਦਾਇਗੀ ਲੈਣੀ ਸੀ, ਜੈਪੁਰੋਂ ਚਾਲੇ ਪਾਉਣ ਤੋਂ ਪਹਿਲੀ ਸ਼ਾਮ ਨੂੰ ਉਹ ਕਰਨਲ ਸਾਹਿਬ ਪਾਸ ਅੰਤਮ ਵਿਚਾਰਾਂ ਤੇ ਧੰਨਵਾਦ ਲਈ ਪੁੱਜਾ। ਗਲਬਾਤ ਵਿਚ ਉਸਨੇ ਕਰਨਲ ਸਾਹਿਬ ਨੂੰ ਨਿਸ਼ਾਨੀ ਵਜੋਂ ਕੋਈ ਸੌਗਾਤ ਦੇਣ ਲਈ ਕਿਹਾ। ਕਰਨਲ ਸਾਹਿਬ ਨੇ ਪਹਿਲੇ ਹੀ ਇਹ ਸੋਚ ਰਖਿਆ ਸੀ। ਉਸੇ ਵੇਲੇ ਉਠੇ ਤੇ ਅਲਮਾਰੀ ਵਿਚੋਂ ਹਿੰਦੀ (ਦੇਵਨਾਗਰੀ) ਲਿਪੀ ਵਿਚ ਛਪੀ ਹੋਈ ਪੰਜ ਗ੍ਰੰਥੀ ਦੀ ਪੋਥੀ, ਸੋਹਣੇ ਜਿਹੇ ਰੁਮਾਲ ਵਿਚ ਲਪੇਟ ਕੇ ਵਿਦਾਇਗੀ ਤੋਹਫੇ ਵਜੋਂ ਪੇਸ਼ ਕੀਤੀ। ਇਹ ਸੁਗਾਤ ਹਥਾਂ ਵਿਚ ਲੈਂਦਿਆਂ, ਅਚਾਨਕ ਹੀ ਉਸ ਦੇ ਮਨ ਵਿਚ ਇਕ ਤਰੰਗ ਜਿਹੀ ਉਠੀ। ਉਸ ਪੋਥੀ ਨੂੰ ਬੜੇ ਅਦਬ ਸਤਿਕਾਰ ਨਾਲ ਸਿਰ ਤੇ ਰੱਖਿਆ, ਮੱਥੇ ਨਾਲ ਲਾਇਆ ਅਤੇ ਫਿਰ ਝੋਲੀ ਵਿਚ ਟਿਕਾ ਕੇ, ਅੱਖਾਂ ਮੀਟ ਕੇ ਅੰਤਰ ਆਤਮੇ ਕਿਸੇ ਅਰਦਾਸ ਵਿਚ ਲੀਨ ਹੋ ਗਿਆ। ਕਰਨਲ ਸਾਹਿਬ ਉਸਦੀ ਸ਼ਰਧਾ ਦੇਖ ਕੇ ਇਕ ਟੱਕ ਉਸ ਵੱਲ ਦੇਖ ਰਹੇ ਸਨ। ਥੋੜੇ ਮਿੰਟਾਂ ਬਾਅਦ ਅੱਖਾਂ ਖੋਲੀਆਂ। ਉਸੇ ਅਦਬ ਸਤਿਕਾਰ ਨਾਲ ਰੁਮਾਲ ਖੋਲਿਆ। ਪੋਥੀ ਨੂੰ ਦੋਹਾਂ ਹੱਥਾਂ ਵਿਚ ਲੈ ਕੇ ਅਤਿ ਨਿਰਮਾਣਤਾ ਤੇ ਪ੍ਰੇਮ ਸਹਿਤ ਖੋਲਿਆ। ਅੱਖਰਾਂ ਉਤੇ ਨਿਗਾਹ ਕੀ ਪਈ, ਬਸ ਨਿਸ਼ਾ ਹੋ ਗਈ। ਪੋਥੀ ਹਥੋਂ ਛੁੱਟ ਕੇ ਬੰਦ ਹੋ ਕੇ ਝੋਲੀ ਵਿਚ ਆ ਪਈ ਤੇ ਕਟੱਕ ਦੇ ਕੇ ਉਸਦੀ ਸਮਾਧੀ ਲਗ ਗਈ। ਜੋਗ ਅਭਿਆਸੀ ਤਾਂ ਸੀ ਹੀ। ਤੜੱਕ ਹੀ ਸੁਆਸ ਦਸਵੇਂ ਦੁਆਰ ਚੜ੍ਹ ਗਏ। ਕਰਨਲ ਸਾਹਿਬ ਹੈਰਾਨ ਸਨ ਕਿ ਕੀ ਘਟਨਾ ਵਾਪਰ ਰਹੀ ਹੈ? ਕਿਸ ਕਾਰਨ ਕਰਕੇ ਉਸਦੀ ਇਹ ਦਸ਼ਾ ਹੋ ਗਈ ਹੈ। ਪੋਥੀ ਵਿਚ ਉਸਨੇ ਕੀ ਦੇਖਿਆ ਹੈ ਜਾਂ ਪੜ੍ਹਿਆ ਹੈ ? ਕੁਝ ਸਮਝ ਨਾ ਪਵੇ। ਕਾਫੀ ਚਿਰ ਉਸ ਤੇ ਇਹੋ ਦਸ਼ਾ ਰਹੀ। ਹੌਲੀ-ਹੌਲੀ ਸੁਆਸ ਹੇਠਾਂ ਉਤਰੇ ਤਾਂ ਕਰਨਲ ਸਾਹਿਬ ਨੇ ਪੁਛਣਾ ਕੀਤੀ। ਉਹ ਹੈਰਾਨ ਤੇ ਵਿਸਮਾਦ ਦਸ਼ਾ ਵਿਚ ਮਸਤ ਕੁਝ ਕਹਿ ਹੀ ਨਾ ਸਕੇ। ਆਖ਼ਰ ਗਲਬਾਤ ਹੋਈ ਜੋ ਕੁਝ ਇਸ ਤਰ੍ਹਾਂ ਦੀ ਸੀ :-



www.AKJ.Org

**ਕਰਨਲ ਸਾਹਿਬ** : ਭਾਈ ਕੁਝ ਸਾਨੂੰ ਵੀ ਦੱਸ ਕਿ ਤੈਨੂੰ ਕੀ ਪ੍ਰਾਪਤ ਹੋਇਆ ਹੈ ਜੋ ਤੂੰ ਇਨ੍ਹਾਂ ਗੜੂੰਦ ਹੋ ਗਿਆ ਹੈ?

**ਜੋਗ ਅਭਿਆਸੀ** : ਸਰਦਾਰ ਸਾਹਿਬ ਕੁਝ ਨਾ ਪੁਛੋ। ਸਚਮੁਚ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਸੱਚਾ ਗੁਰੂ ਹੈ। ਅੰਤਰ ਕੀ ਜਾਨਤਾ ਹੈ। ਹਮਾਰੇ ਹਿਰਦੇ ਕੀ ਬਾਤ ਸੁਨਤਾ ਹੈ ਤਥਾ ਪ੍ਰਸ਼ਨੋ ਕੇ ਉਤਰ ਦੇ ਕਰ ਰਸਤਾ ਬਤਾਤਾ ਹੈ। ਇਸ ਮੇਂ ਰਤੀ ਭਰ ਭੀ ਸੰਦੇਹ ਨਹੀਂ ਰਹਾ।

**ਕਰਨਲ ਸਾਹਿਬ** : ਕੁਝ ਬਤਾਉਗੇ ਭੀ, ਕੈਸੇ ਤੁਮਾਰਾ ਯਿਹ ਵਿਸ਼ਵਾਸ ਹੋ ਗਿਆ ਹੈ? ਤੂਨੇ ਕਿਆ ਪੂਛਾ ਔਰ ਕਿਆ ਉਤਰ ਮਿਲਾ?

**ਜੋਗ ਅਭਿਆਸੀ** : ਅਰੇ ਸਰਦਾਰ ਜੀ ! ਸਭ ਕੁਝ ਬਤਾਤਾ ਹੂੰ। ਪ੍ਰਸ਼ਨ ਬਤਾਨੇ ਸੇ ਪਹਿਲੇ ਜੋ ਕੁਛ ਉੱਤਰ ਮਿਲਾ ਪਹਿਲੇ ਵਹਿ ਸੁਨੇ। ਪੋਥੀ ਕੇ ਖੋਲਤੇ ਹੀ ਜੋ ਪਹਿਲੇ ਅਖਸ਼ਰ ਮੇਰੀ ਨਜ਼ਰ ਪੜੇ ਉਨ੍ਹੋਂ ਨੇ ਮੁਝੇ ਹੈਰਾਨ ਕਰ ਦੀਆ। ਆਪ ਜਾਨਤੇ ਹੀ ਹੈਂ ਕਿ ਮੈਂ ਕਵੀ ਭੀ ਹੂੰ। ਕਈ ਕਵਿਤਾਏਂ ਆਪ ਕੋ ਸੁਨਾ ਭੀ ਚੁਕਾ ਹੂੰ ਔਰ ਕਵੀ ਹੋਨੇ ਕੇ ਨਾਤੇ ਮੇਰਾ ਉਪਨਾਮ "ਅਉਧੂ' ਹੈ। ਪੁਸਤਕ ਖੋਲਤੇ ਹੀ ਮੈਨੇ ਯਿਹ ਅਖਸ਼ਰ ਪੜ੍ਹੇ :

**"ਸੁਣਿ ਤੂੰ ਅਉਧੂ"**

ਇਤਨਾ ਪੜ੍ਹਤੇ ਹੀ ਮੇਰੇ ਪਰ ਏਕ ਵਿਸਮਾਦ ਕੀ ਦਸ਼ਾ ਛਾ ਗਈ। ਇਤਨੇ ਕਾਮਲ ਗੁਰੂ ! ਮੇਰਾ ਨਾਮ ਲੈ ਕੇ ਸਪੱਸ਼ਟ ਸੰਬੋਧਨ ਕਰ ਰਹੇ ਹੈਂ ਕਿ ਐ ਅਉਧੂ ਜਨ। ਇਸ ਸੇ ਬੜ੍ਹ ਕਰ ਕਿਸੀ ਔਰ ਪ੍ਰਮਾਣ ਦੀ ਜ਼ਰੂਰਤ ਰਹਿ ਜਾਤੀ ਹੈ ਗੁਰਬਾਣੀ ਕੇ ਗੁਰੂ ਹੋਨੇ ਕੀ ? ਮੈਂ ਤੋ ਐਸਾ ਮਸਤ ਹੋ ਗਿਆ ਕਿ ਇਨ ਅਖਸ਼ਰੋਂ ਕੇ ਆਗੇ ਕੁਛ ਪੜ ਹੀ ਨਹੀਂ ਸਕਾ ਕਿ ਵਹਿ ਮੁਝੇ ਕਿਆ ਉਤਰ ਦੇ ਰਹੇ ਹੈਂ ?

**ਕਰਨਲ ਸਾਹਿਬ** : ਅੱਛਾ ਅਬ ਯਿਹ ਬਤਾਉ ਕਿ ਤੁਮਾਰਾ ਪ੍ਰਸ਼ਨ ਕਿਆ ਥਾ?

**ਜੋਗ ਅਭਿਆਸੀ** : ਸਰਦਾਰ ਸਾਹਿਬ ਮੈਨੇ ਯਿਹ ਪੁਛਾ ਥਾ ਕਿ ਹੇ ਗੁਰੂ ਜੀ ਮੈਨੇ ਅਪਨੀ ਅਧਿਕ ਆਯੂ ਜੋਗ ਅਭਿਆਸ ਮੇਂ ਲਗਾ ਦੀ ਹੈ। ਆਪ ਮੁਝੇ ਯਿਹ ਬਤਾਏਂ ਕਿ ਮੁਝੇ ਯਹੀ ਮਾਰਗ ਅਪਨਾਨਾ ਚਾਹੀਏ ? ਮੇਰੇ ਕਲਿਆਨ ਕੇ ਲੀਏ ਕੌਨ ਸਾ ਮਾਰਗ ਠੀਕ ਰਹੇਗਾ ? ਯਿਹ ਤੋਂ ਮੁਝੇ ਵਿਸ਼ਵਾਸ ਹੈ ਕਿ ਗੁਰੂ ਜੀ ਨੇ ਸਪੱਸ਼ਟ ਮੇਰੇ ਪ੍ਰਸ਼ਨ ਦਾ ਉਤਰ ਮੁਝੇ ਹੀ ਨਾਮ ਸੇ ਸੰਬੋਧਨ ਕਰ ਕੇ ਦੀਆ ਹੈ ਪਰੰਤੂ ਅਭ ਆਪ ਹੀ ਮੇਰੀ ਸਹਾਇਤਾ ਕਰੇਂ ਔਰ ਮੁਝ ਬਤਾਏਂ ਕਿ ਅਸਲ ਉਤਰ ਕਿਆ ਥਾ ?

ਇਹ ਸਾਰਾ ਵਿਰਤਾਂਤ ਸੁਣਕੇ ਕਰਨਲ ਸਾਹਿਬ ਵੀ ਵਿਸਮਾਦ ਦਸ਼ਾ ਵਿਚ ਗਦ ਗਦ ਹੋ ਗਏ। ਸਿਧ ਗੋਸਟ ਕੱਢ ਕੇ ਉਹ ਪੰਨਾ ਲਭਿਆ ਤਾਂ ਪੂਰਾ ਹੁਕਮ ਜੋ ਗੁਰੂ ਸਾਹਿਬ ਨੇ ਜੋਗ ਅਭਿਆਸੀ ਵੀਰ ਲਈ ਬਖਸ਼ਿਆ ਸੀ ਉਹ ਇਹ ਸੀ:–

**"ਸਬਦੈ ਕਾ ਨਿਬੇੜਾ ਸੁਣਿ ਤੂ ਅਉਧੂ ਬਿਨੁ ਨਾਵੈ ਜੋਗੁ ਨ ਹੋਈ ॥**
**ਨਾਮੇ ਰਾਤੇ ਅਨਦਿਨੁ ਮਾਤੇ ਨਾਮੈ ਤੇ ਸੁਖੁ ਹੋਈ ॥**
**ਨਾਮੈ ਹੀ ਤੇ ਸਭੁ ਪਰਗਟੁ ਹੋਵੈ ਨਾਮੇ ਸੋਝੀ ਪਾਈ ॥**
**ਬਿਨੁ ਨਾਵੈ ਭੇਖ ਕਰਹਿ ਬਹੁਤੇਰੇ ਸਚੈ ਆਪਿ ਖੁਆਈ ॥**
**ਸਤਿਗੁਰ ਤੇ ਨਾਮੁ ਪਾਈਐ ਅਉਧੂ ਜੋਗ ਜੁਗਤਿ ਤਾ ਹੋਈ ॥**
**ਕਰਿ ਬੀਚਾਰੁ ਮਨਿ ਦੇਖਹੁ ਨਾਨਕ ਬਿਨੁ ਨਾਵੈ ਮੁਕਤਿ ਨ ਹੋਈ ॥"**

ਉਸਨੂੰ ਜਦ ਸ਼ਬਦ ਦਾ ਭਾਵ ਸਮਝਾਇਆ ਗਿਆ ਕਿ ਹੇ ਅਉਧੂ ! ਤੇਰੇ ਪ੍ਰਸ਼ਨ ਦਾ ਉਤਰ ਇਹ ਹੈ ਕਿ ਨਾਮ ਤੋਂ ਬਿਨਾਂ ਹੋਰ ਕੋਈ ਜੋਗ ਜੁਗਤ ਲੇਖੇ ਨਹੀਂ। ਗੁਰਮਤਿ ਨਾਮ ਵਿਚ ਦਿਨ ਰਾਤ ਜੁਟਿਆ ਰਹੇ ਤਾਂ ਫਿਰ ਉਸ ਨਾਮ



www.AKJ.Org

ਅਭਿਆਸ ਕਮਾਈ ਸਦਕਾ ਸਚਾ ਸੁਖ ਪ੍ਰਾਪਤ ਹੋ ਸਕਦਾ ਹੈ। ਨਾਮ ਕਮਾਈ ਨਾਲ ਹੀ 'ਆਦਿ ਸਚੁ, ਜੁਗਾਦਿ ਸਚੁ, ਹੈ ਭੀ ਸਚੁ, ਨਾਨਕ ਹੋਸੀ ਭੀ ਸਚੁ' ਪ੍ਰਗਟ ਹੁੰਦਾ ਹੈ ਤੇ ਨਾਮ ਕਮਾਈ ਨਾਲ ਹੀ ਸੱਚੀ ਪ੍ਰਮਾਰਥਕ ਸੋਝੀ ਮਿਲਦੀ ਹੈ। ਗੁਰਮਤਿ ਨਾਮ ਤੋਂ ਬਿਨਾਂ ਹੋਰ, ਜਿੰਨੇ ਵੀ ਭੇਖ ਆਦਿ ਲੋਕ ਕਰਦੇ ਹਨ, ਅਕਾਲ ਪੁਰਖ ਦੇ ਹੁਕਮ ਅਨੁਸਾਰ ਉਨ੍ਹਾਂ ਸਭ ਕਰਮਾਂ ਦਾ ਸਿੱਟਾ ਖੁਆਰੀ ਹੀ ਮਿਲਦੀ ਹੈ। ਇਹ ਗੁਰਮਤਿ ਨਾਮ ਕੇਵਲ ਸਚੇ ਗੁਰੂ (ਸਤਿਗੁਰੂ ਨਾਨਕ-ਦਸ਼ਮੇਸ਼) ਦੇ ਘਰੋਂ ਹੀ ਪ੍ਰਾਪਤ ਹੁੰਦਾ ਹੈ ਅਤੇ ਇਸ ਵਿਚੋਂ ਹੀ ਸਚੀ ਜੋਗ ਜੁਗਤੀ ਪ੍ਰਾਪਤ ਹੁੰਦੀ ਹੈ ਚੰਗੀ ਤਰ੍ਹਾਂ ਘੋਖ ਕੇ ਵੀਚਾਰ ਕੇ ਇਸ ਸਿਟੇ ਤੇ ਪੁਜਦੇ ਹਾਂ ਕਿ ਏਸ ਗੁਰਮਤਿ ਨਾਮ ਅਭਿਆਸ ਕਮਾਈ ਬਿਨਾਂ ਮੁਕਤੀ ਪ੍ਰਾਪਤ ਨਹੀਂ ਹੋ ਸਕਦੀ।

ਜਦ ਇਹ ਸਮੁੱਚਾ ਭਾਵ ਉਸਨੇ ਸੁਣਿਆ ਤਾਂ ਸਿਰ ਨੀਵਾਂ ਕਰਕੇ ਸੋਚ ਵਿਚ ਡੁਬ ਗਿਆ। ਥੋੜ੍ਹੀ ਦੇਰ ਬਾਅਦ ਕਹਿਣ ਲਗਾ :- ਅੱਛਾ ਤੋਂ ਅਬ ਗੁਰੂ ਨਾਨਕ ਕੇ ਘਰ ਸੇ 'ਨਾਮ ਕੀ ਪ੍ਰਾਪਤੀ ਕਰਨੀ ਹੀ ਪੜੇਗੀ।"

ਇਸ ਘਟਨਾ ਤੋਂ ਦੂਜੇ ਦਿਨ ਉਹ ਸੱਜਣ ਜੈਪੁਰ ਤੋਂ ਚਲਾ ਗਿਆ ਤੇ ਮੁੜ ਕੇ ਕਦੇ ਨਾ ਮੇਲ ਹੋਣ ਕਰਕੇ ਕਰਨਲ ਸਾਹਿਬ ਨੂੰ ਇਹ ਪਤਾ ਨਾ ਲਗ ਸਕਿਆ ਕਿ ਉਹ ਆਪਣੇ ਇਰਾਦੇ ਵਿਚ ਸਫਲ ਹੋਇਆ ਕਿ ਨਾ, ਜਾਂ ਉਸ ਨੇ ਇਸ ਗੁਰ ਹੁਕਮ ਦੀ ਪਾਲਣਾ ਕੀਤੀ ਕਿ ਨਾ?

*('ਸੂਰਾ' ਮਾਸਿਕ ਪੱਤਰ ਦੇ ਅਗਸਤ 1971 ਵਿਚੋਂ ਧੰਨਵਾਦ ਸਹਿਤ)*

**ਕਰਨਲ ਪਿਆਰਾ ਸਿੰਘ ਜੀ ਦੀਆਂ ਕੁਝ ਅਭੁੱਲ ਯਾਦਾਂ : ਵਲੋਂ ਪ੍ਰਿੰ. ਗੁਰਮੁਖ ਸਿੰਘ ਜੀ**

ਦਿੱਲੀ ਵਿਖੇ ਅਕਤੂਬਰ 1953 ਦੇ ਦੁਸਹਿਰੇ ਦੇ ਕੀਰਤਨ-ਸਮਾਗਮ ਤੋਂ ਮਗਰੋਂ ਕਰਨਲ ਪਿਆਰਾ ਸਿੰਘ ਜੀ ਨੇ ਦਾਸ ਦੀ ਭਾਈ ਸਾਹਿਬ ਜੀ ਨਾਲ ਜਾਣ-ਪਛਾਣ ਕਰਾਈ। ਉਦੋਂ ਕਰਨਲ ਸਾਹਿਬ ਨੇ ਆਪਣੀ ਇਸ ਪਹਿਲੀ ਮਿਲਣੀ ਦਾ ਜਦੋਂ ਜ਼ਿਕਰ ਕੀਤਾ ਤਾਂ ਭਾਈ ਸਾਹਿਬ ਨੇ ਕਿਹਾ, "ਅਰਦਾਸ ਤੋਂ ਮਗਰੋਂ ਜਦੋਂ ਅਸੀਂ ਜੈਕਾਰਾ ਗਜਾਇਆ ਤਾਂ ਉਸ ਦੇ ਉਤਰ ਵਿਚ ਬੇਅੰਤ ਸ਼ਹੀਦੀ ਫੌਜਾਂ ਵਲੋਂ 'ਸਤਿ ਸ੍ਰੀ ਅਕਾਲ' ਦੀ ਗੂੰਜ ਸਾਡੇ ਕੰਨੀ ਪਈ ਤੇ ਅਸੀਂ ਇਸੇ ਹੌਸਲੇ ਵਿਚ ਦੀਵਾਨ-ਅਸਥਾਨ ਵਲ ਵਧੇ ਕਿ ਸਾਡੇ ਨਾਲ ਬੇਅੰਤ ਸ਼ਹੀਦੀ ਫੌਜਾਂ ਸਚੇ ਪਾਤਸ਼ਾਹ ਨੇ ਘੱਲ ਦਿੱਤੀਆਂ ਹਨ, ਹੁਣ ਸਾਡੀ ਫਤਿਹ ਹੀ ਹੋਵੇਗੀ।" ਇਉਂ ਦਾਸ ਨੂੰ ਭਾਈ ਸਾਹਿਬ ਜੀ ਦੇ ਪਹਿਲੀ ਵਾਰ ਇਕ ਗੜਗੱਜ ਸੁਧਾਰਕ ਦੇ ਰੂਪ ਵਿਚ ਦਰਸ਼ਨ ਹੋਏ। ਦਿੱਲੀ ਦੇ ਇਨ੍ਹਾਂ ਕੀਰਤਨ ਸਮਾਗਮਾਂ ਵਿਚ ਭਾਈ ਸਾਹਿਬ ਸੰਨ 1944 ਤੋਂ 1958 ਤਕ ਹਾਜ਼ਰੀਆਂ ਭਰਦੇ ਰਹੇ। ਸੰਨ 1961 ਵਿਚ ਆਪ ਗੁਰਪੁਰੀ ਪਿਆਨੇ ਕਰ ਗਏ।

ਦਾਸ ਦਾ ਕਰਨਲ ਪਿਆਰਾ ਸਿੰਘ ਜੀ ਨਾਲ ਸੰਨ 1953 ਅਗਸਤ ਵਿੱਚ ਮੇਲ ਹੋਇਆ। ਸੋਢੀ ਹਜ਼ਾਰਾ ਸਿੰਘ ਜੀ ਦਾ ਹਵਾਲਾ ਦੇ ਕੇ ਦਾਸ ਇਕ ਸ਼ਾਮ ਉਹਨਾਂ ਦੀ ਕੋਠੀ, ਬੱਨੀ ਪਾਰਕ ਜੈਪੁਰ ਵਿਖੇ ਦਰਸ਼ਨ ਕਰਨ ਲਈ ਗਿਆ। ਆਪ ਜੈਪੁਰ ਆਰਮੀ ਤੋਂ ਕਰਨਲ ਦੇ ਅਹੁਦੇ ਤੋਂ ਰੀਟਾਇਰ ਹੋ ਚੁੱਕੇ ਸਨ। ਉਸ ਸਮੇਂ ਉਹਨਾਂ ਦੇ ਸੀਸ ਤੇ ਕੇਸਰੀ ਦਸਤਾਰਾ ਸਜਾਇਆ ਹੋਇਆ ਸੀ ਅਤੇ ਕਮੀਜ਼ ਕਛਹਿਰੇ ਵਿਚ ਹੀ ਆਪਣੇ ਅਣਜਾਣੇ ਮਹਿਮਾਨ ਨੂੰ ਉਹਨਾਂ ਆ ਕੇ ਗੱਜ ਕੇ ਫ਼ਤਹਿ ਗਜਾਈ। ਪੁੱਛ-ਗਿੱਛ ਕੀਤੀ। ਮੈਂ ਉਹਨਾਂ ਨੂੰ ਦਸਿਆ, 'ਕਿਵੇਂ ਪਹਿਲਾਂ ਮੈਂ ਸੋਚਦਾ ਹੁੰਦਾ ਸੀ ਕਿ ਸਿੱਖ ਕੌਮ ਤਾਂ ਹਿੰਦੂਆਂ ਦੀ ਰਖਿਆ ਲਈ ਬਣਾਈ ਗਈ ਸੀ, ਤੇ ਹੁਣ ਤਾਂ ਭਾਰਤੀ ਫ਼ੌਜ ਦੇਸ਼ ਦੀ ਰਖਿਆ ਲਈ ਕਾਫੀ ਹੈ, ਸਿੱਖਾਂ ਦੀ ਹੁਣ ਕੋਈ ਲੋੜ ਨਹੀਂ ਪਰ ਸੋਢੀ ਸਾਹਿਬ ਨੂੰ ਮਿਲਣ ਤੋਂ ਬਾਅਦ ਅਤੇ ਉਹਨਾਂ ਵਲੋਂ ਦਿੱਤੀ ਸਿੱਖ-ਇਤਿਹਾਸ ਦੀ ਇੱਕ ਪੁਸਤਕ ਪੜ੍ਹਨ ਨਾਲ ਮੇਰਾ ਵਿਚਾਰ ਬਦਲ ਗਿਆ ਹੈ ਕਿ ਸਿੱਖ ਇਕ ਨਵੀਨ ਕੌਮ ਹੈ, ਰਖਿਆ ਕਰਨਾ ਤਾਂ ਉਸ ਦੇ ਪਰਉਪਕਾਰ ਦਾ ਕੇਵਲ ਇਕ ਛੋਟਾ ਜਿਹਾ ਅੰਗ ਹੈ। ਖ਼ਾਲਸਾ ਸਾਜਣ ਦਾ ਅਸਲ ਮਨੋਰਥ ਕੁਝ ਹੋਰ ਹੈ। ਮੈਂ ਆਪ ਦੀ ਸੇਵਾ ਵਿਚ ਇਸ ਲਈ ਪੇਸ਼ ਹੋਇਆ ਹਾਂ ਕਿ ਮੈਨੂੰ ਆਪਣੇ ਜੀਵਨ ਅਨੁਭਵ ਤੋਂ ਇਹ ਦੱਸਣ ਦੀ ਕ੍ਰਿਪਾਲਤਾ ਕਰੋ ਕਿ ਗੁਰੂ ਨਾਨਕ-ਗੁਰੂ ਗੋਬਿੰਦ ਸਿੰਘ ਜੀ ਦੇ ਸਾਜੇ ਖ਼ਾਲਸੇ ਦਾ ਸਰੂਪ ਕੀ ਹੈ ਤੇ ਮਿਸ਼ਨ ਕੀ ਹੈ?"


www.AKJ.Org

ਥੋੜ੍ਹੀ ਦੇਰ ਤਾਂ ਆਪ ਚੁਪ ਰਹੇ। ਮੈਨੂੰ ਬਾਅਦ ਵਿਚ ਦਸਿਆ ਕਿ, "ਮੈਂ ਚੁਪ ਇਸ ਲਈ ਹੋ ਗਿਆ ਸੀ ਕਿ ਅੱਜ ਇਕ ਪੜ੍ਹਿਆ ਲਿਖਿਆ ਨੌਜਵਾਨ ਮੇਰੇ ਪਾਸ ਕੀ ਸਮੱਸਿਆ ਲੈ ਕੇ ਆਇਆ ਹੈ। ਮੇਰੀ ਪਹਿਲੀ ਗੱਲ ਕਿ 'ਹੁਣ ਸਿਖਾਂ ਦੀ ਕੋਈ ਲੋੜ ਨਹੀਂ ਨੇ ਮੈਨੂੰ (ਕਰਨਲ ਸਾਹਿਬ) ਝੁੰਝਲਾ ਦਿੱਤਾ ਕਿ ਇਹ ਸਿੱਖ ਨੌਜਵਾਨ ਕੀ ਕਹਿ ਰਿਹਾ ਹੈ ?" ਅਤੇ ਉਸ ਪਲ ਉਹ ਮੈਨੂੰ ਥਪੜ ਮਾਰਨ ਲਗੇ ਸਨ, ਪਰ ਬਚਾਅ ਇਸ ਲਈ ਹੋ ਗਿਆ ਕਿ ਮੈਂ ਪਹਿਲੀ ਸਟੇਟਮੈਂਟ ਦੇ ਨਾਲ ਹੀ ਪਰ ਦਾ ਸ਼ਬਦ ਵਰਤ ਕੇ ਕਰਨਲ ਸਾਹਿਬ ਨੂੰ ਅਗਲੀ ਗੱਲ ਸੁਣਨ ਲਈ ਪ੍ਰੇਰ ਲਿਆ ਤੇ ਫਿਰ ਉਹ ਸ਼ਾਂਤ ਹੋ ਗਏ।

ਮੇਰੀ ਸਾਰੀ ਗੱਲ ਸੁਣਨ ਤੋਂ ਬਾਅਦ, ਉਹਨਾਂ ਮੈਨੂੰ ਅੰਮ੍ਰਿਤ ਵੇਲੇ ਦੀ ਘਾਲ ਕਮਾਈ ਵਿਚ ਹਾਜ਼ਰ ਹੋਣ ਲਈ ਸੱਦਾ ਦਿੱਤਾ। **ਆਪ ਕਿਉਂਕਿ ਮਿਲਟਰੀ ਅਫ਼ਸਰ ਸਨ, ਇਸ ਲਈ ਅੰਮ੍ਰਿਤ ਵੇਲੇ ਦੀ ਸੰਭਾਲ ਨੂੰ ਗੁਰੂ ਦੀ ਪਰੇਡ ਕਹਿੰਦੇ ਸਨ। ਉਹ ਅਕਸਰ ਇਹੋ ਹੀ ਕਹਿੰਦੇ ਸਨ ਕਿ ਜੋ ਸਿੱਖ ਸਿਪਾਹੀ ਅੰਮ੍ਰਿਤ ਵੇਲੇ ਦੀ ਪਰੇਡ ਵਿਚੋਂ ਗੈਰ ਹਾਜ਼ਰ ਰਹਿੰਦਾ ਹੈ, ਗੁਰੂ ਸਾਹਿਬ ਉਸ ਦਾ ਨਾਮ ਆਪਣੀ ਫੌਜ ਵਿਚੋਂ ਖਾਰਜ ਕਰ ਦਿੰਦੇ ਹਨ।** ਮੈਨੂੰ ਖਾਸ ਹਿਦਾਇਤ ਇਹ ਸੀ ਕਿ ਮੈਂ ਠੀਕ ਚਾਰ ਵਜੇ ਸਵੇਰੇ ਉਹਨਾਂ ਦੇ ਘਰ ਗੁਰੂ ਮਹਾਰਾਜ ਦੇ ਕਮਰੇ ਵਿਚ ਆ ਕੇ ਹਾਜ਼ਰ ਹੋਵਾਂ। ਉਥੇ ਉਹਨਾਂ ਨਾਲ ਮੈਂ ਕੋਈ ਬਚਨ-ਬਿਲਾਸ ਨਹੀਂ ਕਰਨੇ। ਉਥੇ ਕੇਵਲ ਵੇਖਣਾ ਅਤੇ ਸੁਣਨਾ ਹੈ, ਬੋਲਣਾ ਨਹੀਂ। "ਮੈਨੂੰ ਕੀ ਪਤਾ ਸੀ ਕਿ ਸੋਢੀ ਹਜ਼ਾਰਾ ਸਿੰਘ ਜੀ ਨਾਲੋਂ ਭੀ ਮੈਂ ਇਕ ਅਜਿਹੇ ਗੁਰਸਿੱਖ ਪਾਸ ਆ ਗਿਆ ਸਾਂ ਜੋ ਮੈਨੂੰ ਸਿੱਖ ਦੇ ਨਿੱਤ ਦੇ ਜੀਵਨ ਦੀ ਸੋਝੀ ਦੇਣਗੇ। ਮੈਂ ਉਸ ਰਾਤ ਠੀਕ ਤਰ੍ਹਾਂ ਸੌਂ ਨਹੀਂ ਸਕਿਆ। ਅਗਲੀ ਸਵੇਰ ਮੈਂ ਤਿੰਨ ਕੁ ਵਜੇ ਜਾਗ ਕੇ, ਇਸ਼ਨਾਨ ਆਦਿ ਸੋਧ ਕੇ ਠੀਕ ਚਾਰ ਵਜੇ ਉਹਨਾਂ ਦੇ ਘਰ ਗੁਰੂ ਮਹਾਰਾਜ ਦੀ ਹਜ਼ੂਰੀ ਵਿਚ ਜਾ ਮਸਤਕ ਨਿਵਾਇਆ। ਮੇਰਾ ਇਹ ਜ਼ਿੰਦਗੀ ਦਾ ਪਹਿਲਾ ਦਿਨ ਸੀ ਕਿ ਮੈਂ ਇਤਨੀ ਸਵੇਰੇ ਸਤਿਗੁਰਾਂ ਦੇ ਚਰਨ ਪਰਸੇ। ਖ਼ੈਰ ਇਹ ਸਭ ਸਤਸੰਗੀਆਂ ਦੀ ਸੰਗਤ ਸਦਕਾ ਹੋ ਆਉਂਦਾ ਹੈ।

ਕਰਨਲ ਪਿਆਰਾ ਸਿੰਘ ਜੀ ਪਤਾ ਨਹੀਂ ਕਦੋਂ ਦੇ ਗੁਰੂ ਮਹਾਰਾਜ ਦਾ ਪ੍ਰਕਾਸ਼ ਕਰ ਕੇ ਤਾਅਬੇ ਸਜੇ ਬੈਠੇ ਸਨ ਤੇ ਉਥੇ ਹੀ ਮਿੱਠੀ-ਮਿੱਠੀ ਸੁਰ ਵਿਚ ਬਿਨਾਂ ਸਾਜ਼ਾਂ ਤੋਂ ਬੈਰਾਗਮਈ ਕੀਰਤਨ ਕਰ ਰਹੇ ਸਨ। ਇੱਕ ਨਿੱਕਾ ਜਿਹਾ ਪੱਖਾ ਪਾਲਕੀ ਵਿੱਚ ਲਗਾ ਹੋਇਆ ਸੀ ਜਿਸ ਨੂੰ ਉਹ ਆਪ ਖਿੱਚ ਕੇ ਹੌਲੀ-ਹੌਲੀ ਝੁਲਾ ਰਹੇ ਸਨ। (ਸਜੱਲ ਨੇਤ੍ਰ ਹੋਏ ਹੋਏ ਸੀ) ਅਤੇ ਬੜੇ ਵੈਰਾਗ ਵਿਚ ਪੜ੍ਹ ਰਹੇ ਸਨ :-

**ਤਿਸੁ ਗੁਰ ਕਉ ਝੂਲਾਵਉ ਪਾਖਾ ॥ ਮਹਾ ਅਗਨਿ ਤੇ ਹਾਥੁ ਦੇ ਰਾਖਾ ॥੩॥੯॥**

(ਅੰਗ ੨੩੯)

ਮੈਨੂੰ ਓਸ ਸ਼ਾਂਤ ਅਤੇ ਇਕਾਂਤ ਰਸ-ਭਿੰਨੇ ਵਾਤਾਵਰਣ ਵਿੱਚ ਕੁਝ ਚੰਗਾ ਚੰਗਾ ਲੱਗਾ। ਫਿਰ ਉੱਠ ਕੇ ਆਪ ਨੇ ਅਰਦਾਸ ਕੀਤੀ। ਤਾਂ ਭੀ ਆਪ ਦਾ ਬੈਰਾਗ ਠਲ੍ਹਿਆ ਨਹੀਂ ਸੀ ਜਾ ਰਿਹਾ। ਅਰਦਾਸ ਤੋਂ ਬਾਅਦ ਹੁਕਮਨਾਮਾ ਹੋਇਆ, ਜੋ ਮੈਨੂੰ ਹੁਣ ਤਕ ਭੁਲਿਆ ਨਹੀਂ। ਉਸ ਤੋਂ ਪਿਛੋਂ ਮੈਂ ਘਰ ਆ ਗਿਆ। ਸ਼ਾਮ ਨੂੰ ਮੈਂ ਫਿਰ ਮਿਲਣ ਲਈ ਗਿਆ, ਤਾਂ ਆਪ ਨੇ ਪਹਿਲਾ ਸਵਾਲ ਜੋ ਮੇਰੇ ਤੋਂ ਪੁਛਿਆ, ਉਹ ਇਹ ਸੀ ਕਿ 'ਸਵੇਰੇ ਹੁਕਮਨਾਮਾ ਕੀ ਸੀ' ? ਮੈਂ ਇਸ ਤੋਂ ਪਹਿਲਾਂ ਕਦੀ ਖਿਆਲ ਹੀ ਨਹੀਂ ਸੀ ਕੀਤਾ ਕਿ ਸਿੱਖ, ਗੁਰੂ ਪਾਤਸ਼ਾਹ ਦਾ ਹੁਕਮ ਲੈ ਕੇ ਸਾਰਾ ਦਿਨ ਯਾਦ ਭੀ ਰਖਦੇ ਹਨ। ਪਰ ਕੁਦਰਤੀ ਮੈਨੂੰ ਅੱਜ ਦੇ ਹੁਕਮਨਾਮੇ ਦੀ ਇਕ ਲਾਈਨ ਯਾਦ ਰਹਿ ਗਈ ਸੀ ਅਤੇ ਉਹ ਮੈਂ ਉਹਨਾਂ ਨੂੰ ਕਹਿ ਸੁਣਾਈ।

**ਆਇ ਮਿਲੁ ਗੁਰਸਿਖ ਆਇ ਮਿਲੁ ਤੂ ਮੇਰੇ ਗੁਰੂ ਕੇ ਪਿਆਰੇ ॥ ਰਹਾਉ ॥**

(ਅੰਗ ੭੨੯)

ਕਰਨਲ ਸਾਹਿਬ ਕਹਿਣ ਲੱਗੇ, "ਕੀ ਤੈਨੂੰ ਸਮਝ ਆਈ ਆ ਕਿ ਸੱਚੇ ਪਾਤਸ਼ਾਹ ਨੇ ਤੈਨੂੰ ਅੱਜ ਦੀ ਪਰੇਡ ਵਿੱਚ



www.AKJ.Org

– ਜੀ ਆਇਆਂ ਆਖਿਆ ਹੈ।" ਮੇਰੇ ਅੰਦਰ ਉਸ ਦਿਨ ਤੋਂ ਇਹ ਦ੍ਰਿੜ੍ਹ ਹੋ ਗਿਆ ਕਿ ਸਤਿਗੁਰੂ ਜੀ ਨੇ ਅਪਾਰ ਕ੍ਰਿਪਾ ਕਰਕੇ ਆਪਣੇ ਗੁਰਮੁਖ ਪਿਆਰਿਆਂ ਦੀ ਸੰਗਤ ਮੈਨੂੰ ਬਖ਼ਸ਼ੀ ਹੈ। ਨਹੀਂ ਤਾਂ ਅਸਾਂ ਰੁਲ ਜਾਣਾ ਸੀ।

**ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ ॥**

(ਅੰਗ ੧੬੭)

ਇਹ ਸੁਭਾਗ ਦਿਨ, ਮੇਰੇ ਜੀਵਨ ਵਿਚ ਉਹ ਮੋੜ ਸੀ, ਜਿਸ ਦਿਨ ਮੈਂ ਗੁਰੂ ਘਰ ਵੱਲ ਖਿਚਿਆ ਗਿਆ ਅਤੇ ਸਤਿਗੁਰੂ ਜੀ ਦੀ ਰਹਿਮਤ ਸਦਕਾ ਉਸ ਦੇ ਟਹਿਲੀਏ ਹੋਣ ਦਾ ਮਾਣ ਬਖ਼ਸ਼ਸ਼ ਹੋਇਆ। ਇਹੋ ਅਰਦਾਸ ਹੈ ਕਿ ਮੇਰਾ ਇਹ ਸਿੱਖੀ ਸਿਦਕ ਕੇਸਾਂ ਸੁਆਸਾਂ ਸੰਗ ਨਿਭੈ। ਪੁਰਾਤਨ ਗੁਰਸਿੱਖ ਇਉਂ ਭੁਲਿਆਂ ਭਟਕਿਆਂ ਨੂੰ ਗੁਰੂ ਚਰਨਾਂ ਨਾਲ ਜੋੜਦੇ ਹੁੰਦੇ ਸਨ।

ਜੈਪੁਰ ਨਿਵਾਸੀ, ਕਰਨਲ ਪਿਆਰਾ ਸਿੰਘ ਵਾਕਈ ਬੜੇ ਪਿਆਰੇ ਗੁਰੂ ਕੇ ਲਾਲ ਸਨ। ਅਗਸਤ 1953 ਵਿਚ ਮੈਂ ਉਹਨਾਂ ਦੀ ਕੋਠੀ ਦੇ ਨੇੜੇ ਜਿਹੇ ਕਿਰਾਏ ਤੇ ਰਹਿੰਦਾ ਸੀ। ਅਕਸਰ ਸ਼ਾਮ ਨੂੰ ਹੀ ਮੈਂ ਉਹਨਾਂ ਨੂੰ ਰੋਜ਼ਾਨਾ ਮਿਲਣ ਜਾਂਦਾ ਸਾਂ, ਗੁਰਮਤਿ ਬਾਰੇ ਕੁਝ ਸਮਝਣ ਲਈ। ਕਰਨਲ ਸਾਹਿਬ ਗੁਰੂ ਕੇ ਸਿੱਖਾਂ ਨੂੰ ਤਾਂ ਲਭ-ਲਭ ਕੇ ਮਿਲਦੇ ਹੁੰਦੇ ਸਨ। ਜੇ ਕਿਤੇ ਕੋਈ ਸਿੱਖ ਜੈਪੁਰ ਤਬਦੀਲ ਹੋ ਕੇ ਆ ਜਾਏ ਤੇ ਉਹਨਾਂ ਨੂੰ ਜੇ ਕਿਸੇ ਨੇ ਦਸ ਪਾ ਦਿੱਤੀ, ਫਿਰ ਤਾਂ ਉਹ ਉਸ ਨੂੰ ਜ਼ਰੂਰ ਮਿਲਣ ਲਈ ਜਾਂਦੇ ਸਨ। ਇਸ ਮਿਲਣੀ ਦਾ ਉਹਨਾਂ ਨੇ ਇਕ ਵਚਿੱਤਰ ਤਰੀਕਾ ਬਣਾਇਆ ਹੋਇਆ ਸੀ। ਕਿਸੇ ਨਵੇਂ ਆਏ ਗੁਰਸਿਖ ਦੇ ਘਰ ਅਚਣਚੇਤ ਹੀ ਜਾ ਫਤਹਿ ਗਜਾਉਣੀ। ਸੁਖ ਸਾਂਦ ਤੇ ਸੇਵਾ ਪੁੱਛਣੀ। ਹੋਰ ਬਚਨ ਬਿਲਾਸ ਕਰਨੇ। ਘਰਦਿਆਂ ਨੇ ਕੁਝ ਨ ਕੁਝ ਛਕਣ ਲਈ ਅਗੇ ਆਣ ਰੱਖਣਾ। ਕਰਨਲ ਸਾਹਿਬ ਨੇ ਕਹਿਣਾ, "ਸਾਡੀਆਂ ਕੁਝ ਸ਼ਰਤਾਂ ਹਨ, ਜੇ ਤੁਸੀਂ ਪੂਰੀਆਂ ਕਰਨ ਦਾ ਵਚਨ ਦਿਉ ਤਾਂ ਅਸੀਂ ਛੱਕਾਂਗੇ।" ਘਰ ਦਿਆਂ ਨੇ ਪੁਛਣਾ ਕੀ ਸ਼ਰਤਾਂ ਹਨ ?

ਪਹਿਲਾ ਸਵਾਲ ਇਹੋ ਪੁਛਣਾ, ਨਿਤਨੇਮ ਕਰਦੇ ਹੋ ? ਜੇ ਜਵਾਬ ਨਹੀਂ ਵਿਚ ਹੈ ਤਾਂ ਪ੍ਰਣ ਲੈ ਕਿ ਜਪੁਜੀ ਸਾਹਿਬ ਜਾਂ ਇਉਂ ਵਾਰੀ ਵਾਰੀ ਹੋਰ ਬਾਣੀਆਂ ਕੰਠ ਕਰ ਕੇ ਨਿਤਨੇਮ ਕਰਨ ਲਈ ਪ੍ਰੇਰਨਾ। ਜੇ ਨਿਤਨੇਮ ਕਰਦੇ ਹਨ ਤਾਂ ਫਿਰ ਪੁਛਣਾ, ਅੰਮ੍ਰਿਤ ਪਾਨ ਕੀਤਾ ਹੈ ਕਿ ਨਹੀਂ ? ਜੇ ਨਹੀਂ ਕੀਤਾ ਤਾਂ ਅੰਮ੍ਰਿਤ ਪਾਨ ਕਰਨ ਲਈ ਤਿਆਰੀ ਕਰਨ ਦਾ ਪ੍ਰਣ ਲੈਣਾ। ਭਾਵ ਇਹ ਕਿ ਉਹ ਹਰ ਨਵੇਂ ਆਏ ਗੁਰਸਿੱਖ ਨੂੰ ਜਿਥੇ ਉਹ ਖੜਾ ਹੈ, ਉਸ ਤੋਂ ਅਗਾਹਾਂ ਲਿਜਾਣਾ ਚਾਹੁੰਦੇ ਸਨ ਅਤੇ ਇਉਂ ਉਹਨਾਂ ਦੇ ਸੰਪਰਕ ਵਿਚ ਅਨੇਕਾਂ ਪ੍ਰਾਣੀਆਂ ਨੇ ਆਤਮਕ ਮਾਰਗ 'ਤੇ ਤਰੱਕੀ ਕੀਤੀ।

ਪ੍ਰਚਾਰ ਦਾ ਇਹ ਤਰੀਕਾ ਮੈਨੂੰ ਬੜਾ ਚੰਗਾ ਲੱਗਾ। ਪਰ ਇਕ ਵਾਰੀ ਕਰਨਲ ਸਾਹਿਬ ਪ੍ਰੇਰਦੇ ਪ੍ਰੇਰਦੇ ਆਪ ਹੀ ਬੁਰੀ ਤਰ੍ਹਾਂ ਫਸੇ। ਜੈਪੁਰ ਵਾਸੀ ਭਾਈ ਸੁੰਦਰ ਸਿੰਘ ਜੀ, ਗੁਰੂ ਕੇ ਕੀਰਤਨੀਏ ਭੀ ਮੇਰੇ ਸਾਥੀ ਸਨ। ਦਾਸ ਤਾਂ ਉਥੋਂ ਸੰਨ 1954 ਵਿਚ ਉਦੈਪੁਰ ਚਲਾ ਗਿਆ ਸੀ, ਬੀ.ਐਡ. ਦੀ ਟ੍ਰੇਨਿੰਗ ਲਈ ਤੇ ਫਿਰ ਸੰਨ 1955 ਵਿਚ ਪੰਜਾਬ ਹੀ ਆ ਵਸਿਆ, ਪਰ ਭਾਈ ਸੁੰਦਰ ਸਿੰਘ ਜੀ ਤਾਂ ਉਹਨਾਂ ਨਾਲ ਅੰਤਮ ਸਮੇਂ ਤਕ (1967 ਤੱਕ) ਰਹੇ। ਉਹ ਦਸਦੇ ਸਨ ਕਿ ਉਹ ਕਰਨਲ ਸਾਹਿਬ ਨਾਲ ਸ਼ਾਇਦ ਸੰਨ 1960 ਵਿੱਚ ਲਖਨਊ ਪ੍ਰਚਾਰ-ਦੌਰੇ 'ਤੇ ਗਏ। ਭਾਈ ਸੁੰਦਰ ਸਿੰਘ ਜੀ ਕੀਰਤਨ ਕਰਦੇ ਸਨ। ਉਥੇ ਇੱਕ ਸਿੱਖ ਫ਼ੌਜੀ ਅਫ਼ਸਰ (ਮੇਜਰ ਰੈਂਕ ਦਾ) ਕਰਨਲ ਸਾਹਿਬ ਨੂੰ ਦਿਨੇ ਦੀਵਾਨ ਦੀ ਸਮਾਪਤੀ ਤੋਂ ਮਗਰੋਂ, ਬੜੇ ਚਾਉ ਨਾਲ ਆਪ ਨੂੰ ਆਪਣੇ ਘਰ ਲੈ ਆਇਆ ਕਿ ਚਲ ਕੇ ਇਹਨਾਂ ਦੀ ਟਹਿਲ ਕਰਾਂਗੇ। ਕਰਨਲ ਸਾਹਿਬ ਨੇ ਆਪਣੇ ਪੁਰਾਣੇ ਸੁਭਾਅ ਅਨੁਸਾਰ ਉਹਨਾਂ ਨੂੰ ਕਿਹਾ ਕਿ ਅਸੀਂ ਤਾਂ ਸ਼ਰਤ ਮੰਨਵਾ ਕੇ ਹੀ ਕਿਸੇ ਦੇ ਘਰ ਦਾ ਛਕਦੇ ਹਾ। ਉਹਨਾਂ ਨੂੰ ਇਹ ਪਤਾ ਨਹੀਂ ਸੀ ਕਿ ਅਗੋਂ ਮੇਜਰ ਸਾਹਿਬ ਇੱਕ ਸੁਹਾਗਣ ਗੁਣਵੰਤੀ ਹਨ। ਮੇਜਰ ਸਾਹਿਬ ਕਹਿਣ ਲੱਗੇ। "ਸਿਵਾਏ ਆਪਣੇ ਗੁਰੂ ਦੇ ਹੁਕਮ ਦੇ, ਅਸੀਂ ਹੋਰ ਕਿਸੇ ਦੀ ਕੋਈ ਸ਼ਰਤ ਨਹੀਂ ਮੰਨਦੇ, ਤੁਹਾਡੀ ਇੱਛਾ ਹੈ ਤਾਂ ਗੁਰੂ ਕਾ ਲੰਗਰ ਹਾਜ਼ਰ ਹੈ, ਛਕ ਲਉ। ਭਾਈ ਸੁੰਦਰ ਸਿੰਘ ਜੀ ਨੇ ਤਾਂ ਜੋ ਮਿਲਿਆ, ਸੋ ਛਕ ਲਿਆ। ਪਰ



www.AKJ.Org

ਕਰਨਲ ਸਾਹਿਬ ਨੇ ਕੁਝ ਵੀ ਨਾ ਛਕਿਆ। ਭੁਖ ਤਾਂ ਕਰਨਲ ਸਾਹਿਬ ਨੂੰ ਭੀ ਲੱਗੀ ਹੋਈ ਸੀ, ਪਰ ਉਹਨਾਂ ਨੇ ਸਾਰਾ ਦਿਨ ਕੜਾਕਾ ਹੀ ਕੱਟਿਆ।

ਮੇਜਰ ਸਾਹਿਬ ਸ਼ਾਮ ਨੂੰ ਮਹਾਰਾਜ ਦੇ ਕਮਰੇ ਵਿੱਚ ਸੋਦਰ ਦੀ ਚੌਂਕੀ ਲਾਉਂਦੇ ਸਨ। ਕਰਨਲ ਸਾਹਿਬ ਕਹਿਣ ਲੱਗੇ, ਅਸੀਂ ਭੀ ਸੋਦਰ ਵਿਚ ਹਾਜ਼ਰੀ ਭਰਾਂਗੇ। ਮੇਜਰ ਸਾਹਿਬ ਕਹਿਣ ਲੱਗੇ ਜੀ ਸਦਕੇ। ਪਰ ਸਾਡੇ ਘਰ ਅਸੀਂ ਇਹ ਮਰਯਾਦਾ ਬਣਾਈ ਹੋਈ ਹੈ ਕਿ ਸਵੇਰੇ ਸ਼ਾਮ ਗੁਰੂ-ਦਰਬਾਰ ਦੀ ਹਾਜ਼ਰੀ ਭਰਨ ਤੋਂ ਪਹਿਲਾਂ ਇਸ਼ਨਾਨੇ ਸੋਧ ਕੇ ਅੰਦਰ ਜਾਈਦਾ ਹੈ। ਸੋ ਤੁਸੀਂ ਇਸ਼ਨਾਨੇ ਸੋਧ ਲਉ ਤੇ ਅੰਦਰ ਆ ਜਾਉ। ਸੋਦਰ ਰੱਲ ਕੇ ਕਰਾਂਗੇ।

ਸਿਆਲ ਦੇ ਦਿਨ ਸਨ। ਕਰਨਲ ਸਾਹਿਬ ਕਹਿਣ ਲੱਗੇ, ਅਸੀਂ ਇਸ ਵੇਲੇ ਇਸ਼ਨਾਨੇ ਨਹੀਂ ਸੋਧ ਸਕਦੇ, ਸਰੀਰ ਆਗਿਆ ਨਹੀਂ ਦਿੰਦਾ ਤੇ ਸਵੇਰੇ ਅੰਮ੍ਰਿਤ ਵੇਲੇ ਦਰਸ਼ਨ ਕਰਾਂਗੇ। ਪਰ ਮਨੋ ਮਨ ਹੀ ਪਛਤਾਉਂਦੇ ਰਹੇ ਕਿ ਅਸੀਂ ਇਹੋ ਜਿਹੀ ਗੁਣਵੰਤੀ ਨਾਲ ਕੀ ਆਡਾ ਲਾ ਬੈਠੇ ਹਾਂ ? ਰਾਤ ਨੂੰ ਫਿਰ ਕੁਝ ਵੀ ਨ ਛਕਿਆ। ਅੰਮ੍ਰਿਤ ਵੇਲੇ ਤਿੰਨ ਸਾਢੇ ਤਿੰਨ ਵਜੇ ਜਦੋਂ ਭਾਈ ਸੁੰਦਰ ਸਿੰਘ ਜੀ ਅਤੇ ਕਰਨਲ ਸਾਹਿਬ ਗੁਰੂ ਮਹਾਰਾਜ ਦੇ ਕਮਰੇ ਵਿਚ ਗਏ ਤਾਂ ਵੇਖ ਕੇ ਹੈਰਾਨ ਹੋਏ ਕਿ ਮੇਜਰ ਸਾਹਿਬ ਅਤੇ ਉਹਨਾਂ ਦੀ ਸਿੰਘਣੀ ਪਤਾ ਨਹੀਂ ਕਦੋਂ ਦੇ ਹਾਜ਼ਰ ਸਨ ਤੇ ਚੌਰ ਕਰ ਰਹੇ ਸਨ। ਉਥੇ ਦੀ ਸਜਾਵਟ ਮੇਜਰ ਸਾਹਿਬ ਦੇ ਡਰਾਇੰਗ ਰੂਮ ਨਾਲੋਂ ਕਿਤੇ ਜ਼ਿਆਦਾ ਵਧੀਆ ਸੀ। ਭਾਈ ਸੁੰਦਰ ਸਿੰਘ ਜੀ ਦਸਦੇ ਹਨ ਕਿ ਉਸ ਗੁਰਸਿੱਖ ਨੂੰ ਸਤਿਗੁਰਾਂ ਦੇ ਪ੍ਰਤੱਖ ਹੁਕਮਨਾਮੇ ਮਿਲਦੇ ਸਨ, ਉਹ ਅੰਤਰ-ਆਤਮੇ ਮਿਲੀ ਹੋਈ ਰੂਹ ਸੀ।

ਸਵੇਰੇ ਇਹਨਾਂ ਦਾ ਕਿਸੇ ਹੋਰ ਗੁਰਦੁਆਰੇ ਪ੍ਰੋਗਰਾਮ ਸੀ, ਇਹ ਦੋਵੇਂ ਉਥੋਂ ਵਿਦਾ ਹੋਏ। ਪਰ ਬਾਹਰ ਆ ਕੇ ਕਰਨਲ ਸਾਹਿਬ ਬਹੁਤ ਰੋਏ ਅਤੇ ਪਛਤਾਏ ਕਿ ਉਹਨਾਂ ਕਿਉਂ ਐਸੀ ਬਖ਼ਸ਼ੀ ਹੋਈ ਰੂਹ ਨਾਲ ਅੜੀ ਕੀਤੀ। ਐਸੀਆਂ ਰੂਹਾਂ ਬਾਰੇ ਗੁਰਬਾਣੀ ਵਿੱਚ ਸੰਕੇਤ ਮਿਲਦਾ ਹੈ :

**ਜਾਇ ਪੁਛਹੁ ਸੋਹਾਗਣੀ ਤੁਸਾ ਕਿਉ ਕਰਿ ਮਿਲਿਆ ਪ੍ਰਭੁ ਆਇ ॥**
**ਓਇ ਵੇਪਰਵਾਹ ਨ ਬੋਲਨੀ ਹਉ ਮਲਿ ਮਲਿ ਧੋਵਾ ਤਿਨ ਪਾਇ ॥੧॥**

(ਅੰਗ ੪੧)

ਕਰਨਲ ਸਾਹਿਬ ਇਸੇ ਗੱਲ ਨੂੰ ਤਾਂ ਪਛੁਤਾਉਂਦੇ ਸਨ ਕਿ ਐਸੇ ਗੁਰਸਿੱਖ ਦੇ ਤਾਂ ਪੈਰ ਮਲ-ਮਲ ਕੇ ਧੋਣੇ ਚਾਹੀਦੇ ਸਨ। ਪਰ ਕਈ ਵਾਰੀ ਸਾਡੀ ਹਉਮੈ ਸਾਨੂੰ ਕੁਝ ਕਰਨ ਨਹੀਂ ਦਿੰਦੀ। ਉਹ ਭੁੱਖੇ ਵੀ ਰਹੇ ਅਤੇ ਪਛਤਾਵੇ ਵਿਚ ਹੀ ਘਰ ਜੈਪੁਰ ਪਰਤੇ।

ਇੱਕ ਹੋਰ ਘਟਨਾ ਲਿਖ ਰਿਹਾ ਹਾਂ, ਜੋ ਸਮੂਹ ਸਿੱਖ ਪ੍ਰਚਾਰਕਾਂ ਦੇ ਧਿਆਨਦੇਣ ਯੋਗ ਹੈ। ਦਾਸ ਉਦੇਪੁਰ 1954 ਵਿਚ ਬੀ.ਐਡ. ਦੀ ਟ੍ਰੇਨਿੰਗ ਲਈ ਚਲਾ ਗਿਆ ਸੀ। ਦਸੰਬਰ 1954 ਵਿਚ ਦਾਸ ਨੇ ਕਰਨੈਲ ਸਾਹਿਬ ਨੂੰ ਉਥੇ ਦੀਆਂ ਸਿੱਖ ਸੰਗਤਾਂ ਨੂੰ ਦਰਸ਼ਨ ਮੇਲੇ ਕਰਵਾਉਣ ਲਈ ਸੱਦਾ ਭੇਜਿਆ। ਆਪ ਤਸ਼ਰੀਫ ਲੈ ਆਏ। ਉਥੇ ਇਕ ਸਿੱਖ ਦੇ ਘਰ ਵਿਚ (ਪੰਜਾਬੀ ਕਾਲੋਨੀ) ਆਪ ਦਾ ਉਤਾਰਾ ਕਰਵਾਇਆ ਗਿਆ। ਗੁਰੂ ਨਾਨਕ ਦੇਵ ਜੀ ਦੀ ਸਿੱਖੀ ਨਾਲ ਪਿਆਰ ਕਰਨ ਵਾਲਾ ਹਰ ਇਕ ਸਿੱਖ, ਕਰਨਲ ਸਾਹਿਬ ਨੂੰ ਇਕੱਲਿਆਂ ਮਿਲ ਕੇ ਆਪਣੇ ਦਿਲ ਦੀ ਗੱਲ ਦਸ ਕੇ ਕੁਝ ਪੁਛਣਾ ਚਾਹੁੰਦਾ ਸੀ।

ਸੋ ਪ੍ਰੋਗਰਾਮ ਇਹ ਬਣਿਆ ਕਿ ਕਰਨਲ ਸਾਹਿਬ ਇਕ ਕਮਰੇ ਵਿਚ ਪਲੰਘ ਉਤੇ ਰਜ਼ਾਈ ਵਿਚ ਨਿੱਘੇ ਹੋ ਕੇ ਬੈਠਣ (ਕਿਉਂਕਿ ਸਰਦੀਆਂ ਦੀ ਸ਼ਾਮ ਸੀ) ਤੇ ਵਾਰੀ-ਵਾਰੀ ਸਿੱਖ ਮਿਲਦੇ ਜਾਣ। ਸਿੱਖ ਇਸ ਲਈ ਲਿਖਿਆ ਹੈ ਕਿਉਂਕਿ ਉਹਨਾਂ ਵਿਚੋਂ ਕੋਈ ਭੀ ਅੰਮ੍ਰਿਤ-ਧਾਰੀ ਨਹੀਂ ਸੀ। ਰਾਤ ਦੇ ਯਾਰਾਂ ਵਜੇ ਤੱਕ ਕਰੀਬਨ 80 ਕੁ ਸਿੱਖਾਂ ਦੀ ਕਰਨਲ ਸਾਹਿਬ ਨੇ ਸੋਧ ਸੁਧਾਈ ਅਤੇ ਯੋਗ ਸਲਾਹ ਦਿੱਤੀ। ਦਾਸ ਤਾਂ ਗੇਟ 'ਤੇ ਹੀ ਤਾਇਨਾਤ ਸੀ। ਖ਼ੈਰ ਅਗਲੇ ਦਿਨ



www.AKJ.Org

ਆਪ ਜੈਪੁਰ ਆ ਗਏ। ਬੜੇ ਖੁਸ਼ ਖੁਸ਼ ਕਿ ਐਤਕੀ ਉਹਨਾਂ ਨੂੰ ਬਹੁਤ ਸਾਰੇ ਸਿੱਖਾਂ ਨੂੰ ਗੁਰੂ ਦੇ ਦਸੇ ਰਾਹ ’ਤੇ ਪਾਉਣ ਦਾ ਮੌਕਾ ਮਿਲਿਆ।

ਉਹ ਸਾਲ ਭਰ ਵਿਚ ਮਿਲੇ, ਕਈ ਪ੍ਰਾਣੀਆਂ ਨੂੰ ਕੜੇ ਪੁਆ ਕੇ, ਕਿਤਨਿਆਂ ਨੂੰ ਰਹਿਤ ਰਖਾ ਕੇ, ਕਿਤਨਿਆਂ ਨੂੰ ਬਾਣੀ ਪੜ੍ਹਨ ਲਈ ਪ੍ਰੇਰ ਕੇ ਅਤੇ ਕਿਤਨਿਆਂ ਨੂੰ ਗੁਰੂ ਕੇ ਜਹਾਜ਼ ਚੜ੍ਹਨ ਲਈ (ਅੰਮ੍ਰਿਤ ਪਾਨ ਕਰਨ ਲਈ) ਪ੍ਰੇਰਦੇ, ਇਸ ਦੀ ਰਿਪੋਰਟ ਉਹ ਹਮੇਸ਼ਾ ਭਾਈ ਰਣਧੀਰ ਸਿੰਘ ਜੀ ਨੂੰ ਜਦੋਂ ਮਿਲਣ, ਉਦੋਂ ਦਿੰਦੇ ਹੁੰਦੇ ਸਨ। ਉਦੈਪੁਰ ਵਾਲੀ ਸਾਰੀ ਵਿਥਿਆ, ਭਾਈ ਸਾਹਿਬ ਜੀ ਨੂੰ ਇਕ ਦਿਨ ਲਈ ਦਿਲੀ ਵਿਖੇ ਦਾਸ ਦੇ ਅਨੰਦ ਕਾਰਜ ਸਬੰਧੀ ਹਜ਼ੂਰ ਸਾਹਿਬ ਦੀ ਯਾਤਰਾ ਤੋਂ ਵਾਪਸੀ ਤੇ ਰੁਕਣ ਵੇਲੇ ਆਪ ਸੁਣਾਈ।

ਭਾਈ ਸਾਹਿਬ ਦੀ ਸੂਝ ਬੜੀ ਸੂਖਮ ਸੀ, ਫੱਟ ਭਾਂਪ ਜਾਂਦੇ ਸਨ, ਕੌਣ ਕਿਹੜੀ ਸੁਰ ਤੋਂ ਬੋਲ ਰਿਹਾ ਹੈ। ਸਾਰੀ ਵਿਥਿਆ ਸੁਣ ਕੇ ਕਰਨਲ ਸਾਹਿਬ ਨੂੰ ਬਜਾਏ ਸ਼ਾਬਾਸ਼ ਦੇਣ ਦੇ, ਜਿਸ ਦੀ ਕਿ ਉਹ ਆਸ ਰਖਦੇ ਸਨ, ਪੈਂਦੀ ਸੱਟੇ ਪੁਛਣ ਲੱਗੇ, ‘ਸਿਖ ਵਾਰੀ ਵਾਰੀ ਅੰਦਰ ਆਉਂਦੇ ਰਹੇ ਤੇ ਤੁਸੀਂ ਉਥੇ ਅੰਦਰ ਸੰਤ ਬਣ ਕੇ ਬੈਠੇ ਰਹੇ ? ਕਰਨਲ ਸਾਹਿਬ ਨੂੰ ਕੋਈ ਥਾਂ ਨ ਲੱਭੇ, ਕੋਈ ਸ਼ਬਦ ਨੇ ਨ ਸੁਝੇ। ਭਾਈ ਸਾਹਿਬ ਦਾ ਇਸ਼ਾਰਾ ਇਹ ਸੀ ਕਿ ਸੋਧ ਸੁਧਾਈ ਦਾ ਅਧਿਕਾਰ ਕੇਵਲ ਪੰਜਾਂ ਪਿਆਰਿਆਂ ਨੂੰ ਹੈ, ਇਕੱਲੇ ਦੁਕੱਲੇ ਸਿੰਘ ਨੂੰ ਪੰਜਾਂ ਦੇ ਇਸ ਅਧਿਕਾਰ ਨੂੰ ਹਥਿਆਉਣਾ ਨਹੀਂ ਚਾਹੀਦਾ। ਅੱਜ ਥਾਂ ਪਰ ਥਾਂ ‘ਸੰਤ’, ‘ਮਹਾਂਪੁਰਖ’, ਬ੍ਰਹਮ ਗਿਆਨੀ’ ਪੁੰਗਰ ਖਲੋਤੇ ਹਨ, ਜੋ ਇਕੱਲੇ ਇਕੱਲੇ ਸਿੱਖ ਦੀ ਸੋਧ ਸੁਧਾਈ ਅਤੇ ਅਗਵਾਈ ਕਰ ਰਹੇ ਹਨ। ਖ਼ਾਲਸੇ ਪੰਥ ਦੀ ਸਮੁਚੀ ਸ਼ਕਤੀ ਪੰਜਾਂ ਦੀ ਅਗਵਾਈ ਵਿੱਚ ਸੀ, ਅੱਜ ਉਹ ਸ਼ਕਤੀ ਖੰਡ-ਖੰਡ ਹੋਈ ਪਈ ਹੈ। ਕੋਈ ਕਮਾਲੀਏ ਦਾ ਚੇਲਾ ਹੈ, ਕੋਈ ਨਾਨਕ-ਸਰੀਆਂ ਦਾ ਚੇਲਾ ਹੈ, ਕੋਈ ਰਾੜੇ ਵਾਲੇ ਸੰਤਾਂ ਦਾ ਅਤੇ ਕੋਈ ਕਿਸੇ ਸੰਤ ਦਾ। ਪਰ ਨਿਰੋਲ ਗੁਰੂ ਗ੍ਰੰਥ ਸਾਹਿਬ ਦੇ ਚੇਲੇ ਹੁਣ ਵਿਰਲੇ ਹੀ ਹਨ।

*(ਪੁਸਤਕ ਸੇਈ ਪਿਆਰੇ ਮੇਲਿ ਵਿਚੋਂ ਧੰਨਵਾਦ ਸਹਿਤ)*

**ਪਿਤਾ ਜੀ ਦੀ ਇਕ ਅਭੁੱਲ ਯਾਦ : ਬੀਬੀ ਸਤਵੰਤ ਕੌਰ ਜੀ ਡੇਹਰਾਦੂਨ, ਸਪੁੱਤਰੀ ਕਰਨਲ ਸਾਹਿਬ**

ਮੈਂ ਤੇ ਮੇਰੇ ਪਿਤਾ ਜੀ (ਕਰਨਲ ਪਿਆਰਾ ਸਿੰਘ ਜੈਪੁਰ) ਦੋਨੋਂ ਸੰਨ 1937 ਜੁਲਾਈ ਵਿਚ ਕਾਰ ਰਾਹੀਂ ਸ਼ਿਮਲੇ ਗਏ। ਰਸਤੇ ਵਿਚ ਕੁਮਾਰ ਹੱਟੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ, ਸ. ਆਤਮਾ ਸਿੰਘ ਜੀ ਦੀ ਕੋਠੀ ਵਿਚ ਜਿਥੇ ਕਿ ਹਰ ਸਾਲ ਜਾਂਦੇ ਰਹੇ ਹਨ, ਠਹਿਰੇ ਹੋਏ ਸਨ। ਅਸੀਂ ਦੁਪਹਿਰ ਉਹਨਾਂ ਦੇ ਚਰਨਾਂ ਵਿਚ ਗੁਜ਼ਾਰੀ, ਲੰਗਰ ਛਕ ਕੇ ਅਸੀਂ ਸ਼ਿਮਲੇ ਚਲੇ ਗਏ। ਉਥੇ ਸਰਕਾਰੀ ਕੰਮ ਵਿਚ ਪਿਤਾ ਜੀ ਨੂੰ ਅੱਠ ਦਿਨ ਲਗ ਗਏ, ਵਾਪਸੀ ਤੇ ਅਸੀਂ ਫੈਸਲਾ ਕੀਤਾ ਕਿ ਇਕ ਰਾਤ ਭਾਈ ਸਾਹਿਬ ਜੀ ਪਾਸ ਠਹਿਰਾਂਗੇ ਤੇ ਉਹਨਾਂ ਦੀਆਂ ਹਾਜ਼ਰੀਆਂ ਭਰਾਂਗੇ। ਸੋ ਜਦੋਂ ਅਸੀਂ ਸ਼ਾਮ ਨੂੰ ਪੁਜੇ, ਭਾਈ ਸਾਹਿਬ ਜੀ ਦਾ ਕੀਰਤਨ ਸੁਣਿਆ, ਮੈਨੂੰ ਸ਼ਬਦ ਹੁਣ ਤਕ ਯਾਦ ਹੈ **‘ਆਉ ਹਮਾਰੇ ਰਾਮ ਪਿਆਰੇ ਜੀਉ’** ਬੜਾ ਚੜ੍ਹਦੀ ਕਲਾ ਦਾ ਕੀਰਤਨ ਹੋਇਆ। ਬੜੇ ਬਚਨ ਬਿਲਾਸ ਹੋਏ। ਉਹਨਾਂ ਨੇ ਕਿਸੀ ਗੱਲ ਦਾ ਪਿਤਾ ਜੀ ਨੂੰ ਹੁਕਮ ਦਿੱਤਾ। ਇਹਨਾਂ ਨੇ ਸਿਰ ਝੁਕਾ ਕੇ ਪਰਵਾਨ ਕੀਤਾ। ਫੇਰ ਤਾਂ ਕਹਿਣਾ ਹੀ ਕੀ ਸੀ, ਬੜੇ ਪ੍ਰਸੰਨ ਹੋਏ ਤੇ ਕਾਫੀ ਉਤਰਾਈ ਉਤਰ ਕੇ ਮੇਨ ਰੋਡ ਤਕ ਟੈਕਸੀ ਵਿਚ ਚੜ੍ਹਾਨ ਆਏ। ਓਥੇ ਆ ਕੇ ਪਿਤਾ ਜੀ ਨੂੰ ਬੜੀ ਮਿਹਰ ਨਾਲ ਦੇਖ ਕੇ ਜੱਫੀ ਵਿਚ ਘੁਟ ਲਿਆ, ਇਹ ਜੱਫੀ ਕੀ ਸੀ ? ਇਕ ਚੁੰਬਕ ਸੀ ਜੋ ਪਿਤਾ ਜੀ ਦੇ ਰੋਮ-ਰੋਮ ਵਿਚ ਸਿਮਰਨ ਚਲ ਪਿਆ। ਇਥੋਂ ਤਕ ਕਿ ਉਹ ਬੰਦ ਕਰਨ ਦੀ ਕੋਸ਼ਿਸ਼ ਵੀ ਕਰਨ, ਪਰ ਆਪ-ਮੁਹਾਰੇ ਫੁਹਾਰੇ ਫੁੱਟ ਪਏ। ਉਹ ਹੈਰਾਨ ਤੇ ਬਾਰ-ਬਾਰ ਮੈਨੂੰ ਕਹਿਣ ਹੱਦ ਹੋ ਗਈ, ਐਸਾ ਤੇ ਅੱਗੇ ਕਦੀ ਨਹੀਂ ਹੋਇਆ। ਖ਼ੁਦ ਬਖੁਦ ਰੋਮ-ਰੋਮ ਵਿਚੋਂ ਲਗਦਾ ਹੈ ਆਪ-ਮੁਹਾਰਾ ਮੀਂਹ ਬਰਸ ਰਿਹਾ ਹੈ ਸਿਮਰਨ ਦਾ। ਇਹ ਹਾਲ ਉਹਨਾਂ ਦਾ ਦੋ ਦਿਨ ਤਕ ਰਿਹਾ। ਦੂਸਰੇ ਦਿਨ, ਦਿਲੀ ਪਹੁੰਚ ਕੇ ਕਿਸੇ ਦੇ ਘਰ ਪ੍ਰਸ਼ਾਦਾ ਛਕਿਆ ਤਾਂ ਉਹ ਚੀਜ਼ ਬੰਦ ਹੋ ਗਈ। ਉਸ ਤੋਂ ਬਾਦ ਸੈਂਕੜੇ ਵਾਰੀ ਭਾਈ ਸਾਹਿਬ ਜੀ ਦੇ ਦਰਸ਼ਨ,



www.AKJ.Org

ਉਹਨਾਂ ਨੇ ਕੀਤੇ ਤੇ ਹਮੇਸ਼ਾਂ ਹੱਥ ਜੋੜ ਕੇ ਬੇਨਤੀ ਕੀਤੀ ਕਿ ਕੁਮਾਰ ਹੱਟੀ ਵਾਲੀ ਜੱਫੀ ਫੇਰ ਪਾਓ। ਉਹਨਾਂ ਕਿਹਾ, ਉਹ ਗੱਲ ਹੀ ਹੋਰ ਸੀ, ਮੁੜ ਕਈ ਵਾਰੀ ਜੱਫੀ ਪਾਈ ਪਰ ਉਹ ਕਲਾ ਨਹੀਂ ਵਰਤੀ। ਇਹ ਮੇਰੇ ਸਾਹਮਣੇ ਦੀ ਗੱਲ ਹੈ। ਇਕ ਵਾਰ ਜੈਪੁਰ ਵਿਚ ਪਿਤਾ ਜੀ ਬੜੇ ਸਖ਼ਤ ਬਿਮਾਰ ਹੋ ਗਏ, ਡਾਕਟਰਾਂ ਦੀ ਰਾਇ ਵਿਚ ਇਹ ਸੀ ਕਿ ਹੁਣ ਬਚਣਗੇ ਨਹੀਂ, ਬੇਹੋਸ਼ ਪਿਆਂ ਨੂੰ ਹਸਪਤਾਲ ਲੈ ਗਏ। ਜੂਨ ਦਾ ਮਹੀਨਾ ਸੀ, ਓਥੇ ਰਾਤ ਬੜੀ ਖ਼ਤਰਨਾਕ ਹਾਲਤ ਸੀ, ਸਾਰਾ ਪ੍ਰਵਾਰ ਪਾਸ ਬੈਠਾ ਸੀ। ਇਧਰ ਜਦੋਂ ਉਹਨਾਂ ਨੂੰ ਥੋੜ੍ਹੀ ਹੋਸ਼ ਸੀ ਤਾਂ ਇਕ ਪਤ੍ਰਕਾ ਭਾਈ ਸਾਹਿਬ ਜੀ ਨੂੰ ਲਿਖਵਾ ਕੇ ਪਾਈ ਸੀ ਕਿ ਮੇਰੀ ਆਖ਼ਰੀ ਪ੍ਰੇਮ ਪੂਰਵਕ ਸੀਸ ਨਿਵਾ ਕੇ ਫ਼ਤਹ ਪੁਜੇ ਆਦਿ।

ਸੋ ਚਿਠੀ ਜਦੋਂ ਭਾਈ ਸਾਹਿਬ ਜੀ ਨੂੰ ਪੁੱਜੀ, ਉਹਨਾਂ ਨੇ ਉਸੇ ਵੇਲੇ ਪੰਜ ਸਿੰਘਾਂ ਦੇ ਨਾਲ ਅਰਦਾਸਾ ਸੋਧਿਆ ਤੇ ਸਤਿਗੁਰੂ ਜੀ ਦਾ ਹੁਕਮ ਜੋ ਆਇਆ ਸੋ ਇਹ ਸੀ '**ਤੂੰ ਕਾਹੇ ਡੋਲਹਿ ਪ੍ਰਾਣੀਆ ਤੁਧ ਰਾਖੈਗਾ ਸਿਰਜਣਹਾਰ**' ਸੋ ਜਿਸ ਰਾਤ ਉਹ ਬਿਸਤਰੇ ਤੇ ਬੇਹੋਸ਼ ਪਏ ਸੀ, ਰਾਤ ਦੇ ਦੋ ਵਜੇ ਅਖਾਂ ਖੋਲ ਕੇ, ਮਾਤਾ ਜੀ ਵੱਲ ਵੇਖ ਕੇ ਕਿਹਾ, ਹੌਲੀ-ਹੌਲੀ ਭਾਈ ਸਾਹਿਬ ਜੀ ਆਏ ਸਨ ਤੇ ਕਹਿ ਗਏ ਹਨ '**ਤੂੰ ਕਾਹੇ ਡੋਲਹਿ ਪ੍ਰਾਣੀਆ ਤੁਧ ਰਾਖੈਗਾ ਸਿਰਜਣਹਾਰ**'..... .... ਸ਼ਬਦ ਨੋਟ ਕਰ ਲਓ। ਉਸ ਤੋਂ ਬਾਅਦ ਹਾਲਤ ਸੁਧਰਨ ਲਗ ਗਈ। ਤੀਸਰੇ ਦਿਨ ਭਾਈ ਸਾਹਿਬ ਜੀ ਦੀ ਚਿਠੀ ਆਈ ਕਿ ਤੁਹਾਡਾ ਪਤ੍ਰ ਪੜ੍ਹ ਕੇ ਬੜਾ ਵੈਰਾਗ ਹੋਇਆ ਤੇ ਪੰਜ ਸਿੰਘਾਂ ਨਾਲ ਮਿਲ ਕੇ ਗੁਰੂ ਸਾਹਿਬ ਜੀ ਕੋਲ ਅਰਦਾਸ ਕੀਤੀ ਇਹ ਹੁਕਮ ਨਾਮਾ ਆਇਆ ਜੋ ਕਿ ਤੁਹਾਨੂੰ ਵਾਇਰਲੈਸ ਨਾਲ ਪੁਚਾ ਦਿੱਤਾ ਸੀ। ਸ਼ਬਦ ਹੁਕਮ ਉਹੋ ਸੀ ਜੋ ਉਹਨਾਂ ਨੇ ਦਸਿਆ ਸੀ '**ਤੂੰ ਕਾਹੇ ਡੋਲਹਿ ਪ੍ਰਾਣੀਆ ਤੁਧ ਰਾਖੈਗਾ ਸਿਰਜਣਹਾਰ।**' ਧੰਨ ਗੁਰੂ ਸਾਹਿਬ ਤੇ ਧੰਨ ਗੁਰਮੁਖ ਭਾਈ ਸਾਹਿਬ।

*("ਸੂਰਾ" ਮਾਸਿਕ ਪੱਤਰ ਦੇ ਅੰਕ ਅਪ੍ਰੈਲ 1968 ਵਿਚੋਂ ਧੰਨਵਾਦ ਸਹਿਤ)*

## ਕਰਨਲ ਪਿਆਰਾ ਸਿੰਘ ਜੀ ਵਲੋਂ ਲਿਖੀ ਇਕ ਹੱਥ ਲਿਖਤ ਚਿੱਠੀ ਦੀ ਕਾਪੀ

**ੴ ਸਤਿ ਗੁਰਪ੍ਰਸਾਦਿ ॥**

ਅਪਨੇ ਘਰ ਵਿਚ ਸਿੱਖ ਪ੍ਰਵਾਰ॥

ਅਲੀਗੜ੍ਹ।

ਅਜਕਲ ਦੀ ਆਜਾਦੀ, ਕੁਸੰਗਤ, ਤੇ ਧਰਮ ਮੇਨ ਦੀ ਹਵਾ ਨੂੰ ਮੁਖ ਰੱਖ ਕੇ ਇਹ ਜ਼ਰੂਰੀ ਭਾਸਦਾ ਹੈ ਕਿ ਅਪਨੀ ਔਲਾਦ ਨੂੰ ਜੀਊਂਦੇ ਜੀ ਗੁਰਸਿਖਾਂ ਦੇ ਪਵਿਤ੍ਰ ਰਸਤੇ ਤੇ ਚਲਦਿਆਂ ਦੇਖਿਆ ਜਾਵੇ, ਜੇ ਮਾਪੇ ਇਸ ਮਾਰਗ ਵਿਚ ਪ੍ਰੇਰਨ ਲਈ ਜ਼ੋਰ ਨਾ ਦੇਨ ਤਾਂ ਹੋਰ ਕਿਸੇ ਨੂੰ ਕੀਹ ਪਈ ਹੈ ਕਿ ਉਹਨਾਂ ਨੂੰ ਸਿੱਧੇ ਰਾਹ ਪਾਏ। ਸਿੱਖ ਅਖਵਾਉਣ ਵਾਲੇ ਮਾਤਾ-ਪਿਤਾ ਦਾ ਇਹ ਜ਼ਰੂਰੀ ਫਰਜ਼ ਹੈ ਕਿ ਅਪਨੀ ਔਲਾਦ ਤੇ ਔਲਾਦ ਦੀ ਔਲਾਦ ਵਿਚ ਸਿੱਖੀ ਦਾ ਅਜਿਹਾ ਪੱਕਾ ਬੀਜ ਬੀਜੇ ਜੋ ਜ਼ਮਾਨੇ ਦੀ ਹਵਾ ਤੇ ਗੁਰੂ ਧਰੋਹੀ ਬੇਮੁਖਾਂ ਦੀ ਸੰਗਤ, ਉਹਨਾਂ ਦੀ ਪਕਿਆਈ ਤੇ ਕੋਈ ਅਸਰ ਨਾ ਪਾ ਸਕੇ। ਇਸ ਲਈ ਕੋਈ ਅਜਿਹੇ ਸਾਧਨ ਸੋਚਨ ਦੀ ਲੋੜ ਹੈ ਜਿਸ ਦਾ ਅਸਰ ਔਲਾਦ ਉੱਤੇ ਪਵੇ ਤੇ ਉਹ ਗੁਰੂ ਦੇ ਲੜ ਨੂੰ ਘੁਟ ਕੇ ਫੜਨ ਦਾ ਯਤਨ ਕਰੇ, ਨਹੀਂ ਤਾਂ ਜੇ ਸਿੱਖ ਅਖਵਾਉਣ ਵਾਲੇ ਮਾਂ-ਬਾਪ ਨੇ ਅਪਨੀ ਜ਼ਿੰਦਗੀ ਵਿਚ ਔਲਾਦ ਨੂੰ ਖੁਲਾਸਿਆਂ ਤੇ ਆਜ਼ਾਦ ਹੋਇਆਂ ਦੇਖਿਆ ਤੇ ਉਹਨਾਂ ਨੂੰ ਧਰਮ ਦੇ ਪ੍ਰੇਮ ਧੰਧਨਾਂ ਵਿਚ ਨਾ ਲਿਆ ਸਕੇ ਤਾਂ ਉਹਨਾਂ ਦੇ ਮਰਨ ਦੇ ਬਾਅਦ ਔਲਾਦ ਤੇ ਖਾਨਦਾਨ ਦੇ ਇਕ ਦੂਜੇ ਪੀੜੀਆਂ ਤਕ ਗੁਰਸਿਖੀ ਨੂੰ ਬਿਲਕੁਲ ਤਲਾਂਜਲੀ ਦੇਨ ਦਾ ਸਖ਼ਤ ਖ਼ਤਰਾ ਹੈ ਜੋ ਨਾ ਸਿਰਫ ਖਾਨਦਾਨ ਤੇ ਸਿੱਖੀ ਘਰਾਨੇ ਨੂੰ ਹੀ ਕਲੰਕ ਹੈ ਬਲਕਿ ਕੁਲ ਦੇ ਡੁਬਨ ਦੀ ਰੀਤ ਹੈ ਤੇ ਗੁਰਸਿਖੀ ਤੇ ਗੁਰੂ ਸਾਹਿਬਾਂ ਦੀ ਹਤਕ ਹੈ। ਫੇਰ ਵੀ ਵਕਤ ਆ ਗਿਆ ਹੈ ਕਿ ਮਾਪਿਆਂ ਨੂੰ ਔਲਾਦ ਤੇ ਜ਼ਰਾ


www.AKJ.Org

ਕਰੜਾਈ, ਉਹਨਾਂ ਦੇ ਅਪਨੇ ਭਲੇ ਨੂੰ ਮੁਖ ਰਖਕੇ ਕਰਨੀ ਚਾਹੀਦੀ ਹੈ ਤਾ ਕੇ ਉਹ ਦਿਨੋ ਦਿਨ ਨਿਘਰਦੀ ਕਲਾ ਵਿਚ ਜਾਨ ਦੀ ਥਾਂ ਆਹਿਸਤਾ ਆਹਿਸਤਾ ਸਿੱਖੀ ਤੇ ਪ੍ਰਪੱਕ ਹੋਏ ਜਾਨ। ਤਾਂ ਤੇ ਸੰਕਲਪ ਹੋਇਆ ਹੈ ਕਿ ਜਦ ਤਕ ਘਟ ਤੋਂ ਘਟ ਹੇਠ ਲਿਖੀਆਂ ਗੱਲਾਂ ਤੇ ਔਲਾਦ ਚਲਨਾਂ ਪ੍ਰਵਾਨ ਨਾ ਕਰੇ-ਉਸ ਨਾਲ ਖਾਨ ਪਾਨ ਦਾ ਕੋਈ ਵਿਹਾਰ ਨਾ ਕੀਤਾ ਜਾਵੇ ਤੇ ਨਾ ਹੀ ਜ਼ਿਆਦਾ ਮੇਲ ਜੋਲ ਕਾਇਮ ਰਖਿਆ ਜਾਵੇ। ਯਾਨੀ ਉਹਨਾਂ ਦੇ ਘਰ ਨਾ ਜਾਇਆ ਜਾਵੇ ਤੇ ਨਾ ਹੀ ਉਹਨਾਂ ਦੇ ਨੌਕਰ ਅਰ ਉਹਨਾਂ ਦੇ ਹੱਥ ਦੀ ਰੋਟੀ ਖਾਦੀ ਜਾਵੇ, ਨਾ ਪਾਣੀ ਪੀਤਾ ਜਾਵੇ, ਇਸਦਾ ਇਹ ਮਤਲਬ ਨਹੀਂ ਕਿ ਔਲਾਦ ਨੂੰ ਜ਼ਰੂਰਤ ਵੇਲੇ ਕਿਸੇ ਕਿਸਮ ਦੀ ਸਹਾਇਤਾ ਨਾ ਦਿੱਤੀ ਜਾਵੇ-ਕੰਮ ਸਭ ਵਾਲੇ ਚਲਨ ਕੇਵਲ ਅਪਨੇ ਆਪ ਨੂੰ ਪਿਛਾਹਾਂ ਹਟਾਇਆ ਜਾਵੇ, ਜਦ ਤਕ ਕੇ ਠੀਕ ਰਸਤੇ ਚਲ ਨਾ ਪੈਨ ਤੇ ਪ੍ਰਪੱਕ ਹੋਣ ਦੀ ਆਸ ਨਾ ਦਿਵਾਉਣ।

1. ਅੰਮ੍ਰਿਤ ਛਕ ਕੇ ਰਹਿਤ ਬਹਿਤ ਵਿਚ ਤਿਆਰ-ਬਰ-ਤਿਆਰ ਰਹਿਣਾ।
2. ਅੰਮ੍ਰਿਤ ਛਕਣ ਦੇ ਵੇਲੇ ਦੇ ਹੁਕਮ ਮੰਨਨੇ ਤੇ ਨਿਤਨੇਮ ਰੋਜ਼ ਕਰਨਾ।
3. ਗੁਰੂ ਸਾਹਿਬ ਘਰ ਪ੍ਰਕਾਸ਼ ਕਰਕੇ ਹਰ ਪ੍ਰਕਾਰ ਦੀ ਸੇਵਾ (ਭੋਗ ਆਦਿਕ ਦੀ) ਹੱਥੀਂ ਕਰਨਾ।
4. ਦਸਵੰਧ ਆਮਦਨ ਤੋਂ ਵੱਖਰਾ ਦੇਨਾ।
5. ਗੁਰ ਸਿੱਖਾਂ ਦੀ ਹਰ ਪ੍ਰਕਾਰ ਸੇਵਾ ਯਥਾ ਸ਼ਕਤ ਕਰਨੀ ਤੇ ਕੁਸੰਗੀਆਂ ਤੋਂ ਬੱਚ ਕੇ ਰਹਿਣਾ।
6. ਅਪਨੀ ਔਲਾਦ ਵਿਚ ਮੁੱਢ ਤੋਂ ਸਿਖੀ ਰਹਿਤ ਬਹਿਤ ਦੇ ਬੀਜ ਬੀਜਨੇ।

ਇਹ ਵੀਚਾਰ ਸ. ਸੰਪੂਰਨ ਸਿੰਘ ਚਾਏ ਵਾਲੇ ਨਾਲ ਗਲਾਂ ਬਾਤਾਂ ਕਰਕੇ ਤੇ ਪ੍ਰੀਤ ਲੜੀ ਦੇ ਗੁਰਬਖਸ਼ ਸਿੰਘ ਦੇ ਜ਼ਹਿਰ ਫੈਲਾਉਣ ਕਰਕੇ ਫੁਰੀ!

(ਨੋਟ : ਇਹ ਕੁਝ ਹਲਕੀ ਕਿਸਮ ਦਾ ਬਿਬੇਕ ਕੇਵਲ ਅਪਨੀ ਔਲਾਦ ਤੇ ਹੀ ਲਾਗੂ ਹੋਊ ਹੋਰ ਕਿਸੇ ਨਾਲ ਨਹੀਂ)

**ਸਤਿ ਸ੍ਰੀ ਅਕਾਲ ॥**

ਇਹ ਗਲ 15 ਜੁਲਾਈ ਤੋਂ ਲਾਗੂ ਹੋਵੇਗੀ।

1. ਬੀਬੀ ਸਤਵੰਤ ਕੌਰ
2. ਸਤਵੰਤ ਸਿੰਘ
3. ਬੀਬੀ ਸਵਰਨ ਕੌਰ
4. ਇੰਦਰਜੀਤ ਸਿੰਘ

# ਭਾਈ ਅਤਰ ਸਿੰਘ ਜੀ, ਢੀਕਮ ਪੁਰ (ਚੱਕਵਾਲ)

ਭਾਈ ਜਸਬੀਰ ਸਿੰਘ ਜੀ ਕੋਹਲੀ-ਮੁਹਾਲੀ

ਭਾਈ ਅਤਰ ਸਿੰਘ ਜੀ ਦਾ ਜਨਮ ਸੰਨ 1884 ਵਿਚ ਸ੍ਰੀ ਹੀਰਾ ਨੰਦ ਜੀ ਦੇ ਘਰ ਪਿੰਡ ਢੀਕਮਪੁਰ, ਤਹਿਸੀਲ ਚੱਕਵਾਲ, ਜ਼ਿਲ੍ਹਾਂ ਜੇਹਲਮ ਵਿਚ ਹੋਇਆ। ਆਪ ਜੀ ਦੇ ਦੋ ਭਰਾ ਹੋਰ ਸਨ ਸਰਦਾਰ ਚੇਤ ਸਿੰਘ ਅਤੇ ਸਰਦਾਰ ਕਾਹਨ ਸਿੰਘ। ਸਰਦਾਰ ਚੇਤ ਸਿੰਘ ਦੇ ਬੇਟੇ ਸਰਦਾਰ ਈਸ਼ਰ ਸਿੰਘ, ਦਾਸ ਦੇ ਪਿਤਾ ਜੀ ਸਨ। ਭਾਈ ਅਤਰ ਸਿੰਘ ਦੇ ਕੋਈ ਔਲਾਦ ਨਹੀਂ ਸੀ। ਸਰਦਾਰ ਚੇਤ ਸਿੰਘ ਜੀ ਛੋਟੀ ਉਮਰੇ ਹੀ ਚਲਾਣਾ ਕਰ ਗਏ ਸਨ। ਇਸ ਕਰਗੇ ਗਿਆਨੀ ਈਸ਼ਰ ਸਿੰਘ ਜੀ ਦੀ ਪਾਲਣਾ ਭਾਈ ਅਤਰ ਸਿੰਘ ਜੀ ਨੇ ਕੀਤੀ। ਇਸ ਤਰ੍ਹਾਂ ਇਹ ਦਾਸ ਦੇ ਦਾਦਾ ਜੀ ਹੀ ਲੱਗਦੇ ਸਨ।


www.AKJ.Org

ਭਾਈ ਅਤਰ ਸਿੰਘ 35ਵੀਂ ਸਿੱਖ ਰੈਜੀਮੈਂਟ ਵਿਚ ਹਵਾਲਦਾਰ ਸਨ ਅਤੇ ਬਿਗੁਲ ਵਜਾਉਣ ਦੀ ਡਿਊਟੀ ਕਰਦੇ ਸਨ। ਸੰਨ 1910-11 ਆਪ ਜੀ ਰੈਜੀਮੈਂਟ ਵੀ ਬਾਕੀ ਸਿੱਖ ਪਲਟਨਾਂ ਨਾਲ ਅੰਬਾਲਾ ਛਾਉਣੀ ਵਿੱਚ ਤਾਇਨਾਤ ਸੀ। ਉਥੇ ਜੱਥੇ ਦੇ ਪੁਰਾਤਨ ਸਿੰਘਾ ਕਰਨਲ ਪਿਆਰਾ ਸਿੰਘ ਜੀ , ਬਾਊ ਮੱਲ ਸਿੰਘ ਜੀ ਅਤੇ ਸੂਬੇਦਾਰ ਮਾਨ ਸਿੰਘ ਜੀ ਹੈੱਡ ਕਲਰਕ ਨਾਲ ਆਪ ਦਾ ਮਿਲਾਪ ਹੋ ਗਿਆ। ਭਾਈ ਸਾਹਿਬ ਜੀ ਵੀ ਉਪਰੋਕਤ ਸਿੰਘਾਂ ਦੇ ਪ੍ਰੇਮ ਸੁਨੇਹੜਿਆਂ ਤੇ ਅੰਬਾਲਾ ਛਾਉਣੀ ਫੇਰੀ ਪਾਉਂਦੇ ਰਹਿੰਦੇ ਸਨ ਤੇ ਉਥੇ ਕਈ ਸ੍ਰੀ ਅਖੰਡ ਪਾਠ ਸਾਹਿਬ ਅਤੇ ਅੰਮ੍ਰਿਤ ਸੰਚਾਰ ਸਮਾਗਮ ਹੋਏ, ਜਿਨ੍ਹਾਂ ਵਿਚ ਕਈ ਅਲੌਕਿਕ ਕੌਤਕ ਵਰਤਦੇ ਰਹੇ। ਆਪ ਜੀ ਦਾ ਉੱਥੇ ਹੀ ਭਾਈ ਸਾਹਿਬ ਜੀ ਨਾਲ ਮੇਲ ਹੋ ਗਿਆ ਤੇ ਅੰਮ੍ਰਿਤ ਛਕ ਕੇ ਤਿਆਰ ਬਰ ਤਿਆਰ ਸਿੰਘ ਸਜ ਗਏ। ਸੰਨ 1913 ਵਿਚ ਆਪ ਜੀ ਨੇ 11 ਸਾਲ ਫੌਜ ਦੀ ਨੌਕਰੀ ਕਰਕੇ ਛੱਡ ਦਿੱਤੀ। ਨੌਕਰੀ ਛੱਡਣ ਤੋਂ ਬਾਅਦ ਆਪ ਲੁਧਿਆਣੇ ਆਪਣੇ ਭਰਾ ਕਾਹਨ ਸਿੰਘ ਜੀ ਕੋਲ ਰਿਹਾ ਕਰਦੇ ਸਨ ਜੋ ਕਿ ਆਰੀਆ ਸਕੂਲ ਵਿਚ ਅਧਿਆਪਕ ਲੱਗੇ ਹੋਏ ਸਨ। ਉੱਥੇ ਨੇੜੇ ਹੀ ਭਾਈ ਸਾਹਿਬ ਹਰ ਬੁੱਧਵਾਰ ਮਾਲਵਾ ਖ਼ਾਲਸਾ ਹਾਈ ਸਕੂਲ ਦੇ ਗੁਰਦੁਆਰੇ ਕੀਰਤਨ ਕਰਨ ਜਾਂਦੇ ਸਨ। ਉੱਥੇ ਸਕੂਲ ਦੇ ਵਿਦਿਆਰਥੀਆਂ ਦਾ ਇਕ ਤਕੜਾ ਜਥਾ ਤਿਆਰ ਹੋ ਗਿਆ ਸੀ ਜੋ ਭਾਈ ਸਾਹਿਬ ਜੀ ਦੀ ਸੰਗਤ ਕਰਕੇ ਲੁੱਟ-ਬਉਰੇ ਹੀ ਹੋ ਗਏ ਸਨ ਅਤੇ ਉਨ੍ਹਾਂ ਤੇ ਨਾਮ ਰੰਗ ਦੀ ਖੁਮਾਰੀ ਚੜ੍ਹੀ ਰਹਿੰਦੀ ਸੀ। ਪਿਛਲੇ ਜਨਮਾਂ ਦੀ ਕਮਾਈ ਸਦਕਾ ਅੰਮ੍ਰਿਤ ਛੱਕਣ ਤੋਂ ਬਾਅਦ ਇਕ ਦਮ ਉੱਚ ਆਤਮਿਕ ਅਵਸਥਾ ਨੂੰ ਪੁੱਜ ਗਏ ਅਤੇ ਹਮੇਸ਼ਾਂ ਹੀ ਭਾਈ ਸਾਹਿਬ ਜੀ ਦੇ ਨਾਲ ਹੀ ਰਹਿਣ ਲੱਗ ਪਏ। ਆਪ ਬਾਣੀ ਦੇ ਰਸੀਏ ਸਨ ਤੇ ਜਲਦੀ ਹੀ ਬਹੁਤ ਸਾਰੀ ਬਾਣੀ ਕੰਠ ਹੋ ਗਈ। ਉਹ ਭਾਈ ਸਾਹਿਬ ਜੀ ਨੂੰ ਹਮੇਸ਼ਾਂ ਹੀ ਗੁਰਬਾਣੀ ਦਾ ਪਾਠ ਸੁਣਾਉਂਦੇ ਰਹਿੰਦੇ ਜੋ ਕਿ ਜੇਲ੍ਹ ਵਿਚ ਵੀ ਜਾਰੀ ਰਿਹਾ। ਉਨ੍ਹਾਂ ਦੇ ਕੰਠ ਬਾਣੀਆਂ ਦਾ ਵੇਰਵਾ ਜੇਲ੍ਹ ਚਿੱਠੀਆਂ ਪੁਸਤਕ ਵਿਚ ਦਿੱਤਾ ਹੋਇਆ, ਜੋ ਕਿ ਇਸ ਲੇਖ ਦੇ ਅੰਤ ਵਿਚ ਵੀ ਦਿੱਤਾ ਗਿਆ ਹੈ। ਉਹ ਅਖੰਡ ਪਾਠੀ ਵੀ ਸਨ ਤੇ ਅੰਮ੍ਰਿਤ ਸੰਚਾਰ ਦੀ ਸੇਵਾ ਵੀ ਭਾਈ ਸਾਹਿਬ ਜੀ ਨਾਲ ਮਿਲ ਕੇ ਨਿਬਾਉਂਦੇ ਰਹੇ। ਉਨ੍ਹਾਂ ਦੀ ਅੰਦਰ ਅੰਤਰਯਾਮਤਾ ਵੀ ਪਰਲੇ ਹੱਦ ਦੀ ਸੀ ਜਿਸ ਦਾ ਬਿਰਤਾਂਤ ਗਿਆਨੀ ਦਲੀਪ ਸਿੰਘ ਜੀ ਦੇ ਜੀਵਨ ਵਿਚ ਆਉਂਦਾ ਹੈ।

ਕੈਨੇਡਾ ਅਤੇ ਅਮਰੀਕਾ ਤੋਂ ਆਏ ਗਦਰੀ ਬਾਬੇ ਕਰਤਾਰ ਸਿੰਘ ਸਰਾਭੇ ਦੀ ਅਗਵਾਈ ਹੇਠ ਭਾਈ ਸਾਹਿਬ ਰਣਧੀਰ ਸਿੰਘ ਜੀ ਨੂੰ ਮਿਲੇ। ਇਸ ਸਬੰਧੀ ਜਥੇ ਦੀ ਇਕ ਗੁਪਤ ਮੀਟਿੰਗ ਗੁੱਜਰਵਾਲ ਵਿੱਚ ਰੱਖੀ, ਜਿਸ ਵਿੱਚ ਇਹ ਮਤਾ ਪਾਸ ਕੀਤਾ ਗਿਆ ਕਿ 21 ਫ਼ਰਵਰੀ 1915 ਨੂੰ ਫਿਰੋਜ਼ਪੁਰ ਛਾਉਣੀ ਦੇ ਅਸਲਾਖਾਨੇ ਤੇ ਹਮਲੇ ਕਰਕੇ ਅੰਗਰੇਜ਼ਾਂ ਖਿਲਾਫ ਹਥਿਆਰਬੰਦ ਗਦਰ ਕਰਕੇ ਉਨ੍ਹਾਂ ਨੂੰ ਭਾਰਤ ਵਿਚੋਂ ਕੱਢਿਆ ਜਾਵੇ, ਪਰ ਇਕ ਗਦਾਰ ਕਿਰਪਾਲ ਸਿੰਘ ਨੇ ਸਾਰੀ ਖਬਰ ਅੰਗਰੇਜ਼ਾਂ ਨੂੰ ਦੇ ਦਿੱਤੀ। ਫਿਰ ਇਹ ਤਾਰੀਖ ਬਦਲ ਕੇ 19 ਫ਼ਰਵਰੀ ਕਰ ਦਿੱਤੀ ਗਈ। ਆਪ ਭਾਈ ਸਾਹਿਬ ਜੀ ਨਾਲ ਫਿਰੋਜ਼ਪੁਰ ਛਾਉਣੀ 'ਤੇ ਕਬਜ਼ੇ ਲਈ ਗਏ ਜਥੇ ਵਿਚ ਸ਼ਾਮਿਲ ਸਨ। ਕੁਝ ਮੁਖਬਰਾਂ ਦੀ ਸੂਹ ਤੇ ਭਾਈ ਸਾਹਿਬ ਅਤੇ ਆਪ ਜੀ ਸਮੇਤ ਜਥੇ ਦੇ ਕਾਫੀ ਸਿੰਘ ਸਰਕਾਰ ਨੇ ਛਾਪੇ ਮਾਰ ਕੇ ਗ੍ਰਿਫਤਾਰ ਕਰ ਲਏ। ਲਾਹੌਰ ਸਾਜਿਸ਼ ਕੇਸ ਦੂਜੇ ਵਿਚ 6 ਸਿੰਘਾਂ ਨੂੰ ਫਾਂਸੀ ਦੀ ਸਜ਼ਾ ਹੋਈ ਅਤੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਅਤੇ ਆਪ ਜੀ ਸਮੇਤ 19 ਸਿੰਘਾਂ ਨੂੰ ਉਮਰ ਕੈਦ ਕਾਲੇ-ਪਾਣੀ ਅਤੇ ਜਾਇਦਾਦ ਜਬਤੀ ਦੀ ਸਜ਼ਾ ਹੋਈ। ਮੁਕੱਦਮੇ ਦੌਰਾਨ ਆਪ ਜੀ ਦੇ ਵੱਡੇ ਭਰਾ ਸਰਦਾਰ ਕਾਹਨ ਸਿੰਘ ਜੀ ਜੋ ਲੁਧਿਆਣੇ ਆਰੀਆ ਸਕੂਲ ਵਿੱਚ ਮਾਸਟਰ ਸਨ ਨੂੰ ਇਸਤਗਾਸੇ ਵਲੋਂ ਸਰਕਾਰੀ ਗਵਾਹ ਰੱਖਿਆ ਗਿਆ, ਪ੍ਰੰਤੂ ਉਨ੍ਹਾਂ ਜੱਜ ਦੇ ਸਾਹਮਣੇ ਪੇਸ਼ ਹੋਣ ਤੋਂ ਇਨਕਾਰ ਕਰ ਦਿੱਤਾ। ਇਹ ਤੱਥ ਅਦਾਲਤ ਵੱਲੋਂ ਆਪ ਜੀ ਵਿਰੁੱਧ ਦਿੱਤੇ ਗਏ ਫ਼ੈਸਲੇ ਵਿੱਚ ਦਰਜ ਹੈ ਕਿ ਪੁਲਸ ਸਰਕਾਰੀ ਗਵਾਹ ਨਹੀਂ ਭੁਗਤਾਅ ਸਕੀ। ਬਾਅਦ ਆਪ ਜੀ ਦੀ ਕੈਦ ਘਟਾ ਕੇ 10 ਸਾਲ ਕਰ ਦਿੱਤੀ ਗਏ ਤੇ 1920 ਵਿਚ ਸ਼ਾਹੀ ਐਲਾਨ ਨਾਮੇ ਅਨੁਸਾਰ ਸਜਾ ਮੁਆਫ ਕਰਕੇ ਜੇਲ੍ਹ ਤੋਂ ਰਿਹਾ ਕਰ ਦਿੱਤੇ ਗਏ। ਜੇਲ ਦੀ ਰਿਹਾਈ ਤੋਂ ਬਾਅਦ ਆਪ ਜੀ ਆਪਣੇ ਭਰਾ ਕੋਲ ਪਿਸ਼ਾਵਰ ਹੀ ਰਹਿੰਦੇ ਰਹੇ।



www.AKJ.Org

ਆਪ ਜੀ ਇਕ ਨਾਮਵਰ ਅਤੇ ਭਜਨੀਕ ਹਸਤੀ ਸਨ। ਜਦੋਂ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੂੰ ਪਹਿਲਾ ਨਾਭਾ ਅਤੇ ਬਾਅਦ ਵਿਚ ਲੁਧਿਆਣੇ ਨਜ਼ਰਬੰਦ ਕੀਤਾ ਗਿਆ ਤਾਂ ਉਹਨਾਂ ਦਾ ਲੰਗਰ, ਆਪ ਜੀ ਹੀ ਤਿਆਰ ਕਰਦੇ ਸਨ। ਭਾਈ ਸਾਹਿਬ ਜੀ ਦੇ ਨਾਲ ਆਪ ਜੀ ਮੁਲਤਾਨ ਅਤੇ ਹਜ਼ਾਰੀ ਬਾਗ ਜੇਲ੍ਹ ਵਿਚ ਵੀ ਰਹੇ।

ਆਪ ਜੀ ਨੂੰ ਬੇਅੰਤ ਗੁਰਬਾਣੀ ਕੰਠ ਸੀ, ਅਤੇ ਸੁਖਮਨੀ ਸਾਹਿਬ ਜੀ ਦੇ ਪਾਠ ਹਮੇਸ਼ਾਂ ਕਰਦੇ ਰਹਿੰਦੇ ਸਨ। ਭਾਈ ਸਾਹਿਬ ਭਾਈ ਰਣਧੀਰ ਜੀ ਨੇ ਜੇਲ੍ਹ-ਚਿੱਠੀਆਂ ਪੁਸਤਕ ਦੇ ਵਿਚ, ਕੰਠ ਗੁਰਬਾਣੀ ਦੀ ਜੋ ਲਿਸਟ ਬਣਾਈ ਹੈ, ਉਸ ਵਿਚ ਸਭ ਤੋਂ ਵੱਧ ਗੁਰਬਾਣੀ ਆਪ ਜੀ ਨੂੰ ਕੰਠ ਸੀ। ਹਜ਼ਾਰੀ ਬਾਗ ਜੇਲ੍ਹ ਦੇ ਪੰਜਾਬੀ ਸੈਲਾਂ ਵਿਚ ਇਹਨਾਂ ਦੀ ਕੋਠਰੀ ਭਾਈ ਸਾਹਿਬ ਦੀ ਕੋਠਰੀ ਦੇ ਲਾਗੇ ਹੀ ਸੀ। ਭਾਈ ਸਾਹਿਬ ਜੇਲ੍ਹ-ਚਿੱਠੀਆਂ ਵਿਚ ਲਿਖਦੇ ਹਨ ਕਿ ਭਾਈ ਅਤਰ ਸਿੰਘ ਜੀ ਦੇ ਪਾਠ ਦੀ ਆਵਾਜ਼ ਉਹਨਾਂ ਨੂੰ ਆਉਂਦੀ ਰਹਿੰਦੀ ਸੀ। "ਅਥੱਕ ਪ੍ਰੇਮ ਆਨੰਦੀ ਵੀਰ ਅਤਰ ਸਿੰਘ ਜੀ ਗੁਰਬਾਣੀ ਦੇ ਅਖੰਡ ਪ੍ਰਵਾਹ ਚਲਾਇਕੇ ਇਕ ਅਦੁੱਤੀ ਰਸ ਬਣ ਦਿਆ ਕਰਨ। ਹਜ਼ਾਰੀ ਬਾਗ ਜੇਲ੍ਹ ਵਿਚ ਸੰਨ 1920 ਤੋਂ ਕੁਝ ਪਹਿਲਾਂ ਹੀ ਭਾਈ ਅਤਰ ਸਿੰਘ ਸੰਜੋਗੀ ਸਾਥੀਅੜੇ ਨੇ ਸਾਨੂੰ ਪੁਛਿਆ ਕਿ ਭਾਈ ਸਾਹਿਬ, ਝੱਬਦੇ ਬੰਦ-ਖਲਾਸੀਆਂ ਦੇ ਦ੍ਰਿਸ਼ਟਾਂਤ ਦਿਸਦੇ ਹਨ। ਇਸ ਪਰ ਅਸੀਂ ਆਖਿਆ ਤੁਹਾਡੇ ਦ੍ਰਿਸ਼ਟਾਂਤ ਵੀ ਸਹੀ ਹਨ, ਪਰ ਅਸੀਂ ਤਾਂ ਅਜੇ ਰਾਸ ਕੁਮਾਰੀ (ਮਦਰਾਸ) ਦੇ ਪਾਸੇ ਦੀ ਸੈਰ ਕਰਨੀ ਹੈ। ਸਾਨੂੰ ਤਾਂ ਇਉਂ ਹੀ ਦ੍ਰਿਸ਼ਟਾਂਤ ਦਿਖਾਈ ਦੇ ਰਹੇ ਹਨ। ਸੋ ਵੀਰ ਅਤਰ ਸਿੰਘ ਜੀ ਮਾਰਚ 1920 ਵਿਚ ਸਰਕਾਰ ਵੱਲੋਂ ਐਲਾਨੀ ਆਮ ਮੁਆਫੀ ਵਿਚ ਹੀ ਛੁੱਟ ਗਏ ਅਤੇ ਸਾਡੇ ਰਾਸ ਕੁਮਾਰੀ ਦੇ ਪਾਸੇ ਵਾਲਾ ਦ੍ਰਿਸ਼ਟਾਂਤ ਪੂਰਤੀ ਉਪਰ ਆ ਗਿਆ।"

**ਬ੍ਰਹਮ ਗਿਆਨੀ ਕੀ ਗਤਿ ਬ੍ਰਹਮ ਗਿਆਨੀ ਜਾਨੈ ॥**

(ਅੰਗ ੨੭੩)

ਭਾਈ ਸਾਹਿਬ ਦੀ ਸੰਗਤ ਅਤੇ ਨਾਮ-ਬਾਣੀ ਦੀ ਅਥਾਹ ਕਮਾਈ ਦਾ ਸਦਕਾ ਭਾਈ ਅਤਰ ਸਿੰਘ ਜੀ ਨੂੰ ਆਮ ਤੌਰ ਦੇ ਪੰਜ ਪਿਆਰਿਆਂ ਦੀ ਸੇਵਾ ਵਿਚ ਸ਼ਾਮਲ ਕੀਤਾ ਜਾਂਦਾ ਸੀ। ਲਾਹੌਰ ਵਿਚ ਇਕ ਵਾਰ ਅੰਮ੍ਰਿਤ ਛਕਾਉਣ ਦੇ ਸਮਾਗਮ ਵਿਚ ਇੱਕ ਸਿੰਘ, ਭਾਈ ਦਵਿੰਦਰ ਸਿੰਘ ਪੋਸਟ ਮਾਸਟਰ ਨੇ ਬੇਨਤੀ ਕੀਤੀ ਕਿ ਉਸਦੇ ਘਰ ਕੋਈ ਔਲਾਦ ਨਹੀਂ। ਆਪ ਜੀ ਨੇ ਪੰਜ ਪਿਆਰਿਆਂ ਵੱਲੋਂ ਅਰਦਾਸ ਕੀਤੀ। ਉਸਦੇ ਘਰ 7 ਬੱਚਿਆਂ ਨੇ ਜਨਮ ਲਿਆ।

ਜੇਲ ਦੀ ਰਿਹਾਈ ਤੋਂ ਬਾਅਦ, ਆਪ ਜੀ ਨੇ ਕੁਝ ਸਮਾਂ ਅਕਾਲੀ ਲਹਿਰ ਵਿਚ ਵੀ ਕੰਮ ਕੀਤਾ ਤੇ ਫਿਰ ਭਾਈ ਕਿਸ਼ਨ ਸਿੰਘ ਗੜਗਜ ਵੱਲੋਂ ਚਲਾਈ ਬੱਬਰ ਅਕਾਲੀ ਲਹਿਰ ਵਿਚ ਵੀ ਸ਼ਾਮਿਲ ਰਹੇ। ਇਸ ਵੇਲੇ ਭਾਈ ਕਿਸ਼ਨ ਸਿੰਘ ਗੜਗੱਜ ਨੇ ਇਸ ਲਹਿਰ ਵਿੱਚ ਸ਼ਾਮਿਲ ਗ੍ਰਹਿਸਥੀ ਸਿੰਘਾਂ ਨੂੰ ਕਿਸੇ ਵੀ ਕਾਰਵਾਈ ਵਿੱਚ ਸ਼ਾਮਿਲ ਹੋਣ ਦੀ ਬਜਾਏ, ਘਰਾਂ ਵਿੱਚ ਹੀ ਰਹਿ ਕੇ ਦੂਸਰੇ ਸਿੰਘਾ ਦੀ ਸਹਾਇਤਾ ਕਰਨ ਦਾ ਆਦੇਸ਼ ਕੀਤਾ ਅਤੇ ਆਪ ਜੀ ਨੇ ਪਿਸ਼ਾਵਰ ਵਿਚ ਘਰ ਆ ਕੇ ਕੱਪੜਾ ਵੇਚਣ ਦਾ ਕੰਮ ਸ਼ੁਰੂ ਕਰ ਲਿਆ। ਇਸ ਵੇਲੇ ਭਾਈ ਕਿਸ਼ਨ ਸਿੰਘ ਗੜਗੱਜ ਨੇ ਇਸ ਲਹਿਰ ਵਿਚ ਸ਼ਾਮਿਲ ਗ੍ਰਿਹਸਥੀ ਸਿੰਘਾਂ ਨੂੰ ਕਿਸੇ ਵੀ ਕਾਰਵਾਈ ਵਿਚ ਸ਼ਾਮਿਲ ਹੋਣ ਦੀ ਬਜਾਏ ਘਰਾਂ ਵਿਚ ਹੀ ਰਹਿ ਕੇ ਦੂਸਰੇ ਸਿੰਘਾਂ ਦੀ ਸਹਾਇਤਾ ਕਰਨ ਦਾ ਆਦੇਸ਼ ਕੀਤਾ ਅਤੇ ਆਪ ਜੀ ਨੇ ਪੇਸ਼ਾਵਰ ਵਿਚ ਘਰ ਆ ਕੇ ਕੱਪੜਾ ਵੇਚਣ ਦਾ ਕੰਮ ਸ਼ੁਰੂ ਕਰ ਲਿਆ। ਇਸ ਸਮੇਂ ਆਪ ਜੀ ਨੂੰ ਆਰਥਿਕ ਮੰਦਹਾਲੀ ਦੇ ਦਿਨ ਕੱਟਣੇ ਪਏ। ਉਸ ਤੋਂ ਬਾਅਦ ਪਟਿਆਲੇ ਡੇਰਾ ਬਾਬਾ ਜੱਸਾ ਸਿੰਘ ਜੀ ਦੇ ਗੁਰਦੁਆਰੇ ਗ੍ਰੰਥੀ ਦੀ ਸੇਵਾ ਕਰਦੇ ਰਹੇ। ਸੰਨ 1947 ਦੀ ਵੰਡ ਤੋਂ ਬਾਅਦ ਆਪ ਜੀ ਪੱਕੇ ਤੌਰ 'ਤੇ ਚੱਕਵਾਲ ਤੋਂ ਜੋਧਪੁਰ ਆ ਗਏ। ਇਥੇ ਆਪਣੀ ਪੱਕੀ ਰਿਹਾਇਸ਼ ਰੱਖੀ। ਆਪ ਜੀ ਦੀ ਸਿੰਘਣੀ ਦਾ ਨਾਮ ਬੀਬੀ ਪ੍ਰੇਮ ਕੌਰ ਸੀ, ਜੋ ਕੇਸਕੀ-ਸਹਿਤ ਰਹਿਤ ਦੇ ਪੂਰਨ ਧਾਰਨੀ ਸਨ। ਜੋਧਪੁਰ ਵਿਚ ਸਿੰਧੀ ਪ੍ਰੇਮੀ ਆਮ ਤੌਰ ਭਾਈ ਅਤਰ ਸਿੰਘ ਜੀ ਪਾਸੋਂ ਗੁਰਬਾਣੀ ਦੀ ਸੰਥਿਆ ਲੈਂਦੇ ਸਨ। ਕਈ ਸਿੰਘਾਂ ਨੂੰ



www.AKJ.Org

ਆਪ ਜੀ ਪ੍ਰੇਰ ਕੇ ਜੱਥੇ ਵਿਚ ਅੰਮ੍ਰਿਤਪਾਨ ਕਰਨ ਲਈ ਭੇਜਦੇ ਰਹਿੰਦੇ ਸਨ। ਇਥੇ ਲੋਕੀ ਆਪ ਜੀ ਨੂੰ 'ਅਕਾਲੀ' ਅਤਰ ਸਿੰਘ ਜੀ ਦੇ ਨਾਮ ਨਾਲ ਜਾਣਨ ਲੱਗ ਪਏ।

ਆਪ ਜੀ ਅੰਮ੍ਰਿਤ ਵੇਲੇ ਦੀ ਪੂਰੀ ਸੰਭਾਲ ਕਰਦਿਆਂ ਹੋਇਆਂ ਸਵੇਰੇ 2 ਵਜੇ ਸਿਮਰਨ ਵਿਚ ਜੁੱਟ ਜਾਂਦੇ। ਅੰਮ੍ਰਿਤ ਵੇਲੇ ਸਿਮਰਨ ਕਰਦਿਆਂ ਆਪ ਜੀ ਦੇ ਚੇਹਰੇ ਦਾ ਜਲਾਲ ਝੱਲਿਆ ਨਹੀਂ ਸੀ ਜਾਂਦਾ। ਨਿਤਨੇਮ, ਕੀਰਤਨ ਤੋਂ ਬਾਅਦ ਕੁਛ ਬਿਸਰਾਮ ਕਰਦੇ। ਆਪ ਜੀ ਅਣਗਿਣਤ ਪਾਠ ਸੁਖਮਨੀ ਸਾਹਿਬ ਦੇ ਰੋਜ਼ ਕਰਦੇ ਸੀ। ਆਪ ਜੀ ਦੀ ਸੁਤਿਆਂ ਜਾਗਦਿਆਂ ਲਿਵ ਸਿਮਰਨ ਵਿਚ ਲੱਗੀ ਰਹਿੰਦੀ ਸੀ। ਸਹਿਜ ਪਾਠ/ਅਖੰਡ ਪਾਠ ਜਾਂ ਹੋਰ ਬਾਣੀ ਪੜਨ ਸਮੇਂ ਵੀ ਆਪ ਜੀ ਦੀ ਨਾਭੀ ਵਿਚ ਨਾਮ ਦਾ ਅਖੰਡਾਕਾਰ ਖੰਡਾ ਖੜਕਦਾ ਰਹਿੰਦਾ ਸੀ।

ਭਾਈ ਸੂਰਤ ਸਿੰਘ ਪੂਰਨ ਜੀ ਕਹਿੰਦੇ ਸਨ ਕਿ ਅਕਾਲੀ ਅਤਰ ਸਿੰਘ ਜੀ ਸੂਖਮ ਅਤੇ ਦਿੱਬ ਮੰਡਲਾਂ ਵਿਚ ਖੇਡਦੇ ਸਨ। ਬਾਊ ਮਲ ਸਿੰਘ ਜੀ ਅਤੇ ਭਾਈ ਸਾਹਿਬ ਰਣਧੀਰ ਸਿੰਘ ਜੀ ਨਾਲ ਆਪ ਜੀ ਦਾ ਬਹੁਤ ਪਿਆਰ ਹੋਣ ਕਰਕੇ ਆਪ ਜੀ ਨੂੰ ਹਮੇਸ਼ਾ ਮਿਲਦੇ ਰਹਿੰਦੇ ਸੀ। ਉਹਨਾਂ ਨਾਲ ਚਿੱਠੀ ਰਾਹੀਂ ਵੀ ਹਮੇਸ਼ਾ ਸੰਪਰਕ ਕਰਦੇ ਰਹਿੰਦੇ ਸਨ।

ਇਕ ਦਿਨ ਬੀਬੀ ਪ੍ਰੇਮ ਕੌਰ ਕਹਿਣ ਲੱਗੀ, ਅਕਾਲੀ ਜੀ, ਦੋ ਸਿਪਾਹੀ ਅੰਦਰ ਆਉਣ ਦੀ ਕੋਸ਼ਿਸ ਕਰ ਰਹੇ ਹਨ। ਜਦੋਂ ਤੁਸੀਂ ਅੰਦਰ ਆਏ ਤਾਂ ਉਹ ਚਲੇ ਗਏ। ਤੁਸੀਂ ਮੇਰੇ ਕੋਲ ਬੈਠ ਕੇ ਪਾਠ ਸੁਣਾਓ। ਅਕਾਲੀ ਅਤਰ ਸਿੰਘ ਜੀ ਪਾਠ ਕਰਦੇ ਰਹੇ। ਸ਼ਾਮ ਦੇ ਸਮੇਂ ਆਪ ਜੀ ਸੋਦਰ ਰਹਿਰਾਸ ਦਾ ਪਾਠ ਕਰਨ ਅਤੇ ਸੁਖਾਸਨ ਕਰਨ ਵਾਸਤੇ ਗੁਰੂ ਮਹਾਰਾਜ ਦੇ ਕਮਰੇ ਵਿਚ ਗਏ। ਵਾਪਸ ਆ ਕੇ ਦੇਖਿਆ ਕਿ ਬੀਬੀ ਪ੍ਰੇਮ ਕੌਰ ਜੀ ਚੜ੍ਹਾਈ ਕਰ ਗਏ ਹਨ। ਇਹ ਘਟਨਾ ਸੰਨ 1961 ਦੀ ਹੈ।

ਸੰਨ 1960 ਵਿਚ ਪੰਜਾਬੀ ਸੂਬ੍ਹਾ ਬਣਨ ਤੋਂ ਬਾਅਦ, ਪੰਜਾਬ ਸਰਕਾਰ ਵੱਲੋਂ ਆਪ ਜੀ ਨੂੰ ਸੁਤੰਤਰਾ ਸੰਗਰਾਮੀ ਦੀ ਪੈਨਸ਼ਨ ਮਿਲਣ ਲੱਗ ਪਈ। ਸੰਨ 1968 ਵਿਚ ਦਾਸ ਆਪ ਜੀ ਕੋਲ ਜੋਧਪੁਰ ਗਿਆ ਤੇ ਬੇਨਤੀ ਕੀਤੀ ਕਿ ਮੈਨੂੰ ਰਾਗ ਵਿਦਿਆ ਸਿਖਾਓ। ਆਪ ਜੀ ਕਹਿਣ ਲਗੇ "ਕੀ ਰਾਗ ਸਿਖ ਕੇ ਹੰਕਾਰ ਕਰਨਾ ਹੈ ? ਤੁਸੀਂ ਕੀਰਤਨ ਕਰੋ ਰਾਗ ਆਪੇ ਆ ਜਾਏਗਾ।" ਉਹਨਾਂ ਦੇ ਬਚਨਾਂ ਦਾ ਸਦਕਾ ਦਾਸ ਨੂੰ ਕੀਰਤਨ ਦੀ ਦਾਤ ਪ੍ਰਾਪਤ ਹੋ ਗਈ। ਜਿਹੜਾ ਸ਼ਬਦ ਸਮਾਗਮ ਤੇ ਜਾ ਕੇ ਸੁਣਕੇ ਆਵਾਂ, ਉਹ ਹਾਰਮੋਨੀਅਮ ਤੇ ਆਪ ਹੀ ਕੱਢ ਲਵਾਂ।

ਦਾਸ ਦੇ ਮਾਤਾ ਜੀ ਬੀਬੀ ਕੁਲਵੰਤ ਕੌਰ ਨੇ ਆਪ ਜੀ ਨੂੰ ਦਿੱਲੀ ਚਲਣ ਵਾਸਤੇ ਬੇਨਤੀ ਕੀਤੀ ਕਿਉਂਕਿ ਸਾਡੀ ਰਿਹਾਇਸ਼ ਸਰਾਏ ਰੁਹੇਲਾ ਦਿੱਲੀ ਵਿਚ ਸੀ। ਆਪ ਜੀ ਨੇ ਕਿਹਾ "ਭਾਣੇ ਵਿਚ ਦਿੱਲੀ ਆਵਾਂਗਾ।" ਅਪ੍ਰੈਲ 1969 ਵਿਚ ਆਪ ਜੀ ਦਾ ਐਕਸੀਡੈਂਟ ਹੋ ਗਿਆ ਅਤੇ ਇਲਾਜ ਵਾਸਤੇ ਦਿੱਲੀ ਆਏ। ਸਤੰਬਰ 1969 ਵਿਚ ਬਾਬਾ ਸੁਰਜਨ ਸਿੰਘ ਗੁਜਰਵਾਲ ਅਤੇ ਬਾਊ ਮੱਲ ਸਿੰਘ ਜੀ ਸਰਾਏ ਰੁਹੇਲਾ ਖਾਸ ਤੌਰ ਤੇ ਆਪ ਜੀ ਦਾ ਹਾਲ ਚਾਲ ਪੁੱਛਣ ਲਈ ਚੱਲ ਕੇ ਆਏ।

ਉਸੇ ਦੌਰਾਨ ਇਕ ਵਾਰ ਆਪ ਜੀ ਨੇ ਦਾਸ ਦੇ ਮਾਤਾ ਜੀ ਨੂੰ ਦੋ ਸਿੰਘਾਂ ਦਾ ਪ੍ਰਸ਼ਾਦਾ ਬਣਾਉਣ ਲਈ ਕਿਹਾ। ਕਾਫ਼ੀ ਇੰਤਜ਼ਾਰ ਤੋਂ ਬਾਅਦ ਦੋ ਸਿੰਘ 3 ਵਜੇ ਦੇ ਕਰੀਬ ਸਾਈਕਲ ਤੇ ਪਾਲਮ ਤੋਂ ਸਰਾਏ ਰੁਹੇਲਾ ਆਏ। ਅਕਾਲੀ ਜੀ ਕਹਿਣ ਲੱਗੇ, ਬੜੀ ਦੇਰ ਤੋਂ ਤੁਹਾਡਾ ਇੰਤਜ਼ਾਰ ਕਰ ਰਹੇ ਹਾਂ। ਆਪ ਨੇ ਦਾਸ ਦੇ ਮਾਤਾ ਜੀ ਨੂੰ ਕਿਹਾ ਕਿ ਜੋ ਪ੍ਰਸ਼ਾਦਾ ਬਣਾਇਆ ਹੈ ਇਹਨਾਂ ਨੂੰ ਛਕਾਓ।

ਦਸੰਬਰ 1969 ਨੂੰ 85 ਵਰ੍ਹਿਆਂ ਦੀ ਉਮਰ ਭੋਗ ਕੇ ਆਪ ਜੀ ਦਿੱਲੀ ਵਿਚ ਅਕਾਲ ਪੁਰਖ ਦੇ ਚਰਨਾਂ ਵਿਚ ਜਾ ਬਿਰਾਜੇ। ਆਪ ਜੀ ਦੀ ਯਾਦ ਵਿਚ ਅਖੰਡ ਕੀਰਤਨੀ ਜੱਥੇ ਵੱਲੋਂ ਗੁਰਦੁਆਰਾ ਸਿੰਘ ਸਭਾ ਸਰਾਏ ਰੁਹੇਲਾ, ਦਿੱਲੀ ਵਿਚ ਕੀਰਤਨ ਸਮਾਗਮ ਹੋਏ।

ਸੰਨ 1978 ਵਿਚ ਦਾਸ ਦੀ ਪੰਜਾਬ ਐਂਡ ਸਿੰਧ ਬੈਂਕ ਵਿਚ ਨੌਕਰੀ ਕਰਦੇ ਸਮੇਂ ਹਜ਼ਾਰੀ ਬਾਗ ਵਿਚ ਪੋਸਟਿੰਗ


www.AKJ.Org

ਹੋਈ। ਉਸੇ ਦੌਰਾਨ ਭਾਈ ਮੋਹਨ ਸਿੰਘ ਜੀ ਗਾਰਡ ਕਾਨਪੁਰ ਦੀ ਪ੍ਰੇਰਨਾ ਸਦਕਾ, ਦਾਸ ਨੇ ਹਜ਼ਾਰੀ ਬਾਗ ਜੇਲ੍ਹ ਅੰਦਰੋਂ ਜਾ ਕੇ ਦੇਖੀ। ਇਸ ਜੇਲ੍ਹ ਵਿਚ ਜਾ ਕੇ ਦੇਖਣ ਦੀ ਪ੍ਰਵਾਨਗੀ ਸ. ਜੀ.ਐਸ. ਰੇਖੀ ਕਮਾਂਡੈਂਟ ਸੀ. ਆਰ. ਪੀ. ਐਫ. ਨੇ ਲੈ ਕੇ ਦਿੱਤੀ। ਇਸ ਜੇਲ੍ਹ ਵਿਚ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਤੋਂ ਇਲਾਵਾ ਨਾਮਧਾਰੀ ਆਗੂ ਬਾਬਾ ਰਾਮ ਸਿੰਘ ਜੀ ਵੀ ਰਹੇ ਹਨ ਅਤੇ ਨਾਮਧਾਰੀ ਸਿੰਘ ਇਸ ਜੇਲ੍ਹ ਨੂੰ ਅੰਦਰੋਂ ਦੇਖਣਾ ਆਪਣਾ ਸੁਭਾਗ ਸਮਝਦੇ ਹਨ। ਜੈ ਪ੍ਰਕਾਸ਼ ਨਾਰਾਇਣ ਨੂੰ ਵੀ ਅੰਗਰੇਜ਼ਾਂ ਨੇ ਇੱਥੇ ਹੀ ਕੈਦ ਰੱਖਿਆ ਸੀ, ਜੋ ਜੇਲ੍ਹ ਵਿਚੋਂ ਟੱਪ ਕੇ ਬਾਹਰ ਨਿਕਲ ਗਏ ਸਨ। ਇਹ ਜਾਣਕਾਰੀ ਦਿਲਚਸਪ ਹੈ ਕਿ ਜੈ ਪ੍ਰਕਾਸ਼ ਨਾਰਾਇਣ ਨੇ ਇਸ ਜੇਲ੍ਹ ਵਿਚੋਂ ਟੱਪਣ ਦਾ ਤਰੀਕਾ ਉਹਨਾਂ 18 ਸਿੰਘਾਂ ਵਿਚੋਂ ਇਕ ਸ. ਸੁੱਚਾ ਸਿੰਘ ਪਾਸੋਂ ਪੁੱਛਿਆ ਸੀ, ਜੋ ਕਿ ਜੇਲ੍ਹ ਵਿਚੋਂ ਹਰਨ ਹੋਏ ਸਨ ਅਤੇ ਬਾਅਦ ਵਿਚ ਗ੍ਰਿਫਤਾਰ ਕਰ ਲਏ ਗਏ ਸਨ।

ਦਾਸ ਨੇ ਪੰਜਾਬੀ ਸੈਲ ਦੇਖੇ ਜਿਨ੍ਹਾਂ ਵਿਚ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ, ਆਪ ਜੀ ਅਤੇ ਹੋਰ ਸਾਥੀਆਂ ਨੂੰ ਰੱਖਿਆ ਸੀ। ਪੁਰਾਣੇ ਰਿਕਾਰਡ ਬਾਰੇ ਜੇਲ੍ਹ ਅਧਿਕਾਰੀਆਂ ਨੇ ਦੱਸਿਆ ਕਿ ਉਹ ਲੱਭਣਾ ਬਹੁਤ ਮੁਸ਼ਕਿਲ ਹੈ।

ਦਾਸ ਦੀ ਹੈਰਾਨਗੀ ਦੀ ਹੱਦ ਨਾ ਰਹੀ ਜਦੋਂ ਇਹ ਦੇਖਿਆ ਕਿ ਜਿਸ ਕੋਠਰੀ ਵਿਚ ਭਾਈ ਸਾਹਿਬ ਨੂੰ ਰੱਖਿਆ ਗਿਆ ਸੀ, ਉੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦਾ ਪ੍ਰਕਾਸ਼ ਹੈ। ਉਸਦੀ ਸੇਵਾ-ਸੰਭਾਲ ਇਕ ਉਮਰ ਕੈਦੀ ਕਰਦਾ ਸੀ। ਉਸਨੇ ਦੱਸਿਆ ਕਿ ਉਹ ਜੇਲ੍ਹ ਤੋਂ ਛੁਟਣ ਤੋਂ ਬਾਅਦ, ਇਹ ਸਰੂਪ ਗੁਰਦੁਆਰੇ ਪਹੁੰਚਾ ਦੇਵੇਗਾ। ਦਾਸ ਦੇ ਹਿਰਦੇ ਵਿਚ ਇਹ ਯਾਦਗਾਰ ਹਮੇਸ਼ਾਂ ਵਾਸਤੇ ਤਾਜ਼ੀ ਹੈ। ਧੰਨ ਹਨ ਉਹ ਗੁਰਮੁਖ ਪਿਆਰੇ, ਜਿਨ੍ਹਾਂ ਨੇ ਨਾਮ ਜੱਪ-ਜੱਪ ਕੇ ਜੇਲ੍ਹ ਦੀਆਂ ਕਾਲ ਕੋਠਰੀਆਂ ਵੀ ਪਵਿੱਤਰ ਕਰ ਦਿੱਤੀਆਂ।

**ਬਾਬਾ ਅਤਰ ਸਿੰਘ ਜੀ ਵੱਲੋਂ ਨਿਤਨੇਮ ਦੀਆਂ ਕੰਠਾਗਰ ਬਾਣੀਆਂ ਦਾ ਵੇਰਵਾ**

1) ਜਪੁਜੀ ਸਾਹਿਬ, 2) ਸ਼ਬਦ ਹਜ਼ਾਰੇ ਮਾਂਝ ਮਹਲਾ ਪੰਜਵਾਂ, 3) ਜਾਪ ਸਾਹਿਬ, 4) ਸ਼ਬਦ ਹਜ਼ਾਰੇ ਪਾਤਸ਼ਾਹੀ ਦਸਵੀਂ, 5) ਤਵ ਪ੍ਰਸਾਦਿ ਸਵੱਈਏ ਸ੍ਰਾਵਗ ਸੁਧ, 6) ਦੀਨਨ ਕੀ ਪ੍ਰਿਤਪਾਲ, 7) ਤੇਤੀ ਸਵੱਈਏ, 8) ਕਬਿਯੋ ਬਾਚ ਬੇਨਤੀ ਚੌਪਈ, 9) ਅਨੰਦ ਸਾਹਿਬ ਪੂਰਾ, 10) ਸੁਖਮਨੀ ਸਾਹਿਬ, 11) ਆਸਾ ਕੀ ਵਾਰ ਛੱਕਿਆਂ ਸਮੇਤ, 12) ਬਾਵਨ ਅੱਖਰੀ, 13) ਦੱਖਣੀ ਓਅੰਕਾਰ, 14) ਸਿਧ ਗੋਸ਼ਟ 15), ਬਾਰਾਮਾਂਹ ਮਾਝ, 16) ਬਾਰਹਮਾਹਾ ਤੁਖਾਰੀ, 17) ਜੈਤਸਰੀ ਕੀ ਵਾਰ, 18) ਵਾਰੂ ਮਾਰ ਡਖਣੇ, 19) ਦਿਨ ਰੈਣਿ, 20) ਸੁਚਜੀ, 21) ਕੁਚੱਜੀ, 22) ਗੁਣਵੰਤੀ, 23) ਬਿਰਹੜੇ, 24) ਕਰਹਲੇ, 25) ਸਵੱਈਏ ਭੱਟਾਂ ਦੇ, 26) ਸੁਖਮਨਾ ਸਾਹਿਬ (ਪਾਠ), 27) ਅਕਾਲ ਉਸਤਤਿ, 28) ਸ੍ਰੀ ਕਾਲ ਜੀ ਕੀ ਉਸਤਤਿ (ਬਚਿਤ੍ਰ ਨਾਟਕ), 29) ਗਿਆਨ ਪ੍ਰਬੋਧ (ਪਾਠ), 30) ਰਹਿਰਾਸ, 31) ਕੀਰਤਨ ਸੋਹਿਲਾ, 32) ਸ਼ਬਦ ਫੁਟਕਲ (ਅਨਿਗਣਤ), 33) ਵਾਰਾਂ ਭਾਈ ਗੁਰਦਾਸ ਜੀ (ਤਿੰਨ ਕੰਠ) ਅਤੇ ਕਬਿੱਤ ਸਵੱਈਏ (ਕਈ ਕੰਠ)।

# ਗ਼ਦਰ ਲਹਿਰ ਦਾ ਅਨਮੋਲ ਹੀਰਾ - ਗਿਆਨੀ ਨਾਹਰ ਸਿੰਘ

ਸ. ਜੈਤੇਗ ਸਿੰਘ ਅਨੰਤ ਸਰੀ ਕੈਨੇਡਾ

ਨਾਰੰਗਵਾਲ, ਗੁਜਰਵਾਲ ਲੁਧਿਆਣੇ ਜ਼ਿਲ੍ਹੇ ਦੇ ਅਜਿਹੇ ਪਿੰਡ ਹਨ, ਜਿਨ੍ਹਾਂ ਨੇ ਗ਼ਦਰ ਲਹਿਰ ਦੇ ਦੌਰਾਨ ਅਨੇਕਾਂ ਗ਼ਦਰੀਆਂ ਦੇ ਦੇਸ਼-ਭਗਤਾਂ ਨੂੰ ਜਨਮ ਦਿੱਤਾ। ਇਨ੍ਹਾਂ ਪਿੰਡਾਂ ਦੇ ਵਿੱਚ ਗ਼ਦਰ ਦੀ ਚੰਗਿਆੜੀ ਲਾਉਣ ਦਾ ਕਾਰਜ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਸ਼ਖ਼ਸੀਅਤ ਦਾ ਹੀ ਸੀ ਜਿਸ ਦੀ ਜਾਗ ਦੇ ਨਾਲ ਨਾਰੰਗਵਾਲ ਤੇ ਆਲੇ-ਦੁਆਲੇ ਦੇ ਅਨੇਕਾਂ ਪਿੰਡਾਂ ਵਿੱਚ ਨੌਜਵਾਨ ਦੇਸ਼ ਦੀ ਆਜ਼ਾਦੀ ਤੇ ਦੇਸ਼ ਭਗਤੀ ਦੇ ਰੰਗ ਵਿੱਚ ਰੰਗੇ ਗਏ। ਮਾਲਵੇ ਦੇ ਵਿੱਚ ਨਾਰੰਗਵਾਲ ਤੇ ਢੁਡੀਕੇ ਗ਼ਦਰੀਆਂ ਦੀਆਂ ਛਾਵਣੀਆਂ ਸਨ। ਇਨ੍ਹਾਂ ਛਾਵਣੀਆਂ ਦੇ ਵਿੱਚੋਂ ਹੀ



www.AKJ.Org

ਗਿਆਨੀ ਨਾਹਰ ਸਿੰਘ ਗੁਜਰਵਾਲ ਇੱਕ ਅਜਿਹੀ ਸ਼ਖ਼ਸੀਅਤ ਹੋਏ ਸਨ ਜਿਨ੍ਹਾਂ ਗ਼ਦਰ ਲਹਿਰ ਵਿੱਚ ਕੁਰਬਾਨੀ ਹੀ ਨਹੀਂ ਕੀਤੀ ਸਗੋਂ ਗ਼ਦਰ ਲਹਿਰ, ਗ਼ਦਰੀਆਂ ਤੇ ਦੇਸ਼-ਭਗਤਾਂ ਨੂੰ ਆਪਣੀ ਕਲਮ ਰਾਹੀਂ ਰੁਸ਼ਨਾਇਆ ਵੀ ਹੈ। ਜਿੱਥੇ ਉਹ ਇਕ ਗਦਰੀ ਤੇ ਦੇਸ਼ ਭਗਤ ਸਨ ਉੱਥੇ ਹੀ ਉਹ ਚੋਟੀ ਦੇ ਵਿਦਵਾਨ, ਲੇਖਕ, ਪੱਤਰਕਾਰ ਤੇ ਪੰਜ ਅਖ਼ਬਾਰਾਂ ਦੇ ਐਡੀਟਰ ਵੀ ਰਹੇ ਹਨ। ਉਨ੍ਹਾਂ ਦੀ ਕਲਮ ਤੇ ਉਨ੍ਹਾਂ ਦੀਆਂ ਲਿਖਤਾਂ ਨੇ ਸੁਤੀਆਂ ਕਲਾ ਨੂੰ ਜਗਾਇਆ ਤੇ ਕੌਮ ਨੂੰ ਗ਼ੁਲਾਮੀ ਦੇ ਸੰਗਲਾਂ ਨੂੰ ਤੋੜਨ ਲਈ ਉਤੇਜਿਤ ਵੀ ਕੀਤਾ।

ਗਿਆਨੀ ਨਾਹਰ ਸਿੰਘ ਜੀ ਦਾ ਜਨਮ ਆਪਣੇ ਨਾਨਕੇ ਪਿੰਡ ਰਾਮਗੜ੍ਹ ਵਿਖੇ 1892 ਈਸਵੀ, ਸੰਮਤ 1949 ਬਿਕ੍ਰਮੀ ਨੂੰ ਪਿਤਾ ਸ. ਠਾਕਰ ਸਿੰਘ ਦੇ ਘਰ ਹੋਇਆ। ਜਨਮ ਤੋਂ ਬਾਅਦ ਡੇਢ ਸਾਲ ਸਰੀਰ ਦੇ ਸੋਕੇ ਦੀ ਬੀਮਾਰੀ ਰਹੀ। ਗੁਜਰਵਾਲ ਪਿੰਡ ਦੇ ਹੀ ਡਾਕਟਰ ਸਰਦਾਰਾ ਸਿੰਘ ਨੇ ਇਲਾਜ ਕੀਤਾ। ਫੇਰ ਬਚਪਨ ਵਿੱਚ ਹੀ ਉੱਤਰ ਪ੍ਰਦੇਸ਼ ਦੇ ਫੈਜ਼ਾਬਾਦ ਤੇ ਲਖਨਊ ਦੀ ਛਾਉਣੀ ਵਿਚ ਪਿਤਾ ਦੇ ਸਾਥ ਰਹੇ। ਸੰਨ 1901 ਵਿੱਚ ਨੌਂ ਸਾਲ ਦੀ ਉਮਰ ਵਿੱਚ ਪਿੰਡ ਆ ਗਏ। ਸੰਨ 1902 ਮਾਰਚ ਦੇ ਮਹੀਨੇ, ਸਾਰੇ ਦੇਸ਼ ਵਿੱਚ ਪਲੇਗ ਦੀ ਬੀਮਾਰੀ ਫੈਲ ਗਈ। ਆਪ ਜੀ ਬੀਮਾਰ ਹੋ ਗਏ। ਆਪ ਦੇ ਮਾਤਾ ਜੀ ਇਸ ਨਾਮੁਰਾਦ ਪਲੇਗ ਨਾਲ ਪਰਲੋਕ ਸਿਧਾਰ ਗਏ। ਬੀਮਾਰੀ ਇੰਨੀ ਫੈਲ ਗਈ ਕਿ ਗੁਜਰਵਾਲ ਵਿੱਚ 500 ਬੰਦੇ ਮਰ ਗਏ। ਆਪ ਦੀ ਸਿਹਤ ਖ਼ਰਾਬ ਹੀ ਰਹਿੰਦੀ ਰਹੀ। ਹਰ ਸਾਲ ਮਲੇਰੀਆ ਬੁਖ਼ਾਰ ਹੋ ਜਾਂਦਾ ਰਿਹਾ। ਫੇਰ ਕੁਝ ਚਿਰ ਗੁਰਮੁਖੀ ਦੇ ਸਕੂਲ ਗੁਜਰਵਾਲ ਵਿੱਚ ਪੜ੍ਹਾਈ ਕੀਤੀ। ਉਪਰੰਤ ਸਰਕਾਰੀ ਸਕੂਲ ਵਿੱਚ ਦਾਖ਼ਲ ਹੋ ਕੇ 1908 ਵਿੱਚ ਪ੍ਰਾਇਮਰੀ ਪਾਸ ਕਰਕੇ ਮਾਲਵਾ ਖ਼ਾਲਸਾ ਸਕੂਲ ਲੁਧਿਆਣਾ ਵਿੱਚ ਦਾਖ਼ਲ ਹੋ ਗਏ।

ਮਾਲਵਾ ਖ਼ਾਲਸਾ ਹਾਈ ਸਕੂਲ ਲੁਧਿਆਣਾ, ਵਿਚ (ਜਿੱਥੇ ਦੀ ਵਿਦਿਆਰਥੀ ਪਨੀਰੀ ਦੇਸ਼ ਭਗਤੀ ਦੇ ਰੰਗ ਵਿੱਚ ਰੰਗੀ ਹੋਈ ਸੀ) ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਜਥੇ ਵਲੋਂ ਹਰ ਬੁਧਵਾਰ ਸਕੂਲ ਦੇ ਬੋਰਡਿੰਗ ਹਾਊਸ ਵਿੱਚ ਅਖੰਡ ਕੀਰਤਨ ਦੀਆਂ ਅਗੰਮੀ ਤੇ ਇਲਾਹੀ ਧੁਨਾਂ ਨੇ ਨੌਜਵਾਨਾਂ ਦੇ ਜੀਵਨ 'ਤੇ ਚੰਗਾ ਅਸਰ ਕੀਤਾ। ਆਪ ਭਾਈ ਸਾਹਿਬ ਦੀ ਸੰਗਤ ਵਿੱਚ ਆ ਗਏ। ਇੱਥੇ ਹੀ ਆਪਣੇ ਕਈ ਸਾਥੀਆਂ ਨਾਲ ਖੰਡੇ ਬਾਟੇ ਦਾ ਅੰਮ੍ਰਿਤ ਛੱਕ ਲਿਆ। ਆਪ, ਮਾਲਵਾ ਖ਼ਾਲਸਾ ਹਾਈ ਸਕੂਲ ਲੁਧਿਆਦਾ ਦੀ ਭੁਝੰਗੀ ਸਭਾ ਦੇ ਜਨਰਲ ਸਕੱਤਰ ਚੁਣੇ ਗਏ। ਇਸ ਭੁਝੰਗੀ ਸਭਾ ਵਿੱਚ ਆਪ ਦੇ ਸਾਥੀਆਂ ਵਿੱਚ ਸੱਜਣ ਸਿੰਘ ਨਾਰੰਗਵਾਲ, ਭਾਈ ਹਰਭਜਨ ਸਿੰਘ ਚਮਿੰਡਾ, ਗਿਆਨੀ ਦਲੀਪ ਸਿੰਘ ਫੁਲਾਂਵਾਲ ਪ੍ਰਿੰਸੀਪਲ ਇਕਬਾਲ ਸਿੰਘ ਬੋਪਾਰਾਏ, ਭਾਈ ਸੁੰਦਰ ਸਿੰਘ ਘੁਮਾਣ, ਭਾਈ ਲਾਲ ਸਿੰਘ, ਭਾਈ ਗੁਰਬਖਸ਼ ਸਿੰਘ ਕਮਾਲਪੁਰੀਏ ਅਤੇ ਕੋਈ ਹੋਰ ਵਿਦਿਆਰਥੀ ਸਨ ਜੋ ਅੰਮ੍ਰਿਤ ਛੱਕ ਕੇ ਰੰਗਲੇ ਸੱਜਣ ਬਣੇ ਜਿਨ੍ਹਾਂ ਦਾ ਜ਼ਿਕਰ ਭਾਈ ਸਾਹਿਬ ਜੀ ਦੀ ਰਚੀ ਪੁਸਤਕ ਰੰਗਲੇ ਸੱਜਣ ਵਿਚ ਆਉਂਦੈ। ਕਰਤਾਰ ਸਿੰਘ ਸਰਾਭਾ ਵੀ ਅਮਰੀਕਾ ਜਾਣ ਤੋਂ ਪਹਿਲਾਂ ਇੱਥੇ ਆਉਂਦਾ ਤੇ ਗੁਲਾਮੀ ਦੇ ਸੰਗਲ ਤੋੜਣ ਤੇ ਦੇਸ਼ ਨੂੰ ਆਜ਼ਾਦ ਕਰਵਾਉਣ ਦੀਆਂ ਵਿਉਂਤਾ ਬਣਾਉਂਦਾ ਸੀ। ਆਪ ਮਾਲਵਾ ਖ਼ਾਲਸਾ ਸਕੂਲ ਲੁਧਿਆਣਾ ਸੰਨ 1908-12 ਤੱਕ ਰਹੇ। ਸੰਨ 1912 ਵਿੱਚ ਸੰਗਰਹਿਣੀ ਦੀ ਬੀਮਾਰੀ ਹੋ ਗਈ ਜਿਸ ਕਾਰਨ ਅੱਠ ਸਾਲ ਸੰਨ 1919 ਤੱਕ ਬੀਮਾਰ ਹੀ ਰਹੇ ਤੇ ਦਸਵੀਂ ਦੀ ਪ੍ਰੀਖਿਆ ਪਾਸ ਨਾ ਕਰ ਸਕੇ।

ਫੈਜ਼ਾਬਾਦ ਦੀ ਛਾਉਣੀ ਵਿਖੇ, ਇਕ ਦਿਨ ਆਪ ਦੇ ਕੰਨ ਵਿੱਚ ਦਰਦ ਹੋਇਆ ਤੇ ਕੰਨ ਵੱਗਣ ਲੱਗ ਪਿਆ ਜੋ ਕਈ ਸਾਲ ਵੱਗਦਾ ਰਿਹਾ ਤੇ ਆਪੇ ਹੀ ਹਟਿਆ। ਜਿਸ ਕਾਰਨ ਉਨ੍ਹਾਂ ਨੂੰ ਸਾਰੀ ਜ਼ਿੰਦਗੀ ਖੱਬੇ ਕੰਨ ਤੋਂ ਘੱਟ ਸੁਣਾਈ ਦਿੰਦਾ ਰਿਹਾ ਹੈ। ਅੱਖਾਂ ਵਿੱਚ ਕੁਕਰੇ ਪੈ ਗਏ, ਪਹਿਲਾ ਓਪਰੇਸ਼ਨ ਸੰਨ 1909 ਵਿੱਚ ਦੂਜਾ ਸੰਨ 1919 ਵਿੱਚ ਕਰਵਾਇਆ ਪਰ ਕੁਕਰੇ ਵੀ ਜ਼ਿੰਦਗੀ ਦੇ ਅੰਤ ਤਕ ਰਹੇ। ਸੰਨ 1913-14 ਵਿੱਚ ਕ੍ਰਿਪਾਨ ਤੇ ਗੁਰਦੁਆਰਾ ਰਕਾਬਗੰਜ ਦੀ ਕੰਧ ਦਾ ਮਸਲਾ ਛਿੜਿਆ। ਆਪ ਅਰਾਮ ਨਾਲ ਨਹੀਂ ਬੈਠੇ ਤੇ ਇਸ ਵਿੱਚ ਵੱਧ ਚੜ੍ਹ ਕੇ ਹਿੱਸਾ ਲਿਆ।

ਗ਼ਦਰ ਲਹਿਰ ਵਿੱਚ ਭਾਈ ਸਾਹਿਬ ਰਣਧੀਰ ਸਿੰਘ ਆਪਣੇ ਸਾਥੀਆਂ ਸਮੇਤ ਸ਼ਾਮਿਲ ਹੋ ਗਏ। ਗਿਆਨੀ ਨਾਹਰ ਸਿੰਘ ਜੀ ਤੇ ਮਾਲਵਾ ਖ਼ਾਲਸਾ ਸਕੂਲੋਂ ਦੀ ਭੁਝੰਗੀ ਸਭਾ ਵੀ ਇਸ ਵਿੱਚ ਹੁਮ-ਹੁਮਾ ਕੇ ਸ਼ਾਮਿਲ ਹੋਈ। 19



www.AKJ.Org

ਫ਼ਰਵਰੀ, 1915 ਦਾ ਦਿਨ ਗ਼ਦਰ ਲਈ ਅੱਧੀ ਰਾਤ ਦਾ ਸਮਾਂ ਨੀਅਤ ਕੀਤਾ ਗਿਆ। ਭਾਈ ਸਾਹਿਬ ਰਣਧੀਰ ਸਿੰਘ ਜੀ ਆਪਣੇ ਪੂਰੇ ਜੱਥੇ ਸਮੇਤ ਫਿਰੋਜ਼ਪੁਰ ਛਾਉਣੀ ਪਹੁੰਚੇ। ਪਰ, ਕਿਰਪਾਲ ਸਿੰਘ ਦੀ ਗਦਾਰੀ ਕਾਰਨ ਗ਼ਦਰ ਫੇਲ੍ਹ ਹੋ ਗਿਆ। ਦੂਰੋਂ ਨੇੜਿਓਂ ਆਏ ਸਭ ਗ਼ਦਰੀ ਖਿੰਡ-ਪੁੰਡ ਗਏ, ਬੜੇ ਰੂਪੋਸ਼ ਹੋ ਗਏ। ਫੜੋਫੜੀ ਤੇ ਗ੍ਰਿਫ਼ਤਾਰੀਆਂ ਦਾ ਦੌਰ ਸ਼ੁਰੂ ਹੋਇਆ। ਗੁਜਰਵਾਲ ਪਿੰਡ ਵਿਚ 21 ਜੂਨ ਨੂੰ ਇਨ੍ਹਾਂ ਦੀਆਂ ਤਲਾਸ਼ੀਆਂ ਹੋਈਆਂ ਅਤੇ 22 ਜੂਨ ਨੂੰ ਪੁਲਿਸ ਵਲੋਂ ਪਕੜ ਕੇ ਲੁਧਿਆਣੇ ਪੁਜਾਇਆ ਗਿਆ। 23 ਜੂਨ ਨੂੰ ਸ਼ਿਨਾਖਤਾਂ ਹੋਈਆਂ। ਆਪ 25 ਜੂਨ ਸ਼ਾਮ ਦੇ ਪੰਜ ਵਜੇ ਕੋਤਵਾਲੀ ਵਿੱਚ ਗ੍ਰਿਫ਼ਤਾਰ ਕੀਤੇ ਗਏ। 2 ਜੁਲਾਈ ਨੂੰ ਲੁਧਿਆਣੇ ਜੇਲ੍ਹ ਵਿੱਚ ਭੇਜ ਦਿੱਤਾ ਗਿਆ। ਇੱਥੇ ਚਾਰ ਮਹੀਨੇ ਜੇਲ੍ਹ ਵਿੱਚ ਹੀ ਰਹੇ। 27 ਅਕਤੂਬਰ ਨੂੰ ਲਾਹੌਰ ਦੀ ਜੇਲ੍ਹ ਵਿੱਚ ਲਿਆਂਦਾ ਗਿਆ। 29 ਅਕਤੂਬਰ ਨੂੰ ਮੁਕੱਦਮਾ ਸ਼ੁਰੂ ਹੋਇਆ। 30 ਮਾਰਚ 1916 ਨੂੰ ਆਪ ਨੂੰ ਲਾਹੌਰ ਸਾਜਿਸ਼ ਕੇਸ਼ ਵਿੱਚ ਧਰ ਲਿਆ ਗਿਆ। ਆਪ ਨੂੰ ਉਮਰ ਕੈਦ ਕਾਲੇ ਪਾਣੀ ਤੇ ਜਾਇਦਾਦ ਜ਼ਬਤੀ ਦੀ ਸਜ਼ਾ ਮਿਲੀ, ਪਰ ਨਾਲ ਹੀ ਰਹਿਮ ਲਈ ਸਿਫ਼ਾਰਸ਼ ਵੀ ਕਰ ਦਿੱਤੀ। ਇਸ ਲਈ ਸਜ਼ਾ ਘਟਾ ਕੇ 5 ਸਾਲ ਸਖ਼ਤ ਕੈਦ ਦੀ ਕਰ ਦਿੱਤੀ। 4 ਅਪ੍ਰੈਲ ਨੂੰ ਮਿੰਟਗੁਮਰੀ ਜੇਲ੍ਹ ਪਹੁੰਚੇ, ਜਿੱਥੇ 15 ਅਪ੍ਰੈਲ 1919 ਤੱਕ ਰਹੇ। ਜੇਲ੍ਹ ਦੇ ਸਮੇਂ ਵਿੱਚ ਦੋ ਬੀਮਾਰੀਆਂ ਸਖ਼ਤ ਆਈਆਂ। ਸੰਨ 1917 ਵਿੱਚ ਸਖ਼ਤ ਜਰਕਾਨ ਹੋਇਆ ਤੇ ਚਾਰ ਮਹੀਨੇ ਰੋਟੀ ਨਹੀਂ ਖਾ ਸਕੇ। ਸੰਨ 1919 ਅਕਤੂਬਰ ਵਿੱਚ ਇਨਫਲੁਏਨਜ਼ਾਂ ਹੋਇਆ ਫੇਰ ਸੰਨ 1935 ਤੋਂ 1946 ਵਿੱਚ ਦੋ ਵਾਰ ਇਨਫਲੁਏਂਜਾ ਹੋਇਆ। 15 ਅਪ੍ਰੈਲ 1919 ਨੂੰ ਰਿਹਾਅ ਹੋ ਕੇ 17 ਅਪ੍ਰੈਲ ਨੂੰ ਪਿੰਡ ਗੁਜਰਵਾਲ ਪਹੁੰਚੇ। ਰਿਹਾਅ ਹੋਣ ਤੋਂ ਬਾਅਦ ਆਪ ਨੂੰ ਤਿੰਨ ਸਾਲ ਪੁਲਿਸ ਦੀ ਨਿਗਰਾਨੀ ਵਿੱਚ ਰੱਖਿਆ ਗਿਆ।

ਗਿਆਨੀ ਜੀ ਨੇ ਸੰਨ 1920 ਵਿੱਚ ਗਿਆਨੀ ਦਾ ਇਮਤਿਹਾਨ ਪਾਸ ਕੀਤਾ। ਅਕਤੂਬਰ 1920 ਤੋਂ ਲੈ ਕੇ ਦਸੰਬਰ 1924 ਤੱਕ ਕੁਰਾਲੀ ਖ਼ਾਲਸਾ ਸਕੂਲ ਵਿੱਚ ਪੰਡਿਤ ਕਰਤਾਰ ਸਿੰਘ ਦਾਖ਼ਾ ਪਾਸ, ਫਿਰ ਲੁਧਿਆਣੇ ਵਿਦਿਆਲਾ, ਡਿਸਟਰਿਕਟ ਬੋਰਡ ਸਕੂਲ ਸਮਰਾਲਾ ਤੇ ਗੁਜਰਵਾਲ ਦੇ ਸਕੂਲ ਵਿੱਚ ਪੰਜਾਬੀ ਅਧਿਆਪਕ ਵਜੋਂ ਨੌਕਰੀ ਕੀਤੀ। ਸੰਨ 1922 ਵਿੱਚ ਦਸਵੀਂ ਪਾਸ ਕੀਤੀ। ਅਕਤੂਬਰ 1923 ਤੋਂ ਮਾਰਚ 1924 ਤੱਕ ਖ਼ਾਲਸਾ ਕਾਲਜ ਵਿੱਚ ਦਾਖ਼ਲ ਹੋ ਕੇ ਗਿਆਨੀ ਅਧਿਆਪਕ ਟ੍ਰੇਨਿੰਗ ਕਲਾਸ ਪਾਸ ਕੀਤੀ। 17 ਜੂਨ 1924 ਨੂੰ ਆਪ ਦੀ ਧਰਮ ਪਤਨੀ ਕਈ ਮਹੀਨੇ ਬੀਮਾਰ ਰਹਿਣ ਬਾਅਦ ਪਰਲੋਕ ਸਿਧਾਰ ਗਈ। ਹੁਣ ਆਪ ਦੇ ਵੱਡੇ ਸਪੁੱਤਰ ਸਰਦੂਲ ਸਿੰਘ ਤੇ ਛੋਟੇ ਸਪੁੱਤਰ ਮਿਰਗਿੰਦ ਸਿੰਘ ਦੀ ਸੇਵਾ ਸੰਭਾਲ ਵੀ ਆਪ ਦੇ ਸਿਰ ਪੈ ਗਈ। ਛੋਟੇ-ਛੋਟੇ ਬੱਚਿਆਂ ਨੂੰ ਮਾਂ ਦੇ ਵਿਛੋੜੇ ਦਾ ਡਾਢਾ ਦਰਦ ਆਪ ਨੂੰ ਝਲਣਾ ਪਿਆ। ਫੇਰ ਨਵੰਬਰ 1925 ਤੋਂ 20 ਫ਼ਰਵਰੀ 1926 ਵਿੱਚ ਐਫ਼. ਏ. ਪਾਸ ਕੀਤੀ।

ਇਸ ਤੋਂ ਬਾਅਦ ਗਿਆਨੀ ਜੀ ਨੇ ਆਪਣਾ ਪੱਕਾ ਟਿਕਾਣਾ ਸ੍ਰੀ ਅੰਮ੍ਰਿਤਸਰ ਬਣਾ ਲਿਆ। ਇੱਥੇ ਮਲਵਈ ਬੁੰਗੇ ਵਿਖੇ "ਕੌਮੀ ਦਰਦ" ਤੇ "ਸਿੱਖ ਸੇਵਕ" ਰੋਜ਼ਾਨਾ ਅਖ਼ਬਾਰਾਂ ਦੀ ਐਡੀਟਰੀ ਕੀਤੀ। ਫਿਰ 15 ਜੂਨ 1927 ਤੋਂ 14 ਸਤੰਬਰ 1927 ਦੇ ਵਿਚਕਾਰਲੇ ਮਹੀਨਿਆਂ ਵਿੱਚ ਆਪ ਦਾ ਭਰਾ ਲਾਲ ਸਿੰਘ, ਪਿਤਾ ਸ. ਠਾਕਰ ਸਿੰਘ, ਆਪ ਦੀ ਵੱਡੀ ਲੜਕੀ, ਭੈਣ ਦਾ ਲੜਕਾ ਤੇ ਲਾਲ ਸਿੰਘ ਦੀ ਛੋਟੀ ਬੱਚੀ, ਪੰਜ ਮੌਤਾਂ ਹੋਈਆਂ। ਇਹ ਪੰਜ ਮੌਤਾਂ ਤਿੰਨ ਮਹੀਨਿਆਂ ਦੇ ਥੋੜੇ ਹੀ ਸਮੇਂ ਵਿੱਚ ਹੋਈਆਂ ਤੇ ਇਕ ਨਜ਼ਦੀਕੀ ਰਿਸ਼ਤੇਦਾਰ ਦਾ ਕਤਲ ਹੋ ਗਿਆ। ਉਨ੍ਹਾਂ ਦੇ ਮੁਕੱਦਮੇ ਦੀ ਪੈਰਵੀ ਵਿੱਚ ਵੀ ਆਪ ਦਾ ਕੀਮਤੀ ਸਮਾਂ ਨਸ਼ਟ ਹੋਇਆ।

ਅੰਮ੍ਰਿਤਸਰ 'ਚੋਂ ਰੋਜ਼ਾਨਾ ਅਖ਼ਬਾਰਾਂ ਦੀ ਸੰਪਾਦਕੀ ਨੇ ਆਪ ਦੀ ਪਹਿਚਾਣ ਸਿੱਖ ਜਗਤ ਵਿੱਚ ਚੰਗੀ ਕਰਵਾ ਦਿੱਤੀ। ਆਪ ਚਲੰਤ ਮਸਲਿਆਂ ਤੋਂ ਸੰਗਤਾਂ ਨੂੰ ਜਾਣੂ ਕਰਵਾਉਂਦੇ ਰਹਿੰਦੇ ਸਨ। ਉਨ੍ਹਾਂ ਦਿਨਾਂ ਵਿੱਚ ਹੀ ਦਸੰਬਰ 1927 ਦੇ ਮਹੀਨੇ ਭਸੌੜ ਵਾਲਿਆਂ ਵਲੋਂ ਗੁਰਬਾਣੀ ਖੰਡਨ (ਭਗਤ ਬਾਣੀ ਦੇ ਭੱਟਾਂ ਦੇ ਸ੍ਵੈਯਾਂ ਨੂੰ ਗੁਰਬਾਣੀ ਦਾ ਹਿੱਸਾ


www.AKJ.Org

ਨਾ ਮੰਨਣ ਬਾਰੇ) ਸੰਬੰਧੀ ਕੁਝ ਵਾਦ-ਵਿਵਾਦ ਨੇ ਤੂਲ ਫੜ ਲਈ। ਉਹ ਮੁੱਦਾ ਆਪਣੇ ਹੱਥ ਵਿੱਚ ਲੈ ਲਿਆ। ਦੋ ਮਹੀਨੇ ਇਸ਼ਤਿਹਾਰ ਕੱਢਦੇ ਰਹੇ। ਫਿਰ ਉਸ ਸਮੇਂ ਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਕ ਪੜਤਾਲੀਆ ਕਮੇਟੀ ਨੀਯਤ ਕੀਤੀ। ਇਸ ਵਿੱਚ ਆਪ ਵਲੋਂ ਸਬੂਤ ਪੇਸ਼ ਕੀਤੇ ਗਏ। ਇਸ ਕਾਰਜ ਵਿੱਚ ਸ. ਸੁੰਦਰ ਸਿੰਘ ਘੁਮਾਣ ਤੇ ਮਹਿੰਦਰ ਸਿੰਘ ਸਿਧਵਾਂ ਆਪ ਦੇ ਸਹਿਯੋਗੀ ਸਨ। 10 ਮਾਰਚ 1928 ਨੂੰ ਇਹ ਸਵਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਮਾਗਮ ਵਿਚ ਵੀ ਉਠਾਏ ਗਏ। 15 ਜੁਲਾਈ 1928 ਨੂੰ ਬਾਬੂ ਤੇਜਾ ਸਿੰਘ ਪੰਥ ਤੋਂ ਖਾਰਜ ਕਰ ਦਿੱਤੇ ਗਏ ਤੇ ਪੰਚ ਖਾਲਸਾ ਦੀਵਾਨ ਵਾਲੇ ਤਨਖਾਈਏ ਕਰਾਰ ਦਿੱਤੇ ਗਏ। 9 ਅਗਸਤ, 1928 ਵਿਚ ਨਹਿਰੂ ਰਿਪੋਰਟ ਵਿਰੁੱਧ ਐਜ਼ੀਟੇਸ਼ਨ ਸ਼ੁਰੂ ਹੋਈ। 13 ਅਪ੍ਰੈਲ, 1928 ਨੂੰ ਭਸੌੜੀਆਂ ਵਿਰੁੱਧ ਪ੍ਰਚਾਰ ਲਈ "ਦੁਸ਼ਟ-ਦਮਨ" ਹਫ਼ਤਾਵਾਰ ਪੇਪਰ ਜਾਰੀ ਕੀਤਾ, ਜੋ 1930 ਵਿੱਚ ਰੋਜ਼ਾਨਾ ਹੋ ਕੇ ਸਰਕਾਰੀ ਆਰਡੀਨੈਂਸ ਹੇਠ ਜ਼ਬਤ ਹੋਇਆ। ਫ਼ਰਵਰੀ, 1932 ਵਿੱਚ ਸਰਹੱਦੀ ਗਾਂਧੀ ਖਾਨ ਅਬਦੁਲ ਗੁਫ਼ਾਰ ਖਾਂ, ਦੇ ਫੜੇ ਜਾਣ ਬਾਰੇ ਸ. ਸਰਦੂਲ ਸਿੰਘ ਕਵੀਸ਼ਰ ਦੀ ਸ਼ਰਾਰਤ ਨਾਲ ਅਖ਼ਬਾਰਾਂ ਵਿੱਚ ਗ਼ਲਤ ਖ਼ਬਰ ਛੱਪਣ ਸੰਬੰਧੀ ਪੰਜਾਬ ਦੇ ਅਖ਼ਬਾਰਾਂ ਦੇ ਕਈ ਐਡੀਟਰ ਫੜ ਲਏ ਗਏ। ਉਨ੍ਹਾਂ ਵਿੱਚ ਗਿ. ਨਾਹਰ ਸਿੰਘ ਜੀ ਵੀ ਸਨ ਜਿਨ੍ਹਾਂ ਨੂੰ ਗ੍ਰਿਫ਼ਤਾਰ ਕਰਕੇ ਲਾਹੌਰ ਬੋਰਸਟੇਲ ਜੇਲ੍ਹ ਭੇਜ ਦਿੱਤਾ ਗਿਆ। ਫਿਰ ਇਕ ਹਜ਼ਾਰ ਰੁਪਏ ਦੀ ਜ਼ਮਾਨਤ ਤੇ ਰਿਹਾਅ ਹੋਏ। ਜੂਨ 1932 ਤੱਕ ਮੁਕੱਦਮਾ ਚਲਦਾ ਰਿਹਾ। ਫਿਰ ਸਰਕਾਰ ਨੇ ਮੁਕੱਦਮਾ ਵਾਪਸ ਲੈ ਲਿਆ ਤੇ ਖਲਾਸੀ ਹੋਈ।

ਦਸੰਬਰ, 1934 ਵਿੱਚ ਮਲਵਈ ਬੁੰਗੇ ਸ੍ਰੀ ਅੰਮ੍ਰਿਤਸਰ ਤੋਂ ਗਿਆਨੀ ਸ਼ੇਰ ਸਿੰਘ ਨੇ ਆਪ ਨੂੰ ਛੱਡ ਦਿੱਤਾ। ਫਿਰ 1935 ਨੂੰ ਆਪ ਨੇ ਗਿਆਨੀ ਹਰਭਜਨ ਸਿੰਘ ਚਮਿੰਡੇ ਨਾਲ ਰਲ ਕੇ "ਗਿਆਨੀ ਪ੍ਰੈੱਸ" ਨੂੰ ਸਥਾਪਤ ਕੀਤਾ। ਅੰਮ੍ਰਿਤਸਰ ਤੋਂ ਹੀ 15 ਮਈ 1935 ਨੂੰ ਹਫ਼ਤਾਵਰ "ਗੁਰਸੇਵਕ" ਜਾਰੀ ਕੀਤਾ ਜੋ ਫ਼ਰਵਰੀ 1937 ਤੱਕ ਚਲਦਾ ਰਿਹਾ। ਪਰ, ਇਸ ਵਿੱਚ ਕਾਫ਼ੀ ਘਾਟਾ ਪੈਣ ਕਾਰਨ ਮਹਿੰਦਰ ਸਿੰਘ ਸਿਧਵਾਂ ਦਾ ਸਾਥ ਜਾਂਦਾ ਰਿਹਾ। ਫਿਰ ਆਪ "ਖਾਲਸਾ ਐਡਵੋਕੇਟ" ਵਿੱਚ ਚਲੇ ਗਏ ਤੇ ਮਾਰਚ 1939 ਤੱਕ ਨਿਰੰਤਰ ਉੱਥੇ ਡਟੇ ਰਹੇ। ਉੱਥੋਂ ਜਵਾਬ ਮਿਲਣ ਤੇ ਫੇਰ 1940 ਤੋਂ ਜੂਨ 1942 ਤੱਕ ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਹੋਸਟਲ ਸੁਪਰਡੈਂਟ ਦੀ ਸੇਵਾ ਕੀਤੀ। ਗਿਆਨੀ ਜੀ ਨੂੰ ਮਈ 1932 ਵਿੱਚ ਜਿਗਰ ਦੀ ਖਰਾਬੀ ਨਾਲ ਬਵਾਸੀਰ ਹੋਈ ਤੇ ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਪਾਨੀ ਦੀ ਲਾਗ ਨਾਲ ਸੰਗਰਹਿਣੀ ਹੋ ਗਈ। ਇਹ ਦੋਨੋਂ ਨਾਮੁਰਾਦ ਬੀਮਾਰੀਆਂ ਨੇ ਆਪ ਦੇ ਅੰਤਲੇ ਸੁਆਸਾਂ ਤੱਕ ਖਹਿੜਾ ਨਹੀਂ ਛੱਡਿਆ।

ਆਪ ਜੀ ਨੇ ਜੂਨ 1943 ਤੋਂ 18 ਦਸੰਬਰ, 1952 ਤੱਕ ਖ਼ਾਲਸਾ ਸਕੂਲ ਸੁਧਾਰ ਵਿੱਚ ਇਕ ਸਫ਼ਲ ਅਧਿਆਪਕ ਵਜੋਂ ਸੇਵਾ ਕੀਤੀ। ਇੱਥੇ ਗਿਆਨੀ ਬੁੱਧੀਮਾਨੀ ਦੀਆਂ ਕਲਾਸਾਂ ਵੀ ਜਾਰੀ ਰੱਖੀਆਂ। ਸੁਧਾਰ ਕਾਲਜ ਨੂੰ 2000 ਰੁਪਏ ਆਪਣੀ ਸਕੂਲ ਡਿਊਟੀ ਤੋਂ ਬਗ਼ੈਰ ਵੱਖਰਾ ਕੰਮ ਕਰਕੇ ਕਮਾ ਕੇ ਦਿੱਤਾ। ਸੰਨ 1953-54 ਵਿੱਚ ਪਿੰਡ ਗੁਜਰਵਾਲ ਗਿਆਨੀ ਕਲਾਸ ਚਲਾਈ, ਸੰਨ 1954 ਵਿੱਚ ਬੀ.ਏ. ਪਾਸ ਕਰ ਲਈ। 13 ਅਪ੍ਰੈਲ 1955 "ਪੰਜਾਬੀ ਰਤਨ" ਅਖ਼ਬਾਰ ਜਾਰੀ ਕੀਤਾ, ਜੋ ਸੰਨ 1962 ਤੱਕ ਸੱਤ ਸਾਲ ਚਲਦਾ ਰਿਹਾ।

ਸੰਨ 1943 ਵਿਚ ਲੁਧਿਆਣੇ ਆਉਣ ਤੋਂ ਬਾਅਦ ਆਪ ਨੇ ਪਹਿਲਾਂ ਭਾਈ ਹਰਭਜਨ ਸਿੰਘ ਚਮਿੰਡਾ ਨਾਲ ਮਿਲ ਕੇ ਭਦੌੜ ਹਾਊਸ ਵਿਖੇ 'ਗਿਆਨੀ ਪ੍ਰੈੱਸ' ਲਗਾਇਆ ਜਿਸ ਵਿਚ ਭਾਈ ਸਾਹਿਬ ਜੀ ਰਚਿਤ ਸਾਰੀਆਂ ਪੁਸਤਕਾਂ ਦੀ ਛਪਾਈ ਹੁੰਦੀ ਸੀ। ਬਾਅਦ ਵਿਚ ਭਾਈ ਹਰਭਜਨ ਸਿੰਘ ਜੀ ਨੇ ਸੰਨ 1949 ਵਿਚ ਪੰਜਾਬ ਗਿਆਨੀ ਪ੍ਰੈੱਸ ਲਗਾ ਲਈ।

ਗਿਆਨੀ ਨਾਹਰ ਸਿੰਘ ਜੀ ਆਪਣੇ ਸਮੇਂ ਦੇ ਨਾਮਵਰ ਵਿਦਵਾਨ, ਪੱਤਰਕਾਰ ਅਤੇ ਅਨੁਭਵੀ ਅਧਿਆਪਕ ਹੋਏ ਹਨ। ਆਪ ਜੀ ਪੰਥ ਦੀ ਸੋਨ ਚਿੜੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਵਿਸ਼ਵਾਸ ਪਾਤਰ ਅਤੇ ਅਤਿ



www.AKJ.Org

ਨਿਕਟਵਰਤੀਆਂ ਜੇਲ੍ਹ ਸਾਥੀਆਂ ਵਿਚ ਵਿਸ਼ੇਸ਼ ਥਾਂ ਰੱਖਦੇ ਸਨ। ਇਹੋ ਕਾਰਨ ਹੈ ਕਿ ਆਪ ਦੀ ਸੰਨ 1919 ਵਿੱਚ ਰਿਹਾਈ ਤੋਂ ਬਾਅਦ, ਭਾਈ ਸਾਹਿਬ ਰਣਧੀਰ ਸਿੰਘ ਜੀ ਨਾਲ ਜੇਲ੍ਹ ਦੀਆਂ ਕਾਲ ਕੋਠੜੀਆਂ ਤੋਂ ਸੰਨ 1922 ਤੋਂ ਨਿਰੰਤਰ ਚਲ ਰਹੇ ਗੁਪਤ ਪੱਤਰ ਵਿਹਾਰ ਨੂੰ ਆਪ ਨੇ ਸੀਨੇ ਨਾਲ ਲਾ ਕੇ ਰੱਖਿਆ। ਭਾਈ ਸਾਹਿਬ ਜੀ ਵਲੋਂ ਆਪ ਨੂੰ ਲਿਖੀਆਂ ਗਈਆਂ ਚਾਲੀ ਇਤਿਹਾਸਕ ਚਿੱਠੀਆਂ ਨੂੰ 1936 ਵਿੱਚ "ਜੇਲ੍ਹ ਚਿੱਠੀਆਂ" ਦਾ ਰੂਪ ਦੇ ਕੇ ਪ੍ਰਕਾਸ਼ਿਤ ਕੀਤਾ ਜੋ ਖਾਲਸਾ ਪੰਥ ਦਾ ਵੱਡਮੁਲਾ ਖ਼ਜਾਨਾ ਹੈ। ਜਿਸ ਵਿੱਚ ਪਹਿਲੀ ਚਿੱਠੀ ਜੇਲ੍ਹ ਤੋਂ 19 ਮਾਰਚ 1922 ਨੂੰ ਗਿਆਨੀ ਨਾਹਰ ਸਿੰਘ ਵੱਲ ਲਿਖੀ ਗਈ। ਇਹ ਸਾਰੀਆਂ ਚਿੱਠੀਆਂ ਦੇ ਪ੍ਰਕਾਸ਼ਨ "ਜੇਲ੍ਹ ਚਿੱਠੀਆਂ" ਨੇ ਪਾਠਕ ਵਰਗ ਵਿੱਚ ਇਕ ਨਵੀਂ ਚੇਤਨਾ ਤੇ ਰੂਹ ਫੂਕੀ। ਜਿਸ ਨੂੰ ਪੜ੍ਹ ਕੇ ਕੋਈ ਵੀ ਪਾਠਕ ਡੋਲਦਾ ਨਹੀਂ ਤੇ ਉਸ ਵਿੱਚ ਸਿਦਕ ਭਾਵਨਾ ਦਾ ਠਾਠਾਂ ਮਾਰਦਾ ਸਮੁੰਦਰ ਉੱਠਦਾ ਹੈ। ਭਾਈ ਸਾਹਿਬ ਜੀ ਦੀ ਰਚਿਤ ਅਤੇ ਗਿਆਨੀ ਜੀ ਵੱਲੋਂ ਪ੍ਰਕਾਸ਼ਿਤ ਇਹ ਪੁਸਤਕ ਪੜ੍ਹ ਕੇ ਹਜ਼ਾਰਾਂ ਪ੍ਰਾਣੀ ਗੁਰੂ ਚਰਨਾਂ ਨਾਲ ਜੁੜੇ ਤੇ ਹੁਣ ਵੀ ਜੁੜ ਰਹੇ ਹਨ।

ਭਾਈ ਸਾਹਿਬ ਰਣਧੀਰ ਸਿੰਘ ਜੀ ਨੇ 40 ਤੋਂ ਉੱਤੇ ਪੁਸਤਕਾਂ ਲਿਖ ਕੇ ਖ਼ਾਲਸਾ ਪੰਥ ਦੀ ਝੋਲੀ ਵਿੱਚ ਪਾਈਆਂ ਹਨ। ਇਹ ਪੁਸਤਕਾਂ ਗੁਰਮਤਿ ਦੀਆਂ ਅਨੇਕਾਂ ਰਮਜ਼ਾਂ ਖੋਲਦੀਆਂ ਹਨ। ਸਿੱਖੀ ਦੀ ਜੀਵਨ ਜਾਂਚ ਤੇ ਸਿੱਖ ਦਰਸ਼ਨ ਤੇ ਇਤਿਹਾਸ ਦਾ ਰੋਸ਼ਨ ਮੀਨਾਰ ਹਨ। ਪੁਸਤਕਾਂ ਦੇ ਪ੍ਰਕਾਸ਼ਨ ਤੋਂ ਲੈ ਕੇ ਪਾਠਕਾਂ ਦੇ ਹੱਥਾਂ ਤੱਕ ਪਹੁੰਚਾਉਣ ਵਿੱਚ ਗਿ. ਨਾਹਰ ਸਿੰਘ ਜੀ ਦਾ ਵੱਡਾ ਹੱਥ ਹੈ। ਸੰਨ 1940 ਤੋਂ ਪਹਿਲਾਂ ਪ੍ਰਕਾਸ਼ਿਤ ਅਨੇਕਾਂ ਪੁਸਤਕਾਂ ਦੇ ਮੁਖ ਬੰਦ, ਜਾਣ-ਪਛਾਣ, ਭੂਮਿਕਾ ਆਦਿ ਨੂੰ ਗਿ: ਨਾਹਰ ਸਿੰਘ ਜੀ ਦੀ ਸੁਨਹਿਰੀ ਕਲਮ ਨੇ ਅੰਕਤ ਕੀਤਾ ਹੈ।

ਆਪ ਜੀ ਨੇ ਸਾਹਿਤ ਦੇ ਪਿੜ ਵਿੱਚ ਸਿੱਖ ਦਰਸ਼ਨ, ਸਿੱਖ ਇਤਿਹਾਸ, ਗੁਰਮਤਿ ਮਾਰਗ ਵਿਸ਼ਿਆਂ ਉੱਤੇ ਵੀਹ ਤੋਂ ਉੱਤੇ ਪੁਸਤਕਾਂ ਪਾਠਕਾਂ ਦੀ ਝੋਲੀ ਪਾਈਆਂ ਹਨ। ਆਪ ਦੀਆਂ ਇਨ੍ਹਾਂ ਮੌਲਿਕ ਲਿਖਤਾਂ ਵਿੱਚ ਗੁਰੂ ਸਾਹਿਬਾਂ ਦਾ ਜੀਵਨ, ਇਤਿਹਾਸ ਦੇ ਅਣਫੋਲੇ ਵਰਕੇ, ਆਜ਼ਾਦੀ ਦੇ ਪਰਵਾਨਿਆਂ ਦੀਆਂ ਅਮਰ ਗਾਥਾਵਾਂ ਨੂੰ ਬੜੇ ਸੁੰਦਰ ਢੰਗ ਨਾਲ ਪੇਸ਼ ਕੀਤਾ ਹੈ। ਆਪ ਦੀ ਬੋਲੀ, ਵਾਕ-ਬਣਤਰ, ਸ਼ਬਦਾਂ ਦੀ ਸਰਲਤਾ ਤੇ ਸਾਦਗੀ, ਕਹਿਣ ਦਾ ਢੰਗ ਤੇ ਅੰਦਾਜ਼ ਦੂਜਿਆਂ ਨਾਲੋਂ ਨਿਵੇਕਲਾ ਹੈ। ਆਪ ਦੀਆਂ ਚੋਣਵੀਆਂ ਪੁਸਤਕਾਂ ਵਿੱਚ ਗੁਰਦੁਆਰਾ ਸੁਧਾਰ ਲਹਿਰ ਦਾ ਪਹਿਲਾ ਕੈਦੀ, ਗੁਰਮਤਿ ਪੰਜਾਬੀ ਪ੍ਰਬੋਧ, ਇਤਿਹਾਸ ਪੰਜਾ ਸਾਹਿਬ, ਗੁਰਮੁਖ ਬਾਬੇ, ਸੰਤ ਸਿਪਾਹੀ ਸਤਿਗੁਰੂ, ਗੁਰੂ ਗੋਬਿੰਦ ਸਿੰਘ ਤੇ ਪੰਥ ਖਾਲਸਾ, ਰਾਜ ਕਰੇਗਾ ਖਾਲਸਾ ਪੁਸਤਕਾਂ ਨੂੰ ਪਾਠਕਾਂ ਵੱਲੋਂ ਭਰਵਾਂ ਹੁੰਗਾਰਾ ਮਿਲਿਆ ਹੈ। ਆਜਾਦੀ ਦੀਆਂ ਲਹਿਰਾਂ ਤੇ ਕਰਤਾਰ ਸਿੰਘ ਸਰਾਭਾ ਦੋਨੋਂ ਅਜਿਹੀਆਂ ਮਕਬੂਲ ਪੁਸਤਕਾਂ ਹਨ ਜਿਨ੍ਹਾਂ ਨੂੰ ਤਤਕਾਲੀ ਹਕੂਮਤ ਵੱਲੋਂ ਸਮੇਂ-ਸਮੇਂ ਤੇ ਅੱਠ ਸੌ ਰੁਪਿਆ ਪ੍ਰਤੀ ਪੁਸਤਕ ਇਨਾਮ ਨਾਲ ਨਿਵਾਜਿਆ ਗਿਆ। ਇਨ੍ਹਾਂ ਪੁਸਤਕਾਂ ਵਿੱਚ ਵਿਦਵਾਨ ਲੇਖਕ ਨੇ ਗ਼ਦਰ ਦੇ ਮਹਾਨ ਨਾਇਕ ਤੇ ਆਜ਼ਾਦੀ ਦੇ ਪਰਵਾਨਿਆਂ ਦੀ ਰੌਂਗਟੇ ਖੜੇ ਕਰਨ ਦੀ ਦਾਸਤਾਂ ਨੂੰ ਬੜੇ ਹੀ ਖੂਬਸੂਰਤ ਸ਼ਬਦਾਂ ਨਾਲ ਪੇਸ਼ ਕੀਤਾ ਹੈ। ਇਸ ਤੋਂ ਇਲਾਵਾ ਇਤਿਹਾਸ ਗੁਰਦੁਆਰਾ ਦੀਨਾ, ਇਤਿਹਾਸ ਮੁਕਤਸਰ, ਜੀਵਨ ਗੁਰੂ ਨਾਨਕ ਸਾਹਿਬ ਜੀ, ਪੰਜ ਸੌ ਸਾਲਾ ਸੰਖੇਪ ਸਿੱਖ ਇਤਿਹਾਸ, ਪੰਜਾਬ ਦੀਆਂ ਕਹਾਣੀਆਂ ਨੂੰ ਲਿਖ ਕੇ ਪੰਜਾਬੀ ਸਾਹਿਤ ਨੂੰ ਮਾਲਾ-ਮਾਲ ਕੀਤਾ ਹੈ। ਆਪ ਦੀਆਂ ਸਾਰੀਆਂ ਪੁਸਤਕਾਂ ਪਾਠਕਾਂ ਦੀ ਕਸਵੱਟੀ ਤੇ ਪੂਰੀਆਂ ਉਤਰਦੀਆਂ ਹਨ। ਆਪ ਸਿੱਖ ਲੀਗ ਦੇ ਆਗੂਆਂ ਵਿਚੋਂ ਸਨ। ਅੰਤਲੀ ਘੜੀ ਤੱਕ ਪੰਥਕ ਸੇਵਾ ਤੇ ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਜੀਵਨ ਦੌਰਾਨ ਉਨ੍ਹਾਂ ਦੇ ਸੰਗ ਸਾਥ ਰਹੇ।

ਆਪ ਦਾ ਛੋਟਾ ਲੜਕਾ ਸ. ਮਿਰਗਿੰਦ ਸਿੰਘ 5 ਅਪ੍ਰੈਲ, 1965 ਨੂੰ ਕਿਸੇ ਦੁਰਘਟਨਾ ਵਿੱਚ ਸਵਰਗਵਾਸ ਹੋ ਗਏ ਸਨ। ਗਿਆਨੀ ਨਾਹਰ ਸਿੰਘ ਜੀ 24 ਅਕਤੂਬਰ 1972 ਨੂੰ ਸੀ.ਐੱਮ.ਸੀ. ਹਸਪਤਾਲ ਲੁਧਿਆਣਾ ਵਿਖੇ ਚਲਾਣਾ ਕਰ ਗਏ ਸਨ। ਆਪ ਦਾ ਵੱਡਾ ਸਪੁੱਤਰ ਸ. ਸਰਦੂਲ ਸਿੰਘ ਜਿਨ੍ਹਾਂ ਸੰਨ 1920 ਵਿੱਚ ਜਨਮ ਲਿਆ, ਆਪ ਦੇ ਪੋਤੇ ਡਾ. ਗੁਰਪ੍ਰਕਾਸ਼ ਸਿੰਘ ਪਾਸ ਅਮਰੀਕਾ ਦੇ ਸ਼ਹਿਰ ਸੈਂਟ ਲੁਈਸ ਵਿਖੇ ਰਹਿ ਰਹੇ ਹਨ। ਭੁਝੰਗੀ ਸਭਾ ਦੇ



www.AKJ.Org

ਸਿਰਕਰਦਾ ਆਗੂ ਗਿ: ਨਾਹਰ ਸਿੰਘ ਇਕ ਗ਼ਦਰੀ ਦੇਸ਼ ਭਗਤ ਹੀ ਨਹੀਂ ਸੀ, ਸਗੋਂ ਉਹ ਬਹੁਪੱਖੀ ਪ੍ਰਤਿਭਾ ਦਾ ਮਾਲਕ ਸੀ। ਇਕ ਨਾਮਵਰ ਵਿਦਵਾਨ, ਪੱਤਰਕਾਰ, ਲੇਖਕ ਤੇ ਪੰਜਾਬੀਆਂ ਦਾ ਮਾਣ ਸਨ ਜਿਨ੍ਹਾਂ ਦੇ ਸਮੁੱਚੇ ਜੀਵਨ ਦਾ ਕਣ-ਕਣ ਸਾਡੇ ਸਾਰਿਆਂ ਲਈ ਪ੍ਰੇਰਨਾ ਸਰੋਤ ਤੇ ਚਾਨਣ ਮੁਨਾਰਾ ਰਹੇਗਾ। ਉਹ ਸਚਮੁੱਚ ਗ਼ਦਰ ਲਹਿਰ ਦਾ ਅਨਮੋਲ ਹੀਰਾ ਸੀ।

*(ਪੁਸਤਕ ਗਦਰੀ ਯੋਧੇ ਵਿਚੋਂ ਧੰਨਵਾਦ ਸਹਿਤ)*

# ਭਾਈ ਸੁਰਜਨ ਸਿੰਘ ਜੀ ਗੁਜਰਵਾਲ

ਭਾਈ ਗੁਰਦੀਪ ਸਿੰਘ, ਸ੍ਰੀ ਅੰਮ੍ਰਿਤਸਰ

ਸਤਿਕਾਰ ਯੋਗ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਮੁੱਢਲੇ ਅਤਿ ਨਿਕਟਵਰਤੀ ਅਤੇ ਅਜਾਦੀ ਘੁਲਾਟੀਏ ਭਾਈ ਸੁਰਜਨ ਸਿੰਘ ਜੀ ਦਾ ਜਨਮ ਮਿਤੀ 19 ਫਰਵਰੀ 1889 ਨੂੰ ਪਿੰਡ ਗੁਜਰਵਾਲ ਜਿਲ੍ਹਾ ਲੁਧਿਆਣਾ ਸ. ਮਹਾਂ ਸਿੰਘ ਜੀ ਦੇ ਗ੍ਰਹਿ ਹੋਇਆ। ਪਿੰਡ ਗੁਜਰਵਾਲ ਭਾਈ ਸਾਹਿਬ ਜੀ ਦੇ ਪਿੰਡ ਨਾਰੰਗਵਾਲ ਦੇ ਨਜ਼ਦੀਕ ਹੋਣ ਕਾਰਨ, ਆਪ ਭਾਈ ਸਾਹਿਬ ਜੀ ਦੇ 1902 ਤੋਂ ਜਾਣਕਾਰ ਸਨ ਪ੍ਰੰਤੂ ਅਸਲੀ ਨੇੜਤਾ 1911 ਵਿਚ ਅੰਮ੍ਰਿਤ ਛੱਕਣ ਤੋਂ ਬਣੀ। ਆਪ ਜੀ ਦੇ ਪਿਤਾ ਜੀ ਨਾਮਧਾਰੀ ਸੰਪਰਦਾ ਨਾਲ ਸੰਬੰਧਿਤ ਸਨ ਤੇ ਇੰਨ੍ਹਾਂ ਦੀ ਸਿੰਘਣੀ ਬੀਬੀ ਜੋਗਿੰਦਰ ਕੌਰ ਜੀ, ਜੋ ਕਿ ਪਿੰਡ ਮੁੱਠਡਾ ਤਹਿਸੀਲ ਫਿਲੌਰ ਜ਼ਿਲ੍ਹਾ ਜਲੰਧਰ ਵਿਚ ਜੰਮੇ ਪਲੇ ਸਨ ਵੀ ਕੱਟੜ ਨਾਮਧਾਰੀ ਪ੍ਰੀਵਾਰ ਵਿਚੋਂ ਸਨ। ਪਿੰਡ ਫਲੇਵਾਲ ਵਿਚ ਬਾਬਾ ਰਾਮ ਸਿੰਘ ਜੀ ਅਤੇ ਮਾਈ ਪ੍ਰੇਮ ਕੌਰ ਜੀ ਦੇ ਗ੍ਰਹਿ ਵਿਖੇ ਹੋਏ ਸ੍ਰੀ ਅਖੰਡ ਪਾਠ ਸਾਹਿਬ ਦੌਰਾਨ, ਜੋ ਉਨ੍ਹਾਂ ਦੇ ਸ਼ਰੀਕੇ ਵਿਚੋਂ ਇਕ ਸੱਜਣ (ਜੋ ਗੰਠਗ਼ੀਏ ਦੀ ਬੀਮਾਰੀ ਦਾ ਸ਼ਿਕਾਰ ਸੀ, ਦੀ ਦੇਹ ਅਰੋਗਤਾ ਲਈ ਹੋਇਆ ਸੀ ਅਤੇ ਉਹ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਕਲਾ ਵਰਤਣ ਕਰਕੇ ਅਰੋਗ ਹੋ ਗਿਆ ਸੀ) ਨੂੰ ਅੰਮ੍ਰਿਤ ਛਕਾਉਣ ਲਈ ਹੋਏ ਅੰਮ੍ਰਿਤ ਸੰਚਾਰ ਵਿਚ ਆਪ ਜੀ ਨੇ ਸਿੰਘਣੀ ਸਮੇਤ ਅੰਮ੍ਰਿਤ ਛੱਕ ਲਿਆ ਸੀ, ਜਿਸ ਦੀ ਆਪ ਜੀ ਦੇ ਸਹੁਰਾ ਪ੍ਰੀਵਾਰ ਅਤੇ ਆਪਦੇ ਮਾਤਾ ਪਿਤਾ ਸਮੇਤ ਸਾਕ ਸੰਬੰਧੀਆਂ ਵੱਲੋਂ ਸਖ਼ਤ ਵਿਰੋਧਤਾ ਹੋਈ ਸੀ।

ਇਸ ਅੰਮ੍ਰਿਤ ਛੱਕਣ ਦੇ ਸਮਾਗਮ ਸਮੇਂ ਵਰਤੀ ਕਲਾ ਅਤੇ ਉਸ ਤੋਂ ਬਾਅਦ ਘਰਦਿਆਂ ਵਲੋਂ ਸੱਤ ਦਿਨ ਥਮਲੇ ਨਾਲ ਬੰਨ ਕੇ ਕੁੱਟਣਾ ਦੀਆਂ ਘਟਨਾਵਾਂ ਤੋਂ ਲੈ ਕੇ ਭਾਈ ਸਾਹਿਬ ਜੀ ਦੀ 1930 ਵਿਚ ਜੇਲ੍ਹ ਰਿਹਾਈ ਦੇ ਸਮੇਂ ਤੱਕ ਆਪ ਦੇ ਹੱਡੀ ਵਾਪਰੇ ਹਾਲਾਤ ਵਿਸਥਾਰ ਸਹਿਤ ਸੂਰਾ ਮਾਸਿਕ ਪੱਤਰ ਦੇ ਅਪ੍ਰੈਲ 1966 ਤੋਂ ਅਪ੍ਰੈਲ 1967 ਦੇ ਅੰਕਾਂ ਵਿਚ 13 ਕਿਸ਼ਤਾ ਰਾਹੀਂ **ਡਿੱਠੇ ਸੁਣੇ ਹੱਡੀ ਵਾਪਰੇ ਵਿਰਤਾਂਤ** ਦੇ ਸਿਰਲੇਖ ਹੇਠ ਛਪੇ ਸਨ, ਜੋ ਕਿ ਹੁਣ ਇਹ ਭਾਈ ਸਾਹਿਬ ਜੀ ਦੇ ਜੀਵਨ ਸੰਬੰਧੀ **ਜੇਹਾ ਡਿਠਾ ਮੈ ਤੇਹੋ ਕਹਿਆ** ਨਾਮੀ ਪੁਸਤਕ ਵਿਚ ਛਾਪੇ ਗਏ ਹਨ ਜਿਸ ਤੋਂ ਇਨ੍ਹਾਂ ਦੇ ਜੀਵਨ ਦੀਆਂ ਤਕਰੀਬਨ 20 ਸਾਲਾ ਦੀਆਂ ਘਟਨਾਵਾਂ ਦੀ ਜਾਣਕਾਰੀ ਮਿਲਦੀ ਹੈ।

ਇਸ ਤੋਂ ਇਲਾਵਾ ਇਨ੍ਹਾਂ ਦੀ ਸਿੰਘਣੀ ਬੀਬੀ ਜੋਗਿੰਦਰ ਕੌਰ ਜੀ, ਜੋ ਕਿ ਭਰ ਜੁਆਨੀ ਵਿਚ ਇੰਨ੍ਹਾਂ ਦੀ ਜੇਲ ਯਾਤਰਾ ਦੇ ਦੌਰਾਨ ਸੰਨ 1918 ਵਿਚ ਇਨਫਲੂਐਂਜੇ ਦੀ ਬੀਮਾਰੀ ਨਾਲ (ਆਪਣੇ ਨਿੱਕੇ ਜਿਹੇ ਭੁਜੰਗੀ ਦੇ ਚੜਾਈ ਕਰਨ ਤੋਂ ਬਾਅਦ) ਚੜਾਈ ਕਰ ਗਏ ਸਨ ਦਾ ਵਿਸਥਾਰ ਸਹਿਤ ਜੀਵਨ ਭਾਈ ਸਾਹਿਬ ਜੀ ਦੀ ਲਿਖਤ ਪੁਸਤਕ **ਰੰਗਲੇ ਸੱਜਣ** ਵਿਚ ਆ ਚੁੱਕਾ ਹੈ, ਜੋ ਕਿ ਨਿਕੜੀ ਜਿੰਦ ਵੱਡੇ ਸਾਕੇ ਵਾਲੀ ਕਹਾਉਤ ਇੰਨ-ਬਿੰਨ ਇਸ ਬੀਬੀ ਦੇ ਜੀਵਨ ਤੇ ਘੱਟਦੀ ਹੈ।

ਇਸ ਪੁਸਤਕ ਵਿਚ ਉਨ੍ਹਾਂ ਦੇ ਜੀਵਨ ਨਾਲ ਸੰਬੰਧਿਤ ਕੁਝ ਖਾਸ ਘਟਨਾਵਾਂ ਸੰਖੇਪ ਵਿਚ ਹੀ ਵਰਣਨ ਕੀਤੀਆਂ ਗਈਆਂ ਹਨ :-



www.AKJ.Org

1) ਚਾਹੇ ਆਪ ਜੀ ਦੀ ਸੰਸਾਰਕ ਵਿਦਿਆ ਪ੍ਰਾਪਤੀ ਦਾ ਕੋਈ ਵੇਰਵਾ ਨਹੀਂ ਮਿਲਦਾ ਪਰ ਉਨ੍ਹਾਂ ਨੇ ਬਚਪਨ ਵਿਚ ਗੁਰਮੁਖੀ (ਪੰਜਾਬੀ) ਪੜ੍ਹ ਲਈ ਸੀ ਤੇ ਆਪ ਗੁਰਬਾਣੀ ਦਾ ਪਾਠ ਕਰ ਲੈਂਦੇ ਸਨ। ਅਖੰਡ ਪਾਠੀ ਵੀ ਸਨ। ਇਸ ਤੋਂ ਇਲਾਵਾ ਉਰਦੂ/ਹਿੰਦੀ ਭਾਸ਼ਾ ਵਿਚ ਗਲਬਾਤ ਵੀ ਕਰ ਲੈਂਦੇ ਸਨ।

2) ਆਪ ਜੀ ਅਤੇ ਆਪ ਦੀ ਸਿੰਘਦੀ ਬੀਬੀ ਜੋਗਿੰਦਰ ਕੌਰ ਜੀ ਕੱਟੜ ਨਾਮਧਾਰੀ ਪ੍ਰੀਵਾਰਾਂ ਵਿਚੋਂ ਸਨ। ਜਥੇ ਵਿਚ ਅੰਮ੍ਰਿਤ ਛੱਕਣ ਤੋਂ ਆਪ ਜੀ ਨੂੰ ਸਿੰਘਣੀ ਸਮੇਤ ਦੋਹਾਂ ਪ੍ਰੀਵਾਰਾਂ ਦੀਆਂ ਕਰੜਾਈਆਂ ਦਾ ਸਾਹਮਣਾ ਕਰਨਾ ਪਿਆ। ਮਾਇਕ ਤੌਰ ਤੇ ਵੀ ਔਖੇ ਵੇਲੇ ਵੀ ਕੋਈ ਸਹਾਇਤਾ ਨਹੀਂ ਮਿਲਦੀ ਰਹੀ।

3) ਆਪ ਜੀ ਕੀਰਤਨ ਵੀ ਕਰ ਲੈਂਦੇ ਸਨ ਜੋ ਕਿ ਬੜੇ ਆਤਮ ਰੰਗਾਂ ਵਿਚ ਮਸਤੁਲ ਮਸਤ ਦਸ਼ਾ ਵਿਚ ਹੋ ਕੇ ਕਰਦੇ ਸਨ। ਕਈ ਵਾਰੀ ਕੀਰਤਨ ਕਰਦੇ ਜਾਂ ਸੰਗਤਾਂ ਵਿਚ ਬੈਠੇ ਮਸਤ ਹੋ ਕੇ ਝੂੰਮਣ ਲੱਗ ਪੈਂਦੇ ਸਨ। ਇਥੋਂ ਤੱਕ ਕਿ ਕਈ ਪੁਰਾਤਨ ਗੁਰਸਿੱਖਾਂ ਵਾਂਗ, ਸੰਗਤ ਵਿਚ ਹੇਠਾਂ ਬੈਠੇ, ਮੱਛੀ ਵਾਂਗ ਤੈਰ ਕੇ ਸਟੇਜ ਤੇ ਜਾ ਕੇ ਕੀਰਤਨੀ ਸਿੰਘਾਂ ਲਾਗੇ ਸੱਜ ਜਾਂਦੇ ਸਨ। ਜਦੋਂ ਇਹ ਦਸ਼ਾ ਵਰਤਣ ਲੱਗਦੀ ਸੀ ਤਾਂ ਭਾਈ ਸਾਹਿਬ ਜੀ ਕੀਰਤਨ ਕਰ ਰਹੇ ਸਿੰਘ ਨੂੰ ਪਹਿਲਾਂ ਹੀ ਇਸ਼ਾਰਾ ਕਰ ਦੇਂਦੇ ਕਿ ਹੁਣ ਵਾਜਾ ਸੰਭਾਲਿਓ।

4) ਦਸੰਬਰ 1914 ਈ. ਦੇ ਸ਼ਹੀਦੀ ਜੋੜ ਮੇਲੇ ਸਮੇਂ, ਸ੍ਰੀ ਚਮਕੌਰ ਸਾਹਿਬ ਜੀ ਦੀ ਯਾਤਰਾ (ਜੋ ਕਿ ਭਾਈ (ਬਾਬੂ) ਵੀਰ ਸਿੰਘ ਜੀ (ਪਿਤਾ ਭਾਈ ਹਰਮਿੰਦਰ ਸਿੰਘ ਕੀਰਤਨੀਏ ਯੂ.ਕੇ. ਅਤੇ ਰਾਗੀ ਭਾਈ ਹੀਰਾ ਸਿੰਘ ਜੀ ਦੇ ਸੱਦੇ ’ਤੇ ਹਰ ਸਾਲ ਹੁੰਦੀ ਸੀ)। ਵੇਲੇ ਪੁਜਾਰੀਆਂ ਵਲੋਂ ਨਿਹੰਗ ਸਿੰਘਾਂ ਨੂੰ ਬੁਲਾ ਕੇ ਫਸਾਦ ਕਰਨ ਦੀ ਤਿਆਰੀ ਕੀਤੀ ਹੋਈ ਸੀ। ਉਸ ਵੇਲੇ ਪੁਜਾਰੀ ਸਿੰਘ ਗੁਰਦੁਆਰਾ ਸਾਹਿਬ ਜੀ ਦੀ ਅੰਦਰਲੀ ਪ੍ਰਕਰਮਾ ਨਹੀਂ ਸਨ ਕਰਨ ਦਿੰਦੇ। ਚਾਹੇ ਜੱਥੇ ਨੂੰ ਕੋਈ ਤਾਂ ਰੋਕ ਨਹੀਂ ਸੀ ਸਕਦਾ ਪ੍ਰੰਤੂ ਪ੍ਰਬੰਧਕਾਂ ਨੇ ਨਿਮਰੀ ਭੂਤ ਹੋ ਕੇ ਵਰਜੀ ਰੱਖਣਾ। ਜਦੋਂ ਇਹ ਸੰਦੇਸ਼ਾ ਸੰਗਤਾਂ ਤਾਈਂ ਪੁੱਜਾ ਤਾਂ ਜਥੇ ਦੇ ਸਾਰੇ ਸਿੰਘ ਅਤੇ ਸਿੰਘਣੀਆਂ ਨੂੰ ਬੀਰ ਰਸ ਭਰੇ ਜੋਸ਼ ਉਮੱਡ ਪਏ। ਸਾਰੀਆਂ ਸੰਗਤਾਂ ਕੀਰਤਨ ਕਰਦੀਆਂ ਹੀ ਗੁਰਦੁਆਰੇ ਪੁੱਜੀਆਂ। ਅਗੋਂ ਇਕ ਨਿਹੰਗ ਸਿੰਘ ਨੇ ਇਕ ਤੀਰ ਭਾਈ ਸਾਹਿਬ ਜੀ ਦੀ ਗਰਦਨ ਵੱਲ ਚਲਾ ਦਿੱਤਾ, ਜੋ ਭਾਈ ਸੁਰਜਨ ਸਿੰਘ ਨੇ ਹੱਥ ਨਾਲ ਰੋਕ ਲਿਆ। ਪਰ ਤੀਰ ਲੱਗਣ ਕਰਕੇ ਖ਼ੂਨ ਵੱਗਣਾ ਸ਼ੁਰੂ ਹੋ ਗਿਆ। ਇਹ ਨੌਬਤ ਵੇਖ ਕੇ ਸ਼ੇਰਨੀ ਬੱਚੀ ਜੋਗਿੰਦਰ ਕੌਰ ਨੇ ਅੱਗੇ ਕੁੱਦ ਕੇ, ਰਿਸ਼ਟ ਪੁਸ਼ਟ ਨਿਹੰਗ ਸਿੰਘ ਤੋਂ ਤੀਰ ਖੋਹ ਲਿਆ ਤੇ ਉਸ ਨੂੰ ਵੰਗਾਰ ਕੇ ਦਲੇਰਾਨਾ ਝਾੜ ਪਾਈ। ਇਹ ਨਜ਼ੀਰ ਦੇਖ ਕੇ ਸਾਰੇ ਸਿੰਘ, ਪੁਜਾਰੀਆਂ ਤੇ ਜਾ ਪਏ ਅਤੇ ਧੱਕੇ ਮਾਰ ਕੇ ਕੱਢ ਦਿੱਤਾ। ਸਾਰੇ ਜਥੇ ਨੇ ਕੀਰਤਨ ਕਰਦਿਆਂ ਅੰਦਰਲੀ ਤੇ ਬਾਹਰਲੀ ਪ੍ਰਕਰਮਾ ਕੀਤੀ ਅਤੇ ਸੌਦਰੁ ਦੀ ਚੌਂਕੀ ਤੋਂ ਬਾਅਦ ਕੀਰਤਨ ਅਖਾੜੇ ਸਜਾਏ। ਇਹ ਗੁਰਦੁਆਰਾ ਸੁਧਾਰ ਲਹਿਰ ਦੀ ਪੁਜਾਰੀਆਂ ਕੋਲੋਂ ਗੁਰਦੁਆਰੇ ਆਜ਼ਾਦ ਕਰਾਉਣ ਦੀ ਸਭ ਤੋਂ ਪਹਿਲੀ ਇਤਿਹਾਸਕ ਘਟਨਾ ਸੀ। ਇਸ ਸਮੇਂ ਦਾ ਸਾਰਾ ਬਿਰਤਾਂਤ ਬੀਬੀ ਜੋਗਿੰਦਰ ਕੌਰ ਜੀ ਦੇ ਜੀਵਨ ਬਿਰਤਾਂਤ ਦੇ ਸਿਰਲੇਖ ਹੇਠ ਪੁਸਤਕ ਰੰਗਲੇ ਸੱਜਣ ਵਿਚ ਆ ਚੁੱਕਾ ਹੈ।

5) ਅੰਮ੍ਰਿਤ ਛੱਕਣ ਤੋਂ ਬਾਅਦ, ਘਰਦਿਆਂ ਦੀ ਸਖਤੀਆਂ ਕਾਰਨ, ਆਪ ਜੀ ਭਾਈ ਸਾਹਿਬ ਜੀ ਨਾਲ ਹੀ ਜ਼ਿਆਦਾ ਸਮਾਂ ਨਾਰੰਗਵਾਲ ਪਿੰਡ, ਸ੍ਰੀ ਅਖੰਡ ਪਾਠ ਅਤੇ ਕੀਰਤਨ ਸਮਾਗਮਾਂ ਵਿਚ ਬਿਤਾਉਂਦੇ ਸਨ। ਉਸ ਵੇਲੇ ਭਾਈ ਸਾਹਿਬ ਜੀ ਨਾਲ ਢਾਬ ਤੇ ਜਾ ਕੇ ਨਾਮ ਅਭਿਆਸ ਦੀਆਂ ਅਤੁੱਟ ਕਮਾਈਆਂ ਕਰਦੇ ਰਹੇ। ਭਾਈ ਦਲੀਪ ਸਿੰਘ ਜੀ ਫੁਲਾਂਵਾਲ ਦੇ ਘਰਦਿਆਂ ਵਲੋਂ ਨਾਈ ਬੁਲਾ ਕੇ ਜ਼ਬਰਦਸਤੀ ਕੇਸ ਕਤਲ ਕਰਨ ਦੀ ਕੋਝੀ ਹਰਕਤ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਸੀ ਤਾਂ ਭਾਈ ਸਾਹਿਬ ਜੀ ਨੇ ਸੂਖਸ਼ਮ ਤੌਰ ’ਤੇ ਨਾਮ ਬੱਲ ਰਾਹੀਂ ਉਨ੍ਹਾਂ ਦੀ ਸਹਾਇਤਾ ਕੀਤੀ।

6) ਸੰਨ 1913 ਵਿਚ ਬਾਊ ਜੀ ਦੇ ਸੱਦੇ ਤੇ ਪਹਿਲਾ ਅਖੰਡ ਪਾਠ ਤੇ ਕੀਰਤਨ ਸਮਾਗਮ ਉਨ੍ਹਾਂ ਦੇ ਗ੍ਰਹਿ, ਜੱਦੀ



www.AKJ.Org

ਪਿੰਡ ਸਰਲੀ ਨਾਗੋ ਕੇ ਜ਼ਿਲ੍ਹਾ ਸ੍ਰੀ ਅੰਮ੍ਰਿਤਸਰ ਹੋਇਆ। ਭਾਈ ਸਾਹਿਬ ਜੀ ਜਥੇ ਸਮੇਤ ਕਿਲ੍ਹਾ ਰਾਇਪੁਰ ਤੋਂ ਲੁਧਿਆਣਾ ਅਤੇ ਫਿਰ ਟਾਂਗਰੇ ਤਾਈਂ ਗੱਡੀ ਰਾਹੀਂ ਕੀਰਤਨ ਕਰਦੇ ਹੀ ਪੁੱਜੇ ਸਨ। ਉੱਥੋਂ ਸ਼ਾਮ ਤਾਈਂ ਜਥਾ ਕੀਰਤਨ ਕਰਦਾ ਪਿੰਡ ਸਰਲੀ ਪਹੁੰਚਾ ਅਤੇ ਸ੍ਰੀ ਅਖੰਡ ਪਾਠ ਰੱਚਿਆ। ਉਸ ਸਮਾਗਮ ਵਿਚ ਆਪ ਜੀ ਨੇ ਵੀ ਪ੍ਰੀਵਾਰ ਸਮੇਤ ਸ਼ਾਮਿਲ ਹੋ ਕੇ ਨਾਮ ਬਾਣੀ ਦੇ ਲਾਹੇ ਲਏ। ਇਸ ਸਮਾਗਮ ਦੀ ਸਮਾਪਤੀ ਤੋਂ ਬਾਅਦ ਸ੍ਰੀ ਦਰਬਾਰ ਸਾਹਿਬ ਜੀ ਦੇ ਦਰਸ਼ਨ ਇਸ਼ਨਾਨ ਕਰਕੇ ਜੱਥਾ ਵਾਪਿਸ ਲੁਧਿਆਣੇ ਆ ਗਿਆ।

7) ਸ਼ੁਰੂ ਸ਼ੁਰੂ ਵਿਚ ਜਦੋਂ ਅਜੇ ਜਥੇ ਵਿਚ ਕੋਈ ਤਬਲਾ ਵਜਾਉਣ ਵਾਲਾ ਨਹੀਂ ਸੀ ਆਇਆ। ਉਸ ਵੇਲੇ ਆਪ ਜੀ ਭਾਈ ਸਾਹਿਬ ਜੀ ਦੇ ਕੀਰਤਨ ਕਰਨ ਵੇਲੇ ਢੋਲਕੀ ਦੀ ਸੇਵਾ ਕਰਿਆ ਕਰਦੇ ਸਨ। ਕਿਸੇ ਸਮੇਂ ਇਹ ਸੇਵਾ ਮਾਸਟਰ ਨਿਰੰਜਨ ਸਿੰਘ ਜੀ ਨਾਰੰਗਵਾਲ ਅਤੇ ਗਿਆਨੀ ਗੁਰਦਿੱਤ ਸਿੰਘ ਜੀ ਵੀ ਕਰਦੇ ਰਹੇ ਹਨ। ਸਭ ਤੋਂ ਪਹਿਲਾਂ ਤਬਲੇ ਦੀ ਸੇਵਾ ਭਾਈ ਹਰਿਕ੍ਰਿਸ਼ਨ ਸਿੰਘ ਜਾਨ ਸੁਖਾਲਾ ਕਰਦੇ ਹੁੰਦੇ ਸਨ ਤੇ ਉਸ ਤੋਂ ਬਾਅਦ ਭਾਈ ਪ੍ਰੀਤਮ ਸਿੰਘ ਚਾਨੀ ਜੀ ਨਵੀਂ ਦਿੱਲੀ (ਹਾਲ ਯੂ.ਐੱਸ.ਏ) ਨੇ ਬਹੁਤ ਲੰਬਾ ਸਮਾਂ ਇਹ ਸੇਵਾ ਨਿਬਾਹੀ ਇਥੋਂ ਤੱਕ ਕਿ ਉਹ 36-36 ਘੰਟੇ ਲਗਾਤਾਰ, ਜੋੜੀ ਦੀ ਸੇਵਾ ਕਰਦੇ ਰਹੇ ਹਨ।

8) ਅੰਮ੍ਰਿਤ ਛੱਕਣ ਤੋਂ ਬਾਅਦ, ਆਪ ਜੀ ਦੀ ਪੂਰਬਲੀ ਕਮਾਈ, ਸਰਬਲੋਹ ਬਿਬੇਕ ਰਹਿਤ ਪੱਕੇ ਧਾਰਨੀ ਹੋਣ ਅਤੇ ਨਾਮ ਬਾਣੀ ਦੀ ਅਤੁੱਟ ਕਮਾਈ ਕਰਕੇ, ਆਪ ਜੀ ਨੂੰ ਅੰਮ੍ਰਿਤ ਸੰਚਾਰ ਵੇਲੇ ਪੰਚਾਂ ਦਾ ਸੇਵਾ ਵਿਚ ਲਿਆ ਜਾਂਦਾ ਸੀ। ਗੁਜਰਵਾਲ ਵਿਖੇ ਭਾਈ ਦਲੀਪ ਸਿੰਘ ਜੀ ਫੁਲਾਂਵਾਲ ਤੇ ਭਾਈ ਹਰਿਭਜਨ ਸਿੰਘ ਚਮਿੰਡਾ ਦੇ ਅੰਮ੍ਰਿਤ ਛੱਕਣ ਵੇਲੇ ਆਪ ਜੀ ਵੀ ਪੰਚਾਂ ਵਿਚ ਸ਼ਾਮਿਲ ਸਨ। ਸੰਨ 1914 ਵਿਚ ਜ਼ਿਲ੍ਹਾ ਲਾਇਲਪੁਰ ਦੀ ਬਾਰ ਵਿਚ ਬਾਊ ਮਲ ਸਿੰਘ ਜੀ ਦੇ ਵੱਡੇ ਭਰਾਤਾ ਭਾਈ ਵਰਿਆਮ ਸਿੰਘ ਜੀ ਦੇ ਸਮੂਹ ਪ੍ਰੀਵਾਰ ਜਿਸ ਵਿਚ ਪ੍ਰੋ. ਠਾਕੁਰ ਸਿੰਘ ਜੀ ਵੀ ਸ਼ਾਮਿਲ ਸਨ ਨੂੰ ਅੰਮ੍ਰਿਤ ਛਕਾਉਣ ਵੇਲੇ ਵੀ ਆਪ ਅੰਮ੍ਰਿਤ ਸੰਚਾਰ ਦੀ ਸੇਵਾ ਵਿਚ ਸ਼ਾਮਿਲ ਸਨ। ਡਾਕਟਰ ਗੁਰਬਖਸ਼ ਸਿੰਘ ਜੀ ਰਾਵਲਪਿੰਡੀ ਤੇ ਗਿਆਨੀ ਹੀਰਾ ਸਿੰਘ ਦਰਦ ਨੇ ਵੀ ਇਸ ਸਮਾਗਮ ਦੌਰਾਨ ਅੰਮ੍ਰਿਤ ਛੱਕਿਆ ਸੀ। ਭਾਈ ਸਾਹਿਬ ਜੀ ਦੇ ਜੇਲ ਯਾਤਰਾ ਦੌਰਾਨ, ਉਨ੍ਹਾਂ ਦੀ ਗੈਰ ਹਾਜ਼ਰੀ ਵਿਚ ਬਾਊ ਮਲ ਸਿੰਘ ਜੀ ਵਲੋਂ ਸ੍ਰੀ ਅਖੰਡ ਪਾਠਾਂ ਤੇ ਅੰਮ੍ਰਿਤ ਸੰਚਾਰ ਦੇ ਪ੍ਰਵਾਹ ਲਹਿੰਦੇ/ਚੜਦੇ ਪੰਜਾਬ ਦੇ ਪਿੰਡਾਂ ਅਤੇ ਸ਼ਹਿਰਾਂ ਵਿਚ ਚਲਾਏ ਗਏ। 1920 ਵਿਚ ਜੇਲ੍ਹ ਤੋਂ ਰਿਹਾਅ ਹੋਣ ਤੋਂ ਬਾਅਦ, ਆਪ ਜੀ ਅਤੇ ਗਿਆਨੀ ਦਲੀਪ ਸਿੰਘ ਜੀ ਫੁਲਾਂਵਾਲ, ਬਾਊ ਮਲ ਸਿੰਘ ਜੀ ਨੂੰ ਇਨ੍ਹਾਂ ਸਮਾਗਮਾਂ ਵਿਚ ਪੁੱਜ ਕੇ ਪੂਰਾ ਸਹਿਯੋਗ ਦਿੰਦੇ ਰਹੇ। ਬਹੁਤ ਲੰਮਾ ਸਮਾਂ ਆਪ ਜੀ ਨੇ ਇਹ ਸੇਵਾ ਨਿਬਾਹੀ।

9) ਜੇਲ ਯਾਤਰਾ ਤੋਂ ਪਹਿਲਾਂ ਭਾਈ ਸਾਹਿਬ ਜੀ ਜਥੇ ਸਮੇਤ ਗੁਰਧਾਮ ਯਾਤਰਾ 'ਤੇ ਨਿਕਲੇ, ਜਿਸ ਵਿਚ ਆਪ ਜੀ ਵੀ ਸ਼ਾਮਿਲ ਸਨ। ਗੱਡੀ ਰਾਹੀਂ ਕਿਲ੍ਹਾ ਰਾਇਪੁਰ ਤੋਂ ਸ੍ਰੀ ਅੰਮ੍ਰਿਤਸਰ ਕੀਰਤਨ ਕਰਦੇ ਹੀ ਪੁੱਜੇ। ਇਕ ਦਿਨ ਸ੍ਰੀ ਦਰਬਾਰ ਸਾਹਿਬ ਜੀ ਦੇ ਦਰਸ਼ਨ ਇਸ਼ਨਾਨ, ਅੰਮ੍ਰਿਤ ਵੇਲੇ ਕੀਰਤਨ ਦੇ ਲਾਹੇ ਲੈ ਕੇ ਫਿਰ ਜਥਾ ਪੈਦਲ ਹੀ ਕੀਰਤਨ ਕਰਦਾ ਹੋਇਆ, ਸ੍ਰੀ ਤਰਨ ਤਾਰਨ, ਖਡੂਰ ਸਾਹਿਬ, ਗੋਇੰਦਵਾਲ ਗੁਰਧਾਮਾਂ ਦੀ ਯਾਤਰਾ ਕਰਕੇ ਸ੍ਰੀ ਅੰਮ੍ਰਿਤਸਰ ਵਾਪਿਸ ਆ ਗਿਆ। ਇੱਥੇ ਹੀ ਇਕ ਐਤਵਾਰ ਵਾਲੇ ਦਿਨ, ਜਦ ਭਾਈ ਸਾਹਿਬ ਜੀ ਸਮਾਧੀ ਲਾ ਕੇ ਬੁੰਗੇ ਝੰਡੇ ਕੋਲ ਬੈਠੇ ਸਨ ਤੇ ਆਪ ਜੀ ਵੀ ਨਾਲ ਸਨ ਤਾਂ ਇਕ ਸਿਪਾਹੀ ਇਨ੍ਹਾਂ ਨੂੰ ਚੂੜ੍ਹੇ ਕਹਿ ਕੇ ਉਠਾਉਣ ਆ ਗਿਆ। ਪਰ ਭਾਈ ਸਾਹਿਬ ਜੀ ਅਡੋਲ ਸਮਾਧ ਸਥਿਤ ਬੈਠੇ ਰਹੇ, ਉਹ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਦਰੋਗਾ ਬੁਲਾ ਲਿਆ ਤੇ ਝਗੜਾ ਵੱਧ ਗਿਆ। ਇਤਨੇ ਨੂੰ ਕੁਝ ਖ਼ਾਲਸਾ ਕਾਲਜ ਦੇ ਵਿਦਿਆਰਥੀ, ਜੋ ਭਾਈ ਸਾਹਿਬ ਜੀ ਨੂੰ ਜਾਣਦੇ ਸਨ, ਹਾਕੀਆਂ ਸਮੇਤ ਉੱਥੇ ਆ ਗਏ ਤੇ ਉਨ੍ਹਾਂ ਪੁਲਿਸ ਵਾਲਿਆਂ ਨੂੰ ਕੁੱਟ ਕੇ ਭਜਾ ਦਿੱਤਾ। ਪੁਜਾਰੀ ਸਰਬਰਾਹ ਰੂੜ ਸਿੰਘ ਨੂੰ ਲੈ ਆਏ, ਉਸ ਨੇ ਆ ਕੇ ਝਗੜਾ ਨਿਬੇੜਿਆ। ਭਾਈ ਸਾਹਿਬ ਜੀ ਨੂੰ



www.AKJ.Org

ਆਪ ਅੰਦਰ ਲੈ ਕੇ ਗਿਆ ਤੇ ਮੁਆਫੀ ਮੰਗੀ। ਨਾਲ ਹੀ ਸਚਖੰਡ ਵਿਖੇ ਸ੍ਰੀ ਆਸਾ ਦੀ ਵਾਰ ਕੀਰਤਨ ਦੀ ਸੇਵਾ ਲਈ ਕਿਹਾ ਜੋ ਕਿ ਜਥੇ ਵਲੋਂ ਪਹਿਲੀ ਵਾਰ ਉੱਥੇ ਹੋਇਆ। ਸ਼ਹਿਰ ਦੀਆਂ ਸੰਗਤਾਂ ਵੀ ਉਮੱਡ ਕੇ ਆ ਗਈਆਂ। ਲਛਮੀ ਵੀ ਬਹੁਤ ਬਰਸੀ ਪਰ ਸਾਰੇ ਸਿੰਘ ਪਲੇ ਝਾੜ ਕੇ ਉੱਠ ਖਲੋਤੇ ਤੇ ਕਿਸੇ ਨੇ ਮਾਇਆ ਵੱਲ ਤੱਕਿਆ ਤੱਕ ਨਹੀਂ। ਪੁਜਾਰੀ ਬਹੁਤ ਖੁਸ਼ ਹੋ ਗਿਆ ਕਿਉਂਕਿ ਉਸ ਵੇਲੇ ਇਹ ਚੜ੍ਹਾਵਾ ਸਾਰਾ ਉਸ ਦਾ ਹੀ ਹੁੰਦਾ ਸੀ। ਇਥੋਂ ਚੱਲ ਕੇ ਜਥੇ ਨੇ ਛੇਹਰਟਾ, ਗੁਰੂ ਕੀ ਵਡਾਲੀ, ਸਤਲਾਣੀ ਸਾਹਿਬ ਦਰਸ਼ਨ ਕਰਕੇ ਲਾਹੌਰ ਡੇਰਾ ਸਾਹਿਬ ਦੇ ਦਰਸ਼ਨ ਕੀਤੇ। ਉੱਥੇ ਦਸ ਘੰਟੇ ਹਜ਼ੂਰੀ ਕੀਰਤਨ ਹੋਇਆ। ਇੱਥੇ ਵੀ ਸੰਗਤਾਂ ਨੇ ਬਹੁਤ ਪਿਆਰ ਕੀਤਾ ਤੇ ਕੀਰਤਨ ਦੇ ਲਾਹੇ ਲਏ। ਲਛਮੀ ਵੀ ਬਹੁਤ ਬਰਸੀ ਪਰ ਜਥੇ ਨੇ ਉੱਥੇ ਹੀ ਪਈ ਰਹਿਣ ਦਿੱਤੀ। ਉਥੋਂ ਸੰਗਤਾਂ ਨੇ ਟਿਕਟ ਨਨਕਾਣੇ ਸਾਹਿਬ ਦੇ ਲੈ ਦਿੱਤੇ। ਪਿਛਲਾ ਸਫਰ ਸਿੰਘਾਂ ਕੇ ਤੁਰ ਕੇ ਹੀ ਕੀਤਾ ਸੀ। ਉੱਥੇ ਅੰਮ੍ਰਿਤ ਵੇਲੇ ਦੀਵਾਨ ਵਿਚ ਰਾਗੀ ਹੀਰਾ ਸਿੰਘ ਭਾਗ ਸਿੰਘ ਕੀਰਤਨ ਕਰ ਰਹੇ ਸਨ, ਉਨ੍ਹਾਂ ਜਗ੍ਹਾ ਨਾ ਹੋਣ ਤੇ ਵੀ ਭਾਈ ਸਾਹਿਬ ਜੀ ਅਤੇ ਆਪ ਜੀ ਨੂੰ ਆਪਣੇ ਸਾਹਮਣੇ ਬਿਠਾ ਕੇ ਨਿਰੋਲ ਗੁਰਬਾਣੀ ਦਾ ਹੀ ਕੀਰਤਨ ਕੀਤਾ ਤੇ ਕੋਈ ਵਖਿਆਨ ਨਹੀਂ ਕੀਤਾ। ਇੱਥੇ ਤਿੰਨ ਦਿਨ ਰਹਿ ਕੇ ਜੱਥਾ ਲੁਧਿਆਣਾ ਵਾਪਿਸ ਆ ਗਿਆ।

10) ਸੰਨ 1914 ਵਿਚ ਪਹਿਲੀ ਸੰਸਾਰ ਯੁੱਧ ਆਰੰਭ ਹੋਇਆ ਤਾਂ ਦੇਸ਼ ਭਗਤ ਗਦਰੀ ਯੋਧੇ ਅਮਰੀਕਾ ਕੈਨੇਡਾ ਤੇ ਹੋਰ ਦੇਸ਼ਾਂ ਤੋਂ ਹਥਿਆਰ ਬੰਦ ਜਦੋ-ਜਹਿਦ ਕਰਕੇ ਅੰਗਰੇਜ਼ਾਂ ਨੂੰ ਕੱਢਣ ਵਾਸਤੇ ਆਪਣੇ ਵਤਨ ਪਰਤ ਆਏ। ਉਨ੍ਹਾਂ ਨੇ ਆ ਕੇ ਹਮ ਖਿਆਲੀ, ਦੇਸ਼/ਕੌਮ ਵਾਸਤੇ ਮਰ ਮਿੱਟਣ ਵਾਲੇ ਧਰਮੀ ਯੋਧਿਆਂ ਨਾਲ ਸੰਪਰਕ ਬਣਾਉਣਾ ਸ਼ੁਰੂ ਕੀਤਾ। ਇਸ ਸਿਲਸਿਲੇ ਵਿੱਚ ਭਾਈ ਸਾਹਿਬ ਜੀ ਤੇ ਜਥੇ ਦੇ ਹੋਰ ਸਿੰਘਾਂ ਨਾਲ ਉਨ੍ਹਾਂ ਮੁਲਾਕਾਤ ਕੀਤੀਆਂ। ਇਸ ਸਮੇਂ ਆਪ ਜੀ ਨੇ ਇਸ ਜਦੋ-ਜਹਿਦ ਦਾ ਵਿਰੋਧ ਵੀ ਕੀਤਾ ਪ੍ਰੰਤੂ ਧਾਂਦਰੇ ਪਿੰਡ ਵਿਚ ਹੋਈ ਮੀਟਿੰਗ ਵਿਚ ਭਾਈ ਸਾਹਿਬ ਜੀ ਨੇ ਆਉਣ ਵੇਲੇ ਸਮੇਂ ਵਿਚ ਭਾਣੇ ਵਿਚ ਰਹਿਣ ਅਤੇ ਉਸ ਨੂੰ ਮਿੱਠਾ ਕਰਕੇ ਮੰਨਣ ਹਿੱਤ ਸਾਥੀਆਂ ਸਮੇਤ ਗਦਰ ਲਹਿਰ ਵਿਚ ਸ਼ਾਮਿਲ ਹੋਣ ਦਾ ਫੈਸਲਾ ਕੀਤਾ ਅਤੇ ਫਿਰੋਜ਼ਪੁਰ ਛਾਉਣੀ ਤੇ ਕਬਜ਼ੇ ਲਈ ਜਥੇ ਸਮੇਤ ਉੱਥੇ ਗਏ, ਜਿਸ ਵਿਚ ਆਪ ਜੀ ਵੀ ਸ਼ਾਮਿਲ ਸਨ। ਇਕ ਮੁਖਬਰ ਕ੍ਰਿਪਾਲ ਸਿੰਘ ਦੀ ਇਤਲਾਹ ਦੇਣ ਤੇ ਇਹ ਜਦੋ-ਜਹਿਦ ਫੇਲ ਹੋ ਗਈ ਤੇ ਵਾਅਦਾ ਮੁਆਫ ਗਵਾਹਾਂ ਤੇ ਸਰਕਾਰ ਦੇ ਝੋਲੀ ਚੁੱਕ ਜੈਲਦਾਰਾਂ ਦੀ ਸੂਹ ਤੇ ਗ੍ਰਿਫਤਾਰੀਆਂ ਸ਼ੁਰੂ ਹੋ ਗਈਆਂ। ਭਾਈ ਸਾਹਿਬ ਜੀ ਉਸ ਵੇਲੇ ਆਪਣੇ ਪਿਤਾ ਜੀ ਕੋਲ ਨਾਭੇ ਸਨ, ਉੱਥੇ ਹੀ ਨਜ਼ਰਬੰਦ ਕੀਤੇ ਗਏ। ਲੋਹਟਬੱਦੀ ਥਾਣੇ ਰੱਖ ਕੇ ਲੁਧਿਆਣੇ ਲਿਆ ਕੇ ਗ੍ਰਿਫਤਾਰ ਕਰ ਲਿਆ। ਇਹ ਮਈ-ਜੂਨ ਸੰਨ 1915 ਦੀ ਵਾਰਤਾ ਹੈ। ਭਾਈ ਸਾਹਿਬ ਜੀ ਦੇ ਇਸ਼ਾਰੇ ਤੇ ਇਨ੍ਹਾਂ ਨੇ ਗਿਆਨੀ ਨਾਹਰ ਸਿੰਘ ਜੀ ਨਾਲ ਮਿਲਕੇ ਭਾਈ ਸਾਹਿਬ ਜੀ ਦੇ ਘਰ ਕੋਈ ਵੀ ਇਤਰਾਜ ਯੋਗ ਸਮੱਗਰੀ ਲਾਂਭੇ ਕਰ ਦਿੱਤੀ। ਇਸ ਦੌਰਾਨ ਆਪ ਜੀ ਨੂੰ ਗਿਆਨੀ ਨਾਹਰ ਸਿੰਘ, ਜਥੇਦਾਰ ਰਾਮ ਸਿੰਘ ਜੀ ਗੁਜਰਵਾਲ, ਗਿਆਨੀ ਹਰਿਭਜਨ ਸਿੰਘ ਚਮਿੰਡਾ ਸਮੇਤ ਗ੍ਰਿਫਤਾਰ ਕਰਕੇ ਲੁਧਿਆਣੇ ਕੋਤਵਾਲੀ ਵਿਚ ਲੈ ਆਂਦਾ ਗਿਆ। ਇਥੋਂ ਹੀ ਆਪ ਭਾਈ ਹਰਭਜਨ ਸਿੰਘ ਜੀ ਚਮਿੰਡਾ ਸਮੇਤ ਭਾਈ ਸਾਹਿਬ ਜੀ ਦੇ ਇਸ਼ਾਰੇ ਤੇ ਹਰਨ ਸਿਊ ਹੋ ਗਏ ਤੇ ਕਾਫੀ ਸਮਾਂ ਅਗਿਆਤ ਵਾਸ ਰਹੇ। ਬਾਅਦ ਵਿੱਚ ਇਨ੍ਹਾਂ ਨਾਲ ਗਿਆਨੀ ਦਲੀਪ ਸਿੰਘ ਫੁਲਾਂਵਾਲ ਵੀ ਆ ਰਲੇ ਸਨ। 3-4 ਮਹੀਨੇ ਬਾਅਦ ਆਪ ਆਪਣੇ ਪਿੰਡ ਆ ਕੇ ਘਰ ਵਿਚ ਰਹਿਣ ਲੱਗ ਪਏ ਤੇ ਫਿਰ ਆਪਣੀ ਸਿੰਘਣੀ ਦੇ ਇਸ਼ਾਰੇ ਤੇ ਹੋਰ ਸਿੰਘਾਂ ਦੇ ਕਹਿਣ ਤੇ ਅਕਤੂਬਰ 1915 ਨੂੰ ਆਪਣੇ ਆਪ ਹੀ ਸੈਂਟਰਲ ਜੇਲ ਲਾਹੌਰ ਜਾ ਕੇ ਪੁਲਿਸ ਦੇ ਸਪੁੱਰਦ ਕਰ ਦਿੱਤਾ।

11) ਭਾਈ ਸਾਹਿਬ ਜੀ ਅਤੇ ਆਪ ਜੀ ਸਮੇਤ ਉਨ੍ਹਾਂ ਦੇ ਹੋਰ ਸਾਥੀਆਂ ਖਿਲਾਫ ਦੂਜਾ ਸਾਜਿਸ਼ ਕੇਸ ਲਾਹੌਰ ਸ਼ੁਰੂ ਹੋਇਆ, ਜਿਸ ਵਿਚ ਆਪ ਜੀ ਨੂੰ ਉਮਰ ਕੈਦ ਤੇ ਜਾਇਦਾਦ ਜ਼ਬਤੀ ਦੀ ਸਜ਼ਾ ਹੋਈ, ਜੋ ਬਾਅਦ ਵਿਚ ਘਟ ਕੇ ਪੰਜ ਸਾਲ ਰਹਿ ਗਈ।


www.AKJ.Org

12) ਆਪ ਜੀ ਭਾਈ ਸਾਹਿਬ ਸਮੇਤ ਮੁਲਤਾਨ ਜੇਲ ਵਿਚ ਰਹੇ। ਉਸ ਜੇਲ ਵਿਚ ਭਾਈ ਸਾਹਿਬ ਜੀ ਨਾਲ ਕਰੜਾਈਆਂ ਅਤੇ ਜੇਲ੍ਹ ਦੀਆਂ ਸਖ਼ਤ ਸਜਾਵਾਂ ਇੰਨ੍ਹਾਂ ਨੇ ਆਪਣੇ ਅੱਖੀਂ ਦੇਖੀਆਂ ਜੋ ਕਿ ਡਿੱਠੇ ਸੁਣੇ ਹੱਡੀ ਵਾਪਰੇ ਬਿਰਤਾਂਤ ਵਾਲੇ ਲੇਖ ਵਿਚ ਸ਼ਾਮਿਲ ਹਨ। ਭਾਈ ਸਾਹਿਬ ਜੀ ਸੰਨ 1917 ਵਿਚ ਹਜ਼ਾਰੀ ਬਾਗ ਜੇਲ੍ਹ ਤਬਦੀਲ ਕਰ ਦਿੱਤੇ ਗਏ ਪਰ ਆਪ 1920 ਤਾਈਂ ਮੁਲਤਾਨ ਜੇਲ੍ਹ ਵਿਚ ਹੀ ਰਹੇ ਜਿਥੋਂ ਆਪ ਪੰਜ ਸਾਲ ਦੀ ਕੈਦ ਕੱਟ ਕੇ ਰਿਹਾਅ ਹੋਏ।

13) ਸੰਨ 1918 ਵਿਚ ਆਪ ਜੀ ਦੀ ਜੇਲ੍ਹ ਯਾਤਰਾ ਦੌਰਾਨ ਹੀ, ਆਪ ਜੀ ਦਾ ਇਕਲੌਤਾ ਭੁਜੰਗੀ ਤੇ ਸਿੰਘਣੀ ਬੀਬੀ ਜੋਗਿੰਦਰ ਕੌਰ ਜੀ ਗੁਰਪੁਰੀ ਸਿਧਾਰ ਗਏ।

14) ਰਿਹਾਈ ਤੋਂ ਬਾਅਦ ਆਪ ਜੀ ਕੋਲ ਰੁਜਗਾਰ ਦਾ ਕੋਈ ਸਾਧਨ ਨਹੀਂ ਸੀ। ਕੁਝ ਸਮਾਂ ਸਿੰਘਾਂ ਦੀ ਮਦਦ ਨਾਲ ਗੁਜ਼ਾਰਿਆ। ਫਿਰ ਆਪ ਭਾਈ ਸਾਹਿਬ ਜੀ ਦੇ ਪ੍ਰੀਵਾਰ ਦੀ ਸੇਵਾ ਸੰਭਾਲ ਤੇ ਬਾਊ ਜੀ ਨਾਲ ਸ੍ਰੀ ਅਖੰਡ ਪਾਠ ਅਤੇ ਕੀਰਤਨ ਸਮਾਗਮਾਂ ਅਤੇ ਪੁਰਾਤਨ ਸਿੰਘਾਂ ਦੇ ਘਰੀਂ ਮਹੀਨੇ ਬੱਧੀ ਰਹਿ ਕੇ ਸਮਾਂ ਗੁਜਾਰਦੇ ਰਹੇ।

15) ਭਾਈ ਸਾਹਿਬ ਜੀ ਦੇ ਸੱਦੇ ਤੇ ਸੰਨ 1921 ਵਿਚ ਆਪ ਬਾਊ ਜੀ ਤੇ ਹੋਰ ਸਿੰਘਾਂ ਕੋਲੋਂ ਕਿਰਾਇਆ ਲੈ ਕੇ ਬੇਬੇ ਕਰਤਾਰ ਕੌਰ ਜੀ ਸਮੇਤ ਹਜ਼ਾਰੀ ਬਾਗ ਜੇਲ੍ਹ ਵਿਚ ਮੁਲਾਕਾਤ ਲਈ ਗਏ ਅਤੇ ਵਾਪਸੀ ਤੇ ਸ੍ਰੀ ਪਟਨਾ ਸਾਹਿਬ ਦੇ ਗੁਰਧਾਮਾਂ ਦੀ ਯਾਤਰਾ ਕੀਤੀ।

16) ਨਾਗਪੁਰ ਜੇਲ੍ਹ ਵਿਚ ਭਾਈ ਸਾਹਿਬ ਜੀ ਤੇ ਜੇਲ੍ਹ ਹਾਕਮਾਂ ਵਲੋਂ ਕੀਤੇ ਅਤਿਆਚਾਰ ਅਤੇ ਉਨ੍ਹਾਂ ਦੀ ਧਰਮ ਪ੍ਰਤੱਗਿਆ ਤੋੜਨ ਤੇ ਆਪ ਜੀ ਸ਼੍ਰੋਮਣੀ ਕਮੇਟੀ ਅਤੇ ਸ੍ਰੀ ਬਾਊ ਜੀ ਦੀ ਸਹਾਇਤਾ ਨਾਲ ਭਾਈ ਸਾਹਿਬ ਜੀ ਦੀ ਖ਼ਬਰ ਸਾਰ ਲਈ ਨਾਗਪੁਰ ਗਏ। ਉੱਥੇ ਇਕ ਮਹੀਨਾ ਰਹਿ ਕੇ ਕਾਂਗਰਸੀ ਲੀਡਰਾਂ, ਵਕੀਲਾਂ, ਜੇਲ੍ਹ ਕਮੇਟੀ ਮੈਂਬਰਾਂ ਨੂੰ ਮਿਲ ਕੇ ਭਾਈ ਸਾਹਿਬ ਜੀ ਦੀ ਸਹਾਇਤਾ ਕਰਨ ਦਾ ਉਪਰਾਲਾ ਕਰਦੇ ਰਹੇ। ਉੱਥੇ ਭਾਈ ਸਾਹਿਬ ਜੀ ਨਾਲ ਮੁਲਾਕਾਤ ਵੀ ਕੀਤੀ ਤੇ ਉਨ੍ਹਾਂ ਦੀਆਂ ਹੱਥ ਲਿਖਤ ਕਾਫੀ ਚਿੱਠੀਆਂ ਗੁਪਤ ਵਸੀਲੇ ਰਾਹੀਂ ਲਿਆਏ। ਵਾਪਸੀ ਤੇ ਸ੍ਰੀ ਹਜ਼ੂਰ ਸਾਹਿਬ ਜੀ ਦੀ ਯਾਤਰਾ ਕਰਦੇ ਹੋਏ ਆਪਣੇ ਪਿੰਡ ਗੁਜਰਵਾਲ ਪਹੁੰਚੇ।

17) ਸੰਨ 1930 ਵਿਚ ਭਾਈ ਸਾਹਿਬ ਜੀ ਦੀ ਨਾਗਪੁਰ ਤੋਂ ਵਾਪਸੀ ਵੇਲੇ ਤਾਰ ਦੇਰ ਨਾਲ ਮਿਲਣ ਕਰਕੇ ਆਪ ਜੀ ਬੇਬੇ ਜੀ ਸਮੇਤ ਲੁਧਿਆਣੇ ਸਟੇਸ਼ਨ ਤੇ ਸਮੇਂ ਸਿਰ ਨਹੀਂ ਪਹੁੰਚ ਸਕੇ। ਪਰ ਆਪ ਉਥੋਂ ਅਗਲੀ ਗੱਡੀ ਫੜਕੇ ਲਾਹੌਰ ਪਹੁੰਚ ਕੇ ਭਾਈ ਸਾਹਿਬ ਜੀ ਨਾਲ ਮੁਲਾਕਾਤ ਕਰਕੇ ਆਏ ਅਤੇ ਉਨ੍ਹਾਂ ਦੀ ਜਲਦੀ ਰਿਹਾਈ ਦੀ ਖੁਸ਼ਖ਼ਬਰੀ ਵੀ ਲਿਆਏ।

18) ਭਾਈ ਸਾਹਿਬ ਜੀ ਦੀ ਜੇਲ੍ਹ ਤੋਂ ਰਿਹਾਈ ਬਾਅਦ ਆਪ ਉਨ੍ਹਾਂ ਦੇ ਸੰਗ ਸਾਥ ਹੀ ਸ੍ਰੀ ਅਖੰਡ ਪਾਠ, ਕੀਰਤਨ ਸਮਾਗਮਾਂ ਤੇ ਅੰਮ੍ਰਿਤ ਸੰਚਾਰ ਦੀ ਸੇਵਾ ਲਈ ਜੁੱਟੇ ਰਹੇ। ਸੰਸਾਰਕ ਜਿੰਮੇਵਾਰੀ ਤਾਂ ਕੋਈ ਹੈ ਹੀ ਨਹੀਂ ਸੀ, ਸੋ ਅਟੰਕ ਹੋ ਕੇ ਦਿਨ ਰਾਤ ਕੇਵਲ ਨਾਮ ਬਾਣੀ ਦੇ ਲਾਹੇ ਲੈਂਦੇ ਰਹੇ।

19) ਆਪ ਭਾਈ ਸਾਹਿਬ ਜੀ ਨਾਲ ਪਹਿਲਾਂ ਡਗਸ਼ਈ, ਫਿਰ ਕੁਮਾਰ ਹੱਟੀ ਸਮਾਗਮਾਂ ਤੇ ਜਾਂਦੇ ਰਹੇ ਤੇ ਗਰਮੀਆਂ ਦਾ ਸਾਰਾ ਮੌਸਮ ਡਗਸ਼ਈ ਰਹਿ ਕੇ ਹੀ ਗੁਜ਼ਾਰਦੇ ਸਨ। ਡਗਸ਼ਈ ਵਿਚ ਆਪ ਜੀ ਦਾ ਭਾਈ ਅਜਮੇਰ ਸਿੰਘ ਜੀ ਘੜੀ ਸਾਜ ਨਾਲ ਮਿਲਾਪ ਹੋ ਗਿਆ ਤੇ ਉਨ੍ਹਾਂ ਦੇ ਪ੍ਰੀਵਾਰ ਨਾਲ ਬਹੁਤ ਪਿਆਰ ਸੀ ਅਤੇ ਭਾਈ ਸਾਹਿਬ ਜੀ ਦੇ ਚੜਾਈ ਕਰਨ ਤੋਂ ਬਾਅਦ ਵੀ ਸਾਰੀਆਂ ਗਰਮੀਆਂ, ਉਨ੍ਹਾਂ ਕੋਲ ਹੀ ਗੁਜ਼ਾਰਦੇ ਸਨ।

20) ਸੰਨ 1940 ਤੋਂ ਬਾਅਦ ਸ਼ਿਮਲੇ ਵਿਚ, ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਦੇ ਕਈ ਦਫਤਰ ਤਬਦੀਲ ਹੋਣ ਨਾਲ ਉੱਥੇ ਜਥੇ ਦੀ ਕਈ ਪੁਰਾਤਨ ਸਿੰਘਾਂ ਦੇ ਪ੍ਰੀਵਾਰ ਆ ਜੁੜੇ ਅਤੇ ਅਖੰਡ ਕੀਰਤਨ ਦੇ ਪ੍ਰਵਾਹ ਚੱਲਣ ਲੱਗ ਪਏ। ਫਿਰ ਇੰਨ੍ਹਾਂ ਪ੍ਰੀਵਾਰਾਂ ਦੇ ਉਦਮ ਨਾਲ ਹਰ ਸਾਲ ਸ਼ਿਮਲੇ ਵਿਚ ਪੰਚਮ ਪਾਤਸ਼ਾਹ ਦਾ ਸ਼ਹੀਦੀ ਗੁਰਪੁਰਬ



www.AKJ.Org

ਮਨਾਉਣਾ ਸ਼ੁਰੂ ਹੋ ਗਿਆ ਜਿਸ ਦੇ ਮੁੱਖ ਪ੍ਰਬੰਧਕ ਭਾਈ ਹਰਚਰਨ ਸਿੰਘ ਜੀ ਚੰਡੀਗੜ੍ਹ ਹੁੰਦੇ ਸਨ। ਇਥੇ ਹੀ ਜਥੇ ਦੇ ਅਨੇਕ ਪੁਰਾਤਨ ਸਿੰਘ, ਅੰਮ੍ਰਿਤ ਛੱਡ ਕੇ ਤਿਆਰ-ਬਰ-ਤਿਆਰ ਹੋਏ ਜਿੰਨ੍ਹਾਂ ਵਿਚ ਭਾਈ ਨੌਹਰੀਆਂ ਸਿੰਘ, ਭਾਈ ਮਿਹਰ ਸਿੰਘ, ਭਾਈ ਰਤਨ ਸਿੰਘ ਮਸਤਾਨਾ, ਭਾਈ ਦਰਸ਼ਨ ਸਿੰਘ ਜੀ ਦਿਲਰੁਬਾ, ਭਾਈ ਜੋਧ ਸਿੰਘ ਜੀ ਆਦਿ ਵਰਣਨ ਯੋਗ ਹਨ। ਇੱਥੇ ਹੀ ਆਪ ਜੀ ਦੇ ਭਾਈ ਹਰਚਰਨ ਸਿੰਘ ਚੰਡੀਗੜ੍ਹ ਅਤੇ ਭਾਈ ਜੋਧ ਸਿੰਘ ਦੀ ਪ੍ਰੀਵਾਰਾਂ ਨਾਲ ਬਹੁਤ ਡੂੰਘੇ ਸੰਬੰਧ ਬਣ ਗਏ। ਆਪ ਜੀ ਗਰਮੀਆਂ ਡਗਸ਼ਈ ਰਹਿਣ ਤੋਂ ਬਾਅਦ ਦੋ ਮਹੀਨੇ ਚੰਡੀਗੜ੍ਹ ਆ ਕੇ ਭਾਈ ਹਰਚਰਨ ਸਿੰਘ ਜੀ ਕੋਲ ਚਹਿਰਦੇ ਸਨ। ਉਥੋਂ ਆਪ ਦਿੱਲੀ ਭਾਈ ਜੋਧ ਸਿੰਘ ਜੀ ਕੋਲ ਦੁਸਹਿਰੇ ਸਮਾਗਮ ਤੇ ਚਲੇ ਜਾਂਦੇ ਸਨ। ਉਥੇ ਆਪ ਜੀ ਦਾ ਸੰਬੰਧ ਭਾਈ ਰਾਮ ਸਿੰਘ (ਜੋ ਕਿ ਇਕ ਉਚ ਸਰਕਾਰੀ ਅਹੁਦੇ ਤੇ ਕੰਮ ਕਰਦੇ ਸਨ ਤੇ ਉਨ੍ਹਾਂ ਕੋਲ ਬਹੁਤ ਵੱਡਾ ਬੰਗਲਾ ਸੀ) ਨਾਲ ਹੋ ਗਿਆ ਜੋ ਕਿ ਅਖ਼ੀਰ ਤਾਈਂ ਤੋੜ ਨਿਭਿਆ।

21) ਭਾਈ ਰਾਮ ਸਿੰਘ ਜੀ ਨੇ ਸੇਵਾ ਮੁਕਤ ਹੋਣ ਤੋਂ ਬਾਅਦ ਪਟਿਆਲਾ ਸ਼ਹਿਰ ਦੇ ਬਾਹਰ ਖੇਤਾ ਵਿਚ ਇਕ ਬਹੁਤ ਵੱਡਾ ਫਾਰਮ ਬਣਾ ਲਿਆ। ਆਪ ਜੀ ਵੀ ਵਡੇਰੀ ਆਯੂ ਹੋਣ ਕਰਕੇ ਉਨ੍ਹਾਂ ਕੋਲ ਹੀ ਰਹਿਣ ਲੱਗ ਪਏ ਤੇ ਨਾਮ ਬਾਣੀ ਦੇ ਲਾਹੇ ਲੈਂਦੇ ਰਹੇ। ਭਾਈ ਰਾਮ ਸਿੰਘ ਜੀ ਦੇ ਬਿਰਧ ਹੋਣ ਤੇ ਉਹ ਆਪਣੇ ਸਪੁੱਤਰ ਕੋਲ ਪਟਿਆਲੇ ਤੋਂ ਚੰਡੀਗੜ੍ਹ ਆ ਗਏ। ਆਪ ਵੀ ਉਨ੍ਹਾਂ ਸਾਥ ਚੰਡੀਗੜ੍ਹ ਹੀ ਰਹਿੰਦੇ ਰਹੇ ਤੇ ਇੱਥੇ ਹੀ ਆਖਰੀ ਦਮ ਤਾਈਂ ਰਹੇ। ਪਟਿਆਲੇ ਰਹਿੰਦਿਆਂ ਹੀ ਆਪ ਜੀ ਦਾ ਮੇਲ ਡਾ. ਕੁਲਦੀਪ ਕੌਰ ਜੀ ਸਪੁੱਤਰੀ ਮਾਸਟਰ ਸੁੰਦਰ ਸਿੰਘ ਜੀ ਜਲੰਧਰ ਨਾਲ ਹੋਇਆ ਕਿਉਂਕਿ ਭਾਈ ਰਾਮ ਸਿੰਘ ਜੀ ਦਾ ਫਾਰਮ, ਪੰਜਾਬੀ ਯੂਨੀਵਰਸਿਟੀ ਪਟਿਆਲੇ ਜਿਥੇ ਕਿ ਉਹ ਨੌਕਰੀ ਕਰਦੇ ਸਨ, ਦੇ ਲਾਗੇ ਹੀ ਸੀ। ਇਥੇ ਹੀ ਆਪ ਜੀ ਨੇ ਵਡੇਰੀ ਉਮਰ ਵਿਚ ਸੂਰਾ ਮਾਸਿਕ ਪੱਤਰ ਵਿਚ ਭਾਈ ਸਾਹਿਲ ਜੀ ਦੇ ਜੀਵਨ ਸੰਬੰਧੀ ਅੱਖੀ ਡਿੱਠੇ ਹੱਡੀ ਵਾਪਰੇ ਬਿਰਤਾਂਤ ਸਬੰਧੀ 13 ਲੇਖ ਲਿਖੇ ਜੋ ਕਿ ਅਪ੍ਰੈਲ 1966 ਤੋਂ ਅਪ੍ਰੈਲ 1967 ਤਾਈਂ ਛੱਪਦੇ ਰਹੇ। ਫਿਰ ਇਕ ਲੇਖ ਆਪਣੇ ਪਰਮ ਪਿਆਰੇ ਮਿੱਤਰ ਕਰਨਲ ਪਿਆਰਾ ਸਿੰਘ ਜੀ ਜੈਪੁਰ ਦੇ ਜੀਵਨ ਸੰਬੰਧੀ ਵੀ ਲਿਖ ਕੇ ਸੂਰਾ ਪੱਤਰ ਵਿਚ ਛਾਪਿਆ।

22) ਸੰਨ 1972 ਵਿਚ ਭਾਰਤ ਸਰਕਾਰ ਵਲੋਂ ਸੁਤੰਤਰਤਾ ਸੰਗਰਾਮੀਆਂ ਨੂੰ ਤਾਂਬਰਮ ਪੱਤਰ ਦਿੱਤੇ ਗਏ ਜਿਸ ਵਾਸਤੇ ਲਾਲ ਕਿਲ੍ਹੇ ਵਿਚ ਸਮਾਗਮ ਰੱਖਿਆ ਗਿਆ। ਉੱਥੇ ਆਪ ਨੂੰ ਵੀ ਇਹ ਸਨਮਾਨ ਦਿੱਤਾ ਗਿਆ। ਸੁਤੰਤਰਾ ਸੰਗਰਾਮੀਆਂ ਵਾਲੀ ਪੈਨਸ਼ਨ ਤਾਂ ਆਪ ਨੂੰ ਦੇਸ਼ ਅਜ਼ਾਦ ਹੋਣ ਤੋਂ ਬਾਅਦ ਹੀ ਲੱਗ ਗਈ ਸੀ।

23) ਆਪ ਜੀ ਨੂੰ ਆਪਣੀ ਅਖ਼ੀਰਲੀ ਆਯੂ ਵਿਚ ਬਹੁਤ ਸਰੀਰਕ ਕਸ਼ਟ ਭੋਗਣਾ ਪਿਆ। ਇਕ ਨਾਮੁਰਾਦ ਬੀਮਾਰੀ ਕਾਰਨ ਆਪ ਦਾ ਸਰੀਰ ਸੁਕੜ ਕੇ ਹੱਡੀਆਂ ਦੀ ਮੁੱਠੀ ਹੀ ਬਣ ਗਿਆ ਸੀ। ਆਪ ਲੰਬਾ ਸਮਾਂ ਪਹਿਲਾਂ ਚੰਡੀਗੜ੍ਹ ਦੇ 16 ਸੈਕਟਰ ਹਸਪਤਾਲ ਅਤੇ ਫਿਰ ਪੀ.ਜੀ.ਆਈ ਚੰਡੀਗੜ੍ਹ ਵਿਚ ਦਾਖਿਲ ਰਹੇ। ਸਵਤੰਤਰਤਾ ਸੰਗਰਾਮੀ ਹੋਣ ਕਾਰਨ ਆਪ ਦਾ ਸਾਰਾ ਇਲਾਜ ਮੁੱਫਤ ਹੁੰਦਾ ਰਿਹਾ। ਅਖ਼ੀਰ ਮਿਤੀ 10 ਨਵੰਬਰ 1975 ਨੂੰ ਇਹ ਗੁਰਮੁਖ ਪਿਆਰੀ ਰੂਹ ਇਸ ਸੰਸਾਰ ਨੂੰ ਅਲਵਿਦਾ ਕਹਿ ਕੇ ਗੁਰੂ ਚਰਨਾਂ ਵਿਚ ਜਾ ਨਿਵਾਜੀ। ਇਨ੍ਹਾਂ ਦੇ ਆਤਮਿਕ ਸਹਾਇਤਾ ਲਈ ਸ੍ਰੀ ਅਖੰਡ ਪਾਠ ਸਾਹਿਬ ਤੇ ਕੀਰਤਨ ਸਮਾਗਮ ਦੀ ਸੇਵਾ ਇੰਨ੍ਹਾਂ ਦੇ ਅਤਿ ਨਿਕਟਵਰਤੀ ਪਿਆਰੇ ਭਾਈ ਹਰਚਰਨ ਸਿੰਘ ਚੰਡੀਗੜ੍ਹ ਨੇ ਕੀਤੀ।



www.AKJ.Org

# ਰੰਗਲੇ ਸੱਜਣ ਗਿਆਨੀ ਦਲੀਪ ਸਿੰਘ ਜੀ ਫੁਲਾਂਵਾਲ

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਮੁੱਢਲੇ ਕੁਝ ਕੁ ਨਿਕਟਵਰਤੀ ਰੰਗਲੇ ਸੱਜਣ ਵਿਚੋਂ ਭਾਈ ਦਲੀਪ ਸਿੰਘ ਜੀ ਫੁੱਲਾਂਵਾਲ ਸਨ ਜਿੰਨਾਂ ਦੇਸ਼ ਦੀ ਅਜਾਦੀ ਖਾਤਰ ਜੇਲ ਵੀ ਕੱਟੀ ਅਤੇ ਲੰਬਾ ਸਮਾਂ ਪੰਚਾਂ ਦੀ ਸੇਵਾ ਕਰਕੇ ਬੇਅੰਤ ਪ੍ਰਾਣੀਆਂ ਨੂੰ ਗੁਰੂ ਨਾਲ ਜੋੜਿਆ। ਉਹ ਜੋਤ ਜਗੰਨੇ ਅਤੇ ਆਤਮ ਵਿਗਾਸੀ ਗੁਰਮੁਖ ਜਨ ਸਨ, ਜਿਨ੍ਹਾਂ ਦਾ ਜਨਮ ਮਿਤੀ 1 ਅਪ੍ਰੈਲ 1899 ਨੂੰ ਪਿੰਡ ਫੁਲਾਂਵਾਲ ਮਾਤਾ ਮਹਿਤਾਬ ਕੌਰ ਜੀ ਦੀ ਕੁੱਖੋਂ ਪਿਤਾ ਸ. ਹਮੀਰ ਸਿੰਘ ਦੇ ਘਰ ਹੋਇਆ। ਇਨ੍ਹਾਂ ਦੇ ਮਾਂ-ਬਾਪ ਦਾ ਸਾਇਆ ਬਚਪਨ ਵਿਚ ਹੀ ਸਿਰੋਂ ਉੱਠ ਗਿਆ ਸੀ ਤੇ ਇਨ੍ਹਾਂ ਦੇ ਦਾਦੇ-ਦਾਦੀ ਤੇ ਹੋਰ ਸੰਬੰਧੀਆਂ ਨੇ ਪਾਲਣਾ ਪੋਸ਼ਣਾ ਕੀਤੀ। ਆਪ ਜੀ ਦਾ ਅਨੰਦ ਕਾਰਜ ਉਸ ਵੇਲੇ ਦੇ ਰਿਵਾਜ਼ ਮੁਤਾਬਕ ਛੋਟੀ ਉਮਰ ਵਿਚ ਹੀ ਬੀਬੀ ਸੁੰਦਰ ਕੌਰ ਜੀ ਨਾਲ ਹੋਇਆ ਜੋ ਕਿ ਇਨ੍ਹਾਂ ਦੀ ਗੁਰਸਿਖੀ ਰਹਿਤ ਬਹਿਤ ਨਿਭਾਉਣ ਵਿਚ, ਸਾਰੀ ਆਯੂ ਇਕ ਆਗਿਆਕਾਰ ਪਤੀਬ੍ਰਤ ਔਰਤ ਦੀ ਤਰ੍ਹਾਂ ਪੂਰਾ ਸਾਥ ਦਿੰਦੇ ਰਹੇ। ਬੀਬੀ ਜੀ ਜੂਨ 1969 ਵਿਚ ਫੁਲਾਂਵਾਲ ਵਿਖੇ ਹੀ ਚੜ੍ਹਾਈ ਕਰ ਗਏ ਸਨ।

**ਸੰਪਾਦਕੀ ਨੋਟ** : ਇਸ ਤੋਂ ਅੱਗੇ ਗਿਆਨੀ ਜੀ ਵਲੋਂ ਆਪਣੇ ਕਰ ਕਮਲਾਂ ਨਾਲ ਲਿਖੀ ਹੱਡ ਵਾਰਤਾ "ਅਖੰਡ ਕੀਰਤਨ ਤਿਨਿ ਭੋਜਨੁ ਚੂਰਾ॥" ਦੇ ਸਿਰਲੇਖ ਹੇਠ ਜੋ 'ਸੋ ਕਹੀਅਤ ਹੈ ਸੂਰਾ' ਰਸਾਲੇ ਦੇ ਸਤੰਬਰ 2018 ਦੇ ਅੰਕ ਵਿਚ ਛਪੀ ਸੀ, ਦਰਜ ਹੈ।

ਜਦੋਂ ਮੈਂ ਪ੍ਰਾਇਮਰੀ ਸਕੂਲ ਦਾ ਵਿਦਿਆਰਥੀ ਸੀ, ਓਦੋਂ ਸਿੰਘ ਸਭਾ ਮੂਵਮੈਂਟ (ਲਹਿਰ) ਪੂਰੇ ਜ਼ੋਰਾਂ 'ਤੇ ਸੀ। ਸਾਡੇ ਪਿੰਡ ਫੁਲਾਂਵਾਲ ਦੋ ਜੱਥੇ ਸ਼ਬਦ ਕੀਰਤਨ ਕਰਨ ਵਾਲੇ ਹੁੰਦੇ ਸਨ - ਇਕ ਵੱਡੇ ਗੁਰਸਿੱਖਾਂ ਦਾ ਅਤੇ ਇਕ ਸਾਡਾ ਭੁਝੰਗੀ ਜੱਥਾ। ਸਾਡੇ ਜੱਥੇਦਾਰ ਭਾਈ ਮਸਤਾਨ ਸਿੰਘ ਜੀ ਹੋਇਆ ਕਰਦੇ ਸਨ। ਆਮ ਪਿੰਡਾਂ ਵਿਚ ਸਾਲਾਨਾ ਸਮਾਗਮ ਸਿੰਘ ਸਭਾ ਦੇ ਹੋਇਆ ਕਰਦੇ ਸਨ ਅਤੇ ਸਾਡੇ ਦੋਨੋਂ ਜੱਥੇ ਇਹਨਾਂ ਸਮਾਗਮਾਂ ਵਿਚ ਸ਼ਾਮਲ ਹੁੰਦੇ ਅਤੇ ਕੀਰਤਨ ਦੀ ਸੇਵਾ ਕਰਦੇ। ਇਹੋ ਜਿਹਾ ਇਕ ਸਮਾਗਮ ਭਾਈ ਲਾਲ ਸਿੰਘ ਜੀ ਦੇ ਪ੍ਰਬੰਧ ਹੇਠ ਲਲਤੋਂ ਖੁਰਦ ਵਿਚ ਹੋਇਆ। ਭਾਈ ਸਾਹਿਬ ਰਣਧੀਰ ਸਿੰਘ ਜੀ ਦਾ ਉਹਨਾਂ ਨਾਲ ਬਹੁਤ ਪਰੇਮ ਸੀ। ਭਾਈ ਲਾਲ ਸਿੰਘ ਜੀ ਭਾਈ ਸਾਹਿਬ ਜੀ ਨੂੰ ਸਿੰਘ ਸਭਾ ਲਲਤੋਂ ਦੇ ਸਾਲਾਨਾ ਸਮਾਗਮ ਤੇ ਉਚੇਚਾ ਬਲਾਉਂਦੇ ਅਤੇ ਭਾਈ ਸਾਹਿਬ ਜੀ ਬੜੇ ਪਰੇਮ ਨਾਲ ਸਮਾਗਮ ਵਿਚ ਸ਼ਾਮਲ ਹੁੰਦੇ। ਓਦੋਂ ਮੈਂ ਲਲਤੋਂ ਸਕੂਲ ਵਿਚ ਪੰਜਵੀਂ ਵਿਚ ਪੜਦਾ ਸੀ। ਸਾਡੇ ਪਿੰਡ ਦੇ ਦੋਨੋਂ ਜੱਥੇ ਵੀ ਇਸ ਸਮਾਗਮ ਵਿਚ ਸ਼ਾਮਲ ਹੋਣ ਲਈ ਗਏ। ਅਸੀਂ ਭਾਈ ਸਾਹਿਬ ਤੋਂ ਪਹਿਲਾਂ ਲਲਤੋਂ ਪੁਜ ਗਏ। ਸਾਰੇ ਭੁਝੰਗੀ ਪ੍ਰਸ਼ਾਦਾ ਛਕ ਕੇ ਇਕ ਕੋਠੇ (ਛਤ) ਤੇ ਰਾਤ ਬਿਸਰਾਮ ਲਈ ਟਿਕ ਗਏ। ਭਾਈ ਸਾਹਿਬ ਰਣਧੀਰ ਸਿੰਘ ਜੀ ਜੱਥੇ ਸਮੇਤ ਕੀਰਤਨ ਕਰਦੇ ਹੋਏ ਪੁਜੇ। ਸਾਰੇ ਭੁਝੰਗੀ ਸੰਗਤ ਦੇ ਦਰਸ਼ਨਾਂ ਲਈ ਉਠ ਕੇ ਬਨੇਰੇ ਤੇ ਆ ਗਏ। ਭਾਈ ਸਾਹਿਬ ਜੀ ਉਸ ਵੇਲੇ ਧਾਰਨਾ ਨਾਲ ਕੀਰਤਨ ਕਰ ਰਹੇ ਸਨ : **'ਮਨੁ ਨ ਧੀਰੈ ਇਹੁ ਮਨ ਨ ਧੀਰੈ ਪ੍ਰਿਅ ਪ੍ਰੀਤਮ ਬੈਰਾਗੁ ਹਿਰੈ॥'**

ਦੂਸਰੇ ਦਿਨ ਅੰਮ੍ਰਿਤ ਵੇਲੇ ਕਿਲਾ ਰਾਏਪੁਰ ਵਾਲੇ ਗਿਆਨੀ ਇੰਦਰ ਸਿੰਘ ਜੀ ਨੇ ਆਸਾ ਦੀ ਵਾਰ ਦਾ ਕੀਰਤਨ ਕੀਤਾ। ਉਸ ਤੋਂ ਬਾਦ ਕਥਾ ਹੋਈ। ਫੇਰ ਕੋਈ ਇਕ ਵਜੇ ਦੇ ਕਰੀਬ ਭਾਈ ਸਾਹਿਬ ਰਣਧੀਰ ਸਿੰਘ ਜੀ ਦਾ ਜਥਾ ਕੀਰਤਨ ਲਈ ਸੱਜ ਗਿਆ। ਭਾਈ ਮਸਤਾਨ ਸਿੰਘ ਜੀ ਤੇ ਮੈਂ ਐਨ ਭਾਈ ਸਾਹਿਬ ਜੀ ਹੁਰਾਂ ਦੇ ਸਨਮੁਖ ਬੈਠੇ ਸੀ। ਕੀਰਤਨ ਆਰੰਭ ਕਰਨ ਲਈ ਬਾਜੇ ਦੀਆਂ ਸੁਰਾਂ ਤੇ ਹੱਥ ਰਖਦੇ ਸਾਰ ਹੀ, ਭਾਈ ਸਾਹਿਬ ਜੀ ਦਾ ਚਿਹਰਾ, ਜਿਸ ਤਰ੍ਹਾਂ ਦੀ ਕੋਈ ਲਾਲ ਮਤਾਬੀ ਹੁੰਦੀ ਹੈ, ਇਸ ਤਰ੍ਹਾਂ ਬੜਾ ਰੌਸ਼ਨ ਹੋ ਗਿਆ। ਮੇਰੇ ਦਿਲ ਉਤੇ ਇਸਦਾ ਇਤਨਾ ਪ੍ਰਭਾਵ ਪਿਆ ਕਿ ਮੈਂ ਭਾਈ ਮਸਤਾਨ ਸਿੰਘ ਜੀ ਨੂੰ ਹੌਲੀ ਦੇ ਕੇ ਕਿਹਾ, "ਇਹਨਾਂ ਦੇ ਅੰਦਰ ਕੋਈ ਵਿਲਖਣ ਸ਼ਕਤੀ ਲਗਦੀ ਹੈ। ਆਮ ਰਾਗੀ ਕੀਰਤਨ ਕਰਦੇ ਹਨ, ਓਹਨਾਂ ਤੇ ਇਹ ਰੰਗ ਨਹੀਂ ਆਉਂਦੇ ਜੋ ਇਹਨਾਂ ਦੇ ਚੇਹਰੇ ਤੇ ਆਏ ਹਨ। ਜੇ



www.AKJ.Org

ਜ਼ਿੰਦਗੀ ਦਾ ਆਨੰਦ ਮਾਨਣਾ ਹੋਵੇ ਤਾਂ ਇਹੋ ਜਿਹੇ ਗੁਰਮੁਖਾਂ ਦੀ ਸੰਗਤ ਵਿਚ ਚਲਾ ਜਾਵੇ।" ਵਾਹਿਗੁਰੂ ਨੇ ਸ਼ਾਇਦ ਮੇਰੇ ਦਿਲ ਦੀ ਇਹ ਆਵਾਜ਼ ਸੁਣ ਲਈ ਤੇ ਮੈਂ ਛੇਤੀ ਹੀ ਉਹਨਾਂ ਦੇ ਪ੍ਰੇਮ ਦਾ ਪਾਤਰ ਬਣ ਗਿਆ। ਭਾਈ ਸਾਹਿਬ ਜੀ ਦੇ ਇਹ ਪਹਿਲੇ ਦਰਸ਼ਨ ਸਨ।

ਪੰਜਵੀਂ ਜਮਾਤ ਪਾਸ ਕਰਨ ਤੋਂ ਬਾਅਦ ਮੈਂ ਮਾਲਵਾ ਖਾਲਸਾ ਹਾਈ ਸਕੂਲ ਲੁਧਿਆਣਾ ਵਿਚ ਜਾ ਦਾਖਲ ਹੋਇਆ। ਆਪਣੀ ਕਲਾਸ ਵਿਚ ਪਹਿਲੇ ਨੰਬਰ ਤੇ ਹੋਣ ਕਾਰਨ, ਮੇਰੀ ਫ਼ੀਸ ਅਤੇ ਹੋਸਟਲ ਦਾ ਸਾਰਾ ਖਰਚਾ ਮਾਫ਼ ਸਨ। ਖ਼ਾਲਸਾ ਸਕੂਲ ਵਿਚ ਬੁਧਵਾਰ ਨੂੰ ਵੀ ਅੱਧੇ ਦਿਨ ਦੀ ਛੁੱਟੀ ਹੁੰਦੀ ਸੀ ਅਤੇ ਇਸ ਛੁਟੀ ਵਿਚ ਹੋਸਟਲ ਦੇ ਗੁਰਦੁਆਰੇ ਵਿਚ ਦੀਵਾਨ ਲਗਦਾ ਸੀ ਜਿਸ ਵਿਚ ਭਾਈ ਸਾਹਿਬ ਕੀਰਤਨ ਕਰਦੇ ਹੁੰਦੇ ਸਨ। ਅਸੀਂ ਇਨ੍ਹਾਂ ਦੇ ਪਿਛੇ ਬੈਠ ਜਾਂਦੇ ਅਤੇ ਜੋ ਸ਼ਬਦ ਨਾਲ ਬੋਲ ਸਕਦੇ, ਬੋਲਦੇ।

ਸੰਨ 1913 ਵਿਚ ਭਾਈ ਸਾਹਿਬ ਦੇ ਇਕ ਸਾਥੀ, ਭਾਈ ਅਤਰ ਸਿੰਘ ਜੀ, ਜੋ ਫੌਜ ਦੀ ਨੌਕਰੀ ਛੱਡਣ ਤੋਂ ਬਾਅਦ ਲੁਧਿਆਣੇ ਆਪਣੇ ਭਰਾ ਕਾਹਨ ਸਿੰਘ, ਜੋ ਆਰੀਆ ਸਕੂਲ ਵਿਚ ਮਾਸਟਰ ਸੀ, ਕੋਲ ਹੀ ਰਹਿੰਦੇ ਸਨ। ਇਕ ਦਫ਼ਾ ਦੋ ਤਿੰਨ ਛੁਟੀਆਂ ਸਨ। ਭਾਈ ਅਤਰ ਸਿੰਘ ਜੀ ਨੇ ਦਸਿਆ ਕਿ ਗੁਜਰਵਾਲ ਪਿੰਡ ਵਿਚ ਅਖੰਡ ਪਾਠ ਸਮਾਗਮ ਹੈ। ਮੈਂ ਉਹਨਾਂ ਦੇ ਨਾਲ ਚਲਾ ਗਿਆ। ਅਸੀਂ ਰਾਤ ਨੂੰ ਕਿਲਾ ਰਾਏਪੁਰ ਸਟੇਸ਼ਨ ਤੇ ਗੱਡੀ ਤੋਂ ਉਤਰੇ, ਬੜਾ ਹਨੇਰਾ ਸੀ। ਅਸੀਂ ਠੇਡੇ ਖਾਂਦੇ ਜਾ ਰਹੇ ਸਾਂ। ਮੈਂ ਭਾਈ ਅਤਰ ਸਿੰਘ ਜੀ ਨੂੰ ਕਿਹਾ, "ਭਾਈ ਅਤਰ ਸਿੰਘ ਜੀ ਆਪਾਂ ਕੋਈ ਲਾਲਟੈਣ ਨਾ ਲੈ ਆਏ, ਬੜਾ ਹਨੇਰਾ ਹੈ, ਦੀਹਦਾ ਕੁਛ ਨਹੀਂ ਬੜਾ ਉਚਾ-ਨੀਵਾਂ ਥਾਂ ਹੈ।" ਆਖਣ ਲਗੇ, "ਕੋਈ ਨਹੀਂ, ਆਹਿਸਤਾ ਆਹਿਸਤਾ ਪਹੁੰਚ ਜਾਵਾਂਗੇ।" ਕੁਛ ਦੂਰ ਹੀ ਗਏ ਸੀ ਕਿ ਸਾਨੂੰ ਇਕ ਚਾਨਣਾ, ਆਪਣੀ ਵਲ ਆਉਂਦਾ ਦਿਖਾਈ ਦਿੱਤਾ। ਜਦ ਅਸੀਂ ਨਾਰੰਗਵਾਲ ਦੇ ਬਰਾਬਰ ਜਹੇ ਪੁਜੇ, ਭਾਈ ਸਾਹਿਬ ਜੀ ਨੇ ਆ ਫ਼ਤਹ ਬੁਲਾਈ ਅਤੇ ਕਹਿਣ ਲੱਗੇ, "ਤੁਸੀਂ ਲਾਲਟੈਣ ਦੀ ਮੰਗ ਕੀਤੀ ਸੀ, ਮੈਂ ਲੈ ਕੇ ਹਾਜ਼ਰ ਹੋ ਗਿਆ ਹਾਂ ਸੇਵਾ ਵਿਚ। ਮੈਂ ਉਹਨਾਂ ਦੀ ਨਿਮਰਤਾ ਅਤੇ ਅੰਤਰਯਾਮਤਾ ਦੇਖ ਕੇ ਬਹੁਤ ਹੈਰਾਨ ਹੋਇਆ ਕਿ ਬੜੀਆਂ ਨਾਮ ਦੀਆਂ ਕਮਾਈਆਂ ਹਨ।

ਉਥੋਂ ਭਾਈ ਸਾਹਿਬ ਨਾਲ ਅਸੀਂ ਗੁਜਰਵਾਲ ਜਥੇਦਾਰ ਰਾਮ ਸਿੰਘ ਜੀ ਦੇ ਘਰ ਪੁਜੇ। ਸਮਾਗਮ ਸ਼ੁਰੂ ਹੋਣ ਤੋਂ ਪਹਿਲਾਂ, ਗਿਆਨੀ ਹਰਭਜਨ ਸਿੰਘ ਅਤੇ ਮੈਂ ਭਾਈ ਸਾਹਿਬ ਜੀ ਕੋਲ ਅੰਮ੍ਰਿਤ ਛਕਣ ਦੀ ਇਛਾ ਪ੍ਰਗਟ ਕੀਤੀ। ਭਾਈ ਸਾਹਿਬ ਕਹਿਣ ਲੱਗੇ, "ਅਛਾ, ਸਕੇਸ਼ੀ ਇਸ਼ਨਾਨ ਕਰ ਲਓ, ਜਿਸ ਵੇਲੇ ਅਖੰਡ ਪਾਠ ਅਰੰਭ ਹੋਵੇ, ਬੈਠ ਜਾਓ ਅਤੇ ਸਾਰਾ ਪਾਠ ਸਰਵਣ ਕਰੋ।" ਅਸੀਂ ਆਗਿਆ ਅਨੁਸਾਰ ਸੱਚੇ ਪਾਤਸ਼ਾਹ ਦੀ ਹਜ਼ੂਰੀ ਵਿਚ ਬੈਠ ਗਏ ਅਤੇ ਸਾਰਾ ਪਾਠ ਸਰਵਣ ਕੀਤਾ। ਸਿਰੀ ਆਸਾ ਜੀ ਦੀ ਵਾਰ ਦਾ ਕੀਰਤਨ ਹੋਇਆ, ਜਿਸਦੀ ਸਮਾਪਤੀ ਤੇ, ਕੋਈ ਦਸ ਵਜੇ ਦੇ ਕਰੀਬ, ਪੰਜਾਂ ਪਿਆਰਿਆਂ ਦਾ ਸਮਾਗਮ ਜੁੜਿਆ। ਪੰਜਾਂ ਪਿਆਰਿਆਂ ਵਿਚ ਭਾਈ ਸਾਹਿਬ, ਭਾਈ ਅਤਰ ਸਿੰਘ ਜੀ, ਭਾਈ ਸੁਰਜਨ ਸਿੰਘ ਜੀ, ਭਾਈ ਪ੍ਰਭਾਕਰ ਸਿੰਘ ਲਲਤੋਂ ਅਤੇ ਫਲੇਵਾਲ ਵਾਲੇ ਇਕ ਸਿੰਘ ਸ਼ਾਮਲ ਸਨ। ਜਥੇਦਾਰ ਰਾਮ ਸਿੰਘ ਜੀ ਗੁਰੂ ਸਾਹਿਬ ਜੀ ਦੇ ਤਾਬੇ ਬੈਠੇ ਸਨ। ਪਹਿਲਾਂ ਗਿਆਨੀ ਹਰਭਜਨ ਸਿੰਘ ਪੇਸ਼ ਹੋਏ। ਉਹਨਾਂ ਨੂੰ ਪੁਛਿਆ ਗਿਆ ਕਿ ਕੀ ਉਹ ਸ਼ਾਦੀ ਸ਼ੁਦਾ ਹਨ ? ਉਹਨਾਂ ਦੇ ਹਾਂ ਕਹਿਣ ਤੇ ਸਿੰਘਣੀ ਬਾਰੇ ਪੁਛਿਆ ਗਿਆ, ਜੋ ਨਾਲ ਨਹੀਂ ਸੀ, ਇਸਤੇ ਪੰਜਾਂ ਪਿਆਰਿਆਂ ਨੇ ਉਹਨਾਂ ਨੂੰ ਇਕਲਿਆਂ ਨੂੰ ਅੰਮ੍ਰਿਤ ਛਕਾਉਣ ਤੋਂ ਇਨਕਾਰ ਕਰ ਦਿੱਤਾ। ਇਹ ਬੜੇ ਬੈਰਾਗ ਵਿਚ ਧਾਹਾਂ ਮਾਰਦੇ ਹੋਏ ਬਾਹਰ ਨਿਕਲੇ ਅਤੇ ਇਕ ਖੁਰਲੀ ਤੇ ਬੈਠ ਕੇ ਬੇ-ਤਹਾਸ਼ਾ ਰੋਣ ਲਗੇ। ਮੈਂ ਕਾਰਨ ਜਾਨਣ ਦਾ ਯਤਨ ਕੀਤਾ ਪਰ ਉਹ ਬੋਲ ਨਹੀਂ ਸਕੇ, ਇਤਨੇ ਬੇਹਬਲ ਸਨ। ਏਨੇ ਨੂੰ ਮੈਨੂੰ ਆਵਾਜ਼ ਪਈ, ਮੈਂ ਅੰਦਰ ਗਿਆ, ਮੱਥਾ ਟੇਕਿਆ ਅਤੇ ਪੰਜਾਂ ਪਿਆਰਿਆਂ ਦੇ ਸਨਮੁਖ ਹੱਥ ਜੋੜ ਕੇ ਖੜਾ ਹੋ ਗਿਆ। ਮੈਨੂੰ ਵੀ ਪੁਛਿਆ ਗਿਆ—"ਕਾਕਾ ਤੇਰੀ ਸ਼ਾਂਦੀ ਤਾਂ ਨਹੀਂ ਹੋਈ ?" "ਜੀ ਹੋਈ ਹੋਈ ਹੈ।" "ਫੇਰ ਤੈਨੂੰ ਇਕੱਲੇ ਨੂੰ ਅੰਮ੍ਰਿਤ ਨਹੀਂ ਛਕਾਇਆ ਜਾ ਸਕਦਾ।"


www.AKJ.Org

"ਜੇ ਮੇਰੀ ਇਸਤਰੀ ਅੰਮ੍ਰਿਤ ਨਾ ਛਕੇ ਤਾਂ ਇਹ ਦਾ ਮਤਲਬ ਇਹ ਹੋਇਆ ਕਿ ਮੈਂ ਨਿਗੁਰਾ ਹੀ ਮਰ ਜਾਊਂਗਾ। ਮੈਨੂੰ ਇਸਤਰੀ ਦੀ ਲੋੜ ਨਹੀਂ, ਅੰਮ੍ਰਿਤ ਦੀ ਲੋੜ ਹੈ। ਮੈਨੂੰ ਅੰਮ੍ਰਿਤ ਛਕਾਉ ਜਿਸ ਤਰ੍ਹਾਂ ਵੀ ਹੋ ਸਕਦਾ ਹੈ।"

"ਕਾਕਾ, ਤੈਨੂੰ ਇਹ ਪ੍ਰਣ ਕਰਨਾ ਪਵੇਗਾ, ਪੰਜਾਂ ਪਿਆਰਿਆਂ ਦੇ ਹਜ਼ੂਰ, ਕਿ ਤੇਰੀ ਇਸਤਰੀ ਤੇਰੀ ਕੁਛ ਨਹੀਂ ਲਗਦੀ ਜਿੰਨਾ ਚਿਰ ਉਹ ਅੰਮ੍ਰਿਤ ਨਾ ਛਕ ਲਵੇ ਅਤੇ ਗੁਰਮਤਿ ਅਨੁਸਾਰ ਤੇਰਾ ਉਸ ਨਾਲ ਅਨੰਦ ਕਾਰਜ ਨਾ ਹੋ ਜਾਵੇ।" ਮੇਰੇ ਪਹਿਲਾਂ ਫੇਰੇ ਹੋਏ ਸਨ। ਮੈਂ ਸ਼ਰਤ ਮਨਜ਼ੂਰ ਕਰ ਲਈ। ਭਾਈ ਸਾਹਿਬ ਨੇ ਫੇਰ, ਦੂਸਰੀ ਬਾਰ, ਕਿਹਾ, "ਕਾਕਾ ਇਹ ਜੋ ਪ੍ਰਣ ਤੂੰ ਗੁਰੂ ਦੇ ਸਾਹਮਣੇ ਕਰਦਾ ਹੈਂ, ਬੜਾ ਔਖਾ ਪ੍ਰਣ ਹੈ। ਸੋਚ ਲੈ।" ਮੈਂ ਕੁਛ ਸੋਚਿਆ ਅਤੇ ਕਿਹਾ, "ਮੈਂ ਪੰਜਾਂ ਪਿਆਰਿਆਂ ਨੂੰ ਹਾਜ਼ਰ ਨਾਜ਼ਰ ਗੁਰੂ ਸਰੂਪ ਸਮਝਦਾ ਹਾਂ। ਗੁਰੂ ਸਾਹਿਬ, ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਪੰਜ ਪਿਆਰੇ ਮੇਰੇ ਸਿਰ ਤੇ ਹਥ ਧਰਨਗੇ, ਮੇਰੇ ਖਿਆਲ ਵਿਚ ਕੋਈ ਮੁਸ਼ਕਲ ਨਹੀਂ ਰਹਿ ਜਾਂਦੀ। ਮੁਸ਼ਕਲ ਤੋਂ ਮੁਸ਼ਕਲ ਕੰਮ ਵੀ ਸਿਰੇ ਚੜ੍ਹ ਸਕਦਾ ਹੈ। ਇਹ ਪ੍ਰਣ ਮੈਂ ਨਿਭਾ ਸਕਦਾ ਹਾਂ ਜੇ ਗੁਰੂ ਸਰੂਪ ਪੰਜ ਪਿਆਰੇ ਮੇਰੇ ਸਿਰ ਤੇ ਹੱਥ ਰੱਖਣ।"

"ਚੰਗਾ ਮੱਥਾ ਟੇਕ, ਤੈਨੂੰ ਅੰਮ੍ਰਿਤ ਛਕਾਇਆ ਜਾਵੇਗਾ।"

ਮੇਰਾ ਗਿਆਨੀ ਹਰਭਜਨ ਸਿੰਘ ਜੀ ਨਾਲ ਬਹੁਤ ਪ੍ਰੇਮ ਸੀ। ਮੈਂ ਪੰਜਾਂ ਪਿਆਰਿਆਂ ਨੂੰ ਬੇਨਤੀ ਕੀਤੀ, "ਉਹ (ਗਿ. ਹਰਭਜਨ ਸਿੰਘ) ਬਹੁਤ ਬੇਹਬਲ ਹਨ, ਰੋਈ ਹੀ ਜਾਂਦੇ ਹਨ, ਧਾਹਾਂ ਮਾਰਦੇ ਹਨ। ਉਹਨਾਂ 'ਤੇ ਵੀ ਕਿਰਪਾ ਕਰੋ। ਜੇ ਉਹ ਵੀ ਪ੍ਰਣ ਕਰ ਲੈਣ, ਉਹਨਾਂ ਨੂੰ ਵੀ ਅੰਮ੍ਰਿਤ ਛਕਾ ਦਿਓ।"

ਮੇਰੀ ਬੇਨਤੀ ਪਰਵਾਨ ਹੋਈ ਅਤੇ ਗਿਆਨੀ ਹਰਭਜਨ ਸਿੰਘ ਜੀ ਨੂੰ ਦੁਬਾਰਾ ਬੁਲਾਇਆ ਗਿਆ।

ਸਾਨੂੰ ਪੀਲੀ ਦਸਤਾਰ (ਕੇਸਕੀ) ਅਤੇ ਸੁਰਮਈ ਦਸਤਾਰ ਦਿੱਤੀ, ਨਾਲ ਹੀ ਚਕਰ ਦਿੱਤਾ ਅਤੇ ਜੋ ਸਜਾ ਕੇ ਅਸੀਂ ਤਿਆਰ-ਬਰ-ਤਿਆਰ ਹੋ ਗਏ। ਪਹਿਲਾਂ ਮੈਨੂੰ ਅੰਮ੍ਰਿਤ ਛਕਾਇਆ ਗਿਆ। ਅੰਮ੍ਰਿਤ ਛਕਾਉਣ ਤੋਂ ਬਾਦ ਮੇਰੇ ਕੰਨ ਵਿਚ ਗੁਰਮੰਤ੍ਰ ਦਸਿਆ ਗਿਆ ਤਾਂ ਮੈਨੂੰ ਐਸਾ ਮਲੂਮ ਹੋਇਆ, ਜਿਵੇਂ ਕੋਈ ਠੰਡੀ ਰੌ ਮੇਰੇ ਸਰੀਰ ਵਿਚ ਫੈਲ ਗਈ ਹੋਵੇ। ਇਕ ਸਫੈਦ ਜਿਹਾ ਚਾਨਣ ਮੇਰੇ ਸਾਰੇ ਅੰਦਰ ਖਿਲਰ ਗਿਆ, ਸਿਰਫ਼ ਇਕ ਵਾਰ ਗੁਰਮੰਤ੍ਰ ਸੁਨਣ ਨਾਲ। ਨਾਮ ਦੀ ਦਾਤ ਦੇਣ ਤੋਂ ਬਾਦ ਮੈਨੂੰ ਮਥਾ ਟੇਕਣ ਲਈ ਆਖਿਆ ਗਿਆ। ਉਸ ਤੋਂ ਬਾਦ ਮੈਨੂੰ ਕੋਈ ਸੁਧ-ਬੁਧ ਨਾ ਰਹੀ। ਮੈਨੂੰ ਕੋਈ ਪਤਾ ਨਹੀਂ ਕਦੋਂ ਮੈਨੂੰ ਚੁਕ ਕੇ ਇਕ ਪਾਸੇ ਕੀਤਾ ਤੇ ਗਿਆਨੀ ਹਰਭਜਨ ਸਿੰਘ ਜੀ ਨੂੰ ਅੰਮ੍ਰਿਤ ਛਕਾਇਆ। ਉਹਨਾਂ ਦੀ ਵੀ ਅੰਮ੍ਰਿਤ ਛਕ ਕੇ ਅਜਿਹੀ ਹੀ ਹਾਲਤ ਹੋਈ।

ਨਾਮ ਦਾ ਖੰਡਾ ਬੜੇ ਜ਼ੋਰ ਸ਼ੋਰ ਨਾਲ ਚਲ ਰਿਹਾ ਸੀ, ਮੈਨੂੰ ਸਵਾਏ ਨਾਮ ਦੇ, ਦੁਨੀਆਂ ਦੀ ਕੋਈ ਸੁਧ ਬੁਧ ਨਹੀਂ ਸੀ। ਪਤਾ ਨਹੀਂ ਕਿੰਨੇ ਸਮੇਂ ਬਾਦ ਸਾਨੂੰ (ਗਿਆਨੀ ਹਰਭਜਨ ਸਿੰਘ ਅਤੇ ਮੈਨੂੰ) ਆਪੇ ਦੀ ਸੁਧ ਹੋਈ। ਸਾਰਿਆਂ ਨੇ ਪ੍ਰਸ਼ਾਦ ਛਕਿਆ ਅਤੇ ਨਾਰੰਗਵਾਲ-ਗੁਜਰਵਾਲ ਵਿਚਕਾਰ ਮਲੇਆਣੇ ਦੀ ਢਾਬ, ਜਿਥੇ ਭਾਈ ਸਾਹਿਬ ਨੇ ਸਾਰੀ ਸਾਰੀ ਰਾਤ ਬੈਠ ਕੇ ਭਜਨ ਕੀਤਾ ਹੈ ਅਤੇ ਨਾਮ ਦੀ ਅਤੁੱਟ ਕਮਾਈ ਕੀਤੀ ਹੈ, ਤੇ ਚਲੇ ਗਏ। ਸਾਰੇ ਰਾਹ ਮੈਨੂੰ ਆਪਣੇ ਚੇਹਰੇ ਦੇ ਅਗੇ, ਇਕ ਨੂਰ ਜਿਹੇ ਦਾ ਚੱਕਰ ਦਿਖਾਈ ਦਿੰਦਾ ਰਿਹਾ। ਇਸੇ ਰੰਗ ਵਿਚ ਹੀ ਅਸੀਂ ਸਾਰੇ, ਭਾਈ ਸਾਹਿਬ ਸਮੇਤ, ਢਾਬ ਤੇ ਪਹੁੰਚ ਗਏ ਅਤੇ ਅਰਾਮ ਕਰਨ ਲਈ ਲੇਟ ਗਏ। ਭਾਈ ਸਾਹਿਬ ਜੀ ਬੈਠ ਕੇ ਭਜਨ ਕਰਨ ਲੱਗੇ ਤੇ ਸਮਾਧ ਸਥਿਤ ਹੋ ਗਏ। ਜਦੋਂ ਗਿਆਨੀ ਹਰਭਜਨ ਸਿੰਘ ਤੇ ਮੈਂ ਜਾਗੇ ਤਾਂ ਸਾਨੂੰ ਆਪਣੇ ਪੈਰ ਨਾ ਦਿਸਣ। ਅਸਾਂ ਭਾਈ ਅਤਰ ਸਿੰਘ ਜੀ ਨੂੰ ਆਖਿਆ ਕਿ ਸਾਡੇ ਪੈਰ ਨਹੀਂ ਦਿਸਦੇ, ਕਿਧਰ ਗਏ ? ਭਾਈ ਅਤਰ ਸਿੰਘ ਜੀ ਬੜੀ ਕਮਾਈ ਵਾਲੇ ਗੁਰਮੁਖ ਗੁਰਸਿਖ ਸਨ, ਉਹਨਾਂ ਆਪਣੀ ਅੰਤਰਯਾਮਤਾ ਨਾਲ ਦੇਖਿਆ ਕਿ ਸਾਡੇ ਪੈਰ ਭਾਈ ਸਾਹਿਬ, ਆਪਣੇ ਹਿਰਦੇ ਵਿਚ ਲਈ ਬੈਠੇ ਹਨ। ਉਹਨਾਂ ਅਰਦਾਸ ਕੀਤੀ, ਜਿਸ ਤੋਂ ਬਾਦ ਸਾਨੂੰ ਪੈਰ ਸਰੀਰ ਨਾਲ ਦਿਸਣ ਲਗੇ। ਅਸੀਂ ਸਾਰੇ ਸਾਵਧਾਨ ਹੋਏ ਅਤੇ ਆਤਮਕ ਰੰਗਾਂ ਵਿਚ ਹੀ ਭਾਈ ਸਾਹਿਬ ਦੇ ਘਰ ਨਾਰੰਗਵਾਲ ਚਲੇ ਗਏ। ਅਗਲੇ ਦਿਨ ਭਾਈ ਸਾਹਿਬ ਤੋਂ ਛੁਟੀ ਲੈ ਕੇ ਸਕੂਲ ਪਹੁੰਚ ਗਏ।



www.AKJ.Org

**ਧਰਮ ਰੱਖਿਆ ਦਾ ਬਿਰਤਾਂਤ : ਵਲੋਂ ਗਿਆਨੀ ਨਾਹਰ ਸਿੰਘ ਜੀ, ਗੁਜਰਵਾਲ**

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦਾ ਮਾਲਵਾ ਖ਼ਾਲਸਾ ਹਾਈ ਸਕੂਲ ਲੁਧਿਆਣੇ ਨਾਲ 1909 ਤੋਂ 1914 ਈ. ਤਕ ਬੜਾ ਸੰਬੰਧ ਰਿਹਾ। ਭੁਜੰਗੀ ਸਭਾ ਦੇ ਸਪਤਾਹਕ ਦੀਵਾਨਾਂ ਵਿਚ ਹਮੇਸ਼ਾ ਆਪ ਆ ਕੇ ਕੀਰਤਨ ਕਰਦੇ। ਹਰ ਸਾਲ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅਵਤਾਰ-ਗੁਰਪੁਰਬ ਬੜੀ ਧੂਮ ਧਾਮ ਨਾਲ ਅਖੰਡ ਪਾਠ ਕਰ ਕੇ ਮਨਾਏ ਜਾਂਦੇ ਅਤੇ ਹਰ ਸਾਲ ਅੰਮ੍ਰਿਤ-ਪ੍ਰਚਾਰ ਭੀ ਹੁੰਦਾ। ਬਹੁਤ ਸਾਰੇ ਭੁਜੰਗੀ ਅੰਮ੍ਰਿਤ ਛਕ ਕੇ ਤਿਆਰ-ਬ-ਤਿਆਰ ਹੋ ਜਾਂਦੇ, ਇਸ ਤਰ੍ਹਾਂ ਸਕੂਲ ਵਿਚ ਭਾਈ ਸਾਹਿਬ ਦੇ ਪ੍ਰੇਮੀਆਂ ਦਾ ਇਕ ਤਕੜਾ ਜੱਥਾ ਬਣ ਗਿਆ। ਸ. ਹਰਿਭਗਤ ਸਿੰਘ ਹੈਡਮਾਸਟਰ ਮੁਕਤਸਰ ਨਿਵਾਸੀ, ਭਾਈ ਸਾਹਿਬ ਨਰਾਇਣ ਸਿੰਘ ਜੀ ਧਾਰਮਿਕ ਟੀਚਰ ਅਤੇ ਸੁਪ੍ਰਿੰਟੈਂਡੈਂਟ ਬੋਰਡਿੰਗ ਹਾਊਸ ਪਿੰਡ ਤੁਲਾਵਾਲ ਰਿਆਸਤ ਪਟਿਆਲਾ ਗੁਰਸਿਖੀ ਦੇ ਪ੍ਰੇਮੀ ਸੱਜਣ ਸਨ। ਇਹ ਭਾਈ ਸਾਹਿਬ ਦੇ ਪ੍ਰੇਮੀ ਸਨ। ਭਾਈ ਸਾਹਿਬ ਦੇ ਕੀਰਤਨ ਅਤੇ ਅੰਮ੍ਰਿਤ ਪ੍ਰਚਾਰ ਦੇ ਸਦਕੇ ਭਾਈ ਗੁਰਬਖਸ਼ ਸਿੰਘ ਪਿੰਡ ਕਮਾਲਪੁਰਾ, ਗਿਆਨੀ ਹਰਿਭਜਨ ਸਿੰਘ ਪਿੰਡ ਚਮਿੰਡੇ, ਗਿਆਨੀ ਦਲੀਪ ਸਿੰਘ ਪਿੰਡ ਫੁਲਾਂਵਾਲ ਤਿੰਨੇ ਪ੍ਰੇਮੀ ਰੰਗ ਵਿਚ ਮਸਤ ਹੋ ਕੇ ਸਕੂਲ ਛੱਡ ਬੈਠੇ। ਭਾਈ ਗੁਰਬਖਸ਼ ਸਿੰਘ ਤਾਂ ਫੇਰ ਸਕੂਲ ਵਿਚ ਆ ਗਏ ਸਨ ਅਤੇ ਦਸਵੀਂ ਪਾਸ ਕਰ ਗਏ ਸਨ; ਪਰ ਗਿਆਨੀ ਹਰਭਜਨ ਸਿੰਘ ਤੇ ਗਿਆਨੀ ਦਲੀਪ ਸਿੰਘ ਤਾਂ ਸਕੂਲ ਛੱਡ ਹੀ ਗਏ। ਇਹ ਹਮੇਸ਼ਾ ਸਤਿਸੰਗ-ਮੰਡਲਾਂ ਵਿਚ ਹੀ ਰਹਿਣ ਲਗ ਪਏ ਤੇ ਘਰ ਬਾਰ ਦਾ ਭੀ ਖਿਆਲ ਛੱਡ ਬੈਠੇ। ਭਾਈ ਸਾਹਿਬ ਨੇ ਇਨ੍ਹਾਂ ਨੂੰ ਸਮਝਾ ਬੁਝਾ ਕੇ ਘਰੀਂ ਭੇਜਿਆ। ਇਸੇ ਤਰ੍ਹਾਂ ਦੀ ਮਸਤੀ ਦੀ ਹਾਲਤ ਵਿਚ ਸ. ਲਾਲ ਸਿੰਘ ਪਿੰਡ ਨੰਦਪੁਰ ਜ਼ਿਲ੍ਹਾ ਲੁਧਿਆਣਾ ਸਕੂਲ ਵਿਚੋਂ ਚਲੇ ਗਏ ਸਨ, ਪਰ ਫੇਰ ਆ ਗਏ ਸਨ। ਸ. ਲਾਲ ਸਿੰਘ ਦਸਵੀਂ ਪਾਸ ਕਰ ਕੇ ਅਮਰੀਕਾ ਗਏ ਤੇ ਉਥੇ ਖੇਤੀਬਾੜੀ ਦੀ ਐਸ.ਐਸ.ਸੀ. ਪਾਸ ਕਰ ਕੇ ਆਏ। ਪਹਿਲਾਂ ਖਾਲਸਾ ਕਾਲਜ ਅੰਮ੍ਰਿਤਸਰ ਵਿਚ ਪ੍ਰੋਫ਼ੈਸਰ ਲਗੇ, ਫੇਰ ਪੰਜਾਬ ਸਰਕਾਰ ਦੇ ਖੇਤੀਬਾੜੀ ਮਹਿਕਮੇ ਵਿਚ ਪ੍ਰੋਫ਼ੈਸਰ ਬਣ ਕੇ ਓੜਕ ਖੇਤੀਬਾੜੀ ਦੇ ਡਾਇਰੈਕਟਰ ਬਣ ਕੇ ਰੀਟਾਇਰ ਹੋਏ। 1952 ਤੋਂ 1957 ਤੱਕ ਲੋਕ-ਸਭਾ ਦੇ ਮੈਂਬਰ ਵੀ ਰਹੇ। ਫ਼ਰਵਰੀ 1964 ਵਿਚ ਚਲਾਣਾ ਕਰ ਗਏ। ਆਪ ਦਾ ਫਾਰਮ ਜਗਾਧਰੀ ਦੇ ਪਾਸ ਪਿੰਡ ਅਮਾਦਲ-ਪੁਰ ਵਿਚ ਹੈ। ਭਾਈ ਸਾਹਿਬ ਨੇ ਇਹ ਹਾਲਾਤ ਟੂਕਮਾਤਰ "ਜੋਤਿ ਵਿਗਾਸ" ਪੁਸਤਕ ਦੇ ਬੰਦ ਨੰ. 543 ਤੋਂ 608 ਤਕ ਵਰਣਨ ਕੀਤੇ ਹਨ। ਇਨ੍ਹਾਂ ਗੱਲਾਂ ਦਾ ਵੇਰਵਾ ਭਾਈ ਸਾਹਿਬ ਨੇ ਪੁਸਤਕ 'ਰੰਗਲੇ ਸੱਜਣ' ਵਿਚ ਭਾਈ ਗੁਰਬਖਸ਼ ਸਿੰਘ ਦੇ ਹਾਲਾਤ ਵਿਚ ਵੀ ਦਿੱਤਾ ਹੈ।

ਏਸ ਕਵਿਤਾ ਦੇ 66 ਬੰਦਾਂ ਵਿਚ ਗਿਆਨੀ ਦਲੀਪ ਸਿੰਘ ਦੇ ਸਿੱਖੀ ਸਿਦਕ ਤੇ ਧਰਮ ਰਖਿਆ ਕਰਨ ਦੀ ਵਾਰਤਾ ਦੱਸੀ ਹੈ। ਕਹਾਣੀ ਇਸ ਤਰ੍ਹਾਂ ਚਲਦੀ ਹੈ—

1913 ਈ. ਵਿਚ ਗਿਆਨੀ ਦਲੀਪ ਸਿੰਘ ਅਤੇ ਗਿਆਨੀ ਹਰਿਭਜਨ ਸਿੰਘ ਜੀ ਨੇ ਜਥੇਦਾਰ ਰਾਮ ਸਿੰਘ ਗੁਜਰਵਾਲ ਦੇ ਘਰ ਇਕ-ਚੌਕੜੀ ਬੈਠ ਕੇ ਅਖੰਡ ਪਾਠ ਸਰਵਨ ਕੀਤਾ ਅਤੇ ਉਥੇ ਹੀ ਅੰਮ੍ਰਿਤ ਛਕਿਆ। ਅਖੰਡ ਪਾਠ ਸੁਣਨ ਤੇ ਅੰਮ੍ਰਿਤ ਛਕਣ ਦਾ ਸਾਰਾ ਪ੍ਰਸੰਗ ਪੁਸਤਕ ਜੋਤਿ ਵਿਗਾਸ ਵਿਚ ਵੇਰਵੇ ਨਾਲ ਛਪਿਆ ਹੋਇਆ ਹੈ। ਅੰਮ੍ਰਿਤ ਛਕਦੇ ਸਾਰ ਹੀ ਕਾਇਆ ਪਲਟ ਗਈ। ਉਸ ਜ਼ਮਾਨੇ ਵਿਚ ਸਿੰਘ ਸਭਾ ਦਾ ਪ੍ਰਚਾਰ ਸੀ ਅਤੇ ਸਿੰਘ ਸਭੀਆਂ ਦੀ ਮੁਖਾਲਫ਼ਤ ਭੀ ਬਹੁਤ ਹੁੰਦੀ ਸੀ। ਸਿੰਘ ਸਜਣਾ ਅਤੇ ਗੁਰ-ਮਰਯਾਦਾ ਕਰਨੀ ਇਕ ਓਪਰੀ ਅਤੇ ਅਜੀਬ ਗੱਲ ਸਮਝੀ ਜਾਂਦੀ ਸੀ। ਸਿੰਘਾਂ ਨੂੰ ਮਨਮਤਿ ਦੇ ਉਲਟ ਮੋਰਚੇ ਲਾਉਣੇ ਪੈਂਦੇ ਸਨ, ਅਰਥਾਤ ਕਰੜੀ ਘਾਲਣਾ ਘਾਲਣੀ ਪੈਂਦੀ ਸੀ। ਸਿੰਘ-ਸਭੀਆਂ ਨੂੰ ਲੋਕ ਸਿੰਘ-ਸਫੀਏ ਕਹਿੰਦੇ ਸਨ ਅਤੇ ਇਹ ਬੋਲੀ ਪਾਇਆ ਕਰਦੇ ਸਨ—

ਜਦੋਂ ਮੁਕ ਗਏ ਘੜੇ ਦੇ ਦਾਣੇ,<br>
ਬਣ ਗਏ ਸਿੰਘ ਸਭੀਏ।"

ਸੋ ਇਹਨਾਂ ਭੁਜੰਗੀਆਂ ਦੇ ਸਿੰਘ ਸਜਣ ਦਾ ਭੀ ਘਰ ਵਾਲਿਆਂ ਨੂੰ ਅਚੰਭਾ ਹੋ ਗਿਆ ਅਤੇ ਉਹਨਾਂ ਨੇ



www.AKJ.Org

ਸਮਝਿਆ ਕਿ ਇਹਲਾਂ ਨੇ ਪੁਰਾਣੀ ਖਾਨਦਾਨੀ ਰੀਤ-ਰਸਮ ਦੇ ਵਿਰੁੱਧ ਇਹ ਕੁਝ ਕੀਤਾ ਹੈ ਅਤੇ ਅਸਾਨੂੰ ਬਦਨਾਮ ਕੀਤਾ ਹੈ। ਗਿਆਨੀ ਹਰਿਭਜਨ ਸਿੰਘ ਹੁਰਾਂ ਦੇ ਸਬੰਧੀ ਤਾਂ ਛੇਤੀ ਹੀ ਅਸਲੀ ਗੱਲ ਸਮਝ ਗਏ ਅਤੇ ਉਹਨਾਂ ਦੀ ਤਸੱਲੀ ਹੋ ਗਈ, ਪਰ ਗਿਆਨੀ ਦਲੀਪ ਸਿੰਘ ਦੇ ਮਾਤਾ-ਪਿਤਾ ਨਹੀਂ ਸਨ ਅਤੇ ਉਨ੍ਹਾਂ ਦੀ ਇਕੱਲੀ ਦਾਦੀ ਹੀ ਸੀ। ਗਿਆਨੀ ਜੀ ਵਿਆਹੇ ਹੋਏ ਸਨ। ਉਹਨਾਂ ਦੇ ਰਿਸ਼ਤੇਦਾਰਾਂ ਨੂੰ ਬਹੁਤ ਗੁੱਸਾ ਲੱਗਿਆ ਅਤੇ ਉਹ ਫੁਲਾਂਵਾਲ ਆਏ। ਉਨ੍ਹਾਂ ਨੇ ਇਹ ਸਲਾਹ ਕੀਤੀ ਕਿ ਦਲੀਪ ਸਿੰਘ ਹੋਰਾਂ ਦਾ ਸਿਖ ਧਰਮ ਨਸ਼ਟ ਕੀਤਾ ਜਾਏ ਅਤੇ ਕੇਸ ਕਤਲ ਕੀਤੇ ਜਾਣ। ਸੋ ਉਨ੍ਹਾ ਨੇ ਦਲੀਪ ਸਿੰਘ ਨੂੰ ਇਕ ਕਮਰੇ ਵਿਚ ਬੰਦ ਕਰ ਕੇ ਪਹਿਰੇ ਲਾ ਦਿੱਤੇ ਅਤੇ ਨਾਈ ਨੂੰ ਸੱਦ ਲਿਆ। ਭਾਈ ਸਾਹਿਬ ਨੇ ਇਹ ਨਜ਼ਾਰਾ ਅੰਤਰ-ਧਿਆਨ ਹੋ ਕੇ ਦਸ ਕੋਹ ਦੀ ਵਿਥ ਪਿੰਡ ਨਾਰੰਗਵਾਲ ਬੈਠਿਆਂ ਨੇ ਦੇਖਿਆ ਅਤੇ ਨਾਲ ਹੀ ਸੋਚਿਆ ਕਿ ਹੁਣ ਸਰੀਰ ਨਾਲ ਤਾਂ ਪਹੁੰਚ ਕੇ ਮਦਦ ਨਹੀਂ ਹੋ ਸਕਦੀ ਅਤੇ ਦੇਰ ਭੀ ਨਹੀਂ ਹੋਣੀ ਚਾਹੀਦੀ, ਇਸ ਲਈ ਉਨ੍ਹਾਂ ਨੇ ਆਪਣੀ ਰੂਹਾਨੀ ਤਾਕਤ ਵਰਤੀ ਅਤੇ ਸੂਖਮ ਸਰੀਰ ਨਾਲ ਭਾਈ ਦਲੀਪ ਸਿੰਘ ਪਾਸ ਪਹੁੰਚ ਕੇ, ਉਦਾਲੇ ਕਾਰ ਕੱਢ ਕੇ ਇਸ ਮੰਤਰ ਰੂਪ ਸ਼ਬਦ ਦਾ ਪਾਠ ਕੀਤਾ—

**ਗੁਰ ਕਾ ਸਬਦੁ ਰਖਵਾਰੇ ॥ ਚਉਕੀ ਚਉਗਿਰਦ ਹਮਾਰੇ ॥**

**ਰਾਮ ਨਾਮਿ ਮਨੁ ਲਾਗਾ ॥ ਜਮੁ ਲਜਾਇ ਕਰਿ ਭਾਗਾ ॥੧॥**

**ਪ੍ਰਭ ਜੀ ਤੂ ਮੇਰੋ ਸੁਖਦਾਤਾ ॥ ਬੰਧਨ ਕਾਟਿ ਕਰੇ ਮਨੁ ਨਿਰਮਲੁ ਪੂਰਨ ਪੁਰਖੁ ਬਿਧਾਤਾ ॥ ਰਹਾਉ ॥**

**ਨਾਨਕ ਪ੍ਰਭੁ ਅਬਿਨਾਸੀ ॥ ਤਾ ਕੀ ਸੇਵ ਨ ਬਿਰਥੀ ਜਾਸੀ ॥**

**ਅਨਦ ਕਰਹਿ ਤੇਰੇ ਦਾਸਾ ॥ ਜਪਿ ਪੂਰਨ ਹੋਈ ਆਸਾ ॥੨॥੪॥੬੮॥**

(ਅੰਗ ੬੨੬)

ਸ਼ਬਦ ਦੀ ਕਲਾ ਵਰਤੀ। ਨਾਈ ਅਤੇ ਹੋਰ ਸਾਰੇ ਭੈ-ਭੀਤ ਹੋ ਗਏ ਅਤੇ ਕੋਈ ਨੁਕਸਾਨ ਨਾ ਪਹੁੰਚਾ ਸਕੇ। ਭਾਈ ਸਾਹਿਬ ਨੇ ਇਹ ਹਾਲ ਬੰਦ ਲੰ. 560 ਤੋਂ 565 ਤਕ ਲਿਖਿਆ ਹੈ।

ਫੇਰ ਭਾਈ ਸਾਹਿਬ ਕਹਿੰਦੇ ਹਨ ਕਿ ਅਸਾਡੀ ਸੁਰਤ ਸੂਖਮ ਮੰਡਲਾਂ ਤੋਂ ਉਤਰੀ ਅਤੇ ਅਸੀਂ ਇਕ ਹੋਰ ਸਿੰਘ ਭਾਈ ਅਤਰ ਸਿੰਘ ਸਮੇਤ ਅੱਧੀ ਰਾਤ ਫੁਲਾਂਵਾਲ ਜਾ ਪਹੁੰਚੇ। ਉਥੇ ਇਕ ਡੰਗਰਾਂ ਦੇ ਵਾੜੇ ਵਿਚ ਇਕ ਆਦਮੀ ਸੁੱਤਾ ਪਿਆ ਸੀ। ਉਹ ਬਿੜਕ ਸੁਣ ਕੇ ਉਠ ਖਲੋਤਾ ਅਤੇ ਅਸਾਨੂੰ ਬੜੇ ਪ੍ਰੇਮ ਨਾਲ ਮਿਲਿਆ। ਉਸ ਨੇ ਅਸਾਨੂੰ ਕਿਹਾ, ਕੋਈ ਸੇਵਾ ਦਸੋ ? ਅਸੀਂ ਉਸ ਨੂੰ ਆਖਿਆ ਕਿ ਅਸਾਨੂੰ ਦਲੀਪ ਸਿੰਘ ਜੀ ਦੀ ਹਾਲਤ ਦਸੋ ਅਤੇ ਅਸਾਨੂੰ ਮਿਲਾਓ। ਇਤਨੇ ਨੂੰ ਚੌਕੀਦਾਰ ਭੀ ਆ ਗਿਆ। ਉਸ ਨੇ ਕਿਹਾ ਕਿ ਮੈਂ ਤਖਤਿਆਂ ਦੀਆਂ ਵਿਰਲਾਂ (ਝੀਤਾਂ) ਵਿਚੀਂ ਜੋ ਕੁਝ ਦੇਖਿਆ ਹੈ, ਉਹ ਮੈਂ ਤੁਹਾਨੂੰ ਦਸਦਾ ਹਾਂ। ਜਦੋਂ ਨਾਈ ਤਿਆਰ ਹੋ ਕੇ ਬੈਠ ਗਿਆ ਤਾਂ ਦੂਜਿਆਂ ਨੇ ਭਾਈ ਦਲੀਪ ਸਿੰਘ ਦੇ ਸਿਰ ਤੋਂ ਪੱਗ ਲਾਹੁਣੀ ਚਾਹੀ ਤਾਂ ਉਨ੍ਹਾਂ ਨੂੰ ਕੋਈ ਭੈਜਲ ਦਿਖਾਈ ਦਿੱਤਾ। ਸਭ ਘਬਰਾ ਕੇ ਠਠੰਬਰ ਗਏ ਅਤੇ ਦਲੀਪ ਸਿੰਘ ਦਾ ਵਾਲ ਨਾ ਵਿੰਗਾ ਕਰ ਸਕੇ। ਏਦੂੰ ਵਧ ਹੋਰ ਮੈਨੂੰ ਖ਼ਬਰ ਨਹੀਂ। ਭਾਈ ਦਲੀਪ ਸਿੰਘ ਦੇ ਗੁਆਂਢ ਇਕ ਸਿੰਘ ਰਹਿੰਦਾ ਸੀ, ਜੋ ਹਮਦਰਦ ਸੀ। ਅਸੀਂ ਉਸ ਨੂੰ ਸੱਦਿਆ ਅਤੇ ਕਿਹਾ ਕਿ ਅਸੀਂ ਭਾਈ ਦਲੀਪ ਸਿੰਘ ਨੂੰ ਮਿਲਣਾ ਹੈ। ਉਸ ਨੇ ਅਸਾਨੂੰ ਕਿਹਾ ਕਿ ਤੁਸੀਂ ਘਰ ਜਾਣ ਦੀ ਖੇਚਲ ਨਾ ਕਰੋ। ਮੈਂ ਉਸ ਨੂੰ ਨਾਲ ਲੈ ਕੇ ਆਵਾਂਗਾ। ਤੁਸੀਂ ਜੰਗਲ ਵਿਚ ਇਕ ਖੂਹੀ ਹੈ ਉਥੇ ਚਲ ਕੇ ਬੈਠੋ ਅਤੇ ਇਸ਼ਨਾਨ ਪਾਠ ਕਰੋ। ਅਸੀਂ ਦੋਵੇਂ ਜਣੇ ਉਸ ਖੂਹੀ ਉਤੇ ਜਾ ਬੈਠੇ। ਇਹ ਖੂਹੀ ਫੁਲਾਂਵਾਲ ਤੋਂ ਲਗ ਪਗ ਡੇਢ ਮੀਲ ਪਿੰਡ ਦੁਗਰੀ ਅਤੇ ਧਾਂਦਰੇ ਦੇ ਵਿਚਕਾਰ ਰਾਹ ਪਰ ਹੈ। ਪਰ ਉਹ ਸਜਣ ਭਾਈ ਦਲੀਪ ਸਿੰਘ ਨੂੰ ਨਾਲ ਲੈ ਕੇ ਨਾ ਆਇਆ।

ਇਸ ਤੋਂ ਬਾਅਦ ਜਥੇਬੰਦੀ ਅਤੇ ਪਿੰਡ ਦੇ ਲੋਕਾਂ ਦਾ ਇਕੱਠ ਹੋਇਆ ਅਤੇ ਭਾਈ ਦਲੀਪ ਸਿੰਘ ਦੇ ਸੰਬੰਧੀਆਂ ਨਾਲ ਗੱਲਬਾਤ ਹੋਈ ਅਤੇ ਕੁਝ ਝਗੜਾ ਭੀ ਹੋਇਆ। ਹਾਲਾਤ ਬਹੁਤ ਲੰਬੇ ਹਨ। ਅਸੀਂ ਹੁਣ ਇਨ੍ਹਾਂ ਨੂੰ ਵੇਰਵੇ ਨਾਲ



www.AKJ.Org

ਲਿਖਣਾ ਮੁਨਾਸਬ ਨਹੀਂ ਸਮਝਦੇ। ਭਾਵੇਂ ਇਹ ਸਾਰੇ ਵਾਕਿਆਤ ਸਾਡੇ ਅਖੀਂ ਡਿਠੇ ਹਨ, ਕਿਉਂਕਿ ਰਾਤ ਵਾਲੀ ਘਟਨਾ ਤੋਂ ਦੂਜੇ ਦਿਨ ਦਾਸ ਭੀ ਜਬੱਦੀ ਭਾਈ ਸਾਹਿਬ ਨੂੰ ਜਾ ਮਿਲਿਆ ਸੀ। ਅਗਲੀ ਸਭ ਕਾਰਵਾਈ ਆਪਸ ਵਿਚ ਤੇ ਹੋਰ ਇਕ ਦੋ ਸੱਜਣਾ ਨਾਲ ਸਲਾਹ ਕਰਕੇ ਕੀਤੀ ਗਈ ਸੀ। ਇਹ ਸਮਾਚਾਰ ਜੂਨ 1913 ਈ. ਦੇ ਹਨ। ਓੜਕ ਝਗੜਾ ਨਿਬੜ ਗਿਆ ਅਤੇ ਭਾਈ ਦਲੀਪ ਸਿੰਘ ਜੀ ਭਾਈ ਸਾਹਿਬ ਪਾਸ ਪਹੁੰਚ ਗਏ। ਉਹ ਖਾਸਾ ਚਿਰ ਨਾਰੰਗਵਾਲ ਹੀ ਰਹਿੰਦੇ ਰਹੇ। ਜਦੋਂ ਭਾਈ ਸਾਹਿਬ ਪਰ 1915 ਈ. ਵਿਚ ਸਾਜਿਸ਼ ਦਾ ਮੁਕੱਦਮਾ ਚਲਿਆ ਤਾਂ ਗਿਆਨੀ ਹਰਿਭਜਨ ਸਿੰਘ ਅਤੇ ਗਿਆਨੀ ਦਲੀਪ ਸਿੰਘ ਦੋਵੇਂ ਹੀ ਫੜੇ ਗਏ ਅਤੇ ਭਾਈ ਸਾਹਿਬ ਦੇ ਨਾਲ ਹੀ ਕੈਦ ਹੋਏ। ਜੇਲ੍ਹ-ਯਾਤਰਾ ਦੇ ਪਿਛੋਂ ਦੋਹਾਂ ਨੇ ਗਿਆਨੀ ਦਾ ਇਮਤਿਹਾਨ ਪਾਸ ਕੀਤਾ। ਗਿਆਨੀ ਹਰਿਭਜਨ ਸਿੰਘ ਤਾਂ ਉਸ ਵਕਤ ਤੋਂ ਹੀ ਪ੍ਰੈਸ ਦਾ ਕੰਮ ਕਰਦੇ ਰਹੇ ਹਨ ਅਤੇ ਗਿਆਨੀ ਦਲੀਪ ਸਿੰਘ ਜੀ ਨੇ ਸਕੂਲ ਵਿਚ ਬਤੌਰ ਪੰਜਾਬੀ ਟੀਚਰ ਕੰਮ ਕੀਤਾ ਅਤੇ ਆਖਰੀ ਉਮਰ ਵਿਚ ਫੁਲਾਂਵਾਲ ਹੀ ਰਹਿੰਦੇ ਰਹੇ ਹਨ।

ਕਵਿਤਾ ਦਾ ਇਹ ਹਿੱਸਾ ਭਾਈ ਸਾਹਿਬ ਦੇ ਕਹਿਣ ਤੇ ਹੀ ਪੁਸਤਕ ਜੋਤਿ ਵਿਗਾਸ ਵਿਚ ਛਪਣ ਤੋਂ ਰਖ ਲਿਆ ਗਿਆ ਸੀ, ਜੋ ਬਾਅਦ ਵਿਚ ਟ੍ਰੈਕਟ ਦੇ ਰੂਪ ਵਿਚ ਛਾਪਿਆ ਗਿਆ ਹੈ। ਇਸ ਟਰੈਕਟ ਵਾਲਾ ਲੇਖ ਹੁਣ ਪੁਸਤਕ ਗੁਰਮਤਿ ਵਿਚਾਰ ਦੇ ਪੰਨਾ ਨੰਬਰ 188 ਤੋਂ 208 'ਤੇ ਸਿੱਖੀ ਸਿਦਕ ਅਤੇ ਧਰਮ-ਰੱਖਿਆ ਦੇ ਨਾਂ ਹੇਠ ਉਪਲੱਬਧ ਹੈ।

ਇਸ ਕਵਿਤਾ ਵਿਚ ਸਿਖੀ ਸਿਦਕ ਅਤੇ ਧਰਮ ਰਖਿਆ ਦੀ ਅਸਚਰਜ ਵਾਰਤਾ ਹੈ, ਜੋ ਭਾਈ ਸਾਹਿਬ ਦੇ ਆਤਮ-ਬਲ ਤੇ ਸਿਖੀ-ਪ੍ਰੇਮ ਨੂੰ ਪ੍ਰਗਟ ਕਰਦੀ ਹੈ। ਸਾਰੀ ਕਵਿਤਾ ਭਗਤੀ ਭਾਅ ਦੀ ਪ੍ਰੇਮ ਰੰਗਣ ਵਿਚ ਰੰਗੀ ਹੋਈ ਹੈ। ਭਾਈ ਸਾਹਿਬ ਜੀ ਨੇ ਇਹ ਕਵਿਤਾ ਜਨਵਰੀ 1930 ਈ. ਵਿਚ ਨਾਗਪੁਰ ਜੇਲ੍ਹ ਵਿਚ ਰਚੀ ਸੀ। ਇਸ ਕਵਿਤਾ ਦੀਆਂ 264 ਸਤਰਾਂ ਹਨ। ਏਨ੍ਹਾਂ ਦੇ ਪੜ੍ਹਨ ਤੋਂ ਪਤਾ ਲਗਦਾ ਹੈ ਕਿ ਪ੍ਰਮਾਰਥੀ ਪੁਰਸ਼ਾਂ ਨੂੰ ਧਰਮ ਕਿਤਨਾ ਜਾਨ ਤੋਂ ਭੀ ਪਿਆਰਾ ਹੁੰਦਾ ਹੈ। (**ਇਸ ਤੋਂ ਅੱਗੋਂ ਫਿਰ ਗਿਆਨੀ ਜੀ ਦੀ ਲਿਖੀ ਹੱਡ ਵਾਰਤਾ ਹੇਠਾਂ ਦਰਜ ਹੈ**)

ਕੁਛ ਦਿਨ ਬਾਦ ਨਾਗੋਕੀ ਸਰਲੀ (ਲਾਇਲਪੁਰ) ਜਿਥੇ ਬਾਊ ਮਲ ਸਿੰਘ ਹੋਰਾਂ ਦੀ ਰਿਹਾਇਸ਼ ਅਤੇ ਮੁਰੱਬੇ ਸਨ, ਅਖੰਡ ਪਾਠ ਦਾ ਸਮਾਗਮ ਸੀ। ਬਾਊ ਜੀ ਜੱਥੇ ਨੂੰ ਲੈਣ ਆਏ ਸਨ। ਗਿਆਨੀ ਹਰਭਜਨ ਸਿੰਘ ਤੇ ਮੈਂ ਹੋਰ 17-18 ਸਰਬ ਲੋਹੀਏ ਸਿੰਘਾਂ ਸਮੇਤ ਭਾਈ ਸਾਹਿਬ ਨਾਲ ਜਾਣ ਲਈ ਤਿਆਰ ਹੋ ਗਏ। ਮੈਂ ਸਕੂਲੋਂ ਛੁੱਟੀ ਵੀ ਨਾ ਲਈ। ਲੁਧਿਆਣੇ ਤੋਂ ਅੰਮ੍ਰਿਤਸਰ ਲਈ ਗੱਡੀ ਚੜ੍ਹੇ। ਅੰਮ੍ਰਿਤਸਰ ਪੁਜ ਕੇ ਭਾਈ ਸਾਹਿਬ ਕਹਿਣ ਲਗੇ, "ਬਾਊ ਮਲ ਸਿੰਘ ਜੀ ਬੜੇ ਰੰਗਲੇ ਸਜਣ ਹਨ, ਬੜੇ ਗੁਰਮੁਖ ਪਿਆਰੇ ਹਨ ਤੇ ਉਹਨਾਂ ਘਰ ਅਖੰਡ ਪਾਠ ਕਰਨਾ ਹੈ। ਪਹਿਲਾਂ ਜ਼ਰਾ ਇਥੇ ਨਾਮ ਸਿਮਰਨ, ਕੀਰਤਨ ਅਤੇ ਦਰਸ਼ਨ-ਇਸ਼ਨਾਨ ਨਾਲ ਬਿਰਤੀਆਂ ਸਿਕਲ ਕਰ ਲਈਏ ਤਾਂ ਕਿ ਉਥੇ ਸਮਾਗਮ ਖੂਬ ਚੜ੍ਹਦੀਆਂ ਕਲਾਂ ਵਿਚ ਹੋਵੇ।"

ਸੋ ਪੰਜ-ਸਤ ਦਿਨ ਜੱਥਾ ਸਿਰੀ ਅੰਮ੍ਰਿਤਸਰ ਜੀ ਰਿਹਾ। ਸੁਬਹਾ ਇਸ਼ਨਾਨ ਕਰਨਾ, ਨਿਤਨੇਮ ਅਤੇ ਸੁਖਮਨੀ ਸਾਹਿਬ ਦੇ ਪਾਠ ਤੋਂ ਬਾਦ ਸਿਰੀ ਦਰਬਾਰ ਸਾਹਿਬ ਸਿਰੀ ਆਸਾ ਜੀ ਦੀ ਵਾਰ ਦਾ ਸਾਰਾ ਕੀਰਤਨ ਸੁਣਨਾ। ਸਮਾਪਤੀ ਤੇ ਆ ਕੇ ਪ੍ਰਸ਼ਾਦ ਛਕਣਾ ਤੇ ਆਰਾਮ ਕਰਨਾ। ਸ਼ਾਮ ਤਿੰਨ ਵਜੇ ਦੇ ਕਰੀਬ ਹਰਿ ਕੀ ਪਾਉੜੀ ਦੇ ਸਾਹਮਣੇ ਅਠਸਠ ਤੀਰਥ ਵਾਲੇ ਥਾਂ ਜਥੇ ਨੇ ਕੀਰਤਨ ਸ਼ੁਰੂ ਕਰਨਾ ਜਿਸਦੀ ਸਮਾਪਤੀ ਰਹਿਰਾਸ ਦੇ ਪਾਠ ਤੋਂ ਬਾਦ ਹੋਣੀ ਤੇ ਫੇਰ ਬੁੰਗੇ ਜਾ ਕੇ ਟਿਕ ਜਾਣਾ। ਇਹ ਪ੍ਰੋਗਰਾਮ ਕੋਈ ਹਫਤਾ ਭਰ ਚਲਿਆ ਅਤੇ ਦਿਨ ਬੜੇ ਅਨੰਦ ਵਿਚ ਬੀਤੇ।

ਫੇਰ ਅਬਾਸ ਪੁਰ (ਲਾਇਲਪੁਰ ਤੋਂ ਅਗਲਾ ਸਟੇਸ਼ਨ) ਲਈ ਗੱਡੀ ਸਵਾਰ ਹੋਏ। ਭਾਈ ਸਾਹਿਬ ਕਹਿਣ ਲੱਗੇ - "ਪੂਰੇ ਸੱਤ ਦਿਨ ਸਿਰੀ ਅੰਮ੍ਰਿਤਸਰ ਦੀ ਯਾਤਰਾ ਕੀਤੀ ਹੈ ਪਰ ਨਤੀਜਾ ਕੋਈ ਨਹੀਂ ਨਿਕਲਿਆ।" ਭਾਈ ਸਾਹਿਬ ਦਾ "ਨਤੀਜਾ ਨਿਕਲਣ" ਤੋਂ ਭਾਵ ਸੀ - ਕਿਸੇ ਸਿੰਘ ਦੀ ਸੁਧ-ਬੁਧ ਭੁਲਕੇ ਸਮਾਧੀ ਲਗਣੀ। ਉਥੋਂ ਬਾਜੇ ਢੋਲਕੀ ਨਾਲ



www.AKJ.Org

ਕੀਰਤਨ ਸ਼ੁਰੂ ਹੋ ਗਿਆ ਜੋ ਸਾਰੇ ਰਾਹ ਹੁੰਦਾ ਗਿਆ । ਲਾਇਲਪੁਰ ਦੇ ਲਾਗੇ ਜਾ ਕੇ ਭਾਈ ਸਾਹਿਬ ਨੇ, ਭਾਈ ਨੰਦ ਲਾਲ ਜੀ ਦੀ ਗ਼ਜ਼ਲ—

**ਦੀਨ ਦੁਨੀਆਂ ਦਰ ਕਮੰਦਿ ਆਂ ਪਰੀ ਰੁਖਸਾਰਿ ਮਾਂ ॥ ਹਰ ਦੋ ਆਲਮ ਕੀਮਤਿ ਯੱਕ ਤਾਰਿ ਮੂਇ ਯਾਰਿ ਮਾਂ ॥**

ਦਾ ਕੀਰਤਨ ਕੀਤਾ। ਇਕ ਪਠਾਣ, ਜੋ ਉਸੇ ਡੱਬੇ ਵਿਚ ਸਫ਼ਰ ਕਰ ਰਿਹਾ ਸੀ, ਨਾਲ ਆ ਕੇ ਕੀਰਤਨ ਕਰਨ ਲਗਾ। ਬੜੇ ਰੰਗਾਂ ਵਿਚ ਉਸਨੇ ਸਾਡੇ ਨਾਲ ਕੀਰਤਨ ਕੀਤਾ ਔਰ ਗਜ਼ਲ ਦੀ ਸਮਾਪਤੀ ਤੇ ਉਸਨੇ ਡਰਾਈ ਫਰੂਟ ਸਾਰੀ ਸੰਗਤ ਵਿਚ ਵੰਡੇ। ਕੀਰਤਨ ਕਰਦਿਆਂ ਨੂੰ ਹੀ ਅਬਾਸ ਪੁਰ ਦਾ ਸਟੇਸ਼ਨ ਆ ਗਿਆ, ਉਤਰਨਾ ਯਾਦ ਹੀ ਨਾ ਰਿਹਾ। ਅਚਾਨਕ ਬਾਊ ਜੀ ਨੂੰ ਖਿਆਲ ਆਇਆ, ਉਹਨਾਂ ਗਾਰਡ ਨੂੰ ਆਖ ਕੇ ਗੱਡੀ ਰੁਕਵਾਈ ਤੇ ਸਾਰਾ ਜੱਥਾ ਉਤਰਿਆ।

ਪ੍ਰੋਫੈਸਰ ਠਾਕੁਰ ਸਿੰਘ, ਬਾਊ ਮਲ ਸਿੰਘ ਜੀ ਦਾ ਭਤੀਜਾ ਜੋ ਉਸ ਸਮੇਂ ਛੋਟਾ ਜਿਹਾ ਸੀ, ਘੋੜੀ ਲੈ ਕੇ ਆਇਆ ਸੀ ਤੇ ਭਾਈ ਸਾਹਿਬ ਨੂੰ ਆਖਣ ਲਗਾ, "ਬਾਪੂ ਜੀ ਨੇ ਆਪ ਲਈ ਘੋੜੀ ਭੇਜੀ ਹੈ, ਸਵਾਰ ਹੋਵੋ।" "ਸਾਰੀ ਸੰਗਤ ਪੈਦਲ ਜਾਵੇ ਤੇ ਮੈਂ ਘੋੜੀ ਤੇ। ਮੈਂ ਇਹ ਗੁਸਤਾਖੀ ਨਹੀਂ ਕਰ ਸਕਦਾ।" ਭਾਈ ਸਾਹਿਬ ਬੋਲੇ, "ਤੇਰੀ ਘੋੜੀ ਸਾਨੂੰ ਪਹੁੰਚ ਗਈ। ਕਾਕਾ ਜਾ, ਪਤਾ ਦੇ ਕਿ ਸੰਗਤਾਂ ਆ ਰਹੀਆਂ ਹਨ।"

ਅਬਾਸ ਪੁਰ ਤੋਂ ਬਾਊ ਜੀ ਦੇ ਪਿੰਡ ਨਾਗੋਕੀ ਸਰਲੀ ਪੈਦਲ ਜਾਣਾ ਸੀ। ਭਾਈ ਸਾਹਿਬ ਨੇ ਭਾਈ ਅਤਰ ਸਿੰਘ ਜੀ ਨੂੰ ਨਿਤਨੇਮ ਦਾ ਪਾਠ ਸ਼ੁਰੂ ਕਰਨ ਲਈ ਕਿਹਾ। (ਭਾਈ ਸਾਹਿਬ ਸਫ਼ਰ ਵਿਚ ਭੀ ਬਾਣੀ ਪੜ੍ਹਨ, ਨਾਮ ਜਪਣ ਲਈ ਆਖਦੇ ਸਨ। ਗਲਾਂ ਕਰਨੀਆਂ ਚੰਗਾ ਨਹੀਂ ਸਮਝਦੇ ਸਨ।) ਸੋ ਭਾਈ ਅਤਰ ਸਿੰਘ ਜੀ ਨੇ ਨਿਤਨੇਮ ਦਾ ਪਾਠ ਅਰੰਭ ਕਰ ਦਿੱਤਾ। ਜਪੁ ਜੀ ਸਾਹਿਬ, ਸ਼ਬਦ ਹਜ਼ਾਰੇ, ਜਾਪ ਸਾਹਿਬ ਅਤੇ ਦਸ ਸਵੱਯਿਆਂ ਪਿਛੋਂ ਹਜ਼ਾਰੇ ਦੇ ਸ਼ਬਦ ਸ਼ੁਰੂ ਹੋਏ ਤਾਂ—

**ਰੇ ਮਨ ਐਸੋ ਕਰ ਸੰਨਿਆਸਾ ॥** *(ਦਸਮ ਗ੍ਰੰਥ)*

ਦਾ ਤਾਂ ਕੀਰਤਨ ਹੀ ਹੋਣ ਲਗ ਪਿਆ ਔਰ ਇਸੇ ਕੀਰਤਨ ਵਿਚ ਭਾਈ ਸਾਹਿਬ ਦੀ ਤੁਰੇ ਜਾਂਦਿਆਂ ਦੀ ਸਮਾਧੀ ਲਗ ਗਈ। ਸਰੀਰ ਦੀ ਕੋਈ ਸੁਧ-ਬੁਧ ਨਾ ਰਹੀ ਅਤੇ ਰਾਹ ਦੀ ਧੁਦਲ ਵਿਚ ਹੀ ਡਿਗ ਪਏ। ਸਾਰਾ ਜੱਥਾ ਵੀ ਉਹਨਾਂ ਕੋਲ ਬੈਠ ਗਿਆ। ਕੁਛ ਦੇਰ ਬਾਦ ਭਾਈ ਸਾਹਿਬ ਸਾਵਧਾਨ ਹੋਏ ਤੇ ਅਗੇ ਟੁਰੇ। ਇਕ ਰਜਵਾਹੇ ਤੇ ਭਾਈ ਸਾਹਿਬ ਦਾ ਪੰਜ ਇਸ਼ਨਾਨ ਕਰਵਾਇਆ ਤੇ ਕਪੜੇ ਝਾੜੇ।

ਰਸਤੇ ਵਿਚ ਹੀ ਰਹਿਰਾਸ ਦਾ ਸਮਾਂ ਹੋ ਗਿਆ। ਇਕ ਰਜਵਾਹੇ ਤੇ ਪੰਜ ਇਸ਼ਨਾਨੇ ਕਰਕੇ ਰਹਿਰਾਸ ਦਾ ਪਾਠ ਹੋਇਆ। ਅਰਦਾਸ ਹੋਈ ਹੀ ਸੀ ਕਿ ਪਿੰਡ ਦੀ ਸੰਗਤ ਕੀਰਤਨ ਕਰਦੀ ਹੋਈ ਸੁਆਗਤ ਲਈ ਆ ਗਈ। ਪਹਿਲਾ ਸ਼ਬਦ ਉਹਨਾਂ ਪੜ੍ਹ ਲਿਆ ਸੀ, ਦੂਸਰਾ ਸ਼ਬਦ ਉਨ੍ਹਾਂ ਸ਼ੁਰੂ ਕੀਤਾ:-

**ਗੁਰਮੁਖਿ ਪਿਆਰੇ ਆਇ ਮਿਲੁ ਮੈ ਚਿਰੀ ਵਿਛੁੰਨੇ ਰਾਮ ਰਾਜੇ ॥**
**ਮੇਰਾ ਮਨੁ ਤਨੁ ਬਹੁਤੁ ਬੈਰਾਗਿਆ ਹਰਿ ਨੈਣ ਰਸਿ ਭਿੰਨੇ ॥....**

ਇਹ ਤੁਕ ਉਹਨਾਂ ਗੁਰਮੁਖਾਂ ਨਾਲ ਮੈਂ ਤਾਂ ਇਕੋ ਵਾਰ ਹੀ ਪੜ੍ਹ ਸਕਿਆ। ਇਸ ਤੋਂ ਬਾਦ ਮੈਨੂੰ ਕੋਈ ਸੁਧ-ਬੁਧ ਨਾ ਰਹੀ, ਮੈਂ ਉਥੇ ਹੀ ਡਿਗ ਪਿਆ ਤੇ ਨਾਲ ਹੀ ਗਿਆਨੀ ਹਰਭਜਨ ਸਿੰਘ ਜੀ। ਸ਼ਬਦ ਦੀ ਸਮਾਪਤੀ ਹੋਣ ਤੇ ਭਾਈ ਸਾਹਿਬ, ਮੇਰਾ ਤੇ ਭਾਈ ਸੁਰਜਨ ਸਿੰਘ ਜੀ, ਗਿਆਨੀ ਹਰਭਜਨ ਸਿੰਘ ਜੀ ਦਾ ਸਿਰ ਗੋਦ ਵਿਚ ਲੈ ਕੇ ਬੈਠ ਗਏ। ਸਾਡੇ ਹੋਸ਼ ਸੰਭਾਲਣ ਤੇ ਭਾਈ ਸਾਹਿਬ ਨੇ ਬਾਜਾ ਲਿਆ। ਇਕ ਪਾਸਿਓਂ ਭਾਈ ਅਤਰ ਸਿੰਘ ਜੀ ਨੇ ਫੜਿਆ ਤੇ ਦੂਜੇ ਪਾਸਿਓਂ ਮੈਂ। "**ਘੋਲਿ ਘੁਮਾਈ ਲਾਲਨਾ ਗੁਰਿ ਮਨੁ ਦੀਨਾ**" ਸ਼ਬਦ ਦਾ ਕੀਰਤਨ ਕਰਦੇ ਹੋਏ ਪਿੰਡ ਵਲ ਚਲੇ। ਕੀਰਤਨ ਵੀ ਐਸਾ ਹੋਇਆ ਕਿ ਬਸ ! ਭਾਈ ਸਾਹਿਬ ਤਾਂ ਮਸਤੀ ਵਿਚ ਨਚਦੇ ਹੀ ਜਾਂਦੇ ਸੀ ਤੇ ਸਾਰਾ ਪਿੰਡ, ਕੀ ਸਿੰਘ, ਕੀ ਬੀਬੀਆਂ ਤੇ ਕੀ ਬੱਚੇ ਰਸਤੇ ਦੇ ਦੋਵੇਂ ਪਾਸੀਂ ਸੰਗਤ ਦੇ ਸੁਆਗਤ ਲਈ ਖੜੇ ਸਨ।

ਦੂਸਰੇ ਦਿਨ ਸਿਰੀ ਆਸਾ ਜੀ ਦੀ ਵਾਰ ਦੇ ਕੀਰਤਨ ਤੋਂ ਬਾਦ ਅਖੰਡ ਪਾਠ ਅਰੰਭ ਹੋਇਆ। ਗਿਆਨੀ


www.AKJ.Org

ਹਰਭਜਨ ਸਿੰਘ ਤੇ ਮੇਰੀ ਜਪੁ ਜੀ ਸਾਹਿਬ ਦੇ ਪਾਠ ਦੀ ਸੇਵਾ ਸੀ। ਮੈਂ ਪਾਠ ਕਰ ਰਿਹਾ ਸੀ ਤੇ ਗਿਆਨੀ ਜੀ ਮੇਰੇ ਪਿਛੇ ਅਰਾਮ ਕਰ ਰਹੇ ਸੀ। ਪਰਸ਼ਾਦੇ ਦੇ ਵਕਤ ਭਾਈ ਸਾਹਿਬ ਨੇ ਭਾਈ ਅਤਰ ਸਿੰਘ ਨੂੰ ਆਖਿਆ, "ਪ੍ਰਸ਼ਾਦੇ ਦਾ ਵਕਤ ਹੋ ਗਿਆ ਹੈ ਨਾਲੇ ਰੌਲ ਬਦਲਣ ਦਾ। ਜਾਓ ਹਰਭਜਨ ਸਿੰਘ ਨੂੰ ਕਹੋ ਕਿ ਦਲੀਪ ਸਿੰਘ ਨੂੰ ਛਡ ਦੇਵੇ।" (ਭਾਈ ਸਾਹਿਬ, ਭਾਈ ਅਤਰ ਸਿੰਘ ਅਤੇ ਮੈਂ ਇਕੋ ਬਾਟੇ ਵਿਚ ਪ੍ਰਸ਼ਾਦੇ ਛਕਦੇ ਹੁੰਦੇ ਸੀ।) ਹਰਭਜਨ ਸਿੰਘ ਜੀ ਉਠੇ, ਪੰਜ ਇਸ਼ਨਾਨਾ ਕੀਤਾ ਅਤੇ ਮੈਨੂੰ ਛੱਡ ਦਿੱਤਾ। ਭਾਈ ਅਤਰ ਸਿੰਘ ਜੀ ਸਾਨੂੰ ਆਉਂਦੇ ਜਾਂਦੇ ਨਹੀਂ ਦਿਸੇ। ਹਾਂ, ਇਉਂ ਪ੍ਰਤੀਤ ਹੋਇਆ ਕਿ ਉਹਨਾਂ ਮੇਰੇ ਮੋਢੇ ਤੇ ਹੱਥ ਰਖਿਆ ਹੈ ਤੇ ਕਿਹਾ ਹੈ ਕਿ ਮੈਂ ਹਰਭਜਨ ਸਿੰਘ ਨੂੰ ਜਗਾਉਂਦਾ ਹਾਂ। ਪ੍ਰਸ਼ਾਦੇ ਦਾ ਵਕਤ ਹੋ ਗਿਆ ਹੈ, ਆ ਪ੍ਰਸ਼ਾਦਾ ਛਕ ਲੈ। ਭਾਈ ਹਰਭਜਨ ਸਿੰਘ ਜੀ ਪਾਠ ਤੋਂ ਉਠ ਕੇ ਆਏ ਤੇ ਪੁੱਛਣ ਲਗੇ, "ਭਾਈ ਅਤਰ ਸਿੰਘ ਜੀ, ਤੁਸੀਂ ਮੈਨੂੰ ਜਗਾਂਦੇ ਤਾਂ ਦਿਸੇ ਹੋ ਪਰ ਜਾਂਦੇ ਨਹੀਂ। ਤੁਸੀਂ ਐਡੀ ਛੇਤੀ ਕਿਵੇਂ ਚਲੇ ਗਏ? ਤੁਸੀਂ ਤਾਂ ਬੜੇ ਦੂਰ ਬਾਹਰ ਬੈਠੇ ਸੀ।" ਮੈਂ ਵੀ ਆਖਿਆ ਕਿ ਮੈਨੂੰ ਵੀ ਆਉਣ ਜਾਂ ਜਾਣ ਦਾ ਪਤਾ ਨਹੀਂ ਲਗਾ, ਸਿਰਫ਼ ਮੋਢੇ ਤੇ ਹੱਥ ਰਖਿਆ ਪ੍ਰਤੀਤ ਹੋਇਆ ਹੈ ਤੇ ਇਹਨਾਂ ਦੇ ਦਰਸ਼ਨ ਕੀਤੇ ਹਨ। ਭਾਈ ਸਾਹਿਬ ਉਸ ਵੇਲੇ ਚੁਪ ਰਹੇ। ਫੇਰ ਕਾਫ਼ੀ ਸਮੇਂ ਬਾਦ ਨਾਮ ਕਮਾਈ ਦੀ ਬਰਕਤ ਉਤੇ ਵੀਚਾਰ ਹੋ ਰਹੀ ਸੀ ਤਾਂ ਭਾਈ ਸਾਹਿਬ ਨੇ ਉਹ ਉਦਾਹਰਨ ਦਿਤੀ ਤੇ ਆਖਿਆ– "ਨਾਮ ਵਿਚ ਐਨੀਆਂ ਬਰਕਤਾਂ ਹਨ ਕਿ ਮੈਂ ਭਾਈ ਅਤਰ ਸਿੰਘ ਨੂੰ ਕਿਹਾ ਹੀ ਸੀ ਕਿ ਪ੍ਰਸ਼ਾਦੇ ਦਾ ਵਕਤ ਹੋ ਗਿਆ ਹੈ, ਜਾਓ ਹਰਭਜਨ ਸਿੰਘ ਨੂੰ ਜਗਾ ਦਿਓ, ਉਹੁ ਦਲੀਪ ਸਿੰਘ ਨੂੰ ਛੱਡ ਦੇਣ। ਮੇਰੇ ਇਸ ਕਥਨ ਮਾਤਰ ਨਾਲ ਹੀ ਸਾਰੀ ਕਿਰਿਆ ਹੋ ਗਈ, ਭਾਈ ਅਤਰ ਸਿੰਘ ਆਪਣੀ ਥਾਂ ਤੋਂ ਉਠੇ ਹੀ ਨਹੀਂ, ਪਰ ਤੁਸੀਂ ਉਹਨਾਂ ਨੂੰ ਆਪਣੇ ਕੋਲ ਦੇਖਿਆ। ਇਹ ਸਭ ਨਾਮ ਦੀ ਬਰਕਤ ਹੈ।" ਅਖੰਡ ਪਾਠ ਦੀ ਸਮਾਪਤੀ ਤੇ ਅੰਮ੍ਰਿਤ ਸੰਚਾਰ ਸਮਾਗਮ ਹੋਇਆ, ਜਿਸ ਵਿਚ 30–32 ਪਰਿਵਾਰ ਸਿੰਘ ਸਜੇ। ਇਹਨਾਂ ਵਿਚ ਰਾਵਲ ਪਿੰਡੀ ਵਾਲੇ ਡਾਕਟਰ ਗੁਰਬਖਸ਼ ਸਿੰਘ ਤੇ ਉਹਨਾਂ ਦੀ ਪਤਨੀ ਵੀ ਸਨ ਜਿਨ੍ਹਾਂ ਨੂੰ ਬਾਊ ਮਲ ਸਿੰਘ ਜੀ ਨੇ ਪ੍ਰੇਰਿਆ ਸੀ।

ਇਸ ਦੌਰਾਨ ਮੇਰਾ ਨਾਂ ਸਕੂਲ ਵਿਚੋਂ ਗੈਰ ਹਾਜ਼ਰ ਰਹਿਣ ਕਾਰਨ ਕਟਿਆ ਗਿਆ। ਘਰ ਦੇ ਮੈਨੂੰ ਪਿੰਡ ਲੈ ਗਏ। ਕੁਛ ਦੇਰ ਪਿੰਡ ਰਹਿ ਕੇ ਮੈਂ ਭਾਈ ਸਾਹਿਬ ਜੀ ਕੋਲ ਨਾਰੰਗਵਾਲ ਚਲਾ ਗਿਆ ਤੇ ਉਹਨਾਂ ਦੀ ਸੰਗਤ ਵਿਚ ਅਨੰਦ ਮਾਨਣ ਲਗਾ। ਭਾਈ ਅਤਰ ਸਿੰਘ ਜੀ ਵੀ ਉਥੇ ਰਹਿੰਦੇ ਸਨ। ਰੋਜ਼ਾਨਾ ਕਿਰਿਆ ਇਸ ਤਰ੍ਹਾਂ ਸੀ – ਅੰਮ੍ਰਿਤ ਵੇਲੇ ਦੋ ਵਜੇ ਉਠ ਕੇ ਨਾਮ ਅਭਿਆਸ, ਨਿਤਨੇਮ ਤੇ ਸੁਖਮਨੀ ਸਾਹਿਬ ਦੇ ਪਾਠ ਤੋਂ ਬਾਦ ਮਹਾਰਾਜ ਦਾ ਪ੍ਰਕਾਸ਼ ਕਰਨਾ ਅਤੇ ਸਿਰੀ ਗੁਰੂ ਗ੍ਰੰਥ ਸਾਹਿਬ ਜੀ ਪਾਠ ਦੁਪਹਿਰ ਤਕ ਕਰਨਾ। ਪਾਠ ਮੈਂ ਕਰਦਾ ਸੀ, ਭਾਈ ਸਾਹਿਬ ਸਰਵਣ ਕਰਦੇ ਅਤੇ ਮੈਨੂੰ ਉਚਾਰਣ ਦੀਆਂ ਗਲਤੀਆਂ ਦਸਦੇ। ਤਕਰੀਬਨ ਅੱਧ ਤੋਂ ਵੱਧ ਪਾਠ ਭਾਈ ਸਾਹਿਬ ਨੇ ਮੈਨੂੰ ਇਸ ਤਰ੍ਹਾਂ ਕਰਵਾਇਆ। ਸ਼ਾਮ ਨੂੰ ਤਿੰਨ ਵਜੇ ਦੇ ਕਰੀਬ ਅਸੀਂ ਤਿੰਨੇ ਜਣੇ ਮਲੇਆਣੇ ਦੀ ਢਾਬ ਤੇ ਚਲੇ ਜਾਂਦੇ ਤੇ ਨਾਮ ਸਿਮਰਨ ਵਿਚ ਜੁਟ ਜਾਂਦੇ। ਰਹਿਰਾਸ ਦਾ ਪਾਠ ਉਥੇ ਹੀ ਹੁੰਦਾ। ਕਈ ਵਾਰ ਭਾਈ ਸਾਹਿਬ ਦੀ ਸਮਾਧੀ ਲਗ ਜਾਂਦੀ ਅਤੇ ਉਹ ਅੰਮ੍ਰਿਤ ਵੇਲੇ ਤਕ ਉਥੇ ਹੀ ਬੈਠੇ ਰਹਿੰਦੇ। ਭਾਈ ਅਤਰ ਸਿੰਘ ਤੇ ਮੈਂ ਕੋਈ ਦਸ ਵਜੇ ਤਕ ਇੰਤਜ਼ਾਰ ਕਰਦੇ, ਫੇਰ ਘਰ ਆ ਜਾਂਦੇ ਤੇ ਭਾਈ ਸਾਹਿਬ ਦੀ ਜਦੋਂ ਤੱਕ ਸਮਾਧੀ ਨਾ ਖੁਲਦੀ, ਓਦੋਂ ਤੱਕ ਬੇਬੇ ਕਰਤਾਰ ਕੌਰ ਜੀ ਭਾਈ ਸਾਹਿਬ ਦੀ ਉਡੀਕ ਵਿਚ ਚੁਲੇ–ਚੌਂਕੇ ਵਿਚ ਹੀ ਬੈਠੇ ਰਹਿੰਦੇ ਤੇ ਆਇਆਂ ਨੂੰ ਗਰਮ ਪ੍ਰਸ਼ਾਦਾ ਛਕਾਉਂਦੇ ਤੇ ਆਪ ਛਕਦੇ। ਇਸ ਤਰ੍ਹਾਂ ਦਾ ਨਿਤਨੇਮ ਨਾਰੰਗਵਾਲ ਨਿਭ ਰਿਹਾ ਸੀ। ਮੇਰੇ ਨਾਰੰਗਵਾਲ ਹੁੰਦਿਆਂ ਹੀ ਗਦਰ ਲਹਿਰ ਚਲੀ ਅਤੇ ਜੱਥਾ ਭਾਈ ਸਾਹਿਬ ਦੀ ਅਗਵਾਈ ਵਿਚ ਫ਼ਿਰੋਜ਼ਪੁਰ ਗਿਆ। ਉਥੋਂ ਵਾਪਸ ਆ ਕੇ ਵੀ ਭਾਈ ਅਤਰ ਸਿੰਘ ਤੇ ਮੈਂ ਭਾਈ ਸਾਹਿਬ ਕੋਲ ਨਾਰੰਗਵਾਲ ਵਿਚ ਰਹਿੰਦੇ ਰਹੇ। ਇਹਨਾਂ ਦਿਨਾਂ ਵਿਚ ਨਾਰੰਗਵਾਲ ਵਿਚ ਪਲੇਗ ਪਈ ਹੋਈ ਸੀ ਅਤੇ ਅਸੀਂ ਸਾਰੇ ਉਪਰ ਚੁਬਾਰੇ ਵਿਚ ਰਹਿੰਦੇ ਸੀ। ਭਾਈ ਸਾਹਿਬ ਦੇ ਪਿਤਾ ਸਰਦਾਰ ਨੱਥਾ ਸਿੰਘ, ਜੋ ਨਾਭੇ ਜੱਜ ਸਨ, ਨੇ ਇਕ ਨੌਕਰ ਨਾਰੰਗਵਾਲ ਲੋਹੇ ਦੇ ਬਰਤਨ ਪਤੀਲਾ, ਕੜਛੀ, ਕਟੋਰੇ ਆਦਿ ਲਈ ਭੇਜਿਆ। ਭਾਈ ਸਾਹਿਬ ਨੇ ਉਸ ਨੂੰ



www.AKJ.Org

ਪੁਛਿਆ ਕਿ ਸਰਦਾਰ ਹੋਰੀਂ ਤਾਂ ਕਿਹਾ ਕਰਦੇ ਸਨ ਕਿ ਇਨ੍ਹਾਂ ਵਿਚ ਖਾਣਾ ਸਿਆਹ (ਕਾਲਾ) ਹੋ ਜਾਂਦਾ ਹੈ, ਉਹਨਾਂ ਨੂੰ ਇਹਨਾਂ ਬਰਤਨਾਂ ਦੀ ਕੀ ਲੋੜ ਪੈ ਗਈ ? ਉਸ ਨੌਕਰ ਨੇ ਦਸਿਆ ਕਿ ਸਰਦਾਰ ਜੀ ਨੇ ਅਖਬਾਰ ਵਿਚ ਕਿਸੇ ਅੰਗਰੇਜ਼ ਡਾਕਟਰ ਦੀ ਰਾਏ ਪੜ੍ਹੀ ਹੈ ਕਿ ਜੋ ਸਖਸ਼ ਲੋਹੇ ਦੇ ਬਰਤਨਾਂ ਵਿਚ ਬਣੀ ਰੋਟੀ ਖਾਵੇ, ਉਸ ਨੂੰ ਕਈ ਬਿਮਾਰੀਆਂ ਨਹੀਂ ਹੁੰਦੀਆਂ, ਜਿਨ੍ਹਾਂ ਦੇ ਨਾਂ ਵੀ ਦੱਸੇ ਹਨ। ਇਸ ਨੌਕਰ ਨੇ ਸਰਦਾਰ ਨੱਥਾ ਸਿੰਘ ਜੀ ਨੂੰ ਜਾ ਕੇ ਦਸਿਆ ਕਿ ਪਿੰਡ ਵਿਚ ਪਲੇਗ ਪਈ ਹੋਈ ਹੈ ਤੇ ਸਾਰਾ ਪਰਿਵਾਰ ਚੁਬਾਰੇ ਵਿਚ ਰਹਿ ਰਿਹਾ ਹੈ। ਚਾਰ ਪੰਜ ਮੌਤਾਂ ਰੋਜ਼ ਹੋ ਜਾਂਦੀਆਂ ਹਨ। ਇਸ ਤੇ ਸਰਦਾਰ ਸਾਹਿਬ ਨੇ ਨੌਕਰ ਨੂੰ ਚਿੱਠੀ ਦੇ ਕੇ ਦੂਸਰੇ ਦਿਨ ਹੀ ਵਾਪਸ ਨਾਰੰਗਵਾਲ ਭੇਜਿਆ, ਜਿਸ ਵਿਚ ਲਿਖਿਆ ਸੀ – ਵੈਸੇ ਤਾਂ ਜੋ ਪ੍ਰਮਾਤਮਾ ਕਰਦਾ ਹੈ ਉਸਦੀ ਰਜ਼ਾ ਵਿਚ ਹੀ ਸਭ ਕੁਝ ਹੁੰਦਾ ਹੈ। ਲੇਕਿਨ ਬਲਦੀ ਅੱਗ ਵਿਚ ਪ੍ਰਵਾਰ ਨੂੰ ਲੈ ਕੇ ਬੈਠਣਾ ਕੋਈ ਸਿਆਣਪ ਵਾਲੀ ਗੱਲ ਨਹੀਂ। ਦੂਸਰਾ ਮੇਰਾ ਬੱਚਿਆਂ ਨੂੰ ਮਿਲਣ ਨੂੰ ਬੜਾ ਦਿਲ ਕਰਦਾ ਹੈ, ਤੁਸੀਂ ਸਾਰੇ ਨਾਭੇ ਆ ਜਾਓ। ਸੋ ਭਾਈ ਸਾਹਿਬ, ਪਰਿਵਾਰ, ਭਾਈ ਅਤਰ ਸਿੰਘ ਤੇ ਮੈਂ ਸਾਰੇ ਨਾਭੇ ਚਲੇ ਗਏ। ਫ਼ਿਰੋਜ਼ਪੁਰ ਜਾਣ ਵਾਲਾ ਸਿਲਸਿਲਾ ਪਹਿਲਾਂ ਹੋ ਚੁੱਕਾ ਸੀ, ਉਥੇ ਵੀ ਭਾਈ ਨਿਧਾਨ ਸਿੰਘ ਚੁੱਘਾ ਤੇ ਹੋਰ ਗਦਰੀ ਸਾਨੂੰ ਮਿਲਦੇ ਰਹੇ। ਬਾਹਰ ਇਕ ਛਿਛੜਿਆਂ ਦਾ ਬਣ ਸੀ ਉਥੇ ਮਿਲਿਆ ਕਰਦੇ ਸੀ। ਇਸ ਗੱਲ ਦਾ ਭਾਈ ਸਾਹਿਬ ਜਾਂ ਭਾਈ ਅਤਰ ਸਿੰਘ ਜਾਂ ਮੈਨੂੰ ਹੀ ਪਤਾ ਸੀ। ਮੈਂ ਉਹਨਾਂ ਲਈ ਪ੍ਰਸ਼ਾਦੇ ਵੀ ਲੈ ਜਾਂਦਾ। ਭਾਈ ਨਿਧਾਨ ਸਿੰਘ ਚੁੱਘਾ ਨੂੰ ਇਕ ਬਰਮੀ ਦਾਹ ਵੀ ਬਣਵਾ ਕੇ ਦਿੱਤਾ ਜੋ ਕੇਸ ਵਿਚ ਪੇਸ਼ ਹੋਇਆ।

ਕੁਛ ਦਿਨ ਬਾਦ, ਸਰਦਾਰ ਗੁਰਦਿਆਲ ਸਿੰਘ, ਜੋ ਸੁਪਰਡੈਂਟ ਪੁਲਿਸ ਨਾਭਾ ਸੀ ਅਤੇ ਸ਼ਾਇਦ ਭਾਈ ਸਾਹਿਬ ਦਾ ਜਮਾਤੀ ਵੀ ਸੀ, ਨੇ ਇਕ ਦਿਨ ਭਾਈ ਸਾਹਿਬ ਨੂੰ ਬੁਲਾਇਆ। ਭਾਈ ਅਤਰ ਸਿੰਘ ਅਤੇ ਮੈਂ ਭਾਈ ਸਾਹਿਬ ਦੇ ਨਾਲ ਗਏ। ਉਹ ਕੁਛ ਦੇਰ ਬੜੀਆਂ ਮਿੱਠੀਆਂ ਗੱਲਾਂ ਕਰਦਾ ਰਿਹਾ ਤੇ ਅਖੀਰ ਆਖਿਆ ਕਿ ਗਵਰਨਮੈਂਟ ਆਫ਼ ਇੰਡੀਆ ਨੇ ਆਖਿਆ ਹੈ ਕਿ ਰਣਧੀਰ ਸਿੰਘ ਨੂੰ ਨਜ਼ਰ-ਬੰਦ ਕਰ ਲਵੋ, ਪਤਾ ਨਹੀਂ ਉਸਦੀ ਕਦੋਂ ਲੋੜ ਪੈ ਜਾਵੇ। ਭਾਈ ਸਾਹਿਬ ਨੇ ਕਿਹਾ, "ਜੋ ਤੁਹਾਨੂੰ ਹੁਕਮ ਮਿਲਦਾ ਹੈ, ਉਸਦੀ ਤਾਮੀਲ ਕਰੋ। ਸਾਨੂੰ ਕੋਈ ਉਜ਼ਰ ਨਹੀਂ।" ਉਸਨੇ ਕਿਹਾ ਕਿ ਤਲਾਸ਼ੀ ਲੈਣ ਲਈ ਵੀ ਕਿਹਾ ਹੈ ਪਰ ਅਸੀਂ ਤਲਾਸ਼ੀ ਨਹੀਂ ਲਵਾਂਗੇ। ਸਿਰਫ਼ ਤੁਹਾਨੂੰ ਨਜ਼ਰ-ਬੰਦ ਹੀ ਕਰਨਾ ਪਵੇਗਾ। ਭਾਈ ਸਾਹਿਬ ਨੂੰ ਇਕ ਸਰਾਂ (ਜੰਝ ਘਰ) ਦੇ ਇਕ ਚੁਬਾਰੇ ਵਿਚ ਨਜ਼ਰਬੰਦ ਕਰਕੇ ਰਖਿਆ ਗਿਆ। ਭਾਈ ਅਤਰ ਸਿੰਘ ਉਹਨਾਂ ਨਾਲ ਰਹੇ। ਮੈਂ ਘਰ ਰਿਹਾ ਅਤੇ ਦੋਨੋਂ ਵਕਤ ਭਾਈ ਸਾਹਿਬ ਨੂੰ ਪ੍ਰਸ਼ਾਦਾ ਪਚਾਉਂਦਾ ਅਤੇ ਘਰ ਲਈ ਬਜ਼ਾਰ ਦੇ ਹੋਰ ਕੰਮ ਕਰਦਾ ਰਿਹਾ।

ਕੁਝ ਸਮੇਂ ਬਾਦ ਭਾਈ ਸੁਰਜਨ ਸਿੰਘ ਉਥੇ (ਨਾਭੇ) ਆਏ ਅਤੇ ਮੈਨੂੰ ਦਸਿਆ, "ਤੇਰੀ ਮਾਈ (ਦਾਦੀ) ਅਤੇ ਤੇਰੇ ਸਹੁਰੇ ਰਜ਼ਾਮੰਦ ਹੋ ਗਏ ਹਨ ਕਿ ਤੇਰੀ ਸਿੰਘਣੀ ਨੂੰ ਅੰਮ੍ਰਿਤ ਛਕਾਇਆ ਜਾਵੇ। ਮੈਂ ਤੈਨੂੰ ਲੈਣ ਆਇਆ ਹਾਂ।" ਉਨਾਂ ਦਿਨਾਂ ਵਿਚ ਭਾਈ ਸਾਹਿਬ ਦੇ ਪਿਤਾ ਜੀ, ਸਰਦਾਰ ਨੱਥਾ ਸਿੰਘ ਜੀ ਦਾ ਅਪ੍ਰੇਸ਼ਨ ਹੋਇਆ ਸੀ, ਭਾਈ ਸਾਹਿਬ ਨਜ਼ਰਬੰਦ ਸਨ ਅਤੇ ਘਰ ਵਿਚ ਬਾਹਰ ਦੇ ਕੰਮ ਕਰਨ ਲਈ ਮੈਂ ਇਕੱਲਾ ਹੀ ਸੀ। ਸੋ ਮੈਂ ਜਵਾਬ ਦਿੱਤਾ, 'ਭਾਈ ਸੁਰਜਨ ਸਿੰਘ ਜੀ, ਤੁਹਾਨੂੰ ਪਤਾ ਹੀ ਹੈ ਕਿ ਭਾਈ ਸਾਹਿਬ, ਮੈਨੂੰ ਆਪਣੇ ਬੱਚਿਆਂ ਨਾਲੋਂ ਵੀ ਵੱਧ ਪਿਆਰ ਕਰਦੇ ਹਨ ਔਰ ਐਸੀ ਮੁਸੀਬਤ ਵੇਲੇ ਉਹਨਾਂ ਨੂੰ ਪਿੱਠ ਦੇ ਜਾਣੀ ਮੇਰੇ ਲਈ ਯੋਗ ਨਹੀਂ। ਹਾਂ ਕੋਈ ਸਿੰਘ ਆ ਜਾਵੇ, ਤਿਆਰ-ਬਰ-ਤਿਆਰ ਸਰਬ-ਲੋਹੀਆ, ਜੋ ਭਾਈ ਸਾਹਿਬ ਨੂੰ ਪ੍ਰਸ਼ਾਦਾ ਪੁਚਾ ਸਕੇ। ਇਹ ਸੇਵਾ ਮੇਰੇ ਵਾਲੀ ਸਾਂਭ ਲਵੇ, ਫੇਰ ਮੈਂ ਜਾ ਸਕਦਾ ਹਾਂ।" ਭਾਈ ਸੁਰਜਨ ਸਿੰਘ ਹੋਰੀਂ ਉਨੀਂ ਪੈਰੀਂ ਮੁੜ ਗਏ। ਕੁਝ ਦਿਨ ਬਾਦ ਉਹ ਭਾਈ ਹਰਕੇਹਰ ਸਿੰਘ, ਅਕਾਲ ਗੜ੍ਹ ਵਾਲਾ, ਜੋ ਸਰਬ-ਲੋਹੀਆ ਸਿੰਘ ਸੀ, ਨੂੰ ਲੈ ਕੇ ਆ ਗਏ ਅਤੇ ਮੇਰੇ ਵਾਲੀ ਸੇਵਾ ਉਹਨਾਂ ਨੂੰ ਸੌਂਪ ਦਿੱਤੀ। ਔਰ ਮੈਂ ਬੇਬੇ ਕਰਤਾਰ ਕੌਰ ਜੀ, ਜੋ ਮੈਨੂੰ ਆਪਣੇ ਬਚੇ ਵਾਂਗੂੰ ਪਿਆਰ ਕਰਦੇ ਸਨ, ਤੋਂ ਆਗਿਆ ਲੈ ਕੇ ਗੁਜਰਵਾਲ ਆ ਗਿਆ ਜਥੇਦਾਰ ਸਾਹਿਬ ਦੇ ਘਰ। ਉਹਨਾਂ ਦੇ ਘਰ ਸਧਾਰਨ ਪਾਠ ਹੋ ਰਿਹਾ ਸੀ। ਭਾਈ ਸੁਰਜਨ ਸਿੰਘ ਨੇ ਆਖਿਆ, "ਮੈਂ ਦਲੀਪ ਸਿੰਘ ਨਾਲ ਇਹਨਾਂ ਦੇ



www.AKJ.Org

ਪਿੰਡ ਜਾ ਕੇ ਸਧਾਰਨ ਪਾਠ ਅਰੰਭ ਕਰਵਾ ਆਉਨਾਂ। ਜਦੋਂ ਇਹ ਪਾਠ ਕਰ ਲੈਣਗੇ, ਆਪਾਂ ਸਾਰੇ ਚਲਾਂਗੇ, ਆਸਾ ਦੀ ਵਾਰ ਦਾ ਕੀਰਤਨ ਕਰਕੇ ਤੇ ਇਹਨਾਂ ਦੀ ਸਿੰਘਣੀ ਨੂੰ ਅੰਮ੍ਰਿਤ ਛਕਾ ਕੇ ਅਨੰਦ ਕਾਰਜ ਗੁਰਮਤਿ ਅਨੁਸਾਰ ਕਰਾ ਆਵਾਂਗੇ।" ਭਾਈ ਰਾਮ ਸਿੰਘ ਜੀ ਕਹਿਣ ਲਗੇ ਕਿ ਕਲ ਨੂੰ ਨਾ ਜਾਉ। ਪਾਠ ਥੋੜ੍ਹਾ ਹੀ ਰਹਿੰਦਾ ਹੈ, ਇਹ ਭਾਈ ਵੀ ਪਾਠ ਵਿਚ ਮਦਦ ਦੇਵੇਗਾ। ਭੋਗ ਪਾ ਕੇ ਜਾਓ। ਅਸੀਂ ਇਸ ਗੱਲ ਨੂੰ ਸਵੀਕਾਰ ਕਰ ਲਿਆ।

ਚਾਰ ਪੰਜ ਦਿਨ ਬਾਦ ਪਾਠ ਦਾ ਭੋਗ ਪੈ ਗਿਆ। ਅਗਲੇ ਦਿਨ ਮੈਂ ਤੇ ਭਾਈ ਸੁਰਜਨ ਸਿੰਘ ਨੇ ਫੁਲਾਂਵਾਲ (ਮੇਰੇ ਪਿੰਡ) ਜਾਣਾ ਸੀ। ਜਦੋਂ ਅੰਮ੍ਰਿਤ ਵੇਲੇ ਤਿੰਨ ਕੁ ਵਜੇ ਰੋਜ਼ ਦੇ ਨਿਤਨੇਮ ਮੁਤਾਬਿਕ ਉਠੇ ਤਾਂ ਕੀ ਦੇਖਿਆ ਕਿ ਮਕਾਨ ਪੁਲਿਸ ਨੇ ਘੇਰਿਆ ਹੋਇਆ ਹੈ। ਕੋਠੇ ਉਤੇ ਵੀ ਪੁਲਿਸ ਹੈ, ਦਰਵਾਜ਼ੇ 'ਤੇ ਵੀ ਪੁਲਿਸ ਹੈ। ਚਾਰੇ ਪਾਸੇ ਪੁਲਿਸ ਹੀ ਪੁਲਿਸ, ਕਿਉਂਕਿ ਗੌਰਮਿੰਟ ਨੂੰ ਸੀ.ਆਈ.ਡੀ. ਦੀ ਰਿਪੋਰਟ ਸੀ ਕਿ ਜਥੇਦਾਰ ਰਾਮ ਸਿੰਘ ਦਾ ਘਰ ਗਦਰ ਪਾਰਟੀ ਦੀ ਬੰਬ ਫੈਕਟਰੀ ਹੈ। ਇਸ ਲਈ ਇਸ ਘਰ ਨੂੰ ਘੇਰਿਆ ਗਿਆ ਸੀ। ਵੈਸੇ ਨਾਰੰਗਵਾਲ, ਗੁਜਰਵਾਲ ਅਤੇ ਹੋਰ ਜਗ੍ਹਾ, ਜਿਨੇ ਵੀ ਸਿੰਘ ਜੱਥੇ ਨਾਲ ਸਬੰਧ ਰਖਦੇ ਸੀ ਅਤੇ ਜੋ ਸਿੰਘ ਅਮਰੀਕਾ ਤੋਂ ਆਏ ਸੀ, ਸਾਰਿਆਂ ਦੀਆਂ ਏਸੇ ਰਾਤ ਹੀ ਦਰ-ਬੰਦੀਆਂ ਹੋਈਆਂ ਸਨ। ਭਾਈ ਹਰਭਜਨ ਸਿੰਘ ਚਮਿੰਡਾ ਦੀ ਵੀ ਉਸੇ ਰਾਤ ਦਰ-ਬੰਦੀ ਹੋ ਕੇ ਸਵੇਰੇ ਤਲਾਸ਼ੀ ਹੋਈ। ਸਾਡੇ ਘਰ, ਫੁਲਾਂਵਾਲ, ਵੀ ਉਸੇ ਰਾਤ ਘੇਰਾ ਪਾਇਆ ਗਿਆ ਤੇ ਤਲਾਸ਼ੀ ਹੋਈ। ਇਕ ਸਫਾ-ਜੰਗ, ਜੋ ਭਾਈ ਸਾਹਿਬ ਨੇ ਮੈਨੂੰ ਦਿੱਤਾ ਸੀ, ਪੁਲਿਸ ਲੈ ਗਈ। ਜਦ ਅਸੀਂ ਦਰਵਾਜ਼ੇ ਤੇ ਗਏ ਤਾਂ ਸਾਨੂੰ ਉਥੇ ਬਿਠਾ ਲਿਆ। ਨਾ ਸਾਨੂੰ ਜੰਗਲ-ਪਾਣੀ ਜਾਣ ਦਿੱਤਾ, ਨਾ ਇਸ਼ਨਾਨ ਕਰਨ ਦਿੱਤਾ, ਕਿਉਂਕਿ ਉਹਨਾਂ ਨੂੰ ਡਰ ਸੀ ਕਿ ਇਥੇ ਬੰਬ ਬਣਦੇ ਹਨ ਕਿਤੇ ਸਾਡੇ ਮਾਰਨ ਨਾ। ਦਿਨ ਚੜ੍ਹਨ ਤਕ ਸਾਨੂੰ ਉਥੇ ਬਿਠਾ ਰਖਿਆ। ਪਿੰਡ ਦੇ ਲੋਕ ਆਏ ਤਾਂ ਤਲਾਸ਼ੀ ਹੋਈ। ਤਲਾਸ਼ੀ ਤੋਂ ਬਾਦ, ਭਾਈ ਸੁਰਜਨ ਸਿੰਘ, ਭਾਈ ਹਰਭਜਨ ਸਿੰਘ ਚਮਿੰਡਾ ਤੇ ਹੋਰ ਸਿੰਘਾਂ ਨੂੰ ਫੜ ਕੇ ਲੈ ਗਏ। ਮੈਂ ਗੁਜਰਵਾਲ ਹੀ ਰਿਹਾ, ਕਿਉਂਕਿ ਮੈਨੂੰ ਪੁਲਿਸ ਪਛਾਣ ਨਹੀਂ ਸਕੀ, ਭਾਵੇਂ ਸਾਡੇ ਘਰ ਵੀ ਉਸੇ ਦਿਨ ਹੀ ਤਲਾਸ਼ੀ ਹੋਈ ਸੀ। ਉਸ ਦਿਨ ਮੈਂ ਭਾਈ ਰਾਮ ਸਿੰਘ ਜੀ ਦੇ ਘਰ ਹੀ ਰਿਹਾ। ਉਸੇ ਦਿਨ ਰਾਤ ਨੂੰ ਭਾਈ ਭਰਪੂਰ ਸਿੰਘ ਨਾਰੰਗਵਾਲ, ਜੋ ਚੌੜਾ ਬਜ਼ਾਰ ਲੁਧਿਆਣਾ ਵਿਚ ਦੁਕਾਨ ਕਰਦੇ ਸਨ, ਨੇ ਇਕ ਸਿੰਘ ਭੇਜਿਆ ਕਿ ਦਲੀਪ ਸਿੰਘ ਨੂੰ ਕਹੋ ਕਿ ਉਹ ਪਿੰਡ ਨਾ ਆਉਣ। ਉਹਨਾਂ ਨੇ ਮੇਰਾ ਸਫਾ-ਜੰਗ ਪੁਲਿਸ ਕੋਲ ਦੇਖ ਕੇ ਪਛਾਣ ਲਿਆ ਸੀ ਤੇ ਜਾਣ ਲਿਆ ਸੀ ਕਿ ਸਾਡੇ ਘਰ ਵੀ ਤਲਾਸ਼ੀ ਹੋ ਗਈ ਹੈ ਤੇ ਮੇਰੇ ਵਰੰਟ ਗ੍ਰਿਫਤਾਰੀ ਜਾਰੀ ਹੋ ਚੁਕੇ ਹਨ। ਮੈਂ ਜਥੇਦਾਰ ਸਾਹਿਬ ਨਾਲ ਸਲਾਹ ਕੀਤੀ। ਉਹਨਾਂ ਕਿਹਾ, "ਤੁਸੀਂ ਮੈਣ ਦੁਆਬ ਭਾਈ ਸੰਤਾ ਸਿੰਘ ਕੋਲ ਚਲੇ ਜਾਓ। ਅੱਜ ਉਹ ਖੰਨੇ ਕੋਲ ਮਾਜਰੀ ਅਖੰਡ ਪਾਠ ਕਰ ਰਹੇ ਹਨ, ਸਵੇਰੇ ਭੋਗ ਪੈਣਾ ਹੈ।" ਮੈਂ ਛਪਾਰ (ਅਹਿਮਦ ਗੜ੍ਹ) ਤੋਂ ਗੱਡੀ ਚੜ੍ਹ ਕੇ ਉਥੇ ਪਹੁੰਚਿਆ। ਜਿਸ ਵੇਲੇ ਮੈਂ ਮਾਜਰੀ ਭਾਈ ਜੁਗਿੰਦਰ ਸਿੰਘ ਦੇ ਘਰ ਪਹੁੰਚਿਆ ਆਸਾ ਦੀ ਵਾਰ ਦਾ ਕੀਰਤਨ ਹੋ ਰਿਹਾ ਸੀ। ਸਮਾਪਤੀ ਹੋਈ ਤਾਂ ਭਾਈ ਸੰਤਾ ਸਿੰਘ ਪੁੱਛਣ ਲਗੇ ਕਿ ਸੁਣਾਓ ਕੀ ਹਾਲ ਹੈ? ਮੈਂ ਕਿਹਾ ਸਾਰੇ ਸਿੰਘ ਫੜੇ ਗਏ ਹਨ। ਭਾਈ ਸੁਰਜਨ ਸਿੰਘ ਤੇ ਭਾਈ ਹਰਭਜਨ ਸਿੰਘ ਹਵਾਲਾਤ ਵਿਚ ਬੰਦ ਹੋਣ ਤੋਂ ਪਹਿਲਾਂ ਭੱਜ ਗਏ ਹਨ। (ਮੈਂ ਅਜੇ ਗੁਜਰਵਾਲ ਹੀ ਸੀ ਜਦੋਂ ਇਕ ਹੌਲਦਾਰ ਤੇ ਸਿਪਾਹੀ ਆਏ ਤੇ ਪੁੱਛਿਆ ਕਿ ਇਥੇ ਭਾਈ ਸੁਰਜਨ ਸਿੰਘ ਤੇ ਭਾਈ ਹਰਭਜਨ ਸਿੰਘ ਤਾਂ ਨਹੀਂ ਆਏ। ਜਥੇਦਾਰ ਸਾਹਿਬ ਨੇ ਕਿਹਾ, "ਉਹ ਇਥੇ ਕਿਥੇ ? ਉਹਨਾਂ ਨੂੰ ਤਾਂ ਤੁਸੀਂ ਲੈ ਗਏ ਸੀ"। ਉਹ ਕਹਿਣ ਲਗੇ, "ਉਹ ਹਿਰਾਸਤ ਵਿਚੋਂ ਭੱਜ ਗਏ ਹਨ। ਅਸੀਂ ਤੰਦੂਰ ਤੋਂ ਰੋਟੀ ਖਵਾਉਣ ਗਏ ਸੀ।") ਭਾਈ ਸੰਤਾ ਸਿੰਘ ਕਹਿਣ ਲੱਗੇ, "ਘਬਰਾਉ ਨਹੀਂ, ਉਹ ਸਾਡੇ ਪਾਸ ਪਹੁੰਚ ਗਏ ਹਨ, ਤੁਹਾਨੂੰ ਵੀ ਉਥੇ ਪੁਚਾ ਦਿੰਦੇ ਹਾਂ।" ਭੋਗ ਪੈ ਚੁੱਕਾ ਸੀ, ਸੋ ਮੈਂ ਭਾਈ ਸੰਤਾ ਸਿੰਘ ਨਾਲ ਨੰਦਪੁਰ ਕਲੌੜ ਚਲਾ ਗਿਆ। ਉਥੇ ਭਾਈ ਹਰਭਜਨ ਸਿੰਘ, ਭਾਈ ਸੁਰਜਨ ਸਿੰਘ ਤੇ ਮੈਂ ਤਿੰਨੇ ਇਕੱਠੇ ਹੋ ਗਏ। ਫੇਰ ਅਸੀਂ ਅਨੰਦਪੁਰ ਸਾਹਿਬ, ਊਨਾ ਵਗੈਰਾ ਚਕਰ ਲਾਉਂਦੇ ਰਹੇ। ਕੁਛ ਦੇਰ ਬਾਦ ਭਾਈ ਸੁਰਜਨ ਸਿੰਘ ਸਾਡੇ ਨਾਲੋਂ ਵੱਖ ਹੋ ਗਏ। ਅਖ਼ੀਰ ਸਾਨੂੰ (ਭਾਈ ਹਰਭਜਨ ਸਿੰਘ ਤੇ ਮੈਨੂੰ) ਰਾਮਪੁਰਾ ਫੂਲ ਸਟੇਸ਼ਨ ਤੇ ਰਾਮ ਸਿੰਘ ਜਵੱਦੀ ਨੇ ਫੜਾ ਦਿੱਤਾ। ਇਹ ਜਥੇ ਵਿਚ ਸਰਬ-ਲੋਹੀਆ ਬਨਿਆ ਹੋਇਆ



www.AKJ.Org

ਸੀ। ਦਰਅਸਲ ਸੀ.ਆਈ.ਡੀ. ਦਾ ਆਦਮੀ ਸੀ। ਸਾਨੂੰ ਫੜ ਕੇ ਲੁਧਿਆਣੇ ਲੈ ਆਏ। ਮੁਢਲੀ ਕਾਰਵਾਈ ਤੋਂ ਬਾਦ ਸਾਨੂੰ ਲੁਧਿਆਣਾ ਜੇਲ੍ਹ ਭੇਜ ਦਿੱਤਾ। ਹੋਰ ਸਿੰਘ ਵੀ ਇਥੇ ਬੰਦ ਸਨ। ਸਾਨੂੰ ਜੇਲ੍ਹ ਡਿਉੜੀ ਵਿਚ, ਭਾਈ ਅਤਰ ਸਿੰਘ ਪਾਣੀ ਲੇਣ ਆਏ, ਦੇਖ ਗਏ ਤੇ ਭਾਈ ਸਾਹਿਬ ਜੀ ਦੀ ਕੋਠੀ ਅੱਗੇ ਜਾ ਕੇ ਆਖਣ ਲਗੇ, "ਜੋੜੀ ਜੁੜੀ ਖੜਾਂਵ ਪੁਰਾਣੀ –ਜੋੜੀ ਆ ਗਈ ਹੈ"। ਭਾਈ ਸਾਹਿਬ ਕਹਿੰਦੇ, "ਸਾਨੂੰ ਅਗੇ ਹੀ ਪਤਾ ਸੀ।"

ਭਾਈ ਸਾਹਿਬ ਨੇ ਦਰੋਗੇ ਨੂੰ ਆਖਿਆ ਕਿ ਸਾਨੂੰ ਉਹਨਾਂ ਦੀ ਕੋਠੀ ਨਾਲ ਦੀਆਂ ਦੋ ਕੋਠੀਆਂ ਵਿਚ ਰਖਿਆ ਜਾਵੇ। ਸੋ ਮੈਨੂੰ ਉਹਨਾਂ ਦੇ ਨਾਲ ਵਾਲੀ ਕੋਠੀ ਵਿਚ ਅਤੇ ਭਾਈ ਹਰਭਜਨ ਸਿੰਘ ਉਸ ਤੋਂ ਅਗਲੀ ਵਿਚ ਬੰਦ ਕਰ ਦਿੱਤਾ ਗਿਆ। ਅਸੀਂ ਭਾਈ ਸਾਹਿਬ ਨੂੰ ਫਤਹ ਬੁਲਾਈ। ਉਹਨਾਂ ਨੇ ਸਾਡਾ ਹਾਲ–ਚਾਲ ਪੁੱਛਿਆ ਤੇ ਕਹਿਣ ਲਗੇ, "ਜਦੋਂ ਕਦੇ ਸਮਾਧੀ ਵਿਚ ਤੁਹਾਡੇ ਦਰਸ਼ਨ ਹੁੰਦੇ ਸਨ ਤਾਂ ਸਾਨੂੰ ਮਾਲੂਮ ਹੁੰਦਾ ਕਿ ਰਾਮ ਸਿੰਘ ਤੁਹਾਡੇ ਨਾਲ ਧੋਖਾ ਕਰ ਰਿਹਾ ਹੈ। ਪਰ ਸਾਡੇ ਕੋਲ ਕੋਈ ਵਸੀਲਾ ਨਹੀਂ ਸੀ ਕਿ ਤੁਹਾਨੂੰ ਖਬਰਦਾਰ ਕਰਦੇ ਕਿ ਇਹ ਅਛਾ ਆਦਮੀ ਨਹੀਂ, ਇਹਦੇ ਜਾਲ ਵਿਚ ਨਾ ਫਸਿਓ।" ਮੈਂ ਕਿਹਾ, "ਜੀ ਖ਼ੈਰ !" ਫਿਰ ਆਖਣ ਲਗੇ, "ਚਲੋ ਚੰਗਾ ਹੀ ਹੋਇਆ ਅਖੀਰ ਨੂੰ ਆਉਣਾ ਹੀ ਸੀ।" ਕੁਝ ਦਿਨ ਬਾਦ ਸਾਨੂੰ ਸਾਰਿਆਂ ਨੂੰ ਹਥਕੜੀਆਂ ਬੇੜੀਆਂ ਲਾ ਕੇ ਲਾਹੌਰ ਭੇਜ ਦਿੱਤਾ ਗਿਆ। ਗਡੀ ਵਿਚ ਬੈਠਦਿਆਂ ਹੀ ਕੀਰਤਨ ਸ਼ੁਰੂ ਹੋ ਗਿਆ, ਹਥਕੜੀਆਂ ਦੇ ਛੈਣੇ ਬਣ ਗਏ ਤੇ ਲਾਹੌਰ ਤਕ ਕੀਰਤਨ ਹੁੰਦਾ ਗਿਆ। ਅੰਮ੍ਰਿਤਸਰ ਦੇ ਨੇੜੇ ਪੁਜੇ ਤਾਂ ਭਾਈ ਸਾਹਿਬ ਨੇ ਸ਼ਬਦ ਗਾਇਨ ਕੀਤਾ: "**ਧੰਨੁ ਧੰਨੁ ਰਾਮਦਾਸ ਗੁਰੁ ਜਿਨਿ ਸਿਰਿਆ ਤਿਨੈ ਸਵਾਰਿਆ ॥**" ਕੀਰਤਨ ਕਰਦੇ ਹੀ ਲਾਹੌਰ ਸੈਂਟਰਲ ਜੇਲ੍ਹ ਪੁਜੇ। ਇਥੇ ਦੁਆਬੇ ਤੇ ਮਾਝੇ ਦੇ ਸਿੰਘ ਵੀ ਮਿਲ ਗਏ। ਅੱਧੇ ਸਿੰਘ 4 ਨੰਬਰ ਵਾਰਡ ਵਿਚ ਅਤੇ ਅੱਧੇ ਸਿਆਸਤ ਖਾਨੇ ਵਿਚ ਰਖੇ ਗਏ। ਲੁਧਿਆਣੇ ਤੋਂ ਚਲਣ ਦੇ ਨਾਲ ਹੀ ਭਾਈ ਸਾਹਿਬ ਦਾ ਅੰਨ–ਜਲ ਬਰਤ ਸ਼ੁਰੂ ਹੋ ਗਿਆ। 29 ਅਕਤੂਬਰ 1915 ਨੂੰ ਸਾਡਾ ਮੁਕੱਦਮਾ ਸ਼ੁਰੂ ਹੋਇਆ ਤਾਂ ਸਾਨੂੰ ਅਦਾਲਤ ਵਿਚ ਪੇਸ਼ ਕਰਨ ਲਈ ਕੋਠੀਆਂ ਵਿਚੋਂ ਕਢਿਆ ਗਿਆ। ਓਦੋਂ ਭਾਈ ਸਾਹਿਬ ਨੇ ਤਿੰਨ ਦਿਨ ਬਾਦ ਜਲ ਛਕਿਆ। ਪੰਦਰਾਂ ਦਿਨ ਤਕ ਭਾਈ ਸਾਹਿਬ ਨੇ ਕੇਵਲ ਜਲ ਤੇ ਗੁਜ਼ਾਰਾ ਕੀਤਾ। ਸਾਰੇ ਸਾਥੀ, ਖਾਸ ਕਰ ਅਮਰੀਕਾ ਤੋਂ ਆਏ ਸਜਣ, ਹੈਰਾਨ ਸਨ ਤੇ ਭਾਈ ਸਾਹਿਬ ਨੂੰ ਪੁੱਛਦੇ, "ਭਾਈ ਸਾਹਿਬ ਜੀ ਸਾਨੂੰ ਪਤਾ ਹੈ ਕਿ ਤੁਸੀਂ ਕੁਛ ਨਹੀਂ ਛਕਦੇ ਪਰ ਤੁਹਾਡੇ ਚੇਹਰੇ ਤੋਂ ਲਗਦਾ ਹੈ ਜਿਵੇਂ ਤੁਸੀਂ ਦੋ–ਤਿੰਨ ਸੇਰ ਦੁਧ ਰੋਜ਼ ਪੀਂਦੇ ਹੋਵੋ।"

ਕੋਈ ਪੰਜ ਮਹੀਨੇ ਮੁਕੱਦਮਾ ਚਲਿਆ। ਜੇਲ੍ਹ ਵਿਚ ਦਿਨ–ਰਾਤ ਬਾਣੀ ਦਾ ਪਰਵਾਹ ਚਲਦਾ ਰਿਹਾ। ਭਾਈ ਸਾਹਿਬ ਦੀ ਕੋਠੀ ਦੇ ਸੱਜੇ ਪਾਸੇ ਭਾਈ ਅਤਰ ਸਿੰਘ ਤੇ ਖੱਬੇ ਪਾਸੇ ਮੈਂ ਬੰਦ ਹੁੰਦੇ। ਅੰਮ੍ਰਿਤ ਵੇਲੇ ਦੋ ਵਜੇ ਉਠ ਪੈਂਦੇ ਤੇ ਬਾਣੀ ਦਾ ਪਰਵਾਹ ਸ਼ੁਰੂ ਹੋ ਜਾਂਦਾ। ਫੇਰ ਸਾਨੂੰ ਸਜ਼ਾਵਾਂ ਹੋਈਆਂ ਜੋ ਕੱਲੇ ਕੱਲੇ ਦਾ ਨਾਮ ਲੈ ਕੇ ਸਾਨੂੰ ਸੁਣਾਈਆਂ ਗਈਆਂ। 6 ਨੂੰ ਫਾਸੀ ਤੇ ਜਾਇਦਾਦ ਜ਼ਬਤੀ, 45 ਨੂੰ ਉਮਰ ਕੈਦ ਕਾਲੇ ਪਾਣੀ ਤੇ ਜਾਇਦਾਦ ਜ਼ਬਤੀ, 6 ਨੂੰ ਚਾਰ ਸਾਲ ਜਾਂ ਉਸ ਤੋਂ ਘਟ ਸਜ਼ਾ ਸੁਣਾਈ ਗਈ। ਬਾਬਾ ਰਾਮ ਸਿੰਘ ਫਲੇਵਾਲ, ਹਰਭਜਨ ਸਿੰਘ ਤੇ ਦਾਸ ਨੂੰ ਵੀ ਉਮਰ ਕੈਦ ਕਾਲੇ ਪਾਣੀ ਤੇ ਜਾਇਦਾਦ ਜ਼ਬਤੀ ਦੀ ਸਜ਼ਾ ਸੁਣਾਈ ਗਈ ਤੇ ਇਹ ਵੀ ਦਸਿਆ ਗਿਆ ਕਿ ਤੁਹਾਡੀ ਸਜ਼ਾ ਘਟ ਕਰਨ ਲਈ ਸਿਫਾਰਸ਼ ਕੀਤੀ ਜਾਵੇਗੀ – ਬਾਬਾ ਜੀ ਦੇ ਬਿਰਦ ਹੋਣ ਕਾਰਨ ਤੇ ਸਾਡੇ ਨਬਾਲਗ ਹੋਣ ਕਰਕੇ।

ਇਸ ਤੋਂ ਬਾਦ ਸਾਨੂੰ ਕੋਠੀਆਂ ਵਿਚ ਲੈ ਗਏ ਤੇ ਕੈਦੀਆਂ ਵਾਲੇ ਕਪੜੇ – ਇਕ ਨਿੱਕਰ (ਤੰਬੀ), ਝੱਗੀ (ਕੁੜਤਾ) ਤੇ ਟੋਪੀ – ਪਾਉਣ ਲਈ ਦਿਤੇ ਗਏ। ਸਿੰਘਾਂ ਨੇ ਜੇਲ੍ਹ ਵਾਲੇ ਕਪੜੇ, ਟੋਪੀ ਤੇ ਨਿਕਰ (ਤੰਬੀ), ਪਹਿਨਣ ਤੋਂ ਇਨਕਾਰ ਕੀਤਾ ਤਾਂ ਉਹਨਾਂ ਦੇ ਕਪੜੇ 7–8 ਜਣਿਆਂ ਬੁਰੀ ਤਰ੍ਹਾਂ ਖਿੱਚ ਧੂਹ ਕੇ ਲਾਹ ਦਿਤੇ ਤੇ ਮਾਰ ਕੁਟ ਕੇ ਸੁੱਟ ਗਏ। ਇਸ ਤੋਂ ਇਲਾਵਾ ਜਾਨ ਤੋਂ ਪਿਆਰੇ ਕਕਾਰ (ਕ੍ਰਿਪਾਨ ਤੇ ਕੜਾ) ਵੀ ਲੁਹਾ ਦਿੱਤੇ ਗਏ।

3 ਅਪ੍ਰੈਲ 1915 ਨੂੰ ਸਾਨੂੰ ਹੱਥਕੜੀਆਂ ਬੇੜੀਆਂ ਪਕੀਆਂ ਰਿਬਟਾਂ ਨਾਲ ਲਾ ਕੇ ਵੱਖ–ਵੱਖ ਗਰੁਪਾਂ ਵਿਚ ਜੇਲ੍ਹ ਦੇ ਵੱਖ–ਵੱਖ ਹਿਸਿਆਂ ਵਿਚ ਬਿਠਾਇਆ ਗਿਆ। ਉਸ ਵੇਲੇ ਜੇਲ੍ਹ ਵਿਚ ਪੁਲਿਸ ਹੀ ਪੁਲਿਸ ਫਿਰ ਰਹੀ ਸੀ ਤੇ ਇਉਂ



www.AKJ.Org

ਲਗਦਾ ਸੀ ਕਿ ਸਾਰੇ ਪੰਜਾਬ ਦੀ ਪੁਲਿਸ ਇਥੇ ਹੀ ਆ ਗਈ ਹੋਵੇ। ਸਭ ਨੂੰ ਖਿਆਲ ਸੀ ਕਿ ਸਾਨੂੰ ਕਾਲੇ ਪਾਣੀ ਭੇਜਿਆ ਜਾ ਰਿਹਾ ਹੈ। ਸ਼ਾਮ ਨੂੰ ਸਾਨੂੰ ਬੰਦ ਗਡੀਆਂ ਵਿਚ ਬਿਠਾ ਕੇ ਬਾਹਰੋਂ-ਬਾਹਰ ਮੀਆਂ ਮੀਰ ਦੇ ਸਟੇਸ਼ਨ 'ਤੇ ਲੈ ਗਏ, ਜਿਥੇ ਦੂਸਰੀ ਪੁਲਿਸ ਗਾਰਦ ਨੇ ਸਾਡਾ ਚਾਰਜ ਲੈ ਲਿਆ ਤਾਂ ਸਾਨੂੰ ਪਤਾ ਲਗਾ ਕਿ ਕੌਣ ਕਿਥੇ ਭੇਜਿਆ ਜਾ ਰਿਹਾ ਹੈ।

ਰਾਤੋ ਰਾਤ ਅਸੀਂ ਅੰਬਾਲੇ ਪੁਜ ਗਏ, ਉਥੇ ਸਾਡੇ ਵਿਚੋਂ 8 ਜਣੇ, ਭਾਈ ਅਤਰ ਸਿੰਘ ਤੇ ਮੇਰੇ ਸਮੇਤ, ਉਤਾਰੇ ਗਏ। ਅੰਬਾਲਾ ਪੁਲਿਸ ਨੇ ਸਾਡਾ ਚਾਰਜ ਲਿਆ ਤੇ ਸਾਨੂੰ ਜੇਲ੍ਹ ਵਲ ਪੈਦਲ ਤੋਰ ਲਿਆ। ਬੇੜੀਆਂ ਸਾਡੇ ਪੈਰ ਕੱਟ ਰਹੀਆਂ ਸਨ ਅਸੀਂ ਤੁਰਨ ਤੋਂ ਇਨਕਾਰ ਕਰ ਦਿੱਤਾ ਤੇ ਆਖਿਆ ਕਿ ਸਵਾਰੀ ਲਿਆਉ ਤੁਰ ਕੇ ਨਹੀਂ ਜਾ ਸਕਦੇ। ਉਹ ਸਾਨੂੰ ਧਮਕੀਆਂ ਦੇਣ ਕਿ ਤੁਹਾਡਾ ਨੁਕਸਾਨ ਹੋ ਜਾਊ ਸਜ਼ਾ ਵਧ ਜਾਊ। ਅਸੀਂ ਆਖਿਆ, "ਉਮਰ ਕੈਦ ਅਗੇ ਹੀ ਹੋਈ ਹੈ ਇਸ ਤੋਂ ਅਗੇ ਫਾਂਸੀ ਹੀ ਹੈ, ਇਕੋ ਦਿਨ ਟੈਂਟਾ ਮੁੱਕੂ, ਸਾਰੀ ਉਮਰ ਜੇਲ੍ਹ ਵਿਚ ਰੁਲਣ ਨਾਲੋਂ। ਅਸੀਂ ਨਹੀਂ ਤੁਰਨਾ।" ਅਖ਼ੀਰ ਉਹਨਾਂ ਗੱਡੀ ਲੈ ਆਂਦੀ ਤੇ ਅਸੀਂ ਜੇਲ੍ਹ ਪੁਜੇ। ਜੇਲ੍ਹ ਵਿਚ ਸਾਨੂੰ ਆਮ ਕੈਦੀਆਂ ਜਿੰਨੀ ਖੁਲ ਨਹੀਂ ਸੀ। ਸਾਨੂੰ ਫਾਂਸੀ ਵਾਲੀਆਂ ਕੋਠੀਆਂ ਵਿਚ ਬੰਦ ਕੀਤਾ ਗਿਆ, ਇਕ ਕੋਠੀ ਖਾਲੀ ਛੱਡ ਕੇ, ਤਾਂ ਜੋ ਅਸੀਂ ਆਪਸ ਵਿਚ ਕੋਈ ਗਲ ਜਾਂ ਸਲਾਹ ਮਸ਼ਵਰਾ ਨਾ ਕਰ ਸਕੀਏ। ਨਿਸ਼ਾਨੀ ਦੇ ਤੌਰ ਤੇ ਹਰ ਇਕ ਦੀ ਕੋਠੀ ਅਗੇ ਕਲੀ ਕੀਤਾ ਘੜਾ ਰਖਿਆ ਹੋਇਆ ਸੀ ਤੇ ਰਾਤ ਨੂੰ ਇਕ ਲਾਲਟੈਣ ਵੀ ਰਖੀ ਜਾਂਦੀ ਸੀ। ਹਰ ਇਕ ਨੂੰ 9 ਤੋਂ 18 ਸੇਰ ਤਕ ਚੱਕੀ ਦੀ ਮੁਸ਼ੱਕਤ ਕਰਨੀ ਪੈਂਦੀ ਸੀ। ਇਕ ਮਿੰਟ ਲਈ ਵੀ ਸਾਨੂੰ ਬਾਹਰ ਨਹੀਂ ਸੀ ਕੱਢਿਆ ਜਾਂਦਾ।

ਮਿੰਟਗੁਮਰੀ ਜੇਲ੍ਹ ਵਿਚਲੇ ਸਾਡੇ ਸਾਥੀਆਂ ਨੇ ਦੋ ਵਾਰ ਜੇਲ੍ਹ ਤੋੜਨ ਦੀ ਕੋਸ਼ਿਸ ਕੀਤੀ। ਸੋ ਪੰਜਾਬ ਗੌਰਮਿੰਟ ਨੇ ਬਿਹਾਰ-ਉੜੀਸਾ ਗੌਰਮਿੰਟ ਨਾਲ ਸਲਾਹ ਕਰਕੇ ਕਾਲੇ ਪਾਣੀ ਦੀ ਸਜ਼ਾ ਵਾਲਿਆਂ ਨੂੰ ਹਜ਼ਾਰੀ ਬਾਗ ਜੇਲ੍ਹ ਭੇਜਣ ਦਾ ਫੈਸਲਾ ਕੀਤਾ। ਮੇਰੀ ਕੈਦ ਤਿੰਨ ਸਾਲ ਰਹਿ ਗਈ ਸੀ। ਮੈਨੂੰ ਮਿੰਟਗੁਮਰੀ ਜੇਲ੍ਹ ਭੇਜ ਦਿੱਤਾ, ਭਾਈ ਹਰਭਜਨ ਸਿੰਘ ਵੀ ਉਥੇ ਹੀ ਸਨ, ਉਹਨਾਂ ਦੀ ਕੈਦ ਵੀ ਘਟ ਹੋ ਗਈ ਸੀ। ਅਖ਼ੀਰ ਉਥੋਂ ਹੀ ਮੇਰੀ ਰਿਹਾਈ ਹੋਈ।

## ਜੇਲ੍ਹ ਯਾਤਰਾ ਤੋਂ ਬਾਅਦ ਦਾ ਜੀਵਨ—ਵਲੋਂ ਸੰਪਾਦਕ

ਸੰਨ 1918 ਵਿਚ ਜੇਲ੍ਹ ਦੀ ਰਿਹਾਈ ਤੋਂ ਬਾਅਦ ਆਪ ਨੇ ਗਿਆਨੀ ਦਾ ਕੋਰਸ ਪਾਸ ਕੀਤਾ। ਭਾਈ ਸਾਹਿਬ ਜੀ ਦੇ ਜੇਲ੍ਹ ਜਾਣ ਕਰਕੇ, ਸ੍ਰੀ ਅਖੰਡ ਪਾਠਾਂ, ਕੀਰਤਨ ਸਮਾਗਮਾਂ ਅਤੇ ਅੰਮ੍ਰਿਤ ਸੰਚਾਰ ਸਮਾਗਮਾਂ ਦਾ ਪ੍ਰਬੰਧ ਬਾਊ ਮਲ ਸਿੰਘ ਜੀ, ਜੇਲ੍ਹ ਤੋਂ ਬਾਹਰ ਰਹਿ ਗਏ, ਭਾਈ ਸਾਹਿਬ ਜੀ ਦੇ ਸੰਗੀ ਸਾਥੀਆਂ ਨਾਲ ਮਿਲ ਕੇ ਕਰਦੇ ਸਨ। ਆਪ ਜੋਤ ਵਿਗਾਸੀ, ਨਾਮ ਦੇ ਰਸੀਏ, ਸਰਬ ਲੋਹੀ ਰਹਿਤ ਬਹਿਤ ਦੇ ਧਾਰਨੀ ਸਨ ਤੇ ਅਖੰਡ ਪਾਠੀ ਵੀ ਸਨ, ਜੋ ਆਪ ਜੀ ਨੇ ਭਾਈ ਸਾਹਿਬ ਜੀ ਦੀ ਸੰਗਤ ਵਿਚ ਰਹਿ ਕੇ ਕਰਨਾ ਸਿੱਖ ਲਿਆ ਸੀ। ਆਪ ਨੇ ਜਥੇ ਵਲੋਂ ਹੋਣ ਵਾਲੇ ਸ੍ਰੀ ਅਖੰਡ ਪਾਠ ਤੇ ਅੰਮ੍ਰਿਤ ਸੰਚਾਰ ਸਮਾਗਮਾਂ ਵਿਚ ਹਾਜ਼ਰੀਆਂ ਭਰਨੀਆਂ ਸ਼ੁਰੂ ਕਰ ਦਿੱਤੀਆਂ। ਆਪ ਜੀ ਨੇ ਬਾਊ ਜੀ ਨਾਲ ਮਿਲ ਕੇ ਤਾਅ ਜਿੰਦਗੀ ਪੰਚਾਂ ਦੀ ਸੇਵਾ ਵਿਚ ਸ਼ਾਮਿਲ ਹੋ ਕੇ ਅੰਮ੍ਰਿਤ ਸੰਚਾਰ ਦੇ ਸੇਵਾ ਨਿਬਾਹੀ।

ਗਿਆਨੀ ਦਾ ਕੋਰਸ ਪਾਸ ਕਰਨ ਤੋਂ ਬਾਅਦ ਸਭ ਤੋਂ ਪਹਿਲਾਂ ਆਪ ਨੇ ਖ਼ਾਲਸਾ ਟ੍ਰੈਕਟ ਸੁਸਾਇਟੀ ਲਾਹੌਰ ਵਿਚ ਕੰਮ ਸ਼ੁਰੂ ਕੀਤਾ, ਜਿਸ ਦੇ ਜਥੇ ਦੇ ਪੁਰਾਤਨ ਸਿੰਘ ਹੈੱਡ ਮਾਸਟਰ ਧਰਮ ਸਿੰਘ ਜੀ ਫਲੇਵਾਲ, ਪ੍ਰਿੰਸੀਪਲ ਇਕਬਾਲ ਸਿੰਘ ਜੀ ਬੋਪਾਰਾਏ, ਮਾਸਟਰ ਅਭੈ ਸਿੰਘ ਸਰਗੋਧਾ ਅਤੇ ਪਰਤਾਪ ਸਿੰਘ ਕੈਰੋਂ ਆਦਿ ਮੈਂਬਰ ਸਨ। ਹਰ ਮਹੀਨੇ ਇਕ ਟਰੈਕਟ ਅੰਗਰੇਜ਼ੀ ਜਾਂ ਪੰਜਾਬੀ ਆਦਿ ਭਾਸ਼ਾਵਾਂ ਵਿਚ ਇਕ ਖਾਸ ਮਜਮੂਨ ਤੇ ਕੱਢਦੇ ਸਨ ਜੋ ਕਿ ਆਮ ਤੌਰ 'ਤੇ ਧਾਰਮਿਕ ਹੁੰਦਾ ਸੀ।

ਇਸ ਤੋਂ ਬਾਅਦ ਆਪ ਜੀ ਨੇ ਪ੍ਰਿੰਸੀਪਲ ਇਕਬਾਲ ਸਿੰਘ ਬੋਪਾਰਾਏ ਦੀ ਸਹਾਇਤਾ ਨਾਲ ਕੁਝ ਸਮਾਂ ਗੁਰੂਸਰ ਸੁਧਾਰ ਸਕੂਲ ਵਿਚ ਪੰਜਾਬੀ ਟੀਚਰ ਵਜੋਂ ਕੰਮ ਕੀਤਾ ਤੇ ਫਿਰ ਆਪ ਨੇ ਖ਼ਾਲਸਾ ਸਕੂਲ ਮਾਨਸਾ ਤੇ ਨਥਾਣਾ ਜ਼ਿਲ੍ਹਾ



www.AKJ.Org

ਬਠਿੰਡਾ ਵਿਚ 23 ਸਾਲ ਲਗਾਤਾਰ ਨੌਕਰੀ ਕੀਤੀ। ਨਥਾਣੇ ਲਾਗੇ ਹੀ ਪੂਹਲੇ ਪਿੰਡ ਵਿਚ ਆਪ ਨੇ ਰਿਹਾਇਸ਼ ਰੱਖੀ।

ਭਾਈ ਦਲੀਪ ਸਿੰਘ ਜੀ (ਨੰਗਲ ਵਾਲੇ) ਵੀਰ ਪਰਿਵਾਰ ਲੁਧਿਆਣਾ ਜੋ ਕਿ ਭਾਈ ਸਾਹਿਬ ਜੀ ਦੇ ਨਿਕਟਵਰਤੀ ਸੰਗੀ-ਸਾਥੀ ਸਨ, ਆਪਣੀ ਨੌਕਰੀ ਦੌਰਾਨ ਪਿੰਡ ਪੂਹਲੇ ਹੀ ਕਾਫ਼ੀ ਸਾਲ ਪਰਿਵਾਰ ਸਮੇਤ ਰਹਿੰਦੇ ਰਹੇ ਅਤੇ ਆਪ ਜੀ ਦੀ ਸੰਗਤ ਦਾ ਨਿੱਘ ਮਾਣਦੇ ਰਹੇ। ਆਪ ਜੀ ਦੇ ਨਾਲ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਦਾ ਡੂੰਘਾ ਸਬੰਧਾ ਰਿਹਾ ਹੈ ਅਤੇ ਆਪ ਉਨ੍ਹਾਂ ਦੇ ਬੱਚਿਆਂ ਦੇ ਆਨੰਦ ਕਾਰਜਾਂ ਸਮੇਂ ਸ਼ਾਮਿਲ ਹੋ ਕੇ ਅਸੀਸਾਂ ਬਖਸ਼ਦੇ ਰਹੇ ਹਨ।

ਆਪ ਬੜੇ ਪਿਆਰ ਵਾਲੇ, ਮਿੱਠ ਬੋਲੜੇ ਤੇ ਰੰਗ ਰਤੜੇ ਗੁਰੂ ਕੇ ਲਾਲ ਸਨ। ਕੀਰਤਨ ਵਿਚ ਸਾਰੀ ਆਯੂ ਇਕ ਚੌਂਕੜੇ ਵਿਚ ਘੰਟਿਆਂ ਬੱਧੀ ਬੈਰਾਗੀ ਦਸ਼ਾ ਵਿਚ ਐਸਾ ਟਿੱਕ ਕੇ ਬੈਠਦੇ ਰਹੇ ਕਿ ਲਾਗੇ ਬੈਠੇ ਪ੍ਰਾਣੀ ਵੀ ਉਨ੍ਹਾਂ ਦੀ ਟਿਕੀ ਸੁਰਤ ਪ੍ਰਭਾਵ ਹੇਠ ਜੁੜ ਜਾਂਦੇ ਸਨ। ਆਪ ਜੀ ਸਕੂਲਾਂ ਵਿਚ ਪੰਜਾਬੀ ਪੜ੍ਹਾਉਣ ਦੇ ਨਾਲ ਧਾਰਮਿਕ ਵਿਦਿਆ ਵੀ ਪੜ੍ਹਾਉਂਦੇ ਰਹੇ। ਬੱਚਿਆਂ ਨੂੰ ਗੁਰਬਾਣੀ, ਗੁਰ ਇਤਿਹਾਸ ਤੇ ਰਹਿਤ-ਬਹਿਤ ਦੀ ਜਾਗ ਲਾਉਂਦੇ ਰਹੇ ਅਤੇ ਉਨ੍ਹਾਂ ਨੂੰ ਪਿਆਰ ਭਰੇ ਮਿੱਠੇ ਬਚਨਾਂ ਨਾਲ ਗੁਰਸਿੱਖ ਸਜਾਉਂਦੇ ਰਹੇ। ਭਾਈ ਸਾਹਿਬ ਜੀ ਨੇ ਇਨ੍ਹਾਂ ਸੰਬੰਧੀ ਇਕ ਕਵਿਤਾ ਸਿੱਖੀ ਸਿਦਕ ਤੇ ਧਰਮ ਰੱਖਿਆ ਨਾਮੀ ਲਿਖੀ ਜੋ ਕਿ ਪੁਸਤਕ ਗੁਰਮਤਿ ਵਿਚਾਰ ਵਿਚ ਦਰਜ ਹੈ। "ਸੇਵਕ ਕੀ ਓੜਕਿ ਨਿਬਹੀ ਪ੍ਰੀਤਿ" ਦੇ ਗੁਰ ਹੁਕਮ ਅਨੁਸਾਰ ਆਪ ਤੋੜ ਨਿਭਾ ਗਏ। 83 ਸਾਲ ਦੀ ਆਯੂ ਵਿਚ ਮਿਤੀ 14 ਫਰਵਰੀ 1982 ਨੂੰ ਆਪਣੇ ਜੱਦੀ ਪਿੰਡ ਫਲਾਂਵਾਲ ਵਿਚ ਹੀ ਪ੍ਰਵਾਰ ਤੇ ਸੰਗਤਾਂ ਨੂੰ ਵਿਛੋੜਾ ਦੇ ਕੇ ਗੁਰੂ ਚਰਨਾਂ ਵਿਚ ਜਾ ਬਿਰਾਜੇ।

## ਸਵੈ ਜੀਵਨੀ - ਭਾਈ ਹਰਭਜਨ ਸਿੰਘ ਜੀ, ਚਮਿੰਡਾ (ਲੁਧਿਆਣਾ)

**(ਭਾਰਤੀ ਸ਼ਹੀਦਾਂ ਦੀਆਂ ਲਹੂ ਭਿੰਨੀਆਂ ਯਾਦਾਂ ਤੇ ਸ੍ਵੈ ਜੀਵਨੀ ਪੁਸਤਕ ਦੇ ਆਧਾਰ ਤੇ)**

ਮੇਰਾ ਜਨਮ ਸੰਨ 1895 ਈਸਵੀਂ ਨੂੰ ਪਿੰਡ ਚਮਿੰਡਾ, ਜ਼ਿਲ੍ਹਾ ਲੁਧਿਆਣਾ ਵਿਚ ਸ. ਫਤਹਿ ਸਿੰਘ ਸਪੁੱਤਰ ਸ. ਈਸਰ ਸਿੰਘ ਦੇ ਘਰ ਮਾਤਾ ਭੋਲੀ ਦੀ ਕੁੱਖੋਂ ਹੋਇਆ। ਉਸ ਵੇਲੇ ਦੇ ਹਾਲਾਤ ਅਨੁਸਾਰ ਇਹ ਘਰ ਚੰਗਾ ਭਾਗਵਾਨ ਘਰ ਗਿਣਿਆ ਜਾਂਦਾ ਸੀ ਜੋ ਪਿੰਡ ਦੇ ਇਕ ਪੁਰਾਣੇ ਥੇਹ ਉੱਤੇ ਆਬਾਦ, ਸਭ ਤੋਂ ਉੱਚੀ ਥਾਂ 'ਤੇ ਇਕ ਤਿੰਨ ਮੰਜ਼ਲੀ ਹਵੇਲੀ ਦੇ ਰੂਪ ਵਿਚ ਸੀ। ਉਨ੍ਹੀਂ ਦਿਨੀਂ ਸਾਰੇ ਪਿੰਡ ਵਿਚ ਕੇਵਲ ਮੇਰੇ ਪਿਤਾ ਜੀ ਹੀ ਪੜ੍ਹੇ ਹੋਏ ਸਨ। ਉਹ ਸੰਨ 1909 ਵਿਚ ਹੀ ਗੁਜ਼ਰ ਗਏ ਸਨ।

ਭਾਵੇਂ ਉਸ ਵੇਲੇ ਪੜ੍ਹਾਈ ਆਮ ਨਹੀਂ ਸੀ ਪਰ ਪਿੰਡ ਵਿਚੋਂ ਚੋਣਵੇਂ ਘਰਾਂ ਦੇ ਬੱਚੇ ਸਕੂਲ ਜਾਣ ਲੱਗ ਪਏ ਸਨ। ਇਸ ਤਰ੍ਹਾਂ ਮੈਂ ਵੀ ਪਿੰਡ ਗੁੱਜਰਵਾਲ, ਜੋ ਸਾਡੇ ਪਿੰਡ ਤੋਂ ਇਕ ਕੋਹ (ਦੋ ਕਿਲੋਮੀਟਰ) ਦੀ ਵਿੱਥੇ 'ਤੇ ਹੈ, ਵਰਨੈਕੁਲਰ ਮਿਡਲ ਸਕੂਲ ਵਿਚ ਦਾਖਲਾ ਲੈ ਲਿਆ ਤੇ ਇੱਥੋਂ ਹੀ ਸੰਨ 1911 ਵਿਚ ਵਰਨੈਕੁਲਰ (ਬਗੈਰ ਅੰਗਰੇਜ਼ੀ ਦੇ) ਮਿਡਲ ਪਾਸ ਕੀਤੀ। ਮੇਰਾ ਇਰਾਦਾ ਕਿਉਂਕਿ ਖ਼ਾਲਸਾ ਹਾਈ ਸਕੂਲ ਵਿਚ ਦਾਖਲਾ ਲੈਣ ਦਾ ਸੀ, ਇਸ ਲਈ ਮੈਂ ਦੋ ਮਹੀਨੇ ਲਾ ਕੇ ਪੰਜਾਬੀ ਪੜ੍ਹ ਲਈ।

ਭਾਈ ਸਾਹਿਬ ਭਾਈ ਰਣਧੀਰ ਸਿੰਘ ਹਰ ਬੁੱਧਵਾਰ ਨੂੰ ਮਾਲਵਾ ਖ਼ਾਲਸਾ ਹਾਈ ਸਕੂਲ ਦੇ ਗੁਰਦੁਆਰੇ ਕੀਰਤਨ ਕਰਦੇ ਸਨ। ਕੀਰਤਨ ਦੇ ਅਸਰ ਕਾਰਨ ਮੈਂ ਗੁਰਮਤਿ ਵੱਲ ਖਿੱਚਿਆ ਗਿਆ। ਭਾਈ ਸਾਹਿਬ ਤੇ ਭਾਈ ਰਾਮ ਸਿੰਘ ਲੱਲਤੋਂ, ਜੋ ਮੇਰੇ ਜਮਾਤੀ ਸਨ, ਦੀ ਸੰਗਤ ਨਾਲ ਹੌਲੀ-ਹੌਲੀ ਬਾਹਰ ਸਮਾਗਮਾਂ ਵਿਚ ਜਾਣ ਲੱਗ ਪਿਆ। ਉਨ੍ਹੀਂ ਦਿਨੀਂ ਭਾਈ ਅਤਰ ਸਿੰਘ (ਚੱਕਵਾਲ) ਵੀ ਭਾਈ ਸਾਹਿਬ ਪਾਸ ਆ ਗਏ। ਉਨ੍ਹਾਂ ਦੇ ਕੀਰਤਨ ਤੇ ਸੰਗਤ ਕਰਕੇ ਬਾਹਰ



www.AKJ.Org

ਕਈ ਅਖੰਡ ਪਾਠਾਂ 'ਤੇ ਗਿਆ, ਜਿੰਨ੍ਹਾਂ ਵਿਚੋਂ ਦੋ-ਤਿੰਨ ਦੁਆਬੇ ਦੇ ਪਿੰਡ ਨਗਰ ਤੇ ਛੋਕਰਾਂ ਪਿੰਡ ਵਿਚ ਹੋਏ। ਇਸ ਤਰ੍ਹਾਂ ਇਕ ਸਾਲ ਦੇ ਕਰੀਬ ਸਮਾਗਮਾਂ ਵਿਚ ਜਾਣ ਕਰਕੇ ਅੰਮ੍ਰਿਤ ਦੀ ਪਿਆਸ ਪ੍ਰਬਲ ਹੋ ਗਈ। ਦਾਸ ਤੇ ਮੇਰਾ ਅੰਮ੍ਰਿਤ ਦੇ ਬਾਟੇ ਦਾ ਸਾਂਝੀ ਵੀਰ ਦਲੀਪ ਸਿੰਘ ਫੂਲਾਂਵਾਲ, ਅਸੀਂ ਦੋਵੇਂ ਅੰਮ੍ਰਿਤ ਛੱਕ ਕੇ ਚੜ੍ਹਦੀਆਂ ਕਲਾਂ ਵਿਚ ਹੋ ਗਏ। ਇਸ ਜੋੜੀ ਜੁੜੀ ਖੜਾਵ ਪੁਰਾਣੀ ਦਾ, ਇਕ ਚੌਂਕੜੇ ਵਿਚ ਸ੍ਰੀ ਅਖੰਡ ਪਾਠ ਸ੍ਰਵਣ ਕਰਨਾ, ਅੰਮ੍ਰਿਤ ਛੱਕਣ ਤੇ ਉਸ ਸਮੇਂ ਵਰਤੀ ਕਲਾ ਦਾ ਬਿਰਤਾਂਤ ਗਿਆਨੀ ਦਲੀਪ ਸਿੰਘ ਜੀ ਦੇ ਜੀਵਨ ਵਿਚ ਆ ਚੁੱਕਾ ਹੈ। ਅਸੀਂ 'ਸਰਬ ਲੋਹੀਏ' ਸੱਜ ਗਏ। ਦੁਨੀਆਂ ਵੱਲੋਂ ਟੁੱਟ ਗਏ। ਕੋਈ ਮਾਂ-ਪਿਓ, ਭੈਣ-ਭਰਾ ਵੀ ਇਸ ਪਾਸਿਓਂ ਤੋੜਨ ਵਾਲਾ ਨਹੀਂ ਸੀ ਜੰਮਿਆ। ਸਾਕ ਨਾਤੇ ਵਿੱਚ ਤੇ ਆਲੇ-ਦੁਆਲੇ ਰੌਲਾ ਪੈ ਗਿਆ ਕਿ ਇਹ ਮੁੰਡੇ ਸਾਧ ਹੋ ਗਏ ਹਨ ਤੇ ਘਰ ਬਾਰ ਛੱਡ ਬੈਠੇ ਹਨ ਕਿਉਂਕਿ ਅਸੀਂ ਬਿਨ੍ਹਾਂ ਮਤਲਬ ਨਾ ਕਿਸੇ ਨਾਲ ਬੋਲਣਾ ਤੇ ਨਾ ਕਿਸੇ ਕੋਲ ਬੈਠਣਾ। ਲੋਕਾਂ ਵਿਚ ਇਸ ਬਿਰਤੀ ਦੀ ਬਹੁਤ ਚਰਚਾ ਰਹੀ ਤੇ ਅਸਰ ਵੀ ਕਈ ਤਰ੍ਹਾਂ ਦਾ ਪਿਆ। ਕੋਈ ਕਹੇ ਇਹ ਸੌਂਦਾ ਹੀ ਨਹੀਂ, ਕੋਈ ਕਹੇ ਇਕ ਲੱਤ 'ਤੇ ਖੜ੍ਹੋ ਕੇ ਤੱਪ ਕਰਦਾ ਹੈ। ਸਭ ਆਪੋ-ਆਪਣੀਆਂ ਰੇੜ੍ਹ ਰਹੇ ਸਨ। ਹਾਂ, ਬਿਰਤੀਆਂ ਸਾਡੀਆਂ ਜ਼ਰੂਰ ਚੜ੍ਹਦੀਆਂ ਕਲਾਂ ਵਿਚ ਸਨ। ਪ੍ਰਸ਼ਾਦਾ ਆਪ ਸਜਾਉਣਾ ਤੇ ਅਕਾਲ ਪੁਰਖ 'ਤੇ ਦ੍ਰਿੜ੍ਹ ਵਿਸ਼ਵਾਸ ਰੱਖਣਾ। ਘਰ ਵਾਲੇ ਤੇ ਪਿੰਡ ਦੇ ਹੋਰ ਸਿਆਣੇ ਬਥੇਰਾ ਸਮਝਾਉਣ ਕਿ ਮਾਤਾ ਜੀ ਦਾ ਖਿਆਲ ਤਾਂ ਕਰਾਂ। ਪਰ ਮੈਂ ਕਹਾਂ **"ਹਰਿ ਆਪੇ ਮਾਤਾ ਆਪੇ ਪਿਤਾ।"** ਹੋਰ ਮਾਂ-ਪਿਉ ਸਾਡਾ ਕੋਈ ਨਹੀਂ ਹੈ। ਇਸ ਹਾਲਤ ਵਿਚ ਘਰ ਵਾਲੇ ਬਹੁਤ ਦੁਖੀ ਹੋ ਗਏ ਤੇ ਪੜ੍ਹਣੋਂ ਵੀ ਹਟਾ ਲਿਆ, ਹਾਲਾਂਕਿ ਮੈਂ ਪੜ੍ਹਾਈ ਕਰਨਾ ਚਾਹੁੰਦਾ ਸਾਂ। ਕਿਉਂਕਿ ਘਰ ਵਾਲੇ ਸੋਚਦੇ ਸਨ ਕਿ ਇਹ ਹੁਣ ਪੜ੍ਹਦਾ ਤਾਂ ਕੋਈ ਨਹੀਂ ਤੇ ਦਿਨ ਰਾਤ ਨਾਮ-ਗੁਰਬਾਣੀ ਕੀਰਤਨ ਵਿਚ ਮਸਤ ਰਹਿੰਦਾ ਹੈ। ਘਰਵਾਲੀ ਹਾਰ ਕੇ ਪੇਕੀਂ ਚਲੀ ਗਈ ਤੇ ਮੈਂ ਮਹੀਨਾ ਡੇਢ ਤਾਂ ਸੰਤਾ ਸਿੰਘ ਨੰਦਪੁਰ ਕਲੌੜ ਪਾਸ ਮੈਣ ਦੁਆਬ ਵਿਚ ਰਿਹਾ। ਫੇਰੀ ਭਾਈ ਅਰਜਨ ਸਿੰਘ (ਸਹਿਜ ਭਾਈ) ਜਗਰਾਵਾਂ ਵਾਲਿਆਂ ਦੇ ਘਰ 15 ਦਿਨ ਰਿਹਾ। ਉਨ੍ਹਾਂ ਦੀ ਮਾਤਾ ਬੜੀ ਲਗਨ ਵਾਲੀ ਸੀ। ਅਨਪੜ੍ਹ ਹੁੰਦਿਆਂ ਵੀ ਜਾਪ ਸਾਹਿਬ ਕੰਠ ਕਰ ਰੱਖਿਆ ਸੀ। ਦਲੇਰ ਦੋਵੇਂ ਹੀ ਸੀ ਤੇ ਭਾਈ ਅਰਜਨ ਸਿੰਘ, ਜੋ ਪੁਲਿਸ ਦੀ ਮਾਰ ਕੁੱਟ ਨਾਲ ਢਿੱਲਾ ਪੈ ਗਿਆ ਸੀ, ਨੂੰ ਡਾਂਟ ਕੇ ਤਕੜਾ ਕਰ ਦਿੱਤਾ ਕਿ ਖ਼ਬਰਦਾਰ ਜੇ ਸਿੰਘਾਂ 'ਤੇ ਬਿਆਨ ਦੇ ਕੇ ਘਰ ਆਇਆ ਤਾਂ ਲੱਤਾਂ ਵੱਢ ਦਿਆਂਗੀ। ਕੀ ਭਾਈ ਤਾਰੂ ਸਿੰਘ ਤੇ ਭਾਈ ਮਹਾਂ ਸਿੰਘ ਦੀਆਂ ਸ਼ਹੀਦੀਆਂ ਪੜ੍ਹਣ ਨੂੰ ਹੀ ਹਨ। ਹੁਣ ਅਮਲ ਵੇਲੇ ਭੱਜਦਾ ਹੈਂ। ਮਾਈ ਦੇ ਉਪਦੇਸ਼ ਨੇ ਭਾਈ ਅਰਜਨ ਸਿੰਘ ਨੂੰ ਏਨਾ ਤਕੜਾ ਕੀਤਾ ਕਿ ਉਹ ਪੁਲਿਸ ਤੋਂ ਉੱਕਾ ਹੀ ਨਾਬਰ ਹੋ ਗਿਆ।

ਇਨੀਂ ਦਿਨੀਂ ਗੁਰਦੁਆਰਾ ਰਕਾਬਗੰਜ ਦੀ ਲਹਿਰ ਚੱਲੀ ਹੋਈ ਸੀ, ਲੋਹਟਬੱਦੀ ਤੇ ਹੋਰ ਕਈ ਥਾਵਾਂ 'ਤੇ ਦੀਵਾਨ ਹੋ ਰਹੇ ਸਨ। ਕੰਧ ਨਾ ਢਾਹੁਣ ਲਈ ਸਰਕਾਰ ਨੂੰ ਹਰ ਪਿੰਡ ਤੋਂ ਮਤੇ ਭਿਜਵਾਏ ਗਏ। ਜਗਰਾਓਂ ਤਹਿਸੀਲ ਵਿਚ ਮੈਂ ਤੇ ਭਾਈ ਅਰਜਨ ਸਿੰਘ ਕਈ ਪਿੰਡਾਂ ਵਿਚ ਇਸ ਸੰਬੰਧ ਵਿਚ ਗਏ।

ਇਸ ਸਿਲਸਿਲੇ ਵਿਚ ਖੰਨੇ, ਗੁੱਜਰਵਾਲ, ਲੋਹਟਬੱਦੀ ਤੇ ਢੰਡਾਰੀ ਵਿਚ ਜੋ ਮੀਟਿੰਗਾਂ ਅੰਗਰੇਜ਼ਾਂ ਵਿਰੁੱਧ ਹੋਈਆਂ, ਉਨ੍ਹਾਂ ਸਾਰੀਆਂ ਵਿਚ ਹੇਠ ਲਿਖੇ ਸੱਜਣ ਹਾਜ਼ਰ ਹੁੰਦੇ ਤੇ ਵੱਧ ਚੜ੍ਹ ਕੇ ਹਿੱਸਾ ਲੈਂਦੇ ਰਹੇ :

1. ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ
2. ਬਾਬਾ ਰਾਮ ਸਿੰਘ ਜੀ ਫੱਲੇਵਾਲ
3. ਭਾਈ ਸੁਰਜਨ ਸਿੰਘ ਜੀ ਗੁੱਜਰਵਾਲ
4. ਭਾਈ ਅਤਰ ਸਿੰਘ ਜੀ ਜਿਹਲਮ (ਜੋ ਭਾਈ ਸਾਹਿਬ ਦੇ ਪ੍ਰੇਮੀ ਸਨ ਤੇ ਨਾਰੰਗਵਾਲ ਹੀ ਰਹਿੰਦੇ ਸਨ)
5. ਭਾਈ ਦਲੀਪ ਸਿੰਘ ਜੀ ਫੂਲਾਂਵਾਲ
6. ਦਾਸ



www.AKJ.Org

ਇਹ 1915 ਦੀ ਗੱਲ ਹੈ ਜਦੋਂ ਇਹ ਸਾਰੇ ਗ਼ਦਰ ਸਾਜ਼ਸ਼ ਕੇਸ ਵਿਚ ਫੜੇ ਗਏ ਸਨ।

ਇਹ ਸਾਰੇ ਸੱਜਣ ਲਾਹੌਰ ਦੀ ਲੰਙੇ ਮੰਡੀ ਤੇ ਪੱਟੀ ਦੇ ਦੀਵਾਨਾਂ ਵਿਚ ਵੀ ਗਏ ਜੋ ਗੁਰਦੁਆਰੇ ਦੀ ਕੰਧ ਢਾਹੇ ਜਾਣ ਵਿਰੁੱਧ ਹੋਏ ਸਨ। ਲੰਙੇ ਮੰਡੀ ਦੇ ਦੀਵਾਨ ਬਾਰੇ ਉਸ ਵੇਲੇ ਦੇ ਅਖ਼ਬਾਰਾਂ ਨੇ ਲਿਖਿਆ ਸੀ ਕਿ ਸਿੱਖ ਰਾਜ ਦੇ ਜਾਣ ਤੋਂ ਬਾਅਦ ਇਹ ਸਿੱਖਾਂ ਦਾ ਸਭ ਤੋਂ ਵੱਡਾ ਇਕੱਠ ਸੀ, ਜਿਸ ਵਿਚ ਕੋਈ ਵੀਹ ਹਜ਼ਾਰ ਦੀ ਹਾਜ਼ਰੀ ਸੀ। ਇਸ ਦੀਵਾਨ ਵਿਚ ਲੁਧਿਆਣੇ ਦੇ ਵੱਡੇ-ਵੱਡੇ ਵਕੀਲ, ਖਾਲਸਾ ਸਕੂਲ ਦਾ ਸਟਾਫ਼ ਪਹੁੰਚੇ ਹੋਏ ਸਨ। ਸ. ਕਮਿੱਕਰ ਸਿੰਘ ਮਨਸੂਰਾਂ (ਲੁਧਿਆਣਾ) ਵਾਲਾ ਹੀ ਇਸ ਦੀਵਾਨ ਦਾ ਪ੍ਰਧਾਨ ਸੀ। ਉਸ ਵੇਲੇ ਲੁਧਿਆਣਾ ਇਸ ਐਜੀਟੇਸ਼ਨ ਦਾ ਗੜ੍ਹ ਸੀ ਤੇ ਇਹ ਸਭ ਕੰਮ ਭਾਈ ਸਾਹਿਬ ਦੀ ਨਿਧੜਕ ਤੇ ਨਿਸ਼ਕਾਮ ਨੀਤੀ ਦੇ ਕਾਰਨ ਹੀ ਹੋ ਰਿਹਾ ਸੀ। ਇਸ ਕਰਕੇ ਉਸ ਵੇਲੇ ਦੇ ਲਾਟ (ਗਵਰਨਰ) ਨੇ ਲੁਧਿਆਣੇ ਜਲਸਾ ਕਰਦੇ ਸਿੱਖਾਂ ਨੂੰ ਕਿਹਾ ਸੀ ਕਿ ਸਿੱਖਾਂ ਨੂੰ ਐਜੀਟੇਟਰਾਂ ਦੇ ਮਗਰ ਨਹੀਂ ਲੱਗਣਾ ਚਾਹੀਦਾ, ਸਗੋਂ ਆਪਣੇ 'ਕੁਦਰਤੀ' ਲੀਡਰਾਂ (ਭਾਵ ਝੋਲੀ ਚੁੱਕਾਂ) ਪਿੱਛੇ ਜਾਣਾ ਚਾਹੀਦਾ ਹੈ। ਦੀਵਾਨਾਂ ਵਿਚ ਏਨੀਆਂ ਰੋਹ ਭਰੀਆਂ ਤਕਰੀਰਾਂ ਹੁੰਦੀਆਂ ਸਨ ਕਿ ਕਮਜ਼ੋਰ ਤੋਂ ਕਮਜ਼ੋਰ ਦਿਲ ਵਾਲਾ ਵੀ ਜੋਸ਼ ਵਿਚ ਆ ਜਾਂਦਾ ਸੀ, ਜਿਵੇਂ ਸ. ਹਰਚੰਦ ਸਿੰਘ ਲਾਇਲਪੁਰੀ ਨੇ ਇਕ ਵਾਰੀ ਲੈਕਚਰ ਦਿੰਦਿਆਂ ਕਿਹਾ ਸੀ ਕਿ ਸਿੰਘੋ ਸਿਰਾਂ ਨੂੰ ਕਦੋਂ ਤੱਕ ਸੰਭਾਲ ਕੇ ਰੱਖੋਗੇ? ਇਸ ਤਰ੍ਹਾਂ ਹੋਰ ਵੀ ਜੋਸ਼ੀਲੀਆਂ ਤਕਰੀਰਾਂ ਹੋਈਆਂ। ਮਤਾ ਜੋ ਇਸ ਦੀਵਾਨ ਵਿਚ ਪਾਸ ਹੋਇਆ, ਉਸ ਦੇ ਲਫ਼ਜ਼ਾਂ ਦਾ ਤਾਂ ਪਤਾ ਨਹੀਂ ਪਰ ਸਰਕਾਰ ਨੂੰ ਸਖ਼ਤ ਵਾਰਨਿੰਗ ਦਿੱਤੀ ਗਈ ਸੀ। ਮਤੇ ਦੀ ਵਿਰੋਧਤਾ ਚੀਫ਼ ਖ਼ਾਲਸਾ ਦੀਵਾਨ ਦੇ ਸਕੱਤਰ ਮਾਨ ਸਿੰਘ ਵਕੀਲ ਨੇ ਕੀਤੀ। ਉਸ ਨੇ ਥੋੜ੍ਹਾ ਰੌਲਾ ਵੀ ਪਾਇਆ ਪਰ ਬੈਠ ਗਿਆ ਅਤੇ ਮਤਾ ਸਰਬਸੰਮਤੀ ਨਾਲ ਪਾਸ ਹੋਇਆ।

ਮੈਂ ਫੇਰ ਪਿੰਡ ਆ ਗਿਆ ਤੇ ਘਰ ਵਾਲੇ ਵੀ ਕੁਝ ਮੱਠੇ ਪੈ ਗਏ। ਪ੍ਰਸ਼ਾਦਾ ਛੱਕ ਛੱਡਣਾ ਤੇ ਦੂਜੇ-ਤੀਜੇ ਦਿਨ ਜ਼ਰੂਰ ਗੁੱਜਰਵਾਲ ਜਾਣਾ ਤੇ ਢਾਬ ਤੋਂ ਰਹਿਰਾਸ ਦੇ ਪਾਠ ਤੋਂ ਬਾਅਦ ਛਾਲਾਂ ਮਾਰਦੇ ਖਾਓ-ਪੀਓ ਨੂੰ ਪਿੰਡ ਆ ਜਾਣਾ। ਮਾਤਾ ਬਥੇਰਾ ਕਿਹਾ ਕਰੇ, ਪੁੱਤ ਸਾਉਣ-ਭਾਦਰੋਂ ਵਿਚ ਕੀੜੇ ਪਤੰਗੇ ਕਰਕੇ ਸਵੱਖਤੇ ਘਰ ਆ ਜਾਇਆ ਕਰ, ਪਰ ਸੋਦਰ ਦੇ ਪਾਠ ਤੋਂ ਪਹਿਲਾਂ ਮੈਂ 'ਕਿਵੇਂ ਘਰ ਆਵਾਂ'। ਇਨ੍ਹੀਂ ਦਿਨੀਂ ਹੀ ਸਾਡੇ ਪਿੰਡ ਪਲੇਗ ਪੈ ਗਈ। ਸਾਰਾ ਪਿੰਡ ਬਾਹਰ ਚਲਾ ਗਿਆ, ਪਰ ਮੈਂ ਚੁਬਾਰੇ ਵਿਚ ਹੀ ਰਿਹਾ। ਜੇ ਕਿਸੇ ਸਮਾਗਮ 'ਤੇ ਜਾਣਾ ਹੋਵੇ ਤਾਂ ਚਲਾ ਜਾਵਾਂ, ਨਹੀਂ ਤਾਂ ਪਰਸ਼ਾਦੇ ਛੱਕ ਛੱਡਾ। ਮਾਤਾ ਕੋਲ ਆ ਕੇ ਬਹਿ ਜਾਏ।

ਇਨ੍ਹੀਂ ਦਿਨੀਂ ਅਮਰੀਕਾ ਵਾਲੇ ਗ਼ਦਰੀ ਵੀਰ ਕਰਤਾਰ ਸਿੰਘ ਸਰਾਭਾ, ਭਾਈ ਨਿਧਾਨ ਸਿੰਘ ਚੁੱਘਾ, ਭਾਈ ਉੱਤਮ ਸਿੰਘ ਹਾਂਸ, ਭਾਈ ਗਾਂਧਾ ਸਿੰਘ ਕੱਚਰ ਭੰਨ (ਤਹਿਸੀਲ ਜ਼ੀਰਾ, ਜ਼ਿਲ੍ਹਾ ਫਿਰੋਜ਼ਪੁਰ) ਤੇ ਭਾਈ ਅਰਜਨ ਸਿੰਘ (ਖੁਖਰਾਨਾ, ਜ਼ਿਲ੍ਹਾ ਫਿਰੋਜ਼ਪੁਰ) ਵਰਗੇ ਸੱਜਣ ਭਾਈ ਸਾਹਿਬ ਕੋਲ ਆਉਂਦੇ ਤੇ ਅਸੀਂ ਵੀ ਇਨ੍ਹਾਂ ਦੀਆਂ ਗੱਲਾਂ ਬਾਤਾਂ ਸੁਣਦੇ। ਭਾਈ ਅਰਜਨ ਸਿੰਘ (ਖੁਖਰਾਨਾ) ਦੋ ਰਾਤਾਂ ਮੇਰੇ ਪਾਸ ਚੁਬਾਰੇ ਵਿਚ ਹੀ ਰਿਹਾ। ਇਕ ਵਾਰੀ ਮੈਨੂੰ ਦੱਸਿਆ ਕਿ ਕਿਸੇ ਜਗ੍ਹਾ ਉਨ੍ਹਾਂ ਦਾ ਭਰਾ ਮਿਲ ਗਿਆ ਤਾਂ ਭਾਈ ਅਰਜਨ ਸਿੰਘ ਨੇ ਉਧਰ ਪਿੱਠ ਕਰ ਲਈ। ਉਹ ਇਸ ਲਈ ਕਿ ਜੇ ਮੈਂ ਫਤਹਿ ਬੁਲਾਈ ਤਾਂ ਉਹ ਖਿੱਚ ਕੇ ਪਿੰਡ ਲੈ ਜਾਏਗਾ। ਪਰ ਭਾਈ ਅਰਜਨ ਸਿੰਘ ਦਾ ਪ੍ਰਣ ਸੀ ਕਿ ਆਜ਼ਾਦੀ ਲਏ ਬਿਨ੍ਹਾਂ ਪਿੰਡ ਨਹੀਂ ਜਾਣਾ।

ਇਨ੍ਹਾਂ ਦਿਨਾਂ ਵਿਚ ਹੀ ਕਰਤਾਰ ਸਿੰਘ ਸਰਾਭਾ, ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੂੰ ਪਿੰਡ ਗਿੱਲਾਂ ਵਿਚ ਢੰਡਾਰੀ ਨੂੰ ਅਖੰਡ ਪਾਠ ਲਈ ਜਾਂਦਿਆਂ ਨੂੰ, ਗ਼ਦਰ ਦੀ ਤਰੀਕ 21 ਤੋਂ ਬਦਲ ਕੇ 19 ਫਰਵਰੀ ਦੱਸ ਗਿਆ ਸੀ। ਕਰਤਾਰ ਸਿੰਘ ਸਰਾਭਾ ਤਰੀਕ ਬਦਲਣ ਦੀ ਇਤਲਾਹ ਦੇਣ ਲਈ ਪਿੰਡ ਗਿੱਲਾਂ ਵਿਚ ਦੀ ਜੋ ਰਾਹ ਢੰਡਾਰੀ ਨੂੰ ਜਾਂਦਾ ਹੈ, ਉੱਥੇ ਖੜ੍ਹਾ ਸੀ। ਜਦ ਜੱਥਾ ਜਿਸ ਨੇ ਢੰਡਾਰੀ ਅਖੰਡ ਪਾਠ 'ਤੇ ਜਾਣਾ ਸੀ, ਉਥੋਂ ਦੀ ਲੰਘਿਆ ਤਾਂ ਉਸਨੇ ਰੋਕ ਕੇ ਤਰੀਕ ਦੱਸੀ ਤੇ ਕਈ ਗੱਲਾਂ ਹੋਰ ਵੀ ਕਹੀਆਂ ਜਿਵੇਂ ਤੁਸੀਂ ਕਾਲੀਆਂ ਪੱਗਾਂ ਲਾਹ ਕੇ ਆਉਣਾ ਕਿਉਂਕਿ



www.AKJ.Org

ਚਾਨਣੀ ਰਾਤ ਵਿਚ ਕਾਲੀ ਪੱਗ ’ਤੇ ਦੂਰੋਂ ਨਿਸ਼ਾਨਾ ਲੱਗ ਸਕਦਾ ਹੈ। ਹੋਰ ਕਿਰਪਾਨਾਂ ਆਦਿ ਵੀ ਲਾਹ ਆਉਣੀਆਂ। ਪਰ ਭਾਈ ਸਾਹਿਬ ਨੇ ਕਿਹਾ ਕਿ ਇਹ ਸਭ ਕੁਝ ਇਵੇਂ ਰਹੇਗਾ। ਤੁਸੀਂ ਜੋ ਹਥਿਆਰ ਹੋਰ ਦਿਓਗੇ ਉਹ ਵੀ ਵਰਤਾਂਗੇ। ਭਾਈ ਸਾਹਿਬ ਦੇ ਪੁੱਛਣ ’ਤੇ ਕਰਤਾਰ ਸਿੰਘ ਨੇ ਕਿਹਾ ਕਿ ਲਾਹੌਰ ਤੇ ਅੰਮ੍ਰਿਤਸਰ ਵਿਚ ਜੋ ਕਾਰਾਂ ਖੜ੍ਹੀਆਂ ਹਨ ਉਹ ਸਭ ਆਪਣੀਆਂ ਹਨ ਤੇ ਫਿਰੋਜ਼ਪੁਰ, ਰਾਵਲਪਿੰਡੀ, ਲਾਹੌਰ, ਮੇਰਠ ਆਦਿ ਛਾਉਣੀਆਂ ਦੀਆਂ ਫ਼ੌਜਾਂ ਆਪਣੇ ਨਾਲ ਹਨ। ਇਸ ਪ੍ਰਕਾਰ ਜਦ ਗੱਲ ਕਰਕੇ ਸਰਾਭਾ ਜਾਣ ਲੱਗਾ ਤਾਂ ਭਾਈ ਸਾਹਿਬ ਨੇ ਉਸ ਨੂੰ ਪਿੱਠ ’ਤੇ ਥਾਪੀ ਦਿੱਤੀ ਤੇ ਜੱਥਾ ਢੰਡਾਰੀ ਚਲਾ ਗਿਆ।

17-2-1915 ਨੂੰ ਭੋਗ ਤੋਂ ਬਾਅਦ ਗੁਪਤ ਮੀਟਿੰਗ ਹੋਈ, ਜਿਸ ਵਿਚ ਫਿਰੋਜ਼ਪੁਰ ਜਾਣ ਦਾ ਗੁਰਮਤਾ ਪੇਸ਼ ਹੋਇਆ ਤਾਂ ਭਾਈ ਸੁਰਜਨ ਸਿੰਘ ਨੇ ਮੁਖਾਲਫਤ ਕੀਤੀ ਤੇ ਕਿਹਾ ਕਿ ਖਾਲਸੇ ਨੂੰ ਰਾਜ ਕਾਜ ਨਾਲ ਕੀ ਤੇ ਜਥਾ ਫਿਰੋਜ਼ਪੁਰ ਨਾ ਜਾਵੇ। ਪਰ ਭਾਈ ਸਾਹਿਬ ਨੇ ਕਿਹਾ ਕਿ ਅਸੀਂ ਉੱਥੇ ਰਾਜ ਸਾਂਭਣ ਲਈ ਨਹੀਂ, ਸਗੋਂ ਜ਼ੁਲਮੀ ਰਾਜ ਨੂੰ ਉਲਟਾਉਣ ਤੇ ਗੋਰੇਸ਼ਾਹੀ ਨੂੰ ਖ਼ਤਮ ਕਰਨ ਲਈ ਜਾਣਾ ਹੈ ਜਿਸ ਨੇ ਕਿ ਸਾਡੇ ਗੁਰਧਾਮ ਰਕਾਬਗੰਜ ਦੀ ਕੰਧ ਢਾਹੀ ਹੈ। ਫਿਰ ਕੀ ਸੀ। ਕਿਸੇ ਨੇ ਵੀ ਵਿਰੋਧ ਨਹੀਂ ਕੀਤਾ ਤੇ ਫਿਰੋਜ਼ਪੁਰ ਜਾਣ ਦਾ ਮਤਾ ਪਾਸ ਹੋ ਗਿਆ ਤੇ ਸਭ ਸੱਜਣਾਂ ਨੂੰ 19 ਤਰੀਕ ਨੂੰ ਨਾਰੰਗਵਾਲ ਪਹੁੰਚਣ ਦੀ ਹਿਦਾਇਤ ਹੋ ਗਈ।

ਫਿਰ ਅਸੀਂ ਮਿੱਥੇ ਦਿਨ ’ਤੇ ਨਾਰੰਗਵਾਲ ਤੋਂ ਸ਼ਹੀਦੀਆਂ ਪ੍ਰਾਪਤ ਕਰਨ ਲਈ ਕੜਾਹ ਪ੍ਰਸ਼ਾਦ ਦੀਆਂ ਦੇਗਾਂ ਕਰਾ ਕੇ ਭੁੱਲਾਂ ਬਖਸ਼ਾ ਕੇ ਫਿਰੋਜ਼ਪੁਰ ਦੇ ਕਿਲ੍ਹੇ ’ਤੇ ਧਾਵਾ ਕਰਨ ਲਈ ਤੁਰ ਪਏ। ਕਰਤਾਰ ਸਿੰਘ ਸਰਾਭੇ ਦੇ ਕਾਲੀਆਂ ਪੱਗਾਂ ’ਤੇ ਇਤਰਾਜ਼ ਨੂੰ ਮੁੱਖ ਰੱਖਦਿਆਂ ਭਾਈ ਸਾਹਿਬ ਨੇ ਇਕ ਖਾਕੀ ਕੱਪੜੇ ਦਾ ਥਾਨ ਲੈ ਕੇ ਗਜ਼-ਗਜ਼ ਦੇ ਟੁੱਕੜੇ ਦਾ ਰੁਮਾਲ ਸਭ ਨੂੰ ਦੇ ਦਿੱਤਾ ਕਿ ਜੰਗ ਸਮੇਂ ਕਾਲੀ ਦਸਤਾਰ ’ਤੇ ਇਹ ਸਜਾ ਲੈਣ। ਅਸੀਂ ਮੁੱਲਾਂਪੁਰ ਰੇਲਵੇ ਸਟੇਸ਼ਨ ਤੋਂ ਫਿਰੋਜ਼ਪੁਰ ਲਈ ਗੱਡੀ ਜਾ ਚੜ੍ਹੇ। ਉੱਥੇ ਹੀ ਭਾਈ ਉੱਤਮ ਸਿੰਘ ਹਾਂਸ, ਭਾਈ ਈਸ਼ਰ ਸਿੰਘ ਢੁੱਡੀਕੇ ਤੇ ਭਾਈ ਰੰਗਾ ਸਿੰਘ ਜੀ ਖੁਰਦਪੁਰ ਗੱਡੀ ਚੜ੍ਹੇ ਤੇ ਇੱਥੇ ਕਿਸ਼ਨ ਸਿੰਘ ਮੋਹੀ (ਜ਼ੈਲਦਾਰ) ਨੇ ਸਾਨੂੰ ਗੱਡੀ ਚੜ੍ਹਦਿਆਂ ਨੂੰ ਦੇਖ ਲਿਆ ਸੀ ਉਸ ਨੇ ਮੁਕੱਦਮੇ ਦੌਰਾਨ ਗਵਾਹੀ ਵੀ ਦਿੱਤੀ ਸੀ ਕਿ ਮੈਂ ਜੱਥਾ ਗੱਡੀ ਚੜ੍ਹਦਾ ਦੇਖਿਆ ਸੀ ਤੇ ਮੈਂ ਭਾਈ ਹਰਭਜਨ ਸਿੰਘ (ਚਮਿੰਡਾ) ਤੇ ਭਾਈ ਸਾਹਿਬ ਰਣਧੀਰ ਸਿੰਘ ਨੂੰ ਜਾਣਦਾ ਹਾਂ। ਸਾਡੀ ਅਦਾਲਤ ਵਿਚ ਉਸ ਨੇ ਸ਼ਨਾਖਤ ਵੀ ਕੀਤੀ ਸੀ। ਮੋਹੀ ਮੇਰੀ ਭੈਣ ਵਿਆਹੀ ਹੋਣ ਕਰਕੇ ਮੇਰਾ ਉੱਥੇ ਜਾਣ-ਆਉਣ ਤੇ ਵਾਕਫੀ ਸੀ। (ਇਹੀ ਗਵਾਹੀ ਦੇ ਸਿੱਟੇ ਵਜੋਂ ਉਸ ਨੂੰ ਪੰਜਾਹ ਏਕੜ ਜ਼ਮੀਨ ਮਿਲੀ ਸੀ ਤੇ ਇਸ ਜ਼ਮੀਨ ਦਾ ਆਰਡਰ ਆਉਣ ਸਮੇਂ ਜੋ ਉਸ ਦੇ ਲੜਕਾ ਪੈਦਾ ਹੋਇਆ ਉਸ ਦਾ ਨਾਂ ਖੁਸ਼ਕਿਸਮਤ ਸਿੰਘ ਰੱਖਿਆ, ਜੋ ਅੱਜਕੱਲ੍ਹ ਕਾਂਗਰਸੀ ਵਰਕਰ ਹੈ।)

ਖੈਰ ਅਸੀਂ ਮੁੱਲਾਂਪੁਰੋਂ ਗੱਡੀ ਫੜ ਕੇ ਫਿਰੋਜ਼ਪੁਰ ਛਾਉਣੀ ਦੇ ਸਟੇਸ਼ਨ ’ਤੇ ਜਾ ਉੱਤਰੇ ਜਿੱਥੇ ਕਿ ਕਰਤਾਰ ਸਿੰਘ ਸਰਾਭਾ ਅੱਗੇ ਆਇਆ ਖਲੋਤਾ ਸੀ। ਸਾਰਾ ਜੱਥਾ ਜੋ ਕਿ ਚਾਲੀ-ਪੰਜਾਹ ਦੀ ਗਿਣਤੀ ਵਿਚ ਸੀ, ਤੁਰ ਪਿਆ। ਮੂਹਰੇ ਕਰਤਾਰ ਸਿੰਘ ਸਰਾਭਾ ਤੇ ਮਗਰ ਜੱਥਾ ਤੁਰੀ ਗਿਆ। ਛਾਉਣੀ ਵਿਚੋਂ ਗੋਰਿਆਂ ਦੀਆਂ ਬੈਰਕਾਂ ਵਿਚ ਦੀ ਲੰਘ ਕੇ ਗ਼ਦਰ ਲਈ ਇਕੱਠੇ ਹੋਏ ਗ਼ਦਰੀਆਂ ਵਿਚ ਜੋ ਕਿ ਚਾਂਦਮਰੀ ਦੇ ਨੇੜੇ ਹੀ ਸਨ, ਜਾ ਰਲੇ। ਇਸ ਥਾਂ ਦੇ ਨੇੜੇ ਝਾੜੀਆਂ ਵੀ ਸਨ ਤੇ ਰੇਤਲੀ ਥਾਂ ਜਾਪਦੀ ਸੀ।

ਕਰਤਾਰ ਸਿੰਘ ਸਰਾਭਾ ਸਾਨੂੰ ਉੱਥੇ ਬਿਠਾ ਕੇ ਕਿਲ੍ਹੇ ਵੱਲ ਚਲਾ ਗਿਆ। ਪਤਾ ਨਹੀਂ ਕਿਲ੍ਹਾ ਕਿੰਨੀ ਕੁ ਦੂਰ ਸੀ ਪਰ ਉਹ ਦੋ ਵਜੇ ਤੱਕ ਵਾਪਸ ਨਾ ਪਰਤਿਆ ਤਾਂ ਸਭ ਸੱਜਣ ਉਤਾਵਲੇ ਜਾਪੇ। (ਸ਼ਹੀਦ) ਭਾਈ ਗਾਂਧਾ ਸਿੰਘ (ਕੱਚਰ ਭੰਨ) ਮੇਰੇ ਖੱਬੇ ਹੱਥ ਪਿਸਤੌਲ ਲਈ ਖੜ੍ਹਾ ਸੀ ਤੇ ਇਹ ਕਹਿ ਰਿਹਾ ਸੀ ਕਿ ਕੀ ਗੱਲ ਹੈ? ਟਾਈਮ ਹੋ ਚੁੱਕਾ ਹੈ ਪਰ ਹੁਕਮ ਨਹੀਂ ਹੋ ਰਿਹਾ। ਇਸ ਤਰ੍ਹਾਂ ਹੋਰ ਸੱਜਣ ਵੀ ਬਹੁਤ ਕਾਹਲੇ ਸਨ ਪਰ ਦੋ ਵਜੇ ਤੋਂ ਕੁੱਝ ਉੱਪਰ ਹੋਏ ਤਾਂ ਸਰਾਭੇ ਨੇ ਆ ਕੇ ਦੱਸਿਆ ਕਿ ਜਿੰਨ੍ਹਾਂ ਫੌਜੀ ਸਰਦਾਰਾਂ ਤੇ ਸਿਪਾਹੀਆਂ ਨਾਲ ਸਾਡੀ ਗੱਲਬਾਤ ਸੀ ਉਹ ਕਈ ਦਿਨਾਂ ਤੋਂ ਬਾਰਾਂ ਪੱਥਰ



www.AKJ.Org

(ਬਰਖਾਸਤ) ਕੀਤੇ ਜਾ ਚੁੱਕੇ ਹਨ। ਹੁਣ ਕੋਈ ਵੀ ਸੱਜਣ ਸਾਡੇ ਮਤਲਬ ਦਾ ਨਹੀਂ ਰਿਹਾ। ਇਸ ਲਈ ਸਭ ਸੱਜਣਾਂ ਨੂੰ ਚਾਹੀਦਾ ਹੈ ਕਿ ਜਿੱਥੇ ਕਿਸੇ ਨੂੰ ਰਾਹ ਲੱਭੇ, ਖਿੰਡ ਜਾਏ।

ਕਰਤਾਰ ਸਿੰਘ ਦੀ ਭਾਵੇਂ ਇਹ ਸਿਆਣਪ ਸੀ ਕਿ ਜਦ ਕੋਈ ਮੁਸੀਬਤ ਹੋਵੇ ਤਾਂ ਐਵੇਂ ਟੱਕਰ ਲੈ ਕੇ ਮਰਨਾ ਫਜ਼ੂਲ ਸੀ, ਪਰ ਆਜ਼ਾਦੀ ਦੇ ਚਾਹਵਾਨ ਤੇ ਗ਼ਦਰ ਦੇ ਉਡੀਕਵਾਨ ਸੂਰਮੇ ਬਹੁਤ ਨਿਰਾਸ਼ ਹੋਏ, ਜਿਨ੍ਹਾਂ ਦੀ ਨਿਰਾਸ਼ਾ ਤੇ ਇੱਥੇ ਆਉਣ ਦੀ ਨਾਕਾਮਯਾਬੀ 'ਤੇ ਹੇਠ ਲਿਖੀ ਕਵਿਤਾ ਮੈਂ ਬਾਅਦ ਵਿਚ ਲਿਖੀ ਹੈ :

ਫਿਰੋਜ਼ਪੁਰ ਛਾਉਣੀ ਦਾ ਗ਼ਦਰ ਫੇਲ੍ਹ ਹੋਣ ਤੋਂ ਬਾਅਦ ਸੂਰਮਿਆਂ ਦੇ ਦਿਲਾਂ ਤੇ ਕੀ ਬੀਤੀ :

ਫੌਜਾਂ ਪਿੰਡੀ ਲਾਹੌਰ ਫੀਰੋਜ਼ਪੁਰ ਵਿਚ
ਤਿਆਰ-ਬਰ-ਤਿਆਰ ਸੀ ਲੜਨ ਦੇ ਲਈ।
ਕਿਰਪਾਲ ਵਰਗੇ ਨਾ ਜੇ ਗੱਦਾਰ ਹੁੰਦੇ,
ਡੇਟ ਬਦਲਦੀ ਨਾ ਗ਼ਦਰ ਕਰਣ ਦੇ ਲਈ।
ਦਰਦੀ ਵੀਰ ਨਾ ਛਾਉਣੀਉਂ ਬਾਹਰ ਆਉਂਦਾ,
ਫੌਜਾਂ ਤਿਆਰ ਸੀ ਕਿਲ੍ਹੇ ਵਿਚ ਵੜ੍ਹਣ ਦੇ ਲਈ।
ਉਤੋਂ ਆਨ ਕਰਤਾਰ ਨੇ ਕਿਹਾ ਵੀਰੋ,
ਹੁਣ ਚਾਰਾ ਨਹੀਂ ਕੋਈ ਕਰਣ ਦੇ ਲਈ।
ਯੁੱਧ ਕਰਣ ਦੇ ਦਿਲੀਂ ਅਰਮਾਨ ਰਹਿ ਗਏ,
ਸੀਸ ਧਰੇ ਸੀ ਤਲੀ ਤੇ ਮਰਣ ਦੇ ਲਈ।
ਗਲੋਂ ਤੌਕ ਗੁਲਾਮੀ ਦਾ ਲਥਿਆ ਨਾ
ਮੌਜਾਂ ਲੁਟਦੇ ਸਾਰੇ ਸ਼ੈਤਾਨ ਰਹਿ ਗਏ।
ਖੜ੍ਹੇ ਰਹਿ ਗਏ ਜੇਲ੍ਹ ਦੇ ਕਸ਼ਟ ਸਿਰ ਤੇ
ਕੁੰਭੀ ਨਰਕ ਰੂਪੀ ਅੰਡੇਮਾਨ ਰਹਿ ਗਏ।
ਨਿੱਕੀ ਉਮਰ ਦੇ ਅਜ ਕਰਤਾਰ 'ਸਾਥੀ'
ਫਾਂਸੀ ਚੜ੍ਹਣ ਲਈ ਨੌਜਵਾਨ ਰਹਿ ਗਏ।

ਖੈਰ ਸਭ ਸੱਜਣ ਖਿੰਡ ਗਏ ਤੇ ਸਾਡਾ ਜੱਥਾ ਵੀ ਨੇੜੇ ਹੀ ਇਕ ਛੱਪਰ ਦੇ ਹੇਠਾਂ ਚਾਰ ਘੰਟੇ ਪਿਆ ਰਿਹਾ ਤੇ ਹਨ੍ਹੇਰੇ ਹੋਏ ਉੱਥੋਂ ਨਿਕਲ ਕੇ ਫੇਮੇ ਕੀ ਖਾਈ ਦੇ ਸਟੇਸ਼ਨ 'ਤੇ ਜਾ ਕੇ ਮੁੜ ਮੁੱਲਾਂਪੁਰ ਦੇ ਟਿਕਟ ਲੈ ਕੇ ਵਾਪਸ ਆ ਗਏ। ਇੱਥੇ ਜੱਥੇ ਨੇ ਗੁੜ ਖਾਧਾ ਤੇ ਘਰੋਂ ਘਰੀਂ ਚਲੇ ਗਏ।

ਏਸ ਦੌਰਾਨ ਮੈਂ ਕੋਈ ਇਕ ਮਹੀਨੇ ਬਾਅਦ ਜਦ ਘਰ ਪੁੱਜਾ ਤਾਂ ਭਗਤ ਸਿੰਘ ਬਲੋਵਾਲ (ਸਾਡੇ ਜੱਥੇ ਦਾ ਮੈਂਬਰ ਜੋ ਵਾਅਦਾ ਮੁਆਫ਼ ਬਣ ਗਿਆ ਸੀ) ਦਾ ਪਿਤਾ ਸ. ਨਿਧਾਨ ਸਿੰਘ ਮੇਰੇ ਪਾਸ ਉਸ ਦਾ ਪਤਾ ਕਰਨ ਆਇਆ ਕਿ ਭਗਤ ਸਿੰਘ ਕਿੱਥੇ ਹੈ? ਤਾਂ ਮੈਂ ਜਵਾਬ ਦਿੱਤਾ ਕਿ ਮੈਨੂੰ ਤਾਂ ਉਸ ਦਾ ਕੋਈ ਪਤਾ ਨਹੀਂ ਹੈ ਕਿਉਂਕਿ ਅਸਲ ਗੱਲ ਲੁਕਾਉਣੀ ਹੀ ਸੀ। ਏਸ ਸਮੇਂ ਦਾ ਇਕ ਵਾਕਿਆ ਯਾਦ ਆ ਗਿਆ ਜੋ ਦਰਜ ਕਰਨਾ ਜ਼ਰੂਰੀ ਹੈ। ਜਦੋਂ ਸ. ਨਿਧਾਨ ਸਿੰਘ ਮੇਰੇ ਪਾਸ ਆਏ ਤਾਂ ਮੈਂ ਵੀ ਉਦੋਂ ਹੀ ਬਾਹਰੋਂ ਆਇਆ ਸੀ। ਉਸ ਦੇ ਸਾਹਮਣੇ ਹੀ ਪਲੇਗ ਦੇ ਦਿਨਾਂ ਵਿਚ ਆਪਣੀ ਵਿਹੜੇ ਵਾਲੀ ਖੂਹੀ 'ਚੋਂ ਪਾਣੀ ਦਾ ਗੜਵਾ ਕੱਢ ਕੇ ਪੀ ਲਿਆ। ਉਹ ਹੈਰਾਨ ਹੋ ਗਿਆ ਤੇ ਕਹਿਣ ਲੱਗਾ "ਭਾਈ ਸਾਹਿਬ ਤੁਸੀਂ ਤਾਂ ਹੱਦ ਕਰ ਦਿੱਤੀ ਹੈ, ਇਕ ਡੋਲ ਵੀ ਕੱਢ ਕੇ ਪਾਣੀ ਸਾਫ਼ ਨਹੀਂ ਕੀਤਾ। ਏਨੇ ਦਿਨਾਂ ਦਾ ਬੰਦ ਤੇ ਖੜ੍ਹਾ ਪਾਣੀ ਨਹੀਂ ਸੀ ਪੀਣਾ ਚਾਹੀਦਾ।" ਪਰ ਮੈਂ ਉਸ ਵੇਲੇ ਅਜੀਬ ਰੰਗਾਂ ਵਿਚ ਖੇਡ ਰਿਹਾ ਸਾਂ ਤੇ ਭਰਮਾਂ-ਵਹਿਮਾਂ



www.AKJ.Org

ਤੋਂ ਬਹੁਤ ਉੱਚਾ ਹੋ ਕੇ ਵਿਚਰ ਰਿਹਾ ਸਾਂ। ਏਸ ਲਈ ਮੈਂ ਕਿਹਾ "ਭਾਈ ਸਾਹਿਬ ਕੋਈ ਫਿਕਰ ਨਹੀਂ ਹੈ। ਚਲਣਾ ਤਾਂ ਉਦੋਂ ਹੀ ਹੋਵੇਗਾ, ਜਦੋਂ ਅਕਾਲ ਪੁਰਖ ਨੂੰ ਮਨਜ਼ੂਰ ਹੋਵੇਗਾ।" ਇਨ੍ਹੀਂ ਦਿਨੀਂ ਮੈਂ ਇਕ ਰਾਤ ਨੂੰ ਚੁਬਾਰੇ ਦੇ ਬਰਾਂਡੇ ਵਿਚ ਹਰਮੋਨੀਅਮ ਨਾਲ ਸ਼ਬਦ ਪੜ੍ਹਦਾ ਸਾਂ। ਗੁੱਜਰਵਾਲ ਦੇ ਰਾਹ ਤੇ ਟੋਭੇ ਤੋਂ ਉਪਰਦੀ ਹਵਾ, ਉਧਰ ਦੀ ਹੋਣ ਕਰਕੇ ਕਾਫੀ ਆਵਾਜ਼ ਖਿੰਡਦੀ ਸੀ ਤਾਂ ਨੰਬਰਦਾਰ ਜੈਮਲ ਸਿੰਘ ਨੇ ਕਿਹਾ ਕਿ ਪਤਾ ਨਹੀਂ ਉਸ ਪਾਸ ਕਿੰਨੇ ਬੰਦੇ ਹਨ, ਕਿਉਂਕਿ ਗ਼ਦਰੀਆਂ 'ਤੇ ਸਰਕਾਰ ਦੀ ਅੱਖ ਸੀ ਤੇ ਉਹ ਸਾਡੇ ਪਾਸ ਵੀ ਆਉਂਦੇ ਸਨ। ਮੇਰੀ ਮਾਤਾ ਉਸ ਵੇਲੇ ਭੱਜੀ ਆਈ ਤੇ ਸਾਰੀ ਗੱਲ ਦੱਸੀ ਤਾਂ ਮੈਂ ਕਿਹਾ ਕਿ ਉਸ ਨੂੰ ਕਹੋ "ਦੇਖ ਜਾਓ ਆ ਕੇ, ਕਿ ਮੇਰੇ ਪਾਸ ਬੰਦੇ ਹਨ ਜਾਂ ਮੈਂ ਇਕੱਲਾ ਹੀ ਹਾਂ।"

ਲੋਕੀਂ ਸਾਡੀਆਂ ਹਰਕਤਾਂ, ਜੋਸ਼ ਤੇ ਚੜ੍ਹਦੀ ਕਲਾ ਨੂੰ ਦੇਖ ਕੇ ਬਹੁਤ ਸ਼ੱਕ ਕਰਦੇ ਸਨ ਕਿ ਇਹ ਜ਼ਰੂਰੀ ਕੋਈ ਕਾਰਾ ਕਰਨਗੇ। ਇਹੀ ਗੱਲ ਮੇਰੀ ਮਾਤਾ ਵੀ ਕਰਿਆ ਕਰਦੀ ਸੀ ਜੋ ਕਿ ਚੁਬਾਰੇ ਵਿਚ ਮੇਰੇ ਕੋਲ ਆ ਜਾਂਦੀ ਸੀ। ਇਕ ਦਿਨ ਜਦੋਂ ਮੈਂ ਪ੍ਰਸ਼ਾਦੇ ਸਜਾ ਰਿਹਾ ਸਾਂ ਤਾਂ ਮਾਤਾ ਅੱਗੇ ਬੈਠ ਗਈ ਤੇ ਲੱਗੀ ਗੱਲਾਂ ਕਰਨ ਕਿ ਲੋਕ ਕਹਿੰਦੇ ਹਨ ਪਈ ਸਰਕਾਰ ਫੜ ਲਵੇਗੀ। ਜਦ ਉਹ ਹਟੇ ਨਾ ਤੇ ਕਹੀ ਜਾਵੇ, ਜਿਸ 'ਤੇ ਮੈਂ ਗੁੱਸੇ ਵਿਚ ਆ ਕੇ ਚਿਮਟਾ ਚੁੱਕ ਕੇ ਮਾਤਾ ਨੂੰ ਘੂਰਿਆ। ਪਏ ਲੋਕ ਪਏ ਕਹਿਣ, ਤੂੰ ਕਿਉਂ ਕਹਿੰਦੀ ਹੈ? ਏਸ 'ਤੇ ਮਾਤਾ ਨੂੰ ਵੀ ਗੁੱਸਾ ਆ ਗਿਆ ਤੇ ਬਚਨ ਕੀਤਾ, ਜਾਹ ਤੂੰ ਐਹੋ ਜਿਹਾ ਜ਼ਰੂਰ ਜੇਲ੍ਹ ਜਾਏਂਗਾ। ਬੱਸ ਮਾਤਾ ਦੇ ਇਹ ਬਚਨ ਐਨ ਪੂਰੇ ਹੋ ਗਏ ਜਦੋਂ ਕਿ ਕੁਝ ਚਿਰ ਪਾ ਕੇ 21 ਜੂਨ 1915 ਨੂੰ ਸਾਰੇ ਪਿੰਡਾਂ ਨਾਰੰਗਵਾਲ, ਗੁੱਜਰਵਾਲ, ਫਲ੍ਹੇਵਾਲ, ਚਮਿੰਡੇ ਵਿਚ ਇਕਦਮ ਹੀ ਦਰ ਬੰਦੀਆਂ ਹੋ ਗਈਆਂ। ਪਰ ਮੈਂ ਉਸ ਵੇਲੇ ਗੁੱਜਰਵਾਲ ਜਥੇਦਾਰ ਰਾਮ ਸਿੰਘ ਦੇ ਘਰ ਸਾਂ। ਉੱਥੋਂ ਹੀ ਮੈਨੂੰ ਈਸ਼ਰ ਸਿੰਘ ਥਾਣੇਦਾਰ ਤਾਂਗੇ 'ਚ ਬਿਠਾ ਕੇ ਪਿੰਡ ਲੈ ਆਇਆ ਤੇ ਲੱਗੀ ਘਰ ਦੀ ਤਲਾਸ਼ੀ ਹੋਣ। ਸਭ ਤੋਂ ਪਹਿਲਾਂ ਘਰ ਵੜਦਿਆਂ ਉੱਥੇ ਪਏ ਸੰਦੂਕ ਦੀ ਤਲਾਸ਼ੀ ਹੋਈ। ਚੂੰਕਿ ਹਾੜ ਦੇ ਦਿਨ ਸਨ ਸੰਦੂਕ ਵਿਚ ਵੀ ਜੇਵਰ ਆਦਿ ਪਾ ਕੇ ਰੱਖੇ ਹੋਏ ਸਨ ਤੇ ਵਿਹੜੇ ਵਿਚ ਮੰਜੇ ਹੁੰਦੇ ਸਨ। ਸੰਦੂਕ ਦਾ ਇਕ ਇਕ ਕੱਪੜਾ ਤਹਿ ਖੋਲ੍ਹ ਕੇ ਤਲਾਸ਼ੀ ਲਈ ਗਈ, ਫੇਰ ਅੰਦਰ ਬੁੱਢੀਆਂ ਦੇ ਸੰਦੂਕ ਦੇ ਸਭ ਕੱਪੜੇ, ਫੁਲਕਾਰੀਆਂ ਦੀਆਂ ਤੈਹਾਂ ਖੋਲ੍ਹ ਕੇ ਤਲਾਸ਼ੀ ਕੀਤੀ ਤੇ ਖਾਲੀ ਕਰਕੇ ਦੇਖੇ। ਗੱਲ ਕੀ ਦੁਪਹਿਰ ਤੋਂ ਲੈ ਕੇ ਸ਼ਾਮ ਤੱਕ ਡੱਟ ਕੇ ਤਲਾਸ਼ੀ ਲਈ। ਫੇਰ ਚੁਬਾਰੇ ਵਿਚ ਜਾ ਵੜੇ। ਉੱਥੇ ਸਫਾਜੰਗ ਕਿੱਲੀ ਨਾਲ ਲਟਕਦਾ ਸੀ ਜੋ ਉਸ ਨੇ ਲਾਹ ਲਿਆ, ਹਾਲਾਂਕਿ ਗੁੱਜਰਵਾਲੋਂ ਮੁਸਲਮਾਨ ਥਾਣੇਦਾਰ ਨੇ ਕੋਈ ਸਫਾਜੰਗ ਕਬਜ਼ੇ ਵਿਚ ਨਹੀਂ ਲਿਆ ਸੀ ਤੇ ਕਹਿਣ ਲੱਗਾ ਕਿ ਖਾਸ ਮਾਲ ਤਾਂ ਭਾਈ ਹੁਰਾਂ ਉੱਪਰ ਹੀ ਰੱਖਿਆ ਹੋਇਆ ਹੈ। ਉੱਥੋਂ ਫੇਰ ਖਰਾਸ ਨੇੜੇ ਜੋ ਬਾਹਰਲਾ ਘਰ ਸੀ, ਆਇਆ ਤੇ ਹੁਣ ਕਿਉਂਕਿ ਸੂਰਜ ਡੁੱਬ ਰਿਹਾ ਸੀ, ਇਸ ਲਈ ਤੂੜੀ ਉੱਕਾ ਹੀ ਨਾ ਫੋਲੀ ਤੇ ਕਹਿ ਦਿੱਤਾ, ਚਲੋ ਇੱਥੇ ਕੁਝ ਨਹੀਂ ਹੈ, ਸ਼ਾਇਦ ਗਰਮੀ ਹੋਣ ਕਰਕੇ ਹੰਭ ਗਏ ਸਨ। ਖੈਰ ਤਲਾਸ਼ੀ ਵਿਚ ਕੋਈ ਇਤਰਾਜ਼ ਵਾਲੀ ਚੀਜ਼ ਨਹੀਂ ਨਿਕਲੀ। ਸਫ਼ਾਜੰਗ ਤਾਂ ਉਹ ਐਵੇਂ ਘਰਦਿਆਂ ਨੂੰ ਡਰਾਉਣ ਤੇ ਪੈਸੇ ਖਾਣ ਲਈ ਲੈ ਗਿਆ ਸੀ, ਕਿਉਂਕਿ ਜਾਂਦਾ ਹੋਇਆ ਕਹਿ ਗਿਆ ਸੀ ਕਿ ਮੈਂ ਨਾਰੰਗਵਾਲ ਖੁਸ਼ੀਆਂ ਸਿੰਘ ਸਫੈਦਪੋਸ਼ ਦੀ ਬੈਠਕ ਵਿਚ ਹੋਵਾਂਗਾ। ਇਸ ਲਈ ਜਦ ਸਾਨੂੰ ਰਾਤ ਨੂੰ ਗੁੱਜਰਵਾਲ ਲੈ ਗਏ ਸਨ ਤੇ ਅਸੀਂ ਭਾਈ ਸੁਰਜਨ ਸਿੰਘ ਦੇ ਕੋਠੇ 'ਤੇ ਪਏ ਸਾਂ ਤਾਂ ਭਰਾ ਗੱਜਣ ਸਿੰਘ ਤੇ ਚਾਚਾ ਨੱਥਾ ਸਿੰਘ ਮੇਰੇ ਕੋਲ ਆਏ ਤੇ ਕਹਿਣ ਲੱਗੇ ਕਿ ਕੁਝ ਪੈਸੇ ਦੇ ਕੇ ਸਫਾਜੰਗ ਲੈ ਆਈਏ। ਪਰ ਮੈਂ ਸਖ਼ਤ ਤਾੜਨਾ ਕਰਕੇ ਮੋੜ ਦਿੱਤੇ ਕਿ ਸਫਾਜੰਗ ਕੋਈ ਗ਼ੈਰ-ਕਾਨੂੰਨੀ ਹਥਿਆਰ ਨਹੀਂ ਤੇ ਏਸ ਮੁਕੱਦਮੇ ਵਿਚ ਇਸ ਦਾ ਕੋਈ ਦਖ਼ਲ ਨਹੀਂ ਹੈ ਤੇ ਤੁਸੀਂ ਚੁੱਪ ਕਰਕੇ ਘਰ ਪਰਤ ਜਾਓ। ਉਨ੍ਹਾਂ ਨੇ ਮੇਰੀ ਗੱਲ ਮੰਨ ਲਈ।

**ਹੱਡ ਬੀਤੀਆਂ : ਵਲੋਂ ਭਾਈ ਹਰਭਜਨ ਸਿੰਘ (ਚਮਿੰਡਾ)**

(1) ਤੱਤ ਗੁਰਮਤਿ ਬਿਰਤੀ ਦੇ ਦਿਨਾਂ ਵਿਚ 1915 ਤੋਂ 1920 ਤੱਕ ਛੇ ਸਾਲ ਇਕ ਪੈਸਾ ਵੀ ਕੋਲ ਨਹੀਂ ਸੀ ਹੁੰਦਾ ਤੇ ਨਾ ਹੀ ਕਦੇ ਲੋੜ ਪਈ ਸੀ ਤੇ ਨਾ ਹੀ ਕਿਸੇ ਨੇ ਦਿੱਤਾ ਸੀ। ਇਨ੍ਹਾਂ ਦਿਨਾਂ ਵਿਚ ਹੀ ਜੇਲ੍ਹ ਜਾਣ ਤੋਂ ਪਹਿਲਾਂ,



www.AKJ.Org

ਜਦੋਂ ਕਿ ਦੀਵਾਲੀ ਦੇ ਸਮੇਂ ਜੱਥੇ ਨੇ ਅੰਮ੍ਰਿਤਸਰ ਜਾਣਾ ਸੀ, ਇਕ ਕੰਬਲ ਖਰੀਦਣ ਦੀ ਲੋੜ ਸੀ, ਜਿਸ ਦੀ ਕੀਮਤ ਉਸ ਵੇਲੇ ਪੰਜ ਰੁਪਏ ਸੀ। ਘਰ ਵਾਲਿਆਂ ਨਾਲ ਖਿੱਚੋਤਾਣ ਕਾਰਨ ਮੇਰੀ ਪਿਆਰੀ ਭੈਣ ਰਾਏ ਕੌਰ (ਉਰਫ ਰਾਮ ਕੌਰ) ਜੀ, ਜੋ ਮੇਰੇ ਨਾਲ ਬਹੁਤ ਪਿਆਰ ਕਰਦੇ ਸਨ ਨੇ ਮੈਨੂੰ ਦੱਸ ਰੁਪਏ ਦੇ ਦਿੱਤੇ ਤੇ ਕਿਹਾ ਕਿ ਵੀਰ ਘਰ ਵਾਲਿਆਂ ਨਾਲ ਲੜੀਂ ਨਾ ਤੇ ਨਾ ਹੀ ਕਿਸੇ ਨੂੰ ਕੁੱਝ ਕਹੀਂ ਤੇ ਜਿੱਥੇ ਦਿਲ ਕਰੇ ਖਰਚ ਲਵੀਂ। ਉਹ ਪੈਸੇ ਮੇਰੇ ਉਸ ਯਾਤਰਾ ਵਿਚ ਕੰਮ ਆਏ ਤੇ ਕੰਬਲ ਵੀ ਖਰੀਦ ਲਿਆ। ਫੇਰ ਜਦੋਂ ਜੇਲ੍ਹ ਤੋਂ ਆ ਕੇ 1920 ਵਿਚ ਮੈਂ ਲਾਹੌਰ ਪ੍ਰੈੱਸ ਵਿਚ ਮੁਲਾਜ਼ਮ ਹੋ ਗਿਆ ਤਾਂ ਪਹਿਲੀ ਤਨਖਾਹ ਵਿਚੋਂ ਹੀ (20 ਰੁਪਏ) ਮੈਂ ਸਭ ਤੋਂ ਪਹਿਲਾਂ ਭੈਣ ਜੀ ਨੂੰ ਮੋੜੇ।

(2) ਏਸ ਤਰ੍ਹਾਂ ਦੀ ਇਕ ਹੋਰ ਘਟਨਾ ਵੀ ਵਾਪਰੀ। ਭੈਣ ਜੀ ਦੇ ਪਿਆਰ ਕਰਕੇ ਮੈਂ ਮੋਹੀ ਆਮ ਜਾਇਆ ਕਰਦਾ ਸਾਂ ਤਾਂ ਇਕ ਦਿਨ ਸਾਡੇ ਬਹਿਨੋਈ ਨੇ ਕੁਝ ਨਾਮ ਦੱਸ ਕੇ ਕਿਹਾ ਕਿ ਇਹ ਤੁਹਾਡੇ ਵੀ ਜਥੇ ਵਿਚ ਆਇਆ ਕਰਦੇ ਸਨ। ਉਹ ਨਾਮ ਇਹ ਸਨ : ਬਾਬਾ ਨਿਧਾਨ ਸਿੰਘ ਚੁੱਘਾ, ਭਾਈ ਉੱਤਮ ਸਿੰਘ ਹਾਂਸ, ਭਾਈ ਗਾਂਧਾ ਸਿੰਘ ਜੀ ਆਦਿ। ਇਹ ਗੱਲ ਸੁਣ ਕੇ ਮੈਨੂੰ ਅੱਗ ਲੱਗ ਗਈ ਤੇ ਉਸ ਸਮੇਂ ਬਹੁਤ ਹੀ ਗੁੱਸੇ ਵਿਚ ਆ ਗਿਆ। (ਕਿਉਂਕਿ ਉਹ ਸਰਕਾਰੀ ਬੰਦਾ ਸੀ ਤੇ ਇਨ੍ਹਾਂ ਨੂੰ ਫੜਾਉਣ ਲਈ ਹੀ ਪੁੱਛ ਰਿਹਾ ਸੀ।) ਉਸ ਵੇਲੇ ਸੂਰਜ ਡੁੱਬ ਰਿਹਾ ਸੀ ਤੇ ਮੋਹੀ ਸਾਡੇ ਪਿੰਡੋਂ ਤਿੰਨ ਕੋਹ ਸੀ। ਪਰ ਮੈਂ ਅੱਗੇ ਰਾਤ ਦਾ ਕੋਈ ਖਿਆਲ ਨਾ ਕਰਦਾ ਹੋਇਆ ਤੁਰੰਤ ਹੀ ਇਹ ਕਹਿ ਕੇ ਕਿ ਤੂੰ ਇਨ੍ਹਾਂ ਦੇਸ਼ ਭਗਤਾਂ ਨੂੰ ਫੜਾਉਣਾ ਚਾਹੁੰਦਾ ਹੈ, ਮੈਂ ਤੇਰੇ ਘਰ ਇਕ ਮਿੰਟ ਵੀ ਨਹੀਂ ਰਹਾਂਗਾ, ਪਿੰਡ ਨੂੰ ਹੋ ਲਿਆ ਤੇ ਘੰਟੇ ਦੇ ਅੰਦਰ-ਅੰਦਰ ਹੀ ਪਿੰਡ ਆ ਗਿਆ।

(3) ਮੇਰੇ ਅੰਮ੍ਰਿਤ ਛੱਕਣ ਤੋਂ ਬਾਅਦ ਜਦੋਂ ਘਰਦਿਆ ਨੇ ਪੜਨੋ ਹਟਾ ਲਿਆ ਤੇ ਘਰ ਵਾਲੀ ਵੀ ਰੁਸ ਕੇ ਪੇਕੇ ਚਲੀ ਗਈ ਤੇ ਮੈਂ ਭਾਈ ਸੰਤਾ ਸਿੰਘ ਕੋਲ ਨੰਦਪੁਰ ਕਲੌੜ ਮੈਣ ਦੁਆਬ ਚਲਾ ਗਿਆ। ਉਥੋਂ ਡੇਢ ਮਹੀਨੇ ਤੋਂ ਬਾਅਦ ਵਾਪਸ ਪਿੰਡ ਆਇਆ ਤਾਂ ਨਾਰੰਗਵਾਲ ਨੂੰ ਜਾਣ ਲਈ ਮੇਰੇ ਪੈਰ ਐਵੇਂ ਉੱਠਣ ਲੱਗੇ ਜਿਵੇਂ ਕੋਈ ਵਾਵਰੋਲਾ ਉੱਠਦਾ ਹੈ ਤੇ ਧਿਆਨ ਇਸ ਤਰ੍ਹਾਂ ਜਿਵੇਂ ਸੰਗਤਾਂ ਦੇ ਚਰਨਾਂ ਨੂੰ ਚੱਟਦਾ ਹੀ ਜਾ ਰਿਹਾ ਹਾਂ ਤੇ ਹੋਰ ਕੁਝ ਵੀ ਅੱਖਾਂ ਸਾਹਮਣੇ ਨਹੀਂ ਸੀ ਆਉਂਦਾ। ਕੁਟੀਆ ਵਿਚ ਪਹੁੰਚ ਕੇ ਪਿਆਰਿਆਂ ਦੀ ਚਰਨ ਛੋਹ ਲੈ ਕੇ ਹੀ ਸਾਹ ਲਿਆ ਤੇ ਮਨ ਨੂੰ ਸ਼ਾਂਤੀ ਆ ਗਈ। ਅਜਿਹੀ ਵੈਰਾਗਮਈ ਬਿਰਤੀ ਉਸ ਸਮੇਂ ਬਣੀ ਹੋਈ ਸੀ।

ਮਿਤੀ 21 ਜੂਨ 2015 ਵਿਚ ਗੁਜਰਵਾਲ ਪਿੰਡ ਤੋਂ ਹੋਈ ਗ੍ਰਿਫ਼ਤਾਰੀ ਤੋਂ ਬਾਅਦ ਰਾਤ ਗੁਜਰਵਾਲ ਹੀ ਭਾਈ ਸੁਰਜਨ ਸਿੰਘ ਦੇ ਘਰ ਰੱਖਿਆ ਗਿਆ। ਦੂਜੇ ਦਿਨ ਸਵੇਰੇ ਹੀ ਸਾਨੂੰ ਲੁਧਿਆਣੇ ਲਿਜਾਇਆ ਗਿਆ ਤੇ ਐੱਸ.ਪੀ. ਦੀ ਕੋਠੀ ਲਿਜਾ ਕੇ ਪਰੇਡ ਵਿਚ ਖੜ੍ਹੇ ਕਰਕੇ ਸ਼ਨਾਖਤ ਕਰਾਈ ਗਈ। ਇੱਥੇ ਉਤਮ ਸਿੰਘ ਹਾਂਸ, ਭਗਤ ਸਿੰਘ ਬੱਲੋਵਾਲ, ਅਨੋਖ ਸਿੰਘ ਰਾਮਪੁਰ, ਸੁੰਦਰ ਸਿੰਘ ਆਸੀ ਮਾਜਰਾ ਆਦਿ ਵਾਅਦਾ ਮੁਆਫ਼ ਗਵਾਹਾਂ ਨੇ ਸਾਡੀ ਸ਼ਨਾਖਤ ਕੀਤੀ ਕਿ 19 ਫਰਵਰੀ 1915 ਨੂੰ ਇਹ ਸਾਡੇ ਨਾਲ ਫਿਰੋਜ਼ਪੁਰ ਦੇ ਕਿਲ੍ਹੇ ’ਤੇ ਧਾਵਾ ਕਰਨ ਗਏ ਸਨ। ਤੀਜੇ ਦਿਨ ਜਦ ਸਾਨੂੰ ਇਨ੍ਹਾਂ ਦੀ ਸ਼ਨਾਖਤ ’ਤੇ ਹਵਾਲਾਤ ਦੇਣਾ ਸੀ ਤਾਂ ਮੈਂ ਤੇ ਸੁਰਜਨ ਸਿੰਘ ਦੋਵੇਂ ਹਰਨ (ਫਰਾਰ) ਹੋ ਗਏ, ਜਿਸ ਦੀ ਵਿਥਿਆ ਇਉਂ ਹੈ :

ਪਹਿਲਾਂ ਤਾਂ ਅਸੀਂ ਆਪ ਰੋਟੀ ਖਾ ਆਉਂਦੇ ਸਾਂ, ਪਰ ਸ਼ਨਾਖਤ ਹੋ ਜਾਣ ਬਾਅਦ ਜਦ ਸ਼ਾਮ ਹੋਈ ਤਾਂ ਥਾਣੇਦਾਰ ਫੈਜ਼-ਉਲ-ਹਸਨ ਨੇ ਸਿਪਾਹੀਆਂ ਨੂੰ ਕਿਹਾ ਕਿ ਜਾਓ ਇਨ੍ਹਾਂ ਹਵਾਲਾਤੀਆਂ ਨੂੰ ਰੋਟੀ ਖੁਆ ਲਿਆਓ ਤਾਂ ਅਸੀਂ ਵੀ ਨਾਲ ਤੁਰ ਪਏ। ਥਾਣੇਦਾਰ ਨੇ ਕਿਹਾ ਕਿ ਖਾਲਸਾ ਜੀ ਤੁਸੀਂ ਤਾਂ ਪ੍ਰਸ਼ਾਦੇ ਅਜੇ ਸਜਾਉਣੇ ਹੋਣਗੇ ਪਰ ਅਸੀਂ ਕਿਹਾ “ਜੀ ਦੁਪਹਿਰ ਦੇ ਸਜੇ ਪਏ ਹਨ, ਛੱਕ ਕੇ ਹੀ ਮੁੜ ਆਉਣਾ ਹੈ।” ਉਸ ਨੇ ਕਿਹਾ ਕਿ ਛੱਕ ਆਓ। ਦੋ ਸਿਪਾਹੀ ਸਾਡੇ ਨਾਲ ਭੇਜ ਦਿੱਤੇ, ਜੋ ਕੋਤਵਾਲੀ ਤੋਂ ਬਾਹਰ ਆ ਕੇ ਸਾਨੂੰ ਕਹਿਣ ਲੱਗੇ ਕਿ ਅਸੀਂ ਇਨ੍ਹਾਂ ਹਵਾਲਾਤੀਆਂ ਨੂੰ ਘੰਟਾ ਘਰੋਂ ਪ੍ਰਸ਼ਾਦੇ ਛੱਕਵਾ ਲਿਆਉਂਦੇ ਹਾਂ। ਤੁਸੀਂ ਕੋਤਵਾਲੀ ਦੇ ਸਾਹਮਣੇ ਦੀ ਸੜਕ ਤੋਂ ਜੋ ਨਾਲਾ ਲੰਘਦਾ ਹੈ, ਉੱਥੇ ਪੁਲ ਹੈ,



www.AKJ.Org

ਉੱਥੇ ਆ ਬੈਠਿਓ ਤਾਂ ਅਸੀਂ ਕਿਹਾ ਕਿ ਸੱਤ ਬਚਨ। ਮੈਂ ਤੇ ਭਾਈ ਸੁਰਜਨ ਸਿੰਘ ਰਵਾਂ ਰਵੀਂ ਭਾਈ ਭਰਪੂਰ ਸਿੰਘ ਜੀ ਨਾਰੰਗਵਾਲ, ਜੋ ਗਰੇਵਾਲ ਦੀ ਦੁਕਾਨ ਦੇ ਇੰਚਾਰਜ ਸਨ, ਜਿਹੜੀ ਕਿ ਚੌੜੇ ਬਾਜ਼ਾਰ ਵਿਚ ਗਾਂਧੀ ਭੰਡਾਰ ਦੇ ਨੇੜੇ ਹੀ ਸੀ ਅਤੇ ਉਸ ਲਾਈਨ ਵਿਚ ਸਿੱਖਾਂ ਦੀ ਇਕੋ-ਇਕ ਦੁਕਾਨ ਸੀ, ਕੋਲ ਜਾ ਪਹੁੰਚੇ।

ਮੈਥੋਂ ਬਿਨਾਂ ਭਾਈ ਸੁਰਜਨ ਸਿੰਘ ਦਾ ਪਹਿਲਾਂ ਹੀ ਭੱਜ ਜਾਣ ਦਾ ਖਿਆਲ ਸੀ। ਉਹ ਤਾਂ ਪਰੇਡ ਵਿਚੋਂ ਵੀ ਖਿਸਕਣ ਲਈ ਤਿਆਰ ਸੀ। ਜਾਂਦਿਆਂ ਹੀ ਭਾਈ ਭਰਪੂਰ ਸਿੰਘ ਨਾਲ ਗੱਲਬਾਤ ਹੋਈ। ਉਨ੍ਹਾਂ ਕਿਹਾ ਕਿ ਕੇਸ ਭਾਈ ਸਾਹਿਬ (ਰਣਧੀਰ ਸਿੰਘ) 'ਤੇ ਬਣ ਚੁੱਕਾ ਹੈ। ਹੁਣ ਜਾਂ ਤਾਂ ਭਾਈ ਸਾਹਿਬ ਨੂੰ ਜਾਂ ਜਥੇ ਵਿਚੋਂ ਕਿਸੇ ਹੋਰ ਸੱਜਣ ਨੂੰ ਸਰਕਾਰ ਵਾਅਦਾ ਮੁਆਫ਼ ਗਵਾਹ ਬਣਾਉਣਾ ਚਾਹੁੰਦੀ ਹੈ। ਭਾਈ ਸਾਹਿਬ ਨੂੰ ਤਾਂ ਉਹ ਮਜ਼ਬੂਰ ਕਰ ਨਹੀਂ ਸਕੇਗੀ ਤੇ ਜਥੇ ਵਿਚੋਂ ਕਿਸੇ ਹੋਰ ਸੱਜਣ ਨੂੰ ਹੀ ਵਾਅਦਾ ਮੁਆਫ਼ ਗਵਾਹ ਬਣਾਏਗੀ। ਸਾਨੂੰ ਇਹ ਡਰ ਪੈ ਗਿਆ ਕਿ ਕਿਤੇ ਪੁਲਿਸ ਸਾਨੂੰ ਕੁੱਟ ਕੇ ਵਾਅਦਾ ਮੁਆਫ਼ ਗਵਾਹ ਨਾ ਬਣਾ ਲਵੇ, ਕਿਉਂਕਿ ਇਸ ਤੋਂ ਪਹਿਲਾਂ ਭਾਈ ਅੱਛਰ ਸਿੰਘ ਲੋਹਟਬੱਦੀ ਵਰਗੇ ਦਲੇਰ ਤੇ ਕਹਿੰਦੇ ਕਹਾਉਂਦੇ ਸਿੰਘ ਪੁਲਿਸ ਨੇ ਕੁੱਟ ਕੇ ਮਨਾ ਲਏ ਸਨ, ਸਾਰੀ ਉਮਰ ਦਾ ਕਲੰਕ ਮੱਥੇ ਤੇ ਲੱਗ ਜਾਵੇਗਾ, ਸਾਰੀ ਉਮਰ ਦਾ ਦੇਸ਼ ਨਿਕਾਲਾ ਕਬੂਲ ਕਰਕੇ ਤੇ ਅਰਦਾਸਾ ਸੋਧ ਕੇ ਬਿਨਾਂ ਪ੍ਰਸ਼ਾਦ ਛੱਕੇ, ਸਿੱਧੇ ਤਿੰਨ ਨੰਬਰ ਡਵੀਜ਼ਨ ਨੂੰ ਹੋ ਲਏ।

ਏਸ ਵੇਲੇ ਸੂਰਜ ਛਿਪ ਚੁੱਕਾ ਸੀ ਤੇ ਹਨ੍ਹੇਰੀ ਨਾਲ ਬੂੰਦਾ-ਬਾਂਦੀ ਵੀ ਹੋ ਰਹੀ ਸੀ। ਅਸੀਂ ਟਿੱਬਿਆਂ ਵਿਚ ਦੀ ਸਿੱਧੇ ਢੰਡਾਰੀ ਤੋਂ ਖੱਬੇ ਹੱਥ ਨੂੰ ਮਾਛੀਵਾੜਾ ਵੱਲ ਨਿਕਲ ਤੁਰੇ। ਰਾਤੋਂ-ਰਾਤ ਕਾਫੀ ਦੂਰ ਜਾ ਕੇ ਇਕ ਖੂਹ ਦੀ ਪੈੜ ਵਿਚ ਲੇਟ ਗਏ ਤੇ ਤੜਕੇ ਉੱਠ ਕੇ ਅਗਾਂਹ ਨੂੰ ਤੁਰ ਪਏ ਤੇ ਡੇਢ ਮੀਲ ਦੀ ਵਿੱਥ 'ਤੇ ਗੁਰਦੁਆਰਾ ਚਰਨ ਕੰਵਲ (ਮਾਛੀਵਾੜਾ) ਸੀ। ਹਾੜ ਦਾ ਦੁਪਹਿਰਾ ਉਰਲੇ ਪਿੰਡੋਂ ਬਾਹਰ ਦਰਖਤਾਂ ਹੇਠ ਕੱਟਿਆ ਤੇ ਕੁਝ ਪ੍ਰਸ਼ਾਦਾ, ਜੋ ਪਾਸ ਜੀ, ਛੱਕ ਕੇ ਆਰਾਮ ਕੀਤਾ।

ਏਧਰ ਜਦੋਂ ਦੂਸਰੇ ਸੱਜਣਾਂ ਨੂੰ ਰੋਟੀ ਖੁਆ ਕੇ ਸਿਪਾਹੀ ਮੁੜੇ ਤਾਂ ਅਸੀਂ ਉਸ ਪੁਲੀ ਉੱਤੇ ਨਹੀਂ ਸੀ ਖੜ੍ਹੇ ਜਿੱਥੇ ਉਹ ਕਹਿ ਗਏ ਸੀ। ਬੱਸ ਉਨ੍ਹਾਂ ਦੇ ਹੱਥਾਂ ਦੇ ਤੋਤੇ ਉੱਡ ਗਏ ਤੇ ਲੱਗੇ ਭੱਜਣ ਇਧਰ ਉਧਰ। ਕੋਈ ਭੈਣੀ ਕੂਕਾ, ਕੋਈ ਗੁੱਜਰਵਾਲ, ਕੋਈ ਨਾਰੰਗਵਾਲ ਤੇ ਹੋਰ ਥਾਈਂ ਵੀ। ਪਰ ਅਸੀਂ ਏਧਰ ਆਪਣਾ ਪ੍ਰਛਾਵਾਂ ਵੀ ਨਹੀਂ ਸੀ ਛੱਡ ਗਏ।

ਸੂਰਜ ਛਿੱਪਣ 'ਤੇ ਅਸੀਂ ਗੁਰਦੁਆਰਾ ਚਰਨ ਕੰਵਲ ਜਾ ਨਿਕਲੇ। ਉਦੋਂ ਉੱਥੇ ਇਕ ਛੱਪਰ ਹੀ ਸੀ ਤੇ ਲੰਗਰ ਪ੍ਰਸ਼ਾਦਾ ਵੀ ਉੱਥੇ ਹੀ ਹੁੰਦਾ ਸੀ। ਨਿਹੰਗ ਸਿੰਘ ਭਾਈ ਜੈਮਲ ਸਿੰਘ ਜੀ ਯੂ.ਪੀ. ਵਾਲੇ ਉੱਥੋਂ ਦੇ ਇੰਚਾਰਜ ਸਨ। ਉਨ੍ਹਾਂ ਸਾਨੂੰ ਪ੍ਰਸ਼ਾਦਾ ਛਕਾ ਕੇ ਲੇਟਣ ਲਈ ਥਾਂ ਦੇ ਕੇ ਇਕ ਮੱਛਰਦਾਨੀ ਵੀ ਦੇ ਦਿੱਤੀ ਕਿਉਂਕਿ ਉੱਥੇ ਦਰਿਆ ਦਾ ਕੰਢਾ ਕੋਲ ਹੋਣ ਕਰਕੇ ਮੱਛਰਾਂ ਦੀ ਭਰਮਾਰ ਸੀ। ਇਹ ਭਾਈ ਜੈਮਲ ਸਿੰਘ ਬੜਾ ਸਬਰ ਤੇ ਸਿੱਦਕ ਵਾਲਾ ਸਿੰਘ ਸੀ ਤੇ ਗੁਰਦੁਆਰੇ ਦੀ ਸਾਂਭ ਸੰਭਾਲ ਦਾ ਮੁੱਢ ਇਸੇ ਨੇ ਹੀ ਬੱਧਾ ਸੀ।

ਉੱਥੋਂ ਸਵੇਰੇ ਉੱਠ ਕੇ ਅਸੀਂ ਨੰਦਪੁਰ ਕਲੌੜ ਵੱਲ ਚਾਲੇ ਪਾ ਦਿੱਤੇ ਤੇ ਦੁਪਹਿਰ ਹੁੰਦੇ ਤੱਕ ਨੰਦਪੁਰ ਦੇ ਲਹਿੰਦੇ ਪਾਸੇ ਇਕ ਨਦੀ ਦੇ ਪਾੜ ਵਿਚ ਜਾ ਡੇਰਾ ਲਾਇਆ ਤੇ ਫੇਰ ਭਾਈ ਸੰਤਾ ਸਿੰਘ ਦਾ ਪਤਾ ਕਰਕੇ ਉੱਥੇ ਚਲੇ ਗਏ। ਇਧਰ ਮਾਜਰਾ, ਘੜੂੰਆ, ਪੁਰਖਾਲੀ ਆਦਿ ਪਿੰਡਾਂ ਵਿਚ ਸਾਡੇ ਟਿਕਾਣੇ ਸਨ। ਭਾਈ ਸੁਰਜਨ ਸਿੰਘ ਮੈਨੂੰ ਇੱਥੇ ਛੱਡ ਕੇ ਆਪ ਕੜੂਆਣੇ ਦੇ ਰਸਤੇ ਪਹਾੜਾਂ ਵੱਲ ਚਲੇ ਗਏ। ਉੱਧਰ ਜਾਣੋਂ ਪਹਿਲਾਂ ਉਨ੍ਹਾਂ ਭਗਵੇਂ ਕੱਪੜੇ ਪਾ ਲਏ ਤੇ ਕੁਝ ਪੈਂਡਾ ਜਾ ਕੇ ਫਿਰ ਲਾਹ ਦਿੱਤੇ।

ਮੈਂ ਪਿੰਡ ਦਧਾਰਨੇ ਦੇ ਪ੍ਰਾਈਵੇਟ ਸਕੂਲ ਵਿਚ, ਜਿੱਥੇ ਕਿ ਭਾਈ ਗੁਰਬਖਸ਼ ਸਿੰਘ ਜੀ ਪੜ੍ਹਾਉਂਦੇ ਸਨ, ਉਨ੍ਹਾਂ ਦੇ ਕਿਧਰੇ ਕੰਮ ਜਾਣ ਦੇ ਅਰਸੇ ਦੌਰਾਨ ਉੱਥੇ ਬੱਚਿਆਂ ਨੂੰ ਪੜ੍ਹਾਉਂਦਾ ਰਿਹਾ ਸਾਂ। ਸਕੂਲ ਬਾਹਰ ਸ. ਦਲੇਲ ਸਿੰਘ ਦੇ ਖੇਤ ਵਾੜੇ ਵਿਚ ਸੀ ਤੇ ਕਈ ਅੰਬ ਸਕੂਲ ਵਿਚ ਲੱਗੇ ਹੋਏ ਸਨ, ਜੋ ਖੂਬ ਖਾਧੇ। ਫੇਰ ਕੋਈ ਦਸਾਂ ਕੁ ਦਿਨਾਂ ਬਾਅਦ ਮੈਨੂੰ ਸਕੂਲ



www.AKJ.Org

ਦੇ ਮੈਨੇਜਰ ਸ. ਦਲੇਲ ਸਿੰਘ ਨੇ ਕਿਹਾ ਕਿ ਤੁਸੀਂ ਬਹੁਤ ਛੇਤੀ ਏਥੋਂ ਚਲੇ ਜਾਓ ਕਿਉਂਕਿ ਪੁਲਿਸ ਨੂੰ ਪਤਾ ਲੱਗ ਗਿਆ ਹੈ, ਹੁਣ ਤੁਹਾਡਾ ਏਥੇ ਰਹਿਣਾ ਠੀਕ ਨਹੀਂ ਹੈ। ਸਮਾਂ ਸਿਖਰ ਦੁਪਹਿਰ ਦਾ ਸੀ। ਛੱਪਰ ਵਿਚੋਂ, ਜਿਥੇ ਕਿ ਪਾੜ ਬਹੁਤ ਚੌੜਾ ਸੀ ਤੇ ਰੇਤਾ ਬਹੁਤ ਗਰਮ ਸੀ ਇਸ ਦੇ ਵਿਚਕਾਰ ਜਾ ਕੇ ਮੈਨੂੰ ਇੰਝ ਲੱਗਾ ਜਿਵੇਂ ਪਿੱਛੇ ਕੋਈ ਖੁਫੀਆ ਪੁਲਿਸ (ਸੀ.ਆਈ.ਡੀ) ਦਾ ਬੰਦਾ ਆ ਰਿਹਾ ਹੈ। ਬਸ ਮੈਂ ਪਾੜ ਮੁਕਾ ਕੇ ਪਾੜ ਦੇ ਬੰਨੇ ਜੋ ਝਾੜੀਆਂ ਸਨ ਉਨ੍ਹਾਂ ਵਿਚ ਦੀ ਹੁੰਦਾ ਹੋਇਆ ਪਿੰਡ ਬਰਦਾਰ ਦਾ ਰੁੱਖ ਕੀਤਾ ਜਿਥੋਂ ਦੀ ਲੰਘ ਕੇ ਪਿੰਡ ਕੜੂਆਣੇ ਪਹੁੰਚਣਾ ਸੀ। ਉੱਚੀਆਂ-ਨੀਵੀਆਂ ਥਾਵਾਂ ਤੋਂ ਲੰਘ ਕੇ ਪਿੰਡ ਬਰਦਾਰ ਜਾ ਪਹੁੰਚਿਆ ਤੇ ਧਰਮਸ਼ਾਲਾ ਵਿਚ ਜਾ ਡੇਰਾ ਲਾਇਆ। ਰਾਤੀਂ ਰੋਟੀ ਨੰਬਰਦਾਰ ਦੇ ਘਰ ਖਾਧੀ। ਉਸੇ ਰਾਤ ਉੱਥੇ ਇਕ ਸਿਪਾਹੀ ਵੀ ਮੇਰੇ ਨਾਲ ਹੀ ਨੰਬਰਦਾਰ ਦੇ ਘਰ ਰੋਟੀ ਖਾ ਕੇ ਧਰਮਸ਼ਾਲਾ ਵਿਚ ਰਿਹਾ ਜਿਹੜਾ ਅਗਾਊਂ ਇਹ ਖ਼ਬਰ ਲੈ ਕੇ ਆਇਆ ਸੀ ਕਿ ਏਥੇ ਖਾਨ ਸਾਹਿਬ ਆ ਰਿਹਾ ਹੈ। ਇਹ ਜਾਣ ਕੇ ਮੈਂ ਤਾਂ ਚੁੱਪਚਾਪ ਸਵੇਰੇ ਦਿਨ ਨਿਕਲਦੇ ਹੀ ਕੜੂਆਣੇ ਜਾ ਪੁੱਜਾ। ਉੱਥੇ ਅੱਗੇ ਯੱਗ ਹੋ ਰਿਹਾ ਸੀ ਤੇ ਬੇਅੰਤ ਲੋਕੀਂ ਗੁਰਦੁਆਰੇ ਲੰਗਰ ਤੋਂ ਚੌਲ ਖਾ ਰਹੇ ਸਨ। ਮੈਂ ਵੀ ਜਾ ਗੱਫੇ ਲਾਏ। ਇਹ ਦੂਣ ਖਾਸੀ ਲੰਬੀ ਹੈ ਜੋ ਉਪਰੋਂ ਸਿਰਸਾ ਨਦੀ ਦੇ ਹੀ ਕੰਢੇ ਆਬਾਦ ਹੈ। ਇਸ ਵਿਚ ਕੜੂਆਣਾ, ਖੇੜਾ, ਇੰਦਰਪੁਰਾ ਸਿਰੇ 'ਤੇ ਜਾ ਕੇ ਨੰਗਰ ਆਦਿ ਪਿੰਡ ਆਉਂਦੇ ਹਨ। ਇੱਥੇ ਪਾਣੀ ਬਹੁਤ ਦੂਰ ਹੈ ਤੇ ਕਈ-ਕਈ ਪਿੰਡ ਆ ਕੇ ਇਕੋ ਪਿੰਡੋਂ ਪਾਣੀ ਭਰਦੇ ਹਨ। ਪਾਣੀ ਭਰਨ ਵਾਲਿਆਂ ਦਾ ਖੂਹ 'ਤੇ ਮੇਲਾ ਲੱਗ ਜਾਂਦਾ ਹੈ। ਕੜੂਆਣੇ ਤੋਂ ਚੱਲ ਕੇ ਮੈਂ ਖੇੜੇ ਪੁੱਜਾ, ਜਿੱਥੇ ਦਾ ਭਾਈ ਭਗਵਾਨ ਸਿੰਘ ਬੜਾ ਹੀ ਪ੍ਰੇਮੀ ਸੀ। ਕਾਫ਼ੀ ਜ਼ਮੀਨ ਦਾ ਮਾਲਕ ਸੀ ਤੇ ਸਭ ਆਏ ਗਏ ਨੂੰ ਪ੍ਰਸ਼ਾਦ ਪਾਣੀ ਦਿੰਦਾ ਸੀ, ਭਾਵੇਂ ਕੋਈ ਵੀ ਹੋਵੇ। ਉਹ ਕਹਿੰਦਾ ਸੀ ਕਿ ਭਾਵੇਂ ਦੋ ਸੌ ਬੰਦਾ ਵੀ ਰੋਟੀ ਖਾਣ ਵਾਲਾ ਆ ਜਾਏ ਤਾਂ ਮੈਨੂੰ ਕੋਈ ਫਿਕਰ ਨਹੀਂ ਹੈ। ਉੱਥੋਂ ਮੈਂ ਕੋਟਾਂ ਵਿਚੋਂ ਦੀ ਹੁੰਦਾ ਹੋਇਆ ਆਨੰਦਪੁਰ ਸਾਹਿਬ ਵੱਲ ਤੁਰ ਪਿਆ। ਰਾਹ ਵਿਚ ਜਦੋਂ ਕੀਰਤਪੁਰ ਸਾਹਿਬ ਪੁੱਜਾ ਤਾਂ ਇਉਂ ਮਹਿਸੂਸ ਹੋਇਆ ਕਿ ਇਹ ਤਾਂ ਸ਼ਹਿਰ ਹੈ। ਇੱਥੇ ਸੀ.ਆਈ.ਡੀ ਵੀ ਬਹੁਤ ਹੋਵੇਗੀ। ਮੈਂ ਬਾਬੇ ਗੁਰਦਿੱਤੇ ਦੀ ਸਮਾਧ ਕੋਲੋਂ ਭੌਂ ਕੇ ਪਤਾਲਪੁਰੀ (ਜਿੱਥੇ ਹੁਣ ਲੋਕੀਂ ਫੁੱਲ ਤਾਰਨ ਜਾਂਦੇ ਹਨ) ਜਾ ਰਿਹਾ। ਉੱਥੇ ਕੇਵਲ ਇਕ ਨਿੱਕਾ ਜਿਹਾ ਗੁਰਦੁਆਰਾ ਸੀ। ਰਾਹ ਦਾ ਮੈਂ ਵਾਕਫ ਨਹੀਂ ਸਾਂ। ਇਸ ਲਈ ਸੋਚਿਆ ਦਰਿਆ ਦੇ ਕੰਢੇ-ਕੰਢੇ ਆਨੰਦਪੁਰ ਸਾਹਿਬ ਪਹੁੰਚ ਜਾਵਾਂਗਾ। ਪਰ ਜਦੋਂ ਦਰਿਆ ਦੇ ਕੰਢੇ 'ਤੇ ਬੈਠ ਕੇ ਰਹਿਰਾਸ ਦਾ ਪਾਠ ਕੀਤਾ ਤਾਂ ਦਰਿਆ ਕਿਨਾਰੇ ਸਰਕੜੇ ਤੇ ਕਾਹੀ ਤੋਂ ਭੈਅ ਖਾ ਕੇ ਮਨ ਵਿਚ ਸੋਚਿਆ ਕਿ ਭਲਿਆ ਲੋਕਾਂ ਗੁਰੂਧਾਮਾਂ ਨੂੰ ਛੱਡ ਕੇ ਜਾਂਦਾ ਤਾਂ ਹੈ, ਜੇ ਦਰਿਆ ਦੇ ਏਸ ਊਲ ਜਲੂਲ ਵਿਚੋਂ ਹੀ ਕੋਈ ਸੱਪ ਤੇਰੇ ਲੜ ਜਾਏ ਤਾਂ ਕੀ ਕਰੇਂਗਾ? ਬੱਸ ਫੇਰ ਕੀ ਸੀ ਮੁੜ ਕੀਰਤਪੁਰ ਵੱਲ ਨੂੰ ਆ ਗਿਆ ਤੇ ਰਾਤ ਇਕ ਗੁਰਦੁਆਰੇ ਵਿਚ ਕੱਟੀ, ਜਿਸ ਦਾ ਨਾਂ ਤਾਂ ਮੈਨੂੰ ਪਤਾ ਨਹੀਂ ਸੀ ਪਰ ਉਹ ਸ਼ਹਿਰ ਵੜਦਿਆਂ ਹੀ ਮੂਹਰੇ ਸੀ। ਦੂਜੇ ਦਿਨ ਏਥੇ ਹੀ ਇਕ ਗੁਰਦੁਆਰੇ ਦਾ ਗ੍ਰੰਥੀ ਸਿੰਘ ਤਾਂ ਮੇਰੀ ਰਹਿਣੀ ਬਹਿਣੀ ਦੇਖ ਕੇ ਬਹੁਤ ਖੁਸ਼ ਹੋਇਆ ਤੇ ਕਹੇ ਕਿ ਏਥੇ ਹੀ ਰਹੋ। ਤੈਨੂੰ ਇਕ ਘੋੜੀ ਲੈ ਦਿਆਂਗਾ। ਬੱਸ ਬਾਹਰੋਂ ਸੰਗਤਾਂ ਪਾਸੋਂ ਭੇਟਾ ਲੈ ਆਉਣੀ। ਇਹੋ ਤੇਰਾ ਕੰਮ ਹੋਵੇਗਾ। ਮੈਂ ਕਿਹਾ ਕਿ ਅਜੇ ਤਾਂ ਮੈਂ ਆਨੰਦਪੁਰ ਸਾਹਿਬ ਜਾਣਾ ਹੈ। ਮੁੜ ਕੇ ਇੱਥੇ ਆਵਾਂਗਾ। ਭਾਈ ਜੀ ਤਾਂ ਦੂਸਰੇ ਲੋਕਾਂ ਨੂੰ ਇਹ ਕਹਿਣ ਲੱਗੇ ਕਿ ਲਓ ਜੀ ਇਹ ਗੁਰਮੁਖ ਹੁਣ ਇੱਥੇ ਹੀ ਰਹਿਣਗੇ। ਪਿੱਛੋਂ ਮੈਨੂੰ ਪਤਾ ਲੱਗਾ ਕਿ ਇਹ ਤਾਂ ਮਸੰਦਾਂ ਵਿਚੋਂ ਹੈ ਤੇ ਮੈਂ ਆਨੰਦਪੁਰ ਸਾਹਿਬ ਵੱਲ ਚਾਲੇ ਪਾ ਦਿੱਤੇ ਤੇ ਸੂਰਜ ਛਿਪਣ ਤੋਂ ਪਹਿਲਾਂ ਹੀ ਕਿਲ੍ਹਾ ਆਨੰਦਗੜ੍ਹ ਜਾ ਪਹੁੰਚਿਆ ਤੇ ਉਥੋਂ ਪੁੱਛਦਾ ਪਛਾਉਂਦਾ ਉਪਰੋਂ-ਉਪਰੋਂ ਹੀ ਕੇਸਗੜ੍ਹ ਸਾਹਿਬ ਜਾ ਨਿਕਲਿਆ ਤੇ ਸੰਤ ਸੰਪੂਰਨ ਸਿੰਘ ਜੀ ਦੇ ਲੰਗਰ ਵਿਚੋਂ ਪਰਸ਼ਾਦਾ ਛੱਕ ਕੇ ਸ੍ਰੀ ਕੇਸਗੜ੍ਹ ਸਾਹਿਬ ਦੇ ਅੱਗੇ ਫਰਸ਼ ਉੱਤੇ ਹੀ ਸੌਂ ਗਿਆ।

ਸਵੇਰੇ ਉੱਠ ਕੇ ਗੁਰਦੁਆਰਿਆਂ ਦੇ ਦਰਸ਼ਨ ਕਰਦਾ ਕਰਾਉਂਦਾ ਸ਼ਾਮੀ ਨਿਹੰਗ ਸਿੰਘਾਂ ਦੇ ਡੇਰੇ ਸ਼ਹੀਦੀ ਬਾਗ ਵਿਚ ਆ ਡੇਰੇ ਲਾਏ। ਰਾਤ ਉੱਥੇ ਕੱਟੀ। ਦੂਜੇ ਦਿਨ ਵੀ ਉੱਥੇ ਹੀ ਰਿਹਾ ਤੇ ਆਮ ਵਾਕਫੀਅਤ ਨਾ ਹੋਣ ਕਰਕੇ ਤੇ ਭਾਈ ਸੁਰਜਨ ਸਿੰਘ ਦੇ ਨਾ ਮਿਲਣ ਕਰਕੇ ਵਾਪਸ ਚਾਲੇ ਪਾ ਦਿੱਤੇ ਤੇ ਮੁੜ ਇੰਦਰਪੁਰਾ ਜੋ ਕਿ ਸਿਰਸੇ ਦੇ ਨੇੜੇ ਘਨੌਲੀ ਤੋਂ



www.AKJ.Org

ਥੋੜ੍ਹੀ ਵਿੱਥ ’ਤੇ ਹੈ ਜਾ ਰਿਹਾ। ਏਥੇ ਫਿਰ ਭਾਈ ਮੰਗਲ ਸਿੰਘ ਦੇ ਦਰਸ਼ਨ ਹੋਏ ਜੋ ਉੱਥੇ ਇਕ ਪਾਠ ਸਮਾਪਤ ਕਰਕੇ ਭੋਗ ਪਾ ਰਹੇ ਸਨ। ਮੈਂ ਇੰਦਰਪੁਰੇ ਤੋਂ ਮੁੜ ਥੱਲੇ ਘੜੂੰਏ ਵੱਲ ਆ ਗਿਆ।

ਹੁਣ ਗਿਆਨੀ ਦਲੀਪ ਸਿੰਘ (ਫੂਲਾਂਵਾਲ) ਵੀ ਮੇਰੇ ਨਾਲ ਆ ਰਲੇ ਤੇ ਭਾਈ ਸੁਰਜਨ ਸਿੰਘ ਵੀ ਮਿਲ ਗਏ। ਇਕ ਦਿਨ ਜਦੋਂ ਅਸੀਂ ਇਕ ਪਿੰਡ, ਜੋ ਕਲੌੜ ਦੇ ਪਾਸ ਹੀ ਹੈ, ਆ ਰਹੇ ਸੀ ਤਾਂ ਆਉਂਦਿਆਂ ਨੂੰ ਪੁਲਿਸ ਮਿਲ ਗਈ ਜੋ ਸੰਤਾਂ ਸਿੰਘ ਦੇ ਘਰ ਦੀ ਤਲਾਸ਼ੀ ਲੈਣ ਆਈ ਸੀ ਤੇ ਉਸ ਦਾ ਪਤਾ ਏਧਰ ਲੱਗਣ ’ਤੇ ਇਸ ਪਾਸੇ ਆ ਗਈ ਸੀ। ਮੈਂ ਵੀ ਨਾਲ ਹੀ ਸਾਂ ਪਰ ਮੈਨੂੰ ਪੁਲਿਸ ਨੇ ਪਛਾਣਿਆ ਨਾ। ਏਸ ਲਈ ਮੈਂ ਪਿੱਛੇ ਹੀ ਅਟਕ ਗਿਆ ਤੇ ਪੁਲਿਸ ਸੰਤਾ ਸਿੰਘ ਤੇ ਇਕ ਹੋਰ ਸਿੰਘ ਨੂੰ, ਜੋ ਕੋਲ ਖੜ੍ਹਾ ਸੀ, ਲੈ ਕੇ ਕਲੌੜ ਜਾ ਪਹੁੰਚੀ। ਇਹ ਵਾਕਿਆ ਕਲੌੜ ਦੇ ਨੇੜੇ ਦੇ ਖੇਤਾਂ ਦਾ ਹੈ। ਮੈਂ ਮੱਕੀਆਂ ਵਿਚੋਂ ਹੁੰਦਾ ਹੋਇਆ ਘੜੂੰਏ ਜਾ ਰਿਹਾ, ਜੋ ਉੱਥੋਂ ਤਿੰਨ ਮੀਲ ਦੀ ਵਿੱਥ ’ਤੇ ਹੈ। ਏਧਰ ਸੰਤਾ ਸਿੰਘ ਦੀ ਤਲਾਸ਼ੀ ਕਰਕੇ ਪੁਲਿਸ ਉਸ ਨੂੰ ਥਾਣਾ ਬੱਸੀ ਲਿਜਾਣਾ ਚਾਹੁੰਦੀ ਸੀ। ਉਧਰ ਜਦ ਮੈਂ ਇਹ ਖ਼ਬਰ ਦਿੱਤੀ ਤਾਂ ਭਾਈ ਬਿਜਲਾ ਸਿੰਘ, ਸੁਰਜਨ ਸਿੰਘ ਤੇ ਦਲੀਪ ਸਿੰਘ ਅਸੀਂ ਸਾਰੇ ਉਸ ਰਾਹ ’ਤੇ ਆ ਖਲੋਤੇ ਜਿਧਰ ਸੰਤਾ ਸਿੰਘ ਨੂੰ ਪੁਲਿਸ ਨੇ ਲੈ ਕੇ ਜਾਣਾ ਸੀ। ਪਰ ਅਖ਼ੀਰ ਪਤਾ ਲੱਗਾ ਕਿ ਪੁਲਿਸ ਸੰਤਾ ਸਿੰਘ ਨੂੰ ਲੈ ਗਈ ਹੈ। ਸਾਡੇ ਉੱਥੇ ਖੜ੍ਹਣ ਦਾ ਮਕਸਦ ਇਹ ਸੀ ਕਿ ਸੰਤਾ ਸਿੰਘ ਨੂੰ ਪੁਲਿਸ ਤੋਂ ਛੁਡਵਾਇਆ ਜਾਏ ਪਰ ਇਹ ਵਿਉਂਤ ਸਿਰੇ ਨਾ ਚੜ੍ਹੀ।

ਇਸ ਤੋਂ ਬਾਅਦ ਇਕ ਸਕੀਮ ਤਿਆਰ ਕੀਤੀ ਗਈ ਕਿ ਭਾਈ ਸੁਰਜਨ ਸਿੰਘ, ਭਾਈ ਦਲੀਪ ਸਿੰਘ ਤੇ ਮੈਂ ਤਿੰਨੇ ਪੋਠੋਹਾਰ (ਪੱਤਮੀ ਪੰਜਾਬ) ਚਲੇ ਜਾਈਏ ਤੇ ਏਥੋਂ ਅੱਡ-ਅੱਡ ਰਸਤਿਆਂ ਰਾਹੀਂ ਹੁੰਦੇ ਹੋਏ ਝਿੜੇ ਸਾਹਿਬ ਮਿਲੀਏ ਜੋ ਕਿ ਆਨੰਦਪੁਰ ਸਾਹਿਬ ਤੇ ਕੀਰਤਪੁਰ ਦੇ ਵਿਚਾਲੇ ਛੇਵੀਂ ਪਾਤਸ਼ਾਹੀ ਦਾ ਖੂਹ ਹੈ। ਅੱਡ-ਅੱਡ ਹੋਣ ਦਾ ਕਾਰਨ ਇਹ ਸੀ ਕਿ ਭਾਈ ਸੁਰਜਨ ਸਿੰਘ ਬਹੁਤ ਹੁਸ਼ਿਆਰ ਸਨ। ਉਹ ਕਦੇ ਨਾਲ ਨਹੀਂ ਸਨ ਤੁਰਦੇ, ਕਿਉਂਕਿ ਉਨ੍ਹਾਂ ਦਾ ਖਿਆਲ ਸੀ ਕਿ ਮੈਂ ਇਨ੍ਹਾਂ ਨਾਲ ਫੜਿਆ ਜਾਵਾਂਗਾ।

ਸੋ ਮੈਂ ਤੇ ਭਾਈ ਦਲੀਪ ਸਿੰਘ ਝਿੜੇ ਸਾਹਿਬ ਜਾ ਪਹੁੰਚੇ ਤੇ ਉੱਥੇ ਕਈ ਦਿਨ ਰਹੇ। ਜਦ ਭਾਈ ਸੁਰਜਨ ਸਿੰਘ ਆ ਗਏ ਤਾਂ ਅਸੀਂ ਸਾਰੇ ਆਨੰਦਪੁਰ ਵੱਲ ਤੁਰ ਪਏ। ਆਨੰਦਪੁਰ ਸਾਹਿਬ ਤੋਂ ਹੋ ਕੇ ਗੁਰੂ ਕੀ ਲਾਹੌਰ ਰਾਤ ਕੱਟ ਕੇ ਠੇਰੀਆਂ ਵਿਚ ਦੀ ਗੁਰੂ ਕੀ ਬਭੌਰ ਪੁੱਜੇ, ਜੋ ਕਿ ਸਤਲੁਜ ਦੇ ਕੰਢੇ ਉੱਤੇ ਉੱਚੀ ਥਾਂ ਹੈ, ਜਿਥੋਂ ਟੱਕਰ ਖਾ ਕੇ ਦਰਿਆ ਰੋਪੜ ਵੱਲ ਨੂੰ ਸਿੱਧਾ ਤੁਰਿਆ ਜਾਂਦਾ ਹੈ। ਇਥੇ ਬੜੀ ਹਨੇਰੀ ਆਈ। ਅਸੀਂ ਪ੍ਰਸ਼ਾਦਾ ਸਜਾ ਕੇ ਛੱਕ ਲਿਆ ਤੇ ਅਗਲੇ ਦਿਨ ਊਨੇ ਜਾ ਨਿਕਲੇ। ਏਥੇ ਰਾਤ ਕੱਟੀ ਤੇ ਪਰਸ਼ਾਦੇ ਸਜਾ ਕੇ ਨਾਲ ਲੈ ਲਏ ਜੋ ਰਾਹ ਵਿਚ ਇਕ ਥਾਂ ਛਕੇ।

ਅੱਜ ਦੀ ਰਾਤ ਹੀ ਇਕੱਠੇ ਰਹਿ ਕੇ ਸਵੇਰੇ ਸੁਰਜਨ ਸਿੰਘ ਹੁਰਾਂ ਤੇ ਅਸੀਂ ਹੋਰ-ਹੋਰ ਰਸਤੇ ਤੁਰ ਕੇ ਬਾਬੇ ਬਕਾਲੇ ਹੈਡਮਾਸਟਰ ਸ. ਧਰਮ ਸਿੰਘ ਦੇ ਘਰ ਇਕੱਠੇ ਹੋਣਾ ਸੀ। ਪਰ ਰਾਹ ਵਿਚ ਹੁਸ਼ਿਆਰਪੁਰ ਤੋਂ ਉਰੇ ਹੀ ਜਦੋਂ ਅਸੀਂ ਪਿੰਡ ਬਜਵਾੜੇ ਪਹੁੰਚੇ ਤਾਂ ਸ਼ਾਮੀ ਸੂਰਜ ਛਿਪਣ ਵੇਲੇ ਪਿੰਡ ਦੀ ਫਿਰਨੀ ਵਿਚ ਸਾਨੂੰ ਇਕ ਪੁਲਿਸ ਦਾ ਹਵਾਲਦਾਰ ਮਿਲ ਪਿਆ, ਜਿਸ ਨੇ ਗਿਆਨੀ ਦਲੀਪ ਸਿੰਘ ਦੇ ਗਾਤਰੇ ਵਿਚ ਨੌਂ ਇੰਚ ਕਿਰਪਾਨ ’ਤੇ ਇਤਰਾਜ਼ ਕੀਤਾ ਤੇ ਕਿਹਾ ਕਿ ਇਸ ਦੀ ਇਜਾਜ਼ਤ ਨਹੀਂ ਹੈ। ਭਾਵੇਂ ਮੈਂ ਕਤਲ ਕੇਸ ਦੇ ਸਿਲਸਿਲੇ ਵਿਚ ਕਿਤੇ ਜਾ ਰਿਹਾ ਹਾਂ ਪਰ ਇਹ ਵੀ ਜ਼ਰੂਰੀ ਹੈ ਕਿ ਪਹਿਲਾਂ ਤੁਹਾਨੂੰ ਥਾਣੇ ਛੱਡ ਆਵਾਂ। ਇਸ ’ਤੇ ਭਾਈ ਸੁਰਜਨ ਸਿੰਘ ਨੇ (ਮੇਰੇ ਪੁੱਛੇ ਬਿਨਾਂ) ਕਿਹਾ ਕਿ ਤੁਸੀਂ ਦਲੀਪ ਸਿੰਘ ਨੂੰ ਲੈ ਚਲੋ, ਅਸੀਂ ਪਾਣੀ ਪੀ ਆਈਏ। ਉਸ ਹਵਾਲਦਾਰ ਨੇ ਕਿਹਾ ਕਿ ਨਹੀਂ, ਤੁਸੀਂ ਸਾਰੇ ਇਕੱਠੇ ਹੀ ਹੋ, ਮੈਂ ਤੁਹਾਨੂੰ ਵੀ ਨਾਲ ਹੀ ਲਿਜਾਣਾ ਹੈ। ਇਸ ’ਤੇ ਫਿਰ ਭਾਈ ਸੁਰਜਨ ਸਿੰਘ ਨੇ (ਜੋ ਬਹੁਤ ਘਬਰਾਏ ਹੋਏ ਸਨ) ਉਸ ਨੂੰ ਕੁੱਝ ਰੁਪਏ ਦਿਖਾਏ ਤਾਂ ਉਸ ਨੇ ਕਿਹਾ ਕਿ ਸਰਦਾਰ ਸਾਹਿਬ ਇਹ ਸਰਕਾਰ ਅੰਗਰੇਜ਼ੀ ਦਾ ਰਾਜ ਹੈ, ਕੋਈ ਰਣਜੀਤ ਸਿੰਘ ਦਾ ਨਹੀਂ ਤੇ ਮੈਂ ਅਜਿਹਾ ਨਹੀਂ ਕਰਾਂਗਾ। ਇਸ ’ਤੇ ਸੁਰਜਨ ਸਿੰਘ ਚੁੱਪ ਕਰ ਗਏ ਪਰ ਜ਼ਰਾ ਪਿੱਛੇ ਹਟ ਕੇ ਥੋੜ੍ਹੀ ਦੂਰ ਜਾ ਕੇ ਰਫੂ ਚੱਕਰ ਹੋ ਗਏ ਤੇ ਆਪਣਾ ਗੜਵਾ ਛੱਡ ਕੇ ਮੱਕੀਆਂ ਵਿਚ ਜਾ ਵੜੇ।



www.AKJ.Org

ਮੈਂ ਭਾਈ ਦਲੀਪ ਸਿੰਘ ਨੂੰ ਕਿਹਾ ਕਿ ਭਾਈ ਸੁਰਜਨ ਸਿੰਘ ਤਾਂ ਖਿਸਕ ਗਏ ਹਨ ਤਾਂ ਉਨ੍ਹਾਂ ਕਿਹਾ ਕਿ ਕੋਈ ਗੱਲ ਨਹੀਂ। ਪਰ ਹਵਾਲਦਾਰ ਨੂੰ ਅਜੇ ਤੱਕ ਪਤਾ ਨਹੀਂ ਸੀ ਕਿ ਉਹ ਖਿਸਕ ਗਏ ਹਨ। ਥੋੜ੍ਹੀ ਦੂਰ ਜਾ ਕੇ ਇਕ ਬੰਦਾ ਹਵਾਲਦਾਰ ਨੂੰ ਮਿਲਿਆ ਤਾਂ ਖੜ੍ਹੇ ਹੋਣ 'ਤੇ ਉਸ ਨੂੰ ਪਤਾ ਲੱਗਾ ਕਿ ਭਾਈ ਸੁਰਜਨ ਸਿੰਘ ਤਾਂ ਨੱਸ ਗਿਆ ਹੈ। ਫੇਰ ਕੀ ਸੀ ਲੱਗਾ ਸਾਨੂੰ ਤਾੜਨ। ਕਦੇ ਮੈਨੂੰ ਕਹੇ, ਤੇ ਕਦੇ ਭਾਈ ਦਲੀਪ ਸਿੰਘ ਨੂੰ, ਕਿ ਤੇਰਾ ਵਾਕਫ਼ ਸੀ, ਪਰ ਅਸੀਂ ਉੱਕਾ ਹੀ ਮੁੱਕਰ ਗਏ। ਅਸੀਂ ਸਾਫ਼ ਕਹਿ ਦਿੱਤਾ ਕਿ ਅਸੀਂ ਤਾਂ ਉਸ ਨੂੰ ਜਾਣਦੇ ਹੀ ਨਹੀਂ ਹਾਂ ਕਿ ਉਹ ਕੌਣ ਹੈ ? ਅਸੀਂ ਮੱਸਿਆ 'ਤੇ ਜਾ ਰਹੇ ਹਾਂ, ਰਾਹ ਵਿਚ ਆਨੰਦਪੁਰ ਸਾਹਿਬ ਤੋਂ ਮਿਲ ਗਿਆ ਤੇ ਕਹਿਣ ਲੱਗਾ ਕਿ ਮੈਂ ਵੀ ਮੱਸਿਆ 'ਤੇ ਹੀ ਜਾਣਾ ਹੈ। ਇਸ ਲਈ ਸਾਡੇ ਨਾਲ ਤੁਰਿਆ ਆਇਆ। ਪਰ ਸਾਨੂੰ ਇਹ ਕੋਈ ਪਤਾ ਨਹੀਂ ਕਿ ਇਹ ਕੌਣ ਹੈ ਤੇ ਕਿਥੋਂ ਦਾ ਰਹਿਣ ਵਾਲਾ ਹੈ ? ਇਹ ਬਿਆਨ ਸੁਣ ਕੇ ਉਸ ਨੂੰ ਪੂਰਾ ਸ਼ੱਕ ਹੋ ਗਿਆ ਕਿ ਉਹ ਜ਼ਰੂਰ ਕੋਈ ਖਤਰਨਾਕ ਆਦਮੀ ਹੈ।

ਇਸ ਵੇਲੇ ਪਿੰਡ ਵੀ ਫਿਰਨੀ ਖ਼ਤਮ ਹੋ ਚੁੱਕੀ ਸੀ ਤੇ ਹੁਸ਼ਿਆਰਪੁਰ ਦੇ ਰਾਹ 'ਤੇ ਇਹ ਗੱਲਾਂ ਹੋ ਰਹੀਆਂ ਸਨ ਤੇ ਸੂਰਜ ਵੀ ਛਿਪ ਰਿਹਾ ਸੀ। ਅਸੀਂ ਦੋ ਜਣੇ ਸਾਂ ਤੇ ਉਹ ਇਕੱਲਾ ਤੇ ਨਾਲੇ ਹੱਥੋਂ ਵੀ ਖਾਲੀ ਸੀ। ਅੱਗੇ ਰਾਹ ਹਨੇਰਾ ਤੇ ਸਰਕੜਿਆਂ ਵਾਲਾ ਸੀ। ਪਰ ਉਹ ਵੀ ਅੱਗੇ ਜਾਣਾ ਨਹੀਂ ਸੀ ਚਾਹੁੰਦਾ। ਕਹਿਣ ਲੱਗਾ ਉਹ ਪੈਸੇ ਦਿੰਦਾ ਸੀ, ਤੁਸੀਂ ਵੀ ਕੁਝ ਦਿਓ ਤਾਂ ਮੈਂ ਤੁਹਾਨੂੰ ਛੱਡ ਦਿੰਦਾ ਹਾਂ। ਅਸੀਂ ਕਿਹਾ ਕਿ ਸਾਡੇ ਕੋਲ ਤਾਂ ਪੈਸੇ ਨਹੀਂ ਹਨ, ਉਸ ਦੇ ਪਾਸ ਹੀ ਸੀ। ਉਸ ਨੇ ਤਲਾਸ਼ੀ ਕਰਕੇ ਮੇਰੇ ਕੋਲੋਂ ਇਕ ਰੁਪਿਆ ਤੇ ਸ਼ਾਇਦ ਕੁਝ ਪੈਸੇ ਵੀ ਸੀ, ਲੈ ਲਏ ਤੇ ਸਾਨੂੰ ਇਹ ਕਹਿ ਕੇ ਛੱਡ ਕੇ ਚਲਾ ਗਿਆ ਕਿ ਕਿਰਪਾਨ ਉਤਾਰ ਕੇ ਕੱਪੜੇ ਵਿਚ ਲਪੇਟ ਲਓ, ਮੈਂ ਉਸ (ਭਾਈ ਸੁਰਜਨ ਸਿੰਘ) ਦੇ ਪਿੱਛੇ ਜਾਂਦਾ ਹਾਂ, ਉਹ ਜ਼ਰੂਰ ਕੋਈ ਖਤਰਨਾਕ ਬੰਦਾ ਹੈ। ਬੱਸ ਇਹ ਕਹਿ ਕੇ ਉਹ ਸਾਨੂੰ ਛੱਡ ਗਿਆ ਤੇ ਅਸੀਂ ਘੁੱਸਮੁੱਸੇ ਵਿਚ ਹੀ ਉੱਥੋਂ ਇਕ ਰਾਹ ਪੈ ਗਏ ਤੇ ਥੋੜ੍ਹੀ ਦੂਰ ਜਾ ਕੇ ਇਕ ਪਿੰਡ ਆਇਆ ਜੋ ਹੁਸ਼ਿਆਰਪੁਰ ਦੇ ਨਾਲ ਹੀ ਸੀ। ਅਸੀਂ ਇਕ ਡੇਰੇ 'ਤੇ ਗਏ ਤੇ ਬਾਬਾ ਜੀ ਨੂੰ ਕਿਹਾ ਕਿ ਅਸੀਂ ਮੱਸਿਆ 'ਤੇ ਜਾ ਰਹੇ ਸਾਂ। ਬਜ਼ਾਰ ਵਿਚ ਸਾਡੇ ਨਾਲ ਦਾ ਬੰਦਾ ਨਿਖੜ ਗਿਆ ਹੈ, ਜੋ ਸਾਨੂੰ ਲੱਭਾ ਨਹੀਂ। ਇਸ ਲਈ ਅਸੀਂ ਮੁੜ ਆਏ ਹਾਂ। ਸਾਡਾ ਪਿੰਡ ਹਿਰਦਾਪੁਰ ਹੈ ਜੋ ਕਿ ਰੋਪੜ ਤੋਂ ਅੱਗੇ ਪੁਰਖਾਲੀ ਦੇ ਨੇੜੇ ਹੈ। ਬਾਬਾ ਜੀ ਕਹਿਣ ਲੱਗੇ ਕਿ ਮੁੰਡਿਓ ਕਿਤੇ ਘਰੋਂ ਲੜ ਕੇ ਤਾਂ ਨਹੀਂ ਆਏ? ਸਹੁਰਿਓ ਕਿਤੇ ਭਰਤੀ ਨਾ ਹੋ ਜਾਣਾ ? ਅਸੀਂ ਕਿਹਾ ਨਹੀਂ ਜੀ ਅਸੀਂ ਤਾਂ ਮੁੜ ਕੇ ਪਿੰਡ ਜਾਵਾਂਗੇ। ਇਸ ਤੋਂ ਬਿਨਾਂ ਹੋਰ ਕੋਈ ਵਿਚਾਰ ਸਾਡੇ ਸਾਹਮਣੇ ਨਹੀਂ ਹੈ ਤਾਂ ਬਾਬਾ ਜੀ ਨੇ ਕਿਹਾ ਕਿ ਅੱਜ ਕੱਲ੍ਹ ਬਹੁਤ ਸਖ਼ਤੀ ਹੈ। ਜੋ ਲੋਕ ਅਮਰੀਕਾ ਤੋਂ ਆਏ ਹਨ, ਉਨ੍ਹਾਂ ਕਰਕੇ ਸਰਕਾਰ ਸਖ਼ਤੀ ਕਰ ਰਹੀ ਹੈ। ਅਸੀਂ ਤੁਹਾਨੂੰ ਅੰਦਰ ਤਾਂ ਨਹੀਂ ਸੌਣ ਦੇਣਾ। ਪਰ ਆਹ ਸੱਫ ਲੈ ਕੇ ਬਾਹਰ ਸੌਂ ਜਾਓ। ਅਸੀਂ ਉਨ੍ਹਾਂ ਦੀ ਗੱਲ ਮੰਨ ਲਈ ਤੇ ਡੇਰੇ ਦੇ ਅੱਗੇ ਹੀ ਇਕ ਖੂਹ ਦੀ ਪੈੜ ਵਿਚ ਸੱਫ ਵਿਛਾ ਕੇ ਪੈ ਗਏ।

ਅੱਧੀ ਰਾਤ ਗਈ ਪਿੰਡ ਵਿਚ ਚੋਰ ! ਚੋਰ ! ਦਾ ਰੌਲਾ ਪੈ ਗਿਆ ਤੇ ਅਵਾਜ਼ਾਂ ਆਉਣ ਲੱਗੀਆਂ ਕਿ ਚੋਰ ਫਲਾਣੀ ਘੁਮਿਆਰੀ ਦੇ ਹਾਰ ਲੈ ਕੇ ਦੌੜ ਗਏ ਹਨ। ਅਸੀਂ ਬਹੁਤ ਡਰ ਗਏ ਕਿ ਕਿਤੇ ਕੋਈ ਸਾਨੂੰ ਹੀ ਨਾ ਫੜ੍ਹ ਲਵੇ, ਕਿਉਂਕਿ ਓਪਰੇ ਤਾਂ ਅਸੀਂ ਹੀ ਸੀ। ਵਾਹਿਗੁਰੂ-ਵਾਹਿਗੁਰੂ ਕਰੀਏ ਮਹਾਰਾਜ ਸੱਚੇ ਪਾਤਸ਼ਾਹ ਸਾਡੀ ਲਾਜ ਰੱਖਣਾ। ਥੋੜ੍ਹੀ ਦੇਰ ਪਿੱਛੋਂ ਸ਼ਾਂਤੀ ਜਿਹੀ ਹੋ ਗਈ ਤੇ ਸਾਨੂੰ ਕਿਸੇ ਨੇ ਪੁੱਛਿਆ ਹੀ ਨਾ। ਚੁੱਪ ਚਾਪ ਪਏ ਰਹੇ।

ਜਦੋਂ ਪਹੁ ਫੁਟਾਲਾ ਹੋਇਆ ਤਾਂ ਸੱਫ ਬਾਬਾ ਜੀ ਦੇ ਅੰਦਰ ਸੁੱਟ ਕੇ ਅਸੀਂ ਨਾਲ ਲੱਗਦੀ ਸੜਕ 'ਤੇ ਜਾ ਚੜ੍ਹੇ ਜਿਹੜੀ ਕਿ ਉਥੋਂ ਰੋਪੜ ਵੱਲ ਨੂੰ ਜਾ ਰਹੀ ਸੀ। ਸੜਕ ਚੜ੍ਹ ਕੇ ਅਸੀਂ ਸ਼ੁਕਰ ਮਨਾਇਆ। ਸੜਕੇ-ਸੜਕੇ ਜਾਂਦਿਆਂ ਜਦੋਂ ਦੁਪਹਿਰ ਹੋ ਗਈ ਤਾਂ ਸਾਨੂੰ ਭੁੱਖ ਲੱਗ ਗਈ। ਸੜਕ ਦੇ ਨਾਲ ਲੱਗਦੇ ਇਕ ਪਿੰਡ ਪਹੁੰਚਣ ਹੀ ਲੱਗੇ ਸੀ ਕਿ ਐਨ ਰਾਹ ਉੱਤੇ ਪੁਲਿਸ ਉੱਤਰੀ ਹੋਈ ਦੇਖੀ ਤੇ ਬੰਦਿਆਂ ਦਾ ਵੀ ਚੰਗਾ ਇਕੱਠ ਸੀ। ਸੋ ਅਸੀਂ ਠਹਿਰਣ ਦੀ ਬਜਾਏ, ਪੁਲਿਸ



www.AKJ.Org

ਅਮਲੇ ਦੇ ਕੋਲੋਂ ਚੁੱਪਚਾਪ ਲੰਘ ਗਏ ਤੇ ਅੱਗੇ ਫੇਰ ਇਕ ਪਿੰਡ ਆਇਆ ਤੇ ਇਕ ਗੁਰਦੁਆਰਾ ਸੀ, ਜਿਸ ਨੂੰ ਬਾਬਾ ਅਜੀਤ ਸਿੰਘ ਦਾ ਗੁਰਦੁਆਰਾ ਕਹਿੰਦੇ ਸਨ। ਇੱਥੇ ਅਸੀਂ ਆਟਾ ਆਦਿ ਲੈ ਕੇ ਪ੍ਰਸ਼ਾਦੇ ਸਜਾਏ ਤੇ ਖਾ ਕੇ ਸੌਂ ਗਏ।

ਇੱਥੇ ਕੁਝ ਸਿੰਘ, ਅਮਰੀਕਾ ਦੇ ਸਿੰਘਾਂ ਦੀਆਂ ਗੱਲਾਂ ਕਰਦੇ ਵੀ ਸੁਣੇ। ਪਰ ਸਾਡੇ ’ਤੇ ਕਿਸੇ ਨੂੰ ਸ਼ੱਕ ਨਹੀਂ ਸੀ ਤੇ ਨਾ ਹੀ ਅਸੀਂ ਕਿਸੇ ਨੂੰ ਕੁਝ ਦੱਸਿਆ। ਸਵੇਰੇ ਉੱਠਦਿਆਂ ਹੀ ਦੋ ਪ੍ਰਸ਼ਾਦੇ ਜੋ ਰਾਤੇ ਦੇ ਬਚੇ ਹੋਏ ਸਨ, ਨਾਲ ਲੈ ਕੇ ਤੁਰ ਪਏ।

ਤੁਰੇ ਜਾਂਦੇ ਕਾਫੀ ਦੂਰ ਨਿਕਲ ਗਏ। ਪਿੰਡ ਪਤਾ ਨਹੀਂ ਕਿਹੜਾ ਸੀ। ਪਰ ਸੜਕ ਦੇ ਉੱਤੇ ਹੀ ਇਕ ਖੂਹ ਦੇ ਨਾਲ ਕੋਠਾ ਬਣਿਆ ਹੋਇਆ ਸੀ। ਉੱਥੇ ਇਕ ਤਖ਼ਤਪੋਸ਼ ਵੀ ਪਿਆ ਸੀ ਜਿਸ ਉੱਤੇ ਅਸੀਂ ਸੌਂ ਗਏ ਤੇ ਸਵੇਰੇ ਉੱਠ ਕੇ ਭੁੱਖੇ ਹੀ ਫੇਰ ਚਾਲੇ ਪਾ ਦਿੱਤੇ। ਸੂਰਜ ਛਿਪਦੇ ਨੂੰ ਇਕ ਪਿੰਡ ਜਾ ਪਹੁੰਚੇ, ਜਿਹੜਾ ਸੜਕ ਦੇ ਐਨ ਉੱਤੇ ਹੀ ਚੇਲਿਆਂ ਦਾ ਮੰਦਰ ਕਰਕੇ ਜਾਣਿਆ ਜਾਂਦਾ ਸੀ। ਉੱਥੇ ਜਾ ਕੇ ਮੰਦਰ ਵਾਲਿਆਂ ਤੋਂ ਆਟਾ ਲੈ ਕੇ ਪ੍ਰਸ਼ਾਦੇ ਸਜਾ ਕੇ ਛਕੇ ਤੇ ਸਵੇਰੇ ਉੱਠ ਕੇ ਫੇਰ ਆਪਣੇ ਰਾਹ ਤੁਰ ਪਏ। ਸਾਡਾ ਨਿਸ਼ਾਨਾ ਕਾਠਗੜ੍ਹ ਪਹੁੰਚਣ ਦਾ ਸੀ, ਜਿਥੋਂ ਦਾ ਇਕ ਸਰਦਾਰ ਚੰਗਾ ਪ੍ਰੇਮੀ ਸੁਣਿਆ ਸੀ। ਇਸ ਲਈ ਅਸੀਂ ਕਈ ਦਿਨ ਦੇ ਸਫ਼ਰ ਤੋਂ ਬਾਅਦ ਕਾਠਗੜ੍ਹ ਪਹੁੰਚ ਗਏ, ਜੋ ਸੜਕ ਦੇ ਨਾਲ ਹੀ ਲੱਗਦਾ ਸੀ।

ਉੱਥੇ ਮੇਲਾ ਲੱਗਿਆ ਹੋਇਆ ਸੀ। ਛਿੰਜਾਂ ਵਗੈਰਾਂ ਹੋ ਰਹੀਆਂ ਸਨ ਤੇ ਲੰਗਰ ਚੱਲ ਰਿਹਾ ਸੀ। ਅਸੀਂ ਜਾ ਕੇ ਕਿਲ੍ਹੇ ਦੀ ਡਿਓੜ੍ਹੀ ਵਿਚ ਬੈਠ ਗਏ। ਲੋਕ ਕੜਾਹ ਪੂਰੀ ਛੱਕ-ਛੱਕ ਕੇ ਤੁਰੇ ਜਾਣ, ਪਰ ਅਸੀਂ ਬਿਬੇਕੀ ਹੋਣ ਕਰਕੇ ਭੁੱਖੇ ਬੈਠੇ ਰਹੇ ਤੇ ਕਿਹਾ ਕਿ ਸਾਨੂੰ ਤਾਂ ਚੀਜ਼ਾਂ ਦੇ ਦਿਓ, ਅਸੀਂ ਰੋਟੀ ਆਪ ਪਕਾਉਂਦੇ ਹਾਂ। ਲੋਕਾਂ ਨੇ ਕਿਹਾ, ਇਹ ਰਸਦ ਸਰਦਾਰ ਤੋਂ ਜਾ ਕੇ ਮੰਗੋ। ਸੋ ਅਸੀਂ ਸਰਦਾਰ ਪਾਸ ਗਏ ਜੋ ਕਿ ਸ਼ਤਰੰਜ ਖੇਡ ਰਿਹਾ ਸੀ। ਅਰਜ ਕਰਨ ’ਤੇ ਉਸ ਨੇ ਕਿਹਾ ਕਿ ਜੋ ਲੰਗਰ ਚੱਲਦਾ ਹੈ ਉਥੋਂ ਹੀ ਪ੍ਰਸ਼ਾਦਾ ਛਕੋ, ਅਲੱਗ ਰਸਦ ਨਹੀਂ ਦਿੱਤੀ ਜਾ ਸਕਦੀ। ਇਹ ਸੁਣ ਕੇ ਸਾਨੂੰ ਬੜੀ ਨਿਰਾਸ਼ਾ ਹੋਈ। ਕਿਲ੍ਹੇ ਤੋਂ ਨਿਕਲ ਕੇ ਸਾਹਮਣੇ ਖੜ੍ਹੇ ਗੱਡੇ ’ਤੇ ਬੈਠ ਗਏ ਤੇ ਘਰ ਦੀਆਂ ਹਵੇਲੀਆਂ ਯਾਦ ਆ ਗਈਆਂ ਤੇ ਰੱਬ ਦੇ ਰੰਗਾਂ ਨੂੰ ਦੇਖ ਕੇ ਬਹੁਤ ਦੁਖੀ ਹੋਏ।

ਉੱਥੋਂ ਉੱਠ ਕੇ ਭਾਦੋਂ ਦੀ ਸਿਖਰ ਦੁਪਹਿਰੇ ਹੀ ਤੁਰ ਪਏ। ਜਦੋਂ ਨਾਲ ਹੀ ਬਣ ਰਹੇ ਗੁਰਦੁਆਰੇ ਕੋਲ ਦੀ ਲੰਘਣ ਲੱਗੇ ਤਾਂ ਸਿੰਘਾਂ ਨੇ ਪੁੱਛਿਆ ਕਿ ਕਿਉਂ ਖ਼ਾਲਸਾ ਜੀ, ਅਜਿਹੇ ਵੇਲੇ ਤੁਰੇ ਜਾ ਰਹੇ ਹੋ, ਕੀ ਪ੍ਰਸ਼ਾਦਾ ਛਕਿਆ ਹੈ? ਤਾਂ ਅਸੀਂ ਉਨ੍ਹਾਂ ਨੂੰ ਸਾਰੀ ਵਿੱਥਿਆ ਸੁਣਾਈ ਤੇ ਕਿਹਾ ਕਿ ਸਾਨੂੰ ਤਾਂ ਕੇਵਲ ਹੁਣ ਦੋ ਪੈਸੇ ਚਾਹੀਦੇ ਹਨ ਜਿਸ ਨਾਲ ਅਸੀਂ ਦਰਿਆ ਪਾਰ ਕਰ ਸਕੀਏ ਕਿਉਂਕਿ ਇਕ ਪੈਸੇ ਫੀ ਬੰਦਾ ਮਲਾਹ ਲੈਂਦੇ ਹਨ। ਅਸੀਂ ਦਰਿਆ ਟੱਪ ਕੇ ਆਪਣੇ ਗੜ੍ਹ ਮੈਣ ਦੁਆਬੇ ਵਿਚ ਜਾਣਾ ਚਾਹੁੰਦੇ ਹਾਂ। ਇਕ ਸਿੰਘ ਨੇ ਜੇਬ ਵਿਚ ਹੱਥ ਮਾਰਿਆ ਤੇ ਕਿਹਾ ਕਿ ਅਸੀਂ ਤੁਹਾਨੂੰ ਭੁੱਖੇ ਨਹੀਂ ਜਾਣ ਦੇਣਾ, ਲੋਕ ਤਾਂ ਕੜਾਹ ਪੂਰੀ ਖਾਣ ਤੇ ਸਿੰਘ ਭੁੱਖੇ ਜਾਣ, ਇਹ ਨਹੀਂ ਹੋ ਸਕਦਾ। ਉਹ ਅੰਦਰੋਂ ਜਾ ਕੇ ਸਾਡੇ ਲਈ ਆਟਾ ਆਦਿ ਲੈ ਆਏ ਤੇ ਅਸੀਂ ਪ੍ਰਸ਼ਾਦੇ ਸਜਾ ਕੇ ਛਕ ਲਏ। ਦੋ-ਦੋ ਪ੍ਰਸ਼ਾਦੇ ਦੂਜੇ ਦਿਨ ਸਵੇਰੇ ਖਾਣ ਲਈ ਬਚਾ ਲਏ ਕਿਉਂਕਿ ਬੇੜੀ ਦੂਜੇ ਦਿਨ ਦਸ ਵਜੇ ਪੈਣੀ ਸੀ। ਇਸ ਲਈ ਅਸੀਂ ਨਾਲ ਦੇ ਪਿੰਡ, ਜੋ ਦਰਿਆ ਦੇ ਕੰਢੇ ’ਤੇ ਸੀ, ਜਾ ਕੇ ਇਕ ਗੱਡੇ ਉੱਤੇ ਰਾਤ ਨੂੰ ਸੌਂ ਗਏ ਤੇ ਸਵੇਰੇ ਉੱਠ ਕੇ ਦਰਿਆ ’ਤੇ ਪਹੁੰਚ ਗਏ।

ਬੇੜੀ ਪੈਣ ਤੋਂ ਪਹਿਲਾਂ ਹੀ ਅਸੀਂ ਪ੍ਰਸ਼ਾਦੇ, ਜੋ ਸਾਡੇ ਕੋਲ ਸਨ, ਛਕ ਲਏ ਜਿਹੜੇ ਕਿ ਲੂਣ ਵਾਲੇ ਸਨ। ਭੁੱਖ ਕਰਕੇ ਇਹ ਬਹੁਤ ਸੁਆਦ ਲੱਗੇ ਜੋ ਅੱਜ ਤੱਕ ਯਾਦ ਹਨ। ਬੇੜੀ ਚੱਲਣ ਤੋਂ ਪਹਿਲਾਂ ਜਦੋਂ ਅਸੀਂ ਦੇਖਿਆ ਕਿ ਲੋਕ ਪੰਡਾਂ ਚੁੱਕੀ ਪਾਰੋਂ ਆ ਰਹੇ ਹਨ ਤਾਂ ਅਸੀਂ ਵੀ ਜੋੜੇ ਆਦਿ ਉਤਾਰ ਕੇ ਪਾਰ ਹੋਣ ਲਈ ਤਿਆਰ ਹੋ ਗਏ। ਪਰ ਜਦ ਸਿਰੇ ਦੀ ਧਾਰ ਕੋਲ ਗਏ ਤਾਂ ਸਾਡੇ ਪੈਰ ਸੜਨ ਲੱਗ ਪਏ। ਉਨ੍ਹਾਂ ਦਾ ਤਾਂ ਰੋਜ਼ ਦਾ ਕੰਮ ਸੀ ਤੇ ਉੱਚੀ ਨੀਵੀਂ ਥਾਂ ਤੋਂ ਵਾਕਫ ਸਨ। ਸਾਨੂੰ ਉਨ੍ਹਾਂ ਦੀ ਰੀਸ ਕਿਵੇਂ ਰਾਸ ਆ ਸਕਦੀ ਸੀ। ਖੈਰ ਅਸੀਂ ਮੁੜ ਕੰਢੇ ’ਤੇ ਆ ਬੈਠੇ ਤੇ ਬੇੜੀ ਦਸ ਵਜੇ ਤੋਂ



www.AKJ.Org

ਬਾਅਦ ਹੀ ਪਈ ਤੇ ਅਸੀਂ ਤਿੰਨਾਂ ਪੈਸਿਆਂ 'ਚੋਂ ਦੋ ਮਲਾਹ ਨੂੰ ਦੇ ਕੇ ਪਾਰ ਹੋ ਗਏ। ਕਾਹੀ ਦਾ ਸਮੁੰਦਰ, ਜੋ ਦਰਿਆ ਤੋਂ ਪਾਰ ਸੀ, ਲੰਘ ਕੇ ਬਹਿਲੋਲਪੁਰ ਚਲੇ ਗਏ ਤੇ ਰਹਿੰਦੇ ਪੈਸੇ ਦਾ ਗੁੜ ਲੈ ਕੇ ਖਾਧਾ ਕਿਉਂਕਿ ਕਿੰਨੇ ਦਿਨਾਂ ਤੋਂ ਮਿੱਠਾ ਨਹੀਂ ਸੀ ਦੇਖਿਆ। ਫੇਰ ਅਸੀਂ ਸਿੱਧੇ ਆਪਣੇ ਅੱਡੇ ਪਿੰਡ ਲਖਣਪੁਰ ਨੂੰ ਹੋ ਤੁਰੇ।

ਮਿਲਣਾ ਵੀ ਅਸੀਂ ਭਾਈ ਸੰਤਾ ਸਿੰਘ ਕਲੌੜ ਨੂੰ ਤੇ ਹੋਰ ਮੈਣ ਦੁਆਬੇ ਦੇ ਸਿੰਘਾਂ ਨੂੰ ਸੀ, ਜਿੱਥੇ ਸਾਡੇ ਅੱਡੇ ਸਨ। ਇੱਥੇ ਵੀ ਪਿੰਡੋਂ ਬਾਹਰ ਟੋਭੇ ਉੱਤੇ ਇਕ ਸੰਤ ਰਹਿੰਦੇ ਸਨ ਜੋ ਬੜੇ ਹੀ ਗੁਰਮੁਖ ਸਨ। ਉਹ ਇਸ ਲਹਿਰ ਨਾਲ ਹਮਦਰਦੀ ਵੀ ਰੱਖਦੇ ਸਨ। ਡੇਰੇ ਪਹੁੰਚ ਕੇ ਅਸੀਂ ਸੰਤਾਂ ਤੋਂ ਭਾਈ ਸੰਤਾਂ ਸਿੰਘ ਬਾਬਤ ਪੁੱਛਿਆ ਤਾਂ ਉਨ੍ਹਾਂ ਕਿਹਾ ਕਿ ਉਹ ਤਾਂ ਸਿੰਘਾਂ ਦੇ ਕੋਟਲੇ ਅਖੰਡ ਪਾਠ ਕਰ ਰਹੇ ਹਨ। ਫੇਰ ਕੀ ਸੀ, ਅਸੀਂ ਉਦੋਂ ਹੀ ਸਿੰਘਾਂ ਦੇ ਕੋਟਲੇ ਨੂੰ ਤੁਰ ਪਏ ਤੇ ਸੂਰਜ ਅੰਦਰ ਬਾਹਰ ਸੀ ਜਦ ਅਸੀਂ ਅਖੰਡ ਪਾਠ ਵਾਲੇ ਘਰ ਜਾ ਮੱਥਾ ਟੇਕਿਆ।

ਇਹ ਪਿੰਡ ਭਾਈ ਇੰਦਰ ਸਿੰਘ ਨੰਬਰਦਾਰ ਖੰਨੇ ਵਾਲੇ ਦੀ ਸਾਲੀ ਦਾ ਸੀ ਜੋ ਜਥੇ ਦੇ ਮੈਂਬਰ ਸਨ, ਪਰ ਪਿੱਛੋਂ ਪੁਲਿਸ ਦੇ ਗਵਾਹ ਬਣ ਗਏ ਸਨ। ਅਸੀਂ ਮੱਥਾ ਟੇਕ ਕੇ ਬੈਠੇ ਹੀ ਸਾਂ ਕਿ ਭਾਈ ਇੰਦਰ ਸਿੰਘ ਨੇ ਪ੍ਰਸ਼ਾਦ ਦਾ ਗੱਫਾ ਦੇ ਕੇ ਸਾਨੂੰ ਨਾਲ ਹੀ ਬੇਨਤੀ ਕਰ ਦਿੱਤੀ ਕਿ ਭਾਈ ਸਾਹਿਬ ਤੁਸੀਂ ਏਥੇ ਕਿਵੇਂ ਆ ਗਏ ਹੋ? ਇੱਥੇ ਤਾਂ ਦਰਵਾਜ਼ੇ ਪੁਲਿਸ ਦਾ ਹਵਾਲਦਾਰ ਬੈਠਾ ਹੈ। ਅਸੀਂ ਦਰਵਾਜੇ ਰਾਹੀਂ ਘਰ ਵਿਚ ਦਾਖਲ ਨਹੀਂ ਸੀ ਹੋਏ। ਉਹ ਤੁਹਾਨੂੰ ਦੇਖ ਕੇ ਤੁਰੰਤ ਆਏਗਾ। ਤੁਸੀਂ ਮੱਥਾ ਟੇਕ ਕੇ ਤੀਰ ਹੋ ਜਾਓ। ਸੰਤਾ ਸਿੰਘ ਹੁਰੀਂ ਵੀ ਏਥੋਂ ਇਸੇ ਕਰਕੇ ਹੀ ਚਲੇ ਗਏ ਸਨ। ਇਹ ਕਹਿ ਕੇ ਉਹ ਸਾਨੂੰ ਪਿੰਡ ਦੀ ਵਿਚਕਾਰਲੀ ਗਲੀ ਰਾਹੀਂ ਬਾਹਰ ਛੱਡ ਗਿਆ।

ਹੁਣ ਹਨ੍ਹੇਰਾ ਹੋ ਚੁੱਕਾ ਸੀ ਤੇ ਉੱਧਰ ਪੁਲਿਸ ਵੀ ਖਬਰਦਾਰ ਹੋ ਗਈ ਸੀ ਜੋ ਸੜਕ ਉੱਤੇ ਆ ਕੇ ਵਾਹਿਗੁਰੂ-ਵਾਹਿਗੁਰੂ ਦੇ ਅਵਾਜ਼ੇ ਲਾ ਰਹੀ ਸੀ। ਅਜਿਹੀ ਹਾਲਤ ਵਿਚ ਅਸੀਂ ਵੀ ਅੱਗੇ ਪੈਰ ਪੁੱਟਣਾ ਮੁਨਾਸਬ ਨਾ ਸਮਝਿਆ ਤੇ ਉੱਥੇ ਚਰ੍ਹੀ ਦੇ ਖੇਤ ਵਿਚ ਹੀ ਲੰਮੇ ਪੈ ਗਏ ਤੇ ਉੱਥੇ ਹੀ ਸਾਰੀ ਰਾਤ ਭੁੰਜੇ ਪੈ ਕੇ ਕੱਟੀ। ਜਦੋਂ ਹਵਾ ਜਾਂ ਪਾਸਾ ਲੈਣ ਕਰਕੇ ਖੜਕਾ ਜਿਹਾ ਹੁੰਦਾ ਤਾਂ ਇਕ ਦੂਜੇ ਤੋਂ ਹੌਲੀ ਜਿਹੀ ਪੁੱਛ ਲੈਂਦੇ ਕਿ ਭਾਈ ਤੂੰ ਪਾਸਾ ਲਿਆ ਹੈ। ਹਾਂ ਦਾ ਜਵਾਬ ਲੈ ਕੇ ਫੇਰ ਅੱਖਾਂ ਮੀਟ ਲੈਂਦੇ। ਏਸ ਤਰ੍ਹਾਂ ਰਾਤ ਬਿਤਾ ਕੇ ਤੇ ਪੁਲਿਸ ਦੇ ਸੜਕ 'ਤੇ ਆ ਕੇ ਸ਼ਬਦ ਪੜ੍ਹਣ ਦੇ ਬਾਵਜੂਦ ਵੀ ਅਸੀਂ ਉਥੋਂ ਨਾ ਹਿਲੇ ਤੇ ਸਵੇਰੇ ਹਨ੍ਹੇਰੇ ਹੀ ਉੱਠ ਕੇ ਸੜਕ ਦਾ ਰਾਹ ਛੱਡ ਕੇ ਘੜੂੰਏ ਵੱਲ ਚਾਲੇ ਪਾ ਦਿੱਤੇ। ਉਧਰ ਹੀ ਭਾਈ ਸੰਤਾ ਸਿੰਘ ਹੁਰੀਂ ਗਏ ਸਨ। ਇਸ ਤੋਂ ਬਿਨ੍ਹਾਂ ਉੱਥੇ ਸਾਡਾ ਅੱਡਾ ਵੀ ਸੀ। ਜਦੋਂ ਜੀਅ ਕਰਦਾ ਜਾ ਕੇ ਬਿਜਲਾ ਸਿੰਘ ਦਾ ਦਰਵਾਜ਼ਾ ਖੋਲ੍ਹ ਸਕਦੇ ਸਾਂ, ਤਾਲਾ ਵੀ ਤੋੜ ਸਕਦੇ ਸਾਂ।

ਏਸ ਲਈ ਅਸੀਂ ਘੜੂੰਏ ਵੱਲ ਹੀ ਤੁਰ ਪਏ। ਰਾਹ ਵਿਚ ਬਹਿਰਾਮਪੁਰ ਆਦਿ ਪਿੰਡ ਆਏ ਜਿੱਥੇ ਅਸੀਂ ਠਹਿਰ ਸਕਦੇ ਸਾਂ। ਪਰ ਅਸੀਂ ਥੋੜ੍ਹਾ ਚਿਰ ਬਹਿਰਾਮਪੁਰ ਅਰਾਮ ਕਰਕੇ ਘੜੂੰਏ ਜਾ ਪਹੁੰਚੇ। ਅੱਗੋਂ ਤਾਲਾ ਲੱਗਾ ਹੋਇਆ ਸੀ, ਤੋੜ ਕੇ ਅੰਦਰ ਜਾ ਵੜੇ ਤੇ ਆਟਾ ਲੈ ਕੇ ਰੋਟੀ ਬਣਾਉਣੀ ਸ਼ੁਰੂ ਕਰ ਦਿੱਤੀ। ਅਜੇ ਰੋਟੀ ਬਣਾਉਣ ਹੀ ਲੱਗੇ ਸਾਂ ਕਿ ਭਾਈ ਸੰਤਾ ਸਿੰਘ ਤੇ ਹੋਰ ਸੱਜਣ ਵੀ ਆ ਪਹੁੰਚੇ। ਅਸੀਂ ਖੂਬ ਖਾ ਪੀ ਕੇ ਸਫਰੀ ਭੁੱਖ ਤੇ ਥਕਾਵਟ ਲਾਹੀ। ਪੋਠੋਹਾਰ ਦਾ ਖਿਆਲ ਛੱਡ ਕੇ ਏਧਰ ਕੋਈ ਪ੍ਰਬੰਧ ਪੱਕਾ ਕਰਨ ਦੇ ਇਰਾਦੇ ਨਾਲ ਅਸੀਂ ਪਟਿਆਲੇ ਵੱਲ ਨੂੰ ਧਾਈ ਕੀਤੀ।

ਪਹਿਲਾਂ ਰਾਮ ਸਿੰਘ ਜਵੱਦੀ ਦਾ ਨੰਬਰਦਾਰ (ਜਿਸ ਦਾ ਨਾਮ ਅਸੀਂ ਰੱਬ ਦੀ ਜੂੰ ਪਾਇਆ ਹੋਇਆ ਸੀ) ਨੂੰ ਬੁਲਾ ਕੇ ਰਾਜਪੁਰੇ ਉਸ ਨਾਲ ਸਟੇਸ਼ਨ ਤੋਂ ਬਾਹਰ ਇਕ ਮਕਾਨ 'ਤੇ ਹੀ ਮੁਲਾਕਾਤ ਕੀਤੀ ਕਿਉਂਕਿ ਸਾਨੂੰ ਉਸ 'ਤੇ ਸ਼ੱਕ ਸੀ। ਪਰ ਉਸ ਮੁਲਾਕਾਤ ਤੋਂ ਪਿੱਛੋਂ ਅਸੀਂ ਉਸ 'ਤੇ ਇਤਬਾਰ ਕਰਨ ਲੱਗੇ ਕਿਉਂਕਿ ਉਸ ਦਿਨ ਮਿਲਣ ਪਿੱਛੋਂ, ਜੇ ਸਾਨੂੰ ਫੜਾਉਣਾ ਚਾਹੁੰਦਾ ਤਾਂ ਫੜਾ ਸਕਦਾ ਸੀ।

ਖੈਰ ਅਸੀਂ ਪਟਿਆਲੇ ਦੇ ਨੇੜੇ ਬਹਾਦਰਗੜ੍ਹ ਦੇ ਗੁਰਦੁਆਰੇ ਹੁੰਦੇ ਹੋਏ ਕਈ ਥਾਈਂ ਲੰਘੇ ਤੇ ਛੀਂਟਾਂਵਾਲੇ ਵੱਲ ਇਕ ਪਿੰਡ ਵਿਚ ਜਾ ਪਹੁੰਚੇ। ਉਥੋਂ ਫੇਰ ਅਸੀਂ ਪਿੰਡ ਰੱਲੀ ਵੱਲ ਨੂੰ ਚਾਲੇ ਪਾ ਦਿੱਤੇ ਕਿਉਂਕਿ ਉੱਥੇ ਦਾ ਇਕ ਸੱਜਣ ਸਰਬ



www.AKJ.Org

ਲੋਹੀਆ ਸੀ। ਅਸੀਂ ਖਿਆਲ ਕੀਤਾ ਕਿ ਇਹ ਪਿੰਡ ਸਾਡੇ ਜ਼ਿਲ੍ਹੇ ਤੋਂ ਦੂਰ ਹੈ। ਇੱਥੇ ਕੁਝ ਦਿਨ ਠਹਿਰਣ ਦੀ ਸਲਾਹ ਸੀ। ਸੋ ਇਸ ਇਰਾਦੇ ਨਾਲ ਅਸੀਂ ਧੂਰੀ ਲਾਈਨ ਪੈ ਗਏ। ਸਭ ਤੋਂ ਪਹਿਲਾਂ ਇਕ ਪਿੰਡ, ਜਿਸ ਦਾ ਨਾਂ ਸਾਰੋਂ ਸੀ, ਉੱਥੇ ਇੱਕ ਸੰਤ ਅਤਰ ਸਿੰਘ ਜੀ ਦਾ ਪ੍ਰੇਮੀ ਸੀ, ਉਸ ਦੇ ਕੋਲ ਰਹੇ। ਫਿਰ ਤੁਰ ਕੇ ਸੁਨਾਮ, ਗਾਗਾ ਤੇ ਲਹਿਰਾ ਟੱਪ ਕੇ ਆਖਰ ਅਸੀਂ ਰੱਲੀ ਪਹੁੰਚ ਗਏ। ਪਰ ਜਿਸ ਸੱਜਣ ਜੋਗਿੰਦਰ ਸਿੰਘ ਕੋਲ ਅਸੀਂ ਗਏ ਸੀ ਉਹ ਪਿੰਡ ਵਿਚ ਹੀ ਨਹੀਂ ਸੀ। ਘਰਦਿਆਂ ਨੇ ਬਿਸਤਰੇ ਦਿੱਤੇ ਤੇ ਅਸੀਂ ਪ੍ਰਸ਼ਾਦੇ ਸਜਾ ਕੇ ਛਕੇ ਤੇ ਸੌਂ ਗਏ।

ਫੇਰ ਪਤਾ ਲੱਗਾ ਕਿ ਡੇਹਲੋਂ (ਸਾਡੇ) ਥਾਣੇ ਦਾ ਥਾਣੇਦਾਰ ਏਥੇ ਆਇਆ ਹੋਇਆ ਹੈ। ਅਸੀਂ ਸਵੇਰੇ ਉੱਠ ਕੇ ਰੋਟੀ ਪਾਣੀ ਖਾ ਕੇ ਖਿਸਕਣ ਦੀ ਕੀਤੀ। ਪਰ ਰੱਬ ਦੇ ਰੰਗ ਜਦੋਂ ਅਸੀਂ ਪਿੰਡੋਂ ਨਿਕਲ ਰਹੇ ਸੀ ਤਾਂ ਘੋੜੀ ’ਤੇ ਚੜ੍ਹਿਆ ਥਾਣੇਦਾਰ ਪਿੰਡ ’ਚੋਂ ਗੁਜ਼ਰਦਿਆਂ ਮਿਲ ਗਿਆ। ਪਰ ਅਸੀਂ ਦੜ ਵੱਟ ਕੇ ਤੁਰੇ ਗਏ ਤੇ ਸਾਨੂੰ ਕਿਸੇ ਪੁੱਛਿਆ ਤਕ ਨਹੀਂ। ਅਸੀਂ ਸ਼ੁਕਰ ਕਰਕੇ ਸੁਨਾਮ ਦੇ ਰਾਹ ਪੈ ਗਏ।

ਰਾਹ ਵਿਚ ਜਖੇਪਲ ਪਿੰਡ ਆਇਆ ਤੇ ਸੁਨਾਮ ਹੁੰਦੇ ਹੋਏ ਅਸੀਂ ਪਿੰਡ ਸਿਵੀਏ ਜਾਣ ਦੀ ਠਾਣ ਲਈ, ਜਿੱਥੇ ਮੇਰੀ ਭੂਆ ਵਿਆਹੀ ਹੋਈ ਸੀ। ਇਹ ਪਿੰਡ ਸੰਗਰੂਰ ਤੋਂ ਜਾਖਲ ਲਾਈਨ ਉੱਤੇ ਹੈ। ਛੋਟਾ ਜਿਹਾ ਸਰਦਾਰਾਂ ਦਾ ਪਿੰਡ ਹੈ ਤੇ ਅਸੀਂ ਮੇਰੇ ਫੁੱਫੜ ਸ. ਕਿਰਪਾਲ ਸਿੰਘ ਸੂਬੇਦਾਰ ਦੇ ਘਰ ਚਲੇ ਗਏ। ਜਾਂਦੇ ਨੂੰ ਹੀ ਭੂਆ ਦੀ ਸੱਸ ਨੇ ਕਿਹਾ ਕਿ ਇਹ ਮੁੰਡਾ ਤਾਂ ਘਰੋਂ ਭੱਜਿਆ ਹੋਇਆ ਹੈ ਤਾਂ ਭੂਆ ਨੇ ਕਿਹਾ ਨਹੀਂ, ਮੈਂ ਵੀ ਕਿਹਾ ਨਹੀਂ। ਖੈਰ ਉਨ੍ਹਾਂ ਨੇ ਭਾਈ ਦਲੀਪ ਸਿੰਘ ਨੂੰ ਗੁਰਦੁਆਰੇ ਪਹੁੰਚਾ ਦਿੱਤਾ ਤੇ ਮੈਨੂੰ ਘਰ ਚੁਬਾਰੇ ਵਿਚ ਰਹਿਣ ਦਿੱਤਾ। ਮੈਂ ਮਹਿਸੂਸ ਤਾਂ ਕੀਤਾ ਪਰ ਕੀ ਪੇਸ਼ ਜਾ ਸਕਦੀ ਸੀ। ਅੱਧੀ ਰਾਤ ਤੋਂ ਪਿੱਛੋਂ ਮੇਰੇ ਫੁੱਫੜ ਨੂੰ ਹੋਸ਼ ਆਈ ਕਿਉਂਕਿ ਉਹ ਸ਼ਰਾਬ ਬਹੁਤ ਪੀਂਦਾ ਸੀ ਤੇ ਸਾਡੇ ਘਰ ਜਾਣ ਵੇਲੇ ਗੁੱਟ ਸੀ ਤੇ ਮੈਨੂੰ ਕਹਿਣ ਲੱਗਾ ਕਿ ਤੁਸੀਂ ਹੁਣੇ ਇਥੋਂ ਚਲੇ ਜਾਓ ਤਾਂ ਠੀਕ ਹੈ। ਬਾਬੂ ਸ਼ਮਸ਼ੇਰ ਸਿੰਘ ਰੋਜ਼ ਰਿਪੋਰਟ ਪੁਲਿਸ ਕੋਲ ਪਹੁੰਚਾਉਂਦਾ ਹੈ। ਮੈਂ ਮਾਰਿਆ ਜਾਵਾਂਗਾ। ਫੇਰ ਕੀ ਸੀ, ਮੈਨੂੰ ਵੱਡੇ ਤੜਕੇ ਭੂਆ, ਘਰੋਂ ਬਾਹਰ ਕਰਕੇ, ਦਰਵਾਜ਼ੇ ਨੂੰ ਬੰਦ ਕਰ ਗਈ ਤੇ ਫੁੱਟੀ ਕੌਡੀ ਵੀ ਮੇਰੇ ਹੱਥ ’ਤੇ ਰੱਖਣ ਦੀ ਜੁਰੱਅਤ ਨਹੀਂ ਕੀਤੀ, ਕਿਉਂਕਿ ਸ਼ਰਾਬੀ ਫੁੱਫੜ ਨੇ ਕਿਤੇ ਕਿਹਾ ਹੋਵੇਗਾ।

ਖੈਰ ਮੈਂ ਗੁਰਦੁਆਰੇ ਆ ਗਿਆ ਜੋ ਨਾਲ ਹੀ ਸੀ। ਗੁਰਦੁਆਰੇ ਦੇ ਭਾਈ ਜੀ ਨੇ ਕਿਹਾ ਕਿ ਅਜੇ ਤਾਂ ਸਵੱਖਤਾ ਹੀ ਹੈ, ਪਰ ਅਸੀਂ ਕਿਹਾ ਕਿ ਬੱਸ ਹੁਣ ਸਾਨੂੰ ਜਾਣ ਦਿਓ। ਇਹ ਗੱਲ ਉਸ ਨੇ ਵੀ ਕਹੀ ਕਿ ਸਰਦਾਰ ਤਾਂ ਵੱਡਾ ਸ਼ਰਾਬੀ ਹੈ। ਪਰ ਘਰੋਂ ਬੀਬੀ ਬਹੁਤ ਗੁਰਮੁਖ ਹੈ। ਪਰ ਉਹ ਕਰਦੀ ਤਾਂ ਕੀ ਕਰਦੀ? ਡਰ ਬੁਰੀ ਬਲਾ ਹੈ। ਅਸੀਂ ਚੱਲਣ ਲੱਗੇ ਤਾਂ ਭਾਈ ਜੀ ਨੇ ਉਸ ਵੇਲੇ ਗਊ ਚੋਅ ਕੇ ਸਾਨੂੰ ਸਮੁੰਦਰ (ਦੁੱਧ) ਛਕਾਇਆ ਤੇ ਬੜੇ ਆਦਰ ਤੇ ਸਤਿਕਾਰ ਨਾਲ ਪਿੰਡੋਂ ਬਾਹਰ ਸੰਗਰੂਰ ਵੱਲ ਦੇ ਰਾਹ ਪਾ ਦਿੱਤਾ। ਇੱਥੋਂ ਅਸੀਂ ਬੱਡਰੁਖੀਂ ਜਾ ਕੇ, ਰਾਮ ਸਿੰਘ ਜਵੱਦੀ (ਰੱਬ ਦੀ ਜੂੰ) ਨੂੰ ਚਿੱਠੀ ਲਿਖੀ ਕਿ ਸਾਨੂੰ ਫਲਾਣੇ ਦਿਨ ਖੁੱਡੀ ਦੇ ਸਟੇਸ਼ਨ ’ਤੇ ਮਿਲ।

ਉਥੋਂ ਚਿੱਠੀ ਪਾ ਕੇ ਅਸੀਂ ਮਸਤੂਆਣੇ ਆ ਗਏ ਤੇ ਕਈ ਦਿਨ ਉੱਥੇ ਰਹਿ ਕੇ ਸੇਵਾ ਕਰਦੇ ਰਹੇ। ਮੁਖੀ ਬਾਬੇ ਸਾਨੂੰ ਬਹੁਤ ਚੰਗਾ ਸਮਝਣ ਲੱਗ ਪਏ ਸਨ। ਅਸੀਂ ਚੂੰਕਿ ‘ਰੱਬ ਦੀ ਜੂੰ’ ਨੂੰ ਚਿੱਠੀ ਲਿਖ ਚੁੱਕੇ ਸੀ, ਇਸ ਲਈ ਇਕ ਦੁਪਹਿਰ ਅਸੀਂ ਗੁਰਮੁਖ ਬਾਬਿਆਂ ਤੋਂ ਆਗਿਆ ਲਏ ਬਿਨ੍ਹਾਂ ਉਨ੍ਹਾਂ ਦੇ ਸੁੱਤੇ ਪਿਆਂ ਹੀ ਉੱਥੋਂ ਚਾਲੇ ਪਾ ਦਿੱਤੇ। ਇਕ ਸੂਏ ਦੀ ਪਟੜੀ ਪੈ ਗਏ। ਥੱਕੇ ਟੁੱਟੇ ਪਟੜੀ ਤੋਂ ਉੱਤਰ ਕੇ ਇਕ ਸੁਹਾਗੇ ਹੋਏ ਖੇਤ ਵਿਚ ਹੀ ਆਸਣ ਵਿਛਾ ਕੇ ਸੌਂ ਗਏ। ਜਦੋਂ ਸਵੇਰੇ ਹਾਲੀ ਆਏ ਤਾਂ ਅਸੀਂ ਵੀ ਉੱਠ ਕੇ ਚਾਲੇ ਪਾ ਦਿੱਤੇ ਤੇ ਖੁੱਡੀ ਪਿੰਡ ਜਾ ਪਹੁੰਚੇ। ਇੱਥੇ ਅਸੀਂ ਪ੍ਰਸ਼ਾਦੇ ਸਜਾ ਕੇ ਛਕੇ ਤੇ ਕੁੱਝ ਉਸ ਦੇ ਲਈ ਵੀ ਰੱਖ ਲਏ ਤੇ ਲੱਗੇ ਉਸ ਦੀ ਉਡੀਕ ਕਰਨ। ਆਖਰ ਦੁਪਹਿਰ ਵੇਲੇ ਉਹ ਧੂਰੀ ਤੋਂ ਆਉਣ ਵਾਲੀ ਗੱਡੀ ਤੋਂ ਉਤਰਿਆ ਤੇ ਸਾਨੂੰ ਮਿਲ ਗਿਆ।

ਸਟੇਸ਼ਨ ਤੋਂ ਥੋੜ੍ਹੀ ਵਿੱਥ ’ਤੇ ਜਾ ਕੇ ਬੈਠ ਗਏ ਤੇ ਪ੍ਰਸ਼ਾਦਾ ਛੱਕਣ ਲਈ ਉਸ ਨੂੰ ਵੀ ਦਿੱਤਾ। ਉੱਥੇ ਉਸ ਨੇ


www.AKJ.Org

ਦੱਸਿਆ ਕਿ ਭਾਈ ਸਾਹਿਬ (ਰਣਧੀਰ ਸਿੰਘ ਜੀ) ਦੀ ਪੁੱਤਰੀ ਚਲਾਣਾ ਕਰ ਗਈ ਹੈ। ਕੋਈ ਪਾਠੀ ਨਹੀਂ ਸੀ ਲੱਭ ਰਿਹਾ। ਭਾਈ ਉੱਤਮ ਸਿੰਘ ਹਾਂਸ ਵੀ ਫੜੇ ਗਏ ਹਨ। ਇਹ ਦਰਦਨਾਕ ਖ਼ਬਰ ਉਹ ਨਾਲੇ ਸੁਣਾਏ ਤੇ ਨਾਲ ਹੀ ਰੋਟੀ ਖਾਈ ਜਾਵੇ। ਮੁੱਕਦੀ ਗੱਲ ਅਸੀਂ ਕਿਹਾ ਕਿ ਹੁਣ ਅਸੀਂ ਫਿਰਦੇ-ਫਿਰਦੇ ਤੰਗ ਆ ਗਏ ਹਾਂ। ਸਾਨੂੰ ਕਿਤੇ ਟਿਕਾਣੇ ਲਾਓ। ਉਸ ਨੇ ਆਖਿਆ ਕਿ ਮੈਂ ਘਰ ਆਪਣੇ ਲੜਕੇ ਨੂੰ ਤਾਰ ਦੇ ਦਿੰਦਾ ਹਾਂ। ਉਹ ਪੈਸੇ ਲੇ ਕੇ ਇੱਥੇ ਪਹੁੰਚ ਜਾਏਗਾ ਤੇ ਤੁਹਾਨੂੰ ਬਹਾਵਲਪੁਰ ਵੱਲ ਲਿਜਾ ਕੇ ਪੱਕਾ ਪ੍ਰਬੰਧ ਕਰਾ ਦੇਵੇਗਾ।

ਉਹ ਤਾਰ ਦੇਣ ਗਿਆ। ਕਾਫੀ ਚਿਰ ਖਿੜਕੀ ਅੱਗੇ ਖੜ੍ਹ ਕੇ ਵਾਪਸ ਮੁੜ ਆਇਆ ਤੇ ਕਹਿਣ ਲੱਗਾ ਕਿ ਤਾਰ ਦੀ ਕੀ ਲੋੜ ਹੈ? ਮੈਂ ਖੁਦ ਜਾਂਦਾ ਹਾਂ ਤੇ ਤੁਹਾਨੂੰ ਆਪਣੇ ਮਾਮੇ ਦੇ ਪੁੱਤਰ ਮਹੰਤ ਸੇਵਾ ਸਿੰਘ ਜੀ ਕੋਲ ਪਿੰਡ ਬੱਲੋ ਛੱਡ ਆਉਂਦਾ ਹਾਂ ਤੇ ਤੁਹਾਡੇ ਲਈ ਗੁਟਕੇ ਆਦਿ ਵੀ ਲੈਂਦਾ ਆਵਾਂਗਾ। ਚਲੋ ਅੱਜ ਆਪਾਂ ਬੱਲੋ ਚਲੇ ਚਲੀਏ। ਗੱਲ ਕੀ ਉੱਥੋਂ ਗੱਡੀ ਚੜ੍ਹ ਕੇ ਤਪੇ ਨੂੰ ਮੁੜੇ ਤੇ ਤਪੇ ਤੋਂ ਉੱਤਰ ਕੇ ਬੱਲੋ ਜੋ ਕਿ ਉੱਥੋਂ ਕਈ ਮੀਲ ਸੀ, ਜਾ ਪਹੁੰਚੇ।

ਉਹ ਦੂਜੇ ਦਿਨ ਹੀ ਉਥੋਂ ਪਿੰਡ ਵੱਲ ਚਲਾ ਗਿਆ। ਪਰ ਅਸੀਂ ਕਈ ਦਿਨ ਉੱਥੇ ਹੀ ਰਹੇ। ਭਾਈ ਦਲੀਪ ਸਿੰਘ ਦਾ ਇਕ ਸਾਧਾਰਨ ਪਾਠ ਰੱਖਿਆ ਹੋਇਆ ਸੀ ਜੋ ਅਸੀਂ ਰਾਤ ਦਿਨ ਇਕ ਕਰਕੇ ਖਤਮ ਕੀਤਾ ਤੇ ਉਸ ਦੇ ਆਉਣ ’ਤੇ ਭੋਗ ਪਾ ਦਿੱਤਾ। ਉਨ੍ਹੀਂ ਦਿਨੀਂ ਚੀਫ਼ ਖ਼ਾਲਸਾ ਦੀਵਾਨ ਵੱਲੋਂ ਐਜੂਕੇਸ਼ਨ ਕਮੇਟੀ ਦਾ ਦੀਵਾਨ ਫਿਰੋਜ਼ਪੁਰ ਵਿਚ ਹੋਣਾ ਸੀ ਜਿੱਥੇ ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲੇ ਵੀ ਗਏ ਸਨ। ਇਸੇ ਦੀਵਾਨ ਉੱਤੇ ਹੀ ਚੀਫ਼ ਖ਼ਾਲਸਾ ਦੀਵਾਨ ਨੇ ਮਤਾ ਪਾਸ ਕੀਤਾ ਸੀ ਕਿ ਜਿਹੜੇ ਸੱਜਣ ਅਮਰੀਕਾ ਤੋਂ ਆਏ ਹਨ, ਭਾਵ ਗ਼ਦਰ ਪਾਰਟੀ ਵਾਲੇ ਹਨ, ਉਹ ਸਿੱਖ ਨਹੀਂ ਹਨ। ਇਹ ਦੀਵਾਨ ਦੂਜੇ ਦਿਨ ਹੀ ਸ਼ੁਰੂ ਹੋਣਾ ਸੀ। ਇਸ ਲਈ ਬੱਲੋ ਦੇ ਦੋ-ਤਿੰਨ ਸਿੰਘ ਵੀ ਉੱਥੇ ਜਾਣ ਲਈ ਤਿਆਰ ਹੋ ਗਏ। ਅਸੀਂ ਹੂੰ ਹਾਂ ਕਰਦੇ ਰਹੇ। ਅਸੀਂ ਸੋਚੀਏ ਕਿ ਅਸੀਂ ਤਾਂ ਕਿਧਰੇ ਹੋਰ ਜਾਣਾ ਹੈ, ਇੰਨ੍ਹਾਂ ਨਾਲੋਂ ਫਿਰੋਜ਼ਪੁਰ ਤੋਂ ਕਿਵੇਂ ਵਿਛੜਾਂਗੇ।

ਅਸੀਂ ਸਮਝਦੇ ਸੀ ਕਿ ਇਹ ਚਲਾਕ ਬੰਦਾ ਹੈ ਆਪੇ ਸਭ ਕੁਝ ਕਰ ਲਵੇਗਾ। ਇਨ੍ਹੀਂ ਦਿਨੀਂ ਅਸੀਂ ਆਪਣੇ ਨਾਮ ਬਦਲੇ ਹੋਏ ਸਨ। ਮੇਰਾ ਨਾਮ ਵਰਿਆਮ ਸਿੰਘ ਤੇ ਭਾਈ ਦਲੀਪ ਸਿੰਘ ਦਾ ਕਿਹਰ ਸਿੰਘ ਰੱਖਿਆ ਹੋਇਆ ਸੀ। ਸਵੇਰੇ ਗੱਡੀ ਚੜ੍ਹਨ ਤੋਂ ਇਕ ਦਿਨ ਪਹਿਲਾਂ, ਇਹ ਆਖ਼ਰੀ ਦਿਨ ਸੀ, ਜਦੋਂ ਅਸੀਂ ਇਹ ਅਰਦਾਸ ਕੀਤੀ ਕਿ ਸੱਚੇ ਪਾਤਸ਼ਾਹ ਅਸੀਂ ਭੁੱਲ ਕਰਕੇ ਤੇਰੇ ਸਿੰਘ (ਰੱਬ ਦੀ ਜੂੰ) ਨੂੰ ਬੁਰੀ ਭਾਵਨਾ ਨਾਲ ਦੇਖਦੇ ਰਹੇ, ਸਾਨੂੰ ਖਿਮਾ ਕਰੀਂ। ਇਹ ਅਰਦਾਸ ਕਰਕੇ ਅਸੀਂ ਸੌਂ ਗਏ ਤੇ ਸਵੇਰੇ ਉੱਠ ਕੇ ਇਸ਼ਨਾਨ ਕਰਕੇ ਤੜਕੇ ਹੀ, ਜਦੋਂ ਚੁੱਲ੍ਹੇ ਦੁਆਲੇ ਬੈਠ ਕੇ ਪ੍ਰਸ਼ਾਦੇ ਛੱਕ ਰਹੇ ਸੀ ਤਾਂ ਇਹ ਭਲਾ ਲੋਕ ਘਿਉ ਦੀਆਂ ਕੜਛੀਆਂ ਭਰ ਭਰ ਕੇ ਸਬਜ਼ੀ ਵਿਚ ਪਾਵੇ ਤੇ ਰੋਟੀਆਂ ’ਤੇ ਧਰੇ ਅਤੇ ਨਾਲੇ ਕਹੀ ਜਾਏ ਕਿ ਇੱਥੇ ਕੀ ਘਾਟਾ ਹੈ ? ਪਰ ਵਿਚੋਂ ਉਹ ਸਮਝਦਾ ਸੀ ਕਿ ਵਿਚਾਰਿਆਂ ਨੇ ਅੱਜ ਹੀ ਘਰ ਦੀ ਰੋਟੀ ਖਾਣੀ ਹੈ, ਫੇਰ ਪਤਾ ਨਹੀਂ ਕਿਹੋ ਜਿਹੀ ਜੁੜੇ। ਇਸ ਲਈ ਚੰਗੀ ਰੋਟੀ ਖੁਆ ਕੇ ਪੁੰਨ ਖੱਟਣਾ ਚਾਹੁੰਦਾ ਸੀ। ਪਰ ਜਦੋਂ ਕਿਸੇ ਗੱਲ ਦਾ ਭਾਂਡਾ ਫੁੱਟ ਜਾਏ ਤਾਂ ਜੱਸ ਕਿੱਥੇ?

ਖੈਰ ਅਸੀਂ ਪੰਜ-ਛੇ ਜਣਿਆਂ ਨੇ ਪਹੁ ਫੁੱਟਦੀ ਤੋਂ ਪਹਿਲਾਂ ਹੀ ਉੱਠ ਕੇ ਰਾਮਪੁਰਾ ਦੇ ਸਟੇਸ਼ਨ ਵੱਲ ਨੂੰ ਚਾਲੇ ਪਾ ਦਿੱਤੇ ਜੋ ਕਿ ਉੱਥੋਂ ਕਈ ਮੀਲ ਦੂਰ ਸੀ। ਸਟੇਸ਼ਨ ਦੇ ਐਨ ਨੇੜੇ ਇਕ ਸਿਪਾਹੀ ਨਜ਼ਰ ਆਇਆ ਤੇ ਕੁਝ ਸ਼ੱਕ ਪਿਆ, ਕਿਉਂਕਿ ਕੋਤਵਾਲੀ ਵਿਚੋਂ ਭੱਜਣ ਤੋਂ ਬਾਅਦ, ਅਸੀਂ ਕਦੇ ਵੀ ਸਟੇਸ਼ਨ ’ਤੇ ਨਹੀਂ ਸੀ ਗਏ ਤੇ ਨਾ ਹੀ ਗੱਡੀ ਚੜ੍ਹੇ ਸੀ। ਫੇਰ ਮਨ ਨੂੰ ਤਸੱਲੀ ਦੇਣ ਲਈ ਕਿਹਾ ਕਿ ਗੱਡੀ ਦਾ ਸਮਾਂ ਹੈ, ਵਰਦੀ ਪਾਉਣ ਆ ਗਿਆ ਹੋਵੇਗਾ। ਉਧਰ ‘ਰੱਬ ਦੀ ਜੂੰ’ ਨੇ ਸਾਨੂੰ ਪਲੇਟਫਾਰਮ ਦੇ ਛਿਪਦੇ ਪਾਸੇ ਸਿਰੇ ’ਤੇ ਜਾ ਬਿਠਾਇਆ ਤੇ ਕਿਹਾ ਕਿ ਤੁਸੀਂ ਇੱਥੇ ਬੈਠੋ। ਤੁਹਾਡੇ ਟਿਕਟ ਮੈਂ ਲੈ ਆਵਾਂਗਾ। ਅਸੀਂ ਉੱਥੇ ਬੈਠ ਗਏ। ਗੱਡੀ ਆਉਣ ਵਾਲੀ ਹੀ ਸੀ।

ਇਹ ਤਾਕੀ ਅੱਗੇ ਜਾ ਖਲੋਤਾ ਤੇ ਏਧਰ ਪੁਲਿਸ ਦੀ ਧਾੜ ਨੇ ਸਾਡੇ ਉੱਤੇ ਰੇਡ ਕਰ ਦਿੱਤਾ, ਜੋ ਇਸ ਤਰ੍ਹਾਂ ਸੀ। ਪੰਦਰਾਂ-ਵੀਹ ਬੰਦੇ ਇਕੱਠੇ ਹੀ ਸਾਡੇ ਕੋਲ ਆ ਖਲੋਤੇ ਤੇ ਹੱਥਕੜੀਆਂ ਵਾਲਾ ਦੁਪੱਟਾ, ਜਿਸ ਵਿਚ ਕਿ ਉਹ ਲਪੇਟੀਆਂ



www.AKJ.Org

ਹੋਈਆਂ ਸਨ, ਸਾਡੇ ਕੋਲ ਹੀ ਸੁੱਟ ਕੇ ਹੱਥਕੜੀਆਂ ਚੁੱਕ ਕੇ ਜਿਹੜੇ ਗੁਰਮੁਖ ਸਾਡੇ ਨਾਲ ਬੱਲੋ ਤੋਂ ਆਏ ਸਨ, ਉਨ੍ਹਾਂ ਦੇ ਲਾਉਣੀਆਂ ਸ਼ੁਰੂ ਕਰ ਦਿੱਤੀਆਂ। ਉਹ ਹੈਰਾਨ ਰਹਿ ਗਏ ਤੇ ਪੁਲਿਸ ਵਾਲੇ ਘਬਰਾ ਗਏ ਜਦੋਂ ਇਕ ਬਹੁਤ ਤਕੜੇ ਗੱਭਰੂ ਦੇ ਮੋਟੇ ਗੁੱਟ ’ਤੇ ਹੱਥਕੜੀ ਨਾ ਲੱਗੇ। ਇਕ-ਦੋ ਮਿੰਟਾਂ ਦੀ ਘਬਰਾਹਟ ਪਿੱਛੋਂ ਉਨ੍ਹਾਂ ਨੂੰ ਪਤਾ ਲੱਗਾ ਕਿ ਉਹ ਗਲਤ ਬੰਦਿਆਂ ਨੂੰ ਫੜਨ ਲੱਗੇ ਹਨ। ਅਸਲੀਅਤ ਪਤਾ ਲੱਗਣ ’ਤੇ ਉਹ ਸਾਡੇ ਕੋਲ ਆਏ। ਮੈਂ ਤਾਂ ਉੱਠ ਕੇ ਖਲੋ ਗਿਆ ਤੇ ਭਾਈ ਦਲੀਪ ਸਿੰਘ ਦੇ ਦੋ-ਤਿੰਨ ਹੁੱਝਾਂ ਵੀ ਸੋਟੀਆਂ ਦੀਆਂ ਮਾਰੀਆਂ ਕਿ ਨਿਕਲ ਚਲੀਏ, ਸਾਡੀ ਕੌਣ ਸ਼ਨਾਖਤ ਕਰਦਾ ਹੈ, ਪਰ ਭਾਈ ਦਲੀਪ ਸਿੰਘ ਬੈਠੇ ਹੀ ਰਹੇ। ਉਹ ਉੱਠੇ ਤਾਂ ਮੈਂ ਵੀ ਚੁੱਪ ਚਾਪ ਖਲੋ ਗਿਆ, ਏਨੇ ਨੂੰ ਉਹ ਸਾਡੇ ਨੇੜੇ ਹੋਏ ਤੇ ਸਾਡੇ ਨਾਮ ਆਦਿ ਪੁੱਛ ਕੇ ਹੱਥਕੜੀਆਂ ਲਾ ਦਿੱਤੀਆਂ ਤੇ ਦੂਜੇ ਸਿੰਘਾਂ ਨੂੰ ਛੱਡ ਦਿੱਤਾ।

ਏਨੇ ਚਿਰ ਨੂੰ ਗੱਡੀ ਆ ਗਈ ਤੇ ‘ਰੱਬ ਦੀ ਜੂੰ’ ਵੀ ਆ ਕੇ ਲੱਗਾ, ਔਖਾ ਹੋਣ ਕਿ ਇਹ ਕੀ ਕਰਦੇ ਹੋ? ਇਨ੍ਹਾਂ ਨੂੰ ਕਿਉਂ ਫੜਦੇ ਓ? ਤਾਂ ਉਨ੍ਹਾਂ ਕਿਹਾ ਕਿ ਜਾ ਬਾਬਾ ਚੁੱਪ ਕਰਕੇ ਚਲਾ ਜਾ, ਨਹੀਂ ਤਾਂ ਤੈਨੂੰ ਵੀ ਫੜ ਲਵਾਂਗੇ। ਗੱਲ ਤਾਂ ਗਿਣੀ ਮਿੱਥੀ ਹੀ ਸੀ। ਬੱਸ ਸਾਡੇ ਭਰਮ ਵੀ ਦੂਰ ਹੋ ਗਏ ਤੇ ਸਾਨੂੰ ਉੱਥੋਂ ਗੱਡੀ ਚੜ੍ਹਾ ਕੇ ਪੁਲਿਸ ਲੁਧਿਆਣੇ ਲੈ ਆਈ। ਭੇਤ ਖੁੱਲਣ ਦੇ ਡਰ ਤੋਂ ਇਕ ਹੋਰ ਮੁਖਬਰ ਬੁੱਢਾ, ਜਿਹੜਾ ਪੁਲਿਸ ਨੇ ਨਾਲ ਹੀ ਲਿਆਂਦਾ ਸੀ ਤਾਂ ਜੋ ਸਾਨੂੰ ‘ਰੱਬ ਦੀ ਜੂੰ’ ਉੱਤੇ ਸ਼ੱਕ ਨਾ ਹੋਵੇ, ਪਰ ਹੁਣ ਸਾਰੀ ਗੱਲ ਪ੍ਰਗਟ ਹੋ ਗਈ ਸੀ ਕਿ ਜੂੰ ਬਿਨ੍ਹਾਂ ਸਾਨੂੰ ਇੱਥੇ ਕਿਹੜਾ ਜਾਣਦਾ ਸੀ। ਫੇਰ ਇਹ ਫਰਾਡ ਕਿਵੇਂ ਚੱਲ ਸਕਦਾ ਸੀ?

ਪੁਲਿਸ ਵਾਲੇ ਤੇ ਉਹ ‘ਮੁਖਬਰ’ ਸਾਡੇ ਨਾਲ ਰਾਹ ਵਿਚ ਬਹੁਤ ਮਿੱਠੀਆਂ ਗੱਲਾਂ ਕਰਦੇ ਆਏ ਤੇ ਕਹਿਣੇ ਲੱਗੇ ਕਿ ਤੁਹਾਨੂੰ ਅਸੀਂ ਜੇਲ੍ਹ ਜਾਣ ਹੀ ਨਹੀਂ ਦੇਣਾ, ਜਾਂਦੇ ਸਾਰ ਹੀ ਜ਼ਮਾਨਤਾਂ ਕਰਾ ਦਿਆਂਗੇ। ਤੁਸੀਂ ਦੱਸੋ ਕਿ ਕਿਸ ਨੂੰ ਤੁਹਾਡੇ ਘਰਾਂ ਵਿਚ ਅਸੀਂ ਮਿਲਾ ਦੇਈਏ ਤਾਂ ਕਿ ਤੁਹਾਨੂੰ ਜੇਲ੍ਹ ਜਾਣਾ ਹੀ ਨਾ ਪਵੇ। ਇਸ ਤਰ੍ਹਾਂ ਸ਼ਾਮ ਹੁੰਦਿਆਂ ਅਸੀਂ ਲੁਧਿਆਣੇ ਆ ਉੱਤਰੇ। ਉਤਰਦਿਆਂ ਹੀ ਰੇਲਵੇ ਸਟੇਸ਼ਨ ਦੀ ਹਵਾਲਾਤ ਵਿਚ ਗਏ ਤਾਂ ਅੱਗੋਂ ਉਸ ਵਿਚ ਇਕ ਹੋਰ ਸੱਜਣ ਸੀ ਜੋ ਮਗਰੋਂ ਹਵਾਲਾਤ ਵਿਚ ਸਾਡੇ ਨਾਲ ਰਿਹਾ ਤੇ ਫਾਂਸੀ ਲੱਗਾ। ਇਹ ਸੱਜਣ ਪਿੰਡ ਖੁਰਦਪੁਰ, ਜ਼ਿਲ੍ਹਾ ਜਲੰਧਰ ਦਾ ਸੀ ਜਿਹੜਾ ਕਿ ਮਲਵਈ ਪਾਰਟੀ ਭਾਈ ਉੱਤਮ ਸਿੰਘ ਹਾਂਸ ਤੇ ਭਾਈ ਈਸ਼ਰ ਸਿੰਘ ਢੁੱਡੀਕੇ ਦੇ ਜੋੜੇ ਨਾਲ ਕੰਮ ਕਰਦਾ ਸੀ।

ਫੇਰ ਸਾਨੂੰ ਕੋਤਵਾਲੀ ਵਿਚ ਲੈ ਗਏ ਜਿੱਥੋਂ ਕਿ ਅਸੀਂ ਭੱਜੇ ਸਾਂ। ਇੱਥੇ ਵੀ ਸਾਡੇ ਲਈ ਕੋਈ ਹਵਾਲਾਤ ਖਾਲੀ ਨਹੀਂ ਸੀ। ਖੈਰ ਇੱਥੇ ਸਾਡੇ ਛਕਣ ਛਕਾਉਣ ਲਈ ਚੰਗੇ ਫਲ ਫਰੂਟ ਸੇਬ ਆਦਿ ਲਿਆਂਦੇ ਗਏ ਕਿਉਂਕਿ ਉਹ ਸਾਨੂੰ ਵਡਿਆਕੇ, ਖੁਸ਼ ਕਰਕੇ ਕੋਈ ਬਿਆਨ ਲੈਣਾ ਚਾਹੁੰਦੇ ਸਨ। ਅਸੀਂ ਉਹ ਫਲ ਖਾ ਲਏ ਤੇ ਫੇਰ ਸਾਨੂੰ ਉੱਥੋਂ ਪੁਲਿਸ ਲਾਈਨ ਦੀ ਡਿਓੜ੍ਹੀ ਵਾਲੀ ਹਵਾਲਾਤ ਵਿਚ ਲਿਆ ਕੇ ਬੰਦ ਕੀਤਾ ਗਿਆ। ਰਾਤ ਜਦ ਸੁੱਤੇ ਤ ਹਵਾਲਾਤ ਵਿਚ ਫਰਸ਼ ’ਤੇ ਕੀੜੇ ਕਾਫ਼ੀ ਸਨ ਤੇ ਅਸੀਂ ਇਕ ਮੰਜੇ ’ਤੇ ਸੌਂ ਗਏ। ਇੱਥੇ ਅਸੀਂ ਤਿੰਨ ਦਿਨ ਰਹੇ। ਇਕ ਖਾਨ ਸਾਹਿਬ ਸਾਡੇ ਇੰਚਾਰਜ ਸਨ। ਉਨ੍ਹਾਂ ਕਈ ਵਾਰ ਸਾਨੂੰ ਅੱਡੋ-ਅੱਡ ਬੁਲਾ ਕੇ ਸੁਰਾਗ ਕੱਢਣ ਤੇ ਬਿਆਨ ਲੈਣੇ ਚਾਹੇ। ਪਰ ਅਸੀਂ ਕੁਝ ਵੀ ਉਨ੍ਹਾਂ ਦੇ ਪੱਲੇ ਨਾ ਪੈਣ ਦਿੱਤਾ। ਕਦੇ ਮੈਨੂੰ ਕਹਿਣ ਕਿ ਫਲਾਣੀ ਗੱਲ ਦਲੀਪ ਸਿੰਘ ਦੱਸਦਾ ਹੈ, ਕਦੇ ਉਹ ਕਹਿਣ ਹਰਭਜਨ ਸਿੰਘ ਇਉਂ ਕਹਿੰਦਾ ਹੈ। ਮਾੜੇ ਮੋਟੇ ਹਾਲਾਤ ਦਾ ਤਾਂ ਉਨ੍ਹਾਂ ਨੂੰ ਪਤਾ ਹੀ ਸੀ। ਐਵੇਂ ਕਹਿ ਛੱਡਿਆ ਕਰਨ ਕਿਹੜੇ-ਕਿਹੜੇ ਸੱਜਣ ਜੱਥੇ ਵਿਚ ਸਨ, ਆਪ ਹੀ ਉਨ੍ਹਾਂ ਦੇ ਨਾਂ ਲੈ ਛੱਡਣ। ਦੋ ਦਿਨ ਇਹੋ ਕੁਝ ਹੁੰਦਾ ਰਿਹਾ। ਤੀਜੇ ਦਿਨ ਡੀ.ਐੱਸ.ਪੀ. ਦੀ ਕੋਠੀ ਲੈ ਗਏ।

ਇਕ ਥਾਣੇਦਾਰ ਕਹਿਣ ਲੱਗਾ ਕਿ ਭਾਈ ਅੱਵਲ ਤਾਂ ਤੁਹਾਨੂੰ ਫਾਂਸੀ ਹੋਵੇਗੀ, ਨਹੀਂ ਤਾਂ ਉਮਰ ਕੈਦ ਤਾਂ ਲਾਜ਼ਮੀ ਹੋਵੇਗੀ, ਇਸ ਲਈ ਹੁਣ ਤੁਹਾਡੀਆਂ ਜ਼ਿੰਦਗੀਆਂ ਤੁਹਾਡੇ ਆਪਣੇ ਹੱਥ ਵਿਚ ਹਨ ਭਾਵੇਂ ਰੱਖ ਲਵੋ, ਭਾਵੇਂ ਗਵਾ ਲਓ। ਤਾਂ ਮੈਂ ਕਿਹਾ ਕਿ ਇਹ ਗੱਲ ਬਿਲਕੁਲ ਝੂਠ ਹੈ, ਜ਼ਿੰਦਗੀ ਤਾਂ ਵਾਹਿਗੁਰੂ ਦੇ ਹੱਥ ਵਿਚ ਹੈ। ਉਸ ਤੋਂ ਬਿਨਾਂ



www.AKJ.Org

ਹੋਰ ਕੋਈ ਮਾਰ ਨਹੀਂ ਸਕਦਾ। ਉਸ ਨੇ ਮੁੜ ਕੇ ਕਿਹਾ ਕਿ ਇਉਂ ਕਹਿੰਦੇ ਕਿੰਨੇ ਹੀ ਫਾਂਸੀਆਂ ’ਤੇ ਚੜ੍ਹ ਗਏ। ਅਸੀਂ ਕਿਹਾ ਕਿ ਜੇ ਉਹ ਚੜ੍ਹ ਗਏ ਤਾਂ ਸਾਨੂੰ ਵੀ ਚੜ੍ਹਨਾ ਪਿਆ ਤਾਂ ਚੜ੍ਹ ਜਾਵਾਂਗੇ।

ਗੱਲ ਕੀ ਅਸੀਂ ਉਨ੍ਹਾਂ ਨੂੰ ਉੱਕਾ ਹੀ ਕੋਈ ਬਿਆਨ ਨਾ ਦਿੱਤਾ। ਅਖੀਰ ਉਹ ਉੱਥੋਂ ਸਾਨੂੰ ਮੋੜ ਕੇ ਫੇਰ ਹਵਾਲਾਤ ਵਿਚ ਲੈ ਗਏ ਤੇ ਕਹਿਣ ਕਿ ਅੱਜ ਤੁਹਾਨੂੰ ਭਾਈ ਰਣਧੀਰ ਸਿੰਘ ਨਾਲ ਮਿਲਾਈਏ ਤਾਂ ਅਸੀਂ ਕਿਹਾ ਜ਼ਰੂਰ ਮਿਲਾਓ, ਸਾਨੂੰ ਹੋਰ ਕੀ ਚਾਹੀਦਾ ਹੈ। ਉਨ੍ਹਾਂ ਨੂੰ ਤਾਂ ਪਹਿਲਾਂ ਹੀ ਪਤਾ ਸੀ ਕਿ ਸਾਨੂੰ ਜੇਲ੍ਹ ਭੇਜ ਦਿੱਤਾ ਜਾਵੇਗਾ। ਸੋ ਆਪਣੇ ਵਚਨ ਅਨੁਸਾਰ ਉਹ ਸਾਨੂੰ ਉਸੇ ਦਿਨ ਜੇਲ੍ਹ ਛੱਡ ਆਏ ਤੇ ਅਸੀਂ ਉੱਥੇ ਭਾਈ ਸਾਹਿਬ ਜੀ, ਗਿਆਨੀ ਨਾਹਰ ਸਿੰਘ, ਬਾਬਾ ਰਾਮ ਸਿੰਘ, ਭਾਈ ਅਤਰ ਸਿੰਘ ਤੇ ਭਾਈ ਲਾਲ ਸਿੰਘ ਆਦਿ ਸਿੰਘਾਂ ਨੂੰ ਮਿਲ ਕੇ ਬਾਗੋ ਬਾਗ ਹੋ ਗਏ।

ਇਸ ਜੇਲ੍ਹ ਵਿਚ ਰੋਟੀ ਪਾਣੀ ਚੰਗਾ ਨਹੀਂ ਸੀ। ਖੈਰ ਦਸ ਬਾਰਾਂ ਦਿਨਾਂ ਤੋਂ ਬਾਅਦ ਇਥੋਂ ਸਾਡਾ ਚਲਾਨ 27-10-1915 ਨੂੰ ਲਾਹੌਰ ਸੈਂਟਰਲ ਜੇਲ੍ਹ ਨੂੰ ਹੋ ਗਿਆ। ਅਸੀਂ ਕੁਲ ਦੋ ਕੁ ਦਰਜਨ ਬਿਬੇਕੀ ਸਿੰਘ ਹੋਵਾਂਗੇ। ਜੇਲ੍ਹ ਤੋਂ ਸਟੇਸ਼ਨ ਤੱਕ ਅੱਗੇ ਪਿੱਛੇ ਬੰਦੂਕਾਂ ਦੇ ਪਹਿਰੇ ਹੇਠ ਪਹੁੰਚੇ। ਸਖਤੀ ਇਨ੍ਹੀਂ ਦਿਨੀਂ ਏਨੀ ਸੀ ਕਿ ਕੋਈ ਸਿੱਖ ਸਾਨੂੰ ਦੇਖ ਕੇ ਫਤਹਿ ਨਹੀਂ ਸੀ ਬੁਲਾ ਸਕਦਾ। ਪੁਲਿਸ ਦੇ ਸਿਪਾਹੀ ਤੇ ਥਾਣੇਦਾਰ ਆਦਿ ਵੀ ਪਿੱਠ ਕਰਕੇ ਗੱਲਾਂ ਕਰਦੇ ਸਨ। ਸਾਹਮਣੇ ਹੋ ਕੇ ਸਾਡੇ ਨਾਲ ਕੋਈ ਗੱਲਬਾਤ ਨਹੀਂ ਸੀ ਕਰ ਸਕਦਾ।

ਲਾਹੌਰ ਸਟੇਸ਼ਨ ਤੇ ਉੱਤਰ ਕੇ ਦੁਪਹਿਰ ਤੋਂ ਬਾਅਦ ਧੁੱਪ ਵਿਚ ਪੈਦਲ ਹੀ ਸੈਂਟਰਲ ਜੇਲ੍ਹ ਨੂੰ ਲੈ ਤੁਰੇ। ਅੱਗੇ ਪਿੱਛੇ ਤੇ ਆਲੇ-ਦੁਆਲੇ ਬੰਦੂਕਾਂ ਦੇ ਪਹਿਰੇ ਸਨ। ਜੇਲ੍ਹ ਜਾ ਕੇ ਸਾਨੂੰ ਮੁੰਡੇ ਖਾਨੇ ਜਿਹੜਾ ਕਿ ਸਿਆਸਤ ਖਾਨੇ ਵੱਲ ਹੈ, ਤੇ ਬਾਕੀਆਂ ਨੂੰ 14 ਨੰਬਰ ਬੈਰਕ ਵਿਚ ਬੰਦ ਕਰ ਦਿੱਤਾ। ਦੂਜੇ ਦਿਨ ਸ਼ਨਾਖਤੀ ਪਰੇਡ ਹੋਈ ਜਿਸ ਵਿਚ ਵਾਇਦਾ ਮੁਆਫਾਂ ਨੇ ਸਾਡੀ ਸ਼ਨਾਖਤ ਕੀਤੀ। ਮੇਰੇ ਉੱਤੇ ਉੱਤਮ ਸਿੰਘ ਹਾਂਸ, ਭਗਤ ਸਿੰਘ ਬੱਲੋਵਾਲ, ਅਨੋਖ ਸਿੰਘ ਈਸੇਵਾਲ, ਸ਼ੰਕਰ ਸਿੰਘ, ਇੰਦਰ ਸਿੰਘ ਖੰਨਾ ਤੇ ਇਸ ਦੀ ਘਰਵਾਲੀ ਨਿਹਾਲ ਕੌਰ ਵਾਇਦਾ ਮੁਆਫ਼ ਸਨ।

ਫੇਰ ਅਦਾਲਤ ਵਿਚ ਜੋ ਕਿ ਜੇਲ੍ਹ ਦੀ ਹੀ ਇਕ ਬੈਰਕ ਵਿਚ ਸੀ, 29 ਅਕਤੂਬਰ 1915 ਨੂੰ ਮੁਕੱਦਮਾ ਸ਼ੁਰੂ ਹੋਇਆ। ਇਸ ਤੋਂ ਪਹਿਲਾਂ ਇਕ ਮੁਕੱਦਮਾ ਕਰਤਾਰ ਸਿੰਘ ਸਰਾਭਾ ਵਾਲਾ ਖ਼ਤਮ ਹੋ ਚੁੱਕਾ ਸੀ ਜਿਸ ਨੂੰ ਲਾਹੌਰ ਸਾਜਸ਼ ਕੇਸ ਪਹਿਲਾ ਕਹਿੰਦੇ ਹਨ। ਇਸ ਵਿਚ 64 ਸੱਜਣ ਸਨ। ਸੱਤ ਫਾਂਸੀ ਲੱਗੇ ਤੇ ਬਾਕੀ ਬਹੁਤੇ ਉਮਰ ਕੈਦ ਹੋਏ। ਕੋਈ ਵਿਰਲਾ ਹੀ ਦੋ-ਚਾਰ ਸਾਲ ਵਾਲਾ ਹੋਊ। ਇਹ ਸਾਡੇ ਵਾਲਾ ਦੂਜਾ ਕੇਸ ਸੀ। ਇਸ ਵਿਚ ਕੁੱਲ 102 ਬੰਦੇ ਸਨ। ਇਸਤਗਾਸੇ ਦੇ ਤਿੰਨ ਵਕੀਲ ਪਿਟਮੈਨ ਤੇ ਦੋ ਉਸ ਦੇ ਸਹਾਇਕ ਸਨ, ਇਕ ਮੁਸਲਮਾਨ ਤੇ ਇਕ ਹਿੰਦੂ (ਰਾਮ ਲਾਲ) ਇਸ ਤੋਂ ਬਿਨਾਂ ਮੁਲਜ਼ਮਾਂ ਦੇ ਡਿਫੈਂਸ ਲਈ ਸੱਤ-ਅੱਠ ਵਕੀਲ ਸਨ, ਜਿਨ੍ਹਾਂ ਕੋਲ ਹਰ ਇਕ ਪਾਸ ਦਸ-ਦਸ ਬੰਦੇ ਸਨ। ਮੇਰਾ ਵਕੀਲ ਆਸਫ਼ ਅਲੀ ਬੈਰਿਸਟਰ ਦਿੱਲੀ ਵਾਲਾ ਸੀ। ਭਾਈ ਸਾਹਿਬ ਦੇ ਵਕੀਲ ਮੁਹੰਮਦ ਆਲਮ ਸਨ ਜੋ ਮਗਰੋਂ ਪੰਜਾਬ ਕਾਂਗਰਸ ਦੇ ਕਰਤਾ ਧਰਤਾ ਬਣੇ। ਪਰ ਹਾਜ਼ਰ ਅਸੀਂ 75 ਕੁ ਹੀ ਸਾਂ।

ਸਾਨੂੰ ਐਤਵਾਰ ਤੋਂ ਬਿਨਾਂ ਹਰ ਰੋਜ਼ ਕਚਹਿਰੀ ਹੱਥਕੜੀਆਂ ਲਾ ਕੇ ਜਾਂਦੇ ਸੀ ਤੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਕਿਆਦਤ ਵਿਚ ਜਪੁਜੀ ਸਾਹਿਬ, ਜਾਪ ਸਾਹਿਬ, ਚੌਪਈ, ਆਨੰਦ ਸਾਹਿਬ ਤੇ ਹੋਰ ਬਾਣੀਆਂ ਦਾ ਅਖੰਡ ਪਾਠ ਦਿਨ ਰਾਤ ਹੁੰਦਾ ਰਹਿੰਦਾ ਸੀ। ਮੈਂ ਵੱਡੇ ਦਿਨਾਂ ਦੀਆਂ ਛੁੱਟੀਆਂ ਵਿਚ ਹੀ ਪੰਜ ਅਸ਼ਟਪਦੀਆਂ ਸੁਖਮਨੀ ਸਾਹਿਬ ਦੀਆਂ ਕੰਠ ਕਰ ਲਈਆਂ ਸੀ ਤੇ ਛੁੱਟੀ ਵਾਲੇ ਦਿਨ ਜਪੁਜੀ ਸਾਹਿਬ ਦੇ ਸੌ-ਸੌ ਪਾਠ ਕਰ ਲੈਂਦਾ ਸੀ ਤੇ ਤੇਰਾਂ ਪਾਠ ਸੁਖਮਨੀ ਸਾਹਿਬ ਦੇ। ਸਿੰਘ ਇਕੱਠੇ ਹੋਣ ਕਰਕੇ ਖੂਬ ਚੜ੍ਹਦੀਆਂ ਕਲਾ ਵਿਚ ਰਹਿੰਦੇ ਸਨ। ਕੋਈ ਫਿਕਰ ਨਹੀਂ ਸੀ ਹੁੰਦਾ।

ਆਖਰ 30 ਮਾਰਚ 1916 ਨੂੰ ਮੁਕੱਦਮੇ ਦਾ ਫੈਸਲਾ ਸੁਣਾ ਦਿੱਤਾ ਗਿਆ। ਮੁਲਜ਼ਮਾਂ ਦੀਆਂ ਸੱਤ ਟੋਲੀਆਂ ਬਣਾ ਕੇ ਅੱਡੋ-ਅੱਡ ਸਖਤ ਪਹਿਰਿਆਂ ਵਿਚ ਇਹ ਕਾਰਵਾਈ ਕੀਤੀ। ਇਕ ਟੋਲੀ ਅੰਦਰ ਹੈ ਤਾਂ ਦੂਜੀ ਬਾਹਰ ਵਿਹੜੇ ਵਿਚ



www.AKJ.Org

ਤੇ ਤੀਜੀ ਇਕ ਗਲੀ ਵਿਚ ਖੜੀ ਹੈ, ਚੌਥੀ ਅਜੇ ਬੈਠੀ ਹੈ। ਇਸ ਤਰ੍ਹਾਂ ਛੇਆਂ ਨੂੰ ਫਾਂਸੀ-ਭਾਈ ਉੱਤਮ ਸਿੰਘ ਹਾਂਸ, ਭਾਈ ਈਸ਼ਰ ਸਿੰਘ ਢੁੱਡੀਕੇ, ਭਾਈ ਰੂੜ ਸਿੰਘ ਤਲਵੰਡੀ ਦੁਸਾਂਝ, ਭਾਈ ਰੰਗਾ ਸਿੰਘ ਖੁਰਦਪੁਰ, ਭਾਈ ਬੀਰ ਸਿੰਘ ਬਾਹੋਵਾਲ, ਭਾਈ ਹੀਰਾ ਸਿੰਘ ਚਰੜ (ਲਾਹੌਰ), ਜਿੰਨ੍ਹਾਂ ਦੀ ਫਾਂਸੀ ਟੁੱਟ ਗਈ ਪਰ ਪਿਛੋਂ ਬੀਮਾਰ ਹੋ ਕੇ ਬਲਗਾਮ ਜੇਲ੍ਹ ਹਸਪਤਾਲ ਵਿਚ ਗੁਜ਼ਰ ਗਏ ਸਨ। ਬਾਕੀ ਚਾਲੀਆਂ ਤੋਂ ਵੱਧ ਨੂੰ ਉਮਰ ਕੈਦ ਤੇ ਜਾਇਦਾਦ ਕੁਰਕ ਦਾ ਹੁਕਮ ਹੋਇਆ। ਮੈਨੂੰ ਉਮਰ ਕੈਦ ਤੇ ਜਾਇਦਾਦ ਕੁਰਕ ਦੀ ਸਜ਼ਾ ਹੋਈ। ਕੈਦ ਹੋਣ ਸਮੇਂ ਕਈ ਦੇਖ ਕੇ ਰੋਂਦੇ ਸਨ ਕਿ ਇੰਨੇ ਨਿੱਕੇ ਬੱਚਿਆਂ ਨੂੰ ਉਮਰ ਕੈਦ। ਪਰ ਸਾਨੂੰ ਗੁਰੂ ਨੇ ਚੜ੍ਹਦੀ ਕਲਾ ਬਖਸ਼ੀ ਸੀ। ਮੈਨੂੰ ਯਾਦ ਹੈ ਮੈਂ ਭਾਈ ਮਸਤਾਨ ਸਿੰਘ ਨਾਰੰਗਵਾਲ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਦੇਖੋ ਭਾਈ ਸਾਹਿਬ। ਸਾਡਾ ਮਨ ਤਾਂ ਪਹਿਲਾਂ ਹੀ ਸਤਿਗੁਰੂ ਤੇ ਦੇਸ਼ ਸੇਵਾ ਵੱਲ ਸੀ, ਹੁਣ ਸਰਕਾਰ ਨੇ ਉਮਰ ਕੈਦ ਕਰਕੇ ਤੇ ਜਾਇਦਾਦ ਕੁਰਕ ਕਰਕੇ ਅੱਜ ਤਨ, ਮਨ ਤੇ ਧਨ ਅਸਲ ਅਰਥਾਂ ਵਿਚ ਦੇਸ਼ ਤੇ ਕੌਮ ਉਤੋਂ ਵਾਰ ਦਿੱਤਾ ਹੈ। ਮੇਰੇ ਇਹ ਬੋਲ ਸੁਣ ਕੇ ਪੁਲਿਸ ਦੇ ਸਿਪਾਹੀ ਨੇ ਬੜੀ ਹੈਰਾਨੀ ਨਾਲ ਸਿਰ ਮਾਰਿਆ।

ਫੇਰ ਕੋਠੀ ਵਿਚ ਲਿਜਾ ਕੇ ਮੱਲੋ-ਮੱਲੀ ਪੰਜ-ਸੱਤ ਟੋਪੀਆਂ ਲੈਣ ਲਈ ਕਿਹਾ ਤੇ ਨਾਲੇ ਹਿਦਾਇਤ ਕੀਤੀ ਕਿ ਜੇ ਟੋਪੀ ਨਹੀਂ ਲਵੋਗੇ ਤਾਂ ਘਰਦਿਆਂ ਨਾਲ ਮੁਲਾਕਾਤ ਨਹੀਂ ਕਰਾਈ ਜਾਵੇਗੀ। ਅਸੀਂ ਕਹਿ ਦਿੱਤਾ ਕਿ ਅਸੀਂ ਘਰਦਿਆਂ ਨੂੰ ਨਹੀਂ ਮਿਲਦੇ ਪਰ ਟੋਪੀ ਨਹੀਂ ਲੈਣੀ। ਸਾਡੇ ਕੱਪੜੇ ਉਤਾਰ ਕੇ ਜੇਲ੍ਹ ਦੇ ਕਪੜੇ ਜ਼ਬਰਦਸਤੀ ਪਹਿਨਾ ਦਿੱਤੇ ਗਏ।

ਇਥੋਂ ਤੀਜੇ ਦਿਨ ਮੁਲਤਾਨ, ਮਿੰਟਗੁਮਰੀ, ਰਾਵਲਪਿੰਡੀ ਤੇ ਅੰਬਾਲਾ ਜੇਲ੍ਹਾਂ ਨੂੰ ਦੱਸ-ਦੱਸ ਸਿੰਘਾਂ ਦੇ ਟੋਲੇ ਬਣਾ ਕੇ ਭੇਜ ਦਿੱਤੇ। ਚਲਾਨ ਸਮੇਂ ਹਥਿਆਰਬੰਦ ਗੱਡੀਆਂ ਜੇਲ੍ਹ ਅੰਦਰ ਚਲੀਆਂ ਗਈਆਂ ਤੇ ਸਭ ਸਿੰਘਾਂ ਦੇ ਜੋੜੇ ਬਣਾ ਕੇ ਪੈਰੀਂ ਬੇੜੀਆਂ ਤੇ ਹੱਥਾਂ ਵਿਚ ਹੱਥਕੜੀਆਂ ਦੀ ਥਾਂ ਲੁਹਾਰ ਬੁਲਾ ਕੇ ਮੋਟੇ ਕੜੇ ਪਾ ਕੇ ਕਿੱਲ ਲਾ ਕੇ ਝੰਡ ਕਰ ਦਿੱਤੀ। ਮੇਰਾ ਜੁੱਟ ਗਿਆਨੀ ਨਾਹਰ ਸਿੰਘ ਗੁੱਜਰਵਾਲ ਨਾਲ ਕਰ ਦਿੱਤਾ ਗਿਆ।

ਜਦੋਂ ਸਾਰੇ ਬੈਰਕਾਂ ਵਿਚੋਂ ਨਿਕਲ ਕੇ ਜੇਲ੍ਹ ਦੇ ਅੰਦਰ ਖੁੱਲ੍ਹੇ ਮੈਦਾਨ ਵਿਚ ਗੱਡੀਆਂ 'ਤੇ ਚੜ੍ਹਨ ਲਈ ਨਿਕਲੇ ਤਾਂ ਸਭ ਤੋਂ ਪਹਿਲਾਂ ਕੰਮ ਇਹ ਕੀਤਾ ਕਿ ਟੋਪੀਆਂ ਹੱਥ ਵਿਚ ਫੜਦਿਆਂ ਸਾਰ ਵਗਾਹ ਮਾਰੀਆਂ। ਕਿਸੇ ਚੂੰ ਨਹੀਂ ਕੀਤੀ। ਚਾਰ-ਚਾਰ ਸਿੰਘ ਇਕ ਗੱਡੀ ਵਿਚ ਬਿਠਾ ਕੇ ਡਿਓੜ੍ਹੀ ਵਿਚ ਲਿਜਾਂਦੇ। ਡਿਓੜ੍ਹੀ ਦਾ ਪਹਿਲਾ ਦਰਵਾਜ਼ਾ ਖੋਲ੍ਹ ਕੇ ਗੱਡੀ ਅੰਦਰ ਕੀਤੀ ਜਾਂਦੀ ਤੇ ਜਿੰਦਰਾ ਮਾਰ ਦਿੱਤਾ ਜਾਂਦਾ ਸੀ। ਬਾਹਰ ਦਾ ਗੇਟ ਖੋਲ੍ਹ ਕੇ ਗੱਡੀ ਬਾਹਰ ਕਰਕੇ ਫੇਰ ਜਿੰਦਰਾ ਮਾਰਿਆ ਜਾਂਦਾ ਸੀ। ਇਸ ਤਰ੍ਹਾਂ ਜਦ ਸਭ ਗੱਡੀਆਂ ਬਾਹਰ ਆ ਗਈਆਂ ਤਾਂ ਹਰ ਇਕ ਗੱਡੀ ਉੱਤੇ ਚਾਰ ਬੰਦੂਕਾਂ ਵਾਲੇ ਸਿਪਾਹੀ ਬਿਠਾ ਕੇ ਉਸ ਗੱਡੀ ਦੇ ਇਧਰ ਉਧਰ ਗੱਡੀਆਂ ਲਾ ਕੇ, ਰਾਤ ਦੇ ਤਕਰੀਬਨ ਅੱਠ ਵਜੇ ਤੋਂ ਬਾਅਦ ਮੁਗਲਪੁਰੇ ਦੇ ਸਟੇਸ਼ਨ 'ਤੇ ਗੱਡੀ ਵਿਚ ਜਾ ਬਿਠਾਏ।

ਭਾਈ ਰਣਧੀਰ ਸਿੰਘ ਜੀ ਤੇ ਵੀਹ ਹੋਰ ਸਿੰਘ ਮੁਲਤਾਨ ਤੇ ਅਸੀਂ ਦੱਸ ਸਿੰਘ ਮਿੰਟਗੁਮਰੀ ਨੂੰ ਤੋਰ ਦਿੱਤੇ। ਬਾਕੀ ਦੇ ਜਥੇ ਅੰਬਾਲੇ ਤੇ ਰਾਵਲਪਿੰਡੀ ਦੀਆਂ ਜੇਲ੍ਹਾਂ ਨੂੰ ਤੋਰ ਦਿੱਤੇ। ਮਿੰਟਗੁਮਰੀ ਗੱਡੀ ਵੱਡੇ ਤੜਕੇ ਪਹੁੰਚ ਗਈ। ਅਸੀਂ ਕਿਹਾ ਕਿ ਟਾਂਗੇ ਲਿਆਓ ਪਰ ਟਾਂਗੇ ਉਸ ਵੇਲੇ ਮਿਲਣ ਨਾ। ਆਖਰ ਸਿਪਾਹੀ ਜਾ ਕੇ ਦੋ-ਤਿੰਨ ਟਾਂਗੇ ਲੱਭ ਕੇ ਲਿਆਏ ਤੇ ਅਸੀਂ ਟਾਂਗਿਆਂ 'ਤੇ ਚੜ੍ਹ ਗਏ। ਜੋ ਸਿਪਾਹੀ ਚੜ੍ਹ ਨਾ ਸਕੇ ਉਹ ਬੰਦੂਕਾਂ ਮੋਢੇ 'ਤੇ ਧਰੀ ਸਾਡੇ ਨਾਲ ਪੈਦਲ ਭੱਜ ਪਏ।

ਖੈਰ ਅਸੀਂ ਜੇਲ੍ਹ ਪਹੁੰਚ ਗਏ ਤੇ ਡਿਓੜ੍ਹੀ ਦੇ ਨਾਲ ਲੱਗਦੇ ਵਰਾਂਡੇ ਵਿਚ ਹੀ ਸਾਨੂੰ ਛੱਡ ਦਿੱਤਾ ਗਿਆ ਕਿਉਂਕਿ ਜੇਲ੍ਹ ਅਜੇ ਖੁੱਲ੍ਹੀ ਨਹੀਂ ਸੀ। ਜੇਲ੍ਹ ਵਿਚ ਦੱਸ ਉਮਰ ਕੈਦੀ ਆਏ ਸੁਣ ਕੇ, ਲੋਕੀ ਦੇਖਣ ਆਉਣ ਤੇ ਖਾਸ ਕਰਕੇ ਮੈਨੂੰ ਦੇਖ ਕੇ ਹੈਰਾਨ ਹੋ ਜਾਣ ਕਿ ਇਹ ਮੁੰਡਾ ਵੀ ਉਮਰ ਕੈਦੀ ਹੈ?

ਇਹ ਜੇਲ੍ਹ ਹੈ ਤਾਂ ਬਹੁਤ ਵੱਡੀ ਪਰ ਰੋਟੀ ਆਦਿ ਇਸ ਦੀ ਲਾਹੌਰ ਨਾਲੋਂ ਬਹੁਤ ਚੰਗੀ ਸੀ ਤੇ ਕਾਨੂੰਨ ਵੀ ਬਹੁਤ ਹੀ ਨਰਮ ਸੀ। ਮੈਨੂੰ ਤਾਂ ਮੁੰਡੇ ਖਾਨੇ ਪੁਰਾਣੀ ਜੇਲ੍ਹ ਦੀ ਸੱਤ ਨੰਬਰ ਬੈਰਕ ਵਿਚ ਬੰਦ ਕਰ ਦਿੱਤਾ। ਉੱਥੇ ਇਕ ਮੀਆਂਵਾਲੀ ਦਾ



www.AKJ.Org

ਰਹਿਮਾਨ ਨੰਬਰਦਾਰ ਬਿੱਲੇ ਵਾਲਾ ਸੀ। ਉਹ ਮੈਨੂੰ ਡਾਕਟਰ ਸੰਤ ਰਾਮ ਕੋਲ ਲੈ ਲਿਆ ਤੇ ਕਹਿਣ ਲੱਗਾ ਕਿ ਅੱਗੇ ਵੀ ਇਕ ਮੁੰਡੇ ਨੂੰ ਪੰਜ ਸੇਰ ਦਾਣੇ ਮਿਲਦੇ ਸਨ ਪੀਹਣ ਲਈ, ਇਸ ਲੜਕੇ ਨੂੰ ਵੀ ਏਨੇ ਹੀ ਲਾ ਦਿਓ, ਉਮਰ ਕੈਦੀ ਹੈ। ਇਹ ਡਾਕਟਰ, ਕੈਦੀਆਂ ਦੇ ਹੱਕ ਦਾ ਸੀ, ਡਾਕਟਰ ਕਹਿਣ ਲੱਗਾ "ਚੰਗਾ ਭਾਈ ਏਵੇਂ ਹੀ ਸਹੀ, ਮੇਰੇ ਵੱਲੋਂ ਤਾਂ ਭਾਵੇਂ ਪੀਹੇ ਹੀ ਨਾ।" ਖੈਰ ਸੰਤ ਰਾਮ ਨੇ ਪੰਜ ਸੇਰ ਹੀ ਲਾ ਦਿੱਤੇ। ਉਮਰ ਕੈਦ ਕਰਕੇ ਕੁਝ ਤਰਸ ਖਾਧਾ। ਮੈਂ ਮੁੰਡੇ ਖਾਨੇ ਵਿਚ ਕਈ ਮਹੀਨੇ ਪੰਜ ਸੇਰ ਦਾਣੇ ਪੀਸਦਾ ਰਿਹਾ। ਦਿਨੇ ਚੱਕੀ ਵਿਚ ਤੇ ਰਾਤ ਲੋਹੇ ਦੇ ਪਿੰਜਰੇ ਵਿਚ ਬੰਦ ਰਹਿੰਦਾ ਰਿਹਾ। ਇਹ ਮੁਸ਼ੱਕਤ ਮੇਰੇ ਲਈ ਖਾਸ ਦੁਖਦਾਈ ਨਹੀਂ ਸੀ। ਮੈਂ ਬੜੀ ਅਸਾਨੀ ਨਾਲ ਪੰਜ ਸੇਰ ਦਾਣੇ ਮੈਦੇ ਵਾਂਗ ਪੀਸ ਦਿੰਦਾ ਸੀ।

ਇਸ ਬੈਰਕ ਵਿਚ ਮੈਂ ਉਮਰ ਕੈਦੀ ਤੇ ਇਕ ਹੋਰ ਪਠਾਣ ਮੁੰਡਾ ਪਿਸ਼ਾਵਰ ਵੱਲ ਦਾ ਸੀ ਜਿਸ ਨੂੰ 'ਮੁੱਲਾ' ਕਹਿੰਦੇ ਸਨ, ਪੱਕਾ ਕੈਦੀ ਸੀ। ਬਾਕੀ ਹਵਾਲਾਤੀ ਕਦੇ-ਕਦੇ ਦੱਸ ਹੋ ਜਾਂਦੇ ਸਨ ਤੇ ਕਦੇ ਪੰਜ ਸੱਤ ਤੇ ਕਦੇ ਦੋ-ਚਾਰ ਹੀ ਰਹਿ ਜਾਂਦੇ। ਪਰ ਦਾਲ ਪੰਦਰਾਂ ਵੀਹ ਬੰਦਿਆਂ ਦੀ ਆ ਜਾਂਦੀ ਸੀ ਜੋ ਮੇਰੇ ਹਵਾਲੇ ਹੀ ਹੁੰਦੀ। ਵਰਤਾਕੇ ਵਾਧੂ ਦਾਲ ਨਾਲ ਦੀ ਬੈਰਕ 'ਚ ਆਏ, ਭੁੱਖੇ ਕੈਦੀਆਂ ਨੂੰ ਦੇ ਦਿੱਤੀ ਜਾਂਦੀ ਸੀ।

ਮੇਰੀ ਸਿਹਤ ਖਾਸੀ ਢਿੱਲੀ ਹੋ ਗਈ ਸੀ। ਮੈਨੂੰ ਰੋਟੀ, ਜੋ ਆਮ ਕਰਕੇ ਮਿੱਸੀ ਹੁੰਦੀ, ਕਣਕ ਦੀ ਬਣੀ ਹੋਈ, ਇਕ ਸਵੇਰੇ ਤੇ ਦੋ ਸ਼ਾਮੀ ਮਿਲਦੀਆਂ ਸਨ ਤੇ ਦਿਨੇ ਇਕ ਵਜੇ ਥੋੜ੍ਹਾ ਜਿਹਾ ਕਣਕ ਦਾ ਦਲੀਆ ਮਿਲਦਾ ਸੀ। ਮੈਂ ਕੇਵਲ ਇਕ ਰੋਟੀ ਸਵੇਰੇ ਤੇ ਇਕ ਰੋਟੀ ਸ਼ਾਮੀਂ ਖਾਂਦਾ। ਦਲੀਆ ਕਿਸੇ ਹੋਰ ਨੂੰ ਖਾਣ ਲਈ ਦੇ ਦਿੰਦਾ। ਇਸ ਤਰ੍ਹਾਂ ਉਹ ਮੇਰੀ ਮੁਸ਼ੱਕਤ ਵਿਚ ਮਦਦ ਕਰਦੇ ਸਨ। ਮੁਸ਼ੱਕਤ, ਜੋ ਕੰਬਲਾਂ ਦੇ ਸੂਤ ਦੀਆਂ ਡਲੀਆਂ ਹੁੰਦੀਆਂ ਸਨ, ਉਹ ਅਟੇਰਨ ਲਈ ਸੱਤ ਡਲੀਆਂ ਮੈਨੂੰ ਮਿਲਦੀਆਂ ਸਨ ਜੋ ਮੇਰੇ ਸਾਰੇ ਦਿਨ ਦੀ ਮੁਸ਼ੱਕਤ ਸੀ। ਪਰ ਹਵਾਲਾਤੀ ਮੁੰਡੇ ਲੋਹੇ ਦੀਆਂ ਬਾਟੀਆਂ 'ਚੋਂ ਅਟੇਰ ਕੇ ਪੋਲਰੇ ਬਣਾ ਦਿੰਦੇ ਸਨ ਤੇ ਮੇਰੀ ਮੁਸ਼ੱਕਤ ਸਿਰਫ਼ ਦੋ ਘੰਟਿਆਂ ਵਿਚ ਹੀ ਖ਼ਤਮ ਹੋ ਜਾਂਦੀ ਸੀ। ਫੇਰ ਮੈਂ ਕੰਬਲ ਵਿਛਾ ਕੇ ਗੁਟਕਾ ਜਾਂ ਕੋਈ ਕਿਤਾਬ ਲੈ ਕੇ ਪੜ੍ਹਨੀ ਤੇ ਰੁੱਝੇ ਰਹਿਣਾ। ਹੋਰ ਮੁੰਡੇ ਸਾਰੇ ਅਨਪੜ੍ਹ ਸਨ ਜੋ ਮੈਨੂੰ ਚੰਗਾ ਸਮਝਦੇ ਸਨ।

ਇਸ ਤਰ੍ਹਾਂ ਮੁੱਲਾਂ ਦੀ ਮੁਸ਼ੱਕਤ ਵੀ ਮੇਰੇ ਨਾਲ ਹੀ ਖਤਮ ਹੋ ਜਾਂਦੀ ਸੀ। ਮੈਂ ਜਦੋਂ ਰਾਤ ਨੂੰ ਜਾਂ ਦਿਨੇ ਕੋਠੀ ਵਿਚ ਪਾਠ ਕਰਦਾ ਤਾਂ ਮੁੱਲਾਂ (ਪਠਾਣ ਮੁੰਡਾ) ਮੈਨੂੰ ਕਹਿਣ ਲੱਗਦਾ ਤੂੰ ਸੌਂਣ ਨਹੀਂ ਦਿੰਦਾ। ਇਸ ਤਰ੍ਹਾਂ ਤੇਰੀ ਕੈਦ ਤਾਂ ਨਹੀਂ ਟੁੱਟ ਚੱਲੀ। ਪਰ ਥੋੜ੍ਹੀ ਦੇਰ ਬਾਅਦ ਮੇਰੀ ਕੈਦ ਟੁੱਟ ਗਈ ਤਾਂ ਮੈਂ ਉਸ ਨੂੰ ਕਿਹਾ, ਦੇਖਿਆ ਮੇਰੇ ਪਾਠ ਨੇ, ਮੇਰੀ ਕੈਦ ਤੁੜਾ ਦਿੱਤੀ ਹੈ ਤਾਂ ਮੁੱਲਾ ਚੁੱਪ ਹੋ ਗਿਆ। ਇਹ ਮੁੱਲਾ ਪੱਕਾ ਚੋਰ ਸੀ। ਇਕ ਵਾਰੀ ਮੇਰਾ ਹੀ ਸਾਬਣ ਚੁੱਕ ਲਿਆ। ਜਦੋਂ ਮੈਂ ਪੁੱਛਿਆ ਤਾਂ ਕਹਿਣ ਲੱਗਾ, ਅਸੀਂ ਤੇਰੀ ਮੁਸ਼ੱਕਤ ਨਹੀਂ ਕਰਾਂਗੇ। ਇਹ ਕੰਮ ਤੇਰਾ ਹੈ। ਕਸਮਾਂ ਖਾਵੇ। ਫੇਰ ਆਪੇ ਹੀ ਬੈਰਕ ਵਿਚੋਂ ਇਕ ਥਾਂ ਹੱਥ ਪਾ ਕੇ ਸਾਬਣ ਕੱਢ ਲਿਆਇਆ। ਪਰ ਅਸੀਂ ਕਿਹਾ ਚੱਲੋ, ਸਮਾਂ ਠੀਕ ਨਹੀਂ ਹੈ, ਚੁੱਪ ਹੀ ਰਹੇ।

ਸਾਨੂੰ ਹਮੇਸ਼ਾਂ ਕੋਠੀ ਜਾਂ ਪਿੰਜਰੇ ਵਿਚ ਹੀ ਬੰਦ ਰੱਖਦੇ ਸਨ। ਉਪਰੋਂ ਹੁਕਮ ਵੀ ਅਜਿਹਾ ਹੀ ਸੀ। ਇਕ ਦਿਨ ਜੇਲ੍ਹ ਦਾ ਵੱਡਾ ਇਨਸਪੈਕਟਰ ਜਰਨਲ ਦੌਰੇ 'ਤੇ ਆਇਆ ਤਾਂ ਮੇਰੀ ਕੋਠੀ ਵਿਚ ਦੱਸ ਪੰਦਰਾਂ ਮਿੰਟ ਖੜ੍ਹਾ ਰਿਹਾ ਤੇ ਮੇਰੇ ਨਾਲ ਗੱਲਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਤੇ ਸਵਾਲ ਕੀਤਾ ਕਿ ਕਹਾਂ ਹੈ ਅਬ ਸੱਜਨ ਸਿੰਘ (ਭਾਈ ਸੱਜਨ ਸਿੰਘ ਨਾਰੰਗਵਾਲ)? ਤਾਂ ਮੈਂ ਉੱਤਰ ਦਿੱਤਾ ਕਿ ਲਾਹੌਰ ਛੱਡਣ ਤੋਂ ਬਾਅਦ ਉਹ ਮੈਨੂੰ ਨਹੀਂ ਮਿਲਿਆ, ਨਾ ਮੈਨੂੰ ਪਤਾ ਹੈ ਕਿ ਕਿਸ ਜੇਲ੍ਹ ਵਿਚ ਹੈ? ਫੇਰ ਕਹਿਣ ਲੱਗਾ ਕਿ ਇਸ ਨੂੰ (ਮੈਨੂੰ) ਹਰ ਸਮੇਂ ਕੋਠੀ ਵਿਚ ਰੱਖਿਆ ਕਰੋ ਤਾਂ ਦਰੋਗਾ ਬੋਲ ਉਠਿਆ ਕਿ ਜਨਾਬ ਇਹ ਦਿਨੇ ਕੋਠੀ ਵਿਚ ਹੀ ਹੁੰਦਾ ਹੈ। ਮੁੜ ਹੁਕਮ ਦਿੱਤਾ ਕਿ ਦਿਨੇ ਨਹੀਂ, ਰਾਤ ਨੂੰ ਵੀ ਕੋਠੀ ਵਿਚ ਹੀ ਰੱਖੋ। ਇਸ ਨੂੰ ਕਿਸੇ ਵੀ ਸਮੇਂ ਬਾਹਰ ਨਾ ਛੱਡੋ। ਬੱਸ ਇਹ ਕਹਿ ਕੇ ਚਲਾ ਗਿਆ। ਇਹ ਇਨਸਪੈਕਟਰ ਜਨਰਲ ਗ਼ਦਰ ਵੇਲੇ ਲਾਹੌਰ ਦੀ ਸੈਂਟਰਲ ਜੇਲ੍ਹ ਦਾ ਸੁਪਰਡੈਂਟ ਸੀ, ਜਿਸ ਕਰਕੇ ਸਾਨੂੰ ਜਾਣਦਾ ਸੀ। ਮੈਨੂੰ ਉਸ ਦੇ ਹੁਕਮ ਅਨੁਸਾਰ ਕੋਠੀ ਵਿਚ ਹੀ ਰੱਖਿਆ ਗਿਆ।



www.AKJ.Org

ਗੁਰਪੁਰਬ ਸਮੇਂ ਜੇਲ੍ਹ ਅੰਦਰ ਸਾਨੂੰ ਬਾਹਰ ਦੇ ਹਮਦਰਦ, ਜਿੰਨ੍ਹਾਂ ਪਾਸ ਪੈਸੇ ਜਮ੍ਹਾ ਹੁੰਦੇ ਸਨ, ਖੰਡ ਘਿਓ ਆਦਿ ਭੇਜ ਦਿਆ ਕਰਦੇ ਸਨ ਤੇ ਅਸੀਂ ਉਸ ਨੂੰ ਸੱਜਣਾਂ ਮਿੱਤਰਾਂ ਵਿਚ ਵੰਡ ਕੇ ਛੱਕ ਲੈਂਦੇ ਸਾਂ। ਇਲਾਕੇ ਦੇ ਲੋਕ ਗਰੀਬ ਹੀ ਸਨ, ਆਮ ਤੌਰ 'ਤੇ ਮੁਸੱਲੀ ਤੇ ਪਚਾਧੇ (ਜਾਂਗਲੀ) ਮੁਸਲਮਾਨ ਹੀ ਆਉਂਦੇ ਸਨ। ਸਭ ਨਿੱਕੀ ਮੋਟੀ ਚੋਰੀ ਕਰਨ ਵਾਲੇ ਹੁੰਦੇ ਸਨ। ਕਿਸੇ ਨੂੰ ਬੈਂਤ, ਕਿਸੇ ਨੂੰ ਤਿੰਨ ਮਹੀਨੇ, ਕਿਸੇ ਨੂੰ ਨੌਂ ਮਹੀਨੇ ਕੈਦ ਹੁੰਦੀ ਸੀ। ਉਹ ਲੋਕ ਚੋਰੀ ਹੀ ਆਪਣਾ ਪੇਸ਼ਾ ਦੱਸ ਕੇ ਤੇ ਬਹਿਸ ਕਰਦੇ ਕਿ ਇਹੋ ਸਾਡਾ ਕੰਮ ਤੇ ਕਿੱਤਾ ਹੈ। ਕਈ ਅਜੀਬ ਕੇਸ ਹੁੰਦੇ ਸਨ, ਜਿਵੇਂ ਮੁੰਡੇ ਨੇ ਆਪਣੀ ਮਾਂ ਤੋਂ ਰੋਟੀ ਨਾਲ ਵੱਧ ਮੱਖਣ ਮੰਗੀ ਤੇ ਨਾ ਦੇਣ 'ਤੇ ਉਸੇ ਇੱਟ ਵਗਾਹ ਕੇ ਮਾਰੀ। ਉਸ ਦੀ ਮਾਂ ਮਰ ਗਈ ਤੇ ਮੁੰਡੇ ਨੂੰ ਨੌਂ ਮਹੀਨੇ ਦੀ ਸਜ਼ਾ ਹੋਈ। ਇਕ ਮੁੰਡਾ ਜੋ ਫਸਟ ਕਲਾਸ ਦੇ ਰੇਲ ਡੱਬਿਆਂ ਵਿਚ ਅਮੀਰ ਬਣ ਕੇ ਚੋਰੀਆਂ ਕਰਦਾ ਸੀ, ਗਿਆਰ੍ਹਵੀਂ ਵਾਰ ਜੇਲ੍ਹ ਆਇਆ ਸੀ। ਹੁਣ ਉਸ ਨੂੰ ਚਾਰ ਸਾਲ ਦੀ ਕੈਦ ਹੋਈ ਸੀ। ਉਹ ਦੱਸਦਾ ਸੀ ਕਿ ਮੈਂ ਕਈ ਆਹਲਾ ਵਰਦੀਆਂ ਸੁਆ ਰੱਖੀਆਂ ਸਨ ਤੇ ਆਪ-ਟੂ ਡੇਟ ਬਣ ਕੇ ਰੇਲ ਦੇ ਡੱਬੇ ਵਿਚ ਚੜ੍ਹ ਕੇ ਚੋਰੀਆਂ ਕਰਦਾ ਸਾਂ।

ਇਸ ਤੋਂ ਇਲਾਵਾ ਜੇਲ੍ਹ ਜੀਵਨ ਬਾਰੇ ਇਹ ਵੀ ਦੱਸਣਾ ਜ਼ਰੂਰੀ ਹੈ ਕਿ ਕਿਸ ਤਰ੍ਹਾਂ ਬਦਮਾਸ਼ ਉੱਥੇ ਵੀ ਮੌਜਾਂ ਕਰਦੇ ਸਨ ਤੇ ਭਲੇਮਾਣਸਾਂ ਲਈ ਲੂਣ ਮਿਰਚ ਵੀ, ਤਲਾਸ਼ੀ ਵਿਚ ਨਿਕਲ ਆਵੇ ਤਾਂ ਸਜ਼ਾ ਹੁੰਦੀ ਸੀ। ਪਰ ਪਤੰਦਰ ਵਿੱਚੋਂ ਵਿੱਚ ਤਮਾਖੂ, ਗੁੜ੍ਹ ਸ਼ੱਕਰ ਆਦਿ ਦਾ ਵਪਾਰ ਕਰਕੇ ਅਮੀਰ ਬਣ ਜਾਂਦੇ ਸਨ। ਸਭ ਤੋਂ ਸੌਖੇ ਉਹ ਕੈਦੀ ਹੁੰਦੇ ਸਨ ਜੋ ਦਰੋਗੇ ਨੂੰ ਪੈਸੇ ਦੇ ਕੇ (ਜੋ ਕੇਵਲ ਕੁਝ ਦਿਨ ਜਾਂ ਮਹੀਨੇ ਲਈ ਆਉਂਦੇ ਸਨ) ਹਸਪਤਾਲ ਦੇ ਲੰਗਰ ਵਿਚ ਲੱਗ ਜਾਂਦੇ ਸੀ ਕਿਉਂਕਿ 2500 ਕੈਦੀਆਂ ਦਾ ਦੁੱਧ, ਮੀਟ, ਚਾਵਲ, ਖੰਡ, ਘਿਓ, ਸ਼ੱਕਰ ਆਦਿ ਹੁੰਦਾ ਸੀ, ਜੋ ਮਰਜ਼ੀ ਖਾਣ ਪੀਣ। ਮੇਰਾ ਖਿਆਲ ਹੈ ਕਿ ਘਰ ਵਿਚ ਕੋਈ ਵੀ ਆਦਮੀ ਅਜਿਹਾ ਖਾਣਾ ਨਹੀਂ ਖਾ ਸਕਦਾ ਜਿੰਨਾਂ ਕਿ ਹਸਪਤਾਲ ਦੇ ਲੰਗਰ ਵਿਚ ਖਾ ਸਕਦਾ ਹੈ। ਇਸ ਤੋਂ ਥੱਲੇ ਪੀਲੀ ਵਰਦੀ ਵਾਲੇ ਹੁੰਦੇ ਸਨ। ਉਹ ਨੰਬਰਦਾਰੀ ਕਰਦੇ ਸਨ। ਕਦੀ ਦਰੋਗੇ ਤੇ ਕਦੇ ਸਾਹਿਬ ਦੇ ਅਰਦਲੀ ਬਣ ਜਾਂਦੇ ਸਨ। ਜਿੱਥੇ ਇਕ ਕੈਦੀ ਨੂੰ ਮਹੀਨੇ ਵਿਚ ਚਾਰ ਦਿਨ ਦੀ ਮਾਫ਼ੀ ਮਿਲਦੀ ਹੈ, ਉੱਥੇ ਉਸ ਨੂੰ ਅੱਠ ਦਿਨ ਦੀ ਮਿਲਦੀ ਹੈ। ਇਸ ਤਰ੍ਹਾਂ ਉਨ੍ਹਾਂ ਦੀ ਕਾਫ਼ੀ ਕੈਦ ਕੱਟੀ ਜਾਂਦੀ ਹੈ। ਜਿਸ ਦੀ ਸਾਲ ਭਰ ਕੋਈ ਪੇਸ਼ੀ ਨਾ ਹੋਵੇ ਉਸ ਨੂੰ ਪੰਦਰਾਂ ਦਿਨ ਵਾਧੂ ਮਾਫ਼ੀ ਦੇ ਮਿਲਦੇ ਹਨ। ਇਸ ਤਰ੍ਹਾਂ ਕਈ ਉਮਰ ਕੈਦੀ ਨੌਂ ਸਾਲ ਪਿੱਛੋਂ ਹੀ ਰਿਹਾਅ ਕਰ ਦਿੱਤੇ ਜਾਂਦੇ ਸਨ। ਬਦਮਾਸ਼ਾਂ ਤੋਂ ਅਫ਼ਸਰ ਡਰਦੇ ਰਹਿੰਦੇ ਸਨ।

ਇਕ ਰਾਤ ਜਿਸ ਕੋਠੜੀ ਵਿਚ ਮੈਂ ਸੀ, ਉਸ ਦੇ ਪਿੱਛੇ ਇਕ ਪਠਾਣ ਬਦਮਾਸ਼ ਬੜਾ ਜਵਾਨ, ਜੋ ਦੋ ਸਾਲ ਕੈਦ ਹੋ ਕੇ ਆਇਆ ਸੀ ਅਤੇ ਫੇਰ ਸੁਪਰਡੈਂਟ ਦੇ ਇੱਟ ਮਾਰਨ ਤੇ ਕੈਦ ਤਿੰਨ ਸਾਲ ਹੋਰ ਵਧੀ, ਗੱਲ ਕੀ ਅਖੀਰ ਵਿਚ ਉਹ ਜੇਲ੍ਹ ਵਿਚ ਹੀ ਫਾਂਸੀ ਲੱਗਾ, ਬੜਾ ਅੜਬ ਸੀ। ਕਿਸੇ ਕਾਰਨ ਉਸ ਨੂੰ ਚੱਕੀ ਬੰਦ ਦੀ ਸਜ਼ਾ ਮਿਲੀ ਤਾਂ ਉਸ ਨੇ ਚੱਕੀ ਤੋੜ ਕੇ ਢਾਹ ਦਿੱਤੀ ਤੇ ਜੋ ਅਫ਼ਸਰ ਅੱਗੇ ਆਏ, ਇੱਟ ਮਾਰੇ। ਵੱਡਾ ਸਾਹਿਬ ਆਇਆ। ਉਸ ਨੇ ਕਿਹਾ ਕਿ ਤੂੰ ਚੱਕੀ ਕਿਉਂ ਢਾਹੀ ਹੈ? ਤਾਂ ਜਵਾਬ ਦਿੱਤਾ ਕਿ ਇਹ ਇੱਟਾਂ ਮੇਰੇ ਕਾਰਤੂਸ ਹਨ ਤੇ ਨਾਲ ਹੀ ਗਾਲ੍ਹਾਂ ਕੱਢਣ ਲੱਗ ਪਿਆ ਤਾਂ ਸਾਹਿਬ ਉੱਥੋਂ ਚੁੱਪ ਚਾਪ ਚਲਾ ਗਿਆ।

ਜਿਸ ਕੈਦੀ ਨੇ ਕੋਈ ਆਪਣੀ ਮੰਗ ਮਨਵਾਉਣੀ ਹੋਵੇ, ਉਹ ਰੋਟੀ ਛੱਡ ਦਿੰਦਾ ਸੀ। ਇਸ ਤਰ੍ਹਾਂ ਉਸ ਦੀ ਸੁਣਵਾਈ ਹੋ ਜਾਂਦੀ ਸੀ। ਅਫ਼ਸਰ ਭੁੱਖੇ ਰਹਿਣ ਵਾਲੇ ਤੋਂ ਡਰਦੇ ਸਨ। ਇਕ ਜਮਾਂਦਾਰ, ਚੀਫ਼ ਹੈੱਡ ਵਾਰਡਰ (ਜੇਲ੍ਹ ਦੇ ਸਿਪਾਹੀਆਂ ਦਾ ਵੱਡਾ) ਬਣਕੇ ਆ ਗਿਆ। ਉਸਨੇ ਕੈਦੀਆਂ ਦਾ ਇਹ ਹਥਿਆਰ ਨਕਾਰਾ ਕਰਨ ਲਈ ਹਾੜ੍ਹ ਦੇ ਦਿਨਾਂ ਵਿਚ ਜੋ ਰੋਟੀ ਛੱਡੇ, ਉਸ ਦਾ ਪਾਣੀ ਵੀ ਬੰਦ ਕਰਨਾ ਸ਼ੁਰੂ ਕਰ ਦਿੱਤਾ। ਇਉਂ ਪਾਣੀ ਤੋਂ ਬਿਨਾਂ, ਕੈਦੀ ਦੂਜੇ ਦਿਨ ਹੀ ਹਾਰ ਮੰਨ ਜਾਂਦਾ ਸੀ।

ਇਕ ਹੋਰ ਘਟਨਾ ਜੋ ਜੇਲ੍ਹ ਵਿਚ ਕੁੱਝ ਕੈਦੀਆਂ ਨੇ ਕੀਤੀ, ਉਹ ਸੀ ਕਿ 10-15 ਕੈਦੀ ਦਿਨੇ ਹੀ 12 ਵਜੇ ਭੱਜ ਨਿਕਲੇ ਪਰ ਪਹਿਲੀ ਕੰਧ 'ਤੇ ਹੀ ਉਨ੍ਹਾਂ ਦੀ ਪੌੜੀ ਟੁੱਟ ਗਈ। ਅਲਾਰਮ ਹੋ ਗਿਆ ਤੇ ਸਾਰੀ ਜੇਲ੍ਹ ਦੇ ਨੰਬਰਦਾਰ ਤੇ



www.AKJ.Org

ਪੁਲਿਸ ਨੇ ਆ ਕੇ ਉਨ੍ਹਾਂ ਨੂੰ ਖੂਬ ਮਾਰਿਆ। ਕਹਿੰਦੇ ਹਨ ਕਿ ਇਕ ਵੇਲੇ ਹਰੇਕ ਦੇ ਸਿਰ ’ਤੇ 100 ਡਾਂਗ ਪੈ ਰਹੀ ਸੀ। ਪਰ ਉਸ ਵੇਲੇ ਵੀ ਭੱਜਣ ਵਾਲਿਆਂ ਦੇ ਆਗੂ, ਜੋ ਅੰਮ੍ਰਿਤਸਰ ਜ਼ਿਲ੍ਹੇ ਦਾ ਮਸ਼ਹੂਰ ਡਾਕੂ ਫਤਹਿ ਸਿੰਘ ਸੀ, ਉਸ ਦੇ ਨੇੜੇ ਕੋਈ ਨਾ ਗਿਆ। ਜਦ ਸੁਪਰਡੈਂਟ ਦੇ ਅਰਦਲੀ ਭਾਨ ਸਿੰਘ, ਜੋ ਬਹੁਤ ਕੱਦ ਬੁੱਤ ਵਾਲਾ ਜਵਾਨ ਸੀ ਨੇ ਲਲਕਾਰ ਕੇ ਕਿਹਾ ਕਿ ਫਤਹਿ ਸਿੰਘ ! ਮੈਂ ਆਉਂਦਾ ਹਾਂ ਤਾਂ ਫਤਹਿ ਸਿੰਘ ਨੇ ਉੱਤਰ ਦਿੱਤਾ ਕਿ ਸਿੱਧਾ ਹੀ ਆਵੀਂ। ਸੋ ਜਦ ਉਹ ਗਿਆ ਤਾਂ ਫਤਹਿ ਸਿੰਘ ਨੇ ਕੇਵਲ ਦੋ ਡਾਂਗਾ ਉਸ ਦੀ ਧੌਣ ’ਤੇ ਮਾਰੀਆਂ ਤਾਂ ਭਾਨ ਸਿੰਘ ਪਿੱਛੇ ਹਟ ਗਿਆ।

ਇਸੇ ਕੰਮ (ਜੇਲ੍ਹ ਤੋੜਨ) ਵਿਚ ਸਾਡੇ ਵੀ ਦੋ ਸੱਜਣ ਭਾਈ ਹਰਨਾਮ ਸਿੰਘ ਕਾਲਾ ਸੰਘਿਆਂ ਤੇ ਭਾਈ ਕਿਰਪਾ ਸਿੰਘ ਲੌਂਗ ਮਜਾਰੀ (ਹੁਸ਼ਿਆਰਪੁਰ) ਸਨ ਤੇ ਤੀਜਾ ਭਾਈ ਕਰਤਾਰ ਸਿੰਘ (ਪਟਿਆਲਾ) ਵੀ ਸੀ ਜਿਸ ਨੇ ਬੰਬ ਚਲਾਇਆ ਤੇ ਆਪ ਫੱਟੜ ਹੋ ਗਿਆ। ਇਹ ਰੌਲਾ ਰੱਪਾ ਦੇਖ ਕੇ ਅਫ਼ਸਰਾਂ ਨੇ ਇਨ੍ਹਾਂ ਤਿੰਨਾਂ ਨੂੰ ਤਾਂ ਹਜ਼ਾਰੀ ਬਾਗ ਜੇਲ੍ਹ ਵਿਚ ਭੇਜ ਦਿੱਤਾ ਪਰ ਸਾਨੂੰ ‘ਕਸੂਰੀ’ ਨੰਬਰ ਵਿਚ ਲਿਜਾ ਕੇ ਚੱਕੀ ’ਤੇ ਲਾ ਦਿੱਤਾ। ਉੱਥੇ ਤਿੰਨ ਦਿਨ ਰਹੇ। ਜਾਂਦੇ ਨੂੰ 12 ਸੇਰ ਪੱਕੇ ਦਾਣੇ ਪੀਹਣ ਨੂੰ ਮਿਲੇ (ਤਾਜ਼ੇ ਆਏ ਨੂੰ ਤਾਂ ਪੰਜ ਸੇਰ ਸੀ) ਪਰ ਦੋ ਸਾਲ ਜੇਲ੍ਹ ਦੇ ਤਸੀਹੇ ਸਹਿ ਕੇ ਕਮਜ਼ੋਰੀ ਹੋ ਗਈ ਸੀ। 12 ਸੇਰ ਦਾਣੇ ਮੈਂ ਸ਼ਾਮ ਤੱਕ ਪੀਹ ਲਏ। ਉਧਰ ਨੰਬਰਦਾਰ ਨੇ ਮੁਸ਼ੱਕਤ ਲੈਣ ਲਈ ਤਾਲਾ ਖੋਲ੍ਹਿਆ ਤੇ ਇਧਰ ਮੈਂ 12 ਸੇਰ ਦਾਣੇ ਪੀਹ ਦਿੱਤੇ। ਪਰ ਥੱਕ ਬਹੁਤ ਗਿਆ। ਸ਼ਾਮ ਨੂੰ ਮੈਂ ਰਹਿਰਾਸ ਦਾ ਪਾਠ ਬਹੁਤ ਔਖਾ ਹੋ ਕੇ ਬੈਠ ਕੇ ਕੀਤਾ। ਰੋਟੀਆਂ ਜੋ ਡੇਢ ਰੋਜ਼ ਖਾਂਦਾ ਸੀ, ਉਸ ਦਿਨ ਦੋ ਮਿੱਸੀਆਂ ਤੇ ਇਕ ਕਣਕ ਦੀ ਮੈਂ ਖਾ ਗਿਆ। ਹੋਰ ਵਰਨਣਯੋਗ ਗੱਲ ਇਹ ਕਿ ਇਕ ਰੋਟੀ ਜ਼ਮੀਨ ’ਤੇ ਡਿੱਗ ਪਈ ਪਰ ਭੁੱਖ ਕਰਕੇ ਉਹ ਵੀ ਨਾ ਛੱਡੀ।

ਪਾਠ ਤੋਂ ਬਾਅਦ ਜਦ ਮੰਜੀ ’ਤੇ ਪਿਆ ਤਾਂ ਬਹੁਤ ਦੁਖੀ ਹੋਇਆ। ਜਦ ਪਾਸਾ ਲਵਾਂ ਤਾਂ ਡੌਲੇ ਇਉਂ ਲੱਗਣ ਜਿਵੇਂ ਡਾਂਗਾਂ ਨਾਲ ਭੰਨੇ ਹੋਏ ਹੋਣ। ਸਭ ਕਹਿਣ ਦੂਜੇ ਦਿਨ ਕੰਮ ਨਾ ਕਰੀਂ। ਪਰ ਮੇਰੇ ਟਿਕਟ ’ਤੇ ਇਹ ਲਿਖਿਆ ਹੋਣ ਕਰਕੇ ਕਿ ਜੇ ਨੇਕ ਚੱਲਣ ਰਹੇ ਤਾਂ ਪਹਿਲਾਂ ਛੱਡ ਦਿੱਤਾ ਜਾਵੇ। ਮੈਂ ਛੱਡਾਂ ਨਾ, ਪਰ ਡੌਲੇ ਏਨੇ ਝੰਬੇ ਹੋਏ ਸਨ ਕਿ ਜਦ ਮੈਂ ਚੱਕੀ ’ਤੇ ਹੱਥ ਹੀ ਲਾਵਾਂ ਤਾਂ ਝੱਲਣ ਨਾ, ਮਸਾਂ ਇਕ ਦੋ ਗੇੜੇ ਲਿਆਂਦੇ ਪਰ ਕੁਝ ਚਿਰ ਪਿੱਛੋਂ ਗਰਮ ਹੋ ਕੇ ਚਲ ਪਏ। ਮੈਂ ਮੁਸ਼ੱਕਤ 12 ਸੇਰ ਸ਼ਾਮ ਨੂੰ ਪੀਹ ਦਿੱਤੀ। ਤਿੰਨ ਦਿਨ ਇੱਥੇ ਰਹੇ ਤੇ ਏਥੇ ਚੱਕੀ ਵਿਚ ਫਾਂਸੀ ਸੀ, ਜੋ ਮੈਂ ਜਾ ਕੇ ਦੇਖੀ। ਫੇਰ ਚੌਥੇ ਦਿਨ ਭੱਜਣ ਵਾਲੇ ਤਾਂ ਹਜ਼ਾਰੀ ਬਾਗ ਭੇਜ ਦਿੱਤੇ ਤੇ ਮੈਨੂੰ ਫੇਰ ਮੁੰਡੇ ਖਾਨੇ 7 ਨੰਬਰ ਵਿਚ ਭੇਜ ਦਿੱਤਾ। ਉੱਥੇ 12 ਦੀ ਥਾਂ ਦਸ ਸੇਰ ਦਾਣੇ ਮਿਲ ਗਏ ਜੋ ਸੁਖਮਨੀ ਸਾਹਿਬ ਦੇ ਦੋ ਪਾਠਾਂ ਨਾਲ ਗਿਆਰਾਂ ਵਜਦੇ ਪੀਹ ਛੱਡਣੇ ਤੇ ਫੇਰ ਕੋਠੀ ਵਿਚ ਬਾਣੀ ਦਾ ਪਾਠ ਕਰੀ ਜਾਣਾ ਜਾਂ ਹੋਰ ਧਾਰਮਿਕ ਪੁਸਤਕਾਂ ਪੜ੍ਹੀ ਜਾਣੀਆਂ ਜਿਵੇਂ ਕਿ ਗੁਰਮਤਿ ਸੁਧਾਰਕ, ਗੁਰਮਤਿ ਪ੍ਰਭਾਕਰ, ਭਾਈ ਕਾਨ੍ਹ ਸਿੰਘ ਨਾਭਾ ਲਿਖਤ ਪੁਸਤਕਾਂ ਤੇ ਦਸ਼ਮੇਸ਼ ਪ੍ਰਕਾਸ਼ ਗਿਆਨੀ ਕਰਤਾਰ ਸਿੰਘ ਕਲਾਸਵਾਲੀਏ ਦਾ ਲਿਖਿਆ ਹੋਇਆ ਪੜ੍ਹਿਆ। ਇਨ੍ਹਾਂ ਪੁਸਤਕਾਂ ਤੋਂ ਗੁਰੂ ਘਰ ਦੀ ਕਾਫ਼ੀ ਜਾਣਕਾਰੀ ਪ੍ਰਾਪਤ ਹੋਈ।

ਅਖੀਰ ਦੇ ਦਿਨਾਂ ਵਿਚ ਗਿਆਨੀ ਦਲੀਪ ਸਿੰਘ (ਮੇਰੇ ਬਾਟੇ ਦੇ ਸਾਂਝੀਵਾਲ ਤੇ ਸੁਹਿਰਦ ਸੱਜਣ ਵੀ ਅੰਬਾਲੇ ਤੋਂ ਇੱਥੇ ਆ ਗਏ ਸਨ) ਨੂੰ ਤੇ ਮੈਨੂੰ ਸੁਪਰਡੈਂਟ ਨੇ ਇਕ ਦਿਨ ਡਿਓੜੀ ਵਿਚ ਬੁਲਾ ਤੇ ਕਿਹਾ ਕਿ ਤੁਹਾਡੀਆਂ ਸਰਕਾਰ ਨੇ ਦੋ ਸਾਲ ਲਈ ਦੋ ਪੱਕੀਆਂ ਜ਼ਮਾਨਤਾਂ ਮੰਗੀਆਂ ਹਨ ਤੇ ਤੁਹਾਨੂੰ ਛੱਡ ਦਿੱਤਾ ਜਾਵੇਗਾ ਪਰ ਰਾਜ ਉਲਟ ਪੁਲਟ ਕਰਨ ਦਾ ਖਿਆਲ ਨਾ ਕਰਨਾ। ਏਸ ਆਰਡਰ ਨੂੰ ਮਹੀਨੇ ਬੀਤ ਗਏ ਪਰ ਰਿਹਾਈ ਨਾ ਹੋਈ। ਅਸੀਂ ਘਰ ਵਾਲਿਆਂ ਤੋਂ ਪੁੱਛੀਏ ਕਿ ਤੁਸੀਂ ਜਮਾਨਤਾਂ ਕਿਉਂ ਨਹੀਂ ਦਿੱਤੀਆਂ? ਉਨ੍ਹਾਂ ਕਿਹਾ ਕਿ ਅਸੀਂ ਤਾਂ ਦੇ ਦਿੱਤੀਆਂ ਸਨ। ਪਰ ਅਸਲੀ ਕਾਰਨ ਨਾ ਛੱਡਣ ਦਾ ਇਹ ਸੀ ਕਿ ਹਜ਼ਾਰੀ ਬਾਗ ਜੇਲ੍ਹ ਵਿਚੋਂ ਸਾਡੇ ਨਾਲ ਦੇ 18 ਕੈਦੀ ਭੱਜ ਗਏ ਸਨ। ਜਦ ਤੱਕ ਉਹ ਫੜੇ ਨਾ ਗਏ, ਸਾਨੂੰ ਨਾ ਛੱਡਿਆ।

ਅਖੀਰ ਸਾਡੀ ਸੰਨ 1918 ਵਿਚ ਰਿਹਾਈ ਹੋ ਗਈ ਤੇ ਮੈਨੂੰ ਕਿਲ੍ਹਾ ਰਾਏਪੁਰ ਦਾ ਪਾਸ ਮਿਲ ਗਿਆ। ਮੈਂ ਰਿਹਾਅ ਹੁੰਦਿਆਂ ਹੀ ਪਹਿਲਾਂ ਸਟੇਸ਼ਨ ’ਤੇ ਗਿਆ ਤੇ ਗੱਡੀ ਦਾ ਪਤਾ ਕੀਤਾ ਜੋ ਰਾਤ ਨੂੰ ਅੱਠ ਵਜੇ ਦੇ ਕਰੀਬ ਲਾਹੌਰ ਜਾਣੀ



www.AKJ.Org

ਸੀ। ਇਸ ਲਈ ਮੈਂ ਸ਼ਹਿਰ ਦੇਖਣ ਚਲਾ ਗਿਆ ਜੋ ਸਾਰੇ ਦਾ ਸਾਰਾ ਇਕ ਮੰਜ਼ਿਲਾ ਹੀ ਸੀ। ਜ਼ਿਲ੍ਹਾ ਹੁੰਦਿਆਂ ਹੋਇਆ ਤਹਿਸੀਲ ਵਰਗਾ ਵੀ ਨਹੀਂ ਸੀ। ਖੈਰ ਮੈਂ ਚੱਕਰ ਕੱਟ ਕੇ ਮੁੜ ਸਟੇਸ਼ਨ 'ਤੇ ਆ ਗਿਆ ਤੇ ਗੱਡੀ ਰਾਤ ਲਾਹੌਰ ਵੱਲ ਤੁਰੀ। ਰਾਹ ਵਿਚ ਸੀ.ਆਈ.ਡੀ. ਵਾਲੇ ਮਿਲੇ। ਉਹ ਗੱਲਾਂ ਕਰਨ ਲੱਗੇ ਪਰ ਮੈਂ ਲਾ-ਜਵਾਬ ਕਰ ਦਿੱਤੇ।

ਅਖ਼ੀਰ ਅੰਮ੍ਰਿਤਸਰ ਆ ਕੇ ਮੈਂ ਉੱਤਰ ਕੇ ਸਿੱਧਾ ਦਰਬਾਰ ਸਾਹਿਬ ਜਾ ਪਹੁੰਚਿਆ। ਦੁਪਹਿਰ ਦਾ ਵੇਲਾ ਸੀ। ਸੁੰਨਸਾਨ ਵਰਤੀ ਹੋਈ ਸੀ। ਪੁਜਾਰੀਆਂ ਕਿਹਾ ਕਿ ਅਰਦਾਸ ਕਰਾਓ। ਮੈਂ ਪੰਜ ਪੈਸੇ ਦਿੱਤੇ ਤਾਂ ਕਹਿਣ ਲੱਗੇ ਕਿ ਸਿੱਖਾ ਐਡੀ ਦੂਰੋਂ ਆਇਆ ਏਂ, ਬੱਸ ਪੰਜ ਪੈਸੇ? ਤਾਂ ਮੈਂ ਕਿਹਾ ਕਿ ਤੁਹਾਨੂੰ ਪਤਾ ਹੈ, ਮੈਂ ਕਿੱਥੋਂ ਆਇਆ ਹਾਂ? ਜਦੋਂ ਜੇਲ੍ਹ ਦਾ ਨਾਮ ਲਿਆ ਤੇ ਹਾਲਾਤ ਦੱਸੇ ਤਾਂ ਬਹੁਤ ਹੈਰਾਨ ਹੋਏ। ਅੰਦਰੋਂ ਕੜਾਹ ਪ੍ਰਸ਼ਾਦ ਲਿਆ ਕੇ ਹਰਿ ਕੀ ਪੌੜੀ ਵਾਲੇ ਵਰਾਂਡੇ ਹੇਠ ਬਿਠਾ ਕੇ ਉਨ੍ਹਾਂ ਨੇ ਮੈਨੂੰ ਛਕਾਇਆ ਤੇ ਕਹਿਣ, ਪੈਸੇ ਭਾਵੇਂ ਹੋਰ ਲੈ ਲਓ। ਮੈਂ ਕਿਹਾ ਕਿ ਨਾ ਮੈਂ ਹੋਰ ਪੈਸੇ ਲੈਣੇ ਹਨ ਨਾ ਮੈਂ ਪੰਜ ਪੈਸੇ ਵਾਪਸ ਲੈਣੇ ਹਨ। ਇਨ੍ਹਾਂ ਦਾ ਜ਼ਰੂਰ ਮੱਥਾ ਟੇਕਣਾ ਹੈ। ਮੈਂ ਅਜਿਹਾ ਹੀ ਕੀਤਾ।

ਉਤਰਨ ਲੱਗਿਆਂ ਇਕ ਸਿਪਾਹੀ ਨੇ ਪੁੱਛਿਆ ਸੀ ਕਿ ਕਿਧਰ ਜਾਣਾ ਹੈ? ਮੈਂ ਇਹ ਕਹਿ ਕੇ ਨਿਕਲ ਆਇਆ ਕਿ ਗੱਡੀ ਬਦਲਣੀ ਹੈ। ਮੁੜ ਕੇ ਫਿਰ ਗੱਡੀ ਚੜ੍ਹ ਕੇ ਲੁਧਿਆਣੇ ਰਾਤ ਨੂੰ ਆ ਗਿਆ ਤੇ ਮੁਸਾਫਰਖਾਨੇ ਸੌਂ ਕੇ ਸਵੇਰੇ ਕਿਲ੍ਹਾ ਰਾਏਪੁਰ ਜਾ ਉਤਰਿਆ। ਰਵਾ ਰਵੀਂ ਪਿੰਡ ਜਾ ਪਹੁੰਚਿਆ। ਜਦ ਟਿੱਬੀ 'ਤੇ ਪਹੁੰਚਿਆ ਤਾਂ ਰਾਹ ਵਿਚ ਮੁੰਡੇ ਊੜਾ ਐੜਾ ਲਿਖਣ ਤਾਂ ਮੈਂ ਪੁੱਛਿਆ ਕਿ ਨਾਲ ਇਹ ਕੁੱਲੀ ਕਿਸ ਦੀ ਹੈ? ਕਹਿਣ ਲੱਗੇ ਕਿ ਸੰਤ ਬਿਸ਼ਨ ਸਿੰਘ ਦੀ ਹੈ। ਇਹ ਸੰਤ ਸਾਡੀ ਪਾਰਟੀ ਦੇ ਸਨ ਤੇ ਹੁਣ ਪਿੰਡ ਨਜ਼ਰਬੰਦ ਸਨ। ਵੈਸੇ ਇਨ੍ਹਾਂ ਦੀ ਕੁੱਟੀਆ, ਨਾਲ ਹੀ ਇਕ ਫਰਲਾਂਗ 'ਤੇ ਬੁੱਲੋਵਾਲ ਦੀ ਜ਼ਮੀਨ ਵਿਚ ਸੀ। ਮੈਂ ਅੰਦਰ ਗਿਆ ਤੇ ਸੰਤਾਂ ਨੂੰ ਫਤਹਿ ਬੁਲਾਈ। ਮੈਨੂੰ ਦੇਖ ਕੇ ਉਨ੍ਹਾਂ ਨੂੰ ਚਾਅ ਚੜ੍ਹ ਗਿਆ। ਅੱਖ ਦੇ ਫੋਰ ਵਿਚ ਮਾਈ ਆ ਗਈ। ਆਉਂਦੇ ਹੀ ਪਹਿਲਾਂ ਰੋਣ ਲੱਗੀ ਤਾਂ ਜਦ ਮੈਂ ਕਿਹਾ ਕਿ ਮੁੜ ਜਾਵਾਂ? ਤਾਂ ਝੱਟ ਚੁੱਪ ਹੋ ਗਈ। ਉਹ ਮੈਨੂੰ ਪਿਆਰ ਨਾਲ ਜੱਫੀ ਪਾ ਕੇ ਮਿਲੀ।

ਘਰ ਜਾਂਦੇ ਹੀ ਗਲੀ ਗੁਆਂਢ ਦੇ ਬੱਚੇ ਇਕੱਠੇ ਹੋ ਗਏ। ਮਾਈ ਨੇ ਗੁੜ ਦੀ ਪਰਾਤ ਭਰ ਲਈ, ਜਿਹੜਾ ਆਵੇ ਉਸ ਨੂੰ ਦੇਈ ਜਾਵੇ।

ਬੱਸ ਇਹ ਹੈ ਮੇਰੀ ਜੇਲ੍ਹ ਯਾਤਰਾ ਦੀ ਕਹਾਣੀ। ਹਾੜ੍ਹ ਦੇ ਮਹੀਨੇ ਘਰੋਂ ਨਿਕਲੇ ਸੀ। ਖਲਵਾੜਿਆਂ ਵਿਚ 1918 ਨੂੰ ਵਾਪਸ ਆ ਗਿਆ।

**ਪਿੰਡ ਦੇ ਦੋ ਸਾਲ :**

ਜੇਲ੍ਹ ਤੋਂ ਪਿੰਡ ਆ ਕੇ ਮੇਰਾ ਇਹ ਕੰਮ ਸੀ ਕਿ ਸਵੇਰ ਤੋਂ ਦੁਪਹਿਰ ਤੱਕ ਮੱਝਾਂ ਲੈ ਜਾਣੀਆਂ ਤੇ ਬਾਅਦ ਵਿਚ ਹੋਰ ਕੰਮ ਜੋ ਹੋਵੇ ਕਰਨਾ। ਸਿਆਲ ਨੂੰ ਇਕ ਸਮਾਂ ਬਹੁਤ ਮੰਦਵਾੜਾ ਪੈ ਗਿਆ। ਪੱਠੇ ਕਿਤੇ ਨਾ ਹੋਏ ਉਨ੍ਹੀਂ ਦਿਨੀਂ ਇਕ ਸੌ ਰੁਪਏ ਦਾ ਬਿੱਘਾ ਵਿੱਕ ਗਿਆ ਸੀ ਕਮਾਦ ਦਾ। ਪਸ਼ੂਆਂ ਦੇ ਢਿੱਡ ਵਿਚ ਕੇਵਲ ਜਾਨ ਰਹਿ ਗਈ ਸੀ। ਤੂੜੀ ਕਿਸੇ ਕੋਲ ਨਹੀਂ ਸੀ। ਮੱਕੀ ਦੇ ਟਾਂਡੇ ਜੋ ਡੰਗ ਕੇ ਲਿਆਉਣੇ, ਉਹੋ ਕੁਤਰ ਕੇ ਡੰਗਰਾਂ ਨੂੰ ਪਾ ਦੇਣੇ। ਮੈਂ ਦੋ ਪੂਲੇ ਟਾਂਡਿਆਂ ਦੇ ਹਰ ਰੋਜ਼ ਕੁਤਰਿਆ ਕਰਦਾ ਸੀ। ਬਾਅਦ ਵਿਚ ਕਦੇ-ਕਦੇ ਪੈਲੀ ਦੀ ਰਾਖੀ ਸੂਏ ਪਾਰ ਚਲੇ ਜਾਣਾ। ਖੇਤੀ ਦਾ ਕੰਮ ਮੈਂ ਹਲ ਤੇ ਭਾਰ ਤੋਂ ਬਿਨਾਂ ਸਾਰਾ ਕਰ ਲੈਂਦਾ ਸੀ। ਦੋ ਸਾਲ ਪਿੰਡ ਨੰਗ ਮਲੰਗ ਖਾਲੀ ਹੱਥ ਬਿਤਾਏ।

ਗੁਰਮਤਿ ਦਾ ਬਹੁਤ ਸ਼ੌਕ ਤੇ ਗੁਰਮਤੀਆ ਹੋਣ ਕਰਕੇ ਗੁਰਸਿੱਖਾਂ ਦੀ ਸੰਗਤ ਵਿਚ ਹੀ ਰਹਿਣਾ। ਤਿੰਨ ਸਾਲ ਜੇਲ੍ਹ ਤੇ ਦੋ ਸਾਲ ਜ਼ਮਾਨਤ ਦੇ, ਜੇਬ ਵਿਚ ਇਕ ਵੀ ਪੈਸਾ ਨਹੀਂ ਸੀ ਪਾ ਕੇ ਦੇਖਿਆ। ਪਾ ਕੇ ਕੀ ਦੇਖਣਾ ਸੀ ਕਦੇ ਘਰੋਂ ਮੰਗਿਆ ਹੀ ਨਹੀਂ ਸੀ। ਭਰਾਵਾਂ ਨਾਲ ਸਲੂਕ ਚੰਗਾ ਸੀ। ਮਾਈ ਨਾਲ ਕਦੇ-ਕਦੇ ਗੁੱਸੇ ਗਿੱਲੇ ਹੋ ਜਾਣਾ। ਐਵੇਂ ਰਹਿਣੀ-ਬਹਿਣੀ ਤੇ ਹੀ ਜਾਂ ਦਿਨ ਤਿਉਹਾਰ 'ਤੇ। ਮੈਂ ਪੁਰਾਣੇ ਟੂਣਿਆਂ ਤੇ ਵਹਿਮਾਂ ਦਾ ਕੱਟੜ ਵਿਰੋਧੀ ਸੀ। ਖੈਰ ਦੋ



www.AKJ.Org

ਸਾਲ ਦੇ ਕਰੀਬ ਪਿੰਡ ਗੁਜ਼ਰ ਗਏ। ਇਸ ਅਰਸੇ ਵਿਚ ਚਾਚੇ ਨੱਥਾ ਸਿੰਘ ਨੇ ਕਿਹਾ ਕਿ ਅਸੀਂ ਇਕ ਹੋਰ ਬਲਦ ਲੈ ਕੇ ਹਰਭਜਨ ਸਿੰਘ ਨੂੰ ਪੂਰੇ ਤੌਰ ’ਤੇ ਖੇਤੀ ਵਿਚ ਪਾ ਲਈਏ ਤਾਂ ਮੇਰੇ ਭਰਾਵਾਂ ਨੇ ਕਿਹਾ ਕਿ ਜਦ ਤਕ ਇਸ ਦੀ ਜ਼ਮਾਨਤ ਹੈ ਅਸੀਂ ਇਸ ਨੂੰ ਕੁਝ ਕਰਨ ਲਈ ਨਹੀਂ ਕਹਿੰਦੇ। ਜਦੋਂ ਜਮਾਨਤ ਖਤਮ ਹੋ ਜਾਵੇਗੀ ਤਾਂ ਇਹ ਜੋ ਜੀਅ ਕਰਦਾ ਕਰੇ। ਚਾਚੇ ਨੱਥਾ ਸਿੰਘ ਨੇ ਕਿਹਾ ਕਿ ਜੇ ਤੁਸੀਂ ਹਰਭਜਨ ਸਿੰਘ ਨੂੰ ਨਹੀਂ ਕਹਿਣਾ ਚਾਹੁੰਦੇ ਤਾਂ ਮੈਂ ਕਹਿ ਦਿੰਦਾ ਹਾਂ ਪਰ ਉਨ੍ਹਾਂ ਪੋਚਾ ਹੀ ਫੇਰ ਦਿੱਤਾ।

ਜ਼ਮਾਨਤ ਅਜੇ ਖ਼ਤਮ ਨਹੀਂ ਸੀ ਹੋਈ ਕਿ ਗਿਆਨੀ ਦਲੀਪ ਸਿੰਘ ਦੇ ਲਾਹੌਰ ਜਾਣ ਦਾ ਪਤਾ ਲੱਗਾ ਤਾਂ ਮੇਂ ਵੀ ਇਕ ਦਰਖਾਸਤ ਥਾਣੇ ਭੇਜੀ ਕਿ ਮੇਰੀ ਜਮਾਨਤ ਖਤਮ ਹੋ ਰਹੀ ਹੈ ਤੇ ਮੈਂ ਰੁਜ਼ਗਾਰ ਵਾਸਤੇ ਬਾਹਰ ਜਾਣਾ ਹੈ। ਮੈਨੂੰ ਖੁੱਲ੍ਹ ਹੋ ਜਾਣੀ ਚਾਹੀਦੀ ਹੈ। ਇਕ ਦਿਨ ਥਾਣੇ ਤੋਂ ਪਰਚਾ ਆਇਆ ਕਿ ਤੂੰ ਥਾਣੇ ਹਾਜ਼ਰ ਹੋ ਤਾਂ ਮੈਂ ਚਲਾ ਗਿਆ। ਨਾਲ ਮੇਰੇ ਦੋ ਨੰਬਰਦਾਰ ਤੇ ਇਕ ਚੌਕੀਦਾਰ ਗਏ। ਰਾਹ ਵਿਚ ਗੱਲਬਾਤ ਕਰਦਿਆਂ ਰਾਮ ਦਿੱਤੇ ਨੰਬਰਦਾਰ ਨੇ ਕਿਹਾ ਕਿ ਜਿਉਣ ਸਿੰਘ (ਦੂਜਾ ਨੰਬਰਦਾਰ) ਨੰਦ ਬਾਣੀਆਂ ਸਕੂਲ ਦੀ ਦਰਖਾਸਤ ਦਿੰਦਾ ਫਿਰਦਾ ਹੈਂ, ਆਪਾਂ ਇਹ ਨਹੀਂ ਬਣਨ ਦੇਣਾ। ਜੇ ਬਣ ਗਿਆ ਤਾਂ ਆਪਾਂ ਉੱਥੇ ਬਾਬੂਆਂ ਦੀਆਂ ਘੋੜੀਆਂ ਆਦਿ ਨੂੰ ਸਾਂਭਣ ਤੇ ਦੁੱਧ ਪਿਆਉਣ ਵਿਚ ਹੀ ਰਿਹਾ ਕਰਾਂਗੇ। ਇਹ ਵਾਰਤਾਲਾਪ ਮੈਂ ਇਸ ਲਈ ਲਿਖ ਰਿਹਾ ਹਾਂ ਕਿ ਦੇਖੋ ਕਿਹੋ ਜਿਹੇ ਬੰਦੇ ਸਾਡੇ ਬਜ਼ੁਰਗਾਂ ਵਿਚ ਸਨ ਜੋ ਵਿਦਿਆ ਵਰਗੇ ਉੱਤਮ ਧਨ ਦੇ ਵੀ ਹਾਮੀ ਨਹੀਂ ਸਨ, ਸਿਰਫ਼ ਆਪਣੀ ਸਹੂਲਤ ਬਦਲੇ।

ਖੈਰ ਅਸੀਂ ਥਾਣੇ ਪਹੁੰਚੇ ਤੇ ਮੁਨਸ਼ੀ ਨੂੰ ਮਿਲੇ। ਮੁਨਸ਼ੀ ਜੋ ਮੁਸਲਮਾਨ ਸੀ ਨੇ ਮੈਨੂੰ ਕਿਹਾ ਕਿ ਦਰਅਸਲ ਸਰਕਾਰ ਤੁਹਾਡੀ ਪੱਗ ਤੋਂ ਡਰਦੀ ਹੈ, ਜਿਹੜੀ ਤੁਸੀਂ ਘੋਟ ਕੇ ਬੰਨ੍ਹੀਂ ਹੋਈ ਹੈ। ਦੇਖੋ ਨੰਬਰਦਾਰ ਦੀ ਪੱਗ। ਜੋ ਐਵੇਂ ਮੋਟੇ-ਮੋਟੇ ਗੇੜਿਆਂ ਵਾਲੀ ਸੀ। ਕਿਹੋ ਜਿਹੀ ਸੋਹਣੀ ਹੈ, ਮੇਰੇ ਖਿਆਲ ਵਿਚ ਤੈਨੂੰ ਵੀ ਢਾਹ ਕੇ ਅਜਿਹੀ ਹੀ ਪੱਗ ਬੰਨ੍ਹਣੀ ਚਾਹੀਦੀ ਹੈ। ਮੈਂ ਠੋਕ ਕੇ ਉੱਤਰ ਦਿੱਤਾ ਕਿ ਇਹ ਪੱਗ ਇਸੇ ਤਰ੍ਹਾਂ ਰਹੇਗੀ, ਮੈਂ ਹਰਗਿਜ਼ ਇਸ ਨੂੰ ਢਾਹ ਨਹੀਂ ਸਕਦਾ ਤਾਂ ਮੁਨਸ਼ੀ ਚੁੱਪ ਕਰ ਗਿਆ ਤੇ ਦਰਖਾਸਤ ਦਾ ਉੱਤਰ ਫੇਰ ਦੇਣ ਲਈ ਕਿਹਾ।

ਸੋ ਅਸੀਂ ਉੱਥੋਂ ਵਾਪਸ ਆ ਗਏ ਤੇ ਥੋੜ੍ਹੇ ਦਿਨਾਂ ਬਾਅਦ ਹੀ ਮੈਂ ਗਿਆਨੀ ਦਲੀਪ ਸਿੰਘ ਤੋਂ ਸੱਤਰ ਰੁਪਏ ਲੈ ਕੇ ਲਾਹੌਰ ਨੂੰ ਚਾਲੇ ਪਾ ਦਿੱਤੇ। ਕਿਲ੍ਹਾ ਰਾਏਪੁਰ ਸਟੇਸ਼ਨ ’ਤੇ ਮੈਨੂੰ ਜ਼ੈਲਦਾਰ ਹਜ਼ਾਰਾ ਸਿੰਘ (ਬਾਬੂ ਬਚਨ ਸਿੰਘ ਦਾ ਬਾਬਾ) ਮਿਲਿਆ ਤੇ ਕਹਿਣ ਲੱਗਾ ਕਿ ਤੇਰੀ ਤਾਂ ਜ਼ਮਾਨਤ ਸੀ, ਤੂੰ ਕਿਧਰ ਜਾਂਦਾ ਏਂ? ਤਾਂ ਮੈਂ ਉੱਤਰ ਦਿੱਤਾ ਕਿ ਮੈਂ ਕੰਮਕਾਜ ਲਈ ਹੀ ਬਾਹਰ ਜਾ ਰਿਹਾ ਹਾਂ, ਜ਼ਮਾਨਤ ਮੁੱਕਣ ਵਾਲੀ ਹੀ ਹੈ। ਉਹ ਚੁੱਪ ਕਰ ਗਿਆ ਤੇ ਮੈਂ ਗੱਡੀ ਚੜ੍ਹ ਕੇ ਲਾਹੌਰ ਗਿਆਨੀ ਦਲੀਪ ਸਿੰਘ ਕੋਲ ਪਹੁੰਚ ਗਿਆ, ਜੋ ਖਾਲਸਾ ਟ੍ਰੈਕਟ ਸੁਸਾਇਟੀ ਵਿਚ ਕਲਰਕੀ ਦਾ ਕੰਮ ਕਰਦੇ ਸਨ। ਇਹ ਸੁਸਾਇਟੀ, ਜਿਸ ’ਚ ਕਾਲਜਾਂ ਦੇ ਕੁਝ ਵਿਦਿਆਰਥੀ ਅਤੇ ਮਾਸਟਰ ਧਰਮ ਸਿੰਘ ਫਲ੍ਹੇਵਾਲ, ਪ੍ਰਿੰਸੀਪਲ ਇਕਬਾਲ ਸਿੰਘ ਬੋਪਾਰਾਏ (ਲੁਧਿਆਣਾ) ਮਾਸਟਰ ਅਭੈ ਸਿੰਘ (ਸਰਗੋਧਾ) ਤੇ ਪ੍ਰਤਾਪ ਸਿੰਘ ਕੈਰੋਂ ਆਦਿ ਮੈਂਬਰ ਸਨ, ਹਰ ਮਹੀਨੇ ਇਕ ਟ੍ਰੈਕਟ ਅੰਗਰੇਜ਼ੀ ਪੰਜਾਬੀ ਆਦਿ ਜ਼ਬਾਨਾਂ ਵਿਚ ਕੱਢਦੀ ਸੀ ਜੋ ਕਿ ਨਿਰੋਲ ਧਾਰਮਿਕ ਹੁੰਦੇ ਸਨ।

ਇਹ ਸਟੇਸ਼ਨ ਦੇ ਲਾਗੇ ਗੁਰਦੁਆਰਾ ਸ਼ਹੀਦ ਗੰਜ ਵਿਚ ਰਹਿੰਦੇ ਸਨ ਜਿੱਥੇ ਇਕ ਕਮਰਾ ਥੱਲੇ, ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਵਾਲਾ ਤੇ ਬਾਰਾਂ ਅਲਮਾਰੀਆਂ ਮੁਸਾਫਰਾਂ ਦੇ ਸਾਮਾਨ ਲਈ ਸਨ ਤੇ ਵਿਚ ਖੂਹ ਲੱਗਾ ਹੋਇਆ ਸੀ। ਤਿੰਨ-ਚਾਰ ਕੋਠੜੀਆਂ ਥੱਲੇ ਤੇ ਦੋ ਚੁਬਾਰੇ ਉਪਰ ਸਨ ਜੋ ਭੋਰਿਆਂ ਦੇ ਉੱਪਰ ਸਨ ਜਿੱਥੇ ਸਿੰਘਾਂ ਨੂੰ ਪੁਰਾਣੇ ਜ਼ਮਾਨੇ ਵਿਚ ਕੈਦ ਰੱਖਿਆ ਜਾਂਦਾ ਸੀ ਤੇ ਸ਼ਹੀਦ ਕੀਤਾ ਜਾਂਦਾ ਸੀ। ਉਹ ਚੁਬਾਰੇ ਇਨ੍ਹਾਂ ਪਾਸ ਕਿਰਾਏ ’ਤੇ ਸਨ। ਕਿਰਾਇਆ ਕੇਵਲ ਤਿੰਨ ਰੁਪਏ ਮਹੀਨਾ ਸੀ ਤੇ ਇਹ ਹਿੱਸਾ ਸ੍ਰੀ ਗੁਰੂ ਸਿੰਘ ਸਭਾ ਲਾਹੌਰ ਦੇ ਕਬਜ਼ੇ ਸੀ, ਜਿਸ ਵੱਲੋਂ ਇਕ ਗ੍ਰੰਥੀ ਇੱਥੇ ਰਹਿੰਦਾ ਸੀ। ਇੱਥੇ ਮਾਝੇ ਦੇ ਸਿੰਘ, ਮੁਸਲਮਾਨਣੀਆਂ ਤੇ ਮੁਸਲਮਾਨਾਂ ਨੂੰ ਲਿਆ ਕੇ ਅੰਮ੍ਰਿਤ ਛਕਾ ਕੇ ਸਿੰਘ ਸਭਾ ਦਾ



www.AKJ.Org

ਸਰਟੀਫਿਕੇਟ ਲੈ ਜਾਂਦੇ ਸਨ। ਮੈਂ 1920 ਮਾਰਚ ਦੇ ਮਹੀਨੇ ਵਿਚ ਇੱਥੇ ਪਹੁੰਚ ਗਿਆ ਸੀ ਜਦੋਂ ਕਿ ਮੇਰਾ ਵੱਡਾ ਬੇਟਾ ਸੰਤੋਖ ਸਿੰਘ ਸਿਰਫ਼ ਛੇ ਮਹੀਨਿਆਂ ਦਾ ਸੀ।

**ਜੇਲ ਯਾਤਰਾ ਤੋਂ ਬਾਅਦ ਦਾ ਜੀਵਨ : ਵੱਲੋਂ ਸੰਪਾਦਕ**

ਇਸ ਤੋਂ ਬਾਅਦ ਆਪ ਅਕਾਲੀ ਲਹਿਰ ਵਿਚ ਸਰਗਰਮ ਹੋ ਗਏ। ਸੰਨ 1922 ਵਿਚ ਲਾਹੌਰ ਰਹਿੰਦੇ ਸਮੇਂ ਗਿਆਨੀ ਦਾ ਕੋਰਸ ਵੀ ਪਾਸ ਕਰ ਲਿਆ ਅਤੇ ਸ਼ਹੀਦ ਭਗਤ ਸਿੰਘ ਵਲੋਂ ਸਥਾਪਿਤ ਨੌਜਵਾਨ ਭਾਰਤ ਸਭਾ ਵਿਚ ਵੀ ਹਿੱਸਾ ਲਿਆ। ਸ੍ਰੀ ਅੰਮ੍ਰਿਤਸਰ ਤੋਂ ਗਿਆਨੀ ਨਾਹਰ ਸਿੰਘ ਜੀ ਦੀ ਐਡੀਟਰੀ ਹੇਠ ਨਿਕਲਦੇ ਅਸਲੀ ਕੌਮੀ ਦਰਦ ਅਖਬਾਰ ਦੇ ਸੰਪਾਦਕੀ ਮੰਡਲ ਦੇ ਮੈਂਬਰ ਵੀ ਬਣਾਏ ਗਏ। ਇਕ ਹੋਰ ਗੁਰਮੁਖੀ ਪੱਤਰ ਮਜ਼ਦੂਰ ਵੀ ਕੱਢਿਆ। ਸ੍ਰੀ ਅੰਮ੍ਰਿਤਸਰ ਰਹਿ ਕੇ ਸ. ਸਰਦੂਲ ਸਿੰਘ ਕਵੀਸ਼ਰ ਦੇ ਪ੍ਰੈੱਸ ਵਿਚ ਕੰਪੋਜੀਟਰ ਦਾ ਕੰਮ ਸਿਖਿਆ। ਬਾਅਦ ਵਿਚ ਆਪਣਾ ਗਿਆਨੀ ਪ੍ਰੈੱਸ ਲਗਾ ਲਿਆ। ਸੰਨ 1949 ਵਿਚ ਲੁਧਿਆਣੇ ਆ ਕੇ ਪੰਜਾਬੀ ਗਿਆਨੀ ਪ੍ਰੈੱਸ ਲਗਾਇਆ ਜਿਥੋਂ ਗਿਆਨੀ ਨਾਹਰ ਸਿੰਘ ਜੀ ਨੇ ਆਪ ਜੀ ਦੇ ਸਹਿਯੋਗ ਨਾਲ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ  ਲਿਖਤ ਅਤੇ ਹੋਰ ਅਨੇਕਾਂ ਕਿਤਾਬਾਂ ਛਾਪੀਆਂ। ਆਪ ਚੰਗੇ ਕਵੀ ਅਤੇ ਨਿਬੰਧ ਲੇਖਕ ਸਨ ਆਪ ਜੀ ਦੀ ਲਿਖਤ ਭਾਰਤੀ ਸ਼ਹੀਦਾਂ ਦੀਆਂ ਲਹੂ ਭਿੰਨੀਆਂ ਯਾਦਾਂ, ਮੈਂ ਗਦਰੀ ਕਿਵੇਂ ਬਣਿਆ? ਬਾਲਾ ਜਰਨੈਲ-ਕਰਤਾਰ ਸਿੰਘ ਸਰਾਭਾ, ਆਪਣੀ ਸਵੈ-ਜੀਵਨੀ ਨਾਮੀ ਪੁਸਤਕਾਂ, ਗਦਰ ਲਹਿਰ ਦੇ ਇਤਿਹਾਸਕ ਦਸਤਾਵੇਜ਼ ਹਨ। 13 ਅਪ੍ਰੈਲ 1955 ਨੂੰ ਗਿਆਨੀ ਨਾਹਰ ਸਿੰਘ ਜੀ ਨਾਲ ਰਲ ਕੇ ਪੰਜਾਬੀ ਰਤਨ ਹਫਤਾਵਾਦੀ ਅਖਬਾਰ ਵੀ ਕੱਢਿਆ ਜੋ ਸੰਨ 1962 ਤਾਈਂ ਸੱਤ ਸਾਲ ਚੱਲਦਾ ਰਿਹਾ। ਸੰਨ 1918 ਵਿਚ ਜ਼ੇਲ੍ਹ ਦੀ ਰਿਹਾਈ ਤੋਂ ਬਾਅਦ ਜਿਥੇ ਕੀਰਤਨ ਸਮਾਗਮਾ ਤੇ ਅਖੰਡ ਪਾਠਾਂ ਦੀ ਹਾਜ਼ਰੀ ਭਰ ਕੇ ਨਾਮ ਬਾਣੀ ਦੇ ਲਾਹੇ ਲੈਂਦੇ ਲਏ ਉਥੇ ਪਿੰਡ ਦੇ ਲੋਕਾਂ ਦੇ ਭਲਾਈ ਕਾਰਜਾਂ ਵਿਚ ਵੀ ਹਿੱਸਾ ਲੈਂਦੇ ਰਹੇ ਤੇ ਸੰਨ 1963 ਵਿਚ ਪਿੰਡ ਦੇ ਸਰਪੰਚ ਦਾ ਅਹੁਦਾ ਵੀ ਸੰਭਾਲਿਆ। ਅੰਤ 4 ਦਸੰਬਰ 1982 ਨੂੰ ਗੁਰੂ ਚਰਨਾ ਵਿਚ ਜਾ ਬਿਰਾਜੇ।

# ਹੈੱਡਮਾਸਟਰ ਭਾਈ ਧਰਮ ਸਿੰਘ ਜੀ, ਫਲੇਵਾਲ, ਜ਼ਿਲ੍ਹਾ ਲੁਧਿਆਣਾ

ਭਾਈ ਜਤਿੰਦਰ ਪਾਲ ਸਿੰਘ ਜੀ ਆਸਟਰੇਲੀਆ

ਭਾਈ ਧਰਮ ਸਿੰਘ ਜੀ ਹੈੱਡਮਾਸਟਰ ਜ਼ਿਲ੍ਹਾ ਲੁਧਿਆਣੇ ਦੇ ਪਿੰਡ ਫਲੇਵਾਲ ਦੇ ਮੁੱਖੀ ਗੁਰਮੁਖ ਪਰਿਵਾਰ ਵਿਚੋਂ ਸਨ ਅਤੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਮੁੱਢਲੇ ਖਾਸ ਪਰੇਮੀਆ ਵਿਚੋਂ ਸਨ, ਜੋ  29 ਮਈ 1962 ਦੁਪਹਿਰ ਨੂੰ ਦਿਲ ਫੇਲ ਹੋ ਜਾਣ ਦੇ ਕਾਰਨ ਕਰੀਬਨ 72 ਸਾਲ ਦੀ ਉਮਰ ਵਿਚ ਚਲਾਣਾ ਕਰ ਗਏ ਸਨ। ਇਨ੍ਹਾਂ ਦੇ ਜੀਵਨ ਦਾ ਬਹੁਤ ਹਿੱਸਾ ਖਾਲਸਾ ਸਕੂਲਾਂ ਦੀ ਸੇਵਾ ਤੇ ਗੁਰਬਾਣੀ ਦੇ ਅਭਿਆਸ ਵਿਚ ਗੁਜਰਿਆ ਹੈ। ਆਪ ਗੁਰਸਿਖੀ ਅਸੂਲਾਂ ਦੇ ਧਾਰਨੀ ਤੇ ਖ਼ਾਲਸਾ ਪੰਥ ਦੇ ਉਨ੍ਹਾਂ ਪਰੇਮੀ ਤੇ ਸਿਦਕੀ ਸਿੰਘਾਂ ਵਿਚੋਂ ਸਨ ਜੋ ਇਸ ਸੰਸਾਰ ਵਿਚ ਗੁਰੂ ਸਾਹਿਬ ਦੇ ਭਰੋਸੇ, ਸੇਵਾ ਭਾਵ, ਨਾਮ ਜਪਣ ਤੇ ਪੰਥਕ ਸੇਵਾ ਦੇ ਚਾਅ ਵਿਚ ਜੀਵਣ ਬਤੀਤ ਕਰਦੇ ਹਨ।

ਆਪ ਨੇ ਬਚਪਨ ਤੋਂ ਹੀ ਗੁਰਸਿਖੀ ਜੀਵਨ ਧਾਰਨ ਕਰਕੇ ਰਹਿਤ ਬਹਿਤ ਵਿਚ ਪਰਪੱਕ ਰਹਿ ਕੇ ਉੱਚ ਵਿਦਿਆ ਪ੍ਰਾਪਤ ਕੀਤੀ। ਸਰਕਾਰੀ ਨੌਕਰੀ ਦੀ ਥਾਂ ਖਾਲਸਾ ਸਕੂਲਾਂ ਦੀ ਸੇਵਾ ਨੂੰ ਮੁੱਖ ਰਖਿਆ ਅਤੇ ਇਸ ਸੇਵਾ ਵਿਚ ਹੀ ਜੀਵਨ ਸਫਲ ਕੀਤਾ। ਇਸ ਲਈ ਜ਼ਰੂਰੀ ਹੈ ਕਿ ਆਪ ਦੇ ਜੀਵਨ ਦੇ ਤਰਦੇ ਤਰਦੇ ਹਾਲਾਤ ਲਿਖਣ ਵਿਚ ਲਿਆਂਦੇ ਜਾਣ ਤਾਂਕਿ ਅਜਿਹੇ ਗੁਰਸਿਖਾਂ ਦੀ ਸ਼ੁਭ ਕਰਨੀ ਹੋਰਨਾਂ ਲਈ ਪ੍ਰੇਰਨਾਂ ਅਤੇ ਉਤਸ਼ਾਹ ਦਾ ਕੰਮ ਦੇਵੇ।


www.AKJ.Org

ਭਾਈ ਧਰਮ ਸਿੰਘ ਜੀ ਦਾ ਜਨਮ ਪਿੰਡ ਫਲੇਵਾਲ ਜ਼ਿਲ੍ਹਾ ਲੁਧਿਆਣਾ ਵਿਖੇ ਸ; ਭਗਵਾਨ ਸਿੰਘ ਜੀ ਦੇ ਘਰ 9 ਨਵੰਬਰ 1890 ਈਸਵੀਂ ਵਿਚ ਹੋਇਆ। ਆਪ ਦੇ ਪਿਤਾ ਜੀ ਖੇਤੀਬਾੜੀ ਦਾ ਕੰਮ ਕਰਦੇ ਸਨ। ਆਪ ਨੇ ਪ੍ਰਾਇਮਰੀ ਦੀ ਵਿਦਿਆ ਪਿੰਡ ਗੁਜਰਵਾਲ ਵਿਚ ਪ੍ਰਾਪਤ ਕੀਤੀ ਤੇ ਫਿਰ ਦਸਵੀਂ ਜਮਾਤ ਤੱਕ ਮਿਸ਼ਨ ਸਕੂਲ ਲੁਧਿਆਣਾ ਵਿਖੇ ਪੜ੍ਹੇ। ਆਪ ਬਚਪਨ ਤੋਂ ਹੀ ਗੁਰਸਿਖੀ ਵਿਚ ਪਰਪੱਕ ਸਨ ਅਤੇ ਗੁਰਬਾਣੀ ਦਾ ਕਾਫੀ ਅਭਿਆਸ ਕਰਦੇ ਸਨ। ਮਿਸ਼ਨ ਸਕੂਲ ਵਿਚ ਪੜ੍ਹਦੇ ਸਮੇਂ ਸ. ਨਗੀਨਾ ਸਿੰਘ ਦੇ ਮਕਾਨ ਵਿੱਚ, ਜਿਸਨੂੰ ਬੰਨੋ ਦਾ ਹਾਤਾ ਕਹਿੰਦੇ ਸਨ ਅਤੇ ਜਿੱਥੇ ਹੁਣ ਸੁਖ ਰਾਮ ਨਗਰ ਹੈ, ਹੋਰ ਵਿਦਿਆਰਥੀਆਂ ਸਮੇਤ ਰਹਿੰਦੇ ਸਨ। ਇਹਨਾਂ ਵਿਚੋਂ ਕੁਝ ਵਿਦਿਆਰਥੀ ਮਾਲਵਾ ਖ਼ਾਲਸਾ ਹਾਈ ਸਕੂਲ ਦੇ ਸਨ ਜਿੱਥੇ ਗੁਰਦੁਆਰੇ ਵਿਚ ਉਨ੍ਹਾਂ ਭੁਜੰਗੀ ਸਭਾ ਬਣਾਈ ਹੋਈ ਸੀ। ਭਾਈ ਸਾਹਿਬ ਰਣਧੀਰ ਸਿੰਘ ਜੀ ਜਥੇ ਸਮੇਤ ਹਫਤਾਵਾਰੀ ਅਤੇ ਗੁਰਪੁਰਬ ਸਮਾਗਮਾਂ ਤੇ ਭੁਜੰਗੀ ਸਭਾ ਦੇ ਗੁਰਦੁਆਰੇ ਕੀਰਤਨ ਕਰਨ ਲਈ ਆਉਂਦੇ ਸਨ। ਉਨ੍ਹਾਂ ਵਿਦਿਆਰਥੀਆਂ ਨਾਲ ਆਪ ਵੀ ਭਾਈ ਸਾਹਿਬ ਜੀ ਦੀ ਸੰਗਤ ਦਾ ਆਨੰਦ ਮਾਣਨ ਲਗ ਪਏ ਤੇ ਜਲਦੀ ਹੀ ਅੰਮ੍ਰਿਤ ਛੱਕ ਕੇ ਤਿਆਰ ਬਰ ਤਿਆਰ ਹੋ ਗਏ। ਜਦੋਂ ਆਪ ਮਿਸਨ ਸਕੂਲ ਦੇ ਵਿਦਿਆਰਥੀ ਸਨ ਤਾਂ ਉਚੀ ਸੁਰ ਵਿਚ ਸ਼ਬਦ ਪੜ੍ਹਿਆ ਕਰਦੇ ਸਨ ਅਤੇ ਅਖੰਡ ਪਾਠੀ ਵੀ ਸਨ। ਮਿਸ਼ਨ ਸਕੂਲ ਵਿਚ ਵੀ ਸਿੱਖ ਵਿਦਿਆਰਥੀਆਂ ਦੀ ਇਕ ਭੁਜੰਗੀ ਸਭਾ ਬਣੀ ਹੋਈ ਸੀ ਜਿਸ ਦੇ ਆਪ ਮੁਖੀ ਸਨ ਤੇ ਇਹਨਾਂ ਸਮਾਗਮਾਂ ਵਿਚ ਆਪ ਵੀ ਕੀਰਤਨ ਕਰਦੇ ਤੇ ਸੁਣਦੇ ਸਨ। ਨਾਲ ਹੀ ਆਪ ਦੂਜੇ ਧਰਮਾਂ ਬਾਰੇ ਵੀ ਕਾਫੀ ਵਾਕਫੀ ਰਖਦੇ ਸਨ। ਆਪ ਨੇ ਮਿਸ਼ਨ ਸਕੂਲ ਵਿਚ ਈਸਾਈ ਮਤ ਦੀ ਧਾਰਮਿਕ ਸਿਖਿਆ ਅਥਵਾ ਬਾਈਬਲ ਦੀ ਪੜ੍ਹਾਈ ਵਿਚ ਵਜ਼ੀਫਾ ਜਿੱਤਿਆ।' ਗਦਰ ਲਹਿਰ ਵਿਚ ਸ਼ਮੂਲੀਅਤ ਕਾਰਨ ਭਾਈ ਸਾਹਿਬ ਜੀ ਦੀ ਹੋਈ ਗ੍ਰਿਫਤਾਰੀ ਤੋਂ ਬਾਅਦ, ਉਨ੍ਹਾਂ ਤੇ ਚਲਾਏ ਗਏ ਮੁਕਦਮੇ ਸਮੇਂ ਆਪ ਜੀ ਪ੍ਰਿੰਸੀਪਲ ਇਕਬਾਲ ਸਿੰਘ ਜੀ ਬੋਪਾਰਾਏ, ਭਾਈ ਸੁੰਦਰ ਸਿੰਘ ਘੁਮਾਣ, ਭਾਈ ਮਹਿੰਦਰ ਸਿੰਘ ਸਿਧਵਾਂ ਦੇ ਨਾਲ ਰਲ ਕੇ ਉਨ੍ਹਾਂ ਦੇ ਮੁੱਕਦਮੇ ਦੀ ਪੈਰਵਾਈ ਵੀ ਕਰਦੇ ਰਹੇ। ਭਾਈ ਸਾਹਿਬ ਜੀ ਦੀ ਜੇਲ੍ਹ ਯਾਤਰਾ ਦੌਰਾਨ ਉਨ੍ਹਾਂ ਦੇ ਪਰਿਵਾਰ ਦੀ ਦੇਖ ਭਾਲ ਵੀ ਕਰਦੇ ਰਹੇ।

ਇਸ ਤੋਂ ਉਪਰੰਤ ਆਪ ਖਾਲਸਾ ਕਾਲਜ ਅੰਮ੍ਰਿਤਸਰ ਵਿਚ ਬੀ.ਏ. ਤੱਕ ਪੜ੍ਹੇ। ਇਸ ਸਮੇਂ ਆਪ ਇਤਨੇ ਪੂਰਨ ਵਿਸ਼ਵਾਸੀ ਸਨ ਤੇ ਸਿੱਖੀ ਅਸੂਲਾਂ ਦੇ ਇਤਨੇ ਪਾਬੰਦ ਸਨ ਕਿ ਪ੍ਰਿੰਸੀਪਲ ਵਾਦਨ ਪਾਸ ਪ੍ਰੋਫੈਸਰਾਂ ਬਾਰੇ ਵੀ ਨਿਧੱੜਕ ਹੋ ਕੇ ਸ਼ਿਕਾਇਤ ਕਰ ਦਿੰਦੇ ਸਨ ਕਿ ਉਹ ਗੁਰਦੁਆਰੇ ਹਾਜ਼ਰ ਕਿਉਂ ਨਹੀਂ ਹੁੰਦੇ ਅਤੇ ਪਿੱਛੋਂ ਆ ਕੇ ਅੱਗੇ ਬੈਠਣ ਦੀ ਕੋਸ਼ਿਸ਼ ਕਰਦੇ ਹਨ ਜੋ ਗੁਰ ਸੰਗਤ ਦੇ ਨਿਯਮਾਂ ਅਨੁਕੂਲ ਨਹੀਂ ਹੈ।

ਇਸ ਸਮੇਂ ਵਿਚ ਇਕ ਖਾਸ ਘਟਨਾਂ ਵਾਪਰੀ ਜਿਸ ਦਾ ਜ਼ਿਕਰ 'ਰੰਗਲੇ ਸੱਜਣ' ਨਾਮ ਦੀ ਪੁਸਤਕ ਵਿਚ ਆਇਆ ਹੈ ਤੇ ਸੰਖੇਪ ਕਰਕੇ ਇਉਂ ਹੈ:

ਜਦੋਂ ਆਪ ਬੀ.ਏ. ਵਿਚ ਪੜ੍ਹਦੇ ਸਨ ਤਾਂ ਆਪ ਦੀ ਭਾਈ ਸਰਵਣ ਸਿੰਘ ਜੀ, ਜੋ ਭਾਈ ਸਾਹਿਬ ਦੇ ਜਥੇ ਦੇ ਖਾਸ ਰੁਕਨਾਂ ਵਿਚੋਂ ਸਨ, ਪ੍ਰਤੀ ਬਹੁਤ ਹੀ ਸਤਿਕਾਰ ਭਰੀ ਅੰਤਰੀਵੀ ਸ਼ਰਧਾ ਰਹੀ ਹੈ। ਚਾਹੇ ਆਪ ਜੀ ਬਾਹਰੋਂ ਬੋਲਣ ਵਿਚ ਬੜੇ ਭੀਹਾਵਲ ਪ੍ਰਤੀਤ ਹੁੰਦੇ ਸਨ, ਉਨ੍ਹਾਂ ਦੀ ਅੰਤਰਗਤਿ **'ਸਗਲ ਚਰਣ ਕੀ ਇਹ ਮਨ ਰਾਲਾ'** ਵਾਲੇ ਭਾਵ ਦੀ ਬਿਰਤੀ ਜੁਗਤੀ ਰਹੀ ਹੈ। ਆਪ ਭਾਈ ਸਰਵਣ ਸਿੰਘ ਜੀ ਨੂੰ ਕਈ ਵਾਰੀ ਘੂਰ ਧਮਕਾ ਵੀ ਲਿਆ ਕਰਦੇ ਸਨ, ਪਰ ਰੀਝਦੇ ਵੀ ਅਜਿਹੇ ਸਨ ਕਿ ਉਹਨਾਂ ਦੇ ਮੂੰਹੋਂ ਸੁਤੇ ਸੁਭਾ ਨਿਕਲੇ ਬਚਨਾਂ ਉਪਰ ਪੱਕਾ ਪਹਿਰਾ ਦਿਆ ਕਰਦੇ ਸਨ। ਖਾਲਸਾ ਕਾਲਜ ਵਿਚ ਆਪ ਨੂੰ ਪੜ੍ਹਾਈ ਜ਼ਿਆਦਾ ਹੋਣ ਕਰਕੇ ਤੇ ਖੁਰਾਕ ਚੰਗੀ ਨਾ ਮਿਲਣ ਕਰਕੇ, ਇਕ ਵਾਰੀ ਕਾਫੀ ਤਕੜੀ ਸਰੀਰਕ ਕਮਜ਼ੋਰੀ ਹੋ ਗਈ ਤੇ ਡਾਕਟਰਾਂ ਹਕੀਮਾਂ ਨੇ ਫਤਵਾ ਲਾ ਦਿੱਤਾ ਕਿ ਇਹ ਬਿਮਾਰੀ ਟੀ.ਬੀ. ਹੈ। ਜਦੋਂ ਭਾਈ ਧਰਮ ਸਿੰਘ ਜੀ ਨੇ ਪਿੰਡ ਆ ਕੇ ਭਾਈ ਸਰਵਣ ਸਿੰਘ ਜੀ ਨਾਲ ਇਹ ਗੱਲ ਕੀਤੀ ਤਾਂ ਉਨ੍ਹਾਂ ਦੇ ਮੂੰਹੋਂ ਸਹਿਜ ਸੁਭਾਅ ਹੀ ਨਿਕਲ ਗਿਆ। 'ਤੈਨੂੰ ਟੀ.ਬੀ.ਟਾ.ਬੀ. ਕੋਈ ਨਹੀਂ', ਕਹਿਣ ਵਾਲਿਆਂ ਨੂੰ ਹੋਊਗੀ' ਇਹ ਕਹਿਕੇ

ਭਾਈ ਸਰਵਣ ਸਿੰਘ ਜੀ, ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਪਾਸ ਗਏ ਤੇ ਕਹਿਣ ਲੱਗੇ 'ਬਾਈ ! ਆਪਾਂ ਇਕ ਅਖੰਡ ਪਾਠ ਆਪਣੇ ਭਾਈ ਧਰਮ ਸਿੰਘ ਨਮਿਤ ਕਰ ਦੇਈਏ। ਸੁਹਰੇ ਡਾਕਟਰ ਹਕੀਮ ਉਸ ਨੂੰ ਟੀ.ਬੀ. (ਤਪਦਿਕ) ਦਾ ਸ਼ੱਕ ਪਾਉਂਦੇ ਹਨ।'

ਸੋ ਫੈਸਲਾ ਹੋਇਆ ਕਿ ਭਾਈ ਧਰਮ ਸਿੰਘ ਜੀ ਸਾਰਾ ਅਖੰਡ ਪਾਠ ਸੁਨਣ ਲਈ ਤਤਪਰ ਹੋ ਜਾਣ। ਅਖੰਡ ਪਾਠ ਆਰੰਭ ਹੋਇਆ ਅਤੇ ਭਾਈ ਧਰਮ ਸਿੰਘ ਜੀ ਬੜੇ ਸਿਦਕ ਨਾਲ ਪੂਰਾ ਪਾਠ ਸ੍ਰਵਣ ਕਰਨ ਲਈ ਚੌਂਕੜਾ ਮਾਰ ਬੈਠੇ। ਰੰਗ ਕਰਤਾਰ ਦੇ ਐਸੇ ਹੋਏ ਕਿ ਉਹ ਨੌ ਬਰ ਨੌ ਹੋ ਗਏ। ਇਹ ਸਾਰਾ ਫਲ ਆਪ ਦੇ ਸਿਦਕ ਤੇ ਭਰੋਸੇ ਦਾ ਸੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਉਤੇ ਅਗਾਧ ਭਰੋਸਾ ਰੱਖਣ ਵਾਲਿਆਂ ਦਾ ਕਦੀ ਵਾਲ ਵਿੰਗਾ ਨਹੀਂ ਹੁੰਦਾ।

ਆਪ ਜੀ ਦਾ ਆਨੰਦ ਕਾਰਜ ਭਸੌੜ ਨਿਵਾਸੀ ਬੀਬੀ ਤੇਜ ਕੌਰ ਨਾਲ ਹੋਇਆ ਜਿਸ ਵਿਚ ਭਾਈ ਸਾਹਿਬ ਖੁਦ ਬਰਾਤ ਵਿਚ ਕੀਰਤਨ ਕਰਦੇ ਸ਼ਾਮਿਲ ਹੋ ਕੇ ਗਏ ਸਨ। ਇਹ ਅਨੰਦ ਕਾਰਜ ਇਨ੍ਹਾਂ ਕਿਸੇ ਹਿੰਦੂ ਰੀਤੀ ਅਤੇ ਦਹੇਜ ਲੈਣ ਦੇਣ ਆਦਿ ਤੋਂ, ਸਾਦੇ ਢੰਗ ਨਾਲ ਕੇਵਲ ਸਿੰਘ ਸਭਾ ਵਲੋਂ ਸ਼ੁਰੂ ਕੀਤੇ ਗਏ ਗੁਰਮਤਿ ਅਸੂਲਾਂ ਅਨੁਸਾਰ ਹੀ ਹੋਇਆ ਸੀ। ਆਪ ਦੀ ਪਹਿਲੀ ਸਿੰਘਣੀ ਜਲਦੀ ਹੀ ਚੜ੍ਹਾਈ ਕਰ ਗਈ ਸੀ ਅਤੇ ਉਸ ਤੋਂ ਬਾਅਦ ਦੂਸਰਾ ਅਨੰਦ ਕਾਰਜ ਬੀਬੀ ਨਰਾਇਣ ਕੌਰ ਜੀ ਨਾਲ ਭਸੌੜ ਹੀ ਹੋਇਆ। ਆਪ ਜੀ ਦੇ ਘਰ ਚਾਰ ਸਪੁੱਤਰਾਂ ਤੇ ਤਿੰਨ ਪੁੱਤਰੀਆਂ ਨੇ ਜਨਮ ਲਿਆ। ਡਾਕਟਰ ਬੇਅੰਤ ਸਿੰਘ ਜੀ ਨਵੀਂ ਦਿੱਲੀ ਜੋ ਕਿ ਜਥੇ ਦੀ ਨਾਮਵਰ ਹਸਤੀ ਹੋਈ ਹੈ ਆਪ ਜੀ ਦੇ ਸਪੁੱਤਰ ਸਨ।

ਆਪ ਨੇ ਬੀ.ਏ. ਤੋਂ ਬਾਅਦ ਸੰਨ 1911 ਵਿਚ ਬੀ.ਟੀ. ਟੀਚਰ ਟਰੇਨਿੰਗ ਕਾਲਜ ਲਾਹੌਰ ਤੋਂ ਕੀਤੀ ਅਤੇ ਫਿਰ ਗਿਆਨੀ ਦਾ ਕੋਰਸ ਪਾਸ ਕੀਤਾ। ਦੋ ਸਾਲ ਖਾਲਸਾ ਸਕੂਲ ਬਾਬਾ ਬਕਾਲਾ ਤੇ ਸਮੁੰਦਰੀ ਚੱਕ (ਲਾਇਲਪੁਰ) ਵਿਚ ਅਧਿਆਪਕ ਦੀ ਸੇਵਾ ਕਰਨ ਤੋਂ ਬਾਅਦ ਸੰਨ 1917 ਵਿਚ ਮਿਸ਼ਨ ਸਕੂਲ ਲੁਧਿਆਣਾ ਵਿਚ ਲੱਗ ਗਏ। ਇਸ ਸਕੂਲ ਵਿਚ ਲਗਭਗ 6 ਸਾਲ ਕੰਮ ਕੀਤਾ ਤੇ ਬੜਾ ਨਾਮਣਾ ਖੱਟਿਆ। ਇਸ ਦੌਰਾਨ ਆਪ ਨੂੰ ਸਰਕਾਰੀ ਨੌਕਰੀ ਦੀ ਵੀ ਪੇਸ਼ ਕੀਤੀ ਗਈ ਅਤੇ ਛੇਤੀ ਹੀ ਹੈੱਡ ਮਾਸਟਰ ਅਤੇ ਇੰਸਪੈਕਟਰ ਆਫ ਸਕੂਲਜ਼ ਲਗਾ ਦੇਣ ਦੀ ਪੇਸ਼ਕਸ਼ ਵੀ ਹੋਈ ਪਰ ਆਪ ਨੇ ਅੰਗਰੇਜ਼ੀ ਸਰਕਾਰ ਦੀ ਕੋਈ ਵੀ ਨੌਕਰੀ ਕਰਨ ਤੋਂ ਇਨਕਾਰ ਕਰ ਦਿੱਤਾ। ਸੰਨ 1922 ਵਿਚ ਮਿਸ਼ਨ ਸਕੂਲ ਛੱਡ ਕੇ ਖਾਲਸਾ ਮਿਡਲ ਸਕੂਲ ਕੁਰਾਲੀ ਚਲੇ ਗਏ। ਇੱਥੇ ਸ. ਬਲਦੇਵ ਸਿੰਘ ਰੱਖਿਆ ਮੰਤਰੀ ਭਾਰਤ ਸਰਕਾਰ ਆਪ ਦੇ ਵਿਦਿਆਰਥੀ ਰਹੇ ਹਨ। ਇਸ ਸਕੂਲ ਦੇ ਆਪ ਸਭ ਤੋਂ ਪਹਿਲੇ ਹੈੱਡ ਮਾਸਟਰ ਸਨ। ਇਸ ਸਕੂਲ ਨੂੰ ਹਾਈ ਬਣਾਉਣਾ ਤੇ ਚੜ੍ਹਦੀਆਂ ਕਲਾਂ ਵਿਚ ਲੈ ਜਾਣਾ ਆਪ ਦੀ ਨਿਸ਼ਕਾਮ ਸੇਵਾ ਦਾ ਫਲ ਸਰੂਪ ਹੈ। ਹਾਈ ਸਕੂਲ ਦੀ ਬਿਲਡਿੰਗ ਪਬਲਿਕ ਡੋਨੇਸ਼ਨ ਨਾਲ ਬਣਵਾਈ ਤੇ ਤਿੰਨ ਸਾਲ ਹਾਈ ਸਕੂਲ ਚਲਾਕੇ ਆਪ 1927 ਵਿਚ ਗੁਰੂ ਹਰਿਗਬਿੰਦ ਖਾਲਸਾ ਸਕੂਲ ਗੁਰੂ ਸਰ ਸੁਧਾਰ ਵਿਚ ਆ ਗਏ। ਆਪ ਨੂੰ ਸੁਧਾਰ ਸਕੂਲ ਵਿਚ ਬਾਬਾ ਸ਼ਮਸ਼ੇਰ ਸਿੰਘ ਜੀ ਨਿਰੰਗ ਸਿੰਘ ਦੀ ਖਿੱਚ ਲਿਆਈ ਅਤੇ ਸਿੰਘ ਸਾਹਿਬ ਦੇ ਦ੍ਰਿੜ ਵਿਸ਼ਵਾਸ਼ ਕਿ ਸੁਧਾਰ ਵਿਖੇ ਕਿਸੇ ਦਿਨ ਕਾਲਜ ਬਣੇਗਾ, ਦੀ ਨੀਂਹ ਉਦੋਂ ਤੋਂ ਹੀ ਰਖੀ ਗਈ। ਪ੍ਰਿੰਸੀਪਲ ਇਕਬਾਲ ਸਿੰਘ ਬੋਪਾਰਾਇ ਪਹਿਲਾਂ ਇਸ ਸਕੂਲ ਦੇ ਹੈੱਡ ਮਾਸਟਰ ਸਨ, ਫਿਰ ਕਾਲਜ ਬਣਨ ਤੇ ਪਹਿਲੇ ਪ੍ਰਿੰਸੀਪਲ ਨਿਯੁਕਤ ਹੋਏ।

ਇਸ ਦੌਰਾਨ ਸੰਨ 1920-21 ਵਿਚ ਆਪ ਜੀ ਨੇ ਪ੍ਰਿੰਸੀਪਲ ਇਕਬਾਲ ਸਿੰਘ ਜੀ ਬੋਪਾਰਾਏ, ਮਾਸਟਰ ਅਭੈ ਸਿੰਘ ਸਰਗੋਧਾ, ਸ. ਪਰਤਾਪ ਸਿੰਘ ਕੈਰੋਂ ਅਤੇ ਕਾਲਜਾਂ ਦੇ ਕੁਝ ਵਿਦਿਆਰਥੀਆਂ ਨਾਲ ਮਿਲ ਕੇ ਖਾਲਸਾ ਟ੍ਰੈਕਟ ਸੁਸਾਇਟੀ ਸਥਾਪਿਤ ਕੀਤੀ ਜਿਹੜੀ ਕਿ ਹਰ ਮਹੀਨੇ ਅੰਗਰੇਜ਼ੀ ਜਾਂ ਪੰਜਾਬੀ ਭਾਸ਼ਾ ਵਿਚ ਨਿਰੋਲ ਧਾਰਮਿਕ ਅਤੇ ਗੁਰਮਤਿ ਦੇ ਵਿਸ਼ਿਆਂ ਤੇ ਇਕ ਟ੍ਰੈਕਟ ਕੱਢਦੀ ਹੁੰਦੀ ਸੀ। ਮਗਰੋਂ ਇਹ ਸੁਸਾਇਟੀ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਬੰਧ ਹੇਠ ਆ ਗਈ।



www.AKJ.Org

ਆਪ ਨੇ ਸੁਧਾਰ ਸਕੂਲ ਦੀ ਸੇਵਾ ਸੰਨ 1932 ਤੱਕ ਕੀਤੀ ਅਤੇ ਸਕੂਲ ਚੜ੍ਹਦੀਆਂ ਕਲਾਂ ਵਿਚ ਪੁੱਜਾ। ਇਥੇ ਵਿਦਿਆਰਥੀਆਂ ਵਿਚ ਗੁਰਸਿਖੀ ਜੀਵਨ ਦਾ ਉਤਸ਼ਾਹ ਪੈਦਾ ਕਰਨਾ ਆਪ ਦਾ ਮੁੱਖ ਕਰਮ ਰਿਹਾ। ਆਪ ਦੀ ਵਿਦਵਤਾ ਅਤੇ ਡਿਸਿਪਲਿਨ ਦੀ ਧਾਂਕ ਅਜੇ ਤੱਕ ਸਾਰੇ ਇਲਾਕੇ ਵਿਚ ਸੁਣਾਈ ਦਿੰਦੀ ਹੈ ਅਤੇ ਉਹਨਾਂ ਵਿਦਿਆਰਥੀਆਂ ਦੇ ਸਿਰ ਆਪ ਦਾ ਨਾਮ ਸੁਣ ਕੇ ਸਤਿਕਾਰ ਵਿਚ ਝੁੱਕ ਜਾਂਦੇ ਹਨ। ਗੁਰੂ ਸਰ ਸੁਧਾਰ ਦੀ ਮੈਨੇਜਿੰਗ ਕਮੇਟੀ ਨੇ ਆਪ ਨੂੰ ਸਕੂਲ ਛੱਡਣ ਵੇਲੇ ਜੋ ਮਾਨ-ਪੱਤਰ ਪੇਸ਼ ਕੀਤਾ, ਉਹ ਪੜ੍ਹਕੇ ਹਰ ਇਕ ਗੁਰਸਿੱਖ ਦਾ ਹਿਰਦਾ ਗੱਦ ਗੱਦ ਹੋ ਜਾਂਦਾ ਹੈ ਤੇ ਆਪ ਦੇ ਜੀਵਨ ਤੋਂ ਕੁਝ ਸਿੱਖਣ ਲਈ ਤਤਪਰ ਹੋ ਜਾਂਦਾ ਹੈ। ਇਸ ਸੇਵਾ ਦੇ ਦੌਰਾਨ ਸੰਨ 1929 ਵਿਚ ਆਪ ਨੇ ਆਪਣੇ ਪਿੰਡ ਫਲੇਵਾਲ ਦੇ ਗੁਰਦੁਆਰੇ ਦਾ ਮੁਕੱਦਮਾ ਲੜਕੇ ਢਾਈ ਸੌ ਬਿਘੇ ਜ਼ਮੀਨ ਇਕ ਮਹੰਤ ਦੇ ਕਬਜ਼ੇ ਵਿਚੋਂ ਛੁਡਾ ਕੇ ਸੰਗਤ ਨੂੰ ਦਿਵਾਈ, ਜਿਸ ਵਿਚ ਆਪ ਨੂੰ ਕਈ ਤਰ੍ਹਾਂ ਦੀਆਂ ਔਕੜਾਂ ਦਾ ਸਾਹਮਣਾ ਵੀ ਕਰਨਾ ਪਿਆ।

ਜਦੋਂ ਕਿ ਮਾਲਵਾ ਖਾਲਸਾ ਹਾਈ ਸਕੂਲ ਲੁਧਿਆਣੇ ਵਿਚ ਹੈੱਡ ਮਾਸਟਰਾਂ ਦੇ ਠਹਿਰਣ ਦੀ ਔਸਤ ਇਕ ਸਾਲ ਤੋਂ ਵੀ ਘੱਟ ਸੀ, ਉਸ ਸਮੇਂ ਭਾਈ ਧਰਮ ਸਿੰਘ ਹੋਰਾਂ ਨੂੰ ਮੈਨੇਜਿੰਗ ਕਮੇਟੀ ਵੱਲੋਂ ਇੱਥੇ ਖਾਸ ਪ੍ਰੇਰਨਾ ਨਾਲ ਲੈ ਆਂਦਾ ਗਿਆ। ਸੰਨ 1932 ਤੋਂ ਲੈ ਕੇ 1945 ਤੱਕ ਆ ਨੇ ਮਾਲਵਾ ਖਾਲਸਾ ਹਾਈ ਸਕੂਲ ਲੁਧਿਆਣਾ ਵਿਚ ਸੇਵਾ ਕੀਤੀ। ਇਸ 14 ਸਾਲ ਦੇ ਲੰਮੇ ਸਮੇਂ ਵਿਚ, ਇਸ ਸਕੂਲ ਵਿਚ ਬੜੇ ਉਤਰਾਅ ਚੜ੍ਹਾ ਆਏ ਪਰ ਆਪ ਦੀ ਵਿਦਵਤਾ ਭਰੀ ਤੇ ਧਾਰਮਿਕ ਪਹਿਲੂ ਵਿਚ ਇਕ ਜ਼ਬਰਦਸਤ ਪ੍ਰਭਾਵਸ਼ਾਲੀ ਹਸਤੀ, ਇਨ੍ਹਾਂ ਸਭ ਉਤਰਾਅ ਚੜ੍ਹਾਵਾਂ ਵਿਚੋਂ ਸਕੂਲ ਨੂੰ ਉੱਚਾ ਚੁੱਕਣ ਵਿਚ ਸਫਲ ਰਹੀ। ਸਕੂਲ ਨੇ ਪੜ੍ਹਾਈ, ਖੇਡਾਂ ਤੇ ਧਾਰਮਿਕ ਪਹਿਲੂ ਤੋਂ ਸਭ ਪਾਸਿਉਂ ਉਨਤੀ ਕੀਤੀ।

ਇਸ ਸਮੇਂ ਵਿਚ ਆਪ ਪੰਥਕ ਕੰਮਾਂ ਵਿਚ ਵੀ ਹਿੱਸਾ ਲੈਂਦੇ ਰਹੇ ਅਤੇ ਸੰਨ 1932-1940 ਤਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਰਹਿਕੇ ਸਰਦਾਰ ਬਹਾਦਰ ਮਹਿਤਾਬ ਸਿੰਘ ਤੇ ਸ. ਤੇਜਾ ਸਿੰਘ ਸਮੁੰਦਰੀ ਆਦਿ ਨੂੰ ਪੰਥਕ ਔਕੜਾਂ ਸੁਲਝਾਉਣ ਵਿਚ ਪੂਰਾ ਸਹਿਯੋਗ ਦਿੱਤਾ ਜਿੰਨ੍ਹਾਂ ਵਿਚੋਂ ਚਾਬੀਆਂ ਦੇ ਮੋਰਚੇ ਸਮੇਂ ਪੈਦਾ ਹੋਈ ਵਿਖੇਪਤਾ ਨੂੰ ਸੁਲਝਾਉਣ ਵਿਚ ਆਪ ਦਾ ਖਾਸ ਯੋਗਦਾਨ ਸੀ।

ਆਪ 55 ਸਾਲ ਦੀ ਉਮਰ ਵਿਚ ਪੂਰਨ ਸਤਿਕਾਰ ਸਹਿਤ ਰੀਟਾਇਰ ਹੋ ਗਏ ਅਤੇ ਜੀਵਨ ਦੇ ਧਾਰਮਿਕ ਪਹਿਲੂ ਨੂੰ ਉੱਚਾ ਕਰਨ ਵਿਚ ਜੁੱਟ ਗਏ। ਰਿਟਾਇਰਮੈਂਟ ਤੋਂ ਬਾਅਦ ਆਪ ਨੇ ਖਾਲਸਾ ਹਾਈ ਸਕੂਲ ਬਖਤਗੜ੍ਹ ਵੀ ਸਥਾਪਿਤ ਕੀਤਾ।

ਛੇਤੀ ਹੀ ਆਪ ਮਾਲਵਾ ਖਾਲਸਾ ਦੀਵਾਨ ਦੇ ਮੈਂਬਰ ਬਣਾਏ ਗਏ ਤੇ ਸਕੂਲ ਦੇ ਪ੍ਰਬੰਧ ਵਿਚ ਆਪ ਦੀ ਰਾਇ ਖਾਸ ਮਹੱਤਤਾ ਰੱਖਦੀ ਰਹੀ। ਆਪ ਦੇ ਮਨ ਵਿਚ ਆਸ਼ਰਮ ਦੀ ਭਲਾਈ ਤੋਂ ਛੁੱਟ ਹੋਰ ਕੋਈ ਖਿਆਲ ਕਦੀ ਨਾ ਆਇਆ। ਆਪ ਨੇ ਮਾਲਵਾ ਖਾਲਸਾ ਟਰੈਨਿੰਗ ਕਾਲਜ ਜਾਰੀ ਕਰਨ ਵਿਚ ਪੂਰੀ ਮਿਲਵਰਤਣ ਦਿੱਤੀ ਅਤੇ ਆਪ ਜਿਹੇ ਸਿਆਣੇ ਸੱਜਣਾਂ ਦੇ ਸਹਿਯੋਗ ਨਾਲ ਹੀ ਇਹ ਕਾਲਜ ਚੜ੍ਹਦੀਆਂ ਕਲਾਂ ਵਿਚ ਪੁੱਜਾ ਹੈ।

ਇਥੇ ਇਹ ਦੱਸਣਾ ਅਯੋਗ ਨਹੀਂ ਕਿ ਕਈ ਵਾਰੀ ਮਾਲਵਾ ਖਾਲਸਾ ਦੀਵਾਨ ਦੀਆਂ ਮੀਟਿੰਗਾਂ ਵਿਚ ਆਪ ਦੇ ਸਿੱਧੇ, ਸੱਚੇ ਤੇ ਖਰਵੇ, ਸ਼ਬਦ ਕਈ ਮੈਂਬਰਾਂ ਨੂੰ ਚੁੱਭਦੇ ਵੀ ਹੋਣਗੇ ਪਰ ਇਹਨਾਂ ਸ਼ਬਦਾਂ ਦੀ ਸਚਾਈ ਹਰ ਇਕ ਮੈਂਬਰ ਅਨੁਭਵ ਕਰਦਾ ਸੀ ਤੇ ਗੁੱਸਾ ਕਰਨ ਦੀ ਥਾਂ ਉਨ੍ਹਾਂ ਦੀਆਂ ਖਰੀਆਂ ਖਰੀਆਂ ਗੱਲਾਂ ਦਾ ਸਤਿਕਾਰ ਕਰਦਾ ਸੀ।

ਜਿਨ੍ਹਾਂ ਸੱਜਣਾਂ ਨੇ ਆਪ ਨੂੰ ਬਹੁਤਾ ਨੇੜੇ ਹੋ ਕੇ ਵੇਖਿਆ ਹੈ, ਉਹ ਜਾਣਦੇ ਹਨ ਕਿ ਉਹਨਾਂ ਪਾਸੋਂ ਇਨਾਂ ਪਿਆਰ ਤੇ ਨਿੱਘ ਮਿਲਦਾ ਸੀ ਤੇ ਉਹ ਕਿਵੇਂ ਹਰ ਇਕ ਦੇ ਦੁੱਖ ਤੇ ਚਿੰਤਾ ਨੂੰ ਵੰਡਾ ਕੇ, ਕਿਡਾ ਵੱਡਾ ਸਹਾਰਾ ਬਣ ਜਾਇਆ ਕਰਦੇ ਸਨ।

ਆਪ ਦਾ ਗੁਰਸਿਖੀ ਜੀਵਨ ਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਤੇ ਵਿਸ਼ਵਾਸ਼ ਆਪਣੀ ਮਿਸਾਲ ਆਪ ਹੈ



www.AKJ.Org

ਅਤੇ ਆਪਦੇ ਜੀਵਨ ਤੋਂ ਨਿਰਾ ਆਪ ਦੇ ਨਿਕਟ ਵਰਤੀਆਂ ਨੂੰ ਨਹੀਂ ਸਗੋਂ ਉਹਨਾਂ ਸਾਰਿਆਂ ਨੂੰ ਵੀ ਲਾਭ ਮਿਲਦਾ ਰਿਹਾ ਹੈ ਜਿਨ੍ਹਾਂ ਨੂੰ ਕਦੀ ਕਦਾਈਂ ਹੀ ਉਹਨਾਂ ਦੀ ਸ਼ੁਭ ਸੰਗਤ ਦਾ ਅਵਸਰ ਮਿਲਿਆ ਹੈ।

ਆਪ ਦੇ ਜੀਵਨ ਦੇ ਅਖੀਰਲੇ ਦੋ ਕੁ ਸਾਲ ਤਾਂ ਨਿਰੋਲ ਨਾਮ ਬਾਣੀ ਦੀ ਅਤੁੱਟ ਕਮਾਈ ਰਾਹੀਂ ਆਤਮਕ ਉਨਤੀ ਵਿਚ ਹੀ ਗੁਜ਼ਾਰੇ। ਜਦੋਂ ਤੋਂ ਆਪ ਨੇ ਸੁਰਜੀਤ ਗੁਰਦੁਆਰੇ ਦਾ ਇੰਤਜ਼ਾਮ ਸੰਭਾਲਿਆ ਤਦੋਂ ਤੋਂ ਇਸ ਪਾਸੇ ਸਾਰਾ ਧਿਆਨ ਲਾ ਦਿੱਤਾ ਅਤੇ ਐਤਵਾਰਾਂ 'ਤੇ ਗੁਰਪੁਰਬਾਂ ਦੇ ਦੀਵਾਨਾਂ ਵਿਚ ਨਵੀਂ ਰੂਹ ਫੂਕ ਕੇ ਅਗਵਾਈ ਕੀਤੀ ਅਤੇ ਅੰਤਲੇ ਦਿਨ ਤੱਕ ਸੰਗਤ ਰੂਪ ਵਿਚ ਦਰਸ਼ਨ ਕਰਦੇ ਤੇ ਦਿੰਦੇ ਰਹੇ।

ਮਈ 1962 ਵਿਚ ਆਪ ਜੀ ਦੀ ਸਿਹਤ ਖਰਾਬ ਰਹਿਣ ਲੱਗ ਪਈ ਤੇ ਆਪ ਜੀ ਨੂੰ ਕਿਸੇ ਆਪਰੇਸ਼ਨ ਲਈ ਹਸਪਤਾਲ ਦਾਖਿਲ ਕਰਵਾਉਣਾ ਪਿਆ। ਹਸਪਤਾਲ ਦੇ ਇਲਾਜ ਦੌਰਾਨ ਹੀ, ਆਪ ਮਿਤੀ 29 ਮਈ 1962 ਨੂੰ ਆਪ ਆਪਣੇ ਸੁਲਝੇ ਹੋਏ ਪ੍ਰੀਵਾਰ, ਸੱਜਣਾਂ, ਮਿੱਤਰਾਂ, ਹਿਤੈਸ਼ੀਆਂ ਅਤੇ ਸ਼ਰਧਾਲੂਆਂ ਨੂੰ ਸਦੀਵੀ ਵਿਛੋੜਾ ਤੇ ਸ਼ੁਭ ਯਾਦਾਂ ਦੇ ਕੇ, ਬਿਨਾਂ ਕਿਸੇ ਲੰਮੇ ਸਰੀਰਕ ਰੋਗ ਦੇ ਗੁਰੂ ਚਰਨਾਂ ਵਿਚ ਜਾ ਬਿਰਾਜੇ।

# ਡਾ. ਬੇਅੰਤ ਸਿੰਘ ਜੀ ਨਵੀਂ ਦਿੱਲੀ

ਜੈਤੇਗ ਸਿੰਘ ਅਨੰਤ ਕੈਨੇਡਾ

ਬਹੁਪੱਖੀ, ਬਹੁਰੰਗੀ ਸ਼ਖ਼ਸੀਅਤ ਦੇ ਮਾਲਕ ਅੰਤਰਰਾਸ਼ਟਰੀ ਪ੍ਰਸਿੱਧੀ ਦੇ ਵਿਦਵਾਨ ਡਾ. ਬੇਅੰਤ ਸਿੰਘ ਕਿਸੇ ਜਾਣ-ਪਹਿਚਾਣ ਦਾ ਮੁਥਾਰ ਨਹੀਂ। ਡਾ. ਸਾਹਿਬ ਕੁਛ ਸਮਾਂ ਬਿਮਾਰ ਰਹਿਣ ਕਾਰਨ 90 ਸਾਲ ਦੀ ਆਯੂ ਭੋਗ ਕੇ 7 ਮਈ, 2018 ਨੂੰ ਇਸ ਫ਼ਾਨੀ ਸੰਸਾਰ ਤੋਂ ਸਦਾ ਸਦਾ ਲਈ ਕੂਚ ਕਰ ਗਏ। ਉਨ੍ਹਾਂ ਦਾ ਜਨਮ 5 ਦਸੰਬਰ 1928 ਨੂੰ ਪਿੰਡ ਫੱਲੇਵਾਲ, ਜ਼ਿਲ੍ਹਾ ਲੁਧਿਆਣਾ ਵਿਖੇ ਹੈਡ ਮਾਸਟਰ ਧਰਮ ਸਿੰਘ ਜੀ ਫੱਲੇਵਾਲ ਦੇ ਘਰ ਹੋਇਆ ਸੀ। ਹੈਡਮਾਸਟਰ ਧਰਮ ਸਿੰਘ ਜੀ ਪੰਥ ਦੀ ਸੋਨ ਚਿੜੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨਾਰੰਗਵਾਲ ਦੇ ਨਿਕਟਵਰਤੀ ਸੰਗੀ-ਸਾਥੀ ਸਨ। ਜਿਨ੍ਹਾਂ ਦਾ ਜੀਵਨ ਵੱਖਰੇ ਲੇਖ ਵਿਚ ਦਿੱਤਾ ਗਿਆ ਹੈ। ਡਾ. ਬੇਅੰਤ ਸਿੰਘ ਜੀ ਨੇ ਬੀ.ਏ. ਐਮ.ਏ., ਪੀ.ਐਚ.ਡੀ. ਦੀਆਂ ਪ੍ਰੀਖਿਆਵਾਂ ਅਤੇ ਡਿਗਰੀਆਂ ਵਿਚੋਂ ਬਿਹਤਰੀਨ ਨਤੀਜਿਆਂ ਦਾ ਪ੍ਰਦਰਸ਼ਨ ਕੀਤਾ। ਅਕਾਦਮਿਕ ਪੱਖ ਤੋਂ ਉਹਨਾਂ ਨੇ ਵੱਖ-ਵੱਖ ਸ਼ਹਿਰਾਂ ਦੇ ਅਨੇਕਾਂ ਕਾਲਜਾਂ ਤੇ ਉੱਘੀਆਂ ਵਿਦਿਅਕ ਸੰਸਥਾਵਾਂ ਵਿਚ ਅਧਿਆਪਨ ਦਾ ਕਾਰਜ ਨਿਭਾਇਆ ਅਤੇ ਸ਼ਾਨਦਾਰ ਤੇ ਦਿਲਕੱਸ਼ ਨਤੀਜੇ ਪ੍ਰਦਾਨ ਕੀਤੇ।

ਨਵੰਬਰ 1949 ਕੱਤਕ ਦੀ ਪੂਰਨਮਾਸ਼ੀ ਨੂੰ ਆਪ ਜੀ ਦਾ ਅਨੰਦ ਕਾਰਜ ਬੀਬੀ ਪ੍ਰੀਤਮ ਕੌਰ ਜੀ ਸਪੁੱਤਰੀ ਭਾਈ ਸੁੰਦਰ ਸਿੰਘ ਨਿਵਾਸੀ ਪਿੰਡ ਬੋਪਾਰਾਏ ਕਲਾਂ ਨਾਲ ਹੋਇਆ ਜੋ ਕਿ ਖ਼ਾਲਸਾ ਸਕੂਲ ਸੁਧਾਰ ਵਿਚ ਅਧਿਆਪਕ ਲੱਗੇ ਹੋਏ ਸਨ, ਜਿਥੇ ਆਮ ਜੀ ਦੇ ਪਿਤਾ ਹੈੱਡ ਮਾਸਟਰ ਦੇ ਅਹੁਦੇ ਤੇ ਤਾਇਨਾਤ ਸਨ। ਡਾ. ਬੇਅੰਤ ਸਿੰਘ ਜੀ ਦੀ ਕਾਬਲੀਅਤ ਦਾ ਸਿੱਕਾ ਦੇਸ਼-ਵਿਦੇਸ਼ਾਂ ਦੇ ਵਿਦਿਅਕ ਅਦਾਰਿਆਂ ਵਿੱਚ ਗੂੰਜਦਾ ਵੇਖਿਆ ਜਾਂਦਾ ਸੀ ਜਿਨ੍ਹਾਂ ਨੇ ਹਾਇਰ ਇੰਜੀਨੀਅਰਿੰਗ ਅਤੇ ਮੈਥੇਮੈਟਿਕਸ ਵਰਗੇ ਵਿਸ਼ਿਆਂ ਨੂੰ ਆਪਣੇ ਅਨੁਭਵ ਨਾਲ ਸਰਲ ਬਣਾ ਕੇ ਅਕਾਦਮਿਕਤਾ ਦਾ ਹਿੱਸਾ ਬਣਾਇਆ। ਆਪ ਜੀ ਨੇ ਇਸੇ ਗੱਲ ਨੂੰ ਸਿਧ ਕੀਤਾ ਕਿ ਇਹਨਾਂ ਦੇ ਮਨ ਵਿਚ ਨਵੀਂ ਪੀੜ੍ਹੀ ਪ੍ਰਤੀ ਮਿਹਨਤ, ਲਗਨ ਅਤੇ ਪ੍ਰਤਿਬੱਧਤਾ ਵੀ ਕਿੰਨੀ ਪਾਕੀਜ ਭਾਵਨਾ ਸੀ। ਡਾ. ਸਾਹਿਬ ਜੀ ਨੇ ਆਰਮੀ ਸਟਾਫ ਪੂਨਾ ਵਿਚ ਸੀਨੀਅਰ ਟੈਕਨੀਕਲ ਅਫਸਰ ਵੱਜੋਂ ਵੀ ਆਪਣੀਆਂ ਸ਼ਾਨਦਾਰ ਸੇਵਾਵਾਂ ਨਿਭਾਈਆਂ। ਇਥੇ ਹੀ ਭਾਈ ਰਘਬੀਰ ਸਿੰਘ ਜੀ ਭੱਗੂਪੁਰ ਜੋ ਕਿ 1978 ਦੇ


www.AKJ.Org

ਵੈਸਾਖੀ ਸਾਕੇ ਵਿਚ ਸ਼ਹੀਦ ਹੋਏ ਸਨ ਦਾ ਆਪ ਜੀ ਦੇ ਨਾਲ ਮਿਲਾਪ ਹੋਇਆ। ਆਪ ਜੀ ਨੇ ਉਸ ਦੀ ਲੁਧਿਆਣੇ ਅੰਮ੍ਰਿਤ ਛੱਕਣ ਜਾਣ ਵਾਸਤੇ, ਛੁੱਟੀ ਦਾ ਪ੍ਰਬੰਧ ਕਰਵਾਇਆ ਤੇ ਬਾਅਦ ਵਿਚ ਉਸ ਦੀ ਬਿਬੇਕ ਰਹਿਤ ਨਿਭਾਹੁਣ ਲਈ ਸੀਨੀਅਰ ਅਫ਼ਸਰ ਹੋਣ ਕਰਕੇ ਮੱਦਦ ਕਰਦੇ ਰਹੇ। ਆਪ ਜੀ ਸੰਨ 1978 ਵਿੱਚ ਇਥੋਂ ਹੀ ਆਰਮੀ ਦੀ ਸੇਵਾ ਤੋਂ ਫਾਰਗ ਹੋਏ। ਆਪ ਜੀ ਦਾ ਭਾਸ਼ਾਈ ਗਿਆਨ ਬਹੁਤ ਵਿਸਤ੍ਰਿਤ ਸੀ। ਇਹੀ ਕਾਰਨ ਹੈ ਕਿ ਆਪ ਨੇ ਇਕ ਤੋਂ ਵਧੇਰੇ ਭਾਸ਼ਾਵਾਂ ਵਿਚ ਆਪਣੇ ਸੰਦੇਸ਼ ਨੂੰ ਦੂਰ-ਦੂਰ ਤਕ ਪਹੁੰਚਾਉਣ ਦਾ ਯਤਨ ਕੀਤਾ ਹੈ। ਅਤਿ ਦੇ ਰੁਝੇਂਵੇ ਭਰੀ ਜ਼ਿੰਦਗੀ ਦੇ ਬਾਵਜੂਦ ਆਪ ਨੇ ਪੰਜਾਬੀ ਅਤੇ ਅੰਗਰੇਜ਼ੀ ਵਿਚ ਮਹੱਤਵਪੂਰਨ ਪੁਸਤਕਾਂ ਲਿਖੀਆਂ। ਆਪ ਵੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨਾਰੰਗਵਾਲ ਜੀ ਦੀ ਸੰਗਮ ਪ੍ਰਾਪਤ ਹੋਣ ਕਾਰਨ ਉਨ੍ਹਾਂ ਦੀ ਸੋਚ ਤੇ ਫਲਸਫੇ ਦੇ ਮੁੱਦਈ ਸਨ। ਉਨ੍ਹਾਂ ਨੇ ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਜੀਵਨ ਮਨੋਰਥ ਤੇ ਗੁਰਮਤਿ ਸਾਹਿਤ ਸੰਬੰਧੀ ਜਾਣਕਾਰੀ ਇਕ ਪੁਸਤਕ ਰਾਹੀਂ ਪਾਠਕਾਂ ਨੂੰ ਜਾਣਕਾਰੀ ਮੁਹੱਈਆਂ ਕੀਤੀ।

ਉਹ ਸੰਘਰਸ਼ਸ਼ੀਲ ਜੀਵਨ-ਸ਼ੈਲੀ ਦੇ ਮਾਲਕ ਸਨ। ਉਨ੍ਹਾਂ ਦੇ ਜੀਵਨ ਦੀ ਤਾਸੀਰ ਤੇ ਅਮਲ ਸੱਚੇ ਗੁਰਸਿੱਖਾਂ ਵਰਗਾ ਸੀ। ਉਹ ਸਦਾ ਅਗੰਮੀ ਰੰਗਾਂ ਵਿਚ ਰੰਗੇ ਸ਼ਬਦ ਸੁਰਤ 'ਚ ਸਵਾਰ, ਗੁਰੂ ਗ੍ਰੰਥ ਤੇ ਗੁਰੂ ਪੰਥ ਦੇ ਲੜ ਲਗੇ ਰਹੇ। ਪਿਛਲੇ ਸੱਠਾਂ ਸਾਲਾਂ ਤੋਂ ਜ਼ਿਆਦਾ ਸਮਾਂ, ਉਨ੍ਹਾਂ ਦੇ ਜੀਵਨ ਤੇ ਗੁਣਾਂ ਦੀ ਸੁਗੰਧੀ ਮਾਣਦਾ ਰਿਹਾ ਹਾਂ ਤੇ ਅੱਜ ਉਨ੍ਹਾਂ ਦੀ ਦਾਸਤਾਂ ਦੇ ਅਣਫੋਲੇ ਵਰਕੇ ਖੋਲਣ ਦਾ ਯਤਨ ਕਰਾਂਗਾ। ਡਾ. ਬੇਅੰਤ ਸਿੰਘ ਜੀ ਦੇ ਪਹਿਲੀ ਵਾਰ ਦਰਸ਼ਨ ਸੰਨ 1956 ਵਿਚ ਓਦੋਂ ਹੋਏ ਜਦੋਂ ਉਹ ਗੌਰਮਿੰਟ ਕਾਲਜ ਲੁਧਿਆਣਾ ਵਿਖੇ ਲੈਕਚਰਾਰ ਸਨ ਤੇ ਉਨ੍ਹਾਂ ਨੂੰ ਕਿਸੇ ਸਰਕਾਰੀ ਕਾਰਜ ਲਈ ਸ਼ਿਮਲੇ ਆਉਣਾ ਪਿਆ ਤਾਂ ਉਹ ਸਾਡੇ ਘਰ ਲੋਅਰ ਬਾਜ਼ਾਰ ਸ਼ਿਮਲੇ ਠਹਿਰੇ ਸਨ। ਇਹ ਉਨ੍ਹਾਂ ਦੀ ਮੁਹੱਬਤ ਤੇ ਕਸ਼ਿਸ਼ ਦਾ ਪਹਿਲਾ ਅਵਸਰ ਸੀ।

ਇਸੇ ਤਰ੍ਹਾਂ ਸੰਨ 1967 ਵਿਚ ਮੇਰੇ ਪਿਤਾ ਭਾਈ ਹਰਿਚਰਨ ਸਿੰਘ ਜੀ ਦੇ ਉਦਮ ਸਦਕਾ ਅਖੰਡ ਕੀਰਤਨੀ ਜੱਥੇ ਦੇ ਸਿੰਘਾਂ/ਬੀਬੀਆਂ ਦੀ 35 ਦਿਨਾਂ ਦੀ ਇਕ ਯਾਦਗਾਰੀ ਗੁਰਧਾਮ ਯਾਤਰਾ ਹੋਈ। ਇਹ ਯਾਤਰਾ ਚੰਡੀਗੜ੍ਹ ਤੋਂ ਚੱਲ ਕੇ ਦਿੱਲੀ, ਗਵਾਲੀਅਰ, ਭੁਪਾਲ, ਇੰਦੋਰ, ਮੁੰਬਈ, ਪੂਨਾ, ਹਜ਼ੂਰ ਸਾਹਿਬ, ਨਾਗਪੁਰ, ਰੋੜਕਿਲਾ, ਕਲਕੱਤਾ, ਪਟਨਾ ਸਾਹਿਬ, ਬਨਾਰਸ, ਕਾਨਪੁਰ, ਨਾਨਕ ਮਤਾ, ਪਾਉਂਟਾ ਸਾਹਿਬ ਆਦਿ ਥਾਵਾਂ ਤੇ ਦੋ ਬੱਸਾਂ ਰਾਹੀਂ ਕੀਤੀ ਗਈ ਅਤੇ ਵਿੱਚ ਥਾਂ-ਥਾਂ ਕੀਰਤਨ ਸਮਾਗਮ, ਅੰਮ੍ਰਿਤ ਸੰਚਾਰ ਤੇ ਚਾਰ ਰੈਣ ਸਬਾਈ ਸਮਾਗਮ ਆਯੋਜਿਤ ਕੀਤੇ ਗਏ। ਉਘੇ ਕੀਰਤਨੀਏ ਇਸ ਯਾਤਰਾ ਵਿਚ ਸ਼ਾਮਲ ਸਨ। ਡਾ. ਬੇਅੰਤ ਸਿੰਘ ਜੀ ਉਨ੍ਹਾਂ ਦਿਨਾਂ ਵਿਚ ਕਾਲਜ ਆਫ਼ ਮਿਲਟਰੀ ਇੰਜੀਨੀਰਿੰਗ ਪੂਨਾ ਵਿਖੇ ਸਰਵਿਸ ਕਰ ਰਹੇ ਸਨ। ਆਪ ਵੀ ਇਸ ਯਾਤਰਾ ਵਿਚ ਸ਼ਾਮਲ ਹੋਣ ਹਿਤ ਸਮੇਂ ਸਿਰ ਚੰਡੀਗੜ੍ਹ ਪੁਜ ਗਏ। ਡਾ. ਸਾਹਿਬ ਤੇ ਮੇਰੀ ਸੀਟ (7 ਤੇ 8) ਨੰਬਰ ਨਾਲ-ਨਾਲ ਸੀ। ਇਕ ਮਹੀਨਾ ਨਿਰੰਤਰ ਉਨ੍ਹਾਂ ਦਾ ਨਿੱਘਾ ਸਾਥ ਨਿਭਾਇਆ। ਪਿਆਰ ਤੇ ਮੁਹੱਬਤ ਦੀਆਂ ਅਮੁੱਕ ਬੁੱਕਾਂ ਭਰੀਆਂ। ਉਹਨਾਂ ਨੂੰ ਨੇੜਿਓ ਵੇਖ ਇੰਞ ਮਹਿਸੂਸ ਹੁੰਦਾ ਸੀ ਕਿ ਉਹ ਇਕ ਵਿੱਦਵਤਾ ਦੀ ਪੰਡ, ਬੜੇ ਦੂਰਅੰਦੇਸ਼ੀ, ਸਿਆਣੇ, ਸਰਬਤ ਦਾ ਭਲਾ ਚਾਹੁਣ ਵਾਲੇ ਅਜਿਹੇ ਦਰਵੇਸ ਸਨ ਜੋ ਸੰਗਤਾਂ ਦੀ ਤਨੋ ਮਨੋ ਤੇ ਲੋੜਵੰਦਾਂ ਦੀ ਧਨੋ ਸੇਵਾ ਦਾਨ ਵਾਲੇ ਗੁਰਸਿੱਖ ਸਨ। ਉਸ ਦੀ ਮਿਸਾਲ ਉਹ ਖੁਦ ਆਪ ਹੀ ਸਨ। ਜਦੋਂ ਸਾਡੀ ਯਾਤਰਾ ਪੂਨੇ ਪੁਜੀ ਤਾਂ ਉਨ੍ਹਾਂ ਉਥੇ ਗੁਰਦਵਾਰਾ ਹਾਲੀਵੁਡ ਵਿਚ ਸੰਗਤਾਂ ਦੇ ਠਹਿਰਾਣ ਦਾ ਬੜਾ ਵਧੀਆ ਪ੍ਰਬੰਧ ਹੀ ਨਹੀਂ ਕੀਤਾ ਸਗੋਂ ਉਨ੍ਹਾਂ ਆਪਣੀ ਦੂਰ ਅੰਦੇਸ਼ੀ ਅਨੁਸਾਰ ਪੂਰੇ ਜੱਥੇ ਦੀ ਇਕ ਗਰੁਪ ਫੋਟੋ ਦਾ ਪ੍ਰਬੰਧ ਵੀ ਕੀਤਾ। ਅੱਧੀ ਸਦੀ ਪਹਿਲਾਂ ਖਿੱਚੀ ਇਹ ਯਾਦਗਾਰੀ ਤੇ ਇਤਿਹਾਸਕ 'ਗਰੁਪ ਫੋਟੋ' ਡਾ. ਸਾਹਿਬ ਦੀ ਅਜ਼ਮਤ ਅੱਗੇ ਸਿਰ ਝਕਾਉਂਦੀ ਹੈ। ਰੀਟਾਇਰਮੈਂਟ ਤੋ ਬਾਅਦ ਉਹ ਦਿੱਲੀ ਦੀਆਂ ਸੰਗਤਾਂ ਨਾਲ ਕੇਂਦਰੀ ਸਮਾਗਮਾਂ ਦੇ ਨਾਲ-ਨਾਲ ਗੁਰਧਾਮਾਂ ਦੀ ਯਾਤਰਾ ਵਿਚ ਪੂਰੀ ਸਰਗਰਮੀ ਨਾਲ ਹਾਜ਼ਰੀਆਂ ਭਰਦੇ ਰਹੇ। ਦਿਲੀ ਅਖੰਡ ਕੀਰਤਨੀ ਜਥੇ ਦੇ ਉਹ ਰੂਹੇ ਰਵਾਂ ਸਨ ਅਤੇ ਕੀਰਤਨੀ ਸਿੰਘਾਂ ਦੇ ਪਿੱਛੇ ਬੈਠ ਕੇ ਬੋਲਣ ਦੇ ਨਾਲ-ਨਾਲ ਝੂਮ-ਝੂਮ ਕੇ



www.AKJ.Org

ਖੜਤਾਲਾਂ ਵਜਾਉਂਦੇ ਸਨ। ਪਿਛਲੇ ਸਮਿਆਂ ਵਿਚ ਉਹ ਦਿੱਲੀ ਦੀ ਸੰਗਤ ਦੇ ਮੁਖੀ ਬਣੇ। ਲੋਕਲ ਸਮਾਗਮਾਂ ਦੇ ਸੰਚਾਲਨ ਕਰਨ ਤੇ ਅਰਦਾਸ ਦੀ ਸੇਵਾ ਨਿਭਾਉਂਦੇ ਰਹੇ।

10 ਜੁਲਾਈ, 2005 ਮੇਰੇ ਸਤਿਕਾਰਯੋਗ ਪਿਤਾ ਭਾਈ ਹਰਚਰਨ ਸਿੰਘ ਤੇ 26 ਦਸੰਬਰ 2009 ਨੂੰ ਮਾਤਾ ਦਰਸ਼ਨ ਕੌਰ ਦੇ ਅੰਤਮ ਅਰਦਾਸ ਸਮਾਗਮ ਚੰਡੀਗੜ੍ਹ ਵਿਖੇ ਕੀਤੇ ਗਏ, ਜਿਥੇ ਦੇਸ਼-ਵਿਦੇਸਾਂ ਤੋਂ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਹਾਜ਼ਰੀ ਲੁਆਈ। ਪਰ, ਇਨ੍ਹਾਂ ਦੋਹਾਂ ਸਮਾਗਮਾਂ ਦੇ ਭੋਗ ਦੀ ਅਰਦਾਸ ਨੂੰ ਬੜੇ ਵੈਰਾਗਮਈ ਵਿਸਮਾਦੀ ਢੰਗ ਨਾਲ ਡਾ. ਬੇਅੰਤ ਸਿੰਘ ਜੀ ਨੂੰ ਕਰਨ ਦਾ ਸੁਭਾਗ ਮਿਲਿਆ। ਇਸੇ ਤਰ੍ਹਾਂ ਸੰਨ 2008 ਦੀ ਗੱਲ ਹੋਵੇਗੀ। ਮੈਨੂੰ ਮੋਹਾਲੀ ਦੇ ਇਕ ਨਰਸਿੰਗ ਹੋਮ ਵਿੱਚ ਦਾਖਲ ਕਰਵਾਇਆ ਗਿਆ। ਕੁਛ ਦਿਨਾਂ ਬਾਅਦ ਨਰਸਿੰਗ ਹੋਮ ਤੋਂ ਛੁੱਟੀ ਕਰ ਵਾਪਸ ਘਰ ਪਰਤਿਆ ਤਾਂ ਡਾ. ਸਾਹਿਬ ਨੂੰ ਮੇਰੀ ਬਿਮਾਰੀ ਬਾਰੇ ਕਿਸੇ ਤੋਂ ਜਾਣਕਾਰੀ ਮਿਲ ਚੁੱਕੀ ਸੀ। ਆਪ ਪਟਿਆਲੇ ਆਪਣੀ ਲੜਕੀ ਡਾ. ਤੇਜਿੰਦਰ ਪਾਲ ਕੌਰ ਕੋਲ ਆਏ ਹੋਏ ਸਨ। ਇਨ੍ਹਾਂ ਇਕ ਦਮ ਪਟਿਆਲੇ ਤੋਂ ਚੰਡੀਗੜ੍ਹ ਆਉਣ ਬਾਰੇ ਫ਼ੋਨ ਤੇ ਸੂਚਿਤ ਕੀਤਾ ਤੇ ਮੇਰੇ ਪਾਸ ਚੰਡੀਗੜ੍ਹ ਘਰ ਆਏ। ਦੋ ਘੰਟੇ ਦੇ ਮਿਲਾਪ ਦੌਰਾਨ ਇਕ ਸੁਖਮਨੀ ਸਾਹਿਬ ਦਾ ਪਾਠ ਫਿਰ ਚੌਪਈ ਸਾਹਿਬ ਦਾ ਪਾਠ ਤੇ ਫਿਰ ਚੜ੍ਹਦੀ ਕਲਾ ਤੇ ਦੇਹ ਅਰੋਗਤਾ ਦੀ ਅਰਦਾਸ ਕੀਤੀ। ਇਥੇ ਹੀ ਬਸ ਨਹੀਂ, ਕਈਆਂ ਨੂੰ ਚੰਡੀਗੜ੍ਹ ਮੇਰੀ ਸਮੇਂ-ਸਮੇਂ ਖਬਰਸਾਰ ਲੈਣ ਦੀ ਡਿਊਟੀ ਲਾਈ।

ਹਰਿਦਰਸ਼ਨ ਮੈਮੋਰੀਅਲ ਇੰਟਰਨੈਸ਼ਨਲ ਟਰੱਸਟ ਕੈਨੇਡਾ ਵਲੋਂ 31 ਅਕਤੂਬਰ, 2015 ਨੂੰ ਪਟਿਆਲੇ ਵਿਖੇ ਲਾਹੌਰ ਸਾਜਿਸ਼ ਕੇਸ ਸ਼ਤਾਬਦੀ ਸਮਾਗਮਾਂ ਦੀ ਸ਼ੁਰੂਆਤ ਕੀਤੀ, ਜਿਸ ਵਿੱਚ ਦੇਸ਼-ਵਿਦੇਸ਼ਾਂ ਤੋਂ ਵੱਡੀ ਗਿਣਤੀ ਵਿੱਚ ਨਾਮਵਰ ਵਿਦਵਾਨ, ਚਿੰਤਕ, ਬੁਧੀਜੀਵੀ ਤੇ ਪੰਥ ਦਰਦੀ ਇਕੱਤਰ ਹੋਏ। ਇਸ ਸਮੇਂ ਡਾ. ਬੇਅੰਤ ਸਿੰਘ ਜੀ ਨੂੰ ਉਨ੍ਹਾਂ ਦੀਆਂ ਸ਼ਾਨਦਾਰ ਤੇ ਅਦੁਤੀ ਸੇਵਾਵਾਂ ਕਾਰਨ ਭਾਈ ਸਾਹਿਬ ਰਣਧੀਰ ਸਿੰਘ ਯਾਦਗਾਰੀ ਐਵਾਰਡ ਦਿਤਾ ਗਿਆ। ਆਪ ਬਿਮਾਰੀ ਕਾਰਨ ਸਮਾਗਮ ਵਿਚ ਜਿਸਮਾਨੀ ਤੌਰ ’ਤੇ ਹਾਜ਼ਰ ਨਹੀਂ ਹੋਏ ਤੇ ਇਹ ਐਵਾਰਡ ਉਨ੍ਹਾਂ ਦੀ ਲੜਕੀ ਡਾ. ਤੇਜਿੰਦਰ ਪਾਲ ਕੌਰ ਨੇ ਪ੍ਰਾਪਤ ਕੀਤਾ।

ਸਾਡਾ ਇਕ ਦੋਹਾਂ ਨਾਲ ਫੋਨ ਤੇ ਸਦਾ ਸੰਪਰਕ ਰਹਿੰਦਾ ਸੀ। ਕੁਝ ਮਹੀਨੇ ਪਹਿਲਾਂ ਜਦੋਂ ਉਹ ਫੋਨ ਤੇ ਬੋਲਣ ਤੋਂ ਕੁਝ ਅਸਰਮਰਥ ਸਨ ਤਾਂ ਮੈਂ ਉਨ੍ਹਾਂ ਨੂੰ ਇਕ ‘ਵਧਾਈ ਕਾਰਡ’ ‘ਗੈੱਟ ਵੈੱਲ ਸੂਨ’ ਡਾਕ ਰਾਹੀਂ ਭੇਜ ਕਿ ਜਲਦੀ ਤੰਦਰੁਸਤ ਹੋਣ ਦੀ ਕਾਮਨਾ ਕੀਤੀ। ਉਹ ਅਕਸਰ ਅਖੰਡ ਕੀਰਤਨੀ ਜਥੇ ਦੇ ਪੁਰਾਤਨ ਤੇ ਰੰਗਲੇ ਸੱਜਣਾਂ ਬਾਰੇ ਜਾਣਕਾਰੀ ਦੇਂਦੇ ਰਹਿੰਦੇ ਸਨ। ਭਾਈ ਸਾਹਿਬ ਦੇ ਜੀਵਨ ਤੇ ਫਲਸਫੇ ਤੇ ਰਹਿ ਚੁੱਕੇ ਕਾਰਜਾਂ ਨੂੰ ਸੰਪੂਰਨਤਾ ਕਰਨ ਹਿਤ ਪ੍ਰੇਰਿਤ ਕਰਦੇ ਰਹਿੰਦੇ ਸਨ। ਉਹ ਸਦਾ ਅਕਾਦਮਿਕ ਕਾਰਜਾਂ ਵਿਚ ਮੇਰੇ ਨਾਲ ਖੜੇ ਹੋਣਾ ਤੇ ਨੇਕ ਰਾਏ ਦੇਣ ਤੋਂ ਕਦੇ ਗੁਰੇਜ਼ ਨਹੀਂ ਸਨ ਕਰਦੇ। ਮੇਰੇ ਤੇ ਇੰਨਾ ਭਰੋਸਾ ਸੀ ਕਿ ਕੋਈ ਵੀ ਕਾਰਜ ਭਾਵੇਂ ਉਹ ਜੱਥੇ ਦਾ ਹੋਵੇ, ਭਾਵੇਂ ਟਰੱਸਟ ਦਾ ਹੋਵੇ, ਰਾਏ ਲਏ ਬਿਨਾਂ ਨਹੀਂ ਸਨ ਕਰਦੇ। ਉਨ੍ਹਾਂ ਦਾ ਸਮੁੱਚਾ ਜੀਵਨ ਇਕ ਖੁੱਲੀ ਕਿਤਾਬ ਸੀ। ਉਹ ਗੁਰੂ ਗ੍ਰੰਥ ਤੇ ਗੁਰੂ ਪੰਥ ਨੂੰ ਸਮਰਪਿਤ ਸਨ। ਉਹ ਗੁਰਮਤਿ ਮਾਰਗ ਦੇ ਪਾਂਧੀ ਤੇ ਅੰਤਲੇ ਸੁਆਸਾਂ ਤਕ ਸਰਬੱਤ ਦਾ ਭਲਾ ਸੋਚਣ ਵਾਲੇ ਇਕ ਮਰਜੀਵੜੇ ਸਨ।

13 ਮਈ, 2018 ਦਿਨ ਐਤਵਾਰ ਗੁਰੂ ਹਰਿਕ੍ਰਿਸ਼ਨ ਨਗਰ ਨਵੀਂ ਦਿੱਲੀ ਦੇ ਸ੍ਰੀ ਗੁਰੂ ਸਿੰਘ ਸਭਾ ਵਿਖੇ ਅੰਤਮ ਅਰਦਾਸ ਸਮਾਗਮ ਬੜੇ ਵੱਡੇ ਪੱਧਰ ’ਤੇ ਕੀਤਾ ਗਿਆ। ਬੇਅੰਤ ਸੰਗਤਾਂ ਨੇ ਦੇਸ਼ਾਂ-ਵਿਦੇਸ਼ਾਂ ਤੋਂ ਆ ਕੇ ਨਾਮ-ਬਾਣੀ ਤੇ ਕੀਰਤਨ ਰਾਹੀਂ ਵਿਛੜੀ ਰੂਹ ਨੂੰ ਗੁਰੂ ਚਰਨਾਂ ਵਿਚ ਸਦੀਵੀ ਨਿਵਾਸ ਲਈ ਅਰਦਾਸ ਕੀਤੀ।



www.AKJ.Org

# ਪ੍ਰਿੰਸੀਪਲ ਇਕਬਾਲ ਸਿੰਘ ਜੀ, ਬੋਪਾਰਾਏ ਜ਼ਿਲ੍ਹਾ ਲੁਧਿਆਣਾ

ਭਾਈ ਗੁਰਦੀਪ ਸਿੰਘ ਸ੍ਰੀ ਅੰਮ੍ਰਿਤਸਰ

ਸਮਾਜ ਸੁਧਾਰਕ, ਪੇਂਡੂ ਖੇਤਰ ਵਿਚ ਵਿਦਿਅਕ ਪਸਾਰੇ ਲਈ ਤੱਤਪਰ, ਦੇਸ਼ ਭਗਤ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਮੁਢਲੇ ਸਾਥੀ, ਪ੍ਰਿੰਸੀਪਲ ਇਕਬਾਲ ਸਿੰਘ ਜੀ ਦਾ ਜਨਮ ਮਿਤੀ 4 ਜਨਵਰੀ 1892 ਨੂੰ ਪਿੰਡ ਬੋਪਾਰਾਏ ਕਲਾਂ ਨੇੜੇ ਗੁਰੂ ਸਰ ਸੁਧਾਰ ਜ਼ਿਲ੍ਹਾ ਲੁਧਿਆਣੇ ਸ. ਲਹਿਣਾ ਸਿੰਘ ਜੀ ਦੇ ਘਰ ਹੋਇਆ। ਇਨ੍ਹਾਂ ਦਾ ਪਹਿਲਾ ਨਾਮ ਕਰਤਾਰ ਸਿੰਘ ਸੀ, ਜੋ ਅੰਮ੍ਰਿਤ ਛਕਣ ਤੋਂ ਬਾਅਦ ਇਕਬਾਲ ਸਿੰਘ ਹੋ ਗਿਆ। ਇਨ੍ਹਾਂ ਦੇ ਪਿਤਾ ਜੀ ਗੁਰਸਿੱਖ ਅਤੇ ਚੰਗੇ ਜਿਮੀਦਾਰ ਘਰਾਣੇ ਵਿਚੋਂ ਸਨ। ਇਨ੍ਹਾਂ ਦੇ ਇਕ ਵੱਡੇ ਭਰਾ ਸ. ਪਾਲਾ ਸਿੰਘ ਕਾਮਾਗਾਟਾ ਮਾਰੂ ਜਹਾਜ਼ ਵਾਲੇ ਇਤਿਹਾਸਕ ਸਾਕੇ ਵਿਚ ਸ਼ਾਮਿਲ ਸਨ ਅਤੇ ਦੇਸ਼ ਭਗਤੀ ਦੀ ਜਦੋ ਜਹਿਦ ਵਿਚ ਕੈਨੇਡਾ ਵਿਚ ਹੀ ਗੁਰਪੁਰੀ ਸਿਧਾਰ ਗਏ ਸਨ। ਦੂਸਰਾ ਵੱਡਾ ਭਰਾ ਸ. ਬਚਿੰਤ ਸਿੰਘ 15 ਸਾਲ ਚੀਨ ਵਿਚ ਰਹਿਣ ਤੋਂ ਬਾਅਦ 1946 ਵਿਚ ਪਿੰਡ ਵਿਚ ਹੀ ਚੜਾਈ ਕਰ ਗਿਆ ਸੀ। ਇਨ੍ਹਾਂ ਦੇ ਮਾਤਾ ਜੀ ਆਪ ਦੇ ਬਚਪਨ ਵਿਚ ਹੀ ਚੜ੍ਹਾਈ ਕਰ ਗਏ ਸਨ ਤੇ ਇਨ੍ਹਾਂ ਦਾ ਪਾਲਣਾ ਪੋਸ਼ਣਾ ਪਿਤਾ ਜੀ ਦੀ ਨਿਗਰਾਨੀ ਹੇਠ ਹੋਈ। ਆਪ ਨੇ ਆਪਣੀ ਮੁਢਲੀ ਵਿਦਿਆ (ਪ੍ਰਾਇਮਰੀ ਤੱਕ) ਸਰਕਾਰੀ ਪ੍ਰਾਇਮਰੀ ਸਕੂਲ ਰਕਬਾ, ਅਠਵੀਂ ਤੱਕ ਮਿਡਲ ਸਕੂਲ ਸਵੱਦੀ ਅਤੇ ਦਸਵੀਂ ਤੱਕ ਮਿਸ਼ਨ ਸਕੂਲ ਲੁਧਿਆਣਾ ਤੋਂ ਪ੍ਰਾਪਤ ਕੀਤੀ। ਆਪ ਪੜ੍ਹਾਈ ਵਿਚ ਬਹੁਤ ਹੁਸ਼ਿਆਰ ਸਨ ਅਤੇ ਹਮੇਸ਼ਾਂ ਸਭ ਤੋਂ ਉਪਰਲੀ ਪੁਜੀਸ਼ਨ ਤੇ ਰਹਿ ਕੇ ਵਜ਼ੀਫੇ ਪ੍ਰਾਪਤ ਕਰਦੇ ਰਹੇ। ਦਸਵੀਂ ਵਿਚ ਲੁਧਿਆਣੇ ਜ਼ਿਲ੍ਹੇ ਦੀ ਮੈਰਿਟ ਸੂਚੀ ਵਿਚ ਆਉਣ ਵਾਲੇ ਵਿਦਿਆਰਥੀਆਂ ਵਿਚੋਂ ਇਕ ਸਨ। ਉਨ੍ਹਾਂ ਦਾ ਅਧਿਆਪਕ ਬਿਹਾਰੀ ਲਾਲ ਉਨ੍ਹਾਂ ਦੀ ਤੀਖਣ ਬੁਧੀ ਅਤੇ ਹੁਸ਼ਿਆਰ ਵਿਦਿਆਰਥੀ ਹੋਣ ਕਰਕੇ ਹਮੇਸ਼ਾ ਤਾਰੀਫ ਕਰਦਾ ਰਹਿੰਦਾ ਸੀ। ਇਸ ਤੋਂ ਬਾਅਦ ਇਨ੍ਹਾਂ ਨੇ ਲਾਹੌਰ ਐੱਫ. ਸੀ ਮਿਸ਼ਨ ਕਾਲਜ ਤੋਂ ਬੀ.ਏ. ਦੀ ਡਿਗਰੀ ਪ੍ਰਾਪਤ ਕੀਤੀ।

ਲਾਹੌਰ ਐੱਫ. ਸੀ. ਮਿਸ਼ਨ ਕਾਲਜ ਵਿਚ ਦਾਖਲ ਹੋਣ ਤੋਂ ਪਹਿਲਾਂ, ਇਨ੍ਹਾਂ ਨੇ ਸਿੱਖ ਵਿੱਦਿਅਕ ਧਾਰਮਿਕ ਕਾਨਫ਼ਰੰਸ ਮੋਗੇ ਦੀ ਹਾਜ਼ਰੀ ਭਰੀ ਤੇ ਪ੍ਰਿੰਸੀਪਲ ਭਾਈ ਜੋਧ ਸਿੰਘ ਜੀ ਤੋਂ ਬਹੁਤ ਪ੍ਰਭਾਵਿਤ ਹੋਏ। ਲੁਧਿਆਣੇ ਮਿਸ਼ਨ ਸਕੂਲ ਵਿਚ ਪੜ੍ਹਦਿਆਂ ਇਨ੍ਹਾਂ ਦਾ ਮੇਲ ਭਾਈ ਸਾਹਿਬ ਰਣਧੀਰ ਸਿੰਘ ਜੀ ਨਾਲ ਹੋ ਗਿਆ, ਜੋ ਮਾਲਵਾ ਖਾਲਸਾ ਸਕੂਲ ਵਿਚ ਹਰ ਹਫਤੇ ਬੁਧਵਾਰ ਨੂੰ ਕੀਰਤਨ ਦੀ ਹਾਜ਼ਰੀ ਭਰਨ ਜਾਇਆ ਕਰਦੇ ਸਨ ਤੇ ਉਥੇ ਮਿਸ਼ਨ ਹਾਈ ਸਕੂਲ ਦੇ ਸਿਖ ਵਿਦਿਆਰਥੀ ਵੀ ਹਾਜਰੀ ਭਰਦੇ ਸਨ। ਭਾਈ ਸਾਹਿਬ ਜੀ ਦੀ ਸੰਗਤ ਨਾਲ ਆਪ ਜੀ ਅਤੇ ਇਸ ਸਕੂਲ ਦੇ ਹੋਰ ਬਹੁਤ ਸਾਰੇ ਵਿਦਿਆਰਥੀ ਗੁਰਸਿਖੀ ਧਾਰਨ ਕਰਕੇ ਅੰਮ੍ਰਿਤ ਛੱਕ ਕੇ ਤਿਆਰ ਬਰ ਤਿਆਰ ਹੋ ਗਏ, ਉਨ੍ਹਾਂ ਵਿਚ ਬਹੁਤੇ ਰੰਗਲੇ ਸਜਣ ਬਣੇ। ਆਪ ਜੀ ਵੀ ਅੰਮ੍ਰਿਤ ਛਕ ਕੇ ਤਿਆਰ ਬਰ ਤਿਆਰ ਹੋ ਗਏ ਅਤੇ ਆਪ ਜੀ ਦਾ ਨਾਮ ਗੁਰਮਤਿ ਅਨੁਸਾਰ ਇਕਬਾਲ ਸਿੰਘ ਰੱਖਿਆ ਗਿਆ। ਲੁਧਿਆਣੇ ਅਤੇ ਲਾਹੌਰ ਪੜ੍ਹਦਿਆਂ ਆਪ ਜੀ ਨੇ ਭਾਈ ਸਾਹਿਬ ਜੀ ਦੀ ਸੰਗਤ ਦਾ ਨਿੱਘਾ ਅਨੰਦ ਮਾਣਿਆ। ਗਦਰ ਲਹਿਰ ਦੇ ਉਭਾਰ ਨਾਲ, ਆਪ ਵੀ ਅੰਗਰੇਜ਼ੀ ਹਕੂਮਤ ਦੇ ਖਿਲਾਫ ਚੱਲ ਰਹੀ ਦੇਸ਼ ਭਗਤੀ ਦੇ ਅੰਦੋਲਨ ਵੱਲ ਖਿੱਚੇ ਗਏ।

ਭਾਈ ਸਾਹਿਬ ਜੀ ਦੀ ਗ੍ਰਿਫਤਾਰੀ ਤੋਂ ਬਾਅਦ ਆਪ ਜੀ ਨੇ ਭਾਈ ਸਾਹਿਬ ਜੀ ਅਤੇ ਸਿੰਘਾਂ ਦੇ ਖਿਲਾਫ ਚਲਾਏ ਜਾ ਰਹੇ ਮੁਕੱਦਮੇ ਦੌਰਾਨ ਕੁਝ ਹੋਰ ਸਿੰਘਾਂ ਜਿਨ੍ਹਾਂ ਵਿਚ ਭਾਈ ਸੁੰਦਰ ਸਿੰਘ ਘੁਮਾਣ, ਗਿਆਨੀ ਬਖਸ਼ੀਸ਼ ਸਿੰਘ, ਮਹਿੰਦਰ ਸਿੰਘ ਸਿਧਵਾਂ, ਸ. ਜੋਗਿੰਦਰ ਸਿੰਘ ਪਟਿਆਲਾ ਅਤੇ ਭਾਈ ਆਤਮਾ ਸਿੰਘ ਮੋਗਾ ਨਿਵਾਸੀ ਆਦਿ ਨਾਲ ਮਿਲ ਕੇ ਡਟਵੀਂ ਪੈਰਵਾਈ ਕੀਤੀ ਤੇ ਬੀ.ਏ. ਦੀ ਪੜ੍ਹਾਈ ਉਸ ਸਾਲ ਵਿਚੇ ਹੀ ਛੱਡ ਦਿੱਤੀ। ਉਸ ਤੋਂ ਉਪਰੰਤ ਉਪਰੋਕਤ ਸਿੰਘਾਂ ਨਾਲ ਮਿਲ ਕੇ ਭਾਈ ਸਾਹਿਬ ਜੀ ਨਾਲ ਮੁਲਤਾਨ ਜੇਲ੍ਹ ਵਿਚ ਹੋ ਰਹੇ ਤਸ਼ੱਦਦ ਦੇ ਖਿਲਾਫ ਵੀ ਕਾਰਵਾਈ ਕਰਦੇ ਰਹੇ। ਭਾਈ ਸਾਹਿਬ ਜੀ ਦੀ ਜੇਲ੍ਹ ਯਾਤਰਾ ਦੌਰਾਨ, ਆਪ ਭਾਈ ਸਾਹਿਬ ਜੀ ਦੇ ਪਰਿਵਾਰ ਦੀ ਯਥਾ



www.AKJ.Org

ਸ਼ਕਤ ਸਹਾਇਤਾ ਵੀ ਕਰਦੇ ਰਹੇ। ਇਸ ਦੌਰਾਨ ਆਪ ਦੇਸ਼ ਵਾਸੀਆਂ ਨੂੰ ਅੰਗਰੇਜ਼ੀ ਹਕੂਮਤ ਖਿਲਾਫ ਜਾਗਰੂਕ ਕਰਨ ਲਈ ਸਾਹਿਤ ਤੇ ਛੋਟੇ ਟਰੈਕਟ ਦੁਵਰਕੀਆਂ ਛਾਪ ਕੇ ਵੰਡਦੇ ਰਹੇ।

ਆਪ ਜੀ ਗੁਰਦੁਆਰਾ ਸੁਧਾਰ ਲਹਿਰ ਅਤੇ ਗੁਰਦੁਆਰਿਆਂ ਨੂੰ ਮਹੰਤਾਂ ਦੇ ਕਬਜ਼ੇ ਤੋਂ ਛਡਵਾ ਕੇ ਪੰਥਕ ਪ੍ਰਬੰਧ ਹੇਠ ਲਿਆਉਣ ਲਈ ਸਰਗਰਮ ਹਿੱਸਾ ਲੈਂਦੇ ਰਹੇ। ਉਸ ਵੇਲੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਅੰਗਰੇਜ਼ੀ ਸਰਕਾਰ ਵੱਲੋਂ ਗੈਰ ਕਾਹੈਨੀ ਕਰਾਰ ਦੇ ਦਿੱਤਾ ਗਿਆ ਸੀ। ਆਪ ਨੇ ਗੁਰੂ ਕਾ ਬਾਗ ਦਾ ਮੋਰਚੇ ਤੇ ਚਾਬੀਆਂ ਦੇ ਮੋਰਚੇ ਵਿਚ ਵੀ ਹਿੱਸਾ ਲਿਆ ਤੇ ਆਪ ਜੀ ਸ੍ਰੀ ਨਨਕਾਣਾ ਸਾਹਿਬ ਅਤੇ ਪੰਜਾ ਸਾਹਿਬ ਦੇ ਸਾਕਿਆਂ ਦੇ ਵੀ ਚਸ਼ਮਦੀਦ ਗਵਾਹ ਸਨ। ਉਹ ਕਈ ਸਾਲ ਸ਼੍ਰੋਮਣੀ ਕਮੇਟੀ ਦੇ ਮੈਂਬਰ ਵੀ ਰਹੇ। ਮਾਸਟਰ ਤਾਰਾ ਸਿੰਘ ਦੇ ਨੇੜਲੇ ਸਾਥੀ ਸਨ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਮੀਤ ਪ੍ਰਧਾਨ ਵੀ ਰਹੇ। ਮਾਸਟਰ ਤਾਰਾ ਸਿੰਘ ਜੀ ਦੀ ਜੇਲ ਯਾਤਰਾ ਦੌਰਾਨ ਐਕਟਿੰਗ ਪ੍ਰਧਾਨ ਦੀ ਸੇਵਾ ਵੀ ਨਿਭਾਉਂਦੇ ਰਹੇ। ਸ਼੍ਰੋਮਣੀ ਅਕਾਲੀ ਦਲ, ਇਨ੍ਹਾਂ ਦੀ ਅਗਵਾਈ ਹੇਠ ਸ਼੍ਰੋਮਣੀ ਕਮੇਟੀ ਦੀਆਂ ਸਾਰੀਆਂ ਸੀਟਾਂ ਜਿੱਤਦਾ ਰਿਹਾ ਹੈ। ਸੰਨ 1955 ਵਿਚ ਪੰਜਾਬੀ ਸੂਬੇ ਮੋਰਚੇ ਦੇ ਆਪ ਡਿਕਟੇਟਰ ਥਾਪੇ ਗਏ ਅਤੇ 7 ਮਹੀਨੇ ਕੈਦ ਵੀ ਕੱਟੀ। ਆਪ ਬੀਰ ਖ਼ਾਲਸਾ ਦਲ ਲੁਧਿਆਣਾ ਨਾਲ ਵੀ ਸੰਬੰਧਿਤ ਰਹੇ ਅਤੇ ਆਪ ਜੀ ਨੂੰ ਸਰਦਾਰੇ ਆਜ਼ਿਮ ਦੇ ਖਿਤਾਬ ਨਾਲ ਨਿਵਾਜਿਆ ਗਿਆ। ਲੁਧਿਆਣੇ ਵਿਚ ਹੋਈ ਸਿਖ ਐਜੂਕੇਸ਼ਨਲ ਕਾਨਫ਼ਰੰਸ ਦੀ ਆਪ ਜੀ ਨੇ ਪ੍ਰਧਾਨਗੀ ਵੀ ਕੀਤੀ।

ਬੀ.ਏ. ਦੀ ਪੜ੍ਹਾਈ ਕਰਨ ਤੋਂ ਬਾਅਦ, ਸਰਕਾਰੀ ਨੌਕਰੀ ਕਰਨੀ ਨਾ ਮਨਜ਼ੂਰ ਕਰਕੇ ਆਪ ਨੇ ਪੰਜਾਬ ਦੇ ਪੇਂਡੂ ਖੇਤਰਾਂ ਵਿਚ ਸਮਾਜਿਕ, ਧਾਰਮਿਕ ਅਤੇ ਵਿਦਿਅਕ ਸੁਧਾਰਾਂ ਵਾਸਤੇ ਕੰਮ ਕਰਨਾ ਆਪਣਾ ਉਦੇਸ਼ ਬਣਾਇਆ। ਕਿਰਤ ਵਜੋਂ ਉਨ੍ਹਾਂ ਨੇ ਅਧਿਆਪਕ ਦੀ ਨੌਕਰੀ ਸ਼ੁਰੂ ਕੀਤੀ। ਸਭ ਤੋਂ ਪਹਿਲਾਂ ਉਨ੍ਹਾਂ ਦੀ ਖ਼ਾਲਸਾ ਸਕੂਲ ਫਿਰੋਜ਼ਪੁਰ ਵਿਚ ਤਾਇਨਾਤੀ ਹੋਈ। ਹਿਤੋ ਚਿਤੋਂ ਰਾਤ ਦਿਨ ਮਿਹਨਤ ਕਰਕੇ ਸਕੂਲ ਦੀ ਤਰੱਕੀ ਵਿਚ ਹਿੱਸਾ ਪਾਇਆ ਅਤੇ ਉਸ ਨੂੰ ਮਾਡਲ ਸੰਸਥਾ ਬਣਾ ਦਿੱਤਾ। ਵਿਦਿਅਕ ਪੜ੍ਹਾਈ ਦੇ ਨਾਲ-ਨਾਲ ਧਾਰਮਿਕ ਅਤੇ ਨੈਤਿਕ ਸਿਖਿਆ ’ਤੇ ਵੀ ਜ਼ੋਰ ਦਿੱਤਾ। ਸਾਰੇ ਇਲਾਕੇ ਵਿਚ ਇਕ ਸਫਲ ਅਧਿਆਪਕ, ਸੁਧਾਰਕ ਅਤੇ ਪ੍ਰਬੰਧਕ ਵਜੋਂ ਉਨ੍ਹਾਂ ਦੀ ਧੁੰਮ ਪੈ ਗਈ। ਇਸ ਤੋਂ ਬਾਅਦ, ਉਨ੍ਹਾਂ ਇਕ ਨਿਰ ਸਵਾਰਥ ਪ੍ਰਚਾਰਕ ਵਜੋਂ ਖ਼ਾਲਸਾ ਹਾਈ ਸਕੂਲ ਬਡੋਂ ਜ਼ਿਲ੍ਹਾ ਹੁਸ਼ਿਆਰਪੁਰ, ਬਾਬਾ ਬਕਾਲਾ, ਮਾਲਵਾ ਖ਼ਾਲਸਾ ਹਾਈ ਸਕੂਲ ਲੁਧਿਆਣਾ ਤੇ ਖਾਲਸਾ ਸਕੂਲ ਮੁਕਤਸਰ ਦੇ ਹੈਡਮਾਸਟਰ ਵੱਜੋਂ ਸੇਵਾ ਨਿਭਾਈ। ਫਿਰ ਇਲਾਕੇ ਦੇ ਪਿੰਡਾਂ ਦੀਆਂ ਪੰਚਾਇਤਾਂ ਨੇ ਮਤੇ ਪਾਸ ਕਰਕੇ ਉਨ੍ਹਾਂ ਨੂੰ ਖਾਲਸਾ ਹਾਈ ਸਕੂਲ ਗੁਰੂ ਸਰ ਸੁਧਾਰ ਲੈ ਆਂਦਾ। ਇਥੇ ਆਪ ਨੇ ਇਲਾਕੇ ਦੇ ਲੋਕਾਂ ਦੇ ਸਹਿਯੋਗ ਨਾਲ ਨਿਹੰਗ ਸਿੰਘ ਸ਼ਮਸ਼ੇਰ ਸਿੰਘ ਦੀ ਅਗਵਾਈ ਵਿਚ ਮਾਇਆ ਇਕੱਠੀ ਕਰਕੇ, ਇਕ ਕਾਲਜ ਸਥਾਪਿਤ ਕੀਤਾ, ਜੋ ਬਾਅਦ ਵਿਚ ਪੋਸਟ ਗਰੈਜੂਏਟ ਸੰਸਥਾ ਵਿਚ ਤਬਦੀਲ ਹੋ ਗਿਆ। ਆਪ ਇਸ ਕਾਲਜ ਦੇ ਬਾਨੀ ਪ੍ਰਿੰਸੀਪਲ ਥਾਪੇ ਗਏ। ਇਹ ਕਾਲਜ ਪੰਜਾਬ ਦੇ ਪੇਂਡੂ ਇਲਾਕਿਆਂ ਵਿਚ ਉੱਚ ਵਿਦਿਆ ਪ੍ਰਦਾਨ ਕਰਨ ਲਈ ਪਹਿਲਾ ਕਾਲਜ ਬਣਿਆ। ਜਦੋਂ ਕਾਲਜ ਬਣਾਉਣ ਦੀ ਗੱਲ ਚਲੀ ਤੇ ਪੇਂਡੂ ਲੋਕ ਇਸ ਦਾ ਮਜ਼ਾਕ ਉਡਾਉਂਦੇ ਸਨ ਤੇ ਹੱਸਦੇ ਵੀ ਸਨ। ਅੰਗਰੇਜ਼ੀ ਹਕੂਮਤ ਵੇਲੇ ਸੰਨ 1945 ਵਿਚ ਪੰਜਾਬ ਯੂਨੀਵਰਸਿਟੀ ਇਸ ਨੂੰ ਖੋਲ੍ਹਣ ਦੀ ਮਨਜ਼ੂਰੀ ਵੀ ਨਹੀਂ ਸੀ ਦੇ ਰਹੀ ਜੋ ਕਿ ਦੇਸ਼ ਆਜ਼ਾਦ ਹੋਣ ਤੋਂ ਬਾਅਦ ਸੰਨ 1948 ਵਿਚ ਮਿਲੀ। ਆਪ ਲਗਾਤਾਰ 11 ਸਾਲ ਇਸ ਕਾਲਜ ਦੇ ਪ੍ਰਿੰਸੀਪਲ ਰਹੇ ਤੇ ਕਾਲਜ ਨੂੰ ਵਿਦਿਅਕ, ਸਮਾਜਿਕ, ਧਾਰਮਿਕ ਖੇਤਰ ਵਿਚ ਬੁਲੰਦੀਆਂ ਤੇ ਪਹੁੰਚਾਇਆ। ਕਾਲਜ ਵਾਸਤੇ ਜਿਥੇ ਉਨ੍ਹਾਂ ਨੇ ਪਿੰਡ ਪਿੰਡ ਫਿਰ ਕੇ ਪੈਸੇ ਇਕੱਠੇ ਕੀਤੇ, ਉਥੇ ਅਫ਼ਰੀਕਾ ਦੇਸ਼, ਜੋ ਅੰਗਰੇਜ਼ਾਂ ਅਧੀਨ ਸੀ, ਵਿਚ ਵੀ ਸੰਗਤਾਂ ਤੋਂ ਕਾਲਜ ਵਾਸਤੇ ਮਾਇਕ ਸਹਾਇਤਾ ਲੈਣ ਗਏ, ਜਿਸ ਦੇ ਫਲ ਸਰੂਪ ਕਾਲਜ ਦੀ ਸ਼ਾਨਦਾਰ ਇਮਾਰਤ ਬਣ ਗਈ ਜੋ ਕੇਵਲ ਆਪ ਦੀ ਮਿਹਨਤ ਦਾ ਹੀ ਸਿੱਟਾ ਸੀ।

ਉਨ੍ਹਾਂ ਦੇ ਅੰਮ੍ਰਿਤ ਛਕਣ ਸਮੇਂ ਸਿੰਘ ਸਭਾ ਲਹਿਰ ਚੱਲ ਰਹੀ ਸੀ ਜੋ ਕਿ ਪੰਥ ਵਿਚ ਆ ਵੜੀਆਂ ਕੁਰੀਤੀਆਂ ਦੇ ਸੁਧਾਰ



www.AKJ.Org

ਲਈ ਸਿਰਤੋੜ ਯਤਨ ਕਰ ਰਹੀ ਸੀ। ਆਪ ਜੀ ਨੇ ਵੀ, ਭਾਈ ਸਾਹਿਬ ਜੀ ਵਾਂਗ ਪਿੰਡਾਂ ਵਿਚ ਫੈਲੇ ਛੂਤ ਛਾਤ, ਛੋਟੀਆਂ ਜਾਤਾਂ ਖਾਸ ਕਰ ਅਧਰਮੀਆਂ ਮਜ਼ਬੀਆਂ ਦੇ ਧਾਰਮਿਕ ਸਥਾਨਾਂ ਵਿਚ ਜਾਣ ਦੀ ਮਨਾਹੀ, ਵੱਖਰਾ ਅੰਮ੍ਰਿਤ ਅਤੇ ਲੰਗਰ ਛਕਾਉਣ, ਦਾਜ ਅਤੇ ਬੱਚੀਆਂ ਨੂੰ ਮਾਰਨ ਦੀ ਪ੍ਰਥਾ ਦੇ ਵਿਰੁੱਧ ਅਤੇ ਸਿੱਖ ਧਰਮ ਵਿਚ ਬੀਬੀਆਂ ਨੂੰ ਬਰਾਬਰਤਾ ਦੇ ਅਧਿਕਾਰ ਦੇਣ ਲਈ ਬੁਲੰਦ ਆਵਾਜ਼ ਉਠਾਈ ਅਤੇ ਸਮਾਜ ਦੇ ਪਛੜੇ ਵਰਗ ਨੂੰ ਉਭਾਰਨ ਲਈ ਸਿਰ ਤੋੜ ਯਤਨ ਕੀਤੇ।

ਉਨ੍ਹਾਂ ਵੱਲੋਂ ਕੀਤੀਆਂ ਸਮਾਜਿਕ ਅਤੇ ਧਾਰਮਿਕ ਸੇਵਾਵਾਂ ਅਤੇ ਲੋਕਾਂ ਦੇ ਦੁਖ-ਸੁਖ ਵਿਚ ਭਾਈਵਾਲ ਹੋਣ ਕਾਰਨ ਉਹ ਇਲਾਕੇ ਵਿਚ ਇਕ ਹਰਮਨ ਪਿਆਰੇ ਆਗੂ ਵਜੋਂ ਉਭਰੇ। ਸੰਨ 1952 ਵਿਚ ਉਨ੍ਹਾਂ ਅਕਾਲੀ ਦਲ ਦੀ ਟਿਕਟ ਤੋਂ ਜਗਰਾਓਂ ਹਲਕੇ ਤੋਂ ਪੰਜਾਬ ਅਸੈਂਬਲੀ ਦੀ ਚੋਣ ਲੜੀ। ਟਿਕਟ ਦੇਣ ਤੋਂ ਪਹਿਲਾਂ ਮਾਸਟਰ ਤਾਰਾ ਸਿੰਘ ਜੀ ਨੇ ਇਨ੍ਹਾਂ ਦੀ ਕਾਮਯਾਬੀ ਲਈ ਭਾਈ ਸਾਹਿਬ ਜੀ ਕੋਲੋਂ ਵੀ ਸਲਾਹ ਲਈ ਸੀ। ਇਹ ਸੀਟ ਉਨ੍ਹਾਂ ਨੇ ਪੰਜਾਬ ਵਿਚ ਸਭ ਤੋਂ ਵੱਧ ਵੋਟਾਂ ਨਾਲ ਜਿੱਤ ਕੇ, ਅਕਾਲੀ ਦਲ ਦੀ ਝੋਲੀ ਵਿਚ ਪਾਈ। ਉਹ ਇਸ ਸਮੇਂ ਵਿਧਾਨ ਸਭਾ ਦੇ ਐਸਟੀਮੇਟ ਕਮੇਟੀ ਅਤੇ ਵਿਧਾਨ ਸਭਾ ਦੇ ਚੇਅਰਮੈਨ ਦੇ ਪੈਨਲ ਵਜੋਂ ਵੀ ਮੈਂਬਰ ਰਹੇ। ਉਸ ਵੇਲੇ ਦੇ ਮੁਖ ਮੰਤਰੀ ਸ੍ਰੀ ਭੀਮ ਸੈਨ ਸਚਰ ਅਤੇ ਸ. ਪ੍ਰਤਾਪ ਸਿੰਘ ਕੈਰੋਂ ਆਪ ਦਾ ਬਹੁਤ ਸਤਿਕਾਰ ਕਰਦੇ ਸਨ।

ਭਾਈ ਸਾਹਿਬ ਜੀ ਦੇ ਪੁਰਾਤਨ ਸੰਗੀ ਸਾਥੀ ਹੋਣ ਕਰਕੇ, ਇਨ੍ਹਾਂ ਦੇ ਪਿੰਡ ਬੋਪਾਰਾਏ ਕਲਾਂ ਵਿਖੇ ਸ੍ਰੀ ਅਖੰਡ ਪਾਠ ਸਮਾਗਮ ਅਤੇ ਕੀਰਤਨ ਸਮਾਗਮ ਹੁੰਦੇ ਰਹਿੰਦੇ ਸਨ। ਇਹੋ ਜਿਹੇ ਇਕ ਸਮਾਗਮ ਵਿਚ ਮੈਣ ਦੁਆਬ ਤੋਂ ਵਡਾਲੀ ਆਲਾ ਸਿੰਘ ਦੇ ਜਥੇਦਾਰ ਗੰਗਾ ਸਿੰਘ ਜੀ ਦੀ ਅਗਵਾਈ ਹੇਠ ਇਕ ਪਰਿਵਾਰ ਸ਼ਾਮਿਲ ਹੋਇਆ। ਉਸ ਵਿਚ ਕਾਕਾ ਪ੍ਰੇਮ ਸਿੰਘ ਬਹਿਬਲ ਸ਼ਾਮਿਲ ਸੀ ਜੋ ਸਾਰੇ ਪਰਿਵਾਰ ਸਮੇਤ ਅੰਮ੍ਰਿਤ ਛਕ ਕੇ ਜਹਾਜ਼ੇ ਚੜ੍ਹੇ ਸਨ। ਉਸ ਵੇਲੇ ਕਾਕਾ ਪ੍ਰੇਮ ਸਿੰਘ ਬਹਿਬਲ ਦੇ ਨਾਮ ਦੇ ਚਲੂਲੇ ਰੰਗ ਚੜ੍ਹੇ ਦੇਖ ਕੇ, ਭਾਈ ਸਾਹਿਬ ਜੀ ਤੇ ਬਾਊ ਮਲ ਸਿੰਘ ਜੀ ਰਜ਼ਾ ਮਿਲਣ ਕਾਰਨ ਬੀਬੀ ਕੁਲਵੰਤ ਕੌਰ ਜੀ ਦੇ ਸੰਜੋਗਾਂ ਦੀ ਗੱਲ ਤੁਰੀ ਜੋ ਕਿ ਸਿਰੇ ਚੜ੍ਹ ਗਈ। ਇਹ ਸਾਰਾ ਬਿਰਤਾਂਤ ਰੰਗਲੇ ਸੱਜਣ ਪੁਸਤਕ ਕਾਕਾ ਪ੍ਰੇਮ ਸਿੰਘ ਬਹਿਬਲ ਵਾਲੇ ਲੇਖ ਵਿਚ ਆ ਚੁੱਕਾ ਹੈ।

ਕਾਕਾ ਪ੍ਰੇਮ ਸਿੰਘ ਬਹਿਬਲ ਦੀ ਯੋਗ ਅਗਵਾਈ ਅਤੇ ਉਨ੍ਹਾਂ ਦੀ ਵਿਦਿਆ ਦੇ ਚੰਗੇਰੇ ਪ੍ਰਬੰਧ ਲਈ ਆਪ ਜਦੋਂ ਖ਼ਾਲਸਾ ਹਾਈ ਸਕੂਲ ਮੁਕਤਸਰ ਵਿਚ ਹੈਡ ਮਾਸਟਰ ਸਨ, ਤਾਂ ਉਨ੍ਹਾਂ ਨੂੰ ਭਾਈ ਸਾਹਿਬ ਜੀ ਦੀ ਪ੍ਰੇਰਨਾ ਨਾਲ ਹੀ, ਸ੍ਰੀ ਮੁਕਤਸਰ ਆਪ ਜੀ ਕੋਲ ਭੇਜਿਆ ਗਿਆ।

ਸੰਨ 1959 ਵਿਚ ਆਪ ਜੀ ਸ੍ਰੀ ਗੁਰੂ ਹਰਿ ਗੋਬਿੰਦ ਕਾਲਜ ਗੁਰੂ ਸਰ ਸੁਧਾਰ ਤੋਂ ਬਤੌਰ ਪ੍ਰਿੰਸੀਪਲ ਲਗਾਤਾਰ 12 ਸਾਲ ਦੀ ਸੇਵਾ ਤੋਂ ਬਾਅਦ ਫਾਰਗ ਹੋ ਗਏ। ਇਸ ਤੋਂ ਬਾਅਦ ਉਨ੍ਹਾਂ ਧਰਮ ਪ੍ਰਚਾਰ ਕਮੇਟੀ ਜੋ ਸ਼੍ਰੋਮਣੀ ਕਮੇਟੀ ਦੇ ਅਧੀਨ ਕੰਮ ਕਰਦੀ ਹੈ, ਦੇ ਇੰਚਾਰਜ ਵਜੋਂ ਸੇਵਾ ਸੰਭਾਲ ਲਈ ਅਤੇ ਸਿਖ ਧਰਮ ਦੇ ਪ੍ਰਚਾਰ ਲਈ ਦਿਨ-ਰਾਤ ਇਕ ਕਰ ਦਿੱਤਾ। ਸ੍ਰੀ ਗੁਰੂ ਨਾਨਕ ਦੇਵ ਜੀ ਦਾ 500 ਸਾਲਾ ਪ੍ਰਕਾਸ਼ ਪੁਰਬ ਆਪ ਜੀ ਦੀ ਅਗਵਾਈ ਹੇਠ ਮਨਾਇਆ ਗਿਆ।

1967 ਵਿਚ ਇਕ ਢੱਡੇ (ਬਲਦ) ਵਲੋਂ ਕੋਟਕਪੂਰੇ ਸੱਟ ਮਾਰਨ ਕਾਰਨ ਆਪ ਜੀ ਨੂੰ ਪਾਰਕਿਨਸਨ (Parkinson) ਦੀ ਬੀਮਾਰੀ ਲਗ ਗਈ। ਇਸ ਤੋਂ ਬਾਅਦ ਉਹ ਆਪਣੇ ਪਿੰਡ ਆ ਗਏ ਅਤੇ ਰਾਤ ਦਿਨ ਪ੍ਰਭੂ ਚਰਨਾਂ ਵਿਚ ਸੁਰਤ ਜੋੜ ਕੇ ਨਾਮ ਬਾਣੀ ਨਾਲ ਗੜੂੰਦ ਰਹਿਣ ਲੱਗ ਪਏ। ਸੰਨ 1971 ਵਿਚ ਆਪ ਜੀ ਦੇ ਸਪੁੱਤਰ ਸ. ਹਰਭਜਨ ਸਿੰਘ ਆਪ ਦੀ ਸੇਵਾ ਸੰਭਾਲ ਲਈ ਇੰਗਲੈਂਡ ਤੋਂ ਵਾਪਸ ਆ ਗਏ ਤੇ ਗੁਰਦੇਵ ਨਗਰ ਲੁਧਿਆਣਾ ਰਿਹਾਇਸ਼ ਰੱਖ ਲਈ। ਆਪ ਜੀ ਦੇ ਸਪੁੱਤਰ ਨੇ ਇੰਗਲੈਂਡ ਵਿਚ ਆਪਣਾ ਵਿਦਿਅਕ ਪੇਸ਼ਾ ਵਿਚੇ ਛੱਡ ਦਿੱਤਾ ਅਤੇ ਰਾਤ ਦਿਨ ਸੇਵਾ ਵਿਚ ਜੁੱਟ ਗਏ। ਇਹ ਪੰਥ ਪ੍ਰਸਤ ਪਵਿੱਤਰ ਗੁਰਮੁਖ ਰੂਹ ਅਖੀਰ 20 ਦਸੰਬਰ 1974 ਨੂੰ ਸਮਾਜ ਸੁਧਾਰ ਅਤੇ ਪੇਂਡੂ ਵਿਦਿਆ ਦੇ ਪਸਾਰ ਲਈ ਆਪਣਾ ਜੀਵਨ ਅਰਪਨ ਕਰਦੀ ਹੋਈ ਪੰਜ ਭੂਤਕ ਸਰੀਰ ਛੱਡ ਕੇ ਗੁਰੂ ਚਰਨਾਂ ਵਿਚ ਜਾ ਬਿਰਾਜੀ।



www.AKJ.Org

# ਭਾਈ ਸੁੰਦਰ ਸਿੰਘ ਜੀ (ਮ੍ਰਿਗਿੰਦ) ਘੁਮਾਣ, ਜ਼ਿਲ੍ਹਾ ਲੁਧਿਆਣਾ

ਭਾਈ ਗੁਰਦੀਪ ਸਿੰਘ ਸ੍ਰੀ ਅੰਮ੍ਰਿਤਸਰ

ਪੰਥ ਸੇਵਕ ਭਾਈ ਸੁੰਦਰ ਸਿੰਘ ਜੀ ਜਿਨ੍ਹਾਂ ਨੂੰ ਭਾਈ ਸਾਹਿਬ ਜੀ ਮ੍ਰਿਗਿੰਦ ਕਹਿ ਕੇ ਬੁਲਾਉਂਦੇ ਸਨ ਦਾ ਜਨਮ ਸੰਨ 1890 ਵਿਚ ਪਿੰਡ ਘੁਮਾਣ ਜ਼ਿਲ੍ਹਾ ਲੁਧਿਆਣੇ ਵਿਚ ਪਿਤਾ ਸ. ਭਗਵਾਨ ਸਿੰਘ ਜੀ ਅਤੇ ਮਾਤਾ ਬਿਸ਼ਨ ਕੌਰ ਜੀ ਦੇ ਘਰ ਹੋਇਆ। ਪਿਤਾ ਜੀ ਖੇਤੀਬਾੜੀ ਦਾ ਕੰਮ ਕਰਦੇ ਸਨ ਅਤੇ ਆਪ ਸਾਧਾਰਨ ਪ੍ਰੀਵਾਰ ਵਿਚੋਂ ਸਨ। ਆਪ ਜੀ ਦੇ ਮਾਤਾ ਆਪ ਜੀ ਦੇ ਬਚਪਨ ਵਿਚ ਹੀ ਚੜ੍ਹਾਈ ਕਰ ਗਏ ਸਨ ਤੇ ਦਾਦੀ ਜੀ ਨੇ ਹੀ ਪਾਲਣਾ ਪੋਸ਼ਣਾ ਕੀਤੀ। ਆਪ ਨੇ ਪ੍ਰਾਇਮਰੀ ਜਮਾਤ ਸੰਨ 1908 ਗੁਰੂ ਸਰ ਸੁਧਾਰ ਸਕੂਲ ਤੋਂ ਪਾਸ ਕਰਕੇ ਦਸਵੀਂ ਮਾਲਵਾ ਖ਼ਾਲਸਾ ਹਾਈ ਸਕੂਲ ਲੁਧਿਆਣੇ ਤੋਂ ਪਾਸ ਕੀਤੀ। ਮਾਲਵਾ ਖ਼ਾਲਸਾ ਹਾਈ ਸਕੂਲ ਦੇ ਬੋਰਡਿੰਗ ਹਾਊਸ ਦੇ ਗੁਰਦੁਆਰੇ ਵਿਚ ਹਰ ਬੁੱਧਵਾਰ ਅਤੇ ਐਤਵਾਰ ਭਾਈ ਸਾਹਿਬ ਜੀ ਸੰਨ 1909 ਤੋਂ ਸਾਥੀਆਂ ਸਮੇਤ ਕੀਰਤਨ ਸਮਾਗਮ ਤੇ ਜਾਂਦੇ ਸਨ। ਇਸ ਤੋਂ ਇਲਾਵਾ ਗੁਰੂ ਨਾਨਕ ਸਾਹਿਬ ਅਤੇ ਦਸਮੇਸ਼ ਜੀ ਦੇ ਪ੍ਰਕਾਸ਼ ਪੁਰਬ ਸਮੇਂ ਵਿਦਿਆਰਥੀਆਂ ਵਲੋਂ ਅਤੇ ਸਕੂਲ ਪ੍ਰਬੰਧਕਾਂ ਵਲੋਂ ਹਰ ਸਾਲ ਸ੍ਰੀ ਅਖੰਡ ਪਾਠ, ਕੀਰਤਨ ਸਮਾਗਮ ਅਤੇ ਨਗਰ ਕੀਰਤਨ ਦੇ ਖਾਸ ਪ੍ਰੋਗਰਾਮ ਹੁੰਦੇ ਜਿਸ ਵਿਚ ਭਾਈ ਸਾਹਿਬ ਜੀ ਸਾਥੀਆਂ ਸਮੇਤ ਹਰ ਸਾਲ ਹਾਜ਼ਰੀ ਭਰਦੇ ਸਨ। ਆਪ ਜੀ ਵੀ ਇੱਥੇ ਪੜ੍ਹਦੇ ਸਮੇਂ ਬਾਕੀ ਵਿਦਿਆਰਥੀਆਂ ਨਾਲ ਇਨ੍ਹਾਂ ਸਤਿਸੰਗ ਸਮਾਗਮਾਂ ਦੀ ਹਾਜ਼ਰੀ ਭਰਿਆ ਭਰਦੇ ਸਨ ਤੇ ਅੰਮ੍ਰਿਤ ਛੱਕ ਕੇ ਸਰਬ ਲੋਹੀ ਸਿੰਘ ਸਜ ਗਏ। ਬਾਅਦ ਵਿਚ ਇਨ੍ਹਾਂ ਦੇ ਪਿਤਾ ਜੀ ਵੀ ਅੰਮ੍ਰਿਤ ਛੱਕ ਕੇ ਗੁਰੂ ਵਾਲੇ ਬਣ ਗਏ ਅਤੇ ਰਹਿਤ ਬਹਿਤ ਦੇ ਪੱਕੇ ਧਾਰਨੀ ਹੋ ਗਏ।

ਆਪ ਜੀ ਦਾ ਅਨੰਦ ਕਾਰਜ ਪਹਿਲਾਂ ਬੀਬੀ ਬਚਨ ਕੌਰ ਜੀ ਪਿੰਡ ਅਕਲੀਆਂ ਮਾਨਸਾ ਨਾਲ ਹੋਇਆ ਸੀ ਪਰ ਉਸ ਦੇ ਜਲਦੀ ਚੜ੍ਹਾਈ ਕਰਨ ਜਾਣ ਕਰਕੇ ਦੁਬਾਰਾ ਅਨੰਦ ਕਾਰਜ ਬੀਬੀ ਭਗਵੰਤ ਕੌਰ ਜੀ ਪਿੰਡ ਬਹਿਣੀਵਾਲ ਜ਼ਿਲ੍ਹਾ ਬਠਿੰਡਾ ਨਾਲ ਹੋਇਆ। ਆਪ ਜੀ ਦੇ ਘਰ ਤਿੰਨ ਲੜਕੇ ਤੇ ਦੋ ਲੜਕੀਆਂ ਨੇ ਜਨਮ ਲਿਆ। ਆਪ ਜੀ ਤੋਂ ਬਾਅਦ ਆਪ ਦਾ ਇਕ ਸਪੁੱਤਰ ਸ਼੍ਰੋ.ਗੁ.ਪ੍ਰਬੰਧਕ ਕਮੇਟੀ ਦਾ ਮੈਂਬਰ ਵੀ ਰਿਹਾ ਹੈ।

ਆਪ ਜੀ ਨੂੰ ਬਚਪਨ ਤੋਂ ਹੀ ਭਾਈ ਸਾਹਿਬ ਜੀ ਦੀ ਸੰਗਤ ਮਾਣਨ ਦਾ ਸੁਭਾਗ ਪ੍ਰਾਪਤ ਰਿਹਾ ਹੈ। ਕੁਝ ਕਾਰਨਾਂ ਕਰਕੇ ਆਪ ਭਾਈ ਸਾਹਿਬ ਜੀ ਨਾਲ ਗਦਰ ਲਹਿਰ ਵਿਚ ਸ਼ਾਮਿਲ ਨਹੀਂ ਹੋ ਸਕੇ ਤੇ ਗ੍ਰਿਫਤਾਰੀ ਤੋਂ ਵੀ ਬਚ ਗਏ। ਆਪ ਜੀ ਨੇ ਪ੍ਰਿੰਸੀਪਲ ਇਕਬਾਲ ਸਿੰਘ ਜੀ ਬੋਪਾਰਾਏ, ਸ. ਮਹਿੰਦਰ ਸਿੰਘ ਸਿਧਵਾਂ ਤੇ ਹੈੱਡ ਮਾਸਟਰ ਧਰਮ ਸਿੰਘ ਫਲੇਵਾਲ ਜਿਹੜੇ ਸਾਰੇ ਮਾਲਵਾ ਖਾਲਸਾ ਹਾਈ ਸਕੂਲ ਦੇ ਹਮ ਜਮਾਤੀ ਸਨ ਨਾਲ ਮਿਲ ਕੇ ਭਾਈ ਸਾਹਿਬ ਜੀ ਅਤੇ ਉਨ੍ਹਾਂ ਦੇ ਸਾਥੀਆਂ ਉੱਪਰ ਚੱਲੇ ਮੁਕਦਮੇ ਦੌਰਾਨ ਵਕੀਲ ਆਦਿ ਕਰਨ ਤੇ ਗਵਾਹੀਆਂ ਭੁਗਤਾਉਣ ਦੀ ਡੱਟ ਕੇ ਮੱਦਦ ਕੀਤੀ। ਇਸ ਕਾਰਜ ਲਈ ਆਪ ਲਗਾਤਾਰ 6 ਮਹੀਨੇ ਲਾਹੌਰ ਹੀ ਰਹੇ। ਫਿਰ ਕੈਦ ਹੋਣ ਤੋਂ ਬਾਅਦ ਜੇਲ੍ਹ ਵਿਚ ਭਾਈ ਸਾਹਿਬ ਜੀ ਉੱਪਰ ਹੋ ਰਹੇ ਤਸ਼ੱਦਦ ਵੇਲੇ ਮੁਲਤਾਨ ਆਦਿ ਜਾ ਕੇ ਭਾਈ ਸਾਹਿਬ ਜੀ ਦੀ ਬਾਹਰੋਂ ਮੱਦਦ ਕਰਨ ਦੀ ਪੂਰੀ ਕੋਸ਼ਿਸ ਕਰਦੇ ਰਹੇ। ਇਕ ਵਾਰ ਆਪ ਜੀ ਮੁਕੱਦਮੇ ਸਮੇਂ ਪਟਿਆਲਾ ਗਏ। ਜਿਸ ਘਰ ਗਏ, ਪਰ ਪਤਾ ਨਹੀਂ ਉਨ੍ਹਾਂ ਕਿਉਂ ਨਹੀਂ ਦਰਵਾਜ਼ਾ ਖੋਲਿਆ। ਇਸ ਕਰਕੇ ਸਾਰੀ ਰਾਤ ਆਪ ਨੇ ਸਟੇਸ਼ਨ ਪਰ ਹੀ ਮੀਂਹ ਤੇ ਠੱਕੇ ਦੀ ਠੰਡੀ ਹਵਾ ਵਿਚ ਹੀ ਗੁਜ਼ਾਰੀ। ਮੁਕੱਦਮੇ ਦੌਰਾਨ ਸਾਰਾ ਖਰਚ ਆਪਣੇ ਕੋਲੋਂ ਹੀ ਕੀਤਾ।

1927-28 ਵਿਚ ਜਦੋਂ ਆਪ ਸ਼੍ਰੋ. ਕਮੇਟੀ ਦੇ ਮੈਂਬਰ ਸਨ ਤਾਂ ਇੰਨ੍ਹਾਂ ਨੇ ਆਪਣੇ ਉਪਰੋਕਤ ਸਾਥੀਆਂ ਨਾਲ ਮਿਲ ਕੇ ਭਸੌੜ ਵਾਲਿਆਂ ਵਲੋਂ ਗੁਰਬਾਣੀ ਦੀ ਕੀਤੀ ਭੰਨ ਤੋੜ ਖਿਲਾਫ ਪੰਥਕ ਫੈਸਲਾ ਕਰਾਉਣ ਲਈ ਅਹਿਮ ਭੂਮਿਕਾ ਨਿਬਾਹੀ, ਇਸ ਤੋਂ ਇਲਾਵਾ ਆਪ ਜੀ ਕਈ ਸਾਲ ਗੁਰੂ ਹਰਿ ਗੋਬਿੰਦ ਖ਼ਾਲਸਾ ਹਾਈ ਸਕੂਲ ਗੁਰੂ ਸਰ ਸੁਧਾਰ ਦੇ ਸਕੱਤਰ ਦੀ ਸੇਵਾ ਵੀ ਕਰਦੇ ਰਹੇ।



www.AKJ.Org

ਆਪ ਜੀ ਨੇ ਦੁਨੀਆਵੀਂ ਕ੍ਰਿਤ ਲਈ ਭੱਠੇ ਦੀ ਠੇਕੇਦਾਰੀ ਦਾ ਕੰਮ ਸ਼ੁਰੂ ਕੀਤਾ। ਬਠਿੰਡੇ ਜ਼ਿਲ੍ਹੇ ਵਿਚ ਸਭ ਤੋਂ ਪਹਿਲਾਂ ਪੱਕੀਆਂ ਇੱਟਾਂ ਦਾ ਭੱਠਾ ਆਪ ਨੇ ਹੀ ਸਥਾਪਿਤ ਕੀਤਾ। ਆਪ ਬਹੁਤ ਪਰ ਉਪਕਾਰੀ ਅਤੇ ਗਰੀਬ ਲੋੜਵੰਦਾਂ ਦੇ ਮਦਦਗਾਰ ਸਨ। ਭੱਠੇ ਦੀ ਆਮਦਨ ਧਾਰਮਿਕ ਕਾਰਜਾਂ ਵਾਸਤੇ ਖਰਚ ਦਿੰਦੇ ਸਨ ਤੇ ਸਾਰੀ ਉਮਰ ਕੋਈ ਜ਼ਮੀਨ ਜ਼ਾਇਦਾਦ ਆਦਿ ਨਹੀਂ ਬਣਾਈ। ਮਾਇਆ ਤੋਂ ਨਿਰਲੇਪ ਰਹੇ। ਆਪ ਜੀ ਨੇ ਕਿਸੇ ਨਾਲ ਵੈਰ ਵਿਰੋਧ ਵੀ ਕਦੇ ਨਹੀਂ ਰੱਖਿਆ ਜਦੋਂ ਇਨ੍ਹਾਂ ਦਾ ਕਾਰੋਬਾਰ ਕਾਮਯਾਬ ਹੋ ਕੇ ਚੱਲਣ ਲਗ ਪਿਆ ਤਾਂ ਕਿਸੇ ਹੋਰ ਸੱਜਣ ਨੇ ਭੱਠੇ ਦਾ ਕੰਮ ਸ਼ੁਰੂ ਕਰਨ ਦਾ ਵਿਚਾਰ ਬਣਾਇਆ। ਆਪ ਜੀ ਨੇ ਉਸ ਨੂੰ ਕਾਰੋਬਾਰੀ ਸ਼ਰੀਕ ਨਾ ਸਮਝਦੇ ਹੋਏ, ਉਸ ਦੇ ਭੱਠਾ ਲਾਉਣ ਲਈ ਪੂਰੀ ਸਹਾਇਤਾ ਕੀਤੀ। ਉਸ ਭੱਠੇ ਦਾ ਉਦਘਾਟਨ ਵੀ ਆਪ ਹੀ ਕੀਤਾ।

ਆਪ ਜੀ ਅੰਦਰ ਪੰਥਕ ਕੁਰਬਾਨੀ ਦਾ ਜਜ਼ਬਾ ਕੁੱਟ-ਕੁੱਟ ਕੇ ਭਰਿਆ ਹੋਇਆ ਸੀ। ਆਪ ਜੀ ਨੇ ਗੁਰਦੁਆਰਾ ਸੁਧਾਰ ਲਹਿਰ ਤੇ ਅਕਾਲੀ ਲਹਿਰ ਵਿਚ ਵੱਧ ਚੜ੍ਹ ਕੇ ਹਿੱਸਾ ਲਿਆ। 1923 ਵਿਚ ਸਭ ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਦੇ ਮੈਂਬਰ ਬਣੇ। 1923-1925 ਤਾਈਂ ਸਰਕਾਰ ਵਲੋਂ ਸ਼੍ਰੋ. ਕਮੇਟੀ ਨੂੰ ਗੈਰ ਕਾਨੂੰਨੀ ਕਰਾਰ ਦੇ ਕੇ ਅਤੇ ਪਾਬੰਦੀ ਲਾਉਣ ਕਰਕੇ ਡੇਢ ਸਾਲ ਜੇਲ ਵਿਚ ਬੰਦ ਰਹੇ। ਇਸ ਤੋਂ ਪਹਿਲਾਂ ਆਪ ਜੈਤੋ ਦੇ ਮੋਰਚੇ ਵਿਚ ਕੁੱਦ ਪਏ ਸਨ ਤੇ ਪਹਿਲੇ ਹੀ ਜਥੇ ਨਾਲ ਗ੍ਰਿਫਤਾਰੀ ਦਿੱਤੀ ਸੀ। ਆਪ ਜੀ ਦਾ ਮਾਸਟਰ ਤਾਰਾ ਸਿੰਘ ਜੀ ਪ੍ਰਿੰਸੀਪਲ ਇਕਬਾਲ ਸਿੰਘ ਜੀ ਬੋਪਰਾਏ ਡਾ. ਕਿਹਰ ਸਿੰਘ ਜੀ ਮੁਕਤਸਰ (ਜੋ ਜੈਤੋ ਮੋਰਚੇ ਦੇ ਮੁਕਤਸਰ ਇਲਾਕੇ ਦਾ ਇੰਚਾਰਜ ਸਨ), ਹੈੱਡ ਮਾਸਟਰ ਹਰਭਗਤ ਸਿੰਘ, ਸ. ਮਹਿੰਦਰ ਸਿੰਘ ਸਿਧਵਾਂ ਅਤੇ ਡਾ. ਹਰਭਜਨ ਸਿੰਘ ਸੋਚ ਆਦਿ ਨੇਤਾਵਾਂ ਅਤੇ ਗੁਰਸਿੱਖਾਂ ਨਾਲ ਡੂੰਘੇ ਅਤੇ ਨਿੱਘੇ ਸਬੰਧ ਸਨ। ਆਪ ਜੀ 1923-1939 ਤਾਈਂ ਸ਼੍ਰੋ. ਕਮੇਟੀ ਦੇ ਮੈਂਬਰ ਰਹੇ। ਇਸ ਸਮੇਂ ਦੌਰਾਨ ਗੁਰਦੁਆਰਾ ਪ੍ਰਬੰਧ ਵਿਚ ਸੁਧਾਰ ਅਤੇ ਪੰਥਕ ਰਹਿਤ ਮਰਿਯਾਦਾ ਪ੍ਰਵਾਨ ਕਰਵਾ ਕੇ ਲਾਗੂ ਕਰਨ ਵਿਚ ਵਿਸ਼ੇਸ਼ ਯੋਗਦਾਨ ਪਾਇਆ।

ਭਾਈ ਸਾਹਿਬ ਜੀ ਨੂੰ ਜੇਲ੍ਹ ਯਾਤਰਾ ਦੌਰਾਨ ਸਭ ਤੋਂ ਜ਼ਿਆਦਾ ਲੰਬਾ ਸਮਾਂ ਨਾਗਪੁਰ ਜੇਲ੍ਹ ਵਿਚ ਰਹਿ ਕੇ, ਸਭ ਤੋਂ ਵੱਧ ਕਸ਼ਟ ਕੱਟਣੇ ਪਏ। 1915 ਵਿਚ ਕੈਦ ਹੋਣ ਤੋਂ ਲਗਭਗ 12 ਸਾਲ ਬਾਅਦ ਜੇਲ੍ਹ ਅਧਿਕਾਰੀਆਂ ਨੇ ਭਾਈ ਸਾਹਿਬ ਜੀ ਨੂੰ ਪ੍ਰੀਵਾਰ ਨਾਲ ਮੁਲਾਕਾਤ ਕਰਨ ਦੀ ਇਜ਼ਾਜਤ ਦਿੱਤੀ। ਪਿੰਡ ਨਾਰੰਗਵਾਲ ਤੋਂ ਨਾਗਪੁਰ ਤਾਈਂ ਸਾਰੇ ਪ੍ਰੀਵਾਰ ਨੂੰ ਲਿਜਾਉਣ ਅਤੇ ਆਉਣ ਦੇ ਖਰਚ ਤੋਂ ਇਲਾਵਾ ਬਿਖੜੇ ਪੰਥ ਲੰਘ ਕੇ ਮੁਲਾਕਾਤ ਕਰਵਾਉਣ ਦੀ ਸੇਵਾ ਵੀ ਆਪ ਜੀ ਨੇ ਨਿਬਾਹੀ, ਜਿਸ ਦਾ ਭਾਈ ਸਾਹਿਬ ਜੀ ਵਲੋਂ ਜੇਲ੍ਹ ਚਿੱਠੀਆਂ ਪੁਸਤਕ ਵਿਚ ਖ਼ਾਸ ਜ਼ਿਕਰ ਕੀਤਾ ਹੋਇਆ ਹੈ।

ਆਪ ਜੀ ਦੀ ਬੱਚੀ ਬੀਬੀ ਗੁਰਚਰਨ ਕੌਰ ਦੇ ਅਨੰਦ ਕਾਰਜ ਵਿਚ ਭਾਈ ਸਾਹਿਬ ਜੀ ਖੁਦ ਸ਼ਾਮਿਲ ਹੋਏ ਸਨ। ਲੜਕੇ ਵਾਲੇ ਵਿਆਹ ਤੋਂ ਪਹਿਲਾਂ ਬੱਚੇ ਨੂੰ ਅੰਮ੍ਰਿਤ ਛਕਾਉਣ ਦਾ ਬਚਨ ਕਰਕੇ ਐਨ ਮੌਕੇ ਸਮੇਂ ਉੱਪਰ ਮੁੱਕਰ ਗਏ। ਭਾਈ ਸਾਹਿਬ ਜੀ ਦੀ ਪ੍ਰੇਰਨਾ ਤੇ ਆਪ ਜੀ ਨੇ ਬਿਨਾ ਕੋਈ ਲੋਕ ਲਾਜ ਦੀ ਪ੍ਰਵਾਹ ਕੀਤੇ ਬਰਾਤ ਬੇਰੰਗ ਵਾਪਿਸ ਭੇਜ ਦਿੱਤੀ ਅਤੇ ਗੁਰਮਤਿ ਦੇ ਅਸੂਲਾਂ ਤੇ ਪਹਿਰਾਂ ਦਿੱਤਾ। ਦੇਸ਼ ਦੀ ਵੰਡ ਵੇਲੇ ਆਪ ਜੀ ਨੇ ਪਿੰਡ ਦੇ ਮੁਸਲਮਾਨ ਨਿਵਾਸੀ ਲੋਕਾਂ ਦਾ ਕੋਈ ਨੁਕਸਾਨ ਨਹੀਂ ਹੋਣ ਦਿੱਤਾ ਅਤੇ ਨਾ ਹੀ ਇੰਨ੍ਹਾਂ ਦੇ ਇਲਾਕੇ ਵਿਚ ਕਿਸੇ ਮੁਸਲਮਾਨ ਦਾ ਕਤਲ ਹੋਇਆ। ਆਪ ਜੀ **"ਨਾ ਕੋਈ ਵੈਰੀ ਨਹੀਂ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ"** ਤੇ ਪੂਰਾ ਪਹਿਰਾ ਦਿੰਦੇ ਸਨ। ਉਹ ਹੋਰ ਧਰਮਾਂ ਦੇ ਲੋਕਾਂ ਨੂੰ ਪ੍ਰਮਾਤਮਾਂ ਦਾ ਰੂਪ ਹੀ ਸਮਝਦੇ ਸਨ ਅਤੇ ਕੋਈ ਦ੍ਵੈਤ ਭਾਵ ਨਹੀਂ ਰੱਖਦੇ ਸਨ।

ਆਪ ਜੀ ਦਾ ਪਿੰਡ ਏਅਰ ਫੋਰਸ ਸਟੇਸ਼ਨ ਹਲਵਾਰਾ ਦੇ ਨੇੜੇ ਹੀ ਸੀ। ਕਈ ਸਿੱਖ ਫੌਜੀ ਜਿੰਨ੍ਹਾਂ ਨੂੰ ਸਰਕਾਰੀ ਰਿਹਾਇਸ਼ ਨਹੀਂ ਮਿਲਦੀ ਸੀ, ਉਹ ਇੰਨ੍ਹਾਂ ਦੇ ਪਿੰਡ ਆ ਕੇ ਕਿਰਾਏ ਤੇ ਰਹਿਣ ਲੱਗ ਪੈਂਦੇ ਅਤੇ ਆਪ ਜੀ ਦੇ ਗੁਰਸਿੱਖੀ ਜੀਵਨ ਤੋਂ ਪ੍ਰਭਾਵਿਤ ਹੋ ਕੇ ਗੁਰੂ ਘਰ ਅਤੇ ਜੱਥੇ ਨਾਲ ਜੁੜ ਜਾਂਦੇ ਸਨ। ਫਿਰ ਅੰਮ੍ਰਿਤ ਛੱਕ ਕੇ ਰਹਿਤ ਬਹਿਤ ਦੇ ਪੱਕੇ ਧਾਰਨੀ ਹੋ ਕੇ ਗੁਰੂ ਪੰਥ ਦੀ ਸੇਵਾ ਵਿਚ ਜੁੱਟ ਜਾਂਦੇ ਸਨ ਤੇ ਆਪਣਾ ਜੀਵਨ ਵੀ ਸਫਲ ਕਰ ਜਾਂਦੇ ਸਨ। ਉਨ੍ਹਾਂ ਵਿਚੋਂ



www.AKJ.Org

ਇਕ ਭਾਈ ਤੇਜਿੰਦਰ ਸਿੰਘ ਉਰਫ ਜਗਤ ਸਿੰਘ ਜੀ ਨੇ ਵੀ ਆਪ ਜੀ ਦੀ ਪ੍ਰੇਰਨਾ ਨਾਲ ਹੀ ਜਥੇ ਵਿਚੋਂ ਅੰਮ੍ਰਿਤ ਛਕਿਆ ਸੀ। ਇੰਨ੍ਹਾਂ ਦਾ ਵੱਡਾ ਭਰਾ ਕੈਨੇਡਾ ਗਿਆ ਹੋਇਆ ਸੀ। ਉਹ ਜਿਹੜੀ ਵੀ ਮਾਇਆ ਇੰਨ੍ਹਾਂ ਨੂੰ ਭੇਜਦਾ ਸੀ ਉਹ ਇਹ ਸਾਰੀ ਰਕਮ ਧਰਮ ਅਰਥ ਖਰਚ ਕਰ ਦਿੰਦੇ ਸਨ ਅਤੇ ਆਪਣੇ ਕੋਲ ਕੁਝ ਵੀ ਨਹੀਂ ਸਨ ਰੱਖਦੇ। ਆਪ ਜੀ ਤਾਅ ਜ਼ਿੰਦਗੀ ਮਾਇਆ ਤੋਂ ਨਿਰਲੇਪ ਹੀ ਰਹੇ।

ਚੜ੍ਹਾਈ ਕਰਨ ਤੋਂ ਪਹਿਲਾਂ ਆਪ ਜੀ ਨੂੰ ਅਧਰੰਗ ਰੋਗ ਨੇ ਆਣ ਘੇਰਿਆ ਅਤੇ ਕੁਝ ਸਮਾਂ ਬੀਮਾਰ ਰਹਿਣ ਤੋਂ ਬਾਅਦ ਮੁਕਤਸਰ ਵਿਖੇ ਮਈ 1965 ਵਿਚ ਆਪ ਦੀ ਗੁਰੂ ਚਰਨਾਂ ਵਿਚ ਜਾ ਬਿਰਾਜੇ ਅਤੇ ਆਪਣਾ ਜੀਵਨ ਸਫਲਾ ਕਰ ਗਏ।

## ਸਰਦਾਰ ਮਹਿੰਦਰ ਸਿੰਘ ਜੀ ਸਿੱਧਵਾਂ

ਭਾਈ ਗੁਰਦੀਪ ਸਿੰਘ ਸ੍ਰੀ ਅੰਮ੍ਰਿਤਸਰ

ਸਤਿਕਾਰਯੋਗ ਬਾਪੂ ਜੀ ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਮੁੱਢਲੇ ਸਾਥੀਆਂ ਵਿੱਚੋਂ ਪਰ ਉਪਕਾਰੀ ਜੀਊੜੇ ਸ ਮਹਿੰਦਰ ਸਿੰਘ ਸਿੱਧਵਾਂ ਦਾ ਜਨਮ ਸੰਨ 1895 ਵਿੱਚ ਪਿਤਾ ਸਰਦਾਰ ਕੱਲਾ ਸਿੰਘ ਜੀ ਦੇ ਘਰ ਮਾਤਾ ਨੰਦ ਕੌਰ ਦੀ ਕੁੱਖੋਂ ਪਿੰਡ ਗਾਲਿਬ ਕਲਾਂ (ਨੇੜੇ ਜਗਰਾਉਂ) ਜਿਲ੍ਹਾ ਲੁਧਿਆਣਾ ਵਿੱਚ ਹੋਇਆ। ਆਪ ਜੀ ਦੇ ਪਿਤਾ ਜੀ ਵੀ ਪੜ੍ਹੇ ਲਿਖੇ ਅਤੇ ਪਟਵਾਰੀ ਦੇ ਸਰਕਾਰੀ ਅਹੁਦੇ ਤੇ ਕੰਮ ਕਰਦੇ ਸਨ। ਉਹ ਉਸ ਸਮੇਂ ਦੀਆਂ ਪ੍ਰਚੱਲਤ ਭਾਸ਼ਾਵਾਂ ਫਾਰਸੀ, ਉਰਦੂ ਅਤੇ ਪੰਜਾਬੀ ਚੰਗੀ ਤਰ੍ਹਾਂ ਪੜ੍ਹ ਲਿਖ ਸਕਦੇ ਸਨ।

ਉਸ ਸਮੇਂ ਵਿਚ ਅਜੇ ਵਿਦਿਆ ਦੇ ਸਾਧਨ ਬਹੁਤ ਘੱਟ ਸਨ ਅਤੇ ਸਕੂਲ ਵੀ ਟਾਵੇਂ ਟਾਵੇਂ ਪਿੰਡਾਂ ਵਿੱਚ ਹੀ ਹੁੰਦੇ ਸਨ। ਪਿਤਾ ਜੀ ਨੇ ਆਪਣੇ ਵਾਂਗ ਆਪਣੇ ਪੁੱਤਰ ਨੂੰ ਵੀ ਵਿਦਿਆ ਦਿਵਾਉਣ ਖਾਤਰ ਸਿੱਧਵਾਂ ਬੇਟ ਲਾਗੇ ਆਪ ਦੇ ਸਹੁਰਾ ਪਿੰਡ ਲੀਲਾਂ ਭੇਜ ਦਿੱਤਾ। ਆਪ ਨੇ ਮੁੱਢਲੀ ਵਿੱਦਿਆ ਪ੍ਰਾਇਮਰੀ ਜਮਾਤ ਤਾਈਂ ਉਸੇ ਪਿੰਡ ਵਿੱਚ ਪਾਸ ਕਰਨ ਤੋਂ ਬਾਅਦ, ਅੱਠਵੀਂ ਜਗਰਾਓਂ ਦੇ ਸਰਕਾਰੀ ਸਕੂਲ ਤੋਂ ਪਾਸ ਕੀਤੀ। ਆਪ ਜੀ ਦਾ ਨਾਨਕਾ ਪਿੰਡ ਸਿੱਧਵਾਂ ਬੇਟ ਦੇ ਕੋਲ ਹੋਣ ਕਾਰਨ, ਆਪ ਜੀ ਦੇ ਨਾਮ ਨਾਲ ਸਿੱਧਵਾਂ ਦਾ ਤਖ਼ੱਲਸ ਜੁੜ ਗਿਆ, ਭਾਵੇਂ ਆਪ ਜ਼ਿਆਦਾ ਸਮਾਂ ਫੌਜ ਦੀ ਨੌਕਰੀ ਅਤੇ ਆਪਣੇ ਜੱਦੀ ਪਿੰਡ ਗਾਲਿਬ ਕਲਾਂ ਹੀ ਰਹਿੰਦੇ ਰਹੇ।

ਸੰਨ 1910 ਵਿੱਚ ਅੱਠਵੀਂ ਜਮਾਤ ਪਾਸ ਕਰਨ ਤੋਂ ਬਾਅਦ, ਆਪ ਜੀ ਨੇ ਉੱਚ ਵਿਦਿਆ ਪ੍ਰਾਪਤ ਕਰਨ ਲਈ ਮਾਲਵਾ ਖ਼ਾਲਸਾ ਹਾਈ ਸਕੂਲ ਲੁਧਿਆਣਾ ਵਿਚ ਦਾਖਲਾ ਲੈ ਲਿਆ। ਇਸ ਸਕੂਲ ਦੇ ਬੋਰਡਿੰਗ ਹਾਊਸ ਦੇ ਗੁਰਦੁਆਰੇ ਵਿੱਚ ਹਰ ਬੁੱਧਵਾਰ ਤੇ ਐਤਵਾਰ ਨੂੰ ਕੀਰਤਨ ਸਮਾਗਮ ਹੁੰਦੇ ਸਨ ਤੇ ਹੋਰ ਲਾਗਲੇ ਸਕੂਲਾਂ ਖਾਸ ਕਰ ਮਿਸ਼ਨ ਸਕੂਲ ਦੇ ਵਿਦਿਆਰਥੀ ਵੀ ਉਸ ਵਿੱਚ ਹਾਜ਼ਰੀ ਭਰਦੇ ਸਨ। ਇਨ੍ਹਾਂ ਸਮਾਗਮਾਂ ਵਿੱਚ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਵੀ ਜਥੇ ਸਮੇਤ ਹਾਜ਼ਰੀ ਭਰਿਆ ਕਰਦੇ ਸਨ ਤੇ ਇੱਥੇ ਹੀ ਪਹਿਲੀ ਪਾਤਸ਼ਾਹੀ ਅਤੇ ਦਸਵੀਂ ਪਾਤਸ਼ਾਹੀ ਦੇ ਪ੍ਰਕਾਸ਼ ਗੁਰਪੁਰਬਾਂ ਸਮੇਂ ਜਿੱਥੇ ਸ੍ਰੀ ਅਖੰਡ ਪਾਠ ਸਮਾਗਮ ਹੁੰਦੇ, ਉਥੇ ਨਗਰ ਕੀਰਤਨ ਵੀ ਕੱਢਿਆ ਜਾਂਦਾ ਸੀ, ਜਿਸ ਵਿੱਚ ਸਾਰੇ ਵਿਦਿਆਰਥੀ ਬਹੁਤ ਉਤਸ਼ਾਹ ਨਾਲ ਸ਼ਾਮਲ ਹੁੰਦੇ ਸਨ। ਭਾਈ ਸਾਹਿਬ ਜੀ ਦੀ ਉੱਚੀ ਸੁੱਚੀ ਸੁਕ੍ਰਿਤ ਕਰਣੀ, ਨਾਮ ਬਾਣੀ ਦੀ ਅਤੁੱਟ ਕਮਾਈ ਤੁਫ਼ੈਲ ਬਖ਼ਸ਼ਿਸ਼ ਹੋਈ ਚੁੰਬਕੀ ਆਕਰਖਣ ਸ਼ਕਤੀ ਕਾਰਨ, ਬਹੁਤ ਸਾਰੇ ਵਿਦਿਆਰਥੀ ਗੁਰਮਤਿ ਮਾਰਗ ਦੇ ਪਾਂਧੀ ਬਣੇ ਅਤੇ ਅੰਮ੍ਰਿਤ ਛਕ ਕੇ ਰਹਿਤ ਬਹਿਤ ਦੇ ਧਾਰਨੀ ਹੋ ਗਏ।



www.AKJ.Org

ਇਨ੍ਹਾਂ ਵਿਦਿਆਰਥੀਆਂ ਵਿਚੋਂ ਕੁਝ ਪੂਰਬਲੀਆਂ ਕਮਾਈਆਂ ਸਦਕਾ ਉੱਚ ਦਿੱਬ ਦ੍ਰਿਸ਼ਟੀ ਮੰਡਲਾਂ ਅਤੇ ਆਤਮ ਖੇਡਾਂ ਦੇ ਮਾਲਕ ਬਣੇ, ਜਿਨ੍ਹਾਂ ਵਿਚੋਂ ਭਾਈ ਗੁਰਬਖਸ਼ ਸਿੰਘ ਕਮਾਲਪੁਰੀਏ, ਗਿਆਨੀ ਹਰਭਜਨ ਸਿੰਘ ਚਮਿੰਡਾ, ਗਿਆਨੀ ਦਲੀਪ ਸਿੰਘ ਫੁੱਲਾਂਵਾਲ, ਗਿਆਨੀ ਨਾਹਰ ਸਿੰਘ ਗੁੱਜਰਵਾਲ, ਭਾਈ ਲਾਲ ਸਿੰਘ ਧਾਂਦਰਾ (ਡਾਇਰੈਕਟਰ ਐਗਰੀਕਲਚਰਲ) ਭਾਈ ਸੰਤਾ ਸਿੰਘ ਦੁਆਬੀਆ ਪਿੰਡ ਮੂਸਾਪੁਰ (ਜਲੰਧਰ) ਪ੍ਰਿੰਸੀਪਲ ਇਕਬਾਲ ਸਿੰਘ ਬੋਪਾਰਾਏ, ਹੈੱਡਮਾਸਟਰ ਧਰਮ ਸਿੰਘ ਫੱਲੇਵਾਲ, ਭਾਈ ਸੁੰਦਰ ਸਿੰਘ ਘੁਮਾਣ ਆਦਿ ਨਾਮ ਵਰਣਨ ਯੋਗ ਹਨ। ਇਸ ਸਕੂਲ ਦੇ ਕਈ ਵਿਦਿਆਰਥੀਆਂ ਨੂੰ ਨਾਮ ਦੀ ਐਸੀ ਰੰਗਤ ਚੜ੍ਹੀ ਕਿ ਉਹ ਦੁਨਿਆਵੀ ਵਿੱਦਿਆ ਵਿੱਚੇ ਹੀ ਛੱਡ ਕੇ ਚਲੇ ਗਏ। ਇਨ੍ਹਾਂ ਵਿੱਚ ਮਗਰੋਂ ਕਈ ਗ਼ਦਰ ਲਹਿਰ ਵਿੱਚ ਵੀ ਸ਼ਾਮਲ ਹੋਏ। ਕਈ ਵਿਦਿਆਰਥੀ ਜਿੱਥੇ ਉੱਚ ਆਤਮਿਕ ਅਵਸਥਾ ਨੂੰ ਪ੍ਰਾਪਤ ਹੋਏ ਅਤੇ ਗੁਰਮਤਿ ਮਾਰਗ ਦੇ ਪਾਂਧੀ ਬਣੇ, ਉੱਥੇ ਉੱਚ ਸਰਕਾਰੀ ਅਹੁਦਿਆਂ ਤੇ ਵੀ ਨੌਕਰੀ ਕਰਦੇ ਰਹੇ ਜਾਂ ਫਿਰ ਗੁਰਦੁਆਰਾ ਸੁਧਾਰ ਲਹਿਰ ਵਿੱਚ ਸ਼ਾਮਲ ਹੋ ਕੀ ਪੰਥ ਦੀ ਸੇਵਾ ਕਰਦੇ ਰਹੇ। ਕਈ ਸ੍ਰੋ. ਗੁ. ਪ੍ਰਬੰਧਕ ਕਮੇਟੀ ਦੇ ਮੈਂਬਰ, ਕਈ ਐਮ ਐਲ ਏ ਜਾਂ ਮੈਂਬਰ ਪਾਰਲੀਮੈਂਟ ਵੀ ਬਣੇ। ਗਿਆਨੀ ਹਰਿਭਗਤ ਸਿੰਘ ਮੁਕਤਸਰ ਵੀ ਇਸ ਸਕੂਲ ਦੇ ਸੈਕਿੰਡ ਹੈੱਡ ਮਾਸਟਰ ਸਨ, ਜਿਹੜੇ ਇੱਥੇ ਹੋਣ ਵਾਲੇ ਗੁਰਮਤਿ ਸਮਾਗਮਾਂ ਦਾ ਆਯੋਜਨ ਕਰਦੇ ਰਹੇ ਹਨ।

ਅਜਿਹੀ ਗੁਰਮਤਿ ਦੀ ਖੁਸ਼ਬੂ ਫੈਲਾਉਣ ਵਾਲੇ ਵਾਤਾਵਰਣ ਵਿੱਚ ਆਪ ਕਿਵੇਂ ਅਭਿੱਜ ਰਹਿ ਸਕਦੇ ਸਨ? ਭਾਈ ਸਾਹਿਬ ਜੀ ਦੀ ਸੰਗਤ ਅਤੇ ਗੁਰਮਤਿ ਸਮਾਗਮਾਂ ਦੀ ਹਾਜ਼ਰੀ ਭਰਨ ਕਰਕੇ ਆਪ ਜੀ ਵੀ ਇਸ ਰੰਗਣ ਵਿੱਚ ਰੰਗੀਜੇ ਗਏ। ਉਸ ਵੇਲੇ ਜਥੇ ਦੀ ਮਰਿਆਦਾ ਅਨੁਸਾਰ, ਅੰਮ੍ਰਿਤ ਅਭਿਲਾਖੀਆਂ ਨੂੰ ਅੰਮ੍ਰਿਤ ਛਕਣ ਤੋਂ ਪਹਿਲਾਂ, ਹੋਣ ਵਾਲੇ ਸ੍ਰੀ ਅਖੰਡ ਪਾਠ ਦੀ ਪੂਰੇ ਸਮੇਂ ਲਈ ਹਾਜ਼ਰੀ ਭਰਨੀ ਪੈਂਦੀ ਸੀ। ਸਕੂਲ ਦੇ ਬਾਕੀ ਚਾਟੜਿਆਂ ਵਾਂਗ ਆਪ ਜੀ ਨੂੰ ਵੀ ਉੱਦਮ ਅਤੇ ਪ੍ਰੇਰਨਾ ਜਾਗੀ। ਆਪ ਨੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਮੰਡਪ ਵਿੱਚ ਪੂਰਾ ਸਮਾਂ ਰਹਿ ਕੇ ਹਾਜ਼ਰੀ ਭਰੀ ਤੇ ਅੰਮ੍ਰਿਤ ਛਕਣ ਦੇ ਅਧਿਕਾਰੀ ਬਣੇ। ਫਿਰ ਗੁਰੂ ਰੂਪ ਪੰਜਾਂ ਪਿਆਰਿਆਂ ਕੋਲੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕਰ ਕੇ ਰਹਿਤ ਬਹਿਤ ਦੇ ਧਾਰਨੀ ਹੋ ਕੇ ਗੁਰੂ ਚਰਨਾਂ ਨਾਲ ਜੁੜ ਗਏ।

ਆਪ ਜੀ ਦਾ ਆਨੰਦ ਕਾਰਜ ਉਸ ਸਮੇਂ ਦੇ ਰਿਵਾਜ ਮੁਤਾਬਕ ਛੋਟੀ ਉਮਰ ਵਿੱਚ ਹੀ ਬੀਬੀ ਹਰਨਾਮ ਕੌਰ ਜੀ ਸਪੁੱਤਰੀ ਸ ਗੁਰਦਿੱਤ ਸਿੰਘ ਵਾਸੀ ਰੌਂਤਾ ਜਿਲ੍ਹਾ ਫ਼ਿਰੋਜ਼ਪੁਰ (ਹੁਣ ਮੋਗਾ) ਨਾਲ ਹੋਇਆ। ਆਪ ਜੀ ਜੇ ਘਰ ਪੰਜ ਸਪੁੱਤਰਾਂ ਤੇ ਇਕ ਸਪੁੱਤਰੀ ਨੇ ਜਨਮ ਲਿਆ ਜੋ ਕਿ ਖਾਨਦਾਨੀ ਵਿਰਸੇ ਅਨੁਸਾਰ ਉੱਚ ਵਿੱਦਿਆ ਪ੍ਰਾਪਤ ਕਰ ਕੇ ਫੌਜ, ਪੁਲੀਸ ਅਤੇ ਮਾਲ ਮਹਿਕਮੇ ਦੇ ਉੱਚ ਅਹੁਦਿਆਂ ਤੇ ਕੰਮ ਕਰਦੇ ਰਹੇ।

ਦਸਵੀਂ ਪਾਸ ਕਰਨ ਤੋਂ ਬਾਅਦ ,ਆਪ ਜੀ ਨੇ ਸਰਦਾਰ ਦਿਆਲ ਸਿੰਘ ਕਾਲਜ ਲਾਹੌਰ ਵਿਚ ਐਫ. ਏ. ਪਾਸ ਕਰਨ ਲਈ ਦਾਖਲਾ ਲੈ ਲਿਆ। ਜਦੋਂ ਆਪ ਅਜੇ ਲਾਹੌਰ ਕਾਲਜ ਵਿੱਚ ਹੀ ਪੜ੍ਹ ਰਹੇ ਸਨ ਤਾਂ ਉਸੇ ਵੇਲੇ ਗਦਰ ਲਹਿਰ ਸ਼ੁਰੂ ਹੋ ਗਈ। ਪੜ੍ਹਾਈ ਕਰਦੇ ਹੋਣ ਕਾਰਨ ਲਾਹੌਰ ਰਹਿਣ ਕਰਕੇ ਆਪ ਗ਼ਦਰ ਲਹਿਰ ਵਿੱਚ ਸ਼ਾਮਲ ਨਹੀਂ ਹੋ ਸਕੇ। ਪਰ ਜਦੋਂ ਭਾਈ ਸਾਹਿਬ ਜੀ ਸਾਥੀਆ ਸਮੇਤ ਗ੍ਰਿਫ਼ਤਾਰ ਹੋ ਗਏ ਤਾਂ ਉਨ੍ਹਾਂ ਉੱਪਰ ਦੂਜਾ ਲਾਹੌਰ ਸਾਜਿਸ਼ ਕੇਸ ਦਾ ਮੁਕੱਦਮਾ ਚਲਾਇਆ ਗਿਆ ਤਾਂ ਉਸ ਵੇਲੇ ਆਪ ਜੀ ਨੇ ਭਾਈ ਸਾਹਿਬ ਜੀ ਦੇ ਬਾਕੀ ਸਾਥੀਆਂ, ਜੋ ਜੇਲ੍ਹ ਜਾਣ ਤੋਂ ਬਾਹਰ ਰਹਿ ਗਏ ਸਨ, ਨਾਲ ਮਿਲ ਕੇ ਮੁਕੱਦਮੇ ਦੀ ਡਟ ਕੇ ਪੈਰਵਾਈ ਕੀਤੀ। ਇਸ ਕਾਰਜ ਵਿਚ ਪ੍ਰਿੰਸੀਪਲ ਇਕਬਾਲ ਸਿੰਘ ਬੋਪਾਰਾਏ, ਭਾਈ ਸੁੰਦਰ ਸਿੰਘ ਘੁਮਾਣ, ਹੈੱਡਮਾਸਟਰ ਧਰਮ ਸਿੰਘ ਫੱਲੇਵਾਲ, ਭਾਈ ਜੋਗਿੰਦਰ ਸਿੰਘ (ਕਿਲ੍ਹਾ ਰਾਏਪੁਰ) ਗੋਲਕ ਅਫ਼ਸਰ (ਪਟਿਆਲਾ) , ਭਾਈ ਆਤਮਾ ਸਿੰਘ ਜੀ ਮੋਗਾ, ਭਾਈ ਬਖਸ਼ੀਸ਼ ਸਿੰਘ ਰਸਿਆਣਾ ਨੰਗਲ ਜ਼ਿਲ੍ਹਾ ਹੁਸ਼ਿਆਰਪੁਰ ਨਾਲ ਮਿਲ ਕੇ ਚੰਗੇ ਵਕੀਲਾਂ ਦਾ ਪ੍ਰਬੰਧ ਅਤੇ ਸਫ਼ਾਈ ਦੇ ਗਵਾਹਾਂ ਨੂੰ ਭੁਗਤਾਉਣ ਦਾ ਉਪਰਾਲਾ ਕਰਦੇ ਰਹੇ। ਭਾਈ ਸਾਹਿਬ ਜੀ ਅਤੇ ਸਾਥੀਆਂ ਨੂੰ ਉਮਰ ਕੈਦ ਹੋਣ ਤੋਂ ਬਾਅਦ ਮੁਲਤਾਨ ਜੇਲ੍ਹ ਵਿੱਚ ਦਿੱਤੇ ਜਾਂਦੇ ਤਸੀਹਿਆਂ ਵੇਲੇ ਵੀ ਆਪ ਬਾਕੀ ਸਾਥੀਆਂ ਨਾਲ ਉੱਥੇ ਪਹੁੰਚ ਕੇ ਯਥਾਸ਼ਕਤ ਸੇਵਾ ਕਰਦੇ ਰਹੇ।


www.AKJ.Org

ਐਫ. ਏ. ਦੀ ਪੜ੍ਹਾਈ ਕਰਨ ਤੋਂ ਬਾਅਦ ਆਪ ਜੀ ਨੇ ਪੁਲੀਸ ਵਿਭਾਗ ਵਿੱਚ ਨੌਕਰੀ ਕਰਨ ਦਾ ਵਿਚਾਰ ਬਣਾਇਆ। ਆਪ ਜੀ ਦੀ ਪੁਲੀਸ ਵਿਭਾਗ ਵਿਚ ਨਿਯੁਕਤੀ ਵੀ ਹੋ ਗਈ ਸੀ, ਪ੍ਰੰਤੂ ਆਪ ਆਪਣੇ ਸਹੁਰਾ ਪਿੰਡ ਰੌਂਤਾ ਗਏ ਹੋਏ ਸਨ। ਪਿੱਛੋਂ ਨਿਯੁਕਤੀ ਪੱਤਰ ਆਪ ਜੀ ਦੇ ਪਿੰਡ ਗਾਲਿਬ ਕਲਾਂ ਪਹੁੰਚ ਗਿਆ ਜਿਸ ਨੂੰ ਮਾਤਾ ਜੀ ਨੇ ਸੰਭਾਲ ਕੇ ਰੱਖ ਲਿਆ। ਉਦੋਂ ਫੋਨ ਤਾਂ ਹੁੰਦੇ ਨਹੀਂ ਸਨ। ਜਦੋਂ ਕਈ ਦਿਨ ਬਾਅਦ ਆਪ ਵਾਪਸ ਪਿੰਡ ਆਏ ਤਾਂ ਮਾਤਾ ਜੀ ਨੇ ਉਹ ਚਿੱਠੀ ਆਪ ਜੀ ਨੂੰ ਦਿਖਾਈ ਪਰ ਉਸ ਸਮੇਂ ਤਕ ਆਪ ਕਾਫੀ ਲੇਟ ਹੋ ਗਏ ਸਨ। ਜਦੋਂ ਫਿਲੌਰ ਜਾ ਕੇ ਪਤਾ ਕੀਤਾ ਤਾਂ ਉਨ੍ਹਾਂ ਨੇ ਦੱਸਿਆ ਕਿ ਆਪ ਜੀ ਦੀ ਜਗ੍ਹਾ ਹੋਰ ਭਰਤੀ ਕਰ ਲਈ ਗਈ ਹੈ।

ਫਿਰ ਆਪ ਜੀ ਸੰਨ 1921 ਵਿੱਚ ਫੌਜ ਵਿੱਚ ਸਿਪਾਹੀ ਭਰਤੀ ਹੋ ਗਏ। ਸੰਨ 1925 ਵਿੱਚ ਜਮਾਦਾਰ ਦੇ ਰੈਂਕ ਦੀ ਤਰੱਕੀ ਹੋ ਗਈ। ਸੰਨ 1931ਵਿਚ ਆਪ ਜੀ ਦੀ ਰੈਜੀਮੈਂਟ ਨੂੰ ਨਾਰਥ ਵੈਸਟ ਫਰੰਟੀਅਰ (ਖ਼ੈਬਰ ਪਾਸ) ਵਿਚ ਤਾਇਨਾਤ ਕੀਤਾ ਗਿਆ। ਉਸ ਵੇਲੇ ਪਠਾਣਾਂ ਨਾਲ ਲੜਾਈ ਵਿੱਚ ਹਿੱਸਾ ਲਿਆ। ਪੜ੍ਹੇ ਲਿਖੇ ਹੋਣ ਕਾਰਨ ਸੰਨ 1941 ਵਿਚ ਸੂਬੇਦਾਰ ਦੇ ਰੈਂਕ ਤੋਂ ਸੇਵਾ ਮੁਕਤ ਹੋਏ।

ਫਿਰ ਪਿੰਡ ਆ ਕੇ ਕੁਝ ਚਿਰ ਲੋਕ ਭਲਾਈ ਦੇ ਕੰਮ ਕਰਨ ਦੇ ਨਾਲ-ਨਾਲ ਗੁਰਮਤਿ ਪ੍ਰਚਾਰ ਤੇ ਪੇਂਡੂ ਹਲਕੇ ਵਿਚ ਵਿਦਿਆ ਦੇ ਫੈਲਾਅ ਲਈ ਉਪਰਾਲੇ ਕਰਦੇ ਰਹੇ। ਸੰਨ 1947 ਵਿੱਚ ਦੇਸ਼ ਦੀ ਵੰਡ ਤੋਂ ਬਾਅਦ ਪਾਕਿਸਤਾਨ ਤੋਂ ਉਜੜ ਕੇ ਆਏ ਸ਼ਰਨਾਰਥੀ ਲੋਕਾਂ ਦੇ ਮੁੜ ਵਸੇਬੇ ਲਈ ਜੀਅ ਤੋੜ ਕੇ ਕੰਮ ਕੀਤਾ। ਇਸ ਦੇ ਨਾਲ ਹੀ ਮੁਸਲਮਾਨ ਲੋਕਾਂ ਦੇ ਜਾਨ ਮਾਲ ਦੀ ਰਾਖੀ ਕਰਕੇ ਫਿਰਕੂ ਸੋਚ ਤੋਂ ਉੱਪਰ ਉੱਠ ਕੇ ਸਰਬੱਤ ਦਾ ਭਲਾ ਕਰਦੇ ਰਹੇ।

ਸੰਨ 1950 ਵਿਚ ਆਪ ਪਿੰਡ ਦੇ ਸਰਬਸੰਮਤੀ ਨਾਲ ਸਰਪੰਚ ਚੁਣੇ ਗਏ। ਪੜ੍ਹੇ ਲਿਖੇ ਹੋਣ ਕਾਰਨ, ਆਪ ਪੇਂਡੂ ਅਨਪੜ੍ਹ ਲੋਕਾਂ ਦੇ ਸਰਕਾਰੇ ਦਰਬਾਰੇ ਕੰਮ ਕਰਵਾਉਣ ਦੇ ਨਾਲ ਨਾਲ ਪਿੰਡ ਵਿਚ ਸਮਾਜ ਭਲਾਈ ਦੇ ਵੀ ਕਾਰਜ ਕਰਦੇ ਰਹੇ। ਆਪ ਇਕ ਇਮਾਨਦਾਰ, ਮਿਲਾਪੜੇ ਸੁਭਾਅ ਅਤੇ ਲੋਕਾਂ ਦੀ ਦਿਲੋਂ ਹਮਦਰਦੀ ਰੱਖਣ ਵਾਲੇ ਨੇਕ ਪੁਰਸ਼ ਸਨ। ਗ਼ਰੀਬ ਲੋੜਵੰਦਾਂ ਦੀ ਮਾਇਕ ਸਹਾਇਤਾ ਵੀ ਦਿਲ ਖੋਲ੍ਹ ਕੇ ਕਰਦੇ ਰਹਿੰਦੇ ਸਨ। ਪਿੰਡ ਦੇ ਲੋਕਾਂ ਦੇ ਘਰੇਲੂ ਝਗੜੇ ਥਾਣੇ/ਕਚਹਿਰੀਆਂ ਦੀ ਬਜਾਏ ਪਿੰਡ ਵਿੱਚ ਹੀ ਨਿਬੇੜ ਦਿੰਦੇ ਸਨ। ਪਿੰਡ ਵਿੱਚ ਵਿੱਦਿਅਕ, ਸਿਹਤ ਤੇ ਸੜਕੀ ਆਵਾਜਾਈ ਆਦਿ ਸਹੂਲਤਾ ਦੇ ਯੋਗ ਪ੍ਰਬੰਧ ਲਈ ਵੀ ਯਤਨਸ਼ੀਲ ਰਹੇ। ਲੋੜ ਪੈਣ ਤੇ ਹਰ ਗ਼ਰੀਬ/ਅਮੀਰ ਨਾਲ ਬਿਨਾਂ ਕਿਸੇ ਧਰਮ, ਜਾਤ ,ਬਰਾਦਰੀ ਦੇ ਵਿਤਕਰੇ ਤੋਂ ,ਕਿਸੇ ਵੀ ਰੁਕੇ ਕੰਮ ਕਰਵਾਉਣ ਲਈ ਆਪਣੇ ਖਰਚੇ ਤੇ ਨਾਲ ਤੁਰ ਪੈਂਦੇ ਸਨ। ਇਸ ਦੇ ਨਾਲ ਹੀ ਪਿੰਡਾਂ ਵਿੱਚ ਗੁਰਮਤਿ ਪ੍ਰਚਾਰ ਵੀ ਕਰਦੇ ਰਹੇ ਅਤੇ ਆਪ ਭੀ ਨਾਮ ਬਾਣੀ ਦੇ ਨਾਲ ਸ਼ਰਸ਼ਾਰ ਰਹਿੰਦੇ ਰਹੇ।

ਫੌਜ ਦੀ ਨੌਕਰੀ ਕਰਨ, ਪੇਂਡੂ ਵਾਤਾਵਰਣ ਵਿੱਚ ਜੰਮੇ ਪਲੇ ਹੋਣ, ਖੁੱਲ੍ਹੀ ਡੁੱਲ੍ਹੀ ਖ਼ੁਰਾਕ ਅਤੇ ਰੋਜਾਨਾ ਕਸਰਤ ਕਰਕੇ ਆਪ ਦੀ ਸਿਹਤ ਸਾਰੀ ਉਮਰ ਨਰੋਈ ਰਹੀ ਹੈ। ਸੰਨ 1972 ਵਿਚ ਥੋੜ੍ਹਾ ਚਿਰ ਬਿਮਾਰ ਰਹਿਣ ਤੋਂ ਬਾਅਦ ਆਪ ਜੀ ਇਸ ਪੰਜ ਭੂਤਕ ਸਰੀਰ ਨੂੰ ਤਿਆਗ ਕੇ ਲੋਕਾਂ ਦਾ ਪਰ ਉਪਕਾਰ ਕਰਦੇ ਹੋਏ ਪਿੰਡ ਵਿੱਚ ਹੀ ਗੁਰੂ ਚਰਨਾਂ ਵਿਚ ਜਾ ਬਿਰਾਜੇ।

*(ਭਾਈ ਰਛਪਾਲ ਸਿੰਘ ਬ੍ਰੈਂਡਫੋਰਡ ਯੂ ਕੇ ਤੋਂ ਮਿਲੀ ਜਾਣਕਾਰੀ ਅਨੁਸਾਰ )*



www.AKJ.Org

**ਅਧਿਆਇ ਦੂਜਾ**
**(ਸੰਨ 1915 ਤੋਂ 1947 ਤਾਈਂ ਜਥੇ ਵਿਚ ਆਏ ਗੁਰਸਿੱਖ )**

# ਰੰਗਲੇ ਸੱਜਣ - ਡਾ. ਸੁਰਿੰਦਰ ਸਿੰਘ ਜੀ

ਗੁਰਪੁਰਵਾਸੀ ਪ੍ਰਿੰਸੀਪਲ ਗੁਰਮੁਖ ਸਿੰਘ ਜੀ ਪਟਿਆਲਾ

(**ਸੰਪਾਦਕੀ ਨੋਟ** : ਡਾਕਟਰ ਸਾਹਿਬ ਜੀ ਦੇ ਵਿਸਥਾਰ ਵਿਚ ਜੀਵਨ ਬਿਰਤਾਂਤ ਪੁਸਤਕ "**ਜੀਵਨ ਝਲਕੀਆਂ ਡਾ. ਸੁਰਿੰਦਰ ਸਿੰਘ ਜੀ**" ਵਿਚ ਦਰਜ ਹਨ। ਪਾਠਕ ਜਨ ਉਨ੍ਹਾਂ ਬਾਰੇ ਵਧੇਰੇ ਜਾਣਕਾਰੀ ਲਈ ਉਹ ਪੁਸਤਕ ਪੜ੍ਹਨ।)

ਡਾਕਟਰ ਸੁਰਿੰਦਰ ਸਿੰਘ ਜੀ, ਜਿੰਨ੍ਹਾਂ ਨੂੰ ਅਖੰਡ ਕੀਰਤਨੀ ਜੱਥੇ ਦੇ ਸਿੰਘ ਆਮ ਤੌਰ 'ਤੇ "ਵੀਰ ਜੀ" ਕਰਕੇ ਸੱਦਦੇ ਸਨ, ਜੱਥੇ ਦੇ ਉੱਘੇ ਪੁਰਾਤਨ ਸਿੰਘ, ਸੂਬੇਦਾਰ ਮੇਜਰ ਭਾਈ ਹਰਿਬਚਨ ਸਿੰਘ ਜੀ ਹੀਰਾ ਅਤੇ ਮਾਤਾ ਤੇਜ ਕੌਰ ਜੀ ਦੇ ਸਪੁੱਤਰ ਸਨ। ਆਪ ਜੀ ਦੇ ਦਾਦਾ ਜੀ ਸੂਬੇਦਾਰ ਮਾਨ ਸਿੰਘ ਜੀ 36 ਨੰਬਰ ਰਸਾਲੇ ਵਿਚ ਹੈੱਡ ਕਲਰਕ ਸਨ ਜਿਸ ਰਸਾਲੇ ਵਿਚ ਬਾਊ ਜੀ ਵੀ ਕੰਮ ਕਰਦੇ ਸਨ। ਆਪ ਜੀ ਦੇ ਮਾਤਾ ਪਿਤਾ ਆਪ ਦੀ ਛੋਟੀ ਉਮਰ ਹੀ ਚੜ੍ਹਾਈ ਕਰ ਗਏ ਸਨ। ਆਪ ਜੀ ਦਾ ਜਨਮ ਮਿਤੀ 30 ਅਕਤੂਬਰ 1926 ਨੂੰ ਮਿੰਟਗੁਮਾਰੀ ਦੀ ਬਾਰ (ਪਾਕਿਸਤਾਨ) ਵਿਚ ਓਕਾੜੇ ਲਾਗੇ ਚੱਕ ਨੰ: 52 ਵਿਚ ਹੋਇਆ ਜਿਥੇ ਆਪ ਦੇ ਪਿਤਾ ਜੀ ਨੂੰ ਫੌਜ ਵਿਚੋਂ ਵਿਚ ਰੀਟਾਇਰ ਹੋਣ ਤੋਂ ਬਾਅਦ ਮੁਰੱਬੇ ਅਲਾਟ ਹੋਏ ਸਨ। ਇਥੇ ਵੀ ਆਪ ਜੀ ਦੇ ਪਿਤਾ ਜੀ ਦੇ ਮਕਾਨ ਦੀ ਸ੍ਰੀ ਬਾਊ ਜੀ ਦੇ ਮਕਾਨ ਨਾਲ ਪਿੱਠ ਲਗਦੀ ਸੀ। ਗੁਰਸਿੱਖੀ ਰਹੁ-ਰੀਤਿ ਵਿਚ ਪਰਪੱਕ, ਨਿਮਰਤਾ, ਆਪਾ ਮੇਟਣਾ ਅਤੇ ਦੂਜਿਆਂ ਲਈ ਆਪਾ ਵਾਰਨਾ ਇਹ ਸਾਰੇ ਦੈਵੀ ਗੁਣ ਆਪ ਜੀ ਨੂੰ ਵਿਰਸੇ ਵਿਚ ਹੀ ਮਿਲੇ ਹੋਏ ਸਨ। ਪਿਤਾ ਜੀ ਦੇ ਅਕਾਲ ਚਲਾਣੇ ਸਮੇਂ ਆਪ ਛੋਟੀ ਉਮਰ ਦੇ ਸਨ। ਚਾਚਾ ਜੀ ਸ. ਹਰਿਮੋਹਨ ਸਿੰਘ ਜੀ ਨੇ ਆਪ ਦਾ ਪਾਲਣ ਪੋਸ਼ਣ ਕੀਤਾ। ਪੜ੍ਹ-ਲਿਖ ਕੇ, ਸੀਨੀਅਰ ਕੈਂਬਰਿਜ ਲਖਨਊ ਤੋਂ ਪਾਸ ਕਰ ਕੇ, ਕੁਝ ਚਿਰ ਆਪ ਨੇ ਫਾਇਰਸਟੋਨ ਟਾਇਰ ਕੰਪਨੀ ਬੰਬਈ ਵਿਖੇ ਨੌਕਰੀ ਕੀਤੀ। ਕਰਨਲ ਪਿਆਰਾ ਸਿੰਘ (ਜੈਪੁਰ) ਦੀ ਵੱਡੀ ਲੜਕੀ ਵੀਰ ਜੀ ਦੇ ਚਾਚੀ ਸਤਵੰਤ ਕੌਰ ਜੀ ਸਨ। ਇਹ ਪਤਾ ਨਹੀਂ ਕਦੋਂ ਇਹਨਾਂ ਦੇ ਜੀਵਨ ਵਿਚ ਪਲਟਾ ਆਇਆ ਕਿ ਦੁਨੀਆਂ ਦੇ ਸਾਰੇ ਸੁਖ ਆਰਾਮ ਛੱਡ ਕੇ ਜੱਥੇ ਨਾਲ ਪਿਤਾ ਜੀ ਵਾਂਗ ਸੰਬੰਧ ਜੋੜ ਲਿਆ ਅਤੇ ਅੰਮ੍ਰਿਤ ਦਾ ਛਾਂਦਾ ਛੱਕ ਕੇ ਤਿਆਰ-ਬਰ-ਤਿਆਰ ਸਿੰਘ ਸੱਜ ਗਏ। ਫਿਰ ਰੱਜ ਕੇ ਨਾਮ ਬਾਣੀ ਦੀ ਕਮਾਈ ਕੀਤੀ, ਨੌਕਰੀ ਛੱਡ ਦਿੱਤੀ, ਜੋ ਕੁਝ ਸੰਪਤੀ ਪਾਸ ਸੀ, ਉਸੇ ਵਿਚੋਂ ਹੋਣ ਵਾਲੀ ਆਮਦਨ ਨਾਲ ਹੀ ਨਿਰਬਾਹ ਕਰਦੇ ਰਹੇ। ਆਨੰਦ ਕਾਰਜ ਕਰਾਉਣ ਦਾ ਫੁਰਨਾ ਹੀ ਨਹੀਂ ਉਪਜਿਆ। ਹੋਮਿਓਪੈਥੀ ਅਤੇ ਜੇ ਐਂਡ ਜੇ ਡੀਸ਼ੇਨ ਦੀਆਂ ਦਵਾਈਆਂ ਅਤੇ ਬਾਇਓਕੈਮਿਕ ਦੇ ਸਾਲਟਾਂ ਬਾਰੇ ਆਪ ਜੀ ਨੂੰ ਚੰਗੀ ਜਾਣਕਾਰੀ ਸੀ। ਪਰਉਪਕਾਰ ਲਈ ਸਿੰਘਾਂ ਨੂੰ ਮੁਫਤ ਦਵਾਈ ਦੇਣਾ ਆਪ ਦਾ ਸ਼ੌਂਕ ਸੀ। ਹੋਮਿਓਪੈਥਿਕ, ਬਾਇਓਕੈਮਿ ਅਤੇ ਡੀ.ਸ਼ੈਨ ਦਵਾਈਆਂ ਹਮੇਸ਼ਾਂ ਆਪ ਦੇ ਝੋਲੇ ਵਿੱਚ ਰਹਿੰਦੀਆਂ ਸਨ। ਕੀਰਤਨ-ਸਮਾਗਮਾਂ ਤੇ ਤਾਂ ਆਪ ਜੀ ਦੇ ਦੁਆਲੇ ਸਿੰਘਾਂ ਦਾ ਝੁਰਮਟ ਲਗਾ ਰਹਿੰਦਾ ਸੀ। ਦਵਾਈਆਂ ਭੀ ਵੰਡਦੇ, ਨਾਲੇ ਸਿੰਘਾਂ ਨਾਲ ਗੁਰਮਤਿ ਦੀਆਂ ਵਿਚਾਰਾਂ ਵੀ ਸਾਂਝੀਆਂ ਕਰਦੇ।

ਜਥੇਦਾਰ ਬਾਊ ਮੱਲ ਸਿੰਘ ਜੀ ਉਹਨਾਂ ਬਾਰੇ ਕਈ ਵਾਰ ਕਹਿੰਦੇ ਸੁਣੇ, "ਭਾਈ ਸੁਰਿੰਦਰ ਸਿੰਘ ਸੌ ਸੰਤਾਂ ਦਾ ਸੰਤ ਹੈ।" ਉਹਨਾਂ ਦੀ ਉੱਚ ਆਤਮਿਕ ਅਡੋਲਤਾ ਨੂੰ ਜਿਸ ਨੇ ਭੀ ਨੇੜਿਓਂ ਵੇਖਿਆ, ਉਹਨਾਂ ਤੋਂ ਪ੍ਰਭਾਵਿਤ ਹੋਏ ਬਿਨਾਂ ਨਹੀਂ ਰਹਿ ਸਕਿਆ।

ਅਪ੍ਰੈਲ 1962 ਦੇ ਅੰਤ ਵਿੱਚ ਦਾਸ ਨੇ ਜਦੋਂ ਧੂਰੀ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਅਤੇ ਕੀਰਤਨ ਰੈਣ ਸਬਾਈ



www.AKJ.Org

ਦਾ ਸਮਾਗਮ ਰਖਿਆ ਤਾਂ ਵੀਰ ਸੁਰਿੰਦਰ ਸਿੰਘ ਸਾਡੇ ਗ੍ਰਿਹਿ ਵਿਖੇ ਇੱਕ ਹਫਤਾ ਪਹਿਲਾਂ ਸਾਡੀ ਬੇਨਤੀ ਤੇ ਆਏ। ਸਾਨੂੰ ਪਵਿੱਤਰ ਸਮਾਗਮ ਦੌਰਾਨ ਸਿੰਘਾਂ ਦੀ ਸੇਵਾ ਕਰਨ ਦੀ ਜਾਂਚ ਸਿਖਾਈ। ਸ੍ਰੀ ਅਖੰਡ ਪਾਠ ਸਾਹਿਬ ਦੀ ਦੇਗ ਲਈ ਚੱਕੀ ਉੱਤੇ ਸਾਡੇ ਨਾਲ ਰੱਲ ਕੇ ਕੁਝ ਮੋਟਾ-ਮੋਟਾ ਆਟਾ ਪੀਸਿਆ। ਫਿਰ ਦਲੀਏ ਲਈ ਭੀ ਅਸਾਂ ਰੱਲ ਕੇ ਚੱਕੀ ਪੀਸੀ। ਪਾਠੀ ਸਿੰਘਾਂ ਦੀ ਕਿੰਜ ਸੇਵਾ ਕਰੀ ਦੀ ਹੈ, ਇਸ ਦਾ ਪੂਰਾ ਪ੍ਰਬੰਧ ਆਪ ਨੇ ਕੀਤਾ। **ਕਹਿੰਦੇ ਸੀ ਜੇ ਸ੍ਰੀ ਅਖੰਡ ਪਾਠ ਕਰਨਾ ਹੋਵੇ ਤਾਂ ਪੰਜੇ ਪਾਠੀ ਸਿੰਘ ਕਾਰ ਵਿਹਾਰਾਂ ਤੋਂ ਛੁੱਟੀ ਲੈ ਕੇ ਪਾਠ ਕਰਨ। ਇੰਜ ਉਨ੍ਹਾਂ ਦੇ ਹਰ ਵਕਤ ਗੁਰਬਾਣੀ ਦੇ ਚਲ ਰਹੇ ਪ੍ਰਵਾਹ ਦੇ ਮਾਹੌਲ ਵਿੱਚ ਰਹਿਣ ਨਾਲ, ਉਹਨਾਂ ਦੀ ਸੁਰਤੀ ਬਿਰਤੀ ਬਾਣੀ ਵਿਚ ਰਸ ਭਿੰਨੀ ਬਣੀ ਰਹੇਗੀ। ਹੁਣ ਇੰਜ ਲੱਗਦਾ ਹੈ ਜਿਵੇਂ ਅਸੀਂ ਅੱਜ ਦੇ ਪਾਠ ਕਰਨ ਵਾਲੇ ਪ੍ਰੇਮੀ ਸ੍ਰੀ ਅਖੰਡ ਪਾਠ ਸਾਹਿਬ ਵਰਗੇ ਪਵਿੱਤਰ ਸਮਾਗਮ ਦੀ ਮਹੱਤਤਾ ਨੂੰ ਨਹੀਂ ਸਮਝ ਰਹੇ। ਕਾਰ ਵਿਹਾਰਾਂ ਵਿਚੋਂ ਜੋ ਸਮਾਂ ਬੱਚਦਾ ਹੈ, ਇੱਕ ਘੰਟੇ ਦੀ ਜਾਂ ਦੋ ਘੰਟਿਆਂ ਦੀ ਆਪਣੀ ਰੌਲ ਦੇ ਕੇ ਬਾਕੀ ਦਾ ਸਾਰਾ ਸਮਾਂ ਸੰਸਾਰਕ ਕਾਰ ਵਿਹਾਰਾਂ ਵਿਚ ਬਿਤਾਉਂਦੇ ਹਾਂ। ਇਹੋ ਕਾਰਨ ਹੈ ਕਿ ਸ੍ਰੀ ਅਖੰਡ ਪਾਠ ਸਾਹਿਬ ਕਰਨ ਤੋਂ ਮਗਰੋਂ ਭੀ ਸਾਡੀਆਂ ਸੁਰਤੀਆਂ ਬਿਰਤੀਆਂ ਵਿਚ ਕੋਈ ਖ਼ਾਸ ਫਰਕ ਨਹੀਂ ਆਉਂਦਾ। ਇਹ ਹਾਲ ਉਹਨਾਂ ਘਰਾਂ ਦਾ ਹੈ ਜਿੱਥੇ ਸਿੰਘ ਰੱਲ ਮਿਲਕੇ ਮੋਖ ਰਹਿਤ ਪਾਠ ਕਰਦੇ ਹਨ।**

ਮੈਨੂੰ ਯਾਦ ਹੈ ਅਸੀਂ ਵੀਰ ਸੁਰਿੰਦਰ ਸਿੰਘ ਜੀ ਦੀ ਅਗੇਤਰੀ ਹਿਦਾਇਤ ਉੱਤੇ, ਪੰਜੇ ਪਾਠੀਆਂ ਦੀ ਸ਼੍ਰੀ ਅਖੰਡ ਪਾਠ ਦੇ ਦਿਨਾਂ ਵਿਚ ਸਾਡੇ ਗ੍ਰਿਹਿ ਠਹਿਰਨ ਦੀ ਪਰਵਾਨਗੀ ਲੈ ਲਈ। ਚੰਗੇ ਭਾਗਾਂ ਨੂੰ ਪਾਠੀ ਭੀ ਉਹ ਸਨ ਜੋ ਉਸ ਸਮੇਂ ਦੇ ਚੜ੍ਹਦੀਆਂ ਕਲਾਂ ਵਾਲੇ ਸਿੰਘ ਸਨ। ਸੰਤ ਜਵਾਲਾ ਸਿੰਘ ਜੀ, ਗਿਆਨੀ ਦਲੀਪ ਸਿੰਘ ਜੀ, ਮਾਸਟਰ ਜੁਗਿੰਦਰ ਸਿੰਘ ਜੀ ਬੜੂੰਦੀ, ਭਾਈ ਅਮਰੀਕ ਸਿੰਘ ਜੀ ਅਤੇ ਕੈਪਟਨ ਸ਼ੇਰ ਸਿੰਘ ਜੀ।

ਸੱਚ ਮੁੱਚ ਉਸ ਪਾਠ ਦੇ ਸੁਣਨ ਦਾ ਅਤੇ ਸੇਵਾ ਕਰਨ ਦਾ ਅਨੋਖਾ ਰਸ ਬੱਝਾ। ਅਸੀਂ ਸਦਾ ਇਹੋ ਯਤਨ ਕਰੀਏ ਕਿ 48 ਘੰਟਿਆਂ ਦੇ ਸ੍ਰੀ ਅਖੰਡ ਪਾਠ ਲਈ ਪੰਜੇ ਪਾਠੀ ਜਿਥੇ ਮੋਖ ਰਹਿਤ ਪਾਠ ਕਰਨ, ਉੱਥੇ ਇਹ ਉਸੇ ਅਸਥਾਨ 'ਤੇ ਹੀ ਰਹਿ ਕੇ ਪਾਠ ਦੀ ਸੇਵਾ ਕਰਨ ਜਿਥੇ ਬਚਨ ਬਿਲਾਸ ਘੱਟ ਤੋਂ ਘੱਟ ਕੀਤੇ ਜਾਣ। ਫਿਰ ਦੇਖੋ ਕਿਵੇਂ ਕਲਾ ਵਰਤਦੀ ਹੈ? ਦਰਅਸਲ ਹੁਣ ਤਾਂ ਅਸੀਂ ਆਪਣੀ ਸੁਰਤੀ ਬਿਰਤੀ ਨੂੰ ਪਾਠ ਨਾਲ ਜੋੜ ਕੇ ਨਹੀਂ ਰੱਖਦੇ। ਸਾਡੀ ਸੁਰਤਿ ਲੋਕਾਂ ਦੀ ਵਾਹ-ਵਾਹ ਵਿਚ ਰੁਲਦੀ ਫਿਰਦੀ ਹੁੰਦੀ ਹੈ। ਪਾਠੀ ਵੀ ਹੁਣ ਤਾਂ ਭਾੜੇ ਉੱਤੇ ਮਿਲ ਜਾਂਦੇ ਹਨ ਜੋ ਥੱਕੇ ਟੁੱਟੇ ਮਸਾਂ ਹੀ ਆਪਣਾ ਸਮਾਂ ਪੂਰਾ ਕਰਦੇ ਹਨ। ਇਹਨਾਂ ਪਾਠੀ ਸਿੰਘਾਂ ਨੇ ਰਕਮਾਂ ਲੈ ਕੇ ਪਾਠ ਕਰਨ ਨੂੰ ਆਪਣਾ ਧੰਧਾ ਬਣਾਇਆ ਹੁੰਦਾ ਹੈ। ਦਿਨੇ ਰਾਤ ਪਾਠ ਹੀ ਕਰਦੇ ਦੇਖੇ ਜਾਂਦੇ ਹਨ ਤੇ ਕਈ ਵਾਰੀ ਸੌਂਦੇ ਵੀ ਦੇਖੇ ਜਾਂਦੇ ਹਨ। ਜੇ ਘਰ ਦੇ ਸਾਵਧਾਨ ਨਾ ਹੋਣ ਤਾਂ ਪਾਠ ਕਰਦੇ ਸਮੇਂ ਕਈ ਪਾਠੀ ਪਤਰੇ ਉਲਧ ਲੈਂਦੇ ਹਨ। ਗੁਰਬਾਣੀ ਦੇ ਐਸੇ ਪਾਠ ਵਿਚੋਂ ਸੁਰਤ ਕਿਵੇਂ ਉੱਚੀ ਜਾ ਸਕਦੀ ਹੈ?

ਵੀਰ ਸੁਰਿੰਦਰ ਸਿੰਘ ਜੀ ਸੰਨ 1962 ਵਿੱਚ, ਵਾਜੇ ਉੱਤੇ ਉਂਗਲਾਂ ਚਲਾ ਕੇ ਧੁਰ-ਅੰਦਰ ਦੀ ਬਖਸ਼ਿਸ਼ ਨਾਲ ਕੋਈ-ਕੋਈ ਸ਼ਬਦ ਸੰਗਤ ਵਿਚ ਪੜ੍ਹਦੇ ਹੁੰਦੇ ਸਨ। ਕਿਸੇ ਪਾਸੋਂ ਰਾਗ ਵਿਦਿਆ ਨਹੀਂ ਸੀ ਸਿਖੀ। ਮੈਂ ਉਹਨਾਂ ਤੋਂ ਸੰਨ 1962 ਤੋਂ ਕੀਰਤਨ ਸੁਣਦਾ ਆਇਆ ਸਾਂ। ਉਹਨਾਂ ਦੀ ਰੂਹ ਦੇ ਵਿਗਾਸ ਨਾਲ ਕੀਰਤਨ ਵਿਚ ਭੀ ਇਕ ਅਦਭੁਤ ਵਿਗਾਸ ਆਇਆ। ਕੀਰਤਨ ਕਰਦੇ-ਕਰਦੇ ਉਹ ਵਿਸਮਾਦ ਵਿਚ ਚਲੇ ਜਾਂਦੇ। ਆਮ ਤੌਰ 'ਤੇ ਜਦੋਂ ਕੀਰਤਨ-ਸਮਾਗਮ ਦੇ ਸਜੇ ਦੀਵਾਨ ਵਿਚ ਆਉਂਦੇ ਸਨ ਤਾਂ ਗੁਰੂ ਮਹਾਰਾਜ ਨੂੰ ਨਮਸਕਾਰ ਕਰ ਕੇ ਸਭ ਤੋਂ ਪਿਛਲੀਆਂ ਕਤਾਰਾਂ ਵਿਚ ਬੈਠਦੇ। ਮੈਂ ਸਗੋਂ ਕਈ ਵਾਰੀ ਉਹਨਾਂ ਨੂੰ "ਬੈਕ-ਬੈਂਚਰ" ਕਹਿਕੇ ਟਿੱਚਰ ਭੀ ਕਰਨੀ, ਪਰ ਉਹਨਾਂ ਅਗੋਂ ਹੱਸ ਛਡਣਾ ਤੇ ਕਹਿਣਾ ਕੁੱਝ ਨਾ। ਉਹਨਾਂ ਦੀ ਅੰਦਰਲੀ ਰਮਜ਼, ਭਾਈ ਵੀਰ ਸਿੰਘ ਜੀ ਦੀ ਪ੍ਰਸਿੱਧ ਕਵਿਤਾ 'ਬਿਨਫਸ਼ੇ ਦਾ ਫੁਲ' ਦੀਆਂ ਇਹਨਾਂ ਲਾਈਨਾਂ ਵਿਚ ਲੱਭਦੀ ਹੈ :

**ਮੇਰੀ ਛਿਪੇ ਰਹਿਣ ਦੀ ਚਾਹ ਤੇ ਛਿਪ ਟੁਰ ਜਾਣ ਦੀ।**
**ਹਾਏ ! ਪੂਰੀ ਹੁੰਦੀ ਨਾਂਹ, ਮੈਂ ਤਰਲੇ ਲੈ ਰਿਹਾ।**



www.AKJ.Org

ਕੀਰਤਨ-ਸਮਾਗਮਾਂ ਤੇ ਆਪ ਨੂੰ ਉਚੇਚੇ ਤੌਰ 'ਤੇ ਪਿਛਲੀਆਂ ਲਾਈਨਾਂ ਦੇ ਕਿਸੇ ਖੂੰਜੇ ਵਿਚੋਂ ਢੂੰਡ ਕੇ ਸਟੇਜ ਤੇ ਲਿਆਇਆ ਜਾਂਦਾ ਤੇ ਸ਼ਬਦ ਪੜ੍ਹਾਇਆ ਜਾਂਦਾ। ਸੱਚ ਜਾਣਨਾ, ਉਹ ਮੈਨੂੰ ਕਈ ਵਾਰੀ ਕਹਿੰਦੇ ਹੁੰਦੇ, "ਮੈਂ ਕੀਰਤਨ ਸੁਣ ਕੇ ਜ਼ਿਆਦਾ ਪ੍ਰਸੰਨ ਹੁੰਦਾ ਹਾਂ।" ਕੀਰਤਨ ਕਰਨ ਦਾ ਭੀ ਬੁਖਾਰ ਹੈ ਜੋ ਅੱਜ ਜਥੇ ਵਿਚ ਬਹੁਤ ਸਾਰੇ ਕੀਰਤਨੀਆਂ ਨੂੰ ਚੜ੍ਹਿਆ ਰਹਿੰਦਾ ਹੈ।

ਇਸ ਜਥੇ ਵਿਚ ਵੀਰ ਸੁਰਿੰਦਰ ਸਿੰਘ ਜੀ ਰੰਗਲੇ ਸੱਜਣ ਤਾਂ ਸਨ ਹੀ, ਉਹਨਾਂ ਨੇ ਕੀਰਤਨ ਸੰਬੰਧੀ ਆਦਰਸ਼ਕ ਕਦਰਾਂ ਉੱਤੇ ਆਪ ਭੀ ਪਹਿਰਾ ਦਿੱਤਾ ਅਤੇ ਜੋ ਉਹਨਾਂ ਦੇ ਸੰਪਰਕ ਵਿਚ ਆਏ, ਉਸ ਸਮੇਂ ਦੇ ਨਾਮੀ ਕੀਰਤਨੀਆਂ ਨੂੰ ਭੀ ਇਸ ਸੰਬੰਧੀ ਸੇਧਾਂ ਦਿੱਤੀਆਂ। ਮਿਸਾਲ ਵਜੋਂ ਭਾਈ ਮਹਿੰਦਰ ਸਿੰਘ (ਐੱਸ.ਡੀ.ਓ. ਹਾਲ ਅਮਰੀਕਾ) ਨੂੰ ਕਈ ਵਾਰੀ ਮੇਰੀ ਮੌਜੂਦਗੀ ਵਿੱਚ ਸਮਝਾਉਂਦੇ ਸਨ। **"ਜੋ ਸ਼ਬਦ ਸ਼ੁਰੂ ਕੀਤਾ ਹੋਵੇ ਉਸਦਾ ਭੋਗ ਪਾ ਕੇ ਦੂਜਾ ਸ਼ਬਦ ਆਰੰਭ ਕਰਨਾ ਚਾਹੀਦਾ ਹੈ।" ਭਾਈ ਮਹਿੰਦਰ ਸਿੰਘ ਜੀ ਦਾ ਆਪਣਾ ਨਿਰਾਲਾ ਕੀਰਤਨ-ਸਟਾਈਲ ਸੀ। ਉਹਨਾਂ ਦਾ ਕੀਰਤਨ "ਕੀਰਤਨੀ-ਲੈਕਚਰ" ਜਿਹਾ ਹੁੰਦਾ ਸੀ। ਵਿਚੇ ਕਿਤੇ ਇਸ਼ਾਰੇ ਮਾਤਰ ਵਿਆਖਿਆ ਭੀ ਕਰਨ ਲਗ ਜਾਂਦੇ ਸਨ। ਉਹਨਾਂ ਦਾ ਕੀਰਤਨ ਬਹੁਤਾ ਤਾਂ "ਲੋਕ-ਸਮਝਾਉਣ ਕਾਰਨੇ" ਹੀ ਹੁੰਦਾ ਸੀ, ਜਿਸ ਨਾਲ ਉਹਨਾਂ ਦੀ ਆਪਣੀ ਵਿੱਦਵਤਾ ਦਾ ਪ੍ਰਭਾਵ ਪਾਉਣ ਦਾ ਮਨੋਰਥ ਭੀ ਪੂਰਾ ਹੋ ਜਾਂਦਾ ਸੀ। ਉਹ ਸਾਰੀ ਉਮਰ ਲੋਕਾਂ ਨੂੰ ਸਮਝਾਉਣ ਲਈ ਕੀਰਤਨ ਕਰਦੇ ਰਹੇ ਪ੍ਰੰਤੂ ਕੀਰਤਨ ਦਾ ਅਸਲ ਮਨੋਰਥ ਹੈ ਸ਼ਬਦ ਨਾਲ ਸੁਰਤਿ ਨੂੰ ਜੋੜਨਾ।**

**ਵੀਰ ਸੁਰਿੰਦਰ ਸਿੰਘ ਜੀ ਤੀਖਣ ਬੁੱਧੀ ਦੇ ਤੁਫੈਲ, ਭਾਈ ਮਹਿੰਦਰ ਸਿੰਘ ਜੀ ਦੀ ਅੰਦਰਲੀ ਰਮਜ਼ ਪਛਾਣਦੇ ਸਨ। ਉਹ ਇਹ ਕਹਿੰਦੇ ਸਨ, "ਜੋ ਪ੍ਰੇਮੀ ਤੁਹਾਡੇ ਵਲੋਂ ਪੜ੍ਹੇ ਜਾਣ ਵਾਲੇ ਸ਼ਬਦ ਨਾਲ ਸੁਰਤ ਜੋੜ ਕੇ ਬੈਠਾ ਹੁੰਦਾ ਹੈ, ਜੇ ਤੁਸੀਂ ਉਸ ਸ਼ਬਦ ਨੂੰ ਅੱਧਵਾਟੇ ਛੱਡ ਕੇ ਹੋਰ ਦੇ ਹੋਰ ਪਾਸੇ ਨੂੰ ਤੁਰ ਪਉ ਤਾਂ ਉਹ ਪ੍ਰੇਮੀ ਉਡੀਕ ਵਿਚ ਤੁਹਾਡੇ ਮੂੰਹ ਵਲ ਵੇਖੀ ਜਾਂਦਾ ਹੈ ਕਿ ਕਦੋਂ ਭਾਈ ਸਾਹਿਬ ਅਰੰਭੇ ਸ਼ਬਦ ਦਾ ਭੋਗ ਪਾਉਣ। ਉਹ ਤਾਂ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਦੀ ਉਡੀਕ ਕਰਦਾ ਹੈ। ਇਤਨੇ ਵਿਚ ਤੁਹਾਡੇ ਪਾਏ ਖਲੇਰੇ ਨਾਲ ਤੁਹਾਡਾ ਟਾਈਮ ਖ਼ਤਮ ਹੋ ਜਾਣ ਤੇ ਕੋਈ ਸ਼ਬਦ ਭੀ ਪੂਰਨ ਰੂਪ ਵਿਚ ਗਾਇਨ ਨਹੀਂ ਹੋਇਆ ਹੁੰਦਾ। ਤਾਂ ਕੀ ਇਸ ਤਰ੍ਹਾਂ ਦੇ ਕੀਰਤਨ ਨਾਲ ਗੁਰਬਾਣੀ ਦੀ ਬੇਅਦਬੀ ਨਹੀਂ ਹੁੰਦੀ? ਸੰਗਤਾਂ ਨੂੰ ਤੁਸੀਂ ਵੰਨ-ਸੁਵੰਨੀਆਂ ਤਰਜ਼ਾਂ (ਕਵਾਲੀ) ਮਿਰਜ਼ਾ ਸਾਹਿਬਾਂ ਦੀ ਧੁੰਨੀ, ਨਗੋਜਿਆਂ ਵਾਲੀ ਬੀਨ ਆਦਿ ਸੁਣਾ ਕੇ ਉਹਨਾਂ ਦਾ ਕੰਨ-ਰਸ ਜ਼ਰੂਰ ਪੂਰਾ ਕਰਦੇ ਹੋ, ਪਰ ਨਾ ਤਾਂ ਆਪ ਆਤਮ-ਰਸ ਮਾਣਦੇ ਤੇ ਨਾ ਸੰਗਤਾਂ ਨੂੰ ਇਸ ਸਹਜ ਰਸ ਦਾ ਛਾਂਦਾ ਛਕਾਉਂਦੇ ਹੋ।"**

ਭਾਈ ਮਹਿੰਦਰ ਸਿੰਘ ਜੀ ਹਰ ਵਾਰੀ ਸਿਰ ਨੀਵਾਂ ਕਰ ਕੇ ਸੁਣਦੇ ਰਹਿੰਦੇ, ਪਰ ਉਹਨਾਂ ਦੇ ਕਹੇ ਤੇ ਕਦੀ ਅਮਲ ਨਹੀਂ ਕੀਤਾ।

ਵੀਰ ਸੁਰਿੰਦਰ ਸਿੰਘ ਜੀ ਕਹਿੰਦੇ ਹੁੰਦੇ ਸਨ, **"ਕਈ ਕੀਰਤਨੀ ਸਿੰਘਾਂ ਨੂੰ ਕੀਰਤਨ ਕਰਨ ਦਾ ਬੁਖਾਰ ਜਿਹਾ ਚੜ੍ਹਿਆ ਹੁੰਦਾ ਹੈ। ਇਸ ਲਈ ਉਹ ਮਲੋ ਮੱਲੀ ਵਾਜੇ ਤੇ ਜਿਉਂ ਬੈਠਦੇ ਹਨ, ਹਟਾਇਆ ਭੀ ਨਹੀਂ ਹਟਦੇ। ਕਈ ਤਾਂ ਕੀਰਤਨ ਨੂੰ ਚੜ੍ਹਾਉਣ ਖਾਤਰ ਇਕ ਸਟਾਈਲ ਵਜੋਂ 'ਵਾਹਿਗੁਰੂ' ਦੀ ਧੁਨੀ ਲਾ ਦਿੰਦੇ ਹਨ ਅਤੇ ਕਿੰਨੀ-ਕਿੰਨੀ ਦੇਰ ਤਕ ਵਾਹਿਗੁਰੂ ਦੀ ਧੁੰਨੀ ਲਾਈ ਰੱਖਦੇ ਹਨ। ਸ਼ਬਦ ਦਾ ਕੀਰਤਨ ਕਰਨਾ ਹੋਰ ਚੀਜ਼ ਹੈ, ਸੰਗਤੀ ਨਾਮ ਅਭਿਆਸ ਕਰਾਉਣਾ ਬਿਲਕੁਲ ਹੋਰ ਚੀਜ਼ ਹੈ। ਅਭਿਆਸ ਕਰਨ ਸਮੇਂ ਹੀ ਅਭਿਆਸ ਕਰਨਾ ਉਚਿਤ ਹੈ। ਜਿਸ ਜੱਥੇ ਦਾ ਨਾਮ ਹੀ ਅਖੰਡ ਕੀਰਤਨੀ ਜੱਥਾ ਹੈ, ਉਹ ਕੀਰਤਨ ਨੂੰ ਵਿਚੇ ਛੱਡ ਕੇ ਅਭਿਆਸ ਦੇ ਸਟਾਈਲ ਦੇ ਰਾਹ ਕਿਵੇਂ ਤੁਰ ਪਿਆ? ਇਹ ਵਿਚਾਰ ਕਰਨ ਵਾਲਾ ਵਿਸ਼ਾ ਹੈ। ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਸਮੇਂ ਇਹ ਰਿਵਾਜ ਨਹੀਂ ਸੀ ਪਿਆ।**

**ਕੀ ਅਖੰਡ ਕੀਰਤਨੀ ਜੱਥੇ ਦੇ ਵੀਰ ਅਤੇ ਭੈਣਾਂ ਸ੍ਰੀ ਦਰਬਾਰ ਸਾਹਿਬ ਜੀ ਵਿਖੇ ਨਿਰੰਤਰ ਚਲ ਰਹੇ ਕੀਰਤਨ ਪ੍ਰਵਾਹ ਤੋਂ ਸੇਧ ਲੈਣਗੇ? (ਨੋਟ: ਇਸ ਸੰਦਰਭ ਵਿੱਚ ਸੰਨ ੧੯੬੮ ਨੂੰ ਲੁਧਿਆਣੇ ਹੋਏ ਵੈਸਾਖੀ ਸਮਾਗਮ ਸਮੇਂ ਪੰਚਾਂ ਨੇ ਗੁਰਮਤੇ**



www.AKJ.Org

**ਰਾਹੀਂ ਸੇਧ ਦਿੱਤੀ ਹੋਈ ਹੈ।) ਜਿੱਥੇ ਕੀਰਤਨ ਦੇ ਲਗਾਤਾਰ ਪ੍ਰਵਾਹ ਵਿਚ 'ਵਾਹਿਗੁਰੂ' 'ਵਾਹਿਗੁਰੂ' ਦੀ ਧੁੰਨੀ ਨਾਂ-ਮਾਤਰ ਵੀ, ਕਿਤੇ ਨਹੀਂ ਸੁਣੀਦੀ। ਅੱਜ ਸਾਡੇ ਸਰੋਤਿਆਂ ਨੂੰ ਬਾਣੀ ਵਿਚ ਸੁਰਤ ਜੋੜਨ ਦੀ ਜਾਂਚ ਭੁੱਲ ਗਈ ਹੈ। ਕੀ 'ਵਾਹਿਗੁਰੂ ਵਾਹਿਗੁਰੂ' ਕਰਨਾ ਮਾੜੀ ਗੱਲ ਹੈ? ਨਹੀਂ ਜੀ, ਸਗੋਂ ਉਹ ਰਸਨਾ ਧੰਨ ਹੈ ਜੋ 'ਵਾਹਿਗੁਰੂ' 'ਵਾਹਿਗੁਰੂ' ਕਰਦੀ ਹੈ। ਪਰ ਕੀਰਤਨ ਸ੍ਰਵਨ ਕਰਨ ਵਾਲਿਆਂ ਦਾ ਧਿਆਨ ਰੱਖ ਕੇ ਕੀਰਤਨ ਕਰਨਾ ਚਾਹੀਦਾ ਹੈ। ਕੋਈ ਗੁਰੂ ਪਿਆਰਾ ਗੁਰ-ਸ਼ਬਦ ਨਾਲ ਸੁਰਤ ਜੋੜੀ ਬੈਠਾ ਹੁੰਦਾ ਹੈ, ਉਹ ਤਾਂ ਇਕ ਛਿਨ ਲਈ ਭੀ ਇਸ ਤੋਂ ਟੁਟਣਾ ਨਹੀਂ ਚਾਹੁੰਦਾ। ਦਾਸ ਨੇ ਇਕ ਵਾਰੀ ਭਾਈ ਸਾਹਿਬ ਰਣਧੀਰ ਸਿੰਘ ਜੀ ਦੀ ਇਸ ਕਿਸਮ ਦੀ ਤੜਪ ਨੂੰ ਉਦੋਂ ਮਹਿਸੂਸ ਕੀਤਾ ਜਦੋਂ ਇਕ ਸਿੰਘ ਵਾਜੇ ਤੋਂ ਕੀਰਤਨ ਕਰ ਕੇ ਉਠਿਆ ਤੇ ਦੂਜਾ ਬੈਠਾ ਅਤੇ ਉਸ ਨੂੰ ਸ਼ਬਦ ਸ਼ੁਰੂ ਕਰਨ ਵਿਚ ਵਾਜੇ ਦੀਆਂ ਸੁਰਾਂ ਮੇਲਣ ਵਿਚ ਜੋ ਚਸਾ-ਬਿੰਦ ਦਾ ਸਮਾਂ ਲਗਾ, ਪਿਛੇ ਬੈਠੇ ਭਾਈ ਸਾਹਿਬ ਝੱਟ ਬੋਲ ਉੱਠੇ 'ਸ਼ਬਦ ਸ਼ੁਰੂ ਕਰ, ਖਾਲ ਸੁਕਦੈ।' ਖਾਲ ਸੁਕਦੈ ਇਕ ਕ੍ਰਿਸ਼ੀ ਖੇਤਰ ਦਾ ਮੁਹਾਵਰਾ ਹੈ। ਖੇਤਾਂ ਨੂੰ ਪਾਣੀ ਦੇਣ ਵਾਲੇ ਜ਼ਿਮੀਂਦਾਰ ਖਾਲ ਸੁੱਕਣ ਦਾ ਮੁਹਾਵਰਾ ਚੰਗੀ ਤਰ੍ਹਾਂ ਸਮਝਦੇ ਹਨ ਕੀਰਤਨ ਦੇ ਵਗਦੇ ਪ੍ਰਵਾਹ ਨੂੰ ਰੋਕਣ ਨਾਲ ਵੀਰ ਸੁਰਿੰਦਰ ਸਿੰਘ ਵਰਗੇ ਜਾਂ ਭਾਈ ਸਾਹਿਬ ਰਣਧੀਰ ਸਿੰਘ ਜੀ ਵਰਗੇ ਕੀਰਤਨ ਦੇ ਆਸ਼ਕਾਂ ਦੇ ਮਨਾਂ ਨੂੰ ਠੇਸ ਲਗਦੀ ਸੀ। ਉਹ ਕਹਿੰਦੇ ਹੁੰਦੇ ਸਨ ਕਿ ਬਹੁਤ ਕਰਕੇ ਕੀਰਤਨੀ ਸਿੰਘ ਗੁਰ-ਚਰਨਾਂ ਨਾਲ ਜੁੜ ਕੇ ਕੀਰਤਨ ਨਹੀਂ ਕਰਦੇ। ਇਹੋ ਗੱਲ ਗੁਰਬਾਣੀ ਕੀਰਤਨ ਦੌਰਾਨ ਖਾਲੀ ਵਾਜਾ ਜਾਂ ਹੋਰ ਸਾਜ਼ ਵਜਾਉਣ ਵਾਲਿਆਂ ਤੇ ਵੀ ਪੂਰੀ ਤਰ੍ਹਾਂ ਢੁੱਕਦੀ ਹੈ। ਇਸੇ ਕਰਕੇ ਭਾਈ ਸਾਹਿਬ ਜੀ ਨੇ ਕੀਰਤਨ ਦੀ ਅਖੰਡਤਾ ਰੱਖਣ ਲਈ ਜੋਟੀਆ ਰਾਹੀਂ ਕੀਰਤਨ ਕਰਨ ਦੀ ਪਰਪਾਟੀ ਸ਼ੁਰੂ ਕੀਤੀ ਸੀ।**

ਮੈਂ ਜਦੋਂ 1978 ਵਿਚ ਪਟਿਆਲਾ ਗੁਰਮਤਿ ਕਾਲਜ ਵਿਖੇ ਪ੍ਰਿੰਸੀਪਲ ਦੇ ਅਹੁਦੇ ਤੇ ਲੱਗਾ ਤਾਂ ਆਪ ਮੇਰੇ ਪਾਸ ਆਏ। ਬਚਨ ਬਿਲਾਸ ਦੇ ਦੌਰਾਨ ਉਹਨਾਂ ਇਕ ਬੜੀ ਅਜੀਬ ਗੱਲ ਆਖੀ, "ਗੁਰਮਤਿ ਕਦੀ ਵੀ ਪੜ੍ਹਾਈ ਨਹੀਂ ਜਾ ਸਕਦੀ।" ਮੈਂ ਕਿਹਾ, "ਵੀਰ ਜੀ ਇਸ ਕਾਲਜ ਦੇ ਖੋਲ੍ਹਣ ਦਾ ਮਨੋਰਥ ਹੀ ਗੁਰਮਤਿ ਪੜ੍ਹਾਉਣਾ ਦਾ ਹੈ ਤੁਸੀਂ ਕਹਿੰਦੇ ਹੋ ਗੁਰਮਤਿ ਪੜ੍ਹਾਈ ਨਹੀਂ ਜਾ ਸਕਦੀ। ਮੇਰੀ ਟਿਪਣੀ ਸੁਣ ਕੇ ਬੋਲੇ, "ਤੁਹਾਨੂੰ ਮੇਰੀ ਗੱਲ ਸਮਝ ਕਿਉਂ ਨਹੀਂ ਆ ਰਹੀ, ਗੁਰਮਤਿ ਪੜ੍ਹਨ ਪੜ੍ਹਾਉਣ ਦਾ ਵਿਸ਼ਾ ਨਹੀਂ। ਇਹ ਤਾਂ ਸਿੱਖੀ ਸਿਦਕ ਕਮਾਉਣ ਦੀ ਖੇਡ ਹੈ।"

ਖੈਰ ਮੈਂ ਚੁਪ ਹੋ ਗਿਆ। ਮੈਨੂੰ ਵਿਸ਼ਵਾਸ ਸੀ ਕਿ ਵੀਰ ਜੀ ਨੇ ਜੋ ਰਮਜ਼ ਭਰੀ ਗੱਲ ਆਖੀ ਹੈ, ਉਸ ਵਿਚ ਜ਼ਰੂਰ ਸਚਾਈ ਹੈ, ਜਿਸ ਨੂੰ ਮੈਨੂੰ ਲੱਭਣਾ ਪਵੇਗਾ। ਮੇਰੀ ਚਾਰ ਸਾਲ ਦੀ ਉੱਥੇ ਨੌਕਰੀ ਦੇ ਦੌਰਾਨ ਮੈਨੂੰ ਅਨੁਭਵ ਹੋ ਗਿਆ ਕਿ ਗੁਰਮਤਿ ਬਾਰੇ ਗਿਆਨ ਪ੍ਰਾਪਤ ਕਰਨਾ ਜਾਂ ਵਿਦਵਾਨ ਬਣਨਾ ਹੋਰ ਚੀਜ਼ ਹੈ, ਪਰ ਗੁਰਮਤਿ ਅਨੁਸਾਰ ਜੀਵਨ ਜੀਉਣਾ ਬਿਲਕੁਲ ਹੋਰ ਖੇਡ ਹੈ। ਗੁਰਮਤਿ ਅਨੁਸਾਰ ਜੀਵਨ ਜੀਉਣ ਵਿਚ ਸਤਿਗੁਰੂ ਜੀ ਆਪੇ (ਬਾਣੀ ਰਾਹੀਂ ਜਾਂ ਅੰਦਰੋਂ ਰੌਸ਼ਨੀ ਦੇ ਕੇ) ਸੇਧ ਬਖਸ਼ਸ਼ ਕਰਦੇ ਹਨ। ਗੁਰਮਤਿ ਜਾਂ ਗੁਰਸਿੱਖੀ ਦਾ ਸਿਖਣਾ ਇਕ ਅੰਤਰ ਮੁਖੀ ਖੇਡ ਹੈ। ਗੁਰਮਤਿ ਕਾਲਜ ਜਾਂ ਹੋਰ ਕਈ ਪ੍ਰਕਾਰ ਦੇ ਗੁਰਮਤਿ ਦੀ ਪੜ੍ਹਾਈ ਦੇ ਅਦਾਰੇ, ਕੇਵਲ ਬਾਹਰ ਮੁਖੀ ਸਾਧਨ ਹਨ। ਸਤਿਗੁਰੂ ਤੋਂ ਬਿਨਾਂ ਗੁਰਮਤਿ ਕੌਣ ਪੜ੍ਹਾ ਸਕਦਾ ਹੈ?

ਵੀਰ ਸੁਰਿੰਦਰ ਸਿੰਘ ਸਹਿਜ ਵਿਚ ਵਿਚਰਦੇ, ਸਹਿਜ ਵਿਚ ਕੀਰਤਨ ਕਰਦੇ। ਸੰਗਾਊ ਜਿਹੇ ਸਨ ਤੇ ਨੁਮਾਇਸ਼ ਤੋਂ ਸਦਾ ਬਚਦੇ ਰਹੇ। ਸਰਦੇ ਪੁਜਦੇ ਪਰਿਵਾਰ ਨਾਲ ਸਬੰਧਿਤ ਹੁੰਦੇ ਹੋਏ ਭੀ ਪਹਿਰਾਵਾ ਅਤਿ ਦਾ ਸਾਦਾ ਧਾਰਨ ਕੀਤਾ ਹੋਇਆ ਹੁੰਦਾ ਸੀ। ਅਸੀਂ ਉਹਨਾਂ ਨੂੰ ਸਦਾ ਖੱਦਰ ਦੇ ਕੁੜਤੇ ਕਛਹਿਰੇ ਵਿਚ ਹੀ ਦੇਖਿਆ ਹੈ। ਕੋਈ ਆਪਣਾ ਘਰ ਨਹੀਂ ਬਣਾਇਆ, ਕੋਈ ਬੈਂਕ ਬੈਲੈਂਸ ਨਹੀਂ ਸੀ। ਅਤਿ ਗਰੀਬ ਰਹਿ ਕੇ ਇਸ ਗੱਲ ਦਾ ਤਜਰਬਾ ਭੀ ਕੀਤਾ ਕਿ ਕੋਈ ਗਰੀਬ ਨਾਲ ਕਿਸ ਤਰ੍ਹਾਂ ਦਾ ਵਿਹਾਰ ਕਰਦਾ ਹੈ? ਪਰ ਧੰਨ ਗੁਰੂ ਦੇ ਪਿਆਰੇ ਸਿੰਘਾਂ ਨੇ ਭਾਈ ਸੁਰਿੰਦਰ ਸਿੰਘ ਜੀ ਨੂੰ ਅੰਤਮ ਸਮੇਂ ਤਕ ਨਿੱਘ ਅਤੇ ਪਿਆਰ ਦਿੱਤਾ। 14 ਮਈ 1983 ਨੂੰ ਆਪ ਸੰਸਾਰ ਯਾਤਰਾ ਪੂਰੀ ਕਰ ਕੇ ਗੁਰ ਚਰਨਾਂ ਵਿਚ ਜਾ ਬਿਰਾਜੇ।



www.AKJ.Org

ਜਦੋਂ ਆਪ ਸ੍ਰੀ ਅੰਮ੍ਰਿਤਸਰ ਕੁਝ ਚਿਰ ਰਹੇ ਤਾਂ ਉੱਥੇ ਦੇ ਸਿੰਘਾਂ ਵਿਚ ਆਪ ਨੇ ਕਈ ਵਾਰੀ ਭਵਿੱਖ ਦੇ ਦ੍ਰਿਸ਼ਾਂ ਬਾਰੇ ਕੁਝ ਗੱਲਾਂ ਸਾਂਝੀਆਂ ਕੀਤੀਆਂ ਜੋ ਹੂ-ਬ-ਹੂ ਠੀਕ ਨਿਕਲੀਆਂ। ਉਹ ਕਹਿੰਦੇ ਸਨ ਕਿ ਸ੍ਰੀ ਦਰਬਾਰ ਸਾਹਿਬ ਦੀ ਪ੍ਰਕਰਮਾ ਵਿਚ ਗਿੱਟੇ-ਗਿੱਟੇ ਖ਼ੂਨ ਹੋਵੇਗਾ। ਉਹ ਦ੍ਰਿਸ਼ ਸੰਨ 1984 ਦੇ ਸ੍ਰੀ ਦਰਬਾਰ ਸਾਹਿਬ ਉੱਤੇ ਹੋਏ ਫੌਜੀ ਹਮਲੇ ਦੌਰਾਨ ਸਭ ਦੇ ਸਾਹਮਣੇ ਆ ਗਿਆ। ਦਾਸ ਨੂੰ ਸੰਨ 1977 ਵਿਚ ਕਹਿੰਦੇ ਸਨ "ਭਾਈ ਸਾਹਿਬ ਅਗੋਂ ਸਮਾਂ ਬੜਾ ਭਿਆਨਕ ਆ ਰਿਹਾ ਹੈ। ਮੈਨੂੰ ਪੰਜਾਬ ਦੀਆਂ ਸੜਕਾਂ ਉੱਤੇ ਫੌਜਾਂ ਹੀ ਫੌਜਾਂ ਫਿਰਦੀਆਂ ਦਿਸਦੀਆਂ ਹਨ।" ਮੈਂ ਪੁੱਛਿਆ ਆਪਣੀਆਂ ਫੌਜਾਂ ਕਿ ਰੂਸ ਦੀਆਂ? ਉਹਨਾਂ ਕਹਿਣਾ "ਇਹ ਨਹੀਂ ਪਤਾ।" ਇਹ ਉਦੋਂ ਹੀ ਸਚ ਹੋਇਆ, ਜਦੋਂ ਸੰਨ 1984 ਨੂੰ ਪਹਿਲੀ ਜੂਨ ਤੋਂ ਸਾਰੇ ਪੰਜਾਬ ਵਿਚ ਕਰਫਿਊ ਲਗ ਗਿਆ ਅਤੇ ਹਰ ਸ਼ਹਿਰ ਕਸਬੇ ਵਿਚ ਪੁਲਸ ਅਤੇ ਫੌਜ ਦਾ ਪਹਿਰਾ ਸੀ।

ਆਪ ਜੀ ਦੇ ਪਿਤਾ ਸੂਬੇਦਾਰ ਮੇਜਰ : ਭਾਈ ਹਰਿਬਚਨ ਸਿੰਘ ਜੀ ਭੀ ਬੜੀ ਉੱਚੀ ਸੁਰਤ ਵਾਲੀ ਰੂਹ ਸੀ। ਵੀਰ ਸੁਰਿੰਦਰ ਸਿੰਘ ਜੀ ਆਪਣੇ ਪਿਤਾ ਜੀ ਦੇ ਸਿੱਦਕੀ ਜੀਵਨ ਦੀਆਂ ਕਈ ਗੱਲਾਂ ਸੁਣਾਇਆ ਕਰਦੇ ਸਨ। ਉਹਨਾਂ ਦੇ ਜੀਜਾ ਜੀ ਅਤੇ ਭੈਣ ਜੀ ਪੂਰਨ ਸਿੱਖੀ ਸਿਦਕ ਵਿਚ ਅੱਜ ਕੱਲ ਪਾਉਂਟਾ ਸਾਹਿਬ ਵਿਖੇ ਰਹਿੰਦੇ ਹਨ। ਜੀਜਾ ਜੀ ਅਲਾਹਬਾਦ ਹਾਈਕੋਰਟ ਤੋਂ ਰੀਟਾਇਰ ਹੋਏ ਜੱਜ ਹਨ ਅਤੇ ਬੀਬੀ ਹਰਜੀਤ ਕੌਰ ਜੀ ਆਪ ਦੇ ਛੋਟੇ ਭੈਣ ਜੀ ਹਨ।

## ਮਾਸਟਰ ਜੋਗਿੰਦਰ ਸਿੰਘ ਜੀ ਬੜੂੰਦੀ

ਗੁਰਪੁਰ ਵਾਸੀ ਪ੍ਰਿੰਸੀਪਲ ਗੁਰਮੁਖ ਸਿੰਘ ਜੀ ਪਟਿਆਲਾ

ਮਾਸਟਰ ਜੋਗਿੰਦਰ ਸਿੰਘ ਜੀ ਬੜੂੰਦੀ ਅਖੰਡ ਕੀਰਤਨੀ ਜੱਥੇ ਦੇ ਆਦਰਸ਼ਕ ਸਿੱਖ ਜੀਵਨੀ ਜੀਉਣ ਵਾਲੇ ਗੁਰਸਿੱਖਾਂ ਵਿੱਚੋਂ ਇੱਕ ਸਨ। ਆਪ ਜੀ ਦਾ ਜਨਮ 1/11/1900 ਵਿੱਚ ਪਿੰਡ ਬੜੂੰਦੀ ਜ਼ਿਲ੍ਹਾ ਸੰਗਰੂਰ ਵਿਖੇ ਸ. ਬੱਗਾ ਸਿੰਘ ਜੀ ਦੇ ਘਰ ਹੋਇਆ। ਆਪ ਨੇ ਮੈਟ੍ਰਿਕ ਪਾਸ ਕਰਨ ਉਪਰੰਤ ਅਧਿਆਪਕ ਕਿੱਤੇ ਵਿੱਚ ਸੇਵਾ ਕਰਨ ਹਿੱਤ ਉਸ ਸਮੇਂ ਦਾ ਜੇ. ਏ. ਵੀ. ਦਾ ਕੋਰਸ ਕਰਕੇ 1925 ਵਿੱਚ ਗੁਰੂ ਹਰਿ ਗੋਬਿੰਦ ਹਾਈ ਸਕੂਲ, ਗੁਰੂ ਸਰ ਸੁਧਾਰ ਵਿੱਚ ਅਧਿਆਪਕ ਲਗ ਗਏ। ਜਿੱਥੇ ਆਪ ਨੇ 1925 ਤੋਂ 1937 ਤੱਕ ਅਤੇ ਫਿਰ 1940 ਤੋਂ 59 ਤੱਕ 31 ਸਾਲ ਸਰਵਿਸ ਕੀਤੀ। 1937 ਤੋਂ 40 ਤੱਕ ਆਪ ਨੇ ਸ੍ਰੀ ਦਰਬਾਰ ਸਾਹਿਬ ਤਰਨ ਤਾਰਨ ਸਾਹਿਬ ਵਿਖੇ ਸਕੱਤਰ ਦੇ ਅਹੁਦੇ ਤੇ ਕੰਮ ਕੀਤਾ। ਬੜੂੰਦੀ ਤੋਂ ਗੁਰੂਸਰ ਸੁਧਾਰ 16 ਕਿਲੋਮੀਟਰ ਪੈਂਡਾ ਹੈ। ਰੋਜ਼ਾਨਾ ਆਪ ਨੇ ਸਾਈਕਲ ਤੇ ਪਿੰਡੋਂ ਆਉਣਾ ਤੇ ਜਾਣਾ। ਤੁਰਨ ਲਗਿਆਂ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਅਰੰਭ ਕਰ ਲੈਣਾ, ਸਕੂਲ ਅਪੜਨ ਤਕ ਪਾਠ ਦਾ ਇਕ ਭੋਗ ਪਾ ਲੈਂਦੇ।

ਆਪ ਦੇ ਦੋਵੇਂ ਪੈਰ ਜਮਾਂਦਰੂ ਹੀ ਮੁੜੇ ਹੋਏ ਸਨ। ਗੋਡੇ ਤੇ ਹੇਠਲੀਆਂ ਝੰਗਾਂ ਭੀ ਠੀਕ ਤਰ੍ਹਾਂ ਵਿਕਸਤ ਨਹੀਂ ਸਨ, ਪਰ ਉਪਰਲਾ ਧੜ ਭਰਵਾਂ ਸੀ। ਸੋਹਣੇ ਸਜੀਲੇ ਦੀਦਾਰੀ ਸਿੰਘ ਸਨ। ਨਾਰੰਗਵਾਲ ਵਿਖੇ ਆਪ ਦੇ ਸ੍ਰੀ ਅਖੰਡ ਪਾਠ ਕਰਦੇ ਸਮੇਂ ਭਾਈ ਜੁਗਿੰਦਰ ਸਿੰਘ, ਮਾਲ ਅਫ਼ਸਰ, ਰਿਆਸਤ ਪਟਿਆਲਾ, ਦੇ ਮਨ ਵਿੱਚ ਆਪ ਨਾਲ ਆਪਣੀ ਲੜਕੀ ਦੀ ਸ਼ਾਦੀ ਕਰਨ ਦਾ ਫੁਰਨਾ ਉਠਿਆ, ਜੋ ਉਹਨਾਂ ਭਾਈ ਸਾਹਿਬ ਰਣਧੀਰ ਸਿੰਘ ਜੀ ਨਾਲ ਸਾਂਝਾ ਕੀਤਾ। ਭਾਈ ਸਾਹਿਬ ਨੇ ਸਪੱਸ਼ਟ ਦੱਸ ਦਿੱਤਾ ਕਿ ਲੜਕਾ ਗੁਰਸਿੱਖੀ ਦੇ ਪੱਖੋਂ ਹਰ ਤਰ੍ਹਾਂ ਚੜ੍ਹਦੀਆਂ ਕਲਾਂ ਵਿੱਚ ਹੈ, ਪਰ ਲੱਤਾਂ ਪੈਰਾਂ ਦਾ ਨੁਕਸ ਜਮਾਂਦਰੂ ਹੈ। ਪੁਰਾਤਨ ਗੁਰਸਿੱਖ ਭੀ ਧੰਨ ਸਨ, ਜਿਨ੍ਹਾਂ ਨੇ ਆਪਣੀ ਪਦ-ਪਦਵੀਂ ਦਾ ਕੋਈ ਗੁਮਾਨ ਨਾ ਕਰਦੇ ਹੋਏ ਇੱਕ



www.AKJ.Org

ਗਰੀਬ ਪਰਿਵਾਰ ਦੇ ਗੁਣਵਾਨ ਸਿੱਖ ਨਾਲ, ਆਪਣੀ ਬੱਚੀ ਦਾ ਅਨੰਦ ਕਾਰਜ ਕਰ ਦਿੱਤਾ। ਪੁਰਾਤਨ ਗੁਰ ਸਿੱਖ, ਸ਼ਕਲਾਂ ਸੂਰਤਾਂ, ਧੰਨ ਦੌਲਤ, ਪਦ ਪਦਵੀਆਂ ਨੂੰ ਨਜ਼ਰ ਅੰਦਾਜ਼ ਕਰਕੇ ਕੇਵਲ ਗੁਣਾਂ ਦੀ ਸਾਂਝ ਹੀ ਕਰਦੇ ਸਨ।

ਆਪ ਦਾ ਅੰਮ੍ਰਿਤ ਛਕਣ ਤੋਂ ਪਹਿਲਾਂ ਦਾ ਨਾਮ ਹਰਿਨਾਮ ਸਿੰਘ ਸੀ। ਅੰਮ੍ਰਿਤ ਪਾਨ ਕਰਨ ਉਪਰੰਤ ਜੁਗਿੰਦਰ ਸਿੰਘ ਨਾਮ ਰੱਖਿਆ ਗਿਆ। ਗੁਰੂਸਰ ਸੁਧਾਰ ਦੇ ਖ਼ਾਲਸਾ ਹਾਈ ਸਕੂਲ ਦੀ ਇੱਕ ਗੱਲ ਤੋਂ ਉਹਨਾਂ ਦੇ ਗੁਰਸਿੱਖੀ ਜੀਵਨ ਬਾਰੇ ਸੰਕੇਤ ਮਿਲਦਾ ਹੈ। ਇਸ ਖ਼ਾਲਸਾ ਸਕੂਲ ਅੰਦਰ ਇਕ ਗੁਰਦੁਆਰਾ ਸਾਹਿਬ ਸੀ। ਗ੍ਰੰਥੀ ਦੀ ਸੇਵਾ ਇਕ ਨਿਹੰਗ ਸਿੰਘ, ਸ਼ਮਸੇਰ ਸਿੰਘ ਜੀ ਨਿਭਾਉਂਦੇ ਹੁੰਦੇ ਸਨ। ਇਹ ਨਿਹੰਗ ਸਿੰਘ ਭਾਈ ਸ਼ਮਸ਼ੇਰ ਸਿੰਘ ਜੀ, ਪਹਿਲਾਂ ਇਸ ਹਾਈ ਸਕੂਲ ਤੇ ਫਿਰ ਇੱਥੇ ਹੀ ਬਣੇ ਕਾਲਜ ਦੇ ਫਾਉਂਡਰ ਸੰਸਥਾਪਕ ਸਨ। ਉਹ ਆਪਣੇ ਅਸੂਲ ਦੇ ਇਤਨੇ ਪੱਕੇ ਸਨ ਕਿ ਹੁਕਮਨਾਮਾ ਲੈਣ ਦੀ ਸੇਵਾ ਜਾਂ ਉਹ ਆਪ ਕਰਦੇ ਜਾਂ ਭਾਈ ਸਾਹਿਬ ਮਾਸਟਰ ਜੁਗਿੰਦਰ ਸਿੰਘ ਜੀ ਨੂੰ ਕਰਨ ਦਿੰਦੇ। ਕਿਸੇ ਹੋਰ ਨੂੰ ਉਹ ਇਹ ਸੇਵਾ ਨਹੀਂ ਸੀ ਕਰਨ ਦਿੰਦੇ। ਇਸ ਤੋਂ ਸੰਕੇਤ ਮਿਲਦਾ ਹੈ ਕਿ ਉਹ ਨਿਹੰਗ ਸਿੰਘ ਭੀ ਜੀਵਨ ਵਾਲਾ ਗੁਰਮੁਖ ਪਿਆਰਾ ਸੀ ਅਤੇ ਉਨ੍ਹਾਂ ਨੂੰ ਭਾਈ ਸਾਹਿਬ ਜੁਗਿੰਦਰ ਸਿੰਘ ਜੀ ਦੇ ਅੰਤਰ ਆਤਮੇ ਭੈ ਭਾਵਨੀ ਦੀ ਸੁਗੰਧੀ ਆਉਂਦੀ ਸੀ, ਨਹੀਂ ਤਾਂ ਹੁਕਮਨਾਮਾ ਲੈਣ ਦੀ ਸੇਵਾ ਸਕੂਲ ਦੇ ਸਟਾਫ ਵਿਚੋਂ ਕੋਈ ਭੀ ਕਰ ਸਕਦਾ ਸੀ, ਪਰ ਇਹ ਗੁੱਝੀਆਂ ਰਮਜ਼ਾਂ ਹੁੰਦੀਆਂ ਹਨ ਜਿਨ੍ਹਾਂ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ।

ਪ੍ਰਿੰਸੀਪਲ ਇਕਬਾਲ ਸਿੰਘ ਜੀ ਬੋਪਾਰਾਏ ਭਾਈ ਸੁੰਦਰ ਸਿੰਘ ਜੀ ਘੁਮਾਣ ਆਦਿ ਭਾਈ ਸਾਹਿਬ ਜੀ ਦੇ ਜੇਲ੍ਹ ਯਾਤਰਾ ਜਾਣ ਤੋਂ ਪਹਿਲਾਂ ਦੇ ਸੰਗੀ ਸਾਥੀ ਸਨ। ਪਰ ਇਹ ਜੇਲ੍ਹ ਜਾਣੋਂ ਰਹਿ ਗਏ ਸਨ। ਪ੍ਰਿੰਸੀਪਲ ਇਕਬਾਲ ਸਿੰਘ ਜੀ ਨੇ ਨਿਹੰਗ ਸਿੰਘ ਸ਼ਮਸ਼ੇਰ ਸਿੰਘ ਜੀ ਅਤੇ ਇਲਾਕੇ ਦੇ ਲੋਕਾਂ ਦੇ ਸਹਿਯੋਗ ਨਾਲ ਗੁਰੂ ਸਰ ਸੁਧਾਰ ਵਿਖੇ ਪਹਿਲਾਂ ਖਾਲਸਾ ਸਕੂਲ ਤੇ ਫਿਰ ਕਾਲਜ ਬਣਵਾਇਆ। ਇਸ ਸਕੂਲ ਵਿਚ ਨੌਕਰੀ ਸ਼ੁਰੂ ਕਰਨ ਤੇ ਪ੍ਰਿੰਸੀਪਲ ਇਕਬਾਲ ਸਿੰਘ ਜੀ ਦੀ ਸੰਗਤ ਸਦਕਾ, ਆਪ ਜੀ ਨੂੰ ਭਾਈ ਸਾਹਿਬ ਜੀ (ਜੋ ਅਜੇ ਜੇਲ੍ਹ ਵਿਚ ਸਨ) ਅਤੇ ਜੱਥੇ ਦੇ ਹੋਰ ਸਿੰਘਾਂ ਦੇ ਉੱਚੇ ਸੁੱਚੇ ਜੀਵਨ ਦੀ ਸੋਅ ਮਿਲੀ। ਉਨ੍ਹਾਂ ਦੀ ਸੰਗਤ ਤੋਂ ਪ੍ਰੇਰਿਤ ਹੋ ਕੇ ਭਾਈ ਸਾਹਿਬ ਜੀ ਦੇ ਸੰਨ 1930 ਵਿੱਚ ਜੇਲ੍ਹ ਤੋਂ ਰਿਹਾ ਹੋਣ ਤੋਂ ਪਹਿਲਾਂ ਹੀ ਅੰਮ੍ਰਿਤ ਛੱਕ ਕੇ ਆਪ ਤਿਆਰ-ਬਰ-ਤਿਆਰ ਹੋ ਚੁੱਕੇ ਸਨ ਅਤੇ ਅਖੰਡਪਾਠਾਂ ਵਿੱਚ ਵੀ ਆਪ ਸੇਵਾ ਕਰਦੇ ਆ ਰਹੇ ਸਨ। ਸੰਨ 1933 ਤਾਈਂ ਭਾਈ ਸਾਹਿਬ ਜੀ ਨਾਲ ਆਪਦੇ ਬਹੁਤ ਹੀ ਨਿਕਟ ਸੰਬੰਧ ਬਣ ਚੁੱਕੇ ਸਨ ਤੇ ਸ਼ੁੱਧ ਅਖੰਡ ਪਾਠੀ ਹੋਣ ਕਰਕੇ ਉਨ੍ਹਾਂ ਦੇ ਪਿਆਰ ਦੇ ਪਾਤਰ ਵੀ ਬਣ ਚੁੱਕੇ ਸਨ। ਜਿਸ ਕਾਰਣ ਉਹਨਾਂ ਆਪ ਦਾ ਅਨੰਦ ਕਾਰਜ ਪਟਿਆਲਾ ਰਿਆਸਤ ਦੇ ਮਾਲ ਅਫਸਰ ਦੀ ਲੜਕੀ ਨਾਲ ਕਰਵਾਇਆ। ਜਿਸ ਦਾ ਵੇਰਵਾ ਹੇਠਾਂ ਦਿੱਤਾ ਗਿਆ ਹੈ :-

**ਅਲੌਕਿਕ ਅਨੰਦ ਕਾਰਜ (ਇਹ ਬਿਰਤਾਂਤ 1933 ਦਾ ਹੈ) : ਵਲੋਂ ਭਾਈ ਸਾਹਿਬ ਰਣਧੀਰ ਸਿੰਘ ਜੀ**

ਮੇਰੀ ਆਪਣੀ ਬੱਚੀ ਦਲੇਰ ਕੌਰ ਦਾ ਅਨੰਦ ਕਾਰਜ ਨਾਰੰਗਵਾਲ ਸਾਡੇ ਗ੍ਰਿਹਿ ਵਿਖੇ ਰਚਿਆ ਗਿਆ। ਹੋਰ ਗੁਰਮੁਖ ਸੱਜਣਾਂ ਦੀ ਸ਼੍ਰੇਣੀ ਵਿਚ ਇਸ ਅਨੰਦ ਕਾਰਜ ਉੱਤੇ ਸਿਰੀ ਭਾਈ ਜੋਗਿੰਦਰ ਸਿੰਘ ਜੀ ਵੀ ਨਾਰੰਗਵਾਲ ਆਏ ਹੋਏ ਸਨ ਅਤੇ ਉਹਨਾਂ ਦੀ ਸਭ ਤੋਂ ਵੱਡੀ ਬੱਚੀ ਬੀਬੀ ਸ਼ਰਨ ਕੌਰ ਵੀ ਉਨ੍ਹਾਂ ਦੇ ਨਾਲ ਆਈ ਸੀ। ਬੀਬੀ ਦਲੇਰ ਕੌਰ ਦੇ ਕਾਰਜ ਨਮਿਤ ਅਖੰਡ ਪਾਠ ਹੋ ਰਿਹਾ ਸੀ, ਸਰੋਤੇ ਜਨ ਅਖੰਡ ਪਾਠ ਸੁਣ ਰਹੇ ਸਨ। ਸਿਰੀ ਭਾਈ ਜੋਗਿੰਦਰ ਸਿੰਘ ਜੀ ਮੇਰੇ ਪਾਸ ਬੈਠੇ ਅਖੰਡ ਪਾਠ ਸੁਣਨ ਦਾ ਅਨੰਦ ਲੈ ਰਹੇ ਸਨ। ਮਾਸਟਰ ਜੋਗਿੰਦਰ ਸਿੰਘ ਜੀ ਬੜੂੰਦੀ ਵਾਲੇ ਅਖੰਡ ਪਾਠ ਕਰ ਰਹੇ ਸਨ। ਉਹਨਾਂ ਦਾ ਅਖੰਡ ਪਾਠ ਕੀ, ਅਰਸ਼ੋਂ ਕੁਰਸੋਂ ਫੁੱਲਾਂ ਦੀ ਵਰਖਾ ਹੋ ਰਹੀ ਸੀ। ਅਤੀ ਅਦਭੁਤ ਅਖੰਡ ਪਾਠ ਬੜੇ ਹੀ ਆਤਮ-ਤਰੰਗਾਂ ਵਿਚ ਮਾਸਟਰ ਜੋਗਿੰਦਰ ਸਿੰਘ ਜੀ ਕਰ ਰਹੇ ਸਨ। ਚਿਹਰੇ ਤੇ ਰੰਗ ਚਲੂਲੇ ਚੜ੍ਹੇ ਹੋਏ ਸਨ, ਥੋੜਾ ਥੋੜਾ ਦਾੜ੍ਹਾ ਚਾਰ ਚੁਫੇਰੇ ਮੁਖਾਰਬਿੰਦ ਤੇ ਆਇਆ ਹੋਇਆ ਸੀ।



www.AKJ.Org

ਸਿਰੀ ਭਾਈ ਜੋਗਿੰਦਰ ਸਿੰਘ ਜੀ ਦੀ ਆਤਮ-ਬਿਰਤੀ ਉਤੇ ਇਸ ਅਖੰਡ ਪਾਠ ਕਰ ਰਹੇ ਪਾਠੀ ਮਾਸਟਰ ਜੋਗਿੰਦਰ ਸਿੰਘ ਜੀ ਦਾ ਬੜਾ ਹੀ ਸੁੰਦਰ ਤੇ ਡੂੰਘਾ ਅਸਰ ਪਿਆ। ਪਾਠ ਸੁਣਦੇ-ਸੁਣਦੇ ਮੈਨੂੰ ਟੁੰਬ ਕੇ, ਪਰ ਧੀਰੇ ਧੀਰੇ ਉਹਨਾਂ ਨੇ ਇਹ ਕਹਿਣਾ ਅਰੰਭ ਕੀਤਾ, "ਅਸਾਡੀ ਬੱਚੀ ਸ਼ਰਨ ਕੌਰ ਵਾਸਤੇ ਇਹੋ ਜਿਹਾ ਹੀ ਵਰ ਚਾਹੀਦਾ ਹੈ।" ਮੇਰੇ ਮੂੰਹੋਂ ਨਿਕਲਿਆ ਕਿ ਇਹੋ ਜਿਹਾ ਤਾਂ ਇਹੋ ਹੀ ਹੈ। ਮੈਥੋਂ ਇਹ ਗੱਲ ਸੁਣਨ ਸਾਰ ਹੀ ਸਿਰੀ ਭਾਈ ਜੋਗਿੰਦਰ ਸਿੰਘ ਜੀ ਨੇ ਪੂਰਨ ਦ੍ਰਿੜ੍ਹਤਾ ਸਹਿਤ ਇਹ ਗੱਲ ਕਹਿ ਦਿੱਤੀ ਕਿ ਬਸ ਏਸੇ ਭੁਜੰਗੀ ਨਾਲ ਹੀ ਬੀਬੀ ਸ਼ਰਨ ਕੌਰ ਦਾ ਅਨੰਦ ਕਾਰਜ ਕਰ ਦਿਓ ਅਤੇ ਇਥੇ ਹੀ ਕਰ ਦਿਓ। ਬੀਬੀ ਦਲੇਰ ਕੌਰ ਦੇ ਅਨੰਦ ਦੇ ਪਿਛੋਂ ਹੀ ਨਾਲ ਦੇ ਨਾਲ ਕਰ ਦਿਓ। ਵਰ ਦਾ ਘਰ ਘਾਮ ਨਹੀਂ ਦੇਖਿਆ, ਧਨ ਧਾਮ ਨਹੀਂ ਪੁੱਛਿਆ, ਜਾਤ ਗੋਤ ਤਾਂ ਕੀ ਪੁਛਣੀ ਸੀ, ਬਸ ਅਨੰਦ ਕਾਰਜ ਕਰਨ ਲਈ ਤਤਪਰ ਹੋ ਗਏ। ਮੇਰੇ ਮੂੰਹੋਂ ਇਹ ਗੱਲ ਨਿਕਲੀ ਕਿ ਠੀਕ ਹੈ, ਐਸਾ ਹੀ ਹੋਵੇਗਾ ਜੈਸਾ ਆਪ ਨੇ ਚਿਤਵਿਆ ਹੈ, ਪਰੰਤੂ ਇੱਕ ਗੱਲ ਮੈਂ ਅਰਜ਼ ਕਰਦਾ ਹਾਂ, ਇਸ ਦਾ ਸਵੀਕਾਰ ਕਰਨਾ ਪਰਮ ਜ਼ਰੂਰੀ ਹੈ। ਉਹ ਇਹ ਹੈ ਕਿ ਬੱਚੀ ਸ਼ਰਨ ਕੌਰ ਨੂੰ ਇਹ ਵਰ ਭੁਜੰਗੀ ਅੱਖੀਂ ਵਿਖਾਇਆ ਜਾਵੇ। ਸਿਰੀ ਭਾਈ ਜੋਗਿੰਦਰ ਸਿੰਘ ਨੇ ਸਿਰ ਮੱਥੇ 'ਤੇ ਇਹ ਗੱਲ ਸਵੀਕਾਰ ਕੀਤੀ, ਮੈਨੂੰ ਆਖਿਆ : "ਹੁਣੇ ਹੀ ਬੇਬੇ ਕਰਤਾਰ ਕੌਰ ਜੀ (ਬੀਬੀ ਦਲੇਰ ਕੌਰ ਦੀ ਮਾਤਾ) ਨੂੰ ਸੱਦ ਕੇ ਕਹਿ ਦੇਵੋ ਕਿ ਬੀਬੀ ਸ਼ਰਨ ਕੌਰ ਨੂੰ ਹੇਠਾਂ ਜਾ ਕੇ ਇਹ ਸਾਰੀ ਹੀ ਵਾਰਤਾ ਸਮਝਾ ਦੇਵੇ।"

ਚੁਨਾਂਚਿ ਬੀਬੀ ਦਲੇਰ ਕੌਰ ਦੀ ਮਾਤਾ ਕਰਤਾਰ ਕੌਰ ਜੀ (ਸਾਡੀ ਸੁਪਤਨੀ) ਨੇ ਹੇਠਾਂ ਜਾ ਕੇ ਬੀਬੀ ਸ਼ਰਨ ਕੌਰ ਪਾਸ ਜਾ ਕੇ ਇਹ ਜ਼ਿਕਰ ਕੀਤਾ, "ਮਕਾਨ ਦੀ ਉਪਰਲੀ ਮੰਜ਼ਲ 'ਤੇ ਅਖੰਡ ਪਾਠ ਹੋ ਰਿਹਾ ਸੀ ਕਿ ਬੀਬੀ ਸ਼ਰਨ ਕੌਰ ਜੀ, ਤੇਰੇ ਪਿਤਾ ਭਾਈ ਜੋਗਿੰਦਰ ਸਿੰਘ ਜੀ ਤੇ ਤੇਰੇ ਤਾਇਆ ਜੀ (ਦਾਸ ਵਲ ਇਸ਼ਾਰਾ ਕਰਕੇ) ਨੇ ਤੇਰੇ ਅਨੰਦ ਕਾਰਜ ਦੇ ਸੰਬੰਧ ਲਈ ਇਕ ਵਰ ਟੋਲਿਆ ਹੈ, ਜਿਸ ਬਾਰੇ ਉਹਨਾਂ ਤੇਰੀ ਸੰਮਤੀ ਲੈਣ ਲਈ ਮੈਨੂੰ ਪ੍ਰੇਰਿਆ ਹੈ।"

ਇਸ ਦੇ ਉਤਰ ਵਿਚ ਅਸਾਡੀ ਹੰਸਲੀ ਭੈਣ ਬੀਬੀ ਹਰਬੰਸ ਕੌਰ ਦੇ ਕੁਖੋਂ ਜਾਈ ਅਤੇ ਸ੍ਰੀ ਭਾਈ ਜੋਗਿੰਦਰ ਸਿੰਘ ਜੀ ਦੀ ਅੰਸ ਤੋਂ ਉਤਪੰਨ ਹੋਈ ਬੱਚੀ, ਬੀਬੀ ਸ਼ਰਨ ਕੌਰ ਨੇ ਕਿਹਾ ਸੋਹਣਾ ਉਤਰ ਦਿੱਤਾ, ਕਰਤਾਰ ਕੌਰ ਨੂੰ ਕਹਿਣ ਲੱਗੀ : "ਤਾਈ ਜੀ, ਮੇਰੇ ਪੁਛਣ ਦੀ ਕੀ ਲੋੜ ਹੈ? ਜਿਥੇ ਸ੍ਰੀ ਭਾਈ ਸਾਹਿਬ ਤਾਇਆ ਜੀ ਅਤੇ ਮੇਰੇ ਪਿਤਾ ਜੀ ਮੇਰਾ ਸਾਕ ਕਰਦੇ ਹਨ, ਉਨ੍ਹਾਂ ਤੋਂ ਸ੍ਰੇਸ਼ਟ ਤੇ ਉਤਮ ਚਿਤਵਨੀ ਕੌਣ ਚਿਤਵ ਸਕਦਾ ਹੈ। ਜੋ ਕੁਝ ਉਹ ਕਰ ਰਹੇ ਹਨ, ਮੇਰੇ ਭਲੇ ਲਈ ਕਰ ਰਹੇ ਹਨ, ਮੈਨੂੰ ਹਰਗਿਜ਼ ਕੋਈ ਇਤਰਾਜ਼ ਨਹੀਂ।"

ਇਤਨੇ ਨੂੰ ਐਨ ਏਸੇ ਸਮੇਂ ਹੀ ਗੁਰੂ ਨੇਤ ਅਨੁਸਾਰ ਮਾਸਟਰ ਜੋਗਿੰਦਰ ਸਿੰਘ ਜੀ ਬੜੂੰਦੀ ਵਾਲੇ ਉਪਰੋਂ ਅਖੰਡ ਪਾਠ ਕਰਦੇ ਕਰਦੇ ਹੇਠਾਂ ਪੌੜੀਆਂ ਥਾਣੀਂ ਉਤਰ ਆਏ, ਕਿਉਂਕਿ ਪਾਠੀ ਦੀ ਬਦਲੀ ਹੋ ਚੁੱਕੀ ਸੀ। ਮਾਸਟਰ ਜੋਗਿੰਦਰ ਸਿੰਘ ਜੀ ਦੇ ਦੋਨੋਂ ਪੈਰ ਜਮਾਂਦਰੂ ਹੀ ਵਿੰਗ-ਤੜਿੰਗੇ ਅਤੇ ਲੁੰਜੇ-ਮੁੰਜੇ ਜਿਹੇ ਸਨ। ਜਦੋਂ ਉਪਰੋਂ ਆਉਂਦੇ ਮਾਸਟਰ ਜੋਗਿੰਦਰ ਸਿੰਘ ਜੀ, ਦੋਹਾਂ ਮਾਵਾਂ-ਧੀਆਂ ਗੱਲਾਂ ਕਰਦੀਆਂ ਦੇ ਪਾਸ ਦੀ ਲੰਘੇ ਤਾਂ ਕਰਤਾਰ ਕੌਰ ਨੇ ਬੀਬੀ ਸ਼ਰਨ ਕੌਰ ਜੀ ਨੂੰ ਇਸ਼ਾਰਾ ਕਰ ਕੇ ਕਿਹਾ: "ਇਹ ਭੁਜੰਗੀ ਹੈ ਜਿਸ ਦਾ ਰਿਸ਼ਤਾ ਤੇਰੇ ਨਾਲ ਕਰਨਾ ਚਾਹੁੰਦੇ ਹਾਂ, ਤੂੰ ਸਿਆਣੀ ਬੀਬੀ ਹੈਂ, ਦੇਖ ਲੈ! ਇਸ ਭੁਜੰਗੀ ਦੇ ਪੈਰ ਇਹੋ ਜਿਹੇ ਜਮਾਂਦਰੂ ਹੀ ਹਨ। ਤੇਰੇ ਤਾਇਆ ਜੀ ਅਤੇ ਤੇਰੇ ਪਿਤਾ ਜੀ ਨੇ ਇਸੇ ਕਰਕੇ ਇਹ ਭੁਜੰਗੀ ਦਿਖਾਣ ਲਈ ਮੈਨੂੰ ਪ੍ਰੇਰਿਆ ਹੈ ਕਿ ਮਤੇ ਬੀਬੀ ਦਾ ਕੋਈ ਪਿਛੋਂ ਇਤਰਾਜ਼ ਹੋਵੇ।"

**ਇਹ ਗੱਲ ਸੁਣ ਕੇ ਬੀਬੀ ਸ਼ਰਨ ਕੌਰ ਜੀ ਨੇ ਜੋ ਉਤਰ ਆਪਣੀ ਤਾਈਂ ਜੀ ਨੂੰ ਦਿੱਤਾ, ਉਹ ਬੜਾ ਹੀ ਦੰਗ ਕਰਨ ਵਾਲਾ ਸੀ। ਇਸ ਕਲਜੁਗ ਦੇ ਸਮੇਂ ਵਿਚ ਇਹੋ ਜਿਹੀਆਂ ਸਤੋਗੁਣੀ ਬੀਬੀਆਂ ਬਹੁਤ ਹੀ ਵਿਰਲੀਆਂ ਹਨ, ਜੋ ਇਸ ਪ੍ਰਕਾਰ ਦਾ ਉਤਰ ਦੇਣ। ਬੜੀ ਸ਼ਰਧਾ ਦੇ ਰੰਗ ਵਿਚ ਰੰਗੀਜ ਕੇ ਬੀਬੀ ਬੋਲੀ: "ਤਾਈ ਜੀ! ਉਸ ਬੀਬੀ ਦੁਖਭੰਜਨੀ ਵਾਲੀ ਦੇ ਵਰ ਨਾਲੋਂ ਭੀ ਇਹ ਵਰ ਅਧਿਕ ਅਣ-ਉਕਤ ਹੈ, ਜਿਸ ਨੂੰ ਉਸ ਦੇ ਪਿਤਾ ਨੇ ਇਕ ਪਿੰਗਲੇ ਨਾਲ ਹੀ ਵਿਆਹਤ ਕਰ ਦਿੱਤਾ ਸੀ ? ਅਤੇ ਇਹ ਆਪ ਨੂੰ ਪਤਾ ਹੀ ਹੈ ਕਿ ਉਸ ਪਿੰਗਲੇ ਨਾਲ ਵਿਆਹਤ ਬੀਬੀ ਦੀ ਸ਼ਰਧਾ ਨੂੰ**



www.AKJ.Org

**ਫਲ ਲੱਗੇ, ਇਹ ਪ੍ਰਸੰਗ ਜਗਤ ਪ੍ਰਸਿੱਧ ਹੈ, ਏਥੇ ਦੱਸਣ ਦੀ ਲੋੜ ਨਹੀਂ। ਮੈਨੂੰ ਹਰ ਹਾਲਤ ਵਿਚ ਇਹ ਵਰ ਸਿਰ ਮੱਥੇ 'ਤੇ ਪਰਵਾਨ ਹੈ।''**

ਇਹ ਉਤਰ ਸੁਣ ਕੇ ਕਰਤਾਰ ਕੌਰ ਜੀ ਦੰਗ ਰਹਿ ਗਏ ਅਤੇ ਉਸ ਦੇ ਰਾਹੀਂ ਅਸੀਂ ਸੁਣ ਕੇ ਵੀ ਅਤਿਅੰਤ ਪ੍ਰਸੰਨ ਹੋਏ। ਸਾਡਾ ਦੋਹਾਂ ਦਾ ਜੀਅ ਕਰੇ ਕਿ ਬੱਚੀ ਬੀਬੀ ਦੇ ਚਰਨਾਂ ਨੂੰ ਪੂਜੀਏ। ਜਿਸ ਕਿਸੇ ਨੇ ਵੀ ਇਹ ਗੱਲ ਸੁਣੀ, ਸਭ ਦੰਗ ਰਹਿ ਗਏ ਅਤੇ ਬੜੇ ਪ੍ਰਸੰਨ-ਚਿਤ ਹੋਏ।

ਗੱਲ ਕੀ, ਬੀਬੀ ਦਲੇਰ ਕੌਰ ਦੇ ਅਨੰਦ ਦੇ ਪਿਛੋਂ ਹੀ ਨਾਲ ਲਗਦਾ ਹੀ ਇਸ ਜੋੜੀ ਦਾ ਅਨੰਦ ਕੀਤਾ ਗਿਆ, ਅਰਥਾਤ, ਸ੍ਰੀ ਮਾਸਟਰ ਜੋਗਿੰਦਰ ਸਿੰਘ ਜੀ ਦਾ ਅਨੰਦ ਸ੍ਰੀ ਭਾਈ ਜੋਗਿੰਦਰ ਸਿੰਘ ਜੀ ਦੀ ਸਪੁੱਤਰੀ ਬੀਬੀ ਸ਼ਰਨ ਕੌਰ ਦੇ ਨਾਲ ਉਥੇ ਹੀ ਹੋ ਗਿਆ, ਨਾ ਕੋਈ ਜੰਞ ਆਈ, ਨਾ ਕੋਈ ਦਾਜ ਦਹੇਜ ਦਿੱਤਾ ਗਿਆ, ਨਾ ਕੋਈ ਸਾਕ ਅੰਗ ਕਬੀਲਾ ਸਦਿਆ ਗਿਆ। ਅਨੰਦ ਕਾਰਜ ਦੀ ਤਿਆਰੀ ਕਰਕੇ ਤਾਂ ਭਾਈ ਜੋਗਿੰਦਰ ਸਿੰਘ ਜੀ ਵੀ ਨਹੀਂ ਆਏ ਸਨ। ਉਹ ਤਾਂ ਬੀਬੀ ਦਲੇਰ ਕੌਰ ਜੀ ਦੇ ਅਨੰਦ ਕਾਰਜ ਦੇਖਣ ਲਈ ਆਪਣੀ ਸਪੁੱਤਰੀ ਸਮੇਤ ਸਾਡੇ ਸੱਦੇ ਹੋਏ ਮੇਲੀ ਬਣ ਕੇ ਆਏ ਸਨ। ਸ੍ਰੀ ਭਾਈ ਜੋਗਿੰਦਰ ਸਿੰਘ ਜੀ ਦੀ ਸਪੁੱਤਰੀ ਸ੍ਰੀ ਬੀਬੀ ਸ਼ਰਨ ਕੌਰ ਦੇ ਸਿਦਕ-ਭਰੋਸੇ ਦੀ ਅਨਿੰਨਤਾ ਵਾਲੀ ਨਜ਼ੀਰ, ਜੋ ਸਦਾ ਕਾਇਮ ਦਾਇਮ ਰਹੇਗੀ, ਆਪ ਦੇਖ ਹੀ ਚੁੱਕੇ ਹੋ। ਏਧਰ ਜੋ ਸ੍ਰੀ ਭਾਈ ਜੋਗਿੰਦਰ ਸਿੰਘ ਜੀ ਨੇ ਆਪਣੀ ਸਪੁੱਤਰੀ ਦੇ ਪੂਰਨ ਗੁਰਮਤਿ ਅਨੁਸਾਰ ਅਨੰਦ ਕਰਨ ਦੇ ਪੂਰਨੇ ਪਾਏ, ਉਹ ਵੀ ਅੱਜ ਤਕ ਨਾ ਕਿਸੇ ਨੇ ਪਾਏ ਹਨ, ਨਾ ਕਿਸੇ ਨੇ ਸੌਖੇ ਹੀ ਪਾਵਣੇ ਹਨ। ਆਨਨ ਫ਼ਾਨਨ ਅਨੰਦ ਕਾਰਜ ਹੋ ਗਿਆ। ਉਦੋਂ ਹੀ ਪਤਾ ਲਗਾ ਜਦੋਂ ਪਰਿਕਰਮਾ ਲਈਆਂ ਗਈਆਂ। ਸਾਰਾ ਪਿੰਡ ਨਾਰੰਗਵਾਲ ਦਾ ਢਕੋ ਢਕੀ ਇਹ ਅਦੁੱਤੀ ਅਨੰਦ ਕਾਰਜ ਦੇਖ ਰਿਹਾ ਸੀ, ਸਾਡੇ ਪਿੰਡ ਨਿਵਾਸੀ ਨਾਰੰਗਵਾਲ ਵਾਲਿਆਂ ਨੂੰ ਇਹ ਵੀ ਪਤਾ ਸੀ ਕਿ ਸ੍ਰੀ ਭਾਈ ਜੋਗਿੰਦਰ ਸਿੰਘ ਜੀ ਰਾਏਪੁਰ ਦੇ ਹੀ ਰਹਿਣ ਵਾਲੇ ਹਨ। ਇਨ੍ਹਾਂ ਚਹੁੰਆਂ ਪੰਜਾਂ ਸਾਊ-ਅਖਵਾਉਣ ਵਾਲਿਆਂ ਪਿੰਡਾਂ ਦੇ ਲੋਕਾਂ ਨੂੰ ਸਾਊਂ ਹੋਣ ਦਾ ਬੜਾ ਹੀ ਗਰਬ ਗੁਮਾਨ ਹੈ। ਗੁਰਮਤਿ ਤੋਂ ਵਾਂਜੇ ਹੋਏ ਇਨ੍ਹਾਂ ਪਿੰਡਾਂ ਦੇ ਸਾਰੇ ਅਨਮਤੀ ਲੋਕ, ਇਸ ਗੱਲ ਦਾ ਬੜਾ ਹੀ ਗਰਬ ਗੁਮਾਨ ਰੱਖਦੇ ਹਨ। ਗਰੇਵਾਲ ਗੋਤ ਨੂੰ ਇਹ ਬੜੀ ਉਚ ਕੁਲਤਾ ਵਾਲੀ ਪਦਵੀ ਦਿੰਦੇ ਹਨ। ਇਨ੍ਹਾਂ ਪਿੰਡਾਂ ਦੀਆਂ ਲੜਕੀਆਂ ਬੜੂੰਦੀ ਆਦਿਕ ਪਿੰਡਾਂ ਵਿਚ ਕਦੇ ਨਹੀਂ ਵਿਆਹੀਆਂ ਵਰੀਆਂ ਗਈਆਂ, ਬਲਕਿ ਬੜੂੰਦੀ ਸਾਰਖੇ ਪਿੰਡਾਂ ਦੀਆਂ ਅਣਗਿਣਤ ਲੜਕੀਆਂ ਨਾਰੰਗਵਾਲ ਆਦਿ ਗਰੇਵਾਲ ਪਿੰਡਾਂ ਵਿਚ ਵਿਆਹੀਆਂ ਵਰੀਆਂ ਜਾਂਦੀਆਂ ਰਹੀਆਂ ਹਨ। ਸ੍ਰੀ ਭਾਈ ਜੋਗਿੰਦਰ ਸਿੰਘ ਜੀ ਨੇ ਇਸ ਕਾਣ-ਕਨੌਡ ਨੂੰ ਭੀ ਪੈਰਾਂ ਤਲੇ ਮਸਲ ਦਿੱਤਾ, ਕੋਈ ਪਰਵਾਹ ਨਹੀਂ ਕੀਤੀ, ਕੇਵਲ ਗੁਰਮਤਿ ਦੀ ਹੀ ਪਰਵਾਹ ਰੱਖੀ।

ਪਿੱਛੋਂ ਖੁੰਡ-ਕੌਂਸਲ ਵਿਚ ਇਸ ਭਾਵ ਦੀ ਚਰਚਾ ਹੋਣ ਲੱਗੀ ਕਿ ਇਸ ਜੋਗਿੰਦਰ ਸਿੰਘ ਨੇ, ਜੋ ਪਟਿਆਲੇ ਦਾ ਬੜਾ ਅਹਿਲਕਾਰ ਬਣਿਆ ਫਿਰਦਾ ਹੈ, ਆਪਣੀ ਸੁਚੱਜੀ ਅਤੇ ਸੁਲੱਖਣੀ ਲੜਕੀ ਨੂੰ ਇਕ ਲੁੰਜੇ ਜਿਹੇ ਲੜਕੇ ਨਾਲ ਵਿਆਹ ਦਿੱਤਾ ਤੇ ਉਸ ਦਾ ਰਿਸ਼ਤਾ ਬੜੂੰਦੀ ਕਰ ਦਿੱਤਾ। ਇਹ ਚਰਚਾ ਕਈ ਦਿਨ ਖੁੰਢ-ਕੌਂਸਲ-ਮਜਲਸਾਂ ਵਿਚ ਚਲਦੀ ਰਹੀ, ਪਰ ਸਾਡੇ ਸਾਹਮਣੇ ਆ ਕੇ ਨਾ ਕੋਈ ਬੋਲੇ, ਨਾ ਕੋਈ ਕੂਏ। ਸਾਨੂੰ ਇਨ੍ਹਾਂ ਦੀ ਚੁੰਚ-ਚਰਚਾ ਦੀ ਕੀ ਪ੍ਰਵਾਹ ਸੀ ? ਸ੍ਰੀ ਭਾਈ ਜੋਗਿੰਦਰ ਸਿੰਘ ਜੀ ਤਾਂ ਬੜੇ ਹੀ ਬੇਪ੍ਰਵਾਹੀ ਰੰਗਾਂ ਵਿਚ ਖੇਡਦੇ ਸਨ। ਸਾਰੇ ਸਿੱਖ-ਮੰਡਲਾਂ ਵਿਚ ਇਸ ਅਦੁੱਤੀ ਅਨੰਦ ਕਾਰਜ ਦੀ ਬੜੀ ਹੀ ਖੁਸ਼ਧਾਮੀ ਧਾਂਕ ਪੈ ਗਈ ਸੀ।

ਇਨ੍ਹਾਂ ਦੋਹਾਂ ਅਨੰਦ ਕਾਰਜਾਂ ਨੂੰ ਕਰ ਕੇ ਗੁਰਮੁਖਾਂ ਦੀ ਸਾਰੀ ਸੰਗਤ, ਮਾਸਟਰ ਪਾਰਟੀ ਸਮੇਤ, ਭੁਝੰਗੀ ਬਲਬੀਰ ਸਿੰਘ ਜੀ ਦੇ ਅਨੰਦ ਕਾਰਜ ਲਈ ਪਿਆਨੇ ਕਰ ਗਈ। ਅਸਾਡੇ ਵਾਪਸ ਆਉਂਦਿਆਂ ਨੂੰ ਲੋਕਾਂ ਦੀ ਚਵਾਂ-ਚਵੀਂ ਭੀ ਮਿਟ ਗਈ। ਐਸੀ ਚਰਚਾ ਚਾਰ ਦਿਨ ਦੀ ਹੀ ਹੁੰਦੀ ਹੈ। ਓਧਰ ਬਲਬੀਰ ਸਿੰਘ ਦੇ ਗੁਰਮਤਿ ਅਨੰਦ ਕਾਰਜ ਦੀ ਵੀ ਐਸੀ ਹੀ ਸ਼ਲਾਘਾ ਹੋਣ ਲੱਗੀ, ਜਿਸ ਨੇ ਆਪ ਲੋਕ-ਲਾਜੀ ਚਰਚਾਵਾਂ ਸਾਰੀਆਂ ਨੂੰ ਮੱਠੀਆਂ ਪਾ ਦਿੱਤਾ। ਸ੍ਰੀ ਭਾਈ



www.AKJ.Org

ਜੋਗਿੰਦਰ ਸਿੰਘ ਜੀ ਤਿੰਨ ਅਨੰਦ ਕਾਰਜਾਂ ਦਾ ਅਨੰਦ ਭੁੰਚ ਕੇ, ਆਪਣੀ ਸਪੁੱਤਰੀ ਬੀਬੀ ਸ਼ਰਨ ਕੌਰ ਸਮੇਤ ਵਾਪਸ ਪਟਿਆਲੇ ਚਲੇ ਗਏ। ਮਾਸਟਰ ਜੋਗਿੰਦਰ ਸਿੰਘ ਜੀ ਵੀ ਪਟਿਆਲੇ ਜਾ ਕੇ ਬੀਬੀ ਸ਼ਰਨ ਕੌਰ ਨੂੰ ਬੜੂੰਦੀ ਲੈ ਆਏ, ਜੋ ਹੁਣ ਤਾਈਂ ਬੜੀ ਹੀ ਸੁਖੀ ਵਸਦੀ ਰਸਦੀ ਹੈ। ਜੈਸਾ ਇਸ ਜੋੜੀ ਦਾ ਪਵਿੱਤਰ ਪਾਵਨ ਰਿਸ਼ਤਾ ਹੋਇਆ ਹੈ, ਕਿਸੇ ਵਿਰਲੀ ਜੋੜੀ ਦਾ ਹੋਣਾ ਹੈ ਅਤੇ ਜੈਸੀ ਇਹ ਜੋੜੀ ਸੁਖੀ ਵਸ ਰਹੀ ਹੈ, ਐਸੀ ਕੋਈ ਵਿਰਲੀ ਜੋੜੀ ਹੀ ਸੁਖੀ ਵਸਦੀ ਹੈ। ਸ੍ਰੀਮਾਨ ਸ੍ਰੀ ਭਾਈ ਜੋਗਿੰਦਰ ਸਿੰਘ ਜੀ ਦੀਆਂ ਖੁਸ਼ੀਆਂ ਦੀ ਤਾਂ ਹੱਦ ਹੀ ਕੋਈ ਨਹੀਂ ਸੀ।

ਜਦੋਂ ਭਾਈ ਸਾਹਿਬ ਪੁਸਤਕਾਂ ਦੀ ਰਚਨਾ ਕਰਦੇ ਹੁੰਦੇ ਸਨ ਤਾਂ ਉਹਨਾਂ ਦੀ ਲਿਖਾਈ ਕੋਈ-ਕੋਈ ਹੀ ਪੜ੍ਹ ਸਕਦਾ ਸੀ। ਮਾਸਟਰ ਜੋਗਿੰਦਰ ਸਿੰਘ ਜੀ ਨੇ ਇਹ ਸੇਵਾ ਆਪਣੇ ਜਿੰਮੇ ਲੈ ਲਈ ਹੋਈ ਸੀ ਕਿ ਭਾਈ ਸਾਹਿਬ ਦੇ ਸਮੁੱਚੇ ਖਰੜਿਆਂ ਨੂੰ ਪ੍ਰੈੱਸ ਵਿੱਚ ਭੇਜਣ ਤੋਂ ਪਹਿਲਾਂ ਖੁਸ਼ਖਤ ਕਰਕੇ ਦੁਬਾਰਾ ਲਿਖਣਾ ਅਤੇ ਨਾਲੇ ਹਵਾਲੇ ਵਜੋਂ ਦਿੱਤੀਆਂ ਗੁਰਬਾਣੀ ਦੀਆਂ ਤੁਕਾਂ ਅਤੇ ਲਗਾ ਮਾਤ੍ਰਾਂ ਆਦਿ ਨੂੰ ਸੋਧ ਕੇ ਲਿਖਣਾ। 'ਗੁਰਮਤਿ ਮੰਡਨ ਮਨਮਤ ਖੰਡਨ' ਪੁਸਤਕ ਭਾਈ ਸਾਹਿਬ ਨੇ ਬੋਲ ਕੇ ਮਾਸਟਰ ਜੀ ਨੂੰ ਲਿਖਵਾਈ ਸੀ। ਇਉਂ ਭਾਈ ਸਾਹਿਬ ਦੀਆਂ ਸਾਰੀਆਂ ਪੁਸਤਕਾਂ ਦੀ ਸੰਨ 1933 ਤੋਂ ਸੇਵਾ ਆਰੰਭ ਕੇ, ਸਾਡੇ ਤਕ ਵਰਤਮਾਨ ਹਾਲਤ ਵਿੱਚ ਪਹੁੰਚਾਉਣ ਲਈ ਮਾਸਟਰ ਜੁਗਿੰਦਰ ਸਿੰਘ ਜੀ ਨੇ ਬਹੁਤ ਵੱਡੀ ਘਾਲਣਾ ਘਾਲੀ। ਇਸ ਤੋਂ ਬਿਨਾਂ ਆਪ ਨੇ ਦੋ ਪੁਸਤਕਾਂ ਭੀ ਰਚੀਆਂ (1) ਗੁਰਮਤਿ ਗੁਹਜ ਰਤਨ ਅਤੇ (2) ਸੁੰਞੇ ਘਰ ਕਾ ਪਾਹੁਣਾ। ਇਸ ਤੋਂ ਇਲਾਵਾ ਗੁਰਮਤਿ ਦੇ ਗੂੜ ਵਿਸ਼ਿਆਂ ਤੇ ਉਨ੍ਹਾਂ ਦੇ ਲਿਖੇ ਕਈ ਲੇਖ 'ਸੂਰਾ' ਮਾਸਿਕ ਪੱਤਰ ਵਿਚ ਵੀ ਛੱਪਦੇ ਰਹੇ ਹਨ। ਆਪ ਨੇ ਰੀਟਾਇਰ ਹੋਣ ਉਪਰੰਤ 'ਦੀ ਲਾਇਨ ਪ੍ਰਿੰਟਿੰਗ ਪ੍ਰੈੱਸ' ਲਗਾਇਆ ਅਤੇ ਉਹ ਆਪ ਦੇ ਸੰਨ 1964 ਵਿਚ ਚੜ੍ਹਾਈ ਕਰਨ ਤਾਈਂ ਚਲਦਾ ਰਿਹਾ।

ਆਪ ਜੀ ਲੜੀਦਾਰ ਸਰੂਪ ਤੋਂ ਪਾਠ ਕਰਨ ਦੇ ਇੱਕ ਰਸੀਲੇ ਅਖੰਡਪਾਠੀ ਸਨ। ਭਾਈ ਰਣਧੀਰ ਸਿੰਘ ਜੀ ਦੇ ਪੁਰਾਣੇ ਸੰਗੀ ਸਾਥੀ ਲਗਪਗ ਸਾਰੇ ਚੰਗੇ ਅਖੰਡ ਪਾਠੀ ਹੋਇਆ ਕਰਦੇ ਸਨ। ਕੀਰਤਨ ਬੜੇ ਰਸੀਲੇ ਢੰਗ ਨਾਲ ਸੁਣਨ ਕਰਕੇ ਜੱਥੇ ਦੇ ਸਾਰੇ ਪੁਰਾਤਨ ਸਿੰਘ ਸ਼ੁੱਧ ਗੁਰਬਾਣੀ ਦੇ ਪਾਠ ਦੇ ਬੜੇ ਤਕੜੇ ਪਾਠੀ ਹੁੰਦੇ ਸਨ। ਭਾਈ ਸਾਹਿਬ ਜਿੱਥੇ ਕਿਥੇ ਭੀ ਕੀਰਤਨ ਸਮਾਗਮਾਂ ਲਈ ਜਾਂਦੇ ਹੁੰਦੇ ਸਨ ਉੱਥੇ ਨਾਲ ਹੀ ਅਖੰਡ ਪਾਠ ਸਾਹਿਬ ਦੀਆਂ ਹਾਜ਼ਰੀਆਂ ਵੀ ਭਰਦੇ ਹੁੰਦੇ ਸਨ। 'ਰੰਗਲੇ ਸੱਜਣ' ਪੁਸਤਕ ਵਿੱਚ ਭਾਈ ਸਾਹਿਬ ਨੇ ਜੋ ਕਲਮੀ ਚਿੱਤਰ ਅੰਕਤ ਕੀਤੇ ਹਨ, ਉਹਨਾਂ ਵਿੱਚੋਂ ਕਈਆਂ ਨੇ ਇਕ ਚੌਂਕੜੇ ਨਾਲ ਹੀ ਸਾਰਾ ਸ੍ਰੀ ਅਖੰਡਪਾਠ ਸਰਵਨ ਕੀਤਾ ਹੈ। ਮਾਸਟਰ ਜੋਗਿੰਦਰ ਸਿੰਘ ਜੀ ਨੇ ਭੀ ਕਈ ਅਖੰਡ ਪਾਠ ਇਕ ਚੌਂਕੜੇ ਨਾਲ ਸੁਣੇ ਸਨ। ਸ੍ਰੀ ਅਖੰਡਪਾਠ ਸਰਵਨ ਕਰਨ ਵਿਚੋਂ ਹੀ ਗੁਰਬਾਣੀ ਦੀ ਪਾਰਸ ਕਲਾ ਵਰਤਦੀ ਹੈ। ਅੱਜ ਕਲ ਤਾਂ ਕੇਵਲ ਰਵਾਇਤੀ ਤੌਰ 'ਤੇ ਸਮਾਗਮਾਂ ਦੇ ਨੇੜੇ ਸ੍ਰੀ ਅਖੰਡਪਾਠ ਸਾਡੇ ਪ੍ਰੋਗਰਾਮਾਂ ਦਾ ਇਕ ਭਾਗ ਜ਼ਰੂਰ ਹੁੰਦਾ ਹੈ ਪਰ ਉਸ ਵਿੱਚ ਹਾਜ਼ਰੀਆਂ ਭਰਨ ਵਾਲੇ ਸਿੰਘ ਸਿੰਘਣੀਆਂ ਟਾਂਵੇ-ਟਾਂਵੇ ਹੀ ਵੇਖਣ ਵਿੱਚ ਆਉਂਦੇ ਹਨ। ਸ਼ਾਇਦ ਇਹੋ ਕਾਰਣ ਹੈ ਕਿ ਬਾਣੀ ਦੇ ਰਸੀਏ ਭੀ ਅੱਗੇ ਨਾਲੋਂ ਘਟ ਗਏ ਹਨ। ਆਪ ਜੀ ਦੀ ਸੁੱਚੀ ਸੱਚੀ ਕ੍ਰਿਤ, ਨਾਮ ਬਾਣੀ ਦੀ ਅਤੁੱਟ ਕਮਾਈ ਅਤੇ ਅਖੰਡ ਪਾਠੀ ਹੋਣ ਕਰਕੇ ਸਮੇਂ-ਸਮੇਂ ਅੰਮ੍ਰਿਤ ਸੰਚਾਰ ਦੇ ਸਮਾਗਮਾਂ ਵਿਚ ਪੰਚਾਂ ਦੀ ਸੇਵਾ ਵਿਚ ਆਪ ਨੂੰ ਵੀ ਸ਼ਾਮਿਲ ਕੀਤਾ ਜਾਂਦਾ ਸੀ।

ਭਾਈ ਸਾਹਿਬ ਮਾਸਟਰ ਜੋਗਿੰਦਰ ਸਿੰਘ ਜੀ ਨੇ ਮਾਰਚ 1959 ਵਿੱਚ ਜ਼ਿਲ੍ਹਾ ਲੁਧਿਆਣੇ ਅਤੇ ਸੰਗਰੂਰ ਦੇ ਆਸ ਪਾਸ ਪਿੰਡਾਂ ਦੀਆਂ ਸੰਗਤਾਂ ਨੂੰ ਗੁਰੂ ਘਰ ਨਾਲ ਜੋੜਨ ਅਤੇ ਗੁਰਮਤਿ ਪ੍ਰਚਾਰ ਲਈ 'ਮਾਸਿਕ ਰੈਣਿ-ਸਬਾਈ' ਕੀਰਤਨ ਸਮਾਗਮਾਂ ਦੀ ਅਰੰਭਤਾ, ਮਾਸਟਰ ਉਜਾਗਰ ਸਿੰਘ (ਫਰਵਾਲੀ) (ਜੋ ਉਨ੍ਹਾਂ ਦੇ ਨਜ਼ਦੀਕੀ ਰਿਸ਼ਤੇਦਾਰੀ ਵਿਚੋਂ ਸਨ, ਤੇ ਜਿਨ੍ਹਾਂ ਆਪ ਜੀ ਪ੍ਰੇਰਨਾ ਨਾਲ ਹੀ ਪ੍ਰੀਵਾਰ ਸਮੇਤ ਜੱਥੇ ਤੋਂ ਅੰਮ੍ਰਿਤ ਛਕਿਆ ਸੀ) ਰਾਹੀਂ ਕਰਵਾਈ। ਭਾਈ ਅਮੋਲਕ ਸਿੰਘ ਯੂ.ਕੇ ਵਾਲੇ ਵੀ ਆਪ ਜੀ ਦੇ ਸਕੇ ਭਣੇਵੇਂ ਸਨ, ਜਿਹੜੇ ਨਾਰੰਗਵਾਲ ਹੀ ਵਿਆਹੇ ਹੋਏ ਸਨ ਤੇ ਜੱਥੇ ਦੇ ਪ੍ਰਮੁੱਖ ਕੀਰਤਨੀਆਂ ਵਿਚੋਂ ਸਨ। ਉਹ ਬੜੇ ਉਤਸ਼ਾਹ ਨਾਲ ਕੀਰਤਨ ਕਰਦੇ ਹੁੰਦੇ ਸਨ। ਇਹਨਾਂ ਮਾਸਿਕ ਰੈਣਿ ਸਬਾਈਆਂ ਨੇ


www.AKJ.Org

ਮਾਲਵੇ ਦੇ ਇਲਾਕੇ ਵਿੱਚ ਕਾਫੀ ਗੁਰਮਤਿ ਦਾ ਪ੍ਰਚਾਰ ਕੀਤਾ ਅਤੇ ਹੁਣ ਤੱਕ ਇਹ ਮਾਸਿਕ ਰੈਣਿ ਸਬਾਈ ਕੀਰਤਨ ਦੇ ਪ੍ਰੋਗਰਾਮ ਚੱਲ ਰਹੇ ਹਨ।

ਭਾਈ ਜੋਗਿੰਦਰ ਸਿੰਘ ਜੀ ਦੇ ਚਿਹਰੇ ਤੇ ਸਦਾ ਖੇੜਾ ਹੁੰਦਾ ਸੀ, ਅੰਦਰ ਨਾਮ ਦੀ ਰੌਂ ਚਲਦੀ ਸੀ। ਜਦੋਂ ਵੀ ਮਿਲਦੇ ਬੜੇ ਪਿਆਰ ਅਤੇ ਸਤਿਕਾਰ ਨਾਲ ਮਿਲਦੇ। ਆਪ ਗੁਰੂ ਅਤੇ ਗੁਰੂ ਪੰਥ ਦੀ ਸੇਵਾ ਨੂੰ ਆਪਣੇ ਜੀਵਨ ਦਾ ਮਨੋਰਥ ਸਮਝਦੇ ਸਨ। ਅਖੀਰ ਇਹ ਗੁਰਮੁਖ ਰੂਹ ਆਪਣਾ ਜਨਮ ਸਫਲਾਅ ਕੇ ਮਿਤੀ 3 ਜੁਲਾਈ 1964 ਨੂੰ ਪੰਜ ਭੂਤਕ ਸਰੀਰਕ ਚੋਲਾ ਤਿਆਗ ਕੇ ਗੁਰੂ-ਗੁਰੂ ਜਪਦੀ, ਗੁਰੂ ਚਰਨਾਂ ਵਿਚ ਜਾ ਬਿਰਾਜੀ।

**ਗੁਰਬਾਣੀ ਦੀ ਪਾਰਸ-ਕਲਾ : ਵਲੋਂ ਮਾਸਟਰ ਜੁਗਿੰਦਰ ਸਿੰਘ ਜੀ ਬੜੂੰਦੀ**

ਮਾਸਟਰ ਜੁਗਿੰਦਰ ਸਿੰਘ ਜੀ 'ਸੁੰਞੇ ਘਰ ਕਾ ਪਾਹੁਣਾ' ਵਿਚਲੇ ਲੇਖ ਵਿੱਚ ਲਿਖਦੇ ਹਨ ਕਿ—

ਇਕ ਦਿਨ ਦੀ ਗੱਲ ਹੈ ਕਿ ਪੱਤੀ ਰੋਕੋਂ ਵਿਖੇ ਮੈਨੂੰ ਸ੍ਰੀ ਅਖੰਡ ਪਾਠ ਦੀ ਰੌਲ ਲਾਉਣ ਦਾ ਅਵਸਰ ਮਿਲਿਆ। ਇਹ ਪਾਠ ਸ. ਜੁਗਿੰਦਰ ਸਿੰਘ ਜੀ ਐੱਸ.ਡੀ.ਓ. ਨੇ ਆਪਣੀ ਹਵੇਲੀ ਦੇ ਉਤਲੇ ਚਉਬਾਰੇ ਵਿੱਚ ਕਰਵਾਇਆ ਸੀ। ਜਦ ਕੋਈ ਪੰਦਰ੍ਹਾਂ ਕੁ ਮਿੰਟ ਮੇਰੀ ਰੌਲ ਦੇ ਰਹਿ ਗਏ ਤਾਂ ਸ. ਸਵਾਈ ਸਿੰਘ ਜੀ ਅਚਨਚੇਤ ਹੀ ਸ੍ਰੀ ਅਖੰਡ ਪਾਠ ਵਾਲੇ ਕਮਰੇ ਵਿੱਚ ਬੜੇ ਅਦਬ ਸਤਿਕਾਰ ਨਾਲ ਮੱਥਾ ਟੇਕ ਕੇ ਆ ਬੈਠੇ ਤੇ ਪ੍ਰੇਮ ਪਿਆਰ ਨਾਲ ਇਕ-ਮਨ ਇਕ-ਚਿਤ ਹੋ ਕੇ ਪਾਠ ਸੁਣਨ ਲਗ ਪਏ। ਉਸ ਸਮੇਂ ਪਾਠ ਭੀ ਉੱਚੀ ਸੁਰ ਨਾਲ, ਵੈਰਾਗਮਈ ਢੰਗ ਨਾਲ ਐਸਾ ਨਿਖਰਵਾਂ ਹੋ ਰਿਹਾ ਸੀ, ਮਾਨੋ ਸਰੋਤਿਆਂ ਦੇ ਹਿਰਦਿਆਂ ਨੂੰ ਵਿੰਨ੍ਹੀ ਜਾ ਰਿਹਾ ਸੀ।

ਜਦ ਮੈਂ ਪਾਠ ਤੋਂ ਵਿਹਲਾ ਹੋ ਕੇ ਆਪਣੇ ਘਰ ਜਾਣ ਲਗਾ ਤਾਂ ਸ. ਸਵਾਈ ਸਿੰਘ ਜੀ ਭੀ ਮੇਰੀ ਗੈਲੇ ਹੋ ਤੁਰੇ। ਓਹਨਾਂ ਦਾ ਘਰ ਮੇਰੇ ਰਸਤੇ ਵਿੱਚ ਹੀ ਸੀ। ਘਰ ਦੇ ਪਾਸ ਪੁੱਜਣ ਸਾਰ ਫੁਰਤੀ ਨਾਲ ਮੇਰੇ ਅੱਗੇ ਆ ਖੜੋਤੇ ਅਤੇ ਇਕ ਸਹਿਜ ਪਾਠ ਆਪਣੇ ਗ੍ਰਹਿ ਵਿਖੇ ਕਰਵਾਉਣ ਲਈ ਨਿਮਰਤਾ ਸਹਿਤ ਜ਼ੋਰਦਾਰ ਸ਼ਬਦਾਂ ਵਿੱਚ ਅਪੀਲ ਕੀਤੀ। ਮੇਰਾ ਆਪਣਾ ਮਨ ਉਸ ਸਮੇਂ ਗੁਰਬਾਣੀ ਦੀ ਪਾਰਸ-ਕਲਾ ਨਾਲ ਦ੍ਰਵੀ ਭੂਤ ਹੋਇਆ ਪਿਆ ਸੀ। ਸੁਰਤਿ ਨਾਮ ਵਿੱਚ ਲੀਣ ਸੀ। ਉਹਨਾਂ ਦੀ ਪ੍ਰਬਲ ਪ੍ਰੇਰਨਾ ਦੇ ਅਧੀਨ ਹੋ ਕੇ ਝਟ ਪਟ ਹੀ ਪਰਵਾਨਗੀ ਦੇਣ ਦੀ ਕੀਤੀ। ਉਹਨਾਂ ਨੇ ਮਕਾਨ ਦੀ ਸਫ਼ਾਈ, ਧੂਪ ਦੀਪ ਦੀ ਸੇਵਾ, ਮਹਾਰਾਜ ਜੀ ਦੀ ਹਾਜ਼ਰੀ ਸਮੇਂ ਪਹਿਰੇ ਦਾ ਜ਼ੁੱਮਾ ਅਤੇ ਪਾਠ ਦੀ ਪੂਜਾ ਕਿਸੇ ਜੋਗ ਥਾਂ ਤੇ ਲਾਉਣ ਆਦਿ ਸਾਰੀਆਂ ਗੱਲਾਂ ਖ਼ੁਸ਼ੀ ਨਾਲ ਮਨਜ਼ੂਰ ਕਰ ਲਈਆਂ, ਸਗੋਂ ਸਾਰਾ ਪਾਠ ਤੱਤਪਰ ਹੋ ਕੇ ਸੁਨਣ ਦਾ ਬਚਨ ਭੀ ਦੇ ਦਿੱਤਾ।

ਪੂਰੀ ਤਿਆਰੀ ਪਸ਼ਚਾਤ ਗੁਰ-ਮਰਯਾਦਾ ਅਨੁਸਾਰ ਪਾਠ ਪ੍ਰਾਰੰਭ ਕੀਤਾ ਗਿਆ। ਆਂਢ ਗੁਆਂਢ ਦੇ ਹੋਰ ਕਈ ਪ੍ਰੇਮੀ ਸਜਣ ਭੀ ਪਾਠ ਸੁਣਨ ਲਈ ਹਾਜ਼ਰੀਆਂ ਭਰਨ ਲਗੇ। ਓਹਨਾਂ ਦਾ ਗੁਆਂਢੀ ਲਾਲਾ ਪ੍ਰਿਥੀ ਚੰਦ ਗੁਰਬਾਣੀ ਦਾ ਬੜਾ ਸ਼ਰਧਾਲੂ ਸੀ। ਉਸ ਨੇ ਤਾਂ ਇਕ ਦਿਨ ਭੀ ਨਾਗਾ ਨਾ ਪੈਣ ਦਿੱਤਾ।

ਇਕ ਦਿਨ ਸ. ਸਵਾਈ ਸਿੰਘ ਜੀ ਪਾਠ ਸੁਣਦੇ-ਸੁਣਦੇ ਉੱਚੀ-ਉੱਚੀ ਭੁੱਬਾ ਮਾਰ ਕੇ ਰੋਣ ਲਗ ਪਏ, ਮਾਨੋ ਉਨ੍ਹਾਂ ਤੇ ਗੁਰਬਾਣੀ ਦੇ ਪਾਠ ਨੇ ਪਾਰਸ-ਕਲਾ ਵਰਤਾ ਦਿੱਤੀ। ਉਹਨਾਂ ਦੀ ਇਸ ਵੈਰਾਗਮਈ ਦਸ਼ਾ ਦਾ ਮੇਰੇ ਅਤੇ ਸਰੋਤਿਆਂ ਤੇ ਬੜਾ ਡੂੰਘਾ ਅਸਰ ਪਿਆ। ਮੇਰਾ ਹਿਰਦਾ ਭੀ ਦ੍ਰਵੀਭੂਤ ਹੋ ਗਿਆ। ਗਲਾ ਪਾਠ ਕਰਨੋਂ ਰੁਕ ਖੜੋਤਾ ਅਤੇ ਨੇਤਰ ਜਲ-ਪੂਰਤ ਹੋ ਗਏ। ਕੁਝ ਸਮਾਂ ਚੁੱਪ ਹੀ ਵਰਤੀ ਰਹੀ। ਆਖ਼ਰ ਮੇਰੇ ਵੱਲੋਂ ਕਾਰਨ ਪੁਛਣ ਤੇ, ਸ. ਸਵਾਈ ਸਿੰਘ ਨੇ ਹਾਹੁਕੇ ਲੈਂਦਿਆਂ, ਥਿੜਕਵੀਂ ਅਤੇ ਹਿਰਦੇ-ਵੇਧਕ ਅਵਾਜ਼ ਅੰਦਰ ਐਉਂ ਉੱਤਰ ਦਿੱਤਾ—

"ਮਾਸਟਰ ਜੀ ਬੱਸ! ਮੈਥੋਂ ਅੱਗੇ ਪਾਠ ਸੁਣਿਆ ਨਹੀਂ ਜਾਂਦਾ। ਜੋ ਪੌਲੇ (ਜੁੱਤੀਆਂ) ਗੁਰੂ ਸਾਹਿਬ ਜੀ ਵੱਲੋਂ ਗੁਰਬਾਣੀ ਦੁਆਰਾ ਮੇਰੇ ਮੂੰਹ ਤੇ ਪੈ ਰਹੇ ਹਨ ਓਹ ਮੈਥੋਂ ਸਹਾਰੇ ਨਹੀਂ ਜਾਂਦੇ। ਧੰਨ ਹਨ ਜੋ ਨਿਤਾਪ੍ਰਤੀ ਇਸ ਪ੍ਰਕਾਰ ਖੌਂਸੜੇ ਖਾਂਦੇ ਹੋਏ ਰਤਾ ਜਿੰਨਾ ਗੁਮੇਹ ਨਹੀਂ ਕਰਦੇ। ਮੇਰਾ ਹਿਰਦਾ ਅੱਜ ਵਿੰਨ੍ਹਿਆ ਜਾ ਚੁੱਕਾ ਹੈ। ਅੱਗਾ ਨੇੜੇ ਦਿਸ ਰਿਹਾ ਹੈ,



www.AKJ.Org

ਜੋ ਭਿਆਨਕ ਰੂਪ ਧਾਰੀ ਖੜਾ ਹੈ। ਪਿੱਛਾ ਦੂਰ ਰਹਿ ਗਿਆ ਹੈ ਜੋ ਕਿਸੇ ਕੀਮਤ ਤੇ ਮੁੜ ਨਹੀਂ ਆਉਣਾ। ਮੇਰੇ ਪਰਮ ਸਨੇਹੀ ਮਿੱਤਰ ਸ. ਬੱਗਾ ਸਿੰਘ ਜੀ ਚੁੱਪ-ਚੁਪੀਤੇ ਹੀ ਸਾਨੂੰ ਸਾਰਿਆਂ ਨੂੰ ਭੁੱਲ-ਭੁਲਾਈ ਦੇ ਕੇ ਪਤਾ ਨਹੀਂ ਕਿਧਰ ਨੂੰ ਤੁਰ ਗਏ ਹਨ। ਉਹਨਾਂ ਦੇ ਅਮੋਲਕ ਬਚਨਾਂ ਨੂੰ ਅਸੀਂ ਆਵਾਗਉਣ ਹੀ ਸਮਝਦੇ ਰਹੇ। ਘੰਟਿਆਂ ਬੱਧੀ ਉਹਨਾਂ ਪਾਸੋਂ ਕਈ ਵਾਰ ਗਿਆਨ-ਚਰਚਾ ਸੁਣੀ, ਪਰ ਇਸ ਖੁਟਹਰ ਮਨ ਨੇ ਰੰਚਕ ਭੀ ਅਸਰ ਕਬੂਲ ਨਾ ਕੀਤਾ। ਕੰਨ-ਰਸ ਕਰ ਕੇ ਹੀ ਸੁਣਦੇ ਰਹੇ। ਅਮਲ ਕਰ ਕੇ ਕੁਝ ਨਾ ਦੇਖਿਆ। ਗੁਰੂ ਜਾਣੇ ਅੱਗੇ ਜਮਪੁਰੀ ਵਿਖੇ ਕੀ ਹਾਲ ਹੋਊ? ਅਵੱਸ਼ ਬੁਰਾ ਤੇ ਮੰਦਾ ਹਾਲ ਹੀ ਪਰਤੱਖ ਪਿਆ ਜਾਪਦਾ ਹੈ। ਮੈਨੂੰ ਤਾਂ ਨਰਕਾਂ ਦੇ ਇਨਚਾਰਜਾਂ ਭੀ ਨਹੀਂ ਸੰਭਾਲਣਾ। ਜਿਸ ਦਿਨ ਤੋਂ ਆਪ ਨੇ ਪਾਠ ਅਰੰਭ ਕੀਤਾ ਹੈ, ਖਾਣਾ ਪੀਣਾ ਵਿਸਰਦਾ ਜਾ ਰਿਹਾ ਹੈ। ਕੋਈ ਪਦਾਰਥ ਚੰਗਾ ਨਹੀਂ ਲਗਦਾ। ਸਾਰਾ ਜਹਾਨ ਵਿਹੁ ਰੂਪ ਹੋ ਭਾਸਿਆ ਹੈ। ਰਾਤ ਨੂੰ ਨੀਂਦਰ ਭੀ ਪੂਰੀ ਨਹੀਂ ਪੈਂਦੀ। ਮੋਹ ਮਾਇਆ ਦੇ ਜਾਲ ਵਿਚੋਂ ਨਿਕਲਣ ਲਈ ਜੀਅ ਉਤਾਵਲਾ ਹੋ ਰਿਹਾ ਹੈ। ਆਪ ਦੇ ਜਾਣ ਪਿੱਛੋਂ ਅਨੇਕਾਂ ਪ੍ਰਕਾਰ ਦੇ ਫੁਰਨੇ ਕੁਫੁਰਨੇ ਮਨ ਅੰਦਰ ਉਪਜਦੇ ਹਨ। ਨਾਨਾ ਪ੍ਰਕਾਰੀ ਪ੍ਰਸ਼ਨ ਆਪਣੇ ਆਪ ਅੰਦਰੋਂ, ਦਰਿਆ ਦੀਆਂ ਲਹਿਰਾਂ ਵਤ ਉਤਪੰਨ ਹੋ ਰਹੇ ਹਨ।

ਆਪ ਦਾ ਹੁਕਮ ਸੀ ਕਿ ਪਾਠ ਸੁਣਦਿਆਂ ਹੋਰ ਕਿਸੇ ਪ੍ਰਕਾਰ ਦੀ ਗੱਲ-ਬਾਤ ਨਹੀਂ ਚਲਾਉਣੀ। ਮੇਰੀ ਅਵੱਗਿਆ ਬਖ਼ਸ਼ ਲੈਣੀ। ਗੁਰਬਾਣੀ ਸੁਣ ਕੇ ਮੇਰੇ ਅੰਦਰ ਅਨੇਕਾਂ ਪ੍ਰਕਾਰ ਦੇ ਸਵਾਲਾਂ ਦਾ ਹੜ੍ਹ ਵਗ ਤੁਰਿਆ ਹੈ। ਅੱਜ ਤਾਂ ਮੈਂ ਆਪਣੇ ਅੰਦਰਲੇ ਹੜ੍ਹ ਦੇ ਵੇਗ ਨੂੰ ਠਲ੍ਹ ਹੀ ਨਹੀਂ ਸਕਿਆ। ਆਪ ਜੀ ਮੈਨੂੰ ਪੂਰੇ ਗੁਰਸਿੱਖ ਜਾਪਦੇ ਹੋ। ਆਪ ਜੀ ਦੀ ਰਹਿਣੀ, ਬਹਿਣੀ, ਸਹਿਣੀ ਦਾ ਪ੍ਰਭਾਵ ਕੋਈ ਗੁਝਾ ਛਿੱਪਾ ਨਹੀਂ। ਸੁਣਿਆ ਹੈ ਆਪ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਣਗਿਣਤ ਪਾਠ ਕੀਤੇ ਸੁਣੇ ਹਨ। ਗੁਰਬਾਣੀ ਨੂੰ ਆਪ ਜੀ ਨੇ ਖੂਬ ਘੋਖ ਕੇ ਕਮਾ ਕੇ ਵੇਖਿਆ ਹੈ। ਆਪ ਗੁਰਬਾਣੀ ਦੀਆਂ ਗੋਹਜ ਰਮਜ਼ਾਂ ਦੇ ਭੇਤੀ ਹੋ।... ਮੈਂ ਆਪਣੇ ਸ਼ੰਕੇ ਆਪ ਪਾਸੋਂ ਨਵਿਤਰ ਕਰਵਾਉਣੇ ਚਾਹੁੰਦਾ ਹਾਂ। ਆਪ ਆਗਿਆ ਦੇਵੋ ਕਿ ਸਵੇਰ ਦਾ ਸਮਾਂ ਗੁਰਬਾਣੀ ਦੇ ਪਾਠ ਕਰਨ ਸੁਣਨ ਵਿੱਚ ਸਫਲ ਕੀਤਾ ਜਾਇਆ ਕਰੇ ਤੇ ਆਥਣ ਦੇ ਸਮੇਂ ਆਪ ਸਾਡੇ ਸਰੋਤਿਆਂ ਦੇ ਸ਼ੰਕੇ ਨਵਿਰਤ ਕਰਿਆ ਕਰੋ।

ਸ. ਸਵਾਈ ਸਿੰਘ ਦੇ ਉਕਤ ਬਚਨ ਸੁਣ ਕੇ ਮੈਂ ਉੱਤਰ ਦਿੱਤਾ, "ਮੇਰੇ ਸੰਬੰਧੀ ਆਪ ਜੀ ਨੂੰ ਭੁਲੇਖਾ ਲੱਗਾ ਹੈ। ਮੇਰੀ ਦਸ਼ਾ ਤਾਂ 'ਗਲੀਂ ਹਉ ਸੋਹਾਗਣਿ ਭੈਣੇ ਕੰਤ ਨ ਕਬਹੂੰ ਮੈ ਮਿਲਿਆ' ਵਾਲੀ ਹੈ। ਦੁਨੀਆ ਅੰਦਰ ਸਿਵਾਇ ਪੂਰੇ ਗੁਰੂ ਤੇ ਸ਼ੰਕੇ ਨਵਿਰਤੀ ਕਰਨ ਵਾਲਾ, ਨਾ ਕੋਈ ਪਿੱਛੇ ਹੋਇਆ ਹੈ, ਨਾ ਅਗੇ ਹੋਵੇਗਾ। ਜਗਤ ਗੁਰੂ ਧੁਰ ਧੁਰੰਤਰੀ ਗੁਰੂ ਨਿਰੰਕਾਰੀ ਗੁਰੂ ਬਾਣੀ ਦੇ ਰੂਪ ਵਿੱਚ ਸਾਰਿਆਂ ਦੇ ਸ਼ੰਕੇ ਨਵਿਰਤ ਕਰਨ ਦੇ ਸਮਰਥ ਹੈ। ਹਾਂ, ਗੁਰਬਾਣੀ ਦੀ ਰੌਸ਼ਨੀ ਵਿੱਚ ਜੋ ਮੈਨੂੰ ਸੂਝ ਬੂਝ ਪਈ ਹੈ, ਮੈਂ ਆਪਣੀ ਤੁੱਛ ਬੁੱਧੀ ਦੁਆਰਾ ਆਪ ਜੀ ਦੀ ਸੇਵਾ ਕਰਨ ਲਈ ਸਦਾ ਤੱਤਪਰ ਹਾਂ।"

*('ਸੂਰਾ' ਮਾਸਿਕ ਪੱਤਰ-ਮਈ 1980 ਦੇ ਅੰਕ ਵਿਚੋਂ)*

# ਪ੍ਰੋ. ਹਰਮਿੰਦਰ ਸਿੰਘ - ਇੰਗਲੈਂਡ ਨਿਵਾਸੀ

ਭਾਈ ਗੁਰਦੀਪ ਸਿੰਘ ਸ੍ਰੀ ਅੰਮ੍ਰਿਤਸਰ

ਅਖੰਡ ਕੀਰਤਨੀ ਜਥੇ ਦੀ ਦੂਜੀ ਪੀੜ੍ਹੀ ਦੇ ਮੋਢੀ ਕੀਰਤਨੀਏ, ਭਾਈ ਸਾਹਿਬ ਜੀ ਦੀਆਂ ਅਸੀਸਾਂ ਦੇ ਪਾਤਰ ਪ੍ਰੋ. ਹਰਮਿੰਦਰ ਸਿੰਘ ਜੀ ਦਾ ਜਨਮ ਮਿਤੀ 1-8-1916 ਨੂੰ ਪਿਤਾ ਸ. ਵੀਰ ਸਿੰਘ ਅਤੇ ਮਾਤਾ ਬਲਵੰਤ ਕੌਰ ਜੀ ਦੇ ਘਰ ਵਜੀਰਾਬਾਦ, ਪਾਕਿਸਤਾਨ ਵਿਚ ਹੋਇਆ। ਆਪ ਜੀ ਦੇ ਪਿਤਾ ਜੀ ਇਕ ਸਿਆਣੇ ਆਰਕੀਟੈਕਟ ਤੇ ਠੇਕੇਦਾਰ ਸਨ ਤੇ ਮਾਇਆ ਪੱਖੋਂ ਬਹੁਤ ਸੌਖੇ ਸਨ। ਭਾਈ ਸਾਹਿਬ ਜੀ ਹਰ ਸਾਲ ਜਥੇ ਸਮੇਤ ਸ੍ਰੀ ਚਮਕੌਰ ਸਾਹਿਬ ਸ਼ਹੀਦੀ


www.AKJ.Org

ਦੀਵਾਨ 'ਤੇ ਜਾਇਆ ਕਰਦੇ ਸਨ। ਸੰਨ 1914 ਵਿਚ ਉਥੇ ਕਾਬਜ਼ ਨਿਹੰਗ ਸਿੰਘਾਂ ਵਲੋਂ ਕੀਤੀ ਬੁਰਛਾਗਰਦੀ ਕਰਕੇ ਲੱਗੇ ਮੋਰਚੇ ਕਾਰਨ ਉਥੋਂ ਦਾ ਪ੍ਰਬੰਧ ਪੰਥਕ ਹੱਥਾਂ ਵਿਚ ਆ ਗਿਆ ਅਤੇ ਮਰਿਯਾਦਾ ਵੀ ਗੁਰਮਤਿ ਅਨੁਸਾਰ ਸ਼ੁਰੂ ਹੋ ਗਈ। ਇਹ ਘਟਨਾ ਗੁਰਦੁਆਰਾ ਸੁਧਾਰ ਲਹਿਰ ਦੀ ਸਭ ਤੋਂ ਪਹਿਲੀ ਘਟਨਾ ਸੀ, ਜਿਸ ਦਾ ਜ਼ਿਕਰ ਭਾਈ ਸਾਹਿਬ ਜੀ ਨੇ ਖ਼ੁਦ ਆਪਣੀ ਹੱਥੀਂ ਪੁਸਤਕ ਰੰਗਲੇ ਸੱਜਣ ਵਿਚ ਵਿਸਥਾਰ ਸਹਿਤ ਕੀਤਾ ਹੈ। ਇਥੇ ਹੀ ਪਰਉਪਕਾਰੀ ਜੀਓੜੇ ਭਾਈ ਵੀਰ ਸਿੰਘ ਜੀ ਦਾ ਭਾਈ ਸਾਹਿਬ ਜੀ ਨਾਲ ਮਿਲਾਪ ਹੋ ਗਿਆ। ਇਹ ਸਿੰਘਣੀ ਸਮੇਤ ਅੰਮ੍ਰਿਤ ਛੱਕ ਕੇ ਤਿਆਰ ਬਰ ਤਿਆਰ ਹੋ ਗਏ। ਇਥੇ ਹੋਣ ਵਾਲੇ ਸਮਾਗਮ ਵਿਚ ਇਹ ਦੰਪਤੀ ਲੰਗਰ ਦੀ ਅਣਥੱਕ ਸੇਵਾ ਕਰਦੀ ਸੀ। ਗੁਰੂ ਭਾਣੇ ਅਨੁਸਾਰ, ਇਨ੍ਹਾਂ ਦੇ ਘਰ ਸੰਤਾਨ ਨਹੀਂ ਸੀ। ਬੇਸ਼ੱਕ ਧਨ-ਦੌਲਤ ਦੀ ਕੋਈ ਕਮੀ ਨਹੀਂ ਸੀ। ਭਾਈ ਸਾਹਿਬ ਜੀ ਦੇ ਜੇਲ੍ਹ ਜਾਣ ਤੋਂ ਇਕ ਸਾਲ ਪਹਿਲਾਂ ਸੰਨ 1914 ਵਿਚ ਇਸ ਦੰਪਤੀ ਨੇ ਭਾਈ ਸਾਹਿਬ ਜੀ ਨੂੰ ਜਥੇ ਸਮੇਤ ਬੁਲਾ ਕੇ ਸ੍ਰੀ ਅਖੰਡ ਪਾਠ ਸਮਾਗਮ ਇਸ ਮੰਤਵ ਨਾਲ ਕਰਵਾਇਆ ਕਿ ਗੁਰੂ ਸਾਹਿਬ ਸਾਡੇ ਘਰ ਇਕ ਭੁਜੰਗੀ ਦੀ ਦਾਤ ਬਖਸ਼ਣ। ਜਦੋਂ ਪੂਰਨ ਮਰਿਯਾਦਾ ਅਨੁਸਾਰ ਭੋਗ ਪਿਆ ਤੇ ਪਿਛੋਂ ਇਕ ਸਿੰਘ ਨੇ ਅਰਦਾਸ ਕੀਤੀ—ਹੇ ਸੱਚੇ ਪਾਤਸ਼ਾਹ ! ਇਸ ਗੁਰਮੁਖ ਜੋੜੀ ਨੇ ਗੁਰਮੁਖ ਜਨਾਂ ਨੂੰ ਬੁਲਾ ਕੇ ਆਪ ਜੀ ਦੀ ਅਕਾਲੀ ਬਾਣੀ ਦਾ ਪਵਿੱਤਰ ਅਖੰਡ ਪਾਠ ਕਰਵਾਇਆ ਹੈ। ਸੰਗਤ ਦੀ ਜੋਦੜੀ ਹੈ ਕਿ ਇਸ ਦੰਪਤੀ ਦੇ ਘਰ ਭੁਜੰਗੀ ਦੀ ਦਾਤ ਬਖਸ਼ੀ ਜਾਏ। ਭਾਈ ਸਾਹਿਬ ਜੀ ਕੋਲ ਹੀ ਖੜ੍ਹੇ ਸਨ ਅਤੇ ਬਾਕੀ ਸੰਗਤ ਵੀ ਗੁਰੂ ਦੀ ਹਜ਼ੂਰੀ ਵਿਚ ਖੜੀ ਸੀ। ਭਾਈ ਸਾਹਿਬ ਜੀ ਸਹਿਜ ਸੁਭਾ ਬੋਲੇ, ਇਕ ਨਹੀਂ ਦੋ, ਇਕ ਨਹੀਂ ਦੋ। ਕੁਝ ਸਕਿੰਟਾਂ ਲਈ ਅਰਦਾਸੀਆ ਚੁੱਪ ਕਰ ਗਿਆ, ਪਰ ਪਿਛੋਂ ਉਂਞ ਹੀ ਅਰਦਾਸ ਕਰ ਦਿਤੀ ਕਿ ਸਚੇ ਪਾਤਸ਼ਾਹ, ਜਿਵੇਂ ਤੈਨੂੰ ਮਨਜ਼ੂਰ ਹੈ, ਉਂਞ ਹੀ ਹੋਣਾ ਸੀ, ਭੋਗ ਪੈ ਗਿਆ। ਸਚੇ ਪਾਤਸ਼ਾਹ ਦੀ ਮਿਹਰ ਹੋਈ, ਅਰਦਾਸ ਸਦਕਾ ਸੰਨ 1916 ਵਿਚ ਇਸ ਜੋੜੀ ਦੇ ਘਰ ਜੋੜੇ ਬੱਚੇ ਪੈਦਾ ਹੋਏ ਜਿਨ੍ਹਾਂ ਦਾ ਨਾਂ ਕ੍ਰਿਪਾਲ ਸਿੰਘ ਤੇ ਗੁਰਦਿਆਲ ਸਿੰਘ ਰਖਿਆ ਗਿਆ। ਭਾਣੇ ਅੰਦਰ ਇਨ੍ਹਾਂ ਦੇ ਪਿਤਾ ਜੀ ਇਨ੍ਹਾਂ ਦੀ ਦੋ ਸਾਲ ਦੀ ਉਮਰ ਵਿਚ ਹੀ ਚੜ੍ਹਾਈ ਕਰ ਗਏ। ਇਨ੍ਹਾਂ ਦੇ ਪਿਤਾ ਜੀ ਬਹੁਤ ਪਰਉਪਕਾਰੀ ਤੇ ਦਾਨੀ ਸੱਜਣ ਸਨ। ਸ੍ਰੀ ਚਮਕੌਰ ਸਾਹਿਬ ਵਿਚ ਬਣੇ ਬਾਬਾ ਅਜੀਤ ਸਿੰਘ ਜੋਰਾਵਰ ਸਿੰਘ ਖ਼ਾਲਸਾ ਹਾਈ ਸਕੂਲ ਦੀ ਸਾਰੀ ਜ਼ਮੀਨ ਆਪ ਜੀ ਦੇ ਪਿਤਾ ਵਲੋਂ ਹੀ ਦਾਨ ਕੀਤੀ ਹੋਈ ਹੈ। ਇਸ ਤੋਂ ਇਲਾਵਾ ਇਤਿਹਾਸਕ ਗੁਰਦੁਆਰਿਆਂ ਦੀ ਉਸਾਰੀ ਵਿਚ ਆਰਕੀਟੈਕਟ ਤੌਰ ਤੇ ਵਿਤੀ ਸਹਾਇਤਾ ਦੇ ਨਾਲ ਨਾਲ ਆਪਣੇ ਕਾਰੋਬਾਰ ਲਈ ਰਖੇ ਮਜਦੂਰਾਂ ਰਾਹੀਂ ਕਾਰ ਸੇਵਾ ਵਿਚ ਹਿੱਸਾ ਪਾਉਂਦੇ ਰਹੇ ਅਤੇ ਉਸਾਰੀ ਵੀ ਆਪਣੀ ਦੇਖ ਰੇਖ ਹੇਠ ਕਰਾਉਂਦੇ ਰਹੇ। ਬਾਅਦ ਵਿੱਚ ਇਨ੍ਹਾਂ ਦੇ ਦੋਹਾਂ ਸਪੁੱਤਰਾਂ ਪ੍ਰੋ. ਹਰਮਿੰਦਰ ਸਿੰਘ (ਕਿਰਪਾਲ ਸਿੰਘ) ਅਤੇ ਗੁਰਦਿਆਲ ਸਿੰਘ ਜੀ ਨੇ ਆਪ ਦੇ ਪਿਤਾ ਵਲੋਂ ਪਾਏ ਪੂਰਨਿਆਂ 'ਤੇ ਚਲਦੇ ਚਮਕੌਰ ਸਾਹਿਬ ਵਿਚ ਸਥਿਤ ਸਾਰੀ ਜੱਦੀ ਜਾਇਦਾਦ ਵੀ ਗੁਰਦੁਆਰਾ ਸਾਹਿਬ ਨੂੰ ਦਾਨ ਕਰ ਦਿੱਤੀ ਸੀ।

ਆਪ ਜੀ ਦੇ ਪਿਤਾ ਜੀ ਦੇ ਚੜ੍ਹਾਈ ਕਰ ਜਾਣ ਤੋਂ ਬਾਅਦ ਆਪ ਜੀ ਦਾ ਪਾਲਣ ਪੋਸ਼ਣ ਗਿਆਨੀ ਜੀਵਨ ਸਿੰਘ ਜੀ ਸੋਲਨ ਵਾਲਿਆਂ (ਜੋ ਕਿ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਚ ਰਜਿਸਟਰਾਰ ਦੇ ਪੱਦ ਤੋਂ ਸੇਵਾ ਮੁਕਤ ਹੋਏ ਹਨ) ਦੀ ਦੇਖ-ਰੇਖ ਹੇਠ ਹੋਇਆ। ਮਾਤਾ ਜੀ ਤਾਂ ਪਹਿਲਾਂ ਹੀ ਭਾਈ ਸਾਹਿਬ ਜੀ ਦੀ ਸੰਗਤ ਕਰਕੇ ਨਾਮ ਦੇ ਰੰਗਾਂ ਵਿਚ ਅਰੂੜ ਹੋਏ ਪਏ ਸਨ ਤੇ ਉਨ੍ਹਾਂ ਦੀ ਸੰਗਤ ਸਦਕਾ ਗੁਰਸਿੱਖੀ ਦੀ ਲਗਨ ਅਤੇ ਪ੍ਰੇਮ ਆਪ ਨੂੰ ਬਚਪਨ ਤੋਂ ਹੀ ਲੱਗ ਗਿਆ ਸੀ।

ਆਪ ਨੇ ਆਪਣੀ ਮੁੱਢਲੀ ਸਿੱਖਿਆ ਦਸਵੀਂ ਜਮਾਤ ਤਾਈਂ ਬਾਬਾ ਅਜੀਤ ਸਿੰਘ ਜ਼ੋਰਾਵਰ ਸਿੰਘ ਖ਼ਾਲਸਾ ਹਾਈ ਸਕੂਲ ਚਮਕੌਰ ਤੋਂ ਲਈ। ਫਿਰ ਐਫ.ਏ. ਖ਼ਾਲਸਾ ਕਾਲਜ ਸ੍ਰੀ ਅੰਮ੍ਰਿਤਸਰ, ਬੀ.ਏ. (ਫਰੈਂਚ ਭਾਸ਼ਾ) ਅਤੇ ਐਮ.ਏ. ਦਿਆਲ ਸਿੰਘ ਕਾਲਜ ਲਾਹੌਰ ਤੋਂ ਪਾਸ ਕੀਤੀ। ਇਸ ਤੋਂ ਬਾਅਦ ਆਪ ਨੇ ਜਰਨਲਿਸਟ ਦਾ ਡਿਪਲੋਮਾ ਕੋਰਸ ਵੀ ਪਾਸ ਕਰ ਲਿਆ ਤੇ ਇਸ ਤਰ੍ਹਾਂ ਆਪ ਜੀ ਨੇ ਉੱਚ ਵਿਦਿਆ ਪ੍ਰਾਪਤ ਕਰ ਲਈ।



www.AKJ.Org

ਭਾਈ ਸਾਹਿਬ ਜੀ ਦੇ ਜੇਲ੍ਹ ਤੋਂ ਰਿਹਾਅ ਹੋਣ ਬਾਅਦ, ਆਪ ਜੀ ਸੰਨ 1930 ਵਿਚ ਨਾਰੰਗਵਾਲ ਜਾ ਕੇ ਉਨ੍ਹਾਂ ਨੂੰ ਮਿਲੇ ਤੇ ਅਸੀਸਾਂ ਪ੍ਰਾਪਤ ਕੀਤੀਆਂ। ਉਨ੍ਹਾਂ ਦੀ ਪ੍ਰੇਰਨਾ ਨਾਲ ਅੰਮ੍ਰਿਤ ਛੱਕ ਕੇ ਤਿਆਰ ਬਰ ਤਿਆਰ ਸਿੰਘ ਸੱਜ ਗਏ ਅਤੇ ਆਪ ਜੀ ਦਾ ਨਾਮ ਵੀ ਕਿਰਪਾਲ ਸਿੰਘ ਤੋਂ ਹਰਮਿੰਦਰ ਸਿੰਘ ਹੋ ਗਿਆ। ਇਸ ਤੋਂ ਬਾਅਦ ਆਪ ਕੇਵਲ ਭਾਈ ਸਾਹਿਬ ਜੀ ਦੇ ਹੀ ਹੋ ਗਏ। ਆਪ ਜੀ ਦਾ ਅਨੰਦ ਕਾਰਜ ਸੰਨ 1942 ਵਿਚ ਬੀਬੀ ਕੰਵਲਜੀਤ ਕੌਰ ਸਪੁੱਤਰੀ ਡਾਕਟਰ ਗੁਰਚਰਨ ਸਿੰਘ ਜੀ ਲੁਧਿਆਣਾ ਨਿਵਾਸੀ ਨਾਲ ਇਨ੍ਹਾਂ ਦੇ ਲਾਹੌਰ ਨਿਵਾਸ ਵੇਲੇ ਹੋਇਆ। ਇਹ ਰਿਸ਼ਤਾ ਵੀ ਭਾਈ ਸਾਹਿਬ ਜੀ ਰਾਹੀਂ ਹੋਇਆ ਸੀ ਅਤੇ ਇਨ੍ਹਾਂ ਦੇ ਅਨੰਦ ਕਾਰਜ ਵਿਚ ਭਾਈ ਸਾਹਿਬ ਜੀ ਖ਼ੁਦ ਸ਼ਾਮਿਲ ਹੋਏ ਸਨ ਤੇ ਦੰਪਤੀ ਨੂੰ ਅਸੀਸਾਂ ਬਖ਼ਸ਼ੀਆਂ ਸਨ।

ਵਿਦਿਆ ਦੀ ਸਮਾਪਤੀ ਤੋਂ ਬਾਅਦ ਆਪ ਪੰਜਾਬ ਯੂਨੀਵਰਸਿਟੀ ਲਾਹੌਰ ਵਿਚ ਪ੍ਰੋਫ਼ੈਸਰ ਨਿਯੁਕਤ ਹੋ ਗਏ ਅਤੇ ਆਪ ਦੇ ਨਾਮ ਨਾਲ ਪ੍ਰੋਫ਼ੈਸਰ ਦਾ ਤਖ਼ੱਲਸ ਲੱਗ ਗਿਆ। ਲਾਹੌਰ ਰਹਿੰਦੇ ਭਾਈ ਜੀਵਨ ਸਿੰਘ ਜੀ ਸੋਲਨ ਵਾਲੇ ਜੋ ਕਿ ਪੰਜਾਬ ਯੂਨੀਵਰਸਿਟੀ ਵਿਚ ਉੱਚ ਅਹੁਦੇ ’ਤੇ ਕੰਮ ਕਰਦੇ ਸਨ, ਦੀ ਸੰਗਤ ਨਾਲ (ਉਸ ਵੇਲੇ ਲਾਹੌਰ ਪੰਜਾਬ ਦੀ ਰਾਜਧਾਨੀ ਹੋਣ ਕਰਕੇ ਹੋਰ ਵੀ ਕਈ ਜਥੇ ਦੇ ਸਿੰਘ ਇਥੇ ਨੌਕਰੀ ਕਰਦੇ ਸਨ) ਆਪ ਨੂੰ ਸਿੰਘਾਂ ਦੀ ਸੰਗਤ ਆਨੰਦ ਮਾਣਨ ਦਾ ਸੁਭਾਗ ਸਮਾਂ ਪ੍ਰਾਪਤ ਹੋ ਗਿਆ। ਆਪ ਜੀ ਨੂੰ ਪੜ੍ਹਾਂਈ ਕਰਦਿਆਂ ਕੀਰਤਨ ਦੀ ਦਾਤ ਵੀ ਪ੍ਰਾਪਤ ਹੋ ਗਈ ਸੀ ਤੇ ਆਪ ਵੀ ਕੀਰਤਨ ਅਖਾੜਿਆਂ ਵਿਚ ਹਾਜ਼ਰੀਆਂ ਭਰਨ ਲੱਗ ਪਏ ਤੇ ਉਸ ਵੇਲੇ ਜਥੇ ਦੇ ਇਕ ਉੱਘੇ ਕੀਰਤਨੀ ਵੱਜੋਂ ਉੱਭਰੇ, ਜਿਸ ਦਾ ਜ਼ਿਕਰ ਅੰਮ੍ਰਿਤ ਕੀਰਤਨ ਪੋਥੀ ਦੀ ਉਥਾਨਕਾ ਵਿਚ ਵੀ ਆਉਂਦਾ ਹੈ। ਇਥੇ ਆਪ ਜੀ ਨੂੰ ਭਾਈ ਹਰਚਰਨ ਸਿੰਘ ਜੀ ਚੰਡੀਗੜ੍ਹ ਭਾਈ ਜੀਵਨ ਸਿੰਘ ਵੀ ਸੋਲਨ ਵਾਲੇ, ਭਾਈ ਹਰਨਾਮ ਸਿੰਘ ਜੀ ਕੋਮਲ, ਭਾਈ ਹਰਚਰਨ ਸਿੰਘ ਜੀ ਨੰਦਾ, ਡਾਕਟਰ ਤਿਰਲੋਚਨ ਸਿੰਘ ਜੀ, ਭਾਈ ਸੇਵਾ ਸਿੰਘ ਜੀ ਸਿੰਘ ਬ੍ਰਦਰਜ਼ ਦੀ ਸੰਗਤ ਵਿਚ ਨਾਮ ਬਾਣੀ ਦੇ ਲਾਹੇ ਪ੍ਰਾਪਤ ਹੁੰਦੇ ਰਹੇ। ਲਾਹੌਰ ਵਿਚ ਆਪਣੇ ਨਜ਼ਦੀਕੀ ਰਿਸ਼ਤੇਦਾਰ ਜੱਜ ਨਾਲ ਵੀ ਜੁੜੇ ਰਹੇ। ਲਾਹੌਰ ਫੇਰੀ ਸਮੇਂ ਭਾਈ ਸਾਹਿਬ ਜੀ ਇਸੇ ਜੱਜ ਦੀ ਕਾਰ ’ਤੇ ਹੀ ਆਇਆ ਜਾਇਆ ਕਰਦੇ ਸਨ।

ਪਾਕਿਸਤਾਨ ਬਣਨ ਤੋਂ ਬਾਅਦ ਆਪ ਲਾਹੌਰ ਛੱਡ ਕੇ ਦਿੱਲੀ ਆ ਵਸੇ ਤੇ ਇਥੇ ਵੀ ਪੰਜਾਬ ਯੂਨੀਵਰਸਿਟੀ ਕੈਂਪ ਕਾਲਜ ਵਿਚ ਨੌਕਰੀ ਮਿਲ ਗਈ ਤੇ ਨਾਲ ਹੀ ਦਿੱਲੀ ਨਿਵਾਸੀ ਪੁਰਾਤਨ ਸਿੰਘਾਂ ਦੀ ਸੰਗਤ ਕਰਨ ਦੇ ਅਉਸਰ ਬਣ ਗਏ। ਇਥੇ ਵੀ ਆਪ ਨੇ ਕੀਰਤਨ ਸਮਾਗਮਾਂ ਦੀ ਹਾਜ਼ਰੀਆਂ ਭਰ ਕੇ ਸੰਗਤਾਂ ਦੀਆਂ ਅਸੀਸਾਂ ਲੈਣੀਆਂ ਸ਼ੁਰੂ ਕਰ ਦਿੱਤੀਆਂ। ਵਿਦੇਸ਼ ਜਾਣ ਤੋਂ ਪਹਿਲਾਂ ਆਪ ਦਿੱਲੀ ਦੇ ਪ੍ਰਮੁੱਖ ਕੀਰਤਨੀਆਂ ਵਿਚੋਂ ਸਨ। ਆਪ ਨੇ ਹਮੇਸ਼ਾਂ ਕੀਰਤਨ ਦੀ ਸੇਵਾ ਨਿਸ਼ਕਾਮ ਤੇ ਨਿਰਬਾਣ ਰਹਿ ਕੇ ਹੀ ਨਿਭਾਈ।

‘ਜਹਾ ਦਾਣੇ ਤਹਾ ਖਾਣੇ’ ਦੇ ਹੁਕਮ ਅਨੁਸਾਰ ਦੁਨਿਆਵੀ ਕ੍ਰਿਤ ਨੇ ਇਨ੍ਹਾਂ ਨੂੰ ਵਿਦੇਸ਼ੀ ਬਣਾ ਦਿੱਤਾ। ਸੰਨ 1951 ਵਿਚ ਆਪ ਜੀ ਦੀ ਨਿਯੁਕਤੀ ਭਾਰਤੀ ਵਿਦੇਸ਼ੀ ਸੇਵਾਵਾਂ ਦੇ ਮਹਿਕਮੇ ਵਿਚ ਹੋ ਗਈ। ਆਪ ਨੂੰ CAIRO (ਕਾਇਰੋ) ਅਫ਼ਰੀਕਾ ਵਿਚ ਭਾਰਤੀ ਅਸੈਂਬਲੀ ਵਿਚ ਲਗਾ ਦਿੱਤਾ ਗਿਆ ਜਿਥੇ ਆਪ ਸੰਨ 1956 ਤਾਈਂ ਨਿਯੁਕਤ ਰਹੇ। ਆਪ ਜਿਥੇ ਵੀ ਵਿਦੇਸ਼ ਵਿਚ ਗਏ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ, ਦਰਸ਼ਨ ਅਤੇ ਪਾਠ ਕਰਨ ਲਈ ਨਾਲ ਲੈ ਕੇ ਜਾਂਦੇ ਰਹੇ। ਫਿਰ ਸੰਨ 1956–1961 ਤਾਈਂ ਨੈਰੋਬੀ, ਸੰਨ 1961–64 ਕੋਂਗੋ (Congo) (Leopoldville) ਸੰਨ 1966–67 ਵੀਅਤਨਾਮ, ਸੰਨ 1969–71 ਲੰਡਨ ਵਿਖੇ ਤਾਇਨਾਤ ਰਹੇ। ਇਸ ਸਮੇਂ ਉਨ੍ਹਾਂ ਨੇ ਵੱਖ ਵੱਖ ਅਹੁਦਿਆਂ ’ਤੇ ਰਹਿ ਕੇ ਪੜ੍ਹਾਉਣ ਦਾ ਕੰਮ ਕੀਤਾ। ਸੰਨ 1969 ਵਿਚ ਲੰਡਨ ਦੀ ਨਿਯੁਕਤੀ ਵੇਲੇ ਉਨ੍ਹਾਂ ਇਥੇ ਪੱਕੇ ਰਹਿਣ ਦਾ ਮਨ ਬਣਾ ਲਿਆ ਤੇ ਸੰਨ 1971 ਵਿਚ ਸੇਵਾ ਮੁਕਤੀ ਤੋਂ ਬਾਅਦ ਪਰਿਵਾਰ ਸਮੇਤ ਇਥੋਂ ਦੇ ਪੱਕੇ ਨਿਵਾਸੀ ਬਣ ਗਏ। ਇਥੇ ਆ ਕੇ ਇਥੋਂ ਦੇ ਨਿਵਾਸੀ ਜਥੇ ਦੇ ਪੁਰਾਤਨ ਗੁਰਸਿਖਾਂ ਗਿਆਨੀ ਅਮੋਲਕ ਸਿੰਘ ਜੀ, ਭਾਈ ਬੰਤਾ



www.AKJ.Org

ਸਿੰਘ ਜੀ, ਭਾਈ ਅਜੀਤ ਸਿੰਘ ਜੀ, ਭਾਈ ਮਦਨ ਸਿੰਘ ਜੀ ਨਾਲ ਰਲ ਕੇ ਕੀਰਤਨ ਅਖਾੜਿਆਂ ਦੀ ਹਾਜ਼ਰੀ ਭਰਨ ਲੱਗ ਪਏ।

ਆਪ ਅੰਗਰੇਜ਼ੀ ਭਾਸ਼ਾ ਦੇ ਮਾਹਿਰ ਹੋਣ ਕਰਕੇ ਜਿਥੇ ਵੀ ਵਿਦੇਸ਼ਾਂ ਵਿਚ ਜਾਂਦੇ ਸਨ, ਉਥੋ ਦੇ ਲੋਕਾਂ ਨੂੰ ਸਿੱਖ ਧਰਮ ਬਾਰੇ ਮੁੱਢਲੀ ਜਾਣਕਾਰੀ ਵੀ ਦਿੰਦੇ ਰਹਿੰਦੇ ਸਨ। ਆਪ ਨੇ ਸਿੱਖ ਧਰਮ ਬਾਰੇ ਸੰਸਾਰ ਦੇ ਸਰਵ ਧਰਮ ਸੰਮੇਲਨਾਂ ਵਿਚ ਵੀ ਜਾ ਕੇ ਲੈਕਚਰ ਕੀਤੇ ਅਤੇ ਆਪ ਵਿਸ਼ਵ ਧਰਮਾਂ ਦੀ ਕਾਂਗਰਸ ਦੇ ਕਾਰਜਕਾਰੀ ਮੈਂਬਰ ਵੀ ਸਨ। ਆਪ ਨੇ ਰਾਗਮਾਲਾ ਸੰਬੰਧੀ ਹੋਈਆਂ ਗੋਸ਼ਟੀਆਂ ਵਿਚ ਵੀ ਇਸ ਦੇ ਖੰਡਨ ਬਾਰੇ ਪੂਰੀ ਸਰਗਰਮੀ ਨਾਲ ਹਿੱਸਾ ਲਿਆ।

ਸੰਨ 1971 ਵਿਚ ਇੰਗਲੈਂਡ ਆ ਕੇ ਵੱਸਣ ਤੋਂ ਬਾਅਦ, ਆਪ ਨੇ ਅੰਗਰੇਜ਼ ਲੋਕਾਂ ਨੂੰ ਉਨ੍ਹਾਂ ਦੇ ਚਰਚਾਂ, ਕਾਲਜਾਂ, ਸਕੂਲਾਂ ਅਤੇ ਲੈਕਚਰ ਹਾਲਾਂ ਵਿਚ ਜਾ ਕੇ ਅੰਗਰੇਜ਼ੀ ਭਾਸ਼ਾ ਵਿਚ ਸਿੱਖ ਧਰਮ ਬਾਰੇ ਜਾਗਰੂਕ ਕੀਤਾ ਤੇ ਸਿੱਖ ਧਰਮ ਬਾਰੇ ਗ਼ਲਤ ਫਹਿਮੀਆਂ ਦੂਰ ਕੀਤੀਆਂ। ਆਪ ਨੂੰ ਸੰਨ 1979 ਵਿਚ ਵਿਸ਼ਵ ਸ਼ਾਂਤੀ ਅਤੇ ਬਹੁ-ਕੌਮੀ ਸਮਾਜ ਵਿਚ ਆਪਸੀ ਭਾਈਚਾਰਾ ਵਧਾਉਣ ਕਾਰਨ ਤੀਜੇ ਸ਼੍ਰੋਮਣੀ ਅਵਾਰਡ ਨਾਲ ਨਿਵਾਜਿਆ ਗਿਆ। ਸੰਸਾਰ ਪੱਧਰ ’ਤੇ ਲੋਕ ਅਤੇ ਸਮਾਜਕ ਸੇਵਾ ਕਰਨ ਵਾਲੀਆਂ 20 ਤੋਂ ਵੱਧ ਸੰਸਥਾਵਾਂ ਨਾਲ ਆਪ ਜੁੜੇ ਹੋਏ ਸਨ। ਉਨ੍ਹਾਂ ਨੇ ਗੁਰਬਾਣੀ ਵਿਚ ਦਰਸਾਏ ਮਾਰਗ ਅਤੇ ਗੁਰੂ ਸਾਹਿਬ ਜੀ ਦੀਆਂ ਸਿਖਿਆਵਾਂ ਅਨੁਸਾਰ ਧਰਮੀ ਜੀਵਨ ਜਾਚ ਅਪਨਾਉਣ ’ਤੇ ਜ਼ੋਰ ਦਿੱਤਾ। ਉਨ੍ਹਾਂ ਨੂੰ ਸਿੱਖ ਧਰਮ ਦੇ ਮੁੱਢਲੇ ਸਿਧਾਂਤਾਂ, ਗੁਰਮਤਿ ਰਹਿਤ-ਬਹਿਤ, ਸਿਖ ਧਰਮ ਦੀ ਫਿਲਾਸਫੀ ਦੀ ਡੂੰਘੀ ਜਾਣਕਾਰੀ ਸੀ ਜੋ ਕਿ ਕਿਸੇ ਵਿਰਲੇ ਦੇ ਹਿਸੇ ਹੀ ਆਉਂਦੀ ਹੈ। ਇਨ੍ਹਾਂ ਨੇ ਗੁਰੂ ਸਾਹਿਬ ਜੀ ਦੀ ਬਖਸ਼ਿਸ਼ ਅਤੇ ਭਾਈ ਸਾਹਿਬ ਜੀ ਦੀ ਅਸੀਸਾਂ ਦੇ ਸਦਕੇ ਹੀ ਸਿੱਖ ਧਰਮ ਦਾ ਵਿਦੇਸ਼ਾਂ ਵਿਚ ਮਾਣ ਸਤਿਕਾਰ ਵਧਾਇਆ।

ਆਪਣੀ ਆਯੂ ਦੀ ਕੁਝ ਅਖ਼ੀਰਲੇ ਸਾਲ, ਉਹ Dimentia ਦੀ ਬੀਮਾਰੀ ਕਾਰਨ ਯਾਦ ਸ਼ਕਤੀ ਖ਼ਤਮ ਹੋਣ ਕਰਕੇ, ਹਸਪਤਾਲਾਂ ਵਿਚ ਹੀ ਰਹੇ ਅਤੇ ਆਪਣਾ ਨੇਮ, ਸਿਦਕ ਭਰੋਸਾ ਪੂਰੀ ਤਰ੍ਹਾਂ ਨਿਭਾਉਣ ਤੋਂ ਅਸਮਰਥ ਰਹੇ। ਅਖ਼ੀਰ ਮਿਤੀ 19 ਅਕਤੂਬਰ 2010 ਨੂੰ ਇੰਗਲੈਂਡ ਵਿਖੇ ਹੀ ਇਹ ਪਰਉਪਕਾਰੀ ਰੂਹ ਇਸ ਨਾਸ਼ਵੰਤ ਸੰਸਾਰ ਨੂੰ ਅਲਵਿਦਾ ਕਹਿ ਕੇ ਗੁਰਪੁਰੀ ਸਿਧਾਰ ਗਈ।

# ਬੀਬੀ ਕੁਲਵੰਤ ਕੌਰ ਜੀ ਨਾਰੰਗਵਾਲ

ਭਾਈ ਗੁਰਦੀਪ ਸਿੰਘ ਸ੍ਰੀ ਅੰਮ੍ਰਿਤਸਰ

ਉਨ੍ਹੀਵੀਂ ਸਦੀ ਅਤੇ ਵੀਹਵੀਂ ਸਦੀ ਦੇ ਸ਼ੁਰੂ ਵਿਚ ਗੁਰਦੁਆਰਿਆਂ ਅਤੇ ਸਿੱਖ ਧਰਮ ਅੰਦਰ ਬ੍ਰਾਹਮਣੀ ਰੀਤਾਂ ਅਤੇ ਹਿੰਦੂ ਧਰਮ ਦੀਆਂ ਕੁਰੀਤੀਆਂ ਦਾ ਪੂਰਾ ਬੋਲ ਬਾਲਾ ਸੀ। ਇਨ੍ਹਾਂ ਕੁਰੀਤੀਆਂ ਵਿਚ ਇਕ ਕੁਰੀਤੀ (ਜਿਹੜੀ ਕਿ ਅਜੇ ਵੀ ਕਈ ਡੇਰਿਆਂ ਤੇ ਸੰਪਰਦਾਵਾਂ ਅਤੇ ਸਿੱਖ ਪੰਥ ਦੇ ਮਹਾਨ ਇਤਿਹਾਸਕ ਸਥਾਨ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ, ਤਖ਼ਤ ਸਚਖੰਡ ਸ੍ਰੀ ਹਜ਼ੂਰ ਸਾਹਿਬ ਵਿਖੇ ਪ੍ਰਚਲਤ ਹੈ) ਬੀਬੀਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਤਾਬਿਆ ਬੈਠਣ ਅਤੇ ਪਾਠ ਜਾਂ ਕੀਤਰਨ ਕਰਨ ਤੋਂ ਮਨਾਹੀ ਸੀ। ਇਨ੍ਹਾਂ ਕੁਰੀਤੀਆਂ ਨੂੰ ਇਤਿਹਾਸਕ ਗੁਰਦੁਆਰਿਆਂ ਵਿਚੋਂ ਕੱਢਣ ਅਤੇ ਖ਼ਾਲਸੇ ਪੰਥ ਨੂੰ ਇਨ੍ਹਾਂ ਤੋਂ ਮੁਕਤ ਕਰਾਉਣ ਲਈ ਸਿੰਘ ਸਭਾ ਲਹਿਰ ਦਾ ਸੰਨ 1873 ਵਿਚ ਆਗਾਜ਼ ਹੋਇਆ। ਇਹ ਸਿੰਘ ਸਭਾ ਲਹਿਰ ਨੇ ਅਗੋਂ ਅਕਾਲੀ ਲਹਿਰ ਦਾ ਰੂਪ ਧਾਰਿਆ ਜਿਸ ਨੇ ਮਹੰਤਾਂ ਦੇ ਕਬਜੇ ਵਿਚੋਂ ਗੁਰਦੁਆਰੇ ਅਜ਼ਾਦ ਕਰਵਾ ਕੇ ਗੁਰਬਾਣੀ ਅਤੇ ਗੁਰਮਤਿ ਸਿਧਾਂਤਾਂ ਅਨੁਸਾਰ ਪੰਥਕ ਰਹਿਤ ਮਰਯਾਦਾ ਲਾਗੂ


www.AKJ.Org

ਕਰਵਾਈ ਅਤੇ ਬੀਬੀਆਂ ਨੂੰ ਵੀ ਸਿੰਘਾਂ ਦੇ ਬਰਾਬਰ ਕੀਰਤਨ ਕਰਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਬੈਠ ਕੇ ਪਾਠ ਕਰਨ ਦਾ ਅਧਿਕਾਰ ਦਿਵਾਇਆ।

ਭਾਈ ਸਾਹਿਬ ਰਣਧੀਰ ਸਿੰਘ ਜੀ ਵੀ ਇਨ੍ਹਾਂ ਸੁਧਾਰਾਂ ਦੇ ਮੋਢੀਆਂ ਵਿਚੋਂ ਸਨ ਅਤੇ ਸਿੰਘ ਸਭਾ ਲਹਿਰ ਦੇ ਆਗੂਆਂ ਨਾਲ ਮੋਢੇ ਨਾਲ ਮੋਢਾ ਡਾਹ ਕੇ ਕੰਮ ਕਰਦੇ ਰਹੇ ਹਨ। ਭਾਈ ਸਾਹਿਬ ਜੀ ਦੀ ਪੰਥ ਨੂੰ ਇਕ ਇਹ ਵੱਡੀ ਦੇਣ ਸੀ ਕਿ ਉਨ੍ਹਾਂ ਨੇ ਜਥੇ ਵੱਲੋਂ ਹੋਣ ਵਾਲੇ ਸਾਰੇ ਸਮਾਗਮਾਂ ਵਿਚ ਬੀਬੀਆਂ ਨੂੰ, ਬਿਨਾਂ ਕਿਸੇ ਵਿਤਕਰੇ ਤੋਂ ਕੀਰਤਨ ਅਤੇ ਪਾਠ ਕਰਨ ਦੀ ਸੇਵਾ ਦਾ ਪੂਰਾ ਮੌਕਾ ਦਿੱਤਾ। ਜਥੇ ਵਿਚ ਅੰਮ੍ਰਿਤਧਾਰੀ ਰਹਿਤਵਾਨ ਬੀਬੀਆਂ ਵੀ ਸਿੰਘਾਂ ਦੇ ਬਰਾਬਰ ਹਰ ਫਰੰਟ ਤੋਂ ਮੂਹਰੇ ਹੋ ਕੇ ਸੇਵਾ ਨਿਬਾਉਂਦੀਆਂ ਰਹੀਆਂ, ਚਾਹੇ ਉਹ ਚਮਕੌਰ ਸਾਹਿਬ ਦਾ ਮੋਰਚਾ ਸੀ, ਚਾਹੇ ਸ੍ਰੀ ਅਖੰਡ ਪਾਠ ਦੀ ਸੇਵਾ, ਕੀਰਤਨ ਦੀ ਸੇਵਾ ਜਾਂ ਲੰਗਰ ਦੀ ਸੇਵਾ ਹੋਵੇ। ਜਥੇ ਵਿਚ ਸਭ ਤੋਂ ਪਹਿਲਾਂ ਨਾਰੰਗਵਾਲ ਦੀਆਂ ਤਿੰਨ ਬੀਬੀਆਂ ਨੇ ਕੀਰਤਨ ਦੀ ਸੇਵਾ ਸ਼ੁਰੂ ਕੀਤੀ, ਜਿਸ ਨੂੰ ਟਕਸਾਲੀ ਬੀਬੀਆਂ ਦਾ ਕੀਰਤਨੀ ਜਥਾ ਕਿਹਾ ਜਾਂਦਾ ਸੀ। ਉਸ ਜਥੇ ਵਿਚ ਬੀਬੀ ਦਲੇਰ ਕੌਰ ਜੀ ਸੁਪੱਤਰੀ ਭਾਈ ਸਾਹਿਬ ਜੀ, ਬੀਬੀ ਸੁਖਦੇਵ ਕੌਰ ਜੀ ਸਿੰਘਣੀ ਭਾਈ ਦਿਆਲ ਸਿੰਘ ਜੀ ਲੁਧਿਆਣਾ ਅਤੇ ਬੀਬੀ ਕੁਲਵੰਤ ਕੌਰ ਜੀ ਸਿੰਘਣੀ ਭਾਈ ਪ੍ਰੇਮ ਸਿੰਘ ਬਹਿਬਲ ਜਿਨ੍ਹਾਂ ਦਾ ਜ਼ਿਕਰ ਰੰਗਲੇ ਸੱਜਣ ਪੁਸਤਕ ਵਿਚ ਆਉਂਦਾ ਹੈ, ਸ਼ਾਮਿਲ ਸਨ। ਇਨ੍ਹਾਂ ਤਿੰਨਾਂ ਬੀਬੀਆਂ ਨੇ ਕੀਰਤਨ ਵੀ ਭਾਈ ਸਾਹਿਬ ਜੀ ਪਾਸੋਂ ਹੀ ਸਿੱਖਿਆ ਸੀ ਅਤੇ ਪਾਠ ਦੀ ਸੰਥਿਆ ਵੀ ਉਨ੍ਹਾਂ ਕੋਲੋਂ ਲਈ ਸੀ।

ਬੀਬੀ ਦਲੇਰ ਕੌਰ ਜੀ ਅਤੇ ਬੀਬੀ ਸੁਖਦੇਵ ਕੌਰ ਜੀ ਦੇ ਜੀਵਨ ਬਿਰਤਾਂਤ ਇਸ ਪੁਸਤਕ ਵਿਚ ਦਰਜ ਹੋ ਚੁੱਕੇ ਹਨ। ਹੁਣ ਬੀਬੀ ਕੁਲਵੰਤ ਕੌਰ ਜੀ ਬਾਰੇ ਜਿਤਨੀ ਜਾਣਕਾਰੀ ਮਿਲ ਸਕੀ ਹੈ, ਉਹ ਸੰਗਤਾਂ ਦੇ ਚਰਨਾਂ ਵਿਚ ਹਾਜ਼ਰ ਹੈ।

ਬੀਬੀ ਕੁਲਵੰਤ ਕੌਰ ਜੀ ਦਾ ਜਨਮ ਸੰਨ 1918 ਵਿਚ ਪਿੰਡ ਨਾਰੰਗਵਾਲ ਜਿਲ੍ਹਾ ਲੁਧਿਆਣਾ ਭਾਈ ਸਾਹਿਬ ਜੀ ਦੇ ਗੁਆਂਢੀ ਭਾਈ ਰਾਮ ਸਿੰਘ ਜੀ ਦੇ ਘਰ ਬੀਬੀ ਦਲੀਪ ਕੌਰ ਜੀ ਦੇ ਕੁੱਖੋਂ ਹੋਇਆ। ਆਪ ਜੀ ਦੇ ਪਿਤਾ ਜੀ ਆਮ ਸਿੱਖ ਜਿਮੀਂਦਾਰ ਸਨ ਤੇ ਗੁਰੂ ਘਰ ਦੇ ਪ੍ਰੇਮੀ ਸ਼ਰਧਾਲੂ ਸਨ। ਬੀਬੀ ਜੀ ਨੇ ਸੰਸਾਰਕ ਵਿਦਿਆ ਪੰਜਵੀਂ ਤਾਈਂ ਹੀ ਪਿੰਡ ਦੇ ਸਕੂਲ ਤੋਂ ਲਈ। ਉਸ ਵੇਲੇ ਬੱਚੀਆਂ ਨੂੰ ਪੜ੍ਹਾਉਣ ਦਾ ਰਿਵਾਜ਼ ਅਤੇ ਉੱਚ ਵਿਦਿਆ ਦੇ ਸਾਧਨ ਪਿੰਡਾਂ ਵਿਚ ਨਾ ਹੋਣ ਕਾਰਨ ਆਪ ਜੀ ਨੇ ਅਗੋਂ ਸੰਸਾਰਕ ਵਿਦਿਆ ਨਹੀਂ ਲਈ। ਆਪ ਜੀ ਦੇ ਜਵਾਨ ਹੋਣ ਤੱਕ, ਭਾਈ ਸਾਹਿਬ ਜੀ ਵੀ ਜੇਲ੍ਹ ਤੋਂ ਰਿਹਾਅ ਹੋ ਕੇ ਆ ਗਏ ਸਨ ਅਤੇ ਗੁਆਂਢ ਹੋਣ ਕਾਰਨ ਭਾਈ ਸਾਹਿਬ ਜੀ ਦੀ ਸਪੁੱਤਰੀ ਬੀਬੀ ਦਲੇਰ ਕੌਰ ਜੀ ਆਪ ਦੀ ਸਹੇਲੀ ਬਣ ਗਈ ਸੀ। ਫਿਰ ਭਾਈ ਸਾਹਿਬ ਜੀ ਦੀਆਂ ਅਸੀਸਾਂ ਸਦਕਾ ਅਤੇ ਉੱਥੇ ਆਉਂਦੀਆਂ ਜਾਂਦੀਆਂ ਸੰਗਤਾਂ ਦੇ ਦਰਸ਼ਨ ਪਰਸ ਕੇ ਇਸ ਬੀਬੀ ਨੇ ਗੁਰਬਾਣੀ ਦੇ ਪਾਠ ਦੇ ਨਾਲ-ਨਾਲ ਕੀਰਤਨ ਵੀ ਸਿੱਖ ਲਿਆ ਅਤੇ ਦੂਸਰੀਆਂ ਬੀਬੀਆਂ ਦੇ ਸੰਗ ਸਾਥ ਕੀਰਤਨ ਸਮਾਗਮਾਂ ਦੀ ਹਾਜ਼ਰੀ ਭਰਨੀ ਸ਼ੁਰੂ ਕਰ ਦਿੱਤੀ।

ਪ੍ਰੋ. ਠਾਕੁਰ ਸਿੰਘ ਜੀ ਪੁਸਤਕ ਪੂਰਬ ਜਨਮ ਕੇ ਮਿਲੇ ਸੰਜੋਗੀ ਵਿਚ ਲਿਖਦੇ ਹਨ ਕਿ ਇਕ ਦਿਨ ਅੰਮ੍ਰਿਤ ਵੇਲੇ ਦੀਵਾਨ ਤੋਂ ਬਾਅਦ ਬੀਬੀ ਕੁਲਵੰਤ ਕੌਰ ਜੀ ਨੇ ਸੱਚੇ ਪਾਤਸ਼ਾਹ ਦਾ ਹੁਕਮ ਲਿਆ ਤੇ ਉਸ ਦਿਨ ਸ਼ਬਦ ਸੀ :

**ਅੰਦਰਿ ਸਚਾ ਨੇਹੁ ਲਾਇਆ ਪ੍ਰੀਤਮ ਆਪਣੈ ॥**
**ਤਨੁ ਮਨੁ ਹੋਇ ਨਿਹਾਲੁ ਜਾ ਗੁਰੁ ਦੇਖਾ ਸਾਮ੍ਣੇ ॥੧॥**

*(ਅੰਗ : ੭੫੮)*

ਇਹ ਲੰਬਾ ਸ਼ਬਦ ਪੂਰੇ ਪੰਨੇ ਤੇ ਆਉਂਦਾ ਹੈ। ਭਾਈ ਸਾਹਿਬ ਜੀ ਆਪ ਜੀ ਦੇ ਸਿਰ ਤੇ ਹੱਥ ਧਰ ਕੇ ਕਹਿਣ ਲੱਗੇ, ਬੇਟੀ, ਸ਼ਬਦ ਹੁਣ ਮੂੰਹ ਜਬਾਨੀ ਸੁਣਾ ਦੇਵੋ। ਸਭ ਦੀ ਹੈਰਾਨੀ ਦੀ ਹੱਦ ਨਾ ਰਹੀ ਜਦੋਂ ਆਪ ਜੀ ਨੇ ਨੇਤਰ ਬੰਦ ਕਰ ਲਏ ਤੇ ਸਾਰਾ ਸ਼ਬਦ ਇੰਨ ਬਿੰਨ ਸੁਣਾ ਦਿੱਤਾ। ਇਸ ਤਰ੍ਹਾਂ ਦੀਆਂ ਬਖਸ਼ਿਸ਼ਾਂ ਭਾਈ ਸਾਹਿਬ ਜੀ ਆਪ ਉੱਪਰ ਕਰਦੇ ਰਹਿੰਦੇ ਸਨ। ਆਪ ਦੇ ਆਨੰਦ ਕਾਰਜ ਤੋਂ ਪਹਿਲਾਂ ਅਤੇ ਬਾਅਦ ਕੋਈ ਅਜਿਹਾ ਸਮਾਗਮ ਨਹੀਂ ਸੀ ਜਿੱਥੇ ਭਾਈ ਸਾਹਿਬ ਜੀ



www.AKJ.Org

ਇਨ੍ਹਾਂ ਤਿੰਨ ਬੀਬੀਆਂ ਨੂੰ ਨਾਲ ਲੈ ਕੇ ਨਾ ਗਏ ਹੋਣ। ਭਾਈ ਸਾਹਿਬ ਜੀ ਦੇ ਕੀਰਤਨ ਆਰੰਭ ਕਰਨ ਤੋਂ ਬਾਅਦ ਇਹ ਤਿਕੜੀ ਹੀ ਕੀਰਤਨ ਦੀ ਹਾਜ਼ਰੀ ਭਰਦੀ ਸੀ।

ਬਿਨ੍ਹਾਂ ਦਾ ਆਨੰਦ ਕਾਰਜ ਕਾਕਾ ਪ੍ਰੇਮ ਸਿੰਘ ਬਹਿਬਲ ਵਾਸੀ ਬਡਾਲੀ ਆਲਾ ਸਿੰਘ ਜ਼ਿਲ੍ਹਾ ਰੋਪੜ ਨਾਲ ਸੰਨ 1938 ਵਿਚ ਹੋਇਆ ਸੀ। ਕਾਕਾ ਪ੍ਰੇਮ ਸਿੰਘ ਬਹਿਬਲ ਦੇ ਪ੍ਰੀਵਾਰ ਵੱਲੋਂ ਅੰਮ੍ਰਿਤ ਛੱਕਣ ਅਤੇ ਉਸੇ ਹੀ ਅੰਮ੍ਰਿਤ ਸੰਚਾਰ ਸਮਾਗਮ ਦੌਰਾਨ ਇਸ ਨਵ ਯੁਵਕ ਬੀਰ ਬਾਂਕੜੇ ਤੇ ਜੋ ਨਾਮ ਬਾਣੀ ਦੀ ਵਰਤੀ ਕਲਾ ਅਤੇ ਉਸ ਦੀ ਬਹਿਬਲਤਾ ਦੇਖ ਕੇ ਹੀ ਸ੍ਰੀ ਮਾਨ ਭਾਈ ਸਾਹਿਬ ਜੀ ਅਤੇ ਮਾਨਯਵਰ ਬਾਊ ਜੀ ਦੀ ਅੰਤ੍ਰੀਵੀ ਰਮਜ਼ ਮਿਲਣ ਤੇ ਇਸ ਦਾ ਰਿਸ਼ਤਾ ਉਸ ਸਮੇਂ ਹੀ ਇਸ ਬੀਬੀ ਨਾਲ ਕਰਨਾ ਤਹਿ ਹੋ ਗਿਆ। ਇਹ ਸਾਰਾ ਬਿਰਤਾਂਤ ਪੁਸਤਕ ਰੰਗਲੇ ਸੱਜਣ ਵਿਚ ਕਾਕਾ ਪ੍ਰੇਮ ਸਿੰਘ ਬਹਿਬਲ ਦੀ ਜੀਵਨੀ ਵਾਲੇ ਲੇਖ ਵਿਚ ਦਰਜ ਹੈ। ਇਸ ਬੀਬੀ ਦਾ ਰਿਸ਼ਤਾ, ਆਨੰਦ ਕਾਰਜ ਆਦਿ ਭਾਈ ਸਾਹਿਬ ਜੀ ਨੇ ਖੁਦ ਆਪਣੇ ਹੱਥੀ ਆਪਣੀ ਸਕੀ ਬੱਚੀ ਵਾਂਗ ਹੀ ਕੀਤੇ। ਇਨ੍ਹਾਂ ਦੇ ਘਰ ਇਕਲੌਤੇ ਪੁੱਤਰ (ਜੋ ਢਾਈ ਸਾਲ ਦੀ ਉਮਰ ਵਿਚ ਹੀ ਗੁਰੂ ਪਿਆਰਾ ਹੋ ਗਿਆ ਸੀ) ਅਤੇ ਤਿੰਨ ਬੱਚੀਆਂ ਨੇ ਜਨਮ ਲਿਆ। ਗੁਰੂ ਸਾਹਿਬ ਜੀ ਦੇ ਅਟੱਲ ਹੁਕਮ ਅਨੁਸਾਰ ਇਨ੍ਹਾਂ ਦੇ ਸਿੰਘ ਸਾਹਿਬ ਭਾਈ ਪ੍ਰੇਮ ਸਿੰਘ ਬਹਿਬਲ ਭਰ ਜੁਆਨੀ ਵਿਚ ਹੀ ਸੰਨ 1948 ਵਿਚ ਚੜ੍ਹਾਈ ਕਰ ਗਏ ਸਨ। ਇਨ੍ਹਾਂ ਦੇ ਘਰ ਇਕ ਬੱਚੀ ਨੇ ਤਾਂ ਆਪਣੇ ਪਿਤਾ ਦੇ ਚੜ੍ਹਾਈ ਕਰ ਜਾਣ ਤੋਂ ਬਾਅਦ ਜਨਮ ਲਿਆ ਸੀ। ਪ੍ਰੰਤੂ ਇਹ ਬੀਬੀ ਜੀ ਇਸ ਬਿਖਮ ਭਾਣੇ ਵਿਚ ਗੁਰਬਾਣੀ ਦਾ ਓਟ ਆਸਰਾ ਲੈਂਦੇ ਹੋਏ ਅਤੇ ਭਾਈ ਸਾਹਿਬ ਜੀ ਤੋਂ ਮਿਲੇ ਪਿਤਾ ਪਿਆਰ ਸਦਕਾ ਵੀ ਨਹੀਂ ਡੋਲੀ ਅਤੇ ਭਾਣੇ ਨੂੰ ਮਿੱਠਾ ਕਰਕੇ ਮੰਨਦੀ ਰਹੀ।

ਇੰਨ੍ਹਾਂ ਦੇ ਸਿੰਘ ਸਾਹਿਬ ਜੀ ਦੇ ਚੜ੍ਹਾਈ ਕਰ ਜਾਣ ਤੋਂ ਬਾਅਦ, ਇੰਨ੍ਹਾਂ ਦਾ ਵੱਡਾ ਭਰਾ, ਬੱਚੀਆਂ ਸਮੇਤ ਇਨ੍ਹਾਂ ਨੂੰ ਨਾਰੰਗਵਾਲ ਹੀ ਆਪਣੇ ਕੋਲ ਲੈ ਆਇਆ, ਕਿਉਂਕਿ ਇਨ੍ਹਾਂ ਦੇ ਸਹੁਰੇ ਪ੍ਰੀਵਾਰ ਦੇ ਸਾਰੇ ਹੀ ਜੀਅ, ਥੋੜ੍ਹੇ ਹੀ ਸਮੇਂ ਵਿਚ ਵਾਰੀ-ਵਾਰੀ ਚੜ੍ਹਾਈ ਕਰ ਗਏ ਸਨ ਅਤੇ ਉੱਥੇ ਬੱਚੀਆਂ ਨਾਲ ਰਹਿ ਕੇ ਗੁਜ਼ਾਰਾ ਚਲਾਉਣਾ ਮੁਸ਼ਕਲ ਸੀ। ਬਾਕੀ ਸਾਰੀ ਆਯੂ ਆਪ ਜੀ ਨੇ ਨਾਰੰਗਵਾਲ ਹੀ ਬਿਤਾਈ। ਇੱਥੇ ਹੀ ਇਨ੍ਹਾਂ ਦੇ ਭਰਾ ਨੇ ਬੱਚੀਆਂ ਦਾ ਪਾਲਣ ਪੋਸ਼ਣ, ਲਿਖਾਈ ਪੜ੍ਹਾਈ ਤੇ ਆਨੰਦ ਕਾਰਜ ਆਦਿ ਸਾਰੇ ਕਾਰਜ ਕੀਤੇ। ਆਪ ਜੀ ਨੇ ਭਾਈ ਸਾਹਿਬ ਜੀ ਦੀ ਸੰਗਤ ਦਾ ਖੂਬ ਆਨੰਦ ਮਾਣਿਆ ਅਤੇ ਬੜੀਆਂ ਹੀ ਪਿਆਰ ਭਰੀਆਂ ਅਸੀਸਾਂ ਲਈਆਂ।

ਆਪ ਜੀ ਨੇ ਆਯੂ ਉਪਰੰਤ ਕੀਰਤਨ ਦੀ ਸੇਵਾ ਦੇ ਨਾਲ-ਨਾਲ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਸੇਵਾ ਵੀ ਨਿਭਾਉਂਦੇ ਰਹੇ ਅਤੇ ਹਮੇਸ਼ਾਂ ਗੁਰਬਾਣੀ ਨੂੰ ਹੀ ਆਪਣਾ ਜੀਵਨ ਆਧਾਰ ਬਣਾਇਆ। ਆਪ ਜੀ ਦੀ ਛੋਟੀ ਭੈਣ ਬੀਬੀ ਉਪਦੇਸ਼ ਕੌਰ ਜੀ (ਜੋ ਭਾਈ ਆਤਮਾ ਸਿੰਘ ਜੀ ਪੰਜੋਖਰਾ ਸਾਹਿਬ ਜੀ ਦੇ ਪੁੱਤਰ ਹੈਡ ਮਾਸਟਰ ਤਾਰਾ ਸਿੰਘ ਜੀ ਨਾਲ ਵਿਆਹੀ ਹੋਈ ਸੀ) ਵੀ ਜਥੇ ਦੇ ਦੂਜੀ ਪੀੜ੍ਹੀ ਵਿਚੋਂ ਸਿਰ ਕੱਢ ਕੀਰਤਨੀ ਸੀ ਜਿਸ ਨੇ ਆਪਣੀ ਭੈਣ ਕੋਲੋਂ ਹੀ ਕੀਰਤਨ ਸਿੱਖਿਆ ਸੀ।

ਭਾਈ ਸਾਹਿਬ ਜੀ ਦੇ ਨਾਰੰਗਵਾਲ ਤੋਂ ਲੁਧਿਆਣੇ ਆਉਣ ਤੇ ਅਤੇ ਚੜ੍ਹਾਈ ਕਰਨ ਤੋਂ ਬਾਅਦ ਵੀ ਆਪ ਨਾਰੰਗਵਾਲ ਪਿੰਡ ਹੀ ਰਹੇ ਇੱਥੇ ਹੀ ਮਿਤੀ 24 ਸਤੰਬਰ 1968 ਨੂੰ ਅਚਾਨਕ ਦਿਲ ਦੇ ਦੌਰੇ ਪੈਣ ਕਾਰਨ ਆਪਣਾ ਜੀਵਨ ਸਫਲਾ ਕਰਦੇ ਹੋਏ ਗੁਰੂ ਚਰਨਾਂ ਵਿਚ ਜਾ ਬਿਰਾਜੇ।



www.AKJ.Org

# ਬੀਬੀ ਨੰਦ ਕੌਰ ਜੀ, ਨਾਰੰਗਵਾਲ

ਮਾਸਟਰ ਕੁੰਦਨ ਸਿੰਘ ਜੀ ਸਰਹਾਲੀ ਕਲਾਂ, ਜ਼ਿਲ੍ਹਾ ਅੰਮ੍ਰਿਤਸਰ

**ਗੁਰਮੁਖਿ ਜਨਮੁ ਸਵਾਰਿ ਦਰਗਹ ਚਲਿਆ। ਸਚੀ ਦਰਗਹ ਜਾਇ ਸਚਾ ਪਿੜ ਮਲਿਆ।**

(ਵਾਰ ਭਾਈ ਗੁਰਦਾਸ ਜੀ)

ਸਚਖੰਡ ਵਾਸੀ ਡਾਕਟਰ ਗੁਰਦੀਪ ਸਿੰਘ ਜੀ ਨਾਰੰਗਵਾਲ ਜ਼ਿਲ੍ਹਾ ਲੁਧਿਆਣਾ ਦੇ ਵਾਸੀ ਸਨ। ਅੰਮ੍ਰਿਤ ਛੱਕਣ ਤੋਂ ਪਹਿਲਾਂ ਇਨ੍ਹਾਂ ਦਾ ਨਾਮ ਨੰਦ ਸਿੰਘ ਸੀ। ਇਹਨਾਂ ਦੇ ਪਿਤਾ ਸ. ਚਰਨ ਸਿੰਘ ਜੀ ਸਨ ਜਿਨ੍ਹਾਂ ਨੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨਾਲ ਇਕੋ ਬਾਟੇ ਵਿਚ ਅੰਮ੍ਰਿਤ ਛਕਿਆ ਸੀ। ਭਾਈ ਸਾਹਿਬ ਜੀ ਇਹਨਾਂ ਨੂੰ ਸੁਨਹਿਰੀਏ ਵੀਰ ਕਹਿੰਦੇ ਹੁੰਦੇ ਸਨ। ਅੰਮ੍ਰਿਤ ਛੱਕ ਕੇ ਇਨ੍ਹਾਂ ਦਾ ਨਾਮ ਆਸਾ ਸਿੰਘ ਹੋ ਗਿਆ ਸੀ ਪਰ ਚਰਨ ਸਿੰਘ ਦੇ ਨਾਮ ਨਾਲ ਹੀ ਸਾਰੀ ਉਮਰ ਪ੍ਰਸਿੱਧ ਰਹੇ। ਜਦੋਂ ਅੰਮ੍ਰਿਤ ਛੱਕਿਆ ਤਾਂ ਉਮਰ ਅਜੇ ਛੋਟੀ ਹੀ ਸੀ, ਅੰਮ੍ਰਿਤ ਦਾ ਪਾਹ ਬੜਾ ਹੀ ਗਹਿਗਾਏ ਰੰਗਾਂ ਵਿਚ ਚੜ੍ਹਿਆ ਤੇ ਕਿੰਚਤ ਕਾਲ ਹੀ ਚੜਿਆ ਰਿਹਾ। ਸੁਭਾਓ ਦੇ ਬੜੇ ਸੁਸ਼ੀਲ ਸਨ। ਸੰਨ 1915 ਵਿਚ ਵੀ ਇਨ੍ਹਾਂ ਨੇ ਭਾਈ ਸਾਹਿਬ ਜੀ ਨਾਲ ਹੀ ਪਕੜਿਆ ਜਾਣਾ ਸੀ, ਪ੍ਰੰਤੂ ਇਹ ਪਹਿਲਾਂ ਹੀ ਕਲਕੱਤੇ ਨੂੰ ਖਿਸਕ ਗਏ ਤੇ ਉਥੋਂ ਬਰਮਾ ਜਾ ਵੜੇ। ਉੱਥੇ ਜਾ ਕੇ ਸਲੋਤਰੀ ਬਣ ਕੇ ਨੌਕਰੀ ਕਰ ਲਈ। ਉੱਥੇ ਹੀ ਉਨ੍ਹਾਂ ਆਪਣੇ ਇਕਲੌਤੇ ਪੁੱਤਰ ਨੰਦ ਸਿੰਘ ਉਰਫ ਡਾਕਟਰ ਗੁਰਦੀਪ ਸਿੰਘ ਜੀ ਨੂੰ ਇਕਲੌਤੀ ਸਪੁੱਤਰੀ ਬੀਬੀ ਨੰਦ ਕੌਰ ਜੀ ਸਮੇਤ ਬੁਲਾ ਲਿਆ। ਬਾਅਦ ਵਿਚ ਇਨ੍ਹਾਂ ਦੀ ਸਿੰਘਣੀ ਨੇ ਵੀ ਪਤੀ ਪਾਸ ਜਾ ਨਿਵਾਸ ਕੀਤਾ। ਇਹਨਾਂ ਦੇ ਦੋ ਹੀ ਬੱਚੇ ਸਨ—ਡਾਕਟਰ ਗੁਰਦੀਪ ਸਿੰਘ ਜੀ ਅਤੇ ਬੀਬੀ ਨੰਦ ਕੌਰ ਜੀ। ਡਾਕਟਰ ਗੁਰਦੀਪ ਸਿੰਘ ਜੀ ਸੰਨ 1942 ਵਿਚ ਜਪਾਨ ਦੇ ਹਮਲੇ ਵੇਲੇ ਬਰਮਾ ਵਿਚ ਹੀ ਸ਼ਹੀਦ ਹੋ ਗਏ ਸਨ।

ਬੀਬੀ ਨੰਦ ਕੌਰ ਜੀ ਤਰਨ ਤਾਰਨ ਲਾਗੇ ਪਿੰਡ ਠਰੂ ਵਿਆਹੀ ਹੋਈ ਸੀ ਅਤੇ ਉਸ ਦੀਆਂ ਤਿੰਨ ਲੜਕੀਆਂ ਹੀ ਹਨ, ਲੜਕਾ ਕੋਈ ਨਹੀਂ। ਬੱਚੀਆਂ ਅੰਮ੍ਰਿਤਧਾਰੀ ਹਨ। ਬੀਬੀ ਨੰਦ ਕੌਰ ਜੀ ਨੇ ਕਰੀਬਨ 20-25 ਸਾਲ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਘਰ ਨਾਰੰਗਵਾਲ ਲੰਗਰ ਦੀ ਅਤੁਟ ਸੇਵਾ ਕੀਤੀ। ਬਿਬੇਕੀ ਸਿੰਘਾਂ ਅਤੇ ਸਰਬ ਲੋਹੀ ਸਿੰਘਾਂ ਵਾਸਤੇ ਸਮਾਗਮਾਂ ਸਮੇਂ, ਸਾਰੇ ਪਿੰਡ ਵਿਚੋਂ ਦੁਧ 'ਚੋ ਕੇ ਲਿਆਉਂਦੇ ਹੁੰਦੇ ਸਨ। ਇਨ੍ਹਾਂ ਦੇ ਵੱਡੇ ਵੀਰ ਡਾਕਟਰ ਗੁਰਦੀਪ ਸਿੰਘ ਜੀ ਦਾ ਜੀਵਨ ਬਿਰਤਾਂਤ ਭਾਈ ਸਾਹਿਬ ਜੀ ਦੀ ਰਚਿਤ ਪੁਸਤਕ 'ਰੰਗਲੇ ਸੱਜਣ' ਵਿਚ ਲਿਖਿਆ ਹੋਇਆ ਹੈ। ਭਾਈ ਸਾਹਿਬ ਜੀ ਉਸ ਪੁਸਤਕ ਵਿਚ ਲਿਖਦੇ ਹਨ ਕਿ ਦੋਨੋਂ ਭੈਣ ਭਾਈ ਪੁੱਜ ਕੇ ਪ੍ਰਮਾਰਥ ਦੇ ਪਾਤਰ ਸਨ। ਸਤਿਸੰਗੀ ਜਨ ਪਹਿਲੀ ਵੇਰ ਹੀ ਇਹਨਾਂ ਦੋਹਾਂ ਨੂੰ ਦੇਖ ਕੇ ਤਾੜ ਗਏ ਕਿ ਇਹ ਪਿਛਲੇ ਜਨਮ ਦੀਆਂ ਵਿਛੜੀਆਂ ਹੋਈਆਂ ਰੂਹਾਂ ਹਨ। ਇਕ ਵੇਰ ਨਾਰੰਗਵਾਲ ਅੰਮ੍ਰਿਤ-ਸੰਚਾਰ ਦਾ ਸਮਗਮ ਜੁੜਿਆ। ਪਿਆਰੇ ਗੁਰਦੀਪ ਸਿੰਘ ਜੀ ਦੀ ਪ੍ਰਮਾਰਥੀ ਪਾਤਰਤਾ ਬੜੀ ਉਚੇਰੀ ਟੀਸੀ ਤਾਈਂ ਅਪੜ ਚੁੱਕੀ ਸੀ ਅਤੇ ਬੀਬੀ ਨੰਦ ਕੌਰ ਭੀ ਘਟ ਨਹੀਂ ਸੀ। ਇਸ ਨੂੰ ਵੀ ਆਪਣੇ ਵੀਰ ਦੇ ਨਾਲ ਹੀ ਜਹਾਜ਼ੇ ਚੜ੍ਹਨ ਦੀ ਤਕੜੀ ਲਿਵ ਲਗੀ ਹੋਈ ਸੀ, ਪਰ ਉਸ ਦੇ ਭਾਗਾਂ ਵਿਚ ਵੀਰ ਦੇ ਨਾਲ ਜਹਾਜ਼ੇ ਚੜ੍ਹਨਾ ਨਹੀਂ ਸੀ ਲਿਖਿਆ ਹੋਇਆ, ਕਿਉਂਕਿ ਜਥੇ ਦੇ ਅਸੂਲਾਂ ਮੁਤਾਬਕ ਆਪਣੇ ਸੰਸਾਰਕ ਸੰਜੋਗੀ ਪਤੀ ਬਿਹੂਣ ਉਹ ਬੀਬੀ ਅੰਮ੍ਰਿਤ ਨਹੀਂ ਸੀ ਛੱਕਦੀ। ਪਤੀ ਉਸ ਦਾ ਅਜੇ ਪਰਮਾਰਥ ਦਾ ਪਾਂਧੀ ਭੀ ਨਹੀਂ ਸੀ ਬਣਿਆ। ਗੁਰਮਤਿ ਸਤਿਸੰਗ ਦੇ, ਅਜੇ ਉਹ ਅਭਾਗਾ ਪੁਰਸ਼ ਨੇੜੇ ਭੀ ਨਹੀਂ ਸੀ ਆਇਆ। ਪਰ ਬੀਬੀ ਨੰਦ ਕੌਰ ਜੀ ਦੀ ਬੜੀ ਹੀ ਆਸ਼ਾ ਤੇ ਪੱਕਾ ਵਿਸ਼ਵਾਸ ਸੀ ਤੇ ਧਰਵਾਸ ਸੀ ਕਿ ਇਸ ਦੀ ਨਿੱਜ ਸਨਿਮਰੀ ਪ੍ਰੇਰਨਾ ਦੇ ਪਰਾਇਣ ਹੋ ਕੇ ਉਸ ਦਾ ਪਤੀ ਇਕ ਦਿਨ ਜ਼ਰੂਰ ਹੀ ਅੰਮ੍ਰਿਤ ਛੱਕ ਕੇ ਤਿਆਰ-ਬਰ-ਤਿਆਰ ਹੋ ਜਾਵੇਗਾ। ਚਾਹੇ ਆਪਣੇ ਵੀਰ ਦੇ ਨਾਲ ਹੀ ਇਕੋ ਬਾਟੇ ਵਿਚ ਅੰਮ੍ਰਿਤ ਛੱਕਣ ਦਾ ਇਸ ਬੀਬੀ ਦਾ ਹੱਦ ਦਰਜ਼ੇ ਦਾ ਉਤਸ਼ਾਹ ਉਮਾਹ ਸੀ



www.AKJ.Org

ਪਰ ਗੁਰਮਤਿ ਅਸੂਲਾਂ ਦੀ ਪਾਬੰਦੀ ਅਤੇ ਆਪਣੇ ਪਤੀ ਨੂੰ ਭੀ ਆਪਣੇ ਨਾਲ ਹੀ ਨਿਸਤਾਰਨ ਦੀ ਖਾਹਸ਼ਮੰਦੀ ਭੀ ਇਸ ਬੀਬੀ ਦੀ ਅਨੂਪਮ ਸੀ। ਇਹ ਬੀਬੀ ਨੰਦ ਕੌਰ ਦੀ ਬੜੀ ਹੀ ਉੱਚੀ ਕੁਰਬਾਨੀ ਹੈ ਕਿ ਇਸ ਨੇ ਆਪਣੇ ਅਤਿ ਉੱਚ ਪ੍ਰਮਾਰਥੀ ਵੇਗ ਨੂੰ ਰੋਕ ਕੇ ਤੱਤ ਅਸੂਲਾਂ ਦੀ ਅਨੁਸਾਰਤਾ ਪਾਲੀ ਤੇ ਕੁਝ ਹੋਰ ਸਮਾਂ ਉਡੀਕਣ ਦੀ ਵਿਸ਼ਾਲਤਾ ਦਿਖਾਈ। ਪਰ ਬੀਬੀ ਦਾ ਉਹ ਅਭਾਗਾ ਪਤੀ ਕੁਝ ਸਮਾਂ ਪਿਛੋਂ ਵਾਹਿਗੁਰੂ ਨੂੰ ਪਿਆਰਾ ਹੋ ਗਿਆ ਅਤੇ ਉਸ ਦੇ ਚਲਾਣੇ ਪਿਛੋਂ ਬੀਬੀ ਨੰਦ ਕੌਰ ਤਿਆਰ-ਬਰ-ਤਿਆਰ ਹੋ ਗਈ।

ਭਾਈ ਸਾਹਿਬ ਲਿਖਦੇ ਹਨ ਕਿ ਡਾਕਟਰ ਗੁਰਦੀਪ ਸਿੰਘ ਜੀ ਤਾਂ ਅੰਮ੍ਰਿਤ ਛਕਣਹਾਰਿਆਂ ਦੇ ਮੰਡਲ ਵਿਚ ਅੰਦਰ ਬੈਠੇ ਕਾਗੋਂ ਹੰਸ ਬਣਨ ਦੀਆਂ ਤਿਆਰੀਆਂ ਕਰ ਰਹੇ ਹਨ ਤੇ ਹੰਸ-ਅਵਤੰਸੀ-ਉਡਾਰੀਆਂ ਲੈ ਰਹੇ ਹਨ ਅਤੇ ਉਸਦੀ ਸਰਬ-ਗੁਣਾਂ, ਗੁਰਮਤਿ ਗੁਣਾਂ ਸੁਪਾਤਰ ਭੈਣ ਬਾਹਰਵਾਰ ਬਰਾਂਡੇ ਵਿਚ ਬੈਠੀ ਹੋਈ ਝੂਮ ਰਹੀ ਸੀ। ਉਸ ਨੂੰ ਬਾਹਰ ਬੈਠੀ ਨੂੰ ਹੀ ਇਉਂ ਪ੍ਰਤੀਤ ਹੋ ਰਿਹਾ ਸੀ ਕਿ ਜਿਵੇਂ ਉਸ ਨੇ ਆਪਣੇ ਹੰਸ ਵੀਰ ਦੇ ਨਾਲ ਹੀ ਉਡਣਾ ਹੈ ਤੇ ਉਚ-ਅਮਰ-ਅਟਾਰੀਆਂ ਦੀਆਂ ਉਡਾਰੀਆਂ ਮਾਰਨੀਆਂ ਹਨ। ਆਹ, ਉਹ ਵੇਲਾ ਆ ਗਿਆ। ਉਹ ਭਲਾ ਸੰਜੋਗੜਾ ਆਪਣੀ ਢੁਕਣੀ ਨੇੜੇ ਹੀ ਢੁਕ ਗਿਆ ਕਿ ਵੀਰ ਤਾਂ ਅੰਮ੍ਰਿਤ-ਅਧਿਕਾਰੀਆਂ ਦੀ ਪਹਿਲੀ ਕਤਾਰ ਵਿਚ ਬੈਠਾ ਹੋਇਆ ਅੰਦਰਵਾਰ ਪੰਜਾਂ ਪਿਆਰਿਆਂ ਅਗੇ ਦੁਇ ਕਰ ਜੋੜ ਅੰਮ੍ਰਿਤ-ਅਭਿਲਾਖਾ ਵਿਚ ਸੰਧੂਰਤ ਹੋਇਆ ਵਿਆ ਸੀ।..... ਡਾਕਟਰ ਗੁਰਦੀਪ ਸਿੰਘ ਨੂੰ ਗੁਰ-ਮੰਤਰ ਮਿਲਣ ਦੀ ਦੇਰ ਸੀ ਕਿ ਇਸ ਦੀਆਂ ਅਖੀਆਂ ਟਟਾਰੇ ਲਗ ਗਈਆਂ, ਸੁਰਤੀ ਇਕ-ਦਮ ਗਗਨਾਂ ਵਿਚ ਜਾ ਖੇਲੀ। ਨਾਮ ਦਾ ਖੰਡਾ ਅਜਿਹਾ ਖੜਕਿਆ ਕਿ "**ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ**" ਵਾਲਾ ਦ੍ਰਿਸ਼ ਸਾਂਗੋ ਪਾਂਗ ਬਝ ਗਿਆ।....

... ਜਦ ਵੀਰ ਗੁਰਦੀਪ ਸਿੰਘ, ਅੰਦਰ ਵਿਸਮਾਦ-ਰੰਗਾਂ ਵਿਚ ਤਾਰੀਆਂ ਲਾ ਰਿਹਾ ਸੀ, ਭੈਣ ਨੰਦ ਕੌਰ ਦੇ ਬਾਹਰ ਬਰਾਂਡੇ ਵਿਚ ਬੈਠੀ ਦੇ ਹੀ ਨੈਣ ਜੁੜ ਗਏ ਅਤੇ ਆਪਣੇ ਆਪ ਹੀ ਨਾਮ ਦਾ ਖੰਡਾ ਖੜਕਣ ਲਗ ਪਿਆ ਅਤੇ ਪੁਜ ਕੇ ਪੂਜਨ ਪਿਆਰ ਦੇ ਕੇਂਦਰ ਵੀਰ ਗੁਰਦੀਪ ਸਿੰਘ ਦੀਆਂ, ਅੰਦਰ ਅੰਮ੍ਰਿਤ ਮੰਡਲ ਵਿਚ ਬੈਠਿਆਂ ਹੀ ਵਾਇਰਲੈੱਸ ਤਾਰਾਂ ਵੀ ਨੰਦ ਕੌਰ ਦੀ ਨਿਮਾਨੜੀ ਜਿੰਦੜੀ ਅੰਦਰ ਫਿਰ ਗਈਆਂ। ਅੰਮ੍ਰਿਤ-ਮੰਡਲੀ-ਖੰਡ ਅੰਦਰਲਾ ਸਾਰਾ ਸਿੰਚਾਰ ਸਮਾਗਮ ਗੁਪਤੋ ਗੁਪਤੀ ਅੰਤ੍ਰਿੰਗ ਵਿਚ ਹੀ ਚਲੇ ਆਉਣ ਦੀ ਮਰਯਾਦਾ ਵਾਲਾ ਧੁਰਵਾ ਮੁਢੋਂ ਹੀ ਬਝਿਆ ਆਇਆ ਹੈ। ਅੰਮ੍ਰਿਤ-ਸਿੰਚਾਰੀ ਪੰਜਾਂ ਪਿਆਰਿਆਂ ਦੇ ਅੰਦਰ ਇਕ-ਦਮ ਇਸ ਇਕੋ ਉਮਾਹੇ ਦੀ ਤਾਰ ਫਿਰ ਗਈ ਕਿ ਇਸ ਨਵ-ਜਨਮੇ ਵੀਰ ਗੁਰਦੀਪ ਸਿੰਘ ਦਾ ਨੌਂਬਹਾਰੀ ਦਰਸ਼ਨ ਬਾਹਰੋਂ ਹੀ ਬਾਰੀਆਂ ਦੇ ਸ਼ੀਸ਼ੇ ਵਿਚ ਦੀ ਉਸ ਦੀ ਨੀਮ ਮਤਵਾਲੀ ਭੈਣ ਨੰਦ ਕੌਰ ਨੂੰ ਦਿਖਾਇਆ ਜਾਵੇ। ਬਸ ਦਿਖਾਵਣ ਦੀ ਦੇਰ ਹੀ ਸੀ ਕਿ ਦੇਖਣਸਾਰ ਬਿਸਮਨ ਬਿਸਮਾਦੀ ਅਰਸ਼ਾਂ ਕੁਰਸ਼ਾਂ ਵਾਲੇ ਦੀਦਾਰਿਆਂ ਨੂੰ ਨਾ ਸਹਾਰਦੀ ਹੋਈ ਗਸ਼ ਖਾ ਕੇ ਡਿਗ ਪਈ। ਬੀਬੀ ਨੰਦ ਕੌਰ ਧੜੰਮ ਕਰਕੇ ਧਰਤੀ ਤੇ ਜਾ ਡਿਗੀ ਤੇ ਡਿਗਣਸਾਰ ਬੇਹੋਸ਼ ਹੋ ਗਈ। ਘੰਟਿਆ ਬਧੀ ਉਸ ਨੂੰ ਹੋਸ਼ ਨਾ ਆਈ। ਆਖ਼ਰ ਉਸ ਨੂੰ ਤਾਂ ਹੋਸ਼ ਆ ਗਈ, ਪਰ ਵੀਰ ਕਈ ਘੰਟੇ ਰਸ-ਸਥਿਤ-ਸਮਾਧੀ ਵਿਚ ਜੁੜੇ ਰਹੇ। ਅੰਤ ਭਾਈ ਸਾਹਿਬ ਜੀ ਨੇ ਉਸ ਨੂੰ ਸਾਵਧਾਨ ਕਰਾ ਕੇ ਸੰਗਤ ਵਿਚ ਲਿਆਂਦਾ।

ਬੀਬੀ ਨੰਦ ਕੌਰ ਜੀ ਆਖ਼ਰੀ ਦਮ ਤਕ ਤਿਆਰ-ਬਰ-ਤਿਆਰ ਰਹਿ ਕੇ ਸਮਾਗਮਾਂ ਸਮੇਂ ਸੰਗਤ ਦੀ ਸੇਵਾ ਕਰਦੀ ਹੋਈ ਅੰਤ 6 ਦਸੰਬਰ 1984 ਨੂੰ ਸਚਖੰਡ ਪਧਾਰੇ। ਅਖੰਡ ਕੀਰਤਨੀ ਜਥਾ ਲੁਧਿਆਣੇ ਵਾਲਿਆਂ ਨੇ ਨਾਰੰਗਵਾਲ ਉਸ ਦੇ ਨਵੇਂ ਬਣੇ ਘਰ ਵਿਚ ਉਸ ਦੀ ਆਤਮਿਕ ਸਹਾਇਤਾ ਲਈ ਅਖੰਡਪਾਠ ਦਾ ਭੋਗ ਪਾ ਕੇ ਕੀਰਤਨ-ਸਮਾਗਮ ਕੀਤਾ। ਦਾਸ (ਮਾਸਟਰ ਕੁੰਦਨ ਸਿੰਘ) ਬੀਬੀ ਜੀ ਦੇ ਸੰਗ ਸਾਥ ਬਰਮਾ ਵਿਚ ਰਿਹਾ ਹੈ। ਦਾਸ ਨੇ ਅਤੇ ਡਾਕਟਰ ਗੁਰਦੀਪ ਸਿੰਘ ਜੀ ਦੇ ਇਕ ਮਿਤਰ ਨੇ ਉਚੇਰਾ ਨਾਰੰਗਵਾਲ ਜਾ ਕੇ ਬੀਬੀ ਜੀ ਦੇ ਨਮਿਤ ਇਕ ਸਾਧਾਰਨ ਪਾਠ ਦਾ ਭੋਗ 9 ਜਨਵਰੀ 1985 ਨੂੰ ਪਾਇਆ।



www.AKJ.Org

# ਭਾਈ ਦਿਆਲ ਸਿੰਘ ਜੀ ਲੁਧਿਆਣਾ ਤੇ ਬੀਬੀ ਸੁਖਦੇਵ ਕੌਰ ਜੀ ਨਾਰੰਗਵਾਲ

ਭਾਈ ਗੁਰਦੀਪ ਸਿੰਘ ਸ੍ਰੀ ਅੰਮ੍ਰਿਤਸਰ

ਬਾਊ ਮਲ ਸਿੰਘ ਜੀ ਦੇ ਵੱਡੇ ਭਰਾਤਾ ਭਾਈ ਵਰਿਆਮ ਸਿੰਘ ਜੀ ਦੇ ਦੋਹਤਰੇ ਅਤੇ ਪ੍ਰੋ. ਠਾਕੁਰ ਸਿੰਘ ਜੀ ਜੋਗੀਸੂਰ ਜੀ ਦੇ ਭਾਣਜੇ ਭਾਈ ਦਿਆਲ ਸਿੰਘ ਜੀ ਦਾ ਜਨਮ ਸੰਨ 1918 ਵਿਚ ਪਿੰਡ ਮੁੰਡਾ ਚੱਕ 49 JB ਜਿਲਾ ਲਾਇਲਪੁਰ ਦੀ ਬਾਰ (ਪਾਕਿਸਤਾਨ) ਵਿਚ ਸ. ਚੂਹੜ ਸਿੰਘ ਜੀ ਦੇ ਘਰ ਮਾਤਾ ਲਛਮਣ ਕੌਰ ਜੀ ਦੀ ਕੁਖੋਂ ਹੋਇਆ। ਮਾਤਾ ਲਛਮਣ ਕੌਰ ਜੀ ਨੇ ਆਪਣੇ ਪਿਤਾ ਭਾਈ ਵਰਿਆਮ ਸਿੰਘ ਜੀ ਅਤੇ ਭਰਾਤਾ ਪ੍ਰੋ. ਠਾਕੁਰ ਸਿੰਘ ਜੀ ਦੇ ਨਾਲ ਹੀ ਸੰਨ 1914 ਵਿਚ ਪਿੰਡ ਨਾਗੋ ਕੀ ਸਰਲੀ (ਲਾਇਲਪੁਰ ਦੀ ਬਾਰ) ਵਿਚ ਹੋਏ ਇਕ ਅੰਮ੍ਰਿਤ ਸੰਚਾਰ ਸਮਾਗਮ ਵਿਚ ਅੰਮ੍ਰਿਤ ਛਕਿਆ ਸੀ। ਬਾਊ ਮਲ ਸਿੰਘ ਜੀ ਦੀ ਸੰਗਤ ਕਰਕੇ ਗੁਰਸਿਖੀ ਰਹਿਤ ਬਹਿਤ ਦੇ ਧਾਰਨੀ ਅਤੇ ਹਮੇਸ਼ਾ ਨਾਮ ਬਾਣੀ ਵਿਚ ਅਰੂੜ ਰਹਿੰਦੇ ਸਨ। ਇਨ੍ਹਾਂ ਦਾ ਪਰਿਵਾਰ ਖੇਤੀਬਾੜੀ ਦਾ ਧੰਦਾ ਕਰਦਾ ਸੀ ਅਤੇ ਮਾਤਾ ਜੀ ਅੰਮ੍ਰਿਤ ਵੇਲੇ ਦੁਧ ਰਿੜਕਣ ਵੇਲੇ ਨਾਮ ਸਿਮਰਨ ਅਤੇ ਗੁਰਬਾਣੀ ਦਾ ਪਾਠ ਕਰਦੇ ਹੁੰਦੇ ਸਨ। ਬਚਪਨ ਤੋਂ ਹੀ ਮਾਤਾ ਜੀ ਅਤੇ ਮਾਮਾ ਜੀ ਵਲੋਂ ਗੁਰਮਤਿ ਦੀ ਗੁੜ੍ਹਤੀ ਮਿਲਣ ਕਾਰਨ ਆਪ ਬਚਪਨ ਵਿਚ ਹੀ ਅੰਮ੍ਰਿਤਧਾਰੀ ਹੋ ਗਏ ਸਨ। ਆਪ ਜੀ ਨੇ ਸੰਸਾਰਿਕ ਵਿਦਿਆ ਦਸਵੀਂ ਤਕ ਪ੍ਰੋ. ਠਾਕੁਰ ਸਿੰਘ ਜੀ ਕੋਲ ਲੁਧਿਆਣੇ ਰਹਿੰਦੇ ਸਮੇਂ ਲਈ।

ਫਿਰ ਆਪ ਸੰਨ 1936 ਵਿਚ ਫੌਜ ਵਿਚ ਅਕਾਉਂਟੈਂਟ ਵਜੋਂ ਭਰਤੀ ਹੋ ਗਏ ਤੇ ਇਨ੍ਹਾਂ ਦੀ ਪੋਸਟਿੰਗ ਕਸ਼ਮੀਰ ਵਿਚ ਸ੍ਰੀ ਨਗਰ ਸਮੇਤ ਵੱਖ-ਵੱਖ ਥਾਂਵਾਂ 'ਤੇ ਹੁੰਦੀ ਰਹੀ। ਸੰਨ 1939 ਤੋਂ 1942 ਤਾਈਂ ਭਾਈ ਸਾਹਿਬ ਜੀ ਦੀਆਂ ਕਸ਼ਮੀਰ ਫੇਰੀਆਂ ਵੇਲੇ ਆਪ ਜੀ ਦੀ ਪੋਸਟਿੰਗ ਸ੍ਰੀਨਗਰ ਸੀ ਤੇ ਆਪ ਜੀ ਭਾਈ ਦਿਆਲ ਸਿੰਘ ਜੋ ਸ੍ਰੀਨਗਰ ਦੇ ਨਿਵਾਸੀ ਸਨ, ਨਾਲ ਮਿਲ ਕੇ ਸੰਗਤਾਂ ਦੀ ਸੇਵਾ ਦੇ ਖੂਬ ਲਾਹੇ ਲੈਂਦੇ ਰਹੇ। ਇਨ੍ਹਾਂ ਦੀ ਸਿੰਘਣੀ ਬੀਬੀ ਸੁਖਦੇਵ ਕੌਰ ਜੀ, ਆਪਣੀਆਂ ਸਹੇਲੀਆਂ ਬੀਬੀ ਦਲੇਰ ਕੌਰ ਜੀ ਅਤੇ ਬੀਬੀ ਕੁਲਵੰਤ ਕੌਰ ਨਾਲ ਮਿਲ ਕੇ ਬੜੇ ਆਤਮਿਕ ਰੰਗਾਂ ਵਿਚ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕਰਦੀ ਸੀ ਅਤੇ ਗੁਰੂ ਸਾਹਿਬ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਦੀ ਸੀ। 20 ਸਾਲ ਫੌਜ ਵਿਚ ਸ਼ਾਨਦਾਰ ਨੌਕਰੀ ਕਰਨ ਤੋਂ ਬਾਅਦ ਰਿਟਾਇਰਮੈਂਟ ਲੈ ਕੇ ਲੁਧਿਆਣੇ ਆ ਗਏ ਅਤੇ ਥੋੜ੍ਹਾ ਚਿਰ ਸ੍ਰੀ ਗੁਰੂ ਸਿੰਘ ਸਭਾ ਸਕੂਲ ਮਾਡਲ ਟਾਊਨ ਅਤੇ ਫਿਰ ਲੰਬਾ ਸਮਾਂ ਸੰਨ 1976 ਤਾਈ ਗੌਰਮਿੰਟ ਕਾਲਜ ਲੁਧਿਆਣਾ ਵਿਖੇ ਅਕਾਉਂਟੈਂਟ ਦੀ ਸੇਵਾ ਨਿਭਾਉਂਦੇ ਰਹੇ।

ਆਪ ਜੀ ਦਾ ਅਨੰਦ ਕਾਰਜ ਸੰਨ 1937 ਵਿਚ ਬੀਬੀ ਸੁਖਦੇਵ ਕੌਰ ਜੀ ਵਾਸੀ ਨਾਰੰਗਵਾਲ ਜੋ ਕਿ ਭਾਈ ਸਾਹਿਬ ਜੀ ਦੀ ਪਿਆਰ ਪਾਤਰ ਸੀ, ਨਾਲ ਹੋਇਆ। ਬੀਬੀ ਜੀ ਦਾ ਜੀਵਨ ਬਿਉਰਾ ਉਨ੍ਹਾਂ ਦਾ ਸਿੱਖੀ ਪ੍ਰੇਮ, ਸਿਦਕ, ਭਰੋਸਾ ਅਤੇ ਗੁਰੂ ਸਾਹਿਬ ਵਲੋਂ ਕੀਤੀ ਰੱਖਿਆ ਦਾ ਬਿਰਤਾਂਤ ਇਸ ਲੇਖ ਤੋਂ ਬਾਅਦ ਅੱਗੇ ਦਿੱਤਾ ਗਿਆ ਹੈ। ਆਪ ਜੀ ਦੀ ਮੰਗਣੀ ਵੀ ਉਸ ਵੇਲੇ ਹੋਈ ਸੀ, ਜਦੋਂ ਆਪ ਦੀ ਸਿੰਘਣੀ ਬੀਬੀ ਸੁਖਦੇਵ ਕੌਰ ਜੀ ਦੀ ਗੁਰੂ ਸਾਹਿਬ ਜੀ ਨੇ ਰੱਖਿਆ ਕੀਤੀ ਸੀ ਤੇ ਧੁਰ ਦਰਗਾਹੀ ਸਿਮਰਨਾ ਬਖ਼ਸ਼ਿਆ ਸੀ। ਆਪ ਜੀ ਘਰ ਦੋ ਲੜਕੇ ਅਤੇ ਦੋ ਲੜਕੀਆਂ ਨੇ ਜਨਮ ਲਿਆ ਜੋ ਗੁਰਮਤਿ ਦੇ ਧਾਰਨੀ ਅਤੇ ਉੱਚ ਅਹੁਦਿਆਂ ਤੇ ਲਗੇ ਰਹੇ ਹਨ। ਉਨ੍ਹਾਂ ਦੀ ਛੋਟੀ ਲੜਕੀ ਡਾ. ਮਨਜੀਤ ਕੌਰ ਜੀ ਪੰਜਾਬ ਐਗਰੀਕਲਚਰਲ ਯੂਨੀਵਰਸ਼ਿਟੀ ਲੁਧਿਆਣਾ ਬਤੌਰ ਡੀਨ ਨਿਯੁਕਤ ਰਹੀ ਹੈ। ਉਸ ਨੂੰ ਬਚਪਨ ਵਿਚ ਹੀ ਆਪਣੇ ਮਾਤਾ ਜੀ ਦੇ ਸੰਗ ਸਾਥ ਭਾਈ ਸਾਹਿਬ ਜੀ ਨੂੰ ਕੀਰਤਨ ਸੁਣਾਉਣ ਦਾ ਸੁਭਾਗ ਮਿਲਦਾ ਰਿਹਾ ਹੈ ਅਤੇ ਬਾਪੂ ਜੀ ਦੀਆਂ ਅਸੀਸਾਂ ਦੀ ਪਾਤਰ ਬਣਦੀ ਰਹੀ ਹੈ।

ਫੌਜ ਵਿਚ ਰਿਟਾਇਰਮੈਂਟ ਤੋਂ ਬਾਅਦ ਆਪ ਜੀ ਨੇ ਆਪਣੀ ਰਿਹਾਇਸ਼ ਨਿਊ ਮਾਡਲ ਟਾਊਨ ਰੱਖ ਲਈ ਸੀ। ਉਥੇ ਆਪ ਭਾਈ ਸਾਹਿਬ ਜੀ ਅਤੇ ਉਨ੍ਹਾਂ ਦੇ ਸੰਗੀ ਸਾਥੀ ਪੁਰਾਤਨ ਗੁਰਸਿਖਾਂ ਦੀ ਸੰਗਤ ਦਾ ਖੂਬ ਆਨੰਦ ਮਾਣਦੇ ਰਹੇ। ਕਾਫੀ



www.AKJ.Org

ਸਮਾਂ ਆਪ ਜੀ ਲੁਧਿਆਣੇ ਵਿਖੇ ਹੋਣ ਵਾਲੇ ਪੋਹ ਸੁਦੀ ਅਤੇ ਵੈਸਾਖੀ ਸਮਾਗਮਾਂ ਅਤੇ ਨਾਰੰਗਵਾਲ/ਲੁਧਿਆਣੇ ਵਿਚ ਭਾਈ ਸਾਹਿਬ ਜੀ ਦੀ ਯਾਦ ਵਿਚ ਹੋਣ ਵਾਲੇ ਸਮਾਗਮ ਸਮੇਂ ਬਤੌਰ ਸਟੇਜ ਸੈਕਟਰੀ ਦੀ ਸੇਵਾ ਨਿਭਾਉਂਦੇ ਰਹੇ। ਆਪ ਜੀ ਬੜੇ ਦ੍ਰਿੜ ਇਰਾਦੇ, ਸਚੇ-ਸੁੱਚੇ ਅਤੇ ਪੂਰੇ ਪ੍ਰਸ਼ਾਸਨ ਵਿਚ ਰਹਿਣ ਵਾਲੇ ਹੋ ਗੁਜਰੇ ਹਨ। ਆਪ ਹਮੇਸ਼ਾ ਸੱਚੀ ਗੱਲ ਮੂੰਹ ਤੇ ਕਹਿਣ ਵਾਲੇ ਸਨ ਤੇ ਕੋਈ ਵੀ ਮੂੰਹ ਲਿਹਾਜ਼ਾ ਰੱਖਣ ਦੀ ਬਜਾਏ, ਸੱਚ ਤੇ ਦ੍ਰਿੜ੍ਹਤਾ ਨਾਲ ਪਹਿਰਾ ਦਿੰਦੇ ਸਨ।

ਭਾਹੀ ਸਾਹਿਬ ਭਾਈ ਰਣਧੀਰ ਸਿੰਘ ਜੀ ਟਰੱਸਟ ਦੀ ਸਥਾਪਨਾ ਦੇ ਸ਼ੁਰੂ ਤੋਂ ਹੀ ਆਪ ਇਸ ਦੇ ਮੁੱਢਲੇ ਟਰੱਸਟੀਆਂ ਵਿੱਚੋਂ ਸਨ ਅਤੇ ਭਾਈ ਬਲਬੀਰ ਸਿੰਘ ਜੀ ਮੋਢੇ ਨਾਲ ਮੋਢਾ ਡਾਹ ਕੇ ਭਾਈ ਸਾਹਿਬ ਜੀ ਦੀਆਂ ਪੁਸਤਕਾਂ ਦੀ ਛਪਾਈ ਅਤੇ ਸੰਗਤਾਂ ਤਾਈ ਪਹੁੰਚਾਉਣ ਦੀ ਸੇਵਾ ਨਿਭਾਉਂਦੇ ਰਹੇ ਹਨ।

ਰਿਟਾਇਰਮੈਂਟ ਤੋਂ ਬਾਅਦ ਆਪ ਜੀ ਨੇ ਪਹਿਲਾਂ ਕੁਝ ਚਿਰ ਗੁਰਦੇਵ ਨਗਰ ਅਤੇ ਫਿਰ ਸਰਾਭਾ ਨਗਰ ਰਿਹਾਇਸ਼ ਰਖੀ। ਫਿਰ ਆਪਣੇ ਸਪੁੱਤਰ ਜੋ ਫੌਜ ਦੇ ਇਕ ਉੱਚ ਅਹੁਦੇ 'ਤੇ ਨੌਕਰੀ ਕਰਦੇ ਸਨ, ਕੋਲ ਹੀ ਜ਼ਿਆਦਾ ਚਿਰ ਰਹਿੰਦੇ ਰਹੇ। ਆਪ ਜੀ ਦੀ ਸਿਹਤ ਸਾਰੀ ਉਮਰ ਠੀਕ ਰਹੀ ਹੈ। ਅਖ਼ੀਰ ਤੇ ਬੁਢਾਪਾ ਤੇ ਕਮਜੋਰੀ ਕਾਰਨ ਮਿਤੀ 8 ਅਗਸਤ 2008 ਨੂੰ ਆਪਣੇ ਸਪੁੱਤਰ ਕੋਲ ਜਲੰਧਰ ਵਿਚ ਰਹਿੰਦੇ ਹੋਏ ਆਪਣੀ ਸੰਸਾਰਿਕ ਯਾਤਰਾ ਨੂੰ ਸਫਲ ਕਰਦੇ ਹੋਈ ਪੰਜ ਭੂਤਕ ਸਰੀਰ ਨੂੰ ਤਿਆਗ ਕੇ ਗੁਰਪੁਰੀ ਜਾ ਬਿਰਾਜੇ।

## ਬੀਬੀ ਸੁਖਦੇਵ ਕੌਰ ਜੀ ਨਾਰੰਗਵਾਲ

ਨਿਰਬਾਣ ਕੀਰਤਨ ਜਥੇ ਦੇ ਮੁੱਢਲੇ ਬੀਬੀਆਂ ਦੇ ਟਕਸਾਲੀ ਜਥੇ ਦੀ ਮੈਂਬਰ ਬੀਬੀ ਸੁਖਦੇਵ ਕੌਰ ਜੀ ਦਾ ਜਨਮ ਸੰਨ 1921 ਵਿਚ ਨਾਰੰਗਵਾਲ, ਜ਼ਿਲ੍ਹਾਂ ਲੁਧਿਆਣਾ ਦੇ ਵਾਸੀ ਭਾਈ ਪੂਰਨ ਸਿੰਘ ਅਤੇ ਬੀਬੀ ਹਰ ਕੌਰ ਦੇ ਘਰ ਹੋਇਆ। ਇਨ੍ਹਾਂ ਦਾ ਪਰਿਵਾਰ ਇਕ ਆਮ ਸਾਧਾਰਣ ਕਿਰਸਾਨੀ ਪਰਿਵਾਰ ਸੀ। ਆਪ ਜੀ ਨੇ ਮੁਢਲੀ ਵਿਦਿਆ ਪੰਜਵੀਂ ਤਾਈਂ ਪਿੰਡ ਦੇ ਸਕੂਲ ਤੋਂ ਹੀ ਲਈ ਹੈ ਅਤੇ ਗੁਰਬਾਣੀ ਦੇ ਪਾਠ ਅਤੇ ਕੀਰਤਨ ਦੀ ਸੰਥਿਆ ਬਾਪੂ ਜੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਕੋਲੋਂ ਲਈ।

ਆਪ ਜੀ ਦਾ ਬਚਪਨ ਪਿੰਡ ਨਾਰੰਗਵਾਲ ਵਿਚ ਹੀ ਗੁਜ਼ਰਿਆ। ਉਸ ਸਮੇਂ ਭਾਈ ਸਾਹਿਬ ਜੀ ਜੇਲ੍ਹ ਯਾਤਰਾ 'ਤੇ ਸਨ। ਨਾਰੰਗਵਾਲ ਦੇ ਵਾਸੀ ਹੋਣ ਕਾਰਨ ਬੀਬੀ ਦਲੇਰ ਕੌਰ ਜੀ ਆਪ ਦੀ ਸਹੇਲੀ ਬਣ ਗਈ ਅਤੇ ਭਾਈ ਸਾਹਿਬ ਜੀ ਦੇ ਘਰ ਆਉਣ-ਜਾਣ ਬਣ ਗਿਆ ਤੇ ਨਾਲ ਹੀ ਗੁਰਸਿਖਾਂ ਦੀ ਸੰਗਤ ਵੀ ਮਿਲਣੀ ਸ਼ੁਰੂ ਹੋ ਗਈ।

ਇਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੇ ਇਨ੍ਹਾਂ ਦਾ ਰਿਸ਼ਤਾ ਇਕ ਗੁਰਮਤਿ ਵਿਹੂਣੇ ਆਨਮਤੀ ਪਰਿਵਾਰ ਵਿਚ ਕਰ ਦਿੱਤਾ। ਭਾਈ ਸਾਹਿਬ ਜੀ ਦੀ ਸੰਗਤ ਕਰਕੇ ਆਪ ਜੀ ਨੂੰ ਗੁਰਮਤਿ ਦੀ ਸੋਝੀ ਹੋ ਚੁੱਕੀ ਸੀ ਅਤੇ ਬੀਬੀ ਜੀ ਨੇ ਉਸ ਪਰਿਵਾਰ ਵਿਚ ਰਿਸ਼ਤਾ ਕਰਵਾਉਣ ਤੋਂ ਕੋਰੀ ਨਾਂਹ ਕਰ ਦਿੱਤੀ। ਅਗੋਂ ਦਾ ਸਾਰਾ ਬਿਰਤਾਂਤ, ਪ੍ਰੋ. ਠਾਕੁਰ ਸਿੰਘ ਜੀ ਵਲੋਂ ਰਚਿੱਤ ਪੁਸਤਕ "ਪੂਰਬ ਜਨਮ ਕੇ ਮਿਲੇ ਸੰਜੋਗੀ" ਵਿਚ ਜਿਸ ਤਰ੍ਹਾਂ ਵਰਨਣ ਕੀਤਾ ਗਿਆ ਹੇਠਾਂ ਦਿੱਤਾ ਜਾਂਦਾ ਹੈ:-

## ਬੀਬੀ ਸੁਖਦੇਵ ਕੌਰ ਦੀ ਧਰਮ ਰੱਖਿਆ ਅਤੇ ਮੰਗਣੀ : ਵਲੋਂ ਪ੍ਰੋ. ਠਾਕੁਰ ਸਿੰਘ ਜੀ ਸ੍ਰੀ ਅੰਮ੍ਰਿਤਸਰ

ਭਾਈ ਸਾਹਿਬ ਜੀ ਨੇ ਬੀਬੀ ਸੁਖਦੇਵ ਕੌਰ ਜੀ ਨੂੰ ਪ੍ਰੇਰਨਾ ਦਿੱਤੀ ਕਿ ਸਚੇ ਪਾਤਸ਼ਾਹ ਦਾ ਸਧਾਰਨ ਪਾਠ ਕਰੇ, ਤੇ ਉਹ ਆਪ ਕਰਵਾਇਆ ਕਰਨਗੇ। ਬੀਬੀ ਨੇ ਇਸ਼ਨਾਨ ਕਰ ਕੇ, ਸਾਫ਼ ਬਸਤਰ ਪਹਿਨ ਕੇ ਪਾਠ ਕਰਨਾ ਤੇ ਸ੍ਰੀਮਾਨ ਜੀ ਨੈ ਪਿਛੇ ਖੜੇ ਹੋ ਕੇ, ਇਕ ਹੱਥ ਨਾਲ ਚੌਰ ਕਰਨਾ ਤੇ ਦੂਜਾ ਹੱਥ ਬੀਬੀ ਦੇ ਸਿਰ ਤੇ ਰੱਖ ਦੇਣਾ। ਉਥੇ ਆਮ ਤੌਰ ਤੇ ਸੁਣਨ ਵਾਲਾ 'ਦਾਸ' ਹੀ ਹੁੰਦਾ ਸੀ। ਮੈਨੂੰ ਉਥੇ ਹੀ ਪਤਾ ਲਗਾ ਕਿ ਜਦੋਂ ਗੁਰੂ ਪਿਆਰਿਆਂ ਦੀ ਮੇਹਰ ਹੋਵੇ ਤਾਂ ਸੁਰਤੀ ਰੰਗਾਂ ਵਿਚ ਉਡਾਰੀਆਂ ਮਾਰਦੀ ਹੈ ਤੇ ਫਿਰ ਸਿਰਫ਼ ਕੀਰਤਨ ਵਿਚ ਵੀ **'ਹਰਿ ਪ੍ਰੇਮ ਬਾਣੀ ਮਨੁ ਮਾਰਿਆ ਅਣੀਆਲੇ ਅਣੀਆ**



www.AKJ.Org

**ਰਾਮ ਰਾਜੇ**' ਨਹੀਂ, ਸਗੋਂ ਗੁਰਬਾਣੀ ਦੇ ਪਾਠ ਵਿਚ ਵੀ ਅਣਿਆਲੇ ਅਣੀਆਂ ਵਾਲੇ, ਪ੍ਰੇਮ ਦੇ ਤੀਰ ਵਜਦੇ ਹਨ, ਜਿਨ੍ਹਾਂ ਦਾ ਅਸਰ ਸਿਰਫ਼ ਅੰਤਰ-ਆਤਮੇ ਤੇ ਹੀ ਨਹੀਂ, ਸਗੋਂ ਨਾਲ ਹੀ ਇਸ ਸਰੀਰ 'ਤੇ ਵੀ ਹੁੰਦਾ ਹੈ। ਮੈਨੂੰ ਯਾਦ ਹੈ ਕਿ ਇਸ ਅਲੌਕਿਕ ਰੰਗ ਵਿਚ ਗੁਰਬਾਣੀ ਦੇ ਪਾਠ ਨੂੰ ਸਿਰਫ਼ ਅੱਧਾ ਪੌਣਾ ਘੰਟਾ ਹੀ ਸੁਣਿਆ ਜਾ ਸਕਦਾ ਸੀ। ਫਿਰ ਹੁਕਮ ਹੋਣਾ ਕਿ ਹੁਣ ਭੋਗ ਪਾ ਦੇਵੋ। ਇਹ ਦਿਨ ਭੁਲਣੇ ਮੁਸ਼ਿਕਲ ਹਨ। ਕੀਰਤਨ ਤੇ ਗੁਰਬਾਦੀ ਦੇ ਪਾਠ ਨਾਲ, ਮੰਡਲ ਹੀ ਮਹਿਕ ਜਾਂਦਾ ਸੀ "**ਚੰਦਨ ਭਗਤਾ ਜੋਤਿ ਇਨੇਹੀ ਸਰਬੇ ਪਰਮਲੁ ਕਰਣਾ**"। ਇਸ ਤਰ੍ਹਾਂ ਕਾਫ਼ੀ ਵਕਤ ਗੁਜ਼ਰ ਗਿਆ। ਬੀਬੀ ਸੁਖਦੇਵ ਵਡੀ ਹੋ ਗਈ ਤੇ ਵਡੇ ਇਮਤਿਹਾਨ ਪੈ ਗਏ। ਉਸ ਦੀ ਕੁੜਮਾਈ ਆਪਣੇ ਰਿਸ਼ਤੇਦਾਰਾਂ ਵਿਚ ਹੋ ਗਈ ਹੋਈ ਸੀ, ਲੜਕਾ ਤੇ ਉਸ ਦਾ ਪਰਿਵਾਰ ਮਨਮਤੀ ਸਨ। ਜਦੋਂ ਇਸ ਦੇ ਅਨੰਦ ਕਾਰਜ ਦੀ ਗੱਲ ਚਲੀ ਤਾਂ ਬੀਬੀ ਨੇ ਆਪਣੀ ਮਾਂ ਨੂੰ ਸਾਫ਼ ਕਹਿ ਦਿੱਤਾ ਕਿ ਮੇਰਾ ਅਨੰਦ ਕਾਰਜ ਤਾਂ ਗੁਰਸਿਖ ਨਾਲ ਹੀ ਹੋਵੇਗਾ। ਕਿਸੇ ਮਨਮਤੀਏ ਨਾਲ ਨਹੀਂ ਹੋ ਸਕਦਾ। ਸਾਰਾ ਪਰਿਵਾਰ ਬਹੁਤ ਘਬਰਾਇਆ, ਖਾਸ ਕਰਕੇ ਵਡਾ ਭਾਈ, ਜੋ ਬਹੁਤ ਸਖ਼ਤ-ਸੁਭਾਅ ਦਾ ਸੀ। ਜਦੋਂ ਉਸ ਨੂੰ ਪਤਾ ਲਗਾ ਤਾਂ ਉਹ ਕਹਿਣ ਲੱਗਾ ਕਿ "ਇਹ ਰਿਸ਼ਤਾ ਪਹਿਲਾਂ ਹੋਇਆ ਹੋਇਆ ਹੈ ਤੇ ਉਹ ਸਾਡੇ ਰਿਸ਼ਤੇਦਾਰ ਹਨ, ਤੂੰ ਬੀਬੀ ਸੋਚ ਲੈ, ਇਹ ਤਾਂ ਹੁਣ ਹੋ ਕੇ ਹੀ ਰਹਿਣਾ ਹੈ ਤੇ ਜੇ ਨਹੀਂ ਤਾਂ ਮੇਰੇ ਪਾਸ ਗੰਡਾਸਾ ਹੈ ਤੇ ਤਲਵਾਰ ਵੀ ਹੈ, ਤੇਰਾ ਫਸਤਾ ਮੁਕਾ ਦੇਵਾਂਗਾ।

ਬੀਬੀ ਉਨ੍ਹਾਂ ਦਿਨਾਂ ਵਿਚ ਬੜੇ ਰੰਗਾਂ ਵਿਚ ਸਿਮਰਨ ਕਰਦੀ ਸੀ ਤੇ ਇਸ ਹਾਲਤ ਵਿਚ ਸਤਿਗੁਰੂ ਜੀ ਨੇ ਆਪ ਹੌਂਸਲਾ ਬਖਸ਼ਿਆ। ਕਹਿਣ ਲੱਗੀ, "ਬਾਈ ਜੀ, ਤੇਰਾ ਫ਼ੈਸਲਾ ਵੀ ਠੀਕ ਹੈ ਤੇ ਮੇਰਾ ਫ਼ੈਸਲਾ ਵੀ ਅਟੱਲ ਹੈ। ਜੋ ਕਰਨਾ ਹੈ ਕਰ ਲੈ।" ਭਰਾ ਨੇ ਤਲਵਾਰ ਕੱਢ ਲਈ, ਤੇ ਮਾਂ ਦੇ ਹਟਾਉਂਦਿਆਂ, ਬੀਬੀ ਨੂੰ ਧੂਹ ਕੇ ਪਸ਼ੂਆਂ ਵਾਲੇ ਵੇਹੜੇ ਵਿਚ ਲੈ ਗਿਆ। ਕਹਿਣ ਲੱਗਾ, "ਹੁਣ ਇਕ ਨਾ ਇਕ ਹੋ ਕੇ ਰਹੇਗੀ।" ਬੀਬੀ ਕਹਿਣ ਲੱਗੀ, "ਤੈਨੂੰ ਤਲਵਾਰ ਤੇ ਮਾਣ ਹੈ ਤੇ ਮੈਨੂੰ ਮੇਰੇ ਗੁਰੂ ਦਾਤਾਰ ਤੇ ਮਾਣ ਹੈ। ਓਹੋ ਹੋਵੇਗਾ ਜੋ ਉਸ ਨੂੰ ਮਨਜ਼ੂਰ ਹੈ।" ਉਸ ਦੀ ਦ੍ਰਿੜ੍ਹਤਾ ਦੇਖ ਕੇ ਸੋਚਣ ਲਗ ਪਿਆ ਤੇ ਵਾਪਸ 'ਮਾਂ' ਪਾਸ ਲੈ ਆਇਆ ਤੇ ਕਿਹਾ ਕਿ ਇਸ ਨੂੰ ਸਮਝਾ। ਮਾਂ ਰੋਣ ਲਗ ਪਈ ਤੇ ਬੀਬੀ ਨਾਲ ਦੇ ਮੰਜੇ ਤੇ ਲੇਟ ਗਈ। ਹੁਣ ਬੀਬੀ ਜੀ ਦਸਦੇ ਹਨ ਕਿ ਇਸ ਬਿਖਮ ਹਾਲਤ ਵਿਚ ਉਸ ਦਾ ਸਿਮਰਨ ਬੜੇ ਜ਼ੋਰ ਦੀ ਚੱਲ ਰਿਹਾ ਸੀ। ਤੇ ਉਸ ਦੇ ਅੰਦਰ ਡਰ ਦਾ ਨਿਸ਼ਾਨ ਤਕ ਨਹੀਂ ਸੀ। ਸੱਚੇ ਪਾਤਸ਼ਾਹ ਪ੍ਰਤੱਖ ਹੋ ਗਏ, ਹੌਂਸਲਾ ਦਿੱਤਾ ਤੇ ਹੱਥ ਵਿਚ ਸਿਮਰਨਾ ਫੜਾ ਗਏ। (ਇਹ ਸਿਮਰਨਾ ਅਜ ਵੀ ਉਸ ਬੀਬੀ ਜੀ ਦੇ ਇਕ ਪਰਿਵਾਰਕ ਮੈਂਬਰ ਪਾਸ ਹੈ)। ਬਸ, ਫਿਰ ਕੀ ਸੀ, ਬੀਬੀ ਤਿਆਰ ਬਰ ਤਿਆਰ ਹੋ ਗਈ। ਕਹਿਣ ਲੱਗੀ, "ਬਾਈ ਜੀ, ਜੋ ਮਰਜ਼ੀ ਕਰਨਾ ਚਾਹੁੰਦੇ ਹੋ ਕਰ ਲੋ, ਮੇਰੇ ਸਤਿਗੁਰੂ ਜੀ ਆ ਗਏ ਹਨ।" ਭਰਾ ਨੇ ਇਕ ਮਿੰਟ ਸੋਚਿਆ, ਫਿਰ ਤਲਵਾਰ ਸੁੱਟ ਦਿੱਤੀ। ਕਹਿਣ ਲੱਗਾ, ਅੱਛਾ ਤੂੰ ਜਿੱਤੀ ਤੇ ਅਸੀਂ ਹਾਰੇ। ਦਸ ਕਿਥੇ ਅਨੰਦ ਕਰਨਾ ਚਾਹੁੰਦੀ ਹੈਂ? ਕਹਿਣ ਲੱਗੀ, "ਇਹ ਭਾਈ ਸਾਹਿਬ ਜੀ ਦਸਣਗੇ।"

ਕੁਦਰਤ ਨੂੰ ਐਸਾ ਹੀ ਮਨਜ਼ੂਰ ਸੀ ਕਿ ਉਸੇ ਦਿਨ, ਦਾਸ ਨੇ, ਕਾਕਾ ਦਿਆਲ ਸਿੰਘ ਨੂੰ (ਮੇਰੀ ਭੈਣ ਦਾ ਭੁਜੰਗੀ, ਜੋ ਮੇਰੇ ਪਾਸ ਲੁਧਿਆਣੇ ਪੜ੍ਹਦਾ ਸੀ) ਕੋਈ ਚੀਜ਼ ਦੇ ਕੇ ਸ੍ਰੀਮਾਨ ਜੀ ਪਾਸ ਭੇਜਿਆ ਸੀ। ਜਦੋਂ ਬੀਬੀ ਸੁਖਦੇਵ ਕੌਰ ਨੇ, ਜੋ ਘਰ ਵਿਚ ਰਾਤ ਨੂੰ ਬੀਤੀ ਸੀ, ਉਸ ਬਾਬਤ ਸ੍ਰੀ ਮਾਨ ਜੀ ਨੂੰ ਇਹ ਦਸਿਆ ਕਿ ਸੱਚੇ ਪਾਤਸ਼ਾਹ ਨੇ ਪ੍ਰਗਟ ਹੋ ਕੇ ਰਖਿਆ ਕੀਤੀ ਹੈ ਤਾਂ ਬੜੇ ਖੁਸ਼ ਹੋਏ ਤੇ ਉਸੇ ਸਵੇਰੇ ਦਾਸ ਨੂੰ ਬੁਲਾ ਭੇਜਿਆ। ਮੈਂ ਨਾਰੰਗਵਾਲ ਉਨ੍ਹਾਂ ਪਾਸ ਪੁਜਾ ਤਾਂ ਉਨ੍ਹਾਂ ਨੇ ਸਾਰੀ ਕਹਾਣੀ ਸੁਣਾ ਦਿੱਤੀ। ਦਾਸ ਨੇ ਉਨ੍ਹਾਂ ਦੇ ਚਰਨਾਂ 'ਤੇ ਸਿਰ ਰਖਿਆ। ਸੰਜੋਗ ਧੁਰੋਂ ਹੀ ਜੁੜੇ ਹੁੰਦੇ ਹਨ। ਬੀਬੀ ਸੁਖਦੇਵ ਵੀ ਉਥੇ ਬੈਠੇ ਸਨ। ਸੋ ਮਨਜ਼ੂਰੀ ਦਿੱਤੀ ਗਈ। ਉਸ ਨੇ ਘਰ ਜਾ ਕੇ ਸਾਰੀ ਕਹਾਣੀ ਸੁਣਾ ਦਿੱਤੀ। ਜਦੋਂ ਘਰ ਦਿਆਂ ਨੂੰ ਪਤਾ ਲਗਾ ਕਿ ਇਤਨਾ ਪੜ੍ਹਿਆ ਲਿਖਿਆ, ਸੁਚੱਜਾ ਭੁਜੰਗੀ ਮਿਲ ਰਿਹਾ ਹੈ ਤਾਂ ਸਭ ਨੇ ਬੜੀ ਖੁਸ਼ੀ ਮਨਾਈ ਤੇ ਸਾਰਾ ਪਰਿਵਾਰ ਸ੍ਰੀਮਾਨ ਜੀ ਦੇ ਘਰ ਆ ਗਿਆ ਤੇ ਉੱਥੇ ਹੀ ਮੰਗਣੀ ਦਾ ਅਰਦਾਸਾ ਹੋ ਗਿਆ। ਇਸ 'ਤੇ ਸ੍ਰੀ ਮਾਨ ਭਾਈ ਸਾਹਿਬ ਜੀ ਬਹੁਤ ਖੁਸ਼ ਹੋਏ। ਕਹਿਣ ਲੱਗੇ, 'ਜੋਗੀ' ਇਹ ਸੱਚੇ ਪਾਤਸ਼ਾਹ ਦੀ ਬਖਸ਼ਿਸ਼ ਹੈ। ਤੂੰ ਸਾਡੀ



www.AKJ.Org

ਲਾਜ ਪਾਲ ਲਈ ਹੈ। ਦਾਤਾ ਜੀ ਤੇਰੇ ਤੇ ਬਹੁਤ ਮਿਹਰ ਕਰਨਗੇ। ਇਸ ਪਿਛੋਂ ਅਨੰਦ ਕਾਰਜ ਬਹੁਤ ਸਜ-ਧਜ ਨਾਲ ਹੋਇਆ। ਅਖ਼ੀਰ ਤਕ ਬੀਬੀ ਸੁਖਦੇਵ ਕੌਰ ਨੂੰ ਬਹੁਤ ਹੀ ਪਿਆਰ ਕਰਦੇ ਸਨ ਤੇ ਬੀਬੀ ਨੇ ਵੀ ਸਾਰੀ ਜ਼ਿੰਦਗੀ ਪੂਰਨ ਗੁਰਮਤਿ ਵਿਚ ਵਿਚਰਦਿਆਂ ਗੁਜ਼ਾਰੀ ਹੈ।

**ਅਨੰਦ ਕਾਰਜ ਤੋਂ ਬਾਅਦ ਦਾ ਜੀਵਨ -ਵਲੋਂ ਸੰਪਾਦਕ**

ਇਸ ਤਰ੍ਹਾਂ ਸੰਨ 1937 ਵਿਚ ਬੀਬੀ ਜੀ ਦਾ ਅਨੰਦ ਕਾਰਜ ਭਾਈ ਦਿਆਲ ਸਿੰਘ ਜੋ ਕਿ ਪ੍ਰੋ. ਠਾਕੁਰ ਸਿੰਘ ਜੀ ਦੇ ਭਾਣਜੇ ਸਨ ਨਾਲ ਹੋ ਗਿਆ। ਆਪ ਜੀ ਜਿਥੇ ਲੰਗਰਾਂ ਦੀ ਸੇਵਾ ਨਿਭਾਉਂਦੇ ਰਹੇ ਉਥੇ ਜਥੇ ਦੇ ਮੁਢਲੇ ਬੀਬੀਆਂ ਦੇ ਟਕਸਾਲੀ ਕੀਰਤਨੀ ਜਥੇ ਵਜੋਂ ਬੀਬੀ ਦਲੇਰ ਕੌਰ ਜੀ ਬੀਬੀ ਕੁਲਵੰਤ ਕੌਰ ਜੀ ਦੇ ਸੰਗ ਸਾਥ, ਲੰਬਾ ਸਮਾਂ ਕੀਰਤਨ ਦੀਆਂ ਛਹਿਬਰਾਂ ਲਾਉਂਦੇ ਰਹੇ। ਭਾਈ ਸਾਹਿਬ ਜੀ ਕੋਲ ਖੜ ਕੇ ਆਪ ਜੀ ਨੂੰ ਗੁਰਬਾਣੀ ਦੀ ਸੰਥਿਆ ਦਿੰਦੇ ਰਹੇ ਹਨ ਤੇ ਆਪ ਇਕ ਅਖੰਡ ਪਾਠੀ ਦੀ ਸੇਵਾ ਵੀ ਨਿਭਾਉਂਦੇ ਰਹੇ ਹਨ।

ਸੰਨ 1947 ਵਿਚ ਦੇਸ਼ ਦੀ ਵੰਡ ਸਮੇਂ ਇਨ੍ਹਾਂ ਦਾ ਸਹੁਰਾ ਪਰਿਵਾਰ ਆਪ ਜੀ ਸਮੇਤ ਪਾਕਿਸਤਾਨ ਵਿਚ ਹੀ ਸੀ। ਆਉਣ ਸਮੇਂ ਇਨ੍ਹਾਂ ਦੇ ਛੋਟੇ ਦਿਉਰ ਭਾਈ ਸਾਧੂ ਸਿੰਘ ਜੀ ਨੇ ਆਪ ਜੀ ਦਾ ਹਰਮੋਨੀਅਮ ਜਿਸ ਨਾਲ ਆਪ ਕੀਰਤਨ ਦੀ ਸੇਵਾ ਕਰਦੇ ਸਨ, ਸਿਰ ਤੇ ਚੁਕ ਕੇ ਲਿਆਂਦਾ ਅਤੇ ਉਥੋਂ ਹੋਰ ਕੋਈ ਸਮਾਨ ਨਹੀਂ ਚੁਕਿਆ। ਇਹ ਵਾਜਾ ਅਜੇ ਵੀ ਇਨ੍ਹਾਂ ਦੀ ਲੜਕੀ ਡਾ. ਮਨਜੀਤ ਕੌਰ ਕੋਲ ਪਿਆ ਹੈ।

ਫੌਜ ਵਿਚ ਨੌਕਰੀ ਸਮੇਂ ਇਨ੍ਹਾਂ ਦੇ ਸਿੰਘ ਸਾਹਿਬ ਨੂੰ ਹੋਣ ਵਾਲੀਆਂ ਪਾਰਟੀਆਂ ਵਿਚ ਜਾਣਾ ਪੈਂਦਾ ਸੀ, ਜਿਥੇ ਵੱਡੇ ਅਫ਼ਸਰ ਆਪਣੀਆਂ ਪਤਨੀਆਂ ਨਾਲ ਸ਼ਾਮਿਲ ਹੁੰਦੇ ਸਨ। ਪਹਿਲਾਂ ਤਾਂ ਉਹ ਇਨ੍ਹਾਂ ਨੂੰ ਕੇਸਕੀ ਸੰਯੁਕਤ ਲਿਜਾਉਣ ਤੋਂ ਸੰਕੋਚ ਕਰਦੇ ਸਨ। ਇਕ ਵਾਰ ਇਨ੍ਹਾਂ ਦੇ ਸਿੰਘ ਸਾਹਿਬ ਨੇ ਇਨ੍ਹਾਂ ਨੂੰ ਮਜਬੂਰ ਕਰਕੇ ਕੇਸਕੀ ਉਤਾਰ ਕੇ ਕੇਸ ਪਿਛਾਹਾਂ ਸੁਟ ਕੇ ਜਾਣ ਲਈ ਮਜਬੂਰ ਕਰ ਲਿਆ। ਪਰ ਇਨ੍ਹਾਂ ਦੀ ਦਸਤਾਰ ਵਿਚ ਪਰਪੱਕਤਾ ਅਤੇ ਗੁਰੂ ਤੇ ਭਰੋਸੇ ਕਾਰਨ ਉਨ੍ਹਾਂ ਨੂੰ ਐਸਾ ਅੰਦਰੋਂ ਭੈ ਮਹਿਸੂਸ ਹੋਇਆ ਕਿ ਉਨ੍ਹਾਂ ਅਗੋਂ ਆਪ ਨੂੰ ਇਸ ਤਰ੍ਹਾਂ ਕਰਨ ਲਈ ਮਜਬੂਰ ਕਰਨ ਤੋਂ ਤੋਬਾ ਕਰ ਲਈ।

ਆਪਣੇ ਸਿੰਘ ਸਾਹਿਬ ਜੀ ਦੀ ਰੀਟਾਇਰਮੈਂਟ ਤੋਂ ਬਾਅਦ, ਲੁਧਿਆਣੇ ਨਿਊ ਮਾਡਲ ਟਾਊਨ ਰਿਹਾਇਸ਼ ਰੱਖਣ ਸਮੇਂ, ਆਪ ਰੋਜ਼ਾਨਾ ਭਾਈ ਸਾਹਿਬ ਜੀ ਦੇ ਨਿਵਾਸ ਤੇ ਬੱਚੀਆਂ ਸਮੇਤ ਜਾ ਕੇ ਉਨ੍ਹਾਂ ਨੂੰ ਕੀਰਤਨ ਸੁਣਾਉਣ ਦੀ ਸੇਵਾ, ਭਾਈ ਸਾਹਿਬ ਜੀ ਦੇ ਚੜ੍ਹਾਈ ਕਰ ਜਾਣ ਤਾਈਂ ਕਰਦੇ ਰਹੇ। ਇਨ੍ਹਾਂ ਦੀ ਬੱਚੀ ਡਾ. ਮਨਜੀਤ ਕੌਰ ਵੀ ਕੀਰਤਨ ਕਰਦੀ ਸੀ ਤੇ ਭਾਈ ਸਾਹਿਬ ਜੀ ਕੋਲੋਂ ਰੋਜ਼ਾਨਾ ਫਲ ਦਾ ਪ੍ਰਸ਼ਾਦਿ ਲੈ ਕੇ ਸਕੂਲ ਜਾ ਕੇ ਵੰਡਦੀ ਸੀ। ਉਹ ਵੀ ਭਾਈ ਸਾਹਿਬ ਜੀ ਦੀਆਂ ਖੁਸ਼ੀਆਂ ਅਤੇ ਅਸੀਸਾਂ ਦੀ ਪਾਤਰ ਰਹੀ ਹੈ।

ਬੀਬੀ ਜੀ ਦੀ ਸਿਹਤ ਸਾਰੀ ਉਮਰ ਠੀਕ ਰਹੀ ਹੈ। ਅਖ਼ੀਰ 2 ਮਈ 1991 ਨੂੰ ਗੁਰੂ ਗੁਰੂ ਜਪਦਿਆਂ, ਸੰਗਤਾਂ ਨੂੰ ਕੀਰਤਨ ਰਾਹੀਂ ਨਿਹਾਲ ਕਰਦੇ ਅਤੇ ਭਾਈ ਸਾਹਿਬ ਜੀ ਦੀਆਂ ਬਚਪਨ ਤੋਂ ਹੀ ਖੁਸ਼ੀਆਂ ਦੇ ਪਾਤਰ ਬਣਦੇ ਹੋਏ ਲੁਧਿਆਣੇ ਵਿਖੇ ਹੀ ਬਿਨਾਂ ਕਿਸੇ ਸਰੀਰਕ ਤਕਲੀਫ ਤੋਂ ਗੁਰੂ ਚਰਨਾਂ ਵਿਚ ਜਾ ਬਿਰਾਜੇ। ਆਪ ਜੀ ਦਾ ਜੀਵਨ ਗੁਰੂ ਤੇ ਅਟੱਲ ਭਰੋਸੇ ਤੇ ਸਿੱਖੀ ਸਿਦਕ ਦੀ ਇਹ ਇਕ ਅਦੁੱਤੀ ਮਿਸਾਲ ਹੈ।



www.AKJ.Org

# ਭਾਈ ਹਰਚਰਨ ਸਿੰਘ ਜੀ, ਅੰਬਾਲਾ ਕੈਂਟ

(ਗੁਰਪੁਰਵਾਸੀ ਭਾਈ ਤ੍ਰਿਲੋਕ ਸਿੰਘ ਜੀ, ਜਲੰਧਰ)

ਗੁਰਮੁਖ ਪਿਆਰੇ, ਗੁਰੂ ਕੇ ਲਾਲ ਭਾਈ ਹਰਚਰਨ ਸਿੰਘ ਜੀ ਨੂੰ ਘਰ ਵਿੱਚ ਸਾਰੇ ਸਤਿਕਾਰ ਵਜੋਂ ਬਾਊ ਜੀ ਕਹਿ ਕੇ ਨਿਵਾਜਦੇ ਸਨ। ਆਪ ਜੀ ਦਾ ਜਨਮ ਮਿਤੀ 31 ਮਾਰਚ 1909 ਨੂੰ ਰਾਵਲਪਿੰਡੀ ਸ. ਗੁਲਾਬ ਸਿੰਘ ਜੀ ਦੇ ਘਰ ਹੋਇਆ ਜੋ ਕਿ ਗੁਰੂ ਘਰ ਦੇ ਸ਼ਰਧਾਲੂ ਅਤੇ ਪ੍ਰੇਮੀ ਸਿੱਖ ਸਨ। ਇੱਥੇ ਹੀ ਆਪ ਜੀ ਨੇ ਸੰਸਾਰਕ ਵਿਦਿਆ ਦਸਵੀਂ ਤਾਈਂ ਪ੍ਰਾਪਤ ਕੀਤੀ ਅਤੇ ਫਿਰ ਪੀ.ਡਬਲੂ.ਡੀ ਮਹਿਕਮੇ ਵਿਚ ਨੌਕਰੀ ਆਰੰਭ ਕਰ ਦਿੱਤੀ। ਰਾਵਲਪਿੰਡੀ ਵਿਚ ਹੀ ਜਥੇ ਦੇ ਹੋਣ ਵਾਲੇ ਸਮਾਗਮਾਂ ਵਿਚ ਆਪ ਦਾ ਮੇਲ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨਾਲ ਹੋਇਆ। ਸੰਗਤ ਦੀ ਰਹਿਮਤ ਤੇ ਗੁਰੂ ਕ੍ਰਿਪਾ ਸਦਕਾ 1932 ਵਿਚ ਆਪ ਜੱਥੇ ਵਿੱਚ ਪੇਸ਼ ਹੋ ਗਏ ਅਤੇ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਕੇ ਗੁਰੂ ਕੀ ਸੱਚੀ ਕਾਰ ਵਿੱਚ ਜੁੱਟ ਗਏ। ਆਪ ਨੇ ਗੁਰ ਹੁਕਮ ਕਮਾਉਂਦਿਆਂ ਅਕਾਲ ਪੁਰਖ ਦੀ ਬਖਸ਼ਿਸ਼ ਸਦਕਾ ਆਪਣੀ ਆਯੂ ਦੇ ਅਖੀਰਲੇ ਸਮੇਂ ਤੱਕ ਅੰਮ੍ਰਿਤ ਵੇਲੇ ਦੀ ਸੰਭਾਲ ਨੂੰ ਆਪਣਾ ਧਰਮ ਕਰਮ ਸਮਝਿਆ ਅਤੇ ਇਹ ਰਹਿਤ ਤੋੜ ਨਿਭਾ ਗਏ।

ਦੇਸ਼ ਦੀ ਵੰਡ ਤੋਂ ਬਾਅਦ ਗੁਰੂ ਪਿਆਰਿਆਂ ਦੇ ਪਿਆਰ ਵਿੱਚ ਖਿੱਚੇ ਅੰਬਾਲਾ ਕੈਂਟ ਵਿਖੇ ਹੀ ਆ ਟਿੱਕੇ। ਇਥੇ ਆਪ ਭਾਈ ਦੁਰਲਭ ਸਿੰਘ ਜੀ ਦੇ ਗ੍ਰਹਿ ਵਿਖੇ ਕੁਝ ਸਮਾਂ ਰਹੇ। ਇਥੇ ਆਪ ਨੇ ਮਕਾਨ ਦੀ ਅਲਾਟਮੈਂਟ ਲਈ ਕੈਨਟੋਨਮੈਂਟ ਬੋਰਡ ਕੋਲ ਦਰਖਾਸਤ ਦੇ ਰੱਖੀ ਸੀ। ਹੋਰ ਵੀ ਬਹੁਤ ਲੋਕ ਮਕਾਨ ਲੈਣ ਲਈ ਅਸਰ ਰਸੂਖ ਵਾਲੇ ਬੰਦਿਆਂ ਦੀਆਂ ਸਿਫਾਰਸ਼ਾਂ ਲਿਆ ਰਹੇ ਸੀ ਪਰ ਆਪ ਨੇ ਸੱਚੀ ਸਿਫਾਰਸ਼ ਦਾ ਸਹਾਰਾ ਲਿਆ ਅਤੇ ਅਟੰਕ ਗੁਰੂ ਗੁਰੂ ਕਰਦੇ ਰਹੇ। ਆਖਰ ਮਕਾਨ ਆਪ ਨੂੰ ਅਲਾਟ ਹੋਇਆ ਜਿਥੇ ਆਪ ਨੇ ਆਪਣੀ ਸਾਰੀ ਉਮਰ ਬਿਤਾਈ।

**ਸੰਤਾ ਕੇ ਕਾਰਜਿ ਆਪਿ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ ॥**

(ਪੰਨਾ ੭੮੩)

ਭਾਈ ਦੁਰਲੱਭ ਸਿੰਘ ਜੀ ਦੇ ਸਹਿਯੋਗ ਨਾਲ ਪਾਕਿਸਤਾਨ ਘੱਲੂਘਾਰੇ ਵਿਚ ਸ਼ਹੀਦ ਹੋਏ ਸਿੰਘਾਂ ਦੀ ਯਾਦ ਵਿਚ ਪਹਿਲਾਂ ਰੈਣ ਸਬਾਈ ਕੀਰਤਨ ਤੇ ਫਿਰ ਸਾਲਾਨਾਂ ਸਮਾਗਮ ਅਗਸਤ ਮਹੀਨੇ ਵਿਚ ਆਰੰਭ ਕੀਤਾ ਜੋ ਅਜੇ ਤਾਈਂ ਚੱਲ ਰਿਹਾ ਹੈ। ਆਪ ਪੰਚਾਂ ਵਿਚ ਸ਼ਾਮਿਲ ਹੋ ਕੇ ਅੰਮ੍ਰਿਤ ਸੰਚਾਰ ਦੀ ਸੇਵਾ ਵੀ ਨਿਬਾਉਂਦੇ ਰਹੇ ਹਨ ਤੇ ਬੇਅੰਤ ਪ੍ਰਾਣੀਆਂ ਨੂੰ ਗੁਰੂ ਚਰਨਾਂ ਨਾਲ ਜੋੜਿਆ।

ਦੇਸ਼ ਦੀ ਵੰਡ ਤੋਂ ਬਾਅਦ ਕੁਝ ਸਮਾਂ ਆਪ ਜੀ ਨੇ ਸ਼ਿਮਲੇ ਵਿਚ ਵੀ ਨੌਕਰੀ ਕੀਤੀ ਤੇ ਜਥੇ ਦੇ ਪੁਰਾਤਨ ਗੁਰਸਿੱਖਾਂ ਦੀ ਸੰਗਤ ਦਾ ਆਨੰਦ ਮਾਣਿਆ। ਆਪ ਤਕੜੇ ਨਾਮ ਅਭਿਆਸੀ ਸਨ। ਕਈ-ਕਈ ਘੰਟੇ ਆਪ ਇੱਕੋ ਚੌਂਕੜੇ ਕੀਰਤਨ ਸੁਣਦੇ ਅਤੇ ਕੀਰਤਨੀਆਂ ਨਾਲ ਗੱਜ ਵੱਜ ਕੇ ਬੋਲਦੇ ਸਨ। ਰੈਣ ਸਬਾਈ ਕੀਰਤਨ ਆਰੰਭ ਤੋਂ ਭੋਗ ਤੱਕ ਇੱਕ ਚੌਂਕੜੇ ਸੁਣਨਾ ਅਤੇ ਰਸ ਮਾਨਣਾ ਆਪਦਾ ਸੁਭਾਗ ਸੀ। ਕੀਰਤਨ ਜਾਣੋ ਆਪਦਾ ਇਸ਼ਕ (ਇਸ਼ਕ ਹਕੀਕੀ) ਸੀ। ਬੀਬੀ ਅੰਮ੍ਰਿਤ ਕੌਰ, ਆਪ ਦੀ ਸੁਪਤਨੀ, ਇੱਕ ਚੰਗੇ ਸਰਦੇ ਪੁੱਜਦੇ ਅਤੇ ਸੇਵਾ ਸਿਮਰਨ ਦੇ ਮਹਾਨ ਤਪੱਸਵੀ ਸੰਤ ਠੰਡੀ ਸਿੰਘ ਦਿੱਲੀ ਵਾਲਿਆਂ ਦੀ ਸਪੁੱਤਰੀ ਸਨ। ਇਨ੍ਹਾਂ ਦੀ ਰਿਹਾਇਸ਼ ਮੋਰੀ ਗੇਟ ਦਿੱਲੀ ਸੀ ਤੇ ਗੁ: ਸੀਸ ਗੰਜ ਵਿਖੇ ਅਣਥੱਕ ਸੇਵਾ ਕਰਦੇ ਸਨ ਸ੍ਰੀ ਹੇਮਕੁੰਟ ਸਾਹਿਬ ਤੇ ਜੋਸ਼ੀਮੱਠ ਗੁਰਦੁਆਰਿਆਂ ਵਿਚ ਵੀ ਲੰਗਰ ਚਲਾਉਂਦੇ ਹੁੰਦੇ ਸਨ। ਇਸ ਗੁਰਮੁਖ ਰੂਹ ਤੋਂ ਬੀਬੀ ਜੀ ਨੂੰ ਬਚਪਨ ਤੋਂ ਹੀ ਸੇਵਾ ਸਿਮਰਨ ਤੇ ਲਗਨ ਲੱਗ ਗਈ ਸੀ। ਬੀਬੀ ਜੀ ਨੇ ਬਾਊ ਜੀ ਦੇ ਸਰਬ ਲੋਹ ਬਿਬੇਕ ਦੇ ਪਹਿਰੇ ਨੂੰ ਨਿਭਾਉਣ ਵਿੱਚ ਵੱਡਾ ਸਾਥ ਦਿੱਤਾ ਅਤੇ ਸੇਵਾ ਵਿੱਚ ਹਰ ਸਮੇਂ ਤੱਤਪਰ ਰਹਿੰਦੇ ਸਨ।



www.AKJ.Org

**ਸੀਲ ਸੰਜਮਿ ਪ੍ਰਿਅ ਆਗਿਆ ਮਾਨੈ ॥ ਤਿਸੁ ਨਾਰੀ ਕਉ ਦੁਖੁ ਨ ਜਮਾਨੈ ॥੩॥**
**ਕਹੁ ਨਾਨਕ ਜਿਨਿ ਪ੍ਰਿਉ ਪਰਮੇਸਰੁ ਕਰਿ ਜਾਨਿਆ ॥ ਧੰਨੁ ਸਤੀ ਦਰਗਹ ਪਰਵਾਨਿਆ ॥੪॥**

(ਪੰਨਾ ੧੮੫)

ਬੀਬੀ ਜੀ ਇੱਕ ਤਕੜੇ ਅਖੰਡ ਪਾਠੀ ਅਤੇ ਲੰਗਰਾਂ ਦੇ ਅਣਥੱਕ ਸੇਵਾਦਾਰ ਸਨ। ਭਾਈ ਹਰਚਰਨ ਸਿੰਘ ਚੰਡੀਗੜ੍ਹ ਵਾਲਿਆਂ ਦੀ ਸਿੰਘਣੀ ਬੀਬੀ ਦਰਸ਼ਨ ਕੌਰ ਜੀ ਨਾਲ ਆਪ ਦਾ ਡੂੰਘਾ ਪਿਆਰ ਸੀ। ਸ਼ਿਮਲੇ ਹੋਣ ਵਾਲੇ ਸਮਾਗਮਾ ਵਿੱਚ ਇਕੱਠੇ ਹੀ ਲੰਗਰ ਦੀ ਸੇਵਾ ਕਰਦੇ ਹੁੰਦੇ ਸਨ। ਬੀਬੀ ਜੀ 30 ਦਸੰਬਰ 1989 ਨੂੰ ਗੁਰਪੁਰੀ ਪਿਆਨੇ ਕਰ ਗਏ ਸਨ।

ਅੰਬਾਲਾ ਕੈਂਟ ਬਾਊ ਜੀ PWD ਮਹਿਕਮੇ ਵਿਚ ਕਾਫੀ ਸਮਾਂ ਬਤੌਰ ਹੈੱਡ ਕਲਰਕ ਰਹੇ ਅਤੇ ਸਾਰਾ ਕੰਮ ਉਸਾਰੀ ਦੇ ਬਿਲ ਪਾਸ ਕਰਨ ਦਾ ਹੁੰਦਾ ਸੀ। ਆਮ ਲੋਕਾਈ ਦੀ ਤਰ੍ਹਾਂ ਜੇ ਆਪ ਚਾਹੁੰਦੇ ਤਾਂ ਠੇਕੇਦਾਰਾਂ ਤੋਂ ਰਿਸ਼ਵਤ ਲੈ ਕੇ ਮਹਿਲ ਖੜ੍ਹੇ ਕਰ ਸਕਦੇ ਸਨ ਪਰ ਆਪ ਨੇ ਦਸਾਂ ਨਹੁੰਆਂ ਦੀ ਕਿਰਤ ਨੂੰ ਹੀ ਗੁਰੂ ਕ੍ਰਿਪਾ ਸਦਕਾ ਉੱਚੀ ਸੁੱਚੀ ਕਮਾਈ ਸਮਝਿਆ ਅਤੇ ਹਰ ਮਹੀਨੇ ਆਪਣੀ ਤਨਖਾਹ ਵਿਚੋਂ ਦਸਵੰਧ ਗੁਰੂ ਲੇਖੇ ਲਾ ਕੇ ਉਸ ਤੋਂ ਬਾਅਦ ਹੀ ਘਰ ਪੈਸੇ ਵਰਤਣ ਲਈ ਦਿੰਦੇ। ਫਿਰ ਸਮਾਂ ਪਾ ਕੇ ਆਪਦੀ ਬਦਲੀ ਸੁਪਰਡੈਂਟ ਵਜੋਂ ਕੁੱਲੂ ਹੋ ਗਈ। ਇਥੇ ਵੀ ਆਪ ਦੀ ਦਿਲ ਦਰਿਆ ਗੁਰੂ ਪਿਆਰਿਆਂ ਵਾਲੀ ਹੀ ਬਣੀ ਰਹੀ ਅਤੇ ਅੰਮ੍ਰਿਤ ਵੇਲੇ ਦੀ ਸੰਭਾਲ ਚੜ੍ਹਦੀਆਂ ਕਲਾਂ ਵਿਚ ਰਹੀ। ਬਾਊ ਜੀ ਆਪਾ ਨਹੀਂ ਸਨ ਜਣਾਉਂਦੇ ਅਤੇ ਗੁਪਤ ਹੀ ਵਰਤਦੇ ਸਨ ਜਿਸ ਕਾਰਨ ਬਹੁਤੀ ਸੰਗਤ ਆਪ ਨੂੰ ਅਤੇ ਆਪ ਦੀ ਨਾਮ ਬਾਣੀ ਦੀ ਅਤੁੱਟ ਕਮਾਈ ਨੂੰ ਨਹੀਂ ਸੀ ਜਾਣਦੀ। ਪਰ ਜਿਹੜੇ ਗੁਰਮੁਖ ਜਨਾਂ ਨੇ ਆਪ ਉੱਪਰ ਕੀਰਤਨ ਅਖਾੜਿਆਂ ਵਿਚ ਕਲਾ ਵਰਤਦੀ ਦੇਖੀ ਸੀ ਉਹੀ ਜਾਣਦੇ ਹਨ ਕਿ ਆਪ ਕਿਹੜੀਆਂ ਅਗੰਮੀ ਖੇਡਾਂ ਖੇਡਦੇ ਸਨ। ਰੋਜ਼ਾਨਾ ਅੱਧੀ ਰਾਤ ਆਪ 12.05 ਤੇ ਉੱਠ ਖਲੋਂਦੇ ਅਤੇ ਘਰ ਦੇ ਬਾਕੀ ਮੈਂਬਰਾਂ ਨੂੰ ਖਬਰ ਵੀ ਨਾ ਹੁੰਦੀ ਕਿ ਆਪ ਸੌਚ ਇਸ਼ਨਾਨ ਕਰਕੇ ਸੱਚੀ ਕਾਰ ਵਿਚ ਜੁਟ ਗਏ ਹਨ। ਵੈਸੇ ਤਾਂ ਸਰਕਾਰੀ ਮੁਲਾਜ਼ਮ 58 ਸਾਲ ਦੀ ਉਮਰ ਵਿਚ ਸੇਵਾ ਮੁਕਤ ਹੁੰਦੇ ਹਨ ਪਰ ਆਪ ਦੀ ਲਗਨ ਅਤੇ ਮਿਹਨਤ ਸਦਕਾ ਆਪ ਨੂੰ 2 ਸਾਲਾਂ ਦੀ ਐਕਸਟੈਨਸ਼ਨ ਮਿਲੀ ਅਤੇ ਆਪ 60 ਸਾਲਾਂ ਬਾਅਦ ਕੁੱਲੂ ਵਿਖੇ ਹੀ ਰਿਟਾਇਰ ਹੋਏ। ਉਸ ਤੋਂ ਬਾਅਦ ਉੱਚ ਅਫ਼ਸਰਾਂ ਦੇ ਮਜ਼ਬੂਰ ਕਰਨ ਦੇ ਬਾਵਜੂਦ ਵੀ ਆਪਨੇ ਵਿਡਾਣੀ ਚਾਕਰੀ ਕਰਨੋਂ ਇਨਕਾਰ ਕਰ ਦਿੱਤਾ ਅਤੇ ਉਮਰ ਪ੍ਰਯੰਤ ਸੱਚੀ ਕਾਰੇ ਜੁੱਟੇ ਰਹੇ।

ਆਪ ਨੂੰ ਹਰਨੀਆਂ ਦੀ ਸ਼ਿਕਾਇਤ ਹੋ ਗਈ ਸੀ। ਆਪ ਅਪਰੇਸ਼ਨ ਕਰਵਾ ਕੇ ਰੋਮਾਂ ਦੀ ਬੇਅਦਬੀ ਹੋਣ ਤੋਂ ਕੰਨੀ ਕਤਰਾਉਂਦੇ ਸਨ, ਜਿਸ ਕਾਰਨ ਕਾਫੀ ਸਮਾਂ ਆਪ ਨੇ ਪੇਟੀ ਲਾ ਕੇ ਗੁਜ਼ਾਰਿਆ। ਪਰ ਜਦੋਂ ਤਕਲੀਫ ਬਹੁਤ ਜ਼ਿਆਦਾ ਵੱਧ ਗਈ ਤਾ ਪਰਿਵਾਰ ਦੇ ਕਹਿਣ ਤੇ ਆਪ ਨੇ ਅਪਰੇਸ਼ਨ ਕਰਾਉਣਾ ਮੰਨ ਲਿਆ। ਸਬੱਬ ਨਾਲ ਦਿੱਲੀ ਦੇ ਇੱਕ ਵੱਡੇ ਹਸਪਤਾਲ ਵਿਚ ਆਪ ਦਾ ਚਚੇਰਾ ਭਰਾ ਸੀਨੀਅਰ ਡਾਕਟਰ ਸੀ, ਉਸ ਤਾਈਂ ਪਹੁੰਚ ਕੀਤੀ ਗਈ ਅਤੇ ਆਪ ਨੇ ਉਸਨੂੰ ਸਾਫ਼-ਸਾਫ਼ ਕਹਿ ਦਿੱਤਾ ਕਿ ਰੋਮਾਂ ਦੀ ਬੇਅਦਬੀ ਹੋਏ ਬਗੈਰ ਅਪਰੇਸ਼ਨ ਹੋਣਾ ਚਾਹੀਦਾ ਹੈ। ਇਸ ਪਰ, ਉਸ ਡਾਕਟਰ ਨੇ ਆਪਣੀ ਅਸਮਰਥਾ ਦਿਖਾਈ, ਪਰ ਫਿਰ ਵੀ ਉਸ ਨੇ ਇਹ ਦਿਲਾਸਾ ਦਿੱਤਾ ਕਿ ਉਹ ਆਪਣੇ ਸਾਥੀ ਡਾਕਟਰਾਂ ਨਾਲ ਸਲਾਹ ਮਸ਼ਵਰਾ ਕਰੇਗਾ। ਕਿਉਂਕਿ ਇਹ ਇੱਕ ਅਜੀਬ ਕਿਸਮ ਦਾ ਕੇਸ ਸੀ। ਸੀਨੀਅਰ ਡਾਕਟਰ ਦੇ ਨਜ਼ਦੀਕੀ ਰਿਸ਼ਤੇਦਾਰ ਦਾ ਕੇਸ ਹੋਣ ਕਾਰਨ 16 ਡਾਕਟਰਾਂ ਦੀ ਟੀਮ ਨੇ ਮੀਟਿੰਗ ਕੀਤੀ। ਇਸ ਵਿਚ ਇੱਕ ਅਮਰੀਕਨ ਡਾਕਟਰ ਵੀ ਸੀ। ਉਥੇ ਬਾਊ ਜੀ ਦੀ ਸ਼ਰਤ ਨੂੰ ਵਿਚਾਰਿਆ ਗਿਆ ਅਤੇ ਡਾਕਟਰਾਂ ਨੇ ਬਾਊ ਜੀ ਨੂੰ ਮੀਟਿੰਗ ਵਿਚ ਬੁਲਾਇਆ। ਅਮਰੀਕਨ ਡਾਕਟਰ ਆਪ ਜੀ ਦਾ ਗੁਰਮੁਖੀ ਬਾਣਾ ਵੇਖ ਕੇ ਆਪ ਅੱਗੇ ਝੁੱਕ ਗਿਆ ਅਤੇ ਉਸ ਨੇ ਕਿਹਾ ਕਿ ਇਹੋ-ਜਿਹਾ ਸਰੂਪ ਉਸਨੇ ਪਹਿਲੀ ਵਾਰ ਡਿੱਠਾ ਹੈ। ਇੱਥੇ ਵਰਨਣਯੋਗ ਹੈ ਕਿ ਆਪ ਹਮੇਸ਼ਾਂ ਸਾਦਾ ਕੁੜਤਾ ਪਜਾਮਾ, ਉਪਰੋਂ ਦੀ ਗਾਤਰਾ ਅਤੇ ਸੀਸ ਪਰ ਨੀਲੇ ਦਸਤਾਰੇ ਉੱਪਰ ਖੰਡਾ ਸਜਾਇਆ ਕਰਦੇ ਸਨ। ਉਸ ਨੇ


www.AKJ.Org

ਬਾਊ ਜੀ ਨਾਲ ਅੰਗਰੇਜ਼ੀ ਵਿੱਚ ਗੱਲਾਂ ਕੀਤੀਆਂ ਅਤੇ ਅੱਧੇ ਘੱਟੇ ਦੀ ਬਹਿਸ ਤੋਂ ਬਾਅਦ ਉਹਨਾਂ ਇਹ ਅਪਰੇਸ਼ਨ ਬਿਨਾਂ ਰੋਮਾਂ ਨੂੰ ਛੇੜੇ, ਕਰਨ ਦੀ ਜ਼ੁੰਮੇਵਾਰੀ ਲਈ। ਪਰ ਨਾਲ ਬਾਊ ਜੀ ਨੂੰ ਇਹ ਲਿਖਕੇ ਦੇਣ ਲਈ ਵੀ ਕਿਹਾ ਕਿ, ਅਗਰ ਇੱਕ ਰੋਮ ਵੀ ਚਮੜੀ ਅੰਦਰ ਰਹਿ ਗਿਆ ਅਤੇ ਉਸ ਨਾਲ ਕੋਈ ਅਣਹੋਣੀ ਹੋ ਗਈ ਤਾਂ ਉਸ ਦੀ ਜ਼ੁੰਮੇਵਾਰੀ ਉਹ ਨਹੀਂ ਲਏਗਾ। ਬਾਊ ਜੀ ਨੇ ਬਿਨਾਂ ਦੇਰੀ ਕੀਤੇ ਉਸ ਨੂੰ ਲਿਖ ਫੜਾਇਆ ਕਿ ਜ਼ੁੰਮੇਵਾਰੀ ਮੇਰੀ ਹੈ। ਅਪਰੇਸ਼ਨ ਹੋਇਆ ਅਤੇ ਡਾਕਟਰ ਆਪਣੀ ਕਾਮਯਾਬੀ ਤੋਂ ਬਹੁਤ ਖੁਸ਼ ਸੀ ਅਤੇ ਇਹ ਉਸਦੀ ਜ਼ਿੰਦਗੀ ਦਾ ਪਹਿਲਾ ਐਸਾ ਤਜਰਬਾ ਸੀ।

ਆਪਰੇਸ਼ਨ ਦੌਰਾਨ ਡਾਕਟਰ ਇਸ ਗੱਲ ਤੋਂ ਹੈਰਾਨ ਸੀ ਕਿ 10 ਟੀਕੇ ਲਗਾਉਣ ਦੇ ਬਾਅਦ ਵੀ ਬਾਊ ਜੀ ਦਾ ਨਾਮ ਦਾ ਖੰਡਾ ਅਟੰਕ ਖੜਕ ਰਿਹਾ ਸੀ ਤਾਂ ਉਸ ਨੂੰ ਸਮਝ ਨਾ ਆਈ ਕਿ ਇਹ ਕੀ ਹੋ ਰਿਹਾ ਹੈ ? ਫਿਰ ਉਸ ਬਾਊ ਜੀ ਦੇ ਭਰਾ ਪਾਸੋਂ ਪੁੱਛਿਆ ਤਾਂ ਉਸ ਨੇ ਸਮਝਾਇਆ। ਫਿਰ ਦੋ ਟੀਕੇ ਹੋਰ ਲਗਾਏ ਗਏ ਤਾਂ ਬਾਊ ਜੀ ਦਾ ਸਰੀਰ ਕੁਝ ਢਿੱਲਾ ਪਿਆ ਅਤੇ ਆਪਰੇਸ਼ਨ ਕੀਤਾ ਗਿਆ।

ਬਾਊ ਜੀ ਨੇ **"ਗੁਰ ਸਤਿਗੁਰ ਕਾ ਜੋ ਸਿਖ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥"** ਦੇ ਸਾਰੇ ਸ਼ਬਦ ਅਨੁਸਾਰ ਆਪਣਾ ਜੀਵਨ ਬਤੀਤ ਕੀਤਾ। ਆਪ ਅੰਦਰੋਂ ਬਾਹਰੋਂ ਇੱਕ ਸਨ। ਕਿਸੇ ਵਿਅਕਤੀ ਦੇ ਰੁਤਬੇ ਦੀ ਪਰਵਾਹ ਨਾ ਕਰਦੇ ਹੋਏ ਸਚਾਈ ਕਹਿ ਦਿੰਦੇ ਸਨ ਭਾਵੇਂ ਜੋ ਮਰਜ਼ੀ ਪਿਆ ਹੋਵੇ। ਆਪਣੇ ਆਖਰੀ ਸਮੇਂ ਤੱਕ, ਜੱਥੇ ਦੀ ਚੜ੍ਹਦੀ ਕਲਾ ਲਈ, ਆਪ ਨੂੰ ਜਿਥੇ ਕਿਥੇ ਵੀ ਸੰਗਤਾਂ ਨੇ ਵਿਚਾਰ ਪ੍ਰਗਟ ਕਰਨ ਲਈ ਹੁਕਮ ਕੀਤਾ, ਆਪ ਆਪਣੀ ਤਕਲੀਫ਼ ਦੀ ਪਰਵਾਹ ਨਾ ਕਰਦੇ ਹੋਏ, ਉੱਥੇ ਜਾਂ ਹਾਜ਼ਰ ਹੁੰਦੇ।

ਆਖਰ ਸੱਚੀ ਦਰਗਾਹ ਦੇ ਸੱਦੜੇ ਆਏ ਤੇ ਇਕ ਦਿਨ ਪਹਿਲਾਂ ਹੀ ਬੋਲਣਾ ਬੰਦ ਹੋ ਗਿਆ, ਪਰ ਅੰਤਰਗਤੀ ਨਾਮ ਦਾ ਖੰਡਾ ਖੜਕਾਉਂਦੇ ਰਹੇ ਅਤੇ 7 ਫ਼ਰਵਰੀ 1996 ਨੂੰ ਗੁਰਪੁਰੀ ਨੂੰ ਪਿਆਨੇ ਕਰ ਗਏ।

# ਭਾਈ ਆਤਮਾ ਸਿੰਘ ਜੀ ਪੰਜੋਖਰਾ ਸਾਹਿਬ

ਭਾਈ ਗੁਰਦੀਪ ਸਿੰਘ ਸ੍ਰੀ ਅੰਮ੍ਰਿਤਸਰ

ਜਥੇ ਵਿਚ ਦੋ ਭਾਈ ਆਤਮਾ ਸਿੰਘ ਜੀ ਦੇ ਨਾਮ ਦੀਆਂ ਸਿਰਕੱਢ ਹਸਤੀਆਂ ਹੋਈਆਂ ਹਨ ਜਿਨ੍ਹਾਂ ਦਾ ਜ਼ਿਕਰ ਭਾਈ ਸਾਹਿਬ ਜੀ ਦੀਆਂ ਪੁਸਤਕਾਂ ਜਾਂ ਜਥੇ ਦੇ ਹੋਰ ਗੁਰਸਿਖਾਂ ਵਲੋਂ ਲਿਖੀਆਂ ਪੁਸਤਕਾਂ ਅਤੇ ਸਮੇਂ-ਸਮੇਂ ਜਥੇ ਵਲੋਂ ਛਾਪੇ ਜਾਂਦੇ ਰਸਾਲਿਆਂ ਵਿਚ ਆਉਂਦਾ ਰਿਹਾ ਹੈ। ਇਕ ਭਾਈ ਆਤਮਾ ਸਿੰਘ ਜੀ ਮੋਗਾ ਨਿਵਾਸੀ ਸਨ ਜਿਨ੍ਹਾਂ ਦਾ ਮੇਲ ਭਾਈ ਸਾਹਿਬ ਜੀ ਨਾਲ ਖ਼ਾਲਸਾ ਕਾਲਜ ਹੋਸਟਲ ਸੁਪਰਡੈਂਟ ਦੀ ਨੌਕਰੀ ਕਰਦੇ ਸਮੇਂ ਸੰਨ 1907 ਵਿਚ ਹੋਇਆ। ਉਥੇ ਉਸ ਵੇਲੇ ਇਹ ਭਾਈ ਆਤਮਾ ਸਿੰਘ ਜੀ ਇਸ ਕਾਲਜ ਦੇ ਵਿਦਿਆਰਥੀ ਸਨ। ਮਗਰੋਂ ਇਹ ਇੰਜੀਨੀਅਰਿੰਗ ਦੀ ਡਿਗਰੀ ਕਰਕੇ ਪਟਿਆਲਾ ਰਿਆਸਤ ਵਿਚ ਸਿਵਲ ਇੰਜੀਨੀਅਰ ਜਾ ਲਗੇ। ਭਾਈ ਜੋਗਿੰਦਰ ਸਿੰਘ ਜੀ ਗੋਲਕ ਅਫ਼ਸਰ ਪਟਿਆਲਾ ਰਿਆਸਤ (ਰਾਇਪੁਰ ਨਿਵਾਸੀ) ਇਨ੍ਹਾਂ ਦੇ ਮਾਮਾ ਜੀ ਸਨ ਜਿਨ੍ਹਾਂ ਦਾ ਭਾਈ ਸਾਹਿਬ ਜੀ ਦੇ ਨਾਲ ਮੇਲ ਪੰਚ ਖੰਡ ਭਸੌੜ ਦੇ ਪੰਥਕ ਦੀਵਾਨ ਵੇਲੇ ਹੋਇਆ ਸੀ। ਇਹ ਭਾਈ ਸਾਹਿਬ ਜੀ ਦੇ ਸ਼ੁਰੂ ਤੋਂ ਨਜ਼ਦੀਕੀ ਰਹੇ ਹਨ ਤੇ ਇਨ੍ਹਾ ਦੇ ਜੀਵਨ ਅਤੇ ਇਨ੍ਹਾ ਦੀ ਸਿੰਘਣੀ ਬੀਬੀ ਹਰਬੰਸ ਕੌਰ ਜੀ ਦਾ ਜੀਵਨ ਬਿਰਤਾਂਤ "ਰੰਗਲੇ ਸੱਜਣ" ਪੁਸਤਕ ਵਿਚ ਦਰਜ਼ ਹੈ। ਭਾਈ ਜੋਗਿੰਦਰ ਸਿੰਘ ਜੀ ਅਤੇ ਭਾਈ ਆਤਮਾ ਸਿੰਘ ਜੀ ਮੋਗਾ ਦੇ ਕਿਸੇ ਗਲੋਂ ਭਾਈ ਸਾਹਿਬ ਜੀ ਨਾਲ ਮਤਭੇਦ ਹੋਣ ਦੇ ਬਾਵਜੂਦ, ਇਨ੍ਹਾਂ ਭਾਈ ਸਾਹਿਬ ਜੀ ਦੇ ਗ੍ਰਿਫਤਾਰ ਹੋਣ ਤੋਂ ਬਾਅਦ



www.AKJ.Org

ਚੱਲੇ, ਦੂਜੇ ਲਾਹੌਰ ਸਾਜਿਸ਼ ਕੇਸ ਦੀ ਪੈਰਵਾਈ ਕੀਤੀ ਅਤੇ ਡੱਟ ਕੇ ਮਦਦ ਕੀਤੀ। ਭਾਈ ਆਤਮਾ ਸਿੰਘ ਜੀ ਨੇ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਜੀ ਦੀ ਸਭ ਤੋਂ ਪਹਿਲੀ ਇਮਾਰਤ ਦਾ ਨਕਸ਼ਾ ਬਣਾਇਆ ਜਿਸ ਗਲੋਂ ਮਹਾਰਾਜਾ ਪਟਿਆਲੇ ਨੇ ਨਾਰਾਜ਼ ਹੋ ਕੇ ਉਨ੍ਹਾਂ ਦੀ ਬਦਲੀ ਨਰਵਾਣੇ ਕਰ ਦਿੱਤੀ, ਪਰ ਫਿਰ ਵੀ ਉਹ ਗੁਪਤੋ ਗੁਪਤੀ ਆ ਕੇ ਸੇਵਾ ਕਰਦੇ ਰਹੇ। ਇਸ ਗੁਰਦੁਆਰੇ ਨੂੰ ਉਸਾਰਨ ਦਾ ਜੋ ਫੁਰਨਾ, ਭਾਈ ਸਾਹਿਬ ਜੀ ਅਤੇ ਭਾਈ ਜੋਗਿੰਦਰ ਸਿੰਘ ਜੀ ਪਟਿਆਲਾ ਨੂੰ ਸਫੁਰਨ ਹੋਇਆ ਸੀ, ਉਹ ਭੀ ਬੜਾ ਅਦਭੁੱਤ ਹੈ, ਜਿਸ ਦਾ ਜ਼ਿਕਰ ਪੁਸਤਕ ਰੰਗਲੇ ਸਜਣ ਵਿਚ ਭਾਈ ਅਰਜਨ ਸਿੰਘ ਪੰਜੋਖਰਾ ਦੇ ਜੀਵਨ ਬਿਰਤਾਂਤ ਵਿਚ ਆਉਂਦਾ ਹੈ। ਭਾਈ ਆਤਮਾ ਸਿੰਘ ਜੀ ਮੋਗੇ ਵਾਲਿਆਂ ਨੇ ਡਗਸ਼ਈ ਵਿਚ ਇਕ ਬੰਗਲਾ ਬਣਾਇਆ ਸੀ ਜਿਸ ਵਿਚ ਭਾਈ ਸਾਹਿਬ ਜੀ ਜਥੇ ਸਮੇਤ 1936 ਵਿਚ ਸਭ ਤੋਂ ਪਹਿਲਾਂ ਗਰਮੀਆਂ ਕੱਟਣ ਲਈ ਗਏ, ਜਿਸ ਤੋਂ ਬਾਅਦ ਉਨ੍ਹਾ ਲਗਾਤਾਰ ਹਰ ਸਾਲ ਕੁਮਾਰਹੱਟੀ ਜਾਣਾ ਸ਼ੁਰੂ ਕੀਤਾ। ਸੰਨ 1936 ਵਿਚ ਭਾਈ ਜੋਗਿੰਦਰ ਸਿੰਘ ਜੀ ਰਾਇਪੁਰ ਵਾਸੀ ਤਾਂ ਚੜ੍ਹਾਈ ਕਰ ਗਏ ਅਤੇ ਕਿਸੇ ਖ਼ਾਸ ਕਾਰਨ ਬਾਅਦ ਵਿਚ, ਭਾਈ ਸਾਹਿਬ ਜੀ ਦਾ ਭਾਈ ਆਤਮਾ ਸਿੰਘ ਇੰਜੀਨੀਅਰ ਨਾਲ ਵੀ ਤੋੜ ਵਿਛੋੜਾ ਹੋ ਗਿਆ, ਜਿਸ ਕਾਰਨ ਹੋਰ ਵਧੇਰੇ ਜਾਣਕਾਰੀ ਉਨ੍ਹਾਂ ਦੇ ਜੀਵਨ ਬਾਰੇ ਨਹੀਂ ਮਿਲਦੀ।

ਇਹ ਦੂਸਰੇ ਭਾਈ ਆਤਮਾ ਸਿੰਘ ਪੰਜੋਖਰਾ ਸਾਹਿਬ ਨਿਵਾਸੀ ਸਨ ਜਿਨ੍ਹਾਂ ਦਾ ਮੇਲ ਭਾਈ ਸਾਹਿਬ ਜੀ ਨਾਲ ਸੰਨ 1936 ਵਿਚ, ਭਾਈ ਜੁਗਿੰਦਰ ਸਿੰਘ ਜੀ ਰਾਇਪੁਰ ਵਾਸੀ ਦੀ ਇੱਛਾ ਅਨੁਸਾਰ, ਉਨ੍ਹਾਂ ਦੇ ਅੰਤਮ ਵੇਲੇ ਕੀਤੇ ਜਾ ਰਹੇ ਸ੍ਰੀ ਅਖੰਡ ਪਾਠ ਵੇਲੇ ਹੋਇਆ ਸੀ। ਭਾਈ ਜੋਗਿੰਦਰ ਸਿੰਘ ਜੀ ਰਾਇਪੁਰ ਨਿਵਾਸੀ, ਭਾਈ ਸਾਹਿਬ ਜੀ ਅਤੇ ਜਥੇ ਦੀਆਂ ਅਨਿਕ ਪ੍ਰਕਾਰੀ ਸੇਵਾਵਾਂ ਕਰਦੇ ਹੋਏ, ਆਪਣੇ ਅੰਤਲੇ ਸਵਾਸਾਂ ਤਾਈਂ ਉਨ੍ਹਾਂ ਨਾਲ ਜੁੜੇ ਰਹੇ।

ਅਖੰਡ ਕੀਰਤਨੀ ਜਥੇ ਦੇ ਰੂਹੇ ਰਵਾਂ ਅਤੇ ਪੋਥੀ ਕਰਕੇ ਜਾਣੇ ਜਾਦੇ ਭਾਈ ਆਤਮਾ ਸਿੰਘ ਜੀ ਦਾ ਜਨਮ ਸੰਨ 1910 ਵਿਚ ਪਿਤਾ ਭਾਈ ਗੁਰਬਖ਼ਸ਼ ਸਿੰਘ ਜੀ ਅਤੇ ਮਾਤਾ ਨਰੈਣ ਕੌਰ ਜੀ ਦੇ ਘਰ ਪਿੰਡ ਪੰਜੋਖਰਾ ਸਾਹਿਬ ਜ਼ਿਲ੍ਹਾ ਅੰਬਾਲਾ ਵਿਖੇ ਹੋਇਆ। ਇਸ ਪਿੰਡ ਵਿਚ ਪਵਿਤਰ ਇਤਿਹਾਸਕ ਅਸਥਾਨ ਗੁਰਦੁਆਰਾ ਪੰਜੋਖਰਾ ਸਾਹਿਬ ਹੈ ਜਿਥੇ ਅਠਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਿਕਿਸ਼ਨ ਸਾਹਿਬ ਜੀ ਦਿੱਲੀ ਜਾਂਦਿਆ ਰੁਕੇ ਸਨ ਅਤੇ ਗੂੰਗੇ ਤੇ ਬੋਲੇ ਛੱਜੂ ਝੀਵਰ ਕੋਲੋਂ ਗੀਤਾ ਦੀ ਕਥਾ ਕਰਵਾਈ ਸੀ। ਕਿਉਂਕਿ ਪੰਡਿਤ ਨੇ ਗੁਰੂ ਸਾਹਿਬ ਬਾਰੇ ਇਹ ਉਟੰਕਣ ਕੀਤੀ ਸੀ ਕਿ ਜੇ ਇਹ ਹਰੀ ਵੀ ਹੈ ਤੇ ਕ੍ਰਿਸ਼ਨ ਵੀ ਹੈ ਤਾਂ ਗੀਤਾ ਦੀ ਕਥਾ ਕਰਕੇ ਦਿਖਾਵੇ। ਇਸੇ ਹੀ ਪਿੰਡ ਦੇ ਭੂਰੀ ਵਾਲੇ ਸੰਤ ਕਰਕੇ ਜਾਣੇ ਜਾਂਦੇ ਗੁਰਸਿੱਖ ਭਾਈ ਅਰਜਨ ਸਿੰਘ ਜੀ ਹੋਏ ਹਨ ਜਿਨ੍ਹਾਂ ਦਾ ਜੀਵਨ ਬਿਰਤਾਂਤ ਪੁਸਤਕ ਰੰਗਲੇ ਵਿਚ ਭਾਈ ਸਾਹਿਬ ਜੀ ਵਲੋਂ ਦਰਜ ਕੀਤਾ ਗਿਆ ਹੈ। ਇਨ੍ਹਾਂ ਸੰਤਾਂ ਤੋਂ ਚਾਰ ਇਤਿਹਾਸਕ ਅਸਥਾਨਾਂ ਗੁ. ਪਾਤਸ਼ਾਹੀ ਨੰਦਪੁਰ ਕਲੋੜ, ਗੁ. ਦੁਖ ਨਿਵਾਰਨ ਸਾਹਿਬ ਪਟਿਆਲਾ, ਗੁ. ਨਥਾਣਾ ਸਾਹਿਬ ਅਤੇ ਗੁਰਦੁਆਰਾ ਮੁਕਤਸਰ ਸਾਹਿਬ ਜੀ ਦੀ ਕਾਰ ਸੇਵਾ ਸੱਚੇ ਪਾਤਸ਼ਾਹ ਨੇ ਆਪਣੇ ਸਿਰ ਹੱਥ ਰੱਖ ਕੇ ਕਰਵਾਈ ਸੀ। ਇਤਿਹਾਸਕ ਗੁਰਦੁਆਰੇ ਵਿੱਚ ਸੰਗਤਾਂ ਦੀ ਚਰਨ ਧੂੜੀ ਪਰਸਣ ਕਰਕੇ ਅਤੇ ਭਾਈ (ਸੰਤ) ਅਰਜਨ ਸਿੰਘ ਜੀ ਦੀ ਸੰਗਤ, ਸਮੇਤ ਆਪਣੇ ਮਾਤਾ ਪਿਤਾ ਜੀ ਦੇ ਗੁਰਸਿਖ ਜੀਵਨ ਤੋਂ, ਇਨ੍ਹਾਂ ਨੂੰ ਵੀ ਗੁਰਸਿਖੀ ਦੀ ਲਗਨ ਅਤੇ ਪ੍ਰੇਮ ਬਚਪਨ ਤੋਂ ਹੀ ਲੱਗ ਗਿਆ ਸੀ।

ਇਨ੍ਹਾਂ ਨੇ 9–10 ਸਾਲ ਦੀ ਉਮਰ ਵਿਚ ਸਕੂਲ ਦੀ ਪੜ੍ਹਾਈ ਸਮੇਂ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਅੰਮ੍ਰਿਤ ਛੱਕ ਲਿਆ ਸੀ। ਬਚਪਨ ਵਿਚ ਹੀ ਆਪ ਜੀ ਨੇ ਆਪਣੇ ਪਿਤਾ ਜੀ ਤੋਂ ਗੁਰਬਾਣੀ ਦੇ ਸ਼ੁਧ ਪਾਠ ਦੀ ਸੰਥਿਆ ਲੈ ਲਈ ਅਤੇ ਛੋਟੀ ਉਮਰ ਵਿਚ ਹੀ ਸਹਿਜ ਪਾਠ ਕਰਨਾ ਸ਼ੁਰੂ ਕਰ ਦਿੱਤਾ ਤੇ ਫਿਰ ਬਾਅਦ ਵਿਚ ਸਪੱਸ਼ਟ, ਤੇਜ਼ ਤੇ ਸ਼ੁਧ ਪਾਠ ਕਰਨ ਵਾਲੇ ਅਖੰਡ ਪਾਠੀ ਬਣ ਗਏ।

ਆਪ ਜੀ ਨੇ ਮੁੱਢਲੀ ਵਿਦਿਆ ਪੰਜਵੀਂ ਤਾਈਂ ਪਿੰਡ ਦੇ ਹੀ ਸਕੂਲ ਤੋਂ ਪ੍ਰਾਪਤ ਕੀਤੀ ਅਤੇ ਅਗਲੀ ਵਿਦਿਆ ਆਪ ਜੀ ਨੇ ਖ਼ਾਲਸਾ ਹਾਈ ਸਕੂਲ ਅੰਬਾਲਾ ਸ਼ਹਿਰ ਤੋਂ ਲਈ। ਆਪ ਜੀ ਦਾ ਅਨੰਦ ਕਾਰਜ ਪਿੰਡ ਕੇਸਰੀ ਨੇੜੇ



www.AKJ.Org

ਜ਼ੀਰਕਪੁਰ ਦੇ ਨਿਵਾਸੀ ਭਾਈ ਜੀਵਨ ਸਿੰਘ ਜੀ ਦੀ ਸਪੁੱਤਰੀ ਬੀਬੀ ਬਲਵੰਤ ਕੌਰ ਜੀ ਨਾਲ ਹੋਇਆ। ਬੀਬੀ ਜੀ ਵੀ ਗੁਰਸਿਖ ਪਰਿਵਾਰ ਵਿਚ ਜੰਮੇ ਪਲੇ ਹੋਣ ਕਾਰਨ ਨਿਮਰਤਾ, ਸੇਵਾ ਦੀ ਪੁੰਜ ਅਤੇ ਆਗਿਆਕਾਰੀ ਸੁਭਾਅ ਵਾਲੇ ਸਨ। ਉਹ ਗੁਰਮਤਿ ਦੇ ਦੈਵੀ ਗੁਣਾਂ ਨਾਲ ਸ਼ਿੰਗਾਰੀ ਰੰਗ ਰੱਤੜੀ ਰੂਹ ਸੀ। ਆਪ ਜੀ ਦੇ ਘਰ ਦੋ ਸਪੁੱਤਰ ਭਾਈ ਤਾਰਾ ਸਿੰਘ ਜੀ ਅਤੇ ਭਾਈ ਜਗਦੀਪ ਸਿੰਘ ਅਤੇ ਇਕ ਸਪੁੱਤਰੀ ਬੀਬੀ ਜਗਦੀਪ ਕੌਰ ਜੀ ਨੇ ਜਨਮ ਲਿਆ। ਭਾਈ ਤਾਰਾ ਸਿੰਘ ਜੀ ਦੀ ਧਰਮ ਪਤਨੀ ਬੀਬੀ ਉਪਦੇਸ਼ ਕੌਰ ਜੀ ਜਥੇ ਦੀ ਇਕ ਪ੍ਰਮੁੱਖ ਕੀਰਤਨੀ ਸੀ ਅਤੇ ਭਾਈ ਸਾਹਿਬ ਜੀ ਦੇ ਪਿੰਡ ਨਾਰੰਗਵਾਲ ਜੰਮੇ ਪਲੇ ਹੋਣ ਕਾਰਨ, ਭਾਈ ਸਾਹਿਬ ਜੀ ਦੀ ਸੰਗਤ ਦਾ ਬਚਪਨ ਤੋਂ ਹੀ ਖੂਬ ਆਨੰਦ ਮਾਣਦੀ ਰਹੀ ਹੈ। ਆਪ ਜੀ ਦੀ ਦੂਸਰੀ ਨੂੰਹ ਬੀਬੀ ਗੁਰਮੀਤ ਕੌਰ ਵੀ ਪੁਰਾਤਨ ਗੁਰਸਿਖ ਅਤੇ ਭਾਈ ਸਾਹਿਬ ਜੀ ਦੇ ਸੰਗੀ-ਸਾਥੀ ਭਾਈ ਚਰਨ ਸਿੰਘ ਜੀ ਬਡਾਲਾ ਦੀ ਸਪੁੱਤਰੀ ਹੈ।

ਆਪ ਜੀ ਕ੍ਰਿਤ ਕਰਨ ਵਾਸਤੇ ਪਹਿਲਾਂ ਫੌਜ ਵਿਚ ਭਰਤੀ ਹੋਏ ਅਤੇ ਅੰਬਾਲਾ ਕੈਂਟ, ਜੋ ਉਸ ਵੇਲੇ ਸਿੱਖ ਪਲਟਨਾਂ ਦਾ ਗੜ੍ਹ ਸੀ ਅਤੇ ਹਵਾਈ ਜਹਾਜਾਂ ਦਾ ਅੱਡਾ ਵੀ ਸੀ, ਵਿਚ ਆਪ ਦੀ ਪਹਿਲੀ ਨਿਯੁਕਤੀ ਹੋਈ। ਇਸ ਨੌਕਰੀ ਦੌਰਾਨ ਹੀ ਆਪ ਜੀ ਦੇ ਮੇਲ ਅਪ੍ਰੈਲ 1936 ਵਿਚ ਭਾਈ ਸਾਹਿਬ ਜੀ ਨਾਲ ਹੋਇਆ। ਜਿਸ ਦਾ ਵਰਣਨ ਪੁਸਤਕ 'ਰੰਗਲੇ ਸੱਜਣ' ਵਿਚ ਇਸ ਤਰ੍ਹਾਂ ਦਰਜ ਹੈ।

ਭਾਈ ਜੋਗਿੰਦਰ ਸਿੰਘ ਜੀ ਰਾਇਪੁਰ ਨਿਵਾਸੀ (ਜੋ ਕਿ ਪਟਿਆਲਾ ਰਿਆਸਤ ਵਿਚ ਗੋਲਕ ਅਫ਼ਸਰ ਵਜੋਂ ਉੱਚ ਅਹੁਦੇ 'ਤੇ ਤਾਇਨਾਤ ਸਨ) ਭਾਈ ਸਾਹਿਬ ਜੀ ਦੀ ਬਹੁਤ ਪਿਆਰ ਵਾਲੇ ਨਜ਼ਦੀਕੀ ਰੰਗਲੇ ਸੱਜਣ ਸਨ। ਉਨ੍ਹਾਂ ਦੀ ਸਿਹਤ ਸ਼ੁਰੂ ਤੋਂ ਹੀ ਢਿੱਲੀ ਰਹਿੰਦੀ ਸੀ। ਸੰਨ 1936 ਵਿਚ ਉਨ੍ਹਾਂ ਆਪਣੀ ਬੀਮਾਰੀ ਵੱਧਦੀ ਦੇਖ ਕੇ ਭਾਈ ਸਾਹਿਬ ਜੀ ਨੂੰ ਪਟਿਆਲੇ ਹੀ ਆਪਣੇ ਕੋਲ ਸੱਦ ਲਿਆ ਤੇ ਬੇਨਤੀ ਕੀਤੀ ਕਿ ਦਾਸ ਦੀ ਅੰਤਮ ਇੱਛਾ ਹੈ ਕਿ ਅੰਤ ਵੇਲੇ ਗੁਰਬਾਣੀ ਦੇ ਪਾਠ ਦੀ ਅਖੰਡ ਧੁਨੀ ਸੁਣਾਈ ਦਿੰਦੀ ਰਹੇ ਅਤੇ ਅਸੀਂ ਪਾਠ ਸੁਣਦੇ ਸੁਣਦੇ ਹੀ ਸਚਖੰਡ ਪਿਆਨੇ ਕਰ ਜਾਈਏ। ਭਾਈ ਸਾਹਿਬ ਜੀ ਨੇ ਉਨ੍ਹਾਂ ਦੀ ਬੇਨਤੀ ਪ੍ਰਵਾਨ ਕਰ ਲਈ ਤੇ ਇਹ ਤਜਵੀਜ਼ ਕੀਤਾ ਕਿ ਉਨ੍ਹਾਂ ਦੇ ਨੇੜੇ ਹੀ ਇਕ ਉੱਚਾ ਪਲੰਘ ਵਿਛਾ ਕੇ ਰੇਹਲ ਉਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਸੈਂਚੀਆਂ ਦਾ ਪਾਠ ਸੈਂਚੀਵਾਰ ਆਰੰਭ ਕੀਤਾ ਜਾਵੇ ਤੇ ਦਿਨ ਰਾਤ ਜਾਰੀ ਰਹੇ। ਇਸ ਕਾਰਜ ਵਿਚ ਭਾਈ ਸਾਹਿਬ ਜੀ ਨੂੰ ਕੈਪਟਨ ਸਰਦਾਰ ਤ੍ਰਿਲੋਚਨ ਲਾਭ ਸਿੰਘ ਜੀ ਨੇ ਬੜੀ ਸਹਾਇਤਾ ਕੀਤੀ। ਉਨ੍ਹਾਂ ਨੇ ਆਪਣੇ ਫੌਜ ਦੇ ਚੋਣਵੇ ਅਖੰਡਪਾਠੀ ਗੁਰਮੁਖ ਜਨ ਅਖੰਡ ਪਾਠ ਦੀ ਸੇਵਾ ਲਈ ਸਮਰਪਣ ਕੀਤੇ ਇਨ੍ਹਾਂ ਅਖੰਡ ਪਾਠੀਆਂ ਵਿਚ ਪੰਜੋਖਰਾ ਸਾਹਿਬ ਦੇ ਗੁਰਮੁਖ ਵੀਰ ਸਿਰੀ ਭਾਈ ਆਤਮਾ ਸਿੰਘ ਜੀ ਵੀ ਸਨ। ਉਹ ਅਜੇ ਨਵਯੁਵਕ ਨੌ-ਨਿਹਾਲ ਹੀ ਸਨ। ਇਥੇ ਹੀ ਭਾਈ ਸਾਹਿਬ ਜੀ ਦੀ ਇਸ ਵੀਰ ਨਾਲ ਪਹਿਲੀ ਪ੍ਰੇਮ ਜਾਣ ਪਛਾਣ ਵਾਲੀ ਗੰਢ ਪਈ ਅਤੇ ਐਸੀ ਪਈ ਰਹੀ ਕਿ ਭਾਈ ਸਾਹਿਬ ਜੀ ਦੇ ਚੜ੍ਹਾਈ ਕਰਨ ਤਾਈਂ ਤੋੜ ਨਿੱਭੀ। ਆਪ ਜੀ ਦੇ ਘਟ ਅੰਦਰ ਪਹਿਲਾਂ ਹੀ ਭਾਈ ਸਾਹਿਬ ਜੀ ਸੰਬੰਧੀ ਅਥਾਹ ਪ੍ਰਮਾਰਥੀ ਪ੍ਰੀਤ ਸੁਲਗ ਰਹੀ ਸੀ। ਭਾਈ ਜੋਗਿੰਦਰ ਸਿੰਘ ਜੀ ਦੇ ਚਲਾਣੇ ਦੇ ਨਜ਼ਾਰੇ ਦਾ ਆਪ ਜੀ ਦੀ ਬਿਰਤੀ ਉਪਰ ਹੋਰ ਵੀ ਵਧੇਰਾ ਅਸਰ ਪਿਆ। ਆਪ ਜੀ ਭਾਈ ਸਾਹਿਬ ਜੀ ਦੇ ਸੰਗ ਸਾਥ ਨਾਮ ਬਾਣੀ ਦੀ ਕਮਾਈ ਕਰਨ ਕਰਕੇ, ਪਰਮ ਉੱਚ ਅਵਸਥਾ ਨੂੰ ਪ੍ਰਾਪਤ ਗੁਰਸਿੱਖ ਸਨ।

ਭਾਈ ਸਾਹਿਬ ਜੀ ਦੇ ਮਿਲਾਪ ਤੋਂ ਜਲਦੀ ਬਾਅਦ ਹੀ ਆਪ ਜੀ ਨੇ ਫੌਜ ਦੀ ਨੌਕਰੀ ਛੱਡ ਦਿੱਤੀ ਤੇ ਪੈਨਸ਼ਨ 'ਤੇ ਆ ਗਏ। ਪਿੰਡ ਵਿਚ ਗੁਜ਼ਾਰੇ ਜੋਗੀ ਜੱਦੀ ਵਾਹੀ ਯੋਗ ਜ਼ਮੀਨ ਵੀ ਹੈ ਸੀ ਤੇ ਇਸ ਤਰ੍ਹਾਂ ਘਰ ਦਾ ਗੁਜ਼ਾਰਾ ਚੰਗਾ ਚਲਦਾ ਰਿਹਾ।

ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਸੇਵਾ ਤਾਂ ਆਪ ਜੀ ਬਚਪਨ ਤੋਂ ਹੀ ਕਰਨ ਲੱਗ ਪਏ ਸਨ। ਭਾਈ ਸਾਹਿਬ ਜੀ ਥਾਂ-ਥਾਂ ਸ਼ਹਿਰਾਂ ਪਿੰਡਾਂ, ਕਸਬਿਆਂ ਵਿਚ ਸ੍ਰੀ ਅਖੰਡ ਪਾਠ ਸਾਹਿਬ ਤੇ ਕੀਰਤਨ ਸਮਾਗਮਾਂ ਦੇ ਪ੍ਰਵਾਹ ਚਲਾਉਂਦੇ ਸਨ।



www.AKJ.Org

ਆਪ ਜੀ ਜ਼ਿਆਦਾ ਸਮਾਂ ਭਾਈ ਸਾਹਿਬ ਜੀ ਦੀ ਸੰਗਤ ਵਿਚ ਹੀ ਰਹਿ ਕੇ ਇਨ੍ਹਾਂ ਸਮਾਗਮਾਂ ਦੇ ਲਾਹੇ ਲੈਣ ਲੱਗ ਪਏ। ਆਪ ਜੀ ਸਰਲ, ਸ਼ੁਧ ਤੇ ਤੇਜ਼ ਰਫਤਾਰ ਅਖੰਡ ਪਾਠੀਆਂ ਵਿਚੋਂ ਇਕ ਸਨ ਤੇ ਪਾਠ ਦੀ ਕਈ ਕਈ ਘੰਟੇ ਲਗਾਤਾਰ ਸੇਵਾ ਨਿਭਾਉਂਦੇ ਰਹਿੰਦੇ ਸਨ। ਆਪ ਜੀ ਨੇ ਭਾਈ ਸਾਹਿਬ ਜੀ ਨਾਲ ਰਹਿੰਦਿਆਂ ਕੀਰਤਨ ਵੀ ਸਿੱਖ ਲਿਆ ਅਤੇ ਉਹ ਭਾਈ ਸਾਹਿਬ ਜੀ ਵਾਂਗ ਹੀ ਸਿੱਧੀਆਂ ਧਾਰਨਾ ਤੇ ਪੰਚਮ ਦੀ ਸੁਰ ਤੇ ਕੀਰਤਨ ਕਰਿਆ ਕਰਦੇ ਸਨ। ਲਗਾਤਾਰ ਸੰਗਤ ਵਿਚ ਵਿਚਰਣ ਕਰਕੇ ਆਪ ਜੀ ਨੂੰ ਬਹੁਤ ਬਾਣੀ ਕੰਠ ਹੋ ਗਈ ਸੀ ਕਿਉਂਕਿ ਆਪ ਜੀ ਦੀ ਇਕ ਤਾਂ ਯਾਦ ਸ਼ਕਤੀ ਵੀ ਬਹੁਤ ਤੇਜ਼ ਸੀ ਅਤੇ ਦੂਸਰਾ ਸੁਰਤੀ ਨਾਲ ਪਾਠ ਕਰਨ ਕਰਕੇ ਵੀ ਬਾਣੀ ਜਲਦੀ ਕੰਠ ਹੋ ਜਾਂਦੀ ਹੈ। ਆਪ ਜੀ ਦੀ ਉੱਚ ਆਤਮਿਕ ਅਵਸਥਾ, ਅੰਮ੍ਰਿਤ ਵੇਲੇ ਦੀ ਸੰਭਾਲ, ਸੱਚੀ-ਸੁੱਚੀ ਕ੍ਰਿਤ ਕਾਰਨ ਅਤੇ ਸਰਬ ਲੋਹ ਬਿਬੇਕ ਦੇ ਧਾਰਨੀ ਹੋਣ ਕਾਰਨ ਆਪ ਜੀ ਨੂੰ ਸ਼ੁਰੂ ਤੋਂ ਹੀ ਪੰਚਾਂ ਦੀ ਸੇਵਾ ਵਿਚ ਲਿਆ ਜਾਂਦਾ ਸੀ। ਇਹ ਸੇਵਾ ਆਪ ਨੇ ਸ੍ਰੀ ਬਾਊ ਜੀ ਦੀ ਜਥੇਦਾਰੀ ਹੇਠ ਤਕਰੀਬਨ 50 ਸਾਲ ਨਿਭਾਈ। ਬੇਅੰਤ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ। ਲਗਾਤਾਰ ਬਾਣੀ ਦੇ ਅਭਿਆਸ ਕਾਰਨ ਆਪ ਜੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਤਕਰੀਬਨ ਸਾਰੀ ਹੀ ਬਾਣੀ ਕੰਠ ਸੀ। ਜਦੋਂ ਭਾਈ ਸਾਹਿਬ ਜੀ ਜਾਂ ਹੋਰ ਕੋਈ ਕੀਰਤਨੀਆ ਜੋ ਕੰਠਾਗਰ ਕੀਰਤਨ ਕਰਦਾ ਸੀ ਤੇ ਉਹ ਅਗਲੀ ਤੁੱਕ ਭੁੱਲ ਜਾਂਦਾ ਤਾਂ ਆਪ ਜੀ ਉਸੇ ਵੇਲੇ ਕੀਰਤਨੀਏ ਦੀ ਸਹਾਇਤਾ ਕਰ ਦਿੰਦੇ ਸਨ। ਭਾਈ ਸਾਹਿਬ ਜੀ ਨੂੰ ਜਦੋਂ ਇਸ ਤਰ੍ਹਾਂ ਦੀ ਲੋੜ ਪੈਂਦੀ ਸੀ ਤੇ ਉਹ ਆਪਣੀ ਗਰਦਨ ਪਿਛੇ ਨੂੰ ਪੂਰੀ ਤਰ੍ਹਾਂ ਖਿੱਚ ਲੈਂਦੇ ਸਨ ਜਿਸ ਨਾਲ ਆਪ ਨੂੰ ਕੋਲ ਬੈਠਿਆਂ ਪਤਾ ਲੱਗ ਜਾਂਦਾ ਸੀ ਤੇ ਉਸੇ ਵੇਲੇ ਆਪ ਅਗਲੀ ਤੁਕ ਬੋਲ ਦਿੰਦੇ ਸਨ। ਅਥਾਹ ਗੁਰਬਾਣੀ ਕੰਠ ਹੋਣ ਕਾਰਨ ਆਪ ਜੀ ਨੂੰ ਜਥੇ ਦੀ ਪੋਥੀ ਕਰਕੇ ਵੀ ਜਾਣਿਆ ਜਾਣ ਲੱਗ ਪਿਆ।

ਆਪ ਜੀ ਇਹ ਬੜੀ ਸ਼ਿੱਦਤ ਨਾਲ ਮਹਿਸੂਸ ਕਰਦੇ ਸਨ ਕਿ ਜਥੇ ਵਿਚ ਕਈ ਕੀਰਤਨੀ ਵੀਰ ਅਤੇ ਭੈਣਾਂ ਲਗਾਤਾਰ 40-50 ਸਾਲ ਤੋਂ ਕੀਰਤਨ ਕਰ ਰਹੇ ਹਨ ਪਰੰਤੂ ਉਨ੍ਹਾਂ ਨੂੰ ਸ੍ਰੀ ਆਸਾ ਦੀ ਵਾਰ ਵੀ ਕੰਠ ਨਹੀਂ ਹੈ। ਇਸ ਦਾ ਮੁੱਖ ਕਾਰਨ ਇਹ ਹੈ ਕਿ ਇਹ ਕੀਰਤਨੀਏ ਹਮੇਸ਼ਾ ਪੋਥੀ ਜਾਂ ਸ਼ਬਦਾਂ ਵਾਲੀ ਕਾਪੀ (ਡਾਇਰੀ) 'ਤੇ ਨਿਰਭਰ ਰਹਿੰਦੇ ਹਨ, ਜਿਸ ਕਰਕੇ ਉਨ੍ਹਾਂ ਨੂੰ ਬਾਣੀ ਕੰਠ ਨਹੀਂ ਹੁੰਦੀ। ਇਸ ਤੋਂ ਇਲਾਵਾ ਕਿਸੇ ਕੰਮ ਲਈ ਦ੍ਰਿੜਤਾ ਤੇ ਨਿਸਚੇ ਦੀ ਜ਼ਰੂਰਤ ਹੁੰਦੀ ਹੈ ਜਿਸ ਤਰ੍ਹਾਂ ਅਸੀਂ ਗੁਰਮਤਿ ਦੇ ਅਸੂਲਾਂ ਨੂੰ ਦ੍ਰਿੜਤਾ ਨਾਲ ਨਿਭਾਉਂਦੇ ਹਾਂ ਜੇਕਰ ਥੋੜ੍ਹੀ ਢਿੱਲ ਦੇਣੀ ਸ਼ੁਰੂ ਕਰ ਦੇਈਏ ਤਾਂ ਉਹ ਢਿੱਲ ਹੌਲੀ ਹੌਲੀ ਵੱਧ ਜਾਂਦੀ ਹੈ ਸਾਨੂੰ ਨਿਘਾਰ ਵੱਲ ਵੀ ਲੈ ਜਾਂਦੀ ਹੈ। ਇਸੇ ਤਰ੍ਹਾਂ ਜੇ ਅਸੀਂ ਇਹ ਦ੍ਰਿੜ ਕਰ ਲਈਏ ਕਿ ਕੰਠਾਗਹ ਕੀਰਤਨ ਹੀ ਕਰਨਾ ਹੈ ਤਾਂ ਹੌਲੀ-ਹੌਲੀ ਬਾਣੀ ਕੰਠ ਕਰਨ ਦੀ ਰੁਚੀ ਵੱਧ ਜਾਵੇਗੀ ਤੇ ਲਗਾਤਾਰ ਅਭਿਆਸ ਕਰਨ ਨਾਲ ਇਸ ਵਿੱਚ ਪ੍ਰਬੀਨ ਵੀ ਹੋ ਜਾਵਾਂਗੇ। ਸੋ ਆਪ ਜੀ ਨੇ ਇਹ ਅਸੂਲ ਦ੍ਰਿੜ੍ਹਤਾ ਨਾਲ ਆਪ ਵੀ ਨਿਭਾਇਆ ਅਤੇ ਆਪਣੇ ਹੋਰ ਬਹੁਤ ਸਾਰੇ ਸੰਗੀਆਂ ਸਾਥੀ ਕੀਰਤਨੀਆ ਨੂੰ ਇਸ ਯਤਨ ਲਈ ਪ੍ਰੇਰਿਆ। ਆਪ ਜੀ ਕੀਰਤਨ ਕਰਨ ਵੇਲੇ ਵਾਜੇ 'ਤੇ ਪੋਥੀ ਰੱਖ ਕੇ ਬਾਣੀ ਦੀ ਹੁੰਦੀ ਨਿਰਾਦਰੀ ਨੂੰ ਬਰਦਾਸ਼ਤ ਨਹੀਂ ਸੀ ਕਰ ਸਕਦੇ, ਚਾਹੇ ਇਸ ਲਈ ਉਨ੍ਹਾਂ ਨੂੰ ਕਈ ਗੁਰਸਿਖਾਂ ਵਲੋਂ ਨੁਕਤਾਚੀਨੀ ਦਾ ਸਾਹਮਣਾ ਵੀ ਕਰਨਾ ਪਿਆ। ਉਨ੍ਹਾਂ ਦੇ ਯਤਨਾਂ ਸਦਕਾ ਪਟਿਆਲਾ, ਅੰਬਾਲਾ, ਚੰਡੀਗੜ੍ਹ, ਸ਼ਤਰਾਣਾ, ਸ੍ਰੀ ਅਨੰਦਪੁਰ ਸਾਹਿਬ ਅਤੇ ਫਤਹਿਗੜ੍ਹ ਸਾਹਿਬ ਦੇ ਇਲਾਕਿਆਂ ਵਿਚ ਬੇਅੰਤ ਕੀਰਤਨੀਏ ਕੰਠਾਗਰ ਬਾਣੀ ਦਾ ਹੀ ਕੀਤਰਨ ਕਰਨ ਲੱਗ ਪਏ।

ਆਪ ਜੀ ਅੰਮ੍ਰਿਤ ਵੇਲੇ ਇਕ-ਡੇਢ ਵਜੇ ਉੱਠ ਕੇ ਇਸ਼ਨਾਨ ਕਰਦੇ ਸਮੇਂ ਹੀ ਸ੍ਰੀ ਸੁਖਮਨੀ ਸਾਹਿਬ ਜੀ ਦਾ ਪਾਠ ਆਰੰਭ ਕਰ ਦਿੰਦੇ ਸੀ। ਉਹ ਸੁਰਤੀ ਨਾਲ ਸਾਰੇ ਸ੍ਰੀ ਸੁਖਮਨੀ ਸਾਹਿਬ ਜੀ ਦਾ ਪਾਠ 16 ਮਿੰਟ ਵਿਚ ਹੀ ਕਰ ਲੈਂਦੇ ਸਨ। ਫਿਰ ਨਾਮ ਅਭਿਆਸ ਤੋਂ ਬਾਅਦ ਨਿਤਨੇਮ ਦੀਆਂ ਬਾਣੀਆਂ ਤੋਂ ਇਲਾਵਾ ਸੁਖਮਨਾ ਸਾਹਿਬ, ਸ਼ਬਦ ਹਜ਼ਾਰੇ ਦੋਨੋਂ, ਰਾਮਕਲੀ ਕੀ ਵਾਰ, ਅਕਾਲ ਉਸਤਤਿ ਤੇ ਹੋਰ ਕਈ ਬਾਣੀਆਂ ਪੜ੍ਹਦੇ ਸਨ। ਅੰਮ੍ਰਿਤ ਵੇਲੇ ਦੀ ਸਮਾਪਤੀ ਉਹ ਸ੍ਰੀ ਆਸਾ ਦੀ ਵਾਰ ਦੇ ਕੀਰਤਨ ਦੇ ਉਪਰੰਤ ਹੀ ਕਰਦੇ ਸਨ।


www.AKJ.Org

ਆਪ ਜੀ ਨੇ ਪਿੰਡ ਵਿਚ ਇਤਿਹਾਸਕ ਗੁਰਦੁਆਰੇ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਵਜੋਂ ਤਕਰੀਬਨ 26 ਸਾਲ ਸੇਵਾ ਨਿਭਾਈ ਅਤੇ ਹਮੇਸ਼ਾ ਸਰਬ ਸੰਮਤੀ ਨਾਲ ਹੀ ਪ੍ਰਧਾਨ ਬਣਦੇ ਰਹੇ। ਕਮੇਟੀ ਵਿਚ ਧੜੇਬਾਜੀ ਹੋਣ ਤੋਂ ਬਾਅਦ ਆਪ ਨੇ ਇਹ ਸੇਵਾ ਛੱਡ ਦਿੱਤੀ। ਪਾਕਿਸਤਾਨ ਦੀ ਵੰਡ ਤੋਂ ਬਾਅਦ ਉੱਜੜ ਕੇ ਆਏ ਸਰਨਾਰਥੀਆਂ ਦੀ ਸੇਵਾ ਸੰਭਾਲ ਕੀਤੀ। ਉਨ੍ਹਾਂ ਨੇ ਬੱਚਿਆਂ ਦੀ ਸੰਸਾਰਕ ਅਤੇ ਗੁਰਮਤਿ ਦੀ ਵਿਦਿਆ ਲਈ ਖ਼ਾਲਸਾ ਸਕੂਲ ਗੁਰਦੁਆਰੇ ਦੇ ਨਾਲ ਹੀ ਖੋਲ੍ਹਿਆ। ਜਿਸ ਨਾਲ ਇਲਾਕੇ ਦੇ ਗਰੀਬ ਲੋਕਾਂ ਵਿਚ ਸੰਸਾਰਕ ਵਿਦਿਆ ਤੇ ਗੁਰਮਤਿ ਦੀ ਵਿਦਿਆ ਦਾ ਫੈਲਾਅ ਹੋਇਆ। ਬਹੁਤ ਸਾਰੇ ਬੱਚੇ ਆਪ ਜੀ ਦੇ ਜੀਵਨ ਤੋਂ ਪ੍ਰੇਰਨਾ ਲੈ ਕੇ ਗੁਰੂ ਚਰਨਾਂ ਨਾਲ ਵੀ ਜੁੜੇ।

ਆਪ ਜੀ ਉੱਚ ਆਤਮਿਕ ਅਵਸਥਾ ਦੇ ਮਾਲਕ ਹੋਣ ਦੇ ਬਾਵਜੂਦ ਵੀ, ਹਮੇਸ਼ਾ ਗੁਪਤ ਹੀ ਵਰਤਦੇ ਸਨ। ਆਪ ਦੇ ਮੂੰਹੋਂ ਕੋਈ ਵੀ ਸਹਿਜ ਸੁਭਾਅ ਕਿਹਾ ਬਚਨ ਪੂਰਾ ਹੋ ਜਾਂਦਾ ਸੀ। ਇਸੇ ਤਰ੍ਹਾਂ ਗੁਰੂ ਸਾਹਿਬ ਜੀ ਦੇ ਚਰਨਾਂ ਵਿਚ ਕੀਤੀ ਅਰਦਾਸ ਵੀ ਸੁਣੀ ਜਾਂਦੀ ਸੀ ਭਾਵੇਂ ਆਪ ਅਜਿਹਾ ਕਰਨ ਤੋਂ ਸੰਕੋਚ ਹੀ ਕਰਦੇ ਸਨ। ਇਕ ਵਾਰ ਇਨ੍ਹਾਂ ਦੇ ਇਕ ਨਿਕਟਵਰਤੀ ਫੌਜੀ ਸਿੰਘ ਵਲੋਂ ਨੌਕਰੀ ਕਰਦੇ ਸਮੇਂ, ਜੀਪ ਚਲਾਉਂਦੇ ਹੋਈ ਐਕਸੀਡੈਂਟ ਹੋ ਗਿਆ। ਜਿਸ ਨਾਲ ਇਕ ਵਿਅਕਤੀ ਦੀ ਮੌਤ ਵੀ ਹੋ ਗਈ। ਉਹ ਆਪ ਵੀ ਇਸ ਐਕਸੀਡੈਂਟ ਵਿਚ ਜ਼ਖ਼ਮੀ ਹੋਇਆ ਸੀ। ਉਸ ਨੂੰ ਨੌਕਰੀ ਤੋਂ ਮੁਅੱਤਲ ਕਰਕੇ ਘਰ ਭੇਜ ਦਿੱਤਾ ਗਿਆ ਤੇ ਕੋਰਟ ਮਾਰਸ਼ਲ ਦੀ ਕਾਰਵਾਈ ਸ਼ੁਰੂ ਹੋ ਗਈ, ਜਿਸ ਵਿਚ ਉਸ ਨੂੰ ਨੌਕਰੀ ਤੋਂ ਬਰਖਾਸਤ ਕਰਕੇ ਕੈਦ ਦੀ ਸਜ਼ਾ ਵੀ ਹੋ ਗਈ। ਇਸ ਤੋਂ ਪਹਿਲਾਂ ਉਸ ਨੇ ਆਪ ਜੀ ਕੋਲ ਆਪਣੀ ਵਿਥਿਆ ਸੁਣਾਈ ਤੇ ਗੁਰੂ ਸਾਹਿਬ ਜੀ ਅਗੇ ਸਹਾਇਤਾ ਵਾਸਤੇ ਅਰਦਾਸ ਕਰਨ ਲਈ ਕਿਹਾ। ਆਪ ਜੀ ਉਸ ਵੇਲੇ ਨਾਮ ਦੇ ਰੰਗਾਂ ਵਿਚ ਮਸਤ ਸਨ ਅਤੇ ਉਨੀ ਦਿਨੀਂ ਗੁਰਪੁਰਬ ਕਰਕੇ ਪਿੰਡ ਵਿਚ ਨਗਰ ਕੀਰਤਨ ਤੇ ਕੀਰਤਨ ਸਮਾਗਮ ਵਿਚ ਰੁੱਝੇ ਹੋਏ ਸਨ। ਆਪ ਜੀ ਨੇ ਉਸ ਦੀ ਬੇਨਤੀ ਵੱਲ ਕੋਈ ਧਿਆਨ ਨਾ ਦਿੱਤਾ ਤੇ ਉਹ ਸਿੰਘ ਨਿਰਾਸ਼ ਵੀ ਹੋ ਗਿਆ। ਇਸ ਦੌਰਾਨ ਉਸ ਨੂੰ ਬਰਖਾਸਤੀ ਤੇ ਸਜ਼ਾ ਦੇ ਹੁਕਮ ਵੀ ਮਿਲ ਗਏ ਤੇ ਉਸ ਨੂੰ ਆਪਣੇ ਹੈੱਡ ਕੁਆਰਟਰ ਤੇ ਹਾਜ਼ਰ ਹੋਣ ਲਈ ਕਿਹਾ ਗਿਆ। ਉਸ ਨੂੰ ਪਤਾ ਸੀ ਹੁਣ ਕੈਦ ਭੁਗਤਣੀ ਪਵੇਗੀ। ਉਸ ਨੂੰ ਹੈਡਕੁਆਰਟਰ ਪਹੁੰਚਣ ਤੋਂ ਬਾਅਦ ਗ੍ਰਿਫਤਾਰ ਕਰਕੇ ਜੇਲ੍ਹ ਵਿਚ ਭੇਜ ਦਿੱਤਾ ਗਿਆ। ਉਸ ਤੋਂ ਬਾਅਦ, ਆਪ ਜੀ ਨੂੰ ਯਾਦ ਆਉਣ ਤੇ ਸੰਗਤ ਵਿਚ ਗੁਰੂ ਅੱਗੇ ਆਪਣੇ ਸੇਵਕ ਦੀ ਇਸ ਦੁਖ ਦੀ ਘੜੀ ਵਿਚ ਸਹਾਇਤਾ ਕਰਨ ਲਈ ਅਰਦਾਸ ਕੀਤੀ। ਗੁਰੂ ਨੇਤ ਅਨੁਸਾਰ ਮਗਰੋਂ ਕੁਝ ਹੋਰ ਦਸਤਾਵੇਜ਼ ਪੇਸ਼ ਕਰਨ ਤੇ, ਅਪੀਲ ਵਿਚ ਪਹਿਲਾ ਫੈਸਲਾ ਬਦਲ ਦਿੱਤਾ ਗਿਆ। ਉਸ ਨੂੰ ਜੇਲ੍ਹ ਵਿਚੋਂ ਰਿਹਾ ਕਰ ਦਿੱਤਾ ਗਿਆ। ਸਿੰਘ ਨੂੰ ਯਕੀਨ ਨਹੀਂ ਆ ਰਿਹਾ ਸੀ ਕਿ ਇਹ ਕੀ ਭਾਣਾ ਵਰਤਿਆ ਹੈ ? ਉਸ ਨੂੰ ਫੌਜ ਵਿਚੋਂ ਪੂਰੀ ਪੈਨਸ਼ਨ ਅਤੇ ਉਸ ਦੇ ਬਣਦੇ ਸਾਰੇ ਬਕਾਏ ਦੇ ਕੇ ਪੂਰੀ ਇੱਜ਼ਤ ਨਾਲ ਸੇਵਾ ਮੁਕਤ ਕੀਤਾ ਗਿਆ। ਇਹ ਸਾਰਾ ਕੁਝ ਗੁਰੂ ਸਾਹਿਬ ਜੀ ਦੀ ਕ੍ਰਿਪਾ ਸਦਕਾ, ਕਿਸੇ ਸੱਚੇ ਸੁੱਚੇ ਗੁਰਸਿਖ ਦੀ ਅਰਦਾਸ ਸਦਕਾ ਹੀ ਸੰਭਵ ਹੋ ਸਕਿਆ। **"ਤੂੰ ਭਗਤਾ ਕੈ ਵਸਿ ਭਗਤਾ ਤਾਣੁ ਤੇਰਾ॥"** ਆਪ ਜੀ ਦੇ ਜੀਵਨ ਦੀ ਇਕ ਖ਼ਾਸ ਘਟਨਾ ਹੀ ਵਰਣਨ ਕੀਤੀ ਗਈ ਹੈ ਇਸ ਤਰ੍ਹਾਂ ਦੀਆਂ ਉਨ੍ਹਾਂ ਦੇ ਜੀਵਨ ਦੀ ਬੇਅੰਤ ਘਟਨਾਵਾਂ ਉਹਨਾਂ ਦੇ ਨਿਕਟਵਰਤੀ ਗੁਰਸਿਖਾਂ ਨੂੰ ਪਤਾ ਹੈ, ਜੇ ਸਾਰੀਆਂ ਦਰਜ ਕੀਤੀਆਂ ਜਾਣ ਤਾਂ ਇਕ ਪੁਸਤਕ ਬਣ ਸਕਦੀ ਹੈ।

ਜਿਥੇ ਆਪ ਜੀ ਨੇ ਭਾਈ ਸਾਹਿਬ ਜੀ ਨਾਲ ਮਿਲਾਪ ਹੋਣ ਤੋਂ ਬਾਅਦ ਉਨ੍ਹਾਂ ਦੇ ਅੰਗ-ਸੰਗ ਰਹਿ ਕੇ ਹੀ ਨਾਮ ਬਾਣੀ ਦੇ ਸੱਚੇ ਸੁੱਚੇ ਹਰਿ ਜਸ ਲਾਹੇ ਲਏ ਉਥੇ ਉਨ੍ਹਾਂ ਦਾ ਬਾਊ ਮਲ ਸਿੰਘ ਜੀ, ਭਾਈ ਬਾਵਾ ਸਿੰਘ ਜੀ ਕੁਮਾਰਹੱਟੀ ਸੰਤ ਜਵਾਲਾ ਸਿੰਘ ਜੀ ਅਤੇ ਭਾਈ ਸਾਹਿਬ ਜੀ ਦੇ ਹੋਰ ਸੰਗੀ ਸਾਥੀਆਂ ਨਾਲ ਵੀ ਅਥਾਹ ਪਿਆਰ ਸੀ। ਭਾਈ ਸਾਹਿਬ ਜੀ ਨੂੰ ਉਨ੍ਹਾਂ ਦੇ ਕੁਮਾਰਹੱਟੀ ਦੇ ਠਹਿਰਾਅ ਵੇਲੇ ਜਾਂ ਨਾਰੰਗਵਾਲ ਰਿਹਾਇਸ਼ ਵੇਲੇ ਅੰਮ੍ਰਿਤ ਵੇਲੇ ਨਿਤਨੇਮ ਤੇ ਹੋਰ ਬਾਣੀਆਂ ਸ੍ਰਵਣ ਕਰਾਉਣ ਸਮੇਂ, ਆਪ ਹਮੇਸ਼ਾ ਸਭ ਤੋਂ ਅੱਗੇ ਹੁੰਦੇ ਸਨ। ਭਾਈ ਬਾਵਾ ਸਿੰਘ ਜੀ ਆਪ ਜੀ ਦੇ ਖਾਸ ਨਿਕਟਵਰਤੀ ਮਨ-ਮੇਲੀ ਮਿੱਤਰ ਸਨ। ਭਾਈ ਸਾਹਿਬ ਜੀ ਦੇ ਚੜ੍ਹਾਈ ਕਰਨ ਤੋਂ ਬਾਅਦ, ਕੁਮਾਰ ਹੱਟੀ ਤਪੋਬਨ



www.AKJ.Org

ਅਸਥਾਨ ਦੀ ਸੇਵਾ ਸੰਭਾਲ ਭਾਈ ਬਾਵਾ ਸਿੰਘ ਜੀ ਦੇ ਮੋਢੇ ਨਾਲ ਮੋਢਾ ਡਾਹ ਕੇ ਕਰਦੇ ਰਹੇ। ਉਨ੍ਹਾਂ ਦੀ ਚੜ੍ਹਾਈ ਵੇਲੇ ਵੀ ਆਪ ਜੀ ਨੇ ਉਨ੍ਹਾਂ ਦਾ ਸਸਕਾਰ ਆਪਣੇ ਹੱਥੀ ਕੀਰਤਪੁਰ ਸਾਹਿਬ ਲਿਜਾ ਕੇ ਕੀਤਾ। ਉਨ੍ਹਾਂ ਤੋਂ ਬਾਅਦ ਆਪਣੇ ਅੰਤਲੇ ਸੁਆਸਾਂ ਤਾਈਂ ਕੁਮਾਰ ਹੱਟੀ ਤਪੋਬਨ ਅਸਥਾਨ ਦੀ ਸੇਵਾ ਆਪ ਜੀ ਨੇ ਕੀਤੀ। ਉੱਥੇ ਸਿੱਖ ਸੰਗਤਾਂ ਦੀ ਰਿਹਾਇਸ਼ ਤੇ ਜਲ ਆਦਿ ਦਾ ਯੋਗ ਪ੍ਰਬੰਧ ਕੀਤਾ ਅਤੇ ਹਰ ਸਾਲ ਅਖੰਡ ਕੀਤਰਨ ਸਮਾਗਮ ਰਚਦੇ ਰਹੇ। ਇੱਥੇ ਇਕ ਨੇਪਾਲ ਵਾਸੀ ਪ੍ਰੇਮੀ ਸੱਜਣ ਆ ਗਿਆ। ਉਸ ਨੂੰ ਗੁਰਮੁਖੀ ਸਿਖਾ ਕੇ ਗੁਰਬਾਣੀ ਦੇ ਪਾਠ ਦੀ ਸੰਥਿਆ ਦਿੱਤੀ ਫਿਰ ਅੰਮ੍ਰਿਤ ਛਕਾ ਕੇ ਤਿਆਰ ਬਰ ਤਿਆਰ ਸਿੰਘ ਸਜਾਇਆ। ਉਹ ਸਿੰਘ ਇਕ ਤਕੜਾ ਅਖੰਡ ਪਾਠੀ ਸਿੰਘ ਹੈ ਅਤੇ ਆਪ ਜੀ ਦੇ ਚੜ੍ਹਾਈ ਕਰ ਜਾਣ ਤੋਂ ਬਾਅਦ, ਉੱਥੇ ਤਪੋਬਨ ਗੁਰਦੁਆਰੇ ਦੀ ਸੇਵਾ ਸੰਭਾਲ ਕਰ ਰਿਹਾ ਹੈ।

ਆਪ ਜੀ ਦੀ ਉੱਚ ਆਤਮਿਕ ਅਵਸਥਾ ਇਸ ਗੱਲ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਜਦੋਂ ਉਹ ਕੀਰਤਨ ਮੰਡਲ ਵਿਚ ਬੈਠਦੇ ਸਨ ਤੇ ਉਨ੍ਹਾਂ ਨੂੰ ਆਪਣੇ ਸਰੀਰ ਦੀ ਸੁੱਧ ਬੁੱਧ ਭੁੱਲ ਜਾਂਦੀ ਸੀ। ਆਪ ਜੀ ਦਾ ਭਾਈ ਰਤਨ ਸਿੰਘ ਮਸਤਾਨਾ ਚੰਡੀਗੜ੍ਹ ਵਾਲੇ ਤੇ ਕੀਰਤਨੀਆਂ ਬੱਚੀਆਂ ਬੀਬੀ ਮਹਿੰਦਰ ਕੌਰ ਅਤੇ ਜਗਦੀਸ਼ ਕੌਰ ਜਿਨ੍ਹਾਂ ਨੇ ਆਪ ਜੀ ਤੋਂ ਕੰਠਾਗਰ ਕੀਰਤਨ ਦਾ ਗੁਣ ਲਿਆ ਸੀ, ਨਾਲ ਬਹੁਤ ਪਿਆਰ ਸੀ। ਕੁਮਾਰ ਹੱਟੀ ਤੋਂ ਆਪਣੇ ਪਿੰਡ ਪੰਜੋਖਰਾ ਸਾਹਿਬ ਜਾਣ ਸਮੇਂ ਉਹ ਉਨ੍ਹਾਂ ਦੇ ਗ੍ਰਹਿ ਜ਼ਰੂਰ ਰੁੱਕ ਕੇ ਜਾਂਦੇ ਸਨ। ਉਹ ਬੀਬੀਆਂ ਚਾਹ ਪੀਦੀਂਆਂ ਸਨ ਤੇ ਜਦੋਂ ਆਪ ਜੀ ਨੇ ਉਨ੍ਹਾਂ ਨੂੰ ਕੀਰਤਨ ਸੁਨਾਉਣ ਲਈ ਕਹਿਣਾ ਤਾਂ ਅਗੋਂ ਬੀਬੀਆਂ ਨੇ ਕਹਿਣਾ ਬਾਪੂ ਜੀ ਸਿਰ ਦੁੱਖਦਾ ਹੈ। ਆਪ ਜੀ ਨੇ ਕਹਿਣਾ ਕਿ ਚਾਹ ਪੀ ਲਵੋ ਪਰ ਮੈਨੂੰ ਕੀਰਤਨ ਸੁਣਾਓ। ਆਪ ਕੀਰਤਨ ਦੇ ਆਸ਼ਕ ਸਨ। ਜਦੋਂ ਕੀਰਤਨ ਆਰੰਭ ਹੋਣਾ ਤਾਂ ਆਪ ਉੱਚ ਆਤਮਿਕ ਮੰਡਲਾਂ ਵਿਚ ਚਲੇ ਜਾਂਦੇ ਸਨ ਤੇ ਭੁੱਲ ਜਾਂਦੇ ਸਨ ਕਿ ਮੈਂ ਕਿੱਥੇ ਬੈਠਾ ਹਾਂ ? ਬੀਬੀਆਂ ਨੇ ਤਿੰਨ ਚਾਰ ਘੰਟੇ ਕੀਰਤਨ ਸੁਣਾ ਕੇ ਥੱਕ ਜਾਣਾ ਤੇ ਕੀਰਤਨ ਬੰਦ ਕਰ ਦੇਣਾ। ਆਪ ਜੀ ਉੱਥੇ ਹੀ ਸਮਾਧ ਸਥਿਤ ਬੈਠੇ ਰਹਿੰਦੇ ਸਨ। ਸ਼ਾਮ ਨੂੰ ਸੁਰਤ ਉੱਚੇ ਆਤਮਿਕ ਮੰਡਲਾਂ ਤੋਂ ਹੇਠਾ ਆਉਣੀ ਤਾਂ ਫਿਰ ਪੁੱਛਣਾ ਕਿ ਮੈਂ ਕਿੱਥੇ ਬੈਠਾ ਹਾਂ ? ਪਿੰਡ ਜਾਣਾ ਵੀ ਭੁੱਲ ਜਾਣਾ। ਇਨ੍ਹਾਂ ਬੀਬੀਆਂ ਕੋਲ ਵੀ ਆਪ ਜੀ ਦੇ ਜੀਵਨ ਦੀਆਂ ਅਨੇਕਾਂ ਅਲੌਕਿਕ ਘਟਨਾਵਾਂ ਹਨ ਜੋ ਕਿ ਵਰਣਨ ਕਰਨ ਤੋਂ ਬਾਹਰ ਹਨ। ਆਪ ਜੀ ਬੇਸ਼ਕ ਸਰਬ ਲੋਹ ਬਿਬੇਕ ਦੇ ਧਾਰਨੀ ਸਨ ਪਰ ਪ੍ਰੇਮ ਸ਼ਰਧਾ ਵਿਚ ਆ ਕੇ ਦਿਆਲਤਾ ਵੀ ਵਰਤਾ ਜਾਂਦੇ ਸਨ, ਥੋੜ੍ਹੀ ਬਹੁਤ ਢਿੱਲ ਮੱਠ ਨੂੰ ਵੀ ਨਜ਼ਰ ਅੰਦਾਜ਼ ਕਰ ਜਾਂਦੇ ਸਨ। ਇਨ੍ਹਾਂ ਬੀਬੀਆਂ ਦੇ ਦੱਸਣ ਮੁਤਾਬਕ ਆਪ ਜੀ ਹਮੇਸ਼ਾ ਨਾਮ ਰੰਗਾਂ ਵਿਚ ਮਸਤੁਲ ਮਸਤ ਹੁੰਦੇ ਸਨ ਤੇ ਨਾਲ ਹੀ ਸੇਵਾ ਕਰਨ ਵਾਲੇ ਦਾ ਪ੍ਰੇਮ ਅਤੇ ਸ਼ਰਧਾ ਭਾਵਨੀ ਵੀ ਦੇਖ ਲੈਂਦੇ ਸਨ। ਕਿਸੇ ਦਾ ਦਿਲ ਨਹੀਂ ਸਨ ਦੁਖਾਉਂਦੇ, ਹਰ ਗਲ ਪਿਆਰ ਜਾਂ ਇਸ਼ਾਰੇ ਨਾਲ ਸਮਝਾ ਜਾਂਦੇ ਸਨ। ਐਸੀ ਰੰਗ ਰੱਤੜੀ ਗੁਰਮੁਖ ਰੂਹ ਦੇ ਗੁਣਾਂ ਦਾ ਵਰਣਨ ਕਰਨਾ, ਮੇਰੇ ਵਰਗੇ ਨਾਚੀਜ਼ ਨਿਗੂਣੇ ਦੇ ਵੱਸ ਦਾ ਕੰਮ ਨਹੀਂ।

ਉਹਨਾਂ ਦੀ ਸਿਹਤ ਸਾਰੀ ਉਮਰ ਠੀਕ ਰਹੀ ਹੈ ਤੇ ਕੋਈ ਵੀ ਸਰੀਰਕ ਰੋਗ ਉਨ੍ਹਾਂ ਦੇ ਨੇੜੇ ਨਹੀਂ ਆਇਆ। ਆਪ ਜੀ ਸਤੰਬਰ 1992 ਦੇ ਤੀਜੇ ਹਫਤੇ ਚੰਡੀਗੜ੍ਹ ਇਕ ਪ੍ਰੇਮੀ ਦੇ ਘਰ ਸ੍ਰੀ ਅਖੰਡ ਪਾਠ ਸਮਾਗਮ ਤੇ ਆਏ ਹੋਏ ਸਨ। ਆਪ ਜੀ ਨੇ ਉੱਥੇ ਤਿੰਨ ਘੰਟੇ ਬੈਠ ਕੇ ਪਾਠ ਸ੍ਰਵਣ ਕੀਤਾ ਉਸੇ ਸ਼ਾਮ ਮਿਤੀ 23 ਸਤੰਬਰ 1992 ਉਨ੍ਹਾਂ ਨੂੰ ਦਿਲ ਦਾ ਦੌਰਾ ਪੈ ਗਿਆ ਅਤੇ ਉਸੇ ਹੀ ਸ੍ਰੀ ਅਖੰਡ ਪਾਠ ਮੰਡਲ ਵਿਚ ਸੰਗਤਾਂ ਕੋਲੋਂ ਸ੍ਰੀ ਸੁਖਮਨੀ ਸਾਹਿਬ ਜੀ ਦਾ ਪਾਠ ਸੁਣਦਿਆਂ ਸ਼ਾਮ ਸਾਢੇ 7 ਵਜੇ ਗੁਰੂ ਚਰਨਾਂ ਵਿਚ ਜਾ ਬਿਰਾਜੇ। ਉਨ੍ਹਾਂ ਦੀ ਦੇਹ ਨੂੰ ਪਿੰਡ ਪੰਜੋਖਰਾ ਸਾਹਿਬ ਲਿਜਾ ਕੇ ਸਸਕਾਰ ਕੀਤਾ ਗਿਆ ਅਤੇ 4 ਅਕਤੂਬਰ 1992 ਨੂੰ ਉਨ੍ਹਾਂ ਦੀ ਆਤਮਿਕ ਸਹਾਇਤਾ ਲਈ ਸ੍ਰੀ ਅਖੰਡ ਪਾਠ ਸਾਹਿਬ ਅਤੇ ਕੀਰਤਨ ਸਮਾਗਮ ਪੰਜੋਖਰਾ ਸਾਹਿਬ ਵਿਖੇ ਹੀ ਕੀਤਾ ਗਿਆ ਜਿਸ ਵਿਚ ਉਨ੍ਹਾਂ ਨੂੰ ਪਿਆਰ ਕਰਨ ਵਾਲੇ ਹਜ਼ਾਰਾ ਦੀ ਗਿਣਤੀ ਵਿਚ ਸੰਗੀ ਸਾਥੀ ਗੁਰਸਿੱਖਾਂ ਅਤੇ ਸੰਗਤਾਂ ਨੇ ਹਾਜ਼ਰੀਆਂ ਭਰੀਆਂ। ਸ੍ਰੀ ਅੰਮ੍ਰਿਤਸਰ ਤੇ ਹੋਰ ਵੀ ਕਈ ਸ਼ਹਿਰਾਂ, ਨਗਰਾਂ ਵਿਚ ਸੰਗਤਾਂ ਵਲੋਂ ਆਪ ਜੀ ਦੇ ਨਮਿਤ ਸ੍ਰੀ ਅਖੰਡ ਪਾਠ ਤੇ ਕੀਰਤਨ ਸਮਾਗਮ ਹੋਏ।


www.AKJ.Org

**ਪਰੇਮ ਯਾਦਾਂ - ਭਾਈ ਆਤਮਾ ਸਿੰਘ ਜੀ ਪੰਜੋਖਰਾ ਸਾਹਿਬ ਵਾਲੇ : ਵਲੋਂ ਭਾਈ ਅਮਰੀਕ ਸਿੰਘ ਅੰਬਾਲਾ**

ਸਤਿਗੁਰੂ ਜੀ ਦੀ ਕ੍ਰਿਪਾ ਸਦਕਾ ਦਾਸ ਦਾ ਆਪ ਜੀ ਨਾਲ ਮਿਲਾਪ ਗੁਰਦੁਆਰਾ ਪਾਤਸ਼ਾਹੀ ਅੱਠਵੀਂ ਪੰਜੋਖਰਾ ਸਾਹਿਬ ਵਿਖੇ ਇਕ ਕੀਰਤਨ ਸਮਾਗਮ ਦੌਰਾਨ ਹੋਇਆ। ਪਹਿਲੇ ਦਿਨ ਹੀ ਆਪਣੇ ਘਰ ਲੈ ਗਏ। ਪਰਸਪਰ ਗੁਰਮਤਿ ਮਿਲਾਪ ਤੋਂ ਬਾਅਦ,ਭਾਈ ਸਾਹਿਬ ਰਣਧੀਰ ਸਿੰਘ ਜੀ ਬਾਰੇ ਖੁੱਲ੍ਹ ਕੇ ਗਲਬਾਤ ਹੋਈ। ਦਾਸ ਦਾ ਪਿੰਡ ਬਰਨਾਲਾ ਪੰਜੋਖਰਾ ਸਾਹਿਬ ਤੋਂ ਤਕਰੀਬਨ ਪੰਜ ਕਿਲੋਮੀਟਰ ਤੇ ਹੀ ਹੈ,ਇਸ ਕਰਕੇ ਇਨ੍ਹਾਂ ਨਾਲ ਅਕਸਰ ਮੇਲ ਜੋਲ ਹੁੰਦਾ ਰਿਹਾ।

ਜਿਵੇਂ ਗੁਰਬਾਣੀ ਦਾ ਫੁਰਮਾਨ ਹੈ— **"ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰ ਧਰਿ ਤਲੀ ਗਲੀ ਮੇਰੀ ਆਉ ॥** (ਅੰਗ ੧੪੧੦) ਕੰਨੀਂ ਪੈਂਦਿਆਂ ਹੀ ਹਰ ਗੁਰਸਿੱਖ ਦੀ ਸੁਰਤ ਅਣਖੀਲੇ ਯੋਧੇ ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਵੱਲ ਚਲੀ ਜਾਂਦੀ ਹੈ, ਇਵੇਂ ਹੀ ਜੇਕਰ ਦਿਵਸ ਸੁਹੇਲੇ, ਸ੍ਰੀ ਅਖੰਡ ਪਾਠ ਅਤੇ ਰੈਣ ਸਬਾਈ ਕੀਰਤਨ ਸਮਾਗਮਾਂ 'ਚ ਲਗਾਤਾਰ ਇਕ ਰਸ ਗੁਰਸਿੱਖ ਮਰਜੀਵੜਿਆਂ ਦੇ ਅਖੰਡ ਚੌਂਕੜੇ ਦਾ ਜ਼ਿਕਰ ਚੱਲੇ ਤਾਂ ਆਪ ਮੁਹਾਰੇ ਸ੍ਰੀਮਾਨ ਭਾਈ ਸਾਹਿਬ ਰਣਧੀਰ ਸਿੰਘ ਜੀ ਅਤੇ ਉਨ੍ਹਾਂ ਦੇ ਅਤਿ ਪਿਆਰੇ ਨਿਕਟਵਰਤੀ ਰੰਗਲੇ ਸੱਜਣ ਖ਼ਾਸ ਕਰ ਭਾਈ ਸਾਹਿਬ ਆਤਮਾ ਸਿੰਘ ਜੀ ਚੇਤੇ ਆ ਜਾਂਦੇ ਹਨ, ਜੋ ਅੰਮ੍ਰਿਤ ਬਾਣੀ ਅਮਿਓਂ ਰਸ ਦੇ ਪਿਆਲੇ ਪੀ ਪੀ ਰੱਜਦੇ ਹੀ ਨਹੀਂ ਸਨ। ਚਾਤ੍ਰਿਕ ਕਦੋਂ ਚਾਹੇਗਾ ਕਿ ਸਵਾਂਤੀ ਬੂੰਦ ਦੀ ਹੋ ਰਹੀ ਬਾਰਿਸ਼ ਬੰਦ ਹੋ ਜਾਵੇ ? ਅਜਿਹੇ ਗੁਰਮੁਖਾਂ ਪਤੀ ਕਿਆ ਖ਼ੂਬ ਗੁਰਵਾਕ ਢੁੱਕਦੇ ਹਨ **"ਰਮਣੰ ਕੇਵਲੰ ਕੀਰਤਨੰ ਸੁਧਰਮੰ ਦੇਹ ਧਾਰਣਹ ॥ ਅੰਮ੍ਰਿਤ ਨਾਮੁ ਨਾਰਾਇਣ ਨਾਨਕ ਪੀਵਤੰ ਸੰਤ ਨ ਤ੍ਰਿਪ੍ਯਤੇ ॥** (ਅੰਗ ੧੩੫੩) **ਹਉ ਗੁਰ ਸਾਲਾਹਿ ਨ ਰਜਉ ਮੈ ਮੇਲੇ ਹਰਿ ਪ੍ਰਭੁ ਪਾਸਿ ॥** (ਅੰਗ ੪੧)

ਸਮਾਗਮਾਂ ਦੌਰਾਨ ਦੁਪਹਿਰ ਜਾਂ ਰਾਤ ਵੇਲੇ ਜਾਂ ਲੰਗਰ ਛਕਣ ਵੇਲੇ ਕੁਝ ਪਲ ਅਜਿਹੇ ਮਿਲ ਜਾਂਦੇ ਹਨ ਜਦੋਂ ਗੁਰਸਿੱਖ ਪਿਆਰੇ ਆਪਸ ਵਿਚ ਕੁਝ ਵਿਚਾਰ ਵਟਾਂਦਰਾ ਕਰਦਿਆਂ ਵਡਿਆਂ/ ਪੁਰਾਤਨ ਗੁਰਸਿੱਖਾ ਤੋਂ ਬਹੁਤ ਕੁਝ ਸਿੱਖਦੇ ਹਨ। ਬਹੁਤ ਸਾਰੇ ਅਜਿਹੇ ਨੁਕਤੇ ਵੀ ਹਨ , ਜੋ ਸੀਨਾ ਬਸੀਨਾ ਉੱਠਦਿਆਂ ਬਹਿੰਦਿਆਂ ਪਤਾ ਚਲਦੇ ਹਨ ਅਤੇ ਗੁਰਮਤਿ ਗਾਡੀ ਰਾਹ ਤੇ ਤੁਰਨ ਲਈ ਸਹਾਇਕ ਹੁੰਦੇ ਹਨ। **"ਸਤੀ ਪਹਰੀ ਸਤ ਭਲਾ ਬਹੀਐ ਪੜਿਆ ਪਾਸਿ ॥ ਉਥੈ ਪਾਪ ਪੁੰਨ ਬੀਚਾਰੀਐ ਕੂੜੈ ਘਟੈ ਰਾਸਿ ॥"** (ਅੰਗ ੧੪੬)

ਇਕ ਵਾਰੀ ਦਾਸ ਨੂੰ ਸੈਰ ਕਰਦਿਆਂ ਉਨ੍ਹਾਂ ਦੱਸਿਆ ਕਿ ਜਦੋਂ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨਾਲ ਮਿਲਾਪ ਹੋਇਆ ਤਾਂ ਕੁਝ ਚਿਰ ਬਾਅਦ ਐਸੀ ਲਗਨ ਲੱਗੀ ਕਿ ਆਪਣੀ ਸਿੰਘਣੀ ਨੂੰ ਉਸ ਦੀ ਸਹਿਮਤੀ ਨਾਲ ਕੁਝ ਦਿਨਾਂ ਲਈ ਪੇਕੇ ਭੇਜ ਦਿੱਤਾ ਅਤੇ ਭਾਈ ਸਾਹਿਬ ਕੋਲ ਰਹਿ ਕੇ ਦਿਨ ਰਾਤ ਕੀਰਤਨ ਪਾਠ ਸਿਮਰਨ ਵਿਚ ਜੁਟੇ ਰਹਿੰਦੇ। ਇਸ ਤਰ੍ਹਾਂ ਇਕ ਰਸ ਲਿਵਨੀਨ ਰਹਿੰਦਿਆਂ ਪੰਜ ਵਰ੍ਹੇ ਬੀਤ ਗਏ। ਕਦੋਂ ਸੂਰਜ ਚੜ੍ਹਿਆ ਤੇ ਕਦੋਂ ਛਿਪਿਆ ਇਹ ਵੀ ਨਹੀਂ ਸੀ ਪਤਾ ਹੁੰਦਾ। ਪਿੱਛੇ ਪਰਿਵਾਰ ਦੀ ਸੁੱਧ ਬੁੱਧ ਵੀ ਭੁੱਲ ਗਈ। ਇਸ ਪੰਜ ਸਾਲ ਦੇ ਅਰਸੇ ਦੌਰਾਨ ਉਨ੍ਹਾਂ ਦੀ ਸਿੰਘਣੀ ਨੇ ਕਦੇ ਕੋਈ ਰੋਸ, ਨਰਾਜਗੀ ਜਾਂ ਉਲ੍ਹਾਮਾ ਨਹੀਂ ਭੇਜਿਆ। ਇਹ ਸੀ ਇੱਕ ਪਤੀਬਰਤਾ ਆਗਿਆਕਾਰ ਭਾਣੇ ਵਿੱਚ ਰਹਿਣ ਵਾਲੀ ਸਤੋ ਗੁਣੀ ਸੁਭਾਅ ਅਤੇ ਦੈਵੀ ਗੁਣਾਂ ਨਾਲ ਸ਼ਿੰਗਾਰੀ ਇਸ ਗੁਰਮੁਖ ਬੀਬੀ ਦਾ ਜੀਵਨ। ਦਾਸ ਵੇਖਦਾ ਸੀ ਕਿ ਸਤਿਕਾਰਯੋਗ ਮਾਤਾ ਜੀ ਨਿਰੋਲ ਸ਼ਾਂਤ ਚਿੱਤ ਖਿੜੀ ਹੋਈ ਰੂਹ ਸੀ। ਉਨ੍ਹਾਂ ਦੀ ਗਰਿਸਤ ਵਿੱਚ ਰਹਿੰਦਿਆਂ ਗੁਰਮਤਿ ਕਮਾਉਂਦਿਆਂ ਕਮਾਲ ਦੀ ਵਿਰੱਕਤ ਬਿਰਤੀ ਸੀ। ਜਦੋਂ ਵੀ ਦਾਸ ਗੁਰਦੁਆਰਾ ਪੰਜੋਖਰਾ ਸਾਹਿਬ ਕੀਰਤਨ ਸਮਾਗਮ ਤੇ ਜਾਂਦਾ ਤਾਂ ਆਪਣੇ ਘਰ ਲੈ ਕੇ ਜਾਂਦੇ ਰਹੇ। ਉਨ੍ਹਾਂ ਦੇ ਚੌਬਾਰੇ ਵਿੱਚ ਗੁਰੂ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਸੀ ਅਤੇ ਹਮੇਸ਼ਾਂ ਆਖਦੇ ਸਨ ਕਿ ਪੰਜ ਸ਼ਬਦ ਵਾਜੇ ਤੇ ਗਾ ਕੇ ਜਰੂਰ ਸੁਣਾ ਕੇ ਜਾਇਓ।

ਇੱਕ ਵਾਰੀ ਆਪਣੇ ਖੇਤਾਂ ਵਿੱਚ ਲੈ ਗਏ। ਉੱਥੇ ਦੱਸਿਆ ਕਿ ਇਕ ਮੌਕੇ ਭਾਈ ਸਾਹਿਬ ਰਣਧੀਰ ਸਿੰਘ ਜੀ ਇਨ੍ਹਾਂ ਖੇਤਾਂ ਵਿੱਚ ਬੈਠੇ ਸਨ, ਜਿਨ੍ਹਾਂ ਨੂੰ ਪੁੱਛਣ ਤੇ ਦੱਸਿਆ ਕਿ ਜੇ ਖੂਹ ਲਗਵਾਉਣਾ ਹੈ ਤਾਂ ਉਸ ਕੋਨੇ ਵਿੱਚ



www.AKJ.Org

ਲਗਵਾਓ। ਵਾਕਈ ਖ਼ੂਹ ਕਾਮਯਾਬ ਰਿਹਾ ਅਤੇ ਹੇਠੋਂ ਪਾਣੀ ਨਿਕਲ ਆਇਆ। ਮੈਨੂੰ ਭਾਈ ਸਾਹਿਬ ਆਤਮਾ ਸਿੰਘ ਜੀ ਨੇ ਦੱਸਿਆ ਕਿ ਉਸ ਜ਼ਮੀਨ ਵਿੱਚ ਪਾਣੀ ਦੀ ਕਮੀ ਸੀ। ਇਸ ਤੋਂ ਪਹਿਲਾਂ ਕਈ ਵਾਰੀ ਖ਼ੂਹ ਪੁੱਟਣ ਤੇ ਵੀ ਪਾਣੀ ਨਹੀਂ ਸੀ ਨਿਕਲਿਆ ਅਤੇ ਪਾਣੀ ਦੀ ਘਾਟ ਕਰਕੇ ਬਹੁਤ ਔਖੇ ਹੋਣਾ ਪੈਂਦਾ ਸੀ।

ਇਕ ਦਿਨ ਪ੍ਰੇਮ ਵਿਚ ਆ ਕੇ ਦਾਸ ਨੂੰ ਦੱਸਿਆ ਕਿ ਉਹ ਸੁਰਤੀ ਨਾਲ ਕੁਝ ਮਿੰਟਾਂ ਵਿਚ ਹੀ ਨਿਤਨੇਮ ਦੀਆਂ ਬਾਣੀਆਂ ਦਾ ਪਾਠ ਕਰ ਲੈਂਦੇ ਹਨ। ਵੱਡੇ ਅੰਮ੍ਰਿਤ ਵੇਲੇ ਉੱਠਦਿਆਂ ਹੀ ਮੰਜੇ ਤੇ ਬਹਿ ਕੇ ਸੁਰਤ ਨਾਲ ਇੱਕ ਪਾਠ ਕਰ ਲੈਣਾ। ਫਿਰ ਇਸ਼ਨਾਨ ਉਪਰੰਤ ਦੂਸਰੀ ਵਾਰ ਅਤੇ ਘਰ ਤੋਂ ਗੁਰਦੁਆਰਾ ਸਾਹਿਬ ਪਹੁੰਚਦਿਆ ਤੀਜੀ ਵਾਰ ਨਿਤਨੇਮ ਦੀਆਂ ਬਾਣੀਆ ਦਾ ਪਾਠ ਕਰ ਲੈਣਾ। ਆਖਦੇ ਸਨ ਕਿ ਸੁਰਤ ਦੁਆਰਾ ਪਾਠ ਕਰਦਿਆਂ ਦੇਰ ਨਹੀਂ ਲੱਗਦੀ। ਗੁਰਬਾਣੀ ਨਿਰੰਕਾਰ ਅਤੇ ਅਗਾਧ ਬੋਧ ਹੈ ਆਪਣੇ ਜ਼ੋਰ, ਯਾਦਦਾਸ਼ਤ ਸ਼ਕਤੀ ਨਾਲ ਅਸੀਂ ਇਨ੍ਹਾਂ ਸ਼ਬਦਾਂ ਨੂੰ ਕੰਠ ਨਹੀਂ ਕਰ ਸਕਦੇ। ਗੁਰਬਾਣੀ ਹੀ ਤਰਸ ਖਾ ਕੇ ਦਇਆਵਾਨ ਹੋ ਕੇ ਜਗਿਆਸੂ ਦੇ ਹਿਰਦੇ ਵਿੱਚ ਪ੍ਰਵੇਸ਼ ਕਰ ਜਾਂਦੀ ਹੈ। ਪਰਮਾਣ ਦਿੰਦੇ ਸਨ:-

**"ਅੰਮ੍ਰਿਤ ਬਾਣੀ ਸਤਿਗਰ ਪੂਰੇ ਕੀ ਜਿਸੁ ਕਿਰਪਾਲ ਹੋਵੈ ਤਿਸੁ ਰਿਦੈ ਵਸੇਹਾ ॥"**

(ਅੰਗ ੯੩੦)

ਕੰਠਾਗਰ ਕੀਰਤਨ ਬਾਰੇ ਵੀ ਆਖਦੇ ਸਨ ਕਿ ਗੁਰੂ ਸਾਹਿਬ ਦੀ ਦੈਵੀ ਕਲਾ ਵਰਤਦਿਆ ਜਗਿਆਸੂ ਤੇ ਦਰਗਾਹ ਤੋਂ ਪਟਾ ਚੜ੍ਹ ਜਾਂਦਾ ਹੈ ਅਤੇ ਬਾਣੀ ਉਪਰੋਂ ਆਈ ਜਾਂਦੀ ਹੈ। ਬਾਜੇ ਤੇ ਪੋਥੀ (ਉਦੋਂ ਅਜੇ ਮੋਬਾਈਲ ਫੋਨ ਨਹੀਂ ਸਨ ਆਏ ਅਤੇ ਹੁਣ ਪੋਥੀ ਦੀ ਜਗ੍ਹਾ ਮੋਬਾਈਲ ਫੋਨ ਨੇ ਲੈ ਲਈ ਹੈ) ਖੋਲ੍ਹਦਿਆ ਹੀ ਦਰਗਾਹ ਤੋਂ ਸਿਧੀ ਆ ਰਹੀ ਬਾਣੀ ਦਾ ਪ੍ਰਵਾਹ ਰੁਕ ਜਾਂਦਾ ਹੈ।

ਇੱਕ ਵਾਰ ਦਾਸ ਗ਼ਰੀਬੜੇ ਨੇ ਸਾਲਾਨਾ ਅਖੰਡ ਕੀਰਤਨ ਸਮਾਗਮ ਗੁਰਦੁਆਰਾ ਮੰਜੀ ਸਾਹਿਬ ਅੰਬਾਲਾ ਸ਼ਹਿਰ ਕੀਰਤਨ ਕਰਦਿਆਂ ਸ਼ਬਦ ਗਾਵਿਆ **"ਇਹੁ ਮਨੁ ਨਿਹਚਲੁ ਹਿਰਦੈ ਵਸੀਅਲੇ ਗੁਰਮੁਖਿ ਮੂਲ ਪਛਾਣਿ ਰਹੈ ॥ ਨਾਭਿ ਪਵਨੁ ਘਰਿ ਆਸਣਿ ਬੈਸੈ ਗੁਰਮੁਖਿ ਖੋਜਤ ਤਤੁ ਲਹੈ ॥** (ਅੰਗ ੯੩੮) ਬਾਪੂ ਆਤਮਾ ਸਿੰਘ ਜੀ ਵੀ ਦਾਸ ਦੇ ਨਾਲ ਹੀ ਪਿੱਛੇ ਬੈਠੇ ਸਨ । ਜਦੋਂ ਦਾਸ ਕੀਰਤਨ ਕਰਕੇ ਹਟਿਆ ਤਾਂ ਦਾਸ ਨੂੰ ਪ੍ਰੇਮ ਨਾਲ ਖਿੱਚ ਕੇ ਕੰਨ ਵਿਚ ਆਖਿਆ ਕਿ ਅੱਜ ਤਾਂ ਅਕਾਲ ਚਲਾਣਾ ਹੋਣ ਗਿਆ ਸੀ। ਕਹਿੰਦੇ ਜਦੋਂ ਤੂੰ ਉਪਰੋਕਤ ਸ਼ਬਦ ਸਿਧ ਗੋਸ਼ਟਿ ਵਿੱਚੋਂ ਪੜ੍ਹਿਆ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਪ੍ਰਤੱਖ ਆ ਸਾਹਮਣੇ ਪ੍ਰਗਟ ਹੋ ਗਏ। ਨਿਹਾਲੋ ਨਿਹਾਲ। ਤੇਜ ਪ੍ਰਕਾਸ਼/ ਪ੍ਰਤਾਪ ਝਲਿਆ ਨਾ ਜਾਵੇ। ਜੇ ਤੂੰ ਸਾਰਾ ਸਿਧ ਗੋਸ਼ਟਿ ਸੁਣਾ ਦਿੰਦਾ ਤਾਂ ਅੱਜ ਮੇਰੇ ਪ੍ਰਾਣ ਇੱਥੇ ਹੀ ਨਿਕਲ ਜਾਣੇ ਸਨ। ਗੁਰੂ ਸਾਹਿਬ ਜੀ ਦੀ ਕਿਰਪਾ ਨਾਲ ਦਾਸ ਨੇ ਉਦੋਂ ਤੋਂ ਸਿਧ ਗੋਸਟਿ ਬਾਣੀ ਨੂੰ ਨਿਤਨੇਮ ਵਿੱਚ ਸ਼ਾਮਿਲ ਕਰ ਲਿਆ। ਕਰੀਬ ਦੋ ਮਹੀਨੇ ਚ ਕੰਠ ਹੋਣ ਦੀ ਬਖ਼ਸ਼ਿਸ਼ ਹੋਈ ਅਤੇ ਉਸ ਉਪਰੰਤ ਕਈ ਵਾਰੀ ਜਦੋਂ ਸਿੱਧ ਗੋਸ਼ਟਿ ਵਿਚੋਂ ਪ੍ਰਮਾਣ ਦੇ ਕੇ ਸ਼ਬਦ ਪੜ੍ਹਦਾ ਸੀ ਤਾਂ ਭਾਈ ਸਾਹਿਬ ਜੀ ਤੇ ਅਣੀਆਲੇ ਤੀਰਾਂ ਵਾਂਗ ਅਸਰ ਹੁੰਦਾ ਜਾਪਦਾ ਸੀ। ਜਦੋਂ ਆਪ ਕੀਰਤਨੀਏ ਸਿੰਘ ਨਾਲ ਜੁੜ ਕੇ ਪਿੱਛੇ ਬੈਠਦੇ ਸੀ ਤਾਂ ਦੈਵੀ ਕਲਾ ਵਰਤ ਜਾਂਦੀ ਸੀ ਅਤੇ ਕੀਰਤਨ ਬੜੇ ਚੜ੍ਹਦੇ ਰੰਗਾਂ ਵਿੱਚ ਹੋਣ ਲੱਗ ਪੈਂਦਾ ਸੀ।

ਆਪ ਦੇ ਚੁਬਾਰੇ ਵਿਚ ਬਹੁਤ ਸਾਰੇ ਸ੍ਰੀ ਅਖੰਡ ਪਾਠ, ਦਿਵਸ ਸੁਹੇਲੇ ਅਤੇ ਰੈਣ ਸਬਾਈ ਕੀਰਤਨ ਸਮਾਗਮ ਹੋਏ। ਦਾਸ ਦੇ ਮਾਤਾ ਪਿਤਾ ਜੀ ਦੱਸਦੇ ਸਨ ਕਿ ਭਾਈ ਸਾਹਿਬ ਰਣਧੀਰ ਸਿੰਘ ਜੀ ਅਤੇ ਆਪ ਦੀ ਹਾਜ਼ਰੀ ਵਿੱਚ ਕਿਸੇ ਨੂੰ ਨੀਂਦ, ਉਬਾਸੀ ਜਾਂ ਥਕਾਵਟ ਨਹੀਂ ਸੀ ਵਿਆਪਦੀ। ਅਕਸਰ ਸੁਰਤੀਆਂ ਦਸਮ ਦੁਆਰ ਵਿਚ ਚੜ੍ਹ ਜਾਂਦੀਆਂ ਸਨ। ਸਾਰੀ ਰਾਤ ਕਿਸੇ ਨੂੰ ਪਿਆਸ ਜਾਂ ਜੰਗਲ ਪਾਣੀ ਅਤੇ ਪਿਸ਼ਾਬ ਦੀ ਹਾਜ਼ਤ ਵੀ ਨਹੀਂ ਸੀ ਹੁੰਦੀ ਜਾਪਦੀ।

ਆਪ ਜੀ ਇਸ ਗੱਲ ਦੇ ਪੱਕੇ ਹਾਮੀ ਸਨ ਕਿ ਗੁਰਸਿੱਖ ਲਈ (ਦਸਾਂ ਨਹੁੰਆਂ ਦੀ) ਧਰਮ ਦੀ ਕਿਰਤ ਕਰਨਾ



www.AKJ.Org

ਬਹੁਤ ਜ਼ਰੂਰੀ ਹੈ। ਕਹਿੰਦੇ ਸੀ ਸਤਿਗੁਰਾਂ ਨੇ ਮੋਹਰ ਲਾਈ ਹੋਈ ਹੈ **"ਘਾਲਿ ਖਾਇ ਕਿਛੁ ਹਥਹੁ ਦੇਇ॥ ਨਾਨਕ ਰਾਹੁ ਪਛਾਣਹਿ ਸੇਇ ॥"** (ਅੰਗ ੧੨੪੫)

ਦਾਸ ਨੂੰ ਸਤਿਗੁਰੂ ਜੀ ਦੀ ਕ੍ਰਿਪਾ ਸਦਕਾ ਬਚਪਨ ਵਿੱਚ ਹੀ ਅੰਬਾਲਾ ਸ਼ਹਿਰ ਗੁਰਦੁਆਰਾ ਮੰਜੀ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਸੰਤੋਖ ਸਿੰਘ ਜੀ (ਜੋ ਪਿੱਛੋਂ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਵੀ ਅੰਮ੍ਰਿਤਸਰ ਰਹੇ ਹਨ) ਨੇ ਇਹ ਨਿਰੂਪਣ ਕਰਵਾ ਦਿੱਤਾ ਸੀ ਕਿ ਜੋ ਵੀ ਸ਼ਬਦ ਵਾਜੇ ਤੇ ਸਿਖੋ, ਉਸ ਨੂੰ ਨਾਲ ਦੀ ਨਾਲ ਕੰਠ ਕਰ ਲਓ, ਆਨੰਦ ਕਈ ਗੁਣਾਂ ਵਧ ਜਾਵੇਗਾ। ਬਚਪਨ ਤੇ ਜਵਾਨੀ ਵਿੱਚ ਆਮ ਜਗਿਆਸੂ ਅਭਿਆਸ ਕਰਦਾ ਰਹੇ ਤਾਂ ਸੱਚੇ ਪਾਤਸ਼ਾਹ ਤਰਸ ਕਰ ਕੇ ਇਹ ਗੁਣ ਬਖ਼ਸ਼ ਦਿੰਦੇ ਹਨ। ਫਿਰ ਭਾਈ ਸਾਹਿਬ ਆਤਮਾ ਸਿੰਘ ਜੀ ਨਾਲ ਮਿਲਾਪ ਹੋ ਗਿਆ, ਜਿਨ੍ਹਾਂ ਨੇ ਗੁਰਬਾਣੀ ਕੰਠ ਕਰਨ ਲਈ ਹੋਰ ਦ੍ਰਿੜਤਾ ਨਾਲ ਪ੍ਰੇਰਨਾ ਦਿੱਤੀ। ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿੱਚ ਪ੍ਰਚਲਤ ਕੰਠ ਕੀਰਤਨ ਮਰਿਆਦਾ ਦੇ ਆਪ ਕਰੜੇ ਹਾਮੀ ਸਨ। ਆਪ ਜੀ ਬੜੀ ਨਿਮਰਤਾ ਨਾਲ ਆਖਦੇ ਸਨ ਕਿ ਜਿਸ ਨੂੰ ਨਿਤਨੇਮ ਦੀਆਂ ਬਾਣੀਆਂ ਕੰਠ ਨਹੀਂ, ਉਹੋ ਪੰਚਾਂ ਦੀ ਸੇਵਾ ਵਿੱਚ ਸ਼ਾਮਲ ਹੋ ਕੇ ਅੰਮ੍ਰਿਤ ਸੰਚਾਰ ਰਾਹੀਂ ਨਵੇਂ ਜਗਿਆਸੂਆਂ ਨੂੰ ਸਤਿਗੁਰੂ ਜੀ ਦੇ ਘਰ ਜਨਮ ਨਹੀ ਦਿਵਾ ਸਕਦਾ। ਇਸ਼ਾਰਾ ਕਰਦੇ ਹੁੰਦੇ ਸੀ ਕਿ **"ਜਿਉ ਕਾਪੁਰਖ ਪੁਚਾਰੈ ਨਾਰੀ ॥"** (ਅੰਗ ੧੯੮) ਦੂਸਰੇ ਪਾਸੇ ਭਾਈ ਸਾਹਿਬ ਜੀ ਵਰਗੀ ਪੁਗ ਖਲੋਤੀ, ਰੰਗ ਰਤੜੀ, ਪ੍ਰਭੂ ਪ੍ਰਾਇਣ ਰੂਹਾਂ ਦਾ, ਜੀਵਨ ਪ੍ਰਯੰਤ ਗੁਰਬਾਣੀ ਪਾਠ, ਨਾਮ ਅਭਿਆਸ, ਕੀਰਤਨ ਪ੍ਰਤੀ ਅੰਨਿਨ ਅਤੁੱਟ ਪ੍ਰੇਮ ਸ਼ਰਧਾ ਤੱਕੀਏ ਤਾ ਸਤਿਗੁਰੂ ਜੀ ਦਾ ਇਹ ਗੁਰਵਾਕ ਉਨ੍ਹਾਂ ਪ੍ਰਤੀ ਸੁਤੇ ਸਿਧ ਮੁੱਖ ਚੋਂ ਉਚਾਰਨ ਹੁੰਦਾ ਹੈ :- **"ਸਫਲੁ ਜਨਮੁ ਹਰਿ ਜਨ ਕਾ ਉਪਜਿਆ ਜਿਨਿ ਕੀਨੋ ਸਉਤੁ ਬਿਧਾਤਾ॥ ਸਗਲ ਸਮੂਹ ਲੈ ਉਧਰੇ ਨਾਨਕ ਪੂਰਨ ਬ੍ਰਹਮੁ ਪਛਾਤਾ॥"** (ਅੰਗ ੫੩੨) ਜੀਵਨ ਪ੍ਰਜੰਤ ਜਥੇ ਵਿਚ ਪੰਚਾਂ ਦੀ ਸੇਵਾ ਨਿਭਾਉਂਦਿਆਂ ਬੇਅੰਤ ਪ੍ਰਾਣੀਆਂ ਨੂੰ ਪ੍ਰਭੂ ਜੀ ਦੇ ਘਰ ਜਨਮ ਤਾਂ ਦਿਵਾਇਆ ਹੀ, ਅਜਿਹੇ ਗੁਰਮੁਖਾਂ ਨੇ ਪ੍ਰਮਾਤਮਾ ਨੂੰ ਵੀ ਸਪੁੱਤਰਾ ਬਣਾ ਦਿੱਤਾ। ਉਨ੍ਹਾਂ ਪ੍ਰਤੀ ਭਾਈ ਗੁਰਦਾਸ ਜੀ ਫੁਰਮਾਉਂਦੇ ਹਨ :-

**"ਗੁਰਮੁਖਿ ਪੰਥ ਸੁਹਾਵੜਾ ਧੰਨ ਗੁਰੂ ਧੰਨ ਗੁਰੂ ਪਿਆਰੇ॥"**

## ਬੀਬੀ ਉਪਦੇਸ਼ ਕੌਰ ਜੀ ਪੰਜੋਖਰਾ ਸਾਹਿਬ

ਅਖੰਡ ਕੀਰਤਨੀ ਜੱਥੇ ਦੀ ਦੂਜੀ ਪੀੜੀ ਦੀਆਂ ਪ੍ਰਮੁੱਖ ਕੀਰਤਨੀਆਂ ਵਿਚੋਂ ਸਿਰਕੱਢ ਬੀਬੀ ਉਪਦੇਸ਼ ਕੌਰ ਜੀ ਦਾ ਜਨਮ ਪਿੰਡ ਨਾਰੰਗਵਾਲ ਵਿਚ ਸੰਨ 1930 ਵਿਚ ਭਾਈ ਸਾਹਿਬ ਜੀ ਦੇ ਗੁਆਂਢੀ ਭਾਈ ਰਾਮ ਸਿੰਘ ਜੀ ਦੇ ਘਰ ਬੀਬੀ ਦਲੀਪ ਕੌਰ ਜੀ ਦੀ ਕੁੱਖੋਂ ਹੋਇਆ। ਆਪ ਦੇ ਪਿਤਾ ਜੀ ਸਧਾਰਨ ਜਿਮੀਂਦਾਰ ਸਿੱਖ ਪ੍ਰੀਵਾਰ ਵਿਚੋਂ ਸਨ। ਆਪ ਜੀ ਬੀਬੀ ਕੁਲਵੰਤ ਕੌਰ ਜੀ (ਜੋ ਜੱਥੇ ਦੇ ਟਕਸਾਲੀ ਕੀਰਤਨੀ ਵਜੋਂ ਮਸ਼ਹੂਰ ਸਨ) ਦੀ ਛੋਟੀ ਭੈਣ ਸਨ। ਆਪ ਜੀ ਨੇ ਮੁੱਢਲੀ ਸੰਸਾਰਕ ਵਿਦਿਆ ਦਸਵੀਂ ਜਮਾਤ ਤਾਈਂ ਪਿੰਡ ਨਾਰੰਗਵਾਲ ਵਿਚ ਹੀ ਲਈ। ਆਪ ਜੀ ਦਾ ਬਚਪਨ ਭਾਈ ਸਾਹਿਬ ਜੀ ਦੇ ਪ੍ਰੀਵਾਰ ਵਿਚ ਹੀ ਬੀਤਿਆ। ਆਪ ਨੂੰ ਗੁਰਮਤਿ ਦੀ ਗੁੜਤੀ ਅਤੇ ਗੁਰਮਤਿ ਦੇ ਦੈਵੀ ਗੁਣਾਂ ਦੀ ਸੋਝੀ ਭਾਈ ਸਾਹਿਬ ਜੀ ਦੀ ਸੰਗਤ, ਆਪਣੀ ਵੱਡੀ ਭੈਣ ਬੀਬੀ ਕੁਲਵੰਤ ਕੌਰ ਜੀ ਅਤੇ ਬੀਬੀ ਦਲੇਰ ਕੌਰ ਜੀ ਦੀ ਸੰਗਤ ਕਰਦਿਆਂ ਬਚਪਨ ਤੋਂ ਹੀ ਹੋ ਗਈ। ਆਪ ਜੀ ਨੇ ਬਚਪਨ ਵਿਚ ਹੀ ਅੰਮ੍ਰਿਤ ਛੱਕ ਕੇ ਰਹਿਤ ਬਹਿਤ ਦੇ ਧਾਰਨੀ ਹੋ ਗਏ ਅਤੇ ਗੁਰਬਾਣੀ ਦੇ ਪਾਠ ਦੀ ਸੰਥਿਆ ਅਤੇ ਕੀਰਤਨ ਦਾ ਗੁਣ ਵੀ ਆਪ ਜੀ ਦੀ ਵੱਡੀ ਭੈਣ ਤੋਂ ਲੈ ਲਿਆ ਸੀ। ਆਪ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਸੇਵਾ ਅਤੇ ਕੀਰਤਨ ਸਮਾਗਮ ਦੀ ਹਾਜ਼ਰੀ ਛੋਟੀ ਆਯੂ ਤੋਂ ਹੀ ਭਰਨ ਲੱਗ ਪਏ ਸਨ। ਬੀਬੀ ਸੁਰਜੀਤ ਕੌਰ ਜੀ ਸਿੰਘਣੀ ਗਿਆਨੀ ਅਮੋਲਕ ਸਿੰਘ ਜੀ ਯੂ.ਕੇ., ਬੀਬੀ ਅਜਮੇਰ ਕੌਰ ਜੀ, ਬੀਬੀ ਹਰਸ਼ਰਨ ਕੌਰ ਜੀ ਜਲੰਧਰ, ਬੀਬੀ ਮਹਿੰਦਰ ਕੌਰ ਜੀ ਲੁਧਿਆਣਾ ਅਤੇ ਬੀਬੀ ਕਿਰਪਾਲ ਕੌਰ ਜੀ ਪਟਿਆਲਾ ਜੋ ਆਪ ਜੀ ਦੀਆਂ ਸੰਗੀ-ਸਾਥੀ ਸਹੇਲੀਆਂ ਸਨ ਜਿਹੜੀਆਂ ਕਿ ਰਲ ਕੇ ਬੜੀ ਚੜ੍ਹਦੀਆਂ ਕਲਾਂ ਵਿਚ ਕੀਰਤਨ ਦੀਆਂ ਗੂੰਜਾਂ



www.AKJ.Org

ਪਾਉਂਦੀਆਂ ਹੁੰਦੀਆਂ ਸਨ। ਰੈਣ ਸਬਾਈ ਕੀਰਤਨ ਸਮਾਗਮ ਦੇ ਦੌਰਾਨ, ਅੱਧੀ ਰਾਤ ਵੇਲੇ ਜਦੋਂ ਇਹ ਬੀਬੀਆਂ ਸਟੇਜ ਤੇ ਸੱਜ ਕੇ ਕੀਰਤਨ ਕਰਦੀਆਂ ਸਨ ਤੇ ਲੱਗਦਾ ਸੀ ਕਿ ਆਕਾਸ਼ੋਂ ਪਰੀਆਂ ਆ ਕੇ ਪ੍ਰਭੂ ਦੀ ਉਸਤਤੀ ਵਿਚ ਰਾਗੁ ਰਤਨ ਅਲਾਪ ਰਹੀਆਂ ਹਨ। ਹਿਰਦੇ ਵੇਧਵੀਂ ਅਤੇ ਦਿਲ ਖਿੱਚਵੀਆਂ ਧੁੰਨੀਆਂ ਨਾਲ ਬੜੀ ਸਹਿਜ ਲੈਅ ਵਿਚ ਇਹ ਬੀਬੀਆਂ ਆਪਣੇ ਪ੍ਰੀਤਮ ਦੇ ਸੋਹਿਲੇ ਗਾ ਕੇ ਸੰਗਤਾਂ ਨੂੰ ਨਾਮ ਬਾਣੀ ਅਤੇ ਕੀਰਤਨ ਦੇ ਰਸ ਵਿਚ ਗੜੂੰਦ ਕਰ ਦਿੰਦੀਆਂ ਸਨ। ਕਿਸੇ ਦਾ ਵੀ ਸੰਗਤ ਵਿਚੋਂ ਉੱਠ ਕੇ ਜਾਣ ਲਈ ਦਿਲ ਨਹੀਂ ਸੀ ਕਰਦਾ। ਹਰ ਇਕ ਬੀਬੀ ਦੇ ਆਪਣੇ ਚੌਣਵੇਂ ਸ਼ਬਦ ਅਤੇ ਕੀਰਤਨ ਦੀ ਰੀਤ ਹੁੰਦੀ ਸੀ ਅਤੇ ਉਹੋ ਹੀ ਬੀਬੀ ਉਹੀ ਸ਼ਬਦ ਉਸੇ ਰੀਤ ਤੇ ਪੜ੍ਹਦੀ ਸੀ ਤੇ ਉਨ੍ਹਾਂ ਵਿਚੋਂ ਹੀ ਅਜਿਹਾ ਅਕਹਿ ਰਸ ਨਿਕਲਦਾ ਸੀ, ਜੋ ਕਥਨ ਕਹਿਣ ਤੋਂ ਬਾਹਰ ਹੈ।

ਭਾਈ ਸਾਹਿਬ ਜੀ ਦੇ ਅਤਿ ਨਿਕਟ ਵਰਤੀ ਸੰਗੀ ਸਾਥੀ ਗੁਰਮੁਖ ਪਿਆਰੇ ਭਾਈ ਆਤਮਾ ਸਿੰਘ ਪੰਜੋਖਰਾ ਸਾਹਿਬ ਵਾਲੇ ਸਨ ਜਿੰਨ੍ਹਾਂ ਦੇ ਦੋ ਸਪੁੱਤਰ ਅਤੇ ਇਕ ਪੁੱਤਰੀ ਸੀ। ਭਾਈ ਸਾਹਿਬ ਜੀ ਨੇ ਸੰਨ 1946 ਵਿਚ ਆਪ ਦਾ ਰਿਸ਼ਤਾ ਭਾਈ ਆਤਮਾ ਸਿੰਘ ਜੀ ਦੇ ਵੱਡੇ ਸਪੁੱਤਰ ਭਾਈ ਤਾਰਾ ਸਿੰਘ ਜੀ ਨਾਲ ਆਪਣੀ ਨਿਗਰਾਨੀ ਹੇਠ ਕਰਵਾ ਦਿੱਤਾ ਅਤੇ ਅਨੰਦ ਕਾਰਜ ਵੀ ਆਪ ਹੀ ਕਰਵਾਇਆ। ਭਾਈ ਆਤਮਾ ਸਿੰਘ ਜੀ ਦੇ ਪ੍ਰਵਾਰ ਦੇ ਮੈਂਬਰ ਗੁਰਮਤਿ ਮਾਰਗ ਦੇ ਪਾਂਧੀ ਅਤੇ ਅੰਮ੍ਰਿਤਧਾਰੀ ਰਹਿਤ ਬਹਿਤ ਦੇ ਪੱਕੇ ਧਾਰਨੀ ਸਨ। ਸੋ ਆਪ ਜੀ ਨੂੰ ਪੇਕੇ ਪ੍ਰੀਵਾਰ ਵਿਚ ਭਾਈ ਸਾਹਿਬ ਜੀ ਦੀ ਮਿਲੀ ਸੰਗਤ ਤੋਂ ਵਿਛੋੜਾ ਬਹੁਤਾ ਮਹਿਸੂਸ ਨਹੀਂ ਹੋਇਆ ਕਿਉਂਕਿ ਸਹੁਰਾ ਪ੍ਰੀਵਾਰ ਵਿਚ ਵੀ ਉਹੋ ਜਿਹਾ ਗੁਰਸਿੱਖੀ ਦਾ ਮਾਹੌਲ ਸੀ। ਆਪ ਜੀ ਆਪਣੇ ਧਰਮ ਪਿਤਾ ਆਤਮ ਵਿਗਾਸੀ ਭਾਈ ਆਤਮਾ ਸਿੰਘ ਜੀ ਅਤੇ ਗੁਰਮੁਖ ਪਤੀ ਦੀ ਸੰਗਤ ਕਰਦਿਆਂ ਜਥੇ ਦੇ ਕੀਰਤਨੀ ਸਮਾਗਮਾਂ ਦੀ ਹਾਜ਼ਰੀ ਬਿਨਾਂ ਕਿਸੇ ਰੁਕਾਵਟ ਪਹਿਲੇ ਦੀ ਤਰ੍ਹਾਂ ਹੀ ਭਰਦੇ ਰਹੇ। ਆਪ ਦੇ ਪਤੀ ਜੀ ਸਰਕਾਰ ਅਧਿਆਪਕ ਸਨ ਜਿੰਨ੍ਹਾਂ ਪਹਿਲਾਂ ਲਾਲੜੂ ਦੇ ਸਕੂਲ ਵਿਚ ਨੌਕਰੀ ਸ਼ੁਰੂ ਕੀਤੀ। ਉਥੋਂ ਬਲਾਕ ਅਫਸਰ ਦੇ ਅਹੁਦੇ ’ਤੇ ਪਦ ਉਨਤ ਹੋ ਕੇ ਧੂਰੀ ਜ਼ਿਲ੍ਹਾ ਸੰਗਰੂਰ ਨੌਕਰੀ ਕਰਦੇ ਰਹੇ। ਫਿਰ ਉਨ੍ਹਾਂ ਨੇ ਪਹਿਲਾਂ ਬਤੌਰ ਲੈਕਚਰਾਰ ਅਤੇ ਫਿਰ ਪ੍ਰਿੰਸੀਪਲ ਵਜੋਂ ਜ਼ਿਲ੍ਹਾ ਕਪੂਰਥਲਾ ਦੇ ਖੈੜਾ ਦੋਨਾਂ ਪਿੰਡ ਦੇ ਸਰਕਾਰੀ ਹਾਇਰ ਸੈਕੰਡਰੀ ਸਕੂਲ ਵਿਚ ਕਾਫੀ ਲੰਬਾ ਸਮਾਂ ਨੌਕਰੀ ਕੀਤੀ ਤੇ ਉਥੋਂ ਹੀ ਸੇਵਾ ਮੁਕਤ ਹੋਏ। ਉਹ ਸਰਕਾਰੀ ਨੌਕਰੀ ਦੇ ਨਾਲ-ਨਾਲ ਆਪਣੇ ਪ੍ਰੀਵਾਰ ਨਾਲ ਸਾਰੇ ਕੇਂਦਰੀ ਕੀਰਤਨ ਸਮਾਗਮ ਦੀ ਹਾਜ਼ਰੀ ਭਰ ਕੇ ਲਾਹੇ ਲੈਂਦੇ ਸਨ ਤੇ ਬੀਬੀ ਜੀ ਨੇ ਅਣਥੱਕ ਕੀਰਤਨ ਦੀ ਸੇਵਾ ਨਿਬਾਹੀ। ਆਪਣੇ ਪਿਤਾ ਵਾਂਗ ਭਾਈ ਸਾਹਿਬ ਜੀ ਵੀ ਕੰਠਾਗਰ ਕੀਰਤਨ ਦੇ ਮੁੱਦਈ ਸਨ ਤੇ ਇਸ ਸੰਬੰਧੀ ਉਹ ‘ਸੂਰਾ’ ਮਾਸਕ ਪੱਤਰ ਵਿਚ ਲੇਖ ਵੀ ਲਿਖਦੇ ਰਹਿੰਦੇ ਸਨ। ਆਪ ਵੀ ਖ਼ੁਦ ਤਕੜੇ ਅਖੰਡ ਪਾਠੀ ਸਨ, ਜਿਸ ਦੀ ਸੰਥਿਆ ਉਨ੍ਹਾਂ ਨੂੰ ਆਪਣੇ ਖ਼ਾਨਦਾਨੀ ਵਿਰਸੇ ਤੋਂ ਹੀ ਮਿਲੀ ਹੋਈ ਸੀ। ਬੀਬੀ ਜੀ ਦੀ ਕ੍ਰਿਤ ਕੇਵਲ ਘਰੇਲੂ ਕੰਮ ਕਾਜ, ਬੱਚਿਆਂ ਦੀ ਸੰਭਾਲ ਦੇ ਨਾਲ-ਨਾਲ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਸੇਵਾ ਤੇ ਕੀਰਤਨ ਦੀ ਸੇਵਾ ਕਰਨਾ ਹੀ ਸੀ ਜੋ ਉਹ ਆਯੂ ਉਪਰੰਤ ਗੁਰੂ ਸਾਹਿਬ ਜੀ ਦੀ ਰਹਿਮਤ ਨਾਲ, ਨਿਬਾਹੁੰਦੇ ਰਹੇ। ਬੀਬੀ ਜੀ ਲੰਗਰ ਦੇ ਸੇਵਾ ਵੀ ਬੜੇ ਚਾਅ ਅਤੇ ਪ੍ਰੇਮ ਨਾਲ ਕਰਦੇ ਸਨ।

ਇੱਕ ਵਾਰ ਪੇਟ ਦੀ ਬਿਮਾਰੀ ਕਾਰਨ ਆਪ ਜੀ ਨੂੰ ਆਪ੍ਰੇਸ਼ਨ ਕਰਵਾਉਣਾ ਪੈ ਗਿਆ। ਰੋਮਾਂ ਦੀ ਬੇਅਦਬੀ ਹੋਣ ਕਾਰਨ ਆਪ ਜੀ ਭੁੱਲ ਬਖਸ਼ਾਉਣ ਲਈ ਲੁਧਿਆਣੇ ਸਮਾਗਮ ਤੇ ਪੰਚਾਂ ਅੱਗੇ ਪੇਸ਼ ਹੋਏ। ਪੇਸ਼ੀ ਸਮੇਂ ਇਹ ਭੁੱਲ ਦੱਸਣ ਤੋਂ ਬਾਅਦ, ਪੰਚਾਂ ਦੇ ਜਥੇਦਾਰ ਨੇ ਕਿਹਾ ਕਿ ਆਪ ਨੇ ਤੰਬਾਕੂ ਵੀ ਵਰਤਿਆ ਹੈ। ਆਪ ਜੀ ਨੇ ਕਿਹਾ ਕਿ ਦਾਸਰੀ ਨੇ ਸਾਰੀ ਉਮਰ ਤੰਬਾਕੂ ਨੂੰ ਹੱਥ ਵੀ ਨਹੀਂ ਲਾਇਆ। ਪੰਚਾਂ ਵਿੱਚ ਗੁਰੂ ਸਾਹਿਬ ਜੀ ਜੀ ਪ੍ਰਤੱਖ ਕਲਾ ਵਰਤਣ ਬਾਰੇ ਸੋਚਦਿਆਂ ਆਪ ਅੰਦਰ ਸੰਸਾ ਪੈਦਾ ਹੋ ਗਿਆ। ਘਰ ਆ ਕੇ ਪਰਿਵਾਰਿਕ ਮੈਂਬਰਾਂ ਨਾਲ ਗੱਲ ਕੀਤੀ ਤੇ ਆਪ ਡੂੰਘੀਆ ਸੋਚਾ ਵਿੱਚ ਪੈ ਗਏ। ਇਸ ਤੋਂ ਪਹਿਲਾਂ ਆਪ ਜੀ ਨੂੰ ਖਾਂਸੀ ਦੀ ਕਾਫ਼ੀ ਤਕਲੀਫ਼ ਰਹਿੰਦੀ ਸੀ ਤੇ ਟੀ.ਬੀ. ਦੀ ਬਿਮਾਰੀ ਦਾ ਸ਼ੱਕ ਵੀ ਪੈ ਗਿਆ ਸੀ। ਆਪ ਜੀ ਨੇ ਗੁਆਂਢੀ ਇਕ ਹਿੰਦੂ ਦੇਸੀ ਵੈਦ ਕੋਲੋਂ ਉਸ ਦੀ ਘਰ ਬਣਾਈ ਹੋਈ ਦਵਾਈ



www.AKJ.Org

ਖਾ ਲਈ ਸੀ ਤੇ ਠੀਕ ਹੋ ਗਏ ਸਨ। ਫਿਰ ਉਸ ਵੈਦ ਨੂੰ ਘਰ ਬੁਲਾ ਕੇ ਪੁੱਛਿਆ ਕਿ ਦਵਾਈ ਕਿਸ ਤਰ੍ਹਾਂ ਬਣਾਈ ਸੀ? ਉਸ ਨੇ ਦੱਸਿਆ ਕਿ ਸੁੱਕੇ ਬੇਰ, ਗੁੜ, ਸੁੱਕੀ ਭੰਗ ਤੇ ਤੰਬਾਕੂ ਪਾ ਕੇ ਦਵਾਈ ਬਣਾਈ ਸੀ। ਆਪ ਨੇ ਗੁੱਸੇ ਹੋ ਕੇ ਕਿਹਾ ਕਿ ਤੈਨੂੰ ਪਤਾ ਨਹੀਂ ਕਿ ਸਿੱਖ ਤੰਬਾਕੂ ਵਰਤਣਾ ਕੀ, ਉਸ ਨੂੰ ਹੱਥ ਵੀ ਨਹੀਂ ਲਾਉਂਦੇ। ਤੂੰ ਇਸ ਤਰ੍ਹਾਂ ਕਿਉਂ ਕੀਤਾ? ਉਸ ਨੇ ਅੱਗੋਂ ਕਿਹਾ ਕਿ ਤਕਰੀਬਨ ਸਭ ਦੇਸੀ ਦਵਾਈਆਂ ਵਿੱਚ ਹੀ ਤੰਬਾਕੂ ਪੈਂਦਾ ਹੈ। ਇਸ ਤੋਂ ਬਾਅਦ ਆਪ ਨੇ ਦੁਬਾਰਾ ਪੰਚਾਂ ਦੇ ਪੇਸ਼ ਹੋ ਕੇ ਤਨਖਾਹ ਲਗਵਾ ਕੇ ਭੁੱਲ ਬਖਸ਼ਾਈ। ਇਹ ਪੰਚਾਂ ਦੇ ਅੰਦਰ ਗੁਰੂ ਜੀ ਦੀ ਪ੍ਰਤੱਖ ਕਲਾ ਵਰਤਣ ਦੀ ਇਕ ਘਟਨਾ ਹੈ। ਸਿੰਘ ਸਾਹਿਬ ਜੀ ਦੇ ਚੜ੍ਹਾਈ ਕਰ ਜਾਣ ਤੋਂ ਬਾਅਦ ਘਰ ਵਿੱਚ ਗੁਰੂ ਸਾਹਿਬ ਜੀ ਦੇ ਰੱਖੇ ਸਰੂਪ ਦਾ ਪ੍ਰਕਾਸ਼ ਕਰਨ ਵਿੱਚ ਵੀ ਢਿੱਲ ਵਰਤਣ ਲੱਗ ਪਈ ਸੀ। ਜਿਸ ਦਿਨ ਪਰਕਾਸ਼ ਨਾ ਕਰਨਾ,ਉਸ ਦਿਨ ਦਰਵਾਜ਼ੇ ਖੜਕਣ ਦੀ ਆਵਾਜ਼ ਸਾਰੇ ਪਰਿਵਾਰਕ ਮੈਂਬਰਾਂ ਨੇ ਸੁਣਨੀ। ਫਿਰ ਆਪ ਜੀ ਨੇ ਸਾਰੇ ਬੱਚਿਆਂ ਨੂੰ ਰੋਜ਼ਾਨਾ ਗੁਰੂ ਸਾਹਿਬ ਦੇ ਪ੍ਰਕਾਸ਼ ਤੇ ਸੇਵਾ ਸਫ਼ਾਈ ਕਰਨ ਦੀ ਪੱਕੀ ਤਾਕੀਦ ਕਰ ਦਿੱਤੀ।

ਇਨ੍ਹਾਂ ਦੇ ਘਰ 3 ਬੇਟੀਆਂ ਅਤੇ 2 ਬੇਟਿਆਂ ਨੇ ਜਨਮ ਲਿਆ। ਗੁਰੂ ਦੇ ਭਾਣੇ ਅੰਦਰ ਦੋ ਪੁੱਤਰ ਤਾਂ ਜਵਾਨੀ ਦੀ ਉਮਰ ਵਿਚ ਹੀ ਚੜ੍ਹਾਈ ਕਰ ਗਏ ਸਨ। ਆਪ ਜੀ ਨਾਮ ਬਾਣੀ ਤੇ ਗੁਰਬਾਣੀ ਕੀਰਤਨ ਦੇ ਆਸਰੇ ਸਦਕਾ ਬਿਖਮ ਭਾਣੇ ਵਿਚ ਵੀ ਅਡੋਲ ਰਹੇ ਅਤੇ ਗੁਰੂ ਦੀ ਰਜ਼ਾ ਨੂੰ ਮਿੱਠਾ ਕਰਕੇ ਮੰਨਿਆ। ਆਪਣੇ ਸਿੰਘ ਸਾਹਿਬ ਜੀ ਦੇ ਚੜ੍ਹਾਈ ਕਰਨ ਪਿਛੋਂ ਉਹ ਆਪਣੇ ਇਕੋ ਇਕ ਸਪੁੱਤਰ ਮਨਜੀਤ ਸਿੰਘ ਜੋ ਦੂਰਦਰਸ਼ਨ ਜਲੰਧਰ ਵਿਚ ਕੰਮ ਕਰਦੇ ਹਨ, ਉਨ੍ਹਾਂ ਕੋਲ ਉੱਥੇ ਰਹੇ। ਫਿਰ ਉਸ ਦੀ ਬਦਲੀ ਚੰਡੀਗੜ੍ਹ ਹੋਣ ਕਰਕੇ ਆਪ ਉਸ ਕੋਲ ਚੰਡੀਗੜ੍ਹ ਆ ਗਏ। 2008 ਵਿਚ ਉਹ ਪਾਰਕਿਨਸਨ (Parkinson) ਦੀ ਬੀਮਾਰੀ ਨਾਲ ਪੀੜਤ ਹੋ ਗਏ ਜਿਸ ਨਾਲ ਉਹ ਸਰੀਰਕ ਕਿਰਿਆ ਸੋਧਣ ਤੋਂ ਵੀ ਅਸਮਰਥ ਹੋ ਗਏ ਪਰ ਉਨ੍ਹਾਂ ਦੀ ਸੁਰਤੀ ਬਿਰਤੀ ਕਾਇਮ ਰਹੀ ਤੇ ਅਖੀਰ ਤਾਈਂ ਨਾਮ ਬਾਣੀ ਨਾਲ ਜੁੜੇ ਰਹੇ। ਉਹਨਾਂ ਦੇ ਸਪੁੱਤਰ ਸ. ਮਨਜੀਤ ਸਿੰਘ ਅਤੇ ਨੂੰਹ ਬੀਬੀ ਰਾਜਵਿੰਦਰ ਕੌਰ (ਜੋ ਇਕ ਸਕੂਲ ਵਿਚ ਪ੍ਰਿੰਸੀਪਲ ਦੇ ਅਹੁਦੇ ਤੇ ਕੰਮ ਕਰਦੇ ਹਨ, ਨੇ ਉਨ੍ਹਾਂ ਦੀ ਇਸ ਸਮੇਂ ਹਰ ਤਰ੍ਹਾਂ ਦੀ ਪੂਰੀ ਸੰਭਾਲ ਕੀਤੀ। ਅਖੀਰ ਮਿਤੀ 20 ਅਪ੍ਰੈਲ 2013 ਨੂੰ ਇਹ ਗੁਰਮੁਖ ਰੂਹ ਪੰਜ ਭੂਤਕੀ ਸਰੀਰ ਨੂੰ ਛੱਡ ਕੇ ਗੁਰੂ ਚਰਨਾਂ ਵਿਚ ਜਾ ਬਿਰਾਜੀ ਤੇ ਆਪਣਾ ਇਸ ਸੰਸਾਰ ਤੇ ਆਉਣਾ ਸਫਲ ਕਰ ਗਈ।

# ਭਾਈ ਸਾਹਿਬ ਹਰਨਾਮ ਸਿੰਘ ਜੀ ਕੋਮਲ ਜੀ, ਲੁਧਿਆਣਾ

ਬੀਬੀ ਤਰਨਜੋਤ ਕੌਰ ਸਰੀ ਕੈਨੇਡਾ

ਨਿਰਬਾਣ ਕੀਰਤਨੀ ਜਥੇ ਦੇ ਉੱਘੇ ਰਤਨ, ਕਵੀ, ਵਾਹਿਗੁਰੂ ਗੁਰਮੰਤਰ ਦੀ ਅਨੋਖੀ ਗੁੰਜਾਰ ਗਜਾਉਣ ਵਾਲੇ ਭਾਈ ਹਰਨਾਮ ਸਿੰਘ 'ਕੋਮਲ ਜੀ' ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਖਾਸ ਨਿਕਟਵਰਤੀ ਸੱਜਣਾਂ ਵਿੱਚੋਂ ਇਕ ਸਨ। ਆਪਣੀ ਆਕਰਖਣੀ ਸ਼ਖਸੀਅਤ ਹੋਣ ਕਰਕੇ ਸਭ ਨੂੰ ਖਿੱਚ ਪਾ ਲੈਂਦੇ ਸਨ ਤੇ ਜਥੇ ਦੇ ਪੁਰਾਤਨ ਸਿੰਘ ਆਪ ਜੀ ਦੀ ਸਖਸ਼ੀਅਤ ਤੋਂ ਖੂਬ ਜਾਣੂ ਸਨ। ਆਪਣੀ ਧੁੰਨ ਦੇ ਪੱਕੇ, ਜਿਨ੍ਹਾਂ ਕਿਸੇ ਅਫ਼ਸਰ ਜਾਂ ਐਰੇ ਗੈਰੇ ਦੀ ਈਨ ਨਹੀਂ ਮੰਨੀ ਅਤੇ ਆਪਣੀ ਜ਼ਿੰਦਗੀ ਐਨ ਸ਼ਾਹਾਨਾ ਠਾਠ ਨਾਲ ਬਤੀਤ ਕੀਤੀ।

ਆਪ ਜੀ ਦਾ ਜਨਮ ਮਿੱਠਾ ਟਿਵਾਣਾ ਨੇੜੇ ਸਰਗੋਧਾ (ਪਾਕਿਸਤਾਨ) ਵਿਚ ਮਿਤੀ 11 ਜੂਨ 1911 ਨੂੰ ਪਿਤਾ ਸ. ਗੁਲਾਬ ਸਿੰਘ ਜੀ ਅਤੇ ਮਾਤਾ ਲਛਮੀ ਬਾਈ ਦੇ ਘਰ ਹੋਇਆ। ਆਪ ਆਪਣੇ ਨੌਂ ਭੈਣ ਭਰਾਵਾਂ ਵਿੱਚੋਂ ਚੌਥੇ ਨੰਬਰ ਤੇ ਸਨ ਤੇ ਪੂਰਨ ਦਾਰ ਜੀ ਦੇ ਸਭ ਤੋਂ ਵੱਡੇ ਭਰਾਤਾ ਸਨ। ਆਪ ਜੀ ਦੇ ਪਿਤਾ ਜੀ ਆੜ੍ਹਤ ਦਾ ਕੰਮ ਕਰਦੇ ਸੀ ਤੇ



www.AKJ.Org

ਮਾਇਕ ਪਖੋਂ ਪਾਕਿਸਤਾਨ ਬਣਨ ਤਾਈਂ ਕਾਫੀ ਸੌਖੇ ਰਹੇ। ਆਪ ਜੀ ਦੇ ਮਾਤਾ ਜੀ ਸੰਨ 1931-32 ਵਿਚ ਚੜਾਈ ਕਰ ਗਏ ਸਨ। ਆਪ ਜੀ ਦੇ ਮਾਤਾ ਜੀ ਸ਼ੁੱਭ ਗੁਣਾਂ ਵਾਲੀ, ਪਤੀਬ੍ਰਤਾ ਧਰਮ ਨੂੰ ਪੂਰਨ ਸਿਦਕ ਅਤੇ ਪਿਆਰ ਨਾਲ ਨਿਭਾਉਣ ਵਾਲੀ ਸੁਆਣੀ ਸੀ। ਰੋਜ਼ਾਨਾ ਪ੍ਰੀਵਾਰ ਲਈ ਅਤੇ ਆਏ ਗਏ ਸਾਧੂ ਸੰਤਾਂ ਲਈ ਆਪਣੇ ਹੱਥੀ ਆਟਾ ਚੱਕੀ ਤੇ ਪੀਸ ਕੇ ਪ੍ਰਸ਼ਾਦਾ ਤਿਆਰ ਕਰਦੇ ਤੇ ਨਾਲ ਹੀ ਸੁਖਮਨੀ ਸਾਹਿਬ ਜੀ ਦਾ ਇਕ ਪਾਠ ਚੱਕੀ ਪੀਂਹਦਿਆਂ ਅਤੇ ਦੂਸਰਾ ਪਾਠ ਦੁੱਧ ਰਿੜਕਦਿਆਂ ਕਰਦੇ ਹੁੰਦੇ ਸਨ। ਜਦੋਂ ਕਿਸੇ ਬੱਚੇ ਨੇ ਮਾਤਾ ਦੇ ਪੇਟ ਵਿਚ ਪ੍ਰਵੇਸ਼ ਕਰਨਾ ਤਾਂ ਨੌ ਮਹੀਨੇ ਹਰ ਰੋਜ਼ ਪੰਝੀ ਪਾਠ ਜਪੁਜੀ ਸਾਹਿਬ ਦੇ ਕਰਨੇ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਰੋਜ਼ਾਨਾ ਘਰ ਵਿਚ ਪ੍ਰਕਾਸ਼ ਹੁੰਦਾ ਸੀ ਤੇ ਸਹਿਜ ਪਾਠ ਕਰਦੇ ਰਹਿੰਦੇ। ਉਠਦਿਆਂ ਬਹਿੰਦਿਆਂ ਵੀ ਬਾਣੀ ਦਾ ਪਾਠ ਕਰਦੇ ਰਹਿੰਦੇ। ਆਪ ਜੀ ਬੜੇ ਦਾਨੀ ਸੁਭਾਅ ਵਾਲੇ ਸਨ ਅਤੇ ਆਏ ਗਏ ਅਭਿਅਗਤਾਂ ਦੀ ਭੋਜਨ ਅਤੇ ਬਸਤਰਾਂ ਰਾਹੀਂ ਸੇਵਾ ਬੜੇ ਚਾਅ ਨਾਲ ਕਰਦੇ ਸਨ। ਇਹ ਮਾਤਾ ਜੀ ਦੀ ਅਤੁਟ ਨਾਮ ਕਮਾਈ, ਉੱਤਮ ਤੇ ਗੁਰਮਤੀ ਜੀਵਨ ਦਾ ਫਲ ਹੀ ਸੀ ਕਿ ਉਨ੍ਹਾਂ ਦੇ ਘਰ ਤਿੰਨ ਐਸੇ ਪੂਰਬਲੇ ਜਨਮ ਦੇ ਭਗਤ ਜਨ ਪੈਦਾ ਹੋਏ, ਜਿਹੜੇ ਜਥੇ ਦੇ ਖ਼ਾਸ ਰੁਕਨ ਸਨ ਤੇ ਉਨ੍ਹਾਂ ਦੀ ਘਾਲ ਕਮਾਈਆਂ ਸਦਕਾ ਬੇਅੰਤ ਸੰਗਤਾਂ ਗੁਰੂ ਚਰਨਾਂ ਨਾਲ ਜੁੜੀਆਂ। ਆਮ ਤੌਰ ਤੇ ਐਹੋ ਜਿਹੇ ਗੁਰਮੁਖ ਭਗਤ ਜਨ, ਇਕੋ ਘਰ ਵਿਚ ਘਟ ਹੀ ਪ੍ਰਗਟ ਹੁੰਦੇ ਹਨ।

ਆਪ ਜੀ ਨੇ ਸੰਸਾਰਿਕ ਵਿਦਿਆ ਦਸਵੀਂ ਤਾਈਂ ਪਿੰਡ ਦੇ ਨੇੜੇ ਸਰਗੋਧਾ ਵਿਚ ਖਾਲਸਾ ਹਾਈ ਸਕੂਲ ਤੋਂ ਪ੍ਰਾਪਤ ਕੀਤੀ। ਆਪ ਜੀ ਪੜਨ ਵਿਚ ਬਹੁਤ ਹੁਸ਼ਿਆਰ ਤੇ ਕਲਾਸ ਵਿਚ ਅੱਵਲ ਦਰਜੇ ਤੇ ਰਹਿੰਦੇ ਸਨ। ਜਿਥੇ ਆਪ ਬਚਪਨ ਤੋਂ ਹੀ ਆਪਣੇ ਮਾਤਾ ਜੀ ਦੇ ਸੇਵਾ ਸਿਦਕ ਤੇ ਗੁਰਮਤੀ ਜੀਵਨ ਤੋਂ ਪ੍ਰਭਾਵਿਤ ਸਨ, ਉਥੇ ਸਰਗੋਧਾ ਸਕੂਲ ਦੀ ਇਕ ਗੁਰਮੁਖ ਰੰਗ ਰਤੜੀ ਰੂਹ ਮਾਸਟਰ ਨਿਹਾਲ ਸਿੰਘ ਜੀ ਦੇ ਗੁਰਮੁਖੀ ਗੁਣਾਂ ਦੀ ਸਾਂਝ ਸਦਕਾ, ਗੁਰੂ ਘਰ ਦੇ ਸਿਦਕ ਵਿਚ ਪ੍ਰੋਤੇ ਜਾਂਦੇ ਰਹੇ। ਮਾਸਟਰ ਨਿਹਾਲ ਸਿੰਘ ਜੀ ਬੜੀ ਗੰਭੀਰ ਸਖਸ਼ੀਅਤ ਵਾਲੇ ਪੁਰਸ਼ ਸਨ ਤੇ ਉਨ੍ਹਾਂ ਦੇ ਉੱਤਮ ਗੁਣਾਂ ਦੀ ਛਾਪ ਸਕੂਲ ਦੇ ਸਭ ਬੱਚਿਆਂ ਦੇ ਹਿਰਦੇ ਵਿਚ ਸੀ। ਆਪ ਜੀ ਫਾਰਸੀ, ਉਰਦੂ, ਪੰਜਾਬੀ ਅਤੇ ਅੰਗਰੇਜ਼ੀ ਭਾਸ਼ਾਵਾਂ ਦੇ ਚੰਗੇ ਜਾਣਕਾਰ ਸਨ। ਪੂਰਬਲੇ ਜਨਮ ਦੇ ਸੰਸਕਾਰ ਹੋਣ ਕਰਕੇ, ਮਾਤਾ ਜੀ ਅਤੇ ਮਾਸਟਰ ਜੀ ਦੀ ਜੀਵਨ ਤੋਂ ਪ੍ਰੇਰਨਾ ਲੈ ਕੇ, ਆਪ ਰੋਜ਼ਾਨਾ ਖੂਹੀ ਤੋਂ ਠੰਢੇ ਜਲ ਦਾ ਘੜਾ ਭਰ ਕੇ, ਸਿਰ ਤੇ ਚੁੱਕ ਕੇ, ਗੁਰਦੁਆਰਾ ਸਾਹਿਬ ਲੈ ਆਉਂਦੇ ਤੇ ਸੰਗਤਾਂ ਅਤੇ ਰਾਹੀਆਂ ਨੂੰ ਬੜੇ ਪਿਆਰ ਨਾਲ ਛਕਾਉਂਦੇ। ਇਹ ਸੇਵਾ ਛੁੱਟੀ ਵਾਲੇ ਦਿਨ ਵੀ ਜਾਰੀ ਰਖਦੇ ਤੇ ਕਾਲਜ ਦੀ ਪੜਾਈ ਵੇਲੇ ਵੀ ਆਪਣੇ ਸੀਸ ਤੇ ਜਲ ਢੋਣ ਦੇ ਸੇਵਾ ਜਾਰੀ ਰੱਖੀ। ਸਕੂਲ ਦੀ ਪੜਾਈ ਤੋਂ ਬਾਅਦ, ਆਪ ਨੇ ਗੋਰਮਿੰਟ ਇੰਜੀਨੀਅਰਿੰਗ ਕਾਲਜ ਰਸੂਲ (ਜੋ ਕਿ ਇਲਾਕੇ ਦੀ ਮਸ਼ਹੂਰ ਤਕਨੀਕੀ ਸੰਸਥਾ ਸੀ) ਤੋਂ ਸਿਵਲ ਇੰਜੀਨੀਅਰਿੰਗ (ਡਰਾਫਟਸਮੈਨੀ) ਦਾ ਕੋਰਸ ਪਾਸ ਕੀਤਾ ਤੇ ਪੰਜਾਬ ਸਰਕਾਰ ਦੇ ਬਿਜਲੀ ਵਿਭਾਗ ਵਿਚ ਲਾਹੌਰ, ਹਾਈਡਲ ਡਿਜ਼ਾਈਨਰ ਦੀ ਨੌਕਰੀ ਤੇ ਆ ਲੱਗੇ। ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਸਪੁੱਤਰ ਭਾਈ ਬਲਬੀਰ ਸਿੰਘ ਜੀ ਵੀ ਇਸੇ ਕਾਲਜ ਤੋਂ ਹੀ ਪੜ੍ਹੇ ਸਨ ਤੇ ਆਪ ਜੀ ਦੇ ਹਮ ਜਮਾਤੀ ਵੀ ਸਨ। ਇਥੇ ਆ ਕੇ ਵੀ ਆਪ ਨੇ ਸੇਵਾ ਨਹੀਂ ਛੱਡੀ। ਵਿਹਲੇ ਸਮੇਂ ਗੁਰਦੁਆਰਾ ਡੇਹਰਾ ਸਾਹਿਬ ਵਿਚ ਜਾ ਕੇ ਲੰਗਰ ਦੇ ਬਰਤਨਾਂ ਜਾਂ ਜੋੜਿਆਂ ਦੀ ਸੇਵਾ ਕਰਦੇ ਰਹਿੰਦੇ ਜਾਂ ਫਿਰ ਨਹਿਰ ਦੇ ਕੰਢੇ ਜਾਂ ਬਾਗ਼ ਵਿਚ ਕਿਸੇ ਇਕਾਂਤ ਥਾਂ ਤੇ ਜਾ ਬੈਠਦੇ ਤੇ ਗੁਰਬਾਣੀ ਦਾ ਪਾਠ ਕਰਦੇ ਰਹਿੰਦੇ। ਕੁਦਰਤ ਅਤੇ ਫੁੱਲਾਂ ਨਾਲ ਆਪ ਜੀ ਨੂੰ ਬਚਪਨ ਤੋਂ ਹੀ ਪਿਆਰ ਸੀ ਜੋ ਕਿ ਅਖੀਰਲੇ ਸਵਾਸ ਤਾਈਂ ਨਿਭਿਆ।

ਆਪ ਜੀ ਦੇ ਵੱਡੇ ਭੈਣ ਜੀ ਵਰਿਆਮ ਕੌਰ ਜੀ ਵੀ ਗੁਰਸਿੱਖੀ ਰਹਿਤ ਬਹਿਤ ਦੇ ਧਾਰਨੀ ਸਨ ਤੇ ਦੇਸ਼ ਦੀ ਵੰਡ ਤੋਂ ਬਾਅਦ ਦਿੱਲੀ ਪਹਾੜ ਗੰਜ ਨਿਵਾਸ ਰੱਖਦੇ ਰਹੇ ਹਨ। ਉਨ੍ਹਾਂ ਦੇ ਦੱਸਣ ਮੁਤਾਬਕ ਆਪ ਜੀ ਸ਼ੁਰੂ ਤੋਂ ਹੀ ਆਪਣੀ ਮਰਜ਼ੀ ਤੇ ਚਲਣ ਵਾਲੇ ਤੇ ਆਪਣੀ ਧੁੰਨ ਦੇ ਹੀ ਮਾਲਕ ਸਨ, ਸਹਿਜ ਕੀਤੇ ਕਿਸੇ ਦੇ ਕੋਈ ਗੱਲ ਨਹੀਂ ਸੀ ਮੰਨਦੇ।



www.AKJ.Org

ਇਕ ਵਾਰ ਆਪ ਜੀ ਦੋਵੇਂ ਭੈਣ ਭਰਾ, ਆਪਦੇ ਇਕ ਭਰਾ ਦੇ ਰਿਸ਼ਤੇ ਸਬੰਧੀ (ਮਾਤਾ ਜੀ ਉਦੋਂ ਚੜ੍ਹਾਈ ਕਰ ਚੁੱਕੇ ਸਨ ਤੇ ਸਾਰੇ ਛੋਟੇ ਭੈਣ ਭਰਾਵਾਂ ਦੇ ਅਨੰਦ ਕਾਰਜ ਆਦਿ ਦੀਆਂ ਪ੍ਰੀਵਾਰਕ ਜਿਮੇਵਾਰੀਆਂ ਬੀਬੀ ਵਰਿਆਮ ਕੌਰ ਜੀ ਨੇ ਹੀ ਨਿਬਾਹੀਆਂ ਸਨ) ਪਿੰਡ ਭੁਲੋਵਾਲ ਗਏ ਤਾਂ ਉਥੇ ਪਤਾ ਲੱਗਾ ਕਿ ਇਥੇ ਬਾਹਰ ਖੇਤਾਂ ਵਿਚ ਲਾਇਲਪੁਰ ਵਾਲੀ ਮਾਈ ਝੁੱਗੀ ਆਈ ਹੋਈ ਹੈ। ਆਪ ਉਨ੍ਹਾਂ ਦੇ ਦਰਸ਼ਨ ਕਰਨ ਚਲੇ ਗਏ। ਉਹ ਮਾਈ ਸੌ ਸਾਲ ਦੀ ਸੀ ਤੇ ਬਾਲ ਜਤੀ ਸੀ। ਉਹ ਆਪ ਦੋਹਾਂ ਨੂੰ ਮਿਲ ਕੇ ਬਹੁਤ ਖੁਸ਼ ਹੋਈ। ਗਲਬਾਤ ਕਰਦਿਆਂ ਵੱਡੇ ਭੈਣ ਜੀ ਨੇ ਕਿਹਾ ਕਿ ਇਹ ਮੇਰਾ ਵੀਰ ਬੜਾ ਜਿੱਦੀ ਹੈ। ਸਾਡੇ ਪਿਤਾ ਜੀ ਨੇ ਇਨ੍ਹਾਂ ਦੀ ਮੰਗਣੀ ਬਾਰੇ, ਨਿੱਕੇ ਹੁੰਦਿਆਂ ਤੋਂ ਕਿਸੇ ਨੂੰ ਬਚਨ ਦਿੱਤਾ ਹੋਇਆ ਹੈ, ਪਰ ਹੁਣ ਇਹ ਮੰਨਦੇ ਹੀ ਨਹੀਂ ਹਨ। ਮਾਈ ਜੀ ਕਹਿਣ ਲੱਗੇ "ਬੀਬੀ ਇਹ ਪਿਛਲੇ ਜਨਮ ਦਾ ਤਪੱਸਵੀ ਹੈ, ਇਸ ਨੇ ਬੜਾ ਤੱਪ ਕੀਤਾ ਹੋਇਆ ਹੈ। ਇਸ ਲਈ ਇਹ ਵਧੇਰੇ ਸਖਤ ਸੁਭਾਅ ਵਾਲਾ ਹੈ। ਇਸੇ ਨੇ ਤੁਹਾਡੀਆਂ ਇੱਕੀ ਕੁਲਾਂ ਤਾਰਦੀਆਂ ਹਨ, ਇਸ ਨੂੰ ਕੁਝ ਨਾ ਆਖਿਆ ਕਰੋ। ਇਉਂ ਮਜ਼ਬੂਰ ਹੋ ਕੇ ਪ੍ਰਵਾਰ ਨੂੰ ਉਸ ਰਿਸ਼ਤੇ ਬਾਰੇ ਨਾਂਹ ਕਰਨੀ ਪਈ।

ਇਨ੍ਹਾਂ ਦੀ ਇਕ ਮਾਸੀ ਗਿਆਨ ਕੌਰ ਸੀ ਜੋ ਕਿ ਭਾਈ ਵੀਰ ਸਿੰਘ ਜੀ ਦੀ ਸੰਗਤ ਕਰਦੀ ਸੀ। ਉਨ੍ਹਾਂ ਦੇ ਪ੍ਰੇਰੇ ਹੋਏ ਆਪ ਵੀ ਪੜ੍ਹਾਈ ਦੇ ਸਮੇਂ ਤੋਂ ਹੀ ਭਾਈ ਵੀਰ ਸਿੰਘ ਜੀ ਦੇ ਪੱਕੇ ਸ਼ਰਧਾਲੂ ਬਣ ਗਏ। ਆਪ ਜੀ ਭਾਈ ਵੀਰ ਸਿੰਘ ਜੀ ਦੀ ਲੇਖਣੀ ਤੋਂ ਬਹੁਤ ਪ੍ਰਭਾਵਿਤ ਸਨ ਤੇ ਹੌਲੀ-ਹੌਲੀ ਉਨ੍ਹਾਂ ਦਾ ਕਾਫੀ ਨੇੜੇ ਆ ਗਏ। ਉਨ੍ਹਾਂ ਤੋਂ ਹੀ ਰੂਹਾਨੀਅਤ ਦੀ ਪ੍ਰੇਰਨਾ ਮਿਲੀ ਤੇ ਕਵਿਤਾਵਾਂ ਲਿਖਣ ਦਾ ਉਤਸ਼ਾਹ ਮਿਲਿਆ। ਆਪ ਜੀ ਨੂੰ ਕੁਦਰਤੀ ਦੇ ਪ੍ਰੇਮੀ ਹੋਣ ਕਰਕੇ ਬਚਪਨ ਤੋਂ ਹੀ ਕਵਿਤਾਵਾਂ ਲਿਖਣ ਦਾ ਸ਼ੌਂਕ ਸੀ ਤੇ ਇਨ੍ਹਾਂ ਦੀ ਲਿਖੀਆਂ ਕਵਿਤਾਵਾਂ ਭਾਈ ਵੀਰ ਸਿੰਘ ਜੀ ਦੀ ਨੇੜਤਾ ਅਤੇ ਉਤਸ਼ਾਹ ਕਾਰਨ, ਖਾਲਸਾ ਸਮਾਚਾਰ ਵਿਚ ਕੋਮਲ ਜੀ ਸਰਗੋਧਵੀ ਦੇ ਨਾਂ ਹੇਠ ਛਪਦੀਆਂ ਰਹੀਆਂ ਹਨ। ਆਪ ਜੀ ਭਾਈ ਵੀਰ ਸਿੰਘ ਜੀ ਦੇ ਇਤਨੇ ਪ੍ਰਸੰਸਕ ਸਨ ਕਿ ਲਾਹੌਰ ਤੋਂ ਬਿਨਾ ਨਾਗਾ ਕਈ ਸਾਲ ਸ੍ਰੀ ਅੰਮ੍ਰਿਤਸਰ ਰੋਜ਼ਾਨਾ ਉਨ੍ਹਾਂ ਨੂੰ ਮਿਲਣ ਆਉਂਦੇ ਰਹੇ, ਪਰ ਅੰਦਰਲੀ ਭੁੱਖ ਨਹੀਂ ਸੀ ਮਿਟੀ।

ਲਾਹੌਰ ਵਿਚ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਕੁਝ ਪੁਰਾਤਨ ਸੰਗੀ ਸਾਥੀ ਰਹਿੰਦੇ ਸਨ ਜਿਨ੍ਹਾਂ ਵਿਚ ਪ੍ਰੋ. ਹਰਮਿੰਦਰ ਸਿੰਘ ਯੂ. ਕੇ. ਅਤੇ ਉਨ੍ਹਾਂ ਦੇ ਭਰਾ ਗੁਰਦਿਆਲ ਸਿੰਘ ਜੀ, ਭਾਈ ਜੀਵਨ ਸਿੰਘ ਜੀ ਸੋਲਨ ਵਾਲੇ ਆਦਿ ਵਰਣਨਯੋਗ ਹਨ। ਜੇਲ ਦੀ ਰਿਹਾਈ ਤੋਂ ਬਾਅਦ, ਭਾਈ ਸਾਹਿਬ ਜੀ ਤੇ ਬਾਊ ਮਲ ਸਿੰਘ ਜੀ ਪੋਠੋਹਾਰ ਦੇ ਇਲਾਕੇ, ਰਾਵਲਪਿੰਡੀ, ਸਰਗੋਧੇ, ਲਾਇਲਪੁਰ, ਜੇਹਲਮ, ਸਿਆਲਕੋਟ ਆਦਿ ਸ਼ਹਿਰਾਂ/ਕਸਬਿਆਂ ਵਿਚ ਸ੍ਰੀ ਅਖੰਡ ਪਾਠ, ਕੀਰਤਨ ਸਮਾਗਮਾਂ ਅਤੇ ਅੰਮ੍ਰਿਤ ਸੰਚਾਰ ਲਈ ਜਥੇ ਸਮੇਤ ਫੇਰੀਆਂ ਪਾਉਂਦੇ ਰਹਿੰਦੇ ਸਨ ਤੇ ਰਸਤੇ ਵਿਚ ਪ੍ਰੇਮੀਆਂ ਦੇ ਸੱਦੇ ਤੇ ਲਾਹੌਰ ਵੀ ਆਇਆ ਜਾਇਆ ਕਰਦੇ ਸਨ। ਆਪ ਜੀ ਦੇ ਪੂਰਬਲੇ ਕਰਮੁ ਸਫੁਟ ਹੋਣ ਤੇ, ਇਕ ਵਾਰ ਭਾਈ ਸਾਹਿਬ ਜੀ ਦੀ ਲਾਹੌਰ ਫੇਰੀ ਵੇਲੇ ਕਿਸੇ ਗੁਰਮੁਖ ਪਿਆਰੇ ਦੀ ਪ੍ਰੇਰਨਾ ਤੇ ਆਪ ਨੂੰ ਕੀਰਤਨ ਸਮਾਗਮ ਦੀ ਹਾਜਰੀ ਭਰਨ ਦਾ ਸੁਭਾਗ ਪ੍ਰਾਪਤ ਹੋਇਆ। ਬਸ ਉਸ ਦਿਨ ਤੋਂ ਭਾਈ ਵੀਰ ਸਿੰਘ ਜੀ ਨੂੰ ਭੁੱਲ ਗਏ ਤੇ ਆਪ ਭਾਈ ਸਾਹਿਬ ਜੀ ਦੇ ਜੋਗੇ ਹੋ ਕੇ ਹੀ ਰਹਿ ਗਏ। ਫਿਰ ਇਹ ਧੁਰੋਂ ਦਰਗਾਹੀ ਮੇਲ, ਅੰਤਲੇ ਸੁਆਸਾਂ ਤਾਈਂ ਚੜ੍ਹਦੀਆਂ ਕਲਾ ਵਿਚ ਤੋੜ ਨਿਭਿਆ।

ਨਿਰਬਾਣ ਕੀਰਤਨੀ ਜਥੇ ਦੀ ਸੰਗਤ ਪ੍ਰਾਪਤ ਹੋਣ ਤੋਂ ਬਾਅਦ, ਆਪ ਜੀ ਨੇ ਸੰਨ 1937 ਵਿਚ ਪੋਹ ਸੁਦੀ ਸਮਾਗਮ ਨਾਰੰਗਬਾਲ ਪਹੁੰਚ ਕੇ ਪੰਚਾਂ ਦੇ ਪੇਸ਼ ਹੋ ਕੇ ਅੰਮ੍ਰਿਤ ਪ੍ਰਾਨ ਕੀਤਾ। ਉਸੇ ਵੇਲੇ ਆਪ ਜੀ ਨਾਲ ਆਪ ਜੀ ਦੇ ਛੋਟੇ ਭਰਾ ਮਾਸਟਰ ਭੁਪਿੰਦਰ ਸਿੰਘ ਜੀ ਅਤੇ ਭਾਈ ਸੂਰਤ ਸਿੰਘ (ਪੂਰਨ ਜੀ) ਵੀ ਨਾਲ ਸਨ। ਇਸ ਸਮੇਂ ਆਪ ਜੀ ਗੁਰਮਤਿ ਨਾਮ ਦੇ ਚਲੂਲੇ ਰੰਗ ਚੜ੍ਹਨ ਤੋਂ ਵਾਂਝੇ ਰਹੇ। ਅੰਮ੍ਰਿਤ ਸੰਚਾਰ ਸਮਾਗਮ ਦੀ ਸਮਾਪਤੀ ਤੋਂ ਪਿਛੋਂ, ਜਦੋਂ ਆਪ ਜੀ ਨੂੰ ਭਾਈ ਸਾਹਿਬ ਜੀ ਦੇ ਸਾਹਮਣੇ ਲਿਆਂਦਾ ਗਿਆ ਤਾਂ ਭਾਈ ਸਾਹਿਬ ਜੀ ਹੈਰਾਨ ਹੋ ਕੇ ਜਥੇਦਾਰ ਬਾਊ ਮਲ ਸਿੰਘ ਜੀ



www.AKJ.Org

ਨੂੰ ਪੁੱਛਣ ਲੱਗੇ ਕਿ ਇਹ ਕੀ ਹੋਇਆ? (ਉਸ ਵੇਲੇ ਅੰਮ੍ਰਿਤ ਛਕਣ ਵਾਲੇ ਅਭਿਲਾਖੀਆਂ ਤੇ ਨਾਮ ਦੀ ਕਲਾ ਵਰਤਣੀ ਤੇ ਉਚ ਦਸਮ ਦੁਆਰੀ ਖੇਡਾਂ ਵਰਤਣਾ, ਆਮ ਗੱਲ ਸੀ) ਫਿਰ ਅੱਖਾਂ ਵਿਚ ਅੱਖਾਂ ਪਾ ਕੇ ਜਦ ਤੱਕਿਆ ਤੇ ਕਹਿਣ ਲੱਗੇ "ਅਫਸੋਸ ! ਇਸ ਦੇ ਅੰਦਰ ਤਾਂ ਅਜੇ ਭਾਈ ਵੀਰ ਸਿੰਘ ਜੀ ਬੈਠਾ ਹੈ ਅਤੇ ਇਹ ਆਪਣੀ ਨਿਜ ਮਤ ਅਨੁਸਾਰ, ਗੁਰੂ ਰੂਪ ਪੰਜਾਂ ਪਿਆਰਿਆਂ ਨਾਲੋਂ, ਇਕ ਸਿੱਖ ਨੂੰ ਤਰਜੀਹ ਦੇ ਰਿਹਾ ਹੈ। ਸਾਨੂੰ ਇਸ ਪੂਰਬ ਸੰਜੋਗੀ ਰੂਹ ਤੋਂ ਬਹੁਤ ਆਸਾਂ ਹਨ। ਆਪੇ ਸਤਿਗੁਰੂ ਪੂਰਨ ਗੁਰਮਤਿ ਪ੍ਰਗਟਾਉਣਗੇ। "

ਇਸ ਤੋਂ ਬਾਅਦ ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਜਥੇ ਨਾਲ ਅਗਾਧ ਪਿਆਰ ਦਾ ਆਰੰਭ ਹੋ ਗਿਆ। ਆਪਣੇ ਹੱਡ ਬੀਤੇ ਚਮਤਕਾਰ ਟੂਕ ਮਾਤਰ ਬਿਆਨ ਕਰਦੇ ਇਕ ਵਾਰ ਕਿਹਾ ਕਿ "ਇਕ ਵਾਰ ਲਾਹੌਰ ਵਿਚ ਭਾਈ ਗਿਆਨ ਸਿੰਘ ਜੀ ਢੀਂਗਰਾ ਜੀ ਦੀ ਕਾਰ ਵਿਚ ਬੈਠਿਆਂ ਭਾਈ ਸਾਹਿਬ ਜੀ ਨੇ ਦਾਸ ਦੀ ਤ੍ਰਿਕੁਟੀ ਛੋਹੀ। ਜੋ ਨਾਮ ਦੀ ਸੁੰਨ ਸਮਾਧੀ ਅਵਸਥਾ ਉਸ ਵੇਲੇ ਬਖਸ਼ਿਸ਼ ਹੋਈ, ਉਹ ਅਜ ਤਕ ਫਿਰ ਮੁੜ ਨਸੀਬ ਨਹੀਂ ਹੋਈ। ਲਾਹੌਰ ਕ੍ਰਿਸ਼ਨਾ ਨਗਰ ਵਿਖੇ ਪੁਰਾਤਨ ਗੁਰਸਿਖਾਂ ਅਤੇ ਆਪ ਜੀ ਦੇ ਗ੍ਰਿਹਿ ਸ੍ਰੀ ਅਖੰਡ ਪਾਠ ਸਮਾਗਮ ਤੇ ਕੀਰਤਨ ਅਖਾੜੇ ਜੁੜਦੇ ਰਹਿੰਦੇ ਸਨ। ਹਫਤਾਵਾਰੀ ਸਮਾਗਮਾਂ ਵਿਚ ਨਾਮ ਰੰਗ ਮਸਤੀਆਂ ਦੇ ਅਮਲ (ਨਸ਼ੇ) ਇੰਨੇ ਚੜ੍ਹੇ ਹੁੰਦੇ ਸਨ ਕਿ ਅੰਮ੍ਰਿਤ ਵੇਲੇ ਤੋਂ ਢੱਲਦੀ ਦੁਪਹਿਰ ਤਾਈਂ ਕੀਰਤਨ ਅਖਾੜੇ ਸਜੇ ਰਹਿਣੇ ਅਤੇ ਖਾਣ ਪੀਣ ਦੇ ਲੰਗਰਾਂ ਦੇ ਝਮੇਲਿਆਂ ਵੱਲ ਕਦੇ ਰੁੱਚੀ ਹੀ ਨਾ ਜਾਣੀ। ਸਭ ਨੇ ਕੇਵਲ ਨਾਮ ਰਸ ਅੰਮ੍ਰਿਤ ਭੋਜਨ ਭੁੰਚਣ ਦੇ ਆਹਰ ਵਿਚ ਲੱਗੇ ਰਹਿਣਾ ਅਤੇ ਭੁੰਚ ਭੁੰਚ ਕੇ ਤ੍ਰਿਪਤ ਹੋਈ ਜਾਣਾ। **ਅਜ ਕਲ ਤਾਂ ਸਾਡੀ ਸਾਰੀ ਸੁਰਤੀ ਲੰਗਰਾਂ ਵਿਚ ਹੀ ਖਚਤ ਹੋਈ ਰਹਿੰਦੀ ਹੈ ਕਿ ਕਿਹੜੇ ਸਵਾਦਿਸ਼ਟ ਪਦਾਰਥ ਬਣੇ ਹੋਏ ਹਨ ਅਤੇ ਲੱਗਦਾ ਹੁੰਦਾ ਹੈ ਕਿ ਸਮਾਗਮ ਦਾ ਮੁਖ ਪ੍ਰਯੋਜਨ ਲੰਗਰ ਛੱਕਣਾ ਛਕਾਉਣਾ ਜਾਂ ਮੇਲਾ ਗੇਲਾ ਕਰਨਾ ਹੀ ਹੁੰਦਾ ਹੈ।**

ਆਪ ਜੀ ਨੇ ਅੰਮ੍ਰਿਤ ਛੱਕਣ ਸਾਰ ਹੀ ਅੰਮ੍ਰਿਤ ਵੇਲੇ ਦੀ ਸੰਭਾਲ ਨੂੰ ਪ੍ਰਮੁੱਖ ਰੱਖਿਆ ਭਾਵੇਂ ਕਿ ਆਪ ਜੀ ਨੂੰ ਵਿਰਸੇ ਵਿਚ ਪਿਤਾ ਜੀ ਤੋਂ ਪ੍ਰਾਪਤ ਹੋਏ ਦਮਾ ਰੋਗ ਕਾਰਨ ਕਈ ਵਾਰ ਖੇਚਲ ਵੀ ਹੋ ਜਾਂਦੀ, ਪਰ ਸਕੇਸ਼ ਇਸ਼ਨਾਨ ਤੇ ਅੰਮ੍ਰਿਤ ਵੇਲਾ ਕਦੇ ਨਹੀਂ ਖੁੰਝਾਇਆ। ਆਪ ਜੀ ਦੀ ਉੱਚੀ ਸੁੱਚੀ ਕਰਣੀ, ਨਾਮ ਬਾਣੀ ਦੀ ਅਤੁੱਟ ਕਮਾਈ, ਧਰਮ ਦੀ ਕ੍ਰਿਤ, ਬਿਬੇਕ ਰਹਿਤ ਕਾਰਨ ਆਪ ਜੀ ਨੂੰ ਪੰਚਾਂ ਦੀ ਸੇਵਾ ਵਿਚ ਵੀ ਸ਼ਾਮਿਲ ਕੀਤਾ ਜਾਂਦਾ ਰਿਹਾ ਹੈ। ਆਪ ਜੀ ਤਕੜੇ ਅਖੰਡ ਪਾਠੀ ਅਤੇ ਸ਼ੁਧ ਗੁਰਬਾਣੀ ਦੇ ਪਾਠ ਦੇ ਚੰਗੇ ਗਿਆਤਾ ਸਨ। ਸਰਕਾਰੀ ਨੌਕਰੀ ਦੌਰਾਨ ਆਪ ਜਿਥੇ ਕਿਥੇ ਵੀ ਦੂਰ ਦੁਰੇਡਿਆਂ ਇਲਾਕੇ ਵਿਚ ਰਹੇ, ਪਰ ਜਥੇ ਦੇ ਸਾਰੇ ਲੋਕਲ, ਹਫਤਾਵਾਰੀ, ਕੇਂਦਰੀ ਕੀਰਤਨ ਸਮਾਗਮਾਂ ਤੇ ਪਹੁੰਚ ਕੇ, ਨਾਮ ਰੰਗ ਦੀਆਂ ਮੌਜ ਮਸਤੀਆਂ ਮਾਣਦਿਆਂ ਸਾਰੀ ਆਯੂ ਬਤੀਤ ਕੀਤੀ। ਪੋਹ ਸੁਦੀ ਸਮਾਗਮ ਨਾਰੰਗਵਾਲ ਤੇ ਲੁਧਿਆਣੇ ਵਿਖੇ ਆਪ ਸਾਰਾ ਸਮਾਂ ਸ੍ਰੀ ਅਖੰਡ ਪਾਠ ਦੇ ਮੰਡਲ ਵਿਚ ਰਹਿ ਕੇ ਨਾਮ ਗੁਰਬਾਣੀ ਦੇ ਲਾਹੇ ਲੈਂਦੇ। ਆਪਣੀਆਂ ਜਰੂਰੀ ਵਸਤਾਂ ਤੇ ਦਵਾਈਆਂ ਦੇ ਥੈਲੇ ਸਮੇਤ ਤਿੰਨੇ ਦਿਨ ਹੀ ਗੁਰਦੁਆਰਾ ਸਿੰਘ ਸਭਾ ਲੁਧਿਆਣਾ ਵਿਚ ਹੀ ਠਹਿਰਦੇ ਸਨ। ਅਰਦਾਸ ਸਮੇਂ ਆਪ ਜੀ ਦੇ ਮੁੱਖੋਂ ਵਾਹਿਗੁਰੂ ਗੁਰਮੰਤਰ ਦਾ ਉਚਾਰਨ ਬੜੀ ਗਰਜਵੀਂ ਅਤੇ ਅਨੋਖੀ ਗੁੰਜਾਰ ਵਿਚ ਸੁਣੀਂਦਾ ਸੀ। ਆਪ ਹਮੇਸ਼ਾ ਆਪਣੇ ਬੱਚਿਆਂ, ਮੇਲੀਆਂ ਗੇਲੀਆਂ ਤੇ ਨਿਕਟਵਰਤੀਆਂ ਨੂੰ ਨਾਮ ਅਭਿਆਸ ਕਰਨ ਲਈ ਉਤਸ਼ਾਹਿਤ ਕਰਦੇ ਰਹਿੰਦੇ ਸਨ।

ਪੂਰਬਲੇ ਸੰਜੋਗਾਂ ਅਨੁਸਾਰ ਆਪ ਜੀ ਦਾ ਅਨੰਦ ਕਾਰਜ ਭਾਈ ਸਾਹਿਬ ਜੀ ਦੇ ਜੇਲ ਦੇ ਸਾਥੀ ਅਤੇ ਅਕਾਲੀ ਲਹਿਰ ਨਾਲ ਜੁੜੇ ਭਾਈ ਵਸਾਵਾ ਸਿੰਘ ਜੀ ਦੀ ਵੱਡੀ ਸਪੁੱਤਰੀ ਬੀਬੀ ਇੰਦਰਜੀਤ ਕੌਰ ਜੀ ਨਾਲ ਹੋਇਆ। ਬੀਬੀ ਜੀ ਦੇ ਪਿਤਾ ਜੀ ਨਿਤਨੇਮੀ, ਗੁਰਬਾਣੀ ਦੇ ਰਸੀਏ ਤੇ ਸ਼ਾਂਤ ਸੁਭਾਅ ਦੇ ਮਾਲਕ ਸਨ। ਬੀਬੀ ਜੀ F.Sc. ਪਾਸ ਕਰਕੇ ਸਕੂਲ ਵਿਚ ਪੜ੍ਹਾਉਂਦੇ ਸੀ। ਉਨ੍ਹਾਂ ਨੂੰ ਪੜ੍ਹਨ ਦਾ ਬਹੁਤ ਸ਼ੌਂਕ ਸੀ ਅਤੇ ਹੋਰ ਉੱਚ ਵਿਦਿਆ ਪ੍ਰਾਪਤ ਕਰਨਾ ਚਾਹੁੰਦੇ ਸਨ। ਇਕ ਵਾਰੀ ਡਾਕਟਰੀ ਵਿਦਿਆ ਪ੍ਰਾਪਤ ਕਰਨ ਲਈ ਕਿਸੇ ਬਾਹਰਲੇ ਸ਼ਹਿਰ ਦੇ ਕਾਲਜ ਵਿਚ ਦਾਖਲਾ ਵੀ ਲੈ



www.AKJ.Org

ਲਿਆ, ਪਰ ਪਿਤਾ ਜੀ ਦੇ ਵਾਰ ਵਾਰ ਜੇਲ੍ਹ ਜਾਣ ਕਾਰਨ ਮਾਲੀ ਹਾਲਤ ਠੀਕ ਨਾ ਹੋਣ ਕਾਰਨ ਗਿਆਨੀ ਕਰਕੇ ਨੌਕਰੀ ਕਰ ਲਈ। ਬੀਬੀ ਜੀ ਨੂੰ ਆਪਣੇ ਪਿਤਾ ਵਾਂਗ ਬਹੁਤ ਗੁਰਬਾਣੀ ਕੰਠ ਸੀ ਤੇ ਗੁਰਸਿੱਖੀ ਦਾ ਪ੍ਰੇਮ ਅਤੇ ਲਗਨ ਬਚਪਨ ਤੋਂ ਹੀ ਲਗ ਗਿਆ ਸੀ। ਆਪ ਜੀ (ਕੋਮਲ ਜੀ) ਸਰਕਾਰੀ ਨੌਕਰੀ ਕਰਨ ਸਮੇਂ ਭਾਈ ਸਾਹਿਬ ਕੋਲ ਜਾਂਦੇ ਰਹਿੰਦੇ ਸਨ ਤੇ ਉਥੇ ਹੀ ਬੀਬੀ ਜੀ ਦੇ ਪਿਤਾ ਸ. ਵਸਾਵਾ ਸਿੰਘ ਜੀ ਵੀ ਭਾਈ ਸਾਹਿਬ ਜੀ ਪੁਰਾਤਨ ਸੰਗੀ ਹੋਣ ਕਰਕੇ ਮਿਲਣ ਆਉਂਦੇ ਰਹਿੰਦੇ ਸਨ। ਇਸ ਤਰ੍ਹਾਂ ਇਕ ਮਿਲਣੀ ਵੇਲੇ ਭਾਈ ਸਾਹਿਬ ਜੀ ਨੇ ਭਾਈ ਵਸਾਵਾ ਸਿੰਘ ਜੀ ਨੂੰ ਕਹਿ ਕੇ ਉਨ੍ਹਾਂ ਦੀ ਸਪੁਤਰੀ ਬੀ. ਇੰਦਰਜੀਤ ਕੌਰ ਜੀ ਦਾ ਰਿਸ਼ਤਾ ਆਪ ਜੀ ਨਾਲ ਕਰਵਾ ਦਿੱਤਾ। ਆਪ ਜੀ ਦੇ ਘਰ, ਇਕ ਸਪੁੱਤਰ ਤੇ ਤਿੰਨ ਸਪੁੱਤਰੀਆਂ ਨੇ ਜਨਮ ਲਿਆ। ਸਾਰੇ ਬੱਚੇ ਆਪ ਜੀ ਦੀ ਪ੍ਰੇਰਨਾ ਨਾਲ ਗੁਰਮਤਿ ਮਾਰਗ ਦੇ ਪਾਂਧੀ ਬਣੇ। ਉੱਚ ਵਿਦਿਆ ਪ੍ਰਾਪਤ ਕਰਕੇ ਸਰਕਾਰੀ ਉੱਚ ਅਹੁਦਿਆਂ ਤੇ ਨੌਕਰੀ ਕਰਕੇ ਦੇਸ਼ਾਂ ਵਿਦੇਸ਼ਾਂ ਵਿਚ ਸੁਖੀ ਜੀਵਨ ਬਤੀਤ ਕਰ ਰਹੇ ਹਨ। ਸਭ ਤੋਂ ਛੋਟੀ ਬੱਚੀ ਬੀ. ਤਰਨਜੋਤ ਕੌਰ ਨੂੰ ਆਪ ਜੀ ਦੇ ਛੋਟੇ ਭਰਾ ਮਾਸਟਰ ਭੁਪਿੰਦਰ ਸਿੰਘ ਜੀ ਨੇ ਸੰਨ 1956 ਵਿਚ ਉਸ ਦੇ ਜਨਮ ਵੇਲੇ ਹੀ ਗੋਦ ਵਿਚ ਲੈ ਲਿਆ ਸੀ, ਜਿਸ ਦੀ ਅਰਦਾਸ ਵੀ ਭਾਈ ਸਾਹਿਬ ਜੀ ਨੇ ਖ਼ੁਦ ਕੀਤੀ ਸੀ। ਇਨ੍ਹਾਂ ਦਾ ਸਪੁੱਤਰ ਇਲੈਕਟਰੀਕਲ ਇੰਜੀਨੀਅਰ, ਵੱਡੀ ਬੇਟੀ ਕਲਾਸੀਕਲ ਮਿਊਜਕ ਵਿਚ ਮਾਸਟਰ ਦੀ ਡਿਗਰੀ ਪ੍ਰਾਪਤ ਅਤੇ ਛੋਟੀ ਬੇਟੀ M.D. (ਐਨਥੀਸੀਆ) ਕਰਕੇ ਡਾਕਟਰ ਹੈ। ਸਭ ਤੋਂ ਛੋਟੀ ਬੱਚੀ ਵੀ ਗੁਰੂ ਨਾਨਕ ਦੇਵ ਇੰਜੀਨੀਅਰਿੰਗ ਕਾਲਜ ਤੋਂ ਪੜ੍ਹ ਕੇ ਸਿਵਲ ਇੰਜੀਨੀਅਰ ਬਣੀ ਹੋਈ ਹੈ। ਜਨਮ ਤੋਂ ਬਾਅਦ, ਇਸ ਬੱਚੀ ਨੂੰ ਕਾਲਜ ਦੀ ਪੜ੍ਹਾਈ ਦੇ ਸਿਰਫ ਚਾਰ ਸਾਲ ਦਾ ਸਮਾਂ (ਕਾਲਜ ਵਿਚ ਪੜ੍ਹਨ ਵੇਲੇ) ਆਪਣੇ ਜਨਮ ਦੇ ਮਾਤਾ-ਪਿਤਾ ਕੋਲ ਰਹਿਣ ਤੇ ਨੇੜੇ ਹੋ ਕੇ ਦੇਖਣ ਦਾ ਮੌਕਾ ਮਿਲਿਆ। ਬੇਸ਼ਕ, ਆਪ ਜੀ ਦੀ ਮਾਇਕ ਹਾਲਤ ਬਹੁਤੀ ਚੰਗੀ ਨਹੀਂ ਸੀ ਪਰ ਫਿਰ ਵੀ ਆਪਣੇ ਬੱਚਿਆਂ ਨੂੰ ਉੱਚ ਵਿਦਿਆ ਦਿਵਾਈ ਤੇ ਕਦੇ ਵੀ ਉਨ੍ਹਾਂ ਨੂੰ ਖਰਚ ਤੋਂ ਤੋਟ ਨਹੀਂ ਆਉਣ ਦਿੱਤੀ। ਬੱਚਿਆਂ ਨੂੰ ਉੱਚ ਵਿਦਿਆ ਲਈ ਦੂਰ ਦੁਰਾਡੇ ਭੇਜਣ ਤੋਂ ਵੀ ਸੰਕੋਚ ਨਹੀਂ ਕੀਤਾ। ਆਪਣੇ ਵਿਤ ਤੋਂ ਵੱਧ ਬੱਚਿਆਂ ਦੀ ਪੜ੍ਹਾਈ ਤੇ ਖਰਚ ਕੀਤਾ। ਆਪ ਦੇ ਬੱਚੇ ਵੀ ਪੜ੍ਹਨ ਵਿਚ ਹੁਸ਼ਿਆਰ ਸਨ ਤੇ ਅਠਵੀਂ ਤੋਂ ਡਿਗਰੀਆਂ ਲੈਣ ਤਾਈਂ ਵਜ਼ੀਫੇ ਲੈਂਦੇ ਰਹੇ।

ਦੁਨਿਆਵੀ ਕ੍ਰਿਤ, ਆਪ ਨੇ ਲਾਹੌਰ ਪੰਜਾਬ ਸਟੇਟ ਇਲੈਕਟ੍ਰੀਸਿਟੀ ਬੋਰਡ ਵਿਚ ਬਤੌਰ ਹਾਈਡਲ ਡੀਜ਼ਾਈਨਰ (ਡਰਾਫਟਸਮੈਨ) ਤੋਂ ਸ਼ੁਰੂ ਕੀਤੀ। ਦੇਸ਼ ਦੀ ਵੰਡ ਤੋਂ ਬਾਅਦ ਵੀ ਇਸੇ ਮਹਿਕਮੇ ਵਿਚ ਨੌਕਰੀ ਮਿਲ ਗਈ ਅਤੇ ਬਾਕੀ ਸਾਰੀ ਆਯੂ ਸੇਵਾ ਮੁਕਤ ਹੋਣ ਤਾਈਂ, ਇਸੇ ਮਹਿਕਮੇ ਵਿਚ ਹੀ ਨੌਕਰੀ ਕਰਦੇ ਰਹੇ। ਆਪ ਗੁਰੂ ਪ੍ਰੇਮ ਵਿਚ ਇਤਨੇ ਰੰਗੇ ਅਤੇ ਬਾਣੀ ਵਿਚ ਹਮੇਸ਼ਾ ਭਿੱਜੇ ਰਹਿੰਦੇ ਸਨ ਕਿ ਹੋਰ ਸਾਰੇ ਕਾਰਜ ਕ੍ਰਿਤ ਆਦਿ ਨੂੰ ਕੇਵਲ ਇਕ ਜੀਵਨ ਜੀਉਣ ਦਾ ਸਾਧਨ ਹੀ ਬਣਾਇਆ, ਉਸ ਵਿਚ ਕਦੇ ਗਲਤਾਨ ਨਹੀਂ ਹੋਏ। ਮਾਇਆ ਤੋਂ ਸਾਰੀ ਆਯੂ ਅਲਿੱਪਤ ਹੀ ਰਹੇ। ਆਪਣੀ ਦੁਨਿਆਵੀ ਕ੍ਰਿਤ ਨੂੰ ਰੂਹਾਨੀਅਤ ਤੋਂ ਉਪਰ ਨਹੀਂ ਸਮਝਿਆ। ਨਾ ਕਦੇ ਆਪਣੀ ਤਰੱਕੀ ਦਾ ਲਾਲਚ ਕੀਤਾ ਤੇ ਨਾ ਰਿਸ਼ਵਤਖੋਰੀ ਕੀਤੀ ਤੇ ਨਾ ਹੀ ਕਿਸੇ ਦਾ ਸਾਥ ਦਿੱਤਾ। ਆਪ ਬਹੁਤ ਬੇਖ਼ੌਫ, ਨਿਡਰ, ਦ੍ਰਿੜ ਇਰਾਦੇ ਦੇ ਮਾਲਕ ਸਨ ਅਤੇ ਨਾ ਹੀ ਕਿਸੇ ਉੱਚ-ਅਧਿਕਾਰੀ ਦੀ ਕਨੌਡ ਮੰਨਦੇ ਸਨ। ਅੰਮ੍ਰਿਤ ਵੇਲੇ ਦੀ ਸੰਭਾਲ ਜਾਂ ਅੰਮ੍ਰਿਤ ਵੇਲੇ ਕੀਰਤਨ ਸਮਾਗਮਾਂ ਤੇ ਜਾਣ ਕਰਕੇ, ਆਪ ਆਪਣੀ ਡਿਊਟੀ ਤੇ ਅਕਸਰ ਹੀ ਲੇਟ ਹੋ ਜਾਂਦੇ ਸਨ ਪਰ, ਕਿਸੇ ਦੀ ਪ੍ਰਵਾਹ ਨਹੀਂ ਸਨ ਕਰਦੇ। ਇਕ-ਦੋ ਤਰੱਕੀਆਂ ਤੋਂ ਬਾਅਦ ਕਿਸੇ ਹੋਰ ਉੱਚ ਅਹੁਦੇ ਵਾਸਤੇ, ਕਿਸੇ ਅਫ਼ਸਰ ਦੀ ਜੀ-ਹਜ਼ੂਰੀ ਜਾਂ ਚਾਪਲੂਸੀ ਨਹੀਂ ਕੀਤੀ। ਇਸੇ ਕਾਰਨ ਆਪ ਨੂੰ ਬਾਰ-ਬਾਰ ਦੂਰ-ਦੁਰੇਡੇ ਸਥਾਨਾਂ ਤੇ ਬਦਲੀ ਵੀ ਕੀਤਾ ਜਾਂਦਾ ਰਿਹਾ ਪਰ ਆਪ ਕਦੀ ਆਪਣੇ ਅਸੂਲ ਤੋਂ ਪਿੱਛੇ ਨਹੀਂ ਹਟੇ। ਦਮੇ ਦੇ ਮਰੀਜ ਹੋਣ ਕਾਰਨ ਆਪ ਨੂੰ ਧਰਮਸ਼ਾਲਾ, ਜੋਗਿੰਦਰ ਨਗਰ, ਸ਼ਿਮਲਾ ਵਰਗੀਆਂ ਥਾਵਾਂ, ਜਿਥੇ ਕੋਈ ਜਾਣਾ ਨਹੀਂ ਸੀ ਚਾਹੁੰਦਾ ਹੁੰਦਾ, ਉੱਥੇ ਬਦਲੀ ਹੋਣ 'ਤੇ ਖੁਸ਼ੀ ਨਾਲ ਚਲੇ ਜਾਂਦੇ ਤੇ ਗੁਰੂ ਦਾ ਭਾਣਾ ਮੰਨਦੇ ਕਹਿੰਦੇ ਹੁੰਦੇ ਸਨ ਕਿ ਗੁਰੂ ਸਾਹਿਬ ਨੇ ਮੈਨੂੰ ਕੁਦਰਤ ਦੀ ਗੋਦ ਵਿਚ



www.AKJ.Org

ਨਾਮ ਜਪਣ ਲਈ ਭੇਜਿਆ ਹੈ ਅਤੇ ਹਰ ਹਾਲ ਚੜ੍ਹਦੀ ਕਲਾ ਵਿਚ ਹੀ ਰਹਿੰਦੇ ਸਨ। ਗੁਰੂ ਤੇ ਅਤੁੱਟ ਭਰੋਸਾ, ਹਮੇਸ਼ਾ ਕੀਰਤਨ ਤੇ ਬਾਣੀ ਪੜਨ ਸੁਣਨ ਦੀ ਭੁੱਖ ਅਤੇ ਅੱਖਾਂ ਵਿਚ ਗੁਰ ਦਰਸ਼ਨਾਂ ਦੀ ਚਾਹ ਉਨ੍ਹਾਂ ਦੀ ਸਖਸ਼ੀਅਤ ਦੇ ਖ਼ਾਸ ਗੁਣ ਸਨ। ਆਪ ਪਹਾੜੀ ਸਥਾਨਾਂ ਤੋਂ ਇਲਾਵਾ ਸ੍ਰੀ ਅੰਮ੍ਰਿਤਸਰ (ਦੋ ਵਾਰੀ) ਹਿਸਾਰ, ਲੁਧਿਆਣਾ ਤੇ ਚੰਡੀਗੜ੍ਹ ਵੀ ਤਬਦੀਲ ਹੁੰਦੇ ਰਹੇ। ਚੰਡੀਗੜ੍ਹ ਤੋਂ ਹੀ ਆਪ ਸੇਵਾ ਮੁਕਤ ਹੋਏ।

ਆਪ ਜੀ ਨੂੰ ਬਚਪਨ ਤੋਂ ਹੀ ਕਵਿਤਾ ਰਚਣ ਦਾ ਸ਼ੌਕ ਸੀ ਤੇ ਫਾਰਸੀ ਭਾਸ਼ਾ ਆਪ ਨੂੰ ਬਹੁਤ ਪਿਆਰੀ ਲਗਦੀ ਸੀ। ਆਪ ਕੁਦਰਤ ਵਿਚੋਂ ਕਾਦਰ ਨੂੰ ਲੱਭਣ ਵਾਲੇ ਲਿਖਾਰੀ ਸਨ। ਭਾਈ ਵੀਰ ਸਿੰਘ ਜੀ ਦੀ ਸੰਗਤ ਨੇ ਆਪ ਨੂੰ ਕਵਿਤਾਵਾਂ ਰਚਣ ਵਿਚ ਸੋਨੇ ਤੇ ਸੁਹਾਗੇ ਦਾ ਕੰਮ ਕੀਤਾ ਅਤੇ ਆਪ ਉਨ੍ਹਾਂ ਕੋਲੋਂ ਹੋਰ ਉਤਸਾਹਿਤ ਹੋਏ। ਆਪ ਜੀ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਤੇ ਭਾਈ ਨੰਦ ਲਾਲ ਜੀ ਦੀਆਂ ਫ਼ਾਰਸੀ ਵਿਚ ਰਚੀਆਂ ਰਚਨਾਵਾਂ ਦੇ ਬਹੁਤ ਕਾਇਲ ਸਨ ਅਤੇ ਡੂੰਘੀ ਜਾਣਕਾਰੀ ਵੀ ਰਖਦੇ ਸਨ। ਜਦੋਂ ਵੀ ਅਰਦਾਸ ਕਰਦੇ ਤਾਂ ਲੱਗਦਾ ਸੀ ਕਿ ਦਸਮ ਪਾਤਸ਼ਾਹ ਜੀ ਦੇ ਰੂ-ਬਰੂ ਹੋ ਕੇ ਫ਼ਾਰਸੀ ਵਿਚ ਉਨ੍ਹਾਂ ਨਾਲ ਗੱਲਾਂ ਕਰ ਰਹੇ ਹਨ। ਜ਼ਿੰਦਗੀ ਵਿਚ ਬਹੁਤ ਉਤਰਾਅ ਚੜ੍ਹਾਅ ਅਤੇ ਦੁੱਖ ਸੁੱਖ ਆਏ ਪਰ ਗੁਰੂ ਤੇ ਇਤਨਾ ਦ੍ਰਿੜ੍ਹ ਨਿਸਚਾ ਸੀ ਕਿ ਅਰਦਾਸ ਵਿਚ ਦੁਨਿਆਵੀ ਜ਼ਰੂਰਤਾਂ ਸ਼ਾਮਿਲ ਨਹੀਂ ਸੀ ਕਰਦੇ। ਇਥੋਂ ਤੱਕ ਕਿ ਆਪਣੇ ਪ੍ਰੀਵਾਰ ਅਤੇ ਬੱਚਿਆਂ ਵਾਸਤੇ ਵੀ ਅਰਦਾਸ ਕਰਨ ਤੋਂ ਇਨਕਾਰ ਕਰ ਦਿੰਦੇ। ਉਹ ਆਪਣੀ ਲੇਖਣੀ ਅਤੇ ਕਵਿਤਾਵਾਂ ਮੌਜ ਵਿਚ ਲਿਖਦੇ ਸਨ। ਉਨ੍ਹਾਂ ਦੀਆਂ ਕੁਝ ਕਵਿਤਾਵਾਂ ਖਾਲਸਾ ਸਮਾਚਾਰ ਅਤੇ ਸੂਰਾ ਮਾਸਿਕ ਪਤਰ ਵਿਚ ਛਪਦੀਆਂ ਰਹੀਆਂ ਹਨ ਪਰ ਬਹੁਤ ਸਾਰੀਆਂ ਅਣਛੱਪੀਆਂ ਹੀ ਰਹੀਆਂ। ਉਨ੍ਹਾਂ ਦੀ ਇਕ ਲਿਖਤ ਸੀਸ ਗੰਜ ਰਸਾਲੇ ਵਿਚ ਵੀ ਛਪੀ ਸੀ ਜੋ ਪ੍ਰੀਵਾਰ ਕੋਲ ਮੌਜੂਦ ਹੈ। ਭਾਈ ਨੰਦ ਲਾਲ ਜੀ ਦੀ ਫ਼ਾਰਸੀ ਦੀ ਰਚਨਾ ਗੰਜ-ਨਾਮਾ ਦਾ ਆਪ ਨੇ ਪੰਜਾਬੀ ਵਿਚ ਉਲੱਥਾ (ਅਨੁਵਾਦ) ਕੀਤਾ ਸੀ ਜੋ ਪ੍ਰੀਵਾਰ ਨੇ ਆਪ ਜੀ ਦੇ ਚੜ੍ਹਾਈ ਕਰਨ ਤੋਂ ਬਾਅਦ ਛਪਵਾਇਆ ਸੀ ਤੇ ਅੱਜ ਵੀ ਉਪਲੱਬਧ ਹੈ। ਇੱਕ ਗੁਰਮੁਖ ਸੱਜਣ ਉਨ੍ਹਾਂ ਦੀਆਂ ਬਹੁਤ ਸਾਰੀਆਂ ਕਵਿਤਾਵਾਂ ਪ੍ਰੀਵਾਰ ਤੋਂ ਛਪਵਾਉਣ ਲਈ ਲੈ ਗਿਆ ਸੀ ਪਰ ਨਾ ਤਾਂ ਉਹ ਛਪੀਆਂ ਤੇ ਨਾ ਹੀ ਵਾਪਿਸ ਕੀਤੀਆਂ ਗਈਆਂ। ਉਸ ਸੱਜਣ ਬਾਰੇ ਵੀ ਹੁਣ ਪ੍ਰੀਵਾਰਕ ਮੈਂਬਰਾਂ ਨੂੰ ਜਾਣਕਾਰੀ ਨਹੀਂ ਹੈ।

ਆਪ ਕੀਰਤਨ ਕਰਨ ਵਾਲਿਆਂ ਦਾ ਬਹੁਤ ਸਤਿਕਾਰ ਕਰਦੇ ਸਨ। ਜਦੋਂ ਕਦੇ ਕੀਰਤਨ ਸੁਣਦਿਆਂ ਸਤਿਗੁਰੂ ਜੀ ਦੇ ਚਰਨਾਂ ਨਾਲ ਸੁਰਤ ਜੁੜ ਜਾਂਦੀ ਤਾਂ ਉਠ ਕੇ ਕੀਰਤਨੀ ਸਿੰਘ ਦੇ ਚਰਨਾਂ ਨੂੰ ਪਕੜ ਲੈਂਦੇ। ਕੀਰਤਨ ਵਿਚ ਜਦੋਂ ਬਖਸ਼ਿਸ਼ ਹੋ ਜਾਣੀ ਤਾਂ ਆਮ ਰਾਗੀ ਸਿੰਘਾਂ ਨੂੰ ਜਿਤਨੀ ਮਾਇਆ ਜੇਬ ਵਿਚ ਹੁੰਦੀ, ਭੇਟ ਕਰ ਦਿੰਦੇ। ਆਪ ਜੀ ਨੌਜਵਾਨ ਬੱਚਿਆਂ ਨੂੰ ਰਾਗਾਂ ਵਿਚ ਕੀਰਤਨ ਕਰਨ ਲਈ ਬਹੁਤ ਉਤਸ਼ਾਹਿਤ ਕਰਦੇ ਸਨ। ਇਸੇ ਕਰਕੇ ਆਪਣੀ ਵੱਡੀ ਪੁੱਤਰੀ ਨੂੰ ਕਲਾਸੀਕਲ ਰਾਗਾਂ ਵਿਚ ਐੱਮ.ਏ. ਦੀ ਡਿਗਰੀ ਸੰਗੀਤ ਵਿਚ ਕਰਵਾਈ। ਖਰਚੇ ਦੀ ਪ੍ਰਵਾਹ ਨਾ ਕਰਦੇ ਹੋਏ ਉਨ੍ਹਾਂ ਵਸਤੇ ਉਸਤਾਦ ਦਾ ਉਚੇਚਾ ਪ੍ਰਬੰਧ ਕੀਤਾ। ਉਸ ਨੂੰ ਹਮੇਸ਼ਾ ਰਾਗ ਵਿਚ ਕੀਰਤਨ ਕਰਨ ਲਈ ਉਤਸ਼ਾਹ ਦੇਣਾ ਕਿਉਂਕਿ ਆਪ ਜੀ ਦੇ ਵਿਚਾਰਾਂ ਅਨੁਸਾਰ ਗੁਰਬਾਣੀ ਰਾਗਾਂ ਵਿਚ ਉਚਾਰੀ ਗਈ ਹੈ ਤੇ ਉਸ ਨੂੰ ਉੱਚ ਕਲਾ ਦੀ ਸੰਗੀਤਕ ਮਾਹਿਰੀ ਨਾਲ ਗਾਉਣਾ, ਸੁਣ ਰਹੀਆਂ ਬਖਸ਼ੀਆਂ ਰੂਹਾਂ ਦੀ ਅਸੀਸ ਲੈਣ ਲਈ ਜਰੂਰੀ ਹੈ। ਬੱਚੀ ਦੇ ਸਾਜ਼ ਵੀ ਚੁੱਕ ਕੇ ਗੁਰਦੁਆਰੇ ਲੈ ਜਾਂਦੇ ਸਨ ਤੇ ਕਹਿੰਦੇ ਸਨ ਕਿ ਸੰਗਤ ਵਿਚ ਉੱਚੀਆਂ ਰੂਹਾਂ ਵਿਚਰ ਰਹੀਆਂ ਹੁੰਦੀਆਂ ਹਨ, ਰਾਗਾਂ ਵਿਚ ਕੀਰਤਨ ਸੁਨਾਉਣ ਨਾਲ ਉਨ੍ਹਾਂ ਦੀਆਂ ਅਸੀਸਾਂ ਮਿਲਣਗੀਆਂ।

ਆਪ ਹਮੇਸ਼ਾ ਆਮ ਸੰਗਤਾਂ, ਖਾਸ ਕਰ ਬੱਚਿਆਂ ਨੂੰ ਗੁਰਬਾਣੀ ਨਾਲ ਜੋੜਨ ਅਤੇ ਗੁਰਮਤਿ ਅਸੂਲਾਂ ਦੇ ਧਾਰਨੀ ਬਣਨ ਲਈ ਉਤਸ਼ਾਹਿਤ ਕਰਦੇ ਰਹਿੰਦੇ ਸਨ। ਪ੍ਰੀਵਾਰ ਦੇ ਬੱਚਿਆਂ ਤੋਂ ਇਲਾਵਾ, ਆਂਢ ਗੁਆਂਢ ਦੇ ਛੋਟੇ ਬੱਚਿਆਂ ਨੂੰ ਗੁਰਬਾਣੀ ਪੜ੍ਹਨ ਲਈ ਪ੍ਰੇਰਿਤ ਕਰਦੇ। ਹਰ ਵੇਲੇ ਬੱਚਿਆਂ ਕੋਲੋਂ ਬਾਣੀ ਸੁਣਨ ਲਈ ਤਿਆਰ ਰਹਿੰਦੇ ਤਾਂ ਕਿ ਗੁਰਬਾਣੀ ਸੁਨਾਉਣ ਵਾਲੇ ਛੋਟੇ ਬੱਚੇ ਦਾ ਝਾਕਾ ਖੁੱਲੇ ਤੇ ਉਸ ਨੂੰ ਹੋਰ ਉਤਸ਼ਾਹ ਮਿਲੇ। ਛੋਟੇ ਬੱਚਿਆਂ ਨੂੰ



www.AKJ.Org

ਇਨਾਮ ਵਜੋਂ ਟਾਫੀਆਂ, ਫਲ ਜਾਂ ਹੋਰ ਮਠਿਆਈ ਆਦਿ ਖਾਣ ਨੂੰ ਦਿੰਦੇ। ਕਿਸੇ ਦੀ ਖਾਮੀ ਨੂੰ ਹਸ ਕੇ ਟਾਲ ਦਿੰਦੇ। ਬੱਚਿਆਂ ਵਲੋਂ ਗੁਰਬਾਣੀ ਕੰਠ ਅਤੇ ਸ਼ੁਧ ਪਾਠ ਕਰਨ ਦੀ ਕੋਸ਼ਿਸ਼ ਤੇ ਖ਼ੂਬ ਪ੍ਰਸੰਨ ਹੁੰਦੇ ਤੇ ਸ਼ਾਬਾਸ਼ ਵੀ ਦਿੰਦੇ। ਇਸ ਤੋਂ ਇਲਾਵਾ ਆਪਣੇ ਕੋਲ ਹਮੇਸ਼ਾ ਗੁਰਮਤਿ ਸਾਹਿਤ ਖਾਸ ਕਰ ਭਾਈ ਸਾਹਿਬ ਜੀ ਦੀਆਂ ਲਿਖਤ ਜੇਲ੍ਹ ਚਿੱਠੀਆਂ ਤੇ ਰੰਗਲੇ ਸਜਣ ਪੁਸਤਕਾਂ ਰੱਖਦੇ ਤੇ ਜਗਿਆਸੂ ਦੀ ਪ੍ਰਮਾਰਥਿਕ ਰੁਚੀ ਦੇਖ ਕੇ ਉਹ ਕਿਤਾਬਾਂ ਮੁਫਤ ਪੜ੍ਹਨ ਨੂੰ ਦਿੰਦੇ, ਜਿਸ ਨਾਲ ਕਈ ਜਗਿਆਸੂ ਗੁਰੂ ਚਰਨਾਂ ਨਾਲ ਜੁੜੇ। ਇਕ ਵਾਰ ਸੰਨ 1949-50 ਦੇ ਨੇੜੇ ਫਿਰੋਜਪੁਰ ਵਿਚ ਹੋਏ ਸਮਾਗਮ ਸਮੇਂ ਜਿਸ ਵਿਚ ਭਾਈ ਸਾਹਿਬ ਜੀ ਵੀ ਸ਼ਾਮਿਲ ਸਨ, ਆਪ ਨੇ ਭਾਈ ਮੋਹਨ ਸਿੰਘ ਜੀ ਗਾਰਡ ਕਾਨਪੁਰ ਜੋ ਅਜੇ ਗੁਰਮਤਿ ਮਾਰਗ ਦੇ ਪਾਂਧੀ ਨਹੀਂ ਬਣੇ ਸਨ, ਨੂੰ ਜੇਲ ਚਿੱਠੀਆਂ ਪੁਸਤਕ ਦਿੱਤੀ ਜਿਸ ਨੂੰ ਪੜ੍ਹ ਕੇ ਉਹ ਇਕ ਦਮ ਅੰਮ੍ਰਿਤ ਛੱਕ ਕੇ ਤਿਆਰ ਬਰ ਤਿਆਰ ਸਿੰਘ ਸਜ ਗਏ ਤੇ ਉਹ ਵੀ ਜਥੇ ਦੇ ਖਾਸ ਰੁਕਨਾਂ ਵਿਚੋਂ ਸਨ। ਭਾਈ ਸਾਹਿਬ ਜੋਗਿੰਦਰ ਸਿੰਘ ਜੀ ਤਲਵਾੜਾ ਦਾ ਮੇਲ ਆਪ ਜੀ ਦਾ ਹਿਸਾਰ ਦੀ ਪੋਸਟਿੰਗ ਵੇਲੇ ਹੋਇਆ, ਜਦੋਂ ਤਲਵਾੜਾ ਜੀ ਅਜੇ ਸਿੰਚਾਈ ਵਿਭਾਗ ਵਿਚ ਨੌਕਰੀ ਤੇ ਲੱਗੇ ਹੀ ਸਨ। ਆਪ ਜੀ ਦੀ ਪ੍ਰੇਰਨਾ ਨਾਲ ਤਲਵਾੜਾ ਜੀ ਲੁਧਿਆਣਾ ਸਮਾਗਮ ਤੇ ਪਹਿਲੀ ਵਾਰ ਆਏ ਤੇ ਕੀਰਤਨ ਦੀ ਹਾਜਰੀ ਭਰੀ, ਜਿਸ ਤੋਂ ਭਾਈ ਸਾਹਿਬ ਜੀ ਬਹੁਤ ਪ੍ਰਸੰਨ ਹੋਏ ਤੇ ਅਸੀਸਾਂ ਬਖਸ਼ੀਆਂ। ਤਲਵਾੜਾ ਜੀ ਨੇ ਵੀ ਇਸ ਤੋਂ ਬਾਅਦ ਸਾਰੀ ਆਯੁ ਜਥੇ ਵਿਚ ਨਿਰਬਾਣ ਤੇ ਨਿਸ਼ਕਾਮ ਕੀਰਤਨ ਦੀ ਸੇਵਾ ਕੀਤੀ ਅਤੇ ਗੁਰਬਾਣੀ ਵਿਆਕਰਣ ਦੇ ਮਹਾਨ ਵਿਦਵਾਨ ਹੋਏ ਹਨ। ਇਸੇ ਤਰ੍ਹਾਂ ਆਪ ਜੀ ਨੇ ਹੋਰ ਬੇਅੰਤ ਪ੍ਰਾਣੀਆਂ ਨੂੰ ਗੁਰੂ ਚਰਨਾਂ ਨਾਲ ਜੋੜਿਆ।

ਆਪਣੀ ਨੌਕਰੀ ਦੌਰਾਨ ਦੋ ਵਾਰੀ ਉਨ੍ਹਾਂ ਨੂੰ ਸ੍ਰੀ ਅੰਮ੍ਰਿਤਸਰ ਠਹਿਰਣ ਦਾ ਮੌਕਾ ਮਿਲਿਆ। ਇਕ ਵਾਰ ਦੇਸ਼ ਦੀ ਵੰਡ ਤੋਂ ਪਹਿਲਾਂ ਅਤੇ ਦੂਸਰੀ ਵਾਰ ਦੇਸ਼ ਦੀ ਵੰਡ ਤੋਂ ਬਾਅਦ। ਆਪ ਕੀਰਤਨ ਅਖਾੜਿਆਂ ਦੇ ਸੱਚੇ ਆਸ਼ਕ ਹੋਣ ਕਰਕੇ, ਸ੍ਰੀ ਅੰਮ੍ਰਿਤਸਰ ਵਿਚ ਹੋ ਰਹੇ ਹਫਤਾਵਾਰੀ ਅਤੇ ਰੈਣ ਸਬਾਈ ਕੀਰਤਨਾਂ ਦੀ ਹਾਜ਼ਰੀ ਭਰਨ ਦੇ ਨਾਲ ਨਾਲ, ਸ੍ਰੀ ਦਰਬਾਰ ਸਾਹਿਬ ਜੀ ਦੇ ਦਰਸ਼ਨ ਇਸ਼ਨਾਨ ਅਤੇ ਸਚਖੰਡੀ ਕੀਰਤਨ ਦਾ ਪੂਰਾ ਲਾਹਾ ਲੈਂਦੇ ਰਹੇ। ਅੰਮ੍ਰਿਤ ਵੇਲੇ ਦੀ ਸੰਭਾਲ ਦੇ ਪੱਕੇ ਨੇਮੀ ਹੋਣ ਕਾਰਨ, ਸ੍ਰੀ ਦਰਬਾਰ ਸਾਹਿਬ ਵਿਖੇ ਰੋਜ਼ਾਨਾ ਤਿਪਹਿਰੇ ਦਾ ਕੀਰਤਨ ਅਤੇ ਗੁਰੂ ਸਾਹਿਬ ਜੀ ਦੇ ਪ੍ਰਕਾਸ਼ ਹੋਣ ਵੇਲੇ ਭੱਟਾਂ ਦੇ ਸਵਯੇ ਪੜ੍ਹ ਕੇ ਗੁਰੂ ਚਰਨਾਂ ਵਿਚ ਹਾਜ਼ਰੀ ਲੁਆਂਦੇ ਰਹੇ। ਕੁਦਰਤ ਤੇ ਫੁੱਲਾਂ ਦੇ ਪ੍ਰੇਮੀ ਹੋਣ ਕਰਕੇ ਰੋਜ਼ਾਨਾ ਗੁਰੂ ਸਾਹਿਬ ਜੀ ਦੇ ਨਤਮਸਤਕ ਹੋਣ ਲਈ ਜਾਣ ਲੱਗਿਆਂ, ਘਰੋਂ ਫੁੱਲ ਤੋੜ ਕੇ ਜਲ ਨਾਲ ਚੰਗੀ ਤਰ੍ਹਾਂ ਧੋ ਕੇ ਨਾਲ ਲੈ ਜਾਂਦੇ ਤੇ ਮੱਥਾ ਟੇਕਣ ਲੱਗਿਆਂ ਅਰਦਾਸ ਕਰਕੇ ਭੇਟ ਕਰਦੇ।

ਮਾਡਲ ਟਾਊਨ ਲੁਧਿਆਣੇ ਸਿੰਘ ਸਭਾ ਗੁਰਦੁਆਰੇ ਦੀ ਇਮਾਰਤ ਦੀ ਉਸਾਰੀ ਵਿਚ ਆਪ ਨੇ ਖਾਸ ਯੋਗਦਾਨ ਪਾਇਆ। ਉਸ ਵੇਲੇ ਛੱਤ ਦੇ ਥੱਲੇ ਥੰਮਲੇ ਦੇ ਕੇ ਲੈਂਟਰ ਪਾਇਆ ਜਾਂਦਾ ਸੀ। ਆਪ ਜੀ ਨੇ ਨਵੀਂ ਤਕਨੋਲੋਜੀ ਰੀਏਨਫੋਰਸਡ ਬਰਿਕ ਕੰਕਰੀਟ (R.B.C.) ਦੀ ਵਰਤੋਂ ਕਰਕੇ ਗੁਰਦੁਆਰੇ ਦੀ ਛੱਤ ਦਾ ਡਿਜ਼ਾਇਨ ਕੀਤਾ ਅਤੇ ਇਹ ਪਹਿਲਾ ਵੱਡੇ ਸਪੈਨ ਵਾਲਾ ਗੁਰਦੁਆਰੇ ਦਾ ਹਾਲ, ਬਿਨਾਂ ਕਿਸੇ ਥੰਮਲੇ ਦੇ ਤਿਆਰ ਕਰਵਾਇਆ। ਉਸ ਸਮੇਂ ਇਹ ਤਕਨੋਲੋਜੀ ਭਾਰਤ ਵਿਚ ਅਜੇ ਇਸਤੇਮਾਲ ਨਹੀਂ ਸੀ ਹੁੰਦੀ।

ਆਪ ਜੀ ਦਾ ਤਖੱਲਸ ਕਵੀ ਹੋਣ ਕਾਰਨ ਬਚਪਨ ਤੋਂ ਕੋਮਲ ਪਇਆ ਹੋਇਆ ਸੀ, ਉਪਰੋਂ ਤਾਂ ਬਹੁਤ ਖਰਵੇ ਤੇ ਅੜਬ ਲਗਦੇ ਸਨ ਪਰ ਅੰਦਰੋਂ ਉਤਨੇ ਹੀ ਕੋਮਲ ਤੇ ਦਇਆਵਾਨ ਸਨ। ਗਰੀਬਾਂ ਤੇ ਲੋੜਵੰਦਾਂ ਦੇ ਹਮਦਰਦ ਸਨ। ਆਪ ਨੇ ਮੋਹ ਅਤੇ ਪ੍ਰੇਮ ਦੇ ਫਰਕ ਨੂੰ ਵੀ ਖ਼ੂਬ ਸਮਝਿਆ ਤੇ ਬੱਚਿਆਂ ਨੂੰ ਸਮਝਾਇਆ। ਦੁਨਿਆਵੀ ਵਡਿਆਈ, ਸੁੱਖ, ਪ੍ਰੀਵਾਰਕ ਮੈਂਬਰਾਂ ਨਾਲ ਮੋਹ ਨਹੀਂ ਰੱਖਿਆ ਪ੍ਰੰਤੂ ਪ੍ਰੀਵਾਰ ਅਤੇ ਬੱਚਿਆਂ ਪ੍ਰਤੀ ਜਿੰਮੇਵਾਰੀ, ਗੁਰਬਾਣੀ ਅਤੇ ਗੁਰਸਿੱਖਾਂ ਪ੍ਰਤੀ ਸਤਿਕਾਰ ਨੂੰ ਕਦੇ ਪਿੱਛੇ ਨਹੀਂ ਪੈਣ ਦਿੱਤਾ। ਜਦ ਕੋਈ ਗੁਰਸਿੱਖ ਜਾਂ ਪ੍ਰੀਵਾਰ ਦਾ ਮੈਂਬਰ, ਕਿਸੇ ਬੀਮਾਰੀ ਕਾਰਨ ਹਸਪਤਾਲ ਵਿਚ ਦਾਖਿਲ ਹੁੰਦਾ ਤਾਂ ਉਸ ਨੂੰ ਉਸ ਕੋਲ ਜਾ ਕੇ ਗੁਰਬਾਣੀ ਦਾ ਪਾਠ ਸੁਣਾਉਂਦੇ ਤੇ ਨਾਮ ਵੀ ਜਪਾਉਂਦੇ।



www.AKJ.Org

ਹਰ ਵੀਰਵਾਰ ਨੂੰ ਆਪ ਜੀ ਦੇ ਘਰ ਪਿੰਗਲਿਆਂ ਅਤੇ ਮੰਗਤਿਆਂ ਦਾ ਵੱਡਾ ਇਕੱਠ ਹੋ ਜਾਂਦਾ ਸੀ ਤੇ ਆਪ ਜੀ ਕਹਿੰਦੇ ਸਨ ਕਿ ਇਨ੍ਹਾਂ ਨੂੰ ਤਾਂ ਘਰ ਦਿਆਂ ਨੇ ਵੀ ਵਿਸਾਰ ਦਿੱਤਾ ਹੈ। ਇਹ ਦਯਾ ਅਤੇ ਹਮਦਰਦੀ ਦੇ ਪਾਤਰ ਹਨ। ਇਨ੍ਹਾਂ ਦੀ ਸੇਵਾ ਕਰਨੀ ਖਾਲਕ ਦੀ ਸੇਵਾ ਹੈ। ਆਪਣਾ ਦਸਵੰਧ ਇਹੋ ਜਿਹੇ ਲੋੜਵੰਦਾਂ ਤੇ ਖਰਚ ਕੇ ਬਹੁਤ ਖ਼ੁਸ਼ ਹੁੰਦੇ ਸਨ।

ਆਪ ਗੁਰਮਤਿ ਅਸੂਲਾਂ ਦੇ ਪੱਕੇ ਧਾਰਨੀ ਸਨ ਤੇ ਦ੍ਰਿੜ੍ਹਤਾ ਨਾਲ ਪਹਿਰਾ ਦਿੰਦੇ ਸਨ। ਅਸੂਲ ਪ੍ਰਸਤੀ ਵਿਚ ਆਪਣੇ ਪਰਿਵਾਰਿਕ ਬੱਚਿਆਂ ਦਾ ਵੀ ਲਿਹਾਜ ਨਹੀਂ ਸੀ ਕਰਦੇ। ਆਪ ਦੀ ਵੱਡੀ ਬੇਟੀ ਦਾ ਰਿਸ਼ਤਾ ਅਮਰੀਕਾ ਨਿਵਾਸੀ ਇਕ ਸੰਗੀਤ ਸ਼ਾਸਤਰੀ ਦੇ ਚਾਹਵਾਨ ਨੌਜੁਆਨ ਨਾਲ ਤਹਿ ਹੋਇਆ। ਉਸ ਨੇ ਅਜੇ ਅੰਮ੍ਰਿਤ ਨਹੀਂ ਸੀ ਛੱਕਿਆ। ਗੁਰਮਤਿ ਮਰਯਾਦਾ ਅਨੁਸਾਰ ਅਨੰਦ ਕਾਰਜ ਤੋਂ ਪਹਿਲਾਂ ਅੰਮ੍ਰਿਤਧਾਰੀ ਹੋਣਾ ਜ਼ਰੂਰੀ ਹੈ, ਕਿਉਂਕਿ ਬੱਚੀ ਨੇ ਅੰਮ੍ਰਿਤ ਛੱਕਿਆ ਹੋਇਆ ਸੀ। ਸੋ ਇਸ ਮਰਯਾਦਾ ਤੇ ਅਸੂਲ ਨੂੰ ਕਾਇਮ ਰੱਖਣ ਲਈ ਆਨੰਦ ਕਾਰਜ ਤੋਂ ਪਹਿਲਾਂ ਅੰਮ੍ਰਿਤ ਸੰਚਾਰ ਸਮਾਗਮ ਦਾ ਪ੍ਰਬੰਧ ਕਰਕੇ ਉਸ ਨੌਜਵਾਨ ਨੂੰ ਅੰਮ੍ਰਿਤ ਛਕਾਇਆ ਗਿਆ। ਇਸ ਆਨੰਦ ਕਾਰਜ ਵਿਚ ਸ੍ਰੀ ਬਾਊ ਜੀ ਸਮੇਤ, ਜਥੇ ਦੇ ਸਾਰੇ ਮੁਖੀ ਸਿੰਘਾਂ ਨੇ ਸ਼ਾਮਿਲ ਹੋ ਕੇ ਬੱਚਿਆਂ ਨੂੰ ਅਸੀਸਾਂ ਬਖਸ਼ੀਆਂ।

ਆਪ ਜੀ ਨੇ ਦੇਸ਼ ਦੀ ਵੰਡ ਤੋਂ ਬਾਅਦ ਭਾਈ ਸਾਹਿਬ ਜੀ ਦੀ ਸੰਗਤ ਦਾ ਨਿਘ ਮਾਣਨ ਲਈ ਲੁਧਿਆਣੇ ਨਿਊ ਮਾਡਲ ਟਾਊਨ ਵਿਚ ਇਕ ਹਜ਼ਾਰ ਗਜ ਦਾ ਪਲਾਟ ਲੈ ਕੇ ਰਿਹਾਇਸ਼ੀ ਮਕਾਨ ਬਣਾ ਲਿਆ। ਕਿਉਂਕਿ ਆਪ ਜੀ ਦੀ ਨੌਕਰੀ ਸਰਕਾਰੀ ਹੋਣ ਕਾਰਨ ਵੱਖ-ਵੱਖ ਥਾਵਾਂ ਤੇ ਬਦਲੀ ਹੁੰਦੀ ਰਹਿੰਦੀ ਸੀ ਤੇ ਇਸ ਕਰਕੇ ਆਪ ਨੇ ਲੁਧਿਆਣੇ ਵਾਲਾ ਮਕਾਨ ਇਕ ਗਾਇਤਰੀ ਕਲਾਕਾਰ ਰਣਜੀਤ ਕੌਰ ਨੂੰ ਕਿਰਾਏ ਤੇ ਦੇ ਦਿੱਤਾ। ਉਸ ਦੇ ਸਬੰਧ ਪੁਲਿਸ, ਸਰਕਾਰੀ ਅਫ਼ਸਰਾਂ, ਸਿਆਸੀ ਨੇਤਾਵਾਂ ਤੇ ਡਰੱਗ ਮਾਫੀਏ ਨਾਲ ਸਨ। ਉਸ ਨੇ ਕੁਝ ਸਾਲਾਂ ਤੋਂ ਕਿਰਾਇਆ ਦੇਣਾ ਵੀ ਬੰਦ ਕਰ ਦਿੱਤਾ ਸੀ। ਆਪ ਬੜੇ ਦੂਰਦਰਸ਼ੀ, ਨਿਰਭਉ ਅਤੇ ਗੁਰੂ ਸਾਹਿਬ ਤੇ ਪੂਰਨ ਭਰੋਸਾ ਰੱਖਣ ਵਾਲੇ ਪਰਉਪਕਾਰੀ ਸੱਜਣ ਸਨ। ਰਿਟਾਇਰਮੈਂਟ ਤੋਂ ਬਾਅਦ ਤਾਂ ਆਪਣੇ ਮਕਾਨ ਵਿਚ ਹੀ ਆ ਕੇ ਰਹਿਣਾ ਸੀ, ਜਿਸ ਲਈ ਆਪ ਨੇ ਉਸ ਕਿਰਾਏਦਾਰ ਨੂੰ ਮਕਾਨ ਖਾਲੀ ਕਰਨ ਦਾ ਨੋਟਿਸ ਦੇ ਦਿੱਤਾ। ਪਰ ਉਸ ਨੇ ਮਕਾਨ ਖਾਲੀ ਨਾ ਕੀਤਾ ਅਤੇ ਉਧਰੋਂ ਆਪ ਰਿਟਾਇਰ ਹੋ ਕੇ ਘਰ ਦਾ ਸਾਮਾਨ ਟਰੱਕ ਵਿਚ ਲੱਦ ਕੇ ਲੁਧਿਆਣੇ ਪਹੁੰਚ ਗਏ। ਆਪ ਨੇ ਸਿੱਧਾ ਹੀ ਕਿਰਾਏਦਾਰਨੀ ਦੇ ਬਾਪ ਨੂੰ ਜਾ ਕੇ ਕਿਹਾ ਕਿ ਮਕਾਨ ਖਾਲੀ ਕਰੋਗੇ ਜਾਂ ਅਸੀਂ ਕਰਵਾਈਏ। ਟਰੱਕ ਇਕ ਦਿਨ ਘਰ ਦੇ ਬਾਹਰ ਖੜਾ ਰਿਹਾ, ਪਰ ਉਨ੍ਹਾਂ ਵਲੋਂ ਕੋਈ ਟੱਸ-ਮੱਸ ਨਾ ਹੋਈ। ਪ੍ਰੀਵਾਰਕ ਮੈਂਬਰਾਂ ਨੇ ਰਾਤ ਕਿਸੇ ਪ੍ਰੇਮੀ ਸਿੰਘ ਦੇ ਘਰ ਕੱਟੀ ਅਤੇ ਅਗਲੇ ਦਿਨ ਅੰਮ੍ਰਿਤ ਵੇਲੇ ਕੁਝ ਸਿੰਘਾਂ ਦੀ ਮਦਦ ਨਾਲ, ਮਕਾਨ ਦੇ ਇਕ ਹਿੱਸੇ ਦੇ ਦਰਵਾਜੇ ਦਾ ਕੁੰਡਾ ਤੋੜ ਕੇ ਵਿਚਲਾ ਪਇਆ ਸਾਮਾਨ ਕੱਢ ਕੇ ਬਾਹਰ ਰੱਖ ਦਿੱਤਾ ਅਤੇ ਆਪਣਾ ਸਮਾਨ ਟਿਕਾ ਲਿਆ। ਜਦੋਂ ਦਿਨ ਚੜੇ ਕਿਰਾਏਦਾਰ ਸੁੱਤੇ ਉੱਠੇ, ਉਦੋਂ ਤੱਕ ਆਪ ਦੀ ਸਿੰਘਣੀ ਨੇ ਰਸੋਈ ਸਾਫ ਕਰਕੇ, ਲੋਹ ਲੰਗਰ ਚਾਲੂ ਕਰ ਦਿੱਤਾ ਸੀ। ਉਸ ਦਿਨ ਐਤਵਾਰ ਹੋਣ ਕਰਕੇ ਉਹ ਕਿਧਰੇ ਸ਼ਿਕਾਇਤ ਕਰਨ ਵਾਸਤੇ ਵੀ ਨਹੀਂ ਜਾ ਸਕੇ। ਇਸ ਤੋਂ ਬਾਅਦ ਉਹ ਬਥੇਰਾ ਗਾਲੀ ਗਲੋਚ ਕਰਦੇ ਰਹੇ, ਪਰ ਆਪ ਅਗੋਂ ਹੱਸ ਛੱਡਦੇ। ਇਸ ਤੋਂ ਬਾਅਦ ਅਦਾਲਤ ਵਿਚ ਤਿੰਨ ਸਾਲ ਕੇਸ ਚਲਦਾ ਰਿਹਾ ਅਤੇ ਆਪ ਜੀ ਇਸ ਸਮੇਂ ਗਰਮੀਆਂ ਸਰਦੀਆਂ ਵਿਚ ਵੀ ਕਚਹਿਰੀਆਂ ਵਿਚ ਸਾਇਕਲ 'ਤੇ ਜਾ ਕੇ ਕੇਸ ਲੜਦੇ ਰਹੇ। ਇਸ ਸਮੇਂ ਗੁੰਡਿਆਂ ਵਲੋਂ ਆਪ ਜੀ ਨੂੰ ਗਾਲੀ ਗਲੋਚ ਤੋਂ ਇਲਾਵਾ ਜਾਨੋਂ ਮਾਰ ਕੇ, ਬੋਰੀ ਵਿਚ ਬੰਨ ਕੇ, ਨਹਿਰ ਵਿਚ ਸੁੱਟਣ ਦੀਆਂ ਧਮਕੀਆਂ ਵੀ ਮਿਲਦੀਆਂ ਰਹੀਆਂ ਪਰ ਆਪ ਨਾਮ ਬਾਣੀ ਦੇ ਆਸਰੇ ਅਡੋਲ ਵਿਚਰਦੇ ਰਹੇ ਅਤੇ ਕਦੇ ਕੋਈ ਭੈ ਨਹੀਂ ਮੰਨਿਆ। ਆਪ ਜੀ ਆਪਣੇ ਰੋਜ਼ਨਾਮਚਾ ਮੁਤਾਬਕ, ਨਾ ਤੇ ਨਹਿਰ ਤੇ ਸੈਰ ਕਰਨ ਜਾਣੋ ਹਟੇ ਤੇ ਨਾ ਹੀ ਧਮਕੀਆਂ ਦੀ ਕੋਈ ਪ੍ਰਵਾਹ ਕੀਤੀ। ਇਹ ਆਪ ਜੀ ਦੀ ਅਡੋਲਤਾ, ਨਿਰਭੈਤਾ ਤੇ ਗੁਰੂ 'ਤੇ ਅਥਾਹ ਭਰੋਸੇ ਦੀ ਮਿਸਾਲ ਹੈ। ਉਸ ਵੇਲੇ ਆਪ ਜੀ ਦੀ ਮਾਲੀ ਹਾਲਤ ਵੀ ਕਾਫੀ ਪਤਲੀ ਹੋ ਗਈ ਸੀ। ਥੋੜੀ ਜਿਹੀ ਪੈਨਸ਼ਨ, ਮੁਕੱਦਮੇ ਦਾ ਖਰਚਾ, ਤੇ ਬੱਚੇ ਅਜੇ ਪੂਰੀ ਤਰ੍ਹਾਂ ਸੈਟਲ ਨਹੀਂ ਸਨ ਹੋਏ ਤੇ ਉਨ੍ਹਾਂ ਦੀਆਂ ਪੜ੍ਹਾਈਆਂ ਦਾ ਖਰਚਾ, ਉਪਰੋਂ ਗੁੰਡਿਆਂ ਨਾਲ


www.AKJ.Org

ਟੱਕਰ, ਰਾਤ ਦਿਨ ਦੀ ਪ੍ਰੇਸ਼ਾਨੀ ਦੇ ਹਾਲਤਾਂ ਵਿਚ, ਕੇਵਲ ਆਪ ਜੈਸੇ ਗੁਰਸਿੱਖ ਹੀ ਨਾਮ ਗੁਰਬਾਣੀ ਦੇ ਆਸਰੇ ਦੁੱਖ ਨੂੰ ਸੁੱਖ ਕਰਕੇ ਜਾਣ ਸਕਦੇ ਹਨ। ਅਦਾਲਤ ਵਲੋਂ ਫੈਸਲਾ ਆਪ ਦੇ ਹੱਕ ਵਿਚ ਹੋ ਗਿਆ, ਪਰ ਗੁੰਡਿਆਂ ਕੋਲੋਂ ਕਬਜ਼ਾ ਲੈਣ ਦੀ ਨੌਬਤ ਆ ਗਈ। ਫਿਰ ਉਹ ਮਸਲਾ ਵੀ ਇਕ ਗੁਰਸਿਖ ਪੁਲਿਸ ਅਫਸਰ, ਸੇਖੋਂ ਸਾਹਿਬ ਜੀ ਅਤੇ ਕੁਝ ਸਿੰਘਾਂ ਦੀ ਮਦਦ ਨਾਲ, ਗੁਰੂ ਸਾਹਿਬ ਜੀ ਨੇ ਆਪ ਹੀ ਹੱਲ ਕਰਵਾ ਦਿੱਤਾ ਅਤੇ ਆਪਣੇ ਗੁਰਸਿੱਖ ਦੀ ਆਪ ਹੀ ਪੈਜ ਰੱਖੀ।

ਆਪ ਜੀ ਨੂੰ ਕਾਦਰ ਦੀ ਕੁਦਰਤ ਨਾਲ ਬਚਪਨ ਤੋਂ ਹੀ ਪ੍ਰੇਮ ਸੀ, ਖਾਸ ਕਰ ਫੁੱਲਾਂ ਨਾਲ। ਗੁਰਦੁਆਰੇ ਖਾਸ ਕਰ ਸ੍ਰੀ ਦਰਬਾਰ ਸਾਹਿਬ ਜਾਣ ਲੱਗਿਆਂ, ਉਹ ਫੁੱਲ ਜਰੂਰ ਗੁਰੂ ਸਾਹਿਬ ਜੀ ਦੀ ਭੇਟਾ ਅਰਪਣ ਕਰਨ ਲਈ ਲੈ ਕੇ ਜਾਂਦੇ ਸਨ। ਨਾਰੰਗਵਾਲ ਦੇ ਪੋਹ ਸੁਦੀ ਸਮਾਗਮ ਵੇਲੇ ਨਿਕਲਣ ਵਾਲੇ ਨਗਰ ਕੀਰਤਨ ਦੌਰਾਨ ਆਪ ਇਕ ਕੋਠੇ ਤੋਂ ਦੂਜੇ ਕੋਠੇ ਤੇ ਜਾ ਕੇ ਅਤੇ ਰਸਤੇ ਵਿਚ ਗੁਰੂ ਸਾਹਿਬ ਅਤੇ ਸੰਗਤਾਂ ਉੱਪਰ ਫੁੱਲਾਂ ਨਾਲ ਵਰਖਾ ਕਰਦੇ ਰਹਿੰਦੇ ਸਨ ਜੋ ਕਿ ਉਨ੍ਹਾਂ ਦੀ ਇਕ ਖਾਸ ਯਾਦਗਾਰ ਹੈ। ਆਪ ਇਕਾਂਤ ਵਿਚ ਨਾਮ ਸਿਮਰਨ, ਭਜਨ ਬੰਦਗੀ ਨੂੰ ਹਮੇਸ਼ਾ ਤਰਜੀਹ ਦਿੰਦੇ ਸਨ। ਭਾਈ ਸਾਹਿਬ ਜੀ ਨਾਲ ਆਪ ਕੁਮਾਰਹੱਟੀ, ਸ਼ਿਮਲਾ, ਕਸੌਲੀ ਸਮਾਗਮਾਂ ਤੇ ਛੁੱਟੀਆਂ ਲੈ ਕੇ ਜਾਂਦੇ ਸਨ ਤੇ ਕਾਫੀ ਸਮਾਂ ਉਥੇ ਕੁਦਰਤ ਦੇ ਨਜਾਰੇ ਮਾਣਦਿਆਂ, ਨਾਮ ਬਾਣੀ ਦੇ ਲਾਹੇ ਲੈ ਕੇ ਗੁਜ਼ਾਰਦੇ ਸੀ। ਸੇਵਾ ਮੁਕਤੀ ਤੋਂ ਬਾਅਦ ਆਪ ਹਰ ਰੋਜ਼ ਮਾਡਲ ਟਾਊਨ ਨੇੜੇ ਲੰਘਦੀ ਨਹਿਰ ਦੇ ਕੰਢੇ ਜਾ ਕੇ ਲੰਬੀ ਸੈਰ ਕਰਦੇ ਤੇ ਕਾਫੀ ਸਮਾਂ ਉਥੇ ਬੈਠ ਕੇ ਨਾਮ ਸਿਮਰਨ ਜਾਂ ਗੁਰਬਾਣੀ ਦੇ ਪਾਠ ਦਾ ਆਨੰਦ ਲੈਂਦੇ। ਉਥੇ ਬੈਠੇ ਕੁਝ ਬਜ਼ੁਰਗਾਂ ਨੂੰ ਇਕੱਠੇ ਕਰਕੇ, ਸ੍ਰੀ ਸੁਖਮਨੀ ਸਾਹਿਬ ਜੀ ਦਾ ਪਾਠ ਵੀ ਕਰਨਾ ਆਰੰਭ ਕੀਤਾ। ਮਾਡਲ ਟਾਊਨ ਦੀ ਸ਼ਮਸ਼ਾਨ ਘਾਟ ਵਿਚ ਮਾਲੀ ਲਗਾ ਕੇ ਬਾਗਬਾਨੀ ਵੀ ਕਰਵਾਈ। ਆਪ ਅਕਸਰ ਉਥੇ ਆਉਂਦੇ ਜਾਂਦੇ ਰਹਿੰਦੇ ਸਨ। ਜਦੋਂ ਆਪ ਨੂੰ ਪੁੱਛਣਾ ਕਿ ਉਥੇ ਕੀ ਕਰਨ ਜਾਂਦੇ ਹੋ? ਤਾਂ ਕਹਿਣਾ ਕਿ "ਅਗੋਂ ਦੀ ਤਿਆਰੀ"। ਸਸਕਾਰ ਕਰਨ ਆਏ ਲੋਕ ਉਦਾਸ ਤੇ ਮੁਰਝਾਏ ਹੁੰਦੇ ਹਨ, ਜਦ ਕਿ ਇਹ ਸਮਾਂ ਇਸ ਜਨਮ ਤੋਂ ਨਿਜਾਤ ਪਾਉਣ ਦਾ ਵੇਲਾ ਹੁੰਦਾ ਹੈ। ਗੁਰੂ ਸਾਹਿਬ ਸੋਹਿਲਾ (ਗੀਤ) ਪੜਨ ਦੀ ਹਿਦਾਇਤ ਦਿੰਦੇ ਹਨ ਤਾਂ ਇਥੇ ਬਾਗ ਬਗੀਚਾ ਕਿਉਂ ਨਹੀਂ ਹੋਣਾ ਚਾਹੀਦਾ? ਇਹ ਤਾਂ ਸਾਹਿਬ ਨਾਲ ਮਿਲਣ ਦਾ ਰਸਤਾ ਹੈ। ਚੜ੍ਹਾਈ ਕਰਨ ਤੋਂ ਪਹਿਲਾਂ ਤਕਰੀਬਨ ਇਕ ਸਾਲ ਲਗਾਤਾਰ ਆਪ ਇਸੇ ਸ਼ਮਸ਼ਾਨ ਘਾਟ ਵਿਚ ਇਕਾਂਤ ਵਿਚ, ਬੈਠ ਕੇ ਰੋਜ਼ਾਨਾ ਕਿੰਨਾ ਕਿੰਨਾ ਚਿਰ ਨਾਮ ਅਭਿਆਸ ਕਰਦੇ ਰਹੇ।

ਦਮੇ ਦੀ ਪਿਤਾ ਪੁਰਖੀ ਬੀਮਾਰੀ ਤੋਂ ਆਪ ਸਾਰੀ ਆਯੂ ਪੀੜਤ ਰਹੇ ਅਤੇ ਕਈ ਵਾਰੀ ਗੰਭੀਰ ਹਾਲਤ ਵੀ ਬਣ ਜਾਂਦੀ ਸੀ ਪਰ ਆਪ ਨੇ ਕਦੇ ਡਾਕਟਰਾਂ ਦੇ ਚੱਕਰ ਨਹੀਂ ਲਾਏ। ਕਈ ਵਾਰ ਸਾਰੀ ਸਾਰੀ ਰਾਤ ਦਮੇ ਦਾ ਹਮਲਾ ਰਹਿੰਦਾ ਪਰ ਆਪਣੇ ਕੋਲ ਰੱਖੀਆਂ ਦਵਾਈਆਂ ਦੀ ਮਿਕਦਾਰ ਵਧਾ ਘਟਾ ਕੇ ਹਾਲਤ ਕਾਬੂ ਕਰ ਲੈਂਦੇ। ਆਪਣੀ ਸਿਹਤ ਦਾ ਬਹੁਤ ਧਿਆਨ ਰੱਖਦੇ। ਬੁਢਾਪੇ ਵਿਚ ਵੀ ਨਹਿਰ ਵਿਚ ਤਾਰੀ ਲਾਣ ਚਲੇ ਜਾਂਦੇ। ਰੋਜ਼ਾਨਾ ਤੇਲ ਦੀ ਮਾਲਿਸ਼, ਊਠਕ ਬੈਠਕ, ਕਸਰਤ ਆਦਿ ਕਰਨ ਵਿਚ ਕਦੇ ਕੁਤਾਹੀ ਨਹੀਂ ਵਰਤੀ। ਖਾਣ ਪੀਣ ਦਾ ਵੀ ਬਹੁਤ ਸ਼ੌਕ ਸੀ। ਬਦਾਮ, ਸੌਗੀ, ਨਿਓਜ਼ੇ, ਕਾਜੂ ਆਦਿ ਹਮੇਸ਼ਾ ਆਪ ਦੀ ਜੇਬ ਵਿਚ ਪਏ ਰਹਿੰਦੇ ਤੇ ਲੋੜ ਅਨੁਸਾਰ ਛੱਕ ਵੀ ਲੈਂਦੇ ਤੇ ਵੰਡ ਵੀ ਦਿੰਦੇ। ਖਾਣਾ ਭਾਵੇਂ ਥੋੜਾ ਹੀ ਖਾਂਦੇ ਸਨ ਪਰ ਸਭ ਸੁਆਦ ਨਾਲ ਖਾਂਦੇ। ਆਪ ਜੀ ਦੀ ਸਿੰਘਣੀ ਵੀ ਤਰ੍ਹਾਂ ਤਰ੍ਹਾਂ ਦੇ ਸਵਾਦਿਸ਼ਟ ਖਾਣੇ ਬਣਾਉਣ ਦੀ ਮਾਹਿਰ ਸੀ, ਪਰ ਆਪ ਉਸ ਦੀ ਨਿਪੁੰਨਤਾ ਦੀ ਪਰਖ ਕਰਦੇ ਰਹਿੰਦੇ ਸਨ। ਸਿੰਘਣੀ ਬੜੀ ਸਬਰ, ਸੰਤੋਖ, ਸ਼ਾਂਤ ਸੁਭਾਅ ਵਾਲੀ ਸੀ ਤੇ ਹਮੇਸ਼ਾ ਆਪ ਜੀ ਦੀ ਰੁਚੀ ਦਾ ਧਿਆਨ ਰੱਖ ਕੇ ਹੀ ਖਾਣੇ ਬਣਾਉਂਦੀ ਹੁੰਦੀ ਸੀ। ਆਪ ਦਿਨ ਵਿਚ ਇਕ ਵਾਰ ਖਾਣ ਦੇ ਆਦੀ ਨਹੀਂ ਸਨ, ਬਲਕਿ ਨਾਸ਼ਤਾ, ਦੁਪਹਿਰ ਤੇ ਰਾਤ ਦਾ ਖਾਣਾ ਤਿੰਨੇ ਵੇਲੇ ਸਮੇਂ ਸਿਰ ਛਕਦੇ ਸਨ। ਖਾਣੇ ਵਿਚ ਦਾਲ, ਸਬਜ਼ੀ, ਦਹੀਂ/ਰੈਤਾ, ਸਲਾਦ, ਛੋਟੇ ਛੋਟੇ ਹਲਕੇ ਫੁਲਕੇ ਹੁੰਦੇ ਸਨ। ਗਰਮ ਪ੍ਰਸ਼ਾਦੇ ਅਤੇ ਮਿਠਿਆਈ ਖਾਣ ਦਾ ਵੀ ਬਹੁਤ ਸ਼ੌਂਕ ਸੀ, ਜਿਸ ਨੂੰ ਬਣਾਉਣ ਵਿਚ ਆਪ ਜੀ ਦੀ ਸਿੰਘਣੀ ਖਾਸ ਮੁਹਾਰਤ ਰਖਦੇ ਸਨ। ਕਈ ਵਾਰੀ ਦੌਰੀ ਸੋਟਾ ਲੈ ਕੇ ਆਪ ਹੀ ਚਟਣੀ ਬਣਾਉਣ ਲੱਗ ਪੈਂਦੇ। ਵੈਸੇ ਇਹ ਵਰਤਾਰਾ ਇਨ੍ਹਾਂ ਦੇ ਛੋਟੇ ਭਰਾਵਾਂ ਤੇ ਭੈਣਾਂ ਦੇ ਪ੍ਰੀਵਾਰਾਂ ਵਿਚ ਸੀ ਤੇ ਸਾਰੇ ਹੀ ਖਾਣ ਪੀਣ ਦੇ ਸ਼ੌਕੀਨ ਸਨ।



www.AKJ.Org

ਆਪ ਜੀ ਨੂੰ ਨਾਮ ਬਾਣੀ ਦੀ ਅਤੁਟ ਕਮਾਈ ਸਦਕਾ ਪ੍ਰਤੀਤ ਹੋ ਗਿਆ ਸੀ ਕਿ ਅੰਤ ਸਮਾਂ ਨੇੜੇ ਹੀ ਹੈ। ਆਪ ਜੀ ਦੀ ਜ਼ਿੰਦਗੀ ਦਾ ਆਖਰੀ ਪੋਹ ਸੁਦੀ ਸਮਾਗਮ ਸੰਨ 1986 ਜਦ ਆਇਆ, ਜੋ ਕਿ ਮਾਡਲ ਟਾਊਨ ਲੁਧਿਆਣਾ ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰੇ ਮਨਾਇਆ ਜਾਂਦਾ ਹੈ ਤੇ ਆਪ ਇਸ ਸਮਾਗਮ ਵਿਚ ਸਾਰਾ ਸਮਾਂ ਲੰਗਰ ਵਿਚ ਇਕ ਨੁਕਰੇ ਬੈਠੇ ਸੰਗਤਾਂ ਦੇ ਸਰਬਲੋਹੀ ਬਰਤਨ ਹੀ ਮਾਂਜਦੇ ਰਹੇ। ਕਿਸੇ ਨਾਲ ਕੋਈ ਬਚਨ ਬਿਲਾਸ ਨਹੀਂ ਕੀਤਾ, ਬਲਕਿ ਸੁਰਤ ਲਾਊਡ ਸਪੀਕਰ ਰਾਹੀਂ ਸੁਣੀਂਦੇ ਕੀਰਤਨ ਵੱਲ, ਹੱਥ ਯਾਰ ਦੀ ਸਫਲੀ ਕਾਰ ਵਿਚ ਹੀ ਲੱਗੇ ਰਹੇ। ਇਸ ਸਮਾਗਮ ਤੇ ਆਏ, ਆਪਣੇ ਛੋਟੇ ਵੀਰ ਪੂਰਨ ਜੀ ਨੂੰ ਇਸ਼ਾਰੇ ਮਾਤਰ ਦਸ ਦਿੱਤਾ ਕਿ ਹੁਣ ਅਗੇ ਲਈ ਤਿਆਰੀਆਂ ਹਨ। ਮਾਡਲ ਟਾਊਨ ਸ਼ਮਸ਼ਾਨ ਘਾਟ ਵਿਚ ਆਪ ਨੇ ਸਾਲ ਭਰ ਪਹਿਲਾਂ ਹੀ ਜਾਣਾ ਸ਼ੁਰੂ ਕਰ ਦਿੱਤਾ ਸੀ ਤੇ ਫੁੱਲਾਂ ਨਾਲ ਪਿਆਰ ਕਰਕੇ ਉਥੇ ਫੁੱਲਾਂ ਦੇ ਬੂਟੇ ਵੀ ਲਗਵਾ ਦਿੱਤੇ ਸਨ। ਆਪ ਨੇ ਪ੍ਰੀਵਾਰਕ ਮੈਂਬਰਾਂ ਨੂੰ ਵੀ ਕਹਿ ਦਿੱਤਾ ਸੀ ਕਿ ਅੰਤਮ ਸਮੇਂ ਮੇਰੇ ਸਰੀਰ ਦਾ ਸਸਕਾਰ ਇਸੇ ਸ਼ਮਸ਼ਾਨ ਭੂਮੀ ਵਿਚ ਹੀ ਕਰਨਾ। ਇਉਂ ਆਪ ਜੀ ਨੇ ਗੁਰਬਾਣੀ ਦੇ ਇਸ ਸਲੋਕ ਨੂੰ ਦ੍ਰਿੜ ਕਰਕੇ ਅਮਲੀ ਤੌਰ ਤੇ ਨਿਭਾ ਦਿੱਤਾ :-

**ਫਰੀਦਾ ਮੰਡਪ ਮਾਲੁ ਨ ਲਾਇ ਮਰਗ ਸਤਾਣੀ ਚਿਤਿ ਧਰਿ ॥**
**ਸਾਈ ਜਾਇ ਸਮ੍ਾਲਿ ਜਿਥੈ ਹੀ ਤਉ ਵੰਞਣਾ ॥੫੮॥**

(੧੩੮੧)

ਇਸੇ ਤਰ੍ਹਾਂ ਦਿਨ ਬਿਤਾਉਂਦਿਆਂ 6 ਮਾਰਚ 1986 ਦਾ ਅੰਮ੍ਰਿਤ ਵੇਲਾ ਆ ਗਿਆ। ਸਿਹਤ ਕਮਜੋਰ ਹੈ ਸੀ ਪਰ ਕੋਈ ਖਾਸ ਖੇਚਲ ਨਹੀਂ ਸੀ। ਦੋ ਦਿਨ ਤੋਂ ਕੁਝ ਪੇਟ ਖਰਾਬ ਸੀ ਤੇ ਹਲਕਾ ਫੁਲਕਾ ਹੀ ਛੱਕਦੇ ਸਨ। ਥੋੜ੍ਹਾ ਬੁਖਾਰ ਵੀ ਹੋ ਗਿਆ, ਜਿਸ ਲਈ ਆਪਣੇ ਕੋਲੋਂ ਹੀ ਦਵਾਈ ਲੈ ਕੇ ਵਰਤ ਲਈ। ਉਸ ਦਿਨ ਆਪਣੇ ਨਿਤ ਦੇ ਪ੍ਰੋਗਰਾਮ ਮੁਤਾਬਕ ਅੰਮ੍ਰਿਤ ਵੇਲੇ ਪੂਰਨ ਤਰ੍ਹਾਂ ਸਾਵਧਾਨ ਹੋਏ। ਆਪਣੀ ਸਿੰਘਣੀ ਪਾਸੋਂ ਨਿਤਨੇਮ, ਸ੍ਰੀ ਸੁਖਮਨੀ ਸਾਹਿਬ, ਤੇ ਹੋਰ ਬਾਣੀਆਂ ਦੇ ਪਾਠ ਸਰਵਣ ਕੀਤੇ ਅਤੇ ਆਨੰਦ ਮਾਣੇ। ਫਿਰ ਕੁਝ ਆਰਾਮ ਕੀਤਾ। ਸਵੇਰੇ ਛੋਟੇ ਬੱਚਿਆਂ ਨੂੰ ਪਿਆਰ ਦੇ ਕੇ ਅਤੇ ਗੁਰਬਾਣੀ ਦਾ ਪਾਠ ਸੁਣ ਕੇ ਸਕੂਲ ਭੇਜਿਆ। ਕੁਝ ਦੇਰ ਬਾਅਦ ਆਪ ਜੀ ਦਾ ਸਪੁੱਤਰ ਉਪਰ ਦੁੱਧ/ਬਨਫਸ਼ਾ ਛਕਾਉਣ ਗਿਆ ਤਾਂ ਦੇਖਿਆ ਕਿ ਨਿਢਾਲ ਪਏ ਹਨ। ਆਵਾਜ਼ਾਂ ਦਿੱਤੀਆਂ, ਪਰ ਕੋਈ ਉੱਤਰ ਨਹੀਂ ਸੀ। ਜਦੋਂ ਡਾਕਟਰ ਨੂੰ ਬੁਲਾਇਆ ਗਿਆ ਤਾਂ ਉਸ ਵੇਲੇ ਭੌਰ ਉਡਾਰੀ ਮਾਰ ਚੁੱਕਿਆ ਸੀ ਅਤੇ ਆਪ ਦੀ ਆਤਮਾ ਪੰਜ ਭੂਤਕ ਸਰੀਰਕ ਚੋਲਾ ਤਿਆਗ ਕੇ ਗੁਰੂ ਚਰਨਾਂ ਵਿਚ ਜਾ ਬਿਰਾਜੀ ਸੀ।

ਭਾਵੇਂ ਆਪ ਨੇ ਤਾਅ ਜ਼ਿੰਦਗੀ ਬੱਚਿਆਂ ਨਾਲ ਕੋਈ ਮੋਹ ਨਹੀਂ ਰੱਖਿਆ ਪਰ ਉਨ੍ਹਾਂ ਦੀ ਪੜ੍ਹਾਈ ਅਤੇ ਆਪਣੇ ਹੋਰ ਸੰਸਾਰੀ ਫਰਜਾਂ ਲਈ ਹਰ ਕੁਰਬਾਨੀ ਦੇਣ ਤੋਂ ਕਦੇ ਅਵੇਸਲੇ ਨਹੀਂ ਹੋਏ। ਅੰਦਰ ਦੀ ਖਿੱਚ ਦੇ ਸਦਕਾ, ਹਜ਼ਾਰਾਂ ਮੀਲ ਦੂਰ ਵਿਦੇਸ਼ਾਂ ਵਿਚ ਬੈਠੀ ਆਪਣੀ ਪੁੱਤਰੀ ਦੇ ਦੁੱਖ ਸੁੱਖ ਦੀ ਸੋਅ ਲੈਂਦੇ ਰਹਿੰਦੇ ਸਨ, ਜਦੋਂ ਕਿ ਉਦੋਂ ਅਜੇ ਟੈਲੀਫੋਨ ਦੀ ਸੇਵਾ ਉਪਲਬਧ ਨਹੀਂ ਸੀ। ਇਸ ਦੀ ਮਿਸਾਲ ਉਨ੍ਹਾਂ ਵਲੋਂ ਲਿਖੀ ਪਿਆਰ ਭਰੀ ਪਤ੍ਰਿਕਾ ਜੋ ਉਨ੍ਹਾਂ ਆਪਣੇ ਅੰਤਮ ਸਮੇਂ ਤੋਂ ਕੁਝ ਦਿਨ ਪਹਿਲਾਂ, ਆਪਣੀ ਪੁੱਤਰੀ ਨੂੰ ਲਿਖੀ ਸੀ ਅਤੇ ਜੋ ਡਾਕ ਰਾਹੀਂ ਉਨ੍ਹਾਂ ਦੇ ਗੁਰਪੁਰੀ ਸਿਧਾਰਨ ਤੋਂ ਬਾਅਦ ਅਮਰੀਕਾ ਵਿਚ ਪਹੁੰਚੀ। ਇਸ ਪਤ੍ਰਿਕਾ ਵਿਚ ਸਭ ਤੋਂ ਪਹਿਲਾਂ ਲਿਖਿਆ ਸੀ:-

**ਮਿਲਿਐ ਮਿਲਿਆ ਨਾ ਮਿਲੈ ਮਿਲੈ ਮਿਲਿਆ ਜੇ ਹੋਇ ॥**
**ਅੰਤਰ ਆਤਮੈ ਜੋ ਮਿਲੈ ਮਿਲਿਆ ਕਹੀਐ ਸੋਇ ॥**

ਇਸ ਤਰ੍ਹਾਂ ਹਮੇਸ਼ਾ ਲਈ ਸਾਨੂੰ ਸਭ ਨੂੰ, ਹਿਰਦਿਆਂ ਵਿਚ ਮਿਲੇ ਰਹਿਣ ਦੀ ਜੁਗਤੀ ਦਸ ਕੇ, ਹਮੇਸ਼ਾ ਲਈ ਆਤਮਿਕ ਸਾਂਝ ਕਾਇਮ ਕਰ ਗਏ।


www.AKJ.Org

# ਮਾਸਟਰ ਭੁਪਿੰਦਰ ਸਿੰਘ ਜੀ, ਚੰਡੀਗੜ

ਬੀਬੀ ਤਰਨਜੋਤ ਕੌਰ ਸਰੀ ਕੈਨੇਡਾ

ਜਥੇ ਦੇ ਸਿਰਕੱਢ ਗੁਰਸਿੱਖ ਪ੍ਰੀਵਾਰ ਦੇ ਇਕ ਹੋਰ ਮੈਂਬਰ ਮਾਸਟਰ ਭੁਪਿੰਦਰ ਸਿੰਘ ਜੀ, ਜੋ ਭਾਈ ਹਰਨਾਮ ਸਿੰਘ ਜੀ ਕੋਮਲ ਦੇ ਛੋਟੇ ਅਤੇ ਭਾਈ ਸਾਹਿਬ ਸੂਰਤ ਸਿੰਘ ਪੂਰਨ ਜੀ ਦੇ ਵੱਡੇ ਭਰਾਤਾ ਸਨ ਅਤੇ ਆਪਣੇ ਬਾਕੀ ਦੋਹਾਂ ਭਰਾਵਾਂ ਵਾਂਗ ਬਚਪਨ ਤੋਂ ਹੀ ਗੁਰਬਾਣੀ, ਨਾਮ ਬਾਣੀ ਦੇ ਰਸੀਏ ਅਤੇ ਉੱਚ ਆਤਮਿਕ ਅਵਸਥਾ ਦੇ ਮਾਲਿਕ ਸਨ। ਆਪ ਜੀ ਦਾ ਜਨਮ ਸੰਨ 1918 ਵਿਚ ਮਿੱਠਾ ਟਿਵਾਣਾ ਜਿਨ੍ਹਾਂ ਸਰਗੋਧਾ (ਪਾਕਿਸਤਾਨ) ਪਿਤਾ ਸ. ਗੁਲਾਬ ਸਿੰਘ ਜੀ ਅਤੇ ਮਾਤਾ ਲਛਮੀ ਬਾਈ ਜੀ ਦੇ ਘਰ ਹੋਇਆ। ਪਿਤਾ ਜੀ ਤਾਂ ਆਮ ਸਿੱਖਾਂ ਵਾਂਗ ਨਿਤਨੇਮੀ ਤੇ ਗੁਰੂ ਘਰ ਦੇ ਸ਼ਰਧਾਲੂ ਸਿੱਖ ਸਨ ਅਤੇ ਆੜ੍ਹਤ ਦਾ ਥੋਕ ਵਾਪਾਰ ਕਰਦੇ ਸਨ ਤੇ ਪਾਕਿਸਤਾਨ ਬਣਨ ਤਾਈਂ ਉਨ੍ਹਾਂ ਦੀ ਮਾਲੀ ਹਾਲਤ ਵੀ ਚੰਗੀ ਸੀ। ਆਪ ਜੀ ਦੇ ਮਾਤਾ ਜੀ ਭਾਵੇਂ ਸਹਿਜਧਾਰੀ ਪ੍ਰੀਵਾਰ ਵਿਚੋਂ ਸਨ, ਪਰ ਗੁਰੂ ਸਾਹਿਬ ਤੇ ਅਟੱਲ ਭਰੋਸੇ, ਸਿਦਕ, ਗੁਰੂ ਘਰ ਦੀ ਪ੍ਰੇਮੀ, ਅਣਥੱਕ ਸੇਵਾਦਾਰ ਤੇ ਹਰ ਵੇਲੇ ਗੁਰਬਾਣੀ ਦੇ ਆਹਾਰੀ ਸਨ। ਅੰਮ੍ਰਿਤ ਵੇਲੇ ਚੱਕੀ ਨਾਲ ਆਟਾ ਪੀਸਦਿਆਂ ਤੇ ਦੁੱਧ ਰਿੜਕਨ ਵੇਲੇ ਦੋ ਸੁਖਮਨੀ ਸਾਹਿਬ ਜੀ ਦੇ ਪਾਠ ਕਰ ਲੈਂਦੇ ਸਨ ਅਤੇ ਆਏ ਗਏ ਗੁਰਸਿਖਾਂ, ਗੁਰੂ ਦੇ ਭਗਤਾਂ ਦੀ ਅਣਥਕ ਸੇਵਾ ਕਰਕੇ ਜਨਮ ਸਫਲਾ ਕਰਦੇ ਸਨ। ਆਪ ਜੀ ਦੇ ਘਰ ਨੌਂ ਬੱਚੇ ਪੈਦਾ ਹੋਏ, ਪਰ ਛੋਟੀ ਆਯੂ ਵਿਚ ਹੀ ਛੋਟੇ ਛੋਟੇ ਬੱਚੇ ਛੱਡ ਕੇ 1931-32 ਵਿਚ ਗੁਰੂ ਚਰਨਾਂ ਵਿਚ ਜਾ ਬਿਰਾਜੇ। ਮਾਤਾ ਜੀ ਦੇ ਉੱਤਮ ਜੀਵਨ ਤੇ ਸੁਕ੍ਰਿਤ ਕਰਣੀ ਕਰਕੇ ਆਪ ਜੀ ਅੰਦਰ ਬਚਪਨ ਤੋਂ ਹੀ ਗੁਰੂ ਘਰ ਲਈ ਸ਼ਰਧਾ, ਪ੍ਰੇਮ ਤੇ ਲਗਨ ਪੈਦਾ ਹੋ ਗਈ ਸੀ।

ਆਪ ਜੀ ਦੇ ਮਾਸੀ ਗਿਆਨ ਕੌਰ ਜੀ ਦੀ ਸੰਗਤ ਤੇ ਪ੍ਰੇਰਨਾ ਨਾਲ, ਆਪ ਦੇ ਵੱਡੇ ਭਰਾਤਾ ਕੋਮਲ ਜੀ ਨੂੰ ਪਹਿਲਾਂ ਹੀ ਭਾਈ ਵੀਰ ਸਿੰਘ ਜੀ ਦੀ ਸੰਗਤ ਪ੍ਰਾਪਤ ਹੋ ਚੁੱਕੀ ਸੀ। ਉਹ ਉਨ੍ਹਾਂ ਦੇ ਪ੍ਰਸ਼ੰਸਕ ਬਣ ਗਏ ਸਨ ਅਤੇ ਨਾਲ ਹੀ ਕਵਿਤਾ ਵੀ ਰਚਣਾ ਸ਼ੁਰੂ ਕਰ ਦਿੱਤੀ ਸੀ। ਫਿਰ ਉਨ੍ਹਾਂ ਦੇ ਸਬੰਧ ਕਿਸੇ ਸੱਜਣ ਰਾਹੀਂ, ਆਪਣੀ ਦੁਨਿਆਵੀ ਕ੍ਰਿਤ ਦੌਰਾਨ ਲਾਹੌਰ ਰਹਿੰਦਿਆਂ, ਜਥੇ ਦੇ ਪੁਰਾਤਨ ਸਿੰਘਾਂ ਅਤੇ ਭਾਈ ਸਾਹਿਬ ਜੀ ਨਾਲ ਜੁੜ ਗਏ। ਭਾਈ ਸਾਹਿਬ ਜੀ ਦੀ ਰਹਿਣੀ ਬਹਿਣੀ ਅਤੇ ਸਖਸ਼ੀਅਤ ਤੋਂ ਐਸਾ ਪ੍ਰਭਾਵਿਤ ਹੋਏ ਕਿ ਉਨ੍ਹਾਂ ਦੇ ਹੀ ਬਣ ਗਏ। ਆਪ ਜੀ ਦੇ ਵੱਡੇ ਭਰਾ ਜੀ ਜੋ ਹਰ ਵੇਲੇ ਪ੍ਰੇਮ ਰੰਗਾਂ ਵਿਚ ਰੰਗੇ ਰਹਿੰਦੇ ਸਨ, ਦੀ ਪ੍ਰੇਰਨਾ ਤੇ ਸੰਗਤ ਨਾਲ ਆਪ ਜੀ ਤਿੰਨੇ ਭਰਾਵਾਂ ਨੇ ਪੋਹ ਸੁਦੀ ਸਪਤਮੀ ਸਮਾਗਮ ਨਾਰੰਗਵਾਲ ਵਿਖੇ ਸੰਨ 1937 ਵਿਚ ਅੰਮ੍ਰਿਤ ਦੀ ਦਾਤ ਪ੍ਰਾਪਤ ਕਰ ਲਈ। ਆਪ ਜੀ ਨੂੰ ਗੁਰਬਾਣੀ ਦੇ ਪਾਠ ਕਰਨ, ਸੁਨਣ ਦੀ ਲਾਲਸਾ ਤਾਂ ਬਚਪਨ ਤੋਂ ਹੀ ਮਾਤਾ ਜੀ ਤੋਂ ਪ੍ਰਾਪਤ ਹੋ ਗਈ ਸੀ, ਪਰ ਭਾਈ ਸਾਹਿਬ ਅਤੇ ਜਥੇ ਦਾ ਅਲੌਕਿਕ ਕੀਰਤਨ ਸੁਣ ਕੇ ਜਥੇ ਨਾਲ ਪੱਕੇ ਤੌਰ ਤੇ ਜੁੜ ਗਏ। ਅੰਮ੍ਰਿਤ ਛਕਣ ਸਾਰ ਆਪ ਜੀ ਦੀ ਕਾਇਆ ਕਲਪ ਇਸ ਤਰ੍ਹਾਂ ਪਲਟੀ ਗਈ ਕਿ ਆਪ ਜੀ ਉੱਚ ਆਤਮਿਕ ਅਵਸਥਾ ਵਿਚ ਪਹੁੰਚ ਕੇ, ਆਤਮਿਕ ਖੇਡਾਂ ਦਾ ਅਨੰਦ ਮਾਨਣ ਲੱਗ ਪਏ। ਆਪ ਨੇ ਸਾਰੀ ਆਯੂ, ਸਰੀਰਕ ਦੁੱਖਾਂ-ਸੁਖਾਂ ਵੇਲੇ ਵੀ, ਨਾਮ ਬਾਣੀ ਗੁਰਬਾਣੀ ਦੀ ਅਤੁਟ ਕਮਾਈ ਕਰਦਿਆਂ ਇਕ ਰਸ ਬਤੀਤ ਕੀਤੀ ਤੇ ਕਦੇ ਵੀ ਨਹੀਂ ਡੋਲੇ।

ਆਪ ਜੀ ਨੇ ਮੁੱਢਲੀ ਵਿਦਿਆ ਪਿੰਡ ਦੇ ਸਕੂਲ ਤੋਂ ਲੈ ਕੇ ਦਸਵੀਂ ਸਰਗੋਧਾ ਹਾਈ ਸਕੂਲ ਤੋਂ ਕੀਤੀ। ਆਪ ਪੜ੍ਹਾਈ ਵਿਚ ਬਹੁਤ ਹੁਸ਼ਿਆਰ ਸਨ ਤੇ ਦੇਸ਼ ਦੀ ਵੰਡ ਹੋਣ ਕਾਰਨ ਅਗੋਂ ਪੜ੍ਹਾਈ ਜਾਰੀ ਨਾ ਰੱਖ ਸਕੇ। ਦੇਸ਼ ਦੀ ਵੰਡ ਹੋਣ ਕਰਕੇ ਪਿਤਾ ਜੀ ਦਾ ਕਾਰੋਬਾਰ ਵੀ ਖਤਮ ਹੋ ਗਿਆ। ਮਾਲੀ ਹਾਲਤ ਕਮਜੋਰ ਹੋਣ ਕਾਰਨ, ਆਪ ਜੀ ਨੂੰ ਵੱਡੇ



www.AKJ.Org

ਭਰਾ ਕੋਮਲ ਜੀ ਦਾ ਬਾਕੀ ਪ੍ਰੀਵਾਰਕ ਮੈਂਬਰਾਂ ਦੀ ਪਾਲਣਾ ਪੋਸ਼ਣਾ ਲਈ ਸਾਥ ਦੇਣਾ ਪਿਆ। ਇਸ ਕਰਕੇ ਆਪ ਜੀ ਨੇ ਭਾਰਤ ਸਰਕਾਰ ਦੇ ਰੱਖਿਆ ਮੰਤਰਾਲੇ ਵਿਚ C.D.S. (Accounts) ਬ੍ਰਾਂਚ ਵਿਚ ਨੌਕਰੀ ਕਰ ਲਈ। ਆਪ ਜੀ ਨੇ ਨੌਕਰੀ ਦੇ ਨਾਲ ਨਾਲ ਪਹਿਲਾਂ ਬੀ.ਏ. ਪਾਸ ਕੀਤੀ ਤੇ ਫਿਰ ਐੱਮ. ਏ. (ਫਿਲਾਸਫੀ) ਵੀ ਕਰ ਲਈ। ਆਪ ਜੀ ਦੀ ਪਹਿਲੀ ਪੋਸਟਿੰਗ ਅਲਾਹਾਬਾਦ (ਯੂ.ਪੀ.) ਵਿਚ ਹੋਈ ਸੀ।

ਦੇਸ਼ ਦੀ ਵੰਡ ਵੇਲੇ ਆਪ ਨੇ ਪ੍ਰੀਵਾਰ ਅਤੇ ਸਿੱਖ ਸੰਗਤਾਂ ਨੂੰ ਸੁਰੱਖਿਅਤ ਕੱਢਣ ਵਾਸਤੇ ਖਾਸ ਰੋਲ ਅਦਾ ਕੀਤਾ ਜੋ ਨਾ ਭੁਲਣ ਯੋਗ ਹੈ। ਆਪ ਜੀ ਦੂਜਿਆਂ ਦੀ ਮਦਦ ਕਰਨ ਦਾ ਬਹੁਤ ਜਜ਼ਬਾ ਰਖਦੇ ਸਨ। ਜਦੋਂ ਕਤਲੇਆਮ ਅਤੇ ਲੁੱਟ-ਖਸੁੱਟ ਸ਼ੁਰੂ ਹੋ ਗਈ ਤਾਂ ਆਪ ਜੀ ਆਰਮੀ ਦਾ ਟਰੱਕ ਲੈ ਕੇ, ਵਰਦੀਆਂ ਗੋਲੀਆਂ ਵਿਚ ਬਾਕੀ ਪ੍ਰੀਵਾਰਕ ਮੈਂਬਰਾਂ ਤੇ ਹੋਰ ਸਿੱਖ ਸੰਗਤਾਂ ਨੂੰ ਸੁਰੱਖਿਅਤ ਕੱਢ ਕੇ ਲੈ ਆਏ। ਸਰਨਾਰਥੀਆਂ ਦੇ ਕੈਂਪਾਂ ਵਿਚ ਲੰਗਰ ਲਈ ਰਾਸ਼ਨ ਤੇ ਦਵਾਈਆਂ ਦਾ ਵੀ ਪ੍ਰਬੰਧ ਕਰਦੇ ਰਹੇ।

ਜਦੋਂ ਆਪ C.D.S. ਵਿਚ ਅਲਾਹਾਬਾਦ ਨੌਕਰੀ ਕਰਦੇ ਸਨ ਤੇ ਇਕ ਵਾਰ ਆਪ ਨੂੰ ਸਮੁੰਦਰੀ ਜਹਾਜ਼ ਰਾਹੀਂ ਸਰਕਾਰੀ ਕੰਮ ਕਾਜ ਲਈ ਇਰਾਕ ਜਾਣਾ ਪਿਆ। ਜਹਾਜ਼ ਤੇ ਉਨ੍ਹਾਂ ਤੋਂ ਇਕ ਸਮੁੰਦਰੀ ਡਕੈਤ ਅਰਬੀ ਬੋਲੀ ਵਿਚ ਫਨੂਸ ਫਨੂਸ ਕਰਕੇ ਮੰਗਣ ਲੱਗਾ ਤੇ ਮਾਰਨ ਦੀ ਧਮਕੀ ਵੀ ਦਿੱਤੀ। ਉਦੋਂ ਆਪ ਅਜੇ ਭਰ ਜਵਾਨੀ ਵਿਚ ਸਨ ਤੇ ਦਲੇਰੀ ਵੀ ਬੜੀ ਸੀ। ਜਲਦੀ ਨਾਲ ਆਪਣੀ ਕ੍ਰਿਪਾਨ ਕੱਢ ਕੇ ਕਿਹਾ, "ਯੇ ਫਨੂਸ" ਕ੍ਰਿਪਾਨ ਦੇਖ ਕੇ ਉਹ ਡਕੈਤ ਡਰ ਕੇ ਪਰੇ ਚਲਾ ਗਿਆ। ਇਸ ਘਟਨਾ ਬਾਰੇ ਜ਼ਿਕਰ ਕਰਦੇ ਕਿਹਾ ਕਰਦੇ ਸਨ ਕਿ ਗੁਰੂ ਸਾਹਿਬ ਜੀ ਨੇ ਆਪ ਹੀ ਕਕਾਰਾਂ ਦੀ ਅਹਿਮੀਅਤ ਦਰਸਾ ਦਿੱਤੀ।

ਕੋਮਲ ਜੀ ਦੀ ਸਿੰਘਣੀ ਬੀਬੀ ਇੰਦਰਜੀਤ ਕੋਰ ਆਪ ਜੀ ਦੇ ਵੱਡੇ ਭਰਜਾਈ ਸਨ। ਕੋਮਲ ਜੀ ਦੇ ਸਖਤ ਸੁਭਾਅ ਕਰਕੇ, ਆਪ ਜੀ ਉਨ੍ਹਾਂ ਤੋਂ ਡਰਦੇ ਸਨ, ਪਰ ਭਰਜਾਈ ਨਾਲ ਦਿਲ ਦੀ ਹਰ ਗੱਲ ਸਾਂਝੀ ਕਰ ਲੈਂਦੇ ਸਨ ਅਤੇ ਉਨ੍ਹਾਂ ਦੇ ਨਾਲ ਬਹੁਤ ਪ੍ਰੇਮ ਕਰਦੇ ਸਨ। ਆਪ ਜੀ ਦੇ ਮਾਤਾ ਜੀ ਤਾਂ ਛੋਟੀ ਉਮਰੇ ਹੀ ਚਲ ਵੱਸੇ ਸਨ ਤੇ ਆਪਣੀ ਵੱਡੀ ਭਰਜਾਈ ਨੂੰ ਮਾਂ ਵਾਂਗ ਸਤਿਕਾਰ ਦਿੰਦੇ ਸਨ। ਬੀਬੀ ਇੰਦਰਜੀਤ ਕੌਰ ਜੀ ਵੀ ਆਪ ਦੇ ਪੇਕਾ ਪ੍ਰੀਵਾਰ ਵਿਚ ਸਭ ਤੋਂ ਵੱਡੇ ਸਨ ਅਤੇ ਉਨ੍ਹਾਂ ਦੇ ਮਾਤਾ ਪਿਤਾ ਵੀ ਉਸ ਦੀ ਹਰ ਗੱਲ ਮੰਨ ਲੈਂਦੇ ਸਨ। ਦੇਸ਼ ਦੀ ਵੰਡ ਤੋਂ ਬਾਅਦ ਉਨ੍ਹਾਂ ਦੇ ਪ੍ਰੀਵਾਰ ਦੀ ਮਾਇਕ ਹਾਲਤ ਵੀ ਕਮਜ਼ੋਰ ਹੋ ਗਈ ਸੀ। ਆਪ ਜੀ ਦੇ ਨਿਰਮਲ ਸੁਭਾਅ ਨੂੰ ਦੇਖ ਕੇ, ਉਨ੍ਹਾਂ ਆਪਣੀ ਛੋਟੀ ਭੈਣ ਬੀਬੀ ਜਸਬੀਰ ਕੌਰ ਜੀ ਦਾ ਰਿਸ਼ਤਾ ਕੋਮਲ ਜੀ ਰਾਹੀਂ, ਇਨ੍ਹਾਂ ਦੋਹਾਂ ਦੀ ਸਹਿਮਤੀ ਨਾਲ ਭਾਈ ਸਾਹਿਬ ਜੀ ਅਤੇ ਬਾਊ ਮਲ ਸਿੰਘ ਜੀ ਦੇ ਸਾਹਮਣੇ ਰੱਖਿਆ ਗਿਆ ਜੋ ਉਨ੍ਹਾਂ ਵਲੋਂ ਖੁਸ਼ੀ ਖੁਸ਼ੀ ਪ੍ਰਵਾਨ ਕੀਤਾ ਗਿਆ। ਪੋਹ ਸੁਦੀ ਸਤਵੀਂ ਦੇ ਸਮਾਗਮ ਸਮੇਂ ਲੁਧਿਆਣੇ ਹੀ ਦਸੰਬਰ 1947 ਵਿਚ ਇਨ੍ਹਾਂ ਦੋਹਾਂ ਦਾ ਅਨੰਦ ਕਾਰਜ ਹੋਇਆ। ਬੀਬੀ ਜਸਬੀਰ ਕੌਰ ਜੀ ਵੀ ਕੀਰਤਨ ਦੀ ਧਨੀ ਸੀ ਅਤੇ ਆਪ ਤੋਂ 9-10 ਸਾਲ ਉਮਰ ਵਿਚ ਛੋਟੀ ਵੀ ਸੀ। ਦਸਵੀਂ ਪਾਸ ਕਰਨ ਤੋਂ ਬਾਅਦ ਉਸ ਨੂੰ ਉਤਸ਼ਾਹਿਤ ਕਰਕੇ ਜੂਨੀਅਰ ਬੇਸਿਕ ਟਰੇਨਿੰਗ (J.B.T.) ਕਰਵਾਈ ਜੋ ਇਕ ਪ੍ਰਾਇਮਰੀ ਟੀਚਰ ਟਰੇਨਿੰਗ ਮੰਨੀ ਜਾਂਦੀ ਸੀ ਅਤੇ ਸਰਕਾਰੀ ਨੌਕਰੀ ਵਾਸਤੇ ਜ਼ਰੂਰੀ ਸ਼ਰਤ ਸੀ। ਅਲਾਹਾਬਾਦ ਫੌਜੀ ਨੌਕਰੀ ਦੌਰਾਨ ਆਪਣੀ ਛੋਟੀ ਭੈਣ ਨੂੰ ਵੀ ਸਿੰਘਣੀ ਦੇ ਨਾਲ ਹੀ J.B.T. ਦਾ ਕੋਰਸ ਕਰਵਾਇਆ ਤੇ ਦੋਨੋਂ ਹੀ ਕੋਰਸ ਪਾਸ ਕਰਕੇ ਸਰਕਾਰੀ ਪ੍ਰਾਇਮਰੀ ਸਕੂਲ ਵਿਚ ਅਧਿਆਪਕ ਲੱਗ ਗਈਆਂ।

ਆਪ ਜੀ ਦਾ ਮਹਿਕਮਾ ਫੌਜ ਨਾਲ ਸਬੰਧਤ ਹੋਣ ਕਰਕੇ ਤਬਾਦਲੇ ਜਲਦੀ ਜਲਦੀ ਹੁੰਦੇ ਰਹਿੰਦੇ ਸਨ ਤੇ ਕਈ ਵਾਰ ਸਿੰਘਣੀ ਨੂੰ ਇਕੱਲੀ ਛੱਡ ਕੇ ਨਵੀਂ ਜਗ੍ਹਾ ਤੇ ਜਾਣਾ ਪੈਂਦਾ ਸੀ। ਕਦੇ-ਕਦੇ ਬਾਹਰਲੇ ਦੇਸ਼ਾਂ ਵਿਚ ਸਰਕਾਰੀ ਕੰਮ ਕਾਜ ਲਈ ਵੀ ਜਾਣਾ ਪੈਂਦਾ ਸੀ ਤੇ ਇਸ ਤਰ੍ਹਾਂ ਆਪ ਦੀ ਰੋਜਨਾਮਚਾ ਜ਼ਿੰਦਗੀ ਵਿਚ ਗੜਬੜ ਹੁੰਦੀ ਰਹਿੰਦੀ



www.AKJ.Org

ਸੀ ਜੋ ਆਪ ਨੂੰ ਚੰਗਾ ਨਹੀਂ ਸੀ ਲੱਗਦਾ। ਫੌਜ ਦੀ ਨੌਕਰੀ ਕਾਰਨ ਜਿਥੇ ਦੋਹਾਂ ਦੀ ਨੌਕਰੀ ਕਰਨ ਵਿਚ ਵਿਘਨ ਪੈਂਦਾ ਸੀ, ਉਥੇ ਸਮਾਗਮਾਂ 'ਤੇ ਜਾਣ ਲਈ ਵੀ ਕਈ ਵਾਰ ਛੁੱਟੀ ਨਾ ਮਿਲਦੀ। ਆਪ ਨੇ ਐੱਮ. ਏ. ਕਰਨ ਤੋਂ ਪਹਿਲਾਂ ਬੀ.ਟੀ. ਦੀ ਡਿਗਰੀ ਵੀ ਲੈ ਲਈ ਸੀ ਤੇ ਫੌਜ ਦੀ ਨੌਕਰੀ ਛੱਡ ਕੇ ਸਰਕਾਰੀ ਸਕੂਲ ਵਿਚ ਅਧਿਆਪਕ ਦੀ ਨੌਕਰੀ ਸ਼ੁਰੂ ਕਰ ਲਈ। ਇਸ ਤਰ੍ਹਾਂ ਦੋਵੇਂ ਹੀ ਪੰਜਾਬ ਸਰਕਾਰ ਦੇ ਵਿਦਿਆ ਵਿਭਾਗ ਵਿਚ ਨੌਕਰੀ ਕਰਨ ਲੱਗ ਪਏ। ਦੋਨਾਂ ਦੇ ਨੌਕਰੀ ਕਰਨ ਕਰਕੇ ਬਾਕੀ ਪ੍ਰੀਵਾਰ ਨਾਲੋਂ ਮਾਇਕ ਹਾਲਤ ਵੀ ਚੰਗੀ ਹੋ ਗਈ। ਕੁਝ ਚਿਰ ਪਟਿਆਲਾ ਨੌਕਰੀ ਕਰਨ ਤੋਂ ਬਾਅਦ, ਆਪ ਦੀ ਸਿੰਘਣੀ ਨੂੰ ਦਮੇ ਦੀ ਤਕਲੀਫ ਹੋਣ ਕਰਕੇ, ਆਪ ਦੋਹਾਂ ਦੀ Couple Case ਸਕੀਮ ਅਧੀਨ, ਪੰਜਾਬ ਦੇ ਹਿੱਲ ਸਟੇਸ਼ਨ ਧਰਮਪੁਰ (ਜ਼ਿਲ੍ਹਾ ਸੋਲਨ) ਤਬਦੀਲੀ ਹੋ ਗਈ। ਇਥੋਂ ਆਪ ਨੂੰ ਚੰਡੀਗੜ੍ਹ, ਸ਼ਿਮਲਾ, ਕੁਮਾਰਹੱਟੀ, ਲੁਧਿਆਣਾ, ਸਮਾਗਮਾਂ ਦੇ ਖੂਬ ਆਨੰਦ ਮਾਣਨ ਦੇ ਅਵਸਰ ਮਿਲਦੇ ਰਹੇ ਅਤੇ ਬਾਪੂ ਜੀ, ਬਾਊ ਜੀ, ਕੋਮਲ ਜੀ, ਭਾਈ ਆਤਮਾ ਸਿੰਘ ਜੀ, ਭਾਈ ਬਾਵਾ ਸਿੰਘ ਜੀ ਤੇ ਹੋਰ ਪੁਰਾਤਨ ਗੁਰਸਿੱਖਾਂ ਦੀ ਸੰਗਤ ਪ੍ਰਾਪਤ ਹੁੰਦੀ ਰਹੀ। ਫਿਰ ਆਪ ਜੀ ਦੀ ਬਦਲੀ ਕਸੌਲੀ ਹੋ ਗਈ। ਇਹ ਸਟੇਸ਼ਨ ਆਪ ਜੀ ਦੀ ਸਿੰਘਣੀ ਬੀਬੀ ਜਸਬੀਰ ਕੌਰ ਜੀ ਦੀ ਸਿਹਤ ਲਈ ਬਹੁਤ ਲਾਭਦਾਇਕ ਰਿਹਾ। ਉਥੇ ਸ੍ਰੀ ਬਾਊ ਜੀ ਆਪ ਕੋਲ ਕਾਫੀ ਸਮਾਂ ਠਹਿਰਿਆ ਕਰਦੇ ਸਨ। ਕਦੇ ਕਦੇ ਗਰਮੀਆਂ ਵਿਚ ਸ੍ਰੀ ਕੋਮਲ ਜੀ (ਵੱਡੇ ਭਰਾ ਜੀ) ਸ੍ਰੀ ਪੂਰਨ ਜੀ (ਛੋਟੇ ਭਰਾ) ਵੀ ਆ ਜਾਂਦੇ ਸਨ ਤੇ ਆਪ ਉਥੇ ਵੱਖਰੀਆਂ-ਵੱਖਰੀਆਂ ਛੋਟੀਆਂ ਝੌਂਪੜੀਆਂ (Huts) ਕਿਰਾਏ ਤੇ ਲੈ ਕੇ ਸਾਰਾ ਸਾਰਾ ਦਿਨ ਨਾਮ ਅਭਿਆਸ ਕਰਦੇ ਤੇ ਨਾਮ ਬਾਣੀ ਦੇ ਅਤੁੱਟ ਲਾਹੇ ਲੈਂਦੇ ਰਹੇ। ਪੰਜਾਬੀ ਸੂਬਾ ਬਣਨ ਤੋਂ ਬਾਅਦ ਆਪ ਦੀ ਤਬਦੀਲੀ ਚੰਡੀਗੜ੍ਹ ਹੋ ਗਈ ਤੇ ਰਿਟਾਇਰ ਹੋਣ ਤੱਕ ਆਪ ਇਥੇ ਹੀ ਰਹੇ। ਸ੍ਰੀ ਬਾਊ ਜੀ ਚੰਡੀਗੜ੍ਹ ਵੀ ਆਪ ਕੋਲ ਆ ਕੇ ਠਹਿਰਦੇ ਸਨ ਤੇ ਮੁਹਾਲੀ ਲਾਗੇ ਇਕ ਅੰਬਾਂ ਦਾ ਬਾਗ ਸੀ, ਜਿਸ ਵਿਚ ਸ੍ਰੀ ਬਾਊ ਜੀ, ਆਪ ਜੀ ਤੇ ਚੰਡੀਗੜ੍ਹ ਨਿਵਾਸੀ ਹੋਰ ਪੁਰਾਤਨ ਗੁਰਸਿੱਖ ਇਕਾਂਤ ਵਿਚ ਬੈਠ ਕੇ ਸਵੇਰ ਤੋਂ ਸ਼ਾਮ ਤਾਈ ਨਾਮ ਅਭਿਆਸ ਦੇ ਅਖਾੜੇ ਜਮਾਉਂਦੇ ਰਹਿੰਦੇ ਸਨ। ਅੰਮ੍ਰਿਤ ਵੇਲੇ ਦੀ ਸੰਭਾਲ ਨੂੰ ਅੰਮ੍ਰਿਤ ਛਕਣ ਸਾਰ ਹੀ ਆਪ ਨੇ ਜ਼ਿੰਦਗੀ ਦਾ ਪੱਕਾ ਨਿਯਮ ਬਣਾ ਲਿਆ ਸੀ, ਜਿਸ ਵਿਚ ਕਦੇ ਵੀ ਨਾਗਾ ਨਹੀਂ ਪੈਣ ਦਿੱਤਾ। ਇਸ ਦੇ ਨਾਲ ਹੀ ਗੁਰਬਾਣੀ ਦਾ ਅਭਿਆਸ ਕਰਕੇ ਅਖੰਡ ਪਾਠੀ ਵੀ ਬਣ ਗਏ ਸਨ। ਗੁਰਬਾਣੀ ਦੀ ਸੂਝ ਬੂਝ ਦੇ ਨਾਲ ਨਾਲ ਸਿਖ ਇਤਿਹਾਸ ਬਾਰੇ ਵੀ ਡੂੰਘੀ ਜਾਣਕਾਰੀ ਰੱਖਦੇ ਸਨ। ਆਪ ਜੀ ਦੀ ਪੂਰਬਲੇ ਜਨਮਾਂ ਦੀ ਕਮਾਈ, ਨਾਮ ਰੰਗ ਰਤੜੀ ਦਸ਼ਾ ਅਤੇ ਅੰਮ੍ਰਿਤ ਵੇਲੇ ਦੀ ਸੰਭਾਲ, ਰਹਿਤ ਬਹਿਤ ਦੇ ਪੱਕੇ ਧਾਰਨੀ ਅਤੇ ਧਰਮ ਦੀ ਸੱਚੀ ਸੁੱਚੀ ਕ੍ਰਿਤ ਕਾਰਨ ਸ਼ੁਰੂ ਤੋਂ ਹੀ ਅੰਮ੍ਰਿਤ ਸੰਚਾਰ ਦੀ ਸੇਵਾ ਲਈ ਪੰਚਾਂ ਦੀ ਸੇਵਾ ਵਿਚ ਲਿਆ ਜਾਂਦਾ ਰਿਹਾ ਹੈ। ਇਹ ਸੇਵਾ ਆਪ ਜੀ ਤਿੰਨੇ ਭਰਾਵਾਂ ਨੇ ਹੀ ਬੜਾ ਲੰਬਾ ਸਮਾਂ ਕੀਤੀ ਹੈ।

ਆਪ ਜੀ ਜਿਥੇ ਖ਼ੁਦ ਪੜ੍ਹਨ ਵਿਚ ਹੁਸ਼ਿਆਰ ਸਨ, ਉਥੇ ਇਕ ਸਫਲ ਅਤੇ ਕਾਬਲ ਅਧਿਆਪਕ ਵੀ ਸਾਬਿਤ ਹੋਏ। ਆਪ ਗਣਿਤ ਦੇ ਵਿਸ਼ੇ ਵਿਚ ਖਾਸ ਮੁਹਾਰਤ ਰੱਖਦੇ ਸਨ। ਉਦੋਂ ਤਕਰੀਬਨ ਸਕੂਲ ਦਸਵੀਂ ਤਾਈਂ ਹੀ ਹੁੰਦੇ ਸਨ ਤੇ ਆਪ ਨੂੰ ਹਮੇਸ਼ਾ ਅਠਵੀਂ, ਨੌਵੀਂ, ਦਸਵੀਂ ਦੀਆਂ ਕਲਾਸਾਂ ਪੜ੍ਹਾਉਣ ਵਾਸਤੇ ਮਿਲਦੀਆਂ ਸਨ। ਜਿਨ੍ਹਾਂ ਦਾ ਇਮਤਿਹਾਨ ਸਟੇਟ ਬੋਰਡ ਵਲੋਂ ਲਿਆ ਜਾਂਦਾ ਸੀ। ਆਪ ਜੀ ਵਲੋਂ ਕਰਵਾਈ ਸਖ਼ਤ ਮਿਹਨਤ ਸਦਕਾ, ਨਤੀਜੇ ਹਮੇਸ਼ਾ ਸੌ ਪ੍ਰਤੀਸ਼ਤ ਹੀ ਹੁੰਦੇ ਸਨ। ਗਰੀਬ ਬੱਚਿਆਂ ਨੂੰ ਵਾਧੂ ਸਮਾਂ ਲਾ ਕੇ ਮੁਫਤ ਟਿਊਸ਼ਨ ਵੀ ਪੜ੍ਹਾ ਦਿੰਦੇ ਸਨ। ਆਪ ਦੀ ਬੁਲੰਦ ਗੜਕਵੀਂ ਅਵਾਜ਼ ਕਰਕੇ ਸਕੂਲ ਵਿਚ ਦਬਦਬਾ ਵੀ ਬਹੁਤ ਹੁੰਦਾ ਸੀ ਤੇ ਬੱਚੇ ਆਪ ਦਾ ਬਹੁਤ ਭੈ ਮੰਨਦੇ ਸਨ ਅਤੇ ਦੂਸਰੇ ਅਧਿਆਪਕ ਵੀ ਆਪ ਜੀ ਦਾ ਨਾਮ ਵਰਤ ਕੇ, ਬੱਚਿਆਂ ਕੋਲੋਂ ਕੰਮ ਕਰਵਾ ਲੈਂਦੇ ਸਨ। ਜੇ ਕੋਈ ਬੱਚਾ ਗ਼ਲਤ ਕੰਮ ਕਰਦਾ ਜਾਂ ਹੋਮ ਵਰਕ ਕਰਕੇ ਨਾ ਆਉਂਦਾ ਤਾਂ ਉਸ ਨੂੰ ਤਕੜੀ ਡਾਂਟ ਸਹਿਣੀ ਪੈਂਦੀ ਸੀ। ਕਈ ਵਾਰ



www.AKJ.Org

ਸ਼ਰਾਰਤੀ ਬੱਚਿਆਂ ਨੂੰ ਥੱਪੜ ਜਾਂ ਸੋਟੀ ਨਾਲ ਸੋਧਾ ਵੀ ਫੇਰ ਦਿੰਦੇ ਸਨ। ਆਪ ਕਿਸੇ ਦੀ ਚੁਗਲੀ ਨਿੰਦਾ ਤੇ ਚਾਪਲੂਸੀ ਤੋਂ ਹਮੇਸ਼ਾ ਬੱਚ ਕੇ ਰਹਿੰਦੇ ਸਨ ਤੇ ਕ੍ਰਿਤ ਕਰਨ ਦੇ ਨਾਲ ਨਾਲ ਨਾਮ ਬਾਣੀ ਦੇ ਸਿਮਰਨ ਦਾ ਪ੍ਰਵਾਹ ਚਲਾਉਂਦੇ ਰਹਿੰਦੇ ਸਨ। 30-40 ਸਾਲ ਬਾਅਦ ਮਿਲਣ ਵਾਲੇ ਵਿਦਿਆਰਥੀ ਵੀ ਆਪ ਜੀ ਦੀ ਕਾਬਲੀਅਤ ਦੀ ਸਰਾਹਨਾ ਕਰਦੇ ਸਨ ਅਤੇ ਕਹਿੰਦੇ ਹੁੰਦੇ ਸਨ ਕਿ ਮਾਸਟਰ ਜੀ ਕੋਲੋਂ ਮਾਰ ਤਾਂ ਜ਼ਰੂਰ ਖਾਧੀ ਪਰ ਜ਼ਿੰਦਗੀ ਵਿਚ ਮੁੜ ਕੇ ਹਿਸਾਬ ਕਿਤਾਬ ਵਿਚ ਮਾਰ ਨਹੀਂ ਖਾਣੀ ਪਈ। ਪ੍ਰੀਵਾਰਕ ਮੈਂਬਰਾਂ ਵਿਚੋਂ ਵੀ ਜੇਕਰ ਕਿਸੇ ਬੱਚੇ ਨੂੰ ਗਣਿਤ (ਹਿਸਾਬ) ਦੇ ਵਿਸ਼ੇ ਵਿਚ ਸਹਾਇਤਾ ਦੀ ਲੋੜ ਪੈਂਦੀ ਤਾਂ ਉਹ ਗਰਮੀਆਂ ਦੀਆਂ ਛੁੱਟੀਆਂ ਵਿਚ ਆਪ ਕੋਲ ਆ ਜਾਂਦਾ ਸੀ। ਬਹੁਤੇ ਪ੍ਰੀਵਾਰਕ ਮੈਂਬਰਾਂ ਨੇ ਪ੍ਰੀ. ਇੰਜੀਨੀਅਰਿੰਗ ਜਾਂ ਬੀ. ਐੱਡ. ਆਪ ਕੋਲ ਰਹਿ ਕੇ ਕੀਤੀ, ਕਿਉਂਕਿ ਆਪ ਜੀ ਦੀ ਸਿੰਘਣੀ ਦਾ ਸੁਭਾਅ ਬਹੁਤ ਪ੍ਰੇਮ, ਦਯਾ ਤੇ ਸੇਵਾ ਵਾਲਾ ਸੀ। ਮਾਇਕ ਹਾਲਤ ਚੰਗੀ ਹੋਣ ਕਰਕੇ ਲੋੜ ਪੈਣ ਤੇ ਸਭ ਤੋਂ ਪਹਿਲਾਂ ਆਪ ਅੱਗੇ ਹੋ ਕੇ ਬਾਂਹ ਫੜਦੇ ਸਨ। ਬੇਸ਼ਕ ਪਿਤਾ ਪੁਰਖੀ ਦਮੇ ਦੀ ਬੀਮਾਰੀ ਨਾਲ ਪੀੜ੍ਹਤ ਸਨ ਪਰ ਗੁਰਸਿੱਖਾਂ ਤੇ ਬੱਚਿਆਂ ਦੀ ਸੇਵਾ ਲਈ ਹਰ ਵੇਲੇ ਤਤਪਰ ਰਹਿੰਦੇ ਸਨ। ਆਪ ਜੀ ਦੀ ਸਿੰਘਣੀ ਜੀ ਜਿੱਥੇ ਇਕ ਅਣਥੱਕ ਲੰਗਰ ਦੇ ਸੇਵਾਦਾਰ ਸਨ ਉਥੇ ਬਹੁਤ ਪ੍ਰੇਮ ਅਤੇ ਬੈਰਾਗੀ ਦਸ਼ਾ ਵਿਚ ਕੀਰਤਨ ਦੀਆਂ ਧੁੰਨੀਆਂ ਗੁੰਜਾ ਕੇ ਸੰਗਤਾਂ ਨੂੰ ਵੀ ਉਸੇ ਦਸ਼ਾ ਵਿਚ ਰੰਗ ਮਾਨਣ ਲਾ ਲੈਂਦੇ ਸਨ। ਆਪ ਜੀ ਦੇ ਵਿਸ਼ਾਲ ਹਿਰਦੇ, ਸਤੋ ਗੁਣੀ ਸੁਭਾਅ ਦੇ ਕਾਰਨ ਭਾਈ ਸਾਹਿਬ ਜੀ ਅਤੇ ਸ੍ਰੀ ਬਾਊ ਜੀ ਹਮੇਸ਼ਾ ਅਸੀਸਾਂ ਬਖਸ਼ਦੇ ਰਹਿੰਦੇ ਸਨ ਅਤੇ ਇਸ ਦੰਪਤੀ ਦੀ ਚੜ੍ਹਦੀ ਕਲਾ ਲਈ ਅਰਦਾਸਾਂ ਵੀ ਕਰਦੇ ਰਹਿੰਦੇ ਸਨ। ਜਦੋਂ ਭਾਈ ਸਾਹਿਬ ਜੀ ਗਰਮੀਆਂ ਵਿਚ ਕੁਮਾਰਹੱਟੀ ਜਾਂ ਕਸੌਲੀ ਜਾਂਦੇ ਸਨ ਤਾਂ ਬਿਰਧ ਅਵਸਥਾ ਤੇ ਲੱਤਾਂ ਦੀ ਕਮਜੋਰੀ ਕਾਰਨ ਚੜਾਈ ਚੜਨਾ ਔਖਾ ਹੁੰਦਾ ਸੀ ਤਾਂ ਭਾਈ ਸੰਤਾ ਸਿੰਘ ਜੀ ਜਾਂ ਭਾਈ ਬਾਵਾ ਸਿੰਘ ਜੀ ਪਿੱਠ ਉੱਪਰ ਭਾਈ ਸਾਹਿਬ ਜੀ ਨੂੰ ਚੁੱਕ ਕੇ ਕੁਮਾਰ-ਹੱਟੀ ਤਪੋਬਨ ਵਿਖੇ ਉਪਰ ਲਿਜਾਂਦੇ ਸਨ ਤੇ ਇਸ ਸੇਵਾ ਵਿਚ ਆਪ ਵੀ ਹੱਥ ਵਟਾ ਦਿਆ ਕਰਦੇ ਸਨ। ਆਪ ਜੀ ਨੂੰ ਗਰਮੀਆਂ ਵਿਚ ਸਕੂਲ ਵਿਚੋਂ ਦੋ ਮਹੀਨੇ ਦੀਆਂ ਛੁੱਟੀਆਂ ਹੋ ਜਾਂਦੀਆਂ ਸਨ ਤੇ ਆਪ ਇਸ ਸਮੇਂ ਦਾ ਭਾਈ ਸਾਹਿਬ ਜੀ ਅਤੇ ਸ੍ਰੀ ਬਾਊ ਜੀ ਦੀ ਸੰਗਤ ਵਿਚ ਕੁਮਾਰਹੱਟੀ ਜਾ ਕੇ ਪੂਰਾ ਫਾਇਦਾ ਉਠਾਉਂਦੇ ਸਨ।

ਆਨੰਦ ਕਾਰਜ ਦੇ ਕਾਫੀ ਸਮੇਂ ਬਾਅਦ ਜਦੋਂ ਭਾਣੇ ਅੰਦਰ ਆਪ ਜੀ ਦੇ ਘਰ ਕੋਈ ਬੱਚਾ ਪੈਦਾ ਨਹੀਂ ਹੋਇਆ ਤਾਂ ਸਿੰਘਣੀ ਦੀ ਬੱਚੇ ਪ੍ਰਤੀ ਲਾਲਸਾ ਅਤੇ ਅਥਾਹ ਪ੍ਰੇਮ ਦੇਖ ਕੇ, ਪ੍ਰੀਵਾਰਕ ਅਤੇ ਹੋਰ ਸਮਾਜਿਕ ਸਵਾਲ ਖੜੇ ਹੋਣ ਤੇ, ਭਾਈ ਸਾਹਿਬ ਜੀ ਦੀ ਸਹਿਮਤੀ ਨਾਲ, ਕੋਮਲ ਜੀ ਅਤੇ ਉਨ੍ਹਾਂ ਦੀ ਸਿੰਘਣੀ ਸੰਨ 1956 ਵਿਚ ਹੋਣ ਵਾਲੇ ਬੱਚੇ ਨੂੰ ਆਪ ਦੀ ਸਿੰਘਣੀ ਦੀ ਗੋਦ ਦੇਣ ਲਈ ਤਿਆਰ ਹੋ ਗਏ। ਬੱਚੀ ਪੈਦਾ ਹੋਣ ਤੇ ਭਾਈ ਸਾਹਿਬ ਜੀ ਨੇ ਇਕ ਸਮਾਗਮ ਵਿਚ ਖ਼ੁਦ ਖੜ੍ਹੇ ਹੋ ਕੇ ਗੋਦ ਲੈਣ ਦੇਣ ਦੀ ਅਰਦਾਸ ਕਰਵਾਈ ਅਤੇ ਆਪ ਜੀ ਕੋਲੋਂ ਬਚਨ ਲਿਆ ਕੇ ਆਪ ਇਸ ਬੱਚੀ ਨੂੰ ਆਪਣੀ ਬੱਚੀ ਤੋਂ ਵੱਧ ਪਿਆਰ ਅਤੇ ਸੇਵਾ ਸੰਭਾਲ ਕਰੋਗੇ। ਇਸ ਦੰਪਤੀ ਨੇ ਬੱਚੀ ਨੂੰ ਅਥਾਹ ਪਿਆਰ ਦਿੱਤਾ, ਹਰ ਛੋਟੀ ਵੱਡੀ ਖਾਹਿਸ਼ ਪੂਰੀ ਕੀਤੀ, ਲਾਡ ਲਡਾਏ, ਆਪਣੀਆਂ ਸੱਧਰਾਂ ਲਾਹੀਆਂ ਅਤੇ ਉੱਚ ਵਿਦਿਆ ਵੀ ਦਿਵਾਈ, ਜੋ ਹੁਣ ਆਪਣੇ ਘਰ ਸੁਖੀ ਵੱਸ ਰਹੀ ਹੈ। ਬੀਬੀ ਜੀ ਵਲੋਂ ਸੰਗਤਾਂ ਅਤੇ ਗੁਰਸਿੱਖਾਂ ਦੀ ਕੀਰਤਨ ਰਾਹੀਂ ਅਤੇ ਲੰਗਰ ਦੀ ਸੇਵਾ ਕਾਰਨ ਬਾਊ ਜੀ ਵੀ ਇਸ ਦੰਪਤੀ ਤੋਂ ਬਹੁਤ ਪ੍ਰਭਾਵਿਤ ਸਨ ਤੇ ਖਾਸ ਸਨੇਹ ਰਖਦੇ ਸਨ। ਉਨ੍ਹਾਂ ਨੇ ਇਨ੍ਹਾਂ ਦੇ ਘਰ ਭੁਜੰਗੀ ਦੀ ਦਾਤ ਵਾਸਤੇ ਅਰਦਾਸਾਂ ਜਾਰੀ ਰੱਖੀਆਂ। ਦੋ ਦੋ ਘੰਟੇ ਅੰਮ੍ਰਿਤ ਸਰੋਵਰ ਵਿਚ ਖਲੋ ਕੇ ਇਨ੍ਹਾਂ ਪ੍ਰਤੀ ਸ੍ਰੀ ਗੁਰੂ ਰਾਮਦਾਸ ਜੀ ਦੇ ਦਰਬਾਰ ਵਿਚ ਅਰਦਾਸਾਂ ਕਰਦੇ ਰਹਿੰਦੇ ਕਿ ਇਨ੍ਹਾਂ ਨੂੰ ਇਕ ਭੁਜੰਗੀ ਦੀ ਦਾਤ ਵੀ ਬਖਸ਼ੋ। ਇਹ ਸੰਗਤਾਂ ਦੀ ਅਰਦਾਸ ਦਾ ਹੀ ਫਲ ਸੀ ਕਿ ਅਨੰਦ ਕਾਰਜ ਦੇ 20 ਸਾਲ ਤੋਂ ਬਾਅਦ ਸੰਨ 1968 ਵਿਚ ਇਨ੍ਹਾਂ ਦੇ ਘਰ ਇਕ ਖਾਸ ਤਪੱਸਵੀ ਰੂਹ ਭੁਜੰਗੀ ਨਵਜੋਤ ਸਿੰਘ ਦਾ



www.AKJ.Org

ਜਨਮ ਹੋਇਆ ਜੋ ਬਹੁਤ ਹੀ ਸੋਹਣਾ, ਮਨ ਨੂੰ ਮੋਹਣ ਅਤੇ ਖੁਸ਼ ਰਹਿਣ ਵਾਲਾ ਬੱਚਾ ਸੀ। ਉਸ ਦੀ ਪਿਆਰੀ ਸੂਰਤ ਦੇਖ ਕਿ ਬਾਊ ਜੀ ਨੇ ਉਸ ਦਾ ਨਾਮ ਯੂਸਫ ਰੱਖ ਦਿੱਤਾ ਅਤੇ ਬੀਬੀ ਨੂੰ ਖਾਸ ਤਾਕੀਦ ਕੀਤੀ ਕਿ ਇਸ ਰੂਹ ਨੂੰ ਬਹੁਤ ਔਖਾ ਲਿਆਂਦਾ ਹੈ। ਇਸ ਨੂੰ ਕਦੇ ਓਇ ਨਹੀਂ ਕਹਿਣਾ ਅਤੇ ਨਾ ਹੀ ਕਦੇ ਫਿਟਕਾਰਨਾ ਹੈ। ਇਹ ਇਕ ਅਲੌਕਿਕ ਬਖਸ਼ਸ਼ ਬਾਊ ਜੀ ਵਲੋਂ ਇਨ੍ਹਾਂ ਉਪਰ ਕੀਤੀ ਗਈ ਸੀ।

ਜਦੋਂ ਪਹਿਲੀ ਵਾਰ ਕੁਝ ਸਿੰਘਾਂ ਨਾਲ ਸ੍ਰੀ ਹੇਮਕੁੰਟ ਸਾਹਿਬ ਦੀ ਯਾਤਰਾ ਤੇ ਗਏ ਤਾਂ ਉਦੋਂ ਅਜੇ ਆਵਾਜਾਈ ਦੇ ਸਾਧਨ ਘਟ ਹੀ ਸਨ ਤੇ ਜੋਸ਼ੀਮਠ ਤੋਂ ਪੈਦਲ ਹੀ ਜਾਣਾ ਪੈਂਦਾ ਸੀ। ਗੋਬਿੰਦ ਘਾਟ ਤੋਂ ਗੋਬਿੰਦ ਧਾਮ ਤਾਈਂ ਉਚਾਈ ਬੜੀ ਸਿੱਧੀ ਸੀ ਤੇ ਇਕ ਛੋਟੀ ਪਗਡੰਡੀ ਦਾ ਰਸਤਾ ਹੀ ਸੀ ਅਤੇ ਸਭ ਪਾਸੇ ਜੰਗਲ ਹੀ ਸੀ। ਆਪ ਜੀ ਸੰਗਤ ਨਾਲੋਂ ਵਿਛੜ ਗਏ ਤੇ ਰਸਤਾ ਭੁੱਲ ਗਏ। ਭੁੱਖ ਅਤੇ ਪਿਆਸ ਵੀ ਕਾਫੀ ਲੱਗੀ ਹੋਈ ਸੀ। ਉਸ ਵੇਲੇ ਇਕ ਨੀਲੇ ਬਾਣੇ ਵਿਚ ਸਿੰਘ ਆਪ ਜੀ ਦੀ ਅਗਵਾਈ ਕਰਨ ਲੱਗਾ। ਫਿਰ ਉਹ ਸਿੰਘ ਲਾਲ ਟਮਾਟਰ ਵਰਗੇ ਫਲ ਨਾਲ ਭਰੇ ਹੋਏ ਦਰਖ਼ਤ ਕੋਲ ਖੜੋ ਗਿਆ। ਉਸ ਨੇ ਆਪ ਵੀ ਉਹ ਫਲ ਖਾਧਾ ਤੇ ਆਪ ਜੀ ਨੂੰ ਵੀ ਛਕਣ ਲਈ ਦਿੱਤਾ। ਆਪ ਜੀ ਨੇ ਉਹ ਫਲ ਕੁਝ ਛੱਕਿਆ ਤੇ ਕੁਝ ਨਾਲ ਲਈ ਰੱਖ ਲਿਆ ਤੇ ਉਸ ਸਿੰਘ ਦੇ ਪਿੱਛੇ ਤੁਰਦੇ ਗਏ। ਰਸਤੇ ਵਿਚ ਪਾਣੀ ਦੇ ਚਸ਼ਮੇ ਤੋਂ ਜਲ ਵੀ ਛਕਿਆ ਤੇ ਇਕ ਬੋਤਲ ਵਿਚ ਦੁਬਾਰਾ ਛਕਣ ਲਈ ਭਰ ਲਿਆ। ਜਦੋਂ ਉਥੇ ਕੁਝ ਸਮਾਂ ਖੜੇ ਹੋਏ ਅਤੇ ਉਸ ਨਾਲ ਆਪ ਜੀ ਨੇ ਗੱਲ ਕਰਨ ਦੀ ਕੋਸ਼ਿਸ਼ ਕੀਤੀ ਤਾਂ ਉਹ ਸਿੰਘ ਨਾਮ ਜਪਦਾ ਤੇ ਬਾਣੀ ਪੜਦਾ ਅੱਗੇ ਨੂੰ ਤੁਰ ਪਿਆ। ਆਪ ਜੀ ਉਸ ਪਿੱਛੇ ਨਾਮ ਜਪਦੇ ਤੇ ਬਾਣੀ ਪੜਦੇ ਚੜ੍ਹਾਈ ਚੜੀ ਗਏ। ਫਿਰ ਆਪ ਨੂੰ ਵਿਛੜੇ ਹੋਏ ਜਥੇ ਦੇ ਕੁਝ ਸਿੰਘ ਦਿਖਾਈ ਦਿੱਤੇ ਤੇ ਉਨ੍ਹਾਂ ਨਾਲ ਅੱਗੇ ਨੂੰ ਚੱਲ ਪਏ। ਕੁਝ ਥੋੜੀ ਦੂਰ ਤੁਰਦਿਆਂ ਉਸ ਸਿੰਘ ਨੂੰ ਲੱਭਣ ਦੀ ਕੋਸ਼ਿਸ਼ ਕੀਤੀ ਪਰ ਉਹ ਨਜ਼ਰ ਨਾ ਆਇਆ ਤੇ ਸੋਚਿਆ ਕਿ ਸ਼ਾਇਦ ਅੱਗੇ ਲੰਘ ਗਿਆ ਹੋਣਾ ਹੈ। ਪਰ ਉਹ ਧੁਰ ਉਪਰ ਸ੍ਰੀ ਹੇਮਕੁੰਟ ਸਾਹਿਬ ਪਹੁੰਚਣ ਤਾਈਂ ਵੀ ਮੁੜ ਨਜ਼ਰ ਨਹੀਂ ਆਇਆ। ਆਪ ਜੀ ਨੂੰ ਉਸ ਸਿੰਘ ਦਾ ਥੋੜੇ ਸਮੇਂ ਦਾ ਮਿਲਿਆ ਸਾਥ ਅਤੇ ਸੰਗਤ, ਆਪ ਜੀ ਨੂੰ ਬੈਰਾਗੀ ਦਸ਼ਾ ਵਿਚ ਲੈ ਗਈ ਅਤੇ ਜੋ ਇਲਾਹੀ ਰੰਗਾਂ ਦਾ ਅਹਿਸਾਸ ਹੋਇਆ, ਉਹ ਸ਼ਬਦਾਂ ਵਿਚ ਬਿਆਨ ਨਹੀਂ ਕੀਤਾ ਜਾ ਸਕਦਾ। ਪੂਰੀ ਯਾਤਰਾ ਦੌਰਾਨ ਬਿਰਤੀ ਇਤਨੀ ਅਨੰਦਮਈ ਅਤੇ ਸਿਮਰਨ ਵਿਚ ਮਗਨ ਰਹੀ ਕਿ ਹੋਰ ਕਿਸੇ ਪਾਸੇ ਧਿਆਨ ਹੀ ਨਹੀਂ ਗਿਆ, ਵਾਪਿਸ ਆਉਂਦਿਆਂ ਸਾਰਾ ਰਸਤਾ ਅੱਖਾਂ ਉਸ ਸਿੰਘ ਨੂੰ ਭਾਲਦੀਆਂ ਰਹੀਆਂ, ਪਰ ਇਹ ਕਿਧਰੇ ਵੀ ਨਜ਼ਰੀਂ ਨਹੀਂ ਪਏ। ਆਪ ਜੀ ਘਰ ਪਹੁੰਚ ਕੇ ਇਸ ਘਟਨਾ ਦਾ ਜ਼ਿਕਰ ਕਰਦੇ ਹੋਏ ਦੱਸਿਆ ਕਰਦੇ ਸਨ ਕਿ ਉਨ੍ਹਾਂ ਨੂੰ ਇੰਞ ਭਾਸਦਾ ਹੈ ਕਿ ਗੁਰੂ ਸਾਹਿਬ ਜੀ ਨੇ ਭੁੱਲਿਆ ਰਸਤਾ ਦੱਸਣ ਲਈ ਕਿਸੇ ਸ਼ਹੀਦ ਸਿੰਘ ਨੂੰ ਆਪ ਹੀ ਭੇਜਿਆ ਹੋਵੇ।

ਜਿਥੇ ਆਪ ਆਪਣੀਆਂ ਛੋਟੀਆਂ ਭੈਣਾਂ ਦਾ ਸਤਿਕਾਰ ਤੇ ਮਾਇਕ ਸਹਾਇਤਾ ਕਰਦੇ ਰਹਿੰਦੇ ਸਨ, ਉਥੇ ਲੋੜਵੰਦਾਂ, ਗਰੀਬਾਂ ਦੇ ਵੀ ਹਮਦਰਦ ਸਨ। ਗੁਰਸਿੱਖਾਂ ਦੇ ਬੱਚਿਆਂ ਨੂੰ ਪੜਾਈ ਲਈ ਅਤੇ ਆਪਣੇ ਸਹਿਕਰਮੀਆਂ ਦੀ ਲੋੜ ਪੈਣ ਤੇ ਖੁੱਲ੍ਹੇ ਦਿਲ ਨਾਲ ਮਾਇਕੀ ਸਹਾਇਤਾ ਕਰ ਦਿੰਦੇ ਸਨ। ਇਨ੍ਹਾਂ ਦੀ ਸਿੰਘਣੀ ਵੀ ਦਮੇ ਦੇ ਮਰੀਜ਼ ਹੋਣ ਦੇ ਬਾਵਜੂਦ, ਪ੍ਰੀਵਾਰਕ ਮੈਂਬਰਾਂ ਦੇ ਛੋਟੇ ਬੱਚਿਆਂ ਨੂੰ ਆਪਣੇ ਕੋਲ ਦੋ-ਦੋ ਸਾਲ ਰੱਖ ਕੇ ਪੜ੍ਹਾਉਂਦੇ ਰਹੇ। ਬੀਬੀ ਜੀ ਹੋਮ ਸਾਇੰਸ ਦੇ ਅਧਿਆਪਕ ਹੋਣ ਕਰਕੇ ਤਰ੍ਹਾਂ ਤਰ੍ਹਾਂ ਦੇ ਸਵਾਦਿਸ਼ਟ ਖਾਣੇ ਬਣਾਉਣ ਦੇ ਮਾਹਰ ਸਨ। ਸਮਾਗਮਾਂ ਤੇ ਸਿੰਘਾਂ ਵਾਸਤੇ ਕੇਕ ਆਦਿ ਬਣਾ ਕੇ ਲਿਜਾ ਕੇ ਗੁਰਸਿੱਖਾਂ ਦੀ ਚਾਈਂ ਚਾਈਂ ਸੇਵਾ ਕਰਦੇ ਸਨ। ਪੰਜਾਬ ਦੇ ਦੂਰ-ਦੁਰੇਡੇ ਇਲਾਕਿਆਂ ਤੋਂ, ਚੰਡੀਗੜ੍ਹ ਕਿਸੇ ਸਰਕਾਰੀ ਕੰਮ ਵਾਸਤੇ ਆਏ ਸਿੰਘ, ਜ਼ਿਆਦਾਤਰ ਆਪ ਜੀ ਦੇ ਘਰ ਹੀ ਠਹਿਰਦੇ ਸਨ ਕਿਉਂਕਿ ਆਪ ਬਿਨਾਂ ਕਿਸੇ ਮੱਥੇ ਵੱਟ ਪਾਏ, ਘਰ ਆਏ ਗੁਰਸਿੱਖਾਂ ਦੀ ਯਥਾਸ਼ਕਤ ਸੇਵਾ ਕਰਕੇ ਖੁਸ਼ੀਆਂ ਲੈਂਦੇ ਸਨ। ਬੀਬੀ ਜੀ ਦੇ ਹਿਰਦੇ ਵੇਧਵੀਆਂ ਧੁੰਨੀਆਂ ਵਾਲੇ ਕੀਰਤਨ, ਪ੍ਰੇਮ ਦੀ ਖਿੱਚ ਅਤੇ ਹੱਥੀਂ ਸੇਵਾ ਕਰਨ ਕਰਕੇ, ਬਹੁਤ



www.AKJ.Org

ਸਾਰੇ ਆਮ ਲੋਕਾਂ ਨੂੰ ਸਿੱਖੀ ਧਾਰਨ ਅਤੇ ਨਿਭਾਉਣ ਲਈ ਪ੍ਰੇਰਿਤ ਕੀਤਾ ਅਤੇ ਕਈਆਂ ਨੂੰ ਗੁਰਬਾਣੀ ਪੜਨ, ਕੀਰਤਨ ਸੁਨਣ ਦੀ ਤਾਂਘ ਪੈਦਾ ਕਰਕੇ ਗੁਰੂ ਚਰਨਾਂ ਨਾਲ ਜੋੜਿਆ।

ਆਪ ਜੀ ਪੜ੍ਹਨ ਅਤੇ ਪੜ੍ਹਾਉਣ ਦਾ ਬਹੁਤ ਸ਼ੌਕ ਸੀ। ਗੁਰਮਤਿ, ਗੁਰਬਾਣੀ ਤੇ ਇਤਿਹਾਸ ਤੇ ਚਾਨਣਾ ਪਾਉਂਦੀਆਂ ਪੁਸਤਕਾਂ ਬਹੁਤ ਪੜ੍ਹਦੇ ਸਨ। ਇਸ ਤੋਂ ਇਲਾਵਾ ਹੋਰ ਸਾਹਿਤਕ, ਸਮਾਜਿਕ, ਇਤਿਹਾਸਕ ਅਤੇ ਅਖ਼ਬਾਰਾਂ ਪੜਨ ਵਿੱਚ ਕਾਫੀ ਰੁੱਚੀ ਰਖਦੇ ਸਨ।

ਆਪ ਜੀ ਦਾ ਕੱਦ ਕਾਫੀ ਲੰਬਾ ਤੇ ਸਰੀਰ ਸਡੋਲ ਸੀ। ਸਾਈਕਲ ਤੇ ਕਾਫੀ ਦੂਰ ਚੁਆਵੇ ਦੁੱਧ ਲੈਣ ਲਈ ਰੋਜ਼ਾਨਾ ਜਾਂਦੇ ਰਹੇ। ਲੋਕਲ ਸਮਾਗਮਾਂ ਤੇ ਵੀ ਪ੍ਰੀਵਾਰ ਸਮੇਤ ਸਾਈਕਲ ਤੇ ਹੀ ਜਾਣਾ ਪਸੰਦ ਕਰਦੇ ਸਨ। ਗਰਮੀਆਂ ਦੀਆਂ ਛੁੱਟੀਆਂ ਵਿਚ ਸ੍ਰੀ ਬਾਊ ਜੀ ਨੂੰ ਚਿੱਠੀ ਰਾਹੀਂ ਖਾਸ ਸੁਨੇਹਾ ਭੇਜ ਕੇ ਆਪ ਜੀ ਕੋਲ ਬੁਲਾਉਂਦੇ, ਕਾਫੀ ਲੰਬਾ ਸਮਾਂ ਆਪ ਕੋਲ ਰੱਖ ਕੇ ਅੰਮ੍ਰਿਤ ਵੇਲੇ ਦੀਆਂ ਝੜੀਆਂ ਲਗਾਉਂਦੇ, ਸ੍ਰੀ ਅਖੰਡ ਪਾਠ ਅਤੇ ਕੀਰਤਨ ਸਮਾਗਮਾਂ ਦੇ ਅਖਾੜੇ ਸੱਜਦੇ ਰਹਿੰਦੇ। ਸ੍ਰੀ ਬਾਊ ਜੀ ਦੇ ਚੜ੍ਹਾਈ ਕਰਨ ਤੋਂ ਬਾਅਦ ਇਹ ਖੇੜਿਆਂ ਭਰਿਆ ਖੁਸ਼ਹਾਲ ਜੀਵਨ ਬਹੁਤ ਜ਼ਿਆਦਾ ਚਿਰ ਨਹੀਂ ਚਲ ਸਕਿਆ ਅਤੇ ਭਾਣੇ ਅੰਦਰ ਸਰੀਰਕ ਦੁੱਖਾਂ ਨੇ ਵਿਆਪਣਾ ਸ਼ੁਰੂ ਕਰ ਦਿੱਤਾ। ਹੌਲੀ-ਹੌਲੀ ਸਰੀਰਕ ਸਿਹਤ ਵਿਗੜਨੀ ਸ਼ੁਰੂ ਹੋ ਗਈ ਤੇ ਬਿਖਮ ਭਾਣਿਆਂ ਦੇ ਪਰਚੇ ਪੈਣੇ ਸ਼ੁਰੂ ਹੋ ਗਏ।

ਸਭ ਤੋਂ ਪਹਿਲਾਂ ਸੰਨ 1976-77 ਵਿਚ ਜਦੋਂ ਆਪ ਜੀ ਸਾਈਕਲ ਤੇ ਸਕੂਲ ਜਾ ਰਹੇ ਸਨ ਤਾਂ ਪਿਛੋਂ ਕਿਸੇ ਸਕੂਟਰ ਵਾਲੇ ਨੇ ਟੱਕਰ ਮਾਰ ਦਿੱਤੀ। ਆਪ ਜੀ ਦੇ ਸਿਰ ਤੇ ਸੱਟ ਵੱਜੀ ਤੇ ਕੁਝ ਸਮਾਂ ਬੇਹੋਸ਼ ਹੋ ਗਏ। ਆਪ ਦਾ ਬੇਟਾ ਨਵਜੋਤ ਸਿੰਘ ਭੀ ਨਾਲ ਹੀ ਸੀ। ਇਹ ਖ਼ਬਰ ਸੁਣ ਕੇ ਸਿੰਘਣੀ ਬਹੁਤ ਘਬਰਾ ਗਈ। ਪਰ ਆਪ ਗੁਰੂ ਦੀ ਬਖਸ਼ਿਸ਼ ਨਾਲ ਜਲਦੀ ਠੀਕ ਹੋ ਗਏ। ਇਸ ਤੋਂ ਬਾਅਦ ਆਪ ਜੀ ਦੀ ਸਿਘਣੀ ਬੀ. ਜਸਬੀਰ ਕੌਰ ਜੀ ਮਕਾਨ ਦੀ ਪਹਿਲੀ ਮੰਜਲ ਤੋਂ ਡਿੱਗ ਗਏ ਅਤੇ ਉਨ੍ਹਾਂ ਦੀ ਰੀੜ ਦੀ ਹੱਡੀ ਟੁੱਟ ਗਈ। ਡਾਕਟਰਾਂ ਨੇ ਇਸ ਦਾ ਇਲਾਜ ਕੇਵਲ ਪੂਰਨ ਆਰਾਮ ਹੀ ਦੱਸਿਆ ਅਤੇ ਹੋਰ ਦੂਸਰਾ ਕੋਈ ਇਲਾਜ ਮਨ੍ਹਾ ਕਰ ਦਿੱਤਾ। ਹੋਰ ਕੋਈ ਸੇਵਾ ਸੰਭਾਲ ਵਾਲਾ ਨਾ ਹੋਣ ਕਰਕੇ (ਕਿਉਂਕਿ ਉਨ੍ਹਾਂ ਦੀ ਲੜਕੀ ਉਸ ਵੇਲੇ ਲੁਧਿਆਣੇ ਇੰਜੀਨੀਅਰਿੰਗ ਦਾ ਕੋਰਸ ਕਰ ਰਹੀ ਸੀ।) ਆਪ ਜੀ ਦੀ ਸਿੰਘਣੀ ਨੂੰ ਵੱਡੇ ਭਰਾ ਕੋਮਲ ਜੀ ਅਤੇ ਉਨ੍ਹਾਂ ਦਾ ਸਿੰਘਣੀ ਬੀਬੀ ਇੰਦਰਜੀਤ ਕੌਰ ਨੇ ਆਪਣੀ ਜਿੰਮੇਵਾਰੀ 'ਤੇ ਲੁਧਿਆਣੇ ਲੈ ਆਂਦਾ। 6 ਕੁ ਮਹੀਨੇ ਬਾਅਦ ਬੀਬੀ ਜੀ ਠੀਕ ਹੋ ਗਏ ਪ੍ਰੰਤੂ ਉਨ੍ਹਾਂ ਨੇ ਸਰਕਾਰੀ ਨੌਕਰੀ ਤੋਂ ਪ੍ਰੀ-ਰੀਟਾਇਰਮੈਂਟ ਲੈ ਲਈ।

ਆਪ ਜੀ ਅਕਤੂਬਰ 1976 ਵਿਚ ਸਰਕਾਰੀ ਨੌਕਰੀ ਤੋਂ ਸੇਵਾ ਮੁਕਤ ਹੋ ਗਏ ਅਤੇ ਪੈਨਸ਼ਨ ਲੱਗ ਗਈ। ਥੋੜੀ ਦੇਰ ਬਾਅਦ ਹੀ ਆਪ ਜੀ ਪਟਿਆਲੇ ਕਿਸੇ ਕੰਮ ਗਏ ਅਤੇ ਗੁਰਸਿਖ ਪ੍ਰੇਮੀ ਸਿੰਘ ਦੇ ਘਰ ਪ੍ਰਸ਼ਾਦਾ ਛਕਦਿਆਂ ਹੀ ਅਧਰੰਗ ਦਾ ਹਮਲਾ ਹੋ ਗਿਆ। ਉਥੋਂ ਆਪ ਜੀ ਨੂੰ ਪੀ.ਜੀ.ਆਈ. ਚੰਡੀਗੜ੍ਹ ਲਿਆਂਦਾ ਗਿਆ ਪਰ ਉਦੋਂ ਤੱਕ ਇਕ ਪਾਸਾ ਪੂਰੀ ਤਰ੍ਹਾਂ ਪੈਰਾਲਾਈਜ਼ ਹੋ ਕੇ ਕੰਮ ਕਰਨੋ ਬੰਦ ਹੋ ਚੁੱਕਾ ਸੀ। ਬੇਸ਼ਕ ਖ਼ੂਨ ਦਾ ਦੌਰਾ ਠੀਕ ਸੀ ਪਰ ਖ਼ੂਨ ਗਾੜ੍ਹਾ ਹੋਣ ਕਾਰਨ ਖ਼ੂਨ ਦੇ ਕਲੌਟਸ (clots) ਬਣਦੇ ਗਏ ਜਿਸ ਨਾਲ ਬੀਮਾਰੀ ਵਧਦੀ ਗਈ। ਕਾਫੀ ਟੈਸਟਾਂ ਤੋਂ ਬਾਅਦ ਪਤਾ ਲੱਗਾ ਕਿ ਇਨ੍ਹਾਂ ਨੂੰ ਇਕ ਖਾਸ ਕਿਸਮ ਦਾ LEUKEMIA ਹੈ ਜੋ ਕਿ ਜਾਨ ਲੇਵਾ ਬੀਮਾਰੀ ਹੈ ਅਤੇ ਭਾਰਤ ਵਿਚ ਉਸ ਦਾ ਇਲਾਜ ਉਪਲੱਬਧ ਨਹੀਂ ਹੈ। ਇਸ ਰੋਗ ਦੀ ਦਵਾਈ ਬਾਹਰਲੇ ਦੇਸ਼ ਤੋਂ ਮੰਗਵਾਉਣੀ ਪੈਂਦੀ ਸੀ ਤੇ ਉਸ ਵੇਲੇ ਕੋਰੀਅਰ ਸੇਵਾ ਨਾ ਹੋਣ ਕਰਕੇ ਕਾਫੀ ਸਮਾਂ ਲਗਣਾ ਸੀ ਅਤੇ ਦਵਾਈ ਦੀ ਸ਼ੈਲਫ ਲਾਈਫ ਵੀ ਬਹੁਤ ਘਟ ਸੀ। ਫਿਰ ਵੀ ਕੋਮਲ ਜੀ ਦੀ ਅਮਰੀਕਾ ਰਹਿੰਦੀ ਲੜਕੀ ਨੇ ਦਵਾਈ ਖਰੀਦ ਕੇ ਭਿਜਵਾ ਦਿੱਤੀ। ਇਹ ਦਵਾਈ 10-15 ਦਿਨਾਂ ਵਿਚ ਚੰਡੀਗੜ੍ਹ ਪਹੁੰਚਣੀ ਸੀ ਪਰ ਗੁਰੂ ਨੇਤ ਅਨੁਸਾਰ 2-3 ਦਿਨ ਬਾਅਦ ਹੀ



www.AKJ.Org

ਪੀ.ਜੀ.ਆਈ. ਦੇ ਪੈਥੋਲੋਜੀ ਵਿਭਾਗ ਤੋਂ ਸੁਨੇਹਾ ਆਇਆ ਕਿ ਕਿਸੇ ਹੋਰ ਮਰੀਜ ਦੀ ਦਵਾਈ ਅਮਰੀਕਾ ਤੋਂ ਆ ਗਈ ਹੈ ਪਰ ਉਹ ਮਰੀਜ ਦਵਾਈ ਦੇਣ ਤੋਂ ਪਹਿਲਾਂ ਹੀ ਚੱਲ ਵਸਿਆ ਹੈ। ਤੁਸੀਂ ਦਵਾਈ ਮਰੀਜ ਦੇ ਪਿੰਡੋਂ ਲੈ ਆਉ। ਉਸ ਮਰੀਜ ਦੇ ਵਾਰਸਾਂ, ਜੋ ਭਲੇ ਲੋਕ ਸਨ, ਬਿਨ੍ਹਾਂ ਪੈਸੇ ਲਏ ਦਵਾਈ ਦੇ ਦਿੱਤੀ ਤਾਂ ਕਿ ਕਿਸੇ ਹੋਰ ਮਰੀਜ਼ ਦੀ ਜਾਨ ਬੱਚ ਜਾਵੇ। ਪਹਿਲਾਂ ਇਸ ਬੀਮਾਰੀ ਵਾਲੇ ਲੋਕ ਜਾਂ ਤਾਂ ਦਵਾਈ ਸਮੇਂ ਸਿਰ ਮੰਗਵਾਉਣ ਤੋਂ ਅਸਮਰਥ ਰਹਿੰਦੇ ਸਨ ਜਾਂ ਬੀਮਾਰੀ ਦਾ ਪਤਾ ਲੱਗਣ ਤੋਂ ਪਹਿਲਾਂ ਹੀ ਚੱਲ ਵਸਦੇ ਸਨ। ਆਪ ਜੀ ਨੂੰ ਇਹ ਦਵਾਈ ਦੇਣੀ ਆਰੰਭ ਕਰ ਦਿੱਤੀ ਗਈ ਤੇ ਅਸਰ ਵੀ ਹੋਣਾ ਸ਼ੁਰੂ ਹੋ ਗਿਆ। ਆਪ 6 ਮਹੀਨੇ ਹਸਪਤਾਲ ਹੀ ਰਹੇ ਅਤੇ ਫਿਰ ਇਕ ਸਾਲ ਇਲਾਜ ਚਲਦਾ ਰਿਹਾ। ਘਰ ਵਿਚ ਵੀ ਫਿਜ਼ਿਓਥਰੈਪੀ ਅਤੇ ਮਾਲਿਸ਼ ਨਾਲ ਸਰੀਰ ਤੁਰਨ ਫਿਰਨ ਜੋਗਾ ਹੋ ਗਿਆ ਲੇਕਿਨ ਸੱਜਾ ਹੱਥ ਪੂਰੀ ਤਰ੍ਹਾਂ ਠੀਕ ਨਹੀਂ ਹੋ ਸਕਿਆ। ਜਿਸ ਕਾਰਨ ਆਪ ਜੀ ਨੂੰ ਰੋਟੀ ਦੀ ਬੁਰਕੀ ਤੋੜਨੀ, ਦਸਤਖਤ ਕਰਨ, ਸਫਾਈ ਨਾਲ ਦਸਤਾਰ ਸਜਾਉਣ ਵਿਚ ਦਿੱਕਤ ਆਉਂਦੀ ਸੀ ਤੇ ਸਾਫ਼ ਤੇ ਸਪੱਸ਼ਟ ਬੋਲਣ ਵਿਚ ਵੀ ਫਰਕ ਆ ਗਿਆ। ਇਸ ਤੋਂ ਛੇਤੀ ਬਾਅਦ ਹੀ ਗੁਰੂ ਸਾਹਿਬ ਜੀ ਨੇ ਇਕ ਹੋਰ ਪਰਚਾ ਪਾ ਦਿੱਤਾ। ਜੁਲਾਈ 1978 ਦੀ ਇਕ ਰਾਤ ਸਟੋਵ ਤੇ ਪਾਣੀ ਗਰਮ ਕਰਦਿਆਂ, ਸਟੋਵ ਫੱਟਣ ਕਰਕੇ ਆਪ ਦੀ ਸਿੰਘਣੀ ਦੇ ਕਪੜਿਆਂ ਨੂੰ ਅੱਗ ਲੱਗ ਗਈ। ਜਦ ਅੱਗ ਦਾ ਸੇਕ ਸਰੀਰ ਤਾਈਂ ਪਹੁੰਚਣ ਲੱਗਾ ਤੇ ਉਨ੍ਹਾਂ ਦੀਆਂ ਚੀਕਾਂ ਸੁਣ ਕੇ ਉਨ੍ਹਾਂ ਦੀ ਲੜਕੀ ਨੇ ਅੱਗ ਬੁਝਾਉਣ ਦੀ ਕੋਸ਼ਿਸ਼ ਕੀਤੀ ਤਾਂ ਉਸ ਵੇਲੇ ਤੱਕ ਉਨ੍ਹਾਂ ਦਾ ਕਾਫੀ ਸਰੀਰ ਸੜ ਚੁੱਕਾ ਸੀ। 6 ਮਹੀਨੇ ਪੀ.ਜੀ.ਆਈ. ਵਿਚ ਇਲਾਜ ਅਧੀਨ ਰਹੇ ਤੇ ਫਿਰ ਠੀਕ ਹੋਏ।

ਆਪ ਜੀ ਨੂੰ ਅਧਰੰਗ ਹੋਣ ਤੇ ਤੁਰਨ ਫਿਰਨ ਦੀ ਦਿੱਕਤ ਕਰਕੇ, ਗੁਰਦੁਆਰੇ ਜਾਣ ਦੀ ਸਹੂਲਤ ਵਾਸਤੇ, ਆਪ ਨੇ ਚੰਡੀਗੜ੍ਹ ਵਾਲਾ ਮਕਾਨ ਵੇਚ ਕੇ ਮੁਹਾਲੀ ਨਵਾਂ ਮਕਾਨ ਲੈ ਲਿਆ ਜੋ ਕਿ ਗੁਰਦੁਆਰੇ ਨੇੜੇ ਹੀ ਸੀ ਅਤੇ ਖਰੀਦੋ ਫਰੋਖਤ ਲਈ ਮਾਰਕੀਟ ਵੀ ਨਜ਼ਦੀਕ ਹੀ ਸੀ। ਇਸ ਸਮੇਂ ਦੌਰਾਨ ਇਨ੍ਹਾਂ ਨੇ ਲੜਕੀ ਦਾ ਅਨੰਦ ਕਾਰਜ ਕਰ ਦਿੱਤਾ ਤੇ ਇਨ੍ਹਾਂ ਦਾ ਲੜਕਾ ਕਾਕਾ ਨਵਜੋਤ ਸਿੰਘ ਬਾਰਵੀਂ ਪਾਸ ਕਰਕੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਸ੍ਰੀ ਅੰਮ੍ਰਿਤਸਰ ਵਿਚ ਇਲੈਕਟਰੋਨਿਕਸ ਇੰਜੀਨੀਅਰਿੰਗ ਦੇ ਕੋਰਸ ਲਈ ਸ੍ਰੀ ਅੰਮ੍ਰਿਤਸਰ ਪਹੁੰਚ ਗਿਆ। ਉਸ ਸਮੇਂ ਖਾੜਕੂ ਵਾਦ ਵੀ ਜੋਰਾਂ ਤੇ ਸੀ। ਪੁਲਿਸ ਵਲੋਂ ਖਾੜਕੂਆਂ ਦੀ ਭਾਲ ਲਈ ਹੋਸਟਲਾਂ ਦੀ ਤਲਾਸ਼ੀ ਹੁੰਦੀ ਰਹਿੰਦੀ ਸੀ ਅਤੇ ਵਿਦਿਆਰਥੀਆਂ ਨੂੰ ਖਾਸ ਕਰ ਅੰਮ੍ਰਿਤਧਾਰੀ ਸਿੰਘਾਂ ਨੂੰ ਪ੍ਰੇਸ਼ਾਨ ਕੀਤਾ ਜਾਂਦਾ ਸੀ। ਇਧਰ ਮਾਂ ਪਿਓ ਇਕੱਲੇ ਹੀ ਆਪਣੀਆਂ ਬੀਮਾਰੀਆਂ ਨਾਲ ਜੂਝ ਰਹੇ ਸਨ ਤੇ ਉਧਰ ਹੋਸਟਲ ਵਿਚ ਰੋਜ਼ਾਨਾ ਵੱਧ ਰਹੀਆਂ ਪ੍ਰੇਸ਼ਾਨੀਆਂ ਕਾਰਨ ਨਵਜੋਤ ਸਿੰਘ ਨੂੰ ਹੋਸਟਲ ਤੋਂ ਬਾਹਰ ਕਮਰਾ ਲੈ ਕੇ ਰਹਿਣਾ ਪਿਆ। ਇਨ੍ਹਾਂ ਹਾਲਾਤਾਂ ਕਾਰਨ ਆਪ ਵੀ ਆਪਣੇ ਸਪੁਤਰ ਕੋਲ ਸ੍ਰੀ ਅੰਮ੍ਰਿਤਸਰ ਯੂਨੀਵਰਸਿਟੀ ਦੇ ਸਾਹਮਣੇ ਮਕਾਨ ਕਿਰਾਏ ਤੇ ਲੈ ਕੇ ਰਹਿਣ ਲੱਗ ਪਏ। ਸ੍ਰੀ ਅੰਮ੍ਰਿਤਸਰ ਆ ਕੇ ਨਵਜੋਤ ਸਿੰਘ ਨੇ ਪੜ੍ਹਾਈ ਦੇ ਨਾਲ ਨਾਲ ਮਾਤਾ ਪਿਤਾ ਦੀ ਸੇਵਾ ਵੀ ਕੀਤੀ ਅਤੇ ਆਪਣੇ ਚਾਚਾ ਜੀ ਸ੍ਰੀ ਪੂਰਨ ਜੀ ਦੀ ਸੰਗਤ ਦਾ ਆਨੰਦ ਵੀ ਮਾਣਿਆ। ਆਪਣੇ ਬੀਮਾਰ ਬਜ਼ੁਰਗ ਮਾਤਾ ਪਿਤਾ ਨੂੰ ਸਰਵਣ ਪੁੱਤਰ ਵਾਂਗ ਸ੍ਰੀ ਦਰਬਾਰ ਸਾਹਿਬ ਜੀ ਅਤੇ ਜਥੇ ਦੇ ਲੋਕਲ ਹਫ਼ਤਾਵਾਰੀ ਕੀਰਤਨ ਸਮਾਗਮਾਂ ਤੇ ਵੀ ਲੈ ਕੇ ਜਾਂਦਾ ਰਿਹਾ ਤੇ ਉਨ੍ਹਾਂ ਦੀਆਂ ਅਸੀਸਾਂ ਪ੍ਰਾਪਤ ਕਰਦਾ ਰਿਹਾ।

ਆਪ ਰੋਜ਼ਾਨਾ ਯੂਨੀਵਰਸਿਟੀ ਦੇ ਗੁਰਦੁਆਰੇ ਸਵੇਰੇ ਸ਼ਾਮ ਹਾਜਰੀ ਭਰਦੇ ਅਤੇ ਜਿਹੜੇ ਬੱਚੇ ਥੋੜ੍ਹਾ ਜਿਹਾ ਵੀ ਲਗਨ ਤੇ ਪ੍ਰੇਮ ਉਤਸ਼ਾਹ ਦਿਖਾਉਂਦੇ, ਉਨ੍ਹਾਂ ਨੂੰ ਸਰਲਤਾ ਨਾਲ ਗੁਰਬਾਣੀ ਰਾਹੀਂ ਮਨੁੱਖਾ ਜੀਵਨ ਦੇ ਅਸਲੀ ਮਨੋਰਥ ਬਾਰੇ ਸਮਝਾਉਂਦੇ। ਆਪ ਦਿਨੇ ਵੀ ਗੁਰਦੁਆਰੇ ਚਲੇ ਜਾਂਦੇ ਤੇ ਉੱਥੇ ਗੁਰਬਾਣੀ ਦੀ ਸੰਥਿਆ ਤੋਂ ਇਲਾਵਾ ਸਿੱਖ ਧਰਮ ਅਤੇ ਗੁਰਮਤਿ ਸਿਧਾਂਤਾਂ ਬਾਰੇ, ਨੌਜਵਾਨ ਪੜ੍ਹੇ ਲਿਖੇ ਬੱਚਿਆਂ ਦੇ ਸ਼ੰਕੇ ਦੂਰ ਕਰਦੇ। ਘੱਟੋ ਘੱਟ 100 ਤੋਂ ਉੱਪਰ ਬੱਚਿਆਂ



www.AKJ.Org

ਨੇ ਆਪ ਜੀ ਦੀ ਪ੍ਰੇਰਨਾ ਨਾਲ ਕੇਸ ਰੱਖ ਕੇ ਦਸਤਾਰਾਂ ਸਜਾ ਲਈਆਂ। ਆਪ ਇਸ ਸੇਵਾ ਉੱਪਰ ਫਖਰ ਵੀ ਮਹਿਸੂਸ ਕਰਦੇ, ਕਿਉਂਕਿ ਉਨ੍ਹਾਂ ਦੇ ਜੀਵਨ ਦੇ ਆਖਰੀ ਪੜਾਅ ਦਾ ਸਭ ਤੋਂ ਉੱਤਮ ਵਕਤ ਇਥੇ ਹੀ ਗੁਜ਼ਰਿਆ। ਸੰਨ 1990 ਵਿਚ ਆਪ ਸ੍ਰੀ ਅੰਮ੍ਰਿਤਸਰ ਤੋਂ ਮੁਹਾਲੀ ਵਾਪਿਸ ਆ ਗਏ। ਆਪ ਜੀ ਵਿਚ ਸੇਵਾ ਕਰਨ ਦਾ ਜ਼ਜ਼ਬਾ ਬਹੁਤ ਸੀ, ਪਰ ਸਿਹਤ ਦੀ ਮਜਬੂਰੀ ਕਰਨ ਹੋਈ ਲਾਚਾਰੀ ਕਾਰਨ, ਕਈ ਵਾਰੀ ਬੇਬੱਸੀ ਮਹਿਸੂਸ ਕਰਦੇ ਹੋਏ ਵੈਰਾਗਮਈ ਅਵਸਥਾ ਵਿਚ ਚਲੇ ਜਾਂਦੇ, ਪਰ ਉਠਦਿਆਂ ਬਹਿੰਦਿਆਂ ਖਾਂਦਿਆਂ ਸੌਂਦਿਆਂ ਹਮੇਸ਼ਾ ਨਾਮ ਬਾਣੀ ਤੇ ਗੁਰਬਾਣੀ ਦੇ ਪਾਠ ਵਿਚ ਗੜੂੰਦ ਰਹਿੰਦੇ ਸਨ।

ਸੰਤ 1993 ਮਾਰਚ ਦੇ ਪਹਿਲੇ ਹਫ਼ਤੇ ਇਹ ਗੁਰਮੁਖ ਦੰਪਤੀ ਲੁਧਿਆਣੇ ਗਈ ਅਤੇ ਉਥੋਂ ਆਪਣੇ ਨਿਕਟ ਵਰਤੀ ਗੁਰਸਿੱਖ ਪ੍ਰੇਮੀ ਦੇ ਘਰ ਪਟਿਆਲੇ ਗਏ ਹੋਏ ਸਨ ਕਿ ਉਥੇ ਹੀ ਅੰਮ੍ਰਿਤ ਵੇਲੇ 5 ਮਾਰਚ 1993 ਨੂੰ ਆਪ ਦੀ ਸਿੰਘਣੀ ਬੀਬੀ ਜਸਬੀਰ ਕੌਰ ਸ੍ਰੀ ਦਰਬਾਰ ਸਾਹਿਬ ਜੀ ਤੋਂ ਆਇਆ ਹੁਕਮਨਾਮਾ ਸੁਣ ਕੇ ਮੁੜ ਉੱਠੀ ਹੀ ਨਹੀਂ ਅਤੇ ਆਪ ਜੀ ਦਾ ਸਾਥ ਛੱਡ ਕੇ ਗੁਰੂ ਚਰਨਾਂ ਵਿਚ ਜਾ ਬਿਰਾਜੀ।

ਅਧਰੰਗ ਦੇ ਅਟੈਕ ਕਾਰਨ ਸੱਜਾ ਹੱਥ ਪੂਰੀ ਤਰ੍ਹਾਂ ਨਾ ਕੰਮ ਕਰਨ ਕਰਕੇ ਆਪ ਪਹਿਲਾਂ ਹੀ ਆਪੰਗ ਸਨ ਤੇ ਰੋਜ਼ਨਾਮਚੇ ਦੀਆਂ ਕਿਰਿਆਵਾਂ ਲਈ ਸਿੰਘਣੀ ਤੇ ਹੀ ਨਿਰਭਰ ਸਨ ਪਰ ਉਸ ਦੇ ਜਾਣ ਕਰਕੇ ਆਪ ਕਾਫੀ ਡਾਵਾਂ ਡੋਲ ਹੋ ਗਏ। ਹੁਣ ਹਰ ਨਿੱਜੀ ਕੰਮ ਕਾਰਜ ਲਈ, ਆਪਣੇ ਬੇਟੇ ਨਵਜੋਤ ਸਿੰਘ ਤੇ ਹੀ ਨਿਰਭਰ ਸਨ ਪਰ ਫਿਰ ਵੀ ਕਈ ਵਾਰ ਇਕੱਲੇ ਹੀ ਤੁਰ ਕੇ ਦਵਾਈ ਲੈਣ ਚਲੇ ਜਾਦੇ। ਫਿਰ ਆਪ ਨੂੰ ਗਦੂਦਾਂ (Prostrate) ਦੀ ਬੀਮਾਰੀ ਨੇ ਆ ਘੇਰਿਆ। ਕਾਫੀ ਇਲਾਜ ਕਰਾਉਣ ਤੋਂ ਬਾਅਦ ਵੀ ਇਹ ਬੀਮਾਰੀ ਠੀਕ ਨਹੀਂ ਹੋ ਸਕੀ ਅਤੇ ਆਪ ਆਖਰੀ ਵੇਲੇ ਕਾਫੀ ਸਮਾਂ ਬਿਸਤਰੇ ਤੇ ਹੀ ਰਹਿਣ ਲਈ ਮਜ਼ਬੂਰ ਹੋ ਗਏ। ਇਸ ਸਮੇਂ ਆਪ ਜੀ ਨੂੰ ਬਹੁਤ ਸਰੀਰਕ ਤਕਲੀਫ ਹੋਈ। ਜ਼ਬਾਨ ਵੀ ਖਿੱਚੀ ਗਈ ਤੇ ਸਵਾਸ ਵੀ ਬਹੁਤ ਔਖੇ ਨਿਕਲੇ। ਉਨ੍ਹਾਂ ਦੇ ਬੇਟੇ ਤੇ ਹੋਰ ਗੁਰਸਿੱਖ ਪ੍ਰੇਮੀਆਂ ਨੇ ਉਸ ਸਮੇਂ ਲਗਾਤਾਰ ਆਪ ਕੋਲ ਗੁਰਬਾਣੀ ਦਾ ਦੇ ਪਾਠ ਪ੍ਰਵਾਹ ਜਾਰੀ ਰੱਖਿਆ। ਆਪ ਜੀ ਨੇ 15 ਫਰਵਰੀ 1995 ਵਿਚ ਮੋਹਾਲੀ ਵਿਖੇ ਹੀ ਪੰਜ ਭੂਤਕ ਸਰੀਰ ਤਿਆਗਿਆ। ਇਨ੍ਹਾਂ ਦੇ ਛੋਟੇ ਵੀਰ ਸਤਿਕਾਰਯੋਗ ਪੂਰਨ ਦਾਰ ਜੀ ਇਨ੍ਹਾਂ ਦੇ ਸਸਕਾਰ ਤੋਂ ਬਾਅਦ ਲਗਾਤਾਰ 13 ਦਿਨ ਮੁਹਾਲੀ ਰਹੇ ਅਤੇ ਸ੍ਰੀ ਅਖੰਡ ਪਾਠਾਂ, ਅੰਮ੍ਰਿਤ ਵੇਲੇ ਤੇ ਕੀਰਤਨ ਸਮਾਗਮਾਂ ਦੇ ਪ੍ਰਵਾਹ ਚਲਾਏ। ਪੂਰਨ ਦਾਰ ਜੀ ਨੇ ਆਪਣੀ ਦਿਬ ਦ੍ਰਿਸ਼ਟੀ ਨਾਲ ਪ੍ਰੀਵਾਰਕ ਮੈਂਬਰਾਂ ਨੂੰ ਕਿਹਾ ਸੀ ਕਿ "ਭਾਪਾ ਜੀ ਦੀ ਅਜੇ ਅਕਾਲ ਪੁਰਖ ਦੀ ਦਰਗਾਹ ਵਿਚ ਪ੍ਰਵਾਨਗੀ ਨਹੀਂ ਹੋਈ ਅਤੇ ਹੋਰ ਸਿਮਰਨ, ਗੁਰਬਾਣੀ ਦੇ ਪਾਠਾਂ ਅਤੇ ਅਰਦਾਸਾਂ ਦੀ ਲੋੜ ਹੈ। ਪੂਰਨ ਜੀ ਆਪ ਨਾਲ ਬਹੁਤ ਪਿਆਰ ਕਰਦੇ ਸਨ। ਜਦ ਤੱਕ ਉਨ੍ਹਾਂ ਆਪਣੇ ਭਰਾ ਦੀ ਰੂਹ ਨੂੰ ਸੁਰਖ਼ਰੂ ਨਹੀਂ ਕਰਾ ਲਿਆ, ਉਦੋਂ ਤੱਕ ਲਗਾਤਾਰ ਸ੍ਰੀ ਅਖੰਡ ਪਾਠ ਤੇ ਕੀਰਤਨ ਸਮਾਗਮਾਂ ਦੇ ਪ੍ਰਵਾਹ ਚਲਾਉਂਦੇ ਰਹੇ।

## ਭਾਈ ਸਾਹਿਬ ਭਾਈ ਸੂਰਤ ਸਿੰਘ 'ਪੂਰਨ ਜੀ'

ਭਾਈ ਗੁਰਦੀਪ ਸਿੰਘ, ਸ੍ਰੀ ਅੰਮ੍ਰਿਤਸਰ

(**ਸੰਪਾਦਕੀ ਨੋਟ** : ਉਨ੍ਹਾਂ ਦੇ 84 ਸਾਲ ਦੇ ਜੀਵਨ ਸਫ਼ਰ ਵਿਚ ਅਨੇਕਾਂ ਆਤਮਿਕ ਅਤੇ ਪ੍ਰਮਾਰਥਿਕ ਘਟਨਾਵਾਂ ਘਟੀਆ ਹਨ ਜੋ ਕਿ ਉਨ੍ਹਾਂ ਦੇ ਨਿਕਟਵਰਤੀ ਗੁਰਸਿੱਖਾਂ ਦੇ ਹਿਰਦਿਆਂ ਵਿਚ ਸਾਂਭੀਆਂ ਪਈਆਂ ਹਨ। ਪੁਸਤਕ ਦਾ ਆਕਾਰ ਵੱਧਣ ਦੇ ਡਰ ਤੋਂ ਇਥੇ ਉਨ੍ਹਾਂ ਦਾ ਜੀਵਨ ਬਿਰਤਾਂਤ ਸਿਰਫ਼ ਸੰਖੇਪ ਵਿਚ ਹੀ ਦਿੱਤਾ ਗਿਆ


www.AKJ.Org

ਹੈ। ਜੇ ਗੁਰੂ ਸਾਹਿਬ ਨੇ ਕ੍ਰਿਪਾ ਕੀਤੀ ਤਾਂ ਉਨ੍ਹਾਂ ਦੇ ਜੀਵਨ ਸੰਬੰਧੀ ਦਿੰਦੀ ਵਿਸਥਾਰਿਕ ਜਾਣਕਾਰੀ ਪੁਸਤਕ "**ਸਫਲ ਜਨਮੁ ਹਰਿ ਜਨ ਕਾ ਉਪਜਿਆ**" ਸੰਗਤਾਂ ਦੇ ਹੱਥਾਂ ਵਿਚ ਪਹੁੰਚਾਉਣ ਦੀ ਜਲਦੀ ਹੀ ਕੋਸ਼ਿਸ਼ ਕੀਤੀ ਜਾਵੇਗੀ।)

ਸਮੂਹ ਸੰਗਤਾਂ ਦੇ ਹਰਮਨ ਪਿਆਰੇ, ਹਰ ਦਿਲ ਅਜ਼ੀਜ਼, ਨਾਮ-ਰਸੀਏ, ਅੰਮ੍ਰਿਤ ਵੇਲੇ ਦੇ ਆਸ਼ਕ, ਬੇਅੰਤ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਨ ਦੀ ਅਕਾਲ ਪੁਰਖ ਵਲੋਂ ਲਾਈ ਹੋਈ ਸੇਵਾ ਨਿਭਾਉਣ ਅਤੇ ਗੁਰੂ ਦੀ ਸੱਚੀ ਕਾਰ ਕਮਾਉਣ ਵਾਲੇ ਭਾਈ ਸਾਹਿਬ ਭਾਈ ਸੂਰਤ ਸਿੰਘ "ਪੂਰਨ ਜੀ" ਨੇ ਮਿਤੀ 24 ਦਸੰਬਰ 1924 ਨੂੰ ਮਿੱਠਾ ਟਿਵਾਣਾ (ਜ਼ਿਲ੍ਹਾ ਸਰਗੋਧਾ) ਪਾਕਿਸਤਾਨ ਵਿਚ ਪਿਤਾ ਗੁਲਾਬ ਸਿੰਘ ਜੀ ਤੇ ਮਾਤਾ ਲੱਛਮੀ ਬਾਈ ਜੀ ਦੀ ਕੁੱਖੋਂ ਜਨਮ ਲਿਆ। ਮਾਤਾ ਜੀ ਇਨ੍ਹਾਂ ਦੀ 7-8 ਸਾਲ ਦੀ ਉਮਰ ਵਿਚ ਹੀ ਚੜ੍ਹਾਈ ਕਰ ਗਏ ਸਨ। ਪੂਰਬਲੇ ਜਨਮਾਂ ਦੀ ਅਤੁੱਟ ਕਮਾਈ, ਵੱਡੇ ਭਰਾਤਾ ਭਾਈ ਹਰਨਾਮ ਸਿੰਘ ਜੀ ਕੋਮਲ ਜੀ ਦੀ ਸੰਗਤ ਅਤੇ ਪ੍ਰੇਰਨਾ ਕਰਕੇ ਅਤੇ ਪ੍ਰੀਵਾਰਕ ਗੁਰਸਿੱਖੀ ਮਾਹੌਲ ਕਾਰਨ ਸੰਨ 1937 ਵਿਚ ਦੋਹਾਂ ਵੱਡੇ ਭਰਾਵਾਂ ਨਾਲ ਨਾਰੰਗਵਾਲ ਪੋਹ ਸੁਦੀ ਸਮਾਗਮਾਂ ਤੇ ਦਾਤ ਅੰਮ੍ਰਿਤ ਛੱਕਣ ਸਾਰ ਹੀ ਨਾਮ ਬਾਣੀ ਵਿਚ ਅਰੂੜ ਹੋ ਗਏ। ਆਪ ਜੀ ਦੀ ਆਤਮਕ ਅਵਸਥਾ ਉੱਚੀਆਂ ਉਡਾਰੀਆਂ ਮਾਰਨ ਲੱਗ ਪਈ। ਆਪਣੇ ਨੌਂ ਭਰਾਵਾਂ ਅਤੇ ਭੈਣਾਂ ਵਿਚੋਂ ਆਪ ਅੱਠਵੇਂ ਨੰਬਰ ਤੇ ਸਨ। ਆਪ ਜੀ ਨੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਤੇ ਉਨ੍ਹਾਂ ਦੇ ਸੰਗੀਆਂ-ਸਾਥੀਆਂ ਵੱਲੋਂ ਚਲਾਏ ਜਾ ਰਹੇ ਸ੍ਰੀ ਅਖੰਡ ਪਾਠਾਂ ਅਤੇ ਅਖੰਡ ਕੀਰਤਨ ਸਮਾਗਮਾਂ ਦਾ ਲਾਹਾ ਬਚਪਨ ਤੋਂ ਹੀ ਮਾਣਨਾ ਸ਼ੁਰੂ ਕਰ ਦਿੱਤਾ ਸੀ। ਰੰਗਲੇ ਸੱਜਣ ਭਾਈ ਹਰਬੰਸ ਸਿੰਘ ਜੀ, ਜਿਨ੍ਹਾਂ ਨੂੰ ਭਾਈ ਸਾਹਿਬ ਮੁਨੀਸ਼ੂਰ ਜੀ ਕਰਕੇ ਬੁਲਾਉਂਦੇ ਸਨ ਆਪ ਜੀ ਨੂੰ ਆਪਣੀ ਗੋਦ ਵਿਚ ਬਿਠਾ ਕੇ ਕਈ-ਕਈ ਘੰਟੇ ਸਿਮਰਨ ਕਰਦੇ ਰਹਿੰਦੇ ਸਨ। ਮੁਨੀਸ਼ਵਰ ਜੀ ਆਪ ਜੀ ਨੂੰ ਇਸ ਲਈ ਬਹੁਤ ਪਿਆਰ ਕਰਦੇ ਸਨ ਕਿ ਆਪ ਜੀ ਦੇ ਮਾਤਾ ਨਹੀਂ ਸਨ ਅਤੇ ਮੁਨੀਸ਼ਵਰ ਜੀ ਦੀ ਆਪਣੀ ਕੋਈ ਸੰਤਾਨ ਨਹੀਂ ਸੀ।

ਆਪ ਜੀ ਨੇ ਆਪਣੀ ਪੜ੍ਹਾਈ ਦਸਵੀਂ ਤਾਈਂ ਸਰਗੋਧਾ ਖ਼ਾਲਸਾ ਹਾਈ ਸਕੂਲ ਤੋਂ ਕੀਤੀ। ਫਿਰ ਕੁਝ ਸਮਾਂ ਸ਼ਿਮਲੇ ਆਪਣੇ ਵੱਡੇ ਵੀਰ ਕੋਮਲ ਜੀ ਨਾਲ ਰਹੇ ਤੇ ਸੰਨ 1943 ਵਿਚ ਭਾਈ ਅਜੀਤ ਸਿੰਘ ਜੀ ਜੋ ਭਾਰਤ ਸਰਕਾਰ ਦੇ ਖੇਤੀਬਾੜੀ ਤੇ ਫੂਡ ਸਪਲਾਈ ਮਹਿਕਮੇ ਵਿਚ ਨੌਕਰੀ ਕਰਦੇ ਸਨ, ਦੀ ਮਦਦ ਨਾਲ ਨੌਕਰੀ ਸ਼ੁਰੂ ਕਰ ਦਿੱਤੀ। ਇਸ ਤੋਂ ਬਾਅਦ ਨੌਕਰੀ ਦੌਰਾਨ ਹੀ ਆਪ ਨੇ ਗਰੈਜੂਏਸ਼ਨ ਪੂਰੀ ਕੀਤੀ। ਦਿੱਲੀ ਵਿਚ ਉਸ ਵੇਲੇ ਸੰਗਤੀ ਅੰਮ੍ਰਿਤ ਵੇਲਾ ਨਹੀਂ ਸੀ ਹੁੰਦਾ। ਆਪ ਜੀ ਨੇ ਅੰਮ੍ਰਿਤ ਵੇਲੇ ਉੱਠ ਕੇ ਸਭ ਤੋਂ ਪਹਿਲਾਂ ਸਾਈਕਲ ਤੇ ਘਰੋਂ ਘਰੀਂ ਜਾ ਕੇ ਮਨ-ਮੇਲੀਆਂ ਨੂੰ ਉਠਾਉਣਾ, ਫਿਰ ਰਲ ਮਿਲ ਕੇ 5-6 ਵਜੇ ਤਾਈਂ ਨਾਮ ਅਭਿਆਸ ਤੇ ਨਿਤਨੇਮ ਅਤੇ ਹੋਰ ਬੇਅੰਤ ਬਾਣੀਆਂ ਦੇ ਪਾਠ ਕਰਕੇ ਲਾਹੇ ਲੈਣੇ। ਦਫ਼ਤਰੀ ਸਮੇਂ ਦੀ ਅੱਧੀ ਛੁੱਟੀ ਵੇਲੇ, ਨੇੜੇ ਦੇ ਗੁਰਦੁਆਰੇ ਵਿਚ ਬੀਬੀਆ ਨੂੰ ਇਕੱਠੇ ਕਰਕੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਸੰਗਤੀ ਰੂਪ ਵਿਚ ਪਾਠ ਕਰਾ ਕੇ, ਗੁਰੂ ਚਰਨਾਂ ਨਾਲ ਜੁੜਨ ਦੀ ਪ੍ਰੇਰਨਾ ਦੇਣੀ। ਆਪ ਜੀ ਦੱਸਦੇ ਸਨ ਕਿ ਉਹ ਆਪਣੀ ਨੌਕਰੀ ਦੌਰਾਨ ਸਾਰੀ ਉਮਰ ਕਦੇ ਵੀ ਦਫ਼ਤਰ ਲੇਟ ਨਹੀਂ ਗਏ ਅਤੇ ਅੰਮ੍ਰਿਤ ਵੇਲੇ ਉੱਠਣ ਕਰਕੇ ਕਦੇ ਸੁਸਤਾਏ ਵੀ ਨਹੀਂ ਸਨ, ਕਿਉਂਕਿ ਉਹ ਅੰਮ੍ਰਿਤ ਦੀ ਸਮਾਪਤੀ ਤੋਂ ਬਾਅਦ ਥੋੜ੍ਹਾ ਚਿਰ ਆਰਾਮ ਜ਼ਰੂਰ ਕਰ ਲੈਂਦੇ ਸਨ।

ਉਨ੍ਹਾਂ ਦਾ ਅਨੰਦ ਕਾਰਜ ਡਾਕਟਰ ਹਰਬੰਸ ਸਿੰਘ ਜੀ, ਕੁੱਬੀ ਬੇਰੀ ਵਾਲਿਆਂ ਦੀ ਸਪੁੱਤਰੀ ਬੀਬੀ ਭੁਪਿੰਦਰ ਕੌਰ ਜੀ ਨਾਲ ਹੋਇਆ ਜੋ ਕਿ ਗੁਰੂ ਕੇ ਢਾਡੀ ਸਨ ਅਤੇ ਕੀਰਤਨ ਦੀ ਸੇਵਾ ਰਾਹੀਂ ਸੰਗਤਾਂ ਨੂੰ ਸ਼ਰਸ਼ਾਰ ਕਰਦੇ ਰਹੇ ਹਨ। ਇਸ ਅਨੰਦ ਕਾਰਜ ਦੀ ਵਿਲੱਖਣਤਾ ਇਹ ਸੀ ਕਿ ਭਾਈ ਸਾਹਿਬ ਰਣਧੀਰ ਸਿੰਘ ਜੀ ਲੁਧਿਆਣੇ ਤੋਂ ਬਾਰਾਤ ਨਾਲ ਆਪ ਜੀ ਦੇ ਪਿਤਾ ਬਣ ਕੇ ਆਏ, ਅਗੋਂ ਬਾਊ ਮਲ ਸਿੰਘ ਜੀ ਨੇ ਬੀਬੀ ਭੁਪਿੰਦਰ ਕੌਰ ਜੀ ਦੇ ਪਿਤਾ ਬਣ ਕੇ ਕੁੜਮਾਂ ਦੇ ਰੂਪ ਵਿਚ ਆਪਸੀ ਮਿਲਣੀ ਕੀਤੀ ਸੀ। ਇੰਨ੍ਹਾਂ ਦੀਆਂ ਤਿੰਨ ਬੱਚੀਆਂ ਬੀਬੀ ਅਰਵੀਨ ਕੌਰ ਦਿੱਲੀ, ਬੀਬੀ ਸਿਮਰਨ



www.AKJ.Org

ਕੌਰ ਸ੍ਰੀ ਅੰਮ੍ਰਿਤਸਰ ਅਤੇ ਧਰਮ ਬੇਟੀ ਬੀਬੀ ਹਰਮੀਸ਼ ਕੌਰ ਲੁਧਿਆਣਾ, ਗੁਰਮਤਿ ਅਤੇ ਰਹਿਤ ਬਹਿਤ ਦੇ ਧਾਰਨੀ ਅਤੇ ਕੀਰਤਨੀ ਹਨ। ਇਨ੍ਹਾਂ ਦੇ ਦੋ ਬੇਟੇ ਵੀਰ ਵਰਿੰਦਰ ਸਿੰਘ ਅਤੇ ਵੀਰ ਰੁਪਿੰਦਰ ਸਿੰਘ ਬਾਲ ਅਵਸਥਾ ਤੋਂ ਹੀ ਕੀਰਤਨ ਰਾਹੀਂ ਸੰਗਤਾਂ ਦੇ ਸੇਵਾ ਵਿਚ ਜੁੱਟ ਗਏ ਸਨ। ਪੂਰਬਲੀ ਕਮਾਈ ਅਤੇ ਮਾਤਾ-ਪਿਤਾ ਦੀਆਂ ਅਸੀਸਾਂ ਸਦਕਾ, ਛੋਟੀ ਉਮਰ ਵਿਚ ਹੀ ਇਤਨੇ ਕੀਰਤਨ ਦੇ ਧਨੀ ਬਣ ਗਏ ਕਿ ਉਨ੍ਹਾਂ ਦੀ ਗਿਣਤੀ ਜੱਥੇ ਦੇ ਪ੍ਰਮੁੱਖ ਕੀਰਤਨੀਆਂ ਵਿਚ ਹੋਣ ਲੱਗ ਪਈ। ਮਾਤਾ ਪਿਤਾ ਸਮੇਤ ਸੰਨ 1979 ਵਿਚ ਇੰਗਲੈਂਡ ਕੀਰਤਨ ਦੀ ਸੇਵਾ ਲਈ ਵੀ ਗਏ। ਸੰਗਤਾਂ ਦੀ ਮੰਗ ਤੇ ਥਾਂ-ਥਾਂ ਕੀਰਤਨ ਰਾਹੀਂ ਸੇਵਾ ਕਰ ਰਹੇ ਸੀ ਕਿ ਅਚਿੰਤੇ ਬਾਜ ਆ ਪਏ। ਅਜੇ ਗ੍ਰਹਿਸਤ ਜੀਵਨ ਵੀ ਆਰੰਭ ਨਹੀਂ ਸੀ ਕੀਤਾ ਅਤੇ ਜਿਸ ਦੀਆਂ ਅਜੇ ਤਿਆਰੀਆਂ ਹੀ ਹੋ ਰਹੀਆਂ ਸਨ ਕਿ 8 ਅਪ੍ਰੈਲ 1982 ਨੂੰ ਕੀਰਤਨ ਦੀ ਸੇਵਾ ਤੋਂ ਵਾਪਸੀ ਸਮੇਂ ਮੌਤ ਦੀ ਲਾੜੀ ਐਕਸੀਡੈਂਟ ਰਾਹੀਂ ਫਰੀਦਾਬਾਦ ਵਿਖੇ ਉਨ੍ਹਾਂ ਨੂੰ ਵਿਆਹ ਕੇ ਲੈ ਗਈ। ਦੋਨੋਂ ਮਾਤਾ ਪਿਤਾ ਇਸ ਬਿਖਮ ਭਾਣੇ ਸਮੇਂ ਬਿਲਕੁਲ ਨਹੀਂ ਡੋਲੇ। ਉਸੇ ਵੇਲੇ ਗੁਰਬਾਣੀ ਦਾ ਆਸਰਾ ਲੈਂਦੇ ਹੋਏ ਪੰਜ ਸ੍ਰੀ ਅਖੰਡ ਪਾਠਾਂ ਦੀ ਸੇਵਾ ਕੀਤੀ ਅਤੇ ਜੋ ਕੁਝ ਵੀ ਕੋਲ ਸੀ ਗੁਰੂ ਲੇਖੇ ਲਾ ਦਿੱਤਾ। ਇੰਨ੍ਹਾਂ ਕੀਰਤਨੀ ਬੱਚਿਆਂ ਦੀ ਯਾਦ ਵਿਚ ਉਸ ਸਮੇਂ ਤੋਂ ਲੈ ਕੇ ਹੁਣ ਤੱਕ ਸ੍ਰੀ ਅੰਮ੍ਰਿਤਸਰ, ਬਰੇਲੀ ਅਤੇ ਹੋਰ ਥਾਵਾਂ ਤੇ ਸਲਾਨਾ ਸ੍ਰੀ ਅਖੰਡ ਪਾਠ ਅਤੇ ਅਖੰਡ ਕੀਰਤਨ ਸਮਾਗਮ ਬੜੀ ਚੜ੍ਹਦੀ ਕਲਾ ਵਿਚ ਹੁੰਦੇ ਰਹੇ ਹਨ ਅਤੇ ਸਚਖੰਡੀ ਭੋਜਨ ਰੂਪੀ ਅਦੁੱਤੀ ਸੁਗਾਤਾਂ ਉਨ੍ਹਾਂ ਦੀਆਂ ਆਤਮਾਵਾਂ ਤਾਈਂ ਪਹੁੰਚਾਈਆਂ ਜਾਂਦੀਆਂ ਰਹੀਆਂ ਹਨ।

ਆਪ ਜੀ ਨੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਤੇ ਬਾਊ ਮਲ ਸਿੰਘ ਜੀ ਦੀ ਸੰਗਤ ਦਾ ਬਹੁਤ ਨਿੱਘ ਮਾਣਿਆ। ਅਨੰਦ ਕਾਰਜ ਦੀ ਘਟਨਾ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਆਪ ਜੀ, ਭਾਈ ਸਾਹਿਬ ਅਤੇ ਬਾਊ ਜੀ ਦੇ ਕਿਤਨੇ ਨਿਕਟਵਰਤੀ ਸਨ। ਉਨ੍ਹਾਂ ਦੀ ਸੰਗਤ ਨੇ ਆਪ ਜੀ ਦੀ ਆਤਮਕ ਅਵਸਥਾ ਨੂੰ ਹੋਰ ਉੱਚੀ ਕਰਨ ਲਈ ਸੋਨੇ ਤੇ ਸੁਹਾਗੇ ਦਾ ਕੰਮ ਕੀਤਾ। ਭਾਈ ਸਾਹਿਬ ਜੀ ਨੇ ਆਪਦੇ ਨਾਮ ਨਾਲ 'ਪੂਰਨ' ਦਾ ਤਖੱਲਸ ਜੋੜਿਆ ਤੇ ਕਹਿੰਦੇ ਸਨ ਕਿ ਇਹ ਪੂਰਨ ਭਗਤ ਹੈ। "**ਪੂਰਨੁ ਕਬਹੁ ਨ ਡੋਲਤਾ ਪੂਰਾ ਕੀਆ ਪ੍ਰਭਿ ਆਪਿ ॥**" ਨੌਕਰੀ ਕਾਰਨ ਆਪ ਦੀ ਬਦਲੀ ਦੂਰ-ਦੂਰ ਸ਼ਹਿਰਾਂ ਬੰਬਈ, ਕਾਂਡਲਾ, ਕਲੱਕਤਾ ਹੁੰਦੀ ਰਹੀ ਜਿੱਥੋਂ ਆਪ ਸਿੰਘਣੀ ਅਤੇ ਛੋਟੇ-ਛੋਟੇ ਬੱਚਿਆਂ ਸਮੇਤ ਗੁਰਪੁਰਬ ਸਮਾਗਮਾਂ ਤੇ ਹਾਜ਼ਰੀ ਭਰਨ ਆਉਂਦੇ ਰਹੇ। ਆਪ ਜੀ ਦੀ ਗਿਣਤੀ ਜੱਥੇ ਦੇ ਸਤਿਕਾਰ ਯੋਗ ਵਿਅਕਤੀਆਂ ਵਿੱਚ ਹੁੰਦੀ ਸੀ। ਉੱਚ ਆਤਮਕ ਅਵਸਥਾ ਅਤੇ ਜੋਤ ਜਗੰਨੇ ਹੋਣ ਕਰਕੇ ਹੀ, ਆਪ ਜੀ ਨੂੰ ਸ਼ੁਰੂ ਤੋਂ ਹੀ ਅੰਮ੍ਰਿਤ ਸੰਚਾਰ ਦੀ ਸੇਵਾ ਸਮੇਂ, ਪੰਚਾਂ ਦੀ ਸੇਵਾ ਵਿਚ ਸ਼ਾਮਲ ਕੀਤਾ ਜਾਂਦਾ ਰਿਹਾ ਜੋ ਕਿ ਆਪ ਜੀ ਸਾਰੀ ਆਯੂ ਦੇਸ਼ਾਂ ਵਿਦੇਸ਼ਾਂ ਵਿਚ ਹੁੰਦੇ ਰਹੇ ਅੰਮ੍ਰਿਤ ਸੰਚਾਰ ਸਮਾਗਮਾਂ ਸਮੇਂ ਨਿਰੰਤਰ ਨਿਭਾਉਂਦੇ ਰਹੇ। ਕਿਸੇ ਵੀ ਸ਼ਹਿਰ ਦੀ ਸੰਗਤ ਵੱਲੋਂ ਕੀਰਤਨ ਸਮਾਗਮ ਦੀ ਮੰਗ ਕਰਨ ਤੇ ਆਪ ਜੀ ਦੀ ਪਹਿਲੀ ਸ਼ਰਤ ਹੁੰਦੀ ਸੀ ਕਿ ਅੰਮ੍ਰਿਤ ਛੱਕਣ ਵਾਲੇ ਪ੍ਰੇਮੀ ਤਿਆਰ ਕਰੋ, ਅਸੀਂ ਸੰਗਤਾਂ ਸਮੇਤ ਪਹੁੰਚ ਜਾਵਾਂਗੇ। ਆਪ ਜਿਸ ਸ਼ਹਿਰ ਵਿਚ ਵੀ ਰਹੇ, ਉੱਥੋਂ ਆਪ ਸੰਗਤਾਂ ਸਮੇਤ ਇਤਿਹਾਸਕ ਅਸਥਾਨਾਂ ਦੀ ਯਾਤਰਾ ਤੋਂ ਇਲਾਵਾ, ਦੇਸ਼ ਭਰ ਦੇ ਵੱਖ-ਵੱਖ ਸ਼ਹਿਰਾ ਖਾਸ ਕਰ ਨਾਰੰਗਵਾਲ, ਦਿੱਲੀ, ਲੁਧਿਆਣਾ, ਸ੍ਰੀ ਅੰਮ੍ਰਿਤਸਰ ਵਿਚ ਹੋਣ ਵਾਲੇ ਅਖੰਡ ਕੀਰਤਨ ਸਮਾਗਮਾਂ 'ਤੇ ਜਾਂਦੇ ਰਹੇ। ਕੀਰਤਨੀ ਬੱਚਿਆਂ ਅਤੇ ਸੰਗਤਾਂ ਸਮੇਤ ਸੰਨ 1980 ਵਿਚ ਸ੍ਰੀ ਹਜ਼ੂਰ ਸਾਹਿਬ ਅਤੇ ਹੋਰ ਸ਼ਹਿਰਾਂ ਦੀ 25 ਦਿਨਾਂ ਦੀ ਅਲੋਕਿਕ ਯਾਤਰਾ ਇਕ ਅਭੁੱਲ ਯਾਦ ਹੈ। ਦਿੱਲੀ ਵਿਚ ਨੌਕਰੀ ਸਮੇਂ ਇਕ ਖਾਸ ਘਟਨਾ ਵਰਨਣ ਯੋਗ ਹੈ ਜੋ ਕਿ ਹੇਠਾਂ ਦਿੱਤੀ ਜਾ ਰਹੀ ਹੈ—

ਆਪ ਭਾਰਤ ਸਰਕਾਰ ਦੇ ਫੂਡ ਸਪਲਾਈ ਮਹਿਕਮੇ ਦੇ ਰਾਸ਼ਨਿੰਗ ਵਿਭਾਗ ਵਿਚ ਨੌਕਰੀ ਕਰ ਰਹੇ ਸੀ, ਇੰਨ੍ਹਾਂ ਦੀ ਸੇਵਾ ਡਿਪੂ ਹੋਲਡਰਾਂ ਨੂੰ ਡਿਪੂ ਅਲਾਟ ਕਰਨ ਦੀ ਲੱਗੀ ਹੋਈ ਸੀ। ਇਸ ਮਹਿਕਮੇ ਵਿਚ ਰਿਸ਼ਵਤਖੋਰੀ ਅਤੇ ਸਿਆਸੀ ਦਖ਼ਲ ਅੰਦਾਜ਼ੀ ਦਾ ਬਹੁਤ ਜ਼ੋਰ ਸੀ। ਪਰੰਤੂ ਆਪ ਕਮਲ ਦੇ ਫੁੱਲ ਵਾਂਗ ਇਨ੍ਹਾਂ ਅਲਾਮਤਾਂ ਤੋਂ ਅਲਿਪਤ ਰਹੇ। ਇਕ



www.AKJ.Org

ਵਾਰੀ ਇਕ ਸਿਆਸੀ ਅਸਰ ਰਸੂਖ ਵਾਲੇ ਵਿਅਕਤੀ ਵੱਲੋਂ ਰਿਸ਼ਵਤ ਦੇ ਕੇ ਜ਼ਿਆਦਾ ਕੋਟਾ ਅਲਾਟ ਕਰਵਾਉਣ ਦੀ ਕੋਸ਼ਿਸ਼, ਆਪ ਨੇ ਇਮਾਨਦਾਰੀ ਤੇ ਕਾਨੂੰਨ ਮੁਤਾਬਿਕ ਕੰਮ ਕਰਨ ਕਰਕੇ ਨਕਾਰ ਦਿੱਤੀ। ਉਸ ਨੇ ਇਸ ਦਾ ਬਦਲਾ ਲੈਣ ਲਈ ਆਪ ਜੀ ਉਪਰ ਸਿਆਸੀ ਅਸਰ ਰਸੂਖ ਨਾਲ ਝੂਠਾ ਕੇਸ ਬਣਵਾ ਦਿੱਤਾ। ਇਸ ਬਿਖੜੇ ਸਮੇਂ ਆਪ ਨੇ ਸੱਚੇ ਪਾਤਸ਼ਾਹ ਦਾ ਓਟ ਆਸਰਾ ਤੱਕਿਆ। ਘਰ ਬਿਨ੍ਹਾਂ ਦੱਸੇ, ਆਪਣੇ ਸਾਈਕਲ ਸਮੇਤ ਯਮਨਾ ਦੇ ਕਿਨਾਰੇ ਇਕਾਂਤ ਵਿਚ ਇਕ ਉੱਚੇ ਟਿੱਲੇ ਉੱਤੇ ਜਾ ਪਹੁੰਚੇ ਅਤੇ ਰੋੜਿਆਂ ਦੇ ਢੇਰ ਲਾ ਕੇ ਸ੍ਰੀ ਸੁਖਮਨੀ ਦਾ ਪਾਠ ਆਰੰਭ ਕਰ ਦਿੱਤਾ। ਇਕ ਪਾਠ ਦੀ ਸਮਾਪਤੀ ਤੋਂ ਬਾਅਦ ਇਕ ਰੋੜਾ ਚੁੱਕ ਕੇ ਪਾਣੀ ਵਿੱਚ ਸੁੱਟ ਦਿੰਦੇ। ਸ਼ਾਮ ਘਰ ਨਾ ਪਹੁੰਚਣ ਤੇ ਸਿੰਘਣੀ ਵੱਲੋਂ ਚਿੰਤਾ ਸ਼ੁਰੂ ਹੋ ਗਈ। ਰਾਤ ਦੇਰ ਤੱਕ ਵੀ ਨਾ ਆਉਣ ਕਰਕੇ ਚਿੰਤਾ ਹੋਰ ਵੱਧਦੀ ਗਈ। ਰਿਸ਼ਤੇਦਾਰਾਂ ਦੀ ਸਖ਼ਤੀ ਤੋਂ ਡਰਦੇ ਕਿਸੇ ਕੋਲ ਗੱਲ ਕਰਨ ਤੋਂ ਵੀ ਸੰਕੋਚ ਕਰਦੇ ਸਨ। ਉਸ ਨੇ ਸਾਰੀ ਰਾਤ ਬਾਣੀ ਪੜਦਿਆਂ, ਇੰਨ੍ਹਾਂ ਦੀ ਚਿੰਤਾ ਵਿਚ ਹੀ ਗੁਜ਼ਾਰੀ। ਦੂਸਰੇ ਦਿਨ ਦੁਪਹਿਰ ਹੌਂਸਲਾ ਕਰਕੇ ਆਪ ਜੀ ਦੇ ਵੱਡੇ ਭੈਣ ਜੀ ਅਤੇ ਵੱਡੇ ਭਰਾਤਾ ਭਾਈ ਭੁਪਿੰਦਰ ਸਿੰਘ ਜੀ, ਜੋ ਮੇਰਠ ਵਿਚ ਰਹਿੰਦੇ ਸਨ, ਨੂੰ ਸੂਚਿਤ ਕੀਤਾ। ਉਨ੍ਹਾਂ ਨੂੰ ਅਤੇ ਹੋਰ ਸੰਗੀ ਸਾਥੀਆਂ ਨੂੰ ਲੈ ਕੇ ਹੋਰ ਰਿਸ਼ਤੇਦਾਰਾਂ ਦੇ ਘਰੀਂ ਅਤੇ ਹਸਪਤਾਲਾਂ ਵਿਚ ਖੋਜ ਆਰੰਭ ਕੀਤੀ ਪ੍ਰੰਤੂ ਰਾਤ ਦੇਰ ਤਕ ਕੋਈ ਥਹੁ ਪਤਾ ਨਾ ਲੱਗਾ। ਤੀਸਰੇ ਦਿਨ ਜਮਨਾ ਦੇ ਕਿਨਾਰੇ ਭਾਲ ਸ਼ੁਰੂ ਕੀਤੀ। ਤੁਰਦਿਆਂ-ਤੁਰਦਿਆਂ ਇਕ ਉੱਚੇ ਟਿੱਲੇ ਉਪਰ ਆਪ ਜੀ ਬੈਠੇ ਦਿਸੇ ਤਾਂ ਸਾਰਿਆਂ ਦੀ ਜਾਨ ਵਿਚ ਜਾਨ ਪਈ। ਦੂਰੋਂ ਦੇਖਿਆ ਕਿ ਆਪ ਦਾ ਸਾਇਕਲ ਕੋਲ ਪਿਆ ਹੋਇਆ ਸੀ ਅਤੇ ਆਪ ਅੱਖਾਂ ਮੀਟੀ ਮਾਲਾ ਫੇਰ ਕੇ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਕਰ ਰਹੇ ਸਨ। ਉਥੇ ਗਏ ਸਾਰੇ ਸੱਜਣ ਥੋੜ੍ਹੀ ਦੂਰੀ ਤੇ ਬੈਠ ਗਏ। ਜਦ ਸਾਰੇ ਰੋੜਿਆਂ ਦਾ ਢੇਰ ਖ਼ਤਮ ਹੋ ਗਿਆ ਤਾਂ ਆਪ ਜੀ ਨੇ ਉੱਠ ਕੇ ਰੋ-ਰੋ ਕੇ ਲੰਮੀ ਅਰਦਾਸ ਕੀਤੀ। ਉਪਰੰਤ ਸਾਇਕਲ ਚੁੱਕ ਕੇ ਅਤੇ ਬੈਠੀਆਂ ਸੰਗਤਾਂ ਨੂੰ ਇਸ਼ਾਰਾ ਕਰਕੇ ਸਿੱਧੇ ਦਫਤਰ ਜਾ ਪੁੱਜੇ। ਉੱਥੇ ਜਾ ਕੇ ਦੇਖਿਆ ਕਿ ਝੂਠੇ ਕੇਸ ਵਾਲੀ ਫਾਇਲ ਹੀ ਗਾਇਬ ਸੀ। ਸੰਗਤਾਂ ਵੀ ਉਥੋਂ ਉੱਠ ਕੇ ਘਰ ਪਹੁੰਚ ਗਈਆਂ ਅਤੇ ਥੋੜ੍ਹੀ ਦੇਰ ਬਾਅਦ ਆਪ ਜੀ ਵੀ ਚੁਟਕੀਆਂ ਮਾਰਦੇ ਦਫਤਰੋਂ ਵਾਪਸ ਆ ਗਏ। ਜਦੋਂ ਆਪ ਜੀ ਬਹੁਤ ਖੁਸ਼ ਹੁੰਦੇ ਸਨ ਤਾਂ ਚੁਟਕੀਆਂ ਬਹੁਤ ਮਾਰਦੇ ਹੁੰਦੇ ਸਨ।

ਦੁਨੀਆਵੀਂ ਕਿਰਤ ਕਾਰਨ ਆਪ ਜੀ ਦੀ ਬਦਲੀ ਪਹਿਲਾਂ ਦਿੱਲੀ ਤੋਂ ਬੰਬਈ ਹੋ ਗਈ। ਇਸੇ ਸਮੇਂ ਦੌਰਾਨ ਰਾਸ਼ਨ ਵਿਭਾਗ ਨੂੰ ਭੰਗ ਕਰਕੇ ਫੂਡ ਕਾਰਪੋਰੇਸ਼ਨ ਆਫ ਇੰਡੀਆ ਵਿਚ ਬਦਲ ਦਿੱਤਾ ਗਿਆ। ਆਪ ਜੀ ਇਸੇ ਹੀ ਮਹਿਕਮੇ ਵਿਚ ਤਰੱਕੀ ਕਰਦੇ-ਕਰਦੇ ਡਿਪਟੀ ਮੈਨੇਜਰ ਦੇ ਅਹੁਦੇ ਤੋਂ ਰਿਟਾਇਰ ਹੋਏ। ਉੱਥੇ ਆਪ ਜੀ ਨੇ ਸੰਗਤਾਂ ਨੂੰ ਨਾਲ ਲੈ ਕੇ ਕੀਰਤਨ ਸਮਾਗਮ ਅਤੇ ਅੰਮ੍ਰਿਤ ਵੇਲੇ ਦੇ ਪ੍ਰੋਗਰਾਮ ਸ਼ੁਰੂ ਕੀਤੇ। ਇੱਥੇ ਹੀ ਇੰਨ੍ਹਾਂ ਦਾ ਮਿਲਾਪ ਡਾ. ਸੁਰਿੰਦਰ ਸਿੰਘ ਜੀ ਨਾਲ ਹੋਇਆ ਜੋ ਕਿ ਇਹਨਾਂ ਦੇ ਘਰ ਆ ਕੇ ਕਈ-ਕਈ ਘੰਟੇ ਕੀਰਤਨ ਦਾ ਆਨੰਦ ਮਾਣਦੇ ਸਨ। ਬੰਬਈ ਦੇ ਰੈਣ ਸਬਾਈ ਕੀਰਤਨਾਂ ਵਿਚ ਲਗਾਤਾਰ 10-10 ਘੰਟੇ ਕੀਰਤਨ ਦੀ ਸੇਵਾ ਬੀਬੀ ਭੁਪਿੰਦਰ ਕੌਰ ਜੀ ਕੋਲੋਂ ਸੱਚੇ ਪਾਤਸ਼ਾਹ ਨੇ ਲਈ। ਇੱਥੇ ਹੀ ਮਹਿਕਮੇ ਵੱਲੋਂ ਨੌਕਰੀਆਂ ਵਾਧੂ ਘੋਸ਼ਿਤ ਕਰਕੇ ਇਹਨਾਂ ਨੂੰ ਬਰਖਾਸਤੀ ਦੇ ਹੁਕਮ ਦੇ ਦਿੱਤੇ ਗਏ ਸਨ। ਇਹਨਾਂ ਸੱਚੇ ਪਾਤਸ਼ਾਹ ਦੀ ਟੇਕ ਲੈਂਦਿਆਂ ਇਕੱਲਿਆਂ ਨੇ ਹੀ ਦੋ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਸੇਵਾ ਕੀਤੀ। ਸਮਾਪਤੀ ਦੇ ਨਾਲ ਹੀ ਨਵੇਂ ਸਿਰਿਓਂ ਨਿਯੁਕਤੀ ਦੇ ਹੁਕਮ ਇਹਨਾਂ ਦੇ ਘਰ ਪਹੁੰਚ ਗਏ। ਆਪ ਜੀ ਨੂੰ ਭਾਈ ਸਾਹਿਬ ਜੀ, ਬਾਊ ਜੀ ਵੱਡੇ ਭਰਾ ਕੋਮਲ ਜੀ ਅਤੇ ਹੋਰ ਉਸ ਸਮੇਂ ਦੇ ਰੰਗਲੇ ਸੱਜਣਾਂ ਦੀ ਸੰਗਤ ਕਰਕੇ ਗੁਪਤ ਤੌਰ 'ਤੇ ਨਾਮ ਅਭਿਆਸ ਅਤੇ ਸ੍ਰੀ ਅਖੰਡ ਪਾਠ ਸਾਹਿਬ ਕਰਨ ਦਾ ਬਹੁਤ ਸ਼ੌਂਕ ਹੁੰਦਾ ਸੀ। ਦੂਰ-ਦੁਰੇਡੇ ਸ਼ਹਿਰਾਂ ਵਿਚ ਨਿਵਾਸ ਵੇਲੇ ਆਪਣੀ ਸਿੰਘਣੀ ਦੀ ਸਹਾਇਤਾ ਨਾਲ ਦਰਵਾਜੇ ਬੰਦ ਕਰਕੇ ਇਕੱਲਿਆਂ ਹੀ ਕਈ ਅਖੰਡ ਪਾਠ ਕੀਤੇ। ਆਪ ਜੀ ਪੰਚਮ ਦੀ ਸੁਰ ਵਿਚ, ਬਹੁਤ ਵੈਰਾਗੀ ਦਸ਼ਾ ਵਿਚ ਅਤੇ ਰੰਗਾਂ ਵਿਚ ਕਈ-ਕਈ ਘੰਟੇ ਪਾਠ ਦੀ ਸੇਵਾ ਵਿਚ ਜੁੱਟੇ ਰਹਿੰਦੇ ਸਨ। ਜਦੋਂ ਆਪ ਬੰਬਈ ਨੌਕਰੀ ਕਰਦੇ ਸਨ ਤੇ ਭਾਈ ਦਰਸ਼ਨ ਸਿੰਘ ਜੀ ਭਰਾ ਜੀ ਵੀ ਉਥੇ ਹੀ



www.AKJ.Org

ਨੌਕਰੀ ਕਰਦੇ ਸਨ। ਉਨ੍ਹਾਂ ਨਾਲ ਮਿਲ ਕੇ ਭਾਈ ਸਾਹਿਬ ਜੀ ਨੂੰ ਜਥੇ ਸਮੇਤ ਬੁਲਾ ਕੇ ਮਾਰਚ 1955 ਵਿਚ ਇਕ ਸਮਾਗਮ ਕੀਤਾ। ਇਥੇ ਕਈ ਸਿੰਘਾਂ ਨੂੰ ਅੰਮ੍ਰਿਤ ਛਕਣ ਦੀ ਪ੍ਰੇਰਨਾ ਦਿੱਤੀ। ਜਿਨ੍ਹਾਂ ਵਿਚ ਇਨ੍ਹਾਂ ਦੇ ਸਾਂਢੂ ਭਾਈ ਪ੍ਰਿਤਪਾਲ ਸਿੰਘ ਜੀ, ਗਿਆਨੀ ਦਲਜੀਤ ਸਿੰਘ ਕਮਲ, ਭਾਈ ਬੰਤਾ ਸਿੰਘ ਜੀ ਯੂ.ਕੇ. ਵਾਲੇ ਅਤੇ ਭਾਈ ਹਰੀ ਸਿੰਘ ਦੇ ਨਾਮ ਵਰਣਨਯੋਗ ਹਨ।

ਆਪ ਜੀ ਖੜਤਾਲਾਂ ਵਜਾਉਣ ਵਿਚ ਬਹੁਤ ਨਿਪੁੰਨ ਸਨ ਅਤੇ ਇਕ ਰੈਣ ਸਬਾਈ ਕੀਰਤਨ ਦੌਰਾਨ ਇਕ ਖੜਤਾਲ ਤਾਂ ਜ਼ਰੂਰ ਹੀ ਤੋੜ ਦਿੰਦੇ ਸਨ। ਪ੍ਰੇਮੀ ਸਿੰਘ ਵਧੀਆ-ਵਧੀਆ ਲੱਕੜ ਦੀਆਂ ਖੜਤਾਲਾਂ ਬਣਾ ਕੇ ਇਹਨਾਂ ਨੂੰ ਸੁਗਾਤ ਵਜੋਂ ਭੇਟ ਕਰਦੇ ਸਨ। ਇਸ ਤੋਂ ਉਪਰੰਤ ਅੰਮ੍ਰਿਤ ਵੇਲੇ ਸਰਬ ਲੋਹੀ ਮਾਲਾ ਵੀ ਬੜੇ ਵਜਦ ਵਿਚ ਫੇਰਦੇ ਸਨ। ਉਨ੍ਹਾਂ ਨੂੰ ਇਤਨੀ ਬਾਣੀ ਕੰਠ ਸੀ ਕਿ ਕਿਸੇ ਵੀ ਤੁਕ ਦੇ ਸ਼ੁਰੂ ਹੋਣ ’ਤੇ ਸਾਰਾ ਸ਼ਬਦ ਪੂਰਾ ਕਰ ਦਿੰਦੇ ਸਨ। ਆਪ ਜੀ ਦਾ ਫ਼ਾਰਸੀ ਭਾਸ਼ਾ ਨਾਲ ਕਾਫ਼ੀ ਪਿਆਰ ਸੀ ਤੇ ਉਸ ਦੇ ਚੰਗੇ ਜਾਣਕਾਰ ਵੀ ਸਨ। ਫ਼ਾਰਸੀ ਭਾਸ਼ਾ ਦੇ ਜਾਣਕਾਰਾਂ ਕੋਲੋਂ ਭਾਈ ਨੰਦ ਲਾਲ ਜੀ ਦੀਆਂ ਗ਼ਜ਼ਲਾਂ ਸੁਣ ਕੇ ਪੂਰਾ ਲੁਤਫ਼ ਲੈਂਦੇ ਸਨ, ਖ਼ਾਂਸ ਕਰ ਅੰਮ੍ਰਿਤ ਵੇਲੇ ਮਾਸਟਰ ਜਸਵੰਤ ਸਿੰਘ ਜੀ ਅੰਮ੍ਰਿਤਸਰ ਵਾਲਿਆਂ ਕੋਲੋਂ।

ਬੰਬਈ ਤੋਂ ਇਨ੍ਹਾਂ ਦੀ ਬਦਲੀ ਕਾਂਡਲੇ ਹੋ ਗਈ। ਇੱਥੇ ਵੱਡੇ ਭੁਝੰਗੀ ਕਾਕਾ ਵਰਿੰਦਰ ਸਿੰਘ ਦਾ ਜਨਮ ਹੋਇਆ ਬੰਬਈ ਤੋਂ ਇਹਨਾਂ ਦੇ ਪਿੱਛੇ ਡਾ. ਸੁਰਿੰਦਰ ਸਿੰਘ ਜੀ ਵੀ ਕਾਂਡਲੇ ਪਹੁੰਚ ਗਏ। ਘਰ ਵਿਚ ਛੋਟਾ ਭੁਜੰਗੀ ਅਤੇ ਜਗ੍ਹਾ ਥੋੜੀ ਹੋਣ ਕਾਰਨ ਡਾ. ਸਾਹਿਬ ਸਟੇਸ਼ਨ ਤੇ ਹੀ ਰਿਟਾਇਰਿੰਗ ਰੂਮ ਵਿਚ ਰੁੱਕੇ ਰਹੇ। ਵਾਧੂ ਮਾਇਆ ਹਰ ਰੋਜ਼ ਪਲੇਟਫਾਰਮ ’ਤੇ ਲੋੜਵੰਦਾਂ ਲਈ ਖਲਾਰ ਦਿੰਦੇ ਸਨ। ਘਰ ਸਿਰਫ ਬੀਬੀ ਜੀ ਕੋਲੋਂ ਪ੍ਰਸ਼ਾਦਾ ਛੱਕਣ, ਕੀਰਤਨ ਤੇ ਪਾਠ ਸੁਣਨ ਆਉਂਦੇ ਸਨ। ਕਾਂਡਲੇ ਤੋਂ ਪੋਹ ਸੁਦੀ ਸਮਾਗਮ ਤੇ ਬੱਚੇ ਨੂੰ ਅੰਮ੍ਰਿਤ ਛਕਾਉਣ ਲਈ ਲੁਧਿਆਣੇ ਲਈ ਚੱਲ ਪਏ। ਰਸਤੇ ਵਿਚ ਦੂਸਰੇ ਕੰਬਲ ਬੱਚੇ ਦੇ ਪੇਸ਼ਾਬ ਕਰਨ ਤੇ ਗਿੱਲੇ ਹੋਣ ਕਾਰਨ, ਡਾ. ਸਾਹਿਬ ਆਪਣੀ ਕੀਮਤੀ ਕੰਬਲ ਬੱਚੇ ਹੇਠ ਵਿਛਾਉਂਦੇ ਰਹੇ।

ਕਾਂਡਲੇ ਤੋਂ ਆਪ ਜੀ ਦੀ ਬਦਲੀ ਬਰੇਲੀ ਹੋ ਗਈ ਇੱਥੇ ਵੀ ਆਪ ਜੀ ਨੇ ਸੰਗਤਾਂ ਨੂੰ ਨਾਲ ਲਾ ਕੇ ਅੰਮ੍ਰਿਤ ਵੇਲੇ ਦੇ ਸਮਾਗਮ ਆਰੰਭ ਕਰ ਦਿੱਤੇ। ਅਕਤੂਬਰ 1960 ਵਿਚ ਦਿੱਲੀ ਵਿਚ ਪੰਜਾਬੀ ਸੂਬਾ ਮੋਰਚਾ ਲੱਗਾ ਹੋਣ ਕਾਰਨ ਦਿੱਲੀ ਦਾ ਦੁਸਹਿਰਾ ਸਮਾਗਮ ਬਰੇਲੀ ਵਿਖੇ ਆਪ ਜੀ ਦੀ ਰਹਿਨੁਮਾਈ ਹੇਠ ਸੰਗਤਾਂ ਦੇ ਸਹਿਯੋਗ ਨਾਲ ਹੋਇਆ ਸੀ। ਆਪ ਜੀ ਮਾਡਲ ਟਾਊਨ ਵਿਚ ਰਿਹਾਇਸ਼ ਰੱਖਦੇ ਸਨ ਅਤੇ ਸੰਗਤਾਂ ਉਥੋਂ ਦੂਰ ਪੁਰਾਣੇ ਸ਼ਹਿਰ ਵਿਚ ਰਹਿੰਦੀਆਂ ਸਨ ਅਤੇ ਉਥੋਂ ਅੰਮ੍ਰਿਤ ਵੇਲੇ ਹਾਜ਼ਰੀ ਲਈ ਛੋਟੇ-ਛੋਟੇ ਬੱਚਿਆਂ ਸਮੇਤ ਆਉਂਦੀਆਂ ਸਨ। ਬਰੇਲੀ ਸੰਗਤ ਦਾ ਇਹਨਾਂ ਦੇ ਨਾਲ ਬਹੁਤ ਜ਼ਿਆਦਾ ਪਿਆਰ ਸੀ ਜੋ ਕਿ ਅਜੇ ਤੱਕ ਜਾਰੀ ਹੈ। ਬਾਊ ਜੀ ਦਾ ਇਹਨਾਂ ਨਾਲ ਅਤਿ ਸਨੇਹ ਸੀ ਅਤੇ ਉਹ ਇਹਨਾਂ ਕੋਲ ਕਈ-ਕਈ ਮਹੀਨੇ ਆ ਕੇ ਠਹਿਰਦੇ ਸਨ। ਸੰਗਤਾਂ ਨਾਲ ਅੰਮ੍ਰਿਤ ਵੇਲੇ ਅਤੇ ਕੀਰਤਨ ਸਮਾਗਮਾਂ ਦਾ ਆਨੰਦ ਮਾਣਦੇ ਸਨ। ਸੰਨ 1967 ਵਿਚ ਆਪ ਜੀ ਬਾਊ ਜੀ ਸਮੇਤ ਸ੍ਰੀ ਹੇਮਕੁੰਟ ਸਾਹਿਬ ਯਾਤਰਾ ਲਈ ਗਏ। ਰਸਤੇ ਵਿਚ ਡੂੰਘੀ ਖੱਡ ਵਿਚ ਡਿੱਗਣ ਕਾਰਨ ਬਰੇਲੀ ਦੇ ਦੋ ਸਿੰਘ ਭਾਈ ਮਹਿੰਦਰ ਸਿੰਘ ਅਤੇ ਕੁਲਵੰਤ ਸਿੰਘ ਇਹਨਾਂ ਨੂੰ ਮੋਢਿਆਂ ’ਤੇ ਚੁੱਕ ਕੇ ਲਿਆਏ। ਬਰੇਲੀ ਛੱਡਣ ਦੇ 40-45 ਸਾਲ ਬਾਅਦ ਵੀ ਇਹਨਾਂ ਵੱਲੋਂ ਜਿਥੇ ਕਿਤੇ ਸਮਾਗਮ ਜਾਂ ਗੁਰ ਅਸਥਾਨਾਂ ਦੀ ਯਾਤਰਾ ’ਤੇ ਜਾਣ ਦਾ ਪ੍ਰੋਗਰਾਮ ਤਹਿ ਹੁੰਦਾ ਸੀ ਤਾਂ ਥੋੜ੍ਹਾ ਜਿਹਾ ਸੁਨੇਹਾ ਮਿਲਣ ’ਤੇ ਹੀ ਬਰੇਲੀ ਦੇ ਗੁਰੂ ਪਿਆਰੇ ਉੱਥੇ ਧਾਅ ਕੇ ਪਹੁੰਚਦੇ ਸਨ ਅਤੇ ਆਪ ਜੀ ਦੇ ਮੋਢੇ ਨਾਲ ਮੋਢਾ ਢਾਹ ਕੇ ਸੇਵਾ ਕਰਦੇ ਸਨ। ਇਹਨਾਂ ਦੇ ਕੀਰਤਨੀ ਬੱਚੇ ਜ਼ਿਆਦਾ ਸਮਾਂ ਬਰੇਲੀ ਰਹੇ। ਨੈਨੀਤਾਲ ਅਤੇ ਹੋਰ ਸਥਾਨਾਂ ਤੇ ਇਥੋਂ ਦੇ ਨੌਜਵਾਨਾਂ ਨਾਲ ਰਲਕੇ ਕੀਰਤਨ ਦੀ ਸੇਵਾ ’ਤੇ ਜਾਂਦੇ ਸਨ ਅਤੇ ਬਰੇਲੀ ਵਿਚ ਹੀ ਉਨ੍ਹਾਂ ਨੌਜਵਾਨ ਅਖੰਡ ਕੀਰਤਨੀ ਜਥਾ ਸਥਾਪਤ ਕੀਤਾ।



www.AKJ.Org

ਬਰੇਲੀ ਤੋਂ ਆਪ ਜੀ ਦੀ ਬਦਲੀ ਮੇਰਠ, ਕਰਨਾਲ, ਬ੍ਰੇਲੀ (ਦੂਸਰੀ ਵਾਰ), ਦਿੱਲੀ, ਕਲਕੱਤਾ, ਚੰਡੀਗੜ੍ਹ, ਜੈਪੁਰ ਅਤੇ ਅਖੀਰ ਤੇ ਫਿਰ ਦਿੱਲੀ ਹੋਈ। ਆਪ ਸਾਰੇ ਗੁਰਪੁਰਬਾਂ ਤੇ ਕੀਰਤਨ ਸਮਾਗਮਾਂ ਵਿਚ ਬੜੇ ਚਾਓ ਨਾਲ ਇਹਨਾਂ ਸ਼ਹਿਰਾਂ ਤੋਂ ਸੰਗਤਾਂ ਸਮੇਤ ਹਾਜ਼ਰੀ ਭਰਦੇ ਸਨ। ਕਰਨਾਲ ਪੋਸਟਿੰਗ ਵੇਲੇ ਭਾਈ ਸੱਜਣ ਸਿੰਘ ਜੀ ਭਤੀਜ ਭਾਈ ਸਾਹਿਬ ਰਣਧੀਰ ਸਿੰਘ ਜੀ ਨੇ ਹਸਪਤਾਲ ਵਿਚ ਆਪ ਦੇ ਹੱਥਾਂ ਵਿਚ ਹੀ ਚੜ੍ਹਾਈ ਕੀਤੀ ਸੀ ਅਤੇ ਆਪ ਜੀ ਉਨ੍ਹਾਂ ਦੀ ਮ੍ਰਿਤਕ ਦੇਹ ਨਾਲ ਨਾਰੰਗਵਾਲ ਸਸਕਾਰ ਲਈ ਪਹੁੰਚੇ ਸਨ। ਕੀਰਤਨ ਸਮਾਗਮਾਂ ਦੌਰਾਨ ਸੰਗਤੀ ਰੂਪ ਵਿਚ ਅੰਮ੍ਰਿਤ ਵੇਲੇ ਦੀ ਸੰਭਾਲ ਦੀ ਲਹਿਰ ਨੂੰ ਆਪ ਜੀ ਨੇ ਪ੍ਰਚੰਡ ਕੀਤਾ ਜੋ ਕਿ ਹੁਣ ਤੱਕ ਅਡੋਲ ਚੱਲ ਰਹੀ ਹੈ।

ਸੰਨ 1975 ਤੋਂ 1978 ਤੱਕ ਆਪ ਜੀ ਕਲਕੱਤੇ ਰਹੇ। ਇੱਥੇ ਆਪ ਜੀ ਦਾ ਮੇਲ ਆਪਣੇ ਪੂਰਬ ਜਨਮ ਦੇ ਸੰਜੋਗੀ ਭਾਈ ਮਾਨ ਸਿੰਘ ਜੀ ਧੰਨਬਾਦ, ਭਾਈ ਹਰਬੰਸ ਸਿੰਘ ਜੀ ਸਾਸਾਰਾਮ ਨਾਲ ਹੋਇਆ ਅਤੇ ਐਸੀਆਂ ਪੀਢੀਆਂ ਗੰਢਾਂ ਪਈਆਂ ਜੋ ਕਿ ਸੱਚੇ ਪਾਤਸ਼ਾਹ ਨੇ ਉਹਨਾਂ ਦੇ ਅੰਤਮ ਸਵਾਸਾਂ ਤੱਕ ਨਿਭਾਈਆਂ। ਭਾਈ ਮਾਨ ਸਿੰਘ ਜੀ ਨਾਲ ਦੁਨੀਆਵੀ ਰਿਸ਼ਤੇਦਾਰੀ ਤੋਂ ਇਲਾਵਾ, ਆਤਮਿਕ ਸਾਂਝ, ਅੰਮ੍ਰਿਤ ਵੇਲੇ ਦੀ ਸੰਭਾਲ ਅਤੇ ਥਾਂ-ਥਾਂ ਕੀਤੇ ਗਏ ਸਮਾਗਮਾਂ/ਗੁਰ ਅਸਥਾਨਾਂ ਦੀ ਯਾਤਰਾਵਾਂ ਇਹਨਾਂ ਦੋਹਾਂ ਗੁਰਮੁਖ ਰੂਹਾਂ ਨੇ ਗੱਡੇ ਦੇ ਦੋ ਪਹੀਏ ਵਾਂਗ ਰਲ ਕੇ ਨਿਭਾਈਆਂ। ਕਲਕੱਤੇ ਠਹਿਰਾਓ ਦੌਰਾਨ ਹੋਲੇ ਮਹੱਲੇ ਦੇ ਪੁਰਬ ਸਮੇਂ ਸ੍ਰੀ ਪਟਨਾ ਸਾਹਿਬ ਵਿਖੇ ਹਰ ਸਾਲ ਅਖੰਡ ਕੀਰਤਨੀ ਸਮਾਗਮ ਹੁੰਦੇ ਰਹੇ। ਇਸ ਸਮੇਂ ਦੌਰਾਨ ਧੰਨਬਾਦ, ਸਾਸਾਰਾਮ, ਜਮਸ਼ੇਦਪੁਰ, ਟਾਟਾ ਨਗਰ, ਬਨਾਰਸ, ਮੁਗਲਸਰਾਏ ਅਤੇ ਹੋਰ ਪੂਰਬੀ ਪ੍ਰਾਂਤਾਂ ਦੇ ਸ਼ਹਿਰਾਂ ਵਿਚ ਅਨੇਕਾਂ ਸੰਗਤੀ ਅੰਮ੍ਰਿਤ ਵੇਲੇ ਅਤੇ ਅਖੰਡ ਕੀਰਤਨ ਸਮਾਗਮ ਹੋਏ।

ਸੰਨ 1977 ਵਿਚ ਆਪ ਜੀ ਸਿੰਘਣੀ ਸਮੇਤ ਜਥੇ ਦੇ ਤਿੰਨ ਹੋਰ ਪੁਰਾਤਨ ਕੀਰਤਨੀ ਸਿੰਘਾਂ ਨਾਲ ਪਹਿਲੀ ਵਾਰ ਇੰਗਲੈਂਡ ਪ੍ਰਚਾਰ ਤੇ ਗਏ ਤੇ ਬੇਅੰਤ ਸੰਗਤਾਂ ਨੂੰ ਅੰਮ੍ਰਿਤ ਛਕਾ ਕੇ ਗੁਰੂ ਚਰਨਾ ਨਾਲ ਜੋੜਿਆ। ਫਿਰ ਸੰਨ 1979 ਵਿਚ ਇੰਗਲੈਂਡ ਦੀਆਂ ਸੰਗਤਾਂ ਦੇ ਸੱਦੇ ਤੇ ਪੂਰੇ ਪਰਿਵਾਰ ਸਮੇਤ ਦੁਬਾਰਾ ਇੰਗਲੈਂਡ ਗਏ ਤੇ ਅੰਮ੍ਰਿਤ ਵੇਲੇ ਦੇ ਸਮਾਗਮਾ, ਰੈਣ ਸਬਾਈ ਕੀਰਤਨਾਂ ਤੇ ਅੰਮ੍ਰਿਤ ਸੰਚਾਰ ਦੇ ਪ੍ਰਵਾਹ ਚਲਾਏ। ਬੱਚਿਆਂ ਦੀ ਚੜ੍ਹਾਈ ਕਰਨ ਤੋਂ ਬਾਅਦ ਇੰਗਲੈਂਡ/ਕੈਨੇਡਾ ਦੀ ਸੰਗਤਾਂ ਦੇ ਸੱਦੇ ਤੇ ਕਈ ਵਾਰ ਸਿੰਘਣੀ ਸਮੇਤ ਇਨ੍ਹਾਂ ਦੇਸ਼ਾਂ ਵਿਚ ਗਏ ਅਤੇ ਗੁਰਮਤਿ ਪ੍ਰਚਾਰ ਨੂੰ ਪ੍ਰਚੰਡ ਕੀਤਾ। ਚੜ੍ਹਾਈ ਕਰਨ ਤੋਂ 5 ਮਹੀਨੇ ਪਹਿਲਾਂ ਹੀ ਆਪਣੀ ਸਿੰਘਣੀ, ਦਾਮਾਦ ਭਾਈ ਕੁਲਜੀਤ ਸਿੰਘ ਤੇ ਬੱਚੀ ਸਿਮਰਨ ਕੌਰ ਨਾਲ ਕੈਨੇਡਾ ਹੋ ਕੇ ਆਏ ਸਨ। ਕੈਨੇਡਾ ਅਤੇ ਇੰਗਲੈਂਡ ਵਿਚ ਬਹੁਤ ਸਾਰੇ ਗੁਰਸਿੱਖ ਉਨ੍ਹਾਂ ਦੀ ਪ੍ਰੇਮੀ ਬਣ ਗਏ ਜੋ ਕਿ ਉਨ੍ਹਾਂ ਵਾਂਗ ਹੀ ਸੰਗਤੀ ਅੰਮ੍ਰਿਤ ਵੇਲੇ ਦੀ ਸੰਭਾਲ ਵਿਚ ਪ੍ਰਪੱਕ ਹਨ ਅਤੇ ਪਰਿਵਾਰਾਂ ਸਮੇਤ ਗੁਰੂ ਚਰਨਾਂ ਨਾਲ ਜੁੜੇ ਹੋਏ ਹਨ। ਬੇਅੰਤ ਗੁਰੂ ਕੀਆਂ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ ਅਤੇ ਅੰਮ੍ਰਿਤ ਛਕਾ ਕੇ ਜ਼ਹਾਜੇ ਚੜ੍ਹਾਇਆ।

ਹੁਣ ਤੱਕ ਆਪ ਜੀ ਨੇ ਆਪਣਾ ਕੋਈ ਪੱਕਾ ਰਿਹਾਇਸ਼ੀ ਮਕਾਨ ਨਹੀਂ ਸੀ ਬਣਾਇਆ। ਰਿਟਾਇਰਮੈਂਟ ਨੇੜੇ ਹੋਣ ਕਰਕੇ ਆਪ ਨੇ ਫਰੀਦਾਬਾਦ ਵਿਚ ਸੰਨ 1977-78 ਵਿਚ ਇਕ ਮਕਾਨ ਤਿਆਰ ਕਰਵਾਇਆ ਅਤੇ ਅਪ੍ਰੈਲ ਸੰਨ 1981 ਵਿਚ ਆਪ ਦਿੱਲੀ ਵਿਖੇ ਤਬਦੀਲ ਹੋ ਕੇ ਆ ਗਏ ਸਨ। ਅਚਾਨਕ ਆਪ ਜੀ ਦੇ ਦੋਵੇਂ ਲਾਡਲੇ ਕੀਰਤਨੀ ਬੱਚੇ ਅਪ੍ਰੈਲ 1982 ਵਿਚ ਗੁਰੂ ਪਿਆਰੇ ਹੋ ਗਏ। ਆਪ ਜੀ ਦਾ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ ਨਾਲ ਬਹੁਤ ਹੀ ਸਨੇਹ ਅਤੇ ਖਿੱਚ ਸੀ। ਨੌਕਰੀ ਦੌਰਾਨ ਵਿੱਚ ਸ੍ਰੀ ਦਰਬਾਰ ਸਾਹਿਬ ਵਿਖੇ ਕੀਰਤਨ ਦੇ ਲਾਹੇ ਲੈਣ ਲਈ ਆਪ ਜੀ ਨੇ ਭਾਈ ਮਾਨ ਸਿੰਘ ਨਾਲ ਮਿਲ ਕੇ ਇਕ ਛੋਟਾ ਜਿਹਾ ਮਕਾਨ ਵੀ ਖਰੀਦਿਆ ਹੋਇਆ ਸੀ। ਬੱਚਿਆਂ ਦੇ ਚੜ੍ਹਾਈ ਕਰ ਜਾਣ ਤੋਂ ਬਾਅਦ, ਸਰਕਾਰੀ ਨੌਕਰੀ ਜੋ ਅਜੇ ਤਕਰੀਬਨ ਨੌਂ ਮਹੀਨੇ ਰਹਿੰਦੀ ਸੀ, ਤੋ ਪ੍ਰੀ-



www.AKJ.Org

ਰਿਟਾਇਰਮੈਂਟ ਲੈ ਕੇ ਆਪ ਜੀ ਨੇ ਆਪਣਾ ਪੱਕਾ ਰਿਹਾਇਸ਼ੀ ਟਿਕਾਣਾ ਸ੍ਰੀ ਅੰਮ੍ਰਿਤਸਰ ਵਿਖੇ ਹੀ ਕਰ ਲਿਆ। ਸ੍ਰੀ ਦਰਬਾਰ ਸਾਹਿਬ ਲਾਗੇ ਪਹਿਲਾਂ ਕਿਰਾਏ ਤੇ ਮਕਾਨ ਲਿਆ ਫਿਰ ਬ੍ਰਹਮਬੂਟਾ ਮਾਰਕੀਟ ਵਿਚ ਇਕ ਮਕਾਨ ਲੈ ਕੇ ਆਪਣਾ ਟਿਕਾਣਾ ਆਖਰੀ ਸਵਾਸਾਂ ਤੱਕ ਇੱਥੇ ਹੀ ਰੱਖਿਆ। ਘਰ ਵਿਚ ਬੇਅੰਤ ਸੰਗਤਾਂ ਆਪ ਜੀ ਨੂੰ ਮਿਲਣ ਆਉਂਦੀਆਂ ਸਨ। ਆਪ ਜੀ ਤੇ ਬੀਬੀ ਜੀ ਨੇ ਸੰਗਤਾਂ ਦੀ ਖ਼ੂਬ ਸੇਵਾ ਕੀਤੀ ਅਤੇ ਕਿਸੇ ਵੀ ਪ੍ਰੇਮੀ ਨੂੰ ਬਿਨਾਂ ਛੱਕੇ ਘਰੋਂ ਜਾਣ ਨਹੀਂ ਦਿੱਤਾ।

ਆਪ ਜੀ ਨੇ ਆਪਣੀ ਨੌਕਰੀ ਈਮਾਨਦਾਰੀ, ਦਿਆਨਤਦਾਰੀ, ਕੁਸ਼ਲਤਾ ਅਤੇ ਡਿਸੀਪਲਿਨ ਵਿਚ ਰਹਿ ਕੇ ਨਿਭਾਈ। ਮਹਿਕਮੇ ਵਿਚ ਰਿਸ਼ਵਤਖੋਰੀ ਦੇ ਬੋਲਬਾਲੇ ਦੇ ਬਾਵਜੂਦ ਆਪ ਜੀ ਕਮਲ ਦੇ ਫੁੱਲ ਵਾਂਗ ਮਾਇਆ ਦੇ ਚਿੱਕੜ ਵਿਚ ਵੀ ਅਲਿਪਤ ਰਹੇ। ਆਪਣੀ ਕ੍ਰਿਤ ਕਮਾਈ ਵਿਚੋਂ ਗੁਰੂ ਦਾ ਦਸਵੰਧ ਵੀ ਕੱਢਦੇ ਸਨ ਤਾਂ ਸੰਗਤਾਂ ਦੇ ਦਸਵੰਧ ਨੂੰ ਨਿੱਜੀ ਸਹੂਲਤ ਲਈ ਵਰਤਣ ਤੋਂ ਵੀ ਪੂਰਾ ਗੁਰੇਜ਼ ਕਰਦੇ ਸਨ। ਸਮਾਗਮਾਂ ਅਤੇ ਯਾਤਰਾਵਾਂ ’ਤੇ ਜਾਣ ਵੇਲੇ ਸਾਰੇ ਪ੍ਰੀਵਾਰ ਦਾ ਕਿਰਾਇਆ ਕੋਲੋਂ ਦਿੰਦੇ ਸਨ ਤੇ ਨਾਲ ਹੀ ਲੰਗਰ ਵਿਚ ਵੀ ਮਾਇਆ ਦੇ ਖੁਲ੍ਹੇ ਗੱਫੇ ਦਿੰਦੇ ਸਨ। ਇਹ ਵੀ ਤਾਕੀਦ ਕਰਦੇ ਸਨ ਕਿ ਸਫ਼ਰ ਵੇਲੇ ਕੋਈ ਵੀ ਯਾਤਰੂ ਬਿਨਾਂ ਟਿਕਟ ਦੇ ਨਹੀਂ ਹੋਣਾ ਚਾਹੀਦਾ। ਜੇ ਕੋਈ ਲੋੜਵੰਦ ਕਿਰਾਇਆ ਨਹੀਂ ਖ਼ਰਚ ਸਕਦਾ ਤਾਂ ਸੰਗਤ ਦੇ ਫੰਡ ਵਿਚੋਂ ਉਸ ਦੀ ਮਦਦ ਕਰ ਦੇਣੀ ਚਾਹੀਦੀ ਹੈ।

ਆਪ ਜੀ ਦੇ ਸ੍ਰੀ ਅੰਮ੍ਰਿਤਸਰ ਆਉਣ ਤੋਂ ਪਹਿਲਾਂ ਸ੍ਰੀ ਅੰਮ੍ਰਿਤਸਰ ਵਿਖੇ ਪੁਰਾਤਨ ਸਿੰਘ ਆਪੋ ਆਪਣਾ ਨਿਤਨੇਮ ਅਤੇ ਅੰਮ੍ਰਿਤ ਵੇਲੇ ਦੀ ਸੰਭਾਲ ਘਰਾਂ ਵਿਚ ਹੀ ਕਰਦੇ ਸਨ। ਆਪ ਜੀ ਨੇ ਸਵਰਗੀ ਭਾਈ ਸੇਵਾ ਸਿੰਘ ਅਤੇ ਬੇਜੀ ਹਰਬੰਸ ਕੌਰ (ਭੂਆ ਜੀ) ਦੇ ਸਹਿਯੋਗ ਨਾਲ ਪਹਿਲਾਂ ਤਲਵਾੜਾ ਜੀ ਦੀ ਸੇਵਾ ਵਾਲੇ ਕਮਰੇ ਵਿਚ ਸੰਗਤੀ ਅੰਮ੍ਰਿਤ ਵੇਲਾ ਸ਼ੁਰੂ ਕੀਤਾ। ਹੌਲੀ-ਹੌਲੀ ਬੇਅੰਤ ਸੰਗਤਾਂ ਅੰਮ੍ਰਿਤ ਵੇਲੇ ਸਮਾਗਮ ਵਿਚ ਜੁੜਨ ਲੱਗ ਪਈਆਂ। ਸੰਗਤਾਂ ਦੀ ਗਿਣਤੀ ਵੱਧਣ ਦੇ ਨਾਲ, ਸ੍ਰੀ ਦਰਬਾਰ ਸਾਹਿਬ ਜੀ ਦੀ ਪ੍ਰਕਰਮਾ ਵਿਚ ਪਹਿਲਾਂ ਇਕ ਕਮਰਾ ਮਿਲਿਆ ਤੇ ਬਾਅਦ ਵਿਚ ਇਕ ਹੋਰ ਕਮਰਾ ਵੀ ਮਿਲ ਗਿਆ ਸੀ ਜੋ ਕਿ ਆਪ ਜੀ ਚੜ੍ਹਾਈ ਕਰਨ ਤਾਈਂ ਸੰਗਤਾਂ ਕੋਲ ਰਿਹਾ, ਪਰ ਬਾਅਦ ਵਿਚ ਪ੍ਰਬੰਧਕਾਂ ਨੇ ਵਾਪਸ ਲੈ ਲਏ। ਖਾਸ ਕਰ 1984 ਦੇ ਦੰਗਿਆਂ ਤੋਂ ਬਾਅਦ ਜਿਹੜੀਆਂ ਸੰਗਤਾਂ ਬਾਹਰਲੇ ਸੂਬਿਆਂ ਤੋਂ ਹਿਜ਼ਰਤ ਕਰਕੇ ਆਈਆਂ ਸਨ ਉਹਨਾਂ ਵਿਚ ਭਾਈ ਮਾਨ ਸਿੰਘ ਜੀ ਧੰਨਬਾਦ, ਭਾਈ ਹਰਬੰਸ ਸਿੰਘ ਸਾਸਾਰਾਮ, ਭਾਈ ਗਿਆਨ ਸਿੰਘ ਜੀ ਸਿੰਧਰੀ, ਭਾਈ ਮੱਘਰ ਸਿੰਘ ਜੀ, ਭਾਈ ਸੋਹਣ ਸਿੰਘ ਜੈਪੁਰ, ਭਾਈ ਰਵਿੰਦਰ ਸਿੰਘ ਜੀ, ਭਾਈ ਅੰਮ੍ਰਿਤਪਾਲ ਸਿੰਘ ਜੀ ਅਤੇ ਭਾਈ ਗੁਰਬਖ਼ਸ਼ ਸਿੰਘ ਜੀ ਸਿੰਧਰੀ ਵਾਲਿਆਂ ਦੇ ਨਾਮ ਵਰਣਨਯੋਗ ਹਨ ਜੋ ਕਿ ਆਪ ਜੀ ਨਾਲ ਅੰਮ੍ਰਿਤ ਵੇਲੇ ਦੇ ਸਮਾਗਮ ਦੇ ਪੱਕੇ ਸੰਗੀ ਸਾਥੀ ਬਣੇ ਰਹੇ। ਲੁਧਿਆਣੇ ਤੋਂ ਭਾਈ ਇਕਬਾਲ ਸਿੰਘ ਜੀ (ਪਟਨਾ ਸਾਹਿਬ) ਅਤੇ ਉਨ੍ਹਾਂ ਦੇ ਭੁਜੰਗੀ ਭਾਈ ਕਮਲਜੀਤ ਸਿੰਘ ਤੇ ਗੁਰਮੀਤ ਸਿੰਘ, ਗਿਆਨੀ ਹਰਭਜਨ ਸਿੰਘ ਜੀ ਟਰੰਕਾਂ ਵਾਲੇ, ਭਾਈ ਚਰਨਜੀਤ ਸਿੰਘ ਅਤੇ ਉਨ੍ਹਾਂ ਦੇ ਭੁਜੰਗੀ ਤੇ ਭਾਈ ਸਾਹਿਬ ਸਿੰਘ ਜੀ ਸਮੇਂ-ਸਮੇਂ ਆ ਕੇ ਪੂਰਾ ਸਾਥ ਦਿੰਦੇ ਰਹੇ। ਉਪਰੋਕਤ ਗੁਰਮੁਖਾਂ ਨੇ ਵੱਖ-ਵੱਖ ਸ਼ਹਿਰਾਂ ਵਿਚ ਹੋਣ ਵਾਲੇ ਸਮਾਗਮਾਂ ਤੇ ਗੁਰ ਅਸਥਾਨਾਂ ਦੀ ਯਾਤਰਾ ਦੌਰਾਨ ਪੂਰਾ-ਪੂਰਾ ਸਹਿਯੋਗ ਦਿੱਤਾ ਅਤੇ ਹੋਰ ਸੰਗਤਾਂ ਨੂੰ ਪ੍ਰੇਰ ਕੇ ਗੁਰੂ ਚਰਨਾ ਨਾਲ ਜੋੜਿਆ।

ਸ੍ਰੀ ਅੰਮ੍ਰਿਤਸਰ ਸਾਹਿਬ ਆ ਕੇ, ਆਪ ਜੀ ਜਿਸ ਤਰ੍ਹਾਂ ਨੌਕਰੀ ਦੌਰਾਨ ਅੱਠ ਘੰਟੇ ਡਿਊਟੀ ਦਿੰਦੇ ਸਨ, ਉਸੇ ਤਰ੍ਹਾਂ ਅੱਠ ਘੰਟੇ ਸ੍ਰੀ ਦਰਬਾਰ ਸਾਹਿਬ ਜੀ ਦੀ ਹਾਜ਼ਰੀ ਭਰਨੀ ਆਰੰਭ ਕਰ ਦਿੱਤੀ। ਪਹਿਲਾਂ ਅੰਮ੍ਰਿਤ ਵੇਲੇ ਤ੍ਰਿਪਹਿਰੇ ਤੋਂ ਪ੍ਰਕਾਸ਼ ਹੋਣ ਤੱਕ, ਫਿਰ ਦਿਨੇ 10 ਵਜੇ ਤੋਂ 12 ਵਜੇ ਅਰਦਾਸ ਹੋਣ ਤੱਕ ਅਤੇ ਸ਼ਾਮ ਸੋਦਰ ਦੀ ਚੌਂਕੀ ਭਰਦੇ ਸਨ। ਇਸ ਦੌਰਾਨ ਇਕ ਘੰਟਾ ਜੋੜੇ ਘਰ ਵਿਚ ਵੀ ਸੇਵਾ ਕਰਦੇ ਸਨ। ਸਰਵਿਸ ਦੌਰਾਨ ਆਪ ਜੀ ਤਕਰੀਬਨ ਬਾਰਾਂ-ਸਾਢੇ ਬਾਰਾਂ ਵਜੇ ਉੱਠ ਕੇ ਅੰਮ੍ਰਿਤ ਵੇਲਾ ਸੰਭਾਲਦੇ ਸਨ। ਸ੍ਰੀ ਅੰਮ੍ਰਿਤਸਰ ਆ ਕੇ ਸ੍ਰੀ ਦਰਬਾਰ ਦੀ ਮਰਿਆਦਾ ਮੁਤਾਬਿਕ



www.AKJ.Org

ਤ੍ਰਿਪਹਿਰੇ ਤੋਂ ਪਹਿਲਾਂ ਅੰਦਰ ਪਹੁੰਚਣ ਲਈ, ਉਹਨਾਂ ਅੰਮ੍ਰਿਤ ਵੇਲੇ ਦਾ ਸਮਾਂ ਵਧਾ ਕੇ 12 ਵਜੇ ਜਾਂ ਉਸ ਤੋਂ ਪਹਿਲਾਂ ਸ਼ੁਰੂ ਕਰ ਲਿਆ। ਉਹ ਕਹਿੰਦੇ ਸਨ ਕਿ ਰਾਤ ਗੁਰਸਿੱਖਾਂ ਦੇ ਸੌਣ ਵਾਸਤੇ ਨਹੀਂ ਬਣੀ, ਇਹ ਨਾਮ ਜਪਣ ਲਈ ਹੈ। ਇਸ ਤੁੱਕ ਉਪਰ ਬਹੁਤ ਜ਼ੋਰ ਦਿੰਦੇ ਸਨ "**ਕਹੈ ਨਾਨਕੁ ਸੋ ਤਤੁ ਪਾਏ ਜਿਸ ਨੋ ਅਨਦਿਨੁ ਹਰਿ ਲਿਵ ਲਾਗੈ ਜਾਗਤ ਰੈਣਿ ਵਿਹਾਣੀ।**" ਅਤੇ ਕਹਿੰਦੇ ਸਨ ਕਿ ਸਵਾਲ ਇਕ ਦੋ ਵਜੇ ਉੱਠਣ ਦਾ ਨਹੀਂ, ਗੁਰਸਿੱਖ ਰਾਤ ਦਿਨ ਨਾਮ ਜੱਪਣ ਵਿਚ ਜੁੱਟਿਆ ਰਹੇ। ਅਖੀਰਲੇ ਸਾਲਾਂ ਦੌਰਾਨ ਉਹ 10-11 ਵਜੇ ਹੀ ਉੱਠ ਕੇ ਬਹਿ ਜਾਂਦੇ ਸਨ ਤੇ ਕਹਿੰਦੇ ਸਨ ਕਿ ਸ਼ਹੀਦੀ ਰੂਹਾਂ ਮੈਨੂੰ ਸੌਣ ਹੀ ਨਹੀਂ ਦਿੰਦੀਆਂ। ਅੰਮ੍ਰਿਤ ਵੇਲੇ ਦੀ ਸੰਭਾਲ ਤੇ ਉਹ ਇਤਨੇ ਦ੍ਰਿੜ ਸਨ ਕਿ ਅੰਮ੍ਰਿਤ ਵੇਲੇ ਵਿਚ ਬਿਘਨ ਪੈਣ ਤੋਂ ਬਚਣ ਲਈ, ਦੇਰ ਰਾਤ ਤੱਕ ਕੀਰਤਨ ਸਮਾਗਮਾਂ ਦੀ ਹਾਜ਼ਰੀ ਭਰਨ ਤੋਂ ਸੰਕੋਚ ਕਰਦੇ ਸਨ।

ਅੰਮ੍ਰਿਤ ਵੇਲੇ ਦੌਰਾਨ ਉਹ ਤਿੰਨ ਗੱਲ੍ਹਾਂ ਉਪਰ ਬਹੁਤ ਜੋਰ ਦਿੰਦੇ ਸਨ,

**ਪਹਿਲੀ** : ਨਾਮ ਸਿਮਰਨ ਇਕ ਰੂਪ ਹੋ ਕੇ ਕੀਤਾ ਜਾਵੇ। ਕੋਈ ਵੱਖਰੀ ਉੱਚੀ ਨੀਵੀਂ ਅਵਾਜ ਨਾ ਕੱਢੇ ਤੇ ਨਾ ਹੀ ਤੇਜ ਜਾਂ ਹੌਲੀ ਚਾਲ ਵਿਚ ਸੰਗਤ ਤੋਂ ਵੱਖਰਾ ਹੋ ਕੇ ਕਰੇ।

**ਦੂਸਰੀ** : ਗੁਰਬਾਣੀ ਦੇ ਪਾਠ ਵੇਲੇ ਸਿਮਰਨ ਦੀ ਧੁਨੀ ਪਾਠੀ ਦੀ ਆਵਾਜ਼ ਤੋਂ ਹੇਠਾਂ ਰਹੇ। ਭਾਵ ਗੁਰਬਾਣੀ ਦਾ ਪਾਠ ਸਿਮਰਨ ਦੀ ਧੁਨੀ ਨਾਲੋਂ ਉੱਚੀ ਆਵਾਜ਼ ਵਿਚ ਕੀਤਾ ਜਾਵੇ।

**ਤੀਸਰੀ** : ਨਾਮ ਸਿਮਰਨ ਕਰਕੇ ਜੇ ਗੁਰੂ ਸਾਹਿਬ ਜੀ ਦੀ ਬਖਸ਼ਿਸ਼ ਕਰਕੇ ਕੋਈ ਕਲਾ ਵਰਤਣ ਲੱਗ ਪਵੇ ਤਾਂ ਉਸ ਨੂੰ ਅੰਦਰੋਂ ਅੰਦਰ ਹੀ ਜਰ ਕੇ ਰੱਖਣਾ ਚਾਹੀਦਾ ਹੈ। ਆਪੇ ਤੋਂ ਬਿਲਕੁਲ ਬਾਹਰ ਨਹੀਂ ਹੋਣਾ ਚਾਹੀਦਾ ਹੈ ਤਾਂ ਹੀ ਕੋਈ ਹੋਰ ਆਤਮਿਕ ਤਰੱਕੀ ਹੋਵੇਗੀ।

ਸ੍ਰੀ ਦਰਬਾਰ ਸਾਹਿਬ, ਅੰਮ੍ਰਿਤ ਵੇਲੇ ਇਸ਼ਨਾਨ ਦੀ ਸੇਵਾ ਅਤੇ ਤ੍ਰਿਪਹਿਰੇ ਦੇ ਪ੍ਰੇਮੀਆਂ ਨਾਲ ਆਪ ਜੀ ਦਾ ਇਤਨਾ ਜ਼ਿਆਦਾ ਪਿਆਰ ਸੀ ਕਿ ਜਦੋਂ ਪ੍ਰਕਰਮਾਂ ਵਿਚ ਚਲਦੇ ਸਨ ਤਾਂ ਸੰਗਤਾਂ ਨੂੰ ਪ੍ਰੇਮ ਨਾਲ ਗੱਲਵੱਕੜੀ ਵਿਚ ਲੈਂਦੇ ਸਨ ਅਤੇ ਸਭ ਨੂੰ ਪਿਆਰ ਦਿੰਦੇ ਤੁਰੇ ਜਾਂਦੇ ਸਨ। ਸ੍ਰੀ ਦਰਬਾਰ ਸਾਹਿਬ ਦੇ ਸਿੰਘ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਤੋਂ ਲੈ ਕੇ ਛੋਟੇ-ਛੋਟੇ ਸੇਵਾਦਾਰਾਂ ਤੱਕ ਸਭ ਆਪ ਜੀ ਦਾ ਸਤਿਕਾਰ ਕਰਦੇ ਸਨ। ਤਖ਼ਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਭਾਈ ਇਕਬਾਲ ਸਿੰਘ ਜੀ ਵੀ ਆਪ ਦਾ ਬਹੁਤ ਸਤਿਕਾਰ ਕਰਦੇ ਸਨ। ਉਹਨਾਂ ਦਾ ਆਪ ਜੀ ਨਾਲ ਇਤਨਾ ਨਿੱਘਾ ਸਨੇਹ ਸੀ ਕਿ ਉਹ ਸੰਨ 1992 ਤੋਂ ਹਰ ਸਾਲ ਤਖ਼ਤ ਸ੍ਰੀ ਪਟਨਾ ਸਾਹਿਬ ਵਿਖੇ ਸੰਗਤਾਂ ਸਮੇਤ ਆਪ ਜੀ ਨੂੰ ਬੁਲਾ ਕੇ ਸਮਾਗਮ ਕਰਵਾਉਂਦੇ ਰਹੇ ਹਨ ਜੋ ਕਿ ਹੁਣ ਤੱਕ ਬੜੀਆਂ ਚੜਦੀਆਂ ਕਲਾਂ ਵਿਚ ਹੋ ਰਹੇ ਹਨ। ਸੰਨ 1982 ਵਿਚ ਸ੍ਰੀ ਅੰਮ੍ਰਿਤਸਰ ਆਉਣ ਤੋਂ ਬਾਅਦ ਉਹਨਾਂ ਨੇ ਸ੍ਰੀ ਅੰਮ੍ਰਿਤਸਰ, ਲੁਧਿਆਣਾ, ਚੰਡੀਗੜ੍ਹ, ਜਲੰਧਰ, ਬਰੇਲੀ, ਟਾਂਡਾ, ਮੇਰਠ, ਦਿੱਲੀ, ਆਗਰਾ ਅਤੇ ਹੋਰ ਸ਼ਹਿਰਾਂ ਦੀਆਂ ਸੰਗਤਾਂ ਨਾਲ ਰੱਲ ਮਿਲ ਕੇ ਭਾਰਤ ਦੇ ਵੱਖ-ਵੱਖ ਸ਼ਹਿਰਾਂ ਵਿਚ ਬੇਅੰਤ ਅਖੰਡ ਕੀਰਤਨ ਸਮਾਗਮ ਅਤੇ ਸ੍ਰੀ ਪਟਨਾ ਸਾਹਿਬ, ਸ੍ਰੀ ਹਜ਼ੂਰ ਸਾਹਿਬ ਤੇ ਸ੍ਰੀ ਹੇਮਕੁੰਟ ਸਾਹਿਬ ਆਦਿ ਗੁਰ ਅਸਥਾਨਾਂ ਦੀਆਂ ਯਾਤਰਾਵਾਂ ਕੀਤੀਆਂ ਅਤੇ ਬੇਅੰਤ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ।

ਉੱਚ ਆਤਮਿਕ ਅਵਸਥਾ ਦੇ ਮਾਲਕ ਹੋਣ ਦੇ ਬਾਵਜੂਦ ਵੱਡੇ-ਛੋਟੇ ਨਾਲ ਬਹੁਤ ਹੀ ਪਿਆਰ ਨਾਲ ਮਿਲਦੇ ਸਨ। ਉਹਨਾਂ ਨੂੰ ਸਾਰੀਆਂ ਸੰਗਤਾਂ, ਕੀ ਬੱਚੇ ਅਤੇ ਕੀ ਬੁੱਢੇ, 'ਦਾਰ ਜੀ' ਕਰਕੇ ਹੀ ਬੁਲਾਉਂਦੇ ਸਨ ਅਤੇ ਬੀਬੀ ਭੁਪਿੰਦਰ ਕੌਰ ਜੀ ਨੂੰ 'ਮੰਮੀ'। ਉਹ ਪ੍ਰੇਮ ਦੇ ਸਾਗਰ ਸਨ ਅਤੇ "**ਸਾਚੁ ਕਹੋਂ ਸੁਨ ਲੇਹੁ ਸਭੈ ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ**" ਅਨੁਸਾਰ ਹਰ ਇਕ ਪ੍ਰਾਣੀ ਨੂੰ ਬਿਨਾਂ ਕਿਸੇ ਵਿਤਕਰੇ ਤੋਂ ਬਾਹਵਾਂ ਖਿਲਾਰ ਕੇ ਹਸੂੰ-ਹਸੂੰ ਕਰਦੇ ਗੱਲਵਕੜੀ ਵਿਚ ਲੈਂਦੇ ਸਨ ਉਹਨਾਂ ਦਾ ਮੱਥਾ ਚੁੰਮਦੇ ਅਤੇ ਗਲ ਨਾਲ ਲਾਉਂਦੇ। ਅਖ਼ੀਰਲੇ ਸਮੇਂ, ਸਰੀਰ ਕਮਜ਼ੋਰ ਹੋਣ ਕਰਕੇ, ਉਹਨਾਂ ਨੇ ਹੱਥਾਂ ਨੂੰ ਚੁੰਮਣਾ ਸ਼ੁਰੂ ਕਰ ਦਿੱਤਾ ਸੀ। ਹਰ ਇਕ ਪ੍ਰਾਣੀ ਇਹ ਸਮਝਦਾ ਸੀ ਕਿ ਆਪ ਜੀ ਦੂਜਿਆਂ ਨਾਲੋਂ ਮੈਨੂੰ ਸਭ ਤੋਂ ਜ਼ਿਆਦਾ ਪਿਆਰ ਕਰਦੇ ਹਨ। ਹਰ ਇਕ ਪ੍ਰਾਣੀ ਭੱਜ-ਭੱਜ ਕੇ ਉਹਨਾਂ ਦੀ ਸੇਵਾ ਅਤੇ ਪਿਆਰ ਲੈਣ



www.AKJ.Org

ਲਈ ਇਕ ਦੂਜੇ ਤੋਂ ਮੂਹਰੇ ਹੁੰਦਾ। ਕੋਈ ਉਹਨਾਂ ਨੂੰ ਨਾਂਹ ਤਾ ਕਰਦਾ ਹੀ ਨਹੀਂ ਸੀ। ਕਿਸੇ ਦੇ ਵੀ ਔਗੁਣਾਂ ਵੱਲ ਬਿਲਕੁਲ ਨਹੀਂ ਸੀ ਤੱਕਦੇ। ਕੇਵਲ ਗੁਣਾਂ ਦੀ ਸਾਂਝ ਦਾ ਵਾਸਤਾ ਰੱਖਿਆ ਹੋਇਆ ਸੀ। ਹਰ ਇਕ ਛੋਟੇ-ਵੱਡੇ ਦਾ ਬਹੁਤ ਸਤਿਕਾਰ ਕਰਦੇ ਸਨ। ਕਿਸੇ ਦੀ ਨਿੰਦਾ, ਚੁਗਲੀ, ਈਰਖਾ, ਦ੍ਵੈਤ, ਵੈਰ-ਵਿਰੋਧ ਤੋਂ ਆਪ ਹਮੇਸ਼ਾਂ ਬਹੁਤ ਦੂਰ ਰਹਿੰਦੇ ਸਨ। ਆਪ ਜੀ ਹਮੇਸ਼ਾਂ ਗੁਰਸਿੱਖ ਸੰਗਤਾ ਦੇ ਲਾਲੇ ਗੋਲੇ ਬਣ ਕੇ ਰਹੇ।

ਜਥੇ ਵੱਲੋਂ ਹੋਣ ਵਾਲੇ ਕੇਂਦਰੀ ਜਾਂ ਸਾਲਾਨਾ ਸਮਾਗਮਾਂ ਤੇ ਸਮਾਨੰਤਰ ਕਦੇ ਵੀ ਕੋਈ ਆਪਣਾ ਪ੍ਰੋਗਰਾਮ ਨਹੀਂ ਰੱਖਿਆ ਅਤੇ ਨਾ ਹੀ ਆਪਣੀ ਕੋਈ ਵੱਖਰੀ ਹੋਂਦ ਬਣਾ ਕੇ ਰੱਖੀ। ਆਪ ਜੀ ਜਥੇ ਵੱਲੋਂ ਹੋਣ ਵਾਲੇ ਹਫਤਾਵਾਰੀ ਸਮਾਗਮਾਂ ਜਾਂ ਕੇਂਦਰੀ ਸਮਾਗਮਾ ਤੇ ਹਾਜਰੀ ਭਰਨ ਲਈ ਆਪਣੇ ਸੰਗੀ ਸਾਥੀਆਂ ਨੂੰ ਹਮੇਸ਼ਾਂ ਪ੍ਰੇਰਨਾ ਦਿੰਦੇ ਰਹਿੰਦੇ ਸਨ। ਕਿਸੇ ਵੀ ਗਰੀਬ, ਅਮੀਰ ਜਾਂ ਦੂਰ ਨੇੜੇ ਸਮਾਗਮ ਹੋਵੇ ਆਪ ਉਥੇ ਆਪਣੀ ਸਿਹਤ ਮੁਤਾਬਿਕ ਥੋੜ੍ਹੀ ਬਹੁਤ ਜ਼ਰੂਰ ਹਾਜ਼ਰੀ ਭਰਦੇ ਸਨ। ਇਹ ਵੀ ਕਿਹਾ ਕਰਦੇ ਸਨ ਕਿ ਅੰਮ੍ਰਿਤ ਵੇਲਾ ਕਰਕੇ ਆਪਣੇ ਆਪ ਨੂੰ ਭਲਵਾਨ ਨਾ ਸਮਝਣ ਲੱਗ ਜਾਇਓ, ਕੀਰਤਨ ਸਮਾਗਮ ਤੇ ਜ਼ਰੂਰ ਜਾਣਾ ਚਾਹੀਦਾ ਹੈ। "**ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ**" ਵਾਲੀ ਤੁੱਕ ਤੇ ਬਹੁਤ ਜ਼ੋਰ ਦਿੰਦੇ ਸਨ। ਚਲਦੇ ਫਿਰਦੇ ਹਰ ਵੇਲੇ ਕਿਸੇ ਨਾ ਕਿਸੇ ਪ੍ਰਾਣੀ ਨੂੰ ਬਾਣੀ ਸਣਾਉਣ ਲਈ ਪ੍ਰੇਰਨਾਂ ਦਿੰਦੇ ਰਹਿੰਦੇ ਸਨ ਤਾਂ ਕਿ ਇਸ ਖੋਤੇ ਮਨ ਨੂੰ ਨਾਮ ਬਾਣੀ ਦੇ ਭਾਰ ਨਾਲ ਲੱਦ ਕੇ ਭੱਜਣ ਤੋਂ ਬਚਾਇਆ ਜਾ ਸਕੇ। ਰੇਲ ਗੱਡੀ ਵਿਚ ਸਫ਼ਰ ਸਮੇਂ (ਸਿਰਫ਼ ਆਰਾਮ ਦਾ ਥੋੜ੍ਹਾ ਜਿਹਾ ਸਮਾਂ ਛੱਡ ਕੇ) ਉਹ ਸੰਗ ਸਾਥ ਜਾ ਰਹੀਆਂ ਸੰਗਤਾਂ ਨੂੰ ਹਰ ਵੇਲੇ ਗੁਰਬਾਣੀ ਦਾ ਪਾਠ ਜਾਂ ਕੀਰਤਨ ਨਾਲ ਜੋੜੀ ਰਖਦੇ ਸਨ। ਫਜ਼ੂਲ ਗੱਲਾਂ ਵਿਚ ਸਮਾਂ ਬਰਬਾਦ ਨਹੀਂ ਕਰਨ ਦਿੰਦੇ ਸਨ। ਸ੍ਰੀ ਪਟਨਾ ਸਾਹਿਬ ਜਾਂ ਹੋਰ ਸ਼ਹਿਰਾਂ 'ਤੇ ਪਹੁੰਚਣ ਵੇਲੇ ਸੰਗਤਾਂ ਵੱਲੋਂ ਕੀਤੀ ਜਾਣ ਵਾਲੀ ਪਰਸਪਰ ਮਿਲਣੀ, ਭਾਈ ਸਾਹਿਬ ਜੀ ਦੇ ਸਮੇਂ ਨਾਰੰਗਵਾਲ ਸਮਾਗਮਾਂ ਦੀ ਯਾਦ ਤਾਜਾ ਕਰਵਾ ਦਿੰਦੀ ਸੀ, ਜਦੋਂ ਭਾਈ ਸਾਹਿਬ ਆਉਣ ਵਾਲੀਆਂ ਸੰਗਤਾਂ ਦੇ ਸਵਾਗਤ ਸਮੇਂ ਕਰਦੇ ਹੁੰਦੇ ਸਨ। ਆਪ ਜੀ ਵਿਚ ਅੰਤਰਯਾਤਮਾ ਦੀ ਵੀ ਬਖਸ਼ਿਸ਼ ਸੀ। ਹਰ ਇਕ ਦੇ ਦਿਲ ਦੀ ਗੱਲ-ਵੇਦਨਾ ਬਿਨਾਂ ਕਹੇ ਜਾਣ ਜਾਂਦੇ ਸਨ। ਅੰਮ੍ਰਿਤ ਵੇਲੇ ਪਾਠ ਕਰਦਿਆਂ ਪਾਠੀ ਦੀ ਸੁਰਤੀ ਬਿਖਰਨ ਤੇ ਝੱਟ ਇਸ਼ਾਰਾ ਕਰ ਦਿੰਦੇ ਸਨ। ਦੂਰ ਬੈਠੇ ਪਿਆਰਿਆਂ ਦੀ ਆਤਮਕ ਵਾਇਰਲੈੱਸ ਉਨ੍ਹਾਂ ਤੱਕ ਪਹੁੰਚ ਜਾਂਦੀ ਸੀ। ਜੱਥੇ ਵਿਚ ਸੰਨ 1993 ਤੋਂ ਪਈ ਦੁਬਿਧਾ ਬਾਰੇ ਉਹਨਾਂ ਨੇ ਕਈ ਸਾਲ ਪਹਿਲਾਂ ਇਸ਼ਾਰਾ ਕਰ ਦਿੱਤਾ ਸੀ ਕਿ ਬਣ ਰਹੀਆਂ ਇਮਾਰਤਾਂ, ਸ਼ਹੀਦੀ ਫੰਡ ਅਤੇ ਹੋਰ ਜਾਇਦਾਦਾਂ ਇਕ ਦਿਨ ਫੁੱਟ ਦਾ ਕਾਰਨ ਬਣਨਗੀਆਂ। ਇਸ ਤੋਂ ਉਪਰੰਤ ਅੰਮ੍ਰਿਤ ਵੇਲੇ ਦੇ ਸਮਾਗਮ ਵਿਚ ਹਾਜ਼ਰੀ ਭਰ ਰਹੀਆਂ ਗੁਪਤ ਰੂਹਾਂ ਦੀ ਮੌਜੂਦਗੀ ਦਾ ਇਸ਼ਾਰਾ ਵੀ ਕਰ ਦਿੰਦੇ ਸਨ। ਜਦੋਂ ਕੋਈ ਗੁਰਮੁਖ ਰੂਹ ਚੜ੍ਹਾਈ ਕਰ ਜਾਂਦੀ ਸੀ ਤਾਂ ਉਸ ਦੇ ਸੁਰਖਰੂ ਹੋਣ ਦਾ ਇਸ਼ਾਰਾ ਵੀ ਕਰ ਦਿੰਦੇ ਸਨ। ਪਰੰਤੂ ਖੁੱਲ ਖੇਡ ਆਮ ਨਹੀਂ ਸੀ ਵਰਤਾਉਂਦੇ, ਕੇਵਲ ਇਸ਼ਾਰੇ ਮਾਤਰ ਹੀ ਕੋਈ ਗੱਲ-ਬਾਤ ਦੱਸਦੇ ਸਨ। ਹਰ ਇਕ ਦੇ ਦੁੱਖ-ਸੁੱਖ ਦੇ ਪੂਰੇ ਭਾਈਵਾਲ ਬਣਦੇ ਸਨ।

ਆਪ ਜੀ ਜਿੱਥੇ ਕਿ, ਜੱਥੇ ਦੇ ਅਸੂਲਾਂ ਦੀ ਦ੍ਰਿੜ ਧਾਰਨੀ ਸਨ ਅਤੇ ਸੰਗਤਾਂ ਨੂੰ ਕੇਸਕੀ ਸਮੇਤ ਪੂਰੀ ਰਹਿਤ ਦੇ ਧਾਰਨੀ ਬਣਾਉਂਦੇ ਸਨ, ਉੱਥੇ ਗੁਰ ਅਸਥਾਨਾਂ ਦੀ ਮਰਿਆਦਾ ਦਾ ਵੀ ਪੂਰਾ ਧਿਆਨ ਰੱਖਦੇ ਸਨ। ਕਿਸੇ ਵੀ ਗੁਰ ਅਸਥਾਨ ਤੇ ਚਲ ਰਹੀ ਮਰਿਆਦਾ ਦੇ ਵਿਰੁੱਧ ਕੋਈ ਗੱਲ ਨਹੀਂ ਸਨ ਕਰਦੇ। ਉੱਥੋਂ ਦੇ ਗ੍ਰੰਥੀ ਸਿੰਘ ਦਾ ਪੂਰਾ ਸਤਿਕਾਰ ਕਰਦੇ ਸਨ ਅਤੇ ਅਰਦਾਸ ਵੀ ਸਿੰਘ ਸਾਹਿਬਾਨ ਜਾਂ ਗ੍ਰੰਥੀ ਸਿੰਘ ਕੋਲੋਂ ਹੀ ਕਰਵਾਉਂਦੇ ਸਨ। ਆਪ ਜੀ ਬੜੀ ਫਰਾਖ ਦਿਲੀ ਅਤੇ ਖੁਸ਼ ਤਬੀਅਤ ਦੇ ਮਾਲਕ ਸਨ। ਪਾਠ ਜਾਂ ਕੀਰਤਨ ਦੀ ਸੇਵਾ, ਰਹਿਤ ਵਿਚ ਥੋੜ੍ਹੀ ਬਹੁਤ ਢਿਲਿਆਈ ਵਾਲੇ ਪ੍ਰੇਮੀ ਕੋਲੋਂ ਵੀ ਲੈ ਲੈਂਦੇ ਸਨ, ਕਿੰਤੂ-ਪ੍ਰੰਤੂ ਬਿਲਕੁਲ ਨਹੀਂ ਸਨ ਕਰਦੇ। ਪ੍ਰੰਤੂ ਅੰਮ੍ਰਿਤ ਸੰਚਾਰ ਸਮੇਂ ਪੂਰੀ ਰਹਿਤ ਮਰਿਆਦਾ ਦ੍ਰਿੜ ਕਰਵਾਉਂਦੇ ਸਨ। ਉਹ ਸੰਗਤਾਂ ਨੂੰ ਪਿਆਰ ਰਾਹੀਂ ਕੀਲ ਕੇ ਗੁਰਮਤਿ ਗਾਡੀ



www.AKJ.Org

ਰਾਹ ਤੇ ਚਲਣ ਲਈ ਪ੍ਰੇਰ ਲੈਂਦੇ ਸਨ। ਗ਼ਰੀਬ-ਅਮੀਰ ਨਾਲ ਕਦੇ ਵੀ ਵਿਤਕਰਾ ਨਹੀਂ ਸਨ ਕਰਦੇ। ਉਹ ਹਮੇਸ਼ਾਂ ਵਿਅਕਤੀਗਤ ਫੈਸਲੇ ਲੈਣ ਦੀ ਬਜਾਏ ਸੰਗਤੀ ਫੈਸਲੇ ਵਿਚ ਵਿਸ਼ਵਾਸ ਰੱਖਦੇ ਸਨ। ਇਸੇ ਕਰਕੇ ਜੱਥੇ ਦੇ ਮੁਖੀ ਦੀ ਸੇਵਾ ਸੰਭਾਲਣ ਸਮੇਂ, ਸੇਵਾ ਨੂੰ ਠੀਕ ਤਰ੍ਹਾਂ ਨਿਭਾਉਣ ਲਈ ਆਪ ਦੇ ਨਾਲ ਪੰਜ ਸਿੰਘ ਲਾਉਣ ਦੀ ਸੰਗਤਾਂ ਨੂੰ ਬੇਨਤੀ ਕੀਤੀ ਸੀ।

**ਉਹਨਾਂ ਵੱਲੋਂ ਕੀਤੇ ਕੁਝ ਅਮੋਲ ਬਚਨ : ਵਲੋਂ ਭਾਈ ਮਨਜੀਤ ਸਿੰਘ ਠੇਕੇਦਾਰ ਸ੍ਰੀ ਅੰਮ੍ਰਿਤਸਰ**

- ਜਿਹਨਾਂ ਅੰਦਰ ਪੰਥਕ ਲੀਡਰ ਬਣਨ ਦੀ ਲਾਲਸਾ ਹੁੰਦੀ ਹੈ ਅਤੇ ਇਸ ਆਸ਼ੇ ਨੂੰ ਪ੍ਰਾਪਤ ਕਰਨ ਹਿੱਤ ਲੂੰਬੜ ਚਾਲਾਂ ਚਲ, ਸੰਗਤਾਂ ਨੂੰ ਗੁਮਰਾਹ ਕਰ, ਸੰਗਤ ਦੀ ਸੁਰਤੀ-ਬਿਰਤੀ ਬਿਖੇਰਦੇ ਹਨ, ਉਹ ਕਦਾਚਿੱਤ ਵੀ ਪੰਥਕ ਲੀਡਰ ਨਹੀਂ ਹੁੰਦੇ ਸਗੋਂ ਉਹ ਨਾਂ-ਬਖਸ਼ਣ ਯੋਗ ਪਾਪਾਂ ਦੇ ਭਾਗੀ ਬਣਦੇ ਹਨ। ਉਹ ਲਾਲਸਾ ਅਤੇ ਹਉਮੈ ਦੇ ਹਨੇਰੇ ਵਿਚ ਗਰਕ ਹੋ ਕੇ ਭੁੱਲ ਜਾਂਦੇ ਹਨ ਕਿ ਉਹ ਜਿਸ ਪੰਥ ਦੀ ਅਗਵਾਈ ਕਰਨਾ ਚਾਹੁੰਦੇ ਹਨ, ਉਸ ਵਿਚ ਉੱਚ ਆਤਮਿਕ ਅਵਸਥਾ ਨੂੰ ਪ੍ਰਾਪਤ, ਨਾਮ ਅਭਿਆਸੀ ਪੁੱਗ ਚੁੱਕੇ ਜਨ ਵੀ ਹੁੰਦੇ ਹਨ ਜੋ ਦੈਵੀ ਗੁਣਾਂ ਨਾਲ ਭਰਪੂਰ ਹੁੰਦੇ ਹਨ ਅਤੇ ਪੰਥ ਦੋਖੀ ਅਖੌਤੀ ਲੀਡਰਾਂ ਨੂੰ ਨੇਸਤੋ ਨਬੂਦ ਕਰਨ ਦੀ ਸਮਰਥਾ ਰੱਖਦੇ ਹਨ। ਸੋ ਖਬਰਦਾਰ ਰਹੋ।
- ਪੰਥਕ ਸੇਵਾਵਾਂ ਲਈ ਜਦੋਂ ਤੁਹਾਨੂੰ ਕਿਸੇ ਅਹੁਦੇ ਦੀ ਪੇਸ਼ਕਸ ਹੁੰਦੀ ਹੈ ਤਾਂ ਆਪਣੇ ਅੰਦਰ ਆਤਮੇ ਝਾਤੀ ਮਾਰੋ ਕਿ ਤੁਸੀਂ ਇਸ ਕਾਬਲ ਵੀ ਹੋ? ਅਗਰ ਤੁਹਾਡੀ ਨਾਮ ਬਾਣੀ ਦੀ ਕਮਾਈ ਹੈ, ਤਾਂ ਹੀ ਸੇਵਾ ਸੰਭਾਲੋ। ਸੇਵਾ ਸੰਭਾਲਣ ਤੋਂ ਉਪਰੰਤ ਆਪਣੇ ਰੋਜ਼ ਦੇ ਨੇਮ ਵਿਚ ਨਾਮ ਬਾਣੀ ਦੀ ਕਮਾਈ ਵਿਚ ਵਾਧਾ ਕਰੋ। ਹਰ ਫੈਸਲਾ ਲੈਣ ਤੋਂ ਪਹਿਲਾਂ ਗੁਰੂ ਅੱਗੇ ਅਰਦਾਸ ਕਰੋ ਅਤੇ ਗੁਰੂ ਦੀ ਅਗਵਾਈ ਲਵੋ। ਫੈਸਲੇ ਗੁਰਮਤਿ ਅਤੇ ਗੁਰਬਾਣੀ ਦੀ ਰੋਸ਼ਨੀ ਵਿਚ ਲਵੋ। ਹਉਮੈ ਵੱਸ ਹੋ, ਧੜੇਬੰਦੀ ਪਾਲ ਕੇ ਅਤੇ ਪੱਖਪਾਤ ਕਰ ਕੇ ਲਏ ਫੈਸਲੇ ਕੌਮ ਅਤੇ ਮਨੁੱਖਤਾ ਲਈ ਹਾਨੀਕਾਰਕ ਹੁੰਦੇ ਹਨ ਅਤੇ ਅੰਤ ਆਪਣੇ ਲਈ ਵੀ ਘਾਤਕ ਸਿੱਧ ਹੁੰਦੇ ਹਨ ਅਤੇ ਤੁਹਾਡੇ ਆਤਮਿਕ ਜੀਵਨ ਨੂੰ ਤਹਿਸ ਨਹਿਸ ਕਰ ਦਿੰਦੇ ਹਨ।
- ਹਰ ਅੰਮ੍ਰਿਤਧਾਰੀ ਸਿੰਘ, ਆਪਣਾ ਅੰਮ੍ਰਿਤ ਵੇਲਾ ਸੰਭਾਲੇ ਅਤੇ ਨਾਮ-ਬਾਣੀ ਦੀ ਕਮਾਈ ਕਰੇ। ਗੁਰਸਿੱਖਾਂ ਲਈ ਪ੍ਰਮਾਤਮਾ ਨੇ ਰਾਤ ਨਾਮ-ਬਾਣੀ ਦੀ ਕਮਾਈ ਵਾਸਤੇ ਬਣਾਈ ਹੈ। ਅੰਮ੍ਰਿਤ ਵੇਲੇ ਨਾਮ-ਬਾਣੀ ਦੀ ਕਮਾਈ ਕਰਨ ਨਾਲ ਸ਼ਬਦ-ਸੁਰਤ ਦਾ ਮਿਲਾਪ ਹੁੰਦਾ ਹੈ ਅਤੇ ਦਿਨਾਂ ਵਿਚ ਹੀ ਨਾਮ ਕਮਾਈ ਵਿਚ ਵਾਧਾ ਹੁੰਦਾ ਹੈ। ਹਰ ਅੰਮ੍ਰਿਤਧਾਰੀ ਗੁਰਸਿੱਖ ਹੋਰ ਪ੍ਰਾਣੀਆਂ ਨੂੰ ਪ੍ਰੇਮ ਨਾਲ ਪ੍ਰੇਰ ਕੇ ਅੰਮ੍ਰਿਤਧਾਰੀ ਬਣਾ ਕੇ ਸੰਗਤ ਰੂਪੀ ਫੁਲਵਾੜੀ ਵਿਚ ਵਾਧਾ ਕਰੇ।
- ਗੁਰਸਿੱਖ ਪਰ ਧਨ, ਪਰ ਤਨ ਅਤੇ ਪਰ ਨਿੰਦਾ ਤੋਂ ਹਮੇਸ਼ਾਂ ਦੂਰ ਰਹੇ ਅਤੇ ਆਪਣੀ ਸੱਚੀ-ਸੁੱਚੀ ਕਮਾਈ ਕਰ ਉਸ ਵਿਚੋਂ ਗੁਰੂ ਦਾ ਦਸਵੰਧ ਕੱਢ, ਲੇਖੇ ਲਾਵੇ। ਸਿੱਖ ਦਾ ਕਿਰਤੀ ਹੋਣਾ ਅਤਿਅੰਤ ਜ਼ਰੂਰੀ ਹੈ।
- ਅੰਤ ਵੇਲੇ ਮਨ ਵਿਚ ਰਹੀ ਇਕ ਛੋਟੀ ਜਿਹੀ ਕਾਮਨਾ ਵੀ ਜਨਮ ਮਰਨ ਦੇ ਗੇੜ ਵਿਚ ਪਾ ਦਿੰਦੀ ਹੈ। ਕਾਮਨਾਵਾਂ ਨੂੰ ਨਾਮ ਬਾਣੀ ਦੀ ਕਮਾਈ ਨਾਲ ਮਾਰਿਆ ਜਾ ਸਕਦਾ ਹੈ।
- ਆਪਣੇ ਜੀਵਨ ਵਿਚ ਕਿਸੇ ਨਾਲ ਦੁਸ਼ਮਣੀ ਨਾ ਪਾਲੋ। ਜੇ ਕੋਈ, ਕਿਸੇ ਕਾਰਨ ਵੱਸ, ਤੁਹਾਡੇ ਨਾਲ ਦੁਸ਼ਮਣੀ ਪਾਲਦਾ ਹੈ-ਉਸ ਦੇ ਭਲੇ ਲਈ ਰੋਜ਼ ਗੁਰੂ ਅੱਗੇ ਅਰਦਾਸ ਕਰੋ। ਦੁਸ਼ਮਣੀ ਮਨ ਵਿਚ ਨਾ ਹੰਢਾਉ। ਇਸ ਨਾਲ ਨਾਮ ਹਿਰਦੇ ਵਿਚ ਨਹੀਂ ਟਿਕਦਾ।

ਉਨ੍ਹਾਂ ਦੀ ਮਨ ਦੀ ਦ੍ਰਿੜਤਾ ਇਤਨੀ ਮਜ਼ਬੂਤ ਸੀ ਕਿ ਸਿਹਤ ਕਮਜ਼ੋਰ ਹੋਣ ਅਤੇ ਡਾਕਟਰਾਂ ਦੀ ਮਨਾਹੀ ਦੇ



www.AKJ.Org

ਬਾਵਜੂਦ ਵੀ ਆਪਣੇ ਜੀਵਨ ਦੇ ਉਦੇਸ਼ ਅੰਮ੍ਰਿਤ ਵੇਲੇ ਦੀ ਸੰਭਾਲ ਸੰਗਤੀ ਰੂਪ ਵਿਚ ਅਖ਼ਰੀਲੇ ਦਿਨ ਤੱਕ ਕਰਦੇ ਰਹੇ। ਅੰਮ੍ਰਿਤ ਛਕਣ ਦੇ ਪਹਿਲੇ ਦਿਨ ਤੋਂ ਅਖ਼ਰੀਲੇ ਦਿਨ ਤਾਈਂ ਕਦੇ ਵੀ ਅੰਮ੍ਰਿਤ ਵੇਲੇ ਦੀ ਸੰਭਾਲ ਅਤੇ ਇਸ਼ਨਾਨ ਦਾ ਨੇਮ ਨਹੀਂ ਟੁੱਟਣ ਦਿੱਤਾ, ਬੇਸ਼ੱਕ ਉਹ ਬੀਮਾਰ ਹੋਣ ਕਰਕੇ ਹਸਪਤਾਲ ਵਿਚ ਹੋਣ ਜਾਂ ਫਿਰ ਯਾਤਰਾ ਦੌਰਾਨ ਸਫ਼ਰ ਵਿਚ ਹੋਣ। ਚੜ੍ਹਾਈ ਕਰਨ ਤੋਂ ਥੋੜ੍ਹਾ ਚਿਰ ਪਹਿਲਾਂ ਹੀ ਗੁਰਸਿੱਖ ਪ੍ਰੇਮੀਆਂ ਦੇ ਸੱਦੇ 'ਤੇ ਕੈਨੇਡਾ ਹੋ ਕੇ ਆਏ ਸਨ ਅਤੇ ਕੇਵਲ 15 ਦਿਨ ਪਹਿਲਾਂ ਸ੍ਰੀ ਪਟਨਾ ਸਾਹਿਬ ਦੀ ਯਾਤਰਾ ਤੇ ਸਾਲਾਨਾ ਸਮਾਗਮ ਦੀ ਹਾਜ਼ਰੀ ਵੀ ਭਰੀ ਸੀ। ਕਰੜੀ ਸਰਦੀ ਦੇ ਮੌਸਮ ਵਿਚ ਵੀ ਸਰੀਰਕ ਕਮਜ਼ੋਰ ਹੋਣ ਦੇ ਬਾਵਜੂਦ ਵੀ ਸ੍ਰੀ ਦਰਬਾਰ ਸਾਹਿਬ ਵਿਚ ਅੰਮ੍ਰਿਤ ਵੇਲੇ ਸ਼ਾਮਿਲ ਹੁੰਦੇ ਰਹੇ। ਆਪਣੇ ਪੰਜ ਭੂਤਕ ਸਰੀਰ ਨੂੰ ਸੰਗਤਾਂ ਦਾ ਸਮਝ ਕੇ ਸੰਗਤਾਂ ਦੇ ਅਰਪਨ ਕੀਤਾ ਹੋਇਆ ਸੀ।

ਅਖੀਰ ਵਿਚ ਇਹ ਗੁਰਮੁਖ ਰੂਹ, ਜੱਥੇ ਦੀਆਂ ਸਮੂਹ ਸੰਗਤਾਂ ਨੂੰ ਰਲ ਮਿਲ ਕੇ ਗੁਰਬਾਣੀ ਦੇ ਸੋਹਿਲੇ ਗਾਉਣ, ਨਾਮ ਜਪਣ, ਨਾਮ-ਬਾਣੀ ਦੇ ਲਾਹੇ ਲੈਣ ਦੇ ਅਵਸਰ ਬਣਾ ਕੇ, ਅਕਾਲ ਪੁਰਖ ਜੀ ਵੱਲੋਂ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਨ ਦੀ ਲਾਈ ਸੇਵਾ ਨਿਭਾਉਂਦੇ ਹੋਏ, ਅਚਾਨਕ ਹੀ 21 ਦਸੰਬਰ 2008 ਨੂੰ ਸ੍ਰੀ ਅੰਮ੍ਰਿਤਸਰ ਵਿਖੇ ਸਾਰੀਆਂ ਸੰਗਤਾਂ ਨੂੰ ਵਿਛੋੜਾ ਦੇ ਕੇ ਉਡਾਰੀਆਂ ਮਾਰ ਗਈ। ਚੜ੍ਹਾਈ ਕਰਨ ਤੋਂ ਪਹਿਲਾਂ ਦੇ ਭਰੇ ਪ੍ਰਣ ਪੱਤਰ ਅਨੁਸਾਰ ਆਪਣੀਆਂ ਅੱਖਾਂ ਦਾ ਦਾਨ ਵੀ ਕਰ ਗਏ ਤਾਂ ਕਿ ਕਿਸੇ ਲੋੜਵੰਦ ਦੇ ਕੰਮ ਆ ਸਕਣ। ਉਨ੍ਹਾਂ ਦੇ ਸੰਸਕਾਰ ਵੇਲੇ, ਅਥਾਹ ਸੰਗਤਾਂ ਦਾ ਠਾਠਾਂ ਮਾਰਦਾ ਸਮੁੰਦਰ, ਸੰਗਤਾਂ ਦਾ ਉਹਨਾਂ ਪ੍ਰਤੀ ਪਿਆਰ ਦਾ ਪ੍ਰਗਟਾਵਾ ਕਰ ਰਿਹਾ ਸੀ। ਉਹਨਾਂ ਦੇ ਪ੍ਰੇਮੀ ਗੁਰਸਿਖ ਦੂਰ-ਦੁਰਾਡੇ ਸ਼ਹਿਰਾਂ ਬਰੇਲੀ, ਕਾਨਪੁਰ, ਜਬਲਪੁਰ, ਜੈਪੁਰ, ਦਿੱਲੀ ਆਦਿ ਤੋਂ ਸਸਕਾਰ ਸਮੇਂ ਪਹੁੰਚੇ ਹੋਏ ਸਨ। ਉਹਨਾਂ ਵੱਲੋਂ ਆਪਣੀ ਪ੍ਰਗਟਾਈ ਇੱਛਾ ਅਨੁਸਾਰ ਚੜ੍ਹਾਈ ਕਰਨ ਤੋਂ ਲੈ ਕੇ ਸਸਕਾਰ ਤਾਈਂ ਉਹਨਾਂ ਦੇ ਗ੍ਰਿਹ ਵਿਖੇ ਲਗਾਤਾਰ 22 ਘੰਟੇ ਅਖੰਡ ਕੀਰਤਨ ਦਾ ਪ੍ਰਵਾਹ ਜਾਰੀ ਰਿਹਾ ਅਤੇ ਨਾਲ ਹੀ ਸ੍ਰੀ ਅਖੰਡ ਪਾਠ ਦੇ ਪ੍ਰਵਾਹ ਜਾਰੀ ਹੋ ਗਏ।

ਆਪ ਜੀ "**ਨਖਿ ਸਿਸੁ ਲਉ ਸਗਲ ਅੰਗਿ ਰੋਮ ਰੋਮ ਕਰ ਕਾਟਿ ਕਾਟਿ ਸਿਖਨ ਕੇ ਚਰਨ ਪਰਿ ਵਾਰੀਐ**" ਅਨੁਸਾਰ ਸਿੱਖਾਂ ਉਪਰ ਵਾਰਨੇ ਘੋਲੇ ਜਾਂਦੇ ਹੋਏ, ਇਸ ਅਸੂਲ ਉੱਪਰ ਦ੍ਰਿੜਤਾ ਨਾਲ ਪਹਿਰਾ ਦਿੰਦੇ ਰਹੇ। ਆਪਣੀ ਕ੍ਰਿਤ ਕਮਾਈ ਗੁਰਸਿੱਖਾਂ ਪ੍ਰਤੀ ਲੇਖੇ ਲਾਉਂਦੇ, ਆਪਣਾ ਕੁਝ ਵੀ ਬਣਾਉਣ ਦੀ ਲਾਲਸਾ ਨਹੀਂ ਰੱਖਦੇ ਸਨ। ਬੱਚਿਆਂ ਦੀ ਚੜ੍ਹਾਈ ਉਪਰੰਤ ਉਹਨਾਂ ਦੇ ਸਸਕਾਰ ਤੋਂ ਬਾਅਦ ਅੰਗੀਠੇ ਦੀ ਰਾਖ ਦਾ ਕੁਝ ਹਿੱਸਾ ਦਿੱਲੀ ਵਿਖੇ ਗੁਰ ਅਸਥਾਨਾਂ ਦੇ ਮਾਰਗ ਵਿਚ ਬਖੇਰਿਆ ਗਿਆ ਸੀ। ਉਹਨਾਂ ਦੀ ਇਸੇ ਭਾਵਨਾਂ ਨੂੰ ਪ੍ਰਮੁੱਖ ਰੱਖ ਕੇ ਸੰਗਤਾਂ ਨੇ ਉਹਨਾਂ ਦੇ ਸਸਕਾਰ ਉਪਰੰਤ ਅੰਗੀਠੇ ਦੀ ਰਾਖ ਦਾ ਕੁਝ ਹਿੱਸਾ ਸ੍ਰੀ ਗੋਇੰਦਵਾਲ ਸਾਹਿਬ ਵਿਖੇ ਗੁਰ-ਅਸਥਾਨਾਂ ਦੇ ਮਾਰਗ ਉੱਪਰ ਬਿਖੇਰਿਆ।

# ਬੀਬੀ ਭੁਪਿੰਦਰ ਕੌਰ ਜੀ, ਸ੍ਰੀ ਅੰਮ੍ਰਿਤਸਰ

ਭਾਈ ਗੁਰਦੀਪ ਸਿੰਘ ਸ੍ਰੀ ਅੰਮ੍ਰਿਤਸਰ

ਅਖੰਡ ਕੀਰਤਨੀ ਜਥੇ ਵਿਚ ਲੰਬਾ ਸਮਾਂ ਕੀਰਤਨ ਦੀ ਸੇਵਾ ਕਰਨ ਵਾਲੇ, ਭਾਈ ਸਾਹਿਬ ਰਣਧੀਰ ਸਿੰਘ ਜੀ ਵਲੋਂ ਬਬੀਹੇ ਦੇ ਖਿਤਾਬ ਨਾਲ ਨਿਵਾਜੇ ਹੋਏ, ਬੀਬੀ ਭੁਪਿੰਦਰ ਕੌਰ ਜੀ ਦਾ ਜਨਮ ਮਿਤੀ 28 ਫਰਵਰੀ 1934 ਨੂੰ ਸਿਆਲਕੋਟ (ਪਾਕਿਸਤਾਨ) ਵਿਚ ਡਾ. ਹਰਬੰਸ ਸਿੰਘ ਜੀ (ਕੁੱਬੀ ਬੇਰੀ ਵਾਲੇ) ਅਤੇ ਬੀਬੀ ਹਰਬੰਸ ਕੌਰ ਜੀ ਦੇ ਘਰ ਹੋਇਆ। ਆਪ ਜੀ ਦੇ ਪਿਤਾ ਭਾਈ ਸਾਹਿਬ ਜੀ ਦੇ ਸੰਗੀ ਸਾਥੀ, ਕੀਰਤਨੀਏ, ਲੋੜਵੰਦਾਂ ਅਤੇ ਗਰੀਬ ਮਰੀਜ਼ਾਂ ਦੇ


www.AKJ.Org

ਹਮਦਰਦ ਸਨ ਅਤੇ ਨਾਮ ਰੰਗਾਂ ਵਿਚ ਰੰਗੀ ਹੋਈ ਰੂਹ ਸੀ। ਆਪ ਜੀ ਦੇ ਮਾਤਾ-ਪਿਤਾ ਜੀ ਪਾਕਿਸਤਾਨ ਬਣਨ ਤੋਂ ਬਾਅਦ ਸ੍ਰੀ ਅੰਮ੍ਰਿਤਸਰ ਦੇ ਨਿਵਾਸੀ ਬਣ ਗਏ ਸਨ ਤੇ ਜਥੇ ਦੇ ਸਾਰੇ ਪੁਰਾਤਨ ਸਿੰਘਾਂ ਦੇ ਹਮ-ਜੋਲੀ ਅਤੇ ਮੇਲੀ ਸਨ। ਉਨ੍ਹਾਂ ਨੂੰ ਭਾਈ ਸਾਹਿਬ ਜੀ ਅਤੇ ਬਾਊ ਜੀ ਦੀ ਸੰਗਤ ਮਾਣਨ ਦਾ ਨਿੱਘ ਪ੍ਰਾਪਤ ਰਿਹਾ ਹੈ। ਆਪ ਜੀ ਦੇ ਸਿੰਘ ਸਾਹਿਬ ਭਾਈ ਸੂਰਤ ਸਿੰਘ ਪੂਰਨ ਜੀ ਵੀ ਜਥੇ ਦੀ ਅਤਿ ਸਤਿਕਾਰਤ ਸ਼ਖ਼ਸ਼ੀਅਤ ਸੀ ਜਿੰਨ੍ਹਾਂ ਨੇ ਬਚਪਨ ਤੋਂ ਲੈ ਕੇ ਸਾਰੀ ਜ਼ਿੰਦਗੀ ਜਥੇ ਵਿਚ ਵਿਚਰਦਿਆਂ, ਬੇਅੰਤ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਦਿਆਂ ਬਤੀਤ ਕੀਤੀ।

ਆਪ ਜੀ ਨੇ ਮੁੱਢਲੀ ਵਿਦਿਆ ਪਾਕਿਸਤਾਨ ਰਹਿੰਦਿਆਂ ਸਿਆਲਕੋਟ ਵਿਚ ਹੀ ਲਈ ਅਤੇ ਦੇਸ਼ ਦੀ ਵੰਡ ਤੋਂ ਬਾਅਦ ਦਸਵੀਂ ਸ੍ਰੀ ਅੰਮ੍ਰਿਤਸਰ ਆ ਕੇ ਪਾਸ ਕੀਤੀ। ਫਿਰ ਆਪ ਜੀ ਨੇ ਸੰਗੀਤ ਵਿਸ਼ੇ ਵਿਚ ਪ੍ਰਭਾਕਰ ਦਾ ਕੋਰਸ ਵੀ ਪਾਸ ਕੀਤਾ। ਖ਼ਾਲਸਾ ਕਾਲਜ ਅੰਮ੍ਰਿਤਸਰ ਤੋਂ ਇੰਟਰ ਕੀਤੀ। ਭਾਈ ਮੋਹਨ ਸਿੰਘ ਗਾਰਡ ਕਿਸੇ ਸਮੇਂ ਖ਼ਾਲਸਾ ਕਾਲਜ ਸ੍ਰੀ ਅੰਮ੍ਰਿਤਸਰ ਵਿਚ ਹੀ ਪੜ੍ਹਦੇ ਸਨ। ਗਾਰਡ ਸਾਹਿਬ ਬਹੁਤ ਸੁਹਣੇ ਅਤੇ ਸੁਨੱਖੇ ਸਨ ਜਿਸ ਕਾਰਨ ਕਾਲਜ ਦੀ ਪੜ੍ਹਾਈ ਸਮੇਂ ਇਕ ਡਰਾਮੇ ਵਿਚ ਉਨ੍ਹਾਂ ਭਾਬੀ ਦਾ ਰੋਲ ਅਦਾ ਕੀਤਾ ਸੀ, ਜਿਸ ਕਾਰਨ ਆਪ ਜੀ ਉਨ੍ਹਾਂ ਨੂੰ ਹਮੇਸ਼ਾਂ ਭਾਬੀ ਕਹਿ ਕੇ ਬੁਲਾਉਂਦੇ ਸਨ। ਆਪ ਜੀ ਨੂੰ ਵੀ ਸੰਗੀਤ ਅਤੇ ਕਾਲਜ ਦੀਆਂ ਮਨੋਰੰਜਨ ਗਤੀਵਿਧੀਆਂ ਦਾ ਕਾਫੀ ਸ਼ੌਂਕ ਸੀ। ਸੰਗੀਤ ਦੇ ਵਿਸ਼ੇ ਵਿਚ ਹੀ ਬੀ.ਏ. ਦੀ ਡਿਗਰੀ, ਵਿਆਹ ਤੋਂ ਬਾਅਦ ਪ੍ਰਾਈਵੇਟ ਤੌਰ 'ਤੇ ਕੀਤੀ। ਪ੍ਰੀਵਾਰਕ ਤੇ ਬੱਚਿਆਂ ਦੀ ਸੰਭਾਲ ਦੇ ਨਾਲ-ਨਾਲ ਕੁਝ ਸਮਾਂ ਆਪ ਜੀ ਨੇ ਕੈਰੋਂ (ਜ਼ਿਲ੍ਹਾ ਅੰਮ੍ਰਿਤਸਰ) ਹੁਣ ਤਰਨ ਤਾਰਨ, ਬ੍ਰੇਲੀ ਅਤੇ ਕਰਨਾਲ ਵਿਚ ਸੰਗੀਤ ਦੇ ਅਧਿਆਪਕ ਵਜੋਂ ਨੌਕਰੀ ਵੀ ਕੀਤੀ, ਪਰ ਇੰਨ੍ਹਾਂ ਦੇ ਸਿੰਘ ਸਾਹਿਬ ਪੂਰਨ ਜੀ ਦੀ ਬਦਲੀ ਭਾਰਤ ਦੇ ਵੱਖ-ਵੱਖ ਸ਼ਹਿਰਾਂ ਵਿਚ ਹੋ ਜਾਣ ਕਾਰਨ, ਇਹ ਨੌਕਰੀ ਜ਼ਿਆਦਾ ਸਮਾਂ ਨਹੀਂ ਕਰ ਸਕੇ।

ਸੰਨ 1950 ਤੋਂ ਲੈ ਕੇ ਸੰਨ 1955 ਤਾਈਂ ਹੋਲੇ ਮਹੱਲੇ ਦੇ ਜੋੜ ਮੇਲੇ ਸਮੇਂ 'ਤੇ ਭਾਈ ਸਾਹਿਬ ਜੀ ਜਥੇ ਸਮੇਤ ਸ੍ਰੀ ਦਰਬਾਰ ਸਾਹਿਬ ਜੀ ਦੇ ਦਰਸ਼ਨ ਇਸ਼ਨਾਨ ਤੇ ਕੀਰਤਨ ਸਮਾਗਮਾਂ ਲਈ ਸ੍ਰੀ ਅੰਮ੍ਰਿਤਸਰ ਆਉਂਦੇ ਸਨ। ਆਪ ਜੀ ਦੇ ਪਿਤਾ ਜੀ ਵੀ ਭਾਈ ਸਾਹਿਬ ਜੀ ਦੇ ਸੰਗੀ ਸਾਥੀ ਅਤੇ ਕੀਰਤਨ ਸਮਾਗਮਾਂ ਦੀ ਹਾਜ਼ਰੀ ਭਰਦੇ ਸਨ। ਸੰਨ 1952 ਦੇ ਹੋਲੇ ਮਹੱਲੇ ਸਮਾਗਮ ਸਮੇਂ ਆਪ ਆਪਣੀਆਂ ਦੋ ਤਿੰਨ ਹੋਰ ਸਹੇਲੀਆਂ ਨਾਲ ਸਮਾਗਮ ਤੇ ਗਏ। ਉੱਥੇ ਅੰਮ੍ਰਿਤ ਸੰਚਾਰ ਵੀ ਹੋ ਰਿਹਾ ਸੀ। ਆਪ ਜੀ ਦੇ ਪੂਰਬਲੇ ਕਰਮਾਂ ਦੇ ਅੰਕੁਰ ਸਫੁਟ ਹੋ ਗਏ ਤੇ ਪੰਚਾਂ ਦੇ ਅੱਗੇ ਪੇਸ਼ ਹੋ ਕੇ ਅੰਮ੍ਰਿਤ ਛੱਕ ਲਿਆ ਤੇ ਗੁਰੂ ਵਾਲੇ ਬਣ ਗਏ। ਇਸ ਸਮਾਗਮ 'ਤੇ ਹੀ ਭਾਈ ਸਾਹਿਬ ਜੀ ਅਤੇ ਬਾਊ ਜੀ ਨੇ ਖ਼ੁਦ ਆਪ ਜੀ ਦਾ ਰਿਸ਼ਤਾ ਸਤਿਕਾਰਯੋਗ ਪੂਰਨ ਜੀ ਨਾਲ ਕਰਨ ਬਾਰੇ ਆਪ ਜੀ ਦੇ ਪਿਤਾ ਜੀ ਨੂੰ ਕਹਿ ਦਿੱਤਾ ਸੀ। ਪੂਰਨ ਦਾਰ ਜੀ ਉਸ ਵੇਲੇ ਆਪਣੀ ਨੌਕਰੀ ਦੇ ਸੰਬੰਧ ਵਿਚ ਦਿੱਲੀ ਰਹਿੰਦੇ ਸਨ ਤੇ ਦਿੱਲੀ ਦੇ ਭਾਈ ਅਵਤਾਰ ਸਿੰਘ ਜੀ, ਜਿੰਨ੍ਹਾਂ ਦਾ ਭਾਈ ਸਾਹਿਬ ਜੀ ਨੇ ਖੜਤਾਲੀ ਜਥੇ ਕਰਕੇ ਨਾਮ ਪਾਇਆ ਹੋਇਆ ਸੀ, ਰਾਹੀਂ ਇਹ ਰਿਸ਼ਤਾ ਪੱਕਾ ਹੋ ਗਿਆ। ਭਾਈ ਅਵਤਾਰ ਸਿੰਘ ਜੀ ਪਾਕਿਸਤਾਨ ਵਿਚ ਗੁਜਰਾਂਵਾਲਾ ਰਹਿੰਦੇ ਸਨ ਤੇ ਉਥੇ ਹੀ ਆਪ ਜੀ ਦਾ ਨਾਨਕਾ ਪ੍ਰੀਵਾਰ ਰਹਿੰਦਾ ਸੀ ਜਿਸ ਕਾਰਨ ਆਪ ਜੀ ਨੂੰ ਭਾਈ ਅਵਤਾਰ ਸਿੰਘ ਜੀ ਬਚਪਨ ਤੋਂ ਹੀ ਜਾਣਦੇ ਸਨ ਤੇ ਦੂਸਰੇ ਪਾਸੇ ਪੂਰਨ ਜੀ ਦੀ ਨੌਕਰੀ ਦਿੱਲੀ ਹੋਣ ਕਰਕੇ ਉਨ੍ਹਾਂ ਨਾਲ ਵੀ ਡੂੰਘਾ ਪਿਆਰ ਅਤੇ ਸਨੇਹ ਸੀ। ਅਕਤੂਬਰ 1952 ਵਿਚ ਆਪ ਜੀ ਦਾ ਅਨੰਦ ਕਾਰਜ ਸ੍ਰੀ ਅੰਮ੍ਰਿਤਸਰ ਵਿਖੇ ਪੂਰਨ ਜੀ ਨਾਲ ਹੋ ਗਿਆ। ਇਸ ਅਨੰਦ ਕਾਰਜ ਦੀ ਵਿਸ਼ੇਸ਼ਤਾ ਇਹ ਸੀ ਕਿ ਭਾਈ ਸਾਹਿਬ ਜੀ ਖੁਦ ਪੂਰਨ ਜੀ ਦੇ ਪਿਤਾ ਜੀ ਬਣੇ ਸਨ ਤੇ ਲੁਧਿਆਣੇ ਤੋਂ ਬਰਾਤ ਵਿਚ ਸ਼ਾਮਿਲ ਹੋ ਕੇ ਨਾਲ ਹੀ ਆਏ ਸਨ। ਅਗੋਂ ਬਾਊ ਜੀ ਆਪਦੇ ਪਿਤਾ ਜੀ ਬਣ ਕੇ ਇਨ੍ਹਾਂ ਦੋਹਾਂ ਗੁਰਮੁਖਾਂ ਨੇ ਕੁੜਮਾਂ ਦੀ ਮਿਲਣੀ ਕੀਤੀ ਸੀ। ਵਿਆਹ ਤੋਂ ਬਾਅਦ ਆਪ ਸ੍ਰੀ ਪੂਰਨ ਜੀ ਨਾਲ ਦਿੱਲੀ ਚਲੇ ਗਏ। ਆਪ ਜੀ ਦੇ ਘਰ ਦੋ ਸਪੁੱਤਰਾਂ ਤੇ ਦੋ ਸਪੁੱਤਰੀਆਂ ਨੂੰ ਜਨਮ ਲਿਆ। ਪੂਰਬਲੀ ਕਮਾਈਆਂ ਕਰਕੇ ਸਾਰੇ ਬੱਚੇ ਹੀ ਜਨਮ ਤੋਂ ਹੀ ਨਾਮ ਦੀ ਰੰਗਣ ਵਿਚ ਰੰਗੇ ਹੋਏ, ਰਹਿਤ ਬਹਿਤ ਦੇ ਧਾਰਨੀ ਅਖੰਡ ਪਾਠੀ, ਕੀਰਤਨੀਏ ਬਣੇ। ਆਪ ਜੀ ਦੇ ਦੋਨੋਂ ਸਪੁੱਤਰ ਚੜ੍ਹਦੀ ਜਵਾਨੀ ਵਿਚ ਹੀ 24 ਅਤੇ



www.AKJ.Org

22 ਸਾਲ ਦੀ ਉਮਰ ਵਿਚ ਹੀ, ਕੀਰਤਨ ਦੀ ਸੇਵਾ ਕਰਦੇ ਹੋਏ, ਇਕ ਸੜਕ ਦੁਰਘਟਨਾ ਵਿਚ ਮਿਤੀ 8 ਅਪਰੈਲ 1982 ਨੂੰ ਚੜ੍ਹਾਈ ਕਰ ਗਏ ਸਨ। ਨਾਮ ਬਾਣੀ ਅਤੇ ਸੰਗਤਾਂ ਤੇ ਦਿਲਾਸਿਆਂ ਕਰਕੇ ਆਪ ਇਸ ਬਿਖਮ ਭਾਣੇ ਵਿਚ ਵੀ ਅਡੋਲ ਰਹੇ।

ਉਸ ਵੇਲੇ ਰਹਿਤ ਵਿਚ ਕੁਝ ਦ੍ਰਿੜ ਬੀਬੀਆਂ ਨੂੰ ਛੱਡ ਕੇ, ਆਮ ਤੌਰ 'ਤੇ ਬੀਬੀਆਂ ਸੰਗਤ ਵਿਚ ਆਉਣ ਵੇਲੇ ਕੇਸਕੀ ਸਜ਼ਾ ਲੈਂਦੀਆਂ ਸਨ ਪਰ ਬਾਅਦ ਵਿਚ ਲਾਹ ਦਿੰਦੀਆਂ ਸਨ। ਭਾਈ ਸਾਹਿਬ ਜੀ ਹਾਸੇ ਮਖੌਲ ਵਿਚ ਬੀਬੀਆਂ ਨੂੰ ਕੇਸਕੀ ਬਾਰੇ ਪੁੱਛ ਲੈਂਦੇ ਸਨ ਕਿ ਇਹ ਅਸਲੀ ਹੈ ਜਾਂ ਫਸਲੀ। ਭਾਵ ਕੇਸਕੀ ਪੱਕੀ ਤੌਰ ਤੇ ਸਜਾ ਕੇ ਰੱਖਦੇ ਹੋ ਜਾਂ ਸਾਡੇ ਸਾਹਮਣੇ ਅਤੇ ਸੰਗਤ ਆਉਣ ਵੇਲੇ ਹੀ ਬੰਨਦੇ ਹੋ। ਪੇਕੇ ਘਰ ਦੇ ਮਾਹੌਲ ਮੁਤਾਬਕ ਆਪ ਜੀ ਨੇ ਵੀ ਅਨੰਦ ਕਾਰਜ ਤੋਂ ਬਾਅਦ ਕੁਝ ਸਮੇਂ ਲਈ ਕੇਸਕੀ ਉਤਾਰ ਦਿੱਤੀ ਸੀ। ਆਪ ਜੀ ਦੇ ਸਿੰਘ ਸਾਹਿਬ ਜੀ ਸਖ਼ਤੀ ਵਰਤਣ ਦੇ ਬਜਾਏ, ਤਾਅ ਜ਼ਿੰਦਗੀ ਪਿਆਰ ਤੇ ਅਰਦਾਸ ਨਾਲ ਹੀ ਕਿਸੇ ਵਿਅਕਤੀ ਦੀ ਕਮਜ਼ੋਰੀ ਜਾ ਢਿੱਲ ਨੂੰ ਠੀਕ ਕਰਦੇ ਸਨ। ਸੋ ਦਾਰ ਜੀ ਨੇ ਆਪ ਜੀ ਵਲੋਂ ਢਿੱਲ ਵਰਤਣ ਦੇ ਬਾਵਜੂਦ ਵੀ ਆਪ ਜੀ ਨੂੰ ਆਪਣੇ ਸੰਗ ਸਾਥ ਨਾਰੰਗਵਾਲ ਅਤੇ ਦਿੱਲੀ ਲੋਕਲ ਸਮਾਗਮਾਂ ਤੇ ਲਿਜਾਣਾ ਜਾਰੀ ਰੱਖਿਆ। ਭਾਈ ਸਾਹਿਬ ਜੀ ਆਪਣੀ ਦਿੱਬ ਦ੍ਰਿਸ਼ਟੀ ਨਾਲ ਕਿਸੇ ਪ੍ਰਾਣੀ ਦੇ ਧੁਰੋਂ ਲਿਖੇ ਪੂਰਬ ਜਨਮ ਦੇ ਸੰਜੋਗ ਅਤੇ ਅੰਦਰਲਾ ਜਾਣ ਜਾਂਦੇ ਸਨ। ਜਿਸ ਪ੍ਰਾਣੀ ਦੀ, ਜਿਸ ਤਰ੍ਹਾਂ ਦੀ ਕਮਜ਼ੋਰੀ ਜਾਂ ਢਿੱਲ ਹੋਵੇ, ਉਸ ਪ੍ਰਥਾਇ ਆਪਣੇ ਅੰਤਸ਼ਕਰਣ ਰਾਹੀਂ ਉਸ ਕੋਲੋਂ ਕੀਰਤਨ ਵਿਚ ਸ਼ਬਦ ਪੜ੍ਹਾ ਕੇ ਉਸ ਦੀ ਸੁਧਾਈ ਕਰ ਦਿੰਦੇ ਸਨ। ਇਸੇ ਤਰ੍ਹਾਂ ਜਦ ਆਪ ਜੀ ਆਪਣੇ ਸਿੰਘ ਸਾਹਿਬ ਨਾਲ ਨਾਰੰਗਵਾਲ ਗਏ ਤੇ ਆਪ ਜੀ ਨੇ **"ਮਨੁ ਤਨੁ ਤੇਰਾ ਧਨੁ ਭੀ ਤੇਰਾ ਤੂੰ ਠਾਕੁਰੁ ਸੁਆਮੀ ਪ੍ਰਭੁ ਮੇਰਾ"** ਸ਼ਬਦ ਪੜਿਆ ਤਾਂ ਭਾਈ ਸਾਹਿਬ ਬਹੁਤ ਰੰਗਾਂ ਵਿਚ ਆ ਕੇ, ਆਪ ਦੇ ਸਿਰ ਉੱਪਰ ਹੱਥ ਫੇਰਨ ਲੱਗ ਪਏ ਤੇ ਨਾਲ ਹੀ ਉਚਾਰਿਆ ਕਿ ਪੜਦੀ ਤਾਂ ਹੈ ਕਿ "ਮਨ ਤਨ ਤੇਰਾ ਧਨ ਭੀ ਤੇਰਾ" ਤੇ ਫਿਰ ਇਹ ਦਸਤਾਰ ਕਿਹਦੀ ਹੈ ? ਉਨ੍ਹਾਂ ਵਲੋਂ ਆਪ ਜੀ ਨੂੰ ਸਿਰਫ਼ ਇਹ ਇਸ਼ਾਰਾ ਹੀ ਸੀ ਤੇ ਉਸੇ ਦਿਨ ਤੋਂ ਆਪ ਜੀ ਨੇ ਪੱਕੇ ਤੌਰ ਤੇ ਦਸਤਾਰ ਸਜਾ ਲਈ ਅਤੇ ਸਾਰੀ ਆਯੂ ਕਦੇ ਢਿੱਲ ਨਹੀਂ ਆਉਣ ਦਿੱਤੀ।

ਕੀਰਤਨ ਦੀ ਦਾਤ ਸਤਿਗੁਰੂ ਜੀ ਦਾ ਬਖਸ਼ਿਸ਼ ਨਾਲ ਆਪ ਜੀ ਨੂੰ ਬਚਪਨ ਤੋਂ ਪਿਤਾ ਜੀ ਤੋਂ ਹੀ ਪ੍ਰਾਪਤ ਹੋ ਗਈ ਸੀ। ਬਾਅਦ ਵਿਚ ਸੰਗੀਤ ਦੇ ਵਿਸ਼ੇ ਤੇ ਪ੍ਰਭਾਕਰ ਤੇ ਬੀ.ਏ. ਦੀ ਡਿਗਰੀ ਪਾਸ ਕਰਕੇ ਆਪ ਨੇ ਕਲਾਸੀਕਲ ਕੀਰਤਨ ਦੀ ਮੁਹਾਰਤ ਵੀ ਲੈ ਲਈ। ਆਪ ਜੀ ਦਾ ਗਲਾ ਵੀ ਬਹੁਤ ਸੁਰੀਲਾ ਸੀ ਅਤੇ ਬਹੁਤ ਸਹਿਜ ਵੈਰਾਗ ਵਿਚ ਹਿਰਦੇ ਨੂੰ ਟੁੰਬਣ ਵਾਲੀਆਂ ਧੁੰਨੀਆਂ ਵਿਚ ਕੀਰਤਨ ਕਰਦੇ ਸਨ। ਆਪ ਜੀ, ਭਾਈ ਸਾਹਿਬ ਵੇਲੇ, ਰੈਣ ਸਬਾਈ ਕੀਰਤਨ ਵਿਚ ਬਬੀਹੇ ਵਾਲੇ, ਸਾਰੇ ਸ਼ਬਦ ਇਕ ਖਾਸ ਗੀਤ (TUNE) ਨਾਲ ਪੜ੍ਹਦੇ ਸਨ ਜਿਸ ਕਰਕੇ ਭਾਈ ਸਾਹਿਬ ਜੀ ਨੇ ਆਪ ਜੀ ਦਾ ਨਾਮ ਬਬੀਹਾ ਪਾਇਆ ਹੋਇਆ ਸੀ। ਆਪ ਕੀਰਤਨ ਵੇਲੇ, ਸ਼ਬਦਾਂ ਦੀ ਚੋਣ ਮੌਕੇ ਮੁਤਾਬਕ, ਬੜੇ ਢੁਕਵੇਂ ਪ੍ਰਕਰਣ ਬਣਾ ਕੇ ਕਰਦੇ ਸਨ, ਜਿਸ ਵਾਸਤੇ ਸਾਰੇ ਸ਼ਬਦ ਨਿੱਕੀਆਂ-ਨਿੱਕੀਆਂ ਡਾਇਰੀਆਂ ਵਿਚ ਲਿਖ ਕੇ ਲਿਆਉਂਦੇ ਸਨ। ਉਹ ਹਮੇਸ਼ਾਂ ਕੰਠਾਗਰ ਕੀਰਤਨ ਨਾਲੋਂ, ਜਿਸ ਰਾਹੀਂ ਕਈ ਵਾਰੀ ਲਗਮਾਤਰੀ ਉਚਾਰਣ ਜਾਂ ਕੁਝ ਪੰਕਤੀਆਂ ਭੁੱਲਣ ਕਰਕੇ, ਕੀਤੀਆਂ ਜਾ ਰਹੀਆਂ ਗਲਤੀਆਂ ਦੀ ਬਜਾਏ, ਪੋਥੀ ਤੋਂ ਸਹਾਇਤਾ ਲੈ ਕੇ ਕੀਰਤਨ ਕਰਨ ਨੂੰ ਪਹਿਲ ਦਿੰਦੇ ਸਨ।

ਇਕ ਵਾਰ ਆਪ ਜੀ ਪੂਰਨ ਦਾਰ ਜੀ ਨਾਲ ਨਾਰੰਗਵਾਲ ਪੋਹ ਸੁਦੀ ਸਮਾਗਮ 'ਤੇ ਗਏ। ਸਾਰੇ ਕੀਰਤਨ ਸਮਾਗਮ ਦੌਰਾਨ ਪੜਨ ਵਾਸਤੇ 20-25 ਸ਼ਬਦ ਤਿਆਰ ਕਰ ਲਏ। ਅੰਦਰਲੀਆਂ ਰਮਜ਼ਾਂ ਬੁੱਝਣ ਵਾਲੇ ਭਾਈ ਸਾਹਿਬ ਜੀ ਨੇ, ਜਾਂਦਿਆਂ ਨੂੰ ਹੀ ਪਹਿਲੀ ਕੀਰਤਨ ਦੀ ਚੌਂਕੀ ਵਿਚ ਕੀਰਤਨ ਦੀ ਸੇਵਾ ਵਾਸਤੇ ਬੁਲਾ ਲਿਆ। ਇਕ ਤੋਂ ਬਾਅਦ ਦੂਸਰਾ ਸ਼ਬਦ ਪੜ੍ਹਾਉਂਦੇ ਹੋਏ, ਉਨ੍ਹਾਂ ਸਾਰੇ ਸਮਾਗਮ ਵਾਸਤੇ ਤਿਆਰ ਕੀਤੇ ਸਾਰੇ ਸ਼ਬਦ ਪੜਵਾ ਲਏ ਅਤੇ ਬੜੇ ਖੁਸ਼ ਹੋਏ। ਉਨ੍ਹਾਂ ਆਪ ਦੇ ਦਿਲ ਦੀ ਗੱਲ ਬੁੱਝ ਕੇ ਕਿਹਾ "ਹੋਰ ਪੜ" ਉਸ ਵੇਲੇ ਹੋਰ ਸ਼ਬਦ ਸੁਣਾਉਣ ਲਈ ਤਿਆਰੀ



www.AKJ.Org

ਨਹੀਂ ਸੀ ਕੀਤੀ ਹੋਈ। ਕਹਿਣ ਲੱਗੇ "ਬਸ ਖਾਲੀ ਹੋ ਗਈ ਹੈਂ, ਬੜੀ ਭਰੀ ਹੋਈ ਆਈ ਸੀ, ਚਲ ਸਵੇਰ ਲਈ ਹੋਰ ਤਿਆਰੀ ਕਰ।" ਫਿਰ ਆਪ ਨੇ ਸੋਚਿਆ ਕਿ ਜੋ ਤਿਆਰੀ ਕਰ ਕੇ ਲਿਆਈ ਸੀ, ਉਹ ਤਾਂ ਭਾਈ ਸਾਹਿਬ ਜੀ ਨੇ ਇਕ ਵਾਰੀ ਹੀ ਖਾਲੀ ਕਰਾ ਦਿੱਤਾ, ਅਗਲੀਆਂ ਚੌਂਕੀਆਂ ਵਿਚ ਕਿਵੇਂ ਕਰਾਂਗੀ ? ਆਪ ਜੀ ਦੇ ਦੱਸਣ ਮੁਤਾਬਕ ਜੋ ਅਨੰਦ, ਅੰਦਰ ਖਾਲੀ ਹੋਣ ਤੋਂ ਬਾਅਦ ਉਸ ਸਮਾਗਮ ਵਿਚ ਆਪ ਦੇ ਅੰਦਰ ਬੱਝਾ, ਉਹ ਅਮਿੱਟ ਯਾਦ ਬਣ ਗਈ। ਫਿਰ ਗੁਰੂ ਸਾਹਿਬ ਜੀ ਨੇ ਅੰਦਰੋਂ ਖਾਲੀ ਕਰਾ ਕੇ ਬਖਸ਼ਿਸ਼ ਕਰਕੇ ਕੀਰਤਨ ਕਰਵਾਇਆ। ਦਰਅਸਲ ਅਸੀਂ ਸਮਝਦੇ ਹਾਂ ਕਿ ਕੀਰਤਨ ਅਸੀਂ ਕਰਦੇ ਹਾਂ ਪ੍ਰੰਤੂ ਕੀਰਤਨ ਸਤਿਗੁਰੂ ਆਪ ਅੰਦਰ ਵੱਸ ਕੇ ਕਰਾਉਂਦਾ ਹੈ। ਅੰਦਰੋਂ ਖਾਲੀ ਹੋ ਕੇ ਗੁਰੂ ਦੇ ਚਰਨਾਂ ਨਾਲ ਜੁੜ ਕੇ ਕੀਰਤਨ ਦਾ ਰਸ ਹੋਰ ਹੀ ਹੁੰਦਾ ਹੈ। ਕੀਰਤਨ ਬਖਸ਼ਿਸ਼ ਹੈ ਆਰਟ ਨਹੀਂ।

ਆਪ ਜੀ ਦੇ ਸਿੰਘ ਸਾਹਿਬ ਸ੍ਰੀ ਪੂਰਨ ਜੀ ਬਚਪਨ ਤੌਂ ਹੀ ਹਮੇਸ਼ਾਂ ਨਾਮ ਬਾਣੀ ਵਿਚ ਰੰਗੀ ਹੋਈ ਰੱਬੀ ਰੂਹ ਸੀ। ਵਿਆਹ ਤੋਂ ਬਾਅਦ ਉਨ੍ਹਾਂ ਦੀ ਸੰਗਤ ਨੇ ਆਪ ਜੀ ਦੀ ਆਤਮਿਕ ਤਰੱਕੀ ਲਈ ਸੋਨੇ ਤੇ ਸੁਹਾਗੇ ਦਾ ਕੰਮ ਕੀਤਾ। ਆਪ ਜੀ ਉਨ੍ਹਾਂ ਦੇ ਸੰਗ ਸਾਥ ਗੁਰਬਾਣੀ ਦੇ ਪਾਠ ਦਾ ਅਭਿਆਸ ਕਰਕੇ ਅਖੰਡ ਪਾਠੀ ਬਣ ਗਏ। ਸ੍ਰੀ ਪੂਰਨ ਜੀ ਜਿਥੇ ਅੰਮ੍ਰਿਤ ਵੇਲੇ ਦੀ ਸੰਭਾਲ ਦੇ ਆਸ਼ਿਕ ਸਨ ਉੱਥੇ ਉਹ ਕੀਰਤਨ ਸਮਾਗਮਾਂ ਦੀ ਹਾਜ਼ਰੀ ਵੀ ਲਗਾਤਾਰ ਭਰਦੇ ਰਹੇ ਹਨ। ਇਸ ਤੋਂ ਇਲਾਵਾ ਉਨ੍ਹਾਂ ਨੂੰ ਗੁਪਤ ਤੌਰ 'ਤੇ ਸ੍ਰੀ ਅਖੰਡ ਪਾਠ ਕਰਨ ਦਾ ਵੀ ਬਹੁਤ ਸ਼ੌਂਕ ਸੀ ਜਿਸ ਲਈ ਉਹ ਇਕ ਸਾਥੀ ਦੀ ਭਾਲ ਵਿਚ ਸਨ ਜੋ ਕਿ ਉਨ੍ਹਾਂ ਦੇ ਇਸ ਸੰਕਲਪ ਵਿਚ ਹੱਥ ਵਟਾ ਸਕੇ, ਜੋ ਉਨ੍ਹਾਂ ਨੂੰ ਇਕ ਆਪ ਵਰਗੇ ਸੁਘੜ ਸੁਜਾਣ ਜੀਵਨ ਸਾਥੀ ਦੇ ਰੂਪ ਵਿਚ ਮਿਲਿਆ। ਜਦੋਂ ਵੀ ਦੋ ਤਿੰਨ ਛੁੱਟੀਆਂ ਹੁੰਦੀਆਂ ਤਾਂ ਇਹ ਦੰਪਤੀ ਦਰਵਾਜ਼ੇ ਬੰਦ ਕਰਕੇ ਸ੍ਰੀ ਅਖੰਡ ਪਾਠ ਆਰੰਭ ਕਰ ਲੈਂਦੇ। ਜ਼ਿਆਦਾ ਪਾਠ ਸ੍ਰੀ ਪੂਰਨ ਜੀ ਕਰਦੇ ਅਤੇ ਆਪ ਜੀ ਉਨ੍ਹਾਂ ਨੂੰ ਵਿਚ-ਵਿਚ ਦਮ ਦੁਆਉਂਦੇ ਰਹੇ ਤੇ ਨਾਲ ਹੀ ਬੱਚਿਆਂ ਦੀ ਦੇਖ ਭਾਲ ਵੀ ਕਰਦੇ। ਇਸੇ ਤਰ੍ਹਾਂ ਕੀਰਤਨ ਸਮਾਗਮਾਂ ਤੇ ਆਪਣੇ ਸਿੰਘ ਸਾਹਿਬ ਨਾਲ ਜਾ ਕੇ, ਜਿੱਥੇ ਆਪ ਗੁਰਬਾਣੀ ਕੀਰਤਨ ਦੇ ਲਾਹੇ ਲੈਂਦੇ, ਉੱਥੇ ਸੰਗਤਾਂ ਨੂੰ ਵੀ ਨਿਹਾਲ ਕਰਦੇ।

ਵਿਆਹ ਤੋਂ ਬਾਅਦ ਸਭ ਤੋਂ ਪਹਿਲਾਂ ਆਪ ਜੀ ਨੇ ਦਿੱਲੀ ਜਾ ਕੇ ਨਿਵਾਸ ਰੱਖਿਆ। ਉੱਥੇ ਪੁਰਾਤਨ ਗੁਰਸਿੱਖਾਂ ਦੀ ਸੰਗਤ ਦੇ ਨਾਲ-ਨਾਲ ਕੀਰਤਨੀਏ ਵੀਰ ਭਾਈ ਮਿਹਰ ਸਿੰਘ ਜੀ, ਭਾਈ ਦਰਸ਼ਨ ਸਿੰਘ ਜੀ ਦਿਲਰੁਬਾ, ਭਾਈ ਅਵਤਾਰ ਸਿੰਘ ਜੀ ਦੇ ਖੜਤਾਲੀ ਜਥੇ ਦੀ ਸੰਗਤ ਪ੍ਰਾਪਤ ਹੋਈ। ਫਿਰ ਮੁੰਬਈ ਜਾ ਕੇ ਆਪ ਜੀ ਦਾ ਮਿਲਾਪ ਭਾਈ ਦਰਸ਼ਨ ਸਿੰਘ ਭਰਾ ਜੀ, ਡਾਕਟਰ ਸੁਰਿੰਦਰ ਸਿੰਘ ਜੀ, ਗਿਆਨੀ ਦਲਜੀਤ ਸਿੰਘ ਕੋਮਲ ਜੀ, ਭਾਈ ਬੰਤਾ ਸਿੰਘ ਯੂ.ਕੇ., ਭਾਈ ਹਰੀ ਸਿੰਘ ਜੀ ਨਾਲ ਹੋਇਆ। ਭਾਈ ਪ੍ਰਿਤਪਾਲ ਸਿੰਘ ਜੀ ਨੇਵੀ ਵਾਲੇ, ਜੋ ਬਾਅਦ ਵਿਚ ਇੰਨ੍ਹਾਂ ਦੀ ਭੈਣ ਨਾਲ ਵਿਆਹੇ ਗਏ, ਵੀ ਇੱਥੇ ਹੀ ਮਿਲੇ ਸਨ। ਭਾਈ ਬੰਤਾ ਸਿੰਘ ਜੀ ਯੂ.ਕੇ ਵਾਲੇ ਦੀ ਸਿੰਘਣੀ ਜੋ ਰਾਧਾ ਸੁਆਮੀ ਸੀ, ਨੇ ਕੇਸਕੀ ਆਪ ਜੀ ਦੀ ਹੀ ਪ੍ਰੇਰਨਾ ਨਾਲ ਸਜਾਈ ਸੀ।

ਫਿਰ ਕਾਂਡਲੇ ਤੋਂ ਹੁੰਦੇ ਹੋਏ ਆਪ ਬ੍ਰੇਲੀ ਆ ਗਏ। ਪੂਰਨ ਦਾਰ ਜੀ ਨੇ ਸੰਗਤੀ ਅੰਮ੍ਰਿਤ ਵੇਲਾ ਇੱਥੇ ਵੀ ਸ਼ੁਰੂ ਕਰ ਦਿੱਤਾ ਸੀ ਤੇ ਇੱਥੇ ਹੀ ਸ੍ਰੀ ਬਾਊ ਜੀ ਆਪ ਕੋਲ ਆ ਕੇ ਲੰਬਾ ਸਮਾਂ ਠਹਿਰਦੇ ਰਹੇ। ਇੱਥੇ ਵੀ ਸੰਗਤਾਂ ਦੇ ਸਹਿਯੋਗ ਨਾਲ ਪੂਰਨ ਦਾਰ ਜੀ ਅਗਵਾਈ ਹੇਠ ਕੀਰਤਨ ਅਖਾੜੇ ਸਜਾਣੇ ਸ਼ੁਰੂ ਹੋ ਗਏ ਜਿੰਨ੍ਹਾਂ ਵਿਚ ਪ੍ਰਮੁੱਖ ਸੇਵਾ ਆਪ ਹੀ ਨਿਭਾਉਂਦੇ ਸਨ। ਇੰਨ੍ਹਾਂ ਸਤਿਸੰਗ ਸਮਾਗਮਾਂ ਕਾਰਨ ਬ੍ਰੇਲੀ ਵਿਚ ਗੁਰਸਿੱਖ ਪ੍ਰੇਮੀਆਂ ਦਾ ਇਕ ਤਕੜਾ ਜੱਥਾ ਬਣ ਗਿਆ। ਜਿਸ ਦਾ ਸਿਹਰਾ ਇਹ ਗੁਰਮੁਖ ਦੰਪਤੀ ਨੂੰ ਜਾਂਦਾ ਹੈ। ਇਸ ਤੋਂ ਬਾਅਦ ਪੂਰਨ ਜੀ ਦੀ ਬਦਲੀ, ਮੇਰਠ, ਕਰਨਾਲ, ਫਿਰ ਬ੍ਰੇਲੀ, ਦਿੱਲੀ, ਕਲਕੱਤਾ, ਚੰਡੀਗੜ੍ਹ, ਜੈਪੁਰ ਅਤੇ ਅਖੀਰ ਦਿੱਲੀ ਵਿਚ ਹੁੰਦੀ ਰਹੀ। ਆਪ ਜੀ ਨੇ ਆਪਣੇ ਸਿੰਘ ਸਾਹਿਬ ਜੀ ਦੇ ਨਾਲ ਇੰਨ੍ਹਾਂ ਸਾਰਿਆਂ ਸਹਿਰਾਂ ਵਿਚ ਕੀਰਤਨ ਦੀ ਸੇਵਾ ਰਾਹੀਂ ਬੇਅੰਤ ਪ੍ਰਾਣੀਆਂ ਨੂੰ ਗੁਰੂ ਚਰਨਾਂ ਨਾਲ ਜੋੜਿਆ। ਇਹ ਦੰਪਤੀ ਇਕ ਚਲਦੀ ਫਿਰਦੀ ਟਕਸਾਲ ਸੀ ਜਿਸ ਨੇ ਸਾਰੇ ਭਾਰਤ ਦੇ ਸ਼ਹਿਰਾਂ ਵਿਚ



www.AKJ.Org

ਗੁਰਮਤਿ ਦਾ ਪ੍ਰਚਾਰ ਕੀਤਾ। ਆਪ ਦੂਰ-ਦੁਰੇਡੇ ਸ਼ਹਿਰਾਂ ਤੋਂ ਸਾਰੇ ਕੇਂਦਰੀ ਸਮਾਗਮਾਂ ਖਾਸ ਕਰ, ਦਿੱਲੀ, ਲੁਧਿਆਣਾ, ਸ੍ਰੀ ਅੰਮ੍ਰਿਤਸਰ ਤੇ ਚੰਡੀਗੜ੍ਹ ਵਿਚ ਛੋਟੇ ਬੱਚਿਆਂ ਦੇ ਨਾਲ ਹਾਜ਼ਰੀ ਭਰਨ ਆਉਂਦੇ ਰਹੇ ਹਨ।

ਆਪ ਜੀ ਹਮੇਸ਼ਾਂ ਗੰਭੀਰ ਹੀ ਰਹਿੰਦੇ ਸਨ ਤੇ ਬਹੁਤ ਘੱਟ ਬੋਲਦੇ ਸਨ। ਆਪ ਜੀ ਦੀ ਬੋਲ ਚਾਲ ਅਤੇ ਰਹਿਣ ਸਹਿਣ ਬਹੁਤ ਸ਼ਲੀਕੇ ਵਾਲਾ ਸੀ। ਇਕ ਉੱਚ ਅਹੁਦੇ ਤੇ ਕੰਮ ਕਰਦੇ ਅਧਿਕਾਰੀ ਦੀ ਪਤਨੀ ਵਜੋਂ ਆਪ ਦਾ ਵਾਹ ਵੀ ਉੱਚ ਅਧਿਕਾਰੀਆਂ ਦੇ ਪ੍ਰੀਵਾਰਾਂ ਨਾਲ ਪੈਦਾ ਰਹਿੰਦਾ ਸੀ। ਜਿੱਥੇ ਪੂਰਨ ਦਾਰ ਜੀ ਡਿਊਟੀ ਸਮੇਂ ਪੂਰੇ ਸੂਟਿਡ ਬੂਟਿਡ ਹੋ ਕੇ ਜਾਂਦੇ ਸਨ ਉੱਥੇ ਆਪ ਵੀ ਪੂਰੀ ਤਰ੍ਹਾਂ ਬਣ ਠਣ ਕੇ ਰਹਿੰਦੇ ਸਨ। ਦਸਤਾਰ ਸੰਯੁਕਤ ਪ੍ਰਭਾਵਸ਼ਾਲੀ ਪਹਿਰਾਵੇ ਕਾਰਨ ਆਮ ਲੋਕਾਂ ਤੇ ਬਹੁਤ ਜਲਦੀ ਹੀ ਪ੍ਰਭਾਵ ਪੈ ਜਾਂਦਾ ਸੀ। ਕਲਕੱਤੇ ਰਿਹਾਇਸ਼ ਵੇਲੇ, ਆਪ ਜੀ ਉੱਥੇ ਪ੍ਰਮੁੱਖ ਗੁਰੂ ਘਰਾਂ ਵਿਚ ਕੀਰਤਨ ਲਈ ਜਾਂਦੇ ਸਨ। ਉੱਥੇ ਜ਼ਿਆਦਾਤਰ ਸੰਗਤ ਗੁਰਦੁਆਰਾ ਬੜਾ ਬਾਜ਼ਾਰ ਵਿਚ ਹੀ ਜੁੜਦੀ ਸੀ ਜਿੱਥੇ ਆਪ ਜੀ ਆਮ ਤੌਰ ਤੇ ਐਤਵਾਰ ਵਾਲੇ ਦਿਨ ਕੀਰਤਨ ਦੀ ਸੇਵਾ ਵਿਚ ਜਾਂਦੇ ਸਨ। ਕਲੱਕਤੇ ਦੀ ਬੰਦਰਗਾਹ ਤੇ ਪੰਜਾਬ ਤੋਂ ਇਕ ਛੇ ਛੁੱਟ ਤੋਂ ਉੱਚੇ ਕੱਦ ਵਾਲੇ, ਕਸਟਮ ਵਿਭਾਗ ਵਿਚ, ਉੱਚ ਅਹੁਦੇ ਤੇ ਪੰਜਾਬੀ ਸਿੱਖ ਪਿਛੋਕੜ ਵਾਲੇ ਅਧਿਕਾਰੀ ਤਾਇਨਾਤ ਸਨ। ਕੁਸੰਗਤ ਕਰਕੇ ਉਹ ਕੇਸਾਂ ਦੀ ਬੇਅਦਬੀ ਕਰ ਚੁੱਕੇ ਸਨ ਤੇ ਸਿਗਰਟ ਨੋਸ਼ੀ ਦੇ ਲਗਾਤਾਰ ਆਦੀ ਸਨ। ਉਨ੍ਹਾਂ ਦੀ ਧਰਮ ਪਤਨੀ ਇਕ ਸਕੂਲ ਵਿਚ ਪ੍ਰਿੰਸੀਪਲ ਦੇ ਅਹੁਦੇ 'ਤੇ ਨੌਕਰੀ ਕਰਦੀ ਸੀ। ਇਹ ਬੀਬੀ ਗੁਰੂ ਘਰ ਦੀ ਸ਼ਰਧਾਲੂ ਅਤੇ ਪ੍ਰੇਮਣ ਸੀ ਅਤੇ ਐਤਵਾਰ ਸੰਗਤ ਵਿਚ ਆਇਆ ਕਰਦੀ ਸੀ। ਆਪ ਜੀ ਵਲੋਂ ਬਹੁਤ ਸਹਿਜ ਤੇ ਮਿੱਠੀਆਂ-ਮਿੱਠੀਆਂ ਅਗੰਮੀ ਧੁਨੀਆਂ ਦੇ ਕੀਰਤਨ ਸੁਣ ਕੇ ਉਹ ਬੀਬੀ ਬਹੁਤ ਪ੍ਰਭਾਵਿਤ ਹੋ ਗਈ। ਆਪ ਜੀ ਦੀ ਉੱਚ ਦਰਜੇ ਦੇ ਰਹਿਣੀ ਬਹਿਣੀ, ਬੋਲਣ ਵਿਚ ਸਲੀਕਾਬਾਜ਼ੀ ਦੇਖ ਕੇ, ਉਸ ਨੇ ਆਪ ਜੀ ਨਾਲ ਜਾਣ ਪਹਿਚਾਣ ਬਣਾ ਲਈ। ਉਸ ਨੂੰ ਜਦੋਂ ਪਤਾ ਲੱਗਾ ਕਿ ਇਹ ਬੀਬੀ ਫੂਡ ਕਾਰਪੋਰੇਸ਼ਨ ਆਫ ਇੰਡੀਆ ਦੇ ਹੀ ਇਕ ਉੱਚ ਅਧਿਕਾਰੀ ਦੀ ਪਤਨੀ ਹੈ ਤੇ ਉਹ ਵੀ ਕਲੱਕਤਾ ਬੰਦਰਗਾਹ ਤੇ ਹੀ ਤਾਇਨਾਤ ਹਨ ਤਾਂ ਉਹ ਆਪ ਵੱਲ ਇਤਨਾ ਆਕਰਸ਼ਿਤ ਹੋਈ ਕਿ ਉਸ ਨੇ ਆਪ ਜੀ ਨਾਲ ਦੋਸਤੀ ਗੰਢ ਲਈ ਤੇ ਘਰ ਆਉਣਾ ਜਾਣਾ ਸ਼ੁਰੂ ਕਰ ਦਿੱਤਾ। ਉਸ ਮੁਤਾਬਕ ਉਹ ਤਾਂ ਹੁਣ ਤਾਈਂ ਇਹੀ ਸਮਝਦੇ ਸਨ ਕਿ ਗੁਰੂ ਘਰਾਂ ਵਿਚ ਉਹੀ ਗ੍ਰੰਥੀ, ਪਾਠੀ ਜਾਂ ਕੀਰਤਨੀ ਰਾਗੀ ਸਿੰਘ ਸੇਵਾ ਕਰਦੇ ਹਨ ਜਿੰਨ੍ਹਾਂ ਨੂੰ ਕਿਸੇ ਹੋਰ ਪਾਸੇ ਕੋਈ ਕੰਮ ਧੰਧਾ ਨਹੀਂ ਮਿਲਦਾ। ਉਹ ਹੈਰਾਨ ਸੀ ਕਿ ਇਤਨੇ ਉੱਚ ਅਹੁਦੇ ਦੇ ਅਫਸਰ ਦਾ ਪ੍ਰੀਵਾਰ ਵੀ ਨਿਰਬਾਣ ਨਿਸ਼ਕਾਮ ਕੀਰਤਨ ਦੀ ਸੇਵਾ ਕਰ ਸਕਦਾ ਹੈ ਅਤੇ ਸ੍ਰੀ ਅਖੰਡ ਪਾਠ ਵੀ ਖੁਦ ਆਪ ਕਰਦੇ ਹਨ। ਕੀਰਤਨ ਜਾਂ ਪਾਠ ਦੇ ਇਵਜ਼ ਵਜੋਂ ਕੋਈ ਮਾਇਆ ਨਹੀਂ ਲੈਂਦੇ। ਹੌਲੀ-ਹੌਲੀ ਉਸ ਦੇ ਪਤੀ ਵੀ ਉਸ ਦੇ ਪ੍ਰੇਰਨਾ ਨਾਲ ਸੰਗਤ ਵਿਚ ਆਉਣ ਲਗ ਪਏ। ਪੂਰਨ ਜੀ ਦੀ ਨਾਮ ਬਾਣੀ ਦੀ ਘਾਲ ਕਮਾਈ ਤੇ ਉੱਚੀ ਸੁੱਚੀ ਰਹਿਣੀ ਦੇਖ ਕੇ ਉਸ ਨੇ ਤੰਮਾਕੂ ਨੋਸ਼ੀ ਛੱਡ ਕੇ ਸਿੱਖੀ ਸਰੂਪ ਧਾਰਨ ਕਰ ਲਿਆ। ਪੂਰਬਲੇ ਕਰਮ ਅੰਕੁਰ ਹੋ ਗਏ ਤਾਂ ਇਹ ਜੋੜੀ ਜਲਦੀ ਹੀ ਅੰਮ੍ਰਿਤ ਛੱਕ ਕੇ ਤਿਆਰ-ਬਰ-ਤਿਆਰ ਹੋ ਗਈ ਤੇ ਮਗਰੋਂ ਸੰਗਤਾਂ ਨੂੰ ਸਮਾਗਮਾਂ 'ਤੇ ਲਿਆਉਣ ਤੇ ਛੱਡਣ ਦੀ ਮਾਇਆ ਰਾਹੀਂ ਖੁੱਲੀ ਸੇਵਾ ਵੀ ਕਰਦੇ ਰਹੇ। ਇੱਥੇ ਹੀ ਭਾਈ ਮਾਨ ਸਿੰਘ ਜੀ ਧੰਨਬਾਦ ਵਾਲਿਆਂ ਦਾ ਆਪ ਜੀ ਦੇ ਸਿੰਘ ਸਾਹਿਬ ਨਾਲ ਮੇਲ ਹੋਇਆ ਜੋ ਬਾਅਦ ਵਿਚ ਆਪ ਜੀ ਦੇ ਕੁੜਮ ਵੀ ਬਣੇ। ਇਸ ਤੋਂ ਇਲਾਵਾ ਬੇਅੰਤ ਨੌਜਵਾਨ ਸਿੰਘਾਂ ਅਤੇ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ। ਕਲਕੱਤੇ ਵਿਚ ਉਪਰੋਕਤ ਦੰਪਤੀ ਤੋਂ ਇਲਾਵਾ ਭਾਈ ਰਣਜੋਧ ਸਿੰਘ ਜਲੰਧਰ, ਡਾਕਟਰ ਬਲਵੰਤ ਸਿੰਘ, ਭਾਈ ਸੰਤੋਖ ਸਿੰਘ, ਭਾਈ ਬਿਕਰ ਸਿੰਘ ਭਾਈ ਹਰਜੀਤ ਸਿੰਘ, ਭਾਈ ਮਲਕੀਅਤ ਸਿੰਘ, ਭਾਈ ਲਖਬੀਰ ਸਿੰਘ, ਭਾਈ ਹਰਦੀਪ ਸਿੰਘ ਹਾਲ ਅੰਮ੍ਰਿਤਸਰ ਸ੍ਰੀ ਪੂਰਨ ਜੀ ਦੇ ਖਾਸ ਪ੍ਰੇਮੀ ਬਣੇ। ਜਿੰਨਾ ਚਿਰ ਪੂਰਨ ਦਾਰ ਜੀ ਕਲੱਕਤੇ ਰਹੇ ਉਨ੍ਹਾਂ ਚਿਰ ਹਰ ਹਫਤੇ ਦਿਵਸ ਸੁਹੇਲਾ, ਰੈਣ ਸਬਾਈ ਕੀਰਤਨ ਸਮਾਗਮ ਹੁੰਦੇ ਰਹੇ ਅਤੇ ਕਈ ਅੰਮ੍ਰਿਤ ਸੰਚਾਰ ਵੀ ਹੋਏ। ਇਨ੍ਹਾਂ ਦੇ ਨੌਜਵਾਨ ਕੀਰਤਨੀ ਬੱਚੇ ਭਾਈ ਵਰਿੰਦਰ ਸਿੰਘ ਤੇ ਭਾਈ ਰੁਪਿੰਦਰ ਸਿੰਘ ਵੀ ਇਸ ਸੇਵਾ ਵਿਚ ਪੂਰਾ ਸਾਥ ਨਿਭਾਉਂਦੇ ਰਹੇ। ਉਹ



www.AKJ.Org

ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਵਾਲਿਆਂ ਨਾਲ ਰਲ ਕੇ ਵਿਦਿਆਰਥੀਆਂ ਅਤੇ ਨੌਜਵਾਨਾਂ ਨੂੰ ਕੈਂਪ ਲਗਾ ਕੇ ਗੁਰਮਤਿ ਮਾਰਗ ਦੇ ਪਾਂਧੀ ਬਣਾਉਂਦੇ ਰਹੇ। ਆਪ ਜੀ ਨੇ ਉੱਥੇ ਵਿਚਰਦੀਆਂ ਸਾਰੀ ਪੰਥਕ ਜਥੇਬੰਦੀਆਂ ਨਾਲ ਤਾਲ-ਮੇਲ ਬਣਾ ਕੇ ਰੱਖਿਆ ਹੋਇਆ ਸੀ ਜਿਸ ਕਰਕੇ ਹਰ ਜਥੇਬੰਦੀ ਦੀਆਂ ਸੰਗਤਾਂ ਆਪ ਜੀ ਦਾ ਬਹੁਤ ਸਤਿਕਾਰ ਕਰਦੀਆਂ ਸਨ। ਆਪ ਜੀ ਦੇ ਕਲੱਕਤਾ ਛੱਡਣ ਤੋਂ ਬਾਅਦ ਉੱਥੇ ਚਲ ਰਹੇ ਸਮਾਗਮ ਵੀ ਬੰਦ ਹੋ ਗਏ। ਬਾਅਦ ਵਿਚ ਆਪ ਸੰਗਤਾਂ ਦੇ ਸੱਦੇ ਤੇ ਦੋ ਵਾਰ ਸੰਨ 1984 ਤੇ 1987 ਵਿਚ ਕਲੱਕਤੇ ਸਮਾਗਮਾਂ ਵਾਸਤੇ ਗਏ, ਪਰ ਮੁੜ ਨਹੀਂ ਜਾ ਸਕੇ।

ਸ੍ਰੀ ਪੂਰਨ ਜੀ ਦੀ ਸੇਵਾ ਮੁਕਤੀ ਨੇੜੇ ਆਉਣ ਕਰਕੇ ਆਪ ਜੀ ਨੇ ਇਕ ਆਪਣਾ ਮਕਾਨ ਫਰੀਦਾਬਾਦ ਬਨਾਉਣ ਦਾ ਵਿਚਾਰ ਬਣਾਇਆ। ਹੁਣ ਤਾਈਂ ਪੂਰਨ ਜੀ ਦੇ ਵੱਖ-ਵੱਖ ਸ਼ਹਿਰਾਂ ਵਿਚ ਤਾਇਨਾਤ ਰਹਿਣ ਕਰਕੇ ਇੰਨ੍ਹਾਂ ਦਾ ਕੋਈ ਪੱਕਾ ਰਿਹਾਇਸ਼ੀ ਮਕਾਨ ਨਹੀਂ ਸੀ। ਫਰੀਦਾਬਾਦ ਇਕ ਪਲਾਟ ਲੈ ਕੇ ਕਲਕੱਤੇ ਰਿਹਾਇਸ਼ ਰੱਖਣ ਵੇਲੇ ਉਸ ਦੀ ਉਸਾਰੀ ਸ਼ੁਰੂ ਕਰ ਦਿੱਤੀ ਜੋ ਕਿ 1978 ਤਾਈਂ ਸੰਪੂਰਨ ਹੋ ਗਈ। ਦਸੰਬਰ 1982 ਵਿਚ ਪੂਰਨ ਜੀ ਦੀ ਸੇਵਾ ਮੁਕਤੀ ਸੀ। ਕਲਕੱਤੇ ਤੋਂ ਚੰਡੀਗੜ੍ਹ, ਜੈਪੁਰ ਹੁੰਦੇ ਹੋਏ ਸੰਨ 1981 ਵਿਚ ਆਪ ਜੀ ਦਿੱਲੀ ਆ ਗਏ। ਇੱਥੇ ਹੀ ਇੰਨ੍ਹਾਂ ਦੇ ਦੋ ਭੁਜੰਗੀ ਜੋ ਪਹਿਲਾਂ ਬਰੇਲੀ ਰਹਿੰਦੇ ਸਨ ਤੇ ਆਪਣਾ ਕਾਰੋਬਾਰ ਕਰਦੇ ਸਨ, ਵੀ ਆ ਗਏ। ਦੋਹਾਂ ਨੇ ਦਿੱਲੀ ਦੇ ਔਖਲਾ ਇੰਡਸਟਰੀਅਲ ਏਰੀਆ ਵਿਚ ਮਈ 1981 ਵਿਚ ਸਨਅਤੀ ਵਰਕਸ਼ਾਪ ਲਾ ਲਈ ਤੇ ਨਾਲ ਹੀ ਫਰੀਦਾਬਾਦ ਅਤੇ ਦਿੱਲੀ ਆਦਿ ਦੇ ਗੁਰਦੁਆਰਿਆਂ ਵਿਚ ਕੀਰਤਨ ਦੀ ਸੇਵਾ ਵੀ ਅਰੰਭ ਕਰ ਦਿੱਤੀ। ਉਨ੍ਹਾਂ ਨੂੰ ਇਥੇ ਆਏ ਅਜੇ ਕੁਝ ਮਹੀਨੇ ਹੀ ਹੋਏ ਸਨ ਕਿ ਅਚਿੰਤੇ ਬਾਜ ਆ ਪਏ। 8 ਅਪ੍ਰੈਲ 1982 ਨੂੰ ਇਕ ਗੁਰਦੁਆਰੇ ਸ਼ਾਮ ਦੇ ਕੀਰਤਨ ਦੀ ਹਾਜ਼ਰੀ ਭਰਨ ਤੋਂ ਬਾਅਦ ਘਰ ਵਾਪਿਸ ਆਉਂਦਿਆਂ ਇਕ ਟਰੱਕ ਨਾਲ ਹੋਈ ਦੁਰਘਟਨਾ ਵਿਚ ਦੋਵੇਂ ਭੁਜੰਗੀ ਥਾਂ 'ਤੇ ਹੀ ਚੜ੍ਹਾਈ ਕਰ ਗਏ।" ਤੀਸਰਾ ਸਾਥੀ ਭਾਈ ਮਨਜੀਤ ਸਿੰਘ ਗਲਾਸਗੋ (ਸਕਾਟਲੈਂਡ) ਜੋ ਸਕੂਟਰ 'ਤੇ ਇੰਨ੍ਹਾਂ ਦੇ ਵਿਚਕਾਰ ਬੈਠਾ ਸੀ, ਉਹ ਵਾਲ-ਵਾਲ ਬੱਚ ਗਿਆ। ਐਡੀ ਵੱਡੀ ਘਟਨਾ ਸੁਣ ਕੇ ਆਪ ਜੀ ਨੂੰ ਸਦਮਾ ਪਹੁੰਚਣਾ ਕੁਦਰਤੀ ਗੱਲ ਸੀ। ਪਰ ਪੂਰਨ ਜੀ ਦੀ ਨਾਮ ਬਾਣੀ ਦੀ ਕਮਾਈ ਅਤੇ ਸੰਗਤਾਂ ਦੀਆਂ ਅਰਦਾਸਾਂ ਸਦਕਾ ਆਪ ਜੀ ਨੇ ਇਸ ਬਿਖਮ ਭਾਣੇ ਨੂੰ ਮਿੱਠਾ ਕਰਕੇ ਮੰਨਿਆ ਤੇ ਅਡੋਲ ਰਹੇ। ਇਹ ਘਟਨਾ ਸੁਣ ਕੇ ਦਿੱਲੀ, ਬਰੇਲੀ, ਧੰਨਬਾਦ ਤੇ ਹੋਰ ਸ਼ਹਿਰਾਂ ਦੀਆਂ ਸੰਗਤਾਂ ਧਾਈਂ ਕਰਕੇ ਫਰੀਦਾਬਾਦ ਪੁੱਜ ਗਈਆ। ਬੱਚਿਆਂ ਦੇ ਸਸਕਾਰ ਤੋਂ ਬਾਅਦ ਲਗਾਤਾਰ ਗੁਰਬਾਣੀ ਕੀਰਤਨ ਤੇ ਸ੍ਰੀ ਅਖੰਡ ਪਾਠ ਦੇ ਪ੍ਰਵਾਹ ਚੱਲ ਪਏ। ਬਾਹਰੋਂ ਆਈਆਂ ਸੰਗਤਾਂ ਲਈ ਅਤੁੱਟ ਲੰਗਰ ਚਲਦੇ ਰਹੇ ਅਤੇ ਇਸ ਸਮੇਂ ਪੰਜ ਸ੍ਰੀ ਅਖੰਡ ਪਾਠਾਂ ਦੀ ਸੇਵਾ ਬੱਚਿਆਂ ਦੀ ਆਤਮਿਕ ਸਹਾਇਤਾ ਲਈ ਆਪ ਜੀ ਦੇ ਗ੍ਰਹਿ ਹੋਈ। ਆਲੇ-ਦੁਆਲੇ ਦੇ ਸਭ ਧਰਮਾਂ ਦੇ ਲੋਕਾਂ ਨੇ ਸੰਗਤਾਂ ਦੀ ਰਿਹਾਇਸ਼ ਲਈ ਆਪਣੇ ਦਰਵਾਜੇ ਖੋਹਲ ਦਿੱਤੇ ਅਤੇ ਸੰਗਤਾਂ ਦੀ ਸਾਂਭ ਸੰਭਾਲ ਵੀ ਬਿਨ੍ਹਾਂ ਕਹੇ ਖੁਦ ਹੀ ਕੀਤੀ। ਬੱਚਿਆਂ ਦੇ 18 ਅਪ੍ਰੈਲ 1982 ਨੂੰ ਭੋਗ ਸਮਾਗਮ ਤਾਈਂ ਚਲੇ, ਇਸ ਨਾਮ ਬਾਣੀ ਦੇ ਪ੍ਰਵਾਹ ਨੇ ਆਪ ਜੀ ਨੂੰ ਆਤਮਿਕ ਬਲ ਬਖਸ਼ਿਆ। ਵੈਸੇ ਆਪ ਨੂੰ ਬਾਅਦ ਵਿਚ ਵੀ ਅਨੇਕਾਂ ਸਦਮੇ ਸਹਿਣੇ ਪਏ, ਜਿਸ ਤਰ੍ਹਾਂ ਆਪ ਦੇ ਦੋਵੇਂ ਦਾਮਾਦ ਵੀ ਛੋਟੀ ਉਮਰਾਂ ਵਿਚ ਹੀ ਚੜਾਈ ਕਰ ਗਏ, ਖਾਸ ਕਰ ਭਾਈ ਕੁਲਜੀਤ ਸਿੰਘ ਜੀ, ਜਿਸ ਨੇ ਆਪ ਜੀ ਦੀ ਸੰਨ 1984 ਤੋਂ ਲੈ ਕੇ 2012 ਤਾਈਂ ਸਰਵਨ ਪੁੱਤਰ ਵਾਂਗ ਅਣਥੱਕ ਸੇਵਾ ਕੀਤੀ ਸੀ।

ਬੱਚਿਆਂ ਦੇ ਚੜ੍ਹਾਈ ਕਰਨ ਸਮੇਂ ਇਕ ਖਾਸ ਘਟਨਾ ਵਰਣਨਯੋਗ ਹੈ। ਪੂਰਨ ਦਾਰ ਜੀ ਦੇ ਮਹਿਕਮੇ ਦਾ ਉੱਚ ਅਧਿਕਾਰੀ, ਜੋ ਦਾਰ ਜੀ ਤੋਂ ਉੱਚੇ ਅਹੁਦੇ 'ਤੇ ਸੀ ਅਤੇ ਰਾਧਾ ਸੁਆਮੀ ਮੱਤ ਨਾਲ ਸਬੰਧਿਤ ਸੀ, ਬੱਚਿਆਂ ਦੇ ਚੜ੍ਹਾਈ ਕਰਨ ਤੋਂ ਬਾਅਦ, ਉਹ ਅਫਸਰ ਇਨ੍ਹਾਂ ਦੇ ਘਰ, ਦੁਨੀਆਦਾਰੀ ਤੌਰ 'ਤੇ ਆਪਣਾ ਦੁੱਖ ਸਾਂਝਾ ਕਰਨ ਆਇਆ। ਉਸ ਵੇਲੇ ਆਪ ਜੀ ਬੜੀ ਗੰਭੀਰਤਾ ਵਿਚ ਅਡੋਲ ਬੈਠੇ ਸਨ। ਥੋੜੀ ਗਲਬਾਤ ਕਰਨ ਤੋਂ ਬਾਅਦ ਆਪ ਜੀ ਨੂੰ ਸਬਰ ਸ਼ੁਕਰ



www.AKJ.Org

ਤੇ ਭਾਣੇ ਵਿਚ ਬੈਠਿਆਂ ਵੇਖ ਕੇ ਕਹਿਣ ਲੱਗਾ ਕਿ ਬੀਬੀ ਜੀ, ਪਿਛਲੇ ਸਾਲ ਮੇਰਾ ਇਕ ਪੁੱਤਰ ਮਰ ਗਿਆ ਤਾਂ ਉਸ ਦੇ ਵਿਛੋੜੇ ਦੇ ਗਮ ਵਿਚ ਮੇਰੀ ਘਰ ਵਾਲੀ ਅਜੇ ਤਾਈਂ ਮੰਜੇ ਤੇ ਪਈ ਹੈ ਅਤੇ ਉਸ ਦਾ ਸੱਲ ਸਾਨੂੰ ਅਜੇ ਤਾਈਂ ਨਹੀਂ ਭੁੱਲਾ, ਜਦ ਕਿ ਸਾਡੇ ਤਿੰਨ ਹੋਰ ਪੁੱਤਰ ਹਨ, ਪਰ ਤੁਹਾਡੀ ਅਸਧਾਰਨ ਗੰਭੀਰਤਾ ਤੇ ਅਡੋਲਤਾ ਦੇਖ ਕੇ ਮੈਂ ਬਹੁਤ ਹੈਰਾਨ ਹਾਂ। ਫਿਰ ਨਾਲ ਹੀ ਕਹਿਣ ਲੱਗਾ ਕਿ ਤੁਹਾਡੇ ਗੁਰੂ ਦਾ ਕਥਨ ਹੈ ਕਿ **"ਪੁਤੀਂ ਗੰਢ ਪਵੈ ਸੰਸਾਰਿ"** ਕਿ ਤੁਹਾਡੀ ਗੁਰੂ ਨੇ ਇਤਨੀ ਵੀ ਲਾਜ ਨਾ ਰੱਖੀ ਕਿ ਤੁਹਾਡੇ ਦੋ ਹੀ ਨੌਜੁਆਨ ਬੱਚੇ ਸਨ ਅਤੇ ਉਹ ਵੀ ਦੋਨੇਂ ਇਕੱਠੇ ਹੀ ਗੁਜ਼ਰ ਗਏ। ਇਹ ਆਪਣੇ ਦਫ਼ਤਰ ਵਿਚ ਵੀ ਪੂਰਨ ਜੀ ਦੀ ਰਹਿਣੀ-ਬਹਿਣੀ ਤੇ ਉਟੰਕਣ ਕਰਦਾ ਰਹਿੰਦਾ ਸੀ ਕਿ ਤੁਸੀਂ ਐਵੇਂ ਹੀ ਨਸੇ ਭੱਜੇ ਫਿਰਦੇ ਹੋ, ਕਦੇ ਇਧਰ ਅਤੇ ਕਦੇ ਉਧਰ। ਸਾਡਾ ਰਾਧਾ ਸੁਆਮੀਆਂ ਦਾ ਇਕ ਲੈਕਚਰ ਸੁਣ ਲਵੋ ਤਾਂ ਤੁਹਾਡੇ ਦਸਮ ਦੁਆਰ ਤੇ ਕਪਾਟ ਖੁੱਲ ਜਾਣਗੇ, ਪਰ ਪੂਰਨ ਜੀ ਉਸ ਦੀ ਕਪੋਲ ਕਥਨੀ ਤੇ ਭੁੱਲੜਪਣੇ 'ਤੇ ਹੱਸ ਛੱਡਦੇ ਸਨ।

ਉਸ ਰਾਧਾ ਸੁਆਮੀ ਵਲੋਂ ਲਾਈ ਟਕੋਰ ਰਾਹੀਂ ਗੁਰੂ 'ਤੇ ਕੀਤਾ ਹਮਲਾ ਜਾਣ ਕੇ, ਆਪ ਜੀ ਦੇ ਮਨ ਵਿਚ ਬੜਾ ਰੋਹ ਜਾਗਿਆ। ਸਤਿਗੁਰੂ ਜੀ ਦੀ ਬਖਸ਼ਿਸ਼ ਨਾਲ ਅੰਦਰੋਂ ਇਉਂ ਬਚਨ ਨਿਕਲੇ। ਹਾਂ ਜੀ, ਸੰਸਾਰੀਆਂ ਦੀ ਤਾਂ ਪੁੱਤਰਾਂ ਨਾਲ ਹੀ ਗੰਢ ਪੈਂਦੀ ਹੈ ਪਰ ਸਾਡੇ ਗੁਰੂ ਸਾਹਿਬ ਜੀ ਨੇ ਅਸਲੀ ਗੰਢ ਸੰਬੰਧੀ ਇਉਂ ਫੁਰਮਾਇਆ ਹੈ। **"ਸਿਫਤੀ ਗੰਢ ਪਵੈ ਦਰਬਾਰਿ"** (ਅੰਗ ੧੪੩) ਅਗਲੀ ਦਰਗਾਹ ਵਿਚ ਸਿਫਤ ਸਲਾਹ ਨਾਲ ਹੀ ਗੰਢ (ਸਾਂਝ) ਪੈਂਦੀ ਹੈ ਜੋ ਸਾਡੇ ਬੱਚੇ ਕੀਰਤਨ ਦੀਆਂ ਗੁਜ਼ਾਰਾਂ ਗਜਾਉਂਦੇ ਹੋਏ ਪਾ ਗਏ ਹਨ। ਬੀਬੀ ਜੀ ਦੇ ਇਹ ਢੁਕਵੇਂ ਤੇ ਮੂੰਹ ਤੋੜਵੇਂ ਬਚਨ ਸੁਣ ਕੇ, ਉਹ ਅਫਸਰ ਚੁੱਪ ਗੜੁੱਪ ਹੋ ਗਿਆ ਅਤੇ ਅਗੋਂ ਕੁਝ ਵੀ ਕੁਸਕ ਨਾ ਸਕਿਆ। ਅੰਤ ਉੱਠ ਕੇ ਚਲਦਾ ਬਣਿਆ। ਇਹ ਅਫਸਰ ਸੱਚੀ ਮੁੱਚੀਂ, ਹਿਤੋ ਚਿਤੋਂ ਦੁੱਖ ਵੰਡਾਉਣ ਤੇ ਹਮਦਰਦੀ ਕਰਨ ਨਹੀਂ ਸੀ ਆਇਆ, ਸਗੋਂ ਇਹ ਸਮਝ ਕੇ ਹੁਣ ਇਹ ਡੋਲੇ ਪਏ ਹਨ ਅਤੇ ਮੇਰਾ ਮੰਤਰ ਇਨ੍ਹਾਂ ਨੂੰ ਰਾਧਾ ਸੁਆਮੀ ਮਤ ਵਲ ਖਿਚਣ ਲਈ, ਇਸ ਸਮੇਂ ਠੀਕ ਚਲੇਗਾ, ਸੋਚ ਕੇ ਆਇਆ ਸੀ। ਇਹੋ ਜਿਹੇ ਲੋਕ, ਭੋਲੇ ਭਾਲੇ ਲੋਕਾਂ, ਇਥੋਂ ਤਕ ਕਿ ਤਿਆਰ-ਬਰ-ਤਿਆਰ ਸਿੰਘਾਂ ਨੂੰ ਵੀ ਡੇਗਣ ਦੇ ਮੌਕੇ ਦੀ ਤਾੜ ਵਿਚ ਰਹਿੰਦੇ ਹਨ। ਬੱਚਿਆਂ ਦੀ ਚੜ੍ਹਾਈ ਕਰਨ ਤੋਂ ਮਗਰੋਂ ਪੂਰਨ ਜੀ ਮੁੜ ਸਰਕਾਰੀ ਨੌਕਰੀ ਤੇ ਨਹੀਂ ਗਏ ਤੇ ਸਮੇਂ ਤੋਂ ਪਹਿਲਾਂ ਹੀ ਰਿਟਾਇਰਮੈਂਟ ਲੈ ਲਈ।

ਸ੍ਰੀ ਪੂਰਨ ਜੀ, ਸੇਵਾ ਮੁਕਤੀ ਤੋਂ ਬਾਅਦ, ਸ੍ਰੀ ਅੰਮ੍ਰਿਤਸਰ ਜੀ ਰਹਿ ਕੇ, ਸ੍ਰੀ ਦਰਬਾਰ ਸਾਹਿਬ ਜੀ ਦੀਆਂ ਹਾਜ਼ਰੀਆਂ ਭਰ ਕੇ ਨਾਮ ਬਾਣੀ ਦੇ ਲਾਹੇ ਲੈਣ ਲਈ ਪਹਿਲਾਂ ਹੀ ਸਕੀਮ ਬਣਾਈ ਬੈਠੇ ਸਨ। ਇਸ ਮਕਸਦ ਲਈ ਉਨ੍ਹਾਂ ਭਾਈ ਮਾਨ ਸਿੰਘ ਜੀ ਨਾਲ ਮਿਲ ਕੇ ਸ੍ਰੀ ਦਰਬਾਰ ਸਾਹਿਬ ਜੀ ਨੇੜੇ ਇਕ ਛੋਟਾ ਜਿਹਾ ਮਕਾਨ ਵੀ ਲਿਆ ਹੋਇਆ ਸੀ। ਬੱਚਿਆਂ ਦੀ ਚੜ੍ਹਾਈ ਕਰਨ ਤੋਂ ਬਾਅਦ ਆਪ ਜੀ ਫਰੀਦਾਬਾਦ ਤੋਂ ਆਪਣੀ ਰਿਹਾਇਸ਼ ਸ੍ਰੀ ਅੰਮ੍ਰਿਤਸਰ ਲੈ ਆਏ ਤੇ ਆਟਾ ਮੰਡੀ ਵਿਚ ਇਕ ਮਕਾਨ ਕਿਰਾਏ ਤੇ ਲੈ ਲਿਆ। ਥੋੜੀ ਚਿਰ ਬਾਅਦ ਬ੍ਰਹਮ ਬੂਟਾ ਮਾਰਕੀਟ ਵਿਚ ਆਪਣਾ ਮਕਾਨ ਲੈ ਲਿਆ। ਬੱਚਿਆਂ ਦੀ ਮਿੱਠੀ ਯਾਦ ਵਿਚ ਪਹਿਲਾਂ ਸਮਾਗਮ ਮਾਰਚ 1983 ਵਿਚ ਫਰੀਦਾਬਾਦ ਹੀ ਕੀਤਾ, ਜਿਸ ਵਿਚ ਦਿੱਲੀ ਸ੍ਰੀ ਅੰਮ੍ਰਿਤਸਰ, ਬਰੇਲੀ, ਧੰਨਬਾਦ, ਕਾਨਪੁਰ, ਕਲੱਕਤਾ, ਸ੍ਰੀ ਪਟਨਾ ਸਾਹਿਬ ਤੇ ਹੋਰ ਸ਼ਹਿਰਾਂ ਦੀਆਂ ਦੂਰ ਨੇੜਿਓਂ ਸੰਗਤਾਂ ਸ਼ਾਮਿਲ ਹੋਈਆਂ। ਉੱਥੇ ਦੋ ਸ੍ਰੀ ਅਖੰਡ ਪਾਠ ਤੇ ਦਿਵਸ ਸੁਹੇਲੇ ਕੀਰਤਨ ਸਮਾਗਮ ਤੋਂ ਬਾਅਦ, ਸੰਗਤਾਂ ਪਹਿਲਾਂ ਹੀ ਰਖੇ ਪ੍ਰੋਗਰਾਮ ਅਨੁਸਾਰ ਬਰੇਲੀ ਸਮਾਗਮ ਤੇ ਗਈਆਂ। ਸ੍ਰੀ ਨਾਨਕਮਤਾ ਦੀ ਯਾਤਰਾ ਕਰਕੇ ਦਿੱਲੀ ਰਾਹੀਂ ਵਾਪਿਸ ਸ੍ਰੀ ਅੰਮ੍ਰਿਤਸਰ ਆ ਗਏ।

ਇਸ ਦੌਰਾਨ ਫਰੀਦਾਬਾਦ ਵਾਲਾ ਮਕਾਨ ਆਪ ਨੇ ਵੇਚ ਦਿੱਤਾ ਤੇ ਮਾਰਚ 1984 ਵਿਚ ਬੱਚਿਆਂ ਦੀ ਯਾਦ ਵਿਚ ਦੂਸਰਾ ਸਮਾਗਮ ਸ੍ਰੀ ਅੰਮ੍ਰਿਤਸਰ ਕੀਤਾ। ਇਸ ਤੋਂ ਬਾਅਦ ਆਪ ਜੀ ਨੇ ਭਾਈ ਮਾਨ ਸਿੰਘ ਜੀ ਅਤੇ ਪੂਰਬੀ ਭਾਰਤ ਦੇ ਸ਼ਹਿਰਾਂ ਦੀਆਂ ਸੰਗਤਾਂ ਦੇ ਸੱਦੇ ਤੇ ਉਥੋਂ ਦੀ ਯਾਤਰਾ ਦਾ ਪ੍ਰੋਗਰਾਮ ਬਣਾਇਆ ਜੋ 30 ਅਪ੍ਰੈਲ 1984 ਤੋਂ



www.AKJ.Org

ਲੈ ਕੇ ਜੁਲਾਈ ਦੇ ਮਹੀਨੇ ਦੇ ਅੱਧ ਤਾਈਂ ਹੋਈ, ਕਿਉਂਕਿ ਸ੍ਰੀ ਅੰਮ੍ਰਿਤਸਰ ਹੋਏ ਸ੍ਰੀ ਦਰਬਾਰ ਸਾਹਿਬ ’ਤੇ ਫੌਜੀ ਹਮਲੇ ਕਾਰਨ ਆਪ ਜੀ ਨੂੰ ਧੰਨਬਾਦ ਤਕਰੀਬਨ ਇਕ ਮਹੀਨਾ ਵੱਧ ਰੁਕਣਾ ਪਿਆ ਸੀ। ਪਿਛੋਂ ਭਾਰਤੀ ਫੌਜ ਵਲੋਂ ਆਪ ਜੀ ਦੇ ਘਰ ਦੀਆਂ ਕੰਧਾਂ ਪਾੜ ਕੇ ਲਈ ਤਲਾਸ਼ੀ ਕਾਰਨ, ਭਾਰੀ ਮਾਲੀ ਨੁਕਸਾਨ ਵੀ ਹੋਇਆ। ਸੰਨ 1984 ਦੇ ਸ਼ੁਰੂ ਵਿਚ ਹਾਲਾਤ ਬਹੁਤ ਖ਼ਤਰਨਾਕ ਬਣੇ ਹੋਏ ਸਨ। ਦਾਰ ਜੀ ਨੇ ਇਕ ਸਿੰਘ ਅਤੇ ਸੱਤ ਬੀਬੀਆਂ ਜਿੰਨ੍ਹਾਂ ਵਿਚ ਆਪ ਜੀ ਛੋਟੀ ਬੱਚੀ ਤੇ ਇਕ ਹੋਰ ਬੱਚੀ (ਸੇਵਾਦਾਰਨੀ) ਸ਼ਾਮਿਲ ਸੀ ਸਮੇਤ 30 ਅਪ੍ਰੈਲ 1984 ਨੂੰ ਸ੍ਰੀ ਅੰਮ੍ਰਿਤਸਰ ਤੋਂ ਸਭ ਤੋਂ ਪਹਿਲੀ ਯਾਤਰਾ ਆਰੰਭੀ। ਸਵੇਰੇ ਡੀਲਕਸ ਗੱਡੀ ਰਾਹੀਂ ਦਿੱਲੀ ਨੂੰ ਚਾਲੇ ਪਾਏ ਕਿਉਂਕਿ ਉੱਥੇ ਇਕ ਸ੍ਰੀ ਅਖੰਡ ਪਾਠ ਭਾਈ ਈਸ਼ਰ ਸਿੰਘ ਜੀ (ਭਤੀਜਾ ਰੰਗਲੇ ਸੱਜਣ ਬਾਬਾ ਅਤਰ ਸਿੰਘ ਜੀ ਢੀਕਮ ਪੁਰਾ ਚਕਵਾਲ) ਦੇ ਗ੍ਰਹਿ ਵਿਖੇ ਕਰਕੇ ਅੱਗੇ ਧੰਨਬਾਦ ਜਾਣਾ ਸੀ। ਜਦ ਗੱਡੀ ਅੰਬਾਲੇ ਪਹੁੰਚੀ ਤਾਂ 5-6 ਹਿੰਦੂ ਨੌਜਵਾਨ, ਸੰਗਤਾਂ ਦੀਆਂ ਉਪਰਲੀਆਂ ਸੀਟਾਂ ਤੇ ਆ ਕੇ ਬਹਿ ਗਏ ਤੇ ਬੀੜੀਆਂ ਪੀਣੀਆਂ ਸ਼ੁਰੂ ਕਰ ਦਿੱਤੀਆਂ। ਆਪ ਜੀ ਸੰਗਤਾਂ ਸਮੇਤ ਉਸ ਵੇਲੇ ਗੁਰਬਾਣੀ ਦਾ ਪਾਠ ਕਰ ਰਹੇ ਸਨ। ਉਸ ਵੇਲੇ, ਪੰਜਾਬੋਂ ਬਾਹਰ ਕਿਸੇ ਹਿੰਦੂ ਨੂੰ ਸਿਗਰਟ ਬੰਦ ਕਰਨ ਲਈ ਕਹਿਣਾ ਲੜਾਈ ਮੁੱਲ ਲੈਣ ਵਾਲੀ ਗੱਲ ਹੁੰਦੀ ਸੀ। ਆਮ ਸਿੱਖ ਡਰਦੇ ਮਾਰੇ ਇੰਨ੍ਹਾਂ ਭੂਤਰੇ ਲਾਲਿਆਂ ਨੂੰ ਕੁਝ ਨਹੀਂ ਸੀ ਕਹਿੰਦੇ। ਇਹੋ ਜਿਹੇ ਮੌਕੇ, ਆਪ ਜੀ ਕਿਸੇ ਵੀ ਮਸਲੇ ਨੂੰ ਸੁਚੱਜੇ ਤਰੀਕੇ ਨਾਲ ਨਜਿੱਠਣ ਦੀ ਮੁਹਾਰਤ ਰੱਖਦੇ ਸਨ। ਆਪ ਜੀ ਨੇ ਬੜੇ ਪਿਆਰ ਨਾਲ ਉਨ੍ਹਾਂ ਲਾਲਿਆਂ ਨੂੰ ਇਕ ਮਠਿਆਈ ਦਾ ਡੱਬਾ ਦਿੰਦੇ ਹੋਏ ਆਖਿਆ ਕਿ ਤੁਸੀਂ ਸਿਗਰਟਾਂ ਪੀਣ ਦੀ ਬਜਾਏ ਆਹ ਮਿਠਿਆਈ ਖਾਓ। ਇਹ ਸੁਣ ਕੇ ਉਹ ਸਸ਼ੋਪੰਜੀ ਵਿਚ ਪੈ ਗਏ ਤੇ ਨਾਂਹ ਵੀ ਨਹੀਂ ਕਰ ਸਕੇ। ਫਿਰ ਆਪਸ ਵਿਚ ਕਹਿਣ ਲੱਗ ਪਏ ਕਿ ਚਲੋ ਆਪਾਂ ਗੇਟ ’ਤੇ ਜਾ ਕੇ ਸਿਗਰਟਾਂ ਪੀ ਆਉਂਦੇ ਹਾਂ ਤੇ ਆ ਕੇ ਫਿਰ ਬਾਬਿਆਂ ਕੋਲ ਬੈਠ ਜਾਵਾਂਗੇ। ਇਸ ਤਰ੍ਹਾਂ ਉੱਥੇ ਕੁੜੱਤਣ ਵਾਲੇ ਮਾਹੌਲ ਦੀ ਬਜਾਏ, ਬੜਾ ਸੁਖਾਵਾ ਮਾਹੌਲ ਬਣ ਗਿਆ ਤੇ ਸਫਰ ਜਾਰੀ ਰਿਹਾ। ਪੂਰਨ ਜੀ ਨੇ ਨਾਮ ਬਾਣੀ ਦਾ ਪ੍ਰਵਾਹ ਜਾਰੀ ਰੱਖਿਆ। ਜਦੋਂ ਗੱਡੀ ਪਾਣੀਪਤ ਲੰਘ ਕੇ ਸਮਾਲਖਾ ਸਟੇਸ਼ਨ ’ਤੇ ਪਹੁੰਚੀ ਤਾਂ ਜ਼ਿਆਦਾ ਸਪੀਡ ਹੋਣ ਕਰਕੇ ਸਟੇਸ਼ਨ ਲਾਗੇ ਰੇਲ ਲਾਈਨ ਦਾ ਕਾਟਾਂ ਬਦਲਣ ਵੇਲੇ, ਜਿਸ ਡੱਬੇ ਵਿਚ ਸੰਗਤਾਂ ਬੈਠੀਆਂ ਸਨ, ਉਥੇ ਦੋ ਡੱਬਿਆਂ ਨੂੰ ਜੋੜਨ ਵਾਲਾ ਹੁੱਕ ਟੁੱਟ ਗਿਆ। ਬਾਕੀ ਡੱਬੇ ਇੰਜਣ ਨਾਲ ਅਗੇ ਚਲੇ ਗਏ। ਇਹ ਡੱਬਾ ਪਟੜੀ ਤੋਂ ਲਹਿ ਕੇ, ਮਿੱਟੀ ਵਿਚ ਧੱਸ ਕੇ, ਸਿੱਧਾ ਹੀ ਖੜਾ ਹੋ ਕੇ ਰੁਕ ਗਿਆ। ਤੇਜ ਰਫਤਾਰ ਗੱਡੀ ਦੇ ਇਕ ਦਮ ਰੁਕਣ ਕਰਕੇ, ਉੱਥੇ ਤੂਫਾਨ ਆਉਣ ਵਰਗਾ ਮਾਹੌਲ ਪੈਦਾ ਹੋ ਗਿਆ। ਸੀਟਾਂ ਉੱਪਰ ਰੱਖਿਆ ਸਮਾਨ ਵੀ ਥੱਲੇ ਯਾਤਰੂਆਂ ਦੇ ਸਿਰਾਂ ਉੱਪਰ ਡਿੱਗ ਗਿਆ। ਪ੍ਰੰਤੂ ਗੁਰੂ ਨੇਤ ਅਨੁਸਾਰ ਕਿਸੇ ਮੁਸਾਫਰ ਦੇ ਸੱਟ ਨਹੀਂ ਲੱਗੀ। ਉਹੀ ਲਾਲੇ, ਹੁਣ ਲੱਗੇ ਸੰਗਤਾਂ ਦਾ ਸ਼ੁਕਰ ਅਤੇ ਉਸਤਤ ਕਰਨ ਕਿ ਤੁਸੀਂ ਬਾਣੀ ਪੜ੍ਹ ਰਹੇ ਸੀ, ਜਿਸ ਕਰਕੇ ਸਭ ਦਾ ਬਚਾਅ ਹੋ ਗਿਆ। ਸੰਗਤਾਂ ਵਿਚ ਸਿਰਫ ਦੋ ਸਿੰਘ ਅਤੇ ਸੱਤ ਬੀਬੀਆਂ ਹੀ ਸਨ ਤੇ ਉਨ੍ਹਾਂ ਲਾਲਿਆਂ ਨੇ ਸੰਗਤ ਦਾ ਸਾਰਾ ਸਮਾਨ ਚੁੱਕ ਕੇ ਨੇੜੇ ਦੇ ਸਟੇਸ਼ਨ ਤੇ ਪਹੁੰਚਾਇਆ ਤੇ ਰਿਲੀਫ ਟਰੇਨ ਆਉਣ ਤੇ ਉਸ ਵਿਚ ਚੜ੍ਹਾਇਆ ਵੀ। ਇਹ ਘਟਨਾ ਸਾਬਤ ਕਰਦੀ ਹੈ ਕਿ ਕਿਵੇਂ ਪਿਆਰ ਨਾਲ ਕੁੜੱਤਣ ਦੇ ਮਾਹੌਲ ਨੂੰ ਖ਼ਤਮ ਕਰਕੇ ਖੁਸ਼ਗਵਾਰ ਮਾਹੌਲ ਵਿਚ ਬਦਲਿਆ ਜਾ ਸਕਦਾ ਹੈ। ਇਸ ਤੋਂ ਪਹਿਲਾਂ ਪੂਰਨ ਜੀ ਨੇ ਆਪ ਜੀ ਅਤੇ ਬੱਚਿਆਂ ਸਮੇਤ ਸੰਨ 1980 ਵਿਚ ਧੰਨਬਾਦ, ਕਲਕੱਤਾ, ਕਾਨ੍ਹਪੁਰ ਪਟਨਾ, ਬ੍ਰੇਲੀ ਤੇ ਹੋਰ ਯੂ.ਪੀ./ਬਿਹਾਰ ਦੇ ਸ਼ਹਿਰਾਂ ਦੀਆਂ ਸੰਗਤਾਂ ਨਾਲ ਸ੍ਰੀ ਹਜ਼ੂਰ ਸਾਹਿਬ, ਦੁਰਗ, ਧੰਨਬਾਦ, ਬੰਬਈ ਆਦਿ ਸ਼ਹਿਰਾਂ ਦੀ ਵੀ ਯਾਤਰਾ ਕੀਤੀ ਸੀ। ਬੱਚਿਆਂ ਦੀ ਚੜ੍ਹਾਈ ਕਰਨ ਜਾਣ ਤੋਂ ਬਾਅਦ ਸ੍ਰੀ ਅੰਮ੍ਰਿਤਸਰ ਆਉਣ ਤੋਂ ਬਾਅਦ ਇਹ ਯਾਤਰਾਵਾਂ ਲੁਧਿਆਣਾ, ਬਰੇਲੀ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਭਾਰਤ ਦੇ ਵੱਖ-ਵੱਖ ਸ਼ਹਿਰਾਂ ਅਤੇ ਇਤਿਹਾਸਕ ਸਥਾਨਾਂ ਤੇ ਜਾਰੀ ਰਹੀਆਂ। ਬਰੇਲੀ ਤੇ ਸ੍ਰੀ ਪਟਨਾ ਸਾਹਿਬ ਤਾਂ ਹਰ ਸਾਲ ਸਾਲਾਨਾ ਸਮਾਗਮ ਤੇ ਯਾਤਰਾ ਹੁੰਦੀ ਰਹੀ ਜੋ ਅਜੇ ਤਾਈਂ ਜਾਰੀ ਰਹੀ ਹੈ।

ਆਪ ਜੀ ਅਤੇ ਦਾਰ ਜੀ ਦਾ ਬਰੇਲੀ ਦੀ ਸੰਗਤ ਨਾਲ ਬਹੁਤ ਨਿੱਘਾ ਸਨੇਹ ਅਤੇ ਡੂੰਘਾ ਪਿਆਰ ਸੀ। ਬਰੇਲੀ



www.AKJ.Org

ਦੀ ਸੰਗਤ ਹਰ ਸਾਲ ਬੱਚਿਆਂ ਦੀ ਮਿੱਠੀ ਯਾਦ ਵਿਚ ਹੋਣ ਵਾਲੇ ਸਮਾਗਮ ਤੇ ਧਾਈ ਕਰ ਪੁੱਜਦੀ ਸੀ। ਆਪ ਜੀ ਦੇ ਥੋੜੇ ਜਿਹੇ ਇਸ਼ਾਰੇ ਕਰਨ 'ਤੇ ਹੀ ਹਰ ਯਾਤਰਾ ਨਾਲ ਤੁਰ ਪੈਂਦੀ ਸੀ। ਖਾਸ ਕਰੇ ਭਾਈ ਹਰਬੰਸ ਸਿੰਘ ਜੀ ਖਨੂੰ ਮੁਹਲੇ ਵਾਲੇ, ਭਾਈ ਮਹਿੰਦਰ ਸਿੰਘ ਜੀ ਬਿਸਕੁਟਾਂ ਵਾਲੇ ਤੇ ਉਨ੍ਹਾਂ ਦੇ ਭੁਜੰਗੀ ਭਾਈ ਸੁਰਿੰਦਰ ਸਿੰਘ ਅਤੇ ਕਮਲਜੀਤ ਸਿੰਘ, ਭਾਈ ਜੋਗਿੰਦਰ ਸਿੰਘ ਜੀ, ਭਾਈ ਕੁਲਵੰਤ ਸਿੰਘ, ਭਾਈ ਦੀਦਾਰ ਸਿੰਘ ਅਤੇ ਉਨ੍ਹਾਂ ਦੇ ਸਪੁੱਤਰ ਡਾ. ਰਾਜਿੰਦਰ ਸਿੰਘ ਅਤੇ ਸਿੰਘਣੀ ਦੇ ਨਾਮ ਵਰਣਨਯੋਗ ਹਨ। ਬੱਚਿਆਂ ਦੀ ਚੜਾਈ ਕਰ ਜਾਣ ਤੋਂ ਬਾਅਦ ਸਾਰੇ ਨੌਜਵਾਨ ਬੱਚੇ ਆਪ ਜੀ ਨੂੰ ਮੰਮੀ ਹੀ ਕਹਿ ਕੇ ਬੁਲਾਉਂਦੇ ਸਨ। ਸੰਗਤਾਂ ਨੇ ਆਪ ਜੀ ਨੂੰ ਇਤਨਾ ਹੋਸਲਾਂ ਤੇ ਦਿਲਾਸਾ ਦਿੱਤਾ ਕਿ ਬੱਚਿਆਂ ਦੀ ਯਾਦ ਤਾਂ ਭਾਵੇਂ ਨਹੀਂ ਭੁੱਲ ਸਕੇ ਪਰ ਦੁੱਖ ਨੂੰ ਘਟਾਉਣ ਵਿਚ ਬਹੁਤ ਸਹਾਇਤਾ ਮਿਲੀ।

ਜਿੱਥੇ ਆਪ ਸ੍ਰੀ ਪੂਰਨ ਜੀ ਦੀ ਅਗਵਾਈ ਹੇਠ ਭਾਰਤ ਦੇ ਵੱਡੇ ਵੱਡੇ ਸ਼ਹਿਰਾਂ, ਇਤਿਹਾਸਕ ਗੁਰ ਸਥਾਨਾਂ ਦੀ ਯਾਤਰਾ ਅਤੇ ਸਮਾਗਮ ਕਰਦੇ ਰਹੇ ਉੱਥੇ ਜਥੇ ਦੇ ਸਾਰੇ ਲੋਕਲ ਅਤੇ ਕੇਂਦਰੀ ਸਮਾਗਮਾਂ ਖਾਸ ਕਰ ਦਿੱਲੀ, ਲੁਧਿਆਣਾ, ਜਲੰਧਰ, ਚੰਡੀਗੜ੍ਹ ਆਦਿ ਪਹੁੰਚ ਕੇ ਕੀਰਤਨ ਰਾਹੀਂ ਸੰਗਤਾਂ ਦਾ ਸੇਵਾ ਕਰਦੇ ਰਹੇ। ਇਸ ਤੋਂ ਇਲਾਵਾ ਆਪ ਜੀ ਸੰਨ 1977 ਤੋਂ ਬਾਅਦ ਕਈ ਵਾਰ ਵਿਦੇਸ਼ਾਂ ਇੰਗਲੈਂਡ, ਅਮਰੀਕਾ, ਕੈਨੇਡਾ ਆਦਿ ਦੇਸ਼ਾਂ ਵਿਚ ਕੀਰਤਨ ਦੀ ਸੇਵਾ ਲਈ ਗਏ ਅਤੇ ਬੇਅੰਤ ਸੰਗਤਾਂ ਨੂੰ ਗੁਰੂ ਘਰ ਨਾਲ ਜੋੜਿਆ। ਬੇਅੰਤ ਨੋਜਵਾਨ ਬੱਚੇ ਬੱਚੀਆਂ ਨੂੰ ਕੀਰਤਨ ਦਾ ਗੁਣ ਬਖਸ਼ਿਆ। ਬੱਚਿਆਂ ਦੇ ਚੜ੍ਹਾਈ ਕਰਨ ਤੋਂ ਬਾਅਦ, ਆਪ ਜੀ ਵਲੋਂ ਪੜ੍ਹਨ ਵਾਲੇ ਸ਼ਬਦ ਜ਼ਿਆਦਾ ਤਰ ਵੈਰਾਗਮਈ ਅਤੇ ਪ੍ਰਭੂ ਭਗਤੀ ਰਾਹੀਂ ਪ੍ਰੀਤਮ ਦੇ ਦੇਸ਼ ਪਹੁੰਚਣ ਲਈ ਬੇਨਤੀ ਮਈ ਹੁੰਦੇ ਸਨ, ਪਰ ਆਪ ਸ਼ਬਦਾਂ ਦੀ ਚੋਣ ਬੜੀ ਡੂੰਘੀ ਵਿਚਾਰ ਅਤੇ ਮੌਕੇ ਦੇ ਪ੍ਰਕਰਣ ਅਨੁਸਾਰ ਕਰਦੇ ਸਨ। ਬੜੇ ਗੰਭੀਰ ਮੌਕਿਆਂ ਸਮੇਂ ਗੁਰਬਾਣੀ ਦੇ ਕੀਰਤਨ ਰਾਹੀਂ ਸ਼ਬਦਾਂ ਚੋਣ ਕਰਕੇ ਮਾਹੌਲ ਨੂੰ ਖੁਸ਼ਗਵਾਰ ਬਣਾ ਦਿੰਦੇ ਸਨ। ਵੀਹਵੀਂ ਸਦੇ ਦੇ ਨੌਵੇਂ ਦਹਾਕੇ ਵਿਚ ਯੋਗੀ ਹਰਭਜਨ ਸਿੰਘ ਵਲੋਂ ਆਪਣੇ ਅਨੁਆਈਆਂ ਦੀ ਅਖੰਡ ਕੀਰਤਨੀ ਜਥੇ ਨਾਲ ਵੱਧਦੀ ਨੇੜਤਾ ਤੋਂ ਬੁਖਲਾ ਕੇ, ਆਪਣੀ ਇਕ ਚੇਲੀ ਰਾਹੀਂ ਸਤਿਕਾਰ ਯੋਗ ਭਾਈ ਜੋਗਿੰਦਰ ਸਿੰਘ ਤਲਵਾੜਾ ਜੀ ਵਿਰੁੱਧ ਅਨਹੋਣੀ ਤੁਹਮਤ ਲਗਾ ਦਿੱਤੀ ਗਈ। ਇਹ ਮਸਲਾ ਸ੍ਰੀ ਅਕਾਲ ਤਖ਼ਤ ਉੱਪਰ ਵੀ ਪਹੁੰਚ ਗਿਆ। ਇਸ ਸਮੇਂ ਜਥੇ ਦੀ ਸੰਗਤਾਂ ਵਿਚ ਬਹੁਤ ਰੋਹ ਤੇ ਗੁੱਸਾ ਸੀ। ਉਸ ਸਮੇਂ ਇਕ ਲੋਕਲ ਹਫ਼ਤਾਵਰੀ ਐਤਵਾਰ ਦੇ ਕੀਰਤਨ ਸਮਾਗਮ, ਤਲਵਾੜਾ ਜੀ ਦੀ ਚੜਦੀ ਕਲਾ ਨਮਿੱਤ ਰਖੇ ਗਏ। ਉਸ ਸਮੇਂ ਜਦੋਂ ਆਪ ਜੀ ਨੇ ਇਹ ਸ਼ਬਦ "**ਹਰਿ ਜਨ ਰਾਮ ਨਾਮ ਗੁਨ ਗਾਵੈ ॥ ਜੇ ਕੋਈ ਨਿੰਦ ਕਰੇ ਹਰਿ ਜਨ ਕੀ ਅਪੁਨਾ ਗੁਨ ਨ ਗਵਾਵੈ ॥** ਪੜਿਆ ਤਾਂ ਮਾਹੌਲ ਬਿਲਕੁਲ ਹੀ ਬਦਲ ਗਿਆ। ਇਸ ਤਰ੍ਹਾਂ ਮੌਕੇ ਦਾ ਕੀਰਤਨ ਕਰਨ ਵਿਚ ਆਪ ਜੀ ਦੀ ਖ਼ਾਸ ਮੁਹਾਰਤ ਸੀ।

ਸ੍ਰੀ ਪੂਰਨ ਜੀ ਤਾਂ ਹਮੇਸ਼ਾਂ ਨਾਮ ਬਾਣੀ ਦੀ ਕਮਾਈ ਕਰਦੇ ਹੋਏ, ਗੁਰੂ ਚਰਨਾਂ ਨਾਲ ਜੁੜੇ ਰਹਿੰਦੇ ਸਨ। ਸਰਕਾਰੀ ਨੌਕਰੀ ਤੋਂ ਇਲਾਵਾ ਉਹ ਦੁਨਿਆਵੀ ਕਿਸੇ ਵੀ ਕੰਮ ਵਿਚ ਦਿਲਚਸਪੀ ਨਹੀਂ ਸੀ ਰੱਖਦੇ। ਆਪ ਜੀ ਨੇ ਸਾਰੀਆਂ ਸੰਸਾਰਕ ਸਮੇਤ ਮਾਇਕ ਜਿਮੇਵਾਰੀਆਂ ਸੰਭਾਲ ਕੇ ਉਨ੍ਹਾਂ ਨੂੰ ਇਸ ਪਾਸੇ ਤੋਂ ਮੁਕਤ ਕੀਤਾ ਹੋਇਆਂ ਸੀ। ਕੀ ਲੈਣ ਦੇਣਾ ਜਾਂ ਕਿੱਥੇ ਅਤੇ ਕਿਵੇਂ ਜਾਣਾ ਉਨ੍ਹਾਂ ਨੂੰ ਕੋਈ ਫਿਕਰ ਸੀ ਨਹੀਂ ਹੁੰਦਾ। ਆਪ ਜੀ ਨੇ ਸਾਰੀ ਉਮਰ ਇਹ ਜਿੰਮੇਵਾਰੀਆਂ ਬਾ-ਖੂਬੀ ਨਿਬਾਹੀਆਂ।

ਸ੍ਰੀ ਪੂਰਨ ਜੀ ਦੇ ਉੱਚ ਅਹੁਦੇ ਕਾਰਨ ਮਾਇਕ ਵਾਲੇ ਪਾਸੇ ਤੋਂ ਹਮੇਸ਼ਾਂ ਖੁਸ਼ਹਾਲੀ ਰਹੀ ਹੈ। ਆਪ ਜੀ ਹਮੇਸ਼ਾਂ ਦਿਲ ਖੋਲ ਕੇ ਗਰੀਬਾਂ ਲੋੜਵੰਦਾਂ ਦੀ ਮਦਦ ਕਰਦੇ ਸਨ। ਆਮ ਰਿਸ਼ਤੇਦਾਰੀ ਵਿਚ ਵੀ, ਵਿਆਹ ਸ਼ਾਦੀਆਂ ਜਾਂ ਬੱਚਿਆਂ ਦੇ ਜਨਮ ਦਿਨ 'ਤੇ ਪਿਆਰ ਵਜੋਂ ਖੁੱਲੀ ਮਾਇਆ ਦੇ ਦਿੰਦੇ ਸਨ ਤੇ ਕਹਿੰਦੇ ਸਨ ਕਿ ਅਸੀਂ ਮਾਇਆ ਰੱਖ ਕੇ ਕੀ ਕਰਨੀ ਹੈ ? ਘਰ ਵਿਚ ਰੱਖੀਆਂ ਸੇਵਾ ਕਰਨ ਵਾਲੀਆਂ ਬੱਚੀਆਂ ਨੂੰ ਆਪਣੇ ਬੱਚੀਆਂ ਤੇ ਵੱਧ ਪਿਆਰ ਨਾਲ ਰੱਖਦੇ ਸਨ ਤੇ ਕਈਆਂ ਦੇ ਵਿਆਹ ਸ਼ਾਦੀਆਂ ਤੇ ਸਾਰਾ ਖਰਚ ਵੀ ਆਪਣੇ ਹੱਥੀਂ ਕੀਤਾ। ਸਮਾਗਮਾਂ ਜਾਂ ਯਾਤਰਾ ਦੌਰਾਨ ਹੋਏ



www.AKJ.Org

ਰੇਲ ਕਿਰਾਏ ਆਦਿ ਦੇ ਖ਼ਰਚੇ ਲਈ ਕਿਸੇ ਤੇ ਭਾਰ ਨਹੀਂ ਬਣੇ। ਹਰ ਯਾਤਰਾ ਦੌਰਾਨ ਆਪਣੇ ਪ੍ਰੀਵਾਰ ਦਾ ਕਿਰਾਇਆ ਖੁਦ ਦਿੰਦੇ ਸਨ। ਸੰਗਤ ਦੇ ਦਸਵੰਧ ਦੀ ਮਾਇਆ ਨੂੰ ਨਿੱਜੀ ਕੰਮਾਂ ਲਈ ਵਰਤਣਾ ਹੱਡ ਗਾਲਣ ਦੇ ਬਰਾਬਰ ਸਮਝਦੇ ਸਨ। ਸ੍ਰੀ ਅੰਮ੍ਰਿਤਸਰ ਵਿਖੇ ਆਉਣ ਤੋਂ ਬਾਅਦ, ਬਾਹਰੋਂ ਅਤੇ ਲੋਕਲ ਸੰਗਤਾਂ ਦਾ ਘਰ ਵਿਚ ਤਾਂਤਾ ਲੱਗਾ ਰਹਿੰਦਾ ਸੀ ਅਤੇ ਆਪ ਘਰ ਆਏ ਗੁਰਸਿੱਖਾਂ ਦੀ ਜਲ ਪਾਣੀ ਪ੍ਰਸ਼ਾਦੇ ਦੀ ਹਰ ਤਰ੍ਹਾਂ ਸੇਵਾ ਖੁਸ਼ੀ-ਖੁਸ਼ੀ ਕਰਦੇ ਸਨ। ਆਪ ਜੀ ਘਰ ਵਿਚ ਤਰ੍ਹਾਂ-ਤਰ੍ਹਾਂ ਦੇ ਖਾਣੇ ਬਣਾਉਣ ਦੀ ਮੁਹਾਰਤ ਵੀ ਰੱਖਦੇ ਸਨ ਅਤੇ ਸ੍ਰੀ ਅੰਮ੍ਰਿਤਸਰ ਵਿਚ ਸਾਲਾਨਾ ਵੈਸਾਖੀ ਦੇ ਕੇਂਦਰੀ ਸਮਾਗਮ ਤੇ ਲੰਗਰ ਦੀ ਅਣਥੱਕ ਸੇਵਾ ਕਰਦੇ ਸਨ। ਕਿਸੇ ਵੀ ਘਰ ਆਏ ਗੁਰਸਿੱਖ ਨੂੰ ਸੁੱਚੇ ਮੂੰਹ ਵਾਪਿਸ ਨਹੀਂ ਸੀ ਜਾਣ ਦਿੰਦੇ। ਆਮ ਸੰਸਾਰੀਆਂ ਅਤੇ ਗੁਰਸਿੱਖਾਂ ਨਾਲ ਉਨ੍ਹਾਂ ਦਾ ਵਿਹਾਰ ਇਕੋ ਜਿਹਾ ਸੀ। ਇਸ ਕਰਕੇ ਗੁਆਂਢੀ ਘਰਾਂ ਵਾਲੇ ਵੀ ਆਪ ਜੀ ਨਾਲ ਬਹੁਤ ਮਿਲਵਰਤਣ ਰੱਖਦੇ ਅਤੇ ਸਤਿਕਾਰ ਕਰਦੇ ਸਨ। ਜਥੇ ਦੇ ਪ੍ਰਬੰਧਕ ਮਸਲਿਆਂ ਤੋਂ ਪੂਰਨ ਜੀ ਅਤੇ ਆਪ ਹਮੇਸ਼ਾਂ ਦੂਰ ਰਹਿੰਦੇ ਸਨ ਪਰ ਜਥੇ ਦੀ ਸਮੁੱਚੀ ਸੰਗਤ ਨਾਲ ਰਲ ਕੇ ਚਲਦੇ ਸਨ ਅਤੇ ਕਦੇ ਆਪਣੀ ਵੱਖਰੀ ਹੋਂਦ ਨਹੀਂ ਦਿਖਾਈ। ਆਪਸੀ ਵੈਰ ਵਿਰੋਧ ਤੇ ਧੜੇਬੰਦੀ ਤੋਂ ਵੀ ਉੱਪਰ ਉੱਠ ਕੇ ਵਿਚਰਦੇ ਰਹੇ। ਜਥੇ ਵਿਚ ਦੁਬਿਧਾ ਪੈਣ ਤੋਂ ਬਾਅਦ, ਜਦੋਂ ਹਰ ਸ਼ਹਿਰ ਵਿਚ ਸਮਾਨਾਂਤਰ ਦੋ-ਦੋ ਸਮਾਗਮ ਸ਼ੁਰੂ ਹੋ ਗਏ ਤਾਂ ਆਪ ਜੀ ਪੂਰਨ ਦਾਰ ਜੀ ਸਮੇਤ ਦੋਹੀਂ ਪਾਸੀਂ ਹੀ ਜਾ ਕੇ ਕੀਰਤਨ ਦੀ ਹਾਜ਼ਰੀ ਭਰ ਆਉਂਦੇ ਸਨ। ਭਾਵੇਂ ਇਕ ਆਪੂੰ ਬਣਿਆ ਜਥੇਦਾਰ ਪੂਰਨ ਜੀ ਦੇ ਵਿਰੁੱਧ ਵੀ ਬਚਨ ਬੋਲਦਾ ਰਹਿੰਦਾ ਸੀ ਪਰ ਆਪ ਜੀ ਉਸ ਦੀ ਸਿੰਘਣੀ ਦੇ ਚੜ੍ਹਾਈ ਕਰਨ ਵੇਲੇ, ਉਸ ਦੇ ਘਰ ਜਾ ਕੇ ਵੀ ਕੀਰਤਨ ਕਰ ਆਏ। ਸ੍ਰੀ ਬਾਊ ਜੀ ਅਤੇ ਜਥੇਦਾਰ ਭਾਈ ਰਾਮ ਸਿੰਘ ਜੀ ਦੇ ਪ੍ਰੀਵਾਰਾਂ ਨਾਲ ਆਪ ਜੀ ਦਾ ਬਹੁਤ ਨਿੱਘਾ ਸਨੇਹ ਅਤੇ ਪਿਆਰ ਸੀ। ਸ੍ਰੀ ਬਾਊ ਜੀ ਇੰਨ੍ਹਾਂ ਕੋਲ ਆ ਕੇ ਤਿੰਨ-ਤਿੰਨ ਮਹੀਨੇ ਠਹਿਰਦੇ ਰਹਿੰਦੇ ਸਨ ਤੇ ਆਪਣੇ ਬੱਚਿਆਂ ਵਾਂਗ ਹੀ ਪਿਆਰ ਕਰਦੇ ਸਨ। ਆਪ ਜੀ ਘਰੇਲੂ ਪ੍ਰੀਵਾਰਕ ਮਸਲਿਆਂ ਨੂੰ ਵੀ ਸੁਲਝਾਉਣ ਦੀ ਖ਼ਾਸ ਮੁਹਾਰਤ ਰਖਦੇ ਸਨ। ਜਦੋਂ ਕੋਈ ਪ੍ਰੇਮੀ ਜਾਂ ਪ੍ਰੀਵਾਰ ਕੋਈ ਘਰੇਲੂ/ਪ੍ਰੀਵਾਰਕ ਮਸਲਾ ਲੈ ਕੇ ਆਉਂਦਾ ਸੀ ਤਾਂ ਬੜੇ ਧੀਰਜ ਅਤੇ ਠਰੰਮੇ ਨਾਲ ਉਨ੍ਹਾਂ ਦੀ ਗਲ ਸੁਣ ਕੇ ਗੁਰਮਤਿ ਦੀ ਰੋਸ਼ਨੀ ਵਿਚ ਸਮਝਾਅ-ਬੁਝਾਅ ਦਿੰਦੇ ਸਨ। ਸ੍ਰੀ ਪੂਰਨ ਜੀ ਤਾਂ ਦੋ ਟੁੱਕ Forgive and Forget (ਪਿਛਲੀ ਗ਼ਲਤੀ ਮੁਆਫ ਕਰ ਦਿਓ ਅਤੇ ਅਤੀਤ ਨੂੰ ਭੁਲ ਜਾਓ) ਕਹਿ ਕੇ ਮਸਲਾ ਹੱਲ ਕਰ ਦਿੰਦੇ ਸਨ।

ਬੱਚਿਆਂ ਦੀ ਚੜ੍ਹਾਈ ਤੋਂ ਬਾਅਦ ਆਪ ਜੀ ਦੀ ਸਿਹਤ ਕੁਝ ਮਾਨਸਿਕ ਤਨਾਅ ਕਰਕੇ ਠੀਕ ਨਹੀਂ ਸੀ ਰਹਿੰਦੀ ਪਰ ਫਿਰ ਵੀ ਆਪ ਜੀ ਕੀਰਤਨ ਦੀ ਸੇਵਾ ਤੋਂ ਕਦੇ ਵੀ ਨਾਬਰ ਨਹੀਂ ਹੋਏ। ਪੂਰਨ ਜੀ ਦੇ ਚੜ੍ਹਾਈ ਕਰਨ ਤੋਂ ਬਾਅਦ ਵੀ ਯਾਤਰਾਵਾਂ ਤੇ ਬਾਹਰਲੇ ਸ਼ਹਿਰਾਂ ਦੇ ਸਮਾਗਮਾਂ ਦੀ ਆਪ ਜੀ ਭਾਈ ਮਾਨ ਸਿੰਘ ਜੀ ਨਾਲ ਮਿਲ ਕੇ, ਸੰਗਤ ਦੀ ਅਗਵਾਈ ਕਰਦੇ ਰਹੇ। ਹੌਲੀ-ਹੌਲੀ ਇੰਨ੍ਹਾਂ ਦੀ ਸਿਹਤ ਬੁਢਾਪੇ ਅਤੇ ਜ਼ਿੰਦਗੀ ਵਿਚ ਵਾਪਰੇ ਸਦਮਿਆਂ ਕਾਰਨ ਕਮਜ਼ੋਰ ਅਤੇ ਢਿੱਲੀ ਰਹਿਣ ਲੱਗ ਪਈ। ਫਿਰ ਅਖੀਰ ਤੇ ਇਕ ਨਾ-ਮੁਰਾਦ ਭਿਆਨਕ ਬੀਮਾਰੀ ਨੇ ਆ ਘੇਰਿਆ। ਤਿੰਨ ਚਾਰ ਮਹੀਨੇ ਉਸ ਬੀਮਾਰੀ ਨਾਲ ਜੂਝਣ ਤੋਂ ਬਾਅਦ ਆਪ ਮਿਤੀ 13 ਅਗਸਤ 2017 ਨੂੰ ਸਵਾਸਾਂ ਦੀ ਬਖਸ਼ੀ ਹੋਈ ਪੂੰਜੀ ਪੂਰੀ ਕਰਦੇ ਹੋਏ ਪੰਜ ਭੂਤਕ ਸਰੀਰ ਤਿਆਗ ਕੇ ਗੁਰੂ ਚਰਨਾਂ ਵਿਚ ਜਾ ਬਿਰਾਜੇ। ਅੱਜ ਵੀ, ਉਨ੍ਹਾਂ ਵੱਲੋਂ ਸਹਿਜ ਅਤੇ ਵੈਰਾਗਮਈ ਕੀਰਤਨ ਦੀਆਂ ਗਜਾਈਆਂ ਗੁੰਜਾਰਾ ਨੂੰ ਯਾਦ ਕਰਕੇ ਮਨ ਬਿਹਬਲ ਦਸ਼ਾ ਵਿਚ ਚਲਾ ਜਾਂਦਾ ਹੈ ਕਿ ਉਹ ਜਿਹੀਆਂ ਅਗੰਮੀ ਅਨਹਦ ਧੁੰਨੀਆਂ ਮੁੜ ਕਿਸ ਨੇ ਕੀ ਗੁੰਜਾਉਣੀਆਂ ਹਨ?



www.AKJ.Org

# ਦੋ ਕੀਰਤਨੀ ਲਾਲ - ਭਾਈ ਵਰਿੰਦਰ ਸਿੰਘ ਤੇ ਭਾਈ ਰੁਪਿੰਦਰ ਸਿੰਘ ਜੀ

ਭਾਈ ਗੁਰਦੀਪ ਸਿੰਘ ਸ੍ਰੀ ਅੰਮ੍ਰਿਤਸਰ

ਨਿੱਕੀ ਉਮਰ ਵਿਚ ਹੀ, ਵੱਡੇ-ਵੱਡੇ ਪ੍ਰਮੁੱਖ ਕੀਰਤਨੀਆਂ ਵਾਂਗ ਕੀਰਤਨ ਦੀਆਂ ਗੁੰਜਾਰਾਂ ਗੁਜਾਉਣ ਵਾਲੀ ਦੋ ਲਾਲਾਂ ਦੀ ਜੋੜੀ ਨੇ ਜਥੇ ਦੇ ਅਤਿ ਸਤਿਕਾਰਯੋਗ ਭਾਈ ਸੂਰਤ ਸਿੰਘ (ਪੂਰਨ ਜੀ) ਅਤੇ ਕੀਰਤਨੀ ਬੀਬੀ ਭੁਪਿੰਦਰ ਕੌਰ ਜੀ ਦੇ ਘਰ ਵਿਚ ਜਨਮ ਲਿਆ। ਇੰਨ੍ਹਾਂ ਦੇ ਮਾਤਾ ਪਿਤਾ ਗੁਰਮਤੀ ਜੀਵਨ ਵਾਲੇ, ਗੁਰਬਾਣੀ ਦੇ ਨਿਸ਼ਕਾਮ ਕੀਰਤਨ ਅਤੇ ਅੰਮ੍ਰਿਤ ਸੰਚਾਰ ਰਾਹੀ ਬੇਅੰਤ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਨ ਕਰਕੇ ਜਥੇ ਦੀਆਂ ਸਮੂਹ ਸੰਗਤਾਂ ਖਾਸ ਕਰ ਦਿੱਲੀ, ਬਰੇਲੀ, ਬੰਬਈ, ਕਲਕੱਤੇ, ਸ੍ਰੀ ਅੰਮ੍ਰਿਤਸਰ ਆਦਿ ਸ਼ਹਿਰਾਂ ਵਿਚ ਰਹਿੰਦਿਆਂ ਹੋਇਆਂ ਸਿੱਖ ਸੰਗਤਾਂ ਵਿਚ ਸਤਿਕਾਰੇ ਜਾਂਦੇ ਰਹੇ ਹਨ। ਇੰਨ੍ਹਾਂ ਦੋਹਾਂ ਨਿਸ਼ਕਾਮ ਕੀਰਤਨੀਆਂ ਦਾ ਸੰਖੇਪ ਜੀਵਨ ਹੇਠਾਂ ਦਿੱਤਾ ਜਾਂਦਾ ਹੈ।

**ਭਾਈ ਵਰਿੰਦਰ ਸਿੰਘ** : ਇਸ ਵੀਰ ਨੇ ਮਿਤੀ 28 ਅਕਤੂਬਰ 1958 ਨੂੰ ਕਾਂਡਲਾ ਬੰਦਰਗਾਹ ਤੇ ਜਨਮ ਲਿਆ। ਇਸ ਬੱਚੇ ਦੇ ਜਨਮ ਤੋਂ ਹਫਤਾ ਕੁ ਬਾਅਦ ਡਾਕਟਰ ਸੁਰਿੰਦਰ ਸਿੰਘ ਜੀ, ਬੰਬਈ ਤੋਂ ਪੁਰਾਣੀਆਂ ਪਈਆਂ ਪੀਢੀ ਗੰਢਾਂ ਕਰਕੇ, ਪ੍ਰੇਮ ਮਿਲਣੀਆਂ ਖਾਤਰ, ਆਪ ਜੀ ਦੇ ਮਾਤਾ ਪਿਤਾ ਪਾਸ ਕਾਂਡਲੇ ਆ ਗਏ ਸਨ। ਘਰ ਵਿਚ ਨਵ-ਜਨਮੇ ਬਾਲ ਕਰਕੇ ਰੇਲਵੇ ਸਟੇਸ਼ਨ ਤੇ ਗੈਸਟ ਹਾਊਸ ਵਿਚ ਹੀ ਉਤਾਰਾ ਰੱਖਿਆ ਸੀ ਤੇ ਦਿਨੇ ਬੀਬੀ ਜੀ ਕੋਲੋਂ ਕੀਰਤਨ ਸ੍ਰਵਣ ਕਰਨ ਅਤੇ ਨਾਮ-ਬਾਣੀ ਦੇ ਲਾਹੇ ਲਈ ਘਰ ਆ ਜਾਂਦੇ ਤੇ ਪ੍ਰਸ਼ਾਦਾ ਵੀ ਛੱਕ ਜਾਂਦੇ ਸਨ। ਕਾਂਡਲੇ ਤੋਂ ਨਵ-ਜਨਮੇ ਬੱਚੇ ਦੇ ਮਾਤਾ-ਪਿਤਾ ਨਾਲ ਹੀ ਪੋਹ ਸੁਦੀ ਸਮਾਗਮ ’ਤੇ ਲੁਧਿਆਣੇ ਪਹੁੰਚੇ। ਰਸਤੇ ਵਿਚ ਬੱਚੇ ਦੇ ਵਾਰ-ਵਾਰ ਪਿਸ਼ਾਬ ਕਰਨ ਕਰਕੇ, ਜਦ ਸਾਰੇ ਕੰਬਲ ਗਿੱਲੇ ਹੋ ਗਏ ਤਾਂ ਆਪਣਾ ਕੀਮਤੀ ਕੰਬਲ ਬੱਚੇ ਥੱਲੇ ਵਿਛਾਅ ਦਿੱਤਾ। ਲੁਧਿਆਣੇ ਸਮਾਗਮ ਤੇ ਅੰਮ੍ਰਿਤ ਛਕਾਉਣ ਤੋਂ ਬਾਅਦ ਭਾਈ ਸਾਹਿਬ ਜੀ ਨੇ ਬੱਚੇ ਨੂੰ ਪਿਆਰ ਲੋਰੀ ਬਖਸ਼ਦਿਆਂ ਛੋਟਾ ਪੂਰਨ ਕਹਿ ਕੇ ਅਸੀਸ ਦਿੱਤੀ। ਆਪ ਮਾਤਾ-ਪਿਤਾ ਜੀ ਦੇ ਸੰਗ ਸਾਥ ਹੀ ਕਾਂਡਲੇ ਤੋਂ ਬਰੇਲੀ, ਮੇਰਠ, ਕਰਨਾਲ, ਫਿਰ ਬਰੇਲੀ, ਦਿੱਲੀ, ਕਲਕੱਤਾ, ਚੰਡੀਗੜ੍ਹ ਸ਼ਹਿਰਾਂ ਵਿਚ ਰਹਿੰਦੇ ਰਹੇ ਅਤੇ ਇਸ ਸਮੇਂ ਦੌਰਾਨ ਬੀ.ਐੱਸ.ਸੀ ਨਾਨ ਮੈਡੀਕਲ ਦੀ ਸੰਸਾਰਿਕ ਪੜਾਈ ਕੀਤੀ। ਬਚਪਨ ਤੋਂ ਹੀ ਮਾਤਾ-ਪਿਤਾ ਦੇ ਸੰਗ ਸਾਥ ਕੀਰਤਨ ਸਮਾਗਮਾਂ ਵਿਚ ਵਿਚਰਦੇ ਰਹੇ ਤੇ ਛੋਟੀ ਉਮਰ ਤੋਂ ਤਬਲੇ ਦੀ ਸੇਵਾ ਆਰੰਭ ਕਰ ਦਿੱਤੀ। ਬਾਅਦ ਵਿਚ ਆਪਣੀ ਮਾਤਾ ਤੋਂ ਕੀਰਤਨ ਵੀ ਸਿੱਖ ਲਿਆ। ਥੋੜ੍ਹੇ ਸਮੇਂ ਵਿਚ ਹੀ ਮਾਤਾ ਜੀ ਅਤੇ ਹੋਰ ਕੀਰਤਨੀਆਂ ਵਲੋਂ ਪੁਰਾਤਨ ਕੀਰਤਨੀ ਰੀਤਾਂ ਦੀ ਮੁਹਾਰਤ ਸਿੱਖ ਲਈ ਤੇ ਪ੍ਰਮੁੱਖ ਕੀਰਤਨੀਆਂ ਵਾਂਗ ਕੀਰਤਨ ਦੀਆਂ ਅਗੰਮੀ ਧੁਨੀਆਂ ਰਾਹੀਂ ਬਹੁਤ ਜੋਸ਼ੀਲਾ ਤੇ ਹੱਲੇ ਵਾਲਾ ਕੀਰਤਨ ਕਰਨ ਲੱਗ ਪਏ। ਇਸ ਦੇ ਨਾਲ ਹੀ ਹੋਰ ਅਨੇਕਾਂ ਨੌਜਵਾਨਾਂ ਨੂੰ ਪਿਆਰ ਭਰੀ ਪ੍ਰੇਰਨਾ ਕਰਕੇ, ਕੀਰਤਨ ਸਿਖਾਉਣ ਅਤੇ ਗੁਰੂ ਚਰਨਾਂ ਨਾਲ ਜੋੜਨ ਲਗ ਪਏ। ਕਲਕੱਤੇ ਰਹਿੰਦਿਆਂ ਉੱਥੇ ਸਿੱਖ ਸਟੂਡੈਂਟਸ ਫੈਡਰੇਸ਼ਨ ਵਿਚ ਗੁਰਬਾਣੀ ਸੈਕਸ਼ਨ ਦੇ ਇਨਚਾਰਜ ਰਹੇ ਤੇ ਕਈ ਇਨਾਮ, ਸਨਮਾਨ ਪੱਤਰ, ਸਿਰੋਪੇ ਸਿੱਖ ਸੰਗਤਾਂ ਵਲੋਂ ਇੰਨ੍ਹਾਂ ਨੂੰ ਬਖਸ਼ਿਸ਼ ਹੋਏ। ਹਰ ਹਫਤੇ ਰੈਣ ਸਬਾਈ ਕੀਰਤਨ ਜਾਂ ਦਿਵਸ ਸੁਹੇਲੇ ਦੇ ਕੀਰਤਨ, ਹੋਰ ਨੋਜੁਆਨਾਂ ਅਤੇ ਸਿੱਖ ਸੰਗਤਾਂ ਨੂੰ ਨਾਲ ਲੈ ਕੇ ਆਯੋਜਿਤ ਕਰਦੇ ਰਹੇ। ਫਿਰ ਚੰਡੀਗੜ੍ਹ ਆ ਕੇ ਵੀ ਗੁਰੂ ਗੋਬਿੰਦ ਸਿੰਘ ਕਾਲਜ ਚੰਡੀਗੜ੍ਹ ਵਿਚ ਪੜ੍ਹਾਈ ਕਰਨ ਦੇ ਨਾਲ-ਨਾਲ ਨੌਜੁਆਨਾਂ ਨੂੰ ਕੀਰਤਨ ਰਾਹੀਂ ਗੁਰੂ ਚਰਨਾਂ ਨਾਲ ਜੋੜਿਆ। ਇਸ ਸਮੇਂ ਆਪ ਨੇ ਗੁਰਪੁਰਬਾਂ ’ਤੇ ਉਪਰ ਅੰਮ੍ਰਿਤ ਵੇਲੇ ਨਿਕਲਣ ਵਾਲੀਆਂ ਪ੍ਰਭਾਤ ਫੇਰੀਆਂ ਅਤੇ ਨਗਰ ਕੀਰਤਨਾਂ ਵਿਚ ਵੀ ਗੁਰਮੁਖੀ ਬਾਣੇ ਅਤੇ ਸ਼ਸਤਰ ਧਾਰੀ ਹੋ ਕੇ ਗੁਰਬਾਣੀ ਦੇ ਨਿਰੋਲ ਕੀਰਤਨ ਰਾਹੀਂ, ਹੋਰ ਨੌਜਵਾਨਾਂ ਸਮੇਤ ਸ਼ਾਮਿਲ ਹੋ ਕੇ ਸੰਗਤਾਂ ਦੀਆਂ ਖੁਸ਼ੀਆਂ ਦੇ ਪਾਤਰ ਬਣਨਾਂ ਸ਼ੁਰੂ ਕਰ ਦਿੱਤਾ। ਸੰਨ 1979 ਦੇ ਪੋਹ ਸੁਦੀ ਸਮਾਗਮ ਸਮੇਂ ਇੰਨ੍ਹਾਂ ਵੀਰਾਂ ਦੀ ਅਗਵਾਈ ਹੇਠ ਇਕ ਵਿਸ਼ਾਲ ਨਗਰ ਕੀਰਤਨ ਰਾਤ ਦੇ ਇਕ ਵਜੇ ਤੋਂ ਸਵੇਰੇ ਅੱਠ ਤਾਈਂ ਮਾਡਲ ਟਾਊਨ



www.AKJ.Org

ਲੁਧਿਆਣਾ ਤੇ ਇਰਦ ਗਿਰਦ ਕਾਲੋਨੀਆਂ ਵਿਚ ਕੱਢਿਆ ਗਿਆ, ਜਿਸ ਵਿਚ ਹਜ਼ਾਰਾਂ ਸੰਗਤਾਂ ਨੇ ਹਾਜ਼ਰੀਆਂ ਭਰੀਆਂ। ਇਸ ਅੰਮ੍ਰਿਤ ਵੇਲੇ ਦੇ ਨਗਰ ਕੀਰਤਨ ਨੇ ਇਸ ਗੁਰਪੁਰਬ ਸਮੇਂ ਨਾਰੰਗਵਾਲ ਪਿੰਡ ਵਿਚ ਕੱਢੇ ਜਾਂਦੇ ਨਗਰ ਕੀਰਤਨ ਦੀ ਯਾਦ ਤਾਜ਼ਾ ਕਰਵਾ ਦਿੱਤੀ। ਸੰਨ 1979 ਦੌਰਾਨ ਆਪਣੇ ਮਾਤਾ-ਪਿਤਾ ਨਾਲ ਇਹ ਕੀਰਤਨ ਜੋੜੀ ਇੰਗਲੈਂਡ ਦੀਆਂ ਸੰਗਤਾਂ ਦੇ ਸੱਦੇ ਤੇ ਕੀਰਤਨ ਦੀ ਸੇਵਾ ਲਈ ਵੀ ਗਈ। ਚੰਡੀਗੜ੍ਹ ਤੋਂ ਇਹ ਬਰੇਲੀ ਵਿਖੇ ਚਲੇ ਗਏ ਤੇ ਉੱਥੇ ਦਵਾਈਆਂ ਦੀ ਦੁਕਾਨ ਖੋਲ੍ਹ ਲਈ। ਇਸ ਦੌਰਾਨ ਉਥੋਂ ਦੇ ਨੌਜਵਾਨਾਂ ਨੂੰ ਪ੍ਰੇਰ ਕੇ ਨੌਜੁਆਨ ਅਖੰਡ ਕੀਰਤਨੀ ਜਥਾ ਸਥਾਪਿਤ ਕੀਤਾ। ਹਰ ਰੋਜ਼ ਸਵੇਰੇ, ਸ਼ਾਮ ਵੱਖ-ਵੱਖ ਘਰਾਂ ਅਤੇ ਗੁਰਦੁਆਰਿਆਂ ਵਿਚ ਕੀਰਤਨ ਸਮਾਗਮ ਕਰਕੇ ਗੁਰਮਤਿ ਪ੍ਰਚਾਰ ਦੀ ਲਹਿਰ ਨੂੰ ਪ੍ਰਚੰਡ ਕਰ ਦਿੱਤਾ ਅਤੇ ਬਹੁਤ ਸਾਰੇ ਨੌਜਵਾਨ ਬੱਚੇ ਬੱਚੀਆਂ ਨੂੰ ਕੀਰਤਨ ਰਾਹੀ ਗੁਰੂ ਚਰਨਾਂ ਨਾਲ ਜੋੜਿਆ। ਕਈ ਵਾਰ ਇਹ ਸਾਰੇ ਨੌਜੁਆਨ ਸਕੂਟਰਾਂ ਮੋਟਰ ਸਾਈਕਲਾਂ 'ਤੇ ਸ੍ਰੀ ਨਾਨਕਮਤਾ ਅਤੇ ਨੈਨੀਤਾਲ ਵੀ ਜਾਂਦੇ ਰਹੇ। ਉੱਥੇ ਝੀਲ ਦੇ ਵਿਚ ਹੀ ਬੇੜੀਆਂ ਇਕੱਠੀਆਂ ਕਰਕੇ ਕਈ ਰੈਣ ਸਬਾਈ ਕੀਰਤਨ ਕੀਤੇ। ਇਸ ਤੋਂ ਇਲਾਵਾ ਸਮੇਂ-ਸਮੇਂ ਜਥੇ ਦੇ ਕੇਂਦਰੀ ਸਮਾਗਮਾਂ ਤੇ ਰੈਣ ਸਬਾਈ ਕੀਰਤਨਾਂ ਦੀ ਹਾਜ਼ਰੀ ਵੀ ਭਰਦੇ ਰਹੇ, ਜਿਸ ਕਰਕੇ ਕਾਨਪੁਰ, ਲਖਨਊ, ਦਿੱਲੀ ਆਦਿ ਦੀਆਂ ਸੰਗਤਾਂ ਵਿਚ ਆਪ ਬਹੁਤ ਹਰਮਨ ਪਿਆਰੇ ਹੋ ਗਏ। ਆਪਣੀ ਮਾਤਾ ਵਾਂਗ ਇਸ ਬੱਚੇ ਨੂੰ ਵੀ ਬਚਪਨ ਤੋਂ ਹੀ ਸੰਗੀਤ ਸਿਖਣ ਦਾ ਸ਼ੌਕ ਸੀ। ਇਸ ਨੇ ਉਸਤਾਦ ਰਾਹੀਂ ਸਾਰੇ ਹੀ ਸੰਗੀਤ ਦੇ ਸਾਜ ਵਜਾਉਣੇ ਸਿੱਖ ਲਏ ਸਨ। ਇਕ ਵਾਰੀ ਸ੍ਰੀ ਅੰਮ੍ਰਿਤਸਰ ਆਏ ਤੇ ਆਪ ਦੇ ਨਾਨਾ ਜੀ ਡਾਕਟਰ ਹਰਬੰਸ ਸਿੰਘ ਕੁੱਬੀ ਬੇਰੀ ਵਾਲਿਆਂ (ਜਿਹੜੇ ਕਿ ਸੰਗੀਤ ਦੇ ਸਾਜਾਂ ਦੇ ਸ਼ੌਂਕੀਨ ਸਨ, ਖਾਸ ਕਰ ਤੂੰਬੀ ਨਾਲ ਘਰ ਵਿਚ ਹੀ ਰੋਜ਼ਾਨਾ ਕੀਰਤਨ ਕਰਿਆ ਕਰਦੇ ਸਨ) ਕੋਲੋਂ ਉਹ ਤੂੰਬੀ ਲੈ ਗਏ।

**ਭਾਈ ਰੁਪਿੰਦਰ ਸਿੰਘ** : ਇਸ ਵੀਰ ਦਾ ਜਨਮ ਮਿਤੀ 4 ਫ਼ਰਵਰੀ 1960 ਨੂੰ ਸ੍ਰੀ ਪੂਰਨ ਦਾਰ ਜੀ ਦੀ ਬਰੇਲੀ ਬਦਲੀ ਹੋਣ ਤੇ ਉੱਥੇ ਰਹਿੰਦਿਆਂ ਹੋਇਆ। ਵੱਡੇ ਵੀਰ ਵਾਂਗ ਇਸ ਨੂੰ ਗੁਰਮਤਿ ਦੀ ਗੁੜ੍ਹਤੀ ਅਤੇ ਅੰਮ੍ਰਿਤ ਦੀ ਦਾਤ ਬਚਪਨ ਤੋਂ ਹੀ ਮਾਤਾ-ਪਿਤਾ ਦੀ ਸੰਗਤ ਨਾਲ ਮਿਲ ਗਈ ਸੀ। ਮਾਤਾ-ਪਿਤਾ ਦੇ ਸੰਗ ਸਾਥ ਭਾਰਤ ਦੇ ਵੱਖ-ਵੱਖ ਸ਼ਹਿਰਾਂ ਵਿਚ ਰਹਿੰਦਿਆਂ ਸੰਸਾਰਕ ਵਿਦਿਆ ਦੇ ਨਾਲ-ਨਾਲ ਤਬਲਾ ਵਜਾਉਣ ਦੀ ਮੁਹਾਰਤ ਲੈ ਲਈ ਅਤੇ ਆਪਣੇ ਵੱਡੇ ਵੀਰ ਅਤੇ ਮਾਤਾ ਨਾਲ ਤਬਲੇ ਦੀ ਸੇਵਾ ਬਚਪਨ ਤੋਂ ਹੀ ਕਰਨੀ ਸ਼ੁਰੂ ਕਰ ਦਿੱਤੀ ਸੀ। ਪ੍ਰੀ-ਮੈਡੀਕਲ ਕਰਨ ਤੋਂ ਬਾਅਦ ਇਸ ਨੇ ਫਾਰਮੇਸੀ ਦਾ ਡਿਪਲੋਮਾ ਕਰ ਲਿਆ ਅਤੇ ਬਰੇਲੀ ਦਵਾਈਆਂ ਦੀ ਦੁਕਾਨ ਦਾ ਕਾਰੋਬਾਰ ਆਪਣੇ ਵੱਡੇ ਵੀਰ ਸਾਥ ਆਰੰਭ ਕਰ ਲਿਆ। ਆਪਣੇ ਵੱਡੇ ਵੀਰ ਦੇ ਸਾਥ ਕੀਰਤਨ ਸਮਾਗਮਾਂ ਅਤੇ ਪ੍ਰਭਾਤ ਫੇਰੀਆਂ ਦੀ ਸੇਵਾ ਮੋਢੇ ਨਾਲ ਮੋਢਾ ਡਾਹ ਕੇ ਕਰਦਾ ਰਿਹਾ। ਇਸ ਦੀ ਸਿਹਤ ਕਾਫੀ ਰਿਸ਼ਟ-ਪੁਸ਼ਟ ਸੀ ਤੇ ਇਹ ਬੀਰ ਰਸੀ ਨੌਜਵਾਨ, ਜਣੇ ਖਣੇ ਨੂੰ ਸਰੀਰਕ ਬਲ ਨਾਲ ਸੋਧਾ ਵੀ ਫੇਰ ਦਿੰਦਾ ਸੀ। ਹਮੇਸ਼ਾਂ ਨਿਰਭੈ ਹੋ ਕੇ ਵਿਚਰਦਾ ਤੇ ਕਿਸੇ ਦੀ ਈਨ ਨਹੀਂ ਸੀ ਮੰਨਦਾ।

ਮਾਤਾ-ਪਿਤਾ ਵਲੋਂ ਫਰੀਦਾਬਾਦ ਵਿਚ ਆਪਣਾ ਮਕਾਨ ਬਣਾਉਣ ਤੋਂ ਬਾਅਦ ਅਤੇ ਸੇਵਾ ਮੁਕਤੀ ਦੇ ਨੇੜੇ ਆ ਜਾਣ ਕਰਕੇ, ਉੱਥੇ ਪੱਕੀ ਰਿਹਾਇਸ਼ ਰੱਖਣ ਕਰਕੇ, ਇਹ ਦੋਵੇਂ ਵੀਰ ਵੀ ਮਾਤਾ ਪਿਤਾ ਕੋਲ ਬਰੇਲੀ ਤੋਂ ਫਰੀਦਾਬਾਦ ਆ ਗਏ। ਇੱਥੇ ਆ ਕੇ ਇਨ੍ਹਾਂ ਨੇ ਨਵੀਂ ਦਿੱਲੀ ਦੇ ਔਖਲਾ ਇੰਡਸਟਰੀਅਲ ਏਰੀਏ ਵਿਚ ਮਈ 1981 ਵਿਚ ਨਵੀਂ ਵਰਕਸ਼ਾਪ ਲਾ ਲਈ। ਇੱਥੇ ਵੀ ਦਿੱਲੀ ਅਤੇ ਫਰੀਦਾਬਾਦ ਦੇ ਲੋਕਲ ਗੁਰਦੁਆਰਿਆਂ ਵਿਚ ਕੀਰਤਨ ਦੀ ਸੇਵਾ ਕਰਕੇ, ਥੋੜੇ ਹੀ ਸਮੇਂ ਵਿਚ ਸੰਗਤਾਂ ਦੇ ਪਿਆਰ ਦੇ ਪਾਤਰ ਬਣਦੇ ਗਏ। ਇਸ ਤੋਂ ਇਲਾਵਾ, ਬਰੇਲੀ, ਕਾਨਪੁਰ, ਕਲਕੱਤਾ, ਧੰਨਬਾਦ, ਲਖਨਊ ਤੇ ਹੋਰ ਸ਼ਹਿਰਾਂ ਵਿਚ ਰੈਣ ਸਬਾਈ ਕੀਰਤਨਾਂ ਵੀ ਪੁੱਜਦੇ ਰਹੇ। ਦਿੱਲੀ ਤੋਂ ਬਾਹਰ ਅਖੀਰਲੇ ਰੈਣ ਸਬਾਈ ਕੀਰਤਨ ਦੀ ਸੇਵਾ ਇੰਨ੍ਹਾਂ ਬੱਚਿਆਂ ਨੇ ਮਾਤਾ ਜੀ ਸਮੇਤ ਕਾਨਪੁਰ ਵਿਚ ਕੀਤੀ। ਤਿੰਨ ਅਪਰੈਲ ਨੂੰ ਰੈਣ ਸਬਾਈ ਕੀਰਤਨ ਕਾਨ੍ਹਪੁਰ ਅਤੇ ਪੰਜ ਤੇ ਅੱਠ ਅਪਰੈਲ ਨੂੰ ਸ਼ਾਮ ਦੇ ਕੀਰਤਨ ਸਮਾਗਮ ਫਰੀਦਾਬਾਦ ਦੇ ਗੁਰੂ ਘਰਾਂ ਵਿਚ ਕੀਤੇ।

ਦਿਬ-ਦ੍ਰਿਸ਼ਟੀ ਦੇ ਮਾਲਕ ਸ੍ਰੀ ਮਾਨ ਬਾਊ ਮਲ ਸਿੰਘ ਜੀ ਨੇ ਪੂਰਨ ਦਾਰ ਜੀ ਨੂੰ ਇਹ ਬਚਨ ਕੀਤਾ ਹੋਇਆ ਸੀ



www.AKJ.Org

ਕਿ ਘਰ ਵਿਚ ਦੋ ਪਹੀਆ ਵਾਹਨ ਨਹੀਂ ਲੈ ਕੇ ਆਉਣਾ। ਇਸ ਕਰਕੇ ਪੂਰਨ ਦਾਰ ਜੀ ਨੇ ਉਨ੍ਹਾਂ ਦਾ ਬਚਨ ਮੰਨਦਿਆਂ ਤਾਅ ਜ਼ਿੰਦਗੀ ਨਾਂ ਤਾਂ ਕੋਈ ਦੋ ਪਹੀਆ ਵਾਹਨ ਚਲਾਉਣਾ ਸਿਖਿਆ ਤੇ ਨਾ ਹੀ ਖਰੀਦਿਆ। ਪਰ ਸਿਰਜਣਹਾਰ ਪ੍ਰਭੂ ਦੇ ਅਸਚਰਜ ਕੌਤਕ ਅਤੇ ਅਟੱਲ ਭਾਣੇ ਹਨ। ਕਾਰੋਬਾਰ ਤੇ ਆਉਣ ਜਾਣ ਲਈ ਬੱਚਿਆ ਨੇ ਇਕ ਨਵਾਂ ਦੋ ਪਹੀਆ ਸਕੂਟਰ ਖਰੀਦ ਲਿਆ।

ਆਖਰੀ ਕੀਰਤਨ ਸਮਾਗਮ ਵਿਚ ਕੀਰਤਨ ਕਰਦਿਆਂ ਇਹ ਨੌਜਵਾਨ ਬੱਚੇ ਕੂਕ ਕਹੇ ਸਨ :

**ਹੁਣਿ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ ॥**

ਇਸ ਤਰ੍ਹਾਂ ਦੀਆਂ ਕੂਕਾਂ ਕੂਕਦਿਆਂ ਹੋਇਆ ਇੰਨ੍ਹਾਂ ਪਿਆਰੇ ਬੱਚਿਆਂ ਨੂੰ ਅਚਿੰਤੇ ਬਾਜ ਆ ਪਏ। ਸ੍ਰੀ ਪੂਰਨ ਦਾਰ ਜੀ ਵੀ ਇਸ ਕੀਰਤਨ ਸਮਾਗਮ ਦੀ ਹਾਜ਼ਰੀ ਭਰਨ ਗਏ ਹੋਏ ਸਨ ਪਰ ਅੰਮ੍ਰਿਤ ਵੇਲੇ ਦੀ ਸੰਭਾਲ ਨੂੰ ਮੁਖ ਰੱਖ ਕੇ, ਉਹ ਕੀਰਤਨ ਦੀ ਸਮਾਪਤੀ ਤੋਂ ਪਹਿਲਾਂ ਹੀ, ਆਪਣੀ ਸਿੰਘਣੀ ਨਾਲ ਸਮੇਂ ਸਿਰ ਆਰਾਮ ਕਰਨ ਲਈ, ਘਰ ਪਹੁੰਚ ਗਏ ਸਨ।

ਕੀਰਤਨ ਦੀ ਸਮਾਪਤੀ ਤੋਂ ਬਾਅਦ, ਇਹ ਦੋਨੋਂ ਵੀਰ ਆਪਣੇ ਇਕ ਹੋਰ ਸਾਥੀ ਭਾਈ ਮਨਜੀਤ ਸਿੰਘ ਆਗਰਾ ਕੈਂਟ ਹਾਲ ਗਲਾਸਗੋ (ਸਕਾਟਲੈਂਡ) ਨਾਲ ਸਕੂਟਰ ਤੇ ਘਰ ਨੂੰ ਵਾਪਿਸ ਚੱਲ ਪਏ। ਰਸਤੇ ਵਿਚ ਇਕ ਚੌਂਕ ਵਿਚ ਕਰਾਸ ਕਰਨ ਲੱਗੇ, ਸਾਹਮਣੇ ਆ ਰਹੇ ਟਰੱਕ ਦੀ ਲਪੇਟ ਵਿਚ ਆ ਗਏ। ਛੋਟਾ ਵੀਰ ਸਕੂਟਰ ਚਲਾ ਰਿਹਾ ਸੀ। ਵਿਚਕਾਰ ਇੰਨ੍ਹਾਂ ਦੀ ਸਾਥੀ ਬੈਠਾ ਸੀ ਅਤੇ ਪਿੱਛੇ ਵੱਡਾ ਵੀਰ ਸੀ। ਇਸ ਜ਼ਬਰਦਾਸਤ ਟਰੱਕ ਵਿਚ ਅੱਗੇ ਤੇ ਪਿੱਛੇ ਬੈਠੇ ਦੋਨੋਂ ਵੀਰ ਥਾਂ ਉੱਪਰ ਹੀ ਪ੍ਰੀਤਮ ਦੇ ਦੇਸ਼ ਨੂੰ ਉਡਾਰੀਆਂ ਮਾਰ ਗਏ, ਪਰ ਵਿਚਕਾਰ ਬੈਠੇ ਸਾਥੀ ਨੂੰ ਝਰੀਟ ਤੱਕ ਵੀ ਨਹੀਂ ਆਈ।

ਇਸ ਦੁਰਘਟਨਾ ਦੀ ਖਬਰ ਸਾਰੇ ਪਾਸੇ ਅੱਗ ਵਾਂਗ ਫੈਲ ਗਈ। ਜਿੱਥੇ ਗੁਰਦੁਆਰੇ ਦੀ ਸੰਗਤ, ਉਸ ਸਥਾਨ ਤੇ ਇਕ ਦਮ ਪਹੁੰਚ ਗਈ ਅਤੇ ਉੱਥੇ ਇਨ੍ਹਾਂ ਦੇ ਮਾਤਾ-ਪਿਤਾ ਵੀ ਪਹੁੰਚ ਗਏ। ਦੁਰਘਟਨਾ ਸਥਾਨ ਤੇ ਪਹੁੰਚਣ ਸਾਰ ਹੀ ਪੂਰਨ ਦਾਰ ਜੀ ਨੇ ਗੁਰਬਾਣੀ ਦਾ ਪਾਠ ਅਰੰਭ ਕਰ ਦਿੱਤਾ ਤੇ ਸਤਿਗੁਰੂ ਦੇ ਬਿਖਮ ਭਾਣੇ ਨੂੰ ਅਡੋਲ ਰਹਿ ਕੇ ਮਿੱਠਾ ਕਰਕੇ ਮੰਨਿਆ। ਮਾਤਾ ਜੀ ਬਹੁਤ ਵੈਰਾਗ ਦਸ਼ਾ ਵਿਚ ਹੋ ਗਏ ਪਰ ਗੁਰਬਾਣੀ ਕੀਰਤਨ ਅਤੇ ਸੰਗਤਾਂ ਵਲੋਂ ਦਿੱਤੇ ਦਿਲਾਸੇ ਨੇ ਉਨ੍ਹਾਂ ਨੂੰ ਵੀ ਅਡੋਲ ਰਹਿਣ ਵਿਚ ਸਹਾਇਤਾ ਕੀਤੀ। ਉਸੇ ਰਾਤ ਅੰਮ੍ਰਿਤ ਵੇਲੇ ਦੀ ਸਮਾਪਤੀ ਤੋਂ ਬਾਅਦ ਬੱਚਿਆਂ ਦੀ ਆਤਮਿਕ ਸਹਾਇਤਾ ਲਈ ਸ੍ਰੀ ਅਖੰਡ ਪਾਠ ਆਰੰਭ ਹੋ ਗਏ ਤੇ ਸਵੇਰੇ ਸ਼ਾਮ ਕੀਰਤਨ ਸਮਾਗਮਾਂ ਦਾ ਪ੍ਰਵਾਹ ਚਲ ਪਿਆ। ਇੰਨ੍ਹਾਂ ਦੇ ਮਾਤਾ-ਪਿਤਾ ਦੇ ਪਿਆਰ ਵਾਲੇ ਅਤੇ ਜਥੇ ਦੇ ਸਮੂਹ ਹਿਤੈਸ਼ੀ ਸੱਜਣ ਫਰੀਦਾਬਾਦ ਪਹੁੰਚ ਗਏ। ਬੱਚਿਆ ਦੀ ਕਲਿਆਣ ਅਤੇ ਆਤਮਿਕ ਸਹਾਇਤਾ ਵਾਸਤੇ ਲਗਾਤਾਰ ਪੰਜ ਸ੍ਰੀ ਅਖੰਡ ਪਾਠ ਹੋਏ ਅਤੇ ਮੁਖ ਕੀਰਤਨ ਸਮਾਗਮ 18 ਅਪ੍ਰੈਲ 1982 ਨੂੰ ਇੰਨ੍ਹਾਂ ਦੇ ਗ੍ਰਹਿ ਕੋਲ ਹੀ ਇਕ ਪਲਾਟ ਵਿਚ ਸਜਾਏ ਹੋਏ ਖੁੱਲ੍ਹੇ ਪੰਡਾਲ ਵਿਚ ਹੋਇਆ। ਭਾਰਤ ਭਰ ਦੇ ਸ਼ਹਿਰਾਂ ਤੋਂ ਸੰਗਤਾਂ ਤੇ ਪ੍ਰਮੁੱਖ ਕੀਰਤਨੀ ਵੀਰ ਸ਼ਾਮਿਲ ਹੋਏ ਅਤੇ ਕੀਰਤਨ ਰਾਹੀਂ ਵਿਛੜੀਆਂ ਰੂਹਾਂ ਨੂੰ ਅਸੀਸਾਂ ਬਖਸ਼ੀਆਂ। ਚੜ੍ਹਾਈ ਕਰਨ ਤੋਂ ਲੈ ਕੇ ਇਸ ਅਰਦਾਸ ਸਮਾਗਮ ਤਾਈਂ ਅਤੁੱਟ ਲੰਗਰ ਚਲਦੇ ਰਹੇ। ਆਂਢ ਗੁਆਂਢ ਅਤੇ ਹੋਰ ਲੋਕਲ ਸੰਗਤਾਂ ਨੇ ਲੰਗਰ/ਰਿਹਾਇਸ਼ ਦੀ ਅਣਥੱਕ ਸੇਵਾ ਕੀਤੀ।

ਉਨ੍ਹਾਂ ਦੀ ਮਿੱਠੀ ਯਾਦ ਵਿਚ ਪਹਿਲਾ ਸਮਾਗਮ ਫਰੀਦਾਬਾਦ ਹੀ ਮਾਰਚ 1983 ਦੇ ਮਹੀਨੇ ਹੋਇਆ ਤੇ ਨਾਲ ਹੀ ਬਰੇਲੀ ਵਿਖੇ ਸਮਾਗਮ ਕੀਤੇ ਗਏ ਜਿਸ ਵਿਚ ਸ੍ਰੀ ਅੰਮ੍ਰਿਤਸਰ, ਦਿੱਲੀ, ਧੰਨਬਾਦ, ਸਾਸਾਰਾਮ, ਕਲਕੱਤਾ, ਕਾਨ੍ਹਪੁਰ ਅਤੇ ਹੋਰ ਸ਼ਹਿਰਾਂ ਦੀਆਂ ਸੰਗਤਾਂ ਨੇ ਸ਼ਮੂਲੀਅਤ ਕੀਤੀ। ਸ੍ਰੀ ਪੂਰਨ ਜੀ ਦੇ ਅਗਸਤ 1982 ਵਿਚ ਸ੍ਰੀ ਅੰਮ੍ਰਿਤਸਰ ਆ ਜਾਣ ਕਰਕੇ, ਫਿਰ ਇਥੇ ਹਰ ਸਾਲ ਵੀਰਾਂ ਦੇ ਮਾਤਾ ਜੀ ਦੇ ਸੰਨ 2017 ਵਿਚ ਚੜ੍ਹਾਈ ਕਰ ਜਾਣ ਤੱਕ, ਅਪਰੈਲ ਦੇ ਪਹਿਲੇ ਹਫਤੇ ਦੋ ਸ੍ਰੀ ਅਖੰਡ ਪਾਠ ਅਤੇ ਕੀਰਤਨ ਸਮਾਗਮ ਉਨ੍ਹਾਂ ਦੀ ਮਿੱਠੀ ਯਾਦ ਅਤੇ ਆਤਮਿਕ ਸਹਾਇਤਾ ਲਈ ਹੁੰਦੇ ਰਹੇ। ਜਿਤਨੇ ਸ੍ਰੀ ਅਖੰਡ ਪਾਠ ਸਾਹਿਬ ਅਤੇ ਕੀਰਤਨ ਸਮਾਗਮ ਇਨ੍ਹਾਂ ਵੀਰਾਂ ਦੀ ਮਿੱਠੀ ਯਾਦ ਵਿਚ ਹੋਏ, ਸ਼ਾਇਦ ਹੀ ਕਿਸੇ ਹੋਰ ਨਮਿਤ ਇਤਨੇ ਸਮਾਗਮ ਹੋਏ ਹੋਣ।



www.AKJ.Org

# ਸੰਤ ਜਵਾਲਾ ਸਿੰਘ ਜੀ, ਨੰਦਪੁਰ ਕਲੌੜ

ਗੁਰਪੁਰ ਵਾਸੀ ਪ੍ਰੋ. ਗੁਰਮੁਖ ਸਿੰਘ ਜੀ, ਪਟਿਆਲਾ

1

ਆਪ ਇਕ ਹਿੰਦੂ ਘਰਾਣੇ ਵਿਚ ਪੈਦਾ ਹੋਏ ਸਨ। 29 ਸਾਲ ਦੀ ਉਮਰ ਤਕ ਹਿੰਦੂ ਹੀ ਰਹੇ। ਇਕ ਵਾਰੀ ਆਪ ਨੇ ਇਕ ਪੰਡਿਤ ਨੂੰ ਬੇਨਤੀ ਕੀਤੀ ਕਿ ਮੇਰੇ ਸੁਖ-ਕਲਿਆਣ ਲਈ ਵੇਦ ਦੇ ਫਲਾਣੇ ਮੰਤਰ ਦਾ ਜਾਪ ਕਰ ਦਿਉ। ਪੰਡਤ ਨੇ ਉੱਤਰ ਦਿੱਤਾ, "ਇਸ ਮੰਤਰ ਦਾ ਜਾਪ ਕੇਵਲ ਬ੍ਰਾਹਮਣਾਂ ਦੇ ਸੁਖ-ਕਲਿਆਣ ਲਈ ਕੀਤਾ ਜਾ ਸਕਦਾ ਹੈ, ਤੁਸੀਂ ਤਾਂ ਵੈਸ਼ ਹੋ।" ਇਹ ਸੁਣ ਕੇ ਆਪ ਦੇ ਮਨ ਨੂੰ ਬਹੁਤ ਠੇਸ ਵੱਜੀ। ਅੰਦਰੋ-ਅੰਦਰੀਂ ਆਪ ਨੇ ਇਹ ਨਿਸ਼ਚਾ ਧਾਰ ਲਿਆ ਕਿ ਮੈਂ ਹੁਣ ਉਸ ਪੰਥ ਦੀ ਸ਼ਰਨ ਲੈਣੀ ਹੈ ਜੋ ਚਾਰੇ ਵਰਣਾਂ ਦਾ ਸਾਂਝਾ ਹੈ; ਜਿਸ ਵਿਚ ਸ਼ਾਮਲ ਹੋਣ ਦਾ ਬ੍ਰਾਹਮਣ, ਖਤਰੀ ਤੇ ਵੈਸ਼ ਤੋਂ ਬਿਨਾਂ ਸ਼ੂਦਰ, ਬਲਕਿ ਚੰਡਾਲ ਨੂੰ ਭੀ ਹੱਕ ਹੈ। ਆਪ ਛੇਤੀ ਹੀ ਸਿੰਘ ਸੱਜ ਗਏ। ਅੰਮ੍ਰਿਤ ਛੱਕ ਕੇ ਤਿਆਰ-ਬਰ-ਤਿਆਰ ਹੋ ਗਏ।

ਆਪ ਠੇਕੇਦਾਰੀ ਦਾ ਕੰਮ ਸਰਹਿੰਦ ਨਹਿਰ ਉੱਪਰ ਕਰਦੇ ਸਨ। ਉੱਥੇ ਇਕ ਦਿਨ ਪੂਰਬਲੇ ਜਨਮ ਦਾ ਸਾਧੂ ਮਿਲਿਆ। ਉਸ ਨਾਲ ਹੋਈ ਵਾਰਤਾਲਾਪ ਅਗਲੇ ਲੇਖ ਵਿਚ ਦਿੱਤੀ ਹੋਈ। ਇਸ ਘਟਨਾ ਤੋਂ ਥੋੜ੍ਹੇ ਸਮੇਂ ਬਾਅਦ ਹੀ ਆਪ ਦੀ ਸਿੰਘਣੀ ਤੇ ਭੁਜੰਗੀ ਚੜ੍ਹਾਈ ਕਰ ਗਏ। ਧਰਮ-ਪਤਨੀ ਤੇ ਪਿਆਰੇ ਪੁੱਤਰ ਨਮਿਤ ਸ੍ਰੀ ਅਖੰਡ ਪਾਠ ਦਾ ਸਮਾਗਮ ਆਪਣੇ ਪਿੰਡ ਵਿਚ ਹੀ ਕਰਾ ਕੇ, ਘਰ-ਘਾਟ, ਮਾਇਆ-ਸੰਪਤੀ, ਮਾਨ-ਪ੍ਰਤਿਸ਼ਠਾ, ਠੇਕੇਦਾਰੀ ਦੀ ਕਾਰਗੁਜ਼ਾਰੀ ਆਦਿ ਸਾਰੇ ਬੰਧਨ ਆਪਣੇ ਗਲੋਂ ਲਾਹ ਕੇ, ਆਪ ਨੰਦਪੁਰ ਕਲੌੜ ਦੇ ਗੁਰ-ਧਾਮ ਵਿਖੇ ਸੇਵਾ ਕਰਨ ਲੱਗ ਪਏ। ਇਹ ਗੁਰਦੁਆਰਾ ਨੌਵੀਂ ਪਾਤਸ਼ਾਹ ਜੀ ਦਾ ਹੈ। ਇਥੇ ਇਕ ਸਿੱਖ ਮਹੰਤ ਸੇਵਾ ਕਰਦੇ ਸਨ, ਜੋ ਚੰਗੇ ਜੀਵਨ ਵਾਲੇ ਗੁਰਸਿੱਖ ਸਨ। ਉਥੇ ਰਹਿ ਕੇ ਆਪ ਨੇ ਹੋਰ ਸੇਵਾ ਤੋਂ ਇਲਾਵਾ, ਬਾਣੀ ਦਾ ਅਭਿਆਸ ਕੀਤਾ ਅਤੇ ਅਖੰਡ ਪਾਠਾਂ ਦੀ ਸੇਵਾ ਕੀਤੀ।

ਉਸ ਪਿੰਡ ਵਿਚ ਇਕ ਹੋਰ ਗੁਰ-ਸਿੱਖ ਸੀ, ਜਿਸ ਨੂੰ ਲੋਕ ਬ੍ਰਹਮ-ਗਿਆਨੀ ਕਰ ਕੇ ਸਤਿਕਾਰਦੇ ਸਨ। ਉਸ ਬਾਰੇ ਇਹ ਮਸ਼ਹੂਰ ਸੀ ਕਿ ਉਸ ਪਾਸ ਬਚਨ-ਸਿਧੀ ਹੈ। ਬਚਨਾਂ ਨਾਲ ਹੀ ਕਿਸੇ ਨੂੰ ਪੁੱਤਰ ਦੇ ਦੇਣਾ, ਕਿਸੇ ਦੇ ਰੋਗ ਕਟ ਦੇਣੇ ਉਸ ਲਈ ਸਾਧਾਰਨ ਖੇਡ ਸੀ। ਇਕ ਵਾਰੀ ਇਹ ਬ੍ਰਹਮ ਗਿਆਨੀ ਜੀ ਕਿਤੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੂੰ ਮਿਲੇ। ਭਾਈ ਸਾਹਿਬ ਜੀ ਨੇ ਮੇਹਣਾ ਮਾਰ ਕੇ ਕਿਹਾ, "ਕੋਈ ਦਵਾਈ ਦੇ ਕੇ ਰਾਜ਼ੀ ਕਰਦਾ ਹੈ, ਕੋਈ ਬਚਨ ਕਰ ਕੇ, ਇਹ ਵੀ ਕੋਈ ਵੱਡੀ ਗੱਲ ਹੈ? ਰਿੱਧੀਆਂ ਸਿੱਧੀਆਂ ਕਈ ਵਾਰ ਪੁੱਠੀਆਂ ਵੀ ਪੈ ਜਾਂਦੀਆਂ ਹਨ।" ਭਾਈ ਸਾਹਿਬ ਜੀ ਦੀ ਮਨਸ਼ਾ ਤਾਂ ਉਸ ਨੂੰ ਭੱਟਕਣ ਤੋਂ ਬਚਾਉਣ ਤੇ ਇਨ੍ਹਾਂ ਤਾਕਤਾਂ ਨੂੰ ਅੰਦਰੇ ਅੰਦਰ ਜਰਨ ਦੀ ਸੀ।

ਪਰ ਭਾਈ ਸਾਹਿਬ ਦੇ ਇਨ੍ਹਾਂ ਬਚਨਾਂ ਤੋਂ ਆਪ ਨੂੰ ਉਨ੍ਹਾਂ ਨੂੰ ਮਿਲਣ ਦੀ ਤੀਬਰ ਇੱਛਾ ਪੈਦਾ ਹੋ ਗਈ। ਅਜਿਹੀ ਮਹਾਨ ਆਤਮਾ ਵਾਲੇ ਮਹਾਂਪੁਰਸ਼ ਦੇ ਦਰਸ਼ਨ ਨੇੜਿਓਂ ਕਰਨੇ ਚਾਹੀਦੇ ਹਨ, ਜੋ ਨਾ ਤਾ ਆਪ ਰਿਧੀਆਂ ਸਿੱਧੀਆਂ ਦੀਆਂ ਕਰਾਮਾਤੀ ਸ਼ਕਤੀਆਂ ਨੂੰ ਨਜ਼ਰ ਹੇਠ ਲਿਆਉਂਦਾ ਹੈ ਅਤੇ ਨਾ ਹੀ ਅਜਿਹੀਆਂ ਸ਼ਕਤੀਆਂ ਵਿਚ ਉਲਝੇ ਮਨੁੱਖ ਨੂੰ ਕੋਈ ਥਾਂ ਦੇਂਦਾ ਹੈ। ਆਪ ਪਹਿਲੀ ਵਾਰੀ ਕਾਕਾ ਪਰੇਮ ਸਿੰਘ ਬਹਿਬਲ ਦੇ ਆਨੰਦ ਕਾਰਜ ਸਮੇਂ ਜੰਞ ਵਿੱਚ ਸ਼ਾਮਲ ਹੋ ਕੇ ਪਿੰਡ ਨਾਰੰਗਵਾਲ ਗਏ ਅਤੇ ਉਥੇ ਹੀ ਭਾਈ ਸਾਹਿਬ ਜੀ ਨਾਲ ਮਿਲਾਪ ਹੋਇਆ। ਭਾਈ ਸਾਹਿਬ ਨੇ ਓਸ ਸਮੇਂ ਆਪ ਦੇ ਨਾਲ ਦੇ ਸਾਥੀਆਂ ਦਾ ਧੰਨਵਾਦ ਕੀਤਾ ਤੇ ਕਿਹਾ, "ਇਹ ਤਾਂ ਸਾਡਾ ਚਿਰਾਂ ਦਾ ਵਿਛੜਿਆ ਮਿੱਤਰ ਹੈ, ਇਸ ਨੂੰ ਹੁਣ ਸਾਡੇ ਪਾਸ ਹੀ ਰਹਿਣ ਦਿਉ।" ਆਪ ਜੀ ਭਾਈ ਸਾਹਿਬ ਪਾਸ ਹੀ ਰਹਿ ਪਏ।

ਆਪ ਜੀ ਅਖੰਡ ਕੀਰਤਨੀ ਜੱਥੇ ਦੇ ਉਨ੍ਹਾਂ ਪੁਰਾਤਨ ਸਿੰਘਾਂ ਵਿਚੋਂ ਸਨ, ਜਿਨ੍ਹਾਂ ਨੂੰ ਭਾਈ ਸਾਹਿਬ ਭਾਈ



www.AKJ.Org

ਰਣਧੀਰ ਸਿੰਘ ਜੀ ਪਾਸ ਕਾਫੀ ਸਮਾਂ ਰਹਿਣ ਦਾ ਅਵਸਰ ਪ੍ਰਾਪਤ ਹੋਇਆ। ਆਪ ਭਾਈ ਸਾਹਿਬ ਨੂੰ ਅੰਮ੍ਰਿਤ ਵੇਲੇ ਨਿਤਨੇਮ ਦੀਆਂ ਬਾਣੀਆਂ ਦਾ ਪਾਠ ਸੁਣਾਇਆ ਕਰਦੇ ਸਨ, ਖਾਸ ਕਰਕੇ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਡਾਢੀ ਮਿੱਠੀ ਸੁਰ ਵਿਚ ਕਰਿਆ ਕਰਦੇ ਸਨ। ਆਪ ਇਕ ਮਧੁਰ ਲੈਅ ਵਾਲੇ ਅਖੰਡ ਪਾਠੀ ਭੀ ਸਨ। ਪਾਠ ਐਸੇ ਪਿਆਰ ਭਰੇ, ਵਿੰਨ੍ਹਵੇਂ ਲਹਿਜੇ ਵਿਚ ਉਚੀ ਆਵਾਜ਼ ਨਾਲ ਕਰਿਆ ਕਰਦੇ ਸਨ ਕਿ ਜੀਅ ਕਰਦਾ ਸੀ ਕਿ ਇਹ ਪਾਠ ਕਰੀ ਜਾਣ ਤੇ ਅਸੀਂ ਸੁਣੀ ਜਾਈਏ।

'ਸੰਤ' ਪਦਾ ਦਾ ਖਿਤਾਬ ਵੀ ਆਪ ਜੀ ਨੂੰ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਵਲੋਂ ਮਿਲਿਆ ਸੀ। ਭਾਈ ਸਾਹਿਬ ਆਪਣੇ ਨਿਕਟਵਰਤੀ ਸਿੰਘਾਂ ਨੂੰ ਪਿਆਰ, ਸਤਿਕਾਰ ਤੇ ਲਾਡ ਵਿਚ ਕਈ ਉਪਨਾਮਾਂ ਨਾਲ ਸੰਬੋਧਨ ਕਰਿਆ ਕਰਦੇ ਸਨ; ਜਿਵੇਂ ਜੋਗੀਸ਼ਰ ਜੀ, ਮੁਨੀਸ਼ਰ ਜੀ, ਭਾਈ ਬੋਲਦਾ ਜੀ, ਜਾਨ-ਸੁਖਾਲਾ ਜੀ ਆਦਿ। ਭਾਈ ਸਾਹਿਬ ਜੀ ਵਲੋਂ ਨੀਯਤ ਕੀਤੇ ਇਹ ਨਾ ਸੰਬੰਧਤ ਵਿਅਕਤੀਆਂ ਲਈ ਐਨ ਢੁਕਵੇਂ ਹੁੰਦੇ ਸਨ।

ਆਪ ਜੀ ਭਾਵ ਸੰਤ ਕਰ ਕੇ ਸਦੇ ਜਾਂਦੇ ਸਨ, ਪ੍ਰੰਤੂ ਉਹ ਮਨ ਬਚ ਕਰਮ ਕਰ ਕੇ, ਸਦਾ ਆਪਣੇ ਆਪ ਨੂੰ ਸੰਗਤਾਂ ਦਾ ਦਾਸ ਹੀ ਸਮਝਦੇ ਸਨ। ਉਹ ਅੱਜਕਲ੍ਹ ਦੇ ਮੱਥੇ ਟਿਕਾਉਣ ਵਾਲੇ ਨਾਮ-ਧਰੀਕ ਸੰਤਾਂ ਵਰਗੇ ਕਦੇ ਵੀ ਨਹੀਂ ਬਣੇ ਅਤੇ ਸਦਾ ਹੀ ਸਾਰੇ ਗੁਰਸਿੱਖਾਂ ਨਾਲ ਪਿਆਰ ਸਤਿਕਾਰ ਸਹਿਤ 'ਵਾਹਿਗੁਰੂ ਜੀ ਕੀ ਫ਼ਤਹਿ' ਨਾਲ ਹੀ ਪਰਸਪਰ ਮੇਲ-ਮਿਲਾਪ ਕਰਦੇ ਸਨ।

ਆਪ ਜੀ 9 ਦਸੰਬਰ 1965 ਨੂੰ ਚੰਡੀਗੜ੍ਹ ਹਸਪਤਾਲ ਵਿਚ ਹੀ ਚੜ੍ਹਾਈ ਕਰ ਗਏ। ਜਿਨ੍ਹਾਂ ਨੇ ਆਪ ਜੀ ਦੇ ਦਰਸ਼ਨ ਕੀਤੇ ਹਨ, ਉਹਨਾਂ ਨੂੰ ਯਾਦ ਹੋਵੇਗਾ ਕਿ ਆਪ ਸਦਾ ਹਸੂੰ-ਹਸੂੰ ਕਰਦੇ ਚਿਹਰੇ ਨਾਲ, ਖਿੜੇ ਮੱਥੇ ਸਮਾਗਮਾਂ ਵਿਚ ਦਰਸ਼ਨ ਦਿੰਦੇ ਸਨ। ਇਹਨਾਂ ਦੇ ਇਸ ਨਿਕੇ ਜਿਹੇ ਜੀਵਨ ਬ੍ਰਿਤਾਂਤ ਤੋਂ ਕੁਝ ਕੁ ਗੁਰਮਤਿ ਦੀਆਂ ਗੁਹਜ ਰਮਜ਼ਾਂ ਪ੍ਰਗਟ ਹੁੰਦੀਆਂ ਹਨ, ਜੋ ਇਸ ਤਰ੍ਹਾਂ ਹਨ—

1. ਪਿਛਲੇ ਜਨਮ ਦੀ ਕਮਾਈ ਸਦਕਾ, ਸਿਖੀ ਜੀਵਨ ਪ੍ਰਾਪਤ ਹੁੰਦਾ ਹੈ, ਅੰਮ੍ਰਿਤ ਦੀ ਦਾਤ ਮਿਲਦੀ ਹੈ ਤੇ ਗੁਰਮਤਿ ਨਾਮ ਦੀ ਅਭਿਆਸ ਕਮਾਈ ਹੋ ਆਉਂਦੀ ਹੈ। ਪਰ ਇਹ ਸਭ ਦਾਤਾਂ ਅਕਾਲ ਪੁਰਖ ਦੀ ਕਿਰਪਾ ਨਾਲ ਮਿਲਦੀਆਂ ਹਨ।
2. ਪਿਛਲੇ ਜਨਮ ਦੇ 'ਸਜਨ-ਸੰਤ' ਮਰਨ-ਉਪਰੰਤ ਭੀ ਸਾਥ ਨਹੀਂ ਛਡਦੇ ਤੇ ਸਦਾ ਪ੍ਰੇਰ ਪ੍ਰੇਰ ਕੇ ਚੜ੍ਹਦੀ ਕਲਾ ਵੱਲ ਲੈ ਜਾਂਦੇ ਹਨ—

**ਨਾਨਕ ਕਚੜਿਆ ਸਿਉ ਤੋੜਿ ਢੂਢਿ ਸਜਣ ਸੰਤ ਪਕਿਆ ॥**
**ਓਇ ਜੀਵੰਦੇ ਵਿਛੁੜਹਿ ਓਇ ਮੁਇਆ ਨ ਜਾਹੀ ਛੋੜਿ ॥੧॥**

(ਅੰਗ ੧੧੦੨)

3. ਕਿਸੇ ਪੂਰਨ ਗੁਰਸਿੱਖ ਦੇ ਜੀਵਨ ਤੋਂ 'ਰਿਧ ਸਿਧ ਅਵਰਾ ਸਾਦ'' ਦਾ ਉਪਦੇਸ਼ ਮਿਲਦਾ ਹੈ।
4. ਸਮੁੱਚੇ ਬ੍ਰਿਤਾਂਤ ਤੋਂ ਇਹ ਉਪਦੇਸ਼ ਦ੍ਰਿੜ੍ਹ ਹੁੰਦਾ ਹੈ—ਮਿਲਿਆ ਹੋਇ ਨ ਵੀਛੁੜੈ ਜੇ ਮਿਲਿਆ ਹੋਈ॥

**ਨੋਟ** : ਤੀਜੇ ਸੰਤ ਸਵਾਲਾ ਸਿੰਘ ਜੀ ਹਰਖੋਵਾਲ ਵਾਲੇ ਸਨ, ਜਿਨ੍ਹਾ ਦੇ ਦਰਸ਼ਨ ਆਪ ਨੂੰ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਪਾਸ ਰਹਿੰਦਿਆਂ ਹੋਏ ਸਨ। ਹਰਖੋਵਾਲ ਵਾਲੇ ਸੰਤ ਜਵਾਲਾ ਸਿੰਘ ਜੀ ਭਾਈ ਸਾਹਿਬ ਜੀ ਪਾਸ ਅਕਸਰ ਜਾਇਆ ਕਰਦੇ ਸਨ।

## 2

ਰਾਜਪੁਰਾ ਤੋਂ 7 ਕਿਲੋਮੀਟਰ ਦੂਰ ਪਟਿਆਲਾ ਸੜਕ ਉਤੇ ਭਾਖੜਾ ਨਹਿਰ ਦਾ ਪੁਲ ਹੈ। ਇਸ ਭਾਖੜਾ ਨਹਿਰ ਦੇ ਨਿਰਮਾਣ ਦੇ ਠੇਕੇਦਾਰ ਭਾਈ ਜੁਆਲਾ ਸਿੰਘ ਜੀ ਹੁੰਦੇ ਸਨ, ਜੋ ਮਗਰੋਂ ਇਸ ਜੱਥੇ ਵਿਚ ਸੰਤ ਜੁਆਲਾ ਸਿੰਘ ਕਰਕੇ



www.AKJ.Org

ਪ੍ਰਸਿੱਧ ਹੋਏ ਅਤੇ ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਨਿਕਟਵਰਤੀ ਸੰਗੀ ਸਾਥੀ ਬਣੇ। ਕਿਵੇਂ ਬਣੇ, ਇਹ ਭੀ ਇਕ ਦਿਲਚਸਪ ਵਾਰਤਾ ਹੈ। ਭਾਈ ਸਾਹਿਬ ਰਣਧੀਰ ਸਿੰਘ ਜੀ ਨੇ ਭਾਈ ਜੁਆਲਾ ਸਿੰਘ ਜੀ ਨੂੰ ਸੰਤ ਕਹਿ ਕੇ ਸਨਮਾਨਿਆ, ਹਾਲਾਂਕਿ ਇਸ ਜੱਥੇ ਵਿਚ ਸਿੰਘਾਂ ਨੂੰ ਆਮ ਤੌਰ 'ਤੇ ਸੰਤ ਨਹੀਂ, ਕੇਵਲ ਭਾਈ ਜਾਂ ਭਾਈ ਸਾਹਿਬ ਹੀ ਕਹਿਆ ਜਾਂਦਾ ਰਿਹਾ ਹੈ ਪਰ ਸੰਤ ਜਵਾਲਾ ਸਿੰਘ ਜੀ ਨੂੰ ਪਹਿਲੀ ਮਿਲਣੀ ਵਿਚ ਹੀ ਭਾਈ ਸਾਹਿਬ ਰਣਧੀਰ ਸਿੰਘ ਜੀ ਨੇ ਸੰਤ ਉਪਾਧੀ ਨਾਲ ਸਨਮਾਨਿਆ।

ਇਸ ਨਹਿਰ ਉਤੇ ਉਸਾਰੀ ਕਰਵਾਉਂਦੇ ਭਾਈ ਜੁਆਲਾ ਸਿੰਘ ਜੀ ਨੂੰ ਇਕ ਦਿਨ ਅਚਾਨਕ ਇਕ ਅਣਪਛਾਤਾ ਸਿੱਖ ਸਾਧੂ ਮਿਲਿਆ। ਕੋਲ ਆ ਕੇ ਫ਼ਤਹਿ ਬੁਲਾਈ। ਪੁੱਛਿਆ—

"ਮੈਨੂੰ ਪਛਾਣਿਆ ਜੇ"?

"ਨਹੀਂ। ਆਪ ਜੀ ਕੌਣ ਹੈ, ਕਿਥੋਂ ਆਏ ਹੋ ? ਸਿੱਖ ਸਾਧੂ ਨੇ ਫਿਰ ਦੱਸਿਆ "ਮੇਰਾ ਨਾਮ ਜੁਆਲਾ ਸਿੰਘ ਹੈ। ਮੈਂ ਬੜੀ ਦੂਰੋਂ ਤੁਹਾਨੂੰ ਮਿਲਣ ਲਈ ਉਚੇਚਾ ਆਇਆ ਹਾਂ।"

"ਮੈਨੂੰ ਮਿਲਣ ਲਈ ਆਏ ਹੋ? ਧੰਨ ਭਾਗ, ਆਉ ਘਰ ਚਲੋ। ਪ੍ਰਸ਼ਾਦ-ਪਾਣੀ ਛਕੋ।" ਫਿਰ ਆਪਾਂ ਬਚਨ-ਬਿਲਾਸ ਕਰਾਂਗੇ।

ਠੇਕੇਦਾਰ ਜੁਆਲਾ ਸਿੰਘ ਜੀ ਨੇ ਉੱਤਰ ਦਿੱਤਾ ਅਤੇ ਪੁੱਛਿਆ।

ਦੋਵੇਂ ਘਰ ਨੂੰ ਚਲ ਪਏ। ਘਰ ਪੁੱਜ ਕੇ ਠੇਕੇਦਾਰ ਜੁਆਲਾ ਸਿੰਘ ਨੇ ਉਸ ਸਾਧੂ ਨੂੰ ਪ੍ਰਸ਼ਾਦ ਪਾਣੀ ਛਕਾਇਆ। ਪਰ ਅੰਦਰੋਂ ਹੈਰਾਨ ਹੋ ਰਹੇ ਸੀ ਕਿ ਆਖਰ ਇਹ ਸਾਧੂ ਕੀ ਸੁਨੇਹਾ ਲੈ ਕੇ ਆਇਆ ਹੈ। ਪ੍ਰਸ਼ਾਦ ਛੱਕ ਕੇ ਵੇਹਲੇ ਹੋਣ ਮਗਰੋਂ ਸਿੱਖ ਸਾਧੂ ਨੇ ਇਉਂ ਵਾਰਤਾ ਆਰੰਭ ਕੀਤੀ, ਪਰ ਵੱਖਰੇ ਕਮਰੇ ਵਿਚ ਬੈਠ ਕੇ।

"ਭਾਈ ਜੁਆਲਾ ਸਿੰਘ ਜੀ, ਤੁਸੀਂ ਮੇਰੇ ਪਿਛਲੇ ਜਨਮ ਦੇ ਸਾਥੀ ਹੋ। ਅਸੀਂ ਪਿਛਲੇ ਜਨਮ ਵਿਚ ਤਿੰਨ ਸਾਥੀ ਇਕੱਠੇ ਤਪ ਕਰਦੇ ਹੁੰਦੇ ਸਾਂ। ਹੁਣ ਇਸ ਜਨਮ ਵਿਚ ਕੁਦਰਤ ਵਲੋਂ ਅਸਾਂ ਤਿਨਾਂ ਦਾ ਨਾਮ ਜੁਆਲਾ ਸਿੰਘ ਰਖਿਆ ਗਿਆ ਹੈ।"

"ਤੀਜਾ ਜੁਆਲਾ ਸਿੰਘ ਕੌਣ ਹੈ ?"

ਸਿੱਖ ਸਾਧੂ— "ਤੀਜਾ ਜੁਆਲਾ ਸਿੰਘ ਹਰਖੋਵਾਲ ਵਿਖੇ ਸੰਤ ਹਨ। ਕੀ ਤੁਹਾਨੂੰ ਪਿਛਲਾ ਜਨਮ ਉੱਕਾ ਹੀ ਭੁਲ ਗਿਆ ਹੈ ?"

"ਮੈਨੂੰ ਤਾਂ ਕੁਝ ਵੀ ਯਾਦ ਨਹੀਂ।"

ਸਿੱਖ ਸਾਧੂ—ਮੈਂ ਤੈਨੂੰ ਯਾਦ ਹੀ ਕਰਾਉਣ ਆਇਆ ਹਾਂ। ਤੂੰ ਕਹਿੰਦਾ ਹੁੰਦਾ ਸੀ, ਹੇ ਪ੍ਰਭੂ, ਜੇ ਮੈਨੂੰ ਮਨੁਖਾ ਜਨਮ ਮੁੜ ਕੇ ਮਿਲੇ ਤਾਂ ਇਕ ਸੁਆਸ ਵੀ ਤੇਰੀ ਯਾਦ ਤੋਂ ਬਿਨਾਂ ਬਿਰਥਾ ਨਾ ਗਵਾਵਾਂ। ਅੱਜ ਤੈਨੂੰ ਸਭ ਕੁਝ ਭੁਲਿਆ ਪਿਆ ਹੈ ? ਆਪ ਦਾ ਉਤਰ ਸੀ, "ਹਾਂ"।

ਸਿੱਖ ਸਾਧੂ—ਹੱਛਾ ! ਲੈ ਹੁਣ ਮੌਕਾ ਆਉਣ ਵਾਲਾ ਹੈ। ਅਗਲੇ ਛੇ ਮਹੀਨਿਆਂ ਵਿਚ ਤੇਰੇ ਸਾਰੇ ਪਰਿਵਾਰ ਦਾ ਭੋਗ ਪੈ ਜਾਇਗਾ। ਘਬਰਾਈਂ ਨਾ, ਇਕੋ ਇਕ ਪੁੱਤਰ ਪਹਿਲਾਂ ਤੁਰ ਜਾਇਗਾ। ਫਿਰ ਤੇਰੀ ਪਤਨੀ ਭੀ ਥੋੜੇ ਚਿਰ ਪਿਛੋਂ ਸਾਥ ਛੱਡ ਜਾਏਗੀ। ਅਕਾਲ ਪੁਰਖ ਨੇ ਪਹਿਲਾਂ ਤੈਨੂੰ ਪਰਿਵਾਰ ਦੀਆਂ ਹਰ ਕਿਸਮ ਦੀਆਂ ਜ਼ਿਮੇਵਾਰੀਆਂ ਤੋਂ ਮੁਕਤ ਕਰਨਾ ਹੈ। ਜੇ ਤੂੰ ਉਸ ਦੀ ਰਜ਼ਾ ਵਿਚ ਟਿਕਿਆ ਰਿਹਾ ਅਤੇ ਨਾਮ ਜਪਣ ਵਲ ਉਦਮ ਕਰੇਂਗਾ ਤਾਂ ਤੇਰੀ ਭਗਤੀ ਉਥੋਂ ਹੀ ਅਰੰਭ ਹੋ ਜਾਵੇਗੀ, ਜਿਥੋਂ ਤੈਂ ਪਿਛਲੇ ਜਨਮ ਵਿਚ ਛੱਡੀਂ ਸੀ, ਪਰ ਦੇਖੀਂ। ਜੇ ਡੋਲ ਗਿਆ ਤਾਂ ਲੰਮੀਆਂ ਵਾਟਾਂ ਪੈ ਜਾਣਗੀਆਂ। ਇਹ ਗੇੜ ਕਈ ਜਨਮਾਂ ਦਾ ਭੀ ਹੋ ਸਕਦਾ ਹੈ। ਇਸ ਲਈ—

**ਆਗਾਹਾ ਕੂ ਤ੍ਰਾਘਿ ਪਿਛਾ ਫੇਰਿ ਨ ਮੁਹਡੜਾ ॥**



www.AKJ.Org

**ਨਾਨਕ ਸਿਝਿ ਇਵੇਹਾ ਵਾਰ ਬਹੁੜਿ ਨ ਹੋਵੀ ਜਨਮੜਾ ॥੧॥**

(ਅੰਗ ੧੦੯੬)

"ਮੈਨੂੰ ਹੁਣ ਆਗਿਆ ਦਿਉ। ਮੈਂ ਤਾਂ ਪੂਰਬ ਪ੍ਰੀਤ ਦਾ ਖਿਚਿਆ ਹੋਇਆ ਤੈਨੂੰ ਖਬਰਦਾਰ ਹੀ ਕਰਨ ਆਇਆ ਸਾਂ।"

ਇਹ ਕਹਿ ਕੇ ਸਿਖ-ਸਾਧੂ ਪਤਾ ਨਹੀਂ ਕਿਥੋਂ ਆਇਆ ਸੀ ਤੇ ਕਿਥੇ ਚਲਾ ਗਿਆ। ਉਹ ਸਿੱਖ-ਸਾਧੂ ਮੁੜ ਕੇ ਭਾਈ ਜੁਆਲਾ ਸਿੰਘ ਜੀ ਨੂੰ ਨਹੀਂ ਮਿਲਿਆ। ਭਾਈ ਸਾਹਿਬ ਸਿੱਖ ਸਾਧੂ ਦੀਆਂ ਅਲੌਕਿਕ ਗੱਲਾਂ ਸੁਣ ਸੁਣ ਕੇ ਹੈਰਾਨ ਪ੍ਰੇਸ਼ਾਨ ਹੋ ਰਹੇ ਸਨ। ਮਨ ਵਿਚ ਸੋਚ ਵੀ ਰਹੇ ਸਨ ਕਿ ਜੇ ਨਿਰੰਕਾਰ ਨੇ ਕੋਈ ਭਾਣਾ ਵਰਤਾਅ ਭੀ ਦਿੱਤਾ ਤਾਂ ਉਸ ਸੂਰਤ ਵਿਚ ਮੈਨੂੰ ਕੀ ਕਰਨਾ ਚਾਹੀਦਾ ਹੈ ? ਕੋਈ ਰਾਹ ਅਜੇ ਸੁਝ ਨਹੀਂ ਸੀ ਰਿਹਾ, ਪਰ ਮਨ ਨਾਲ ਇਹ ਦ੍ਰਿੜ੍ਹ ਫੈਸਲਾ ਕਰ ਹੀ ਲਿਆ ਕਿ ਇਸ ਜਨਮ ਨੂੰ ਅਜਾਈਂ ਨਹੀਂ ਜਾਣ ਦੇਣਾ। ਜੋ ਬੀਤ ਗਿਆ ਸੋ ਬੀਤ ਗਿਆ। ਅਗਲੇ ਕੁਝ ਮਹੀਨਿਆਂ ਵਿਚ ਆਪਣੇ ਕੰਮ ਦੇ ਪਸਾਰੇ ਨੂੰ ਭੀ ਘਟਾਇਆ। ਦੋ ਕੁ ਮਹੀਨਿਆਂ ਪਿਛੋਂ ਇਕਲੋਤਾ ਬੇਟਾ ਬੀਮਾਰ ਹੋਇਆ। ਭਾਈ ਸਾਹਿਬ ਨੂੰ ਪੂਰਬ-ਚਿਤਾਵਨੀ ਤਾਂ ਮਿਲ ਹੀ ਚੁਕੀ ਸੀ, ਇਸ ਲਈ ਡੋਲੇ ਨਹੀਂ। ਦਿਨਾਂ ਵਿਚ ਹੀ ਲੜਕਾ ਚੜ੍ਹਾਈ ਕਰ ਗਿਆ। ਆਪ ਅਡੋਲ ਰਹੇ।

ਫਿਰ ਸਿੰਘਣੀ ਦੀ ਵਾਰੀ ਸੀ। ਉਹ ਭੀ ਲੜਕੇ ਦੀ ਮੌਤ ਤੋਂ ਤਿੰਨ ਮਹੀਨਿਆਂ ਪਿਛੋਂ ਚੜ੍ਹਾਈ ਕਰ ਗਈ। ਸਿੱਖ-ਸਾਧੂ ਦੇ ਕਹਿਣ ਅਨੁਸਾਰ ਛੇ ਮਹੀਨਿਆਂ ਦੇ ਵਿਚ ਸਾਰਾ ਪਰਿਵਾਰ ਸਮੇਟਿਆ ਗਿਆ। ਹੁਣ ਭਾਈ ਸਾਹਿਬ ਇਸ ਸੰਸਾਰ-ਯਾਤਰਾ ਵਿਚ ਇਕੱਲੇ ਯਾਤਰੀ ਰਹਿ ਗਏ। ਨਾ ਕੋਈ ਨੂੰਹ ਨਾ ਕੋਈ ਧੀ, ਨਾ ਕੋਈ ਪੋਤਾ ਨਾ ਕੋਈ ਦੋਹਤਾ। ਇਹ ਇਕ ਅਜਿਹਾ ਮੋੜ ਹੈ, ਜਿਸ ਉਤੇ ਖੜੋਤਾ ਮਨੁੱਖ ਬੀਤ ਚੁਕੇ ਸਮੇਂ ਵੱਲ ਪਰਤ ਕੇ ਵੇਖ ਸਕਦਾ ਹੈ, ਅਤੇ ਆਉਣ ਵਾਲੇ ਅਣਦਿਸਦੇ ਸਮੇਂ ਦੀ ਧੁੰਧ ਵਿਚ ਵੇਖਣ ਦਾ ਜਤਨ ਕਰਦਾ ਹੈ। ਜੇ ਭਾਈ ਸਾਹਿਬ ਆਮ ਸੰਸਾਰੀ ਹੁੰਦੇ ਅਤੇ ਉਹਨਾਂ ਨੂੰ ਜੇਕਰ ਸਿੱਖ-ਸਾਧੂ ਦੀ ਪੂਰਬ-ਚਿਤਾਵਨੀ ਨਾ ਮਿਲੀ ਹੁੰਦੀ ਤਾਂ ਹੋ ਸਕਦੈ ਉਹ ਡੋਲ ਜਾਂਦੇ। ਪਰ ਉਹਨਾਂ ਨੂੰ ਆਪਣੇ ਭਵਿਖ ਬਾਰੇ ਫੈਸਲਾ ਕਰਨ ਵਿਚ ਕੋਈ ਔਖ ਨਾ ਰਿਹਾ। ਠੇਕੇਦਾਰੀ ਨੂੰ ਸਮੇਟ ਕੇ, ਕੇਵਲ ਨਾਮ ਸਿਮਰਨ ਵਿਚ ਜੁੱਟ ਜਾਣ ਲਈ ਉਨ੍ਹਾਂ ਨੇ ਮਨ ਬਣਾ ਲਿਆ।

ਕਾਕਾ ਪ੍ਰੇਮ ਸਿੰਘ ਬਹਿਬਲ ਦੇ ਅਨੰਦ ਕਾਰਜ ਵੇਲੇ ਆਪ ਜੀ ਮੈਣ ਦੁਆਬ ਦੇ ਵਡਾਲੀ ਨਗਰ (ਆਲਾ ਸਿੰਘ ਵਾਲੀ) ਦੇ ਜਥੇਦਾਰ ਗੰਗਾ ਸਿੰਘ ਜੀ ਦੀ ਅਗਵਾਈ ਹੇਠ ਜੰਞ ਵਿਚ ਸ਼ਾਮਿਲ ਹੋ ਕੇ ਪਹਿਲੀ ਵਾਰ ਨਾਰੰਗਵਾਲ ਆਏ ਤੇ ਭਾਈ ਸਾਹਿਬ ਜੀ ਨਾਲ ਮਿਲਾਪ ਹੋਇਆ। ਬਜਾਏ ਇਸ ਦੇ ਕਿ ਸਿੰਘ, ਭਾਈ ਸਾਹਿਬ ਨਾਲ ਉਹਨਾਂ ਨੂੰ ਮਿਲਾਉਂਦੇ, ਭਾਈ ਸਾਹਿਬ ਨੇ ਉੱਠ ਕੇ ਗਲਵਕੜੀ ਪਾਈ ਤੇ ਕਿਹਾ 'ਚਿਰ ਦੇ ਵਿਛੜੇ ਸੰਤ ਜੀ, ਜੀ ਆਇਆਂ ਨੂੰ।"

ਨੰਦਪੁਰ ਕਲੌੜ ਦੇ ਬਾਕੀ ਸਿੰਘ ਦੇਖ ਕੇ ਬੜੇ ਹੈਰਾਨ ਹੋਏ। ਭਾਈ ਸਾਹਿਬ ਨੇ ਇਹਨਾਂ ਸਿੰਘਾਂ ਦਾ ਭੀ ਸ਼ੁਕਰੀਆ ਅਦਾ ਕੀਤਾ ਕਿ ਤੁਸਾਂ ਸਾਨੂੰ ਚਿਰਾਂ ਦੇ ਵਿਛੜੇ ਸਾਥੀ ਨੂੰ ਮਿਲਾਇਆ ਹੈ। ਬਸ ਫਿਰ ਕੀ ਸੀ। ਅਨੰਦ ਕਾਰਜ ਸਮਾਗਮ ਦੀ ਸਮਾਪਤੀ ਤੋਂ ਉਪਰੰਤ ਸੰਤ ਜੁਆਲਾ ਸਿੰਘ ਭਾਈ ਸਾਹਿਬ ਪਾਸ ਹੀ ਰਹਿ ਪਏ ਪਰ ਬਾਕੀ ਦੇ ਸਾਰੇ ਸਿੰਘ ਪਿੰਡ ਨੂੰ ਮੁੜ ਗਏ। ਆਪ ਭਾਈ ਸਾਹਿਬ ਦੇ ਅੰਮ੍ਰਿਤ ਵੇਲੇ ਦੇ ਨਿੱਤਨੇਮ-ਮੰਡਲੀ ਦੇ ਮੈਂਬਰ ਬਣ ਗਏ।

ਇਕ ਦਿਨ ਆਪ ਅੰਮ੍ਰਿਤ ਵੇਲੇ ਸੁਖਮਨੀ ਸਾਹਿਬ ਦਾ ਪਾਠ ਕਰ ਰਹੇ ਸਨ, ਜਦੋਂ ਆਪ ਇਸ ਤੁਕ ਦਾ ਪਾਠ ਕਰ ਰਹੇ ਸਨ—

**ਪ੍ਰਗਟੇ ਗੁਪਾਲ ਮਹਾਂਤ ਕੈ ਮਾਥੇ ॥**

(ਅੰਗ ੨੯੫)

ਤਾਂ ਭਾਈ ਸਾਹਿਬ ਵਿਚੋਂ ਬੋਲ ਪਏ, 'ਆਈ ਆ ਮਹੰਤੀ'। ਕਿਸੇ ਨੂੰ ਸਮਝ ਨਾ ਆਈ ਕਿ ਚਲਦੇ ਪਾਠ ਵਿਚ ਭਾਈ ਸਾਹਿਬ ਕੀ ਕਹਿ ਗਏ। ਨਾ ਹੀ ਭਾਈ ਜੁਆਲਾ ਸਿੰਘ ਨੂੰ ਕੋਈ ਪਤਾ ਲੱਗਾ ਕਿ ਭਾਈ ਸਾਹਿਬ ਛੇਤੀ-ਛੇਤੀ



www.AKJ.Org

ਕੀ ਕਹਿ ਗਏ ਹਨ। ਇਸ ਤਰ੍ਹਾਂ ਕਈ ਵਾਰੀ, ਭਾਈ ਸਾਹਿਬ ਬਾਊ ਮੱਲ ਸਿੰਘ ਜੀ ਨੂੰ ਭੀ ਖਾਸ ਸੰਬੋਧਨ ਕਰਕੇ ਸ੍ਰੀ ਅਨੰਦ ਸਾਹਿਬ ਦੀ ਇਕ ਤੁਕ ਦੇ ਪੜ੍ਹੇ ਜਾਣ 'ਤੇ ਕਹਿੰਦੇ ਹੁੰਦੇ ਸਨ, ਬਾਊ ਜੀ, "**ਅੰਦਰਹੁ ਜਿਨ ਕਾ ਮੋਹੁ ਤੁਟਾ।**" ਸੋ ਨਿੱਤਨੇਮ-ਮੰਡਲੀ ਨੂੰ ਭਾਈ ਸਾਹਿਬ ਦੇ ਅੱਜ ਦੇ ਕੀਤੇ ਬਚਨਾਂ ਦੀ ਸਮਝ ਨਹੀਂ ਸੀ ਆਈ। ਦਿਨ ਚੜ੍ਹਨ ਤੇ ਨੰਦਪੁਰ ਕਲੌੜ ਦੀ ਪੰਚਾਇਤ ਭਾਈ ਸਾਹਿਬ ਨੂੰ ਬੇਨਤੀ ਕਰਨ ਆਈ, "ਨੰਦਪੁਰ ਕਲੌੜ ਦੇ ਗੁਰਦੁਆਰੇ ਸਾਹਿਬ ਵਿਖੇ ਜੋ ਪਹਿਲਾਂ ਮਹੰਤ ਸੀ ਉਹ ਚੜ੍ਹਾਈਆਂ ਕਰ ਗਿਆ ਹੈ (ਸੰਤ ਪੰਜਾਬ ਸਿੰਘ)। ਇਸ ਲਈ ਆਪ ਭਾਈ ਜੁਆਲਾ ਸਿੰਘ ਜੀ ਨੂੰ ਇਹ ਸੇਵਾ ਨਿਭਾਉਣ ਲਈ ਆਗਿਆ ਦਿਉ।"

ਭਾਈ ਸਾਹਿਬ ਜੀ ਨੇ ਪਿੰਡ ਦੀ ਸੰਗਤ ਦੀ ਬੇਨਤੀ ਪ੍ਰਵਾਨ ਕਰ ਲਈ ਤੇ ਸੰਤ ਜੁਆਲਾ ਸਿੰਘ ਜੀ ਨੂੰ ਸੰਗਤ ਨੰਦਪੁਰ ਕਲੌੜ ਲੈ ਆਈ। ਭਾਈ ਸਾਹਿਬ ਦੇ ਅੰਮ੍ਰਿਤ ਵੇਲੇ ਨਿਤਨੇਮ ਸਮੇਂ, ਇਸ਼ਾਰੇ-ਮਾਤਰ ਕੀਤੇ ਬਚਨਾਂ ਦੀ ਹੁਣ ਆਪ ਨੂੰ ਸਮਝ ਆਈ। ਆਪ ਫਿਰ ਨੰਦਪੁਰ ਕਲੌੜ ਹੀ ਆ ਟਿਕੇ ਅਤੇ ਅੰਤਮ ਸੁਆਸਾਂ ਤੱਕ ਆਪ ਜੀ ਇਥੇ ਹੀ ਰਹੇ। ਉਹਨਾਂ ਦਾ ਬੜਾ ਹੱਸੂ-ਹੱਸੂ ਕਰਦਾ ਚਿਹਰਾ ਸੀ, ਇਕ ਰੈਣ ਸਬਾਈ ਕੀਰਤਨ ਵਿਚ ਦਾਸ ਦੇ ਨਾਲ ਹੀ ਉਹ ਸੰਗਤ ਵਿਚ ਬੈਠੇ ਹੋਏ ਸਨ। ਮੈਂ ਅਜੇ ਇਸ ਪੰਧ ਦੀ ਬਾਲ ਅਵਸਥਾ ਵਿਚ ਸਾਂ। ਮੈਂ ਇਹ ਵੇਖ ਕੇ ਹੈਰਾਨ ਹੋ ਰਿਹਾ ਸਾਂ ਕਿ ਕੀਰਤਨ ਤਾਂ ਸਭ ਨੂੰ ਇਕ-ਸਾਰ ਸੁਣ ਰਿਹਾ ਹੈ, ਪਰ ਸੰਤ ਜੀ ਕਦੀ ਖਿੜ ਖਿੜਾਕੇ ਹੱਸ ਪੈਂਦੇ ਹਨ, ਕਦੀ ਵੈਰਾਗ ਵਿਚ ਆ ਜਾਂਦੇ ਤੇ ਅੱਖਾਂ ਵਿਚੋਂ ਛਮ-ਛਮ ਨੀਰ ਵਹਿ ਤੁਰਦਾ। ਇਸ ਅਵਸਥਾ ਦਾ ਮੈਨੂੰ ਬਾਅਦ ਵਿਚ ਗੁਰਬਾਣੀ ਵਿਚੋਂ ਹੀ ਪਤਾ ਲਗਾ—

**ਰੰਗਿ ਹਸਹਿ ਰੰਗਿ ਰੋਵਹਿ ਚੁਪ ਭੀ ਕਰਿ ਜਾਹਿ ॥ ਪਰਵਾਹ ਨਾਹੀ ਕਿਸੈ ਕੇਰੀ ਬਾਝੁ ਸਚੇ ਨਾਹ ॥**

(ਅੰਗ ੪੭੩)

ਭਗਤ ਜਨ ਉਸ ਪ੍ਰਭੂ ਦੇ ਰੰਗਾਂ ਵਿਚ ਕਦੀ ਵੈਰਾਗ ਵਿਚ ਆ ਜਾਂਦੇ ਹਨ ਅਤੇ ਬਿਰਹੁੰ ਵਿਚ ਉਨ੍ਹਾਂ ਦੀਆਂ ਅੱਖਾਂ ਤਰੋ ਤਰ ਹੋਈਆਂ ਛਮਾ ਛਮ ਵਹਿ ਤੁਰਦੀਆਂ ਹਨ। ਆਪੇ ਕਦੇ ਖੇੜੇ ਵਿਚ ਆ ਕੇ ਪੁਕਾਰ ਉਠਦੇ ਹਨ—

**ਹਉ ਰਹਿ ਨ ਸਕਾ ਬਿਨੁ ਦੇਖੇ ਪ੍ਰੀਤਮਾ ਮੈ ਨੀਰੁ ਵਹੇ ਵਹਿ ਚਲੈ ਜੀਉ ॥੩॥**

(ਅੰਗ ੯੪)

ਬਸ ਇਉਂ ਅਨੂਠੇ ਰੰਗ ਮਾਣਦੇ, ਪ੍ਰਭੂ ਨਾਲ ਕਲੋਲ ਕਰਦੇ ਇਲਾਹੀ ਰੰਗਾਂ ਵਿਚ ਖੇਡਦੇ ਰਹਿੰਦੇ ਹਨ। ਜਿਨ੍ਹਾਂ ਪੁਰਾਤਨ ਸਿੰਘਾਂ ਨੇ ਸੰਤ ਜੁਆਲਾ ਸਿੰਘ ਜੀ ਦੀ ਰਸਨਾ ਤੋਂ ਸ੍ਰੀ ਅਖੰਡ ਪਾਠ ਸਾਹਿਬ ਸੁਣੇ ਹਨ, ਉਹ ਇਹ ਜਾਣਦੇ ਹਨ ਕਿ ਸੰਤ ਜੁਆਲਾ ਸਿੰਘ ਜੀ ਦੇ ਪਾਠ ਵਿਚ ਇਕ ਅਜੀਬ ਹੀ ਖਿੱਚ ਹੁੰਦੀ ਸੀ, ਬਸ 'ਦੇਖਾ ਹੀ ਪਰਵਾਨ' ਵਾਲੀ ਗੱਲ ਢੁਕਦੀ ਹੈ।

ਇਹ ਸਾਰੀ ਵਾਰਤਾ ਦਾਸ ਨੂੰ ਉਹਨਾਂ ਦੇ ਨਿਕਟ ਮਿਤਰ ਕੈਪਟਨ ਭਾਈ ਸ਼ੇਰ ਸਿੰਘ ਲੁਧਿਆਣਾ ਨਿਵਾਸੀ ਨੇ ਨੂੰ ਹੀ ਦਸੀ ਸੀ। ਸੰਤ ਜੀ ਨੇ ਆਪਣੀ ਜੀਵਨ-ਕਥਾ ਭਾਈ ਸੇਰ ਸਿੰਘ ਜੀ ਨੂੰ ਦਸੀ ਸੀ। ਅੱਜ ਭਾਵੇਂ ਸਾਇੰਸ ਦਾ ਜੁਗ ਹੈ ਅਤੇ ਪੜ੍ਹਿਆ ਲਿਖਿਆ ਹਰ ਪ੍ਰਾਣੀ ਇਹੋ ਜੇਹੀਆਂ ਗਲਾਂ ਉਤੇ ਵਿਸ਼ਵਾਸ ਕਰਨ ਤੋਂ ਸੰਕੋਚਦਾ ਹੈ, ਪਰ ਆਤਮ ਮੰਡਲ ਦੀਆਂ ਖੇਡਾਂ ਸਦਾ ਵਾਪਰਦੀਆਂ ਹਨ, ਕੋਈ ਮੰਨੇ, ਭਾਵੇਂ ਨਾ ਮੰਨੇ। ਸੰਤ ਜਵਾਲਾ ਸਿੰਘ ਜੀ ਹਰਖੋਵਾਲ ਵਾਲਿਆਂ ਦਾ ਜੀਵਨ ਭੀ ਇਕ ਸੱਚੇ-ਸੁੱਚੇ ਸੰਤ ਵਾਲਾ ਸੀ। ਉਹਨਾਂ ਨੇ ਆਪਣੇ ਇਲਾਕੇ ਵਿਚ ਸਿੱਖੀ ਦਾ ਬਹੁਤ ਪ੍ਰਚਾਰ ਕੀਤਾ। ਇਹੋ ਜੇਹੀ ਭਗਤ ਵਿਅਕਤੀਆਂ, ਸਣੇ ਭਾਈ ਸਾਹਿਬ ਰਣਧੀਰ ਸਿੰਘ ਜੀ ਦੇ, ਜਗਤ ਵਿਚ ਗੁਰੂ ਨਾਨਕ ਸਾਹਿਬ ਦੀ ਫੁਲਵਾੜੀ ਵਿਚ ਸੇਵਾ ਕਰਕੇ ਸੁਗੰਧੀ ਖਲੇਰਨ ਲਈ ਪ੍ਰਗਟ ਹੁੰਦੀਆਂ ਹਨ। ਸ਼ਾਇਦ ਐਸੀਆਂ ਵਿਅਕਤੀਆਂ ਵਲ ਸੰਕੇਤ ਇਸ ਗੁਰਵਾਕ ਵਿਚ—

**ਜਨ ਨਾਨਕ ਕਉ ਹਰਿ ਮੇਲਿ ਜਨ ਤਿਨ ਵੇਖਿ ਵੇਖਿ ਹਮ ਜੀਵਾਹਿ ॥੧॥**

(ਅੰਗ ੩੧੦)



www.AKJ.Org

ਅਪ੍ਰੈਲ 1962 ਵਿਚ ਪੰਜ ਸਿੰਘਾਂ ਸੰਤ ਜਵਾਲਾ ਸਿੰਘ ਜੀ, ਕੈਪਟਨ ਸ਼ੇਰ ਸਿੰਘ ਜੀ, ਭਾਈ ਜੁਗਿੰਦਰ ਸਿੰਘ ਬੜੂੰਦੀ, ਮਾਸਟਰ ਦਲੀਪ ਸਿੰਘ ਜੀ ਫੁਲਾਂਵਾਲ, ਅਤੇ ਭਾਈ ਅਮਰੀਕ ਸਿੰਘ ਜੀ, ਧੂਰੀ ਵਿਖੇ ਸਾਡੀ ਬੇਨਤੀ ਤੇ ਇਕ ਸ੍ਰੀ ਅਖੰਡ ਪਾਠ ਕੀਤਾ, ਜੋ ਸਾਡੇ ਲਈ ਇਕ ਯਾਦਗਾਰੀ ਪਾਠ ਸੀ। ਆਪ ਜੀ ਉੱਚ ਆਤਮਿਕ ਅਵਸਥਾ ਦੇ ਮਾਲਕ ਰਹਿਤ ਬਹਿਤ ਦੇ ਪੱਕੇ ਧਾਰਨੀ, ਅਤੇ ਨਾਮ ਬਾਣੀ ਦੇ ਅਭਿਆਸੀ ਹੋਣ ਕਾਰਨ ਅੰਮ੍ਰਿਤ ਸੰਚਾਰ ਸਮਾਗਮਾਂ ਵਿਚ ਪੰਚਾਂ ਦੀ ਸੇਵਾ ਵਿਚ ਵੀ ਸ਼ਾਮਿਲ ਹੁੰਦੇ ਰਹੇ ਹਨ।

*(ਪੁਸਤਕ ਸੇਈ ਪਿਆਰੇ ਮੇਲਿ ਵਿਚੋਂ)*

# ਮਾਸਟਰ ਸੁੰਦਰ ਸਿੰਘ ਜੀ ਜਲੰਧਰ

ਡਾਕਟਰ ਸਰਬਜੋਤ ਕੌਰ ਜੀ ਲੁਧਿਆਣਾ

ਮਾਸਟਰ ਸੁੰਦਰ ਸਿੰਘ ਜੀ ਲੰਬਾ ਸਮਾਂ ਸਕੂਲ ਦੇ ਹੈੱਡਮਾਸਟਰ ਰਹੇ, ਪਰ ਕਦੀ ਵੀ ਕਿਸੇ ਨੇ ਉਨ੍ਹਾਂ ਨੂੰ ਹੈੱਡਮਾਸਟਰ ਜੀ ਕਰਕੇ ਨਹੀਂ ਸੀ ਬੁਲਾਇਆ। ਸਾਰੀ ਜ਼ਿੰਦਗੀ ਉਹ ਮਾਸਟਰ ਜੀ ਹੀ ਰਹੇ। ਸਤਿਕਾਰ ਨਾਲ ਪ੍ਰੀਵਾਰ ਦੇ ਸਾਰੇ ਮੈਂਬਰ ਉਨ੍ਹਾਂ ਨੂੰ ਭਾਈਆ ਜੀ ਕਹਿ ਕੇ ਬੁਲਾਇਆ ਕਰਦੇ ਸਨ। ਗਲੀ ਗੁਆਂਢ ਦੇ ਬੱਚੇ ਤੋਂ ਲੈ ਕੇ ਬਜ਼ੁਰਗ ਤਕ ਦੇ ਉਹ ਭਾਈਆ ਜੀ ਸਨ। ਚਿੱਟੇ ਰੰਗ ਦਾ ਕੁੜਤਾ, ਚਿੱਟੀ ਚੂੜੀਦਾਰ ਪਜਾਮੀ ਤੇ ਚਿੱਟੇ, ਕਾਲੇ ਜਾਂ ਨੀਲੇ ਰੰਗ ਦੀ ਪਗੜੀ ਪਹਿਨੀ, ਮੱਧਰੇ ਕੱਦ ਤੇ ਕਣਕ ਵੰਨੇ ਰੰਗ ਵਾਲੇ ਭਾਈਆ ਜੀ, ਜਦੋਂ ਵੀ ਗਲੀ ਵਿਚੋਂ ਲੰਘਦੇ ਤਾਂ ਉਨ੍ਹਾਂ ਦੀ ਦੈਵੀ ਸ਼ਖ਼ਸੀਅਤ ਦਾ ਅਨੂਠਾ ਪ੍ਰਭਾਵ ਪੈਂਦਾ ਸੀ।

ਭਾਈਆ ਜੀ ਦਾ ਜਨਮ ਬਾਬਾ ਨਿਹਾਲ ਸਿੰਘ ਜੀ ਦੇ ਘਰ 1897 ਈਸਵੀ ਵਿਚ ਪਿੰਡ ਸਯੱਦ ਵਾਲਾ ਜ਼ਿਲ੍ਹਾ ਸ਼ੇਖੂਪੁਰਾ ਪਾਕਿਸਤਾਨ ਵਿਚ ਹੋਇਆ। ਆਪ ਦੇ ਪਿਤਾ ਜੀ ਡਾਕ ਮਹਿਕਮੇ ਵਿਚ ਪੋਸਟਮੈਨ ਦੀ ਨੌਕਰੀ ਕਰਦੇ ਸਨ, ਆਪ ਜੀ ਨੇ ਬਚਪਨ ਵਿਚ ਹੀ ਸਕੂਲ ਪੜ੍ਹਦੇ ਸਮੇਂ ਅੰਮ੍ਰਿਤ ਪਾਨ ਕਰ ਲਿਆ ਸੀ ਕਿਉਂਕਿ ਉਦੋਂ ਸਕੂਲਾਂ ਜਾਂ ਕਾਲਜਾਂ ਵਿਚ ਪੜ੍ਹਦੇ ਬੱਚੇ ਅੱਜ ਕਲ ਵਾਂਗ ਬੇ ਅੰਮ੍ਰਿਤੀਏ ਨਹੀਂ ਹੁੰਦੇ ਸਨ।

ਭਾਈਆ ਜੀ ਨੇ ਅੱਠਵੀਂ ਪਾਸ ਕਰਕੇ SVT (Senior Vernacular Training) ਦਾ ਕੋਰਸ ਕੀਤਾ ਤੇ 1920 ਵਿਚ ਜੜ੍ਹਾਂਵਾਲੇ ਦੇ ਗੌਰਮਿੰਟ ਸਕੂਲ ਵਿੱਚ ਅਧਿਆਪਕ ਲੱਗ ਗਏ। ਫਿਰ ਆਪ ਨੂੰ ਤਰੱਕੀ ਦੇ ਕੇ ਚੱਕ ਨੰਬਰ 24 ਦੇ ਸਕੂਲ ਵਿੱਚ ਭੇਜਿਆ ਗਿਆ। ਇਸ ਇਲਾਕੇ ਵਿੱਚ ਆਪ ਬਿਲਕੁਲ ਨਵੇਂ ਸਨ, ਇਸ ਲਈ ਸ਼ੁਰੂ ਸ਼ੁਰੂ ਵਿੱਚ ਇੱਥੋਂ ਦੇ ਲੋਕਾਂ ਨੇ ਆਪ ਨੂੰ ਜੀ ਆਇਆਂ ਨਾ ਕਿਹਾ। ਪਿੰਡ ਦੀ ਪੰਚਾਇਤ ਨੇ ਆਪ ਦੀ ਸਿੱਖ ਰਹਿਤ ਬਹਿਤ ਵੇਖ ਕੇ ਡਿਸਟ੍ਰਿਕਟ ਬੋਰਡ ਦੇ ਅਫਸਰਾਂ ਨੂੰ ਜਾ ਸ਼ਿਕਾਇਤ ਕੀਤੀ ਕਿ ਸਾਡੇ ਪਿੰਡ ਸਿੱਖ (ਸਿੰਘ ਸਭੀਆ) ਕਿਉਂ ਭੇਜ ਦਿੱਤੈ? ਉਸ ਵੇਲੇ ਸਾਧ, ਮਹੰਤ, ਨਿਰਮਲੇ, ਉਦਾਸੀ ਇਹ ਰੌਲਾ ਪਾਉਂਦੇ ਸਨ ਕਿ ਸਿੰਘ ਸਭਾ ਵਾਲੇ ਅੰਮ੍ਰਿਤ ਛਕਾ ਕੇ ਨੀਵੀਆਂ ਜਾਤਾਂ ਵਾਲਿਆਂ ਨੂੰ ਪੰਥ ਵਿਚ ਰਲਾ ਰਹੇ ਹਨ। ਸਿੰਘ ਸਭਾ ਦੀ ਸੁਧਾਰ ਲਹਿਰ ਨੂੰ ਇਨ੍ਹਾਂ ਸਾਧਾਂ ਮਹੰਤਾਂ ਦੇ ਅਸਰ ਕਰਕੇ ਪਿੰਡਾਂ ਦੇ ਲੋਕ ਚੰਗਾ ਨਹੀਂ ਸੀ ਸਮਝਦੇ। ਪਰ ਹੌਲੀ-ਹੌਲੀ ਸਕੂਲ ਦੀ ਸਾਂਭ ਸੰਭਾਲ ਅਤੇ ਵਿਦਿਆਰਥੀਆਂ ਦੀ ਭਲਾਈ ਲਈ ਕੀਤੇ ਕੰਮਾਂ ਨੂੰ ਦੇਖ ਕੇ, ਉਸ ਪਿੰਡ ਦੇ ਲੋਕਾਂ ਨੇ ਦੇਸ਼ ਦੀ ਵੰਡ ਹੋਣ ਤਾਈਂ ਉਨ੍ਹਾਂ ਨੂੰ ਉਥੋਂ ਤਬਦੀਲੀ ਨਾ ਕਰਾਉਣ ਦਿੱਤੀ। ਜੜ੍ਹਾਂਵਾਲੇ ਤੋਂ 24 ਨੰਬਰ ਚੱਕ ਕੁਝ ਮੀਲਾਂ ਦੀ ਵਿੱਥ ਤੇ ਸੀ ਅਤੇ ਭਾਈਆ ਜੀ ਹਰ ਰੋਜ਼ ਆਪਣੇ ਪਿੰਡ ਤੋਂ ਸਾਈਕਲ ਉੱਤੇ ਸਕੂਲ ਜਾਇਆ ਕਰਦੇ ਸਨ। ਸਰਦੀਆਂ ਵਿੱਚ ਦਿਨ ਛੋਟੇ ਹੋਣ ਕਰਕੇ ਹਰ ਰੋਜ਼ ਆਉਣਾ ਜਾਣਾ ਮੁਸ਼ਕਲ ਹੁੰਦਾ ਸੀ। ਇਸ ਲਈ ਉਨ੍ਹਾਂ ਦਿਨਾਂ ਵਿੱਚ ਭਾਈਆ ਜੀ ਉੱਥੇ ਹੀ ਰਹਿੰਦੇ ਸਨ। ਉੱਥੇ ਰਹਿੰਦਿਆਂ ਉਹ



www.AKJ.Org

ਵਿਦਿਆਰਥੀਆਂ ਨੂੰ ਘਰ ਬੁਲਾ ਕੇ ਵੀ ਪੜ੍ਹਾਇਆ ਕਰਦੇ ਸਨ। ਜਿਨ੍ਹਾਂ ਮਾਪਿਆਂ ਦੇ ਬੱਚੇ ਉਨ੍ਹਾਂ ਦੇ ਆਖੇ ਵਿੱਚ ਨਾ ਹੁੰਦੇ, ਉਹ ਇਮਤਿਹਾਨਾਂ ਦੇ ਦਿਨਾਂ ਵਿੱਚ ਆਪਣੇ ਬੱਚਿਆਂ ਨੂੰ ਭਾਈਆ ਜੀ ਕੋਲ ਹੀ ਛੱਡ ਦੇਂਦੇ। ਭਾਈਆ ਜੀ ਜਦੋਂ ਆਪ ਅੰਮ੍ਰਿਤ ਵੇਲੇ ਉਠਦੇ ਤਾਂ ਬੱਚਿਆਂ ਨੂੰ ਵੀ ਨਾਲ ਹੀ ਉਠਾ ਕੇ ਪੜ੍ਹਨ ਲਈ ਬਿਠਾ ਦੇਂਦੇ।

ਸੰਨ 1947 ਦੀ ਵੰਡ ਤੋਂ ਬਾਅਦ ਆਪ ਸਰਾਜ ਗੰਜ, ਜਲੰਧਰ ਵਿੱਚ ਆ ਕੇ ਵੱਸ ਗਏ। ਇੱਥੇ ਆਪ ਨੇ ਮਿੰਟਗੁਮਰੀ ਕਾਲਜ ਦੇ ਮੁੰਡਿਆਂ ਦੇ ਹੋਸਟਲ ਦੇ ਵਾਰਡਨ ਵਜੋਂ ਡਿਊਟੀ ਨਿਭਾਈ। ਮਿੰਟਗੁਮਰੀ ਮੈਨੇਜਮੈਂਟ ਦੇ ਪ੍ਰਬੰਧ ਅਧੀਨ ਕਈ ਸਕੂਲ ਵੀ ਚਲਦੇ ਸਨ। ਇਨ੍ਹਾਂ ਸਾਰੇ ਸਕੂਲਾਂ ਦੀ ਦੇਖ ਰੇਖ ਦੀ ਜ਼ਿੰਮੇਵਾਰੀ ਵੀ ਆਪ ਨੂੰ ਹੀ ਸੌਂਪੀ ਗਈ। ਆਪ ਇਕ ਕੁਸ਼ਲ ਪ੍ਰਬੰਧਕ ਅਤੇ ਸੁਯੋਗ ਅਧਿਆਪਕ ਸਨ। ਪੰਜਾਬੀ, ਉਰਦੂ ਅਤੇ ਗਣਿਤ ਵਿੱਚ ਆਪ ਨੂੰ ਵਿਸ਼ੇਸ਼ ਮੁਹਾਰਤ ਹਾਸਲ ਸੀ।

ਭਾਈਆ ਜੀ ਦੋ ਭੈਣਾਂ ਦੇ ਇਕੋ ਇਕ ਭਰਾ ਸਨ। ਉਨ੍ਹਾਂ ਦੀ ਵੱਡੀ ਭੈਣ ਲੱਛਮੀ ਸੱਯਦਵਾਲੇ ਵਿਆਹੀ ਹੋਈ ਸੀ। ਉਸ ਦੇ ਵਿਆਹ ਸੰਬੰਧੀ ਵਿਸ਼ੇਸ਼ ਜ਼ਿਕਰਯੋਗ ਹੈ ਕਿ ਉਹ ਵਿਆਹ ਪੂਰਨ ਗੁਰ ਮਰਯਾਦਾ ਅਨੁਸਾਰ ਹੋਇਆ। ਉਸ ਪਿੰਡ ਵਿੱਚ ਸਿੰਘ ਸਭਾ ਲਹਿਰ ਦੇ ਆਦਰਸ਼ਾਂ ਦੀ ਪਾਲਣਾ ਕਰਨ ਵਾਲਾ ਇਹ ਪਹਿਲਾਂ ਪਰਿਵਾਰ ਸੀ। ਸਾਰਾ ਪਿੰਡ ਵਿਆਹ ਦੇਖਣ ਲਈ ਆਇਆ। ਇਨ੍ਹਾਂ ਦੇ ਭੈਣ ਦੇ ਪਤੀ ਜੀ ਕਾਨੂੰਗੋ ਸਨ। ਉਸ ਦਾ ਸਹੁਰਾ ਤੇ ਸੱਸ ਆਪਣੀ ਨਵੀਂ ਨੂੰਹ ਨਾਲ ਬੜੀ ਸਖਤੀ ਨਾਲ ਪੇਸ਼ ਆਉਂਦੇ ਅਤੇ ਚੰਗਾ ਵਿਵਹਾਰ ਨਹੀਂ ਸੀ ਕਰਦੇ। ਇਕ ਵਾਰ ਆਪ ਦੀ ਭੈਣ ਸਖ਼ਤ ਬੀਮਾਰ ਹੋ ਗਈ। ਭਾਈਆ ਜੀ ਉਨ੍ਹਾਂ ਨੂੰ ਆਪਣੇ ਕੋਲ ਲੈ ਆਏ ਤੇ ਸਾਰੇ ਪਰਿਵਾਰ ਨੇ ਉਨ੍ਹਾਂ ਦੀ ਰੱਜ ਕੇ ਸੇਵਾ ਕੀਤੀ। ਭਾਈਆ ਜੀ ਦੇ ਉੱਚ ਜੀਵਨ ਤੇ ਸੇਵਾ ਭਾਵਨਾ ਤੋਂ ਇਨ੍ਹਾਂ ਦੇ ਭਣਵਈਆ ਜੀ ਦਾ ਸਾਰਾ ਪਰਿਵਾਰ ਇਤਨਾ ਜ਼ਿਆਦਾ ਪ੍ਰਭਾਵਿਤ ਹੋਇਆ ਕਿ ਫਿਰ ਉਨ੍ਹਾਂ ਨੇ ਆਪਣੀ ਨੂੰਹ ਨਾਲ ਮਾੜਾ ਵਿਵਹਾਰ ਛੱਡ ਕੇ ਉਸ ਨੂੰ ਫੁੱਲਾਂ ਵਾਂਗ ਰੱਖਣਾ ਸ਼ੁਰੂ ਕਰ ਦਿੱਤਾ। ਭਰਾ ਦੀ ਨਿਸ਼ਕਾਮ ਸੇਵਾ ਨੇ ਭੈਣ ਦੀ ਜ਼ਿੰਦਗੀ ਦੇ ਨਰਕ ਨੂੰ ਸਵਰਗ ਵਿੱਚ ਬਦਲ ਦਿੱਤਾ।

ਆਪ ਜੀ ਦੀ ਭੈਣ ਲੱਛਮੀ ਨੇ ਗੁਰਦੁਆਰੇ ਵੀ ਜਾਣਾ, ਸੇਵਾ ਵੀ ਕਰਨੀ, ਪਾਠ ਵੀ ਕਰਨਾ, ਪਰ ਅੰਮ੍ਰਿਤ ਛਕਣ ਲਈ ਉਹ ਕਦੇ ਤਿਆਰ ਨਹੀਂ ਸੀ ਹੁੰਦੀ। ਭਾਈਆ ਜੀ ਨੇ ਉਨ੍ਹਾਂ ਨੂੰ ਬਹੁਤ ਪ੍ਰੇਰਨਾ ਦੇਣੀ ਪਰ ਉਹ ਹਮੇਸ਼ਾ ਟਾਲ ਜਾਂਦੇ। ਇਕ ਦਿਨ ਉਹ ਅਚਾਨਕ ਆਏ ਤੇ ਭਾਈਆ ਜੀ ਨੂੰ ਕਹਿਣ ਲੱਗੇ-ਭਰਾ, ਮੈਂ ਅੰਮ੍ਰਿਤ ਛਕਣੈ। ਭਾਈਆ ਜੀ ਬੜੇ ਹੈਰਾਨ ਕਿ ਭੈਣ ਨੂੰ ਕੀ ਹੋ ਗਿਆ। ਅੱਗੇ ਤਾਂ ਮੈਂ ਕਹਿੰਦਾ ਸਾਂ ਅੰਮ੍ਰਿਤ ਛੱਕ ਤੇ ਇਹ ਮੰਨਦੀ ਨਹੀਂ ਸੀ। ਅੱਜ ਆਪੇ ਕਹਿ ਰਹੀ ਹੈ। ਪੁੱਛਣ ਤੇ ਉਸ ਨੇ ਇਕ ਅਨੋਖੇ ਤਜ਼ਰਬੇ ਜਾਂ ਕਹਿ ਲਓ ਸੁਪਨੇ ਦਾ ਜ਼ਿਕਰ ਕੀਤਾ। ਉਹ ਉਨ੍ਹਾਂ ਦਿਨਾਂ ਵਿੱਚ ਨਕੋਦਰ ਰਹਿੰਦੇ ਸਨ। ਰੋਜ਼ਾਨਾ ਵਾਂਗ ਉਹ ਗੁਰਦੁਆਰੇ ਗਏ। ਅੱਖਾਂ ਮੀਟੀ ਬੈਠੇ ਸਨ ਕਿ ਉਨ੍ਹਾਂ ਨੂੰ ਘੋੜੇ ਦੀਆਂ ਟਾਪਾਂ ਦੀ ਆਵਾਜ਼ ਆਈ। ਇੰਜ ਪ੍ਰਤੀਤ ਹੋਇਆ ਜਿਵੇਂ ਗੁਰੂ ਗੋਬਿੰਦ ਸਿੰਘ ਜੀ ਆਏ ਹੋਣ। ਉੱਥੇ ਬੈਠੇ ਬੈਠੇ ਹੀ ਜਿਵੇਂ ਉਹ ਬਾਹਰ ਪਹੁੰਚ ਗਏ ਹੋਣ। ਜਦੋਂ ਉਹ ਗੁਰੂ ਜੀ ਦੇ ਚਰਨ ਛੂਹਣ ਲੱਗੇ ਤਾਂ ਗੁਰੂ ਜੀ ਨੇ ਇਹ ਕਹਿ ਕੇ ਕਿ ਤੂੰ ਅੰਮ੍ਰਿਤ ਨਹੀਂ ਛੱਕਿਆ, ਉਨ੍ਹਾਂ ਨੂੰ ਆਪਣੇ ਪੈਰਾਂ ਨੂੰ ਹੱਥ ਨਾ ਲਾਉਣ ਦਿੱਤਾ। ਇਸ ਆਤਮਿਕ ਅਨੁਭਵ ਤੋਂ ਬਾਅਦ, ਆਪ ਦੇ ਭੈਣ ਜੀ ਨੂੰ ਅੰਮ੍ਰਿਤ ਛਕਣ ਦੀ ਕਾਹਲ ਪੈ ਗਈ ਤੇ ਛੇਤੀ ਹੀ ਉਹ ਗੁਰੂ ਵਾਲੇ ਬਣ ਗਏ।

ਦੂਜੀ ਭੈਣ ਕ੍ਰਿਸ਼ਨ ਕੌਰ ਪਿੰਡ ਪੱਤੋ ਕੀ (ਕਸੂਰ ਨੇੜੇ) ਪਾਕਿਸਤਾਨ ਵਿਖੇ ਸ. ਸੁੰਦਰ ਸਿੰਘ ਜੀ ਨਾਲ ਵਿਆਹੀ ਹੋਈ ਸੀ। ਸ. ਸੁੰਦਰ ਸਿੰਘ ਜੀ ਨੇ ਇਕ ਗੁਰਦੁਆਰਾ ਸਥਾਪਤ ਕੀਤਾ ਹੋਇਆ ਸੀ ਜਿਹੜਾ ਉਨ੍ਹਾਂ ਦੀ ਰੋਜ਼ੀ ਰੋਟੀ ਦਾ ਇਕੋ ਇਕ ਵਸੀਲਾ ਸੀ। ਗੁਰਦੁਆਰੇ ਦੀ ਸੇਵਾ ਸੰਭਾਲ ਉਹ ਇਕ ਸੱਚੇ ਸ਼ਰਧਾਲੂ ਵਾਂਗ ਕਰਦੇ ਸਨ। ਦੀਵਾਨ ਅਸਥਾਨ ਤੋਂ ਇਲਾਵਾ ਉਨ੍ਹਾਂ ਨੇ ਗੁਰਦੁਆਰੇ ਦੀ ਬਿਲਡਿੰਗ ਵਿਚ ਦੋ ਬਰਾਂਡੇ ਵੀ ਬਣਾਏ ਹੋਏ ਸਨ। ਇਕ ਆਏ ਗਏ



www.AKJ.Org

ਮੁਸਾਫਰਾਂ ਲਈ ਤੇ ਦੂਜਾ ਉਨ੍ਹਾਂ ਦੇ ਪਾਲਤੂ ਜਾਨਵਰਾਂ ਲਈ। ਉਨ੍ਹਾਂ ਦਿਨਾਂ ਵਿਚ ਸਫ਼ਰ ਦਾ ਸਾਧਨ ਘੋੜੇ, ਊਠ ਆਦਿ ਹੀ ਹੁੰਦੇ ਸਨ ਤੇ ਜੇ ਸਿਰਫ਼ ਸਮਾਨ ਹੀ ਲਿਜਾਉਣਾ ਹੁੰਦਾ ਤਾਂ ਖੋਤਿਆਂ ਉੱਤੇ ਲੱਦਿਆ ਜਾਂਦਾ ਸੀ। ਜਦੋਂ ਕਦੇ ਵਪਾਰੀਆਂ ਨੂੰ ਮਾਲ ਵੇਚ ਕੇ ਵਾਪਸ ਆਉਂਦਿਆਂ ਦੇਰ ਹੋ ਜਾਂਦੀ ਤਾਂ ਉਹ ਰਸਤੇ ਵਿੱਚ ਸ. ਸੁੰਦਰ ਸਿੰਘ ਜੀ ਦੇ ਗੁਰਦੁਆਰੇ ਰਾਤ ਕੱਟਦੇ। ਰਾਤ ਨੂੰ ਪਸ਼ੂਆਂ ਨੇ ਬਰਾਂਡੇ ਵਿੱਚ ਗੰਦ ਪਾ ਦੇਣਾ। ਸ. ਸੁੰਦਰ ਸਿੰਘ ਜੀ ਨੇ ਸਵੇਰੇ ਸੰਗਤਾਂ ਦੇ ਆਉਣ ਤੋਂ ਪਹਿਲਾਂ-ਪਹਿਲਾਂ ਸਾਰਾ ਬਰਾਂਡਾ ਆਪ ਸਾਫ਼ ਕਰ ਦੇਣਾ। ਪਸ਼ੂਆਂ ਦੇ ਮਾਲਕਾਂ ਨੂੰ ਇਸ ਕੰਮ ਲਈ ਉਹ ਕਦੇ ਨਹੀਂ ਸੀ ਉਠਾਉਂਦੇ। ਇਲਾਕੇ ਦੇ ਸਾਰੇ ਲੋਕ, ਉਨ੍ਹਾਂ ਨੂੰ ਸੰਤ ਸੁੰਦਰ ਸਿੰਘ ਬੁਲਾਇਆ ਕਰਦੇ ਸਨ।

ਜਵਾਨੀ ਦੀ ਉਮਰ ਵਿੱਚ ਹੀ ਸਹੁਰੇ ਘਰ ਜਾਂਦਿਆਂ ਰਸਤੇ ਵਿੱਚ ਪੈਂਦੇ ਰਾਵੀ ਦਰਿਆ ਦੀਆਂ ਲਹਿਰਾਂ ਦੇ ਤੇਜ਼ ਵਹਾ ਅੱਗੇ ਉਹ ਟਿਕ ਨਾ ਸਕੇ ਤੇ ਇਸ ਸੰਸਾਰ ਨੂੰ ਅਲਵਿਦਾ ਕਹਿ ਗਏ। ਭਾਈਆ ਜੀ ਦੀ ਭੈਣ ਉਦੋਂ ਅਜੇ ਜਵਾਨੀ ਦੀ ਉਮਰ ਵਿੱਚ ਹੀ ਸੀ, ਬੱਚੇ ਵੀ ਅਜੇ ਛੋਟੇ ਹੀ ਸਨ। ਸੋ ਆਪ ਦੇ ਪਿਤਾ ਜੀ ਉਨ੍ਹਾਂ ਕੋਲ ਚਲੇ ਗਏ। 1947 ਦੀ ਵੰਡ ਤੋਂ ਬਾਅਦ ਭਾਈਆ ਜੀ ਆਪਣੀ ਵਿਧਵਾ ਭੈਣ ਨੂੰ ਜਲੰਧਰ ਵਿਖੇ ਆਪਣੇ ਨਾਲ ਦੇ ਘਰ ਵਿੱਚ ਲੈ ਆਏ। ਭੈਣ ਦੇ ਬੱਚੇ ਬਹੁਤਾ ਸਮਾਂ ਨਾਨਕੇ ਘਰ ਹੀ ਰਹਿੰਦੇ ਤੇ ਭਾਈਆ ਜੀ ਹਮੇਸ਼ਾ ਉਨ੍ਹਾਂ ਨੂੰ ਪਿਤਾ ਵਾਲਾ ਪਿਆਰ ਦੇਂਦੇ।

ਸ਼ਾਦੀ ਯੋਗ ਉਮਰ ਹੋਣ ਤੇ ਮਾਪਿਆਂ ਨੇ ਭਾਈਆ ਜੀ ਲਈ ਲੜਕੀ ਦੀ ਭਾਲ ਕਰਨੀ ਸ਼ੁਰੂ ਕਰ ਦਿੱਤੀ। ਭਾਈਆ ਜੀ ਦੀ ਛੋਟੀ ਭੈਣ, ਸੰਤ ਸੁੰਦਰ ਸਿੰਘ ਪੱਤੋ ਕੀ ਦੀ ਪਤਨੀ, ਕ੍ਰਿਸ਼ਨ ਕੌਰ ਨੇ ਆਪਣੇ ਜੇਠ ਦੀ ਸੋਹਣੀ, ਸੁਨੱਖੀ, ਸੁਘੜ ਤੇ ਗੁਰਮੁਖ ਧੀ ਭਗਵਾਨ ਕੌਰ ਦਾ ਰਿਸ਼ਤਾ ਲਿਆਂਦਾ। ਭਗਵਾਨ ਕੌਰ ਦਾ ਰੰਗ ਸਾਫ਼, ਕੱਦ ਕਾਠ ਲੰਮਾ ਤੇ ਜੁੱਸਾ ਚੰਗਾ ਤਕੜਾ ਸੀ। ਜਲਦੀ ਹੀ ਦੋਨੋਂ ਵਿਆਹ ਦੇ ਬੰਧਨ ਵਿੱਚ ਬੱਝ ਗਏ। ਭਾਈਆ ਜੀ ਕੱਦ ਵਿੱਚ ਮੱਧਰੇ ਸਨ। ਨਵੀਂ ਵਿਆਹੀ ਕੁੜੀ ਨੂੰ ਦੇਖਣ ਆਈਆਂ ਔਰਤਾਂ ਆਪ ਜੀ ਦੇ ਮਾਤਾ ਜੀ ਨੂੰ ਕਹਿੰਦੀਆਂ, 'ਅੰਮਾਂ, ਮਾਝੇ ਦੀ ਲੰਮੀ ਉੱਚੀ ਕੁੜੀ ਲੈ ਆਈਂ ਏਂ। ਹੁਣ ਪਤਾ ਚਲੂ।' ਪਰ ਭਗਵਾਨ ਕੌਰ ਨੇ ਆਉਂਦਿਆਂ ਹੀ ਸਭ ਦਾ ਦਿਲ ਜਿੱਤ ਲਿਆ। ਘਰ ਦੀ ਸਾਰੀ ਜ਼ਿੰਮੇਵਾਰੀ ਆਪਣੇ ਮੋਢਿਆਂ ਤੇ ਚੁੱਕ ਲਈ। ਲੰਮਾ ਚੌੜਾ ਲਾਣਾ ਸੀ। ਘਰ ਦੇ ਮੈਂਬਰ ਭਾਵੇਂ ਥੋੜ੍ਹੇ ਸਨ ਪਰ ਰਿਸ਼ਤੇਦਾਰਾਂ ਦੀ ਆਵਾਜ਼ਾਈ ਹਮੇਸ਼ਾਂ ਹੀ ਲੱਗੀ ਰਹਿੰਦੀ ਸੀ। ਭਗਵਾਨ ਕੌਰ ਜੀ ਨੂੰ ਰਸੋਈ ਦੇ ਕੰਮਾਂ ਤੋਂ ਹੀ ਵਿਹਲ ਨਾ ਮਿਲਦੀ। ਹੌਲੀ ਹੌਲੀ ਆਪਣਾ ਪਰਿਵਾਰ ਵੀ ਵੱਧ ਗਿਆ ਸੀ। ਉਨ੍ਹਾਂ ਨੂੰ ਹਮੇਸ਼ਾਂ ਰਸੋਈ ਵਿੱਚ ਹੀ ਦੇਖਿਆ ਜਾਂਦਾ ਸੀ। ਉਨ੍ਹਾਂ ਨੇ ਚੁੱਪ ਚਾਪ ਕੰਮ ਲੱਗੇ ਰਹਿਣਾ। ਘਰ ਦੇ ਕਿਸੇ ਮਸਲੇ ਵਿੱਚ ਉਹ ਕਦੀ ਦਖ਼ਲ ਨਹੀਂ ਸੀ ਦੇਂਦੇ।

ਆਪ ਜੀ ਦੀ ਸਿੰਘਣੀ ਦਾ ਸੰਬੰਧ ਇਕ ਗੁਰਮੁਖ ਪਰਿਵਾਰ ਨਾਲ ਸੀ। ਉਨ੍ਹਾਂ ਦਾ ਸਾਰਾ ਪਰਿਵਾਰ ਵੀ ਗੁਰੂ ਦੀ ਭੈ ਭਾਵਨੀ ਵਿੱਚ ਵਿਚਰਨ ਵਾਲਾ ਸੀ। ਭਾਈਆ ਜੀ ਆਪ ਜੀ ਬਹੁਤ ਉੱਚੀ ਆਤਮਿਕ ਅਵਸਥਾ ਵਾਲੇ ਸਨ। ਉਹ ਹਰ ਰੋਜ਼ ਸਵੇਰੇ ਇਕ ਵਜੇ ਤੋਂ ਪਹਿਲਾਂ ਉੱਠ ਪੈਂਦੇ। ਕਈ ਘੰਟੇ ਸਮਾਧੀ ਅਸਥਿਤ ਰਹਿੰਦੇ। ਕਿੰਨੇ ਘੰਟੇ ਸਿਮਰਨ ਕਰਦੇ ਸਨ ਤੇ ਕਿੰਨੇ ਘੰਟੇ ਪਾਠ-ਕਿਸੇ ਨੂੰ ਕੁਝ ਪਤਾ ਨਹੀਂ ਸੀ। ਅਸੀਂ ਕਈ ਵਾਰ ਪੁੱਛਣਾ, 'ਭਾਈਆ ਜੀ, ਅਸੀਂ ਤਾਂ ਅੱਧੇ ਪੌਣੇ ਘੰਟੇ ਵਿੱਚ ਨਿਤਨੇਮ ਕਰ ਲੈਂਦੇ ਹਾਂ, ਤੁਸੀਂ ਇਤਨੀ ਦੇਰ ਕੀ ਕਰਦੇ ਹੋ?' ਪਰ ਭਾਈਆ ਜੀ ਨੇ ਚੁੱਪ ਹੀ ਰਹਿਣਾ। ਇਕ ਵਾਰ ਉਨ੍ਹਾਂ ਦੇ ਮੂੰਹੋਂ ਨਿਕਲ ਗਿਆ, 'ਮੇਰਾ ਤਾਂ ਨਿਤਨੇਮ ਹੀ ਕਈ ਕਈ ਘੰਟੇ ਨਹੀਂ ਮੁੱਕਦਾ।' ਅਸੀਂ ਹੈਰਾਨ ਹੋ ਕੇ ਪੁੱਛਿਆ, 'ਉਹ ਕਿਵੇਂ?' ਤਾਂ ਕਹਿਣ ਲੱਗੇ, 'ਮੈਂ ਨਿਤਨੇਮ ਇੰਜ ਕਰਦਾ ਹਾਂ ਜਿਵੇਂ ਗੁਰੂ ਜੀ ਮੇਰੇ ਸਾਹਮਣੇ ਬੈਠੇ ਹੋਣ ਤੇ ਮੈਂ ਉਨ੍ਹਾਂ ਨੂੰ ਪਾਠ ਸੁਣਾ ਰਿਹਾ ਹੋਵਾਂ। ਜਦੋਂ ਕਦੇ ਧਿਆਨ ਏਧਰ ਓਧਰ ਹੋ ਜਾਏ ਤਾਂ ਮੁੜ ਉਥੋਂ ਹੀ ਪਾਠ ਸ਼ੁਰੂ ਕਰ ਦੇਂਦਾ ਹਾਂ ਜਿਥੋਂ ਤਕ ਯਾਦ ਹੋਵੇ ਕਿ ਗੁਰੂ ਜੀ ਨੂੰ ਸੁਣਾ ਚੁੱਕਾ ਹਾਂ। ਮਨ ਚੰਚਲ ਏ, ਟਿਕਦਾ ਨਹੀਂ। ਏਸੇ ਲਈ ਕਈ ਘੰਟੇ ਨਿਤਨੇਮ ਨੂੰ ਹੀ ਲੱਗ ਜਾਂਦੇ ਹਨ।' ਨਿੱਤਨੇਮ, ਸਿਮਰਨ ਕਰਨ ਤੋਂ ਬਾਅਦ ਉਹ ਗੁਰਦੁਆਰੇ ਜਾਂਦੇ, ਕਥਾ ਕੀਰਤਨ ਸੁਣਦੇ। ਕਈ ਵਰ੍ਹੇ ਉਹ ਜਲੰਧਰ ਦੇ ਮੁਹੱਲਾ ਸਰਾਜ ਗੰਜ ਦੇ ਗੁਰਦੁਆਰੇ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਕਥਾ ਵੀ ਕਰਦੇ ਰਹੇ ਹਨ।


www.AKJ.Org

ਆਪ ਜਲੰਧਰ ਦੇ ਅਖੰਡ ਕੀਰਤਨੀ ਜਥੇ ਦੇ ਇੰਚਾਰਜ ਵੀ ਸਨ। ਕਦੀ ਵੀ ਕਿਸੇ ਨੂੰ ਕੁਝ ਨਹੀਂ ਸਨ ਕਹਿੰਦੇ, ਪਰ ਉਨ੍ਹਾਂ ਦੇ ਹੁੰਦਿਆਂ, ਕੋਈ ਸਿੰਘ ਕਦੇ ਕਿਸੇ ਨਾਲ ਨਰਾਜ਼ ਨਹੀਂ ਸੀ ਹੋਇਆ। ਜੇ ਕਿਧਰੇ ਮਾੜਾ ਮੋਟਾ ਮਨ ਮੁਟਾਵ ਹੋਇਆ ਵੀ ਤਾਂ ਭਾਈਆ ਜੀ ਦੇ ਸਮਝਾਉਣ ਤੇ ਸਭ ਠੀਕ ਹੋ ਜਾਣਾ। ਭਾਈ ਰਣਧੀਰ ਸਿੰਘ ਜੀ ਨਾਲ ਮਿਲਾਪ ਦੇਸ਼ ਦੀ ਵੰਡ ਤੋਂ ਕਾਫੀ ਚਿਰ ਪਹਿਲਾਂ ਹੋ ਗਿਆ ਸੀ ਅਤੇ ਉਨ੍ਹਾਂ ਨਾਲ ਬਹੁਤ ਪਿਆਰ ਸੀ। ਆਪ ਜੀ ਨੇ ਭਾਈ ਸਾਹਿਬ ਜੀ ਨੂੰ ਬੇਨਤੀ ਕਰਕੇ ਜਲੰਧਰ ਵਿਚ ਪਹਿਲੇ ਪਾਤਸ਼ਾਹ ਦੇ ਆਗਮਨ ਪੁਰਬ ਸਮੇਂ ਜਲੰਧਰ ਵਿਚ ਸਾਲਾਨਾ ਕੀਰਤਨ ਸਮਾਗਮ ਦੀ ਪ੍ਰਵਾਨਗੀ ਲਈ, ਜੋ ਹੁਣ ਤਾਈਂ ਹਰ ਸਾਲ ਨਿਰਵਿਘਨ ਹੋ ਰਹੇ ਹਨ। ਸਾਰੇ ਸਮਾਗਮ ਦਾ ਪ੍ਰਬੰਧ ਉਹ ਆਪਣੀ ਦੇਖ ਰੇਖ ਹੇਠ ਕਰਵਾਉਂਦੇ ਸਨ ਤੇ ਸੰਗਤਾਂ ਦੀ ਸੇਵਾ ਸੰਭਾਲ ਦਾ ਪੂਰਾ ਧਿਆਨ ਰੱਖਦੇ ਸਨ। ਆਪ ਅਖੰਡ ਕੀਰਤਨੀ ਜਥੇ ਦੇ ਹਰ ਸਮਾਗਮ ਤੇ ਪਹੁੰਚਦੇ ਤੇ ਹਮੇਸ਼ਾ ਮਹਾਰਾਜ ਦੀ ਤਾਬਿਆ ਹੀ ਬੈਠਦੇ ਸਨ। ਰੈਣ ਸਬਾਈ ਕੀਰਤਨ ਦਾ ਆਨੰਦ ਇੱਕੋ ਚੌਂਕੜੇ ਵਿਚ ਸਜੇ ਸਜਾਏ ਅਟੰਕ ਸਮਾਧੀ ਵਿਚ ਆਤਮ ਰੰਗ ਮਾਣਦੇ ਸਨ। ਚਿਹਰੇ ’ਤੇ ਲਾਲੀਆਂ ਭੱਖਦੀਆਂ ਹੁੰਦੀਆਂ ਸਨ। ਇਕ ਵਾਰੀ ਇਕ ਨਿਕਟਵਰਤੀ ਦੇ ਪੁੱਛਣ ਤੇ ਆਪ ਨੇ ਸੰਕੋਚਦੇ-ਸੰਕੋਚਦੇ ਇਤਨਾ ਕੁ ਦੱਸਿਆ ਕਿ ਬਾਹਰਲੇ ਕੀਰਤਨ ਤੇ ਕੋਈ ਇਤਨਾ ਲੰਬਾ ਸਮਾਂ ਨਹੀਂ ਟਿੱਕ ਸਕਦਾ। ਅੰਤਰ ਆਤਮੇ ਵੀ ਕੀਰਤਨ ਸੁਣੀਂਦਾ ਹੈ। ਇਹ ਅੰਤਰ ਮੁਖੀ ਰਹੱਸਮਈ ਅਨੁਭਵ ਹਨ ਜਿੰਨ੍ਹਾਂ ਬਾਰੇ ਗੁਰਮੁਖ ਹਮੇਸ਼ਾਂ ਸੰਕੋਚ ਤੋਂ ਕੰਮ ਲੈਂਦੇ ਹਨ। ਸਾਰੀ ਰਾਤ ਅੱਖ ਵੀ ਨਾ ਖੋਲ੍ਹਣੀ। ਭਾਈਆ ਜੀ ਦਾ ਅਧਿਆਤਮਕ ਜੀਵਨ ਕਿੰਨਾ ਕੁ ਉੱਚਾ ਸੀ, ਕਿਹੜੇ ਕਿਹੜੇ ਆਤਮਿਕ ਰੰਗਾਂ ਦਾ ਉਨ੍ਹਾਂ ਨੇ ਆਨੰਦ ਮਾਣਿਆ ਇਹ ਤਾਂ ਉਹ ਆਪ ਹੀ ਜਾਣਦੇ ਸਨ ਪਰ ਉਨ੍ਹਾਂ ਨਾਲ ਨੇੜੇ ਦਾ ਸੰਬੰਧ ਹੋਣ ਕਰਕੇ, ਦਾਲ ਦਾ ਦਾਣਾ ਚੱਖਣ ਵਾਂਗ ਇਕ ਦੋ ਘਟਨਾਵਾਂ ਦਾ ਜ਼ਿਕਰ ਜ਼ਰੂਰ ਕਰਨਾ ਚਾਹਾਂਗੀ।

ਮੈਂ ਲੁਧਿਆਣਾ ਵਿਖੇ ਕੁੜੀਆਂ ਦੇ ਗੌਰਮਿੰਟ ਕਾਲਜ ਵਿੱਚ ਬੀ.ਏ. ਵਿੱਚ ਪੜ੍ਹਦੀ ਸਾਂ। ਭਾਈਆ ਜੀ ਦਿੱਲੀ ਮੇਰੇ ਮਾਮਾ ਜੀ ਇੰਜੀ. ਸਵਰਨਜੀਤ ਸਿੰਘ ਜੀ ਕੋਲ ਰਹਿਣ ਉਪਰੰਤ ਜਲੰਧਰ ਵਾਪਸ ਜਾਂਦਿਆਂ ਕੁਝ ਦਿਨ ਸਾਡੇ ਕੋਲ ਰੁੱਕ ਗਏ। ਅਕਸਰ ਉਨ੍ਹਾਂ ਦਾ ਟਿਕਾਣਾ ਮੇਰੇ ਕਮਰੇ ਵਿੱਚ ਹੀ ਕੀਤਾ ਜਾਂਦਾ ਸੀ। ਇਕ ਤਾਂ ਇਹ ਕਮਰਾ ਛੋਟਾ ਜਿਹਾ ਸੀ ਜਿੱਥੇ ਕੇਵਲ ਇਕ ਮੰਜਾ, ਪੜ੍ਹਨ ਲਈ ਕੁਰਸੀ ਮੇਜ਼ ਤੇ ਇਕ ਸਿਤਾਰ ਰੱਖਣ ਦੀ ਜਗ੍ਹਾ ਹੀ ਸੀ। ਕਪੜੇ ਤੇ ਕਿਤਾਬਾਂ ਦੀਵਾਰ ਵਿੱਚ ਬਣਾਈ ਗਈ ਅਲਮਾਰੀ ਵਿੱਚ ਹੁੰਦੇ ਸਨ। ਦੂਜਾ, ਇਸ ਕਮਰੇ ਵਿੱਚੋਂ ਕਿਸੇ ਹੋਰ ਕਮਰੇ ਨੂੰ ਲਾਂਘਾ ਨਹੀਂ ਸੀ। ਇਸ ਲਈ ਇਸ ਕਮਰੇ ਵਿੱਚ ਕਿਸੇ ਤਰ੍ਹਾਂ ਦੀ ਕੋਈ ਡਿਸਟਰਬੈਂਸ ਨਹੀਂ ਸੀ। ਭਾਈਆ ਜੀ ਨੇ ਅੱਧੀ ਰਾਤ ਨੂੰ ਹੀ ਉੱਠ ਪੈਣਾ ਹੁੰਦਾ ਸੀ, ਇਸ ਲਈ ਇਹ ਕਮਰਾ ਸਾਨੂੰ ਉਨ੍ਹਾਂ ਲਈ ਸਾਰੇ ਕਮਰਿਆਂ ਨਾਲੋਂ ਵੱਧ ਢੁੱਕਵਾਂ ਲਗਦਾ ਸੀ। ਹਮੇਸ਼ਾਂ ਵਾਂਗ ਇਸ ਵਾਰ ਵੀ ਉਨ੍ਹਾਂ ਨੂੰ ਮੇਰੇ ਕਮਰੇ ਵਿੱਚ ਹੀ ਠਹਿਰਾਇਆ ਗਿਆ। ਦੋ ਚਾਰ ਦਿਨ ਸਾਡੇ ਕੋਲ ਰਹਿਣ ਉਪਰੰਤ ਉਹ ਜਲੰਧਰ ਚਲੇ ਗਏ ਤੇ ਮੈਂ ਵਾਪਸ ਆਪਣੇ ਕਮਰੇ ਵਿੱਚ ਆ ਗਈ। ਰਾਤੀਂ ਸੌਣ ਲੱਗਿਆਂ ਆਪਣਾ ਬਿਸਤਰਾ ਛੰਡ ਕੇ ਵਿਛਾਉਣ ਲਈ ਜਦੋਂ ਮੈਂ ਸਿਰਾਹਣਾ ਚੁੱਕਿਆ ਤਾਂ ਥੱਲੇ ਭਾਈਆ ਜੀ ਦੀ ਮਾਲਾ ਪਈ ਸੀ। ਧਿਆਨ ਗਿਆ ਕਿ ਭਾਈਆ ਜੀ ਤਾਂ ਸਵੇਰੇ ਔਖੇ ਹੋਣਗੇ। ਪਰ ਫਿਰ ਇਕਦਮ ਅੰਦਰੋਂ ਆਵਾਜ਼ ਆਈ, ‘ਉਨ੍ਹਾਂ ਨੇ ਕੀ ਔਖੇ ਹੋਣੈ। ਉਹ ਕਿਹੜਾ ਮਾਲਾ ਦੇ ਮੁਥਾਜ ਨੇ। ਗੁਰੂ ਤਾਂ ਉਨ੍ਹਾਂ ਦੇ ਅੰਦਰ ਪਿਆ ਵਸਦੈ। ਇਹ ਮਾਲਾ ਤਾਂ ਮੇਰੇ ਵਾਸਤੇ ਏਥੇ ਰਹੀ ਹੈ। ਮੈਂ ਸਿਮਰਨ ਨਹੀਂ ਨਾ ਕਰਦੀ। ਮਾਲਾ ਕਹਿੰਦੀ ਏ-ਸਿਮਰਨ ਕਰ।’ ਮਨ ਹੀ ਮਨ ਫੈਸਲਾ ਕੀਤਾ ਕਿ ਘੱਟ ਤੋਂ ਘੱਟ ਇਕ ਮਾਲਾ ਹਰ ਰੋਜ਼ ਜ਼ਰੂਰ ਫੇਰਾਂਗੀ। ਮੈਂ ਇਕ ਮਾਲਾ ਫੇਰੀ ਤੇ ਸੌਂ ਗਈ। ਸਵੇਰੇ ਉੱਠ ਕੇ ਤਿਆਰ ਹੋਈ ਤੇ ਸਾਈਕਲ ਉੱਤੇ ਸਵਾਰ ਹੋ ਕੇ ਕਾਲਜ ਨੂੰ ਤੁਰ ਪਈ। ਸਾਡਾ ਘਰ ਬਰਾਊਨ ਰੋਡ ਉੱਤੇ ਨੀਂਵੇਂ ਮੁਹੱਲੇ ਦੇ ਸਾਹਮਣੇ ਸੀ। ਕਾਲਜ ਜਾਂਦਿਆਂ ਲਕਸ਼ਮੀ ਥੇਟਰ ਤਕ ਪਹੁੰਚੀ ਤੇ ਮੇਰੀ ਪਜਾਮੀ ਫੱਟ ਗਈ। ਇੰਜ ਲੱਗਿਆ ਕਿ ਇਹ ਪਜਾਮੀ ਤਾਂ ਪਹਿਲਾਂ ਹੀ ਫਟੀ ਹੋਈ ਸੀ। ਪਰ ਜਦੋਂ ਦੇਖਿਆ ਤਾਂ ਬਾਕੀ ਥਾਵਾਂ ਤੋਂ ਤਾਂ ਪਜਾਮੀ ਬਿਲਕੁਲ ਠੀਕ ਸੀ। ਇਕਦਮ ਯਾਦ ਆਇਆ ਕਿ ਰਾਤੀਂ ਸੁਪਨੇ ਵਿੱਚ ਵੀ ਮੇਰੀ ਪਜਾਮੀ ਫਟੀ ਸੀ। ਬਹੁਤੀ ਤਵੱਜੋਂ ਨਾ ਦਿੱਤੀ। ਘਰ ਆ ਕੇ ਪਜਾਮੀ



www.AKJ.Org

ਬਦਲੀ ਤੇ ਕਾਲਜ ਪਹੁੰਚ ਗਈ। ਪਰ ਕਾਲਜ ਪਹੁੰਚ ਕੇ ਇਕ ਤੋਂ ਬਾਅਦ ਦੂਜੀ ਅਜਿਹੀ ਘਟਨਾ ਵਾਪਰੀ ਜਾਏ, ਜੋ ਮੈਂ ਰਾਤੀਂ ਸੁਪਨੇ ਵਿੱਚ ਦੇਖੀ ਹੁੰਦੀ ਹੋਵੇ ਪਰ ਯਾਦ ਉਦੋਂ ਆਉਣੀ, ਜਦੋਂ ਉਸ ਘਟਨਾ ਨੇ ਵਾਪਰ ਜਾਣਾ। ਬੜੀ ਹੈਰਾਨੀ ਹੋਣੀ। ਉਹ ਮਾਲਾ ਮੇਰੇ ਕੋਲ ਤਿੰਨ ਦਿਨ ਰਹੀ। ਚੌਥੇ ਦਿਨ ਜਲੰਧਰ ਤੋਂ ਚਰਨਜੀਤ ਸਿੰਘ ਮਾਮਾ ਜੀ ਕਿਸੇ ਕੰਮ ਲੁਧਿਆਣੇ ਆਏ ਤੇ ਮਾਲਾ ਮੈਂ ਉਨ੍ਹਾਂ ਨੂੰ ਦੇ ਦਿੱਤੀ। ਉਸ ਮਾਲਾ ਤੇ ਮੈਂ ਤਿੰਨ ਦਿਨ ਸਿਮਰਨ ਕੀਤਾ ਤੇ ਤਿੰਨੋਂ ਦਿਨ ਰਾਤ ਨੂੰ ਸੁਪਨੇ ਵਿੱਚ ਮੈਨੂੰ ਅਗਲੇ ਦਿਨ ਵਾਪਰਨ ਵਾਲੀਆਂ ਘਟਨਾਵਾਂ ਦਿੱਸਦੀਆਂ ਰਹੀਆਂ, ਪਰ ਯਾਦ ਉਦੋਂ ਆਉਣੀਆਂ ਜਦੋਂ ਉਨ੍ਹਾਂ ਨੇ ਵਾਪਰ ਜਾਣਾ। ਬੜੀ ਹੈਰਾਨੀ ਹੋਣੀ। ਮੈਂ ਨਵੀਂ ਮਾਲਾ ਤੇ ਸਿਮਰਨ ਕਰਨਾ ਸ਼ੁਰੂ ਕਰ ਦਿੱਤਾ। ਕਈ ਮਾਲਾ ਬਦਲੀਆਂ ਵੀ ਗਈਆਂ। ਪਰ ਅੱਜ ਤਕ ਕਦੀ ਭਵਿੱਖ ਵਿੱਚ ਵਾਪਰਨ ਵਾਲੀ ਕੋਈ ਘਟਨਾ ਸੁਪਨੇ ਵਿੱਚ ਨਜ਼ਰ ਨਹੀਂ ਆਈ। ਇਸ ਸਾਰੀ ਘਟਨਾ ਵਿੱਚ 'ਮੈਂ' ਕਿਤੇ ਵੀ ਹਾਜ਼ਰ ਨਹੀਂ। ਇਹ ਸਭ ਇਕ ਨਾਮ ਰਸੀਏ ਦੀ ਮਾਲਾ ਦੀ ਕਰਾਮਾਤ ਸੀ। ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਜੇ ਉਨ੍ਹਾਂ ਦੀ ਮਾਲਾ, ਜਿਸ ਦੀ ਸੰਗਤ ਵਿੱਚ ਉਹ ਰੋਜ਼ ਗੁਰੂ ਨਾਲ ਗੱਲਾਂ ਕਰਦੇ ਸਨ, ਵਿੱਚ ਭਵਿੱਖ ਨੂੰ ਵੇਖਣ ਵਿਖਾਉਣ ਦੀ ਸ਼ਕਤੀ ਸੀ ਤਾਂ ਉਨ੍ਹਾਂ ਨੂੰ ਆਪ ਨੂੰ ਖੁਦ ਕੀ-ਕੀ ਅਨੁਭਵ ਨਹੀਂ ਹੋਏ ਹੋਣਗੇ ! ਪਰ ਸਾਰੀ ਉਮਰ ਉਨ੍ਹਾਂ ਨੇ ਕਦੇ ਕਿਸੇ ਗੱਲ ਦਾ ਜ਼ਿਕਰ ਵੀ ਨਹੀਂ ਸੀ ਕੀਤਾ। ਭਾਈ ਗੁਰਦਾਸ ਦੇ ਇਸ ਕਥਨ ਤੇ ਪੂਰੇ ਉਤਰਦੇ ਰਹੇ:

**ਗੁਰ ਸਿਖ ਲੈ ਗੁਰਸਿਖ ਹੋਇ ਆਪੁ ਗਵਾਇ ਨ ਆਪੁ ਗਣਾਇਆ ॥**

(ਵਾਰ ੭ ਪਉੜੀ ੧)

ਭਾਈਆ ਜੀ ਦੇ ਅਧਿਆਤਮਿਕ ਜੀਵਨ ਦੀ ਹੀ ਇੱਕ ਹੋਰ ਘਟਨਾ ਦਾ ਜ਼ਿਕਰ, ਮੇਰੇ ਨਰਿੰਦਰ ਕੌਰ ਮਾਸੀ ਜੀ ਤੇ ਮੇਰੇ ਮਾਤਾ ਜੀ ਅਕਸਰ ਕਰਿਆ ਕਰਦੇ ਸਨ। ਆਜ਼ਾਦੀ ਮਿਲਿਆਂ ਅਜੇ ਬਹੁਤਾ ਸਮਾਂ ਨਹੀਂ ਸੀ ਹੋਇਆ ਕਿ ਮੇਰੇ ਸਭ ਤੋਂ ਛੋਟੇ ਮਾਮਾ ਜੀ ਸ. ਚਰਨਜੀਤ ਸਿੰਘ ਸਖ਼ਤ ਬੀਮਾਰ ਪੈ ਗਏ। ਭਾਈਆ ਜੀ ਗਲੀ ਵਾਲੇ ਪਾਸੇ ਚੁਬਾਰੇ ਵਿੱਚ ਰਹਿੰਦੇ ਸਨ। ਇੱਕ ਛੋਟਾ ਜਿਹਾ ਕਮਰਾ ਪਿਛਲੇ ਪਾਸੇ ਵੀ ਸੀ, ਜਿਸ ਵਿੱਚ ਲੱਕੜ ਦਾ ਪਰਦਾ ਕਰਕੇ, ਇਕ ਪਾਸੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਹੋਇਆ ਸੀ ਤੇ ਦੂਜੇ ਪਾਸੇ ਬੱਚਿਆਂ ਦੇ ਪੜ੍ਹਨ ਦੀ ਥਾਂ ਸੀ। ਜਗ੍ਹਾ ਥੋੜ੍ਹੀ ਸੀ, ਇਸ ਲਈ ਬੀਮਾਰ ਮਾਮਾ ਜੀ ਨੂੰ ਬਾਬਾ ਜੀ ਦੇ ਕਮਰੇ ਵਿੱਚ ਹੀ ਜ਼ਮੀਨ ਤੇ ਬਿਸਤਰਾ ਵਿਛਾ ਕੇ ਲਿਟਾ ਦਿੱਤਾ ਗਿਆ। ਭਾਈਆ ਜੀ ਰੋਜ਼ ਵਾਂਗ ਅੰਮ੍ਰਿਤ ਵੇਲੇ ਉੱਠੇ। ਅਚਾਨਕ ਉਨ੍ਹਾਂ ਨੂੰ ਗਲੀ ਵਾਲੇ ਪਾਸੇ ਖਿੜਕੀ ਵਿੱਚ ਦੁੱਧ ਚਿੱਟੇ ਚਾਨਣ ਵਿੱਚ ਭਗਤ ਕਬੀਰ ਜੀ ਦਾ ਝਉਲਾ ਪਿਆ। ਅੰਤਰ ਆਤਮੇ ਨਮਸਕਾਰ ਕਰਕੇ ਭਾਈਆ ਜੀ ਨੇ ਆਸ਼ੀਰਵਾਦ ਮੰਗੀ। ਫਿਰ ਉਨ੍ਹਾਂ ਨੇ ਭਗਤ ਜੀ ਨੂੰ ਦੂਜੇ ਕਮਰੇ ਵਿੱਚ ਸੁੱਤੇ ਮਾਮਾ ਜੀ ਨੂੰ ਵੀ ਆਸ਼ੀਰਵਾਦ ਦੇਣ ਲਈ ਕਿਹਾ। ਭਗਤ ਕਬੀਰ ਜੀ ਨੇ ਜੋ ਜੁਆਬ ਦਿੱਤਾ ਉਹ ਕਾਬਲੇ-ਗੌਰ ਹੈ। ਕਬੀਰ ਜੀ ਕਹਿਣ ਲੱਗੇ-ਉਧਰ ਮੇਰੀ ਕੋਈ ਲੋੜ ਨਹੀਂ। ਉਧਰ ਵੱਡੇ ਬਾਬਾ ਜੀ ਬੈਠੇ ਹਨ। ਭਾਈਆ ਜੀ ਨੂੰ ਵਿਸ਼ਵਾਸ ਹੋ ਗਿਆ ਕਿ ਹੁਣ ਮਾਮਾ ਜੀ ਠੀਕ ਹੋ ਜਾਣਗੇ। ਭਾਵੇਂ ਇਹ ਸਭ ਕੁਝ ਅਨੁਭਵ ਦੇ ਪੱਧਰ ਤੇ ਵਾਪਰਿਆ ਪਰ ਇੱਕ ਗੱਲ ਤਾਂ ਪੱਕੀ ਹੈ ਕਿ ਇਹ ਅਨੁਭਵ ਡੇਰਾਵਾਦ ਉੱਤੇ ਇਕ ਕਰਾਰੀ ਚੋਟ ਹੈ। ਭਗਤ ਕਬੀਰ ਜੀ ਤਾਂ ਆਪਣੇ ਆਪ ਨੂੰ ਜਣਾਉਂਦੇ ਨਹੀਂ, ਪਰ ਅੱਜ ਦੇ ਅਖੌਤੀ ਬਾਬੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਹੀ ਮੱਥੇ ਟਿਕਵਾਈ ਜਾਂਦੇ ਹਨ।

ਆਮ ਇਹ ਸਮਝਿਆ ਜਾਂਦਾ ਹੈ ਕਿ ਬੰਦੇ ਦਾ ਸਤਿਕਾਰ ਜਾਂ ਤਾਂ ਉੱਚੇ ਸੰਸਾਰਕ ਰੁਤਬੇ ਕਰਕੇ ਹੁੰਦਾ ਹੈ ਤੇ ਜਾਂ ਪੈਸੇ ਕਰਕੇ। ਪਰ ਭਾਈਆ ਜੀ ਕੋਲ ਇਨ੍ਹਾਂ ਦੋਹਾਂ ਵਿਚੋਂ ਕੁਝ ਵੀ ਨਹੀਂ ਸੀ। ਸੰਸਾਰਕ ਰੁਤਬੇ ਵੱਜੋਂ ਉਹ ਇਕ ਸਾਧਾਰਨ ਸਕੂਲ ਟੀਚਰ ਸਨ। ਇਕ ਅਧਿਆਪਕ ਦਾ, ਤਨਖਾਹ ਨਾਲ ਮਸਾਂ ਆਪਣੇ ਘਰ ਦਾ ਗੁਜ਼ਾਰਾ ਹੀ ਹੁੰਦਾ ਹੈ ਤੇ ਭਾਈਆ ਜੀ ਨੇ ਤਾਂ ਭੈਣ ਦੇ ਪਰਿਵਾਰ ਨੂੰ ਵੀ ਆਸਰਾ ਦੇਣਾ ਸੀ। ਅਮੀਰੀ ਕਿਥੋਂ ਹੋ ਸਕਦੀ ਸੀ? ਕਈ ਵਾਰ ਤਾਂ ਇਹ ਹਾਲਤ ਹੋ ਜਾਂਦੀ ਸੀ ਕਿ ਹੱਥੋਂ ਬਿਲਕੁਲ ਖਾਲੀ ਹੋ ਜਾਣਾ ਤੇ ਜ਼ਰੂਰੀ ਲੋੜਾਂ ਪੂਰੀਆਂ ਕਰਨ ਲਈ ਉਧਾਰ ਵੀ ਪਕੜਨਾ ਪੈਣਾ।



www.AKJ.Org

ਐਸੀ ਇਕ ਘਟਨਾ ਦਾ ਜ਼ਿਕਰ ਏਥੇ ਕੁਥਾਂ ਨਹੀਂ ਹੋਏਗਾ। ਮੇਰੇ ਮਾਮਾ ਜੀ ਸ. ਹਰਦਰਸ਼ਨ ਸਿੰਘ ਨੇ ਬੀ.ਐੱਡ. ਵਿੱਚ ਦਾਖ਼ਲਾ ਲੈਣਾ ਸੀ। ਫੀਸ ਦੇਣ ਜੋਗੇ ਪੈਸੇ ਨਾ ਹੋਣ ਕਰਕੇ ਭਾਈਆ ਜੀ ਨੇ ਜਲੰਧਰ ਦੇ ਨੇੜਲੇ ਪਿੰਡ ਨੰਦਾ ਚੌਰ ਦੇ ਸੰਤਾਂ ਕੋਲੋਂ 300 ਰੁ: ਉਧਾਰ ਪਕੜੇ। ਲੋੜ ਪੂਰੀ ਹੋਣ ਤੋਂ ਬਾਅਦ, ਜਦੋਂ ਭਾਈਆ ਜੀ ਪੈਸੇ ਮੋੜਨ ਗਏ ਤਾਂ ਸੰਤਾਂ ਨੇ ਪੈਸੇ ਲੈਣ ਤੋਂ ਇਨਕਾਰ ਕਰ ਦਿੱਤਾ। ਬਹੁਤ ਜ਼ੋਰ ਪਾਉਣ ਤੇ ਉਨ੍ਹਾਂ ਨੇ ਪੈਸੇ ਪਕੜ ਤਾਂ ਲਏ ਪਰ ਜਦੋਂ ਭਾਈਆ ਜੀ ਉਥੋਂ ਉੱਠ ਕੇ ਵਾਪਸ ਆਉਣ ਲੱਗੇ ਤਾਂ ਉਨ੍ਹਾਂ ਨੇ 100 ਰੁ: ਭਾਈਆ ਜੀ ਨੂੰ ਵਾਪਸ ਦੇਂਦਿਆਂ ਕਿਹਾ ਕਿ ਇਹ ਪੈਸੇ ਤਾਂ ਤੁਹਾਨੂੰ ਰੱਖਣੇ ਹੀ ਪੈਣਗੇ, ਇਹ ਸਾਡਾ ਬੱਚੇ ਨੂੰ ਪਿਆਰ ਹੈ।

ਭਾਈਆ ਜੀ ਆਪਣੇ ਵੇਲੇ ਦੀ ਇਕ ਸਤਿਕਾਰਿਤ ਹਸਤੀ ਸਨ। ਉਨ੍ਹਾਂ ਦੇ ਸਤਿਕਾਰ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਡਾ. ਇੰਦਰਜੀਤ ਸਿੰਘ ਜੀ (ਚੇਅਰਮੈਨ, ਪੰਜਾਬ ਐਂਡ ਸਿੰਧ ਬੈਂਕ) ਭਾਈਆ ਜੀ ਦੀ ਇੱਕ ਚਿੱਠੀ ਲਿਜਾਉਣ ਵਾਲੇ ਨੂੰ ਨੌਕਰੀ ਦੇ ਦਿਆ ਕਰਦੇ ਸਨ। ਭਾਈਆ ਜੀ ਰਾਹੀਂ ਕਈ ਸਿੱਖ ਨੌਜੁਆਨਾਂ ਨੂੰ ਬੈਂਕ ਦੀ ਨੌਕਰੀ ਪ੍ਰਾਪਤ ਹੋਈ। ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਉਸ ਸਮੇਂ ਦੇ ਚੀਫ਼ ਜਸਟਿਸ ਸ. ਹਰਬੰਸ ਸਿੰਘ ਜੀ ਇਨ੍ਹਾਂ ਦਾ ਅਤਿ ਸਤਿਕਾਰ ਕਰਦੇ ਸਨ। ਡਾ. ਇੰਦਰਜੀਤ ਕੌਰ ਜੀ ਸਪੁਤਨੀ ਗਿਆਨੀ ਗੁਰਦਿੱਤ ਸਿੰਘ ਜੀ ਨੂੰ ਸੰਨ 1975 ਵਿੱਚ ਜਦੋਂ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿੱਚ ਵਾਈਸ ਚਾਂਸਲਰ ਲਗਾਇਆ ਗਿਆ ਤਾਂ ਡਿਊਟੀ ਤੇ ਹਾਜ਼ਰ ਹੋਣ ਤੋਂ ਪਹਿਲਾਂ, ਉਹ ਪੰਜ ਸਿੰਘਾਂ ਦਾ ਆਸੀਰਵਾਦ ਲੈਣ ਲਈ ਗਏ ਜਿਨ੍ਹਾਂ ਵਿਚੋਂ ਇਕ ਭਾਈਆ ਜੀ ਵੀ ਸਨ। ਇੱਕ ਵੱਡੇ ਕਮਰੇ (ਲਿਵਿੰਗ ਰੂਮ) ਤੇ ਇਕ ਬੈਠਕ (ਜਿਸ ਵਿੱਚ ਕੇਵਲ ਇਕ ਸੋਫ਼ਾ ਹੀ ਆਉਂਦਾ ਸੀ) ਵਾਲੇ ਛੋਟੇ ਜਿਹੇ ਘਰ ਵਿੱਚ ਇਕ ਯੂਨੀਵਰਸਿਟੀ ਦੇ ਵਾਈਸਚਾਂਸਲਰ ਦਾ ਆਸ਼ੀਰਵਾਦ ਲੈਣ ਲਈ ਆਉਣਾ, ਅੱਜ ਦੇ ਨੌਜੁਆਨਾਂ ਵਾਸਤੇ ਇਕ ਸੰਦੇਸ਼ ਹੈ ਕਿ ਗੁਰੂ ਅਤੇ ਗੁਰੂ ਦੇ ਸਿੱਖਾਂ ਤੋਂ ਉਪਰ ਕੁਝ ਵੀ ਨਹੀਂ, ਨਾ ਪੈਸਾ, ਨਾ ਸਟੇਟਸ ਤੇ ਨਾ ਹੀ ਸਰਕਾਰੇ ਦਰਬਾਰੇ ਦੀ ਪਹੁੰਚ।

ਭਾਈਆ ਜੀ ਬਹੁਤ ਘੱਟ ਸੌਂਦੇ ਸਨ। ਸਾਰਿਆਂ ਦੇ ਵਿੱਚ ਬੈਠਿਆਂ ਗੱਲਾਂ ਕਰਦਿਆਂ ਕੁਰਸੀ ਤੇ ਹੀ ਨੀਂਦ ਪੂਰੀ ਕਰ ਲੈਂਦੇ। ਜਦੋਂ ਕਦੀ ਉਨ੍ਹਾਂ ਨੇ ਸਾਡੇ ਕੋਲ ਆਉਣਾ ਤਾਂ ਕਈ ਵਾਰ ਦੇਰ ਰਾਤ ਤਕ ਗੱਲਾਂ ਹੁੰਦੀਆਂ ਰਹਿਣੀਆਂ। ਆਪੋ ਆਪਣੇ ਬਿਸਤਰਿਆਂ ਤੇ ਪਹੁੰਚ ਕੇ ਅਸੀਂ ਅਜੇ ਸੁੱਤੇ ਵੀ ਨਹੀਂ ਸੀ ਹੁੰਦੇ ਕਿ ਉਹ ਨੀਂਦ ਪੂਰੀ ਕਰਕੇ ਅੰਮ੍ਰਿਤ ਵੇਲੇ ਦੀ ਸੰਭਾਲ ਲਈ ਉੱਠ ਵੀ ਪੈਂਦੇ।

ਭਾਵੇਂ ਭਾਈਆ ਜੀ ਇਕ ਵਧੀਆ ਵਕਤਾ ਸਨ ਪਰ ਬੋਲਦੇ ਬਹੁਤ ਧੀਮੀ ਆਵਾਜ਼ ਵਿੱਚ ਸਨ। ਭਾਈਆ ਜੀ ਹਰ ਗੁਰਪੁਰਬ ਉੱਤੇ ਜੜ੍ਹਾਂਵਾਲੇ ਦੇ ਗੁਰਦੁਆਰੇ ਵਿੱਚ ਲੈਕਚਰ ਕਰਿਆ ਕਰਦੇ ਸਨ। ਉਦੋਂ ਲਾਊਡ ਸਪੀਕਰ ਆਮ ਨਹੀਂ ਸੀ ਹੁੰਦੇ। ਇਸ ਲਈ ਜਦੋਂ ਭਾਈਆ ਜੀ ਨੇ ਬੋਲਣਾ ਸ਼ੁਰੂ ਕਰਨਾ ਤਾਂ ਸਾਰੀ ਸੰਗਤ ਨੇ ਨੇੜੇ ਨੇੜੇ ਹੋ ਕੇ ਬੈਠ ਜਾਣਾ ਤੇ ਮੰਤਰ ਮੁਗਧ ਹੋ ਕੇ ਉਨ੍ਹਾਂ ਦੇ ਬਚਨ ਸੁਣਨੇ।

ਭਾਈਆ ਜੀ ਕਦੀ ਕਿਸੇ ਬੱਚੇ ਨੂੰ ਡਾਂਟਦੇ ਨਹੀਂ ਸਨ ਤੇ ਨਾ ਹੀ ਕਦੀ ਉੱਚੀ ਆਵਾਜ਼ ਲਗਾਉਂਦੇ ਸਨ। ਪਰ ਪਰਿਵਾਰ ਦੇ ਸਾਰੇ ਜੀਆਂ ਦੇ ਮਨਾਂ ਵਿੱਚ ਉਨ੍ਹਾਂ ਦਾ ਭੈਅ ਵੀ ਸੀ ਤੇ ਇੱਜ਼ਤ ਵੀ।

ਆਪ ਜੀ ਦੇ ਚਾਰ ਪੁੱਤਰ ਤੇ ਚਾਰ ਧੀਆਂ ਹਨ। ਸਭ ਤੋਂ ਵੱਡੇ ਪੁੱਤਰ ਨੂੰ ਐੱਮ.ਐੱਸ.ਸੀ (ਐਗਰੀਕਲਚਰ), ਦੂਜੇ ਨੂੰ ਪੀ.ਐੱਚ. ਡੀ. ਤੀਜੇ ਨੂੰ ਇੰਜੀਨੀਅਰਿੰਗ ਤੇ ਚੌਥੇ ਨੂੰ ਐੱਮ.ਏ.ਬੀ.ਐੱਡ ਤਕ ਦੀ ਪੜ੍ਹਾਈ ਕਰਵਾਈ। ਧੀਆਂ ਵਿਚੋਂ ਸਭ ਤੋਂ ਵੱਡੇ ਮੇਰੇ ਮਾਤਾ ਜੀ ਨੇ ਪੀ.ਐੱਚ.ਡੀ., ਦੂਜੀ ਨੇ ਸਿਲਾਈ ਦਾ ਡਿਗਰੀ ਕੋਰਸ, ਤੀਜੀ ਐੱਮ.ਏ., ਐੱਮ.ਐੱਡ. ਤੇ ਚੌਥੀ ਨੇ ਜੇ.ਬੀ.ਟੀ. ਤੇ ਗਿਆਨੀ ਪਾਸ ਕੀਤੀ। ਸਾਰੇ ਬੱਚਿਆਂ ਦੀ ਪੜ੍ਹਾਈ ਪਿਛੇ ਆਪ ਜੀ ਦੀ ਸਿੰਘਣੀ ਦਾ ਪੂਰਾ ਯੋਗਦਾਨ ਸੀ। ਉਨ੍ਹਾਂ ਨੇ ਸਾਰਾ ਦਿਨ ਤਾਂ ਘਰ ਦਾ ਕੰਮ ਕਰਨਾ ਤੇ ਰਾਤੀਂ ਬੱਚਿਆਂ ਨਾਲ ਜਾਗਣਾ, ਖਾਸ ਕਰ ਬੱਚਿਆਂ ਦੇ ਇਮਿਤਿਹਾਨਾਂ ਦੇ ਦਿਨਾਂ ਵਿੱਚ। ਬੱਚਿਆਂ ਨੇ ਆਪਣੀ ਪੜ੍ਹਾਈ ਕਰਨੀ ਤੇ ਉਨ੍ਹਾਂ ਨੇ ਕੋਲ ਬੈਠ ਕੇ ਕਦੇ ਕੋਈ



www.AKJ.Org

ਜਨਮਸਾਖੀ ਪੜ੍ਹਨੀ ਤੇ ਕਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਸਹਿਜ ਪਾਠ ਕਰਦੇ ਰਹਿਣਾ। ਇਸ ਤਰ੍ਹਾਂ ਉਨ੍ਹਾਂ ਦੀ ਬੱਚਿਆਂ ਤੇ ਨਜ਼ਰ ਵੀ ਰਹਿੰਦੀ ਤੇ ਬੱਚਿਆਂ ਨੂੰ ਪਤਾ ਵੀ ਨਾ ਲਗਦਾ।

ਭਾਈਆ ਜੀ ਨੇ ਆਪਣੇ ਪਿੰਡੇ ਗਰੀਬੀ ਵੀ ਹੰਢਾਈ। ਪਰ ਬੱਚਿਆਂ ਦੀ ਪੜ੍ਹਾਈ ਨਾਲ ਉਨ੍ਹਾਂ ਨੇ ਕੋਈ ਸਮਝੌਤਾ ਨਾ ਕੀਤਾ। ਜਦੋਂ ਉਹ ਪਾਕਿਸਤਾਨ ਤੋਂ ਉੱਜੜ ਕੇ ਏਧਰ ਆਏ ਤਾਂ ਪੈਸੇ ਦੀ ਬਹੁਤ ਤੰਗੀ ਸੀ। ਕਈਆਂ ਨੇ ਭਾਈਆਂ ਜੀ ਨੂੰ ਸਲਾਹ ਦਿੱਤੀ ਕਿ ਬੱਚਿਆਂ ਨੂੰ ਸਵੇਰੇ ਸਵੇਰੇ ਅਖ਼ਬਾਰਾਂ ਵੰਡਣ ਲਾ ਦਿਉ। ਚਾਰ ਪੈਸੇ ਵੀ ਕਮਾ ਲੈਣਗੇ ਤੇ ਦਿਨੇ ਪੜ੍ਹੀ ਵੀ ਜਾਣਗੇ। ਪਰ ਆਪ ਜੀ ਦਾ ਜੁਆਬ ਨਾਂਹ ਵਿੱਚ ਸੀ। ਆਪ ਜੀ ਦਾ ਵਿਚਾਰ ਸੀ ਕਿ ਇੰਜ ਬੱਚਿਆਂ ਨੂੰ ਪੈਸੇ ਕਮਾਉਣ ਦਾ ਚਸਕਾ ਪੈ ਜਾਏਗਾ ਤੇ ਪੜ੍ਹਾਈ ਵੱਲੋਂ ਧਿਆਨ ਹੱਟ ਜਾਏਗਾ। ਆਪ ਦੀ ਮਿਹਨਤ ਰੰਗ ਲਿਆਈ ਤੇ ਅੱਜ ਸਾਰਾ ਪਰਿਵਾਰ ਪੜ੍ਹਿਆ ਲਿਖਿਆ ਤੇ ਸੁਖੀ ਵੱਸਦਾ ਹੈ। ਸਾਰੇ ਬੱਚਿਆਂ ਨੂੰ ਦੁਨਿਆਵੀ ਪੜ੍ਹਾਈ ਕਰਾਉਣ ਦੇ ਨਾਲ ਨਾਲ, ਆਪ ਜੀ ਨੇ ਗੁਰਮਤਿ ਦੀ ਸਿਖਲਾਈ ਲਈ ਵੀ ਮਿਹਨਤ ਕੀਤੀ। ਕਿਸੇ ਬੱਚੇ ਨੂੰ ਪਾਠ ਕੀਤੇ ਬਗੈਰ ਰੋਟੀ ਨਹੀਂ ਸੀ ਮਿਲਦੀ। ਲਗਪਗ ਸਾਰੇ ਬੱਚੇ ਅੰਮ੍ਰਿਤਧਾਰੀ ਬਣੇ ਅਤੇ ਇਕ ਪੁੱਤਰ, ਤਿੰਨ ਧੀਆਂ ਤੇ ਇਕ ਨੂੰਹ ਨੂੰ ਕੀਰਤਨ ਦੀ ਦਾਤ ਵੀ ਪ੍ਰਾਪਤ ਹੋਈ। ਆਪ ਜੀ ਦੀ ਸਿੰਘਣੀ ਵੀ ਕੀਰਤਨ ਕਰ ਲੈਂਦੇ ਸਨ ਪਰ ਸੰਗਤ ਵਿੱਚ ਉਨ੍ਹਾਂ ਕਦੀ ਕੀਰਤਨ ਨਹੀਂ ਸੀ ਕੀਤਾ।

ਗੁਰੂ ਉੱਤੇ ਪੂਰਨ ਭਰੋਸਾ ਰੱਖਣ ਵਾਲੀ ਆਪ ਦੀ ਸਿੰਘਣੀ ਵੀ ਹਮੇਸ਼ਾਂ ਚੜ੍ਹਦੀ ਕਲਾ ਵਿਚ ਰਹਿੰਦੀ ਹੋਈ ਵੱਡੀਆਂ ਵੱਡੀਆਂ ਮੁਸ਼ਕਲਾਂ ਵਿੱਚ ਵੀ ਕਦੇ ਡੋਲੀ ਨਹੀਂ। ਇਕ ਵਾਰ ਭਾਈਆ ਜੀ ਦਿਲ ਦੀ ਬੀਮਾਰੀ ਕਾਰਨ ਬਹੁਤ ਸਖ਼ਤ ਬੀਮਾਰ ਹੋ ਗਏ। ਮੈਂ ਭਾਈਆ ਜੀ ਦਾ ਹਾਲ ਪੁੱਛਣ ਜਲੰਧਰ ਗਈ ਹੋਈ ਸਾਂ। ਐਤਵਾਰ ਦਾ ਦਿਨ ਸੀ। ਅਖੰਡ ਕੀਰਤਨੀ ਜਥੇ ਦਾ ਹਫ਼ਤਾਵਾਰੀ ਸਮਾਗਮ ਉਸ ਦਿਨ ਸਰਾਜ ਗੰਜ, ਜਿਸ ਮੁਹੱਲੇ ਵਿੱਚ ਭਾਈਆ ਜੀ ਰਹਿੰਦੇ ਸਨ ਦੇ ਗੁਰਦੁਆਰੇ ਵਿਚ ਸੀ। ਸਮਾਗਮ ਤੋਂ ਬਾਅਦ ਸਾਰੇ ਸਿੰਘ ਭਾਈਆ ਜੀ ਦਾ ਹਾਲ ਪੁੱਛਣ ਆ ਗਏ। ਆਉਂਦਿਆਂ ਹੀ ਸਿੰਘਾਂ ਨੇ ਭਾਈਆ ਜੀ ਨੂੰ ਮੋਢਿਆਂ ਤੋਂ ਫੜਿਆ ਤੇ ਕਹਿਣ ਲੱਗੇ, 'ਉੱਠੋ ਭਾਈਆ ਜੀ, ਸਮਾਗਮਾਂ ਦੀਆਂ ਰੌਣਕਾਂ ਵਧਾਉ। ਮੰਜਾ ਕਿਉਂ ਫੜਿਆ ਜੇ!' ਕੁਝ ਦੇਰ ਬੈਠਣ ਤੋਂ ਬਾਅਦ ਜਦੋਂ ਸਾਰੇ ਸਿੰਘ ਚਲੇ ਗਏ ਤਾਂ ਆਪ ਜੀ ਦੀ ਸਿੰਘਣੀ ਜਿਨ੍ਹਾਂ ਨੂੰ ਸਾਰੇ ਬੱਚੇ ਬੇ ਜੀ ਕਹਿੰਦੇ ਸਨ, ਮੈਨੂੰ ਕਹਿਣ ਲੱਗੇ, 'ਦੇਖੀਂ, ਹੁਣ ਭਾਈਆ ਜੀ ਨੇ ਠੀਕ ਹੋ ਜਾਣਾ ਏ। ਸਿੰਘ ਜੂ ਮੋਢਿਆਂ ਤੋਂ ਫੜ ਕੇ ਬਿਠਾ ਗਏ ਨੇ।' ਸਖ਼ਤ ਹਾਰਟ ਅਟੈਕ ਸੀ। ਬਚਣ ਦੇ ਕੋਈ ਆਸਾਰ ਨਹੀਂ ਸਨ। ਪਰ ਭਾਈਆ ਜੀ ਠੀਕ ਹੋ ਗਏ।

ਫਿਰ ਕਈ ਸਾਲ ਹੋਰ ਜ਼ਿੰਦਗੀ ਹੰਢਾਉਣ ਤੋਂ ਬਾਅਦ ਇਕ ਦਿਨ ਅਖੰਡ ਪਾਠ ਦੀ ਰੌਲ ਦੇਣ ਲਈ ਉੱਠੇ ਤੇ ਗੁਰੂ ਦਾ ਸੱਦਾ ਆ ਗਿਆ। ਇਹ ਮੱਧ ਅਕਤੂਬਰ 1977 ਦੀ ਗੱਲ ਹੈ। ਹੋਇਆ ਇੰਜ ਕਿ ਜਲੰਧਰ ਦੇ ਨੇੜਲੇ ਪਿੰਡ ਮਿੱਠਾਪੁਰ ਵਿੱਚ ਅਖੰਡ ਕੀਰਤਨੀ ਜੱਥੇ ਦੀ ਕੀਰਤਨੀ ਭੈਣ ਬੀਬੀ ਹਰਸ਼ਰਨ ਕੌਰ, ਜਿਨ੍ਹਾਂ ਨੂੰ ਉਨ੍ਹਾਂ ਦੇ ਪਤੀ ਭਾਈ ਦਲਜੀਤ ਸਿੰਘ ਜੀ ਫੌਜ ਵਿੱਚ ਕਰਨਲ ਹੋਣ ਕਰਕੇ ਸਾਰੇ ਕਰਨੈਲਨੀ ਕਹਿੰਦੇ ਸਨ, ਦੇ ਘਰ ਸ੍ਰੀ ਅਖੰਡ ਪਾਠ ਸਾਹਿਬ ਰੱਖੇ ਹੋਏ ਸਨ। ਭਾਈਆ ਜੀ ਦੀ ਉਹ ਧੀ ਬਣੇ ਹੋਏ ਸਨ। ਅਖੰਡ ਪਾਠ ਲਈ ਬੀਬੀ ਹਰਸ਼ਰਨ ਕੌਰ ਭਾਈਆ ਜੀ ਨੂੰ ਆਪਣੇ ਘਰ ਪਿੰਡ ਮਿੱਠਾਪੁਰ ਲੈ ਗਏ। ਤਿੰਨ ਅਖੰਡ ਪਾਠ ਲਗਾਤਾਰ ਹੋਣੇ ਸਨ। ਭਾਈਆ ਜੀ ਕਿਉਂ ਕਿ ਅੰਮ੍ਰਿਤ ਵੇਲੇ ਉੱਠਣ ਦੇ ਆਦੀ ਸਨ ਇਸ ਲਈ ਉਨ੍ਹਾਂ ਦੀ ਰੌਲ ਦਾ ਸਮਾਂ ਹਮੇਸ਼ਾ ਇਕ ਡੇਢ ਵਜੇ ਤੋਂ ਲੈ ਕੇ ਚਾਰ ਵਜੇ ਤੱਕ ਹੋਇਆ ਕਰਦਾ ਸੀ। ਦੋ ਅਖੰਡ ਪਾਠਾਂ ਦਾ ਭੋਗ ਪੈ ਚੁੱਕਾ ਸੀ। ਸਵੇਰੇ ਤੀਸਰੇ ਪਾਠ ਦਾ ਭੋਗ ਪੈਣਾ ਸੀ ਤੇ ਬੀਬੀ ਹਰਸ਼ਰਨ ਦੀ ਬੇਟੀ ਦਾ ਆਨੰਦ ਕਾਰਜ ਸੀ। ਭਾਈ ਮਹਿੰਦਰ ਸਿੰਘ ਐੱਸ.ਡੀ.ਓ, ਭਾਈ ਜੋਗਿੰਦਰ ਸਿੰਘ ਤਲਵਾੜਾ, ਪ੍ਰਿੰਸੀਪਲ ਗੁਰਮੁਖ ਸਿੰਘ ਜੀ ਪਟਿਆਲਾ ਭਾਈ ਸੰਤਾ ਸਿੰਘ ਜੀ ਤੇ ਹੋਰ ਕਈ ਨਾਮ ਰਸੀਏ ਪਹੁੰਚ ਚੁੱਕੇ ਸਨ। ਭਾਈਆ ਜੀ ਆਪਣੀ ਰੌਲ ਲਈ ਉੱਠੇ। ਇਸ਼ਨਾਨ ਕਰਨ ਲਈ ਕਛਹਿਰਾ ਤੌਲੀਆ ਲੈ ਕੇ ਗੁਸਲਖਾਨੇ ਵਿੱਚ ਗਏ। ਛਾਤੀ



www.AKJ.Org

ਵਿੱਚ ਕੁਝ ਦਰਦ ਮਹਿਸੂਸ ਹੋਈ। ਬਾਹਰ ਆ ਗਏ। ਜਬਰਦਸਤ ਹਾਰਟ ਅਟੈਕ ਹੋ ਗਿਆ ਸੀ ਤੇ ਆਪ ਗੁਰੂ-ਗੁਰੂ ਜਪਣ ਲੱਗ ਪਏ। ਉਸ ਵੇਲੇ ਆਪ ਜੀ ਦਾ ਸੀਸ ਗੋਦੀ ਵਿਚ ਲੈ ਕੇ ਬੀਬੀ ਹਰਸ਼ਰਨ ਕੌਰ ਜੀ ਕਹਿਣ ਲੱਗੇ, 'ਪਿਤਾ ਜੀ, ਇਹ ਕੋਈ ਵੇਲਾ ਏ ਜਾਣ ਦਾ? ਧੀ ਦਾ ਕਾਰਜ ਨਹੀਂ ਜੇ ਕਰਨਾ?' ਭਾਈਆ ਜੀ ਦਾ ਜੁਆਬ ਸੀ, 'ਇਹੀ ਤਾਂ ਵੇਲਾ ਏ। ਸਾਰੇ ਸਿੰਘ ਇਕੱਠੇ ਹੋਏ ਨੇ। ਤੂੰ ਵੇਖਦੀ ਨਹੀਂ ਪਈ, ਸਿੰਘ ਲੈਣ ਆ ਰਹੇ ਨੇ?' ਸਾਰੇ ਸਿੰਘ ਜਾਗ ਪਏ। ਕਰਨਲ ਸਾਹਿਬ ਸ਼ਹਿਰ ਤੋਂ ਡਾਕਟਰ ਨੂੰ ਬੁਲਾਉਣ ਲਈ ਦੌੜ ਗਏ ਅਤੇ ਕੋਈ ਮੇਰੇ ਮਾਮਾ ਜੀ ਨੂੰ। ਕੋਈ ਭਾਈਆ ਜੀ ਦੀਆਂ ਲੱਤਾਂ ਘੁੱਟਣ ਲੱਗਾ ਤੇ ਕੋਈ ਬਾਹਵਾਂ। ਜਪੁ ਜੀ ਸਾਹਿਬ ਦਾ ਪਾਠ ਸ਼ੁਰੂ ਹੋ ਗਿਆ। ਮੰਨੈ ਦੀ ਪਉੜੀ ਤੇ ਪਹੁੰਚੇ ਤੇ ਪੰਖੇਰੂ ਉਡਾਰੀ ਮਾਰ ਗਿਆ। ਸਵਾਸ ਨਿਕਲਣ ਤੋਂ ਬਾਅਦ ਵੀ ਸਿੰਘ ਲੱਤਾਂ ਘੁੱਟੀ ਜਾ ਰਹੇ ਸਨ। ਅੰਮ੍ਰਿਤ ਵੇਲੇ ਕੂਕਣ ਵਾਲੇ ਬਬੀਹੇ ਦੀ ਪੁਕਾਰ ਦਰ ਤੇ ਸੁਣੀ ਗਈ ਤੇ ਉਹ ਅੰਮ੍ਰਿਤ ਵੇਲੇ ਹੀ ਸੱਜਣ ਨੂੰ ਜਾ ਮਿਲਿਆ। ਭਾਈਆ ਜੀ ਦੇ ਭੋਗ ਲਈ ਘਰ ਵਿੱਚ ਰੱਖੇ ਅਖੰਡ ਪਾਠ ਦੀ ਆਰੰਭਤਾ ਅਤੇ ਅੰਤਮ ਅਰਦਾਸ ਤੋਂ ਬਾਅਦ ਇਕੋ ਹੀ ਹੁਕਮਨਾਮਾ ਆਇਆ। ਹੁਕਮਨਾਮਾ ਸੀ :

**ੴ ਸਤਿਗੁਰ ਪ੍ਰਸਾਦਿ ॥**
**ਤਿਲੰਗ ਮਹਲਾ ੧ ਘਰੁ ੩**
**ਇਹੁ ਤਨੁ ਮਾਇਆ ਪਾਹਿਆ ਪਿਆਰੇ ਲੀਤੜਾ ਲਬਿ ਰੰਗਾਏ ॥**
**ਮੇਰੈ ਕੰਤ ਨ ਭਾਵੈ ਚੋਲੜਾ ਪਿਆਰੇ ਕਿਉ ਧਨ ਸੇਜੈ ਜਾਏ ॥੧॥**
**ਹੰਉ ਕੁਰਬਾਨੈ ਜਾਉ ਮਿਹਰਵਾਨਾ ਹੰਉ ਕੁਰਬਾਨੈ ਜਾਉ ॥**
**ਹੰਉ ਕੁਰਬਾਨੈ ਜਾਉ ਤਿਨਾ ਕੈ ਲੈਨਿ ਜੋ ਤੇਰਾ ਨਾਉ ॥**
**ਲੈਨਿ ਜੋ ਤੇਰਾ ਨਾਉ ਤਿਨਾ ਕੈ ਹੰਉ ਸਦ ਕੁਰਬਾਨੈ ਜਾਉ ॥੧॥ ਰਹਾਉ ॥**
**ਕਾਇਆ ਰੰਙਣਿ ਜੇ ਥੀਐ ਪਿਆਰੇ ਪਾਈਐ ਨਾਉ ਮਜੀਠ ॥**
**ਰੰਙਣ ਵਾਲਾ ਜੇ ਰੰਙੈ ਸਾਹਿਬੁ ਐਸਾ ਰੰਗੁ ਨ ਡੀਠ ॥੨॥**
**ਜਿਨ ਕੇ ਚੋਲੇ ਰਤੜੇ ਪਿਆਰੇ ਕੰਤੁ ਤਿਨਾ ਕੈ ਪਾਸਿ ॥**
**ਧੂੜਿ ਤਿਨਾ ਕੀ ਜੇ ਮਿਲੈ ਜੀ ਕਹੁ ਨਾਨਕ ਕੀ ਅਰਦਾਸਿ ॥੩॥**
**ਆਪੇ ਸਾਜੇ ਆਪੇ ਰੰਗੇ ਆਪੇ ਨਦਰਿ ਕਰੇਇ ॥**
**ਨਾਨਕ ਕਾਮਣਿ ਕੰਤੈ ਭਾਵੈ ਆਪੇ ਹੀ ਰਾਵੇਇ ॥੪॥੧॥੩॥**

(ਅੰਗ : ੭੨੧)

ਰੰਗਲੇ ਸੱਜਣ ਦੀ ਘਾਲ ਥਾਂਇ ਪਈ। ਗੁਰੂ ਨੇ ਮੋਹਰ ਲਾ ਦਿੱਤੀ।

ਗੁਰਸਿੱਖਾਂ ਦੇ ਜੀਵਨ ਹਮੇਸ਼ਾ ਪ੍ਰੇਰਨਾ ਸਰੋਤ ਹੋਇਆ ਕਰਦੇ ਹਨ। ਨਾਮ ਰਸੀਏ ਕਿਸੇ ਇਕ ਪਰਿਵਾਰ, ਇਕ ਮੁਹੱਲੇ ਜਾਂ ਇਕ ਸ਼ਹਿਰ ਨਾਲ ਸੰਬੰਧਿਤ ਨਹੀਂ ਹੁੰਦੇ। ਉਹ ਸਾਰਿਆਂ ਦੇ ਤੇ ਸਾਰੇ ਉਨ੍ਹਾਂ ਦੇ ਹੋਇਆ ਕਰਦੇ ਹਨ ਅਤੇ ਭਾਈਆ ਜੀ ਵੀ ਸਭ ਦੇ ਸਾਂਝੇ ਸਨ।


www.AKJ.Org

# ਭਾਈ ਮਨਮੋਹਨ ਸਿੰਘ ਯੂ.ਐੱਸ.ਏ

ਗੁਰਪੁਰਵਾਸੀ ਡਾਕਟਰ ਕੁਲਦੀਪ ਕੌਰ ਜੀ ਮੁਹਾਲੀ

ਅਖੰਡ ਕੀਰਤਨੀ ਜਥੇ ਦੇ ਰੂਹੇ ਰਵਾਂ, ਦੈਵੀ ਗੁਣਾਂ ਦੇ ਧਾਰਨੀ, ਵਿਦਵਾਨ ਅਤੇ ਲੇਖਕ ਭਾਈ ਮਨਮੋਹਨ ਸਿੰਘ ਦਾ ਜਨਮ ਸੰਨ 1923 ਵਿਚ ਜੜ੍ਹਾਂਵਾਲਾ ਜ਼ਿਲ੍ਹਾ ਲਾਇਲਪੁਰ ਪਾਕਿਸਤਾਨ ਵਿਚ ਮਾਸਟਰ ਸੁੰਦਰ ਸਿੰਘ ਜੀ ਦੇ ਘਰ ਮਾਤਾ ਭਗਵਾਨ ਕੌਰ ਜੀ ਦੀ ਕੁਖੋਂ ਹੋਇਆ। ਇਨ੍ਹਾਂ ਦੇ ਪਿਤਾ ਜੀ ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਨਿਕਟਵਰਤੀ, ਰੰਗਲੇ ਸੱਜਣ, ਅਖੰਡ ਕੀਰਤਨੀ ਜਥਾ ਜਲੰਧਰ ਦੇ ਮੁਖੀ ਸਨ ਤੇ ਆਪ ਨੂੰ ਗੁਰਸਿਖੀ ਦੀ ਦਾਤ ਵਿਰਸੇ ਵਿਚੋਂ ਮਾਤਾ ਪਿਤਾ ਤੋਂ ਹੀ ਮਿਲ ਗਈ।

ਦਸਵੀਂ ਤੱਕ ਪੜ੍ਹਾਈ ਗੌਰਮਿੰਟ ਹਾਈ ਸਕੂਲ ਜੜ੍ਹਾਂਵਾਲਾ ਵਿਖੇ ਕੀਤੀ। ਉਪਰੰਤ ਐਗਰੀਕਲਚਰਲ ਕਾਲਜ ਲਾਇਲਪੁਰ ਵਿਖੇ ਬੀ.ਐੱਸ.ਸੀ. ਕਰਕੇ ਨੌਕਰੀ ਵਿੱਚ ਆ ਗਏ। ਸਰਕਾਰੀ ਸੇਵਾ ਦੌਰਾਨ ਯੂ.ਪੀ. ਦੇ ਕਈ ਸ਼ਹਿਰਾਂ ਵਿੱਚ ਗੰਨੇ ਦੀ ਕਾਸ਼ਤ ਬਾਰੇ ਜਾਣਕਾਰੀ ਪ੍ਰਾਪਤ ਕਰਨ ਲਈ ਘੁੰਮਣ ਫਿਰਨ ਦਾ ਅਵਸਰ ਪ੍ਰਾਪਤ ਹੋਇਆ। ਕਈ ਵਾਰੀ ਜੰਗਲੀ ਇਲਾਕੇ ਵਿੱਚੋਂ ਲੰਘਣ ਲਈ ਹਾਥੀ ਅਤੇ ਘੋੜੇ ਦੀ ਸਵਾਰੀ ਕਰਨੀ ਪਈ। ਇਹ ਨੌਕਰੀ ਛੇ ਮਹੀਨੇ ਵਾਸਤੇ ਸੀ। ਵਾਪਸ ਆ ਕੇ ਕੁਝ ਮਹੀਨੇ ਲਈ, ਨਿਧੜਕ ਅਕਾਲੀ ਲੀਡਰ ਗਿ. ਕਰਤਾਰ ਸਿੰਘ ਜੀ ਦੇ ਪੀ.ਏ. ਬਣਕੇ ਸੇਵਾ ਨਿਭਾਈ, ਜਿਸ ਨਾਲ ਆਪ ਨੂੰ ਅਕਾਲੀ ਰਾਜਨੀਤੀ ਬਾਰੇ ਡੂੰਘੀ ਜਾਣਕਾਰੀ ਪ੍ਰਾਪਤ ਹੋਈ। ਸਟੇਜ ਉੱਤੇ ਕਵਿਤਾ ਸੁਨਾਉਣ ਅਤੇ ਭਾਸ਼ਣ ਦੇਣ ਦਾ ਤਜ਼ਰਬਾ ਤਾਂ ਬਚਪਨ ਵਿੱਚ ਹੀ ਸਤਿਕਾਰਤ ਪਿਤਾ ਜੀ ਦੀ ਸਿਖਲਾਈ ਸਦਕਾ ਪ੍ਰਾਪਤ ਹੋ ਗਿਆ ਸੀ। ਪਰ ਇਸ ਸੰਬੰਧ ਵਿੱਚ ਆਪਣਾ ਜੀਵਨ ਖੇਤਰ ਗੁਰਬਾਣੀ ਅਤੇ ਸਿੱਖ ਸਿਧਾਂਤਾਂ ਦੇ ਘੇਰੇ ਵਿੱਚ ਹੀ ਪ੍ਰਫੁੱਲਿਤ ਹੋ ਰਿਹਾ ਸੀ। ਕੀਰਤਨ ਪ੍ਰੇਮੀ ਅਤੇ ਨਾਮ ਅਭਿਆਸੀ ਮਾਪਿਆਂ ਦੇ ਪ੍ਰਭਾਵ ਅਧੀਨ ਆਪ 'ਗੁਰਬਾਣੀ ਸੰਗਤ' ਬਿਨਾਂ ਕਿਸੇ ਹੋਰ ਓਟ ਆਸਰੇ ਸੰਤੁਸ਼ਟ ਨਹੀਂ ਸਨ ਹੋ ਸਕਦੇ। ਉਂਝ ਉਸ ਸਮੇਂ ਦੇ ਨਿਸ਼ਕਾਮ ਅਕਾਲੀ ਨੇਤਾਵਾਂ ਕੋਲੋਂ ਆਪ ਜੀ ਨੇ ਬਹੁਤ ਕੁਝ ਸਿੱਖਿਆ।

ਆਪ ਦੀ ਸ਼ਾਦੀ ਬੀਬੀ ਨਿਰੰਜਨ ਕੌਰ ਸਪੁੱਤਰੀ ਸ. ਰਾਜਾ ਸਿੰਘ ਜੀ ਜੜ੍ਹਾਂਵਾਲਾ ਲਾਇਲਪੁਰ ਨਿਵਾਸੀ ਨਾਲ ਸੰਨ 1945 ਈ. ਵਿੱਚ ਹੋਈ। ਉਨ੍ਹਾਂ ਦਾ ਆੜ੍ਹਤ ਦਾ ਕਾਰੋਬਾਰ ਸੀ ਤੇ ਉਨ੍ਹਾਂ ਨੂੰ ਬਾਰ ਬਾਰ ਜੇਲ੍ਹ ਯਾਤਰਾ ਕਰਨ ਕਰਕੇ ਮਾਇਕ ਔਕੜਾਂ ਵੀ ਝਲਣੀਆਂ ਪਈਆਂ। ਸ. ਰਾਜਾ ਸਿੰਘ ਜੀ ਕਾਂਗਰਸ ਦੇ ਉੱਘੇ ਨੇਤਾ ਸਨ ਅਤੇ ਕਈ ਵਾਰੀ ਜੇਲ੍ਹ ਯਾਤਰਾ ਕਰ ਚੁੱਕੇ ਸਨ। ਇਸ ਤਰ੍ਹਾਂ ਕਾਂਗਰਸ ਦੇ ਸਿਧਾਂਤਾਂ ਦਾ ਪ੍ਰਭਾਵ ਵੀ ਮਨਮੋਹਨ ਸਿੰਘ ਉੱਤੇ ਪੈਣਾ ਸੁਭਾਵਿਕ ਸੀ। ਉਸ ਸਮੇਂ ਸਭ ਪਾਰਟੀਆਂ ਦਾ ਮੁੱਖ ਆਦਰਸ਼ ਸੁਤੰਤਰਤਾ ਪ੍ਰਾਪਤੀ ਸੀ। ਸੋ ਧਰਮ ਪ੍ਰਚਾਰ ਅਤੇ ਆਜ਼ਾਦੀ ਦੀ ਭਾਵਨਾ ਆਪਦੇ ਭਾਸ਼ਣਾਂ ਦਾ ਮੁੱਖ ਵਿਸ਼ਾ ਹੋਇਆ ਕਰਦਾ ਸੀ।

ਨੌਕਰੀ ਦੌਰਾਨ ਹੀ ਆਪ ਨੇ ਅਰਥ ਸ਼ਾਸਤਰ ਦਾ ਅਧਿਐਨ ਵੀ ਕਰ ਲਿਆ। ਹਿੰਦ ਸਰਕਾਰ ਦੀ ਨੌਕਰੀ ਸਮੇਂ ਆਪ ਪਟਨਾ ਸਾਹਿਬ, ਕਾਨਪੁਰ, ਮਦਰਾਸ, ਜੈਪੁਰ ਆਦਿ ਸ਼ਹਿਰਾਂ ਵਿੱਚ ਵੀ ਰਹੇ। ਅਖੀਰ ਵਿਚ ਜੈਪੁਰ ਤੋਂ ਦਿੱਲੀ ਤਬਦੀਲੀ ਹੋਣ ਤੇ ਸੇਵਾ ਮੁਕਤੀ ਤੱਕ ਆਪ ਨੇ ਰਾਜਧਾਨੀ ਦਿੱਲੀ ਵਿੱਚ ਹੀ ਨਿਵਾਸ ਰੱਖਿਆ। ਇੱਥੇ ਆਪ ਦਾ ਅਖੰਡ ਕੀਰਤਨੀ ਜੱਥੇ ਨਾਲ ਅਟੁੱਟ ਸੰਬੰਧ ਰਿਹਾ। ਜੱਥੇ ਦੇ ਕੀਰਤਨ ਸਮਾਗਮਾਂ ਵਿੱਚ ਆਪ ਆਰੰਭ ਤੋਂ ਅੰਤ ਤੱਕ ਇਕ ਚੌਕੜੇ ਵਿੱਚ ਸਮਾਪਤੀ ਤੱਕ ਬੈਠੇ ਰਹਿੰਦੇ ਸਨ। ਜਿੱਥੇ-ਜਿੱਥੇ ਵੀ ਆਪ ਰਹੇ, ਕੀਰਤਨੀਏ ਸਿੰਘਾਂ ਨਾਲ ਆਪ ਦਾ ਸੰਬੰਧ ਜੁੜਿਆ ਰਿਹਾ। ਆਪ ਜਿਸ ਸ਼ਹਿਰ ਵਿਚ ਵੀ ਨੌਕਰੀ ਕਰਨ ਲਈ ਗਏ, ਉੱਥੇ ਪੁਰਾਤਨ ਸਿੰਘਾਂ ਦੀ ਸੰਗਤ ਵੀ ਮਿਲਦੀ ਰਹੀ ਜਿਵੇਂ ਕਾਨਪੁਰ ਵਿਚ ਭਾਈ ਮੋਹਨ ਸਿੰਘ ਗਾਰਡ, ਜੈਪੁਰ ਵਿਚ ਕਰਨਲ ਪਿਆਰਾ ਸਿੰਘ ਜੀ, ਭਾਈ ਸੁੰਦਰ ਸਿੰਘ ਜੀ ਕੀਰਤਨੀਏ, ਦਿੱਲੀ ਵਿਖੇ ਭਾਈ ਦਰਸ਼ਨ ਸਿੰਘ ਭਰਾ ਜੀ, ਮਾਸਟਰ ਹਰਬੰਸ ਸਿੰਘ ਜੀ,



www.AKJ.Org

ਭਾਈ ਮਿਹਰ ਸਿੰਘ ਜੀ, ਭਾਈ ਜੋਧ ਸਿੰਘ ਜੀ, ਡਾ. ਬੇਅੰਤ ਸਿੰਘ ਜੀ, ਭਾਈ ਅਵਤਾਰ ਸਿੰਘ ਖੜਤਾਲੀ ਜੱਥਾ, ਭਾਈ ਦਰਸ਼ਨ ਸਿੰਘ ਜੀ ਵੀਰਾ ਜੀ ਆਦਿ ਨਾਮ ਵਰਣਨ ਯੋਗ ਹਨ। ਆਪ ਵੀ ਕੀਰਤਨ ਕਰਿਆ ਕਰਦੇ ਸਨ। ਸਰਕਾਰੀ ਸੇਵਾ ਦੌਰਾਨ ਆਪ ਨੂੰ ਛੇ ਮਹੀਨੇ ਲਈ ਅਮਰੀਕਾ ਦੀਆਂ ਵਿਸ਼ੇਸ਼ ਯੂਨੀਵਰਸਿਟੀਆਂ ਵਿੱਚ ਆਪਣੇ ਵਿਸ਼ੇ ਨਾਲ ਸੰਬੰਧਿਤ ਯੋਜਨਾਵਾਂ ਦਾ ਅਧਿਐਨ ਕਰਨ ਲਈ ਭੇਜਿਆ ਗਿਆ। ਉੱਥੇ ਆਪ ਨੇ ਸਰਕਾਰੀ ਫਰਜ਼ ਨਿਭਾਉਣ ਦੇ ਨਾਲ-ਨਾਲ ਅਮਰੀਕਨ ਭਾਰਤੀਆਂ ਦੀ ਸਭਿਅਤਾ, ਸਭਿਆਚਾਰ ਅਤੇ ਧਾਰਮਿਕ ਮਾਨਤਾਵਾਂ ਬਾਰੇ ਵੀ ਕਾਫ਼ੀ ਜਾਣਕਾਰੀ ਹਾਸਲ ਕੀਤੀ ਅਤੇ ਇਕ ਲੇਖ ਰਾਹੀਂ ਆਪਣੇ ਵਿਚਾਰ ਪ੍ਰਗਟਾਏ।

ਆਪ ਸਿੱਖ ਇਤਿਹਾਸ, ਗੁਰਬਾਣੀ ਅਤੇ ਗੁਰਮਤਿ ਸਿਧਾਂਤਾਂ ਦੀ ਡੂੰਘੀ ਜਾਣਕਾਰੀ ਰੱਖਦੇ ਸਨ। ਫਰਵਰੀ 1966 ਵਿਚ 'ਸੂਰਾ' ਮਾਸਿਕ ਪੱਤਰ ਆਰੰਭ ਹੋਣ ਦੇ ਸਮੇਂ ਤੋਂ ਲੈ ਕੇ ਸਮੇਂ-ਸਮੇਂ ਗੁਰਮਤਿ ਦੇ ਵੱਖ-ਵੱਖ ਵਿਸ਼ਿਆਂ 'ਤੇ ਆਪ ਜੀ ਦੇ ਲੇਖ ਆਉਂਦੇ ਹੀ ਰਹਿੰਦੇ ਸਨ। ਜੇ ਉਨ੍ਹਾਂ ਨੂੰ ਇਕੱਤਰ ਕਰੀਏ 'ਤੇ ਇੱਕ ਵੱਡੀ ਪੁਸਤਕ ਬਣ ਸਕਦੀ ਹੈ। ਅਮਰੀਕਾ ਰਹਿੰਦੇ ਸਮੇਂ ਉਨ੍ਹਾਂ ਨੇ ਗੁਰਬਾਣੀ ਵਿਆਕਰਣ, ਉਚਾਰਣ ਸੰਬੰਧੀ ਇਕ ਕਿਤਾਬਚਾ ਵੀ ਲਿਖ ਕੇ ਛਪਵਾਇਆ ਸੀ ਜੋ ਨਵੀਂ ਪਨੀਰੀ ਗੁਰਬਾਣੀ ਦੇ ਪਾਠ ਦੀ ਸੰਥਿਆ ਲੈਣ ਲਈ ਬਹੁਤ ਲਾਹੇਵੰਦ ਹੈ।

ਆਪ ਜੀ ਦੇ ਦੋ ਸਪੁੱਤਰ ਪਹਿਲਾਂ ਪੜ੍ਹਾਈ ਲਈ ਅਤੇ ਫਿਰ ਆਪਣੇ ਕਾਰੋਬਾਰ ਲਈ ਅਮਰੀਕਾ ਦੇ ਨਿਵਾਸੀ ਬਣ ਗਏ। ਛੋਟਾ ਸਪੁੱਤਰ ਕੋਲ ਹੋਣ ਕਰਕੇ, ਉਸ ਦੀ ਪੜ੍ਹਾਈ ਆਦਿ ਲਈ ਉਹ ਦਿੱਲੀ ਹੀ ਰਹਿਣਾ ਚਾਹੁੰਦੇ ਸਨ, ਪਰ ਅਮਰੀਕਾ ਨਿਵਾਸੀ ਪੁੱਤਰਾਂ ਦੇ ਮਜ਼ਬੂਰ ਕਰਨ 'ਤੇ ਆਪ ਅਮਰੀਕਾ ਚਲੇ ਗਏ ਅਤੇ ਛੋਟੇ ਬੇਟੇ ਦੀ ਪੜ੍ਹਾਈ ਆਦਿ ਦਾ ਸਾਰਾ ਪ੍ਰਬੰਧ ਉੱਥੇ ਹੀ ਕਰ ਦਿੱਤਾ ਗਿਆ। ਇਸ ਤਰ੍ਹਾਂ ਤਿੰਨ ਬੇਟਿਆਂ ਸਮੇਤ ਸਾਰਾ ਪਰਿਵਾਰ ਉੱਥੇ ਹੀ ਰਹਿਣ ਲੱਗ ਪਿਆ। ਆਪ ਦੇ ਦੋ ਬੇਟੇ ਡਾਕਟਰ ਹਨ (ਇਕ Cardiologist ਦੂਸਰਾ Nurologist) ਅਤੇ ਤੀਜਾ ਬੇਟਾ ਆਪਣਾ ਹੀ ਕਾਰੋਬਾਰ ਕਰਦਾ ਹੈ। ਸੰਨ 1984 ਈ. ਦੇ ਸਿੱਖ ਵਿਰੋਧ ਦੰਗਿਆਂ ਨੇ ਆਪਦੇ ਹਿਰਦੇ ਨੂੰ ਬਹੁਤ ਠੇਸ ਪਹੁੰਚਾਈ। ਆਪ ਆਪਣੀ ਅਗਵਾਈ ਵਿੱਚ ਉੱਥੋਂ ਦੀਆਂ ਪ੍ਰਤੀਨਿਧ ਸਿੱਖ ਸੰਸਥਾਵਾਂ ਦੇ ਪ੍ਰਮੁੱਖ ਸਿੱਖ ਕਾਰਕੁਨਾਂ ਦਾ ਜੱਥਾ ਲੈ ਕੇ ਅਮਰੀਕਾ ਦੇ ਰਾਸ਼ਟਰਪਤੀ ਕੋਲ ਗਏ ਅਤੇ ਇੱਥੋਂ ਦੇ ਸਾਰੇ ਹਾਲਾਤ ਤੋਂ ਜਾਣੂ ਕਰਵਾਇਆ।

ਅਮਰੀਕਾ ਰਹਿੰਦੇ ਸਮੇਂ ਭਾਈ ਮਹਿੰਦਰ ਸਿੰਘ ਜੀ ਐੱਸ.ਡੀ.ਓ. ਭਾਈ ਜੀਵਨ ਸਿੰਘ ਜੀ ਅਤੇ ਭਾਈ ਪ੍ਰੀਤਮ ਸਿੰਘ ਜੀ ਚਾਨੀ ਆਪ ਜੀ ਕੋਲ ਅਕਸਰ ਆਉਂਦੇ ਜਾਂਦੇ ਸਨ ਤੇ ਆਪ ਜੀ ਦੇ ਸੰਗ ਸਾਥ ਖੂਬ ਕੀਰਤਨ ਦੀ ਛਹਿਬਰਾਂ ਲਾਉਂਦੇ ਰਹੇ ਹਨ।

ਅਮਰੀਕਾ ਰਹਿੰਦੇ ਹੋਏ ਆਪ Vermout ਗੁਰਦੁਆਰਾ ਸਾਹਿਬ ਪਰਿਵਾਰ ਸਮੇਤ, ਕੁੱਝ ਹੋਰ ਸਿੰਘਾਂ ਨੂੰ ਨਾਲ ਲੈ ਕੇ ਹਰ ਐਤਵਾਰ ਸੰਪੂਰਨ ਆਸਾ ਦੀ ਵਾਰ ਦੇ ਕੀਰਤਨ ਦੀ ਸੇਵਾ ਨਿਭਾਉਂਦੇ ਰਹੇ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਹਿਜ ਪਾਠ ਤੇ ਅਖੰਡ ਪਾਠਾਂ ਦੀ ਲੜੀ ਵੀ ਆਮ ਤੌਰ 'ਤੇ ਚੱਲਦੀ ਰਹਿੰਦੀ ਸੀ। ਇਹ ਸੇਵਾ ਵੀ ਆਪ ਪੂਰੀ ਤਨ ਦੇਹੀ ਨਾਲ ਨਿਭਾਉਂਦੇ ਸਨ। ਆਪ ਜੀ ਕਿਸੇ ਤਰ੍ਹਾਂ ਵੀ ਪਾਰਟੀਬਾਜ਼ੀ ਵਿੱਚ ਯਕੀਨ ਨਹੀਂ ਸਨ ਰੱਖਦੇ। ਨਿਰਪੱਖ ਜੀਵਨ ਬਿਤਾਉਂਦਿਆਂ ਹੋਇਆਂ ਨਿਸ਼ਕਾਮ ਸੇਵਾ ਕਰਨੀ ਉਨ੍ਹਾਂ ਦਾ ਆਦਰਸ਼ ਸੀ। ਇਸੇ ਗੁਣ ਨੂੰ ਦੇਖਦਿਆਂ ਹੋਇਆਂ, ਗੁਰਦੁਆਰਾ ਸਾਹਿਬ ਵਿੱਚ ਸਾਧ ਸੰਗਤ ਨੇ ਉਨ੍ਹਾਂ ਨੂੰ ਪ੍ਰਧਾਨਗੀ ਪਦ 'ਤੇ ਸੁਸ਼ੋਭਿਤ ਕੀਤਾ। ਕਈ ਸਾਲ ਆਪਣੇ ਇਸ ਸੇਵਾ ਨੂੰ ਇਕ ਸੇਵਾਦਾਰ ਦੇ ਰੂਪ ਵਿੱਚ ਨਿਭਾਇਆ। ਕਦੇ ਪ੍ਰਧਾਨਗੀ ਦੇ ਮਾਨ ਨੂੰ ਮਨ ਵਿੱਚ ਨਹੀਂ ਲਿਆਂਦਾ। ਯੁਵਾ ਅਵਸਥਾ ਤੋਂ ਹੀ ਜਾਂ ਕਹਿ ਲਈਏ ਕਿ ਵਿਦਿਆਰਥੀ ਜੀਵਨ ਤੋਂ ਆਪ ਨਾਮ ਬਾਣੀ ਦੇ ਪ੍ਰੇਮ ਵਿੱਚ ਅੰਮ੍ਰਿਤ ਵੇਲੇ ਦੀ ਸੰਭਾਲ ਕਰਦੇ ਰਹੇ। ਖੁਸ਼ੀ ਗ਼ਮੀ ਦਾ ਕੋਈ ਅਵਸਰ ਹੋਵੇ, ਇਹ ਨੇਮ ਉਨ੍ਹਾਂ ਨੇ ਕਦੇ ਭੰਗ ਨਹੀਂ ਕੀਤਾ। ਸਾਰਾ ਪਰਿਵਾਰ ਸਿੱਖੀ ਸਰੂਪ ਵਿੱਚ ਹੈ। ਬਾਣੀ ਅਤੇ ਬਾਣੇ ਵਿੱਚ ਸੰਪੂਰਨਤਾ ਦਿਖਾਈ ਦੇਂਦੀ ਹੈ। ਸਭਨਾਂ ਨੇ ਆਪਣੇ ਘਰਾਂ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਹੋਇਆ ਹੈ। ਰਹਿਣੀ ਕਹਿਣੀ ਵਿੱਚ ਕਿਸੇ ਬਾਰੇ ਆਪ ਨੂੰ



www.AKJ.Org

ਗਿੱਲੇ ਸ਼ਿੱਕਵੇ ਕਰਨ ਦਾ ਮੌਕਾ ਨਹੀਂ ਮਿਲਿਆ। ਪਰਮਾਰਥ ਮਾਰਗ ਵਿੱਚ ਦੰਪਤੀ ਨੇ **'ਇਕ ਸਿਖ ਦੁਇ ਸਾਧ ਸੰਗ'** ਵਾਲਾ ਨਮੂਨਾ ਪੇਸ਼ ਕੀਤਾ ਹੈ। ਆਪ ਅਮਰੀਕਾ ਵਿਚ ਆਪਣੇ ਪ੍ਰੀਵਾਰ ਕੋਲ ਰਹਿੰਦਿਆਂ ਹੀ ਅਗਸਤ 2008 ਨੂੰ ਗੁਰਪੁਰੀ ਪਿਆਨੇ ਕਰ ਗਏ।

# ਡਾ. ਕੁਲਦੀਪ ਕੌਰ ਜੀ ਮੁਹਾਲੀ

ਡਾਕਟਰ ਸਰਬਜੋਤ ਕੌਰ ਜੀ ਲੁਧਿਆਣਾ

(**ਸੰਪਾਦਕੀ ਨੋਟ** : ਡਾਕਟਰ ਕੁਲਦੀਪ ਕੌਰ ਜੀ ਦਾ ਬਹੁ-ਪੱਖੀ ਜੀਵਨ ਬਿਰਤਾਂਤ ਵਿਸਥਾਰ ਸਹਿਤ ਉਨ੍ਹਾਂ ਦੀ ਸਪੁੱਤਰੀ ਡਾਕਟਰ ਸਰਬਜੀਤ ਕੌਰ ਵੱਲੋਂ ਜੀਵਨ ਰਾਸ ਨਾਂ ਦੀ ਪੁਸਤਕ ਵਿਚ ਲਿਖ ਕੇ, ਉਨ੍ਹਾਂ ਦੇ ਚੜ੍ਹਾਈ ਕਰਨ ਤੋਂ ਪਹਿਲਾਂ ਹੀ ਸੰਗਤਾਂ ਨੂੰ ਭੇਟਾ ਕੀਤਾ ਜਾ ਚੁੱਕਾ ਹੈ। ਇਹ ਲੇਖ ਉਨ੍ਹਾਂ ਦੀ ਚੜ੍ਹਾਈ ਕਰਨ ਤੋਂ ਬਾਅਦ ਉਨ੍ਹਾਂ ਲਿਖਿਆ ਸੀ ਜੋ ਆਤਮ ਰੰਗ ਰਸਾਲੇ ਦੇ ਮਾਰਚ 2020 ਦੇ ਅੰਕ ਵਿਚ ਮਹਾਨ ਲੇਖਕ ਅਤੇ ਕਵਿੱਤਰੀ ਦੇ ਸਿਰਲੇਖ ਹੇਠ ਛਪਿਆ ਸੀ।)

ਅਖੰਡ ਕੀਰਤਨੀ ਜੱਥੇ ਦੇ ਪੁਰਾਤਨ ਸਿੰਘ ਹੌਲੀ ਹੌਲੀ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਕੇ ਸਾਨੂੰ ਸਦੀਵੀ ਵਿਛੋਵਾ ਦੇਈ ਜਾ ਰਹੇ ਹਨ। ਅਜੇ ਭਾਈ ਮਿਹਰ ਸਿੰਘ ਜੀ, ਮਾਸਟਰ ਜਸਵੰਤ ਸਿੰਘ ਜੀ ਅਤੇ ਡਾ. ਦਰਸ਼ਨ ਸਿੰਘ ਜੀ ਵਰਗਿਆਂ ਦੇ ਵਿਛੋੜੇ ਦਾ ਸੱਲ ਤਾਜ਼ਾ ਹੀ ਸੀ ਕਿ ਉਨ੍ਹਾਂ ਦਾ ਸੰਗ ਮਾਣਨ ਵਾਲੇ ਡਾ. ਕੁਲਦੀਪ ਕੌਰ ਜੀ, ਰਿਟਾਇਰਡ ਪ੍ਰੋਫ਼ੈਸਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ 95 ਸਾਲ ਦੀ ਉਮਰ ਭੋਗ ਕੇ ਗੁਰਪੁਰੀ ਸਿਧਾਰ ਗਏ। ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਸੰਗੀ ਸਾਥੀ ਅਤੇ ਜਲੰਧਰ ਦੇ ਅਖੰਡ ਕੀਰਤਨੀ ਜੱਥੇ ਦੇ ਇੰਚਾਰਜ ਮਾਸਟਰ ਸੁੰਦਰ ਸਿੰਘ ਅਤੇ ਮਾਤਾ ਭਗਵਾਨ ਕੌਰ ਜੀ ਦੀ ਸਪੁਤਰੀ ਡਾ. ਕੁਲਦੀਪ ਕੌਰ ਜੀ ਨੂੰ ਗੁਰਸਿੱਖੀ ਦੀ ਦਾਤ ਵਿਰਸੇ ਵਿੱਚ ਪ੍ਰਾਪਤ ਹੋਈ। ਆਪ ਜੀ ਦੇ ਪਿਤਾ ਜੀ ਉੱਚ ਅਧਿਆਤਮਿਕ ਅਵਸਥਾ ਦੇ ਮਾਲਕ ਸਨ ਅਤੇ ਮਾਤਾ ਜੀ ਸੇਵਾ ਦੇ ਪੁੰਜ, ਮਿੱਠ ਬੋਲੜੇ ਅਤੇ ਸਹਿਨਸ਼ੀਲਤਾ ਭਰਪੂਰ ਹਸਤੀ ਸਨ। ਆਪ ਜੀ ਦੇ ਵੱਡੇ ਭਰਾਤਾ ਸ੍ਰ. ਮਨਮੋਹਨ ਸਿੰਘ ਜੀ, ਜੋ ਆਪਣੀ ਸੇਵਾ ਮੁਕਤੀ ਤੋਂ ਬਾਅਦ ਅਮਰੀਕਾ ਵਿੱਚ ਵਸ ਗਏ ਸਨ, ਵੀ ਅਖੰਡ ਕੀਰਤਨੀ ਜੱਥੇ ਦੀ ਜਾਣੀ ਪਹਿਚਾਣੀ ਹਸਤੀ ਸਨ। ਆਪ ਜੀ ਦੇ ਨਾਨਕੇ ਦਾਦਕੇ ਦੋਵੇਂ ਹੀ ਗੁਰੂ ਘਰ ਦੇ ਪ੍ਰੇਮੀ ਅਤੇ ਅੰਮ੍ਰਿਤ ਵੇਲੇ ਦੀ ਸੰਭਾਲ ਕਰਨ ਵਾਲੇ ਪੂਰਨ ਗੁਰਸਿੱਖ ਸਨ।

ਆਪ ਦਾ ਜਨਮ 4 ਮਾਰਚ 1925 ਨੂੰ ਜੜ੍ਹਾਂਵਾਲੇ ਜਿਲ੍ਹਾ ਲਾਇਲਪੁਰ (ਪਾਕਿਸਤਾਨ) ਵਿੱਚ ਹੋਇਆ। ਅੱਠਵੀਂ ਤੱਕ ਦੀ ਵਿਦਿਆ ਆਪ ਨੇ ਜੜ੍ਹਾਂਵਾਲੇ ਹੀ ਪ੍ਰਾਪਤ ਕੀਤੀ ਅਤੇ ਅਗਲੇਰੀ ਪੜ੍ਹਾਈ ਲਈ ਆਪ ਆਪਣੇ ਵੱਡੇ ਭਰਾ ਸ੍ਰ. ਮਨਮੋਹਨ ਸਿੰਘ, ਜੋ ਉਸ ਵੇਲੇ ਲਾਇਲਪੁਰ ਵਿਖੇ ਬੀ.ਐਸ-ਸੀ. ਐਗਰੀਕਲਚਰ ਕਰ ਰਹੇ ਸਨ, ਕੋਲ ਚਲੇ ਗਏ ਅਤੇ ਦਸਵੀਂ ਤੱਕ ਦੀ ਵਿਦਿਆ ਉੱਥੋਂ ਪ੍ਰਾਪਤ ਕੀਤੀ। ਉਨ੍ਹਾਂ ਦਿਨਾਂ ਵਿੱਚ ਬੱਚਿਆਂ ਦੇ ਵਿਆਹ ਛੋਟੀ ਉਮਰੇ ਹੀ ਕਰ ਦਿੱਤੇ ਜਾਂਦੇ ਸਨ। ਡਾ. ਕੁਲਦੀਪ ਕੌਰ ਜੀ ਦੀ ਮੰਗਣੀ ਵੀ ਦਸਵੀਂ ਵਿੱਚ ਪੜ੍ਹਦਿਆਂ ਹੀ ਸ੍ਰ. ਗੁਰਬਚਨ ਸਿੰਘ ਜੀ, ਜੋ ਉਸ ਸਮੇਂ ਪੋਸਟ ਆਫ਼ਿਸ ਵਿੱਚ ਨੌਕਰੀ ਕਰਦੇ ਸਨ, ਨਾਲ ਕਰ ਦਿੱਤੀ ਗਈ। ਆਪ ਜੀ ਦੇ ਵੱਡੇ ਭਰਾਤਾ ਦੇ ਸਹੁਰਾ ਸਾਹਿਬ ਸ੍ਰ. ਰਾਜਾ ਸਿੰਘ ਜੰਗ-ਏ-ਆਜ਼ਾਦੀ ਵਿੱਚ ਜੂਝਦਿਆਂ ਜੇਲ੍ਹ ਵਿੱਚ ਸਨ। ਸੋ ਵਿਆਹ ਅੱਗੇ ਪੈ ਗਿਆ ਅਤੇ ਆਪ ਨੇ ਗਿਆਨੀ ਤੇ ਬੀ.ਏ. (ਕੇਵਲ ਅੰਗਰੇਜ਼ੀ) ਪਾਸ ਕਰ ਲਈ। ਆਪ ਐੱਮ.ਏ. (ਗੋਲਡਮੈਡਲਿਸਟ) ਐੱਮ.ਐੱਡ., ਪੀਐੱਚ.ਡੀ. ਸਨ ਅਤੇ ਇਹ ਸਾਰੀ ਵਿਦਿਆ ਆਪ ਨੇ ਵਿਆਹ ਤੋਂ ਬਾਅਦ ਪੂਰੀ ਕੀਤੀ।

1947 ਦੀ ਵੰਡ ਸਮੇਂ ਆਪ ਜਾਨ ਬਚਾਉਂਦੇ ਨੰਗੇ ਪੈਰੀਂ ਸ੍ਰੀ ਅੰਮ੍ਰਿਤਸਰ ਪਹੁੰਚੇ ਤੇ ਬਾਅਦ ਵਿੱਚ ਪੱਕੇ ਤੌਰ ਤੇ



www.AKJ.Org

ਲੁਧਿਆਣੇ ਟਿੱਕ ਗਏ। ਸਭ ਕੁਝ ਪਾਕਿਸਤਾਨ ਵਿੱਚ ਰਹਿ ਜਾਣ ਕਾਰਨ, ਆਰਥਿਕ ਤੌਰ ਤੇ ਬਹੁਤ ਸਾਰੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਆਪ ਨੇ ਘਰ ਦਾ ਖਰਚਾ ਚਲਾਉਣ ਲਈ ਆਪਣੇ ਪਤੀ ਦੇ ਮੋਢੇ ਨਾਲ ਮੋਢਾ ਜੋੜ ਕੇ ਕੰਮ ਕਰਨਾ ਸ਼ੁਰੂ ਕੀਤਾ ਅਤੇ ਲੜਕੀਆਂ ਵਾਸਤੇ ਗਿਆਨੀ ਕਾਲਜ ਖੋਲ੍ਹਿਆ। ਇਹ ਕਾਲਜ 12 ਸਾਲ ਸਫ਼ਲਤਾ ਪੂਰਵਕ ਚਲਦਾ ਰਿਹਾ। ਉਸ ਸਮੇਂ ਦੀਆਂ ਆਪ ਦੀਆਂ ਵਿਦਿਆਰਥਣਾਂ, ਭਾਵੇਂ ਹੁਣ ਉਹ ਬਜ਼ੁਰਗ ਅਵਸਥਾ ਵਿੱਚ ਹਨ, ਅੱਜ ਵੀ ਬੜੇ ਪਿਆਰ ਨਾਲ ਉਨ੍ਹਾਂ ਨੂੰ ਯਾਦ ਕਰਦੀਆਂ ਹਨ। ਸ੍ਰ. ਮਦਨ ਸਿੰਘ ਯੂ.ਕੇ. ਦੀ ਸਿੰਘਣੀ ਬੀਬੀ ਕਿਰਪਾਲ ਕੌਰ ਵੀ ਆਪ ਦੀ ਵਿਦਿਆਰਥਣ ਰਹਿ ਚੁਕੀ ਹੈ। ਫਿਰ ਸਰਗੋਧਾ ਖ਼ਾਲਸਾ ਗਰਲਜ਼ ਸਕੂਲ, ਲੁਧਿਆਣਾ ਵਿੱਚ ਪ੍ਰਿੰਸੀਪਲ ਦਾ ਅਹੁਦਾ ਮਿਲਣ ਤੇ ਕਾਲਜ ਬੰਦ ਕਰ ਦਿੱਤਾ। ਸੰਨ 1965 ਵਿੱਚ ਆਪ ਨੂੰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਨੌਕਰੀ ਮਿਲ ਗਈ ਜਿਥੋਂ ਉਹ 1985 ਵਿੱਚ ਬਤੌਰ ਪ੍ਰੋਫ਼ੈਸਰ ਰਿਟਾਇਰ ਹੋਏ। ਰਿਟਾਇਰਮੈਂਟ ਤੋਂ ਬਾਅਦ, ਆਪ ਆਪਣੇ ਸਪੁਤਰ ਦੀ ਬਦਲੀ ਸ਼੍ਰੀਨਗਰ ਹੋਣ ਕਰਕੇ ਉਥੇ ਚਲੇ ਗਏ, ਜਿਥੇ ਆਪ ਨੇ ਨੇੜੇ ਦੇ ਗੁਰਦੁਆਰਾ ਸਾਹਿਬ ਵਿੱਚ ਸਾਰੇ ਨਿਤਨੇਮ ਦੀ ਕਥਾ ਕੀਤੀ। ਅੰਤ ਆਪ ਮੋਹਾਲੀ ਵਿਖੇ ਟਿੱਕ ਗਏ। ਇਥੇ ਆ ਕੇ ਆਪ ਨੇ ਗਲੀ ਮੁਹੱਲੇ ਦੇ ਬੱਚਿਆਂ ਨੂੰ ਇਕੱਠਾ ਕਰਕੇ ਹਫ਼ਤਾਵਾਰੀ ਕੀਰਤਨ ਸਮਾਗਮ ਅਤੇ ਬੱਚਿਆਂ ਨੂੰ ਕਵਿਤਾਵਾਂ ਤੇ ਲੈਕਚਰ ਸਿਖਾਇਆ ਕਰਨੇ ਆਰੰਭ ਕੀਤੇ।

ਅਖੰਡ ਕੀਰਤਨੀ ਜੱਥੇ ਦੇ ਲੋਕਲ ਅਤੇ ਸਾਲਾਨਾ ਪ੍ਰੋਗਰਾਮਾਂ ਤੇ ਆਪ ਆਪਣੇ ਪ੍ਰੀਵਾਰ ਸਮੇਤ ਹਮੇਸ਼ਾ ਹਾਜ਼ਰੀ ਭਰਦੇ ਰਹੇ। ਕੇਵਲ ਆਪਣੇ ਪ੍ਰੀਵਾਰ ਨਾਲ ਹੀ ਨਹੀਂ, ਸਗੋਂ ਆਪਣੀਆਂ ਬੱਚੀਆਂ ਦੀਆਂ ਸਹੇਲੀਆਂ ਨੂੰ ਵੀ ਨਾਲ ਲੈ ਕੇ ਜਾਂਦੇ ਰਹੇ, ਜੋ ਅੰਮ੍ਰਿਤਧਾਰੀ ਹੋ ਕੇ ਅੱਜ ਗੁਰਸਿੱਖੀ ਜੀਵਨ ਜੀਊ ਰਹੀਆਂ ਹਨ। ਭਾਈ ਜੀਵਨ ਸਿੰਘ ਜੀ, ਡਾ. ਦਰਸ਼ਨ ਸਿੰਘ ਜੀ, ਡਾ. ਹਰਦਿਆਲ ਸਿੰਘ ਜੀ, ਭਾਈ ਜੋਗਿੰਦਰ ਸਿੰਘ ਤਲਵਾੜਾ, ਸ਼ਹੀਦ ਭਾਈ ਫੌਜਾ ਸਿੰਘ, ਬੀਬੀ ਅਮਰਜੀਤ ਕੌਰ, ਬੀਬੀ ਗੁਰਦੀਸ਼ ਕੋਰ ਨਾਲ ਆਪ ਦੇ ਬੜੀ ਨੇੜਤਾ ਦੇ ਸਬੰਧ ਸਨ। ਬੀਬੀ ਹਰਸਰਨ ਕੌਰ ਤਾਂ ਆਪ ਜੀ ਦੇ ਪਿਤਾ ਜੀ ਦੀ ਧੀ ਬਣੀ ਹੋਈ ਹੋਣ ਕਰਕੇ ਆਪ ਜੀ ਨੂੰ ਆਪਣੀ ਭੈਣ ਹੀ ਸਮਝਦੀ ਸੀ। ਆਪ ਦੇ ਪਿਤਾ ਜੀ ਦਾ ਅੰਤਮ ਸਮਾਂ ਬੀਬੀ ਜੀ ਦੇ ਘਰ ਹੀ ਆਇਆ ਸੀ। ਉਸ ਸਮੇਂ ਬੀਬੀ ਹਰਸ਼ਰਨ ਕੌਰ ਦੀ ਬੱਚੀ ਦੇ ਅਨੰਦ ਕਾਰਜ ਲਈ ਸਮਾਗਮ ਰਚਿਆ ਹੋਇਆ ਸੀ ਤੇ ਤਲਵਾੜਾ ਜੀ ਤੇ ਹੋਰ ਸਾਰੇ ਜਥੇ ਦੇ ਉੱਘੇ ਸਿੰਘ ਉੱਥੇ ਹਾਜ਼ਰ ਸਨ।

ਆਪ ਜੀ ਨੂੰ ਆਤਮਿਕ ਤੌਰ ਤੇ ਉੱਚਾ ਉੱਠਣ ਲਈ, ਗੁਰਬਾਣੀ ਦੇ ਨਾਲ ਨਾਲ ਗੁਰਮਤਿ ਨਾਲ ਸਬੰਧਤ ਪੁਸਤਕਾਂ ਪੜ੍ਹਨਾ ਅਤਿ ਦੀ ਤਸੱਲੀ ਦੇਂਦਾ ਸੀ। ਭਾਈ ਰਣਧੀਰ ਸਿੰਘ ਜੀ, ਭਾਈ ਵੀਰ ਸਿੰਘ ਜੀ, ਪ੍ਰੋ. ਪੂਰਨ ਸਿੰਘ ਜੀ, ਸ੍ਰ. ਰਘਬੀਰ ਸਿੰਘ ਬੀਰ ਆਦਿ ਆਪ ਦੇ ਪਸੰਦੀਦਾ ਲੇਖਕ ਸਨ। ਸਰੀਰਕ ਤੌਰ ਤੇ ਦੁਨੀਆਂ ਤੋਂ ਚਾਲੇ ਪਾਉਣ ਤੋਂ ਕੁਝ ਦਿਨ ਪਹਿਲਾਂ, ਆਪ ਭਾਈ ਵੀਰ ਸਿੰਘ ਜੀ ਦੀ ਪੁਸਤਕ ਗੁਰੂ ਨਾਨਕ ਚਮਤਕਾਰ ਪੜ੍ਹ ਰਹੇ ਸਨ ਅਤੇ ਅੰਤਮ ਸਮੇਂ ਜੋ ਪੁਸਤਕ ਆਪ ਦੇ ਕੋਲ ਪਈ ਪਾਈ ਗਈ ਉਹ ਸੀ ਸ੍ਰ. ਰਘਬੀਰ ਸਿੰਘ ਬੀਰ ਦੀ ਪੁਸਤਕ '**ਸਰਬ ਰੋਗ ਕਾ ਅਉਖਧ ਨਾਮ।** ' ਅਧਿਆਤਮਿਕਤਾ ਦੇ ਨਾਲ ਨਾਲ ਦੁਨਿਆਵੀ ਗਿਆਨ ਹਾਸਲ ਕਰਨ ਨੂੰ ਵੀ ਆਪ ਵਿਸ਼ੇਸ਼ ਮਹੱਤਵ ਦੇਂਦੇ ਸਨ। ਦੇਸ਼ ਦੀ ਵੰਡ ਸਮੇਂ ਜਾਨ ਬਚਾਉਣ ਲਈ ਦੌੜਦਿਆਂ ਪੈਰੋਂ ਜੁਤੀ ਤਾਂ ਲਾਹ ਕੇ ਸੁਟ ਦਿੱਤੀ, ਪਰ ਕਿਤਾਬਾਂ ਦਾ ਥੈਲਾ ਜੋ ਉਨ੍ਹਾਂ ਨੇ ਪਾਕਿਸਤਾਨੋਂ ਨਿਕਲਣ ਲੱਗਿਆਂ, ਨਾਲ ਚੁਕਿਆ ਸੀ, ਸੰਭਾਲ ਕੇ ਰੱਖਿਆ।

ਆਪ ਜੀ ਨੇ ਸਾਰੀ ਉਮਰ ਇਸਤਰੀ ਵਿਦਿਆ ਦੇ ਪ੍ਰਸਾਰ ਵਿਚ ਲਗਾ ਦਿੱਤੀ। ਕੇਵਲ ਆਪਣੀਆਂ ਬੱਚੀਆਂ ਨੂੰ ਹੀ ਉੱਚ ਵਿਦਿਆ ਨਹੀਂ ਦਿਵਾਈ, ਸਗੋਂ ਸਮੁਚੇ ਸਮਾਜ ਵਿਚ ਇਸਤਰੀ ਵਿਦਿਆ ਦੇ ਫੈਲਾਅ ਲਈ ਸਿਰਤੋੜ ਮਿਹਨਤ ਕੀਤੀ। ਜੇ ਕਿਧਰੇ ਕੋਈ ਗਰੀਬ ਹੁਸ਼ਿਆਰ ਲੜਕੀ ਜਾਂ ਕੋਈ ਅਮੀਰ, ਪਰ ਘਰ ਵਿਚ ਪੜ੍ਹਾਈ ਦਾ ਮਾਹੌਲ ਨਾ ਹੋਣ ਕਰਕੇ, ਪੜ੍ਹ ਨਾ ਸਕਣ ਵਾਲੀ ਲੜਕੀ ਮਿਲੀ ਤਾਂ ਉਸ ਨੂੰ ਕਈ ਕਈ ਸਾਲ ਆਪਣੇ ਘਰ ਰੱਖ ਕੇ ਪੜ੍ਹਾਇਆ।



www.AKJ.Org

ਇਥੋਂ ਤਕ ਕਿ ਕਸ਼ਮੀਰ ਦੇ ਖਰਾਬ ਹਾਲਾਤਾਂ ਕਾਰਨ, ਉਥੇ ਨਾ ਪੜ੍ਹ ਸਕਣ ਵਾਲੀ ਇਕ ਲੜਕੀ ਨੇ ਮਾਤਾ ਜੀ ਕੋਲ ਇਕ ਸਾਲ ਰਹਿ ਕੇ ਡਾਕਟਰੀ ਵਿਚ ਦਾਖਲਾ ਲੈਣ ਲਈ ਕੋਚਿੰਗ ਲਈ।

ਆਪ ਜੀ ਨੂੰ ਗੁਰੂ ਸਾਹਿਬ ਵੱਲੋਂ ਕਲਮ ਦੀ ਦਾਤ ਦੀ ਵੱਡੀ ਬਖਸ਼ਿਸ਼ ਸੀ। ਸਕੂਲ ਦੀ ਪੜ੍ਹਾਈ ਕਰਦਿਆਂ ਹੋਇਆਂ ਹੀ, ਆਪ ਨੇ ਕਵਿਤਾਵਾਂ ਲਿਖਣੀਆਂ ਸ਼ੁਰੂ ਕਰ ਦਿੱਤੀਆਂ ਸਨ। ਉਹ ਸਮਾਂ ਆਜ਼ਾਦੀ ਪ੍ਰਾਪਤ ਕਰਨ ਲਈ ਜੱਦੋ ਜਹਿਦ ਦਾ ਸਮਾਂ ਸੀ। ਕਵੀ ਦਰਬਾਰਾਂ ਵਿੱਚ ਵੀ ਗੁਲਾਮੀ ਦੀਆਂ ਜ਼ੰਜੀਰਾਂ ਕੱਟਣ ਤੇ ਆਜ਼ਾਦੀ ਹਾਸਲ ਕਰਨ ਦੇ ਵਿਸ਼ੇ ਹੀ ਕਵਿਤਾਵਾਂ ਵਿਚ ਹੁੰਦੇ ਸਨ। ਆਪ ਉਸ ਸਮੇਂ ਵੀ ਕਵੀ ਦਰਬਾਰਾਂ ਵਿੱਚ ਆਪਣੀਆਂ ਲਿਖੀਆਂ ਕਵਿਤਾਵਾਂ ਸਟੇਜ ਤੇ ਸੁਣਾਉਂਦੇ ਰਹੇ। ਕਵਿਤਾ ਲਿਖਣਾ ਆਪ ਦੀ ਪਹਿਲੀ ਪਸੰਦ ਸੀ ਅਤੇ ਇਹ ਲਲ੍ਹਕ ਆਪ ਨੂੰ ਜੀਵਨ ਭਰ ਰਹੀ। ਆਪ ਛੋਟੇ ਬੱਚਿਆਂ ਵਾਸਤੇ ਸਰਲ ਕਵਿਤਾਵਾਂ ਤੋਂ ਲੈ ਕੇ ਗੰਭੀਰ ਫਿਲਾਸਫੀ ਭਰਪੂਰ ਰਚਨਾਵਾਂ ਦੇ ਰਚੈਤਾ ਸਨ ਪਰੰਤੂ ਕਿਸੇ ਵੀ ਸਮੇਂ ਲਈ ਜਾਂ ਕਿਸੇ ਵੀ ਵਿਸ਼ੇ ਤੇ ਲਿਖਣ ਸਮੇਂ ਮੂਲ ਸਰੋਕਾਰ ਗੁਰਮਤਿ ਸਿਧਾਂਤ ਹੀ ਰਹੇ। ਜਗਤ ਗੁਰ ਬਾਬਾ, ਨੂਰੀ ਝਲਕਾਂ, ਉੱਠੋ ਸਿੰਘੋ ਪੰਥ ਜਗਾਉ, ਬੰਦਾ ਬਣ ਕੇ ਜੀਣਾ ਸਿੱਖ, ਗੁਰਸਿੱਖ ਲੋਰੀਆਂ, ਗੁਰਸਿੱਖ ਬੋਲੀਆਂ ਆਪ ਦੀਆਂ ਮੌਲਿਕ ਕਾਵਿ ਪੁਸਤਕਾਂ ਹਨ। ਆਪ ਨੇ ਗੁਰਬਾਣੀ ਦੇ ਅਰਥ ਸਮਝਣ ਸਮਝਾਉਣ ਲਈ ਨਿਤਨੇਮ ਦੀਆਂ ਸਾਰੀਆਂ ਬਾਣੀਆਂ ਦਾ ਕਾਵਿ ਅਨੁਵਾਦ ਕੀਤਾ। ਅੰਗਰੇਜ਼ੀ ਦੀਆਂ 90 ਕਵਿਤਾਵਾਂ ਦਾ ਪੰਜਾਬੀ ਅਨੁਵਾਦ ਕਰਕੇ ਉਨ੍ਹਾਂ ਨੂੰ 'ਅੰਗਰੇਜ਼ੀ ਦੀ ਚੋਣਵੀ ਲੋਕ ਪ੍ਰਿਅ ਕਵਿਤਾ' ਸਿਰਲੇਖ ਹੇਠ ਛਪਵਾਇਆ। 'ਤੀਖਣ ਬੁਧੀ' ਆਪ ਦਾ ਬਾਲ ਕਹਾਣੀ ਸੰਗ੍ਰਹਿ ਹੈ। ਭਾਈ ਵੀਰ ਸਿੰਘ ਰਚਿਤ 'ਰਾਣਾ ਸੂਰਤ ਸਿੰਘ ਦੀ ਸੁਹਜਾਤਮਕ ਕਲਾ' ਵਿਸ਼ੇ ਤੇ ਆਪ ਨੇ ਪੀਐੱਚ. ਡੀ ਦੀ ਡਿਗਰੀ ਹਾਸਲ ਕੀਤੀ ਜਿਸ ਵਿੱਚ ਪ੍ਰੇਮ ਸੁੰਦਰਤਾ (ਗੁਰਮੁਖ ਪ੍ਰੇਮ) ਸਾਧਨਾ, ਮਾਰਗ, ਸੁੰਦਰਤਾ, ਮਾਨਵ ਸੁੰਦਰਤਾ, ਪ੍ਰਕਿਰਤੀ ਸੁੰਦਰਤਾ ਆਦਿ ਦੀ ਗੱਲ ਕੀਤੀ ਗਈ ਹੈ। ਆਪ ਦੇ ਲੇਖ ਸੂਰਾ, ਆਤਮ ਰੰਗ, ਸਿੱਖ ਫੁਲਵਾੜੀ, ਸਾਡਾ ਵਿਰਸਾ ਸਾਡਾ ਗੌਰਵ ਆਦਿ ਰਸਾਲਿਆਂ ਵਿੱਚ ਅਕਸਰ ਛਪਦੇ ਰਹਿੰਦੇ ਸਨ। ਇਸ ਸਾਲ (2020) ਦੇ ਫਰਵਰੀ ਮਹੀਨੇ ਦੇ ਸੂਰਾ ਵਿੱਚ ਵੀ ਆਪ ਦਾ ਲੇਖ 'ਗੁਰਮਤਿ ਤੇ ਸਦਾਚਾਰ' ਛਪਿਆ ਹੈ। ਅਜੇ ਬਹੁਤ ਸਾਰਾ ਸਾਹਿਤ ਅਣਛਪਿਆ ਵੀ ਪਿਆ ਹੈ।

ਆਪ ਜੀ ਲੁਧਿਆਣਾ ਸ਼ਹਿਰ ਦੇ ਪੰਜਾਬੀ ਸਾਹਿਤ ਪ੍ਰੇਮੀਆਂ ਵਿੱਚੋਂ ਇੱਕ ਸਿਰ ਕੱਢਵੀਂ ਹਸਤੀ ਸਨ। ਪੰਜਾਬੀ ਸਾਹਿਤ ਅਕੈਡਮੀ ਲੁਧਿਆਣਾ, ਜੋ ਪੰਜਾਬੀ ਭਾਸ਼ਾ ਤੇ ਸਾਹਿਤ ਦੇ ਪ੍ਰਸਾਰ ਲਈ ਵਚਨਬੱਧ ਹੈ, ਦੀ ਆਰੰਭਤਾ ਵੇਲੇ ਆਪ ਉਨ੍ਹਾਂ ਪੰਜ ਮੋਢੀ ਸਾਹਿਤਕਾਰਾਂ ਵਿੱਚੋਂ ਸਨ, ਜਿਨ੍ਹਾਂ ਨੇ ਇਸ ਅਕੈਡਮੀ ਦੀ ਲੋੜ ਨੂੰ ਮਹਿਸੂਸ ਕੀਤਾ ਅਤੇ ਆਰੰਭਤਾ ਲਈ ਸਿਰਤੋੜ ਮਿਹਨਤ ਕੀਤੀ। ਅੱਜ ਇਸ ਅਕੈਡਮੀ ਦੇ ਮੈਂਬਰ ਵਿਦੇਸ਼ਾਂ ਵਿੱਚ ਵੀ ਫੈਲੇ ਹੋਏ ਹਨ। ਸਿੱਖ ਦਰਸ਼ਨ ਅਤੇ ਪੰਜਾਬੀ ਸਾਹਿਤ ਵਿਚ ਆਪ ਦੁਆਰਾ ਪਾਏ ਯੋਗਦਾਨ ਨੂੰ ਦੇਖਦੇ ਹੋਏ ਹੀ, ਵੱਖ ਵੱਖ ਸੰਸਥਾਵਾਂ ਵੱਲੋਂ ਆਪ ਨੂੰ ਵਿਭਿੰਨ ਅਵਾਰਡਾਂ ਨਾਲ ਸਨਮਾਨਿਤ ਕੀਤਾ ਗਿਆ। ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਲੁਧਿਆਣਾ ਵੱਲੋਂ ਭਾਈ ਮੋਹਨ ਸਿੰਘ ਵੈਦ ਯਾਦਗਾਰੀ ਅਵਾਰਡ ਅਤੇ ਪਰਿਵਾਰ ਵਿਚ ਗੁਰਮਤਿ ਸੰਸਕਾਰਾਂ ਦਾ ਸੰਚਾਰ ਅਵਾਰਡ, ਸਿੱਖ ਨਾਰੀ ਮੰਚ, ਚੰਡੀਗੜ੍ਹ ਵੱਲੋਂ ਮਾਤਾ ਗੁਜਰੀ ਅਵਾਰਡ, ਗੁਰਦੁਆਰਾ ਅਕਾਲੀ ਦਫ਼ਤਰ, ਖਰੜ ਵੱਲੋਂ ਮਾਤਾ ਸਾਹਿਬ ਕੌਰ ਯਾਦਗਾਰੀ ਅਵਾਰਡ ਆਦਿ ਕਈ ਅਵਾਰਡ ਆਪ ਨੂੰ ਪ੍ਰਾਪਤ ਹੋਏ।

ਯੂਨੀਵਰਸਿਟੀ ਵਿੱਚ ਉੱਚ ਅਹੁਦੇ ਤੇ ਹੁੰਦਿਆਂ ਹੋਇਆਂ ਵੀ ਆਪ ਦਾ ਪਹਿਰਾਵਾ ਬਹੁਤ ਸਾਦਾ ਤੇ ਸਫ਼ਿਆਨਾ ਰਿਹਾ। ਬਹੁਤੇ ਗੂੜ੍ਹੇ ਰੰਗ ਦੇ ਕਪੜੇ ਉਨ੍ਹਾਂ ਨੇ ਕਦੀ ਵੀ ਨਹੀਂ ਸੀ ਪਾਏ। ਦੁਪੱਟਾ ਉਨ੍ਹਾਂ ਦਾ ਹਮੇਸ਼ਾ ਹੀ ਸਫ਼ੇਦ ਰੰਗ ਦਾ ਰਿਹਾ। ਕੀਰਤਨ ਸੁਣਨ ਅਤੇ ਕਰਨ ਦਾ ਪ੍ਰੇਮ ਆਪ ਅੰਦਰ ਕੁਟ ਕੁਟ ਕੇ ਭਰਿਆ ਹੋਇਆ ਸੀ। ਕੀਰਤਨ ਸਿੱਖਣ ਦੀ ਤਾਂਘ ਏਨੀ ਪ੍ਰਬਲ ਸੀ ਕਿ ਆਜ਼ਾਦੀ ਤੋਂ ਬਾਅਦ, ਜਦੋਂ ਅਜੇ ਮੁਢਲੀਆਂ ਲੋੜਾਂ ਪੂਰੀਆਂ ਕਰਨੀਆਂ ਵੀ ਇਕ ਵੱਡੀ ਸਮੱਸਿਆ ਬਣੀ ਹੋਈ ਸੀ, ਆਪ ਨੇ ਆਪਣੀ ਪਹਿਲੀ ਤਨਖ਼ਾਹ ਵਿਚੋਂ ਇਕ ਪੁਰਾਣਾ ਹਰਮੋਨੀਅਮ ਖਰੀਦਿਆ।



www.AKJ.Org

ਭਾਵੇਂ ਘਰ ਦੀਆਂ ਜ਼ਿੰਮੇਵਾਰੀਆਂ ਪੂਰਿਆਂ ਕਰਦਿਆਂ ਆਪ ਇੱਕ ਦੋ ਸ਼ਬਦਾਂ ਤੋਂ ਵੱਧ ਨਾ ਸਿਖ ਸਕੇ, ਪਰ ਆਪਣੀ ਇਹ ਇੱਛਾ ਉਨ੍ਹਾਂ ਆਪਣੇ ਬੱਚਿਆਂ ਰਾਹੀਂ ਪੂਰੀ ਕੀਤੀ। ਆਪ ਦੇ ਸਾਰੇ ਬੱਚੇ ਕੀਰਤਨ ਕਰ ਲੈਂਦੇ ਹਨ ਅਤੇ ਆਪ ਜੀ ਵਾਂਗ ਹੀ ਅੰਮ੍ਰਿਤਧਾਰੀ, ਰਹਿਤ-ਬਹਿਤ ਦੇ ਧਾਰਨੀ, ਗੁਰਮਤਿ ਮਾਰਗ ਦੇ ਪਾਂਧੀ ਹਨ।

ਆਪ ਵਿੱਚ ਹੌਸਲਾ ਤੇ ਸਹਿਨਸ਼ੀਲਤਾ ਵੀ ਅਤਿ ਦਰਜੇ ਦੀ ਸੀ। ਆਪ ਨੂੰ ਜ਼ਿੰਦਗੀ ਵਿਚ ਬੜੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਸਰੀਰਕ ਬੀਮਾਰੀਆਂ ਵੀ ਬੜੀਆਂ ਆਈਆਂ। ਪਰ ਜਿਸ ਹੌਸਲੇ ਨਾਲ ਆਪ ਨੇ ਸਾਰੀਆਂ ਸਮੱਸਿਆਵਾਂ ਦਾ ਸਾਹਮਣਾ ਕੀਤਾ, ਉਹ ਸਾਡੇ ਸਾਰਿਆਂ ਲਈ ਪ੍ਰੇਰਨਾ ਸਰੋਤ ਹੈ। ਸੰਨ 1984 ਵਿੱਚ ਆਪ ਦੇ ਪਤੀ ਗੁਰਮੁਖ ਪਿਆਰੇ ਭਾਈ ਗੁਰਬਚਨ ਸਿੰਘ ਜੀ ਇੱਕ ਸੜਕ ਹਾਦਸੇ ਵਿੱਚ ਅਕਾਲ ਚਲਾਣਾ ਕਰ ਗਏ। ਆਪ ਨੇ ਬੜੇ ਹੌਸਲੇ ਨਾਲ ਉਸ ਅਚਾਨਕ ਪਈ ਬਿਪਤਾ ਦਾ ਸਾਹਮਣਾ ਕੀਤਾ। ਘਰ ਵਿੱਚ ਕੋਈ ਵੀ ਨਹੀਂ ਸੀ। ਆਪ ਨੇ ਇਕੱਲਿਆਂ ਹੀ ਆਏ ਗਏ ਨੂੰ ਸੰਭਾਲਿਆ। ਆਪ ਜੀ ਦੇ ਵੱਡੇ ਭਰਾਤਾ ਸ੍ਰ. ਮਨਮੋਹਨ ਸਿੰਘ ਜੀ ਉਸ ਸਮੇਂ ਅਮਰੀਕਾ ਵਿੱਚ ਸਨ। ਖ਼ਬਰ ਮਿਲਣ ਤੇ ਉਹ ਬਾਬਾ ਜੀ ਦੇ ਕਮਰੇ ਵਿੱਚ ਗਏ ਤੇ ਹੁਕਮਨਾਮਾ ਲੈ ਕੇ ਆਪਣੀ ਭੈਣ ਨੂੰ ਫ਼ੋਨ ਕੀਤਾ। ਹੁਕਮਨਾਮਾ ਸੀ - **ਹਮ ਘਰਿ ਸਾਜਨ ਆਏ ॥ ਸਾਚੈ ਮੇਲਿ ਮਿਲਾਏ ॥** ਸ੍ਰ. ਮਨਮੋਹਨ ਸਿੰਘ ਵੀ ਚੜ੍ਹਦੀ ਕਲਾ ਵਿੱਚ ਸਨ ਤੇ ਉਨ੍ਹਾਂ ਦੀ ਭੈਣ ਵੀ। ਅਗਲੇ ਦਿਨ ਘਰ ਵਿੱਚ ਸਹਿਜ ਪਾਠ ਰੱਖਿਆ ਗਿਆ ਤਾਂ ਹੁਕਮਨਾਮਾ ਲਾਵਾਂ ਦਾ ਆਇਆ। ਆਪ ਜੀ ਨੇ ਸ਼ਾਂਤ ਮਨ ਨਾਲ ਸਹਿਜ ਸੁਭਾ ਹੀ ਕਹਿਆ ਕਿ ਆਤਮ ਪਰਮਾਤਮ ਦਾ ਮੇਲ ਹੋ ਗਿਆ ਹੈ।

ਸਰੀਰਕ ਤਕਲੀਫ਼ਾਂ ਵੀ ਆਪ ਨੂੰ ਬਹੁਤ ਆਈਆਂ ਪਰ ਆਪ ਨੇ ਕਦੇ ਉਨ੍ਹਾਂ ਦਾ ਦੁਖ ਨਾ ਮਨਾਇਆ। ਦੋ ਵਾਰ ਆਪ ਦੀ ਚੂਲੇ ਦੀ ਹੱਡੀ ਟੁਟੀ। ਦੂਸਰੀ ਵਾਰ ਹੱਡੀ ਟੁਟਨ ਸਮੇਂ ਘਰ ਵਿੱਚ ਪੋਤੀ ਦਾ ਵਿਆਹ ਰਚਿਆ ਹੋਇਆ ਸੀ। ਆਪ ਨੇ ਓਪਰੇਸ਼ਨ ਅੱਗੇ ਪਾ ਦਿੱਤਾ ਤੇ ਦੋ ਦਿਨ ਟੁਟੇ ਚੂਲੇ ਨਾਲ ਅਹਿੱਲ ਪਏ ਰਹੇ। ਉਨ੍ਹਾਂ ਦੀ ਬੇਟੀ ਡਾਕਟਰ ਦਰਸ਼ਨ ਜੋਤ ਕੌਰ ਨੇ ਦੱਸਿਆ ਕਿ ਇੱਕ ਵਾਰ ਉਨ੍ਹਾਂ ਦੀ ਬਾਂਹ ਟੁਟ ਗਈ ਤੇ ਉਹ ਉਸ ਕੋਲ ਇਸ ਤਰ੍ਹਾਂ ਸ਼ਾਤ ਤੇ ਖਿੜੇ ਚਿਹਰੇ ਨਾਲ ਆਏ ਜਿਵੇਂ ਕੁਝ ਹੋਇਆ ਹੀ ਨਾ ਹੋਵੇ। ਉਨ੍ਹਾਂ ਦੇ ਚਿਹਰੇ ਤੋਂ ਕੋਈ ਅੰਦਾਜ਼ਾ ਨਹੀਂ ਸੀ ਲਗਾ ਸਕਦਾ ਕਿ ਉਨ੍ਹਾਂ ਦੀ ਹੱਡੀ ਟੁਟੀ ਹੈ। ਐਕਸ ਰੇਅ ਕਰਨ ਤੇ ਪਤਾ ਲੱਗਿਆ। ਸਰੀਰਕ ਤੇ ਮਾਨਸਿਕ ਦੋਹਾਂ ਤਰ੍ਹਾਂ ਦੀਆਂ ਤਕਲੀਫ਼ਾਂ ਨੂੰ ਉਨ੍ਹਾਂ ਨੇ ਖਿੜੇ ਮੱਥੇ ਸਹਾਰਿਆ।

ਆਪ ਜੀ ਆਪਣੇ ਅੰਤਮ ਸਮੇਂ ਤੱਕ ਚੜ੍ਹਦੀ ਕਲਾ ਵਿੱਚ ਰਹੇ। ਆਪ ਹਰ ਮਹੀਨੇ ਇੱਕ ਸਹਿਜ ਪਾਠ ਦਾ ਭੋਗ ਪਾਇਆ ਕਰਦੇ ਸਨ। ਮਿਤੀ 30.1.2020 ਨੂੰ ਆਪ ਨੇ ਆਪਣੀ ਸੰਸਾਰਕ ਜੀਵਨ ਯਾਤਰਾ ਦੇ ਅੰਤਮ ਸਹਿਜ ਪਾਠ ਦਾ ਭੋਗ ਪਾਇਆ। ਇਹ ਪਾਠ ਆਪ ਨੇ ਆਪਣੀ ਭਰਜਾਈ ਬੀਬੀ ਸੁਰਿੰਦਰ ਕੌਰ, ਜੋ ਪਿਛਲੇ ਮਹੀਨੇ ਚੜ੍ਹਾਈ ਕਰ ਗਏ ਸਨ ਅਤੇ ਕਿਸੇ ਸਮੇਂ ਅਖੰਡ ਕੀਰਤਨੀ ਜੱਥੇ ਵਿੱਚ ਕੀਰਤਨ ਦੀਆਂ ਝੜੀਆਂ ਲਾਉਂਦੇ ਰਹੇ ਸਨ, ਦੇ ਨਮਿਤ ਕੀਤਾ ਸੀ। ਇੱਕ ਹੋਰ ਸਹਿਜ ਪਾਠ ਆਰੰਭ ਕੀਤਾ ਹੋਇਆ ਸੀ ਜਿਸ ਦੇ 64 ਅੰਗ ਕੀਤੇ ਹੋਏ ਸਨ ਕਿ ਆਪ ਨੂੰ ਦਰਗਾਹੀ ਸੱਦਾ ਆ ਗਿਆ।

ਜਦੋਂ ਸਵਾਸਾਂ ਦੀ ਪੂੰਜੀ ਸਮਾਪਤ ਹੋ ਜਾਏ ਤਾਂ ਕੋਈ ਨਾ ਕੋਈ ਬਹਾਨਾ ਬਣ ਜਾਂਦਾ ਹੈ। 1 ਫ਼ਰਵਰੀ ਨੂੰ ਕੁਝ ਸਾਹ ਦੀ ਤਕਲਿਫ ਹੋਈ। ਥੋੜ੍ਹਾ ਜਿਹਾ ਬੁਖਾਰ ਵੀ ਹੋਇਆ। ਸੇਵਾ ਲਈ ਰੱਖੀ ਔਰਤ ਨੇ ਜਦੋਂ ਆਪ ਨੂੰ ਇਸ਼ਨਾਨ ਨਾ ਕਰਾ ਕੇ ਗਿੱਲੇ ਕਪੜੇ ਨਾਲ ਪੂੰਝਣਾ ਸ਼ੁਰੂ ਕੀਤਾ ਤਾਂ ਕਹਿਣ ਲੱਗੇ, 'ਦੋ ਡੱਬੇ ਪਾਣੀ ਦੇ ਪਾ ਈ ਦੇ। ਕੀ ਪਤਾ ਆਖਰੀ ਇਸ਼ਨਾਨ ਹੀ ਹੋਵੇ। ' ਨਾਲ ਹੀ ਉਸ ਨੂੰ ਕਹਿਣ ਲੱਗੇ, 'ਇਹ ਜਿਹੜਾ ਸਵੈਟਰ ਮੈਂ ਪਾਇਆ ਏ ਨਾ, ਇਹ ਤੂੰ ਲੈ ਲਈਂ। ' ਇਨ੍ਹਾਂ ਗੱਲਾਂ ਨੂੰ ਉਦੋਂ ਕੋਈ ਸਮਝ ਨਾ ਸਕਿਆ। ਆਪ ਦੇ ਬੱਚਿਆਂ ਨੇ ਆਪ ਨੂੰ ਹਸਪਤਾਲ ਭਰਤੀ ਕਰਵਾਉਣ ਦਾ ਫੈਸਲਾ ਕੀਤਾ। ਵੀਲ ਚੇਅਰ ਤੇ ਬਿਠਾਇਆ। ਹੱਸ ਕੇ ਕਹਿਣ ਲਗੇ, **'ਵੇਖਹੁ ਬੰਦਾ ਚਲਿਆ ਚਹੁ ਜਣਿਆ ਦੈ ਕੰਨ ॥'**



www.AKJ.Org

ਬੱਚਿਆਂ ਨੇ ਕਿਹਾ ਕਿ ਮੰਮੀ ਜੀ, ਹਸਪਤਾਲ ਤਾਂ ਸਿਰਫ ਔਬਸਰਵੇਸ਼ਨ ਲਈ ਹੀ ਰੱਖਣਾ ਹੈ। ਸੁਣ ਕੇ ਹੱਸ ਪਏ। ਹਸਪਤਾਲ ਜਾ ਕੇ ਸਾਰੇ ਟੈਸਟ ਨਾਰਮਲ ਪਾਏ ਗਏ। 3 ਫਰਵਰੀ 2020 ਨੂੰ ਆਪਣੇ ਰੋਜ਼ਾਨਮਚਾ ਮੁਤਾਬਕ ਸਵੇਰੇ 3.30 ਤੋਂ 5.00 ਵਜੇ ਤਕ ਹਸਪਤਾਲ ਦੇ ਮੰਜੇ ਤੇ ਸਮਾਧੀ ਸਥਿਤ ਬੈਠੇ ਰਹੇ। ਪੰਜ ਵਜੇ ਲੇਟ ਗਏ ਤੇ ਬਿਨਾਂ ਕਿਸੇ ਤਕਲੀਫ਼ ਦੇ ਲੇਟੇ ਲੇਟੇ ਹੀ ਅੰਤਮ ਫਤਿਹ ਬੁਲਾ ਗਏ। ਪੰਖੇਰੂ ਚੁਪ ਚੁਪੀਤੇ ਹੀ ਉਡਾਰੀ ਮਾਰ ਗਿਆ।

ਆਪ ਜੀ ਦੀ ਇੱਛਾ ਤੇ ਫੁਲ ਚੜ੍ਹਾਂਦਿਆਂ, ਆਪ ਦੇ ਪਰਿਵਾਰ ਨੇ ਆਪ ਦੀ ਮ੍ਰਿਤਕ ਦੇਹ ਮੈਡੀਕਲ ਦੇ ਵਿਦਿਆਰਥੀਆਂ ਦੀ ਸਿੱਖਿਆ ਲਈ ਪੀ.ਜੀ.ਆਈ. ਨੂੰ ਸੌਂਪ ਦਿੱਤੀ। ਅਗਲੇ ਹੀ ਦਿਨ ਦੋ ਵਿਅਕਤੀਆਂ ਨੂੰ ਅੱਖਾਂ ਪਾ ਦਿੱਤੀਆਂ ਗਈਆਂ। ਇਸ ਤਰ੍ਹਾਂ ਉਹ ਆਪਣਾ ਮ੍ਰਿਤਕ ਸਰੀਰ ਵੀ ਸਕਾਰਥਾ ਕਰ ਗਏ ਅਤੇ ਇਕ ਬਹੁਤ ਮਹੱਤਵਪੂਰਨ ਸਿੱਖਿਆ ਦੇ ਗਏ ਕਿ ਸਰੀਰ ਨਾਲ ਮੋਹ ਦੀ ਜਕੜ ਨਹੀਂ ਰੱਖਣੀ। ਨਾਲ ਹੀ ਇਹ ਵੀ ਕਰ ਕੇ ਦਿਖਾ ਦਿੱਤਾ ਕਿ ਮਿਰਤਕ ਸਰੀਰ ਨਾਲ ਵੀ ਪਰਉਪਕਾਰ ਕੀਤਾ ਜਾ ਸਕਦਾ ਹੈ।

# ਭਾਈ ਸੇਵਾ ਸਿੰਘ ਜੀ ਸ੍ਰੀ ਅੰਮ੍ਰਿਤਸਰ

—ਭਾਈ ਗੁਰਦੀਪ ਸਿੰਘ ਜੀ ਸ੍ਰੀ ਅੰਮ੍ਰਿਤਸਰ

ਬਹੁਪੱਖੀ ਅਤੇ ਗੌਰਵਸ਼ੀਲ ਸ਼ਖ਼ਸੀਅਤ ਦੇ ਮਾਲਕ, ਨਾਮ ਅਭਿਆਸੀ, ਕੀਰਤਨ ਰਸੀਏ, ਸੇਵਾ ਅਤੇ ਪਰਉਪਕਾਰ ਦੇ ਪੁੰਜ, ਸੁਲਝੇ ਹੋਏ ਸੁਚੱਜੇ ਵਿਦਵਾਨ ਭਾਈ ਸੇਵਾ ਸਿੰਘ ਜੀ ਦਾ ਜਨਮ ਸੰਨ 1914 ਨੂੰ ਪਿੰਡ ਫ਼ਤਹਿ ਜੰਗ ਜਿਲ੍ਹਾ ਕੈਂਬਲਪੁਰ (ਹੁਣ ਜ਼ਿਲ੍ਹਾ ਅਟਕ ਪਾਕਿਸਤਾਨ) ਪਿਤਾ ਰਾਮ ਚੰਦ ਜੀ ਅਤੇ ਮਾਤਾ ਲਾਜਵੰਤੀ ਦੇ ਘਰ ਹੋਇਆ। ਆਪ ਜੀ ਦਾ ਪਹਿਲਾ ਨਾਮ ਸੇਵਾ ਰਾਮ ਸੀ, ਅੰਮ੍ਰਿਤ ਛਕਣ ਤੋਂ ਬਾਅਦ ਆਪ ਸੇਵਾ ਸਿੰਘ ਬਣੇ। ਮਾਤਾ ਜੀ ਦਾ ਨਾਮ ਅੰਮ੍ਰਿਤ ਛੱਕ ਕੇ ਬੀਬੀ ਹਰਦਿਆਲ ਕੌਰ ਜੀ ਹੋ ਗਿਆ। ਆਪ ਦੇ ਮਾਤਾ ਪਿਤਾ ਜੀ ਸਹਿਜਧਾਰੀ ਪ੍ਰੀਵਾਰਾਂ ਵਿਚੋਂ ਸਨ ਤੇ ਪਿਤਾ ਜੀ ਗੁੜ ਅਤੇ ਲਾਚੀ ਦੀ ਆੜਤ ਦਾ ਕੰਮ ਕਰਦੇ ਸਨ ਤੇ ਗੁਜ਼ਾਰਾ ਵੀ ਚੰਗਾ ਸੀ। ਆਪ ਜੀ ਦੇ ਮਾਤਾ ਜੀ ਆਪਣੀ ਭੈਣ ਬੀਬੀ ਕਿਸ਼ਨ ਕੌਰ ਜੀ ਨਾਲ ਗੁਰਦੁਆਰੇ ਸੇਵਾ ਕਰਨ ਜਾਂਦੇ ਸਨ ਤੇ ਉੱਥੇ ਇਕ ਬਖ਼ਸ਼ੀ ਹੋਈ ਗੁਰਮੁਖ ਰੂਹ ਗਿਆਨੀ ਗੁਰਮੁਖ ਸਿੰਘ ਜੀ ਦੀ ਪ੍ਰੇਰਨਾ ਨਾਲ ਗੁਰੂ ਘਰ ਨਾਲ ਪ੍ਰੇਮ ਅਤੇ ਲਗਾਓ ਪੈਦਾ ਹੋ ਗਿਆ। ਮਾਤਾ ਜੀ ਨੇ ਜਨਮ ਤੋਂ ਹੀ ਕੇਸ ਰਖਵਾ ਕੇ ਆਪ ਨੂੰ ਸਿੱਖੀ ਸਰੂਪ ਬਖ਼ਸ਼ ਦਿੱਤਾ।

ਆਪ ਜੀ ਨੂੰ ਪੜ੍ਹਨ ਲਿਖਣ ਦਾ ਬਹੁਤ ਸ਼ੌਂਕ ਸੀ। ਇਸ ਕਾਰਨ ਆਪ ਅੰਮ੍ਰਿਤਸਰ ਆ ਗਏ। ਆਪ ਜੀ ਨੇ ਮੁੱਢਲੀ ਵਿਦਿਆ ਦਸਵੀਂ ਜਮਾਤ ਤਾਈਂ ਯਤੀਮ ਖਾਨਾ ਸ੍ਰੀ ਅੰਮ੍ਰਿਤਸਰ ਰਹਿੰਦਿਆਂ ਹੀ ਲਈ। ਫਿਰ ਪ੍ਰਿੰਸੀਪਲ ਸ.ਸ. ਅਮੋਲ ਦੀ ਅਗਵਾਈ ਹੇਠ ਗਿਆਨੀ ਦਾ ਕੋਰਸ ਪਾਸ ਕੀਤਾ। ਫਿਰ ਅਕਾਲੀ ਅਖਬਾਰ ਵਿਚ ਪਹਿਲਾਂ ਕੰਪੋਜ਼ਿੰਗ ਅਤੇ ਫਿਰ ਪਰੂਫ ਰੀਡਿੰਗ ਦਾ ਕੰਮ ਕਰਦੇ ਰਹੇ। ਇਸ ਵੇਲੇ ਆਪ ਨੇ ਅਤਿ ਦੀ ਗਰੀਬੀ (ਤੰਗੀ-ਦਸਤੀ) ਹੱਡੀਂ ਹੰਢਾਈਂ। ਇਹ ਮਾਇਕ ਸੰਕਟ ਮਤਿ ਨੂੰ ਟਿਕਾਣੇ ਰੱਖਣ ਵਿਚ ਵਾਰਦਾਨ ਸਾਬਤ ਹੋਇਆ, ਜਿਸ ਨਾਲ ਮਤਿ ਜੀਵਨ ਭਰ ਟਿਕਾਣੇ ਰਹੀ। ਆਪ ਜੀ ਨੇ ਤਾਅ ਜ਼ਿੰਦਗੀ ਆਪਣਾ ਪਿਛੋਕੜ/ਬਚਪਨ ਨਹੀਂ ਭੁਲਾਇਆ। ਭਾਵੇਂ ਜੀਵਨ ਦੇ ਅਖੀਰਲੇ ਪੜਾਅ ਸਮੇਂ ਤੱਕ ਸਖ਼ਤ ਮਿਹਨਤ, ਈਮਾਨਦਾਰੀ ਅਤੇ ਸੁਚੱਜੀ ਔਲਾਦ ਦੇ ਫਲ ਸਰੂਪ, ਸਾਰੀਆਂ ਸੁੱਖ ਸਹੂਲਤਾਂ ਪ੍ਰਾਪਤ ਹੋ ਗਈਆਂ ਸਨ ਪਰ ਕਰੜੀ ਮੁਸ਼ੱਕਤ ਅਤੇ ਕਠਿਨਤਾਈ ਦੀ ਭੱਠੀ ਵਿਚੋਂ ਨਿਕਲ ਕੇ ਜੀਵਨ ਕੁੰਦਨ ਵਤ ਹੋ ਗਿਆ ਸੀ। ਗੁਰਮਤਿ ਦੀ ਟਕਸਾਲ ਵਿਚ ਘੜੇ ਜਾਣ ਮਗਰੋਂ ਆਪ ਜੀ ਦਾ ਸੁਚੱਜਾ ਜੀਵਨ, ਪ੍ਰੀਵਾਰ ਅਤੇ ਨਵੀਂ ਪੀੜ੍ਹੀ ਲਈ ਰੋਲ ਮਾਡਲ ਹੋ ਨਿਬੜਿਆ।



www.AKJ.Org

ਇਸ ਤੋਂ ਬਾਅਦ ਲਾਹੌਰ ਵਿਚ ਕੰਪੋਜ਼ਿੰਗ, ਪਰੂਫ ਰੀਡਿੰਗ ਅਤੇ ਐਡੀਟਰੀ ਦੇ ਕੰਮ ਨੇ, ਆਪ ਨੂੰ ਜਿੱਥੇ ਸਾਹਿਤਕ ਪੁਸਤਕਾਂ ਪੜ੍ਹਨ ਦਾ ਮੌਕਾ ਦਿੱਤਾ, ਉੱਥੇ ਇਸ ਤਜਰਬੇ ਨੇ ਆਪ ਨੂੰ ਪੁਸਤਕਾਂ ਪ੍ਰਕਾਸ਼ਿਤ ਅਤੇ ਵੇਚਣ ਲਈ ਵੀ ਉਤਸ਼ਾਹਿਤ ਕੀਤਾ। ਉਸ ਤੋਂ ਬਾਅਦ ਕੁਝ ਸਮੇਂ ਲਈ ਸ. ਮੋਹਨ ਸਿੰਘ ਜੀ ਵੈਦ ਵਲੋਂ ਚਲਾਏ ਰਹੇ ਰਸਾਲੇ ਦੀ ਮੈਨੇਜਰੀ ਦੀ ਨੌਕਰੀ ਕਰ ਲਈ। ਫਿਰ ਆਪ ਨੇ ਮਾਰਚ 1940 ਵਿਚ ਅਨਾਰਕਲੀ ਰੋਡ ਤੇ ਇਕ ਛੋਟੀ ਦੁਕਾਨ ਕਿਰਾਏ ਤੇ ਲੈ ਕੇ ਸਿੰਘ ਬ੍ਰਦਰਜ਼ ਨਾਂ ਦੀ ਦੁਕਾਨ ਸਥਾਪਿਤ ਕਰ ਲਈ। ਉਸ ਵੇਲੇ ਉਰਦੂ ਅਤੇ ਫਾਰਸੀ ਦਾ ਹੀ ਬੋਲਬਾਲਾ ਸੀ ਅਤੇ ਪੰਜਾਬੀ ਪੜ੍ਹਨ ਵਾਲੇ ਘੱਟ ਸਨ। ਆਪ ਨੇ ਦੁਕਾਨਦਾਰੀ ਦੇ ਨਾਲ-ਨਾਲ ਪੰਜਾਬੀ ਪ੍ਰੇਮੀਆਂ ਨੂੰ ਪੰਜਾਬੀ ਦੀ ਪੜ੍ਹਾਈ ਲਿਖਾਈ ਵੀ ਸਿਖਾਈ। ਹੌਲੀ-ਹੌਲੀ ਸਖ਼ਤ ਮਿਹਨਤ ਸਦਕਾ ਕਾਰੋਬਾਰ ਵਿਚ ਬਰਕਤ ਪੈਂਦੀ ਗਈ। ਮਾਇਕ ਲੋੜਾਂ ਦੀ ਪੂਰਤੀ ਨਾਲ ਇਹ ਕਾਰੋਬਾਰ ਆਤਮ ਤ੍ਰਿਪਤੀ ਦਾ ਵੀ ਵਸੀਲਾ ਬਣ ਗਿਆ। ਇਸ ਸਮੇਂ ਕਈ ਗੁਰਮਤਿ ਵਿਚਾਰਧਾਰਾ ਦੇ ਆਤਮ ਰਸੀਏ ਵਿਦਵਾਨ ਸੱਜਣਾਂ ਨਾਲ ਨਿਰੰਤਰ ਸੰਪਰਕ ਬਣਦਾ ਰਿਹਾ, ਜਿਸ ਤੋਂ ਆਤਮਿਕ ਤਰੱਕੀ ਹੁੰਦੀ ਰਹੀ।

ਪੂਰਬਲੇ ਕਰਮਾਂ ਦਾ ਅੰਕੁਰ ਸਫੁਟ ਹੋਇਆ। ਆਪ ਜੀ ਨੂੰ ਕ੍ਰਿਸ਼ਨਾ ਨਗਰ ਲਾਹੌਰ ਵਿਚ ਰਹਿੰਦੇ ਗੁਰਸਿੱਖ ਪ੍ਰੀਵਾਰਾਂ ਭਾਈ ਹਰਨਾਮ ਸਿੰਘ ਜੀ ਕੋਮਲ, ਭਾਈ ਹਰਚਰਨ ਸਿੰਘ ਜੀ ਚੰਡੀਗੜ੍ਹ, ਭਾਈ ਹਰਮਿੰਦਰ ਸਿੰਘ ਜੀ ਯੂ.ਕੇ., ਭਾਈ ਜੀਵਨ ਸਿੰਘ ਜੀ ਸੋਲਨ ਆਦਿ ਦੀ ਸੰਗਤ ਪ੍ਰਾਪਤ ਹੋਣੀ ਸ਼ੁਰੂ ਹੋ ਗਈ। ਉਨ੍ਹਾਂ ਸਿੰਘਾਂ ਦੇ ਮਿਲਾਪ ਨਾਲ ਆਪ ਜੀ ਨੂੰ ਭਾਈ ਸਾਹਿਬ ਰਣਧੀਰ ਸਿੰਘ ਜੀ ਨਾਲ ਸੁਮੇਲ ਦਾ ਸੁਭਾਗ ਪ੍ਰਾਪਤ ਹੋ ਗਿਆ। ਨਾਰੰਗਵਾਲ ਅਤੇ ਲਾਹੌਰ ਦੇ ਰਸ ਭਿੰਨੇ ਕੀਰਤਨ ਸਮਾਗਮਾਂ ਦੀ ਪਾਰਸ ਕਲਾ ਅਜਿਹੀ ਵਰਤੀ ਕਿ ਗੁਰਬਾਣੀ ਕੀਰਤਨ, ਆਪ ਜੀ ਦੇ ਜੀਵਨ ਦਾ ਆਹਾਰ ਬਣ ਗਿਆ। ਲਾਹੌਰ ਕ੍ਰਿਸ਼ਨਾ ਨਗਰ ਦੀ ਛੋਟੀ ਜਿਹੀ ਸਤਿਸੰਗ ਮੰਡਲੀ ਆਪ ਜੀ ਦੇ ਜੀਵਨ ਦੀ ਇਕ ਅਭੁੱਲ ਯਾਦ ਹੈ। ਇਥੇ ਹੀ ਆਪ ਜੀ ਇਕ ਅੰਮ੍ਰਿਤ ਸੰਚਾਰ ਸਮਾਗਮ ਵਿਚ ਅੰਮ੍ਰਿਤ ਛੱਕ ਕੇ ਤਿਆਰ-ਬਰ-ਤਿਆਰ ਸਿੰਘ ਸਜ ਗਏ। ਨਿਸ਼ਕਾਮ, ਨਿਰਬਾਣ ਕੀਰਤਨ ਦੀਆਂ ਸਚਖੰਡੀ ਧੁਨੀਆਂ ਦੀ ਸਰੋਤ ਸਦਕਾ ਆਪ ਜੀ ਦੇ ਜੀਵਨ ਵਿਚ ਰਸ, ਖੇੜੇ ਅਤੇ ਅਨੰਦ ਦਾ ਸਹਿਜ-ਸੰਚਾਰ ਹੁੰਦਾ ਗਿਆ। ਆਪ ਜੀ ਇਥੋਂ ਸੰਗਤਾਂ ਦੇ ਨਾਲ ਨਾਰੰਗਵਾਲ, ਰਾਵਲਪਿੰਡੀ, ਸਿਆਲਕੋਟ, ਲਾਇਲਪੁਰ ਦੀ ਬਾਰ ਵਿਚ ਹੋਣ ਵਾਲੇ ਸਮਾਗਮਾਂ ਦੀ ਹਾਜ਼ਰੀ ਭਰਨ ਜਾਣ ਲੱਗ ਪਏ। ਉਸ ਵੇਲੇ ਮਾਇਕ ਹਾਲਤ ਕਾਫੀ ਕਮਜ਼ੋਰ ਸੀ ਤੇ ਕਾਰੋਬਾਰ ਗੁਜ਼ਾਰੇ ਮਾਤਰ ਹੀ ਸੀ। ਇਕ ਵਾਰ ਲਾਇਲਪੁਰ ਦੀ ਬਾਰ ਵਿਚ ਸਮਾਗਮ ਸੀ ਤੇ ਆਪ ਜੀ ਸੰਗਤਾਂ ਨਾਲ ਸ੍ਰੀ ਅਖੰਡ ਪਾਠ ਦੀ ਅਰੰਭਤਾ ਵੇਲੇ ਚਲੇ ਗਏ। ਪ੍ਰੰਤੂ ਦੁਕਾਨ ਖੋਲ੍ਹਣ ਵਾਸਤੇ ਦਿਨੇ ਵਾਪਿਸ ਆ ਗਏ। ਆਪ ਜੀ ਦਾ ਮਨ, ਸਮਾਪਤੀ ਵੇਲੇ ਫਿਰ ਜਾਣ ਲਈ ਉਤਾਵਲਾ ਸੀ ਪਰ ਉੱਥੇ ਜਾਣ ਜੋਗਾ ਰੇਲ ਗੱਡੀ ਦਾ ਕਿਰਾਇਆ ਕੋਲ ਨਹੀਂ ਸੀ। ਆਪ ਜੀ ਦੁਕਾਨ ਬੰਦ ਕਰ ਕੇ ਡੂੰਘੀਆਂ ਸੋਚਾਂ ਵਿਚ ਸਮਾਗਮ 'ਤੇ ਜਾਣ ਲਈ, ਬਿਰਹੋਂ ਕੁੱਠੇ ਹੋਏ ਨਿਰਾਸ਼ ਮਨ ਨਾਲ ਘਰ ਵਾਪਿਸ ਜਾ ਰਹੇ ਸਨ। ਰਸਤੇ ਵਿਚ ਦੇਖਦੇ ਹਨ ਕਿ ਇਕ ਨਿੱਕੀ ਜਿਹੀ ਪੋਟਲੀ ਡਿੱਗੀ ਪਈ ਹੈ। ਜਦ ਖੋਹਲੀ ਤਾਂ ਉਸ ਵਿਚ ਉਤਨੀ ਹੀ ਮਾਇਆ ਸੀ, ਜਿਤਨਾ ਕੁ ਕਿਰਾਇਆ ਲਾਇਲਪੁਰ ਜਾਣ ਲਈ ਲਗਣਾ ਸੀ। ਆਪ ਜੀ ਨੇ ਸੱਚੇ ਪਾਤਸ਼ਾਹ ਵਲੋਂ ਵਰਤਾਇਆ ਕੌਤਕ ਸਮਝ ਕੇ, ਉਸ ਪੋਟਲੀ ਵਿਚੋਂ ਮਾਇਆ ਲੈ ਕੇ ਸਮਾਗਮ 'ਤੇ ਪਹੁੰਚ ਗਏ। ਇਸ ਨਾਲ ਆਪ ਜੀ ਦਾ ਗੁਰੂ ਸਾਹਿਬ 'ਤੇ ਭਰੋਸਾ ਤੇ ਵਿਸ਼ਵਾਸ ਹੋਰ ਦ੍ਰਿੜ੍ਹ ਹੋ ਗਿਆ।

ਆਪ ਜੀ ਦਾ ਅਨੰਦ ਕਾਰਜ ਰਾਵਲਪਿੰਡੀ ਦੇ ਨਿਰੰਕਾਰੀ ਦਰਬਾਰ ਦੇ ਗੁਰਸਿੱਖ ਪ੍ਰੀਵਾਰ ਨਾਲ ਸੰਬੰਧਿਤ ਬੀਬੀ ਪ੍ਰੇਮ ਕੌਰ ਜੀ ਨਾਲ ਸੰਨ 1937 ਵਿਚ ਹੋਇਆ। ਆਪ ਜੀ ਦੇ ਘਰ ਇਕਲੌਤੇ ਸਪੁੱਤਰ ਭਾਈ ਸਤਨਾਮ ਸਿੰਘ ਜੀ ਨੇ ਜਨਮ ਲਿਆ ਜਿਨਾਂ ਆਪ ਜੀ ਦੇ ਪੂਰਨਿਆਂ 'ਤੇ ਚਲਦਿਆਂ ਸਫਲ ਜੀਵਨ ਜੀਵਿਆ। ਉਨ੍ਹਾਂ ਨੇ ਬਚਪਨ ਤੋਂ ਹੀ ਜਿੱਥੇ ਗੁਰਸਿੱਖਾਂ ਦੀ ਸੰਗਤ ਕੀਤੀ, ਉੱਥੇ ਜਥੇ ਦੇ ਲੋਕਲ/ਕੇਂਦਰੀ ਸਮਾਗਮ ਦੇ ਪ੍ਰਬੰਧ ਕਰਦੇ ਹੋਏ, ਪਿਤਾ ਪੁਰਖੀ ਕਾਰੋਬਾਰ ਨੂੰ ਵੀ ਸਫਲਤਾ ਦੀਆਂ ਬੁਲੰਦੀਆਂ 'ਤੇ ਪਹੁੰਚਾਇਆ। ਸੰਨ 1971 ਵਿਚ ਬੀਬੀ ਪ੍ਰੇਮ ਕੌਰ ਜੀ ਦੇ ਚੜ੍ਹਾਈ



www.AKJ.Org

ਕਰਨ ਜਾਣ ਪਿਛੋਂ ਆਪ ਜੀ ਨੂੰਹ (ਧਰਮ ਪੁੱਤਰੀ) ਬੀਬੀ ਮਹਿੰਦਰ ਕੌਰ ਜੀ ਨੇ ਆਪ ਜੀ ਦੀ ਹਰ ਤਰ੍ਹਾਂ, ਖਾਣ ਪੀਣ, ਪਹਿਨਣ ਆਦਿ ਦੀ ਸੇਵਾ ਇਕ ਸੁਘੜ ਅਤੇ ਸੁਯੋਗ ਸੁਆਣੀ ਵਾਂਗ ਨਿਬਾਹੀ।

ਅਜੇ ਕਾਰੋਬਾਰ ਥੋੜਾ ਜਿਹਾ ਪੈਰੀਂ ਹੋਣ ਲੱਗਾ ਸੀ ਕਿ ਦੇਸ਼ ਦੀ ਵੰਡ ਦਾ ਸੰਤਾਪ ਅਗੇ ਆ ਖੜਾ ਹੋਇਆ। ਆਪ ਜੀ ਨੂੰ ਸਭ ਕੁਝ ਛੱਡ ਕੇ ਸ੍ਰੀ ਅੰਮ੍ਰਿਤਸਰ ਆਉਣਾ ਪਿਆ। ਅਕਾਲ ਪੁਰਖ ਨੇ ਆਪਣੇ ਸਿਦਕੀ ਸਿੱਖ ਲਈ ਨਾਲੇ ਪੁੰਨ ਅਤੇ ਨਾਲੇ ਫਲੀਆਂ ਦਾ ਬਾਨ੍ਹਣੂੰ ਬੰਨ੍ਹ ਦਿੱਤਾ। ਸ੍ਰੀ ਦਰਬਾਰ ਸਾਹਿਬ ਜੀ ਦੇ ਦਰਸ਼ਨ ਇਸ਼ਨਾਨ ਅਤੇ ਕੀਰਤਨ ਦੇ ਲਾਹੇ ਦੇ ਨਾਲ-ਨਾਲ ਕਾਰੋਬਾਰ ਲਈ ਗੁਰੂ ਦਰਬਾਰ ਨੇੜੇ ਹੀ ਮਾਈ ਸੇਵਾਂ ਬਾਜ਼ਾਰ ਵਿਚ ਦੁਕਾਨ ਮਿਲ ਗਈ, ਜਿਸ ਨਾਲ ਲਾਹੌਰ ਰਹਿ ਗਈ ਦੁਕਾਨ ਦਾ ਵਿਛੋੜਾ ਅਤੇ ਹੇਰਵਾ ਵਿਸਰਜਨ ਹੋ ਗਿਆ।

ਸ੍ਰੀ ਅੰਮ੍ਰਿਤਸਰ ਆ ਕੇ ਇਥੋਂ ਦੇ ਪੁਰਾਤਨ ਗੁਰਸਿੱਖਾਂ ਦੇ ਸਹਿਯੋਗ ਨਾਲ ਨਿਸ਼ਕਾਮ ਕੀਰਤਨ ਪ੍ਰੇਮੀਆਂ ਦਾ ਸਤਿਸੰਗ ਮੰਡਲ ਬਣਾ ਲਿਆ। ਆਪ ਜੀ ਨੇ ਕੀਰਤਨ ਬਚਪਨ ਵਿਚ ਹੀ ਯਤੀਮ ਖਾਨੇ ਰਹਿੰਦਿਆਂ ਕਰਨਾ ਸਿੱਖ ਲਿਆ ਸੀ ਅਤੇ ਅਖੰਡ ਪਾਠੀ ਵੀ ਬਣ ਚੁੱਕੇ ਸਨ। ਭਾਈ ਈਸ਼ਰ ਸਿੰਘ ਜੀ, ਆਪਣੀ ਭੈਣ ਬੀਬੀ ਹਰਬੰਸ ਕੌਰ ਜੀ ਅਤੇ ਛੋਟੇ ਪ੍ਰੀਵਾਰਕ ਮੈਂਬਰਾਂ ਤੋਂ ਇਲਾਵਾ ਡਾਕਟਰ ਹਰਬੰਸ ਸਿੰਘ ਕੁੱਬੀ ਬੇਰੀ ਵਾਲੇ, ਭਾਈ ਚਤਰ ਸਿੰਘ ਜੀ, ਡਾਕਟਰ ਮਹਿੰਦਰ ਸਿੰਘ ਜੀ ਡੈਂਟਿਸਟ, ਸ. ਬਹਾਦਰ ਸਿੰਘ ਜੀ S.D.O ਭਾਈ ਆਸਾ ਸਿੰਘ ਬਾਹਰੀ, ਦੋਨੋਂ ਮਿਸਤਰੀ ਭਰਾ ਗੋਪਾਲ ਸਿੰਘ ਜੀ ਤੇ ਲਾਲ ਸਿੰਘ ਜੀ, ਡਾਕਟਰ ਸੁਰਿੰਦਰ ਸਿੰਘ ਜੀ, ਭਾਈ ਗੁਰਬਖਸ਼ ਸਿੰਘ ਜੀ ਅਤੇ ਭਾਈ ਜੀਵਨ ਸਿੰਘ ਜੀ ਸੇਵਾਦਾਰ, ਗਿਆਨੀ ਮਾਸਟਰ ਜਸਵੰਤ ਸਿੰਘ ਜੀ, ਭਾਈ ਸਰਦਾਰਾ ਸਿੰਘ ਜੀ, ਕੋਮਲ ਜੀ, ਗਿਆਨੀ ਗੁਰਬਚਨ ਸਿੰਘ ਜੀ, ਗਿਆਨੀ ਭਗਵਾਨ ਸਿੰਘ ਜੀ, ਭਾਈ ਧਨਮਿੰਦਰ ਸਿੰਘ ਜੀ ਸੁਲਤਾਨਵਿੰਡ ਆਦਿ ਗੁਰਸਿੱਖਾਂ ਨਾਲ ਮਿਲ ਕੇ ਸ੍ਰੀ ਅਖੰਡ ਪਾਠ ਅਤੇ ਹਫਤਾਵਾਰੀ ਦਿਵਸ ਸੁਹੇਲੇ, ਰੈਣ ਸਬਾਈਆਂ ਦੇ ਕੀਰਤਨ ਅਖਾੜੇ ਸਜਾਣੇ ਅਰੰਭ ਕਰ ਦਿੱਤੇ। ਆਪ ਸ੍ਰੀ ਅੰਮ੍ਰਿਤਸਰ ਵਿਚ ਜਥੇ ਦੇ ਮੋਢੀ ਸਿੰਘ ਸਨ ਤੇ ਬੜਾ ਲੰਬਾ ਸਮਾਂ ਇਕ ਸੁਯੋਗ ਪ੍ਰਬੰਧਕ ਦੀ ਤਰ੍ਹਾਂ, ਜਥੇ ਦੇ ਲੋਕਲ ਕੇਂਦਰੀ ਸਮਾਗਮਾਂ ਦਾ ਆਯੋਜਨ ਕਰਦੇ ਰਹੇ। ਆਪ ਜੀ ਦੇ ਬਿਰਧ ਹੋਣ ’ਤੇ ਇਹ ਸੇਵਾ ਉਨ੍ਹਾਂ ਦੇ ਸਪੁੱਤਰ ਭਾਈ ਸਤਨਾਮ ਸਿੰਘ ਜੀ ਨੇ ਵੀ ਲੰਬਾ ਸਮਾਂ ਨਿਬਾਹੀ। ਜ਼ਿਆਦਾਤਰ ਸ੍ਰੀ ਅਖੰਡ ਪਾਠ ਸਾਹਿਬ ਤੇ ਲੋਕਲ ਹਫਤਾਵਾਰੀ ਸਮਾਗਮ ਆਪ ਜੀ ਦੇ ਗ੍ਰਹਿ ਵਿਖੇ ਹੀ ਹੁੰਦੇ ਸਨ। ਆਪ ਜੀ ਪ੍ਰੀਵਾਰਕ ਮੈਂਬਰਾਂ ਸਮੇਤ ਕੀਰਤਨ ਦੇ ਅਰੰਭ ਵਿਚ ਪਹੁੰਚ ਕੇ ਸ੍ਰੀ ਆਸਾ ਕੀ ਵਾਰ ਦਾ ਕੀਰਤਨ ਆਰੰਭ ਕਰ ਦਿੰਦੇ ਤੇ ਉਸ ਤੋਂ ਬਾਅਦ ਸਾਰੇ ਬੱਚੇ ਬੱਚੀਆਂ ਅਤੇ ਕੀਰਤਨੀਆਂ ਨੂੰ ਬਿਨਾਂ ਕਿਸੇ ਵਿਤਕਰੇ ਕੀਰਤਨ ਦਾ ਸਮਾਂ ਦਿੰਦੇ। ਦੂਰ ਨੇੜੇ ਸਾਰਾ ਪ੍ਰੀਵਾਰ ਸਾਈਕਲਾਂ ’ਤੇ ਹੀ ਸਾਜ਼ ਲੈ ਕੇ ਕੀਰਤਨ ਦੀ ਸੇਵਾ ਲਈ ਪਹੁੰਚਦਾ ਸੀ। ਗੁਰਬਾਣੀ ਦੇ ਭਾਵਾਂ ਨਾਲ ਓਤਿ ਪੋਤਿ ਹੋਣ ਸਦਕਾ ਕੀਰਤਨੀਆਂ ਦੇ ਪਿੱਛੇ ਬੈਠਿਆਂ ਆਪ ਜੀ ਦੀ ਰਸੀਲੀ ਅਤੇ ਵੈਰਾਗ ਮਈ ਸਰੋਦ, ਕੀਰਤਨੀਆਂ ਅਤੇ ਸਰੋਤਿਆਂ ਅੰਦਰ ਅਨੂਠੀ ਝਰਨਾਟ ਛੇੜ ਦਿੰਦੀ ਅਤੇ ਉਨ੍ਹਾਂ ਦੀ ਸੁਰਤਿ ਨੂੰ ਉੱਚਾ ਹਲੂਣਾ ਪ੍ਰਦਾਨ ਕਰਦੀ ਸੀ।

ਜਿੱਥੇ ਆਪ ਜੀ ਨੂੰ ਭਾਈ ਸਾਹਿਬ ਜੀ ਦੀ ਸੰਗਤ ਦਾ ਨਿੱਘ ਮਾਣਨ ਦਾ ਸੁਭਾਗ ਪ੍ਰਾਪਤ ਰਿਹਾ, ਉੱਥੇ ਮਾਨਯਵਰ ਬਾਊ ਮਲ ਸਿੰਘ ਜੀ ਦੇ ਵੀ ਆਪ ਖਾਸ ਵਿਸ਼ਵਾਸ ਤੇ ਪਿਆਰ ਦੇ ਪਾਤਰ ਰਹੇ। ਬਾਊ ਜੀ ਤਰਨ ਤਾਰਨ ਤੋਂ ਅਕਸਰ ਆਪ ਜੀ ਦੇ ਗ੍ਰਹਿ ਆਉਂਦੇ ਰਹਿੰਦੇ ਸਨ। ਜਦੋਂ ਵੀ ਉਹ ਸ੍ਰੀ ਅੰਮ੍ਰਿਤਸਰ ਆਉਂਦੇ ਜਾਂਦੇ ਤਾਂ ਆਪ ਜੀ ਦੇ ਗ੍ਰਹਿ ਜ਼ਰੂਰ ਹੋ ਕੇ ਜਾਂਦੇ ਸਨ। ਬੀਬੀ ਮਹਿੰਦਰ ਕੌਰ ਤੇ ਬੀਬੀ ਜਸਵੰਤ ਕੌਰ ਜੀ ਨਾਲ ਤਾਂ ਬਾਊ ਜੀ ਦਾ ਖਾਸ ਪਿਆਰ ਸੀ। ਇਸ ਪ੍ਰੀਵਾਰ ਨੂੰ ਆਪਣਾ ਨਿੱਜੀ ਪ੍ਰੀਵਾਰ ਸਮਝਦੇ ਸਨ। ਬਾਊ ਜੀ ਦੀ ਇਕ ਪੱਤਰਕਾ ਜੋ ਆਪ ਜੀ ਨੂੰ ਉਨ੍ਹਾਂ ਲਿਖੀ ਸੀ ਉਸ ਦਾ ਨਮੂਨਾ ਹੇਠਾਂ ਦਿੱਤਾ ਜਾਂਦਾ ਹੈ :

੧ੴ ਅਕਾਲ ਜੀ ਸਹਾਇ ਜੁਗ ਜੁਗ ਜੀਵਓੁ। **ਧੰਨੁ ਸੇਵਕੁ ਸਫਲੁ ਓਹੁ ਆਇਆ ਜਿਨਿ ਨਾਨਕ ਖਸਮੁ ਪਛਾਤਾ॥ ਸੇਵਕੁ ਜਨ ਕੀ ਸੇਵਾ ਮਾਗੈ ਪੂਰੇ ਕਰਮਿ ਕਮਾਵਾ॥ ਨਾਨਕ ਕੀ ਬੇਨੰਤੀ ਸੁਆਮੀ ਤੇਰੇ ਜਨ ਦੇਖਣੁ ਪਾਵਾ॥** ਸਤਿਗੁਰ ਜੀ



www.AKJ.Org

ਦੇ ਪੂਰਨ ਸੇਵਕ ਪੂਰੀ ਘਾਲਣਾ ਘਾਲਣ ਵਾਲੇ **'ਹਉ ਤਿਸ ਪਹਿ ਆਪਿ ਵੇਚਾਈ ॥'** ਗੁਰਮੁਖ ਪਿਆਰੇ ਵੀਰਨ ਸਿਰ ਵੀਰ, ਸਾਡੇ ਮੀਤ ਸਾਜਨ, ਪਾਵਨ ਪਵਿੱਤਰ, ਸੇਵਾ ਪੁੰਜ, ਭਾਈ ਸਾਹਿਬ ਸ੍ਰੀ ਸੇਵਾ ਸਿੰਘ ਜੀਓ ਅਤੇ ਮੈਂਡੇ ਅਪਨੇ ਪਿਆਰੇ ਪਿਆਰੇ ਲਾਲ, ਸਤਿਨਾਮ ਸਿੰਘ ਦੋਇ ਕਰ ਜੋੜ ਚਰਨ ਬੰਦਨਾ ਲਖ ਵਾਰ ਜੀਓ। ਇਹ ਦਾਸ ਦੀ ਪ੍ਰਸੰਨਤਾ ਪੱਤਰ, ਖਾਸ ਖੁਸ਼ੀ ਦੇ ਹਿਰਦੇ ਦੀ ਵਧਾਈ, ਇਕੋ ਵਾਹਦ ਨਾਮਾ ਆਪ ਜੀ ਦੀ ਸੇਵਾ ਵਿਚ ਹਾਜ਼ਰ ਕਰਦਾ ਹਾਂ। ਆਪ ਜੀ ਦੀ ਪੂਰਨ ਘਾਲਣਾ ਅੰਮ੍ਰਿਤ ਕੀਰਤਨ ਇਕ ਲਾਸਾਨੀ ਘਾਲਣਾ ਹੈ ਜੋ ਜੁਗਾਂ ਤਕ ਰੋਸ਼ਨ ਕਰੇਗੀ ਅਤੇ ਆਪ ਜੀ ਨੂੰ ਸੱਚੀ ਦਰਗਾਹ ਖਾਸ ਵਡਿਆਈ ਸਰੋਪਾ ਸਤਿਗੁਰੂ ਨਾਨਕ ਜੀ ਬਖਸ਼ੇਗਾ ਤੇ ਆਪਣੀ ਛਾਤੀ ਨਾਲ ਲਾ ਕੇ ਪ੍ਰੇਮ ਥਾਪਨਾ ਦੇ ਕੇ ਨਿਹਾਲ ਨਿਹਾਲ ਨਿਹਾਲ ਕਰੇਗਾ। ਭਾਗਾਂ ਵਾਲੇ ਹੋ ਜੀ ਬਲਕਿ ਆਪਣੇ ਪ੍ਰੀਵਾਰ ਨੂੰ ਵੀ ਤਾਰੋਗੇ ਜੀ। ਮੁਬਾਰਕ ! ਇਸ ਅਮੋਲਕ ਪੋਥੀ ਦੀ ਰਚਨਾ ਗੁਰ ਸਿੱਖਾਂ ਲਈ ਇਕ ਵਾਹਦ ਪ੍ਰੇਮ ਖਜ਼ਾਨਾ ਹੈ, ਮੈਂ ਇਸ ਨੂੰ ਪੜ੍ਹ ਕੇ ਵਿਸਮਾਦ ਹੋ ਕੇ ਅਵੱਸ਼ ਅਸੀਸਾਂ ਦੇਂਦਾ ਹਾਂ ਜੀ ! ਦਾਤਾ ਆਪ ਜੀ ਨੂੰ ਚੜ੍ਹਦੀਆਂ ਕਲਾਂ ਬਖਸ਼ੇ ਜੀ। ਸਰਬੱਤ ਨੂੰ ਦੁਇ ਕਰ ਜੋੜ ਗੁਰੂ ਫਤਹਿ। ਕੋਈ ਸੇਵਾ। ਆਪ ਜੀ ਦਾ ਬੈ ਖਰੀਦ ਦਾਸਰਾ—ਮਲ ਸਿੰਘ ਮਿਤੀ 5/10/63

ਬਾਊ ਜੀ ਤੋਂ ਇਲਾਵਾ, ਜਿਤਨੇ ਵੀ ਬਾਹਰਲੇ ਸ਼ਹਿਰਾਂ, ਪਿੰਡਾਂ, ਕਸਬਿਆਂ ਦੇ ਗੁਰਸਿੱਖ ਸ੍ਰੀ ਦਰਬਾਰ ਸਾਹਿਬ ਜੀ ਦੇ ਦਰਸ਼ਨ ਇਸ਼ਨਾਨ ਲਈ ਆਉਂਦੇ ਸਨ, ਸਾਰੇ ਹੀ ਆਪ ਜੀ ਦੇ ਗ੍ਰਹਿ ਹੀ ਨਿਵਾਸ ਰੱਖਦੇ ਸਨ। ਸ੍ਰੀ ਦਰਬਾਰ ਸਾਹਿਬ ਜੀ ਦੇ ਨੇੜੇ ਹੋਣ ਕਾਰਨ, ਇਨ੍ਹਾਂ ਦੇ ਗ੍ਰਹਿ ਵਿਖੇ ਪ੍ਰੇਮ ਭਾਵਨਾ ਨਾਲ ਤਿਆਰ ਕੀਤਾ, ਸਰਬਲੋਹੀ ਬਿਬੇਕ ਦਾ ਸਾਦਾ ਪ੍ਰਸ਼ਾਦਾ ਵੀ ਮਿਲਦਾ ਸੀ। ਪ੍ਰੀਵਾਰ ਦਾ ਕੋਈ ਮੈਂਬਰ ਸੇਵਾ ਕਰਨ ਲੱਗਿਆਂ ਕਦੇ ਵੀ ਮੱਥੇ ਵੱਟ ਨਹੀਂ ਸੀ ਪਾਉਂਦਾ। ਤਨੋਂ ਮਨੋਂ ਸੇਵਾ ਕਰ ਕੇ ਗੁਰਸਿੱਖਾਂ ਦੀ ਖੁਸ਼ੀ ਲੈਂਦੇ ਸਨ।

ਸਤਿਕਾਰ ਯੋਗ ਪੂਰਨ ਦਾਰ ਜੀ ਵਲੋਂ ਸ੍ਰੀ ਅੰਮ੍ਰਿਤਸਰ ਆ ਕੇ ਸੰਗਤੀ ਅੰਮ੍ਰਿਤ ਵੇਲਾ ਸ਼ੁਰੂ ਕਰਨ ਤੋਂ ਪਹਿਲਾਂ, ਆਪ ਜੀ ਸ੍ਰੀ ਦਰਬਾਰ ਸਾਹਿਬ ਜੀ ਦੀ ਮਰਿਯਾਦਾ ਨੂੰ ਮੁੱਖ ਰੱਖ ਕੇ, ਅੰਮ੍ਰਿਤ ਵੇਲੇ ਸੋਚ ਇਸ਼ਨਾਨ ਤੋਂ ਬਾਅਦ, ਘਰ ਵਿਖੇ ਹੀ ਆਪਣੀ ਭੈਣ ਬੀਬੀ ਹਰਬੰਸ ਕੌਰ ਜੀ ਦੀ ਸੰਗਤ ਨਾਲ, ਨਿਤਨੇਮ ਤੇ ਹੋਰ ਬਾਣੀਆਂ ਦਾ ਪਾਠ ਕਰ ਕੇ, ਸ੍ਰੀ ਦਰਬਾਰ ਸਾਹਿਬ ਵਿਖੇ ਸ੍ਰੀ ਆਸਾ ਕੀ ਵਾਰ ਦੇ ਅਰੰਭ 'ਤੇ ਪਹੁੰਚ ਜਾਂਦੇ ਸਨ ਤੇ ਸਮਾਪਤੀ ਤੋਂ ਬਾਅਦ ਹੀ ਘਰ ਆਉਂਦੇ ਸਨ। ਆਪ ਹਮੇਸ਼ਾਂ (ਬੁਢਾਪੇ ਵਿਚ ਕਮਜੋਰੀ ਕਾਰਨ ਕੁਝ ਸਮਾਂ ਛੱਡ ਕੇ) ਪੈਦਲ ਹੀ ਘਰੋਂ ਸ੍ਰੀ ਦਰਬਾਰ ਸਾਹਿਬ ਜਾਂਦੇ ਸਨ। ਸ੍ਰੀ ਪੂਰਨ ਜੀ ਦੇ ਸ੍ਰੀ ਅੰਮ੍ਰਿਤਸਰ ਆਉਣ 'ਤੇ ਆਪ ਉਨ੍ਹਾਂ ਦੇ ਸਭ ਤੋਂ ਪਹਿਲੇ ਅੰਮ੍ਰਿਤ ਵੇਲੇ ਦੇ ਸਤਿਸੰਗੀ ਬਣੇ। ਆਪਣੀ ਆਯੂ ਦੇ ਆਖਰੀ ਸਮੇਂ ਤੱਕ, ਉਨ੍ਹਾਂ ਦੇ ਮੋਢੇ ਨਾਲ ਮੋਢਾ ਡਾਹ ਕੇ ਭੈਣ ਜੀ ਸਮੇਤ ਸੰਗਤੀ ਅੰਮ੍ਰਿਤ ਵੇਲੇ ਦੀ ਹਾਜ਼ਰੀ ਭਰਦੇ ਰਹੇ। ਅੰਮ੍ਰਿਤ ਵੇਲੇ ਦੇ ਸਮਾਗਮ ਦੀ ਸਮਾਪਤੀ ਤੋਂ ਉਪਰੰਤ ਤ੍ਰਿਪਹਿਰੇ ਅਤੇ ਗੁਰੂ ਸਾਹਿਬ ਜੀ ਦੇ ਪ੍ਰਕਾਸ਼ ਹੋਣ ਤੱਕ ਪਹਿਲੇ ਹੁਕਮਨਾਮੇ ਤਾਈਂ ਕੀਰਤਨ ਦੀ ਹਾਜ਼ਰੀ ਭਰਦੇ ਹੋਏ, ਸਤਿਗੁਰਾਂ ਦਾ ਹੁਕਮਨਾਮਾ ਸ੍ਰਵਣ ਕਰ ਕੇ ਗੁਰੂ ਬਖਸ਼ਿਸ਼ ਨਾਲ ਝੋਲੀ ਭਰ ਕੇ ਘਰ ਪੁੱਜਦੇ। ਬੁਢਾਪੇ ਦੇ ਸਮੇਂ ਕੁੱਬ ਨਿਕਲਣ ਦੇ ਬਾਵਜੂਦ, ਆਪ ਖੂੰਡੀ ਦੇ ਸਹਾਰੇ ਨਾਲ ਇਤਨਾ ਤੇਜ਼ ਤੁਰਦੇ ਸਨ ਕਿ ਇਕ ਤਕੜੇ ਨੌਜਵਾਨ ਨੂੰ ਵੀ ਪਿਛਾਂਹ ਸੁੱਟ ਜਾਂਦੇ ਸਨ। ਇੰਨ੍ਹਾਂ ਦੀ ਭੈਣ ਬੀਬੀ ਹਰਬੰਸ ਕੌਰ ਜੀ ਨੇ ਇੰਨ੍ਹਾਂ ਦਾ ਸਾਰੀ ਉਮਰ, ਨਾਮ-ਬਾਣੀ ਅਤੇ ਸੰਗਤੀ ਅੰਮ੍ਰਿਤ ਵੇਲੇ ਤੇ ਸ੍ਰੀ ਦਰਬਾਰ ਸਾਹਿਬ ਜੀ ਦੇ ਹਜ਼ੂਰੀ ਕੀਰਤਨ ਦੌਰਾਨ ਸਾਥ ਨਿਬਾਹਿਆ। ਸ੍ਰੀ ਪੂਰਨ ਜੀ ਆਪ ਜੀ ਦਾ ਬਹੁਤ ਸਤਿਕਾਰ ਕਰਦੇ ਸਨ। ਹਮੇਸ਼ਾਂ ਆਪਣੇ ਨਾਲ, ਇਕ ਪਾਸੇ ਆਪ ਜੀ ਅਤੇ ਦੂਸਰੇ ਪਾਸੇ ਆਪ ਜੀ ਦੀ ਭੈਣ ਹਰਬੰਸ ਕੌਰ ਬੇਜੀ ਨੂੰ ਬਿਠਾਉਂਦੇ ਸਨ। ਆਪ ਜੀ ਦੇ ਸ਼ੁੱਧ ਪਾਠ, ਉਚਾਰਣ ਤੇ ਗੁਰਬਾਣੀ ਦੇ ਬੋਧ ਨੂੰ ਮੁੱਖ ਰੱਖ ਕੇ ਹਮੇਸ਼ਾਂ ਸ੍ਰੀ ਜਪੁਜੀ ਸਾਹਿਬ ਜੀ ਦੇ ਪਾਠ ਦੀ ਅਰੰਭਤਾ ਆਪ ਜੀ ਕੋਲੋਂ ਹੀ ਕਰਵਾਉਂਦੇ ਤੇ ਨਾਲ ਹੀ ਹੋਰ ਸੰਗੀਆਂ ਨੂੰ ਪਾਠ ਧਿਆਨ ਨਾਲ ਸੁਣਨ ਦੀ ਪ੍ਰੇਰਨਾ ਕਰਦੇ ਸਨ ਕਿਉਂਕਿ ਆਪ ਜੀ ਵਲੋਂ ਸ਼ੁੱਧ ਪਾਠ ਦੀ ਕੋਸ਼ਿਸ਼ ਕੀਤੀ ਜਾਂਦੀ ਸੀ।

ਇੰਨ੍ਹਾਂ ਦੇ ਮਾਤਾ ਜੀ ਫ਼ਤਹਿ ਜੰਗ ਪਾਕਿਸਤਾਨ ਵਿਚ ਰਹਿਣ ਸਮੇਂ ਆਪਣੀ ਭੈਣ ਕਿਸ਼ਨ ਕੌਰ ਅਤੇ ਗਿਆਨੀ



www.AKJ.Org

ਗੁਰਮੁਖ ਸਿੰਘ ਜੀ ਦੀ ਸੰਗਤ ਸਦਕਾ ਗੁਰੂ ਘਰ ਦੇ ਪ੍ਰੇਮੀ ਬਣ ਚੁੱਕੇ ਸਨ। ਮਾਤਾ ਜੀ ਨੇ ਆਪ ਜੀ ਦੀ ਪ੍ਰੇਰਨਾ ਸਦਕਾ 1946-47 ਦੇ ਪੋਹ ਸੁਦੀ ਸਮਾਗਮ 'ਤੇ ਨਾਰੰਗਵਾਲ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ ਸੀ। ਉਸ ਵੇਲੇ ਮਾਤਾ ਜੀ ਦੀ ਆਤਮਿਕ ਦਸ਼ਾ ਇਤਨੀ ਵੈਰਾਗੀ ਹੋ ਗਈ ਅਤੇ ਨਾਮ ਦੇ ਐਸੇ ਚਲੂਲੇ ਰੰਗ ਚੜ੍ਹੇ ਕਿ ਅੰਮ੍ਰਿਤ ਸੰਚਾਰ ਮੰਡਲ ਵਿਚ ਹੀ ਬੇਸੁੱਧ ਹੋ ਕੇ ਕਾਫੀ ਲੰਬਾ ਸਮਾਂ ਪਏ ਰਹੇ। ਤਿੰਨ ਦਿਨ ਤੱਕ ਉਨ੍ਹਾਂ ਦੀ ਇਹ ਮਸਤਾਨੀ ਦਸ਼ਾ ਰਹੀ ਜੋ ਉਸ ਵੇਲੇ ਅੰਮ੍ਰਿਤ ਅਭਿਲਾਖੀਆਂ ਦੀ ਆਮ ਤੌਰ 'ਤੇ ਹੋ ਜਾਂਦੀ ਸੀ। ਇਕ ਵਾਰੀ ਭਾਈ ਸਾਹਿਬ ਜੀ ਸੰਗਤਾਂ ਸਮੇਤ ਇਨ੍ਹਾਂ ਦੇ ਗ੍ਰਹਿ ਅਜੀਤ ਨਗਰ, ਕੀਰਤਨ ਕਰਦੇ ਹੀ ਆਏ। ਅੱਗੋਂ ਮਾਤਾ ਜੀ ਨੇ ਪ੍ਰੀਵਾਰਕ ਮੈਂਬਰਾਂ ਨਾਲ **'ਧੂੜੀ ਵਿਚ ਲੋੜੰਦੜੀ ਸੋਹਾਂ'** ਸ਼ਬਦ ਇਤਨੇ ਵੈਰਾਗ ਵਿਚ ਪੜ੍ਹਿਆ ਕਿ ਮੂਰਛਤ ਹੋ ਕੇ ਧਰਤੀ 'ਤੇ ਡਿੱਗ ਪਏ। ਭਾਈ ਸਾਹਿਬ ਜੀ ਨੇ ਆਪਣੇ ਕਰ ਕਮਲਾਂ ਨਾਲ ਮਾਤਾ ਜੀ ਨੂੰ ਗੋਦੀ ਵਿਚ ਲੈ ਕੇ ਸਾਵਧਾਨ ਕੀਤਾ। ਮਾਤਾ ਜੀ ਤਿਆਗ, ਵੈਰਾਗ, ਸੇਵਾ ਅਤੇ ਨਿਮਰਤਾ ਦੀ ਮੂਰਤੀ ਸਨ।

'ਸੂਰਾ' ਮਾਸਿਕ ਪੱਤਰ ਫਰਵਰੀ 1966 ਵਿਚ ਸ੍ਰੀ ਅੰਮ੍ਰਿਤਸਰ ਤੋਂ ਸ਼ੁਰੂ ਹੋਇਆ। ਫਿਰ ਪਟਿਆਲਾ ਅਤੇ ਜਲੰਧਰ ਤੋਂ ਛੱਪਦਾ ਰਿਹਾ। ਜਲੰਧਰ ਆ ਕੇ 'ਸੂਰੇ' ਦੀ ਮਾਲੀ ਹਾਲਤ ਪਤਲੀ ਹੋ ਗਈ ਤੇ ਛੱਪਣ ਦੀ ਗਿਣਤੀ ਵੀ ਕਾਫੀ ਘੱਟ ਗਈ ਸੀ। ਬਾਊ ਜੀ ਅਤੇ ਜਥੇ ਦੇ ਪ੍ਰਮੁੱਖ ਸਿੰਘਾਂ ਨੇ ਇਹ ਸੇਵਾ ਆਪ ਜੀ ਅਤੇ ਆਪ ਦੇ ਸਹਿਯੋਗੀ ਗਿਆਨੀ ਗੁਰਬਚਨ ਸਿੰਘ ਜੀ ਦੀ ਝੋਲੀ ਵਿਚ ਪਾ ਦਿੱਤੀ ਤੇ ਇਹ ਪਰਚਾ ਮਾਰਚ 1973 ਤੋਂ ਜੁਲਾਈ 1994 ਤਾਈਂ ਆਪ ਜੀ ਦੀ ਦੇਖ-ਰੇਖ ਹੇਠ ਛੱਪਦਾ ਰਿਹਾ। ਇਸ ਨੂੰ ਛਾਪਣ, ਵੰਡਣ ਅਤੇ ਹਿਸਾਬ ਕਿਤਾਬ ਰੱਖਣ ਦੀ ਸੇਵਾ ਇਸ ਜੋੜੀ ਨੇ ਬੜੀ ਸਖ਼ਤ ਮਿਹਨਤ, ਈਮਾਨਦਾਰੀ ਤੇ ਦਿਆਨਤਦਾਰੀ ਨਾਲ ਨਿਬਾਹੀ। ਜਿੱਥੇ ਉਨ੍ਹਾਂ ਨੇ ਮਾਸਿਕ ਪੱਤਰ ਦਾ ਹਿਸਾਬ ਕਿਤਾਬ ਪਾਰਦਰਸ਼ੀ ਤਰੀਕੇ ਨਾਲ ਰੱਖਿਆ, ਉੱਥੇ ਇਸ ਪਰਚੇ ਦੇ ਖਰਚੇ ਘਟਾ ਕੇ ਇਸ ਨੂੰ ਮਾਇਕ ਤੌਰ 'ਤੇ ਪੱਕੇ ਪੈਰੀਂ ਖੜਾ ਕੀਤਾ। ਇਸ ਦਾ ਦਫਤਰ ਆਪਣੀ ਦੁਕਾਨ 'ਤੇ ਹੀ ਤਕਰੀਬਨ 15 ਸਾਲ ਰੱਖ ਕੇ ਕਿਰਾਇਆ, ਸਟੇਸ਼ਨਰੀ ਆਦਿ ਦਾ ਖਰਚਾ ਬਚਾਇਆ ਅਤੇ ਇਸ ਸੇਵਾ ਬਦਲੇ ਖੁਦ ਕੋਈ ਮਾਇਕ ਇਵਜ਼ਾਨਾ ਨਹੀਂ ਵਸੂਲ ਕੀਤਾ। ਇੰਨ੍ਹਾਂ ਦੇ ਸਹਿਯੋਗੀ ਗਿਆਨੀ ਜੀ ਦੀ ਤਨਖਾਹ ਵੀ ਬਹੁਤ ਸੰਕੋਚਵੇਂ ਢੰਗ ਨਾਲ ਥੋੜੀ ਜਿਹੀ ਰੱਖੀ। ਖਰਚੇ ਬਚਾਉਣ ਲਈ ਭਾਈ ਸਾਹਿਬ ਜੀ ਦੀਆਂ ਪੁਸਤਕਾਂ/ਰਸਾਲਿਆਂ/ਟ੍ਰੈਕਟਾਂ ਦੇ ਵੱਡੇ-ਵੱਡੇ ਥੈਲੇ ਨੂੰ ਮੋਢਿਆਂ 'ਤੇ ਚੁੱਕ ਕੇ ਦੂਰ ਨੇੜੇ ਰੈਣ ਸਬਾਈ ਕੀਰਤਨ ਜਾਂ ਕੇਂਦਰੀ ਸਮਾਗਮਾਂ 'ਤੇ ਲਿਜਾਂਦੇ ਰਹੇ। ਕਦੇ ਕੋਈ ਰਿਕਸ਼ਾ ਜਾਂ ਕੁਲੀ ਵੀ ਨਹੀਂ ਕੀਤਾ। ਇਸ ਵਿਚ ਛਪਣ ਵਾਲੇ ਲੇਖਾਂ ਦੀ ਪਰੂਫ ਰੀਡਿੰਗ ਵੀ ਖੁਦ ਛੋਟੇ ਪ੍ਰੀਵਾਰਕ ਮੈਂਬਰਾਂ ਨੂੰ ਨਾਲ ਲਗਾ ਕੇ ਕਰਦੇ ਰਹੇ। ਇਸ ਵਿਚ ਗੁਰਮਤਿ ਦੇ ਵੱਖ-ਵੱਖ ਵਿਸ਼ਿਆਂ 'ਤੇ ਮਾਹਰ ਪੰਥਕ ਵਿਦਵਾਨਾਂ ਕੋਲੋਂ ਮਿਆਰੀ ਲੇਖ ਲਿਖਵਾ ਕੇ ਪ੍ਰਕਾਸ਼ਿਤ ਕੀਤੇ ਤੇ ਇੰਞ ਇਹ ਪਰਚਾ ਪਾਠਕਾਂ ਵਿਚ ਮਕਬੂਲ ਹੋ ਗਿਆ ਤੇ ਇਸ ਦੀ ਛਪਣ-ਗਿਣਤੀ ਵਿਚ ਕਈ ਗੁਣਾਂ ਵਾਧਾ ਹੋ ਗਿਆ। ਇਸ ਨੂੰ ਮਾਇਕ ਤੌਰ 'ਤੇ ਪੱਕੇ ਪੈਰੀਂ ਖੜਾ ਕਰਨ ਲਈ ਇਕ ਅਮਾਨਤੀ ਲਾਈਫ ਮੈਂਬਰ ਸਕੀਮ ਵੀ ਸ਼ੁਰੂ ਕੀਤੀ ਜਿਸ ਅਧੀਨ ਮੈਂਬਰਾਂ ਵੱਲੋਂ ਦਿੱਤੇ ਇਕ ਵਾਰੀ ਪੈਸੇ ਦੀ ਬੈਂਕ ਵਿਚ ਮਿਆਦੀ ਰਕਮ ਜਮ੍ਹਾਂ ਕਰ ਕੇ ਉਸ ਦੇ ਵਿਆਜ ਨਾਲ 'ਸੂਰਾ' ਪੱਤਰ ਪਾਠਕਾਂ ਨੂੰ ਭੇਜਿਆ ਜਾਂਦਾ ਸੀ। 'ਸੂਰੇ' ਮਾਸਿਕ ਪੱਤਰ ਦੇ ਹਰ ਸਾਲ ਹੋਏ ਮੁਨਾਫੇ ਤੇ ਸੰਗਤਾਂ ਦੀ ਸਹਾਇਤਾ ਨਾਲ ਭਾਈ ਸਾਹਿਬ ਜੀ ਦੀਆਂ ਪੁਸਤਕਾਂ ਤੇ ਹੋਰ ਪੰਥਕ ਵਿਸ਼ਿਆਂ 'ਤੇ ਛੋਟੇ-ਛੋਟੇ ਟ੍ਰੈਕਟ ਛਪਵਾ ਕੇ ਗੁਰਮਤਿ ਦੇ ਪ੍ਰਚਾਰ ਹਿੱਤ ਲਾਗਤ ਮੁੱਲ 'ਤੇ ਹੀ ਸੰਗਤਾਂ ਵਿਚ ਵੰਡੇ। ਆਪ ਜੀ ਦੀ ਲਗਨ, ਮਿਹਨਤ, ਸਿਆਣਪ ਅਤੇ ਗੁਰਮਤਿ ਸੂਝ ਬੂਝ ਸਦਕਾ ਇਹ ਮਾਸਿਕ ਪੱਤਰ ਧਾਰਮਿਕ ਖੇਤਰ ਵਿਚ ਇਕ ਮਿਆਰੀ ਪਰਚਾ ਹੋ ਨਿਬੜਿਆ।

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੇ ਸਾਢੇ ਤਿੰਨ ਦਰਜਨ ਤੋਂ ਉੱਪਰ ਗੁਰਮਤਿ ਦੇ ਵੱਖ-ਵੱਖ ਵਿਸ਼ਿਆਂ ਉੱਪਰ ਛੋਟੀਆਂ-ਵੱਡੀਆਂ ਪੁਸਤਕਾਂ ਤੇ ਟ੍ਰੈਕਟ ਲਿਖੇ, ਜਿਸ ਦੀ ਛਪਾਈ ਦੀ ਸੇਵਾ ਪਹਿਲਾਂ ਗਿਆਨੀ ਨਾਹਰ ਸਿੰਘ



www.AKJ.Org

ਜੀ ਗੁੱਜਰਵਾਲ ਕਰਦੇ ਰਹੇ। ਉਨ੍ਹਾਂ ਦੇ ਚੜ੍ਹਾਈ ਕਰਨ ਉਪਰੰਤ ਇਹ ਸੇਵਾ ਭਾਈ ਸਾਹਿਬ ਜੀ ਦੇ ਸਪੁੱਤਰ ਭਾਈ ਬਲਬੀਰ ਸਿੰਘ ਜੀ ਨੇ ਇਕ ਟਰੱਸਟ ਬਣਾ ਕੇ ਆਪਣੇ ਹੱਥਾਂ ਵਿਚ ਲੈ ਲਈ। ਸਮੇਂ ਦੇ ਗੁਜ਼ਰਨ ਨਾਲ ਪੁਸਤਕਾਂ ਛਾਪਣ ਵੇਲੇ ਬਹੁਤ ਸਾਰੀਆਂ ਗਲਤੀਆਂ ਆ ਚੁੱਕੀਆਂ ਸਨ। ਉਨ੍ਹਾਂ ਟਰੱਸਟ ਦੇ ਮੈਂਬਰਾਂ ਨਾਲ ਵਿਚਾਰ ਵਟਾਂਦਰਾ ਕਰ ਕੇ, ਕਈ ਪੁਸਤਕਾਂ ਵਿਚਲੀਆਂ ਗਲਤੀਆਂ ਦੀ ਸੋਧ ਸੁਧਾਈ ਅਤੇ ਮਿਆਰੀ ਛਪਾਈ ਲਈ ਆਪ ਜੀ ਦੀ ਸੇਵਾ ਲਗਾਈ। ਵਡੇਰੀ ਉਮਰ ਅਤੇ ਹੋਰ ਰੁਝੇਵਿਆਂ ਦੇ ਬਾਵਜੂਦ ਵੀ ਆਪ ਜੀ ਨੇ ਇਹ ਸੇਵਾ ਪ੍ਰਸੰਨਤਾ ਸਹਿਤ ਪ੍ਰਵਾਨ ਕੀਤੀ, ਭਾਵੇਂ ਕਿ ਇਹ ਸੇਵਾ ਨਿਭਾਣ ਵਿਚ ਪ੍ਰੀਵਾਰਕ ਸਹਿਯੋਗ ਦਾ ਵੀ ਵੱਡਾ ਹੱਥ ਸੀ। ਉਨ੍ਹਾਂ ਦੇ ਸੁਯੋਗ ਸਪੁੱਤਰ ਭਾਈ ਸਤਿਨਾਮ ਸਿੰਘ ਜੀ ਨੇ ਕਾਰੋਬਾਰੀ ਦੀ ਸਾਰੀ ਜ਼ਿੰਮੇਵਾਰੀ ਸੰਭਾਲ ਕੇ ਉਸ ਪੱਖੋਂ ਆਪ ਨੂੰ ਬੇਫਿਕਰ ਕਰ ਰੱਖਿਆ ਸੀ। ਸਾਰੀਆਂ ਪੁਸਤਕਾਂ ਦੀ ਇਕ ਵੱਢਿਓਂ ਨਜ਼ਰ-ਸਾਨੀ ਕਰ ਕੇ ਇੰਨ੍ਹਾਂ ਦੀਆਂ ਮੁੱਢਲੀਆਂ ਐਡੀਸ਼ਨਾਂ ਦੇ ਹਵਾਲੇ ਨਾਲ ਛਪਾਈ ਦੀਆਂ ਗਲਤੀਆਂ ਦੀ ਸੋਧ ਸੁਧਾਈ ਕਰ ਕੇ ਆਪਣੀ ਦੇਖ ਰੇਖ ਹੇਠ ਸੁੰਦਰ ਪ੍ਰਕਾਸ਼ਨਾ ਕਰਾਈ।

ਕ੍ਰਿਸ਼ਨਾ ਨਗਰ ਲਾਹੌਰ ਦੇ ਸਤਿ ਸੰਗ ਮੰਡਲਾਂ ਦੇ ਅੰਦਰ, ਇਕ ਵਾਰ ਮਸਤਾਨੇ ਵੀਰ ਭਾਈ ਰਤਨ ਸਿੰਘ ਚੰਡੀਗੜ੍ਹ ਜੀ ਨੇ ਚੁਣ-ਚੁਣ ਕੇ ਸ਼ਬਦਾਂ ਦੇ ਕੀਰਤਨ ਰਸ ਭੁੰਚਾਏ। ਉਨ੍ਹਾਂ ਵਲੋਂ ਪੜ੍ਹੇ ਇਕ ਸ਼ਬਦ ਨੂੰ ਇਕ ਸੱਜਣ ਕੀਰਤਨ ਨਿਰਮੋਲਕ ਹੀਰਾ ਗੁਟਕੇ ਵਿਚੋਂ ਲੱਭ ਰਹੇ ਸਨ। ਭਾਈ ਹਰਚਰਨ ਸਿੰਘ ਚੰਡੀਗੜ੍ਹ ਵਾਲਿਆਂ ਨੇ ਇਹ ਔਖ ਪ੍ਰਤੀਤ ਕਰ ਕੇ ਸ਼ਬਦਾਂ ਦੇ ਪ੍ਰਕਰਣ ਅਨੁਸਾਰ ਹੋਰ ਗੁਰਸਿੱਖਾਂ ਦੇ ਸਹਿਯੋਗ ਨਾਲ ਕੀਰਤਨ ਕਰਨਹਾਰਿਆਂ ਪ੍ਰੇਮੀਆਂ ਦੀ ਸਹਾਇਤਾ ਲਈ ਅੰਮ੍ਰਿਤ ਕੀਰਤਨ ਪੋਥੀ ਦਾ ਖਰੜਾ ਤਿਆਰ ਕੀਤਾ। ਇਸ ਸੇਵਾ ਵਿਚ ਆਪ ਜੀ ਤੋਂ ਇਲਾਵਾ ਕਈ ਹੋਰ ਗੁਰਸਿਖਾਂ ਖਾਸ ਕਰ ਡਾਕਟਰ ਹਰਬੰਸ ਸਿੰਘ ਜੀ ਕੁੱਬੀ ਬੇਰੀ ਵਾਲੇ ਅਤੇ ਭਾਈ ਜੀਵਨ ਸਿੰਘ ਲੁਧਿਆਣਾ ਨੇ ਆਪਣੇ ਪੁਸਤਕ ਸੰਗ੍ਰਹਾਲਿਆਂ ਵਿਚੋਂ ਸ੍ਰੀ ਗੁਰੂ ਗ੍ਰੰਥ ਸਾਹਿਬ, ਦਸਮ ਗ੍ਰੰਥ, ਭਾਈ ਗੁਰਦਾਸ ਜੀ ਦੀਆਂ ਵਾਰਾਂ/ਕਬਿੱਤ ਸਵਯੈ, ਭਾਈ ਨੰਦ ਲਾਲ ਜੀ ਦੀਆਂ ਗ਼ਜ਼ਲਾਂ ਅਤੇ ਰਹਿਤਨਾਮਿਆਂ ਵਿਚੋਂ ਕਈ ਸ਼ਬਦ ਲੱਭ ਕੇ, ਇਸ ਸੇਵਾ ਵਿਚ ਹਿੱਸਾ ਪਾਇਆ ਅਤੇ ਖਰੜੇ ਦੇ ਆਕਾਰ ਵਿਚ ਦੁਗਣਾ ਵਾਧਾ ਕੀਤਾ। ਇਸ ਪੋਥੀ ਦੀ ਛਾਪਣ ਦੀ ਸੇਵਾ ਆਪ ਜੀ ਦੀ ਝੋਲੀ ਵਿਚ ਪਈ। ਸੰਨ 1955 ਤੋਂ ਕਈ ਵਾਧਿਆਂ ਨਾਲ ਇਸ ਪੋਥੀ ਦੀਆਂ ਕਈ ਐਡੀਸ਼ਨਾਂ ਛੱਪੀਆਂ ਹਨ ਅਤੇ ਆਕਾਰ ਵਿਚ ਬਹੁਤ ਵੱਡਾ ਵਾਧਾ ਹੋਇਆ ਹੈ। ਸੰਨ 1962 ਤੋਂ ਇਸ ਪੋਥੀ ਦੀ ਸੇਵਾ ਦੋਹਾਂ ਭਰਾਵਾਂ ਦੀ ਵੰਡ ਵਿਚ ਖਾਲਸਾ ਬ੍ਰਦਰਜ਼ ਕੋਲ ਆ ਗਈ। ਇਸ ਤੋਂ ਬਾਅਦ ਆਪ ਜੀ ਨੇ ਬੜੀ ਮਿਹਨਤ ਕਰ ਕੇ ਸ੍ਰੀ ਆਸਾ ਕੀ ਵਾਰ ਦੇ ਕੀਰਤਨ ਲਈ ਪੰਚ ਸ਼ਬਦੀ ਅਤੇ ਬਹੁ-ਸ਼ਬਦੀ ਪੋਥੀਆਂ ਤਿਆਰ ਕਰ ਕੇ ਕੀਰਤਨੀਆਂ ਅਤੇ ਸੰਗਤਾਂ ਦੀ ਸਹੂਲਤ ਲਈ ਪੰਥ ਦੀ ਝੋਲੀ ਵਿਚ ਪਾਈਆਂ।

ਸਭ ਕੁਝ ਕਰਦਿਆਂ, ਆਪਾ ਭਾਵ ਗੁਆ ਕੇ, ਸਮਰਪਿਤ ਭਾਵਨਾ ਅਧੀਨ ਗੁਪਤ ਰਹਿ ਕੇ ਵਿਚਰਨਾ, ਆਪ ਦੇ ਸੁਭਾਅ ਦਾ ਮੂਲਕ ਅੰਗ ਸੀ। ਭਾਈ ਗੁਰਦਾਸ ਜੀ ਦੇ ਕਬਿਤ ਸਵੱਯਾਂ ਦੀਆਂ ਵੱਖ-ਵੱਖ ਐਡੀਸ਼ਨਾਂ ਦਾ ਪਰਸਪਰ ਮੇਲਾਨ ਕਰ ਕੇ ਸ਼ੁੱਧ ਮੂਲ ਪਾਠ ਨਿਰਧਾਰਤ ਕੀਤਾ ਅਤੇ ਕਈ ਸਾਲ ਲਾ ਕੇ ਉਨ੍ਹਾਂ ਦਾ ਟੀਕਾ ਤਿਆਰ ਕੀਤਾ। ਇਤਨੀ ਕਰੜੀ ਮਿਹਨਤ ਮਗਰੋਂ, ਜਦੋਂ ਟੀਕੇ ਦੀ ਪ੍ਰਕਾਸ਼ਨਾਂ ਹੋਈ ਤਾਂ ਆਪ ਜੀ ਅੜ ਗਏ ਕਿ ਮੈਂ ਆਪਣਾ ਨਾਮ ਟੀਕਾਕਾਰ ਵਜੋਂ ਨਹੀਂ ਛੱਪਣ ਦੇਣਾ। ਕਾਫੀ ਮੁਸ਼ਕਲ ਨਾਲ ਅਤੇ ਬਾਕੀ ਸੱਜਣਾਂ ਦੇ ਜ਼ੋਰ ਦੇਣ 'ਤੇ ਕਿ ਟੀਕੇ ਦੀ ਪ੍ਰਮਾਣਿਕਤਾ ਲਈ ਟੀਕਾਕਾਰ ਦਾ ਨਾ ਛਪਣਾ ਜ਼ਰੂਰੀ ਹੈ, ਆਪ ਜੀ ਰਜ਼ਾਮੰਦ ਤਾਂ ਹੋ ਗਏ ਪਰ ਇਸ ਦਬਾਅ ਪਾਏ ਜਾਣ ਵਿਰੁੱਧ ਹਮੇਸ਼ਾਂ ਗਿਲਾ ਹੀ ਕਰਦੇ ਰਹੇ। ਇਸੇ ਤਰ੍ਹਾਂ 'ਸੂਰਾ' ਮਾਸਿਕ ਪੱਤਰ ਵਿਚ ਆਪ ਜੀ ਨੇ ਸੰਪਾਦਕੀ ਲੇਖਾਂ ਵਿਚ ਕਦੇ ਵੀ ਆਪਣਾ ਨਾਮ ਨਹੀਂ ਛਾਪਿਆ। 'ਸੂਰੇ' ਵਿਚ ਆਪ ਦੇ ਲਿਖੇ ਸਾਰੇ ਲੇਖਾਂ ਨੂੰ 'ਸੂਰਾ' ਪ੍ਰੀਵਾਰ ਦੇ ਨਾਮ ਹੇਠ ਹੀ ਛਾਪਦੇ ਰਹੇ।

ਆਪ ਜੀ ਦਾ ਪੁਰਾਤਨ ਗੁਰਸਿੱਖਾਂ/ਗੁਰ ਭਾਈਆਂ ਨਾਲ ਪਿਆਰ ਸਤਿਕਾਰ ਮਿਸਾਲੀ ਸੀ। ਜਦੋਂ ਜਥੇ ਦਾ ਕੋਈ ਪੁਰਾਤਨ ਗੁਰਸਿੱਖ ਚੜ੍ਹਾਈ ਕਰ ਜਾਂਦਾ ਸੀ ਤੇ ਉਸ ਦੇ ਨਮਿੱਤ ਆਪਣੇ ਗ੍ਰਿਹ ਵਿਚ ਸ੍ਰੀ ਅਖੰਡ ਪਾਠ ਤੇ ਕੀਰਤਨ ਸਮਾਗਮ ਜ਼ਰੂਰ ਕਰਾਉਂਦੇ ਸਨ ਤੇ ਇਸ ਤਰ੍ਹਾਂ ਗੂੜ੍ਹੀ ਆਤਮਿਕ ਸਾਂਝ ਬਣਾਈ ਜਾਂਦੇ ਸਨ।



www.AKJ.Org

ਗੁਰਬਾਣੀ ਦਾ ਡੂੰਘਾ ਅਧਿਐਨ ਹੋਣ ਕਾਰਨ ਆਪ ਜੀ ਦੀ ਧਾਰਨਾ ਬਣ ਗਈ ਸੀ ਕਿ ਗੁਰਬਾਣੀ ਵਿਚ ਬਹੁਤ ਕਰਕੇ ਸੰਤ ਅਤੇ ਸਾਧ ਸ਼ਬਦ ਦੀ ਵਰਤੋਂ ਸਤਿਗੁਰੂ ਜੀ ਪ੍ਰਥਾਇ ਹੈ, ਬੇਸ਼ਕ ਕੁਝ ਥਾਵੇਂ ਇਹ ਆਤਮ ਦਰਸ਼ੀ ਗੁਰਸਿੱਖਾਂ ਲਈ ਵੀ ਹੈ। ਕੁਝ ਕੁ ਗਰਜ਼ੀ ਡੇਰੇਦਾਰਾਂ ਵਲੋਂ ਸੰਤ ਸ਼ਬਦ ਦੀ ਸਮੁੱਚੀ ਵਰਤੋਂ ਆਪਣੇ ਆਪ ਤੇ ਢੁਕਾਅ ਕੇ ਸਿੱਖ ਸੰਗਤ ਨੂੰ ਗੁੰਮਰਾਹ ਕੀਤੇ ਜਾਣ ਦਾ ਆਪ ਜੀ ਨੇ ਗੰਭੀਰ ਨੋਟਿਸ ਲੈਂਦਿਆਂ ਇਕ ਪੁਸਤਕ ਸੰਤਨ ਕੌਣ? ਦੀ ਰਚਨਾ ਕੀਤੀ, ਜਿਸ ਵਿਚ ਗੁਰਬਾਣੀ ਦੇ ਪ੍ਰਮਾਣਾਂ ਨਾਲ ਵਿਆਖਿਆ ਕਰ ਕੇ ਸਪੱਸ਼ਟ ਕੀਤਾ ਕਿ ਸਤਿਕਾਰ ਬੋਧਕ ਬਹੁ ਵਚਨੀ ਪਦ ਸੰਤਨ ਦੀ ਵਰਤੋਂ ਬਹੁਤ ਕਰਕੇ ਸਤਿਗੁਰੂ ਜੀ ਪ੍ਰਥਾਇ ਹੀ ਕੀਤੀ ਹੋਈ ਹੈ।

ਆਪ ਜੀ ਹਮੇਸ਼ਾਂ ਪੰਥ ਤੇ ਜਥੇ ਦੀ ਚੜ੍ਹਦੀ ਕਲਾ ਲਈ ਗੰਭੀਰਤਾ ਨਾਲ ਸੋਚਦੇ ਰਹਿੰਦੇ ਸਨ। ਸਮੇਂ ਦੇ ਗੇੜ ਨਾਲ ਜਥੇ ਵਿਚ ਭਾਂਤੋ ਭਾਂਤੀ ਰੀਤਾਂ ਰਵਾਇਤਾਂ ਚੱਲ ਪਈਆਂ। ਗੁਣਾਂ ਦੀ ਸਾਂਝ ਕਰਨ ਦੀ ਬਜਾਏ ਨਿੱਜੀ ਵਿਚਾਰਾਂ ਨੂੰ ਪਹਿਲ ਦੇਣੀ ਸ਼ੁਰੂ ਹੋ ਗਈ ਅਤੇ ਧੜੇ ਪਾਲਣ ਦੀ ਸੌੜੀ ਸੋਚ ਵੀ ਭਾਰੂ ਹੁੰਦੀ ਗਈ। ਇਸ ਨੂੰ ਡਾਢੀ ਚਿੰਤਾ ਦਾ ਵਿਸ਼ਾ ਸਮਝ ਕੇ ਕੋਈ ਬਾਨ੍ਹਣੂੰ ਬੰਨ੍ਹਣਾ ਚਾਹੁੰਦੇ ਸਨ ਤਾਂ ਕਿ ਆਉਣ ਸਮੇਂ ਵਿਖੇਪਤਾ ਅਤੇ ਆਪੋ ਧਾਪੀ ਨਾ ਪੈਦਾ ਹੋ ਜਾਵੇ। ਆਪ ਜੀ ਦਾ ਵਿਚਾਰ ਸੀ ਕਿ ਜਥੇ ਦਾ ਕੋਈ ਵਿਧੀ ਵਿਧਾਨ (Code of Conduct) ਤਿਆਰ ਕੀਤਾ ਜਾਣਾ ਚਾਹੀਦਾ ਹੈ ਤਾਂ ਜੁ ਸਮੁੱਚੇ ਜਥੇ ਵਿਚ ਇਕਸੁਰਤਾ ਬਣੀ ਰਹੇ। ਫਿਰ ਆਪ ਜੀ ਨੇ ਉੱਦਮ ਕਰ ਕੇ ਗੁਰੂ ਸਾਹਿਬ ਜੀ ਵਲੋਂ ਬਖ਼ਸ਼ੀ ਗੁਰਮਤੀ ਸੂਝ-ਬੂਝ, ਜਥੇ ਵਿਚ ਅੱਧੀ ਸਦੀ ਦੇ ਵੱਧ ਦੇ ਸਮੇਂ ਤੋਂ ਪ੍ਰਚਲਤ ਰਵਾਇਤਾਂ ਅਤੇ ਜਥੇ ਵਿਚ ਵਿਚਰਦਿਆਂ ਆਪਣੇ ਨਿੱਜੀ ਤਜਰਬੇ ਦੇ ਆਧਾਰ 'ਤੇ ਕਰੜੀ ਮਿਹਨਤ ਮਗਰੋਂ "ਅਖੰਡ ਕੀਰਤਨੀ ਜਥਾ ਸ੍ਵੈ-ਵਿਸ਼ਲੇਸ਼ਣ ਸਿਰਲੇਖ ਹੇਠ ਵਿਧੀ-ਵਿਧਾਨ ਦਾ ਇਕ ਸ-ਵਿਸਥਾਰ ਮਸੌਦਾ ਤਿਆਰ ਕੀਤਾ। ਉਸ ਵੇਲੇ ਦੇ ਜਥੇਦਾਰ ਭਾਈ ਰਾਮ ਸਿੰਘ ਜੀ ਤੇ ਹੋਰ ਵੱਖ-ਵੱਖ ਸ਼ਹਿਰਾਂ ਦੇ ਸਿਰਮੌਰ ਸਿੰਘਾਂ ਤੋਂ ਸੰਗਤੀ ਪ੍ਰਵਾਨਗੀ ਲੈ ਕੇ ਜਥੇ ਦੇ ਮਾਸਿਕ ਪੱਤਰ 'ਸੂਰਾ' ਵਿਚ ਪ੍ਰਕਾਸ਼ਿਤ ਕੀਤਾ, ਜੋ ਕਿ ਆਪ ਜੀ ਦੀ ਇਕ ਵਿਸ਼ੇਸ਼ ਦੇਣ ਹੈ।

ਅਕਤੂਬਰ 1993 ਵਿਚ ਜਥੇ ਅਤੇ ਦਮਦਮੀ ਟਕਸਾਲ ਵਿਚਕਾਰ ਹੋਏ ਸਮਝੌਤੇ ਨੂੰ ਜਦੋਂ ਬਾਬਾ ਬੋਹੜ ਭਾਈ ਸੇਵਾ ਸਿੰਘ ਜੀ ਅੱਗੇ ਰੱਖਿਆ ਤਾਂ ਆਪ ਨੇ ਕਿਹਾ ਕਿ ਇਸ ਵਿਚ ਸਿਧਾਂਤ ਨਾਂ ਦੀ ਤਾਂ ਕੋਈ ਵੀ ਗੱਲ ਨਹੀਂ। ਆਪ ਅਨੁਸਾਰ ਇਹ ਸਮਝੌਤਾ ਧਾਰਮਿਕ ਭਾਵਨਾ ਤੋਂ ਉਲਟ, ਕੇਵਲ ਸਿਆਸੀ ਮਨੋਰਥ ਪੂਰਤੀ ਲਈ ਸੀ। ਇਸ ਸਮਝੌਤੇ ਕਾਰਨ ਜਥੇ ਦੀ ਕੇਂਦਰੀ ਜਥੇਬੰਦੀ ਦੇ ਬਾਰੇ ਵਾਦ-ਵਿਵਾਦ ਪੈਦਾ ਹੋਣਾ ਆਪ ਲਈ ਇਕ ਅਣਹੋਣੀ ਗੱਲ ਸੀ ਕਿਉਂਕਿ ਨਾਮ ਜਪਣ ਵਾਲੇ, ਬਾਣੀ ਦੇ ਰਸੀਏ, ਗੁਰਮਤਿ ਮਾਰਗ ਦੇ ਪਾਂਧੀ ਜਥੇ ਦੇ ਸਿੰਘ ਚੌਧਰ ਪ੍ਰਾਪਤੀ ਦੀ ਪਰਸਪਰ ਖਹਿ-ਮਖਹਿ ਦੇ ਨੇੜੇ ਵੀ ਨਹੀਂ ਸਨ ਢੁੱਕਦੇ। ਇੰਨ੍ਹਾਂ ਨੂੰ ਕੀ ਮਾਰ ਵੱਗ ਗਈ ਹੈ? ਇਹ ਸਭ ਕੁਝ ਦੇਖ ਕੇ ਆਪ ਦਾ ਅੰਦਰਲਾ ਵਲੂੰਧਰਿਆ ਜਾਂਦਾ ਸੀ ਅਤੇ ਆਪ ਜੀ ਭਾਵੁਕ ਹੋ ਉੱਠਦੇ ਸਨ। ਕਈ ਵਾਰ ਗਲ੍ਹਾ ਭੀ ਭਰ ਜਾਂਦਾ ਅਤੇ ਨੈਣ ਸੱਜਲ ਹੋ ਜਾਂਦੇ। ਫਿਰ ਕੁਝ ਚੁੱਪ ਰਹਿ ਕੇ ਭਰੇ ਮਨ ਨੂੰ ਹਲਕਾ ਕਰਨ ਲਈ ਧੀਮੀ ਸੁਰ ਵਿਚ ਬੋਲ ਉਠਦੇ "**ਤੇਰਾ ਮਹਲੁ ਅਗੋਚਰ ਪਿਆਰੇ ਬਿਖਮੁ ਤੇਰਾ ਹੈ ਭਾਣਾ ॥**"

ਭਾਈ ਜੋਗਿੰਦਰ ਸਿੰਘ ਜੀ ਤਲਵਾੜਾ ਨਾਲ ਆਪ ਜੀ ਦਾ ਮੇਲ ਜੋਲ ਤਾਂ ਕਾਫੀ ਪੁਰਾਣਾ ਸੰਨ 1960 ਤੋਂ ਹੀ ਸੀ ਪ੍ਰੰਤੂ ਨੇੜਤਾ 1974 ਵਿਚ ਸ਼੍ਰੋ.ਗੁ. ਪ੍ਰਬੰਧਕ ਕਮੇਟੀ ਵਲੋਂ ਪ੍ਰਕਾਸ਼ਿਤ ਪਾਵਨ ਬੀੜ ਦਾ ਪੁਰਾਤਨ ਹੱਥ ਲਿਖਤ ਬੀੜਾਂ ਦੇ ਮੇਲਾਨ ਕਰਨ ਦੇ ਕਾਰਜ ਸ਼ੁਰੂ ਕਰਨ ਵੇਲੇ ਹੋਇਆ। ਛਾਪੇ ਦੇ ਸਰੂਪਾਂ ਵਿਚ ਪਰੂਫ ਰੀਡਿੰਗ ਦੀ ਅਣਗਹਿਲੀ ਕਾਰਨ, ਪ੍ਰਵੇਸ਼ ਕਰ ਗਈਆਂ ਗਲਤੀਆਂ ਦੀ ਨਿਸ਼ਾਨ ਦੇਹੀ ਕਰਨ ਲਈ ਸੰਮਿਲਤ ਕੀਤੀਆਂ, ਲਿਖਤੀ ਬੀੜਾਂ ਦੀ ਗਿਣਤੀ ਪੰਜ ਸੀ, ਜਿਸ ਲਈ ਸਵੇਰੇ ਸ਼ਾਮ ਚਾਰ-ਚਾਰ ਘੰਟਿਆਂ ਲਈ ਨਿਤਾ ਪ੍ਰਤੀ ਛੇ ਨਿਸ਼ਕਾਮ ਸੇਵਾਦਾਰਾਂ ਦੀ ਜ਼ਰੂਰਤ ਸੀ। ਆਪ ਜੀ ਸਾਰੇ ਕਾਰੋਬਾਰੀ ਰੁਝੇਵੇਂ ਛੱਡ ਕੇ, ਇਸ ਕਾਰਜ ਵਿਚ ਭਾਈ ਸਾਹਿਬ ਜੀ ਨਾਲ ਸ਼ਾਮਿਲ ਹੋ ਗਏ ਅਤੇ ਜੀਵਨ ਪ੍ਰਯੰਤ ਮੋਢੇ ਨਾਲ ਮੋਢਾ ਡਾਹ ਕੇ ਇਸ ਸੇਵਾ ਜੁਟੇ ਰਹੇ। ਇਸ ਸਮੇਂ ਦੌਰਾਨ ਆਪ ਜੀ ਤਲਵਾੜਾ ਜੀ ਨੂੰ ਵੱਖ-ਵੱਖ



www.AKJ.Org

ਬਾਣੀਆਂ ਦੇ ਸਟੀਕ ਲਿਖਣ ਲਈ ਪ੍ਰੇਰਿਤ ਕਰਦੇ ਰਹੇ। ਭਾਵੇਂ ਤਲਵਾੜਾ ਜੀ ਨੇ ਆਪਣੀ ਅਯੋਗਤਾ ਅਤੇ ਅਸਮਰੱਥਾ ਪ੍ਰਗਟ ਕਰਕੇ ਨਾਂਹ ਨੁੱਕਰ ਵੀ ਕੀਤੀ ਪਰ ਆਪ ਜੀ ਦ੍ਰਿੜ੍ਹਤਾ ਅੱਗੇ ਉਨ੍ਹਾਂ ਨੂੰ ਸਿਰ ਨਿਵਾਉਣਾ ਪਿਆ। ਇਕ ਸੁਜਾਨ ਅਧਿਆਪਕ ਵਾਂਗ ਉਨ੍ਹਾਂ ਦੀ ਅਗਵਾਈ ਕੀਤੀ। ਇਸ ਤੋਂ ਬਾਅਦ ਉਨ੍ਹਾਂ ਦੀਆਂ ਸਾਰੀਆਂ ਲਿਖਤ ਪੁਸਤਕਾਂ ਨੂੰ ਸੋਧਣ ਪ੍ਰਬੋਧਣ, ਉਨ੍ਹਾਂ ਦੀ ਛਪਾਈ, ਪਰੂਫ ਰੀਡਿੰਗ ਦੀ ਸੇਵਾ ਵੀ ਖ਼ੂਬ ਨਿਭਾਉਂਦੇ ਰਹੇ। ਤਲਵਾੜਾ ਜੀ ਵਾਂਗ ਉਹ ਕਈ ਵਿਦਵਾਨਾਂ ਦੇ ਵੀ ਪ੍ਰੇਰਨਾ ਸਰੋਤ ਅਤੇ ਮਦਦਗਾਰ ਬਣੇ। ਇਸ ਨਾਤੇ ਉਹ ਇਕ ਮਹਾਨ ਕੌਮ ਉਸਰਈਏ ਵੀ ਸਨ।

ਗੁਰੂ ਘਰ ਪ੍ਰਤੀ ਸ਼ਰਧਾ ਅਤੇ ਦ੍ਰਿੜ੍ਹਤਾ ਏਨੀ ਪ੍ਰਬਲ ਸੀ ਕਿ ਕਦੀ ਨੇਮ ਵਿਚ ਨਾਗਾ ਨਹੀਂ ਪੈਣ ਦਿੱਤਾ। ਇਕ ਅੱਖ ਦੀ ਲੋਅ ਤਾਂ ਰੱਬੀ ਰਜ਼ਾਅ ਅਧੀਨ ਪਹਿਲਾਂ ਹੀ ਅਲੋਪ ਹੋ ਗਈ ਸੀ। ਦੂਜੀ ਅੱਖ ਦਾ ਓਪਰੇਸ਼ਨ ਕਰਵਾਇਆ। ਡਾਕਟਰਾਂ ਨੇ ਕੁਝ ਦਿਨ ਪੂਰੇ ਆਰਾਮ ਦੀ ਸਲਾਹ ਦਿੱਤੀ। ਪਰ ਦ੍ਰਿੜ੍ਹ ਵਿਸ਼ਵਾਸੀ ਅਤੇ ਨੇਮ ਦੇ ਪੱਕੇ ਭਾਈ ਸਾਹਿਬ ਅੰਮ੍ਰਿਤ ਵੇਲੇ ਸਾਵਧਾਨ ਹੋ ਕੇ ਸ੍ਰੀ ਦਰਬਾਰ ਸਾਹਿਬ ਜਾਣ ਨੂੰ ਤਿਆਰ ਹੋ ਗਏ। ਸਭਨਾਂ ਦੇ ਮਨ੍ਹਾ ਕਾਰਨ 'ਤੇ ਵੀ ਆਪ ਨਹੀਂ ਰੁਕੇ, ਨੇਮ ਨਿਬਾਹਿਆ, ਅੰਦਰਲਾ ਠੰਢਾ ਠਾਰ ਹੋ ਗਿਆ। ਅੱਖ ਵੀ ਨੌਂ ਬਰ ਨੌਂ ਹੋ ਗਈ। ਦਿਨੇ ਭਾਵੇਂ ਸਰੀਰਕ ਕਮਜ਼ੋਰੀ ਕਾਰਨ ਢਿੱਲੇ ਮੱਠੇ ਦਿਸਦੇ, ਪਰ ਜਦੋਂ ਰਾਤ ਦੇ ਗਿਆਰਾਂ ਵਜੇ ਦਾ ਅਲਾਰਮ ਵਜਦਾ ਤਾਂ ਅੰਮ੍ਰਿਤ ਵੇਲੇ ਦੀ ਸੰਭਾਲ ਦੇ ਚਾਅ ਉਮਾਹ ਅਧੀਨ ਖੁੰਬ ਵਾਂਗੂੰ ਬਿਸਤਰੇ ਵਿਚੋਂ ਉੱਠ ਖਲੋਂਦੇ। ਇਸ਼ਨਾਨ ਪਾਨ ਕਰ ਕੇ "**ਸੰਗਤਿ ਮੀਤ ਮਿਲਾਪ**" ਲਈ ਤਤਪਰ ਹੋ ਜਾਂਦੇ, ਮਾਨੋ ਉਨ੍ਹਾਂ ਨੂੰ ਖੰਭ ਲੱਗ ਗਏ ਹੋਣ। ਸਤਿਗੁਰੂ ਜੀ ਦੇ ਦਰਸ਼ਨ ਦੀਦਾਰ ਅਤੇ ਸਤਿ-ਸੰਗੀਆਂ ਦੇ ਸੰਗ-ਸਾਥ ਨਾਮ ਬਾਣੀ ਦੇ ਲਾਹੇ ਪ੍ਰਾਪਤ ਕਰਨ ਲਈ ਉਤਸੁਕਤਾ ਏਨੀ ਪ੍ਰਬਲ ਹੁੰਦੀ ਕਿ ਪ੍ਰਕਰਮਾਂ ਵਿਚ ਭੈਣ ਹਰਬੰਸ ਕੌਰ ਜੀ ਦੀ ਬਾਂਹ ਫੜੀ ਆਪ ਜਵਾਨਾਂ ਵਾਂਗ ਵਾਹੋ ਦਾਹੀ ਟੁਰੀ ਜਾਂਦੇ।

ਟੀ.ਵੀ. ਨੂੰ ਆਪ 'ਟੀ.ਬੀ.' ਦੀ ਬਿਮਾਰੀ ਕਿਹਾ ਕਰਦੇ ਸਨ ਕਿਉਂ ਜੁ ਇਸ ਵਿਚਲੇ ਲੱਚਰ ਪ੍ਰੋਗਰਾਮਾਂ ਨੇ ਨਵੀਂ ਪੀੜ੍ਹੀ ਦੇ ਜੀਵਨ ਵਿਚ ਵੱਡੀ ਢਾਹ ਲਾਈ ਹੈ। ਆਪ ਜੀ ਨੇ ਪ੍ਰਵਾਰਕ ਮੈਂਬਰਾਂ ਨੂੰ ਹਿਦਾਇਤ ਦਿੱਤੀ ਸੀ ਕਿ ਜਦ ਤੱਕ ਮੇਰੀ ਜ਼ਿੰਦਗਾਨੀ ਹੈ, ਮੈਂ ਟੀ.ਵੀ. ਘਰ ਵਿਚ ਨਹੀਂ ਵੜਨ ਦੇਣਾ। ਬੱਚਿਆਂ ਨੇ ਆਪਣਾ ਵਾਹ ਲਾਇਆ, ਪਰ ਆਪ ਜੀ ਆਪਣੇ ਫੈਸਲੇ 'ਤੇ ਦ੍ਰਿੜ੍ਹ ਰਹੇ। ਪਰ ਬਾਅਦ ਵਿਚ ਜਦੋਂ ਬੱਚੇ ਜਵਾਨ ਹੋ ਗਏ ਅਤੇ ਪੀਊ ਦਾਦੇ ਦੇ ਗੁਰਮਤਿ ਮਾਰਗ 'ਤੇ ਚੱਲ ਪਏ ਤਾਂ, ਸ੍ਰੀ ਦਰਬਾਰ ਸਾਹਿਬ ਦੇ ਕੀਰਤਨ ਪ੍ਰਸਾਰਣ ਦਾ ਪੱਜ ਪਾ ਕੇ ਉਨ੍ਹਾਂ ਨੇ ਬਾਬਾ ਜੀ ਨੂੰ ਰਾਜ਼ੀ ਕਰ ਹੀ ਲਿਆ। ਜੀਵਨ ਦੇ ਅੰਤਲੇ ਕੁਝ ਕੁ ਦਿਨਾਂ ਵਿਚ, ਜਦੋਂ ਆਪ ਬੁਢਾਪੇ ਤੇ ਕਮਜ਼ੋਰੀ ਕਾਰਨ ਸ੍ਰੀ ਦਰਬਾਰ ਸਾਹਿਬ ਜੀ ਅਤੇ ਸੰਗਤੀ ਅੰਮ੍ਰਿਤ ਵੇਲੇ ਦੀ ਹਾਜ਼ਰੀ ਭਰਨ ਤੋਂ ਅਸਮਰਥ ਹੋ ਗਏ ਤਾਂ ਟੀ.ਵੀ. ਉੱਤੇ ਪ੍ਰਸਾਰਣ ਹੁੰਦੇ ਸ੍ਰੀ ਦਰਬਾਰ ਸਾਹਿਬ ਦੇ ਕੀਰਤਨ ਦਾ ਅਨੰਦ ਮਾਣਦੇ ਰਹੇ। ਅਖੀਰਲੇ ਸਵਾਸ ਤਾਈਂ ਉਨ੍ਹਾਂ ਦੀ ਸੁਰਤੀ ਬਿਰਤੀ ਕਾਇਮ ਰਹੀ ਭਾਵੇਂ ਕਿ ਸਰੀਰਕ ਕਿਰਿਆਵਾਂ ਸੋਧਣ ਤੋਂ ਅਸਮਰਥ ਹੋ ਗਏ ਸਨ। ਮਿਤੀ 25 ਮਈ 2002 ਨੂੰ ਇਹ ਗੁਰਮੁਖ ਪਿਆਰੀ ਰੂਹ ਗੁਰੂ-ਗੁਰੂ ਜਪਦੀ ਗੁਰੂ ਚਰਨਾਂ ਵਿਚ ਜਾ ਬਿਰਾਜੀ।

ਆਪ ਜੀ ਨੇ ਰਾਤ 10 ਕੁ ਵਜੇ ਚੜ੍ਹਾਈ ਕੀਤੀ ਸੀ ਤੇ ਉਸੇ ਵੇਲੇ ਹੀ ਪ੍ਰੀਵਾਰਕ ਮੈਂਬਰਾਂ ਵਲੋਂ ਗੁਰਬਾਣੀ ਦੇ ਪਾਠ ਆਰੰਭ ਹੋ ਗਏ। ਉਨ੍ਹਾਂ ਦੇ ਅੰਮ੍ਰਿਤ ਵੇਲੇ ਦੇ ਸੰਗੀ ਸਾਥੀ ਸਮੇਤ ਪੂਰਨ ਦਾਰ ਜੀ 12 ਕੁ ਵਜੇ ਆਣ ਹਾਜ਼ਰ ਹੋਏ ਤੇ ਨਾਮ ਬਾਣੀ ਦੀਆਂ ਅਨਹਦ ਧੁਨੀਆਂ ਦੀਆਂ ਗੁੰਜਾਰਾਂ ਪੈਣੀਆਂ ਸ਼ੁਰੂ ਹੋ ਗਈਆਂ। ਸਤਿਕਾਰਯੋਗ ਪੂਰਨ ਦਾਰ ਜੀ ਨੇ ਅੰਮ੍ਰਿਤ ਵੇਲੇ ਦੌਰਾਨ ਹੀ ਬੜੇ ਰੰਗਾਂ ਵਿਚ ਆਪਣੀ ਦਿੱਬ ਦ੍ਰਿਸ਼ਟੀ ਨਾਲ ਬਚਨ ਕੀਤਾ ਕਿ ਵੀਰ ਜੀ ਦੀ ਆਤਮਾ ਧਰਮਰਾਜ ਦੀ ਦਰਗਾਹ ਵਿਚੋਂ ਲੇਖਾ ਨਿਬੇੜ ਕੇ, ਅਜ਼ਾਦ ਹੋ ਕੇ ਉੱਥੇ ਹੋ ਰਹੇ ਸਤਿ ਸੰਗ ਮੰਡਲ ਵਿਚ ਆ ਗਈ ਹੈ ਭਾਵ ਕਿ ਉਹ ਆਵਾਗਵਣ ਦੇ ਚੱਕਰ ਵਿਚੋਂ ਸੁਰਖ਼ਰੂ ਹੋ ਗਏ ਹਨ। ਆਪ ਜੀ ਆਪਣੇ ਆਪ ਵਿਚ ਇਕ ਚਲਦੀ ਫਿਰਦੀ ਗੁਰਮਤੀ ਸੰਸਥਾ ਸਨ। ਉਨ੍ਹਾਂ ਦੇ ਜੀਵਨ ਦਾ ਹਰ ਪੱਖ ਨਵੀਂ ਨੌਜਵਾਨ ਪੀੜ੍ਹੀ ਦੇ ਜਗਿਆਸੂਆਂ ਲਈ ਮਾਰਗ ਦਰਸ਼ਕ ਕਰਦਾ ਰਹੇਗਾ।



www.AKJ.Org

# ਭਾਈ ਈਸ਼ਰ ਸਿੰਘ (ਭਗਤ ਜੀ), ਸ੍ਰੀ ਅੰਮ੍ਰਿਤਸਰ

—ਭਾਈ ਗੁਰਦੀਪ ਸਿੰਘ ਜੀ ਸ੍ਰੀ ਅੰਮ੍ਰਿਤਸਰ

ਖ਼ਾਲਸਾ ਬ੍ਰਦਰਜ਼ ਦੇ ਬਾਨੀ, ਗੁਰਮਤਿ ਰਹਿਤ ਬਹਿਤ ਦੇ ਪੱਕੇ ਧਾਰਨੀ ਭਾਈ ਈਸ਼ਰ ਸਿੰਘ ਜੀ ਦਾ ਜਨਮ ਸੰਨ 1911 ਵਿਚ ਪਾਕਿਸਤਾਨ ਦੇ ਫਤਹਿ ਜੰਗ ਕਸਬੇ, ਜ਼ਿਲ੍ਹਾ ਕੈਂਬਲਪੁਰ (ਹੁਣ ਜ਼ਿਲ੍ਹਾ ਅਟਕ ਪਾਕਿਸਤਾਨ) ਵਿਚ ਪਿਤਾ ਸ੍ਰੀ ਰਾਮ ਚੰਦ ਅਤੇ ਮਾਤਾ ਲਾਜਵੰਤੀ ਦੇ ਘਰ ਹੋਇਆ। ਆਪ ਭਾਈ ਸੇਵਾ ਸਿੰਘ ਜੀ ਸੰਪਾਦਕ 'ਸੂਰਾ' ਮਾਸਿਕ ਪੱਤਰ ਅਤੇ ਬਾਨੀ ਸਿੰਘ ਬ੍ਰਦਰਜ਼ ਦੇ ਵੱਡੇ ਭਰਾਤਾ ਸਨ। ਮਾਤਾ-ਪਿਤਾ ਸਹਿਜਧਾਰੀ ਪ੍ਰੀਵਾਰਾਂ ਵਿਚੋਂ ਸਨ। ਆਪ ਜੀ ਨੇ ਮੁਢੱਲੀ ਵਿਦਿਆ ਪ੍ਰਾਇਮਰੀ ਜਮਾਤ ਤੱਕ ਫ਼ਤਹਿਜੰਗ ਕਸਬੇ ਵਿਚੋਂ ਹੀ ਲਈ ਸੀ। ਪਿਤਾ ਜੀ ਦੇ ਬਚਪਨ ਵਿਚ ਹੀ ਚੜ੍ਹਾਈ ਕਰਨ ਕਰਕੇ ਪ੍ਰੀਵਾਰ ਦੇ ਵੱਡੇ ਮੈਂਬਰ ਹੋਣ ਕਰਕੇ ਗੁਜ਼ਾਰੇ ਲਈ ਉੱਬਲੇ ਛੋਲਿਆਂ ਦੀ ਛਾਬੜੀ ਲਾਉਣੀ ਸ਼ੁਰੂ ਕਰ ਦਿੱਤੀ। ਇੰਨ੍ਹਾਂ ਦੀ ਮਾਤਾ ਜੀ ਨੇ 1946-47 ਦੇ ਪੋਹ ਸੁਦੀ ਸਮਾਗਮ 'ਤੇ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ ਤੇ ਉਨ੍ਹਾਂ ਦਾ ਨਾਮ ਹਰਦਿਆਲ ਕੌਰ ਜੀ ਹੋ ਗਿਆ। ਉਸ ਸਮੇਂ ਮਾਤਾ ਜੀ ਉੱਪਰ ਨਾਮ ਦੀ ਜੋ ਕਲਾ ਵਰਤੀ ਉਹ ਕਹਿਣ ਸੁਨਣ ਤੋਂ ਬਾਹਰ ਸੀ। ਮਾਤਾ ਜੀ ਨੂੰ ਗੁਰਸਿੱਖੀ ਦਾ ਪ੍ਰੇਮ ਅਤੇ ਲਗਨ ਆਪਣੀ ਭੈਣ ਬੀਬੀ ਕਿਸ਼ਨ ਕੌਰ ਜੀ ਰਾਹੀਂ ਇਕ ਗੁਰਮੁਖ ਪਿਆਰੇ ਗਿਆਨੀ ਗੁਰਮੁਖ ਸਿੰਘ ਜੀ ਤੋਂ ਲੱਗੀ ਸੀ। ਆਪ ਜੀ ਦੇ ਛੋਟੇ ਵੀਰ ਭਾਈ ਸੇਵਾ ਸਿੰਘ ਜੀ ਦੇ ਜੱਥੇ ਵਿਚ ਸੰਬੰਧ ਬਣਨ ਕਰਕੇ ਆਪ ਜੀ ਨੂੰ ਭਾਈ ਸਾਹਿਬ, ਬਾਊ ਮਲ ਸਿੰਘ ਜੀ ਦੀ ਸੰਗਤ ਦਾ ਨਿੱਘਾ ਪਿਆਰ ਮਿਲਦਾ ਰਿਹਾ।

ਸੰਨ 1930 ਵਿਚ ਆਪ ਜੀ ਦਾ ਅਨੰਦ ਕਾਰਜ ਬੀਬੀ ਭਾਗਵੰਤੀ ਜੋ ਕਿ ਸਹਿਜਧਾਰੀ ਪ੍ਰੀਵਾਰ ਵਿਚੋਂ ਸਨ ਨਾਲ ਹੋਇਆ। ਇੰਨ੍ਹਾਂ ਦੇ ਘਰ ਇਕ ਸਪੁੱਤਰ ਅਤੇ ਦੋ ਪੁੱਤਰੀਆਂ ਨੇ ਜਨਮ ਲਿਆ। ਗੁਰੂ ਸਾਹਿਬ ਜੀ ਦੀ ਬਖਸ਼ਿਸ਼ ਨਾਲ ਇੰਨ੍ਹਾਂ ਦੇ ਬੱਚੇ-ਬੱਚੀਆਂ ਦੇ ਤਿੰਨੇ ਪ੍ਰੀਵਾਰ ਨਾਮ ਦੀ ਰੰਗਣ ਵਿਚ ਰੰਗੇ ਹੋਏ, ਸੇਵਾ ਅਤੇ ਨਿਮਰਤਾ ਦੇ ਪੁੰਜ ਹਨ। ਇੰਨ੍ਹਾਂ ਦੇ ਸਪੁੱਤਰ ਭਾਈ ਦਲਜੀਤ ਸਿੰਘ ਜੀ ਜਥੇ ਦੇ ਹਫ਼ਤਾਵਾਰੀ ਅਤੇ ਸਾਲਾਨਾ ਕੇਂਦਰੀ ਸਮਾਗਮਾਂ 'ਤੇ ਬੜਾ ਲੰਬਾ ਸਮਾਂ ਦੇਗ ਅਤੇ ਲੰਗਰ ਸਜਾਉਣ ਦੀ ਸੇਵਾ ਕਰਦੇ ਰਹੇ ਹਨ। ਉਸ ਵਲੋਂ ਬਣਾਈ ਘੀਆ ਕੱਦੂ ਦੀ ਸਬਜ਼ੀ ਬਹੁਤ ਸੁਆਦਲੀ ਹੁੰਦੀ ਸੀ। ਜਿਸ ਲਈ ਉਹ ਬਹੁਤ ਮਸ਼ਹੂਰ ਸਨ। ਆਪ ਜੀ ਦੀ ਸਿੰਘਣੀ ਛੋਟੇ-ਛੋਟੇ ਬੱਚੇ ਛੱਡ ਕੇ ਸੰਨ 1944 ਵਿਚ ਹੀ ਚੜ੍ਹਾਈ ਕਰ ਗਈ ਸੀ, ਜਿਸ ਕਾਰਨ ਬੱਚਿਆਂ ਦੀ ਸੇਵਾ ਸੰਭਾਲ ਆਪ ਜੀ ਦੇ ਮੋਢਿਆਂ 'ਤੇ ਆ ਪਈ। ਆਪ ਨੇ ਸਾਰੇ ਬੱਚਿਆਂ ਦੇ ਦੁਨਿਆਵੀ ਕਾਰਜ ਕਰਨ ਦੇ ਨਾਲ-ਨਾਲ, ਉਨ੍ਹਾਂ ਨੂੰ ਗੁਰਮਤਿ ਦੇ ਪਾਂਧੀ ਵੀ ਬਣਾਇਆ।

ਆਪ ਜੀ ਰੋਜ਼ੀ ਰੋਟੀ ਕਮਾਉਣ ਲਈ ਫਤਹਿਜੰਗ ਤੋਂ ਕਹੂਟਾ ਜ਼ਿਲ੍ਹਾ ਰਾਵਲਪਿੰਡੀ ਚਲੇ ਗਏ। ਉੱਥੇ ਆਪ ਜੀ ਨੂੰ ਆਮ ਲੋਕ ਪੰਡਿਤ ਜੀ ਕਹਿ ਕੇ ਬੁਲਾਉਂਦੇ ਸਨ। ਉਸ ਸਮੇਂ ਆਪ ਜੀ ਹਰ ਤਰ੍ਹਾਂ ਦਾ ਸਾਕਾਹਾਰੀ ਜਾਂ ਮਾਸਾਹਾਰੀ ਭੋਜਨ ਛੱਕ ਲੈਂਦੇ ਸਨ ਤੇ ਬਾਕੀ ਪ੍ਰੀਵਾਰ ਨਾਲ ਸੰਬੰਧ ਵੀ ਤੋੜ ਲਏ ਸਨ। ਫਿਰ ਪੂਰਬਲੇ ਕਰਮ ਸਫੁਟ ਹੋਏ ਤੇ ਮਾਤਾ ਜੀ ਦੀਆਂ ਅਰਦਾਸਾਂ ਸਦਕਾ, ਕਿਸੇ ਗੁਰਮੁਖ ਪਿਆਰੇ ਦੀ ਸੰਗਤ ਕਰਕੇ ਆਪ ਸਾਬਤ ਸੂਰਤ ਹੋ ਗਏ। ਗੁਰੂ ਦੀ ਨੇਤ ਅਨੁਸਾਰ ਇਕ ਵਾਰ ਗੱਡੀ ਵਿਚ ਹੀ ਮਾਤਾ ਜੀ ਨਾਲ ਮਿਲਾਪ ਹੋ ਗਿਆ ਤੇ ਸਾਬਤ ਸੂਰਤ ਹੋਣ ਕਾਰਨ ਮਾਤਾ ਜੀ ਆਪ ਜੀ ਨੂੰ ਪਛਾਣ ਵੀ ਨਹੀਂ ਸਕੇ। ਮਾਤਾ ਜੀ ਦੀ ਪ੍ਰੇਰਨਾ ਨਾਲ ਆਪ ਜੀ ਆਪਣੇ ਛੋਟੇ ਭਰਾ ਭਾਈ ਸੇਵਾ ਸਿੰਘ ਜੀ ਕੋਲ ਲਾਹੌਰ ਆ ਕੇ ਕਿਤਾਬਾਂ ਦੀ ਦੁਕਾਨ 'ਤੇ ਕੰਮ ਕਰਨ ਲੱਗ ਪਏ। ਭਾਈ ਸੇਵਾ ਸਿੰਘ ਜੀ ਤਾਂ ਪਹਿਲਾਂ ਹੀ ਗੁਰੂ ਚਰਨਾਂ ਨਾਲ ਜੁੜ ਚੁੱਕੇ ਸਨ। ਸੋ ਆਪ ਜੀ ਵੀ ਲਾਹੌਰ ਨਿਵਾਸੀ ਗੁਰਸਿੱਖਾਂ ਦੀ ਸੰਗਤ ਅਤੇ ਛੋਟੇ ਭਰਾ ਦੀ ਪ੍ਰੇਰਨਾ ਨਾਲ ਜਥੇ ਨਾਲ ਜੁੜ ਗਏ। ਆਪ ਪ੍ਰੀਵਾਰ ਸਮੇਤ ਅੰਮ੍ਰਿਤ ਛੱਕ ਕੇ ਸਰਬ ਲੋਹੀ ਬਿਬੇਕ ਦੇ ਪੱਕੇ ਧਾਰਨੀ ਹੋ ਗਏ ਤੇ ਇਹ ਰਹਿਤ ਬਹਿਤ ਗੁਰੂ ਦੀ ਬਖਸ਼ਿਸ਼ ਸਦਕਾ ਆਪਣੀ ਆਯੂ ਦੇ ਅਖੀਰਲੇ ਸਵਾਸਾਂ ਤਾਈਂ ਨਿਬਾਹੀ।

ਦੇਸ਼ ਦੀ ਵੰਡ ਤੋਂ ਬਾਅਦ ਆਪ ਜੀ ਵੀ ਬਾਕੀ ਪ੍ਰੀਵਾਰਕ ਮੈਂਬਰਾਂ ਨਾਲ ਲਾਹੌਰ ਛੱਡ ਕੇ ਸ੍ਰੀ ਅੰਮ੍ਰਿਤਸਰ ਆ



www.AKJ.Org

ਗਏ। ਦੋਹਾਂ ਭਰਾਵਾਂ ਨੇ ਬਾਜ਼ਾਰ ਮਾਈ ਸੇਵਾਂ ਵਿਚ ਕਿਤਾਬਾਂ ਦੀ ਦੁਕਾਨ ਦਾ ਕੰਮ ਸ਼ੁਰੂ ਕਰ ਲਿਆ। ਸੰਨ 1962 ਵਿਚ ਦੋਹਾਂ ਭਰਾਵਾਂ ਨੇ ਕਾਰੋਬਾਰ ਦੀ ਆਪਸੀ ਵੰਡ ਕਰ ਲਈ। ਆਪ ਜੀ ਨੇ ਖ਼ਾਲਸਾ ਬ੍ਰਦਰਜ਼ ਨਾਂ ਦੀ ਫਰਮ ਬਣਾ ਕੇ ਸਿੱਖ ਇਤਿਹਾਸ, ਗੁਰਬਾਣੀ ਦੇ ਵੱਖ-ਵੱਖ ਵਿਸ਼ਿਆਂ ਤੇ ਪ੍ਰਸਿੱਧ ਸਿੱਖ ਵਿਦਵਾਨਾਂ ਦੀਆਂ ਰਚਿਤ ਪੁਸਤਕਾਂ ਛਾਪ ਕੇ ਸੰਗਤਾਂ ਦੀ ਝੋਲੀ ਵਿਚ ਪਾਈਆਂ। ਗੁਰਬਾਣੀ ਅੰਦਰ ਦਰਜ ਵੱਖ-ਵੱਖ ਬਾਣੀਆਂ ਦੇ ਗੁਟਕਿਆਂ ਦੀ ਛਪਾਈ ਵੀ ਕਰਦੇ ਰਹੇ। ਇਸ ਵੰਡ ਵਿਚ ਅੰਮ੍ਰਿਤ ਕੀਰਤਨ ਪੋਥੀ ਦੀ ਛਪਾਈ ਆਪ ਦੇ ਹਿੱਸੇ ਆਈ, ਜਿਸ ਨੂੰ ਲਗਾਤਾਰ ਛਾਪ ਕੇ ਸੰਗਤਾਂ ਤਾਈਂ ਪਹੁੰਚਾਂਦੇ ਰਹੇ। ਸ੍ਰੀ ਅੰਮ੍ਰਿਤਸਰ ਆ ਕੇ ਆਪ ਜੀ ਨੇ ਸ੍ਰੀ ਦਰਬਾਰ ਸਾਹਿਬ ਜੀ ਵਿਚ ਅੰਮ੍ਰਿਤ ਵੇਲੇ ਨਾਮ ਬਾਣੀ ਦੇ ਲਾਹੇ ਲੈਣੇ ਸ਼ੁਰੂ ਕਰ ਦਿੱਤੇ। ਆਪ ਜੀ ਤ੍ਰਿਪਹਿਰੇ ਦੇ ਕੀਰਤਨ ਦੇ ਪੱਕੇ ਪ੍ਰੇਮੀ ਸਨ। ਆਪ ਹਰ ਰੋਜ਼ ਆਪਣੇ ਘਰੋਂ ਪੈਦਲ ਹੀ ਜਾਂਦੇ ਸਨ। ਉਹ ਆਪਣੇ ਗਾਤਰੇ ਵਿਚ ਪੁਰਾਤਨ ਗੁਰਸਿਖਾਂ ਵਾਂਗ ਤਿੰਨ ਫੁਟੀ ਵੱਡੀ ਸ੍ਰੀ ਸਾਹਿਬ ਹਮੇਸ਼ਾਂ ਕੋਲ ਰੱਖਦੇ ਸਨ। ਬੜੀ ਤੇਜ਼ ਚਾਲ ਚਲਦੇ ਸਨ ਜਦੋਂ ਇਕ ਕਦਮ ਪੁੱਟਦੇ ਤਾਂ 'ਵਾਹਿ' ਦਾ ਉਚਾਰਨ ਅੰਦਰ ਨੂੰ ਖਿੱਚ ਕੇ ਕਰਦੇ ਅਤੇ ਦੂਸਰੇ ਕਦਮ 'ਗੁਰੂ' ਬਾਹਰ ਨੂੰ ਉਚਾਰ ਕੇ ਕੱਢਦੇ। ਉਨ੍ਹਾਂ ਦੇ ਤੁਰਦਿਆਂ ਸਮੇਂ ਇਹ ਸਿਮਰਨ ਦੀ ਆਵਾਜ਼ ਹਰ ਕਦਮ ਨਾਲ ਸੁਖੈਨ ਹੀ ਸੁਣੀ ਜਾ ਸਕਦੀ ਸੀ।

ਆਪ ਜੀ ਤੁਰਦੇ ਫਿਰਦੇ ਕੰਮ ਕਾਰ ਕਰਦਿਆਂ ਹਰ ਵੇਲੇ ਨਾਮ-ਸਿਮਰਨ ਕਰਦੇ ਰਹਿੰਦੇ ਸਨ। ਇਕ ਵਾਰੀ ਗੁਰਦੁਆਰਾ ਭਾਈ ਮੰਝ ਦੇ ਗੁਰਦੁਆਰੇ ਹਫ਼ਤਾਵਾਰੀ ਐਤਵਾਰ ਸਵੇਰ ਦਾ ਕੀਰਤਨ ਸਮਾਗਮ ਸੀ। ਜਥੇ ਦੇ ਸਿੰਘਾਂ ਅਤੇ ਬੀਬੀਆਂ ਤੋਂ ਇਲਾਵਾ ਸੁਲਤਾਨਵਿੰਡ ਪਿੰਡ ਅਤੇ ਇਲਾਕੇ ਦੇ ਹੋਰ ਮਾਈ ਭਾਈ ਵੀ ਵੱਡੀ ਗਿਣਤੀ ਵਿਚ ਹਾਜ਼ਰ ਸਨ। ਆਪ ਜੀ ਦੇਗ ਦੀ ਤਾਬਿਆ ਬੈਠੇ ਲਗਾਤਾਰ ਜ਼ੋਰੋ-ਜ਼ੋਰ ਸ੍ਵਾਸ-ਸ੍ਵਾਸ ਸਿਮਰਨ ਕਰ ਰਹੇ ਸਨ। ਬਾਕੀ ਸਿੰਘ ਅਤੇ ਬੀਬੀਆਂ ਧੀਮੀ ਆਵਾਜ਼ ਵਿਚ ਸਿਮਰਨ ਕਰ ਰਹੇ ਸਨ ਪਰ ਆਪ ਥੋੜਾ ਉੱਚੀ ਸਿਮਰਨ ਕਰ ਰਹੇ ਸਨ। ਕੁਝ ਪਿੰਡ ਦੀਆਂ ਬੀਬੀਆਂ ਦੇਖ ਕੇ ਕਹਿਣ ਲੱਗੀਆਂ ਕਿ ਇੰਨ੍ਹਾਂ ਸਾਰਿਆਂ ਨੂੰ ਸਾਹ (ਦਮੇ) ਦੀ ਕਸਰ ਲੱਗਦੀ ਹੈ ਪਰ ਜਿਹੜਾ ਭਾਈ ਦੇਗ ਕੋਲ ਬੈਠਾ ਹੈ ਉਸ ਨੂੰ ਤਾਂ ਇਹ ਕਸਰ ਬਹੁਤ ਹੀ ਜ਼ਿਆਦਾ ਲੱਗਦੀ ਹੈ। ਉਨ੍ਹਾਂ ਅਣਜਾਣਾਂ ਨੂੰ ਨਹੀਂ ਸੀ ਪਤਾ ਕਿ ਸਿੰਘ ਸਵਾਸ-ਸਵਾਸ ਵਾਹਿਗੁਰੂ ਦਾ ਸਿਮਰਨ ਕਰ ਰਹੇ ਹਨ।

ਜਦੋਂ ਆਪ ਜੀ ਤ੍ਰਿਪਹਿਰੇ ਦੇ ਕੀਰਤਨ ਲਈ ਘਰੋਂ ਪੈਦਲ ਜਾਂਦੇ ਸਨ ਤਾਂ ਰਸਤੇ ਵਿਚ ਕੁੱਤੇ ਬਹੁਤ ਹੁੰਦੇ ਸਨ ਤੇ ਆ ਜਾ ਰਹੇ ਰਾਹੀਆਂ ਨੂੰ ਭੌਂਕਦੇ ਰਹਿੰਦੇ ਸਨ। ਆਪ ਜੀ ਬੜੇ ਦਇਆਵਾਨ ਸਨ ਤੇ ਕਦੇ ਵੀ ਕਿਸੇ ਕੁੱਤੇ ਨੂੰ ਨਹੀਂ ਸੀ ਮਾਰਦੇ। ਆਪ ਹਰ ਰੋਜ਼ ਆਪਣੀ ਧਰਮ ਪੁੱਤਰੀ (ਨੂੰਹ) ਬੀਬੀ ਜਸਵੰਤ ਕੌਰ ਜੀ ਨੂੰ ਕਹਿ ਕੇ 5-7 ਰੋਟੀਆਂ ਸ਼ਾਮ ਨੂੰ ਵਾਧੂ ਬਣਵਾ ਲੈਂਦੇ ਸਨ। ਅੰਮ੍ਰਿਤ ਵੇਲੇ ਸ੍ਰੀ ਦਰਬਾਰ ਸਾਹਿਬ ਜਾਣ ਵਾਲੇ, ਉਨ੍ਹਾਂ ਰੋਟੀਆਂ ਦੀਆਂ ਬੁਰਕੀਆਂ ਬਣਾ ਲੈਂਦੇ ਸਨ। ਜਿਹੜਾ ਕੁੱਤਾ ਵੀ ਭੌਂਕਦਾ, ਉਸ ਨੂੰ ਇਕ ਬੁਰਕੀ ਪਾ ਦਿੰਦੇ। ਇਸ ਤਰ੍ਹਾਂ ਕੁੱਤੇ ਸ੍ਰੀ ਦਰਬਾਰ ਸਾਹਿਬ ਤਾਈਂ ਆਪ ਜੀ ਦੇ ਪਿੱਛੇ-ਪਿੱਛੇ ਤੁਰੇ ਜਾਂਦੇ ਤੇ ਆਪ ਉਨ੍ਹਾਂ ਨੂੰ ਸਾਰੇ ਰਸਤੇ ਬੁਰਕੀਆਂ ਪਾਈ ਜਾਂਦੇ। ਜਦੋਂ ਕਦੇ ਬੀਬੀ ਜਸਵੰਤ ਕੌਰ ਜੀ ਕਿਸੇ ਮਜ਼ਬੂਰੀ ਕਾਰਨ ਪ੍ਰਸ਼ਾਦੇ ਨਾ ਬਣਾ ਸਕੇ ਤਾਂ ਆਪ ਕੁਝ ਬਰੈੱਡਾਂ ਲੈ ਲੈਂਦੇ ਤੇ ਉਹ ਕੁੱਤਿਆਂ ਨੂੰ ਪਾਉਂਦੇ ਜਾਂਦੇ। ਇਹ ਕੁੱਤੇ ਆਪ ਦੇ ਪ੍ਰੇਮੀ ਬਣ ਗਏ ਤੇ ਕਦੇ ਵੀ ਭੌਂਕਦੇ ਨਹੀਂ ਸਨ। ਦੂਸਰੇ ਪਾਸੇ ਭਾਈ ਸੇਵਾ ਸਿੰਘ ਜੀ ਸ੍ਰੀ ਦਰਬਾਰ ਸਾਹਿਬ ਜੀ ਜਾਣ ਵੇਲੇ ਕੁੱਤਿਆਂ ਤੋਂ ਬਚਾਅ ਲਈ ਹੱਥ ਵਿਚ ਨਿੱਕੀ ਜਿਹੀ ਸੋਟੀ ਰੱਖਦੇ ਸਨ। ਇਸ ਕਰਕੇ ਇਹ ਦੋਹਾਂ ਬਾਬਿਆਂ ਬਾਰੇ ਮਸ਼ਹੂਰ ਸੀ ਇਕ ਬਾਬਾ ਰੋਟੀ ਵਾਲਾ ਤੇ ਦੂਜਾ ਸੋਟੀ ਵਾਲਾ। ਇੰਨ੍ਹਾਂ ਦੀ ਸਾਧੂ ਬਿਰਤੀ ਕਰਕੇ ਆਪ ਜੀ ਨੂੰ ਸੰਗਤਾਂ ਭਗਤ ਜੀ ਵੀ ਕਹਿ ਕੇ ਬੁਲਾਉਂਦੀਆਂ ਸਨ। ਜ਼ਿੰਦਗੀ ਦੇ ਅਖ਼ੀਰਲੇ ਦਿਨਾਂ ਵਿਚ ਜਦੋਂ ਆਪ ਕੁਝ ਦਿਨ ਹਸਪਤਾਲ ਵਿਚ ਬੀਮਾਰ ਰਹੇ ਤੇ ਇਹ ਕੁੱਤੇ ਹਰ ਰੋਜ਼ ਘਰ ਆ ਕੇ ਗੇਟ 'ਤੇ ਅੱਗੇ ਬੈਠਦੇ ਰਹੇ। ਜਦੋਂ ਆਪ ਚੜ੍ਹਾਈ ਕਰ ਗਏ ਤਾਂ ਸਾਰੇ ਕੁੱਤੇ ਆਪ ਦੇ ਪੰਜ ਭੂਤਕ ਸਰੀਰ ਦੇ ਸਸਕਾਰ ਵੇਲੇ ਅਰਥੀ ਨਾਲ ਸ਼ਮਸ਼ਾਨ ਘਾਟ ਤਾਈਂ ਗਏ ਤੇ ਸਸਕਾਰ ਤੋਂ ਬਾਅਦ ਸਾਰੀ ਰਾਤ ਉੱਥੇ ਹੀ ਬੈਠੇ ਰਹੇ। ਦੂਸਰੇ ਦਿਨ ਜਦੋਂ ਆਪ ਜੀ ਦਾ ਅੰਗੀਠਾ ਜਲ ਪ੍ਰਵਾਹ


www.AKJ.Org

ਲਈ ਇਕੱਠਾ ਕੀਤਾ ਗਿਆ ਤਾਂ ਫਿਰ ਉਹ ਕੁੱਤੇ ਵਾਪਿਸ ਆਪਣੇ ਟਿਕਾਣਿਆਂ ਨੂੰ ਗਏ। ਇਹ ਸਾਰੀ ਵਾਰਤਾ ਉਨ੍ਹਾਂ ਦੀ ਨੂੰਹ ਬੀਬੀ ਜਸਵੰਤ ਕੌਰ ਜੀ ਵਲੋਂ ਦੱਸੀ ਗਈ ਹੈ।

ਜਿੱਥੇ ਆਪ ਜੀ ਨੂੰ ਭਾਈ ਸਾਹਿਬ ਜੀ ਦੀ ਸੰਗਤ ਕਰਨ ਦਾ ਮੌਕਾ ਮਿਲਦਾ ਰਿਹਾ ਹੈ ਅਤੇ ਉੱਥੇ ਬਾਊ ਮਲ ਸਿੰਘ ਜੀ ਨਾਲ ਡੂੰਘਾ ਸੰਬੰਧ ਅਤੇ ਸਨੇਹ ਰਿਹਾ ਹੈ। ਆਪ ਜੀ ਅਤੇ ਬਾਕੀ ਸਾਰੇ ਪ੍ਰੀਵਾਰਕ ਮੈਂਬਰ ਬਾਊ ਜੀ ਦੀਆਂ ਇੰਨ੍ਹਾਂ ਦੇ ਗ੍ਰਿਹ ਵਿਚ ਆ ਕੇ ਕੀਤੀਆਂ ਪ੍ਰੇਮ ਮਿਲਣੀਆਂ ਦਾ ਅਨੰਦ ਮਾਣਦੇ ਰਹੇ। ਆਪ ਜੀ ਦੇ ਸਰਬ ਲੋਹ ਰਹਿਤ ਬਹਿਤ ਦੇ ਧਾਰਨੀ ਅਤੇ ਸ੍ਰੀ ਦਰਬਾਰ ਸਾਹਿਬ ਜੀ ਵਿਖੇ ਤ੍ਰਿਪਹਿਰੇ ਦੇ ਨਿਤਾ ਪ੍ਰਤੀ ਪ੍ਰੇਮੀ ਹੋਣ ਕਾਰਨ, ਸਰਬਲੋਹੀ ਸਿੰਘ ਖਾਸ ਕਰ ਭਾਈ ਬਾਵਾ ਸਿੰਘ ਜੀ ਕੁਮਾਰ ਹੱਟੀ, ਭਾਈ ਦਰਸ਼ਨ ਸਿੰਘ ਜੀ ਗੜਗਜ, ਭਾਈ ਹਰਚਰਨ ਸਿੰਘ ਜੀ ਚੰਡੀਗੜ੍ਹ, ਭਾਈ ਆਤਮਾ ਸਿੰਘ ਜੀ ਪੰਜੋਖਰਾ ਸਾਹਿਬ, ਭਾਈ ਹਰਿਕਿਸ਼ਨ ਸਿੰਘ ਜੀ ਜਾਨ ਸੁਖਾਲਾ, ਭਾਈ ਇੰਦਰ ਸਿੰਘ ਜੀ ਨੰਬਰਦਾਰ ਅਤੇ ਹੋਰ ਗੁਰਸਿੱਖ ਇੰਨ੍ਹਾਂ ਦੇ ਗ੍ਰਿਹ ਵਿਖੇ ਆ ਕੇ ਠਹਿਰਦੇ ਸਨ ਕਿਉਂਕਿ ਉਨ੍ਹਾਂ ਨੂੰ ਆਪ ਜੀ ਨਾਲ ਜਾ ਕੇ ਅੰਮ੍ਰਿਤ ਵੇਲੇ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ ਇਸ਼ਨਾਨ ਦੇ ਲਾਹੇ ਪ੍ਰਾਪਤ ਹੁੰਦੇ ਸਨ ਤੇ ਘਰੋਂ ਸਰਬਲੋਹੀ ਬਿਬੇਕ ਦਾ ਪ੍ਰਸ਼ਾਦਾ ਵੀ ਮਿਲ ਜਾਂਦਾ ਸੀ।

ਆਪ ਜੀ ਵੈਰਾਗ, ਤਿਆਗ ਦੀ ਮੂਰਤੀ, ਸੇਵਾ ਅਤੇ ਸਿਮਰਨ ਦੇ ਪੁੰਜ ਸਨ। ਡਾਕਟਰ ਦਲਜੀਤ ਸਿੰਘ ਜੀ ਦੀ ਮਾਤਾ, ਜੋ ਆਪ ਜੀ ਦੀ ਧਰਮ ਭੈਣ ਬਣੀ ਹੋਈ ਸੀ, ਨੇ ਆਪ ਜੀ ਨਾਲ ਬੈਂਕ ਵਿਚ ਸਾਂਝੀ ਮਿਆਦੀ ਰਕਮ ਜਮ੍ਹਾਂ ਕਰਾਈ ਹੋਈ ਸੀ। ਅੰਤਮ ਸਮਾਂ ਨੇੜੇ ਜਾਣ ਕੇ ਆਪ ਜੀ ਨੇ ਸਾਰੇ ਸੰਸਾਰੀ ਬਖੇੜੇ, (ਕਾਰੋਬਾਰ ਅਤੇ ਘਰੇਲੂ ਜਾਇਦਾਦ, ਬੈਂਕ ਵਿਚ ਜਮ੍ਹਾਂ ਰਾਸ਼ੀ ਪੂੰਜੀ ਆਦਿ) ਪਹਿਲਾਂ ਹੀ ਨਿਬੇੜ ਦਿੱਤੇ ਤਾਂ ਕਿ ਪਿਛੋਂ ਕੋਈ ਝਗੜਾ ਨਾ ਪਵੇ।

ਆਪ ਜੀ ਦੀ ਸਿਹਤ, ਲਗਾਤਾਰ ਪੈਦਲ ਤੁਰਨ ਕਰਕੇ ਸਾਰੀ ਉਮਰ ਰਿਸ਼ਟ ਪੁਸ਼ਟ ਰਹੀ। ਆਪ ਜੀ ਨੂੰ ਸਾਦੀ ਖੁਰਾਕ ਨੇ (ਸਰਬਲੋਹੀ ਗੁਣਾਂ ਕਰਕੇ) ਵੀ ਨਰੋਈ ਸਹਿਤ ਰੱਖਣ ਵਿਚ ਸਹਾਇਤਾ ਦਿੱਤੀ। ਅਕਾਲ ਪੁਰਖ ਦੇ ਭਾਣੇ ਅੰਦਰ ਆਪ ਨੂੰ ਇਕ ਨਾ ਮੁਰਾਦ ਬੀਮਾਰੀ ਨੇ ਆ ਘੇਰਿਆ, ਜਿਸ ਦਾ ਪਹਿਲਾਂ ਕਿਸੇ ਨੂੰ ਪਤਾ ਨਹੀਂ ਲੱਗਾ। ਆਪ ਜੀ ਨੂੰ ਡਾਕਟਰ ਹਰਚਰਨ ਸਿੰਘ (ਜੋ ਕਿ ਇਕ ਗੁਰਸਿੱਖ ਪ੍ਰੇਮੀ ਸੀ) ਦੀ ਨਿਗਰਾਨੀ ਹੇਠ ਸਰਕਾਰੀ ਹਸਪਤਾਲ ਵਿਚ 10-12 ਦਿਨ ਰੱਖਿਆ ਗਿਆ। ਜਿਥੇ ਪ੍ਰੀਵਾਰਕ ਮੈਂਬਰਾਂ ਤੋਂ ਇਲਾਵਾ ਇੰਨ੍ਹਾਂ ਦੇ ਪਿਆਰ ਵਾਲੇ ਗੁਰਮੁਖ ਪਿਆਰਿਆਂ ਵਲੋਂ ਲਗਾਤਾਰ ਗੁਰਬਾਣੀ ਦੇ ਪਾਠ ਦਾ ਪ੍ਰਵਾਹ ਚਲਾਇਆ ਗਿਆ। ਹਸਪਤਾਲ ਦਾਖਲ ਹੋਣ ਤੋਂ ਪਹਿਲਾਂ ਆਪ ਨੇ ਆਪਣੇ ਹਰਮਨ ਪਿਆਰੇ ਗੁਰਸਿੱਖ ਮੀਤ, ਬਾਊ ਮਲ ਸਿੰਘ ਜੀ ਦੀ ਪਹਿਲੀ ਬਰਸੀ ਸਮੇਂ, ਤਰਨ ਤਾਰਨ ਵਿਚ ਹੋਏ ਸ੍ਰੀ ਅਖੰਡ ਪਾਠ ਸਾਹਿਬ ਅਤੇ ਕੀਰਤਨ ਸਮਾਗਮ ਦੀ ਹਾਜ਼ਰੀ ਵੀ ਭਰੀ ਸੀ। ਮਿਤੀ 6 ਅਗਸਤ 1980 ਨੂੰ ਇਹ ਗੁਰਮੁਖ ਪਿਆਰੀ ਰੂਹ 69 ਸਾਲ ਦੀ ਉਮਰ ਵਿਚ ਗੁਰੂ ਚਰਨਾਂ ਵਿਚ ਜਾ ਬਿਰਾਜੀ ਅਤੇ ਅਕਾਲ ਪੁਰਖ ਵਲੋਂ ਬਖਸ਼ੀ ਸਵਾਸਾਂ ਦੀ ਪੂੰਜੀ ਸਫਲ ਕਰ ਗਈ।

# ਬੀਬੀ ਹਰਬੰਸ ਕੌਰ ਜੀ (ਭੂਆ ਜੀ), ਸ੍ਰੀ ਅੰਮ੍ਰਿਤਸਰ

—ਭਾਈ ਗੁਰਦੀਪ ਸਿੰਘ ਜੀ ਸ੍ਰੀ ਅੰਮ੍ਰਿਤਸਰ

ਸੇਵਾ, ਸਿਮਰਨ, ਨਿਮਰਤਾ ਦੀ ਪੁੰਜ, ਹਮੇਸ਼ਾ ਦੁੱਖ ਸੁੱਖ ਦੇ ਭਾਣੇ ਵਿਚ ਰਹਿਣ ਵਾਲੇ ਬੀਬੀ ਹਰਬੰਸ ਕੌਰ ਜੀ, ਖਾਲਸਾ ਬ੍ਰਦਰਜ਼ ਅਤੇ ਸਿੰਘ ਬ੍ਰਦਰਜ਼ ਸ੍ਰੀ ਅੰਮ੍ਰਿਤਸਰ ਦੇ ਭਾਈ ਈਸ਼ਰ ਸਿੰਘ ਜੀ ਤੇ ਭਾਈ ਸੇਵਾ ਸਿੰਘ ਜੀ ਦੇ ਛੋਟੇ ਭੈਣ ਜੀ ਸਨ। ਪੂਰਨ ਦਾਰ ਜੀ ਦੇ ਸੰਗੀ ਸਾਥੀ ਉਨ੍ਹਾਂ ਨੂੰ ਭੂਆ ਜੀ ਕਹਿ ਕੇ ਬੁਲਾਉਂਦੇ ਸਨ ਕਿਉਂਕਿ ਪੂਰਨ ਜੀ ਵੀ ਉਨ੍ਹਾਂ ਨੂੰ ਭੂਆ ਜੀ ਹੀ ਕਹਿੰਦੇ ਹੁੰਦੇ ਸਨ। ਉਨ੍ਹਾਂ ਦੀ ਸਿੰਘਣੀ ਬੀਬੀ ਭੁਪਿੰਦਰ ਕੌਰ ਜੀ ਦੇ ਪੇਕਾ ਘਰ ਦੇ ਬਿਲਕੁਲ



www.AKJ.Org

ਗੁਆਂਢ ਵਿਚ ਹੀ ਆਪ ਜੀ ਆਪਣੇ ਦੋਨਾਂ ਭਰਾਵਾਂ ਸਮੇਤ ਰਹਿੰਦੇ ਸਨ। ਪਰ ਛੋਟੇ ਪ੍ਰੀਵਾਰਕ ਮੈਂਬਰ ਅਤੇ ਜਥੇ ਦੇ ਨੌਜਵਾਨ ਬੱਚੇ, ਉਨ੍ਹਾਂ ਨੂੰ ਬੇਜੀ ਕਹਿ ਕੇ ਪੁਕਾਰਦੇ ਸਨ। ਆਪ ਜੀ ਦਾ ਜਨਮ ਸਹਿਜਧਾਰੀ ਪ੍ਰੀਵਾਰ ਵਿਚ ਸੰਨ 1915 ਵਿਚ ਫਤਹਿ ਜੰਗ ਜ਼ਿਲ੍ਹਾ ਕੈਂਬਲਪੁਰ (ਹੁਣ ਜ਼ਿਲ੍ਹਾ ਅਟਕ ਪਾਕਿਸਤਾਨ) ਵਿਚ ਪਿਤਾ ਸ੍ਰੀ ਰਾਮ ਚੰਦ ਅਤੇ ਮਾਤਾ ਲਾਜਵੰਤੀ ਦੇ ਘਰ ਹੋਇਆ। ਆਪ ਜੀ ਨੇ ਮੁੱਢਲੀ ਵਿਦਿਆ ਤਾਂ ਚਾਰ ਜਮਾਤਾਂ ਤਾਈਂ ਫਤਹਿ ਜੰਗ ਦੇ ਸਕੂਲ ਤੋਂ ਪਾਕਿਸਤਾਨ ਰਹਿੰਦਿਆਂ ਲਈ, ਪੰਜਾਬੀ ਤੇ ਗੁਰਮੁਖੀ ਆਪ ਜੀ ਦੀ ਮਾਸੀ ਕਿਸ਼ਨ ਕੌਰ ਜੀ ਦੀ ਸੰਗਤ ਨਾਲ ਗਿਆਨੀ ਗੁਰਮੁਖ ਸਿੰਘ ਜੀ ਤੋਂ ਸਿੱਖੀ ਅਤੇ ਉੱਥੋਂ ਹੀ ਗੁਰੂ ਘਰ ਨਾਲ ਪ੍ਰੇਮ ਅਤੇ ਲਗਨ ਪੈਦਾ ਹੋ ਗਈ, ਜੋ ਆਖਰੀ ਸਵਾਸਾਂ ਤਾਈਂ ਤੋੜ ਨਿਭੀ।

ਪਾਕਿਸਤਾਨ ਰਹਿੰਦੇ ਸਮੇਂ ਆਪ ਜੀ ਦਾ ਅਨੰਦ ਕਾਰਜ ਸ. ਜਵਾਹਰ ਸਿੰਘ ਜੀ ਨਿਵਾਸੀ ਪਿੰਡ ਗੱਖੜ ਜ਼ਿਲ੍ਹਾ ਕੈਂਬਲਪੁਰ (ਪਾਕਿਸਤਾਨ) ਨਾਲ ਹੋਇਆ। ਆਪ ਜੀ ਦੇ ਪਤੀ ਸਿੱਖੀ ਸਰੂਪ ਵਿਚ ਹੋਣ ਕਾਰਨ, ਉਨ੍ਹਾਂ ਦੇ ਭੈਣ ਭਰਾ ਉਨ੍ਹਾਂ ਨੂੰ ਸਿਖੜਾ ਕਹਿੰਦੇ ਸਨ ਤੇ ਉਨ੍ਹਾਂ ਦਾ ਬਾਈਕਾਟ ਵੀ ਕੀਤਾ ਹੋਇਆ ਸੀ। ਸਿੰਘ ਸਭਾ ਦੇ ਪ੍ਰਚਾਰ ਅਤੇ ਗੁਰੂ ਘਰ ਨਾਲ ਜੁੜੇ ਹੋਏ ਹੋਣ ਕਾਰਨ, ਇਹ ਵਿਆਹ ਅਤਿ ਸਾਦਾ ਅਤੇ ਬਿਨਾਂ ਕਿਸੇ ਦਾਜ ਦਹੇਜ ਜਾ ਲੈਣ ਦੇਣ ਤੋਂ ਹੋਇਆ ਸੀ। ਦੇਸ਼ ਦੀ ਵੰਡ ਤੋਂ ਬਾਅਦ ਆਪ ਜੀ ਪ੍ਰੀਵਾਰ ਸਮੇਤ ਪਹਿਲਾਂ ਪਟਿਆਲਾ ਅਤੇ ਫੇਰ ਆਪਣੇ ਭਰਾਵਾਂ ਭਾਈ ਈਸ਼ਰ ਸਿੰਘ ਜੀ ਤੇ ਭਾਈ ਸੇਵਾ ਸਿੰਘ ਕੋਲ ਗੁਰੂ ਕੀ ਨਗਰੀ ਸ੍ਰੀ ਅੰਮ੍ਰਿਤਸਰ ਹੀ ਆ ਵੱਸੇ। ਆਪ ਜੀ ਦੇ ਪਤੀ ਬਚਪਨ ਤੋਂ ਹੀ ਦਮੇ ਦੀ ਬੀਮਾਰੀ ਨਾਲ ਪੀੜਤ ਸਨ ਤੇ ਸੰਨ 1953 ਵਿਚ ਇਸ ਬੀਮਾਰੀ ਕਾਰਨ ਅਕਾਲ ਚਲਾਣਾ ਕਰ ਗਏ। ਸਿੰਘ ਸਾਹਿਬ ਜੀ ਦੇ ਚੜ੍ਹਾਈ ਕਰ ਜਾਣ ਤੋਂ ਬਾਅਦ, ਬੱਚੇ ਅਜੇ ਛੋਟੇ ਅਤੇ ਕੋਈ ਮਾਇਕ ਸਾਧਨ ਨਾ ਹੋਣ ਕਾਰਨ, ਆਪ ਜੀ ਕਾਫੀ ਉਦਾਸ ਰਹਿਣ ਲੱਗ ਪਏ। ਆਪ ਦੇ ਭਰਾਤਾ ਤੇ ਪਿਆਰੇ ਵੀਰ ਭਾਈ ਸੇਵਾ ਸਿੰਘ ਜੀ ਨੇ ਆਪ ਜੀ ਨੂੰ ਨਾਲ ਲੈ ਕੇ, ਲਾਗਲੇ ਗੁਰਦੁਆਰੇ ਜਾ ਕੇ ਗੁਰੂ ਚਰਨਾਂ ਵਿਚ ਅਰਦਾਸ ਕੀਤੀ। ਉਸ ਵੇਲੇ ਗੁਰੂ ਸਾਹਿਬ ਜੀ ਨੇ ਇਹ ਹੁਕਮਨਾਮਾ ਬਖਸ਼ਿਆ "**ਜੇ ਲੋੜਹਿ ਵਾਰ ਬਾਲੜੀਏ ਤਾਂ ਗੁਰ ਚਰਣੀ ਚਿਤੁ ਲਾਏ ਰਾਮ**" ਜਿਸ ਨਾਲ ਆਪ ਚੜ੍ਹਦੀ ਕਲਾ ਵਿਚ ਹੋ ਗਏ ਤੇ ਗੁਰੂ ਦਾ ਭਾਣਾ ਮਿੱਠਾ ਕਰਕੇ ਮੰਨਣਾ ਸ਼ੁਰੂ ਕਰ ਦਿੱਤਾ। ਆਪ ਜੀ ਦੇ ਘਰ ਦੋ ਪੁੱਤਰਾਂ ਤੇ ਤਿੰਨ ਪੁੱਤਰੀਆਂ ਨੇ ਜਨਮ ਲਿਆ। ਸਾਰੇ ਬੱਚੇ ਆਪਣੇ ਮਾਮਿਆਂ ਤੇ ਆਪ ਜੀ ਦੇ ਪੂਰਨਿਆਂ ਤੇ ਚਲਦੇ ਹੋਏ ਅੰਮ੍ਰਿਤਧਾਰੀ, ਗੁਰਮਤਿ ਮਾਰਗ ਦੇ ਪਾਂਧੀ ਅਤੇ ਗੁਰੂ ਘਰ ਨਾਲ ਜੁੜੇ ਹੋਏ ਹਨ। ਆਪ ਜੀ ਦੀਆਂ ਪੁੱਤਰੀਆਂ ਬੀਬੀ ਜਸਵੰਤ ਕੌਰ ਜੀ ਤੇ ਬੀਬੀ ਮਹਿੰਦਰ ਕੌਰ ਜੀ ਆਪ ਵਾਂਗ ਬੇਅੰਤ ਬਾਣੀਆਂ ਦੇ ਕੰਠਾਗਰ ਪਾਠ ਦੀਆਂ ਨਿਤਨੇਮੀ ਅਤੇ ਲੰਗਰਾਂ ਦੀ ਸੇਵਾ ਦੀਆਂ ਥੰਮ ਹਨ। ਵੈਸਾਖੀ ਸਮਾਗਮ ਦੇ ਅਰੰਭ ਤੋਂ ਸਮਾਪਤੀ ਤਾਈਂ ਆਪ ਜੀ ਅਤੇ ਇਹ ਬੀਬੀਆਂ ਹਰ ਵੇਲੇ ਲੰਗਰ ਵਿਚ ਰਹਿ ਕੇ ਸੰਗਤ ਦੀ ਸੇਵਾ ਕਰਦੀਆਂ ਰਹੀਆਂ ਹਨ। ਲੰਗਰ ਦੇ ਸੇਵਾ ਵਿਚ ਜਿਥੇ ਆਪ ਲਗਾਤਾਰ ਨਾਮ ਬਾਣੀ ਦਾ ਪ੍ਰਵਾਹ ਚਲਾਉਂਦੇ ਸਨ ਉੱਥੇ ਲੰਗਰ ਵਿਚ ਤੇਜ਼ ਮਸਾਲੇ ਅਤੇ ਮਿਰਚ ਆਦਿ ਦੀ ਵਰਤੋਂ ਦੇ ਸੰਕੋਚ ਦਾ ਵੀ ਪੂਰਾ ਧਿਆਨ ਰੱਖਦੇ ਸਨ। ਸੰਗਤਾਂ ਲਈ ਹਲਕੇ ਫੁਲਕੇ, ਕੂਲੇ-ਕੂਲੇ ਪ੍ਰਸ਼ਾਦੇ ਆਪਣੀ ਨਿਗਰਾਨੀ ਹੇਠ ਤਿਆਰ ਕਰਵਾਉਂਦੇ ਸਨ ਤੇ ਉਨ੍ਹਾਂ ਨੂੰ ਕੰਬਲ ਜਾਂ ਮੋਟੀ ਚਾਦਰ ਵਿਚ ਲਪੇਟ ਕੇ ਰੱਖਦੇ ਸਨ ਤਾਂ ਕਿ ਠੰਡੇ ਨਾ ਹੋ ਜਾਵਣ। ਇਨ੍ਹਾਂ ਵਲੋਂ ਪੜ੍ਹੀ ਜਾ ਰਹੀ ਗੁਰਬਾਣੀ ਅਤੇ ਸੰਤੋਖੀ ਸੁਭਾਅ ਕਰ ਕੇ, ਗੁਰੂ ਕੇ ਲੰਗਰ ਵਿਚ ਅਗਾਧ ਕਲਾ ਵਰਤਦੀ ਸੀ ਜੋ ਕਿ ਆਪ ਜੀ ਦੀ ਇਕ ਅਮਿੱਟ ਯਾਦ ਹੈ। ਇਸੇ ਤਰ੍ਹਾਂ ਇਕ ਵਾਰੀ ਮਿਸਤਰੀ ਗੋਪਾਲ ਸਿੰਘ ਜੀ (ਪਿਤਾ ਭਾਈ ਇੰਦਰਜੀਤ ਸਿੰਘ ਜੀ ਕ੍ਰਿਪਾਨਾਂ ਵਾਲੇ) ਵਲੋਂ ਹਫਤਾਵਾਰੀ ਸਮਾਗਮ ਆਪਣੇ ਗ੍ਰਹਿ ਦੇ ਸਾਹਮਣੇ ਪੰਡਾਲ ਲਾ ਕੇ ਆਯੋਜਿਤ ਕੀਤਾ ਗਿਆ ਅਤੇ ਲੋੜ ਅਨੁਸਾਰ ਜਿਤਨੀ ਕਿ ਸੰਗਤ ਉਸ ਵੇਲੇ ਜੁੜਦੀ ਹੁੰਦੀ ਸੀ, ਲਈ ਲੰਗਰ ਤਿਆਰ ਕੀਤਾ ਗਿਆ। ਸਮਾਗਮ ਦੀ ਸਮਾਪਤੀ ਦੇ ਵੇਲੇ ਦਿੱਲੀ ਤੋਂ ਸੰਗਤ ਦੀਆਂ ਭਰੀਆਂ ਹੋਈਆਂ ਦੋ ਬੱਸਾਂ, ਗੁਰਧਾਮਾਂ ਦੀ ਯਾਤਰਾ ਕਰਦੀਆਂ ਹੋਈਆਂ ਪਹੁੰਚ ਗਈਆਂ। ਲੰਗਰ ਦੇ ਪ੍ਰਬੰਧਕ ਸ਼ਸ਼ੋਪੰਜ ਵਿਚ ਪੈ ਗਏ ਕਿ ਹੁਣ ਕੀ ਕੀਤਾ ਜਾਵੇ? ਕਿਉਂਕਿ ਉਸ ਵੇਲੇ



www.AKJ.Org

ਹੋਰ ਦਾਲਾ/ਭਾਜਾ ਤੇ ਪ੍ਰਸ਼ਾਦੇ ਨਹੀਂ ਸੀ ਬਣ ਸਕਦੇ। ਆਪ ਜੀ ਨੇ ਕਿਹਾ ਕਿ ਗੁਰੂ ਸਾਹਿਬ 'ਤੇ ਭਰੋਸਾ ਰੱਖੋ, ਕੋਈ ਫਿਕਰ ਨਾ ਕਰੋ। ਸਾਰੇ ਲੰਗਰ ਉਪਰ ਕਪੜਾ ਪਾ ਕੇ ਗੁਰੂ-ਗੁਰੂ ਜਪਦੇ ਵਰਤਾਈ ਜਾਉ। ਕਪੜਾ ਚੁੱਕ ਕੇ ਨਹੀਂ ਦੇਖਣਾ ਕਿ ਪਿੱਛੇ ਕਿਤਨਾ ਕੁ ਬਚਿਆ ਹੈ। ਇਸੇ ਤਰ੍ਹਾਂ ਹੀ ਕੀਤਾ ਗਿਆ ਤੇ ਆਪ ਜੀ ਕੋਲ ਬੈਠ ਕੇ ਗੁਰੂ-ਗੁਰੂ ਕਰੀ ਗਏ। ਗੁਰੂ ਦੀ ਐਸੀ ਕਲਾ ਵਰਤੀ ਕਿ ਸਾਰੀ ਸੰਗਤ ਦੇ ਲੰਗਰ ਛੱਕਣ ਤੋਂ ਬਾਅਦ ਵੀ ਲੰਗਰ ਬਚ ਗਿਆ। ਇਹ ਆਪ ਜੀ ਦੇ ਸਤੋ ਗੁਣੀ ਸੁਭਾਅ ਅਤੇ ਗੁਰੂ ਤੇ ਅਟੱਲ ਭਰੋਸਾ ਕਰਕੇ ਹੀ ਹੋਇਆ ਸੀ। ਸ੍ਰੀ ਅੰਮ੍ਰਿਤਸਰ ਵਿਖੇ ਵੈਸਾਖੀ ਦੇ ਸਾਲਾਨਾ ਸਮਾਗਮ ਦਾ ਸਾਰਾ ਪ੍ਰਬੰਧ ਇਸ ਪ੍ਰੀਵਾਰ ਦੀ ਦੇਖ ਰੇਖ ਹੇਠ ਹੁੰਦਾ ਸੀ। ਇੰਨ੍ਹਾਂ ਦੀਆਂ ਬੱਚੀਆਂ ਨੇ ਜਿਥੇ ਬਚਪਨ ਵਿਚ ਪਿਤਾ ਜੀ ਦੀ ਚੜ੍ਹਾਈ ਕਰ ਜਾਣ ਕਰਕੇ, ਹੱਥੀ ਸਖਤ ਮਿਹਨਤ ਕੀਤੀ ਉੱਥੇ ਆਪਣੇ ਸਹੁਰਾ ਪ੍ਰੀਵਾਰਾਂ ਦੇ ਮੈਂਬਰਾਂ ਦੀ ਸੇਵਾ ਕਰਨ ਵਿਚ ਵੀ ਕੋਈ ਕਸਰ ਬਾਕੀ ਨਹੀਂ ਛੱਡੀ। ਇਹ ਦੋਵੇਂ ਬੀਬੀਆਂ ਕੀਰਤਨੀ ਬੱਚੀਆਂ ਸਨ ਤੇ ਬਾਊ ਮਲ ਸਿੰਘ ਜੀ ਇੰਨ੍ਹਾਂ ਨੂੰ ਆਪਣੀਆਂ ਸਕੀਆਂ ਧੀਆਂ ਤੋਂ ਵੱਧ ਪਿਆਰ ਕਰਦੇ ਸਨ ਤੇ ਉਸ ਵੇਲੇ ਹੋਣ ਵਾਲੇ ਹਫਤਾਵਾਰੀ ਤੇ ਰੈਣ ਸਬਾਈ ਕੀਰਤਨਾਂ ਵਿਚ ਇਹ ਭੈਣਾਂ ਦੀ ਜੋੜੀ ਕੀਰਤਨ ਦੀਆਂ ਅਗੰਮੀ ਧੁਨੀਆਂ ਨਾਲ ਸੰਗਤਾਂ ਨੂੰ ਨਿਹਾਲ ਕਰਦੀਆਂ ਸਨ।

ਸ੍ਰੀ ਅੰਮ੍ਰਿਤਸਰ ਆ ਕੇ, ਆਪ ਪਹਿਲਾਂ ਪ੍ਰੀਵਾਰ ਸਮੇਤ, ਭਗਤਾਂ ਵਾਲਾ ਗੇਟ ਅੰਦਰ, ਰੋਲਾਂ ਵਾਲੀ ਗਲੀ ਵਿਚ ਰਹੇ। ਉਥੋਂ ਹਰ ਰੋਜ਼ ਸ੍ਰੀ ਦਰਬਾਰ ਸਾਹਿਬ ਜੀ ਦੀ ਹਾਜ਼ਰੀ ਬਿਨ੍ਹਾਂ ਨਾਗਾ ਭਰਦੇ ਰਹੇ। ਆਪਣੇ ਪਤੀ ਜੀ ਦੀ ਸਿਹਤ ਖਰਾਬ ਰਹਿਣ ਅਤੇ ਮਗਰੋਂ ਚੜ੍ਹਾਈ ਕਰ ਜਾਣ ਤੇ ਆਪ ਜੀ ਨੂੰ ਪ੍ਰੀਵਾਰ ਦੀ ਪਾਲਣਾ ਪੋਸ਼ਣਾ ਲਈ ਬਹੁਤ ਸਖ਼ਤ ਮਿਹਨਤ ਕਰਨੀ ਪਈ। ਸਾਰੇ ਬੱਚੇ ਬੱਚੀਆਂ ਆਪ ਜੀ ਸਮੇਤ ਸਵੇਰੇ ਤੋਂ ਸ਼ਾਮ ਤਾਈਂ ਗੁਟਕਿਆਂ ਦੀ ਜਿਲਦ ਬੰਦੀ ਵਾਸਤੇ ਫਰਮੇ ਭੰਨਣ ਦਾ ਕੰਮ ਕਰਦੇ ਸਨ। ਫਿਰ ਇੰਨ੍ਹਾਂ ਦੇ ਪੁੱਤਰਾਂ ਨੇ ਕਸ਼ਮੀਰਾ ਸਿੰਘ ਵਾਲੀ ਗਲੀ ਵਿਚ ਗੁਟਕਿਆਂ ਦੀ ਜਿਲਦਸਾਜ਼ੀ ਦਾ ਕੰਮ ਸ਼ੁਰੂ ਕਰ ਦਿੱਤਾ। ਪਤੀ ਜੀ ਦੇ ਚੜ੍ਹਾਈ ਕਰਨ ਤੋਂ ਬਾਅਦ, ਇਨ੍ਹਾਂ ਦੇ ਭਰਾਵਾਂ ਨੇ ਉੱਦਮ ਕਰਕੇ ਆਪਣੇ ਨਾਲ ਹੀ ਅਜੀਤ ਨਗਰ ਵਿਚ ਮਕਾਨ ਵਾਸਤੇ ਜਗ੍ਹਾ ਦਾ ਪ੍ਰਬੰਧ ਕਰ ਦਿੱਤਾ ਤੇ ਉੱਥੇ ਹੀ ਤਿੰਨਾਂ ਭੈਣ ਭਰਾਵਾਂ ਦੇ ਪ੍ਰੀਵਾਰ ਬਹੁਤ ਲੰਬਾ ਸਮਾਂ ਇਕੱਠੇ ਰਹਿੰਦੇ ਰਹੇ। ਭਾਈ ਸੇਵਾ ਸਿੰਘ ਜੀ ਦੀ ਪ੍ਰੇਰਨਾ ਨਾਲ ਜਥੇ ਦੇ ਕੁਝ ਹੋਰ ਪ੍ਰੀਵਾਰਾਂ ਨੇ ਵੀ, ਇੰਨ੍ਹਾਂ ਵਾਲੀ ਲੇਨ ਵਿਚ ਹੀ ਜਗ੍ਹਾ ਖਰੀਦ ਕੇ ਮਕਾਨ ਬਣਾ ਲਏ ਅਤੇ ਇਹ ਆਬਾਦੀ ਸਿੰਘਾਂ ਦੀ ਆਬਾਦੀ ਕਹਾਉਣ ਲੱਗ ਪਈ। ਇਸ ਅਬਾਦੀ ਦਾ ਕਾਫੀ ਵੱਡਾ ਹਿੱਸਾ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਦੀ ਮਾਲਕੀਅਤ ਹੋਣ ਕਰਕੇ, ਸ੍ਰੋ. ਕਮੇਟੀ ਦੇ ਪ੍ਰਧਾਨ, ਹੈੱਡ ਗ੍ਰੰਥੀਆਂ, ਜਨਰਲ ਸਕੱਤਰ ਅਤੇ ਹੋਰ ਬਹੁਤ ਸਾਰੇ ਉੱਚ ਅਧਿਕਾਰੀਆਂ ਦੇ ਵੀ ਇਸ ਆਬਾਦੀ ਵਿਚ ਕਾਫ਼ੀ ਰਿਹਾਇਸ਼ੀ ਮਕਾਨ ਹਨ।

ਭਾਵੇਂ ਆਪ ਥੋੜਾ ਹੀ ਪੜ੍ਹੇ ਸਨ, ਪਰ ਆਪਣੇ ਵੱਡੇ ਭਰਾਵਾਂ ਦੀ ਸੰਗਤ ਕਰਕੇ, ਗੁਰਬਾਣੀ ਦੇ ਪਾਠ ਦੀ ਸੰਥਿਆ ਲੈ ਕੇ ਅਖੰਡਪਾਠੀ ਬਣ ਗਏ। ਆਪ ਹਰ ਵੇਲੇ ਘਰ ਵਿਚ ਹੀ ਸਹਿਜ ਪਾਠ ਜਾਰੀ ਰੱਖਦੇ ਸਨ ਤੇ ਮਹੀਨੇ ਵਿਚ ਹੀ ਭੋਗ ਪਾ ਲੈਂਦੇ ਸਨ। ਇਸੇ ਤਰ੍ਹਾਂ ਜਿਥੇ ਵੀ ਸ੍ਰੀ ਅਖੰਡ ਸਮਾਗਮ ਪਾਠ ਹੋਵੇ, ਉੱਥੇ ਵੀ ਸੇਵਾ ਵਿਚ ਹਾਜ਼ਰ ਹੋ ਜਾਂਦੇ ਸਨ। ਜਦੋਂ ਬੱਚਿਆਂ ਨੇ ਵੱਡੇ ਹੋ ਕੇ ਕਾਰੋਬਾਰ ਸੰਭਾਲ ਲਏ ਤਾਂ ਆਪ ਫਿਰ ਸਾਰਾ ਦਿਨ, ਜਿਥੇ ਵੀ ਨੇੜੇ ਤੇੜੇ ਸ੍ਰੀ ਅਖੰਡ ਪਾਠ ਸਮਾਗਮ ਚਲ ਰਿਹਾ ਹੋਵੇ, ਉੱਥੇ ਸਵੇਰੇ ਹੀ ਪਹੁੰਚ ਜਾਂਦੇ ਸਨ। ਸਾਰਾ ਦਿਨ ਉਸ ਘਰ ਵਿਚ ਸ੍ਰੀ ਅਖੰਡ ਪਾਠ ਦੇ ਮੰਡਪ ਵਿਚ ਹੀ ਰਹਿ ਕੇ, ਪਾਠ ਸ੍ਰਵਣ ਕਰਦੇ ਸਨ ਤੇ ਨਾਲ ਹੀ ਲੰਗਰ ਦੀ ਸੇਵਾ ਵਿਚ ਵੀ ਹੱਥ ਵਟਾਉਂਦੇ ਰਹਿੰਦੇ ਸਨ। ਲੋੜ ਪੈਣ ਤੇ ਪਾਠ ਦੀ ਰੋਲ ਵੀ ਦੇ ਦਿੰਦੇ ਸਨ ਤੇ ਸ਼ਾਮ ਨੂੰ ਘਰ ਵਾਪਿਸ ਆਉਂਦੇ ਸਨ। ਤਰਨ ਤਾਰਨ ਵਿਖੇ ਸ੍ਰੀ ਬਾਊ ਜੀ, ਰਾਣੀ ਕੇ ਬਾਗ ਸ੍ਰੀ ਅੰਮ੍ਰਿਤਸਰ ਭਾਈ ਰਾਮ ਸਿੰਘ ਜੀ ਜਥੇਦਾਰ ਸਾਹਿਬ ਜੀ ਦੇ ਗ੍ਰਹਿ ਅਤੇ ਬ੍ਰਹਮ ਬੂਟੇ ਵਿਖੇ ਪੂਰਨ ਦਾਰ ਜੀ ਦੇ ਗ੍ਰਹਿ ਵਿਖੇ ਹੋਣ ਵਾਲੇ ਸ੍ਰੀ ਅਖੰਡ ਪਾਠ ਸਮਾਗਮ ਵਿਚ ਤਾਂ ਤਿੰਨ ਦਿਨ ਹੀ ਉੱਥੇ ਰਹਿ ਕੇ ਸੇਵਾ ਕਰ ਕੇ ਨਾਮ ਬਾਣੀ ਦੇ ਲਾਹੇ ਲੈਂਦੇ ਸਨ। ਸੰਗਤਾਂ ਵਲੋਂ ਪਿਆਰ ਭਰੇ ਸਦੜੇ ਆਉਣ ਤੇ ਪਿੰਡਾਂ ਵਿਚ ਵੀ ਪਹੁੰਚ ਜਾਂਦੇ ਸਨ।


www.AKJ.Org

ਬਾਕੀ ਦਿਨਾਂ ਵਿਚ ਸਾਰਾ ਦਿਨ ਸਹਿਜ ਪਾਠ ਕਰ ਕੇ ਗੁਰਬਾਣੀ ਨਾਲ ਜੁੜੇ ਰਹਿੰਦੇ। ਇੰਨ੍ਹਾਂ ਦੇ ਸਪੁੱਤਰ, ਇੰਨ੍ਹਾਂ ਦੇ ਗੁਜ਼ਾਰੇ ਜੋਗੀ ਮਾਇਆ ਦੇ ਛੱਡਦੇ ਸਨ ਤੇ ਆਪ ਹਰ ਪਾਸੋਂ ਬੇਫਿਕਰ ਸਨ।

ਬਾਬਾ ਲਾਭ ਸਿੰਘ ਜੀ ਕਿਲ੍ਹਾ ਅਨੰਦਗੜ੍ਹ ਸ੍ਰੀ ਅਨੰਦਪੁਰ ਸਾਹਿਬ ਜੀ ਦਾ ਆਪਦੇ ਵੀਰਾਂ ਨਾਲ ਖਾਸ ਸਨੇਹ ਸੀ। ਉਨ੍ਹਾਂ ਵਲੋਂ ਉਥੋਂ ਸੰਗਤਾਂ ਵਾਸਤੇ ਕਛਹਿਰੇ ਸੀਉਣ ਦੀ ਸੇਵਾ ਲਈ ਸੁਨੇਹਾ ਆਉਣ ਤੇ ਉੱਥੇ ਜਾ ਕੇ ਕਾਫੀ ਲੰਬਾ ਸਮਾਂ ਇਹ ਸੇਵਾ ਕਰਦੇ ਤੇ ਨਾਲ ਹੀ ਲੰਗਰ ਦੀ ਸੇਵਾ ਕਰਕੇ ਨਾਮ ਬਾਣੀ ਦੇ ਲਾਹੇ ਵੀ ਲੈਂਦੇ ਰਹੇ। ਸ੍ਰੀ ਅੰਮ੍ਰਿਤਸਰ ਰਹਿਣ ਵੇਲੇ ਦਿਨੇ ਆਪ ਗੁਟਕਿਆਂ ਅਤੇ ਗੁਰਬਾਣੀ ਦੀਆਂ ਪੋਥੀਆਂ ਦੇ ਕਵਰ ਸਿਉਂ ਕੇ ਸੰਗਤਾਂ ਵਿਚ ਵੰਡਦੇ ਰਹਿੰਦੇ ਸਨ।

ਗੁਰਬਾਣੀ ਦੇ ਪਾਠਾਂ ਵਿਚ ਰੁੱਝੇ ਰਹਿਣ ਕਾਰਨ ਆਪ ਜੀ ਨੂੰ ਨਿਤਨੇਮ ਦੀਆਂ ਬਾਣੀਆਂ ਤੋਂ ਇਲਾਵਾ ਹੋਰ ਵੀ ਬੇਅੰਤ ਬਾਣੀਆਂ ਕੰਠ ਸਨ। ਆਪ ਜੀ ਪਾਕਿਸਤਾਨ ਤੋਂ ਆਉਣ ਤੋਂ ਬਾਅਦ, ਹਰ ਰੋਜ਼ ਬਿਨਾਂ ਨਾਗਾ ਸ੍ਰੀ ਦਰਬਾਰ ਸਾਹਿਬ ਜੀ ਦੀਆਂ ਹਾਜ਼ਰੀਆਂ ਭਰਦੇ ਰਹੇ। ਸ੍ਰੀ ਪੂਰਨ ਦਾਰ ਜੀ ਦੇ ਸ੍ਰੀ ਅੰਮ੍ਰਿਤਸਰ ਆਉਣ ਤੋਂ ਪਹਿਲਾਂ, ਆਪਣੇ ਭਰਾਤਾ ਭਾਈ ਸੇਵਾ ਸਿੰਘ ਜੀ ਦੇ ਸੰਗ ਸਾਥ ਅੰਮ੍ਰਿਤ ਵੇਲੇ ਨਿਤਨੇਮ ਦੀਆਂ ਬਾਣੀਆਂ ਦੇ ਪਾਠ ਘਰ ਵਿਚ ਹੀ ਕਰਨ ਉਪਰੰਤ ਸ੍ਰੀ ਦਰਬਾਰ ਸਾਹਿਬ ਜੀ ਵਿਖੇ ਸ੍ਰੀ ਆਸਾ ਕੀ ਵਾਰ ਦੇ ਕੀਰਤਨ ਦੀ ਅਰੰਭਤਾ ਸਮੇਂ ਪਹੁੰਚ ਜਾਂਦੇ ਸਨ। ਵਾਰ ਦੇ ਭੋਗ ਤੋਂ ਉਪਰੰਤ ਹੁਕਮਨਾਮਾ ਸੁਣ ਕੇ, ਫਿਰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹੁਕਮਨਾਮਾ ਸੁਣਨ ਤੋਂ ਬਾਅਦ, ਗੁਰਦੁਆਰਾ ਮੰਜੀ ਸਾਹਿਬ ਵਿਖੇ ਰੋਜ਼ਾਨਾ ਹੁੰਦੀ ਗੁਰ-ਸ਼ਬਦ ਦੀ ਕਥਾ ਸ੍ਰਵਣ ਕਰਕੇ, ਗੁਰੂ ਦੀਆਂ ਬਖ਼ਸ਼ਿਸ਼ਾਂ ਲੈ ਕੇ ਘਰ ਪਰਤਦੇ। ਇਸ ਕਥਾ ਦੌਰਾਨ ਆਪ ਦੀਆਂ ਕੁਝ ਹੋਰ ਸਹੇਲੀਆਂ ਵੀ ਬਣ ਗਈਆਂ ਜਿੰਨ੍ਹਾਂ ਵਿਚ ਬੀਬੀ ਸ਼ੁਸ਼ੀਲ ਕੌਰ ਬਠਿੰਡਾ ਅਤੇ ਬੀਬੀ ਇਕਬਾਲ ਕੌਰ ਸ੍ਰੀ ਨਗਰ ਦੇ ਨਾਮ ਵਰਣਨਯੋਗ ਹਨ, ਜੋ ਕਾਫੀ ਲੰਬਾ ਸਮਾਂ ਆਪ ਜੀ ਕੋਲ ਸ੍ਰੀ ਅੰਮ੍ਰਿਤਸਰ ਆ ਕੇ ਠਹਿਰਦੀਆਂ ਸਨ। ਆਪਣੇ ਵੀਰ ਸਾਥ ਹਰ ਰੋਜ਼ ਪੈਦਲ ਹੀ ਸ੍ਰੀ ਦਰਬਾਰ ਸਾਹਿਬ ਜਾਂਦੇ ਸਨ।

ਸਤਿਕਾਰਯੋਗ ਪੂਰਨ ਦਾਰ ਜੀ, ਬੱਚਿਆਂ ਦੀ ਚੜ੍ਹਾਈ ਕਰਨ ਤੋਂ ਬਾਅਦ, ਅਗਸਤ 1982 ਵਿਚ ਆਪਣੀ ਰਿਹਾਇਸ਼ ਸ੍ਰੀ ਅੰਮ੍ਰਿਤਸਰ ਲੈ ਆਏ। ਪਹਿਲਾਂ ਕੁਝ ਚਿਰ ਘਰ ਵਿਚ ਹੀ ਅੰਮ੍ਰਿਤ ਵੇਲਾ ਕਰਦੇ ਰਹੇ। ਫਿਰ ਪੂਰਨ ਦਾਰ ਜੀ ਨੇ ਆਪ ਜੀ ਦੇ ਵੀਰ ਭਾਈ ਸੇਵਾ ਸਿੰਘ ਜੀ ਤੇ ਆਪ ਜੀ ਦੇ ਸੰਗ ਸਾਥ ਅਤੇ ਕੁਝ ਹੋਰ ਪ੍ਰੇਮੀਆਂ ਨਾਲ ਮਿਲ ਕੇ ਤਲਵਾੜਾ ਜੀ ਦੇ ਸੇਵਾ ਵਾਲੇ ਕਮਰੇ ਵਿਚ ਸੰਗਤੀ ਅੰਮ੍ਰਿਤ ਵੇਲਾ ਆਰੰਭ ਕਰ ਦਿੱਤਾ। ਸੰਨ 1984 ਵਿਚ ਫੌਜੀ ਕਾਰਵਾਈ ਤੋਂ ਬਾਅਦ ਕੁਝ ਚਿਰ, ਫਿਰ ਘਰ ਵਿਚ ਹੀ ਅੰਮ੍ਰਿਤ ਵੇਲਾ ਕਰਦੇ ਰਹੇ। ਨਵੰਬਰ 1984 ਵਿਚ ਦੇਸ਼ ਭਰ ਵਿਚ ਹੋਏ ਸਿੱਖਾਂ ਦੇ ਕਤਲੇਆਮ ਤੋਂ ਬਾਅਦ ਕਾਫੀ ਸਿੰਘ ਬਾਹਰਲੇ ਸ਼ਹਿਰਾਂ/ਸੂਬਿਆਂ ਤੋਂ ਜੋ ਪੂਰਨ ਦਾਰ ਜੀ ਦੇ ਪੁਰਾਣੇ ਸਤਸੰਗੀ ਸਨ ਉਹ ਵੀ ਸ੍ਰੀ ਅੰਮ੍ਰਿਤਸਰ ਆ ਗਏ ਅਤੇ ਫਿਰ ਸੰਗਤੀ ਅੰਮ੍ਰਿਤ ਵੇਲਾ ਤਲਵਾੜਾ ਜੀ ਦੇ ਕਮਰੇ ਵਿਚ ਸ਼ੁਰੂ ਹੋ ਗਿਆ।

ਹੌਲੀ-ਹੌਲੀ ਹਾਲਤ ਸੁਧਰਨ ਤੋਂ ਬਾਅਦ ਫਿਰ ਇਕ ਕਮਰਾ ਸੰਗਤੀ ਅੰਮ੍ਰਿਤ ਵੇਲੇ ਲਈ ਸ੍ਰੀ ਦਰਬਾਰ ਸਾਹਿਬ ਜੀ ਦੀ ਪ੍ਰਕਰਮਾ ਵਿਚ ਮਿਲ ਗਿਆ। ਜਿਵੇਂ-ਜਿਵੇਂ ਸੰਗਤ ਦੀ ਗਿਣਤੀ ਵੱਧਦੀ ਗਈ ਤਾਂ ਫਿਰ ਇਕ ਹੋਰ ਕਮਰਾ ਵੀ ਮਿਲ ਗਿਆ। ਇਸ ਤਰ੍ਹਾਂ ਇਹ ਅੰਮ੍ਰਿਤ ਵੇਲੇ ਦੀ ਸਤਸੰਗਿ ਮੰਡਲੀ ਪੂਰਨ ਦਾਰ ਜੀ ਦੇ ਚੜ੍ਹਾਈ ਕਰਨ ਤਾਈਂ, ਇਥੇ ਰੋਜ਼ਾਨਾ ਜੁੜ ਕੇ ਨਾਮ ਬਾਣੀ ਦੇ ਲਾਹੇ ਲੈਂਦੀ ਰਹੀ। ਪੂਰਨ ਦਾਰ ਜੀ ਆਪ ਜੀ ਦਾ ਬਹੁਤ ਸਤਿਕਾਰ ਕਰਦੇ ਸਨ। ਆਪਣੇ ਇਕ ਪਾਸੇ, ਆਪ ਦੇ ਭਰਾਤਾ ਭਾਈ ਸੇਵਾ ਸਿੰਘ ਜੀ ਅਤੇ ਦੂਸਰੇ ਪਾਸੇ ਆਪ ਜੀ ਨੂੰ ਬਿਠਾਉਂਦੇ ਸਨ। ਹਮੇਸ਼ਾਂ ਸ੍ਰੀ ਸੁਖਮਨੀ ਸਾਹਿਬ ਜੀ ਦੀਆਂ ਪਹਿਲੀਆਂ ਅਸ਼ਟਪਦੀਆਂ ਦਾ ਪਾਠ ਆਪ ਕੋਲੋਂ ਅਰੰਭ ਕਰਵਾਉਂਦੇ ਸਨ ਤੇ ਸ਼ਬਦ ਹਜ਼ਾਰੇ ਮਾਝ ਮਹਲਾ ੫ ਜੋ ਆਪ ਜੀ ਬਹੁਤ ਬਿਰਹੋਂ ਤੇ ਵੈਰਾਗ ਵਿਚ ਕਰਦੇ ਸਨ, ਦਾ ਪਾਠ ਵੀ ਆਪ ਕੋਲੋਂ ਹੀ ਕਰਵਾਉਂਦੇ ਸਨ। ਆਪ ਜੀ ਨੂੰ ਬਾਊ ਮਲ ਸਿੰਘ ਜੀ, ਭਾਈ ਰਾਮ ਸਿੰਘ ਜੀ ਜਥੇਦਾਰ ਸਾਹਿਬ ਤੇ ਪੂਰਨ ਦਾਰ ਜੀ ਅਤੇ



www.AKJ.Org

ਸ੍ਰੀ ਅੰਮ੍ਰਿਤਸਰ ਨਿਵਾਸੀ ਜਥੇ ਦੇ ਹੋਰ ਪੁਰਾਤਨ ਗੁਰਸਿੱਖਾਂ ਦੀ ਲੰਬਾ ਸਮਾਂ ਸੰਗਤ ਕਰਨ ਦਾ ਸੁਭਾਗ ਪ੍ਰਾਪਤ ਰਿਹਾ। ਇੰਨ੍ਹਾਂ ਗੁਰਮੁਖਾਂ ਦੀ ਸੰਗਤ ਰੂਪੀ ਕੁਠਾਲੀ ਵਿਚ ਇੰਨ੍ਹਾਂ ਦਾ ਜੀਵਨ ਢੱਲ ਕੇ ਕੰਚਨ ਵੱਤ ਹੋ ਗਿਆ ਸੀ।

ਆਪ ਜੀ ਆਪਣੇ ਵੀਰ ਭਾਈ ਸੇਵਾ ਸਿੰਘ ਜੀ ਤੇ ਸ੍ਰੀ ਅੰਮ੍ਰਿਤਸਰ ਨਿਵਾਸੀ ਸੰਗਤਾਂ ਸਮੇਤ ਹਰ ਕੇਂਦਰੀ ਸਮਾਗਮਾਂ ’ਤੇ ਹਾਜ਼ਰੀ ਭਰਦੇ ਸਨ। ਪੂਰਨ ਦਾਰ ਜੀ ਦੇ ਸ੍ਰੀ ਅੰਮ੍ਰਿਤਸਰ ਆਉਣ ਤੋਂ ਬਾਅਦ, ਆਪ ਜੀ ਨੇ ਸ੍ਰੀ ਅੰਮ੍ਰਿਤਸਰ ਦੀਆਂ ਸੰਗਤਾਂ ਅਤੇ ਗੁਰਮੁਖ ਪਿਆਰੇ ਭਾਈ ਰਾਮ ਸਿੰਘ ਜੀ, ਭਾਈ ਸੇਵਾ ਸਿੰਘ ਜੀ, ਭਾਈ ਜੋਗਿੰਦਰ ਸਿੰਘ ਤਲਵਾੜਾ ਅਤੇ ਡਾਕਟਰ ਹਰਬੰਸ ਸਿੰਘ ਕੁੱਬੀ ਬੇਰੀ ਵਾਲਿਆਂ ਦੇ ਸੰਗ ਸਾਥ ਮਾਰਚ 1983 ਵਿਚ ਫਰੀਦਾਬਾਦ ਵਿਖੇ ਪੂਰਨ ਜੀ ਦੇ ਬੱਚਿਆਂ ਦੀ ਮਿੱਠੀ ਯਾਦ ਵਿਚ ਹੋਏ ਸਮਾਗਮ ਵਿਚ ਹਾਜ਼ਰੀ ਭਰੀ ਅਤੇ ਉਥੋਂ ਹੀ ਬਰੇਲੀ ਵਿਖੇ ਹੋਏ ਸਮਾਗਮ ਵਿਚ ਪਹੁੰਚੇ। ਇਸ ਯਾਤਰਾ ਦੌਰਾਨ ਗੁਰਦੁਆਰਾ ਨਾਨਕ ਮਤਾ ਦੇ ਸੰਗਤਾਂ ਸਾਥ ਦਰਸ਼ਨ ਦੀਦਾਰ ਕੀਤੇ। ਸ੍ਰੀ ਪੂਰਨ ਦਾਰ ਜੀ ਵਲੋਂ ਪਹਿਲੀ ਯਾਤਰਾ ਸ੍ਰੀ ਅੰਮ੍ਰਿਤਸਰ ਤੋਂ ਸੰਨ 1984 ਦੇ ਅਪਰੈਲ ਮਹੀਨੇ ਦੇ ਅਖੀਰ ਵਿਚ ਆਰੰਭ ਕੀਤੀ ਗਈ ਸੀ, ਜਿਸ ਵਿਚ ਆਪ ਜੀ ਵੀ ਸ਼ਾਮਿਲ ਹੋਏ ਸਨ। ਇਹ ਯਾਤਰਾ ਦਿੱਲੀ, ਧਨਬਾਦ, ਗਯਾ, ਡੇਅਰੀ ਆਨ ਸੋਨ, ਸਾਸਾਰਾਮ, ਪਟਨਾ ਸਾਹਿਬ ਅਤੇ ਕਲਕੱਤੇ ਆਦਿ ਸ਼ਹਿਰਾਂ ਵਿਚ ਤਕਰੀਬਨ ਤਿੰਨ ਮਹੀਨੇ ਚੱਲੀ, ਕਿਉਂਕਿ ਸ੍ਰੀ ਦਰਬਾਰ ਸਾਹਿਬ ਵਿਖੇ ਹੋਈ ਫੌਜੀ ਕਾਰਵਾਈ ਕਾਰਨ ਇਕ ਮਹੀਨੇ ਤੋਂ ਵੱਧ ਸਮਾਂ ਧਨਬਾਦ ਹੀ ਰੁਕਣਾ ਪਿਆ ਸੀ। ਇਸ ਯਾਤਰਾ ਦੌਰਾਨ ਰੋਜ਼ਾਨਾ ਅੰਮ੍ਰਿਤ ਵੇਲੇ ਦੇ ਸਮਾਗਮ ਤੋਂ ਉਪਰੰਤ ਸ੍ਰੀ ਆਸਾ ਕੀ ਵਾਰ ਦੇ ਕੀਰਤਨ ਅਤੇ ਸ਼ਾਮ ਨੂੰ ਸੋਦਰੁ ਰਹਰਾਸਿ ਦੇ ਕੀਰਤਨ ਸਮਾਗਮ ਵੀ ਵੱਖ-ਵੱਖ ਸ਼ਹਿਰਾਂ ਦੇ ਵੱਖ-ਵੱਖ ਗੁਰਦੁਆਰਿਆਂ ਵਿਚ ਹੁੰਦੇ ਰਹੇ ਅਤੇ ਕਈ ਸ੍ਰੀ ਅਖੰਡ ਪਾਠ ਸਮਾਗਮ ਵੀ ਹੋਏ।

ਇਸ ਯਾਤਰਾ ਤੋਂ ਬਾਅਦ ਪੂਰਨ ਦਾਰ ਜੀ ਵਲੋਂ ਭਾਰਤ ਵਰਸ਼ ਦੇ ਸਾਰੇ ਵੱਡੇ ਸ਼ਹਿਰਾਂ, ਵੱਖ-ਵੱਖ ਇਤਿਹਾਸਕ ਅਸਥਾਨਾਂ ’ਤੇ ਕੀਤੇ ਗਏ ਅਖੰਡ ਕੀਰਤਨ ਸਮਾਗਮਾਂ ਅਤੇ ਯਾਤਰਾਵਾਂ ਵਿਚ ਆਪ ਜੀ ਹਮੇਸ਼ਾਂ ਸ਼ਾਮਿਲ ਹੁੰਦੇ ਰਹੇ। ਕੋਈ ਐਸੀ ਯਾਤਰਾ ਜਾ ਸਮਾਗਮ ਨਹੀਂ ਹੋਵੇਗਾ ਜੋ ਪੂਰਨ ਦਾਰ ਜੀ ਵਲੋਂ ਆਯੋਜਿਤ ਕੀਤਾ ਗਿਆ ਹੋਵੇ ਤੇ ਆਪ ਜੀ ਉਸ ਵਿਚ ਸ਼ਾਮਿਲ ਨਾ ਹੋਏ ਹੋਵਣ। ਸੰਨ 1992 ਤੋਂ ਤਖ਼ਤ ਸ੍ਰੀ ਪਟਨਾ ਸਾਹਿਬ ਜੀ ਤੇ ਹਰ ਸਾਲ ਜਾਣ ਵਾਲੀ ਯਾਤਰਾ ’ਤੇ ਆਪ ਹਮੇਸ਼ਾਂ ਪੂਰਨ ਦਾਰ ਜੀ ਦੇ ਸੰਗ ਸਾਥ ਰਹੇ। ਪੂਰਨ ਦਾਰ ਜੀ ਰੇਲ ਗੱਡੀ ਦੇ ਸਫਰ ਵੇਲੇ ਵੀ ਹਮੇਸ਼ਾਂ ਆਪ ਜੀ ਦੀ ਸੀਟ ਆਪਣੇ ਨਾਲ ਹੀ ਰਖਵਾਉਂਦੇ ਸਨ ਤਾਂ ਕਿ ਆਪ ਜੀ ਉਨ੍ਹਾਂ ਨੂੰ ਲਗਾਤਾਰ ਬਾਣੀ ਸ੍ਵਣ ਕਰਾਉਂਦੇ ਰਹਿਣ।

ਆਪ ਜੀ ਆਪਣੇ ਅਤਿ ਪਿਆਰੇ ਵੀਰ ਭਾਈ ਸੇਵਾ ਸਿੰਘ ਜੀ ਦੇ ਚੜ੍ਹਾਈ ਕਰਨ ਪਿਛੋਂ ਬਹੁਤ ਵੈਰਾਗ ਤੇ ਉਦਾਸ ਰਹਿਣ ਲੱਗ ਪਏ। ਵਿਛੋੜੇ ਕਾਰਨ ਹਮੇਸ਼ਾਂ ਉਨ੍ਹਾਂ ਨੂੰ ਯਾਦ ਕਰਦੇ ਰਹਿੰਦੇ ਸਨ ਕਿ ਮੇਰਾ ਵੀਰ ਮੈਨੂੰ ਛੱਡ ਕੇ ਚਲਾ ਗਿਆ ਹੈ। ਇਸ ਵਿਯੋਗ ਕਾਰਨ ਆਪ ਦੀ ਸਿਹਤ ਦਿਨੋ ਦਿਨ ਵਿਗੜਨੀ ਸ਼ੁਰੂ ਹੋ ਗਈ। ਬੁਢਾਪੇ ਤੇ ਕਮਜ਼ੋਰੀ ਕਾਰਨ ਯਾਦਾਸ਼ਤ ਵੀ ਬਹੁਤ ਕਮਜ਼ੋਰ ਹੋ ਗਈ। ਆਪ ਜੀ ਨੇ ਤਕਰੀਬਨ ਦੋ ਸਾਲ ਦਾ ਸਮਾਂ ਬਿਸਤਰੇ ’ਤੇ ਹੀ ਗੁਜ਼ਾਰਿਆ ਤੇ ਸ੍ਰੀ ਦਰਬਾਰ ਸਾਹਿਬ ਅਤੇ ਸੰਗਤੀ ਅੰਮ੍ਰਿਤ ਵੇਲੇ ਦੀ ਹਾਜ਼ਰੀ ਵੀ ਨਹੀਂ ਭਰ ਸਕੇ। ਇਸ ਸਮੇਂ ਦੌਰਾਨ ਪ੍ਰੀਵਾਰਕ ਮੈਂਬਰਾਂ ਖਾਸ ਕਰ ਉਨ੍ਹਾਂ ਦੀ ਬੱਚੀ ਮਹਿੰਦਰ ਕੌਰ ਜੀ ਨੇ ਦਿਨ ਰਾਤ ਉਨ੍ਹਾਂ ਦੀ ਸੇਵਾ ਕਰ ਕੇ ਆਪਣੇ ਫਰਜ਼ਾਂ ਦੀ ਅਦਾਇਗੀ ਕੀਤੀ ਅਤੇ ਉਨ੍ਹਾਂ ਦੀਆਂ ਖੁਸ਼ੀਆਂ ਲਈਆਂ। ਅੰਤ ਮਿਤੀ 31 ਦਸੰਬਰ 2007 ਨੂੰ ਸਵਾਸਾਂ ਦੀ ਪੂੰਜੀ ਪੂਰੀ ਕਰਦੇ ਹੋਏ ਗੁਰੂ ਚਰਨਾਂ ਵਿਚ ਜਾ ਬਿਰਾਜੇ।



www.AKJ.Org

# ਭਾਈ ਸਤਨਾਮ ਸਿੰਘ ਜੀ 'ਸਿੰਘ ਬ੍ਰਦਰਜ਼' ਸ੍ਰੀ ਅੰਮ੍ਰਿਤਸਰ

ਸ. ਰੂਪ ਸਿੰਘ, ਸਾਬਕਾ ਚੀਫ ਸਕੱਤਰ, ਸ਼੍ਰੋ.ਗੁ.ਪ੍ਰ. ਕਮੇਟੀ ਸ੍ਰੀ ਅੰਮ੍ਰਿਤਸਰ

ਕਰਤਾ ਪੁਰਖ ਦੀ ਰਹਿਮਤ ਸਦਕਾ, "**ਚਲਤ ਬੈਸਤ ਸੋਵਤ ਜਾਗਤ ਗੁਰ ਮੰਤ ਰਿਦੈ ਚਿਤਾਰਿ**" ਦੀ ਅਵਸਥਾ ਦੇ ਧਾਰਨੀ, ਗੁਰੂ-ਸਵਾਰੇ ਸ੍ਰ. ਸਤਨਾਮ ਸਿੰਘ ਜੀ, 'ਸਿੰਘ ਬ੍ਰਦਰਜ਼', ਅੰਮ੍ਰਿਤਸਰ ਦੇ ਸੰਚਾਲਕ, 16 ਜਨਵਰੀ 2012 ਦੀ ਰਾਤ ਨੂੰ ਆਪਣੀ ਸੰਸਾਰਿਕ ਯਾਤਰਾ ਸੰਪੂਰਨ ਕਰ ਕੇ ਗੁਰ-ਚਰਨਾਂ ਵਿਚ ਜਾ ਬਿਰਾਜੇ। "**ਜੋ ਆਇਆ ਸੋ ਚਲਸੀ ਸਭੁ ਕੋਈ ਆਈ ਵਾਰੀਐ**" ਦੇ ਪਾਵਨ ਕਥਨ ਅਨੁਸਾਰ ਹਰੇਕ ਜੀਵ ਨੂੰ ਜੀਵਨ ਯਾਤਰਾ ਸੰਪੂਰਨ ਕਰ ਕੇ ਮੌਤ ਨਾਲ ਬਗ਼ਲਗੀਰ ਹੋਣਾ ਹੀ ਪਵੇਗਾ, ਪਰ ਬਹੁਤ ਥੋੜ੍ਹੇ ਧਰਮੀ ਜਿਊੜੇ ਐਸੇ ਹੁੰਦੇ ਹਨ ਜੋ ਆਪਣੇ ਜੀਵਨ-ਆਚਾਰ, ਵਰਤੋਂ-ਵਿਹਾਰ, ਬੋਲ-ਚਾਲ ਸਦਕਾ ਇਸ ਨਾਸ਼ਵਾਨ ਸੰਸਾਰ 'ਤੇ ਆਪਣੀ ਅਮਿਟ ਛਾਪ ਛੱਡ ਜਾਂਦੇ ਹਨ। ਐਸੇ ਹੀ ਵਿਲੱਖਣ ਨਿਵੇਕਲੇ ਗੁਣਾਂ ਦੇ ਧਾਰਨੀ ਸਨ ਭਾਈ ਸਤਨਾਮ ਸਿੰਘ ਜੀ।

ਭਾਈ ਸਾਹਿਬ ਗੁਰੂ-ਦਰ ਤੋਂ ਵਰੋਸਾਈ ਹੋਈ ਸ਼ਖ਼ਸੀਅਤ ਸਨ। ਰੋਮ-ਰੋਮ ਤੋਂ ਗੁਰੂ ਗ੍ਰੰਥ ਅਤੇ ਗੁਰੂ ਪੰਥ ਨੂੰ ਸਮਰਪਿਤ ਸ਼ਖ਼ਸੀਅਤ ਭਾਈ ਸਤਨਾਮ ਸਿੰਘ ਜੀ ਦਾ ਜਨਮ 14 ਮਈ, 1940 ਨੂੰ 'ਸਿੰਘ ਬ੍ਰਦਰਜ਼' ਦੇ ਬਾਨੀ ਭਾਈ ਸੇਵਾ ਸਿੰਘ ਜੀ ਤੇ ਮਾਤਾ ਪ੍ਰੇਮ ਕੌਰ ਜੀ ਦੇ ਘਰ ਹੋਇਆ। ਏਸੇ ਸਾਲ ਹੀ ਭਾਈ ਸੇਵਾ ਸਿੰਘ ਜੀ ਨੇ 'ਸਿੰਘ ਬ੍ਰਦਰਜ਼' ਦੇ ਨਾਂ 'ਤੇ ਪ੍ਰਕਾਸ਼ਨ ਸੇਵਾ ਆਰੰਭ ਕੀਤੀ ਸੀ। ਭਾਈ ਸਤਨਾਮ ਸਿੰਘ ਜੀ ਗਿਆਨੀ, ਐੱਫ਼.ਏ. ਤੀਕ ਦੀ ਸੰਸਾਰਕ ਵਿੱਦਿਆ ਪ੍ਰਾਪਤ ਕਰ ਕੇ 'ਸਿੰਘ ਬ੍ਰਦਰਜ਼' ਦੇ ਨਾਂ ਨੂੰ ਰੌਸ਼ਨ ਕਰਨ ਲਈ ਤਨ-ਮਨ ਤੋਂ ਸਮਰਪਿਤ ਹੋ ਗਏ। ਪੰਜਾਬੀ ਸੂਬੇ ਦੇ ਮੋਰਚੇ ਸਮੇਂ ਭਾਈ ਸਤਨਾਮ ਸਿੰਘ ਜੀ ਨੇ 6 ਮਹੀਨੇ ਤੱਕ ਜੇਲ੍ਹ ਯਾਤਰਾ ਕੀਤੀ। ਜੇਲ੍ਹ ਤੋਂ ਰਿਹਾਈ ਉਪਰੰਤ ਇਨ੍ਹਾਂ ਦਾ ਅਨੰਦ ਕਾਰਜ 9 ਸਤੰਬਰ, 1962 ਨੂੰ ਬੀਬੀ ਮਹਿੰਦਰ ਕੌਰ ਜੀ ਨਾਲ ਗੁਰਮਤਿ ਮਰਯਾਦਾ ਅਨੁਸਾਰ ਗੁਰੂ ਰਾਮਦਾਸ ਜੀ ਦੀ ਪਾਵਨ ਨਗਰੀ ਸ੍ਰੀ ਅੰਮ੍ਰਿਤਸਰ ਵਿਖੇ ਹੋਇਆ। ਸ੍ਰ. ਸਤਨਾਮ ਸਿੰਘ ਜੀ ਦੇ ਘਰ ਸ੍ਰ. ਕੁਲਜੀਤ ਸਿੰਘ ਅਤੇ ਦੋ ਸਪੁੱਤਰੀਆਂ ਹਰਵਿੰਦਰ ਕੌਰ ਤੇ ਤਰਨਜੀਤ ਕੌਰ ਨੇ ਜਨਮ ਲਿਆ।

ਪੰਜਾਬੀ ਤੇ ਗੁਰਮਤਿ ਸਾਹਿਤ ਨਾਲ ਸੰਬੰਧਿਤ ਭਾਵੇਂ ਬਹੁਤ ਸਾਰੇ ਪ੍ਰਕਾਸ਼ਨ ਅਦਾਰੇ ਹਨ, ਪਰ 'ਸਿੰਘ ਬ੍ਰਦਰਜ਼' ਦੀ ਆਪਣੀ ਵਿਲੱਖਣ ਪਹਿਚਾਣ ਹੈ। ਪੁਸਤਕਾਂ ਦਾ ਵਚਿੱਤਰ ਸੰਸਾਰ ਇਨ੍ਹਾਂ ਨੇ ਹੀ ਸ਼ੁਰੂ ਕੀਤਾ ਸੀ। ਗੁਰਮਤਿ ਤੇ ਪੰਜਾਬੀ ਸਾਹਿਤ ਦੇ ਪ੍ਰਮਾਣਿਕ ਪ੍ਰਕਾਸ਼ਨ ਅਦਾਰੇ 'ਸਿੰਘ ਬ੍ਰਦਰਜ਼' ਦੇ ਨਾਂ 'ਤੇ ਭਾਈ ਸਤਨਾਮ ਸਿੰਘ ਜੀ ਦੇ ਪਿਤਾ ਭਾਈ ਸੇਵਾ ਸਿੰਘ ਜੀ ਨੇ ਪ੍ਰਕਾਸ਼ਨ ਅਦਾਰਾ ਆਰੰਭ ਕਰ ਕੇ ਕੇਵਲ ਵਪਾਰ ਹੀ ਨਹੀਂ ਕੀਤਾ, ਸਗੋਂ ਪ੍ਰਕਾਸ਼ਨ ਸੇਵਾ ਨੂੰ ਵਿਚਾਰਧਾਰਕ ਰੂਪ 'ਚ ਢਾਲ ਕੇ ਨਵੀਆਂ ਲੀਹਾਂ ਸਥਾਪਤ ਕੀਤੀਆਂ। ਅਸੂਲਾਂ 'ਤੇ ਆਧਾਰਿਤ ਪ੍ਰਕਾਸ਼ਨ ਸੇਵਾ ਕਰਨ ਵਿਚ ਭਾਈ ਸੇਵਾ ਸਿੰਘ ਜੀ ਦੇ ਨਾਲ ਅਤੇ ਪਿੱਛੋਂ ਵੀ ਭਾਈ ਸਤਨਾਮ ਸਿੰਘ ਜੀ ਨੇ ਪੂਰਨ ਨਿਸ਼ਠਾ, ਸਿਰੜ, ਮਿਹਨਤ ਤੇ ਸਿਦਕਦਿਲੀ ਨਾਲ ਸਮਰਪਿਤ ਭਾਵਨਾ ਸਹਿਤ ਵੱਡਮੁੱਲਾ ਤੇ ਇਤਿਹਾਸਕ ਯੋਗਦਾਨ ਪਾਇਆ।

ਪੰਥ ਦੀ ਰੰਗ-ਰੱਤੜੀ ਸ਼ਖ਼ਸੀਅਤ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨਾਰੰਗਵਾਲ ਦੀ ਰਹੱਸਮਈ ਸ਼ਖ਼ਸੀਅਤ ਦੀ ਸੰਗਤ ਮਾਨਣ ਦਾ ਵੀ ਸੁਭਾਗ ਸ੍ਰ. ਸਤਨਾਮ ਸਿੰਘ ਜੀ ਨੂੰ ਪ੍ਰਾਪਤ ਹੋਇਆ। ਅਖੰਡ ਕੀਰਤਨੀ ਜਥੇ ਦੇ ਸਤਿਕਾਰਤ, ਪ੍ਰਮੁੱਖ ਤੇ ਪ੍ਰਬੰਧਕ ਮੈਂਬਰ ਵਜੋਂ ਆਪ ਜੀ ਨੇ ਅਖੰਡ ਕੀਰਤਨੀ ਜਥੇ ਵੱਲੋਂ ਲੋਕਲ ਹਫਤਾਵਾਰੀ ਅਤੇ ਰੈਣ ਸਬਾਈ ਕੀਰਤਨ ਸਮਾਗਮਾਂ ਸਮੇਂ ਵਿਸ਼ੇਸ਼ ਭੂਮਿਕਾ ਨਿਭਾਈ। ਹਰ ਸਾਲ ਵਿਸਾਖੀ ਦੇ ਦਿਹਾੜੇ 'ਤੇ ਵੀ ਅੰਮ੍ਰਿਤਸਰ ਵਿਖੇ ਹੋਣ ਵਾਲੇ ਸਾਲਾਨਾ ਅਖੰਡ ਕੀਰਤਨ ਸਮਾਗਮ ਦੀ ਰੂਹ ਸਨ ਸ੍ਰ. ਸਤਨਾਮ ਸਿੰਘ ਜੀ ! ਇਨ੍ਹਾਂ ਦੇ ਪੂਰਵਜ ਸ੍ਰੀ ਅੰਮ੍ਰਿਤਸਰ ਵਿਖੇ ਜੱਥੇ ਦੇ ਮੋਢੀ ਪ੍ਰੀਵਾਰਾਂ ਵਿਚੋਂ ਹੋਣ ਕਰਕੇ ਆਪਣੇ ਪਿਤਾ ਜੀ ਤੋਂ ਬਾਅਦ ਆਪ ਸਾਰੇ ਹਫਤਾਵਾਰੀ, ਸਾਲਾਨਾ ਸਮਾਗਮ ਦੇ ਮੁੱਖ ਪ੍ਰਬੰਧਕ ਅਤੇ ਆਯੋਜਕ ਹੁੰਦੇ ਸਨ ਜਿਨ੍ਹਾਂ ਵਿਚ ਇਨ੍ਹਾਂ ਦਾ ਸਮੁੱਚਾ ਪ੍ਰੀਵਾਰ ਤਨ ਮਨ ਧਨ



www.AKJ.Org

ਨਾਲ ਦਿਨ ਰਾਤ ਸੇਵਾ ਕਰ ਕੇ ਸੰਗਤਾਂ ਦੀਆਂ ਖੁਸ਼ੀਆਂ ਲੈਂਦਾ ਰਿਹਾ। ਜਥੇ ਦੇ ਮੈਂਬਰ ਹੋਣ ਕਾਰਨ ਹੀ ਇਨ੍ਹਾਂ ਨੂੰ ਕਈ ਵਾਰ ਪੁਲਿਸ ਤਸ਼ੱਦਦ ਦਾ ਵੀ ਸ਼ਿਕਾਰ ਹੋਣਾ ਪਿਆ। 1978 ਈ: 'ਚ ਅੰਮ੍ਰਿਤਸਰ ਦੀ ਪਵਿੱਤਰ ਧਰਤੀ 'ਤੇ ਵਾਪਰੇ ਦੁਖਦਾਈ ਨਿਰੰਕਾਰੀ ਕਾਂਡ ਨੇ ਸ੍ਰ. ਸਤਨਾਮ ਸਿੰਘ ਜੀ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ। ਇਸ ਦੁਖਦਾਈ ਕਾਂਡ ਵਿਚ ਜਥੇ ਦੇ ਬਹੁਤ ਸਤਿਕਾਰਤ ਮੈਂਬਰ ਸ਼ਹੀਦ ਹੋ ਚੁੱਕੇ ਸਨ। ਸ਼ਹੀਦਾਂ ਨੂੰ ਦਿਲੀ ਸ਼ਰਧਾਂਜਲੀ ਭੇਂਟ ਕਰਨ ਲਈ ਸ੍ਰ. ਸਤਨਾਮ ਸਿੰਘ ਜੀ ਨੇ ਪੀੜਤ ਪਰਿਵਾਰਾਂ ਦੀ ਦਿਲ ਖੋਲ੍ਹ ਕੇ ਮਦਦ ਕੀਤੀ।

'ਨਾਨਕ ਨਿਰਮਲ ਪੰਥ' ਦੀ ਨਿਰਮਲ ਵਿਚਾਰਧਾਰਾ ਤੋਂ ਸਿੱਖਾਂ ਤੇ ਗ਼ੈਰ ਸਿੱਖਾਂ ਨੂੰ ਜਾਣੂ ਕਰਾਉਣ ਵਿਚ ਸ੍ਰ. ਸਤਨਾਮ ਸਿੰਘ ਜੀ (ਸਿੰਘ ਬ੍ਰਦਰਜ਼) ਨੇ ਨਵਾ ਕੀਰਤੀਮਾਨ ਸਥਾਪਿਤ ਕੀਤਾ। ਗੁਰਮਤਿ ਸਾਹਿਤ ਦੇ ਪ੍ਰਚਾਰ-ਪ੍ਰਸਾਰ ਹਿੱਤ ਇਨ੍ਹਾਂ ਨੇ ਕੁਝ ਧਰਮੀ ਸ਼ਖ਼ਸੀਅਤਾਂ ਨਾਲ ਮਿਲ ਕੇ 'ਗੁਰਮਤਿ ਸਾਹਿਤ ਚੈਰੀਟੇਬਲ ਟ੍ਰਸਟ' ਸਥਾਪਿਤ ਕੀਤਾ, ਜਿਸ ਦਾ ਇਕ ਹੀ ਮਿਸ਼ਨ ਹੈ ਕਿ ਨਿਰੋਲ ਗੁਰਮਤਿ ਸਾਹਿਤ, ਲਾਗਤ ਕੀਮਤ 'ਤੇ ਜਗਿਆਸੂਆਂ ਤੱਕ ਪਹੁੰਚਾਇਆ ਜਾ ਸਕੇ। ਇਸ ਟ੍ਰਸਟ ਰਾਹੀਂ ਹੀ ਸਾਹਿਬੇ ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਬਾਰੇ ਆਰੀਆ ਸਮਾਜ ਦੇ ਪ੍ਰਮੁੱਖ ਦੌਲਤ ਰਾਇ ਦੀ ਲਿਖੀ ਪੁਸਤਕ 'ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ' ਨੂੰ ਪੰਜਾਬੀ, ਹਿੰਦੀ, ਅੰਗਰੇਜ਼ੀ, ਬੰਗਾਲੀ, ਗੁਜਰਾਤੀ ਆਦਿ ਭਾਸ਼ਾਵਾਂ 'ਚ ਅਨੁਵਾਦ ਕਰਵਾ ਕੇ ਕਈ ਵਾਰ ਪ੍ਰਕਾਸ਼ਿਤ ਕੀਤਾ। ਆਰੀਆ ਸਮਾਜ ਨਾਲ ਸੰਬੰਧਿਤ ਲੇਖਕ ਦੀ ਪੁਸਤਕ ਨੂੰ ਵੱਖ-ਵੱਖ ਭਾਸ਼ਾਵਾਂ 'ਚ ਅਨੁਵਾਦ ਕਰਵਾ ਕੇ ਛਾਪਣ ਦੇ ਦੋ ਮੂਲ ਮਨੋਰਥ ਸਨ- ਇਕ ਤਾਂ ਆਰੀਆ ਸਮਾਜ ਦੇ ਬਾਨੀ ਸੁਆਮੀ ਦਇਆ ਨੰਦ ਵੱਲੋਂ ਸਿੱਖਾਂ ਲਈ ਜੋ ਜ਼ਹਿਰ ਘੋਲਿਆ ਗਿਆ ਸੀ ਉਸਨੂੰ ਘਟਾਉਣਾ ਤੇ ਦੂਸਰਾ ਇਕ ਗ਼ੈਰ ਸਿੱਖ ਲੇਖਕ ਵੱਲੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਵਿਲੱਖਣ ਸ਼ਖ਼ਸੀਅਤ ਤੋਂ ਪਾਠਕਾਂ ਨੂੰ ਜਾਣੂ ਕਰਾਉਣਾ। ਇਸ ਮਕਸਦ ਵਿਚ ਟ੍ਰਸਟ ਬਹੁਤ ਕਾਮਯਾਬ ਹੋਇਆ।

ਗੁਰਮਤਿ ਸਾਹਿਤ ਪ੍ਰਕਾਸ਼ਨ ਦੀ ਸੇਵਾ ਦੇ ਨਾਲ-ਨਾਲ ਸ੍ਰ. ਸਤਨਾਮ ਸਿੰਘ ਜੀ ਨੇ ਅਖੰਡ ਕੀਰਤਨੀ ਜਥੇ ਵੱਲੋਂ ਪ੍ਰਕਾਸ਼ਿਤ ਹੁੰਦੇ 'ਮਾਸਿਕ ਪੱਤਰ ਸੂਰਾ' ਦੀ ਬਹੁਤ ਸਮਾਂ ਸੇਵਾ ਕੀਤੀ। ਆਪਣੇ ਪਿਤਾ ਜੀ ਦੇ 2002 ਵਿਚ ਚੜ੍ਹਾਈ ਕਰਨ ਤੋਂ ਕਾਫੀ ਸਾਲ ਪਹਿਲਾਂ, ਆਪ ਜੀ ਨੇ ਦੁਕਾਨ ਦੀ ਜ਼ਿਮੇਵਾਰੀ ਸੰਭਾਲ ਕੇ, ਪਿਤਾ ਜੀ ਨੂੰ ਸਿਰਫ਼ ਪੰਥਕ ਸੇਵਾਵਾਂ ਹਿੱਤ ਜਿਵੇਂ ਕਿ ਮਾਸਕ ਪੱਤਰ ਸੂਰਾ ਦੀ ਸੇਵਾ, ਭਾਈ ਜੋਗਿੰਦਰ ਸਿੰਘ ਜੀ ਤਲਵਾੜਾ ਵੱਲੋਂ ਬਣਾਈ ਸ੍ਰੀ ਗੁਰੂ ਗ੍ਰੰਥ ਸਾਹਿਬ ਸਟੱਡੀ ਟੀਮ ਵਿਚ ਭਾਈ ਸਾਹਿਬ ਜੀ ਦਾ ਸਾਥ ਦੇਣ ਲਈ ਤੇ ਰਾਤ-ਦਿਨ ਨਾਮ ਬਾਣੀ ਵਿਚ ਜੁੜਨ ਲਈ ਦੁਕਾਨ ਦੇ ਕੰਮ ਤੋਂ ਫਾਰਗ ਕਰ ਦਿੱਤਾ ਸੀ। ਗੁਰਸਿੱਖਾਂ ਨਾਲ ਮੇਲ-ਮਿਲਾਪ ਤੇ ਸਾਂਝ ਨੂੰ ਪਕੇਰਾ ਕਰਨ ਲਈ ਸਰਦਾਰ ਸਾਹਿਬ ਹਮੇਸ਼ਾ ਉਤਾਵਲੇ ਰਹੇ। ਗੁਰੂ-ਘਰ ਪ੍ਰਤੀ ਪ੍ਰੇਮ-ਪਿਆਰ ਦੀ ਭਾਵਨਾ ਆਪ ਜੀ ਨੇ ਆਪਣੇ ਪਿਤਾ ਸ੍ਰ. ਸੇਵਾ ਸਿੰਘ ਜੀ ਪਾਸੋਂ ਪ੍ਰਾਪਤ ਕੀਤੀ, ਜੋ ਇਨ੍ਹਾਂ ਤੋੜ ਤੱਕ ਨਿਭਾਈ। ਗੁਰਬਾਣੀ ਤੇ ਕੀਰਤਨ ਪ੍ਰਤੀ ਇਨ੍ਹਾਂ ਦੀ ਪ੍ਰੇਮ-ਭਾਵਨਾ ਇਤਨੀ ਪ੍ਰਬਲ ਸੀ ਕਿ ਬਜ਼ਾਰ ਮਾਈ ਸੇਵਾਂ ਵਿਖੇ 'ਸਿੰਘ ਬ੍ਰਦਰਜ਼' ਦੀ ਦੁਕਾਨ 'ਤੇ ਬੈਠਨ ਸਮੇਂ ਵੀ ਸ੍ਰੀ ਦਰਬਾਰ ਸਾਹਿਬ ਤੋਂ ਸਿੱਧਾ ਕੀਰਤਨ ਸੁਣਦੇ ਰਹਿੰਦੇ ਸਨ। ਇਸ ਕਾਰਜ ਵਾਸਤੇ ਆਪ ਜੀ ਨੇ ਦੁਕਾਨ 'ਤੇ ਵਿਸ਼ੇਸ਼ ਪ੍ਰਬੰਧ ਕੀਤਾ ਹੋਇਆ ਸੀ।

12 ਮਈ, 1997 ਨੂੰ ਭਾਈ ਸਾਹਿਬ ਭਾਈ ਜੋਗਿੰਦਰ ਸਿੰਘ ਜੀ ਤਲਵਾੜਾ ਨਾਲ ਵਿਚਾਰ-ਵਟਾਂਦਰਾ ਕਰਨ ਉਪਰੰਤ ਉਨ੍ਹਾਂ ਦੀ ਰਹਿਨੁਮਾਈ ਹੇਠ ਭਾਈ ਘਨ੍ਹਈਆ ਜੀ ਮਿਸ਼ਨ ਸੁਸਾਇਟੀ (ਰਜਿ:) ਦਾ ਗਠਨ ਕੀਤਾ ਗਿਆ, ਜਿਸਦੇ ਆਪ ਜੀ ਪ੍ਰਧਾਨ ਬਣੇ। ਭਾਈ ਘਨ੍ਹਈਆ ਮਿਸ਼ਨ ਸੁਸਾਇਟੀ ਦੇ ਚੇਅਰਮੈਨ ਸ. ਮਨਜੀਤ ਸਿੰਘ ਜੀ ਨਾਲ ਸਹਿਯੋਗ ਕਰ ਕੇ ਆਪ ਜੀ ਨੇ 2-2 ਸਾਲ ਤੱਕ 3 ਵਾਰੀ ਪ੍ਰਧਾਨ ਦੀ ਸੇਵਾ ਸੰਭਾਲੀ। ਇਨ੍ਹਾਂ ਨੇ ਸੁਸਾਇਟੀ ਦੇ ਮੈਂਬਰਾਂ ਨੂੰ ਇਕ ਨਵੀਂ ਸੇਧ ਦਿੱਤੀ ਕਿ ਜਦੋਂ ਵੀ ਕੋਈ ਪ੍ਰਧਾਨ ਆਪਣਾ ਅਹੁਦਾ ਛੱਡਣ ਲੱਗੇ ਤਾਂ ਸੁਸਾਇਟੀ ਨੂੰ 5100/- ਰੁਪਏ ਦੀ ਸੇਵਾ ਭੇਟ ਕਰੇ। ਆਪ ਜੀ ਦੇ ਮਿੱਠ-ਬੋਲੜੇ, ਗੰਭੀਰ, ਮਿਲਾਪੜੇ ਅਤੇ ਸਹਿਜ ਸੁਭਾਅ ਕਾਰਨ ਸੁਸਾਇਟੀ ਛੋਟੀ ਜਿਹੀ ਹੋਂਦ ਤੋਂ ਅੱਜ ਇਥੋਂ ਤੱਕ ਪੁੱਜੀ ਹੈ ਕਿ ਇਸ ਦਾ ਗ਼ਰੀਬ, ਲਾਚਾਰ, ਬੇਸਹਾਰਾ ਲੋਕਾਂ ਦੀ ਸਹਾਇਤਾ ਲਈ



www.AKJ.Org

ਦਵਾਈਆਂ ਆਦਿ 'ਤੇ 96 ਲੱਖ ਰੁਪਏ ਤੋਂ ਵੱਧ ਸਾਲਾਨਾ ਖ਼ਰਚ ਆ ਰਿਹਾ ਹੈ। ਆਪ ਜੀ ਨੇ ਤਨਦੇਹੀ ਨਾਲ ਸੁਸਾਇਟੀ ਦੀ ਹੋਂਦ ਨੂੰ ਪ੍ਰਫੁਲਤ ਕਰਨ ਲਈ 'ਐਨ.ਆਰ.ਆਈ. ਸਾਜਨ ਸਰਸਵਤੀ ਫ਼ਾਊਂਡੇਸ਼ਨ ਟ੍ਰਸਟ ਯੂ.ਕੇ.' ਵਰਗੀਆਂ ਸੰਸਥਾਵਾਂ ਦਾ ਸਹਿਯੋਗ ਪ੍ਰਾਪਤ ਕੀਤਾ। ਇਨ੍ਹਾਂ ਦੇ ਵੱਡੇ ਉਪਰਾਲੇ ਸਦਕਾ ਇਸ ਵਕਤ ਸੁਸਾਇਟੀ ਦੇ ਹੇਠ ਲਿਖੇ ਯੂਨਿਟ ਚੱਲ ਰਹੇ ਹਨ :

1. ਭਾਈ ਘਨ੍ਹਈਆ ਜੀ ਸਾਜਨ ਸਰਸਵਤੀ ਮਿਸ਼ਨ ਹਸਪਤਾਲ।
2. ਸ. ਗਿਆਨ ਸਿੰਘ ਜੀ ਚਾਵਲਾ ਮੈਮੋਰੀਅਲ ਫ਼ਿਜ਼ੀਓਥੈਰੇਪੀ ਸੈਂਟਰ।
3. ਸ. ਨਰਿੰਦਰ ਸਿੰਘ ਮੈਮੋਰੀਅਲ ਭਾਈ ਘਨ੍ਹਈਆ ਜੀ ਹੋਮਿਓਪੈਥਿਕ ਡਿਸਪੈਂਸਰੀ।
4. ਫ਼੍ਰੀ ਆਕੂਪ੍ਰੈਸ਼ਰ ਅਤੇ ਸੁਜ਼ੋਕ ਸਟੋਰ।
5. ਭਾਈ ਘਨ੍ਹਈਆ ਜੀ ਐਲੋਪੈਥਿਕ ਡਿਸਪੈਂਸਰੀ, ਮਕਬੂਲਪੁਰਾ, ਮਹਿਤਾ ਰੋਡ, ਅੰਮ੍ਰਿਤਸਰ।
6. ਭਾਈ ਘਨ੍ਹਈਆ ਜੀ ਐਲੋਪੈਥਿਕ ਡਿਸਪੈਂਸਰੀ ਅਤੇ ਡੈਂਟਲ ਕੇਅਰ ਸੈਂਟਰ, ਨਿਊ ਪਵਨ ਨਗਰ, ਅੰਮ੍ਰਿਤਸਰ।
7. ਭਾਈ ਸੂਰਤ ਸਿੰਘ ਜੀ (ਪੂਰਨ ਜੀ) ਕੈਂਸਰ ਕੇਅਰ ਯੂਨਿਟ (62, ਈਸਟ ਮੋਹਨ ਨਗਰ)।
8. ਸ. ਬਸੰਤ ਸਿੰਘ ਜੀ ਹੰਸਪਾਲ ਆਈ ਕੇਅਰ ਯੂਨਿਟ (62, ਈਸਟ ਮੋਹਨ ਨਗਰ)।
9. ਐਂਬੂਲੈਂਸ/ਅੰਤਮ ਯਾਤਰਾ ਵੈਨ ਅਤੇ ਮੋਬਾਇਲ ਡਿਸਪੈਂਸਰੀ ਵੈਨ।
10. ਭਾਈ ਘਨ੍ਹਈਆ ਜੀ ਬਲੱਡ ਅਤੇ ਆਈ ਡੋਨੇਸ਼ਨ ਕੌਂਸਲ।

ਕਰਤਾਰ ਦੇ ਰੰਗ ਨਿਆਰੇ ਹਨ। ਭਾਈ ਘਨ੍ਹਈਆ ਜੀ ਮਿਸ਼ਨ ਸੁਸਾਇਟੀ ਦੇ ਚੇਅਰਮੈਨ ਭਾਈ ਮਨਜੀਤ ਸਿੰਘ ਜੀ ਨੇ ਆਪਣੀ ਸਿਹਤ ਦੀ ਢਿੱਲ-ਮੱਠ ਦੇ ਦੌਰਾਨ ਵਸੀਅਤ ਕੀਤੀ ਸੀ ਕਿ ਮੇਰੇ ਤੋਂ ਬਾਅਦ ਚੇਅਰਮੈਨ ਵਜੋਂ ਸੁਸਾਇਟੀ ਦੀ ਸੇਵਾ ਭਾਈ ਸਤਨਾਮ ਸਿੰਘ ਜੀ ਹੀ ਨਿਭਾਉਣਗੇ। ਪਰ ਸੱਦਾ ਕਿਸ ਨੂੰ ਪਹਿਲਾਂ ਤੇ ਕਿਸ ਨੂੰ ਬਾਅਦ ਵਿਚ ਆਵੇ-ਇਹ ਤਾਂ ਕਰਤਾ ਪੁਰਖ ਹੀ ਜਾਣਦਾ ਹੈ।

ਸ੍ਰ. ਸਤਨਾਮ ਸਿੰਘ ਜੀ (ਸਿੰਘ ਬ੍ਰਦਰਜ਼) ਵਿਸ਼ੇਸ਼ ਵਿਅਕਤੀਤਵ ਦੇ ਮਾਲਕ ਸਨ। ਹਰ ਸਮੇਂ ਹਸੂੰ-ਹਸੂੰ ਕਰਦੇ ਚਿਹਰੇ ਨਾਲ ਮਿਲਦੇ। ਸੁਭਾਅ ਕਰਕੇ ਮਿਲਾਪੜੇ, ਮਿੱਠ ਬੋਲੜੇ ਅਤੇ ਸਹਿਜ-ਸੰਜਮ-ਸਤਿ ਆਦਿ ਦੈਵੀ ਗੁਣਾਂ ਦੇ ਧਾਰਨੀ ਸਨ। ਹਰ ਵਾਰ ਮਿਲਣ 'ਤੇ ਉਨ੍ਹਾਂ ਪਾਸੋਂ ਗੁਰਮਤਿ ਦੀ ਖ਼ੁਸ਼ਬੋਈ ਪ੍ਰਾਪਤ ਹੁੰਦੀ। ਕਰਤਾਰ ਦੀ ਰਹਿਮਤ ਸਦਕਾ ਹਉਮੈ-ਹੰਕਾਰ ਤੋਂ ਬਚੇ ਹੋਣ ਕਰਕੇ ਨਿਮਰ ਸੁਭਾਅ ਦੇ ਮਾਲਕ ਸਨ। ਨਿੱਜੀ ਰੂਪ 'ਚ ਮੈਂ ਉਨ੍ਹਾਂ ਦੇ ਸੰਪਰਕ ਵਿਚ ਉਸ ਸਮੇਂ ਆਇਆ, ਜਦ ਮੈਨੂੰ 'ਗੁਰਮਤਿ ਪ੍ਰਕਾਸ਼' ਦੇ ਸੰਪਾਦਕ ਬਣਨ ਦੀ ਸੇਵਾ ਪ੍ਰਾਪਤ ਹੋਈ। ਪਹਿਲੀ ਵਾਰ ਮਿਲਣ 'ਤੇ ਸਦੀਵੀ ਸਾਂਝ ਬਣ ਗਈ ਜੋ ਅਕਾਲ ਪੁਰਖ ਦੀ ਬਖ਼ਸ਼ਿਸ਼ ਸਦਕਾ ਤੋੜ ਤੱਕ ਨਿਭੀ। ਦਸੰਬਰ, 2010 ਵਿਚ ਇਨ੍ਹਾਂ 'ਤੇ ਇਕ ਨਾਮੁਰਾਦ ਬੀਮਾਰੀ ਨੇ ਹਮਲਾ ਕਰ ਦਿੱਤਾ। ਸਾਲ ਭਰ ਬੀਮਾਰੀ ਨਾਲ ਜੂਝਦੇ ਰਹੇ। ਪਰਿਵਾਰ ਵੱਲੋਂ ਹਰ ਸੰਭਵ ਇਲਾਜ ਕਰਵਾਇਆ ਗਿਆ। ਬੀਮਾਰੀ ਦੌਰਾਨ ਕਈ ਵਾਰ ਮੈਂ ਇਨ੍ਹਾਂ ਦੇ ਦਰਸ਼ਨ ਕਰਨ ਵਾਸਤੇ ਗਿਆ, ਪਰ ਹਰ ਸਮੇਂ ਇਨ੍ਹਾਂ ਦੇ ਚਿਹਰੇ 'ਤੇ ਸ਼ੁਕਰੀਆ ਅੰਦਾਜ਼ ਹੀ ਦੇਖਿਆ, ਕਦੇ ਵੀ ਗਿਲਾ-ਸ਼ਿਕਵਾ ਜਾਂ ਦੁੱਖ ਮਹਿਸੂਸ ਨਹੀਂ ਹੋਣ ਦਿੱਤਾ। ਹਮੇਸ਼ਾ ਸੁਭਾਅ ਕਰਕੇ ਹਸੂੰ-ਹਸੂੰ ਕਰਦੇ ਚਿਹਰੇ ਨਾਲ ਦੋਨੋਂ ਹੱਥ ਜੋੜ ਕੇ ਮਿਲਦੇ। ਭਿਆਨਕ ਬੀਮਾਰੀ ਕਾਰਨ ਤਕਲੀਫ਼ ਬਹੁਤ ਸੀ, ਪਰ ਇਨ੍ਹਾਂ ਦੀ ਅਵਸਥਾ ਹਮੇਸ਼ਾ ਗੁਰਬਾਣੀ ਦੀ ਪੰਕਤੀ **'ਦੁਖ ਵਿਚਿ ਸੁਖ ਮਨਾਈ'** ਵਾਲੀ ਹੀ ਪ੍ਰਤੀਤ ਹੁੰਦੀ। 16 ਜਨਵਰੀ, 2012 ਦੀ ਰਾਤ ਨੂੰ ਸ੍ਰ. ਸਤਨਾਮ ਸਿੰਘ ਜੀ ਇਸ ਫ਼ਾਨੀ ਸੰਸਾਰ ਨੂੰ ਆਖ਼ਰੀ ਫ਼ਤਹਿ ਬੁਲਾ ਕੇ ਗੁਰੂ ਚਰਨਾਂ 'ਚ ਜਾ ਬਿਰਾਜੇ ਸਨ। ਸ੍ਰ. ਸਤਨਾਮ ਸਿੰਘ ਜੀ ਦੇ ਪਰਿਵਾਰ ਨੇ ਸਤਿਗੁਰੂ ਦੀ ਰਜ਼ਾ ਨੂੰ ਪ੍ਰਵਾਨ ਕਰਦਿਆਂ ਕੋਈ ਐਸਾ ਕਾਰਜ ਨਹੀਂ ਕੀਤਾ ਜੋ ਗੁਰਮਤਿ ਵਿਰੁੱਧ ਹੋਵੇ। ਭਾਈ ਗੁਰਦਾਸ ਜੀ ਦੇ ਕਥਨ **'ਗੁਰਮੁਖਿ ਹਸਦਾ ਜਾਇ ਅੰਤ ਨ ਰੋਈਐ'** ਨੂੰ ਆਪ ਜੀ ਨੇ ਸਾਖਸ਼ਾਤ ਰੂਪ ਵਿਚ ਪ੍ਰਗਟ ਕੀਤਾ।



www.AKJ.Org

# ਭਾਈ ਦਰਸ਼ਨ ਸਿੰਘ ਜੀ-ਗੜਗੱਜ ਜਲੰਧਰ

ਗੁਰਪੁਰਵਾਸੀ ਪ੍ਰਿੰਸੀਪਲ ਗੁਰਮੁਖ ਸਿੰਘ ਜੀ ਪਟਿਆਲਾ

ਗੜਗੱਜ ਦੇ ਨਾਮ ਤੇ ਜਥੇ ਵਿਚ ਮਸ਼ਹੂਰ ਰੰਗਲੇ ਸੱਜਣ, ਸ਼ੁੱਧ ਗੁਰਬਾਣੀ ਦੇ ਅਖੰਡ ਪਾਠੀ, ਕੀਰਤਨੀਏ, ਗੁਰਮੰਤਰ ਦੇ ਜਾਪ ਵੇਲੇ ਬੁਲੰਦ ਆਵਾਜ਼ ਵਿਚ ਗੁਰਾਟੇ ਮਾਰਨ ਵਾਲੇ ਭਾਈ ਦਰਸ਼ਨ ਸਿੰਘ ਜੀ ਗੜਗੱਜ ਦਾ ਜਨਮ ਸੰਨ 1909 ਵਿਚ ਮਿੱਠਾ ਟਿਵਾਣਾ ਜ਼ਿਲ੍ਹਾ ਸਰਗੋਧਾ ਪਾਕਿਸਤਾਨ ਵਿਚ ਸ. ਹੀਰਾ ਸਿੰਘ ਦੇ ਘਰ ਮਾਤਾ ਬੀਬੀ ਜਸਵੰਤ ਕੌਰ ਜੀ ਦੀ ਕੁੱਖੋਂ ਹੋਇਆ। ਆਪ ਜੀ ਦੇ ਮਾਤਾ ਪਿਤਾ ਜੀ ਗੁਰਸਿਖੀ ਜੀਵਨ ਦੇ ਧਾਰਨੀ ਸਨ ਅਤੇ ਆਪ ਜੀ ਨੂੰ ਵੀ ਗੁਰਸਿੱਖੀ ਦੀ ਲਗਨ, ਗੁਰਬਾਣੀ ਨਾਲ ਪ੍ਰੇਮ ਪਿਆਰ ਦੀ ਗੁੜਤੀ ਮਾਤਾ ਪਿਤਾ ਤੋਂ ਬਚਪਨ ਵਿਚ ਹੀ ਮਿਲ ਗਈ। ਆਪ ਨੇ ਦਸਵੀਂ ਤੱਕ ਸੰਸਾਰਕ ਵਿਦਿਆ ਸਰਗੋਧੇ ਹਾਈ ਸਕੂਲ ਤੋਂ ਲਈ। ਇਹ ਇਲਾਕਾ ਕਪਾਹ ਦੀ ਉਪਜ ਲਈ ਮਸ਼ਹੂਰ ਸੀ ਤੇ ਸਰਗੋਧੇ ਦੇ ਨੇੜੇ ਹੀ ਫੁਲਨਵਾਨ ਵਿਚ ਇਕ ਕਪਾਹ ਦੀ ਵੱਡੀ ਮੰਡੀ ਸੀ ਤੇ ਇਕ ਮਿੱਲ ਵੀ ਸੀ, ਜਿਸ ਦੇ ਮਾਲਕ ਸ. ਕੇਸਰ ਸਿੰਘ ਜੀ ਸਨ। ਆਪ ਨੇ ਉਸ ਮਿੱਲ ਵਿਚ ਕਮਿਸ਼ਨ ਏਜੰਟ ਵਜੋਂ ਨੌਕਰੀ ਸ਼ੁਰੂ ਕਰ ਲਈ। ਕਪਾਹ ਦਾ ਸੀਜ਼ਨ ਸਿਰਫ਼ ਛੇ ਮਹੀਨੇ ਦਾ ਹੀ ਹੁੰਦਾ ਸੀ ਤੇ ਮਿੱਲ ਵੀ 6 ਮਹੀਨੇ ਚੱਲ ਕੇ ਸੀਜ਼ਨ ਤੋਂ ਬਾਅਦ ਬੰਦ ਹੋ ਜਾਂਦੀ ਸੀ। ਇਸ ਕਰਕੇ ਆਪ ਜੀ ਨੂੰ ਨਾਮ ਬਾਣੀ ਦੀ ਸੰਥਿਆ ਲਈ ਕਾਫੀ ਸਮਾਂ ਮਿਲ ਜਾਂਦਾ ਸੀ। ਚੜਦੀ ਜਵਾਨੀ ਵਿਚ ਹੀ ਆਪ ਨੇ ਸੰਤ ਨਿਹਚਲ ਸਿੰਘ ਜੀ ਜਗਾਧਰੀ ਪਾਸੋਂ ਗੁਰਬਾਣੀ ਦੀ ਸੰਥਿਆ ਪ੍ਰਾਪਤ ਕੀਤੀ। ਆਪ ਜੀ ਮੁਤਾਬਕ ਸੰਤ ਜੀ ਅਸ਼ੁੱਧ ਪਾਠ ਕਰਨ ਵਾਲਿਆਂ ਨੂੰ ਕਰੜੀ ਤਾੜਨਾ ਕਰਦੇ ਹੁੰਦੇ ਸਨ ਤੇ ਆਪ ਨੇ ਵੀ ਮਿਹਨਤ ਕਰਕੇ ਬਾਣੀ ਦਾ ਪਾਠ ਸ਼ੁੱਧ ਤੇ ਸਰਲ ਕਰ ਲਿਆ। ਗੁਰਬਾਣੀ ਦੇ ਸ਼ਬਦ ਜੋੜਾਂ ਦਾ ਨਿਖੇੜ, ਬਿਸਰਾਮ ਤੇ ਲਗਾ ਮਾਤਰਾਂ ਦੇ ਉਚਾਰਣ ਵਿਚ ਆਪ ਦੀ ਇਤਨੀ ਮੁਹਾਰਤ ਸੀ ਕਿ ਚਲ ਰਹੇ ਸ੍ਰੀ ਅਖੰਡ ਪਾਠ ਦੌਰਾਨ, ਜੇ ਕੋਈ ਪਾਠੀ ਲਗ-ਮਾਤਰ ਦਾ ਸਹੀ ਉਚਾਰਣ ਨਾ ਕਰੇ ਤਾਂ ਗਰਜਵੀਂ ਆਵਾਜ਼ ਨਾਲ ਵੱਜਦ ਵਿਚ ਆ ਕੇ ਕਹਿੰਦੇ ਸਨ ਕਿ ਚੰਗੀ ਤਰ੍ਹਾਂ ਧਿਆਨ ਨਾਲ ਦੇਖ 'ਫਲਾਨੇ ਅੱਖਰ' ਨੂੰ ਇਹ ਲਗ ਮਾਤਰ ਲੱਗੀ ਹੋਈ। ਉਸ ਦਾ ਸਹੀ ਉਚਾਰਣ ਕਰੋ।

ਆਪ ਜੀ ਦਾ ਅਨੰਦ ਕਾਰਜ ਉਸ ਵੇਲੇ ਦੇ ਰਿਵਾਜ ਮੁਤਾਬਕ ਬਚਪਨ ਵਿਚ ਹੀ ਬੀਬੀ ਹਰਭਜਨ ਕੌਰ ਨਾਲ ਹੋ ਗਿਆ ਸੀ। ਜਿਸ ਦਾ ਮੁਕਲਾਵਾ 10 ਸਾਲ ਬਾਅਦ ਲਿਆਂਦਾ ਗਿਆ। ਆਪ ਜੀ ਦੇ ਘਰ 2 ਲੜਕੇ ਤੇ ਇਕ ਲੜਕੀ ਨੇ ਜਨਮ ਲਿਆ। ਸਾਰੇ ਬੱਚੇ ਹੀ ਕੀਰਤਨੀ, ਗੁਰਸਿਖੀ ਰਹਿਤ ਬਹਿਤ ਦੇ ਧਾਰਨੀ ਆਪ ਦੇ ਪਾਏ ਹੋਏ ਪੂਰਨਿਆਂ ਤੇ ਚਲਦੇ ਹਨ। ਆਪ ਜੀ ਦੀ ਬੱਚੀ ਬੀਬੀ ਮਹਿੰਦਰ ਕੌਰ, ਭਾਈ ਹਰਬੰਸ ਸਿੰਘ ਜੀ ਲਖਨਊ ਵਾਲਿਆਂ ਨਾਲ ਵਿਆਹੀ ਹੋਈ ਸੀ, ਜਿਨ੍ਹਾਂ ਦਾ ਅਨੰਦ ਕਾਰਜ ਸਤਿਕਾਰਯੋਗ ਬਾਪੂ ਜੀ ਨੇ ਖੁਦ ਕਰਵਾਇਆ ਸੀ। ਭਾਈ ਹਰਬੰਸ ਸਿੰਘ ਜੀ ਵੀ ਜਥੇ ਦੇ ਸਿਰਕੱਢ ਨਿਰਬਾਣ ਨਿਸ਼ਕਾਮ ਕੀਰਤਨੀਏ ਸਨ ਤੇ ਇੰਨ੍ਹਾਂ ਦੀ ਬੱਚੀ ਮਹਿੰਦਰ ਕੌਰ ਵੀ ਆਪਣੇ ਵੇਲੇ ਦੀਆਂ ਮੁਖੀ ਕੀਰਤਨੀ ਬੀਬੀਆਂ ਵਿਚੋਂ ਇਕ ਸਨ।

ਸੰਨ 1937-38 ਵਿਚ ਹੀ ਲਾਇਲਪੁਰ ਸਮਾਗਮ ਤੇ ਭਾਈ ਮੱਲਾ ਸਿੰਘ ਜੀ ਵਾਸੀ ਫੁਲਨਵਾਲ ਰਾਹੀਂ ਆਪ ਜੀ ਦਾ ਮਿਲਾਪ ਭਾਈ ਸਾਹਿਬ ਜੀ ਨਾਲ ਹੋ ਗਿਆ। ਸੰਨ 1939 ਵਿਚ ਆਪ ਜੀ ਨੇ ਪ੍ਰੀਵਾਰ ਸਮੇਤ ਫੁਲਨਵਾਲ ਵਿਖੇ ਹੋਏ ਸ੍ਰੀ ਅਖੰਡ ਪਾਠ ਸਾਹਿਬ ਤੇ ਕੀਰਤਨ ਸਮਾਗਮ ਦੌਰਾਨ ਅੰਮ੍ਰਿਤ ਛੱਕ ਕੇ ਗੁਰਮਤਿ ਰਹਿਤ-ਬਹਿਤ ਧਾਰਨੀ ਗਏ। ਆਪ ਜੀ ਦੇ ਸੁੱਧ ਗੁਰਬਾਣੀ ਦੇ ਅਖੰਡ-ਪਾਠੀ ਹੋਣ ਕਾਰਨ ਆਪ ਜੀ ਦਾ ਭਾਈ ਸਾਹਿਬ ਜੀ ਨਾਲ ਡੂੰਘਾ ਪ੍ਰੇਮ ਪਿਆਰ ਹੋ ਗਿਆ। ਭਾਈ ਸਾਹਿਬ ਜੀ ਅਜਿਹੇ ਹੀਰਿਆ ਦੀ ਪਰਖ ਕਰਕੇ ਆਪਣੀ ਆਤਮਿਕ ਚੁੰਬਕੀ ਸ਼ਕਤੀ ਨਾਲ ਐਸਾ ਖਿਚਦੇ ਸਨ ਕਿ ਜਿਹੜਾ ਵੀ ਉਨ੍ਹਾਂ ਦੀ ਸੰਗਤ ਵਿਚ ਆ ਗਿਆ, ਉਹ ਉਨ੍ਹਾਂ ਦੀ ਹੀ ਹੋ ਕੇ ਰਹਿ ਜਾਂਦਾ ਸੀ।



www.AKJ.Org

ਅੱਗੇ ਦੋ ਘਟਨਾਵਾਂ, ਜਿੰਨ੍ਹਾਂ ਦਾ ਜ਼ਿਕਰ ਖੁਦ ਗੜਗੱਜ ਸਾਹਿਬ ਜੀ ਨੇ ਆਪਣੀ ਲੇਖਣੀ ਰਾਹੀਂ ਕੀਤਾ ਹੈ ਅਤੇ ਜੋ ਆਤਮ ਰੰਗ ਦੇ ਜੁਲਾਈ 2001 ਦੇ ਅੰਕ ਵਿਚ ਛੱਪੀਆਂ ਸਨ, ਦਰਜ ਕੀਤੀਆਂ ਜਾਂਦੀਆਂ ਹਨ।

ਭਾਈ ਸਾਹਿਬ ਜੀ ਦੇ ਮਿਲਾਪ ਤੋਂ ਬਾਅਦ ਉਨ੍ਹਾਂ ਨਾਲ ਮੇਲ ਜੋਲ ਵੱਧਣ ਲੱਗ ਪਿਆ ਅਤੇ ਦੂਰ ਨੇੜੇ ਕਈ ਸਮਾਗਮਾਂ ਦੀਆਂ ਹਾਜ਼ਰੀਆਂ ਭਰਨੀਆਂ ਸ਼ੁਰੂ ਕਰ ਦਿੱਤੀਆਂ। ਉਨ੍ਹਾਂ ਵਲੋਂ ਇਹ ਬਖਸ਼ਿਸ਼ ਦਾਸਰੇ 'ਤੇ ਹੋਈ ਕਿ ਸਮਾਗਮਾਂ ਤੇ ਪੁੱਜਣ ਦੇ ਸੱਦੇ ਆਉਣ ਲੱਗ ਪਏ। ਸੰਨ 1940 ਵਿਚ ਸਤੰਬਰ ਦੇ ਮਹੀਨੇ ਭਾਈ ਸਾਹਿਬ ਜੀ ਨੇ ਕਸ਼ਮੀਰ ਸ੍ਰੀ ਨਗਰ ਫੇਰੀ ਪਾਈ। ਅਕਤੂਬਰ ਦੇ ਆਰੰਭ ਵਿਚ ਐਬਟਾਬਾਦ ਵਿਖੇ ਸ੍ਰੀ ਅਖੰਡ ਪਾਠ ਤੇ ਕੀਰਤਨ ਸਮਾਗਮ ਦੀ ਵਿਉਂਤ ਸੀ। ਦਾਸ ਨੂੰ ਭਾਈ ਸਾਹਿਬ ਜੀ ਨੇ ਦੋ ਹੋਰ ਪਾਠੀ ਲੈ ਕੇ ਇਕ ਅਕਤੂਬਰ ਨੂੰ ਐਬਟਾਬਾਦ ਪਹੁੰਚਣ ਲਈ ਪੱਤਰ ਪਾਇਆ। ਦਾਸ ਨੇ ਬਿਨਾਂ ਸੋਚੇ ਸਮਝੇ ਤੱਤੇ-ਭਾਅ ਪ੍ਰਵਾਨਗੀ ਪੱਤਰ ਪਾ ਦਿੱਤਾ।

ਪਰ ਜਦੋਂ ਕਾਟਨ ਫੈਕਟਰੀ ਦੇ ਮਾਲਕ ਤੋਂ ਛੁੱਟੀ ਮੰਗੀ ਤੇ ਉਸ ਨੇ ਨਾਂਹ ਕਰ ਦਿੱਤੀ। ਉਸ ਨੇ ਕਿਹਾ ਕਿ ਮੇਰੀ ਭਾਣਜੀ ਦੀ ਸ਼ਾਦੀ ਹੈ ਤੇ ਫੈਕਟਰੀ ਚਾਲੂ ਕਰਨ ਲਈ ਮੇਰੀ ਥਾਂ ਤੇ ਮਿਸਤਰੀ ਨਾਲ ਜਾ ਕੇ ਲਾਹੌਰ ਤੋਂ ਪੁਰਜੇ ਖਰੀਦਣ ਲਈ ਤੁਸੀਂ ਜਾਣਾ ਹੈ। ਦਾਸ ਨੇ ਇਸ ਕਾਰਨ, ਭਾਈ ਸਾਹਿਬ ਜੀ ਨੂੰ ਸਮਾਗਮ ਤੇ ਨਾ ਪਹੁੰਚ ਸਕਣ ਬਾਰੇ, ਖਿਮਾ ਮੰਗਦੇ ਹੋਏ ਦੁਬਾਰਾ ਪੱਤਰ ਲਿਖ ਦਿੱਤਾ। ਲਾਹੌਰ ਤੋਂ ਵਾਪਿਸ ਆ ਕੇ ਘਰ ਪੁੱਛਿਆ ਕਿ ਭਾਈ ਸਾਹਿਬ ਜੀ ਵਲੋਂ ਕੋਈ ਪੱਤਰ ਤਾ ਨਹੀਂ ਆਇਆ, ਕਿਉਂਕਿ ਇਮਤਿਹਾਨ ਵਿਚ ਫੇਲ੍ਹ ਹੋ ਜਾਣ ਕਾਰਨ ਧਿਆਨ ਉਨ੍ਹਾਂ ਵੱਲ ਹੀ ਲੱਗਾ ਰਹਿੰਦਾ ਸੀ। ਸਿੰਘਣੀ ਨੇ ਭਾਈ ਸਾਹਿਬ ਵਲੋਂ ਆਇਆ ਪੱਤਰ ਮੇਰੇ ਹਵਾਲੇ ਕੀਤਾ। ਇਹ ਪੱਤਰ ਭਾਈ ਸਾਹਿਬ ਜੀ ਦਾ ਹੱਥੀਂ ਲਿਖਿਆ ਹੋਇਆ ਸੀ ਜੋ ਆਮ ਅਨਾੜੀ ਪੁਰਸ਼ ਲਈ ਪੜਨਾ ਖਾਲਾ ਜੀ ਦਾ ਵਾੜਾ ਨਹੀਂ ਸੀ। ਸੋ ਉਹ ਚਿੱਠੀ ਮੇਰੇ ਕੋਲੋਂ ਉਠਾਈ (ਪੜੀ) ਨਾ ਜਾ ਸਕੀ। ਭਾਈ ਮੱਲਾ ਸਿੰਘ ਜੀ, ਜੋ ਭਾਈ ਸਾਹਿਬ ਜੀ ਦੇ ਨਿਕਟ ਵਰਤੀ ਸਨ, ਉਨ੍ਹਾਂ ਕੋਲ, ਉਹ ਚਿੱਠੀ ਲਿਜਾ ਕੇ ਪੜ੍ਹ ਕੇ ਸੁਣਾਉਣ ਲਈ ਬੇਨਤੀ ਕੀਤੀ। ਉਨ੍ਹਾਂ ਨੇ ਦਿੱਲ ਵਿਚ ਦੋ ਤਿੰਨ ਵਾਰੀ ਪੜੀ ਤੇ ਫਿਰ ਮੈਨੂੰ ਸੁਣਾਈ ਜਿਸ ਦਾ ਮਜ਼ਮੂਨ ਇਹ ਸੀ ਕਿ ਸਤਿਗੁਰੂ ਜੀ ਦੀ ਅਪਾਰ ਬਖਸ਼ਸ਼ ਨਾਲ ਐਬਟਾਬਾਦ ਦਾ ਸਮਾਗਮ ਚੜਦੀ ਕਲਾ ਵਿਚ ਹੋਇਆ। ਪਰ ਹੈਰਾਨੀ ਦੀ ਗੱਲ ਹੈ ਕਿ ਗੁਰਸਿਖ ਬਚਨ ਕਰਕੇ ਐਨ ਮੌਕੇ ਤੇ ਆ ਕੇ ਜਵਾਬ ਦੇ ਦੇਵੇ। ਵਕਤ ਆ ਰਿਹਾ ਹੈ ਕਿ ਇਹ ਕਾਰਖਾਨੇ ਜਿਨ੍ਹਾਂ ਦਾ ਧਿਆਨ ਮਨ ਤੇ ਅਟਕਾਅ ਪਾ ਰਿਹਾ ਹੈ, ਠਿੱਸੂ ਫਿਸੂ ਹੋ ਜਾਣਗੇ। ਮੇਰੇ ਲਈ ਇਹ ਮੁਹਾਵਰਾ ਨਵਾਂ 'ਤੇ ਓਪਰਾ ਸੀ। ਭਾਈ ਮੱਲਾ ਸਿੰਘ ਜੀ ਪਾਸੋਂ ਪੁੱਛਿਆ। ਉਨ੍ਹਾਂ ਦੱਸਿਆ ਕਿ ਠਿੱਸੂ ਫਿਸੂ ਤੋਂ ਭਾਵ ਇਨ੍ਹਾਂ ਦੇ ਤਬਾਹ ਤੇ ਬਰਬਾਦ ਹੋ ਜਾਣ ਦਾ ਜਾਪਦਾ ਹੈ। ਮੇਰੀ ਬਿਰਤੀ ਸੰਸੇ ਵਿਚ ਹੋ ਗਈ। ਇਸ ਬਾਰੇ ਕਾਟਨ ਫੈਕਟਰੀ ਦੇ ਮਾਲਕ ਨਾਲ ਗੱਲ ਕੀਤੀ ਤਾਂ ਉਸ ਨੇ ਵੀ ਕੋਈ ਗੱਲ ਨਾ ਗੋਲੀ। ਹੌਲੀ-ਹੌਲੀ ਇਹ ਗੱਲ ਮੈਨੂੰ ਵੀ ਵਿਸਰ ਗਈ।

ਸੰਨ 1947 ਵਿਚ ਦੇਸ਼ ਦੀ ਵੰਡ ਹੋ ਗਈ। ਇਕ ਦਿਨ ਅਚਾਨਕ, ਮੁਸਲਮਾਨ ਮਿਲਟਰੀ ਸਾਡੇ ਨਗਰ ਫੁਲਨਵਾਲ ਆਣ ਗਾਰਦ ਹੋਈ ਅਤੇ ਹੁਕਮ ਹੋਇਆ ਕਿ ਚਾਰ ਵਜੇ ਤੋਂ ਪਹਿਲਾਂ ਪਹਿਲਾਂ ਮਿਲਟਰੀ ਕੈਂਪ ਪਹੁੰਚ ਜਾਓ। ਜਦ ਉਨ੍ਹਾਂ ਨੂੰ ਆਪਣੇ ਘਰ, ਮਾਲ-ਅਸਬਾਬ, ਦੁਕਾਨਾਂ ਕਾਰਖਾਨੇ ਅਤੇ ਲੱਖਾਂ ਦੇ ਮਾਲ ਬਾਰੇ ਪੁੱਛਿਆ ਕਿ ਇੰਨ੍ਹਾਂ ਦਾ ਕੀ ਬਣੇਗਾ? ਤਾਂ ਜੁਆਬ ਮਿਲਿਆ "ਤੁਸੀਂ ਇਨ੍ਹਾਂ ਦੀ ਕੀ ਲੱਗਦੇ ਹੋ? ਪਾਕਿਸਤਾਨ ਜਾਂ ਪਾਕ ਪਰਵਦਗਾਰ, ਅੱਲਾ ਤਾਅਲਾ ਹੀ ਇੰਨ੍ਹਾਂ ਚੀਜ਼ਾਂ ਦਾ ਮਾਲਕ ਹੈ। ਅਸੀਂ ਅੱਲਾ ਦੇ ਹਾਂ। ਇਸ ਲਈ ਇਹ ਸਭ ਕੁਝ ਸਾਡਾ ਹੀ ਹੈ। ਤੁਸੀਂ ਆਪਣੇ ਹਿੰਦੁਸਤਾਨ ਜਾਓ।

ਮਿਲਟਰੀ ਅਧਿਕਾਰੀਆਂ ਨਾਲ ਹੋਈ ਇਸ ਵਾਰਤਾਲਾਪ ਨੇ, ਹੱਡੀ ਵਾਪਰੇ ਹਾਲਾਤ "ਠਿਸੂ ਫਿਸੂ" ਵਾਲੀ ਭਾਈ ਸਾਹਿਬ ਜੀ ਦੀ ਪਹਿਲਾਂ ਕੀਤੀ ਪੇਸ਼ੀਨਗੋਈ ਤਾਜ਼ਾ ਕਰਾ ਦਿੱਤੀ। ਭਾਈ ਸਾਹਿਬ ਦਾਸ ਨੂੰ ਪਤੱਰਕਾ ਲਿਖਦੇ ਸਮੇਂ ਵਾਪਰਨ ਵਾਲੀ ਹੋਣੀ ਨੂੰ ਪਰਤੱਖ ਪੇਖ ਰਹੇ ਸਨ। ਨਾਲ ਦੇ ਨਾਲ ਇਸ ਹੋਣੀ ਨੇ ਭਾਈ ਸਾਹਿਬ ਜੀ ਦੇ ਸਹਿਜ ਸੁਭਾਏ ਵਰਤੇ ਮੁਹਾਵਰੇ ਤੇ ਮਤਲਬ ਵੀ ਵਾਹਵਾ ਜ਼ਿਹਨ ਨਸ਼ੀਨ ਕਰਵਾ ਦਿੱਤੇ।



www.AKJ.Org

ਇਸੇ ਤਰ੍ਹਾਂ ਇਕ ਹੋਰ ਘਟਨਾ ਦਾ ਆਪਨੇ ਜ਼ਿਕਰ ਕੀਤਾ ਹੈ। ਸੰਨ 1941 ਵਿਚ ਫਿਰ ਭਾਈ ਸਾਹਿਬ ਜੀ ਨੇ ਸ੍ਰੀ ਨਗਰ ਕਸ਼ਮੀਰ ਤੋਂ ਐਬਟਾਬਾਦ ਸ. ਹਰਨਾਮ ਸਿੰਘ 'ਦਾਰ ਜੀ' ਦੇ ਗ੍ਰਿਹਿ ਹੋ ਰਹੇ ਅਖੰਡ ਪਾਠ ਤੇ ਕੀਰਤਨ ਸਮਾਗਮ ਵਿਚ ਪੁੱਜਣ ਲਈ ਚਿੱਠੀ ਲਿਖੀ। ਉਸ ਦੀ ਪ੍ਰਵਾਨਗੀ ਭੇਜ ਦਿੱਤੀ ਅਤੇ ਦਾਸ ਐਬਟਾਬਾਦ ਪਹੁੰਚ ਗਿਆ। ਇਹ ਸਮਾਗਮ ਵੀ ਅਕਤੂਬਰ 1941 ਦੇ ਪਹਿਲੇ ਹਫਤੇ ਹੋਇਆ।

ਸ੍ਰੀ ਅਖੰਡ ਪਾਠ ਦੀ ਸਮਾਪਤੀ ਤੇ ਕੀਰਤਨ ਅਰੰਭ ਹੋ ਗਿਆ। ਉਸ ਕੀਰਤਨ ਦੌਰਾਨ ਮਹੰਤ ਕਰਮ ਚੰਦ, ਸ਼ਾਹ ਜੀਵਨਾ ਮੰਡੀ ਜ਼ਿਲ੍ਹਾ ਝੰਗ ਵਾਲੇ (ਭਾਈ ਘਨਈਆ ਜੀ ਦੀ ਸੰਸਥਾ ਨਾਲ ਸੰਬੰਧਤ) ਭਾਈ ਸਾਹਿਬ ਜੀ ਦੇ ਐਨ ਸਾਹਮਣੇ ਆਣ ਬੈਠੇ। ਸ੍ਰੀ ਆਸਾ ਕੀ ਵਾਰ ਦੀ ਸੱਤਵੀਂ ਪਉੜੀ ਦਾ ਭੋਗ ਪਿਆ ਤੇ ਮੈਨੂੰ ਕੋਲ ਬੈਠੇ ਨੂੰ ਪੁੱਛਣ ਲੱਗੇ ਕਿ "ਇਹ ਪ੍ਰੇਮੀ ਕੌਣ ਹਨ? ਇਸ ਮਹੰਤ ਜੀ ਦਾ ਦਾੜ੍ਹਾ ਬੜਾ ਸੁੰਦਰ ਸੀ, ਪਰ ਸਿਰੋ ਘੋਨ ਮੋਨ ਅਤੇ ਸਿਰ ਉੱਤੇ ਚਿੱਟੀ ਲੱਠੇ ਦੀ ਟੋਪੀ ਪਾਈ ਹੋਈ ਸੀ। ਦਾਸ ਨੇ ਦੱਸਿਆ ਕਿ ਇਹ ਸ਼ਾਹ ਜੀਵਨਾ ਮੰਡੀ ਵਿਚ ਚਲ ਰਹੀ ਗੱਦੀ ਦੇ ਮਹੰਤ ਕਰਮ ਚੰਦ ਹਨ। ਭਾਈ ਸਾਹਿਬ ਜੀ ਨੇ ਉਸੇ ਵੇਲੇ ਸਹਿਜ ਸੁਭਾਅ ਇਹ ਬਚਨ ਕਿਹਾ "ਹੁਣ ਤਾਂ ਖ਼ਾਲਸਾ ਰੂਪ ਵਿਚ ਹੀ ਦਰਸ਼ਨ ਕਰਾਂਗੇ।" ਇਹ ਬਚਨ ਕੀ ਸੀ? ਗੈਬ ਦੀ ਕਮਾਨ ਵਿਚੋਂ ਨਿਕਲਿਆ ਤੀਰ ਸੀ, ਜਿਸ ਨੇ ਅਠ ਕੁ ਸਾਲ ਦੀ ਵਿੱਥ ਚੀਰ ਕੇ ਆਪਣੇ ਨਿਸ਼ਾਨੇ ਤੇ ਆਣ ਵੱਜਣਾ ਸੀ।

ਸੰਨ 1948 ਵਿਚ ਇਹ ਮਹੰਤ ਜੀ ਸੰਗਤਾਂ ਨਾਲ ਸ੍ਰੀ ਹਜ਼ੂਰ ਸਾਹਿਬ ਯਾਤਰਾ ਤੇ ਗਏ। ਇਕ ਦਿਨ ਤਖ਼ਤ ਸਾਹਿਬ ਜੀ ਦੀ ਪ੍ਰਕਰਮਾ ਕਰਦਿਆਂ ਦਸਮ ਪਾਤਸ਼ਾਹ ਦੇ ਦਰਸ਼ਨਾਂ ਦਾ ਝਲਕਾ ਵੱਜਾ। ਝਲਕਾ ਹੀ ਨਹੀਂ ਵੱਜਾ, ਸਤਿਗੁਰੂ ਵਲੋਂ ਇਹ ਸ਼ਬਦ ਬਾਣ ਰੂਪ ਹੋ ਆਣ ਵੱਜੇ, ਕੀ ਪਾਖੰਡ ਬਣਾਈ ਫਿਰਦਾ ਹੈਂ? ਹਿਰਦਾ ਵਾਰ ਸਹਾਰ ਨਾ ਸਕਿਆ ਤੇ ਮੂਰਛਤ ਹੋ ਗਏ। ਚੇਲੇ ਚਾਟੜੇ ਭੀ ਨਾਲ ਸਨ, ਹੱਥ ਪੈਰ ਝੱਸਣ ਲੱਗੇ। ਕਾਫੀ ਚਿਰ ਪਿਛੋਂ ਜਦੋਂ ਸਾਵਧਾਨ ਹੋਏ ਤਾਂ ਕਹਿਣ ਲੱਗੇ ਅਸੀਂ ਹੁਣ ਮਿੱਥੇ ਪ੍ਰੋਗਰਾਮ ਅਨੁਸਾਰ ਕਲ ਵਾਪਿਸ ਨਹੀਂ ਜਾਵਾਂਗੇ, ਦਸ ਵੀਹ ਦਿਨ ਹੋਰ ਠਹਿਰਾਂਗੇ" ਇੰਨ੍ਹਾਂ ਦਿਨਾਂ ਵਿਚ ਹੀ ਉਹ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਕੇ ਕਰਮ ਚੰਦ ਤੋਂ ਹਰਦਰਸ਼ਨ ਸਿੰਘ ਹੋ ਗਏ।

ਅਗਲੇ ਸਾਲ 1949 ਵਿਚ ਲੁਧਿਆਣੇ ਕਲਗੀਧਰ ਸਿੰਘ ਸਭਾ ਗੁਰਦੁਆਰੇ ਕੀਰਤਨ ਰੈਣ ਸਬਾਈ ਹੋ ਰਿਹਾ ਸੀ, ਜਦੋਂ ਭਾਈ ਹਰਦਰਸ਼ਨ ਸਿੰਘ ਜੀ, ਭਾਈ ਸਾਹਿਬ ਜੀ ਦੇ ਸਾਹਮਣੇ ਆਣ ਬੈਠੇ। ਸ਼ਬਦ ਦੇ ਭੋਗ ਪੈਣ ਤੇ ਦਾਸ ਨੇ ਭਾਈ ਸਾਹਿਬ ਜੀ ਨੂੰ ਪੁੱਛਿਆ ਕਿ ਆਪ ਜੀ ਦੇ ਸਾਹਮਣੇ ਕਿਹੜੇ ਸੱਜਣ ਬੈਠੇ ਹਨ? ਉਨ੍ਹਾਂ ਨੂੰ ਤੁਰੰਤ ਹੀ ਮੋੜਵਾਂ ਉੱਤਰ ਦਿੱਤਾ ਕਿ ਇਹ ਐਬਟਾਬਾਦ ਵਾਲੇ ਪ੍ਰੇਮੀ ਹਨ, ਜੋ ਹੁਣ ਗੁਰੂ ਕਾ ਸਿੰਘ ਸੱਜ ਗਿਆ ਹੈ। ਉਹਨਾਂ ਦੇ ਇਹ ਕਹਿਣ ਸਾਰ ਹੀ ਅਠ ਕੁ ਸਾਲ ਪਹਿਲਾਂ ਆਪ ਜੀ ਦੇ ਕਹੇ ਬਚਨ ਦਾਸ ਨੂੰ ਯਾਦ ਆ ਗਏ।

ਭਾਈ ਸਾਹਿਬ ਜੀ ਦੀ ਨਾਮ ਅਭਿਆਸ ਕਮਾਈ ਰਾਹੀਂ ਇਤਨੀ ਰਸਾਈ ਹੋ ਚੁੱਕੀ ਸੀ ਕਿ ਭਵਿੱਖਤ ਦੇ ਪੱਟ ਤੇ ਉਲੀਕੀਆਂ ਘਟਨਾਵਾਂ ਨੂੰ ਇਉਂ ਸਹਿਜ ਸੁਭਾਏ ਵਾਚ ਲੈਂਦੇ ਸਨ ਜਿਵੇਂ ਅਸੀਂ ਇਕ ਕਮਰੇ ਵਿਚ ਬੈਠੇ, ਅੱਗੇ ਪਿੱਛੇ, ਹੇਠਾਂ ਉੱਤੇ ਪਈਆਂ ਸਭ ਵਸਤੂਆਂ ਨੂੰ ਪ੍ਰਤੱਖ ਪਰਖ ਨਿਰਖ ਸਕਦੇ ਹਾਂ। ਪਰ ਅਜਿਹੀਆਂ ਅਲੌਕਿਕ ਘਟਨਾਵਾਂ ਨੂੰ ਉਹ ਅੰਦਰੋਂ ਅੰਦਰੀ ਹੀ ਜਰੀ ਬੈਠੇ ਸਨ। ਕਿਤੇ ਸਹਿਜੇ ਹੀ ਕੋਈ ਬਚਨ ਹੋ ਜਾਏ ਤਾਂ ਹੋ ਜਾਏ ਪਰ ਆਮ ਖੁਲ ਖੇਡ ਨਹੀਂ ਸਨ ਵਰਤਾਉਂਦੇ। ਅਜਿਹੀਆਂ ਅਨੇਕਾਂ ਬਰਕਤਾਂ ਨਾਮ ਅੰਦਰ ਮੌਜੂਦ ਹਨ। ਇਨ੍ਹਾਂ ਕਰਾਮਾਤੀ ਸ਼ਕਤੀਆਂ ਦੀ ਖਾਤਰ, ਕਿਸੇ ਪਰਮਾਰਥ ਦੇ ਜਗਿਆਸੂ ਨੂੰ ਪੰਧ ਪੈਣਾ ਇਕ ਬੜਾ ਘਾਟੰਵੰਦਾ ਤੇ ਕੁਰਾਹੇ ਲਿਜਾਣ ਵਾਲਾ ਸੌਦਾ ਹੈ। ਕੇਵਲ ਨਾਮ ਜਪਣਾ, ਉਹ ਵੀ ਸਿਰਫ ਆਤਮਿਕ ਤਰੱਕੀ ਲਈ, ਸਾਡਾ ਸਭ ਦਾ ਫਰਜ ਹੈ ਜੋ ਕਿ ਸਤਿਗੁਰੂ ਦਾ ਹੁਕਮ ਜਾਣ ਕੇ ਤੇ ਨਿਰਮਾਣ ਹੋ ਕੇ ਇਹ ਗੁਰੂ ਦੀ ਦੱਸੀ ਕਾਰ ਕਰਨੀ ਹੈ।

ਆਪ ਆਪਣੀ ਜ਼ੁਬਾਨੀ ਦਸਿਆ ਕਰਦੇ ਸਨ ਕਿ ਅੰਮ੍ਰਿਤ ਛੱਕਣ ਤੋਂ ਪਹਿਲਾਂ, ਮੈਂ ਮਾਸ ਬਹੁਤ ਜ਼ਿਆਦਾ ਛਕਿਆ ਕਰਦਾ ਸਾਂ। ਪਰ ਜਦੋਂ ਨਿਰਬਾਣ ਕੀਰਤਨੀ ਜਥੇ ਤੋਂ ਅੰਮ੍ਰਿਤ ਪਾਨ ਕਰਨ ਸਮੇਂ ਪੰਜਾਂ ਪਿਆਰਿਆਂ ਨੇ ਉਪਦੇਸ਼



www.AKJ.Org

ਕੀਤਾ ਕਿ ਮਾਸ ਬਿਲਕੁਲ ਨਹੀਂ ਖਾਣਾ, ਨਾ ਝਟਕਾ ਨਾ ਅੰਡਾ, ਨਾ ਸ਼ਰਾਬ ਤਾਂ ਮੈਂ ਬੇਨਤੀ ਕੀਤੀ ਕਿ ਮੈਂ ਤਾਂ ਮਾਸ ਖਾਣ ਦਾ ਬਹੁਤ ਆਦੀ ਹਾਂ, ਇਹ ਮੈਥੋਂ ਕਿਵੇਂ ਛੁਟੇਗਾ? ਉਸ ਵੇਲੇ ਪੰਜਾਂ ਪਿਆਰਿਆਂ ਦੇ ਜਥੇਦਾਰ ਬਾਊ ਮਲ ਸਿੰਘ ਜੀ ਨੇ ਜਲਾਲੀ ਰੰਗ ਵਿਚ ਆ ਕੇ ਕਿਹਾ ਕਿ "ਅੱਛਾ, ਅਜ ਤੋਂ ਬਾਅਦ ਇਕ ਮਹੀਨਾ ਹਰ ਰੋਜ਼ ਠੀਕ ਇਕ ਵਜੇ ਰਾਤ, ਘੜੀ ਦਾ ਅਲਾਰਮ ਲਾ ਕੇ ਉੱਠਣਾ ਹੈ ਅਤੇ ਸਣਕੇਸੀ ਪੂਰਾ ਇਸ਼ਨਾਨ ਕਰਕੇ, ਇਕਾਂਤ ਵਿਚ ਦਿਨ ਚੜ੍ਹੇ ਤੱਕ ਨਾਮ ਅਭਿਆਸ ਦਾ ਖ਼ੂਬ ਖੰਡਾ ਖਣਕਾਣਾ ਹੈ ਅਤੇ ਬਾਅਦ ਵਿਚ ਨਿਤਨੇਮ ਕਰਨਾ ਹੈ। ਉਸ ਤੋਂ ਬਾਅਦ ਗੁਰਦੁਆਰੇ ਅਰਦਾਸ ਕਰਕੇ ਫਿਰ ਆਪਣੀ ਕਿਰਤ-ਕਾਰ ਵਿਚ ਲੱਗਣਾ ਹੈ। ਇਕ ਮਹੀਨਾ ਹੁਕਮੀਆ ਇਹ ਪ੍ਰੋਗਰਾਮ ਨਿਭਾਓ ਤੇ ਫਿਰ ਮਨ ਤੋਂ ਪੁੱਛੋਂ ਕਿ ਅਜੇ ਵੀ ਉਹ ਮਾਸ ਨੂੰ ਲੋਚਦਾ ਹੈ ਜਾਂ ਐਸੀ ਚਿਤਵਨੀ ਹੀ ਬੁਰੀ ਲੱਗਦੀ ਹੈ।

ਆਪ ਜੀ ਦੇ ਦੱਸਣ ਮੁਤਾਬਕ ਪੰਜਾਂ ਪਿਆਰਿਆਂ ਦੇ ਰੱਬੀ ਹੁਕਮ ਅੱਗੇ ਆਪ ਨੇ ਸਿਰ ਨਿਵਾ ਦਿੱਤਾ ਅਤੇ ਇਸ ਤੇ ਅਮਲ ਕਰਨਾ ਸ਼ੁਰੂ ਕਰ ਦਿੱਤਾ। ਅਜੇ ਹਫਤਾ ਕੁ ਹੀ ਇਸ ਤਰ੍ਹਾਂ ਨਾਮ ਅਭਿਆਸ ਕਰਦਿਆਂ ਗੁਜ਼ਰਿਆਂ ਸੀ ਕਿ ਮਨ ਦੀ ਦਸ਼ਾ ਹੋਰ ਦੀ ਹੋਰ ਹੋ ਗਈ ਅਤੇ ਨਾਮ ਅਭਿਆਸੀ ਖੰਡਾ ਜ਼ੋਰੋ ਜ਼ੋਰ ਅਨਿਕ ਤਰੰਗਾਂ ਵਿਚ ਖੜਕਣ ਲੱਗ ਪਿਆ। ਪੰਦਰਾਂ ਕੁ ਦਿਨ ਪਿਛੋਂ ਮਨ ਦੀ ਪੱਤਰੀ ਵਾਚੀ ਤਾਂ ਮਾਸ ਖਾਣ ਦਾ ਦਰ-ਕਿਨਾਰਾ, ਉਧਰ ਤੱਕਣ ਤੇ ਖਿਆਲ ਕਰਨ ਨੂੰ ਭੀ ਜੀਅ ਨਾ ਕਰੇ ਅਤੇ ਫਿਰ ਸਦਾ ਲਈ ਇਹ ਪ੍ਰੋਗਰਾਮ ਪੱਕਾ ਹੋ ਗਿਆ, ਜੋ ਤਾਅ ਜ਼ਿੰਦਗੀ ਨਿਭਿਆ। ਛੇ ਮਹੀਨੇ ਕਾਰ ਵਿਹਾਰ ਕਰਨਾ ਤੇ 6 ਮਹੀਨੇ ਭਾਈ ਸਾਹਿਬ ਜੀ ਦੇ ਸੰਗ ਸਾਥ ਸਮਾਗਮਾਂ ਵਿਚ ਵਿਚਰਦੇ ਰਹਿਣਾ।

ਆਪ ਜੀ ਬਹੁਤ ਹੀ ਬੁਲੰਦ ਤੇ ਭਬਕਵੀਂ ਆਵਾਜ਼ ਵਿਚ 'ਗੁਰੂ-ਵਾਹੇ ਸ਼ਬਦ ਗੁੰਜਾਉਂਦੇ ਹੁੰਦੇ ਸਨ, ਜਿਸ ਕਰਕੇ ਆਪ ਦੇ ਨਾਮ ਨਾਲ ਭਾਈ ਸਾਹਿਬ ਜੀ ਨੇ ਗੜਗੱਜ ਸ਼ਬਦ ਜੋੜ ਦਿੱਤਾ। ਇਕ ਸਮੇਂ ਦੀ ਗਲ ਹੈ ਕਿ ਆਪ ਜੀ ਭਾਈ ਸਾਹਿਬ ਜੀ ਤੇ ਜਥੇ ਸਮੇਤ ਗਰਮੀਆਂ ਵਿਚ ਬਾਰਾਮੂਲੇ ਤੋਂ ਸ੍ਰੀ ਨਗਰ ਵੱਲ ਨੂੰ ਜਾ ਰਹੇ ਸਨ। ਇਨ੍ਹਾਂ ਦੇ ਨਾਲ ਹੀ, ਲਾਰੀ ਵਿਚ ਕੁਝ ਗੋਰੇ (ਅੰਗਰੇਜ਼) ਵੀ ਕਸ਼ਮੀਰ ਦੀ ਠੰਡੀ ਹਵਾਖੋਰੀ ਲਈ ਸਫਰ ਕਰ ਰਹੇ ਸਨ। ਰਸਤੇ ਵਿਚ ਪਹਾੜੀ ਨਜ਼ਾਰਿਆਂ ਦੇ ਦਿਲ ਖਿਚਵੇਂ ਨਜ਼ਾਰੇ ਦੇਖ ਕੇ, ਆਪ ਜੀ ਵੱਜਦ ਵਿਚ ਆ ਗਏ ਅਤੇ ਗਰਜਵੀਂ ਆਵਾਜ਼ ਵਿਚ 'ਗੁਰੂ-ਵਾਹ' ਦਾ ਗੁਰਾਟਾ ਛੱਡਿਆ। ਬਸ ਫਿਰ ਕੀ ਸੀ, ਉਹ ਗੋਰੇ ਤ੍ਰਭੱਕ ਕੇ ਸੀਟਾਂ ਤੋਂ ਹੇਠਾਂ ਡਿੱਗ ਪਏ ਅਤੇ ਚੀਖ ਉੱਠੇ ਕਿ Wolf (ਭਾਵ ਕਿ ਸ਼ੇਰ) ਆ ਗਿਆ ਹੈ। ਉਨ੍ਹਾਂ ਦੀ ਭੈ ਭੀਤ ਹੋਈ ਦਸ਼ਾ ਵੇਖ ਕੇ ਸਿੰਘ ਹੱਸ ਪਏ ਤੇ ਉਨ੍ਹਾਂ ਨੂੰ ਤਸੱਲੀ ਦਿੱਤੀ ਤੇ ਅੰਗਰੇਜ਼ੀ ਵਿਚ ਸਮਝਾਇਆ ਕਿ ਇਹ ਚਹੁੰ ਲੱਤਾ ਵਾਲਾ ਖ਼ੂਨੀ ਸ਼ੇਰ ਨਹੀਂ ਸੀ ਦਹਾੜਿਆ ਸਗੋਂ ਇਸ ਸਿੰਘ ਸ਼ੇਰ ਨੇ ਕੁਦਰਤ ਦੇ ਨਜ਼ਾਰੇ ਦੇਖ ਕੇ ਬਿਸਮਾਦੀ ਰੰਗਾਂ ਵਿਚ ਗੂੰਜ ਗੁੰਜਾਈ ਸੀ। ਇਸ ਲਈ ਡਰੋ ਨਾ। ਉਹ ਸਾਰੇ ਹੈਰਾਨ ਹੋ ਕਿ ਆਪ ਜੀ ਵੱਲ ਦੇਖਣ ਲੱਗ ਪਏ। ਕੀਰਤਨ ਸਮਾਗਮਾਂ ਵਿਚ ਉਨ੍ਹਾਂ ਦੀ ਇਹ ਗਰਜ ਆਮ ਗੂੰਜਦੀ ਰਹਿੰਦੀ ਸੀ। ਇਹ ਬੜੀ ਵਚਿੱਤਰ ਗੱਲ ਉਨ੍ਹਾਂ ਵਿਚ ਦੇਖੀ ਜਾਂਦੀ ਸੀ ਜੋ ਕਿ ਆਮ ਗੁਰਸਿੱਖਾਂ ਵਿਚ ਘੱਟ ਵੱਧ ਹੀ ਸੀ। ਜਦੋਂ ਨਾਮ ਜਪਦੇ-ਜਪਦੇ ਮਸਤੀ ਵਿਚ ਆਉਂਦੇ ਜਾਂ ਗੁਰਸਿੱਖਾਂ ਨੂੰ ਸਾਹਮਣੇ ਆਉਂਦੇ ਦੇਖਦੇ ਤਾਂ ਉਨ੍ਹਾਂ ਨੂੰ ਚਾਓ ਚੜ੍ਹ ਜਾਂਦਾ ਅਤੇ ਬੜੀ ਉੱਚੀ ਆਵਾਜ਼ ਵਿਚ ਵਾਹਿਗੁਰੂ ਦੀ ਥਾਂ 'ਗੁਰੂ-ਵਾਹਿ' ਦੀ ਗੂੰਜ ਗੁਜਾਉਂਦੇ। ਜਿਹੜੇ ਉਨ੍ਹਾਂ ਨੂੰ ਨਹੀਂ ਸੀ ਜਾਣਦੇ ਉਹ ਅਚਾਨਕ ਉਨ੍ਹਾਂ ਦੀ ਉੱਚੀ ਭਬਕਵੀਂ ਆਵਾਜ਼ ਸੁਣ ਕੇ, ਡਰ ਹੀ ਜਾਂਦੇ ਤੇ ਕਹਿੰਦੇ "ਭਾਈ ਸਾਹਿਬ ਜੀ ਨੂੰ ਕੀ ਹੋ ਗਿਆ?" ਉੱਤਰ ਹੁੰਦਾ "ਇਨ੍ਹਾਂ ਨੂੰ ਕਦੀ ਕਦੀ ਨਾਮ ਦੀ ਮਸਤੀ ਆਉਂਦੀ ਹੈ।"

ਜਿੱਥੇ ਆਪ ਕੀਰਤਨ ਸੁਣਨ ਦੇ ਰਸੀਏ ਸਨ ਉੱਥੇ ਆਪ ਚੰਗੇ ਕੀਰਤਨੀਏ ਤੇ ਤਕੜੇ ਅਖੰਡ ਪਾਠੀ ਵੀ ਸਨ। ਘੰਟਿਆਂ ਬੱਧੀ ਰੰਗਾਂ ਵਿਚ ਰੈਣ ਸਬਾਈ ਕੀਰਤਨਾਂ ਵਿਚ ਕੀਰਤਨ ਕਰਦੇ ਥੱਕਦੇ ਨਹੀਂ ਸੀ। ਜਿਉਂ-ਜਿਉਂ ਸ਼ਬਦ ਗੂੰਜਦਾ ਤਿਉਂ-ਤਿਉਂ ਹੋਰ ਉਤਸ਼ਾਹ ਉਮਾਹ ਵਿਚ ਉਮਡ-ਉਮਡ ਕੇ ਕੀਰਤਨ ਗੁੰਜ਼ਾਰਾਂ ਗੁੰਜਾਣੀਆਂ। ਆਪ ਜੀ ਦੇ ਕੀਰਤਨ ਉਮਾਹ ਦੀਆਂ ਯਾਦਾਂ ਨੂੰ ਤਾਜ਼ਾ ਕਰਦਿਆਂ, ਇਨ੍ਹਾਂ ਦੇ ਇਕ ਹੋਰ ਸਾਥੀ ਵੈਰਾਗੀ ਰੂਹ ਦੀ ਯਾਦ ਆ ਜਾਂਦੀ ਹੈ। ਇਹ ਵੈਰਾਗ ਮਈ ਨਾਮ ਰੰਗੀ ਰੂਹ ਭਾਈ ਸੰਤੋਖ ਸਿੰਘ ਜੀ ਬੈਰਾਗੀ ਸਨ। ਬਟਵਾਰੇ ਤੋਂ ਬਾਅਦ ਇਨ੍ਹਾਂ ਦਾ ਸ੍ਰੀ



www.AKJ.Org

ਅੰਮ੍ਰਿਤਸਰ ਵਿਖੇ ਜਿਲਦ ਸਾਜ਼ੀ ਦਾ ਮਾਮੂਲੀ ਜਿਹਾ ਕਾਰ ਵਿਹਾਰ ਸੀ। ਇੰਨ੍ਹਾਂ ਦੀ ਅੰਦਰਲੀ ਅਤਿ ਤੀਬਰ ਵੈਰਾਗੀ ਦਸ਼ਾ ਨੂੰ ਭਾਂਪ ਕੇ ਹੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੇ ਇੰਨ੍ਹਾਂ ਦਾ ਨਾਂ ਵੈਰਾਗੀ ਰੱਖਿਆ ਸੀ। ਵੈਰਾਗੀ ਜੀ ਤੇ ਆਪ ਜੀ ਦਾ ਕੀਰਤਨੀ ਜੁੱਟ ਸੀ। ਸਾਰੀ ਸਾਰੀ ਰਾਤ ਕੀਰਤਨ ਵਿਚ ਜੁਟੇ ਹੀ ਰਹਿੰਦੇ ਸਨ। ਵੈਰਾਗੀ ਜੀ ਦੇ ਅਕਾਲ ਚਲਾਣੇ ਤੋਂ ਕੁਝ ਚਿਰ ਪਹਿਲਾਂ ਹੀ, ਭਾਈ ਸਾਹਿਬ ਜੀ ਨੇ ਆਪ ਨਾਰੰਗਵਾਲ ਪੋਹ ਸੁਦੀ ਸਮਾਗਮ ਦੇ ਭੋਗ ਸਮੇਂ ਬੈਰਾਗੀ ਜੀ ਨੂੰ ਨਾਲ ਦੇ ਵਾਜੇ 'ਤੇ ਬਿਠਾ ਕੇ ਇਹ ਸ਼ਬਦ ਗਾਇਆ ਸੀ। **"ਨਦੀਆ ਵਾਹ ਵਿਛੁਨਿਆ ਮੇਲਾ ਸੰਜੋਗੀ ਰਾਮ ॥"**

ਬਚਪਨ ਤੋਂ ਗੁਰਬਾਨੀ ਦੇ ਪਾਠ ਦੀ ਸੰਥਿਆ ਲੈਣ ਕਰਕੇ ਆਪ ਜੀ ਲਗਾ ਮਾਤਰਾਂ ਸਮੇਤ ਗੁਰਬਾਨੀ ਦੇ ਸ਼ੁੱਧ ਪਾਠ ਦੇ ਤਕੜੇ ਅਖੰਡ ਪਾਠੀ ਸਨ। ਇਸੇ ਕਰਕੇ ਭਾਈ ਸਾਹਿਬ ਜੀ ਵੱਲੋਂ ਆਪ ਜੀ ਨੂੰ ਅੰਮ੍ਰਿਤ ਛੱਕਣ ਤੋਂ ਫੌਰਨ ਬਾਅਦ ਅਖੰਡ ਪਾਠ ਦੀ ਸੇਵਾ ਲਈ ਸੱਦ ਭੇਜੀ ਜਾਂਦੀ ਸੀ। ਆਪ ਨੂੰ ਬਹੁਤ ਸਾਰੀ ਬਾਣੀ ਕੰਠ ਸੀ। ਜਿੱਥੇ ਆਪ ਘੰਟਿਆਂ ਬੱਧੀ ਅਖੰਡ ਪਾਠ ਦੀ ਸੇਵਾ ਕਰਦੇ ਰਹਿੰਦੇ ਸਨ ਉੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੋਜ਼ਾਨਾ ਸਹਿਜ ਪਾਠ ਕਰਨ ਦਾ ਵੀ ਇਨ੍ਹਾਂ ਦਾ ਨੇਮ ਸੀ। ਤਕਰੀਬਨ ਹਰ ਮਹੀਨੇ ਇਕ ਤੋਂ ਵੱਧ ਸਹਿਜ ਪਾਠ ਦੇ ਭੋਗ ਪਾ ਲੈਂਦੇ ਸਨ। ਆਪ ਨੇ ਕਈ ਸਿੰਘਾਂ, ਸਿੰਘਣੀਆਂ, ਬੱਚੇ-ਬੱਚੀਆਂ ਨੂੰ ਗੁਰਬਾਨੀ ਦੇ ਪਾਠ ਦੀ ਸੰਥਿਆ ਦਿੱਤੀ। ਜਿਥੇ ਆਪ ਜੀ ਨੂੰ ਗੁਰਬਾਨੀ ਦੇ ਪਾਠ ਦੀ ਲਗ-ਮਾਤਰੀ ਵਿਆਕਰਣ ਦੀ ਸੂਝ-ਬੂਝ ਸੀ ਉੱਥੇ ਪਾਠ ਭੇਦਾਂ ਦੇ ਵੀ ਕਾਫੀ ਜਾਣੂ ਸਨ। ਆਪ ਜੀ ਸਾਰਾ ਸਮਾਂ ਹੀ ਸ੍ਰੀ ਅਖੰਡ ਪਾਠ ਦੇ ਮੰਡਲ ਵਿਚ ਵਿਚਰਦੇ ਰਹਿੰਦੇ ਤੇ ਲੋੜ ਅਨੁਸਾਰ ਪਾਠੀਆਂ ਦੇ ਪਾਠ ਦੀ ਸੁਧਾਈ ਵੀ ਕਰਵਾਉਂਦੇ ਰਹਿੰਦੇ ਸਨ।

ਦੇਸ਼ ਦੀ ਵੰਡ ਤੋਂ ਬਾਅਦ ਆਪ ਕੁਝ ਚਿਰ ਆਪਣੇ ਰਿਸ਼ਤੇਦਾਰ ਭਾਈ ਅਮਰੀਕ ਸਿੰਘ ਜੀ ਪਾਸ ਲੁਧਿਆਣੇ ਆ ਕੇ ਠਹਿਰੇ ਤੇ ਭਾਈ ਸਾਹਿਬ ਜੀ ਦੀ ਸੰਗਤ ਦਾ ਆਨੰਦ ਮਾਣਿਆ। ਫਿਰ ਆਪ ਫੁਲਨਵਾਲ ਦੀ ਰਿਹਾਇਸ਼ ਸਮੇਂ ਅਤੇ ਉਥੇ ਕਾਰੋਬਾਰ ਕਰਨ ਵੇਲੇ, ਪੁਰਾਤਨ ਸਾਥੀ ਸ. ਕੇਸਰ ਸਿੰਘ ਜੀ ਜੋ ਉੱਥੇ ਕਾਟਨ ਫੈਕਟਰੀ ਦੇ ਮਾਲਕ ਸਨ ਅਤੇ ਜਲੰਧਰ ਆ ਕੇ ਵਸ ਗਏ ਸਨ ਦੇ ਕੋਲ ਸੰਨ 1955 ਵਿਚ ਅਕਾਉਂਟੈਂਟ ਦਾ ਕੰਮ ਕਰਨ ਲਗ ਪਏ। ਸ. ਕੇਸਰ ਸਿੰਘ ਜੀ ਠੇਕੇਦਾਰੀ ਦਾ ਕਾਰੋਬਾਰ ਕਰਦੇ ਸਨ। ਇਸੇ ਸਿਲਸਿਲੇ ਵਿਚ ਹੀ ਇਕ ਵਾਰ ਘੜੂੰਏ ਹਸਪਤਾਲ ਦੀ ਉਸਾਰੀ ਦੇ ਬਿਲ ਮਨਜ਼ੂਰ ਕਰਵਾਉਣ ਲਈ, ਭਾਈ ਮਹਿੰਦਰ ਸਿੰਘ ਜੀ ਐਸ.ਡੀ.ਓ. ਜੋ ਉਸ ਵੇਲੇ ਓਵਰਸੀਅਰ ਸਨ ਤੇ ਰਾਜਪੁਰੇ ਰਹਿੰਦੇ ਸਨ ਦੇ ਨਾਲ ਆਪ ਦਾ ਸੰਪਰਕ ਹੋਇਆ। S.D.O. ਸਾਹਿਬ ਜੀ ਨੂੰ ਕੀਰਤਨ ਤੇ ਸਾਰੇ ਸਾਜ ਬਜਾਉਣ ਦੀ ਸ਼ੌਂਕ ਸੀ। ਆਪ ਜੀ ਨੇ ਉਨ੍ਹਾਂ ਨੂੰ ਪ੍ਰੇਰ ਕੇ ਖਰੜ ਰੈਣ ਸਬਾਈ ਕੀਰਤਨ ਦੀ ਹਾਜ਼ਰੀ ਭਰਵਾਈ ਤੇ ਉਹ ਆਪ ਜੀ ਦੀ ਰਹਿਣੀ-ਬਹਿਣੀ ਉੱਚੀ ਸੁੱਚੀ ਕਰਣੀ ਦੇਖ ਕੇ, ਜਥੇ ਦੀ ਸੰਗਤ ਨਾਲ ਜੁੜ ਗਏ। ਬਹੁਤ ਲੰਬਾ ਸਮਾਂ ਜਥੇ ਵਿਚ ਵਿਚਰ ਕੇ ਕੀਰਤਨ ਦੀਆਂ ਗੂੰਜਾਰਾਂ ਗੁੰਜਾਉਂਦੇ ਰਹੇ। ਉਨ੍ਹਾਂ ਦੇ ਕੀਰਤਨ ਸੁਣ ਕੇ ਬੇਅੰਤ ਸੰਗਤਾਂ ਗੁਰੂ ਚਰਨਾਂ ਨਾਲ ਜੁੜੀਆਂ। ਆਪ ਜੀ ਨੇ ਸੰਨ 1965 ਤਾਈਂ ਜਲੰਧਰ ਰਹਿ ਕੇ ਇਹ ਕਿਰਤ ਕੀਤੀ। ਉਸ ਤੋਂ ਬਾਅਦ ਜ਼ਿਆਦਾ ਸਮਾਂ ਆਪਣੇ ਵੱਡੇ ਸਪੁੱਤਰ, ਜੋ ਕਿ ਕਿਸੇ ਸਰਕਾਰੀ ਮਹਿਕਮੇ ਵਿਚ ਨੌਕਰੀ ਕਰਦੇ ਸਨ, ਕੋਲ ਪਠਾਨਕੋਟ, ਊਧਮਪੁਰ, ਸ੍ਰੀ ਨਗਰ, ਬਾਰਾਮੂਲੇ ਆਦਿ ਸ਼ਹਿਰਾਂ ਵਿਚ ਰਹਿੰਦੇ ਰਹੇ ਅਤੇ ਅਖੀਰ ਵਿਚ ਆਪਣੇ ਛੋਟੇ ਸਪੁੱਤਰ ਭਾਈ ਅਮਰਜੀਤ ਸਿੰਘ ਕੋਲ ਜਲੰਧਰ ਆ ਗਏ ਤੇ ਜਥੇ ਦੇ ਹਫਤਾਵਾਰ ਕੀਰਤਨ ਸਮਾਗਮਾਂ ਦੇ ਨਾਲ-ਨਾਲ ਸ੍ਰੀ ਅਖੰਡ ਪਾਠਾਂ ਦਾ ਆਨੰਦ ਮਾਣਦੇ ਰਹੇ। ਆਪ ਨੇ ਤਕਰੀਬਨ 25 ਸਾਲ ਛੋਟੇ-ਛੋਟੇ ਬੱਚੇ ਬੱਚੀਆਂ ਨੂੰ ਗੁਰਬਾਣੀ ਦੇ ਪਾਠ ਦੀ ਸੰਥਿਆ ਦਿੱਤੀ ਅਤੇ ਇਹ ਸੇਵਾ ਹਰ ਰੋਜ਼ ਤਿੰਨ ਘੰਟੇ ਦੇ ਕਰੀਬ ਕਰਦੇ ਸਨ।

ਅਧਰੰਗ ਦੇ ਹਮਲੇ ਕਾਰਨ ਕਰਕੇ ਆਪ ਜੀ ਦੀਆਂ ਲੱਤਾਂ ਕਮਜ਼ੋਰ ਹੋ ਗਈਆਂ ਤੇ ਬਾਅਦ ਵਿਚ ਜ਼ੁਬਾਨ ਵੀ ਥਿੜਕਣ ਲੱਗ ਪਈ ਤੇ ਆਪ ਦਾ ਕਿਹਾ ਬਚਨ ਵੀ ਪੂਰਾ ਸਮਝ ਨਹੀਂ ਸੀ ਆਉਂਦਾ, ਪਰ ਫਿਰ ਵੀ ਆਪ ਨੇ ਆਪ ਦਾ



www.AKJ.Org

ਰੋਜ਼ਾਨਾ ਨਿਤਨੇਮ ਅਤੇ ਅੰਮ੍ਰਿਤ ਵੇਲੇ ਦੀ ਸੰਭਾਲ ਨਹੀਂ ਛੱਡੀ। ਅੰਮ੍ਰਿਤ ਵੇਲੇ ਨਾਮ ਅਭਿਆਸ ਤੇ ਨਿਤਨੇਮ ਤੋਂ ਬਾਅਦ ਰੋਜ਼ਾਨਾ ਗੁਰਦੁਆਰੇ ਦਰਸ਼ਨ ਕਰਨ ਜਾਂਦੇ ਸਨ ਤੇ ਦਿਨ ਚੜ੍ਹੇ ਘਰ ਪਰਤਦੇ ਸਨ। ਰਾਤ ਦੋ ਕੁ ਵਜੇ ਲਾਗਲੇ ਸਿੰਘਾਂ ਨੂੰ ਅੰਮ੍ਰਿਤ ਵੇਲਾ ਸੰਭਾਲਣ ਲਈ ਸਾਵਧਾਨ ਕਰਦੇ ਤਾਂ ਕਿ ਰੱਲ ਕੇ ਨਾਮ ਅਭਿਆਸ ਦੇ ਲਾਹੇ ਪ੍ਰਾਪਤ ਕੀਤੇ ਜਾਣ। ਲੱਤਾ ਦੀਆਂ ਨਸਾਂ ਦੀ ਕਮਜ਼ੋਰੀ ਕਾਰਨ, ਆਪ ਜੀ ਦੀ ਚਾਲ ਵੀ ਡਗਮਗਾਉਣ ਲੱਗ ਪਈ ਸੀ। ਇਕ ਵਾਰੀ ਅੰਮ੍ਰਿਤ ਵੇਲੇ ਕਿਸੇ ਸਿੰਘ ਦੇ ਘਰ ਨੂੰ, ਅੰਮ੍ਰਿਤ ਵੇਲੇ ਦੇ ਸਮਾਗਮ ਤੇ ਨਿਤਨੇਮ ਕਰਨ ਲਈ ਗੁਰੂ ਗੁਰੂ ਜਪਦੇ ਜਾ ਰਹੇ ਸਨ ਤੇ ਪਹਿਰਾ ਦੇ ਰਹੇ ਦੋ ਸਿਪਾਹੀਆਂ ਨੇ ਆਪ ਨੂੰ ਸ਼ਰਾਬੀ ਸਮਝ ਕੇ ਆਵਾਜ਼ਾ ਕੱਸਿਆ। ਬਾਬਾ, ਥੋੜੀ ਪੀਣੀ ਸੀ ਹੁਣ ਜੋ ਝੂਲਦਾ ਜਾਂਦਾ ਹੈਂ। ਬਾਬਾ ਜੀ ਚੁੱਪ ਰਹੇ ਅਤੇ ਕਰਤਾਰ ਦੇ ਰੰਗਾਂ ਵਿਚ ਮਸਤ ਰਹੇ। ਭਗਤੀ ਕਰਨ ਵਾਲਿਆਂ ਨੂੰ ਬੋਲ ਕੁਬੋਲ ਸੁਣ ਕੇ ਕਰਤਾਰ ਦੇ ਭਾਣੇ ਵਿਚ ਹੀ ਵਿਚਰਨਾ ਬਣਦਾ ਹੈ।

ਭਾਵੇਂ ਉਮਰ ਅਜੇ ਜ਼ਿਆਦਾ ਨਹੀਂ ਸੀ, ਪਰ ਅਧਰੰਗ ਦੀ ਬੀਮਾਰੀ ਕਰਕੇ ਸਰੀਰਕ ਕਮਜ਼ੋਰੀ ਵੱਧਦੀ ਗਈ। ਬਾਅਦ ਵਿਚ ਸਰੀਰ ਦਾ ਹੇਠਲਾ ਹਿੱਸਾ ਬੇਹਿੱਸ ਹੋ ਗਿਆ, ਪਰ ਸੁਰਤ ਆਪ ਜੀ ਦੀ ਆਖਰੀ ਦਮ ਤਕ ਗੁਰੂ ਚਰਨਾਂ ਨਾਲ ਜੁੜੀ ਰਹੀ। ਜੀਵਨ ਯਾਤਰਾ ਦੇ ਆਖਰੀ ਦੋ-ਢਾਈ ਸਾਲ ਆਪਣੇ ਸਪੁੱਤਰ ਕੋਲ ਫੈਕਟਰੀ ਵਿਚ ਮੰਜੇ ਤੇ ਹੀ ਰਹੇ। ਪ੍ਰੀਵਾਰ ਨੇ ਖੂਬ ਸੇਵਾ ਨਿਭਾਈ। ਸਰੀਰਕ ਕਸ਼ਟ ਬਹੁਤ ਵੱਧ ਜਾਣ ਤੇ ਪੰਜ ਸਿੰਘਾਂ ਨੂੰ ਬੁਲਾ ਕੇ, ਅੰਮ੍ਰਿਤ ਵੇਲੇ ਨਿਤਨੇਮ ਤੇ ਸੁਖਮਨੀ ਸਾਹਿਬ ਪੂਰੀ ਸਾਵਧਾਨੀ ਨਾਲ ਸੁਣੇ। ਉਨ੍ਹਾਂ ਦਾ ਪੰਜ ਭੂਤਕ ਸਰੀਰਕ ਚੋਲਾ ਅਤਿ ਖੀਣਾ ਤੇ ਜਰਜਰਾ ਹੋਇਆ ਦੇਖ ਕੇ, ਸਿੰਘਾਂ ਨੇ ਉੱਥੇ ਹੀ ਗੁਰਦੁਆਰੇ ਵਿਚ ਦੇਗ ਤਿਆਰ ਕਰਕੇ ਦੁੱਖਾਂ ਤੋਂ ਛੁਟਕਾਰੇ ਲਈ ਅਰਦਾਸ ਕੀਤੀ। ਦੇਗ ਵਰਤਾ ਕੇ ਇੰਨ੍ਹਾਂ ਦਾ ਛਾਂਦਾ ਲਿਆ ਕੇ ਛਕਾਇਆ, ਅਰਦਾਸ ਦੀ ਪ੍ਰਤੱਖ ਕਲਾ ਵਰਤੀ। ਸਿੰਘਾਂ ਤੇ ਪ੍ਰੀਵਾਰਕ ਮੈਂਬਰਾਂ ਨੇ ਆਪ ਜੀ ਕੋਲ ਵਾਹਿਗੁਰੂ ਜਾਪ ਦੀ ਧੁਨੀ ਜਾਰੀ ਰੱਖੀ ਅਤੇ ਉਸੇ ਦਿਨ ਆਪ 22 ਮਾਰਚ 1984 ਨੂੰ 11:30 ਵਜੇ ਸਵੇਰੇ ਸੁਖੈਨ ਹੀ ਸਰੀਰਕ ਚੋਲਾ ਤਿਆਗ ਕੇ ਗੁਰੂ ਚਰਨਾਂ ਵਿਚ ਜਾ ਬਿਰਾਜੇ।

## ਭਾਈ ਅਮਰੀਕ ਸਿੰਘ ਜੀ ਲੁਧਿਆਣਾ

ਭਾਈ ਗੁਰਦੀਪ ਸਿੰਘ ਸ੍ਰੀ ਅੰਮ੍ਰਿਤਸਰ

ਗੁਰੂ ਘਰ ਦੇ ਅਨਿੰਨ ਭਗਤ, ਵੈਰਾਗੀ ਜੋਗੀ, ਸ਼ੁਧ ਗੁਰਬਾਣੀ ਦੇ ਪਾਠ ਦੇ ਅਖੰਡ ਪਾਠੀ ਭਾਈ ਅਮਰੀਕ ਸਿੰਘ ਜੀ ਦਾ ਜਨਮ ਮਿਤੀ 16 ਨਵੰਬਰ 1915 ਨੂੰ ਪਿੰਡ ਪਿੰਡੀਖੇਪ ਜ਼ਿਲ੍ਹਾ ਲਾਇਲਪੁਰ ਪਾਕਿਸਤਾਨ ਵਿਚ ਪਿਤਾ ਸ੍ਰੀ ਕਰਮ ਚੰਦ ਅਤੇ ਮਾਤਾ ਰਾਮ ਦੇਵੀ ਦੇ ਗ੍ਰਹਿ ਹੋਇਆ। ਇਨ੍ਹਾਂ ਦੇ ਮਾਤਾ-ਪਿਤਾ ਜੀ ਸਹਿਜਧਾਰੀ ਅਤੇ ਗੁਰੂ ਘਰ ਦੇ ਪ੍ਰੇਮੀ ਅਤੇ ਸ਼ਰਧਾਲੂ ਸਨ। ਪਿਤਾ ਜੀ ਇਕ ਸਾਧਾਰਨ ਨੌਂਕਰੀ ਕਰਦੇ ਸਨ ਤੇ ਪਰਿਵਾਰ ਦੀ ਮਾਇਕ ਹਾਲਤ ਗੁਜ਼ਾਰੇ ਮਾਤਰ ਹੀ ਸੀ। ਆਪ ਜੀ ਦੇ ਜਨਮ ਤੋਂ ਪਹਿਲੇ ਪੈਦਾ ਹੋਏ ਭੈਣ-ਭਰਾ ਜਨਮ ਤੋਂ ਬਾਅਦ ਜਲਦੀ ਹੀ ਚੜ੍ਹਾਈ ਕਰ ਜਾਣ ਕਰਕੇ ਇਨ੍ਹਾਂ ਦੇ ਮਾਤਾ-ਪਿਤਾ ਨੇ ਨਵੇਂ ਪੈਦਾ ਹੋਣ ਵਾਲੇ ਬੱਚੇ ਨੂੰ ਸਿੱਖ ਬਣਾਉਣ ਦੀ ਸੁਖਣਾ ਗੁਰਦੁਆਰੇ ਜਾ ਕੇ ਸੁੱਖੀ ਅਤੇ ਆਪ ਦੇ ਜਨਮ ਤੋਂ ਬਾਅਦ ਆਪ ਜੀ ਨੂੰ ਸਿੱਖੀ ਸਰੂਪ ਵਿਚ ਹੀ ਕਾਇਮ ਰੱਖਿਆ ਗਿਆ।

ਆਪ ਦੇ ਪਿਤਾ ਜੀ, ਆਪ ਦੇ ਬਚਪਨ ਵਿਚ ਹੀ ਚੜ੍ਹਾਈ ਕਰ ਜਾਣ ਕਰਕੇ, ਆਪ ਦੀ ਪਾਲਣਾ-ਪੋਸ਼ਣਾ ਮਾਮਾ ਜੀ, ਜੋ ਗੁਰਦੁਆਰਾ ਸੰਤ ਪੁਰਾ ਲਾਇਲਪੁਰ ਵਿਖੇ ਗ੍ਰੰਥੀ ਦੀ ਸੇਵਾ ਕਰਦੇ ਸਨ ਨੇ ਕੀਤੀ। ਉਨ੍ਹਾਂ ਦੇ ਨਾਲ ਹੀ ਆਪ ਜੀ ਨੇ ਗੁਰਦੁਆਰਾ ਸਾਹਿਬ ਸੇਵਾ ਕਰਨ ਚਲੇ ਜਾਣਾ। ਗੁਰੂ ਸਾਹਿਬ ਜੀ ਦੀ ਬਖਸ਼ਿਸ਼ ਹੋਈ, ਹੌਲੀ-ਹੌਲੀ ਗੁਰਬਾਣੀ ਦਾ ਪਾਠ ਕਰਨਾ ਸਿੱਖ ਲਿਆ ਤੇ ਬਾਅਦ ਵਿਚ ਸ੍ਰੀ ਅਖੰਡ ਪਾਠ ਸਾਹਿਬ ਵੀ ਕਰਨ ਲਗ ਪਏ।



www.AKJ.Org

ਆਪ ਜੀ ਨੇ ਆਪਣੀ ਮੁੱਢਲੀ ਸੇਵਾ ਦਸਵੀਂ ਤਕ ਲਾਇਲਪੁਰ ਵਿਚ ਹੀ ਲਈ। ਅਗੋਂ ਮਾਇਕ ਤੰਗੀ ਕਰਕੇ ਉੱਚ ਵਿਦਿਆ ਨਹੀਂ ਲੈ ਸਕੇ। ਉਨ੍ਹਾ ਆਪਣੀ ਕਿਰਤ ਖੇਤੀਬਾੜੀ ਵਿਭਾਗ ਵਿਚ ਲਾਇਲਪੁਰ ਤੋਂ ਹੀ ਸ਼ੁਰੂ ਕਰ ਦਿੱਤੀ ਸੀ। ਵੰਡ ਤੋਂ ਬਾਅਦ ਪੰਜਾਬ ਸਰਕਾਰ ਦੇ ਦਫ਼ਤਰ ਸ਼ਿਮਲੇ ਤਬਦੀਲ ਹੋਣ ਕਰਕੇ ਆਪ ਜੀ ਉਥੇ ਚਲੇ ਗਏ। ਫਿਰ ਆਪ ਦੀ ਬਦਲੀ ਲੁਧਿਆਣੇ ਹੋ ਗਈ ਅਤੇ ਉਥੋਂ ਹੀ ਸੁਪਰਵਾਈਜ਼ਰ ਦੇ ਅਹੁਦੇ ਤੋਂ ਸੰਨ 1973 ਵਿਚ ਰਿਟਾਇਰ ਹੋਏ।

ਆਪ ਜੀ ਦਾ ਪਹਿਲਾ ਅਨੰਦ ਕਾਰਜ ਬੀਬੀ ਰਾਮ ਚਮੇਲੀ ਜੋ ਕਿ ਸਹਿਜਧਾਰੀ ਪਰਿਵਾਰ ਨਾਲ ਸੰਬੰਧ ਰਖਦੇ ਸਨ, ਨਾਲ ਸੰਨ 1929 ਵਿਚ ਹੋਇਆ ਸੀ। ਪਰੰਤੂ ਬੀਬੀ ਜੀ ਦੇ ਜਲਦੀ ਅਕਾਲ ਚਲਾਣਾ ਕਰਨ ਕਰਕੇ, ਆਪ ਜੀ ਦਾ ਦੁਬਾਰਾ ਅਨੰਦ ਕਾਰਜ ਗੁਰਸਿਖ ਬੀਬੀ ਪ੍ਰੇਮ ਕੌਰ ਜੀ ਨਾਲ ਸੰਨ 1940 ਵਿਚ ਹੋਇਆ। ਤਦ ਤਾਈਂ ਆਪ ਜੀ ਅੰਮ੍ਰਿਤ ਛਕ ਕੇ ਤਿਆਰ ਬਰ ਤਿਆਰ ਹੋ ਗਏ ਸਨ।

ਭਾਈ ਸਾਹਿਬ ਜੀ ਦੀ ਜੇਲ੍ਹ ਰਿਹਾਈ ਤੋਂ ਬਾਅਦ ਲਹਿੰਦੇ ਪੰਜਾਬ ਦੇ ਸ਼ਹਿਰੀ ਅਤੇ ਪੇਂਡੂ ਇਲਾਕਿਆਂ ਵਿਚ ਸ੍ਰੀ ਅਖੰਡ ਪਾਠ ਸਾਹਿਬ ਅਤੇ ਕੀਰਤਨ ਸਮਾਗਮ ਹੁੰਦੇ ਰਹਿੰਦੇ ਸਨ। ਖ਼ਾਸ ਕਰ ਲਾਹੌਰ, ਰਾਵਲਪਿੰਡੀ, ਸਿਆਲਕੋਟ, ਲਾਇਲਪੁਰ ਅਤੇ ਲਗਦੀਆਂ ਬਾਰਾਂ (ਜਿਥੇ ਚੌਖੀ ਸਿੱਖੀ ਕਿਰਸਾਨੀ ਵਸੋਂ ਸੀ) ਦੇ ਇਲਾਕਿਆਂ ਵਿਚ ਬੇਅੰਤ ਅੰਮ੍ਰਿਤ ਸੰਚਾਰ ਹੋਏ, ਖ਼ਾਸ ਕਰ ਬਾਊ ਮਲ ਸਿੰਘ ਜੀ ਦੀ ਪ੍ਰੇਰਨਾ ਕਰਕੇ, ਕਿਉਂ ਉਨ੍ਹਾਂ ਦੇ ਪਰਿਵਾਰ ਸਰਕਾਰ ਵਲੋਂ ਅਲਾਟ ਕੀਤੇ ਮੁਰੱਬਿਆਂ ਵਿਚ ਉਧਰ ਹੀ ਰਹਿੰਦੇ ਸਨ। ਲਾਹੌਰ ਸ਼ਹਿਰ ਵਿਚ ਵੀ ਭਾਈ ਹਰਚਰਨ ਸਿੰਘ ਚੰਡੀਗੜ੍ਹ, ਭਾਈ ਹਰਨਾਮ ਸਿੰਘ ਜੀ ਕੋਮਲ, ਭਾਈ ਸੇਵਾ ਸਿੰਘ ਜੀ, ਭਾਈ ਹਰਮਿੰਦਰ ਸਿੰਘ ਜੀ ਯੂ.ਕੇ ਵਾਲੇ, ਭਾਈ ਜੀਵਨ ਸਿੰਘ ਜੀ ਸੋਲਨ ਵਾਲੇ ਆਦਿ ਕਈ ਗੁਰਸਿੱਖ ਪਰਿਵਾਰ ਰਹਿੰਦੇ ਸਨ। ਇਨ੍ਹਾਂ ਗੁਰਸਿਖਾਂ ਦੀ ਪ੍ਰੇਰਨਾ ਨਾਲ ਲਾਹੌਰ ਅਤੇ ਲਾਇਲਪੁਰ ਵਿਚ ਵੀ ਸਮਾਗਮ ਹੁੰਦੇ ਰਹਿੰਦੇ ਸਨ ਤੇ ਆਪ ਜੀ ਨੂੰ ਉਥੇ ਗੁਰਦੁਆਰੇ ਆਪਣੇ ਮਾਮਾ ਜੀ ਕੋਲ ਰਹਿੰਦਿਆਂ, ਕਿਸੇ ਸਮਾਗਮ ਤੇ ਇਨ੍ਹਾਂ ਗੁਰਸਿੱਖਾਂ ਦੀ ਅਤੇ ਭਾਈ ਸਾਹਿਬ ਜੀ ਦੀ ਸੰਗਤ ਮਿਲ ਗਈ। ਗੁਰਸਿੱਖੀ ਦੀ ਲਗਨ ਤਾਂ ਬਚਪਨ ਤੋਂ ਹੀ ਲੱਗੀ ਹੋਈ ਸੀ ਸੋ ਆਪ ਜਲਦੀ ਹੀ ਪੰਜਾਂ ਪਿਆਰਿਆਂ ਕੋਲੋਂ ਅੰਮ੍ਰਿਤ ਛੱਕ ਕੇ ਤਿਆਰ-ਬਰ-ਤਿਆਰ ਸਿੰਘ ਸੱਜ ਗਏ ਅਤੇ ਰਾਤ-ਦਿਨ ਨਾਮ-ਬਾਣੀ ਦੀ ਅਤੁੱਟ ਕਮਾਈ ਵਿਚ ਜੁੱਟ ਗਏ।

ਆਪ ਦੀ ਦੇਸ਼ ਦੀ ਵੰਡ ਤੋਂ ਬਾਅਦ ਸ਼ਿਮਲੇ ਬਦਲੀ ਹੋਣ ਤੇ ਉਥੇ ਵੀ ਸ਼ਿਮਲਾ ਨਿਵਾਸੀ ਪੁਰਾਤਨ ਗੁਰਸਿਖਾਂ ਦੀ ਸੰਗਤ ਮਿਲ ਗਈ, ਜਿਸ ਦੇ ਆਪ ਖ਼ੂਬ ਲਾਹੇ ਲੈਂਦੇ ਰਹੇ। ਉੱਥੇ ਹਰ ਸਾਲ ਭਾਈ ਸਾਹਿਬ ਜੀ, ਪੰਜਵੇਂ ਪਾਤਸ਼ਾਹ ਦੇ ਸ਼ਹੀਦੀ ਗੁਰਪੁਰਬ ਸਮੇਂ ਹੋਣ ਵਾਲੇ ਸਮਾਗਮ ਤੇ ਹਾਜ਼ਰੀਆਂ ਭਰਦੇ ਸਨ ਤੇ ਗਰਮੀਆਂ ਕੁਮਾਰ ਹੱਟੀ ਹੀ ਬਿਤਾਉਂਦੇ ਸਨ। ਆਪ ਜੀ ਨੂੰ ਇਥੇ ਭਾਈ ਸਾਹਿਬ ਜੀ ਬਾਊ ਮਲ ਸਿੰਘ ਜੀ ਤੇ ਹੋਰ ਸਾਰੇ ਪੁਰਾਤਨ ਗੁਰਸਿਖਾਂ ਦੀ ਸੰਗਤ ਮਾਨਣ ਦਾ ਖੁੱਲਾ ਸੁਭਾਗ ਸਮਾਂ ਮਿਲਦਾ ਰਿਹਾ। ਇਸ ਤੋਂ ਬਾਅਦ ਲੁਧਿਆਣੇ ਬਦਲੀ ਹੋਣ ਤੇ ਆਪ ਜੀ ਨੇ ਆਪਣੀ ਰਿਹਾਇਸ਼ ਨਿਊ ਮਾਡਲ ਟਾਊਨ ਵਿਖੇ ਰੱਖ ਲਈ। ਸਿੰਘ ਸਭਾ ਗੁਰਦੁਆਰੇ ਮਾਡਲ ਟਾਊਨ ਵਿਚ, ਭਾਈ ਸਾਹਿਬ ਜੀ ਦੇ ਚੜ੍ਹਾਈ ਕਰਨ ਜਾਣ ਤੱਕ ਅਤੇ ਉਸ ਤੋਂ ਬਾਅਦ ਆਪਣੇ ਅੰਤਲੇ ਸਮੇਂ ਤਾਈ ਹੋਣ ਵਾਲੇ ਸਾਰੇ ਸ੍ਰੀ ਅਖੰਡ ਪਾਠਾਂ ਅਤੇ ਕੀਰਤਨ ਸਮਾਗਮਾਂ ਵਿਚ ਵੀ ਦਿਨ-ਰਾਤ ਵਿਚਰ ਕੇ ਲਾਹੇ ਲੈਂਦੇ ਰਹੇ। ਆਪ ਇਕ ਤਕੜੇ ਅਖੰਡ ਪਾਠੀ ਸਨ ਤੇ ਇਨ੍ਹਾਂ ਨੂੰ ਬਾਣੀ ਦੀ ਵੀ ਬਹੁਤ ਸੌਝੀ ਸੀ। ਉਹ ਅਰਦਾਸ ਵੀ ਬਹੁਤ ਵੈਰਾਗ ਅਤੇ ਬਿਰਹੋਂ ਦਸ਼ਾ ਵਿਚ ਕਰਦੇ ਸਨ ਅਤੇ ਹੰਝੂ ਉਨ੍ਹਾਂ ਦੀਆਂ ਅੱਖਾਂ ਵਿਚੋਂ ਤ੍ਰਿਪ ਤ੍ਰਿਪ ਕਰਕੇ ਡਿਗਦੇ ਰਹਿੰਦੇ ਸਨ। ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਸਮਾਪਤੀ ਦੀ ਸੇਵਾ ਆਪ ਜੀ ਨੂੰ ਹੀ ਦਿੱਤੀ ਸੀ। ਆਪ ਨੌਵੇਂ ਮਹੱਲੇ ਦੇ ਸਲੋਕਾਂ ਦਾ ਪਾਠ ਬਹੁਤ ਹੀ ਵੈਰਾਗ ਵਿਚ ਕਰਦੇ ਹੁੰਦੇ ਸਨ। ਉਸ ਵੇਲੇ ਇਨ੍ਹਾਂ ਦਾ ਨਾਮ ਰੰਗਾਂ ਵਿਚ ਰੰਗੀਜਿਆ ਦਗ ਦਗ ਕਰਦਾ ਚਿਹਰਾ ਅਤੇ ਅੱਖਾਂ ਵਿਚੋਂ ਡਿਗਦੇ ਨੀਰ ਦੀ ਲੱਗੀ ਝੜੀ ਦੇਖਣ ਵਾਲੀ ਹੁੰਦੀ ਸੀ। ਲੁਧਿਆਣੇ ਵਿਖੇ ਹੀ ਆਪ ਜੀ ਦਾ ਭਾਈ ਦਰਸ਼ਨ ਸਿੰਘ ਜੀ ਗੜਗਜ ਨਾਲ ਮੇਲ ਮਿਲਾਪ ਹੋਇਆ। ਮਗਰੋਂ ਗੜਗੱਜ ਸਾਹਿਬ ਨਾਲ ਨੇੜੇ ਦੀ ਰਿਸ਼ਤੇਦਾਰੀ ਵੀ ਬਣ ਗਈ। ਇਨ੍ਹਾਂ ਦੀ ਇਕ



www.AKJ.Org

ਲੜਕੀ ਗੜਗਜ ਸਾਹਿਬ ਜੀ ਦੇ ਸਪੁੱਤਰ ਭਾਈ ਅਮਰਜੀਤ ਸਿੰਘ ਜਲੰਧਰ ਨਾਲ ਵਿਆਹੀ ਹੋਈ ਹੈ। ਆਪ ਜੀ ਨੇ ਪੰਜਾਂ ਦੀ ਸੇਵਾ ਵਿਚ ਸ਼ਾਮਿਲ ਹੋ ਕੇ ਬੇਅੰਤ ਸੰਗਤਾਂ ਨੂੰ ਗੁਰੂ ਦੇ ਲੜ ਲਾਇਆ।

ਆਪ ਜੀ ਜਿਥੇ ਖ਼ੁਦ ਤਕੜੇ ਅਖੰਡਪਾਠੀ ਸਨ ਉਥੇ ਬੇਅੰਤ ਬੱਚਿਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜੀਵਾਰ ਸਰੂਪ ਤੋਂ ਪਾਠ ਦੀ ਸੰਥਿਆ ਵੀ ਦਿੱਤੀ। ਉਹ ਹਮੇਸ਼ਾਂ ਬੱਚਿਆਂ ਦੀ ਪੜ੍ਹਾਈ ਨੂੰ ਪਹਿਲ ਦਿੰਦੇ ਸਨ ਤੇ ਲੋੜਵੰਦ ਗਰੀਬ ਬੱਚਿਆਂ ਦੀ ਖੁਲਦਿਲੀ ਨਾਲ ਮਦਦ ਕਰਦੇ ਰਹਿੰਦੇ ਸਨ। ਉਹ ਦੈਵੀ ਗੁਣਾਂ ਜਿਵੇਂ ਮਿੱਠਾ ਬੋਲਣਾ, ਨਿਵ ਚਲਣਾ, ਸਤ-ਸੰਤੋਖ, ਦਇਆ-ਧਰਮ ਸਬਰ-ਸ਼ੁਕਰ ਆਦਿ ਨਾਲ ਸ਼ਿੰਗਾਰੇ ਹੋਏ ਸਨ।

ਉਹ ਵੱਡ ਪਰਿਵਾਰੀ ਸਨ। ਉਨ੍ਹਾਂ ਦੇ ਦੋਹਾਂ ਸ਼ਾਦੀਆਂ ਤੋਂ ਕੁਲ 9 ਬਚੇ ਹਨ ਜੋ ਕਿ ਸੰਸਾਰ ਭਰ ਵਿਚ ਵੱਖ-ਵੱਖ ਦੇਸ਼ਾਂ/ਸ਼ਹਿਰਾਂ ਵਿਚ ਆਪਣੇ ਕਾਰੋਬਾਰ ਕਰਦੇ ਹਨ ਜਾਂ ਨੌਕਰੀਆਂ ਤੋਂ ਰਿਟਾਇਰ ਹੋ ਕੇ ਸੁਖੀ ਜੀਵਨ ਬਤੀਤ ਕਰ ਰਹੇ ਹਨ।

ਉਨ੍ਹਾਂ ਦੀ ਸਿਹਤ ਸਾਰੀ ਆਯੂ ਹੀ ਠੀਕ ਰਹੀ ਹੈ। ਅਖੀਰ ਤਾਈ ਉਹ ਆਪਣੀਆਂ ਸਰੀਰਕ ਕਿਰਿਆਵਾਂ ਖ਼ੁਦ ਹੀ ਕਰਦੇ ਰਹੇ ਹਨ। ਅੰਤ ਨੂੰ ਇਸ ਫਾਨੀ ਸੰਸਾਰ ਤੋਂ ਸਭ ਨੇ ਕੂਚ ਕਰਨਾ ਹੈ। ਇਹ ਗੁਰਮੁਖ ਰੂਹ ਵੀ ਆਪਣੀ ਸੰਸਾਰਕ ਯਾਤਰਾ ਸਫਲ ਕਰਦੀ ਹੋਈ ਮਿਤੀ 15 ਨਵੰਬਰ 1999 ਨੂੰ ਲੁਧਿਆਣੇ ਵਿਖੇ ਹੀ ਅਚਾਨਕ ਹੋਏ ਦਿਲ ਦੇ ਦੌਰੇ ਕਾਰਨ ਗੁਰੂ ਚਰਨਾਂ ਵਿਚ ਜਾ ਬਿਰਾਜੀ ਅਤੇ ਆਪਣੀ ਮਿਠੀ ਅਮਿਟ ਯਾਦ ਛੱਡ ਗਈ। ਉਨ੍ਹਾਂ ਜਿਹਾ ਵੈਰਾਗੀ ਦਸ਼ਾ ਵਾਲਾ ਲਾਲ ਚਿਹਰਾ ਪਾਠ ਦਾ ਭੋਗ ਪਾਉਂਦਾ ਅਤੇ ਅਰਦਾਸ ਕਰਦਾ ਮੁੜ ਨਹੀਂ ਦਿੱਸਣਾ।

# ਭਾਈ ਹਰਬੰਸ ਸਿੰਘ ਜੀ ਲਖਨਊ

(ਭਾਈ ਬਰਜਿੰਦਰ ਪਾਲ ਸਿੰਘ ਜੀ ਸਪੁੱਤਰ)

ਅਖੰਡ ਕੀਰਤਨੀ ਜੱਥੇ ਦੇ ਕੀਰਤਨੀਏ ਲਖਨਊ ਨਿਵਾਸੀ ਭਾਈ ਸਾਹਿਬ ਹਰਬੰਸ ਸਿੰਘ ਜੀ ਦਾ ਜਨਮ 20 ਅਪ੍ਰੈਲ 1928 ਨੂੰ ਮਾਤਾ ਅਮਰ ਕੌਰ ਦੀ ਕੁਖੋਂ ਸਰਦਾਰ ਬਲਵੰਤ ਸਿੰਘ ਜੀ ਦੇ ਗ੍ਰਹਿ ਵਿਖੇ ਲਾਲਾ ਮੂਸੇ ਪਾਕਿਸਤਾਨ ਵਿਖੇ ਹੋਇਆ ਸੀ। ਆਪ ਜੀ ਦੇ ਪੂਰਵਜ਼ ਪਟਨਾ ਦੇ ਰਾਜਾ ਮੈਣੀ, ਜਿਸ ਦੀ ਰਾਣੀ ਦੀ ਗੋਦ ਵਿਚ ਗੁਰੂ ਗੋਬਿੰਦ ਸਿੰਘ ਜੀ ਬੈਠੇ ਸਨ ਤੇ ਮਾਂ ਕਹਿ ਕੇ ਬੁਲਾਇਆ ਸੀ, ਜਿਥੇ ਹੁਣ ਗੁਰਦੁਆਰਾ ਮੈਣੀ ਸੰਗਤ ਹੈ, ਦੀ ਵੰਸ਼ਜ ਵਿਚੋਂ ਸਨ। ਆਪ ਜੀ ਦੇ ਪਿਤਾ ਜੀ ਰੇਲਵੇ ਦੇ ਮੁਲਾਜ਼ਮ ਸਨ ਅਤੇ ਸਟੇਸ਼ਨ ਮਾਸਟਰ ਸਨ।

ਆਪ ਜੀ ਦੀ ਮੁੱਢਲੀ ਸਿੱਖਿਆ ਲਾਲਾ ਮੂਸਾ ਵਿਖੇ ਹੀ ਹੋਈ ਸੀ। ਉਸ ਤੋਂ ਬਾਅਦ ਮਿਡਲ ਦੀ ਪੜ੍ਹਾਈ ਹੋਤੀ ਮਰਦਾਨ ਵਿਖੇ ਹੋਈ ਅਤੇ ਐਮ.ਏ. ਦੀ ਪੜ੍ਹਾਈ ਲਾਹੌਰ ਵਿਖੇ ਹੋਈ। ਗੁਰਬਾਣੀ ਦੀ ਸੂਝ ਅਤੇ ਕੀਰਤਨ ਦੀ ਦਾਤ, ਘਰੋਂ ਹੀ ਮਿਲੀ ਸੀ। ਪਿਤਾ ਜੀ ਕੀਰਤਨ ਦੇ ਰਸੀਆ ਸਨ ਅਤੇ ਰੋਜ਼ਾਨਾ ਕੀਰਤਨ ਦੀ ਹਾਜ਼ਰੀ ਭਰਦੇ ਸਨ। ਦਿਨ ਭਰ ਬਣਨ ਵਾਲੇ ਲੰਗਰ ਨੂੰ ਅਰਦਾਸ ਕਰਕੇ ਗੁਰੂ ਸਾਹਿਬ ਤੋਂ ਪਰਵਾਨ ਕਰਨ ਦੀ ਆਗਿਆ ਲਈ ਜਾਂਦੀ ਸੀ। ਆਪ ਜੀ ਦੇ ਚਾਰ ਭਰਾ ਤੇ ਚਾਰ ਭੈਣਾਂ ਸਨ ਅਤੇ ਆਪ ਜੀ ਪਰਿਵਾਰ ਵਿੱਚ ਸਭ ਤੋਂ ਵੱਡੇ ਸੀ।

ਦੇਸ਼ ਦੀ ਵੰਡ ਵੇਲੇ ਆਪ ਜੀ ਦਾ ਪਰਿਵਾਰ ਭਾਰਤ ਆ ਗਿਆ ਤੇ ਆਪ ਜੀ ਦੇ ਪਿਤਾ ਦੀ ਪੋਸਟਿੰਗ ਜੀਂਦ ਵਿਖੇ ਸਟੇਸ਼ਨ ਮਾਸਟਰ ਦੇ ਰੂਪ ਵਿੱਚ ਹੋਈ। ਛੇਤੀ ਹੀ ਆਪ ਜੀ ਦੀ ਸੰਨ 1952 ਵਿਚ ਰੇਲਵੇ ਵਿੱਚ ਨੌਕਰੀ ਲਗ ਗਈ ਅਤੇ ਨਿਯੁਕਤੀ ਕਾਲਕਾ ਵਿਖੇ ਹੋ ਗਈ। ਕਾਲਕਾ ਵਿਖੇ ਰਹਿੰਦਿਆਂ ਆਪ ਜੀ ਦੀ ਮੁਲਾਕਾਤ ਕਈ ਜੀਵਨ ਵਾਲੇ ਸਿੰਘਾਂ ਨਾਲ ਹੋਈ, ਜਿਨ੍ਹਾਂ ਵਿਚੋਂ ਭਾਈ ਸਾਹਿਬ ਨੋਹਰੀਆ ਸਿੰਘ ਜੀ ਦਾ ਨਾਮ ਮੁਖ ਤੌਰ 'ਤੇ ਲਿਆ ਕਰਦੇ ਸੀ।



www.AKJ.Org

ਕਾਲਕਾ ਵਿਖੇ ਨੌਕਰੀ ਕਰਦਿਆਂ ਹੀ, ਭਾਈ ਸਾਹਿਬ ਦੇ ਸੰਗੀ ਸਾਥੀਆਂ ਦੀ ਪ੍ਰੇਰਨਾ ਨਾਲ ਆਪ ਜੀ ਦੀ ਮੁਲਾਕਾਤ ਬਾਪੂ ਜੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨਾਲ ਹੋਈ, ਜਦੋਂ ਉਹ ਹਿਮਾਚਲ ਪ੍ਰਦੇਸ਼ ਦੇ ਸੋਲਨ ਸ਼ਹਿਰ ਦੇ ਨੇੜੇ ਕੁਮਾਰ ਹੱਟੀ ਵਿਖੇ ਗਰਮੀਆਂ ਵਿਚ ਜਾਂਦੇ ਸਨ। ਉੱਥੇ ਨਾਮ ਅਭਿਆਸ ਅਤੇ ਕੀਰਤਨ ਦੇ ਅਖਾੜਿਆਂ ਦੇ ਨਾਲ-ਨਾਲ ਸ੍ਰੀ ਅਖੰਡ ਪਾਠ ਸਾਹਿਬ, ਅੰਮ੍ਰਿਤ ਵੇਲਾ, ਦਿਵਸ ਸੁਹੇਲਾ, ਅਤੇ ਰੈਣ ਸਬਾਈ ਦੇ ਕੀਰਤਨ ਲਗਾਤਾਰ ਜਾਰੀ ਰਹਿੰਦੇ ਸਨ।

ਗੁਰੂ ਦੀ ਕਿਰਪਾ ਸਦਕਾ ਰੰਗਲੇ ਸੱਜਣਾ ਦੀ ਸੰਗਤ ਦਾ ਰੰਗ ਲੱਗਣ ਲੱਗਾ। ਇਸੇ ਸਮੇਂ ਦੌਰਾਨ ਹੀ ਇਕ ਅਲੌਕਿਕ ਘਟਨਾ ਵਾਪਰੀ। ਆਮ ਤੌਰ ’ਤੇ ਕੀਰਤਨ ਦੇ ਪ੍ਰੋਗਰਾਮ ਵਿੱਚ ਸਮਾਪਤੀ ਲਈ ਬਾਪੂ ਜੀ ਕੀਰਤਨ ਕਰ ਰਹੇ, ਗੁਰੂ ਪਿਆਰੇ ਦੀ ਪਿੱਠ ਥਪ ਥਪਾ ਕੇ ਇਸ਼ਾਰਾ ਕਰਦੇ ਸੀ। ਇਕ ਦਿਨ ਸ਼ਾਮ ਦੇ ਦੀਵਾਨ ਵਿੱਚ ਆਪ ਜੀ ਕੀਰਤਨ ਕਰ ਰਹੇ ਸੀ। ਕਾਫੀ ਸਮਾਂ ਹੋਣ ’ਤੇ ਵੀ ਬਾਪੂ ਜੀ ਨੇ ਸਮਾਪਤੀ ਲਈ ਇਸ਼ਾਰਾ ਨਾ ਕੀਤਾ। ਆਪ ਜੀ ਨੇ ਪਿੱਛੇ ਮੁੜ ਕੇ ਬਾਪੂ ਜੀ ਨੂੰ ਕਿਹਾ ਕਿ ਮੈਂ ਪਿਤਾ ਜੀ ਲਈ ਦਵਾਈ ਲੈ ਕੇ ਘਰ ਜਾਣਾ ਹੈ। ਬਾਪੂ ਜੀ ਨੇ ਕਿਹਾ ਕੋਈ ਗੱਲ ਨਹੀਂ। ਤੁਸੀਂ ਕੀਰਤਨ ਜਾਰੀ ਰੱਖੋ। ਸਵੇਰੇ 4.30 ਵਜੇ ਬਾਪੂ ਜੀ ਨੇ ਸਮਾਪਤੀ ਦਾ ਇਸ਼ਾਰਾ ਕੀਤਾ। ਸਮਾਪਤੀ ਤੋਂ ਬਾਅਦ ਆਪ ਜੀ ਭੱਜ ਕੇ ਘਰ ਗਏ ਤੇ ਪਿਤਾ ਜੀ ਕੋਲੋਂ ਮਾਫ਼ੀ ਮੰਗੀ ਕਿ ਮੈਂ ਰਾਤੀਂ ਦਵਾਈ ਨਹੀਂ ਲਿਆ ਸਕਿਆ। ਅਗੋਂ ਪਿਤਾ ਜੀ ਨੇ ਕਿਹਾ ਕਿ ਬੇਟਾ ਕੋਈ ਗੱਲ ਨਹੀਂ, ਤੂੰ ਦਵਾਈ ਭਿਜਵਾ ਤਾਂ ਦਿੱਤੀ ਸੀ। ਰਾਤ 11 ਵਜੇ ਚਿੱਟੇ ਕਪੜੇ ਪਾਏ ਕੋਈ ਆਇਆ ਸੀ, ਦਵਾਈ ਦੇ ਗਿਆ ਸੀ। ਇਹੋ ਜਿਹੀਆਂ ਕਈ ਘਟਨਾਵਾਂ ਦਾ ਜ਼ਿਕਰ, ਆਪ ਜੀ ਕਰਿਆ ਕਰਦੇ ਸੀ। ਕੁਮਾਰ ਹੱਟੀ ਰੈਣ ਸਬਾਈ ਕੀਰਤਨ ਦੇ ਭੋਗ ਤੋਂ ਬਾਅਦ ਸਿੰਘਾਂ ਨੇ ਕਹਿਣਾ, ਚਲੋ ! ਥੋੜਾ ਹੁਣ ਘਿਓ ਖਾ ਲਈਏ। ਬੱਸ ਆਪਸ ਵਿਚ ਜੱਫੀਆਂ ਪਾ ਕੇ ਸਿਮਰਨ ਸ਼ੁਰੂ ਕਰ ਦੇਣਾ। ਜਿਸ ਨੂੰ ਸਾਥੀ ਨਾ ਮਿਲੇ ਉਸ ਨੇ ਦਰੱਖਤ ਨੂੰ ਹੀ ਜੱਫੀ ਪਾ ਲੈਣੀ। ਇਸ ਤਰ੍ਹਾਂ ਕਈ ਕਈ ਘੰਟੇ ਇਕ ਦੂਜੇ ਨੂੰ ਬਦਲ ਬਦਲ ਕੇ ਸਿਮਰਨ ਕਰੀ ਜਾਣਾ ਤੇ ਕਈਆਂ ਦੀ ਸੁਰਤੀ ਜੁੜ ਜਾਣੀ ਤੇ ਉਹ ਬੇਸੁੱਧ ਹੋ ਜਾਂਦੇ ਸਨ।

ਸੰਨ 1954 ਵਿੱਚ ਆਪ ਜੀ ਦਾ ਅਨੰਦ ਕਾਰਜ ਬੀਬੀ ਮੋਹਿੰਦਰ ਕੌਰ ਸਪੁੱਤਰੀ ਭਾਈ ਦਰਸ਼ਨ ਸਿੰਘ ਗੜਗੱਜ ਲੁਧਿਆਣਾ/ਜਲੰਧਰ ਨਿਵਾਸੀ ਜੋ ਬਾਪੂ ਜੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਕਾਫ਼ੀ ਨਿਕਟ ਵਰਤੀ ਸਨ, ਨਾਲ ਹੋਈ। ਇਹ ਵੀ ਇਕ ਵਰਨਣ ਯੋਗ ਬਿਰਤਾਂਤ ਹੈ।

ਬੀਬੀ ਮੋਹਿੰਦਰ ਕੌਰ ਜੀ ਵੀ ਬਾਪੂ ਜੀ ਦੀ ਸੰਗਤ ਕਰਦੇ ਰਹੇ ਹਨ। ਬਾਪੂ ਜੀ ਆਪ ਥਾਪੜਾ ਦੇ ਕੇ ਇਸ ਬੀਬੀ ਕੋਲੋਂ ਕਈ ਘੰਟੇ ਕੀਰਤਨ ਦੀ ਹਾਜ਼ਰੀ ਭਰਵਾ ਲੈਂਦੇ ਸੀ। ਹਰ ਸਮਾਗਮ ਵਿੱਚ ਨਵਾਂ ਸ਼ਬਦ ਪੜ੍ਹਨ ਦੀ ਖਿੱਚ ਰਹਿੰਦੀ ਸੀ। ਮੇਰੇ ਮਾਤਾ ਜੀ ਦਸਦੇ ਸਨ ਕਿ ਭਾਈ ਸੇਵਾ ਸਿੰਘ ਜੀ ਸਿੰਘ ਬ੍ਰਦਰਜ਼ ਵਾਲੇ ਕਿਹਾ ਕਰਦੇ ਸੀ ਕਿ ਮੈਂ ਹਰ ਵਾਰ ਅੰਮ੍ਰਿਤ ਕੀਰਤਨ ਦਾ ਨਵਾਂ ਐਡੀਸ਼ਨ ਛਾਪ ਕੇ ਲਿਆਂਦਾ ਹਾਂ, ਤੁਸੀਂ ਫਿਰ ਨਵਾਂ ਸ਼ਬਦ ਪੜ੍ਹਦੇ ਹੋ, ਜੋ ਕੀ ਪੋਥੀ ਵਿਚ ਨਹੀਂ ਹੁੰਦਾ ਅਤੇ ਸੰਗਤ ਪੁੱਛਦੀ ਹੈ ਕਿ ਇਹ ਸ਼ਬਦ ਕਿਥੋਂ ਹੈ ?

ਆਪ ਜੀ ਦਾ ਆਨੰਦ ਕਾਰਜ ਇਉਂ ਹੋਇਆ ਕਿ ਇਕ ਵਾਰ ਬਾਪੂ ਜੀ ਭਾਈ ਸਾਹਿਬ ਰਣਧੀਰ ਸਿੰਘ ਜੀ ਕਿਸੇ ਸਮਾਗਮ ਤੋਂ ਆਏ ਅਤੇ ਆਉਂਦੇ ਹੀ ਭਾਈ ਦਰਸ਼ਨ ਸਿੰਘ ‘ਗੜਗਜ’ ਜੀ ਨੂੰ ਕਿਹਾ ਕਿ ਮੈਂ ਮਹਿੰਦਰ ਕੌਰ ਵਾਸਤੇ ਲੜਕਾ ਵੇਖ ਆਇਆ ਹਾਂ। ਤੁਸੀਂ ਨਹੀਂ ਪੁੱਛਣਾ ਕਿ ਉਸ ਦੀ ਜਾਤ ਕੀ ਹੈ ਅਤੇ ਉਹ ਕੰਮ ਕੀ ਕਰਦਾ ਹੈ? ਸੋ ਗਲ ਬਾਤ ਹੋ ਕੇ ਰਿਸ਼ਤਾ ਹੋ ਗਿਆ। ਬਰਾਤ ਲੁਧਿਆਣਾ ਆਈ, ਭਾਈ ਸਾਹਿਬ ਜੀ ਨੇ ਆਪ ਲਾਵਾਂ ਪੜ੍ਹੀਆਂ। ਅਨੰਦ ਕਾਰਜ ਹੋਣ ਤੋਂ ਬਾਅਦ ਲੜਕਾ-ਲੜਕੀ ਆਪਣੀ ਬਿਰਾਦਰੀ ਵਿੱਚ ਬੈਠੇ ਸੀ, ਡੋਲੀ ਲਈ ਤਿਆਰੀ ਹੋ ਰਹੀ ਸੀ। ਬਾਪੂ ਜੀ, ਭਾਈ ਸਾਹਿਬ ਜੀ ਨੇ ਦੋਨਾਂ ਨੂੰ ਸੁਨੇਹਾ ਭਿਜਵਾਇਆ ਕਿ ਮੈਂ ਕਿਤੇ ਬਾਹਰ ਜਾ ਰਿਹਾ ਹਾਂ, ਆ ਕੇ ਮਿਲ ਜਾਓ। ਲੜਕਾ ਤੇ ਲੜਕੀ ਸ. ਹਰਬੰਸ ਸਿੰਘ ਜੀ ਅਤੇ ਬੀਬੀ ਮੋਹਿੰਦਰ ਕੌਰ ਜੀ ਭਾਈ ਸਾਹਿਬ ਜੀ ਨੂੰ ਮਿਲਣ ਆਏ ਤਾਂ ਭਾਈ ਸਾਹਿਬ ਨੇ ਦੋਨਾਂ ਨੂੰ ਕਾਰ



www.AKJ.Org

ਵਿੱਚ ਬਿਠਾ ਕੇ ਡੋਲੀ ਤੌਰ ਦਿੱਤੀ ਤੇ ਕਿਹਾ, ਹੁਣ ਡੋਲੀ ਤੁਰਨ ਵੇਲੇ ਲੜਕੀ ਦੇ ਮਾਤਾ-ਪਿਤਾ ਤੇ ਰਿਸ਼ਤੇਦਾਰ ਨਹੀਂ ਰੋਣਗੇ। ਜਦ ਰਿਸ਼ਤੇਦਾਰਾਂ ਨੇ ਪੁੱਛਿਆ ਕਿ ਲੜਕਾ ਲੜਕੀ ਕਿੱਥੇ ਗਏ ਤਾਂ ਭਾਈ ਸਾਹਿਬ ਜੀ ਨੇ ਕਿਹਾ ਕਿ ਮੈਂ ਡੋਲੀ ਤੌਰ ਦਿੱਤੀ ਹੈ।

ਕੁਝ ਸਮੇਂ ਬਾਅਦ ਹੀ ਸਰਦਾਰ ਹਰਬੰਸ ਸਿੰਘ ਜੀ ਦੀ ਬਦਲੀ ਸ੍ਰੀ ਅੰਮ੍ਰਿਤਸਰ ਵਿਖੇ ਹੋ ਗਈ। ਜਿੱਥੇ ਨਾਮ ਦੇ ਵਿੱਚ ਰੰਗੀਆਂ ਰੂਹਾਂ ਨਾਲ ਮੇਲ ਮਿਲਾਪ ਅਤੇ ਸੰਗਤ ਦੇ ਮੌਕੇ ਹੋਰ ਵੱਧ ਗਏ। ਇਸ ਸਮੇਂ ਤਕ ਆਪ ਜੀ ਦੇ ਦੋ ਬੇਟੇ ਹੋ ਚੁੱਕੇ ਸਨ। ਪਰਿਵਾਰ ਨੂੰ ਰਿਹਾਇਸ ਲਈ ਮਕਾਨ ਵੀ ਭਾਈ ਸਾਹਿਬ ਭਾਈ ਸੇਵਾ ਸਿੰਘ ਜੀ ਸਿੰਘ ਬ੍ਰਦਰਜ਼ ਵਾਲਿਆਂ ਦੇ ਘਰ ਵਿੱਚ ਹੀ ਮਿਲਿਆ। ਭਾਈ ਸੇਵਾ ਸਿੰਘ ਜੀ ਦੇ ਮਕਾਨ ਨਾਲ ਹੀ ਭਾਈ ਸੂਰਤ ਸਿੰਘ ਜੀ (ਪੂਰਨ ਦਾਰ ਜੀ) ਦੇ ਸਹੁਰਾ ਸਾਹਿਬ ਡਾ. ਹਰਬੰਸ ਸਿੰਘ ਜੀ ਕੁੱਬੀ ਬੇਰੀ ਵਾਲਿਆਂ ਦਾ ਮਕਾਨ ਵੀ ਲੱਗਦਾ ਸੀ। ਇਉਂ ਜਾਣੋ ਕਿ ਪਿੱਛੇ ਵਰਾਂਡਾ ਵੇਹੜਾ ਇਕੋ ਹੀ ਸਨ।

ਜਲਦੀ ਹੀ ਆਪ ਜੀ ਦੀ ਬਦਲੀ ਲਖਨਊ ਵਿਖੇ ਹੋ ਗਈ ਸੰਨ 1958 ਵਿੱਚ ਆਪ ਜੀ ਲਖਨਊ ਆ ਗਏ। ਇੱਥੇ ਰਹਿੰਦਿਆਂ ਆਪ ਜੀ ਨੇ ਜੀ.ਟੀ.ਆਈ. ਰੇਲਵੇ ਅਪਰੈਂਟਿਰਸ਼ਿਪ ਦਾ ਕੋਰਸ ਕੀਤਾ। ਏਥੇ ਆਉਂਦਿਆਂ ਹੀ ਆਪ ਜੀ ਦੀ ਸਿੰਘਣੀ ਬੀਬੀ ਮੋਹਿੰਦਰ ਕੌਰ ਜੀ ਨੂੰ ਗੁਰੂ ਨਾਨਕ ਵਿਦਿਆਲਾ ਵਿਖੇ ਹੈੱਡ ਮਾਸਟਰ ਦੀ ਨੌਕਰੀ ਮਿਲ ਗਈ। ਥੋੜੇ ਸਮੇਂ ਬਾਅਦ ਹੀ, ਆਪ ਜੀ ਦੀ ਬਦਲੀ ਵਾਪਸ ਅੰਮ੍ਰਿਤਸਰ ਹੋ ਗਈ। ਆਦੇਸ਼ ਸੀ ਕੀ ਆਪ ਜੀ ਖੜੇ ਪੈਰੀ ਵਾਪਿਸ ਜਾਓ। ਸਿੰਘਣੀ ਦੇ ਸਕੂਲ ਦੇ ਪ੍ਰਬੰਧਕਾਂ ਨੇ ਪਿਤਾ ਜੀ ਨੂੰ ਬਹੁਤ ਕਿਹਾ ਕਿ ਤੁਸੀਂ ਇਕ ਦਿਨ ਰੁਕੋ, ਅਸੀਂ ਬਦਲੀ ਵਾਪਸ ਕਰਵਾ ਦੇਂਦੇ ਹਾਂ। ਪਰ ਆਪ ਜੀ ਨਹੀਂ ਮੰਨੇ ਤੇ ਅੰਮ੍ਰਿਤਸਰ ਪੁੱਜ ਗਏ ਪਰ ਅਗਲੇ ਹੀ ਦਿਨ ਸਵੇਰੇ ਆਰਡਰ ਆਇਆ ਕਿ ਆਪ ਜੀ ਵਾਪਸ ਲਖਨਊ ਜਾਓ। ਉਸ ਤੋਂ ਬਾਅਦ ਸਾਰੀ ਨੌਕਰੀ ਲਖਨਊ ਵਿੱਚ ਹੀ ਕੀਤੀ।

ਲਖਨਊ ਵਿਖੇ ਆਪ ਜੀ ਦੀ ਪੋਸਟਿੰਗ ਲਖਨਊ ਵਰਕਸ਼ਾਪ ਵਿਖੇ ਹੋਈ। ਜਿੱਥੇ ਆਪ ਜੀ ਨੂੰ ਗਿਆਨੀ ਜੀ ਕਹਿ ਕੇ ਬੁਲਾਇਆ ਜਾਂਦਾ ਸੀ। ਆਪ ਜੀ ਕਾਫ਼ੀ ਉੱਦਮੀ ਸੁਭਾਓ ਦੇ ਸੀ। ਵਰਕਸ਼ਾਪ ਤੋਂ ਘਰ 5 ਕਿਲੋਮੀਟਰ ਦੂਰ ਸੀ। ਦੁਪਹਿਰ ਵੇਲੇ ਅੱਧੇ ਘੰਟੇ ਦੀ ਛੁੱਟੀ ਹੁੰਦੀ ਸੀ, ਜਿਸ ਵਿੱਚ ਆਪ ਜੀ ਰੋਟੀ ਖਾਣ ਘਰ ਆਉਂਦੇ, ਉਹ ਵੀ ਸਾਇਕਲ ਤੇ। ਭਾਵੇਂ ਆਉਣ ਜਾਣ ਹੀ ਹੁੰਦਾ ਸੀ। ਸਿਰਫ ਖਾਣਾ ਖਾਣ ਦਾ ਹੀ ਸਮਾਂ ਮਿਲਦਾ ਸੀ। ਜੇ ਕਦੇ ਕਹਿਣਾ ਕਿ ਸਵੇਰੇ ਨਾਲ ਲੈ ਜਾਇਆ ਕਰੋ ਤਾਂ ਆਖਦੇ ਸੀ ਕਿ ਬੰਦਾ ਰੋਟੀ ਲਈ ਸਾਰੀ ਭੱਜ-ਦੌੜ ਕਰਦਾ ਹੈ, ਜੇ ਰੋਟੀ ਵੀ ਤਾਜੀ ਗਰਮ ਨਹੀਂ ਖਾਧੀ ਤਾਂ ਇਤਨੀ ਮਿਹਨਤ ਮੁਸ਼ਕਤ ਕਰਨ ਦਾ ਕੀ ਲਾਭ? ਆਪ ਜੀ ਨੇ ਸਾਰੀ ਉਮਰ ਸਾਈਕਲ ਦੀ ਵਰਤੋਂ ਕੀਤੀ, ਬੱਚਿਆਂ ਦੇ ਬਹੁਤ ਕਹਿਣ ਤੇ ਵੀ ਸਕੂਟਰੀ ਆਦਿ ਨਹੀਂ ਲਈ।

ਲਖਨਊ ਵਿਖੇ ਹੋਈ ਬਦਲੀ ਸਮੇਂ ਹੀ ਇੱਕ ਹੋਰ ਘਟਨਾ ਵਾਪਰੀ, ਆਪ ਜੀ ਦੇ ਛੋਟੇ ਬੇਟੇ ਦੀ ਉਮਰ ਢਾਈ ਕੁ ਸਾਲ ਦੀ ਸੀ ਜਿਸ ਦਾ ਨਾਮ ਗੁੰਦੀ ਸੀ। ਉਸ ਦਾ ਪੇਟ ਖਰਾਬ ਹੋ ਗਿਆ ਜਿਸ ਸਕੂਲ ਵਿੱਚ ਆਪ ਦੀ ਸਿੰਘਣੀ ਨੌਕਰੀ ਕਰਦੀ ਸੀ, ਉਸ ਦੀ ਇਕ ਟੀਚਰ ਨੇ ਅਣਗਹਿਲੀ ਵਸ ਗੁੰਦੀ ਨੂੰ ਅੰਡੇ ਦਾ ਪਾਣੀ ਪੀਣ ਨੂੰ ਦੇ ਦਿੱਤਾ। ਅਗਲੇ ਹੀ ਦਿਨ ਗੁੰਦੀ ਦੇ ਨਾਨਾ ਜੀ ਭਾਈ ਦਰਸ਼ਨ ਸਿੰਘ 'ਗੜਗਜ' ਜੀ ਨੂੰ ਭਾਈ ਸਾਹਿਬ (ਰਣਧੀਰ ਸਿੰਘ ਜੀ) ਨੇ ਪੁੱਛਿਆ ਕਿ ਗੁੰਦੀ ਨੂੰ ਕੀ ਹੋਇਆ? ਮਹਿੰਦਰ ਕੌਰ ਨੇ ਉਸ ਨੂੰ ਅੰਡੇ ਦਾ ਪਾਣੀ ਦੇ ਦਿੱਤਾ ਹੈ। ਬਸ ਉਸੇ ਵੇਲੇ ਗੜਗਜ ਜੀ ਨੇ ਲਖਨਊ ਫੋਨ ਕਰਕੇ ਪੁੱਛਿਆ ਕਿ ਬਾਪੂ ਜੀ ਇਉਂ ਕਹਿ ਰਹੇ ਸੀ, ਸੋ ਲੁਧਿਆਣੇ ਆਓ। ਅਗਲੇ ਹੀ ਦਿਨ ਆਪ ਲੁਧਿਆਣੇ ਪੁੱਜੇ। ਭਾਈ ਸਾਹਿਬ ਜੀ ਨੇ ਪੰਜਾਂ ਸਿੰਘਾਂ ਸਮੇਤ ਆਪ ਅੰਮ੍ਰਿਤ ਤਿਆਰ ਕੀਤਾ ਤੇ ਗੁੰਦੀ ਨੂੰ ਆਪ ਗੋਦੀ ਵਿੱਚ ਲੈ ਕੇ ਛਕਾਇਆ ਅਤੇ ਨਾਮ ਰਖਿਆ ਆਗਿਆ ਪਾਲ ਸਿੰਘ ਤੇ ਨਾਲ ਹੀ ਹਿਦਾਇਤ ਦਿੱਤੀ ਕਿ ਪੂਰਨ ਮਰਿਆਦਾ ਦਾ ਧਿਆਨ ਰੱਖੋ।

ਲਖਨਊ ਵਿੱਚ ਰਹਿੰਦਿਆਂ ਆਪ ਜੀ ਦੇਸ਼ ਭਰ ਵਿੱਚ ਹੋਣ ਵਾਲੇ ਵੱਖ-ਵੱਖ ਕੇਂਦਰੀ ਸਮਾਗਮਾਂ ਵਿੱਚ ਕੀਰਤਨ ਦੀ ਹਾਜ਼ਰੀ ਭਰਦੇ ਸੀ। ਭਾਈ ਸਾਹਿਬ ਜੋਗਿੰਦਰ ਸਿੰਘ ਜੀ ਤਲਵਾੜੇ ਵਾਲੇ ਭਾਈ ਮੇਹਰ ਸਿੰਘ ਜੀ, ਭਾਈ ਸਾਹਿਬ ਪ੍ਰੀਤਮ



www.AKJ.Org

ਸਿੰਘ ਚਾਂਨੀ ਜੀ ਨਾਲ ਕਾਫ਼ੀ ਸਾਂਝ ਸੀ ਅਤੇ ਇਕੱਠੇ ਹਾਜ਼ਰੀ ਭਰਦੇ ਸੀ। ਕਾਨਪੁਰ ਨਿਵਾਸੀ ਭਾਈ ਮੋਹਨ ਸਿੰਘ ਜੀ ਗਾਰਡ ਸਾਹਿਬ ਨਾਲ ਤਾਂ ਕਾਫੀ ਆਉਣਾ ਜਾਣਾ ਸੀ। ਲਖਨਉ ਵਿੱਚ ਰਹਿੰਦਿਆਂ, ਨੌਕਰੀ ਦੇ ਨਾਲ, ਆਪ ਜੀ ਨੇ ਸੰਗੀਤ ਦੇ ਖੇਤਰ ਵਿੱਚ, ਇਲਾਹਾਬਾਦ ਤੋਂ ਸੱਤ ਸਾਲ ਸਿੱਖਿਆ ਲੈ ਕੇ ਪ੍ਰਬੀਨਤਾ ਹਾਸਲ ਕੀਤੀ। ਲਖਨਊ ਦੇ ਸੰਗੀਤ ਵਿਦਿਆਲਾ (ਭਾਤ ਖੰਡੇ) ਨਾਲ ਆਪ ਜੀ ਦੀ ਸਾਂਝ ਰਹੀ। ਆਪ ਜੀ ਹਰਮੋਨੀਅਮ, ਬੈਂਜੋ, ਤਾਨਪੁਰਾ, ਸਿਤਾਰ ਦੇ ਸ਼ੌਂਕੀਨ ਸਨ ਅਤੇ ਵਕਤ ਪੈਣ ਤੇ ਤਬਲਾ ਵੀ ਵਜਾ ਲੈਂਦੇ ਸੀ। ਪੜ੍ਹਨ ਦਾ ਕਾਫ਼ੀ ਸ਼ੌਂਕ ਸੀ, ਉਨ੍ਹਾਂ ਕੀਰਤਨ ਲਈ ਕਈ ਡਾਇਰੀਆਂ ਤਿਆਰ ਕੀਤੀਆਂ ਹੋਈਆਂ ਸਨ ਜਿੰਨ੍ਹਾਂ ਵਿਚ ਵੱਖ-ਵੱਖ ਪ੍ਰਕਰਣਾਂ ਮੁਤਾਬਕ ਸ਼ਬਦ ਲਿਖਦੇ ਰਹਿੰਦੇ ਸੀ। ਲਖਨਊ ਵਿਖੇ ਸਿੰਘਾਂ ਦੀ ਗਿਣਤੀ ਘੱਟ ਹੋਣ ਕਰਕੇ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਹਫਤਾਵਾਰੀ ਵੀਰਵਾਰ ਸ਼ਾਮ ਅਤੇ ਐਤਵਾਰ ਆਸਾ ਦੀ ਵਾਰ ਦੇ ਕੀਰਤਨ ਦੀ ਹਾਜ਼ਰੀ ਨੇਮ ਨਾਲ ਭਰਦੇ ਸੀ। ਆਪ ਜੀ ਸਟੱਡੀ ਸਰਕਲ ਕੀਰਤਨ ਕੌਂਸਲ ਦੇ ਪ੍ਰਧਾਨ ਵੀ ਰਹੇ।

ਲਖਨਊ ਵਿਖੇ ਆਪ ਜੀ ਨੇ ਭਾਈ ਸਮੁੰਦ ਸਿੰਘ ਸੰਗੀਤ ਅਕਾਦਮੀ ਆਰੰਭ ਕੀਤੀ ਅਤੇ ਜਿਸ ਰਾਹੀਂ ਸੈਂਕੜੇਂ ਬੱਚਿਆਂ ਨੂੰ ਮੁਫ਼ਤ ਕੀਰਤਨ ਦੀ ਦਾਤ ਬਖ਼ਸ਼ੀ ਜਿੰਨਾਂ ਨੇ ਅੱਜ ਵੀ ਕੀਰਤਨ ਦੀ ਲੜੀ ਜਾਰੀ ਰੱਖੀ ਹੋਈ ਹੈ। ਆਪ ਜੀ ਦੇ ਪੰਜ ਬੇਟੇ ਹਨ, ਜਿੰਨ੍ਹਾਂ 'ਚੋਂ ਵੱਡੇ ਦੋਨੋਂ ਬੇਟਿਆਂ ਦੇ ਪਰਿਵਾਰਾਂ ਦੀ ਸਾਂਝ ਅਖੰਡ ਕੀਰਤਨੀ ਜੱਥੇ ਨਾਲ ਹੈ। ਕੋਲੋਂ ਪਾਤਸ਼ਾਹ ਕਿਰਪਾ ਕਰਕੇ ਲਖਨਊ ਸਮਾਗਮ ਦੀ ਸੇਵਾ ਵੀ ਲੈਂਦੇ ਹਨ।

ਇਕ ਵਾਰ ਭਾਈ ਹਰਬੰਸ ਸਿੰਘ ਜੀ ਆਪਣੇ ਬੇਟੇ ਕੋਲ ਦੁਬਈ ਗਏ। ਉਸ ਸਮੇਂ ਉੱਥੇ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਆਇਆ। ਕਈ ਰਾਗੀ ਜੱਥੇ ਆਏ ਹੋਏ ਸਨ। ਉੱਥੋਂ ਦੇ ਸ਼ੇਖ਼ ਦਾ ਨਿੱਜੀ ਸਕੱਤਰ ਜੋ ਇੱਕ ਸਿੰਧੀ ਸੀ, ਨੇ ਆਪਣੇ ਘਰ ਕੀਰਤਨ ਰਖਵਾਇਆ, ਪਰ ਸ਼ਰਤ ਰੱਖੀ ਕਿ ਪੂਰੀ ਆਸਾ ਦੀ ਵਾਰ ਦਾ ਕੀਰਤਨ ਕਰਨਾ ਹੈ। ਸਾਰੇ ਜੱਥਿਆਂ ਨੇ ਮਨ੍ਹਾ ਕਰ ਦਿੱਤਾ। ਉਸ ਸਿੰਧੀ ਨੂੰ ਕਿਸੇ ਨੇ ਆਪ ਜੀ ਬਾਰੇ ਦੱਸਿਆ ਕਿ ਉਹ ਕੀਰਤਨ ਕਰਦੇ ਹਨ। ਉਸ ਨੇ ਟਿਕਾਣਾ ਲਭ ਕੇ ਫੋਨ ਕੀਤਾ ਅਤੇ ਗੱਡੀ ਭਿਜਵਾਈ ! ਬੁਲਾ ਕੇ ਬੜੀ ਸ਼ਰਧਾ ਨਾਲ ਕੀਰਤਨ ਸੁਣਿਆ ਅਤੇ ਬੜਾ ਹੀ ਮਾਣ ਦਿੱਤਾ।

ਆਪ ਜੀ ਜੱਥੇ ਦੇ ਨਿਰਬਾਣ ਤੇ ਨਿਰਮਾਣ ਕੀਰਤਨੀਏ ਸਨ। ਵੱਡ ਪਰਵਾਰੀ ਹੋਣ ਅਤੇ ਮਾਇਕ ਵਸੀਲੇ ਘੱਟ ਹੋਣ ਦੇ ਬਾਵਜੂਦ ਵੀ ਸਾਰੇ ਕੇਂਦਰੀ ਸਮਾਗਮਾਂ ਤੇ ਸੰਗਤਾਂ ਨੂੰ ਨਾਲ ਲੈ ਕੇ ਪੁੱਜਦੇ ਸਨ। ਕਿਰਾਇਆ ਵੀ ਕੋਲੋਂ ਖਰਚਣਾ ਤੇ ਕੋਈ ਕੀਰਤਨ ਭੇਟਾ ਵੀ ਨਹੀਂ ਲੈਣੀ। ਆਪ ਕੀਰਤਨ ਦੇ ਰਸੀਏ ਸਨ ਤੇ ਕੀਰਤਨ ਸ੍ਰਵਣ ਕਰਨ ਨੂੰ ਪਹਿਲ ਦਿੰਦੇ ਸਨ। ਇਕ ਵਾਰੀ ਦਿੱਲੀ ਸਮਾਗਮ ਤੇ ਸੰਗਤਾਂ ਸਮੇਤ ਹਾਜ਼ਰੀ ਭਰਨ ਲਈ ਪਹੁੰਚੇ। ਆਪ ਜੱਥੇ ਦੇ ਉਨ੍ਹਾਂ ਬਹੁਤ ਘੱਟ ਕੀਰਤਨੀਆਂ ਵਿਚੋਂ ਸਨ ਜਿਨ੍ਹਾਂ ਨੂੰ ਰਾਗ ਵਿਦਿਆ, ਸੁਰ ਤਾਲ ਦੀ ਪੂਰੀ ਜਾਣਕਾਰੀ ਸੀ। ਆਪ ਹਮੇਸ਼ਾ ਪੱਕੇ ਰਾਗਾਂ ਵਿਚ ਹੀ ਅਖੰਡ ਕੀਰਤਨ ਦੀਆਂ ਧੁੰਨੀਆਂ ਗਜਾਉਂਦੇ ਸਨ। ਇਸ ਸਮਾਗਮ ਤੇ ਪ੍ਰਬੰਧਕਾਂ ਨੇ ਸਾਰੇ ਸਮਾਗਮ ਦੌਰਾਨ ਆਪ ਜੀ ਨੂੰ ਕੀਰਤਨ ਦੀ ਹਾਜ਼ਰੀ ਭਰਨ ਲਈ ਸਮਾਂ ਨਾ ਦਿੱਤਾ। ਜਦੋਂ ਸਮਾਪਤੀ ਤੋਂ ਬਾਅਦ ਆਪ ਵਾਪਿਸ ਜਾਣ ਲੱਗੇ ਤੇ ਕੁਝ ਸਿੰਘਾਂ ਨੇ ਪੁੱਛਿਆ ਕਿ ਪ੍ਰਬੰਧਕਾਂ ਨੇ ਆਪ ਜੀ ਕੋਲੋਂ ਕੀਰਤਨ ਦੀ ਹਾਜ਼ਰੀ ਕਿਉਂ ਨਹੀਂ ਭਰਵਾਈ? ਆਪ ਜੀ ਦਾ ਉੱਤਰ ਸੀ ਕਿ ਮੈਂ ਸਮਾਗਮ ਤੇ ਕੀਰਤਨ ਕਰਨ ਲਈ ਨਹੀਂ ਸੀ ਆਇਆ, ਕੇਵਲ ਕੀਰਤਨ ਸ੍ਰਵਣ ਕਰਨ ਅਤੇ ਨਾਮ ਬਾਣੀ ਦੇ ਲਾਹੇ ਲੈਣ ਆਇਆ ਸੀ, ਜੋ ਕਿ ਗੁਰੂ ਦੀ ਬਖਸ਼ਿਸ਼ ਨਾਲ ਆਪਣੀ ਝੋਲੀ ਭਰ ਕੇ ਜਾ ਰਿਹਾ ਹਾਂ। ਮੈਂ ਕੁਝ ਦੇਣ ਲਈ ਨਹੀਂ ਆਇਆ ਸੀ, ਸਗੋਂ ਇਥੋਂ ਸੰਗਤਾਂ ਦੀ ਚਰਨ ਧੂੜ ਲੈਣ ਆਇਆ ਸਾਂ। **ਇਹੀ ਇਕ ਵੱਡਾ ਫਰਕ ਹੈ, ਪੁਰਾਤਨ ਕੀਰਤਨੀਆਂ ਅਤੇ ਨਵੀਨ ਕੀਰਤਨੀਆਂ ਦੀ ਸੋਚ ਵਿਚ, ਜਿਨ੍ਹਾਂ ਵਿਚੋਂ ਬਹੁਤੇ ਜੱਥੇ ਦੇ ਕੀਰਤਨ ਸਮਾਗਮਾਂ ਨੂੰ ਆਪਣੀ ਮਸ਼ਹੂਰੀ ਅਤੇ ਪੇਸ਼ਾਵਾਰ ਧੰਧੇ ਲਈ ਪਉੜੀ ਦੀ ਤਰ੍ਹਾਂ ਵਰਤਦੇ ਹਨ, ਨਾ ਕਿ ਸਮਾਗਮ ਵਿਚ ਆਪਣੇ ਆਤਮਿਕ ਲਾਹੇ ਲਈ ਹਾਜ਼ਰੀ ਭਰਨ ਆਉਂਦੇ ਹਨ।**

ਲਖਨਊ ਵਿਖੇ ਆਪ ਜੀ ਦੀ ਪਹਿਚਾਣ ਕੀਰਤਨੀਏ ਦੇ ਨਾਲ-ਨਾਲ ਲਿਟਰੇਚਰ ਵੰਡਣ ਵਾਲੀ ਸ਼ਖ਼ਸ਼ੀਅਤ ਦੇ ਤੌਰ ਤੇ ਵੀ ਸੀ। ਆਪ ਜੀ ਕਈ ਸੰਸਥਾਵਾਂ ਤੋਂ ਲਾਗਤ ਮੁਲ ਤੇ ਲਿਟਰੇਚਰ ਖਰੀਦ ਕੇ ਵੰਡਦੇ ਸਨ।

ਜੀਵਨ ਦੇ ਅੰਤਲੇ ਸਮੇਂ ਬਿਮਾਰੀ ਦੇ ਬਾਵਜੂਦ ਆਪ ਜੀ ਸਥਾਨਕ ਗੁਰਦੁਆਰਾ ਸਾਹਿਬਾਨਾਂ ਵਿੱਚ ਕੀਰਤਨ ਦੀ ਹਾਜ਼ਰੀ ਭਰਦੇ ਸੀ। ਆਪ ਜੀ ਦੀ ਪੋਤਰੀ ਬੱਚੀ ਬ੍ਰਹਮਜੋਤ ਕੌਰ ਕਿਰਪਾ ਜਿਸ ਨੂੰ ਕੀਰਤਨ ਦੀ ਦਾਤ ਪਾਤਸ਼ਾਹ ਵੱਲੋਂ ਕੁਦਰਤੀ ਮਿਲੀ ਹੋਈ ਹੈ, ਉਸ ਵਿੱਚ ਹੋਰ ਨਿਖਾਰ ਲੈ ਕੇ ਆਉਣ ਦੀ ਆਪ ਜੀ ਨੂੰ ਬੜੀ ਖਿੱਚ ਰਹਿੰਦੀ ਸੀ, ਜਿਸ ਬਾਬਤ ਆਪ ਜੀ ਯਤਨਸ਼ੀਲ ਰਹਿੰਦੇ ਸਨ।

24 ਜੁਲਾਈ 2008 ਨੂੰ 80 ਸਾਲ ਦੀ ਉਮਰ ਵਿੱਚ ਆਪਣਾ ਜੀਵਨ ਸਫਲ ਕਰਦੇ ਹੋਏ ਪੰਜ ਭੂਤਕ ਚੋਲਾ ਤਿਆਗ ਕੇ ਗੁਰੂ ਚਰਨਾਂ ਵਿਚ ਜਾ ਬਿਰਾਜੇ। ਜਾਣ ਤੋਂ ਪਹਿਲਾਂ ਆਪਣਾ ਹਰਮੋਨੀਅਮ ਆਪਣੀ ਪੋਤਰੀ ਬ੍ਰਹਮਜੋਤ ਕੌਰ 'ਕਿਰਪਾ' ਦੀ ਗੋਦ ਵਿੱਚ ਦੇ ਗਏ, ਜੋ ਗੁਰੂ ਦੀ ਕਿਰਪਾ ਨਾਲ ਸਮਾਗਮਾਂ ਸਮੇਂ ਕੀਰਤਨ ਦੀ ਹਾਜ਼ਰੀ ਭਰ ਕੇ ਸੰਗਤਾਂ ਦੀ ਅਸੀਸ ਦੀ ਪਾਤਰ ਬਣ ਰਹੀ ਹੈ।

ਆਪ ਜੀ ਦੀ ਆਤਮਿਕ ਸਹਾਇਤਾ ਲਈ ਹੋਏ ਅਰਦਾਸ ਸਮਾਗਮ ਵੇਲੇ, ਫ੍ਰੀ ਲਿਟਰੇਚਰ ਦਾ ਵੱਡਾ ਸਾਰਾ ਸਟਾਲ ਲਗਵਾ ਕੇ, ਸੰਗਤਾਂ ਨੂੰ ਬੇਨਤੀ ਕੀਤੀ ਗਈ ਕਿ ਲਿਟਰੇਚਰ ਜ਼ਰੂਰ ਲੈ ਕੇ ਜਾਓ, ਇਹੀ ਉਨ੍ਹਾਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ। ਮੋਢੇ ਤੇ ਲਿਟਰੇਚਰ ਦਾ ਥੈਲਾ ਟੰਗੇ ਵਾਲੇ ਨੂੰ ਅੱਜ ਵੀ ਲੋਗ ਯਾਦ ਕਰਦੇ ਹਨ।

# ਬੀਬੀ ਮਹਿੰਦਰ ਕੌਰ ਜੀ ਲੁਧਿਆਣਾ

ਭਾਈ ਗੁਰਦੀਪ ਸਿੰਘ ਸ੍ਰੀ ਅੰਮ੍ਰਿਤਸਰ

ਜਥੇ ਦੀਆਂ ਪੁਰਾਤਨ ਕੀਰਤਨੀ ਅਤੇ ਭਾਈ ਸਾਹਿਬ ਜੀ ਦੇ ਪਿਆਰ ਦੇ ਨਿੱਘ ਮਾਣਨ ਵਾਲੀ ਬੀਬੀ ਮਹਿੰਦਰ ਕੌਰ ਜੀ ਦਾ ਜਨਮ ਪਿੰਡ ਮੇਂਗਣ, ਜ਼ਿਲ੍ਹਾ ਚਕਵਾਲ, ਪਾਕਿਸਤਾਨ ਵਿਚ ਪਿਤਾ ਸ. ਹਰੀ ਸਿੰਘ ਅਤੇ ਮਾਤਾ ਸ਼ਰਨ ਕੌਰ ਜੀ ਦੇ ਘਰ ਸੰਨ 1921 ਵਿਚ ਹੋਇਆ। ਆਪ ਜੀ ਪੰਜ ਪੈਣਾਂ ਤੇ ਤਿੰਨ ਭਰਾ ਸਨ। ਮਾਤਾ ਪਿਤਾ ਜੀ ਗੁਰਸਿਖੀ ਦੀ ਰਹਿਤ-ਬਹਿਤ ਦੇ ਧਾਰਨੀ ਅਤੇ ਗੁਰੂ ਘਰ ਦੇ ਸ਼ਰਧਾਲੂ ਸਨ। ਪਿਤਾ ਜੀ ਦਾ ਕਪੜੇ ਦਾ ਕਾਰੋਬਾਰ ਸੀ। ਆਪ ਨੇ ਮੁੱਢਲੀ ਵਿਦਿਆ ਪੰਜਵੀਂ ਤਕ ਪਿੰਡ ਦੇ ਸਕੂਲ ਤੋਂ ਲਈ ਅਤੇ ਅਗੋਂ ਵਿਦਿਆ ਦੇ ਸਾਧਨ ਨਾ ਹੋਣ ਕਾਰਨ ਤੇ ਲੜਕੀਆਂ ਨੂੰ ਉੱਚ ਵਿਦਿਆ ਨਾ ਦੇਣ ਦੀ ਰੀਤ ਹੋਣ ਕਾਰਨ ਆਪ ਅਗੇ ਪੜ੍ਹਾਈ ਨਹੀਂ ਕਰ ਸਕੇ। ਗਰਸਿਖੀ ਦੀ ਲਗਨ ਮਾਤਾ-ਪਿਤਾ ਤੋਂ ਬਚਪਨ ਵਿਚ ਹੀ ਲੱਗ ਗਈ ਸੀ। ਸੋ, ਅੰਮ੍ਰਿਤ ਛੱਕ ਕੇ ਗੁਰੂ ਚਰਨਾਂ ਨਾਲ ਜੁੜ ਗਏ।

ਉਸ ਵੇਲੇ ਬਾਲ ਵਿਆਹ ਦਾ ਰਿਵਾਜ਼ ਸੀ ਅਤੇ 14 ਸਾਲ ਦੀ ਉਮਰ ਵਿਚ ਹੀ ਆਪ ਦਾ ਆਨੰਦ ਕਾਰਜ ਸ. ਅਰਜਨ ਸਿੰਘ ਜੀ, ਜਿਨ੍ਹਾਂ ਦੇ ਮਾਤਾ ਪਿਤਾ ਜੰਡਿਆਲਾ ਗੁਰੂ, ਸ੍ਰੀ ਅੰਮ੍ਰਿਤਸਰ ਤੋਂ ਜਾ ਕੇ ਪਾਕਿਸਤਾਨ ਵੱਸ ਗਏ ਹਨ, ਨਾਲ ਸੰਨ 1935 ਵਿਚ ਹੋ ਗਿਆ। ਆਪ ਜੀ ਦੇ ਸਿੰਘ ਸਾਹਿਬ ਭਾਰਤੀ ਫੌਜ ਵਿਚ ਨੌਕਰੀ ਕਰਦੇ ਸਨ ਤੇ ਉਨ੍ਹਾਂ ਦੀ ਬਰਮਾ ਦੀ ਹੱਦ 'ਤੇ ਤਾਇਨਾਤੀ ਹੋਈ ਸੀ। ਉਥੇ ਹੀ ਸੰਨ 1936 ਵਿਚ ਬਰਮਾ ਦੀ ਲੜਾਈ ਵਿਚ ਉਹ ਗੁੰਮ ਹੋ ਗਏ ਜਿਸ ਦੀ ਕੋਈ ਮੁੜ ਕੇ ਸੂਹ ਨਹੀਂ ਨਿਕਲੀ।

ਆਪ ਜੀ ਨੇ ਬਾਕੀ ਸਾਰੀ ਉਮਰ ਜਤੀ-ਸਤੀਆਂ ਵਾਂਗ ਨਿਭਾਈ ਤੇ ਮੁੜ ਵਿਆਹ ਨਹੀਂ ਕਰਵਾਇਆ। ਗੁਰੂ ਦੇ ਭਾਣੇ ਨੂੰ ਮਿੱਠਾ ਕਰਕੇ ਮੰਨਦੇ ਹੋਏ ਸਬਰ ਸ਼ੁਕਰ ਵਿਚ ਰਹੇ। ਆਪ ਆਪਣੇ ਸਹੁਰੇ ਪਰਿਵਾਰ ਵਿਚ ਬਹੁਤਾ ਚਿਰ ਨਹੀਂ ਰਹੇ ਤੇ ਸਾਰੀ ਉਮਰ ਪੇਕਾ ਘਰ ਅਤੇ ਗੁਰੂ ਸੰਗਤਾਂ ਵਿਚ ਵਿਚਰਦਿਆਂ ਹੀ ਬਿਤਾਈ। ਇਨ੍ਹਾਂ ਦਾ ਸਹੁਰਾ ਪਰਿਵਾਰ ਵੀ ਅੰਮ੍ਰਿਤਧਾਰੀ ਗਰਸਿਖ ਪਰਿਵਾਰ ਸੀ ਅਤੇ ਇਨ੍ਹਾਂ ਆਪਣੀ ਇਕ ਭਤੀਜੀ ਦਾ ਰਿਸ਼ਤਾ ਵੀ ਆਪਣੇ ਦਿਉਰ ਨਾਲ



www.AKJ.Org

ਕਰਵਾਇਆ ਸੀ। ਆਪ ਜੀ ਪੇਕੇ ਘਰ ਹੀ ਸਿਲਾਈ ਕਢਾਈ ਦਾ ਕੰਮ ਕਰਕੇ ਆਪਣਾ ਗੁਜ਼ਾਰਾ ਕਰਦੇ ਰਹੇ। ਦੇਸ਼ ਆਜ਼ਾਦ ਹੋਣ ਤੋਂ ਬਾਅਦ ਆਪ ਨੂੰ ਸੁਤੰਤਰਤਾ ਸੰਗਰਾਮੀਆਂ ਵਾਲੀ ਪੈਨਸ਼ਨ ਵੀ ਲੱਗ ਗਈ ਸੀ।

ਆਪ ਜੀ ਨੇ ਕੀਰਤਨ ਕਿਥੋਂ ਤੇ ਕਦੋਂ ਸਿਖਿਆ, ਭਾਈ ਸਾਹਿਬ ਜੀ ਨਾਲ ਮਿਲਾਪ ਕਦੋਂ ਅਤੇ ਕਿਸ ਤਰਾਂ ਹੋਇਆ, ਨਹੀਂ ਪਤਾ ਲੱਗ ਸਕਿਆ। ਪ੍ਰੋ. ਠਾਕੁਰ ਸਿੰਘ ਜੀ ਰਚਿਤ 'ਪੂਰਬ ਕਰਮ ਕੇ ਮਿਲੇ ਸੰਜੋਗੀ' ਦੇ ਪੰਨਾ 92 'ਤੇ ਜ਼ਿਕਰ ਆਉਂਦਾ ਹੈ ਕਿ ਸੰਨ 1940 ਵਿਚ ਭਾਈ ਸਾਹਿਬ ਜੀ ਗਰਮੀਆਂ ਵਿਚ ਕਸ਼ਮੀਰ ਫੇਰੀ ਵੇਲੇ ਸ੍ਰੀ ਅੰਮ੍ਰਿਤਸਰ ਸ੍ਰੀ ਦਰਬਾਰ ਸਾਹਿਬ ਜੀ ਦੇ ਦਰਸ਼ਨ ਇਸ਼ਨਾਨ ਕਰਕੇ, ਡਾਕਟਰ ਬਸੰਤ ਸਿੰਘ ਜੀ ਪਾਸ ਪਿੰਡ ਸੇਖਵਾਂ, ਜ਼ਿਲ੍ਹਾ ਸਿਆਲਕੋਟ ਨੂੰ ਚਾਲੇ ਪਾਏ। ਉਥੇ ਸ੍ਰੀ ਅਖੰਡ ਪਾਠ ਸਾਹਿਬ ਸਮਾਗਮ ਹੋਇਆ। ਭੋਗ ਤੋਂ ਬਾਅਦ ਦੁਪਹਿਰ ਤੱਕ ਸ੍ਰੀ ਆਸਾ ਕੀ ਵਾਰ ਦਾ ਕੀਰਤਨ ਹੋਇਆ, ਜਿਸ ਵਿਚ ਆਪ ਜੀ ਨੇ ਬੜੇ ਬੈਰਾਗ ਰੰਗਾਂ ਵਿਚ **'ਹਰਿ ਦਰਸਨ ਕਉ ਮੇਰਾ ਮਨੁ ਬਹੁ ਤਪਤੈ ਜਿਉ ਤ੍ਰਿਖਾਵੰਤੁ ਬਿਨੁ ਨੀਰ ॥'** ਵਾਲਾ ਸ਼ਬਦ ਪੜ੍ਹਿਆ। ਉਨ੍ਹਾਂ ਦਿਨਾਂ ਵਿਚ ਆਪ ਜੀ ਉਪਰ ਨਾਮ-ਸਿਮਰਨ ਦੀ ਅਪਾਰ ਬਖ਼ਸ਼ਿਸ਼ ਸੀ ਅਤੇ ਬੈਰਾਗ ਦੀ ਐਸੀ ਅਵਸਥਾ ਤਾਰੀ ਸੀ ਕਿ ਅੰਗ ਅੰਗ ਵਿਚੋਂ ਬਿਰਹੋਂ ਕਾਂਗਾ ਉੱਮਡਦੀਆਂ ਸਨ। **'ਮੇਰੈ ਮਨਿ ਪ੍ਰੇਮੁ ਲਗੋ ਹਰਿ ਤੀਰ'** ਦੀ ਧੁਨੀ ਦੀਆਂ ਐਸੀਆਂ ਗੂੰਜਾਂ ਪਈਆਂ ਕਿ ਸ਼ਬਦ ਦਾ ਇਕ ਇਕ ਅੱਖਰ ਸੰਗਤ ਦੇ ਹਿਰਦੇ ਅੰਦਰ ਤੀਰ ਵਾਂਗ ਵੱਜ ਰਿਹਾ ਸੀ। ਜਿਹੜੀਆਂ ਸੰਗਤਾਂ ਕੀਰਤਨ ਦੇ ਬਾਹਰ ਸਨ ਉਹ ਵੀ ਸ਼ਬਦ ਦੀ ਖਿੱਚ ਵਿਚ ਅੰਦਰ ਆ ਇਕੱਠੀਆਂ ਹੋਈਆਂ। ਭਾਈ ਸਾਹਿਬ ਜੀ ਆਪ ਜੀ ਦੇ ਪਾਸ ਬੈਠੇ ਹੌਂਸਲਾ ਦੇ ਰਹੇ ਸਨ ਅਤੇ ਪਿਆਰ ਅਸੀਸਾਂ ਦੇ ਰਹੇ ਸਨ। ਇਹੋ ਜਿਹੇ ਸਮੇਂ ਸਤਿਗੁਰੂ ਜੀ ਆਪ ਹੀ ਤ੍ਰੁੱਠ ਕੇ ਬਖ਼ਸ਼ਿਸ਼ ਕਰਦੇ ਹਨ। ਸਾਰੀ ਸੰਗਤ ਨਿਹਾਲੋ ਨਿਹਾਲ ਹੋ ਗਈ।

ਦੇਸ਼ ਦੀ ਵੰਡ ਸਮੇਂ ਆਪ ਆਪਣੇ ਪੇਕਾ ਪਰਿਵਾਰ ਸਮੇਤ ਜ਼ਿਲ੍ਹਾ ਚਕਵਾਲ ਦੇ ਪਿੰਡ ਵਿਚ ਹੀ ਰਹਿ ਰਹੇ ਸਨ। ਭਾਈ ਸਾਹਿਬ ਜੀ ਨੇ ਖ਼ਾਸ ਤੌਰ 'ਤੇ ਇਕ ਚਿੱਠੀ ਆਪ ਜੀ ਦੇ ਪਿਤਾ ਜੀ ਅਤੇ ਭਰਾ ਭਾਈ ਤੀਰਥ ਸਿੰਘ ਜੀ (ਜੋ ਬਾਅਦ ਦਿੱਲੀ ਅਖੰਡ ਕੀਰਤਨੀ ਜਥੇ ਦੇ ਪ੍ਰਮੁੱਖ ਸਿੰਘਾਂ ਵਿਚੋਂ ਸਨ) ਨੂੰ ਲਿਖੀ ਕਿ ਹਾਲਾਤ ਮਾੜੇ ਹੋ ਰਹੇ ਹਨ, ਮੌਕਾ ਸੰਭਾਲੋ।

ਦੂਸਰੀ ਫਿਰ ਚਿੱਠੀ ਲਿਖੀ ਅਤੇ ਲੁਧਿਆਣੇ ਆ ਜਾਣ ਵਾਸਤੇ ਆਖਿਆ। ਫਿਰ ਭਾਈ ਸਾਹਿਬ ਜੀ ਨੇ ਪਾਕਿਸਤਾਨ ਤੋਂ ਉੱਜੜ ਕੇ ਆਉਣ 'ਤੇ, ਆਪਣੇ ਪਿੰਡ ਨਾਰੰਗਵਾਲ ਦੇ ਕੋਲ ਹੀ ਪਿੰਡ ਘੁੰਗਰਾਣੇ ਦੇ ਗੁਰਦੁਆਰੇ ਵਿਚ ਇਨ੍ਹਾਂ ਦੀ ਰਿਹਾਇਸ਼ ਦਾ ਪ੍ਰਬੰਧ ਕੀਤਾ। ਇਨ੍ਹਾਂ ਦੇ ਭਰਾ ਭਾਈ ਤੀਰਥ ਸਿੰਘ ਜੀ ਤਾਂ ਪਰਿਵਾਰ ਸਮੇਤ ਦਿੱਲੀ ਜਾ ਵਸੇ ਅਤੇ ਆਪ ਨੇ ਆਪਣੀ ਛੋਟੀ ਭੈਣ ਬੀਬੀ ਸੁਰਜੀਤ ਕੌਰ ਜੋ ਕਿ ਭਾਈ ਪਿਆਰਾ ਸਿੰਘ ਜੀ ਨਾਲ ਵਿਆਹੀ ਸੀ ਦੇ ਨਾਲ ਸਰਕਾਰ ਵਲੋਂ 71, ਨਿਊ ਮਾਡਲ ਟਾਊਨ ਵਿਚ ਅਲਾਟ ਕੀਤੇ ਮਕਾਨ ਵਿਚ ਹੀ ਰਿਹਾਇਸ਼ ਰੱਖ ਲਈ। ਇਨ੍ਹਾਂ ਦੀ ਭਰਜਾਈ ਬੀਬੀ ਕਿਸ਼ਨ ਕੌਰ ਜਵਾਨੀ ਵਿਚ ਹੀ ਚੜ੍ਹਾਈ ਕਰ ਗਈ ਸੀ ਅਤੇ ਆਪ ਨੇ ਭਰਜਾਈ ਦੀ ਪਰਿਵਾਰਕ ਜਿੰਮੇਵਾਰੀ ਵੀ ਨਿਭਾਈ। ਸਾਰੇ ਛੋਟੇ ਬੱਚਿਆਂ ਦਾ ਪਾਲਣ-ਪੋਸ਼ਣ ਤੇ ਅਨੰਦ ਕਾਰਜ ਆਪਣੇ ਹੱਥੀਂ ਕੀਤੇ। ਇਥੋਂ ਹੀ ਨਾਰੰਗਵਾਲ ਤੇ ਹੋਰ ਨੇੜੇ-ਤੇੜੇ ਕੇਂਦਰੀ ਅਤੇ ਲੋਕਲ ਸਮਾਗਮਾਂ ਵਿਚ ਕੀਰਤਨ ਦੀਆਂ ਹਾਜ਼ਰੀਆਂ ਭਰ ਕੇ ਸੰਗਤਾਂ ਦੀਆਂ ਅਸੀਸਾਂ ਲੈਂਦੇ ਰਹੇ। ਉਹ ਕਈ ਕਈ ਘੰਟੇ ਬੜੇ ਬੈਰਾਗ ਅਤੇ ਬੁਲੰਦ ਆਵਾਜ਼ ਵਿਚ ਕੀਰਤਨ ਕਰਦੇ ਹੁੰਦੇ ਸੀ। ਆਪ ਜੀ ਕੀਰਤਨ ਦੇ ਨਾਲ ਗੁਰਬਾਣੀ ਦੇ ਪਾਠ ਦੀ ਸੰਥਿਆ ਲੈ ਕੇ ਸ੍ਰੀ ਅਖੰਡ ਪਾਠ ਦੀ ਸੇਵਾ ਵੀ ਕਰਦੇ ਰਹੇ ਅਤੇ ਗੁਰੂ ਕੇ ਲੰਗਰਾਂ ਵਿਚ ਹਮੇਸ਼ਾ ਤਤਪਰ ਰਹਿ ਕਿ ਅਣਥੱਕ ਸੇਵਾ ਨਿਭਾਈ। ਇਨ੍ਹਾਂ ਵਲੋਂ ਨਾਮ ਬਾਣੀ ਦਾ ਅਭਿਆਸ ਕਰਦਿਆਂ ਸਜਾਏ ਹੋਏ ਲੰਗਰ ਵਿਚ ਅਜਿਹਾ ਅਕਹਿ ਰੱਸ ਹੁੰਦਾ ਸੀ ਕਿ ਛੱਕਣ ਵਾਲੇ ਵੀ ਨਾਮ ਰਸ ਵਿਚ ਗੜੂੰਦ ਹੋ ਜਾਂਦੇ ਸਨ।

ਜਥੇ ਦੇ ਰੰਗਲੇ ਸੱਜਣ ਅਤੇ ਵੈਰਾਗੀ ਤਿਆਗੀ ਡਾਕਟਰ ਸੁਰਿੰਦਰ ਸਿੰਘ ਜੀ ਲੁਧਿਆਣੇ ਫੇਰੀ ਵਾਲੇ ਆਪ ਜੀ



www.AKJ.Org

ਦੇ ਗ੍ਰਿਹਿ ਵਿਚ ਹੀ ਆ ਕੇ ਜ਼ਿਆਦਾਤਰ ਠਹਿਰਦੇ ਸਨ। ਇਸ ਸੰਬੰਧੀ ਇਕ ਬਿਰਤਾਂਤ ਉਨ੍ਹਾਂ ਦੇ ਜੀਵਨ ਸਬੰਧੀ ਛਪੀ ਪੁਸਤਕ 'ਜੀਵਨ ਝਲਕੀਆਂ' ਵਿਚ ਵੀ ਪੰਨਾ 37 ਤੋਂ 39 ਤਾਈਂ ਆਉਂਦਾ ਹੈ ਜੋ ਕਿ ਸੂਰਾ ਮਾਸਿਕ ਪੱਤਰ ਜੂਨ 1984 ਵਿਚ ਭਾਈ ਪ੍ਰੀਤਮ ਸਿੰਘ ਅਸਿਸਟੈਂਟ ਪੋਸਟ ਮਾਸਟਰ ਲੁਧਿਆਣਾ ਵਲੋਂ ਲਿਖਿਆ ਹੋਇਆ ਛੱਪਿਆ ਸੀ। ਇਹ ਘਟਨਾ ਸੰਨ 1964 ਵਿਚ ਵਾਪਰੀ ਸੀ ਤੇ ਇਸ ਵਿਚ ਸ. ਪ੍ਰੀਤਮ ਸਿੰਘ ਜੋ ਉਸ ਵੇਲੇ ਰਿਕਸ਼ਾ ਚਲਾਉਂਦੇ ਸਨ, ਵਲੋਂ ਡਾਕਟਰ ਸਾਹਿਬ ਜੀ ਨੂੰ ਆਪ ਜੀ ਦੇ ਘਰ ਵਿਚ ਛੱਡ ਕੇ ਆਉਣਾ, ਡਾਕਟਰ ਸਾਹਿਬ ਵਲੋਂ ਭਾਈ ਪ੍ਰੀਤਮ ਸਿੰਘ ਜੀ ਨੂੰ ਸਰਬ ਲੋਹ ਦੇ ਬਾਟੇ ਵਿਚ ਸਮੁੰਦਰ ਤੇ ਖੀਰ ਬਣਾ ਕੇ ਛਕਾਉਣੀ ਤੇ ਉਸ ਉਪਰ ਨਾਮ ਦੀ ਕਲਾ ਵਰਤਣ ਬਾਰੇ ਜ਼ਿਕਰ ਹੈ। ਇਸ ਦੌਰਾਨ ਆਪ ਜੀ ਨੂੰ ਪੇਟ ਵਿਚ ਦਰਦ ਹੋਣ ਲੱਗ ਪਈ ਜੋ ਕਿ ਬਰਦਾਸ਼ਤ ਕਰਨੀ ਔਖੀ ਸੀ। ਡਾਕਟਰ ਸਾਹਿਬ ਦਵਾਈਆਂ ਵੀ ਕੋਲ ਰੱਖਦੇ ਸਨ। ਉਨ੍ਹਾਂ ਕਈ ਦਵਾਈਆਂ ਦਿੱਤੀਆਂ ਪਰ ਕੋਈ ਆਰਾਮ ਨਾ ਆਇਆ। ਭਾਈ ਪ੍ਰੀਤਮ ਸਿੰਘ ਜੀ ਨੇ ਡਾਕਟਰ ਸਾਹਿਬ ਜੀ ਦਾ ਸਮੁੰਦਰ ਅਤੇ ਖੀਰ ਛਕਾਉਣ ਵੇਲੇ ਉਨ੍ਹਾਂ ਵੱਲੋਂ ਨੇਤਰਾਂ ਦੀ ਦ੍ਰਿਸ਼ਟੀ ਉਸ ਵਿਚ ਪਾਉਣ ਅਤੇ ਨਾਮ ਦੀ ਕਲਾ ਵਰਤਣ ਜ਼ਾਹਰਾ ਦਾ ਨਜ਼ਾਰਾ ਦੇਖਿਆ ਸੀ। ਉਨ੍ਹਾਂ ਵਾਂਗ ਹੀ ਸਿਮਰਨ ਕਰਦਿਆਂ ਦ੍ਰਿਸ਼ਟੀ ਜਲ ਵਿਚ ਰੱਖ ਕੇ ਆਪ ਨੂੰ ਛੱਕਣ ਲਈ ਦਿੱਤਾ ਜਿਸ ਨਾਲ ਆਪ ਠੀਕ ਹੋ ਗਏ ਅਤੇ ਆਰਾਮ ਆ ਗਿਆ। ਇਸ ਤਰ੍ਹਾਂ ਕਰਨ ਨਾਲ ਭਾਈ ਪ੍ਰੀਤਮ ਸਿੰਘ ਜੀ ਉਪਰ ਉਸ ਵੇਲੇ ਜੋ ਨਾਮ ਦਾ ਰੰਗ ਚੜ੍ਹਿਆ ਸੀ, ਉਹ ਉਸੇ ਵੇਲੇ ਲੱਥ ਗਿਆ। ਡਾਕਟਰ ਸਾਹਿਬ ਜੀ ਨੇ ਅਗੋਂ ਇਸ ਤਰ੍ਹਾਂ ਨਾ ਕਰਨ ਤੇ ਅਗੋਂ ਤੋਂ ਭਾਣਾ ਮੰਨਣ ਦੀ ਪ੍ਰੇਰਨਾ ਦਿੱਤੀ। ਫਿਰ ਭਾਈ ਪ੍ਰੀਤਮ ਸਿੰਘ ਵਲੋਂ ਆਪਣੀ ਗਲਤੀ ਮੰਨਣ ਤੋਂ ਬਾਅਦ ਉਹ ਵੈਰਾਗ ਵਿਚ ਆ ਗਏ ਅਤੇ ਨਾਮ ਦੀ ਫਿਰ ਕਲਾ ਵਰਤ ਗਈ। ਇਸ ਤਰ੍ਹਾਂ ਹੋਰ ਕਈ ਗੁਰਮੁਖ ਰੂਹਾਂ ਆਪ ਜੀ ਦੇ ਪਿਆਰ ਅਤੇ ਬੈਰਾਗ ਦੇ ਖਿੱਚੇ ਹੋਏ ਆਪ ਦੇ ਗ੍ਰਿਹਿ ਆਉਂਦੇ ਜਾਂਦੇ ਸਨ ਤੇ ਅਸੀਸਾਂ ਬਖ਼ਸ਼ ਜਾਂਦੇ ਸਨ।

ਨਿਊ ਮਾਡਲ ਟਾਊਨ ਵਿਖੇ ਦੇਸ਼ ਦੀ ਵੰਡ ਤੋਂ ਬਾਅਦ ਜਾਂ ਨੌਕਰੀਆਂ/ਰਿਟਾਇਰਮੈਂਟ ਕਰਕੇ ਜਥੇ ਦੇ ਕਈ ਪੁਰਾਤਨ ਗੁਰਸਿਖ ਜਿਨ੍ਹਾਂ ਵਿਚ ਭਾਈ ਹਰਨਾਮ ਸਿੰਘ ਜੀ ਕੋਮਲ ਤੇ ਉਨ੍ਹਾਂ ਦੀ ਸਿੰਘਣੀ, ਭਾਈ ਅਮਰੀਕ ਸਿੰਘ ਜੀ ਅਖੰਡਪਾਠੀ, ਭਾਈ ਈਸ਼ਰ ਸਿੰਘ ਜੀ ਸਰਬਲੋਹੀ, ਭਾਈ ਦਿਆਲ ਸਿੰਘ ਜੀ ਤੇ ਬੀਬੀ ਸੁਖਦੇਵ ਕੌਰ ਜੀ ਅਤੇ ਭਾਈ ਸਰਦਾਰਾ ਸਿੰਘ ਜੀ ਲਾਂਗਰੀ ਆਦਿ ਆ ਵਸੇ ਸਨ। ਭਾਈ ਸਾਹਿਬ ਜੀ ਨੇ ਵੀ ਸੰਨ 1955 ਵਿਚ ਨਾਰੰਗਵਾਲ ਤੋਂ ਲੁਧਿਆਣੇ ਆ ਕੇ ਨਿਵਾਸ ਰੱਖ ਲਿਆ ਸੀ ਅਤੇ ਇਸ ਤਰ੍ਹਾਂ ਆਪ ਜੀ ਨੂੰ ਭਾਈ ਸਾਹਿਬ ਅਤੇ ਇਨ੍ਹਾਂ ਗੁਰਸਿਖਾਂ ਦੀ ਸੰਗਤ ਦਾ ਨਿੱਘ ਮਾਣਨ ਤੇ ਕੀਰਤਨ ਦੀਆਂ ਗੁੰਜਾਰਾ ਗਜਾਉਣ ਦਾ ਸੁਭਾਗ ਸਮਾਂ ਮਿਲਦਾ ਰਿਹਾ। ਆਪ ਜੀ ਦਾ ਸ੍ਰੀ ਅੰਮ੍ਰਿਤਸਰ ਵਿਚ ਪੁਰਾਤਨ ਗੁਰਸਿਖਾਂ ਭਾਈ ਸੇਵਾ ਸਿੰਘ ਜੀ, ਭਾਈ ਈਸ਼ਰ ਸਿੰਘ ਜੀ ਅਤੇ ਬੀਬੀ ਹਰਬੰਸ ਕੌਰ (ਭੂਆ ਜੀ) ਅਤੇ ਉਨ੍ਹਾਂ ਦੀਆਂ ਬੱਚੀਆਂ ਬੀਬੀ ਮਹਿੰਦਰ ਕੌਰ, ਜਸਵੰਤ ਕੌਰ ਨਾਲ ਵੀ ਡੂੰਘਾ ਪਿਆਰ ਸੀ। ਉਹ ਕਾਫੀ ਸਮਾਂ ਆਪਣੀ ਭਤੀਜੀ ਬੀਬੀ ਅਵਿਨਾਸ਼ ਕੌਰ (ਜੰਡਿਆਲਾ ਗੁਰੂ) ਕੋਲ ਆਉਣ ਸਮੇਂ, ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ ਇਸ਼ਨਾਨ ਅਤੇ ਨਾਮ ਬਾਣੀ ਕੀਰਤਨ ਦੇ ਲਾਹਿਆਂ ਲਈ, ਕਈ-ਕਈ ਮਹੀਨੇ ਇਸ ਪਰਿਵਾਰ ਕੋਲ ਵੀ ਆ ਕੇ ਠਹਿਰਦੇ ਰਹੇ ਹਨ। ਉਹ ਹਰ ਸਾਲ ਆਪਣੇ ਸਿੰਘ ਸਾਹਿਬ ਦੀ ਮਿੱਠੀ ਯਾਦ ਅਤੇ ਉਨ੍ਹਾਂ ਦੀ ਆਤਮਿਕ ਸਹਾਇਤਾ ਲਈ ਸ੍ਰੀ ਅਖੰਡ ਪਾਠ ਸਾਹਿਬ ਅਤੇ ਕੀਰਤਨ ਸਮਾਗਮ ਕਰਾਉਂਦੇ ਸਨ ਅਤੇ ਲੰਗਰ ਵੀ ਲਗਾਉਂਦੇ ਸਨ। ਇਸ ਬੀਬੀ ਨੇ ਪੁਰਾਤਨ ਬੀਬੀਆਂ ਵਾਂਗ ਜਤੀ-ਸਤੀ ਰਹਿ ਕੇ ਚੜ੍ਹਦੀ ਕਲਾ ਵਾਲੇ ਆਤਮਿਕ ਰੰਗਾਂ ਵਿਚ, ਪ੍ਰਭੂ ਭਾਣੇ ਨੂੰ ਮਿੱਠਾ ਕਰਕੇ ਮੰਨਦੇ ਹੋਏ, ਸਾਰੀ ਆਯੂ ਗੁਰਸਿਖ ਸੰਗਤਾਂ ਦੀ ਸੇਵਾ ਕਰਕੇ ਤੋੜ ਨਿਭਾਈ।

ਆਪ ਜੀ ਦੀ ਸਿਹਤ ਤਾਅ ਉਮਰ ਠੀਕ ਰਹੀ ਅਤੇ ਕੋਈ ਵੀ ਸਰੀਰਕ ਰੋਗ ਨੇੜੇ ਨਹੀਂ ਫਟਕਿਆ। ਬੁਢਾਪੇ ਦੀ ਕਮਜ਼ੋਰੀ ਕਾਰਨ ਆਯੂ ਦੇ ਅਖੀਰਲੇ ਸਮੇਂ ਵਿਚ ਉਨ੍ਹਾਂ ਨੂੰ ਗੋਡਿਆਂ ਦੀ ਤਕਲੀਫ ਕਰਕੇ ਚੱਲਣ ਫਿਰਨ ਵਿਚ ਖੇਚਲ ਆਉਣ ਲੱਗ ਪਈ ਸੀ। ਅਖ਼ੀਰ ਤੇ ਆਪ ਜੀ ਨੂੰ ਅੰਤੜੀਆਂ ਦੇ ਕੈਂਸਰ ਦੀ ਭਿਆਨਕ ਬੀਮਾਰੀ ਨੇ ਆਣ ਘੇਰਿਆ ਤੇ



www.AKJ.Org

ਮਿਤੀ 1 ਅਪ੍ਰੈਲ 2014 ਨੂੰ ਲੁਧਿਆਣੇ ਵਿਖੇ ਹੀ ਆਪਣੀ ਛੋਟੀ ਭੈਣ ਬੀਬੀ ਸੁਰਜੀਤ ਕੌਰ ਕੋਲ ਤਕਰੀਬਨ 93 ਸਾਲ ਦੀ ਲੰਬੀ ਆਯੂ ਭੋਗ ਕੇ ਗੁਰੂ ਚਰਨਾਂ ਵਿਚ ਜਾ ਬਿਰਾਜੇ। **ਉਨ੍ਹਾਂ ਦਾ ਜੀਵਨ ਅੱਜਕਲ੍ਹ ਦੀਆਂ ਨੌਜਵਾਨ ਬੱਚੀਆਂ ਜੋ ਕਿ ਗੁਰੂ ਦੇ ਭਾਣੇ ਨੂੰ ਨਾ ਮੰਨਦੀਆਂ ਹੋਈਆਂ, ਨਿੱਕੇ-ਨਿੱਕੇ ਘਰੇਲੂ ਝਗੜਿਆਂ ਕਾਰਨ ਗੁਰੂ ਤੋਂ ਬੇਮੁੱਖ ਹੋ ਕੇ ਦੁਨਿਆਵੀ ਅਦਾਲਤਾਂ ਵਿੱਚ ਜਾ ਕੇ ਤਾਲਾਕ ਆਦਿ ਲੈ ਲੈਂਦੀਆਂ ਹਨ, ਲਈ ਚਾਨਣ ਮੁਨਾਰਾ ਹੈ ਕਿ ਕਿਵੇਂ ਉਨ੍ਹਾਂ ਸਿਰਫ਼ 16 ਸਾਲ ਦੀ ਯੁਵਕ ਅਵਸਥਾ ਵਿਚ ਹੀ, ਪਤੀ ਦੇ ਵਿਛੜ ਜਾਣ ਤੋਂ ਬਾਅਦ, ਆਪਣੀ ਸਾਰੀ ਆਯੂ, ਗੁਰੂ ਦੇ ਭਰੋਸੇ ਤੇ ਨਾਮ ਗੁਰਬਾਣੀ ਅਤੇ ਕੀਰਤਨ ਦੇ ਆਸਰੇ ਬਿਤਾਈ।**

# ਭਾਈ ਹਰਿਚਰਨ ਸਿੰਘ ਜੀ ਚੰਡੀਗੜ੍ਹ

ਜੈਤੇਗ ਸਿੰਘ ਅਨੰਤ ਕੈਨੇਡਾ

ਮੇਰੇ ਪਿਤਾ ਭਾਈ ਸਾਹਿਬ ਹਰਿਚਰਨ ਸਿੰਘ ਜੀ ਦੇ ਪੁਰਖਿਆਂ ਦਾ ਸਬੰਧ ਫਤਿਹਾਬਾਦ ਨੇੜੇ ਗੋਇੰਦਵਾਲ ਸਾਹਿਬ, ਜ਼ਿਲ੍ਹਾ ਤਰਨ ਤਾਰਨ ਦਾ ਸੀ। ਮਹਾਰਾਜਾ ਰਣਜੀਤ ਸਿੰਘ ਕਾਲ ਦੇ ਸਮੇਂ ਮੇਰੇ ਪਿਤਾ ਦਾ ਪੜਦਾਦਾ ਸ. ਹਰਦਿੱਤ ਸਿੰਘ ਇਸੇ ਪਿੰਡ ਤੋਂ ਉਠ ਕੇ ਜ਼ਿਲ੍ਹਾ ਲੁਧਿਆਣਾ ਦੇ ਪਿੰਡ ਬੁਟਾਰੀ ਵਿਚ ਜਾ ਵਸੇ ਸਨ। ਇਸੇ ਪਿੰਡ ਵਿਚ ਪਿਤਾ ਜੀ ਦਾ ਜਨਮ 1 ਨਵੰਬਰ 1913 ਨੂੰ ਮਾਤਾ ਜੈ ਕੌਰ ਦੀ ਕੁਖੋਂ ਪਿਤਾ ਸ. ਸੁਜਾਨ ਸਿੰਘ ਵਕੀਲ ਦੇ ਘਰ ਹੋਇਆ। ਪਿਤਾ ਜੀ ਨਾਭੇ ਦੀ ਰਿਆਸਤ ਵਿਚ ਰਾਜਾ ਨਾਭਾ ਦੇ ਨਿੱਜੀ ਸਲਾਹਕਾਰ ਸਨ। ਪਿੰਡ ਵਿਚ ਥੋੜ੍ਹੀ ਜ਼ਮੀਨ ਸੀ ਜਿਹੜੀ ਵਧੇਰੇ ਕਰਕੇ ਠੇਕੇ ’ਤੇ ਦਿੱਤੀ ਜਾਂਦੀ ਸੀ। ਉਸ ਸਮੇਂ ਪਿੰਡ ਦੇ ਨੇੜੇ ਵਿਦਿਆ ਪ੍ਰਾਪਤੀ ਦਾ ਕੋਈ ਸਾਧਨ ਨਹੀਂ ਸੀ। ਇਸ ਲਈ ਪਿਤਾ ਜੀ ਨੇ ਮੁੱਢਲੀ ਪ੍ਰਾਇਮਰੀ ਸਿੱਖਿਆ ਫ਼ਰੀਦਕੋਟ ਤੋਂ, ਮਿਡਲ ਅਤੇ ਦਸਵੀਂ ਦੀ ਪੜ੍ਹਾਈ ਮੁਕਤਸਰ ਦੇ ਖਾਲਸਾ ਸਕੂਲਾਂ ਦੇ ਹੋਸਟਲਾਂ ਵਿਚ ਰਹਿ ਕੇ ਪ੍ਰਾਪਤ ਕੀਤੀ। ਪਿਤਾ ਜੀ ਦੇ ਸਾਰੀਆਂ ਕੌਮਾਂ, ਚਾਹੇ ਸਿਖ ਹੋਵੇ, ਹਿੰਦੂ ਜਾਂ ਮੁਸਲਮਾਨ ਹੋਵੇ, ਦੇ ਬਚਿਆਂ ਨਾਲ ਚੰਗੇ ਦੋਸਤਾਨਾ ਸਬੰਧ ਸਨ।

ਸੰਨ 1935 ਵਿਚ ਮਹਿੰਦਰਾ ਕਾਲਜ ਪਟਿਆਲਾ ਤੋਂ ਬੀ.ਏ. ਦੀ ਡਿਗਰੀ ਪ੍ਰਾਪਤ ਕੀਤੀ। ਮਹਿੰਦਰਾ ਕਾਲਜ ਉਸ ਸਮੇਂ ਕਲਕੱਤਾ ਯੂਨੀਵਰਸਿਟੀ ਨਾਲ ਜੁੜਿਆ ਹੋਇਆ ਸੀ। ਆਪ ਕਾਲਜ ਦੀ ਫੁਟਬਾਲ ਟੀਮ ਦੇ ਖਿਡਾਰੀ ਅਤੇ ‘ਫਾਸਟ ਏਡ ਟੀਮ’ ਦੇ ਸਰਗਰਮ ਮੈਂਬਰ ਸਨ। ਪਿਤਾ ਜੀ ਆਪਣੀ ਜਮਾਤ ਦੇ ਮੁਨੀਟਰ ਤੇ ਆਪਣੇ ਪਿੰਡ ਦੇ ਪਹਿਲੇ ਗਰੈਜੁਏਟ ਸਨ। ਬੀ.ਏ. ਦੀ ਪੜ੍ਹਾਈ ਬਾਦ ਥੋੜ੍ਹਾ ਸਮਾਂ ਲੁਧਿਆਣਾ ਵਿਚ ਦਸਵੀਂ ਦੇ ਮੁੰਡਿਆਂ ਨੂੰ ਟਿਊਸ਼ਨਜ਼ ਪੜ੍ਹਾਈਆਂ। ਬੱਚੇ ਚੰਗੇ ਨੰਬਰਾਂ ਤੇ ਪਾਸ ਹੋ ਗਏ। ਉਨ੍ਹਾਂ ਦਿਨਾਂ ਵਿਚ ਹੀ ਸਨ 1935-36 ਵਿਚ ਖਾਲਸਾ ਸਕੂਲ ਮਲੇਰਕੋਟਲਾ ਵਿਖੇ ਹੈਡਮਾਸਟਰ ਦੀ ਨੌਕਰੀ ਮਿਲ ਗਈ। ਇਥੇ ਹੀ ਉਨ੍ਹਾਂ ਦਾ ਵੱਡਾ ਭਰਾ ਸ. ਭਾਗ ਸਿੰਘ ਵੀ ਅਧਿਆਪਕ ਲੱਗਾ ਹੋਇਆ ਸੀ। ਮਲੇਰਕੋਟਲਾ ਵਿਖੇ ਮਸਾਂ ਇੱਕ ਸਾਲ ਹੀ ਸੇਵਾ ਕੀਤੀ ਸੀ ਕਿ ਅਪ੍ਰੈਲ 1937 ਨੂੰ ਹਿਸਾਰ ਵਿਖੇ ਪੰਜਾਬ ਸਰਕਾਰ ਦੇ ਨਹਿਰ ਵਿਭਾਗ ਵਿੱਚ ਪੱਕੀ ਨੌਕਰੀ ਕਲਰਕ ਦੀ ਮਿਲ ਗਈ।

ਪਿਤਾ ਜੀ ਨੇ ਅਪ੍ਰੈਲ 1937 ਤੋਂ ਅਕਤੂਬਰ 1941 ਤੱਕ ਹਿਸਾਰ ਵਿਖੇ ਨਹਿਰ ਵਿਭਾਗ ਵਿਚ ਕੰਮ ਕੀਤਾ। ਇਸ ਥਾਂ ’ਤੇ ਪਿਤਾ ਜੀ ਦਾ ਦੋ ਸ਼ਖ਼ਸੀਅਤਾਂ ਨਾਲ ਸੰਪਰਕ ਜੁੜ ਗਿਆ। ਇਹ ਸੰਪਰਕ ਗੂੜ੍ਹੇ ਮਿੱਤਰਾਂ ਤੋਂ ਗੁਰ ਭਾਈਆਂ ਵਾਲਾ ਬਣ ਗਿਆ, ਜਿਨ੍ਹਾਂ ਵਿਚ ਪਹਿਲਾਂ ਸ. ਸਰਵਨ ਸਿੰਘ ਐਸ.ਡੀ.ਓ., ਜਿਨ੍ਹਾਂ ਦਾ ਪਿਛਲਾ ਪਿੰਡ ਉਮੈਦਪੁਰ ਨੇੜੇ ਸਾਹਨੇਵਾਲ ਸੀ, ਨਾਲ ਹੋਇਆ। ਉਹ ਇਕ ਸੱਚੇ-ਸੁੱਚੇ ਤੇ ਪਰਉਪਕਾਰੀ ਤਬੀਅਤ ਦੇ ਗੁਰਸਿੱਖ ਸਨ। ਉਹ ਸਦਾ ਨਾਮ ਦੇ ਗੂੜੇ ਰੰਗਾਂ ਵਿਚ ਰੰਗੇ ਰਹਿੰਦੇ ਸਨ। ਮਾਨਵੀ ਗੁਣਾਂ ਦੇ ਭੰਡਾਰੇ ਤੇ ਗਿਆਨ ਦੀਆਂ ਕਣੀਆਂ ਦੇ ਸੋਮੇ



www.AKJ.Org

ਸਨ। ਦੂਜੇ ਮਿੱਤਰ ਡਾ. ਕ੍ਰਿਪਾਲ ਸਿੰਘ ਗਰੋਵਰ ਐਮ.ਬੀ.ਬੀ.ਐਸ. ਜਿਨ੍ਹਾਂ ਦਾ ਪਿਛੋਂ ਸਰਸੇ ਨਾਲ ਸਬੰਧ ਸੀ, ਜਿਨ੍ਹਾਂ ਅੰਤਮ ਸਾਹਾਂ ਤੱਕ ਸੱਚੀ ਦੋਸਤੀ ਦਾ ਸਾਥ ਨਿਭਾਇਆ। ਜਿੰਨਾ ਸ. ਸਰਵਨ ਸਿੰਘ ਜੀ ਗੰਭੀਰ ਤੇ ਸੰਜੀਦਾ ਸਨ, ਉਨਾਂ ਹੀ ਡਾਕਟਰ ਕ੍ਰਿਪਾਲ ਸਿੰਘ ਹਰਦਿਲ ਅਜ਼ੀਜ਼, ਖੁਸ਼ ਮਿਜ਼ਾਜ਼, ਰੌਣਕੀ ਤੇ ਖੁਲੇ-ਡੁਲੇ ਸੁਭਾਅ ਦੇ ਮਾਲਕ ਸਨ। ਉਹ ਦਵਾਈਆਂ ਤੋਂ ਬਿਨਾਂ ਹੀ ਰਸ ਭਰੀ ਜ਼ਿੰਦਗੀ ਦੇ ਅਜਿਹੇ ਟਾਨਿਕ ਦੇਂਦੇ ਕਿ ਬੰਦਾ ਨੌ-ਬਰ-ਨੌ ਖੁਸ਼ੀਆਂ ਖੇੜਿਆਂ ਵਿਚ ਰਹਿੰਦਾ ਸੀ। ਭਾਵੇਂ ਇਨ੍ਹਾਂ ਨਾਲ ਖੂਨੀ ਰਿਸ਼ਤਾ ਨਹੀਂ ਸੀ, ਪਰ ਪਿਆਰ ਮੁਹੱਬਤ ਦੀਆਂ ਤੰਦਾਂ ਖੂਨੀ ਰਿਸ਼ਤਿਆਂ ਨਾਲੋਂ ਵੀ ਪੱਕੀਆਂ ਸਨ। ਦੋਹਾਂ ਨੂੰ ਮੈਂ ਤੇ ਮੇਰਾ ਵੱਡਾ ਭਰਾ ਨੂੰ ਤਾਇਆ ਜੀ ਕਹਿ ਕੇ ਸੰਬੋਧਨ ਕਰਦੇ ਸਾਂ। ਹਰ ਖੁਸ਼ੀ-ਗਮੀ ਵਿਚ ਉਹ ਸਭ ਤੋਂ ਪਹਿਲਾਂ ਸ਼ਰੀਕ ਹੁੰਦੇ। ਮੇਰੇ ਪਿਤਾ ਜੀ ਉਨ੍ਹਾਂ ਦੀ ਟੂਣੇਹਾਰ ਕਸ਼ਿਸ਼ ਦੇ ਕਾਇਲ ਸਨ। ਹਿਸਾਰ ਦੀ ਨੌਕਰੀ ਸਮੇਂ ਇਹ ਦੋਹਾਂ ਸ਼ਖ਼ਸੀਅਤਾਂ ਦਾ ਮਿਲਣਾ, ਪਿਤਾ ਜੀ ਲਈ ਅਲਾਦੀਨ ਦੇ ਚਿਰਾਗ ਤੋਂ ਘੱਟ ਨਹੀਂ ਸੀ।

ਜਿਨ੍ਹਾਂ ਦਿਨ ਵਿਚ ਪਿਤਾ ਜੀ ਹਿਸਾਰ ਸਨ ਉਨ੍ਹਾਂ ਦਿਨਾਂ ਵਿਚ ਮੇਰੇ ਭਾਈਆ ਜੀ (ਦਾਦਾ ਜੀ) ਪਿੰਡ ਬੁਟਾਰੀ ਤੋਂ ਮਾਨਸਾ ਜਾ ਕੇ ਰਹਿਣ ਲੱਗ ਪਏ ਸਨ। ਜ਼ਮੀਨ ਪਹਿਲਾਂ ਹੀ ਵਧੇਰੇ ਤੌਰ ’ਤੇ ਠੇਕੇ ਬਟਾਈ ’ਤੇ ਦਿੱਤੀ ਜਾਂਦੀ ਸੀ ਜਿਸ ਦੀ ਦੇਖਭਾਲ ਸ. ਕੇਹਰ ਸਿੰਘ ਆਹਲੂਵਾਲੀਆ ਦਾ ਪਰਿਵਾਰ ਕਰਦਾ ਸੀ। ਉਨ੍ਹਾਂ ਨਾਲ ਭਾਈਆਂ ਜੀ ਦੀ ਚੰਗੀ ਸਾਂਝ ਸੀ। ਪਿੰਡ ਛੱਡ ਮਾਨਸਾ ਆਉਣ ਦਾ ਵੱਡਾ ਕਾਰਨ ਇਹ ਸੀ ਕਿ ਮੇਰੇ ਬਾਬਾ ਜੀ ਛਾਪਿਆਂ ਵਾਲੀ ਵਿਆਹੇ ਹੋਏ ਸਨ, ਜੋ ਮਾਨਸਾ ਸਰਸਾ ਸੜਕ ਤੋਂ ਛੇ ਮੀਲ ਦੀ ਦੂਰੀ ’ਤੇ ਅਤੇ ਰੇਲਵੇ ਸਟੇਸ਼ਨ ਮਾਨਸਾ ਤੋਂ 18 ਕਿਲੋਮੀਟਰ ਦੀ ਦੂਰੀ ’ਤੇ ਸਥਿਤ ਆਹਲੂਵਾਲੀਆਂ ਦਾ ਛੋਟਾ ਜਿਹਾ ਪਿੰਡ ਹੈ। ਭਾਈਆ ਜੀ ਇਸ ਪਿੰਡ, ਜਿਸ ਘਰ ਵਿੱਚ ਵਿਆਹੇ ਹੋਏ ਸਨ, ਉਸ ਸਹੁਰੇ ਪਰਿਵਾਰ ਵਿਚ ਲੜਕੀਆਂ ਹੀ ਸਨ ਤੇ ਭਾਈਆਂ ਜੀ ਨੂੰ ਉਨ੍ਹਾਂ ਦੇ ਵੱਡੇ ਪ੍ਰਾਹੁਣਿਆਂ ਵਿਚੋਂ ਹੋਣ ਕਾਰਨ, ਉਨ੍ਹਾਂ ਦੀ ਜ਼ਮੀਨ ਦੀ ਦੇਖ-ਰੇਖ ਕਰਨ ਕਾਰਨ ਹੀ ਮਾਨਸਾ ਜਾ ਕੇ ਰਹਿਣਾ ਪਿਆ ਸੀ।

ਪਿਤਾ ਜੀ ਅਕਤੂਬਰ 1941 ਵਿਚ ਹਿਸਾਰ ਤੋਂ ਲਾਹੌਰ ਆ ਗਏ। ਕ੍ਰਿਸ਼ਨ ਨਗਰ ਉਨ੍ਹਾਂ ਦੀ ਰਿਹਾਇਸ਼ ਸੀ। ਇੱਥੇ ਉਨ੍ਹਾਂ ਦੀ ਮੁਲਾਕਾਤ ਪ੍ਰੋ. ਹਰਮਿੰਦਰ ਸਿੰਘ ਜੀ ਨਾਲ ਹੋਈ। ਉਨ੍ਹਾਂ ਦੀ ਵੀ ਬਾਪੂ ਜੀ ਨਾਲ ਗੂੜੀ ਨੇੜਤਾ ਸੀ। ਉਹ ਚੜ੍ਹਦੀ ਜਵਾਨੀ ਵਿਚ ਸਨ। ਉਹ ਕੀਰਤਨ ਦੇ ਧਨੀ ਸਨ। ਇੱਥੇ ਹੀ ਗਿ. ਜੀਵਨ ਸਿੰਘ ਜੀ (ਪੰਜਾਬ ਯੂਨੀਵਰਸਿਟੀ ਵਾਲੇ) ਭਾਈ ਸੇਵਾ ਸਿੰਘ, ਸਿੰਘ ਬ੍ਰਦਰਜ਼, ਤੇ ਭਾਈ ਹਰਨਾਮ ਸਿੰਘ ਕੋਮਲ ਦੀ ਨਿੱਘੀ ਸੰਗਤ ਦਾ ਸਾਥ ਮਿਲਣਾ ਸ਼ੁਰੂ ਹੋਇਆ। ਇਹ ਸਾਰੇ ਸੰਗਤੀ ਕੀਰਤਨ ਵਿਚ ਹਰ ਹਫਤੇ ਕਿਸੇ ਨਾ ਕਿਸੇ ਥਾਂ ਇਕੱਤਰ ਹੁੰਦੇ ਸਨ। ਦਿਨ ਲੰਘਦੇ ਗਏ ਤੇ ਮਿੱਤਰ ਚਾਰੀ ਗੁਰਭਾਈਆਂ ਵਿਚ ਬਦਲ ਗਈ। ਇਨ੍ਹਾਂ ਸਾਰਿਆਂ ਦੀ ਮੇਰੇ ਨਾਨਕੇ ਪਰਿਵਾਰ ਨਾਲ ਵੀ ਸਾਂਝ ਸੀ। ਗਿ. ਜੀਵਨ ਸਿੰਘ ਜੀ ਤੇ ਮੇਰੀ ਮਾਂ ਨੇ ਸੰਨ 1936 ਵਿਚ ਗਿਆਨੀ ਦੀ ਪ੍ਰੀਖਿਆ ਲਾਹੌਰ ਤੋਂ ਇਕਠਿਆਂ ਪਾਸ ਕੀਤੀ ਸੀ, ਜਿਨ੍ਹਾਂ ਨਾਲ ਸਾਡੀ ਪਰਿਵਾਰਕ ਸਾਂਝ, ਖੂਨੀ ਰਿਸ਼ਤੇ ਤੋਂ ਵੱਧ ਸੀ। ਅਸੀਂ ਦੋਨੋਂ ਭਰਾ ਉਨ੍ਹਾਂ ਨੂੰ ਮਾਮਾ ਜੀ ਨਾਲ ਸੰਬੋਧਨ ਕਰਦੇ ਸਾਂ। ਪ੍ਰੋ. ਹਰਮਿੰਦਰ ਸਿੰਘ ਅਜਿਹੇ ਰੰਗਲੇ ਸੱਜਣ ਸਨ ਜਿਨ੍ਹਾਂ ਨੇ ਪਿਤਾ ਜੀ ਨੂੰ ਕੀਰਤਨ ਮੰਡਲਾਂ ਦੀ ਹਾਜ਼ਰੀ ਭਰਨ ਦਾ ਸ਼ੌਕ ਪਾਇਆ।

ਮੇਰੀ ਨਾਨੀ ਜੀ ਰਾਜ ਕੌਰ ਆਪਣੇ ਪਰਿਵਾਰ ਨਾਲ ਲਾਹੌਰ ਵਿਖੇ ਹੀ ਰਹਿੰਦੇ ਸਨ। ਉਨ੍ਹਾਂ ਦੀ ਲੜਕੀ ਦਰਸ਼ਨ ਕੌਰ (ਮੇਰੀ ਮਾਂ) ਸਰਸਵਤੀ ਕੰਨਿਆ ਮਹਾਂਵਿਦਿਆਲਾ ਵਿਚ ਅਧਿਆਪਕਾ ਸੀ। ਉਸ ਸਮੇਂ ਔਰਤ ਜਾਤੀ ਵਿਚ ਕੋਈ ਵਿਰਲੀ ਔਰਤ ਹੀ ਨੌਕਰੀ ਦਾ ਕੰਮ ਕਰਦੀ ਸੀ। ਉਹ ਛੇ ਭੈਣਾਂ ਤੇ ਦੋ ਭਰਾ ਸਨ। ਪਰ ਮੇਰੀ ਮਾਂ ਅਜੇ ਸ਼ਾਦੀ ਲਈ ਨਹੀਂ ਸੀ ਮੰਨਦੀ। ਪ੍ਰੋ. ਹਰਮਿੰਦਰ ਸਿੰਘ ਨੇ ਮੇਰੀ ਨਾਨੀ ਜੀ ਨੂੰ ਕਿਹਾ ਦਰਸ਼ਨ ਨੂੰ ਵੀ ਹਫਤਾਵਾਰੀ ਸੰਗਤੀ ਕੀਰਤਨ ਵਿਚ ਭੇਜਿਆ ਕਰੋ। ਪਿਤਾ ਜੀ ਕੀਰਤਨ ਸਮਾਗਮਾਂ ਵਿਚ ਉਠਦੇ ਬੈਠਦੇ ਸਨ। ਬੀ.ਏ. ਦੀ ਪੜ੍ਹਾਈ ਤੋਂ ਬਾਅਦ ਪੰਜਾਬ ਸਰਕਾਰ ਦੀ ਨੌਕਰੀ ਮਿਲਣੀ ਪੱਕੀ ਸੀ। ਉਸ ਸਮੇਂ ਵਿਰਲੇ ਵਿਰਲੇ ਨੇ ਹੀ ਬੀ.ਏ. ਦੀ ਪੜ੍ਹਾਈ ਕੀਤੀ ਹੁੰਦੀ ਸੀ। ਪ੍ਰੋ. ਹਰਮਿੰਦਰ ਸਿੰਘ ਨੂੰ ਇਹ ਫੁਰਨਾ ਫੁਰਿਆ ਕਿ ਜੇ ਜੋੜੀ ਮੰਨ ਜਾਵੇ ਤਾਂ ਬੜੀ ਚੰਗੀ ਗੱਲ ਹੋਵੇਗੀ, ਦੋਵੇਂ ਗੁਰਮੁਖ



www.AKJ.Org

ਹਨ। ਪ੍ਰੋ ਸਾਹਿਬ ਨੇ ਪਹਿਲਾਂ ਦਰਸ਼ਨ ਦੌਰ ਨੂੰ ਮਨਾਉਣ ਲਈ ਉਹਦੀ ਮਾਂ ਬੀਬੀ ਰਾਜ ਕੌਰ ਜੀ ਨਾਲ ਗੱਲ ਕੀਤੀ ਕਿ ਪਹਿਲਾਂ ਤੁਸੀਂ ਇਨ੍ਹਾਂ ਨੂੰ ਮਨਾਓ ਤਾਂ ਜੋ ਹਰਿਚਰਨ ਸਿੰਘ ਨਾਲ ਗੱਲ ਕਰ ਸਕਾਂ। ਦਰਸ਼ਨ ਕੌਰ ਬੜੀ ਮੁਸ਼ਕਲ ਨਾਲ ਮੰਨ ਗਏ। ਇਧਰ ਭਾਈ ਹਰਚਰਨ ਸਿੰਘ ਹੁਰਾਂ ਨੂੰ ਵੀ ਮਨਾਉਣਾ ਕਿਹੜਾ ਸੌਖਾ ਸੀ। ਫਿਰ ਪ੍ਰੋ. ਸਾਹਿਬ ਨੇ ਸਕੀਮ ਲੜਾਈ ਕਿ ਜਦੋਂ ਭਾਈ ਹਰਨਾਮ ਸਿੰਘ ਕੋਮਲ, ਗਿ. ਜੀਵਨ ਸਿੰਘ ਤਿੰਨੋਂ ਇਕੱਠੇ ਹੋਏ ਤਾਂ ਥੋੜਾ ਹੌਂਸਲਾ ਕਰਕੇ ਸ. ਹਰਿਚਰਨ ਸਿੰਘ ਅੱਗੇ ਇਸ ਰਿਸ਼ਤੇ ਦਾ ਪ੍ਰਸਤਾਵ ਰੱਖ ਦਿੱਤਾ ਜਾਵੇ। ਉਹ ਛੇਤੀ ਹੀ ਕਿਸੇ ਨਾਂ-ਨੁਕਰ ਕਰਨ ਬਗੈਰ ਮੰਨ ਗਏ। ਫਿਰ ਤਿੰਨਾਂ ਮਿੱਤਰਾਂ ਦੀ ਖੁਸ਼ੀ ਦਾ ਟਿਕਾਣਾ ਸੱਤਵੇਂ ਅਸਮਾਨ ’ਤੇ ਜਾ ਪੁੱਜਾ। ਫਿਰ ਜਦੋਂ ਦਰਸ਼ਨ ਕੌਰ ਦੀ ਮਾਂ ਮਾਤਾ ਰਾਜ ਕੌਰ ਜੀ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਹ ਵੀ ਬੜੇ ਖੁਸ਼ੀ ਹੋਏ। ਦਰਸ਼ਨ ਕੌਰ ਦੇ ਪਿਤਾ ਡਾ. ਜੀਵਨ ਸਿੰਘ ਜੀ ਲਾਹੌਰ ਤੋਂ ਬਾਹਰ ਕਿਸੇ ਹਸਪਤਾਲ ਵਿਚ ਨੌਕਰੀ ਕਰਦੇ ਸਨ। ਜਦੋਂ ਉਨ੍ਹਾਂ ਨੂੰ ਇਸ ਖ਼ਬਰ ਦਾ ਪਤਾ ਲੱਗਾ ਤਾਂ ਉਹ ਵੀ ਬੜੇ ਖੁਸ਼ ਹੋਏ।

ਪਿਤਾ ਜੀ ਆਪਣੇ ਘਰ ਮਾਨਸਾ ਆ ਗਏ ਤਾਂ ਜੋ ਮਾਤਾ-ਪਿਤਾ ਦੀ ਪ੍ਰਵਾਨਗੀ ਲਈ ਜਾਵੇ। ਜਦੋਂ ਭਾਈਆ ਜੀ (ਦਾਦਾ ਜੀ) ਨੂੰ ਪਤਾ ਲੱਗਾ ਕਿ ਲੜਕੀ ਖੱਤਰੀ ਘਰਾਣੇ ਨਾਲ ਤੁਅਲਕ ਰੱਖਦੀ ਹੈ ਤਾਂ ਉਹ ਅੜ ਗਏ। ਕਹਿਣ ਲੱਗੇ ਵਿਆਹ ਹੋਵੇਗਾ ਤਾਂ ਆਹਲੂਵਾਲੀਆ ਪਰਿਵਾਰ ਵਿਚ ਹੀ ਹੋਵੇਗਾ। ਜੇ ਤੂੰ ਬਰਾਦਰੀ ਦੇ ਬਾਹਰ ਵਿਆਹ ਕਰਵਾਏਗਾ ਤਾਂ ਅਸੀਂ ਸ਼ਾਮਲ ਨਹੀਂ ਹੋਵਾਂਗੇ। ਪਿਤਾ ਜੀ ਤੇ ਉਨ੍ਹਾਂ ਦੇ ਵੱਡੇ ਭਰਾ ਸ. ਆਲਮ ਸਿੰਘ ਦੀ ਸੁਰ ਮਿਲਦੀ ਸੀ। ਉਨ੍ਹਾਂ ਨੇ ਬੜੇ ਹੌਂਸਲੇ ਨਾਲ ਕਿਹਾ ਤੂੰ ਜਿਥੇ ਵਿਆਹ ਕਰਵਾਉਣਾ ਹੈ ਕਰਵਾ, ਜੇਕਰ ਭਾਈਆ ਜੀ ਨਹੀਂ ਜਾਣਗੇ ਤਾਂ ਮੈਂ ਤੇਰੇ ਨਾਲ ਚਲਾ ਜਾਵਾਂਗਾ। ਪਾਸਾ ਉਲਟਾ ਵੇਖਦੇ ਹੋਏ ਭਾਈਆ ਜੀ ਤੇ ਬੀਬੀ ਜੀ (ਦਾਦੀ) ਦਾ ਗੁੱਸਾ ਠੰਡਾ ਹੋ ਗਿਆ ਤੇ ਉਹ ਸ਼ਾਦੀ ’ਤੇ ਜਾਣ ਲਈ ਤਿਆਰ ਹੋ ਗਏ। ਬਾਪੂ ਜੀ (ਭਾਈ ਸਾਹਿਬ ਰਣਧੀਰ ਸਿੰਘ ਜੀ) ਨੇ ਪਹਿਲਾਂ ਹੀ ਪਿਤਾ ਜੀ ਨੂੰ ਪੱਕਾ ਕੀਤਾ ਸੀ ਕਿ ਜਦੋਂ ਵੀ ਤੂੰ ਅਨੰਦ ਕਾਰਜ ਕਰਾਵੇ, ਸਾਨੂੰ ਜ਼ਰੂਰ ਦੱਸੀਂ। ਅਸੀਂ ਪੂਰੇ ਜਥੇ ਨਾਲ ਤੇਰੀ ਸ਼ਾਦੀ ਵਿਚ ਆਵਾਂਗੇ।

**ਅਨੰਦ ਕਾਰਜ** : ਬਾਪੂ ਜੀ ਪਾਸ ਨਾਰੰਗਵਾਲ ਵਿਖੇ ਜਦੋਂ ਸ. ਹਰਚਰਨ ਸਿੰਘ ਜੀ ਦੇ ਇਸ ਰਿਸ਼ਤੇ ਦੀ ਖਬਰ ਪੁੱਜੀ ਤਾਂ ਉਹ ਬਾਗੋਬਾਗ ਹੋ ਗਏ। ਨਾਰੰਗਵਾਲ ਤੋਂ ਸੁਨੇਹਾ ਪੁੱਜਾ ਕਿ ਅਸੀਂ ਪੂਰੇ ਜਥੇ ਨਾਲ ਅਨੰਦ ਕਾਰਜ ਵਿਚ ਸ਼ਾਮਲ ਹੋਵਾਂਗੇ। ਅਨੰਦ ਕਾਰਜ ਦੀ ਤਾਰੀਖ 18 ਅਪ੍ਰੈਲ 1943 ਦੇ ਵੈਸਾਖ ਦੀ ਪੰਜ ਤਹਿ ਹੋ ਗਈ। ਇਕ ਦਿਨ ਪਹਿਲਾਂ 17 ਅਪ੍ਰੈਲ ਨੂੰ ਪੰਦਰਾਂ ਵੀਹ ਬਰਾਤੀ ਮਾਨਸਾ ਤੋਂ ਲਾਹੌਰ ਪੁਜ ਗਏ। ਇਕ ਅੱਧੇ ਨੂੰ ਛੱਡ, ਸਾਰਿਆਂ ਦੀ ਲਾਹੌਰ ਦੀ ਪਹਿਲੀ ਫੇਰੀ ਸੀ। ਮਾਨਸਾ ਤੋਂ ਭਾਈਆ ਜੀ, ਬੀਬੀ ਜੀ, ਦੋਨੋਂ ਭੈਣਾਂ (ਭੂਆ) ਤੇ ਪੰਜੇ ਭਰਾ ਪਿਤਾ ਜੀ ਦੀ ਭਰਜਾਈਆਂ ਵੀ ਬਰਾਤ ਵਿਚ ਸ਼ਾਮਲ ਸਨ।

ਸ਼ਾਦੀ ਸਮੇਂ ਭਾਈ ਸਾਹਿਬ ਰਣਧੀਰ ਸਿੰਘ ਜੀ ਆਪਣੇ ਪੂਰੇ ਜਥੇ ਨਾਲ ਗੱਲ ਵਿਚ ਵਾਜਾ, ਢੋਲਕੀ, ਛੈਣੇ ਵਜਾਉਂਦੇ ਆਪਣੇ ਸੰਗੀ ਸਾਥੀਆਂ ਨਾਲ ਬਰਾਤ ਦੀ ਅਗਵਾਈ ਕਰ ਰਹੇ ਸਨ। ਬਰਾਤ ਉੱਤੇ ਕ੍ਰਿਸ਼ਨ ਨਗਰ ਦੇ ਕੋਠਿਆਂ ਦੀਆਂ ਬਾਲਕੋਨੀਆਂ ਵਿਚੋਂ ਦੌਲਤਾਲਾ ਦੇ ਬਾਗਾਂ ਦੇ ਸੁਚੇ ਗੁਲਾਬ ਦੇ ਫੁੱਲਾਂ ਦੀ ਵਰਖਾ ਕੀਤੀ ਗਈ। ਲਾਹੌਰ ਵਿਚੋਂ ਜਿਹੜੇ ਪਿਤਾ ਜੀ ਦੇ ਸੰਗੀ ਸਾਥੀ ਸ਼ਾਮਲ ਹੋਏ, ਉਨ੍ਹਾਂ ਵਿਚੋਂ ਗੁਰਭਾਈ ਸ. ਸਰਵਨ ਸਿੰਘ ਐਸ.ਡੀ.ਓ. ਬਾਊ ਦਵਿੰਦਰ ਸਿੰਘ, ਜਸਟਿਸ ਮਾਨ ਸਿੰਘ, ਪ੍ਰੋ. ਹਰਮਿੰਦਰ ਸਿੰਘ ਤੇ ਉਨ੍ਹਾਂ ਦੀ ਧਰਮਪਤਨੀ ਬੀਬੀ ਕੰਵਲਜੀਤ ਕੌਰ, ਭਾਈ ਗੁਰਦਿਆਲ ਸਿੰਘ, ਭਾਈ ਭੁਪਿੰਦਰ ਸਿੰਘ ਤੇ ਉਨ੍ਹਾਂ ਦਾ ਵੱਡਾ ਭਰਾ ਭਾਈ ਹਰਨਾਮ ਸਿੰਘ ਕੋਮਲ ਉਨ੍ਹਾਂ ਦੀ ਸਿੰਘਣੀ ਬੀਬੀ ਇੰਦਰਜੀਤ ਕੌਰ, ਡਾ. ਤ੍ਰਿਲੋਚਨ ਸਿੰਘ ਵਿਸ਼ੇਸ਼ ਤੌਰ ’ਤੇ ਸ਼ਾਮਲ ਸਨ।

ਅਨੰਦ ਕਾਰਜ ਦੀ ਰਸਮ ਭਾਈ ਸਾਹਿਬ ਰਣਧੀਰ ਸਿੰਘ ਜੀ ਦੀ ਅਗਵਾਈ ਹੇਠ ਸੰਪੰਨ ਹੋਈ। ਉਨ੍ਹਾਂ ਨੇ ਖ਼ੁਦ ਗੁਰੂ ਜਸ ਗਾਇਨ ਕੀਤਾ। ਉਨ੍ਹਾਂ ਨਾਲ ਆਈ ਬੀਬੀ ਕੁਲਵੰਤ ਕੌਰ ਨੇ ਕੀਰਤਨ ਕੀਤਾ। ਉਨ੍ਹਾਂ ਵਲੋਂ ਗਾਏ ਸ਼ਬਦ



www.AKJ.Org

"**ਗੁਰਮੁਖਿ ਸਖੀ ਸਹੇਲੀ ਮੇਰੀ**" ਨੇ ਚੰਗਾ ਰੰਗ ਬਣਾਇਆ। ਭਾਈ ਸਾਹਿਬ ਨੇ ਖੁਦ ਖੁਸ਼ੀ ਦੇ ਸ਼ਬਦਾਂ ਰਾਹੀਂ ਕੀਰਤਨ ਰੂਪੀ ਅਸੀਸਾਂ ਦਿੱਤੀਆਂ। ਜਸਟਿਸ ਮਾਨ ਸਿੰਘ ਪੰਜਾਬ ਹਾਈਕੋਰਟ ਲਾਹੌਰ ਨੇ ਵੀ ਕਥਾ ਰਾਹੀਂ ਜੋੜੀ ਨੂੰ ਅਸੀਸਾਂ ਦਿੱਤੀਆਂ। ਫਿਰ ਭਾ. ਹਰਨਾਮ ਸਿੰਘ ਕੋਮਲ ਕਿਵੇਂ ਪਿਛੇ ਰਹਿ ਸਕਦਾ ਸੀ? ਉਸ ਨੇ ਵੀ ਆਪਣਾ ਸਿਹਰਾ ਜੇਬ ਵਿਚੋਂ ਕੱਢ ਕੇ ਖੁਸ਼ੀਆਂ ਦਾ ਪਾਤਰ ਬਣਾਇਆ। ਸ਼ਾਦੀ ਸਮੇਂ ਨਾ ਬੈਂਡ, ਨਾ ਬਾਜਾ, ਨਾ ਘੋੜੀ, ਨਾ ਧੂਮ ਧਮੱਕਾ ਸਾਦਗੀ ਦਾ ਪ੍ਰਤੀਕ ਸੀ। ਇਹ ਅਨੰਦ ਕਾਰਜ ਨੇ, ਜਿਸ ਨਾਲ ਦੋਵੇਂ ਪਰਿਵਾਰ ਜਾਤ ਦੇ ਬੰਧਨਾਂ ਨੂੰ ਤੋੜ ਕੇ ਗੁਰਮੁਖ ਤੇ ਗੁਰਮਤੀ ਸੋਚ ਅਨੁਸਾਰ ਬੰਧਨਾਂ ਵਿਚ ਬੱਝੇ, ਕ੍ਰਿਸ਼ਨ ਨਗਰ ਵਿਖੇ ਇਸ ਸਾਦਗੀ ਵਾਲੇ ਅਨੰਦ ਕਾਰਜ ਦਾ ਇਕ ਨਵਾਂ ਇਤਿਹਾਸ ਸਿਰਜਿਆ। ਅਨੰਦ ਕਾਰਜ ਸਮੇਂ ਬੀਬੀ ਦਰਸ਼ਨ ਕੌਰ ਨੇ ਬਕਾਇਦਾ ਸਿਰ 'ਤੇ ਕੇਸਕੀ ਸਜਾਈ ਹੋਈ ਸੀ। ਭਾਈ ਸਾਹਿਬ ਨੇ ਇਸ ਅਨੰਦ ਕਾਰਜ ਤੇ ਬੜੀ ਖੁਸ਼ੀ ਪ੍ਰਗਟਾਈ।

**ਵਿਆਹ ਤੋਂ ਬਾਦ ਪਹਿਲੀ ਵਾਰ ਮਾਨਸਾ** : ਸੰਨ 1943 ਵਿਆਹ ਤੋਂ ਕੁਝ ਦਿਨ ਬਾਦ ਭਾਈ ਹਰਚਰਨ ਸਿੰਘ ਤੇ ਬੀਬੀ ਦਰਸ਼ਨ ਕੌਰ ਮਾਨਸਾ ਆ ਗਏ। ਇਹ ਵਿਆਹ ਤੋਂ ਬਾਦ ਪਹਿਲੀ ਫੇਰੀ ਸੀ। ਘਰ ਰੇਲਵੇ ਸ਼ਟੇਸ਼ਨ ਦੇ ਬਿਲਕੁਲ ਸਾਹਮਣੇ ਸੀ। ਥੋੜ੍ਹੇ ਬਹੁਤ ਕੱਚੇ ਪੱਕੇ ਮਕਾਨ ਸਨ। ਬਹੁਤੀ ਅਬਾਦੀ ਬਾਣੀਏ ਤੇ ਲਾਲਿਆਂ ਦੀ ਸੀ। ਘਰ ਵਿਚ ਤਿੰਨ ਚਾਰ ਕਮਰੇ ਤੇ ਛੋਟਾ ਜਿਹਾ ਵਿਹੜਾ ਸੀ। ਉਸ ਸਮੇਂ ਘਰ ਵਿਚ ਕੋਈ ਨਲਕਾ ਨਹੀਂ ਸੀ ਲੱਗਾ। ਪਾਣੀ ਦਾ ਪ੍ਰਬੰਧ ਝਿਉਰਾਂ ਦੇ ਹੱਥ ਹੁੰਦਾ ਸੀ। ਉਹ ਲੋੜ ਅਨੁਸਾਰ ਪਾਣੀ ਢੋਂਦੇ ਸਨ। ਜੰਗਲ ਪਾਣੀ ਲਈ ਬਾਹਰ ਖੇਤਾਂ ਤੇ ਟਿੱਬਿਆਂ ਵਿਚ ਹੀ ਜਾਣਾ ਪੈਂਦਾ ਸੀ। ਸਾਰਾ ਪਰਿਵਾਰ ਇਕੱਠਾ ਰਹਿੰਦਾ ਸੀ। ਇਲਕਾ ਬੜਾ ਪਛੜਿਆ ਹੋਇਆ ਸੀ। ਆਵਾਜਾਈ ਦੇ ਸਾਧਨ ਸਿਰਫ਼ ਰੇਲ ਸੀ। ਟਾਂਵੀ-ਟਾਂਵੀ ਲਾਰੀ ਦੀ ਸਵਾਰੀ ਵੀ ਮਿਲ ਜਾਂਦੀ ਸੀ।

**ਪਹਿਲੀ ਵਾਰ ਸ਼ਿਮਲਾ** : ਆਪ ਦੀ ਸ਼ਾਦੀ ਹੋਏ ਅਜੇ 18 ਦਿਨ ਹੀ ਹੋਏ ਸਨ ਕਿ ਪਿਤਾ ਜੀ ਦੇ ਦਫ਼ਤਰ ਸੰਨ 1943 ਨੂੰ ਸ਼ਿਮਲੇ ਤਬਦੀਲ ਹੋ ਗਏ। ਇੱਥੇ ਸੰਜੋਲੀ ਵਿਖੇ ਆਪ ਦੀ ਰਿਹਾਇਸ਼ ਸੀ। ਉਸ ਸਮੇਂ ਉਥੇ ਭਾਈ ਦਰਸ਼ਨ ਸਿੰਘ ਭਰਾ ਜੀ, ਮਾਸਟਰ ਪ੍ਰਤਾਪ ਸਿੰਘ ਜੀ ਸ਼ਿਮਲੇ ਵਿਚ ਨਿਵਾਸ ਕਰਦੇ ਸਨ। ਗਿਣਤੀ ਦੇ ਸਿੰਘ ਸਨ। ਪਿਤਾ ਜੀ ਪਹਿਲਾਂ ਕਦੇ ਭਾਈ ਸਾਹਿਬ ਦੇ ਤਪੋਬਨ ਕੁਮਾਰਹੱਟੀ ਨਹੀਂ ਸਨ ਗਏ। ਭਾਈ ਸਾਹਿਬ ਜੀ ਕੁਮਾਰਹੱਟੀ ਆਏ ਹੋਏ ਸਨ। ਪਿਤਾ ਜੀ ਦੀ ਤਾਂਘ ਸੀ ਕਿ ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਦਰਸ਼ਨ ਕਰਨ ਕਿਉਂ ਨਾ ਕੁਮਾਰਹੱਟੀ ਜਾਇਆ ਜਾਵੇ। ਇਹ ਵੀ ਫੈਸਲਾ ਕੀਤਾ ਕਿ ਸ਼ਿਮਲਾ ਤੋਂ ਬਾਣੀ ਪੜ੍ਹਦੇ ਪੈਦਲ ਹੀ ਚਾਲੇ ਪਾਏ ਜਾਣ।

ਨਿਸ਼ਚਿਤ ਪ੍ਰੋਗਰਾਮ ਅਨੁਸਾਰ ਸੱਤ-ਅੱਠ ਪ੍ਰਾਣੀ ਸਵੇਰੇ ਰਿਜ ਤੇ ਇਕੱਠੇ ਹੋ ਗਏ। ਇਨ੍ਹਾਂ ਵਿਚ ਛੋਟੇ ਸ਼ਿਮਲੇ ਦੀ ਸੰਗਤ ਵੀ ਸੀ। ਪਿਤਾ ਜੀ, ਅੰਮੀ ਜੀ, ਭਾਈ ਦਰਸ਼ਨ ਸਿੰਘ ਭਰਾ ਜੀ, ਮਾਸਟਰ ਪ੍ਰਤਾਪ ਸਿੰਘ ਜੀ ਤੇ ਇਕ ਉਨ੍ਹਾਂ ਦੇ ਬਜ਼ੁਰਗ ਪਿਤਾ ਜੀ ਸਨ। ਬੀਬੀਆਂ ਵਿਚ ਮੇਰੀ ਮਾਂ ਤੋਂ ਇਲਾਵਾ ਦਰਸ਼ਨ ਸਿੰਘ ਭਰਾ ਜੀ ਦੀ ਸਿੰਘਣੀ ਸੀ। ਇਕ ਦੋ ਵਜੇ ਦੁਪਹਿਰੇ ਪੈਦਲ ਕੂਚ ਕੀਤਾ। ਰਾਤ ਕੰਡਾ ਘਾਟ ਠਹਿਰੇ ਤੇ ਉਥੇ ਬਿਸ਼ਰਾਮ ਕੀਤਾ। ਸਵੇਰੇ ਫਿਰ ਕੁਮਾਰਹੱਟੀ ਲਈ ਚਾਲੇ ਪਾ ਦਿੱਤੇ। ਅਗੇ ਬਾਪੂ ਜੀ ਪਹਾੜੀ ਉਤੇ ਸੰਗਤਾਂ ਦੇ ਸਵਾਗਤ ਲਈ ਖੜ੍ਹੇ ਸਨ। ਰਸਤੇ ਵਿਚ ਸਿੰਘਾਂ ਨੇ ਬੀਬੀਆਂ ਨੂੰ ਰੇਲ ਗੱਡੀ ਰਾਹੀਂ ਜਾਣ ਦੀ ਸਲਾਹ ਦਿੱਤੀ। ਪਰ ਬੀਬੀਆਂ ਵੀ ਸਿੰਘਾਂ ਵਾਂਗ ਹਠੀ ਸਨ। ਉਹ ਵੀ ਬਾਪੂ ਜੀ ਦੇ ਦਰਸ਼ਨਾਂ ਲਈ ਉਨ੍ਹਾਂ ਵਾਗ ਹੀ ਪੈਦਲ ਜਾਣਾ ਲੋਚਦੀਆਂ ਸਨ। ਬਾਪੂ ਜੀ ਜਿਥੇ ਸ਼ਿਮਲੇ ਤੋਂ ਪੈਦਲ ਪੁਜੀ ਸੰਗਤ ਤੇ ਬੜੇ ਖੁਸ਼ ਹੋਏ, ਉਥੇ ਸਿੰਘਾਂ ਨੂੰ ਇਸ ਗੱਲ 'ਤੇ ਤਾੜਿਆ ਕਿ ਤੁਸੀਂ ਬੀਬੀਆਂ ਨੂੰ ਕਿਉਂ ਪੈਦਲ ਤੋਰ ਕੇ ਲਿਆਏ ਹੋ? ਅਗੋਂ ਬੀਬੀਆਂ ਨੇ ਬਾਪੂ ਜੀ ਨੂੰ ਕਿਹਾ ਇਨ੍ਹਾਂ ਦਾ ਕੋਈ ਕਸੂਰ ਨਹੀਂ, ਸਗੋਂ ਸਾਡਾ ਅੰਦਰਲਾ ਮਨ ਹੀ ਤੁਹਾਡੇ ਪ੍ਰਤੀ ਅਜਿਹੀ ਸ਼ਰਧਾ ਰੱਖਦਾ ਸੀ। ਬਾਪੂ ਜੀ ਨੇ ਦੋਵੇਂ ਬੀਬੀਆਂ ਨੂੰ ਪਲੰਗ ਤੇ ਮੰਜੇ ਦੇ ਦਿੱਤੇ ਤੇ ਸਿੰਘਾਂ ਨੂੰ ਭੂਮ ਆਸਨ ਲਈ ਕਹਿ ਦਿੱਤਾ। ਉਥੇ ਖੂਬ ਕੀਰਤਨ ਅਖਾੜੇ ਲੱਗੇ ਤੇ ਅਗਲੇ ਦਿਨ ਵਾਪਸੀ ਰੇਲ ਰਾਹੀਂ ਸ਼ਿਮਲੇ ਲਈ ਚਾਲੇ ਪਾ ਦਿੱਤੇ।

ਉਨ੍ਹਾਂ ਦਿਨਾਂ ਵਿਚ ਨਾ ਮਾਤਰ ਹੀ ਸੰਗਤ ਸੀ। ਜਿਨ੍ਹਾਂ ਵਿਚੋਂ ਵਧੇਰੇ ਸੰਜੋਲੀ ਰਹਿੰਦੇ ਸਨ ਤੇ ਕੁਝ ਇਕ ਛੋਟੇ



www.AKJ.Org

ਸ਼ਿਮਲੇ। ਭਾਈ ਸਾਹਿਬ ਵਲੋਂ ਸ਼ਿਮਲੇ ਵਿਚ ਪਹਿਲਾਂ ਅੰਮ੍ਰਿਤ ਸੰਚਾਰ ਸੰਜੋਲੀ ਦੇ ਗੁਰਦੁਆਰਾ ਸਾਹਿਬ ਵਿਖੇ ਹੀ ਕੀਤਾ ਸੀ। ਉਹ ਆਪਣੇ ਜਥੇ ਨਾਲ ਕੁਮਾਰਹੱਟੀ ਤੋਂ ਸ਼ਿਮਲਾ ਪੁੱਜੇ ਸਨ। ਇਥੇ ਗਿਣਤੀ ਦੇ ਹੀ ਸਿੰਘਾਂ ਨੇ ਖੰਡੇ ਦੀ ਪਾਹੁਲ ਦਾ ਅੰਮ੍ਰਿਤ ਛੱਕਿਆ ਸੀ ਜਿਨ੍ਹਾਂ ਵਿਚ ਭਾਈ ਰਤਨ ਸਿੰਘ ਮਸਤਾਨਾ ਜੀ ਵੀ ਇਕ ਸਨ। ਛੇ-ਅੱਠ ਮਹੀਨੇ ਸ਼ਿਮਲੇ ਰਹਿਣ ਤੋਂ ਬਾਦ ਪਿਤਾ ਜੀ ਮੁੜ ਲਾਹੌਰ ਚਲੇ ਗਏ।

**ਮੁੜ ਲਾਹੌਰ ਵਿਖੇ** : ਕ੍ਰਿਸ਼ਨ ਨਗਰ ਬਾਜ਼ਾਰ ਦੇ ਵਿਚ ਦੁਕਾਨਾਂ ਦੇ ਉਤੇ ਘਰ ਸੀ। ਇਹ ਦੁਕਾਨਾਂ ਤੇ ਘਰ ਸੰਨ 1936 ਵਿਚ ਬਣੇ ਸਨ। ਸਾਡਾ ਘਰ ਕੇਂਦਰ ਵਿਚ ਹੋਣ ਕਾਰਨ ਤੇ ਦੂਜਿਆਂ ਨਾਲੋਂ ਵੱਡਾ ਹੋਣ ਕਾਰਨ, ਹਫਤਾਵਾਰੀ ਸਮਾਗਮਾਂ ਦੀ ਲੜੀ ਇੱਥੇ ਸ਼ੁਰੂ ਹੋ ਗਈ। ਸੱਤ ਅੱਠ ਪਰਿਵਾਰ ਹੀ ਸਨ ਜੋ ਇਸ ਸੰਗਤੀ ਕੀਰਤਨ ਵਿੱਚ ਹਿੱਸਾ ਲੈਂਦੇ ਸਨ। ਜਿਨ੍ਹਾਂ ਵਿਚ ਪ੍ਰੋ. ਹਰਮਿੰਦਰ ਸਿੰਘ ਤੇ ਉਨ੍ਹਾਂ ਦੀ ਸਿੰਘਣੀ ਬੀਬੀ ਕੰਵਲਜੀਤ ਕੌਰ, ਪ੍ਰੋ. ਹਰਮਿੰਦਰ ਸਿੰਘ ਦਾ ਭਰਾ ਗੁਰਦਿਆਲ ਸਿੰਘ, ਗਿ. ਜੀਵਨ ਸਿੰਘ ਤੇ ਉਨ੍ਹਾਂ ਦੀ ਸਿੰਘਣੀ, ਭਾਈ ਹਰਨਾਮ ਸਿੰਘ ਕੋਮਲ ਤੇ ਉਨ੍ਹਾਂ ਦੀ ਸਿੰਘਣੀ ਬੀਬੀ ਇੰਦਰਜੀਤ ਕੌਰ, ਭਾਈ ਭੁਪਿੰਦਰ ਸਿੰਘ ਜੀ, ਭਾਈ ਸੇਵਾ ਸਿੰਘ ਜੀ ਸਿੰਘ ਬ੍ਰਦਰਜ਼ ਵਾਲੇ, ਬਾਉ ਦਵਿੰਦਰ ਸਿੰਘ ਤੇ ਉਨ੍ਹਾਂ ਦਾ ਲੜਕਾ ਭਾਈ ਕੁਲਦੀਪ ਸਿੰਘ ਵੀ ਕਦੇ ਕਦਾਈ ਆ ਜਾਂਦਾ ਸੀ। ਗਰਮੀਆਂ ਵਿਚ ਕੋਠੇ ਦੇ ਵਿਹੜੇ ਵਿਚ ਸਮਾਗਮ ਹੋਣਾ। ਥੋੜ੍ਹੀ ਜਿਹੀ ਸੰਗਤ ਵਿਚ ਚੰਗਾ ਰੰਗ ਬੱਝਣਾ। ਅਨੇਕਾਂ ਵਾਰ ਰੈਣ ਸਬਾਈ ਕੀਰਤਨ ਵੀ ਹੁੰਦੇ। ਕਦੇ-ਕਦੇ ਭਾਈ ਸਾਹਿਬ ਰਣਧੀਰ ਸਿੰਘ ਜੀ ਵੀ ਆਪਣੇ ਜਥੇ ਨਾਲ ਲਾਹੌਰ ਆਉਂਦੇ ਤਾਂ ਰੌਣਕਾਂ ਲੱਗ ਜਾਂਦੀਆਂ। ਇਹ ਸਿਲਸਿਲਾ ਜੁਲਾਈ 1947 ਤੱਕ ਚੱਲਦਾ ਰਿਹਾ।

**ਦੇਸ਼ ਦੀ ਵੰਡ ਸਮੇਂ ਮਾਨਸਾ** : ਮਾਰਚ 1947 ਵਿਚ ਲਹਿੰਦੇ ਪੰਜਾਬ ਦੇ ਅਨੇਕਾਂ ਸ਼ਹਿਰਾਂ ਵਿਖੇ, ਜਿਥੇ ਮੁਸਲਮਾਨਾਂ ਦੀ ਗਿਣਤੀ ਵਧੇਰੇ ਸੀ, ਫਿਰਕੂ ਫਸਾਦ ਹੋਣੇ ਸ਼ੁਰੂ ਹੋਏ। ਇਹ ਫਿਰਕੂ ਅੱਗ ਰਾਵਲਪਿੰਡੀ ਦੇ ਪਿੰਡਾਂ ਵਿਚੋਂ ਵਗਦੀ ਹੋਈ ਲਾਹੌਰ ਪੁੱਜ ਗਈ। ਇੱਥੇ ਵੀ ਫਿਰਕੂ ਰੰਗ ਆਪਣੇ ਜੋਬਨ 'ਤੇ ਆ ਗਿਆ। ਟਾਵੀਆਂ ਟਾਵੀਆਂ ਸਾੜ ਫੂਕ ਛੁਰੇ ਬਾਜੀ ਦੀਆਂ ਘਟਨਾਵਾਂ ਵਾਪਰਨੀਆਂ ਸ਼ੁਰੂ ਹੋ ਗਈਆਂ ਸਨ। ਜਦੋਂ ਪ੍ਰਤੱਖ ਰੂਪ ਵਿਚ ਇਹ ਤਸਵੀਰ ਸਾਹਮਣੇ ਆ ਗਈ ਕਿ ਲਾਹੌਰ ਪਾਕਿਸਤਾਨ ਵਿਚ ਆ ਰਿਹਾ ਹੈ ਤਾਂ ਪਿਤਾ ਜੀ ਨੇ ਮੇਰੀ ਅੰਮੀ ਨੂੰ ਤੇ ਸਾਨੂੰ ਦੋਹਾਂ ਭਰਾਵਾਂ ਨੂੰ ਮਾਨਸਾ ਭੇਜ ਦਿੱਤਾ। ਪਿਤਾ ਜੀ ਅਗਸਤ ਦੇ ਮਹੀਨੇ ਲਾਹੌਰ ਤੋਂ ਮਾਨਸਾ ਪੁੱਜੇ। ਸਟੇਸ਼ਨ ਦੇ ਸਾਹਮਣੇ ਵਾਲਾ ਘਰ ਬਦਲ ਲਿਆ ਸੀ ਤੇ ਇਹ ਪਹਿਲਾਂ ਨਾਲੋਂ ਕਾਫੀ ਵੱਡਾ ਸੀ। ਮਾਨਸਾ ਵਿਚ ਛੇ ਮਹੀਨੇ ਰਹੇ। ਫਿਰ ਪਿਤਾ ਜੀ ਦੇ ਆਰਡਰ ਆ ਗਏ ਕਿ ਤੁਹਾਡੀ ਬਦਲੀ ਸ਼ਿਮਲੇ ਵਿਖੇ ਕਰ ਦਿੱਤੀ ਹੈ ਤੇ ਤੁਸੀਂ ਤੁਰੰਤ ਸ਼ਿਮਲੇ ਰਿਪੋਰਟ ਕਰੋ। ਫਿਰ ਪਿਤਾ ਜੀ ਨੇ ਦੋ ਦਿਨ ਪਟਿਆਲੇ ਆਪਣੇ ਵੱਡੇ ਭਰਾ ਵੀਰ ਬਲਬੀਰ ਸਿੰਘ ਕੋਲ ਰਹਿ ਕੇ ਸ਼ਿਮਲੇ ਕੂਚ ਕੀਤਾ।

**ਮੁੜ ਸ਼ਿਮਲਾ ਵਿਖੇ** : ਸੰਨ 1948 ਦਾ ਮੁੱਢ ਸੀ। ਪਿਤਾ ਜੀ ਸਹਿਤ ਪਰਿਵਾਰ ਸ਼ਿਮਲਾ ਪੁੱਜ ਗਏ। ਜਿਹੜਾ ਮਕਾਨ ਸਾਨੂੰ ਅਲਾਟ ਹੋਇਆ ਉਹ ਅੰਮੀ ਜੀ ਨੂੰ ਪਸੰਦ ਨਹੀਂ ਸੀ। ਪਿਤਾ ਜੀ ਦੇ ਗੁਰ ਭਾਈ, ਜਿਨ੍ਹਾਂ ਨੂੰ ਅਸੀਂ ਤਾਇਆ ਜੀ ਕਹਿੰਦੇ ਸਾਂ, ਸ. ਸਰਵਨ ਸਿੰਘ ਐਸ.ਡੀ.ਓ. ਪਹਿਲਾਂ ਹੀ ਸ਼ਿਮਲੇ ਵਿਖੇ ਡੇਰੇ ਲਾਈ ਬੈਠੇ ਸਨ। ਪਿਤਾ ਜੀ ਤੋਂ ਉਹ ਸੱਤ-ਅੱਠ ਸਾਲ ਵੱਡੇ ਸਨ। ਪਿਤਾ ਜੀ ਲਈ, ਉਹ ਪ੍ਰੇਰਨਾ ਸਰੋਤ ਤੇ ਬੜੇ ਚੰਗੇ ਜੀਵਨ ਵਾਲੇ, ਧਰਮ ਭਰਾ ਬਣੇ ਹੋਏ ਸਨ। ਇਕ ਸੱਚੇ-ਸੁੱਚੇ ਈਮਾਨਦਾਰ ਤੇ ਪਰਉਪਕਾਰੀ ਤਬੀਅਤ ਦੇ ਮਾਲਕ ਸਨ। ਉਨ੍ਹਾਂ ਪਿਤਾ ਜੀ 'ਤੇ ਇਹ ਪਰਉਪਕਾਰ ਕੀਤਾ ਕਿ ਆਪਣਾ ਮਕਾਨ ਪਿਤਾ ਜੀ ਦੇ ਨਾਉਂ ਅਲਾਟ ਕਰਵਾ ਦਿੱਤਾ ਤੇ ਉਹ ਸਾਡੇ ਨਾਲ ਰਹਿਣ ਲੱਗ ਪਏ। ਉਨ੍ਹਾਂ ਦੇ ਨਾਲ ਇਕ ਨੌਕਰ ਵੀ ਸੀ ਤੇ ਉਹ ਕਾਫੀ ਦੇਰ ਸਾਡੇ ਨਾਲ ਰਹੇ।

ਸ਼ਿਮਲੇ ਵਿਖੇ ਸਭ ਤੋਂ ਪਹਿਲਾ ਸੰਪਰਕ ਭਾਈ ਹਰਚਰਨ ਸਿੰਘ ਨੰਦਾ ਤੇ ਬੀਬੀ ਅੰਮ੍ਰਿਤ ਕੌਰ ਨਾਲ ਹੋਇਆ। ਉਨ੍ਹਾਂ ਦਾ ਘਰ ਫਾਊਂਟੈਨ ਬਲਿਊ ਹੋਟਲ 'ਤੇ ਸਥਿਤ ਸੀ। ਹਫਤਾਵਾਰੀ ਕੀਰਤਨ ਵਿਚ ਭਾਈ ਰਤਨ ਸਿੰਘ ਮਸਤਾਨਾ ਤੇ ਭਾਈ ਦਰਸ਼ਨ ਸਿੰਘ ਦਿਲਰੁਬਾ ਕੀਤਰਨ ਕਰਦੇ ਸਨ। ਦਿਲਰੁਬਾ ਜੀ ਦਾ ਕੀਰਤਨ ਕਲਾਸੀਕਲ ਰਾਗਾਂ ਤੇ



www.AKJ.Org

ਅਧਾਰਤ ਸੀ ਤੇ ਉਹ ਦਿਲਰੁਬਾ ਸਾਜ ਵਜਾਉਣ ਦੇ ਵੀ ਮਾਹਰ ਸੀ। ਫਾਊਂਟੈਨ ਬਲਿਊ ਹੋਟਲ ਕੁਝ ਸਾਈਡ 'ਤੇ ਸੀ। ਜਦੋਂ ਦੂਜੇ ਸਿੰਘਾਂ ਨੂੰ ਪਿਤਾ ਜੀ ਦੀ ਰਿਹਾਇਸ਼ ਲੋਅਰ ਬਜ਼ਾਰ, ਜੋ ਸ਼ਿਮਲੇ ਦਾ ਕੇਂਦਰ ਸੀ, ਦਾ ਪਤਾ ਲੱਗਾ ਤਾਂ ਹਫਤਾਵਾਰੀ ਸਤਸੰਗ ਦੀ ਥਾਂ ਸਾਡਾ ਗ੍ਰਿਹ ਹੀ ਬਣ ਗਿਆ। ਸਾਡਾ ਘਰ ਦੂਜਿਆਂ ਨਾਲੋਂ ਕਾਫੀ ਵੱਡਾ ਹੋਣ ਕਾਰਨ ਸੰਗਤਾਂ ਅਸਾਨੀ ਨਾਲ ਸਮਾ ਸਕਦੀਆਂ ਸਨ। ਸੰਨ 1948 ਵਿਚ ਮੇਰੇ ਅੰਮੀ ਜੀ ਆਪਣੇ ਪੇਕੇ ਦਿੱਲੀ ਗਈ ਹੋਈ ਸੀ ਤਾਂ ਪਿਤਾ ਜੀ ਨੇ ਘਰ ਵਿਚ ਇਕ ਸ੍ਰੀ ਅਖੰਡ ਪਾਠ ਰੱਖਿਆ, ਜਿਸ ਦੀ ਸੇਵਾ ਬੀਬੀ ਅੰਮ੍ਰਿਤ ਕੌਰ ਤੇ ਉਨ੍ਹਾਂ ਦੇ ਪਤੀ ਭਾਈ ਹਰਚਰਨ ਸਿੰਘ ਨੰਦਾ ਨੇ ਕੀਤੀ। ਨੰਦਾ ਸਾਹਿਬ ਉਸ ਸਮੇਂ 'ਸਰਬਲੋਹੀਆ' ਸੀ। ਭਾਈ ਇੰਦਰ ਸਿੰਘ ਜੀ (ਸ਼ਿਮਲਾ ਬੂਟ ਹਾਊਸ ਵਾਲੇ) ਵੀ ਇਨ੍ਹਾਂ ਦੇ ਨਾਲ ਹੀ ਸਨ। ਜਦੋਂ ਅੰਮੀ ਜੀ ਵਾਪਿਸ ਸ਼ਿਮਲੇ ਪਰਤੇ ਤਾਂ ਇਨ੍ਹਾਂ ਦਾ ਮੇਲ ਬੀਬੀ ਅੰਮ੍ਰਿਤ ਕੌਰ ਨਾਲ ਹੋਇਆ। ਉਹ ਵੀ ਪਿਛੋਂ ਰਾਵਲਪਿੰਡੀ ਦੇ ਹੋਣ ਕਾਰਨ, ਦੋਨਾਂ ਦਾ ਆਪਸੀ ਬੜਾ ਪਿਆਰ ਪੈ ਗਿਆ।

ਇਕ ਵਾਰ ਭਾਈ ਇੰਦਰ ਸਿੰਘ ਜੀ ਬਿਮਾਰ ਹੋ ਗਏ। ਉਨ੍ਹਾਂ ਦਾ ਵੱਡਾ ਲੜਕਾ ਭਾਈ ਬਲਦੇਵ ਸਿੰਘ ਭੱਜਾ-ਭੱਜਾ ਸਾਡੇ ਘਰ ਆਇਆ ਕਿ ਪਿਤਾ ਜੀ ਬੜੇ ਬਿਮਾਰ ਹਨ ਤੇ ਆਪ ਨੂੰ ਯਾਦ ਕਰ ਰਹੇ ਹਨ। ਜਦੋਂ ਉਨ੍ਹਾਂ ਦੇ ਘਰ ਗਏ ਤਾਂ ਬੜਾ ਦਿਲਾਸਾ ਦਿੱਤਾ ਕਿ ਤੁਸੀਂ ਗੁਰੂ ਦੀ ਮੇਹਰ ਸਦਕਾ ਠੀਕ ਹੋ ਜਾਵੋਗੇ ਤੇ ਤੁਸੀਂ ਸਿੰਘਾਂ ਦੀ ਬੜੀ ਸੇਵਾ ਕਰਨੀ ਹੈ। ਫਿਰ ਉਨ੍ਹਾਂ ਦੀ ਦੇਹ-ਅਰੋਗਤਾ ਲਈ ਇਕ ਅਖੰਡ ਪਾਠ ਸਾਡੇ ਗ੍ਰਿਹ ਰੱਖਿਆ। ਉਨ੍ਹਾਂ ਦੀ ਸਿਹਤਯਾਬੀ ਲਈ ਅਰਦਾਸ ਕੀਤੀ ਗਈ, ਕੀਰਤਨ ਰੂਪੀ ਅਸੀਸਾਂ ਪ੍ਰਦਾਨ ਕੀਤੀਆਂ। ਉਹ ਛੇਤੀ ਹੀ ਪੂਰਨ ਰੂਪ ਵਿਚ ਤੰਦਰੁਸਤ ਹੋ ਗਏ, ਜਿਸ ਨਾਲ ਉਸ ਪਰਿਵਾਰ ਨਾਲ ਸਾਡਾ ਪਿਆਰ ਅੰਤਮ ਸਮੇਂ ਤੱਕ ਕਾਇਮ ਰਿਹਾ।

ਸਾਡੇ ਗ੍ਰਿਹ ਵਿਖੇ ਬਾਬਾ ਜੀ ਦਾ ਇਕ ਕਮਰਾ ਜੋ ਅਕਾਰ ਦਾ ਬਹੁਤ ਵੱਡਾ ਨਹੀਂ ਸੀ, ਬਣਾਇਆ ਗਿਆ ਸੀ। ਉਸ ਵਿਚ ਇਕ ਵੱਡਾ ਪਲੰਘ ਵਿਸ਼ੇਸ਼ ਤੌਰ 'ਤੇ ਬਣਵਾਇਆ ਸੀ। ਇਸ ਪਲੰਘ ਦੇ ਉੱਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਵੱਡੇ ਦੋ ਸਰੂਪਾਂ ਨੂੰ ਬੜੇ ਸਤਿਕਾਰ ਨਾਲ ਰੱਖਿਆ ਹੁੰਦਾ ਸੀ। ਇਸ ਤੋਂ ਇਲਾਵਾ ਇਕ ਕਲਾਤਮਿਕ ਪੀੜ੍ਹਾ ਮਹਾਰਾਜ ਦੇ ਰੋਜ਼ਾਨਾ ਪ੍ਰਕਾਸ਼ ਕਰਨ ਲਈ ਰੱਖਿਆ ਸੀ। ਘਰ ਦੀ ਬੈਠਕ, ਬੈਡ ਰੂਮਜ਼ ਤੇ ਗੈਲਰੀ ਵਿਚ ਦਿਵਾਰਾਂ ਉੱਤੇ ਗੁਰਬਾਣੀ ਦੇ ਸੁੰਦਰ ਕਿੱਤੇ, ਜਿਨ੍ਹਾਂ ਉਤੇ ਦਸਾਂ ਗੁਰੂ ਸਾਹਿਬਾਨ ਦੀ ਬਾਣੀ ਦੀਆਂ ਚੋਣਵੀਆਂ ਤੁੱਕਾਂ ਨੂੰ ਫੁੱਲ ਬੂਟਿਆਂ ਤੇ ਹੋਰ ਮੀਨਾਕਾਰੀ ਦੀ ਸਜਾਵਟ ਰਾਹੀਂ ਕਰਤਾਰ ਸਿੰਘ ਸੁਮੇਰ ਚਿੱਤਰਕਾਰ ਨੇ ਮੂਰਤੀਮਾਨ ਕੀਤਾ ਸੀ, ਲਗਾਏ ਹੋਏ ਸਨ। ਉਸ ਸਮੇਂ ਗੁਰਬਾਣੀ ਦੇ ਅਜਿਹੇ ਕਿਤਿਆਂ ਦਾ ਰਿਵਾਜ਼ ਪ੍ਰਚੱਲਤ ਸੀ। ਪਿਤਾ ਜੀ ਅੰਮ੍ਰਿਤ ਵੇਲੇ ਤਿੰਨ ਚਾਰ ਵਜੇ ਉੱਠ ਜਾਂਦੇ ਤੇ ਕਾਫੀ ਸਮਾਂ ਉਹ ਸਿਮਰਨ ਲਈ ਪ੍ਰਦਾਨ ਕਰਦੇ। ਉਨ੍ਹਾਂ ਦੀ ਲਿਵ ਸਦਾ ਪ੍ਰਭੂ ਪਰਮੇਸ਼ਵਰ ਦੇ ਧਿਆਨ ਵੱਲ ਰਹਿੰਦੀ। ਸਮੇਂ ਦੇ ਬਹੁਤ ਪਾਬੰਦ ਸਨ। ਉਹ ਆਪਣੀ ਰੋਜ਼ਾਨਾ ਦੀ ਜ਼ਿੰਦਗੀ ਵਿਚ ਨਾਮ ਸਿਮਰਨ ਦੇ ਨਾਲ-ਨਾਲ ਆਪਣੀ ਸਿਹਤ ਵੱਲ ਪੂਰਾ ਧਿਆਨ ਦੇਂਦੇ ਸਨ। ਘਰ ਵਿਚ ਵੱਡੀਆਂ ਦੋ ਮੂੰਗਲੀਆਂ ਤੇ ਲੋਹੇ ਦੇ ਦੋ ਡੰਬਲ ਰੱਖੇ ਹੋਏ ਸਨ। ਉਹ ਨਿੱਤ ਕਾਫੀ ਸਮਾਂ ਮੂੰਗਲੀਆਂ ਫੇਰਨ, ਡੰਬਲ ਚੁਕਣ ਤੇ ਡੰਡ ਬੈਠਕਾਂ ਲਈ ਜ਼ਰੂਰ ਕੱਢਦੇ ਸਨ। ਉਨ੍ਹਾਂ ਨੂੰ ਅਕਸਰ ਦੀਵਾਰ ਨਾਲ ਢੋਅ ਲਾ ਕੇ ਲੱਤਾਂ ਉੱਤੇ ਅਤੇ ਸਿਰ ਥੱਲੇ ਕਰ ਕਸਰਤ ਕਰਦੇ ਵੇਖਦਾ ਹੁੰਦਾ ਸਾਂ।

ਘਰ ਵਿਚ ਸਾਦਾ ਖਾਣਾ ਤੇ ਸਾਦਾ ਪਹਿਨਣਾ ਉਨ੍ਹਾਂ ਦਾ ਸੁਭਾਅ ਸੀ। ਸਵੇਰੇ ਅੱਠ ਸਵਾ ਅੱਠ ਵਜੇ ਉਹ ਆਪਣਾ ਚਾਹ ਦੁੱਧ ਤੇ ਨਾਸ਼ਤਾ ਕਰ ਦਫ਼ਤਰ ਲਈ ਕੂਚ ਕਰ ਜਾਂਦੇ ਸਨ। ਉਨ੍ਹਾਂ ਦਾ ਦਫ਼ਤਰ ਛੋਟੇ ਸ਼ਿਮਲੇ ਸੀ। ਉਹ ਉਸ ਸਮੇਂ ਨਹਿਰ ਵਿਭਾਗ ਵਿਚ ਸਹਾਇਕ ਦੀ ਅਸਾਮੀ 'ਤੇ ਲੱਗੇ ਹੋਏ ਸਨ। ਦੁਪਹਿਰ ਦਾ ਪ੍ਰਸ਼ਾਦਾ ਤੇ ਪਾਣੀ ਦੀ ਬੋਤਲ ਘਰੋਂ ਲੈ ਕੇ ਜਾਂਦੇ ਸਨ। ਸਾਰਾ ਰਸਤਾ ਉਨ੍ਹਾਂ ਦੀ ਲਿਵ ਪ੍ਰਭੂ ਪਰਮੇਸ਼ਵਰ ਵੱਲ ਲੱਗੀ ਹੁੰਦੀ ਸੀ। ਦਫ਼ਤਰ ਵਿਚ ਉਨ੍ਹਾਂ ਨੂੰ ਜਿਹੜੀ ਵੀ ਸੀਟ ਮਿਲੀ, ਉਸ ਸੀਟ ਦਾ ਕੰਮ ਸਮੇਂ ਸਿਰ ਨਿਪਟਾਉਣਾ ਉਨ੍ਹਾਂ ਦਾ ਸੁਭਾਅ ਸੀ। ਹਰ ਕੇਸ ਦਾ ਫੈਸਲਾ, ਉਨ੍ਹਾਂ ਤੱਥਾਂ ਦੇ ਅਧਾਰ 'ਤੇ ਨਿਡਰ ਤੇ ਬੇਬਾਕ ਹੋ ਕੇ ਕਰਨਾ। ਉਨ੍ਹਾਂ ਦੀ ਕਲਮ ਨੇ ਕਦੇ ਵੀ ਪੱਖਪਾਤ,



www.AKJ.Org

ਵੈਰ-ਵਿਰੋਧ, ਲਾਗ ਡਾਟ ਨੂੰ ਆਪਣਾ ਅਧਾਰ ਨਹੀਂ ਮੰਨਿਆ। ਉਹ ਸਦਾ ਆਪਣੀ ਸੂਝ-ਬੂਝ, ਇਮਾਨਦਾਰੀ ਤੇ ਨਿਰਛੱਲ ਹੋ ਕੇ ਕੇਸਾਂ ਦਾ ਨਿਪਟਾਰਾ ਕਰਦੇ। ਉਹ ਹਰ ਇਕ ਨਾਲ ਸੁਹਿਰਦ, ਪਿਆਰ ਮੁਹੱਬਤ ਨਾਲ ਪੇਸ਼ ਆਉਂਦੇ। ਇਹੋ ਉਨ੍ਹਾਂ ਦੀ ਲੋਕਪ੍ਰਿਯਤਾ ਤੇ ਪ੍ਰਤਿਭਾ ਦੇ ਵਿਸ਼ੇਸ਼ ਗੁਣ ਸਨ। ਉਚ ਅਧਿਕਾਰੀ ਉਨ੍ਹਾਂ ਦੀ ਲਗਨ ਮਿਹਨਤ ਦਾ ਲੋਹਾ ਮੰਨਦੇ ਸੀ। ਛੋਟੇ ਨੂੰ ਪਿਆਰ ਵੱਡੇ ਦਾ ਸਤਿਕਾਰ ਉਨ੍ਹਾਂ ਦੇ ਮਾਨਵੀ ਗੁਣਾਂ ਵਿਚ ਸ਼ਾਮਲ ਸੀ। ਕਿਸੇ ਵੀ ਮਤਾਹਿਤ ਨੂੰ, ਕਦੇ ਵੀ ਆਪਣੇ ਨਿੱਜੀ ਕਾਰਜ ਲਈ ਨਹੀਂ ਵਰਤਿਆ। ਗੱਲਬਾਤ ਤੇ ਖਾਣ-ਪੀਣ ਵਿਚ ਬੜੇ ਸੰਜਮੀ ਸਨ। ਵਿਹਲੇ ਸਮੇਂ (ਅਧੇ ਘੰਟੇ ਦੀ ਛੁਟੀ) ’ਤੇ ਵੀ ਉਹ ਸਦਾ ਪ੍ਰਭੂ ਦੇ ਸਿਮਰਨ ਵਿਚ ਲੀਨ ਰਹਿੰਦੇ ਸਨ। ਉਨ੍ਹਾਂ ਦੇ ਮਹਿਕਮੇ ਦਾ ਹਰ ਕੋਈ ਸਾਥੀ, ਪਿਤਾ ਜੀ ਨੂੰ ਸਤਿਕਾਰ ਨਾਲ ਭਾਈ ਸਾਹਿਬ ਦੇ ਸ਼ਬਦ ਨਾਲ ਸੰਬੋਧਨ ਕਰਦਾ ਸੀ। ਬਾਅਦ ਵਿਚ ਇਹ ਸਾਰੇ ਪਿਤਾ ਜੀ ਦੇ ਸਤਸੰਗੀ ਬਣ ਗਏ।

ਪਿਤਾ ਜੀ ਨੂੰ ਕੀਰਤਨ ਦਾ ਸ਼ੌਕ ਸੀ। ਉਨ੍ਹਾਂ ਕੁਝ ਸਮਾਂ ਕੀਰਤਨ ਸਿੱਖਣ ਦਾ ਯਤਨ ਕੀਤਾ ਪਰ ਸੁਰਾਂ ਤੇ ਬਹੁਤਾ ਹੱਥ ਨਾ ਚਲਾ ਸਕੇ। ਇਸੇ ਤਰ੍ਹਾਂ ਸ਼ਿਮਲੇ ਵਿਚ ਕਾਫੀ ਸਮਾਂ ਉਨ੍ਹਾਂ ਸਰਬਲੋਹ ਰਹਿਤ ਨੂੰ ਵੀ ਧਾਰਨ ਕੀਤਾ। ਇਹ ਇਕ ਸਰਕਾਰੀ ਨੌਕਰ ਲਈ ਕਠਿਨ ਪ੍ਰਕਿਰਿਆ ਸੀ ਤੇ ਬਾਅਦ ਵਿਚ ਸਾਰੀ ਜ਼ਿੰਦਗੀ ਬਿਬੇਕ ’ਤੇ ਪਹਿਰਾ ਦਿੱਤਾ। ਉਹ ਕਠੋਰ ਦਿਲ ਦੇ ਮਾਲਕ ਨਹੀਂ ਸਨ। ਸਾਡੇ ਘਰ ਵਿਚ ਇਕ ਲੋਹੇ ਦਾ ਪਲੰਘ ਸੀ। ਉਸ ਵਿਚ ਸਪਰਿੰਗ ਲੱਗੇ ਹੋਏ ਸਨ। ਬਾਪੂ ਜੀ ਜਦੋਂ ਵੀ ਆਉਂਦੇ ਤਾਂ ਉਹ ਪਲੰਘ ਤੇ ਚੌਂਕੜਾ ਮਾਰ ਬੜੀ ਦੇਰ ਤੱਕ ਅਭਿਆਸ ਕਰਕੇ ਆਨੰਦ ਲੈਂਦੇ ਸਨ। ਬਾਪੂ ਜੀ ਇਸ ਪਲੰਘ ਦੀ ਬੜੀ ਚਾਹ ਰੱਖਦੇ ਸਨ। ਪਿਤਾ ਜੀ ਨੂੰ, ਬਾਪੂ ਜੀ ਨੇ ਹੱਸਦੇ ਹੋਏ ਕਹਿਣਾ ਕਿ ਤੁਸੀਂ ਪਲੰਘ ਵੀ ਸਰਬਲੋਹ ਦਾ ਰੱਖਿਆ ਹੈ।

ਜਦੋਂ ਸਾਡੇ ਗ੍ਰਹਿ ਕੀਰਤਨ ਸਮਾਗਮ ਸ਼ੁਰੂ ਹੋਣ ਲੱਗੇ ਤਾਂ ਹਫਤੇਵਾਰੀ ਕੀਰਤਨ ਵਿਚ ਭਾਈ ਅਜੀਤ ਸਿੰਘ, ਭਾਈ ਹਰਬੰਸ ਸਿੰਘ, ਭਾਈ ਸੁਰਿੰਦਰ ਸਿੰਘ ਕੀਰਤਨ ਕਰਦੇ ਸਨ। ਇਹ ਤਿੰਨੋ ਭਰਾ ਸਨ ਜੋ ਸਭ ਤੋਂ ਪਹਿਲਾਂ ਹਾਜ਼ਰੀ ਭਰਦੇ ਤੇ ਭੋਗ ਪਿਛੋਂ ਘਰਾਂ ਨੂੰ ਜਾਂਦੇ ਸਨ। ਲੰਗਰ ਦੀ ਸੇਵਾ ਵੀ ਇਨ੍ਹਾਂ ਦੀਆਂ ਸਿੰਘਣੀਆਂ ਨੇ ਖੂਬ ਕਰਨੀ। ਹਫਤੇਵਾਰੀ ਸਮਾਗਮ ਵਿਚ ਹੋਰ ਵੀ ਸੰਗਤ ਕਾਫੀ ਗਿਣਤੀ ਵਿਚ ਜੁੜਦੀ ਸੀ। ਜਥੇ ਦੇ ਥੋੜ੍ਹੇ ਹੀ ਸਿੰਘ ਸਨ। ਜਥੇ ਦੇ ਸਿੰਘਾਂ ਵਿਚ ਭਾਈ ਰਤਨ ਸਿੰਘ ਜੀ ਮਸਤਾਨਾ, ਭਾਈ ਜੋਧ ਸਿੰਘ ਜੀ, ਭਾਈ ਅਮਰੀਕ ਸਿੰਘ ਜੀ, ਭਾਈ ਪ੍ਰੀਤਮ ਸਿੰਘ ਠੇਕਦਾਰ, ਭਾਈ ਪ੍ਰੀਤਮ ਸਿੰਘ ਏ.ਜੀ. ਵਾਲੇ, ਭਾਈ ਸਵਰਨ ਸਿੰਘ ਜੀ ਸੂਬਾ ਜੋ ਥੋੜ੍ਹੀ ਦੇਰ ਸ਼ਿਮਲੇ ਰਹੇ ਤੇ ਫਿਰ ਚਲੇ ਗਏ। ਭਾਈ ਗੱਜਣ ਸਿੰਘ (ਮਿਲਟਰੀ ਵਾਲੇ) ਭਾਈ ਹਰਨਾਮ ਸਿੰਘ ਕੋਮਲ ਜੀ, ਭਾਈ ਨੌਹਰੀਆ ਸਿੰਘ ਜੀ, ਭਾਈ ਮੇਹਰ ਸਿੰਘ ਜੀ ਨੇ ਥੋੜ੍ਹਾ ਬਹੁਤ ਸਮਾਂ ਸ਼ਿਮਲੇ ਦੇ ਕੀਰਤਨ ਸਮਾਗਮਾਂ ਵਿਚ ਆਪਣਾ ਸਮਾਂ ਪ੍ਰਦਾਨ ਕੀਤਾ। ਭਾਈ ਮੱਖਣ ਸਿੰਘ ਜੀ ਪੰਜ ਪਿਆਰਿਆਂ ਦੀ ਸੇਵਾ ਵਿਚ ਸ਼ਾਮਲ ਹੁੰਦੇ ਸਨ।

ਦੇਸ਼ ਦੀ ਵੰਡ ਤੋਂ ਬਾਅਦ ਸ਼ਿਮਲੇ ਵਿਚ ਅਖੰਡ ਕੀਰਤਨੀ ਜਥੇ ਦੇ ਸਮਾਗਮ ਹੋਣੇ ਸ਼ੁਰੂ ਹੋ ਗਏ ਸਨ। ਇਸ ਤੋਂ ਪਹਿਲਾਂ ਆਟੇ ਵਿਚ ਲੂਣ ਵਾਂਗ ਸੰਗਤ ਹੋਣ ਕਾਰਨ ਸਮਾਗਮ ਰੈਗੂਲਰ ਨਹੀਂ ਸੀ ਹੁੰਦੇ। ਵੰਡ ਤੋਂ ਬਾਦ ਪੰਜਾਬ ਦੀ ਆਰਜ਼ੀ ਰਾਜਧਾਨੀ ਸ਼ਿਮਲਾ ਹੁੰਦੀ ਸੀ। ਬਹੁਤੇ ਦਫ਼ਤਰ ਸ਼ਿਮਲੇ ਆ ਚੁੱਕੇ ਸਨ। ਲਾਹੌਰ ਦੀ ਸੰਗਤ ਵੀ ਸ਼ਿਮਲੇ ਵਿਚ ਹੀ ਆ ਗਈ ਸੀ। ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਗਰਮੀਆਂ ਨੂੰ ਆਪਣੇ ਤਪੋਬਨ ਕੁਮਾਰਹੱਟੀ ਕੁਝ ਮਹੀਨਿਆਂ ਲਈ ਆ ਜਾਂਦੇ ਸਨ। ਇਸ ਲਈ ਨਾਰੰਗਵਾਲ ਪੋਹ ਸੁੱਦੀ ਸਤਵੀਂ ਦੇ ਸਮਾਗਮ ਤੋਂ ਬਾਦ ਸ਼ਿਮਲੇ ਵਿਖੇ ਪੰਚਮ ਪਾਤਿਸ਼ਾਹ ਦੇ ਸ਼ਹੀਦੀ ਗੁਰਪੁਰਬ ਦਾ ਸਮਾਗਮ ਵੱਡੇ ਪੱਧਰ ’ਤੇ ਕਰਨ ਦੀ ਲੀਹ ਪੈ ਗਈ। ਇਸ ਕੜੀ ਵਿਚ ਪਹਿਲਾ ਵੱਡਾ ਸਮਾਗਮ ਸ਼ਿਮਲੇ ਵਿਚ 11 ਮਈ 1948 ਨੂੰ ਹੋਇਆ ਸੀ। ਇਹ ਸਮਾਗਮ ਬੜੀ ਚੜ੍ਹਦੀਆਂ ਕਲਾ ਵਿਚ ਕੀਤਾ ਗਿਆ। ਜਿਸ ਵਿਚ ਜੰਮੂ-ਕਸ਼ਮੀਰ, ਦਿੱਲੀ ਤੇ ਲੁਧਿਆਣਾ ਤੋਂ ਵੀ ਸੰਗਤ ਪੁੱਜੀ ਸੀ। ਭਾਈ ਸਾਹਿਬ ਜੀ ਕੁਮਾਰਹੱਟੀ ਤੋਂ ਆਏ ਸਨ। ਭਾਈ ਨੋਹਰੀਆ ਸਿੰਘ, ਭਾਈ ਮੇਹਰ ਸਿੰਘ (ਦੋਨੋਂ ਭਰਾ) ਨੇ ਅਜੇ ਜਥੇ ਵਿਚ ਪ੍ਰਵੇਸ਼ ਨਹੀਂ



www.AKJ.Org

ਸੀ ਕੀਤਾ। ਇਹ ਸ਼ਿਮਲੇ ਵਿਚ ਹੀ ਰਹਿੰਦੇ ਸਨ। ਪਿਤਾ ਜੀ ਅਤੇ ਭਾਈ ਰਤਨ ਸਿੰਘ ਮਸਤਾਨਾ ਜੀ ਪ੍ਰੇਰਨਾ ਨਾਲ ਭਾਈ ਨੌਹਰੀਆ ਸਿੰਘ ਤੇ ਭਾਈ ਮੇਹਰ ਸਿੰਘ ਜੀ ਨੇ ਜਥੇ ਵਿਚ ਪ੍ਰਵੇਸ਼ ਕੀਤਾ।

ਇਸੇ ਤਰ੍ਹਾਂ ਹੀ ਸੰਨ 1948 ਨੂੰ ਇਕ ਅਜਿਹੀ ਘਟਨਾ ਵਾਪਰੀ ਜਿਸ ਨੇ ਇਕ ਨਵਾਂ ਇਤਿਹਾਸ ਸਿਰਜਿਆ। ਭਾਈ ਹਰਚਰਨ ਸਿੰਘ ਜੀ ਨੰਦਾ ਦੇ ਗ੍ਰਹਿ ਵਿਖੇ ਕੀਰਤਨ ਸਮਾਗਮ ਸੀ ਜਿਸ ਵਿਚ ਭਾਈ ਰਤਨ ਸਿੰਘ ਮਸਤਾਨਾ ਜੀ ਕੀਰਤਨ ਕਰ ਰਹੇ ਸਨ। ਉਨ੍ਹਾਂ ਦਸਮ ਗ੍ਰੰਥ ਤੇ ਭਾਈ ਗੁਰਦਾਸ ਜੀ ਦੇ ਭੰਡਾਰੇ ਵਿਚੋਂ ਅੰਮ੍ਰਿਤ ਕੀਰਤਨ ਦੇ ਛਾਂਦੇ ਪਿਆਰੀ ਰੂਹਾਂ ਨੂੰ ਭੁੰਚਾਏ। ਉਸ ਸਮੇਂ ਇਕ ਸਿੰਘ 'ਨਿਰਮੋਲਕ ਹੀਰਾ ਗੁਟਕੇ ਵਿਚੋਂ ਇਹ ਸ਼ਬਦ ਲੱਭਣ ਦਾ ਯਤਨ ਕਰ ਰਿਹਾ ਸੀ। ਉਨ੍ਹਾਂ ਦੀ ਨਿਰਾਸ਼ਤਾ ਵੇਖ, ਪਿਤਾ ਜੀ ਨੂੰ ਇਹ ਫੁਰਨਾ ਫੁਰਿਆ ਕਿ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ, ਸ੍ਰੀ ਦਸਮ ਗ੍ਰੰਥ, ਭਾਈ ਗੁਰਦਾਸ ਸਾਹਿਬ ਤੇ ਭਾਈ ਨੰਦ ਲਾਲ ਸਾਹਿਬ ਜੀ ਰਚਿਤ ਬਾਣੀਆਂ ਵਿਚੋਂ ਚੁਣਵੀਂ ਬਾਣੀ ਦਾ ਸੰਗ੍ਰਹਿ ਕਰਕੇ, ਕੀਰਤਨ ਕਰਨ ਹਾਰਿਆ ਤੇ ਸੁਨਣਹਾਰਿਆਂ ਦੀ ਸੇਵਾ ਕਰਨੀ ਚਾਹੀਦੀ ਹੈ।

ਇਸ ਕਾਰਜ ਨੂੰ ਨੇਪੜੇ ਚਾੜਨ ਹਿਤ, ਸਦ ਹਿਤੈਸ਼ੀ ਵੀਰ ਸਰਵਨ ਸਿੰਘ ਜੀ ਐਸ.ਡੀ.ਓ. ਨਹਿਰ ਪੂਰਬਲੇ ਸੰਜੋਗੜੇ ਵੀਰ ਨੇ ਪਿਤਾ ਜੀ ਦੇ ਇਸ ਕਾਰਜ ਵਿਚ ਆਪਣੇ ਪੁਸਤਕਾਲੇ ਵਿਚੋਂ ਸਾਰੇ ਲੋੜੀਂਦੇ ਗ੍ਰੰਥ ਦਿੱਤੇ ਤੇ ਇਸ ਕਾਰਜ ਵਿਚ ਕਾਫੀ ਹੱਥ ਵਟਾਇਆ। ਤਿੰਨ ਸਾਲ ਦੀ ਸਖ਼ਤ ਮਿਹਨਤ, ਲਗਨ, ਸਿਰੜ ਨੇ ਕੀਰਤਨ ਸੰਗ੍ਰਹਿ ਦੀ ਇਕ ਅਨੂਪਮ ਪੋਥੀ ਨੂੰ ਸਾਕਾਰ ਕਰ ਦਿੱਤਾ ਜਿਸ ਦਾ ਨਾਂ "ਅੰਮ੍ਰਿਤ ਕੀਰਤਨ" ਹੈ। ਕੀਰਤਨ ਸੰਗ੍ਰਹਿ ਦੀ ਇਸ ਵਿਲੱਖਣ ਪੋਥੀ ਨੂੰ ਦੇਸ਼ ਵਿਦੇਸ਼ਾਂ ਵਿਚ ਬਹੁਤ ਪਿਆਰ ਤੇ ਸਤਿਕਾਰ ਮਿਲਿਆ।

ਪਿਤਾ ਜੀ ਦੀ ਇਸ ਕਾਰਜ ਵਿੱਚ ਸਭ ਤੋਂ ਵੱਡੀ ਇਹ ਵਡਿਆਈ ਸੀ ਕਿ ਉਨ੍ਹਾਂ ਵੱਲੋਂ ਸੰਪਾਦਨ ਕੀਤੀ, ਇਸ ਪੋਥੀ ਵਿਚ, ਉਨ੍ਹਾਂ ਹਉਮੈ ਹੰਕਾਰ ਨੂੰ ਪੱਠੇ ਪਾਉਣ ਦੀ ਥਾਂ ਨਿਮਰਤਾ, ਨਿਰਲੇਪਤਾ ਤੇ ਛਿਪੇ ਰਹਿਣ ਦੀ ਚਾਹ ਨੂੰ ਦਰਸਾਉਂਦੇ ਹੋਇਆਂ ਆਪਣਾ ਨਾਂ ਤੱਕ ਨਹੀਂ ਲਿਖਿਆ। ਸੰਪਾਦਨਾ ਦੇ ਥੱਲੇ ਕੂਕਰ ਰਾਮ ਕਉ ਲਿਖ ਕੇ ਸੱਚੇ ਗੁਰਸਿੱਖ ਹੋਣ ਦਾ ਪ੍ਰਮਾਣ ਦਿੱਤਾ। ਉਨ੍ਹਾਂ ਕਦੇ ਵੀ ਇਸ ਕਾਰਜ ਪ੍ਰਤੀ ਆਪਣੀ ਸ਼ੋਭਾ ਤੇ ਵਡਿਆਈ ਨੂੰ ਜ਼ਾਹਰ ਨਹੀਂ ਹੋਣ ਦਿੱਤਾ। ਕਦੇ ਵੀ 'ਅੰਮ੍ਰਿਤ ਕੀਰਤਨ' ਪੋਥੀ ਜੋ ਖ਼ਾਲਸਾ ਬ੍ਰਦਰਜ਼ ਸ੍ਰੀ ਅੰਮ੍ਰਿਤਸਰ ਵਲੋਂ ਛਾਪੀ ਗਈ ਸੀ, ਦੀ ਰਿਆਲਟੀ ਯਾ ਕੋਈ ਮੁਨਾਫਾ ਪ੍ਰਾਪਤ ਨਹੀਂ ਕੀਤਾ। ਕਦੇ ਆਪਾ ਨਹੀਂ ਜਣਾਇਆ। ਕਿਹੋ ਜਿਹੀ ਸਾਦਗੀ, ਵਿਸ਼ਾਲਤਾ, ਫਕੀਰੀ ਜਿੰਦਾ ਦਿਲੀ ਤੇ ਤਿਆਗ ਦੀ ਮੂਰਤ ਸਨ ਮੇਰੇ ਪਿਤਾ ਜੀ।

ਉਨ੍ਹਾਂ ਦੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨਾਲ ਸੱਚੀ ਪ੍ਰੀਤ ਸੀ। ਉਹ ਭਾਈ ਸਾਹਿਬ ਦੇ ਅੱਤ ਵਿਸ਼ਵਾਸ ਪਾਤਰ ਤੇ ਨਿਕਟਵਰਤੀ ਸਨ। ਬਾਪੂ ਜੀ ਆਪਣੇ ਬੱਚਿਆਂ ਨਾਲੋਂ ਵੱਧ ਪਿਆਰ ਤੇ ਲਾਡ ਲਡਾਉਂਦੇ ਸਨ। ਇਹੋ ਇਕ ਕਾਰਨ ਸੀ ਉਨ੍ਹਾਂ ਇਸ ਅਣਮੋਲ ਪੋਥੀ ਦੇ ਸਮਰਪਣ ਲਈ ਅੰਮ੍ਰਿਤ ਕੀਰਤਨ ਵਿਚ ਅੰਕਿਤ ਕੀਤਾ 'ਸਮਰਪਣ' ਇਹ ਪੋਥੀ ਸਤਿਕਾਰ ਪੂਰਤ ਹਿਰਦੇ ਨਾਲ ਉਸ ਪੂਜਯ ਜੋਤਿ ਜਗਾਵਣੀ ਆਤਮਾ ਨੂੰ ਸਮਰਪਤ ਕਰਦਾ ਹੈ ਜੋ ਅੱਠੋ ਪਹਿਰ ਹੀ ਨਿਰੰਕਾਰੀ ਕੀਰਤਨ ਭੰਡਾਰੇ ਵਿਚੋਂ 'ਅੰਮ੍ਰਿਤ ਕੀਰਤਨ ਦੇ ਛਾਂਦੇ ਵਰਤਾ ਕੇ ਹੋਰ ਕਈਆਂ ਨੂੰ ਜਾਗ ਲਾ ਗਈ ਹੈ।' ਇਹ ਉਹ ਆਤਮਾ ਜਿਸ ਨੂੰ ਖਾਲਸਾ ਪੰਥ ਵਿਚ ਸੋਨੇ ਦੀ ਚਿੜੀ ਕਹਿ ਕੇ ਵੀ ਸਨਮਾਨਿਆ ਗਿਆ ਹੈ।

ਇਹ ਪੋਥੀ ਦਾ ਪ੍ਰਕਾਸ਼ਨ ਪਹਿਲੀ ਵਾਰ ਸੰਨ 1955 ਵਿਚ ਹੋਇਆ। ਸਾਡੇ ਗ੍ਰਹਿ ਲੋਅਰ ਬਜ਼ਾਰ ਸ਼ਿਮਲਾ ਵਿਖੇ ਇਕ ਕੀਰਤਨ ਸਮਾਗਮ ਸਮੇਂ ਬਾਪੂ ਜੀ ਨੇ ਆਪਣੇ ਕਰ ਕਮਲਾਂ ਦੁਆਰਾ ਇਸ ਪੋਥੀ ਨੂੰ ਰਿਲੀਜ਼ ਕੀਤਾ। ਬਾਪੂ ਜੀ ਨੇ ਮੇਰੇ ਪਿਤਾ ਜੀ ਨੂੰ ਇਨ੍ਹਾਂ ਸ਼ਾਨਦਾਰ ਸੇਵਾਵਾਂ ਦਾ ਸਤਿਕਾਰ ਕਰਦੇ ਹੋਏ ਜੈਕਾਰਿਆਂ ਦੀ ਗੂੰਜ ਵਿਚ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ। ਮੇਰੀ ਨਜ਼ਰ ਵਿਚ ਮੇਰੇ ਪਿਤਾ ਦਾ ਇਹ ਸਨਮਾਨ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਹੱਥੋਂ ਭਾਰਤ ਰਤਨ ਨਾਲੋਂ ਵੀ ਵੱਡਾ ਸਨਮਾਨ ਸੀ।

ਬਾਪੂ ਜੀ ਸਾਲ ਵਿਚ ਦੋ ਤਿੰਨ ਵਾਰ ਕੁਮਾਰਹੱਟੀ ਤੋਂ ਸ਼ਿਮਲੇ ਸੰਗਤਾਂ ਨੂੰ ਦਰਸ਼ਨ ਦੇਣ ਤੇ ਦਰਸ਼ਨ ਕਰਨ ਆਉਂਦੇ



www.AKJ.Org

ਸਨ। ਭਾਵੇਂ ਉਨ੍ਹਾਂ ਦੀ ਰਿਹਾਇਸ਼ ਦਾ ਪ੍ਰਬੰਧ ਗੁਰਦੁਆਰਾ ਸਿੰਘ ਸਭਾ ਕਾਰਟ ਰੋਡ ਸ਼ਿਮਲਾ ਵਿਖੇ ਕੀਤਾ ਜਾਂਦਾ ਸੀ, ਪਰ ਉਨ੍ਹਾਂ ਸਾਡੇ ਗ੍ਰਹਿ ਜ਼ਰੂਰ ਦਰਸ਼ਨ ਦੇਣੇ। ਵੱਖ-ਵੱਖ ਥਾਵਾਂ 'ਤੇ ਅਖੰਡ ਕੀਰਤਨ ਦੇ ਹੁੰਦੇ ਪ੍ਰਵਾਹ, ਪੰਚਮ ਪਾਤਿਸ਼ਾਹ ਦੇ ਸ਼ਹੀਦੀ ਗੁਰਪੁਰਬ ਸਮੇਂ, ਨਿਕਲੇ ਨਗਰ ਕੀਰਤਨ ਸਮੇਂ ਗੁਰੂ ਜਸ ਗਾਇਨ ਕਰਦੇ। ਮੇਰੇ ਪਿਤਾ ਜੀ ਸਦਾ ਉਨ੍ਹਾਂ ਦੇ ਨਾਲ-ਨਾਲ ਰਹਿੰਦੇ। ਉਨ੍ਹਾਂ ਦੇ ਸੁਖ ਆਰਾਮ ਦਾ ਧਿਆਨ ਦੇਂਦੇ। ਸਾਲ ਵਿਚ ਸਾਡੇ ਦੋ ਤਿੰਨ ਚੱਕਰ ਕੁਮਾਰਹੱਟੀ ਦੇ ਲਗਦੇ। ਮੈਂ ਵੀ ਘਰਦਿਆਂ ਨਾਲ ਆਪਣੇ ਮਾਂ-ਬਾਪ ਦੇ ਸੰਗ ਹੁੰਦਾ। ਕੁਮਾਰਹੱਟੀ ਲੰਗਰ ਲਈ ਜਲ, ਦੋ ਤਿੰਨ ਫਰਲਾਂਗਾ ਥੱਲੇ ਖੱਡ ਵਿਚ ਬਣੇ ਚਸ਼ਮਿਆਂ ਜਾਂ ਰੇਲਵੇ ਸਟੇਸ਼ਨ ਤੋਂ ਲਿਆਂਦਾ ਜਾਂਦਾ ਸੀ। ਪਿਤਾ ਜੀ ਚਸ਼ਮਿਆਂ ਤੋਂ ਗਾਗਰ ਭਰ ਕੇ ਲੰਗਰ ਲਈ ਜਲ ਲਿਆਉਂਦੇ। ਉਨ੍ਹਾਂ ਦੀ ਇਸ ਸੇਵਾ ਹੈ ਤੇ ਬਾਪੂ ਜੀ ਬਲਿਹਾਰ ਜਾਂਦੇ, ਦੂਨ ਸਵਾਏ ਹੋਏ ਖੁਸ਼ੀਆਂ ਵੰਡਦੇ। ਕੁਮਾਰਹੱਟੀ ਉਹ ਥਾਂ ਹੈ ਜਿਥੇ ਬਾਪੂ ਜੀ ਨੇ ਗੁਰਮਤਿ ਸਾਹਿਤ ਦੀ ਵੱਡੀ ਰਚਨਾ ਕੀਤੀ ਹੈ।

ਮੇਰੇ ਜ਼ਿਹਨ ਵਿਚ ਉਹ ਯਾਦਾਂ ਸਾਂਭੀਆਂ ਪਈਆਂ ਹਨ, ਜਦੋਂ ਉਹ ਅਕਸਰ ਪੋਹ ਸੁਦੀ ਸਤਵੀਂ ਤੇ ਨਾਰੰਗਵਾਲ ਵਿਖੇ ਸਮਾਗਮਾਂ ਤੇ ਹਾਜ਼ਰੀ ਭਰਦੇ। ਉਨ੍ਹਾਂ ਦਿਨਾਂ ਵਿਚ ਸ਼ਿਮਲੇ ਦੀ ਸੰਗਤ ਜਦੋਂ ਕਿਲ੍ਹਾ ਰਾਏਪੁਰ ਦੇ ਸਟੇਸ਼ਨ ਤੇ ਪੁੱਜਦੀ ਤਾਂ ਸਾਨੂੰ ਲੈਣ ਲਈ ਗੱਡੇ ਆਏ ਹੁੰਦੇ ਸਨ, ਜਿਨ੍ਹਾਂ ਸਾਨੂੰ ਭਾਈ ਸਾਹਿਬ ਦੇ ਹਵੇਲੀ 'ਤੇ ਉਤਾਰਨਾ। ਪਿਤਾ ਜੀ ਤੇ ਅੰਮੀ ਜੀ ਨੇ ਕੀਰਤਨ ਸਮਾਗਮਾਂ ਦਾ ਲਾਹਾ ਲੈਣਾ ਤੇ ਮੇਰੇ ਚੰਚਲ ਮਨ ਨੇ ਸ਼ਰਾਰਤਾਂ ਵੱਲ ਦੌੜਨਾ। ਪੇਂਡੂ ਜ਼ਿੰਦਗੀ ਮੇਰੇ ਲਈ ਨਵੀਂ ਸੀ ਤੇ ਖੇਤਾਂ ਵਿਚ ਲੱਗਾ ਗੰਨਾ ਚੂਪਣ ਦਾ ਸ਼ੌਕ ਮੈਨੂੰ ਨਾਰੰਗਵਾਲ ਤੋਂ ਹੀ ਪਿਆ। ਕਿਹੋ ਜਿਹਾ ਪਿਆਰ ਸੀ, ਕਿਹੋ ਜਿਹੇ ਦਿਨ ਸੀ, ਸਿੰਘ ਸਿੰਘਾਂ ਦੇ ਦਰਸ਼ਨ ਲਈ ਤਰਲੋ ਮੱਛੀ ਹੁੰਦੇ ਵਿਆਕੁਲ ਹੁੰਦੇ, ਇਕ-ਦੂਜੇ ਨੂੰ ਜੱਫੀਆਂ ਪਾ ਖੰਡਾ ਖੜਕਾਉਂਦੇ ਤੇ ਵਾਹਿਗੁਰੂ ਦਾ ਨਾਮ ਜਪਦੇ। ਪਰ ਅੱਜ ਸਿੰਘਾਂ ਵਿਚ ਉਹ ਪਿਆਰ, ਉਹ ਜਜ਼ਬਾ ਕਿਉਂ ਅਲੋਪ ਹੋ ਗਿਆ ਹੈ ? ਅਖੰਡ ਕੀਰਤਨੀ ਜੱਥੇ ਵਿਚ ਸਿਆਸੀ ਅਨਸਰਾਂ ਦੀ ਘੁਸਪੈਠ ਨੇ ਇਸ ਨੂੰ ਖੰਡ ਖੰਡ ਕਰ ਦਿੱਤਾ ਹੈ। ਅਕਾਲ ਪੁਰਖ ਇਨ੍ਹਾਂ ਨੂੰ ਸੁਮੱਤ ਬਖ਼ਸ਼ੇ।

ਸ਼ਿਮਲੇ ਰਹਿਣ ਸਮੇਂ ਕਈ ਵਾਰ ਭਾਈ ਜੀਵਨ ਸਿੰਘ ਜੀ ਲੁਧਿਆਣੇ ਵਾਲੇ, ਜੋ ਉਸ ਸਮੇਂ ਭਾਈ ਸੁਰਜਨ ਸਿੰਘ ਜੀ ਕੀਰਤਨੀਏ ਦੇ ਨਾਲ ਵਾਜੇ ਤੇ ਕੀਰਤਨ ਕਰਦੇ ਸੀ ਤਾਂ ਅਕਸਰ ਸ਼ਿਮਲੇ ਆਉਣ ਸਮੇਂ ਸਾਡੇ ਪਾਸ ਸਮਾਂ ਬਿਤਾਉਂਦੇ ਸਨ। ਵਿਹਲੇ ਸਮੇਂ ਕੀਰਤਨ ਪ੍ਰੇਮੀਆ ਨੂੰ ਕੀਰਤਨ ਦੀ ਦਾਤ ਵੰਡਦੇ। ਡਗਸ਼ਈ ਤੋਂ ਬਾਬਾ ਸੁਰਜਨ ਸਿੰਘ ਜੀ ਅਨੇਕਾਂ ਵਾਰ ਸਾਡੇ ਗ੍ਰਹਿ ਆਉਂਦੇ। ਪੰਜਾਬ ਯੂਨੀਵਰਸਿਟੀ ਸੋਲਨ ਵਿਖੇ ਗਿ. ਜੀਵਨ ਸਿੰਘ ਜੀ ਨੌਕਰੀ ਕਰਦੇ ਸਨ। ਜਦੋਂ ਵੱਡੇ ਸਮਾਗਮ ਹੁੰਦੇ ਤਾਂ ਉਹ ਵੀ ਸੋਲਨ ਤੋਂ ਸ਼ਿਮਲੇ ਪਹੁੰਚਦੇ ਤੇ ਲਾਹੌਰ ਦੀਆਂ ਪੁਰਾਤਨ ਯਾਦਾਂ ਨੂੰ ਤਾਜ਼ਾ ਕਰਵਾ ਦਿੰਦੇ।

ਅਨੇਕਾਂ ਵਾਰ ਸਿੰਘਾਂ ਨੇ ਇਕ ਥਾਂ ਇਕੱਠੇ ਹੋ ਜਾਣਾ ਤੇ ਮਿੱਥੇ ਹੋਏ ਪ੍ਰੋਗਰਾਮ ਮੁਤਾਬਿਕ ਲੰਮੀਆਂ ਸੈਰਾਂ ਤੇ ਪਿਕਨਿਕ ਦਾ ਅਨੰਦ ਮਾਣਨਾ। ਸਾਰਾ ਰਸਤਾ ਸੰਗਤੀ ਬਾਣੀ ਦਾ ਜਾਪ ਤੇ ਪ੍ਰਭੂ ਦੇ ਸਿਮਰਨ ਵਿਚ ਪਤਾ ਹੀ ਨਹੀਂ ਸੀ ਲਗਦਾ ਸੀ ਕਿ ਕਦੋਂ ਮੰਜ਼ਲ ਆ ਗਈ। ਸ਼ਿਮਲੇ ਦੇ ਸਮਗਮਾਂ ਦੀ ਅਗਵਾਈ ਬੜੀ ਖੂਬਸੂਰਤੀ ਨਾਲ ਪਿਤਾ ਜੀ ਨੇ ਕੀਤੀ।

ਸ਼ਿਮਲੇ ਰਹਿਣ ਸਮੇਂ ਪਿਤਾ ਜੀ ਤੇ ਅੰਮੀ ਜੀ ਦਾ ਸਭ ਤੋਂ ਵਧੇਰੇ ਪਿਆਰ ਤੇ ਸਾਂਝ ਭਾਈ ਇੰਦਰ ਸਿੰਘ ਖਾਲਸਾ ਬੂਟ ਹਾਊਸ ਤੇ ਭਾਈ ਜੋਧ ਸਿੰਘ ਜੀ ਨਾਲ ਸੀ। ਦੋਹਾਂ ਵਿਚ ਸੇਵਾ ਭਾਵ ਦਾ ਜਜ਼ਬਾ ਸਦਾ ਪ੍ਰਬੱਲ ਰਹਿੰਦਾ ਸੀ। ਦੋਹਾਂ ਦੀਆਂ ਸਿੰਘਣੀਆਂ ਮੇਰੀ ਅੰਮੀ ਜੀ ਦੀਆਂ ਪੱਕੀਆਂ ਸਹੇਲੀਆਂ ਸਨ ਜਿਨ੍ਹਾਂ ਨੂੰ ਅਸੀ ਦੋਨੋਂ ਭਰਾ ਮਾਸੀ ਜੀ ਕਹਿ ਕੇ ਪੁਕਾਰਦੇ ਸਾਂ। ਭਾ. ਹਰਿਚਰਨ ਸਿੰਘ ਨੰਦਾ ਤੇ ਭਾ. ਰਤਨ ਸਿੰਘ ਮਸਤਾਨਾ ਜੀ ਛੇਤੀ ਹੀ ਸ਼ਿਮਲੇ ਨੂੰ ਛੱਡ ਕੇ ਅੰਬਾਲਾ ਕੈਂਟ ਤੇ ਚੰਡੀਗੜ੍ਹ ਵਿਚ ਜਾ ਚੁੱਕੇ ਸਨ। ਭਾਈ ਰਤਨ ਸਿੰਘ ਮਸਤਾਨਾ ਤੇ ਭਾਈ ਦਰਸ਼ਨ ਸਿੰਘ ਦਿਲਰੁਬਾ, ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਸ਼ਿਮਲਾ ਦੇ ਸੰਗੀ ਸਾਥੀ ਕੀਰਤਨੀਆਂ ਵਿਚੋਂ ਮੋਢੀ ਸਨ। ਜਿਥੇ ਮਸਤਾਨਾ ਜੀ ਸਦਾ ਮਸਤੀ ਵਿਚ ਝੂਮਦਿਆਂ



www.AKJ.Org

ਸਿੱਧੀਆਂ-ਸਾਦੀਆਂ ਤਰਜ਼ਾਂ ਵਿਚ ਨਾਮ ਬਾਣੀ ਝਰਨਾਟਾਂ ਪਾਉਂਦੇ ਉਥੇ ਭਾ. ਦਰਸ਼ਨ ਸਿੰਘ ਦਿਲਰੁਬਾ ਪੱਕੇ ਰਾਗਾਂ ਵਿਚ ਗੁਰੂ ਜਸ ਗਾਇਨ ਕਰਦਾ ਨਹੀਂ ਸੀ ਥੱਕਦਾ। ਭਾਈ ਰਤਨ ਸਿੰਘ ਮਸਤਾਨਾ ਬਹੁਰੰਗੀ ਸ਼ਖਸੀਅਤ ਦਾ ਮਾਲਕ ਮਾਡਲਿੰਗ ਵਿਚ ਕੌਮਾਂਤਰੀ ਪ੍ਰਤਿਭਾ ਦਾ ਲਖਾਇਕ ਸੀ। ਇਸੇ ਲਈ ਚੰਡੀਗੜ੍ਹ ਦੀ ਇਮਾਰਤ ਸਾਜੀ ਦੇ ਮੋਢੀ ਤੇ ਪ੍ਰਮੁੱਖ ਫਰਾਂਸੀਸੀ ਆਰਕੀਟੈਕਟ ਲੀ. ਕਾਰਬਿਉਜੀਅਰ ਨੇ ਉਨ੍ਹਾਂ ਨੂੰ ਭਾਰਤ ਦਾ ਕਾਰਬਿਉਜੀਅਰ ਦਾ ਖਿਤਾਬ ਦਿੱਤਾ ਸੀ।

ਸੰਨ 1956 ਵਿਚ ਪਿਤਾ ਜੀ ਦੀ ਬਦਲੀ ਪਟਿਆਲੇ ਹੋ ਗਈ। ਸਟੇਸ਼ਨ ਦੇ ਨਾਲ ਹੀ ਸਾਨੂੰ ਮਕਾਨ ਅਲਾਟ ਹੋ ਗਿਆ। ਮਕਾਨ ਖੁਲਾ ਡੁੱਲਾ ਸੀ। ਇੱਥੇ ਪਿਤਾ ਜੀ ਨੇ ਸ. ਗੱਜਣ ਸਿੰਘ ਜੋ ਪਿਹੋਵੇ ਵੱਲ ਰਹਿੰਦੇ ਸਨ ਤੇ ਸ਼ਿਮਲੇ ਮਿਲਟਰੀ ਦੀ ਸਰਵਿਸ ਦੌਰਾਨ ਸਤਸੰਗੀ ਬਣੇ ਸਨ, ਨੂੰ ਇਕ ਚੰਗੀ ਦੁੱਧ ਦੇਣ ਵਾਲੀ ਗਾਂ ਭੇਜਣ ਲਈ ਆਖ ਦਿੱਤਾ। ਕੁਝ ਦਿਨਾਂ ਬਾਦ ਉਹ ਗਾਂ ਲੈ ਨੇ ਪਟਿਆਲੇ ਸਾਡੇ ਘਰ ਪਹੁੰਚ ਗਿਆ। ਗਾਂ ਸੂਣ ਵਾਲੀ ਸੀ। ਮਹੀਨੇ ਬਾਦ ਜਦੋਂ ਉਸ ਦੇ ਇਕ ਬਛੜੇ ਨੇ ਜਨਮ ਲਿਆ ਤਾਂ ਪਿਤਾ ਜੀ ਸਵੇਰ ਸ਼ਾਮ ਧਾਰ 'ਚੋਂ ਬਾਲਟੀ ਵਿਚ ਦੁੱਧ ਪਾਂਦੇ। ਗਾਂ ਨੂੰ ਸਾਂਭਣ ਲਈ ਕਾਫ਼ੀ ਤਰਦੱਦ ਕਰਨਾ ਪਿਆ। ਕੁਝ ਦਿਨ ਹੀ ਲੰਘੇ ਸਨ ਕਿ ਪਟਿਆਲੇ ਤੋਂ ਦਫਤਰ ਚੰਡੀਗੜ੍ਹ ਬਦਲ ਦਿੱਤੇ ਗਏ। ਪਿਤਾ ਜੀ ਨੂੰ ਸੰਨ 1956 ਵਿਚ ਹੀ ਚੰਡੀਗੜ੍ਹ ਜਾਣਾ ਪਿਆ। ਬਾਕੀ ਦਾ ਪਰਿਵਾਰ 1957 ਅਪ੍ਰੈਲ ਵਿਚ ਚੰਡੀਗੜ੍ਹ ਸ਼ਿਫਟ ਕੀਤਾ।

**ਚੰਡੀਗੜ੍ਹ ਵਿਚ ਆਉਣਾ** : ਚੰਡੀਗੜ੍ਹ ਵਿਚ ਜਦੋਂ ਪੁੱਜੇ ਤਾਂ ਕਰੀਬ ਦੋ ਮਹੀਨੇ ਅਸੀਂ ਭਾਈ ਰਤਨ ਸਿੰਘ ਜੀ ਮਸਤਾਨਾ ਦੇ ਘਰ ਸੈਕਟਰ 22 ਏ ਵਿਚ ਠਹਿਰੇ। ਮਸਤਾਨਾ ਜੀ ਸ਼ਿਮਲੇ ਤੋਂ ਹੀ ਪਿਤਾ ਜੀ ਦੇ ਸੰਗੀ ਸਾਥੀ ਸਨ। ਦੋ ਮਹੀਨਿਆਂ ਦੇ ਅੰਦਰ ਸੈਕਟਰ 23 ਵਿਚ ਪਿਤਾ ਜੀ ਨੂੰ ਗਿਆਰਾਂ ਟਾਈਪ ਦਾ ਮਕਾਨ ਅਲਾਟ ਹੋ ਗਿਆ। ਇਥੇ ਸਾਡੇ ਪੜੋਸੀ ਸ. ਮੋਹਨ ਸਿੰਘ ਤੇ ਸਾਡੇ ਬਿਲਕੁਲ ਸਾਹਮਣੇ ਸ. ਸਵਰਨ ਸਿੰਘ ਰੰਧਾਵਾ ਸਨ, ਜੋ ਚੰਡੀਗੜ੍ਹ ਪ੍ਰਸ਼ਾਸਨ ਵਿਚ ਡਿਪਟੀ ਸਕੱਤਰ ਗ੍ਰਹਿ ਸੇਵਾ ਮੁਕਤ ਹੋਏ ਹਨ। ਪਿਤਾ ਜੀ ਦਾ ਦਫ਼ਤਰ ਪੁਰਾਣਾ ਸਕੱਤਰੇਤ ਸੈਕਟਰ ਬਾਰਾਂ ਵਿਚ ਸੀ। ਇਸੇ ਘਰ ਵਿਚ ਪਟਿਆਲੇ ਤੋਂ ਆਏ ਗਿ. ਹਰਬੰਸ ਸਿੰਘ ਜੀ, ਕੁਝ ਦੇਰ ਜਦੋਂ ਤੱਕ ਉਨ੍ਹਾਂ ਦੀ ਰਿਹਾਇਸ਼ ਦਾ ਉਚਿਤ ਪ੍ਰਬੰਧ ਨਹੀ ਹੋਇਆ, ਸਾਡੇ ਕੋਲ ਹੀ ਠਹਿਰੇ। ਬਾਦ ਵਿਚ ਉਨ੍ਹਾਂ ਨੂੰ ਸਰਕਾਰੀ ਮਕਾਨ ਮਿਲ ਜਾਣ ਕਾਰਨ ਉਹ ਸ. ਕੁੰਦਨ ਸਿੰਘ ਗਿੱਲ ਦੇ ਪੜੋਸ ਵਿਚ ਹੀ ਸੈਕਟਰ 23 ਚਲੇ ਗਏ।

**ਸੱਕਤਰੇਤ ਵਿਚ ਪ੍ਰਵੇਸ਼** : ਸੰਨ 1956 ਦੀ ਪਹਿਲੀ ਜਨਵਰੀ ਨੂੰ ਪੰਜਾਬ ਤੇ ਪੈਪਸੂ ਸਟੇਟ ਆਪਸ ਵਿਚ ਰਲਗੱਡ ਹੋ ਗਈਆਂ। ਸੰਨ 1957 ਵਿਚ ਸ਼ਿਮਲੇ ਤੋਂ ਅਤੇ ਪਟਿਆਲੇ ਤੋਂ ਦਫ਼ਤਰ ਚੰਡੀਗੜ੍ਹ ਜਾਣ ਲੱਗ ਪਏ। ਪਿਤਾ ਜੀ ਚੰਡੀਗੜ੍ਹ ਆ ਚੁੱਕੇ ਸਨ। ਨਹਿਰ ਵਿਭਾਗ ਚੀਫ ਇੰਜੀਨੀਅਰ ਦੇ ਅਧੀਨ ਸਨ। ਪੰਜਾਬ ਸਰਕਾਰ ਨੇ ਚੀਫ ਇੰਜੀਨੀਅਰਜ਼ ਦੀਆਂ ਤਾਕਤਾਂ ਖਤਮ ਕਰ ਉਸਦੇ ਅਧਿਕਾਰ ਨਹਿਰ ਵਿਭਾਗ ਦੇ ਸਕੱਤਰ ਸ੍ਰੀ ਮੰਗਤ ਰਾਏ ਆਈ. ਏ. ਐਸ. ਨੂੰ ਦੇ ਦਿੱਤੇ ਗਏ। ਉਹ ਹਰ ਕਾਰਜ ਨਿਯਮਾਂ ਦੇ ਤਹਿਤ ਕਰਦਾ ਸੀ। ਉਹ ਪਿਤਾ ਜੀ ਦੇ ਕੰਮਕਾਜ, ਯੋਗਤਾ, ਨਿਪੁੰਨਤਾ ਪਰਫਾਰਮੈਂਸ ਤੋਂ ਬੇਹੱਦ ਖੁਸ਼ ਸੀ। ਉਸ ਨੂੰ ਇਸ ਗੱਲ ਦਾ ਵੀ ਅਹਿਸਾਸ ਸੀ ਕਿ ਇਹ ਫਾਈਲ (ਕਾਰਗੁਜ਼ਾਰੀ) ਕਦੇ ਵੀ ਅਪਣੇ ਕੋਲ ਨਹੀਂ ਰੱਖਦਾ। ਕਿਸੇ ਵੀ ਕੇਸ ਨੂੰ ਨਹੀਂ ਲਮਕਾਉਂਦਾ। ਹਰ ਕਾਰਜ ਤੱਤਾਂ ਦੇ ਅਧਾਰ 'ਤੇ ਪੂਰੀ ਇਮਾਨਦਾਰੀ ਨਾਲ ਕਰਦਾ ਹੈ। ਪਿਤਾ ਜੀ ਨੂੰ ਉਸ ਨੇ ਅਪਣਾ ਯੋਗ ਵਿਸ਼ਵਾਸ ਪਾਤਰ ਬਣਾ ਲਿਆ। ਨਹਿਰ ਵਿਭਾਗ ਦੀ ਹਰ ਪਾਲਸੀ ਨੂੰ ਘੜਨ ਅਤੇ ਹਰ ਤਜਵੀਜ਼ ਨੂੰ ਅਮਲੀ ਜਾਮਾ ਪਹਿਨਾਉਣ ਵਿਚ ਪਿਤਾ ਜੀ ਦੀ ਨੋਟਿੰਗ ਰੰਗ ਲਿਆਉਣ ਲੱਗੀ। ਪਿਤਾ ਜੀ ਹੁਣ ਪੱਕੇ ਤੌਰ 'ਤੇ ਨਹਿਰ ਵਿਭਾਗ ਤੋਂ ਸਕੱਤਰੇਤ ਸਟਾਫ ਵਿਚ ਲਗਾ ਦਿੱਤੇ ਗਏ।

ਪਿਤਾ ਜੀ ਨੂੰ ਕਾਫੀ ਸਮਾਂ ਅੰਗਰੇਜ਼ਾਂ ਦੇ ਸਮੇਂ ਦੇ ਆਈ. ਏ. ਐਸ. ਅਧਿਕਾਰੀ ਐਨ ਕੇ ਮੁਖਰਜੀ ਨਾਲ ਕੰਮ ਕਰਨ ਦਾ ਅਵਸਰ ਮਿਲਿਆ। ਉਹ ਵੀ ਪਿਤਾ ਜੀ ਦੇ ਕੰਮ ਤੋਂ ਬੜਾ ਖੁਸ਼ ਸੀ। ਜਿਸ ਨੇ ਪਿਤਾ ਜੀ ਦੀ ਗੁਪਤ ਰਿਪੋਰਟ ਵਿਚ



www.AKJ.Org

ਸ਼ਾਨਦਾਰ ਟਿੱਪਣੀਆਂ ਦੇ ਕੇ ਉਤਸ਼ਾਹਤ ਕੀਤਾ। ਐਨ. ਕੇ. ਮੁਖਰਜੀ ਇਹ ਉਹੀ ਅਧਿਕਾਰੀ ਸੀ, ਜਿਹੜਾ ਸੇਵਾ ਮੁਕਤ ਹੋਣ ਮਗਰੋਂ ਜੰਮੂ-ਕਸ਼ਮੀਰ ਦਾ ਗਵਰਨਰ ਬਣਾਇਆ ਗਿਆ ਸੀ।

ਇਸੇ ਤਰ੍ਹਾਂ ਇਕ ਵਾਰ ਜਦੋਂ ਪੰਜਾਬ ਦਾ ਮੁਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਸੀ ਤਾਂ ਉਹ ਪਿਤਾ ਜੀ ਦੀ ਬਰਾਂਚ ਵਿਚ ਅਚਾਨਕ ਦੌਰੇ 'ਤੇ ਆ ਧਮਕਿਆ। ਬ੍ਰਾਂਚ ਵਿਚ ਕੰਮ ਕਰ ਰਹੇ ਦੂਜੇ ਕਰਮਚਾਰੀ ਇਕ ਦਮ ਅਪਣੀਆਂ ਸੀਟਾਂ ਤੇ ਖੜੇ ਹੋ ਗਏ। ਪਿਤਾ ਜੀ ਅਪਣੇ ਕੰਮ ਕਾਰ ਵਿਚ ਪੂਰੀ ਤਰ੍ਹਾਂ ਮਗਨ ਸਨ। ਉਹ ਸਾਰੀ ਦੁਨੀਆਂ ਤੋਂ ਅਪਣਾ ਨਾਤਾ ਤੋੜ ਅਪਣੀਆਂ ਸਰਕਾਰੀ ਫਾਈਲਾਂ ਦਾ ਨਿਪਟਾਰਾ ਕਰ ਰਹੇ ਸਨ। ਇਹ ਸੀਟ ਤੋਂ ਨਹੀਂ ਉਠੇ। ਸ. ਪ੍ਰਤਾਪ ਸਿੰਘ ਕੈਰੋਂ, ਪਿਤਾ ਜੀ ਦੀ ਇਸ ਹਰਕਤ 'ਤੇ ਬੁਰਾ ਮਨਾਉਣ ਦੀ ਥਾਂ ਬੜਾ ਖੁਸ਼ ਹੋਇਆ। ਉਸ ਨੇ ਸਕੱਤਰ ਨੂੰ ਆਪਣੇ ਕਮਰੇ ਵਿਚ ਸੱਦ ਕੇ ਦੱਸਿਆ ਕਿ ਤੇਰੀ ਸਾਰੀ ਬ੍ਰਾਂਚ ਗੱਪਾਂ ਮਾਰ ਰਹੀ ਸੀ ਤੇ ਸਿਰਫ ਇਕ ਸ. ਹਰਿਚਰਨ ਸਿੰਘ ਅਪਣੇ ਕੰਮ ਵਿਚ ਲੀਨ ਸਰਕਾਰੀ ਕਾਰਜ ਕਰ ਰਿਹਾ ਸੀ। ਇਹੋ ਜਿਹੀ ਸੋਚ ਤੇ ਵਿਚਾਰ ਸਨ, ਪਿਤਾ ਜੀ ਪ੍ਰਤੀ, ਪੰਜਾਬ ਦੇ ਮੁੱਖ ਮੰਤਰੀ ਸਰਦਾਰ ਪ੍ਰਤਾਪ ਸਿੰਘ ਕੈਰੋ ਦੇ।

**ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਖੰਡ ਪਾਠ** : ਜਦੋਂ ਪਿਤਾ ਜੀ ਸੈਕਟਰ 23 ਦੇ ਸਰਕਾਰੀ ਮਕਾਨ ਵਿਚ ਰਹਿ ਰਹੇ ਸਨ ਤਾਂ ਪਟਿਆਲੇ ਤੋਂ ਗਿ. ਹਰਬੰਸ ਸਿੰਘ ਜੀ ਆਏ। ਉਹ ਗੁਣੀ ਗਿਆਨੀ ਤੇ ਕੀਰਤਨ ਵਿਚ ਵੀ ਪੂਰੀ ਤਰ੍ਹਾਂ ਪ੍ਰਬੀਨ ਸਨ। ਪਿਤਾ ਜੀ ਕੀਰਤਨ ਰਸੀਏ ਸਨ ਤੇ ਚੰਗੇ ਅਖੰਡ ਪਾਠੀ ਵੀ। ਅਖੰਡ ਪਾਠ ਦਾ ਉਚਾਰਨ ਸ਼ੁਧ ਤੇ ਸਹੀ ਕਰਦੇ ਸਨ। ਪਾਠ ਕਰਨ ਦੀ ਰਫਤਾਰ ਵੀ ਬੜੀ ਚੰਗੀ ਸੀ। ਬਾਣੀ ਬੜੀ ਕੰਠ ਸੀ। ਜਦੋਂ ਵੀ ਕੋਈ ਪਾਠ ਕਰ ਰਿਹਾ ਹੋਵੇ, ਜੇਕਰ ਉਹ ਕਿਸੇ ਸ਼ਬਦ ਦਾ ਸਹੀ ਉਚਾਰਨ ਨਾ ਕਰੇ ਤਾਂ ਪਿਤਾ ਜੀ ਇਕ ਦਮ ਵਿਚੋਂ ਉਸ ਦੇ ਗਲਤ ਉਚਾਰਨ ਨੂੰ ਸ਼ੁੱਧ ਕਰਨ ਵਿਚ ਸਹਾਈ ਹੁੰਦੇ। ਅਨੇਕਾਂ ਵਾਰ ਅਖੰਡ ਪਾਠ ਸਮਾਗਮਾਂ ਸਮੇਂ ਪਾਠੀਆਂ ਦੀ ਥੁੜ ਮਹਿਸੂਸ ਕੀਤੀ ਜਾਂਦੀ। ਸੋ ਕਿਸੇ ਅਜਿਹੇ ਔਖੇ ਤੇ ਮੁਸ਼ਕਲ ਸਮੇਂ ਪਾਠੀਆਂ ਦੀ ਥੁੜ ਨੂੰ ਮਹਿਸੂਸ ਕਰਦੇ ਹੋਏ, ਪਿਤਾ ਜੀ ਤੇ ਗਿ. ਹਰਬੰਸ ਸਿੰਘ ਜੀ ਨੇ ਰਲ ਕੇ ਸ੍ਰੀ ਅਖੰਡ ਪਾਠ ਰੱਖਿਆ ਤੇ ਦੋਹਾਂ ਨੇ ਰਲ ਕੇ ਭੋਗ ਪਾਇਆ। ਦੋਵੇਂ ਗੁਰੂ ਘਰ ਦੇ ਪ੍ਰੇਮੀ ਇਸ ਕਾਰਜ ਵਿਚ ਨਿਰਵਿਘਨ ਸਫਲ ਉਤਰੇ।

ਸੰਨ 1959 ਵਿਚ ਪਿਤਾ ਜੀ ਨੂੰ ਸੈਕਟਰ-7 ਬੀ ਸਥਿਤ ਵੱਡਾ ਘਰ ਅਲਾਟ ਹੋ ਗਿਆ। ਗਰਮੀਆਂ ਦੇ ਦਿਨ ਸਨ। ਸ਼ਾਮ ਨੂੰ ਘਰ ਦੇ ਨਾਲ ਲਗਦੀ ਗਰਾਊਂਡ ਵਿਚ ਅਸੀਂ ਦਸ ਬਾਰਾਂ ਨੌਜਵਾਨ ਫੁਟਬਾਲ ਜਾਂ ਹਾਕੀ ਖੇਡਦੇ ਸਾਂ। ਸਾਡੀਆਂ ਖੇਡਾਂ ਵਿਚ ਪਿਤਾ ਜੀ ਨੇ ਵੀ ਆ ਸ਼ਾਮਿਲ ਹੋਣਾ। ਉਹ ਵੀ ਸਾਡੇ ਨਾਲ ਖੁਲ ਕੇ ਖੇਡਦੇ, ਠੱਠਾ ਮਜ਼ਾਕ ਕਰਦੇ ਅਤੇ ਸਾਨੂੰ ਉਤਸ਼ਾਹਿਤ ਕਰਦੇ। ਪਿਤਾ ਜੀ ਦੀ ਖੇਡਾਂ ਵਿਚ ਵਿਸ਼ੇਸ਼ ਰੁਚੀ ਸੀ।

ਇਸੇ ਤਰ੍ਹਾਂ ਉਨ੍ਹਾਂ ਹਰ ਹਫਤੇ ਇਕ ਦਿਨ ਆਪਣੇ ਗ੍ਰਹਿ ਵਿਖੇ ਕੀਰਤਨ ਸਮਾਗਮ ਕਰਨਾ ਸ਼ੁਰੂ ਕਰ ਦਿੱਤਾ। ਇਹ ਪ੍ਰੋਗਰਾਮ ਬੜਾ ਹੀ ਲਾਭਕਾਰੀ ਸਿੱਧ ਹੋਇਆ। ਜਿਸ ਦਾ ਕਾਰਨ ਇਹ ਸੀ ਕਿ ਦੋ ਦਰਜਨ ਤੋਂ ਉੱਤੇ ਸਤਸੰਗੀ ਤੇ ਕੀਰਤਨ ਪ੍ਰੇਮੀ ਇਨ੍ਹਾਂ ਨਾਲ ਜੁੜ ਗਏ। ਇਨ੍ਹਾਂ ਵਿਚੋਂ ਬਹੁਤੇ ਪ੍ਰੇਮੀ ਸਿਵਲ ਸਕੱਤਰੇਤ ਪੰਜਾਬ ਵਿਧਾਨ ਸਭਾ ਜਾਂ ਪੰਜਾਬ ਹਾਈ ਕੋਰਟ ਵਿਚ ਬੜੀਆਂ ਉੱਚੀਆਂ ਪੋਸਟਾਂ ਤੋਂ ਰਿਟਾਇਰ ਹੋਏ ਹਨ। ਇਨ੍ਹਾਂ ਦਿਨਾਂ ਵਿਚ ਹੀ ਭਾਈ ਸਾਵਣ ਸਿੰਘ ਪਿਤਾ ਜੀ ਦੀ ਸੰਗਤ ਵਿਚ ਆ ਗਿਆ। ਉਹ ਇਕੋ ਸਾਈਕਲ ਤੇ ਪਰਿਵਾਰ ਦੇ ਦੋ-ਤਿੰਨ ਜੀਆਂ ਨੂੰ ਬਿਠਾ ਕੇ ਸਤਸੰਗ ਵਿਚ ਪੁੱਜਦਾ ਅਤੇ ਸੇਵਾ ਵਿਚ ਹੱਥ ਵਟਾਉਂਦਾ।

ਇਸ ਤੋਂ ਬਾਅਦ ਪਿਤਾ ਜੀ ਨੂੰ ਇਸ ਗੱਲ ਦਾ ਅਹਿਸਾਸ ਹੋ ਗਿਆ ਕਿ ਮੇਰੇ ਸਤਸੰਗੀ, ਮੇਰੀਆਂ ਬਾਹਵਾਂ, ਹੁਣ ਇਸ ਯੋਗ ਹਨ ਕਿ ਚੰਡੀਗੜ੍ਹ ਵਿਚ ਅਖੰਡ ਕੀਰਤਨੀ ਜਥੇ ਦਾ ਸਾਲਾਨਾ ਸਮਾਗਮ ਕੀਤਾ ਜਾ ਸਕਦਾ ਹੈ। ਇਸ ਗੱਲ ਨੂੰ ਵੇਖਦਿਆਂ ਸੰਨ 1960 ਵਿਚ ਚੰਡੀਗੜ੍ਹ ਦੇ ਸੈਕਟਰ 19 ਡੀ ਵਿਚ ਸਾਲਾਨਾ ਸਮਾਗਮ ਕਰਨ ਦੀ ਅਗਵਾਈ



www.AKJ.Org

ਕੀਤੀ। ਇਹ ਸਮਾਗਮ ਬੜੀ ਚੜ੍ਹਦੀ ਕਲਾ ਵਿਚ ਹੋਇਆ। ਬਾਹਰੋਂ ਆਈ ਸੰਗਤ ਦੇ ਠਹਿਰਨ ਲਈ ਸੈਕਟਰ 7 ਦੇ ਆਪਣੇ ਸਤਸੰਗੀਆਂ ਤੋਂ ਇਕ ਇਕ ਕਮਰਾ ਉਨ੍ਹਾਂ ਦੇ ਠਹਿਰਾਉਣ ਲਈ ਲਿਆ ਗਿਆ। ਗਰਮੀਆਂ ਦੇ ਦਿਨ ਸਨ। ਸਿੰਘਾਂ ਦੀ ਬੜੀ ਸੇਵਾ ਹੋਈ। ਸਾਰੇ ਪੁਰਾਤਨ ਸਿੰਘਾਂ ਨੇ ਇਸ ਵਿਚ ਆਪਣੀ ਸ਼ਮੂਲੀਅਤ ਪ੍ਰਦਾਨ ਕੀਤੀ। ਇਸ ਤਰ੍ਹਾਂ ਚੰਡੀਗੜ੍ਹ ਦੇ ਸਮਾਗਮ ਦੀ ਪਿਰਤ ਪਈ।

ਅਪ੍ਰੈਲ 1961 ਨੂੰ ਪਿਤਾ ਜੀ ਨੇ ਸੈਕਟਰ 19 ਡੀ ਵਿਚ ਦੋ ਕਨਾਲ (1000 ਗਜ) ਦੀ ਕੋਠੀ ਦਾ ਨੀਂਹ ਪੱਥਰ ਰੱਖਿਆ ਅਤੇ ਕੋਠੀ ਬਣਾ ਲਈ, ਜਿਸ ਵਿਚ ਚਾਰ ਰਿਹਾਇਸ਼ੀ ਕਮਰੇ ਬਣਾ ਕੇ ਬਾਕੀ ਖੁਲੀ ਥਾਂ ਛੱਡ ਦਿੱਤੀ।

ਬਾਬਾ ਸੁਰਜਨ ਸਿੰਘ ਜੀ ਡਗਸ਼ਈ ਤੋਂ ਹਰ ਸਾਲ ਇਕ ਦੋ ਮਹੀਨੇ ਸਾਡੇ ਪਾਸ ਇੱਥੇ ਰਹਿੰਦੇ ਤਾਂ ਅਖੰਡ ਪਾਠ ਸਾਹਿਬ ਰਖਵਾਉਣਾ ਤੇ ਫਿਰ ਕੋਠੀ ਦੀ ਗਰਾਉਂਡ ਵਿਚ ਸ਼ਮਿਆਨੇ ਲਗਾ ਕੇ ਦੀਵਾਨ ਤੇ ਲੰਗਰ ਲਾਉਣਾ। ਇਹ ਕਾਰਜ ਉਹ ਹਰ ਸਾਲ ਕਰਦੇ। ਜਦੋਂ ਭਾਈ ਸ਼ਾਮ ਸਿੰਘ ਖੰਨੇ ਵਾਲੇ ਇਸ ਸੰਸਾਰ ਨੂੰ ਸਦੀਵੀ ਵਿਛੋੜਾ ਦੇ ਗਏ ਤਾਂ ਵੀ ਉਨ੍ਹਾਂ ਦੀ ਯਾਦ ਵਿਚ ਇਕ ਕੀਰਤਨ ਸਮਾਗਮ ਪਿਤਾ ਜੀ ਨੇ ਕੀਤਾ ਸੀ। ਇਨ੍ਹਾਂ ਦਿਨਾਂ ਵਿਚ ਹੀ ਸਹਿਜਧਾਰੀ, ਨਾਮ ਬਾਣੀ ਦਾ ਰਸੀਆ ਇੰਦਰ ਸੈਨ ਗੁਲਾਟੀ ਆਪਣੇ ਕੁਝ ਸਾਥੀਆਂ ਨਾਲ ਖੰਡੇ ਬਾਟੇ ਦਾ ਪਾਹੁਲ ਛੱਕ ਕੇ ਸਿੰਘ ਸਜਿਆ ਸੀ। ਪਿਤਾ ਜੀ ਨੇ ਉਸ ਨੂੰ ਵਿਸ਼ੇਸ਼ ਤੌਰ ’ਤੇ ਸੈਕਟਰ 19 ਡੀ ਚੰਡੀਗੜ੍ਹ ਬੁਲਾਇਆ ਤੇ ਉਨ੍ਹਾਂ ਦੇ ਸਤਿਕਾਰ ਵਿਚ ਕੀਰਤਨ ਸਮਾਗਮ ਰੱਖਿਆ। ਉਨ੍ਹਾਂ ਦਾ ਕੀਰਤਨ ਸੁਣਨ ਲਈ ਸੰਗਤਾਂ ਹੁਮ-ਹੁਮਾ ਕੇ ਪੁੱਜੀਆਂ। ਪਿਤਾ ਜੀ ਨੇ ਉਨ੍ਹਾਂ ਨੂੰ ਸਤਿਕਾਰ ਹਿਤ ਸਿਰੋਪਾਉ ਦੇ ਕੇ ਸਨਮਾਨਿਤ ਕੀਤਾ।

ਪਿਤਾ ਜੀ ਨੂੰ ਬਾਗਬਾਨੀ ਦਾ ਬੜਾ ਸ਼ੌਂਕ ਸੀ। ਉਨ੍ਹਾਂ ਨੇ ਸਹਾਰਨਪੁਰ, ਪਿੰਜੋਰ ਤੋਂ ਬੂਟੇ ਮੰਗਵਾਏ। ਇਨ੍ਹਾਂ ਬੂਟਿਆਂ ਵਿਚ ਅਨਾਬਸਾਹੀ ਅੰਗੂਰ, ਦੁਸਹਿਰੀ ਤੇ ਲੰਗੜਾ ਅੰਬ, ਸ਼ਹਿਤੂਤ, ਬਨਾਰਸੀ ਔਲਾ, ਲੁਕਾਟ, ਲੀਚੀ, ਅਮਰੂਦ, ਬਦਾਮ, ਨਿੰਬੂ ਹਰ ਫਲ ਘਰ ਵਿਚ ਉਗਾਇਆ ਜਾਂਦਾ ਸੀ। ਫਲਾਂ ਦੀ ਦੇਖ-ਰੇਖ ਲਈ ਉਨ੍ਹਾਂ ਇਕ ਮਾਲੀ ਰਖਿਆ ਸੀ। ਜੋ ਸਾਰਾ ਦਿਨ ਸਰਕਾਰੀ ਨਰਸਰੀ ਦਾ ਕੰਮ ਕਰਦਾ। ਸ਼ਾਮ ਨੂੰ ਸਾਡੇ ਘਰ ਆ ਜਾਂਦਾ। ਉਸ ਦੇ ਰਹਿਣ ਲਈ ਇਕ ਝੁੱਗੀ ਬਣਵਾ ਦਿੱਤੀ ਸੀ। ਘਰ ਦੀਆਂ ਸਬਜੀਆਂ ਤੇ ਫਲ ਦੀ ਵਰਤੋਂ ਦੀ ਉਸ ਨੂੰ ਪੂਰੀ ਖੁਲ੍ਹ ਸੀ। ਕਾਂਸ਼ੀ ਰਾਮ ਮਾਲੀ ਸਾਡੇ ਬਾਗ ਦਾ ਅਸਲੀ ਮਾਲਕ ਸੀ। ਉਸ ਦੇ ਨਾਲ ਇਕ ਹੋਰ ਝੁਗੀ ਰਾਮ ਲਾਲ ਦੀ ਪਾਈ ਸੀ। ਉਹ ਪਹਿਲਾਂ ਸਾਈਕਲ ਰਿਕਸ਼ਾ ਤੇ ਫਿਰ ਆਟੋਰਿਕਸ਼ਾ ਚਲਾਉਂਦਾ ਸੀ। ਉਸ ਦੀ ਘਰ ਵਾਲੀ ਸਾਡੇ ਘਰ ਦੇ ਕੰਮਕਾਜ ਵਿਚ ਹੱਥ ਵਟਾਉਂਦੀ ਸੀ।

**ਦਫ਼ਤਰੀ ਸਟਾਫ ਨਾਲ ਵਿਹਾਰ** : ਸਾਡੇ ਘਰ ਔਸਤਨ ਪੰਜ-ਛੇ ਕਿਲੋ ਫਲ ਰੋਜ਼ ਉਤਰ ਜਾਂਦੇ ਸੀ। ਪਿਤਾ ਜੀ ਜਦੋਂ ਦਫ਼ਤਰ ਜਾਂਦੇ ਤਾਂ ਉਹ ਅਕਸਰ ਅੰਗੂਰ, ਸ਼ਹਿਤੂਤ, ਲੁਕਾਟ, ਅਮਰੂਦ, ਨਿੰਬੂ ਨਾਲ ਥੈਲਾ ਭਰ ਕੇ ਸਕੱਤਰੇਤ ਲੈ ਜਾਂਦੇ। ਦੁਪਹਿਰ ਦੀ ਛੁੱਟੀ ਸਮੇਂ ਸਾਰਾ ਫਲ ਧੁਆ ਕੇ ਆਪਣੀ ਬ੍ਰਾਂਚ ਵਿਚ ਵੰਡ ਦੇਣਾ। ਇਸ ਦਾ ਪ੍ਰਗਟਾਵਾ ਉਨ੍ਹਾਂ ਨਾਲ ਰਹਿ ਚੁੱਕੇ ਸਹਾਇਕ ਪੰਡਿਤ ਦਵਾਰਕਾ ਦਾਸ ਨੇ ਮੇਰੇ ਨਾਲ ਕਈ ਵਾਰ ਸਾਂਝਾ ਕੀਤਾ, ਕਿਉਂਕਿ ਪੰਡਿਤ ਦੁਵਾਰਕਾ ਦਾਸ ਬਾਦ ਵਿਚ ਮੇਰੇ ਵਿਭਾਗ ਦਾ ਪ੍ਰਬੰਧਕੀ ਅਫ਼ਸਰ ਨਿਯੁਕਤ ਹੋਇਆ ਸੀ। ਉਸ ਨੇ ਪਿਤਾ ਜੀ ਬਾਰੇ ਇੱਥੋਂ ਤੱਕ ਦੱਸਿਆ ਕਿ ਉਨ੍ਹਾਂ ਵਰਗੀ ਰਿਪੋਰਟ ਕਦੇ ਵੀ ਕਿਸੇ ਅਫ਼ਸਰ ਨੇ ਨਹੀਂ ਲਿਖੀ। ਕਿਉਂਕਿ ਪਿਤਾ ਜੀ ਨੇ ਕਿਸੇ ਇਕ ਗੁਪਤ ਰਿਪੋਰਟ ਵਿਚ ਉਸ ਦੇ ਕੰਮ ਕਾਰ ਤੇ ਪ੍ਰਸੰਨ ਹੋ ਕੇ ਲਿਖ ਦਿੱਤਾ ਸੀ ਕਿ ਇਹ ਸ਼ਰਾਫਤ ਦਾ ਇਕ ਪੁਤਲਾ ਹੈ।”

28 ਦਸੰਬਰ 1967 ਨੂੰ ਪਿਤਾ ਜੀ ਵਲੋਂ ਸਰਬ ਹਿੰਦ ਗੁਰਧਾਮ ਯਾਤਰਾ ਤੇ ਜਾਣ ਦਾ ਪ੍ਰੋਗਰਾਮ ਉਲੀਕਿਆ। ਜਿਸ ਦੀ ਅਗਵਾਈ ਉਨ੍ਹਾਂ ਖੁਦ ਕੀਤੀ। ਇਹ ਯਾਤਰਾ ਸੈਰ ਸਪਾਟੇ ਤੱਕ ਹੀ ਨਿਰਭਰ ਹੀ ਨਹੀਂ ਸੀ। ਸਗੋਂ ਇਸ ਯਾਤਰਾ ਵਿਚ ਜਿੱਥੇ ਭਾਰਤ ਦੇ ਸਭ ਵੱਡੇ ਸ਼ਹਿਰ ਦਿੱਲੀ, ਬੰਬਈ, ਕਲਕੱਤਾ ਸ਼ਾਮਲ ਸਨ ਉਥੇ ਹੀ ਸਮੂਹ ਗੁਰਧਾਮਾਂ ਦੇ ਨਾਲ ਨਾਲ ਤਖ਼ਤ ਸ੍ਰੀ ਪਟਨਾ ਸਾਹਿਬ ਤੇ ਤਖ਼ਤ ਸ੍ਰੀ ਹਜੂਰ ਸਾਹਿਬ ਨੂੰ ਸ਼ਾਮਲ ਕੀਤਾ ਗਿਆ ਸੀ। ਇਸ ਯਾਤਰਾ ਦੇ ਦੌਰਾਨ ਤਿੰਨ ਚਾਰ ਥਾਵਾਂ ’ਤੇ ਅੰਮ੍ਰਿਤ ਸੰਚਾਰ, ਰੈਣ ਸਬਾਈ ਤੇ ਦਿਵਸ ਸੁਹੇਲੇ ਦੇ ਸਮਾਗਮ ਕੀਤੇ ਗਏ। ਜਿਸ ਵਿਚ



www.AKJ.Org

ਭਾਈ ਜੀਵਨ ਸਿੰਘ, ਭਾਈ ਜੋਗਿੰਦਰ ਸਿੰਘ ਤਲਵਾੜਾ, ਭਾਈ ਮਹਿੰਦਰ ਸਿੰਘ ਐਸ.ਡੀ.ਓ., ਬੀਬੀ ਹਰਸ਼ਰਨ ਕੌਰ ਜੀ, ਭਾਈ ਸ਼ਾਮ ਸਿੰਘ ਖੰਨਾ, ਭਾਈ ਇੰਦਰ ਸਿੰਘ ਖ਼ਾਲਸਾ ਬੂਟ ਹਾਊਸ, ਡਾ. ਬੇਅੰਤ ਸਿੰਘ ਤੇ ਹੋਰ ਵੀ ਪੁਰਾਤਨ ਸਿੰਘਾਂ ਨੇ ਸ਼ਮੂਲੀਅਤ ਕੀਤੀ। ਇਹ ਇਕ ਇਤਿਹਾਸਕ ਯਾਤਰਾ ਸੀ ਜਿਸ ਦਾ ਸੰਚਾਲਨ ਬੜੇ ਨਿਯਮਬੱਧ ਢੰਗ ਨਾਲ ਕੀਤਾ ਗਿਆ। ਇਸੇ ਲਈ ਮੇਰੇ ਪਿਤਾ ਜੀ ਨੂੰ ਇਕ ਕੁਸ਼ਲ ਪ੍ਰਬੰਧਕ ਦੇ ਤੌਰ 'ਤੇ ਵੀ ਜਾਣਿਆ ਜਾਂਦਾ ਹੈ।

ਇੱਥੇ ਹੀ ਪਿਤਾ ਜੀ ਨਾਲ ਕਈ ਅਜਿਹੇ ਨੌਜਵਾਨ ਗੁਰੂ ਦੇ ਲਾਲ ਜੁੜੇ, ਜਿਨ੍ਹਾਂ ਨੇ ਆਪਣੀ ਜ਼ਿੰਦਗੀ ਦਾ ਕੀਮਤੀ ਸਮਾਂ ਪਿਤਾ ਜੀ ਅੱਗੇ ਸਮਰਪਿਤ ਕੀਤਾ। ਉਨ੍ਹਾਂ ਦੀ ਚਾਹਤ ਸਿਰਫ਼ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਧਿਐਨ ਤੇ ਗੁਰੂ ਗ੍ਰੰਥ ਤੇ ਗੁਰੂ ਪੰਥ ਨਾਲ ਜੁੜਨ ਦੀ ਸੀ। ਜਿਨ੍ਹਾਂ ਲਈ ਪਿਤਾ ਜੀ ਨੇ ਸ਼ੁਧ ਗੁਰਬਾਣੀ ਪਾਠ ਅਤੇ ਉਚਾਰਨ ਲਈ ਸੰਥਿਆ ਦਾ ਵਿਸ਼ੇਸ਼ ਪ੍ਰੋਗਰਾਮ ਉਲੀਕਿਆ। ਇਨ੍ਹਾਂ ਵਿਚ ਸ. ਨਿਹਾਲ ਸਿੰਘ, ਸ. ਅਵਤਾਰ ਸਿੰਘ ਹਾਈਡਲ ਦਾ ਨਿੱਘਾ ਸਾਥ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ। ਪਿਤਾ ਜੀ ਵਲੋਂ ਵੀ ਉਨ੍ਹਾਂ ਨੂੰ ਪੂਰੀ ਸਰਪ੍ਰਸਤੀ ਸਹਿਯੋਗ ਤੇ ਪਿਆਰ ਪ੍ਰਦਾਨ ਕੀਤਾ। ਉਹ ਸਾਡੇ ਘਰ ਦੇ ਤੇ ਪਿਤਾ ਜੀ ਦੇ ਬਹੁਤ ਹੀ ਪਿਆਰੇ ਤੇ ਦੁਲਾਰੇ ਅਜ਼ੀਜ਼ ਬਣੇ। ਉਨ੍ਹਾਂ ਨੂੰ ਜਦੋਂ ਵੀ ਪਿਤਾ ਜੀ ਨੇ ਕੋਈ ਕੰਮ ਕਿਹਾ ਤਾਂ ਉਨ੍ਹਾਂ ਸਤਿ ਬਚਨ ਕਹਿ ਕੰਮ ਦੀ ਪੂਰਤੀ ਕੀਤੀ ਤੇ ਪਿਤਾ ਜੀ ਦੀਆਂ ਆਸ਼ਾਵਾਂ ਦੀ ਕਸਵੱਟੀ 'ਤੇ ਪੂਰੇ ਉਤਰੇ।

ਪਿਤਾ ਜੀ ਦੇ ਸੈਕਟਰ 19ਡੀ ਵਿਖੇ ਆਪਣੀ ਕੋਠੀ ਵਿਚ ਰਹਿੰਦੇ ਸਮੇਂ ਪਟਿਆਲੇ ਵਿਖੇ ਭਾਈਆ ਜੀ (ਦਾਦਾ ਜੀ) ਸਦੀਵੀਂ ਵਿਛੋੜਾ ਦੇ ਗਏ ਅਤੇ ਇਸ ਸਦਮੇ ਨੂੰ ਉਹ ਅੰਤਮ ਸਮੇਂ ਤੱਕ ਵੀ ਨਹੀਂ ਭੁਲਾ ਸਕੇ, ਕਿਉਂਕਿ ਕਿਸੇ ਖਾਸ ਕਾਰਨ ਆਪ ਉਨ੍ਹਾਂ ਦੇ ਅੰਤਮ ਸਸਕਾਰ ਤੇ ਨਹੀਂ ਪੁੱਜ ਸਕੇ ਸਨ। ਸੰਨ 1971 ਨੂੰ ਪੰਜਾਬ ਸਰਕਾਰ ਦੀ 34 ਸਾਲ ਦੀ ਲੰਮੀ ਨੌਕਰੀ ਕਰਨ ਤੋਂ ਬਾਅਦ ਸੇਵਾ ਮੁਕਤ ਹੋਏ। ਫਿਰ ਪਿਤਾ ਜੀ ਨੇ ਸੰਨ 1972 ਵਿਚ ਸੈਕਟਰ 19ਡੀ ਦੀ ਕੋਠੀ ਵੇਚ ਕੇ ਸੈਕਟਰ 21-A ਚੰਡੀਗੜ੍ਹ ਦੇ ਵਿਚ ਇਕ ਕਨਾਲ (ਪੰਜ ਸੋ ਗੱਜ) ਦਾ ਪਲਾਟ ਲਿਆ ਤੇ ਇਕ ਮੰਜ਼ਲਾ ਕੋਠੀ ਬਣਾ ਲਈ। ਜਦੋਂ ਇਹ ਕੋਠੀ ਬਣ ਰਹੀ ਸੀ ਤਾਂ ਅਸੀਂ ਬਣ ਰਹੀ ਕੋਠੀ ਦੇ ਬਿਲਕੁਲ ਸਾਹਮਣੇ ਅਹੂਜਾ ਸਾਹਿਬ ਦੀ ਵੱਡੀ ਕੋਠੀ ਦੀ 'ਇਨੈਕਸੀ' ਕਰਾਏ 'ਤੇ ਲੈ ਕੇ ਰਹੇ ਸਾਂ। ਇੱਥੇ ਹੀ ਬੀਬੀ ਜੀ (ਦਾਦੀ ਜੀ) ਸਾਡੇ ਪਾਸ ਹੀ ਰਹਿੰਦੇ ਸਨ। ਉਨ੍ਹਾਂ ਦੀ ਉਮਰ ਵਡੇਰੀ ਹੋ ਚੁੱਕੀ ਸੀ, ਸ਼ਰੀਰ ਜਵਾਬ ਦੇ ਗਿਆ ਸੀ ਤੇ ਉਹ ਅਕਾਲ ਪੁਰਖ ਦੇ ਆਏ ਸੱਦੇ ਅਨੁਸਾਰ ਸਦੀਵੀਂ ਵਿਛੋੜਾ ਦੇ ਗਏ। ਪਿਤਾ ਜੀ ਨੇ ਆਪਣੇ ਸਾਰੇ ਭੈਣ ਭਰਾਵਾਂ ਨੂੰ ਉਡੀਕਿਆ ਤੇ ਫਿਰ ਸਸਕਾਰ ਕੀਤਾ।

ਸੇਵਾ ਮੁਕਤੀ ਪਿਛੋਂ ਆਪ ਜੀ ਨੇ ਹੇਮਕੁੰਟ ਮਿਸ਼ਨ ਦੀ ਸਥਾਪਤੀ ਵਾਸਤੇ ਯਤਨ ਆਰੰਭ ਕੀਤੇ। ਪਿਤਾ ਜੀ ਮੁੱਢ ਤੋਂ ਹੀ ਧਾਰਮਿਕ ਬਿਰਤੀ ਦੇ ਹੋਣ ਕਾਰਨ ਧਾਰਮਿਕ ਕਾਰਜਾਂ ਵਿਚ ਹੀ ਲੀਨ ਰਹਿੰਦੇ ਸਨ। ਪਰ ਹੁਣ ਉਹ ਪੂਰਨ ਤੌਰ 'ਤੇ ਕੁਲ ਵਕਤੀ ਧਰਮ ਅਰਥ ਸੇਵਾ ਵਿੱਚ ਜੁਟੇ ਰਹਿੰਦੇ। ਢਾਡੀ ਜੱਥਾ, ਪ੍ਰਚਾਰਕ ਤੇ ਸੰਗੀ ਸਾਥੀਆਂ ਨਾਲ, ਸਿੱਖ ਧਰਮ, ਸਭਿਆਚਾਰ ਦੀ ਵਿਲੱਖਣ ਸੇਵਾ ਲਈ ਕੌਮ ਦੇ ਭੁੱਲੇ ਭਟਕੇ ਲੋਕਾਂ ਨੂੰ ਬਾਣੀ ਤੇ ਬਾਣੇ, ਗੁਰੂ ਗ੍ਰੰਥ ਪੰਥ ਨਾਲ ਜੋੜਨ ਹਿਤ ਜੁਝਣਾ ਸ਼ੁਰੂ ਕਰ ਦਿੱਤਾ। ਇਹ ਸੇਵਾ ਕਾਫੀ ਸਾਲ ਨਿਭਾਈ। ਅੰਮ੍ਰਿਤ ਸੰਚਾਰ, ਕੀਰਤਨ ਦਰਬਾਰ, ਕਵੀ ਦਰਬਾਰ, ਢਾਡੀ ਦਰਬਾਰ, ਸਿੰਘ ਸੂਰਮਿਆਂ, ਸਿੱਖ ਸ਼ਹੀਦਾਂ ਤੇ ਸਿੱਖਾਂ ਦੇ ਅਮੀਰ ਵਿਰਸੇ ਦੇ ਸਲਾਈਡ ਸ਼ੋਅ ਤਿਆਰ ਕਰਕੇ ਪਿੰਡਾਂ ਵਿਚ ਸਿੱਖੀ ਦਾ ਪ੍ਰਚਾਰ ਕਰਕੇ, ਦਸ ਬਾਰਾਂ ਸਾਲ ਸ਼ਾਨਦਾਰ ਤੇ ਅਦੁੱਤੀ ਸੇਵਾ ਕੀਤੀ। ਫਿਰ ਕੁਝ ਵਿਚਾਰਧਾਰਕ ਮਤਭੇਦਾਂ ਕਾਰਨ ਉਨ੍ਹਾਂ ਇਸ ਜਥੇਬੰਦੀ ਨੂੰ ਆਪਣਾ ਤਿਆਗ ਪੱਤਰ ਦੇ ਦਿੱਤਾ, ਜਿਸਨੂੰ ਉਨ੍ਹਾਂ ਦੇ ਸਾਥੀਆਂ ਨੇ ਇਕ ਸਾਲ ਮਨਜ਼ੂਰ ਨਹੀਂ ਕੀਤਾ।

ਪਿਤਾ ਜੀ ਦੇ ਸਤਸੰਗੀ, ਪ੍ਰੇਮੀਆਂ ਤੇ ਚਾਹੁਣ ਵਾਲਿਆਂ ਦਾ ਘੇਰਾ ਬੜਾ ਵਿਸ਼ਾਲ ਸੀ। ਹਰ ਇਕ ਉਨ੍ਹਾਂ ਦੇ ਗਿਆਨ, ਗੁਣਾਂ ਤੇ ਵਿਸ਼ਾਲ ਅਨੁਭਵਾਂ ਦਾ ਲਾਭ ਲੈਣਾ ਚਾਹੁੰਦਾ ਸੀ। ਉਹ ਹਰ ਸਮੇਂ ਛਿਪੇ ਰਹਿ ਕੇ ਕਿਸੇ ਨਾ ਕਿਸੇ ਪ੍ਰੋਜੈਕਟ 'ਤੇ ਕੰਮ ਕਰਦੇ ਰਹਿੰਦੇ ਸਨ। ਸੰਨ 1985 ਤੋਂ 1995 ਤੱਕ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਰਥਾਂ ਦਾ ਕਾਰਜ


www.AKJ.Org

ਆਰੰਭਿਆ। ਅੱਖਾਂ ਦੀ ਜੋਤ ਘੱਟ ਹੋ ਜਾਣ ਕਾਰਨ, ਇਸ ਕਾਰਜ ਵਿਚ ਇਕ ਸਿੰਘ ਜੋ ਸ਼ੁਧ ਪਾਠ ਦਾ ਉਚਾਰਨ ਕਰਦਾ ਸੀ, ਉਸਦੇ ਅਰਥਾਂ ਨੂੰ ਆਪ ਟੇਪ ਰਿਕਾਰਡ ਰਾਹੀਂ ਸਰਲ ਤੇ ਰਸਦਾਇਕ ਸ਼ਬਦਾਂ ਰਾਹੀਂ ਅੰਕਤ ਕਰਵਾਉਂਦੇ। ਗੁਰਬਾਣੀ ਦੇ ਰਸੀਏ ਤੇ ਗਿਆਤਾ ਹੋਣ ਕਾਰਨ ਕਾਫੀ ਬਾਣੀ ਕੰਠ ਸੀ।

ਪਿਤਾ ਜੀ ਬਹੁਪੱਖੀ ਤੇ ਬਹੁਰੰਗੀ ਪ੍ਰਤਿਭਾ ਦੇ ਮਾਲਕ ਸਨ। ਉਨ੍ਹਾਂ ਦੇ ਵਿਸ਼ੇਸ਼ ਗੁਣਾਂ ਦੇ ਵਿਚ ਗੁਰਮਤਿ ਸੰਗੀਤ ਤੇ ਕਲਾਸੀਕਲ ਸੰਗੀਤ ਨਾਲ ਸਦਾ ਜੁੜਨ ਦਾ ਸੁਭਾਅ ਸੀ। ਹਰ ਕੀਰਤਨ ਸਮਾਗਮ ਤੇ ਉਨ੍ਹਾਂ ਆਪਣੇ ਟੇਪ ਰਿਕਾਰਡ ਰਾਹੀਂ ਕੀਰਤਨ ਰਿਕਾਰਡ ਕਰਨ ਵਿਚ ਰੁਚੀ ਰੱਖਣੀ। ਰਿਕਾਰਡ ਕੀਤੇ ਕੀਰਤਨ ਨੂੰ ਬਾਰ-ਬਾਰ ਸੁਨਣਾ, ਉਸ ਨੂੰ ਨੰਬਰਰਿੰਗ ਕਰਕੇ ਸੰਭਾਲਣਾ ਉਨ੍ਹਾਂ ਦਾ ਸ਼ੌਕ ਸੀ। ਉਹ ਅਠੇ ਪਹਿਰ ਕੀਰਤਨ ਦੀਆਂ ਧੁੰਨਾਂ ਵਿਚ ਲੀਨ ਰਹਿੰਦੇ। ਭਾਈ ਮੇਹਰ ਸਿੰਘ, ਭਾਈ ਜੀਵਨ ਸਿੰਘ, ਭਾਈ ਜੋਗਿੰਦਰ ਸਿੰਘ ਤਲਵਾੜਾ ਕਿਸੇ ਸਮੇਂ ਭਾਈ ਮਹਿੰਦਰ ਸਿੰਘ ਐਸ.ਡੀ.ਓ. ਦੇ ਕੀਰਤਨ ਦੀਆਂ ਫੁਹਾਰਾਂ ਨਾਲ ਰੂਹ ਨੂੰ ਸਰਸ਼ਾਰ ਕਰਦੇ ਰਹਿੰਦੇ। ਇਸੇ ਤਰ੍ਹਾਂ ਹੀ ਭਾਈ ਮਨੋਹਰ ਸਿੰਘ ਪਟਿਆਲੇ ਵਾਲੇ, ਬਰਨਾਲੇ ਵਾਲੀ ਬੀਬੀ "ਗੁਰ ਰਸਨਾ ਅੰਮ੍ਰਿਤ ਬੋਲਦੀ' ਦਾ ਸ਼ਬਦ ਬਾਰ ਬਾਰ ਸੁਣਦੇ। ਅਨੇਕਾਂ ਵਾਰ ਜਥੇ ਦੇ ਪੁਰਾਤਨ ਕੀਰਤਨੀਆਂ ਨੇ ਪਿਤਾ ਜੀ ਦੀ ਫਰਮਾਇਸ਼ ਅਨੁਸਾਰ ਕੀਰਤਨ ਦੀਆਂ ਪੁਰਾਣੀਆਂ ਰੀਤਾਂ ਤੇ ਤਰਜਾਂ 'ਤੇ ਗਾਇਨ ਕਰਨਾ। ਉਨ੍ਹਾਂ ਦੇ ਹਿਰਦੇ ਵਿਚ ਗੁਰੂ ਘਰ ਦੇ ਰਾਗੀ, ਢਾਡੀ ਤੇ ਕੀਰਤਨੀਆਂ ਲਈ ਅਥਾਹ ਪਿਆਰ ਤੇ ਸਤਿਕਾਰ ਸੀ। ਉਨ੍ਹਾਂ ਪਾਸ ਕੀਰਤਨ ਦੇ ਸੰਗ੍ਰਹਿ ਦਾ ਇਕ ਬੜਾ ਵੱਡਾ ਖਜ਼ਾਨਾ ਸੀ, ਜੋ ਹੁਣ ਤੱਕ ਸੰਭਾਲ ਕੇ ਰੱਖਿਆ ਹੈ। ਉਨ੍ਹਾਂ ਪਾਸ ਹਰ ਛੋਟੇ ਵੱਡੇ ਰਾਗੀ ਢਾਡੀ ਦੀ ਕੈਸਟ ਅੱਜ ਵੀ ਸੁਰੱਖਿਅਤ ਸਾਂਭੀ ਪਈ ਹੈ। ਉਨ੍ਹਾਂ ਬੜੀਆਂ ਕੈਸਿਟਾਂ ਦੇ ਉੱਤੇ ਛੋਟੇ-ਛੋਟੇ ਨੋਟ ਦਿੱਤੇ ਹਨ, ਜਿਹੜੇ ਉਸ ਨੂੰ ਦੁਬਾਰਾ ਸੁਨਣ ਸਮੇਂ ਸਹਾਈ ਹੁੰਦੇ ਰਹੇ। ਉਹ ਢਾਡੀ ਸੋਹਨ ਸਿੰਘ ਸੀਤਲ ਦੀਆਂ ਵਾਰਾਂ ਨੂੰ ਬਹੁਤ ਪਸੰਦ ਕਰਦੇ ਸਨ।

ਉਹ ਖੇਡਾਂ ਦੇ ਬਹੁਤ ਸ਼ੌਕੀਨ ਸਨ। ਕਾਲਜ ਸਮੇਂ ਆਪ ਚੰਗੇ ਖਿਡਾਰੀ ਰਹਿ ਚੁੱਕੇ ਸਨ। ਇਸ ਲਈ ਜਦੋਂ ਉਨ੍ਹਾਂ ਦੀ ਸਿਹਤ ਪੂਰਨ ਤੌਰ 'ਤੇ ਤੰਦਰੁਸਤ ਸੀ ਤਾਂ ਹਰ ਰੋਜ਼ ਅਖ਼ਬਾਰ ਵਿਚੋਂ ਖੇਡਾਂ ਦੇ ਸਫੇ 'ਚੋਂ ਚੰਡੀਗੜ੍ਹ ਵਿਚ ਹਾਕੀ ਤੇ ਫੁੱਟਬਾਲ ਦੀ ਜਾਣਕਾਰੀ ਲੈਣੀ ਅਤੇ ਮੈਚ ਵੇਖਣ ਜਾਣਾ। ਜਾਣ ਸਮੇਂ ਸਦਾ ਛੱਤਰੀ ਉਨ੍ਹਾਂ ਦੇ ਅੰਗ ਸੰਗ ਰਹਿਣੀ। ਉਨ੍ਹਾਂ ਦਾ ਅਖ਼ਬਾਰ, ਰੇਡੀਓ, ਟੀ.ਵੀ. ਵਿਚ ਖ਼ਬਰਾਂ ਵੇਖਣ ਤੇ ਸੁਨਣ ਦਾ ਬਿਲਕੁਲ ਸ਼ੌਕ ਨਹੀਂ ਸੀ। ਰਾਜਨੀਤੀ ਵਿਚ ਉਨ੍ਹਾਂ ਦਾ ਵਿਸ਼ਵਾਸ ਨਹੀਂ ਸੀ। ਉਹ ਸਦਾ ਸਾਡੇ ਕੋਲੋਂ ਹੀ ਪੁੱਛ ਲੈਂਦੇ ਸਨ ਕਿ ਅੱਜ ਦੀ ਕੀ ਮੋਟੀ ਖ਼ਬਰ ਹੈ ? ਹਾਂ ! ਟੈਲੀਵਿਜ਼ਨ 'ਤੇ ਹਾਕੀ ਫੁੱਟਬਾਲ ਦੇ ਮੈਚ ਵੇਖ ਕੇ ਇਸ ਦੇ ਨਾਲ ਡਿਸਕਵਰੀ ਇੰਡੀਆ ਚੈਨਲ ਰਾਹੀਂ ਪ੍ਰਾਕ੍ਰਿਤੀ, ਜੰਗਲੀ ਜੀਵਾਂ, ਪੰਛੀਆਂ ਦੇ ਉੱਤੇ ਡਾਕੂਮੈਂਟਰੀ ਫਿਲਮਾਂ ਦੇ ਸ਼ੌਕੀਨ ਸਨ।

ਦੇਸ਼ ਤੇ ਕੌਮ ਦੇ ਹਰ ਸੰਕਟ ਵਿਚ ਭਾਵੇਂ ਉਹ ਪੰਜਾਬ ਦੇ ਹੜ ਹੋਣ ਜਾਂ ਸੁਨਾਮੀ ਲਹਿਰਾਂ ਸੰਕਟ, ਦਿੱਲੀ ਸੰਨ 1984 ਦਾ ਸਿੱਖ ਕਤਲੇਆਮ ਦੇ ਪੀੜਿਤ ਪਰਿਵਾਰ ਹੋਣ ਜਾਂ ਗੁਜਰਾਤ ਦੇ ਦੰਗਿਆਂ ਦੇ, ਉਨ੍ਹਾਂ ਸਦਾ ਲੋੜਵੰਦਾਂ ਦੀ ਸਮੇਂ ਸਿਰ ਬਾਂਹ ਫੜੀ ਤੇ ਦਿਲ ਖੋਲ੍ਹ ਕੇ ਮਾਲੀ ਮਦਦ ਪ੍ਰਦਾਨ ਕੀਤੀ। ਉਨ੍ਹਾਂ ਨੇ ਜਦੋਂ ਵੀ ਕਿਸੇ ਦੀ ਮਦਦ ਕਰਨੀ ਹੋਵੇ ਤਾਂ ਦੂਜੇ ਹੱਥ ਨੂੰ ਵੀ ਨਹੀਂ ਸੀ ਪਤਾ ਲੱਗਦਾ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਸਾਨੂੰ ਉਨ੍ਹਾਂ ਲੋਕਾਂ ਤੋਂ ਪਤਾ ਲੱਗਾ ਜਿਨ੍ਹਾਂ ਦੇ ਸਹਿਯੋਗ ਰਾਹੀਂ ਵੱਡੇ-ਵੱਡੇ ਡਰਾਫਟ ਬਣਵਾ ਕੇ ਪ੍ਰਾਈਮ ਮਨਿਸਟਰ ਫੰਡ ਨੂੰ ਭੇਜਦੇ। ਉਨ੍ਹਾਂ ਸਾਰੀ ਜ਼ਿੰਦਗੀ ਆਪਣੀ ਨੇਕ ਕਮਾਈ ਵਿਚੋਂ ਦਸਵੰਧ ਕੱਢਿਆ ਅਤੇ ਗਰੀਬਾਂ, ਬੇ ਸਹਾਰਿਆਂ, ਨਿਹੱਥਿਆਂ ਦੀ ਖੁਲਦਿੱਲੀ ਨਾਲ ਮਦਦ ਕੀਤੀ। ਉਹ ਯਤੀਮਖਾਨੇ, ਬਿਰਧ ਆਸ਼ਰਮ ਵਿਚ ਹਰ ਸਮੇਂ ਸੇਵਾ ਕਰਦੇ ਰਹਿੰਦੇ ਸਨ। ਉਹ ਨਗਦੀ ਤੋਂ ਬਿਨਾਂ ਲੋੜਵੰਦਾਂ ਦੀਆਂ ਲੋੜਾਂ ਪੂਰੀਆਂ ਕਰਦੇ। ਇਸ ਵਿਚ ਹੀ ਉਨ੍ਹਾਂ ਨੂੰ ਖੁਸ਼ੀ ਹੁੰਦੀ। **ਮਾਨਸ ਕੀ ਜਾਤ ਸਭੈ ਏਕੋ ਪਹਿਚਾਨਬੋ** ਦੇ ਗੁਰ ਸਿਧਾਂਤ 'ਤੇ ਚੱਲਦਿਆਂ ਮਾਨਵਤਾ ਦੀ ਸੇਵਾ ਕੀਤੀ। ਉਹ ਕਦੇ ਵੀ ਫੋਕੀ ਪ੍ਰਸ਼ੰਸਾ ਜਾਂ ਲੋਕ ਵਡਿਆਈ ਨੂੰ ਪਸੰਦ ਨਹੀਂ ਸੀ ਕਰਦੇ। ਜ਼ਿੰਦਗੀ ਦੇ ਅੰਤਮ ਪੱਲਾਂ ਤੱਕ ਉਨ੍ਹਾਂ ਕਿਸੇ ਗੁਰੂ ਘਰ ਦੀ ਮੈਂਬਰਸ਼ਿਪ ਨਹੀਂ ਲਈ। ਉਹ ਗੁਰਦੁਆਰਾ ਰਾਜਨੀਤੀ ਤੋਂ ਸਦਾ ਦੂਰ ਰਹੇ।



www.AKJ.Org

ਪੰਜਾਬ ਦੇ ਸੰਤਾਪ ਦੇ ਦਿਨਾਂ ਵਿਚ ਉਨ੍ਹਾਂ ਦੀ ਮਾਨਸਿਕ ਅਵਸਥਾ ਚੰਗੀ ਨਹੀਂ ਸੀ ਹੁੰਦੀ। ਪੰਜਾਬ ਵਿਚ ਅੰਧਾਧੁੰਦ ਵਹਿ ਰਹੇ ਖੂਨ ਖਰਾਬੇ ਦਾ ਉਹ ਸਦਾ ਦੁੱਖ ਮਨਾਉਂਦੇ ਸਨ। ਜਦੋਂ ਵੀ ਇਹ ਖ਼ਬਰ ਸੁਣਦੇ, ਫਲਾਣੇ ਥਾਂ 'ਤੇ ਬੱਸਾਂ ਜਾਂ ਰੇਲਾਂ ਦੇ ਡੱਬਿਆਂ ਵਿਚੋਂ ਕੱਢ ਕੇ ਇੰਨੇ ਵਿਅਕਤੀਆਂ ਨੂੰ ਗੋਲੀਆਂ ਮਾਰ ਕੇ ਮਾਰ ਮੁਕਾਇਆ ਹੈ ਤਾਂ ਇੰਨ੍ਹਾਂ ਦਾ ਹਿਰਦਾ ਸਦਾ ਛਲਣੀ ਹੋ ਜਾਂਦਾ। ਇਹ ਸਦਾ ਇਹੋ ਕਹਿੰਦੇ ਸਨ ਕਿ ਨਿਹਥਿਆਂ 'ਤੇ ਵਾਰ ਕਰਨਾ ਪਾਪ ਹੈ। ਇਹ ਸਦਾ ਸਰਬਤ ਦਾ ਭਲਾ ਲੋਚਣ ਵਾਲੇ ਸਨ। ਉਹ ਸਦਾ ਜ਼ਬਰ ਜ਼ੁਲਮ, ਊਚ-ਨੀਚ, ਵਹਿਮਾਂ-ਭਰਮਾਂ, ਸਮਾਜਿਕ ਕੁਰੀਤੀਆਂ, ਤੰਗੀਆਂ ਤੁਰਸ਼ੀਆਂ ਦੇ ਮੁਕਤੀ ਸੰਘਰਸ਼ ਦੇ ਖਿਲਾਫ਼ ਜੂਝ ਮਰਨ ਦੀ ਭਾਵਨਾ ਰੱਖਦੇ ਸਨ। ਹਰ ਛੋਟੇ ਵੱਡੇ ਨੂੰ ਸਤਿਕਾਰ ਤੇ ਪਿਆਰ ਦੇਣਾ ਇਨ੍ਹਾਂ ਦੀ ਵਡਿਆਈ ਵਿਚ ਸੀ।

ਉਨ੍ਹਾਂ ਦੀ ਲੰਮੀ ਉਮਰ ਦਾ ਰਾਜ ਅਨੁਸ਼ਾਸ਼ਨ ਭਰਿਆ ਜੀਵਨ ਸੀ। ਉਹ ਸੰਜਮੀ ਸਨ। ਹਰ ਕਾਰਜ ਲਈ ਉਨ੍ਹਾਂ ਸਮੇਂ ਦੀ ਵੰਡ ਕੀਤੀ ਸੀ। ਉਹ ਲੋਕਾਚਾਰੀ ਲਈ ਆਪਣੇ ਅਨੁਸ਼ਾਸ਼ਨ ਵਿਚ ਕਿਸੇ ਵੀ ਪ੍ਰਕਾਰ ਦੀ ਰੁਕਾਵਟ ਨਹੀਂ ਸੀ ਆਉਣ ਦੇਂਦੇ। ਲੰਮੀਆਂ ਸੈਰਾਂ ਕਰਨ ਦਾ ਸ਼ੌਂਕ ਸੀ। ਉਹ ਘੜੀ ਵੇਖ ਕੇ ਹਰ ਰੋਜ਼ ਸਵੇਰੇ ਤੇ ਸ਼ਾਮ ਨੂੰ ਇਕ ਘੰਟਾ ਸੈਰ ਕਰਦੇ ਸਨ। ਜੇਕਰ ਬਾਰਸ਼ ਵੀ ਹੁੰਦੀ ਹੋਵੇ ਤਾਂ ਛੱਤਰੀ ਉਨ੍ਹਾਂ ਦੇ ਪਾਸ ਹੁੰਦੀ। ਉਹ ਨਿਸ਼ਚਤ ਸਮੇਂ ਤੇ ਸਾਦਾ ਨਾਸ਼ਤਾ ਤੇ ਭੋਜਨ ਸੇਵਨ ਕਰਦੇ। ਮੈਂ ਆਪਣੀ ਜ਼ਿੰਦਗੀ ਵਿਚ ਉਨ੍ਹਾਂ ਨੂੰ ਕਦੇ ਵੀ ਬਜ਼ਾਰ ਵਿਚ ਬਣੀ ਚੀਜ਼ ਦਾ ਸੇਵਨ ਕਰਦੇ ਨਹੀਂ ਵੇਖਿਆ। ਪਿੰਨੀਆਂ, ਗੁਲਾਬ ਜ਼ਾਮਨ, ਗਜ਼ਰੇਲਾ ਉਨ੍ਹਾਂ ਲਈ ਘਰ ਵਿਚ ਹੀ ਬਣਦਾ ਰਹਿੰਦਾ। ਮਿੱਠੇ ਚਾਵਲ, ਕੜੀ, ਸਾਗ, ਮੱਕੀ ਦੀ ਰੋਟੀ ਤੇ ਸਮੋਸਿਆਂ ਦੇ ਸ਼ੌਂਕੀਨ ਸਨ। ਸਮਾਜਿਕ ਸਮਾਗਮਾਂ ਵਿਚ ਜਾਣ ਆਉਣ ਤੋਂ ਸੰਕੋਚ ਕਰਦੇ ਸਨ, ਕਿਉਂਕਿ ਆਪਣੇ ਲਈ ਵੱਖਰਾ ਖਾਣ ਪੀਣ ਦਾ ਪ੍ਰਬੰਧ ਕਰਵਾਉਣਾ, ਉਨ੍ਹਾਂ ਨੂੰ ਭਾਉਂਦਾ ਨਹੀਂ ਸੀ।

ਨਰੋਈ ਖੁਰਾਕ, ਕਸਰਤ ਅਤੇ ਲੰਬੀ ਸੈਰ ਕਰਨ ਆਪ ਜੀ ਤਾਅ ਜ਼ਿੰਦਗੀ ਕਿਸੇ ਵੀ ਸਰੀਰਕ ਬੀਮਾਰੀ ਤੋਂ ਮੁਕਤ ਰਹੇ। ਇਸ ਨਾਸ਼ਵੰਤ ਸੰਸਾਰ ਤੋਂ ਸਭ ਨੇ ਜਾਣਾ ਹੈ। ਪਿਤਾ ਜੀ 92 ਸਾਲ ਦੀ ਲੰਬੀ ਆਯੂ ਭੋਗ ਕੇ 3 ਜੁਲਾਈ 2005 ਨੂੰ ਅਕਾਲ ਪੁਰਖ ਦੇ ਹੁਕਮ ਅਨੁਸਾਰ ਸਦੀਵੀ ਵਿਛੋੜਾ ਦੇ ਕੇ ਗੁਰੂ ਚਰਨਾਂ ਵਿਚ ਜਾ ਬਿਰਾਜੇ। ਚੜ੍ਹਾਈ ਕਰਨ ਤੋਂ ਤਕਰੀਬਨ ਇਕ ਮਹੀਨਾ ਪਹਿਲਾਂ, ਬ੍ਰਿਧ ਅਵਸਥਾ ਕਾਰਨ ਆਈ ਸਰੀਰਕ ਕਮਜ਼ੋਰੀ ਕਰਕੇ, ਆਪ ਨੂੰ ਮਜ਼ਬੂਰਨ ਬਿਸਤਰ ਤੇ ਰਹਿਣਾ ਪਿਆ। ਜਿਸ ਦੌਰਾਨ ਦਾਸ ਅਤੇ ਮੇਰੇ ਵੱਡੇ ਵੀਰ ਸ. ਜਸਬੀਰ ਸਿੰਘ ਜੀ ਨੇ ਆਪਣੇ ਸਾਰੇ ਕੰਮ ਧੰਧੇ ਨੂੰ ਛੱਡ ਕੇ ਪਿਤਾ ਜੀ ਦੀ ਰਾਤ ਦਿਨ ਸੇਵਾ ਕਰਕੇ ਉਨ੍ਹਾਂ ਦੀਆਂ ਅਸੀਸਾਂ ਲਈਆਂ। ਪਿਤਾ ਜੀ ਸ਼ਾਨਾਂ ਮੱਤੇ ਇਤਿਹਾਸ ਦਾ ਮਾਣ ਸੀ, ਉਹ ਇਕ ਕਰਮਯੋਗੀ ਸਨ। ਬੁਝ ਗਈ ਲੱਟ-ਲੱਟ ਕਰਦੀ ਜੋਤ ਤੇ ਸਿਰਜ ਗਈ ਯਾਦਾਂ ਦਾ ਇਤਿਹਾਸ। ਉਹ ਟਿਮਟਿਮਾਉਂਦੇ ਤਾਰੇ ਸਦਾ ਆਕਾਸ਼ ਦੀਆਂ ਬੁਲੰਦੀਆਂ ਤੇ ਉਨ੍ਹਾਂ ਦੀ ਯਾਦ ਨੂੰ ਸੁਰਜੀਤ ਰੱਖਣਗੇ।

(ਪੁਸਤਕ ਜਨ ਪਰਉਪਕਾਰੀ ਆਏ ਵਿਚੋਂ ਧੰਨਵਾਦ ਸਹਿਤ)

## ਭਾਈ ਸਾਹਿਬ ਦਰਸ਼ਨ ਸਿੰਘ ਜੀ (ਭਰਾ ਜੀ ਦਿੱਲੀ)

ਗੁਰਪੁਰ ਵਾਸੀ ਪ੍ਰਿੰਸੀਪਲ ਗੁਰਮੁਖ ਸਿੰਘ ਜੀ ਪਟਿਆਲਾ

ਦਿੱਲੀ ਦੇ ਸਿੰਘ ਆਪ ਨੂੰ 'ਦਾਰ ਜੀ' ਕਰਕੇ ਬੁਲਾਉਂਦੇ ਸਨ। ਘਰ ਵਿਚ ਬੱਚਿਆਂ ਲਈ ਤਾਂ ਉਹ ਦਾਰ ਜੀ ਸਨ ਹੀ, ਪਰ ਸੰਗਤਾਂ ਭੀ ਆਪ ਨੂੰ ਆਦਰ ਨਾਲ ਦਾਰ ਜੀ ਕਰਕੇ ਬੁਲਾਉਂਦੀਆਂ ਸਨ। ਆਪ ਜੀ ਦਾ ਜਨਮ 7 ਫ਼ਰਵਰੀ 1907 ਵਿਚ ਗੁਜਰਾਂਵਾਲਾ (ਪਾਕਿਸਤਾਨ) ਵਿਖੇ ਸ. ਹਰਨਾਮ ਸਿੰਘ ਜੀ ਦੇ ਘਰ ਵਿਚ ਹੋਇਆ। ਆਪ ਦੇ ਪਿਤਾ ਜੀ ਇਕ ਆਮ ਸਧਾਰਣ ਸਿੱਖ ਪ੍ਰੀਵਾਰ ਵਿਚੋਂ ਸਨ ਜੋ ਕਿ ਆਪ ਦੇ ਬਚਪਨ ਵਿਚ ਹੀ ਚੜ੍ਹਾਈ ਕਰ ਗਏ ਸਨ। ਇਨ੍ਹਾਂ ਦੀ


www.AKJ.Org

ਪਾਲਣਾਂ-ਪੋਸ਼ਣਾ ਨਾਨਕਾ ਪ੍ਰੀਵਾਰ ਵਿਚ ਆਪ ਜੀ ਦੇ ਮਾਮਿਆਂ ਨੇ ਕੀਤੀ। ਅਕਤੂਬਰ 1953 ਵਿਚ ਜਦੋਂ ਇਹਨਾਂ ਸਤਰਾਂ ਦੇ ਲਿਖਾਰੀ ਨੇ ਦੁਸਹਿਰੇ ਦੇ ਸਮਾਗਮ ਸਮੇਂ ਆਪ ਜੀ ਦੇ ਦਰਸ਼ਨ ਕੀਤੇ ਸਨ ਤਾਂ ਮਨ 'ਤੇ ਆਪ ਦੀ ਮਿੱਠੀ ਸ਼ਖ਼ਸੀਅਤ ਦਾ ਡੂੰਘਾ ਪ੍ਰਭਾਵ ਲੈ ਕੇ ਮੁੜਿਆ ਸੀ। ਇਹੋ ਪ੍ਰਭਾਵ ਅਖੀਰ ਤਕ ਮੇਰੇ ਮਨ 'ਤੇ ਉਕਰਿਆ ਹੋਇਆ ਹੈ। ਜਦੋਂ ਦਿੱਲੀ ਦੇ ਸਮਾਗਮ ਉਤੇ ਮਿਲਣਾ ਬੜੇ ਨਿੱਘੇ ਪਿਆਰ ਨਾਲ, ਜਿਸ ਵਿਚ ਪਰਿਵਾਰਕ ਅਪਣਤ ਹੁੰਦੀ ਸੀ, ਸੁਖ ਸਾਂਦ ਪੁੱਛਦੇ ਸਨ ਅਤੇ ਹਰ ਤਰ੍ਹਾਂ ਦਾ ਸੁਖ ਆਰਾਮ ਦੇਣ ਦਾ ਜਤਨ ਕਰਦੇ ਸਨ।

ਖਾਲਸਾ ਕਾਲਜ ਗੁਜਰਾਂਵਾਲਾ ਉਸ ਸਮੇਂ ਦਾ ਬੜਾ ਮੰਨਿਆ ਹੋਇਆ ਕਾਲਜ ਸੀ ਤੇ ਖਾਲਸਾ ਕਾਲਜ ਅੰਮ੍ਰਿਤਸਰ ਤੋਂ ਦੂਸਰੇ ਨੰਬਰ 'ਤੇ ਸੀ। ਉਸ ਸਮੇਂ ਇਸ ਵਿਦਿਅਕ ਅਦਾਰੇ ਦੇ ਪ੍ਰਿੰਸੀਪਲ ਸ. ਤੇਜਾ ਸਿੰਘ ਜੀ ਸੀ ਜੋ ਪਿਛੋਂ ਸੰਤ ਤੇਜਾ ਸਿੰਘ ਦੇ ਨਾਮ ਨਾਲ ਪ੍ਰਸਿੱਧ ਹੋਏ ਹਨ। ਸੰਨ 1908 ਵਿਚ ਜਦੋਂ ਚੀਫ਼ ਖਾਲਸਾ ਦੀਵਾਨ ਅੰਮ੍ਰਿਤਸਰ ਨੇ ਸਿੱਖ ਐਜੂਕੇਸ਼ਨਲ ਕਾਨਫਰੰਸਾਂ ਆਰੰਭ ਕੀਤੀਆਂ ਤਾਂ ਇਨ੍ਹਾਂ ਹਰ ਕਾਨਫਰੰਸ ਉਤੇ ਕਿਤੇ ਨਾ ਕਿਤੇ ਖਾਲਸਾ ਸਕੂਲ ਜ਼ਰੂਰ ਖੋਲ੍ਹਣੇ। ਸੋ ਗੁਜਰਾਂਵਾਲਾ ਵੀ ਸੰਨ 1908 ਵਿਚ ਸਕੂਲ ਖੁੱਲ੍ਹ ਗਿਆ ਸੀ। ਇਨ੍ਹਾਂ ਖਾਲਸਾ ਸਕੂਲਾਂ ਵਿਚ ਗੁਰਦੁਆਰਾ ਸਾਹਿਬ ਸਕੂਲ ਦਾ ਇਕ ਜਰੂਰੀ ਅੰਗ ਹੁੰਦਾ ਸੀ ਜਿਸ ਵਿਚ ਬੱਚਿਆਂ ਨੂੰ ਰੋਜ਼ਾਨਾਂ ਕੁਝ ਸਮੇਂ ਲਈ, ਦੀਵਾਨ ਵਿਚ ਹਾਜ਼ਰੀ ਭਰਨੀ ਲਾਜ਼ਮੀ ਹੁੰਦੀ ਸੀ। ਜਿਹੜੇ ਬਜ਼ੁਰਗ ਪੁਰਾਣੇ ਖਾਲਸਾ ਸਕੂਲਾਂ ਜਾਂ ਕਾਲਜਾਂ ਵਿਚ ਪੜ੍ਹਦੇ ਸਨ, ਉਹ ਜਾਣਦੇ ਹਨ ਕਿ ਕਿਵੇਂ ਇਨ੍ਹਾਂ ਸਕੂਲਾਂ ਵਿਚ ਗੁਰ ਇਤਿਹਾਸ ਅਤੇ ਗੁਰਬਾਣੀ ਦੇ ਉਪਦੇਸ਼ ਦ੍ਰਿੜ੍ਹ ਕਰਾਕੇ ਦਸਵੀਂ ਪਾਸ ਕਰਨ ਤੋਂ ਪਹਿਲਾਂ ਅੰਮ੍ਰਿਤ ਪਾਨ ਕਰਾ ਦਿੰਦੇ ਸਨ। ਸ਼ਹਿਰਾਂ ਵਿਚ ਸਿੰਘ ਸਭਾ ਲਹਿਰ ਦਾ ਬਹੁਤ ਜ਼ਿਆਦਾ ਪ੍ਰਭਾਵ ਸੀ।

ਸੋ ਸਾਡੇ ਦਾਰ ਜੀ ਸੰਨ 1923-24 ਵਿਚ ਜਦੋਂ ਖਾਲਸਾ ਸਕੂਲ ਤੋਂ ਮੈਟ੍ਰਿਕ ਪਾਸ ਕਰਕੇ ਨਿਕਲੇ ਤਾਂ ਆਪ ਅੰਮ੍ਰਿਤਧਾਰੀ ਹੋ ਚੁੱਕੇ ਸਨ। ਘਰ ਦੇ ਹਾਲਾਤ ਸ਼ਾਇਦ ਇਸ ਗੱਲ ਦੀ ਆਗਿਆ ਨਹੀਂ ਸੀ ਦਿੰਦੇ ਕਿ ਉਹ ਕਾਲਜ ਦੀ ਉੱਚ ਸਿਖਿਆ ਪ੍ਰਾਪਤ ਕਰਨ। ਇਸ ਲਈ ਆਪ ਨੇ ਉਨ੍ਹਾਂ ਭਲੇ ਦਿਨਾਂ ਵਿਚ ਪੰਜਾਬ ਐਂਡ ਸਿੰਧ ਬੈਂਕ ਵਿਚ ਨੌਕਰੀ ਕਰ ਲਈ। ਉਹਨਾਂ ਸਮਿਆਂ ਵਿਚ ਦਸ ਜਮਾਤਾਂ ਵੀ ਕੋਈ ਕੋਈ ਪਾਸ ਕਰਦਾ ਸੀ। ਕੁਝ ਸਮਾਂ ਬੈਂਕ ਵਿਚ ਕਲੈਰੀਕਲ ਕੇਡਰ ਵਿਚ ਨੌਕਰੀ ਕਰਨ ਉਪਰੰਤ ਆਪ ਨੂੰ ਇਸ ਨਾਲੋਂ ਵਧੇਰੇ ਚੰਗੀ ਨੌਕਰੀ ਮਿਲ ਗਈ। ਆਪ ਗੁਜਰਾਂਵਾਲਾ ਦੇ ਸ਼ੈਸ਼ਨ ਜੱਜ ਦੇ ਸਟੈਨੋ ਲੱਗ ਗਏ। ਉਨੀ ਦਿਨੀਂ ਕੇਵਲ ਅੰਗਰੇਜ਼ ਹੀ ਸ਼ੈਸ਼ਨ ਜੱਜ ਹੋਇਆ ਕਰਦੇ ਸਨ। ਇਸ ਪੋਸਟ ਉਤੇ ਆਪ ਨੇ ਕਾਫੀ ਸਮਾਂ ਕਈ ਅੰਗਰੇਜ਼ ਅਫਸਰਾਂ ਨਾਲ ਕੰਮ ਕੀਤਾ। ਇਸ ਲੰਬੇ ਤਜ਼ਰਬੇ ਨੇ ਅੱਗੋਂ ਚੱਲ ਕੇ ਆਪ ਨੂੰ ਕਿਸੇ ਵੱਡੀ-ਪੋਸਟ ਉਤੇ ਲੱਗਣ ਵਿਚ ਸਹਾਇਤਾ ਕੀਤੀ। ਇਹਨਾਂ ਉਪਰਕੋਤ ਦੋਵੇਂ ਥਾਵਾਂ ਤੇ ਆਪ ਨੇ ਲਗਭਗ 16-17 ਸਾਲ ਕੰਮ ਕੀਤਾ।

ਭਾਈ ਸਾਹਿਬ ਤਾਅ ਜ਼ਿੰਦਗੀ ਇਕ ਸਿੱਖ ਵਿਅਕਤੀ ਵਾਂਗ ਵਿਚਰਦੇ ਰਹੇ। ਸੰਨ 1921 ਤੋਂ 1925 ਤੱਕ ਦਾ ਸਮਾਂ ਸਿੱਖ ਇਤਿਹਾਸ ਦਾ ਬੜਾ ਮਹੱਤਵਪੂਰਨ ਸਮਾਂ ਹੈ ਜਿਸ ਸਮੇਂ ਮਹੰਤਾਂ ਪੁਜਾਰੀਆਂ ਦੇ ਕਬਜ਼ੇ ਵਿਚੋਂ ਇਤਿਹਾਸਕ ਗੁਰਦੁਆਰੇ ਆਜ਼ਾਦ ਕਰਾਏ ਗਏ। ਅਨੇਕਾਂ ਸਿੰਘਾਂ ਨੂੰ ਜੇਲ ਜਾਣਾ ਪਿਆ, ਅਨੇਕਾਂ ਸ਼ਹੀਦ ਹੋ ਗਏ। ਪਰ ਲਗਦੈ, ਭਾਈ ਸਾਹਿਬ ਦੀ ਨੌਕਰੀ ਹੀ ਐਸੀ ਸੀ ਕਿ ਉਹ ਇਹਨਾਂ ਕੌਮੀ ਲਹਿਰਾਂ ਵਿਚ ਹਿੱਸਾ ਨਹੀਂ ਲੈ ਸਕੇ, ਪਰ ਅੰਦਰੋਂ ਆਪ ਨੂੰ ਪੰਥਕ ਕਾਰਜਾਂ ਨਾਲ ਪੂਰੀ ਹਮਦਰਦੀ ਸੀ। ਸੰਨ 1924 ਤੋਂ 1940 ਦੇ ਦਰਮਿਆਨ ਆਪ ਕਲੇਰਾਂ ਵਾਲੇ ਸੰਤ ਬਾਬਾ ਨੰਦ ਸਿੰਘ ਜੀ ਜਾਂ ਉਹਨਾਂ ਦੇ ਸ਼ਰਧਾਲੂਆਂ ਦੇ ਸੰਪਰਕ ਵਿਚ ਆਏ। ਉਹਨਾਂ ਦੀ ਦਰਸਾਈ ਰਹਿਤ ਰਹਿਣੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪੂਜਾ ਅਰਚਾ ਦੇ ਤੌਰ ਤਰੀਕੇ ਆਪ ਨੇ ਅਪਣਾਏ। ਘਰ ਵਿਚ ਹੀ ਗੁਰ ਮਹਾਰਾਜ ਜੀ ਦਾ ਪ੍ਰਕਾਸ਼ ਕਰ ਲਿਆ। ਗੁਰੂ ਭਗਤੀ ਵਿਚ ਆਪ ਜੁੱਟ ਗਏ।

ਆਪ ਜੀ ਦਾ ਅਨੰਦ ਕਾਰਜ ਬੀਬੀ ਜਗਜੀਤ ਕੌਰ ਜੀ ਪੁੱਤਰੀ ਨੱਥਾ ਸਿੰਘ ਵਾਸੀ ਜਾਮ ਕੀ ਗੁਜਰਾਵਾਲਾ ਜ਼ਿਲ੍ਹਾ ਸਿਆਲਕੋਟ ਪਾਕਿਸਤਾਨ ਨਾਲ ਸੰਨ 1927 ਵਿਚ ਹੋਇਆ। ਬੀਬੀ ਜੀ ਆਮ ਗੁਰਸਿੱਖ ਘਰਾਣੇ ਨਾਲ ਸੰਬੰਧ



www.AKJ.Org

ਰੱਖਦੇ ਸਨ। ਉਹ ਵੀ ਆਪ ਵਾਂਗ ਦੈਵੀ ਗੁਣਾਂ ਨਾਲ ਸ਼ਿੰਗਾਰੀ ਹੋਈ ਮੂਰਤ ਸੀ। ਆਪ ਜੀ ਦੇ ਘਰ 4 ਪੁੱਤਰਾਂ ਤੇ 4 ਪੁੱਤਰੀਆਂ ਨੇ ਜਨਮ ਲਿਆ। ਉਹ ਵੀ ਪੜ੍ਹ-ਲਿਖ ਕੇ ਉੱਚ ਸਰਕਾਰੀ ਅਹੁਦਿਆਂ ਤੇ ਕੰਮ ਕਰਦੇ ਰਹੇ ਹਨ ਤੇ ਗੁਰੂ ਘਰ ਨਾਲ ਜੁੜੇ ਰਹੇ ਹਨ।

ਸੰਨ 1939 ਵਿਚ ਦੂਜਾ ਸੰਸਾਰ ਯੁੱਧ ਆਰੰਭ ਹੋਇਆ। ਉਦੋਂ ਭਾਰਤ ਅੰਗਰੇਜਾਂ ਦਾ ਗੁਲਾਮ ਸੀ। ਇਸ ਲਈ ਭਾਰਤ ਨੂੰ ਭੀ ਇਸ ਜੰਗ ਵਿਚ ਮੱਲੋਂ ਮੱਲੀ ਸ਼ਾਮਿਲ ਕੀਤਾ ਗਿਆ। ਸ਼ਿਮਲੇ ਵਿਖੇ ਅੰਗਰੇਜ਼ਾਂ ਨੇ ਇਕ ਦਫ਼ਤਰ 1942 ਵਿਚ ਖੋਲ੍ਹਿਆ 'ਈਸਟਰਨ ਗਰੁੱਪ ਸਪਲਾਈ ਕੌਂਸਲ'। ਇਥੇ ਭਾਈ ਸਾਹਿਬ ਨੂੰ ਬਤੌਰ ਅਸਿਸਟੈਂਟ ਨੌਕਰੀ ਮਿਲ ਗਈ। ਉਨੀਂ ਦਿਨੀ ਕੁਮਾਰ ਹੱਟੀ ਵਿਖੇ ਭਾਈ ਸਾਹਿਬ ਰਣਧੀਰ ਸਿੰਘ ਜੀ ਆਪਣੇ ਸੰਗੀ ਸਾਥੀਆਂ ਸਮੇਤ ਗਰਮੀ ਦੀ ਰੁੱਤ ਵਿਚ ਨਾਮ ਅਭਿਆਸ ਕਮਾਈ ਅਤੇ ਕੀਰਤਨ ਸਮਾਗਮਾਂ ਰਾਹੀਂ ਲਾਹੇ ਲੈਂਦੇ ਹੁੰਦੇ ਸਨ। ਭਾਈ ਸੂਰਤ ਸਿੰਘ ਜੀ (ਪੂਰਨ ਜੀ) ਭੀ ਉਨੀਂ ਦਿਨੀਂ ਆਪਣੇ ਵੱਡੇ ਭਰਾਤਾਂ ਭਾਈ ਹਰਨਾਮ ਸਿੰਘ ਜੀ ਕੋਮਲ ਕੋਲ ਸ਼ਿਮਲੇ ਰਹਿੰਦੇ ਸਨ। ਪੂਰਨ ਜੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਸੰਪਰਕ ਵਿਚ ਸੰਨ 1937 ਤੋਂ ਆ ਚੁੱਕੇ ਸਨ। ਸੰਨ 1942-43 ਵਿਚ ਦਾਰ ਜੀ ਦੀ ਮੁਲਾਕਾਤ ਭਾਈ ਸਾਹਿਬ ਨਾਲ ਹੋਈ। ਇਸ ਮੁਲਾਕਾਤ ਦਾ ਅਸਰ ਇਹ ਹੋਇਆ ਕਿ ਦਾਰ ਜੀ ਉਪਰ, ਜੋ ਕਲੇਰਾਂ ਵਾਲੇ ਸੰਤਾਂ ਦਾ ਆਮ ਡੇਰੇਦਾਰਾਂ ਵਾਲਾ ਪ੍ਰਭਾਵ ਪਿਆ ਹੋਇਆ ਸੀ, ਉਹ ਬਦਲ ਗਿਆ। ਆਪ ਨੇ ਪਰਿਵਾਰ ਸਹਿਤ ਨਾਮ ਦ੍ਰਿੜ੍ਹ ਕਰਵਾ ਲਿਆ। ਇਨਾਂ ਦੀ ਸਿੰਘਣੀ ਨੇ ਵੀ ਕੇਸਕੀ ਨੂੰ ਕੇਸਾਂ ਦੀ ਸੰਭਾਲ ਲਈ ਧਾਰਨ ਕਰ ਲਿਆ। ਰੰਗੇ ਹੋਏ ਤਾਂ ਉਹ ਪਹਿਲੇ ਵੀ ਸਨ, ਪਰ ਭਾਈ ਸਾਹਿਬ ਦੀ ਸੰਗਤ ਨੇ ਉਸ ਰੰਗ ਨੂੰ ਹੋਰ ਗੂੜ੍ਹਾ ਕੀਤਾ। ਕੀਰਤਨ ਅਖਾੜਿਆਂ ਵਿਚ ਆਪ ਨੇ ਤਬਲੇ ਵਾਲੇ ਦੇ ਪਿਛੋ ਬੈਠਕੇ ਖੜਤਾਲਾਂ ਵਜਾਣੀਆਂ ਅਤੇ ਕੀਰਤਨ ਕਰਨ ਵਾਲੇ ਹਰ ਕੀਰਤਨੀਏ ਦੇ ਨਾਲ ਬੋਲ ਕੇ ਸੰਗਤ ਕਰਨੀ। ਇਉਂ ਘੰਟਿਆਂ ਬੱਧੀ ਰੈਣਿ ਸਬਾਈ ਕੀਰਤਨ ਸਮਾਗਮਾਂ ਸਮੇਂ ਅਕਸਰ ਆਰੰਭ ਤੋਂ ਅੰਤ ਤੱਕ ਆਪ ਨੇ ਇਕ ਚੌਂਕੜੇ ਨਾਲ ਕੀਰਤਨ ਵਿਚ ਭਾਗ ਲੈਣਾ। ਆਮ ਤੌਰ 'ਤੇ ਜੋੜੀ ਵਾਲੇ ਦੇ ਪਿਛੇ ਦਾਰ ਜੀ ਕਰੀਮ ਬੋਸਕੀ ਦੀ ਪੱਗ ਸਜਾਈ ਕੀਰਤਨ ਵਿਚ ਝੂਮਦੇ ਦਿਖਾਈ ਦਿੰਦੇ ਹੁੰਦੇ ਸਨ। ਆਪ ਪਹਿਲਾਂ ਨੀਲੀ ਪੱਗ ਬੰਨਦੇ ਸਨ। ਸੰਨ 1952-53 ਤੋਂ ਕਰੀਮ ਬੋਸਕੀ ਦੀ ਦਸਤਾਰ ਸਜਾਉਣੀ ਸ਼ੁਰੂ ਕੀਤੀ।

ਪੂਰਨ ਜੀ ਦੱਸਦੇ ਸਨ ਕਿ ਉਹ ਆਪ ਸੰਨ 1943 ਵਿਚ ਦਿੱਲੀ ਆਪਣੇ ਵੱਡੇ ਭੈਣ ਜੀ ਕੋਲ ਆ ਗਏ ਸਨ। ਅਗਲੇ ਸਾਲ ਸੰਨ 1944 ਵਿਚ ਦਾਰ ਜੀ ਭੀ ਦਿੱਲੀ ਵਿਖੇ ਭਾਰਤ ਸਰਕਾਰ ਦੇ ਖ਼ੁਰਾਕ ਦੇ ਮਹਿਕਮੇ ਵਿਚ ਬਤੌਰ ਅਸਿਸਟੈਂਟ ਆ ਲੱਗੇ। ਇਥੇ ਭਾਈ ਅਜੀਤ ਸਿੰਘ ਜੀ ਨੇ ਇਸ ਕਾਰਜ ਵਿਚ ਆਪ ਜੀ ਦੀ ਕਾਫੀ ਮਦਦ ਕੀਤੀ। ਭਾਈ ਅਜੀਤ ਸਿੰਘ ਜੀ ਆਪ ਵੀ ਕੀਰਤਨ ਕਰਦੇ ਸਨ। ਉਹ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਗੁੱਝੇ ਪ੍ਰੇਮੀ ਸਨ। ਉਹਨਾਂ ਨੇ ਭਾਈ ਦਰਸ਼ਨ ਸਿੰਘ ਜੀ ਅਤੇ ਪੂਰਨ ਜੀ ਦੇ ਸਹਿਯੋਗ ਨਾਲ ਭਾਈ ਸਾਹਿਬ ਨੂੰ ਸੰਨ 1944 ਵਿਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਪੁਰਬ ਉਤੇ ਗੁਰਦੁਆਰਾ ਸੀਸ ਗੰਜ ਸਾਹਿਬ ਅਤੇ ਗੁਰਦੁਆਰਾ ਰਕਾਬ ਗੰਜ ਸਾਹਿਬ ਵਿਖੇ ਕੀਰਤਨ ਕਰਨ ਲਈ ਉਚੇਚੇ ਤੌਰ 'ਤੇ ਮੰਗਵਾਇਆ। ਅਖੰਡ ਕੀਰਤਨੀ ਜਥੇ ਵਲੋਂ ਇਹ ਪਹਿਲਾ ਸਮਾਗਮ ਸੀ ਜਿਸ ਦਾ ਮੁੱਢ ਭਾਈ ਅਜੀਤ ਸਿੰਘ ਜੀ, ਭਾਈ ਦਰਸ਼ਨ ਸਿੰਘ 'ਦਾਰ ਜੀ' ਜੀ ਅਤੇ ਪੂਰਨ ਜੀ ਨੇ ਬੰਨ੍ਹਿਆ। ਅੱਜ ਪੌਣੀ ਸਦੀ ਤੋਂ ਵੱਧ ਸਮਾਂ ਹੋ ਗਿਆ ਹੈ ਕਿ ਦਿੱਲੀ ਵਿਖੇ ਦੁਸ਼ਿਹਰੇ ਦੀਆਂ ਛੁੱਟੀਆਂ ਸਮੇਂ ਅਖੰਡ ਕੀਰਤਨ ਦੇ ਸਮਾਗਮ ਹੁੰਦੇ ਆ ਰਹੇ ਹਨ।

ਸੰਨ 1945 ਵਿਚ ਦਾਰ ਜੀ ਉਤੇ ਸਤਿਗੁਰਾਂ ਦੀ ਹੋਰ ਕ੍ਰਿਪਾ ਹੋਈ। ਅਸਿਸਟੈਂਟ ਰੀਜਨਲ ਫੂਡ ਕਮਿਸ਼ਨਰ ਦੀ ਪੋਸਟ ਲਈ ਕਾਫ਼ੀ ਉਮੀਦਵਾਰ ਦਿੱਲੀ ਪੁੱਜੇ ਹੋਏ ਸਨ। ਆਪ ਉਸ ਸਮੇਂ ਇਸੇ ਮਹਿਕਮੇ ਵਿਚ ਇਕ ਕਲਰਕ ਦੀ ਪੋਸਟ ਤੇ ਕੰਮ ਕਰ ਰਹੇ ਸਨ। ਬਾਕੀ ਦੇ ਉਮੀਦਵਾਰ ਦਾਰ ਜੀ ਨਾਲੋਂ ਕਿਤੇ ਜ਼ਿਆਦਾ ਡਿਗਰੀਆਂ ਪ੍ਰਾਪਤ ਸਨ। ਪੂਰਨ ਜੀ ਨੇ ਇਸ ਮੌਕੇ ਦੀ ਇਕ ਬੜੀ ਅਜੀਬ ਗੱਲ ਸੁਣਾਈ। ਦਾਰ ਜੀ ਨੇ ਪੂਰਨ ਜੀ ਨੂੰ ਪੁੱਛਿਆ, ਕਿ ਦਾੜ੍ਹਾ ਪ੍ਰਕਾਸ਼ ਸੂਰਤ ਵਿਚ



www.AKJ.Org

ਇੰਟਰਵਿਊ ਲਈ ਜਾਵਾਂ, ਕਿ ਬੰਨ ਕੇ, ਕਿਉਂਕਿ ਭਾਈ ਸਾਹਿਬ ਨਾਲ ਸੰਨ 1942-43 ਦਾ ਜਦੋਂ ਦਾ ਸੰਪਰਕ ਹੋਇਆ ਸੀ, ਦਾੜ੍ਹਾ ਪ੍ਰਕਾਸ਼ ਸਰੂਪ ਹੀ ਧਾਰ ਲਿਆ ਸੀ। ਪੂਰਨ ਜੀ ਨੇ ਸਲਾਹ ਦਿੱਤੀ ਕਿ ਖਾਲਸਈ ਸਰੂਪ ਵਿਚ ਹੀ ਅਰਦਾਸ ਕਰਕੇ ਜਾਓ, ਸਤਿਗੁਰ ਜੀ ਦੀ ਜ਼ਾਹਰ ਕਲਾ ਵਰਤੇਗੀ।

ਸੋ ਦਾਰ ਜੀ, ਅਰਦਾਸਾ ਸੋਧ ਕੇ ਖਾਲਸਈ ਸਰੂਪ ਵਿਚ ਇੰਟਰਵਿਊ ਦੇਣ ਚਲੇ ਗਏ। ਅੱਗੋਂ ਅੰਗਰੇਜ਼ ਅਫਸਰ ਆਪ ਦੇ ਬਾਹਰਲੇ ਸਰੂਪ ਨੂੰ ਵੇਖ ਕੇ ਐਸਾ ਪ੍ਰਭਾਵਿਤ ਹੋਇਆ ਕਿ ਆਪ ਨੂੰ ਕਲਰਕ ਤੋਂ ਅਫ਼ਸਰ ਬਣਾ ਦਿੱਤਾ। ਇਹ ਹੈ ਸਤਿਗੁਰੂ ਜੀ ਦੀ ਜ਼ਾਹਰਾ ਕਲਾ। ਆਪ 1945 ਵਿਚ ਅਫ਼ਸਰ ਬਣ ਕੇ ਕਰਾਚੀ (ਪਾਕਿਸਤਾਨ) ਤਬਦੀਲ ਹੋ ਗਏ। ਜਦੋਂ 15 ਅਗਸਤ 1947 ਨੂੰ ਦੇਸ਼ ਦੀ ਵੰਡ ਹੋਈ ਤਾਂ ਆਪ ਫਿਰ ਦਿੱਲੀ ਤਬਦੀਲ ਹੋ ਗਏ। ਫਿਰ ਲਗਾਤਾਰ ਛੇ ਸਾਲ ਦਿੱਲੀ ਟਿਕੇ ਰਹੇ।

1947 ਵਿਚ ਦੇਸ਼ ਦੀ ਵੰਡ ਸਮੇਂ ਆਪ ਕਰਾਚੀ ਪਾਕਿਸਤਾਨ ਵਿਚ ਸਨ। ਉਥੋਂ ਦਿੱਲੀ ਆਉਣ ਤੋਂ ਬਾਅਦ ਜਲਦੀ ਹੀ ਸਰਕਾਰੀ ਰਿਹਾਇਸ਼ ਮਿਲ ਗਈ ਜਿਸ ਵਿਚ ਆਪਣੀ ਸਾਲੀ ਸਮੇਤ ਕਈ ਰਿਸ਼ਤੇਦਾਰ ਪ੍ਰੀਵਾਰਾਂ ਨੂੰ ਕੋਲ ਰੱਖਿਆ ਤੇ ਕਹਿ ਕਹਾ ਕੇ ਸਰਕਾਰੀ ਨੌਕਰੀਆਂ ਵੀ ਦਿਵਾਈਆਂ।

ਇਥੇ ਭੀ ਆਪ ਟਿਕ ਕੇ ਨਹੀਂ ਬੈਠੇ, ਸਗੋਂ ਭਾਈ ਸਾਹਿਬ ਨਾਲ ਪ੍ਰੋਗਰਾਮ ਬਣਾ ਕੇ ਦੁਸਹਿਰੇ ਦੀਆਂ ਹਫ਼ਤੇ ਭਰ ਦੀਆਂ ਛੁੱਟੀਆਂ ਵਿਚ ਦਿੱਲੀ ਲਈ ਸਾਲਾਨਾ ਸਮਾਗਮ ਦੀ ਪ੍ਰਵਾਨਗੀ ਲੈ ਲਈ। ਜਦੋਂ ਦਾਸ ਸੰਨ 1953 ਦੇ ਦੁਸਹਿਰੇ ਦੇ ਸਮਾਗਮ ਤੇ ਪਹਿਲੀ ਵਾਰ ਅੰਮ੍ਰਿਤ ਪਾਨ ਕਰਨ ਲਈ ਗਿਆ ਸੀ ਤਾਂ ਸਮਾਗਮ ਇਕ ਹਫਤੇ ਲਈ ਹੋਇਆ ਕਰਦਾ ਸੀ। ਇਨ੍ਹਾਂ ਛੇ ਸਾਲਾਂ ਵਿਚ ਦਿੱਲੀ ਵਿਖੇ ਖਾਸ ਤੌਰ ’ਤੇ ਅਤੇ ਹੋਰਨੀ ਥਾਂਈਂ ਅਨੇਕਾਂ ਗੁਰੂ ਕੇ ਪਿਆਰੇ ਅੰਮਿਤ ਛੱਕ ਕੇ ਤਿਆਰ-ਬਰ-ਤਿਆਰ ਹੋ ਗਏ ਸਨ। ਦਿੱਲੀ ਵਿਖੇ ਘਰ ਘਰ ਜਾ ਕੇ ਸਿੰਘਾਂ ਨੂੰ ਅਤੇ ਬੀਬੀਆਂ ਨੂੰ ਨਿਮਰਤਾ ਸਹਿਤ ਪ੍ਰੇਰਨਾ ਕਰਨ ਦੀ ਸੇਵਾ ਦਾਰ ਜੀ ਨੇ ਨਿਭਾਈ ਅਤੇ ਦਿੱਲੀ ਵਿਖੇ ਅਖੰਡ ਕੀਰਤਨੀ ਜਥਾ ਤਿਆਰ ਕੀਤਾ। ਆਪ ਜੀ ਦੀ ਪ੍ਰੇਰਨਾ ਨਾਲ ਮਾਸਟਰ ਹਰਬੰਸ ਸਿੰਘ ਜੀ, ਭਾਈ ਅਵਤਾਰ ਸਿੰਘ ਜੀ ਅਤੇ ਉਨ੍ਹਾਂ ਦੀ ਸਿੰਘਣੀ ਵਾਲੀ ਪੜਤਾਲੀ ਕੀਰਤਨੀ ਜੋੜੀ ਜੋ ਆਪ ਜੀ ਦੇ ਮਾਮੇ ਦੇ ਲੜਕੇ ਸਨ, ਭਾਈ ਮਨਮੋਹਨ ਸਿੰਘ ਗਜ਼ਲ-ਗੋ ਅਤੇ ਉਨ੍ਹਾਂ ਦੀ ਸਿੰਘਣੀ ਬੀਬੀ ਅਮਰਜੀਤ ਕੌਰ, ਭਾਈ ਅਜੀਤ ਸਿੰਘ ਭੋਗਲ ਆਦਿ ਅਤੇ ਅਨੇਕਾਂ ਹੋਰ ਚੜ੍ਹਦੀਆਂ ਕਲਾ ਵਾਲੇ ਸਿੰਘ ਤਿਆਰ ਹੋਏ। ਦਾਰ ਜੀ ਅਤੇ ਕੁਝ ਹੋਰ ਗੁਆਂਢੀ ਤਿੰਨ ਚਾਰ ਸੰਗੀ ਸਾਥੀ ਗੁਪਤੇ ਗੁਪਤੀ ਆਪਣੇ ਘਰਾਂ ਵਿਚ ਅਖੰਡ ਪਾਠ ਸਾਹਿਬ ਰੱਖ ਲੈਂਦੇ ਅਤੇ ਆਪੇ ਰੌਲਾਂ ਦੇ ਕੇ ਰਸ ਮਾਣਦੇ ਹੁੰਦੇ ਸਨ। ਇਉਂ ਇਹ 4-5 ਸਿੰਘ ਬਾਣੀ ਨਾਲ ਹਰ ਸਮੇਂ ਸਰਸ਼ਾਰ ਰਹਿੰਦੇ ਸਨ। ਕੀਰਤਨ ਕਰਨ ਸਮੇਂ ਜਾਂ ਕੀਰਤਨ ਸੁਣਨ ਸਮੇਂ ਇਨ੍ਹਾਂ ਚੰਦ ਇਕ ਸਿੰਘਾਂ ਦੀ ਮਸਤੀ ਲੁਕਾਇਆ ਨਹੀਂ ਸੀ ਲੁਕਦੀ, ਤੇ ਨਿਮਰਤਾ ਤਾਂ ਦਾਰ ਜੀ ਵਿਚ ਅਤਿ ਦਰਜੇ ਦੀ ਸੀ। ਚਿਹਰਾ ਹਸੂੰ-ਹਸੂੰ ਕਰਦਾ, ਸਦਾ ਖਿੜਿਆ ਖਿੜਿਆ ਹੁੰਦਾ, ਮਿੱਠੇ ਮਿੱਠੇ ਬਚਨ ਕਰਦੇ ਵੇਖੀਦੇ ਸਨ। ਕਦੀ ਗੁੱਸੇ ਵਿਚ ਨਹੀਂ ਵੇਖੇ। ਦਿੱਲੀ ਵਿਚ ਜਿਤਨੀਆਂ ਕੀਰਤਨ ਕਰਨ ਵਾਲੀਆਂ ਬੀਬੀਆਂ ਸੰਨ 1947 ਤੋਂ 1953 ਤੱਕ ਤਿਆਰ ਹੋਈਆਂ, ਇਹ ਦਾਰ ਜੀ ਦੀ ਪ੍ਰੇਰਨਾ ਦਾ ਸਦਕਾ ਹੀ ਸੀ। ਇਹ 4-5 ਪ੍ਰੀਵਾਰ ਰਲ ਕੇ ਰੈਣ ਸਬਾਈ ਕੀਰਤਨ ਵੀ ਕਰਦੇ ਰਹਿੰਦੇ ਸਨ ਤੇ ਸਾਰੀ ਸਾਰੀ ਰਾਤ ਨਾਮ ਬਾਣੀ ਦੇ ਲਾਹੇ ਲੈਂਦੇ ਸਨ।

ਭਾਈ ਸਾਹਿਬ ਅਤੇ ਉਨਾਂ ਦੇ ਨਾਲ ਆਈ ਸਮੁੱਚੀ ਸੰਗਤ ਦਾ ਉਤਾਰਾ ਦਾਰ ਜੀ ਦੇ ਦੇਵ ਨਗਰ (ਕਰੋਲ ਬਾਗ) ਸਥਿਤ ਗ੍ਰਹਿ ਵਿਖੇ ਹੁੰਦਾ ਸੀ। ਸੰਨ 1953 ਤੋਂ ਬਾਅਦ ਆਪ ਜੀ ਦਾ ਤਬਾਦਲਾ ਬੰਬਈ ਹੋ ਗਿਆ। ਕੁਝ ਸਮੇਂ ਬਾਅਦ ਹੀ ਪੂਰਨ ਦਾਰ ਜੀ ਵੀ ਦਿੱਲੀ ਤੋਂ ਬਦਲ ਕੇ ਇੱਥੇ ਆ ਗਏ। ਡਾ. ਸੁਰਿੰਦਰ ਸਿੰਘ ਜੀ ਵੀ ਇੱਥੇ ਹੀ ਨੌਕਰੀ ਕਰਦੇ ਸਨ ਤੇ ਭਾਈ ਬੰਤਾ ਸਿੰਘ ਯੂ.ਕੇ. ਵਾਲੇ ਕੀਰਤਨੀ ਸਿੰਘ ਰੇਲਵੇ ਵਿਚ ਗਾਰਡ ਦੀ ਨੌਕਰੀ ਕਰਦੇ ਸਨ। ਬੰਬਈ ਵਿਖੇ ਆਪ ਡਿਪਟੀ ਰੀਜਨਲ ਫੂਡ ਕਮਿਸ਼ਨਰ (ਐਡਮਿਨ) ਦੇ ਉੱਚੇ ਅਹੁਦੇ ਉਪਰ ਆ ਲਗੇ। ਇਥੋਂ ਦੇ ਸ: ਇੰਦਰ ਸਿੰਘ ਬਜਾਜ (ਜੋ



www.AKJ.Org

ਬਜਾਜ ਟੈਕਸਟਾਈਲ ਮਿਲਜ਼ ਦੇ ਮਾਲਕ ਸਨ) ਨੇ ਆਪ ਨੂੰ ਭਾਨਡੁਪ ਵਿਖੇ ਫ੍ਰੀ ਰਿਹਾਇਸ਼ੀ ਥਾਂ ਦੇ ਦਿੱਤੀ। ਕਾਰਖ਼ਾਨੇ ਦੀ ਉਪਰਲੀ ਮੰਜ਼ਲ ਉਤੇ ਬਹੁਤ ਵੱਡਾ ਹਾਲ ਸੀ, ਜੋ ਥੋੜ੍ਹੇ ਚਿਰ ਵਿਚ ਹੀ ਅਖੰਡ ਕੀਰਤਨ ਲਈ ਸਤਿਸੰਗ ਘਰ ਬਣ ਗਿਆ। ਮਾਰਚ-ਅਪ੍ਰੈਲ 1955 ਵਿਚ ਭਾਈ ਸਾਹਿਬ ਰਣਧੀਰ ਸਿੰਘ ਜੀ ਨੇ ਜਥੇ ਸਮੇਤ ਆ ਕੇ ਪਹਿਲੀ ਵਾਰ ਇਸ ਅਸਥਾਨ ਉਤੇ ਕੀਰਤਨ ਅਖਾੜੇ ਸਜਾਏ। ਆਪ ਜੀ ਨਾਲ ਦਿੱਲੀ ਅਤੇ ਪੰਜਾਬ ਤੋਂ ਆਏ ਕੀਰਤਨੀ ਜੱਥਿਆਂ ਨੇ ਕੀਰਤਨ ਦੀਆਂ ਛਹਿਬਰਾਂ ਲਾਈਆਂ। ਭਾਈ ਹਰੀ ਸਿੰਘ ਅਤੇ ਭਾਈ ਬਲਬੀਰ ਸਿੰਘ ਹੋਰਾਂ ਦਾ ਸੇਵਾ ਭਾਵ ਵੇਖਣ ਵਾਲਾ ਸੀ। ਬੰਬਈ ਸੀ. ਆਈ. ਡੀ ਨੂੰ ਫਿਕਰ ਪੈ ਗਿਆ ਕਿ ਇਤਨੇ ਸਾਰੇ ਸਿੰਘ ਪੰਜਾਬ ਤੋਂ ਇਥੇ ਕਿਵੇਂ ਆ ਗਏ ? ਅਤੇ ਉਹ ਕੀ ਕਰ ਰਹੇ ਹਨ? ਜਦੋਂ ਉਹਨਾਂ ਨੂੰ ਅਸਲ ਮਨੋਰਥ ਦਾ ਪਤਾ ਲਗਾ ਤਾਂ ਉਹਨਾਂ ਦੇ ਵੱਡੇ ਅਫਸਰ ਭਾਈ ਸਾਹਿਬ ਜੀ ਨੂੰ ਉਚੇਚੇ ਤੌਰ 'ਤੇ ਮਿਲਣ ਲਈ ਆਏ। ਦਰਸ਼ਨ ਕਰਕੇ ਬੜੇ ਪ੍ਰਸੰਨ ਹੋਏ। 1955 ਤੋਂ ਮਗਰੋਂ ਕਈ ਸਾਲਾਂ ਤੋਂ ਬੰਬਈ ਦੇ ਸਿੰਘ ਅਖੰਡ ਕੀਰਤਨ ਤੋਂ ਵਾਂਝੇ ਰਹੇ ਕਿਉਂਕਿ ਇਸ ਤੋਂ ਮਗਰੋਂ ਭਾਈ ਰਣਧੀਰ ਸਿੰਘ ਜੀ ਬੰਬਈ ਨਹੀਂ ਜਾ ਸਕੇ। ਭਾਈ ਦਰਸ਼ਨ ਸਿੰਘ ਜੀ ਅਤੇ ਪੂਰਨ ਜੀ ਭੀ ਸੰਨ 1956 ਵਿਚ ਤਬਦੀਲ ਹੋ ਗਏ। ਹੁਣ ਸੰਨ 1998 ਤੋਂ ਬੰਬਈ ਵਿਖੇ ਹਰ ਸਾਲ ਕੀਰਤਨ ਕਰਨ ਲਈ ਕੀਰਤਨੀ ਜੱਥਿਆਂ ਨੂੰ ਬੁਲਾ ਕੇ ਕੀਰਤਨ ਸਮਾਗਮ ਰਚੇ ਜਾਂਦੇ ਹਨ ਜੋ ਭਾਈ ਹਰੀ ਸਿੰਘ ਜੀ ਅਤੇ ਇੱਥੋਂ ਦੇ ਨੌਜਵਾਨ ਸਿੰਘਾ ਦੇ ਉੱਦਮ ਨਾਲ ਹੋ ਰਹੇ ਹਨ।

ਦੋ ਕੁ ਹੋਰ ਅਲੌਕਿਕ ਘੱਟਨਾਵਾਂ ਦਾ ਜ਼ਿਕਰ ਕਰਨਾ ਪਾਠਕਾਂ ਲਈ ਰੋਚਕ ਹੋਵੇਗਾ। ਦੋਵੇਂ ਘਟਨਾਵਾਂ ਵਿਚ ਭਾਈ ਦਰਸ਼ਨ ਸਿੰਘ ਜੀ ਡੂੰਘੇ ਪਾਣੀਆਂ ਵਿਚ ਡੁਬਦੇ ਡੁਬਦੇ ਬਚੇ।

(ੳ) ਦੇਸ਼ ਦੀ ਵੰਡ ਤੋਂ ਕੁਝ ਸਮਾਂ ਪਹਿਲਾਂ ਸੰਨ 1946 ਵਿਚ ਆਪ ਕਰਾਚੀ ਹੁੰਦੇ ਸਨ। ਕਰਾਚੀ ਦੀ ਬੀਚ ਤੋਂ ਥੋੜ੍ਹੀ ਦੂਰ ਮਨੋੜ ਜਜ਼ੀਰਾ ਹੈ, ਉਸ ਦੀ ਆਪਣੀ ਬੀਚ ਭੀ ਹੈ, ਪਰ ਬੀਚ ਤੋਂ ਥੋੜ੍ਹੀ ਦੂਰੀ ਉੱਤੇ ਸਮੁੰਦਰ ਇਕ ਦਮ ਡੂੰਘਾ ਹੋ ਜਾਂਦਾ ਹੈ। ਭਾਈ ਦਰਸ਼ਨ ਸਿੰਘ ਜੀ ਆਪਣੇ ਇਕ ਹੋਰ ਸਿੰਧੀ ਸਾਥੀ ਨਾਲ ਮਨੋੜ ਜਜ਼ੀਰੇ ਦੀ ਬੀਚ ਦੇਖਣ ਗਏ। ਆਪ ਦੀ ਉਮਰ ਉਸ ਵਕਤ 39-40 ਸਾਲ ਸੀ। ਦੋਵੇਂ ਸਾਥੀ ਸਮੁੰਦਰ ਵਿਚ ਥੋੜ੍ਹੇ ਅੱਗੇ ਗਏ ਹੀ ਸੀ ਕਿ ਦੋਵੇਂ ਧੜਮ ਦੇ ਕੇ ਡੂੰਘੇ ਪਾਣੀ ਵਿਚ ਜਾ ਡਿਗੇ। ਡਿਗਦਿਆਂ ਸਾਰ ਹੀ ਉਸਨੇ ਭਾਈ ਸਾਹਿਬ ਨੂੰ ਪਿੱਠ ਵੱਲੋਂ ਜੱਫੀ ਪਾ ਲਈ। ਪਤਾ ਨਹੀਂ ਕਿਤਨੀ ਮੁਸ਼ਕਿਲ ਨਾਲ ਉਹ ਜੱਫੀ ਭਾਈ ਸਾਹਿਬ ਨੇ ਛੁਡਾਈ ਤੇ ਆਪ ਤੈਰ ਕੇ ਬੀਚ ਉੱਤੇ ਆ ਗਏ।

(ਅ) ਇਸੇ ਤਰਾਂ ਇਕ ਹੋਰ ਘਟਨਾ ਸੰਨ 1950 ਵਿਚ ਪਾਉਂਟਾ ਸਾਹਿਬ ਵਿਖੇ ਜਮਨਾ ਦਰਿਆ ਦੇ ਡੂੰਘੇ ਪਾਣੀ ਵਿਚ ਵਾਪਰੀ। ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਪਾਉਂਟਾ ਸਾਹਿਬ ਵਿਖੇ ਕੀਰਤਨ ਸਮਾਗਮ ਲਈ ਗਏ ਹੋਏ ਸਨ। ਭਾਈ ਦਰਸ਼ਨ ਸਿੰਘ ਜੀ ਕਿਤੇ ਸ਼ਾਮ ਨੂੰ ਜਮਨਾ ਦਰਿਆ ਦੇ ਪਿਘਲੇ ਬਰਫ਼ ਵਰਗੇ ਠੰਡੇ ਡੂੰਘੇ ਪਾਣੀ ਵਿਚ ਚਲੇ ਗਏ। ਡੁੱਬਣ ਹੀ ਲਗੇ ਸੀ ਕਿ ਕਿਸੇ ਗਾਇਬੀ ਅਣਦਿਸਦੀ ਬਾਂਹ ਨੇ ਦਾਰ ਜੀ ਨੂੰ ਡੂੰਘੇ ਪਾਣੀ ਵਿਚੋਂ ਬਾਹਰ ਕੱਢ ਕੇ ਕਿਨਾਰੇ ਲਗਾ ਦਿੱਤਾ। ਉਥੇ ਭਾਈ ਦਰਸ਼ਨ ਸਿੰਘ ਜੀ ਨੂੰ ਬਾਹਰ ਆਉਂਦਿਆਂ ਵੇਖ ਕੇ ਬਾਕੀ ਸਿੰਘਾਂ ਨੇ ਵਾਹਿਗੁਰੂ ਜੀ ਦਾ ਲੱਖ ਲੱਖ ਸ਼ੁਕਰ ਕੀਤਾ। ਪਰ ਜਦੋਂ ਦਾਰ ਜੀ ਭਾਈ ਸਾਹਿਬ ਰਣਧੀਰ ਸਿੰਘ ਜੀ ਪਾਸ ਪੇਸ਼ ਹੋਏ ਤਾਂ ਭਾਈ ਸਾਹਿਬ ਨੇ ਬੜੇ ਰੋਹ ਵਿਚ ਦਾਰ ਜੀ ਨੂੰ ਪੁਛਿਆ "ਤੁਸੀਂ ਸਾਡਾ ਟੈਸਟ ਲੈਣ ਲਈ ਸਾਡੇ ਨਾਲ ਆਏ ਸੀ। ਦਾਰ ਜੀ ਨੂੰ ਕੋਈ ਜਵਾਬ ਨਹੀਂ ਸੀ ਸੁਝਦਾ। ਗੁਰੂ ਜਾਣੇ, ਕਿਸਨੇ ਕਿਵੇਂ ਹੱਥ ਦੇ ਕੇ ਆਪ ਜੀ ਦੀ ਜਾਨ ਬਚਾਈ।

1956 ਵਿਚ ਆਪ ਨੂੰ ਭਾਰਤੀ ਦੂਤਾਵਾਸ ਬਹੁਮਾ ਵਿਖੇ ਫੂਡ-ਅਟੈਚੀ ਦੇ ਤੌਰ 'ਤੇ ਭੇਜਿਆ ਗਿਆ ਜਿਥੇ ਸੰਗਤ ਤੋਂ ਵਿਛੜਿਆ ਮਹਿਸੂਸ ਕਰਦੇ ਹੋਏ ਛੇਤੀ ਹੀ ਸੰਨ 1959 ਵਿਚ ਦਿੱਲੀ ਮੁੜ ਆਏ। ਸੰਨ 1965 ਵਿਚ ਰਿਟਾਇਰ ਹੋਣ ਤੱਕ ਆਪ ਦਿੱਲੀ ਵਿਚ ਹੀ ਰਹੇ। ਆਪਣੀ ਵੀਹ ਸਾਲ ਦੀ ਇਸ ਨੌਕਰੀ ਦੌਰਾਨ, ਆਪ ਜਾਇੰਟ



www.AKJ.Org

ਡਾਇਰੈਕਟਰ ਫੂਡ ਰੀਟਾਇਰ ਹੋਏ। ਇਸ ਵੀਹ ਸਾਲ ਦੇ ਸਮੇਂ ਦੌਰਾਨ ਆਪ ਨੇ ਅਨੇਕਾਂ ਲੋੜਵੰਦ ਪਾਣੀਆਂ ਨੂੰ ਸਰਕਾਰੀ ਨੌਕਰੀ ਵਿਚ ਲਗਵਾਇਆ ਅਤੇ ਅੰਮ੍ਰਿਤ ਪਾਨ ਕਰਨ ਲਈ ਪ੍ਰੇਰਿਆ।

ਆਪ ਜੀ ਦਾ ਪਹਿਰਾਵਾ ਸਾਦਾ ਤੇ ਗੁਰਮੁਖੀ ਹੁੰਦਾ ਸੀ ਪਰ ਆਪ ਨੌਕਰੀ ਦੌਰਾਨ ਬੜਾ ਬਣ ਠੱਣ ਕੇ (Suited-booted) ਰਹਿੰਦੇ ਸਨ। ਉਨ੍ਹਾਂ ਜ਼ਿੰਦਗੀ ਭਰ ਇਕ ਪੱਕਾ Roster (ਟਾਈਮ ਟੇਬਲ) ਬਣਾਇਆ ਹੋਇਆ ਸੀ ਜਿਸ ਵਿਚ 1 ਵਜੇ ਅੰਮ੍ਰਿਤ ਵੇਲੇ ਉਠਣਾ ਤੇ ਦਿਨੇ ਚੜ੍ਹੇ ਤਾਈਂ ਨਾਮ ਬਾਣੀ ਵਿਚ ਜੁੜਨਾ। ਸਵੇਰੇ 8 ਵਜੇ ਨਾਸ਼ਤਾ, ਦੁਪਹਿਰ 2 ਵਜੇ ਖਾਣਾ ਤੇ ਰਾਤੀ 8 ਵਜੇ ਰਾਤ ਦਾ ਖਾਣਾ, ਫਿਰ ਬਿਸ਼ਰਾਮ ਕਰਨਾ। ਲੰਬੀ ਸੈਰ ਤੇ ਨਰੋਈ ਖੁਰਾਕ ਕਰਕੇ ਉਨ੍ਹਾਂ ਦੀ ਸਿਹਤ ਸਾਰੀ ਉਮਰ ਠੀਕ ਰਹੀ। ਅਖ਼ਰੀਲੀ ਆਯੂ ਵਿਚ ਬਲੱਡ ਪ੍ਰੈਸ਼ਰ ਦੀ ਕਸਰ ਹੋ ਗਈ ਤੇ ਚੜਾਈ ਕਰਨ ਤੋਂ ਸਾਲ ਪਹਿਲਾਂ ਇਕ ਦਿਲ ਦਾ ਦੌਰਾ ਵੀ ਪਿਆ। ਪਰ ਜਲਦੀ ਠੀਕ ਹੋ ਗਏ। ਅੰਤਮ ਸਮਾਂ ਨੇੜੇ ਆਉਣ ’ਤੇ ਉਨ੍ਹਾਂ ਦੇ ਸਰੀਰ ਦੇ ਸਾਰੇ ਅੰਦਰ ਹੌਲੀ-ਹੌਲੀ ਜੁਆਬ ਦੇ ਗਏ। ਜ਼ਿਆਦਾ ਬੁਖਾਰ ਰਹਿਣ ਲੱਗ ਪਿਆ, ਪਰ ਡਾਕਟਰ ਕੋਲ ਨਹੀਂ ਗਏ ਫਿਰ ਜ਼ਿਆਦਾ ਸਿਹਤ ਵਿਗੜਨ ’ਤੇ ਆਪ ਜੀ ਨੂੰ ਹਸਪਤਾਲ ਦੇ ਆਈ.ਸੀ.ਯੂ. ਵਿਚ ਦਾਖਲ ਕਰਵਾ ਦਿੱਤਾ ਗਿਆ। ਪਰ ਉੱਥੇ ਵੀ ਕਕਾਰਾਂ ਵਿਚ ਢਿੱਲ ਨਹੀਂ ਆਉਣ ਦਿੱਤੀ। ਇਸ ਸਮੇਂ, ਆਪ ਜੀ ਨੇ ਪ੍ਰੀਵਾਰਕ ਮੈਂਬਰਾਂ ਨੂੰ ਵੀ ਕਹਿ ਦਿੱਤਾ ਸੀ ਕਿ ਹਸਪਤਾਲ ਵਿਚ ਰੱਖਣ ਦੀ ਲੋੜ ਹੀ ਨਹੀਂ ਹੈ। ਸਿਰਫ 2-3 ਦਿਨ ਦੀ ਹੀ ਖੇਡ ਹੈ ਫਿਰ ਅਸੀਂ ਚਲੇ ਜਾਣਾ ਹੈ।

ਆਪ ਜੀ ਬੜੇ ਮਿੱਠ ਬੋਲੜੇ, ਨਿਮਰਤਾ ਦੇ ਪੁੰਜ, ਪਿਆਰ ਦੇ ਸਾਗਰ ਸਨ। ਆਪ ਜੀ ਤਕੜੇ ਅਖੰਡ ਪਾਠੀ, ਤੇ ਪੰਚਾਂ ਵਿਚ ਸ਼ਾਮਿਲ ਹੋ ਕੇ ਅੰਮ੍ਰਿਤ ਸੰਚਾਰ ਦੇ ਸੇਵਾ ਨਿਬਾਉਂਦੇ ਰਹੇ ਹਨ। ਆਪ ਸਾਰੀ-ਸਾਰੀ ਰਾਤ ਇਕ ਚੌਂਕੜੇ ਵਿਚ ਕੀਰਤਨੀਆਂ ਦੇ ਨਾਲ ਖੜਤਾਲਾਂ ਵਜਾਉਂਦੇ ਰਹਿੰਦੇ ਸਨ। ਚੜਾਈ ਕਰਨ ਤੋਂ 8-9 ਮਹੀਨੇ ਪਹਿਲਾਂ ਦੁਸਹਿਰੇ ਸਮਾਗਮ ਸਮੇਂ ਹੋਏ ਰੈਣ ਸਬਾਈ ਕੀਰਤਨ ਵਿਚ ਆਪ ਜੀ ਨੇ ਸਾਰੀ ਰਾਤ ਇਕ ਰਸ ਇਕ ਚੌਂਕੜੇ ਵਿਚ ਹਾਜ਼ਰੀ ਭਰੀ ਸੀ।

ਆਪ ਜੀ ਨੇ 88 ਸਾਲ ਦੀ ਸੰਸਾਰਿਕ ਯਾਤਰਾ ਨੂੰ ਗੁਰੂ ਗੁਰੂ ਜਪ ਕੇ ਸਫ਼ਲ ਕੀਤਾ। ਅੰਤ 17 ਜੂਨ ਸੰਨ 1995 ਰਾਤ 8 ਵਜੇ ਇਲਾਹੀ ਸਦੜੇ ਆਏ ਅਤੇ ਆਪ ਗੁਰੂ ਚਰਨਾਂ ਵਿਚ ਜਾ ਬਿਰਾਜੇ।

*(ਪੁਸਤਕ ਸੇਈ ਪਿਆਰੇ ਮੇਲਿ ਵਿਚੋਂ ਧੰਨਵਾਦ ਸਹਿਤ)*

# ਭਾਈ ਅਵਤਾਰ ਸਿੰਘ ਜੀ (ਖੜਤਾਲੀ ਜੱਥਾ) ਦਿੱਲੀ

ਭਾਈ ਗੁਰਦੀਪ ਸਿੰਘ, ਸ੍ਰੀ ਅੰਮ੍ਰਿਤਸਰ

ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਪੁਰਾਤਨ ਸੰਗੀ-ਸਾਥੀ, ਦਿੱਲੀ ਵਾਲਾ ਖੜਤਾਲੀ ਜੱਥਾ ਵਜੋਂ ਮਸ਼ਹੂਰ ਭਾਈ ਅਵਤਾਰ ਸਿੰਘ ਜੀ ਦਾ ਜਨਮ ਮਿਤੀ 1 ਦਸੰਬਰ 1922 ਨੂੰ ਗੁਜਰਾਂਵਾਲਾ (ਪਾਕਿਸਤਾਨ) ਵਿਚ ਸ. ਜਵੰਦ ਸਿੰਘ ਅਤੇ ਬੀਬੀ ਮਹਿੰਦਰ ਕੌਰ ਜੀ ਦੇ ਘਰ ਹੋਇਆ। ਮਾਤਾ ਪਿਤਾ ਗੁਰੂ ਘਰ ਦੇ ਸੇਵਕ, ਦਾਨ ਪੁੰਨ ਤੇ ਆਏ ਗਏ ਅਤਿਥੀ ਨੂੰ ਲੰਗਰ ਛਕਾਉਣ ਦੀ ਸੇਵਾ ਕਰਦੇ ਰਹਿੰਦੇ ਸਨ। ਆਪ ਜੀ ਦੀ ਛੋਟੀ ਆਯੂ ਵਿਚ ਹੀ ਪਿਤਾ ਜੀ ਚੜ੍ਹਾਈ ਕਰ ਗਏ ਸਨ। ਆਪ ਜੀ ਭਾਈ ਦਰਸ਼ਨ ਸਿੰਘ ਭਰਾ ਜੀ ਦਿੱਲੀ ਵਾਲਿਆਂ ਦੇ ਮਾਮੇ ਦੇ ਪੁੱਤਰ ਸਨ ਤੇ ਗੁਰਸਿੱਖੀ ਦੀ ਸਾਂਝ ਰਿਸ਼ਤੇਦਾਰੀ ਨਾਲੋਂ ਵੀ ਪੱਕੀ ਸੀ। ਆਪ ਜੀ ਨੇ ਦੁਨੀਆਵੀਂ ਵਿਦਿਆ ਬੀ.ਏ. ਤਾਈਂ ਪਾਕਿਸਤਾਨ ਵਿਚ ਗੁਜਰਾਂਵਾਲੇ ਰਹਿੰਦੇ ਹੀ ਲਈ ਸੀ ਪਰ ਨੌਕਰੀ ਕੋਈ ਨਹੀਂ ਕੀਤੀ। ਗੁਜਰਾਂਵਾਲੇ ਭਾਂਡਿਆਂ ਦੀ ਫੈਕਟਰੀ ਸੀ ਤੇ ਪਾਕਿਸਤਾਨ ਬਣਨ ਤੋਂ ਬਾਅਦ ਦਿੱਲੀ ਆ ਕੇ ਕਪੜੇ ਦਾ ਕਾਰੋਬਾਰ ਕਰਦੇ ਰਹੇ।



www.AKJ.Org

ਸੰਨ 1941 ਵਿਚ ਆਪ ਜੀ ਦਾ ਅਨੰਦ ਕਾਰਜ ਬੀਬੀ ਬਲਵੰਤ ਕੌਰ ਜੀ ਨਾਲ ਹੋਇਆ। ਬੀਬੀ ਜੀ ਨੇ ਵੀ ਦਸਵੀਂ ਪਾਸ ਕਰਕੇ ਗਿਆਨੀ ਦਾ ਕੋਰਸ ਕੀਤਾ ਹੋਇਆ ਸੀ। ਆਪ ਜੀ ਦੇ ਮਾਤਾ ਪਿਤਾ ਹਿੰਦੂ ਸਹਿਜਧਾਰੀ ਪ੍ਰੀਵਾਰ ਵਿਚੋਂ ਸਨ। ਪਰ ਆਪ ਨੂੰ ਬਚਪਨ ਤੋਂ ਹੀ ਗੁਰਸਿੱਖੀ ਦੀ ਲਗਨ ਲਗ ਗਈ ਸੀ। ਆਪ ਜੀ ਵਾਜਾ (ਹਰਮੋਨੀਅਮ) ਵਜਾ ਲੈਂਦੇ ਸਨ। ਆਪ ਦੇ ਸਿੰਘ ਸਾਹਿਬ ਕੀਰਤਨ ਵਿਚ ਖੜਤਾਲਾਂ ਵਜਾਉਂਦੇ ਸਨ। ਕੀਰਤਨ ਭਾਈ ਸਾਹਿਬ ਹੀ ਕਰਦੇ ਸਨ ਤੇ ਬੀਬੀ ਜੀ ਹਰਮੋਨੀਅਮ ਵਜਾਇਆ ਕਰਦੇ ਸਨ। ਇਸ ਕਰਕੇ ਇਹ ਜੋੜੀ ਖੜਤਾਲੀ ਜਥੇ ਕਰਕੇ ਮਸ਼ਹੂਰ ਸੀ।

ਆਪ ਜੀ ਨੂੰ ਗੁਰਸਿੱਖੀ ਦੀ ਦਾਤ ਮਾਤਾ ਜੀ ਤੋਂ ਬਚਪਨ ਤੋਂ ਹੀ ਮਿਲ ਗਈ ਸੀ। ਭਾਈ ਸਾਹਿਬ ਜੀ ਅਤੇ ਬਾਊ ਮਲ ਸਿੰਘ ਜੀ ਲਹਿੰਦੇ ਪੰਜਾਬ ਦੇ ਸ਼ਹਿਰਾਂ ਗੁਜਰਾਂਵਾਲਾ, ਲਾਇਲਪੁਰ, ਰਾਵਲਪਿੰਡੀ, ਸਰਗੋਧਾ ਆਦਿ ਸ਼ਹਿਰਾਂ ਤੇ ਲਾਗਲੇ ਪਿੰਡਾਂ ਵਿਚ ਆਮ ਤੌਰ ’ਤੇ ਸਮਾਗਮ ਕਰਦੇ ਰਹਿੰਦੇ ਸਨ। ਇਕ ਵਾਰੀ ਭਾਈ ਸਾਹਿਬ ਜੀ ਗੁਜਰਾਂਵਾਲ ਜਾਣ ਲੱਗੇ ਤਾਂ ਇੰਨ੍ਹਾਂ ਦੇ ਭੂਆ ਦੇ ਪੁੱਤਰ ਭਾਈ ਦਰਸ਼ਨ ਸਿੰਘ ਭਰਾ ਜੀ ਨੇ ਭਾਈ ਸਾਹਿਬ ਜੀ ਨੂੰ ਕਿਹਾ ਕਿ ਆਪ ਜੀ ਨੇ ਮੇਰੇ ਭਰਾ ਜੋ ਗੁਜਰਾਂਵਾਲਾ ਰਹਿੰਦਾ ਹੈ ਉਸ ਨੂੰ ਪ੍ਰੇਰ ਕੇ ਸੰਗਤ ਨਾਲ ਜੋੜਨ ਦੀ ਕ੍ਰਿਪਾ ਕਰਨੀ। ਇਹ ਸੰਨ 1944-45 ਦੀ ਗੱਲ ਹੈ। ਆਪ ਜੀ ਨੂੰ ਵੀ ਭਰਾ ਜੀ ਨੇ ਸੁਨੇਹਾ ਭੇਜ ਦਿੱਤਾ ਕਿ ਭਾਈ ਸਾਹਿਬ ਜੀ ਜਥੇ ਸਮੇਤ ਗੁਜਰਾਂਵਾਲਾ ਆ ਰਹੇ ਹਨ, ਤੁਸੀਂ ਉਨ੍ਹਾਂ ਨੂੰ ਮਿਲਣਾ। ਆਪ ਜੀ ਪਹਿਲਾਂ ਭਾਈ ਸਾਹਿਬ ਜੀ ਨੂੰ ਮਿਲਣ ਗਏ ਤੇ ਫਿਰ ਘਰ ਬੁਲਾਇਆ। ਭਾਈ ਸਾਹਿਬ ਜੀ ਨੇ ਇਨ੍ਹਾਂ ਦੀ ਸਿੰਘਣੀ ਤੇ ਹੱਥ ਰੱਖਿਆ ਤੇ ਦੇਖਿਆ ਕਿ ਦਸਤਾਰ ਨਹੀਂ ਹੈ। ਮਾਤਾ ਜੀ ਨੇ ਭਾਈ ਸਾਹਿਬ ਜੀ ਦੀ ਅਸੀਸ ਮਿਲਣ ਤੇ ਮੁੰਦਰੀਆਂ/ਕੰਨਾਂ ਦੀਆਂ ਵਾਲੀਆਂ ਆਦਿ ਸਾਰੇ ਗਹਿਣੇ ਲਾ ਕੇ ਕੇਸਕੀ ਸਜਾ ਲਈ। ਫਿਰ ਆਪ ਜੀ ਪ੍ਰੀਵਾਰ ਸਮੇਤ ਅੰਮ੍ਰਿਤ ਛੱਕ ਕੇ ਤਿਆਰ-ਬਰ-ਤਿਆਰ ਰਹਿਤਵਾਨ ਸਿੰਘ ਸੱਜ ਗਏ। ਇਕ ਵਾਰ ਭਾਈ ਦਰਸ਼ਨ ਸਿੰਘ ਭਰਾ ਜੀ ਨਾਰੰਗਵਾਲ ਕੀਰਤਨ ਸਮਾਗਮ ਤੇ ਗਏ ਭਾਈ ਸਾਹਿਬ ਜੀ ਨੇ ਭਰਾ ਜੀ ਨੂੰ ਕਿਹਾ ਕਿ ਅਵਤਾਰ ਸਿੰਘ ਹਰ ਰੋਜ਼ ਕੀਰਤਨ ਕਰਦਾ ਹੈ ਅਤੇ ਸਾਨੂੰ ਸੁਣਾਉਂਦਾ ਹੈ। ਪਰ ਉਸ ਵੇਲੇ ਆਪ ਕੀਰਤਨ ਨਹੀਂ ਸੀ ਕਰਦੇ। ਭਰਾ ਜੀ ਨੇ ਦਿੱਲੀ ਆ ਕੇ ਆਪ ਨੂੰ ਦੱਸਿਆ ਕਿ ਭਾਈ ਸਾਹਿਬ ਜੀ ਇੰਞ ਕਹਿੰਦੇ ਹਨ। ਫਿਰ ਆਪ ਨੇ ਪਲੇਟ (ਥਾਲੀ) ਵਜਾ ਕੇ ਕੀਰਤਨ ਆਰੰਭ ਕੀਤਾ ਕਿਉਂਕਿ ਉਸ ਵੇਲੇ ਆਪ ਕੋਲ ਕੋਈ ਸਾਜ ਨਹੀਂ ਸੀ। ਅਗਲੇ ਨਾਰੰਗਵਾਲ ਪੋਹ ਸੁਦੀ ਸਮਾਗਮ ਤੇ ਭਾਈ ਸਾਹਿਬ ਜੀ ਨੇ ਖੜਤਾਲੀ ਜਥਾ ਲੈ ਕੇ ਕੀਰਤਨ ਕਰਨ ਲਈ ਆਪ ਜੀ ਨੂੰ ਆਵਾਜ਼ ਮਾਰੀ। ਉਸ ਵੇਲੇ ਆਪ ਜੀ ਨੇ ਖੜਤਾਲਾਂ ਨਾਲ ਹੀ ਬੜੇ ਵੱਜਦ ਅਤੇ ਰੰਗਾਂ ਵਿਚ ਕੀਰਤਨ ਕੀਤਾ। ਭਾਈ ਸਾਹਿਬ ਜੀ ਨੇ ਇੰਨ੍ਹਾਂ ਦੀ ਸਿੰਘਣੀ ਦੇ ਵੀ ਸਿਰ ਤੇ ਹੱਥ ਰੱਖ ਕੇ ਕੀਰਤਨ ਕਰਵਾਇਆ ਤੇ ਬੀਬੀ ਜੀ ਨੇ ਹਰਮੋਨੀਅਮ ਵਜਾਇਆ। ਉਸ ਦਿਨ ਤੋਂ ਬਾਅਦ ਹਰ ਲੋਕਲ ਅਤੇ ਕੇਂਦਰੀ ਸਮਾਗਮ ਤੇ ਪਹੁੰਚ ਕੇ ਕੀਰਤਨੀ ਦੀ ਹਾਜ਼ਰੀ ਭਰ ਕੇ ਲਾਹੇ ਲੈਣ ਲੱਗ ਪਏ। ਭਾਈ ਸਾਹਿਬ ਹਰ ਕੀਰਤਨ ਸਮਾਗਮ ਤੇ ਇਸ ਜੋੜੀ ਨੂੰ ਦਿੱਲੀ ਦਾ ਖੜਤਾਲੀ ਜਥਾ ਕਹਿ ਕੇ ਬੁਲਾਉਂਦੇ ਸਨ। ਆਪ ਦੋਨੋਂ ਕਈ-ਕਈ ਘੰਟੇ ਜਾਂ ਕਈ ਵਾਰ ਸਾਰੀ ਰਾਤ ਹੀ ਗੁਰੂ ਦਾ ਜਸ ਗਾ ਕੇ ਲਾਹੇ ਲੈਂਦੇ ਸਨ।

ਭਾਈ ਸਾਹਿਬ ਜੀ ਤੋਂ ਇਲਾਵਾ ਆਪ ਜੀ ਦਾ ਪੁਰਾਤਨ ਗੁਰਸਿੱਖਾਂ ਸਤਿਕਾਰਯੋਗ ਬਾਊ ਮਲ ਸਿੰਘ ਜੀ, ਪੂਰਨ ਦਾਰ ਜੀ, ਭਾਈ ਮੋਹਨ ਸਿੰਘ ਗਾਰਡ, ਮਾਸਟਰ ਹਰਬੰਸ ਸਿੰਘ ਜੀ, ਭਾਈ ਦਰਸ਼ਨ ਸਿੰਘ ਭਰਾ ਜੀ, ਭਾਈ ਮਨਮੋਹਨ ਸਿੰਘ ਗਜ਼ਲ-ਗੋ ਅਤੇ ਪ੍ਰਿੰਸੀਪਲ ਅਮਰਜੀਤ ਕੌਰ ਅਤੇ ਭਾਈ ਪ੍ਰੀਤਮ ਸਿੰਘ (ਪਹਿਰੇਦਾਰ) ਨਾਲ ਵੀ ਨਿੱਘਾ ਅਤੇ ਡੂੰਘਾ ਪਿਆਰ ਸੀ। ਆਪ ਜੀ ਦੀ ਉੱਚੀ-ਸੁੱਚੀ ਸੁਕ੍ਰਿਤ ਕਰਣੀ ਅਤੇ ਰਹਿਤ-ਬਹਿਤ ਕਰਕੇ, ਪੰਚਾਂ ਦੀ ਸੇਵਾ ਵਿਚ ਵੀ ਸ਼ਾਮਿਲ ਕੀਤਾ ਜਾਂਦਾ ਸੀ।

ਆਪ ਜੀ, ਭਰਾ ਜੀ, ਭਾਈ ਮਨਮੋਹਨ ਸਿੰਘ ਜੀ ਗਜ਼ਲਗੋ ਉਨ੍ਹਾਂ ਦੀ ਸਿੰਘਣੀ ਬੀਬੀ ਅਮਰਜੀਤ ਕੌਰ, ਭਾਈ ਅਜੀਤ ਸਿੰਘ ਭੋਗਲ ਤੇ ਤਿੰਨ ਚਾਰ ਹੋਰ ਪ੍ਰੀਵਾਰ, ਜਿਨ੍ਹਾਂ ਦੀ ਮਾਡਲ ਟਾਊਨ ਇਲਾਕੇ ਵਿਚ ਰਿਹਾਇਸ਼ ਸੀ, ਨਾਲ


www.AKJ.Org

ਮਿਲ ਕੇ ਸ੍ਰੀ ਅਖੰਡ ਪਾਠ ਸਾਹਿਬ, ਰੈਣ ਸਬਾਈ ਕੀਰਤਨ ਸਮਾਗਮ ਕਰਦੇ ਰਹਿੰਦੇ ਸਨ ਤੇ ਨਾਮ ਬਾਣੀ ਦੇ ਲਾਹੇ ਲੈਂਦੇ ਰਹੇ ਹਨ। ਕਈ ਵਾਰੀ ਜਮਨਾ ਦੇ ਕਿਨਾਰੇ ਇਕਾਂਤ ਵਿਚ ਸਾਰੀ ਸਾਰੀ ਰਾਤ ਨਾਮ ਅਭਿਆਸ ਜਾਂ ਰੈਣ ਸਬਾਈ ਕੀਰਤਨ ਕਰ ਲੈਂਦੇ ਸਨ। ਉਸ ਸਮੇਂ ਦਿੱਲੀ ਦੁਸ਼ਹਿਰੇ ਦਾ ਸਮਾਗਮ ਇਕ ਹਫਤੇ ਦਾ ਹੁੰਦਾ ਸੀ ਤੇ ਜਥੇ ਦੀ ਰਿਹਾਇਸ਼ ਭਰਾ ਜੀ ਦੇ ਘਰ ਹੀ ਹੁੰਦੀ ਸੀ, ਉੱਥੇ ਆਪ ਪ੍ਰੀਵਾਰ ਸਮੇਤ ਦਿਨ ਰਾਤ ਲੰਗਰ ਦੀ ਸੇਵਾ ਨਿਭਾਉਂਦੇ ਕਦੇ ਅੱਕਦੇ ਥੱਕਦੇ ਨਹੀਂ ਸਨ। ਜੇ ਕੋਈ ਤਬਲੇ ਵਾਲਾ ਨਾ ਹੁੰਦਾ ਤਾਂ ਸਿੰਘਣੀ ਵਾਜਾ ਵਜਾਉਂਦੀ ਸੀ ਅਤੇ ਆਪ ਢੋਲਕੀ ਵਜਾਉਣ ਲਗ ਪੈਂਦੇ। ਆਪ ਬੜੇ ਵਜਦ ਤੇ ਬਿਸਮਾਦੀ ਦਸ਼ਾ ਵਿਚ ਢੋਲਕੀ ਵਜਾ ਕੇ ਕੀਰਤਨ ਕਰਦੇ-ਕਰਦੇ ਬੇਸੁੱਧ ਵੀ ਹੋ ਜਾਂਦੇ ਸਨ। ਇਕ ਵਾਰੀ ਆਪ ਹੋਲੇ ਮਹੱਲੇ ਦੇ ਸਮੇਂ ਸੰਤ ਨਿਸਚਲ ਸਿੰਘ ਯਮਨਾ ਨਗਰ ਦੇ ਸੱਦੇ ਤੇ ਜਗਾਧਰੀ ਕੀਰਤਨ 'ਤੇ ਗਏ। ਉੱਥੇ ਰੈਣ ਸਬਾਈ ਕੀਰਤਨ ਸਮੇਂ ਬੇਅੰਤ ਮਾਇਆ ਦੇ ਢੇਰ ਲੱਗ ਗਿਆ ਜਿਸ ਵਿਚ ਸੋਨੇ ਚਾਂਦੀ ਦੇ ਸਿੱਕੇ ਵੀ ਹੁੰਦੇ ਸਨ। ਆਪ ਨੇ ਉਸ ਵੱਲ ਤੱਕਿਆ ਤੱਕ ਨਹੀਂ ਤੇ ਸਭ ਮਾਇਆ ਉੱਥੇ ਹੀ ਪਈ ਰਹਿਣ ਦਿੱਤੀ। ਆਪ ਜੀ ਨੇ ਬੇਅੰਤ ਸੰਗਤਾਂ ਨੂੰ ਕੀਰਤਨ ਦੀ ਸੇਵਾ ਰਾਹੀਂ ਗੁਰਸਿੱਖੀ ਨਾਲ ਜੋੜਿਆ।

ਜ਼ਿੰਦਗੀ ਦੇ ਅੰਤਲੇ ਪੜਾਅ ਵਿੱਚ ਆਪ ਜੀ ਦੀਆਂ ਲੱਤਾਂ ਦੀਆਂ ਨਸਾਂ ਕਮਜ਼ੋਰ ਪੈਣੀਆਂ ਸ਼ੁਰੂ ਹੋ ਗਈਆਂ। ਕੀਰਤਨ ਦੀ ਮਸਤੀ, ਬਿਸਮਾਦੀ ਦਸ਼ਾ ਵਿਚ ਰਹਿਣ ਕਰਕੇ, ਆਪਣੀ ਸਿਹਤ ਦਾ ਧਿਆਨ ਵੀ ਪੂਰਾ ਨਹੀਂ ਰੱਖਿਆ। ਇਸ ਨਾਸ਼ਵਾਨ ਪੰਚ ਭੂਤਕ ਸਰੀਰ ਨੂੰ ਹੱਦੋਂ ਵੱਧ ਵਰਤਿਆ, ਜਿਸ ਕਾਰਨ ਆਪ ਜੀ ਨੂੰ ਕਈ ਤਰ੍ਹਾਂ ਦੇ ਸਰੀਰਕ ਕਸ਼ਟ ਆਉਣੇ ਸ਼ੁਰੂ ਹੋ ਗਏ, ਪਰ ਫਿਰ ਵੀ ਉੱਚ ਆਤਮਿਕ ਅਵਸਥਾ ਕਾਰਨ ਮਾਨਸਿਕ ਤੌਰ 'ਤੇ ਹਮੇਸ਼ਾ ਚੜ੍ਹਦੀ ਕਲਾ ਵਿਚ ਰਹੇ। ਦੁੱਖਾਂ ਨੂੰ ਪ੍ਰਭੂ ਦੇ ਭਾਣੇ ਵਿਚ ਸੁੱਖ ਕਰਕੇ ਜਾਣਿਆ। ਅਖੀਰਲੇ ਵੇਲੇ ਆਪ ਜੀ ਨੂੰ ਸ਼ੂਗਰ ਤੇ ਗੁਰਦਿਆਂ ਦੀ ਬੀਮਾਰੀ ਵੀ ਹੋ ਗਈ ਸੀ। ਲੱਤਾਂ ਜੋ ਪਹਿਲਾਂ ਹੀ ਕਮਜ਼ੋਰ ਹੋ ਚੁੱਕੀਆਂ ਸਨ, ਵਿਚ ਪਾਣੀ ਭਰਨ ਕਰਕੇ ਉੱਠਣ ਬੈਠਣ ਵਿਚ ਵੀ ਕਾਫੀ ਖੇਚਲ ਰਹਿੰਦੀ ਸੀ, ਪਰ ਕੀਰਤਨ ਫਿਰ ਵੀ ਨਹੀਂ ਛੱਡਿਆ। ਇਸ ਸਮੇਂ ਆਪ ਜੀ ਦੀ ਸਿੰਘਣੀ ਅਤੇ ਬੱਚਿਆਂ ਨੇ ਉਨ੍ਹਾਂ ਦੀ ਹਰ ਤਰ੍ਹਾਂ ਦੀ ਦੇਖ ਭਾਲ ਤੇ ਸੇਵਾ ਕਰਕੇ ਆਪਣੇ ਫਰਜ਼ ਪੂਰੇ ਕੀਤੇ। ਜ਼ਿਆਦਾ ਸਿਹਤ ਵਿਗੜਨ ਤੇ ਵੀ ਆਪ ਜੀ ਨੇ ਹਸਪਤਾਲ ਨਾ ਲੈ ਕੇ ਜਾਣ ਦੀ ਤਾਕੀਦ ਕੀਤੀ। ਸੁਰਤੀ ਬਿਰਤੀ ਆਪ ਜੀ ਦੇ ਅਖੀਰਲੇ ਸਵਾਸ ਤਾਈਂ ਕਾਇਮ ਰਹੀ। ਇਸ ਸਮੇਂ ਆਪ ਜੀ ਕੇਵਲ ਗੁਰਬਾਣੀ ਦਾ ਪਾਠ ਸੁਣਾਉਣ ਲਈ ਕਹਿੰਦੇ ਰਹਿੰਦੇ ਤਾਂ ਕਿ ਕੇਵਲ ਨਾਮ ਬਾਣੀ ਤੇ ਗੁਰਬਾਣੀ ਦਾ ਆਸਰਾ ਹੀ ਬਣਿਆ ਰਹੇ, ਜੋ ਕਿ ਅੰਤ ਵੇਲੇ ਸਹਾਈ ਹੋਣਾ ਹੈ। ਅਜੇ ਉਮਰ 64 ਸਾਲ ਦੀ ਹੀ ਸੀ ਕਿ ਇਹ ਗੁਰਮੁਖ ਰੂਹ ਨੇ ਮਿਤੀ 1 ਸਤੰਬਰ 1986 ਨੂੰ ਗੁਰਦੇ ਫੇਲ ਹੋ ਜਾਣ ਕਾਰਨ, ਆਪਣੇ ਪਿੱਛੇ ਸਿੰਘਣੀ, ਦੋ ਸਪੁੱਤਰ ਤੇ ਦੋ ਸਪੁੱਤਰੀਆਂ ਛੱਡ ਕੇ, ਇਸ ਨਾਸ਼ਵਾਨ ਸੰਸਾਰ ਨੂੰ ਅਲਵਿਦਾ ਕਹਿ ਕੇ, ਗੁਰੂ ਗੁਰੂ ਜਪਦੇ ਆਪਣੇ ਸਤਿਸੰਗੀਆਂ ਸਾਥ, ਸੱਚੀ ਦਰਗਾਹ ਵਿਚ ਜਾ ਪਿੜ ਮਿਲਿਆ।

# ਭਾਈ ਹਰਬੰਸ ਸਿੰਘ ਜੀ - ਨਿਰਮਾਨ ਵਿਹਾਰ, ਦਿੱਲੀ

ਭਾਈ ਗੁਰਦੀਪ ਸਿੰਘ ਸ੍ਰੀ ਅੰਮ੍ਰਿਤਸਰ

ਅਖੰਡ ਕੀਰਤਨੀ ਜਿੱਥੇ ਦੇ ਪੁਰਾਤਨ ਗੁਰਸਿੱਖ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਸੰਗੀ ਸਾਥੀ, ਕੀਰਤਨੀਆਂ ਦੇ ਪਿੱਛੇ ਬੈਠ ਕੇ ਉੱਚੀਆਂ ਧੁਨੀਆਂ ਵਿੱਚ ਕੀਰਤਨ ਦੀਆਂ ਗੁੰਜ਼ਾਰਾਂ ਪਾਉਣ ਵਾਲੇ ਗੁਰੂ ਪਿਆਰੇ ਭਾਈ ਹਰਬੰਸ ਸਿੰਘ ਜੀ, ਜਿੰਨ੍ਹਾ ਨੂੰ ਨਿਰਮਾਣ ਵਿਹਾਰ ਵਿੱਚ ਰਿਹਾਇਸ਼ ਰੱਖਣ ਕਰਕੇ ਨਿਰਮਾਣ ਕਹਿ ਕੇ ਜਾਣਿਆਂ ਜਾਂਦਾ ਸੀ।



www.AKJ.Org

ਆਪ ਜੀ ਦਾ ਜਨਮ ਮਿਤੀ 5 ਜੂਨ1927 ਨੂੰ ਪਿੰਡ ਆਦੇ ਕਾਲੀ ਨੇੜੇ ਨੂਰਮਹਿਲ ਜ਼ਿਲ੍ਹਾ ਜਲੰਧਰ ਵਿੱਚ ਪਿਤਾ ਸ. ਨਗੀਨਾ ਸਿੰਘ ਅਤੇ ਮਾਤਾ ਬਚਿੰਤ ਕੌਰ ਜੀ ਦੇ ਘਰ ਹੋਇਆ। ਆਪ ਜੀ ਦੇ ਪਿਤਾ ਜੀ, ਪਿਤਾ ਪੁਰਖੀ ਖੇਤੀ - ਬਾੜੀ ਦਾ ਕੰਮ ਕਰਦੇ ਸਨ ਅਤੇ ਬਾਅਦ ਵਿੱਚ ਫੌਜ ਵਿੱਚ ਭਰਤੀ ਹੋ ਗਏ। ਆਪ ਜੀ ਦੀ ਉਮਰ ਅਜੇ ਥੋੜੀ ਹੀ ਸੀ ਕਿ ਜਦੋਂ ਪਿਤਾ ਜੀ, ਅਫ਼ਰੀਕਾ ਵਿੱਚ ਹੀ ਚੜ੍ਹਾਈ ਕਰ ਗਏ। ਉਸ ਸਮੇਂ ਦੇ ਰਿਵਾਜ ਮੁਤਾਬਕ ਆਪ ਜੀ ਦੇ ਮਾਤਾ ਜੀ ਅਪਣੇ ਪੇਕਾ ਘਰ ਬੱਚਿਆਂ ਸਮੇਤ ਪਿੰਡ ਚੱਕ ਕਲਾਲ, ਨੇੜੇ ਬੰਗਾ, ਜਿਲਾ ਜਲੰਧਰ (ਹੁਣ ਸ਼ਹੀਦ ਭਗਤ ਸਿੰਘ ਨਗਰ) ਆ ਗਏ। ਆਪ ਜੀ ਦੇ ਮਾਤਾ ਜੀ ਗੁਰੂ ਘਰ ਦੇ ਪ੍ਰੇਮੀ ਸਨ ਤੇ ਪਿੰਡ ਦੇ ਹੀ ਇੱਕ ਤਪੱਸਵੀ ਉਦਾਸੀ ਮਹੰਤ ਰਾਜਾ ਸਾਹਿਬ ਮੁਜ਼ਾਰੇ ਵਾਲ਼ਿਆਂ ਦੀ ਸੰਗਤ ਕਰਦੇ ਸਨ। ਮਾਤਾ ਜੀ ਬੜੀ ਉੱਚੀ ਸੁਰ ਵਿੱਚ ਜਪੁਜੀ ਸਾਹਿਬ, ਸੁਖਮਨੀ ਸਾਹਿਬ ਦਾ ਪਾਠ ਬੇ-ਨਾਗਾ ਕਰਦੇ ਸਨ।

ਆਪ ਜੀ ਨੇ ਮੁੱਢਲੀ ਵਿੱਦਿਆ ਸ੍ਰ. ਜਵਾਹਰ ਸਿੰਘ ਡਿਸਟ੍ਰਿਕ ਬੋਰਡ ਹਾਈ ਸਕੂਲ ਬੰਗਾ ਤੋਂ ਲਈ ਸੀ ਅਤੇ ਉੱਥੋਂ ਹੀ ਦਸਵੀਂ ਪਾਸ ਕੀਤੀ। ਉਸ ਵੇਲੇ ਮਾਸਟਰ ਤਾਰਾ ਸਿੰਘ ਜੀ ਵੱਲੋਂ ਸਾਰੇ ਪੰਜਾਬ ਵਿੱਚ ਅੰਮ੍ਰਿਤ ਸੰਚਾਰ ਦੀ ਲਹਿਰ ਸ਼ੁਰੂ ਕੀਤੀ ਹੋਈ ਸੀ ਅਤੇ ਉਹ ਖੁਦ ਖੰਡਾ ਬਾਟਾ ਲੈ ਕੇ ਸਮੇਤ ਪੰਜ ਪਿਆਰਿਆਂ ਦੇ ਸਾਰੇ ਪੰਜਾਬ ਵਿੱਚ ਵਿਚਰ ਕੇ ਅੰਮ੍ਰਿਤ ਸੰਚਾਰ ਦੀ ਸੇਵਾ ਕਰਦੇ ਸਨ। ਇਸੇ ਤਰਾਂ ਦਾ ਇੱਕ ਅੰਮ੍ਰਿਤ ਸੰਚਾਰ ਸਮਾਗਮ ਗੁ: ਚਰਨ ਕੰਵਲ ਪਾਤਸ਼ਾਹੀ ਨੌਂਵੀ ਬੰਗਾ ਵਿਖੇ ਹੋਇਆ ਅਤੇ ਆਪ ਜੀ ਖੰਡੇ ਦੀ ਪਾਹੁਲ ਛਕ ਕੇ ਬਚਪਨ ਵਿੱਚ ਹੀ ਗੁਰੂ ਚਰਨੀਂ ਲੱਗ ਗਏ। ਆਪ ਜੀ ਦਾ ਅਨੰਦ ਕਾਰਜ ਸੰਨ 1949 ਵਿੱਚ ਬੀਬੀ ਸਵਰਨ ਕੌਰ ਜੀ ਦਿੱਲੀ ਨਿਵਾਸੀ ਨਾਲ ਹੋਇਆ ਜਿਨ੍ਹਾਂ ਨੇ ਤਾਅ ਜ਼ਿੰਦਗੀ ਇਨ੍ਹਾਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਗੁਰਸਿੱਖੀ ਜੀਵਨ ਨਿਭਾਉਣ ਦੇ ਲਈ ਹਮੇਸ਼ਾ ਸਾਥ ਦਿੱਤਾ।

ਆਪ ਜੀ ਦੇ ਇੱਕ ਗੁਰ-ਭਾਈ ਸ. ਭਗਤ ਸਿੰਘ ਦਿੱਲੀ ਵਿੱਚ ਨੌਕਰੀ ਕਰਦੇ ਸਨ ਅਤੇ ਆਪ ਵੀ ਰੋਜ਼ਗਾਰ ਖ਼ਾਤਰ ਸੰਨ 1945 ਵਿੱਚ ਦਿੱਲੀ ਆ ਗਏ। ਉਸ ਵੇਲੇ ਦਿੱਲੀ ਵਿੱਚ ਭਾਈ ਅਜੀਤ ਸਿੰਘ ਜੀ, ਜੱਥੇ ਦੇ ਸਭ ਤੋਂ ਪੁਰਾਤਨ ਸਿੰਘ ਸਨ, ਅਤੇ ਬਾਪੂ ਜੀ ਵੀ ਉਹਨਾਂ ਕੋਲ ਆਇਆ ਜਾਇਆ ਕਰਦੇ ਸਨ ਅਤੇ ਨਿਵਾਸ ਰੱਖਦੇ ਹੁੰਦੇ ਸਨ। ਇਸ ਗੱਲ ਦਾ ਜ਼ਿਕਰ, ਸਤਿਕਾਰਯੋਗ ਪੂਰਨ ਦਾਰ ਜੀ ਵੀ ਕਰਿਆ ਕਰਦੇ ਸਨ ਕਿ ਭਾਈ ਅਜੀਤ ਸਿੰਘ ਜੀ ਦਿੱਲੀ ਜੱਥੇ ਦੇ ਸਭ ਤੋਂ ਪੁਰਾਤਨ ਮੋਢੀ ਗੁਰਸਿੱਖ ਸਨ। ਉਹਨਾਂ ਦੇ ਪਰਵਾਰ ਦੇ ਕਿਸੇ ਮੈਂਬਰ ਨਾਲ ਸੰਪਰਕ ਨਾਂ ਹੋਣ ਕਰਕੇ ਤੇ ਪੁਰਾਤਨ ਗੁਰਸਿੱਖਾਂ ਦੇ ਚੜ੍ਹਾਈ ਕਰ ਜਾਣ ਕਰਕੇ ਉਹਨਾਂ ਦੇ ਜੀਵਨ ਬਾਰੇ ਵਧੇਰੇ ਜਾਣਕਾਰੀ ਨਹੀਂ ਮਿਲ ਸਕੀ। ਉਹ ਬਹੁਤ ਪਰ-ਉਪਕਾਰੀ ਸੁਭਾਅ ਦੇ ਸਨ। ਦੇਸ਼ ਦੀ ਵੰਡ ਤੋਂ ਪਹਿਲਾਂ ਅੰਗਰੇਜ਼ੀ ਹਕੂਮਤ ਦੇ ਖੇਤੀ-ਬਾੜੀ ਮਹਿਕਮੇ ਵਿੱਚ ਨੌਕਰੀ ਕਰਦੇ ਸਨ ਅਤੇ ਆਪਣੇ ਅਸਰ-ਰਸੂਖ਼ ਨਾਲ ਬਹੁਤ ਸਾਰੇ ਗੁਰਸਿੱਖਾਂ ਖ਼ਾਸ ਕਰ ਜੱਥੇ ਦੇ ਸਿੰਘਾਂ ਨੂੰ ਵੱਖ ਵੱਖ ਮਹਿਕਮਿਆਂ ਵਿੱਚ ਨੌਕਰੀ ਲਗਵਾ ਦਿੰਦੇ ਸਨ। ਉਹਨਾਂ ਦੇ ਰਾਹੀਂ ਆਪ ਜੀ, ਚੀਫ ਕੰਟ੍ਰੋਲਰ ਖਰੀਦ ਅਤੇ ਵੰਡ ਮਹਿਕਮੇ ਵਿੱਚ ਨੌਕਰੀ ਤੇ ਲੱਗ ਗਏ। ਭਾਈ ਸਾਹਿਬ ਅਜੀਤ ਸਿੰਘ ਜੀ ਨੇ ਹੀ ਆਪਣੀ ਵਾਕਫ਼ੀਅਤ ਨਾਲ ਦਿੱਲੀ ਰਹਿੰਦੇ ਜਥੇ ਦੇ ਸਾਰੇ ਪੁਰਾਤਨ ਗੁਰਸਿੱਖ, ਜਿੰਨ੍ਹਾ ਵਿੱਚ ਭਾਈ ਪ੍ਰੀਤਮ ਸਿੰਘ ਚਾਨੀ ਜੀ, ਭਾਈ ਸਾਹਿਬ ਸੂਰਤ ਸਿੰਘ ਪੂਰਨ ਦਾਰ ਜੀ, ਭਾਈ ਸੰਤੋਖ ਸਿੰਘ ਜੀ, ਭਾਈ ਦਰਸ਼ਨ ਸਿੰਘ ਵੀਰਾ ਜੀ, ਭਈ ਦਰਸ਼ਨ ਸਿੰਘ ਭਰਾ ਜੀ ਨੂੰ ਨੌਕਰੀਆਂ ਤੇ ਲਗਵਾਇਆ। ਦੇਸ਼ ਦੀ ਵੰਡ ਤੋਂ ਬਾਅਦ ਖੇਤੀਬਾੜੀ ਮਹਿਕਮੇ ਦਾ ਮੰਤਰੀ ਇੱਕ ਮੁਸਲਮਾਨ ਬਣ ਗਿਆ, ਜਿਹੜਾ ਕਿ ਸਿੱਖਾਂ ਦੀ ਵੱਡੀ ਗਿਣਤੀ ਵਿੱਚ ਇਸ ਮਹਿਕਮੇ ਵਿਚ ਹੋਈ ਸਰਕਾਰੀ ਭਰਤੀ ਤੇ ਹੈਰਾਨ ਹੋ ਗਿਆ ਤੇ ਪੜਤਾਲ ਜਾਰੀ ਕਰਵਾ ਦਿੱਤੀ। ਜਿਸ ਵਿੱਚ ਸਾਰਾ ਭੇਦ ਖੁੱਲ੍ਹ ਗਿਆ ਤੇ ਭਾਈ ਅਜੀਤ ਸਿੰਘ ਜੀ ਨੂੰ ਦੋਸ਼ੀ ਠਹਿਰਾ ਦਿੱਤਾ ਗਿਆ। ਇਸ ਤੋਂ ਕੁਝ ਸਮਾਂ ਬਾਅਦ ਹੀ ਭਾਈ ਅਜੀਤ ਸਿੰਘ ਜੀ ਭਰ ਜੁਆਨੀ ਵਿਚ ਹੀ ਅਕਾਲ ਚਲਾਣਾ ਕਰ ਗਏ। ਇਹ ਸਾਰੀ ਵਾਰਤਾ ਭਾਈ ਹਰਬੰਸ ਸਿੰਘ ਜੀ ਨੇ ਖੁਦ ਦਾਸ ਨੂੰ, ਉਨ੍ਹਾਂ ਦੇ ਨਿਵਾਸ ਤੇ ਅਗਸਤ ਦੇ ਮਹੀਨੇ ਵਿੱਚ ਇਕ ਫੇਰੀ ਦੌਰਾਨ ਸੁਣਾਈ ਸੀ, ਜਦੋਂ ਅਜੇ ਉਨ੍ਹਾਂ ਦੀ ਸੁਰਤੀ ਬਿਰਤੀ ਯਾਦਦਾਸ਼ਤ ਵਡੇਰੀ ਉਮਰ ਹੋਣ ਦੇ ਬਾਵਜੂਦ



www.AKJ.Org

ਵੀ ਕਾਇਮ ਸੀ। ਆਪ ਜੀ ਨੇ ਸੰਨ 1945 ਤੋਂ ਭਾਰਤ ਸਰਕਾਰ ਦੇ ਵੱਖ ਵੱਖ ਮਹਿਕਮਿਆਂ ਵਿੱਚ ਜਿਵੇਂ ਸੀ. ਪੀ. ਡਬਲਿਊ. ਡੀ. (ਵਰਕਸ) ਅਤੇ ਹਾਊਸ ਮਨਿਸਟਰੀ, ਐਫ਼.ਸੀ.ਆਈ ਵਿੱਚ ਡੈਪੂਟੇਸ਼ਨ ਤੇ ਫਿਰ ਯੂ.ਪੀ.ਐਸ.ਸੀ ਤੇ ਅਖੀਰ ਵਿੱਚ ਏਸ਼ੀਅਨ ਇੰਸਟੀਚਿਊਟ ਵਿੱਚ ਸੰਨ 1971 ਤੋਂ 1985 ਤਾਈਂ ਨੌਕਰੀ ਕੀਤੀ ਅਤੇ ਜੂਨ 1985 ਵਿੱਚ ਰਿਟਾਇਰ ਹੋਏ।

ਸਾਰੇ ਕੇਂਦਰੀ ਸਰਕਾਰੀ ਮਹਿਕਮਿਆਂ ਦੇ ਮੁਲਾਜ਼ਮ ਦੁਪਹਿਰੇ ਖਾਣੇ ਦੀ ਛੁੱਟੀ ਵੇਲੇ ਗੁਰਦੁਆਰਾ ਰਕਾਬ ਗੰਜ ਸਾਹਿਬ ਹਾਜ਼ਰੀ ਭਰਦੇ ਹੁੰਦੇ ਸਨ। ਉੱਥੇ ਦੁਪਹਿਰੇ ਇੱਕ ਘੰਟਾ ਗੁਰ ਸ਼ਬਦ ਦੀ ਵਿਚਾਰ ਹੁੰਦੀ ਸੀ ਅਤੇ ਹਰ ਸੋਮਵਾਰ ਕੀਰਤਨ ਹੁੰਦਾ ਸੀ ਜੋ ਕਿ ਅੱਜ ਤਾਈਂ ਜਾਰੀ ਹੈ ਤੇ ਭਾਈ ਸੰਤੋਖ ਸਿੰਘ ਜੀ ਮਾਲਵੀਆ ਨਗਰ ਵਾਲੇ ਅਜੇ ਵੀ ਬਿਰਧ ਅਵਸਥਾ ਵਿੱਚ ਉੱਥੇ ਕੀਰਤਨ ਦੀ ਹਾਜ਼ਰੀ ਭਰਦੇ ਹਨ। ਇੱਥੇ ਇਨ੍ਹਾਂ ਦਾ ਬਹੁਤ ਸਾਰੇ ਗੁਰਸਿੱਖਾਂ ਨਾਲ ਮੇਲ ਮਿਲਾਪ ਹੋ ਗਿਆ ਤੇ ਜਥੇ ਦੇ ਹਫਤਾਵਰੀ ਸਮਾਗਮ ਦੀ ਹਾਜ਼ਰੀ ਭਰਨੀ ਸ਼ੁਰੂ ਕਰ ਦਿੱਤੀ। ਆਪ ਜੀ ਨੇ ਸੰਨ 1947 ਵਿੱਚ ਨਾਰੰਗਵਾਲ ਪੋਹ ਸੁਦੀ ਸਮਾਗਮ ਤੇ ਜਥੇ ਕੋਲੋਂ ਅੰਮ੍ਰਿਤ ਛਕਿਆ। ਅੰਮ੍ਰਿਤ ਛਕਣ ਵੇਲੇ ਹੀ ਆਪ ਜੀ ਤੇ ਨਾਮ ਦੀ ਕਲਾ ਵਰਤ ਗਈ ਅਤੇ ਆਪ ਜੀ ਲੋਟਪੋਟ ਹੋ ਗਏ। ਆਪ ਜੀ ਨੂੰ ਬੇਅੰਤ ਬਾਣੀਆਂ ਕੰਠ ਸਨ। ਬੁਲੰਦ ਆਵਾਜ਼ ਵਿੱਚ ਅਖੰਡ ਪਾਠ, ਅੰਮ੍ਰਿਤ ਸੰਚਾਰ ਸਮੇਂ ਪਹਿਰੇਦਾਰ, ਨਾਮ ਦ੍ਰਿੜ ਕਰਾਉਣ ਤੇ ਦੇਗ ਸਜਾਉਣ ਦੀ ਸੇਵਾ ਵੀ ਨਿਭਾਉਂਦੇ ਰਹੇ। ਆਪ ਜੀ ਨੂੰ ਗੁਰਬਾਣੀ ਦੀ ਵੀ ਬਹੁਤ ਸੋਝੀ ਸੀ। ਲੰਗਰ ਦੀ ਸੇਵਾ ਵਿੱਚ ਵੀ ਅਣਥੱਕ ਸੇਵਾ ਕਰਦੇ ਸਨ। ਆਪ ਜੀ ਗੱਤਕੇ ਦੇ ਤਕੜੇ ਖਿਡਾਰੀ ਸਨ ਜੋ ਆਪ ਜੀ ਨੇ ਭਾਈ ਦਰਸ਼ਨ ਸਿੰਘ ਵੀਰਾ ਜੀ ਤੋਂ ਸਿੱਖਿਆ ਸੀ। ਆਪ ਜੀ ਨੇ ਵੀਰਾ ਜੀ ਨਾਲ ਕੀਰਤਨ ਦੇ ਬਹੁਤ ਰੰਗ ਮਾਣੇ। ਆਪਣੇ ਕੋਲ ਸ਼ਬਦਾਂ ਦੀ ਡਾਇਰੀ ਵੀ ਰੱਖੀ ਹੋਈ ਸੀ ਜਿਸ ਵਿੱਚ ਨੋਟੇਸ਼ਨ ਲਿਖ ਲੈਂਦੇ ਸਨ। ਲਗਾਤਾਰ ਦੋ ਦੋ ਰੈਣ ਸਬਾਈਆਂ ਦੇ ਕੀਰਤਨ ਦੀ ਹਾਜ਼ਰੀ, ਅਖੰਡਾਕਾਰ ਸਿਮਰਨ ਕਾਰਨ, ਆਪ ਜੀ ਉੱਪਰ ਹਮੇਸ਼ਾਂ ਨਾਮ ਦਾ ਰੰਗ ਚੜ੍ਹਿਆ ਰਹਿੰਦਾ ਸੀ। ਆਪ ਜੀ ਦੇ ਦੱਸਣ ਮੁਤਾਬਕ, ਇੱਕ ਵਾਰ ਦਿੱਲੀ ਦੀ ਸੰਗਤ ਨਾਲ ਕਿਸੇ ਕਾਰਨ ਰੁੱਠ ਜਾਣ ਕਰਕੇ, ਵੀਰਾ ਜੀ ਕੀਰਤਨ ਸਮਾਗਮ ਤੇ ਨਹੀਂ ਗਏ। ਭਾਈ ਸਾਹਿਬ ਖੁਦ ਚੱਲ ਕੇ ਵੀਰਾ ਜੀ ਕੋਲ ਗਏ ਤੇ ਕਿਹਾ ਕਿ ਤੂੰ ਮੈਨੂੰ ਕੀਰਤਨ ਨਾਲ ਵਿੰਨ੍ਹਿਆ ਹੋਇਆ ਹੈ ਅਤੇ ਮੈਂ ਤੇਰੇ ਤੋਂ ਕੀਰਤਨ ਸੁਣੇ ਬਗੈਰ ਨਹੀਂ ਰਹਿ ਸਕਦਾ। ਆਪ ਹਮੇਸ਼ਾ ਕੀਰਤਨੀਆਂ ਦੇ ਪਿੱਛੇ ਬੈਠ ਕੇ ਬੜੀ ਉੱਚੀ ਸੁਰ ਵਿੱਚ ਕੀਰਤਨੀਆਂ ਨਾਲ ਬੋਲਦੇ ਸਨ। ਖ਼ਾਸਕਰ ਭਾਈ ਸੰਤੋਖ ਸਿੰਘ ਜੀ, ਭਾਈ ਦਰਸ਼ਨ ਸਿੰਘ ਵੀਰਾ ਜੀ ਨਾਲ ਆਪ ਜੀ ਦਾ ਬਹੁਤ ਪਿਆਰ ਸੀ। ਆਪ ਜੀ ਨੇ ਭਾਈ ਜੋਧ ਸਿੰਘ ਵੱਲੋਂ ਰਚੀਆਂ ਪੁਸਤਕਾਂ ਦੀ ਤਿਆਰੀ ਵਿੱਚ ਵੀ ਬਹੁਤ ਸਹਾਇਤਾ ਕੀਤੀ। ਆਪ ਹਮੇਸ਼ਾ ਹੀ ਨਿਰਮਾਣ ਤੇ ਨਿਸ਼ਕਾਮ ਸੇਵਾ ਕਰਦੇ ਰਹੇ। ਲੋੜਵੰਦ ਗੁਰਸਿੱਖਾਂ ਦੀ ਵੀ ਤਨ ਮਨ ਧਨ ਨਾਲ ਸੇਵਾ ਕਰਦੇ ਸਨ। ਆਪ ਜੀ ਸਾਰੀ ਆਯੂ ਦਿੱਲੀ ਦੀ ਸੰਗਤ ਨਾਲ ਨਾਰੰਗਵਾਲ ਅਤੇ ਜਥੇ ਦੇ ਸਾਰੇ ਕੇਂਦਰੀ ਸਮਾਗਮਾਂ ਵਿੱਚ ਧਾਈ ਕਰਕੇ ਪਹੁੰਚਦੇ ਰਹੇ ਅਤੇ ਨਾਮ ਗੁਰਬਾਣੀ ਦੇ ਖ਼ੂਬ ਲਾਹੇ ਲੈਂਦੇ ਰਹੇ।

ਆਪ ਜੀ ਦੀ ਸਿਹਤ ਸਾਰੀ ਉਮਰ ਹੀ ਰਿਸ਼ਟ ਪੁਸ਼ਟ ਰਹੀ ਹੈ ਅਤੇ ਸੁਰਤੀ ਬਿਰਤੀ ਯਾਦਦਾਸ਼ਤ ਵੀ ਅਖੀਰਲੇ ਸਵਾਸਾਂ ਤਾਈਂ ਕਾਇਮ ਰਹੀ, ਪ੍ਰੰਤੂ ਇਸ ਫ਼ਾਨੀ ਸੰਸਾਰ ਤੋਂ ਜਾਣ ਲਈ ਕੋਈ ਨਾ ਕੋਈ ਬਹਾਨਾ ਹੀ ਬਣਦਾ ਹੈ। ਆਪ ਜੀ ਸਿਰਫ ਕੁਝ ਸਮੇਂ ਲਈ ਹੀ ਸਰੀਰਕ ਤੌਰ ਤੇ ਢਿੱਲੇ ਹੋਏ ਅਤੇ ਅਖੀਰ ਵਿੱਚ ਹਸਪਤਾਲ ਵਿਖੇ ਹੀ ਮਿਤੀ 3 ਦਸੰਬਰ 2019 ਨੂੰ ਇਸ ਪੰਜ ਭੂਤਕ ਸਰੀਰ ਨੂੰ ਤਿਆਗ ਕੇ ਆਪਣੇ ਪੁਰਾਣੇ ਸੰਗੀਆਂ ਦੇ ਸੰਗਿ ਸਾਥ ਸਤਿਸੰਗ ਮੰਡਲਾਂ ਵਿੱਚ ਜਾ ਬਿਰਾਜੇ।



www.AKJ.Org

# ਭਾਈ ਮੱਖਣ ਸਿੰਘ ਜੀ ਦਿੱਲੀ

ਗੁਰਪੁਰਵਾਸੀ ਭਾਈ ਜੋਧ ਸਿੰਘ ਜੀ ਦਿੱਲੀ

ਜਥੇ ਦੇ ਪੁਰਾਤਨ ਸਿੰਘ, ਭਾਈ ਸਾਹਿਬ ਜੀ ਦੀ ਸੰਗਤ ਮਾਨਣ ਵਾਲੇ ਭਾਈ ਮੱਖਣ ਸਿੰਘ ਜੀ ਦਾ ਜਨਮ 2 ਅਗਸਤ 1923 ਨੂੰ ਪਿੰਡ ਮਹੱਦੀਪੁਰ ਜਟਾਂ ਜ਼ਿਲ੍ਹਾਂ ਜਲੰਧਰ ਵਿਖੇ ਹੋਇਆ। ਦਸਵੀਂ ਤਾਈਂ ਸੰਸਾਰਕ ਵਿਦਿਆ ਪ੍ਰਾਪਤ ਕਰਨ ਤੋਂ ਬਾਅਦ ਆਪ ਕੇਂਦਰ ਸਰਕਾਰ ਦੇ CPWD ਵਿਭਾਗ ਵਿਚ ਸੰਨ 1942 ਭਰਤੀ ਹੋ ਗਏ। ਉਸ ਵੇਲੇ ਕੇਂਦਰ ਸਰਕਾਰ ਦੇ ਜ਼ਿਆਦਾਤਰ ਦਫਤਰ ਸ਼ਿਮਲੇ ਸਨ ਤੇ ਆਪ ਦੀ ਨਿਯੁਕਤੀ ਵੀ ਸ਼ਿਮਲੇ ਹੀ ਹੋ ਗਈ। ਪੂਰਬਲੇ ਕਰਮਾਂ ਅਨੁਸਾਰ ਆਪ ਜੀ ਨੂੰ ਸ਼ਿਮਲੇ ਰਹਿੰਦੇ ਜਥੇ ਦੇ ਪੁਰਾਤਨ ਸਿੰਘਾਂ ਦੀ ਸੰਗਤ ਹੋ ਗਈ। ਉਸ ਵੇਲੇ ਉੱਥੇ ਭਾਈ ਹਰਨਾਮ ਸਿੰਘ ਜੀ ਕੋਮਲ, ਭਾਈ ਦਰਸ਼ਨ ਸਿੰਘ ਭਰਾ ਜੀ, ਪੂਰਨ ਜੀ ਭਾਈ ਪ੍ਰੀਤਮ ਸਿੰਘ ਠੇਕੇਦਾਰ, ਭਾਈ ਸਵਰਨ ਸਿੰਘ (ਸੂਬਾ) ਜੀ ਆਦਿ ਰਹਿੰਦੇ ਸਨ। ਸਤਿਕਾਰ ਯੋਗ ਭਾਈ ਸਾਹਿਬ ਜੀ ਸੰਨ 1936 ਤੋਂ ਹਰ ਸਾਲ ਗਰਮੀਆਂ ਦੇ ਮੌਸਮ ਵਿਚ ਕੁਮਾਰਹੱਟੀ (ਡਗੱਸ਼ਈ) ਆ ਕੇ ਠਹਿਰਦੇ ਸਨ। ਸੰਨ 1943 ਤੋਂ ਹੀ ਸ਼ਿਮਲੇ ਵਿਖੇ ਪੰਚਮ ਪਾਤਸ਼ਾਹ ਜੀ ਦੇ ਸ਼ਹੀਦੀ ਗੁਰਪੁਰਬ ਜਥੇ ਵਲੋਂ ਮਨਾਉਣੈ ਸ਼ੁਰੂ ਕੀਤੇ, ਜਿਸ ਵਿਚ ਭਾਈ ਸਾਹਿਬ ਜਥੇ ਦੇ ਹੋਰ ਸਿੰਘਾਂ ਸਮੇਤ ਆ ਕੇ ਹਾਜ਼ਰੀ ਭਰਦੇ ਸਨ। ਇਸ ਤਰ੍ਹਾਂ ਆਪ ਜੀ ਨੂੰ ਭਾਈ ਸਾਹਿਬ ਜੀ ਦਾ ਮਿਲਾਪ ਤੇ ਸੰਗਤ ਵੀ ਮਿਲ ਗਈ। ਇਸੇ ਸਾਲ ਹੀ ਸੰਨ 1944 ਵਿਚ ਨਾਰੰਗਵਾਲ ਸਮਾਗਮ ਤੇ ਆਪ ਅੰਮ੍ਰਿਤ ਛੱਕ ਕੇ ਤਿਆਰ-ਬਰ-ਤਿਆਰ ਸਿੰਘ ਸੱਜ ਗਏ। ਥੋੜ੍ਹੀ ਦੇਰ ਬਾਅਦ ਹੀ ਆਪ ਜੀ ਦੀ ਪੂਰਬਲੀ ਕਮਾਈ ਅਤੇ ਗੁਰਸਿੱਖੀ ਦੀ ਰਹਿਤ-ਬਹਿਤ ਸਦਕਾ ਆਪ ਜੀ ਨੂੰ ਪੰਚਾਂ ਦਾ ਸੇਵਾ ਵਿਚ ਵੀ ਲਿਆ ਜਾਣ ਲੱਗ ਪਿਆ। ਆਪ ਆਪਣੀ ਸਰਕਾਰੀ ਨੌਕਰੀ ਦੌਰਾਨ ਵੀ ਦਸਤਾਰ ਤੇ ਖੰਡਾ ਸਜਾ ਕੇ ਰੱਖਦੇ ਸਨ। ਆਪ ਜੀ ਨੇ ਸਿਮਲਾ, ਚੰਡੀਗੜ੍ਹ, ਨਾਰੰਗਵਾਲ ਤੇ ਸਮਾਗਮਾਂ ਵਿਚ ਲੰਗਰ ਦੀ ਅਤੁੱਟ ਸੇਵਾ ਕੀਤੀ। ਇਸ ਕਰਕੇ ਜਥੇ ਦੇ ਸਿੰਘਾਂ ਵਿਚ ਬਹੁਤ ਹਰਮਨ ਪਿਆਰੇ ਸਨ। ਆਪ ਜੀ ਬਹੁਤ ਸੀਤਲ ਸੁਭਾਅ, ਮਿਲਾਪੜੇ ਤੇ ਹਸਮੁੱਖ ਰੰਗੀਲੇ ਸੱਜਣ ਸਨ।

ਆਪ ਜੀ ਦਾ ਅਨੰਦ ਕਾਰਜ ਬੀਬੀ ਕ੍ਰਿਪਾਲ ਕੌਰ ਜੀ ਨਾਲ ਹੋਇਆ। ਉਹ ਵੀ ਬਹੁਤ ਆਗਿਆਕਾਰ, ਸੇਵਾ ਦੀ ਪੁੰਜ, ਲੰਗਰ ਦੀ ਅਤੁੱਟ ਸੇਵਾ ਕਰਨ ਕਰਕੇ ਸਤੋ ਗੁਣੀ ਸੁਭਾਅ ਦੀ ਮਾਲਿਕ ਸੀ। ਬਾਪੂ ਜੀ, ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨਾਲ ਇਸ ਦੰਪਤੀ ਅਤਿ ਗੂੜਾ ਤੇ ਗੁੱਝਾ ਪ੍ਰੇਮ ਪਿਆਰ ਸੀ। ਨਿੱਕੇ ਬਾਲਾਂ ਵਾਂਗਰ ਲਾਡ ਨਾਲ ਉਨ੍ਹਾਂ ਦੇ ਨਾਲ ਲਿਪਟਦੇ ਰਹਿਣਾ। ਬੈਰਾਗਮਈ ਹਿਰਦੇ ਅਤੇ ਹੰਝੂਆਂ ਭਰੇ ਨੇਤਰਾਂ ਨਾਲ ਟਿਕ-ਟਿਕੀ ਲਗਾ ਕੇ ਦਰਸ਼ਨ ਕਰਦੇ ਹੋਏ, "ਬਾਪੂ ਜੀ ! ਬਾਪੂ ਜੀ ! ਕਰਦਿਆਂ ਥੱਕਦੇ ਨਹੀਂ ਸਨ। ਜਦ ਤਾਈਂ ਭਾਈ ਸਾਹਿਬ ਜੀ ਪ੍ਰੇਮ ਪਿਆਰ ਨਾਲ "ਟਿੱਕੇ ਵਾਲਿਆਂ" ਕਹਿ ਕੇ ਖੁਸ਼ੀਆਂ ਨਾ ਬਖਸ਼ਦੇ ਤਦ ਤਾਈਂ ਉਨ੍ਹਾਂ ਦਾ ਖਹਿੜਾ ਨਹੀਂ ਸੀ ਛੱਡਦੇ। ਇਸ ਕਰਕੇ ਟਿੱਕੇ ਵਾਲਾ ਕਰਕੇ ਜੱਥੇ ਵਿਚ ਮਸ਼ਹੂਰ ਹੋ ਗਏ ਭਾਵੇਂ ਹੋਰ ਵੀ ਕਈ ਸਿੰਘ, ਬਾਪੂ ਜੀ ਸਮੇਤ ਦਸਤਾਰਾਂ ਉੱਪਰ ਖੰਡਾ ਸਜਾਉਂਦੇ ਸਨ।

ਇੰਨ੍ਹਾਂ ਨੂੰ ਇਕ ਹੋਰ ਹੁੱਬ ਸੀ ਕਿ ਜਦੋਂ ਕਦੇ ਭੀ ਮੌਕਾ ਮਿਲੇ ਇਹ ਭਾਈ ਸਾਹਿਬ ਜੀ ਦੀਆਂ ਚਰਨ ਦਾਸੀਆਂ (ਜੋੜਾ) ਚਰਨਾਂ ਤੋਂ ਅਲੱਗ ਹੁੰਦਿਆਂ ਹੀ ਸੰਭਾਲ ਲੈਂਦੇ ਅਤੇ ਉਸੇ ਜਗ੍ਹਾ ਟਿਕਾ ਦਿੰਦੇ, ਜਿਥੋਂ ਭਾਈ ਸਾਹਿਬ ਜੀ ਨੇ ਸਮਾਗਮ ਦੀ ਸਮਾਪਤੀ ਤੇ ਫਿਰ ਪੈਰੀਂ ਪਾਉਣੀਆਂ ਹੁੰਦੀਆਂ ਸਨ।

ਦੇਸ਼ ਦੀ ਵੰਡ ਤੋਂ ਪਹਿਲਾਂ ਅਤੇ ਬਾਅਦ ਵਿੱਚ ਕੇਂਦਰ ਅਤੇ ਪੰਜਾਬ ਸਰਕਾਰ ਦੇ ਬਹੁਤ ਸਾਰੇ ਦਫ਼ਤਰ ਸ਼ਿਮਲੇ ਆਉਣ ਨਾਲ, ਇੱਥੇ ਗੁਰੂ ਘਰੋਂ ਵਰੋਸਾਏ ਹੋਏ ਸੁਕ੍ਰਿਤ ਕਰਣੀਏ, ਜਥੇ ਦੇ ਸਿਰ ਕੱਢ ਗੁਰਸਿੱਖ ਪ੍ਰੀਵਾਰਾਂ ਸਮੇਤ ਆਣ ਜੁੜੇ ਅਤੇ ਬਾਪੂ ਜੀ ਵੀ ਹਰ ਸਾਲ ਕੁਮਾਰ ਹੱਟੀ ਤੋਂ ਹੋਰ ਸੰਗੀ ਸਾਥੀ ਰੰਗਲੇ ਸੱਜਣਾ ਸਮੇਤ ਇੱਥੇ ਸਮਾਗਮਾਂ ਦੀ ਹਾਜ਼ਰੀ ਭਰਨ ਲਗ ਪਏ। ਆਪ ਜੀ ਨੂੰ ਵੀ ਉਨ੍ਹਾਂ ਗੁਰਸਿੱਖ ਪ੍ਰੀਵਾਰਾਂ ਦੀ ਸੰਗਤ ਪ੍ਰਾਪਤ ਹੁੰਦੀ ਰਹੀ। ਆਪ ਸਾਰੇ



www.AKJ.Org

ਗੁਰਸਿੱਖ ਪ੍ਰੀਵਾਰਾਂ ਨਾਲੋਂ ਸਭ ਤੋਂ ਲੰਬਾ ਸਮਾਂ 1942 ਤੋਂ 1965 ਤਾਈਂ ਸ਼ਿਮਲੇ ਰਹੇ ਤੇ ਠੰਡੀਆਂ ਹਵਾਵਾਂ, ਸੁਹਾਵਣੇ ਮੌਸਮ, ਕੁਦਰਤੀ ਨਜ਼ਾਰਿਆਂ ਦੇ ਆਨੰਦੇ ਮਾਣਦੇ ਹੋਏ ਨਾਮ ਬਾਣੀ ਦੀਆਂ ਅਤੁੱਟ ਕਮਾਈਆਂ ਕਰਦੇ ਰਹੇ। ਸ਼ਿਮਲੇ ਵਿਚ ਉਸ ਸਮੇਂ ਗੁਰੂ ਕੀ ਅਤਿ ਪਿਆਰੀ ਸਤਿ ਸੰਗਤ ਦੇ 20 ਕੁ ਪ੍ਰੀਵਾਰ ਇਕ ਪ੍ਰੀਵਾਰ ਵਾਂਗ ਰਹਿ ਰਹੇ ਸਨ ਉਨ੍ਹਾਂ ਦਾ ਆਪਸੀ ਪਿਆਰ ਕਥਨੀ ਕਹਿਣੀ ਤੋਂ ਬਾਹਰ ਹੈ। ਉਨ੍ਹਾਂ ਪ੍ਰੀਵਾਰਾਂ ਵਿਚ ਹੇਠ ਲਿਖੇ ਪ੍ਰੀਵਾਰ ਵਰਣਨਯੋਗ ਹਨ। ਕੁਝ ਤਬਦੀਲ ਹੋ ਕੇ ਚਲੇ ਜਾਂਦੇ ਅਤੇ ਕੁਝ ਹੋਰ ਆ ਜਾਂਦੇ। ਇਹ ਸਿਲਸਿਲਾ 1956-57 ਤਾਈਂ ਰਿਹਾ। ਫਿਰ ਪੰਜਾਬ ਵਿਚ ਚੰਡੀਗੜ੍ਹ ਦੀ ਉਸਾਰੀ ਹੋ ਜਾਣ ਕਾਰਨ ਤੇ ਕੇਂਦਰੀ ਦਫਤਰ ਦਿੱਲੀ ਚਲੇ ਜਾਣ ਨਾਲ ਇੱਥੇ ਵੀ ਗੁਰਸਿੱਖ ਪ੍ਰੀਵਾਰਾਂ ਦੀ ਗਿਣਤੀ ਘੱਟ ਗਈ। ਸਿਰਫ 2-4 ਲੋਕਲ ਪ੍ਰੀਵਾਰ ਹੀ ਰਹਿ ਗਏ।

1) ਭਾਈ ਸਾਹਿਬ ਭਾਈ ਸਵਰਨ ਸਿੰਘ ਜੀ (ਸੂਬਾ ਜੀ)
2) ਭਾਈ ਹਰਨਾਮ ਸਿੰਘ ਕੋਮਲ ਤੇ ਉਨ੍ਹਾਂ ਦੇ ਛੋਟੇ ਭਰਾਤਾ ਪੂਰਨ ਜੀ।
3) ਭਾਈ ਦਰਸ਼ਨ ਸਿੰਘ ਭਰਾ ਜੀ ਦਿੱਲੀ
4) ਭਾਈ ਹਰਚਰਨ ਸਿੰਘ ਚੰਡੀਗੜ੍ਹ
5) ਭਾਈ ਰਤਨ ਸਿੰਘ ਜੀ ਮਸਤਾਨਾ (ਚੰਡੀਗੜ੍ਹ)
6) ਭਾਈ ਦਰਸ਼ਨ ਸਿੰਘ ਜੀ ਦਿਲਰੁਬਾ (ਦਿੱਲੀ)
7) ਭਾਈ ਹਰਚਰਨ ਸਿੰਘ ਜੀ ਨੰਦਾ (ਅੰਬਾਲਾ ਕੈਂਟ)
8) ਭਾਈ ਪ੍ਰੀਤਮ ਸਿੰਘ ਜੀ ਠੇਕੇਦਾਰ
9) ਭਾਈ ਪ੍ਰੀਤਮ ਸਿੰਘ ਜੀ (AGCR)
10) ਭਾਈ ਨੌਹਰੀਆ ਸਿੰਘ ਜੀ (ਰੇਲਵੇ) ਕਾਲਕਾ
11) ਭਾਈ ਮਿਹਰ ਸਿੰਘ ਜੀ ਕੀਰਤਨੀਏ (ਨਵੀਂ ਦਿੱਲੀ)
12) ਭਾਈ ਨਿਰੰਤਰ ਸਿੰਘ ਜੀ ਰੇਲਵੇ (ਦਿੱਲੀ)
13) ਭਾਈ ਅਮਰੀਕ ਸਿੰਘ ਜੀ ਲੁਧਿਆਣਾ
14) ਭਾਈ ਈਸ਼ਰ ਸਿੰਘ ਜੀ (ਸਰਬਲੋਹੀ)
15) ਭਾਈ ਮੋਹਣ ਸਿੰਘ ਜੀ (Govt. Press)
16) ਭਾਈ ਇੰਦਰ ਸਿੰਘ ਜੀ ਖਾਲਸਾ ਬੂਟ ਹਾਊਸ ਵਾਲੇ
17) ਭਾਈ ਮਸਤਾਨ ਸਿੰਘ ਜੀ (ਕਾਲਕਾ ਵਾਲੇ)
18) ਭਾਈ ਜੋਧ ਸਿੰਘ ਜੀ (ਰੇਲਵੇ) ਨਵੀਂ ਦਿੱਲੀ
19) ਭਾਈ ਮੱਖਣ ਸਿੰਘ ਜੀ (CPWD)
20) ਭਾਈ ਹਰਿ ਸਰੂਪ ਸਿੰਘ ਜੀ ਰੇਲਵੇ (ਦਿੱਲੀ)

ਇਸ ਤੋਂ ਇਲਾਵਾ ਭਾਈ ਸਾਹਿਬ ਭਾਈ ਜਗਤ ਸਿੰਘ ਅਤੇ ਦੋ ਕੁ ਹੋਰ ਪ੍ਰੀਵਾਰ ਹੁੰਦੇ ਸਨ ਸਜੋਲੀ ਵਾਲੇ। ਇਸ ਉੱਚੀ ਸੁੱਚੀ ਸੰਗਤ ਦੇ ਗੁਣ ਵਰਣਨ ਨਹੀਂ ਕੀਤੇ ਜਾ ਸਕਦੇ, ਜੋ ਅੰਦਰੋਂ ਬਾਹਰੋਂ ਨਿਰਮਲੇ ਅਤੇ ਇੰਨ੍ਹਾਂ ਪ੍ਰੀਵਾਰਾਂ ਦੀ ਪੁਰਾਤਨ ਗੁਰਸਿੱਖਾਂ ਵਾਲੀ ਰਹਿਣੀ ਬਹਿਣੀ ਕਹਿਣੀ ਹੁੰਦੀ ਸੀ। ਐਸੇ ਨਿਰਵੈਰ ਨਿਰਪੱਖ ਨਿਰਭਉ ਸੁਭਾਅ ਵਾਲੇ ਪ੍ਰੀਵਾਰ ਹੁਣ ਸੁਪਨਾ ਬਣ ਕੇ ਹੀ ਰਹਿ ਗਏ ਹਨ।

ਭਾਈ ਮੱਖਣ ਸਿੰਘ ਜੀ ਵੀ ਇੰਨ੍ਹਾਂ ਪ੍ਰੀਵਾਰਾਂ ਵਿਚੋਂ ਇਕ ਅੰਨਿਨ ਗੁਰਸਿੱਖ ਸਨ, ਜੋ ਹਫਤਾਵਾਰੀ ਕੀਰਤਨ ਸਮਾਗਮਾਂ, ਸ੍ਰੀ ਅਖੰਡ ਪਾਠ ਸਮਾਗਮ, ਜੋ ਜ਼ਿਆਦਾ ਭਾਈ ਹਰਚਰਨ ਸਿੰਘ ਜੀ ਦੇ ਲੋਅਰ ਬਾਜ਼ਾਰ ਵਾਲੇ ਖੱਲੇ ਡੁੱਲੇ


www.AKJ.Org

ਬੁੰਗੇ ਤੇ ਹੀ ਹੁੰਦੇ ਸਨ ਤੇ ਹੁੰਮ-ਹੁੰਮਾ ਕੇ ਪਹੁੰਚ ਜਾਂਦੇ ਸਨ। ਐਸਾ ਸਤਿਕਾਰ, ਪ੍ਰੇਮ ਪਿਆਰ ਮਿਲਾਪ ਹੁੰਦਾ ਸੀ ਕਿ ਹਰ ਇਕ ਸਿੰਘ ਨੇ ਦੂਸਰੇ ਸਿੰਘ ਨੂੰ ਗਲਵੱਕੜੀ ਪਾ ਕੇ ਅਣਥੱਕ ਨਾਮ ਅਭਿਆਸੀ ਮਿਲਾਪ ਕਰਨ ਮਗਰੋਂ ਹੀ ਫਤਿਹ ਬੁਲਾਉਣੀ। ਇਸੇ ਤਰ੍ਹਾਂ ਬੀਬੀਆਂ ਵੀ ਆਪਸ ਵਿਚ ਮਿਲਾਪ ਕਰਦੀਆਂ ਜਿਵੇਂ ਚਿਰੀ ਵਿਛੁੰਨੇ ਮਿਲਦੇ ਹਨ। ਉਹ ਉੱਚੀਆਂ ਸੁੱਚੀਆਂ ਮਿਲਣੀਆਂ ਹੁਣ ਸੁਪਨਾ ਬਣ ਕੇ ਰਹਿ ਗਈਆਂ ਹਨ। ਬੱਸ ਦੂਰੋਂ ਹੀ ਹੱਥ ਜੋੜ ਕੇ ਫਤਹਿ ਬੁਲਾ ਕੇ ਕੰਮ ਸਾਰ ਲਿਆ ਜਾਂਦਾ ਹੈ। ਉਸ ਸਮੇਂ ਇਸ ਪ੍ਰੀਵਾਰ ਨੂੰ ਇਕ ਮੁੱਠ ਕਰਨ ਦੀ ਇਕ ਅਨੋਖੀ ਰੀਤ ਸੀ ਜਿਹੜੀ ਕਿ ਇਸ ਰਾਜ ਦੀ ਕੁੰਜੀ ਸੀ। ਉਹ ਇਹ ਸੀ ਕਿ ਜੇ ਕਿਤੇ ਕਿਦਾਈਂ, ਕਿਸੀ ਸਿੰਘ ਬਾਰੇ ਪਤਾ ਲਗਦਾ ਕਿ ਫਲਾਣੇ ਸਿੰਘ ਨੇ ਉਸਨੂੰ ਕੁਲੋਲ ਬੋਲੇ ਹਨ ਜਾਂ ਕਿਸੇ ਗਲਤ ਫਹਿਮੀ ਕਾਰਨ ਕੋਈ ਆਪਸੀ ਨਰਾਜਗੀ ਹੈ ਤਾਂ ਦੋਂਹਾ ਸਿੰਘਾਂ ਦੀ ਆਪਸ ਵਿਚ ਗਲਵਕੜੀ ਪੁਆ ਕੇ ਐਸਾ ਨਾਮ ਅਭਿਆਸ ਕਰਵਾਇਆ ਜਾਂਦਾ ਸੀ, ਜਦ ਤਾਈਂ ਉਨ੍ਹਾਂ ਦੀ ਆਪਸੀ ਨਰਾਜ਼ਗੀ ਦੂਰ ਨਾ ਹੋ ਜਾਂਦੀ ਜਾਂ ਕੁਬੋਲ ਬੋਲਣ ਵਾਲਾ ਸਿੰਘ ਰੋ-ਰੋ ਕੇ ਸੱਚਾ ਪਛਤਾਵਾ ਨਾ ਕਰਨ ਲੱਗ ਪੈਂਦਾ ਅਤੇ ਦੂਸਰੇ ਸਿੰਘ ਦੇ ਚਰਨ ਨਾ ਪਕੜ ਲੈਂਦਾ, ਚਾਹੇ ਇਸ ਕਾਰਜ ਲਈ ਘੰਟਿਆਂ ਬੱਧੀ ਸਮਾਂ ਕਿਉਂ ਨਾ ਲਗ ਜਾਵੇ। ਇਸ ਤਰ੍ਹਾਂ ਦੋਹਾਂ ਦੇ ਹਿਰਦੇ ਨਿਰਮਲ ਨੀਰ ਹੋ ਜਾਂਦੇ ਸਨ ਅਤੇ ਸੁਪਨੇ ਵਿਚ ਵੀ ਅਗੋਂ ਐਸਾ ਕੋਈ ਮੌਕਾ ਨਾ ਆਉਣ ਦਿੰਦੇ।

ਆਪ ਜੀ ਜਦੋਂ ਵੀ ਗੁਰਸਿੱਖਾਂ ਦੇ ਨਾਲ ਜਿੱਥੇ ਭੀ ਮਿਲਦੇ, ਪ੍ਰੇਮ ਵਿਚ ਆ ਜਾਂਦੇ ਅਤੇ ਗਲਵਕੜੀ ਪਾ ਕੇ ਅਖੀਰ ਤੇ ਇਹੀ ਕਹਿੰਦੇ ਸਨ ਕਿ ਮੇਰੇ ਤੇ ਕ੍ਰਿਪਾ ਕਰੋ ਜੀ, ਮੇਰੇ ਤੇ ਕ੍ਰਿਪਾ ਕਰੋ ਜੀ। ਇਸ ਤਰ੍ਹਾਂ ਇਹ ਪੁਰਾਤਨ ਗੁਰਸਿੱਖਾਂ ਦੀ ਨਿਰਾਲੀ ਚਾਲ, ਤਾਅ ਜ਼ਿੰਦਗੀ ਚਲਦੇ ਰਹੇ। ਕਈ ਵਾਰੀ ਪੰਜ-ਪੰਜ ਕੋਹ ਦੂਰ ਸ਼ਿਮਲੇ, ਸੰਜੋਲੀ, ਬਾਲੂਗੰਜ, ਸਮਰਹਿਲ, ਤਾਰਾ ਦੇਵੀ ਆਦਿ ਥਾਵਾਂ ’ਤੇ ਰਖੇ ਗਏ ਸਮਾਗਮਾਂ ’ਤੇ ਪੁੱਜ ਜਾਂਦੇ ਸਨ। ਆਵਾਜ਼ਾਈ ਦੀ ਕੋਈ ਸਹੂਲਤ ਨਹੀਂ ਹੁੰਦੀ ਸੀ। ਪਹਾੜੀਆਂ ਦੀਆਂ ਉਤਰਾਈਆਂ ਚੜ੍ਹਾਈਆਂ ਦੇ ਬਾਵਜੂਦ ਅੰਮ੍ਰਿਤ ਵੇਲੇ ਨਾਮ ਅਭਿਆਸ ਤੇ ਨਿਤਨੇਮ ਕਰਨ ਮਗਰੋਂ, ਦੂਰ-ਦੁਰਾਡੇ ਕੀਰਤਨ ਸਮਾਗਮਾਂ ’ਤੇ ਤੜਕੇ ਹੀ ਪੁੱਜ ਜਾਣਾ, ਕੋਈ ਸੁਖ ਰਹਿਣੀਆਂ ਦਾ ਕੰਮ ਨਹੀਂ ਸੀ ਪਰ ਇਹ ਪਿਆਰੇ ਐਨ ਸਮੇਂ ਸਿਰ ਪੁੱਜਦੇ ਸਨ। ਇਹ ਕੀਰਤਨ ਸਮਾਗਮ 10-11 ਵਜੇ ਤੱਕ ਚਲਦੇ ਸਨ। ਪੰਚਮ ਪਾਤਸ਼ਾਹ ਦੇ ਸ਼ਹੀਦੀ ਪੁਰਬ ਸਮਾਗਮ ਸਮੇਂ ਲੰਗਰ ਕੇਵਲ ਬਾਹਰੋਂ ਆਈ ਸੰਗਤ ਲਈ ਹੀ ਹੁੰਦਾ ਸੀ, ਲੋਕਲ ਪ੍ਰੀਵਾਰ ਘਰੋਂ ਘਰੀ ਜਾ ਕੇ ਲੰਗਰ ਛੱਕਦੇ ਸਨ। ਕੀਰਤਨ ਸਮਾਗਮ ਤੋਂ ਬਾਅਦ ਵੀ ਨਾਮ ਅਭਿਆਸ ਦੀ ਭੁੱਖ ਇਤਨੀ ਪ੍ਰਬਲ ਹੋਈ ਹੁੰਦੀ ਕਿ ਸਮਾਗਮ ਤੋਂ ਉੱਠ ਕੇ ਕਈ ਵਾਰੀ ਇਸ ਪ੍ਰੀਵਾਰ ਨੇ ਇਕਾਂਤ ਥਾਂ ’ਤੇ ਜਾ ਡੇਰੇ ਲਾਉਣੇ। ਕੁਝ ਆਰਾਮ ਕਰਕੇ ਫਿਰ ਨਾਮ ਸਿਮਰਨ ਦੀਆਂ ਗੁਹਜ ਖੇਡਾਂ-ਖੇਡ ਕੇ ਸ਼ਾਮ ਸੋਦਰੁ ਵੇਲੇ ਹੀ ਘਰ ਪੁੱਜਣਾ। ਹਰ ਵੇਲੇ ਇਸ ਗੁਰਮੁਖ ਪ੍ਰੀਵਾਰ ਨੂੰ ਨਾਮ ਬਾਣੀ ਦੇ ਨਿਰਾਲੇ ਰਸ ਦੀ ਖੋਂਦ-ਖੁਮਾਰੀ ਚੜ੍ਹੀ ਹੀ ਰਹਿੰਦੀ ਸੀ। ਜਿਤਨਾ ਸਮਾਂ ਇਹ ਪ੍ਰੀਵਾਰ ਸਿਮਲੇ ਰਿਹਾ, ਉਹ ਸੱਚ ਮੁੱਚ ਇਕੋ ਤਨ-ਪ੍ਰਾਣ ਦੀ ਤਰ੍ਹਾਂ ਬੀਤਿਆ ਜਿਸ ਨੂੰ ਭਾਈ ਸਾਹਿਬ ਜੀ ਤੇ ਉਨ੍ਹਾਂ ਦੇ ਸੰਗੀ ਸਾਥੀ ਜੇਲ੍ਹ ਵਿਚ ਬਿਤਾਉਂਦੇ ਰਹੇ।

ਆਪ ਜੀ ਦੀ ਰਿਹਾਇਸ ਕੈਂਥੂ ਵਿਖੇ ਸੀ। ਸੰਗਤੀ ਅੰਮ੍ਰਿਤ ਵੇਲੇ ਦੇ ਸਮਾਪਤੀ ਤੋਂ ਬਾਅਦ ਫੌਰਨ ਸਾਰੇ ਸਿੰਘ ਆਪਣੇ ਘਰਾਂ ਨੂੰ ਚਲੇ ਜਾਂਦੇ। ਕੁਝ ਅਰਾਮ ਕਰਕੇ ਸਮੇਂ ਸਿਰ ਕੰਮ ਕਾਜਾਂ ’ਤੇ ਪੁੱਜ ਜਾਂਦੇ। ਇੰਨ੍ਹਾਂ ਦੇ ਘਰ ਜਾਣ ਲਈ ਉਤਰਾਈ ਚੜ੍ਹਾਈ ਬਹੁਤ ਸੀ। ਕਈ ਵਾਰ ਇਹ ਇਸ ਲੇਖ ਦੇ ਲਿਖਾਰੀ ਕੋਲ ਹੀ ਅਰਾਮ ਕਰਨ ਲਈ ਰੁੱਕ ਜਾਂਦੇ ਸਨ ਕਿਉਂਕਿ ਇੰਨ੍ਹਾਂ ਦਾ ਦਫਤਰ ਰੇਲਵੇ ਸਟੇਸ਼ਨ ਲਾਗੇ ਇਕ ਦੂਸਰੇ ਤੋਂ ਪੰਜ ਮਿੰਟ ਦੇ ਰਸਤੇ ਤੇ ਸਨ। ਇਹ ਦਾਸਰੇ ਨਾਲ ਮਿਲ ਜੁਲ ਕੇ ਇਸ ਤਰ੍ਹਾਂ ਤਕਰੀਬਨ ਛੇ ਸਾਲ ਆਪਸ ਵਿਚ ਨਾਮ ਬਾਣੀ ਦੇ ਲਾਹੇ ਲੈਂਦੇ ਰਹੇ।

ਸੰਨ 1965 ਵਿਚ ਦਿੱਲੀ ਤਬਦੀਲ ਹੋ ਕੇ ਆ ਗਏ ਅਤੇ ਇੱਥੇ ਹੀ ਸੰਨ 1981 ਵਿਚ ਸੇਵਾ ਮੁਕਤ ਹੋਏ। ਦਿੱਲੀ ਆ ਕੇ ਵੀ ਲੋਕਲ ਸੰਗਤਾਂ ਨਾਲ ਹਫਤਾਵਾਰੀ ਕੇਂਦਰੀ ਸਮਾਗਮਾਂ ਦੇ ਲਾਹੇ ਲੈਂਦੇ ਰਹੇ। ਕੁਝ ਸਾਲ ਸਰੀਰ ਨਿਰਬਲ ਹੋਣ ਕਰਕੇ ਚੱਲਣ ਫਿਰਨ ਤੋਂ ਅਸਮਰਥ ਰਹੇ, ਅੰਤ ਸਮੇਂ 2 ਕੁ ਮਹੀਨੇ ਆਪਣੇ ਬੁੰਗੇ ਤੇ ਹੀ ਸੰਗਤਾਂ ਨੂੰ ਬੁਲਾ ਕੇ ਸ੍ਰੀ ਅਖੰਡ



www.AKJ.Org

ਪਾਠ ਦੀ ਸੇਵਾ ਕਰਵਾਈ ਜਿਸ ਦੀ ਸਮਾਪਤੀ 2 ਮਈ 1999 ਨੂੰ ਹੋਈ। ਇਸ ਦੌਰਾਨ ਸਰੀਰ ਕਮਜ਼ੋਰ ਹੋਣ ਦੇ ਬਾਵਜੂਦ ਗੁਰਬਾਣੀ ਪਾਠ ਸ੍ਰਵਣ ਕਰਦੇ ਰਹੇ ਅਤੇ ਅਰਦਾਸ ਵਿਚ ਵੀ ਖੜ੍ਹੋ ਕੇ ਹਾਜ਼ਰੀ ਭਰੀ। ਹੁਕਮਨਾਮਾ ਸੁਣ ਕੇ ਗੱਦ ਗੱਦ ਹੋ ਗਏ ਅਤੇ ਨੇਤ੍ਰਾਂ ਰਾਹੀਂ ਹੀ ਸੰਗਤ ਦਾ ਧੰਨਵਾਦ ਕੀਤਾ। ਆਪ ਨੇ ਲੰਬੀ ਬੀਆਰੀ ਦੌਰਾਨ ਇਕ ਵਾਰੀ ਵੀ ਹਾਏ ਊਏ ਨਹੀਂ ਕੱਢੀ। ਅੰਤ 12 ਜੁਲਾਈ 1999 ਨੂੰ ਪ੍ਰੀਵਾਰ ਅਤੇ ਸੰਗੀ ਸਾਥੀਆਂ ਨੂੰ ਵਿਛੋੜਾ ਦੇ ਕੇ ਗੁਰ ਚਰਨਾਂ ਵਿਚ ਜਾ ਬਿਰਾਜੇ।

# ਭਾਈ ਦਰਸ਼ਨ ਸਿੰਘ ਜੀ 'ਦਿਲਰੁਬਾ' (ਵੀਰਾ ਜੀ), ਦਿੱਲੀ

ਭਾਈ ਹਰਦੀਪ ਸਿੰਘ ਜੀ ਹੁਸ਼ਿਆਰਪੁਰ

ਸਤਿਕਾਰ ਯੋਗ ਬਾਪੂ ਜੀ ਭਾਈ ਸਾਹਿਬ ਰਣਧੀਰ ਸਿੰਘ ਦੇ ਸੰਗੀ ਸਾਥੀ, ਪੁਰਾਤਨ ਗੁਰਸਿੱਖ, ਨਾਮ ਰਸੀਏ ਅਤੇ ਕੀਰਤਨੀਏ ਭਾਈ ਦਰਸ਼ਨ ਸਿੰਘ ਜੀ 'ਦਿਲਰੁਬਾ' (ਵੀਰਾ ਜੀ) ਦਾ ਜਨਮ ਮਿਤੀ 21 ਜਨਵਰੀ 1921 ਨੂੰ ਪਿੰਡ ਲਹਿਲੀ ਖੁਰਦ (ਨਜ਼ਦੀਕ ਚੱਬੇਵਾਲ) ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਸ. ਅਮਰ ਸਿੰਘ ਠੇਕੇਦਾਰ ਦੇ ਘਰ ਮਾਤਾ ਇੰਦਰ ਕੌਰ ਜੀ ਦੇ ਕੁੱਖੋਂ ਹੋਇਆ। ਇਹ ਆਪ ਜੀ ਪਰਿਵਾਰ ਦੇ ਇਕਲੌਤੇ ਸਪੁੱਤਰ ਸਨ। ਆਪ ਜੀ ਦੇ ਪਿਤਾ ਜੀ ਸ਼ਿਮਲੇ ਵਿਖੇ ਨਾਮੀ ਠੇਕੇਦਾਰ ਸਨ। ਗੁਰਸਿਖੀ ਦੀ ਦਾਤ ਆਪ ਜੀ ਨੂੰ ਆਪਣੇ ਪਰਿਵਾਰ ਵਿਚੋਂ ਹੀ ਮਿਲੀ ਕਿਉਂਕਿ ਆਪ ਜੀ ਦੇ ਮਾਤਾ ਜੀ ਨੂੰ, ਸੰਤ ਜਵਾਲਾ ਸਿੰਘ ਜੀ ਦੇ ਡੇਰੇ ਨਿਤਾਪ੍ਰਤੀ ਜਾਣ ਕਰਕੇ ਗੁਰੂ ਘਰ ਪ੍ਰਤੀ ਅਥਾਹ ਪ੍ਰੇਮ ਪੈਦਾ ਹੋ ਗਿਆ ਸੀ। ਆਪ ਜੀ, ਮਾਤਾ ਜੀ ਦੀ ਉਂਗਲ ਫੜਕੇ ਰੋਜ਼ਾਨਾ ਗੁਰੂ ਘਰ ਜਾਇਆ ਕਰਦੇ ਸਨ ਅਤੇ ਬਚਪਨ ਵਿਚ ਹੀ ਸੰਤ ਜਵਾਲਾ ਸਿੰਘ ਜੀ ਦਾ ਥਾਪੜਾ ਮਿਲ ਗਿਆ ਸੀ। ਡੇਰੇ ਵਿਖੇ ਨਿਤਾਪ੍ਰਤੀ ਕੀਰਤਨ ਅਤੇ ਗਤਕੇ ਦਾ ਅਖਾੜਾ ਲੱਗਿਆ ਕਰਦਾ ਸੀ, ਜਿਸ ਤੋਂ ਆਪ ਜੀ ਨੂੰ ਬਚਪਨ ਤੋਂ ਹੀ ਕੀਰਤਨ ਅਤੇ ਗਤਕੇ ਦੀ ਲਾਗ ਲੱਗੀ। ਆਪ ਜੀ ਨੇ ਦਸਵੀਂ ਤੱਕ ਦੀ ਸੰਸਾਰਿਕ ਵਿਦਿਆ ਮਾਹਿਲਪੁਰ ਵਿਖੇ ਪੂਰੀ ਕੀਤੀ ਅਤੇ ਨਾਲ ਹੀ 'ਗਿਆਨੀ' ਦੀ ਪ੍ਰੀਖਿਆ ਵੀ ਪਾਸ ਕੀਤੀ। ਕਿਉਂਕਿ ਆਪ ਜੀ ਦੇ ਪਿਤਾ ਜੀ ਸ਼ਿਮਲੇ ਵਿਖੇ ਠੇਕੇਦਾਰੀ ਦਾ ਕੰਮ ਕਰਦੇ ਸੀ ਜਿਸ ਕਰਕੇ ਆਪ ਜੀ ਸ਼ਿਮਲੇ ਪਿਤਾ ਜੀ ਕੋਲ ਚਲੇ ਗਏ। ਉਥੇ ਰਹਿ ਕੇ ਆਪ ਜੀ ਨੇ ਡਰਾਫਟਸਮੈਨ ਦਾ ਡਿਪਲੋਮਾ ਪਾਸ ਕੀਤਾ। ਆਪ ਜੀ ਦਾ ਅਨੰਦ ਕਾਰਜ ਬੀਬੀ ਪ੍ਰਕਾਸ਼ ਕੌਰ ਜੀ ਸਪੁੱਤਰੀ ਸ. ਰੱਖਾ ਸਿੰਘ ਜੀ ਅਤੇ ਬੀਬੀ ਜਿਊਣ ਕੌਰ ਜੀ ਨਿਵਾਸੀ ਕੋਟਲਾ ਬਾਬਾ ਨੌਧ ਸਿੰਘ, ਜ਼ਿਲ੍ਹਾ ਹੁਸ਼ਿਆਰਪੁਰ ਨਾਲ ਹੋਇਆ। ਵਿਆਹ ਦਾ ਇਕ ਰੋਚਿਕ ਤੱਥ ਇਹ ਸੀ ਕਿ ਆਪ ਜੀ ਨੇ ਆਪਣੇ ਵਿਆਹ ਵਿਚ ਗਤਕੇ ਦਾ ਅਖਾੜਾ ਲਗਾਇਆ ਜੋ ਕਿ ਉਸ ਵਕਤ ਬਹੁਤ ਵਿਲੱਖਣ ਸੀ।

## ਸ਼ਿਮਲੇ ਵਿਖੇ ਬਾਪੂ ਜੀ ਨਾਲ ਮਿਲਾਪ ਅਤੇ ਅੰਮ੍ਰਿਤ ਛੱਕਣਾ

ਡਿਪਲੋਮਾ ਕਰਨ ਉਪਰੰਤ ਆਪ ਜੀ ਸ਼ਿਮਲੇ ਵਿਖੇ ਨੌਕਰੀ ਦੀ ਭਾਲ ਵਿਚ ਸਨ। ਉਸ ਵੇਲੇ ਆਪ ਦੇ ਪਿਤਾ ਜੀ ਸ਼ਿਮਲੇ ਵਿਚ ਠੇਕੇਦਾਰੀ ਦਾ ਕੰਮ ਕਰਦੇ ਸਨ। ਇਕ ਦਿਨ ਸਹਿਜ ਸੁਭਾਅ ਬਜ਼ਾਰ ਵਿਚੋਂ ਦੀ ਗੁਜ਼ਰ ਰਹੇ ਸਨ ਤਾਂ ਇਕ ਘਰ ਵਿਚੋਂ ਉੱਚੀ-ਉੱਚੀ ਸਿਮਰਨ ਦੀ ਅਵਾਜ਼ ਆ ਰਹੀ ਸੀ ਤਾਂ ਉਥੇ ਹੀ ਕਦਮ ਰੁੱਕ ਗਏ ਅਤੇ ਪੈਰਾਂ ਨੇ ਅੱਗੇ ਚੱਲਣ ਤੋਂ ਜਵਾਬ ਦੇ ਦਿੱਤਾ। ਮਨ ਵਿਚ ਇਸ ਸਿਮਰਨ ਦੀ ਐਸੀ ਕਸ਼ਿਸ਼ ਲੱਗੀ ਅਤੇ ਤਾਂਘ ਉੱਠੀ ਕਿ ਮੈਂ ਐਸੇ ਗੁਰਸਿਖਾਂ ਨੂੰ ਹੁਣੇ ਹੀ ਮਿਲਣਾ ਹੈ। ਉਸ ਘਰ ਦੇ ਬਾਹਰ ਇਕ ਸਿੰਘ ਜੋ ਕਿ ਪਹਿਰੇ 'ਤੇ ਖੜੇ ਸਨ ਉਨ੍ਹਾਂ ਨੂੰ ਬੇਨਤੀ ਕੀਤੀ, ਜੋ ਗੁਰਸਿਖ ਸਿਮਰਨ ਕਰ ਰਹੇ ਹਨ, ਇਹ ਕੌਣ ਹਨ? ਅਤੇ ਮੈਂ ਇਨ੍ਹਾਂ ਦੇ ਦਰਸ਼ਨ ਕਰਨਾ ਚਾਹੁੰਦਾ ਹਾਂ। ਉਸ ਸਿੰਘ ਨੇ



www.AKJ.Org

ਜਵਾਬ ਦਿੱਤਾ ਕਿ ਮੈਂ ਅੰਦਰੋਂ ਭਾਈ ਸਾਹਿਬ ਜੀ ਤੋਂ ਪੁੱਛ ਕੇ ਆਉਂਦਾ ਹਾਂ। ਕੁਝ ਸਮੇਂ ਬਾਅਦ ਉਸ ਸਿੰਘ ਨੇ ਅੰਦਰ ਜਾ ਕੇ ਭਾਈ ਸਾਹਿਬ ਜੀ ਨੂੰ ਕਿਹਾ ਕਿ ਇਕ ਦਰਸ਼ਨ ਸਿੰਘ ਨਾਮ ਦਾ ਸਿੰਘ ਆਪ ਜੀ ਨੂੰ ਮਿਲਣਾ ਚਾਹੁੰਦਾ ਹੈ। ਜਵਾਬ ਵਿਚ ਭਾਈ ਸਾਹਿਬ ਜੀ ਨੇ ਕਿਹਾ ਕਿ ਉਨ੍ਹਾਂ ਨੂੰ ਅੰਦਰ ਭੇਜ ਦਿਉ। ਆਪ ਜੀ ਜਦੋਂ ਅੰਦਰ ਗਏ ਤਾਂ ਭਾਈ ਸਾਹਿਬ ਜੀ ਦੇ ਦਰਸ਼ਨ ਕਰਦਿਆਂ ਸਾਰ ਹੀ 'ਸੁਧ ਕੀ ਨਾ ਸੁਧ ਰਹੀ, ਬੁੱਧ ਕੀ ਨਾ ਬੁੱਧ ਰਹੀ' ਵਾਲੀ ਕਲਾ ਵਰਤ ਗਈ। ਭਾਈ ਸਾਹਿਬ ਜੀ ਨੇ ਉੱਠ ਕੇ ਆਪ ਜੀ ਨੂੰ ਗਲਵੱਕੜੀ ਵਿਚ ਲੈ ਲਿਆ ਅਤੇ ਕਿਹਾ ਕਿ ਤੂੰ ਮੇਰਾ ਚਿਰਾਂ ਤੋਂ ਵਿਛੜਿਆ ਆ ਮਿਲਿਆ ਹੈਂ। ਉਸ ਦਿਨ ਤੋਂ ਬਾਅਦ ਲਗਾਤਾਰ ਭਾਈ ਸਾਹਿਬ ਜੀ ਦੀ ਸੰਗਤ ਕਰਨੀ ਸ਼ੁਰੂ ਕਰ ਦਿੱਤੀ। ਆਪ ਜੀ ਨੇ ਉਨ੍ਹਾਂ ਨਾਲ ਕੀਰਤਨ ਸਮਾਗਮਾਂ ਵਿਚ ਜਾਣਾ ਸ਼ੁਰੂ ਕਰ ਦਿੱਤਾ। ਕਿਉਂਕਿ ਆਪ ਜੀ ਦਿਲਰੁਬਾ ਸਾਜ਼ ਵਜਾਉਣ ਦੇ ਮਾਹਰ ਸਨ, ਇਸ ਕਰਕੇ ਭਾਈ ਸਾਹਿਬ ਜੀ ਨਾਲ ਕੀਰਤਨ ਸਮਾਗਮਾਂ ਵਿਚ ਦਿਲਰੁਬਾ ਵਜਾਉਣ ਦੀ ਸੇਵਾ ਸ਼ੁਰੂ ਕਰ ਦਿੱਤੀ। ਕੀਰਤਨ ਵਿਚ ਹਰਮੋਨੀਅਮ ਤੇ ਨਾਲ ਜਦੋਂ ਦਿਲਰੁਬਾ ਸਾਜ ਵੱਜਣਾ ਤਾਂ ਕੀਰਤਨ ਦਾ ਰੰਗ ਦੁਗਣਾ ਹੋ ਜਾਣਾ ਅਤੇ ਭਾਈ ਸਾਹਿਬ ਜੀ ਨੇ ਅਤਿ ਪ੍ਰਸੰਨ ਹੋਣਾ। ਇਕ ਦਿਨ ਇੰਨੇ ਪ੍ਰਸੰਨ ਹੋਏ ਤੇ ਖੁਸ਼ੀ ਵਿਚ ਖੀਵੇ ਹੁੰਦੇ ਹੋਏ ਆਪ ਜੀ ਦਾ ਨਾਮ ਹੀ 'ਦਿਲਰੁਬਾਂ' ਰੱਖ ਦਿੱਤਾ ਅਤੇ ਜਦੋਂ ਵੀ ਕੀਰਤਨ ਦੀ ਸੇਵਾ ਲੈਣੀ ਹੁੰਦੀ ਤਾਂ ਆਪ ਜੀ ਨੂੰ ਦਿਲਰੁਬਾਂ ਦੇ ਨਾਮ ਤੋਂ ਹੀ ਸੰਬੋਧਨ ਕਰਦੇ ਸਨ।

ਆਪ ਜੀ ਨੇ ਦਿਲਰੁਬਾ ਸਾਜ਼ ਵਜਾਉਣ ਦੀ ਸਿਖਿਆ ਸ਼ਿਮਲੇ ਵਿਖੇ ਰਹਿੰਦਿਆਂ ਹੀ ਇਕ ਮੁਸਲਮਾਨ ਉਸਤਾਦ ਤੋਂ ਹੀ ਪ੍ਰਾਪਤ ਕੀਤੀ ਸੀ। ਸ਼ਿਮਲੇ ਆਪ ਜੀ ਨੂੰ ਭਾਈ ਸਾਹਿਬ ਜੀ ਦੇ ਸੰਗੀ ਸਾਥੀਆਂ ਜਿਨ੍ਹਾਂ ਵਿੱਚ ਭਾਈ ਰਤਨ ਸਿੰਘ ਮਸਤਾਨਾ ਜੀ, ਭਾਈ ਮੱਖਣ ਸਿੰਘ ਜੀ, ਭਾਈ ਹਰਚਰਨ ਸਿੰਘ ਜੀ ਚੰਡੀਗੜ੍ਹ ਵਾਲੇ ਅਤੇ ਭਾਈ ਸੋਭਾ (ਅਸਲ ਨਾਮ ਨਹੀਂ ਪਤਾ) ਜੀ ਸਨ, ਦੀ ਸੰਗਤ ਮਿਲਣ ਕਰਕੇ ਜੀਵਨ ਪਲਟ ਗਿਆ। ਅੰਮ੍ਰਿਤ ਦੀ ਦਾਤ ਬਚਪਨ ਵਿਚ ਹੀ ਲੈ ਲਈ ਸੀ ਪਰ ਸ਼ਿਮਲੇ ਆ ਕੇ ਭਾਈ ਸਾਹਿਬ ਜੀ ਅਤੇ ਸੰਗੀ ਸਾਥੀਆਂ ਦੇ ਪ੍ਰੇਮ ਸਦਕਾ ਅੰਮ੍ਰਿਤ ਦੀ ਦਾਤ ਜਥੇ ਵੱਲੋਂ ਪ੍ਰਾਪਤ ਹੋਈ। ਜਿੰਨਾ ਚਿਰ ਆਪ ਜੀ ਸ਼ਿਮਲੇ ਰਹੇ, ਬਾਣੇ ਵਿਚ ਰਹਿ ਕੇ (ਢਾਲ ਅਤੇ ਕ੍ਰਿਪਾਨ ਸਮੇਤ) ਵਿਚਰਦੇ ਅਤੇ ਕੀਰਤਨ ਸਮਾਗਮਾਂ ਵਿਚ ਹਾਜ਼ਰੀ ਭਰਦੇ ਰਹੇ ਅਤੇ ਗਤਕੇ ਦੇ ਅਖਾੜੇ ਸਜਾਉਂਦੇ ਰਹੇ।

### ਸ਼ਿਮਲੇ ਤੋਂ ਦਿੱਲੀ ਆ ਕੇ ਵੱਸਣਾ

ਆਪ ਜੀ ਨੇ ਸੰਨ 1949 ਵਿੱਚ ਸ਼ਿਮਲੇ ਤੋਂ ਪਰਿਵਾਰ ਸਮੇਤ ਦਿੱਲੀ ਆ ਕੇ ਰਹਿਣਾ ਸ਼ੁਰੂ ਕਰ ਦਿੱਤਾ। ਦਿੱਲੀ ਆ ਕੇ ਆਪ ਜੀ ਦਾ ਮੇਲ ਭਾਈ ਅਜੀਤ ਸਿੰਘ ਜੀ ਨਾਲ ਹੋਇਆ, ਜੋ ਕਿ ਬਾਪੂ ਜੀ ਦੇ ਸੰਗੀ-ਸਾਥੀ ਸਨ, ਇਕ ਬਹੁਤ ਉੱਚੀ ਪੋਸ਼ਟ 'ਤੇ ਸਨ। ਸੰਨ 1944 ਦੇ ਨੇੜੇ-ਤੇੜੇ ਉਨ੍ਹਾਂ ਨੇ ਸਾਰੇ ਸਿੰਘਾਂ ਨੂੰ ਇਕੱਠਾ ਕਰਕੇ, ਜਿਨ੍ਹਾਂ ਵਿਚ ਭਾਈ ਦਰਸ਼ਨ ਸਿੰਘ ਜੀ ਭਰਾ ਜੀ, ਭਾਈ ਅਵਤਾਰ ਸਿੰਘ ਜੀ, ਭਾਈ ਸੂਰਤ ਸਿੰਘ ਪੂਰਨ ਜੀ, ਭਾਈ ਹਰਬੰਸ ਸਿੰਘ ਜੀ ਨਿਰਮਾਣ ਵੀ ਸਨ, ਦਿਲੀ ਵਿਚ ਜਥੇ ਦਾ ਮੁੱਢ ਬੰਨਿਆ ਅਤੇ ਕਈ ਸਿੰਘਾਂ ਨੂੰ ਨੌਕਰੀਆਂ ਵਿਚ ਵੀ ਲਗਵਾਇਆ।

ਭਾਈ ਅਜੀਤ ਸਿੰਘ ਜੀ ਦੇ ਉੱਦਮ ਸਦਕਾ ਆਪ ਜੀ ਨੂੰ ਰੇਲਵੇ ਵਿਭਾਗ ਵਿਚ ਡਰਾਫਟਸਮੈਨ ਦੀ ਨੌਕਰੀ ਮਿਲੀ ਅਤੇ ਉਨ੍ਹਾਂ ਨੇ ਪ੍ਰੇਰਨਾ ਦਿੰਦੇ ਹੋਏ ਆਪ ਜੀ ਨੂੰ ਨੌਕਰੀ ਦੇ ਨਾਲ ਨਾਲ ਆਪਣਾ ਜ਼ਿਆਦਾਤਰ ਧਿਆਨ ਕੀਰਤਨ ਅਤੇ ਗਤਕਾ ਸਿਖਾਉਣ ਅਤੇ ਕੀਰਤਨ ਦੀਆਂ ਨਵੀਆਂ ਨਵੀਆਂ ਗੀਤਾਂ (Tunes) ਬਣਾਉਣ 'ਤੇ ਕੇਂਦਰਤ ਕਰਨ ਲਈ ਕਿਹਾ। ਇਸ ਤੋਂ ਪਹਿਲਾਂ ਦਿੱਲੀ ਵਿਚ ਕੀਰਤਨ ਅਖਾੜੇ ਸਜਣੇ ਸ਼ੁਰੂ ਹੋ ਗਏ ਸਨ ਅਤੇ ਹਰ ਸਾਲ ਭਾਈ ਸਾਹਿਬ ਜੀ ਨੂੰ ਦੁਸ਼ਹਿਰੇ ਦੀਆਂ ਛੁੱਟੀਆਂ ਵੇਲੇ ਬੁਲਾ ਕੇ ਸਾਲਾਨਾ ਅਖੰਡ ਕੀਰਤਨ ਦਾ ਆਯੋਜਿਨ ਵੀ ਕੀਤਾ ਜਾਂਦਾ ਸੀ। ਆਪ ਜੀ ਵੀ ਇਨ੍ਹਾਂ ਕੀਤਰਨ ਅਖਾੜਿਆਂ ਦੇ ਖਾਸ ਰੁਕਨ ਬਣ ਗਏ।

ਭਾਈ ਸਾਹਿਬ ਜਦੋਂ ਵੀ ਆਪ ਜੀ ਨੂੰ ਕੀਰਤਨ ਕਰਨ ਨੂੰ ਕਹਿੰਦੇ ਤੇ ਨਾਲ ਹੀ ਕਹਿਣਾ ਕਿ ਤਾਂ ਦਿਲਰੁਬਾ ਕੋਈ



www.AKJ.Org

ਨਵੀਂ ਚੀਜ਼ ਸੁਣਾ। ਭਾਈ ਸਾਹਿਬ ਜੀ ਦੀ ਐਸੀ ਕ੍ਰਿਪਾ ਹੋਈ ਕਿ ਆਪ ਜੀ ਦੀ ਗਿਣਤੀ ਮੋਹਰੀ ਕੀਰਤਨੀਏ ਸਿੰਘ ਵਿੱਚ ਹੋਣੀ ਸ਼ੁਰੂ ਹੋ ਗਈ। ਜਦੋਂ ਵੀ ਕਿਤੇ ਕੀਰਤਨ ਸਮਾਗਮਾਂ ਵਿਚ ਕੀਰਤਨ ਮੱਠਾ ਪੈ ਜਾਣਾ ਤਾਂ ਭਾਈ ਸਾਹਿਬ ਨੇ ਸੰਗਤ ਵਿਚ ਅਵਾਜ਼ ਦੇ ਕੇ ਕਹਿਣਾ ਕਿ ਚੱਲ ਦਿਲਰੁਬਾ, ਕੀਰਤਨ ਆਤਮ ਰੰਗੀ ਅਵਸਥਾ ਵਿੱਚ ਕਰੋ ਅਤੇ ਕੀਰਤਨ ਕਰਨ ਲਈ ਥਾਪੜਾ ਵੀ ਦੇ ਦੇਣਾ। ਭਾਈ ਸਾਹਿਬ ਜੀ ਵਲੋਂ ਆਪ ਜੀ ਨੂੰ ਕੀਰਤਨ ਕਰਨ ਵੇਲੇ ਖੁੱਲ੍ਹਾ ਟਾਈਮ ਦਿੱਤਾ ਜਾਂਦਾ ਸੀ। ਆਪ ਜੀ ਕਲਾਸੀਕਲ ਕੀਰਤਨ ਦੇ ਮਾਹਿਰ ਹੋਣ ਕਰਕੇ ਆਪ ਜੀ ਰਾਗਾਂ ਵਿੱਚ ਹੀ ਕੀਰਤਨ ਕਰਦੇ ਸਨ ਅਤੇ ਕੀਰਤਨ ਸਮਾਗਮਾਂ ਵਿੱਚ ਅਲੌਕਿਕ ਰੰਗ ਬੱਝਦਾ ਹੁੰਦਾ ਸੀ। ਆਪ ਜੀ ਭਾਈ ਸਾਹਿਬ ਵੇਲੇ ਵੀ ਸੰਗਤਾਂ ਨੂੰ ਕੀਰਤਨ ਸਿਖਾਉਣ ਅਤੇ ਗੱਤਕਾ ਸਿਖਾਉਣ ਦੀ ਸੇਵਾ ਕਰਦੇ ਰਹੇ। ਆਪ ਜੀ ਵਲੋਂ ਰਾਗਾਂ ਵਿਚ ਬਣਾਈਆਂ ਮਨਮੋਹਕ ਧੁੰਨਾਂ (ਰੀਤਾਂ) ਅੱਜ ਵੀ ਅਖੰਡ ਕੀਰਤਨ ਸਮਾਗਮਾਂ ਵਿਚ ਕੀਰਤਨੀਏ ਵੀਰਾਂ-ਭੈਣਾਂ ਵਲੋਂ ਗਾਈਆਂ ਜਾ ਰਹੀਆਂ ਹਨ।

**ਜੀਵਨ ਵਿਚ ਵਾਪਰੀਆਂ ਕੁਝ ਘਟਨਾਵਾਂ**

ਸ਼ਿਮਲੇ ਰਹਿੰਦਿਆਂ ਭਾਈ ਸਾਹਿਬ ਜੀ ਦਾ ਲਿਖਤੀ ਸੁਨੇਹਾ ਸਿੰਘਾਂ ਨੂੰ ਮਿਲਿਆ ਕਿ ਪੰਜੋਖਰਾ ਸਾਹਿਬ ਵਿਖੇ ਕੀਰਤਨ ਸਮਾਗਮ ਹੈ, ਆਪ ਜੀ ਦਿਲਰੁਬਾ ਸਮੇਤ ਇਸ ਸਮਾਗਮ ਵਿਚ ਪਹੁੰਚੋ। ਆਪ ਜੀ ਉਸ ਵਕਤ ਮਾਇਕ ਤੌਰ ’ਤੇ ਤੰਗੀ ਦੇ ਦੌਰ ’ਚੋਂ ਗੁਜ਼ਰ ਰਹੇ ਸਨ। ਫਿਰ ਵੀ ਭਾਈ ਸਾਹਿਬ ਜੀ ਦੇ ਸੱਦੇ ਨੂੰ ਨਜ਼ਰ ਅੰਦਾਜ਼ ਨਹੀਂ ਸੀ ਕਰਨਾ ਲੋਚਦੇ। ਇਸੀ ਸੋਚ ਵਿਚ ਆਪ ਜੀ ਆਪਣੇ ਕਮਰੇ ਵਿਚ ਇਕੱਲੇ ਬੈਠੇ ਦਿਲਰੁਬਾ ਵਜਾ ਰਹੇ ਸਨ, ਤਾਂ ਉਸ ਵਕਤ ਰਾਤ ਦਾ ਸਮਾਂ ਸੀ ਤੇ ਦਰਵਾਜ਼ੇ ਵਿਚੋਂ ਖੜਖੜਾਉਣ ਦੀ ਅਵਾਜ਼ ਆਈ। ਆਪ ਜੀ ਇਕ ਵਾਰ ਸੋਚੀਂ ਪੈ ਗਏ ਕਿ ਇੰਨੀ ਰਾਤ ਨੂੰ ਇਸ ਜਗ੍ਹਾ ਕੌਣ ਆ ਸਕਦਾ ਹੈ? ਉਸ ਵਕਤ ਇਹ ਇਲਾਕਾ ਵੀ ਸੁੰਨਸਾਨ ਸੀ। ਆਪ ਜੀ ਨੇ ਉਠ ਕੇ ਦਰਵਾਜ਼ਾ ਖੋਲ੍ਹਿਆ ਤਾਂ ਇਕ ਸਿੰਘ ਜੋ ਕਿ ਬਾਣੇ ਵਿਚ ਸੀ, ਨੇ ਫ਼ਤਹਿ ਬੁਲਾਈ ਅਤੇ ਕਿਹਾ ਕਿ ਆਪ ਜੀ ਨੂੰ ਮਾਇਆ ਦੀ ਲੋੜ ਹੈ ਅਤੇ ਮਾਇਆ ਦਿੰਦੇ ਕਿਹਾ ਕਿ ਇਸ ਨੂੰ ਪ੍ਰਵਾਨ ਕਰੋ। ਕਾਫ਼ੀ ਨਾਂਹ-ਨੁਕਰ ਕਰਨ ਦੇ ਬਾਵਜੂਦ ਉਸ ਸਿੰਘ ਨੇ ਮਾਇਆ ਦੇ ਦਿੱਤੀ ਅਤੇ ਫ਼ਤਹਿ ਬੁਲਾ ਕੇ ਵਾਪਸ ਪਰਤ ਗਿਆ। ਆਪ ਜੀ ਨੇ ਬਾਹਰ ਨਿਕਲ ਕੇ ਉਸ ਨੂੰ ਮਿਲਣ ਦੀ ਕੋਸ਼ਿਸ਼ ਕੀਤੀ ਪਰ ਉਹ ਸਿੰਘ ਕਿਤੇ ਨਜ਼ਰੀਂ ਨਹੀਂ ਆਇਆ। ਇਸ ਰਮਜ਼ ਨੂੰ ਸਮਝਦੇ ਹੋਏ ਕਿ ਇਹ ਭਾਈ ਸਾਹਿਬ ਜੀ ਦਾ ਹੀ ਕੋਈ ਕੌਤਕ ਹੈ ਅਤੇ ਇਸੀ ਮਾਇਆ ਸਦਕਾ ਆਪ ਜੀ ਪੰਜੋਖਰਾ ਸਾਹਿਬ ਸਮਾਗਮ ’ਤੇ ਪਹੁੰਚ ਗਏ। ਭਾਈ ਆਤਮਾ ਸਿੰਘ ਜੀ ਉਸ ਵਕਤ ਪੰਜੋਖਰਾ ਸਾਹਿਬ ਹੀ ਰਹਿੰਦੇ ਸਨ ਉਨ੍ਹਾਂ ਨੇ ਆਪ ਜੀ ਨੂੰ ਉਥੇ ਹੀ ਰੱਖ ਲਿਆ ਅਤੇ ਉਥੇ ਹੀ ਬੱਚਿਆਂ ਨੂੰ ਸਕੂਲ ਵਿਚ ਪੜ੍ਹਾਉਣ, ਕੀਰਤਨ ਅਤੇ ਗਤਕਾ ਸਿਖਾਉਣ ਦੀ ਸੇਵਾ ਲਗਾ ਦਿੱਤੀ। ਤਕਰੀਬਨ ਇਕ ਸਾਲ ਇਹ ਸੇਵਾ ਨਿਭਾਈ। ਇਸ ਤੋਂ ਪਹਿਲਾਂ ਵੀ ਸ਼ਿਮਲੇ ਵਿਚ ਬੱਚਿਆਂ ਨੂੰ ਕੀਰਤਨ ਅਤੇ ਗਤਕਾ ਸਿਖਾਉਣ ਦੀ ਸੇਵਾ ਸਮੇਂ-ਸਮੇਂ ਤੇ ਕਰਦੇ ਰਹੇ ਸਨ ਅਤੇ ਇਥੇ ਹੀ ਭਾਈ ਸਾਹਿਬ ਜੀ ਨੇ ਆਪ ਦੇ ਸਿਖਿਆਰਥੀ ਬੱਚਿਆਂ ਤੋਂ ਕੀਰਤਨ ਸੁਣਿਆ ਸੀ ਅਤੇ ਬਹੁਤ ਖੁਸ਼ ਹੋਏ ਸਨ। ਭਾਈ ਸਾਹਿਬ ਜੀ ਨੇ ਥਾਪੜਾ ਦੇ ਕੇ ਕਿਹਾ ਕਿ ਇਨ੍ਹਾਂ ਬੱਚਿਆਂ ਨੂੰ ਹੋਰ ਕੀਰਤਨ ਸਿਖਾਉ ਅਤੇ ਖ਼ੁਦ ਭਾਈ ਸਾਹਿਬ ਕੁਮਾਰ ਹੱਟੀ ਆ ਗਏ। ਕੁਝ ਦਿਨਾਂ ਬਾਅਦ ਭਾਈ ਸਾਹਿਬ ਜੀ ਦਾ ਕੁਮਾਰਹੱਟੀ ਤੋਂ ਸੁਨੇਹਾ ਮਿਲਿਆ ਕਿ ਆਪ ਜੀ ਬੱਚਿਆਂ ਨੂੰ ਲੈ ਕੇ ਕੁਮਾਰਹੱਟੀ ਆਉ, ਮੈਂ ਆਪ ਜੀ ਨੂੰ ਅਤੇ ਬੱਚਿਆਂ ਨੂੰ ਵਿਸਮਾਦੀ ਰੰਗਾਂ ਵਿਚ ਕੀਰਤਨ ਕਰਦਿਆਂ ਦੇਖਣਾ ਚਾਹੁੰਦਾ ਹਾਂ ਅਤੇ ਇਸੀ ਆਦੇਸ਼ ਅਨੁਸਾਰ ਆਪ ਬਚਿਆਂ ਸਮੇਤ ਕੁਮਾਰ ਹੱਟੀ ਆ ਗਏ।

ਇਕ ਵਾਰ ਸ਼ਿਮਲੇ ਰਹਿੰਦੇ ਹੋਏ ਆਪ ਜੀ ਬਹੁਤ ਬੀਮਾਰ ਹੋ ਗਏ, ਜਿਸ ਨਾਲ ਬਹੁਤ ਕਮਜ਼ੋਰ ਹੋ ਗਏ ਅਤੇ ਨਾਲ ਹੀ ਗੰਠੀਏ ਤੋਂ ਪੀੜਤ ਹੋ ਗਏ। ਜੋ ਡਾਕਟਰ ਆਪ ਜੀ ਦਾ ਇਲਾਜ ਕਰ ਰਹੇ ਸਨ, ਉਨ੍ਹਾਂ ਨੇ ਇਨ੍ਹਾਂ ਦੇ ਪਿਤਾ ਜੀ ਨੂੰ



www.AKJ.Org

ਕਿਹਾ ਕਿ ਇਨ੍ਹਾਂ ਨੂੰ ਦੁਆਈ ਦੇ ਨਾਲ ਨਾਲ ਮੀਟ ਵੀ ਕਿਸੇ ਰੂਪ ਵਿਚ ਦਿੱਤਾ ਜਾਵੇ ਤਾਂ ਜੋ ਕਮਜ਼ੋਰੀ ਦੂਰ ਹੋ ਸਕੇ। ਆਪ ਜੀ ਦੇ ਪਿਤਾ ਨੇ ਡਾਕਟਰਾਂ ਨੂੰ ਕਿਹਾ ਕਿ ਇਹ ਆਪਣੇ ਅਸੂਲਾਂ ਦਾ ਬਹੁਤ ਪੱਕਾ ਹੈ ਅਤੇ ਇਸ ਨੇ ਨਹੀਂ ਮੰਨਣਾ। ਡਾਕਟਰਾਂ ਨੇ ਫਿਰ ਸਲਾਹ ਦਿੱਤੀ ਕਿ ਖਾਣੇ ਵਿਚ ਮੀਟ ਦਾ ਸੂਪ ਮਿਲਾ ਕੇ ਦੇ ਦਿੱਤਾ ਜਾਵੇ। ਪਿਤਾ ਜੀ ਨੇ ਐਸਾ ਹੀ ਕੀਤਾ। ਪਰ ਕੁਦਰਤ ਦਾ ਐਸਾ ਭਾਣਾ ਵਰਤਿਆ ਕਿ ਆਪ ਜੀ ਨੂੰ ਦਿੱਤੇ ਖਾਣੇ ਵਿਚ ਛੋਟਾ ਜਿਹਾ ਮਾਸ ਦਾ ਟੁੱਕੜਾ ਨਜ਼ਰੀਂ ਪੈ ਗਿਆ। ਆਪ ਜੀ ਨੇ ਉਸੀ ਵਕਤ ਬਿਨਾਂ ਕੁਝ ਕਹੇ, ਥਾਲੀ ਨੂੰ ਇੰਨੀ ਜ਼ੋਰ ਦੀ ਹੱਥ ਮਾਰਿਆ ਕਿ ਸਾਰਾ ਖਾਣਾ ਡਾਕਟਰ ਦੇ ਸਾਹਮਣੇ ਹੀ ਜ਼ਮੀਨ ’ਤੇ ਖਿਲਰ ਗਿਆ। ਡਾਕਟਰ ਨੂੰ ਕਿਹਾ ਕਿ ਮੈਨੂੰ ਕਿਸੇ ਦੁਆਈ ਦੀ ਜ਼ਰੂਰਤ ਨਹੀਂ ਹੈ, ਅਕਾਲਪੁਰਖ ਦੇ ਭਾਣੇ ’ਤੇ ਛੱਡ ਦਿੱਤਾ ਜਾਵੇ। ਅਕਾਲ ਪੁਰਖ ਤੇ ਅਟੱਲ ਵਿਸ਼ਵਾਸ ਸਦਕਾ ਆਪ ਜੀ ਕੁਝ ਦਿਨਾਂ ਵਿਚ ਹੀ ਠੀਕ ਹੋ ਗਏ।

ਫਿਰ ਕੁਝ ਐਸੀ ਘਟਨਾ ਵਾਪਰੀ ਕਿ ਆਪ ਜੀ ਦਿੱਲੀ ਰਹਿੰਦੇ ਹੋਏ ਇਕ ਵਾਰ ਬਹੁਤ ਬੀਮਾਰ ਹੋ ਗਏ ਅਤੇ ਇਤਨੇ ਬੀਮਾਰ ਹੋ ਗਏ ਕਿ 3-4 ਮਹੀਨੇ ਹਸਪਤਾਲ ਵਿਚ ਦਾਖਲ ਰਹੇ ਅਤੇ ਇਤਨੇ ਕਮਜ਼ੋਰ ਹੋ ਗਏ ਕਿ ਉਠਣਾ-ਬੈਠਣਾ ਬਹੁਤ ਮੁਸ਼ਕਲ ਹੋ ਗਿਆ। ਬੈਡ ਤੇ ਪਏ ਪਏ ਬੈਡ-ਸੋਰ ਵੀ ਹੋ ਗਿਆ। ਬੈਡ ਤੇ ਪਏ ਪਏ ਆਪ ਜੀ ਭਾਈ ਸਾਹਿਬ ਜੀ ਨੂੰ ਬਹੁਤ ਯਾਦ ਕਰਦੇ ਰਹੇ। ਕੁਝ ਦਿਨਾਂ ਬਾਅਦ ਭਾਈ ਸਾਹਿਬ ਜੀ ਨੇ ਸਿੰਘਾਂ ਨੂੰ ਪੁਛਿਆ ਕਿ ਦਿਲਰੁਬਾ ਨਜ਼ਰ ਨਹੀਂ ਆ ਰਿਹਾ ? ਕੀ ਗੱਲ ਹੈ ? ਤਾਂ ਸਿੰਘਾਂ ਨੇ ਦੱਸਿਆ ਕਿ ਉਹ ਬਹੁਤ ਬੀਮਾਰ ਹਨ ਅਤੇ ਹਸਪਤਾਲ ਦਾਖਲ ਹਨ। ਭਾਈ ਸਾਹਿਬ ਉਸ ਵਕਤ ਲੋਕਲ ਸਮਾਗਮ ਵਿਚ ਸਨ ਅਤੇ ਪਤਾ ਲਗਦੇ ਸਾਰ, ਸੰਗਤ ਵਿਚ ਆਪ ਜੀ ਦੀ ਦੇਹ ਅਰੋਗਤਾ ਦੀ ਅਰਦਾਸ ਕੀਤੀ, ਜਿਸ ਤੋਂ ਬਾਅਦ ਇਨ੍ਹਾਂ ਦੀ ਸਿਹਤ ਹੌਲੀ-ਹੌਲੀ ਠੀਕ ਹੋਣੀ ਸ਼ੁਰੂ ਹੋ ਗਈ। ਕੁਝ ਦਿਨਾਂ ਬਾਅਦ ਹਸਪਤਾਲ ਤੋਂ ਵੀ ਛੁੱਟੀ ਮਿਲ ਗਈ ਪਰ ਸਿਹਤ ਬਹੁਤ ਕਮਜ਼ੋਰ ਹੋਣ ਕਰਕੇ ਸਮਾਗਮਾਂ ਵਿਚ ਹਾਜ਼ਰੀ ਨਹੀਂ ਭਰ ਸਕਦੇ ਸੀ। ਭਾਈ ਸਾਹਿਬ ਜੀ ਨੇ ਸਿੰਘਾਂ ਨੂੰ ਪੁੱਛਿਆ ਕਿ ਦਿਲਰੁਬਾ ਹੁਣ ਘਰ ਆ ਗਿਆ ਹੈ ਪਰ ਸਮਾਗਮਾਂ ਤੇ ਕਿਉਂ ਨਹੀਂ ਆ ਰਿਹਾ ? ਸਿੰਘਾਂ ਨੇ ਦੱਸਿਆ ਕਿ ਉਹ ਬਹੁਤ ਕਮਜ਼ੋਰ ਹਨ ਅਤੇ ਚੰਗੀ ਤਰ੍ਹਾਂ ਉੱਠ ਬੈਠ ਨਹੀਂ ਸਕਦੇ। ਭਾਈ ਸਾਹਿਬ ਜੀ ਨੇ ਸਿੰਘਾਂ ਨੂੰ ਕਿਹਾ ਕਿ ਉਹ ਸੰਗਤ ਵਿਚ ਆਵੇ। ਭਾਈ ਸਾਹਿਬ ਜੀ ਦੇ ਕਹਿਣ ਤੇ ਕੁਝ ਸਿੰਘਾਂ ਨੇ ਘਰ ਆ ਕੇ ਆਪ ਜੀ ਨੂੰ ਸਹਾਰਾ ਦੇ ਕੇ ਸਮਾਗਮ ਤੇ ਲੈ ਗਏ। ਸਮਾਗਮ ਤੇ ਆਪ ਜੀ ਦਾ ਭਾਈ ਸਾਹਿਬ ਜੀ ਨਾਲ ਮੇਲ ਹੋਇਆ ਤਾਂ ਭਾਈ ਸਾਹਿਬ ਜੀ ਨੇ ਆਪ ਜੀ ਨੂੰ ਕਿਹਾ ਕਿ ਦਿਲਰੁਬਾ, ਤੂੰ ਇਹ ਨਾ ਸਮਝੀਂ ਕਿ ਤੂੰ ਦੁਆਈਆਂ ਨਾਲ ਠੀਕ ਹੋਇਆ ਹੈਂ, ਤੇਰੀ ਸਾਨੂੰ ਲੋੜ ਸੀ ਅਸੀਂ ਤੈਨੂੰ ਅਕਾਲ ਪੁਰਖ ਤੋਂ ਮੰਗ ਕੇ ਲਿਆ ਹੈ, ਤੂੰ ਸਾਨੂੰ ਕੀਰਤਨ ਸੁਣਾ। ਭਾਈ ਸਾਹਿਬ ਜੀ ਦੇ ਕਹਿਣ ਤੇ ਕੀਰਤਨ ਐਸਾ ਰੰਗਾਂ ਵਿਚ ਕੀਤਾ ਕਿ ਆਪ ਜੀ ਦਾ ਸਰੀਰ ਨਵਾਂ ਨਿਰੋਆ ਹੋ ਗਿਆ। ਪਿਛੇ ਬੈਠੇ ਭਾਈ ਸਾਹਿਬ ਥਾਪੜਾ ਦਿੰਦੇ ਰਹੇ।

ਪਾਉਂਟਾ ਸਾਹਿਬ ਜੀ ਦੀ ਇਕ ਘਟਨਾ ਦਾ ਜ਼ਿਕਰ ਕਰਨਾ ਜ਼ਰੂਰੀ ਹੈ ਬਾਪੂ ਜੀ, ਆਪ ਜੀ ਅਤੇ ਕੁਝ ਸਿੰਘ ਪਾਉਂਟਾ ਸਾਹਿਬ ਸਮਾਗਮ ਤੇ ਗਏ ਹੋਏ ਸਨ। ਓਥੇ ਅਨਾਉਸਮੈਂਟ ਹੋਈ ਕਿ ਸਵੇਰੇ ਆਸਾ ਜੀ ਦੀ ਵਾਰ ਦਾ ਕੀਰਤਨ ਹੋਵੇਗਾ। ਨਜ਼ਦੀਕ ਹੀ ਤਕਰੀਬਨ 4-5 ਸੌ ਸਾਧੂਆਂ ਦਾ ਟੋਲਾ ਉਥੇ ਠਹਿਰਿਆ ਹੋਇਆ ਸੀ, ਜੋ ਧੂਣਾ ਧੁਖਾ ਕੇ ਚਰਸ ਦਾ ਸੇਵਨ ਕਰ ਰਹੇ ਸਨ। ਆਪ ਜੀ ਨੇ ਲਲਕਾਰ ਕੇ ਉਨ੍ਹਾਂ ਨੂੰ ਕਿਹਾ ਕਿ ਉਏ ! ਇਸ ਨੂੰ ਬੰਦ ਕਰੋ, ਪਰ ਉਹ ਕਿਸੇ ਦੀ ਮੰਨਣ ਵਾਲੇ ਨਹੀਂ ਸਨ। ਸ਼ਿਮਲੇ ਵਾਲੇ ਭਾਈ ਪ੍ਰੀਤਮ ਸਿੰਘ ਜੀ ਠੇਕੇਦਾਰ ਅਤੇ ਭਾਈ ਹਰਬੰਸ ਸਿੰਘ ਜੀ ਨਿਰਮਾਣ (ਦਿੱਲੀ ਵਾਲੇ) ਇਨ੍ਹਾਂ ਦੇ ਨਾਲ ਸਨ। ਆਪ ਜੀ ਨੇ ਭਾਈ ਹਰਬੰਸ ਸਿੰਘ ਜੀ ਨੂੰ ਪੁੱਛਿਆ ਕਿ ਕਿਸ ਤਰ੍ਹਾਂ ਕਰਨੀ ਹੈ ਤੇ ਉਨ੍ਹਾਂ ਨੇ ਕਿਹਾ, ਵੀਰਾ ਜੀ ਤੁਸੀਂ ਜਿਸ ਤਰ੍ਹਾਂ ਠੀਕ ਸਮਝਦੇ ਹੋ। ਇਸ ਤੋਂ ਬਾਅਦ ਇਨ੍ਹਾਂ ਤਿੰਨਾਂ ਸਿੰਘਾਂ ਨੇ ਸਾਧੂਆਂ ਦੇ ਧੂਣੇ ਨੂੰ ਘੇਰ ਲਿਆ। ਆਪ ਜੀ ਨੇ ਕ੍ਰਿਪਾਨ ਕੱਢਣ ਦੀ ਕੋਸ਼ਿਸ਼ ਕੀਤੀ ਪਰ ਮਿਆਨ ’ਚੋਂ ਨਹੀਂ ਨਿਕਲੀ ਤੇ ਇਨ੍ਹਾਂ ਨੇ ਚਾਰੋਂ ਪਾਸੇ ਧੂਣੇ ਵਿਚ ਛਾਲਾਂ ਮਾਰ ਦਿੱਤੀਆਂ ਤਾਂ ਉਨ੍ਹਾਂ ਦੇ ਟੋਲੇ ਵਿਚ ਹਫੜਾਦਫੜੀ ਮੱਚ ਗਈ। ਉਹ ਆਪਣੇ


www.AKJ.Org

ਡਾਂਗਾਂ, ਸੋਟੇ, ਵਾਜੇ ਢੋਲਕੀਆਂ ਸਭ ਉਥੇ ਹੀ ਛੱਡ ਕੇ ਨੱਸ ਗਏ। ਜਿਨ੍ਹਾਂ ਚਿਰ ਸਿੰਘ ਉਥੇ ਰਹੇ, ਉਹ ਗੁਰਦੁਆਰਾ ਸਾਹਿਬ ਦੇ ਨੇੜੇ ਨਹੀਂ ਆਏ।

ਇਕ ਹੋਰ ਘਟਨਾ ਦਾ ਜ਼ਿਕਰ ਕਰਨਾ ਵੀ ਜ਼ਰੂਰੀ ਹੈ ਕਿ ਇਕ ਜਗ੍ਹਾ ਰੈਣ ਸਬਾਈ ਕੀਰਤਨ ਦਾ 12-13 ਘੰਟੇ ਬਾਅਦ ਭੋਗ ਪਿਆ ਤਾਂ ਭੋਗ ਉਪਰੰਤ ਲੰਗਰ ਛੱਕ ਕੇ, ਸਾਰੇ ਸਿੰਘ ਬਿਸਰਾਮ ਕਰਨ ਚੱਲੇ ਤਾਂ ਸਿੰਘਾ ਨੇ ਕਿਹਾ ਕਿ ਬਾਪੂ ਜੀ ਨੂੰ ਉੱਪਰ ਚੁਬਾਰੇ ਵਿਚ ਵਿਸ਼ਰਾਮ ਕਰਨ ਲਈ ਭੇਜ ਦੇਵੋ। ਬਾਪੂ ਜੀ ਵਿਸ਼ਰਾਮ ਕਰਨ ਚੁਬਾਰੇ 'ਤੇ ਚਲੇ ਗਏ ਅਤੇ ਬਾਕੀ ਸਿੰਘ ਹੇਠਲੇ ਹਾਲ ਵਿਚ ਵਿਸ਼ਰਾਮ ਕਰਨ ਲੱਗੇ। ਭਾਈ ਅਜੀਤ ਸਿੰਘ ਜੀ ਨੇ ਵੀਰਾ ਜੀ ਨੂੰ ਕਿਹਾ ਕਿ ਦਿਲਰੁਬਾ ਜੀ, ਤੁਸੀਂ ਆਪਣੇ ਸਾਜ਼ ਹੁਣੇ ਹੀ ਸੁਰ ਕਰ ਲਵੋ, ਕਿਉਂਕਿ ਭਾਈ ਸਾਹਿਬ ਸਾਜ਼ਾਂ ਨੂੰ ਸੁਰ ਕਰਨ ਵੇਲੇ ਟਾਈਮ ਲੱਗੇ ਤਾਂ ਨਰਾਜ਼ ਹੁੰਦੇ ਹਨ। ਆਪ ਜੀ ਹਾਲ ਵਿਚ ਹੀ ਆਪਣੇ ਸਾਜ਼ ਸੁਰ ਕਰਨ ਲੱਗ ਪਏ। ਸੰਗਤਾਂ ਪਹਿਲਾਂ ਹੀ ਕੀਰਤਨ ਰਾਹੀਂ ਨਾਮ ਦੇ ਛਾਂਦੇ ਛੱਕ ਕੇ ਚਾਰਜ ਹੋਈਆਂ ਪਈਆਂ ਸਨ। ਭਾਈ ਅਜੀਤ ਸਿੰਘ ਜੀ ਕਿਹਾ, ਵੀਰਾ ਜੀ ਇਕ ਸ਼ਬਦ ਲਾ ਦਿਉ। ਵੀਰਾ ਜੀ ਨੇ ਸ਼ਬਦ ਹੌਲੀ ਹੌਲੀ ਸ਼ੁਰੂ ਕਰ ਦਿੱਤਾ ਤਾਂ ਕਿ ਬਾਪੂ ਜੀ ਦੇ ਆਰਾਮ ਕਰਨ ਵਿਚ ਵਿਘਨ ਨਾ ਪਵੇ। ਪਰ ਫੇਰ ਵੀ ਸ਼ਬਦ ਕੀਰਤਨ ਦੀ ਅਵਾਜ਼ ਬਾਪੂ ਜੀ ਦੇ ਕੰਨਾਂ ਵਿਚ ਪੈ ਗਈ। ਬਾਪੂ ਜੀ ਨੱਠੇ ਨੱਠੇ ਹੇਠਾਂ ਹਾਲ ਵਿਚ ਆ ਗਏ ਅਤੇ ਕਹਿਣ ਲੱਗੇ—'ਬਾਣੀ ਥੱਲੇ ਅਤੇ ਮੈਂ ਉੱਪਰ' ਕਹਿ ਕੇ ਸਿੰਘਾਂ ਵਿਚ ਹੀ ਬੈਠ ਗਏ ਅਤੇ ਕੀਰਤਨ ਦਾ ਐਸਾ ਰੰਗ ਬੱਝਿਆ ਕਿ ਫਿਰ ਕੀਰਤਨ ਵਿੱਚ ਹੀ ਸਾਰਿਆਂ ਦੀ ਸਮਾਧੀਆਂ ਲੱਗ ਗਈਆਂ ਅਤੇ 12-13 ਘੰਟੇ ਦੁਬਾਰਾ ਫਿਰ ਕੀਰਤਨ ਹੋਇਆ।

ਕੁਝ ਸਿੰਘਾਂ ਨੇ ਬਾਪੂ ਜੀ ਨੂੰ ਸ਼ਿਕਾਇਤ ਕੀਤੀ ਕਿ ਦਿਲਰੁੱਬਾ ਵੱਖਰਾ ਕੀਰਤਨ ਕਰਦਾ ਹੈ। ਬਾਪੂ ਜੀ ਨੇ ਕਿਹਾ—ਅੱਛਾ, ਦਿਲਰੁਬਾ ਵੱਖਰਾ ਕੀਰਤਨ ਕਰਦਾ ਹੈ ? ਸੋਟੀ ਲਿਆਉ, ਦਿਲਰੁਬਾ ਨੂੰ ਸਿੱਧਾ ਕਰੀਏ। ਉਸ ਸਮੇਂ ਦਿੱਲੀ ਦੇ ਸਾਲਾਨਾ ਸਮਾਗਮ ਤੇ ਕੁਝ ਸਿੰਘਾਂ ਨਾਲ ਮਤਭੇਦ ਹੋਣ ਤੇ ਆਪ ਕੀਰਤਨ ਸਮਾਗਮ ਤੇ ਨਹੀਂ ਗਏ ਸਨ। ਬਾਪੂ ਜੀ ਖੁਦ ਚਲ ਕੇ ਆਪ ਜੀ ਦੇ ਘਰ ਆਏ ਤੇ ਕਿਹਾ—ਦਿਲਰੁਬਾ ਤੂੰ ਸਾਨੂੰ ਕੀਰਤਨ ਸੁਣਾ ਕੇ ਸਾਡਾ ਦਿਲ ਵਿੰਨ ਲਿਆ ਹੈ ਅਸੀਂ ਤੈਨੂੰ ਨਹੀਂ ਛੱਡ ਸਕਦੇ ਤੇ ਅੱਜ ਰਾਤੀ ਦਿੱਲੀ ਕੈਂਟ ਵਿਖੇ ਕੀਰਤਨ ਹੈ ਤੇ ਤੂੰ ਕੀਰਤਨ ਕਰਨਾ ਹੈ। ਉਥੇ ਦਿਲਰੁਬਾਂ ਜੀ ਨੇ ਸ਼ਬਦ ਪੜਿਆ—"**ਸੁਣਿ ਬਾਵਰੇ ਥੀਉ ਰੇਣੁ ਜਿਨੀ ਪ੍ਰਭੁ ਧਿਆਇਆ ॥**" (੭੭੭) ਇਹ ਸ਼ਬਦ ਸੁਣ ਕੇ ਬਾਪੂ ਜੀ ਬਹੁਤ ਵੈਰਾਗੁ ਵਿਚ ਆ ਗਏ।

ਆਪ ਜੀ ਦੇ ਜੀਵਨ ਵਿਚ ਬਾਪੂ ਜੀ ਦੀ ਸੰਗਤ ਕਰਦਿਆਂ ਹੋਰ ਵੀ ਕਈ ਘਟਨਾਵਾਂ ਘਟੀਆਂ ਜਿਨ੍ਹਾਂ ਦਾ ਵੇਰਵਾ ਲਿਖੀਏ ਤਾਂ ਇਕ ਪੁਸਤਕ ਬਣ ਸਕਦੀ ਹੈ।

## ਰਿਟਾਇਰਮੈਂਟ ਬਾਅਦ ਹੁਸ਼ਿਆਰਪੁਰ ਆ ਵੱਸਣਾ

ਆਪ ਜੀ ਰੇਲਵੇ ਵਿਭਾਗ ਵਿਚ ਸਾਲ 1979 ਵਿੱਚ ਬਤੌਰ ਹੈੱਡ ਡਰਾਫਸਮੈਨ ਰਿਟਾਇਰ ਹੋਣ ਉਪਰੰਤ 1981 ਵਿੱਚ ਹੁਸ਼ਿਆਰਪੁਰ ਵਿਖੇ ਆਪਣੇ ਜੱਦੀ ਘਰ ਵਿਖੇ ਆ ਗਏ। ਹੁਸ਼ਿਆਰਪੁਰ ਵਿਖੇ ਕੀਰਤਨ ਅਤੇ ਗਤਕਾ ਸਿਖਾਉਣ ਦੀ ਸੇਵਾ ਕਰਦੇ ਰਹੇ। 1988 ਵਿਚ ਆਪ ਜੀ ਦੀ ਸਿਹਤ ਠੀਕ ਨਾ ਹੋਣ ਕਰਕੇ ਇਕ ਹਫ਼ਤਾ ਹਸਪਤਾਲ ਵਿਖੇ ਦਾਖਲ ਰਹੇ ਅਤੇ ਜਿਥੇ ਉਹ ਮਿਤੀ 18 ਫ਼ਰਵਰੀ 1988 ਨੂੰ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਕੇ ਅਕਾਲ ਪੁਰਖ ਦੇ ਚਰਨਾਂ ਵਿਚ ਜਾ ਬਿਰਾਜੇ ਅਤੇ ਆਪ ਜੀ ਦੀ ਸਿੰਘਣੀ ਹੁਸ਼ਿਆਰਪੁਰ ਵਿਖੇ ਹੀ ਮਿਤੀ 12 ਦਸੰਬਰ 1992 ਨੂੰ ਅਕਾਲ ਚਲਾਣਾ ਕਰ ਗਏ ਸਨ।

## ਪਰਿਵਾਰਕ ਪਿਛੋਕੜ

ਆਪ ਜੀ ਦੇ ਘਰ 3 ਲੜਕੇ ਅਤੇ 3 ਲੜਕੀਆਂ ਹੋਈਆਂ। ਸਭ ਤੋਂ ਵੱਡੀ ਬੀਬੀ ਕੁਲਵੰਤ ਕੌਰ ਚੰਡੀਗੜ੍ਹ, ਜਿਨ੍ਹਾਂ



www.AKJ.Org

ਨੂੰ ਬਾਪੂ ਜੀ ਦੇ ਨਿਕਟਵਰਤੀ ਸਿੰਘ ਭਾਈ ਰਤਨ ਸਿੰਘ ਜੀ (ਮਸਤਾਨਾ ਜੀ) ਦੀ ਨੂੰਹ ਹੋਣ ਦਾ ਸੁਭਾਗ ਪ੍ਰਾਪਤ ਹੋਇਆ। ਇਹ ਜਥੇ ਦੇ ਪ੍ਰਮੁੱਖ ਕੀਰਤਨੀਏ ਹੋਏ ਹਨ ਅਤੇ ਕੰਠਾਗਰ ਕੀਰਤਨ ਕਰਦੇ ਸਨ ਜੋ ਸਾਲ 2017 ਵਿਚ ਚੜ੍ਹਾਈ ਕਰ ਗਏ। ਆਪ ਜੀ ਦਾ ਵੱਡਾ ਸਪੁੱਤਰ ਭਾਈ ਮਲਕੀਅਤ ਸਿੰਘ (ਮੋਹਾਲੀ) ਜਿਨ੍ਹਾਂ ਨੇ ਆਪਣੇ ਪਿਤਾ ਜੀ ਦੇ ਪੂਰਨਿਆਂ ਤੇ ਚਲਦੇ ਹੋਏ ਜੱਥੇ ਵਿਚ ਰਾਗਾਂ ਅਧਾਰਿਤ ਕੀਰਤਨ ਕਰਦੇ ਰਹੇ। ਇਹ ਵੀ ਸਾਲ 2017 ਵਿਚ ਅਕਾਲ ਚਲਾਣਾ ਕਰ ਗਏ ਹਨ। ਸਭ ਤੋਂ ਛੋਟਾ ਭੁਝੰਗੀ 1997 ਵਿਚ ਅਕਾਲ ਚਲਾਣਾ ਕਰ ਗਿਆ ਸੀ। ਹੁਣ ਦੋ ਬੇਟੀਆਂ ਬੀਬੀ ਬਲਵੀਰ ਕੌਰ ਰੋਪੜ ਅਤੇ ਬੀਬੀ ਨਰਵਿੰਦਰ ਕੌਰ ਹੁਸ਼ਿਆਰਪੁਰ ਅਤੇ ਸਪੁੱਤਰ ਭਾਈ ਹਰਦੀਪ ਸਿੰਘ ਹੁਸ਼ਿਆਰ ਜੱਥੇ ਵਿੱਚ ਕੀਰਤਨ ਦੀਆਂ ਸੇਵਾਵਾਂ ਨਿਭਾ ਰਹੇ ਹਨ। ਆਪ ਜੀ ਦੇ ਸਾਰੇ ਬੱਚਿਆਂ ਨੇ ਸੰਗੀਤ ਦੀ ਉੱਚ ਵਿਦਿਆ ਪ੍ਰਾਪਤ ਕੀਤੀ ਹੈ। ਹੁਣ ਬੱਚਿਆਂ ਨੂੰ ਕੀਰਤਨ ਸਿਖਾਉਣ ਦੀ ਸੇਵਾ ਨਿਭਾ ਰਹੇ ਹਨ।

## ਗਿਆਨੀ ਰਤਨ ਸਿੰਘ ਜੀ 'ਮਸਤਾਨਾ', ਚੰਡੀਗੜ੍ਹ

ਗੁਰਪੁਰ ਵਾਸੀ ਕੁਲਦੀਪ ਸਿੰਘ ਜੀ ਮਤਵਾਲਾ

ਗੁਰਮੁਖ ਪਿਆਰੇ ਗਿਆਨੀ ਰਤਨ ਸਿੰਘ ਜੀ 'ਮਸਤਾਨਾ' ਅਖੰਡ ਕੀਰਤਨੀ ਜੱਥੇ ਦੇ ਪੁਰਾਤਨ ਸਿੰਘਾਂ ਵਿੱਚੋਂ ਇਕ ਸਨ। ਆਪ ਜੀ ਦਾ ਜਨਮ ਪਿੰਡ ਦੌਲਤਪੁਰ (ਹੁਣ ਜਿਲ੍ਹਾ ਨਵਾਂ ਸ਼ਹਿਰ) ਸ੍ਰ. ਨਗੀਨਾ ਸਿੰਘ ਜੀ ਦੇ ਗ੍ਰਹਿ ਵਿਖੇ ਬੀਬੀ ਰਲੀ ਜੀ ਦੀ ਕੁਖੋਂ ਸੰਨ 1908 ਵਿਖੇ ਹੋਇਆ। ਬਚਪਨ ਤੋਂ ਹੀ ਆਪ ਜੀ ਰਬ ਦੀ ਭੈ-ਭਾਵਨੀ ਵਿੱਚ ਵਿਚਰਨ ਵਾਲੇ ਨੇਕ ਇਨਸਾਨ ਸਨ। ਆਪ ਜੀ ਦੇ ਪਿਤਾ ਜੀ ਪਿੰਡ ਵਿਚ ਲਕੜੀ ਦੇ ਮਿਸਤਰੀ ਦਾ ਕੰਮ ਕਰਦੇ ਸਨ। ਮੁੱਢਲੀ ਵਿਦਿਆ ਪੰਜਵੀਂ ਤੱਕ ਪਿੰਡ ਦੇ ਸਕੂਲ ਤੋਂ ਲਈ। ਗੁਰਸਿੱਖੀ ਦੀ ਲਗਨ ਅਤੇ ਪ੍ਰੇਮ ਮਾਤਾ-ਪਿਤਾ ਜੀ ਦੀ ਸੰਗਤ ਨਾਲ ਲੱਗ ਗਿਆ। ਆਪ ਜੀ ਪੂਰਬਲੇ ਜਨਮਾਂ ਦੀ ਕਮਾਈ ਸਦਕਾ ਪ੍ਰਮਾਰਥ ਦੇ ਖੋਜੀ ਸਨ ਤੇ ਕਿਸੇ ਸੱਚੇ ਗੁਰੂ ਦੀ ਤਲਾਸ਼ ਵਿਚ ਨਾਮਧਾਰੀਆਂ ਅਤੇ ਕੋਈ ਹੋਰ ਸੰਤਾਂ ਦੇ ਡੇਰਿਆਂ 'ਤੇ ਘੁੰਮਦੇ ਰਹੇ ਪਰ ਕਿਤੋਂ ਵੀ ਤਸੱਲੀ ਨਹੀਂ ਹੋਈ। ਪਿਤਾ ਜੀ ਤੋਂ ਲੱਕੜੀ ਦਾ ਕੰਮ ਸਿੱਖ ਕੇ (ਸ਼ਿਮਲੇ ਲਕੜੀ ਦੇ ਕੰਮ ਦੇ ਕਾਰੀਗਰਾਂ ਦੀ ਘਾਟ ਹੋਣ ਕਾਰਨ) ਉਥੇ ਕੰਮ ਕਰਨ ਲਈ ਚਲੇ ਗਏ। ਉਥੇ ਜਥੇ ਦੇ ਕਾਫੀ ਪੁਰਾਤਨ ਸਿੰਘ ਪ੍ਰੀਵਾਰਾਂ ਸਮੇਤ ਰਹਿੰਦੇ ਸਨ ਅਤੇ ਆਪ ਜੀ ਦਾ ਉਨ੍ਹਾਂ ਨਾਲ ਮਿਲਾਪ ਹੋ ਗਿਆ। ਵਾਹਿਗੁਰੂ ਜੀ ਦੀ ਕ੍ਰਿਪਾ ਨਾਲ ਆਪ ਜੀ ਦਾ ਮੇਲ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨਾਲ ਵੀ ਉਦੋਂ ਹੋਇਆ ਜਦੋਂ ਆਪ ਜੀ ਸ਼ਿਮਲੇ ਰਿਹਾ ਕਰਦੇ ਸਨ। ਸੰਨ 1943 ਨੂੰ ਸੰਜੌਲੀ (ਸ਼ਿਮਲਾ) ਵਿਖੇ ਪੰਜ ਪਿਆਰਿਆਂ ਤੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਕੇ ਸਿੰਘ ਸਜ ਗਏ। ਪੰਜ ਪਿਆਰਿਆਂ ਦੁਆਰਾ ਦ੍ਰਿੜ ਕਰਵਾਏ ਉਪਦੇਸ਼ਾਂ ਨੂੰ ਆਪ ਜੀ ਨੇ ਮਨ ਬਚਨ ਅਤੇ ਕਰਮ ਕਰਕੇ ਪੂਰੀ ਦ੍ਰਿੜਤਾ ਨਾਲ ਨਿਭਾਇਆ। ਸੰਨ 1938 ਵਿਚ ਆਪ ਜੀ ਦਾ ਆਨੰਦ ਕਾਰਜ ਬੀਬੀ ਹੁਕਮ ਕੌਰ ਜੀ ਨਾਲ ਹੋਇਆ ਆਪ ਜੀ ਦੇ ਘਰ ਚਾਰ ਪੁੱਤਰਾਂ ਤੇ ਦੋ ਪੁੱਤਰੀਆਂ ਨੇ ਜਨਮ ਲਿਆ। ਜੋ ਸਾਰੇ ਗੁਰਸਿਖੀ ਰਹਿਤ ਬਹਿਤ ਦੇ ਧਾਰਨੀ ਤੇ ਆਪ ਜੀ ਦੇ ਪਾਏ ਪੂਰਨਿਆਂ ਤੇ ਚਲਦੇ ਹਨ। ਆਪ ਦੀ ਲੜਕੀ ਬੀਬੀ ਮਹਿੰਦਰ ਕੌਰ ਜੀ ਕੰਠਾਗਰ ਗੁਰਬਾਣੀ ਦੇ ਕੀਰਤਨ, ਪ੍ਰੇਮ ਅਤੇ ਵੈਰਾਗ ਦੀ ਮੂਰਤ ਹੈ। 92 ਸਾਲ ਦੀ ਬਿਰਧ ਅਵਸਥਾ ਤਕ ਅੰਮ੍ਰਿਤ ਵੇਲੇ ਦੀ ਸੰਭਾਲ ਕਰਦੇ ਰਹੇ। ਸਰੀਰਕ ਤੌਰ 'ਤੇ ਅਸਮਰਥ ਹੋ ਜਾਣ ਕਾਰਨ ਜੀਵਨ ਦੇ ਆਖਰੀ ਸਾਲਾਂ ਵਿੱਚ ਉਹਨਾਂ ਦੀ ਗੁਰਮੁਖ ਸਪੁੱਤਰੀ ਬੀਬੀ ਮਹਿੰਦਰ ਕੌਰ ਜੀ, ਉਨ੍ਹਾਂ ਨੂੰ ਆਖਰੀ ਸਵਾਸ ਤੱਕ ਉੱਚੀ ਸੁਰ ਵਿੱਚ ਨਿਤਨੇਮ ਸੁਣਾਉਂਦੇ ਰਹੇ।



www.AKJ.Org

ਅੰਮ੍ਰਿਤ ਛਕਣ ਸਮੇਂ ਆਪ ਜੀ ਦੀ ਸੁਰਤੀ ਦਸਮ ਦੁਆਰ ਜਾ ਚੜ੍ਹੀ ਅਤੇ ਆਪ ਮਸਤੂਲ ਮਸਤ ਅਵਸਥਾ ਵਿੱਚ ਵਿਚਰਨ ਲਗੇ। ਇਕ ਦਿਨ ਆਪ ਜੀ ਦੇ ਮਨ ਵਿੱਚ ਖਿਆਲ ਆਇਆ ਕਿ ਇਨ੍ਹਾਂ ਅਕਾਲੀ ਜਿਹੇ ਸਿੰਘਾਂ ਨੇ ਕਿਤੇ ਮੈਨੂੰ ਅੰਮ੍ਰਿਤ ਵਿੱਚ ਕੁਝ ਮਿਲਾ ਕੇ ਪਿਲਾ ਹੀ ਨਾ ਦਿੱਤਾ ਹੋਵੇ ਜਿਸ ਦੇ ਕਾਰਨ ਮੈਂ ਆਪਣੀ ਸੰਸਾਰਕ ਸੁੱਧ ਬੁੱਧ ਭੁੱਲ ਚੁੱਕਾ ਹਾਂ। ਕੁਝ ਦਿਨਾਂ ਮਗਰੋਂ ਕਿਸੇ ਕੀਰਤਨ ਸਮਾਗਮ ਤੇ ਭਾਈ ਸਾਹਿਬ ਰਣਧੀਰ ਸਿੰਘ ਜੀ ਆਪੂੰ ਕੀਰਤਨ ਕਰ ਰਹੇ ਸਨ ਤਾਂ ਆਪ ਦੀ ਸੁਰਤੀ ਫਿਰ ਦਸਮ ਦੁਆਰ ਜਾ ਚੜ੍ਹੀ। ਕਈ ਘੰਟਿਆਂ ਮਗਰੋਂ ਜਦ ਆਪ ਦੀ ਸੁਰਤ ਹੇਠਾਂ ਉਤਰੀ ਤਾਂ ਭਾਈ ਸਾਹਿਬ ਜੀ ਨੇ ਆਪ ਨੂੰ ਮੁਖਾਤਿਬ ਹੋ ਕੇ ਕਿਹਾ, ਮਸਤਾਨਿਆਂ ਅੱਜ ਤਾਂ ਤੈਨੂੰ ਕਿਸੇ ਕੁਝ ਨਹੀਂ ਪਿਆਇਆ, ਅੱਜ ਇਹ ਖੇਡ ਕਿਵੇਂ ਵਰਤ ਗਈ? ਬਸ ਸ਼ੰਕਾ ਨਵਿਰਤ ਹੋ ਗਿਆ ਅਤੇ ਅਸਲ ਗੱਲ ਦੀ ਸਮਝ ਪੈ ਗਈ। ਭਾਈ ਸਾਹਿਬ ਤੋਂ ਖਿਮਾਂ ਦੀ ਜਾਚਨਾ ਕੀਤੀ।

ਆਪ ਜੀ ਕੀਰਤਨ ਦੇ ਧਨੀ, ਲੰਗਰ ਦੇ ਅਣਥੱਕ ਸੇਵਾਦਾਰ, ਬਚਨ ਦੇ ਪੂਰੇ, ਕਹਿਣੀ ਅਤੇ ਕਰਨੀ ਦੇ ਸੂਰੇ ਅਤੇ ਫਜ਼ੂਲ ਦੇ ਦੁਨਿਆਵੀ ਰਸਮੋਂ ਰਿਵਾਜਾਂ ਤੋਂ ਦੂਰ ਰਹਿਣ ਵਾਲੇ ਗੁਰਸਿਖ ਸਨ। ਆਪ ਜੀ ਵੱਲੋਂ ਤਿਆਰ ਕੀਤੇ ਵੱਖ-ਵੱਖ ਪ੍ਰਕਰਣਾਂ ਦੇ ਚੋਣਵੇਂ ਸ਼ਬਦਾਂ ਦੇ ਸੰਗ੍ਰਹਿ ਨੂੰ ਅੰਮ੍ਰਿਤ ਕੀਰਤਨ ਪੋਥੀ ਦੀ ਸੰਪਾਦਨਾ ਸਮੇਂ ਭਾਈ ਹਰਚਰਨ ਸਿੰਘ ਜੀ ਵਲੋਂ ਸ਼ਾਮਿਲ ਕੀਤਾ ਗਿਆ ਸੀ। ਅੰਮ੍ਰਿਤ ਪੋਥੀ ਤਿਆਰ ਕਰਨ ਦੀ ਪ੍ਰੇਰਨਾ ਵੀ ਭਾਈ ਹਰਚਰਨ ਸਿੰਘ ਜੀ ਨੂੰ ਉਦੋਂ ਹੋਈ ਜਦੋਂ ਆਪ ਜੀ ਨੇ ਬੜੇ ਰੰਗਾਂ ਵਿਚ ਸ਼ਿਮਲੇ ਕੀਰਤਨ ਕਰ ਰਹੇ ਸਨ ਤਾਂ ਇਕ ਸੱਜਣ ਆਪ ਜੀ ਵਲੋਂ ਪੜ੍ਹੇ ਜਾ ਰਹੇ ਸ਼ਬਦ ਨੂੰ ਕੀਰਤਨ ਨਿਰਮੋਲਕ ਹੀਰਾ ਗੁਟਕੇ ਵਿੱਚ ਲੱਭਣ ਦੀ ਕੋਸ਼ਿਸ਼ ਕਰ ਰਹੇ ਸਨ ਤੇ ਉਸ ਨੂੰ ਮਿਲ ਨਹੀਂ ਰਿਹਾ ਸੀ। ਆਪ ਜੀ ਡਾਇਰੀਆਂ ਵਿਚ ਉਰਦੂ ਭਾਸ਼ਾ ਵਿਚ ਸ਼ਬਦ ਲਿਖਦੇ ਰਹਿੰਦੇ ਸਨ ਖਾਸ ਕਰ ਗਜ਼ਲਾਂ ਭਾਈ ਨੰਦ ਲਾਲ ਜੀ। ਆਪ ਜੀ ਬੜੇ ਰੰਗਾ ਵਿਚ ਮਸਤਾਨੇ ਹੋ ਕੇ ਸ਼ਿਮਲੇ ਅਤੇ ਚੰਡੀਗੜ੍ਹ ਰਿਹਾਇਸ਼ ਵੇਲੇ ਕੀਰਤਨ ਦੀ ਸੇਵਾ ਕਰਦੇ ਸਨ ਅਤੇ ਕਈ ਵਾਰ ਕੀਰਤਨ ਕਰਦੇ ਸੁਧ ਬੁਧ ਹੀ ਨਹੀਂ ਰਹਿੰਦੀ ਸੀ। ਆਪ ਜੀ ਲੰਗਰ ਦੀ ਸੇਵਾ ਦੇ ਵੀ ਅਣਥੱਕ ਸੇਵਾਦਾਰ ਸਨ ਤੇ ਅਖੰਡ ਪਾਠੀ ਵੀ ਸਨ।

ਆਪ ਜੀ ਨੂੰ ਮੋਹ ਮਮਤਾ ਲੇਸ ਮਾਤਰ ਭੀ ਨਹੀਂ ਸੀ। ਨਾ ਪ੍ਰਵਾਰ ਦਾ ਮੋਹ, ਨਾਂ ਧਨ ਦੌਲਤ ਦਾ ਮੋਹ, ਇਥੋਂ ਤਕ ਕਿ ਉਹਨਾਂ ਨੂੰ ਆਪਣੇ ਸਰੀਰ ਨਾਲ ਭੀ ਮੋਹ ਨਹੀਂ ਸੀ। 30-35 ਸਾਲਾਂ ਤੋਂ ਉਹਨਾਂ ਨੂੰ ਹਰਨੀਆਂ ਅਤੇ ਬਵਾਸੀਰ ਦੀ ਤਕਲੀਫ ਸੀ। ਪਰ ਰੋਮਾਂ ਦੀ ਬੇਅਦਬੀ ਦੇ ਡਰੋਂ ਆਪਰੇਸ਼ਨ ਕਰਵਾਉਣ ਲਈ ਰਜ਼ਾਮੰਦ ਨਹੀਂ ਹੋਏ। ਆਪਣੀ ਸੋਹਣੀ ਨਿਭਾਅ ਗਏ।

ਕਹਿੰਦੇ ਹਨ ਕਿ ਵਾਹਿਗੁਰੂ ਕਲਾਕਾਰ ਦੇ ਬਹੁਤ ਨੇੜੇ ਹੁੰਦਾ ਹੈ। ਆਪ ਜੀ ਦੀ ਹਰ ਕਿਰਿਆ ਵਿੱਚੋਂ, ਭਾਵੇਂ ਉਹ ਧਾਰਮਿਕ ਹੋਵੇ, ਭਾਵੇਂ ਸਮਾਜਿਕ, ਭਾਵੇਂ ਉਹ ਆਪ ਜੀ ਦੇ ਕਿੱਤੇ ਦੇ ਹੁਨਰ ਨਾਲ ਸੰਬੰਧਿਤ ਹੋਵੇ, ਹਰ ਖੇਤਰ ਵਿੱਚ ਆਪ ਜੀ ਦੀ ਉੱਚੀ ਸੁੱਚੀ ਕਲਾ ਡੁਲ੍ਹ ਡੁਲ੍ਹ ਪੈਂਦੀ ਸੀ। ਵਡਿਆਈ ਵਾਲੀ ਗਲ ਇਹ ਸੀ ਕਿ ਉਹਨਾਂ ਨੇ ਕਦੀ ਭੀ ਅਨਿਕ ਪ੍ਰਕਾਰੀ ਕਲਾ ਦਾ ਮਾਣ ਨਹੀਂ ਸੀ ਕੀਤਾ। ਸ਼ਿਮਲੇ ਰਹਿੰਦਿਆਂ ਆਪ ਜੀ ਵਾਇਸਰਾਇ ਦੀ ਬਣਨ ਵਾਲੀ ਕੋਠੀ ਵਿਚ ਲਕੜੀ ਦਾ ਕੰਮ ਕਰਦੇ ਸਨ। ਉੱਥੇ ਹੀ ਸ੍ਰੀ ਪੀ.ਐੱਲ ਵਰਮਾ ਚੀਫ ਇੰਜੀਨੀਅਰ ਨੇ ਆਪਦੀ ਹੁਨਰਮੰਦੀ ਦਾ ਕਮਾਲ ਦੇਖਿਆ ਤੇ ਆਪ ਜੀ ਨੂੰ ਚੰਡੀਗੜ੍ਹ ਭੇਜ ਦਿੱਤਾ ਗਿਆ, ਜਿੱਥੇ ਆਪ ਦਾ ਮੇਲ ਫਰੈਂਚ ਆਕਟੀਟੈਕਟ ਮਿਸਟਰ ਲੀ ਕਰਬੂਜ਼ੀਅਰ ਨਾਲ ਹੋਇਆ। ਚੰਡੀਗੜ੍ਹ ਦੇ ਨਿਰਮਾਣ ਖੇਤਰ ਵਿੱਚ ਆਪ ਜੀ ਦਾ ਬਹੁਤ ਵੱਡਾ ਯੋਗਦਾਨ ਰਿਹਾ ਹੈ। ਫਰੈਂਚ ਆਰਕੀਟੈਕਟ ਮਿਸਟਰ ਲੀ ਕਰਬੂਜ਼ੀਅਰ ਆਪ ਜੀ ਦਾ ਬਹੁਤ ਸਤਿਕਾਰ ਕਰਦਾ ਸੀ। ਉਹ ਆਪ ਜੀ ਨੂੰ ਇੰਡੀਅਨ ਕਰਬੂਜ਼ੀਅਰ ਕਿਹਾ ਕਰਦਾ ਸੀ। ਬਿਨਾਂ ਕਿਸੇ ਸਕੂਲੀ ਵਿਦਿਆ ਦੇ ਆਪ ਜੀ ਦੀ ਯੋਗਤਾ ਨੂੰ ਮੁੱਖ ਰੱਖਦੇ ਹੋਏ ਮਿਸਟਰ ਕਰਬੂਜ਼ੀਅਰ ਦੇ ਕਹਿਣ ਤੇ ਪੰਜਾਬ ਗੌਰਮਿੰਟ ਨੇ ਆਪ ਜੀ ਨੂੰ Modeller ਦੀ ਪੋਸਟ ਤੇ ਨਿਯੁਕਤ ਕੀਤਾ ਸੀ। ਯੂ.ਟੀ. ਆਰਕੀਟੈਕਟ ਚੰਡੀਗੜ੍ਹ ਵਿਖੇ ਆਪ ਜੀ ਨੂੰ ਡੈਪੂਟੇਸ਼ਨ 'ਤੇ ਲਗਾਇਆ ਗਿਆ ਸੀ। ਚੰਡੀਗੜ੍ਹ ਉਦੋਂ



www.AKJ.Org

ਆਬਾਦ ਨਹੀਂ ਸੀ ਹੋਇਆ ਤੇ ਆਪ ਜੀ ਨੇ ਕੰਧਾਲਾ ਜੱਟਾ ਨੇੜੇ ਚੰਡੀਗੜ੍ਹ ਪਿੰਡ ਵਿਚ ਰਿਹਾਇਸ਼ ਰੱਖੀ। ਚੰਡੀਗੜ੍ਹ ਬਣਨ ਉੱਪਰ ਚੰਡੀਗੜ੍ਹ ਦਾ ਸਭ ਤੋਂ ਪਹਿਲਾ ਮਕਾਨ ਆਪ ਜੀ ਨੂੰ ਅਲਾਟ ਹੋਇਆ ਸੀ। ਜਿੱਥੋਂ ਆਪ ਜੀ ਸੰਨ 1976 ਵਿੱਚ ਸ਼ਾਨਦਾਰ ਸੇਵਾਵਾਂ ਕਰਨ ਉਪਰੰਤ ਸੇਵਾ ਮੁਕਤ ਹੋਏ ਸਨ। ਆਪਣੀ ਪੈਨਸ਼ਨ ਦੀ ਵੱਡੀ ਰਕਮ ਗੁਰਧਾਮਾਂ ਦੀ ਯਾਤਰਾ ਕਰਨ ਹਿੱਤ ਹੀ ਖਰਚ ਕਰ ਦਿੰਦੇ ਸਨ।

26 ਜਨਵਰੀ 1998 ਨੂੰ ਪੰਜਾਬ ਦੇ ਗਵਰਨਰ ਵੱਲੋਂ ਆਪ ਜੀ ਦੀ ਸ਼ਾਨਦਾਰ ਸੇਵਾਵਾਂ ਨੂੰ ਯਾਦ ਕਰਦਿਆਂ ਆਪ ਜੀ ਨੂੰ ਸਨਮਾਨਿਤ ਕੀਤਾ ਗਿਆ ਸੀ। ਡੀਪਾਰਟਮੈਂਟ ਆਫ ਆਰਕੀਟੈਕਟ ਚੰਡੀਗੜ੍ਹ ਵੱਲੋਂ 4 ਦਸੰਬਰ 1999 ਨੂੰ 'ਦਾ ਨਿਊ ਮਿਲੇਨੀਅਮ 2000' ਦੇ ਮੌਕੇ ਤੇ ਭੀ ਆਪ ਜੀ ਨੂੰ ਸਨਮਾਨਿਤ ਕੀਤਾ ਗਿਆ ਸੀ। 20 ਨਵੰਬਰ 2005 ਨੂੰ ਆਰਟ ਕੌਂਸਲ ਆਫ ਸਵਿਟਜ਼ਰਲੈਂਡ ਵੱਲੋਂ ਇੰਟਰਨੈਸ਼ਨਲ ਕਾਨਫਰੰਸ ਦੇ ਸਮਾਗਮ ਵਿੱਚ ਭੀ ਆਪ ਜੀ ਨੂੰ ਉਚੇਚੇ ਤੌਰ ਤੇ ਬੁਲਾ ਕੇ ਸਨਮਾਨਿਤ ਕੀਤਾ ਗਿਆ ਸੀ।

ਚੰਡੀਗੜ੍ਹ ਦਾ ਹੁਣ ਦਾ ਸਕੈਚ ਮਾਡਲ "ਖੁੱਲ੍ਹਾ ਹੱਥ" ਆਪ ਦਾ ਡੀਜ਼ਾਇਨ ਕੀਤਾ ਹੋਇਆ ਹੈ। ਨੌਕਰੀ ਕਰਦੇ ਸਮੇਂ ਆਪ ਸਮੇਂ ਦੇ ਬਹੁਤ ਪਾਬੰਦ ਸਨ ਤੇ ਖਾਣਾ ਵੀ ਹਮੇਸ਼ਾਂ ਘਰੋਂ ਹੀ ਲੈ ਕੇ ਜਾਂਦੇ ਸਨ। ਆਪ ਜੀ ਬਹੁਤ ਮਿਲਣਸਾਰ ਤੇ ਮਿਲਾਪੜੇ ਸੁਭਾਅ ਦੇ ਸਨ।

ਪੈਰਿਸ ਨੂੰ ਵਾਪਿਸ ਜਾਣ ਸਮੇਂ ਮਿਸਟਰ ਲੀ ਕਰਬੂਜ਼ੀਅਰ ਆਪ ਜੀ ਨੂੰ ਆਪਣੇ ਨਾਲ ਲੈ ਕੇ ਜਾਣਾ ਚਾਹੁੰਦਾ ਸੀ। ਆਪ ਜੀ ਨੇ ਜਾਣ ਤੋਂ ਇਸ ਕਰਕੇ ਇਨਕਾਰ ਕਰ ਦਿੱਤਾ ਸੀ ਉੱਥੇ ਜਾਣ ਨਾਲ ਆਪ ਜੀ ਦੀ ਰਹਿਤ ਬਹਿਤ ਪੂਰੀ ਤਰ੍ਹਾਂ ਨਹੀਂ ਸੀ ਨਿਭ ਸਕਣੀ। ਉਂਝ ਵੀ ਉਹ ਮਾਇਕ ਤੌਰ 'ਤੇ ਪੂਰੀ ਤਰ੍ਹਾਂ ਸੰਤੁਸ਼ਟ ਸਨ।

ਚੰਡੀਗੜ੍ਹ ਆਉਣ ਉਪਰੰਤ ਆਪ ਜੀ ਦਾ ਪੁਰਾਤਨ ਗੁਰਸਿਖਾਂ ਨਾਲ ਪਿਆਰ ਬਣ ਗਿਆ ਸੀ। ਭਾਈ ਆਤਮਾ ਸਿੰਘ ਪੰਜੋਖਰਾ ਸਾਹਿਬ ਅਤੇ ਭਾਈ ਬਾਵਾ ਸਿੰਘ ਜੀ ਕੁਮਾਰਹੱਟੀ ਤੋਂ ਜਦੋਂ ਵੀ ਆਪਣੇ ਪਿੰਡਾਂ ਵੱਲ ਜਾਂ ਕੇਂਦਰੀ ਕੀਰਤਨ ਸਮਾਗਮਾਂ ਤੇ ਆਉਂਦੇ ਤਾਂ ਆਪ ਜੀ ਦੇ ਘਰ ਹੋ ਕੇ ਜ਼ਰੂਰ ਜਾਂਦੇ ਸਨ ਤੇ ਕਈ-ਕਈ ਦਿਨ ਠਹਿਰ ਕੇ ਆਪ ਜੀ ਤੇ ਆਪ ਦੀ ਬੱਚੀਆਂ ਬੀਬੀ ਮਹਿੰਦਰ ਕੌਰ ਅਤੇ ਬੀਬੀ ਜਗਦੀਸ਼ ਕੌਰ ਕੋਲੋਂ ਕੀਰਤਨ ਸੁਣਦੇ। ਸ੍ਰੀ ਅਖੰਡ ਪਾਠ ਦੇ ਪ੍ਰਵਾਹ ਤਾਂ ਆਪ ਜੀ ਦੇ ਘਰ ਚਲਦੇ ਹੀ ਰਹਿੰਦੇ ਸਨ। ਇਸੇ ਤਰ੍ਹਾਂ ਡਾ. ਸੁਰਿੰਦਰ ਸਿੰਘ ਜੀ ਸੰਤ ਕ੍ਰਿਪਾਲ ਸਿੰਘ ਨੰਦਪੁਰ ਕਲੌੜ, ਭਾਈ ਚਰਨ ਸਿੰਘ ਜੀ ਬਡਾਲਾ, ਭਾਈ ਅਜਮੇਰ ਸਿੰਘ ਜੀ ਤੇ ਭਾਈ ਸਤਨਾਮ ਸਿੰਘ ਚੰਦੂਮਾਜਰਾ ਅਕਸਰ ਹੀ ਫੇਰੀਆਂ ਪਾਉਂਦੇ ਰਹਿੰਦੇ ਸਨ।

ਵਾਹਿਗੁਰੂ ਦੇ ਹੁਕਮ ਅਨੁਸਾਰ 19 ਜੂਨ 2006 ਨੂੰ ਆਪ ਜੀ ਸਾਨੂੰ ਸਦੀਵੀ ਵਿਛੋੜਾ ਦੇ ਗਏ। 25 ਜੂਨ 2006 ਨੂੰ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸੈਕਟਰ 19-ਡੀ ਬੇਅੰਤ ਸੰਗਤਾਂ ਦੀ ਹਾਜ਼ਰੀ ਵਿੱਚ ਉਨ੍ਹਾਂ ਦੀ ਆਤਮਿਕ ਸਹਾਇਤਾ ਲਈ ਕੀਰਤਨ ਸਮਾਗਮ ਹੋਏ।

**ਮਸਤਾਨਾ ਜੀ ਦੀ ਯਾਦ ਵਿਚ ਲੇਖਕ ਵਲੋਂ ਲਿਖੀ ਕਵਿਤਾ :**

ਗਿ ਗਿਆਨ ਧਿਆਨ ਦੀ ਧਾਕ ਇਲਾਹੀ, ਬਿਨ ਪੜ੍ਹਿਆਂ ਸਤਗੁਰ ਤੋਂ ਪਾਈ।
ਗਿਰਿਆ ਨਹੀਂ ਉਹ ਚੜ੍ਹ ਚੜ੍ਹ ਉੱਚਾ, ਐਸਾ ਸ਼ਬਦ ਸੁਰਤ ਦਾ ਰਾਹੀ।
ਆ ਆਸ ਓਟ ਇਕ ਪ੍ਰਭ ਦੀ ਪਕੜੀ, ਇਕ ਸਿਉ ਇਕ ਮਿਕ ਚਾਈਂ ਚਾਈਂ।
ਆਦਿ ਤੋਂ ਅੰਤ ਮੰਤ ਗੁਰ ਹਿਰਦੇ, ਹੋਰਸ ਮੰਤ ਨਹੀਂ ਭਰਮਾਈ।
ਨੀ ਨੀਤ ਨੀਤ ਪਰਤੀਤ ਚ ਵਾਧਾ, ਪ੍ਰੀਤ ਰੀਤ ਗੁਰ ਸੰਗ ਨਿਭਾਹੀ।
ਨੀਰ ਜਿਉਂ ਨਿਰਮਲ ਅਤਿ ਨਿਰਮਲ, ਹੋਇ ਮਸਤਾਨਾ ਕੀਰਤਨ ਗਾਈ।



www.AKJ.Org

ਰ	ਰਤਨ ਗੁਰਾਂ ਦਾ ਸ਼ਬਦ ਕਹੀਦਾ, ਰਤਨ ਗੁਰਾਂ ਦਾ ਸਿੱਖ ਭੀ ਹੈ ਸੀ।
ਰੱਤੜੇ ਚੋਲੇ ਇਸ਼ਕ ਹਕੀਕੀ, ਹਿਰਦੇ ਅਜਬ ਸਿੱਖ ਭੀ ਹੈ ਸੀ।
ਤ	ਤਨ ਮਨ ਧਨ ਗੁਰਾਂ ਦੇ ਅਰਪਣ, ਸੁੰਦਰ ਸੋਹਣੀ ਦਿੱਖ ਭੀ ਹੈ ਸੀ।।
ਤਪੀਆ ਕਹੋ ਜਾਂ ਨਾਮ ਦਾ ਜਪੀਆ, ਪ੍ਰਭ ਮਿਲਣੈ ਦੀ ਸਿੱਕ ਭੀ ਹੈ ਸੀ।
ਨ	ਨਹੀਂ ਸੀ ਮਾਣ ਕਲਾ ਕਿਰਤਾਂ ਦਾ, ਸੁਰਤ ਸ਼ਬਦ ਲਿਵ ਟਿਕ ਭੀ ਹੈ ਸੀ।
ਨਖ ਤੋਂ ਸਿਸ ਤੱਕ ਰੋਮ ਰੋਮ ਵਿੱਚ, ਅਜ਼ਬ ਅਜ਼ੀਬੀ ਸਿੱਕ ਭੀ ਹੈ ਸੀ।
ਸਿੰ	ਸਿੰਘ ਪੂਰਾ ਰਹਿਣੀ ਕਰਣੀ ਦਾ, ਹਿਰਦੇ, ਗੁਰਾਂ ਦਾ ਸਿੱਖ ਭੀ ਹੈ ਸੀ।
ਸਿਮਰਨ ਬਿਨ ਕੋਈ ਹੋਰ ਨਾ ਤ੍ਰਿਸ਼ਨਾ ,ਬਾਣੀ ਸੰਗ ਇਕ ਮਿਕ ਭੀ ਹੈ ਸੀ।
ਘ	ਘਟ ਘਟ ਮਹਿ ਜੋ ਹਰਿ ਪਝਭ ਵਸਦਾ, ਉਸ ਦੀ ਹਿਰਦੇ ਨਿਰਖ ਭੀ ਹੈ ਸੀ।
ਘਰ ਗ੍ਰਿਹਸਤੀ ਦੀ ਪਕੜ ਨਹੀਂ ਸੀ, ਉੱਤਮ ਗੁਣਾਂ ਦਾ ਬਿਰਖ਼ ਭੀ ਹੈ ਸੀ।
ਮ	ਮਸਤੁਲ ਮਸਤ,ਮਸਤ ਮਸਤਾਨਾ, ਮਸਤਕ ਹੱਥ ਗੁਰਾਂ ਦਾ ਰਹਿੰਦਾ।
ਮਰਣੁ ਜੀਵਣੁ ਨੂੰ ਸਮ ਕਰ ਜਾਣੇ, ਸਤਿ ਸੰਗਤਿ ਵਿੱਚ ਚੱਲ ਚੱਲ ਬਹਿੰਦਾ।
ਸ	ਸ਼ਰਣ ਗੁਰਾਂ ਦੀ ਚਰਣ ਗੁਰਾਂ ਦੇ, ਅੰਤਰ ਆਤਮੇ ਫੜ ਫੜ ਬਹਿੰਦਾ।
ਸੱਚੀ ਸਿੱਖ ਸੁਣ ਸੱਚ ਤੇ ਚੱਲਿਆ, ਸੱਚ ਤੋਂ ਘੱਟ ਕਿਛੂ ਨਾ ਕਹਿੰਦਾ।
ਤਾ	ਤਾਤ ਪਰਾਈ ਦੂਰ ਭਜਾਈ, ਮੇਰ ਤੇਰ ਤਜ ਸੁਖ ਵਿਚ ਰਹਿੰਦਾ।
ਤਾਂ ਸਿਉ ਪ੍ਰੀਤਿ ਜੋ ਸਦ ਹੀ ਸੰਗੀ, ਭਾਣਾ ਮਨ ਸ਼ੁਕਰ ਵਿਚ ਰਹਿੰਦਾ।
ਨਾ	ਨਾਹਿਨ ਗੁਨੁ ਨਾਹਿਨ ਕਛੁ ਬਿਦਿਆ, ਹੋਇ ਨਿਮਾਣਾ ਇਹ ਗਲ ਕਹਿੰਦਾ।
ਨਾਮ ਦਾ ਰਸੀਆ ਕਿਰਤ ਦਾ ਸੁੱਚਾ, ਮਤਵਾਲਾ ਮਸਤੀ ਵਿੱਚ ਰਹਿੰਦਾ।

# ਭਾਈ ਅਮੋਲਕ ਸਿੰਘ ਜੀ ਜਮਸ਼ੇਦਪੁਰ

ਭਾਈ ਗੁਰਦੀਪ ਸਿੰਘ ਸ੍ਰੀ ਅੰਮ੍ਰਿਤਸਰ

ਦੂਰ ਦੁਰਾਡੇ ਇਲਾਕਿਆਂ ਵਿਚ ਗੁਰਮਤਿ ਦੇ ਪ੍ਰਚਾਰਕ, ਪੁਰਾਤਨ ਗੁਰਸਿੱਖ, ਭਾਈ ਸਾਹਿਬ ਜੀ ਦੇ ਸੰਗੀ ਸਾਥੀ, ਭਾਈ ਅਮੋਲਕ ਸਿੰਘ ਜਾ ਜਨਮ ਮਿਤੀ 21 ਦਸੰਬਰ 1923 ਨੂੰ ਪਿੰਡ ਫਰਾਲਾ ਤਹਿਸੀਲ ਬੰਗਾ ਜ਼ਿਲ੍ਹਾ ਜਲੰਧਰ ਹੁਣ ਸ਼ਹੀਦ ਭਗਤ ਸਿੰਘ ਨਗਰ ਵਿਚ ਪਿਤਾ ਸ. ਆਸਾ ਸਿੰਘ ਜੀ ਅਤੇ ਮਾਤਾ ਰਾਖੀ ਕੌਰ ਜੀ ਦੇ ਘਰ ਹੋਇਆ। ਆਪ ਜੀ ਦੇ ਪਿਤਾ ਜੀ ਪਹਿਲਾਂ ਪਿੰਡ ਵਿਚ ਲੁਹਾਰ ਮਿਸਤਰੀ ਦਾ ਕੰਮ ਕਰਦੇ ਸੀ ਤੇ ਫਿਰ ਉਹ ਜਮਸ਼ੇਦਪੁਰ ਚਲੇ ਗਏ।

**"ਜਹਾ ਦਾਣੇ ਤਹਾਂ ਖਾਣੇ ਕਿਰਤ ਧਕੇ ਦੇਇ ॥"** ਅਨੁਸਾਰ ਆਪ ਜੀ ਨੇ ਮੁੱਢਲੀ ਵਿੱਦਿਆ ਪ੍ਰਾਇਮਰੀ ਤਾਈਂ ਪਿੰਡ ਦੇ ਸਕੂਲ ਤੋਂ ਹੀ ਲਈ। ਫਿਰ ਪਿਤਾ ਜੀ ਪਾਸ ਸਾਰੇ ਪ੍ਰੀਵਾਰ ਸਮੇਤ ਟਾਟਾ ਨਗਰ ਚਲੇ ਗਏ। ਉਥੇ ਰਹਿੰਦਿਆਂ ਹੀ ਪਹਿਲਾਂ ਦਸਵੀਂ ਤੇ ਫਿਰ ਮਕੈਨੀਕਲ ਦਾ ਡਿਪਲੋਮਾ ਕਰਕੇ ਟਾਟਾ ਸਟੀਲ ਕੰਪਨੀ ਵਿਚ ਨੌਕਰੀ ਸ਼ੁਰੂ ਕਰ ਦਿੱਤੀ। ਆਪ ਜੀ ਨੇ ਸਾਰੀ ਨੌਕਰੀ ਇਥੇ ਰਹਿ ਕੇ ਇਸੇ ਹੀ ਕੰਪਨੀ ਵਿਚ ਬਹੁਤ ਲਗਨ, ਸਖਤ ਮਿਹਨਤ, ਦਿਆਨਤਦਾਰੀ, ਈਮਾਨਦਾਰੀ ਅਤੇ ਕੁਸ਼ਲਤਾ ਸਹਿਤ ਕੀਤੀ। ਆਪ ਦਸੰਬਰ 1984 ਵਿਚ ਇਸੇ ਕੰਪਨੀ ਦੇ ਉਚ ਅਹੁਦੇ ਤੋਂ ਸੇਵਾ ਮੁਕਤ ਹੋਏ।

ਆਪ ਜੀ ਦਾ ਅਨੰਦ ਕਾਰਜ ਸੰਨ 1943 ਵਿਚ ਪਿਤਾ ਸ. ਸਰਮੁਖ ਸਿੰਘ ਜੀ ਅਤੇ ਮਾਤਾ ਪ੍ਰਮੇਸ਼ਰੀ ਕੌਰ ਵਾਸੀ


www.AKJ.Org

ਸੁਲਤਾਨਪੁਰ ਨੇੜੇ ਅਪਰਾ ਜ਼ਿਲ੍ਹਾ ਜਲੰਧਰ ਦੀ ਪੁਤਰੀ ਬੀ. ਅਮਰ ਕੌਰ ਜੀ ਨਾਲ ਹੋਇਆ। ਬੀਬੀ ਜੀ ਵੀ ਗੁਰਸਿੱਖੀ ਮਾਹੌਲ ਵਿਚ ਜੰਮੇ ਪਲੇ ਹੋਣ ਕਾਰਨ ਸੇਵਾ ਦੀ ਪੁੰਜ, ਆਗਿਆਕਾਰ ਤੇ ਨਾਮ ਬਾਣੀ ਨਾਲ ਜੁੜੇ ਰਹਿੰਦੇ ਸੀ। ਆਪਣੇ ਪਤੀ ਨਾਲ ਹੀ ਅੰਮ੍ਰਿਤ ਛਕ ਕੇ ਕੇਸਕੀ ਸੰਯੁਕਤ ਪੰਜ ਕਕਾਰੀ ਰਹਿਤ ਦੇ ਪੱਕੇ ਧਾਰਨੀ ਬਣ ਗਏ ਸਨ ਤੇ ਆਪ ਦੇ ਪਤੀ ਦੇ ਗੁਰਸਿੱਖੀ ਕਮਾਉਣ ਤੇ ਗੁਰਮਤਿ ਪ੍ਰਚਾਰ ਲਈ ਮੋਢੇ ਨਾਲ ਮੋਢਾ ਡਾਹ ਕੇ ਸੇਵਾ ਕਰਦੇ ਰਹੇ।

ਆਪ ਜੀ ਨੂੰ ਗੁਰਸਿੱਖੀ ਦੀ ਲਗਨ ਮਾਤਾ ਪਿਤਾ ਕੋਲੋਂ ਬਚਪਨ ਤੋਂ ਹੀ ਲੱਗ ਗਈ ਸੀ ਜੋ ਕਿ ਗੁਰੂ ਘਰ ਦੇ ਸ਼ਰਧਾਲੂ ਪ੍ਰੇਮੀ ਸਿੱਖ ਸਨ। ਜਮਸ਼ੇਦਪੁਰ ਜਦੋਂ ਆਪ ਪ੍ਰੀਵਾਰ ਸਮੇਤ ਗਏ ਤਾਂ ਉਥੇ ਸਿੱਖ ਵੱਸੋਂ ਘਟ ਵਧ ਹੀ ਸੀ। ਉਥੇ ਆਪ ਜੀ ਦਾ ਮੇਲ ਜਥੇ ਦਾ ਪੁਰਾਤਨ ਸਿੰਘ ਭਾਈ ਤਾਰਾ ਸਿੰਘ ਜੀ ਨਾਲ ਹੋ ਗਿਆ ਤੇ ਉਨ੍ਹਾਂ ਦੀ ਪ੍ਰੇਰਨਾ ਨਾਲ ਹੀ ਸੰਨ 1944-45 ਦੇ ਨੇੜੇ ਤੇੜੇ ਆਪ ਜੀ ਨੇ ਪ੍ਰੀਵਾਰ ਸਮੇਤ ਨਾਰੰਗਵਾਲ ਸਮਾਗਮ ਤੇ ਪਹੁੰਚ ਕੇ ਅੰਮ੍ਰਿਤ ਦੀ ਦਾਤ ਪ੍ਰਾਪਤ ਕਰ ਲਈ ਤੇ ਤਿਆਰ ਬਰ ਤਿਆਰ ਸਿੰਘ ਸੱਜ ਗਏ। ਉਸ ਤੋਂ ਬਾਅਦ ਹਰ ਸਾਲ ਨਾਰੰਗਵਾਲ, ਲੁਧਿਆਣਾ, ਦਿੱਲੀ ਅਤੇ ਹੋਰ ਕੇਂਦਰੀ ਸਮਾਗਮਾਂ ਤੇ ਜਮਸ਼ੇਰਪੁਰ ਤੋਂ ਸੰਗਤਾਂ ਨਾਲ ਆ ਕੇ ਕੀਰਤਨ ਸਮਾਗਮਾਂ ਦੀ ਹਾਜ਼ਰੀ ਭਰਦੇ ਰਹੇ ਤੇ ਨਾਮ ਬਾਣੀ ਦੇ ਲਾਹੇ ਲੈਂਦੇ ਰਹੇ। ਆਪ ਜੀ ਜਦੋਂ ਵੀ ਪੰਜਾਬ ਆਉਂਦੇ ਤਾਂ ਆਪਣੇ ਜੱਦੀ ਪਿੰਡ ਫਰਾਲੇ ਤੋਂ ਨਾਰੰਗਵਾਲ, ਲੁਧਿਆਣਾ, ਜਲੰਧਰ ਤੇ ਹੋਰ ਨੇੜੇ ਤੇੜੇ ਸਮਾਗਮਾਂ ਤੇ ਸਾਈਕਲ ਤੇ ਹੀ ਜਾਂਦੇ ਸਨ ਅਤੇ ਵੱਧ ਤੋਂ ਵੱਧ ਸਮਾਗਮਾਂ ਦੀ ਹਾਜ਼ਰੀ ਭਰਨ ਦੀ ਕੋਸ਼ਿਸ਼ ਕਰਦੇ ਸਨ। ਸੰਨ 1951 ਵਿਚ ਆਪ ਜੀ ਨੇ, ਜਮਸ਼ੇਦਪੁਰ ਨਿਵਾਸੀ ਹੋਰ ਸਿੰਘਾਂ ਤੇ ਸੰਗਤਾਂ ਦੇ ਸਹਿਯੋਗ ਨਾਲ ਉਥੇ ਅਖੰਡ ਕੀਰਤਨ ਸਮਾਗਮ ਦਾ ਆਯੋਜਨ ਕੀਤਾ ਜਿਸ ਵਿਚ ਭਾਈ ਸਾਹਿਬ ਜੀ ਨੇ ਜਥੇ ਸਮੇਤ ਇਤਨੀ ਦੂਰ ਦੁਰਾਡੇ ਇਲਾਕੇ ਵਿਚ ਆ ਕੇ ਹਾਜ਼ਰੀ ਭਰੀ। ਉਸ ਵੇਲੇ ਉਥੇ ਅੰਮ੍ਰਿਤ ਸੰਚਾਰ ਦਾ ਪ੍ਰਬੰਧ ਵੀ ਕੀਤਾ ਗਿਆ, ਜਿਸ ਵਿਚ ਅਨੇਕਾਂ ਪ੍ਰਾਣੀ ਅੰਮ੍ਰਿਤ ਛੱਕ ਕੇ ਗੁਰੂ ਵਾਲੇ ਬਣੇ।

ਜਥੇ ਨਾਲ ਜੁੜਨ ਤੋਂ ਬਾਅਦ ਆਪ ਜੀ ਅੰਦਰ ਗੁਰਮਤਿ ਪ੍ਰਚਾਰ ਲਈ ਵਲਵਲੇ ਉਛਾਲੇ ਮਾਰਨ ਲੱਗ ਪਏ। ਦਨਿਆਵੀ ਕਿਰਤ ਦੇ ਨਾਲ ਨਾਲ ਆਪ ਜੀ ਨੇ ਆਪਣਾ ਸਾਰਾ ਜੀਵਨ ਗੁਰੂ ਦੀ ਸੱਚੀ ਸੁੱਚੀ ਕਾਰ ਵਿਚ ਲਾਉਣਾ ਸ਼ੁਰੂ ਕਰ ਦਿੱਤਾ। ਅੰਮ੍ਰਿਤ ਵੇਲੇ ਦੀ ਸੰਭਾਲ ਤਾਂ ਅੰਮ੍ਰਿਤ ਛਕਣ ਵੇਲੇ ਤੋਂ ਹੀ ਦ੍ਰਿੜ ਕਰ ਲਈ ਸੀ ਤੇ ਨਾਲ ਹੀ ਬਿਬੇਕ ਰਹਿਤ ਦੇ ਧਾਰਨੀ ਵੀ ਹੋ ਗਏ ਸਨ। ਆਪ ਜੀ ਦੀ ਸੱਚੀ ਸੁਚੀ ਕਿਰਤ, ਰਹਿਣੀ ਬਹਿਣੀ ਕਰਕੇ ਆਪ ਜੀ ਨੂੰ ਅੰਮ੍ਰਿਤ ਸੰਚਾਰ ਦੀ ਸੇਵਾ ਵਾਸਤੇ ਪੰਚਾਂ ਵਿਚ ਵੀ ਸਾਮਿਲ ਕੀਤਾ ਜਾਂਦਾ ਸੀ। ਆਪ ਜੀ ਗੁਰਬਾਣੀ ਦੇ ਪਾਠ ਦਾ ਅਭਿਆਸ ਕਰਕੇ ਅਖੰਡ-ਪਾਠੀ ਵੀ ਬਣ ਗਏ ਸਨ। ਜਮਸ਼ੇਦਪੁਰ ਅਤੇ ਨੇੜੇ ਤੇੜੇ ਸ਼ਹਿਰਾਂ ਵਿਚ ਆਪ ਜੀ ਨੇ ਭਾਈ ਸਾਹਿਬ ਜੀ ਦੀਆਂ ਪੁਸਤਕਾਂ ਤੇ ਹੋਰ ਗੁਰਮਤਿ ਸਹਿਤ ਵੀ ਸੰਗਤਾਂ ਵਿਚ ਵੰਡਣ ਦੀ ਸੇਵਾ ਸ਼ੁਰੂ ਕਰ ਦਿੱਤੀ ਜੋ ਅਖੀਰਲੇ ਸਵਾਸ ਤਾਈਂ ਕਰਦੇ ਰਹੇ। ਆਪ ਜੀ ਇਕ ਥੈਲਾ ਪੁਸਤਕਾਂ ਦਾ ਭਰ ਕੇ ਹਰ ਵੇਲੇ ਆਪਣੇ ਕੋਲ ਰੱਖਦੇ ਸਨ ਤੇ ਤੁਰਦੇ ਫਿਰਦੇ ਦਨਿਆਵੀ ਕਾਰਜ ਕਰਦੇ ਹੋਏ ਗੁਰਮਤਿ ਦੇ ਜਗਿਆਸੂਆਂ ਨੂੰ ਪੁਸਤਕਾਂ ਵੰਡਦੇ ਰਹਿੰਦੇ ਸਨ। ਆਪ ਜੀ ਵਲੋਂ ਕੀਤੀਆਂ ਜਾ ਰਹੀਆਂ ਪੰਥਕ ਸੇਵਾਵਾਂ ਕਰਕੇ ਆਪ ਨੂੰ ਸੰਗਤਾਂ ਵਲੋਂ ਅਕਾਲੀ ਦਲ ਜਮਸ਼ੇਦਪੁਰ ਦੇ ਮੁਖ ਸੇਵਾਦਾਰ ਦੀ ਸੇਵਾ ਵੀ ਸੌਂਪੀ ਗਈ ਜੋ ਆਪ ਜੀ ਨੇ ਬਾਖੂਬੀ ਨਿਭਾਈ ਤੇ ਪੰਥਕ ਹਿਤਾਂ ਲਈ ਜੂਝਦੇ ਰਹੇ। ਆਪ ਜੀ ਇਕ ਚਲਦੀ ਫਿਰਦੀ ਟਕਸਾਲ ਸੀ ਜੋ ਗੁਰ ਸ਼ਬਦ ਦਾ ਨਿਰੰਤਰ ਲੰਗਰ ਚਲਾਉਣ ਲਈ ਹਰ ਵੇਲੇ ਤਤਪਰ ਰਹਿੰਦੀ ਸੀ। ਗੁਰਦੁਆਰੇ ਨਿਤਾਪ੍ਰਤੀ ਸਵੇਰੇ ਸ਼ਾਮ ਹਾਜ਼ਰੀ ਭਰਨ ਦੇ ਨਾਲ ਨਾਲ ਹਰ ਐਤਵਾਰ ਜਾਂ ਗਰਮੀਆਂ ਦੀਆਂ ਛੁੱਟੀਆਂ ਵਿਚ ਛੋਟੇ ਬੱਚਿਆਂ ਨੂੰ ਜਿੱਥੇ ਪੰਜਾਬੀ ਪੜਨਾ/ਲਿਖਣਾ ਸਿਖਾਉਂਦੇ ਸੀ ਉਥੇ ਮਾਈਆਂ ਬੀਬੀਆਂ, ਬੱਚਿਆਂ ਨੂੰ ਗੁਰਬਾਣੀ ਦੇ ਪਾਠ ਦੀ ਸੰਥਿਆ ਵੀ ਦਿੰਦੇ ਸਨ।

ਸੰਨ 1968 ਵਿਚ ਭਾਈ ਗੁਰਦੇਵ ਸਿੰਘ ਜੀ ਕੀਰਤਨੀਏ ਸਿੰਘ ਰਿਟਾਇਰ ਹੋ ਕੇ ਟਾਟਾ ਨਗਰ ਹੀ ਵਸ ਗਏ ਸਨ ਅਤੇ ਉਨ੍ਹਾਂ ਪ੍ਰਾਈਵੇਟ ਕੰਪਨੀ ਵਿਚ ਸਕਿਊਰਟੀ ਅਫਸਰ ਦੀ ਨੌਕਰੀ ਸ਼ੁਰੂ ਕਰ ਦਿੱਤੀ ਸੀ। ਉਨ੍ਹਾਂ ਦੇ ਸਹਿਯੋਗ ਨਾਲ ਕੀਰਤਨ ਅਖਾੜੇ ਸਜਣ ਲਗ ਪਏ। ਫਿਰ ਭਾਈ ਜੀਵਨ ਸਿੰਘ ਜੀ ਜਦੋਂ ਪਟਨਾ ਸਾਹਿਬ ਆ ਕੇ ਰਾਗੀ ਦੀ



www.AKJ.Org

ਸੇਵਾ ਨਿਭਾਉਣ ਲਗ ਪਏ ਤਾਂ ਉਨ੍ਹਾਂ ਨੂੰ ਬੁਲਾ ਕੇ ਰੈਣ ਸਬਾਈ ਕੀਰਤਨ ਵੀ ਕਰਵਾਉਂਦੇ ਰਹੇ। ਇਸ ਤੋਂ ਬਾਅਦ, ਭਾਈ ਸੰਤੋਖ ਸਿੰਘ ਜੀ ਜਲੰਧਰ ਤੇ ਭਾਈ ਫੋਜਿੰਦਰ ਸਿੰਘ ਮੁਹਾਲੀ ਦੇ ਪਟਨਾ ਸਾਹਿਬ ਆਉਣ ਤੇ ਇਹ ਸਮਾਗਮ ਹੋਰ ਵੀ ਚੜ੍ਹਦੀਆਂ ਕਲਾ ਵਿਚ ਹੋਣ ਲੱਗ ਪਏ। ਸਤਿਕਾਰਯੋਗ ਪੂਰਨ ਦਾਰ ਜੀ ਦੀ 1975 ਤੋਂ 1978 ਤਾਈਂ ਕਲਕੱਤੇ ਰਿਹਾਇਸ਼ ਵੇਲੇ ਅਤੇ ਉਨ੍ਹਾਂ ਦੇ ਸਹਿਯੋਗੀ ਭਾਈ ਮਾਨ ਸਿੰਘ ਜੀ ਧੰਨਬਾਦ ਵਾਲਿਆਂ ਦੀ ਅਣਥੱਕ ਮਿਹਨਤ ਸਦਕਾ ਪੂਰਬੀ ਭਾਰਤ ਦੇ ਸ਼ਹਿਰਾਂ ਅਤੇ ਇਲਾਕਿਆਂ ਵਿਚ ਅੰਮ੍ਰਿਤ ਵੇਲੇ ਦੇ ਸਮਾਗਮ, ਸ੍ਰੀ ਅਖੰਡ ਪਾਠ ਸਾਹਿਬ ਤੇ ਅੰਮ੍ਰਿਤ ਸੰਚਾਰ ਸਮਾਗਮਾਂ ਦੀ ਲਹਿਰ ਚਲ ਪਈ ਜਿਸ ਵਿਚ ਆਪ ਜੀ ਦਾ ਪੂਰਾ ਸਹਿਯੋਗ ਤੇ ਯੋਗਦਾਨ ਰਿਹਾ ਹੈ। ਆਪ ਜੀ ਸੰਗਤਾਂ ਸਮੇਤ ਇਨ੍ਹਾਂ ਸਮਾਗਮਾਂ ਤੇ ਪੁੱਜ ਕੇ ਨਾਮ ਬਾਣੀ ਦੇ ਲਾਹੇ ਲੈਂਦੇ ਰਹੇ।

ਨਵੰਬਰ 1984 ਵਿਚ ਜਮਸ਼ੇਦਪੁਰ/ਟਾਟਾ ਨਗਰ ਵਿਚ ਉਸ ਵੇਲੇ ਦੀ ਪ੍ਰਧਾਨ ਮੰਤਰੀ ਦੇ ਕਤਲ ਤੋਂ ਬਾਅਦ, ਸਿਖਾਂ ਦੇ ਹੋਏ ਕਤਲੋਗਾਰਤ ਸਮੇਂ ਆਪ ਨੇ ਪੀੜ੍ਹਤ ਪ੍ਰੀਵਾਰਾਂ ਦੀ ਹਰ ਤਰ੍ਹਾਂ ਸਹਾਇਤਾ ਕੀਤੀ। ਸੇਵਾ ਮੁਕਤੀ ਤੋਂ ਬਾਅਦ ਆਪ ਜੀ ਨੇ ਆਪਣਾ ਸਾਰਾ ਸਮਾਂ ਕੇਵਲ ਗੁਰਮਤਿ ਪ੍ਰਚਾਰ 'ਤੇ ਹੀ ਲਗਾ ਦਿੱਤਾ। ਸੰਨ 1988 ਵਿਚ ਆਪ ਜੀ ਜਮਸ਼ੇਦਪੁਰ ਦੀ ਰਫਿਊਜੀ ਕੋਲੋਨੀ ਦੇ ਗ੍ਰੰਥੀ ਸਿੰਘ ਨਾਲ ਸਕੂਟਰ ਤੇ ਬੈਠ ਕੇ ਇਕ ਗੁਰਮਤਿ ਪ੍ਰਚਾਰ ਸਮਾਗਮ 'ਤੇ ਜਾ ਰਹੇ ਸਨ ਕਿ ਫੈਕਟਰੀ ਵਿਚੋਂ ਬਣ ਕੇ ਨਿਕਲੇ ਨਵੇਂ ਟਰੱਕ ਦੇ ਡਰਾਈਵਰ ਨੇ (ਜੋ ਗਲਤ ਪਾਸੇ ਤੋਂ ਆ ਰਿਹਾ ਸੀ) ਸਕੂਟਰ ਨਾਲ ਟਰੱਕ ਮਾਰ ਦਿੱਤੀ, ਜਿਸ ਵਿਚ ਆਪ ਜੀ ਦੀ ਇਕ ਲੱਤ ਚਕਨਾਚੂਰ ਹੋ ਗਈ। ਡਾਕਟਰਾਂ ਦੀਆਂ ਕਾਫੀ ਕੋਸ਼ਿਸ਼ਾਂ ਦੇ ਬਾਵਜੂਦ ਉਹ ਲੱਤ ਗੋਡੇ ਤੋਂ ਉੱਪਰ ਕੱਟਣੀ ਤੇ ਜ਼ਿਆਦਾ ਖ਼ੂਨ ਵਗਣ ਕਰਕੇ ਆਪ ਅਨੀਮੀਆ ਦਾ ਸ਼ਿਕਾਰ ਵੀ ਹੋ ਗਏ। ਇਕ ਲੱਤ ਕਟੇ ਜਾਣ ਦੇ ਬਾਵਜੂਦ ਵੀ, ਆਪ ਇਕ ਲੱਤ ਅਤੇ ਵਹਿੰਗੀ ਦੇ ਸਹਾਰੇ ਗੁਰਮਤਿ ਪ੍ਰਚਾਰ ਦੀ ਸੇਵਾ ਵਿਚ ਪਹਿਲਾਂ ਵਾਂਗ ਹੀ ਤਤਪਰ ਰਹੇ। ਇਹ ਸੇਵਾ ਆਪ ਜੀ ਨੇ ਸੰਨ 1995 ਤਾਈਂ ਨਿਬਾਹੀ।

ਐਕਸੀਡੈਂਟ ਤੋਂ ਬਾਅਦ ਆਪ ਜੀ ਦੀ ਸਰੀਰਕ ਕਮਜੋਰੀ ਵੱਧਦੀ ਗਈ ਅਤੇ ਖ਼ੂਨ ਦੀ ਕਮੀ ਹੋਣ ਕਾਰਨ ਪਹਿਲਾਂ ਵਾਲੀ ਸ਼ਕਤੀ ਨਹੀਂ ਰਹੀ ਭਾਵੇਂ ਉੱਦਮ ਉਸੇ ਤਰ੍ਹਾਂ ਹੀ ਸੀ। ਮਾਰਚ 1995 ਵਿਚ ਆਪ ਜੀ ਨੂੰ ਬਹੁਤ ਕਮਜ਼ੋਰੀ ਹੋਣ ਕਾਰਨ, ਹਸਪਤਾਲ ਦਾਖਲ ਕਰਾਉਣਾ ਪਿਆ। ਦੋ ਤਿੰਨ ਦਿਨ ਉਥੇ ਰਹਿਣ ਪਿਛੋਂ ਮਿਤੀ 18 ਮਾਰਚ 1995 ਨੂੰ ਆਪ ਜੀ ਧੁਰੋਂ ਬਖਸ਼ੇ ਹੋਏ ਸਵਾਸਾਂ ਦੀ ਪੂੰਜੀ ਪੂਰੀ ਕਰਕੇ, ਆਪਣਾ ਜੀਵਨ ਸਫਲ ਕਰਦੇ ਹੋਏ, ਗੁਰੂ ਚਰਨਾਂ ਵਿਚ ਜਾ ਬਿਰਾਜੇ। ਉਨ੍ਹਾਂ ਦੀ ਸਿੰਘਣੀ ਵੀ ਉਨ੍ਹਾਂ ਤੋਂ ਚਾਰ ਪੰਜ ਸਾਲ ਬਾਅਦ ਇਸੇ ਤਾਰੀਕ ਨੂੰ ਹੀ ਗੁਰੂ ਚਰਨਾਂ ਵਿਚ ਜਾ ਬਿਰਾਜੀ ਸੀ।

*(ਆਪ ਜੀ ਦੇ ਸਪੁੱਤਰ ਸ. ਪ੍ਰਭਦਿਆਲ ਸਿੰਘ ਵਲੋਂ ਮਿਲੀ ਸੂਚਨਾ 'ਤੇ ਅਧਾਰਿਤ)*

# ਭਾਈ ਚਰਨ ਸਿੰਘ ਜੀ ਬਡਾਲਾ (ਖਰੜ)

ਭਾਈ ਗੁਰਦੀਪ ਸਿੰਘ ਸ੍ਰੀ ਅੰਮ੍ਰਿਤਸਰ

ਭਾਈ ਸਾਹਿਬ ਜੀ ਦੇ ਪੁਰਾਤਨ ਸੰਗੀ ਸਾਥੀ ਦੇਸ਼/ਕੌਮ ਦੀ ਖ਼ਾਤਰ ਲੜਨ ਵਾਲੇ ਜੁਝਾਰੂ ਸਿੰਘ ਭਾਈ ਚਰਨ ਸਿੰਘ ਜੀ ਦਾ ਜਨਮ ਪਿੰਡ ਬਡਾਲਾ ਨੇੜੇ ਖਰੜ, ਜ਼ਿਲ੍ਹਾ ਅੰਬਾਲਾ (ਹੁਣ ਰੋਪੜ) ਭਾਈ ਰਤਨ ਸਿੰਘ ਜੀ ਦੇ ਘਰ ਬੀਬੀ ਇੰਦ ਕੌਰ ਜੀ ਦੀ ਕੁਖੋਂ ਹੋਇਆ। ਆਪ ਜੀ ਦੇ ਪਿਤਾ ਜੀ ਆਪ ਦੇ ਜਨਮ ਤੋਂ ਪਹਿਲਾਂ ਹੀ ਚੜ੍ਹਾਈ ਕਰ ਗਏ ਸਨ। ਆਪ ਜੀ ਦਾ ਪਾਲਣ ਪੋਸ਼ਣ ਇਨ੍ਹਾਂ ਦੇ ਤਾਇਆ ਜੀ ਭਾਈ ਕਰਤਾਰ ਸਿੰਘ ਉਰਫ ਫੌਜਾ ਸਿੰਘ ਜੀ ਜੋ ਉੱਚ ਆਤਮਿਕ ਅਵਸਥਾ ਵਾਲੀ ਭਜਨੀਕ ਰੂਹ ਸੀ ਅਤੇ ਮਾਤਾ ਜੀ ਨੇ ਕੀਤਾ। ਇਹ ਪਰਿਵਾਰ ਖੇਤੀਬਾੜੀ ਦਾ ਕੰਮ



www.AKJ.Org

ਕਰਦਾ ਸੀ। ਗੁਰਸਿੱਖੀ ਦੀ ਲਗਨ ਆਪਣੇ ਤਾਇਆ ਜੀ ਦੀ ਸੰਗਤ ਕਰਕੇ ਬਚਪਨ ਤੋਂ ਹੀ ਲੱਗ ਗਈ ਸੀ। ਆਪ ਜੀ ਨੇ ਮੁੱਢਲੀ ਵਿਦਿਆ ਪੰਜਵੀਂ ਜਮਾਤ ਤਾਈਂ ਪਿੰਡ ਦੇ ਸਕੂਲ ਤੋਂ ਲਈ ਅਤੇ ਉਰਦੂ ਸਿਖਿਆ। ਫਿਰ ਪਿੰਡ ਵਿਚ ਸਥਿਤ ਧਰਮਸ਼ਾਲਾ (ਗੁਰਦੁਆਰੇ) ਦੇ ਗ੍ਰੰਥੀ ਤੋਂ ਪੰਜਾਬੀ/ਗੁਰਮੁਖੀ ਅਤੇ ਪਾਠ ਦੀ ਸੰਥਿਆ ਲਈ। ਪਿਤਾ ਜੀ ਚੜ੍ਹਾਈ ਕਰਨ ਕਰਕੇ ਆਪ ਜੀ ਨੂੰ ਖੇਤੀਬਾੜੀ ਦਾ ਕੰਮ ਬਚਪਨ ਤੋਂ ਹੀ ਸੰਭਾਲਣਾ ਪਿਆ ਅਤੇ ਸਾਰੀ ਆਯੂ ਇਹ ਉੱਤਮ ਉੱਚੀ-ਸੁੱਚੀ ਕ੍ਰਿਤ ਕਰਦੇ ਰਹੇ।

ਜਥੇਦਾਰ ਭਾਈ ਗੰਗਾ ਸਿੰਘ ਜੀ ਪਿੰਡ ਪੰਨੂਆ (ਮੈਣ ਦੁਆਬ) ਵਾਲਿਆਂ ਦਾ ਭਾਈ ਸਾਹਿਬ ਜੀ ਨਾਲ ਮੇਲ ਮਿਲਾਪ ਸੀ ਅਤੇ ਭਾਈ ਸਾਹਿਬ ਜੀ ਵੀ ਜਥੇ ਸਮੇਤ ਪਿੰਡ ਪੰਨੂਆ ਸ੍ਰੀ ਅਖੰਡ ਪਾਠ ਅਤੇ ਕੀਰਤਨ ਸਮਾਗਮਾਂ ਦੀਆਂ ਹਾਜ਼ਰੀਆਂ ਭਰਦੇ ਰਹਿੰਦੇ ਸਨ। ਇਨ੍ਹਾਂ ਦੇ ਗੁਆਂਢੀ ਪਿੰਡ ਚੋਹਲਟਾ ਕਲਾਂ ਦੇ ਡਾਕਟਰ ਖਜ਼ਾਨ ਸਿੰਘ ਅਤੇ ਭਾਈ ਦਲੀਪ ਸਿੰਘ ਜੀ ਵੀ ਜਥੇਦਾਰ ਸਾਹਿਬ ਜੀ ਦੀ ਸੰਗਤ ਅਤੇ ਪ੍ਰੇਰਨਾ ਕਰਕੇ ਭਾਈ ਸਾਹਿਬ ਜੀ ਦੀ ਸੰਗਤ ਵਿਚ ਆ ਗਏ ਸਨ। ਭਾਈ ਦਲੀਪ ਸਿੰਘ ਜੀ ਦੀ ਲੜਕੀ ਭਾਈ ਸਾਹਿਬ ਜੀ ਦੇ ਗੁਆਂਢ ਵਿਚ ਹੀ ਨਾਰੰਗਵਾਲ ਵਿਆਹੀ ਹੋਈ ਸੀ ਤੇ ਭਾਈ ਸਾਹਿਬ ਜੀ ਖੁਦ ਬਰਾਤ ਵਿਚ ਸ਼ਾਮਿਲ ਹੋ ਕੇ ਕੀਰਤਨ ਕਰਦੇ ਹੋਏ ਬਸ ਰਾਹੀਂ ਪਿੰਡ ਚੋਹਲਟਾ ਕਲਾਂ ਇਸ ਅਨੰਦ ਕਾਰਜ ਵਿਚ ਸ਼ਾਮਿਲ ਹੋਏ ਸਨ। ਹੁਣ ਇਹ ਪਰਿਵਾਰ ਭਾਈ ਸਾਹਿਬ ਜੀ ਦੀ ਨਾਰੰਗਵਾਲ ਵਿਚ ਜੱਦੀ ਹਵੇਲੀ ਦੀ ਜਗ੍ਹਾ ਬਣੇ ਗੁਰਦੁਆਰੇ ਦੀ ਦੇਖਭਾਲ ਕਰ ਰਿਹਾ ਹੈ। ਇਨ੍ਹਾਂ ਗੁਰੂ ਪਿਆਰਿਆਂ ਦੀ ਸੰਗਤ ਕਰਦਿਆਂ ਆਪ ਜੀ ਦਾ ਵੀ ਭਾਈ ਸਾਹਿਬ ਜੀ ਨਾਲ ਮੇਲ ਮਿਲਾਪ ਹੋ ਗਿਆ ਅਤੇ ਸ੍ਰੀ ਅਖੰਡ ਪਾਠ ਸਮਾਗਮਾਂ ਤੇ ਰੈਣ ਸਬਾਈ ਕੀਰਤਨਾਂ ਦੀ ਹਾਜ਼ਰੀ ਭਰਨ ਲੱਗ ਪਏ। ਜਲਦੀ ਹੀ ਆਪ ਅੰਮ੍ਰਿਤ ਛੱਕ ਕੇ ਗੁਰੂ ਚਰਨਾਂ ਵਿਚ ਜੁੜ ਗਏ, ਰਹਿਤ-ਬਹਿਤ ਦੇ ਪੱਕੇ ਧਾਰਨੀ ਹੋ ਕੇ ਨਾਮ ਬਾਣੀ ਦੀ ਅਤੁੱਟ ਕਮਾਈ ਕਰਨ ਲੱਗ ਪਏ। ਉਨ੍ਹਾਂ ਸਮਿਆਂ ਵਿੱਚ ਜਾਤ ਪਾਤ ਤੇ ਛੂਤ ਛਾਤ ਦਾ ਬਹੁਤ ਬੋਲਬਾਲਾ ਸੀ ਅਤੇ ਸਿੰਘ ਇਨ੍ਹਾਂ ਦੇ ਗ੍ਰਹਿ ਵਿਖੇ ਆਉਂਦੇ ਰਹਿੰਦੇ ਸਨ। ਪਿੰਡ ਵਾਲੇ ਸਮਝਦੇ ਸਨ ਕਿ ਇਹ ਨੀਵੀਂ ਜਾਤ ਵਾਲਿਆਂ ਨਾਲ ਖਾਨ ਪਾਨ ਸਾਂਝਾ ਕਰਦੇ ਹਨ। ਇਸ ਲਈ ਪਿੰਡ ਵਾਲਿਆਂ ਨੇ ਇਨ੍ਹਾਂ ਦਾ ਬਾਈਕਾਟ ਕਰ ਦਿੱਤਾ, ਪ੍ਰੰਤੂ ਆਪ ਨੇ ਨਿਧੜਕ ਅਤੇ ਲੋਕ ਪਤੀਆਰੇ ਤੋਂ ਬੇਪਰਵਾਹ ਹੋ ਕੇ ਸਿੱਖੀ ਨਿਭਾਈ, ਕਿਸੇ ਦੀ ਕੋਈ ਪਰਵਾਹ ਨਹੀਂ ਕੀਤੀ। ਇਸ ਇਲਾਕੇ ਵਿਚ ਇਕ ਭਜਨੀਕ ਰੂਹ, ਉੱਚ ਆਤਮਿਕ ਅਵਸਥਾ ਵਿਚ ਖੇਡਾਂ ਖੇਡਣ ਵਾਲੇ ਬਾਬਾ ਅਜੀਤ ਸਿੰਘ ਜੀ ਹੰਸਾਲੀ ਵਾਲੇ ਹੋਏ ਹਨ ਜੋ ਕਿ ਇਕ ਵਾਰ ਨਿਸ਼ਾਨ ਸਾਹਿਬ ਦੇ ਚੋਲੇ ਬਦਲਣ ਦੀ ਸੇਵਾ ਕਰਦੇ ਹੇਠਾਂ ਡਿੱਗ ਪਏ। ਉਨ੍ਹਾਂ ਦੇ ਸਵਾਸ ਦਸਮ ਦੁਆਰ ਚੜ੍ਹ ਗਏ, ਪਰ ਅਨਾੜੀ ਰਿਸ਼ਤੇਦਾਰਾਂ ਸੰਬੰਧੀਆਂ ਅਤੇ ਉਨ੍ਹਾਂ ਦੇ ਪ੍ਰੇਮੀਆਂ ਨੇ ਸਸਕਾਰ ਕਰ ਦਿੱਤਾ, ਜਿਨ੍ਹਾਂ ਵਿਚ ਆਪ ਵੀ ਸ਼ਾਮਿਲ ਸਨ। ਆਪ ਨੂੰ ਉਨ੍ਹਾਂ ਦੀ ਸੰਗਤ ਦਾ ਆਨੰਦ ਮਾਣਨ ਦਾ ਸੁਭਾਗ ਵੀ ਪ੍ਰਾਪਤ ਰਿਹਾ ਹੈ। ਆਪ ਨੂੰ ਸੰਤਾਂ ਨੇ ਇਸ ਜਨਮ ਵਿਚ ਵੀ ਪਹਿਚਾਣ ਲਿਆ ਸੀ ਤੇ ਕਈ ਵਾਰੀ ਹਾਸੇ ਵਿੱਚ ਕਹਿ ਦਿੰਦੇ ਸਨ ਕਿ ਤੂੰ ਮੇਰਾ ਕਾਤਲ ਹੈਂ।

ਆਪ ਜੀ ਦਾ ਪਹਿਲਾ ਅਨੰਦ ਕਾਰਜ ਇਨ੍ਹਾਂ ਦੀ ਬਹੁਤ ਛੋਟੀ ਬਾਲ ਅਵਸਥਾ ਵਿਚ ਹੀ ਇਨ੍ਹਾਂ ਦੇ ਵਡੇ ਭਰਾ ਸਮੇਤ ਪਿੰਡ ਭਾਗੋਮਾਜਰਾ ਦੀਆਂ ਦੋ ਸਕੀਆਂ ਭੈਣਾਂ ਨਾਲ ਹੋਇਆ ਸੀ ਪਰ ਇਨ੍ਹਾਂ ਦੀ ਸਿੰਘਣੀ ਮੁਕਲਾਵੇ ਆਉਣ ਤੋਂ ਪਹਿਲਾਂ ਹੀ ਛੋਟੀ ਆਯੂ ਵਿਚ ਹੀ ਚੜ੍ਹਾਈ ਕਰ ਗਈ। ਫਿਰ ਇਨ੍ਹਾਂ ਦਾ ਅਨੰਦ ਕਾਰਜ ਬੀਬੀ ਗੁਰਨਾਮ ਕੌਰ ਜੀ ਪਿੰਡ ਸੈਂਪਲੀ, ਜ਼ਿਲ੍ਹਾ ਰੋਪੜ ਨਾਲ ਹੋਇਆ ਤੇ ਇਨ੍ਹਾਂ ਦੇ ਘਰ 3 ਪੁੱਤਰਾਂ ਅਤੇ 4 ਪੁੱਤਰੀਆਂ ਨੇ ਜਨਮ ਲਿਆ। ਇਨ੍ਹਾਂ ਦੀ ਸਿੰਘਣੀ ਸੇਵਾ ਸਿਮਰਨ ਅਤੇ ਨਿਮਰਤਾ ਦੀ ਪੁੰਜ ਸੀ। ਕੀਰਤਨ ਸਮਾਗਮਾਂ ਦੌਰਾਨ ਲੰਗਰ ਦੀ ਸੇਵਾ ਕਰਦਿਆਂ ਕਦੇ ਅੱਕਦੀ ਥੱਕਦੀ ਨਹੀਂ ਸੀ। ਭਾਈ ਸਾਹਿਬ ਜੀ ਉਸ ਨੂੰ ਬਹੁਤ ਪਿਆਰ ਦਿੰਦੇ ਸਨ। ਇਨ੍ਹਾਂ ਦਾ ਸਾਰਾ ਪਰਿਵਾਰ ਗੁਰਸਿਖ ਅੰਮ੍ਰਿਤਧਾਰੀ ਤੇ ਰਹਿਤ ਬਹਿਤ ਦਾ ਧਾਰਨੀ ਹੈ। ਉਸ ਦੀ ਗਰਦਨ ਤੋਂ ਜਨਮ ਵੇਲੇ ਤੋਂ ਇਕ ਜ਼ਖ਼ਮ ਦਾ ਨਿਸ਼ਾਨ ਸੀ। ਕਾਫੀ ਚਿਰ ਇਹ ਜ਼ਖ਼ਮ ਰਿਸਦਾ ਰਿਹਾ ਸੀ। ਜਦੋਂ ਭਾਈ ਸਾਹਿਬ ਜੀ ਨਾਲ ਪਹਿਲਾ ਮਿਲਾਪ ਹੋਇਆ



www.AKJ.Org

ਤੇ ਉਨ੍ਹਾਂ ਨੇ ਪਿਛਲੇ ਜਨਮ ਵਿਚ ਇਸ ਬੀਬੀ ਦੇ ਬਿੱਲੀ ਹੋਣ ਕਰਕੇ ਕਿਹਾ ਕਿ ਆ ਗਈ ਮੇਰੀ ਬਿੱਲੀ। ਜਿਹੜੇ ਸਿੰਘ ਕੋਲ ਬੈਠੇ ਸੀ ,ਉਨ੍ਹਾਂ ਦੇ ਪੁੱਛਣ ਤੇ ਭਾਈ ਸਾਹਿਬ ਜੀ ਨੇ ਦੱਸਿਆ ਕਿ ਇਹ ਪਿਛਲੇ ਜਨਮ ਵਿੱਚ ਬਿੱਲੀ ਦੇ ਰੂਪ ਵਿੱਚ ਜੇਲ ਵਿੱਚ ਮੇਰੇ ਨਾਲ ਰਹਿੰਦੀ ਸੀ। ਸੁੱਚੇ ਭਾਂਡਿਆਂ ਨੂੰ ਕਦੇ ਮੂੰਹ ਨਹੀਂ ਸੀ ਲਾਉਂਦੀ। ਮੇਰੇ ਜੂਠੇ ਭਾਂਡੇ ਹੀ ਚੱਟਦੀ ਹੁੰਦੀ ਸੀ। ਇਕ ਦਿਨ ਜਦੋਂ ਮੈਂ ਖੂਹ ਚੋਂ ਪਾਣੀ ਲੈਣ ਗਿਆ ਤੇ ਕੁੱਤੇ ਨੇ ਇਸ ਨੂੰ ਗਰਦਨ ਤੋਂ ਫੜ ਕੇ ਦੰਦ ਮਾਰ ਕੇ ਮਾਰ ਦਿੱਤਾ। ਭਾਈ ਸਾਹਿਬ ਨੇ ਬੀਬੀ ਨੂੰ ਗਰਦਨ ਤੋਂ ਫੜ ਕੇ ਸਾਰਿਆਂ ਨੂੰ ਉਹ ਨਿਸ਼ਾਨ ਦਿਖਾਇਆ ਕਿ ਇਹ ਉਹੀ ਕੁੱਤੇ ਦੇ ਦੰਦਾਂ ਦਾ ਨਿਸ਼ਾਨ ਹੈ। ਇਨ੍ਹਾਂ ਦਾ ਵੱਡਾ ਸਪੁੱਤਰ ਰੰਗ ਦਰਸ਼ਨ ਸਿੰਘ ਕੋਈ ਭਗਤੀ ਵਾਲੀ ਪੁਰਾਣੀ ਰੂਹ ਸੀ ਅਤੇ ਉਸ ਦੀ ਥੋੜ੍ਹੀ ਭਗਤੀ ਰਹਿੰਦੀ ਸੀ। ਇਸ ਬੱਚੇ ਦਾ ਨਾਮ ਭਾਈ ਸਾਹਿਬ ਜੀ ਨੇ ਆਪ ਰੱਖਿਆ ਸੀ ਅਤੇ ਕਿਹਾ ਵੀ ਸੀ ਕਿ ਬੀਬੀ ਇਸ ਬੱਚੇ ਨਾਲ ਮੋਹ ਨਾ ਪਾਈਂ। ਇਹ ਆਪਣੇ ਰੰਗ ਵਿੱਚ ਆਇਆ ਹੈ ਤੇ ਆਪਣੇ ਹੀ ਰੰਗਾਂ ਵਿਚ ਤੁਰ ਜਾਵੇਗਾ। ਜਦੋਂ ਅਜੇ ਬਾਲ ਅਵਸਥਾ ਵਿਚ ਰਿੜਦਾ ਹੀ ਸੀ ਤੇ ਉਸ ਦਾ ਸਿਮਰਨ ਸਵਾਸ ਸਵਾਸ ਚਲਦਾ ਰਹਿੰਦਾ ਸੀ ਤੇ ਚਿਹਰੇ ਦਾ ਨੂਰ ਵੀ ਝੱਲਿਆ ਨਹੀਂ ਸੀ ਜਾਂਦਾ। ਇਕ ਵਾਰੀ ਉਸ ਨੇ ਖੇਡਦੇ ਸਮੇਂ ਇਕ ਸਪੋਲੀਆ (ਸੱਪ ਦਾ ਬੱਚਾ) ਚੁੱਕ ਕੇ ਜੇਬ ਵਿੱਚ ਪਾ ਲਿਆ ਤੇ ਉਸ ਨੇ ਫਿਰ ਵੀ ਡੰਗ ਨਹੀਂ ਮਾਰਿਆ। ਜਦੋਂ ਉਸ ਬੱਚੇ ਨੇ ਚੜ੍ਹਾਈ ਕਰਨਾ ਸੀ ਤੇ ਆਪ ਬਾਹਰ ਕਿਸੇ ਕੰਮ ਗਏ ਹੋਏ ਸੀ ਤੇ ਇਨ੍ਹਾਂ ਦੇ ਮਾਤਾ ਜੀ ਭਾਈ ਸਾਹਿਬ ਨਾਲ ਲਾਹੌਰ, ਜਿਹਲਮ, ਰਾਵਲਪਿੰਡੀ ਆਦਿ ਸ਼ਹਿਰਾਂ ਵਿਚ ਸਮਾਗਮਾਂ 'ਤੇ ਗਏ ਹੋਏ ਸਨ। ਸਮਾਗਮ ਉਪਰ ਹੀ ਭਾਈ ਸਾਹਿਬ ਜੀ ਨੇ ਮਾਤਾ ਜੀ ਨੂੰ ਕਿਹਾ ਘਰ ਵਾਪਸ ਜਾਓ। ਰੰਗਦਰਸ਼ਨ ਸਿੰਘ ਤਿਆਰੀ ਕਰੀ ਬੈਠਾ। ਮਾਤਾ ਜੀ ਅਜੇ ਪੰਨੂਆਂ ਹੀ ਪਹੁੰਚੇ ਸਨ ਕਿ ਖਬਰ ਮਿਲ ਗਈ ਕਿ ਕਾਕਾ ਚੜ੍ਹਾਈ ਕਰ ਗਿਆ ਹੈ। ਉਸ ਸਮੇਂ ਬੱਚੇ ਦੀ ਉਮਰ ਢਾਈ ਸਾਲ ਸੀ।

ਆਪ ਜੀ ਭਾਈ ਸਾਹਿਬ ਜੀ ਦੇ ਜੇਲ੍ਹ ਜਾਣ ਤੋਂ ਬਾਅਦ ਗੁਰਦੁਆਰਾ ਸੁਧਾਰ ਲਹਿਰ ਵੇਲੇ ਹੋ ਰਹੇ ਪੁਲਿਸ ਤਸ਼ੱਦਦ ਅਤੇ ਦੇਸ਼ ਨੂੰ ਅਜ਼ਾਦ ਕਰਵਾਉਣ ਲਈ ਸ਼ਾਂਤਮਈ ਪ੍ਰਦਰਸ਼ਨ ਦੀ ਥਾਂ ਹਥਿਆਰਬੰਦ ਹੋ ਕੇ ਲੜਾਈ ਕਰਨ ਲਈ ਜੁਝ ਪਏ। ਇਸ ਸਬੰਧੀ ਆਪ ਜੀ ਦਾ ਸਬੰਧ ਭਾਈ ਬਹਾਦਰ ਸਿੰਘ ਸ੍ਰੀ ਅਨੰਦਪੁਰ ਸਾਹਿਬ, ਸੰਤ ਕ੍ਰਿਪਾਲ ਸਿੰਘ (ਨੰਦਪੁਰ ਕਲੌੜ), ਭਾਈ ਸਤਨਾਮ ਸਿੰਘ ਚੰਦੂਮਾਜਰੇ ਵਾਲੇ, ਭਾਈ ਅਜਮੇਰ ਸਿੰਘ ਮਰਾਕੋਪੁਰ ਨੇੜੇ ਫ਼ਤਿਹਗੜ੍ਹ ਸਾਹਿਬ ਨਾਲ ਹੋ ਗਿਆ। ਕੁਝ ਹੋਰ ਜੁਝਾਰੂ ਸਿੰਘਾਂ ਨੇ ਰਲ ਕੇ ਇਨ੍ਹਾ ਯੁਗ ਪਲਟਾਊ ਦਲ ਬਣਾਇਆ ਸੀ ਅਤੇ ਉਸ ਦਲ ਨਾਲ ਰਲ ਕੇ ਬੱਬਰ ਅਕਾਲੀ ਲਹਿਰ ਵਿਚ ਸ਼ਾਮਿਲ ਹੋ ਗਏ। ਇਨ੍ਹਾਂ ਲਾਹੌਰ ਵਿਚ ਸਾਥੀਆਂ ਨਾਲ ਰਲ ਕੇ ਸ਼ਟਰਿੰਗ ਅਤੇ ਪਾਣੀ ਵਾਲੀਆਂ ਨਾਲੀਆਂ ਦੇ ਪਾਈਪਾਂ ਵਿਚ ਬੰਬ ਫਿਟ ਕੀਤੇ ਅਤੇ ਬੰਦੂਕਾਂ ਵੀ ਬਣਾਉਂਦੇ ਰਹੇ। ਇਸ ਦਲ ਵਲੋਂ ਕਾਲਕਾ ਅੰਬਾਲੇ ਸੈਕਸ਼ਨ ਤੇ ਗੱਡੀ 'ਤੇ ਹਮਲਾ ਕਰਕੇ ਕੁੱਝ ਅੰਗਰੇਜ਼ ਅਫ਼ਸਰ ਮਾਰੇ ਤੇ ਹੋਰ ਕਾਰਵਾਈਆਂ ਵੀ ਕੀਤੀਆਂ। ਬਾਅਦ ਵਿਚ ਸਾਰੇ ਰਫੂ ਚੱਕਰ ਹੋ ਗਏ ਅਤੇ ਗੁਪਤ ਸੇਵਾ ਕਰਦੇ ਰਹੇ। ਅਗਿਆਤਵਾਸ ਦੌਰਾਨ ਕਈ ਕਈ ਦਿਨ ਭੁੱਖੇ ਪਿਆਸੇ ਰਹਿੰਦੇ ਰਹੇ ਜਿਸ ਨਾਲ ਸਿਹਤ ਤੇ ਬਹੁਤ ਮਾੜਾ ਅਸਰ ਪਿਆ ਅਤੇ ਕੰਨਾਂ ਤੋਂ ਵੀ ਉੱਚਾ ਸੁਣਾਈ ਦੇਣ ਲੱਗ ਪਿਆ।

ਆਪ ਜੀ ਦੀ ਭਾਈ ਆਤਮਾ ਸਿੰਘ ਪੰਜੋਖਰਾ ਸਾਹਿਬ ਵਾਲਿਆਂ ਨਾਲ ਸੰਸਾਰਿਕ ਰਿਸ਼ਤੇਦਾਰੀ ਅਤੇ ਨਿੱਘਾ ਸਨੇਹ ਸੀ। ਆਪ ਭਾਈ ਸਾਹਿਬ ਜੀ ਨਾਲ ਵੀ ਅਖੰਡ ਪਾਠ ਸਮਾਗਮ ਤੇ ਕੀਰਤਨ ਸਮਾਗਮ ਤੇ ਵੱਖ-ਵੱਖ ਸ਼ਹਿਰਾਂ ਵਿਚ ਜਾਂਦੇ ਰਹੇ। ਆਪ ਜੀ ਨੇ ਬਚਪਨ ਤੋਂ ਗੁਰਦੁਆਰੇ ਦੇ ਗ੍ਰੰਥੀ ਤੋਂ ਪਾਠ ਦੀ ਸੰਥਿਆ ਲਈ ਹੋਈ ਸੀ ਤੇ ਜਥੇ ਵਲੋਂ ਹੋਣ ਵਾਲੇ ਸ੍ਰੀ ਅਖੰਡ ਪਾਠਾਂ ਵਿਚ ਨਿਰਬਾਣ ਸੇਵਾ ਕਰਦੇ ਰਹੇ। ਅੰਮ੍ਰਿਤ ਵੇਲੇ ਦੀ ਸੰਭਾਲ, ਪੂਰਬਲੀ ਕਮਾਈ ਅਤੇ ਰਹਿਤ ਬਹਿਤ ਦੇ ਪੱਕੇ ਧਾਰਨੀ ਹੋਣ ਕਾਰਨ ਆਪ ਜੀ ਨੂੰ ਅੰਮ੍ਰਿਤ ਸੰਚਾਰ ਲਈ ਪੰਚਾਂ ਦੀ ਸੇਵਾ ਵਿਚ ਸ਼ਾਮਿਲ ਕੀਤਾ ਜਾਂਦਾ ਰਿਹਾ ਹੈ। ਆਪ ਕੀਰਤਨ ਵਿਚ ਹਮੇਸ਼ਾ ਅਡੋਲ ਸਮਾਧੀ ਲਾ ਕੇ ਬੈਠਦੇ ਸਨ। ਕਦੇ ਥਕੇਵਾਂ ਜਾਂ ਆਲਸ ਨੇੜੇ ਨਹੀਂ ਸੀ ਆਉਂਦਾ। ਭਾਈ ਸਾਹਿਬ ਜੀ ਕੀਰਤਨ ਕਰਨ ਵੇਲੇ ਆਪ ਨੂੰ ਨਾਲ ਬਿਠਾਉਂਦੇ ਹੁੰਦੇ ਸਨ ਕਿਉਂਕਿ ਆਪ ਜੀ



www.AKJ.Org

ਬਹੁਤ ਗੱਜ ਵੱਜ ਕੇ ਬੋਲਦੇ ਸਨ ਤੇ ਬਾਣੀ ਵੀ ਬਹੁਤ ਕੰਠ ਸੀ। ਪਰਿਵਾਰਕ ਮੈਂਬਰਾਂ ਦੇ ਦੱਸਣ ਮੁਤਾਬਕ ਕਿ ਇਕ ਵਾਰੀ ਭਾਈ ਸਾਹਿਬ ਜੀ ਦੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤ ਸਰੋਵਰ ਦੇ ਤ੍ਰਿਪਹਿਰੇ ਵੇਲੇ ਇਸ਼ਨਾਨ ਕਰਨ ਸਮੇਂ ਆਪ ਨਾਲ ਸਨ ਅਤੇ ਜਦੋਂ ਭਾਈ ਸਾਹਿਬ ਜੀ ਨੇ ਇਸ਼ਨਾਨ ਸ਼ੁਰੂ ਕੀਤਾ ਤਾਂ ਆਪ ਉਨ੍ਹਾਂ ਦੇ ਬਸਤਰਾਂ ਕੋਲ ਬੈਠ ਗਏ। ਪਹਿਲਾਂ ਭਾਈ ਸਾਹਿਬ ਜੀ ਨੇ ਸਰੋਵਰ ਵਿਚ ਐਸੀ ਚੁੱਭੀ ਲਾਈ ਕਿ ਤਿੰਨ ਘੰਟੇ ਬਾਹਰ ਹੀ ਨਹੀਂ ਆਏ ਅਤੇ ਫਿਰ ਕਾਫੀ ਸਮਾਂ ਗੁਰਬਾਣੀ ਦਾ ਪਾਠ ਕਰਦੇ ਹੋਏ ਸਰੋਵਰ ਦੇ ਜਲ ਉੱਪਰ ਚੌਂਕੜਾ ਮਾਰ ਕੇ ਬੈਠੇ ਰਹੇ। ਆਪ ਜੀ ਮੁਤਾਬਕ ਉਨ੍ਹਾਂ ਦੀ ਅੱਖਾਂ ਵਿਚ ਇਕ ਆਕਰਖਣ ਸ਼ਕਤੀ ਸੀ ਅਤੇ ਉਹ ਦਿਬ ਦ੍ਰਿਸ਼ਟੀ ਦੇ ਮਾਲਕ ਸਨ। ਇਕ ਵੇਲੇ ਲਾਹੌਰ ਜਾਣ ਸਮੇਂ ਗੱਡੀ ਦੇ ਸਫ਼ਰ ਵਿਚ ਇਕ ਮੁਸਲਮਾਨ ਦੀ ਛੋਟੀ ਬੱਚੀ ਭਾਈ ਸਾਹਿਬ ਜੀ ਦੀ ਕੋਲ ਬੈਠੀ ਸੀ। ਉਸ ਦੀਆਂ ਅੱਖਾਂ ਵਿਚ ਭਾਈ ਸਾਹਿਬ ਦੀ ਦ੍ਰਿਸ਼ਟੀ ਪੈਣ ਦੀ ਦੇਰ ਹੀ ਸੀ ਕਿ ਉਸ ਦਾ ਸਿਮਰਨ ਚੱਲ ਪਿਆ ਤੇ ਉਸ ਨੂੰ ਸੁਧ-ਬੁਧ ਭੁਲ ਗਈ ਤੇ ਉਸ ਮੁਸਲਮਾਨ ਲੜਕੀ ਦੀ ਮਾਂ ਅਗੋਂ ਭਾਈ ਸਾਹਿਬ ਜੀ ਦੇ ਗੱਲ ਪੈ ਗਈ ਕਿ ਮੇਰੀ ਲੜਕੀ ਨੂੰ ਕੁਝ ਕਰ ਦਿੱਤਾ ਹੈ। ਭਾਈ ਸਾਹਿਬ ਜੀ ਨੇ ਕਿਹਾ—ਦੇਖ ਉਹ ਠੀਕ ਹੈ, ਉਸ ਨੂੰ ਕੁਝ ਨਹੀਂ ਹੋਇਆ। ਤਦ ਉਹ ਮੁਸਲਮਾਨਣੀ ਠੰਡੀ ਹੋਈ ਕਿਉਂਕਿ ਬੱਚੀ ਉਸੇ ਵੇਲੇ ਹੀ ਹੋਸ਼ ਵਿਚ ਆ ਗਈ ਸੀ।

ਆਪ ਜੀ ਖੇਤੀਬਾੜੀ ਦਾ ਉੱਤਮ ਧੰਧਾ ਕਰਦੇ ਸਨ। ਇਸ ਤਰ੍ਹਾਂ ਆਪ ਜੀ ਨੂੰ ਖੇਤਾਂ ਵਿਚ ਕੰਮ ਕਰਨ ਦੇ ਨਾਲ-ਨਾਲ ਇਕਾਂਤ ਵਿਚ ਸਿਮਰਨ ਕਰਨ ਦਾ ਸਹਾਵ੍ਣਾ ਮੌਕਾ ਮਿਲ ਜਾਂਦਾ ਸੀ। ਆਪ ਰਾਤ ਨੂੰ ਖੇਤਾਂ ਵਿਚ ਟਿਊਬਵੈੱਲ ਵਾਲੇ ਕੋਠੇ ਵਿਚ ਬੈਠ ਕੇ ਸਾਰੀ-ਸਾਰੀ ਰਾਤ ਸਿਮਰਨ ਕਰਦੇ ਰਹਿੰਦੇ ਸਨ ਅਤੇ ਉਥੇ ਨਾਮ ਸਮਾਧੀ ਲੱਗ ਜਾਂਦੀ ਸੀ। ਪਰਿਵਾਰਕ ਮੈਂਬਰਾਂ ਦੇ ਦੱਸਣ ਮੁਤਾਬਿਕ ਸ਼ਹੀਦ ਸਿੰਘ ਹਰ ਰੋਜ਼ ਅੱਧੀ ਰਾਤ ਤੋਂ ਬਾਅਦ ਉਨ੍ਹਾਂ ਨੂੰ ਆ ਕੇ ਜਗਾ ਜਾਂਦੇ ਸਨ। ਦਿਨੇ ਉਹ ਅੰਬਾਂ ਦੇ ਦਰਖਤਾਂ ਦੀ ਛਾਂ ਹੇਠ ਬੈਠ ਕੇ ਨਾਮ ਬਾਣੀ ਦਾ ਲਾਹਾ ਲੈਂਦੇ ਸਨ। ਉਨ੍ਹਾਂ ਦੇ ਗੋਡੇ ਲਾਗੇ ਫਨੀਅਰ ਸੱਪ ਆ ਕੇ ਬੈਠ ਜਾਂਦਾ ਸੀ। ਜਦੋਂ ਉਠਣਾ ਤੇ ਅਰਦਾਸ ਕਰਨੀ। ਅਰਦਾਸ ਮੁਕੰਮਲ ਹੋਣ ’ਤੇ ਜਦੋਂ ਮੱਥਾ ਟੇਕਣਾ ਤਾਂ ਇਸ ਸਮੇਂ ਸੱਪ ਨੇ ਆਪਣਾ ਫੱਨ ਉੱਚਾ ਕਰ ਲੈਣਾ। ਫਿਰ ਉਸ ਨੇ ਅਰਦਾਸ ਸੁਣ ਕੇ ਚਲੇ ਜਾਣਾ। ਉਹ ਸੱਪ ਆਪਣੀ ਮੁਕਤੀ ਚਾਹੁੰਦਾ ਸੀ ਅਤੇ ਚਾਹੁੰਦਾ ਵੀ ਇਨ੍ਹਾਂ ਦੇ ਹੱਥੋਂ ਸੀ। ਕਿਸੇ ਗੁਰਮੁਖ ਨੇ ਸਲਾਹ ਦਿੱਤੀ ਕਿ ਸੱਪ ਨੂੰ ਮਾਰ ਦਿਉ। ਜਦੋਂ ਇਨ੍ਹਾਂ ਨੇ ਲਾਠੀ ਨਾਲ ਮਾਰਨਾ ਸ਼ੁਰੂ ਕੀਤਾ ਤਾਂ ਉਹ ਸਿਰ ਸੁੱਟ ਕੇ ਪਿਆ ਰਿਹਾ, ਜਦੋਂ ਤਕ ਮਰ ਨਹੀਂ ਗਿਆ।

ਇਨ੍ਹਾਂ ਦੇ ਮਾਤਾ ਜੀ ਆਪਣੀ 18 ਸਾਲ ਦੀ ਜਵਾਨੀ ਵਿਚ ਹੀ ਵਿਧਵਾ ਹੋ ਗਏ ਸਨ। ਘਰ ਦੇ ਹਾਲਾਤਾਂ, ਖੇਤੀਬਾੜੀ ਦੀ ਜਿੰਮੇਦਾਰੀ ਦੇ ਕੰਮ ਕਰਕੇ ਉਨ੍ਹਾਂ ਦਾ ਸੁਭਾਅ ਬਹੁਤ ਸਖ਼ਤ ਹੋ ਗਿਆ ਸੀ। ਆਪ ਜੀ ਤਾਂ ਭਾਈ ਸਾਹਿਬ ਜੀ ਨਾਲ ਸਮਾਗਮਾਂ ’ਤੇ ਤੁਰੇ ਰਹਿੰਦੇ ਸਨ ਤੇ ਇਸ ਕਰਕੇ ਮਾਤਾ ਜੀ ਬਹੁਤ ਨਰਾਜ਼ ਰਹਿੰਦੇ ਸਨ। ਸਿੰਘਾਂ ਨੂੰ ਵੀ ਮਾੜਾ-ਚੰਗਾ ਬੋਲਦੇ ਰਹਿੰਦੇ ਸਨ। ਇਕ ਵਾਰੀ ਭਾਈ ਸਾਹਿਬ ਜਥੇਦਾਰ ਗੰਗਾ ਸਿੰਘ ਜੀ ਦੇ ਗ੍ਰਹਿ ਪੰਨੂਆ ਆਏ ਹੋਏ ਸਨ ਤੇ ਆਪ ਜੀ ਨੇ ਉਨ੍ਹਾਂ ਨੂੰ ਘਰ ਆਉਣ ਲਈ ਬੇਨਤੀ ਕੀਤੀ ਜੋ ਭਾਈ ਸਾਹਿਬ ਜੀ ਨੇ ਮਨਜ਼ੂਰ ਕਰ ਲਈ। ਘਰ ਆ ਕੇ ਆਪਣੀ ਸਿੰਘਣੀ ਨੂੰ ਸਿੰਘਾਂ ਲਈ ਪ੍ਰਸ਼ਾਦ ਪਾਣੀ ਤਿਆਰ ਕਰਨ ਲਈ ਕਿਹਾ, ਪਰ ਸਿੰਘਣੀ ਮਾਤਾ ਜੀ ਦੇ ਸਖ਼ਤ ਸੁਭਾਅ ਤੋਂ ਬਹੁਤ ਡਰਦੀ ਸੀ। ਉਸ ਵੇਲੇ ਮਾਤਾ ਜੀ ਖੇਤਾਂ ਵੱਲ ਗਏ ਹੋਏ ਸਨ। ਜਦੋਂ ਭਾਈ ਸਾਹਿਬ ਜੀ ਜਥੇ ਸਮੇਤ ਘਰ ਪਹੁੰਚੇ ਤਾਂ ਉਸ ਵੇਲੇ ਮਾਤਾ ਜੀ ਵੀ ਆ ਗਏ। ਸਿੰਘਾਂ ਨੂੰ ਦੇਖ ਕੇ ਉਹ ਬਹੁਤ ਕ੍ਰੋਧ ਵਿਚ ਆ ਗਏ ਕਿ ਇਹ ਤਾਂ ਸਾਡੇ ਘਰ ਵਿੱਚ ਵੀ ਆ ਵੜੇ ਹਨ। ਪਹਿਲਾਂ ਹੀ ਮੇਰਾ ਪੁੱਤਰ ਵਿਗਾੜਿਆ ਹੋਇਆ ਹੈ। ਪਰੰਤੂ ਭਾਈ ਸਾਹਿਬ ਜੀ ਨੇ ਮਾਤਾ ਜੀ ਉਪਰ ਆਪਣੀ ਆਕਰਖਣ ਸ਼ਕਤੀ ਨਾਲ ਐਸੀ ਦ੍ਰਿਸ਼ਟੀ ਪਾਈ ਕਿ ਮਾਤਾ ਜੀ ਮੂਰਛਤ ਹੋ ਕੇ ਡਿੱਗ ਪਏ। ਸਾਵਧਾਨਤਾ ਹੋਣ ਤੇ ਕਿਹਾ, ਮੈਂ ਤਾਂ ਐਵੇਂ ਹੀ ਰੌਲਾ ਪਾਉਂਦੀ ਰਹੀ। ਇਹ ਇਤਨੀ ਉੱਚੀ ਅਵਸਥਾ ਦੇ ਮਾਲਕ ਹਨ ਅਤੇ ਫਿਰ ਅੰਮ੍ਰਿਤ ਛੱਕਣ ਲਈ ਬਹੁਤ ਕਾਹਲੇ ਹੋ ਗਏ। ਅਗਲੇ ਸਮਾਗਮ ’ਤੇ ਅੰਮ੍ਰਿਤ ਵੀ ਛੱਕ ਲਿਆ। ਉਸ ਤੋਂ


www.AKJ.Org

ਬਾਅਦ, ਆਪਣੇ ਪੁੱਤਰ ਨਾਲੋਂ ਉਹ ਪਹਿਲਾਂ ਹੀ ਭਾਈ ਸਾਹਿਬ ਜੀ ਦੇ ਸੰਗ ਸਾਥ ਸਮਾਗਮਾਂ 'ਤੇ ਜਾਣ ਲਈ ਤਿਆਰ ਹੋ ਜਾਂਦੇ। ਕਾਫੀ ਕਾਫੀ ਚਿਰ ਘਰ ਨਾ ਪਰਤਦੇ ਤੇ ਉਥੇ ਸੰਗਤਾਂ ਵਾਸਤੇ ਲੰਗਰ ਦੀ ਅਣਥੱਕ ਸੇਵਾ ਕਰਦੇ ਰਹਿੰਦੇ।

ਇਨ੍ਹਾਂ ਦੀ ਸਿੰਘਣੀ ਇਨ੍ਹਾਂ ਤੋਂ ਪਹਿਲਾਂ 1996 ਵਿਚ ਚੜ੍ਹਾਈ ਕਰ ਗਈ ਸੀ। ਉਸ ਤੋਂ 20-25 ਸਾਲ ਪਹਿਲਾਂ ਉਨ੍ਹਾਂ ਨੂੰ ਦੌਰੇ ਪੈਂਦੇ ਹੁੰਦੇ ਸਨ ਤੇ ਕਈ ਕਈ ਘੰਟੇ ਉਹ ਬੇਹੋਸ਼ ਹੋ ਜਾਂਦੇ ਸਨ। ਇਕ ਵਾਰ ਲਗਾਤਾਰ 7 ਘੰਟੇ ਬੇਹੋਸ਼ ਰਹੇ ਤੇ ਸਾਰਿਆਂ ਨੇ ਸਮਝਿਆ ਕਿ ਉਹ ਚੜ੍ਹਾਈ ਕਰ ਗਏ ਹਨ ਤੇ ਸਸਕਾਰ ਲਈ ਦੂਸਰੇ ਦਿਨ ਸਮਾਂ ਨੀਯਤ ਕੀਤਾ ਗਿਆ। ਉਸੇ ਸ਼ਾਮ ਜਦੋਂ ਸੰਗਤਾਂ ਤੇ ਪਰਿਵਾਰ ਉਨ੍ਹਾਂ ਦੀ ਦੇਹ ਲਾਗੇ ਗੁਰਬਾਣੀ ਦਾ ਪਾਠ ਕਰ ਰਹੇ ਸਨ ਤਾਂ ਉਨ੍ਹਾਂ ਦੇ ਇਕ ਪੈਰ ਦਾ ਅੰਗੂਠਾ ਹਿਲਿਆ। ਆਪ ਜੀ ਨੇ ਆਪਣੇ ਪੁੱਤਰਾਂ ਨੂੰ ਹੱਥਾਂ ਅਤੇ ਪੈਰਾਂ ਦੀ ਮਾਲਿਸ਼ ਕਰਨ ਲਈ ਕਿਹਾ ਤੇ ਬਾਅਦ ਵਿਚ ਫਿਰ ਹੱਥ ਹਿਲਿਆ। ਕੁਝ ਚਿਰ ਮਾਲਿਸ਼ ਕਰਨ ਤੋਂ ਬਾਅਦ ਉਹ ਉਠ ਕੇ ਬੈਠ ਗਏ। ਜਦ ਉਸ ਨੂੰ ਪੁੱਛਿਆ ਕਿ ਤੁਸੀਂ ਕਿਥੇ ਗਏ ਸੀ ਤੇ ਉਨ੍ਹਾਂ ਕਿਹਾ, ਨਾਲੇ ਮੈਨੂੰ ਲੰਗਰ ਛਕਾਓ ਤੇ ਨਾਲੇ ਆਪ ਛਕੋ। ਜਦੋਂ ਗੁਆਂਢੀ ਚਲੇ ਗਏ ਤਾਂ ਉਨ੍ਹਾਂ ਦਸਿਆ ਕਿ ਉਸ ਨੂੰ ਸਿੰਘ ਕੀਰਤਨ ਕਰਦੇ ਹੋਏ ਨਾਲ ਲੈ ਗਏ। ਰਸਤੇ ਵਿੱਚ ਇੱਕ ਜਗ੍ਹਾ ਜੋ ਨਰਕ ਸੀ, ਉਥੇ ਬਹੁਤ ਚੀਕ ਚਿਹਾੜਾ ਪੈ ਰਿਹਾ ਸੀ। ਉਨ੍ਹਾਂ ਦਾ ਗੁਆਂਢੀ ਰੂੜ ਸਿੰਘ, ਜੋ ਤਿੰਨ ਦਿਨ ਪਹਿਲਾਂ ਚੜ੍ਹਾਈ ਕਰ ਗਿਆ ਸੀ, ਉਸ ਨੂੰ ਜਮਾਂ ਵੱਲੋਂ ਕੋਹਲੂ ਵਿੱਚ ਪੀੜਿਆ ਜਾ ਰਿਹਾ ਸੀ। ਕਿਸੇ ਨੂੰ ਅਗਨ ਕੁੰਡ ਵਿੱਚ ਸਾੜਿਆ ਜਾ ਰਿਹਾ ਸੀ ਤੇ ਹੋਰ ਕਈ ਤਰ੍ਹਾਂ ਦੇ ਤਸੀਹੇ ਦਿੱਤੇ ਜਾ ਰਹੇ ਸਨ। ਜਦੋਂ ਮੈਂ ਉੱਧਰ ਮੂੰਹ ਕਰਕੇ ਦੇਖਿਆ ਤਾਂ ਜਮ, ਜੋ ਤਸੀਹੇ ਦੇ ਰਹੇ ਸਨ, ਠਠੰਬਰ ਕੇ ਖੜੋ ਗਏ। ਸਾਰੇ ਪਾਸੇ ਸ਼ਾਂਤੀ ਪਸਰ ਗਈ। ਫਿਰ ਉਨ੍ਹਾਂ ਸਿੰਘਾਂ ਨੇ ਕਿਹਾ ਕਿ ਬੀਬੀ ਤੂੰ ਇਧਰ ਨੂੰ ਆ ਜਾ। ਤੇਰਾ ਰਸਤਾ ਇਸ ਪਾਸੇ ਹੈ। ਫਿਰ ਮੈਨੂੰ ਸੱਚ ਖੰਡ ਲੈ ਗਏ। ਉੱਥੇ ਬਹੁਤ ਸੁਹਣਾ ਵਾਤਾਵਰਨ ਅਤੇ ਸ਼ਾਂਤੀ ਸੀ। ਮੈਨੂੰ ਬਾਟਾ ਭਰ ਕੇ ਖੀਰ ਅਤੇ ਹੋਰ ਕਈ ਪਦਾਰਥ ਖਾਣ ਲਈ ਦਿੱਤੇ। ਜਦੋਂ ਮੈਂ ਛੱਕਣ ਲੱਗੀ ਤਾਂ ਉਦੋਂ ਹੀ ਇਕ ਸਿੰਘ ਨੇ ਆ ਕੇ ਕਿਹਾ ਬੀਬੀ ਅਜੇ ਵਾਪਿਸ ਜਾਓ। ਤੁਹਾਡੇ ਲਈ ਬਹੁਤ ਅਰਦਾਸਾਂ ਤੇ ਪਾਠ ਹੋ ਰਹੇ ਹਨ। ਮੈਨੂੰ ਸੱਚ ਖੰਡ ਵਿਖੇ ਸਤਿਸੰਗਤ ਦੇ ਦਰਸ਼ਨ ਕਰਵਾ ਕੇ ਵਾਪਿਸ ਭੇਜ ਦਿੱਤਾ।

ਆਪ ਨੇ ਕਾਫ਼ੀ ਲੰਬੀ ਆਯੂ 95 ਸਾਲ ਤੋਂ ਉੱਪਰ ਚੜ੍ਹਦੀ ਕਲਾ ਵਿਚ ਨਾਮ ਬਾਣੀ ਦੇ ਲਾਹੇ ਲੈਂਦੇ ਭੋਗੀ। ਸਿਹਤ ਵੀ ਸਾਰੀ ਉਮਰ ਠੀਕ ਰਹੀ। ਅਖ਼ੀਰ ਚੜ੍ਹਾਈ ਕਰਨ ਤੋਂ ਦੋ ਸਾਲ ਪਹਿਲਾਂ ਪਹਿਲਾਂ ਦਿਮਾਗੀ ਰਸੌਲੀ ਕਰਕੇ ਅਧਰੰਗ ਹੋ ਗਿਆ। ਜਿਸ ਕਾਰਨ ਮਜਬੂਰਨ ਆਪ ਨੂੰ ਬਿਸਤਰੇ 'ਤੇ ਰਹਿਣਾ ਪਿਆ ਪਰੰਤੂ ਆਪ ਦੀ ਸੁਰਤੀ ਬਿਰਤੀ ਅਖ਼ੀਰਲੇ ਸਵਾਸ ਤਾਈਂ ਕਾਇਮ ਰਹੀ। ਅਖੀਰਲੇ ਸਮੇਂ ਮਿਤੀ 2 ਜਨਵਰੀ 2003 ਨੂੰ ਇਸ ਗੁਰਮਖ ਰੂਹ ਦਾ ਆਪਣੀ ਸਪੁੱਤਰੀ ਨੂੰ ਗਲਵੱਕੜੀ ਪਾ ਕੇ ਦੋ ਘੰਟੇ ਐਸਾ ਸਿਮਰਨ ਚਲਿਆ ਕਿ ਸਿਮਰਨ ਕਰਦੇ ਕਰਦੇ ਹੀ ਪਿੰਡ ਬਡਾਲੇ ਵਿਚ ਸੰਗੀਆਂ ਸਾਥੀਆਂ ਅਤੇ ਪਰਿਵਾਰਕ ਮੈਂਬਰਾਂ ਨੂੰ ਛੱਡ ਕੇ ਗੁਰੂ ਚਰਨਾਂ ਵਿੱਚ ਜਾ ਬਿਰਾਜੀ ਤੇ ਸੰਸਾਰਕ ਯਾਤਰਾ ਸਫ਼ਲ ਕਰ ਗਈ।

# ਭਾਈ ਬਹਾਦਰ ਸਿੰਘ ਜੀ, ਸ੍ਰੀ ਅਨੰਦਪੁਰ ਸਾਹਿਬ

ਭਾਈ ਗੁਰਦੀਪ ਸਿੰਘ ਸ੍ਰੀ ਅੰਮ੍ਰਿਤਸਰ

ਕ੍ਰਾਂਤੀਕਾਰੀ ਯੋਧੇ, ਨਾਮ ਜੱਪਣ ਵਾਲੇ ਗੁਰਸਿੱਖਾਂ ਵਿਚ ਵਿਸ਼ੇਸ਼ ਸਥਾਨ ਰੱਖਣ ਵਾਲੇ, ਗੁਰੂ ਘਰ ਦੇ ਵਜ਼ੀਰ, ਭਾਈ ਬਹਾਦਰ ਸਿੰਘ ਜੀ ਦਾ ਜਨਮ ਮਿਤੀ 30 ਸਤੰਬਰ 1915 ਨੂੰ ਪਿੰਡ ਜੋਧੇਵਾਲ ਜ਼ਿਲ੍ਹਾ ਲੁਧਿਆਣਾ ਵਿਚ ਪਿਤਾ ਕਾਲਾ ਸਿੰਘ ਜੀ ਦੇ ਘਰ ਹੋਇਆ। ਪਿਤਾ ਜੀ ਖੇਤੀਬਾੜੀ ਦਾ ਕੰਮ ਕਰਦੇ ਸਨ ਤੇ ਗੁਰੂ ਘਰ ਦੇ ਸ਼ਰਧਾਲੂ ਗੁਰਮਤਿ ਰਹਿਤ ਬਹਿਤ ਦੇ ਧਾਰਨੀ ਸਨ। ਆਪ ਜੀ ਦੇ ਨਾਨਾ ਜੀ ਜੋ ਕਿ ਪਿੰਡ ਬਹਿਰਾਮਪੁਰ ਜ਼ਿਲ੍ਹਾ ਰੋਪੜ ਦੇ ਵਸਨੀਕ ਸਨ,



www.AKJ.Org

ਪੰਥਕ ਕੁਰਬਾਨੀ ਵਾਲੇ ਸਨ। ਉਹ ਗੁਰਦੁਆਰਾ ਸੁਧਾਰ ਅਤੇ ਅਕਾਲੀ ਲਹਿਰ ਨਾਲ ਜੁੜੇ ਸਨ ਅਤੇ ਜੈਤੋਂ ਦੇ ਮੋਰਚੇ ਵਿਚ ਜਥੇ ਸਮੇਤ ਗ੍ਰਿਫਤਾਰੀ ਵੇਲੇ ਜ਼ਖ਼ਮੀ ਵੀ ਹੋਏ ਸਨ। ਆਪ ਨੇ ਗੁਰਮੁਖੀ ਪਿੰਡ ਦੇ ਗੁਰਦੁਆਰੇ ਦੇ ਗ੍ਰੰਥੀ ਤੋਂ ਸਿੱਖੀ ਤੇ ਨਾਲ ਹੀ ਗੁਰਬਾਣੀ ਦੇ ਪਾਠ ਦੀ ਸੰਥਿਆ ਵੀ ਲੈ ਲਈ। ਗੁਰਸਿੱਖੀ ਦਾ ਪ੍ਰੇਮ ਮਾਤਾ-ਪਿਤਾ ਖਾਸ ਕਰ ਨਾਨਕੇ ਪ੍ਰੀਵਾਰ ਤੋਂ ਲੱਗਾ ਅਤੇ ਉੱਥੇ ਰਹਿ ਕੇ ਗੁਰਬਾਣੀ ਦੇ ਪਾਠ ਨੂੰ ਹੋਰ ਸਰਲ ਅਤੇ ਸ਼ੁੱਧ ਕੀਤਾ। ਆਪ ਜੀ ਦੇ ਨਾਨਕਾ ਪ੍ਰੀਵਾਰ ਨੂੰ ਗ੍ਰੰਥੀਆਂ ਦਾ ਪ੍ਰੀਵਾਰ ਕਿਹਾ ਜਾਂਦਾ ਸੀ। ਆਪ ਜੀ ਦੇ ਨਾਨਾ ਜੀ ਦੀ ਪ੍ਰੇਰਨਾ ਤੇ ਬਚਪਨ ਵਿਚ ਹੀ ਅੰਮ੍ਰਿਤ ਛੱਕ ਕੇ ਗੁਰੂ ਕੇ ਸਿੰਘ ਸਜ ਗਏ। ਆਪ ਜੀ ਨੇ ਸੰਨ 1935 ਵਿਚ ਸ੍ਰੀ ਅਨੰਦਪੁਰ ਸਾਹਿਬ ਜਾ ਕੇ ਗ੍ਰੰਥੀ ਦੀ ਸੇਵਾ ਆਰੰਭੀ। ਉਦੋਂ ਉਥੋਂ ਦਾ ਪ੍ਰਬੰਧ ਲੋਕਲ ਕਮੇਟੀ ਦੇ ਅਧੀਨ ਹੁੰਦਾ ਸੀ। ਸੰਗਤਾਂ ਦੀ ਆਵਾਜ਼ਾਈ ਉੱਥੇ ਘੱਟ ਹੀ ਹੁੰਦੀ ਸੀ। ਜ਼ਿਆਦਾ ਸੰਗਤਾਂ ਮ੍ਰਿਤਕਾਂ ਦੇ ਫੁੱਲ ਜਾਂ ਅੰਗੀਠਾ ਪ੍ਰਵਾਹ ਕਰਨ ਲਈ ਗੁਰਦੁਆਰਾ ਪਾਤਾਲਪੁਰੀ (ਕੀਰਤਪੁਰ ਸਾਹਿਬ) ਹੀ ਜਾਂਦੀਆਂ ਸਨ। ਸ੍ਰੀ ਅਨੰਦਪੁਰ ਸਾਹਿਬ ਤੇ ਕਰੀਤਪੁਰ ਸਾਹਿਬ ਸਥਿਤ ਗੁਰਦੁਆਰਿਆਂ ਦਾ ਇਕੋ ਹੀ ਮੈਨੇਜ਼ਰ ਹੁੰਦਾ ਸੀ ਤੇ ਉਸ ਦਾ ਦਫਤਰ ਵੀ ਕੀਰਤਪੁਰ ਸਾਹਿਬ ਹੀ ਹੁੰਦਾ ਸੀ।

ਆਪ ਜੀ ਦਾ ਅਨੰਦ ਕਾਰਜ ਬੀਬੀ ਪ੍ਰੇਮ ਕੌਰ ਜੀ ਨਿਵਾਸੀ ਪਿੰਡ ਭਲਿਆਣ ਨੇੜੇ ਚਮਕੌਰ ਸਾਹਿਬ ਜ਼ਿਲ੍ਹਾ ਰੋਪੜ ਨਾਲ ਹੋਇਆ। ਬੀਬੀ ਜੀ ਬੇਸ਼ਕ ਅਨਪੜ ਹੀ ਸਨ ਪਰ ਤਿਆਗ ਦੀ ਮੂਰਤੀ ਸਬਰ ਸ਼ੁੱਕਰ ਭਾਣੇ ਵਿਚ ਰਹਿਣ ਵਾਲੇ ਅਤੇ ਆਪ ਦੇ ਦੁੱਖ-ਸੁੱਖ ਦੇ ਭਾਈਵਾਲ ਸਨ। ਸੰਨ 1942 ਵਿਚ ਕੀਰਤਪੁਰ ਕਾਂਡ ਵਿਚ ਆਪ ਜੀ ਦੇ ਅਗਿਆਤਵਾਸ ਹੋਣ ਕਾਰਨ, ਛੋਟੇ ਬੱਚਿਆਂ ਦੇ ਨਾਲ, 4-5 ਸਾਲ ਦਾ ਬਿਖੜਾ ਸਮਾਂ, ਭਾਣੇ ਵਿਚ ਰਹਿ ਕੇ ਗੁਜ਼ਾਰਿਆ ਤੇ ਬਿਲਕੁਲ ਨਹੀਂ ਡੋਲੇ। ਉਸ ਵੇਲੇ ਆਪ ਬੱਚਿਆਂ ਸਮੇਤ ਗੁਰਸਿੱਖ ਪ੍ਰੀਵਾਰਾਂ ਕੋਲ ਹੀ ਰਹੇ ਕਿਉਂਕਿ ਸਹੁਰਾ ਪ੍ਰੀਵਾਰ ਨੂੰ ਪੁਲਿਸ ਵਾਰ-ਵਾਰ ਤੰਗ ਤੇ ਪ੍ਰੇਸ਼ਾਨ ਕਰਦੀ ਸੀ। ਆਪ ਜੀ ਦੇ ਘਰ ਦੋ ਪੁੱਤਰਾਂ ਤੇ ਇਕ ਪੁੱਤਰੀ ਨੇ ਜਨਮ ਲਿਆ ਜੋ ਸਾਰੇ ਹੀ ਗੁਰਮਤਿ ਮਾਰਗ ਦੇ ਪਾਂਧੀ ਗੁਰਸਿਖੀ ਰਹਿਤ ਬਹਿਤ ਦੇ ਧਾਰਨੀ ਹੋ ਕੇ ਸਫਲ ਗੁਰਸਿੱਖੀ ਜੀਵਨ ਬਿਤਾ ਰਹੇ ਹਨ। ਇਸ ਬੀਬੀ ਨੇ ਜ਼ਿਆਦਾ ਸਮਾਂ ਤਨਾਅ ਵਿਚ ਹੀ ਗੁਜ਼ਾਰਿਆ, ਜਿਸ ਕਰਕੇ ਉਸ ਨੂੰ ਤਪਦਿਕ ਦਾ ਰੋਗ ਹੋ ਗਿਆ ਸੀ। ਆਪ ਜੀ ਨੂੰ ਇਲਾਜ ਵਾਸਤੇ ਧਰਮ ਪੁਰਾ ਨੇੜੇ ਕੁਮਾਰਹੱਟੀ ਹਿਮਾਚਲ ਪ੍ਰਦੇਸ਼ ਠੰਡੀ ਥਾਂ ਤੇ ਰੱਖਿਆ ਗਿਆ, ਪਰ ਕੋਈ ਇਲਾਜ ਕਾਰਗਰ ਨਹੀਂ ਹੋਇਆ। ਇਸ ਸਮੇਂ ਆਪ ਦੇ ਸਿੰਘ ਸਾਹਿਬ ਹਰ ਰੋਜ਼ ਨਿਤਨੇਮ ਤੋਂ ਇਲਾਵਾ ਆਪ ਜੀ ਦੀ ਚੜ੍ਹਦੀ ਕਲਾ ਲਈ ਇਕ ਵਾਧੂ ਨਿਤਨੇਮ ਕਰਦੇ ਸਨ ਅਤੇ ਦਿਨੇ ਵੀ ਸਾਰਾ ਦਿਨ ਗੁਰਬਾਣੀ ਦਾ ਪ੍ਰਵਾਹ ਚਲਾਉਂਦੇ ਰਹਿੰਦੇ ਸਨ। ਅੰਤ ਇਹ ਬੀਬੀ, ਭਰ ਜੁਆਨੀ ਵਿਚ ਮਿਤੀ 1 ਜਨਵਰੀ 1959 ਨੂੰ ਛੋਟੇ-ਛੋਟੇ ਬੱਚੇ ਛੱਡ ਕੇ ਗੁਰੂ ਚਰਨਾਂ ਵਿਚ ਜਾ ਬਿਰਾਜੀ।

ਸੰਨ 1940-42 ਦੌਰਾਨ, ਕੁਝ ਗਰਮ ਦਲੀਏ ਜੋਸ਼ੀਲੇ ਸਿੰਘ, ਦੇਸ਼ ਦੀ ਅਜ਼ਾਦੀ ਅਤੇ ਪੰਥ ਦੀ ਚੜਦੀ ਕਲਾ ਲਈ ਸੰਘਰਸ਼ ਕਰ ਰਹੇ ਸਨ। ਉਸ ਵੇਲੇ ਸਰਕਾਰ ਦੇ ਕੁਝ ਟੋਡੀ ਅਤੇ ਟਾਊਟ ਲੋਕ ਸਿੰਘਾਂ ਦੀ ਮੁਖਬਰੀ ਕਰਕੇ ਉਨ੍ਹਾਂ ਨੂੰ ਗ੍ਰਿਫਤਾਰ ਕਰਵਾ ਦਿੰਦੇ ਸਨ। ਸ਼ਹੀਦ ਹਰਬੰਸ ਸਿੰਘ ਪਿੰਡ ਸਰਿਆਲਾ ਜ਼ਿਲ੍ਹਾ ਹੁਸ਼ਿਆਰਪੁਰ ਦੀ ਅਗਵਾਈ ਹੇਠ, ਸਿੰਘਾਂ ਨੇ ਮੁਖਬਰਾਂ ਤੇ ਸਰਕਾਰ ਦੇ ਝੋਲੀ ਚੁੱਕ ਟੋਡੀਆਂ ਨੂੰ ਸੋਧਣ ਲਈ ਯੁੱਗ ਪਲਟਾਊ ਦਲ ਬੱਬਰ ਅਕਾਲੀ ਨਾਂ ਦੀ ਜਥੇਬੰਦੀ ਬਣਾਈ ਗਈ, ਜਿਸ ਦਾ ਹੈੱਡ ਕੁਆਰਟਰ ਕੀਰਤਪੁਰ ਸਾਹਿਬ ਰੱਖਿਆ ਗਿਆ। ਆਪ ਜੀ ਉਸ ਵੇਲੇ ਸ੍ਰੀ ਅਨੰਦਪੁਰ ਸਾਹਿਬ ਗ੍ਰੰਥੀ ਦੀ ਸੇਵਾ ਨਿਭਾਅ ਰਹੇ ਸਨ। ਸ੍ਰੀ ਕੀਰਤਪੁਰ ਸਾਹਿਬ ਦੇ ਗੁਰਦੁਆਰੇ ਦੇ ਮੈਨੇਜਰ ਸ. ਸੰਤ ਸਿੰਘ ਜੀ ਇਨ੍ਹਾਂ ਸਿੰਘਾਂ ਦੇ ਸਮਰਥਕ ਤੇ ਸਹਿਯੋਗੀ ਸਨ। ਆਪ ਜੀ ਵੀ ਇਸ ਜਥੇਬੰਦੀ ਵਿਚ ਸ਼ਾਮਿਲ ਹੋ ਗਏ। ਉੱਥੇ ਉਸੇ ਵੇਲੇ ਸੰਤ ਕ੍ਰਿਪਾਲ ਸਿੰਘ ਜੀ ਨੰਦਪੁਰ ਕਲੌੜ ਵਾਲੇ, ਜਿੰਨ੍ਹਾਂ ਦਾ ਨਾਂ ਅੰਮ੍ਰਿਤ ਛੱਕਣ ਤੋਂ ਪਹਿਲਾਂ, ਉਦੈ ਸਿੰਘ ਸੀ, ਗੁਰੂ ਸਰ ਸੁਧਾਰ ਸਕੂਲ ਵਿਚੋਂ ਪੜ੍ਹਾਈ ਛੱਡ ਕੇ ਸ੍ਰੀ ਅਨੰਦਪੁਰ ਸਾਹਿਬ ਯਾਤਰਾ ਤੇ ਆਏ ਅਤੇ ਉਸ ਮੈਨੇਜਰ ਪਾਸ ਰਹਿਣ ਲੱਗ ਪਏ। ਉਹ ਵੀ ਇਸ ਜਥੇਬੰਦੀ ਵਿਚ ਸ਼ਾਮਿਲ ਹੋ ਕੇ ਸੰਘਰਸ਼ ਵਿਚ ਕੁੱਦ ਪਏ। ਕੀਰਤਪੁਰ ਸਾਹਿਬ ਰਹਿਣ


www.AKJ.Org

ਸਮੇਂ ਸ਼ਹੀਦ ਭਾਈ ਹਰਬੰਸ ਸਿੰਘ ਜੀ ਨੇ ਆਪ ਦੀ ਡਿਊਟੀ ਅਸਲੇ ਸਮੇਤ ਭਗੌੜੇ ਹੋਏ ਦੋ ਫੌਜੀਆਂ ਦੀ ਸੇਵਾ ਸੰਭਾਲ ਕਰਨ ਦੀ ਲਾਈ, ਜੋ ਆਪ ਨੇ ਉਨ੍ਹਾਂ ਨੂੰ ਤਕਰੀਬਨ ਚਾਰ ਮਹੀਨੇ ਜੰਗਲ ਵਿਚ ਪੈਂਦੇ ਪਿੰਡ ਰਾਏਪੁਰ ਸਾਨ੍ਹੀ ਦੇ ਗੁਰਦੁਆਰੇ ਵਿੱਚ ਰੱਖ ਕੇ ਨਿਭਾਈ। ਇਨ੍ਹਾਂ ਫ਼ੌਜੀਆਂ ਨੇ ਹੀ ਬਾਅਦ ਵਿੱਚ ਭਾਈ ਧੰਨਾ ਸਿੰਘ ਬੱਬਰ ਬਹਿਬਲ ਪੁਰ ਦੇ ਦੋ ਸੂਹੀਆ ਨੂੰ ਮਾਰ ਮੁਕਾਇਆ ਸੀ।

ਇਸ ਜਥੇਬੰਦੀ ਦਾ ਮੁੱਖ ਨਿਸ਼ਾਨਾ ਮੁਖਬਰਾਂ, ਟੋਡੀਆਂ ਤੇ ਟਾਊਟਾਂ ਨੂੰ ਸੋਧਣਾ ਹੁੰਦਾ ਸੀ। ਸ੍ਰੀ ਅਨੰਦਪੁਰ ਸਾਹਿਬ ਠਾਣੇ ਦਾ ਇੰਚਾਰਜ ਇਕ ਸਿੱਖ ਸੀ ਪਰ ਸਰਕਾਰੀ ਨੌਕਰੀ ਦੇ ਨਾਲ-ਨਾਲ ਟਾਊਟੀ ਦਾ ਕੰਮ ਵੀ ਕਰਦਾ ਸੀ। ਸਿੰਘਾਂ ਨੇ ਉਸ ਨੂੰ ਸੋਧਣ ਦੀ ਸਕੀਮ ਬਣਾਈ। ਉਹ ਤਾਂ ਉਸ 'ਤੇ ਹੋਏ ਹਮਲੇ ਦੌਰਾਨ ਬੱਚ ਗਿਆ ਪਰ ਦੋ ਤਿੰਨ ਹੋਰ ਅਣਭੋਲ ਰਾਹੀ ਅਤੇ ਦੋ ਮੁਸਲਮਾਨ ਨੌਜਵਾਨ ਜੋ ਆਪ ਨੂੰ ਬਦਮਾਸ਼ ਕਹਿਲਾਉਂਦੇ ਸਨ, ਇਸ ਹਮਲੇ ਦੌਰਾਨ ਮਾਰੇ ਗਏ। ਇਸ ਘਟਨਾ ਤੋਂ ਬਾਅਦ ਇਸ ਜਥੇਬੰਦੀ ਦੇ 19 ਸਿੰਘਾਂ ਉੱਪਰ ਮੁਕੱਦਮਾ ਦਰਜ ਹੋ ਗਿਆ। ਇਹ ਸਾਰੇ ਸਿੰਘ ਰੂਪੋਸ਼ ਹੋ ਗਏ ਅਤੇ ਵੱਖ-ਵੱਖ ਗੁਰਸਿੱਖਾਂ ਦੇ ਘਰਾਂ ਜਾ ਰਿਸ਼ਤੇਦਾਰਾਂ ਕੋਲ ਟਿਕਾਣੇ ਬਣਾ ਕੇ ਰਹਿਣ ਲੱਗ ਪਏ। ਸਰਕਾਰ ਵਲੋਂ ਇੰਨ੍ਹਾਂ ਸਿੰਘਾਂ ਨੂੰ ਪਕੜ ਕੇ ਮੁਕੱਦਮਾ ਚਲਾਉਣ ਦੀ ਬਜਾਏ ਸਿੱਧੇ ਗੋਲੀ ਮਾਰਨ ਦੇ ਹੁਕਮ ਸਨ। ਭਗੌੜੇ ਰਹਿਣ ਸਮੇਂ ਆਪ ਜੀ ਦਾ ਘਰ ਅਤੇ ਜ਼ਮੀਨ ਅੰਗਰੇਜ਼ ਸਰਕਾਰ ਨੇ ਨਿਲਾਮ ਕਰ ਦਿੱਤੀ ਸੀ।

ਇਸ ਘਟਨਾ ਤੋਂ ਪਿਛੋਂ ਤਕਰੀਬਨ ਇਕ ਮਹੀਨਾ ਬਾਅਦ ਕਾਲਕਾ-ਸ਼ਿਮਲਾ ਰੇਲ ਲਾਈਨ ਤੇ ਕੁਝ ਸਿੰਘਾਂ ਨੇ ਦੇਸੀ ਬੰਬਾਂ ਨਾਲ ਹਮਲਾ ਕਰਕੇ 14 ਅੰਗਰੇਜ਼ ਮਾਰ ਦਿੱਤੇ ਤੇ ਸਰਕਾਰੀ ਖਜ਼ਾਨਾ ਲੁੱਟ ਲਿਆ। ਉਸ ਵੇਲੇ ਸ਼ਿਮਲਾ ਅੰਗਰੇਜ਼ਾ ਦੀ ਰਾਜਧਾਨੀ ਹੁੰਦਾ ਸੀ ਅਤੇ ਹੈੱਡ ਕੁਆਰਟਰ ਵਾਂਗ ਹੀ ਸੀ। ਸਰਦੀਆਂ ਵਿਚ ਹਿੰਦ ਸਰਕਾਰ ਦਾ ਦਫਤਰ ਦਿੱਲੀ ਹੁੰਦਾ ਸੀ। ਸ਼ਿਮਲੇ ਨੂੰ ਆਉਣ ਜਾਣ ਲਈ ਚਾਰ ਕੁ ਡੱਬਿਆਂ ਦੀ ਰੇਲ ਗੱਡੀ ਉੱਤੇ ਅੰਗਰੇਜ਼ ਅਫਸਰ ਸਫਰ ਕਰਦੇ ਹੁੰਦੇ ਸਨ। ਇਸ ਘਟਨਾ ਦੀ ਸਰਕਾਰ ਵਲੋਂ ਪੜਤਾਲ ਕੀਤੀ ਗਈ ਪਰ ਕੁਝ ਥਹੁ ਪਤਾ ਨਹੀਂ ਲੱਗਿਆ। ਪੁਲਿਸ ਤੇ ਸਰਕਾਰ ਨੇ ਕਾਰਵਾਈ ਪੂਰੀ ਕਰਨ ਲਈ, ਇਹ ਕੇਸ ਵੀ ਕੀਰਤਪੁਰ ਕਾਂਡ ਵਿਚ ਰੂਪੋਸ਼ ਹੋਏ ਸਿੰਘਾਂ ਦੇ ਉੱਪਰ ਹੀ ਪਾ ਦਿੱਤਾ।

ਸਮਾਂ ਪਾ ਕੇ ਕੁਝ ਸਿੰਘ ਹੌਲੀ-ਹੌਲੀ ਫੜੇ ਗਏ ਤੇ ਉਨ੍ਹਾਂ ਉੱਪਰ ਮੁਕੱਦਮਾ ਚਲਾ ਕੇ 3 ਅਪ੍ਰੈਲ 1944 ਨੂੰ ਸ. ਹਰਬੰਸ ਸਿੰਘ ਸਰਿਆਲਾ ਸਮੇਤ ਤਿੰਨ ਸਿੰਘ ਨੂੰ ਫਾਂਸੀ ਦਿੱਤੀ ਗਈ ਤੇ ਬਾਕੀ ਨੂੰ ਉਮਰ ਕੈਦ ਦੀ ਸਜਾ ਹੋਈ। ਇਸ ਸਮੇਂ ਦੌਰਾਨ ਆਪ ਸੰਤ ਕ੍ਰਿਪਾਲ ਸਿੰਘ ਜੀ ਨਾਲ ਨਾਰੰਗਵਾਲ ਭਾਈ ਸਾਹਿਬ ਜੀ ਕੋਲ ਜਾ ਕੇ ਠਹਿਰਦੇ ਰਹੇ ਜਾਂ ਫਿਰ ਕੁਝ ਰਿਸ਼ਤੇਦਾਰਾਂ ਕੋਲ ਇਧਰ ਉਧਰ ਹੋ ਕੇ ਰਹਿੰਦੇ ਰਹੇ। ਸੰਤ ਜੀ ਨੇ ਇਹ ਸਾਰੀ ਗਲ ਭਾਈ ਸਾਹਿਬ ਜੀ ਨੂੰ ਦੱਸ ਦਿੱਤੀ ਸੀ।

ਇਕ ਵਾਰ ਆਪ ਬਹਿਰਾਮਪੁਰ ਨਾਨਕੇ ਪਿੰਡ ਰਹਿ ਰਹੇ ਸਨ ਕਿ ਕਿਸੇ ਮੁਖਬਰ ਨੇ ਖਬਰ ਦੇ ਕੇ ਇਨ੍ਹਾਂ ਨੂੰ ਗ੍ਰਿਫਤਾਰ ਕਰਵਾ ਦਿੱਤਾ। ਆਪ ਜੀ ਨੂੰ ਉਸ ਵੇਲੇ ਗੋਲੀ ਮਾਰਨ ਦਾ ਹੁਕਮ ਸੀ, ਪਰ ਆਪ ਭੱਜੇ ਨਹੀਂ। ਇਕ ਮੁਸਲਮਾਨ ਪਠਾਣ ਪੁਲਿਸ ਅਫਸਰ ਨੇ ਆਪ ਜੀ ਉੱਪਰ ਗੁਰੂ ਗੋਬਿੰਦ ਸਿੰਘ ਜੀ ਦਾ ਸਿੰਘ ਹੋਣ ਦਾ ਇਤਬਾਰ ਕਰਕੇ, ਹੱਥਕੜੀ ਵੀ ਨਾ ਲਾਈ। ਆਪ ਘਰੋਂ ਨਿਤਨੇਮ ਕਰਕੇ ਉਨ੍ਹਾਂ ਨਾਲ ਬੜੇ ਆਰਾਮ ਨਾਲ ਤੁਰ ਕੇ ਗਏ। ਆਪ ਨੇ ਮੁਕੱਦਮੇ ਦੌਰਾਨ ਤਕਰੀਬਨ 8-9 ਮਹੀਨੇ ਕੈਦ ਵਿਚ ਕੱਟੇ ਤੇ ਫਿਰ ਮੁਕੱਦਮੇ ਵਿਚੋਂ ਬਰੀ ਹੋ ਕੇ ਘਰ ਆ ਗਏ।

ਰੂਪੋਸ਼ ਰਹਿਣ ਸਮੇਂ ਦੌਰਾਨ, ਆਪ ਜੀ ਦਾ ਸੰਤ ਕ੍ਰਿਪਾਲ ਸਿੰਘ ਜੀ ਰਾਹੀਂ ਭਾਈ ਸਾਹਿਬ ਜੀ ਨਾਲ ਮਿਲਾਪ ਹੋ ਚੁੱਕਾ ਸੀ। ਚਲ ਰਹੇ ਮੁਕੱਦਮਿਆਂ ਵਿਚ ਬਰੀ ਹੋਣ ਤੋਂ ਬਾਅਦ ਆਪ ਜੀ ਨੇ ਨਾਰੰਗਵਾਲ ਪਹੁੰਚ ਕੇ ਪ੍ਰੀਵਾਰ ਸਮੇਤ ਪੰਜਾਂ ਪਿਆਰਿਆਂ ਕੋਲ ਪੇਸ਼ ਹੋ ਕੇ ਦੁਬਾਰਾ ਅੰਮ੍ਰਿਤ ਛੱਕ ਕੇ ਰਹਿਤ ਬਹਿਤ ਦੇ ਪੱਕੇ ਧਾਰਨੀ ਹੋ ਗਏ ਅਤੇ ਭਾਈ ਸਾਹਿਬ ਜੀ ਦੇ ਸੰਗ ਸਾਥ ਹੀ ਸਮਾਗਮਾਂ ਤੇ ਵਿਚਰਦੇ ਰਹੇ। ਸੰਨ 1951 ਵਿਚ ਆਪ ਜੀ ਨੇ ਭਾਈ ਸਾਹਿਬ ਅਤੇ ਜਥੇ ਦੇ ਸਿੰਘਾਂ ਸਮੇਤ ਲਖਨਊ, ਜਮਸ਼ੇਦ ਪੁਰ ਆਦਿ ਹੋਏ ਸਮਾਗਮ ਦੀ ਹਾਜ਼ਰੀ ਵੀ ਭਰੀ। ਇਸ ਸਮੇਂ ਦੌਰਾਨ ਆਪ ਜੀ ਦਾ



www.AKJ.Org

ਭਾਈ ਆਤਮਾ ਸਿੰਘ ਜੀ ਪੰਜੋਖਰਾ ਸਾਹਿਬ ਨਾਲ ਵੀ ਮਿਲਾਪ ਹੋ ਗਿਆ ਸੀ ਤੇ ਆਪ ਇਤਿਹਾਸਿਕ ਗੁਰਦੁਆਰੇ ਪੰਜੋਖਰਾ ਸਾਹਿਬ ਵਿਖੇ ਗ੍ਰੰਥੀ ਦੀ ਸੇਵਾ ਵੀ ਨਿਭਾਉਂਦੇ ਰਹੇ। ਉਸ ਤੋਂ ਬਾਅਦ ਪਹਿਲਾਂ ਗੁਰਦੁਆਰਾ ਪਾਤਾਲਪੁਰੀ ਕੀਰਤਪੁਰ ਸਾਹਿਬ ਅਤੇ ਫਿਰ ਮੰਜੀ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਹੈੱਡ ਗ੍ਰੰਥੀ ਦੀ ਸੇਵਾ ਨਿਬਾਹੀ। ਇਹ ਸੇਵਾ ਆਪ ਜੀ ਨੇ ਸੰਨ 1983 ਤਾਈਂ ਨਿਬਾਹੀ। ਆਪ ਗੁਰਦੁਆਰੇ ਸਾਹਿਬ ਦੀ ਰੋਜ਼ਾਨਾ ਮਰਯਾਦਾ ਪ੍ਰਬੰਧ ਦੇ ਨਾਲ-ਨਾਲ ਹਰ ਰੋਜ਼ ਤਖ਼ਤ ਸਾਹਿਬ ਉਪਰ ਸੰਗਤਾਂ ਦੇ ਸਹਿਯੋਗ ਨਾਲ ਸ਼ਬਦ ਚੌਂਕੀ ਦੀ ਸੇਵਾ ਵੀ ਕਰਦੇ ਸਨ। ਆਪ ਜੀ ਦੀ ਉੱਤਮ ਸੇਵਾ ਅਤੇ ਸੁਯੋਗ ਪ੍ਰਬੰਧ ਕਰਕੇ ਉਸ ਵੇਲੇ ਦੇ ਸ੍ਰੋ. ਗੁ. ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਟੌਹੜਾ ਨੇ ਆਪ ਜੀ ਦੀ ਸੇਵਾ ਮੁਕਤੀ ਉਪਰੰਤ ਵੀ, ਜਿਤਨਾ ਚਿਰ ਆਪ ਦੀ ਸਿਹਤ ਠੀਕ ਰਹੀ, ਇਸ ਸੇਵਾ ਤੋਂ ਫਾਰਗ ਨਹੀਂ ਹੋਣ ਦਿੱਤਾ। ਜਿਥੇ ਆਪ ਬਚਪਨ ਤੋਂ ਹੀ ਸ਼ੁਧ ਤੇ ਸਪੱਸ਼ਟ ਗੁਰਬਾਣੀ ਪਾਠ ਦੇ ਅਖੰਡ ਪਾਠੀ ਸਨ ਉਥੇ ਆਪਣੀ ਉੱਚੀ-ਸੁੱਚੀ ਕਰਣੀ, ਨਾਮਬਾਣੀ ਦੀ ਕਮਾਈ, ਰਹਿਤ-ਬਹਿਤ ਦੇ ਪੱਕੇ ਧਾਰਨੀ ਹੋਣ ਕਾਰਨ, ਪੰਚਾਂ ਦੀ ਸੇਵਾ ਵਿਚ ਸ਼ਾਮਿਲ ਹੋ ਕੇ ਬੇਅੰਤ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਵੀ ਜੋੜਦੇ ਰਹੇ। ਅਖ਼ੀਰ ਆਪ ਮਿਤੀ 27 ਜਨਵਰੀ 1998 ਨੂੰ ਬੁਢਾਪੇ ਤੇ ਸਰੀਰਕ ਕਮਜ਼ੋਰੀ ਕਾਰਨ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੀ ਗੁਰੂ ਚਰਨਾਂ ਵਿਚ ਜਾ ਬਿਰਾਜੇ।

## ਭਾਈ ਈਸ਼ਰ ਸਿੰਘ ਜੀ ਟੋਡਰਪੁਰ, ਜ਼ਿਲ੍ਹਾ ਲੁਧਿਆਣਾ

ਭਾਈ ਗੁਰਦੀਪ ਸਿੰਘ ਸ੍ਰੀ ਅੰਮ੍ਰਿਤਸਰ

ਜਥੇ ਦੇ ਪੁਰਾਤਨ ਗੁਰਸਿੱਖ, ਸਰਬਲੋਹ ਬਿਬੇਕ ਰਹਿਤ ਦੇ ਪੱਕੇ ਧਾਰਨੀ, ਭਾਈ ਸਾਹਿਬ ਈਸ਼ਰ ਸਿੰਘ ਜੀ ਦਾ ਜਨਮ ਜਨਵਰੀ 1930 ਪਿੰਡ ਟੋਡਰਪੁਰ, ਤਹਿਸੀਲ ਸਮਰਾਲਾ, ਜ਼ਿਲਾ ਲੁਧਿਆਣਾ ਵਿਚ ਸ. ਬਾਬੂ ਸਿੰਘ ਜੀ ਦੇ ਘਰ ਮਾਤਾ ਹਰਦਿੱਤ ਕੌਰ ਜੀ ਦੀ ਕੁੱਖੋਂ ਹੋਇਆ। ਆਪ ਦੇ ਮਾਤਾ ਪਿਤਾ ਜੀ ਸਧਾਰਨ ਪੇਂਡੂ ਸਿੱਧੇ-ਸਾਦੇ ਜੀਵਨ ਵਾਲੇ ਸਨ। ਪਿੰਡ ਦੀ ਨੰਬਰਦਾਰੀ ਇਨ੍ਹਾਂ ਦੇ ਪਰਿਵਾਰ ਕੋਲ ਪਿਤਾ ਪੁਰਖੀ ਚਲੀ ਆਉਂਦੀ ਸੀ। ਇਨ੍ਹਾਂ ਦੇ ਗੁਰਸਿਖੀ ਧਾਰਨ ਕਰਨ ਪਿਛੋਂ ਮਾਤਾ ਜੀ ਵੀ ਅੰਮ੍ਰਿਤ ਛੱਕ ਕੇ ਰਹਿਤ-ਬਹਿਤ ਦੇ ਧਾਰਨੀ ਹੋ ਗਏ ਸਨ। ਇਨ੍ਹਾਂ ਦੇ ਚਾਰ ਭਰਾ ਸਨ ਅਤੇ ਸਾਰੇ ਹੀ ਗੁਰੂ ਘਰ ਦੇ ਸ਼ਰਧਾਲੂ ਪ੍ਰੇਮੀ ਜਿਉੜੇ ਸਨ ਅਤੇ ਪੰਥਕ ਸੇਵਾਵਾਂ ਲਈ ਹਰ ਵੇਲੇ ਤਤਪਰ ਰਹਿੰਦੇ ਸਨ। ਸਮੇਂ-ਸਮੇਂ ਪੰਥਕ ਮੋਰਚਿਆਂ ਵਿਚ ਵੀ ਗ੍ਰਿਫਤਾਰੀਆਂ ਦੇ ਕੇ ਹਿੱਸਾ ਪਾਉਂਦੇ ਰਹੇ ਹਨ।

ਆਪ ਜੀ ਨੇ ਆਪਣੀ ਮੁੱਢਲੀ ਵਿਦਿਆ ਦਸਵੀਂ ਤਾਈਂ ਗੋਰਮਿੰਟ ਹਾਈ ਸਕੂਲ ਸਮਰਾਲਾ ਤੋਂ ਲਈ ਤੇ ਫਿਰ ਗੋਰਮਿੰਟ ਕਾਲਜ ਲੁਧਿਆਣਾ ਤੋਂ ਐਮ.ਏ. ਪਾਸ ਕੀਤੀ। ਆਪ ਪੜ੍ਹਨ ਵਿਚ ਕਾਫੀ ਹੁਸ਼ਿਆਰ ਸਨ ਅਤੇ ਖੇਡਾਂ ਵਿਚ ਵੀ ਹਿੱਸਾ ਲੈਂਦੇ ਸਨ।

ਆਪ ਜੀ ਦਾ ਅਨੰਦ ਕਾਰਜ ਸੰਨ 1954 ਵਿਚ ਪਿੰਡ ਭੈਣੀ ਖੁਰਦ ਨੇੜੇ ਸਰਹਿੰਦ ਦੇ ਵਾਸੀ ਬੀਬੀ ਹਰਮਿੰਦਰ ਕੌਰ ਜੀ ਨਾਲ ਹੋਇਆ ਜੋ ਕਿ ਗੁਰੂ ਘਰ ਦੇ ਸ਼ਰਧਾਲੂ ਪਰਿਵਾਰ ਨਾਲ ਸੰਬੰਧ ਰੱਖਦੇ ਸਨ। ਉਸ ਵੇਲੇ ਉਹ ਅੰਮ੍ਰਿਤਧਾਰੀ ਨਹੀਂ ਸਨ, ਪਰੰਤੂ ਆਪ ਦੀ, ਸੰਗਤ ਕਰਕੇ ਜਲਦੀ ਹੀ ਤਿਆਰ ਬਰ ਤਿਆਰ ਹੋ ਕੇ ਇਨ੍ਹਾਂ ਵਾਂਗ ਹੀ ਰਹਿਤ-ਬਹਿਤ ਦੇ ਧਾਰਨੀ ਹੋ ਗਏ। ਇਨ੍ਹਾਂ ਦੇ ਘਰ ਇਕ ਸਪੁੱਤਰ ਤੇ ਦੋ ਪੁੱਤਰੀਆਂ ਨੇ ਜਨਮ ਲਿਆ। ਇਨ੍ਹਾਂ ਦੇ ਸੁਪੱਤਰ ਭਾਈ ਰਣਜੀਤ ਸਿੰਘ ਪਰਿਵਾਰ ਸਮੇਤ ਕੈਨੇਡਾ ਰਹਿੰਦੇ ਹਨ ਅਤੇ ਆਪਣੇ ਪੁਰਖਿਆਂ ਦੇ ਪੈਰ ਚਿੰਨ੍ਹਾਂ 'ਤੇ ਚਲਦੇ ਹੋਏ ਗੁਰਸਿੱਖੀ ਮਾਰਗ 'ਤੇ ਚੱਲ ਕੇ ਜੀਵਨ ਸਫਲਾ ਕਰ ਰਹੇ ਹਨ।

ਪੜ੍ਹਾਈ ਕਰਨ ਤੋਂ ਬਾਅਦ ਆਪ ਦੀ ਨਿਯੁਕਤੀ ਪੰਜਾਬ ਖੇਤੀਬਾੜੀ ਵਿਭਾਗ ਵਿਚ ਕਲਰਕ ਵਜੋਂ ਹੋ ਗਈ। ਦੇਸ਼


www.AKJ.Org

ਦੀ ਵੰਡ ਤੋਂ ਬਾਅਦ ਉਸ ਵੇਲੇ ਕੇਂਦਰ ਅਤੇ ਪੰਜਾਬ ਸਰਕਾਰ ਦੇ ਸਾਰੇ ਦਫ਼ਤਰ ਜ਼ਿਆਦਾਤਰ ਸ਼ਿਮਲੇ ਸਨ ਅਤੇ ਆਪ ਜੀ ਦੀ ਵੀ ਨਿਯੁਕਤੀ ਸਭ ਤੋਂ ਪਹਿਲਾਂ ਉਥੇ ਹੋਈ। ਉਸ ਵੇਲੇ ਜਥੇ ਦੇ ਪੁਰਾਤਨ ਗੁਰਸਿਖ ਜੋ ਕਿ ਜ਼ਿਆਦਾ ਤਰ ਕੇਂਦਰ ਅਤੇ ਪੰਜਾਬ ਸਰਕਾਰ ਦੇ ਮਹਿਕਮਿਆਂ ਵਿਚ ਨੌਕਰੀ ਕਰਦੇ ਸਨ ਉਥੇ ਹੀ ਰਹਿੰਦੇ ਸਨ। ਭਾਈ ਅਮਰੀਕ ਸਿੰਘ ਜੀ ਅਖੰਡਪਾਠੀ ਲੁਧਿਆਣਾ ਵੀ ਇਨ੍ਹਾਂ ਦੇ ਮਹਿਕਮੇ ਵਿਚ ਨੌਕਰੀ ਕਰਦੇ ਸਨ। ਇਸ ਤਰ੍ਹਾਂ ਇਨ੍ਹਾਂ ਦੀ ਸੰਗਤ ਨਾਲ ਆਪ ਜੀ ਦਾ ਜਥੇ ਦੇ ਸਿੰਘਾਂ ਨਾਲ ਪੂਰਬਲੇ ਕਰਮਾਂ ਦੇ ਸਫੁਟ ਹੋਣ ਕਰਨੇ ਮਿਲਾਪ ਹੋ ਗਿਆ। ਇਥੇ ਹੀ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਗੁਰਪੁਰਬ ਦੇ ਸਮੇਂ ਅਖੰਡ ਪਾਠ, ਕੀਰਤਨ ਅਤੇ ਅੰਮ੍ਰਿਤ ਸੰਚਾਰ ਸਮਾਗਮ ਰਚਾਏ ਜਾਂਦੇ ਸਨ ਤੇ ਸਤਿਕਾਰਯੋਗ ਬਾਪੂ ਜੀ ਭਾਈ ਸਾਹਿਬ ਰਣਧੀਰ ਸਿੰਘ ਜੀ ਅਤੇ ਬਾਊ ਮਲ ਸਿੰਘ ਜੀ ਹੋਰ ਪੁਰਾਤਨ ਗੁਰਸਿਖਾਂ ਨਾਲ ਇਸ ਸਮਾਗਮ ਵਿਚ ਹਾਜ਼ਰੀਆਂ ਭਰਿਆ ਕਰਦੇ ਸਨ। ਬਾਪੂ ਜੀ ਅਤੇ ਬਾਊ ਜੀ, ਭਾਈ ਬਾਵਾ ਸਿੰਘ ਜੀ, ਭਾਈ ਆਤਮਾ ਸਿੰਘ ਪੰਜੋਖਰਾ ਸਾਹਿਬ ਅਤੇ ਹੋਰ ਗੁਰਸਿੱਖ ਕੁਮਾਰਹੱਟੀ ਵੀ ਗਰਮੀਆਂ ਵਿਚ ਤਿੰਨ-ਚਾਰ ਮਹੀਨੇ ਆ ਕੇ ਠਹਿਰਦੇ ਸਨ। ਇਸ ਤਰ੍ਹਾਂ ਆਪ ਜੀ ਕੀਰਤਨ ਸਮਾਗਮਾਂ ਦੀ ਹਾਜ਼ਰੀ ਭਰਨ ਲੱਗ ਪਏ ਅਤੇ ਗੁਰਸਿਖਾਂ ਦੀ ਪ੍ਰੇਰਨਾ ਨਾਲ ਜਲਦੀ ਹੀ ਅੰਮ੍ਰਿਤ ਛੱਕ ਕੇ ਤਿਆਰ-ਬਰ-ਤਿਆਰ ਹੋ ਗਏ ਅਤੇ ਨਾਲ ਹੀ ਸਰਬ ਲੋਹ ਰਹਿਤ ਵੀ ਧਾਰਨ ਕਰ ਲਈ। ਅਜੇ ਉਦੋਂ ਆਪ ਦਾ ਅਨੰਦ ਕਾਰਜ ਨਹੀਂ ਸੀ ਹੋਇਆ ਅਤੇ ਬਾਅਦ ਵਿਚ ਇਨ੍ਹਾਂ ਦੀ ਸਿੰਘਣੀ ਵੀ ਤਿਆਰ ਬਰ ਤਿਆਰ ਹੋ ਗਈ ਤੇ ਤਾਅ ਜ਼ਿੰਦਗੀ ਇਨ੍ਹਾਂ ਦੀ ਰਹਿਤ ਨਿਭਾਉਣ ਲਈ ਪੂਰਾ ਸਾਥ ਦਿੱਤਾ।

ਸ਼ਿਮਲੇ ਤੋਂ ਬਾਅਦ ਇਨ੍ਹਾਂ ਦੀ ਬਦਲੀ ਲੁਧਿਆਣਾ ਹੋ ਗਈ ਤੇ ਇਨ੍ਹਾਂ ਆਪਣੀ ਰਿਹਾਇਸ਼ ਨਿਊ ਮਾਡਲ ਟਾਊਨ ਵਿਚ ਰੱਖ ਲਈ। ਇਥੇ ਵੀ ਆ ਕੇ ਭਾਈ ਸਾਹਿਬ ਜੀ ਦੀ ਸੰਗਤ ਦਾ ਸੁਭਾਗ ਪ੍ਰਾਪਤ ਹੁੰਦਾ ਰਿਹਾ। ਆਪ ਜਥੇ ਵਲੋਂ ਹੋਣ ਵਾਲੇ ਹਰ ਰੈਣ ਸਬਾਈ ਕੀਰਤਨ 'ਤੇ ਹਾਜ਼ਰੀਆਂ ਭਰ ਕੇ ਲਾਹੇ ਲੈਂਦੇ ਸਨ ਤੇ ਬਾਪੂ ਜੀ ਨਾਲ ਵੀ ਉਨ੍ਹਾਂ ਦੇ ਨਿਵਾਸ ਜਾ ਕੇ ਬਾਕੀ ਗੁਰਸਿੱਖਾਂ ਨਾਲ ਰਲ ਕੇ ਰੋਜ਼ਾਨਾ ਅੰਮ੍ਰਿਤ ਵੇਲੇ ਨਿਤਨੇਮ ਦੀਆਂ ਬਾਣੀਆਂ ਦਾ ਪਾਠ ਅਤੇ ਆਸਾ ਦੀ ਵਾਰ ਦਾ ਕੀਰਤਨ ਸ੍ਰਵਣ ਕਰਕੇ ਲਾਹੇ ਲੈਂਦੇ ਸਨ।

ਪੁਰਾਤਨ ਗੁਰਸਿਖਾਂ ਖ਼ਾਸਕਰ ਭਾਈ ਅਮਰੀਕ ਸਿੰਘ ਜੀ ਦੀ ਸੰਗਤ ਵਿਚ ਰਹਿ ਕੇ ਆਪ ਨੇ ਗੁਰਬਾਣੀ ਦੇ ਪਾਠ ਦੀ ਸੰਥਿਆ ਵੀ ਲੈ ਲਈ ਸੀ ਤੇ ਇਕ ਤਕੜੇ ਅਖੰਡ ਪਾਠੀ ਸਨ। ਜਿਥੇ ਵੀ ਸ੍ਰੀ ਅਖੰਡ ਪਾਠ ਸਾਹਿਬ ਹੋਵੇ, ਉਹ ਇਕੋ ਚੌਂਕੜੇ ਵਿਚ ਬਹਿ ਕੇ ਪਾਠ ਸ੍ਰਵਣ ਕਰਦੇ ਸਨ ਤੇ ਰੈਣ ਸਬਾਈ ਕੀਰਤਨ ਵਿਚ ਵੀ ਸਾਰੀ ਰਾਤ ਅਡੋਲ ਬੈਠੇ ਰਹਿੰਦੇ ਸਨ। ਆਪ ਜੀ ਦੀ ਨਾਮ ਬਾਣੀ ਦੀ ਕਮਾਈ, ਅੰਮ੍ਰਿਤ ਵੇਲਾ, ਸੱਚੀ-ਸੁੱਚੀ ਕ੍ਰਿਤ ਕਰਕੇ ਆਪ ਜੀ ਨੂੰ ਅੰਮ੍ਰਿਤ ਸੰਚਾਰ ਦੀ ਸੇਵਾ ਲਈ ਵੀ ਪੰਚਾਂ ਵਿਚ ਸ਼ਾਮਿਲ ਕੀਤਾ ਜਾਂਦਾ ਸੀ। ਉਨ੍ਹਾਂ ਨੇ ਰਿਟਾਇਰਮੈਂਟ ਤੋਂ ਬਾਅਦ ਪਿੰਡ ਆ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਵੀ ਹੱਥੀਂ ਲਿਖਿਆ ਸੀ ਅਤੇ ਹੋਰਨਾਂ ਨੂੰ ਵੀ ਹੱਥੀਂ ਬਾਣੀ ਲਿਖਣ ਦੀ ਪ੍ਰੇਰਨਾ ਦਿੰਦੇ ਰਹੇ।

ਲੁਧਿਆਣੇ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਸਥਾਪਿਤ ਹੋਣ ਤੇ ਆਪ ਖੇਤੀਬਾੜੀ ਵਿਭਾਗ ਤੋਂ ਯੂਨੀਵਰਸਿਟੀ ਵਿਚ ਆ ਗਏ। ਇਸ ਸਮੇਂ ਦੌਰਾਨ ਉਨ੍ਹਾਂ ਦੀ ਬਦਲੀ ਚੰਡੀਗੜ੍ਹ ਰੋਪੜ ਵੀ ਹੋਈ ਸੀ। ਪਰੰਤੂ ਅਖ਼ੀਰ ਤੇ ਉਹ ਯੂਨੀਵਰਸਿਟੀ ਤੋਂ ਸੰਨ 1988 ਵਿਚ ਬਤੌਰ ਸੁਪਰਡੈਂਟ ਰਿਟਾਇਰ ਹੋਏ। ਉਨ੍ਹਾਂ ਨੇ ਆਪਣੀ ਸਾਰੀ ਆਯੂ ਇਹ ਨੌਕਰੀ ਇਕ ਸਖ਼ਤ ਮਿਹਨਤੀ ਕਰਮਚਾਰੀ ਵਜੋਂ ਇਮਾਨਦਾਰੀ, ਦਿਆਨਤਦਾਰੀ ਨਾਲ ਨਿਬਾਹੀ ਅਤੇ ਮਹਿਕਮੇ ਦਾ ਹਰ ਕਰਮਚਾਰੀ ਉਨ੍ਹਾਂ ਦਾ ਸਤਿਕਾਰ ਕਰਦਾ ਸੀ। ਆਪ ਆਪਣੀ ਕ੍ਰਿਤ ਕਮਾਈ ਦਾ ਪੂਰਾ ਦਸਵੰਧ ਕੱਢਦੇ ਤੇ ਗੁਰੂ ਘਰ ਦੇ ਲੰਗਰਾਂ ਅਤੇ ਹੋਰ ਗਰੀਬ ਲੋੜਵੰਦਾ ਤੇ ਖਰਚਦੇ ਰਹਿੰਦੇ ਸਨ। ਇਨ੍ਹਾਂ ਦੇ ਪਿਤਾ ਜੀ ਤਾਂ ਬਚਪਨ ਵਿਚ ਹੀ ਚੜ੍ਹਾਈ ਕਰ ਗਏ ਸਨ ਤੇ ਆਪ ਪਰਿਵਾਰ ਵਿਚ ਸਭ ਤੋਂ ਵੱਡੇ ਸਨ। ਛੋਟੇ ਭੈਣ ਭਰਾਵਾਂ ਨੂੰ ਪੜ੍ਹਾਉਣ, ਨੌਕਰੀ 'ਤੇ ਲਗਵਾਉਣ ਅਤੇ ਵਿਆਹੁਣ ਆਦਿ ਕਾਰਜ ਦੀ ਜ਼ਿੰਮੇਵਾਰੀ ਪੂਰੀ ਦਿਆਨਤਦਾਰੀ ਨਾਲ ਨਿਭਾਈ। ਜਿਥੇ ਆਪ ਪਿੰਡ ਦੇ ਨੰਬਰਦਾਰ ਹੋਣ ਕਰਕੇ ਆਮ ਲੋਕਾਂ ਦੇ ਸਰਕਾਰੇ-ਦਰਬਾਰੇ ਕੰਮ ਕਾਰਜਾਂ ਵਿਚ ਮਦਦ ਕਰਦੇ ਰਹਿੰਦੇ ਸਨ ਉਥੇ ਪਿੰਡ ਵਿਚ



www.AKJ.Org

ਬੱਚਿਆਂ ਨੂੰ ਖ਼ਾਸ ਕਰ ਪਰਿਵਾਰਕ ਮੈਂਬਰਾਂ ਨੂੰ ਗੁਰਬਾਣੀ ਦੇ ਪਾਠ ਦੀ ਸੰਥਿਆ ਅਤੇ ਗੁਰਮਤਿ ਰਹਿਤ ਧਾਰਨ ਲਈ ਵੀ ਪ੍ਰੇਰਨਾ ਦਿੰਦੇ ਰਹਿੰਦੇ ਸਨ। ਉਹ ਬੜੇ ਪਰ-ਉਪਕਾਰੀ, ਸਿਮਰਨ-ਸੇਵਾ ਅਤੇ ਨਿਮਰਤਾ ਦੇ ਪੁੰਜ ਸਨ।

ਸੰਨ 1990 ਵਿਚ ਉਨ੍ਹਾਂ ਨੂੰ ਅਧਰੰਗ ਦਾ ਅਟੈਕ ਹੋ ਗਿਆ ਸੀ, ਪਰੰਤੂ ਥੋੜ੍ਹੇ ਇਲਾਜ ਬਾਅਦ ਆਪਣੀ ਕਿਰਿਆ ਸੋਧਣ ਜੋਗੇ ਹੋ ਗਏ ਸਨ। ਇਸ ਦੌਰਾਨ ਉਨ੍ਹਾਂ ਆਪਣੇ ਨਿਤਨੇਮ, ਨਾਮ ਅਭਿਆਸ, ਗੁਰਬਾਣੀ ਦੇ ਪਾਠ ਅਤੇ ਰਹਿਤ ਬਹਿਤ ਵਿਚ ਕੋਈ ਵਿਘਨ ਨਹੀਂ ਪੈਣ ਦਿੱਤਾ ਅਤੇ ਅਖ਼ੀਰ ਤਾਈਂ ਗੁਰੂ ਚਰਨਾਂ ਨਾਲ ਜੁੜੇ ਰਹੇ। ਮਿਤੀ 5 ਮਈ 2004 ਨੂੰ ਉਨ੍ਹਾਂ ਦੀ ਸਿਹਤ ਵੀ ਠੀਕ ਸੀ ਅਤੇ ਸੁਰਤੀ-ਬਿਰਤੀ ਵੀ ਕਾਇਮ ਸੀ। ਉਨ੍ਹਾਂ ਅੰਮ੍ਰਿਤ ਵੇਲੇ ਨਿਤਨੇਮ ਦੀਆਂ ਬਾਣੀਆਂ ਦਾ ਪਾਠ ਆਪਣੇ ਪਰਿਵਾਰਕ ਮੈਂਬਰਾਂ ਕੋਲੋਂ ਸੁਣਿਆ ਤੇ ਅਚਾਨਕ ਹੀ ਆਪਣੇ ਪਿੰਡ ਟੋਡਰਪੁਰ ਵਿਖੇ ਸਹਿਜੇ ਹੀ ਸੁਆਸਾਂ ਦਾ ਬਖ਼ਸ਼ੀ ਹੋਈ ਪੂੰਜੀ ਭੋਗ ਕੇ, ਗੁਰੂ ਚਰਨਾਂ ਵਿਚ ਜਾ ਬਿਰਾਜੇ ਅਤੇ ਆਪਣਾ ਇਸ ਸੰਸਾਰ 'ਤੇ ਆਉਣਾ ਸਫਲ ਕਰ ਗਏ।

# ਭਾਈ ਬਾਵਾ ਸਿੰਘ ਜੀ (ਕੁਮਾਰਹੱਟੀ)

ਭਾਈ ਗੁਰਦੀਪ ਸਿੰਘ ਸ੍ਰੀ ਅੰਮ੍ਰਿਤਸਰ

ਅਖੰਡ ਕੀਰਤਨੀ ਜਥੇ ਦੇ ਰੂਹੇ ਰਵਾਂ, ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਸੰਗੀ ਸਾਥੀ, ਗੁਰਮਤਿ ਰਹਿਤ ਬਹਿਤ ਦੇ ਪੱਕੇ ਧਾਰਨੀ ਭਾਈ ਬਾਵਾ ਸਿੰਘ ਜੀ ਕਿਥੇ ਜਨਮੇ, ਕਦੋਂ ਜਨਮੇ, ਕਦੋਂ ਜੱਥੇ ਵਿਚ ਆਏ ਬਾਰੇ ਕੋਈ ਥਹੁ ਪਤਾ ਨਹੀਂ ਲੱਗ ਸਕਿਆ। ਪਰ ਜਿਉਂ ਹੀ ਜਥੇ ਵਿਚ ਆਏ ਤੇ ਭਾਈ ਸਾਹਿਬ ਜੀ ਦੀ ਸੰਗਤ ਦਾ ਆਨੰਦ ਮਾਣਨਾ ਸ਼ੁਰੂ ਕੀਤਾ, ਮੁੜ ਕੇ ਸੰਸਾਰਿਕ ਸਨਬੰਧੀ ਜਾਇਦਾਦਾਂ ਸਭ ਪਿੱਛੇ ਛੱਡ ਦਿੱਤੀਆਂ ਅਤੇ ਉਨ੍ਹਾਂ ਵਲ ਕਦੇ ਵੀ ਫੇਰਾ ਨਹੀਂ ਪਾਇਆ। ਉਨ੍ਹਾਂ ਦੇ ਕੁਝ ਸੰਗੀ ਸਾਥੀਆਂ ਦੇ ਦੱਸਣ ਮੁਤਾਬਿਕ ਉਹ ਪਹਿਲਾਂ ਫੌਜ ਵਿਚ ਨੌਕਰੀ ਕਰਦੇ ਸਨ ਤੇ ਪੈਨਸ਼ਨ ਲੈ ਕੇ ਘਰ ਵਾਪਸ ਆ ਗਏ ਸਨ। ਇਹ ਵੀ ਪਤਾ ਲਗਾ ਹੈ ਕਿ ਉਹ ਪਾਕਿਸਤਾਨ ਦੀ ਵੰਡ ਤੋਂ ਬਾਅਦ ਜ਼ਿਲ੍ਹਾ ਗੁਰਦਾਸਪੁਰ ਵਿਚ ਕਿਸੇ ਪਿੰਡ ਵਿਚ ਆਏ ਸਨ ਜਿਥੇ ਉਨ੍ਹਾਂ ਨੂੰ ਜ਼ਮੀਨ ਅਲਾਟ ਹੋਈ ਸੀ ਤੇ ਉਹ ਵੀ ਸੰਗਤ ਵਿਚ ਆਉਣ ਤੋਂ ਬਾਅਦ ਆਪਣੇ ਭਤੀਜੇ ਨੂੰ ਹੀ ਦੇ ਆਏ ਸਨ। ਸੰਗੀਆਂ ਸਾਥੀਆਂ ਦੱਸਣ ਮੁਤਾਬਕ ਅਪ੍ਰੈਲ 1976 ਵਿਚ ਚੜ੍ਹਾਈ ਕਰਨ ਵੇਲੇ ਉਨ੍ਹਾਂ ਦੀ ਉਮਰ 66 ਸਾਲ ਦੀ ਸੀ ਅਤੇ ਇਸ ਤਰ੍ਹਾਂ ਉਨ੍ਹਾਂ ਦਾ ਜਨਮ 1910 ਈ. ਦੇ ਲਗਭਗ ਬਣਦਾ ਹੈ।

ਜਿਉਂ ਹੀ ਜਥੇ ਵਿਚ ਆਏ, ਬਸ ਜਥੇ ਦੇ ਹੀ ਹੋ ਕੇ ਰਹਿ ਗਏ। ਅੰਮ੍ਰਿਤ ਛੱਕਣ ਤੋਂ ਬਾਅਦ ਨਾਮ ਦੇ ਐਸੇ ਚਲੂਲੇ ਰੰਗ ਚੜ੍ਹੇ ਕਿ ਉਨ੍ਹਾਂ ਦੇ ਚਿਹਰੇ ਤੇ ਨਾਮ ਦੀ ਲਾਲੀ ਦਗਦਗ ਕਰਦੀ ਹੁੰਦੀ ਸੀ ਅਤੇ ਉਸ ਦੀ ਝਾਲ ਝੱਲੀ ਨਹੀਂ ਸੀ ਜਾਂਦੀ। ਉਨ੍ਹਾਂ ਦਾ ਗੋਰਾ ਸੇਬ ਵਰਗਾ ਲਾਲ ਰੰਗ, ਉੱਚਾ ਲੰਬਾ ਕਦ, ਭਰਵਾਂ ਸਰੀਰ ਅਤੇ ਸਫੈਦ ਦਾਹੜਾ ਉਨ੍ਹਾਂ ਦੀ ਸ਼ਖ਼ਸੀਅਤ ਨੂੰ ਚਾਰ ਚੰਨ ਲਾਉਂਦਾ ਸੀ। ਉਹ ਹਮੇਸ਼ਾਂ ਚੰਗੀ ਨਰੋਈ ਖੁਰਾਕ ਹੀ ਖਾਂਦੇ ਸਨ ਤੇ ਗੁਰਮੁਖੀ ਬਾਣਾ ਪਹਿਨਦੇ ਸੀ। ਸੀਸ ਉਪਰ ਨੀਲੀ ਦਸਤਾਰ ਦੇ ਨਾਲ ਪੁਰਾਤਨ ਗੁਰਸਿੱਖਾਂ ਵਾਂਗ ਚੱਕਰ ਵੀ ਸਜਾਉਂਦੇ ਸਨ। ਗੱਲ ਵਿਚ ਲੰਬਾ ਚੋਗਾ ਅਤੇ ਨਾਲ ਪਜਾਮਾ ਵੀ ਪਹਿਨਦੇ ਸਨ। ਉਹ ਖੁਦ ਚੰਗੇ ਹਲਵਾਈ ਸਨ। ਉਨ੍ਹਾਂ ਨੇ ਬਣਾਏ ਮੇਸੂ ਅਤੇ ਰਸ ਭਰੀਆਂ ਜਲੇਬੀਆਂ ਛੱਕ ਕੇ ਸੰਗਤਾਂ ਬਹੁਤ ਅਨੰਦ ਲੈਂਦੀਆਂ ਸਨ। ਭਾਈ ਸਾਹਿਬ ਜੀ ਖੁਦ ਵੀ ਉਨ੍ਹਾਂ ਦੀ ਬਣਾਈਆਂ ਜਲੇਬੀਆਂ ਛੱਕ ਕੇ ਬਹੁਤ ਅਨੰਦਤ ਹੁੰਦੇ ਸਨ ਤੇ ਇਨ੍ਹਾਂ ਨੂੰ ਅਸੀਸਾਂ ਬਖ਼ਸ਼ਦੇ ਰਹਿੰਦੇ ਸਨ। ਆਪ ਨੂੰ ਗੰਨੇ ਚੂਪਣ ਅਤੇ ਸੇਬ ਖਾਣ ਦਾ ਵੀ ਬਹੁਤ ਸ਼ੌਂਕ ਸੀ। ਸੁਣਿਆ ਹੈ ਕਿ ਉਹ ਕਿਲੋ ਦੁਧ ਜਾਂ ਕਿਲੋ ਸੇਬ ਸਹਿਜੇ ਹੀ ਛੱਕ ਜਾਂਦੇ ਸਨ। ਇਹ ਖ਼ੁਰਾਕ ਹੀ ਉਨ੍ਹਾਂ ਦੀ ਨਰੋਈ ਸਿਹਤ ਦਾ ਰਾਜ਼ ਸੀ। ਭਾਈ ਸਾਹਿਬ ਜੀ ਦੀ ਬਿਰਧ ਅਵਸਥਾ ਅਤੇ ਸਰੀਰਕ ਕਮਜ਼ੋਰੀ



www.AKJ.Org

ਵੇਲੇ ਭਾਈ ਸੰਤਾ ਸਿੰਘ ਦੇ ਸਾਥ, ਭਾਈ ਸਾਹਿਬ ਜੀ ਨੂੰ ਇਸ਼ਨਾਨ ਤੇ ਨਿਤਨੇਮ ਦੀਆਂ ਬਾਣੀਆਂ ਸੁਣਾਉਣ ਦੀ ਸੇਵਾ ਨਿਭਾਉਂਦੇ ਰਹਿੰਦੇ ਰਹੇ ਹਨ। ਆਪ ਜੀ ਦੀ ਸੇਵਾ ਭਾਈ ਸਾਹਿਬ ਜੀ ਨੂੰ ਸੁਖਮਨੀ ਸਾਹਿਬ, ਸੁਖਮਨਾ ਸਾਹਿਬ ਅਤੇ ਬਾਰਹਮਾਹ ਤੁਖਾਰੀ ਬਾਣੀਆਂ ਸੁਣਾਉਣ ਦੀ ਲੱਗੀ ਹੁੰਦੀ ਸੀ।

ਆਪ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਤਕੜੇ ਅਖੰਡ ਪਾਠੀ ਸਨ, ਅੰਮ੍ਰਿਤ ਵੇਲੇ ਦੀ ਸੰਭਾਲ ਅਤੇ ਰਹਿਤ ਬਹਿਤ ਵਿਚ ਪ੍ਰਪੱਕਤਾ, ਨਾਮ ਬਾਣੀ ਦੀ ਅਤੁਟ ਕਮਾਈ ਕਰਕੇ ਆਪ ਜੀ ਨੂੰ ਪੰਜਾਂ ਦੇ ਸੇਵਾ ਵਿਚ ਲਿਆ ਜਾਂਦਾ ਰਿਹਾ ਹੈ, ਜੋ ਉਨ੍ਹਾਂ ਆਖਰੀ ਸਮੇਂ ਤਾਈਂ ਤੋੜ ਨਿਭਾਈ। ਚੜ੍ਹਾਂਈ ਕਰਨ ਤੋਂ ਅੱਠ ਦਿਨ ਪਹਿਲਾਂ ਵੈਸਾਖੀ ਸਮਾਗਮ ਜੋ ਉਸ ਸਾਲ ਸ੍ਰੀ ਅਨੰਦਪੁਰ ਸਾਹਿਬ ਮਨਾਇਆ ਗਿਆ ਸੀ ਸਮੇਂ ਪੰਚਾਂ ਦੀ ਸੇਵਾ ਵਿਚ ਵੀ ਸ਼ਾਮਿਲ ਹੋਏ ਸਨ।

ਭਾਈ ਸਾਹਿਬ ਜੀ ਦੇ ਚੜਾਈ ਕਰ ਜਾਣ ਤੋਂ ਬਾਅਦ ਆਪ ਜੀ ਨੇ ਭਾਈ ਸਾਹਿਬ ਜੀ ਦੇ ਅਸਥਾਨ ਗੁਰਦੁਆਰਾ ਤਪੋਬਨ ਕੁਮਾਰਹੱਟੀ ਦੀ ਸੇਵਾ ਸੰਭਾਲੀ। ਇਨ੍ਹਾਂ ਦੇ ਇਥੋਂ ਨੇੜੇ ਹੀ ਰਹਿੰਦੇ ਭਾਈ ਅਜਮੇਰ ਸਿੰਘ ਡੱਗਸ਼ਈ ਘੜੀ ਸਾਜ਼ ਨਾਲ ਬਹੁਤ ਸਨੇਹ ਸੀ ਅਤੇ ਉਨ੍ਹਾਂ ਕੋਲ ਗਾਹੇ-ਬਗਾਹੇ ਆਉਂਦੇ ਜਾਂਦੇ ਰਹਿੰਦੇ ਸਨ। ਆਪ ਜੀ ਦਾ ਬਾਊ ਮਲ ਸਿੰਘ ਜੀ, ਭਾਈ ਆਤਮਾ ਸਿੰਘ ਜੀ ਪੰਜੋਖਰਾ ਸਾਹਿਬ ਵਾਲੇ, ਬਾਬਾ ਸੁਰਜਨ ਸਿੰਘ ਗੁਜਰਵਾਲ (ਜੋ ਜ਼ਿਆਦਾ ਡਗਸ਼ਈ ਹੀ ਰਹਿੰਦੇ ਸਨ।) ਭਾਈ ਸੰਤਾ ਸਿੰਘ ਜੀ, ਭਾਈ ਰਤਨ ਸਿੰਘ ਜੀ ਮਸਤਾਨਾ ਅਤੇ ਉਨ੍ਹਾਂ ਦੀ ਬੱਚੀ ਬੀਬੀ ਮਹਿੰਦਰ ਕੌਰ ਅਤੇ ਬੀਬੀ ਜਗਦੀਸ਼ ਕੌਰ ਨਾਲ ਵੀ ਬਹੁਤ ਪਿਆਰ ਸੀ। ਇਸ ਤੋਂ ਇਲਾਵਾ ਏਅਰ ਫੋਰਸ ਵਿੱਚ ਨੌਕਰੀ ਕਰਨ ਵਾਲੇ ਭਾਈ ਮਿਲਖਾ ਸਿੰਘ ਪਿੰਡ ਮੁਰਾਦਪੁਰ, ਭਾਈ ਉਦੈ ਸਿੰਘ ਬਹਾਦਰਪੁਰ (ਤਰਨ ਤਾਰਨ) ਅਤੇ ਭਾਈ ਕੁਲਦੀਪ ਸਿੰਘ ਮਤਵਾਲਾ ਚੰਡੀਗੜ੍ਹ ਨਾਲ ਵੀ ਬਹੁਤ ਨੇੜ੍ਹਤਾ ਸੀ।

ਉਨ੍ਹਾਂ ਆਪਣੀ ਕੋਈ ਜਾਇਦਾਦ ਨਹੀਂ ਬਣਾਈ। ਉਨ੍ਹਾਂ ਫੌਜ ਤੋਂ ਰਿਟਾਇਰਮੈਂਟ ਸਮੇਂ ਮਿਲੀ ਮਾਇਆ ਅਤੇ ਜਮਾਂ ਪੈਨਸ਼ਨ ਨਾਲ ਕੁਝ ਦੁਕਾਨਾਂ ਕੁਮਾਰਹੱਟੀ ਖਰੀਦੀਆਂ ਸਨ, ਜੋ ਕਿ ਬਾਅਦ ਵਿਚ ਉਹ ਵੇਚ ਕੇ ਸਾਰੀ ਮਾਇਆ ਉਥੇ ਗੁਰਦੁਆਰੇ ਦੀ ਉਸਾਰੀ 'ਤੇ ਲਾ ਦਿੱਤੀ। ਆਪਣੀ ਮਿਲਦੀ ਪੱਕੀ ਫੌਜੀ ਪੈਨਸ਼ਨ ਵੀ ਗੁਰਦੁਆਰੇ ਦੀ ਸੇਵਾ, ਆਈਆਂ ਸੰਗਤਾਂ ਦੇ ਲੰਗਰ-ਪਾਣੀ ਜਾਂ ਸਮਾਗਮਾਂ 'ਤੇ ਆਉਣ-ਜਾਣ ਸਮੇਂ ਕਿਰਾਏ 'ਤੇ ਖਰਚਦੇ ਸਨ। ਉਨ੍ਹਾਂ ਕੋਲ ਸਿਰਫ਼ ਇਕ ਸੰਦੂਕੜੀ ਜ਼ਰੂਰੀ ਕਾਗਜ਼ਾਤ ਅਤੇ ਗਰਮੀਆਂ-ਸਰਦੀਆਂ ਦੇ ਬਸਤਰ ਰੱਖਣ ਲਈ ਸੀ, ਜੋ ਕਿ ਉਨ੍ਹਾਂ ਦੀ ਚੜ੍ਹਾਈ ਕਰਨ ਤੋਂ ਬਾਅਦ ਭਾਈ ਮਿਲਖਾ ਸਿੰਘ ਜੀ ਕੁਮਾਰਹੱਟੀ ਤੋਂ ਚੰਡੀਗੜ੍ਹ ਲੈ ਆਏ ਸਨ, ਜੋ ਕਿ ਹੁਣ ਗਾਇਬ ਹੈ। ਜਿਸ ਕਰਕੇ ਉਨ੍ਹਾਂ ਦੀ ਕੋਈ ਫੋਟੋ ਜਾਂ ਜ਼ਰੂਰੀ ਜਾਣਕਾਰੀ ਲੈਣ ਵਿਚ ਮੁਸ਼ਕਲ ਸਾਬਿਤ ਹੋਈ ਹੈ।

ਉਹ ਗਰਮੀਆਂ ਵਿਚ ਕੁਮਾਰਹੱਟੀ ਅਤੇ ਸਰਦੀਆਂ ਵਿੱਚ ਆਪਣੇ ਗੁਰ ਭਾਈ, ਭਾਈ ਮਿਲਖਾ ਸਿੰਘ ਜੀ ਨਾਲ ਮੁਰਾਦਪੁਰ ਤਰਨ ਤਾਰਨ ਜਾਂ ਅਤਿ ਪਿਆਰੇ ਭਾਈ ਸੰਤਾ ਸਿੰਘ ਜੀ ਦੇ ਨਾਨਕੇ ਪਿੰਡ ਉਹਨਾਂ ਦੇ ਮਾਮੇ ਭਾਈ ਉਦੈ ਸਿੰਘ ਕੋਲ ਬਿਤਾਉਂਦੇ ਸਨ। ਭਾਈ ਉਦੈ ਸਿੰਘ ਜੀ ਨੇ ਆਪ ਜੀ ਵਾਸਤੇ ਖੇਤਾਂ ਵਿੱਚ ਹੀ ਇਕ ਕਮਰਾ ਬਣਾਇਆ ਸੀ, ਜਿਥੇ ਉਹ ਇਕਾਂਤ ਵਿੱਚ ਸਾਰਾ ਦਿਨ ਨਾਮ-ਸਿਮਰਨ ਕਰਦੇ ਰਹਿੰਦੇ ਸਨ ਤੇ ਜਲ ਛੱਕਣ ਵਾਸਤੇ ਨਲਕਾ ਲੁਆਇਆ ਹੋਇਆ ਸੀ। ਸਿਰਫ਼ ਦਿਨ ਵਿਚ ਇਕ ਵਾਰ ਸਵੇਰੇ 10 ਕੁ ਵਜੇ ਗੁਰਦੁਆਰਾ ਸਾਹਿਬ ਦਰਸ਼ਨ ਕਰਨ ਜਾਂ ਪ੍ਰਸ਼ਾਦਾ ਛੱਕਣ ਵਾਸਤੇ ਪਿੰਡ ਵਿਚ ਆਇਆ ਕਰਦੇ ਸਨ। ਭਾਈ ਉਦੈ ਸਿੰਘ ਨਾਲ ਗੁਰਦੁਆਰਾ ਬਾਉਲੀ ਸਾਹਿਬ, ਸ੍ਰੀ ਗੋਇੰਦਵਾਲ ਵਿਖੇ ਇਸ਼ਨਾਨ/ਪਾਠ ਕਰਕੇ ਚੌਰਾਸੀ ਕੱਟਣ ਸਮੇਂ ਦੋਹਾਂ ਵੱਲੋਂ ਕੀਤੀ ਪ੍ਰਤੱਗਿਆ ਕਿ ਆਪਾਂ ਇਥੇ ਵੀ ਇਕੱਠੇ ਰਹੇ ਹਾਂ ਅਤੇ ਅੱਗੇ ਵੀ ਇਕੱਠੇ ਹੀ ਰਹਾਂਗੇ, ਆਪ ਜੀ ਦੇ ਚੜ੍ਹਾਈ ਕਰਨ ਉਪਰੰਤ, ਤੁਰੰਤ ਬਾਅਦ ਹੀ ਆਪਣੇ ਪਿਆਰੇ ਦੇ ਨੇਹ ਕਰਕੇ, ਭਾਈ ਉਦੈ ਸਿੰਘ ਵੱਲੋਂ ਵੀ ਚੜ੍ਹਾਈ ਕਰਨ ਦੀ ਵਿਥਿਆ ਇਸ ਲੇਖ ਦੇ ਅਖੀਰ ਵਿਚ ਲਿਖੀ ਗਈ ਹੈ, ਜੋ ਕਿ ਦੋ ਗੁਰਸਿੱਖਾਂ ਦੇ ਆਪਸੀ ਆਤਮਿਕ ਪਿਆਰ ਦੀ ਇਕ ਮਿਸਾਲ ਹੈ।

ਇਕ ਵਾਰ ਭਾਈ ਸਾਹਿਬ ਜੀ ਬਹਾਦਰਪੁਰ (ਰਈਆ) ਤੋਂ ਬੱਸ ਵਿਚ ਚੰਡੀਗੜ੍ਹ ਜਾ ਰਹੇ ਸਨ। ਬਿਆਸ ਤੋਂ ਇਕ



www.AKJ.Org

ਰਾਧਾ ਸੁਆਮੀ ਭਗਤ ਬੱਸ ਵਿਚ ਚੜ੍ਹ ਗਿਆ ਤੇ ਇਨ੍ਹਾਂ ਦੀ ਸੀਟ ਨਾਲ ਲੱਗ ਕੇ ਬਹਿ ਗਿਆ। ਆਪ ਜੀ ਦਾ ਗੁਰਮੁਖੀ ਬਾਣਾ ਦੇਖ ਅਤੇ ਨਿਹੰਗ ਸਮਝ ਕੇ ਆਪ ਜੀ ਨੂੰ ਪੁੱਛਣ ਲੱਗਾ ਕਿ ਜੋਤ ਕਿਥੇ ਜਗਦੀ ਹੈ ? ਆਪ ਬਾਣੀ ਦਾ ਪਾਠ ਕਰਨ ਕਰਕੇ ਮਸਤ ਰਹੇ। ਉਸ ਨੇ ਕੁਝ ਚਿਰ ਬਾਅਦ ਫਿਰ ਪੁੱਛਿਆ। ਆਪ ਫਿਰ ਵੀ ਕੋਈ ਜਵਾਬ ਨਾ ਦਿੱਤਾ। ਤੀਜੀ ਵਾਰ ਫਿਰ ਉਸ ਨੇ ਇਹੀ ਗੱਲ ਪੁੱਛੀ ਤਾਂ ਆਪ ਜੀ ਨੇ ਬੀਰ ਰਸ ਵਿਚ ਆ ਕੇ ਉਸ ਨੂੰ ਗਲੋਂ ਫੜ੍ਹ ਕੇ ਆਪਣੀ ਬਾਂਹ ਉਸ ਦੇ ਕੰਨਾਂ ਨਾਲ ਲਾ ਦਿੱਤੀ ਅਤੇ ਕਿਹਾ, ਧਿਆਨ ਨਾਲ ਸੁਣ, ਰੋਮ ਰੋਮ ਵਿਚੋਂ ਵਾਹਿਗੁਰੂ ਦੀ ਧੁਨੀ ਦੀ ਆਵਾਜ ਆ ਰਹੀ ਹੈ ਕਿ ਨਹੀਂ। ਉਸ ਦੀ ਜੋਤ, ਹਰ ਥਾਂ ਜ਼ਰੇ-ਜ਼ਰੇ ਵਿਚ ਅਤੇ ਹਰ ਘਟ ਅੰਦਰਿ ਵੱਸਦੀ ਹੈ।

ਇਕ ਵਾਰ ਆਪ ਜੀ ਦੁਸਹਿਰਾ ਸਮਾਗਮ 'ਤੇ ਦਿੱਲੀ ਗਏ ਹੋਏ ਸਨ। ਉਥੇ ਏਅਰਫੋਰਸ ਦੇ ਚੰਡੀਗੜ੍ਹ ਨਿਵਾਸੀ ਭਾਈ ਕੁਲਦੀਪ ਸਿੰਘ ਮਤਵਾਲਾ ਜੀ ਵੀ ਪਰਿਵਾਰ ਸਮੇਤ ਆਏ ਹੋਏ ਸਨ। ਉਨ੍ਹਾਂ ਦੀ ਇਕ ਭੈਣ , ਜੋ ਅੰਮ੍ਰਿਤਧਾਰੀ ਨਹੀਂ ਸੀ, ਆਪਣੇ ਭਰਾ ਤੇ ਉਸ ਦੇ ਪਰਿਵਾਰ ਨੂੰ ਸਮਾਗਮ 'ਤੇ ਹੀ ਮਿਲਣ ਆ ਜਾਂਦੀ ਸੀ, ਕਿਉਂਕਿ ਉਹ ਸਿੰਘ, ਆਪਣੀ ਭੈਣ ਦੇ ਬੇਅੰਮ੍ਰਿਤੀ ਹੋਣ ਕਾਰਨ ਉਸ ਦੇ ਹੱਥੋਂ ਅੰਨ ਜਲ ਨਹੀਂ ਸੀ ਛਕਦੇ। ਉਸ ਬੀਬੀ ਨੇ ਆਪਣੇ ਘਰ, ਸਿੰਘਾਂ ਕੋਲੋਂ ਸ੍ਰੀ ਅਖੰਡ ਪਾਠ ਕਰਾਉਣ ਦੀ ਜਾਚਨਾ ਕੀਤੀ। ਪਰ ਸਿੰਘਾਂ ਨੇ ਕਿਹਾ, 'ਪਹਿਲਾਂ ਅੰਮ੍ਰਿਤ ਛੱਕੋ। ਫਿਰ ਅਸੀਂ ਸ੍ਰੀ ਅਖੰਡ ਪਾਠ ਸਾਹਿਬ ਕਰਾਂਗੇ।" ਬੀਬੀ ਜੀ ਦੇ ਭਰਾ ਨੇ ਘਰ ਜਾ ਕੇ ਕਮਰੇ ਨੂੰ ਸਾਫ਼ ਸਫ਼ਾਈ ਕਰਕੇ, ਗੁਰੂ ਸਾਹਿਬ ਜੀ ਦਾ ਪ੍ਰਕਾਸ਼ ਕਰ ਦਿੱਤਾ। ਜਦੋਂ ਸ੍ਰੀ ਅਖੰਡ ਪਾਠ ਆਰੰਭ ਕਰਨਾ ਸੀ ਤਾਂ ਕਈ ਸਿੰਘਾਂ ਨੂੰ ਬੇਨਤੀ ਕੀਤੀ ਗਈ, ਪਰ ਦੇਖਾ ਦੇਖੀ ਬਹੁਤਿਆਂ ਨੇ ਨਾਂਹ ਕਰ ਦਿੱਤੀ। ਮਤਵਾਲਾ ਜੀ ਨੇ ਰੋਸ ਵਜੋਂ ਵਿਚ ਭਾਈ ਬਾਵਾ ਸਿੰਘ ਜੀ ਅਗੇ ਬੇਨਤੀ ਕੀਤੀ ਕਿ ਕੀ ਮੈਂ ਹੁਣ ਮੰਦਰ ਤੋਂ ਪਾਠੀ ਲਿਆ ਕੇ ਅਖੰਡ ਪਾਠ ਕਰਾਵਾਂ, ਜੇ ਸਿੰਘਾਂ ਨੇ ਨਹੀਂ ਜਾਣਾਂ ? ਭਾਈ ਸਾਹਿਬ ਜੀ ਉਸੇ ਵੇਲੇ ਉਠ ਕੇ ਮਤਵਾਲਾ ਜੀ ਨਾਲ ਬੀਬੀ ਦੇ ਘਰ ਨੂੰ ਤੁਰ ਪਏ। ਫਿਰ ਹੋਰ ਸਿੰਘ ਵੀ ਚੱਲ ਪਏ ਤੇ ਸ੍ਰੀ ਅਖੰਡ ਪਾਠ ਬੜੇ ਰੰਗਾਂ ਵਿਚ ਹੋਇਆ। ਉਸ ਬੀਬੀ ਦੇ ਸਹੁਰੇ ਪਰਿਵਾਰ ਦੇ ਛੇ ਸਤ ਤਾਏ-ਚਾਚੇ ਇਕੱਠੇ ਹੀ ਉਥੇ ਰਹਿੰਦੇ ਸਨ, ਸਭ ਨੇ ਸ੍ਰੀ ਅਖੰਡ ਪਾਠ ਅਤੇ ਬਾਅਦ ਵਿਚ ਹੋਏ ਕੀਰਤਨ ਸਮਾਗਮ ਦੀ ਹਾਜ਼ਰੀ ਭਰੀ ਅਤੇ ਬਹੁਤ ਖ਼ੁਸ਼ ਹੋਏ। ਕਾਫ਼ੀ ਸੰਗਤ ਆਉਣ ਕਰਕੇ ਉਨ੍ਹਾਂ ਦੇ ਸਨਬੰਧੀ, ਬੀਬੀ ਨੂੰ ਪੁੱਛਣ ਲੱਗੇ ਕਿ ਕਿਤਨਾ ਕੁ ਖ਼ਰਚ ਹੋਇਆ ? ਕਿਉਂਕਿ ਤਿੰਨ ਦਿਨ ਲਗਾਤਾਰ ਲੰਗਰ ਚਲਦਾ ਰਿਹਾ ਹੈ। ਬੀਬੀ ਨੇ ਅਗੋਂ ਕਿਹਾ ਕਿ ਸਾਰੇ ਸਿੰਘਾਂ ਵਲੋਂ ਆਪਣੀ ਭੈਣ ਸਮਝ ਕੇ ਦਿੱਤੇ ਪਿਆਰ ਕਾਰਨ ਮੈਨੂੰ 2000 ਰੁਪਏ (ਜਿਸ ਦੀ ਉਸ ਵੇਲੇ ਕਾਫ਼ੀ ਕੀਮਤ ਹੁੰਦੀ ਸੀ) ਬੱਚ ਗਏ ਹਨ। ਇਹ ਸਭ ਕੁਝ ਭਾਈ ਬਾਵਾ ਸਿੰਘ ਜੀ ਦੇ ਪਰਉਪਕਾਰੀ ਸੁਭਾਅ ਕਰਕੇ ਹੀ ਹੋਇਆ ਸੀ।

17 ਜਨਵਰੀ 1975 ਨੂੰ ਦਾਸ ਦੀ ਜਥੇ ਦੇ ਦੋ ਹੋਰ ਸਿੰਘਾਂ (ਸ਼ਹੀਦ ਭਾਈ ਰਘਬੀਰ ਸਿੰਘ ਜੀ ਭੱਗੂਪੁਰ ਅਤੇ ਭਾਈ ਕੁਲਵੰਤ ਸਿੰਘ ਜੀ ਕੈਸ਼ੀਅਰ) ਸਮੇਤ ਪੰਜਾਬ ਐਂਡ ਸਿੰਧ ਬੈਂਕ ਵਿਚ ਕਲਰਕ/ਕੈਸ਼ੀਅਰ ਦੀ ਭਰਤੀ ਲਈ ਬੈਂਕ ਦੇ ਜੋਨਲ ਦਫ਼ਤਰ ਸੈਕਟਰ 17 ਸੀ ਚੰਡੀਗੜ੍ਹ ਵਿਚ ਇੰਟਰਵਿਊ ਸੀ, ਜੋ ਕਿ ਸ਼ਾਮ ਨੂੰ 5 ਵਜੇ ਹੋਣੀ ਸੀ ਪਰ ਦਾਸ ਭੁਲੇਖੇ ਨਾਲ ਸਵੇਰੇ 10 ਵਜੇ ਹੀ ਪਹੁੰਚ ਗਿਆ। ਉਥੇ ਅਚਾਨਕ ਹੀ ਆਪ ਜੀ ਬੈਂਕ ਵਿਚੋਂ ਪੈਸੇ ਕੱਢਵਾਉਣ ਲਈ ਆ ਗਏ। ਦਾਸ ਨੇ ਉਨ੍ਹਾਂ ਨਾਲ ਲੱਗ ਕੇ ਜਲਦੀ ਕੰਮ ਕਰਵਾ ਦਿੱਤਾ। ਜਾਣ ਲੱਗੇ ਉਨ੍ਹਾਂ ਪੁੱਛਿਆ, ਕਿ ਆਪ ਇਥੇ ਹੀ ਕੰਮ ਕਰਦੇ ਹੋ ? ਦਾਸ ਨੇ ਕਿਹਾ, 'ਨਹੀਂ, ਮੈਂ ਤਾਂ ਅਜੇ ਨੌਕਰੀ ਲਈ ਇੰਟਰਵਿਊ ਦੇਣ ਆਇਆ ਹਾਂ।' ਇਸ ਪਿਛੋਂ ਉਹ ਦਾਸ ਨੂੰ ਅਸੀਸਾਂ ਦੇ ਕੇ ਇਹ ਕਹਿੰਦੇ ਹੋਏ ਕਿ ਸਿੰਘਾਂ ਦੇ ਸਤਿਗੁਰੂ ਆਪ ਹੀ ਕਾਰਜ ਸਵਾਰਦੇ ਹਨ, ਚਲੇ ਗਏ। ਸਤਿਗੁਰੂ ਦੀ ਰਹਿਮਤ ਸਦਕਾ ਦਾਸ ਦੀ ਪਹਿਲੀ ਹੀ ਇੰਟਰਵਿਊ ਤੋਂ ਬਾਅਦ ਬੈਂਕ ਵਿਚ ਨੌਕਰੀ ਲੱਗ ਗਈ, ਜਦ ਕਿ ਆਮ ਤੌਰ 'ਤੇ ਦੋ ਇੰਟਰਵਿਊ ਹੁੰਦੀਆਂ ਸਨ। ਨੌਕਰੀ ਲੱਗਣ 'ਤੇ ਦਾਸ ਨੇ ਸ੍ਰੀ ਅੰਮ੍ਰਿਤਸਰ ਵਿੱਚ ਬੈਂਕ ਦੀ ਹਾਲ ਬਾਜ਼ਾਰ ਬ੍ਰਾਂਚ ਵਿਚ ਨੌਕਰੀ ਸ਼ੁਰੂ ਕਰ ਲਈ। ਇਕ ਦਿਨ ਸਵੇਰੇ ਅਚਾਨਕ ਹੀ ਆਪ ਜੀ ਦਾਸ ਨੂੰ ਸ੍ਰੀ ਦਰਬਾਰ ਸਾਹਿਬ ਜੀ ਦੀ ਪ੍ਰਕਰਮਾ ਵਿਚ ਮਿਲ ਪਏ। ਦਾਸ ਨੇ ਸਤਿਕਾਰ ਸਹਿਤ ਫ਼ਤਹਿ ਬੁਲਾਈ। ਆਪ ਜੀ ਨੇ ਫਿਰ ਅਸੀਸ ਦਿੰਦੇ ਹੋਏ ਕਿਹਾ ਕਿ ਸਿੰਘਾ ਆਪਣੇ ਟਿਕਾਣੇ 'ਤੇ



www.AKJ.Org

ਪਹੁੰਚ ਗਿਆ ਹੈਂ ਤੇ ਹੁਣ ਟਿਕਿਆ ਰਹੀਂ। ਦਾਸ ਦਾ ਜੱਦੀ ਪਿੰਡ ਫਿਲੌਰ ਲਾਗੇ ਸੀ। ਮਾਤਾ-ਪਿਤਾ ਉਥੇ ਰਹਿਣ ਕਰਕੇ ਦਾਸ ਨੇ ਬਹੁਤ ਹੀ ਕੋਸ਼ਿਸ਼ ਕੀਤੀ ਕਿ ਦਾਸ ਦੀ ਬਦਲੀ ਫਿਲੌਰ/ਫਗਵਾੜਾ ਜਾਂ ਲੁਧਿਆਣੇ ਨੇੜੇ ਹੋ ਜਾਵੇ, ਪਰੰਤੂ ਆਪ ਜੀ ਦੇ ਕੀਤੇ ਬਚਨਾਂ ਅਨੁਸਾਰ, ਬੇਹੱਦ ਸਿਫ਼ਾਰਸ਼ਾਂ ਪੁਆਉਣ ਦੇ ਬਾਵਜ਼ੂਦ ਵੀ ਦਾਸ ਦੀ ਬਦਲੀ ਨਹੀਂ ਹੋ ਸਕੀ ਤੇ ਇਕ ਸਾਧ ਬਚਨ ਅਟਲਾਧਾ ਅਨੁਸਾਰ ਦਾਸ ਦੀ ਪੱਕੀ ਰਿਹਾਇਸ਼, ਸ੍ਰੀ ਅੰਮ੍ਰਿਤਸਰ ਹੀ ਬਣ ਗਈ।

ਆਪ ਜੀ ਦੀ ਸਿਹਤ ਬਹੁਤ ਨਰੋਈ ਅਤੇ ਖੁਰਾਕ ਵੀ ਕਾਫ਼ੀ ਤਕੜੀ ਸੀ। ਪਰੰਤੂ ਜਦੋਂ ਧੁਰੋਂ ਸੱਦੇ ਆਉਂਦੇ ਹਨ ਤਾਂ ਇਹ ਸਭ ਕੁਝ ਨਿਫਲ ਹੋ ਜਾਦਾ ਹੈ। ਅਪ੍ਰੈਲ 1976 ਦਾ ਵੈਸਾਖੀ ਸਮਾਗਮ ਖ਼ਾਸ ਤੌਰ 'ਤੇ ਅਖੰਡ ਕੀਰਤਨੀ ਜਥੇ ਵਲੋਂ ਸ੍ਰੀ ਅਨੰਦਪੁਰ ਸਾਹਿਬ ਵਿਖੇ ਮਨਾਇਆ ਗਿਆ। ਆਪ ਜੀ ਸਮਾਗਮ ਦੀ ਹਾਜ਼ਰੀ ਭਰ ਕੇ ਤੇ ਅੰਮ੍ਰਿਤ ਸੰਚਾਰ ਵਿਚ ਪੰਜਾਂ ਦੀ ਸੇਵਾ ਨਿਭਾ ਕੇ ਕੁਮਾਰਹੱਟੀ ਚਲੇ ਗਏ। ਅਚਾਨਕ ਉੱਥੇ ਦਿਲ ਦਾ ਦੌਰਾ ਪੈ ਗਿਆ। ਮੁੱਢਲੀ ਡਾਕਟਰੀ ਸਹਾਇਤਾ ਅਤੇ ਸੇਵਾ ਸੰਭਾਲ ਲਈ, ਉਨ੍ਹਾਂ ਦੇ ਪਿਆਰੇ ਸੰਗੀ ਸਾਥੀ ਭਾਈ ਅਜਮੇਰ ਸਿੰਘ ਉਨ੍ਹਾਂ ਨੂੰ ਆਪਣੇ ਕੋਲ ਡਗਸ਼ਈ ਲੈ ਗਏ। ਪਰੰਤੂ ਸਿਹਤ ਜ਼ਿਆਦਾ ਖ਼ਰਾਬ ਹੋਣ ਕਾਰਨ ਉਨ੍ਹਾਂ ਨੂੰ ਚੰਡੀਗੜ੍ਹ ਲਿਆ ਕੇ ਸੈਕਟਰ 16 ਦੇ ਸਰਕਾਰੀ ਹਸਪਤਾਲ ਵਿੱਚ ਦਾਖ਼ਲ ਕਰਵਾ ਦਿੱਤਾ। ਉਥੇ ਬਾਬਾ ਸੁਰਜਨ ਸਿੰਘ ਜੀ ਗੁਜਰਵਾਲ ਵੀ ਬਿਰਧ ਅਵਸਥਾ ਅਤੇ ਕਮਜ਼ੋਰੀ ਕਾਰਨ ਪਹਿਲਾਂ ਹੀ ਦਾਖਲ ਸਨ। ਜਦੋਂ ਉਨ੍ਹਾਂ ਨੂੰ ਪਤਾ ਲੱਗਿਆ ਕਿ ਭਾਈ ਬਾਵਾ ਸਿੰਘ ਜੀ ਨੂੰ ਵੀ ਇਥੇ ਦਾਖਲ ਕਰਵਾਇਆ ਹੋਇਆ ਤੇ ਉਹ ਮਖੌਲ ਨਾਲ ਕਹਿਣ ਲੱਗੇ ਕਿ ਉਸ ਨੂੰ ਕੀ ਹੋਣਾ ? ਉਹ ਕਿਲੋ-ਕਿਲੋ ਦੁੱਧ ਅਤੇ ਸੇਬ ਛੱਕ ਜਾਂਦਾ ਹੈ। ਪਰ 21 ਅਪ੍ਰੈਲ ਰਾਤ 9.30 ਵਜੇ ਹਸਪਤਾਲ ਵਿਚ ਹੀ ਆਪ ਆਪਣਾ ਜੀਵਨ ਸਫਲਾ ਕਰਦੇ ਹੋਏ ਗੁਰੂ ਚਰਨਾਂ ਵਿਚ ਜਾ ਬਿਰਾਜੇ, ਜਿਸ ਦਾ ਬਾਬਾ ਜੀ ਨੇ ਬਾਅਦ ਵਿਚ ਬੜਾ ਦੁਖ ਮਨਾਇਆ।

ਉਨ੍ਹਾਂ ਦੇ ਪਰਮ ਪਿਆਰੇ ਮਿੱਤਰ, ਭਾਈ ਆਤਮਾ ਸਿੰਘ ਜੀ ਨੇ ਉਨ੍ਹਾਂ ਦਾ ਸਸਕਾਰ ਆਮ ਲੋਕਾਂ ਵਾਂਗ ਸਰਕਾਰੀ ਸ਼ਮਸ਼ਾਨਘਾਟ ਵਿੱਚ ਕਰਨ ਦੀ ਬਜਾਏ ਸ੍ਰੀ ਕੀਰਤਪੁਰ ਸਾਹਿਬ ਵਿਖੇ ਜਾ ਕੇ ਕਰਨ ਦਾ ਉਪਰਾਲਾ ਕੀਤਾ। ਜਿਥੇ ਉਨ੍ਹਾਂ ਦੇ ਸੰਗੀ-ਸਾਥੀ, ਪ੍ਰਾਨ ਪਿਆਰੇ ਮਿੱਤਰ, ਚੰਡੀਗੜ੍ਹ ਅਤੇ ਹੋਰ ਆਲੇ-ਦੁਆਲੇ ਸ਼ਹਿਰਾਂ ਤੋਂ ਬੇਅੰਤ ਸੰਗਤਾਂ/ਪਰਿਵਾਰਾਂ ਸਮੇਤ, ਉਨ੍ਹਾਂ ਦੇ ਅੰਤਮ ਦਰਸ਼ਨ ਤੇ ਵਿਦਾਇਗੀ ਲਈ ਪਹੁੰਚੀਆਂ ਹੋਈਆਂ ਸਨ। ਕੁਝ ਮੌਕੇ ਤੇ ਪ੍ਰਤੱਖ ਦਰਸ਼ੀਆ ਵੱਲੋਂ ਵੀ ਇਹ ਵੀ ਦੱਸਿਆ ਗਿਆ ਹੈ ਕਿ ਜਦੋਂ ਆਪ ਜੀ ਦੇ ਪੰਜ ਭੂਤਕ ਸਰੀਰ ਨੂੰ ਅਗਨ ਭੇਟ ਕੀਤਾ ਗਿਆ ਤਾਂ ਬਲਦੀਆਂ ਲਾਟਾਂ ਵਿਚੋਂ ਕਈਆਂ ਨੂੰ ਆਪ ਜੀ ਦੇ ਪ੍ਰਤੱਖ ਦਰਸ਼ਨ ਵੀ ਹੋਏ।

ਉਨ੍ਹਾਂ ਦੀ ਆਤਮਿਕ ਸਹਾਇਤਾ ਲਈ ਚੰਡੀਗੜ੍ਹ, ਕੁਮਾਰਹੱਟੀ ਅਤੇ ਹੋਰ ਕਈ ਥਾਂਵਾਂ 'ਤੇ ਸ੍ਰੀ ਅਖੰਡ ਪਾਠ ਸਾਹਿਬ ਤੇ ਕੀਰਤਨ ਸਮਾਗਮ ਵੀ ਹੋਏ। ਇਹ ਇਕ ਅਜਿਹਾ ਸਮਾਗਮ ਸ੍ਰੀ ਅੰਮ੍ਰਿਤਸਰ ਦੀ ਸੰਗਤ ਵਲੋਂ 83-84 ਅਜੀਤ ਨਗਰ ਪੁਰਾਤਨ ਗੁਰਸਿਖ ਭਾਈ ਸੇਵਾ ਸਿੰਘ ਜੀ ਦੇ ਬੁੰਗੇ ਵਿਖੇ ਕੀਤਾ ਗਿਆ। ਜਿਸ ਵਿਚ ਸਤਿਕਾਰਯੋਗ ਬਾਊ ਮੱਲ ਸਿੰਘ ਜੀ ਵੀ ਤਰਨ ਤਾਰਨ ਤੋਂ ਆ ਕੇ ਸ਼ਾਮਿਲ ਹੋਏ ਸਨ। ਇਸ ਸਮੇਂ ਬਾਊ ਜੀ ਨੇ ਬੜੀ ਵੈਰਾਗ ਤੇ ਬਿਹਬਲ ਦਸ਼ਾ ਵਿਚ ਆਪ ਜੀ ਨਮਿਤ ਅਰਦਾਸ ਕੀਤੀ ਸੀ। ਅਕਾਲ ਪੁਰਖ ਨਾਲ ਇਕਮਿਕ ਹੋ ਕੇ, ਜਿਸ ਵਜ਼ਦ ਵਿਚ ਬਾਊ ਜੀ ਨੇ ਅਰਦਾਸ ਕੀਤੀ, ਉਹ ਅੱਜ ਵੀ ਝਰਨਾਹਟ ਛੇੜ ਜਾਦੀ ਹੈ। "ਹੇ ਅਕਾਲ ਪੁਰਖ ਵਾਹਿਗੁਰੂ ਜੀ ! ਭਾਈ ਬਾਵਾ ਸਿੰਘ ਜੀ ਸਾਡੇ ਅਤਿ ਪਿਆਰੇ, ਆਪ ਜੀ ਦੇ ਚਰਨਾਂ ਵਿਚ ਪੁੱਜ ਗਏ ਹਨ, ਉਨ੍ਹਾਂ ਨੂੰ ਭੇਜੋ ਤਾਂ ਕਿ ਉਹ ਆਪਣੀ ਅਰਦਾਸ ਸੁਣ ਸਕਣ" ਥੋੜਾ ਰੁਕ ਕੇ "ਆਹ ਤਾਂ ਸਚੇ ਪਾਤਸ਼ਾਹ ਆਪ ਜੀ ਨੇ ਅਥਾਹ ਬਖ਼ਸ਼ਿਸ ਕੀਤੀ ਹੈ ਤੇ ਉਹ ਪੁੱਜ ਗਏ ਹਨ" - ਫਿਰ ਅਰਦਾਸ ਸੰਪੂਰਨ ਹੋਈ। ਇਹ ਉਨ੍ਹਾਂ ਦੇ ਪੁਰਾਤਨ ਗੁਰਸਿਖਾਂ ਦੀ ਆਤਮਿਕ ਸਾਂਝ ਅਤੇ ਪਿਆਰ ਦੀ ਇਕ ਮਿਸਾਲ ਹੈ। ਆਪ, ਬਾਪੂ ਜੀ ਭਾਈ ਸਾਹਿਬ ਰਣਧੀਰ ਸਿੰਘ ਜੀ, ਬਾਊ ਮੱਲ ਸਿੰਘ ਜੀ, ਭਾਈ ਆਤਮਾ ਸਿੰਘ ਜੀ ਭਾਈ ਸੰਤਾ ਸਿੰਘ ਜੀ ਦੇ ਬਹੁਤ ਨੇੜੇ ਹੋ ਕੇ ਵਿਚਰੇ ਹਨ ਅਤੇ ਉਨ੍ਹਾਂ ਦੀ ਅਸੀਸਾਂ ਦੇ ਪਾਤਰ ਬਣਦੇ ਰਹੇ ਹਨ। ਐਸੀ ਚੜ੍ਹਦੀ ਕਲਾ ਵਾਲੇ, ਰੰਗ ਰਤੜੇ, ਸੰਸਾਰ ਦੇ ਮੋਹ ਮਾਇਆ ਤੋਂ ਨਿਰਲੇਪ ਗੁਰਸਿਖਾਂ ਦੇ ਹੁਣ ਕਦੇ



www.AKJ.Org

ਦਰਸ਼ਨ ਨਹੀਂ ਹੋਣੇ। ਉਹ ਤਾਂ ਸਦੀਵੀ ਆਪਣੇ ਨਿਜ ਘਰ ਸਤਸੰਗਿ ਮੰਡਲਾਂ ਵਿਚ ਜਾ ਕੇ ਵੱਸ ਗਏ ਹਨ ਤੇ ਸਾਡੇ ਵਰਗਿਆਂ ਵਿਜੋਗੀਆਂ ਨੂੰ ਪਿੱਛੇ ਛੱਡ ਗਏ ਹਨ। ਪਤਾ ਨਹੀਂ ਮੇਲੇ ਹੋਣਗੇ ਵੀ ਕਿ ਨਹੀਂ ?

**ਨਦੀਆ ਵਾਹ ਵਿਛੁੰਨਿਆ ਮੇਲਾ ਸੰਜੋਗੀ ਰਾਮ ॥**

(ਅੰਗ ੪੩੮)

**ਜਿਸੁ ਮਰਨੇ ਤੇ ਜਗੁ ਡਰੈ : ਵਲੋਂ ਪ੍ਰਿੰਸੀਪਲ ਗੁਰਮੁਖ ਸਿੰਘ ਜੀ ਕਪੂਰਥਲਾ**

**ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ ॥ ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ ॥੨॥**

(ਅੰਗ ੮੩)

ਉਪਰੋਕਤ ਗੁਰਵਾਕ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਹੈ। ਦੱਸਿਆ ਜਾਂਦਾ ਹੈ ਕਿ ਆਪ ਨੇ ਇਹ ਸਲੋਕ ਗੁਰੂ ਨਾਨਕ ਪਾਤਿਸ਼ਾਹ ਜੀ ਦੇ ਵਿਯੋਗ ਵਿਚ ਉਚਾਰਨ ਕੀਤਾ ਸੀ। ਉਨ੍ਹਾਂ ਦੇ ਵਰੋਸਾਏ ਹੋਏ ਸਿੱਖਾਂ ਵਿਚ ਹੋਰ ਵੀ ਇਹੋ ਜਿਹੀਆਂ ਮਿਸਾਲਾਂ ਮਿਲਦੀਆਂ ਹਨ।

ਭਾਈ ਬਾਵਾ ਸਿੰਘ ਜੀ 21 ਅਪ੍ਰੈਲ 1976 ਨੂੰ ਚੜ੍ਹਾਈ ਕਰ ਗਏ। ਹਾਲਾਂ ਕਿ ਕੇਵਲ ਅਠ ਦਿਨ ਪਹਿਲਾਂ ਉਨ੍ਹਾਂ ਨੇ ਅਨੰਦਪੁਰ ਸਾਹਿਬ ਵਿਖੇ ਅੰਮ੍ਰਿਤ ਸੰਚਾਰ ਸਮਾਗਮ ਵਿਚ ਪੰਚਾਂ ਦੀ ਸੇਵਾ ਵਿਚ ਹਿੱਸਾ ਲਿਆ ਸੀ। ਕੁਝ ਚਿਰ ਪਹਿਲਾਂ ਭਾਈ ਬਾਵਾ ਸਿੰਘ ਜੀ ਨੇ ਆਪਣੇ ਇਕ ਦੋਸਤ ਭਾਈ ਉਦੈ ਸਿੰਘ ਜੀ (ਮਾਮਾ ਜੀ ਭਾਈ ਸੰਤਾ ਸਿੰਘ ਜੀ) ਬਹਾਦਰਪੁਰ ਨਿਵਾਸੀ ਨਾਲ ਸ੍ਰੀ ਗੋਇੰਦਵਾਲ ਵਿਖੇ ਸ੍ਰੀ ਬਾਉਲੀ ਸਾਹਿਬ ਜੀ ਦੇ ਇਸ਼ਨਾਨ ਕਰਕੇ ਚੌਰਾਸੀ ਕੱਟਣ ਵਾਸਤੇ 84 ਸ੍ਰੀ ਜਪੁਜੀ ਸਾਹਿਬ ਜੀ ਦੇ ਪਾਠ ਕੀਤੇ ਸਨ ਅਤੇ ਦੋਹਾਂ ਨੇ ਗੁਰੂ ਚਰਨਾਂ ਵਿਚ ਜੋਦੜੀ ਕੀਤੀ ਕਿ ਅਸੀਂ ਲੋਕ-ਪਰਲੋਕ ਵਿਚ ਵੀ ਇਕੱਠੇ ਹੀ ਰਹੀਏ। ਆਪਣੇ ਪਿਆਰਿਆਂ ਦੀ ਇਹ ਖਾਹਿਸ਼ ਪੂਰੀ ਹੋਈ। ਭਾਈ ਬਾਵਾ ਸਿੰਘ ਜੀ ਅਕਾਲ ਚਲਾਣੇ ਦੀ ਖਬਰ ਸੁਣਦੇ ਸਾਰ ਹੀ, ਭਾਈ ਉਦੈ ਸਿੰਘ ਜੀ ਆਪਣੇ ਪਰਿਵਾਰਕ ਮੈਂਬਰਾਂ ਨੂੰ ਚਿਤਵਾਨੀ ਦੇਣ ਲੱਗ ਪਏ ਕਿ ਹੁਣ ਮੇਰਾ ਵੀ ਕੋਈ ਪਤਾ ਨਹੀਂ। ਭਾਈ ਸੰਤਾ ਸਿੰਘ ਜੀ ਤੇ ਪਰਿਵਾਰਕ ਮੈਂਬਰਾਂ ਨੇ ਆਖਿਆ ਕਿ ਇਸ ਤਰ੍ਹਾਂ ਨਹੀਂ ਆਖੀਦਾ। ਪਰੰਤੂ ਉਨ੍ਹਾਂ ਦਾ ਉੱਤਰ ਸੀ ਕਿ ਭਾਈ ਬਾਵਾ ਸਿੰਘ ਜੀ ਚਲੇ ਗਏ ਹਨ ਅਸੀਂ ਹੁਣ ਪਿਛੇ ਰਹਿ ਕੇ ਕੀ ਕਰਨਾਂ ਹੈ ? 22 ਅਪ੍ਰੈਲ ਤੋਂ ਹੀ ਉਨ੍ਹਾਂ ਬੋਲਣਾ ਚਾਲਣਾ ਬੰਦ ਕਰ ਦਿੱਤਾ। ਨਾਮ ਸਿਮਰਨ ਵਿਚ ਜੁਟ ਗਏ। ਸ਼ਾਕ ਸੰਬੰਧੀਆਂ ਤੇ ਘਰਦਿਆਂ ਨਾਲੋਂ ਮੋਹ ਤੋੜ ਲਿਆ। ਕਿਸੇ ਆਏ ਦੀ ਖੁਸ਼ੀ ਨਹੀਂ ਅਤੇ ਗਏ ਦੀ ਗਮੀ ਨਹੀਂ ਬੱਸ **"ਅਠੇ ਪਹਿਰ ਇਕਤੈ ਲਿਵੈ ਮੰਨੇਨਿ ਹੁਕਮੁ ਅਪਾਰੁ"** ਵਾਲੀ ਦਸ਼ਾ ਬਣ ਗਈ।

ਮੌਤ ਹਮੇਸ਼ਾ ਬਹਾਨਾ ਪਾ ਕੇ ਆਉਂਦੀ ਹੈ, ਤਾਂ ਕਿ ਸੰਸਾਰਕ ਬੁਧੀ ਸੰਤੁਸ਼ਟ ਰੱਖੀ ਜਾ ਸਕੇ। 22 ਅਪ੍ਰੈਲ ਤੋਂ 1 ਮਈ 1976 ਤਕ ਮੌਤ ਪਾਸ ਕੋਈ ਬਹਾਨਾ ਨਹੀਂ ਸੀ ਪਰ ਜਾਣ ਵਾਲੇ ਦੂਲੇ ਸਿੰਘ ਸਮਾਂ ਨੇੜੇ ਜਾਣ ਕੇ ਅਭਿਆਸ ਵਿਚ ਜੁਟੇ ਰਹੇ। ਅਚਾਨਕ 2 ਮਈ 1976 ਨੂੰ ਪਿਸ਼ਾਬ ਦੀ ਤਕਲੀਫ ਹੋਈ। ਜਲੰਧਰ ਲਿਆਂਦਾ ਗਿਆ। 6 ਮਈ ਨੂੰ ਡਾਕਟਰਾਂ ਨੇ ਜਵਾਬ ਦੇ ਦਿੱਤਾ। ਇਥੇ ਹਸਪਤਾਲ ਦੇ ਡਾਕਟਰਾਂ ਨੂੰ ਭੀ ਤਕੜਾ ਭੁਲੇਖਾ ਲੱਗਾ ਕਿ ਸ਼ਾਇਦ ਭਾਈ ਸਾਹਿਬ ਜੀ ਦਾ ਸਾਹ ਉਲਟ ਗਿਆ ਹੈ ਕਿਉਂਕਿ ਉਹ ਜੋਰੋ ਜੋਰ ਨਾਮ ਦਾ ਖੰਡਾ ਖੜਕਾ ਰਹੇ ਸਨ। ਭਾਈ ਸੰਤਾ ਸਿੰਘ ਜੀ ਨੂੰ ਭੀ ਦੋ ਦਿਨ ਸਾਹ ਉਲਟਣ ਦਾ ਭੁਲੇਖਾ ਹੀ ਲੱਗਾ ਰਿਹਾ ਭਾਵੇਂ ਕਿ ਉਹ ਆਪ ਅਭਿਆਸੀ ਸਿੰਘ ਸਨ, ਪਰ 8 ਮਈ ਦੀ ਸਵੇਰ, ਅੰਮ੍ਰਿਤ ਵੇਲੇ ਅਚਾਨਕ ਹੀ ਉਨ੍ਹਾਂ ਨੂੰ ਸ਼ੱਕ ਪਿਆ ਕਿ ਇਹ ਤਾਂ ਅਭਿਆਸ ਕਰਦੇ ਹਨ। ਉਨ੍ਹਾਂ ਦੇ ਨਾਲ ਰਲ ਕੇ ਹੋਰ ਤੇਜ਼ ਤੇਜ਼ ਅਭਿਆਸ ਕੀਤਾ। ਫਿਰ ਪਤਾ ਲੱਗਾ ਕਿ ਵਿਚਲਾ ਭੇਦ ਕੀ ਹੈ। ਭਾਵ ਅੰਤਮ ਸਮੇਂ ਮੋਹ ਦੀ 'ਅਤਿ ਤੀਖਣ ਫਾਸ' ਨੂੰ ਕੱਟਣ ਲਈ ਉਹ ਦੂਲੇ ਵੀਰ ਆਪਣੇ ਵੱਲੋਂ ਪੂਰਾ ਜਤਨ ਕਰ ਰਹੇ ਸਨ। 8 ਮਈ ਦੀ ਸ਼ਾਮ ਨੂੰ ਅਭਿਆਸ ਕਰਦੇ ਕਰਦੇ ਚੜ੍ਹਾਈ ਕਰ ਗਏ। 22 ਅਪ੍ਰੈਲ ਤੋਂ 8 ਮਈ ਤਕ ਉਹ ਬਹੁਤ ਹੀ ਘਟ ਬੋਲੇ, ਸਗੋਂ ਜੇ ਕੁਝ ਪੁਛੋ ਤਾਂ ਉਤਰ ਵਿਚ ਹਾਂ ਜਾਂ ਨਾਂਹ ਵਾਸਤੇ ਸਿਰ ਹਿਲਾ ਦੇਣਾ। ਇਸ ਤੋਂ ਵੱਧ ਹੋਰ ਕੁਝ ਨਹੀਂ ਕਹਿਣਾ। ਜੇ ਕੋਈ ਨੇੜੇ ਦੇ



www.AKJ.Org

ਸਾਕ ਸਨਬੰਧੀ ਸਾਹਮਣੇ ਹੋਣ ਤਾਂ ਉਨ੍ਹਾਂ ਵੱਲ ਧਿਆਨ ਹੀ ਨਹੀਂ ਦੇਣਾ। ਸੁਖਮਨੀ ਸਾਹਿਬ ਦੇ ਪਾਠ ਉਨ੍ਹਾਂ ਪਾਸ ਅਖੰਡ ਰੂਪ ਵਿਚ ਹੀ ਹੁੰਦੇ ਰਹੇ ਅਤੇ ਨਾਮ ਬਾਣੀ ਦੇ ਪਰਵਾਹ ਵਿਚ ਹੀ ਚੜ੍ਹਾਈਆਂ ਕਰ ਗਏ।

**ਗੁਰਮੁਖਿ ਜਨਮੁ ਸਵਾਰਿ ਦਰਗਹ ਚਲਿਆ। ਸਚੀ ਦਰਗਹ ਜਾਇ ਸਚਾ ਪਿੜ ਮਲਿਆ।**

(ਵਾਰ ਭਾਈ ਗੁਰਦਾਸ ਜੀ)

ਉਨ੍ਹਾਂ ਦੋਹਾਂ ਮਿੱਤਰਾਂ ਦੇ ਨਮਿਤ ਇਕ ਸਹਿਜ ਪਾਠ ਅਤੇ ਇਕ ਸ੍ਰੀ ਅਖੰਡ ਪਾਠ ਦਾ ਭੋਗ ਮਿਤੀ 23 ਮਈ 1976 ਨੂੰ ਪਿੰਡ ਬਹਾਦਰਪੁਰ (ਨੇੜੇ ਰਈਆ) ਵਿਖੇ ਪਾਇਆ ਗਿਆ।

# ਭਾਈ ਪ੍ਰੀਤਮ ਸਿੰਘ ਜੀ, ਅੰਬੋਮਾਜਰਾ

ਭਾਈ ਤਲਵਿੰਦਰ ਸਿੰਘ ਜੀ ਬੁੱਟਰ

ਪੁੱਗੇ ਹੋਏ ਗੁਰਮੁਖ ਜਨਾਂ, ਧੁਰੋਂ ਵਰੋਸਾਏ ਗੁਰੂ ਪਿਆਰਿਆਂ ਦੇ ਜੀਵਨ ਚਰਿੱਤਰ ਨੂੰ ਸ਼ਬਦਾਂ ਦੇ ਸਾਂਚੇ ਵਿੱਚ ਢਾਲਣਾ ਸੋਚ-ਸ਼ਕਤੀ ਤੋਂ ਬਾਹਰਾ ਹੈ ਕਿਉਂਕਿ ਪ੍ਰਮਾਰਥਕ ਅਵਸਥਾਵਾਂ ਨੂੰ ਪੁੱਜਿਆਂ ਦੀ ਆਭਾ ਨੂੰ ਪਛਾਨਣਾ ਸਾਧਾਰਨ ਇੰਦਰੀਗਤ ਗਿਆਨ ਬੁੱਧੀ ਵਾਲੇ ਮਨੁੱਖ ਲਈ ਸੰਭਵ ਨਹੀਂ ਹੁੰਦਾ। ਧੁਰੋਂ ਬਖ਼ਸ਼ੇ ਅਤੇ ਅਕਾਲ-ਪੁਰਖ ਨਾਲ ਇਕਮਿਕ ਹੋਏ ਗੁਰਸਿੱਖਾਂ ਬਾਰੇ ਹੀ ਸ੍ਰੀ ਗੁਰੂ ਰਾਮਦਾਸ ਜੀ ਫ਼ੁਰਮਾਉਂਦੇ ਹਨ :

**ਜੋ ਤੁਧੁ ਸਚੁ ਧਿਆਇਦੇ ਸੇ ਵਿਰਲੇ ਥੋੜੇ ॥**

**ਜੋ ਮਨਿ ਚਿਤਿ ਇਕੁ ਅਰਾਧਦੇ ਤਿਨ ਕੀ ਬਰਕਤਿ ਖਾਹਿ ਅਸੰਖ ਕਰੋੜੇ ॥**

(ਅੰਗ ੩੦੬)

ਗੁਰਸਿੱਖ ਦੁਨੀਆ 'ਤੇ ਪਰਉਪਕਾਰ ਕਰਨ ਹਿੱਤ ਆਉਂਦੇ ਹਨ। ਉਨ੍ਹਾਂ ਨੂੰ ਧੁਰੋਂ ਹੀ ਜਗਤ ਜਲੰਦੇ ਨੂੰ ਠਾਰ੍ਹਨ ਅਤੇ ਜਨ-ਕਲਿਆਣ ਦੀ ਸੇਵਾ ਲੱਗੀ ਹੁੰਦੀ ਹੈ। ਭਾਈ ਗੁਰਦਾਸ ਜੀ ਬਾਖ਼ੂਬ ਫ਼ੁਰਮਾਉਂਦੇ ਹਨ :

**ਗੁਰਮੁਖਿ ਪਰਉਪਕਾਰੀ ਵਿਰਲਾ ਆਇਆ ॥ ਗੁਰਮੁਖਿ ਸੁਖ ਫਲੁ ਪਾਇ ਆਪੁ ਗਵਾਇਆ ॥**

**ਗੁਰਮੁਖਿ ਸਾਖੀ ਸਬਦਿ ਸਿਖਿ ਸੁਣਾਇਆ ॥ ਗੁਰਮੁਖਿ ਸਬਦ ਵੀਚਾਰਿ ਸਚੁ ਕਮਾਇਆ ॥**

**ਸਚੁ ਰਿਦੈ ਮੁਹਿ ਸਚੁ ਸਚਿ ਸੁਹਾਇਆ ॥ ਗੁਰਮੁਖਿ ਜਨਮੁ ਸਵਾਰਿ ਜਗਤੁ ਤਰਾਇਆ ॥੧੨॥**

(ਵਾਰ ੧੯, ਪਉੜੀ ੧੨)

ਅਜਿਹੇ ਹੀ ਜੀਵਨ ਵਾਲੇ ਗੁਰਮੁਖ ਜਨ ਸਨ- ਭਾਈ ਪ੍ਰੀਤਮ ਸਿੰਘ ਜੀ ਅੰਬੋਮਾਜਰੇ ਵਾਲੇ, ਜਿਹੜੇ ਪਿਛਲੇ ਦਿਨੀਂ ਪੰਜ ਭੂਤਕ ਸਰੀਰ ਤਿਆਗ ਗਏ। ਭਾਈ ਪ੍ਰੀਤਮ ਸਿੰਘ ਜੀ ਨੇ ਭਾਈ ਸਾਹਿਬ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਨਾਲ ਤਿੰਨ ਦਹਾਕੇ ਤੋਂ ਵੱਧ ਸੰਗਤ ਕੀਤੀ। ਭਾਈ ਸਾਹਿਬ ਉਨ੍ਹਾਂ ਨੂੰ ਪਿਆਰ ਨਾਲ ਪ੍ਰੀਤਮ ਸਿੰਘ 'ਮਸਤਾਨਾ' ਆਖ਼ਦੇ ਹੁੰਦੇ ਸਨ। ਭਾਈ ਪ੍ਰੀਤਮ ਸਿੰਘ ਜੀ ਦੇ ਜੀਵਨ ਨਾਲ ਗੁਰਸਿੱਖੀ ਵਿੱਚ ਕੇਸਾਂ ਦੇ ਪਿਆਰ ਅਤੇ ਰੂਹਾਨੀ ਤਾਕਤ ਨੂੰ ਪ੍ਰਗਟਾਉਂਦੀ ਇੱਕ ਸੱਚੀ ਅਤੇ ਅਲੋਕਾਰੀ ਘਟਨਾ ਜੁੜੀ ਹੈ, ਜਿਹੜੀ ਸਾਨੂੰ ਭਾਈ ਤਾਰੂ ਸਿੰਘ ਜੀ ਵੱਲੋਂ ਕੇਸਾਂ ਦੀ ਰੱਖਿਆ ਖਾਤਰ ਖੋਪਰ ਲੁਹਾਉਣ ਦੀ ਕੁਰਬਾਨੀ ਦੀ ਯਾਦ ਦਿਵਾ ਦਿੰਦੀ ਹੈ।

ਭਾਈ ਪ੍ਰੀਤਮ ਸਿੰਘ ਜੀ ਦਾ ਜਨਮ 1899 ਈਸਵੀ, ਕੱਤਕ ਦੀ ਸੰਗਰਾਂਦ ਨੂੰ ਪਿੰਡ ਸੌਂਕਣਮਿੰਡ, ਤਹਿਸੀਲ ਪਸਰੂਰ, ਜ਼ਿਲ੍ਹਾ ਸਿਆਲਕੋਟ (ਅਜੋਕਾ ਪਾਕਿਸਤਾਨ) ਵਿਖੇ ਪਿਤਾ ਹਵੇਲਾ ਸਿੰਘ ਦੇ ਗ੍ਰਹਿ ਅਤੇ ਮਾਤਾ ਲਛਮੀ ਦੀ ਕੁੱਖੋਂ



www.AKJ.Org

ਹੋਇਆ। 13-14 ਸਾਲ ਦੀ ਉਮਰ 'ਚ ਸੰਤ ਹਰਨਾਮ ਸਿੰਘ ਕਿਲ੍ਹੇ ਵਾਲੇ (ਨੌਸ਼ਹਿਰੇ ਵਾਲਿਆਂ) ਨਾਲ ਮੇਲ ਹੋਇਆ ਤਾਂ ਉਨ੍ਹਾਂ ਦੀ ਪ੍ਰੇਰਨਾ ਸਦਕਾ ਅੰਮ੍ਰਿਤ ਪਾਨ ਕੀਤਾ। ਸੰਨ 1922 'ਚ ਡਾ. ਬਸੰਤ ਸਿੰਘ ਸੇਖਵਾਂ ਨਾਰੋਵਾਲ ਵਾਲਿਆਂ ਨਾਲ ਮੇਲ ਹੋਇਆ। ਭਾਈ ਸਾਹਿਬ ਜੀ ਦੀ ਰਿਹਾਈ ਤੋਂ ਬਾਅਦ, ਸੰਨ 1932-33 ਵਿਚ ਆਪ ਜੀ ਦਾ ਮੇਲ ਭਾਈ ਸਾਹਿਬ ਜੀ ਨਾਲ ਡਾਕਟਰ ਸਾਹਿਬ ਰਾਹੀਂ ਹੀ ਹੋਇਆ, ਜਦੋਂ ਡਾਕਟਰ ਸਾਹਿਬ ਦੇ ਪ੍ਰੇਮ ਸੁਨੇਹੜਿਆਂ ਤੇ ਭਾਈ ਸਾਹਿਬ ਸਿਆਲਕੋਟ ਵਿਚ ਸ੍ਰੀ ਅਖੰਡ ਪਾਠ ਸਮਾਗਮਾਂ 'ਤੇ ਰੈਣ ਸਬਾਈ ਕੀਰਤਨਾਂ ਲਈ ਆਉਂਦੇ ਸਨ। ਇਨ੍ਹਾਂ ਦੇ ਭਰਾ ਭਾਈ ਸੁਦਾਗਰ ਸਿੰਘ ਜੀ ਦੀ ਸਿੰਘਣੀ ਬੀਬੀ ਰਣਜੀਤ ਕੌਰ ਡਾਕਟਰ ਬਸੰਤ ਸਿੰਘ ਸੇਖਵਾਂ ਜੀ ਦੀ ਭਤੀਜੀ ਸੀ। ਆਪ ਸਾਰੀ ਉਮਰ ਬਾਲ ਜਤੀ ਰਹੇ ਤੇ ਕੋਈ ਸ਼ਾਦੀ ਬਗੈਰਾ ਕਰਵਾ ਕੇ ਸੰਸਾਰਕ ਬੰਧਨਾਂ ਵਿਚ ਨਹੀਂ ਪਏ। 1947 ਦੀ ਵੰਡ ਵੇਲੇ ਭਾਈ ਪ੍ਰੀਤਮ ਸਿੰਘ ਦਾ ਪਰਿਵਾਰ ਮਲੇਰਕੋਟਲੇ ਲਾਗੇ ਰੁੜਕੀ ਜਾਗੋਵਾਲ ਪਿੰਡ ਵਿੱਚ ਜਾ ਵੱਸਿਆ। ਭਾਈ ਸਾਹਿਬ ਅਤੇ ਉਨ੍ਹਾਂ ਦੇ ਛੋਟੇ ਭਰਾ ਸੁਦਾਗਰ ਸਿੰਘ ਨੂੰ 1950 ਵਿੱਚ ਰੇਲਵੇ ਵਿਭਾਗ ਵਿੱਚ ਮੰਡੀ ਗੋਬਿੰਦਗੜ੍ਹ ਵਿਖੇ ਗੈਂਗਮੈਨ ਦੀ ਨੌਕਰੀ ਮਿਲ ਗਈ ਤਾਂ ਆਪ ਖੇਤੀ ਛੱਡ ਕੇ ਗੋਬਿੰਦਗੜ੍ਹ ਆ ਗਏ। ਇਕ ਦਿਨ ਡੀ.ਆਰ.ਐੱਮ. ਚੈਕਿੰਗ ਕਰਨ ਲਈ ਆਇਆ ਤਾਂ ਉਸ ਨੇ ਬੀੜੀ ਪੀਣ ਲਈ ਮਾਚਿਸ ਦੀ ਡੱਬੀ ਮੰਗੀ, ਜਿਸ ਨੂੰ ਦੇਣ ਤੋਂ ਭਾਈ ਸਾਹਿਬ ਨੇ ਇਨਕਾਰ ਕਰ ਦਿੱਤਾ ਤਾਂ ਤਿੰਨ ਮਹੀਨੇ ਬਾਅਦ ਹੀ ਨੌਕਰੀ ਤੋਂ ਕੱਢ ਦਿੱਤਾ ਗਿਆ। ਆਪ ਜੀ ਦੇ ਛੋਟੇ ਭਰਾ ਸ. ਸੁਦਾਗਰ ਸਿੰਘ ਨੇ ਨੌਕਰੀ ਕਾਰਨ ਮਲੇਰਕੋਟਲੇ ਤੋਂ ਜ਼ਮੀਨ ਵੇਚ ਕੇ ਮੰਡੀ ਗੋਬਿੰਦਗੜ੍ਹ ਲਾਗੇ ਅੰਬੋਮਾਜਰਾ ਪਿੰਡ ਵਿੱਚ ਖਰੀਦ ਲਈ।

1954-55 ਦੌਰਾਨ ਡੇਰਾ ਬਾਬਾ ਨਾਨਕ ਲਾਗੇ ਪਿੰਡ ਚਾਕਾਂਵਾਲੀ (ਬਹਿਲੋਲਪੁਰ) ਵਿੱਚ ਬਾਪੂ ਸਰੈਣ ਸਿੰਘ ਜੀ, ਜਿਹੜੇ ਡਾ. ਬਸੰਤ ਸਿੰਘ ਜੀ ਦੇ ਮਾਸੀ ਦੇ ਪੁੱਤਰ ਅਤੇ ਭਾਈ ਰਣਧੀਰ ਸਿੰਘ ਜੀ ਦੇ ਨਿਕਟਵਰਤੀ ਸਾਥੀ ਸਨ, ਨੂੰ ਮਿਲਣ ਲਈ ਗਏ ਤਾਂ ਉੱਥੇ ਸਰਹੱਦ ਤੋਂ ਮਸਾਂ ਤਿੰਨ-ਚਾਰ ਮੀਲ ਪਾਰ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਦਰਸ਼ਨ ਕਰਨ ਲਈ ਬਿਹਬਲਤਾ ਹੋਈ। ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਦੀ ਤੀਬਰ ਤਾਂਘ ਲੈ ਕੇ ਅਰਦਾਸ ਕਰਕੇ ਰਾਵੀ ਦਰਿਆ ਦੇ ਤੇਜ਼ ਵਹਿਣ 'ਚ ਠੱਲ੍ਹ ਪਏ। ਗੁਰੂ ਮਹਾਰਾਜ ਅੱਗੇ ਅਰਦਾਸ ਕੀਤੀ ਅਤੇ ਸ਼ਬਦ ਪੜ੍ਹਿਆ ਤਾਂ ਐਸੀ ਕਲਾ ਵਰਤੀ ਕਿ ਦਰਿਆ ਦਾ ਪਾਣੀ ਘੱਟ ਗਿਆ ਅਤੇ ਆਪ ਦਰਿਆ ਪਾਰ ਕਰਕੇ ਪਾਕਿਸਤਾਨ ਵਾਲੇ ਪਾਸੇ ਪਹੁੰਚ ਗਏ। ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਦੀ ਲੋਚਾ ਪੂਰੀ ਹੋਣ ਦੇ ਸ਼ੁਕਰਾਨੇ ਵਜੋਂ ਅਰਦਾਸ ਕਰਨ ਤੋਂ ਬਾਅਦ ਜਦੋਂ ਜੈਕਾਰਾ ਗਜਾਇਆ ਤਾਂ ਉੱਥੇ ਲਾਗੇ ਮੁਸਲਮਾਨ ਹੈਰਾਨ ਹੋ ਗਏ ਕਿ ਇੱਥੇ ਜੈਕਾਰਾ ਗਜਾਉਣ ਵਾਲਾ 'ਸਿੱਖ' ਕੌਣ ਆ ਗਿਆ? ਉਨ੍ਹਾਂ ਤੁਰੰਤ ਫ਼ੌਜ ਨੂੰ ਸੂਚਿਤ ਕੀਤਾ। ਫ਼ੌਜ ਵੱਲੋਂ ਆਪ ਜੀ ਨੂੰ ਗ੍ਰਿਫ਼ਤਾਰ ਕਰਕੇ ਪੁੱਛਗਿੱਛ ਲਈ ਕੋਟ ਲੱਖਪੱਤ ਜੇਲ੍ਹ ਵਿੱਚ ਲਿਜਾਇਆ ਗਿਆ। ਜੇਲ੍ਹ ਅੰਦਰ ਬੰਦ ਮੁਤੱਸਬੀ ਮੁਸਲਮਾਨ ਕੈਦੀ ਅਤੇ ਸਿਪਾਹੀਆਂ ਨੇ ਰਲ ਕੇ ਸਾਜਿਸ਼ ਘੜੀ ਕਿ ਸਿੱਖਾਂ ਨੂੰ ਆਪਣੇ ਕੇਸ ਸਭ ਤੋਂ ਪਿਆਰੇ ਹੁੰਦੇ ਹਨ ਅਤੇ ਇਸ ਸਿੱਖ ਕੋਲੋਂ ਜੇਕਰ ਇਸ ਦਾ ਅਸਲੀ ਭੇਦ ਖੁਲ੍ਹਵਾਉਣਾ ਹੈ ਤਾਂ ਇਸ ਦੇ ਕੇਸ ਕਤਲ ਕਰ ਦਿੱਤੇ ਜਾਣ, ਇਹ ਆਪਣੇ ਜਾਸੂਸ ਜਾਂ ਤਸਕਰ ਹੋਣ ਬਾਰੇ ਸਭ ਕੁਝ ਸੱਚ ਦੱਸ ਦੇਵੇਗਾ। 6-7 ਮੁਸਲਮਾਲ ਜਦੋਂ ਭਾਈ ਪ੍ਰੀਤਮ ਸਿੰਘ ਦੇ ਕੇਸ ਕਤਲ ਕਰਨ ਲੱਗੇ ਤਾਂ ਆਪ ਜੀ ਨੇ ਗੁਰੂ ਸਾਹਿਬ ਅੱਗੇ ਸਿੱਖੀ ਕੇਸਾਂ-ਸੁਆਸਾਂ ਸੰਗ ਨਿਭਾਉਣ ਦੀ ਅਰਦਾਸ ਬੇਨਤੀ ਕੀਤੀ। ਅਜਿਹਾ ਚਮਤਕਾਰ ਵਰਤਿਆ ਕਿ ਭਾਈ ਸਾਹਿਬ ਦੇ ਕੇਸ ਤਾਂਬੇ ਦੀਆਂ ਤਾਰਾਂ ਬਣ ਗਏ ਅਤੇ ਕਤਲ ਨਾ ਹੋਏ। ਭਾਈ ਸਾਹਿਬ ਦੱਸਦੇ ਹੁੰਦੇ ਸਨ ਕਿ ਉਨ੍ਹਾਂ ਦੇ ਦੁਆਲੇ ਇੱਕ ਬਹੁਤ ਤੇਜ਼ ਪ੍ਰਕਾਸ਼ ਹੋਇਆ, ਪੰਜ ਸਿੰਘ ਉਨ੍ਹਾਂ ਦੇ ਦੁਆਲੇ ਲੋਹਮਈ ਕਵਚ ਬਣ ਕੇ ਖੜ੍ਹੇ ਹੋ ਗਏ, ਜਿਨ੍ਹਾਂ ਵਿੱਚ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ, ਸੰਤ ਜਵਾਲਾ ਸਿੰਘ ਜੀ ਹਰਖ਼ੋਵਾਲ ਵਾਲੇ, ਡਾ. ਬਸੰਤ ਸਿੰਘ ਜੀ, ਸੰਤ ਹਰਨਾਮ ਸਿੰਘ ਕਿਲ੍ਹੇ ਵਾਲੇ ਵੀ ਸਨ। ਇਸ ਅਦਭੁੱਤ ਕੌਤਕ ਨੂੰ ਦੇਖ ਕੇ ਜੇਲ੍ਹ ਵਿੱਚ ਸਾਰੇ ਕੈਦੀ ਤੇ ਮੁਲਾਜ਼ਮ ਆਪ ਜੀ ਤੋਂ ਭੈਅ ਖਾਣ ਲੱਗੇ ਅਤੇ ਕੁਝ 'ਜ਼ਾਹਰ ਪੀਰ' ਆਖ ਕੇ ਸਤਿਕਾਰ ਦੇਣ ਲੱਗੇ।



www.AKJ.Org

ਇਸੇ ਦੌਰਾਨ ਇਧਰ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੇ ਆਪ ਜੀ ਦੀ ਰਿਹਾਈ ਲਈ ਭਾਰਤ ਦੇ ਗ੍ਰਹਿ ਵਿਭਾਗ ਅਤੇ ਪਾਕਿਸਤਾਨ ਸਰਕਾਰ ਕੋਲ ਚਾਰਾਜੋਈ ਸ਼ੁਰੂ ਕਰ ਦਿੱਤੀ। ਉਨ੍ਹਾਂ ਨੇ ਪਾਕਿਸਤਾਨ ਵਿੱਚ ਆਪ ਜੀ ਦਾ ਕੇਸ ਲੜਣ ਲਈ ਇਕ ਵਕੀਲ ਵੀ ਕਰ ਲਿਆ। ਪੁੱਛ ਗਿੱਛ ਕਰਨ ਵਾਲੇ ਅਫ਼ਸਰ ਨੇ ਆਪ ਦੀ ਸੁਰਤ ਪਛਾਣ ਲਈ ਸੀ ਅਤੇ ਉਸ ਨੇ ਅਦਾਲਤ ਵਿੱਚ ਚਲਾਨ ਪੇਸ਼ ਕਰਨ ਵੇਲੇ ਇਹ ਬਿਆਨ ਦਿੱਤਾ ਕਿ ਇਹ ਸਿੱਧਾ-ਸਾਦਾ ਸਿੱਖ, ਆਪਣੇ ਪੀਰ (ਗੁਰੂ ਨਾਨਕ ਸਾਹਿਬ) ਦੀ ਕਬਰ 'ਤੇ ਰਾਤ ਦੇ ਹਨੇਰੇ ਵਿੱਚ ਦੀਵਾ ਜਗਾਉਣ ਆਇਆ ਤਾਂ ਇਸ ਨੂੰ ਸਰਹੱਦ ਦਾ ਵੀ ਪਤਾ ਨਹੀਂ ਲੱਗਿਆ। ਪਰ ਇਸੇ ਦੌਰਾਨ ਭਾਈ ਸਾਹਿਬ ਬੋਲ ਪਏ ਕਿ "ਮੈਂ ਤਾਂ ਦਿਨੇ ਆਇਆ ਸੀ।" ਇਹ ਸੁਣ ਕੇ ਵਕੀਲ ਜੱਜ ਨੂੰ ਆਖਣ ਲੱਗਾ ਕਿ ਇਹ ਵਿਅਕਤੀ ਮਾਨਸਿਕ ਤੌਰ 'ਤੇ ਠੀਕ ਨਹੀਂ ਹੈ, ਜਿਸ ਕਰਕੇ ਇਸ ਨੂੰ ਰਿਹਾਅ ਕਰ ਦਿੱਤਾ ਜਾਵੇ। ਜੱਜ ਨੇ ਭਾਈ ਸਾਹਿਬ ਨੂੰ ਬਰੀ ਕਰ ਦਿੱਤਾ ਅਤੇ ਲਗਭਗ ਛੇ ਮਹੀਨੇ ਪਾਕਿਸਤਾਨ ਜੇਲ੍ਹ ਵਿੱਚ ਰਹਿਣ ਤੋਂ ਬਾਅਦ ਆਪ ਜੀ ਵਾਪਸ ਆ ਗਏ ਅਤੇ ਮੁੜ ਆਪਣੇ ਪਿੰਡ ਅੰਬੋਮਾਜਰਾ ਰਹਿਣ ਲੱਗੇ।

ਇਸੇ ਤਰ੍ਹਾਂ ਸੰਨ 1955-56 ਦੀ ਇਕ ਹੋਰ ਚਮਤਕਾਰੀ ਘਟਨਾ ਭਾਈ ਸਾਹਿਬ ਦੇ ਜੀਵਨ ਨਾਲ ਜੁੜੀ। ਭਾਈ ਪ੍ਰੀਤਮ ਸਿੰਘ ਜੀ ਅੰਬੋਮਾਜਰਾ ਵਿਖੇ ਆਪਣੇ ਖੇਤਾਂ ਵਿੱਚ ਬਣਾਈ ਛੰਨ੍ਹ ਹੇਠਾਂ ਅੱਠੇ ਪਹਿਰ ਨਾਮ ਦੀ ਕਮਾਈ ਕਰਦੇ ਰਹਿੰਦੇ। ਇਕ ਦਿਨ ਉਨ੍ਹਾਂ ਨੂੰ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਪ੍ਰਤੱਖ ਦਰਸ਼ਨ ਦਿੱਤੇ ਅਤੇ ਮੰਡੀ ਗੋਬਿੰਦਗੜ੍ਹ ਵਿੱਚ ਆਪਣੀ ਚਰਨਛੋਹ ਪ੍ਰਾਪਤ ਇਤਿਹਾਸਕ ਅਸਥਾਨ ਦੀ ਸੋਝੀ ਕਰਵਾਈ, ਜਿਸ ਦੀ ਬਾਅਦ ਵਿੱਚ, ਪੁਟਾਈ ਕਰਨ 'ਤੇ ਇਕ ਪੁਰਾਤਨ ਇੱਟਾਂ ਦਾ ਥੜ੍ਹਾ ਅਤੇ ਦੋ ਕਿਰਪਾਨਾਂ ਮਿਲੀਆਂ ਸਨ, ਉੱਥੇ ਅੱਜ ਛੇਵੀਂ ਪਾਤਸ਼ਾਹੀ ਦਾ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ।

ਬਾਪੂ ਹਰਭਜਨ ਸਿੰਘ ਜੀ ਪੰਜੋਖਰਾ ਸਾਹਿਬ ਵਾਲੇ ਦੱਸਦੇ ਹਨ ਕਿ ਭਾਈ ਪ੍ਰੀਤਮ ਸਿੰਘ ਇੰਨੇ ਅਨਿੰਨ ਸੇਵਕ, ਪਰਉਪਕਾਰੀ ਅਤੇ ਭਜਨੀਕ ਸਨ ਕਿ ਸਾਰੀ-ਸਾਰੀ ਰਾਤ ਰੈਣਿ ਸਬਾਈ ਖੜ੍ਹੇ ਹੋ ਕੇ ਸੁਣਦੇ ਸਨ। ਉਹ ਨਿਮਰਤਾ, ਪ੍ਰਭੂ ਪਿਆਰ ਅਤੇ ਸ਼ਾਂਤ ਸੁਭਾਅ ਵਾਲੇ ਹੋਣ ਦੇ ਬਾਵਜੂਦ ਗੁਰਮਤਿ ਸਿਧਾਂਤ ਦੇ ਵੀ ਪੱਕੇ ਸਨ। 1940-50 ਦੌਰਾਨ ਜਦੋਂ ਸ਼੍ਰੋਮਣੀ ਕਮੇਟੀ 'ਤੇ ਕਾਂਗਰਸ ਪਾਰਟੀ ਨੇ ਕਬਜ਼ਾ ਕਰ ਲਿਆ ਸੀ ਤਾਂ ਮੰਡੀ ਗੋਬਿੰਦਗੜ੍ਹ ਦੇ ਨੇੜੇ ਅਕਾਲੀ ਦਲ ਦੀ ਇਕ ਬਹੁਤ ਵੱਡੀ ਕਾਨਫਰੰਸ ਹੋਈ। ਭਾਈ ਪ੍ਰੀਤਮ ਸਿੰਘ ਜੀ ਵੀ ਉਸ ਕਾਨਫਰੰਸ ਨੂੰ ਸੁਣਨ ਲਈ ਗਏ। ਮਾ. ਤਾਰਾ ਸਿੰਘ ਸੰਬੋਧਨ ਕਰਦਿਆਂ ਆਖਣ ਲੱਗੇ, "ਪੰਥ 'ਤੇ ਵੱਡੀ ਭੀੜ ਬਣ ਗਈ ਹੈ।" ਭਾਈ ਪ੍ਰੀਤਮ ਸਿੰਘ ਜੀ ਇਕਦਮ ਪੰਡਾਲ ਵਿਚੋਂ ਉਠੇ ਅਤੇ ਸਟੇਜ 'ਤੇ ਜਾ ਕੇ ਜੋਸ਼ ਵਿੱਚ ਆਖਣ ਲੱਗੇ, 'ਗੁਰੂ ਪਾਤਸ਼ਾਹ ਦੇ ਪੰਥ ਨੂੰ ਨਾ ਤਾਂ ਕੋਈ ਭੀੜ ਬਣੀ ਹੈ ਅਤੇ ਨਾ ਕੋਈ ਖ਼ਤਰਾ ਹੈ, ਇਹ ਖ਼ਤਰਾ ਸਿਰਫ਼ ਤੁਹਾਡੀਆਂ ਕੁਰਸੀਆਂ ਨੂੰ ਹੈ। ਗੁਰੂ ਕਾ ਪੰਥ ਰਹਿੰਦੀ ਦੁਨੀਆ ਤੱਕ ਚੜ੍ਹਦੀ ਕਲਾ ਵਿੱਚ ਰਹੇਗਾ।'

ਇਕ ਘਟਨਾ ਸੰਨ 1988-90 ਦੀ ਹੈ ਜਦੋਂ ਪੰਜਾਬ ਵਿਚ ਖਾੜਕੂਵਾਦ ਦਾ ਦੌਰ ਹੋਣ ਕਾਰਨ, ਹਿੰਦੁਸਤਾਨੀ ਪੈਰਾ ਮਿਲਟਰੀ ਫ਼ੋਰਸਾਂ ਸਿੱਖਾਂ ਨੂੰ ਮਾਰ-ਮੁਕਾਉਣ ਲੱਗਿਆਂ ਕੋਈ ਦਲੀਲ, ਅਪੀਲ ਨਹੀਂ ਸੁਣਦੀਆਂ ਸਨ। ਭਾਈ ਪ੍ਰੀਤਮ ਸਿੰਘ ਜੀ ਪਿੰਡ ਅੰਬੋਮਾਜਰਾ ਵਿਖੇ ਖੇਤਾਂ ਵਿੱਚ ਆਪਣੇ ਘਰ ਦੇ ਕੋਲ ਇਕ ਭੋਰਾ ਬਣਾਉਣ ਲੱਗੇ ਸਨ। ਪਰ ਅਚਾਨਕ ਭੋਰੇ ਦਾ ਵਿਚਾਰ ਤਿਆਗ ਦਿੱਤਾ ਅਤੇ ਉਹ ਅੱਧ-ਪੁੱਟਿਆ ਹੀ ਵਿਚਾਲੇ ਛੱਡ ਦਿੱਤਾ। ਇਕ ਦਿਨ ਕੋਲੋਂ ਦੀ ਲੰਘਦੇ ਸੀ.ਆਰ.ਪੀ.ਐਫ਼ ਦੇ ਜਵਾਨ ਬੰਕਰਨੁਮਾ ਥਾਂ ਦੇਖ ਕੇ ਸ਼ੱਕ ਦੇ ਤੌਰ 'ਤੇ ਆ ਗਏ ਅਤੇ ਉਹ ਭਾਈ ਪ੍ਰੀਤਮ ਸਿੰਘ ਜੀ ਦੇ ਕਮਰੇ ਵਿੱਚ ਗਏ ਤਾਂ ਉਨ੍ਹਾਂ ਉੱਥੇ ਕਿਰਪਾਨਾਂ, ਢਾਲਾਂ, ਬਰਛੇ ਅਤੇ ਹੋਰ ਸ਼ਸਤਰ ਦੇਖੇ, ਜਿਸ ਤੋਂ ਬਾਅਦ ਉਹ ਭਾਈ ਪ੍ਰੀਤਮ ਸਿੰਘ ਜੀ ਨੂੰ ਆਖਣ ਲੱਗੇ, ਸਾਡੇ ਨਾਲ ਥਾਣੇ ਚੱਲੋ। ਭਾਈ ਸਾਹਿਬ ਨੇ ਜੁਆਬ ਦਿੱਤਾ, 'ਮੈਂ ਤਿਆਰ ਹੋ ਕੇ ਆਉਂਦਾ ਹਾਂ ਫਿਰ ਜਿੱਥੇ ਮਰਜ਼ੀ ਲੈ ਚੱਲਿਓ।' ਭਾਈ ਸਾਹਿਬ ਗੁਰੂ ਸਾਹਿਬ ਵਾਲੇ ਕਮਰੇ ਵਿੱਚ ਗਏ, ਅਰਦਾਸ ਕੀਤੀ ਅਤੇ ਪਿੱਠ 'ਤੇ ਢਾਲ, ਤੇਗ ਅਤੇ ਹੋਰ ਸ਼ਸ਼ਤਰ ਪਹਿਨ ਕੇ ਤਿਆਰ-ਬਰ-ਤਿਆਰ ਹੋ ਕੇ ਬਾਹਰ ਆਏ।



www.AKJ.Org

ਸੀ.ਆਰ.ਪੀ.ਐੱਫ਼ ਵਾਲਿਆਂ ਨੂੰ ਆਖਣ ਲੱਗੇ- "ਲਾਓ ਮੈਨੂੰ ਹੱਥਕੜੀ ਅਤੇ ਕਰੋ ਗ੍ਰਿਫ਼ਤਾਰ।" ਐਸੀ ਅਦ੍ਰਿਸ਼ਟ ਕਰਾਮਾਤ ਵਾਪਰੀ ਕਿ ਸੀ.ਆਰ.ਪੀ.ਐੱਫ਼. ਵਾਲਿਆਂ ਦਾ ਹੌਂਸਲਾ ਹੀ ਨਾ ਪਵੇ ਭਾਈ ਸਾਹਿਬ ਦੇ ਨੇੜੇ ਜਾਣ ਦਾ। ਭਾਈ ਸਾਹਿਬ ਸੀ.ਆਰ.ਪੀ.ਐਫ਼. ਵਾਲਿਆਂ ਵੱਲ ਵੱਧਣ ਤਾਂ ਉਹ ਹੋਰ ਪਿੱਛੇ ਹੱਟ ਜਾਣ। ਅਖ਼ੀਰ ਵਿੱਚ ਸੁਰੱਖਿਆ ਬਲ ਉੱਥੋਂ ਵਾਪਸ ਪਰਤ ਗਏ। ਇਸ ਤਰ੍ਹਾਂ ਉਨ੍ਹਾਂ ਦੇ ਜੀਵਨ ਨਾਲ ਸੰਬੰਧਿਤ ਅਨੇਕਾਂ ਹੋਰ ਅਲੌਕਾਰੀ ਘਟਨਾਵਾਂ ਜੁੜੀਆਂ ਹਨ, ਜਿਨ੍ਹਾਂ ਬਾਰੇ ਪੂਰੀ ਪੁਸਤਕ ਲਿਖੀ ਜਾ ਸਕਦੀ ਹੈ। ਭਾਈ ਪ੍ਰੀਤਮ ਸਿੰਘ ਜੀ ਦੀ ਉਮਰ 113 ਸਾਲ ਦੇ ਕਰੀਬ ਸੀ ਪਰ ਉਹ ਅਖ਼ੀਰਲੇ ਸੁਆਸਾਂ ਤੱਕ ਸਰਬਲੋਹ ਬਿਬੇਕ ਦੇ ਪਹਿਰੇ 'ਚ ਪ੍ਰਪੱਕ ਰਹੇ ਅਤੇ ਅੰਮ੍ਰਿਤ ਵੇਲੇ ਜਾਗਣਾ, ਕੇਸੀ ਇਸ਼ਨਾਨ ਅਤੇ ਨਿੱਤਨੇਮ ਨਹੀਂ ਖੁੰਝਣ ਦਿੱਤਾ। ਭਾਈ ਸਾਹਿਬ ਅੰਬੋਮਾਜਰਾ ਵਿੱਚ ਹੀ ਬਣਾਏ ਇਕ ਭੋਰੇ ਵਿੱਚ ਰਹਿੰਦੇ ਸਨ ਅਤੇ ਹਰ ਵੇਲੇ ਬਾਣੀ ਸੁਣਦੇ ਅਤੇ ਨਾਮ ਜਪਦੇ ਰਹਿੰਦੇ। ਦੂਰ-ਦੁਰਾਡੇ ਤੋਂ ਅਖੰਡ ਕੀਰਤਨੀ ਜੱਥੇ ਦੇ ਸਿੰਘ ਉਨ੍ਹਾਂ ਕੋਲ ਆ ਕੇ ਠਹਿਰਦੇ ਹੁੰਦੇ ਸਨ ਅਤੇ ਉਨ੍ਹਾਂ ਦੀ ਸੰਗਤ ਵਿੱਚ ਅੰਮ੍ਰਿਤ ਵੇਲਾ ਸਾਂਭਦੇ ਸਨ।

ਭਾਈ ਸਾਹਿਬ ਮਿਤੀ 9 ਮਈ 2013 ਨੂੰ ਨਿੱਤਨੇਮ ਤੋਂ ਬਾਅਦ ਕਰੀਬ ਪੌਣੇ 9 ਵਜੇ ਬਿਲਕੁਲ ਸਹੀ-ਸਲਾਮਤ ਆਪਣੇ ਭੋਰੇ ਵਿੱਚ ਬੈਠਿਆਂ ਨਾਮ ਜਪਦੇ ਹੋਏ ਸੁਆਸ ਤਿਆਗ ਗਏ। ਉਹ ਸੁੱਤੇ-ਸਿੱਧ ਜੋ ਵੀ ਬਚਨ ਮੂੰਹੋਂ ਕਰਦੇ ਸਨ, ਉਹ ਸੱਚ ਹੋ ਜਾਂਦਾ ਸੀ। ਬਾਪੂ ਬਾਲਾ ਸਿੰਘ ਜੀ ਗੁਰੂ ਕੀ ਵਡਾਲੀ ਵਾਲਿਆਂ ਅਤੇ ਭਾਈ ਪ੍ਰੀਤਮ ਸਿੰਘ ਜੀ ਅੰਬੋਮਾਜਰਾ ਵਾਲਿਆਂ ਵਿਚਾਲੇ ਗੂੜਾ ਪ੍ਰੇਮ ਅਤੇ ਸਤਿਕਾਰ ਸੀ। ਬਾਪੂ ਬਾਲਾ ਸਿੰਘ ਜੀ ਭਾਈ ਪ੍ਰੀਤਮ ਸਿੰਘ ਅੰਬੋਮਾਜਰਾ ਵਾਲਿਆਂ ਨੂੰ ਜੋਤ ਵਿਗਾਸੀ ਅਤੇ ਪਹੁੰਚੇ ਹੋਏ ਸੰਤ ਆਖਦੇ ਹੁੰਦੇ ਸਨ। ਸਿੰਘ ਦੱਸਦੇ ਹਨ ਕਿ ਬਾਪੂ ਬਾਲਾ ਸਿੰਘ ਜੀ ਅਕਾਲ ਚਲਾਣਾ ਕਰਨ ਤੋਂ ਕੁਝ ਸਮਾਂ ਪਹਿਲਾਂ ਭਾਈ ਪ੍ਰੀਤਮ ਸਿੰਘ ਜੀ ਕੋਲ ਅੰਬੋਮਾਜਰਾ ਆਏ ਸਨ ਤੇ ਭਾਈ ਸਾਹਿਬ ਨੇ ਉਨ੍ਹਾਂ ਨੂੰ ਕਿਹਾ ਸੀ ਕਿ ਤੁਹਾਡਾ ਇਸ ਜਹਾਨ ਤੋਂ ਜਾਣ ਦਾ ਸਮਾਂ ਆ ਗਿਆ ਹੈ ਤੇ ਤੁਹਾਡੇ ਜਾਣ ਤੋਂ ਬਾਅਦ ਛੇਤੀ ਹੀ ਮੈਂ ਵੀ ਤੁਰ ਜਾਵਾਂਗਾ। ਉਨ੍ਹਾਂ ਦੇ ਇਹ ਬਚਨ ਵੀ ਇੰਨ-ਬਿੰਨ ਸੱਚ ਹੋਏ ਤੇ ਬਾਪੂ ਬਾਲਾ ਸਿੰਘ ਜੀ ਦੇ ਚੜ੍ਹਾਈ ਕਰਨ ਤੋਂ ਕੁਝ ਮਹੀਨੇ ਬਾਅਦ ਆਪ ਵੀ ਗੁਰਪੁਰੀ ਨੂੰ ਪਿਆਨਾ ਕਰ ਗਏ। ਭਾਈ ਪ੍ਰੀਤਮ ਸਿੰਘ ਜੀ ਅੰਬੋਮਾਜਰਾ ਵਾਲੇ ਸਾਰੀ ਉਮਰ ਗੁਪਤ ਅਤੇ ਫੱਕਰ ਅਵਸਥਾ ਵਿੱਚ ਰਹੇ ਪਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਅਸਥਾਨ ਪ੍ਰਗਟ ਕਰਨ ਤੋਂ ਬਾਅਦ ਵੱਡੀ ਗਿਣਤੀ ਵਿੱਚ ਸੰਗਤਾਂ ਸ਼ਰਧਾ ਵੱਸ ਉਨ੍ਹਾਂ ਕੋਲ ਆਉਣ ਲੱਗ ਪਈਆਂ। ਉਹ ਹਮੇਸ਼ਾਂ ਇਹੋ ਆਖਦੇ ਹੁੰਦੇ ਸਨ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਾਡੇ ਗੁਰੂ ਹਨ, ਉਨ੍ਹਾਂ ਦੇ ਰੋਜ਼ ਦਰਸ਼ਨ ਕਰਿਆ ਕਰੋ। ਉਹ ਸ਼ਖ਼ਸੀ ਪੂਜਾ ਅਤੇ ਡੇਰਾਵਾਦ ਦੇ ਸਖ਼ਤ ਖਿਲਾਫ਼ ਸਨ, ਇਸੇ ਕਰਕੇ ਉਨ੍ਹਾਂ ਗੁਰਪੁਰੀ ਪਿਆਨਾ ਕਰਨ ਤੋਂ ਕੁਝ ਸਮਾਂ ਪਹਿਲਾਂ ਪਰਿਵਾਰ ਨੂੰ ਸਖ਼ਤੀ ਨਾਲ ਆਖਿਆ ਸੀ ਕਿ, ਮੇਰੇ ਸਰੀਰ ਤਿਆਗਣ ਤੋਂ ਬਾਅਦ ਇੱਥੇ ਕੋਈ ਡੇਰਾ ਨਹੀਂ ਬਣਾਉਣਾ। ਸੁਆਸ ਤਿਆਗਣ ਤੋਂ ਤੁਰੰਤ ਬਾਅਦ ਮੇਰਾ ਸਸਕਾਰ ਕਰਕੇ ਸ਼ਾਮ ਤੱਕ ਅੰਗੀਠਾ ਠੰਢਾ ਕਰਕੇ ਉਸ ਨੂੰ ਜਲਪ੍ਰਵਾਹ ਕਰ ਦੇਣਾ।

*(ਸੋ ਕਹੀਅਤ ਹੈ 'ਸੂਰਾ' ਮਾਸਿਕ ਪੱਤਰ ਜੂਨ 2013 ਦੇ ਅੰਕ ਵਿਚੋਂ)*

**ਭਾਈ ਪ੍ਰੀਤਮ ਸਿੰਘ ਜੀ ਅੰਬੋ ਮਾਜਰਾ ਵਾਲੇ : ਵਲੋਂ ਭਾਈ ਕੁਲਦੀਪ ਸਿੰਘ ਜੀ ਮਤਵਾਲਾ**

ਐ ਗੁਰਮੁਖ ਪਿਆਰੇ ਬਾਬਾ ਜੀ, ਇਕ ਗੱਲ ਕਹਿਣ ਨੂੰ ਜੀਅ ਕਰਦਾ,
ਤੇਰੇ ਮਾਨਸ ਜਨਮ ਅਮੋਲਕ ਨੂੰ, ਮੇਰਾ ਧੰਨ ਕਹਿਣ ਨੂੰ ਜੀਅ ਕਰਦਾ...
ਤੁਸੀਂ ਸ਼ਬਦ ਸੁਰਤ ਲਿਵ ਸੁਰਤੇ ਸੀ, ਤੁਧ ਨਿਰਮਲ ਬੁਧ ਬਿਬੇਕੀ ਸੀ,
ਤੁਸੀਂ ਮਧੁਰ ਬੋਲਾਂ ਦੇ ਵਕਤੇ ਸੀ, ਸਮ-ਦ੍ਰਿਸ਼ਟੀ ਬਿਰਤਿ ਬਿਬੇਕੀ ਸੀ,
ਤੁਧ ਹਿਰਦੇ ਗੁਰ ਉਪਦੇਸ਼ ਵਸੇ, ਸਭਨਾਂ ਸੰਗ ਕਰਦੇ ਨੇਕੀ ਸੀ,


www.AKJ.Org

ਸ਼ੁੱਭ ਚਿਤਵਨ, ਪਰਉਪਕਾਰੀ ਮਨ, ਇਹ ਗੀਤ ਤੁਸਾਂ ਵਿੱਚ ਦੇਖੀ ਸੀ,
ਮਨ ਨੀਵਾਂ ਸੀ ਮਤਿ ਉੱਚੀ ਸੀ, ਇਹ ਸੱਚ ਕਹਿਣ ਨੂੰ ਜੀਅ ਕਰਦਾ,
ਤੇਰੇ ਮਾਣਸ ਜਨਮ ਅਮੋਲਕ ਨੂੰ...
ਤੁਸੀਂ ਏਕਸ ਦੇ ਵਿੱਚ ਰਹਿੰਦੇ ਸੀ, ਏਕਸ ਨੂੰ ਮਨ ਵਸਾਉਂਦੇ ਸੀ,
ਤੁਸੀਂ ਏਕਸ ਦੇ ਰੰਗ ਰੱਤੜੇ ਸੀ, ਏਕਸ ਦੀ ਕਾਰ ਕਮਾਉਂਦੇ ਸੀ,
ਤੁਸੀਂ ਟੇਕ ਏਕਸ 'ਤੇ ਰੱਖਦੇ ਸੀ, ਇਕ ਰਸ ਜਪ ਵ੍ਰਤ ਨਿਭਾਉਂਦੇ ਸੀ,
ਸਾਵਧਾਨ ਇਕਾਗਰ ਚੀਤ ਸਦਾ, ਇਵ ਏਕਸ ਦੇ ਗੁਣ ਗਾਉਂਦੇ ਸੀ,
ਜਿਸ ਧੁਨ ਵਿੱਚ ਧਿਆਨ ਤੁਸੀਂ ਧਰਦੇ ਸੀ, ਉਸ ਧੁਨ ਵਿੱਚ ਰਹਿਣ ਨੂੰ ਜੀਅ ਕਰਦਾ,
ਤੇਰੇ ਮਾਣਸ ਜਨਮ ਅਮੋਲਕ ਨੂੰ...
ਵਿਸ਼ ਰੂਪ ਸੰਸਾਰ ਅਸਾਂ ਦਿਸਦਾ, ਥੋਨੂੰ ਰੂਪ ਹਰੀ ਦਾ ਦਿਸਦਾ ਸੀ,
ਤੁਸੀਂ ਵਹਿੰਦੇ ਸਭ ਨੂੰ ਏਕ ਦ੍ਰਿਸ਼ਟਿ, ਨਾ ਕੋਈ ਬੇਗਾਨਾ ਦਿਸਦਾ ਸੀ,
ਸਭਨਾਂ ਨੂੰ ਗਲੇ ਲਗਾ ਲੈਣਾ, ਇਹ ਤੁਸਾਂ ਦਾ ਹੀ ਇਕ ਹਿਰਦਾ ਸੀ,
ਤੁੱਧ ਮਿੱਠੜੇ ਬੋਲ ਅਮੋਲਕ ਸਨ, ਬੋਲਾਂ ਵਿੱਚ ਅੰਮ੍ਰਿਤ ਰਿਸਦਾ ਸੀ,
ਤੁਸੀਂ ਗੁਰਮਤਿ ਗੁਣ ਜੋ ਗ੍ਰਹਿਣ ਕੀਏ, ਉਹ ਗ੍ਰਹਿਣ ਕਰਨ ਨੂੰ ਜੀਅ ਕਰਦਾ,
ਤੇਰੇ ਮਾਣਸ ਜਨਮ ਅਮੋਲਕ ਨੂੰ...
ਤੁਸੀਂ ਗੁਰ-ਬਚਨਾਂ ਨੂੰ ਪੜ੍ਹ ਸੁਣ ਕੇ, ਮਨ ਸਹਜ ਧਿਆਨਾਂ ਧਰਦੇ ਸੀ,
ਤੁਸੀਂ ਸਹਸ ਸਿਆਣਪਾਂ ਤਜ ਕਰਕੇ, ਚਾਕਰ ਸਤਿਗੁਰਾਂ ਦੇ ਦਰ ਦੇ ਸੀ,
ਗੁਰ ਕਹਿਆ ਸੁ ਕਾਰ ਕਮਾਉਂਦੇ ਸੀ, ਇਉਂ ਅਜਰ ਦੇ ਤਾਈਂ ਜਰਦੇ ਸੀ,
ਤੁਸੀਂ ਪ੍ਰੇਮ ਪਰਾਇਣ ਰਹਿੰਦੇ ਸੀ, ਨਿੱਤ ਪ੍ਰੇਮ ਦੀ ਪਉੜੀ ਚੜ੍ਹਦੇ ਸੀ,
ਸੰਗਤਾਂ ਤੋਂ ਘੋਲ ਘੁਮਾਉਂਦੇ ਸੀ, ਸੰਗਤਾਂ ਨੂੰ ਮਿਲ ਸੀ ਚਾਅ ਚੜ੍ਹਦਾ,
ਤੇਰੇ ਮਾਣਸ ਜਨਮ ਅਮੋਲਕ ਨੂੰ...
ਤੁਸੀਂ ਗੁਰਬਾਣੀ ਦੇ ਗਿਆਤਾ ਸੀ, ਗੁਰ ਗਿਆਨਹਿ ਮਨ ਜਾਗਾਉਂਦੇ ਸੀ,
ਰਹਿੰਦੇ ਨਜ਼ਦੀਕ ਖੁਦਾਵੰਦ ਦੇ, ਪਰ ਕਦੇ ਨਾ ਕਿਸੇ ਲਖਾਉਂਦੇ ਸੀ,
ਤੁਸੀਂ ਆਪੂੰ ਸਿਮਰਨ ਵਿੱਚ ਵੱਸਦੇ, ਤੇ ਜਾਗ ਹੋਰਾਂ ਨੂੰ ਲਾਉਂਦੇ ਸੀ,
ਹਰਿ ਜਨ, ਤੇ ਹਰਿ ਵਿੱਚ ਭੇਦ ਨਹੀਂ, ਤੁਸੀਂ ਆਪਣਾ ਆਪ ਛੁਪਾਉਂਦੇ ਸੀ,
ਸਭਨਾਂ ਦੀ ਸੇਵ ਕਮਾਉਂਦੇ ਸੀ, ਜੋ ਭੀ ਤੁਸਾਂ ਤੋਂ ਸੀ ਸਰਦਾ,
ਤੇਰੇ ਮਾਣਸ ਜਨਮ ਅਮੋਲਕ ਨੂੰ...
ਚੰਦਨ ਜਿਉਂ ਵਾਸ ਤੁਸਾਂ ਵਿੱਚ ਸੀ, ਮੈਂ ਬਾਂਸ ਸੁਗੰਧ ਨਾ ਪਾ ਸਕਿਆ,
ਤੁਧ ਸੰਗਤ ਤਾਂ ਅਤਿ ਉੱਚੀ ਸੀ, ਨਹੀਂ ਮਨ ਤੇ ਰੰਗ ਚੜ੍ਹਾਅ ਸਕਿਆ,
ਤੁਧ ਵਿੱਚ ਤਾਂ ਗੁਣ ਅਥਾਹ ਹੈ ਸਨ, ਨਹੀਂ ਸਾਂਝ ਗੁਣਾਂ ਦੀ ਪਾ ਸਕਿਆ,
ਤੁਧ ਦੁਈ ਦ੍ਵੈਤ ਤਿਆਗੀ ਸੀ, ਮੈਂ ਉਸ ਮਾਰਗ ਨਹੀਂ ਜਾ ਸਕਿਆ,
'ਮਤਵਾਰੋ ਮਾਇਆ ਸੋਇਆ' ਮੈਂ, ਗੁਣਹੀਣ ਤੁਸਾਂ ਦਾ ਮੈਂ ਬਰਦਾ*
ਤੇਰੇ ਮਾਣਸ ਜਨਮ ਅਮੋਲਕ ਨੂੰ...



www.AKJ.Org

# ਬਾਬਾ ਨਰਾਇਣ ਸਿੰਘ ਜੀ ਨਾਰੰਗਵਾਲ

ਭਾਈ ਗੁਰਦੀਪ ਸਿੰਘ ਸ੍ਰੀ ਅੰਮ੍ਰਿਤਸਰ

ਜਥੇ ਵਿਚ 'ਭਾਅ ਜੀ' ਕਰਕੇ ਜਾਣੇ ਜਾਂਦੇ ਬਿਜਲਾ ਸਿੰਘ ਵਾਂਗ ਤੇਜ਼ ਫੁਰਤੀਲੇ, ਸੰਗਤਾਂ ਅਤੇ ਲੰਗਰ ਦੇ ਅਣਥੱਕ ਸੇਵਾਦਾਰ ਬਾਬਾ ਨਾਰਾਇਣ ਸਿੰਘ ਜੀ ਦਾ ਜਨਮ ਸੰਨ 1912 ਵਿਚ ਪਿਤਾ ਸ. ਦਿਆਲ ਸਿੰਘ ਜੀ ਦੇ ਗ੍ਰਹਿ ਪਿੰਡ ਕਰਮ ਸਿੰਘ ਵਾਲਾ ਤਹਿਸੀਲ ਨਾਰੋਵਾਲ ਜ਼ਿਲ੍ਹਾ ਸਿਆਲਕੋਟ ਪਾਕਿਸਤਾਨ ਵਿਚ ਹੋਇਆ। ਇਨ੍ਹਾਂ ਦੇ ਪਿਤਾ ਜੀ ਖੇਤੀਬਾੜੀ ਦਾ ਕੰਮ ਕਰਦੇ ਸਨ। ਇਹ ਤਿੰਨ ਭਰਾ ਹੀ ਸਨ। ਇਨ੍ਹਾਂ ਦੇ ਪਿਤਾ ਜੀ ਦੇਸ਼ ਦੀ ਵੰਡ ਸਮੇਂ ਪਾਕਿਸਤਾਨ ਤੋਂ ਉੱਜੜ ਕੇ ਆਉਣ ਵੇਲੇ, ਫਸਾਦੀਆਂ ਹੱਥੋਂ ਸ਼ਹੀਦ ਹੋ ਗਏ ਸਨ ਤੇ ਬਾਕੀ ਪਰਿਵਾਰ ਜਿਲ੍ਹਾ ਪਟਿਆਲਾ ਦੇ ਕਿਸੇ ਪਿੰਡ ਵਿਚ ਅਲਾਟ ਹੋਈ ਜ਼ਮੀਨ ਤੇ ਆ ਵਸਿਆ।

ਬਾਬਾ ਜੀ ਨੇ ਕੋਈ ਸੰਸਾਰਕ ਵਿਦਿਆ ਨਹੀਂ ਪ੍ਰਾਪਤ ਕੀਤੀ ਤੇ ਬਚਪਨ ਤੋਂ ਹੀ ਪਿਤਾ ਜੀ ਨਾਲ ਘਰੇਲੂ ਖੇਤੀਬਾੜੀ ਦੇ ਉੱਤਮ ਧੰਧੇ ਵਿਚ ਹੱਥ ਵਟਾਉਣ ਲੱਗ ਪਏ ਸਨ। ਸਿਆਲਕੋਟ ਦੀ ਨਾਰੋਵਾਲ ਤਹਿਸੀਲ ਦੇ ਇਲਾਕੇ ਵਿਚ ਡਾ. ਬਸੰਤ ਸਿੰਘ ਸੇਖਵਾਂ ਜਿਨ੍ਹਾਂ ਦਾ ਜ਼ਿਕਰ ਰੰਗਲੇ ਸੱਜਣ ਪੁਸਤਕ ਵਿਚ ਆਉਂਦਾ ਹੈ ਦਾ ਬਹੁਤ ਪ੍ਰਭਾਵ ਸੀ। ਇਲਾਕੇ ਦੇ ਸੈਂਕੜੇ ਪਰਿਵਾਰ ਉਨ੍ਹਾਂ ਦੀ ਉੱਚੀ ਸੁੱਚੀ ਸੰਗਤ ਅਤੇ ਪ੍ਰੇਰਨਾ ਕਰਕੇ ਸਿੰਘ ਸੱਜ ਗਏ ਸਨ। ਇਨ੍ਹਾਂ ਦਾ ਮੇਲ ਡਾਕਟਰ ਬਸੰਤ ਸਿੰਘ ਜੀ ਨਾਲ ਗੁ. ਬੇਰ ਸਾਹਿਬ ਸਿਆਲਕੋਟ ਵਿਚ ਹੋਇਆ। ਉਥੇ ਡਾਕਟਰ ਜੀ ਝਾੜੂ ਦੀ ਸੇਵਾ ਕਰ ਰਹੇ ਸਨ ਤਾਂ ਆਪ ਜੀ ਨੇ ਉਨ੍ਹਾਂ ਤੋਂ ਝਾੜੂ ਫੜ ਲਿਆ ਤੇ ਸੇਵਾ ਸ਼ੁਰੂ ਕਰ ਦਿੱਤੀ। ਇਨ੍ਹਾਂ ਦੀ ਪੂਰਬਲੀ ਕਮਾਈ ਤੇ ਸੇਵਾ ਦਾ ਉਤਸ਼ਾਹ ਦੇਖ ਕੇ ਡਾਕਟਰ ਸਾਹਿਬ ਨੇ ਆਪਣੇ ਨਾਲ ਗੁਰਸਿਖੀ ਮਾਰਗ 'ਤੇ ਤੋਰ ਲਿਆ। ਥੋੜ੍ਹੇ ਚਿਰ ਬਾਅਦ ਹੀ ਅੰਮ੍ਰਿਤ ਛੱਕ ਕੇ ਰਹਿਤ ਬਹਿਤ ਦੇ ਪੱਕੇ ਧਾਰਨੀ ਹੋ ਗਏ। ਇਨ੍ਹਾਂ ਗੁਜ਼ਾਰੇ ਜੋਗੀ ਕਿਸੇ ਗ੍ਰੰਥੀ ਸਿੰਘ ਕੋਲੋਂ ਗੁਰਮੁਖੀ ਸਿਖ ਲਈ ਸੀ ਤੇ ਥੋੜ੍ਹਾ-ਬਹੁਤ ਗੁਰਬਾਣੀ ਦਾ ਪਾਠ ਵੀ ਕਰ ਲੈਂਦੇ ਸਨ ਪਰੰਤੂ ਇਹ ਤਾਅ ਜ਼ਿੰਦਗੀ ਸੰਗਤਾਂ ਦੀ ਸੇਵਾ, ਬੜੇ ਉੱਦਮ ਅਤੇ ਚਾਅ ਨਾਲ ਨਿਭਾਉਂਦੇ ਰਹੇ ਹਨ। ਡਾਕਟਰ ਸਾਹਿਬ ਭਾਈ ਸਾਹਿਬ ਜੀ ਦੇ ਅਤਿ ਪ੍ਰੀਤਵਾਨ ਹੋਣ ਕਰਕੇ, ਗੁਰਮਤਿ ਦੈਵੀ ਗੁਣਾਂ ਦੇ ਧਾਰਨੀ, ਨਿਰਮਾਣ ਸੇਵਕ ਅਤੇ ਅਲੌਕਿਕ ਨਾਮ ਅਭਿਆਸ ਕਮਾਈਆਂ ਕਰਨ ਵਾਲੇ ਗੁਰੂ ਕੇ ਲਾਲ ਸਨ। ਡਾਕਟਰ ਸਾਹਿਬ ਜੀ ਦੀ ਸੰਗਤ ਸਦਕਾ ਆਪ ਜੀ ਨੇ ਵੀ ਇਨ੍ਹਾਂ ਗੁਣਾਂ ਨੂੰ ਆਪਣੀ ਜ਼ਿੰਦਗੀ ਦਾ ਉਦੇਸ਼ ਬਣਾ ਲਿਆ।

ਭਾਈ ਸਾਹਿਬ ਜੀ ਨੇ ਅਕਾਲੀ ਕੌਰ ਸਿੰਘ ਜੀ ਚਕਾਰ (ਕਸ਼ਮੀਰ) ਵਾਲਿਆਂ ਦੇ ਚੜ੍ਹਾਈ ਕਰਨ ਸਮੇਂ ਲਿਖੇ ਲੇਖ ਵਿਚ ਜ਼ਿਕਰ ਕੀਤਾ ਹੈ ਕਿ ਉਹ ਅਕਾਲੀ ਜੀ ਦੇ ਸੱਦੇ 'ਤੇ ਜਥੇ ਸਮੇਤ ਸੰਨ 1938 ਵਿਚ ਚਕਾਰ ਆਸ਼ਰਮ ਕਸ਼ਮੀਰ ਜਾ ਕੇ ਇਕ ਮਹੀਨਾ ਠਹਿਰੇ ਸਨ। ਉਹ ਕਸ਼ਮੀਰ ਦੀ ਫੇਰੀ ਵੇਲੇ ਹਮੇਸ਼ਾ ਪਿੰਡ ਸੇਖਵਾਂ ਜ਼ਿਲ੍ਹਾ ਸਿਆਲਕੋਟ ਡਾਕਟਰ ਸਾਹਿਬ ਜੀ ਕੋਲ ਠਹਿਰ ਕੇ, ਸ੍ਰੀ ਅਖੰਡ ਪਾਠ ਦੀ ਸੇਵਾ ਕਰਕੇ ਹੀ ਅੱਗੇ ਜਾਂਦੇ ਸਨ ਤੇ ਡਾਕਟਰ ਸਾਹਿਬ ਵੀ ਕੁਝ ਸੰਗੀ ਸਾਥੀਆਂ ਸਮੇਤ ਇਸ ਫੇਰੀ ਵਿਚ ਉਨ੍ਹਾਂ ਨਾਲ ਸ਼ਾਮਿਲ ਹੋਏ ਸਨ। ਅਕਾਲੀ ਜੀ ਕੋਲ ਇਸ ਠਹਿਰਾਅ ਸਮੇਂ ਭਾਈ ਸਾਹਿਬ ਜੀ ਨੇ ਪੁਸਤਕ 'ਅਨਹਦ ਸ਼ਬਦ ਦਸਮ ਦੁਆਰ' ਲਿਖੀ ਸੀ। ਉਥੋਂ ਅਕਾਲੀ ਜੀ ਦੇ ਉੱਦਮ ਸਦਕਾ ਗੁ. ਕਲਿਆਣਸਰ ਜੋ ਕਿ ਚਕਾਰ ਤੋਂ 7-8 ਮੀਲ ਸੀ ਦੇ ਦਰਸ਼ਨ ਕੀਤੇ। ਉਥੋਂ ਦੇ ਰਮਣੀਕ ਵਾਤਾਵਰਨ ਦੇਖ ਕੇ ਭਾਈ ਸਾਹਿਬ ਜੀ ਦਾ ਮਨ ਉਥੇ ਹੋਰ ਠਹਿਰਨ ਨੂੰ ਕਰਦਾ ਸੀ। ਇਸ ਨੂੰ ਭਾਂਪ ਕੇ ਅਕਾਲੀ ਜੀ ਨੇ ਤੰਬੂਆਂ ਕਨਾਤਾਂ ਦਾ ਪ੍ਰਬੰਧ ਕਰਨਾ ਚਾਹਿਆ ਪਰੰਤੂ ਭਾਈ ਸਾਹਿਬ ਜੀ ਨੇ ਵਾਧੂ ਖੇਚਲ ਦੇਣ ਤੋਂ ਬਚਣ ਲਈ ਕੇਵਲ ਇਕ ਰਾਤ ਠਹਿਰਣ ਦਾ ਹੀ ਬਚਨ ਦੇ ਕੇ ਅਕਾਲੀ ਜੀ ਤੋਂ ਖਹਿੜਾ ਛੁਡਾਇਆ। ਇਕ ਰਾਤ ਉਨ੍ਹਾਂ ਨੇ ਗੁਰਦੁਆਰੇ ਨੇੜੇ ਕਿਸੇ ਪੁਰਾਣੇ ਮਕਾਨ ਵਿਚ ਕੱਟੀ। ਉਥੋਂ ਦੇ ਮਨਮੋਹਕ ਰਮਣੀਕ ਸਥਾਨ ਤੇ ਨਾਮ ਬਾਣੀ ਦੇ ਲਾਹੇ ਲਏ। ਸਵੇਰੇ ਵਾਪਸੀ ਵੇਲੇ ਵੀ ਥਾਂ-ਥਾਂ ਮਖਮਲੀ ਘਾਹ ਲੱਗਾ ਦੇਖ ਕੇ, ਉਥੇ ਰੁਕ ਕੇ ਸਿਮਰਨ ਕਰਨ ਨੂੰ ਉਹਨਾਂ ਦਾ ਜੀਅ ਕਰੇ। ਇਕ ਅਸਥਾਨ ਤੇ ਆ ਕੇ ਭਾਈ ਸਾਹਿਬ



www.AKJ.Org

ਜੀ ਦੀ ਸਮਾਧੀ ਲੱਗ ਗਈ। ਬਾਕੀ ਸਿੰਘ ਤਾਂ ਵਾਪਸ ਚਕਾਰ ਆ ਗਏ ਪਰ ਡਾਕਟਰ ਸਾਹਿਬ ਵੀ ਭਾਈ ਸਾਹਿਬ ਜੀ ਨਾਲ ਉਥੇ ਹੀ ਸਿਮਰਨ ਵਿਚ ਜੁੜ ਗਏ। ਬਾਕੀ ਸਿੰਘਾਂ ਨੇ ਆ ਕੇ ਸਰਬ ਲੋਹੀ ਪ੍ਰਸ਼ਾਦੇ ਤਿਆਰ ਕੀਤੇ ਜੋ ਭਾਈ ਸਾਹਿਬ ਜੀ ਤੇ ਡਾਕਟਰ ਸਾਹਿਬ ਜੀ ਦੇ ਛੱਕਣ ਵਾਸਤੇ ਬਾਬਾ ਨਰਾਇਣ ਸਿੰਘ ਜੀ ਨੇ ਹੀ ਬੜੀ ਫੁਰਤੀ ਨਾਲ ਉਥੇ ਪਹੁੰਚਾਉਣ ਦੀ ਸੇਵਾ ਕੀਤੀ ਤੇ ਭਾਈ ਸਾਹਿਬ ਜੀ ਦੀਆਂ ਖੁਸ਼ੀਆਂ ਦੇ ਪਾਤਰ ਬਣ ਗਏ।

ਦੇਸ਼ ਦੀ ਵੰਡ ਵੇਲੇ ਜੋ ਸੇਵਾ ਡਾਕਟਰ ਬਸੰਤ ਸਿੰਘ ਜੀ ਨੇ ਸੰਗਤਾਂ ਨੂੰ ਪਾਕਿਸਤਾਨ ਤੋਂ ਲਿਆ ਕੇ, ਭਾਰਤ ਵਿਚ ਵਸਾਉਣ ਦੀ ਕੀਤੀ, ਉਸ ਦਾ ਜ਼ਿਕਰ ਰੰਗਲੇ ਸੱਜਣ ਪੁਸਤਕ ਵਿਚ ਉਨ੍ਹਾਂ ਦੇ ਜੀਵਨ ਬਿਰਤਾਂਤ ਵਿਚ ਆ ਚੁੱਕਾ ਹੈ। ਪਰੰਤੂ ਉਹ ਉਸੇ ਸਾਲ ਹੀ 1947 ਦੇ ਸਤੰਬਰ ਮਹੀਨੇ ਵਿਚ ਕੁਮਾਰਹੱਟੀ ਭਾਈ ਸਾਹਿਬ ਜੀ ਕੋਲ ਹੀ ਚੜ੍ਹਾਈ ਕਰ ਗਏ ਸਨ। ਬਾਬਾ ਜੀ ਵੀ ਡਾਕਟਰ ਸਾਹਿਬ ਜੀ ਨਾਲ ਇਸ ਸੇਵਾ ਵਿਚ ਦਿਨ-ਰਾਤ ਡਟੇ ਰਹੇ ਤੇ ਆਪਣੇ ਪਰਿਵਾਰ ਨਾਲ ਪਟਿਆਲਾ ਜਾਣ ਦੀ ਬਜਾਏ, ਭਾਈ ਸਾਹਿਬ ਜੀ ਦੇ ਕੋਲ ਨਾਰੰਗਵਾਲ ਹੀ ਰਹਿਣ ਲੱਗ ਪਏ। ਆਪ (ਸੰਸਾਰਕ ਬੰਧਨ) ਸ਼ਾਦੀ ਕਰਾਉਣ ਦੇ ਚੱਕਰ ਵਿਚ ਤਾਂ ਪਏ ਹੀ ਨਹੀਂ ਤੇ ਪਰਿਵਾਰਕ ਜਿੰਮੇਵਾਰੀਆਂ ਤੋਂ ਮੁਕਤ ਹੀ ਰਹੇ ਹਨ। ਜਿਵੇਂ ਡਾਕਟਰ ਸਾਹਿਬ ਜੀ ਵੀ ਕਿਸੇ ਤਰ੍ਹਾਂ ਦੇ ਵਿਆਹ ਦੇ ਬੰਧਨਾਂ ਵਿਚ ਨਹੀਂ ਸਨ ਪਏ, ਇਸੇ ਤਰ੍ਹਾਂ ਹੀ ਉਨ੍ਹਾਂ ਦੇ ਸਾਥੀ ਬਾਬਾ ਪ੍ਰੀਤਮ ਸਿੰਘ ਜੀ ਅੰਬੋਮਾਜਰੇ ਵਾਲੇ, ਬਾਬਾ ਸੁਰੈਣ ਸਿੰਘ ਜੀ (ਚਾਕਾਂਵਾਲੀ) ਜ਼ਿਲ੍ਹਾ ਗੁਰਦਾਸਪੁਰ ਜੋ ਡਾਕਟਰ ਸਾਹਿਬ ਜੀ ਦੇ ਮਾਸੀ ਦੇ ਪੁੱਤਰ ਸਨ, ਭਾਈ ਬਾਵਾ ਸਿੰਘ ਜੀ ਕੁਮਾਰਹੱਟੀ, ਭਾਈ ਸੰਤਾ ਸਿੰਘ ਸਾਰੇ ਹੀ ਬਿਹੰਗਮ ਹੀ ਰਹੇ ਹਨ।

ਆਪ ਜੀ ਡਾਕਟਰ ਸਾਹਿਬ ਜੀ ਤੇ ਸੰਗੀ ਸਾਥੀਆਂ ਨਾਲ ਨਾਰੰਗਵਾਲ ਸਮਾਗਮ 'ਤੇ ਆ ਕੇ ਨਾਮ-ਬਾਣੀ ਦੇ ਲਾਹੇ ਲੈਂਦੇ ਸਨ। ਸੰਗਤਾਂ ਸਿਆਲਕੋਟ ਦੇ ਇਲਾਕੇ ਵਿਚੋਂ ਲੰਗਰ ਪਾਣੀ ਦੀਆਂ ਰਸਦਾਂ ਵੀ ਲੈ ਕੇ ਆਉਂਦੀਆਂ ਸਨ ਜੋ ਆਪ ਜੀ ਸਿਰ ਤੇ ਚੁੱਕ ਕੇ ਕਿਲਾ ਰਾਏਪੁਰ ਰੇਲਵੇ ਸਟੇਸਨ ਤੋਂ ਚਾਰ ਮੀਲ ਪੈਂਡਾ ਪੈਦਲ ਤੈਅ ਕਰਕੇ ਨਾਰੰਗਵਾਲ ਪਹੁੰਚਾਂਦੇ ਸਨ ਅਤੇ ਇਥੇ ਵੀ ਦਿਨ ਰਾਤ ਲੰਗਰ ਦੀ ਅਣਥੱਕ ਸੇਵਾ ਕਰਦੇ ਸਨ।

ਆਪ ਜੀ ਬਹੁਤ ਪਰਉਪਕਾਰੀ ਤੇ ਜੀਅ ਦਇਆ ਕਰਨ ਵਾਲੇ ਸਨ। ਇਕ ਵਾਰ ਪਾਕਿਸਤਾਨ ਰਹਿਣ ਸਮੇਂ ਕੁਝ ਮੁਸਲਮਾਨਾਂ ਨੇ ਇਕ ਮੱਝ ਦਾ ਕੱਟਾ ਉਸ ਦਾ ਮਾਸ ਵੇਚਣ ਲਈ ਖਰੀਦਿਆ। ਕੱਟਾ ਆਪਣੀ ਮਾਂ ਕੋਲੋਂ ਨਾ ਉੱਠੇ ਤੇ ਨਾ ਹੀ ਅੱਗੇ ਤੁਰੇ। ਉਹ ਉਸ ਨੂੰ ਕੁੱਟੀ ਜਾਣ। ਬਾਬਾ ਜੀ ਕੋਲੋਂ ਇਹ ਜ਼ੁਲਮ ਸਹਾਰਿਆ ਨਾ ਗਿਆ। ਮੁਸਲਮਾਨਾਂ ਨੂੰ ਕੱਟੇ ਦੀ ਕੀਮਤ ਦੇ ਕੇ ਉਸ ਦੀ ਜਾਨ ਖਲਾਸੀ ਕਰਵਾਈ। ਆਪ ਜੀ ਸੰਨ 1947 ਵਿਚ ਪਾਕਿਸਤਾਨ ਤੋਂ ਆ ਕੇ ਭਾਈ ਸਾਹਿਬ ਜੀ ਦੇ ਪਿੰਡ ਗੁਰਦੁਆਰੇ ਅਕਾਲੀ ਵਾਲਾ ਵਿਚ ਸੇਵਾ ਕਰਨ ਲੱਗ ਪਏ। ਇਸ ਗੁਰਦੁਆਰੇ ਵਾਸਤੇ ਸੰਗਤਾਂ ਨੂੰ ਪ੍ਰੇਰ ਕੇ ਹੋਰ ਜ਼ਮੀਨ ਖਰੀਦੀ ਤੇ ਸੰਗਤਾਂ ਦੀ ਲੋੜ ਅਨੁਸਾਰ ਰੈਣ ਸਬਾਈ ਅਤੇ ਭਾਈ ਸਾਹਿਬ ਜੀ ਦੀ ਯਾਦ ਵਿਚ ਹੋਣ ਵਾਲੇ ਸਾਲਾਨਾ ਕੀਰਤਨ ਸਮਾਗਮਾਂ ਵਾਸਤੇ ਦੀਵਾਨ ਹਾਲ, ਲੰਗਰ ਹਾਲ ਤੇ ਰਿਹਾਇਸ਼ੀ ਕਮਰੇ ਉਸਾਰੇ। ਇਥੇ ਵੀ ਜਾਨਵਰਾਂ ਨੂੰ ਦਾਣਾ ਪਾਉਂਦੇ ਰਹਿੰਦੇ ਸਨ। ਦੁੱਧ ਵਾਸਤੇ ਰੱਖੇ ਡੰਗਰਾਂ ਨੂੰ ਬੱਚਿਆਂ ਵਾਂਗ ਰਖਦੇ ਸਨ ਤੇ ਕਦੇ ਵੀ ਮਾਰਦੇ ਨਹੀਂ ਸਨ।

ਆਪ ਸਰਬਲੋਹ ਬਿਬੇਕ ਰਹਿਤ ਦੇ ਪੱਕੇ ਧਾਰਨੀ ਸਨ। ਆਪਣੇ ਸਰਬ ਲੋਹ ਦੇ ਬਾਟੇ ਅਤੇ ਗੜਵੇ ਵਿਚ ਛੱਕਣ ਲਈ ਜਲ ਵੀ ਨਾਲ ਹੀ ਰੱਖਦੇ ਸਨ। ਆਪ ਜੀ ਕੋਲ ਆ ਕੇ ਕਾਫੀ ਸਿੰਘ ਲੰਬਾ ਸਮਾਂ ਠਹਿਰ ਜਾਂਦੇ ਸਨ ਜਿੰਨ੍ਹਾਂ ਵਿਚ ਭਾਈ ਹਜੂਰਾ ਸਿੰਘ ਜੀ, ਬਾਬਾ ਸੁਰੈਣ ਸਿੰਘ ਜੀ ਆਦਿ ਅਕਸਰ ਆਉਂਦੇ ਰਹਿੰਦੇ ਸਨ। ਭਾਈ ਪ੍ਰੀਤਮ ਸਿੰਘ 'ਭਾਅ ਜੀ' ਵੀ ਦੇਸ਼ ਦੀ ਵੰਡ ਤੋਂ ਬਾਅਦ ਪ੍ਰੀਵਾਰ ਸਮੇਤ ਆਪ ਕੋਲ ਹੀ ਗੁਰਦੁਆਰਾ ਅਕਾਲੀ ਵਾਲਾ ਵਿੱਚ ਸੰਨ 1954-55 ਤਾਈਂ ਠਹਿਰੇ ਸਨ। ਆਪ ਜੀ ਵੀ ਸਮੇਂ-ਸਮੇਂ ਬਾਬਾ ਪ੍ਰੀਤਮ ਸਿੰਘ ਜੀ ਅੰਬੋਮਾਜਰੇ ਵਾਲਿਆਂ ਕੋਲ ਜਾ ਕੇ ਠਹਿਰ ਜਾਂਦੇ ਸਨ ਤੇ ਉਨ੍ਹਾਂ ਦੀ ਸੰਗਤ ਵਿਚ ਨਾਮ ਬਾਣੀ ਦੇ ਲਾਹੇ ਲੈਂਦੇ ਪਰ ਆਪਣੇ ਪਿੰਡ ਭਰਾਵਾਂ ਕੋਲ ਕਦੇ ਨਹੀਂ ਗਏ। ਇਹ ਇਤਨੀ ਫੁਰਤੀ ਤੇ ਤੇਜ਼ ਰਫਤਾਰ ਨਾਲ ਤੁਰਦੇ ਸਨ ਕਿ ਕੋਈ ਭੱਜ ਕੇ ਵੀ ਉਨ੍ਹਾਂ ਨਾਲ ਨਹੀਂ ਸੀ ਰਲ ਸਕਦਾ। ਇਕ ਵਾਰ ਭਾਈ ਸਾਹਿਬ ਜੀ ਸ਼ਾਮ ਵੇਲੇ ਢਾਬ ਤੇ ਬੈਠੇ ਨਾਮ ਅਭਿਆਸ ਵਿਚ ਮਗਨ ਸੀ ਤੇ ਸੋ ਦਰੁ ਰਹਿਰਾਸ ਦਾ



www.AKJ.Org

ਪਾਠ ਵੀ ਉਥੇ ਹੀ ਕੀਤਾ। ਬੇਬੇ ਕਰਤਾਰ ਕੌਰ ਜੀ ਭਾਈ ਸਾਹਿਬ ਜੀ ਅਤੇ ਉਥੇ ਹਾਜ਼ਰ ਹੋਰ ਸਿੰਘਾ ਵਾਸਤੇ ਲੰਗਰ ਲੈ ਕੇ ਪਹੁੰਚੇ ਪਰੰਤੂ ਗੁੜ ਲੈ ਕੇ ਆਉਣਾ ਭੁੱਲ ਗਏ। ਜਦੋਂ ਆਪ ਨੂੰ ਪਤਾ ਲੱਗਾ ਤਾਂ ਆਪ ਇਤਨਾ ਤੇਜ ਰਫਤਾਰ ਭੱਜੇ ਕਿ ਭਾਈ ਸਾਹਿਬ ਜੀ ਦੇ ਪ੍ਰਸ਼ਾਦਾ ਛਕਦਿਆਂ-ਛਕਦਿਆਂ ਗੁੜ ਲੈ ਕੇ ਉਥੇ ਪਹੁੰਚ ਗਏ।

ਹਰ ਸਾਲ ਜੁਲਾਈ ਮਹੀਨੇ ਵਿਚ ਭਾਈ ਸਾਹਿਬ ਜੀ ਦੀ ਯਾਦ ਵਿਚ ਸਾਲਾਨਾ ਸਮਾਗਮ ਤੇ ਆਉਣ ਵਾਲੀਆਂ ਸੰਗਤਾਂ ਨੇ ਜਦੋਂ ਡੇਹਲੋਂ ਗੁਜਰਵਾਲ ਸੜਕ ਤੇ ਪਿੰਡ ਨਾਰੰਗਵਾਲ ਅੱਡੇ 'ਤੇ ਉਤਰਨਾ ਤਾਂ ਆਪ ਨੇ ਭੱਜ ਕੇ ਅਗੋਂ ਜਾ ਕੇ ਉਨ੍ਹਾਂ ਦਾ ਸਾਮਾਨ ਚੁਕ ਲਿਆਉਣਾ। ਆਪ ਜੀ ਨੇ ਇਹ ਸੇਵਾ ਸੰਨ 1948 ਤੋਂ 1992 ਤਾਈਂ ਬੜੀ ਚੜ੍ਹਦੀ ਕਲਾ ਵਿਚ ਨਿਭਾਈ। ਗੁਰਸਿਖਾਂ ਨੂੰ ਦੇਖ ਕੇ ਆਪ ਨੂੰ ਚਾਅ ਚੜ ਜਾਂਦਾ ਸੀ ਅਤੇ ਉਨ੍ਹਾਂ ਤੋਂ ਸਭ ਕੁਝ ਵਾਰਨ ਲਈ ਤਤਪਰ ਰਹਿੰਦੇ ਸਨ।

ਉਹ ਅਕਸਰ ਲੁਧਿਆਣੇ ਅਤੇ ਇਲਾਕੇ ਦੇ ਹੋਰ ਸਿੰਘਾਂ ਖ਼ਾਸਕਰ ਕੀਰਤਨੀਆਂ ਉਨ੍ਹਾਂ ਦੇ ਟਿਕਾਣਿਆਂ ਜਾ ਕੇ ਤਰਲੇ ਮਿੰਨਤਾਂ ਕਰਕੇ ਰੈਣ ਸਬਾਈ ਕੀਰਤਨਾਂ ਜਾਂ ਸਾਲਾਨਾ ਸਮਾਗਮ ਵਿਚ ਸ਼ਾਮਿਲ ਹੋਣ ਲਈ ਪ੍ਰੇਰਨਾ ਕਰਦੇ ਰਹਿੰਦੇ ਸਨ। ਡਾਕਟਰ ਦਰਸ਼ਨ ਸਿੰਘ ਜੀ ਭੱਟੀ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਡਾਕਟਰ ਦਰਸ਼ਨ ਸਿੰਘ ਜੀ, ਡਾ ਹਰਦਿਆਲ ਸਿੰਘ ਜੀ ਉਨ੍ਹਾਂ ਦੇ ਸੱਦੇ 'ਤੇ ਪਰਿਵਾਰਾਂ ਤੇ ਸੰਗਤ ਸਮੇਤ ਹਰ ਮਹੀਨੇ ਰੈਣ ਸਬਾਈ ਕੀਰਤਨ ਦੀ ਸੇਵਾ ਕਰਦੇ ਰਹੇ ਹਨ।

ਉਨ੍ਹਾਂ ਨੇ 4 ਅਪ੍ਰੈਲ 1992 ਨੂੰ ਵੀ ਅਕਾਲੀ ਵਾਲੇ ਗੁਰਦੁਆਰੇ ਨਾਰੰਗਵਾਲ ਰੈਣ ਸਬਾਈ ਕੀਰਤਨ ਰੱਖਿਆ ਹੋਇਆ ਸੀ ਜਿਸ ਦੀ ਸੂਚਨਾ ਮਾਰਚ 1992 ਦੇ ਸੂਰਾ ਮਾਸਕ ਪੱਤਰ ਵਿਚ ਛਪੀ ਸੀ। ਉਨ੍ਹਾਂ ਸੰਗਤਾਂ ਪਾਸ ਖ਼ਾਸ ਬੇਨਤੀ ਕੀਤੀ ਕਿ ਹੁਣ ਸਰੀਰ ਦਾ ਕੋਈ ਭਰੋਸਾ ਨਹੀਂ, ਜ਼ਰੂਰ ਦਰਸਨ ਦਿਓ। ਪਰ ਅਕਾਲ ਪੁਰਖ ਦਾ ਭਾਣਾ ਹੋਰ ਹੀ ਸੀ ਅਤੇ ਉਹਨਾਂ ਦੀ ਕੁਝ ਚਿਰ ਪਹਿਲਾਂ ਸਿਹਤ ਖ਼ਰਾਬ ਹੋ ਗਈ। ਜਿਸ ਕਰਕੇ ਹਸਪਤਾਲ ਦਾਖਲ ਕਰਾਉਣਾ ਪਿਆ। ਉਥੇ ਬੇਅੰਮ੍ਰਿਤੀਆਂ ਹੱਥੋਂ ਦਵਾਈ ਅਤੇ ਜਲ ਆਦਿ ਨਾ ਛੱਕਣ ਕਰਕੇ ਭੱਜ ਕੇ ਵਾਪਸ ਨਾਰੰਗਵਾਲ ਗੁਰਦੁਆਰੇ ਆ ਪਹੁੰਚੇ। ਇਉਂ ਇਹ ਗੁਰਮੁਖ ਰੂਹ ਆਪਣਾ ਸਿਖੀ ਸਿਦਕ ਤੋੜ ਨਿਭਾਂਦਿਆਂ, ਨਾਮ ਅਤੇ ਬਾਣੀ ਦੇ ਲਾਹੇ ਲੈਂਦਿਆਂ ਮਿਤੀ 23 ਮਾਰਚ 1992 ਨੂੰ ਗੁਰੂ ਚਰਨਾਂ ਵਿਚ ਜਾ ਬਿਰਾਜੀ। ਪਹਿਲਾਂ ਮਿਥੇ ਪ੍ਰੋਗਰਾਮ ਅਨੁਸਾਰ 4 ਅਪ੍ਰੈਲ ਰਾਤ ਨੂੰ ਉਨ੍ਹਾਂ ਦੀ ਆਤਮਿਕ ਸਹਾਇਤਾ ਵਾਸਤੇ ਗੁ. ਅਕਾਲੀ ਵਾਲਾ ਰੈਣ ਸਬਾਈ ਕੀਰਤਨ ਹੋਏ ਜਿਸ ਵਿਚ ਦੂਰੋਂ ਨੇੜੇ ਉਨ੍ਹਾਂ ਦੇ ਪ੍ਰੇਮੀ ਸੰਗੀ ਸਾਥੀਆਂ ਵਲੋਂ ਹਾਜ਼ਰੀਆਂ ਭਰ ਕੇ ਵਿਛੜੀ ਰੂਹ ਨੂੰ ਅਸੀਸਾਂ ਦਿੱਤੀਆਂ ਗਈਆਂ। ਆਪ ਜੀ ਅਤੇ ਭਾਈ ਦਰਸ਼ਨ ਸਿੰਘ ਭੱਟੀ ਜੀ ਦੇ ਚੜ੍ਹਾਂਈ ਕਰ ਜਾਣ ਤੋਂ ਬਾਅਦ ਵੀ, ਭੱਟੀ ਸਾਹਿਬ ਜੀ ਦਾ ਪਰਿਵਾਰ ਹੋਰ ਸਾਥੀ ਸਿੰਘਾਂ ਨਾਲ ਮਿਲ ਕੇ ਹਰ ਮਹੀਨੇ ਗੁਰਦੁਆਰਾ ਅਕਾਲੀ ਵਾਲਾ ਅਤੇ ਭਾਈ ਸਾਹਿਬ ਜੀ ਦੀ ਜੱਦੀ ਹਵੇਲੀ ਵਿਚ ਬਣੇ ਗੁਰਦੁਆਰੇ ਵਿਖੇ ਕੀਰਤਨ ਦੀ ਸੇਵਾ ਕਰ ਰਿਹਾ ਹੈ।

# ਭਾਈ ਪ੍ਰੀਤਮ ਸਿੰਘ 'ਭਾਅ' ਪਿੰਡ ਕੋਹਾਲੀ, ਗੁਰਦਾਸਪੁਰ

ਭਾਈ ਗੁਰਦੀਪ ਸਿੰਘ ਸ੍ਰੀ ਅੰਮ੍ਰਿਤਸਰ

ਭਾਅ ਨਾਮ ਤੋਂ ਜਥੇ ਵਿਚ ਮਸ਼ਹੂਰ, ਭਾਈ ਪ੍ਰੀਤਮ ਸਿੰਘ ਜੀ ਪਿੰਡ ਕੋਹਾਲੀ ਨੇੜੇ ਸ੍ਰੀ ਹਰਿਗੋਬਿੰਦਪੁਰ ਜ਼ਿਲ੍ਹਾ ਗੁਰਦਾਸਪੁਰ ਵਾਲੇ, ਭਾਈ ਸਾਹਿਬ ਜੀ ਦੇ ਬਹੁਤ ਨਿਕਟਵਰਤੀ ਸਨ ਅਤੇ ਉਹ ਉਨ੍ਹਾਂ ਦੇ ਪ੍ਰੀਵਾਰਕ ਮੈਂਬਰਾਂ ਵਾਂਗ ਹੀ ਉਨ੍ਹਾਂ ਦੇ ਸੰਗ ਸਾਥ ਵਿਚਰਦੇ ਰਹੇ ਹਨ। ਸੰਨ 1947 ਵਿਚ ਦੇਸ਼ ਦੀ ਵੰਡ ਸਮੇਂ ਪਾਕਿਸਤਾਨ ਤੋਂ ਉਜੜ ਕੇ ਆਉਣ ਤੋਂ ਬਾਅਦ ਆਪ ਨੇ ਪਹਿਲਾਂ ਗੁਰਦੁਆਰਾ ਅਕਾਲੀ ਵਾਲਾ ਵਿਖੇ ਭਾਅ ਨਰਾਇਣ ਸਿੰਘ ਜੀ ਦੇ ਨਾਲ ਆਪਣੇ ਚਾਰ



www.AKJ.Org

ਬੱਚਿਆਂ ਸਮੇਤ ਟਿਕਾਣਾ ਰੱਖਿਆ ਅਤੇ ਫਿਰ ਭਾਈ ਸਾਹਿਬ ਜੀ ਦੇ ਲੁਧਿਆਣੇ ਚਲੇ ਜਾਣ ਤੋਂ ਬਾਅਦ ਨਾਰੰਗਵਾਲ ਵਿਚ ਉਨ੍ਹਾਂ ਦੀ ਜੱਦੀ ਹਵੇਲੀ ਵਿਚ ਹੀ ਪ੍ਰੀਵਾਰ ਸਮੇਤ ਰਹਿੰਦੇ ਰਹੇ ਹਨ।

ਆਪ ਜੀ ਦਾ ਜਨਮ ਸੰਨ 1906 ਵਿਚ ਪਿੰਡ ਬਲਾਰ ਖਾਨ ਪੁਰ ਤਹਿਸੀਲ ਨਾਰੋਵਾਲ ਜ਼ਿਲ੍ਹਾ ਸਿਆਲਕੋਟ (ਪਾਕਿਸਤਾਨ) ਵਿਚ ਸ. ਕਿਸ਼ਨ ਸਿੰਘ ਜੀ ਦੇ ਘਰ ਹੋਇਆ। ਇਨ੍ਹਾਂ ਦੇ ਪਿਤਾ ਜੀ ਅਤੇ ਉਨ੍ਹਾਂ ਦੇ ਦੂਸਰੇ ਭਰਾ ਇਲਾਕੇ ਦੇ ਤਕੜੇ ਜਿਮੀਂਦਾਰ ਸਨ ਜਿਨ੍ਹਾਂ ਕੋਲ ਰਿਹਾਇਸ਼ ਲਈ ਦੋ ਮੰਜ਼ਲੇ ਮਕਾਨ ਅਤੇ ਸਵਾਰੀ ਲਈ ਟਾਂਗੇ ਬੱਘੀਆਂ ਘੋੜੇ ਆਦਿ ਹੁੰਦੇ ਸਨ ਜੋ ਕਿ ਆਮ ਲੋਕਾਂ ਕੋਲ ਉਸ ਸਮੇਂ ਘੱਟ ਵੱਧ ਹੀ ਹੁੰਦੇ ਸਨ। ਆਪ ਜੀ ਤਿੰਨ ਭਰਾ ਅਤੇ ਇਕ ਭੈਣ ਸਨ। ਆਪ ਜੀ ਨੇ ਪਾਕਿਸਤਾਨ ਰਹਿੰਦਿਆਂ ਹੀ ਦਸਵੀਂ ਤਾਈਂ ਵਿਦਿਆ ਪ੍ਰਾਪਤ ਕੀਤੀ ਤੇ ਨਾਲ ਹੀ ਗੁਰਬਾਣੀ ਦੇ ਪਾਠ ਦੀ ਸੰਥਿਆ ਵੀ ਲਈ।

ਸੰਨ 1930 ਵਿਚ ਆਪ ਜੀ ਦਾ ਅਨੰਦ ਕਾਰਜ ਬੀ. ਧਰਮ ਕੌਰ ਜੀ ਨਾਲ ਵਾਸੀ ਪਿੰਡ ਭੰਗੀ ਨੇੜੇ ਡੇਰਾ ਬਾਬਾ ਨਾਨਕ ਨਾਲ ਹੋਇਆ। ਆਪ ਜੀ ਦੇ ਘਰ ਤਿੰਨ ਸਪੁਤਰਾਂ ਸ. ਜਗਦੀਸ਼ ਪਾਲ ਸਿੰਘ, ਭਾਈ ਜੰਗ ਬਹਾਦਰ ਸਿੰਘ ਤੇ ਭਾਈ ਫਤਹਿ ਸਿੰਘ ਤੇ ਇਕ ਪੁੱਤਰੀ ਨੇ ਜਨਮ ਲਿਆ। ਆਪ ਜੀ ਦੀ ਸਿੰਘਣੀ ਪਾਕਿਸਤਾਨ ਰਹਿੰਦੇ ਸਮੇਂ ਭਰ ਜੁਆਨੀ ਵੇਲੇ ਹੀ ਛੋਟੇ ਬੱਚੇ ਛੱਡ ਕੇ ਅਕਾਲ ਚਲਾਣਾ ਕਰ ਗਈ ਸੀ ਜਿਨ੍ਹਾਂ ਦੀ ਸੰਭਾਲ ਆਪ ਜੀ ਦੇ ਮਾਤਾ ਜੀ ਨੇ ਕੀਤੀ। ਇਹ ਸਾਰੇ ਬੱਚੇ ਪਾਕਿਸਤਾਨ ਬਣਨ ਤੋਂ ਬਾਅਦ ਆਪ ਜੀ ਨਾਲ ਨਾਰੰਗਵਾਲ ਹੀ ਆ ਗਏ ਸਨ ਤੇ ਬਚਪਨ ਵਿਚ ਭਾਈ ਸਾਹਿਬ ਜੀ ਦੀ ਗੋਦ ਦਾ ਆਨੰਦ ਮਾਣਦੇ ਰਹੇ ਹਨ। ਭਾਈ ਸਾਹਿਬ ਜੀ ਦਾ ਇਸ ਪ੍ਰੀਵਾਰ ਨਾਲ ਇਤਨਾ ਪਿਆਰ ਸੀ ਕਿ ਆਪਣੇ ਬੱਚਿਆਂ ਵਾਂਗ ਹੀ ਇਨ੍ਹਾਂ ਨੂੰ ਲਾਡ ਲਡਾਉਂਦੇ ਸਨ। ਬੱਚਿਆਂ ਦੀ ਮਾਤਾ ਨਾ ਹੋਣ ਕਰਕੇ ਬੇਬੇ ਕਰਤਾਰ ਕੌਰ ਜੀ ਵੀ ਇਨ੍ਹਾਂ ਨੂੰ ਮਾਤਾ ਵਾਲਾ ਪਿਆਰ ਦਿੰਦੇ ਸਨ ਤਾਂ ਕਿ ਇਹ ਆਪਣੀ ਸਕੀ ਮਾਂ ਦੀ ਘਾਟ ਮਹਿਸੂਸ ਨਾ ਕਰਨ। ਇਨ੍ਹਾਂ ਸਾਰੇ ਬੱਚਿਆਂ ਨੇ ਨਾਰੰਗਵਾਲ ਰਹਿ ਕੇ ਹੀ ਵਿਦਿਆ ਲਈ ਤੇ ਨੌਕਰੀਆਂ ਤੇ ਲੱਗੇ।

ਪਾਕਿਸਤਾਨ ਵਿਚ ਆਪ ਜੀ ਦੇ ਪਿੰਡ ਦੇ ਨੇੜੇ ਹੀ ਭਾਈ ਨਰਾਇਣ ਸਿੰਘ ਭਾਅ ਦਾ ਟਿਕਾਣਾ ਸੀ। ਭਾਈ ਨਰਾਇਣ ਸਿੰਘ ਜੀ, ਡਾਕਟਰ ਬਸੰਤ ਸਿੰਘ ਸੇਖਵਾਂ (ਰੰਗਲੇ ਸਜਣ) ਦੇ ਸੰਗੀ ਸਾਥੀ ਬਣ ਚੁੱਕੇ ਸਨ। ਉਨ੍ਹਾਂ ਦੀ ਸੰਗਤ ਨਾਲ ਆਪ ਵੀ ਜਥੇ ਨਾਲ ਜੁੜ ਗਏ। ਭਾਈ ਸਾਹਿਬ ਜੀ ਵਲੋਂ ਜਥੇ ਸਮੇਤ ਡਾਕਟਰ ਬਸੰਤ ਸਿੰਘ ਸੇਖਵਾਂ ਦੇ ਸੱਦੇ ਤੇ ਸਿਆਲਕੋਟ ਦੇ ਇਲਾਕੇ ਵਿਚ ਇਕ ਫੇਰੀ ਦੌਰਾਨ ਹੋਏ ਅੰਮ੍ਰਿਤ ਸੰਚਾਰ ਦੌਰਾਨ ਆਪ ਜੀ ਨੇ ਪ੍ਰੀਵਾਰ/ਬੱਚਿਆਂ ਸਮੇਤ ਪੰਚਾਂ ਦੇ ਪੇਸ਼ ਹੋ ਕੇ ਅੰਮ੍ਰਿਤ ਛੱਕ ਲਿਆ ਤੇ ਰਹਿਤ ਬਹਿਤ ਦੇ ਪੱਕੇ ਧਾਰਨੀ ਹੋ ਗਏ। ਅੰਮ੍ਰਿਤ ਛਕਣ ਸਮੇਂ ਤੋਂ ਹੀ ਸਰਬ ਲੋਹ ਬਿਬੇਕ ਰਹਿਤ ਧਾਰਨ ਕਰ ਲਿਆ ਜੋ ਅੰਤ ਤਾਈ ਕਈ ਘਾਲਣਾ ਘਾਲਦਿਆਂ ਬਿਝੜੇ ਸਮਿਆਂ ਵਿਚ ਵੀ ਨਿਭਾਇਆ।

ਡਾਕਟਰ ਬਸੰਤ ਸਿੰਘ ਸੇਖਵਾਂ ਨੇ ਦੇਸ਼ ਦੀ ਵੰਡ ਵੇਲੇ ਹਜਾਰਾਂ ਸਿੱਖ ਪ੍ਰੀਵਾਰਾਂ ਨੂੰ ਪਾਕਿਸਤਾਨ ਤੋਂ ਲਿਆ ਕੇ, ਗੁਰਦਾਸਪੁਰ ਇਲਾਕੇ ਵਿਚ ਲਿਆ ਕੇ ਵਸਾਇਆ ਅਤੇ ਆਪਣੇ ਸਰੀਰ ਦੀ ਪ੍ਰਵਾਹ ਨਾ ਕਰਦਿਆਂ ਹੋਇਆਂ ਸੰਗਤਾਂ ਦੀ ਸੇਵਾ ਲਈ ਕਿਤਨੇ ਜ਼ਫਰ ਜਾਲੇ ਉਸ ਦਾ ਵੇਰਵਾ ਪੁਸਤਕ ਰੰਗਲੇ ਸੱਜਣ ਵਿਚ ਆ ਚੁੱਕਾ ਹੈ। ਆਪ ਵੀ ਪ੍ਰੀਵਾਰ ਸਮੇਤ ਬਾਬਾ ਨਰਾਇਣ ਸਿੰਘ ਨਾਲ ਨਾਰੰਗਵਾਲ ਆ ਗਏ ਤੇ ਉਨ੍ਹਾਂ ਨਾਲ ਹੀ ਗੁਰਦੁਆਰਾ ਅਕਾਲੀ ਵਾਲਾ ਵਿਚ ਟਿਕਾਣਾ ਬਣਾ ਲਿਆ। ਆਪ ਭਾਈ ਸਾਹਿਬ ਜੀ ਦੇ ਪ੍ਰੀਵਾਰ ਦੀ ਸੇਵਾ ਤੋਂ ਬਿਨਾਂ ਹੋਰ ਕੋਈ ਦੁਨੀਆਵੀ ਕਿਰਤ ਨਹੀਂ ਸੀ ਕਰਦੇ। ਬੱਚਿਆਂ ਦੀ ਸੰਭਾਲ ਅਤੇ ਪੜ੍ਹਾਈ ਦਾ ਖਰਚਾ ਆਦਿ ਭਾਈ ਸਾਹਿਬ ਜੀ ਦੇ ਪ੍ਰੀਵਾਰ ਵਲੋਂ ਹੀ ਕੀਤਾ ਜਾਂਦਾ ਰਿਹਾ ਹੈ। ਸੰਨ 1955 ਵਿਚ ਭਾਈ ਸਾਹਿਬ ਜੀ ਦੇ ਲੁਧਿਆਣੇ ਚਲੇ ਜਾਣ ਤੋਂ ਬਾਅਦ ਆਪ ਨੇ ਆਪਣੀ ਰਿਹਾਇਸ਼ ਉਨ੍ਹਾਂ ਦੀ ਜੱਦੀ ਹਵੇਲੀ ਵਿਚ ਹੀ ਰੱਖ ਲਈ ਅਤੇ ਉਥੇ ਸੰਨ 1961 ਤਾਈ ਭਾਈ ਸਾਹਿਬ ਜੀ ਦੇ ਚੜ੍ਹਾਈ ਕਰਨ ਤਾਈਂ ਰਹੇ। ਉਨ੍ਹਾਂ ਨੂੰ ਭਾਈ ਸਾਹਿਬ ਜੀ ਦੀਆਂ ਨਿੱਜੀ ਸਰੀਰਕ ਕਿਰਿਆਵਾਂ ਦੀ, ਦੂਸਰੇ ਸੇਵਾਦਾਰਾਂ ਨਾਲ ਸੇਵਾ ਕਰਨ ਦਾ ਸੁਭਾਗ ਪ੍ਰਾਪਤ



www.AKJ.Org

ਰਿਹਾ ਹੈ ਤੇ ਨਾਲ ਹੀ ਨਾਮ ਬਾਣੀ ਦੇ ਲਾਹੇ, ਗੁਰਬਾਣੀ ਦੇ ਪਾਠ ਸੁਣਾਉਣ ਦੀ ਸੇਵਾ ਦਾ ਮੌਕਾ ਮਿਲਦਾ ਰਿਹਾ ਹੈ। ਜਿਤਨਾ ਚਿਰ ਭਾਈ ਸਾਹਿਬ ਜੀ ਦੀ ਸਿਹਤ ਠੀਕ ਰਹੀ, ਉਤਨਾ ਚਿਰ ਉਹ ਆਪਣੀ ਕੋਈ ਵੀ ਸੇਵਾ ਕਿਸੇ ਕੋਲੋਂ ਨਹੀਂ ਸੀ ਕਰਾਉਂਦੇ। ਪਰ ਕੀਰਤਨ ਸਮਾਗਮਾਂ ਤੇ ਸ੍ਰੀ ਅਖੰਡ ਪਾਠਾਂ ਵਿਚ ਲਗਾਤਾਰ ਕਈ ਕਈ ਘੰਟੇ ਬੈਠਕਾਂ ਸਾਧਣ ਕਰਕੇ ਉਨ੍ਹਾਂ ਦੀਆਂ ਲੱਤਾਂ ਵਿਚ ਕਮਜੋਰੀ ਆ ਗਈ ਸੀ ਜਿਸ ਕਰਕੇ ਅਖੀਰਲੇ ਕੁਝ ਸਾਲਾਂ ਵਿਚ ਉਨ੍ਹਾਂ ਨੂੰ ਇਸ਼ਨਾਨ ਤੇ ਸਰੀਰਕ ਕਿਰਿਆਵਾਂ ਲਈ ਸੇਵਾਦਾਰਾਂ ਦੀ ਲੋੜ ਪੈਂਦੀ ਸੀ ਜੋ ਆਪ ਨੇ ਨਿਸ਼ਕਾਮ ਤੇ ਨਿਰਬਾਣ ਰਹਿ ਕੇ ਉਨ੍ਹਾਂ ਦੇ ਅੰਤਲੇ ਸਮੇਂ ਤਾਈਂ ਨਿਭਾਈ।

ਭਾਈ ਸਾਹਿਬ ਜੀ ਦੇ ਚੜ੍ਹਾਈ ਕਰਨ ਤਾਈਂ ਉਨ੍ਹਾਂ ਦੇ ਬੱਚੇ ਵੱਡੇ ਹੋ ਕੇ, ਸੰਸਾਰਕ ਵਿਦਿਆ ਲੈਣ ਤੋਂ ਬਾਅਦ, ਆਪੋ ਆਪਣੀਆਂ ਨੌਕਰੀਆਂ ਤੇ ਲੱਗ ਗਏ ਸਨ। ਆਪ ਲੁਧਿਆਣੇ ਤੋਂ ਆਪਣੇ ਪਿੰਡ ਕੋਹਾਲੀ ਜ਼ਿਲ੍ਹਾ ਗੁਰਦਾਸਪੁਰ ਆ ਗਏ। ਉਨ੍ਹਾਂ ਦੇ ਨਜ਼ਦੀਕੀ ਰਿਸ਼ਤੇਦਾਰ ਨੇ ਮੁਰਾਦਾਬਾਦ ਕੋਲ ਇਕ ਵੱਡਾ ਫਾਰਮ ਬਣਾਇਆ ਹੋਇਆ ਸੀ ਫਿਰ ਵਿਚੋਂ ਕੁਝ ਸਮਾਂ ਉਸ ਕੋਲ ਉਥੇ ਰਹਿੰਦੇ ਰਹੇ। ਸਰਬ ਲੋਹ ਰਹਿਤ ਧਾਰਨ ਕਾਰਨ ਉਹ ਆਪਣਾ ਪ੍ਰਸ਼ਾਦਾ ਹੱਥੀਂ ਹੀ ਸਜਾਉਂਦੇ ਸੀ। ਆਪ ਦੀ ਭੈਣ ਜੋ ਦਿੱਲੀ ਵਿਆਹੀ ਹੋਈ ਸੀ, ਕੁਝ ਘਰੇਲੂ ਮਜਬੂਰੀਆਂ ਕਾਰਨ ਪਿੰਡ ਕੋਹਾਲੀ ਆਪਣੇ ਭਰਾਵਾਂ ਕੋਲ ਹੀ ਰਹਿਣ ਲਗ ਪਈ ਸੀ। ਉਹ ਬੀਬੀ ਵੀ ਆਪ ਜੀ ਅਤੇ ਆਪਣੇ ਦੂਸਰੇ ਭਰਾਵਾਂ ਵਾਂਗ ਅੰਮ੍ਰਿਤਧਾਰੀ ਤਿਆਰ ਬਰ ਤਿਆਰ ਕੇਸਕੀ ਸੁੰਯਕਤ ਬਿਬੇਕ ਰਹਿਤ ਦੀ ਧਾਰਨੀ ਸੀ। ਆਪ ਜੀ ਉਸ ਕੋਲੋਂ ਹੀ ਪਿੰਡ ਵਿਚ ਰਹਿਣ ਸਮੇਂ ਪ੍ਰਸ਼ਾਦਾ ਵਗੈਰਾ ਛੱਕਦੇ ਸਨ। ਬਾਕੀ ਆਪਣਾ ਸਾਰਾ ਸਮਾਂ ਇਕਾਂਤ ਵਿਚ ਹੀ ਨਾਮ ਸਿਮਰਨ ਵਿਚ ਲੀਨ ਹੋ ਕੇ ਬਿਤਾਉਂਦੇ ਸਨ। ਆਪ ਜੀ ਕੋਲ ਭਾਈ ਸਰੈਣ ਸਿੰਘ ਸੀ (ਨਿਹੰਗ ਸਿੰਘ ਜੀ) ਭਾਅ ਨਰਾਇਣ ਸਿੰਘ ਜੀ ਨਾਰੰਗਵਾਲ, ਭਾਈ ਜਾਨ ਸੁਖਾਲਾ ਜੀ ਅਤੇ ਹੋਰ ਪੁਰਾਤਨ ਗੁਰਸਿੱਖ ਅਕਸਰ ਆਉਂਦੇ ਰਹਿੰਦੇ ਸਨ ਤੇ ਇਕੱਠੇ ਨਾਮ ਬਾਣੀ ਦੇ ਲਾਹੇ ਲੈਂਦੇ। ਆਪ ਜੀ ਗੁਰਦਾਸਪੁਰ ਜ਼ਿਲ੍ਹੇ ਦੇ ਨਿਵਾਸੀ ਸਿੰਘਾਂ ਨੂੰ ਬੁਲਾ ਕੇ ਸ੍ਰੀ ਅਖੰਡ ਪਾਠ ਤੇ ਰੈਣ ਸਬਾਈ ਕੀਰਤਨ ਵੀ ਕਰਵਾਉਂਦੇ ਰਹਿੰਦੇ ਸਨ। ਪਿੰਡ ਵਿਚ ਇਨ੍ਹਾਂ ਕੋਲ ਵਾਹੀ ਯੋਗ ਕਾਫੀ ਜਮੀਨ ਸੀ, ਜਿਸ ਨਾਲ ਗੁਜਾਰਾ ਸੌਖਾ ਹੋ ਜਾਂਦਾ ਸੀ। ਇਨ੍ਹਾਂ ਦੇ ਦੂਸਰੇ ਭਰਾ ਅਤੇ ਅਗੋਂ ਉਨ੍ਹਾਂ ਦੇ ਪ੍ਰੀਵਾਰ ਵੀ ਸਾਰੇ ਗੁਰੂ ਘਰ ਦੇ ਸ਼ਰਧਾਲੂ ਪ੍ਰੇਮੀ ਅਤੇ ਰਹਿਤ ਬਹਿਤ ਦੇ ਧਾਰਨੀ ਹਨ। ਇਨ੍ਹਾਂ ਦੇ ਭਰਾ ਦੇ ਪ੍ਰੀਵਾਰ ਕੋਲ ਹੀ ਸ਼ਹੀਦ ਭਾਈ ਗੁਰਚਰਨ ਸਿੰਘ ਲੁਧਿਆਣਾ ਆਪਣੀ ਦੁਨਿਆਵੀ ਕ੍ਰਿਤ ਲਈ ਸ੍ਰੀ ਹਰਿਗੋਬਿੰਦਪੁਰ ਸਾਹਿਬ ਵਿਚ ਪਹਿਲੀ ਨਿਯੁਕਤੀ ਸਮੇਂ ਆ ਕੇ ਠਹਿਰੇ ਸਨ ਤੇ ਇਸ ਪ੍ਰੀਵਾਰ ਨੇ ਉਸ ਨੌਜਵਾਨ ਗੁਰੂ ਕੇ ਲਾਲ ਦੀ ਆਪਣੇ ਬੱਚਿਆਂ ਵਾਂਗ ਸੇਵਾ ਕੀਤੀ ਸੀ। ਉਸ ਨੇ ਇਸ ਪ੍ਰੀਵਾਰ ਨਾਲ ਇਤਨਾ ਸਨੇਹ ਵਧਾਇਆ ਕਿ ਅੱਜ ਵੀ ਇਹ ਪ੍ਰੀਵਾਰ ਉਸਨੂੰ ਯਾਦ ਕਰਦਾ ਹੈ।

ਆਪ ਜੀ ਦੇ ਨਿੱਜੀ ਪ੍ਰੀਵਾਰਕ ਮੈਂਬਰ, ਸਮੇਂ ਨਾਲ ਰਹਿਤ ਬਹਿਤ ਵਿਚ ਕੁਝ ਢਿੱਲੇ ਪੈ ਗਏ ਸਨ ਤੇ ਆਪ ਜੀ ਅਕਸਰ ਕਿਹਾ ਕਰਦੇ ਸਨ ਕਿ ਮੇਰੇ ਸਰੀਰ ਤਿਆਗਣ ਵੇਲੇ ਮੈਨੂੰ ਕੋਈ ਹੱਥ ਨਾ ਲਾਏ। ਗੁਰੂ ਪਾਤਸ਼ਾਹ ਨੇ ਆਪ ਦਾ ਸਿੱਖੀ ਸਿਦਕ ਨਿਬਾਹੁਣ ਲਈ ਆਪ ਦੇ ਹਿਰਦੇ ਦੀ ਵੇਦਨਾ ਸੁਣ ਲਈ। ਆਪ ਜੀ ਰੋਜਾਨਾ ਵਾਂਗ ਇਕਾਂਤ ਵਿਚ ਆਪਣੇ ਟਿਊਬਵੈੱਲ ਤੇ ਬਾਹਰ ਖੇਤਾਂ ਵਿਚ ਨਾਮ ਸਿਮਰਨ ਲਈ ਗਏ ਤੇ ਉਥੇ ਹੀ ਬਿਨਾਂ ਕਿਸੇ ਬੀਮਾਰੀ ਦੇ, ਬੈਠੇ ਬੈਠੇ ਇਹ ਪੰਜ ਭੂਤਕ ਸਰੀਰਕ ਚੋਲਾ ਤਿਆਗ ਕੇ ਆਪਣਾ ਸਿੱਖੀ ਸਿਦਕ ਨਿਬਾਹੁੰਦੇ ਹੋਏ ਸੰਨ 1974 ਵਿਚ ਗੁਰੂ ਚਰਨਾਂ ਵਿਚ ਜਾ ਬਿਰਾਜੇ।

*(ਆਪ ਜੀ ਦੇ ਭਤੀਜੇ ਭਾਈ ਹਰਦੀਪ ਸਿੰਘ ਪਿੰਡ ਕੋਹਾਲੀ ਵਲੋਂ ਦਿੱਤੀ ਸੂਚਨਾ 'ਤੇ ਅਧਾਰਿਤ)*



www.AKJ.Org

# ਭਾਈ ਸਰੈਣ ਸਿੰਘ ਜੀ, ਡੇਰਾ ਬਾਬਾ ਨਾਨਕ

ਭਾਈ ਭੁਪਿੰਦਰ ਸਿੰਘ ਜੀ ਸ੍ਰੀ ਅੰਮ੍ਰਿਤਸਰ

ਸਰਬਲੋਹ ਰਹਿਤ ਦੇ ਪੱਕੇ ਧਾਰਨੀ ਬਾਬਾ ਸਰੈਣ ਸਿੰਘ ਜੀ ਦਾ ਜਨਮ ਸੰਨ 1902 ਵਿਚ ਪਿੰਡ ਚਾਕਾਂ ਵਾਲੀ ਨੇੜੇ ਡੇਰਾ ਬਾਬਾ ਨਾਨਕ ਜ਼ਿਲ੍ਹਾ ਗੁਰਦਾਸਪੁਰ ਵਿਚ ਪਿਤਾ ਸ. ਲਾਭ ਸਿੰਘ ਦੇ ਘਰ ਮਾਤਾ ਲਛਮਣ ਕੌਰ ਜੀ ਦੀ ਕੁੱਖੋਂ ਹੋਇਆ। ਆਪ ਜੀ ਦੇ ਪਿਤਾ ਜੀ ਸਧਾਰਨ ਸਿੱਖ ਸਨ ਤੇ ਪਿੰਡ ਵਿਚ ਖੇਤੀਬਾੜੀ ਦਾ ਕੰਮ ਕਰਦੇ ਸਨ। ਆਪ ਜੀ ਦਾ ਇਕ ਹੋਰ ਛੋਟਾ ਭਰਾ ਅਤੇ ਭੈਣ ਵੀ ਸੀ। ਆਪ ਜੀ ਡਾ. ਬਸੰਤ ਸਿੰਘ ਸੇਖਵਾਂ ਜੀ (ਜੋ ਕਿ ਦੇਸ਼ ਦੀ ਵੰਡ ਤੋਂ ਬਾਅਦ ਪਿੰਡ ਸੇਖਵਾਂ ਤਹਿਸੀਲ ਨਾਰੋਵਾਲ ਜ਼ਿਲ੍ਹਾ ਸਿਆਲਕੋਟ ਤੋਂ ਉੱਜੜ ਕੇ ਇਨ੍ਹਾਂ ਦੇ ਪਿੰਡ ਦੇ ਨਾਲ ਹੀ ਬਹਿਲੋਲਪੁਰ ਵਿਚ ਆ ਕੇ ਵੱਸੇ ਸਨ) ਦੇ ਮਾਸੀ ਦੇ ਪੁੱਤਰ ਸਨ। ਡਾ. ਬਸੰਤ ਸਿੰਘ ਸੇਖਵਾ ਜੋ ਕਿ ਭਾਈ ਸਾਹਿਬ ਜੀ ਦੇ ਸੰਗੀ ਸਾਥੀ ਅਤੇ ਰੰਗਲੇ ਸੱਜਣ ਸਨ, ਦਾ ਜੀਵਨ ਬਿਰਤਾਂਤ ਭਾਈ ਸਾਹਿਬ ਜੀ ਦੀ ਰਚਿਤ ਰੰਗਲੇ ਸਜਣ ਪੁਸਤਕ ਵਿਚ ਆ ਚੁੱਕਾ ਹੈ। ਰਿਸ਼ਤੇਦਾਰੀ ਹੋਣ ਕਾਰਨ ਆਪ ਜੀ ਨੂੰ ਵੀ ਡਾਕਟਰ ਸਾਹਿਬ ਜੀ ਦੀ ਸੰਗਤ ਮਿਲਣ ਕਰਕੇ ਗੁਰਸਿਖੀ ਦੀ ਲਗਨ ਅਤੇ ਪ੍ਰੇਮ ਬਚਪਨ ਤੋਂ ਹੀ ਲੱਗ ਗਿਆ ਸੀ। ਉਸ ਵੇਲੇ ਪਿੰਡਾਂ ਵਿਚ ਵਿਦਿਅਕ ਸਹੂਲਤਾਂ ਨਾ ਹੋਣ ਕਾਰਨ ਆਪ ਜੀ ਬਿਲਕੁਲ ਕੋਰੇ ਅਨਪੜ੍ਹ ਸਨ।

ਪੇਂਡੂ ਜੀਵਨ ਜਿਥੇ ਖੁੱਲ੍ਹੀ-ਡੁੱਲ੍ਹੀ ਨਰੋਈ ਦੁਧ-ਘਿਉ ਵਾਲੀ ਖੁਰਾਕ ਅਤੇ ਸ਼ੁੱਧ ਵਾਤਾਵਰਣ ਉਪਲੱਬਧ ਹੁੰਦਾ ਹੈ ਅਤੇ ਖੇਤੀਬਾੜੀ ਦਾ ਕੰਮ ਸਖ਼ਤ ਮੁਸ਼ੱਕਤ ਨਾਲ ਕਰਨ ਕਰਕੇ ਆਪ ਜੀ ਦੀ ਸਿਹਤ ਬਹੁਤ ਨਰੋਈ ਤੇ ਸੁਡੋਲ ਸੀ। ਆਪ ਜੀ ਕ੍ਰਿਤ ਵਾਸਤੇ ਫੌਜ ਵਿਚ ਭਰਤੀ ਹੋ ਗਏ। ਫੌਜ ਵਿਚ ਨੌਕਰੀ ਕਰਦਿਆਂ ਕਿਸੇ ਲੜਾਈ ਦੌਰਾਨ ਸੱਜੀ ਲੱਤ ਵਿਚ ਗੋਲੀ ਲੱਗਣ ਕਾਰਨ ਉਨ੍ਹਾਂ ਦੀ ਇਹ ਲੱਤ ਗੋਡੇ ਤੋਂ ਉੱਪਰ ਕੱਟਣੀ ਪਈ। ਜਿਸ ਕਰਕੇ ਆਪ ਜੀ ਨੂੰ ਅੰਗਹੀਣ ਹੋਣ ਕਰਕੇ ਫੌਜ ਵਿਚੋਂ ਪੈਨਸ਼ਨ ਲੱਗ ਗਈ ਅਤੇ ਆਪ ਰਿਟਾਇਰ ਹੋ ਕੇ ਘਰ ਵਾਪਸ ਆ ਗਏ। ਅੰਗਹੀਣ ਹੋਣ ਕਰਕੇ ਆਪ ਦਾ ਅਨੰਦ ਕਾਰਜ ਵੀ ਨਹੀਂ ਹੋ ਸਕਿਆ ਅਤੇ ਆਪ ਸਾਰੀ ਆਯੂ ਬਿਹੰਗਮ ਹੀ ਰਹੇ।

ਡਾਕਟਰ ਬਸੰਤ ਸਿੰਘ ਜੀ ਦੀ ਸੰਗਤ ਕਰਕੇ ਆਪ ਜੀ ਨੇ ਅੰਮ੍ਰਿਤ ਤਾਂ ਬਚਪਨ ਵਿਚ ਹੀ ਛੱਕ ਲਿਆ ਸੀ ਤੇ ਫੌਜ ਵਿਚ ਸੇਵਾ ਮੁਕਤ ਹੋਣ ਤੋਂ ਬਾਅਦ ਸਰਬ-ਲੋਹ ਰਹਿਤ ਬਹਿਤ ਦੇ ਪੱਕੇ ਧਾਰਨੀ ਬਣ ਗਏ। ਨਾਲ ਹੀ ਨਾਮ ਬਾਣੀ ਦੀ ਅਤੁਟ ਕਮਾਈ ਕਰਨ ਲੱਗ ਪਏ। ਸੰਸਾਰਕ ਜਿੰਮੇਵਾਰੀ ਤਾਂ ਕੋਈ ਹੈ ਹੀ ਨਹੀਂ ਸੀ ਤੇ ਗੁਜ਼ਾਰੇ ਵਾਸਤੇ ਸਰਕਾਰ ਤੋਂ ਪੈਨਸ਼ਨ ਮਿਲ ਜਾਂਦੀ ਸੀ। ਆਪ ਬਹੁਤਾ ਸਮਾਂ ਸ੍ਰੀ ਅਖੰਡ ਪਾਠ ਸਾਹਿਬ ਅਤੇ ਕੀਰਤਨ ਸਮਾਗਮਾਂ ਦੀ ਹਾਜ਼ਰੀ ਭਰ ਕੇ ਨਾਮ ਬਾਣੀ ਦੇ ਲਾਹੇ ਲੈਣ ਲਈ ਚੱਕਰਵਰਤੀ ਹੀ ਰਹਿੰਦੇ ਸਨ। ਲੱਕੜ ਦੀ ਫੌੜੀ ਸਹਾਰੇ ਤੁਰ ਕੇ ਉਹ ਹਰ ਥਾਂ ਪਹੁੰਚ ਜਾਂਦੇ ਸਨ। ਉਨ੍ਹਾਂ ਨੂੰ ਨਾਰੰਗਵਾਲ ਕੁਮਾਰਹੱਟੀ ਤੇ ਲੁਧਿਆਣੇ ਕਾਫੀ ਸਮਾਂ ਭਾਈ ਸਾਹਿਬ ਜੀ ਦੀ ਸੰਗਤ ਦਾ ਅਨੰਦ ਮਾਣਨ ਦਾ ਸੁਭਾਗ ਸਮਾਂ ਪ੍ਰਾਪਤ ਹੁੰਦਾ ਰਿਹਾ ਹੈ।

ਅਨਪੜ੍ਹ ਹੋਣ ਕਾਰਨ ਕੇਵਲ ਨਾਮ ਅਭਿਆਸ ਹੀ ਕਰਦੇ ਸਨ। **'ਜੋ ਪ੍ਰਾਣੀ ਗੋਵਿੰਦ ਧਿਆਵੈ ॥ ਪੜਿਆ ਅਨਪੜਿਆ ਪਰਮਗਤਿ ਪਾਵੈ ॥'** ਵਾਲਾ ਗੁਰਵਾਕ ਉਨ੍ਹਾਂ 'ਤੇ ਪੂਰਾ ਢੁੱਕਦਾ ਸੀ।

ਉਹ ਹਰ ਰੋਜ਼ ਰਾਤ ਇਕ ਵਜੇ ਉੱਠ ਕੇ ਇਸ਼ਨਾਨ ਆਦਿ ਦੀ ਕਿਰਿਆ ਸੋਧ ਕੇ ਪੰਜ ਘੰਟੇ ਜ਼ੋਰ ਜ਼ੋਰ ਨਾਲ ਬੜੀ ਬੁਲੰਦ ਧੁਨੀ ਵਿਚ ਨਾਮ ਦਾ ਇਸ ਤਰ੍ਹਾਂ ਖੰਡਾ ਖੜਕਾਉਂਦੇ ਸਨ ਕਿ ਲੱਗਦਾ ਸੀ ਕਿ ਕਾਫ਼ੀ ਸਿੰਘ ਇਕੱਠੇ ਅਭਿਆਸ ਕਰ ਰਹੇ ਹਨ। ਇਸ ਸਮੇਂ ਦੌਰਾਨ ਨੀਂਦ-ਆਲਸ ਉਨ੍ਹਾਂ ਦੇ ਨੇੜੇ ਨਹੀਂ ਸੀ ਫਟਕਦੀ। ਫਿਰ ਇਤਿਹਾਸਕ ਗੁਰਦੁਆਰੇ ਡੇਰਾ ਬਾਬਾ ਨਾਨਕ ਸਾਹਿਬ (ਜੋ ਕਿ ਉਨ੍ਹਾਂ ਦੇ ਘਰ ਤੋਂ ਦੋ ਕਿਲੋਮੀਟਰ ਹੀ ਦੂਰ ਹੈ) ਦਰਸ਼ਨ ਕਰਨ ਤੋਂ ਬਾਅਦ ਸਰਬਲੋਹੀ ਪ੍ਰਸ਼ਾਦਾ ਹੱਥੀਂ ਤਿਆਰ ਕਰਕੇ ਛੱਕਦੇ ਸਨ। ਉਹ ਲੰਗਰ ਅਠ ਪਹਿਰਾਂ ਵਿਚ ਇਕ ਵਾਰ ਹੀ ਛੱਕਦੇ ਸਨ। ਬਾਕੀ ਸਾਰਾ



www.AKJ.Org

ਦਿਨ ਨਾਮ ਅਭਿਆਸ ਵਿਚ ਗੜੂੰਦ ਰਹਿੰਦੇ ਸਨ। ਉਨ੍ਹਾਂ ਦਾ ਦਗ-ਦਗ ਕਰਦਾ ਲਾਲ, ਸੁਰਖ ਚਿਹਰਾ ਸਦਾ ਹੀ ਖਿੜਿਆ ਰਹਿੰਦਾ ਸੀ। ਸਿੰਘਾਂ ਦੇ ਦਰਸ਼ਨ ਕਰਕੇ ਤਾਂ ਹੋਰ ਬਾਗੋ-ਬਾਗ ਹੋ ਜਾਂਦੇ ਸਨ।

ਇਕ ਵਾਰ ਨਾਰੰਗਵਾਲ ਸਮਾਗਮ ਤੇ ਆਪ ਜੀ ਸਰਬਲੋਹ ਬਰਤਨਾਂ ਨੂੰ ਮਾਂਜਣ ਦੀ ਸੇਵਾ ਕਰ ਰਹੇ ਸਨ। ਆਪ ਜੀ ਦੀ ਪਿੱਛੇ ਭਾਈ ਸਾਹਿਬ ਜੀ ਖਲੋ ਕੇ ਕਹਿਣ ਲੱਗੇ ਕਿ ਸਰੈਣ ਸਿੰਘਾ ! ਤੁਸੀਂ ਕੜਾਹੀਆਂ, ਪਤੀਲਿਆਂ ਨੂੰ ਬਾਹਰੋਂ ਮਾਂਜ ਕੇ ਲਿਸ਼ਕਾਅ ਰਹੇ ਹੋ। ਕੀ ਲੋੜ ਹੈ, ਇਨ੍ਹਾਂ ਨੂੰ ਇਤਨਾ ਲਿਸ਼ਕਾਉਣ ਦੀ ? ਅਗੋਂ ਆਪ ਜੀ ਨੇ ਭਾਈ ਸਾਹਿਬ ਜੀ ਨੂੰ ਨਿਮਰਤਾ ਸਹਿਤ ਬੇਨਤੀ ਕੀਤੀ ਕਿ ਬਾਪੂ ਜੀ, ਇਸ ਮਨ ਨੂੰ ਜਨਮ ਜਨਮ ਦੀ ਮੈਲ ਲਗੀ ਹੋਈ ਹੈ। ਇਨ੍ਹਾਂ ਬਰਤਨਾਂ ਦੀ ਸੇਵਾ ਕਰਦਿਆਂ ਨਾਮ ਦਾ ਖੰਡਾ ਸਾਸ-ਗਿਰਾਸ ਚੱਲਦਾ ਹੈ ਤੇ ਨਾਲ ਹੀ ਮਨ ਨੂੰ ਲੱਗਾ ਮੈਲ ਰੂਪ ਜੰਗਾਲ ਉਤਰਦਾ ਹੈ, ਜਿਸ ਤਰ੍ਹਾਂ ਇਨ੍ਹਾਂ ਬਰਤਨਾਂ ਨੂੰ ਮਾਂਜਣ ਨਾਲ ਲਹਿ ਰਿਹਾ ਹੈ। ਬਾਪੂ ਜੀ ਨੇ ਖੁਸ਼ ਹੋ ਕੇ ਬਰਤਨਾਂ ਦੀ ਸੇਵਾ ਦਾ ਹੋਰ ਉਤਸ਼ਾਹ ਦਿੱਤਾ ਅਤੇ ਅਸੀਸਾਂ ਬਖਸ਼ੀਆਂ। ਆਪ ਜੀ ਪਿੰਡ ਵਿਚ ਆਪਣੇ ਘਰ ਸਰਬਲੋਹ ਵਾਲੇ ਬਰਤਨ ਵੀ ਇਸ ਤਰ੍ਹਾਂ ਲਿਸ਼ਕਾ ਰਖਦੇ ਸਨ ਜਿਵੇਂ ਕਿ ਉਹ ਸਟੀਲ ਦੇ ਹੋਣ। ਇਹ ਇਕ ਗੁਰਮੁਖ ਦੇ ਅੰਦਰੋਂ-ਬਾਹਰੋਂ ਨਿਰਮਲ ਹੋਣ ਦੀ ਨਿਸ਼ਾਨੀ ਹੈ ਅਤੇ ਸਾਡੇ ਲਈ ਵੀ ਇਕ ਗਾਡੀ ਰਾਹ ਹੈ।

ਆਪ ਜੀ ਸਰਬ ਲੋਹ ਰਹਿਤ ਅਤੇ ਬਰਤਨਾਂ ਦਾ ਇਤਨਾ ਸਤਿਕਾਰ ਕਰਦੇ ਸਨ ਕਿ ਇਕ ਵਾਰ ਗੱਡੀ ਰਾਹੀਂ ਦਿੱਲੀ ਸਮਾਗਮ ਤੇ ਜਾ ਰਹੇ ਸਨ ਕਿ ਰਸਤੇ ਵਿਚ ਯਾਦ ਆ ਗਿਆ ਕਿ ਮੇਰਾ ਲੰਗਰ ਛੱਕਣ ਵਾਲਾ ਬਾਟਾ, ਪਿੱਛੇ ਘਰ ਵਿਚ ਹੀ ਸੋਧਣ ਤੋਂ ਬਿਨਾਂ ਬਾਹਰ ਹੀ ਰਹਿ ਗਿਆ ਹੈ ਤੇ ਵਾਪਸ ਆਉਣ ਤਾਈਂ ਜੰਗਾਲਿਆ ਜਾਵੇਗਾ। ਉਥੋਂ ਹੀ ਗੱਡੀ ਵਿਚੋਂ ਉੱਤਰ ਕੇ ਵਾਪਸ ਆ ਕੇ ਬਾਟੇ ਨੂੰ ਸੋਧ ਕੇ ਅਤੇ ਸੰਭਾਲ ਕੇ ਫਿਰ ਦੁਬਾਰਾ ਗੱਡੀ ਚੜ੍ਹ ਕੇ ਸਮਾਗਮ ’ਤੇ ਗਏ। ਇਸੇ ਤਰ੍ਹਾ ਇਕ ਵਾਰੀ ਫੇਰ ਦਿੱਲੀ ਸਮਾਗਮ ’ਤੇ ਗਏ ਤਾਂ ਉਥੇ ਟੂਟੀਆਂ ਦੇ ਜਲ ਨਾਲ ਬੀਬੀਆਂ ਵਲੋਂ ਛੋਟੇ ਬੱਚਿਆਂ ਦੇ ਪਾਖਾਨੇ ਸਾਫ਼ ਕਰਦਿਆਂ ਦੇਖ ਕੇ ਬਿਨਾਂ ਇਸ਼ਨਾਨ ਕੀਤੇ ਅਤੇ ਲੰਗਰ ਛਕੇ ਵਾਪਸ ਬਟਾਲੇ ਆ ਗਏ। ਇਕ ਸਿੰਘ ਦੇ ਘਰ ਆ ਕੇ ਇਸ਼ਨਾਨ ਪਾਣੀ ਕੀਤਾ ਤੇ ਲੰਗਰ ਛਕਿਆ। ਦਿੱਲੀ ਵਿਚ ਧਰਤੀ ਹੇਠਲਾ ਪਾਣੀ ਖਾਰਾ ਹੋਣ ਕਰਕੇ ਟੂਟੀਆਂ ਦਾ ਜਲ ਹੀ ਉੱਥੇ ਸਮਾਗਮ ਸਮੇਂ ਲੰਗਰ ਤੇ ਇਸ਼ਨਾਨ ਲਈ ਵਰਤਿਆ ਜਾਂਦਾ ਹੈ। ਛੱਕਣ ਲਈ ਜਲ ਟੈਂਕਰਾਂ ਰਾਹੀਂ ਬਾਹਰੋਂ ਹੀ ਮੰਗਵਾਇਆ ਜਾਂਦਾ ਹੈ।

ਉਹ ਹਰ ਸਮਾਗਮ ’ਤੇ ਇਕ ਛੋਟੀ ਜਿਹੀ ਸਰਬ ਲੋਹੀ ਕੜਾਹੀ ਵਿਚ, ਸੁੱਕੀ ਪੰਜੀਰੀ ਬਣਾ ਕੇ ਉਸ ਨੂੰ ਕਪੜੇ ਵਿਚ ਬੰਨ ਕੇ ਮੋਢੇ ਨਾਲ ਟੰਗ ਕੇ ਨਾਲ ਲੈ ਜਾਂਦੇ ਸਨ। ਸਾਰਾ ਸਮਾਂ ਉਹ ਸ੍ਰੀ ਅਖੰਡ ਪਾਠ ਸਾਹਿਬ ਦੇ ਮੰਡਲ ਵਿਚ ਰਹਿ ਕੇ ਗੁਰਬਾਣੀ ਦਾ ਪਾਠ ਸੁਣਦੇ ਰਹਿੰਦੇ ਸਨ। ਉਹ ਦੇਗ ਦੇ ਬਾਟੇ ਕੋਲ ਹੀ ਬਹਿੰਦੇ ਸਨ ਤੇ ਆਈ ਗਈ ਸੰਗਤ ਨੂੰ ਦੇਗ ਵੀ ਵਰਤਾਉਂਦੇ ਰਹਿੰਦੇ ਸਨ। ਜਦੋਂ ਭੁਖ ਲੱਗਣੀ ਤੇ ਕੜਾਹੀ ਵਿਚੋਂ ਥੋੜ੍ਹੀ ਪੰਜੀਰੀ ਕੱਢ ਕੇ ਬਾਟੇ ਵਿਚ ਪਾ ਕੇ ਛੱਕ ਲੈਣੀ ਤੇ ਨਾਲ ਹੀ ਥੋੜ੍ਹਾ ਜਲ ਛੱਕ ਲੈਣਾ। ਇਸ ਤਰ੍ਹਾਂ ਸਾਰੇ ਸਮਾਗਮ ਤੇ ਬਿਨਾਂ ਕਿਸੇ ਨੂੰ ਦੱਸੇ ਅਤੇ ਖੇਚਲ ਦਿੱਤਿਆਂ ਆਪਣੀ ਸਰਬ ਲੋਹ ਰਹਿਤ ਨੂੰ ਨਿਭਾਉਂਦੇ ਸਨ। ਅੱਜ ਕਲ੍ਹ ਦੇ ਬਹੁਤੇ ਸਰਬ ਲੋਹੀਆਂ ਵਾਂਗ ਨਾ ਤਾਂ ਉਹ, ਤਰ੍ਹਾਂ ਤਰਾਂ ਦੇ ਪਕਵਾਨਾਂ/ਫਲਾਂ ਦੀ ਝਾਕ ਰੱਖਦੇ ਸਨ ਤੇ ਨਾਂ ਹੀ ਕਿਸੇ ਨੂੰ ਕਿਸੇ ਕਿਸਮ ਦੀ ਉਚੇਚ ਲਈ ਕਹਿੰਦੇ ਸਨ। ਗੁਪਤੋ ਗੁਪਤੀ ਹੀ ਆਪਣਾ ਨੇਮ ਨਿਭਾਉਂਦੇ ਸਨ।

ਉਹ ਦੋਹਾਂ ਹੱਥਾਂ ਵਿਚ ਮੋਟੇ ਮੋਟੇ ਸਰਬ ਲੋਹ ਦੇ ਕੜੇ ਪਹਿਨਦੇ ਸਨ। ਜਿਨ੍ਹਾਂ ਦਾ ਭਾਰ ਤਕਰੀਬਨ ਇਕ ਕਿਲੋ ਦੇ ਬਰਾਬਰ ਹੁੰਦਾ ਸੀ। ਪੁੱਛਣ ਤੇ ਉਨ੍ਹਾਂ ਦਸਿਆ ਕਿ ਇੱਕ ਕੜਾ ਉਨ੍ਹਾਂ ਨੂੰ ਬਾਪੂ ਜੀ ਨੇ ਖੁਦ ਪਿਆਰ ਵਜੋਂ ਆਪਣੀ ਨਿਸ਼ਾਨੀ ਦਿੱਤੀ ਸੀ। ਇਕ ਵਾਰ ਇਹ ਕੜਾ ਪਾ ਕੇ ਭਾਈ ਸਾਹਿਬ ਰਣਧੀਰ ਸਿੰਘ ਜੀ ਲਾਹੌਰ ਦੇ ਅਨਾਰ ਕਲੀ ਬਜ਼ਾਰ ਦੀ ਇਕ ਭੀੜੀ ਗਲੀ ਵਿਚ ਜਾ ਰਹੇ ਸਨ। ਭਾਈ ਸਾਹਿਬ ਜੀ ਬਹੁਤ ਤੇਜ ਤੁਰਿਆ ਕਰਦੇ ਸਨ। ਗਲੀ ਵਿਚ ਮੋੜ ਮੁੜਦਿਆਂ ਭਾਈ ਸਾਹਿਬ ਜੀ ਦਾ ਹੱਥ ਵਿਚ ਪਹਨਿਆ ਕੜਾ ਖੋਤੇ ਦੇ ਮੱਥੇ ’ਤੇ ਲੱਗਣ ਕਰਕੇ ਖੋਤਾ ਥਾਈਂ ਹੀ ਮਰ



www.AKJ.Org


ਗਿਆ। ਭਾਈ ਸਾਹਿਬ ਜੀ ਨੇ ਉਸ ਖੋਤੇ ਦੇ ਮਾਲਕ ਨੂੰ ਇਵਜ਼ ਵਜੋਂ ਪੰਜ ਰੁਪਏ ਦਿੱਤੇ, ਜਿਤਨੀ ਕਿ ਉਸ ਦੀ ਕੀਮਤ ਬਣਦੀ ਸੀ।

ਆਪ ਜੀ ਸਰੀਰ ਪੱਖੋਂ ਕੁਝ ਭਾਰੇ ਸਨ। ਸੰਨ 1984 ਵਿਚ ਸਾਕਾ ਨੀਲਾ ਤਾਰਾ ਕਾਰਵਾਈ ਤੋਂ ਬਾਅਦ ਸ੍ਰੀ ਅੰਮ੍ਰਿਤਸਰ ਦੇ ਹਾਲਾਤ ਸੁਖਾਵੇ ਨਾ ਹੋਣ ਕਾਰਨ 1985 ਦਾ ਵੈਸਾਖੀ ਸਮਾਗਮ ਟਾਂਡਾ ਉੜਮੁੜ, ਜ਼ਿਲ੍ਹਾ ਹੁਸ਼ਿਆਰਪੁਰ ਵਿਚ ਮਨਾਉਣ ਦਾ ਪ੍ਰੋਗਰਾਮ ਬਣਾਇਆ ਗਿਆ। ਖਾੜਕੂਵਾਦ ਹੋਣ ਕਾਰਨ ਬੱਸਾਂ ਵਗੈਰਾ ਬੰਦ ਹੀ ਰਹਿੰਦੀਆਂ ਸਨ। ਦਾਸ ਨੂੰ ਭਾਈ ਸਾਹਿਬ ਕਹਿਣ ਲੱਗੇ ਕਿ ਸਮਾਗਮ ਤੇ ਜ਼ਰੂਰ ਜਾਣਾ ਹੈ। ਆਪਾਂ ਸਾਈਕਲ 'ਤੇ ਹੀ ਚੱਲ ਚਲੀਏ। ਦਾਸ ਨੇ ਅੰਦਰੋਂ ਨਾ ਚਾਹੁੰਦਾ ਭੀ ਹੋਇਆ ਬਾਹਰਮੁਖੀ ਹਾਂ ਭਰ ਦਿੱਤੀ ਪਰ ਸਵਾਰੀ ਭਾਰੀ ਹੋਣ ਕਰਕੇ ਇਤਨਾ ਲੰਬਾ ਸਫ਼ਰ ਕਰਨੋਂ ਡਰਦਾ ਵੀ ਸੀ। ਕਿਉਂਕਿ ਟਾਂਡਾ ਉੜ੍ਹ ਮੁੜ ਇਨ੍ਹਾਂ ਦੇ ਪਿੰਡ ਤੋਂ ਤਕਰੀਬਨ 60-70 ਕਿਲੋਮੀਟਰ ਸੀ ਅਤੇ ਸਾਈਕਲ ਦਾਸ ਨੇ ਹੀ ਚਲਾਉਣਾ ਸੀ। ਜਕੋ ਤਕੀ ਵਿਚ ਦਾਸ ਮਿਥੇ ਸਮੇਂ ਸਾਈਕਲ ਲੈ ਕੇ ਇਨ੍ਹਾਂ ਨੇ ਪਿੰਡ ਚਾਕਾਂ ਵਾਲੀ ਪਹੁੰਚ ਗਿਆ। ਉਨ੍ਹਾਂ ਨੇ ਜਾਣ ਲਈ ਆਪਣਾ ਭਤੀਜਾ ਵੀ ਤਿਆਰ ਕਰ ਲਿਆ ਤੇ ਇਸ ਤਰ੍ਹਾਂ ਦੋ ਸਾਈਕਲ ਹੋ ਗਏ ਤੇ ਦਾਸ ਨੂੰ ਹੌਂਸਲਾ ਹੋ ਗਿਆ। ਪਰ ਜਿਉਂ ਹੀ ਭਾਈ ਸਾਹਿਬ ਜੀ ਦਾਸ ਦੇ ਸਾਈਕਲ ਤੇ ਬੈਠੇ ਅਤੇ ਸਫ਼ਰ ਸ਼ੁਰੂ ਕੀਤਾ ਤਾਂ ਉਨ੍ਹਾਂ ਐਸਾ ਜ਼ੋਰ ਨਾਲ ਨਾਮ ਦਾ ਖੰਡਾ ਖੜਕਾਉਣਾ ਸ਼ੁਰੂ ਕੀਤਾ ਅਤੇ ਇਸ ਤਰ੍ਹਾਂ ਮਹਿਸੂਸ ਹੋਣ ਲੱਗ ਪਿਆ ਕਿ ਪਿਛੇ ਕੋਈ ਸਵਾਰੀ ਬੈਠੀ ਹੀ ਨਹੀਂ ਹੈ। ਇਸ ਤਰ੍ਹਾਂ ਅਸੀਂ ਗੁਰੂ ਗੁਰੂ ਜਪਦੇ 4 ਘੰਟੇ ਵਿਚ ਇਤਨਾ ਲੰਬਾ ਸਫ਼ਰ ਤੈਅ ਕਰਕੇ ਸਮਾਗਮ 'ਤੇ ਪਹੁੰਚ ਗਏ। ਗੁਰੂ ਸਾਹਿਬ ਜੀ ਨੇ ਐਸੀ ਕਲਾ ਵਰਤਾਈ ਕਿ ਕੋਈ ਅਕੇਵਾਂ-ਥਕੇਵਾਂ ਮਹਿਸੂਸ ਨਹੀਂ ਹੋਇਆ।

ਆਪ ਜ਼ਿਆਦਾ ਸਮਾਂ ਸਿੰਘਾਂ ਕੋਲ ਹੀ ਬਿਤਾਉਂਦੇ ਸਨ। ਭਾਈ ਹਰਭਜਨ ਸਿੰਘ ਜੀ ਸ੍ਰੀ ਅਨੰਦਪੁਰ ਸਾਹਿਬ ਵਾਲਿਆਂ ਨਾਲ ਹੀ ਬਹੁਤ ਪਿਆਰ ਸੀ। ਆਖ਼ਰੀ ਪੜਾਅ ਵਿਚ ਕਈ ਸਾਲ ਉਨ੍ਹਾਂ ਕੋਲ ਪੰਜੋਖਰਾ ਸਾਹਿਬ ਰਹਿ ਕੇ ਨਾਮ ਬਾਣੀ ਦੇ ਲਾਹੇ ਲੈਂਦੇ ਰਹੇ। ਚੜਾਈ ਕਰਨ ਤੋਂ 2-3 ਮਹੀਨੇ ਪਹਿਲਾਂ ਆਪ ਜੀ ਨੂੰ ਹੈਜ਼ਾ ਹੋਣ ਕਾਰਨ ਸਿਹਤ ਕਾਫ਼ੀ ਵਿਗੜ ਗਈ। ਬਾਪੂ ਹਰਭਜਨ ਸਿੰਘ ਜੀ ਦੇ ਬੇਟੇ ਕੁਲਵੰਤ ਸਿੰਘ ਨੇ ਆਪ ਜੀ ਦੀ ਬਹੁਤ ਸੇਵਾ ਸੰਭਾਲ ਕੀਤੀ। ਪਰ ਇਸ ਬੀਮਾਰੀ ਕਾਰਨ ਸਿਹਤ ਵਿਚ ਬਹੁਤ ਕਮਜ਼ੋਰੀ ਆ ਗਈ ਤੇ ਭਾਈ ਮਨੋਹਰ ਸਿੰਘ ਜੀ ਰੈੱਡ ਕਰਾਸ ਵਾਲੇ ਆਪਣੇ ਕੋਲ ਪਟਿਆਲੇ ਲੈ ਗਏ ਅਤੇ ਰਾਜਿੰਦਰ ਹਸਪਤਾਲ ਵਿਚ ਦਾਖ਼ਲ ਕਰਾ ਦਿੱਤਾ। ਸਿਹਤ ਵਿਚ ਹੌਲੀ-ਹੌਲੀ ਸੁਧਾਰ ਆਉਣਾ ਸ਼ੁਰੂ ਹੋ ਗਿਆ। ਹਸਪਤਾਲ ਵਿਚ ਹੀ ਇਕ ਦਿਨ ਅਚਾਨਕ ਇਕ ਸਿੰਘ ਰਵਿੰਦਰ ਸਿੰਘ ਬੱਗਾ ਨੂੰ ਕਹਿਣ ਲੱਗੇ ਮੈਨੂੰ ਖ਼ੂਹ ਦੇ ਜਲ ਨਾਲ ਇਸ਼ਨਾਨ ਕਰਾਓ। ਉਹ ਕਹੇ, ਬਾਪੂ ਜੀ ਟੂਟੀਆਂ ਲੱਗੀਆਂ ਹੋਈਆਂ ਹਨ। ਇਸ਼ਨਾਨ ਕਿਵੇਂ ਹੋ ਸਕਦਾ ਹੈ ? ਪਰ ਆਪ ਨੇ ਬੜੀ ਉੱਚੀ ਗਰਜ ਕੇ ਕਿਹਾ ਕਿ ਮੈਂ ਅੱਜ ਚਲੇ ਜਾਣਾ ਹੈ, ਭਾਈ ਸਾਹਿਬ ਜੀ ਆਏ ਸਨ ਤੇ ਮੇਰੀ ਤਿਆਰੀ ਹੈ। ਬਾਟੇ ਮਾਂਜਣ ਵੇਲੇ ਆਪ ਜੀ ਨੂੰ ਭਾਈ ਸਾਹਿਬ ਜੀ ਨੇ ਅਸੀਸ ਦਿੱਤੀ ਸੀ ਕਿ ਅਸੀਂ ਤੈਨੂੰ ਆਪਣੇ ਕੋਲ ਹੀ ਰੱਖਾਂਗੇ। ਫ਼ਿਕਰ ਨਾ ਕਰੀਂ। ਉਹ ਸਿੰਘ ਤੋਲੀਏ ਨਾਲ ਆਪ ਦਾ ਸਰੀਰ ਸਾਫ਼ ਕਰਕੇ ਆਪਣੇ ਕੰਮ ਚਲਾ ਗਿਆ। ਉਸ ਦੇ ਜਾਣ ਤੋਂ ਬਾਅਦ ਪਟਿਆਲੇ ਹਸਪਤਾਲ ਵਿਚ ਹੀ ਆਪ ਸਤੰਬਰ 1987 ਨੂੰ ਜੀਵਨ ਯਾਤਰਾ ਸਫਲ ਕਰਦੇ ਹੋਏ ਆਪਣਾ ਸਿਖੀ ਸਿਦਕ ਤੋੜ ਨਿਭਾਉਂਦੇ ਹੋਏ ਗੁਰੂ ਚਰਨਾਂ ਵਿਚ ਜਾ ਬਿਰਾਜੇ। ਇਨ੍ਹਾਂ ਦੀ ਛੋਟੀ ਭੈਣ ਜਿਹੜੀ ਇਨ੍ਹਾਂ ਦੇ ਪਿੰਡ ਦੇ ਨੇੜੇ ਹੀ ਖੁਸ਼ਹਾਲਪੁਰ ਪਿੰਡ ਵਿਚ ਵਿਆਹੀ ਸੀ, ਆਪਣੇ ਭਰਾ ਦੇ ਵਿਯੋਗ ਵਿਚ ਹੀ ਇਨ੍ਹਾਂ ਦੇ ਚੜਾਈ ਕਰਨ ਤੋਂ ਦੋ ਮਹੀਨੇ ਬਾਅਦ ਹੀ ਆਪਣੇ ਵੀਰ ਨਾਲ ਜਾ ਰਲੀ।



www.AKJ.Org



ਗਿਆਨੀ ਗੁਰਬਚਨ ਸਿੰਘ ਜੀ
ਸੂਰਾ ਮਾਸਿਕ ਪੱਤਰ, ਸ੍ਰੀ ਅੰਮ੍ਰਿਤਸਰ



ਡਾ ਹਰਬੰਸ ਸਿੰਘ ਜੀ
ਕੁੱਬੀ ਬੇਰੀ ਵਾਲੇ, ਸ੍ਰੀ ਅੰਮ੍ਰਿਤਸਰ




ਮਾ. ਉਜਾਗਰ ਸਿੰਘ ਜੀ
ਫਰਵਾਲੀ, ਜ਼ਿਲਾ ਸੰਗਰੂਰ



ਭਾਈ ਹਰਕਿਸ਼ਨ ਸਿੰਘ ਜੀ
ਜਾਨ ਸੁਖਾਲਾ



ਜਾਨ ਸੁਖਾਲਾ ਜੀ ਭਾਈ ਸਾਹਿਬ ਜੀ ਦੇ ਸੰਗ ਸਾਥ
ਕੀਰਤਨ ਦੀ ਹਾਜ਼ਰੀ ਭਰਦੇ ਹੋਏ



ਭਾਈ ਜੀਵਨ ਸਿੰਘ ਜੀ
ਲੁਧਿਆਣਾ



ਭਾਈ ਜੀਵਨ ਸਿੰਘ ਜੀ
ਗੁ: ਬੰਗਲਾ ਸਾਹਿਬ ਵਿੱਖੇ ਕੀਰਤਨ ਦੀ ਹਾਜ਼ਰੀ ਭਰਦੇ ਹੋਏ



ਗਿਆਨੀ ਅਮੋਲਕ ਸਿੰਘ ਜੀ
ਯੂ.ਕੇ.



ਗਿਆਨੀ ਅਮੋਲਕ ਸਿੰਘ ਜੀ ਕੀਰਤਨ ਦੀ ਹਾਜਰੀ ਭਰਦੇ ਹੋਏ
ਯੂ.ਕੇ.



ਗਿਆਨੀ ਅਮੋਲਕ ਸਿੰਘ ਜੀ, ਭਾਈ ਜੀਵਨ ਸਿੰਘ ਜੀ, ਗਿਆਨੀ ਨਾਹਰ ਸਿੰਘ ਜੀ, ਡਾ. ਦਰਸ਼ਨ ਸਿੰਘ ਅਤੇ ਡਾ. ਹਰਦਿਆਲ ਸਿੰਘ ਜੀ - ਗੁਰਮਤਿ ਕੈਂਪ ਵਿੱਚ



ਪ੍ਰੋ. ਉਦੇ ਸਿੰਘ ਜੀ
ਕੈਨੇਡਾ



ਭਾਈ ਜੋਰਾਵਰ ਸਿੰਘ ਜੀ
ਯੂ.ਕੇ.



ਡਾ. ਦਰਸ਼ਨ ਸਿੰਘ ਜੀ
ਲੁਧਿਆਣਾ



ਡਾ. ਦਰਸ਼ਨ ਸਿੰਘ ਜੀ ਕੀਰਤਨ ਦੀ ਹਾਜਰੀ ਭਰਦੇ ਹੋਏ




ਡਾਕਟਰ ਸਾਹਿਬ ਜੀ ਅਰਦਾਸ ਵਿੱਚ ਲੀਨ



ਦੋ ਗੁਰਸਿੱਖ ਭਰਾ
ਡਾ. ਦਰਸ਼ਨ ਸਿੰਘ ਜੀ ਅਤੇ ਡਾ. ਹਰਦਿਆਲ ਸਿੰਘ ਜੀ




www.AKJ.Org





ਭਾਈ ਇੰਦਰ ਸਿੰਘ ਜੀ
ਸ਼ਿਮਲਾ



ਡਾ. ਦਰਸ਼ਨ ਸਿੰਘ ਜੀ ਦੀ ਹੱਥ ਲਿਖਤ ਚਿੱਠੀ



ਭਾਈ ਦੁਰਲੱਭ ਸਿੰਘ ਜੀ
ਅੰਬਾਲਾ ਕੈਂਟ



ਭਾਈ ਗੁਰਦੇਵ ਸਿੰਘ ਜੀ
ਟਾਟਾ ਨਗਰ



ਭਾਈ ਗੁਰਦੇਵ ਸਿੰਘ ਜੀ ਕੀਰਤਨ ਦੀ ਹਾਜ਼ਰੀ ਭਰਦੇ ਹੋਏ


ਭਾਈ ਨੌਹਰੀਆ ਸਿੰਘ ਜੀ
ਕਾਲਕਾ


ਭਾਈ ਨੌਹਰੀਆ ਸਿੰਘ ਜੀ ਅਤੇ ਭਾਈ ਮਿਹਰ ਸਿੰਘ ਜੀ
ਸ਼ਿਮਲੇ ਸਮਾਗਮ ਤੇ ਕੀਰਤਨ ਦੀ ਹਾਜ਼ਰੀ ਭਰਦੇ ਹੋਏ


ਭਾਈ ਮਿਹਰ ਸਿੰਘ ਜੀ
ਨਵੀਂ ਦਿੱਲੀ


ਭਾਈ ਮਿਹਰ ਸਿੰਘ ਜੀ ਕੀਰਤਨ ਦੀ ਹਾਜ਼ਰੀ ਭਰਦੇ ਹੋਏ


ਭਾਈ ਹਰਸਰੂਪ ਸਿੰਘ ਜੀ
ਅੰਬਾਲਾ ਕੈਂਟ


ਮਾ. ਹਰਬੰਸ ਸਿੰਘ ਜੀ
ਨਵੀਂ ਦਿੱਲੀ


ਭਾਈ ਜੋਧ ਸਿੰਘ ਜੀ
ਨਵੀਂ ਦਿੱਲੀ



ਭਾਈ ਮੋਹਨ ਸਿੰਘ ਜੀ ਗਾਰਡ
ਕਾਨਪੁਰ



ਭਾਈ ਮੋਹਨ ਸਿੰਘ ਜੀ ਗਾਰਡ ਕੀਰਤਨ ਦੀ ਸੇਵਾ ਵਿੱਚ



ਬੀ. ਨਰਿੰਦਰ ਕੌਰ ਜੀ
ਸਪੁੱਤਨੀ ਭਾਈ ਮੋਹਨ ਸਿੰਘ ਜੀ ਗਾਰਡ



ਭਾਈ ਮੋਹਨ ਸਿੰਘ ਜੀ ਗਾਰਡ
ਅੰਮ੍ਰਿਤ ਸੰਚਾਰ ਸਮੇਂ ਪੰਚਾ ਦੀ ਸੇਵ ਵਿੱਚ



ਭਾਈ ਮੇਵਾ ਸਿੰਘ ਜੀ
ਕੈਨੇਡਾ



ਭਾਈ ਸਨਮੁਖ ਸਿੰਘ ਜੀ
ਜਬਲਪੁਰ



ਬੀਬੀ ਅਜਬ ਕੌਰ ਜੀ
ਜਬਲਪੁਰ



ਡਾ. ਬਸੰਤ ਸਿੰਘ ਜੀ
ਸੇਖਵਾਂ, ਨਾਰੋਵਾਲ (ਪਾਕਿਸਤਾਨ)



ਭਾਈ ਦਲੀਪ ਸਿੰਘ ਜੀ(ਨੰਗਲ)
ਵੀਰ ਪਰਿਵਾਰ ਲੁਧਿਆਣਾ



ਮਾਤਾ ਨਾਰਾਇਣ ਕੌਰ ਜੀ
ਲੁਧਿਆਣਾ



ਭਾਈ ਦਇਆ ਸਿੰਘ ਜੀ
ਲੁਧਿਆਣਾ



ਭਾਈ ਦਇਆ ਸਿੰਘ ਜੀ ਕੀਰਤਨ ਦੀ ਹਾਜ਼ਰੀ ਭਰਦੇ ਹੋਏ



ਭਾਈ ਮੋਹਕਮ ਸਿੰਘ ਜੀ
ਲੁਧਿਆਣਾ



ਸ਼ਹੀਦ ਬੀਬੀ ਗੁਰਨਾਮ ਕੌਰ ਜੀ
ਲੁਧਿਆਣਾ



ਸ਼ਹੀਦ ਭਾਈ ਗੁਰਚਰਨ ਸਿੰਘ ਜੀ
ਲੁਧਿਆਣਾ


www.AKJ.Org



ਭਾਈ ਸੁੰਦਰ ਸਿੰਘ ਜੀ
ਜੈਪੁਰ




ਭਾਈ ਸੁੰਦਰ ਸਿੰਘ ਜੀ ਕੀਰਤਨ ਦੀ ਹਾਜ਼ਰੀ ਭਰਦੇ ਹੋਏ



ਪ੍ਰਿ. ਗੁਰਮੁੱਖ ਸਿੰਘ ਜੀ
ਪਟਿਆਲਾ



ਭਾਈ ਇਕਬਾਲ ਸਿੰਘ ਜੀ
ਪਟਨਾ ਸਾਹਿਬ



ਭਾਈ ਬਲਵੰਤ ਸਿੰਘ ਜੀ
ਪਟਨਾ ਸਾਹਿਬ



ਭਾਈ ਰਣ ਸਿੰਘ ਜੀ
ਸਰਹੰਦ



ਭਾਈ ਮਨਮੋਹਨ ਸਿੰਘ ਜੀ ਗਜ਼ਲਗੋ
ਨਵੀਂ ਦਿੱਲੀ



ਬੀਬੀ ਅਮਰਜੀਤ ਕੌਰ ਜੀ (ਲੇਖਿਕਾ)
ਨਵੀਂ ਦਿੱਲੀ



ਬੀਬੀ ਹਰਬੰਸ ਕੌਰ ਜੀ
ਮੇਰਠ



ਭਾਈ ਸੰਤਾ ਸਿੰਘ ਜੀ(ਟਹਿਲੀਆ)
ਬਹਾਦੁਰਪੁਰ, ਰਈਆ



ਭਾਈ ਹਰਭਜਨ ਸਿੰਘ ਜੀ
ਬਸੀ ਪਠਾਣਾ



ਭਾਈ ਸਰਦਾਰਾ ਸਿੰਘ ਜੀ (ਲਾਂਗਰੀ)
ਲੁਧਿਆਣਾ



ਭਾਈ ਜੀਵਨ ਸਿੰਘ ਜੀ
ਸ੍ਰੀ ਅੰਮ੍ਰਿਤਸਰ



ਭਾਈ ਅਜੀਤ ਸਿੰਘ ਜੀ (ਯੂ.ਕੇ.)
ਨਵੀਂ ਦਿੱਲੀ



ਥਾਨੇਦਾਰ ਬਚਨ ਸਿੰਘ ਜੀ
ਪਟਿਆਲਾ



ਬੀਬੀ ਕਿਰਪਾਲ ਕੌਰ ਜੀ
ਪਟਿਆਲਾ



ਭਾਈ ਪ੍ਰਿਤਪਾਲ ਸਿੰਘ ਜੀ
ਮੁੰਬਈ



ਗਿਆਨੀ ਨਾਹਰ ਸਿੰਘ ਜੀ
ਮੁੱਲਾਂਪੁਰ



ਗਿਆਨੀ ਨਾਹਰ ਸਿੰਘ ਜੀ ਕੀਰਤਨ ਦੀ ਹਾਜ਼ਰੀ ਭਰਦੇ ਹੋਏ



ਭਾਈ ਬੰਤਾ ਸਿੰਘ ਜੀ
ਯੂ.ਕੇ.



ਭਾਈ ਮਹਿਤਾਬ ਸਿੰਘ ਜੀ
ਸ੍ਰੀ ਅੰਮ੍ਰਿਤਸਰ



ਬੀਬੀ ਦਲਜੀਤ ਕੌਰ ਜੀ
ਸ੍ਰੀ ਅੰਮ੍ਰਿਤਸਰ



ਬੀਬੀ ਦਲਜੀਤ ਕੌਰ ਜੀ ਕੀਰਤਨ ਦੀ ਹਾਜ਼ਰੀ ਭਰਦੇ ਹੋਏ



ਗਿਆਨੀ ਦਲਜੀਤ ਸਿੰਘ ਜੀ ਕਮਲ
ਮਾਲਵੀਆ ਨਗਰ, ਨਵੀਂ ਦਿੱਲੀ




ਭਾਈ ਪ੍ਰੀਤਮ ਸਿੰਘ ਜੀ
ਦਸੂਹਾ



ਸ਼ਹੀਦ ਭਾਈ ਫ਼ੌਜਾ ਸਿੰਘ ਜੀ



ਮਾ. ਨਿਰੰਜਨ ਸਿੰਘ ਜੀ
ਗੁਰਦਾਸਪੁਰ



(ਜਪੁ ਜੀ ਸਾਹਿਬ)
ੴਸਤਿਨਾਮੁਕਰਤਾਪੁਰਖੁ
ਨਿਰਭਉਨਿਰਵੈਰੁਅਕਾਲਮੂਰਤਿਅਜੂਨੀ
ਸੈਭੰਗੁਰਪ੍ਰਸਾਦਿ॥ ਜਪੁ॥
ਆਦਿਸਚੁਜੁਗਾਦਿ
ਸਚੁਹੈਭੀਸਚੁਨਾਨਕਹੋਸੀਭੀਸਚੁ॥੧॥
ਸੋਚੈਸੋਚਿਨਹੋਵਈਜੇਸੋਚੀਲਖਵਾਰ॥ ਚੁਪੈ
ਚੁਪਨਹੋਵਈਜੇਲਾਇਰਹਾਲਿਵਤਾਰ॥
ਭੁਖਿਆਭੁਖਨਉਤਰੀਜੇਬੰਨਾਪੁਰੀਆ
ਭਾਰ॥ ਸਹਸਸਿਆਣਪਾਲਖਹੋਹਿਤ
ਇਕਨਚਲੈਨਾਲਿ॥ ਕਿਵਸਚਿਆਰਾ
ਹੋਈਐਕਿਵਕੂੜੈਤੁਟੈਪਾਲਿ॥ ਹੁਕਮਿ

ਮਾਸਟਰ ਜੀ ਦਾ ਹੱਥ ਲਿਖਤ ਗੁਟਕਾ



ਮਾਸਟਰ ਜੀ ਕੀਰਤਨ ਦੀ ਹਾਜ਼ਰੀ ਭਰਦੇ ਹੋਏ



ਗਿਆਨੀ ਭਗਵਾਨ ਸਿੰਘ ਜੀ
ਸ੍ਰੀ ਅੰਮ੍ਰਿਤਸਰ



ਸੁਬੇਦਾਰ ਧਰਮ ਸਿੰਘ ਜੀ ਸੁਜੋਂ
ਯੂ.ਕੇ.



ਭਾਈ ਭਾਗ ਸਿੰਘ ਜੀ
ਫਿਰੋਜ਼ਪੁਰ



ਭਾਈ ਜਸਵੰਤ ਸਿੰਘ ਜੀ
ਜਲੰਧਰ



ਬੀਬੀ ਜਸਬੀਰ ਕੌਰ ਜੀ
ਜਲੰਧਰ



ਡਾ. ਪ੍ਰੀਤਮ ਸਿੰਘ ਜੀ ਅੰਵਾਣ
ਜਲੰਧਰ



ਡਾ. ਪ੍ਰੀਤਮ ਸਿੰਘ ਜੀ ਅੰਵਾਣ ਕੀਰਤਨ ਦੀਆਂ ਅਗੰਮੀ ਧੁੰਨੀਆਂ ਗਜਾਉਂਦੇ ਹੋਏ



ਬੀਬੀ ਹਰਸ਼ਰਨ ਕੌਰ ਜੀ
ਧਰਮ ਯੁੱਧ ਮੋਰਚੇ ਵਿੱਚ ਗ੍ਰਿਫ਼ਤਾਰੀ ਸਮੇਂ



ਕਰਨਲ ਦਲਜੀਤ ਸਿੰਘ ਜੀ
ਮਿਠਾਪੁਰ ਜਲੰਧਰ



ਬੀਬੀ ਹਰਸ਼ਰਨ ਕੌਰ ਜੀ
ਮਿਠਾਪੁਰ ਜਲੰਧਰ



ਭਾਈ ਜੋਗਿੰਦਰ ਸਿੰਘ ਜੀ
ਤਲਵਾੜਾ



ਤਲਵਾੜਾ ਜੀ ਸੱਚਖੰਡ ਸ੍ਰੀ ਦਰਬਾਰ ਸਾਹਿਬ ਵਿਖੇ
ਕੀਰਤਨ ਦੀ ਹਾਜ਼ਰੀ ਭਰਦੇ ਹੋਏ



ਭਾਈ ਤਾਰਾ ਸਿੰਘ ਜੀ
ਲੁਧਿਆਣਾ



ਬਾਬਾ ਲਾਭ ਸਿੰਘ ਜੀ
ਕਿਲਾ ਅਨੰਦਗੜ ਸਾਹਿਬ ਵਾਲੇ



ਭਾਈ ਮਹਿੰਦਰ ਸਿੰਘ ਜੀ
ਕਾਲਾ ਸੰਘਾ ਜ਼ਿਲ੍ਹਾ ਕਪੂਰਥਲਾ



ਭਾਈ ਸੰਤੋਖ ਸਿੰਘ ਜੀ
ਕਾਕੀ ਪਿੰਡ, ਜਲੰਧਰ



ਭਾਈ ਸੰਤੋਖ ਸਿੰਘ ਜੀ ਕੀਰਤਨ ਰੰਗਾਂ ਵਿੱਚ ਅਲਮਸਤ



ਡਾ. ਦਲਬੀਰ ਸਿੰਘ ਜੀ
ਨਵੀਂ ਦਿੱਲੀ




ਮਾਸਟਰ ਜਸਵੰਤ ਸਿੰਘ ਜੀ
ਸ੍ਰੀ ਅੰਮ੍ਰਿਤਸਰ




ਭਾਈ ਦਲਜੀਤ ਸਿੰਘ ਜੀ
ਤਲਵਾੜਾ



ਰਾਗੀ ਹੀਰਾ ਸਿੰਘ ਜੀ



ਅਕਾਲੀ ਕੌਰ ਸਿੰਘ ਜੀ
ਚਕਾਰ, ਕਸ਼ਮੀਰ



ਭਾਈ ਮੁਨਸ਼ਾ ਸਿੰਘ ਜੀ ਦੁਖੀ
ਜੰਡਿਆਲਾ, ਜਲੰਧਰ



ਬਾਬਾ ਗੁਰਦਿੱਤ ਸਿੰਘ ਜੀ ਅਕਾਲੀ
ਪ੍ਰਤਾਬਪੁਰਾ, ਜਲੰਧਰ



ਬਾਬਾ ਵਿਸਾਖਾ ਸਿੰਘ ਜੀ
ਦਦੇਹਰ, ਤਰਨ ਤਾਰਨ



ਗਿਆਨੀ ਹਰਭਗਤ ਸਿੰਘ ਜੀ
ਨਾਰੰਗਵਾਲ, ਲੁਧਿਆਣਾ



ਸੰਤ ਗੁਰਮੁਖ ਸਿੰਘ ਜੀ
ਪਟਿਆਲਾ



ਗਿਆਨੀ ਗੁਰਦਿੱਤ ਸਿੰਘ ਜੀ
ਚੰਡੀਗੜ



ਭਾਈ ਪ੍ਰੀਤ ਸਿੰਘ ਜੀ
ਨਵੀਂ ਦਿੱਲੀ



ਭਾਈ ਦਲਜਿੰਦਰ ਸਿੰਘ ਜੀ
ਪਟਿਆਲਾ



ਡਾ. ਅਰਜਨ ਸਿੰਘ ਜੀ
ਫ਼ਗਵਾੜਾ



ਭਾਈ ਕੁਲਦੀਪ ਸਿੰਘ ਜੀ ਮਤਵਾਲਾ
ਚੰਡੀਗੜ



ਭਾਈ ਹਰਦੀਸ਼ ਸਿੰਘ ਜੀ ਸੰਗਰ
ਖਰੜ, ਮੋਹਾਲੀ



ਭਾਈ ਸਾਵਣ ਸਿੰਘ ਜੀ
ਚੰਡੀਗੜ



ਭਾਈ ਜਗਜੀਤ ਸਿੰਘ ਜੀ
ਮੁਗਲਸਰਾਏ



ਭਾਈ ਸੁਰਜੀਤ ਸਿੰਘ ਜੀ ਟੱਰਕਾਂ ਵਾਲੇ
ਪਟਿਆਲਾ



ਜਥੇਦਾਰ ਭਾਈ ਰਾਮਾ ਸਿੰਘ ਜੀ
ਯੂ.ਕੇ.



ਭਾਈ ਬਾਲਾ ਸਿੰਘ ਜੀ
ਗੁਰੂ ਕੀ ਵਡਾਲੀ, ਅੰਮ੍ਰਿਤਸਰ



ਭਾਈ ਗੋਪਾਲ ਸਿੰਘ ਜੀ
ਬਟਾਲਾ



ਗਿਆਨੀ ਅਮਰਜੀਤ ਸਿੰਘ ਜੀ
ਪ੍ਰਤਾਬਪੁਰਾ, ਜਲੰਧਰ



ਭਾਈ ਮਾਨ ਸਿੰਘ ਜੀ
ਧੰਨਬਾਦ



ਭਾਈ ਹਰਬੰਸ ਸਿੰਘ ਜੀ
ਸਾਸਾਰਾਮ, ਬਿਹਾਰ



ਸ਼ਹੀਦ ਭਾਈ ਅਵਤਾਰ ਸਿੰਘ ਜੀ
ਪਾਰੋਵਾਲ, ਗੁਰਦਾਸਪੁਰ



ਸ਼ਹੀਦ ਬੀਬੀ ਪਰਮਜੀਤ ਕੌਰ ਜੀ
ਸ੍ਰੀ ਅੰਮ੍ਰਿਤਸਰ

# ਡਾਕਟਰ ਕੌਰ ਸਿੰਘ ਜੀ, ਘਨਗੱਸ ਵਾਲੇ

ਡਾਕਟਰ ਨਿਰੰਜਨ ਸਿੰਘ ਜੀ ਸਮਰਾਲਾ

ਆਪ ਦਾ ਪੂਰਨ ਗੁਰਸਿੱਖਾਂ ਵਾਲਾ ਜੀਵਨ ਉੱਚੇ ਸੁੱਚੇ ਜੀਵਨ ਦਾ ਉੱਤਮ ਨਮੂਨਾ ਸੀ। ਆਪ ਜੀ ਨਾਮ ਜਪਣ, ਬਾਣੀ ਪੜ੍ਹਨ ਅਤੇ ਕੀਰਤਨ ਸ੍ਰਵਣ ਕਰਨ ਦੇ ਆਸ਼ਕ ਸਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਸਹਿਜ ਪਾਠ ਹਰ ਵਕਤ ਹੀ ਚਾਲੂ ਰਖਦੇ ਸਨ ਅਤੇ ਭੋਗ ਪਾ ਕੇ ਉਸੇ ਵੇਲੇ ਹੋਰ ਪਾਠ ਅਰੰਭ ਕਰ ਦਿੰਦੇ ਸਨ।

ਆਪ ਇਕ ਜਨਵਰੀ 1900 ਵਿੱਚ ਸੰਸਾਰ ਵਿੱਚ ਆਏ ਅਤੇ 11 ਨਵੰਬਰ 1990 ਨੂੰ ਉਸ ਮੰਜ਼ਲ ਵਲ ਕੂਚ ਕਰ ਗਏ, ਜਿਥੋਂ ਕਦੇ ਕੋਈ ਮੁੜ ਕੇ ਨਹੀਂ ਆਇਆ। ਆਪ ਜੀ ਦਾ ਜਨਮ ਡਾ. ਗੁਰਮੁਖ ਸਿੰਘ ਦੇ ਘਰ ਪਿੰਡ ਘਨਗੱਸ ਜਿਲ੍ਹਾ ਲੁਧਿਆਣਾ ਵਿਖੇ ਹੋਇਆ। ਮਾਤਾ ਜੀ ਆਪ ਜੀ ਛੋਟੀ ਉਮਰ ਵਿਚ ਹੀ ਚੜ੍ਹਾਈ ਕਰ ਗਏ ਸਨ ਅਤੇ ਭੂਆ ਜਗਦੀਸ਼ ਕੌਰ ਨੇ ਹੀ ਪਾਲਣ ਪੋਸ਼ਣ ਕੀਤਾ। ਆਪ ਜੀ ਦੇ ਪਿਤਾ ਜੀ ਪੜ੍ਹੇ ਲਿਖੇ ਸਨ। ਮੁੱਢਲੀ ਵਿਦਿਆ ਪਿੰਡ ਵਿਚ ਲੈਣ ਤੋਂ ਬਾਅਦ ਆਪ ਜੀ ਨੇ ਡਾਕਟਰੀ ਦੀ ਡਿਗਰੀ L.M.S ਲਾਹੌਰ ਤੋਂ ਪਾਸ ਕੀਤੀ। ਆਪ ਜੀ ਦਾ ਅਨੰਦ ਕਾਰਜ ਬੀਬੀ ਰਜਿੰਦਰ ਕੌਰ ਸਪੁੱਤਰੀ ਕਿਸ਼ਨ ਸਿੰਘ ਵਾਸੀ ਦਬੁਰਜੀ ਨਾਲ ਹੋਇਆ। ਆਪ ਵੱਡ ਪਰਵਾਰੀ ਸਨ ਤੇ ਆਪ ਜੀ ਦੇ ਘਰ ਅੱਠ ਸਪੁੱਤਰਾਂ ਤੇ ਤਿੰਨ ਲੜਕੀਆਂ ਨੇ ਜਨਮ ਲਿਆ। ਆਪ ਜੀ ਦੇ ਮਾਮਾ ਜੀ ਜੋਰਾ ਸਿੰਘ ਜਲ੍ਹਿਆਂ ਵਾਲੇ ਬਾਗ ਗੋਲੀ ਕਾਂਡ ਵਿਚ ਸ਼ਹੀਦ ਹੋਏ ਸਨ। 23 ਸਾਲ ਦੀ ਆਯੂ ਵਿੱਚ ਆਪ ਪਟਿਆਲੇ ਰਿਆਸਤ ਵਿੱਚ ਮੈਡੀਕਲ ਅਫ਼ਸਰ ਲਗੇ। ਪਹਿਲੀ ਤਨਖਾਹ ਤੋਂ ਹੀ ਆਪ ਨੇ ਦਸਵੰਧ ਕੱਢਣਾ ਸ਼ੁਰੂ ਕਰ ਦਿੱਤਾ ਅਤੇ ਇਸ ਨੇਮ ਨੂੰ ਆਪਣੇ ਜੀਵਨ ਪ੍ਰਯੰਤ ਤੋੜ ਨਿਭਾਇਆ। ਇਕ ਵਾਰ ਜਦੋਂ ਮਹਾਰਾਜਾ ਪਟਿਆਲਾ ਨੇ ਆਪ ਦੀ ਜਾਇਦਾਦ ਜ਼ਬਤ ਕਰ ਲਈ ਤਾਂ ਆਪ ਦੋ ਸਾਲ ਤਕ ਦਸਵੰਧ ਨਾ ਦੇ ਸਕੇ। ਪਰ ਜਿਉਂ ਹੀ ਆਰਥਿਕ ਹਾਲਤ ਸੁਧਰੀ, ਉਨ੍ਹਾਂ ਨੇ ਦੋਹਾਂ ਸਾਲਾਂ ਦਾ ਪਿਛਲਾ ਬਕਾਇਆ ਦਸਵੰਧ ਵੀ ਗੁਰੂ-ਭੇਟਾ ਕਰ ਦਿੱਤਾ। ਗੁਰਬਾਣੀ ਦੇ ਪਾਠ, ਨਾਮ ਜਪਣ, ਕੀਰਤਨ ਸੁਣਨ ਦੇ ਨਾਲ ਹੀ ਗੁਪਤ ਦਾਨ ਕਰਦੇ ਰਹਿਣ ਵਿੱਚ ਹੀ ਆਪ ਪ੍ਰਸੰਨ ਰਹਿੰਦੇ ਸਨ। ਆਪ ਜੀ ਬੜੇ ਸਪੱਸ਼ਟ ਤੇ ਭੋਲੇ ਭਾਅ ਵਾਲੇ ਸਨ।

ਆਪ ਜੀ ਹਰ ਰੋਜ਼ ਅੰਮ੍ਰਿਤ ਵੇਲੇ ਇਕ ਜਾਂ ਦੋ ਵਜੇ ਉੱਠਦੇ, ਕੇਸੀ ਇਸ਼ਨਾਨ ਠੰਢੇ ਪਾਣੀ ਨਾਲ ਕਰਦੇ ਅਤੇ ਇਸ ਵਿੱਚ ਕਦੇ ਨਾਗਾ ਨਾ ਪਾਉਂਦੇ, ਭਾਵੇਂ 102-103 ਦਰਜੇ ਦਾ ਬੁਖਾਰ ਵੀ ਕਿਉਂ ਨਾ ਹੋਵੇ। ਇਸ ਤੋਂ ਬਾਅਦ ਅੱਠ ਕੁ ਵਜੇ ਤਕ ਨਾਮ-ਬਾਣੀ ਵਿੱਚ ਲੀਨ ਰਹਿੰਦੇ। ਉਪਰੰਤ ਪ੍ਰਸ਼ਾਦ ਪਾਣੀ ਛਕ ਕੇ ਚੁਬਾਰੇ ਚੜ੍ਹ ਜਾਂਦੇ ਅਤੇ ਸਾਰਾ ਦਿਨ ਗੁਰਬਾਣੀ ਦੀਆਂ ਪੋਥੀਆਂ ਪੜ੍ਹਦੇ ਰਹਿੰਦੇ ਜਾਂ ਗੁਰਬਾਣੀ ਗਾਇਨ ਕਰਦੇ ਰਹਿੰਦੇ। ਪਰਵਾਰ ਜਾਂ ਹੋਰ ਸੱਜਣਾਂ ਨਾਲ ਗੱਲਾਂ ਬਾਤਾਂ ਵਿੱਚ ਵਕਤ ਨੂੰ ਗੁਆਉਣਾ ਵਿਅਰਥ ਸਮਝਦੇ ਸਨ। ਗਰਮੀਆਂ ਵਿਚ ਆਪ ਦਿਨ ਵੇਲੇ ਬਾਹਰ ਖੇਤਾਂ ਵਿਚ ਇਕਾਂਤ ਜਗ੍ਹਾ 'ਤੇ ਸਾਰਾ ਦਿਨ ਸਿਮਰਨ ਕਰਦੇ। ਆਪ ਸਾਰੀ ਉਮਰ ਮਾਇਆ ਤੇ ਪ੍ਰੀਵਾਰਕ/ ਦੁਨੀਆਦਾਰੀ ਦੇ ਝਮੇਲਿਆਂ ਤੋਂ ਨਿਰਲੇਪ ਰਹੇ, ਇਥੋਂ ਤੱਕ ਕਿ ਆਪਣੇ ਬੱਚਿਆਂ ਦੀਆਂ ਸ਼ਾਦੀਆਂ ਵਿਚ ਵੀ ਨਹੀਂ ਸ਼ਾਮਿਲ ਹੋਏ।

ਆਪ ਜੀ ਦੇ ਵੱਡੇ ਭਰਾ ਸ. ਨਿਰੰਜਨ ਸਿੰਘ ਬਿਨਾਂ ਕਿਸੇ ਨੂੰ ਦਸੇ ਘਰ ਛੱਡ ਕੇ ਸ੍ਰੀ ਹੇਮਕੁੰਟ ਸਾਹਿਬ ਚਲੇ ਗਏ। ਉਥੋਂ ਜਾ ਕੇ ਹੀ ਚਿੱਠੀ ਲਿੱਖੀ। ਫਿਰ ਉਸ ਨੇ ਸੰਤ ਨਿਕੇ ਸਿੰਘ ਨਿਰਮਲੇ ਦੀ ਸੰਗਤ ਵਿਚ 20 ਸਾਲ ਭਗਤੀ ਕੀਤੀ। ਬਾਅਦ ਵਿਚ ਉਸ ਦਾ ਸਬੰਧ ਭਾਈ ਸਾਹਿਬ ਜੀ ਨਾਲ ਹੋ ਗਿਆ ਤੇ ਆਪ ਵੀ ਉਸ ਨਾਲ ਨਾਰੰਗਵਾਲ ਭਾਈ ਸਾਹਿਬ ਜੀ ਕੋਲ ਜਾਣ ਲੱਗ ਪਏ ਤੇ ਉਨ੍ਹਾਂ ਦੇ ਹੀ ਹੋ ਗਏ। ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਨਾਲ ਆਪ ਦਾ ਅਟੁੱਟ ਸਨੇਹ ਸੀ, ਭਾਈ ਸਾਹਿਬ ਜੀ ਦਾ ਵੀ ਆਪ ਨਾਲ ਨਿੱਘਾ ਪਿਆਰ ਸੀ ਅਤੇ ਜਦੋਂ ਮਿਲਣਾ, ਭਾਈ ਸਾਹਿਬ ਨੇ ਜੱਫੀ ਵਿੱਚ ਲੈ ਲੈਣਾ। ਇਉਂ ਜਾਪਦਾ ਸੀ ਜਿਵੇਂ ਕਿ ਪੂਰਬ ਜਨਮ ਦੇ ਸੰਜੋਗ ਉਦੇ ਹੋਏ ਸਨ। ਇਹ ਪਿਆਰ ਜੀਵਨ ਦੇ ਅੰਤ ਤਕ



www.AKJ.Org

ਤੋੜ ਨਿਭਿਆ। ਆਖ਼ਰੀ ਸੁਆਸ ਤਕ ਇਹ ਬਿਵਸਥਾ ਰਹੀ ਕਿ ਜੇ ਕੋਈ ਭਾਈ ਸਾਹਿਬ ਜੀ ਦਾ ਨਾਮ ਤੱਕ ਲੈ ਲੈਂਦਾ ਤਾਂ ਆਪ ਦਾ ਰੋਮ-ਰੋਮ ਖਿੜ ਜਾਂਦਾ ਸੀ।

ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਨਿਰਬਾਣ ਕੀਰਤਨੀ ਜੱਥੇ ਤੋਂ ਹੀ ਅੰਮ੍ਰਿਤ ਛਕ ਕੇ ਆਪ ਨੂੰ ਨਾਮ ਬਾਣੀ ਤੇ ਕੀਰਤਨ ਦੀ ਐਸੀ ਲਗਨ ਲਗੀ ਕਿ ਸਾਰੇ ਵੱਡੇ ਸਮਾਗਮਾਂ ਵਿੱਚ ਸਭ ਥਾਈਂ ਦੂਰ ਨੇੜੇ ਪਹੁੰਚਣਾ ਅਤੇ ਪੰਜਾਹ-ਪੰਜਾਹ ਮੀਲਾਂ ਤਕ ਰੈਣ ਸਬਾਈ ਕੀਰਤਨਾਂ ਵਿੱਚ ਹਾਜ਼ਰੀ ਭਰਨੀ। ਸਾਰੀ ਸਾਰੀ ਰਾਤ ਪੂਰੀ ਸਾਵਧਾਨਤਾ ਨਾਲ ਕੀਰਤਨ ਵਿੱਚ ਅਟੰਕ ਇਕ-ਰੱਸ ਜੁੜੇ ਬਹਿਣਾ, ਰਤਾ ਜਿੰਨੀ ਵੀ ਅੱਖ ਨਹੀਂ ਲਾਣੀ।

ਜਵਾਨੀ ਵੇਲੇ ਆਪ ਬੜੇ ਅੜਬ ਤੇ ਗੁਸੈਲ ਰਹੇ ਹਨ। ਆਪਣੇ ਅਫਸਰਾਂ ਨੂੰ ਵੀ ਖੂੰਡੀ ਚੁੱਕ ਕੇ ਮਾਰਨ ਪੈ ਜਾਂਦੇ ਸਨ। ਪਰਵਾਰ ਦੇ ਵੱਡੇ ਤੋਂ ਵੱਡੇ ਜੀਅ ਵੀ ਆਪ ਕੋਲ ਜਾਣੋਂ ਝਿਜਕਦੇ ਸਨ। ਪਰ ਨਾਮ ਬਾਣੀ ਦੀ ਕਮਾਈ ਦੇ ਤੁਫੈਲ ਬਾਅਦ ਵਿੱਚ ਐਸੇ ਕੋਮਲ ਤੇ ਨਰਮ-ਦਿਲ ਹੋਏ ਕਿ ਵੀਹ ਸਾਲ ਪਹਿਲੋਂ ਵੀ, ਜੇ ਕਿਸੇ ਨੂੰ ਕੌੜਾ ਬੋਲ ਬੋਲਿਆ ਯਾਦ ਆ ਗਿਆ ਤਾਂ ਉਸ ਪਾਸੋਂ ਮਾਫ਼ੀ ਮੰਗਣ ਚਲੇ ਜਾਂਦੇ ਅਤੇ ਕਹਿੰਦੇ ਕਿ ਮੈਂ ਬੜਾ ਗੁਨਾਹਗਾਰ ਹਾਂ।

ਗੁਰਬਾਣੀ ਦੀ ਅਮੁਲੀ ਦਾਤਿ ਆਪ ਜੀ ਨੂੰ ਜਵਾਨੀ ਵੇਲੇ ਹੀ ਗੁਰਮੁਖ ਪਿਆਰੇ ਸੰਤ ਅਤਰ ਸਿੰਘ ਜੀ ਤੋਂ ਮਿਲੀ ਸੀ। ਆਪ ਭਰ ਜਵਾਨੀ ਵਿੱਚ ਹੀ ਸਨ ਕਿ ਇਕੇਰਾਂ ਸੰਤ ਜੀ ਮਹਾਰਾਜ ਇਕ ਦੀਵਾਨ ਵਿਖੇ ਕੀਰਤਨ ਕਰ ਰਹੇ ਸਨ। ਇਨ੍ਹਾਂ ਦੇ ਮਨ ਆਈ ਕਿ ਮਹਾਂ ਪੁਰਸ਼ਾਂ ਨਾਲ ਸਨਮੁਖ ਗੱਲਬਾਤ ਕੀਤੀ ਜਾਏ, ਪਰ ਸੋਚਿਆ ਕਿ ਇੰਨੀ ਸੰਗਤ ਵਿੱਚ ਇਹ ਕਿਵੇਂ ਮੁਮਕਿਨ ਹੋ ਸਕਦਾ ਹੈ ? ਐਸਾ ਕੌਤਕ ਵਰਤਿਆ ਕਿ ਸੰਤਾਂ ਨੇ ਕੀਰਤਨ ਵਿੱਚ ਹੀ ਆਪ ਵਲ ਇਸ਼ਾਰਾ ਕਰ ਕੇ ਪੁੱਛਿਆ "ਬਾਣੀ ਪੜਦਾ ਹੁੰਦਾ ਹੈ?" ਸੋਚਿਆ ਕਿ ਸੰਤ ਤਾਂ ਮੈਨੂੰ ਜਾਣਦੇ ਹੀ ਨਹੀਂ, ਇਹ ਇਸ਼ਾਰਾ ਕਿਸੇ ਹੋਰ ਵਲ ਹੋਣੈ। ਚੁਪ ਵੇਖ ਕੇ ਸੰਤ ਜੀ ਨੇ ਮੁੜ ਕਿਹਾ, "ਲਾਲ ਪੱਗ ਵਾਲਿਆਂ ! ਬਾਣੀ ਪੜ੍ਹਦਾ ਹੁੰਨੈ?" ਪਰਤੱਖ ਇਸ਼ਾਰਾ ਵੇਖ-ਸੁਣ ਕੇ ਉੱਠ ਖਲੋਤੇ ਅਤੇ ਬੇਨਤੀ ਕੀਤੀ, "ਮਹਾਰਾਜ, ਬਾਣੀ ਯਾਦ ਨਹੀਂ ਹੁੰਦੀ।" ਸੰਤਾਂ ਨੇ ਬਚਨ ਕੀਤਾ, "ਸੁਖਮਨੀ ਸਾਹਿਬ ਦਾ ਪਾਠ ਕੀਤਾ ਕਰ, ਬਾਣੀ ਬਹੁਤ ਯਾਦ ਹੋਵੇਗੀ।" ਬਸ ਫਿਰ ਕੀ ਸੀ, ਬਖਸ਼ਸ਼ ਦਾ ਮੀਂਹ ਵਰ੍ਹ ਗਿਆ। ਇੰਨੀ ਬਾਣੀ ਕੰਠ ਹੋ ਗਈ ਕਿ ਨਿਤਨੇਮ ਦੇ ਨਾਲ-ਨਾਲ ਨਿਤਾਪ੍ਰਤਿ ਸੁਖਮਨੀ ਸਾਹਿਬ, ਦੋਵੇਂ ਬਾਰਹਮਾਹ, ਬਾਵਨ ਅਖਰੀ, ਅਕਾਲ ਉਸਤਤਿ ਆਦਿ ਅਨੇਕਾਂ ਬਾਣੀਆਂ ਦਾ ਕੰਠਾਗਰ ਪਾਠ ਕਰਦੇ ਸਨ। ਆਪ ਜੀ ਸਰਬ ਲੋਹ ਬਿਬੇਕ ਰਹਿਤ ਦੇ ਪੱਕੇ ਧਾਰਨੀ ਸਨ। ਭਾਈ ਕਰਨੈਲ ਸਿੰਘ ਜੀ ਖਰੜ ਅਤੇ ਭਾਈ ਹਜ਼ੂਰਾ ਸਿੰਘ ਜੀ ਦੇ ਆਪ ਦੇ ਬਹੁਤ ਨਿਕਟਵਰਤੀ ਸੱਜਣ ਸਨ ਅਤੇ 6-6 ਮਹੀਨੇ ਆਪ ਕੋਲ ਰਹਿ ਕੇ ਸਹਿਜ ਪਾਠ/ਅਖੰਡ ਪਾਠ ਕਰਕੇ ਨਾਮ ਬਾਣੀ ਦਾ ਲਾਹਾ ਲੈਂਦੇ ਸਨ। ਉਹ ਗੁਰਸਿੱਖਾਂ ਨੂੰ ਆਪਣੇ ਪਿੰਡ ਬੁਲਾ ਕੇ ਰੈਣ ਸਬਾਈ ਕੀਰਤਨ ਦੀ ਛਹਿਬਰ ਵੀ ਲੁਆਉਂਦੇ ਰਹਿੰਦੇ ਸਨ, ਜਿਸ ਵਿਚ ਲੁਧਿਆਣੇ ਤੋਂ ਡਾ. ਦਰਸ਼ਨ ਸਿੰਘ, ਡਾ. ਹਰਦਿਆਲ ਸਿੰਘ ਤੇ ਭਾਈ ਜੀਵਨ ਸਿੰਘ ਜੀ ਉਚੇਚੇ ਤੌਰ 'ਤੇ ਸੰਗਤਾਂ ਸਮੇਤ ਹਾਜ਼ਰੀ ਭਰਦੇ ਹੁੰਦੇ ਸਨ। ਆਪ ਜੀ ਆਪਣੇ ਸਪੁੱਤਰ ਸ. ਮਨਮੋਹਨ ਸਿੰਘ ਜੋ ਵਕੀਲ ਦਾ ਧੰਧਾ ਕਰਦੇ ਸਨ, ਨੂੰ ਕਿਹਾ ਕਰਦੇ ਸੀ ਕੇ ਮੇਰੇ ਚੜ੍ਹਾਈ ਕਰ ਜਾਣ ਤੇ ਸਿੰਘਾਂ ਨੂੰ ਬੁਲਾ ਕੇ ਸਾਰੇ ਕਾਰਜ ਕਰਨੇ ਹਨ। ਪ੍ਰੰਤੂ ਗੁਰੂ ਨੇਤ ਅਨੁਸਾਰ ਆਪ ਜੀ ਦਾ ਲੜਕਾ ਸੰਨ 1988 ਵਿਚ ਭਰ ਜੁਆਨੀ 45 ਸਾਲ ਦੀ ਉਮਰ ਵਿਚ ਹੀ ਚੜ੍ਹਾਈ ਕਰ ਗਿਆ ਅਤੇ ਆਪ ਪ੍ਰੰਤੂ ਆਪ ਇਸ ਬਿਖਮ ਭਾਣੇ ਵੇਲੇ ਡੋਲੇ ਨਹੀਂ। ਗੁਰਬਾਣੀ ਦਾ ਆਸਰਾ ਲਿਆ। ਕਿਸੇ ਨੂੰ ਰੋਣ ਨਹੀਂ ਦਿੱਤਾ। ਭਾਈ ਰਾਮ ਸਿੰਘ ਜੀ ਦੋਰਾਹੇ ਤੋਂ 5 ਸਿੰਘ ਨਾਲ ਲੈ ਕੇ ਆਏ ਅਤੇ ਸਾਰੀ ਰਾਤ ਗੁਰਬਾਣੀ ਦਾ ਪ੍ਰਵਾਹ ਚਲਦਾ ਰਿਹਾ ਅਤੇ ਕੀਰਤਨ ਕਰਦਿਆਂ ਬਾਣੀ ਪੜ੍ਹਦਿਆਂ ਹੀ ਸਸਕਾਰ ਕੀਤਾ। ਬਾਅਦ ਵਿਚ ਲੁਧਿਆਣਾ ਅਤੇ ਹੋਰ ਆਲੇ ਦੁਆਲੇ ਦੀਆਂ ਸੰਗਤਾਂ ਨੇ ਪੁੱਜ ਕੇ ਵਿਛੜੀ ਰੂਹ ਦੀ ਆਤਮਿਕ ਸਹਾਇਤਾ ਵਾਸਤੇ ਰੈਣ ਸਬਾਈ ਕੀਰਤਨ ਕੀਤੇ। ਆਪ ਕਹਿੰਦੇ ਹੁੰਦੇ ਸੀ ਕਿ ਜੋ ਕੰਮ ਮੋਹਨ ਨੇ ਕਰਨੇ ਸਨ, ਉਹ ਹੁਣ ਮੈਂ ਖ਼ੁਦ ਕਰ ਰਿਹਾਂ ਹਾਂ।

ਹਰ ਸਮਾਗਮ ਸਮੇਂ ਯਥਾ ਸ਼ਕਤ ਲੰਗਰ ਆਦਿ ਦੀ ਸੇਵਾ ਲਈ ਪੰਜ ਸੌ ਤੋਂ ਲੈ ਤਿੰਨ ਹਜ਼ਾਰ ਰੁਪਏ ਤਕ ਭੇਟ ਦੇਂਦੇ



www.AKJ.Org

ਸਨ। ਇਉਂ ਲਖਾਂ ਰੁਪਏ ਗੁਰੂ–ਲੇਖੇ ਲਾਉਂਦੇ ਰਹੇ, ਪਰ ਕੀ ਮਜਾਲ ਕਿ ਜੇ ਸੱਜਾ ਹੱਥ ਦਾਨ ਕਰੇ ਤੇ ਖੱਬੇ ਨੂੰ ਵੀ ਪਤਾ ਲਗ ਜਾਏ। ਪਰਵਾਰ ਦੇ ਮੈਂਬਰ ਜੇ ਕਿਤੇ ਪੁੱਛ ਬਹਿਣ ਤਾਂ ਗੱਲ ਟਾਲ ਦੇਣੀ, ਜਾਂ ਝਿੜਕ ਦੇਣਾ। ਇਹ ਦਾਨ ਦਸਵੰਧ ਤੋਂ ਵੱਖਰਾ ਹੁੰਦਾ ਸੀ। ਸਦਾ ਨਿਰਮਾਣ ਵਿਚਰਨਾ ਅਤੇ ਆਪਣਾ ਆਪ ਲੁਕਾਈ ਰਖਣਾ, ਇਹ ਆਪ ਜੀ ਦੀ ਸ਼ਖ਼ਸੀਅਤ ਦਾ ਖ਼ਾਸ ਗੁਣ ਸੀ।

ਇਕੇਰਾਂ ਨੌਕਰੀ ਸਮੇਂ ਬਠਿੰਡੇ ਖ਼ਰੀਦੀ ਹੋਈ ਇਕ ਜਗ੍ਹਾ, ਡੇਢ ਦੋ ਲੱਖ ਨੂੰ ਵਿਕ ਗਈ ਤਾਂ ਆਪਣੇ ਨਿਕਟਵਰਤੀ ਸੱਜਣ ਭਾਈ ਕਿਰਪਾਲ ਸਿੰਘ ਜੀ ਮੱਲ ਮਾਜਰਾ ਨੂੰ ਕਹਿਣ ਲਗੇ ਕਿ ਇਹ ਮਾਇਆ ਅੰਤ ਸਮੇਂ ਮੈਂ ਆਪਣੇ ਨਾਲ ਲੈ ਕੇ ਜਾਣੀ ਹੈ। ਉਸ ਸੱਜਣ ਨੇ ਕਿਹਾ ਕਿ ਅੱਗੇ ਤਾਂ ਇਕ ਸੂਈ ਵੀ ਨਾਲ ਨਹੀਂ ਜਾਂਦੀ, ਤੁਸੀਂ ਕਿਵੇਂ ਇਹ ਲੈ ਜਾਓਗੇ? ਥੋੜੇ ਦਿਨਾਂ ਬਾਅਦ ਇਕ ਕੇਂਦਰੀ ਸਮਾਗਮ ਵਿੱਚ ਇਕ ਹਜ਼ਾਰ ਲੰਗਰ ਵਿੱਚ ਭੇਟ ਕੀਤੇ ਅਤੇ ਬਾਕੀ ਰਕਮ ਵੀ ਇਸੇ ਤਰ੍ਹਾਂ ਗੁਰੂ ਲੇਖੇ ਲਾ ਕੇ ਬਚਨ ਕਰਨ ਲਗੇ, 'ਇਉਂ ਨਾਲ ਲੈ ਕੇ ਜਾਵਾਂਗਾ।'

ਆਪ ਜੀ ਬਾਣੀ ਦੇ ਬੜੇ ਖੋਜੀ ਤੇ ਰਸੀਏ ਸਨ ਅਤੇ ਸਿੰਘਾਂ ਨੂੰ ਸ਼ੁਧ ਤੇ ਸਪੱਸ਼ਟ ਪਾਠ ਕਰਨ ਲਈ ਪ੍ਰੇਰਨਾ ਦਿੰਦੇ ਰਹਿੰਦੇ ਸਨ। ਇਕ ਵਾਰੀ ਭਾਈ ਜੀਵਨ ਸਿੰਘ ਜੀ ਕੀਰਤਨ ਕਰ ਹਟੇ ਤਾਂ ਬਾਅਦ ਵਿੱਚ ਉਨ੍ਹਾਂ ਨੂੰ ਕਹਿਣ ਲੱਗੇ ਕਿ ਕਈ ਥਾਈਂ ਤੁਸੀਂ ਬਾਣੀ ਅਸੁਧ ਪੜ੍ਹੀ ਜਾਂਦੇ ਹੋ। ਅਗੋਂ ਨਿਮਰਤਾ ਦੇ ਪੁੰਜ ਭਾਈ ਜੀਵਨ ਸਿੰਘ ਜੀ ਆਖਣ ਲਗੇ, "ਡਾਕਟਰ ਸਾਹਿਬ, ਜਦ ਦਾਸ ਬਾਣੀ ਗ਼ਲਤ ਪੜ੍ਹ ਰਿਹਾ ਹੋਵੇ ਤਾਂ ਤੁਸੀਂ ਮੇਰੇ ਚਪੇੜ ਮਾਰਿਆ ਕਰੋ।" ਡਾਕਟਰ ਸਾਹਿਬ ਨੇ ਉਸੇ ਵੇਲੇ ਉਨ੍ਹਾਂ ਦੇ ਚਰਨ ਫੜ ਕੇ ਮਾਫ਼ੀ ਮੰਗੀ।

ਪਹਿਲਾਂ ਤਾਂ ਕਹਿੰਦੇ ਹੁੰਦੇ ਸਨ ਕਿ ਮੇਰੇ ਚਲਾਣੇ ਸਮੇਂ ਬਹੁਤੇ ਤੋਂ ਬਹੁਤੇ ਸਿੰਘਾਂ ਨੂੰ ਬੁਲਾ ਕੇ ਕੀਰਤਨ ਕਰਵਾਉਣਾ। ਫਿਰ ਅੰਤ ਸਮੇਂ ਤੋਂ ਕੁਝ ਚਿਰ ਪਹਿਲੋਂ ਕਹਿਣ ਲਗ ਪਏ, ਕੋਈ ਗੱਲ ਨਹੀਂ, ਕੋਈ ਆਵੇ ਨਾ ਆਵੇ, ਕੋਈ ਫ਼ਰਕ ਨਹੀਂ ਪੈਣਾ। ਜਿਸ ਤਰ੍ਹਾਂ ਕਿ ਉਨ੍ਹਾਂ ਨੇ ਕੁਝ ਅਨੁਭਵ ਕਰ ਲਿਆ ਹੁੰਦਾ ਹੈ। ਸਬੱਬ ਐਸਾ ਹੋਇਆ ਕਿ ਉਨ੍ਹਾਂ ਦੇ ਭੋਗ ਵੇਲੇ, ਕਈ ਥਾਈਂ ਸਮਾਗਮ ਆਦਿ ਹੋਣ ਕਰਕੇ ਮੁਸ਼ਕਲ ਨਾਲ ਗਿਣਤੀ ਦੇ ਸਿੰਘ ਹੀ ਪੁੱਜ ਸਕੇ। ਇਥੋਂ ਤਕ ਕਿ ਭਾਈ ਕਿਰਪਾਲ ਸਿੰਘ ਜੀ ਮੱਲ ਮਾਜਰਾ, ਜਿਸ ਨੂੰ ਉਹ ਆਪਣਾ ਭਤੀਜਾ ਹੀ ਸਮਝਦੇ ਹੁੰਦੇ ਸਨ, ਉਹ ਵੀ ਕਿਸੇ ਘਰੋਗੀ ਉਲਝਣ ਵਿੱਚ ਫਸੇ ਹੋਣ ਕਰਕੇ ਨਾ ਪੁੱਜ ਸਕਿਆ।

ਰੋਜ਼ਾਨਾ ਲੰਬੀ ਸੈਰ ਤੇ ਨਰੋਈ ਖੁਰਾਕ ਕਰਕੇ ਆਪ ਦੀ ਸਿਹਤ ਠੀਕ ਰਹੀ। ਅਖੀਰ ਅਧਰੰਗ ਦਾ ਅਟੈਕ ਹੋਣ ਕਰਕੇ ਪੌੜੀਆਂ ਤੋਂ ਡਿਗਣ ਕਾਰਨ ਚੂਲਾ ਟੁੱਟ ਗਿਆ ਤੇ ਆਪ ਲੁਧਿਆਣਾ ਹਸਪਤਾਲ ਵਿਚ ਦਾਖਿਲ ਰਹੇ। ਫਿਰ ਆਪ ਨੂੰ ਪਿੰਡ ਵਿਚ ਲਿਆਂਦਾ ਗਿਆ ਜਿੱਥੇ 11 ਨਵੰਬਰ 1990 ਨੂੰ ਇਹ ਗੁਰੂ ਕਾ ਲਾਲ ਬਾਣੀ ਪੜ੍ਹਦਿਆਂ, ਨਾਮ ਜਪਦਿਆਂ 91 ਸਾਲਾਂ ਦੀ ਆਯੂ ਬਤੀਤ ਕਰ ਕੇ ਗੁਰਪੁਰੀ ਨੂੰ ਸਿਧਾਰ ਗਿਆ।

## ਭਾਈ ਈਸ਼ਰ ਸਿੰਘ ਜੀ ਕਟਾਹਰੀ ਨੇੜੇ ਰਾੜਾ ਸਾਹਿਬ

ਭਾਈ ਗੁਰਦੀਪ ਸਿੰਘ ਸ੍ਰੀ ਅੰਮ੍ਰਿਤਸਰ

ਅਖੰਡ ਕੀਰਤਨੀ ਜਥੇ ਦੇ ਰਾੜੇ ਵਾਲੇ ਸੰਤ ਕਰਕੇ ਮਸ਼ਹੂਰ ਭਾਈ ਈਸ਼ਰ ਸਿੰਘ ਜੀ ਦਾ ਜਨਮ ਸੰਨ 1925 ਵਿਚ ਰਾੜੇ ਲਾਗੇ ਪਿੰਡ ਕਟਾਹਰੀ, ਜ਼ਿਲ੍ਹਾ ਲੁਧਿਆਣਾ ਦੇ ਸ. ਬਿਸ਼ਨ ਸਿੰਘ ਅਤੇ ਮਾਤਾ ਬਸੰਤ ਕੌਰ ਦੇ ਘਰ ਹੋਇਆ। ਪਿਤਾ ਜੀ ਇਕ ਅੰਮ੍ਰਿਤਧਾਰੀ ਗੁਰਸਿਖ ਸਨ, ਪਰ ਸਨ ਕੋਰੇ ਅਨਪੜ੍ਹ। ਉਹ ਅਕਾਲੀ ਦਲ ਦੇ ਸਰਕਲ ਜਥੇਦਾਰ ਅਤੇ ਇਲਾਕੇ ਦੇ ਪ੍ਰਮੁੱਖ ਨੇਤਾ ਸਨ। ਉਹ ਪੰਥਕ ਮੋਰਚਿਆਂ ਵਿਚ ਹਮੇਸ਼ਾ ਵੱਧ-ਚੜ੍ਹ ਕੇ ਭਾਗ ਲੈਂਦੇ ਰਹੇ। ਇਸ ਤਰ੍ਹਾਂ ਆਪ ਜੀ ਨੂੰ ਵੀ


www.AKJ.Org

ਗੁਰਸਿਖੀ ਦੀ ਲਾਗ ਬਚਪਨ ਤੋਂ ਹੀ ਮਾਤਾ-ਪਿਤਾ ਤੋਂ ਲੱਗ ਗਈ ਸੀ। ਆਪ ਨੇ ਸੰਸਾਰਕ ਵਿਦਿਆ ਕੇਵਲ ਪੰਜਵੀਂ ਜਮਾਤ ਤਾਈਂ ਪਿੰਡ ਦੇ ਸਕੂਲ ਤੋਂ ਹੀ ਲਈ। ਅਗੋਂ ਉਚੇਰੀ ਵਿਦਿਆ ਦਾ ਸਾਧਨ ਨੇੜੇ-ਤੇੜੇ ਨਾ ਹੋਣ ਕਾਰਨ ਪਿਤਾ ਜੀ ਨਾਲ ਖੇਤੀਬਾੜੀ ਦੇ ਕੰਮ ਵਿਚ ਹੀ ਹੱਥ ਵਟਾਉਣ ਲੱਗ ਪਏ। ਫਿਰ ਆਪ ਸੰਨ 1943 ਵਿਚ ਦੂਸਰੀ ਵਿਸ਼ਵ ਜੰਗ ਵੇਲੇ ਫੌਜ ਵਿਚ ਭਰਤੀ ਹੋ ਗਏ। ਇਸ ਤੋਂ ਪਹਿਲਾਂ ਸੰਨ 1940 ਵਿਚ ਉਸ ਵੇਲੇ ਦੇ ਬਾਲ-ਵਿਆਹ ਰਿਵਾਜ ਮੁਤਾਬਕ ਆਪ ਜੀ ਦਾ ਅਨੰਦ ਕਾਰਜ ਬੀਬੀ ਗੁਰਨਾਮ ਕੌਰ ਵਾਸੀ ਪਿੰਡ ਪਹੀੜ, ਜ਼ਿਲ੍ਹਾ ਲੁਧਿਆਣਾ ਨਾਲ ਹੋ ਚੁੱਕਾ ਸੀ। ਬੀਬੀ ਵੀ ਆਮ ਪੇਂਡੂ ਸਧਾਰਣ ਜਿਮੀਂਦਾਰ ਸਿੱਖ ਘਰਾਣੇ ਵਿਚੋਂ ਸਨ ਤੇ ਉਨ੍ਹਾਂ ਨੇ ਅੰਮ੍ਰਿਤ, ਆਪ ਜੀ ਨਾਲ ਵਿਆਹ ਤੋਂ ਬਾਅਦ ਹੀ ਛਕਿਆ ਸੀ।

ਫੌਜ ਦੀ ਨੋਕਰੀ ਵੇਲੇ ਆਪ ਜੀ ਦਾ ਮੇਲ ਪਿੰਡ ਮੁਕੱਰਮਪੁਰ ਜ਼ਿਲ੍ਹਾ ਰੋਪੜ ਦੇ ਇਕ ਫੌਜੀ ਸਿੰਘ ਨਾਲ ਹੋਇਆ ਜੋ ਕਿ ਭਾਈ ਸਾਹਿਬ ਜੀ ਦੇ ਜਥੇ ਨਾਲ ਸਬੰਧਤ ਸੀ। ਉਸ ਰਾਹੀਂ ਆਪ ਜੀ ਨੂੰ ਭਾਈ ਸਾਹਿਬ ਜੀ ਬਾਰੇ ਜਾਣਕਾਰੀ ਮਿਲੀ ਜੋ ਕਿ ਉਨ੍ਹਾਂ ਦੇ ਇਲਾਕੇ ਵਿਚ ਹੀ ਰਹਿੰਦੇ ਸਨ। ਅੰਗਰੇਜ਼ਾਂ ਦੇ ਸਮੇਂ ਫੌਜ ਵਿਚ ਭਰਤੀ ਹੋਣ ਤੋਂ ਬਾਅਦ ਸਿੱਖ ਫੌਜੀਆਂ ਨੂੰ ਲਾਜ਼ਮੀ ਤੌਰ ’ਤੇ ਅੰਮ੍ਰਿਤ ਛਕਾਇਆ ਜਾਂਦਾ ਸੀ ਅਤੇ ਬਚਪਨ ’ਚ ਹੀ ਗੁਰਸਿਖੀ ਦੀ ਗੁੜ੍ਹਤੀ ਮਿਲੀ ਹੋਣ ਕਾਰਨ ਆਪ ਨੇ ਉਥੇ ਅੰਮ੍ਰਿਤ ਛੱਕ ਲਿਆ। ਅਜੇ ਨੌਕਰੀ ਥੋੜ੍ਹਾ ਚਿਰ ਹੀ ਕੀਤੀ ਸੀ ਕਿ ਆਪ ਦਾ ਵੱਡਾ ਭਰਾ ਕਿਸੇ ਨੌਕਰੀ ਲਈ ਸਿੰਘਾਪੁਰ ਚਲਾ ਗਿਆ ਤੇ ਛੋਟਾ ਭਰਾ ਕਿਸੇ ਬੀਮਾਰੀ ਨਾਲ ਚੜਾਈ ਕਰ ਗਿਆ। ਪਿਛੇ ਘਰ ਵਿਚ ਆਪ ਇਕੱਲੇ ਹੀ ਰਹਿ ਗਏ ਜੋ ਕਿ ਖੇਤੀਬਾੜੀ ਦਾ ਕੰਮ ਸੰਭਾਲ ਸਕਦੇ ਸੀ। ਇਸ ਤੋਂ ਪਹਿਲਾਂ ਫੌਜ ਵਿਚ ਨੌਕਰੀ ਕਰਦਿਆਂ ਇਕ ਐਸੀ ਘਟਨਾ ਵਾਪਰੀ ਜਿਸ ਨਾਲ ਆਪ ਨੇ ਨੌਕਰੀ ਛੱਡ ਦਿੱਤੀ। ਇਕ ਵਾਰ ਇਹ ਕਿਸੇ ਫੌਜੀ ਕੈਦੀ ਨੂੰ ਟਰੱਕ ਵਿਚ ਲੈ ਕੇ ਜਾ ਰਹੇ ਸਨ ਤੇ ਉਹ ਕੈਦੀ ਭਗੋੜਾ ਹੋ ਗਿਆ। ਇਹ ਉਸ ਫੌਜੀ ਟੁਕੜੀ ਦੇ ਇੰਚਾਰਜ ਸਨ ਤੇ ਇਨ੍ਹਾਂ ਸਾਰਾ ਜ਼ਿਮਾਂ ਆਪਣੇ ਉੱਪਰ ਲੈ ਲਿਆ ਤਾਂ ਕਿ ਬਾਕੀ ਕਿਸੇ ਦਾ ਨੁਕਸਾਨ ਨਾ ਹੋਵੇ। ਕੋਰਟ ਮਾਰਸ਼ਲ ਹੋਣ ’ਤੇ ਸਜ਼ਾ ਹੋਣ ਤੋਂ ਬਾਅਦ ਆਪ ਫੌਜ ਦੀ ਨੌਕਰੀ ਤੋਂ ਘਰ ਵਾਪਸ ਆ ਗਏ।

ਫੌਜ ਵਿਚ ਲੌਕਰੀ ਕਰਦਿਆਂ ਆਪ ਜੀ ਨੂੰ ਭਾਈ ਸਾਹਿਬ ਬਾਰੇ ਜਾਣਕਾਰੀ ਤਾਂ ਮਿਲ ਚੁੱਕੀ ਸੀ ਤੇ ਆਪ ਦੇ ਅੰਦਰ ਦਰਸ਼ਨ ਕਰਨ ਦੀ ਬਿਹਬਲਤਾ ਵੀ ਪੈਦਾ ਹੋ ਚੁੱਕੀ ਸੀ। ਸੋ ਆਪ ਨਾਰੰਗਵਾਲ ਜਾ ਕੇ ਭਾਈ ਸਾਹਿਬ ਜੀ ਦੇ ਦਰਸ਼ਨ ਕਰਕੇ ਨਿਹਾਲ ਹੋ ਗਏ ਤੇ ਉਨ੍ਹਾਂ ਦੇ ਪਿਆਰ ਸਦਕਾ ਸਤਿਸੰਗਤ ਸਮਾਗਮਾਂ ਦੇ ਲਾਹੇ ਲੈਣੇ ਸ਼ੁਰੂ ਕਰ ਦਿੱਤੇ। ਛੇਤੀ ਹੀ ਪਰਿਵਾਰ ਸਮੇਤ ਅੰਮ੍ਰਿਤ ਛੱਕ ਕੇ ਰਹਿਤ-ਬਹਿਤ ਦੇ ਪੱਕੇ ਧਾਰਨੀ ਬਣ ਗਏ। ਆਪ ਜ਼ਿਆਦਾ ਸਮਾਂ ਨਾਰੰਗਵਾਲ ਹੀ ਬਿਤਾਉਂਦੇ ਸਨ। ਇਥੇ ਹੀ ਉਨ੍ਹਾਂ ਨੇ ਪਾਠ ਦੀ ਸੰਥਿਆ ਲੈ ਲਈ ਤੇ ਅਖੰਡ ਪਾਠ ਦੀ ਸੇਵਾ ਵੀ ਕਰਨ ਲੱਗ ਪਏ। ਲੋੜ ਪੈਣ ’ਤੇ ਅੰਮ੍ਰਿਤ ਸੰਚਾਰ ਸਮਾਗਮਾਂ ਵਿਚ ਪੰਚਾ ਦੀ ਸੇਵਾ ਵਿਚ ਵੀ ਸ਼ਾਮਿਲ ਹੁੰਦੇ ਰਹੇ। ਆਪ ਜੀ ਦਾ ਸਾਧੂ ਸੁਭਾਅ ਅਤੇ ਬਿਰੱਕਤ ਬਿਰਤੀ ਦੇਖ ਕੇ ਭਾਈ ਸਾਹਿਬ ਜੀ ਕਿਹਾ ਕਰਦੇ ਸਨ ਕਿ ਇਹ ਸਾਡਾ ਰਾੜੇ ਵਾਲਾ ਸੰਤ ਈਸ਼ਰ ਸਿੰਘ ਹੈ। ਆਪ ਬਿਲਾਸਪੁਰ ਦੇ ਇਤਿਹਾਸਕ ਗੁਰਦੁਆਰੇ ਵਿਚ ਵੀ ਸੇਵਾ, ਸਿਮਰਨ ਕਰਨ ਜਾਇਆ ਕਰਦੇ ਸਨ। ਉਥੇ ਹੀ ਉਨ੍ਹਾਂ ਨੂੰ ਬਾਬਾ ਮਿੱਤ ਸਿੰਘ ਜੀ ਜੋ ਬਾਬਾ ਅਤਰ ਸਿੰਘ ਜੀ ਦੇ ਸੰਗੀ ਸਾਥੀ ਸਨ, ਦੀ ਸੰਗਤ ਵੀ ਪ੍ਰਾਪਤ ਹੁੰਦੀ ਰਹੀ। ਆਪ ਜੀ ਨੇ ਰੋਜ਼ਾਨਾ ਅੰਮ੍ਰਿਤ ਵੇਲੇ ਉੱਠ ਕੇ ਪਹਿਲਾਂ ਤਿੰਨ ਘੰਟੇ ਨਾਮ-ਅਭਿਆਸ ਕਰਨਾ ਫਿਰ ਨਿਤਨੇਮ ਤੇ ਹੋਰ ਬਾਣੀਆਂ ਪੜ੍ਹਨੀਆਂ। ਫਿਰ ਗੁਰਦੁਆਰੇ ਜਾ ਕੇ ਗੁਰੂ ਸਾਹਿਬ ਜੀ ਦੇ ਦਰਸ਼ਨ ਕਰਕੇ ਪ੍ਰਸ਼ਾਦਾ ਛੱਕ ਕੇ ਬਾਹਰ ਖੇਤਾਂ ਵਿਚ ਇਕਾਂਤ ਥਾਂ ’ਤੇ ਜਾ ਕੇ ਸਾਰਾ ਦਿਨ ਸਿਮਰਨ ਕਰਨਾ। ਇਨ੍ਹਾਂ ਦੇ ਨੇੜੇ ਹੀ ਡਾਕਟਰ ਕੌਰ ਸਿੰਘ ਜੀ ਘਨਗੱਸ ਵਾਲੇ ਰਹਿੰਦੇ ਸਨ ਤੇ ਉਨ੍ਹਾਂ ਨਾਲ ਮਿਲ ਕੇ ਨਾਮ ਅਭਿਆਸ ਦੀਆਂ ਅਤੁੱਟ ਕਮਾਈਆਂ ਕਰਦੇ ਰਹੇ।

ਪੰਥਕ ਕੁਰਬਾਨੀ ਦਾ ਜਜ਼ਬਾ ਤਾਂ ਆਪ ਨੂੰ ਆਪਣੇ ਪਿਤਾ ਵਲੋਂ ਜਨਮ ਤੋਂ ਹੀ ਮਿਲਿਆ ਹੋਇਆ ਸੀ। ਆਪ



www.AKJ.Org

ਪੰਜਾਬੀ ਸੂਬੇ ਦੀ ਪ੍ਰਾਪਤੀ ਲਈ ਲੱਗੇ ਮੋਰਚਿਆਂ ਵਿਚ ਗ੍ਰਿਫਤਾਰੀ ਦਿੰਦੇ ਰਹੇ ਤੇ ਲੰਬਾ ਸਮਾਂ ਕੈਦ ਵੀ ਕਟਦੇ ਰਹੇ। ਇਸ ਤੋਂ ਇਲਾਵਾ ਲੋੜਵੰਦ ਗਰੀਬ ਗੁਰਬਿਆਂ ਦੀ ਵੀ ਖੁਲ੍ਹ ਕੇ ਸਹਾਇਤਾ ਕਰਦੇ ਰਹੇ ਹਨ।

ਇਨ੍ਹਾਂ ਦੇ ਪਿਤਾ ਜੀ ਨੇ ਪਿੰਡ ਵਾਲੀ ਜ਼ਮੀਨ ਵੇਚ ਕੇ ਯੂ.ਪੀ. ਪ੍ਰਾਂਤ ਦੇ ਬਾਂਦਾ ਜ਼ਿਲ੍ਹਾ ਸ਼ਾਹਜਹਾਨਪੁਰ ਵਿਚ ਖੇਤੀ ਫਾਰਮ ਬਣਾ ਲਿਆ ਸੀ। ਉਨ੍ਹਾਂ ਦੇ ਚੜ੍ਹਾਈ ਕਰਨ ਤੋਂ ਬਾਅਦ ਆਪ ਪਰਿਵਾਰ ਸਮੇਤ ਖੇਤੀਬਾੜੀ ਦਾ ਕੰਮ ਸੰਭਾਲਣ ਲਈ ਉਥੇ ਚਲੇ ਗਏ। ਉਥੇ ਖੇਤੀਬਾੜੀ ਦਾ ਕੰਮ ਆਪ ਦੇ ਬੱਚੇ ਹੀ ਸੰਭਾਲਦੇ ਸੀ ਤੇ ਆਪ ਨਾਮ ਬਾਣੀ ਦੇ ਲਾਹਿਆਂ ਦੇ ਨਾਲ-ਨਾਲ ਇਲਾਕੇ ਦੇ ਸਿੱਖ ਪਰਿਵਾਰਾਂ ਵਿਚ ਗੁਰਮਤਿ ਦਾ ਪ੍ਰਚਾਰ ਕਰਕੇ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਦੇ ਰਹੇ। ਇਕ ਵਾਰ ਆਪ ਜੀ ਨੂੰ ਪੀਲੀਆ ਹੋ ਗਿਆ ਜੋ ਬਾਅਦ ਵਿਚ ਜ਼ਿਆਦਾ ਵਿਗੜ ਗਿਆ। ਬ੍ਰੇਲੀ ਤੋਂ ਇਕ ਗੁਰਸਿਖ ਡਾਕਟਰ ਨੇ ਬੜਾ ਇਲਾਜ ਕੀਤਾ ਪਰ ਕੋਈ ਫ਼ਰਕ ਨਾ ਪਿਆ ਅਤੇ ਹਾਲਤ ਵਿਗੜਦੀ ਗਈ। ਫਿਰ ਆਪ ਜੀ ਦੇ ਪਰਿਵਾਰ ਨੇ ਗੁਰਬਾਣੀ ਦੀ ਓਟ ਤੱਕੀ ਤੇ ਆਪ ਦੇ ਲੜਕੇ ਭਾਈ ਹਰਬੰਸ ਸਿੰਘ ਜੀ ਨੇ ਸਹਿਜ ਪਾਠ ਆਰੰਭ ਕਰ ਲਿਆ ਜਿਸ ਨੂੰ ਆਪ ਸਾਰਾ ਸਮਾਂ ਸ੍ਰਵਣ ਕਰਦੇ ਰਹੇ। ਪਾਠ ਦੇ ਭੋਗ ਤੋਂ ਬਾਅਦ ਆਪ ਨੌਂ-ਬਰ-ਨੌਂ ਹੋ ਗਏ। ਇਸੇ ਤਰ੍ਹਾਂ ਇਨ੍ਹਾਂ ਨੂੰ ਆਪਣੇ ਪਿੰਡ ਕਟਾਹਰੀ ਰਹਿੰਦਿਆਂ ਟੈਟਨਸ ਹੋ ਗਈ ਜੋ ਕਿ ਸਾਰੇ ਸਰੀਰ ਵਿਚ ਫੈਲ ਗਈ। ਇਨ੍ਹਾਂ ਦੇ ਨੇੜੇ ਵੀਲਮ ਪਿੰਡ ਦਾ ਫੌਜੀ ਡਾਕਟਰ ਸੀ ਜੋ 28 ਦਿਨ ਲਗਾਤਾਰ ਠੀਕਾ ਲਗਾਉਂਦਾ ਰਿਹਾ ਤੇ ਉਸ ਤੋਂ ਬਾਅਦ ਉਸਨੇ ਜਵਾਬ ਦੇ ਦਿਤਾ ਕਿ ਬੱਚਣ ਦੀ ਕੋਈ ਆਸ ਨਹੀਂ ਅਤੇ ਜ਼ਹਿਰ ਦਾ ਟੀਕਾ ਲਗਾਉਣ ਦੀ ਸਲਾਹ ਦਿੱਤੀ। ਇਨ੍ਹਾਂ ਦੀ ਮਾਤਾ ਬਸੰਤ ਕੌਰ ਜੋ ਕਿ ਗੁਰਮੁਖ ਰੂਹ ਸੀ, ਗੁਰੂ ਘਰ ਦੀ ਪੱਕੀ ਪ੍ਰੇਮਣ ਸੀ ਉਸ ਨੇ ਗੁਰੂ ਸਾਹਿਬ 'ਤੇ ਭਰੋਸਾ ਰੱਖ ਕੇ ਉਸ ਡਾਕਟਰ ਨੂੰ ਦ੍ਰਿੜ ਵਿਸ਼ਵਾਸ ਨਾਲ ਕਿਹਾ ਕਿ ਇਲਾਜ ਬੰਦ ਕਰ ਦਿਉ। ਉਸ ਨੇ ਦੇਗ ਸਜਾ ਕੇ ਗੁਰਦੁਆਰੇ ਜਾ ਕੇ ਗੁਰੂ ਸਾਹਿਬ ਜੀ ਦੇ ਚਰਨਾਂ ਵਿਚ ਅਰਦਾਸ ਜੋਦੜੀ ਕੀਤੀ। ਗੁਰੂ ਸਾਹਿਬ ਜੀ ਦੀ ਕ੍ਰਿਪਾ ਨਾਲ ਆਪ ਦੇਗ ਛੱਕਣ ਤੋਂ ਬਾਅਦ ਠੀਕ-ਠਾਕ ਹੋ ਗਏ।

ਸੰਨ 1990 ਦੇ ਨੇੜੇ ਤੇੜੇ ਗੁਰੂ ਭਾਣੇ ਵਿਚ ਇਨ੍ਹਾਂ ਦੇ ਖੇਤੀ ਫਾਰਮ ਤੇ ਸਾਰਾ ਕੰਮ ਬੰਦ ਹੋ ਗਿਆ। ਇਹ ਕੁਝ ਸਮਾਂ ਬਰੇਲੀ ਰਹੇ ਤੇ ਉਥੋਂ ਪਰਿਵਾਰਕ ਮੈਂਬਰ ਆਪਣੇ ਇਲਾਕੇ ਦੇ ਸ਼ਹਿਰ ਅਹਿਮਦਗੜ੍ਹ ਵਿਚ ਮਕਾਨ ਬਣਾਉਣ ਬਾਰੇ ਸੋਚ ਰਹੇ ਸਨ ਪਰੰਤੂ ਆਪ ਨੇ ਸ੍ਰੀ ਅਨੰਦਪੁਰ ਸਾਹਿਬ ਮਕਾਨ ਬਣਾਉਣ ਬਾਰੇ ਕਿਹਾ, ਜੋ ਕਿ ਪਰਿਵਾਰਕ ਮੈਂਬਰਾਂ ਨੇ ਮੰਨ ਲਿਆ। ਸ੍ਰੀ ਅਨੰਦਪੁਰ ਸਾਹਿਬ ਆ ਕੇ ਪਹਿਲਾਂ ਇਹ ਕੁਝ ਚਿਰ ਕਿਰਾਏ 'ਤੇ ਰਹੇ ਅਤੇ 2-3 ਸਾਲ ਵਿਚ ਮਕਾਨ ਤਿਆਰ ਹੋਣ 'ਤੇ ਪਿਛਲੀ ਸਾਰੀ ਆਯੂ ਉਥੇ ਹੀ ਬਤੀਤ ਕੀਤੀ। ਦਸਮੇਸ਼ ਪਿਤਾ ਜੀ ਦੀ ਪਵਿਤਰ ਨਗਰੀ ਤੇ ਖਾਲਸੇ ਦੀ ਜਨਮ ਭੂਮੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਮਕਾਨ ਇਸ ਕਰਕੇ ਬਣਾਇਆ ਤਾਂ ਕਿ ਵੱਧ ਤੋਂ ਵੱਧ ਸਮਾਂ ਗੁਰ ਚਰਨਾਂ ਵਿਚ ਰਿਹਾ ਜਾਵੇ ਤੇ ਇੱਥੇ ਹੀ ਸਰੀਰ ਛੱਡਿਆ ਜਾਵੇ।

ਆਪ ਜੀ ਦੇ ਸਪੁੱਤਰ ਭਾਈ ਹਰਬੰਸ ਸਿੰਘ 1992 ਵਿਚ ਕੈਨੇਡਾ ਜਾ ਕੇ ਵੱਸ ਗਏ ਸਨ। ਸੰਨ 2001 ਵਿਚ ਆਪ ਸਰੀਰ ਤੌਰ 'ਤੇ ਢਿੱਲੇ ਹੋ ਗਏ ਅਤੇ ਫੋਨ ਰਾਹੀਂ ਇਨ੍ਹਾਂ ਦੀ ਦੂਸਰੀ ਨੂੰਹ ਨੇ ਸੂਚਿਤ ਕੀਤਾ ਕਿ ਬਾਪੂ ਜੀ ਬੀਮਾਰ ਹੋ ਗਏ ਹਨ ਅਤੇ ਕੋਈ ਇਲਾਜ ਵੀ ਨਹੀਂ ਕਰਾਉਂਦੇ ਅਤੇ ਅੰਤਰ ਸਮਾਂ ਵੀ ਨੇੜੇ-ਤੇੜੇ ਲੱਗਦਾ ਹੈ। ਉਸ ਵੇਲੇ ਭਾਈ ਹਰਬੰਸ ਸਿੰਘ ਜੀ ਨੇ ਤਿੰਨ ਚਾਰ ਸਹਿਜ ਪਾਠ ਆਪ ਜੀ ਨਮਿਤ ਕੀਤੇ ਤੇ ਆਪ ਠੀਕ ਹੋ ਗਏ।

ਆਪ ਜੀ ਦੋ ਸਪੁੱਤਰ ਤੇ ਦੋ ਹੀ ਪੁੱਤਰੀਆਂ ਹਨ ਜੋ ਕਿ ਸਾਰੇ ਹੀ ਗੁਰਸਿਖ ਅੰਮ੍ਰਿਤਧਾਰੀ ਰਹਿਤ-ਬਹਿਤ ਦੇ ਪੱਕੇ ਧਾਰਨੀ ਹਨ ਅਤੇ ਇਨ੍ਹਾਂ ਦੇ ਪਾਏ ਪੂਰਨਿਆਂ 'ਤੇ ਚੱਲ ਕੇ ਗੁਰਮਤਿ ਮਾਰਗ ਦੇ ਪਾਂਧੀ ਬਣ ਕੇ ਸਫਲ ਜੀਵਨ ਬਿਤਾ ਰਹੇ ਹਨ। ਇਹ ਗੁਰਮੁਖ ਰੂਹ ਆਪਣੀ ਆਯੂ ਦੀ ਅੰਤਮ ਇੱਛਾ ਅਨੁਸਾਰ ਮਿਤੀ 25 ਅਗਸਤ 2006 ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੀ ਸਰੀਰਕ ਚੋਲਾ ਛੱਡ ਕੇ ਗੁਰੂ ਚਰਨਾਂ ਵਿਚ ਜਾ ਬਿਰਾਜੀ।

*(ਭਾਈ ਹਰਬੰਸ ਸਿੰਘ ਜੀ ਕੈਨੇਡਾ (ਸਪੁੱਤਰ) ਵਲੋਂ ਦਿੱਤੀ ਜਾਣਕਾਰੀ 'ਤੇ ਅਧਾਰਿਤ)*



www.AKJ.Org

# ਭਾਈ ਸੇਵਾ ਸਿੰਘ ਜੀ ਗੁਰਾਇਆ

ਭਾਈ ਗੁਰਦੀਪ ਸਿੰਘ ਸ੍ਰੀ ਅੰਮ੍ਰਿਤਸਰ

ਨਿਰਬਾਣ ਅਤੇ ਨਿਸ਼ਕਾਮ ਰਹਿ ਕੇ ਸਾਰੀ-ਸਾਰੀ ਰਾਤ ਇਕੱਲਿਆਂ ਹੀ ਕੀਰਤਨ ਕਰਨ ਅਤੇ ਹੱਥੀਂ ਕਿਰਤ ਕਰਨ ਵਾਲੇ ਭਾਈ ਸੇਵਾ ਸਿੰਘ ਜੀ ਦਾ ਜਨਮ ਸੰਨ 1932 ਵਿਚ ਪਾਕਿਸਤਾਨ ਦੀ ਲਾਇਲਪੁਰ ਬਾਰ ਵਿਚ ਪਿਤਾ ਭਾਈ ਗੁਰਦਿਆਲ ਸਿੰਘ ਅਤੇ ਮਾਤਾ ਈਸ਼ਰ ਕੌਰ ਜੀ ਦੇ ਘਰ ਹੋਇਆ। ਆਪ ਜੀ ਦੇ ਪਿਤਾ ਜੀ ਹਰ ਰੋਜ਼ ਪਿੰਡ ਦੇ ਗੁਰਦੁਆਰੇ ਕੀਰਤਨ ਕਰਿਆ ਕਰਦੇ ਸਨ ਅਤੇ ਆਪ ਜੀ ਨੇ ਕੀਰਤਨ ਦੀ ਮੁੱਢਲੀ ਸਿਖਲਾਈ ਪਿਤਾ ਜੀ ਕੋਲੋਂ ਹੀ ਲਈ ਸੀ। ਪਿਤਾ ਜੀ ਪਿੰਡ ਵਿਚ ਜਿਮੀਂਦਾਰਾਂ ਦੇ ਸੰਦ ਠੀਕ ਕਰਨ ਦਾ ਕੰਮ ਕਰਦੇ ਸਨ ਅਤੇ ਗੁਜ਼ਾਰੇ ਮਾਤਰ ਆਮਦਨ ਹੋ ਜਾਂਦੀ ਸੀ। ਉਦੋਂ ਪੈਸਿਆਂ ਨਾਲ ਨਕਦ ਕੰਮ ਨਹੀਂ ਸੀ ਹੁੰਦਾ, ਸਗੋਂ ਜਿਮੀਂਦਾਰ ਫਸਲ ਆਉਣ ਤੇ ਉਸ ਵਿਚੋਂ ਕੁਝ ਹਿੱਸਾ ਸਹਾਇਕ ਕੰਮ ਕਰਨ ਵਾਲਿਆਂ ਨੂੰ ਦਿੰਦੇ ਸੀ ਜਿਸ ਨੂੰ ਸੇਪੀ ਕਿਹਾ ਜਾਂਦਾ ਸੀ। ਆਪ ਜੀ ਦੋ ਭਰਾ ਅਤੇ ਤਿੰਨ ਭੈਣਾ ਸਨ। ਵੱਡੇ ਭਰਾਤਾ ਭਾਈ ਪ੍ਰੀਤਮ ਸਿੰਘ ਜੀ ਲਕੜ ਦੇ ਮਿਸਤਰੀ ਦਾ ਕੰਮ ਸਿੱਖ ਕੇ ਸ਼ਿਮਲੇ ਜਾ ਕੇ ਠੇਕੇਦਾਰੀ ਦਾ ਕੰਮ ਕਰਨ ਲਗ ਪਏ ਤੇ ਉੱਥੇ ਉਨ੍ਹਾਂ ਨੂੰ ਜਥੇ ਦੇ ਪੁਰਾਤਨ ਗੁਰਸਿੱਖ ਪ੍ਰੀਵਾਰਾਂ ਦੀ ਸੰਗਤ ਮਿਲ ਗਈ ਅਤੇ ਉਨ੍ਹਾਂ ਦੀ ਸੰਗਤ ਨਾਲ ਹੀ ਉਹ ਅੰਮ੍ਰਿਤ ਛੱਕ ਕੇ ਤਿਆਰ ਬਰ ਤਿਆਰ ਸਿੰਘ ਸਜ ਗਏ। ਸੰਨ 1945-55 ਦੌਰਾਨ, ਸ਼ਿਮਲੇ ਰਹਿੰਦੇ ਜਥੇ ਦਾ ਪੁਰਾਤਨ ਗੁਰਸਿਖ ਪਰਿਵਾਰਾਂ ਵਿਚੋਂ, ਆਪ ਜੀ ਦੇ ਭਰਾਤਾ ਭਾਈ ਪ੍ਰੀਤਮ ਸਿੰਘ ਜੀ ਠੇਕੇਦਾਰ ਇਕ ਖ਼ਾਸ ਰੂਹ ਸਨ ਅਤੇ ਨਾਮ ਬਾਣੀ ਦੀ ਕਮਾਈ ਕਰਨ ਵਾਲੇ ਅਤੇ ਲੰਗਰ ਦੀ ਸੇਵਾ ਦੇ ਨਾਲ ਨਾਲ ਗਤਕੇ ਦੇ ਵੀ ਤਕੜੇ ਖਿਡਾਰੀ ਸਨ ਜੋ ਉਨ੍ਹਾਂ ਭਾਈ ਦਰਸ਼ਨ ਸਿੰਘ ਜੀ ਵੀਰਾ ਜੀ (ਦਿਲਰੁਬਾ) ਕੋਲੋਂ ਸਿੱਖਿਆ ਸੀ।

ਦੇਸ਼ ਦੀ ਵੰਡ ਤੋਂ ਬਾਅਦ, ਆਪ ਜੀ ਦੇ ਮਾਤਾ ਪਿਤਾ ਅਤੇ ਬਾਕੀ ਪ੍ਰੀਵਾਰਕ ਮੈਂਬਰ ਪਿੰਡ ਤੇਹਿੰਗ ਨੇੜੇ ਫਿਲੌਰ ਜ਼ਿਲ੍ਹਾ ਜਲੰਧਰ ਆ ਵੱਸੇ। ਪ੍ਰਾਇਮਰੀ ਤੱਕ ਮੁੱਢਲੀ ਵਿਦਿਆ ਆਪ ਨੇ ਪਾਕਿਸਤਾਨ ਰਹਿੰਦਿਆਂ ਹੀ ਪਿੰਡ ਦੇ ਸਕੂਲ ਤੋਂ ਲਈ ਸੀ ਅਤੇ ਅੱਠਵੀਂ ਦੇਸ਼ ਦੀ ਵੰਡ ਤੋਂ ਬਾਅਦ ਫਿਲੌਰ ਦੇ ਗੋਰਮਿੰਟ ਹਾਈ ਸਕੂਲ ਤੋਂ ਪਾਸ ਕੀਤੀ। ਸਕੂਲ ਤੋਂ ਆ ਕੇ ਪਿਤਾ ਜੀ ਨਾਲ ਵੀ ਕੰਮ ਵਿਚ ਹੱਥ ਵਟਾਉਣਾ ਪੈਂਦਾ ਸੀ। ਅੱਠਵੀਂ ਤੋਂ ਬਾਅਦ ਆਪ ਨੇ ਪੜ੍ਹਾਈ ਛੱਡ ਦਿੱਤੀ ਤੇ ਪਿਤਾ ਜੀ ਨਾਲ ਹੀ ਕੰਮ ਕਰਨ ਲੱਗ ਪਏ। ਇਸ ਦੌਰਾਨ, ਆਪ ਜੀ ਨੂੰ ਪੰਜਾਬੀ, ਹਿੰਦੀ, ਉਰਦੂ, ਅੰਗਰੇਜ਼ੀ ਅਤੇ ਫਾਰਸੀ ਭਾਸ਼ਾ ਦੀ ਜਾਣਕਾਰੀ ਹੋ ਚੁੱਕੀ ਸੀ।

ਆਪ ਜੀ ਦਾ ਪਹਿਲਾਂ ਅਨੰਦ ਕਾਰਜ ਸੰਨ 1949 ਵਿਚ ਬੀਬੀ ਗੁਰਦੇਵ ਕੌਰ ਜੀ ਸਪੁੱਤਰੀ ਬਿਸ਼ਨ ਸਿੰਘ ਜੀ ਬਿਲਗਾ ਨਿਵਾਸੀ ਨਾਲ ਹੋਇਆ। ਪਰ ਇਹ ਸਿੰਘਣੀ ਆਪਣੀ ਨੰਨੀ ਬੱਚੀ ਜੋ ਅਜੇ 13 ਦਿਨ ਦੀ ਹੀ ਸੀ, ਛੱਡ ਕੇ ਕਿਸੇ ਬੀਮਾਰੀ ਨਾਲ ਅਕਾਲ ਚਲਾਣਾ ਕਰ ਗਈ। ਫਿਰ ਸੰਨ 1952 ਵਿਚ ਇਨ੍ਹਾਂ ਦੀ ਦੁਬਾਰਾ ਸ਼ਾਦੀ ਬੀਬੀ ਪਰਮਿੰਦਰ ਕੌਰ ਜੀ ਸਪੁੱਤਰੀ ਸ. ਚੰਨਣ ਸਿੰਘ ਅਤੇ ਮਾਤਾ ਧੰਨ ਕੌਰ ਜੀ ਪਿੰਡ ਥਲਾ ਤਹਿਸੀਲ ਫਿਲੌਰ ਜ਼ਿਲ੍ਹਾ ਜਲੰਧਰ ਨਾਲ ਹੋਈ। ਇੰਨ੍ਹਾਂ ਦੇ ਘਰ ਤਿੰਨ ਸਪੁੱਤਰਾਂ ਨੇ ਜਨਮ ਲਿਆ ਅਤੇ ਇਕ ਲੜਕੀ ਪਹਿਲੇ ਵਿਆਹ ਦੀ ਸੀ। ਆਪ ਨੇ ਬੱਚੀ ਰਾਜਿੰਦਰ ਕੌਰ ਦਾ ਅਨੰਦ ਕਾਰਜ ਫਗਵਾੜਾ ਨਿਵਾਸੀ ਗੁਰਸਿੱਖ ਪ੍ਰੀਵਾਰ ਡਾ. ਚਰਨ ਸਿੰਘ ਦੇ ਸਪੁੱਤਰ ਡਾ. ਤਰਲੋਚਨ ਸਿੰਘ ਨਾਲ ਕੀਤਾ ਅਤੇ ਅਗੋਂ ਉਨ੍ਹਾਂ ਦੇ ਬੱਚੇ ਗੁਰਸਿੱਖੀ ਦੇ ਮਾਰਗ ਚਲ ਕੇ ਆਪਣਾ ਜੀਵਨ ਸਫਲਾਅ ਰਹੇ ਹਨ। ਇੰਨ੍ਹਾਂ ਦਾ ਇਕ ਭੁਜੰਗੀ ਭਾਈ ਭੁਪਿੰਦਰ ਸਿੰਘ ਜੋ ਕਿ ਕੀਰਤਨੀ ਅਤੇ ਤਬਲੇ ਦਾ ਮਾਹਰ ਵਜੰਤਰੀ ਹੈ ਅਮਰੀਕਾ ਵਿਚ ਪ੍ਰੀਵਾਰ ਸਮੇਤ ਰਹਿ ਰਿਹਾ ਹੈ।

ਪੜ੍ਹਾਈ ਕਰਨ ਤੋਂ ਬਾਅਦ ਸੰਨ 1954 ਵਿਚ ਆਪ ਜੀ ਨੇ ਪਹਿਲਾਂ ਗੁਰਾਇਆ ਕਸਬੇ ਵਿਚ ਖੁੱਲੀਆਂ ਆਟੋ ਵਰਕਸ਼ਾਪਾਂ ਵਿਚ ਖਰਾਦੀਏ ਦਾ ਕੰਮ ਸਿਖਿਆ ਅਤੇ ਫਿਰ ਦੋ ਹੋਰ ਭਾਈਵਾਲ ਪਾ ਕੇ, ਪੁਸ਼ਪ ਇੰਡਸਟਰੀ ਨਾਮ ਤੇ



www.AKJ.Org

ਆਪਣੀ ਹੀ ਵਰਕਸ਼ਾਪ ਸਥਾਪਿਤ ਕਰ ਲਈ। ਆਪ ਜੀ ਸਖ਼ਤ ਮਿਹਨਤ ਕਰਕੇ ਮਾਹਰ ਕਾਰੀਗਰ ਬਣ ਗਏ। ਗੁਰਾਇਆ ਵਿਚ ਬਾਲ ਬੈਰਿੰਗ ਬਣਾਉਣ ਵਾਲੀ ਸਭ ਤੋਂ ਪਹਿਲੀ ਆਪ ਜੀ ਦੀ ਹੀ ਵਰਕਸ਼ਾਪ ਸੀ। ਇਨ੍ਹਾਂ ਤੋਂ ਬਾਅਦ ਹੀ ਫਗਵਾੜਾ ਅਤੇ ਗੁਰਾਇਆ ਵਿਚ ਬਾਲ ਬੈਰਿੰਗ ਬਣਾਉਣ ਵਾਲਿਆਂ ਦੀਆਂ ਅਨੇਕਾਂ ਵਰਕਸ਼ਾਪ ਖੁੱਲ ਗਈਆਂ ਅਤੇ ਇਹ ਇਲਾਕਾ ਇਸ ਇੰਡਸਟਰੀ ਲਈ ਮਸ਼ਹੂਰ ਹੋ ਗਿਆ। ਬਾਅਦ ਵਿਚ ਇਨ੍ਹਾਂ ਦੇ ਦੋਹਾਂ ਭਾਈਵਾਲਾਂ ਵਲੋਂ ਧੋਖਾ ਕਰਨ 'ਤੇ, ਆਪ ਦੀ ਵਰਕਸ਼ਾਪ ਫੇਲ ਹੋ ਗਈ, ਪਰ ਆਪ ਕੰਮ ਘਟਾ ਕੇ ਆਪਣੇ ਨਿਰਬਾਹ ਖਾਤਰ ਛੋਟੀ ਵਰਕਸ਼ਾਪ ਲਾ ਕੇ ਕੰਮ ਕਰਦੇ ਰਹੇ ਅਤੇ ਉਸ ਦੇ ਪਿਛਲੇ ਪਾਸੇ ਹੀ ਰਿਹਾਇਸ਼ ਰੱਖ ਕੇ, ਬਾਕੀ ਆਯੂ ਉੱਥੇ ਹੀ ਬਤੀਤ ਕੀਤੀ।

ਇੰਨ੍ਹਾਂ ਤੇ ਵੱਡੇ ਭਰਾਤਾ ਜੋ ਕਿ ਸ਼ਿਮਲੇ ਰਹਿਣ ਕਰਕੇ ਗੁਰਸਿੱਖਾਂ ਦੀ ਸੰਗਤ ਕਰਕੇ ਤਿਆਰ-ਬਰ-ਤਿਆਰ ਸਿੰਘ ਸਜ ਹੋਏ ਸਨ। ਉਨ੍ਹਾਂ ਦੀ ਸੰਗਤ ਦਾ ਆਪ ਤੇ ਵੀ ਅਸਰ ਪੈਣਾ ਸ਼ੁਰੂ ਹੋ ਗਿਆ। ਇਕ ਵਾਰੀ ਆਪ ਜੀ ਆਪਣੇ ਭਰਾ ਕੋਲ ਸ਼ਿਮਲੇ ਗਏ ਹੋਏ ਸਨ ਤੇ ਉੱਥੇ ਗਰਮੀਆਂ ਵਿਚ ਪੰਚਮ ਪਾਤਸ਼ਾਹ ਦੇ ਸ਼ਹੀਦੀ ਪੁਰਬ ਸਮੇਂ ਸਮਾਗਮ ਚੱਲ ਰਹੇ ਸਨ। ਉੱਥੇ ਭਾਈ ਸਾਹਿਬ ਜੀ ਵੀ ਜਥੇ ਸਮੇਤ ਪਹੁੰਚੇ ਹੋਏ ਸਨ। ਜਦੋਂ ਆਪ ਜੀ ਨੇ ਸਮਾਗਮ ਤੇ ਅਖੰਡ ਕੀਰਤਨ ਦੀਆਂ ਅਨਹਦ ਧੁਨੀਆਂ ਵਾਲਾ ਕੀਰਤਨ ਸੁਣਿਆ ਅਤੇ ਭਾਈ ਸਾਹਿਬ ਜੀ ਸਮੇਤ ਰੰਗਲੇ ਸੱਜਣ ਗੁਰਸਿੱਖਾਂ ਦੇ ਦਰਸ਼ਨ ਦੀਦਾਰੇ ਕੀਤੇ ਤਾਂ ਆਪ ਜੀ ਵੀ ਅੰਮ੍ਰਿਤ ਛੱਕਣ ਲਈ ਤਿਆਰ ਹੋ ਗਏ। ਉੱਥੇ ਹੀ ਹੋਏ ਇਕ ਅੰਮ੍ਰਿਤ ਸੰਚਾਰ ਸਮਾਗਮ ਤੇ ਪੰਜਾਂ ਪਿਆਰਿਆਂ ਕੋਲੋਂ ਅੰਮ੍ਰਿਤ ਛੱਕ ਕੇ ਤਿਆਰ-ਬਰ-ਤਿਆਰ ਸਿੰਘ ਸਜ ਗਏ। ਬਾਅਦ ਵਿਚ ਇੰਨ੍ਹਾਂ ਦੇ ਮਾਤਾ-ਪਿਤਾ ਜੀ ਅਤੇ ਭੈਣਾਂ ਵੀ ਗੁਰੂ ਚਰਨਾਂ ਨਾਲ ਜੁੜ ਗਈਆਂ। ਇੰਨ੍ਹਾਂ ਦੇ ਇਕ ਭਾਣਜੇ ਭਾਈ ਕਰਨੈਲ ਸਿੰਘ ਜੀ ਨੇ ਅੰਮ੍ਰਿਤ ਛੱਕ ਕੇ ਰਹਿਤ ਬਹਿਤ ਦੇ ਧਾਰਨੀ ਹੋ ਕੇ ਗੁਰਸਿੱਖੀ ਜੀਵਨ ਜੀਵਿਆ ਅਤੇ ਬੰਗੇ ਦੇ ਇਲਾਕੇ ਵਿਚ ਜਥੇ ਦੀ ਮੁਖੀ ਸਿੰਘ ਵਜੋਂ ਬੜਾ ਲੰਬਾ ਸਮਾਂ ਸੇਵਾ ਨਿਭਾਹੀ। ਉਨ੍ਹਾਂ ਦੇ ਉਦਮ ਅਤੇ ਪ੍ਰੇਰਨਾ ਨਾਲ ਹੀ ਸੰਨ 1975 ਤੋਂ ਹਰ ਸਾਲ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਪੁਰਬ ਤੇ ਸਾਲਾਨਾ ਸਮਾਗਮ ਬੰਗੇ ਵਿਚ ਅਰੰਭ ਹੋਏ ਜਿਹੜੇ ਉਥੇ ਹੁਣ ਤਾਈਂ ਚਲ ਰਹੇ ਹਨ। ਬੇਅੰਤ ਪ੍ਰਾਣੀ ਇਨ੍ਹਾਂ ਸਮਾਗਮਾਂ ਤੇ ਹੋਏ ਅੰਮ੍ਰਿਤ ਸੰਚਾਰ ਸਮਾਗਮਾਂ ਵਿਚ ਅੰਮ੍ਰਿਤ ਛੱਕ ਕੇ ਗੁਰੂ ਵਾਲੇ ਬਣੇ।

ਆਪ ਜੀ ਦੀ ਦੂਜੀ ਸ਼ਾਦੀ ਤੋਂ ਬਾਅਦ ਇੰਨ੍ਹਾਂ ਦੀ ਸਿੰਘਣੀ ਬੀਬੀ ਪਰਮਿੰਦਰ ਕੌਰ ਜੀ ਨੂੰ ਵੀ ਅੰਮ੍ਰਿਤ ਛੱਕਣ ਦੀ ਪ੍ਰੇਰਨਾ ਕੀਤੀ ਗਈ। ਉਸ ਨੂੰ ਸਿਨੇਮਾ ਦੇਖਣ ਦਾ ਬਹੁਤ ਸ਼ੌਂਕ ਸੀ। ਉਸ ਨੇ ਅੰਮ੍ਰਿਤ ਛੱਕਣ ਤੋਂ ਪਹਿਲਾਂ ਕਿਹਾ ਕਿ ਆਪਾਂ ਪਹਿਲਾਂ ਲੁਧਿਆਣੇ ਜਾ ਕੇ ਸਿਨੇਮਾ ਦੇਖਾਂਗੇ, ਫਿਰ ਅੰਮ੍ਰਿਤ ਛਕਾਂਗੇ। ਸਿਨੇਮਾ ਦੇਖ ਕੇ ਜਦ ਪੰਜਾਂ ਪਿਆਰਿਆਂ ਕੋਲ ਅੰਮ੍ਰਿਤ ਦੀ ਦਾਤ ਲੈਣ ਲਈ ਪੇਸ਼ ਹੋਏ ਤੇ ਪੰਜਾਂ ਪਿਆਰਿਆਂ ਦੇ ਜਥੇਦਾਰ ਬਾਊ ਮਲ ਸਿੰਘ ਜੀ ਨੇ ਇਕ ਦਮ ਹੁਕਮ ਕਰ ਦਿੱਤਾ ਕਿ ਬੀਬੀ ਅੱਜ ਤੋਂ ਬਾਅਦ ਫਿਲਮਾਂ ਨਹੀਂ ਦੇਖਣੀਆਂ, ਕੇਵਲ ਨਾਮ ਬਾਣੀ ਤੇ ਗੁਰਬਾਣੀ ਨਾਲ ਜੁੜਨਾ ਹੈ।

ਆਪ ਜੀ ਨੂੰ ਕੀਰਤਨ ਦੀ ਦਾਤ ਤਾਂ ਪਿਤਾ ਜੀ ਤੋਂ ਬਚਪਨ ਤੋਂ ਹੀ ਮਿਲ ਗਈ ਸੀ। ਆਪ ਜੀ ਨੂੰ ਕੀਰਤਨ ਸਿੱਖਣ ਦਾ ਬਹੁਤ ਸ਼ੌਂਕ ਸੀ। ਗੁਰਾਇਆ ਰਿਹਾਇਸ਼ ਵੇਲੇ ਆਪ ਜੀ ਨੇ ਉਸਤਾਦ ਭਾਈ ਦਰਸ਼ਨ ਸਿੰਘ ਕੋਮਲ ਕੋਲੋਂ ਰਾਗ ਵਿਦਿਆ ਸਿੱਖੀ ਤੇ ਕਿਰਤ ਦੇ ਨਾਲ-ਨਾਲ ਨਿਸ਼ਕਾਮ ਕੀਰਤਨ ਦੀ ਸੇਵਾ ਆਰੰਭ ਕਰ ਦਿੱਤੀ। ਇਸ ਤੋਂ ਬਾਅਦ ਆਪ ਜੀ ਨੇ ਸ਼ਿਮਲਾ, ਨਾਰੰਗਵਾਲ, ਲੁਧਿਆਣਾ ਸਮਾਗਮਾਂ ਤੇ ਹਾਜ਼ਰੀਆਂ ਭਰਨੀਆਂ ਸ਼ੁਰੂ ਕਰ ਦਿੱਤੀਆਂ। ਸਮਾਗਮਾਂ ਤੇ ਜਾਣ ਕਰਕੇ ਆਪ ਜੀ ਦੇ ਬਾਊ ਮਲ ਸਿੰਘ ਜੀ, ਭਾਈ ਬਾਵਾ ਸਿੰਘ ਜੀ, ਸੰਤ ਮੱਘਰ ਸਿੰਘ ਜੀ ਡਾਕਟਰ ਦਰਸ਼ਨ ਸਿੰਘ ਜੀ ਲੁਧਿਆਣਾ ਤੇ ਹੋਰ ਗੁਰਸਿੱਖਾਂ ਨਾਲ ਡੂੰਘੇ ਸੰਬੰਧ ਬਣ ਗਏ। ਬਾਅਦ ਵਿਚ ਭਾਈ ਮਹਿੰਦਰ ਸਿੰਘ ਜੀ S.D.O. ਆਪ ਦੀ ਬੁਲੰਦ ਅਤੇ ਸੁਰੀਲੀ ਆਵਾਜ਼ ਦੇਖ ਕੇ ਜਲੰਧਰ, ਫਗਵਾੜਾ ਇਲਾਕੇ ਵਿਚ ਕੀਰਤਨ ਸਮਾਗਮਾਂ ਵੇਲੇ ਆਪ ਜੀ ਨੂੰ ਦੂਸਰੇ ਵਾਜੇ 'ਤੇ ਨਾਲ ਬਿਠਾਉਂਦੇ ਸਨ।



www.AKJ.Org

ਆਪ ਜੀ ਗੁਰਬਾਣੀ ਦੇ ਖੋਜੀ ਸਨ ਤੇ ਗੁਰਬਾਣੀ ਦੇ ਸਹਿਜ ਪਾਠ ਕਰਕੇ ਪ੍ਰਕਰਣ ਅਨੁਸਾਰ ਪੋਥੀਆਂ ਵਿਚ ਸ਼ਬਦ ਹੱਥੀਂ ਲਿਖਦੇ ਰਹਿੰਦੇ ਸਨ। ਇਕ-ਇਕ ਪ੍ਰਕਰਣ ਤੇ ਉਹ ਕਈ ਕਈ ਘੰਟੇ ਕੀਰਤਨ ਕਰਦੇ ਰਹਿੰਦੇ ਸਨ। ਸੰਤ ਮੱਘਰ ਸਿੰਘ ਜੀ ਦਾ ਗੁਰਾਇਆ ਇਲਾਕੇ ਵਿਚ ਕਾਫੀ ਪ੍ਰਭਾਵ ਸੀ। ਉਨ੍ਹਾਂ ਦਿਨਾਂ ਵਿਚ ਹੀ ਭਾਈ ਉਪਕਾਰ ਸਿੰਘ ਜੀ ਨਵੀਂ ਦਿੱਲੀ ਤੋਂ ਆਲ ਰੇਡੀਓ ਸਟੇਸ਼ਨ ਗੋਹਾਵਰ ਨੇੜੇ ਗੁਰਾਇਆ ਤਬਦੀਲ ਹੋ ਕੇ ਆ ਗਏ। ਉਨ੍ਹਾਂ ਦੀ ਸਿੰਘਣੀ ਵੀ ਕੀਰਤਨੀ ਬੀਬੀ ਸੀ। ਉਨ੍ਹਾਂ ਦੇ ਸਹਿਯੋਗ ਨਾਲ ਆਪ ਜੀ ਨੇ ਫਗਵਾੜਾ ਗੁਰਾਇਆ ਇਲਾਕੇ ਵਿਚ ਦਿਵਸ ਸੁਹੇਲੇ, ਰੈਣ ਸਬਾਈ ਕੀਰਤਨਾਂ ਦੀ ਅਰੰਭਤਾ ਕਰ ਦਿੱਤੀ। ਫਗਵਾੜਾ ਤੋਂ ਭਾਈ ਗੁਰਦੀਪ ਸਿੰਘ (ਕੀਰਤਨੀਏ) ਦੇ ਪਿਤਾ ਸ. ਕਰਤਾਰ ਸਿੰਘ ਜੀ, ਭਾਈ ਮੋਤਾ ਸਿੰਘ ਜੀ, ਭਾਈ ਸੋਹਨ ਸਿੰਘ ਜੀ, ਭਾਈ ਹਰਭਜਨ ਸਿੰਘ ਜੀ (A.I.R) ਡਾ. ਚਰਨ ਸਿੰਘ ਜੀ ਪੰਡੋਰੀ ਵਾਲੇ ਅਤੇ ਕੁਝ ਹੋਰ ਗੁਰਸਿੱਖਾਂ ਦਾ ਆਪ ਜੀ ਨੂੰ ਕਾਫੀ ਸਹਿਯੋਗ ਮਿਲਿਆ ਪਹਿਲੇ ਪਹਿਲ ਆਪ ਜੀ ਨਾਲ ਭਾਈ ਬਲਦੇਵ ਸਿੰਘ ਜੀ ਪਿੰਡ ਮਨਸੂਰ ਪੁਰ ਮਿਰਦੰਗ (ਢੋਲਕ) ਦੀ ਸੇਵਾ ਕਰਿਆ ਕਰਦੇ ਸਨ। ਆਪ ਜੀ ਦੋਵੇਂ ਸਾਰੀ-ਸਾਰੀ ਰਾਤ ਇਕੱਲੇ ਹੀ ਕੀਰਤਨ ਦੀ ਸੇਵਾ ਨਿਬਾਹ ਦਿੰਦੇ ਸਨ। ਇਸ ਤਰ੍ਹਾਂ ਹੌਲੀ-ਹੌਲੀ ਫਗਵਾੜੇ ਅਤੇ ਬੰਗੇ ਇਲਾਕੇ ਵਿਚ ਕਾਫੀ ਗੁਰਸਿੱਖ ਅੰਮ੍ਰਿਤ ਛੱਕ ਕੇ ਜਥੇ ਨਾਲ ਜੁੜ ਗਏ। ਆਪ ਜੀ ਦੀ ਅਗਵਾਈ ਹੇਠ ਇਸ ਇਲਾਕੇ ਵਿਚ ਕੀਰਤਨ ਦਾ ਪ੍ਰਵਾਹ ਚੱਲ ਪਿਆ। ਤਕਰੀਬਨ ਹਰ ਮਹੀਨੇ ਇਕ ਰੈਣ ਸਬਾਈ ਕੀਰਤਨ ਫਗਵਾੜੇ ਹੋ ਜਾਂਦਾ ਸੀ। ਜਿਸ ਦੀ ਸੇਵਾ ਸਾਰੀ ਰਾਤ ਆਪ ਇਕੱਲੇ ਹੀ ਨਿਭਾਉਂਦੇ ਸਨ। ਇਸ ਤੋਂ ਇਲਾਵਾ ਹਰ ਹਫਤੇ ਇਲਾਕੇ ਦਾ ਪਿੰਡਾਂ ਵਿਚ ਸਮਾਗਮ ਹੁੰਦੇ ਰਹਿੰਦੇ ਸਨ। ਆਪ ਜੀ ਕੋਲ ਪਹਿਲਾਂ ਇਕ ਰਾਜਦੂਤ ਮੋਟਰ ਸਾਇਕਲ ਸੀ, ਜਿਸ ਉਪਰ ਆਪ ਸ਼ਿਮਲੇ ਤਾਈਂ ਸਮਾਗਮ ਤੇ ਪਹੁੰਚ ਜਾਂਦੇ ਸਨ। ਫਿਰ ਆਪ ਜੀ ਨੇ ਯੈਜ਼ਦੀ ਮੋਟਰ ਸਾਇਕਲ ਲੈ ਲਿਆ, ਉਸ ਉੱਪਰ ਹੀ ਤਬਲਚੀ ਨੂੰ ਬਿਠਾ ਕੇ ਹਰ ਲੋਕਲ ਜਾਂ ਕੇਂਦਰੀ ਸਮਾਗਮ ਤੇ ਪਹੁੰਚ ਜਾਂਦੇ ਸਨ। ਕੋਈ ਵੀ ਗੁਰਸਿੱਖ ਜਦੋਂ ਆਪ ਜੀ ਨੂੰ ਕੀਰਤਨ ਲਈ ਬੇਨਤੀ ਕਰਦਾ ਸੀ ਤਾਂ ਆਪ ਕਦੇ ਵੀ ਨਾਂਹ ਨਾ ਕਰਦੇ ਅਤੇ ਆਪ ਜੀ ਬਿਨਾਂ ਕਿਸੇ ਭੇਟਾ ਲਏ ਜਾਂ ਮੋਟਰ ਸਾਇਕਲ ਦਾ ਖਰਚਾ ਲਏ, ਉੱਥੇ ਪਹੁੰਚ ਜਾਂਦੇ ਸਨ। ਪਰ ਆਏ ਗੁਰਸਿੱਖਾਂ ਦੀ ਸੇਵਾ ਬੜੇ ਪਿਆਰ ਨਾਲ ਹਿਤੋਂ ਚਿਤੋਂ ਹੋ ਕੇ ਕਰਦੇ ਸਨ। ਆਪ ਜੀ ਨੇ ਕਈ ਬੱਚੇ ਬੱਚਿਆਂ ਨੂੰ ਕੀਰਤਨ ਵੀ ਸਿਖਾਇਆ ਜਿੰਨ੍ਹਾਂ ਵਿਚ ਭਾਈ ਗੁਰਦੀਪ ਸਿੰਘ ਫਗਵਾੜਾ, ਡਾ. ਅਰਜਨ ਸਿੰਘ ਆਦਿ ਸ਼ਾਮਿਲ ਹਨ। ਭਾਈ ਮਹਿੰਦਰ ਸਿੰਘ ਕਾਲਾ ਸੰਘਾਂ ਵਾਲੇ ਜਿਨ੍ਹਾਂ ਨਾਲ ਆਪ ਜੀ ਦੀ ਦੂਰੋਂ-ਨੇੜਿਓਂ ਰਿਸ਼ਤੇਦਾਰੀ ਸੀ ਵੀ, ਆਪ ਜੀ ਦੀ ਸੰਗਤ ਕਰਕੇ ਹੀ ਜਥੇ ਵਿਚ ਸ਼ਾਮਿਲ ਹੋਏ ਸਨ।

ਆਪ ਜੀ ਬੜੇ ਮਿਠ ਬੋਲੜੇ ਤੇ ਮਿਲਾਪੜੇ ਸੁਭਾਅ ਵਾਲੇ ਸਨ। ਬਹੁਤ ਘੱਟ ਬੋਲਦੇ ਸਨ ਤੇ ਹਮੇਸ਼ਾਂ ਗੰਭੀਰ ਹੀ ਰਹਿੰਦੇ ਸਨ। ਅੰਦਰੋਂ ਨਾਮ ਬਾਣੀ ਨਾਲ ਜੁੜੇ ਰਹਿੰਦੇ ਸਨ। ਕ੍ਰਿਤ ਕਰਦੇ ਵੀ ਅਖੰਡਾਕਾਰ ਅਭਿਆਸ ਚਲਦਾ ਰਹਿੰਦਾ ਸੀ। ਆਪ ਆਪਣੀ ਵਡਿਆਈ ਕਰਾਉਣ ਤੋਂ ਹਮੇਸ਼ਾਂ ਸੰਕੋਚ ਕਰਦੇ ਸਨ। ਇਥੋਂ ਤੱਕ ਕਿ ਗੁਰਦੁਆਰਿਆਂ ਦੇ ਪ੍ਰਬੰਧਕਾਂ ਵਲੋਂ ਦਿੱਤੇ ਜਾਣ ਵਾਲੇ ਸਿਰੋਪਾ ਨੂੰ ਇਹ ਕਹਿ ਕੇ ਲੈਣ ਤੋਂ ਨਾਹ ਕਰ ਦਿੰਦੇ ਸਨ ਕਿ ਮੈਂ ਕੀਰਤਨ ਆਪਣੇ ਲਈ ਕੀਤਾ ਹੈ ਦੂਜਿਆਂ ਲਈ ਨਹੀਂ। ਪਰਾਈ ਮਾਇਆ ਨੂੰ ਵੀ ਹੱਥ ਨਹੀਂ ਸੀ ਲਾਉਂਦੇ। ਇਕ ਵਾਰੀ ਸੰਗਤਾਂ ਫਗਵਾੜੇ ਤੋਂ ਟੈਂਪੂ ਕਿਰਾਏ ਤੇ ਲੈ ਕੇ ਪਿੰਡ ਸੁਜੋ ਨੇੜੇ ਬੰਗਾ ਰੈਣ ਸਬਾਈ ਕੀਰਤਨ 'ਤੇ ਗਈਆਂ। ਪ੍ਰਬੰਧਕਾਂ ਨੇ ਆਪ ਨੂੰ ਟੈਂਪੂ ਦਾ ਖਰਚਾ ਦੇਣਾ ਚਾਹਿਆ, ਆਪ ਜੀ ਨੇ ਭਾਈ ਗੁਰਦੀਪ ਸਿੰਘ ਵੱਲ ਇਸ਼ਾਰਾ ਕਰ ਦਿੱਤਾ ਕਿ ਉਸ ਨਾਲ ਗੱਲ ਕਰੋ। ਜਦੋਂ ਭਾਈ ਗੁਰਦੀਪ ਸਿੰਘ ਨੇ ਉਹ ਮਾਇਆ ਪਕੜ ਲਈ ਤੇ ਆਪ ਉਸ ਨੂੰ ਬਹੁਤ ਗੁੱਸੇ ਹੋਏ ਕਿ ਪੂਜਾ ਦਾ ਧਾਨ ਵਰਤ ਕੇ ਆਤਮਿਕ ਤਰੱਕੀ ਨਹੀਂ ਹੋ ਸਕਦੀ। ਵਰਕਸ਼ਾਪ ਫੇਲ ਹੋਣ ਤੇ ਆਪ ਜੀ ਨੇ ਗਰੀਬੀ ਕੱਟ ਲਈ, ਪਰ ਮਾਇਆ ਲਈ ਕਿਸੇ ਅੱਗੇ ਹੱਥ ਨਹੀਂ ਅੱਡਿਆ।

ਆਪ ਜੀ ਹਰ ਰੋਜ਼ ਸ਼ਾਮ ਨੂੰ ਵਾਲੀਬਾਲ ਜਾਂ ਬਾਸਕਟਬਾਲ ਦੀ ਖੇਡ ਵੀ ਖੇਡਦੇ ਸਨ ਤੇ ਕਸਰਤ ਵੀ ਰੋਜ਼ਾਨਾ



www.AKJ.Org

ਕਰਦੇ ਸਨ। ਇਸ ਕਰਕੇ ਆਪ ਜੀ ਦੀ ਸਿਹਤ ਬਹੁਤ ਰਿਸ਼ਟ-ਪੁਸ਼ਟ ਸੀ। ਗੁਰੂ ਭਾਣੇ ਅਨੁਸਾਰ ਉਮਰ ਦੇ ਅਖ਼ੀਰਲੇ ਸਮੇਂ ਆਪ ਜੀ ਨੂੰ ਇਕ ਦਿਮਾਗੀ ਬੀਮਾਰੀ ਨੇ ਆ ਘੇਰਿਆ। ਇਸ ਕਰਕੇ ਆਪ ਜੀ ਦੀ ਯਾਦਸ਼ਕਤੀ ਬਹੁਤ ਕਮਜ਼ੋਰ ਹੋ ਗਈ ਸੀ। ਕਈ ਵਾਰ ਘਰੋਂ ਬਾਹਰ ਨਿਕਲ ਜਾਂਦੇ ਸਨ ਤੇ ਰਸਤਾ ਵੀ ਭੁੱਲ ਜਾਂਦੇ ਸਨ। ਆਂਢ-ਗੁਆਂਢ ਦੇ ਲੋਕ ਹੀ ਘਰ ਛੱਡ ਕੇ ਜਾਂਦੇ ਸਨ। ਸਰੀਰਕ ਸੁੱਧ ਬੁੱਧ ਵੀ ਕੋਈ ਨਹੀਂ ਸੀ ਰਹਿੰਦੀ। ਇਸ ਬੀਮਾਰੀ ਕਾਰਨ ਸਤੰਬਰ 2011 ਵਿਚ ਆਪਣੇ ਨਿਵਾਸ ਗੁਰਾਇਆ ਵਿਖੇ ਹੀ ਪੰਜ ਭੂਤਕ ਚੋਲਾ ਤਿਆਗ ਕੇ ਗੁਰੂ ਚਰਨਾਂ ਵਿਚ ਜਾ ਬਿਰਾਜੇ।

## ਭਾਈ ਜੀਵਨ ਸਿੰਘ ਜੀ ਰਾਗੀ ਲੁਧਿਆਣੇ ਵਾਲੇ

ਸ. ਜੈਤੇਗ ਸਿੰਘ ਅਨੰਤ ਸਰੀ ਕੈਨੇਡਾ

ਭਾਈ ਸਾਹਿਬ ਜੀਵਨ ਸਿੰਘ ਜੀ ਸਮੁੱਚੇ ਖ਼ਾਲਸਾ ਪੰਥ ਦੀ ਅਤਿ-ਸਤਿਕਾਰਤ ਹਸਤੀ ਸਨ ਤੇ ਉਹ ਇਕ ਬਹੁਪੱਖੀ ਪ੍ਰਤਿਭਾ ਦੇ ਮਾਲਕ ਸਨ। ਭਾਈ ਸਾਹਿਬ ਗੁਰਮਤਿ ਮਾਰਗ ਦੇ ਪਾਂਧੀ, ਨਾਮ ਬਾਣੀ ਵਿੱਚ ਰੰਗੇ, ਗੁਰੂ ਗ੍ਰੰਥ ਤੇ ਗੁਰੂ ਪੰਥ ਨੂੰ ਸਮਰਪਿਤ ਤੇ ਗੁਰਮਤਿ ਜੀਵਨ ਦੇ ਧਾਰਨੀ ਸਨ। ਜਿਨ੍ਹਾਂ ਦਾ ਜੀਵਨ ਨਿਰਮਲ, ਨਿਰਛਲ ਤੇ ਪਰਉਪਕਾਰੀ ਬਿਰਤੀ ਦਾ ਸੀ। ਉਨ੍ਹਾਂ ਆਪਣੀ ਸੁਰਤਿ ਸ਼ਬਦ ਗੁਰੂ ਨਾਲ ਜੋੜੀ ਰੱਖੀ ਤੇ ਅਕਾਲ ਪੁਰਖ ਨੂੰ ਆਪਣੇ ਅੰਗ-ਸੰਗ ਸਮਝਦੇ ਸਨ। ਉਹ ਸਦਾ ਮਨ ਨੀਵਾਂ ਤੇ ਮਤ ਉੱਚੀ ਕਰਕੇ ਸਮਾਜ ਵਿੱਚ ਵਿਚਰਨ ਦਾ ਯਤਨ ਕਰਦੇ ਸਨ। ਸਿੱਖੀ ਦੀਆਂ ਕਦਰਾਂ-ਕੀਮਤਾਂ ਉਨ੍ਹਾਂ ਨੂੰ ਵਿਰਸੇ ਵਿੱਚ ਮਿਲੀਆਂ ਹੋਈਆਂ ਸਨ। ਸ਼ਬਦ ਕੀਰਤਨ ਉਨ੍ਹਾਂ ਦੀ ਜ਼ਿੰਦਗੀ ਦਾ ਆਧਾਰ ਸੀ।

ਭਾਈ ਸਾਹਿਬ ਜੀਵਨ ਸਿੰਘ ਜੀ ਪੰਥ ਦੀਆਂ ਉਨ੍ਹਾਂ ਸਿਰਮੌਰ ਹਸਤੀਆਂ ਵਿੱਚੋਂ ਇੱਕ ਹਨ, ਜਿੰਨ੍ਹਾਂ ਨੇ ਆਪਣੀ ਸਾਰੀ ਜ਼ਿੰਦਗੀ ਪੰਥ ਦੀ ਚੜ੍ਹਦੀ ਕਲਾ ਤੇ ਖ਼ਾਲਸਾ ਪੰਥ ਨੂੰ ਆਪਣੀਆਂ ਸ਼ਾਨਦਾਰ ਤੇ ਅਦੁੱਤੀ ਸੇਵਾਵਾਂ ਅਰਪਨ ਕੀਤੀਆਂ। ਜੇਕਰ ਇਹ ਆਖ ਲਿਆ ਜਾਵੇ ਕਿ ਭਾਈ ਜੀਵਨ ਸਿੰਘ ਜੀ ਇਕ ਸ਼ਖ਼ਸੀਅਤ ਹੀ ਨਹੀਂ, ਸਗੋਂ ਗੁਰੂ ਆਸ਼ੇ ਨੂੰ ਪੂਰੀ ਤਰ੍ਹਾਂ ਸਮਰਪਿਤ ਇਕ ਸੰਸਥਾ ਸਨ, ਤਾਂ ਇਹ ਕੋਈ ਅਤਿਕਥਨੀ ਨਹੀਂ ਹੋਵੇਗੀ। ਉਨ੍ਹਾਂ ਦੀ ਇਸ ਵਿਲੱਖਣ ਸੇਵਾ ਤੇ ਸਮਰਪਿਤ ਭਾਵਨਾ ਇਸ ਗੱਲ ਦਾ ਦਮ ਭਰਦੀ ਹੈ ਕਿ ਆਉਣ ਵਾਲੇ ਸਮੇਂ ਵਿੱਚ ਇਸ ਗੁਰਮੁਖ ਪਿਆਰੇ 'ਗੁਰੂ ਕੇ ਲਾਲ' ਦਾ ਨਾਓ ਸਦਾ ਸੁਨਹਿਰੇ ਅੱਖਰਾਂ ਵਿੱਚ ਅੰਕਿਤ ਕੀਤਾ ਜਾਵੇਗਾ।

ਆਪ ਦਾ ਜਨਮ ਲਹਿੰਦੇ ਪੰਜਾਬ ਦੇ ਜ਼ਿਲ੍ਹਾ ਝੰਗ ਦੇ ਛੋਟੇ ਜਿਹੇ ਪਿੰਡ ਕੋਟ ਰੁਸਤਮ ਵਿਖੇ ਮਾਤਾ ਕਿਸ਼ਨ ਕੌਰ ਦੀ ਕੁੱਖੋਂ ਤੇ ਪਿਤਾ ਸ. ਮਹਿਤਾਬ ਸਿੰਘ ਦੇ ਘਰ 26 ਅਕਤੂਬਰ 1925 ਨੂੰ ਹੋਇਆ। ਸੰਨ 1943 ਵਿੱਚ ਆਪ ਦਾ ਅਨੰਦ ਕਾਰਜ ਆਪ ਦੇ ਨੇੜਲੇ ਪਿੰਡ ਵਿੱਚ ਬੀਬੀ ਜੋਗਿੰਦਰ ਕੌਰ ਨਾਲ ਹੋਇਆ। ਭਾਈ ਜੀਵਨ ਸਿੰਘ ਜੀ ਉੱਚ ਕੋਟੀ ਦੇ ਕੀਰਤੀਏ ਸਨ। ਸੰਨ 1945-46 ਵਿੱਚ ਆਪ ਨੇ ਬਾਉਲੀ ਸਾਹਿਬ, ਸ੍ਰੀ ਗੋਇੰਦਵਾਲ ਸਾਹਿਬ ਵਿਖੇ ਕੀਰਤਨ ਦੀ ਸੇਵਾ ਆਰੰਭ ਕੀਤੀ। ਛੇਤੀ ਹੀ ਆਪ ਨੇ ਇੱਕ ਸਿੰਧੀ, ਜੋ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਕੀਰਤਨ ਕਰਦੇ ਸਨ, ਨਾਲ ਸੰਗਤ ਕਰਨੀ ਸ਼ੁਰੂ ਕਰ ਦਿੱਤੀ। ਇਸ ਤੋਂ ਪਹਿਲਾਂ ਆਪ ਨੂੰ ਜੇਹਲਮ ਦੇ ਇਲਾਕੇ ਵਿਚ ਅਚਾਨਕ ਕਿਸੇ ਸਮਾਗਮ 'ਤੇ ਗ਼ਦਰ ਲਹਿਰ ਦੇ ਨਾਇਕ ਤੇ ਗੁਰਦੁਆਰਾ ਸੁਧਾਰ ਲਹਿਰ ਦੇ ਮੋਢੀ 'ਪੰਥ ਦੀ ਸੋਨ ਚਿੜੀ' ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਦਰਸ਼ਨ-ਦੀਦਾਰੇ ਹੋ ਚੁੱਕੇ ਸਨ। ਆਪ ਉਨ੍ਹਾਂ ਦੇ ਅਖੰਡ ਕੀਰਤਨ ਤੋਂ ਬੇਹੱਦ ਪ੍ਰਭਾਵਿਤ ਹੋਏ ਤੇ ਉਨ੍ਹਾਂ ਨਾਲ ਇਕ ਰੂਹਾਨੀ ਰਿਸ਼ਤਾ ਬੱਝ ਗਿਆ। ਇਹ ਰਿਸ਼ਤਾ ਇਕ ਪਿਓ-ਪੁੱਤਰ ਵਰਗਾ ਸੀ। ਸ੍ਰੀ ਗੋਇੰਦਵਾਲ ਸਾਹਿਬ ਵਿਖੇ ਰਹਿੰਦਿਆਂ ਹੀ ਆਪ ਜੀ ਸੰਨ 1946-47 ਦੇ ਪੋਹ ਸੁਦੀ ਸਮਾਗਮ ਤੇ ਨਾਰੰਗਵਾਲ ਜਾ ਕੇ ਪਰਿਵਾਰ ਸਮੇਤ ਜਥੇ ਕੋਲੋਂ ਅੰਮ੍ਰਿਤ ਛੱਕ ਕੇ ਤਿਆਰ ਬਰ ਤਿਆਰ ਸਿੰਘ ਸੱਜ ਗਏ। ਇਸ ਤੋਂ ਬਾਅਦ ਆਪ ਨੇ ਭਾਈ ਸਾਹਿਬ ਜੀ ਦੇ ਸੰਗ ਸਾਥ


www.AKJ.Org

ਜੱਥੇ ਦੇ ਸਾਰੇ ਸਮਾਗਮਾਂ ਤੇ ਲਗਾਤਾਰ ਹਾਜਰੀਆਂ ਭਰਨੀਆਂ ਸ਼ੁਰੂ ਕਰ ਦਿੱਤੀਆਂ। ਕੀਰਤਨ ਦੀ ਸੇਵਾ ਦੇ ਨਾਲ ਨਾਲ ਨਾਮ ਬਾਣੀ ਦੇ ਲਾਹੇ ਵੀ ਲੈਂਦੇ ਰਹੇ। ਆਪ ਜੀ ਕੀਰਤਨ ਇਤਨੀ ਮਿੱਠੀ ਮਧੁਰ ਤੇ ਸੁਰੀਲੀ, ਹਿਰਦੇ ਵੇਧਕ, ਮਹੀਨ ਧੁਨੀ ਨਾਲ ਕਰਦੇ ਸਨ ਕਿ ਸਰੋਤੇ ਮੁਗਧ ਮੰਤਰ ਹੋ ਜਾਂਦੇ ਸਨ। ਇੱਕ ਵਾਰੀ ਸ੍ਰੀ ਅੰਮ੍ਰਿਤਸਰ ਸਮਾਗਮ ਤੇ ਆਪ ਜੀ ਨੇ ਇਤਨੇ ਵੈਰਾਗ ਵਿੱਚ ਕੀਰਤਨ ਕੀਤਾ ਕਿ ਭਾਈ ਰਤਨ ਸਿੰਘ ਮਸਤਾਨਾ ਜੀ ਭਾਈ ਸਾਹਿਬ ਜੀ ਨੂੰ ਕਹਿਣ ਲੱਗੇ ਕਿ ਅੱਜ ਭਾਈ ਜੀਵਨ ਸਿੰਘ ਜੀ ਨੇ ਤਾਂ ਮਾਰ ਹੀ ਦਿੱਤਾ ਹੈ। ਅੱਗੋਂ ਭਾਈ ਸਾਹਿਬ ਜੀ ਨੇ ਕਿਹਾ ਕਿ ਹੁਣ ਤੂੰ ਉਸ ਨੂੰ ਹਉਮੈਂ ਦੇ ਪੱਠੇ ਪਾ ਕੇ ਨਾ ਮਾਰ ਦੇਵੀਂ। ਭਾਈ ਸਾਹਿਬ ਜੀ ਹਮੇਸ਼ਾਂ ਅਜਰ ਨੂੰ ਜਰਨ ਅਤੇ ਦੂਜਿਆਂ ਨੂੰ ਹਉਮੈ ਦੇ ਪੱਠੇ ਪਾਉਣ ਤੋਂ ਵਰਜਦੇ ਰਹਿੰਦੇ ਸਨ ਤਾਂ ਕਿ ਉਨ੍ਹਾਂ ਦੀ ਆਤਮਿਕ ਅਵਸਥਾ ਹਮੇਸ਼ਾ ਅਡੋਲ ਰਹੇ। ਭਾਈ ਸਾਹਿਬ ਰਣਧੀਰ ਸਿੰਘ ਜੀ ਦੀ ਸ਼ਖ਼ਸੀਅਤ ਭਾਈ ਜੀਵਨ ਸਿੰਘ ਜੀ ਲਈ ਪ੍ਰੇਰਨਾ-ਸਰੋਤ ਤੇ ਮਾਰਗ ਦਰਸ਼ਨ ਬਣ ਗਈ। ਭਾਈ ਸਾਹਿਬ ਨੇ ਆਪ ਨੂੰ ਚੰਗਾ ਲਾਡ ਲਡਾਇਆ। ਆਪ ਦੀ ਅਖੰਡ ਕੀਰਤਨੀ ਜੱਥੇ ਦੇ ਪੁਰਾਤਨ ਸਿੰਘ ਤੇ ਇਕ ਪ੍ਰਮੁੱਖ ਕੀਰਤਨੀਏ ਵੱਜੋਂ ਪਛਾਣ ਬਣ ਗਈ। ਅਨੇਕਾਂ ਵਾਰ ਆਪ ਨੂੰ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨਾਲ ਦੂਜੇ ਵਾਜੇ (ਹਾਰਮੋਨੀਅਮ) 'ਤੇ ਬੈਠ ਕੇ ਕੀਰਤਨ ਕਰਨ ਦਾ ਸੁਭਾਗਾ ਅਵਸਰ ਮਿਲਦਾ ਰਿਹਾ।

ਕੁਝ ਸਾਲ ਬਾਅਦ ਸੰਨ 1953-54 ਵਿੱਚ ਆਪ ਨੂੰ ਰਾਗੀ ਭਾਈ ਸੁਰਜਨ ਸਿੰਘ ਨਾਲ ਕੀਰਤਨ ਕਰਨ ਦੀ ਸੰਗਤ ਮਿਲੀ। ਆਪ ਨੇ ਉਸ ਸਮੇਂ ਦੇਸ਼ ਦੇ ਵੱਖ-ਵੱਖ ਸ਼ਹਿਰਾਂ ਵਿੱਚ ਕੀਰਤਨ ਦੀ ਸੁਗੰਧੀ ਬਿਖੇਰੀ। ਪਰ, ਕਿਸੇ ਬੰਦਿਸ਼ ਦਾ ਸਾਥ ਆਪ ਨੂੰ ਰਾਸ ਨਾ ਆਇਆ। ਆਪ ਛੇਤੀ ਵਾਪਸ ਲੁਧਿਆਣਾ ਆ ਗਏ। ਇੱਥੇ ਮੁੜ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਪ੍ਰੇਰਨਾ ਸਦਕਾ ਗੁਰਦੁਆਰਾ ਸਿੰਘ ਸਭਾ ਮਾਡਲ ਟਾਊਨ ਵਿਖੇ ਲੰਬਾ ਸਮਾਂ ਕੀਰਤਨ ਕਰਨ ਦੀ ਸੇਵਾ ਕਰਦੇ ਰਹੇ। ਇੱਥੇ ਆ ਕੇ ਆਪ ਨੇ ਪੱਕੇ ਤੌਰ 'ਤੇ ਆਪਣੇ ਪਰਿਵਾਰਕ ਮੈਂਬਰਾਂ ਦਾ ਸੁਤੰਤਰ ਕੀਰਤਨੀ ਜੱਥਾ ਸਥਾਪਤ ਕੀਤਾ। ਜਿਸ ਵਿੱਚ ਆਪ ਨਾਲ ਆਪ ਦੀ ਧਰਮ ਪਤਨੀ ਬੀਬੀ ਜੋਗਿੰਦਰ ਕੌਰ, ਆਪ ਦਾ ਸਾਲਾ ਭਾਈ ਇਕਬਾਲ ਸਿੰਘ ਤੇ ਛੋਟੀ ਭੈਣ ਬੀਬੀ ਸੰਤ ਕੌਰ ਸ਼ਾਮਿਲ ਸਨ। ਆਪ ਦਾ ਕਈ ਵਾਰ ਆਪ ਦੇ ਛੋਟੇ ਭਰਾ ਮਾਸਟਰ ਸ਼ੇਰ ਸਿੰਘ ਨੇ ਵੀ ਕੀਰਤਨ ਵਿੱਚ ਸਾਥ ਦਿੱਤਾ ਅਤੇ ਸੰਗਤ ਦੀ ਸੇਵਾ ਵਿਚ ਆਪ ਨਾਲ ਤਤਪਰ ਰਹਿੰਦੇ ਰਹੇ। ਪੁਰਾਤਨ ਕੀਰਤਨੀ ਸਿੰਘਾਂ ਵਾਂਗ ਆਮ ਸਾਰੇ ਸਮਾਗਮ ਦੀ ਹਾਜ਼ਰੀ ਭਰ ਕੇ ਨਾਮ ਬਾਣੀ ਦਾ ਪੂਰਾ ਲਾਹਾ ਲੈਂਦੇ ਸਨ। ਪ੍ਰਬੰਧਕਾਂ ਵਲੋਂ ਕੀਰਤਨ ਦੀ ਹਾਜ਼ਰੀ ਭਰਵਾਉਣ ਤੋਂ ਬਾਅਦ ਆਪ ਸਾਰੀ-ਸਾਰੀ ਰਾਤ ਇਕ ਚੌਂਕੜੇ ਵਿਚ ਬੈਠ ਕੇ ਕੀਰਤਨ ਸ੍ਰਵਣ ਕਰਦੇ ਸਨ। ਸੁਸਤੀ ਤੇ ਨਿੰਦ੍ਰਾ ਉਨ੍ਹਾਂ ਦੇ ਨੇੜੇ ਵੀ ਨਹੀਂ ਸੀ ਫਟਕਦੀ।

ਬਾਣੀ ਆਪ ਦੇ ਹਿਰਦੇ ਵਿੱਚ ਵੱਸੀ ਹੋਈ ਸੀ। ਬਾਣੀ ਹੀ ਆਪ ਦੇ ਜੀਵਨ ਦਾ ਆਧਾਰ ਸੀ। ਸੁਰੀਲੀ ਤੇ ਮਹੀਨ ਆਵਾਜ਼ ਦੀਆਂ ਵਿਸਮਾਦੀ ਲਹਿਰਾਂ ਵਿੱਚੋਂ ਜਦੋਂ ਆਪ ਸ਼ਬਦ ਦਾ ਉਚਾਰਨ ਕਰਦੇ ਤਾਂ ਸੰਗਤਾਂ ਆਪ ਦੇ ਕੀਰਤਨ ਤੋਂ ਬਲਿਹਾਰੇ ਜਾਂਦੀਆਂ। ਆਪ ਦੀ ਕੀਰਤਨ ਦੀ ਸ਼ੈਲੀ ਬੜੀ ਹੀ ਸਾਧਾਰਨ ਸੀ ਤੇ ਸੰਗਤੀ ਕੀਰਤਨ ਰਾਹੀਂ ਜਿੱਥੇ ਵੀ ਚੌਂਕੀ ਭਰਦੇ ਉੱਥੇ ਹੀ ਆਪਣੀ ਮਹਿਕ ਖਿੰਡਾਉਂਦੇ। ਹੌਲੀ-ਹੌਲੀ ਆਪ ਦੇ ਸੁਰੀਲੇ ਕੀਰਤਨ ਦੀ ਸੁਗੰਧੀ ਦੂਰ-ਦੂਰ ਤੱਕ ਜਾਣ ਲੱਗੀ। ਜਿਸ ਕਾਰਨ ਤਖ਼ਤ ਸ੍ਰੀ ਪਟਨਾ ਸਾਹਿਬ ਦੀ ਕਮੇਟੀ, ਆਪ ਜੀ ਦੀ ਸ਼ਖ਼ਸੀਅਤ ਤੋਂ ਇੰਨੀ ਪ੍ਰਭਾਵਿਤ ਹੋਈ ਕਿ ਉਨ੍ਹਾਂ ਸੰਨ 1972 ਵਿੱਚ ਆਪ ਨੂੰ ਤਖ਼ਤ ਸ੍ਰੀ ਪਟਨਾ ਸਾਹਿਬ ਦਾ ਹਜ਼ੂਰੀ ਰਾਗੀ ਨਿਯੁਕਤ ਕਰ ਦਿੱਤਾ। ਆਪ ਇਕ ਸਿੱਦਕਵਾਨ ਤੇ ਸਿਰੜੀ ਗੁਰਸਿੱਖ ਸਨ। ਸੇਵਾ ਭਾਵਨਾ ਆਪ ਦੇ ਹਿਰਦੇ ਅੰਦਰੋਂ ਡੁਲ੍ਹ-ਡੁਲ੍ਹ ਪੈਂਦੀ ਸੀ। ਆਪ ਜੀ ਨੇ ਤਖ਼ਤ ਸਾਹਿਬ ਵਿਖੇ ਸੇਵਾ ਕਰਦਿਆਂ ਉੱਥੋਂ ਦੇ ਪ੍ਰਬੰਧਾਂ ਦੀ ਕਾਇਆ-ਕਲਪ ਕਰਕੇ ਰੱਖ ਦਿੱਤੀ। ਉਨ੍ਹਾਂ ਦਿਨਾਂ ਵਿੱਚ ਸੰਗਤ ਤਖ਼ਤ ਸ੍ਰੀ ਪਟਨਾ ਸਾਹਿਬ ਜੀ ਦੇ ਦਰਸ਼ਨਾਂ ਨੂੰ ਘੱਟ ਹੀ ਜਾਂਦੀ ਸੀ। ਆਪ ਹਰ ਸਾਲ ਤਖ਼ਤ ਸ੍ਰੀ ਪਟਨਾ ਸਾਹਿਬ ਵੱਲੋਂ ਦੋ ਮਹੀਨੇ ਪੰਜਾਬ ਆ ਕੇ ਕਣਕ ਦੀ ਉਗਰਾਹੀ ਕਰਦੇ ਤੇ ਤਖ਼ਤ ਸਾਹਿਬ ਦੇ ਲੰਗਰ ਲਈ ਵੱਡੀ ਮਿਕਦਾਰ ਵਿਚ ਕਣਕ ਤੇ ਮਾਇਆ ਭੇਜਦੇ। ਜਿਸ ਨਾਲ ਤਖ਼ਤ ਸ੍ਰੀ ਪਟਨਾ ਸਾਹਿਬ ਦੀ ਕਮੇਟੀ 'ਤੇ ਭਾਈ ਜੀਵਨ ਸਿੰਘ ਦੀ ਸੇਵਾ



www.AKJ.Org

ਭਾਵਨਾ, ਲਗਨ ਤੇ ਸਮਰਪਣ ਦਾ ਬੜਾ ਡੂੰਘਾ ਪ੍ਰਭਾਵ ਪਿਆ। ਤਖ਼ਤ ਸ੍ਰੀ ਪਟਨਾ ਸਾਹਿਬ ਵਿਖੇ ਕੀਰਤਨ ਦੀ ਸੇਵਾ ਨਿਭਾਉਣ ਵੇਲੇ ਆਪ ਜੀ ਨੇ ਪੂਰਬੀ ਭਾਰਤ ਦੇ ਸਾਰੇ ਵੱਡੇ ਸ਼ਹਿਰਾਂ ਕਲਕੱਤਾ, ਧੰਨਬਾਦ, ਟਾਟਾ ਨਗਰ, ਬਨਾਰਸ, ਮੁਗਲਸਰਾਏ, ਗਯਾ ਆਦਿ ਵਿਚ ਰੈਣ-ਸਬਾਈ ਕੀਰਤਨਾਂ ਰਾਹੀਂ ਬੇਅੰਤ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ ਅਤੇ ਸਾਰੇ ਪੂਰਬੀ ਭਾਰਤ ਵਿਚ ਗੁਰਮਤਿ ਪ੍ਰਚਾਰ ਦੀ ਲਹਿਰ ਚਲਾ ਦਿੱਤੀ। ਆਪ ਪਟਨਾ ਸਾਹਿਬ ਤੋਂ ਵੀ ਜਥੇ ਦੇ ਸਾਰੇ ਕੇਂਦਰੀ ਸਮਾਗਮਾਂ 'ਤੇ ਪ੍ਰੀਵਾਰ ਸਮੇਤ ਧਾਈ ਕਰਕੇ ਪੁੱਜਦੇ ਸਨ ਅਤੇ ਨਾਮ ਬਾਣੀ ਦੇ ਲਾਹੇ ਲੈਂਦੇ ਰਹੇ। ਸੰਨ 1977 ਵਿਚ ਬਾਹਰਲੇ ਦੇਸ਼ਾਂ ਖਾਸ ਕਰ ਇੰਗਲੈਂਡ, ਕੈਨੇਡਾ, ਅਮਰੀਕਾ ਦੇ ਸਿੰਘਾਂ ਵਲੋਂ ਜ਼ੋਰ ਪਾਉਣ ਤੇ ਜਥੇ ਪੁਰਾਤਨ ਕੀਰਤਨੀ ਸਿੰਘ ਜਿੰਨ੍ਹਾਂ ਵਿਚ ਆਪ ਜੀ, ਭਾਈ ਸੂਰਤ ਸਿੰਘ ਪੂਰਨ ਜੀ, ਉਨ੍ਹਾਂ ਦੀ ਸਿੰਘਣੀ ਬੀਬੀ ਭੁਪਿੰਦਰ ਕੌਰ ਜੀ, ਭਾਈ ਮਿਹਰ ਸਿੰਘ ਅਤੇ ਭਾਈ ਪ੍ਰੀਤਮ ਸਿੰਘ ਚਾਨੀ ਜੀ ਪਹਿਲੀ ਪ੍ਰਚਾਰ ਫੇਰੀ ਤੇ ਗਏ ਅਤੇ ਇੰਨ੍ਹਾਂ ਦੇਸ਼ਾਂ ਵਿਚ ਬੇਅੰਤ ਸਿੰਘਾਂ ਨੂੰ ਅਖੰਡ ਕੀਰਤਨ, ਅੰਮ੍ਰਿਤ ਵੇਲੇ ਤੇ ਅੰਮ੍ਰਿਤ ਸੰਚਾਰ ਸਮਾਗਮ ਕਰਕੇ ਗੁਰੂ ਚਰਨਾਂ ਨਾਲ ਜੋੜਿਆ। ਭਾਈ ਸਾਹਿਬ ਜੀ ਦਾ ਇਹ ਪਹਿਲਾ ਵਿਦੇਸ਼ੀ ਦੌਰਾ ਸੀ ਅਤੇ ਇਸ ਦੌਰੇ ਨੇ ਹੀ ਭਾਈ ਜੀਵਨ ਸਿੰਘ ਨੂੰ ਜੀਵਨ ਦੀ ਇਕ ਨਵੀਂ ਸੇਧ, ਨਿਸ਼ਾਨਾ ਤੇ ਨਵਾਂ ਮਿਸ਼ਨ ਦਿੱਤਾ, ਜਿਸ ਨੂੰ ਉਨ੍ਹਾਂ ਨੇ ਅੰਤਲੇ ਸੁਆਸਾਂ ਤੱਕ ਦੇਸ਼-ਵਿਦੇਸ਼ਾਂ ਦੇ ਲੱਖਾਂ ਸਿੱਖ ਪਰਿਵਾਰਾਂ ਦੇ ਬੱਚਿਆਂ ਨੂੰ ਪੱਛਮੀ ਸੱਭਿਅਤਾ ਦੇ ਕੁਪ੍ਰਭਾਵਾਂ ਤੋਂ ਬਚਾਉਣ ਲਈ ਗੁਰਸਿੱਖੀ ਵਿਰਸੇ ਤੇ ਗੁਰਬਾਣੀ ਦੇ ਨਾਲ ਜੋੜ ਕੇ ਨਿਭਾਇਆ।

ਵਿਦੇਸ਼ਾਂ ਵਿੱਚ ਉਸ ਸਮੇਂ ਸਿੱਖ ਪਰਿਵਾਰ ਖਾਸ ਕਰ ਉਨ੍ਹਾਂ ਦੇ ਬੱਚੇ ਸਿੱਖੀ ਤੋਂ ਬੇਮੁਖ ਹੁੰਦੇ ਜਾ ਰਹੇ ਸਨ। ਇਸ ਨਾਲ ਆਪ ਸੁਭਾਵਕ ਤੌਰ 'ਤੇ ਮਾਨਸਿਕ ਪੀੜਾ ਦਾ ਸ਼ਿਕਾਰ ਹੋਏ। ਆਪ ਦੇ ਮਨ ਨੇ ਅੰਦਰੋਂ ਅੰਦਰੀਂ ਇਹ ਫੈਸਲਾ ਕੀਤਾ ਕਿ ਵਿਦੇਸ਼ਾਂ ਵਿੱਚ ਸਿੱਖ ਧਰਮ ਦੇ ਪ੍ਰਚਾਰ ਦੀ ਵੱਡੀ ਲੋੜ ਹੈ। ਆਪ ਨੇ ਬੇਅੰਤ ਨੌਜਵਾਨ ਬੱਚਿਆਂ ਨੂੰ ਗੁਰੂ ਘਰ ਨਾਲ ਜੋੜਿਆ। ਸਿੱਖ ਕੈਂਪ ਲਗਾਏ। ਖ਼ੁਸ਼ੀ ਦੇ ਵੱਖ-ਵੱਖ ਮੌਕਿਆਂ 'ਤੇ ਆਪ ਨੇ ਨੌਜਵਾਨਾਂ ਅਤੇ ਛੋਟੇ ਬੱਚਿਆਂ ਨੂੰ ਸਿਮਰਨੇ, ਕਿਰਪਾਨਾਂ, ਕਕਾਰ, ਵਾਜੇ, ਜੋੜੀਆਂ, ਖੜਤਾਲਾਂ ਤੇ ਖ਼ਾਲਸਾਈ ਪੌਸ਼ਾਕਾਂ, ਗੁਰਬਾਣੀ ਦੇ ਗੁਟਕੇ ਤੇ ਪੋਥੀਆਂ ਸੌਗਾਤ ਦੇ ਤੌਰ 'ਤੇ ਭੇਟ ਕਰਨ ਦੀ ਪਿਰਤ ਪਾਈ। ਬੱਚਿਆਂ ਨੂੰ ਆਪਣੇ ਵਿਰਸੇ ਨਾਲ ਜੋੜਿਆ, ਨਸ਼ਿਆਂ ਦਾ ਤਿਆਗ ਕਰਵਾਇਆ, ਗੁਰੂ ਗ੍ਰੰਥ ਤੇ ਗੁਰੂ ਪੰਥ ਦੇ ਲੜ ਲਾਇਆ। ਇਕ ਆਦਰਸ਼ਕ ਤੇ ਗੁਰਮਤੀ ਜੀਵਨ ਜੀਊਣ ਦੀ ਜਾਂਚ ਦੱਸੀ। ਇਸ ਤਰ੍ਹਾਂ ਆਪ ਨੇ ਕੈਨੇਡਾ ਤੋਂ ਇਲਾਵਾ ਅਮਰੀਕਾ, ਇੰਗਲੈਂਡ, ਜਰਮਨੀ, ਹਾਲੈਂਡ, ਸਵੀਡਨ, ਇਟਲੀ, ਆਸਟਰੇਲੀਆ, ਸਿੰਗਾਪੁਰ ਆਦਿ ਸਮੇਤ ਵਿਸ਼ਵ ਭਰ ਦਾ ਕੋਈ ਵੀ ਦੇਸ਼ ਨਹੀਂ ਛੱਡਿਆ, ਜਿੱਥੇ ਸਿੱਖੀ ਦੇ ਪ੍ਰਚਾਰ ਹਿੱਤ ਦਿਨ-ਰਾਤ ਇਕ ਨਾ ਕੀਤਾ ਹੋਵੇ।

ਭਾਈ ਜੀਵਨ ਸਿੰਘ ਦਾ ਸਮੁੱਚਾ ਜੀਵਨ ਨਾਮ ਕਮਾਈ ਤੇ ਸੇਵਾ ਨਾਲ ਭਰਿਆ ਹੋਇਆ ਸੀ। ਦਗ਼ ਦਗ਼ ਕਰਦਾ ਰੂਹਾਨੀ ਪ੍ਰਤਾਪ ਵਾਲਾ ਚਿਹਰਾ ਇਕ ਚੁੰਬਕੀ ਸ਼ਖ਼ਸੀਅਤ ਸੀ। ਆਪ ਜੀ ਨੇ ਅਮਰੀਕਾ, ਕੈਨੇਡਾ, ਇੰਗਲੈਂਡ ਆਦਿ ਵਿੱਚ ਅਨੇਕਾਂ ਖ਼ਾਲਸਾ ਸਕੂਲ, ਖ਼ਾਲਸਾ ਬੈਂਕ, ਗੁਰੂ ਘਰ ਅਤੇ ਪੰਜਾਬੀ ਅਖ਼ਬਾਰਾਂ ਨੂੰ ਸਥਾਪਿਤ ਕਰਨ ਦੀ ਅਗਵਾਈ ਕੀਤੀ ਤੇ ਸੰਚਾਲਨ ਕੀਤਾ। ਇਸ ਸਦਕਾ ਵਿਦੇਸ਼ਾਂ ਵਿੱਚ ਰਹਿੰਦੇ ਸਿੱਖ ਪਰਿਵਾਰਾਂ ਨੂੰ ਸਿੱਖਿਆ, ਰੁਜ਼ਗਾਰ ਦੇ ਵਸੀਲੇ, ਆਰਥਿਕ ਸਵੈ-ਨਿਰਭਰਤਾ, ਗੁਰਮਤਿ ਸੇਧਾਂ ਅਤੇ ਸਿੱਖੀ ਵਿਰਸੇ ਨਾਲ ਜੁੜੇ ਰਹਿਣ ਦੀਆਂ ਲੋੜਾਂ ਮੁਹੱਈਆ ਕਰਵਾ ਕੇ ਭਾਈ ਜੀਵਨ ਸਿੰਘ ਜੀ ਨੇ ਸਿੱਖ ਸਮਾਜ ਦੀ ਵੱਡੀ ਸੇਵਾ ਕੀਤੀ। ਭਾਈ ਸਾਹਿਬ ਸਦਾ ਹੀ ਸਰਬੱਤ ਦੇ ਭਲੇ ਦੇ ਚਾਹਵਾਨ ਸਨ। ਪੰਥ ਦੀ ਚੜ੍ਹਦੀ ਕਲਾ ਭਾਈ ਸਾਹਿਬ ਦੇ ਜੀਵਨ ਦਾ ਸੰਕਲਪ ਸੀ। ਵਰਤਮਾਨ ਸੰਘਰਸ਼ ਵਿੱਚ ਸ਼ਹੀਦ ਹੋਏ ਅਨੇਕਾਂ ਸਿੱਖ ਪਰਿਵਾਰਾਂ ਦੀ ਸਾਂਭ-ਸੰਭਾਲ ਵੀ ਭਾਈ ਸਾਹਿਬ ਨੇ ਬੜਾਂ ਸ਼ਿੱਦਤ ਨਾਲ ਕੀਤੀ। ਸਿੱਖ ਸ਼ਹੀਦਾਂ ਦੇ ਪਰਿਵਾਰਾਂ ਦੀ ਆਰਥਿਕ ਤੌਰ 'ਤੇ ਪੁੱਜ ਕੇ ਮਦਦ ਕੀਤੀ। ਭਾਈ ਸਾਹਿਬ ਲੋੜਵੰਦਾਂ, ਬੇਸਹਾਰਿਆਂ ਦੇ ਸਦਾ ਸਰਮਾਇਆ ਬਣ ਕੇ ਬਹੁੜੇ। ਨਿਮਾਣਿਆਂ, ਨਿਤਾਣਿਆਂ ਦੇ ਅੰਗ-ਸੰਗ ਖੜ੍ਹਦੇ ਸਨ। ਇਹ ਸਭ ਕੁਝ ਇਕ ਕੌਮੀ ਫ਼ਰਜ਼ ਦੇ ਤੌਰ 'ਤੇ ਖ਼ੁਦ ਆਪ ਕਰਦੇ ਤੇ ਦੂਜਿਆਂ ਨੂੰ ਵੀ ਇਸ ਤਰ੍ਹਾਂ ਅਦੁੱਤੀ ਸੇਵਾ ਕਰਨ ਹਿੱਤ ਪ੍ਰੇਰਦੇ ਸਨ।



www.AKJ.Org

ਸਿੱਖ ਕੌਮ ਦਾ ਇਹ ਬੇਸ਼ਕੀਮਤੀ ਹੀਰਾ, ਜੋ ਸਾਰੀ ਉਮਰ ਇਕ ਸ਼ਖ਼ਸੀਅਤ ਹੀ ਨਹੀਂ, ਸਗੋਂ ਸਿੱਖ ਸਮਾਜ ਦੀ ਇੱਕ ਸਮਰੱਥ ਸੰਸਥਾ ਬਣ ਕੇ ਜੀਵਿਆ। ਭਾਈ ਸਾਹਿਬ ਆਪਣੇ ਜੀਵਨ ਦੇ ਅਖੀਰਲੇ ਸਾਲਾਂ ਵਿਚ ਸ੍ਰੀ ਅੰਮ੍ਰਿਤਸਰ ਵਿਚ ਆ ਕੇ ਟਿਕ ਗਏ ਤੇ ਸਵੇਰੇ ਸ਼ਾਮੀ ਸਚਖੰਡ ਸ੍ਰੀ ਦਰਬਾਰ ਸਾਹਿਬ ਜੀ ਦੇ ਦਰਸ਼ਨ ਕਰਨੇ ਨਾਮ ਬਾਣੀ ਦੇ ਲਾਹੇ ਲੈਂਦੇ ਰਹੇ। ਅੰਮ੍ਰਿਤ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਵੇਲੇ ਸਵਯੈ ਪੜ੍ਹਨ ਦੀ ਸੇਵਾ ਵੀ ਕਰਦੇ। ਕਈ ਵਾਰ ਉਨ੍ਹਾਂ ਤ੍ਰਿਪਹਿਰੇ 'ਤੇ ਸ੍ਰੀ ਆਸਾ ਕੀ ਵਾਰ ਦੇ ਕੀਰਤਨੀ ਦੀ ਹਾਜ਼ਰੀ ਵੀ ਭਰੀ। ਭਾਵੇਂ ਉਨ੍ਹਾਂ ਦਾ ਸਰੀਰ ਅਖੀਰ ਸਮੇਂ ਕਾਫੀ ਨਿਰਬਲ ਹੋ ਗਿਆ ਸੀ ਪ੍ਰੰਤੂ ਗੁਰੂ ਘਰ ਦੀ ਹਾਜ਼ਰੀ ਇਕ ਸੇਵਾਦਾਰ ਦੀ ਸਹਾਇਤਾ ਨਾਲ ਲਗਾਤਾਰ ਭਰਦੇ ਰਹੇ। ਆਪਣੇ ਨਿਵਾਸ ਵਿਚ ਵੀ ਗੁਰਬਾਣੀ ਨਾਲ ਜੁੜਨ ਲਈ ਸ੍ਰੀ ਦਰਬਾਰ ਸਾਹਿਬ ਜੀ ਵਿਖੇ ਹੁੰਦੇ ਕੀਰਤਨ ਵਾਲੇ ਸਪੀਕਰ ਦੀ ਤਾਰ ਲੁਆਈ ਹੋਈ ਸੀ ਜਿਸ ਨਾਲ ਉਹ ਸਾਰਾ ਦਿਨ ਗੁਰਬਾਣੀ ਦੇ ਕੀਰਤਨ ਨਾਲ ਜੁੜੇ ਰਹਿੰਦੇ ਸਨ। ਭਾਈ ਜੀਵਨ ਸਿੰਘ ਜੀ 7 ਜਨਵਰੀ 2015 ਨੂੰ ਅਕਾਲ ਪੁਰਖ ਦੇ ਹੁਕਮਾਂ ਅਨੁਸਾਰ 90 ਸਾਲ ਦੀ ਉਮਰ ਵਿੱਚ ਆਪਣਾ ਪੰਜ ਭੂਤਕ ਸਰੀਰ ਤਿਆਗ ਕੇ ਗੁਰੂ ਚਰਨਾਂ ਵਿਚ ਜਾ ਬਿਰਾਜੇ। ਸਰੀਰ ਨਿਰਬਲ ਹੋਣ ਦੇ ਬਾਵਜੂਦ ਵੀ ਉਨ੍ਹਾਂ ਦੀ ਸੁਰਤੀ ਬਿਰਤੀ ਆਖਰੀ ਸਵਾਸ ਤਾਈਂ ਕਾਇਮ ਰਹੀ।

**ਕੁਝ ਹੋਰ ਜੀਵਨ ਝਲਕਾਂ : ਵਲੋਂ ਭਾਈ ਗੁਰਦੀਪ ਸਿੰਘ ਸ੍ਰੀ ਅੰਮ੍ਰਿਤਸਰ**

ਭਾਈ ਸਾਹਿਬ ਜੀ ਦੇ ਜੀਵਨ ਦੀਆਂ ਅਨੇਕਾਂ ਘਟਨਾਵਾਂ ਜੋ ਉਨ੍ਹਾਂ ਦੇ ਪ੍ਰੇਮੀਆਂ/ਸੰਗੀ ਸਾਥੀਆਂ ਦੇ ਹਿਰਦੇ ਵਿਚ ਹਨ ਜੇ ਵਰਨਣ ਕਰਨ ਲਗੀਏ ਤਾਂ ਇਕ ਵੱਡੀ ਪੁਸਤਕ ਬਣ ਜਾਵੇਗੀ। ਉਨ੍ਹਾਂ ਦੀ ਜੀਵਨ ਦੀਆਂ ਕੁਝ ਕੁ ਘਟਨਾਵਾਂ ਸੰਖੇਪ ਵਿਚ ਹੇਠ ਵਰਨਣ ਕੀਤੀਆਂ ਜਾਂਦੀਆਂ ਹਨ।

**ਸਰੀਰਕ ਦੁੱਖ ਸੁੱਖ ਤੋਂ ਉੱਪਰ** : ਡਾ. ਮਹੇਸ਼ ਇੰਦਰ ਸਿੰਘ ਟਰਾਂਟੋ ਕੈਨੇਡਾ ਦਸਦੇ ਸਨ ਕਿ ਇਕ ਵਾਰ ਆਪ ਜੀ ਦੀ ਦਾੜ੍ਹ ਕੱਢਣੀ ਸੀ ਜਿਸ ਲਈ ਦਰਦ ਘਟਾਉਣ ਲਈ ਉਸ ਨੇ ਭਾਈ ਸਾਹਿਬ ਦੇ ਟੀਕਾ ਲਾਉਣਾ ਚਾਹਿਆ, ਪਰ ਭਾਈ ਸਾਹਿਬ ਜੀ ਨੇ ਡਾਕਟਰ ਸਾਹਿਬ ਨੂੰ ਕਿਹਾ ਕਿ ਟੀਕਾ ਲਾਉਣ ਦੀ ਕੋਈ ਜ਼ਰੂਰਤ ਨਹੀਂ। ਤੁਸੀਂ ਆਪਣਾ ਕੰਮ ਕਰੋ ਤੇ ਆਪਣਾ ਕੰਮ ਕਰਾਂਗਾ। ਭਾਈ ਸਾਹਿਬ ਜੀ ਨੇ ਗੁਰਬਾਣੀ ਦੇ ਪਾਠ ਨਾਲ ਸੁਰਤ ਜੋੜ ਲਈ ਤੇ ਡਾਕਟਰ ਸਾਹਿਬ ਨੇ ਬਿਨ੍ਹਾਂ ਟੀਕਾ ਲਾਏ ਦਾੜ੍ਹ ਕੱਢ ਦਿੱਤੀ, ਪ੍ਰੰਤੂ ਹੋਈ ਦਰਦ ਲਈ ਭਾਈ ਸਾਹਿਬ ਨੇ ਇਕ ਵਾਰੀ ਵੀ ਮੂੰਹੋਂ ਸੀ ਨਹੀਂ ਕਹੀ ਜਿਵੇਂ ਕੁਝ ਹੋਇਆ ਹੀ ਨਾ ਹੋਵੇ।

**ਆਪਣੇ ਆਪ ਮੂੰਹ ਕਾਲਾ ਕਰ ਲੈਣਾ** : ਇਕ ਵਾਰ ਕਿਸੇ ਦੋਸ਼ੀ ਨੇ ਆਪ ਜੀ ਉੱਪਰ ਝੂਠੀ ਊਝ ਲਾ ਦਿੱਤੀ। ਜਦ ਆਪ ਜੀ ਨੂੰ ਪਤਾ ਲੱਗਾ ਤਾਂ ਆਪ ਜੀ ਨੇ ਆਪਣੇ ਆਪ ਹੀ ਮੂੰਹ ਕਾਲਾ ਕਰਕੇ ਸੰਗਤਾਂ ਦੇ ਜੋੜਿਆਂ ਵਿਚ ਜਾ ਕੇ ਬੈਠ ਗਏ। ਕਿਸੇ ਸਿੰਘ ਨੇ ਜਾ ਕੇ ਜਦ ਭਾਈ ਸਾਹਿਬ ਜੀ ਨੂੰ ਦੱਸਿਆ ਤੇ ਉਨ੍ਹਾਂ ਨੇ ਉਸ ਵੇਲੇ ਆਪ ਜੀ ਨੂੰ ਬੁਲਾਇਆ ਤੇ ਸ਼ਾਬਾਸ਼ ਦਿੱਤੀ ਕਿ ਤੂੰ ਆਪਣਾ ਅੰਦਰਲਾ, ਮੂੰਹ ਤੇ ਕਾਲਖ ਲਗਾ ਕੇ ਸ਼ੀਸ਼ੇ ਵਾਂਗ ਨਿਰਮਲ ਕਰ ਲਿਆ ਹੈ।

**ਸੰਗਤ ਦੇ ਚਰਨ ਚੱਟਣੇ** : ਕੀਰਤਨ ਸਮਾਗਮਾਂ ਦੌਰਾਨ ਜਦੋਂ ਸੰਗਤਾਂ ਰਿਹਾਇਸ਼ੀ ਕਮਰਿਆਂ ਵਿਚ ਬਿਸਰਾਮ ਲਈ ਲੇਟ ਜਾਂਦੀਆਂ ਸਨ 'ਤੇ ਆਪ ਨੇ ਪਹਿਲਾਂ ਉਪਰੋਂ ਉਪਰੋਂ ਦਿਖਾਉਣ ਲਈ ਅੱਖ ਮੀਟੀ ਕਰ ਲੈਣੀ ਤੇ ਘੁਰਾੜੇ ਮਾਰਨੇ ਸ਼ੁਰੂ ਕਰ ਦੇਣੇ। ਜਦ ਦੇਖਣਾ ਸੰਗਤਾਂ ਘੂਕ ਸੌਂ ਗਈਆਂ ਹਨ ਤਾਂ ਆਪ ਨੇ ਉੱਠ ਕੇ ਆਪਣੀ ਜੀਭ ਨਾਲ ਸੁੱਤੀਆਂ ਪਈਆਂ ਸੰਗਤਾਂ ਦੇ ਚਰਨ ਚੱਟਣੇ ਸ਼ੁਰੂ ਕਰ ਦੇਣੇ ਤੇ ਨਾਲ ਹੀ ਲੱਤਾ ਆਦਿ ਘੁੱਟ ਕੇ ਮੁੱਠੀ ਚਾਪੀ ਸ਼ੁਰੂ ਕਰ ਦੇਣੀ। ਆਪ ਜੀ ਗੁਰੂ ਸਾਹਿਬਾਂ ਦੇ ਚਰਨਾਂ ਵਿਚ ਨਤਮਸਤਕ ਹੋਣ ਵੇਲੇ ਆਪਣੇ ਜੀਭ ਨਾਲ ਸੰਗਤਾਂ ਦੀ ਚਰਣ ਧੂੜ ਵੀ ਜ਼ਰੂਰ ਚੱਟਦੇ ਸਨ ਤੇ ਇਸ ਗੁਰਵਾਕ ਤੇ ਪਹਿਰਾ ਦਿੰਦੇ ਸਨ "ਦਾਨੁ ਮਹਿੰਡਾ ਤਲੀ ਖਾਕ ਜੇ ਮਿਲੇ ਤ ਮਸਤਕਿ ਲਾਈਐ॥" ਇਹੋ ਜਿਹੀ ਨਿਮਰਤਾ ਕਿਸੇ ਵਿਰਲੇ ਵਿਚ ਹੀ ਦੇਖਣ ਨੂੰ ਮਿਲਦੀ ਹੈ।



www.AKJ.Org

**ਨਿਮਰਤਾ ਦੀ ਮੂਰਤ** : ਭਾਈ ਸਾਹਿਬ ਜੀਵਨ ਸਿੰਘ ਜੀ, ਗੁਰੂ-ਘਰ ਦੇ ਅਜਿਹੇ ਅਨਿੰਨ ਕੀਰਤਨੀਏ ਸਨ, ਜੋ ਕੀਰਤਨ ਅਖਾੜੇ ਵਿੱਚ ਸਾਰੀ ਸੰਗਤ ਨੂੰ ਬੈਰਾਗ ਅਤੇ ਗੁਰੂ ਪ੍ਰੇਮ-ਰਸ ਨਾਲ ਓਤ-ਪੋਤ ਕਰ ਦਿੰਦੇ ਸਨ। ਆਪ ਦੇ ਅੰਦਰ ਇੰਨੀ ਨਿਮਰਤਾ ਸੀ ਕਿ ਬਸ ਨਿਮਰਤਾ ਦੀ ਮੂਰਤ ਹੀ ਸਨ। ਆਪ ਜੀ ਦੀ ਕੋਈ ਉਸਤਤਿ ਸ਼ੁਰੂ ਕਰ ਦੇਵੇ ਤਾਂ ਅਜਿਹੀ ਨਿਮਰਤਾ ਭਰੇ ਗੁਰਬਾਣੀ ਫ਼ੁਰਮਾਨ ਬੋਲਦੇ ਕਿ ਸਭ ਕੁਝ ਹੂੰਝ ਦਿੰਦੇ। ਆਪ ਜੀ ਆਪਣੇ ਆਪ ਨੂੰ ਸਦਾ ਨਿਰਗੁਣ ਢਾਡੀ ਕਰਕੇ ਹੀ ਲਿਖਦੇ ਸਨ।

**ਇਹ ਅੱਖਾਂ ਮੈਨੂੰ ਦੇ ਦੇ** : ਇਕ ਵਾਰ ਭਾਈ ਸਾਹਿਬ ਜੀਵਨ ਸਿੰਘ ਜੀ ਨੂੰ ਤਖ਼ਤ ਸ੍ਰੀ ਪਟਨਾ ਸਾਹਿਬ ਵਿਖੇ ਇਕ ਮੁਸਲਮਾਨ ਕਹਿਣ ਲੱਗਾ, "ਮੁਝੇ ਆਪ ਕੀ ਆਂਖੋਂ ਮੇਂ ਅੱਲ੍ਹਾ ਦਿਖਾਈ ਦੇ ਰਹਾ ਹੈ।" ਭਾਈ ਸਾਹਿਬ ਨੇ ਉਸ ਦੇ ਪੈਰ ਫੜ ਲਏ ਅਤੇ ਨਿਮਰਤਾ ਨਾਲ ਕਹਿੰਦੇ, "ਉਹ ਅੱਖਾਂ ਮੈਨੂੰ ਵੀ ਦੇ ਦੇ, ਜਿਨ੍ਹਾਂ ਤੋਂ ਤੈਨੂੰ ਮੇਰੇ ਵਿਚ ਅੱਲ੍ਹਾ ਦਿਖਾਈ ਦਿੰਦਾ ਹੈ। ਤੂੰ ਧੰਨ ਹੈਂ, ਤੂੰ ਅੱਲ੍ਹਾ ਵੇਖ ਲਿਆ ਹੈ।"

**ਨਾ ਪਰਵਾਹ ਮਾਇਆ ਆਉਣ ਦੀ, ਨਾ ਜਾਣ ਦੀ** : ਸੰਗਤਾਂ ਦਾ ਭਾਈ ਜੀਵਨ ਸਿੰਘ ਜੀ 'ਤੇ ਇੰਨਾਂ ਅਟੁੱਟ ਭਰੋਸਾ ਸੀ ਕਿ ਦਾਨੀ ਸੱਜਣ ਮਾਇਆ ਦੇ ਵੱਡੇ-ਵੱਡੇ ਗੱਫ਼ੇ ਉਨ੍ਹਾਂ ਦੀ ਜੇਬ ਵਿੱਚ ਪਾ ਦਿੰਦੇ ਸਨ। ਲੋੜਵੰਦ ਵੀ ਇੰਨੇ ਉਨ੍ਹਾਂ ਦੇ ਆਲੇ ਦੁਆਲੇ ਹੁੰਦੇ ਸਨ ਕਿ ਮਾਇਆ ਆਪ ਹੀ ਕੱਢ ਲੈਂਦੇ ਸਨ। ਭਾਈ ਸਾਹਿਬ ਨੂੰ ਨਾ ਪਰਵਾਹ ਮਾਇਆ ਆਉਣ ਦੀ ਸੀ, ਤੇ ਨਾ ਜਾਣ ਦੀ ਸੀ।

**ਕੀਰਤਨ ਦੀ ਪ੍ਰੇਰਨਾ ਦੇਣੀ** : ਆਪ ਜੀ ਦੀ ਕੇਵਲ ਇਸ ਜਨਮ ਦੀ ਹੀ ਭਗਤੀ ਨਹੀਂ ਸੀ, ਇਹ ਤਾਂ ਕਈ ਜਨਮਾਂ ਦੀ ਭਗਤੀ ਦਾ ਪ੍ਰੇਮ ਰਸ ਉਨ੍ਹਾਂ ਦੇ ਨਾਲ ਸੀ। ਭਾਈ ਸਾਹਿਬ ਜਿਸ ਘਰ ਚਲੇ ਜਾਂਦੇ, ਉਸ ਘਰ ਵਿਚੋਂ ਦੁੱਖ, ਕਲੇਸ਼, ਰੋਗ ਦੂਰ ਹੋ ਜਾਂਦੇ ਸਨ। ਆਪ ਜਿੱਥੇ ਵੀ ਜਾਂਦੇ, ਪਰਿਵਾਰਕ ਜੀਆਂ ਨੂੰ ਗੁਰਮਤਿ ਦੇ ਧਾਰਨੀ ਬਣਨ ਦੀ ਪ੍ਰੇਰਨਾ ਦੇ ਨਾਲ-ਨਾਲ ਕੀਰਤਨ ਸਿੱਖਣ ਤੇ ਕੀਰਤਨ ਕਰਨ ਦੀ ਚੇਟਕ ਵੀ ਲਗਾਉਂਦੇ ਸਨ। ਕਿਸੇ ਵੀ ਪ੍ਰੇਮੀ ਦੇ ਬੁਲਾਵੇ ਤੇ ਉਸ ਦੇ ਘਰ ਵਿਚ ਜਾ ਕੇ ਇਕ ਸ਼ਬਦ ਕਿਸੇ ਪ੍ਰੀਵਾਰਕ ਮੈਂਬਰ ਨੂੰ ਜ਼ਰੂਰ ਸਿਖਾਉਂਦੇ ਸੀ ਤੇ ਉਸ ਤੋਂ ਬਾਅਦ ਹੀ ਅੰਨ ਜਲ ਗ੍ਰਹਿਣ ਕਰਦੇ ਸਨ। ਆਪ ਜੀ ਕੀਰਤਨ ਸਿਖਣ ਦੇ ਇੱਛਕ ਪ੍ਰੇਮੀਆਂ ਨੂੰ ਵਾਜਾ (ਹਾਰਮੋਨੀਅਮ) ਆਪਣੇ ਵੱਲੋਂ ਭੇਟ ਕਰਦੇ ਸਨ। ਦੋ ਉਂਗਲਾਂ ਸੁਰਾਂ 'ਤੇ ਰੱਖਾ ਕੇ ਸਿਖਲਾਈ ਆਰੰਭ ਕਰ ਦੇਣੀ। ਇਕ ਅੰਦਾਜ਼ੇ ਅਨੁਸਾਰ ਭਾਈ ਸਾਹਿਬ ਵੱਲੋਂ ਵੰਡੇ ਵਾਜਿਆਂ ਦੀ ਗਿਣਤੀ ਕਈ ਹਜ਼ਾਰ ਹੋਵੇਗੀ।

**ਅੰਮ੍ਰਿਤ ਵੇਲੇ ਦੀ ਸੰਭਾਲ ਦੀ ਪ੍ਰੇਰਨਾ** : ਆਪ ਰੋਜ਼ਾਨਾ ਪ੍ਰਦੇਸ਼ਾਂ ਵਿਚ ਬੈਠੇ ਨਿਕਟਵਰਤੀ ਵੀਰਾਂ, ਭੈਣਾਂ ਨੂੰ ਅੰਮ੍ਰਿਤ ਵੇਲੇ ਫੋਨ ਕਰਦੇ ਅਤੇ ਇੰਦਾਂ ਬੋਲਦੇ, "ਨਾਮ ਜਪਣ ਦਾ ਵੇਲਾ ਹੈ। ਉਠੋ !" ਅਜਿਹੇ ਘੱਟੋ-ਘੱਟ ਦੋ ਸੌ ਟੈਲੀਫ਼ੋਨ ਨੰਬਰ, ਭਾਈ ਸਾਹਿਬ ਨੂੰ ਜ਼ੁਬਾਨੀ ਯਾਦ ਸਨ। ਇਹ ਵੀ ਪਤਾ ਹੁੰਦਾ ਸੀ ਕਿ ਕਿਸ ਦੇਸ਼ ਵਿੱਚ ਹੁਣ ਕੀ ਸਮਾਂ ਹੈ ਤੇ ਕਿਸ ਨੂੰ ਕਿਸ ਵੇਲੇ ਉੱਠਣ ਦੀ ਪ੍ਰੇਰਨਾ ਦੇਣੀ ਹੈ।

**ਵਿਲੱਖਣ ਗਵਾਹੀ** : ਕਹਿੰਦੇ ਹਨ ਕਿ ਇਕ ਵਾਰੀ ਅਮਰੀਕਾ ਦੀ ਇਕ ਅਦਾਲਤ ਵਿੱਚ ਆਪ ਜੀ ਗਵਾਹ ਵਜੋਂ ਪੇਸ਼ ਹੋਏ। ਆਪ ਜੀ ਅਦਾਲਤ ਵਿੱਚ ਜਾ ਕੇ ਅੱਖਾਂ ਬੰਦ ਕਰਕੇ ਬੈਠ ਗਏ। ਜਦੋਂ ਜੱਜ ਨੇ ਆਪ ਦਾ ਨਾਂਅ ਬੋਲਿਆ ਤਾਂ ਆਪ ਖੜ੍ਹੇ ਹੋਏ, ਅੱਖਾਂ ਖੋਲ੍ਹੀਆਂ ਅਤੇ ਜੱਜ ਵੱਲ ਵੇਖਿਆ। ਕੁਝ ਹੀ ਪਲਾਂ ਵਿੱਚ ਐਸੀ ਖੇਡ ਵਾਪਰੀ ਕਿ ਜੱਜ ਨੇ ਆਪ ਜੀ ਨੂੰ ਉੱਥੇ ਹੀ ਬੈਠਣ ਦੀ ਬੇਨਤੀ ਕਰ ਦਿੱਤੀ। ਬਿਨ੍ਹਾਂ ਕੁਝ ਕਹੇ ਹੀ ਭਾਈ ਸਾਹਿਬ ਦੀ ਗਵਾਹੀ ਜੱਜ ਨੇ ਮੰਨ ਲਈ ਅਤੇ ਆਪਣਾ ਫੈਸਲਾ ਸੁਣਾ ਦਿੱਤਾ। ਪ੍ਰਤੱਖ ਦਰਸ਼ੀਆਂ ਦਾ ਮੰਨਣਾ ਹੈ ਕਿ ਇਹ ਇਵੇਂ ਹੀ ਸੀ ਕਿ ਜਿਵੇਂ ਪੁਰਾਤਨ ਸਮੇਂ ਵਿੱਚ ਇਕ ਸਿੱਖ ਦੀ ਗਵਾਹੀ 'ਤੇ ਜੱਜਾਂ ਨੂੰ ਪੂਰਨ ਭਰੋਸਾ ਹੁੰਦਾ ਸੀ।

**ਪਾਠ ਸੁਣਨਾ** : ਇਕ ਹੋਰ ਖ਼ੂਬਸੂਰਤ ਗੱਲ ਹੈ ਕਿ ਭਾਈ ਸਾਹਿਬ ਜੀ ਸੰਸਾਰ ਦੇ ਵੱਖ-ਵੱਖ ਹਿੱਸਿਆਂ ਵਿੱਚ ਬੈਠੇ ਗੁਰਸਿੱਖਾਂ ਕੋਲੋਂ ਫ਼ੋਨ 'ਤੇ ਜਪੁਜੀ ਸਾਹਿਬ ਦਾ ਪਾਠ ਸੁਣਦੇ ਸਨ। ਉਨ੍ਹਾਂ ਦੇ ਬਹੁਤ ਨਿਕਟਵਰਤੀ ਭਾਈ ਰਿਪੁਦਮਨ



www.AKJ.Org

ਸਿੰਘ ਮਲਿਕ ਕੈਨੇਡਾ ਤੋਂ ਹਰ ਰੋਜ਼ ਆਪ ਜੀ ਨੂੰ ਨਿਤਨੇਮ ਦੀਆਂ ਬਾਣੀਆਂ ਸੁਣਾਇਆ ਕਰਦੇ ਸਨ। ਅਨੇਕਾਂ ਵਾਰੀ ਅਜਿਹੇ ਪਾਠਾਂ ਦੀ ਗਿਣਤੀ ਇਕ ਦਿਨ ਵਿੱਚ 10 ਤੋਂ 12 ਹੋ ਜਾਂਦੀ ਸੀ। ਆਪ ਹਰ ਵੇਲੇ ਨਾਮ ਰਸ ਵਿੱਚ ਲੀਨ ਰਹਿੰਦੇ ਸਨ।

**ਹਰ ਸਿੱਖ ਲਈ ਪ੍ਰੇਰਨਾਦਾਇਕ** : ਗੁਰਦੁਆਰੇ ਜਾਣਾ, ਪਾਠ ਕਰਨਾ, ਅੱਖਾਂ ਮੀਟ ਕੇ ਸਿਮਰਨ ਕਰਨਾ, ਹੱਥ ਵਿੱਚ ਸਿਮਰਨਾ ਰੱਖਣਾ, ਨੀਲਾ ਬਾਣਾ ਪਹਿਨਣਾ, ਪੰਜ ਕਕਾਰੀ ਰਹਿਤ ਦਾ ਧਾਰਨੀ ਹੋਣਾ, ਦਾੜ੍ਹਾ ਪ੍ਰਕਾਸ਼ ਕਰਨਾ, ਗੱਲ-ਗੱਲ ਵਿੱਚ ਵਾਹਿਗੁਰੂ ਵਾਹਿਗੁਰੂ ਬੋਲਣਾ, ਬਾਣੀ ਕੰਠ ਹੋਣੀ, ਕੀਰਤਨ ਕਰਨਾ, ਜੋੜਿਆਂ ਦੀ ਸੇਵਾ ਕਰਨੀ, ਲੰਗਰ ਵਰਤਾਉਣਾ, ਭਾਂਡੇ ਮਾਂਜਣ ਦੀ ਸੇਵਾ ਕਰਨੀ। ਲੋੜਵੰਦਾਂ ਦੀ ਮਾਇਕ ਸਹਾਇਤਾ ਕਰਨਾ, ਘਰ ਵਿੱਚ ਕੀਰਤਨ ਤੇ ਪਾਠ ਕਰਵਾਉਣੇ, ਪ੍ਰਭਾਤ ਫੇਰੀਆਂ 'ਤੇ ਜਾਣਾ ਤੇ ਸੇਵਾ ਕਰਨੀ, ਨਗਰ ਕੀਰਤਨਾਂ 'ਤੇ ਹਾਜ਼ਰੀ ਭਰਨੀ, ਸਮੇਂ-ਸਮੇਂ 'ਤੇ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ ਤੇ ਹੋਰਨਾਂ ਇਤਿਹਾਸਕ ਥਾਵਾਂ 'ਤੇ ਯਾਤਰਾ ਕਰਨੀ, ਝੂਠ ਨਾ ਬੋਲਣਾ, ਧੋਖਾ ਨਾ ਦੇਣਾ, ਨਿਮਰਤਾ ਹੋਣੀ, ਕਿਸੇ ਦੀ ਕੀਤੀ ਗਲਤੀ ਤੇ ਉਸ ਨੂੰ ਖਿਮਾ ਕਰਨਾ, ਗੁੱਸਾ ਨਾ ਆਉਣਾ, ਕੌੜੇ ਬੋਲ ਨਾ ਬੋਲਣਾ, ਨਿੰਦਾ, ਚੁਗਲੀ ਨਾ ਕਰਨੀ, ਫ਼ਿੱਕਾ ਬੋਲ ਨਾ ਬੋਲਣਾ, ਕਿਸੇ ਦੀ ਅਮਾਨਤ ਵਾਪਸ ਮੋੜ ਦੇਣੀ, ਰੇਲ, ਬੱਸ ਟਿਕਟਾਂ ਜਾਂ ਕੋਈ ਵੀ ਜਨਤਕ ਵਾਹ-ਵਾਸਤੇ ਵਾਲੇ ਕੰਮ ਲਈ ਆਪਣੀ ਵਾਰੀ ਦੀ ਉਡੀਕ ਕਰਕੇ ਕਰਨਾ, ਕੰਮ ਤੋਂ ਜੀਅ ਨਾ ਚੁਰਾਉਣਾ, ਟਰੈਫ਼ਿਕ ਨਿਯਮਾਂ ਦੀ ਪਾਲਣਾ ਕਰਨੀ, ਵਾਤਾਵਰਨ ਦੀ ਸੰਭਾਲ, ਹਰ ਵੇਲੇ ਪ੍ਰਭੂ ਦੇ ਰੰਗ ਵਿੱਚ ਰੰਗੇ ਰਹਿਣਾ, ਦੁੱਖ ਸੁੱਖ ਵਿੱਚ ਸਮਦ੍ਰਿਸ਼ਟੀ ਰੱਖਣੀ, ਅਨੰਦ ਵਿੱਚ ਖਿੜ੍ਹੇ-ਖਿੜ੍ਹੇ ਰਹਿਣਾ, ਸਹਿਜ ਅਵਸਥਾ ਵਿੱਚ ਰਹਿਣਾ, ਵਿਖਾਵਾ ਨਾ ਕਰਨਾ ਸਗੋਂ ਛੁਪੇ ਰਹਿਣ ਦੀ ਚਾਹਤ ਰੱਖਣੀ, ਆਪੇ ਹੀ ਆਪ ਨੂੰ ਨਾ ਸਾਲਾਹੀ ਜਾਣਾ ਸਗੋਂ ਆਪਣੇ ਆਪ ਨੂੰ ਮੰਦਾ ਜਾਨਣਾ, ਇਹ ਸਾਰੇ ਉਪਰੋਕਤ ਦੈਵੀ ਗੁਣ ਆਪ ਜੀ ਦੇ ਰੋਜ਼ਾਨਾ ਜੀਵਨ ਦਾ ਹਿੱਸਾ ਸਨ।

**ਅੰਦਰੋਂ-ਬਾਹਰੋਂ ਨਿਰਮਲੇ** : ਭਾਈ ਸਾਹਿਬ ਜੀਵਨ ਸਿੰਘ ਜੀ ਕੋਲ ਬਾਣੀ ਅਤੇ ਬਾਣਾ ਵੀ ਸੀ। ਆਪ ਜੀ ਦਾ ਚੱਜ-ਆਚਾਰ, ਜੀਵਨ-ਵਿਹਾਰ ਬੇਦਾਗ਼ ਤੇ ਨਿਰਕਲੰਕ ਸੀ। ਆਪ ਜੀ ਕੇਵਲ ਬਾਹਰੀ ਤੌਰ 'ਤੇ ਧਰਮੀ ਨਜ਼ਰ ਨਹੀਂ ਆਉਂਦੇ ਸਨ, ਸਗੋਂ ਅੰਦਰੋਂ ਧਾਰਮਿਕ ਕਦਰਾਂ-ਕੀਮਤਾਂ ਦੇ ਧਾਰਨੀ ਸਨ।

**ਮਾਇਆ ਤੋਂ ਨਿਰਲੇਪ ਰਹਿਣਾ** : ਬੇਸ਼ਕ ਆਪ ਨੇ ਕੀਰਤਨ ਕਰਨਾ ਇਕ ਕਿੱਤੇ ਵਜੋਂ ਅਪਨਾਇਆ ਹੋਇਆ ਸੀ ਪ੍ਰੰਤੂ ਆਪ ਨੇ ਆਮ ਰਾਗੀ ਜੱਥਿਆਂ ਵਾਂਗ ਨਾ ਹੀ ਕੋਈ ਕੀਰਤਨ ਭੇਟ ਨਿਸਚਿਤ ਕੀਤੀ ਹੋਈ ਸੀ ਤੇ ਨਾ ਹੀ ਕੀਰਤਨ ਭੇਟਾ ਨੂੰ ਆਪ ਹੱਥ ਲਾਇਆ। ਜੋ ਵੀ ਪ੍ਰੇਮੀ ਜਾਂ ਗੁਰਦੁਆਰਾ ਕਮੇਟੀ ਮਾਇਆ ਭੇਟ ਕਰਦੇ ਤਾਂ ਗੁਜ਼ਰਾਨ ਜੋਗੀ ਰੱਖ ਕੇ, ਬਾਕੀ ਸਭ ਧਰਮ ਕਾਰਜਾਂ/ਕਕਾਰ/ਗੁਟਕੇ/ਸਿਮਰਨੇ ਹਰਮੋਨੀਅਮ ਖਰੀਦ ਕੇ ਸੰਗਤਾਂ ਵਿਚ ਮੁਫਤ ਵੰਡ ਦਿੰਦੇ ਸਨ। ਆਪਣੀ ਨਿੱਜੀ ਸੁਖ ਸਹੂਲਤ ਕੋਈ ਮਕਾਨ/ਜਾਇਦਾਦ/ਵਾਹਨ ਨਹੀਂ ਖਰੀਦਿਆ ਸਾਰੀ ਉਮਰ ਗਰੀਬੀ ਦਾਵੇ ਵਿਚ ਹੀ ਬਤੀਤ ਕੀਤੀ। ਕਿਸੇ ਵੀ ਤਰ੍ਹਾਂ ਦਾ ਲੋਭ ਤੇ ਲਾਲਚ ਨੇੜੇ ਨਹੀਂ ਲੱਗਣ ਦਿੱਤਾ।

# ਗਿਆਨੀ ਗੁਰਬਚਨ ਸਿੰਘ, ਸ੍ਰੀ ਅੰਮ੍ਰਿਤਸਰ

ਭਾਈ ਗੁਰਦੀਪ ਸਿੰਘ ਸ੍ਰੀ ਅੰਮ੍ਰਿਤਸਰ

'ਸੂਰਾ' ਮਾਸਿਕ ਪੱਤਰ ਸ੍ਰੀ ਅੰਮ੍ਰਿਤਸਰ ਦੀ 21 ਸਾਲ ਲਗਾਤਾਰ ਸੇਵਾ ਕਰਨ ਵਾਲੇ ਭਾਈ ਸਾਹਿਬ ਰਣਧੀਰ ਸਿੰਘ ਜੀ ਅਤੇ ਬਾਊ ਮਲ ਸਿੰਘ ਜੀ ਦੇ ਅਤਿ ਨਿਕਟਵਰਤੀ ਨਾਮ ਰਸੀਏ ਗਿਆਨੀ ਗੁਰਬਚਨ ਸਿੰਘ ਜੀ ਦਾ ਜਨਮ ਮਿਤੀ 22 ਜੂਨ 1921 ਨੂੰ ਸੇਖੂਪੁਰਾ ਪਾਕਿਸਤਾਨ ਵਿਖੇ ਪਿਤਾ ਸ. ਮੇਹਰ ਸਿੰਘ ਜੀ ਦੇ ਘਰ ਮਾਤਾ ਬੰਤ ਕੌਰ ਜੀ ਦੀ



www.AKJ.Org

ਕੁਖੋਂ ਹੋਇਆ। ਆਪ ਜੀ ਦੇ ਪਿਤਾ ਜੀ ਖੇਤੀ ਬਾੜੀ ਦਾ ਕੰਮ ਕਰਦੇ ਸਨ ਅਤੇ ਆਮ ਸਧਾਰਨ ਸਿੱਖ ਪ੍ਰੀਵਾਰ ਵਿਚੋਂ ਸਨ। ਦੇਸ਼ ਦੀ ਵੰਡ ਤੋਂ ਬਾਅਦ ਪਿੰਡ ਪਥਿਆਲ (ਅਸਲਪੁਰ) ਜ਼ਿਲ੍ਹਾ ਹੁਸ਼ਿਆਰਪੁਰ ਵਿਚ ਆ ਕੇ ਆਬਾਦ ਹੋ ਗਏ। ਆਪ ਜੀ ਨੇ ਸੰਸਾਰਕ ਵਿਦਿਆ ਦਸਵੀਂ ਤਾਈਂ ਪਾਕਿਸਤਾਨ ਰਹਿੰਦੇ ਸਮੇਂ ਸ਼ੇਖੂਪੁਰਾ ਦੇ ਸਕੂਲ ਤੋਂ ਲਈ।

ਆਪ ਜੀ ਦਾ ਅਨੰਦ ਕਾਰਜ ਸੰਨ 1940 ਵਿਚ ਬੀਬੀ ਹਰਬੰਸ ਕੌਰ ਜੀ ਪੁੱਤਰੀ ਹੌਲਦਾਰ ਸ. ਪ੍ਰੇਮ ਸਿੰਘ ਨਿਵਾਸੀ ਮੁਰਾਦਪੁਰ ਗੁਰੂ ਕਾ, ਜ਼ਿਲ੍ਹਾ ਹੁਸ਼ਿਆਰਪੁਰ ਨਾਲ ਹੋਈ। ਬੀਬੀ ਜੀ ਨੇ ਆਪ ਦੇ ਅੰਮ੍ਰਿਤ ਛੱਕਣ ਤੋਂ ਇਕ ਸਾਲ ਬਾਅਦ ਅੰਮ੍ਰਿਤ ਛੱਕਿਆ ਸੀ ਕਿਉਂਕਿ ਉਸ ਵੇਲੇ ਪਿੰਡਾਂ ਵਿਚ ਕੇਸਕੀ ਧਾਰੀ ਬੀਬੀਆਂ ਬਹੁਤ ਘੱਟ ਹੁੰਦੀਆਂ ਸਨ ਤੇ ਆਪ ਪੇਂਡੂ ਪ੍ਰੀਵਾਰਾਂ ਵਿਚ ਬਜ਼ੁਰਗ ਇਸ ਦਾ ਵਿਰੋਧ ਵੀ ਕਰਦੇ ਸਨ। ਬੀਬੀ ਜੀ ਪ੍ਰੀਵਾਰ ਦੀ ਸੰਭਾਲ ਦੇ ਨਾਲ-ਨਾਲ ਲੰਗਰਾਂ ਦੀ ਅਣਥੱਕ ਸੇਵਾ ਕਰਦੇ ਰਹੇ। ਅਖ਼ੀਰ ਗੋਡਿਆਂ ਦੀ ਦਰਦ ਕਾਰਨ ਤਿੰਨ ਸਾਲ ਮੰਜੇ ਤੇ ਹੀ ਰਹੇ ਤੇ ਮਿਤੀ 21 ਫਰਵਰੀ 2003 ਨੂੰ ਚੜਾਈ ਕਰ ਗਏ। ਆਪ ਜੀ ਚਾਰ ਪੁੱਤਰਾਂ ਤੇ ਤਿੰਨ ਪੁੱਤਰੀਆਂ ਨੂੰ ਜਨਮ ਦੇ ਕੇ ਵੱਡ ਪਰਵਾਰੀ ਬਣੇ। ਤਿੰਨੇ ਪੁੱਤਰੀਆਂ ਅੰਮ੍ਰਿਤਧਾਰੀ ਕੇਸਕੀ ਸੰਯੁਕਤ ਰਹਿਤ ਬਹਿਤ ਦੀਆਂ ਧਾਰਨੀ ਹਨ।

ਆਪ ਜੀ 18 ਅਪ੍ਰੈਲ 1940 ਨੂੰ ਸਿਪਾਹੀ ਦੇ ਤੌਰ 'ਤੇ ਅੰਮ੍ਰਿਤਸਰ ਵਿਖੇ ਬ੍ਰਿਟਿਸ਼ ਆਰਮੀ ਵਿਚ ਭਰਤੀ ਹੋਏ। ਉਸ ਸਮੇਂ ਦੂਸਰੀ ਵਿਸ਼ਵ ਜੰਗ ਛਿੜੀ ਹੋਈ ਸੀ। ਫਿਰ ਰੀਕਰਿਊਟਮਿੰਟ ਟਰੇਨਿੰਗ ਲਈ ਚੱਕ ਲਾਲਾ ਰਾਵਲਪਿੰਡੀ ਭੇਜੇ ਗਏ। ਟਰੇਨਿੰਗ ਤੋਂ ਬਾਅਦ ਆਪ ਦੀ ਲਾਹੌਰ ਪੋਸਟਿੰਗ ਹੋਈ। ਇੱਥੋਂ ਦਸੰਬਰ 1940 ਵਿਚ ਜੰਗ ਵਿਚ ਸ਼ਾਮਿਲ ਹੋਣ ਲਈ ਸਾਊਦੀ ਅਰਬ ਰਾਹੀਂ ਲਿਬੀਆ ਭੇਜ ਦਿੱਤਾ ਗਿਆ। ਕੁਝ ਸਮੇਂ ਮਾਰੂਥਲ ਦੀ ਟਰੇਨਿੰਗ ਦੇ ਕੇ ਇਨ੍ਹਾਂ ਦੀ ਬ੍ਰਿਗੇਡ ਨੂੰ ਲਿਬੀਆ ਦੇ ਮਚੀਲਾ ਕਿਲੇ ਦੀ ਰਾਖੀ ਲਈ ਤਾਇਨਾਤ ਕਰ ਦਿੱਤਾ ਗਿਆ। ਇੱਥੇ ਦੁਸ਼ਮਣ ਨੇ ਘੇਰਾ ਪਾ ਕੇ ਤਿੰਨ ਦਿਨ ਦੀ ਲੜਾਈ ਤੋਂ ਬਾਅਦ ਆਪ ਨੂੰ ਜੰਗੀ ਕੈਦੀ ਬਣਾ ਕੇ ਗ੍ਰਿਫਤਾਰ ਕਰ ਲਿਆ। ਪਰ ਆਪ ਕਿਸੇ ਤਰ੍ਹਾਂ ਕੈਦ ਵਿਚੋਂ ਕੁਝ ਸਾਥੀਆਂ ਨਾਲ ਭੱਜਣ ਵਿਚ ਕਾਮਯਾਬ ਹੋ ਗਏ ਅਤੇ reinforcement ਕੈਂਪ ਪਹੁੰਚ ਗਏ। ਉਥੋਂ ਆਪ ਨੂੰ ਸਮੁੰਦਰੀ ਰਸਤੇ ਜਹਾਜਾਂ ਰਾਹੀਂ ਕਾਇਰੋ (Cairo) (ਅਰਬ) ਵਿਚ ਭੇਜ ਦਿੱਤਾ ਗਿਆ। ਕੁਝ ਆਰਾਮ ਬਾਅਦ ਫਿਰ ਈਗਲ ਫੋਰਸਜ਼ ਦੀ ਟਰਾਂਸਪੋਰਟ ਡਿਵੀਜ਼ਨ ਵਿਚ ਨਿਯੁਕਤ ਕਰਕੇ ਲਿਬੀਆ ਦੀ ਲੜਾਈ ਵਿਚ ਭੇਜ ਦਿੱਤਾ ਗਿਆ। ਦਸੰਬਰ 1943 ਵਿਚ ਇਟਲੀ ਦੇ ਟਿਊਨਸ ਸ਼ਹਿਰ ਵਿਚ ਆਰਮੀ ਹੈੱਡ ਕੁਆਟਰ ਤੇ ਕਬਜ਼ਾ ਕਰਨ ਤੋਂ ਬਾਅਦ, ਇੰਨ੍ਹਾਂ ਦੀ ਯੂਨਿਟ ਜਨਵਰੀ 1944 ਵਿਚ ਇਟਲੀ ਵਿਚ ਦਾਖਲ ਹੋ ਗਈ। ਇਥੇ ਦੋਹੀ ਪਾਸੀਂ ਫੌਜਾਂ ਦਾ ਭਾਰੀ ਜਾਨੀ ਨੁਕਸਾਨ ਹੋਇਆ। ਫਿਰ ਆਪ ਜੀ ਦੀ ਯੂਨਿਟ ਜਨਵਰੀ 1945 ਵਿਚ ਗਰੀਸ (ਯੂਨਾਨ) ਭੇਜ ਦਿੱਤੀ ਗਈ। ਅਪਰੈਲ 1945 ਵਿਚ ਆਪ ਜੀ ਨੂੰ ਛੁੱਟੀ ਦੇ ਕੇ ਵਾਪਿਸ ਭਾਰਤ ਭੇਜ ਦਿੱਤਾ ਗਿਆ ਅਤੇ ਲਖਨਊ ਰਿਕਾਰਡ ਸੈਂਟਰ ਤੇ ਤਾਇਨਾਤ ਕਰ ਦਿੱਤਾ ਗਿਆ। 1945 ਵਿਚ ਜੰਗ ਖ਼ਤਮ ਹੋਣ ਤੋਂ ਬਾਅਦ ਮਈ 1946 ਵਿਚ ਆਪ ਜੀ ਨੂੰ ਸੇਵਾ ਮੁਕਤ ਕਰਕੇ ਘਰ ਭੇਜ ਦਿੱਤਾ ਗਿਆ।

ਫੌਜ ਦੀ ਇਸ ਨੌਕਰੀ ਦੌਰਾਨ ਆਪ ਜੀ ਦਾ ਮੇਲ ਭਾਈ ਸਰਦਾਰਾ ਸਿੰਘ ਜੀ ਡਰਾਈਵਰ ਪੰਜਾਬ ਰੋਡਵੇਜ਼ ਸ੍ਰੀ ਅੰਮ੍ਰਿਤਸਰ ਨਿਵਾਸੀ ਨਾਲ ਹੋ ਗਿਆ। ਉਹ ਵਿਦੇਸ਼ ਵਿਚ ਵਿਚ ਜਾਣ ਤੋਂ ਪਹਿਲਾਂ ਭਾਈ ਸਾਹਿਬ ਜੀ ਅਤੇ ਜਥੇ ਦੇ ਸਿੰਘਾਂ ਦੀ ਸੰਗਤ ਵਿਚ ਆ ਚੁੱਕੇ ਸਨ। ਉਨ੍ਹਾਂ ਤੋਂ ਆਪ ਜੀ ਨੂੰ ਜੇਲ੍ਹ ਚਿੱਠੀਆਂ ਪੁਸਤਕ ਪੜ੍ਹਨ ਨੂੰ ਮਿਲੀ ਜਿਸ ਨੂੰ ਪੜ੍ਹ ਕੇ ਆਪ ਜੀ ਅੰਦਰ ਭਾਈ ਸਾਹਿਬ ਜੀ ਦੇ ਦਰਸ਼ਨ ਕਰਨ, ਅੰਮ੍ਰਿਤ ਛੱਕਣ ਲਈ ਤੀਬਰ ਤਾਂਘ ਅਤੇ ਬਿਹਬਲਤਾ ਪੈਦਾ ਹੋ ਗਈ। ਆਪ ਜੀ ਦੀ ਸਿੰਘਣੀ ਕੇਸਕੀ ਰਹਿਤ ਧਾਰਨੀ ਕਰਨ ਲਈ ਰਾਜ਼ੀ ਨਹੀਂ ਸੀ। ਆਪ ਜੀ 1946-47 ਦੇ ਪੋਹ ਸੁਦੀ ਸਮਾਗਮ ਤੇ ਨਾਰੰਗਵਾਲ ਪਹੁੰਚ ਗਏ। ਭਾਈ ਸਾਹਿਬ ਜੀ ਦੇ ਦਰਸ਼ਨ ਮਿਲਾਪ, ਕੀਰਤਨ ਦੀ ਅਗੰਮੀ ਧੁਨੀਆਂ ਸੁਣ ਕੇ, ਆਪ ਜੀ ਅੰਮ੍ਰਿਤ ਛੱਕਣ ਲਈ ਪੰਚਾਂ ਦੇ ਅੱਗੇ ਪੇਸ਼ ਹੋ ਗਏ। ਆਪ ਜੀ ਦੀ ਅੰਮ੍ਰਿਤ ਛੱਕਣ ਲਈ ਤੀਬਰ ਇੱਛਾ ਅਤੇ ਵੈਰਾਗੀ ਦਸ਼ਾ ਦੇ ਕੇ ਆਪ ਜੀ ਨੂੰ ਸਿੰਘਣੀ ਤੋਂ ਬਿਨਾਂ ਹੀ ਅੰਮ੍ਰਿਤ ਦਾ ਅਧਿਕਾਰੀ ਸਮਝ ਕੇ,


www.AKJ.Org

ਅੰਮ੍ਰਿਤ ਛਕਾ ਦਿੱਤਾ ਗਿਆ। ਆਪ ਜੀ ਦੇ ਨਾਲ ਅੰਮ੍ਰਿਤ ਛੱਕਣ ਵਾਲਿਆਂ ਵਿਚ ਭਾਈ ਪ੍ਰੀਤਮ ਸਿੰਘ ਜੀ ਚਾਨੀ ਅਮਰੀਕਾ, ਭਾਈ ਉੱਤਮ ਸਿੰਘ ਸਿੰਧੀ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ, ਭਾਈ ਜੀਵਨ ਸਿੰਘ ਜੀ ਕੈਨੇਡਾ, ਭਾਈ ਅਮੋਲਕ ਸਿੰਘ ਜੀ ਇੰਗਲੈਂਡ, ਭਾਈ ਹਰਿਕਿਸ਼ਨ ਸਿੰਘ ਜੀ ਜਾਨ ਸੁਖਾਲਾ ਅਤੇ ਉਨ੍ਹਾਂ ਦੀ ਸਿੰਘਣੀ ਵੀ ਸ਼ਾਮਿਲ ਸਨ। ਭਾਈ ਸੇਵਾ ਸਿੰਘ (ਸਿੰਘ ਬ੍ਰਦਰਜ਼) ਅਤੇ ਭਾਈ ਈਸ਼ਰ ਸਿੰਘ (ਭਗਤ ਜੀ) ਦੋਨੋਂ ਭਰਾ ਆਪਣੀ ਮਾਤਾ ਹਰਦਿਆਲ ਕੌਰ ਜੀ ਨੂੰ ਅੰਮ੍ਰਿਤ ਛਕਾਉਣ ਲਈ ਇਸ ਸਮਾਗਮ ਤੇ ਪੁੱਜੇ ਹੋਏ ਸਨ। ਪੂਰਬਲੇ ਕਰਮਾਂ ਅਨੁਸਾਰ ਨਾਮ ਦੀ ਰੰਗਣ ਵਿਚ ਓਤ ਪੋਤ ਹੋਏ ਮਾਤਾ ਜੀ (ਜੋ ਕਾਫੀ ਸਮਾਂ ਅੰਮ੍ਰਿਤ ਸੰਚਾਰ ਮੰਡਲ ਵਿਚ ਬੇਸ਼ੁੱਧ ਪਏ ਰਹੇ ਸਨ) ਨੂੰ ਦੋਵੇਂ ਭਰਾ ਉਸੇ ਵੈਰਾਗੀ ਦਸ਼ਾ ਵਿਚ ਭਾਈ ਸਾਹਿਬ ਜੀ ਦੀ ਭੌਰ ਗੁਫਾ ਵਿਚ ਲਿਜਾ ਰਹੇ ਸਨ ਤੇ ਆਪ ਨੇ ਇਹ ਸਾਰਾ ਨਜ਼ਾਰਾ ਆਪਣੇ ਅੱਖੀਂ ਦੇਖਿਆ। ਭਾਈ ਸਾਹਿਬ ਜੀ ਨੇ ਅਸੀਸਾਂ ਬਖਸ਼ੀਆਂ ਅਤੇ ਗੁਰੂ ਫਤਹਿ ਬੁਲਾਈ। ਗੁਰੂ ਬਖਸ਼ਿਸ਼ ਨਾਲ ਉਸ ਵੇਲੇ ਆਪ ਜੀ ਦੀ ਵੀ ਕੁਝ ਐਸੀ ਹੀ ਦਸ਼ਾ ਸੀ। ਇਹ ਆਪ ਜੀ ਦਾ ਭਾਈ ਸੇਵਾ ਸਿੰਘ ਜੀ ਨਾਲ ਪਹਿਲਾ ਮਿਲਾਪ ਸੀ, ਜੋ ਆਖੀਰ ਤੱਕ ਤੋੜ ਨਿਭਿਆ।

ਆਪ ਜੀ ਤੇ ਅੰਮ੍ਰਿਤ ਛੱਕਣ ਸਾਰ ਨਾਮ ਦੇ ਐਸੇ ਚਲੂਲੇ ਰੰਗ ਚੜੇ ਕਿ ਆਪ ਜੀ ਦਸ਼ਾ ਵੈਰਾਗੀ ਤੇ ਮਸਤਾਨੀ ਹੋ ਗਈ। ਦੁਨੀਆਂ ਦੇ ਕਾਰ ਵਿਹਾਰ, ਸਾਕ ਸੰਬੰਧੀ ਸਮੇਤ ਸਿੰਘਣੀ ਸਭ ਵਿਸਰ ਗਏ। ਨਾਰੰਗਵਾਲ ਤੋਂ ਹੀ ਸਰਬਲੋਹੀ ਬਰਤਨ ਲੈ ਆਏ। ਸਿੰਘਣੀ ਨਾਲੋਂ ਖਾਣ ਪੀਣ ਅਤੇ ਹਰ ਤਰ੍ਹਾਂ ਦਾ ਰਿਸ਼ਤਾ ਤੋੜ ਲਿਆ। ਉਹ ਰੁੱਠ ਕੇ ਪੇਕੇ ਘਰ ਚਲੀ ਗਈ। ਬੱਸ ਆਪਣੇ ਹੱਥੀਂ ਹੀ ਦੁੱਧ ਗਰਮ ਕਰਕੇ ਅਤੇ ਨਾਲ ਮੱਕੀ ਦੇ ਦਾਣੇ ਭੁੰਨਾਂ ਕੇ ਛੱਕ ਕੇ ਗੁਜ਼ਾਰਾ ਕਰਨਾ ਸ਼ੁਰੂ ਕਰ ਦਿੱਤਾ। ਸੰਸਾਰਕ ਕਾਰ ਵਿਹਾਰ ਵੀ ਛੱਡ ਦਿੱਤਾ ਤੇ ਰਾਤ ਦਿਨ ਨਾਮ ਬਾਣੀ ਦੇ ਰੰਗਾਂ ਵਿਚ ਹੀ ਜੁੱਟਣਾ ਸ਼ੁਰੂ ਕਰ ਦਿੱਤਾ। ਆਪ ਜੀ ਦੀ ਐਸੀ ਮਸਤਾਨੀ ਦਸ਼ਾ ਹੋ ਗਈ ਕਿ ਜਿਧਰ ਜੀਅ ਕਰੇ ਟਰੱਕਾਂ/ਬੱਸਾਂ ’ਤੇ ਚੜ੍ਹ ਕੇ, ਨਾਮ ਦੇ ਰੰਗਾਂ ਵਿਚ ਹੀ ਗੁਰਧਾਮਾਂ ਦੀ ਯਾਤਰਾ ਤੇ ਕੀਰਤਨ ਸਮਾਗਮਾਂ ਤੇ ਵਿਚਰਦੇ ਰਹਿਣਾ। ਕੋਈ ਰੋਕ ਟੋਕ ਵੀ ਨਹੀਂ ਸੀ ਕਰਦਾ ਤੇ ਨਾਹੀ ਕੋਈ ਕਿਰਾਇਆ ਭਾੜਾ ਮੰਗਦਾ ਸੀ। ਸਾਲ ਤੋਂ ਉਪਰ ਆਪ ਜੀ ਦੀ ਇਹੋ ਦਸ਼ਾ ਰਹੀ। ਫਿਰ ਕੁਝ ਸਾਵਧਾਨਤਾ ਹੋਈ ਤੇ ਇਸ ਸਮੇਂ ਤਾਈਂ ਸਿੰਘਣੀ ਵੀ ਅੰਮ੍ਰਿਤ ਛੱਕਣ ਲਈ ਤਿਆਰ ਹੋ ਗਈ ਸੀ। ਕੁਝ ਚਿਰ ਬਾਅਦ ਮਾਨਸਿਕ ਦਸ਼ਾ ਠੀਕ ਹੋਣ ’ਤੇ ਆਪ ਨੇ ਪਰਿਵਾਰ ਵਿਚ ਵਿਚਰਨਾ ਤੇ ਕਾਰ ਵਿਹਾਰ ਕਰਨਾ ਵੀ ਸ਼ੁਰੂ ਕਰ ਦਿੱਤਾ।

ਫੌਜ ਦੀ ਸੇਵਾ ਮੁਕਤੀ ਬਾਅਦ ਆਪ ਨੇ ਪਹਿਲਾਂ ਫਿਰੋਜ਼ਪੁਰ ਆਪਣੇ ਕਿਸੇ ਰਿਸ਼ਤੇਦਾਰ ਦੇ ਪੈਟਰੋਲ ਪੰਪ ਤੇ ਸੰਨ 1946 ਵਿਚ ਨੌਕਰੀ ਸ਼ੁਰੂ ਕੀਤੀ। ਆਪ ਆਪਣੀ ਡਿਊਟੀ ਬਹੁਤ ਈਮਾਨਦਾਰੀ ਨਾਲ ਨਿਭਾਉਂਦੇ ਸਨ। ਇਸ ਪੈਟਰੋਲ ਪੰਪ ਤੋਂ ਪੁਲਿਸ ਦੀ ਗੱਡੀਆਂ ਵੀ ਪੈਟਰੋਲ ਭਰਾਉਂਦੀਆਂ ਸਨ ਤੇ ਪੁਲਿਸ ਮੁਲਾਜ਼ਮ ਹੇਰਾ ਫੇਰੀ ਕਰਦੇ ਰਹਿੰਦੇ ਸਨ ਜਿਸ ਨੂੰ ਆਪ ਸਖ਼ਤੀ ਨਾਲ ਰੋਕ ਕੇ ਰੱਖਦੇ ਸਨ। ਇਕ ਵਾਰੀ ਸਿਆਸੀ ਦਬਾਅ ਹੇਠ ਇਕ ਇਮਾਨਦਾਰ ਪੁਲਿਸ ਅਫਸਰ ਨੂੰ ਪੁਲਿਸ ਗੱਡੀਆਂ ਵਿਚ ਪੈਟਰੋਲ ਭਰਵਾਉਣ ਦੇ ਕੇਸ ਵਿਚ ਉਲਝਾਇਆ ਗਿਆ ਤੇ ਉਸ ਦੀ ਤਸ਼ਤੀਸ਼ ਸ਼ੁਰੂ ਕਰਵਾ ਦਿੱਤੀ ਗਈ। ਉਸ ਪੁਲਿਸ ਅਫਸਰ ਨੂੰ ਫਸਾਉਣ ਲਈ ਪੈਟਰੋਲ ਪੰਪ ਦੇ ਮਾਲਕਾਂ ਉਪਰ ਦਬਾਅ ਵੀ ਪਾਇਆ ਜਾ ਰਿਹਾ ਸੀ ਪ੍ਰੰਤੂ ਉਸ ਵਿਰੁੱਧ ਕਾਰਵਾਈ, ਆਪ ਜੀ ਗਵਾਹੀ ’ਤੇ ਹੀ ਨਿਰਭਰ ਕਰਦੀ ਸੀ। ਆਪ ਜੀ ਨੇ ਇਕ ਗੁਰਸਿੱਖ ਹੋਣ ਦੇ ਨਾਤੇ, ਸਿਆਸੀ ਅਤੇ ਮਾਲਕਾਂ ਵਲੋਂ ਦਬਾਅ ਪਾਉਣ ਦੇ ਬਾਵਜੂਦ ਵੀ ਝੂਠੀ ਗਵਾਹੀ ਦੇਣ ਤੋਂ ਸਾਫ ਇਨਕਾਰ ਕਰ ਦਿੱਤਾ ਅਤੇ ਉਹ ਪੁਲਿਸ ਅਫਸਰ ਕਿਸੇ ਵੀ ਹੋਣ ਵਾਲੀ ਕਾਰਵਾਈ ਤੋਂ ਬੱਚ ਗਿਆ। ਆਪ ਜੀ ਦੀ ਨਿਡਰਤਾ ਤੇ ਸੱਚ ਤੇ ਪਹਿਰਾ ਦੇਣ ਕਾਰਨ ਉਹ ਪੁਲਿਸ ਅਫਸਰ ਉੱਚ ਅਹੁੱਦੇ ਤੇ ਪਹੁੰਚ ਕੇ ਵੀ ਸਾਰੀ ਉਮਰ ਆਪ ਦਾ ਬਹੁਤ ਸਤਿਕਾਰ ਕਰਦਾ ਰਿਹਾ।

ਆਪ ਜੀ ਨੇ ਇਸ ਤੋਂ ਬਾਅਦ ਇਹ ਨੌਕਰੀ ਛੱਡ ਕੇ ਸਮੁੰਦਰੀ ਟਰਾਂਸਪੋਰਟ ਕੰਪਨੀ ਫਿਰੋਜ਼ਪੁਰ ਵਿਚ ਨੌਕਰੀ ਕਰ ਲਈ। ਇਸ ਸਮੇਂ ਦੌਰਾਨ ਉੱਥੇ ਰਹਿਣ ਵਾਲੇ ਫਿਰੋਜ਼ਪੁਰ ਨਿਵਾਸੀ ਸਿੰਘਾਂ ਦੇ ਸਹਿਯੋਗ ਨਾਲ ਅਖੰਡ ਕੀਰਤਨ



www.AKJ.Org

ਸਮਾਗਮਾਂ ਦੇ ਅਖਾੜੇ ਸਜਾਉਂਦੇ ਰਹੇ। ਜਿੰਨ੍ਹਾਂ ਵਿਚ ਭਾਈ ਸਾਹਿਬ ਜੀ ਜਥੇ ਸਮੇਤ ਸ਼ਾਮਿਲ ਹੁੰਦੇ ਰਹੇ। ਕਈ ਵਾਰ ਅੰਮ੍ਰਿਤ ਸੰਚਾਰ ਸਮਾਗਮ ਵੀ ਹੋਏ ਤੇ ਬੇਅੰਤ ਸੰਗਤਾਂ ਗੁਰੂ ਚਰਨਾਂ ਨਾਲ ਜੁੜੀਆਂ। ਸੰਨ 1956 ਵਿਚ ਆਪ ਫਿਰੋਜ਼ਪੁਰ ਤੋਂ ਨੌਕਰੀ ਛੱਡ ਕੇ ਸ੍ਰੀ ਅੰਮ੍ਰਿਤਸਰ ਆ ਗਏ। ਸ੍ਰੀ ਅੰਮ੍ਰਿਤਸਰ ਉਸ ਵੇਲੇ ਕਪੜੇ ਦੇ ਰੋਜ਼ਗਾਰ ਦੀ ਇਕ ਵੱਡੀ ਮੰਡੀ ਸੀ ਤੇ ਆਪ ਨੇ ਕਪੜਾ ਡੀਜਾਈਨ ਮੇਕਰ ਦਾ ਕੰਮ ਸਿੱਖ ਕੇ ਅੰਮ੍ਰਿਤਸਰ ਸਥਿਤ ਗਰਮ ਕਪੜੇ ਦੀਆਂ ਮਿੱਲਾਂ ਵਿਚ ਨੌਕਰੀ ਸ਼ੁਰੂ ਕਰ ਦਿੱਤੀ। ਫਿਰ ਇਹ ਨੌਕਰੀ ਛੱਡ ਕੇ ਸੂਰਜ ਟਰਾਂਸਪੋਰਟ ਕੰਪਨੀ ਵਿਚ ਖਜ਼ਾਨਚੀ ਦਾ ਕੰਮ ਸੰਨ 1973 ਤਾਈਂ ਕੀਤਾ। ਮਾਰਚ 1973 ਵਿਚ 'ਸੂਰਾ ਮਾਸਿਕ ਪੱਤਰ' ਦੀ ਸੇਵਾ ਸਤਿਕਾਰਯੋਗ ਬਾਊ ਮਲ ਸਿੰਘ ਜੀ ਵਲੋਂ ਭਾਈ ਸੇਵਾ ਸਿੰਘ ਜੀ ਅਤੇ ਆਪ ਜੀ ਨੂੰ ਸੌਂਪੀ ਗਈ ਜੋ ਆਪ ਨੇ ਜੁਲਾਈ 1994 ਤਾਈਂ ਬਹੁਤ ਸਖ਼ਤ ਮਿਹਨਤ, ਈਮਾਨਦਾਰੀ 'ਤੇ ਸਿਰੜ ਨਾਲ ਨਿਭਾਈ। ਉਸ ਸਮੇਂ 'ਸੂਰਾ' ਮਾਸਿਕ ਪੱਤਰ ਦੀ ਮਾਇਕੀ ਹਾਲਤ ਬਹੁਤ ਕਮਜ਼ੋਰ ਸੀ। ਗੁਰੂ ਭਰੋਸੇ ਅਤੇ ਸੰਗਤਾਂ ਦੇ ਸਹਿਯੋਗ ਨਾਲ ਇਸ ਗੁਰਮੁਖ ਜੋੜੀ ਨੇ ਜੋ 21 ਸਾਲ ਸੇਵਾ ਨਿਭਾਈ ਉਹ ਕਹਿਣ ਕਥਨ ਤੋਂ ਬਾਹਰ ਹੈ। ਸਾਲਾਨਾ ਸਮਾਗਮਾਂ ਅਤੇ ਦੂਰ ਨੇੜੇ ਪਿੰਡਾਂ ਦੀਆਂ ਰੈਣ ਸਬਾਈ ਕੀਰਤਨਾਂ ਤੇ, ਦੋਹਾਂ ਗੁਰਮੁਖਾਂ ਨੇ ਆਪਣੇ ਮੋਢਿਆਂ 'ਤੇ ਕਿਤਾਬਾਂ ਤੇ ਰਸਾਲਿਆਂ, ਟ੍ਰੈਕਟਾਂ ਦੇ ਥੈਲੇ ਚੁੱਕ ਕੇ ਲੈ ਕੇ ਜਾਣੇ, ਕੋਈ ਰਿਕਸ਼ਾ ਜਾਂ ਕੁਲੀ ਵੀ ਨਹੀਂ ਕਰਨਾ। ਸੰਗਤਾਂ ਦੇ ਦਸਵੰਧ ਰਾਹੀਂ ਇਕੱਠੇ ਹੋਏ 'ਸੂਰਾ' ਮਾਸਿਕ ਪੱਤਰ ਦੇ ਚੰਦੇ ਅਤੇ ਸ਼ਹੀਦੀ ਫੰਡ ਦੇ ਇਕ-ਇਕ ਪੈਸੇ ਦਾ ਹਿਸਾਬ ਕਿਤਾਬ ਰੱਖਿਆ ਗਿਆ ਅਤੇ ਕਿਸੇ ਵੀ ਵਿਅਕਤੀ ਨੂੰ ਦੂਰ ਉਪਯੋਗ ਨਹੀਂ ਕਰਨ ਦਿੱਤਾ। ਆਪ ਜੀ ਨੇ ਇਹ ਸੇਵਾ ਬਹੁਤ ਹੀ ਥੋੜ੍ਹੀ ਤਨਖਾਹ ਲੈ ਕੇ ਨਿਬਾਹੀ, ਚਾਹੇ ਵੱਡੇ ਪਰਿਵਾਰ ਦੇ ਖਰਚੇ ਕਾਫ਼ੀ ਸਨ ਪਰ ਹਮੇਸ਼ਾਂ ਸਬਰ ਸੰਤੋਖ ਵਿਚ ਹੀ ਰਹੇ।

ਸ੍ਰੀ ਅੰਮ੍ਰਿਤਸਰ ਆਉਣ ਉਪਰੰਤ ਆਪ ਜੀ ਨੇ ਭਾਈ ਸੇਵਾ ਸਿੰਘ ਜੀ (ਜਿੰਨ੍ਹਾਂ ਨਾਲ ਆਪ ਦਾ ਮਿਲਾਪ 1946-47 ਤੋਂ ਨਾਰੰਗਵਾਲ ਸਮਾਗਮ ਤੋਂ ਹੋ ਚੁੱਕਾ ਸੀ) ਦੀ ਅਗਵਾਈ ਹੇਠ ਜਥੇ ਵਲੋਂ ਹੋਣ ਵਾਲੇ ਹਫਤਾਵਾਰੀ, ਕੇਂਦਰੀ ਸਾਲਾਨਾ ਸਮਾਗਮ ਤੇ ਰੈਣ ਸਬਾਈ ਸਮਾਗਮਾਂ ਦੇ ਲਾਹੇ ਲੈਣੇ ਸ਼ੁਰੂ ਕਰ ਦਿੱਤੇ। ਇਸ ਸਮੇਂ ਆਪ ਜੀ ਨੂੰ ਭਾਈ ਹਰਨਾਮ ਸਿੰਘ ਜੀ ਕੋਮਲ ਨਾਲ ਇਕੋ ਮਕਾਨ ਵਿਚ ਨਿਵਾਸ ਰੱਖਣ ਦਾ ਮੌਕਾ ਵੀ ਮਿਲਿਆ। ਆਪ ਜੀ ਨੂੰ ਹਫਤਾਵਾਰੀ ਸਮਾਗਮ (ਜੋ ਸਵੇਰੇ 4 ਵਜੇ ਆਰੰਭ ਹੁੰਦੇ ਸਨ) ਵਿਚ ਭਾਈ ਸੇਵਾ ਸਿੰਘ ਤੇ ਭਾਈ ਈਸ਼ਰ ਸਿੰਘ ਜੀ ਦੇ ਪ੍ਰੀਵਾਰਾਂ ਤੋਂ ਇਲਾਵਾ, ਕੋਮਲ ਜੀ, ਕ੍ਰਿਪਾਨ ਬਹਾਦਰ ਅਮਰ ਸਿੰਘ ਜੀ, ਭਾਈ ਹਰਬੰਸ ਸਿੰਘ ਜੀ ਲਖਨਊ ਅਤੇ ਉਨ੍ਹਾਂ ਦੀ ਸਿੰਘਣੀ ਬੀਬੀ ਮਹਿੰਦਰ ਕੌਰ ਜੀ (ਸਪੁੱਤਰੀ ਭਾਈ ਦਰਸ਼ਨ ਸਿੰਘ ਜੀ ਗੜ੍ਹਗਜ (ਜਲੰਧਰ) ਭਾਈ ਆਸਾ ਸਿੰਘ ਜੀ ਬਾਹਰੀ, ਡਾ. ਹਰਬੰਸ ਸਿੰਘ ਜੀ ਕੁੱਬੀ ਬੇਰੀ ਵਾਲੇ, ਭਾਈ ਮੋਹਨ ਸਿੰਘ ਯਤੀਮਖਾਨਾ, ਭਾਈ ਸੰਤੋਖ ਸਿੰਘ ਬੈਰਾਗੀ ਜੀ, ਭਾਈ ਸਰਦਾਰਾ ਸਿੰਘ ਡਰਾਈਵਰ, ਮਾਸਟਰ ਜਸਵੰਤ ਸਿੰਘ ਜੀ ਆਦਿ ਦਾ ਸੰਗ ਸਾਥ ਪ੍ਰਾਪਤ ਹੁੰਦਾ ਰਿਹਾ ਹੈ। ਬਾਊ ਮਲ ਸਿੰਘ ਜੀ ਵੀ ਅਕਸਰ ਭਾਈ ਈਸ਼ਰ ਸਿੰਘ ਜੀ (ਭਗਤ ਜੀ) ਸ੍ਰੀ ਅੰਮ੍ਰਿਤਸਰ ਅਤੇ ਭਾਈ ਸੇਵਾ ਸਿੰਘ ਜੀ ਦੇ ਗ੍ਰਿਹ ਹੋਣ ਵਾਲੇ ਸ੍ਰੀ ਅਖੰਡ ਪਾਠ ਸਮਾਗਮਾਂ ਅਤੇ ਹਫਤਾਵਾਰੀ ਕੀਰਤਨ ਸਮਾਗਮ ਆਉਂਦੇ ਰਹਿੰਦੇ ਸਨ ਅਤੇ ਆਪ ਜੀ ਨੂੰ ਉਨ੍ਹਾਂ ਦੀ ਸੰਗਤ ਅਤੇ ਪਿਆਰ ਭਰੀਆਂ ਅਸੀਸਾਂ ਵੀ ਮਿਲਦੀਆਂ ਰਹੀਆਂ। ਭਾਈ ਸਾਹਿਬ ਜੀ ਦੀਆਂ ਮਿਲਣੀਆਂ ਅਤੇ ਪਿਆਰ ਬਚਨਾਂ ਨੇ ਇੰਨ੍ਹਾਂ ਲਈ ਸੋਨੇ ਤੇ ਸੁਹਾਗੇ ਵਾਲਾ ਕੰਮ ਕੀਤਾ। ਇਸ ਦੌਰਾਨ ਆਪ ਜੀ ਦੀ ਕਈ ਵਾਰੀ ਮਸਤਾਨੀ ਦਸ਼ਾ ਹੋ ਜਾਂਦੀ ਸੀ ਪਰ ਬਾਊ ਜੀ ਵਲੋਂ ਦਿੱਤੀਆਂ ਗੁਰਮਤੀ ਸੇਧਾਂ ਕਾਰਨ ਆਪ ਅਜਰ ਨੂੰ ਜਰ ਕੇ ਫਿਰ ਆਮ ਦੀ ਤਰ੍ਹਾਂ ਵਿਚਰਨ ਲਗ ਪੈਂਦੇ ਸਨ। ਨਾਮ ਦੀ ਅਤੁੱਟ ਕਮਾਈ ਵਾਸਤੇ ਇਤਨਾ ਚਾਅ ਅਤੇ ਉਮਾਹ ਸੀ ਕਿ ਅਜੀਤ ਨਗਰ ਵਿੱਚ ਬਣੀ ਪਾਣੀ ਦੀ ਉੱਚੀ ਟੈਂਕੀ ਉੱਪਰ ਚੜ੍ਹ ਕੇ ਸਾਰਾ-ਸਾਰਾ ਦਿਨ ਜਾਂ ਸਾਰੀ-ਸਾਰੀ ਰਾਤ ਨਾਮ ਜਪਦੇ ਰਹਿੰਦੇ ਸਨ ਤੇ ਕਿਸੇ ਨੂੰ ਨੇੜੇ ਵੀ ਨਹੀਂ ਸੀ ਆਉਣ ਦਿੰਦੇ। ਇਸ ਸਮੇਂ ਸਿਰਫ ਬਾਊ ਜੀ ਕੋਲੋਂ ਹੀ ਡਰਦੇ ਸਨ।



www.AKJ.Org

ਆਪ ਜੀ ਨੂੰ ਗੁਰਬਾਣੀ ਦਾ ਕਾਫੀ ਬੋਧ ਸੀ ਅਤੇ ਆਪ ਸ਼ੁੱਧ ਗੁਰਬਾਣੀ ਦੇ ਅਖੰਡ ਪਾਠੀ ਵੀ ਸਨ। ਆਪ ਜੀ ਦੀ ਅੰਮ੍ਰਿਤ ਵੇਲੇ ਸੰਭਾਲ, ਉੱਚੀ ਸੁੱਚੀ ਰਹਿਤ ਰਹਿਣੀ ਕਾਰਨ ਆਪ ਜੀ ਨੂੰ ਅੰਮ੍ਰਿਤ ਸੰਚਾਰ ਵੇਲੇ ਪੰਚਾਂ ਦੀ ਸੇਵਾ ਵਿਚ ਵੀ ਸ਼ਾਮਿਲ ਕੀਤਾ ਜਾਂਦਾ ਸੀ। ਆਪ ਜੀ ਦੋ ਵਾਰੀ ਇੰਗਲੈਂਡ ਭਾਈ ਗੁਰਨਾਮ ਸਿੰਘ ਜੀ ਰੈਡਿੰਗ ਦੇ ਸੱਦੇ 'ਤੇ ਉੱਥੇ ਗਏ। 'ਸੂਰਾ' ਮਾਸਿਕ ਪੱਤਰ ਤੇ ਸ਼ਹੀਦੀ ਫੰਡ ਲਈ ਉਥੋਂ ਇਕੱਤਰ ਕੀਤੀ ਮਾਇਆ ਦਾ ਪੂਰਾ ਪੂਰਾ ਹਿਸਾਬ ਕਿਤਾਬ ਦਿੱਤਾ ਅਤੇ ਆਪਣੇ ਨਿੱਜੀ ਸੁਖ ਆਰਾਮ ਲਈ ਸੰਗਤ ਦੀ ਦਸਵੰਧ ਰੂਪੀ ਮਾਇਆ ਨੂੰ ਉੱਕਾ ਹੀ ਨਹੀਂ ਖਰਚਿਆ। ਆਪ ਜੀ ਦੱਸਦੇ ਸਨ ਕਿ 'ਸੂਰੇ' ਦੇ ਦਫਤਰ ਦੀ ਉਸਾਰੀ ਵੇਲੇ, ਉਸ ਵਿਚ ਬਿਜਲੀ ਦਾ ਕੰਮ ਕਰਦੇ ਇਕ ਸਿੰਘ ਨਾਲ ਕੁਝ ਮਾਇਆ ਸੰਬੰਧੀ ਤਕਰਾਰ ਹੋ ਗਿਆ। ਭੁਲੇਖੇ ਨਾਲ ਉਸ ਦਾ ਹਥੌੜਾ ਉੱਥੇ ਹੀ ਰਹਿ ਗਿਆ, ਜਿਸ ਬਾਰੇ ਆਪ ਨੇ ਉਸ ਵੇਲੇ ਉਸ ਨੂੰ ਨਹੀਂ ਦੱਸਿਆ। ਪਰ ਕਹਿੰਦੇ ਸਨ ਕਿ ਜਦੋਂ ਮੈਂ ਉਹ ਹਥੌੜਾ ਦੇਖਦਾ ਸਾਂ ਤਾਂ ਉਹ ਮੇਰੀ ਹਿੱਕ ਤੇ ਵੱਜਦਾ ਸੀ। ਅਖੀਰ ਉਹ ਹਥੌੜਾ ਉਸ ਨੂੰ ਵਾਪਿਸ ਕਰਕੇ ਹੀ ਆਪਣੇ ਆਪ ਨੂੰ ਸੁਰਖਰੂ ਸਮਝਿਆ।

ਆਪ ਜੀ ਨੇ ਸੰਨ 1982 ਵਿਚ ਧਰਮ ਯੁੱਧ ਮੋਰਚੇ ਵੇਲੇ ਜਥੇਦਾਰ ਭਾਈ ਰਾਮ ਸਿੰਘ ਜੀ ਦੀ ਅਗਵਾਈ ਹੇਠ ਸਿੱਖਾਂ ਦੀਆਂ ਧਾਰਮਿਕ ਅਤੇ ਹੱਕੀ ਮੰਗਾਂ ਵਾਸਤੇ ਲੱਗੇ ਧਰਮ ਯੁੱਧ ਮੋਰਚੇ ਵਿਚ ਗ੍ਰਿਫਤਾਰੀ ਦਿੱਤੀ ਤੇ ਤਕਰੀਬਨ ਦੋ ਮਹੀਨੇ ਜੇਲ ਕੱਟੀ। ਆਪ ਜੀ ਉਮਰ ਭਰ ਜਥੇ ਦੇ ਲੋਕਲ ਸਮਾਗਮਾਂ ਵਿਚ ਸ਼ੁਰੂ ਤੋਂ ਲੈ ਕੇ ਭੋਗ ਤਾਈਂ ਹਾਜ਼ਰੀ ਭਰਦੇ ਰਹੇ। ਸਰੀਰ ਉਨ੍ਹਾਂ ਦਾ ਹਮੇਸ਼ਾਂ ਰਿਸ਼ਟ-ਪੁਸ਼ਟ ਰਿਹਾ। ਉਹ ਹਰ ਰੋਜ਼ ਸਰੀਰ ਦੀ ਮਾਲਿਸ਼ ਦੇ ਨਾਲ-ਨਾਲ ਕਸਰਤ ਵੀ ਕਰਦੇ ਸਨ ਤੇ ਹਮੇਸ਼ਾਂ ਸਾਈਕਲ 'ਤੇ ਹੀ ਦੂਰ ਨੇੜੇ ਸਮਾਗਮਾਂ ਜਾਂ ਹੋਰ ਨਿਜੀ ਕਾਰਜਾਂ ਲਈ ਜਾਂਦੇ ਸਨ।

ਚੜ੍ਹਾਈ ਕਰਨ ਤੋਂ ਸਾਲ ਕੁ ਪਹਿਲਾਂ ਆਪ ਜੀ ਆਪਣੀ ਲੜਕੀ ਕੋਲ ਕੈਨੇਡਾ ਗਏ। ਉੱਥੇ ਬੇਸਮੇਂਟ ਵਿਚ ਡਿੱਗਣ ਕਰਕੇ ਆਪ ਦੇ ਸਿਰ 'ਤੇ ਸੱਟ ਲਗ ਗਈ ਤੇ ਕਾਫੀ ਖ਼ੂਨ ਵਹਿ ਗਿਆ। ਇਸ ਕਾਰਨ ਆਪ ਜੀ ਨੂੰ ਦਿਮਾਗੀ ਤੇ ਸਰੀਰਕ ਕਮਜ਼ੋਰੀ ਹੋ ਗਈ। ਇਸ ਤੋਂ ਬਾਅਦ ਆਪ ਭਾਰਤ ਵਾਪਿਸ ਆ ਗਏ ਅਤੇ ਇਕ ਸਾਲ ਘਰ ਵਿਚ ਹੀ ਗੁਰਬਾਣੀ ਦੇ ਪਾਠ ਤੇ ਨਾਮ ਸਿਮਰਨ ਦੇ ਲਾਹੇ ਲੈਂਦੇ ਅਤੇ ਸੰਗਤ ਵਿਚ ਨਹੀਂ ਜਾ ਸਕੇ। ਅੰਤ ਮਿਤੀ 1 ਅਗਸਤ 2012 ਨੂੰ ਪੰਜ ਭੂਤਕ ਸਰੀਰਕ ਚੋਲਾ ਛੱਡ ਕੇ ਜੀਵਨ ਸਫਲਾ ਕਰਦੇ ਹੋਏ ਗੁਰੂ ਚਰਨਾਂ ਵਿਚ ਜਾ ਬਿਰਾਜੇ।

## ਭਾਈ ਹਰਿਕਿਸ਼ਨ ਸਿੰਘ ਜੀ ਜਾਨ ਸੁਖਾਲਾ

ਭਾਈ ਗੁਰਦੀਪ ਸਿੰਘ ਸ੍ਰੀ ਅੰਮ੍ਰਿਤਸਰ

ਸਤਿਕਾਰਯੋਗ ਬਾਪੂ ਜੀ ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਅਤਿ ਨਿਕਟਵਰਤੀ, ਨਿੱਜੀ ਸੇਵਕ ਜਿਹੜੇ ਕਿ ਜਥੇ ਵਿਚ ਜਾਨ ਸੁਖਾਲਾ ਜੀ ਕਰਕੇ ਜਾਣੇ ਜਾਂਦੇ ਸਨ ਦੇ ਬਾਰੇ ਕਿੱਥੇ ਤੇ ਕਦੋਂ ਜਨਮੇ, ਕਿੱਥੇ ਜੰਮੇ ਪਲੇ, ਸੰਸਾਰਕ ਮਾਤਾ ਪਿਤਾ ਅਤੇ ਕਿੱਥੇ ਵਿਦਿਆ ਲਈ ਆਦਿ ਵੇਰਵੇ ਦੀ ਕੋਈ ਜਾਣਕਾਰੀ ਨਹੀਂ ਮਿਲ ਸਕੀ। ਕਾਫੀ ਕੋਸ਼ਿਸ਼ਾਂ ਦੇ ਬਾਵਜੂਦ ਉਨ੍ਹਾਂ ਦੇ ਕਿਸੇ ਵੀ ਰਿਸ਼ਤੇਦਾਰ ਜਾਂ ਨਜ਼ਦੀਕੀ ਸਬੰਧੀ ਬਾਰੇ ਨਹੀਂ ਪਤਾ ਲੱਗ ਸਕਿਆ, ਜਿਨ੍ਹਾਂ ਤੋਂ ਉਨ੍ਹਾਂ ਬਾਰੇ ਕੋਈ ਸੂਹ ਲੱਗ ਸਕਦੀ। ਉਨ੍ਹਾਂ ਦੇ ਪਰਾਤਨ ਸੰਗੀ ਸਾਥੀ ਵੀ ਚੜ੍ਹਾਈ ਕਰ ਚੁੱਕੇ ਹਨ, ਇਸ ਕਰਕੇ ਵੀ ਇਸ ਕਾਰਜ ਵਿਚ ਨਾ ਕਾਮਯਾਬੀ ਹੀ ਰਹੀ। ਗਿਆਨੀ ਗੁਰਬਚਨ ਸਿੰਘ ਜੀ ਸੂਰਾ ਮਾਸਿਕ ਪੱਤਰ ਸ੍ਰੀ ਅੰਮ੍ਰਿਤਸਰ ਵਾਲਿਆਂ ਮੁਤਾਬਿਕ ਉਨ੍ਹਾਂ ਨੇ ਸਿੰਘਣੀ ਸਮੇਤ ਉਨ੍ਹਾਂ ਨਾਲ ਹੀ ਸੰਨ 1946 ਵਿਚ ਪੋਹ ਸੁਦੀ ਸਮਾਗਮ ਨਾਰੰਗਵਾਲ ਵਿਚ ਅੰਮ੍ਰਿਤ ਛਕਿਆ ਸੀ। ਜਿਉਂ ਹੀ ਜਥੇ ਵਿਚ ਆਏ, ਉਹ ਉਸ ਦਿਨ ਤੋਂ ਹੀ ਭਾਈ ਸਾਹਿਬ ਜੀ ਦੇ ਹੀ ਹੋ ਕੇ ਗਏ ਤੇ ਨਾਰੰਗਵਾਲ ਹੀ ਉਨ੍ਹਾਂ ਦੇ ਅੰਗ ਸੰਗ ਰਹਿਣ ਲਗ ਪਏ। ਇਹ ਵੀ ਪਤਾ ਲੱਗਾ ਹੈ ਕਿ ਉਨ੍ਹਾਂ ਤੋਂ ਪਹਿਲਾਂ,


www.AKJ.Org

ਜਥੇ ਵਿਚ ਕੋਈ ਤਬਲਾ ਵਜਾਉਣ ਵਾਲਾ ਨਹੀਂ ਸੀ ਹੁੰਦਾ। ਭਾਈ ਸਾਹਿਬ ਜੀ ਜਾਂ ਹੋਰ ਕੀਰਤਨ ਦੀ ਸੇਵਾ ਕਰਨ ਵਾਲੇ ਢੋਲਕੀ ਨਾਲ ਹੀ ਕੰਮ ਸਾਰ ਲੈਂਦੇ ਸਨ। ਢੋਲਕੀ ਵਜਾਉਣ ਦੀ ਸੇਵਾ ਪਹਿਲਾਂ ਭਾਈ ਸੁਰਜਨ ਸਿੰਘ ਜੀ ਗੁਜਰਵਾਲ ਵੀ ਕਰਦੇ ਰਹੇ ਹਨ। ਕਿਸੇ ਸਮੇਂ ਇਹ ਸੇਵਾ ਗਿਆਨੀ ਗੁਰਦਿੱਤ ਸਿੰਘ ਜੀ, ਸਿੰਘ ਸਭਾ ਸ਼ਤਾਬਦੀ ਕਮੇਟੀ ਵਾਲਿਆਂ ਨੇ ਵੀ ਨਿਬਾਹੀ।

ਆਪ ਜੀ ਅੰਮ੍ਰਿਤ ਛਕਣ ਤੋਂ ਬਾਅਦ ਭਾਈ ਸਾਹਿਬ ਜੀ ਦੇ ਨਾਲ ਹੀ ਹਰ ਸਮਾਗਮ ਤੇ ਪਹੁੰਚ ਕੇ ਨਾਮ ਬਾਣੀ ਦੇ ਲਾਹੇ ਲੈਂਦੇ ਸਨ।। ਤਬਲੇ ਦੀ ਸੇਵਾ ਨਾਲ ਨਾਲ ਆਪ ਜੀ ਕੀਰਤਨ ਦੀ ਵੀ ਸੇਵਾ ਕਰ ਲੈਂਦੇ ਸਨ। ਹਰ ਸਮਾਗਮ ’ਤੇ ਹੋਣ ਵਾਲੇ ਰੈਣ ਸਬਾਈ ਕੀਰਤਨ ਦੀ ਸਮਾਪਤੀ ਆਪ ਜੀ ਵਲੋਂ ਹੀ ਕੀਤੀ ਜਾਂਦੀ ਸੀ ਜਿਸ ਵਿਚ ਰੈਣ ਸਬਾਈ ਕੀਰਤਨ ਦੇ ਭੋਗ ਦੇ ਖਾਸ ਸ਼ਬਦ ਜਿਵੇਂ **ਕੀਰਤਨ ਹੋਆ ਰੈਣ ਸਬਾਈ, ਰਾਤੀ ਜਾਇ ਸੁਣੇ ਗੁਰਬਾਣੀ, ਇਹ ਸੂਖ ਬਿਹਾਨੀ ਰਾਤੇ, ਗੁਰਿ ਪੂਰੈ ਮੇਰੀ ਰਾਖਿ ਲਈ, ਤਿਨ ਘੋਲਿ ਘੁਮਾਈ ਜਿਨ ਪ੍ਰਭ ਸ੍ਰਵਣੀ ਸੁਣਿਆ ਰਾਮ** ਆਦਿ ਜ਼ਰੂਰ ਪੜੇ ਜਾਂਦੇ ਸਨ। ਜਿਥੇ ਆਪ ਜੀ ਕੀਰਤਨ/ਤਬਲੇ ਦੀ ਸੇਵਾ ਕਰਦੇ ਸਨ ਉਥੇ ਲੰਗਰ ਦੇ ਵੀ ਅਣਥਕ ਸੇਵਾਦਾਰ ਸਨ। ਪਰ ਆਪ ਜੀ ਬਹੁਤ ਸੋਹਲ (ਸੁਖ ਰਹਿਣੇ) ਅਤੇ ਸੁਹਜ ਸੁਭਾਅ ਵਾਲੇ ਸਨ। ਜ਼ਿਆਦਾ ਸਰੀਰਕ ਖੇਚਲ ਬਰਦਾਸ਼ਤ ਨਹੀਂ ਸਨ ਕਰ ਸਕਦੇ। ਇਸ ਕਰਕੇ ਭਾਈ ਸਾਹਿਬ ਜੀ ਨੇ ਆਪ ਜੀ ਦੇ ਸੁਭਾਅ ਮੁਤਾਬਕ ਆਪ ਜੀ ਦਾ ਨਾਂ ਜਾਨ ਸੁਖਾਲਾ ਰੱਖਿਆ ਹੋਇਆ ਸੀ। ਉਨ੍ਹਾਂ ਦਾ ਅਸਲੀ ਨਾਮ ਦਾ ਤਾਂ ਕਿਸੇ ਨੂੰ ਘਟ ਹੀ ਪਤਾ ਸੀ। ਸਾਰੇ ਹੀ ਆਪ ਜੀ ਨੂੰ ਜਾਨ ਸੁਖਾਲਾ ਕਰਕੇ ਹੀ ਜਾਣਦੇ ਸਨ। ਆਪ ਜੀ ਆਪਣਾ ਘਰ ਬਾਰ, ਪ੍ਰੀਵਾਰ ਅਤੇ ਦੁਨੀਆਂਦਾਰ ਸਬੰਧੀ/ਰਿਸ਼ਤੇਦਾਰ ਸਭ ਕੁਝ ਤਿਆਗ ਕੇ, ਗੁਰੂ ਘਰ ਦੀ ਹੀ ਸੇਵਾ ਵਿਚ ਲੱਗੇ ਰਹੇ। ਜਥੇ ਵਿਚ ਆਉਣ ਤੋਂ ਬਾਅਦ ਤੋਂ ਲੈ ਕੇ ਭਾਈ ਸਾਹਿਬ ਜੀ ਦੇ ਚੜ੍ਹਾਈ ਕਰਨ ਤਾਈਂ, ਪਹਿਲਾਂ ਨਾਰੰਗਵਾਲ ਤੇ ਫਿਰ ਲੁਧਿਆਣੇ, ਉਨ੍ਹਾਂ ਦੇ ਕੁਝ ਖਾਸ ਨਿਕਟਵਰਤੀ ਸੇਵਾਦਾਰਾਂ ਜਿਵੇਂ ਭਾਈ ਸੰਤਾ ਸਿੰਘ ਜੀ, ਭਾਈ ਬਾਵਾ ਸਿੰਘ ਜੀ, ਭਾਈ ਪ੍ਰੀਤਮ ਸਿੰਘ ਭਾਅ ਜੀ ਵਿਚੋਂ ਆਪ ਜੀ ਵੀ ਇਕ ਸਨ, ਜੋ ਭਾਈ ਸਾਹਿਬ ਜੀ ਨੂੰ ਗੁਰਬਾਣੀ ਦੇ ਪਾਠ ਸੁਣਾਉਣ ਦੇ ਨਾਲ-ਨਾਲ ਕੀਰਤਨ ਦੀ ਸੇਵਾ ਵੀ ਕਰਦੇ ਸਨ ਤੇ ਨਾਲ ਹੀ ਉਨ੍ਹਾਂ ਦੀਆਂ ਨਿੱਜੀ ਸਰੀਰਕ ਕਿਰਿਆਵਾਂ ਵਿਚ ਦੂਸਰੇ ਸੇਵਾਦਾਰਾਂ ਨਾਲ ਹੱਥ ਵਟਾਉਂਦੇ ਸਨ। ਇਸ ਦੇ ਨਾਲ ਹੀ ਉਨ੍ਹਾਂ ਨੂੰ ਗੁਰਬਾਣੀ ਲਿਖਣ ਦਾ ਵੀ ਸ਼ੌਂਕ ਸੀ ਤੇ ਕੀਰਤਨ ਦੀ ਸੇਵਾ ਵਾਸਤੇ ਉਹ ਬੜੀ ਖੁਸ਼ਖੱਤ ਲਿਖਾਈ ਵਿਚ ਛੋਟੀਆਂ ਪੋਥੀਆਂ ਵਿਚ ਸ਼ਬਦ ਲਿਖਦੇ ਰਹਿੰਦੇ ਸਨ।

ਭਾਈ ਸਾਹਿਬ ਜੀ ਦੀ ਚੜ੍ਹਾਈ ਕਰਨ ਤੋਂ ਬਾਅਦ ਉਹ ਕੁਝ ਸਮਾਂ ਭਾਈ ਆਤਮਾ ਸਿੰਘ ਜੀ ਕੋਲ ਪੰਜੋਖਰਾ ਸਾਹਿਬ ਗੁਰਦੁਆਰੇ ਠਹਿਰੇ। ਫਿਰ ਪਿੰਡ ਬੱਬਰੀ ਜ਼ਿਲ੍ਹਾ ਗੁਰਦਾਸਪੁਰ ਦੇ ਨਿਵਾਸੀ ਪੁਰਾਤਨ ਗੁਰਸਿੱਖ ਭਾਈ ਬਖਤਾਵਰ ਸਿੰਘ ਜੀ ਉਨ੍ਹਾਂ ਨੂੰ ਆਪਣੇ ਕੋਲ ਪਿੰਡ ਬੱਬਰੀ ਹੀ ਲੈ ਆਏ। ਉਥੇ 10-12 ਸਾਲ ਰਹੇ ਤੇ ਪਿੰਡ ਵਿਚ ਗੁਰਦੁਆਰੇ ਦੀ ਉਸਾਰੀ ਪਿੰਡ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਕੀਤੀ। ਇਸ ਉਸਾਰੀ ਦੌਰਾਨ ਉਹ ਆਪਣੇ ਹੱਥੀਂ ਟੋਕਰੀ ਢੋਂਦੇ ਰਹੇ ਜਿਸ ਨੂੰ ਦੇਖ ਕੇ ਬਾਕੀ ਸੰਗਤਾਂ ਵੀ ਉਤਸ਼ਾਹ ਨਾਲ ਸੇਵਾ ਵਿਚ ਜੁੱਟ ਜਾਂਦੀਆਂ ਸਨ। ਆਪ ਜੀ ਨੇ ਗੁਰਦੁਆਰੇ ਵਿਚ ਕੀਰਤਨ ਤੇ ਪਾਠ ਦੀ ਸੇਵਾ ਰਾਹੀਂ ਬੇਅੰਤ ਪ੍ਰਾਣੀਆਂ ਨੂੰ ਗੁਰੂ ਚਰਨਾਂ ਨਾਲ ਜੋੜਿਆ। ਆਪ ਜੀ ਇਥੋਂ ਹੀ ਕੇਂਦਰੀ ਸਮਾਗਮਾਂ ਜਾਂ ਨੇੜੇ ਤੇੜੇ ਪਿੰਡਾਂ/ਸ਼ਹਿਰਾਂ ਵਿਚ ਰੈਣ ਸਬਾਈ ਕੀਰਤਨਾਂ ਦੀ ਵੀ ਹਾਜ਼ਰੀ ਭਰਦੇ ਰਹੇ। ਜਿਥੇ ਆਪ ਸਵੇਰੇ ਸ਼ਾਮ ਗੁਰਦੁਆਰੇ ਦੀ ਸੇਵਾ ਨਿਬਾਹੁੰਦੇ ਸਨ, ਉਥੇ ਦਿਨ ਵੇਲੇ ਬਾਹਰ ਖੇਤਾਂ ਵਿਚ ਇਕਾਂਤ ਥਾਂ ਤੇ ਬੈਠ ਕੇ ਬਾਕੀ ਸਾਰਾ ਦਿਨ ਨਾਮ ਸਿਮਰਨ ਵਿਚ ਲੀਨ ਰਹਿੰਦੇ ਸਨ। ਆਪ ਜੀ ਨੇ ਪਿੰਡ ਦੇ ਕਈ ਗੁਰਸਿੱਖਾਂ ਨੂੰ ਗੁਰਬਾਣੀ ਦੇ ਪਾਠ ਦੀ ਸੰਥਿਆ ਦੇ ਨਾਲ ਨਾਲ ਕੀਰਤਨ ਵੀ ਸਿਖਾਇਆ। ਆਪ ਜੀ ਦੀ ਪ੍ਰੇਰਨਾ ਤੇ ਸੰਗਤ ਨਾਲ ਪਿੰਡ ਦੇ ਕਈ ਨਿਵਾਸੀ ਸੱਜਣ ਅੰਮ੍ਰਿਤ ਛੱਕ ਕੇ ਰਹਿਤ ਬਹਿਤ ਦੇ ਧਾਰਨੀ ਬਣੇ। ਵੀਹਵੀਂ ਸਦੀ ਦੇ ਅੱਠਵੇਂ ਦਹਾਕੇ ਦੇ ਸ਼ੁਰੂ ਵਿਚ ਉਨ੍ਹਾਂ ਦੀ ਸਿਹਤ ਢਿੱਲੀ ਰਹਿਣ ਲੱਗ ਪਈ ਤੇ ਉਨ੍ਹਾਂ ਦੀ ਮਾਂ ਜਾਈ ਭੈਣ ਜੋ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਲਾਗੇ ਰਹਿੰਦੀ



www.AKJ.Org

ਸੀ ਆਪਣੇ ਕੋਲ ਲੈ ਆਈ। ਕੁਝ ਇਲਾਜ ਬਾਅਦ ਆਪ ਠੀਕ ਵੀ ਹੋ ਗਏ ਪਰ ਫਿਰ ਸ੍ਰੀ ਅੰਮਿੰਤਸਰ ਰਹਿੰਦਿਆਂ ਹੀ ਆਪ ਗੁਰੂ ਚਰਨਾਂ ਵਿਚ ਜਾ ਬਿਰਾਜੇ। ਉਨ੍ਹਾਂ ਦੀ ਚੜ੍ਹਾਈ ਕਰਨ ਦੀ ਤਾਰੀਖ ਬਾਰੇ ਵੀ ਕੋਈ ਜਾਣਕਾਰੀ ਨਹੀਂ ਮਿਲ ਸਕੀ।

ਨੋਟ:- (ਜੇਕਰ ਕਿਸੇ ਗੁਰਸਿੱਖ ਕੋਲ ਉਨ੍ਹਾਂ ਬਾਰੇ ਕੋਈ ਵਧੇਰੇ ਜਾਣਕਾਰੀ ਹੋਵੇ ਤਾਂ ਉਹ ਕ੍ਰਿਪਾ ਕਰਕੇ ਸੂਚਿਤ ਕਰ ਦੇਵੇ ਤਾਂ ਕਿ ਉਹ ਅਗਲੀ ਐਡੀਸ਼ਨ ਵਿਚ ਛਾਪੀ ਜਾ ਸਕੇ)

# ਗਿਆਨੀ ਅਮੋਲਕ ਸਿੰਘ ਜੀ, ਇੰਗਲੈਂਡ

ਭਾਈ ਗੁਰਦੀਪ ਸਿੰਘ ਸ੍ਰੀ ਅੰਮ੍ਰਿਤਸਰ

ਗੁਰੂ ਘਰ ਦੇ ਅਨਿੰਨ ਢਾਡੀ, ਵਿਦੇਸ਼ਾਂ ਵਿਚ ਪੰਥਕ ਹਿੱਤਾਂ ਤੇ ਕਕਾਰਾਂ ਦੀ ਅਜ਼ਾਦੀ ਵਾਸਤੇ ਜੂਝਣ ਵਾਲੇ ਗਿਆਨੀ ਅਮੋਲਕ ਸਿੰਘ ਜੀ ਦਾ ਜਨਮ ਮਿਤੀ 15 ਜਨਵਰੀ, 1928 ਨੂੰ ਪਿਤਾ ਸ. ਬੋਘਾ ਸਿੰਘ ਅਤੇ ਮਾਤਾ ਧੰਨ ਕੌਰ ਦੇ ਘਰ ਪਿੰਡ ਢੱਟ ਜ਼ਿਲ੍ਹਾ ਲੁਧਿਆਣਾ ਵਿਖੇ ਹੋਇਆ। ਦਸਵੀਂ ਮੁੱਢਲੀ ਵਿਦਿਆ ਖ਼ਾਲਸਾ ਹਾਈ ਸਕੂਲ ਮੁਲਾਂਪੁਰ ਦਾਖਾ ਤੋਂ ਲਈ ਤੇ ਗਿਆਨੀ ਪੰਜਾਬ ਯੂਨੀਵਰਸਿਟੀ ਤੋਂ ਪਾਸ ਕੀਤੀ ਅਤੇ ਇਸ ਤਰ੍ਹਾਂ ਇਨ੍ਹਾਂ ਦੇ ਨਾਮ ਨਾਲ ਗਿਆਨੀ ਦਾ ਤਖੱਲਸ ਜੁੜ ਗਿਆ।

ਇਨ੍ਹਾਂ ਨੂੰ ਗੁਰਸਿਖੀ ਦਾ ਪਿਆਰ ਬਚਪਨ ਤੋਂ ਮਾਤਾ-ਪਿਤਾ ਦੀ ਪ੍ਰੇਰਨਾ ਨਾਲ ਲੱਗ ਗਿਆ ਸੀ। ਪਿਤਾ ਜੀ ਇਕ ਪਵਿੱਤਰ ਗੁਰਮੁਖ ਰੂਹ ਸੀ ਜੋ ਅੰਮ੍ਰਿਤ ਵੇਲੇ ਦੀ ਸੰਭਾਲ ਤੋਂ ਬਾਅਦ ਗੁਰਦੁਆਰਾ ਸਾਹਿਬ ਰੋਜ਼ਾਨਾ ਦੁਧ ਲੈ ਕੇ ਜਾਂਦੇ ਸਨ ਤੇ ਨਾਲ ਹੀ ਝਾੜੂ ਫੇਰਨ ਦੀ ਸੇਵਾ ਵੀ ਕਰਦੇ ਸਨ। ਗੁਰਸਿਖੀ ਰਹਿਤ ਬਹਿਤ ਦੀ ਪ੍ਰਪੱਕਤਾ, ਇਨ੍ਹਾਂ ਨੂੰ ਆਪਣੇ ਮਾਮਾ ਜੀ ਮਾਸਟਰ ਜੋਗਿੰਦਰ ਸਿੰਘ ਜੀ ਬੜੂੰਦੀ (ਜੋ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਨਿਕਟਵਰਤੀ ਅਤੇ ਭਾਈ ਜੋਗਿੰਦਰ ਸਿੰਘ ਪਟਿਆਲਾ ਕਿਲਾ ਰਾਇਪੁਰ ਨਿਵਾਸੀ ਦੇ ਦਾਮਾਦ ਸਨ) ਦੀ ਸੰਗਤ ਨਾਲ ਹੋਈ ਜੋ ਕਿ ਪੰਜ ਸਾਲ ਦੀ ਉਮਰ ਤੋਂ ਹੀ ਮਿਲਣੀ ਸ਼ੁਰੂ ਹੋ ਗਈ ਸੀ। ਮਾਸਟਰ ਜੀ ਕੁਝ ਸਮਾਂ ਤਰਨ ਤਾਰਨ ਵੀ ਨੌਕਰੀ ਕਰਦੇ ਰਹੇ। ਉਥੇ ਆਪ ਵੀ ਉਨ੍ਹਾਂ ਕੋਲ ਚਲੇ ਜਾਂਦੇ ਤੇ ਉਨ੍ਹਾਂ ਦੀ ਪ੍ਰੇਰਨਾ ਨਾਲ 18 ਸਾਲ ਦੀ ਉਮਰ ਵਿਚ ਹੀ ਅੰਮ੍ਰਿਤ ਛੱਕ ਲਿਆ ਸੀ। ਉਨ੍ਹਾਂ ਕੋਲੋਂ ਹੀ ਇਨ੍ਹਾਂ ਨੂੰ ਕੀਰਤਨ ਸਿਖਣ ਦੀ ਪ੍ਰੇਰਨਾ ਮਿਲੀ।

ਸੰਨ 1944 ਵਿਚ ਆਪ ਜੀ ਨੇ ਗੁਰਮਤਿ ਕਾਲਜ ਗੁਰੂ ਸਰ ਸੁਧਾਰ ਵਿਚ ਗੁਰਮਤਿ ਦੀਆਂ ਕਲਾਸਾਂ ਦੀ ਹਾਜ਼ਰੀ ਭਰਨੀ ਸ਼ੁਰੂ ਕਰ ਦਿੱਤੀ। ਇਸੇ ਸਕੂਲ ਵਿਚ ਮਾਸਟਰ ਜੋਗਿੰਦਰ ਸਿੰਘ ਬੜੂੰਦੀ (ਮਾਮਾ ਜੀ) ਪ੍ਰਿੰਸੀਪਲ ਇਕਬਾਲ ਸਿੰਘ ਬੋਪਾਰਾਏ ਅਧਿਆਪਕ ਵਜੋਂ ਸੇਵਾ ਨਿਭਾਉਂਦੇ ਸਨ ਅਤੇ ਭਾਈ ਸੁੰਦਰ ਸਿੰਘ ਘੁਮਾਣ ਤੇ ਭਾਈ ਸਾਹਿਬ ਜੀ ਦੇ ਹੋਰ ਸੰਗੀ ਸਾਥੀ ਵੀ ਆਉਂਦੇ-ਜਾਂਦੇ ਰਹਿੰਦੇ ਸਨ। ਇਥੇ ਕੇਵਲ ਗੁਰਮਤਿ ਰਹਿਤ ਬਹਿਤ ਦੇ ਪੂਰੇ ਧਾਰਨੀ ਹੋਣ ਦੀ ਹੀ ਸਿਖਿਆ ਦਿੱਤੀ ਜਾਂਦੀ ਸੀ। ਇਥੋਂ ਪੜ੍ਹੇ ਬਹੁਤੇ ਵਿਦਿਆਰਥੀ ਸਿਖ ਧਰਮ ਦੇ ਸਿਰਕੱਢ ਆਗੂ ਬਣੇ, ਜਿਨ੍ਹਾਂ ਗੁਰੂ ਪੰਥ ਦੀ ਅਣਥੱਕ ਸੇਵਾ ਕੀਤੀ। ਗਿਆਨੀ ਜੀ ਨੇ ਇਥੇ ਹੀ ਤਬਲਾ ਅਤੇ ਵਾਜਾ ਬੱਚਿਆਂ ਨੂੰ ਸਿਖਾਉਣਾ ਸ਼ੁਰੂ ਕੀਤਾ।

ਗਿਆਨੀ ਜੀ ਨੂੰ ਬਾਅਦ ਵਿਚ ਸਰਕਾਰੀ ਸਕੂਲ ਵਿਚ ਨੌਕਰੀ ਮਿਲ ਗਈ। ਭਾਈ ਸਾਹਿਬ ਜੀ ਨੇ ਮਾਸਟਰ ਜੋਗਿੰਦਰ ਸਿੰਘ ਜੀ ਬੜੂੰਦੀ ਨੂੰ ਪੰਜਾਬ ਸਰਕਾਰ ਨੂੰ ਚਿਠੀ ਲਿਖਣ ਬਾਰੇ ਕਿਹਾ ਕਿ ਗਿਆਨੀ ਜੀ ਇਹ ਨੌਕਰੀ ਛੱਡ ਰਹੇ ਹਨ। ਗਿਆਨੀ ਜੀ ਭਾਈ ਸਾਹਿਬ ਜੀ ਦਾ ਹੁਕਮ ਮੰਨ ਕੇ ਫਿਰ ਗੁਰਮਤਿ ਕਾਲਜ ਗੁਰੂ ਸਰ ਸੁਧਾਰ ਵਾਪਸ ਆ ਗਏ।



www.AKJ.Org

ਗਿਆਨੀ ਜੀ ਨੇ ਭਾਈ ਸਾਹਿਬ ਜੀ ਦੀ ਸੰਗਤ ਦਾ ਖੂਬ ਆਨੰਦ ਮਾਣਿਆ। ਉਹ ਹਰ ਰੋਜ਼ ਸਵੇਰੇ ਅੰਮ੍ਰਿਤ ਵੇਲੇ ਸਾਇਕਲ ਤੇ ਢੱਟ ਪਿੰਡ ਤੋਂ ਨਾਰੰਗਵਾਲ ਭਾਈ ਸਾਹਿਬ ਜੀ ਕੋਲ ਨਿਤਨੇਮ ਦੀ ਬਾਣੀਆਂ ਦਾ ਪਾਠ ਸੁਣਾਉਣ ਅਤੇ ਕੀਰਤਨ ਦੀ ਸੇਵਾ ਲਈ ਜਾਂਦੇ ਸਨ। ਉਨ੍ਹਾਂ ਨੇ ਭਾਈ ਸਾਹਿਬ ਜੀ ਦੇ ਸੰਗ ਸਾਥ ਬਾਹਰਲੇ ਸਥਾਨਾਂ ਤੇ ਵੀ ਸ੍ਰੀ ਅਖੰਡ ਪਾਠ ਅਤੇ ਕੀਰਤਨ ਸਮਾਗਮ ਦੀ ਹਾਜ਼ਰੀ ਭਰਨ ਜਾਂਦੇ ਸਨ। ਕਈ ਵਾਰੀ ਉਹ ਕੁਮਾਰ ਹੱਟੀ ਵੀ ਨਾਮ ਬਾਣੀ ਦੇ ਲਾਹੇ ਪ੍ਰਾਪਤ ਕਰਨ ਲਈ ਗਏ। ਗਿਆਨੀ ਜੀ ਦੇ ਪਰਿਵਾਰ ਕੋਲ ਭਾਈ ਸਾਹਿਬ ਜੀ ਵਲੋਂ ਗਿਆਨੀ ਜੀ ਨੂੰ ਲਿਖਿਆ ਪਤਰ ਵੀ ਉਨ੍ਹਾਂ ਦੀ ਨਿਸ਼ਾਨੀ ਵਜੋਂ ਪਿਆ ਹੈ। ਉਸ ਵਿਚ ਇਹ ਤੁਕ ਲਿਖ ਕੇ 'ਤਿਨ ਵੇਖਿ ਵੇਖਿ ਹਮ ਜੀਵਹਿ" ਭਾਈ ਸਾਹਿਬ ਜੀ ਲਿਖਦੇ ਹਨ ਕਿ ਬਹੁਤ ਸਾਰੇ ਵੇਖੇ ਹਨ ਜਿਹੜੇ ਇਹ ਸ਼ਬਦ ਪੜ੍ਹਦੇ ਹਨ ਪਰ ਅਜਿਹਾ ਕੋਈ ਨਹੀਂ ਦੇਖਿਆ, ਜਿਸ ਤਰ੍ਹਾਂ ਇਹ ਸਬਦ ਆਪ ਜੀ ਪੜ੍ਹਦੇ ਹੋ।

ਭਾਈ ਸਾਹਿਬ ਜੀ ਦਾ ਆਪ ਨਾਲ ਇਤਨਾ ਪਿਆਰ ਸੀ ਕਿ ਉਨ੍ਹਾਂ ਨੇ ਆਪਣੇ ਗੁਆਂਢ ਨਾਰੰਗਵਾਲ ਵਿਚ ਹੀ ਆਪ ਦਾ ਰਿਸ਼ਤਾ ਇਕ ਗੁਰਮੁਖ ਬੀਬੀ ਸੁਰਜੀਤ ਕੌਰ ਨਾਲ ਪੱਕਾ ਕਰਕੇ ਸੰਨ 1949 ਵਿਚ ਆਨੰਦ ਕਾਰਜ ਕਰਕੇ ਜੀਵਨ ਸਾਥੀ ਬਣਾ ਦਿੱਤਾ।

ਕੁਝ ਸਿੰਘਾਂ ਦਾ ਕਾਫਲਾ Dar EL Salam ਅਫ਼ਰੀਕਾ ਤੋਂ ਭਾਈ ਸਾਹਿਬ ਜੀ ਨੂੰ ਮਿਲਣ ਨਾਰੰਗਵਾਲ ਆਇਆ। ਉਥੇ ਕਾਫੀ ਪੰਜਾਬੀ ਸਿੱਖ ਵਸ ਗਏ ਸਨ ਤੇ ਗੁਰਦੁਆਰਾ ਵੀ ਬਣ ਗਿਆ ਸੀ ਉਨ੍ਹਾਂ ਨੇ ਕੋਈ ਗੁਰਮੁਖ ਗ੍ਰੰਥੀ ਸਿੰਘ ਭੇਜਣ ਵਾਸਤੇ ਬੇਨਤੀ ਕੀਤੀ। ਭਾਈ ਸਾਹਿਬ ਜੀ ਨੇ ਆਪ ਜੀ ਦੀ ਸੇਵਾ ਲਗਾ ਦਿੱਤੀ ਤੇ ਸੰਨ 1956 ਵਿਚ ਆਪ ਜੀ ਅਫ਼ਰੀਕਾ ਚਲੇ ਗਏ।

ਗਿਆਨੀ ਜੀ ਨੇ ਉਥੇ ਸੰਨ 1956 ਤੋਂ 1967 ਤਕ ਗ੍ਰੰਥੀ ਵਜੋਂ ਸੇਵਾ ਨਿਭਾਈ। ਉਸ ਸਮੇਂ ਨਾਮਧਾਰੀਆਂ ਦਾ ਵੀ ਉਥੇ ਬੋਲਬਾਂਲਾ ਸੀ ਜੋ ਗੁਰੂ ਡੰਮ ਦਾ ਪ੍ਰਚਾਰ ਕਰਦੇ ਸਨ। ਇਕ ਵਾਰੀ ਪੂਰਬੀ ਅਫ਼ਰੀਕਾ ਕੌਂਸਲ ਵਲੋਂ ਇਕ ਕਾਨਫ਼ਰੰਸ ਕੀਤੀ ਗਈ ਜਿਸ ਵਿਚ ਨਾਮਧਾਰੀ ਆਗੂ ਜਗਜੀਤ ਸਿੰਘ ਨੂੰ ਵੀ ਬੁਲਾਇਆ ਗਿਆ ਅਤੇ ਗਿਆਨੀ ਜੀ ਦੀ ਵੀ ਉਸ ਕਾਨਫ਼ਰੰਸ ਵਿਚ ਸ਼ਾਮਿਲ ਹੋਏ। ਜਗਜੀਤ ਸਿੰਘ ਦੇ ਭਾਸ਼ਣ ਤੋਂ ਬਾਅਦ ਗਿਆਨੀ ਜੀ ਦੇ ਸ਼ਬਦ ਗੁਰੂ ਵਿਸ਼ੈ ਤੇ ਵਿਸਥਾਰ ਸਹਿਤ ਲੈਕਚਰ ਕਰਕੇ ਨਾਮਧਾਰੀਆਂ ਦੇ ਪ੍ਰਾਪੇਗੰਡੇ ਦੀਆਂ ਵੱਖੀਆਂ ਉਘਾੜ ਦਿੱਤੀਆਂ। ਗਿਆਨੀ ਜੀ ਦੀ ਇਸ ਪ੍ਰਭਾਵਸ਼ਾਲੀ ਤਕਰੀਰ ਤੋਂ ਬਾਅਦ ਸਾਰੇ ਅਫ਼ਰੀਕਾ ਵਿਚ ਇਨ੍ਹਾਂ ਦੀ ਵਿਦਵਤਾ ਦੀ ਧਾਂਕ ਦੀਆਂ ਧੁੰਮਾਂ ਪੈ ਗਈਆਂ।

ਗਿਆਨੀ ਜੀ ਹਰ ਰੋਜ਼ ਗੁਰੂ ਸਾਹਿਬ ਜੀ ਦੇ ਪ੍ਰਕਾਸ਼, ਰੁਮਾਲਿਆਂ ਦੀ ਸਫ਼ਾਈ ਦੀ ਹੱਥੀਂ ਸੇਵਾ ਕਰਦੇ ਸਨ। ਸੰਗਤ ਨੂੰ ਇਹ ਸੇਵਾ ਹੱਥੀਂ ਕਰਨ ਲਈ ਵੀ ਪ੍ਰੇਰਨਾ ਦਿੰਦੇ ਅਤੇ ਦੱਸਦੇ ਕਿ ਕਿਸ ਤਰ੍ਹਾਂ ਗੁਰੂ ਸਾਹਿਬ ਜੀ ਦਾ ਸਤਿਕਾਰ ਅਤੇ ਸੇਵਾ ਕਰੀ ਦੀ ਹੈ। ਸੰਗਤ ਵੀ ਸ਼ਰਧਾ ਅਤੇ ਭੈ ਭਾਵਨੀ ਨਾਲ ਗੁਰੂ ਸਾਹਿਬ ਜੀ ਦੀ ਸੇਵਾ ਵਿਚ ਹੱਥ ਵਟਾਉਂਦੀ ਰਹਿੰਦੀ।

ਗਿਆਨੀ ਜੀ ਦਾ ਨਿਸ਼ਕਾਮ ਸੇਵਾ ਨਿਭਾਉਣ ਦਾ ਹੀ ਮੁਖ ਨਿਸ਼ਾਨਾ ਸੀ। ਅੱਜਕਲ੍ਹ ਦੇ ਗ੍ਰੰਥੀਆਂ, ਰਾਗੀਆਂ, ਪ੍ਰਚਾਰਕਾਂ ਦੇ ਉਲਟ, ਉਹ ਗੁਰਦੁਆਰੇ ਤੋਂ ਸਿਰਫ਼ ਤਨਖ਼ਾਹ ਹੀ ਲੈ ਕੇ ਗੁਜ਼ਾਰਾ ਕਰਦੇ ਸਨ। ਆਪ ਸੰਗਤ ਤੋਂ ਕੀਰਤਨ ਜਾਂ ਪਾਠ ਬਦਲੇ ਕੋਈ ਭੇਟਾ ਨਹੀਂ ਸਨ ਲੈਂਦੇ। ਜਿਹੜੀ ਤਨਖ਼ਾਹ ਲੈਂਦੇ ਵੀ ਸਨ ਉਸ ਦੇ ਬਦਲੇ ਉਹ ਕਈ ਘੰਟੇ ਨਿਸ਼ਕਾਮ ਸੇਵਾ ਕਰਦੇ ਸਨ, ਜਿਵੇਂ ਖ਼ਾਲਸਾ ਸਕੂਲ ਵਿਚ ਹਰ ਰੋਜ਼ ਸ਼ਾਮ 4 ਵਜੇ ਤੋਂ 6 ਵਜੇ ਗੁਰਮਤਿ ਪ੍ਰਚਾਰ ਅਤੇ ਕੀਰਤਨ ਸਿਖਾਉਣ ਦੀਆਂ ਕਲਾਸਾਂ ਲੈਣੀਆਂ ਆਦਿ।

ਇਕ ਵਾਰੀ ਗਿਆਨੀ ਜੀ ਦੇ ਧਿਆਨ ਵਿਚ ਆਇਆ ਕਿ ਉਨ੍ਹਾਂ ਦੀਆਂ ਇਕ ਪਾਸੇ ਮੁੱਛਾਂ ਅਤੇ ਦਾੜ੍ਹੀ ਝੜਨੀ ਸ਼ੁਰੂ ਹੋ ਗਈ ਹੈ ਅਤੇ ਵਾਲ ਪਤਲੇ ਹੋ ਗਏ ਹਨ। ਉਨ੍ਹਾਂ ਨੇ ਨਾਮ ਬਾਣੀ ਦਾ ਆਸਰਾ ਲੈਂਦੇ ਹੋਏ ਗੁਰੂ ਸਾਹਿਬ ਜੀ ਅਗੇ ਅਰਦਾਸ ਕਰਨੀ ਸ਼ੁਰੂ ਕਰ ਦਿੱਤੀ। ਕੋਈ ਫ਼ਰਕ ਨਾ ਪੈਂਦਾ ਵੇਖ ਕੇ ਭਾਈ ਸਾਹਿਬ ਜੀ ਨੂੰ ਇਸਦੇ ਇਲਾਜ ਬਾਰੇ ਚਿੱਠੀ



www.AKJ.Org

ਲਿਖੀ। ਭਾਈ ਸਾਹਿਬ ਨੇ ਜੁਆਬ ਵਿਚ ਚਿੱਠੀ ਲਿਖ ਕੇ, ਸੰਗਤਾਂ ਦੇ ਜੋੜਿਆਂ ਦੀ ਚਰਨ ਧੂੜ ਝੜ ਰਹੇ ਰੋਮਾਂ ਉੱਪਰ ਲਾਉਣ ਲਈ ਕਿਹਾ ਤੇ ਨਾਲ ਹੀ ਕਿਹਾ ਕਿ ਇਹੋ ਹੀ ਦਵਾਈ ਹੈ। ਗੁਰੂ ਸਾਹਿਬ ਜੀ ਦੀ ਕਿਰਪਾ ਦੁਆਰਾ ਸਾਰੇ ਵਾਲ ਦੁਬਾਰਾ ਆ ਗਏ।

ਇਕ ਵਾਰ ਗਿਆਨੀ ਜੀ ਅਫ਼ਰੀਕਾ ਦੇ ਨੈਰੋਬੀ ਸ਼ਹਿਰ ਗਏ ਅਤੇ ਉੱਥੇ ਨਾਮ ਅਭਿਆਸੀ ਗੁਰਸਿਖ ਬਾਬਾ ਪੂਰਨ ਸਿੰਘ ਜੀ ਬਾਰੇ ਸੁਣਿਆ। ਗਿਆਨੀ ਜੀ ਉਥੇ ਸ਼ਾਮ ਨੂੰ ਪਹੁੰਚੇ ਅਤੇ ਅੰਮ੍ਰਿਤ ਵੇਲੇ ਸ੍ਰੀ ਆਸਾ ਦੀ ਵਾਰ ਦੇ ਕੀਰਤਨ ਦੀ ਸੇਵਾ ਕੀਤੀ। ਉਸ ਵੇਲੇ ਸੰਗਤ ਵਿਚ ਉਨ੍ਹਾਂ ਦੇ ਸਨਮੁਖ ਬਾਬਾ ਪੂਰਨ ਸਿੰਘ ਜੀ ਬੈਠੇ ਸਨ। ਗਿਆਨੀ ਜੀ ਨੇ ਇਸ ਤੋਂ ਪਹਿਲਾਂ ਬਾਬਾ ਜੀ ਦੇ ਦਰਸ਼ਨ ਨਹੀਂ ਸਨ ਕੀਤੇ ਤੇ ਸਾਥੀ ਨੂੰ ਪੁਛਿਆ ਕਿ ਉਹ ਗੁਰਸਿਖ ਕੌਣ ਹਨ ? ਉਸ ਨੇ ਦਸਿਆ ਕਿ ਉਹ ਬਾਬਾ ਪੂਰਨ ਸਿੰਘ ਜੀ ਨਿਸ਼ਕਾਮ ਸੇਵਕ ਜਥਾ ਵਾਲੇ ਹਨ। ਉਸ ਤੋਂ ਬਾਅਦ ਗਿਆਨੀ ਜੀ ਦਾ ਤਾਅ ਜ਼ਿੰਦਗੀ ਬਾਬਾ ਜੀ ਨਾਲ **ਗੁਰਸਿਖਾਂ ਇਕੋ ਪਿਆਰ ਗੁਰ ਪੁਤਾਂ ਮਿਤਾਂ ਭਾਈਆਂ ਵਾਲਾ** ਰਿਸ਼ਤਾ ਬਣਿਆ ਰਿਹਾ।

ਅਫ਼ਰੀਕਾ ਵਿਚ ਹਲਾਤ ਵਿਗੜਦੇ ਦੇਖ ਕੇ ਅਤੇ ਬੱਚਿਆਂ ਨੂੰ ਚੰਗੀ ਵਿਦਿਆ ਦੇਣ ਲਈ ਆਪ ਜੀ ਇੰਗਲੈਂਡ ਸਾਊਥਹਾਲ ਵਿਚ ਆ ਗਏ। ਇਥੇ ਉਸ ਵੇਲੇ ਸਿਖ ਸੰਗਤ ਕਾਫ਼ੀ ਘਟ ਸੀ ਤੇ ਅੰਮ੍ਰਿਤਧਾਰੀ ਤਾਂ ਕੋਈ ਵਿਰਲਾ ਹੀ ਲੱਭਦਾ ਸੀ। ਗਿਆਨੀ ਜੀ ਨੇ ਇੱਥੇ ਆ ਕੇ ਧਾਰਮਿਕ ਦੀਵਾਨਾਂ ਵਿਚ ਕੀਰਤਨ ਦੀ ਸੇਵਾ ਆਰੰਭ ਕਰ ਦਿੱਤੀ। ਇਥੇ ਸੰਗਤ ਦੋ ਗਰੁੱਪਾਂ ਵਿਚ ਵੰਡੀ ਹੋਈ ਸੀ। ਇਕ ਪਾਸੇ ਸਿੰਘ ਸਭਾ ਵਾਲੇ ਅਤੇ ਦੂਸਰੇ ਪਾਸੇ ਸਿੱਖ ਕਲਚਰਲ ਸੋਸਾਇਟੀ ਵਾਲੇ ਸਨ। ਗਿਆਨੀ ਜੀ ਨੇ ਆਪਣਾ ਪ੍ਰਭਾਵ ਵਰਤ ਕੇ ਹੌਲੀ-ਹੌਲੀ ਦੋਹਾਂ ਗਰੁੱਪਾਂ ਦੀ ਸੁਲ੍ਹਾ ਸਫਾਈ ਕਰਵਾਈ ਤੇ ਗੁਰਦੁਆਰੇ ਲਈ ਜ਼ਮੀਨ ਖਰੀਦ ਲਈ। ਸੰਨ 1968 ਵਿਚ ਗਿਆਨੀ ਜੀ ਨੇ ਅਖੰਡ ਕੀਰਤਨੀ ਜਥੇ ਦੇ ਕੁਝ ਹੋਰ ਸਿੰਘਾਂ ਜਿਨ੍ਹਾਂ ਵਿਚ ਭਾਈ ਬੰਤਾ ਸਿੰਘ ਜੀ, ਭਾਈ ਮਦਨ ਸਿੰਘ ਜੀ, ਭਾਈ ਰਾਮਾ ਸਿੰਘ ਜੀ, ਭਾਈ ਅਜੀਤ ਸਿੰਘ ਆਦਿ ਨਾਲ ਮਿਲ ਕੇ ਔਲਡ ਗਰੀਨ ਗੁਰਦੁਆਰੇ ਪਹਿਲਾਂ ਰੈਣ ਸਬਾਈ ਕੀਰਤਨ ਸਮਾਗਮ ਰਚਾਇਆ। ਇਸ ਤੋਂ ਬਾਅਦ ਇਹ ਰੈਣ ਸਬਾਈ ਕੀਰਤਨ ਤੇ ਅੰਮ੍ਰਿਤ ਸੰਚਾਰ ਸਮਾਗਮਾਂ ਨੇ ਗੁਰਮਤਿ ਪ੍ਰਚਾਰ ਦੀ ਲਹਿਰ ਪ੍ਰਚੰਡ ਕਰ ਦਿੱਤੀ ਤੇ ਹਜ਼ਾਰਾਂ ਪ੍ਰਾਣੀ ਗੁਰਮਤਿ ਦੇ ਧਾਰਨੀ ਹੋ ਕੇ ਜੀਵਨ ਸਫਲਾ ਕਰ ਰਹੇ ਹਨ। ਇੰਗਲੈਂਡ ਵਿਚ ਸਭ ਤੋਂ ਪਹਿਲਾਂ ਅੰਮ੍ਰਿਤ ਸੰਚਾਰ 13 ਅਪ੍ਰੈਲ 1969 ਨੂੰ ਵਿਸਾਖੀ ਦੇ ਦਿਹਾੜੇ ਤੇ ਸਾਊਥਹਾਲ ਵਿਚ ਹੋਇਆ। ਗਿਆਨੀ ਜੀ ਨੇ ਵੀ ਪੰਜਾਂ ਵਿਚ ਸ਼ਾਮਿਲ ਹੋ ਕੇ ਇਹ ਸੇਵਾ ਨਿਭਾਈ। ਇਸੇ ਅੰਮ੍ਰਿਤ ਸੰਚਾਰ ਵਿਚ ਹੋਰ 15-20 ਗੁਰਸਿਖਾਂ ਨਾਲ ਭਾਈ ਰਾਮਾ ਸਿੰਘ ਜੀ ਜੋ ਪਿਛੋਂ ਅਖੰਡ ਕੀਰਤਨੀ ਜਥਾ ਇੰਗਲੈਂਡ ਦੇ ਮੁਖੀ ਬਣੇ, ਵੀ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਕੇ ਤਿਆਰ ਬਰ ਤਿਆਰ ਸਿੰਘ ਸਜੇ ਸਨ।

ਗਿਆਨੀ ਜੀ ਗੁਰਮਤਿ ਪ੍ਰਚਾਰ ਤੇ ਕੀਰਤਨ ਦੀ ਸੇਵਾ ਨਾਲ ਪੰਥਕ ਮਸਲਿਆਂ ਵਿਚ ਵੀ ਵੱਧ ਚੜ ਕੇ ਹਿੱਸਾ ਲੈਂਦੇ ਰਹੇ। ਉਨ੍ਹਾਂ ਨੇ ਇੰਗਲੈਂਡ ਦੇ ਸਥਾਨਕ ਕੌਮੀ ਅਤੇ ਅੰਤਰ ਰਾਸ਼ਟਰੀ ਪੰਥਕ ਮਸਲਿਆਂ 'ਤੇ ਲਗਾਤਾਰ 30 ਸਾਲ ਜਦੋ-ਜਹਿਦ ਕੀਤੀ। ਉਨ੍ਹਾਂ ਨੇ ਇਸ ਸਮੇਂ ਦੌਰਾਨ ਯੂ.ਕੇ. ਅਕਾਲੀ ਦਲ ਦੇ ਪ੍ਰਧਾਨ ਵਜੋਂ ਵੀ ਸੇਵਾ ਨਿਭਾਈ। ਸੰਨ 1972-73 ਵਿਚ ਉਹ ਸਿੰਘ ਸਭਾ ਗੁਰਦੁਆਰੇ ਦੇ ਪ੍ਰਧਾਨ ਵੀ ਰਹੇ ਅਤੇ ਸੰਨ 1985 ਤਾਈ ਸਿੱਧੇ/ਅਸਿੱਧੇ ਤੌਰ 'ਤੇ ਗੁਰਦੁਆਰੇ ਪ੍ਰਬੰਧ ਵਿਚ ਸ਼ਮੂਲੀਅਤ ਕਰਦੇ ਰਹੇ।

ਗਿਆਨੀ ਜੀ ਹਮੇਸ਼ਾਂ ਕਿਰਤ ਕਰਨ, ਵੰਡ ਛਕਣ ਦੇ ਅਸੂਲ ਦੇ ਪੱਕੇ ਧਾਰਨੀ ਰਹੇ। ਉਨ੍ਹਾਂ ਨੇ ਇੰਗਲੈਂਡ ਨਿਵਾਸ ਰੱਖਣ ਵੇਲੇ ਪਰਿਵਾਰ ਦੇ ਨਿਰਬਾਹ ਖਾਤਰ ਬਿਸਕੁਟ ਫੈਕਟਰੀ ਵਿਚ ਵੀ ਕੰਮ ਕੀਤਾ। ਹਮੇਸ਼ਾ ਨਿਸ਼ਕਾਮ ਸੇਵਾ ਕਰਦੇ ਰਹੇ ਅਤੇ ਕਦੇ ਵੀ ਸੰਗਤ ਦਾ ਪੈਸਾ ਨਿੱਜੀ ਕੰਮ ਲਈ ਨਹੀਂ ਵਰਤਿਆ।

ਭਾਈ ਮਦਨ ਸਿੰਘ ਜੀ ਨਾਲ ਰਲ ਕੇ ਉਨ੍ਹਾਂ ਨੇ ਇੰਗਲੈਂਡ ਵਿਚ ਸਿੱਖਾਂ ਦੇ ਧਾਰਮਿਕ ਮਸਲੇ ਜਿਵੇਂ ਹੈਲਮੇਟ ਪਹਿਨਣ, ਬੱਚਿਆਂ ਦੇ ਸਕੂਲ ਜਾਣ ਸਮੇਂ ਪਗ ਤੇ ਪਾਬੰਦੀ, ਕ੍ਰਿਪਾਨ ਤੇ ਪਾਬੰਦੀ ਅਤੇ ਜਨਤਕ ਥਾਂਵਾਂ 'ਤੇ ਬਾਣਾ ਪਹਿਨਣ ਆਦਿ ਤੇ ਪਾਬੰਦੀਆਂ ਹਟਾਉਣ ਲਈ ਕੀਤੇ ਜਾ ਰਹੇ ਪ੍ਰਦਰਸ਼ਨਾਂ ਅਤੇ ਜਦੋ ਜਹਿਦ ਵਿਚ ਸਰਗਰਮ ਹਿੱਸਾ



www.AKJ.Org

ਲਿਆ। ਸੰਨ 1982 ਵਿਚ ਸਿੱਖ ਦੀਆਂ ਧਾਰਮਿਕ ਮੰਗਾਂ ਲਈ ਲੱਗੇ ਧਰਮ ਯੁਧ ਮੋਰਚਾ ਅਤੇ ਜੂਨ 1984 ਵਿਚ ਸ੍ਰੀ ਦਰਬਾਰ ਸਾਹਿਬ ਵਿਚ ਹੋਈ ਨੀਲਾ ਤਾਰਾ ਫੌਜੀ ਕਾਰਵਾਈ ਵਿਰੁੱਧ ਹੋਏ ਮੁਜਾਹਰਿਆਂ ਦਾ ਸੰਚਾਲਨ ਵੀ ਕੀਤਾ।

ਜਥੇਦਾਰ ਗੁਰਦਿਆਲ ਸਿੰਘ ਅਜਨੋਹਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਅਕਾਲ ਚਲਾਣਾ ਕਰਨ ਤੋਂ ਬਾਅਦ, ਅਕਾਲੀ ਨੇਤਾਵਾਂ ਵਲੋਂ ਆਪ ਜੀ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਜਥੇਦਾਰੀ ਦੇ ਅਹੁਦੇ ਦੀ ਵੀ ਪੇਸ਼ਕਸ਼ ਹੋਈ, ਪਰੰਤੂ ਗਿਆਨੀ ਜੀ ਨੇ ਪਰਿਵਾਰਕ ਅਤੇ ਰਹਿਤ ਮਰਿਆਦਾ ਸੰਬੰਧੀ ਮਤਭੇਦ ਹੋਣ ਕਾਰਨ ਇਹ ਪੇਸ਼ਕਸ਼ ਨਿਮਰਤਾ ਸਹਿਤ ਠੁਕਰਾ ਦਿੱਤੀ। ਉਨ੍ਹਾਂ ਨੇ ਇਹ ਵੀ ਕਿਹਾ ਕਿ ਉਹ ਕਿਸੇ ਨੇਤਾ ਦੀ ਕਠਪੁੱਤਲੀ ਨਹੀਂ ਬਣ ਸਕਣਗੇ ਜਿਹਾ ਕਿ ਅਜ ਕੱਲ ਦੇ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਮੁਖ ਸੇਵਾਦਾਰ ਵਲੋਂ ਹੋ ਰਿਹਾ ਹੈ। ਉਨ੍ਹਾਂ ਨੂੰ ਸੰਨ 1980 ਤੋਂ 1990 ਤਾਈ ਹੋਰ ਵੀ ਕਈ ਪਦਵੀਆਂ ਤੇ ਨਿਯੁਕਤੀ ਲਈ ਪੇਸ਼ਕਸ਼ ਹੁੰਦੀ ਰਹੀ ਪਰ ਉਨ੍ਹਾਂ ਨੇ ਕੁਝ ਵੀ ਸਵੀਕਾਰ ਨਹੀਂ ਕੀਤਾ। ਉਹ ਕਈ ਸੰਸਥਾਵਾਂ, ਬੁਧੀਜੀਵੀਆਂ ਨਾਲ ਜੁੜੇ ਰਹੇ। ਉਹ ਵਰਲਡ ਸਿੱਖ ਕੌਂਸਲ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਐਡਵਾਇਜ਼ਰੀ ਬੋਰਡ ਦੇ ਮੈਂਬਰ ਵੀ ਰਹੇ। ਉਹ ਸੰਸਾਰ ਭਰ ਵਿਚ ਅਖੰਡ ਕੀਰਤਨੀ ਜਥੇ ਦੇ ਸਮਾਗਮਾਂ ਦੇ ਸੰਚਾਲਨ ਲਈ ਮੋਹਰੀ ਆਗੂ ਵਜੋਂ ਕੰਮ ਕਰਦੇ ਰਹੇ। ਇਸ ਕਾਰਜ ਲਈ ਉਹ ਕੈਨੇਡਾ ਅਮਰੀਕਾ, ਅਫ਼ਰੀਕਾ, ਆਸਟਰੇਲੀਆ ਤੇ ਯੂਰਪੀ ਦੇਸ਼ਾਂ ਵਿਚ ਵੀ ਜਾਂਦੇ ਰਹੇ। ਸਮੇਂ ਸਮੇਂ ਭਾਰਤ ਵਿਚ ਆ ਕੇ ਉਹ ਕੇਂਦਰੀ ਸਮਾਗਮ ਖਾਸ ਕਰ ਲੁਧਿਆਣਾ, ਦਿੱਲੀ, ਜਲੰਧਰ ਆਦਿ ਵਿਚ ਕੀਰਤਨ ਦੀ ਸੇਵਾ ਕਰਕੇ ਸੰਗਤਾਂ ਦੀਆਂ ਅਸੀਸਾਂ ਵੀ ਪ੍ਰਾਪਤ ਕਰਦੇ ਰਹੇ। ਗਿਆਨੀ ਜੀ ਕੀਰਤਨ ਕਰਨ ਵੇਲੇ ਇਕ ਸ਼ੇਰ ਵਾਂਗ ਗਰਜਦੇ ਸਨ। ਧੁਰੋਂ ਬਖਸ਼ਿਸ ਹੋਣ ਕਰਕੇ ਉਨ੍ਹਾਂ ਦੀ ਆਵਾਜ਼ ਬਹੁਤ ਸੁਰੀਲੀ ਅਤੇ ਗਰਜਵੀਂ ਸੀ। ਕੀਰਤਨ ਦੇ ਨਾਲ ਨਾਲ ਗੁਰਬਾਣੀ ਦੇ ਵਿਆਖਿਆ ਕਾਰ ਅਤੇ ਬੁਲਾਰੇ ਵੀ ਸਨ। ਗੁਰਬਾਣੀ ਦੇ ਪ੍ਰਮਾਣਾਂ ਰਾਹੀਂ ਗੁਰ ਸ਼ਬਦ ਦੀ ਵਿਆਖਿਆ ਕਰਕੇ ਸੰਗਤਾਂ ਨੂੰ ਕੀਲ ਕੇ ਰਖ ਦਿੰਦੇ ਸਨ। ਭਾਈ ਸਾਹਿਬ ਜੀ ਅਤੇ ਮਾਸਟਰ ਜੋਗਿੰਦਰ ਸਿੰਘ ਜੀ ਬੜੂੰਦੀ ਜੀ ਸਮੇਤ ਉਹ ਸਾਰੇ ਪੁਰਾਤਨ ਗੁਰਸਿਖਾਂ ਖਾਸ ਕਰ ਭਾਈ ਮਦਨ ਸਿੰਘ ਜੀ, ਭਾਈ ਰਾਮਾ ਸਿੰਘ ਜੀ, ਭਾਈ ਜੀਵਨ ਸਿੰਘ ਜੀ, ਭਾਈ ਜੋਗਿੰਦਰ ਸਿੰਘ ਦੀ ਤਲਵਾੜਾ, ਡਾਕਟਰ ਦਰਸ਼ਨ ਸਿੰਘ ਜੀ ਨਾਲ ਅਥਾਹ ਪਿਆਰ ਅਤੇ ਸਨੇਹ ਰੱਖਦੇ ਸਨ।

ਉਨ੍ਹਾਂ ਨੇ ਇੰਗਲੈਂਡ ਵਿਚ ਬਾਬਾ ਪੂਰਨ ਸਿੰਘ ਜੀ ਨਾਲ ਮਿਲ ਕੇ ਨਿਸ਼ਕਾਮ ਸੇਵਕ ਜਥੇ ਦੀ ਸਥਾਪਨਾ ਲਈ ਮੁਖ ਸੇਵਾਦਾਰ ਵਜੋਂ ਸੰਨ 2005 ਤਾਈਂ ਸੇਵਾ ਨਿਭਾਈ। ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਵਿਚ ਸੋਨੇ ਦੀ ਸਫਾਈ ਦੀ ਸੇਵਾ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੀ ਇਮਾਰਤ ਦੇ ਵਾਧੇ ਦੀ ਸੇਵਾ, ਸ੍ਰੀ ਹਜ਼ੂਰ ਸਾਹਿਬ ਅਤੇ ਗੁ. ਫਤਹਿਗੜ੍ਹ ਸਾਹਿਬ ਵਿਚ ਕਾਰ ਸੇਵਾ ਜਥੇ ਨੂੰ ਦਿਵਾਉਣ ਲਈ ਖਾਸ ਰੋਲ ਅਦਾ ਕੀਤਾ ਅਤੇ ਕਾਰ ਸੇਵਾ ਦੇ ਅਰੰਭ ਵੇਲੇ ਅਰਦਾਸ ਵਿਚ ਵੀ ਸ਼ਾਮਿਲ ਹੁੰਦੇ ਰਹੇ। ਇਨ੍ਹਾਂ ਕਾਰ ਸੇਵਾ ਦੇ ਕਾਰਜਾਂ ਦੀ ਸਫਲਤਾ ਲਈ ਦਿਨ-ਰਾਤ ਮਿਹਨਤ ਕਰਦੇ ਰਹੇ।

ਉਹ ਤਾਅ ਜ਼ਿੰਦਗੀ ਗੁਰਮਤਿ ਰਹਿਤ ਬਹਿਤ ਧਾਰਨੀ, ਨਿਸ਼ਕਾਮ ਸੇਵਕ ਅਤੇ ਪੰਥ ਦਰਦੀ ਰਹੇ। ਪਰੰਤੂ ਸਮੇਂ ਦੀ ਚਾਲ ਨਾਲ ਪੰਥਕ ਸੰਸਥਾਵਾਂ ਵਿਚ ਆਈ ਗਿਰਾਵਟ ਤੋਂ ਵੀ ਚਿੰਤਤ ਰਹਿੰਦੇ ਸਨ। ਖ਼ਾਸ ਕਰ ਅਕਾਲੀ ਦਲ ਜਿਸ ਨਾਲ ਉਹ ਸਾਰੀ ਜ਼ਿੰਦਗੀ ਜੁੜੇ ਰਹੇ, ਵਲੋਂ ਪੰਥਕ ਹਿੱਤਾਂ ਨੂੰ ਕੁਰਬਾਨ ਕਰਕੇ ਨਿੱਜੀ ਹਿੱਤਾਂ ਨੂੰ ਮੁਖ ਰੱਖਣਾ ਤੇ ਸਿਆਸੀ ਨੇਤਾਵਾਂ ਦੀਆਂ ਲੂੰਬੜ ਚਾਲਾਂ ਤੋਂ ਬਹੁਤ ਦੁਖੀ ਰਹਿੰਦੇ ਸਨ। ਉਹ ਇਕ ਸੰਤ ਸਿਪਾਹੀ ਸਨ ਅਤੇ ਹਮੇਸ਼ਾ ਪੰਥ ਲਈ ਤਨ, ਮਨ ਅਤੇ ਧਨ ਅਰਪਨ ਕਰਨ ਲਈ ਤਿਆਰ ਰਹਿੰਦੇ ਸਨ।

ਉਨ੍ਹਾਂ ਦੀ ਸਿੰਘਣੀ 15 ਸਾਲ ਪਹਿਲਾਂ ਹੀ ਅਕਾਲ ਚਲਾਣਾ ਕਰ ਗਈ ਸੀ। ਕੁਝ ਸਮਾਂ ਬੀਮਾਰ ਰਹਿਣ ਤੋਂ ਬਾਅਦ ਇਹ ਗੁਰਮਖ ਰੂਹ ਵੀ 19 ਨਵੰਬਰ 2004 ਨੂੰ ਸਾਊਥਾਲ ਇੰਗਲੈਂਡ ਵਿਚ ਆਪਣੇ ਸਪੁੱਤਰ ਕੋਲ ਹੀ ਪੰਜ ਭੂਤਕ ਚੋਲਾ ਛੱਡ ਕੇ ਗੁਰੂ ਚਰਨਾਂ ਵਿਚ ਜਾ ਬਿਰਾਜੀ। ਇਨ੍ਹਾਂ ਦੀ ਆਤਮਿਕ ਸਹਾਇਤਾ ਲਈ ਹੋਏ ਸ੍ਰੀ ਅਖੰਡ ਪਾਠ ਅਤੇ ਕੀਰਤਨ ਸਮਾਗਮ ਇੰਗਲੈਂਡ ਦੀਆਂ ਸੰਗਤਾਂ, ਪਰਿਵਾਰਕ ਮੈਂਬਰਾਂ ਤੋਂ ਇਲਾਵਾ ਕੈਨੇਡਾ, ਅਮਰੀਕਾ, ਅਫ਼ਰੀਕਾ, ਆਸਟਰੇਲੀਆ ਤੋਂ ਕੀਰਤਨੀ ਸਿੰਘਾਂ ਨੇ ਨਾਮ ਬਾਣੀ ਗੁਰਬਾਣੀ ਦੀਆਂ ਅਸੀਸਾਂ ਰਾਹੀਂ ਸਤਿਸੰਗ ਮੰਡਲਾਂ



www.AKJ.Org

ਵਿਚ ਸਦੀਵੀ ਨਿਵਾਸ ਲਈ ਗੁਰੂ ਸਾਹਿਬ ਜੀ ਦੇ ਚਰਨਾਂ ਵਿਚ ਜੋਦੜੀਆਂ ਕੀਤੀਆਂ। ਇਹ ਆਪਣੇ ਪਿਛੇ ਇਕ ਹਰੀ-ਭਰੀ ਗੁਰਸਿੱਖ ਫੁਲਵਾੜੀ (ਜਿਸ ਵਿਚ ਇਨ੍ਹਾਂ ਦੋ ਸਪੁੱਤਰ, ਨੂੰਹਾਂ, ਦੋ ਸਪੁੱਤਰੀਆਂ, ਦੋਤਰੇ, ਪੋਤਰੇ ਸ਼ਾਮਿਲ ਹਨ) ਆਪ ਦੇ ਪਾਏ ਹੋਏ ਪੂਰਨਿਆਂ 'ਤੇ ਚਲਦੇ ਹੋਏ ਗੁਰਸਿੱਖੀ ਦੀ ਮਹਿਕ ਫੈਲਾਉਣ ਲਈ ਛੱਡ ਗਏ ਹਨ।

# ਪ੍ਰੋ.ਫ਼ੈਸਰ ਉਦੇ ਸਿੰਘ ਜੀ ਕੈਨੇਡਾ

ਭਾਈ ਗੁਰਦੀਪ ਸਿੰਘ ਸ੍ਰੀ ਅੰਮ੍ਰਿਤਸਰ

ਬਾਪੂ ਜੀ ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਪਿਆਰ ਦਾ ਨਿੱਘ ਮਾਣਨ ਵਾਲੇ, ਸਫਲ ਅਧਿਆਪਕ, ਨਿਧੜਕ, ਬੇਬਾਕ, ਵਿਦੇਸ਼ਾਂ ਵਿਚ ਛੋਟਿਆਂ-ਬੱਚਿਆਂ ਨੂੰ ਗੁਰਮੁਖੀ ਅਤੇ ਗੁਰਮਤਿ ਸਿਖਾਉਣ ਵਾਲੇ ਪ੍ਰੋ. ਉਦੇ ਸਿੰਘ ਜੀ ਦਾ ਜਨਮ ਮਿਤੀ 15 ਅਕਤੂਬਰ 1925 ਈ. ਨੂੰ ਪਿੰਡ ਮੋਰਾਂ ਵਾਲੀ ਜਿਲ੍ਹਾ ਹੁਸ਼ਿਆਰਪੁਰ ਵਿਚ ਸ. ਜਸਵੰਤ ਸਿੰਘ ਦੇ ਘਰ ਮਾਤਾ ਤੇਜ ਕੌਰ ਜੀ ਦੇ ਕੁੱਖੋਂ ਹੋਇਆ। ਪ੍ਰੋ.ਫ਼ੈਸਰ ਸਾਹਿਬ ਦੇ ਆਪਣੇ ਕਹਿਣੇ ਮੁਤਾਬਕ ਉਨ੍ਹਾਂ ਦੀ ਉਮਰ ਦੋ ਸਾਲ ਘੱਟ ਲਿਖਾਈ ਗਈ ਸੀ ਅਤੇ ਉਹ ਤਕਰੀਬਨ ਦੋ ਸਾਲ ਵੱਡੇ ਸਨ। ਉਨ੍ਹਾਂ ਦੇ ਪਿਤਾ ਸੰਤ ਬਾਬਾ ਜਵਾਲਾ ਸਿੰਘ ਜੀ ਹਰਖੋਵਾਲ ਦੇ ਸੰਗੀ ਸਾਥੀ ਸਨ ਤੇ ਉਨ੍ਹਾਂ ਦੀ ਸੰਗਤ ਵਿਚ ਹੀ ਰਹਿ ਕੇ ਅੰਮ੍ਰਿਤਧਾਰੀ ਹੋ ਗਏ ਸਨ। ਆਪ ਜੀ 6 ਭਰਾਵਾਂ ਵਿਚੋਂ ਇਕ ਸਨ ਤੇ ਸਾਰੇ ਪਰਿਵਾਰ ਨੇ ਪਿਤਾ ਜੀ ਦੇ ਗੁਰਸਿੱਖੀ ਜੀਵਨ ਤੋਂ ਪ੍ਰਭਾਵਿਤ ਹੋ ਕੇ ਬਚਪਨ ਵਿਚ ਹੀ ਗੁਰਸਿੱਖੀ ਧਾਰਨ ਕਰ ਲਈ ਸੀ। ਇਨ੍ਹਾਂ ਦੇ ਪਿਤਾ ਜੀ ਰਾਤ 12 ਵਜੇ ਉੱਠ ਜਾਂਦੇ ਸਨ। ਸੋਚ-ਇਸ਼ਨਾਨ ਤੋਂ ਬਾਅਦ ਨਾਮ ਅਭਿਆਸ ਨਿਤਨੇਮ ਦੀ ਬਾਣੀਆਂ ਤੇ ਸੁਖਮਨੀ ਸਾਹਿਬ ਜੀ ਦੇ ਪਾਠ ਦਿਨ ਚੜ੍ਹਨ ਤਾਈਂ ਕਰਦੇ ਰਹਿੰਦੇ ਸਨ।

ਆਪ ਜੀ ਨੇ ਮੁੱਢਲੀ ਵਿਦਿਆ ਪਿੰਡ ਦੇ ਸਕੂਲ ਤੋਂ ਲਈ। ਫਿਰ ਪੰਜਾਬ ਯੂਨੀਵਰਸਿਟੀ ਲਾਹੌਰ ਦੇ ਅਧੀਨ ਖ਼ਾਲਸਾ ਕਾਲਜ ਸ੍ਰੀ ਅੰਮ੍ਰਿਤਸਰ ਤੋਂ ਬੀ.ਏ. ਪਾਸ ਕੀਤੀ। ਦੇਸ਼ ਦੀ ਵੰਡ ਤੋਂ ਬਾਅਦ, ਇਹ ਯੂਨੀਵਰਸਿਟੀ ਸੋਲਨ (ਹਿਮਾਲਚ ਪ੍ਰਦੇਸ਼) ਵਿਚ ਚਲੀ ਗਈ ਤਾਂ ਇਸ ਯੂਨੀਵਰਸਿਟੀ ਅਧੀਨ ਪੈਂਦੇ ਡੀ.ਏ.ਵੀ. ਕਾਲਜ ਤੋਂ ਆਪ ਨੇ ਐਮ.ਏ. ਪਾਸ ਕਰ ਲਈ। ਫਿਰ ਮੈਡੀਸਨ (ਅਮਰੀਕਾ) ਵਿਚ ਵਿਸਕੋਂਸਨ (WISCONSIN) ਯੂਨੀਵਰਸਿਟੀ ਤੋਂ ਗਣਿਤ ਦੇ ਵਿਸ਼ੇ ਦੀ ਉੱਚ ਵਿਦਿਆ ਪ੍ਰਾਪਤ ਕੀਤੀ। ਪੜ੍ਹਾਈ ਤੋਂ ਬਾਅਦ ਕ੍ਰਿਤ ਵਜੋਂ ਉਨ੍ਹਾਂ ਨੇ ਪਹਿਲਾਂ ਖ਼ਾਲਸਾ ਕਾਲਜ ਮਾਹਿਲਪੁਰ (ਹੁਸ਼ਿਆਰਪੁਰ) ਗਣਿਤ ਦਾ ਵਿਸ਼ਾ ਸੰਨ 1956 ਤੋਂ ਲੈ ਕੇ 1960 ਤਾਈਂ ਪੜ੍ਹਾਇਆ। ਇਹ ਸੰਨ 1960 ਵਿਚ ਅਮਰੀਕਾ ਆ ਗਏ ਤੇ ਦੋ ਸਾਲ ਸੰਨ 1962 ਤਾਈਂ ਇੰਡੀਆਨਾ ਅਮਰੀਕਾ ਦੀ Notre Dame South Land ਯੂਨੀਵਰਸਿਟੀ ਵਿੱਚ ਗਣਿਤ ਦਾ ਵਿਸ਼ਾ ਪੜ੍ਹਾਇਆ। ਫਿਰ ਉਹ ਕੈਨੇਡਾ ਆ ਗਏ। ਇਥੇ 26 ਸਾਲ ਦੇ ਲੰਬੇ ਸਮੇਂ ਲਈ ਸੰਨ 1962 ਤੋਂ 1988 ਤਾਈਂ ਰਿਟਾਇਰਮੈਂਟ ਹੋਣ ਤਕ Laurentian University of Sudbury Ontario ਵਿਚ ਗਣਿਤ ਦਾ ਵਿਸ਼ਾ ਪੜ੍ਹਾਇਆ। ਇਸ ਵਿਸ਼ੇ ਨੂੰ ਪੜ੍ਹਾਉਣ ਵਾਲੇ ਵਿਰਲੇ ਹੀ ਅਧਿਆਪਕ ਹੁੰਦੇ ਸਨ ਅਤੇ ਆਪ ਨੇ ਗੁਰਸਿੱਖੀ ਰਹਿਤ ਬਹਿਤ ਵਿਚ ਰਹਿੰਦੇ ਹੋਏ, ਸਿੱਖੀ ਸਰੂਪ ਨੂੰ ਚਾਰ ਚੰਨ ਲਾਉਂਦੇ ਹੋਏ, ਇਸ ਉੱਚ ਅਹੁਦੇ 'ਤੇ ਕੰਮ ਕੀਤਾ।

ਆਪ ਜੀ ਦਾ ਅਨੰਦ ਕਾਰਜ ਬੀਬੀ ਸੁਰਜੀਤ ਕੌਰ ਜੀ ਨਾਲ ਹੋਇਆ, ਜੋ ਕਿ ਇਕ ਸੁਘੜ ਸੁਆਣੀ ਘਰੇਲੂ ਕੰਮਾਂ ਵਿਚ ਨਿਪੁੰਨ, ਦੈਵੀ ਗੁਣਾਂ ਨਾਲ ਭਰਪੂਰ ਸ਼ਖ਼ਸੀਅਤ ਸਨ। ਆਪ ਦੇ ਘਰ ਚਾਰ ਪੁੱਤਰਾਂ ਤੇ ਇਕ ਪੁੱਤਰੀ ਨੇ ਜਨਮ ਲਿਆ। ਆਪ ਜੀ ਦੇ ਵੱਡੇ ਸਪੁੱਤਰ ਦੀ ਸੰਨ 1975 ਵਿਚ ਕੈਲਗਰੀ ਕੈਨੇਡਾ ਵਿਚ ਇਕ ਸੜਕ ਹਾਦਰੇ ਵਿਚ



www.AKJ.Org

ਮੌਤ ਹੋ ਗਈ ਸੀ। ਆਪ ਨੇ ਨਾਮ ਬਾਣੀ ਦੇ ਆਸਰੇ ਅਕਾਲ ਪੁਰਖ ਦੇ ਇਸ ਬਿਖਮ ਭਾਣੇ ਨੂੰ ਚੜ੍ਹਦੀ ਕਲਾ ਵਿਚ ਰਹਿੰਦੇ ਹੋਏ ਮਿੱਠਾ ਕਰਕੇ ਮੰਨਿਆ। ਬੀਬੀ ਜੀ ਸੇਵਾ ਦੇ ਪੁੰਜ ਸਨ। ਇਸ ਦੀ ਜਿਉਂਦੀ ਜਾਗਦੀ ਮਿਸਾਲ 1982 ਵਿਚ ਦੇਖੀ, ਜਦੋਂ ਇਹ ਬੀਬੀ ਜੀ ਜਥੇਦਾਰ ਭਾਈ ਰਾਮ ਸਿੰਘ ਜੀ ਅਤੇ ਡਾਕਟਰ ਦਰਸ਼ਨ ਸਿੰਘ ਜੀ ਲੁਧਿਆਣਾ ਸਮੇਤ ਸ੍ਰੀ ਹਜ਼ੂਰ ਸਾਹਿਬ ਅਤੇ ਹੋਰ ਗੁਰਧਾਮਾਂ ਦੀ ਸੰਗਤ ਸਮੇਤ ਯਾਤਰਾ 'ਤੇ ਗਏ। ਆਪ ਜੀ ਲੰਗਰ ਸਜਾਉਣ ਦੀ ਸੇਵਾ ਵਿਚ ਇਤਨੇ ਫੁਰਤੀਲੇ ਸਨ ਕਿ ਬੀਬੀ ਬਲਵੰਤ ਕੌਰ ਜੀ ਸਿੰਘਣੀ ਭਾਈ ਰਾਮ ਸਿੰਘ ਜੀ ਨਾਲ ਮਿਲ ਕੇ ਅੰਮ੍ਰਿਤ ਵੇਲੇ ਉੱਠ ਕੇ, ਸੋਚ-ਇਸ਼ਨਾਨ ਤੋਂ ਬਾਅਦ ਫਟਾਫਟ ਥੋੜ੍ਹੇ ਸਮੇਂ ਵਿਚ ਹੀ ਸੰਗਤਾਂ ਲਈ ਸਵੇਰ ਦਾ ਨਾਸ਼ਤਾ ਅਤੇ ਸਫ਼ਰ ਵਿਚ ਦੁਪਹਿਰ ਦਾ ਲੰਗਰ ਤਿਆਰ ਕਰ ਲੈਂਦੇ ਸਨ। ਅਜੇ ਜਦੋਂ ਬਾਕੀ ਸੰਗਤ ਇਸ਼ਨਾਨ ਵਗੈਰਾ ਕਰਕੇ ਅਗਲੇ ਪੜਾਅ ਲਈ ਤਿਆਰ ਹੀ ਹੁੰਦੀ ਸੀ ਤੇ ਇਸ ਸਮੇਂ ਵਿਚ ਹੀ ਇਹ ਬੀਬੀਆਂ ਲੰਗਰ ਤਿਆਰ ਕਰ ਲੈਂਦੀਆਂ ਸਨ। ਮਾਨਯਵਰ ਬਾਊ ਮਲ ਸਿੰਘ ਜੀ ਨਾਲ ਵੀ ਇਸ ਪਰਿਵਾਰ ਦਾ ਅਥਾਹ ਪਿਆਰ ਸੀ। ਬੀਬੀ ਜੀ ਇਕ ਵਾਰ ਕੈਨੇਡਾ ਤੋਂ ਆਏ ਤੇ ਬਾਊ ਜੀ ਨੂੰ ਤਰਨ ਤਾਰਨ ਮਿਲਣ ਗਏ। ਬਾਊ ਜੀ ਜ਼ਿਆਦਾ ਬਿਰਧ ਅਵਸਥਾ ਕਰਕੇ ਆਪ ਨੂੰ ਪਛਾਨ ਨਹੀਂ ਸਕੇ। ਜਦੋਂ ਉਨ੍ਹਾਂ ਨੂੰ ਦਸਿਆ ਗਿਆ ਕਿ ਭਾਈ ਉਦੇ ਸਿੰਘ ਜੀ ਦੀ ਸਿਘਣੀ ਕੈਨੇਡਾ ਤੋਂ ਆਈ ਹੈ ਤੇ ਬਾਊ ਜੀ ਉੱਚੀ-ਉੱਚੀ ਕਹਿਣ ਲੱਗ ਪਏ ਕਿ ਭਾਈ ਉਦੇ ਸਿੰਘ ਤਾਂ ਮੇਰੀ ਜਾਨ ਹੈ, ਮੇਰੀ ਜਾਨ ਹੈ, ਮੇਰੀ ਜਾਨ ਹੈ। ਇਹ ਉਨ੍ਹਾਂ ਨੇ ਤਿੰਨ ਵਾਰੀ ਦੁਹਰਾਇਆ ਤੇ ਬੀਬੀ ਜੀ ਨੂੰ ਪਿਆਰ ਭਰੀਆਂ ਅਸੀਸਾਂ ਬਖ਼ਸ਼ੀਆਂ।

ਆਪ ਜੀ ਦਾ ਮੇਲ ਭਾਈ ਸਾਹਿਬ ਜੀ ਨਾਲ ਸੰਨ 1946 ਵਿਚ ਹੋਇਆ। ਇਸ ਤੋਂ ਬਾਅਦ ਉਨ੍ਹਾਂ ਮਹਿਸੂਸ ਕੀਤਾ ਕਿ ਮੇਰਾ ਜਨਮ ਹੀ ਉਨ੍ਹਾਂ ਨੂੰ ਮਿਲਣ ਲਈ ਹੋਇਆ ਹੈ। ਇਸ ਤਰ੍ਹਾ ਆਪ ਜੀ ਨੂੰ ਭਾਈ ਸਾਇਬ ਜੀ ਦੀ ਸੰਗਤ ਦਾ ਪੰਦਰਾਂ ਸਾਲ ਨਿੱਘ ਮਾਣਨ ਦਾ ਸੁਭਾਗ ਸਮਾਂ ਪ੍ਰਾਪਤ ਹੋਇਆ। ਮਈ 1960 ਵਿਚ ਅਮਰੀਕਾ ਆਉਣ ਲਈ ਭਾਈ ਸਾਹਿਬ ਕੋਲ ਇਜਾਜ਼ਤ ਮੰਗਣ ਗਏ ਤੇ ਉਨ੍ਹਾਂ ਨੇ ਬਚਨ ਕੀਤਾ ਕਿ ਜਾਓ, ਦੂਜਿਆਂ ਦਾ ਭਲਾ ਕਰਿਓ ਅਤੇ ਜਲਦੀ ਵਾਪਸ ਆ ਜਾਇਓ। ਪਰ ਭਾਣੇ ਅੰਦਰ ਮੁੜ ਕੇ ਭਾਰਤ ਆਉਣਾ ਨਸੀਬ ਨਹੀਂ ਹੋਇਆ। ਭਾਈ ਸਾਹਿਬ ਜੀ ਵਲੋਂ ਸੰਨ 1960 ਵਿਚ ਕੀਤਾ ਬਚਨ ਆਪ ਜੀ ਲਈ ਤਾਅ ਜ਼ਿੰਦਗੀ ਰੋਸ਼ਨ ਮੁਨਾਰੇ ਦਾ ਕੰਮ ਕਰਦਾ ਰਿਹਾ ਅਤੇ ਆਪ ਇਸ ਉੱਪਰ ਪਹਿਰਾ ਦਿੰਦੇ ਰਹੇ। ਭਾਈ ਸਾਹਿਬ ਜੀ ਦੀ ਸੰਗਤ ਮਿਲਣ ਤੋਂ ਬਾਅਦ ਆਪ ਜਲਦੀ ਹੀ ਪਰਿਵਾਰ ਸਮੇਤ ਅੰਮ੍ਰਿਤ ਛੱਕ ਕੇ ਤਿਆਰ ਬਰ ਤਿਆਰ ਹੋ ਗਏ। ਸੰਨ 1952-53 ਵਿਚ ਇਕ ਵਾਰੀ ਵਿਦਾਇਗੀ ਲੈਣ ਵੇਲੇ ਭਾਈ ਸਾਹਿਬ ਜੀ ਨੇ ਆਪ ਜੀ ਨੂੰ ਗਲਵਕੜੀ ਵਿਚ ਲੈ ਕੇ ਪਿਆਰ ਕੀਤਾ ਤੇ ਨਾਲ ਹੀ ਐਸਾ ਖੰਡਾ ਖੜਕਾਇਆ ਕਿ ਆਪ ਦੇ ਰੋਮ ਰੋਮ ਅੰਦਰ ਨਾਮ ਦੀ ਝਰਨਾਹਟ ਛਿੜ ਪਈ। ਆਪ ਜੀ ਦਾ ਸਰੀਰ ਬਹੁਤ ਭਾਰਾ ਹੋ ਗਿਆ ਅਤੇ ਹੇਠਾਂ ਨੂੰ ਡਿੱਗਦਾ ਹੋਇਆ, ਮਸਾਂ ਸੰਭਾਲ ਕੇ ਰੱਖਿਆ। ਪਰੰਤੂ ਜਿਉਂ ਹੀ ਭਾਈ ਸਾਹਿਬ ਜੀ ਨੇ ਛੱਡਿਆ ਤਾਂ ਇਹ ਝਰਨਾਹਟ ਬੰਦ ਹੋ ਗਈ ਤੇ ਸਾਰੀ ਉਮਰ ਮੁੜ ਕੇ ਨਾ ਛਿੜੀ। ਕੁਝ ਹੋਰ ਉਨ੍ਹਾਂ ਦੇ ਹੱਡੀਂ ਵਾਪਰੇ ਬਿਰਤਾਂਤ ਜੋ ਉਨ੍ਹਾਂ ਦੇ ਨਿਕਟਵਰਤੀ ਗੁਰਸਿਖਾਂ ਨੂੰ ਦੱਸੇ ਹਨ ਉਹ ਹੇਠਾਂ ਵਰਣਨ ਕੀਤੇ ਜਾਂਦੇ ਹਨ।

ਭਾਈ ਸਾਹਿਬ ਜੀ ਦੇ ਮਿਲਾਪ ਤੋਂ ਬਾਅਦ ਆਪ ਜੀ ਇਕ ਉੱਚ ਵਿਦਿਆ ਦੇ ਇਮਤਿਹਾਨ ਦੇ ਰਹੇ ਸਨ ਪਰ ਗੁਰੂ ਭਾਣੇ ਅੰਦਰ ਉਸ ਵਿਚੋਂ ਫੇਲ੍ਹ ਹੋ ਗਏ, ਜੋ ਕਿ ਉਹ ਹਾਸੇ ਵਿਚ ਕਿਹਾ ਕਰਦੇ ਸੀ ਕਿ ਮੈਂ ਆਪਣੀ ਜ਼ਿੰਦਗੀ ਵਿਚ ਇਕ ਵਾਰ ਹੀ ਫੇਲ ਹੋਇਆ ਸਾਂ। ਉਹ ਜਲੰਧਰ ਤੋਂ ਭਾਈ ਸਾਹਿਬ ਜੀ ਕੋਲ ਸਾਈਕਲ 'ਤੇ ਹੀ ਜਾਇਆ ਕਰਦੇ ਸਨ। ਦੂਸਰੀ ਵਾਰ ਇਮਤਿਹਾਨ ਤੋਂ ਪਹਿਲਾਂ ਉਹ ਭਾਈ ਸਾਹਿਬ ਜੀ ਕੋਲ ਗਏ, ਉਸ ਵੇਲੇ ਪੋਹ ਸੁਦੀ ਸਮਾਗਮ ਨਾਰੰਗਵਾਲ ਚੱਲ ਰਹੇ ਸਨ ਭਾਈ ਸਾਹਿਬ ਜੀ ਨੂੰ ਆਪਣੀ ਇਮਤਿਹਾਨ ਵਿਚ ਕਾਮਯਾਬੀ ਲਈ ਅਰਦਾਸ ਕਰਨ ਲਈ ਕਿਹਾ ਪਰੰਤੂ ਉਨ੍ਹਾਂ ਨੇ ਬਚਨ ਕੀਤਾ ਕਿ ਤੂੰ ਪਾਸ ਨਹੀਂ ਹੋ ਸਕੇਗਾ। ਸਮਾਗਮ ਵਿਚ ਸ਼ਾਮਿਲ ਹੋ ਕੇ ਸੰਗਤਾਂ ਦੇ ਨਾਲ ਨਾਮ ਬਾਣੀ ਦੇ ਲਾਹੇ ਲਵੋ। ਇਹ ਪਤਾ ਹੋਣ 'ਤੇ ਵੀ ਕਿ ਮੈਂ ਇਮਤਿਹਾਨ ਪਾਸ ਨਹੀਂ ਕਰ ਸਕਾਂਗਾ ਕਿਉਂਕਿ ਇਕ ਗੁਰਮੁਖ


www.AKJ.Org

ਭਗਤ ਜਨ ਦੇ ਬਚਨ ਹੋ ਗਏ ਸਨ, ਪਰੰਤੂ ਆਪ ਜੀ ਨੇ ਸਮਾਗਮ ਵਿਚੇ ਛੱਡ ਕੇ ਇਮਤਿਹਾਨ ਦੇ ਦਿੱਤਾ ਤੇ ਫਿਰ ਫੇਲ੍ਹ ਹੋ ਗਏ। ਜਿਸ ਦਾ ਆਪ ਨੂੰ ਪਸਚਾਤਾਪ ਵੀ ਹੋਇਆ ਕਿ ਸੰਗਤ ਵੀ ਛੱਡੀ ਤੇ ਨਾਲ ਹੀ ਨਾਕਾਮਯਾਬੀ ਵੀ ਪੱਲੇ ਪਈ। ਇਸ ਤੋਂ ਬਾਅਦ, ਫਿਰ ਆਪ ਭਾਈ ਸਾਹਿਬ ਜੀ ਨੂੰ ਜਦ ਮਿਲਣ ਗਏ ਤਾਂ ਭਾਈ ਸਾਹਿਬ ਜੀ ਨੇ ਪਤਾ ਹੁੰਦਿਆਂ ਵੀ ਪੁੱਛਿਆ ਕਿ ਇਮਤਿਹਾਨ ਦਾ ਕੀ ਬਣਿਆ ? ਆਪ ਭੁੱਬਾਂ ਮਾਰ ਕੇ ਰੋਣ ਲੱਗ ਪਏ ਅਤੇ ਭਾਈ ਸਾਹਿਬ ਜੀ ਕੋਲੋਂ ਮੁਆਫੀ ਮੰਗੀ। ਉਨ੍ਹਾਂ ਨੇ ਦਸਿਆ ਕਿ ਕਈ ਵਾਰ ਇਮਤਿਹਾਨ ਦੇਣ ਤੋਂ ਬਾਅਦ ਉਨ੍ਹਾਂ ਨੇ ਇਹ ਸੋਚ ਲਿਆ ਸੀ ਕਿ ਤਾਅ ਜ਼ਿੰਦਗੀ ਹੁਣ ਉਹ ਇਹ ਇਮਤਿਹਾਨ ਪਾਸ ਨਹੀਂ ਕਰ ਸਕਣਗੇ। ਉਸ ਉਪਰ ਆਪ ਨੇ ਭਾਈ ਸਾਹਿਬ ਜੀ ਨੂੰ ਕਿਹਾ ਕਿ ਮੈਨੂੰ ਇਮਤਿਹਾਨ ਪਾਸ ਕਰਨ ਲਈ ਫਿਰ ਮਨੁੱਖਾ ਜਨਮ ਧਾਰਨਾ ਪਵੇਗਾ ਤਾਂ ਭਾਈ ਸਾਹਿਬ ਜੀ ਨੇ ਕੜਕ ਕੇ ਕਿਹਾ ਕਿ "**ਬਹੁਰਿ ਹਮ ਕਾਹੇ ਆਵਹਿਗੇ ॥**" ਇਸ ਤਰ੍ਹਾਂ ਆਪ ਜੀ ਦਾ ਪੱਕਾ ਵਿਸ਼ਵਾਸ ਹੋ ਗਿਆ ਕਿ ਭਾਈ ਸਾਹਿਬ ਜੀ ਦੀ ਸੰਗਤ ਸਦਕਾ ਉਹ ਆਵਾਗਵਨ ਦੇ ਚੱਕਰ ਵਿਚ ਨਹੀਂ ਪੈਣਗੇ।

ਇਸੇ ਤਰ੍ਹਾਂ ਇਕ ਵਾਰ ਵੇਰ ਆਪ ਜੀ ਭਾਈ ਸਾਹਿਬ ਜੀ ਨੂੰ ਲੁਧਿਆਣੇ ਮਿਲਣ ਗਏ। ਉਸ ਵੇਲੇ ਭਾਈ ਸਾਹਿਬ ਜੀ ਬਿਰਧ ਹੋ ਗਏ ਸਨ ਤੇ ਕੁਰਸੀ 'ਤੇ ਬਿਰਾਜਮਾਨ ਸਨ। ਗੁਰੂ ਫ਼ਤਹਿ ਸਾਂਝੀ ਕਰਨ ਤੋਂ ਬਾਅਦ ਆਪ ਜੀ ਨੂੰ ਉਨ੍ਹਾਂ ਆਪਣੇ ਨਾਲ ਇਕ ਹੋਰ ਕੁਰਸੀ 'ਤੇ ਬਿਠਾ ਲਿਆ। ਇਤਨੇ ਚਿਰ ਨੂੰ ਇਕ ਮੰਗਤਾ ਭੀਖ ਮੰਗਦਾ ਹੋਇਆ, ਭਾਈ ਸਾਹਿਬ ਜੀ ਦੇ ਘਰ ਉਨ੍ਹਾਂ ਕੋਲ ਆ ਗਿਆ। ਉਸ ਨੇ ਵੇਖ ਕੇ ਆਪ ਕੁਰਸੀ ਤੋਂ ਉਠ ਖਲੋਤੇ ਤੇ ਗਰਜ ਕੇ ਕਿਹਾ ਕਿ ਤੈਨੂੰ ਅਗੇ ਵੀ ਵਰਜਿਆ ਹੈ, ਤੂੰ ਇਨ੍ਹਾਂ ਕੰਮਾਂ ਤੋਂ ਬਾਜ ਨਹੀਂ ਆਉਂਦਾ ਅਤੇ ਆਪਣੇ ਕੀਤੇ ਪਾਪਾਂ ਦਾ ਫਲ ਭੋਗ ਰਿਹਾ ਹੈਂ। ਉਹ ਮੰਗਤਾ ਇਹ ਸੁਣ ਕੇ ਇਕ ਦਮ ਵਾਪਸ ਚਲਾ ਗਿਆ। ਆਪ ਜੀ ਭਾਈ ਸਾਹਿਬ ਜੀ ਵਲੋਂ ਕਹੇ ਬਚਨ ਸੁਣ ਕੇ ਬਹੁਤ ਹੈਰਾਨ ਹੋਏ। ਬਾਅਦ ਵਿਚ ਭਾਈ ਸਾਹਿਬ ਜੀ ਨੇ ਦਸਿਆ ਕਿ ਇਹ ਜੇਲ੍ਹ ਯਾਤਰਾ ਸਮੇਂ ਸਾਡਾ ਜੇਲ ਸੁਪਰਡੈਂਟ ਸੀ ਤੇ ਹੁਣ ਆਪ ਦੇ ਕੀਤੇ ਜ਼ੁਲਮਾਂ ਦਾ ਫਲ ਭੋਗ ਰਿਹਾ ਹੈ।

ਪਿਤਾ ਜੀ ਦੀ ਬਚਪਨ ਤੋਂ ਮਿਲੀ ਗੁਰਮਤਿ ਦੀ ਸਿਖਿਆ ਅਤੇ ਭਾਈ ਸਾਹਿਬ ਜੀ ਦੀ ਸੰਗਤ ਨੇ ਆਪ ਜੀ ਦੀ ਸ਼ਖ਼ਸੀਅਤ 'ਤੇ ਡੂੰਘਾ ਪ੍ਰਭਾਵ ਛੱਡਿਆ। ਆਪ ਨੇ ਬਚਪਨ ਤੋਂ ਗੁਰਬਾਣੀ ਦੇ ਪਾਠ ਕਰਨਾ ਸਿਖ ਲਿਆ ਸੀ। ਆਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜੀਵਾਰ ਸਰੂਪ ਤੋਂ ਹੀ ਪਾਠ ਕਰਦੇ ਸਨ ਤੇ ਇਸ ਤੋਂ ਹੀ ਅਗੋਂ ਬੱਚਿਆਂ ਨੂੰ ਗੁਰਬਾਣੀ ਦੀ ਸੰਥਿਆ ਦਿੰਦੇ ਸਨ। ਆਪ ਸ਼ੁਧ ਤੇ ਸਪੱਸ਼ਟ ਬਾਣੀ ਦੇ ਕਰਨ ਵਾਲੇ ਤਕੜੇ ਅਖੰਡ ਪਾਠੀ ਸਨ ਅਤੇ ਗੁਰਬਾਣੀ ਦੇ ਅਰਥਾਂ ਭਾਵ ਦੀ ਸੋਝੀ ਰੱਖਦੇ ਸਨ। ਕੈਨੇਡਾ ਵਿਚ ਆ ਕੇ ਸ਼ੁਰੂ-ਸ਼ੁਰੂ ਵਿਚ, ਜਦੋਂ ਸਿੰਘਾਂ ਦੀ ਅਜੇ ਗਿਣਤੀ ਘੱਟ ਸੀ ਤੇ ਨਵੇਂ ਪ੍ਰਾਣੀਆਂ ਨੂੰ ਗੁਰੂ ਚਰਨਾਂ ਵਿਚ ਜੋੜਨ ਲਈ ਆਪ ਅੰਮ੍ਰਿਤ ਸੰਚਾਰ ਸਮਾਗਮਾਂ ਵਿਚ ਪੰਚਾਂ ਦੀ ਸੇਵਾ ਵੀ ਨਿਭਾਉਂਦੇ ਰਹੇ।

ਆਪ ਜੀ ਨੇ ਸਾਰੀ ਜ਼ਿੰਦਗੀ ਇਕ ਕ੍ਰਿਤ ਸਿੱਖ ਵਜੋਂ ਗੁਜ਼ਾਰੀ। ਯੂਨੀਵਰਸਿਟੀ ਵਿਚ ਚੰਗੇ ਅਹੁਦੇ ਤੇ ਨਿਯੁਕਤ ਹੋਣ ਕਰਕੇ ਆਪ ਜੀ ਦੀ ਆਮਦਨ ਵੀ ਚੋਖੀ ਸੀ। ਪਰੰਤੂ ਆਪ ਦਾਲ-ਫੁਲਕਾ ਅਤੇ ਨਿੱਜੀ ਲੋੜਾਂ ਜੋਗੀ ਥੋੜ੍ਹੀ ਜਿਹੀ ਆਮਦਨ ਰੱਖ ਕੇ ਬਾਕੀ ਸਾਰੀ ਗੁਰਮਤਿ ਕਾਰਜਾਂ ਅਤੇ ਬੱਚਿਆਂ ਨੂੰ ਗੁਰਮੁਖੀ/ਗੁਰਮਤਿ ਸਿਖਾਉਣ 'ਤੇ ਖਰਚ ਕਰ ਦਿੰਦੇ ਸਨ।

ਗੁਰੂ ਸਾਹਿਬ ਜੀ ਦਾ ਹਰ ਗੁਰਸਿੱਖ ਲਈ ਆਪਣੀ ਕ੍ਰਿਤ ਕਮਾਈ ਵਿਚੋਂ ਦਸਵੰਧ ਕੱਢਣ ਦਾ ਹੁਕਮ ਹੈ। ਪਰੰਤੂ ਆਪ ਇਸ ਦੇ ਉਲਟ ਆਪਣਾ ਦਸਵੰਧ ਨਿਜੀ ਲੋੜਾਂ ਲਈ ਤੇ ਬਾਕੀ 90 ਪ੍ਰਤੀਸ਼ਤ ਧਰਮ ਕਾਰਜਾਂ ਤੇ ਖਰਚਦੇ ਸਨ। ਮਾਇਆ ਵਲੋਂ ਤਿਆਗ ਦੀ ਇਕ ਵੱਡੀ ਮਿਸਾਲ ਹੈ ਕਿ ਉਨ੍ਹਾਂ ਆਪਣੀ ਜਲੰਧਰ ਸਥਿਤ ਕੋਠੀ ਵੇਚ ਕੇ ਉਸ ਦੀ ਸਾਰੀ ਰਕਮ ਜੋ ਕਿ ਲਗਭਗ 70 ਲੱਖ ਰੁਪਏ ਬਣਦੀ ਸੀ, ਲੁਧਿਆਣੇ ਵਿਖੇ ਭਾਈ ਸਾਹਿਬ ਜੀ ਦਾ ਯਾਦ ਵਿਚ ਉਸਾਰੇ ਜਾ ਰਹੇ ਗੁਰਮਤਿ ਸੰਚਾਰ ਕੇਂਦਰ ਲਈ ਭਾਈ ਸਾਹਿਬ ਭਾਈ ਰਣਧੀਰ ਸਿੰਘ ਟਰੱਸਟ ਦੇ ਪ੍ਰਬੰਧਕਾਂ ਨੂੰ ਸੌਂਪ ਦਿੱਤੀ ਤਾਂ ਕਿ



www.AKJ.Org

ਭਾਈ ਸਾਹਿਬ ਜੀ ਦੀਆਂ ਪੁਸਤਕਾਂ ਨੂੰ ਸੰਗਤਾਂ ਤਾਈਂ ਪਹੁੰਚਾਉਣ ਦਾ ਕੰਮ ਸਫਲਤਾ ਪੂਰਵਕ ਨਿਰਵਿਘਨ ਚੱਲਦਾ ਰਹੇ। ਉਨ੍ਹਾਂ ਇਹ ਸਭ ਕੁਝ ਭਾਈ ਸਾਹਿਬ ਜੀ ਦੇ ਨਾਲ ਪਿਆਰ ਅਤੇ ਸਤਿਕਾਰ ਖ਼ਾਤਰ ਹੀ ਕੀਤਾ।

ਕੈਨੇਡਾ ਵਿਚ ਆਉਣ ਤੋਂ ਬਾਅਦ ਇਥੇ ਪੰਜਾਬੀ ਲੋਕਾਂ, ਖ਼ਾਸ ਕਰਕੇ ਸਿੱਖਾਂ ਦੇ ਬੱਚਿਆਂ ਨੂੰ ਪੰਜਾਬੀ ਭਾਸ਼ਾ ਅਤੇ ਗੁਰਮਤਿ ਦੀ ਸਿਖਿਆ ਦੇਣ ਲਈ ਕੋਈ ਪ੍ਰਬੰਧ ਨਹੀਂ ਸੀ। ਗੁਰਦੁਆਰੇ ਦੇ ਪ੍ਰਬੰਧਕ ਵੀ ਜ਼ਿਆਦਾ ਗੋਲਕ ਵੱਲ ਧਿਆਨ ਰਖਦੇ ਸਨ ਅਤੇ ਚੌਧਰਧਾਰੀ ਵਾਸਤੇ ਗੁੱਥਮ ਗੁੱਥਾ ਹੁੰਦੇ ਰਹਿੰਦੇ ਸਨ। ਉਥੇ ਗੁਰਮਤਿ ਨਾਲੋਂ ਮਨਮਤਿ ਦਾ ਜ਼ਿਆਦਾ ਜ਼ੋਰ ਸੀ। ਜਿਥੇ ਉਨ੍ਹਾਂ ਆਪਣੇ ਬੇਬਾਕ ਅਤੇ ਨਿਧੜਕ ਸੁਭਾਅ ਕਰਕੇ, ਇਨ੍ਹਾਂ ਪ੍ਰਬੰਧਕਾਂ (ਜਿਨ੍ਹਾਂ ਨੂੰ ਆਪ ਮਸੰਦ ਅਤੇ ਮਹੰਤ ਹੀ ਕਹਿੰਦੇ ਸਨ) ਖਿਲਾਫ ਅਵਾਜ਼ ਬੁਲੰਦ ਕੀਤੀ ਉਥੇ ਉਨ੍ਹਾਂ ਬੱਚਿਆਂ ਨੂੰ ਪੰਜਾਬੀ/ਗੁਰਮੁਖੀ ਅਤੇ ਗੁਰਬਾਣੀ ਦੇ ਪਾਠ ਦੀ ਸੰਥਿਆ ਲਈ ਵੀ ਯਤਨ ਅਰੰਭ ਕੀਤੇ। ਸਭ ਤੋਂ ਪਹਿਲਾਂ ਉਨ੍ਹਾਂ ਇਕ ਬੇਸਮੈਂਟ ਕਿਰਾਏ ’ਤੇ ਲਈ ਤੇ ਉਸ ਵਿਚ ਆਪਣੇ ਵਿਹਲੇ ਸਮੇਂ ਖ਼ਾਸਕਰ ਸ਼ਨੀਵਾਰ ਅਤੇ ਛੁੱਟੀ ਵਾਲੇ ਦਿਨ ਬੱਚਿਆਂ ਦੀ ਕਲਾਸਾਂ ਲੈਣੀਆਂ ਆਰੰਭ ਕੀਤੀਆਂ। ਜਿਸ ਵਿਚ ਪੰਜਾਂਬੀ/ਗੁਰਮੁਖੀ ਸਿਖਾਉਣ ਦੇ ਨਾਲ, ਗੁਰਬਾਣੀ ਦੇ ਲੜੀਵਾਰ ਪਾਠ ਦੀ ਸੰਥਿਆ, ਕੀਰਤਨ ਸਿਖਲਾਈ (ਤਬਲਾ ਅਤੇ ਹਰਮੋਨੀਅਮ) ਵੀ ਸ਼ੁਰੂ ਕੀਤੀ। ਫਿਰ ਬੱਚਿਆਂ ਦੀ ਗਿਣਤੀ ਵੱਧਣ ਨਾਲ ਇਕ ਹੋਰ ਇਮਾਰਤ ਕਿਰਾਏ ’ਤੇ ਲੈ ਕੇ, ਗੁਰਮਤਿ ਖ਼ਾਲਸਾ ਸਕੂਲ ਦੀ ਸਥਾਪਨਾ ਕੀਤੀ ਅਤੇ ਇਹ ਸੇਵਾ ਉਨ੍ਹਾਂ ਤਕਰੀਬਨ ਚਾਲੀ ਸਾਲ ਨਿਭਾਈ। ਟਰਾਂਟੋ ਸ਼ਹਿਰ ਦਾ ਕੋਈ ਵਿਰਲਾ ਹੀ ਪਰਿਵਾਰ ਹੋਵੇਗਾ, ਜਿਸ ਪਰਿਵਾਰ ਦੇ ਬੱਚਿਆਂ ਨੇ ਆਪ ਕੋਲੋਂ ਸੰਥਿਆ ਨਾ ਲਈ ਹੋਵੇ। ਟਰਾਂਟੋ ਸ਼ਹਿਰ ਦਾ ਹਰ ਵੱਡਾ ਛੋਟਾ ਨਿਵਾਸੀ ਜੋ ਪੰਜਾਬੀ ਬੋਲਦਾ ਹੈ, ਉਹ ਇਹੀ ਕਹੇਗਾ ਕਿ ਮੈਂ ਪ੍ਰੋਫ਼ੈਸਰ ਸਾਹਿਬ ਤੋਂ ਪੰਜਾਬੀ ਸਿੱਖੀ ਸੀ। ਆਪ ਅਨੁਸ਼ਾਸਨ ਰੱਖਣ ਦੇ ਵਿਚ ਬਹੁਤ ਪ੍ਰਪੱਕ ਸਨ। ਚਲ ਰਹੀ ਕਲਾਸ ਵੇਲੇ ਜੇ ਕੋਈ ਬੱਚਾ ਗੱਲਬਾਤ ਕਰਨ ਲੱਗ ਜਾਦਾ ਸੀ ਤੇ ਉਸ ਨੂੰ ਆਪ ਦੀ ਸਖ਼ਤ ਤਾੜਨਾ ਦਾ ਸਾਹਮਣਾ ਕਰਨਾ ਪੈਂਦਾ ਸੀ। ਆਪ ਕਿਸੇ ਦਾ ਲਿਹਾਜ ਨਹੀਂ ਸੀ ਕਰਦੇ। ਜੇਕਰ ਕੋਈ ਬੱਚਾ ਆਪ ਦੀ ਗੱਲ ਨਾ ਮੰਨੇ ਤਾਂ ਉਸੇ ਵੇਲੇ ਉਸ ਦੇ ਮਾਪਿਆਂ ਨੂੰ ਫ਼ੋਨ ਕਰ ਦੇਂਦੇ ਸਨ ਕਿ ਆਪਣੇ ਬੱਚੇ ਨੂੰ ਆ ਕੇ ਲੈ ਜਾਵੋ, ਸਾਡੇ ਕੰਮ ਦਾ ਨਹੀਂ ਹੈ। ਆਪ ਜੀ ਦੇ ਸੁਭਾਅ ਬਾਰੇ ਹਰ ਟਰਾਂਟੋ ਨਿਵਾਸੀ ਭਲੀ-ਭਾਂਤ ਜਾਣੂ ਸੀ। ਉਹ ਹਰ ਬੱਚੇ ਨੂੰ ਇਸ ਤਰ੍ਹਾਂ ਚੰਡਦੇ ਸਨ, ਜਿਵੇਂ ਕਿ ਗੋਡਾਈ ਜਾਂ ਘਾਹ ਖੋਤਣ ਲਈ ਰੰਬੀ ਨੂੰ ਚੰਡੀਦਾ ਹੈ।

ਉਨ੍ਹਾਂ ਦੀ ਆਤਮਾ ਨਿਰਮਲ ਸੀ ਅਤੇ ਸਤਿਗੁਰੂ ਜੀ ’ਤੇ ਅਟੱਲ ਭਰੋਸਾ ਸੀ ਤੇ ਉਨ੍ਹਾਂ ਵਲੋਂ ਕੀਤੀ ਅਰਦਾਸ ਵੀ ਗੁਰੂ ਦਰਬਾਰ ਵਿਚ ਸੁਣੀ ਜਾਂਦੀ ਸੀ। ਜਦੋਂ ਕੋਈ ਅਤਿ ਪਿਆਰਾ ਸਰੀਰਕ ਖੇਚਲ ਵਿਚ ਹੋਵੇ ਤਾਂ ਆਪ ਆਪਣੇ ਪਰਉਪਕਾਰੀ ਸੁਭਾਅ ਅਨੁਸਾਰ, ਉਸ ਦਾ ਸਰੀਰਕ ਦੁਖ ਅਰਦਾਸ ਰਾਹੀਂ ਆਪਣੇ ਉੱਪਰ ਲੈ ਲੈਂਦੇ ਸਨ। ਇਸ ਤਰ੍ਹਾਂ ਕਈ ਵਾਰੀ ਹੋਇਆ ਕਿ ਬੀਮਾਰ ਵਿਅਕਤੀ ਅਰਦਾਸ ਤੋਂ ਬਾਅਦ ਠੀਕ ਹੋ ਜਾਂਦਾ ਤੇ ਉਸ ਦਾ ਰੋਗ ਆਪ ਜੀ ਨੂੰ ਆਪਣੇ ਸਰੀਰ ’ਤੇ ਝੱਲਣਾ ਪੈਂਦਾ ਸੀ।

ਜਿਥੇ ਕਿ ਉਹ ਆਪ ਇਕ ਗੁਰਮਤਿ ਦੇ ਧਾਰਨੀ, ਸਮਾਜਿਕ ਅਤੇ ਗੁਰਦੁਆਰਿਆਂ ਵਿਚ ਚੱਲ ਰਹੀ ਮਨਮਤਿ ਦੇ ਕੱਟੜ ਵਿਰੋਧੀ, ਸਫਲ ਅਧਿਆਪਕ, ਪੰਜਾਬੀ/ਗੁਰਮੁਖੀ/ਗੁਰਮਤਿ ਵਿਦਿਆ ਦੇ ਪ੍ਰਚਾਰ ਨੂੰ ਪ੍ਰਚੰਡ ਕਰਨ ਵਾਲੇ ਸਨ ਉਥੇ ਇਕ ਤਕੜੇ ਲਿਖਾਰੀ ਅਤੇ ਵਿਦਵਾਨ ਵੀ ਸਨ। ਸਭ ਤੋਂ ਪਹਿਲਾਂ ਉਨ੍ਹਾਂ ਨੇ ਭਾਈ ਸਾਹਿਬ ਜੀ ਦੇ ਜੀਵਨ ਸਬੰਧੀ ਜੁਲਾਈ 1977 ਵਿਚ ਉਨ੍ਹਾਂ ਦੀ ਜਨਮ ਸ਼ਤਾਬਦੀ ਸਮੇਂ ਇਕ 16 ਪੰਨੇ ਦਾ ਕਿਤਾਬਚਾ ਲਿਖਿਆ। ਫਿਰ ਪੰਜਵਾਂ ਕਕਾਰ ਕੇਸਕੀ ਦੇ ਵਿਸ਼ੇ ਤੇ ਪੰਜਾਬੀ ਵਿਚ 9 ਅਗਸਤ 1987 ਇਕ ਟਰੈਕਟ ਲਿਖਿਆ ਜੋ ਉਥੋਂ ਦੇ ਇਕ ਹਫਤਾਵਾਰ ਪੰਜਾਬੀ ਅਖ਼ਬਾਰ ਵਿਚ ਛਪਿਆ। ਜਿਸ ਦਾ ਵੈਨਕੋਵਰ ਸਥਿਤ ਇੰਡੋ ਕੈਨੇਡੀਅਨ ਅਖ਼ਬਾਰ ਨੇ ਕਾਫ਼ੀ ਵਿਰੋਧ ਕੀਤਾ। ਫਿਰ ਇਹੀ ਕਿਤਾਬਚੇ ਦਾ ਅੰਗਰੇਜ਼ੀ ਤਰਜ਼ਮਾ ਸੰਨ 1992 ਵਿਚ ਮੋਨਟਰੀਅਲ ਸ਼ਹਿਰ ਤੋਂ ਛਪਦੇ ਸਿੱਖ ਇੰਟਰਨੈਸ਼ਨਲ 1992 ਦੀ ਡਾਇਰੀ ਵਿਚ ਛਪਿਆ। ਜਿਸ ਦੀ ਸਰੀ ਸ਼ਹਿਰ ਦੀ ਚੜ੍ਹਦੀ ਕਲਾ ਅਖ਼ਬਾਰ ਵਿਚ ਹਰਜਿੰਦਰ ਸਿੰਘ



www.AKJ.Org

ਪਾਤਰ ਨੇ ਦੋ ਲੇਖ ਲਿਖ ਕੇ ਫਿਰ ਵਿਰੋਧ ਕੀਤਾ। ਇਸ ਵਿਸ਼ੇ ਸਬੰਧੀ ਇਨ੍ਹਾਂ ਲੇਖਾਂ ਵਿਚ ਉਠਾਏ ਨੁਕਤਿਆਂ ਦੇ ਦਿੱਤੇ ਜੁਆਬਾਂ ਅਤੇ ਅਕੱਟ ਦਲੀਲਾਂ ਸਬੂਤਾਂ ਨੇ ਇਕ ਕਿਤਾਬਚੇ ਦਾ ਰੂਪ ਧਾਰਨ ਕਰ ਲਿਆ ਜੋ ਆਪ ਜੀ ਦੀ 75 ਸਫੇ ਦੇ ਇਹ ਪੁਸਤਕ ਅੰਗਰੇਜ਼ੀ ਵਿਚ 2001 ਵਿਚ ਛਾਪੀ ਗਈ। ਇਸ ਤੋਂ ਇਲਾਵਾ ਸੰਨ 1986 ਵਿਚ ਇਕ ਕਿਤਾਬਚਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹਿੰਦੂ ਧਰਮ ਦਾ ਸਥਾਨ ਵੀ ਛਪਿਆ ਸੀ। ਇਸ ਤੋਂ ਇਲਾਵਾ ਕੁਝ ਕਿਤਾਬਚੇ ਉਥੋਂ ਦੇ ਗੁਰਦੁਆਰਿਆਂ ਦੇ ਪ੍ਰਬੰਧਕਾਂ ਅਤੇ ਉਥੇ ਚੱਲ ਰਹੀ ਮਨਮਤਿ ਖਿਲਾਫ ਵੀ ਲਿਖ ਕੇ ਆਪ ਜੀ ਵਲੋਂ ਸੰਗਤਾਂ ਨੂੰ ਸੁਚੇਤ ਕੀਤਾ ਗਿਆ ਸੀ। ਆਪ ਜੀ ਵਲੋਂ ਗੁਰਮਤਿ ਦੇ ਵਿਸ਼ਿਆਂ 'ਤੇ ਸਮੇਂ-ਸਮੇਂ ਲਿਖੇ ਲੇਖਾਂ ਦੀ ਗਿਣਤੀ ਕਈ ਸੈਂਕੜੇ ਹੈ ਜੋ ਕਿ ਅਣਛੱਪੇ ਹੀ ਹਨ। ਆਪ ਜੀ ਨੇ ਗੁਰਮਤਿ ਦਾ ਪ੍ਰਚਾਰ ਕਰਦਿਆਂ, ਬੱਚਿਆਂ ਨੂੰ ਪੰਜਾਬੀ/ਗੁਰਮੁਖੀ ਪੜ੍ਹਾਉਂਦਿਆਂ ਲੰਬੀ ਆਯੂ 88 ਸਾਲ ਦੀ ਭੋਗੀ। ਅੰਤਮ ਵੇਲੇ ਚੜ੍ਹਾਈ ਕਰਨ ਤੋਂ ਪਹਿਲਾਂ ਆਪ ਜੀ ਨੂੰ ਜ਼ਬਰਦਸਤ ਦਿਲ ਦਾ ਦੌਰਾ ਪਿਆ। ਕੁਝ ਦਿਨ ਹਸਪਤਾਲ ਜ਼ੇਰੇ ਇਲਾਜ ਰਹੇ ਪ੍ਰੰਤੂ ਜਦੋਂ ਸਵਾਸਾਂ ਦੀ ਪੂੰਜੀ ਖ਼ਤਮ ਹੁੰਦੀ ਹੈ ਤੇ ਸਾਰੇ ਹੀਲੇ-ਵਸੀਲੇ ਨਾਕਾਮ ਹੋ ਜਾਂਦੇ ਹਨ। ਆਪ ਜੀ ਮਿਤੀ 22 ਨਵੰਬਰ 2013 ਨੂੰ ਹਸਪਤਾਲ ਵਿਚ ਹੀ ਪ੍ਰਮਾਤਮਾ ਵਲੋਂ ਬਖ਼ਸ਼ੇ ਹੋਏ ਸਵਾਸਾਂ ਦੀ ਪੂੰਜੀ ਭੋਗ ਕੇ ਗੁਰੂ ਚਰਨਾਂ ਵਿਚ ਜਾ ਬਿਰਾਜੇ। ਅੱਜ ਵੀ ਟਰਾਂਟੋ ਸ਼ਹਿਰ ਦਾ ਹਰ ਨਿਵਾਸੀ ਆਪ ਜੀ ਵਲੋਂ ਪੰਥ ਨੂੰ ਦਿੱਤੀ ਦੇਣ ਅਤੇ ਸੰਗਤ ਦੀ ਕੀਤੀ ਸੇਵਾ ਨੂੰ ਯਾਦ ਕਰਦਾ ਹੈ।

# ਭਾਈ ਜੋਰਾਵਰ ਸਿੰਘ ਰਾਏ ਇੰਗਲੈਂਡ ਨਿਵਾਸੀ

ਭਾਈ ਗੁਰਦੀਪ ਸਿੰਘ ਸ੍ਰੀ ਅੰਮ੍ਰਿਤਸਰ

ਆਪ ਪ੍ਰੋਫ਼ੈਸਰ ਉਦੇ ਸਿੰਘ ਜੀ ਦੇ ਛੋਟੇ ਭਰਾਤਾ ਸਨ। ਆਪ ਜੀ ਦਾ ਜਨਮ ਮਿਤੀ 1 ਜੂਨ 1928 ਨੂੰ ਪਿੰਡ ਮੋਰਾਂਵਾਲੀ, ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਹੋਇਆ ਸੀ। ਜਿਸ ਤਰ੍ਹਾਂ ਪ੍ਰੋਫ਼ੈਸਰ ਦੀ ਜੀਵਨੀ ਵਿਚ ਲਿਖਿਆ ਹੈ ਕਿ ਇਸ ਗੁਰਸਿਖ ਪਰਿਵਾਰ ਦੇ ਵਿਚ ਇਨ੍ਹਾਂ ਸਮੇਤ 6 ਭਰਾ ਸਨ ਜਿਨ੍ਹਾਂ ਨੇ ਮਾਤਾ-ਪਿਤਾ ਜੀ ਵਲੋਂ ਬਚਪਨ ਵਿਚ ਹੀ ਮਿਲੀ ਗੁਰਮਤਿ ਦੀ ਸਿਖਿਆ ਕਾਰਨ, ਗੁਰਸਿਖੀ ਧਾਰਨ ਕਰ ਲਈ ਸੀ। ਇਨ੍ਹਾਂ ਦੇ ਪਿਤਾ ਜੀ ਦਾ ਬਾਬਾ ਸੰਤ ਜਵਾਲਾ ਸਿੰਘ ਜੀ ਹਰਖੋਵਾਲ ਨਾਲ ਬਹੁਤ ਪਿਆਰ ਸੀ ਅਤੇ ਉਨ੍ਹਾਂ ਦੀ ਸੰਗਤ ਦਾ ਆਨੰਦ ਮਾਣਦੇ ਸਨ। ਇਨ੍ਹਾਂ ਦੇ ਪਿਤਾ ਜੀ ਬਿਨਾਂ ਨਾਗਾ ਅੰਮ੍ਰਿਤ ਵੇਲੇ ਦੀ ਸੱਚੀ ਸੁਚੀ ਕਾਰ ਨਿਭਾਉਂਦੇ ਸਨ। ਹਰ ਵੇਲੇ ਨਾਮ ਬਾਣੀ ਵਿਚ ਗੜੂੰਦ ਰਹਿੰਦੇ ਸਨ।

ਆਪ ਜੀ ਨੇ ਮੁੱਢਲੀ ਸਕੂਲ ਵਿਦਿਆ ਪਿੰਡ ਦੇ ਸਕੂਲ ਤੋਂ ਲਈ। ਫਿਰ ਡੀ.ਏ.ਵੀ. ਕਾਲਜ ਜਲੰਧਰ ਤੋਂ ਐਫ਼.ਏ. ਪਾਸ ਕਰਨ ਤੋਂ ਬਾਅਦ ਇੰਜਨੀਅਰਿੰਗ ਦਾ ਕੋਰਸ ਪੰਜਾਬ ਯੂਨੀਵਰਸਿਟੀ ਲਾਹੌਰ (ਸੋਲਨ) ਤੋਂ ਕੀਤਾ।

ਆਪ ਜੀ ਦਾ ਅਨੰਦ ਕਾਰਜ ਮਿਤੀ 12 ਫ਼ਰਵਰੀ 1950 ਨੂੰ ਬੀਬੀ ਰਣਜੀਤ ਕੌਰ ਜੀ ਵਾਸੀ ਪਿੰਡ ਢਾਂਡਾ ਕਲਾ ਜ਼ਿਲ੍ਹਾ ਹੁਸ਼ਿਆਰਪੁਰ ਨਾਲ ਹੋਇਆ। ਇਸ ਆਨੰਦ ਕਾਰਜ ਵੇਲੇ ਬਾਬਾ ਜਵਾਲਾ ਸਿੰਘ ਜੀ ਨੇ ਖੁਦ ਹਾਜ਼ਰ ਹੋਏ ਸਨ ਤੇ ਆਪਣੀ ਦੇਖ-ਰੇਖ ਵਿਚ ਸੰਪੰਨ ਕਰਵਾਇਆ ਸੀ। ਬਾਬਾ ਜੀ ਦਾ ਇਸ ਪਰਿਵਾਰ ਨਾਲ ਬਹੁਤ ਡੂੰਘਾ ਪਿਆਰ ਸੀ। ਆਪ ਜੀ ਦੇ ਘਰ ਪੰਜ ਪੁੱਤਰਾਂ ਤੇ 5 ਪੁੱਤਰੀਆਂ ਨੇ ਜਨਮ ਲਿਆ ਅਤੇ ਆਪ ਵਡ ਪ੍ਰਵਾਰੀ ਸਨ। ਸਾਰੇ ਬੱਚੇ ਗੁਰਮਤਿ ਦੇ ਪਾਂਧੀ ਸਨ ਤੇ ਅਗੋਂ ਉਨ੍ਹਾਂ ਦੀ ਸੰਤਾਨ ਵੀ ਆਪਣੇ ਪਿਤਾ ਪੁਰਖਿਆਂ ਦੇ ਪਾਏ ਹੋਏ ਪੂਰਨਿਆਂ ਤੇ ਚੱਲ ਰਹੀ ਹੈ।

ਮਾਤਾ ਪਿਤਾ ਜੀ ਵੱਲੋਂ ਬਚਪਨ ਤੋਂ ਮਿਲੀ ਗੁਰਮਤਿ ਦੀ ਗੁੜ੍ਹਤੀ ਕਾਰਨ ਅਤੇ ਬਾਬਾ ਜੀ ਦੀ ਸੰਗਤ ਕਰਕੇ ਆਪ ਜੀ ਨੇ ਪਹਿਲਾਂ ਅੰਮ੍ਰਿਤ ਛੋਟੀ ਆਯੂ ਵਿਚ ਹੀ ਛੱਕ ਲਿਆ ਸੀ। ਇਨ੍ਹਾਂ ਦੇ ਵੱਡੇ ਭਰਾਤਾ ਪ੍ਰੋ. ਉਦੇ ਸਿੰਘ ਜੀ ਦੇ ਭਾਈ ਸਾਹਿਬ ਜੀ ਨਾਲ ਮੇਲ ਮਿਲਾਪ ਅਤੇ ਸੰਗਤ ਹੋਣ ਕਰਕੇ ਆਪ ਵੀ ਅਖੰਡ ਕੀਰਤਨੀ ਜਥੇ ਨਾਲ ਜੁੜ ਗਏ।



www.AKJ.Org

ਥੋੜ੍ਹਾ ਚਿਰ ਖੇਤੀਬਾੜੀ ਦਾ ਕੰਮ ਕਰਨ ਪਿਛੋਂ ਆਪ ਜੀ ਆਪਣੀ ਕ੍ਰਿਤ ਵਾਸਤੇ ਸੰਨ 1952 ਵਿਚ ਇੰਗਲੈਂਡ ਆ ਗਏ ਅਤੇ ਬਰਮਿੰਘਮ ਸ਼ਹਿਰ ਦੀ ਇਲਕੈਟਿਕ ਕੰਪਨੀ ਵਿਚ ਲਗਾਤਾਰ 25 ਸਾਲ ਕੰਮ ਕੀਤਾ। ਇਨ੍ਹਾਂ ਦੇ ਪਰਿਵਾਰ ਦੇ ਸਾਰੇ ਬੱਚੇ ਪੜ੍ਹ ਲਿਖੇ ਅਤੇ ਉੱਚ ਸਰਕਾਰੀ ਅਹੁਦਿਆਂ ਤੇ ਡਾਕਟਰ/ਇੰਜਨੀਅਰ ਵਜੋਂ ਕੰਮ ਕਰ ਰਹੇ ਹਨ। ਇਨ੍ਹਾਂ ਦਾ ਛੋਟਾ ਲੜਕਾ ਬਲਜੀਤ ਸਿੰਘ 20 ਸਾਲ ਦੀ ਆਯੂ ਵਿਚ ਹੀ ਅਕਾਲ ਚਲਾਣਾ ਕਰ ਗਿਆ ਸੀ। ਅਜਿਹਾ ਵਿਛੋੜਾ ਆਮ ਦੁਨੀਆਦਾਰ, ਮਾਤਾ-ਪਿਤਾ ਲਈ ਅਸਹਿ ਹੁੰਦਾ ਹੈ। ਪਰੰਤੂ ਆਪ ਨਾਮ ਬਾਣੀ/ਕੀਰਤਨ ਦੇ ਆਸਰੇ ਚੜ੍ਹਦੀ ਕਲਾ ਵਿਚ ਰਹੇ ਤੇ ਗੁਰੂ ਦੇ ਬਿਖਮ ਭਾਣੇ ਨੂੰ ਸਿਰ ਮੱਥੇ ਮੰਨਿਆ ਤੇ ਸਾਰੇ ਪਰਿਵਾਰ ਨੂੰ ਵੀ ਚੜ੍ਹਦੀ ਕਲਾ ਵਿਚ ਰੱਖਿਆ।

ਇੰਗਲੈਂਡ ਵਿਚ ਆ ਕੇ ਜਿਥੇ ਆਪ ਨੇ ਲੋਕਾਂ ਦੇ ਭਲੇ ਲਈ ਕਾਰਜ ਜਾਰੀ ਰੱਖੇ ਉਥੇ ਜਥੇ ਦੇ ਸਿੰਘਾਂ ਨਾਲ ਵੀ ਮੇਲ ਮਿਲਾਪ ਰਖਿਆ ਅਤੇ ਸੰਗਤਾਂ ਵਿਚ ਵਿਚਰ ਕੇ ਨਾਮ ਬਾਣੀ, ਕੀਰਤਨ ਦੇ ਲਾਹੇ ਲੈਂਦੇ ਰਹੇ। ਚਾਹੇ ਆਪ ਜੀ ਨੇ ਬਚਪਨ ਤੋਂ ਹੀ ਅੰਮ੍ਰਿਤ ਛੱਕਿਆ ਹੋਇਆ ਸੀ ਪਰੰਤੂ ਇੰਗਲੈਂਡ ਦੇ ਡਡਲੀ ਸ਼ਹਿਰ ਵਿਖੇ ਜੂਨ 1982 ਵਿਚ ਇਕ ਰੈਣ ਸਬਾਈ ਕੀਰਤਨ ਸਮਾਗਮ ਸਮੇਂ ਹੋਏ ਅੰਮ੍ਰਿਤ ਸੰਚਾਰ ਸਮਾਗਮ ਵਿਚ ਪੰਚਾਂ ਕੋਲੋਂ ਨਾਮ ਦ੍ਰਿੜ ਕਰਵਾ ਕੇ ਪਰਿਵਾਰ ਸਮੇਤ ਗੁਰਮਤਿ ਰਹਿਤ ਬਹਿਤ ਪੱਕੇ ਧਾਰਨੀ ਹੋ ਗਏ।

ਇਨ੍ਹਾਂ ਨੇ ਇੰਗਲੈਂਡ ਰਹਿੰਦੇ ਹੋਏ ਕੇਵਲ 25 ਸਾਲ ਹੀ ਨੌਕਰੀ ਕੀਤੀ ਤੇ ਫਿਰ ਪ੍ਰੀ-ਰਿਟਾਇਰਮੈਂਟ ਲੈ ਕੇ ਜਲੰਧਰ ਵਿਚ ਇਕ ਕੋਠੀ ਬਣਵਾਈ ਤਾਂ ਕਿ ਇਨ੍ਹਾਂ ਦੇ ਬੱਚੇ ਭਾਰਤ ਆ ਕੇ ਆਪਣੇ ਸਭਿਆਚਾਰ ਨਾਲ ਜੁੜੇ ਰਹਿਣ ਅਤੇ ਉਨ੍ਹਾਂ 'ਤੇ ਪੱਛਮੀ ਸਭਿਅਤਾ ਦਾ ਪ੍ਰਭਾਵ ਨਾ ਪਵੇ। ਉਹ ਤਕਰੀਬਨ ਹਰ ਸਾਲ ਗਰਮੀਆਂ ਦੇ 4 ਮਹੀਨੇ ਇੰਗਲੈਂਡ ਤੇ ਬਾਕੀ ਦਾ ਸਮਾਂ ਭਾਰਤ ਵਿਚ ਰਹਿੰਦੇ ਸਨ।

ਸੰਨ 1976 ਦੇ ਇਕ ਭਾਰਤ ਫੇਰੀ ਸਮੇਂ ਆਪ ਜੀ ਦਾ ਸ਼ਹੀਦ ਭਾਈ ਫੌਜਾ ਸਿੰਘ ਜੀ ਨਾਲ ਵੀ ਮਿਲਾਪ ਹੋ ਗਿਆ ਅਤੇ ਆਪ ਉਨ੍ਹਾਂ ਦੀ ਸ਼ਖ਼ਸੀਅਤ ਤੋਂ ਪ੍ਰਭਾਵਿਤ ਹੋਏ। ਸ਼ਹੀਦੀ ਤੋਂ ਪਹਿਲਾਂ ਉਨ੍ਹਾਂ ਨਾਲ ਚਿੱਠੀ ਪੱਤਰ ਵੀ ਹੁੰਦਾ ਰਿਹਾ ਪਰ ਉਹ ਜਲਦੀ ਹੀ ਵੈਸਾਖੀ 1978 ਦੇ ਸਾਕੇ ਵਿਚ ਸ਼ਹੀਦ ਹੋ ਗਏ।

ਜਿਸ ਵੇਲੇ ਉਹ ਇੰਗਲੈਂਡ ਆਏ ਸਨ, ਉਸ ਵੇਲੇ ਪੰਜਾਬੀ ਸਿੱਖ ਜ਼ਿਆਦਾਤਰ ਅਨਪੜ੍ਹ ਅਤੇ ਫੈਕਟਰੀਆਂ ਵਿਚ ਮਜਦੂਰੀ ਕਰਦੇ ਸਨ। ਆਪ ਪੜ੍ਹੇ-ਲਿਖੇ ਹੋਣ ਕਰਕੇ ਉਨ੍ਹਾਂ ਦੇ ਦਫ਼ਤਰੀ ਕੰਮ ਕਾਜ ਅਤੇ ਹੋਰ ਲੋੜੀਂਦੇ ਫਾਰਮ ਭਰਨ ਵਿਚ ਮਦਦ ਕਰਦੇ ਰਹਿੰਦੇ ਸਨ। ਕੋਈ ਵੀ ਵਿਅਕਤੀ ਕਿਸੇ ਵੇਲੇ ਵੀ ਆਪਣੇ ਘਰੇਲੂ ਮਸਲੇ ਦਾ ਜਾਂ ਦਫ਼ਤਰੀ ਕੰਮ ਲਈ ਘਰ ਆ ਜਾਵੇ, ਉਹ ਨਾਂਹ ਨਹੀਂ ਸਨ ਕਰਦੇ। ਉਸੇ ਵੇਲੇ ਹੀ ਉਸ ਦੀ ਸਹਾਇਤਾ ਲਈ ਤੁਰ ਪੈਂਦੇ ਸਨ। ਸੰਨ 1970 ਦੇ ਦਹਾਕੇ ਵਿਚ ਉਹ ਅਕਾਲੀ ਦਲ ਨਾਲ ਵੀ ਮੁਖ ਸਲਾਹਕਾਰ ਵਜੋਂ ਸੰਬੰਧਿਤ ਰਹੇ ਅਤੇ ਪੰਥਕ ਮਸਲਿਆਂ ਤੇ ਸਮੇਂ-ਸਮੇਂ ਸਲਾਹ ਮਸ਼ਵਰਾ ਵੀ ਦਿੰਦੇ ਰਹੇ। ਉਸ ਵੇਲੇ ਇੰਗਲੈਂਡ ਵਿਚ ਸਿੱਖਾਂ ਦੇ ਮਸਲਿਆਂ ਜਿਵੇਂ ਲੋਹ ਟੋਪ ਪਾਉਣ ਦਾ ਮਸਲਾ, ਕਿਰਪਾਨ ਦਾ ਮਸਲਾ ਜਾਂ ਸਿੱਖ ਬੱਚਿਆਂ ਨੂੰ ਸਕੂਲ ਵਿਚ ਆ ਰਹੀਆਂ ਦਸਤਾਰ ਅਤੇ ਕਕਾਰਾਂ ਸਬੰਧੀ ਮੁਸ਼ਕਲਾਂ ਦੇ ਹੱਲ ਲਈ ਕੀਤੀ ਜਾ ਰਹੀ ਜਦੋ-ਜਹਿਦ ਵਿੱਚ ਵੱਧ-ਚੜ੍ਹ ਕੇ ਹਿੱਸਾ ਪਾਉਂਦੇ ਰਹੇ। ਉਹ ਇਨ੍ਹਾਂ ਮਸਲਿਆਂ 'ਤੇ ਉਥੇ ਛੱਪ ਰਹੇ ਪੰਜਾਬੀ ਅਖ਼ਬਾਰਾਂ, ਦੇਸ-ਪ੍ਰਦੇਸ਼, ਪੰਜਾਬੀ ਟਾਈਮਜ਼ ਅਤੇ ਆਵਾਜ਼ੇ ਕੌਮ ਵਿਚ ਲੇਖ ਵੀ ਲਿਖਦੇ ਰਹਿੰਦੇ ਸਨ।

ਉਹ ਭਾਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜੀਵਾਰ ਸਰੂਪ ਤੋਂ ਅਖੰਡ ਪਾਠ ਤਾਂ ਨਹੀਂ ਸੀ ਕਰ ਸਕਦੇ, ਪਰੰਤੂ ਘਰ ਵਿਚ ਉਹ ਸਹਿਜ ਪਾਠ ਆਰੰਭ ਹੀ ਰਖਦੇ ਸਨ ਅਤੇ ਬੇਅੰਤ ਸਹਿਜ ਪਾਠਾਂ ਦੇ ਉਨ੍ਹਾ ਭੋਗ ਪਾਏ। ਉਹ ਆਪਣੇ ਬੱਚਿਆਂ ਨੂੰ ਗੁਰਬਾਣੀ ਦੇ ਪਾਠ ਦੇ ਨਾਲ-ਨਾਲ ਕੀਰਤਨ ਦੀ ਸਿਖਲਾਈ ਖ਼ਾਸ ਕਰ ਪੋਤਰੇ-ਪੋਤਰੀਆਂ, ਦੋਹਤੇ-ਦੋਹਤਰੀਆਂ ਵੱਲ ਪੂਰਾ ਧਿਆਨ ਦਿੰਦੇ ਸਨ।


www.AKJ.Org

ਬੇਸ਼ੱਕ ਉਹ ਵਡ-ਪਰਵਾਰੀ ਸਨ ਤੇ ਪਰਿਵਾਰਕ ਜਿਮੇਵਾਰੀਆਂ ਵੀ ਬਹੁਤ ਸਨ ਪਰੰਤੂ ਉਹ ਪੰਥਕ ਸੰਸਥਾਵਾਂ ਤੇ ਧਰਮ ਕਾਰਜਾਂ ਵਾਸਤੇ ਦਿਲ ਖੋਲ ਕੇ ਮਾਇਆ ਖ਼ਰਚ ਕਰਦੇ ਰਹਿੰਦੇ ਸਨ। ਜਿਥੇ ਉਨ੍ਹਾ ਦੇ ਵੱਡੇ ਭਾਈ ਸਾਹਿਬ ਜੀ ਪ੍ਰੋ. ਉਦੇ ਸਿੰਘ ਜੀ ਨੇ ਲੁਧਿਆਣੇ ਭਾਈ ਸਾਹਿਬ ਰਣਧੀਰ ਸਿੰਘ ਜੀ ਯਾਦ ਵਿਚ ਬਣੇ ਗੁਰਮਤਿ ਸੰਚਾਰ ਕੇਦਰ ਦੀ ਸਥਾਪਤੀ ਲਈ ਦਿਲ ਖੋਲ ਕੇ ਮਾਇਆ ਅਰਪਨ ਕੀਤੀ, ਉੱਥੇ ਆਪ ਨੇ ਵੀ ਸੰਨ 1978 ਵੈਸਾਖੀ ਸਾਕੇ ਦੌਰਾਨ ਹੋਏ ਸ਼ਹੀਦਾਂ ਦੀ ਯਾਦ ਵਿਚ ਉਸਰੇ ਗੁ. ਸ਼ਹੀਦ ਗੰਜ ਬੀ-ਬਲਾਕ ਰੇਲਵੇ ਕੋਲੋਨੀ ਅਤੇ ਇਨ੍ਹਾਂ ਸ਼ਹੀਦ ਸਿੰਘਾਂ ਦੀ ਯਾਦ ਵਿਚ ਸਥਾਪਿਤ ਕੀਤੇ ਸ਼ਹੀਦ ਗੰਜ ਮੈਮੋਰੀਅਲ ਪਬਲਿਕ ਸਕੂਲ ਲਈ ਵੀ ਮਾਇਆ ਦਾ ਬਹੁਤ ਵੱਡਾ ਯੋਗਦਾਨ ਪਾਇਆ। ਇਸ ਤੋਂ ਇਲਾਵਾ ਉਨ੍ਹਾਂ ਨੇ ਸ੍ਰੀ ਅੰਮ੍ਰਿਤਸਰ ਵਿਖੇ ਬਾਬਾ ਸਾਹਿਬ ਚੌਂਕ ਵਿਚ ਬਾਹਰੋਂ ਆਈਆਂ ਸੰਗਤਾਂ ਦੀ ਰਿਹਾਇਸ਼ ਤੇ ਬਿਬੇਕੀ ਸਿੰਘਾਂ ਦੇ ਲੰਗਰ ਵਾਸਤੇ ਉਸਾਰੇ ਰੰਗਲੇ ਸੱਜਣ ਮੈਮੋਰੀਅਲ ਟਰੱਸਟ ਦੀ ਇਮਾਰਤ ਦੀ ਉਸਾਰੀ ਵਿਚ ਮਾਇਆ ਰਾਹੀਂ ਯਥਾਸਕਤ ਯੋਗਦਾਨ ਪਾਇਆ। ਆਪ ਜੀ ਦਾ ਜਥੇਦਾਰ ਭਾਈ ਰਾਮ ਸਿੰਘ ਜੀ ਅਤੇ ਉਨ੍ਹਾਂ ਦੇ ਪਰਿਵਾਰ ਨਾਲ ਵੀ ਬਹੁਤ ਡੂੰਘਾ ਪਿਆਰ ਸੀ ਅਤੇ ਉਨ੍ਹਾਂ ਦੇ ਪਰਿਵਾਰ ਨਾਲ ਰਲ ਕੇ ਸ੍ਰੀ ਅੰਮ੍ਰਿਤਸਰ ਵਿਖੇ ਲੋਹਾਰਕਾ ਰੋਡ 'ਤੇ ਲੜਕੀਆਂ ਵਾਸਤੇ ਇਕ ਐਨ.ਆਰ.ਆਈ. ਨਰਸਿੰਗ ਕਾਲਜ ਦੀ ਸਥਾਪਨਾ ਵੀ ਕੀਤੀ।

ਉਹ 6 ਫੁਟ ਲੰਬੇ ਅਤੇ ਸਡੌਲ ਸਰੀਰ ਵਾਲੇ ਸਨ ਅਤੇ ਉਨ੍ਹਾਂ ਦੀ ਸਿਹਤ ਸਾਰੀ ਉਮਰ ਰਿਸ਼ਟ-ਪੁਸ਼ਟ ਰਹੀ। ਇਹ ਗੁਰਮੁਖ ਰੂਹ ਦੂਸਰਿਆਂ ਦੇ ਭਲੇ ਲਈ ਧਰਮ ਕਾਰਜ ਕਰਦੀ ਅਖ਼ੀਰ ਤੇ ਨਮੂਨੀਆ ਅਤੇ ਸਾਹ ਦੀ ਤਕਲੀਫ ਕਾਰਨ ਇੰਗਲੈਂਡ ਵਿਚ ਮਿਤੀ 7 ਸਤੰਬਰ 2015 ਨੂੰ 87 ਸਾਲ ਦੀ ਲੰਬੀ ਆਯੂ ਭੋਗ ਕੇ ਗੁਰੂ ਚਰਨਾਂ ਵਿਚ ਜਾ ਬਿਰਾਜੀ।

## ਡਾਕਟਰ ਹਰਬੰਸ ਸਿੰਘ ਜੀ (ਕੁੱਬੀ ਬੇਰੀ ਵਾਲੇ), ਸ੍ਰੀ ਅੰਮ੍ਰਿਤਸਰ

ਸ੍ਰੀ ਅੰਮ੍ਰਿਤਸਰ ਨਿਵਾਸੀ ਕੁਬੀ ਬੇਰੀ ਵਾਲੇ ਡਾਕਟਰ ਦੇ ਨਾਮ ਨਾਲ ਮਸ਼ਹੂਰ ਡਾਕਟਰ ਹਰਬੰਸ ਸਿੰਘ ਜੀ ਦਾ ਜਨਮ 1925 ਵਿਚ ਪਿੰਡ ਡਸਕਾ, ਜ਼ਿਲ੍ਹਾ ਸਿਆਲਕੋਟ ਪਾਕਿਸਤਾਨ ਸ. ਅਤਰ ਸਿੰਘ ਜੀ ਦੇ ਘਰ ਹੋਇਆ। ਆਪ ਜੀ ਦੇ ਪਿਤਾ ਜੀ ਉਸ ਵੇਲੇ ਸੈਂਟਰਲ ਪ੍ਰਦੇਸ਼ (ਹੁਣ ਦੇ ਮੱਧ ਪ੍ਰਦੇਸ਼ ਦੇ ਨਾਗਪੁਰ ਦਾ ਇਲਾਕਾ) ਵਿਚ ਜੰਗਲਾਤ ਦੇ ਮਹਿਕਮੇ ਵਿੱਚ ਨੌਕਰੀ ਕਰਦੇ ਸਨ ਅਤੇ ਬਹੁਤ ਹੀ ਇਮਾਨਦਾਰ ਤੇ ਸਮਾਜ ਸੇਵੀ ਬਿਰਤੀ ਦੇ ਮਾਲਕ ਸਨ। ਇਸ ਮਹਿਕਮੇ ਵਿਚ ਰਿਸ਼ਵਤਖੋਰੀ ਦਾ ਬੋਲਬਾਲਾ ਹੋਣ ਕਰਕੇ ਉਨ੍ਹਾਂ ਨੂੰ ਬਰਖਾਸਤ ਵੀ ਹੋਣਾ ਪਿਆ। ਫਿਰ ਉਨ੍ਹਾਂ ਨੇ ਹੋਮੋਪੈਥੀ ਦਾ ਕੰਮ ਸਿਖ ਕੇ ਅੰਮ੍ਰਿਤਸਰ ਫਾਰਮੈਸੀ ਦੇ ਨਾਂ ਹੇਠ ਚੌਂਕ ਬਾਬਾ ਭੌੜੀ ਵਾਲਾ ਵਿਚ ਲੋਕ ਸੇਵਾ ਕੀਤੀ। ਆਪ ਪੜ੍ਹੇ-ਲਿਖੇ ਹੋਣ ਕਾਰਨ ਆਪ ਦੇ ਸਪੁੱਤਰ ਨੂੰ ਵੀ ਉੱਚ ਕੋਟੀ ਦੀ ਵਿਦਿਆ ਦਿਵਾਈ। ਮੁੱਢਲੀ ਵਿਦਿਆ ਨਾਗਪੁਰ ਵਿਚ ਲੈਣ ਤੋਂ ਬਾਅਦ ਆਪ ਨੇ ਡਾਕਟਰੀ ਦੀ ਡਿਗਰੀ ਐਲ.ਐਮ.ਐਸ (ਅੱਜਕਲ੍ਹ ਦੀ ਐਮ.ਬੀ.ਬੀ.ਐਸ.) ਵੀ ਉਥੋਂ ਹੀ ਲਈ ਅਤੇ ਫਿਰ ਅੱਖਾਂ ਦੇ ਸਪੈਸ਼ਲਿਸਟ Opthalmologist ਦੀ ਡਿਗਰੀ ਵੀ ਪਾਸ ਕੀਤੀ। ਉਸ ਸਮੇਂ ਅਜਿਹੇ ਉੱਚ ਵਿਦਿਆ ਪ੍ਰਾਪਤ ਡਾਕਟਰ ਘੱਟ ਹੀ ਹੁੰਦੇ ਸਨ।

ਆਪ ਜੀ ਦਾ ਅਨੰਦ ਕਾਰਜ ਬੀਬੀ ਹਰਬੰਸ ਕੌਰ ਜੋ ਕਿ ਗੁਜਰਾਂਵਾਲੇ ਦੇ ਨਿਵਾਸੀ ਸਨ, ਨਾਲ ਹੋਇਆ। ਮਾਤਾ ਜੀ ਦਾ ਪਰਿਵਾਰ ਵੀ ਅੰਮ੍ਰਿਤਧਾਰੀ ਗੁਰਸਿਖੀ ਜੀਵਨ ਵਾਲਾ ਸੀ। ਮਾਤਾ ਜੀ ਦੇ ਪਿਤਾ ਵੀ ਇਨ੍ਹਾਂ ਦੀ ਬਚਪਨ ਵਿਚ ਹੀ ਚੜ੍ਹਾਈ ਕਰ ਗਏ ਸਨ। ਮਾਤਾ ਜੀ ਦਾ ਬਾਬਾ ਮੋਹਨ ਸਿੰਘ ਗੁਜਰਾਵਾਲੇ ਨਾਲ ਬਹੁਤ ਪਿਆਰ ਸੀ, ਜੋ ਦੇਸ਼ ਦੀ ਵੰਡ ਤੋਂ ਬਾਅਦ ਕਾਨਪੁਰ ਚਲੇ ਗਏ ਸਨ। ਇਸੇ ਤਰ੍ਹਾਂ ਇਨ੍ਹਾਂ ਨੂੰ ਬਾਬਾ ਅਤਰ ਸਿੰਘ ਜੀ ਦੀ ਸੰਗਤ ਮਾਣਨ ਦਾ ਸੁਭਾਗ ਵੀ ਪ੍ਰਾਪਤ ਹੁੰਦਾ ਰਿਹਾ ਹੈ। ਇਨ੍ਹਾਂ ਦੇ ਘਰ ਦੋ ਸਪੁਤਰਾਂ ਤੇ ਦੋ ਪੁਤਰੀਆਂ ਨੇ ਜਨਮ ਲਿਆ। ਇਕ ਸਪੁੱਤਰੀ



www.AKJ.Org

ਬੀਬੀ ਭੁਪਿੰਦਰ ਕੌਰ ਜੀ (ਭੂਪ ਜੀ) ਸਿੰਘਣੀ ਪੂਰਨ ਦਾਰ ਜੀ ਜਥੇ ਦੇ ਸਿਰਮੌਰ ਕੀਰਤਨੀ ਬੀਬੀਆਂ ਵਿਚੋਂ ਸਨ, ਜਿਨ੍ਹਾਂ ਨੇ ਸਾਰੀ ਉਮਰ ਸੰਗਤਾਂ ਨੂੰ ਕੀਰਤਨ ਨਾਲ ਸਰਸ਼ਾਰ ਕੀਤਾ। ਇਨ੍ਹਾਂ ਦੀ ਦੂਸਰੀ ਪੁਤਰੀ ਸ. ਪ੍ਰਿਤਪਾਲ ਸਿੰਘ ਬੰਬਈ ਨਾਲ ਵਿਆਹੀ ਹੋਈ ਸੀ ਜੋ ਕਿ ਜਥੇ ਵਿਚ ਪਉੜੀ ਦੇ ਨਾਮ ਨਾਲ ਮਸ਼ਹੂਰ ਸਨ ਤੇ ਪੂਰਨ ਦਾਰ ਜੀ ਪ੍ਰੇਰਨਾ ਨਾਲ ਹੀ ਜਥੇ ਵਿਚ ਆਏ ਸਨ ਤੇ ਉਨ੍ਹਾਂ ਵੀ ਸਾਰੀ ਉਮਰ ਗੁਰਸਿੱਖੀ ਜੀਵਨ ਹੀ ਜੀਵਿਆ।

ਪਾਕਿਸਤਾਨ ਦੀ ਵੰਡ ਤੋਂ ਬਾਅਦ ਪਹਿਲਾਂ ਮੋਗੇ ਗਏ। ਉਥੇ ਕੁਝ ਸਮਾਂ ਠਹਿਰ ਕੇ ਸੰਨ 1950 ਵਿਚ ਸ੍ਰੀ ਅੰਮ੍ਰਿਤਸਰ ਆ ਗਏ ਤੇ ਚੌਂਕ ਭੌੜੀ ਵਾਲਾ ਰਿਹਾਇਸ਼ ਰੱਖ ਲਈ। ਸਭ ਤੋਂ ਪਹਿਲਾਂ ਉਨ੍ਹਾਂ ਲੂਣ ਮੰਡੀ ਨੇੜੇ ਸਥਿਤ ਹਸਪਤਾਲ ਵਿਚ 150 ਰੁਪਏ ਮਹੀਨੇ ’ਤੇ ਨੌਕਰੀ ਸ਼ੁਰੂ ਕੀਤੀ ਜੋ ਕਿ ਹਸਪਤਾਲ ਬੰਦ ਹੋਣ ਤੱਕ ਉੱਥੇ ਇਸੇ ਤਨਖ਼ਾਹ ’ਤੇ ਹੀ ਕੰਮ ਕਰਦੇ ਰਹੇ। ਚੌਂਕ ਬਾਬਾ ਸਾਹਿਬ ਅਤੇ ਸ੍ਰੀ ਦਰਬਾਰ ਸਾਹਿਬ ਜੀ ਤੋਂ ਅੱਖਾਂ ਦੀ ਰੋਸ਼ਨੀ ਨਾ ਹੋਣ ਵਾਲੇ ਗਰੀਬ ਮਰੀਜਾਂ ਨੂੰ ਇਕੱਠੇ ਕਰਕੇ ਹਸਪਤਾਲ ਲੈ ਜਾਂਦੇ ਤੇ ਮੁਫਤ ਆਪਰੇਸ਼ਨ ਕਰਦੇ ਸਨ ਤੇ ਮਾਤਾ ਜੀ ਉਨ੍ਹਾਂ ਲਈ ਦਲੀਆ ਅਤੇ ਖਿਚੜੀ ਬਣਾ ਕੇ ਛਕਾਉਣ ਦੀ ਸੇਵਾ ਕਰਦੇ ਸਨ।

ਸ੍ਰੀ ਅੰਮ੍ਰਿਤਸਰ ਆਉਣ ’ਤੇ ਇਨ੍ਹਾਂ ਸ੍ਰੀ ਦਰਬਾਰ ਸਾਹਿਬ ਵਿਚ ਅੰਮ੍ਰਿਤ ਵੇਲੇ ਦੇ ਇਸ਼ਨਾਨ ਦੀ ਸੇਵਾ ਆਰੰਭ ਕਰ ਦਿੱਤੀ। ਇਥੇ ਇਨ੍ਹਾਂ ਦਾ ਮਿਲਾਪ ਭਾਈ ਗੁਰਬਖਸ਼ ਸਿੰਘ ਸੇਵਾਦਾਰ ਜੋ ਕਿ ਜਥੇ ਦੇ ਪੁਰਾਤਨ ਸਿੰਘ ਸਨ ਨਾਲ ਹੋ ਗਿਆ। ਆਪ ਨੂੰ ਕੀਰਤਨ ਸਿੱਖਣ ਅਤੇ ਕਰਨ ਦਾ ਸ਼ੌਂਕ ਬਚਪਨ ਤੋਂ ਹੀ ਸੀ। ਆਪ ਸਾਰੇ ਸਾਜ ਵਜਾਉਣ ਦੇ ਸ਼ੌਕੀਨ ਸਨ, ਜਿਨ੍ਹਾਂ ਵਿਚ ਹਰਮੋਨੀਅਮ, ਬੰਸਰੀ ਗੁਟਾਰ ਆਦਿ ਸ਼ਾਮਿਲ ਸਨ। ਇਨ੍ਹਾਂ ਦੀ ਇਕ ਬੰਸਰੀ ਇਨ੍ਹਾਂ ਦਾ ਕੀਰਤਨੀ ਦੋਹਤਰਾ ਗੁਰਪੁਰ ਵਾਸੀ ਭਾਈ ਵਰਿੰਦਰ ਸਿੰਘ ਸਪੁੱਤਰ ਪੂਰਨ ਦਾਰ ਜੀ, ਇਨ੍ਹਾਂ ਕੋਲੋਂ ਵਜਾਉਣ ਵਾਸਤੇ ਲੈ ਗਿਆ ਸੀ।

ਫਿਰ ਇਨ੍ਹਾਂ ਜਥੇ ਦੇ ਹਫਤਾਵਾਰੀ ਸਮਾਗਮ ’ਤੇ ਹਾਜ਼ਰੀ ਭਰਨੀ ਸ਼ੁਰੂ ਕਰ ਦਿੱਤੀ। ਇਸ ਤਰ੍ਹਾਂ ਜਥੇ ਦੇ ਸਿਰਮੋਰ ਅਤੇ ਧੁਰੋਂ ਬਖ਼ਸ਼ੀ ਰੂਹ ਬਾਊ ਮਲ ਸਿੰਘ ਜੀ, ਭਾਈ ਈਸ਼ਰ ਸਿੰਘ ਜੀ, ਭਾਈ ਸੇਵਾ ਸਿੰਘ ਜੀ, ਭਾਈ ਚਤਰ ਸਿੰਘ ਜੀ, ਭਾਈ ਸੁੰਦਰ ਸਿੰਘ ਚਾਹ ਵਾਲਿਆਂ ਨਾਲ ਮਿਲਾਪ ਹੋ ਗਿਆ। ਕੀਰਤਨੀ ਸਿੰਘ ਹੋਣ ਕਰਕੇ ਆਪ ਜਲਦੀ ਹੀ ਸੰਗਤ ਵਿਚ ਹਰਮਨ ਪਿਆਰੇ ਹੋ ਗਏ। ਸ੍ਰੀ ਅੰਮ੍ਰਿਤਸਰ ਹੋਲੇ ਮਹੱਲੇ ਦੇ ਸਮਾਗਮ ਵੇਲੇ ਸੰਨ 1950 ਵਿਚ ਆਪ ਜੀ ਨੂੰ ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਦਰਸ਼ਨ ਅਤੇ ਮਿਲਾਪ ਹੋਣ ਦਾ ਸੁਭਾਗ ਪ੍ਰਾਪਤ ਹੋ ਗਿਆ। ਆਪ ਜਥੇ ਵਿਚ ਇਤਨੇ ਘੁਲ ਮਿਲ ਗਏ ਕਿ ਬਾਊ ਜੀ ਨੇ ਇਨ੍ਹਾਂ ਦੀ ਵੱਡੀ ਸਪੁੱਤਰੀ ਬੀਬੀ ਭੁਪਿੰਦਰ ਕੌਰ ਜੀ ਦਾ ਰਿਸ਼ਤਾ ਸਤਿਕਾਰ ਯੋਗ ਪੂਰਨ ਦਾਰ ਜੀ ਨਾਲ ਕਰ ਦਿੱਤਾ, ਜਦੋਂ ਕਿ ਇਨ੍ਹਾਂ ਦੀ ਸਿੰਘਣੀ ਅਤੇ ਪਿਤਾ ਜੀ ਇਸ ਰਿਸ਼ਤੇ ਦੇ ਸਖ਼ਤ ਬਰਖਿਲਾਫ ਸਨ। ਪਰ ਆਪ ਜੀ ਨੇ ਬਾਊ ਜੀ ਦੇ ਸਤਿਕਾਰ ਵਜੋਂ ਘਰ ਵਿਚ ਸਖ਼ਤ ਸਟੈਂਡ ਲੈਂਦੇ ਹੋਏ, ਇਸ ਰਿਸ਼ਤੇ ਨੂੰ ਖਿੜੇ ਮੱਥੇ ਸਵੀਕਾਰ ਕੀਤਾ ਤੇ ਤੋੜ ਨਿਭਾਇਆ। ਫਿਰ ਇਸ ਜੋੜੀ ਦੇ ਅਨੰਦ ਕਾਰਜ ਵੇਲੇ ਭਾਈ ਸਾਹਿਬ ਜੀ ਨੇ ਪੂਰਨ ਦਾਰ ਜੀ ਦੇ ਪਿਤਾ ਵਜੋਂ ਅਤੇ ਬਾਊ ਜੀ ਨੇ ਭੂਪ ਜੀ ਪਿਤਾ ਵਜੋਂ ਮਿਲਣੀ ਕੀਤੀ ਸੀ।

ਜਿਥੇ ਕਿ ਆਪ ਜੀ ਦਾ ਜਥੇ ਦੇ ਸਿੰਘਾਂ ਨਾਲ ਪ੍ਰੇਮ ਸੀ ਉਥੇ ਪੁਰਾਤਨ ਰਾਗੀ ਸਿੰਘਾਂ ਨਾਲ ਵੀ ਬਹੁਤ ਨਿੱਘਾ ਪਿਆਰ ਸੀ। ਰਾਗੀ ਸੁਰਜਨ ਸਿੰਘ ਜੀ ਆਪ ਜੀ ਦੇ ਭਰਾ ਬਣੇ ਹੋਏ ਸਨ ਤੇ ਸ੍ਰੀ ਅੰਮ੍ਰਿਤਸਰ ਦੀ ਫੇਰੀ ਸਮੇਂ ਹਮੇਸ਼ਾ ਇਨ੍ਹਾਂ ਦੇ ਘਰ ਪਹਿਲਾਂ ਚੌਂਕ ਭੌੜੀ ਵਾਲਾ ਤੇ ਫਿਰ ਅਜੀਤ ਨਗਰ ਹੀ ਠਹਿਰਦੇ ਸਨ। ਆਪ ਸ੍ਰੀ ਦਰਬਾਰ ਸਾਹਿਬ ਜੀ ਦੇ ਸਿੰਘ ਸਾਹਿਬਾਨ ਦਾ ਵੀ ਬਹੁਤ ਸਤਿਕਾਰ ਕਰਦੇ ਸਨ ਤੇ ਸਮੇਂ-ਸਮੇਂ ਘਰ ਬੁਲਾ ਕੇ ਪ੍ਰਸ਼ਾਦਾ ਵੀ ਛਕਾਉਂਦੇ ਰਹਿੰਦੇ ਸਨ। ਕਿਸੇ ਵੀ ਕੰਮ ਕਰਨ ਲਈ ਕਿਸੇ ਦੀ ਸਲਾਹ ਨਹੀਂ ਲੈਂਦੇ ਸੀ। ਸਗੋਂ ਸ੍ਰੀ ਦਰਬਾਰ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤਾਬਿਆ ਸਜੇ ਸਿੰਘ ਸਾਹਿਬ ਤੋਂ ਦੋ ਪਰਚੀਆਂ ਪਾ ਕੇ ਇਕ ਚੁਕਾ ਲੈਂਦੇ ਸਨ ਤੇ ਉਸ ਮੁਤਾਬਕ ਹੀ ਕਾਰਜ ਕਰਦੇ ਸਨ।



www.AKJ.Org

ਲੂਣ ਮੰਡੀ ਦੇ ਹਸਪਤਾਨ ਨੇੜੇ ਇਕ ਕੁੱਬੀ ਬੇਰੀ ਸੀ ਤੇ ਇਥੇ ਨੌਕਰੀ ਕਰਨ ਕਰਕੇ ਆਪ ਦੇ ਨਾਮ ਨਾਲ ਇਹ ਤਖੱਲਸ ਜੁੜ ਗਿਆ। ਅੱਜ ਵੀ ਲੋਕ ਇਨ੍ਹਾਂ ਦੀ ਅੱਖਾਂ ਦੀ ਦੁਕਾਨ ਜੋ ਇਨ੍ਹਾਂ ਦਾ ਸਪੁੱਤਰ ਅਤੇ ਪੋਤਰਾ ਚਲਾ ਰਿਹਾ ਹੈ, ਨੂੰ ਕੁਬੀ ਬੇਰੀ ਵਾਲੇ ਡਾਕਟਰ ਦੇ ਨਾਮ ਨਾਲ ਹੀ ਜਾਣਦੇ ਹਨ। ਇਸ ਹਸਪਤਾਲ ਵਿਚ ਨੌਕਰੀ ਦੇ ਨਾਲ ਨਾਲ ਇਨ੍ਹਾਂ ਪਹਿਲਾਂ ਬਜ਼ਾਰ ਮਾਈ ਸੇਵਾ ਵਿਚ ਇਕ ਦੇਸੀ ਡਾਕਟਰ ਦੀ ਦੁਕਾਨ ’ਤੇ ਬੈਠ ਕੇ ਮਰੀਜ਼ਾਂ ਦੀਆਂ ਅੱਖਾਂ ਚੈੱਕ ਕਰਨੀਆਂ ਸ਼ੁਰੂ ਕੀਤੀਆਂ। ਫਿਰ ਸ੍ਰੀ ਗੁਰੂ ਰਾਮਦਾਸ ਸਰਾਂ ਦੇ ਸਾਹਮਣੇ ਮਾਰਕੀਟ ਵਿਚ (ਜਿਥੇ ਹੁਣ ਸ੍ਰੀ ਗੁਰੂ ਰਾਮਦਾਸ ਲੰਗਰ ਦੀ ਇਮਾਰਤ ਹੈ) ਆਪਣੀ ਕਲਿਨਿਕ ਖੋਲੀ। ਸਵੇਰੇ ਇਥੇ ਮਰੀਜ਼ ਦੇਖ ਕੇ ਫਿਰ ਹਸਪਤਾਲ ਅਪਰੇਸ਼ਨ ਲਈ ਜਾਂਦੇ ਸਨ ਜਿਸ ਵਿਚ ਸ੍ਰੀ ਦਰਬਾਰ ਸਾਹਿਬ ਦੇ ਮੁਲਾਜ਼ਮਾਂ ਅਤੇ ਆਉਣ ਵਾਲੇ ਯਾਤਰੂਆਂ ਦਾ ਬਹੁਤ ਥੋੜ੍ਹੀ ਫੀਸ ਲੈ ਕੇ ਇਲਾਜ ਕਰਦੇ ਸਨ। ਫਿਰ ਮਾਰਕੀਟ ਢਾਹੇ ਜਾਣ ਤੋਂ ਬਾਅਦ ਇਨ੍ਹਾਂ ਨੂੰ ਸ੍ਰੀ ਅਕਾਲ ਗੈਸਟ ਹਾਊਸ ਥੱਲੇ ਸਰਾਂ ਦੇ ਲਾਗੇ ਹੀ ਦੁਕਾਨ ਮਿਲ ਗਈ। ਉਥੇ ਉਨ੍ਹਾਂ ਆਪਣੀ ਆਯੂ ਦੇ ਅਖ਼ੀਰ ਤਾਈਂ ਲੋਕਾਂ ਦੀ ਸੇਵਾ ਕੀਤੀ।

ਸੰਨ 1956 ਵਿਚ ਸ੍ਰੀ ਅੰਮ੍ਰਿਤਸਰ ਨਿਵਾਸੀ ਸਾਰੇ ਸਿੰਘਾਂ ਨੇ ਅਜੀਤ ਨਗਰ ਅਬਾਦੀ (ਜੋ ਉਦੋਂ ਅਜੇ ਆਬਾਦ ਨਹੀਂ ਹੋਈ ਸੀ) ਵਿਚ ਇਕੋ ਲਾਈਨ ਵਿਚ 6-7 ਪਲਾਟ ਲੈ ਕੇ ਇਕੱਠੇ ਹੀ ਮਕਾਨ ਬਣਾ ਲਏ ਤੇ ਆਪ ਜੀ ਨੇ ਵੀ ਆਪਣੀ ਰਿਹਾਇਸ਼ ਸਿੰਘਾਂ ਦੇ ਨਾਲ ਹੀ ਇਥੇ ਲੈ ਆਂਦੀ। ਆਪ ਹਫਤਾਵਾਰੀ ਕੀਰਤਨ ਦੀ ਹਮੇਸ਼ਾ ਅਰੰਭਤਾ ਕਰਦੇ ਹੁੰਦੇ ਸਨ। ਬੜੇ ਮਸਤਾਨੇ ਰੰਗਾਂ ਵਿਚ ਆਪ ਪਹਿਲੇ 12 ਛਕਿਆਂ ਦਾ ਕੀਰਤਨ ਕਰਦੇ ਸਨ ਜੋ ਅੱਜ ਵੀ ਯਾਦ ਆਉਂਦਾ ਹੈ। ਵੈਸੇ ਆਪ ਹਰ ਰੋਜ਼ ਘਰ ਵਿਚ ਸ੍ਰੀ ਆਸਾ ਕੀ ਵਾਰ ਦੇ 6 ਛਕਿਆਂ ਦਾ ਹਰ ਰੋਜ਼ ਕੀਰਤਨ ਕਰਿਆ ਕਰਦੇ ਸਨ ਤੇ ਫਿਰ ਗੁ. ਮੰਜੀ ਸਾਹਿਬ ਜਾ ਕੇ ਕਥਾ ਸ੍ਰਵਣ ਕਰਦੇ ਸਨ। ਸ੍ਰੀ ਦਰਬਾਰ ਸਾਹਿਬ ਜੀ ਦੀ ਹਾਜਰੀ ਭਰਨ ਤੋਂ ਬਾਅਦ ਹੀ ਕਲਿਨਿਕ ਤੇ ਕੰਮ ਸ਼ੁਰੂ ਕਰਨਾ। ਆਪ ਜੀ ਬਾਬਾ ਗੁਰਬਚਨ ਸਿੰਘ ਜਥਾ ਭਿੰਡਰਾਂ ਤੇ ਗਿਆਨੀ ਦਲੀਪ ਸਿੰਘ ਜੀ ਵਲੋਂ ਕੀਤੀ ਕਥਾ ਦੇ ਆਸ਼ਿਕ ਸਨ।

ਆਪ ਜੀ ਦਾ ਭਾਈ ਸੇਵਾ ਸਿੰਘ ਤੇ ਭਾਈ ਈਸ਼ਰ ਸਿੰਘ ਜੀ ਦੇ ਪਰਿਵਾਰਾਂ ਨਾਲ ਵੀ ਭਰਾਵਾ ਵਾਲਾ ਪਿਆਰ ਸੀ। ਅੰਮ੍ਰਿਤ ਕੀਰਤਨ ਦੀ ਪੋਥੀ ਦੀ ਸੁਧਾਈ ਅਤੇ ਵਾਧੇ ਕਰਨ ਵੇਲੇ ਉਹ ਭਾਈ ਸੇਵਾ ਸਿੰਘ ਜੀ ਦਾ ਹੱਥ ਵਟਾਉਂਦੇ ਰਹੇ ਹਨ।

ਆਪ ਬਹੁਤ ਹੱਸਮੁਖ ਤੇ ਮਜ਼ਾਕੀਆ ਸੁਭਾਅ ਵਾਲੇ ਸਨ। ਗੁੱਸਾ ਤਾਂ ਉਨ੍ਹਾਂ ਦੇ ਚਿਹਰੇ ’ਤੇ ਕਦੇ ਦੇਖਿਆ ਹੀ ਨਹੀਂ ਤੇ ਪਰਉਪਕਾਰੀ ਤੇ ਨਿਮਰਤਾ ਦੇ ਪੁੰਜ ਵੀ ਸਨ। ਦਾਨ-ਪੁੰਨ ਤੇ ਲੋੜਵੰਦਾਂ ਦੀ ਸਹਾਇਤਾ ਬੜੇ ਖੁਲੇ ਦਿਲ ਨਾਲ ਕਰਦੇ ਸਨ। ਉਹ ਸਾਰੀ ਆਯੂ ਮਾਇਆ ਦੇ ਤਿਆਗੀ ਹੀ ਰਹੇ।

ਆਪ ਜੀ ਦਸਦੇ ਸਨ ਕਿ ਇਕ ਪ੍ਰੇਮੀ ਗੁਰਸਿੱਖ ਭਾਈ ਮਿਲਾਪ ਸਿੰਘ ਜੀ, ਮਿੱਠੇ ਟਿਵਾਣੇ ਵਾਲੇ ਬਾਬਾ ਅਤਰ ਸਿੰਘ ਜੀ ਨੂੰ ਲਗਾਤਾਰ 13-14 ਸਾਲ ਨਿਤਨੇਮ ਬੜੇ ਵੈਰਾਗ ਤੇ ਪ੍ਰੇਮ ਨਾਲ ਸੁਣਾਉਂਦੇ ਰਹੇ ਹਨ। ਇਕ ਦਿਨ ਬਾਬਾ ਅਤਰ ਸਿੰਘ ਜੀ ਨੇ ਕਿਹਾ ਕਿ ਅੱਜ ਨਿਤਨੇਮ ਦਾ ਸੁਆਦ ਨਹੀਂ ਆਇਆ, ਕੀ ਗੱਲ ਹੈ ? ਭਾਈ ਮਿਲਾਪ ਸਿੰਘ ਜੀ ਨੇ ਕਿਹਾ ਕਿ ਮੇਰਾ ਪੁੱਤਰ ਪਤਿਤ ਹੋ ਗਿਆ ਤੇ ਮੈਂ ਇਸ ਕਾਰਨ ਦੁਖੀ ਹਾਂ। ਬਾਬਾ ਜੀ ਨੇ ਅਗੋਂ ਕਿਹਾ ਕਿ 13-14 ਸਾਲ ਬਾਣੀ ਪੜ੍ਹਨ ਤੋਂ ਬਾਅਦ ਵੀ ਮੇਰ ਤੇਰ ਨਹੀਂ ਗਈ, ਤੂੰ ਅਜੇ ਵੀ ਉਸ ਨੂੰ ਆਪਣਾ ਪੁੱਤਰ ਸਮਝਦਾ ਹੈਂ। ਇਹ ਮੇਰਾ-ਤੇਰਾ ਛੱਡ ਕੇ ਹੀ ਆਤਮਿਕ ਤਰੱਕੀ ਹੋ ਸਕਦੀ ਹੈ।

ਅਖ਼ੀਰਲੀ ਉਮਰ ਵਿਚ ਉਨ੍ਹਾਂ ਦੇ ਮਿਹਦੇ ਵਿਚ ਨੁਕਸ ਪੈ ਗਿਆ ਤੇ ਸਿਹਤ ਢਿੱਲੀ ਰਹਿਣ ਲੱਗ ਪਈ ਤੇ ਕਮਜ਼ੋਰੀ ਵੀ ਵੱਧਣ ਲੱਗ ਪਈ। ਪਰਿਵਾਰ ਮੈਂਬਰਾਂ ਨੇ ਉਨ੍ਹਾਂ ਦਾ ਇਲਾਜ ਕਰਨਾ ਸ਼ੁਰੂ ਕੀਤਾ। ਪਰੰਤੂ ਆਪ ਨੇ ਕਿਹਾ ਕਿ ਦੋ ਪਰਚੀਆਂ ਲੈ ਕੇ ਸ੍ਰੀ ਦਰਬਾਰ ਸਾਹਿਬ ਜਾਓ ਤੇ ਸਿੰਘ ਸਾਹਿਬ ਕੋਲੋਂ ਪਰਚੀ ਚੁਕਾਓ ਕਿ ਦਵਾਈ ਖਾਣੀ ਹੈ ਜਾ ਨਹੀਂ। ਇਸੇ ਤਰ੍ਹਾਂ ਕੀਤਾ ਗਿਆ ਤੇ ਪਰਚੀ ਦਵਾਈ ਨਾ ਖਾਣ ਵਾਲੀ ਨਿਕਲੀ ਤੇ ਆਪ ਦਵਾਈ ਨਾ ਖਾਣ ਵਾਲੀ



www.AKJ.Org

ਗੱਲ ਤੇ ਦ੍ਰਿੜ੍ਹ ਹੋ ਗਏ। ਕੋਈ ਦਵਾਈ ਨਹੀਂ ਖਾਧੀ। ਚੜ੍ਹਾਈ ਕਰਨ ਤੋਂ ਦੋ ਦਿਨ ਪਹਿਲਾਂ ਹੀ ਪਰਿਵਾਰਕ ਮੈਂਬਰਾਂ ਨੂੰ ਸੂਚਿਤ ਕਰ ਦਿੱਤਾ ਸੀ ਕਿ ਹੁਣ ਸਮਾਂ ਆ ਗਿਆ। ਕੇਵਲ ਨਾਮ ਬਾਣੀ ਦਾ ਹੀ ਪ੍ਰਵਾਹ ਚਲਾਓ। ਸਿਹਤ ਜ਼ਿਆਦਾ ਖਰਾਬ ਦੇਖ ਕੇ ਇਨ੍ਹਾਂ ਦੇ ਗੁਰਮੁਖ ਦੋਸਤ ਡਾ. ਹਰਚਰਨ ਸਿੰਘ ਨੇ ਜ਼ਬਰਦਸਤੀ ਹਸਪਾਤਲ ਲਿਜਾ ਕੇ ਇਲਾਜ ਸ਼ੁਰੂ ਕਰ ਦਿਤਾ ਤੇ ਇਨ੍ਹਾਂ ਵਾਸਤੇ ਸਪੈਸ਼ਲ ਵਾਰਡ ਵਿਚ ਸਪੈਸ਼ਲ ਕਮਰਾ ਵੀ ਤਿਆਰ ਕਰਵਾ ਦਿੱਤਾ। ਆਪ ਬਿਨਾਂ ਕੋਈ ਦਵਾਈ ਲਏ, ਹਸਪਤਾਲ ਜਾਣ ਤੋਂ ਕੇਵਲ ਅੱਧੇ ਘੰਟੇ ਵਿਚ ਹੀ ਮਿਤੀ 9-8-83 ਨੂੰ ਸਵਾਸ ਛੱਡ ਗਏ। ਉਨ੍ਹਾਂ ਦੀ ਸੁਰਤੀ ਬਿਰਤੀ ਅਖ਼ੀਰ ਤਾਈਂ ਕਾਇਮ ਰਹੀ ਅਤੇ ਨਾਮ ਬਾਣੀ ਨਾਲ ਅੰਤਮ ਸੁਆਸ ਤਾਈਂ ਜੁੜੇ ਰਹੇ। ਉਸ ਵੇਲੇ ਉਨ੍ਹਾਂ ਕੋਲ ਉਨ੍ਹਾਂ ਦਾ ਸਪੁੱਤਰ ਡਾ. ਸਤਨਾਮ ਸਿੰਘ ਤੇ ਸਪੁੱਤਰੀ ਬੀਬੀ ਭੁਪਿੰਦਰ ਕੌਰ ਜੀ ਕੋਲ ਸਨ ਜੋ ਕਿ ਉਨ੍ਹਾਂ ਦੇ ਅੰਤਮ ਵੇਲੇ ਗੁਰਬਾਣੀ ਦੇ ਪਾਠ ਦਾ ਨਿਰੰਤਰ ਪ੍ਰਵਾਹ ਚਲਾਉਂਦੇ ਰਹੇ।

*(ਡਾਕਟਰ ਸਤਨਾਮ ਸਿੰਘ (ਸਪੁੱਤਰ) ਵਲੋਂ ਦਿੱਤੀ ਜਾਣਕਾਰੀ 'ਤੇ ਅਧਾਰਿਤ)*

# ਮਾਸਟਰ ਉਜਾਗਰ ਸਿੰਘ ਜੀ, ਫਰਵਾਲੀ ਹਾਲ ਕੈਨੇਡਾ

ਭਾਈ ਗੁਰਦੀਪ ਸਿੰਘ, ਸ੍ਰੀ ਅੰਮ੍ਰਿਤਸਰ

ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਪੁਰਾਤਨ ਸੰਗੀ ਸਾਥੀ, ਅਣਥੱਕ ਅਖੰਡ-ਪਾਠੀ ਅਤੇ ਲੰਗਰ ਦੇ ਸੇਵਾਦਾਰ, ਸਫਲ ਅਧਿਆਪਕ, ਪਿੰਡਾਂ ਅਤੇ ਵਿਦੇਸ਼ਾਂ ਵਿਚ ਗੁਰਮਤਿ ਪ੍ਰਚਾਰ ਲਹਿਰ ਨੂੰ ਪ੍ਰਚੰਡ ਕਰਨ ਵਾਲੇ, ਮਾਸਟਰ ਉਜਾਗਰ ਸਿੰਘ ਜੀ ਦਾ ਜਨਮ ਪਿੰਡ ਫਰਵਾਲੀ ਜ਼ਿਲ੍ਹਾ ਸੰਗਰੂਰ ਵਿਚ ਮਿਤੀ 1 ਅਕਤੂਬਰ 1927 ਨੂੰ ਪਿਤਾ ਸਰਦਾਰ ਇੰਦਰ ਸਿੰਘ ਜੀ ਅਤੇ ਮਾਤਾ ਭਗਵਾਨ ਕੌਰ ਜੀ ਦੇ ਘਰ ਹੋਇਆ। ਆਪ ਜੀ ਦੇ ਪਿਤਾ ਜੀ ਇਕ ਮੱਧ ਵਰਗੀ ਕਿਰਸਾਨ, ਸਿੱਧੇ ਸਾਧੇ, ਵੱਲ ਛੱਲ ਤੋਂ ਮੁਕਤ, ਮਿਹਨਤੀ, ਪਰ ਉਪਕਾਰੀ, ਲੋੜਵੰਦਾਂ ਦੇ ਹਮਦਰਦ ਤੇ ਸਿੱਖੀ ਸੋਚ ਦੇ ਧਾਰਨੀ ਸਨ ਅਤੇ ਇਕ ਚੰਗੇ ਅਖੰਡ ਪਾਠੀ ਵੀ ਸਨ। ਆਪ ਜੀ ਦੀ ਇਕ ਭੂਆ ਇੰਦ ਕੌਰ ਸੀ, ਜੋ ਆਪ ਦੇ ਗੋਰੇ ਚਿੱਟੇ ਰੰਗ ਹੋਣ ਕਰਕੇ, ਆਪ ਨੂੰ ਗੋਰੂਆ ਕਹਿ ਕੇ ਬੁਲਾਉਂਦੀ ਸੀ। ਇਨ੍ਹਾਂ ਦੇ ਮਾਤਾ ਜੀ ਦਸਦੇ ਸਨ ਕਿ ਇਨ੍ਹਾਂ ਦੇ ਜਨਮ ਵੇਲੇ ਭੂਆ ਜੀ ਨੂੰ ਸਾਰੇ ਘਰ ਵਿਚ ਚਾਨਣ ਹੀ ਚਾਨਣ ਹੋਣ ਦਾ ਸੁਪਨਾ ਆਇਆ ਸੀ ਅਤੇ ਉਸ ਨੇ ਇਕ ਦਿਲਕਸ਼ ਨਜ਼ਾਰਾ ਵੇਖਿਆ ਸੀ। ਇਨ੍ਹਾਂ ਦੀ ਇਹ ਭੂਆ ਜਵਾਨੀ ਵੇਲੇ ਹੀ ਇਕ ਬੱਚੀ ਦੇ ਜਨਮ ਤੋਂ ਤਿੰਨ ਚਾਰ ਦਿਨ ਬਾਅਦ ਸਖ਼ਤ ਬੀਮਾਰ ਹੋ ਕੇ ਚੜ੍ਹਾਈ ਕਰ ਗਈ ਸੀ, ਉਸ ਸਮੇਂ ਆਪ ਆਪਣੀ ਮਾਤਾ ਜੀ ਦੇ ਨਾਲ ਭੂਆ ਦੇ ਪਿੰਡ ਬੀਲਾ ਨੇੜੇ ਨਾਰੰਗਵਾਲ ਉਸ ਦੀ ਖਬਰ-ਸਾਰ ਲੈਣ ਗਏ ਹੋਏ ਸਨ।

ਜਨਮ ਵੇਲੇ ਇੰਨ੍ਹਾਂ ਦੇ ਪਿੰਡ ਵਿਚ ਬੱਚਿਆਂ ਦੀ ਪੜ੍ਹਾਈ ਲਈ ਪ੍ਰਾਇਮਰੀ ਤੱਕ ਵੀ ਸਕੂਲ ਨਹੀਂ ਸੀ ਅਤੇ ਗੁਰਮੁਖ ਪਿਤਾ ਨੇ ਆਪ ਜੀ ਨੂੰ ਗੁਰਦੁਆਰੇ ਗ੍ਰੰਥੀ ਕੋਲ ਪੜ੍ਹਨ ਲਾ ਦਿੱਤਾ। ਉੱਥੇ ਆਪ ਨੇ ਬਹੁਤ ਥੋੜੇ ਸਮੇਂ ਵਿਚ ਹੀ ਪੈਂਤੀ ਅੱਖਰੀ, ਮੁਹਾਰਨੀ, ਬਾਲ ਉਪਦੇਸ਼ ਆਰੰਭ ਕਰ ਕੇ, ਪੰਜ ਗ੍ਰੰਥੀ, ਬਾਈ ਵਾਰਾਂ, ਭਗਤ ਬਾਣੀ, ਦਸ ਗ੍ਰੰਥੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਦੋਨੋਂ ਸੈਂਚੀਆਂ ਦੀ ਸੰਥਿਆ ਲੈ ਲਈ। ਆਪ ਬਾਕੀ ਸਾਥੀਆਂ ਵਿਚੋਂ ਸਭ ਤੋਂ ਹੁਸ਼ਿਆਰ ਸਨ। ਆਪ ਜੀ ਲਗਨ ਤੇ ਮਿਹਨਤ ਨਾਲ ਪੜ੍ਹਾਈ ਕਰਨ ਕਰਕੇ ਹਮੇਸ਼ਾਂ ਕਲਾਸ ਵਿਚੋਂ ਅਵੱਲ ਆਉਂਦੇ ਰਹੇ। ਫਿਰ ਗ੍ਰੰਥੀ ਸਾਹਿਬ ਵਲੋਂ ਦਿੱਤੇ ਉਤਸ਼ਾਹ ਕਰਕੇ, ਆਪ ਜੀ ਨੇ ਸਾਰੇ ਬੱਚਿਆਂ ਵਿਚੋਂ ਸਭ ਤੋਂ ਪਹਿਲਾਂ ਸ੍ਰੀ ਆਸਾ ਦੀ ਵਾਰ ਕੰਠ ਕਰਕੇ ਸੁਣਾਈ। ਸੰਸਾਰਕ ਵਿਦਿਆ ਆਪ ਜੀ ਨੇ ਆਪਣੇ ਨਾਨਕੇ ਪਿੰਡ ਲੱਡਾ ਜ਼ਿਲ੍ਹਾ ਸੰਗਰੂਰ ਆਪਣੇ ਮਾਮੇ ਕੋਲ ਰਹਿ ਕੇ ਚੌਥੀ ਜਮਾਤ ਤਾਈਂ ਲਈ। ਫਿਰ ਆਪਣੇ ਪਿੰਡ ਨੇੜੇ ਲੋਹਟਬੱਦੀ ਸਕੂਲ ਵਿਚੋਂ ਸੰਨ 1950 ਵਿਚ ਦਸਵੀਂ ਪਾਸ



www.AKJ.Org

ਕੀਤੀ। ਆਪ ਜੀ ਚੌਥੀ ਸ੍ਰੇਣੀ ਵਿਚ ਸਾਰੇ ਜ਼ਿਲ੍ਹਾ ਸੰਗਰੂਰ ਵਿਚੋਂ ਵਜ਼ੀਫਾ ਮੁਕਾਬਲੇ ਵਿਚ ਅੱਵਲ ਆਏ ਤੇ ਜਿਸ ਕਰਕੇ ਆਪ ਜੀ ਨੂੰ ਚਾਰ ਰੁਪਏ ਪ੍ਰਤੀ ਮਹੀਨਾ ਵਜੀਫਾ ਲਗ ਗਿਆ, ਜਦ ਕਿ ਅਧਿਆਪਕ ਦੀ ਤਨਖਾਹ ਉਦੋਂ ਸਿਰਫ਼ 20 ਰੁਪਏ ਹੁੰਦੀ ਸੀ। ਇਸ ਦੇ ਨਾਲ ਸਕੂਲ ਦੀ ਫੀਸ ਵੀ ਮੁਆਫ ਹੋ ਗਈ। ਪੜ੍ਹਾਈ ਵਿਚ ਹੁਸ਼ਿਆਰ ਹੋਣ ਕਰਕੇ ਆਪ ਕਲਾਸ ਦੇ ਮਨੀਟਰ ਅਤੇ ਸਕੂਲ ਵਿਚ ਵਿਦਿਆਰਥੀ ਸਭਾ ਦੇ ਜਨਰਲ ਸਕੱਤਰ ਦੀ ਸੇਵਾ ਵੀ ਨਿਭਾਉਂਦੇ ਰਹੇ। ਉਸ ਸਮੇਂ ਤੋਂ ਹੀ ਸਟੇਜ ਤੇ ਬੋਲਣ ਦਾ ਝਾਕਾ ਵੀ ਦੂਰ ਹੋ ਗਿਆ ਸੀ।

ਬਚਪਨ ਤੋਂ ਹੀ ਗੁਰਬਾਣੀ ਤੇ ਧਾਰਮਿਕ ਸੰਸਕਾਰਾਂ ਨਾਲ ਜੁੜੇ ਹੋਣ ਕਰਕੇ, ਆਪ ਦੀ ਰੁੱਚੀ ਧਾਰਮਿਕ ਵਿਸ਼ਿਆਂ ਤੇ ਹੀ ਬੋਲਣ ਦੀ ਹੁੰਦੀ ਸੀ ਅਤੇ ਗੁਰਬਾਣੀ ਹੀ ਆਪ ਜੀ ਦਾ ਤਾਅ ਜ਼ਿੰਦਗੀ ਜੀਵਨ ਆਧਾਰ ਬਣਿਆ ਰਿਹਾ। ਆਪ ਜੀ ਨੇ ਬਚਪਨ ਵਿਚ ਸੰਥਿਆ ਲੈਂਦੇ ਸਮੇਂ ਅੰਮ੍ਰਿਤ ਛੱਕ ਲਿਆ ਸੀ ਪਰ ਛੋਟੀ ਉਮਰ ਅਤੇ ਗੁਰਮਤਿ ਦੀ ਪੂਰੀ ਸੋਝੀ ਨਾ ਹੋਣ ਕਾਰਨ ਗੁਰਮਤਿ ਅਸੂਲਾਂ ਦੀ ਪਾਲਣਾ ਨਹੀਂ ਕਰ ਸਕੇ। ਕੁਝ ਕੁਸੰਗਤ ਦਾ ਅਸਰ ਵੀ ਪਿਆ ਅਤੇ ਦੋਸਤਾਂ ਮਿੱਤਰਾਂ ਨਾਲ ਮਿਲ ਕੇ ਖਾਣ ਪੀਣ ਦੀ ਕੁਰਹਿਤ ਵੀ ਕਰ ਬੈਠੇ। ਪਰ ਗੁਰਬਾਣੀ ਦੀ ਬਚਪਨ ਵਿਚ ਮਿਲੀ ਗੁੜਤੀ, ਇਤਿਹਾਸਕ ਸਾਖੀਆਂ ਖਾਸ ਕਰ ਸਰਹੰਦ ਦੇ ਸ਼ਹੀਦੀ ਸਾਕੇ ਦਾ ਮਨ 'ਤੇ ਡੂੰਘਾ ਅਸਰ ਪਿਆ ਹੋਇਆ ਸੀ। ਜਿਸ ਨੇ ਦੁਬਾਰਾ ਅੰਮ੍ਰਿਤ ਛੱਕਣ ਦੀ ਪ੍ਰੇਰਨਾ ਪ੍ਰਬਲ ਕਰ ਦਿੱਤੀ। ਕੁਸੰਗਤ ਵਿਚ ਕੀਤੀ ਗਲਤੀ ਦੇ ਪਛੋਤਾਵੇ ਨੇ ਇਨ੍ਹਾਂ ਦਾ ਜੀਵਨ ਪਲਟਾ ਦਿੱਤਾ। ਅੰਦਰੋਂ ਆਤਮਾਂ ਵੀ ਲਾਹਨਤਾ ਪਾ ਰਹੀ ਸੀ ਕਿ ਤੂੰ ਆਪਣਾ ਧਰਮ ਅਤੇ ਸੰਸਕਾਰ ਛੱਡ ਦਿੱਤੇ ਹਨ। ਇਸੇ ਮਾਨਸਿਕ ਪੀੜਾ ਅਤੇ ਚਿੰਤਾ ਵਿਚ ਡੁੱਬੇ, ਇਕ ਦਿਨ ਸਕੂਲ ਜਾਂਦੇ ਹੋਏ ਖੇਤਾਂ ਨੂੰ ਕੀਤੀ ਵਾੜ ਵਿਚ ਹੀ ਜਾ ਫੱਸੇ।

ਪੂਰਬਲੇ ਕਰਮ ਜਦੋਂ ਅੰਕੁਰ ਹੁੰਦੇ ਹਨ ਤਾਂ ਉਦੋਂ ਸਹਿਜ ਸੁਭਾਅ ਉਹੋ ਜਿਹੀ ਬਿਧ ਵੀ ਬਣ ਜਾਂਦੀ ਹੈ। ਇਕ ਵਾਰ ਆਪ ਜੀ ਆਪਣੀ ਮਾਸੀ ਨੂੰ ਪਿੰਡ ਬੜੂੰਦੀ ਜੋ ਕਿ ਆਪ ਜੀ ਦੇ ਪਿੰਡ ਤੋਂ 3 ਮੀਲ ਦੂਰ ਸੀ, ਮਿਲਣ ਗਏ। ਆਪ ਜੀ ਨੇ ਆਪਣੇ ਮਾਸੜ ਭਾਈ ਹਰਭਜਨ ਸਿੰਘ ਜੀ, ਜੋ ਆਪ ਅੰਮ੍ਰਿਤਧਾਰੀ ਸਨ ਨੂੰ ਬੇਨਤੀ ਕੀਤੀ ਕਿ ਕਿਤੇ ਅੰਮ੍ਰਿਤ ਸੰਚਾਰ ਸਮਾਗਮ ਹੋਵੇ ਤਾਂ ਦਸਣਾ, ਕਿਉਂਕਿ ਆਪ ਦੁਬਾਰਾ ਅੰਮ੍ਰਿਤ ਛੱਕਣਾ ਚਾਹੁੰਦੇ ਸਨ। ਫਿਰ ਅਪ੍ਰੈਲ 1947 ਵਿਚ ਦੁਬਾਰਾ ਸੁਭਾਵਿਕ ਹੀ ਮਿਲਣ ਗਏ ਤੇ ਫਿਰ ਆਪਣੀ ਪਹਿਲੀ ਬੇਨਤੀ ਦੁਹਰਾਈ। ਆਪ ਉਦੋਂ ਅਜੇ ਗੋਰਮਿੰਟ ਹਾਈ ਸਕੂਲ ਲੋਹਟਬੱਦੀ ਵਿਚ ਪੜ੍ਹਦੇ ਸਨ। ਇਕ ਦਿਨ ਉੱਥੇ ਆ ਕੇ ਮਾਸੜ ਜੀ ਨੇ ਬੜੂੰਦੀ ਵਿਚ ਇਕ ਅੰਮ੍ਰਿਤ ਸੰਚਾਰ ਸਮਾਗਮ ਬਾਰੇ ਦੱਸਿਆ, ਜੋ ਕਿ ਮਈ 1947 ਵਿਚ ਹੋਣਾ ਸੀ ਅਤੇ ਨਾਲ ਹੀ ਰਹਿਤ ਮਰਿਆਦਾ ਖਾਸ ਕਰ ਵੱਡੀ ਗਾਤਰੇ ਵਾਲੀ ਸ੍ਰੀ ਸਾਹਿਬ ਸਜਾਉਣ ਵਾਸਤੇ ਕਿਹਾ, ਜੋ ਆਪ ਜੀ ਨੇ ਕੁਝ ਹਿਚਕਾਹਟ ਤੋਂ ਬਾਅਦ ਪ੍ਰਵਾਨ ਕਰ ਲਿਆ। ਫਿਰ ਉਨ੍ਹਾਂ ਨੇ ਕਿਹਾ ਕਿ ਤੇਰੀ ਘਰਵਾਲੀ ਨੂੰ ਵੀ ਨਾਲ ਹੀ ਅੰਮ੍ਰਿਤ ਛੱਕਣਾ ਪਵੇਗਾ, ਜੋ ਕਿ ਉਸ ਵੇਲੇ ਆਪ ਦੇ ਪੇਕੇ ਘਰ ਹੀ ਰਹਿ ਰਹੀ ਸੀ। ਉਸ ਵੇਲੇ ਦੇ ਰਿਵਾਜ ਮੁਤਾਬਿਕ ਆਪ ਜੀ ਦਾ ਆਨੰਦ ਕਾਰਜ ਬੀਬੀ ਹਰਜੀਤ ਕੌਰ ਪਿੰਡ ਤੁੰਗਾ ਹੇੜੀ ਨਿਵਾਸੀ ਨਾਲ, ਆਪ ਜੀ ਦੇ ਬਚਪਨ ਵਿਚ ਹੀ ਜਦੋਂ ਆਪ ਸਿਰਫ ਤੀਸਰੀ ਜਮਾਤ ਵਿਚ ਪੜ੍ਹਦੇ ਸਨ, ਹੋ ਚੁੱਕਾ ਸੀ। ਹੁਣ ਇਹ ਆਪ ਜੀ ਲਈ ਨਵੀਂ ਗੁੰਝਲ ਪੈਦਾ ਹੋ ਗਈ ਕਿਉਂਕਿ ਆਪ ਉਸ ਨੂੰ ਜਾ ਕੇ ਕਹਿ ਨਹੀਂ ਸੀ ਸਕਦੇ। ਸੋ ਇਹ ਮਸਲਾ ਆਪ ਜੀ ਦੇ ਮਾਸੜ ਨੇ ਆਪ ਜੀ ਦੀ ਮਾਸੀ ਰਾਹੀਂ ਆਪ ਹੀ ਸੁਲਝਾ ਲਿਆ, ਜਿਸ ਨੇ ਆਪ ਦੀ ਸਪੁੱਤਨੀ ਨੂੰ ਸਾਰੀ ਵਿਥਿਆ ਦਸ ਕੇ ਰਾਜ਼ੀ ਕਰ ਲਿਆ। ਉਹ ਖੁਸ਼ੀ-ਖੁਸ਼ੀ ਮਿੱਥੀ ਤਾਰੀਖ ਨੂੰ ਬੜੂੰਦੀ ਪੁੱਜ ਗਈ। ਇਧਰੋਂ ਫਰਵਾਲੀ ਤੋਂ ਆਪ ਪੁੱਜ ਗਏ। ਆਪ ਜੀ ਦੀ ਸੁਪੱਤਨੀ ਨੇ ਪਾਏ ਹੋਏ ਨੱਕ, ਕੰਨ ਤੇ ਹੋਰ ਗਹਿਣੇ ਉਤਾਰ ਕੇ ਦਸਤਾਰ ਸਜਾ ਲਈ ਅਤੇ ਬਾਕੀ ਕਕਾਰ ਵੀ ਦੋਹਾਂ ਨੇ ਸਜਾ ਲਏ। ਆਪ ਜੀ ਹੋਰ 30-35 ਅੰਮ੍ਰਿਤ ਅਭਿਲਾਖੀਆਂ ਸਮੇਤ ਗੁਰਦੁਆਰੇ ਜਾ ਕੇ ਮਾਸਟਰ ਜੋਗਿੰਦਰ ਸਿੰਘ ਜੀ ਬੜੂੰਦੀ (ਜੋ ਆਪ ਜੀ ਦੇ ਮਾਸੜ ਜੀ ਦੇ ਚਾਚਾ ਜੀ ਤੇ ਗਿਆਨੀ ਅਮੋਲਕ ਸਿੰਘ ਯੂ.ਕੇ. ਦੇ ਮਾਮਾ ਜੀ ਸਨ) ਦੀ ਅਗਵਾਈ ਹੇਠ ਹੋਏ ਅੰਮ੍ਰਿਤ ਸੰਚਾਰ ਸਮਾਗਮ ਵਿਚ ਅੰਮ੍ਰਿਤ



www.AKJ.Org

ਛੱਕ ਕੇ ਤਿਆਰ-ਬਰ-ਤਿਆਰ ਹੋ ਗਏ। ਪਹਿਲਾਂ ਕੀਤੀ ਭੁੱਲ ਦੀ ਲੱਗੀ ਤਨਖਾਹ ਵੀ ਖਿੜੇ ਮੱਥੇ ਪ੍ਰਵਾਨ ਕੀਤੀ। ਅੰਮ੍ਰਿਤ ਛੱਕਣ ਸਮੇਂ ਐਸੀ ਕਲਾ ਵਰਤੀ ਕਿ ਆਪ ਜੀ ਨੂੰ ਸੋਝੀ ਹੋ ਗਈ ਹੈ ਕਿ ਇਹੋ ਦਾਤ ਹੈ ਜੋ ਸਤਿਗੁਰੂ ਜੀ ਨੇ ਆਪ ਤਰੁੱਠ ਕੇ ਬਖਸ਼ੀ ਹੈ ਅਤੇ ਇਸ ਦਾਤ ਕਰਕੇ ਗੁਰ ਹੁਕਮਾਂ ਅਨੁਸਾਰ ਜੀਵਨ ਗੁਜ਼ਾਰਨ ਨਾਲ ਅਵੱਸ਼ ਉਧਾਰ ਤੇ ਪਾਰ ਨਿਸਤਾਰਾ ਹੋ ਜਾਂਦਾ ਹੈ। ਇਹ ਹੀ ਗੁਰਮਤਿ ਗਾਡੀ ਰਾਹ ਹੈ।

ਅੰਮ੍ਰਿਤ ਛੱਕਣ ਤੋਂ ਪਹਿਲਾ ਜਦੋਂ ਆਪ ਕੋਈ ਵੀ ਦੁਰਘਟਨਾ ਦੇਖਦੇ ਸਨ ਤੇ ਡਰ ਨਾਲ ਆਮ ਨੂੰ ਗਸ਼ (ਬੇਸੁਰਤੀ) ਪੈ ਜਾਂਦੀ ਸੀ ਪ੍ਰੰਤੂ ਅੰਮ੍ਰਿਤ ਛੱਕਣ ਤੋਂ ਬਾਅਦ ਐਸੀ ਕਲਾ ਵਰਤੀ ਕਿ ਬਾਕੀ ਸਾਰੀ ਉਮਰ ਸਤਿਗੁਰੂ ਜੀ ਨੇ ਇਸ ਬੀਮਾਰੀ ਤੋਂ ਬਚਾਈ ਰੱਖਿਆ।

ਇਸੇ ਵੇਲੇ ਤੱਕ ਆਪ ਜੀ ਨੂੰ ਨਿਰਬਾਣ ਕੀਰਤਨੀ ਜਥੇ ਅਤੇ ਭਾਈ ਸਾਹਿਬ ਜੀ ਬਾਰੇ ਕੋਈ ਗਿਆਨ ਨਹੀਂ ਸੀ। ਅੰਮ੍ਰਿਤ ਛੱਕਣ ਤੋਂ ਬਾਅਦ ਆਪ ਜੀ ਦਾ ਸੰਬੰਧ ਗੁਰਸਿੱਖਾਂ ਅਤੇ ਮਾਸੀ ਮਾਸੜ ਨਾਲ ਜੁੜ ਗਿਆ ਤੇ ਬਾਕੀ ਸਨਬੰਧੀਆਂ ਨਾਲ ਠਾਠਾ ਬਾਗਾ ਉਤੋਂ-ਉਤੋਂ ਹੀ ਰਹਿ ਗਿਆ। ਅੰਮ੍ਰਿਤ ਸੰਚਾਰ ਤੋਂ ਬਾਅਦ ਮਾਸਟਰ ਜੋਗਿੰਦਰ ਸਿੰਘ ਜੀ ਨੇ ਆਪਣੀ ਸੁਪੱਤਨੀ ਬੀਬੀ ਸਰਨ ਕੌਰ ਜੀ ਨੂੰ ਕਿਹਾ ਕਿ ਇਕ ਭੁਜੰਗੀ 18-19 ਸਾਲ ਦਾ ਸੀ, ਉਸ ਉੱਪਰ ਬੜੀ ਪਾਰਸ ਕਲਾ ਵਰਤੀ ਹੈ ਤੇ ਉਹ ਖੂਬ ਨਾਮ ਰੰਗ ਵਿਚ ਜੁੜਿਆ ਹੈ। ਉਸ ਵੇਲੇ ਬੀਬੀ ਸ਼ਰਨ ਕੌਰ ਜੀ ਨੇ ਕਿਹਾ ਕਿ ਉਹ ਤੁਹਾਡੀ ਭਤੀਜ ਨੂੰਹ ਦਾ ਭਾਣਜਾ ਫਰਵਾਲੀ ਤੋਂ ਹੈ ਤੇ ਆਪਣੇ ਘਰ ਆ ਕੇ, ਕਈ ਵਾਰੀ ਆਪ ਜੀ ਨੂੰ ਫ਼ਤਹਿ ਬੁਲਾਉਣ ਆਉਂਦਾ ਰਿਹਾ ਹੈ। ਅਗੋਂ ਮਾਸਟਰ ਜੀ ਨੇ ਕਿਹਾ ਕਿ ਮੇਰੀ ਨਜ਼ਰ ਵਿਚ ਤਾਂ ਅੱਜ ਹੀ ਆਇਆ ਹੈ। ਜੇਕਰ ਪਹਿਲਾਂ ਆਉਂਦਾ ਰਿਹਾ ਹੈ ਤੇ ਮੈਨੂੰ ਕੋਈ ਧਿਆਨ ਨਹੀਂ ਕਿਉਂਕਿ ਮੈਂ ਬੇ-ਅੰਮ੍ਰਿਤੀਆ ਵੱਲ ਕੋਈ ਧਿਆਨ ਹੀ ਨਹੀਂ ਦਿੰਦਾ। ਉਸ ਵੇਲੇ ਮਾਸਟਰ ਜੀ ਗੁਰੂ ਹਰਿਗੋਬਿੰਦ ਖ਼ਾਲਸਾ ਸਕੂਲ ਵਿਚ ਅਧਿਆਪਕ ਸਨ ਅਤੇ ਘਰ ਆ ਕੇ ਹਰ ਰੋਜ਼ ਕੀਰਤਨ/ਸ਼ਬਦ ਵਿਚਾਰ ਦਾ ਪ੍ਰਵਾਹ ਚਲਾਉਂਦੇ ਸਨ ਅਤੇ ਉਨ੍ਹਾਂ ਦੇ ਪਵਿੱਤਰ ਜੀਵਨ ਦੇ ਸੋਹਣੇ ਅਸਰ ਕਰਕੇ, ਉਸ ਪਿੰਡ ਵਿਚ ਦਸ ਪੰਦਰਾਂ ਪ੍ਰੀਵਾਰ ਤਿਆਰ-ਬਰ-ਤਿਆਰ ਅੰਮ੍ਰਿਤਧਾਰੀ ਸਿੰਘ ਸੱਜ ਗਏ ਸਨ। ਇਸ ਤਰ੍ਹਾਂ ਮਾਸਟਰ ਜੀ ਦੇ ਜੀਵਨ ਦਾ ਆਪ ਉੱਪਰ ਚੰਗਾ ਪ੍ਰਭਾਵ ਪਿਆ। ਫਿਰ ਆਪ ਹਫਤੇ ਵਿਚ ਦੋ ਦਿਨ ਆਪਣੇ ਪਿੰਡ ਤੇ ਬਾਕੀ ਦਿਨ ਬੜੂੰਦੀ ਜਾ ਕੇ ਮਾਸਟਰ ਜੀ ਅਤੇ ਹੋਰ ਸਿੰਘਾਂ ਦੀ ਸੰਗਤ ਦਾ ਆਨੰਦ ਮਾਣਨ ਲੱਗ ਪਏ।

ਬੜੂੰਦੀ ਰਹਿਣ ਸਮੇਂ ਆਪ ਜੀ ਨੂੰ ਮਾਸਟਰ ਜੀ ਹੋਰਾਂ ਤੋਂ ਪੰਥ ਦੀ ਸੋਨ ਚਿੜੀ ਭਾਈ ਸਾਹਿਬ ਰਣਧੀਰ ਸਿੰਘ ਜੀ ਹੋਰਾਂ ਦੇ ਪਵਿੱਤਰ ਜੀਵਨ ਦੀਆਂ ਕੌਤਕੀ ਖੇਡਾਂ, ਕੁਰਬਾਨੀਆਂ ਅਤੇ ਜੇਲ ਯਾਤਰਾ ਸਮੇਂ ਦੀ ਜੇਲ੍ਹ ਚਿੱਠੀਆਂ ਪੁਸਤਕ ਪੜ੍ਹਨ ਦਾ ਸੁਭਾਗ ਪ੍ਰਾਪਤ ਹੋਇਆ। ਜਿਸ ਕਰਕੇ ਇਸ ਬਹੁ-ਪੱਖੀ ਸਖਸ਼ੀਅਤ ਦੇ ਦਰਸ਼ਨਾਂ ਦੀ ਖਿੱਚ ਪੈਦਾ ਹੋ ਗਈ। ਉਥੋਂ ਪਤਾ ਲਗਾ ਕਿ ਭਾਈ ਸਾਹਿਬ ਜੀ ਗਰਮੀਆਂ ਦੇ ਮੌਸਮ ਵਿਚ ਕੁਮਾਰ ਹੱਟੀ ਚਲੇ ਜਾਂਦੇ ਹਨ ਅਤੇ ਸਤੰਬਰ ਦੇ ਅੱਧ ਵਿਚ ਵਾਪਿਸ ਨਾਰੰਗਵਾਲ ਆਉਣਗੇ। ਸਤੰਬਰ ਦੇ ਮਹੀਨੇ ਮਾਸਟਰ ਜੀ ਰਾਹੀਂ ਖਬਰ ਮਿਲੀ ਕਿ ਭਾਈ ਸਾਹਿਬ ਜੀ ਕੁਮਾਰ ਹੱਟੀ ਤੋਂ ਵਾਪਿਸ ਆ ਗਏ ਹਨ ਤੇ ਆਉਣ ਸਾਰ ਡਾਕਟਰ ਬਸੰਤ ਸਿੰਘ ਜੀ ਸੇਖਵਾਂ ਜੋ ਉਨ੍ਹਾਂ ਕੋਲ ਕੁਮਾਰ ਹੱਟੀ ਹੀ ਚੜਾਈ ਕਰ ਗਏ ਸਨ, ਨਮਿਤ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕਰ ਲਏ ਹਨ। ਆਪ ਜੀ ਅੰਦਰ ਅਨੋਖਾ ਚਾਅ ਚੜ ਗਿਆ ਕਿ ਜਾ ਕੇ ਅੱਜ ਹੀ ਦਰਸ਼ਨ ਕਰ ਲਈਏ। ਆਪ ਜੀ ਆਪਣੇ ਮਾਸੜ ਜੀ ਦੇ ਭਰਾ ਭਾਈ ਦਯਾ ਸਿੰਘ ਨਾਲ ਪੈਦਲ ਹੀ ਨਾਰੰਗਵਾਲ ਜੋ ਕਿ ਬੜੂੰਦੀ ਤੋਂ 6-7 ਮੀਲ ਦੂਰੀ ਤੇ ਹੈ, ਚੱਲ ਪਏ। ਇਸ ਚਾਅ ਵਿਚ ਉਹ ਸਾਰੇ ਰਸਤੇ ਦੌੜਦੇ ਹੀ ਗਏ ਅਤੇ ਸ਼ਾਮਾਂ ਪੈਂਦੀਆਂ ਤਾਈਂ ਉੱਥੇ ਪਹੁੰਚ ਗਏ।

ਭਾਈ ਸਾਹਿਬ ਜੀ ਦੇ ਘਰ ਪ੍ਰਵੇਸ਼ ਕਰਨ ਲੱਗੇ ਤਾਂ ਦੇਖਿਆ, ਭਾਈ ਸਾਹਿਬ ਜੀ ਡਿਓਢੀ ਵਿਚ ਚੁਬਾਰੇ ਤੋਂ ਆਉਂਦੀਆਂ ਪੌੜੀਆਂ ਰਾਹੀਂ ਹੇਠਾਂ ਉੱਤਰ ਰਹੇ ਸਨ। ਭਾਈ ਦਇਆ ਸਿੰਘ ਜੀ ਦੇ ਇਸ਼ਾਰਾ ਕਰਨ ਤੇ ਕਿ ਇਹੋ ਹੀ


www.AKJ.Org

ਭਾਈ ਸਾਹਿਬ ਜੀ ਹਨ, ਆਪ ਨੇ ਪ੍ਰੇਮ ਨਾਲ ਗੁਰੂ ਫਤਹਿ ਗਜਾਈ। ਫਤਹਿ ਪ੍ਰਵਾਨ ਕਰਦੇ ਹੋਏ ਭਾਈ ਸਾਹਿਬ ਜੀ ਨੇ ਬਚਨ ਕੀਤਾ ਕਿ "ਸਿੰਘੋ ਬੜਾ ਉੱਦਮ ਕੀਤਾ ਹੈ ਅਤੇ ਭੱਜੇ ਹੀ ਆਏ ਹੋ।" ਆਪ ਜੀ ਇਹ ਸੁਣ ਕੇ ਹੈਰਾਨ ਹੋ ਗਏ ਕਿ ਇੰਨ੍ਹਾਂ ਨੂੰ ਕਿਵੇਂ ਪਤਾ ਲਗਾ ਕਿ ਅਸੀਂ ਦੌੜਦੇ ਹੀ ਆਏ ਹਾਂ? ਆਪ ਇਹ ਸੁਣ ਕੇ ਸੋਚਾਂ ਵਿਚ ਡੁੱਬੇ ਪਏ ਸਨ, ਜਿਸ ਦੀ ਬਾਅਦ ਵਿਚ ਸੋਝੀ ਆਈ ਕਿ ਨਾਮ ਬਾਣੀ ਦੀ ਕਮਾਈ ਸਦਕਾ ਉਹ ਜਾਣੀ-ਜਾਣ ਸਨ। ਸਹਿਜ ਸੁਭਾਅ ਕੋਈ ਬਚਨ ਕਹਿ ਦੇਣਾ ਤਾਂ ਉਹ ਸੱਚਾ ਹੀ ਹੁੰਦਾ ਸੀ। ਉਹ ਹੇਠਾਂ ਆ ਗਏ ਅਤੇ ਆਪ ਨੇ ਭਾਈ ਦਇਆ ਸਿੰਘ ਜੀ ਸਮੇਤ ਉੱਪਰ ਜਾ ਕੇ ਜਿੱਥੇ ਸ੍ਰੀ ਅਖੰਡ ਪਾਠ ਸਾਹਿਬ ਚਲ ਰਹੇ ਸਨ, ਗੁਰੂ ਸਾਹਿਬ ਨੂੰ ਜਾ ਨਮਸਕਾਰ ਕੀਤੀ। ਪੰਦਰਾਂ ਵੀਹ ਮਿੰਟ ਬਾਅਦ ਫਿਰ ਉੱਪਰ ਆ ਕੇ ਉਨ੍ਹਾਂ ਮੋਢੇ ਤੇ ਹੱਥ ਰੱਖ ਕੇ ਥੱਲੇ ਜਾ ਕੇ ਲੰਗਰ ਛੱਕਣ ਲਈ ਕਿਹਾ। ਕਈ ਗੁਰਮੁਖ ਵੀਰ ਭੈਣ ਅਖੰਡ ਪਾਠ ਦੀ ਸੇਵਾ ਅਤੇ ਬਾਕੀ ਲੰਗਰ ਦੀ ਸੇਵਾ ਵਿਚ ਜੁੱਟੇ ਹੋਏ ਸਨ। ਸਮੁੱਚੇ ਮੰਡਲ ਵਿਚ ਗੁਰਸਿੱਖਾਂ ਦਾ ਅਥਾਹ ਪਿਆਰ ਸਤਿਕਾਰ ਅਤੇ ਆਪਸੀ ਪ੍ਰੇਮ ਦੇਖ ਕੇ ਮਨ ਖਿੜ ਗਿਆ ਤੇ ਸ਼ਾਂਤੀ ਪ੍ਰਾਪਤ ਹੋਈ।

ਰਾਤ ਨੂੰ ਪਾਠ ਸੁਣ ਕੇ ਆਰਾਮ ਕੀਤਾ। ਦੂਜੇ ਦਿਨ ਮੱਧ ਵਾਲੇ ਦਿਨ, ਸੰਤ ਜੁਆਲਾ ਸਿੰਘ ਜੀ ਨੰਦ ਪੁਰ ਕਲੋੜ ਵਾਲਿਆਂ ਨੇ ਸਾਨੂੰ ਦੋਨਾਂ ਨੂੰ ਮੁਖਾਤਬ ਹੋ ਕੇ ਪੁੱਛਿਆ ਕਿ ਤੁਹਾਡੇ ਵਿਚੋਂ ਕੋਈ ਅਖੰਡ ਪਾਠ ਸਾਹਿਬ ਦੀ ਸੇਵਾ ਕਰ ਸਕਦਾ ਹੈ?

ਭਾਈ ਦਇਆ ਸਿੰਘ ਜੀ ਨੇ ਆਪ ਜੀ ਵੱਲ ਇਸ਼ਾਰਾ ਕਰਕੇ ਕਿਹਾ ਕਿ ਭੁਜੰਗੀ ਅਖੰਡ ਪਾਠੀ ਹੈ ਅਤੇ ਪੁੱਛਣ ਤੇ ਦੱਸਿਆ ਕਿ ਆਪ ਇਕ ਘੰਟੇ ਵਿਚ ਤਕਰੀਬਨ ਚਾਲੀ ਕੁ ਪੰਨੇ ਦੀ ਰਫਤਾਰ ਨਾਲ ਪਾਠ ਕਰ ਲੈਂਦੇ ਹਨ। ਇਸ ਤਰ੍ਹਾਂ ਆਪ ਜੀ ਦੀ ਦੁਪਹਿਰੇ 2 ਤੋਂ 4 ਵਜੇ ਤਾਈਂ ਪਾਠ ਦੀ ਰੋਲ ਲਗਾ ਦਿੱਤੀ ਗਈ। ਆਪ ਕੁਝ ਘਬਰਾਏ ਵੀ ਕਿਉਂ ਕਿ ਆਪ ਜੀ ਦੀ ਸੰਗਤ ਵਿਚ ਇਹ ਪਹਿਲੀ ਵਾਰੀ ਪਾਠ ਕਰਨ ਦੀ ਸੇਵਾ ਲਗਾਈ ਗਈ ਸੀ ਤੇ ਦੂਜਾ ਬੜੂੰਦੀ ਪਿੰਡ ਹੁੰਦੇ ਅਖੰਡ ਪਾਠਾਂ ਦੌਰਾਨ ਆਪ ਜੀ ਦੇਖਦੇ ਸਨ ਕਿ ਪਾਠੀ ਸਿੰਘਾਂ ਤੇ ਐਨੀ ਬਖਸ਼ਿਸ਼ ਤੇ ਕਮਾਈ ਹੈ ਕਿ ਬਾਣੀ ਵੀ ਬਹੁਤ ਕੰਠ ਹੁੰਦੀ ਸੀ। ਜੇਕਰ ਕਿਤੇ ਕੋਈ ਪਾਠੀ ਭੁੱਲ ਕਰੇ ਤਾਂ ਝੱਟ ਦੂਜਾ ਸਿੰਘ ਜਾ ਬੀਬੀ ਝੱਟ ਉੱਚੀ ਬੋਲ ਕੇ ਸ਼ੁੱਧ ਪਾਠ ਦਸ ਦਿੰਦੇ ਸਨ। ਆਪ ਜੀ ਹਿਰਦੇ ਵਿਚ ਜੋਦੜੀਆਂ ਬੇਨਤੀਆਂ ਕਰਦੇ, ਡਰਦੇ-ਡਰਦੇ ਆਪਣੀ ਰੌਲ ਦੋ ਤੋਂ ਚਾਰ ਤੱਕ ਪਾਠ ਕਰਨ ਲਈ ਅਰਦਾਸਾ ਸੋਧ ਕੇ ਸੱਜ ਗਏ। ਤਕਰੀਬਨ ਅੱਧੇ ਘੰਟੇ ਬਾਅਦ ਹੀ ਭਾਈ ਸਾਹਿਬ ਜੀ ਚੁਬਾਰੇ ਵਿਚ ਆ ਕੇ ਪਾਠ ਸੁਣਨ ਲਗ ਪਏ। ਪੰਜ ਸਤ ਮਿੰਟ ਪਾਠ ਸੁਣ ਕੇ ਐਨੇ ਪ੍ਰਸੰਨ ਹੋਏ ਅਤੇ ਕਹਿਣ ਲੱਗੇ ਕਿ ਇਹ ਭੁਜੰਗੀ ਤਾਂ ਸਾਰੇ ਪਾਠੀਆਂ ਨਾਲੋਂ ਚੰਗਾ ਪਾਠੀ ਹੈ। ਸਵੇਰੇ ਅੰਮ੍ਰਿਤ ਵੇਲੇ ਭੋਗ ਦੀ ਰੋਲ ਦੋ ਤੋਂ ਚਾਰ ਵੀ ਇਸ ਦੀ ਲਾ ਦੇਣੀ। ਇਹ ਕਹਿ ਕੇ ਆਪ ਆਰਾਮ ਕਰਨ ਲਈ ਚਲੇ ਗਏ। ਪਾਠ ਦੀ ਸਮਾਪਤੀ ਤੋਂ ਬਾਅਦ ਉੱਠੇ ਤਾਂ ਕਈਆਂ ਸਿੰਘਾਂ ਦੇ ਚਿਹਰੇ ਖਿੜੇ ਹੋਏ ਸਨ ਅਤੇ ਉਨ੍ਹਾਂ ਆਪਣੀ ਖੁਸ਼ੀ ਜ਼ਾਹਰ ਕਰਦਿਆਂ ਦਸਿਆ ਕਿ ਭਾਈ ਸਾਹਿਬ ਜੀ ਨੇ ਆਪ ਦੇ ਉਚਾਰਣ ਨੂੰ ਬਹੁਤ ਪਸੰਦ ਕੀਤਾ ਹੈ ਅਤੇ ਅਖੰਡ ਪਾਠ ਦੀ ਸਮਾਪਤੀ ਦੀ ਰੌਲ ਵੀ ਆਪ ਦੇ ਸਿਰ ਲਾ ਦਿੱਤੀ ਹੈ, ਜਿਸ ਬਾਰੇ ਆਪ ਨੂੰ ਪਾਠ ਕਰਦਿਆਂ ਸਮੇਂ ਭਾਈ ਸਾਹਿਬ ਜੀ ਦੇ ਉੱਚੀ ਸੁਰ ਵਿਚ ਕਹੇ ਬੋਲ, ਕੰਨਾਂ ਵਿਚ ਪੈ ਗਏ ਸਨ।

ਆਪ ਜੀ ਅੰਮ੍ਰਿਤ ਵੇਲੇ ਕੇਸ਼ ਇਸ਼ਨਾਨ ਕਰਕੇ ਸਮੇਂ ਸਿਰ ਦੋ ਵਜੇ ਰੌਲ ਤੇ ਬੈਠ ਗਏ। ਭਾਈ ਸਾਹਿਬ ਜੀ ਅਤੇ ਹੋਰ ਸੰਗਤਾਂ ਵੀ ਆ ਗਈਆਂ। ਪਾਠ ਦੀ ਸਮਾਪਤੀ ਸਾਢੇ ਚਾਰ ਵਜੇ ਹੋਈ। ਪਾਠ ਦੀ ਸਮਾਪਤੀ ਅਤੇ ਸ੍ਰੀ ਆਸਾ ਦੀ ਵਾਰ ਦੇ ਕੀਰਤਨ ਦੀ ਅਰੰਭਤਾ ਦੀ ਅਰਦਾਸ ਇਕੱਠੀ ਹੀ ਹੋਈ। ਹੁਕਮਨਾਮੇ ਤੋਂ ਬਾਅਦ, ਕੀਰਤਨ ਆਰੰਭ ਹੋ ਗਿਆ ਤੇ ਨਾਲ ਹੀ ਦੇਗ ਵਰਤਾਈ ਗਈ। ਪਹਿਲਾਂ ਬੀਬੀਆਂ, ਫਿਰ ਸਿੰਘਾਂ ਨੇ ਅਤੇ ਸਭ ਤੋਂ ਬਾਅਦ ਭਾਈ ਸਾਹਿਬ ਜੀ ਨੇ ਵੈਰਾਗਮਈ ਰੰਗਾਂ ਵਿਚ ਕੀਰਤਨ ਦੀਆਂ ਝੜੀਆਂ ਲਾਈਆ/ਡੇਢ ਵਜੇ ਤੇ ਕਰੀਬ ਕੀਰਤਨ ਦੀ ਸਮਾਪਤੀ ਹੋਈ। ਆਪ ਜੀ ਨੂੰ ਅੰਮ੍ਰਿਤ ਵੇਲੇ ਦੋ ਵਜੇ ਤੋਂ ਦੁਪਹਿਰ ਡੇਢ ਵਜੇ ਤੱਕ ਤਕਰੀਬਨ 12 ਘੰਟੇ ਇਕ ਚੌਂਕੜੇ ਵਿਚ ਹੀ ਪਹਿਲੀ ਵਾਰ ਸੰਗਤ ਦਾ ਆਨੰਦ ਮਾਣਨ ਦਾ ਸੁਭਾਗ ਪ੍ਰਾਪਤ ਹੋਇਆ। ਇਸ ਸਮੇਂ ਆਪ ਨੂੰ ਕੋਈ ਸਰੀਰਕ ਥਕਾਵਟ ਜਾਂ



www.AKJ.Org

ਹਾਜਤ ਵੀ ਨਹੀਂ ਹੋਈ ਕਿਉਂਕਿ ਆਪ ਕੀਰਤਨ ਦੇ ਰਸ ਵਿਚ ਇਤਨੇ ਮਗਨ ਹੋ ਗਏ ਸਨ ਕਿ ਉੱਥੇ ਆ ਰਹੇ ਰਸ ਨੂੰ ਛੱਡਣ ਨੂੰ ਜੀਅ ਹੀ ਨਹੀਂ ਕਰਦਾ ਸੀ। ਆਪ ਜੀ ਲਈ ਨਾਰੰਗਵਾਲ ਜਾ ਕੇ ਭਾਈ ਸਾਹਿਬ ਜੀ ਦੇ ਦਰਸ਼ਨ ਕਰਨ ਅਤੇ ਕੀਰਤਨ ਅਖਾੜੇ ਦਾ ਰਸ ਮਾਨਣ ਦਾ ਇਹ ਪਹਿਲਾ ਸੁਭਾਗ ਮੌਕਾ ਸੀ।

ਦੂਸਰੇ ਦਿਨ ਫਿਰ ਦੂਜਾ ਸ੍ਰੀ ਅਖੰਡ ਪਾਠ ਆਰੰਭ ਹੋ ਗਿਆ। ਨਾਲ ਗਏ ਸਾਥੀ ਭਾਈ ਦਇਆ ਸਿੰਘ ਜੀ ਤਾਂ ਵਾਪਿਸ ਆ ਗਏ ਪਰ ਆਪ ਸੰਗਤ ਵਿਚ ਨਾਮ ਰੰਗ ਮਾਣਨ ਲਈ ਉੱਥੇ ਹੀ ਰੁੱਕ ਗਏ। ਆਪ ਬੇਸ਼ਕ ਇਥੇ ਸਾਰਿਆਂ ਲਈ ਨਵੇਂ ਸਨ, ਪਰ ਦੋ ਤਿੰਨ ਦਿਨ ਵਿਚ ਹੀ ਐਸੀ ਨੇੜਤਾ ਬਣ ਗਈ ਕਿ ਕੋਈ ਵੀਰ ਭੈਣ ਬਿਗਾਨਾ ਨਹੀਂ ਜਾਪਦਾ ਸੀ। ਦੂਸਰੇ ਅਖੰਡ ਪਾਠ ਦੌਰਾਨ, ਇਕ ਸ਼ਾਮ ਨੂੰ ਭਾਈ ਸਾਹਿਬ ਜੀ, ਦੋ ਤਿੰਨ ਸਿੰਘ ਹੋਰ ਤੇ ਆਪ ਜੀ ਢਾਬ ਵਾਲੇ ਪਾਸੇ ਬਾਹਰ ਸੈਰ ਅਤੇ ਹਾਜ਼ਤ ਲਈ ਗਏ। ਵਾਪਸੀ ਤੇ ਗੁਰਦੁਆਰਾ ਅਕਾਲੀ ਵਾਲਾ ਵਿਖੇ ਨਲਕੇ ਤੇ ਭਾਈ ਸਾਹਿਬ ਜੀ ਦਾ ਪੰਜ ਇਸ਼ਨਾਨਾ ਕਰਵਾਇਆ ਗਿਆ ਅਤੇ ਨਲਕਾ ਆਪ ਨੇ ਗੇੜਿਆ। ਉਸ ਵੇਲੇ ਆਪ ਜੀ ਨੇ ਭਾਈ ਸਾਹਿਬ ਜੀ ਨੂੰ ਕਿਹਾ ਕਿ ਮੈਨੂੰ ਬਹੁਤ ਹੀ ਖਿੱਚ ਸੀ ਕਿ ਕਦੋਂ ਆਪ ਕੁਮਾਰ ਹੱਟੀ ਤੋਂ ਵਾਪਿਸ ਆਵੋ ਤਾਂ ਦਰਸ਼ਨ ਕਰੀਏ। ਉਨ੍ਹਾਂ ਨੇ ਝੱਟ ਪੱਟ ਹੀ ਕਿਹਾ ਕਿ ਤੈਨੂੰ ਹੁਣ ਖਿੱਚ ਪਈ ਹੈ, ਸਾਨੂੰ ਤੇਰਾ ਪਹਿਲਾਂ ਹੀ ਪਤਾ ਸੀ। ਇਹ ਸੁਣ ਕੇ ਆਪ ਚੁੱਪ ਹੋ ਗਏ ਤੇ ਨਾ ਹੀ ਪੁੱਛਣ ਦੀ ਜੁੱਰਅਤ ਕਰ ਸਕੇ ਕਿ ਆਪ ਜੀ ਨੂੰ ਪਹਿਲਾਂ ਕਿਵੇ ਪਤਾ ਸੀ?

ਦੋਹਾਂ ਅਖੰਡ ਪਾਠਾਂ ਦੇ ਸਮਾਗਮ ਦੇ ਲਾਹੇ ਲੈਣ ਪਿਛੋਂ, ਵਾਪਿਸ ਆਉਣ ਸਮੇਂ ਜਿਸ ਕਮਰੇ ਵਿਚ ਉਹ ਸਜੇ ਹੋਏ ਸਨ, ਨਾਲ ਹੀ ਉਨ੍ਹਾਂ ਦਾ ਭਤੀਜਾ ਭਾਈ ਸੱਜਣ ਸਿੰਘ ਜੀ ਸਨ ਉਨ੍ਹਾਂ ਨੂੰ ਨਿਮਰਤਾ ਨਾਲ ਫਤਹਿ ਗਜਾਈ ਤੇ ਵਾਪਸੀ ਦੀ ਆਗਿਆ ਮੰਗੀ ਜੋ ਉਨ੍ਹਾਂ ਖੁਸ਼ੀ ਨਾਲ ਪ੍ਰਵਾਨ ਕਰਦੇ ਹੋਏ, ਦੇ ਦਿੱਤੀ। ਅਜੇ ਹਵੇਲੀ ਦੇ ਦਰਵਾਜੇ ਤੋਂ ਬਾਹਰ ਹੀ ਨਿਕਲਣ ਲਗੇ ਸਨ ਕਿ ਭਾਈ ਸੱਜਣ ਸਿੰਘ ਜੀ ਨੇ ਹਾਕ ਮਾਰ ਕੇ ਕਿਹਾ ਕਿ ਆਪ ਨੂੰ ਭਾਈ ਸਾਹਿਬ ਜੀ ਹੋਰਾਂ ਨੇ ਬੁਲਾਇਆ ਹੈ। ਜਦੋਂ ਆਪ ਪਾਸ ਜਾ ਕੇ ਹਾਜ਼ਰ ਹੋਏ ਤਾਂ ਪੁੱਛਣ ਲੱਗੇ ਕਿ ਕਾਕਾ, ਤੇਰਾ ਕੋਈ ਕਿਤੇ ਰਿਸ਼ਤਾ ਨਾਤਾ ਜਾ ਮੰਗਣੀ ਵਗੈਰਾ ਤਾਂ ਨਹੀਂ ਹੋਈ। ਆਪ ਜੀ ਨੇ ਦੱਸਿਆ ਕਿ ਮੇਰੀ ਤਾਂ ਸ਼ਾਦੀ ਵੀ ਹੋਈ ਹੈ ਤੇ ਵਾਪਿਸ ਤੁਰ ਪਏ। ਦੂਜੀ ਵਾਰ ਫੇਰ ਬੁਲਾ ਕੇ ਪੁੱਛਿਆ ਕਿ ਤੇਰੇ ਘਰੋਂ ਬੀਬੀ ਨੇ ਵੀ ਅੰਮ੍ਰਿਤ ਛਕਿਆ ਹੈ। ਫਿਰ ਆਪਨੇ ਸਤਿਕਾਰ ਨਾਲ ਦਸਿਆ ਕਿ ਅਸੀਂ ਦੋਹਾਂ ਇਕੱਠਿਆ ਬੜੂੰਦੀ ਵਿਚ ਹੋਏ ਅੰਮ੍ਰਿਤ ਸੰਚਾਰ ਸਮਾਗਮ ਤੇ ਅੰਮ੍ਰਿਤ ਪਾਨ ਕੀਤਾ ਸੀ। ਇਸ ਤੋਂ ਮਗਰੋਂ ਸਾਰੀ ਹੀ ਜ਼ਿੰਦਗੀ ਜੋ ਨੇੜਤਾ ਭਾਈ ਸਾਹਿਬ ਜੀ ਨਾਲ ਅਤੇ ਮਾਸਟਰ ਜੀ ਬੜੂੰਦੀ ਵਾਲਿਆਂ ਨਾਲ ਬਣੀ ਰਹੀ, ਉਹ ਕਹਿਣ ਕਥਨ ਤੋਂ ਬਾਹਰ ਹੈ। ਇਸੇ ਤਰ੍ਹਾਂ ਕੁਝ ਚਿਰ ਬਾਅਦ ਮਾਸਟਰ ਜੀ, ਬੜੂੰਦੀ ਤੋਂ ਨਾਰੰਗਵਾਲ ਭਾਈ ਸਾਹਿਬ ਜੀ ਨੂੰ ਮਿਲਣ ਗਏ ਤੇ ਉੱਥੇ ਫਿਰ ਆਪ ਸੰਬੰਧੀ ਗਲਬਾਤ ਤੇ ਜਾਣਕਾਰੀ ਹੋਈ ਅਤੇ ਭਾਈ ਸਾਹਿਬ ਜੀ ਨੇ ਮਾਸਟਰ ਜੀ ਰਾਹੀਂ ਆਪ ਨੂੰ ਗੁਰੂ ਫਤਹਿ ਭੇਜੀ।

ਮਾਤਾ ਸ਼ਰਨ ਕੌਰ ਜੀ ਜੋ ਮਾਸਟਰ ਜੀ ਦੇ ਧਰਮ ਪਤਨੀ ਸਨ, ਉਨ੍ਹਾਂ ਨੂੰ ਆਪ ਮਾਤਾ ਸਮਾਨ ਸਮਝਦੇ ਸਨ ਅਤੇ ਉਹ ਵੀ ਬੱਚਿਆਂ ਵਾਂਗ ਪਿਆਰ ਕਰਦੇ ਸਨ। ਇਕ ਦਿਨ ਆਪ ਨੇ ਆਪਣੇ ਮਨ ਦੀ ਇੱਛਾ ਜ਼ਾਹਰ ਕੀਤੀ ਕਿ ਮੇਰਾ ਸਾਰਾ ਪ੍ਰੀਵਾਰ ਵੀ ਅੰਮ੍ਰਿਤਧਾਰੀ ਹੋ ਜਾਵੇ। ਉਨ੍ਹਾਂ ਨੇ ਕਿਹਾ ਕਿ ਇਹ ਤਾਂ ਵਾਹਿਗੁਰੂ ਜੀ ਦੇ ਹੱਥ ਹੈ ਅਤੇ ਨਾਲ ਹੀ ਕਿਹਾ ਕਿ ਅੰਮ੍ਰਿਤ ਵੇਲੇ ਨਿਤਨੇਮ ਤੋਂ ਬਾਅਦ ਸਵੇਰੇ ਸ਼ਾਮ ਅਰਦਾਸ ਕਰਿਆ ਕਰ ਕਿ ਵਾਹਿਗੁਰੂ ਮੇਰੇ ਪਰਵਾਰ ਤੇ ਤਰਸ ਕਰਕੇ ਅੰਮ੍ਰਿਤ ਦੀ ਦਾਤ ਬਖਸ਼ੋ। ਵਾਹਿਗੁਰੂ ਜੀ ਨੇ ਤਰੁੱਠ ਕੇ ਅਸੀਂ ਕਲਾ ਵਰਤਾਈ ਕਿ ਪਹਿਲਾਂ ਆਪ ਦੀ ਭੈਣ ਸੁਰਜੀਤ ਕੌਰ ਨੇ ਕਿਹਾ ਕਿ ਮੈਂ ਅੰਮ੍ਰਿਤ ਛੱਕਣਾ ਹੈ। ਜਦ ਉਸ ਨੂੰ ਕੇਸਕੀ ਸਜਾਉਣ ਵਾਲੀ ਸ਼ਰਤ ਦੱਸੀ ਤੇ ਉਹ ਖੁਸ਼ੀ-ਖੁਸ਼ੀ ਮੰਨ ਗਈ। ਉਸ ਤੋਂ ਬਾਅਦ ਆਪ ਜੀ ਦਾ ਛੋਟਾ ਵੀਰ ਆਪ ਨੂੰ ਕਹਿਣ ਲੱਗਾ ਕਿ ਮੈਂ ਵੀ ਅੰਮ੍ਰਿਤ ਛਕਣਾ ਹੈ। ਉਹ ਵੀ ਬੜੂੰਦੀ ਵਿਖੇ ਹੋਏ ਅੰਮ੍ਰਿਤ ਸੰਚਾਰ ਵਿਚ ਤਿਆਰ-ਬਰ-ਤਿਆਰ ਸਜ ਗਿਆ। ਇਸ ਤੋਂ ਮਗਰੋਂ ਵਾਹਿਗੁਰੂ ਜੀ ਨੇ ਐਸੀ ਅਰਦਾਸ ਸੁਣੀ ਕਿ ਦੋ ਸਾਲ ਵਿਚ ਹੀ ਆਪ ਜੀ ਦੇ ਸਾਰੇ ਭਰਾ ਅਤੇ ਭੈਣਾਂ ਸਣੇ ਵੱਡੇ ਭਰਾ ਪ੍ਰੀਤਮ ਸਿੰਘ


www.AKJ.Org

ਜੀ ਦੇ ਪ੍ਰੀਵਾਰ ਸਮੇਤ ਅੰਮ੍ਰਿਤਧਾਰੀ ਹੋ ਗਏ। ਪ੍ਰੰਤੂ ਕੁਝ ਕਾਰਣਾਂ ਕਾਰਨ ਆਪ ਦੇ ਮਾਤਾ-ਪਿਤਾ ਅਜੇ ਹਾਲੇ ਅਧੂਰੇ ਸਨ।

ਇਕ ਨਿਹੰਗ ਸਿੰਘ ਭਾਈ ਨਰਿੰਦਰ ਸਿੰਘ ਜੋ ਭੈਣੀ ਵੜਿੰਗ ਨੇੜੇ ਰਾਏ ਕੋਟ ਦੇ ਨਿਵਾਸੀ ਸਨ, ਦਾ ਆਪ ਜੀ ਦੇ ਘਰ ਚੰਗਾ ਆਉਣਾ ਜਾਣਾ ਬਣ ਗਿਆ। ਜਦ ਉਨ੍ਹਾਂ ਨੂੰ ਪਤਾ ਲੱਗਾ ਕਿ ਭੁਜੰਗੀ ਉਜਾਗਰ ਸਿੰਘ ਦੀ ਪ੍ਰੇਰਨਾ ਨਾਲ ਸਾਰਾ ਪ੍ਰੀਵਾਰ ਮਾਤਾ-ਪਿਤਾ ਤੋਂ ਬਿਨ੍ਹਾਂ ਅੰਮ੍ਰਿਤਧਾਰੀ ਹੋ ਚੁੱਕਾ ਹੈ ਤਾਂ ਉਨ੍ਹਾਂ ਨੇ ਆਪ ਦੇ ਪਿਤਾ ਜੀ ਨੂੰ ਬੜੇ ਪਿਆਰ ਨਾਲ ਸਮਝਾਇਆ ਕਿ ਤੁਹਾਡਾ ਲੜਕਾ ਕਿਤਨਾ ਨੇਕ ਹੈ, ਜਿਸ ਨੇ ਸਾਰਿਆਂ ਨੂੰ ਅੰਮ੍ਰਿਤ ਛਕਾ ਲਿਆ ਹੈ, ਪਰ ਤੁਸੀਂ ਕਿਉਂ ਪਿੱਛੇ ਰਹਿ ਗਏ ਹੋ? ਉਨ੍ਹਾਂ ਦੇ ਬਚਨਾਂ ਦਾ ਪਿਤਾ ਜੀ ਉੱਤੇ ਇਤਨਾ ਪ੍ਰਭਾਵ ਪਿਆ ਕਿ ਉਹ ਵੀ ਤਿਆਰ ਹੋ ਗਏ। ਮਾਤਾ ਜੀ ਤਾਂ ਪਹਿਲਾਂ ਹੀ ਤਿਆਰ ਸਨ ਤੇ ਆਪ ਜੀ ਦੇ ਮਾਤਾ-ਪਿਤਾ ਨੇ ਨਾਰੰਗਵਾਲ ਜਾ ਕੇ ਪੋਹ ਸੁਦੀ ਸਤਵੀਂ ਦੇ ਸਮਾਗਮ ਸਮੇਂ ਅੰਮ੍ਰਿਤ ਛੱਕ ਲਿਆ ਤੇ ਇਸ ਤਰ੍ਹਾਂ ਸਭ ਪਰਵਾਰ ਚੜ੍ਹਾਇਆ ਬੇੜੇ ਵਾਲੀ ਕਲਾ ਵਰਤ ਗਈ।

ਨਵਾਬ ਸ਼ੇਰ ਮੁਹੰਮਦ, ਮਲੇਰਕੋਟਲਾ ਵਲੋਂ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਸਾਕੇ ਸਮੇਂ ਮਾਰੇ ਹਾਅ ਦੇ ਨਾਅਰੇ ਕਾਰਨ, ਦਾ ਗੁਰੂ ਘਰ ਵਿਚ ਸਤਿਕਾਰ ਰਿਹਾ ਹੈ। ਇਸੇ ਤਰ੍ਹਾਂ ਰਾਏਕੋਟ ਵਿਚ ਇਸ ਸਾਕੇ ਦੀ ਜਾਣਕਾਰੀ ਮਿਲਣ ਤੇ ਮੁਗਲ ਰਾਜ ਦੀਆਂ ਜੜ੍ਹਾਂ, ਤੀਰ ਨਾਲ ਕਾਈ ਦਾ ਬੂਟਾ ਪੁੱਟਦੇ ਹੋਏ, ਗੁਰੂ ਸਾਹਿਬ ਇਹ ਬਚਨ ਕਹਿ ਰਹੇ ਸਨ ਤਾਂ ਰਾਇ ਕਲਾ (ਜੋ ਰਾਏ ਕੋਟ ਦਾ ਨਿਵਾਸੀ ਸੀ ਅਤੇ ਸਤਿਗੁਰੂ ਜੀ ਦੀ ਸੇਵਾ ਵਿਚ ਜੁੱਟਿਆ ਸੀ) ਨੇ ਬੇਨਤੀ ਕੀਤੀ ਕਿ ਸਾਡੇ ਤੇ ਰਹਿਮ ਕਰੋ, ਕਿਉਂਕਿ ਅਸੀਂ ਭਾਵੇਂ ਮੁਗਲ ਹਾਂ ਪਰ ਤੁਹਾਡੇ ਹੀ ਚਰਨ ਸੇਵਕ ਹਾਂ ਤਾਂ ਗੁਰੂ ਸਾਹਿਬ ਨੇ ਤਰੁੱਠ ਕੇ ਉਨ੍ਹਾਂ ਨੂੰ ਸ੍ਰੀ ਸਾਹਿਬ ਅਤੇ ਗੰਗਾ ਸਾਗਰ ਦੀ ਬਖਸ਼ਿਸ਼ ਕੀਤੀ ਸੀ, ਜੋ ਕਿ ਹੁਣ ਤਾਈਂ ਉਨ੍ਹਾਂ ਦੀ ਵੰਸ਼ ਪਾਸ ਹੈ। ਸੰਨ 1947 ਵਿਚ ਦੇਸ਼ ਦੀ ਵੰਡ ਸਮੇਂ ਮਲੇਰਕੋਟਲੇ ਸ਼ਹਿਰ ਅਤੇ ਰਾਏਕੋਟ ਵਿਚ ਇਕ ਬੱਚੇ ਦਾ ਵੀ ਕਤਲ ਨਹੀਂ ਹੋਇਆ। ਸਾਰੀ ਮਲੇਰਕੋਟਲਾ ਸਟੇਟ ਸਮੇਤ ਜਿਹੜੇ ਮੁਸਲਮਾਨ ਪ੍ਰੀਵਾਰ ਦੂਜੀਆਂ ਥਾਵਾਂ ਤੋਂ ਵੀ ਇਸ ਸਟੇਟ ਵਿਚ ਆ ਗਏ, ਉਨ੍ਹਾਂ ਦਾ ਬਚਾਅ ਵੀ ਹੋ ਗਿਆ। ਆਪ ਜੀ ਕੋਲ ਉਨ੍ਹਾਂ ਦੇ ਇਕ ਜਮਾਤੀ ਮੁਸਲਮਾਨ ਮੁੰਡੇ ਦੇ 8-10 ਰੁਪਏ ਅਮਾਨਤ ਪਏ ਸਨ। ਉਸ ਦਾ ਪਿੰਡ ਬਿਸ਼ਨਗੜ੍ਹ ਆਪ ਦੇ ਪਿੰਡ ਦੇ ਬਿਲਕੁਲ ਨੇੜੇ ਹੀ ਸੀ। ਆਪ ਕਿਸੇ ਦੀ ਚੀਜ਼ ਜਾਂ ਪੈਸਾ ਰੱਖਣਾ ਮਹਾਂ ਪਾਪ ਸਮਝਦੇ ਸੀ। ਆਪਣੇ ਪਿੰਡ ਦੇ ਇਕ ਦੋਸਤ ਨਾਲ ਉਹ ਅਮਾਨਤ ਉਸ ਮੁੰਡੇ ਨੂੰ ਵਾਪਿਸ ਕਰਨ ਗਏ ਤਾਂ ਪਤਾ ਲੱਗਾ ਕਿ ਉਹ ਇਕ ਦਿਨ ਪਹਿਲਾਂ ਮਲੇਰ ਕੋਟਲੇ ਚਲਾ ਗਿਆ ਹੈ। ਉਸ ਦੇ ਮਾਤਾ-ਪਿਤਾ ਅਤੇ ਭੈਣ-ਭਰਾ ਸਹਿਮੇ ਤੇ ਡਰੇ ਪਏ ਸਨ ਕਿ ਅੱਜ ਰਾਤ ਸਾਨੂੰ ਪਿੰਡ ਵਾਲਿਆਂ ਲੁੱਟ ਕੇ ਮਾਰ ਦੇਣਾ ਹੈ। ਉਨ੍ਹਾਂ ਨੇ ਆਪ ਦਾ ਨੇਕ ਸੁਭਾਅ ਦੇਖ ਕੇ ਆਪਣੇ ਬਚਾਅ ਲਈ ਫਰਿਆਦ ਕੀਤੀ। ਆਪ ਉਸੇ ਦਿਨ ਹੀ, ਇਕ ਰਿਸ਼ਤੇਦਾਰ ਅਤੇ ਇਕ ਹੋਰ ਮੁਸਲਮਾਨ ਮੁੰਡਾ (ਜੋ ਕਾਫਲੇ ਤੋਂ ਵਿਛੜ ਗਿਆ ਤੇ ਭੁੱਖਾ ਭਾਣਾ ਸੀ, ਆਪਦੇ ਘਰ ਠਹਿਰਿਆ ਹੋਇਆ ਸੀ), ਨੂੰ ਨਾਲ ਲੈ ਕੇ ਅਤੇ ਬਿਸ਼ਨਗੜ੍ਹ ਤੋਂ ਦੋਸਤ ਦੇ ਪ੍ਰੀਵਾਰ ਨੂੰ ਨਾਲ ਲੈ ਕੇ, ਰਾਤ ਸਮੇਂ ਮੱਕੀ, ਕਪਾਹ ਤੇ ਗੰਨੇ ਦੀਆਂ ਫਸਲਾਂ ਦੇ ਖੇਤਾਂ ਰਾਹੀਂ ਆਪਣੇ ਰਿਸ਼ਤੇਦਾਰ ਦੀ ਮੱਦਦ ਨਾਲ ਪਿੰਡ ਝਨੇਰ ਜੋ ਮਲੇਰ ਕੋਟਲੇ ਦੀ ਹੱਦ ਵਿਚ ਪੈਂਦਾ ਸੀ, ਛੱਡ ਆਏ। ਉਸ ਦੋਸਤ ਦੀਆਂ ਪਾਕਿਸਤਾਨ ਵਿਚੋਂ ਵੀ ਇਸ ਮੁਸੀਬਤ ਸਮੇਂ ਕੀਤੀ ਮਦਦ ਲਈ ਧੰਨਵਾਦ ਦੀਆਂ ਪੱਤਰਕਾਵਾਂ ਆਈਆਂ। ਇਸੇ ਤਰ੍ਹਾਂ ਆਪਦੇ ਪਿੰਡ ਦੇ ਘੁਮਿਆਰਾਂ ਦੇ ਪ੍ਰੀਵਾਰ (ਜੋ ਕਿ ਖੋਤਿਆਂ ਤੇ ਘਰ ਦਾ ਸਮਾਨ ਲੱਦ ਕੇ ਜਾ ਰਹੇ ਸਨ) ਨੇ ਵੀ ਬੇਨਤੀ ਕੀਤੀ ਕਿ ਸਾਨੂੰ ਝਨੇਰ ਪਹੁੰਚਾਓ, ਜੋ ਕਿ ਅੱਗੇ ਹੱਦ ਤੋਂ ਲੋਕਾਂ ਵਲੋਂ ਨਾਕੇ ਲਾਉਣ ਕਰਕੇ ਵਾਪਿਸ ਆ ਰਹੇ ਸਨ। ਆਪ ਨੇ ਉਨ੍ਹਾਂ ਨੂੰ ਤਸੱਲੀ ਦੇ ਕੇ ਪਿੰਡ ਝਨੇਰ ਪਹੁੰਚਾਉਣ ਵਾਸਤੇ ਆਪਣੀ ਜਾਨ ਨੂੰ ਜ਼ੋਖਮ ਵਿਚ ਪਾ ਕੇ ਮਦਦ ਕੀਤੀ, ਕਿਉਂਕਿ ਵਾਪਸੀ ਵੇਲੇ ਇਕ ਮੈਗਲੀ ਨਾਮ ਦਾ ਆਦਮੀ ਬੰਦੂਕ ਲੈ ਕੇ ਖੇਤਾਂ ਰਾਹੀਂ ਆਪ ਦੇ ਬਰਾਬਰ ਜਾ ਰਿਹਾ ਸੀ ਤੇ ਆਪਦੀ ਕਮੀਜ਼ ਉੱਪਰ ਪਾਈ ਹੋਈ ਸ੍ਰੀ ਸਾਹਿਬ ਵੇਖ ਕੇ ਭੈ ਖਾਂਦਾ ਰਿਹਾ ਕਿ ਕੋਈ ਸਿੱਖ ਹੀ ਨਾ ਮੇਰੇ ਹੱਥੋਂ ਮਾਰਿਆ



www.AKJ.Org

ਜਾਵੇ। ਉਸ ਨੇ ਦੋ ਤਿੰਨ ਵਾਰੀ ਨਿਸ਼ਾਨਾ ਲਾ ਕੇ ਬੰਦੂਕ ਚਲਾਉਣੀ ਚਾਹੀ ਪਰ ਹਰ ਵਾਰੀ ਰਾਈਫਲ ਦਾ ਘੋੜਾ ਦੱਬਣ ਤੋਂ ਰੁਕ ਜਾਂਦਾ ਰਿਹਾ।

ਸਕੂਲ ਦੀ ਪੜ੍ਹਾਈ ਸਮੇਂ ਇਕ ਮੁੱਖ ਅਧਿਆਪਕ ਕੇਸੋ ਰਾਮ (ਜੋ ਕਿ ਅੰਗਰੇਜ਼ੀ ਦਾ ਅਧਿਆਪਕ ਸੀ ਅਤੇ ਕਟੱੜ ਹਿੰਦੂ ਸੀ) ਆਪ ਜੀ ਦੇ ਪਹਿਨੇ ਕਕਾਰ ਦੇਖ ਦੇ ਪੁੱਠੀ-ਸਿੱਧੀ ਸਿਖਿਆ ਦੇਣ ਲੱਗ ਪਿਆ ਕਿ ਹੁਣ ਬਚਪਨ ਤੋਂ ਹੀ ਇਹ ਕਿਹੜਾ ਰਸਤਾ ਅਪਨਾ ਲਿਆ ਹੈ ? ਪਰ ਨੱਥੂ ਰਾਮ ਗੋਂਡਸੇ ਵਲੋਂ ਮਹਾਤਮਾ ਗਾਂਧੀ ਨੂੰ ਮਾਰਨ ਵੇਲੇ, ਸਕੂਲ ਵਿਚ ਹੋਈ ਇਕੱਤਰਤਾ ਵੇਲੇ ਆਪ ਜੀ ਵਲੋਂ ਨਿਮਰਤਾ ਦੇ ਵਿਸ਼ੇ ਤੇ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਕੀਤੀ ਤਕਰੀਰ ਨਾਲ, ਉਹ ਮੁਖ ਅਧਿਆਪਕ, ਆਪ ਨੂੰ ਭਵਿੱਖ ਦਾ ਵੱਡਾ ਲੀਡਰ ਹੋਣ ਦਾ ਖਿਆਲ ਦੇਣ ਲਈ ਮਜ਼ਬੂਰ ਹੋ ਗਿਆ। ਇਸੇ ਤਰ੍ਹਾਂ ਹੀ ਇਕ ਪੰਜਾਬੀ ਦੇ ਅਧਿਆਪਕ ਗਿਆਨੀ ਅਵਤਾਰ ਸਿੰਘ ਧੀਰ ਤੇ, ਆਪ ਦੇ ਗੁਰਮਤਿ ਧਾਰਨੀ ਜੀਵਨ ਦਾ ਚੰਗਾ ਪ੍ਰਭਾਵ ਪਿਆ ਅਤੇ ਉਹ ਬਹੁਤ ਸਤਿਕਾਰ ਕਰਦਾ ਰਿਹਾ। ਪਹਿਲੇ ਫਿਰਕਾ ਪ੍ਰਸਤ ਮੁਖ ਅਧਿਆਪਕ ਦੀ ਬਦਲੀ ਹੋਣ ਤੇ ਇਕ ਗੁਰਸਿਖ ਹੈੱਡ-ਮਾਸਟਰ ਸ. ਧਿਆਨ ਸਿੰਘ ਜੀ ਨੇ ਆ ਕੇ ਸਕੂਲ ਦੇ ਮਾਹੌਲ ਨੂੰ ਗੁਰਸਿਖੀ ਦੀ ਰੰਗਣ ਵਿਚ ਰੰਗਿਆ। ਸਵੇਰ ਵੇਲੇ ਸਕੂਲ ਦੀ ਸ਼ੁਰੂਆਤ ਵੇਲੇ ਕੌਮੀ ਤਰਾਨੇ ਦੇ ਨਾਲ-ਨਾਲ ਸ਼ਬਦ ਗਾਇਨ ਵੀ ਹੋਣ ਲਗ ਪਿਆ, ਜਿਸ ਦੀ ਸੇਵਾ ਆਪ ਜੀ ਦੋ ਤਿੰਨ ਹੋਰ ਸਿੱਖ ਵਿਦਿਆਰਥੀਆਂ ਨੂੰ ਲੈ ਕੇ ਕਰਦੇ ਰਹੇ।

ਦਸਵੀਂ ਕਰਨ ਤੋਂ ਬਾਅਦ ਆਪ ਜੀ ਨੇ ਉੱਚ ਵਿਦਿਆ ਲੈਣ ਦੀ ਥਾਂ ਨੌਕਰੀ ਨੂੰ ਤਰਜੀਹ ਦਿੱਤੀ, ਕਿਉਂਕਿ ਪ੍ਰੀਵਾਰ ਵੱਡਾ ਸੀ। ਆਪ ਦੇ ਇਕ ਵੱਡਾ ਭਰਾ ਸੀ ਜੋ ਅਨਪੜ੍ਹ ਤੇ ਪਿਤਾ ਜੀ ਨਾਲ ਖੇਤੀਬਾੜੀ ਦਾ ਕੰਮ ਕਰਦਾ ਸੀ। ਆਪ ਤੋਂ ਤਿੰਨ ਛੋਟੇ ਭਰਾ ਅਤੇ ਚਾਰ ਭੈਣਾਂ ਸਨ ਜੋ ਕਿ ਸਕੂਲਾਂ ਵਿਚ ਪੜਦੇ ਸਨ। ਆਪ ਜੀ ਸਭ ਤੋਂ ਪਹਿਲਾਂ, ਏਅਰ ਫੋਰਸ ਵਿਚ ਅਫਸਰ ਦੀ ਨੌਕਰੀ ਵਾਸਤੇ ਮਿੱਥੀ ਤਾਰੀਖ ਤੇ ਟੈਸਟ ਅਤੇ ਇੰਟਰਵਿਊ ਲਈ ਅੰਬਾਲੇ ਗਏ। ਉੱਥੇ ਜਾ ਕੇ ਪਤਾ ਲੱਗਾ ਕਿ ਇੱਥੇ ਤਾਂ ਸਿਫ਼ਾਰਸ਼ਾਂ ਹੀ ਚਲਦੀਆਂ ਹਨ। ਆਪ ਨੂੰ ਇਕ ਗੁਰਸਿੱਖ ਅਫਸਰ ਨੇ ਖੱਜਲ ਖੁਆਰੀ ਤੋਂ ਬਚਣ ਲਈ ਵਾਪਿਸ ਘਰ ਜਾਣ ਦਾ ਸੁਝਾਅ ਦਿੱਤਾ। ਆਪ ਰੇਲ ਗੱਡੀ ਫੜ ਕੇ ਰਸਤੇ ਵਿਚ ਇਕ ਰਾਤ ਫਤਿਹਗੜ੍ਹ ਸਾਹਿਬ ਗੁਰਧਾਮਾਂ ਦੀ ਪਹਿਲੀ ਵਾਰ ਯਾਤਰਾ ਬੜੇ ਆਤਮ ਰੰਗਾਂ ਵਿਚ ਕਰਕੇ ਘਰ ਵਾਪਿਸ ਪੁੱਜ ਗਏ।

ਫਿਰ ਸਤਿਕਾਰ ਯੋਗ ਭਾਈ ਸਾਹਿਬ ਜੀ ਵਲੋਂ ਮਿਤੀ 25 ਜੁਲਾਈ 1950 ਦਾ ਪੋਸਟ ਕਾਰਡ ਆਪ ਜੀ ਨੂੰ ਸਕੂਲ ਤੇ ਐਡਰੈੱਸ ਤੇ ਆਇਆ, ਜਿਸ ਵਿਚ ਭਾਈ ਸਾਹਿਬ ਜੀ ਨੇ ਸਾਰੇ ਸਰਟੀਫਿਕੇਟ ਤੇ ਜ਼ਰੂਰੀ ਕਾਗਜ਼ਾਤ ਲੈ ਕੇ ਕੁਮਾਰ ਹੱਟੀ ਪਹੁੰਚਣ ਦੀ ਤਾਕੀਦ ਕੀਤੀ ਸੀ। ਆਪ ਸ. ਬੋਘਾ ਸਿੰਘ ਜੀ (ਜੋ ਗਿਆਨੀ ਅਮੋਲਕ ਸਿੰਘ ਜੀ ਦੇ ਪਿਤਾ ਸਨ ਤੇ ਮਾਸਟਰ ਜੀ ਦੇ ਬਹਿਨੋਈ ਸਨ) ਦੇ ਨਾਲ ਭਾਈ ਸਾਹਿਬ ਜੀ ਪਾਸ ਕੁਮਾਰ ਹੱਟੀ ਪਹੁੰਚ ਗਏ। ਉੱਥੋਂ ਆਪ ਜੀ ਦਾ ਬਿਨੈ ਪੱਤਰ ਭਾਈ ਸਾਹਿਬ ਜੀ ਨੇ ਇਕ ਗੁਰਸਿੱਖ ਰਾਹੀਂ, ਡਗਸ਼ਈ ਸ. ਗੁਰਦਾਸ ਸਿੰਘ ਡਿਪਟੀ ਡਾਇਰੈਕਟਰ ਪੰਚਾਇਤ ਪੰਜਾਬ ਸਰਕਾਰ ਕੋਲ ਭੇਜ ਦਿੱਤਾ ਜੋ ਕਿ ਸਹਾਇਕ ਪੰਚਾਇਤ ਅਫਸਰ ਦੀ ਪੋਸਟ ਲਈ ਸੀ। ਕੁਮਾਰ ਹੱਟੀ ਜਾਣ ਤੋਂ ਪਹਿਲਾਂ ਆਪ ਨੇ ਆਪਣੇ ਪਿੰਡ ਵਿਚ ਲੜਕੀਆਂ ਦੀ ਪੜ੍ਹਾਈ ਲਈ ਵੱਖਰਾ ਪ੍ਰਾਇਮਰੀ ਸਕੂਲ ਚਲਾਇਆ ਹੋਇਆ ਸੀ ਜਿਸ ਦੇ ਆਪ ਮੈਨੇਜਰ ਸਨ। ਦਸ-ਪੰਦਰਾਂ ਦਿਨ ਭਾਈ ਸਾਹਿਬ ਜੀ ਕੋਲ ਕੁਮਾਰ ਹੱਟੀ ਰਹਿ ਕੇ ਕਈ ਪੁਰਾਤਨ ਗੁਰਸਿੱਖਾਂ ਦੇ ਦਰਸ਼ਨ ਮੇਲੇ ਅਤੇ ਲੰਗਰ ਦੀ ਸੇਵਾ ਕਰਕੇ ਵਾਪਿਸ ਪਿੰਡ ਆ ਗਏ ਤੇ ਲੱਗੇ ਇੰਟਰਵਿਊ ਦੀ ਉਡੀਕ ਕਰਨ। ਪਰ ਭਾਣਾ ਐਸਾ ਵਰਤਿਆ ਕਿ ਡਾਕਖਾਨੇ ਦੇ ਕਰਮਚਾਰੀਆਂ ਦੀ ਅਣਗਹਿਲੀ ਕਾਰਨ, ਉਹ ਇੰਟਰਵਿਊ ਵਾਲਾ ਕਾਰਡ ਉਸ ਦਿਨ ਮਿਲਿਆ, ਜਿਸ ਦਿਨ ਆਪ ਜੀ ਦੀ ਇੰਟਰਵਿਊ ਕਰਨਾਲ ਵਿਚ ਹੋਣੀ ਸੀ ਜਿੱਥੇ ਪਹੁੰਚਣਾ ਮੁਸ਼ਕਲ ਸੀ। ਸੋ ਆਪ ਇਹ ਕਾਰਡ ਲੈ ਕੇ ਡਗਸ਼ਈ ਸ. ਗੁਰਦਾਸ ਸਿੰਘ ਦੇ ਘਰ ਪਹੁੰਚ ਗਏ। ਅਗੋਂ ਉਨ੍ਹਾਂ ਦੀ ਸੁਪਤਨੀ ਨੇ ਕਿਹਾ ਕਿ ਤੁਸੀਂ ਕਰਨਾਲ ਚਲੇ ਜਾਣਾ ਸੀ, ਭਾਵੇਂ ਲੇਟ ਹੀ ਕਿਉਂ ਨਾ ਜਾਂਦੇ ਅਤੇ ਤੁਹਾਡਾ ਕੰਮ ਹੋ ਜਾਣਾ ਸੀ ਕਿਉਂਕਿ ਸਰਦਾਰ ਸਾਹਿਬ ਭਾਈ ਸਾਹਿਬ ਜੀ ਦਾ ਕਹਿਣਾ ਨਹੀਂ ਸਨ ਮੋੜਦੇ। ਫਿਰ ਆਪ ਕੁਮਾਰ ਹੱਟੀ



www.AKJ.Org

ਆ ਕੇ ਭਾਈ ਸਾਹਿਬ ਜੀ ਨੂੰ ਮਿਲੇ। ਉਨ੍ਹਾਂ ਕਿਹਾ ਕਿ ਇਹ ਸਭ ਵਾਹਿਗੁਰੂ ਦੀ ਖੇਡ ਹੈ ਅਤੇ ਉਸ ਦੇ ਭਾਣੇ ਅੰਦਰ ਹੀ ਹੈ, ਫਿਰ ਆਪ ਉੱਥੇ ਤਿੰਨ ਮਹੀਨੇ ਲਗਾਤਾਰ ਰਹਿ ਕੇ ਭਾਈ ਸਾਹਿਬ ਜੀ ਦੀ ਸੰਗਤ ਵਿਚ ਨਾਮ ਬਾਣੀ ਦੇ ਲਾਹੇ ਲੈਂਦੇ ਰਹੇ ਤੇ ਲੰਗਰ ਅਤੇ ਹੇਠਾਂ ਚਸ਼ਮੇ ਤੋਂ ਜਲ ਢੋਣ ਜੋ ਕਿ ਤਕਰੀਬਨ ਅੱਧਾ ਮੀਲ ਦੂਰ ਸੀ, ਦੀ ਅਣਥੱਕ ਸੇਵਾ ਕੀਤੀ। ਵਾਪਸੀ ਤੇ ਭਾਈ ਸਾਹਿਬ ਜੀ ਦੇ ਨਾਲ ਹੀ ਕਾਲਕਾ ਰੈਣ ਸਬਾਈ ਕੀਰਤਨ ਅਤੇ ਖਰੜ ਵਿਚ ਡਾਕਟਰ ਖੁਸ਼ਹਾਲ ਸਿੰਘ ਦੇ ਗ੍ਰਿਹ ਸ੍ਰੀ ਅਖੰਡ ਪਾਠ ਸਮਾਗਮ ਦੇ ਲਾਹੇ ਲਏ ਅਤੇ ਵਾਪਿਸ ਲੁਧਿਆਣੇ ਹੁੰਦੇ ਹੋਏ ਪਿੰਡ ਪਹੁੰਚ ਗਏ।

ਕੁਮਾਰ ਹੱਟੀ ਤੋਂ ਵਾਪਿਸ ਆ ਕੇ, ਪੰਜ ਸੱਤ ਦਿਨਾਂ ਬਾਅਦ ਆਪ ਜੀ ਨੂੰ, ਜੰਡਾਲੀ ਕਲਾ ਖਾਲਸਾ ਪ੍ਰਾਇਮਰੀ ਸਕੂਲ ਜੋ ਕੁਝ ਚਿਰ ਪਹਿਲਾਂ ਬੰਦ ਹੋ ਗਿਆ ਮੁੜ ਚਲਾਉਣ ਦੀ ਪ੍ਰੇਰਨਾ ਹੋਈ। ਪਿੰਡ ਦੇ ਪਤਵੰਤਿਆਂ, ਮੁੱਖੀ ਸੱਜਣਾ ਤੇ ਪਰ ਉਪਕਾਰੀ ਗੁਰਸਿੱਖਾਂ ਦੀ ਸਹਾਇਤਾ ਨਾਲ ਇਹ ਸਕੂਲ ਮੁੜ ਚਾਲੂ ਕਰ ਦਿੱਤਾ ਅਤੇ ਉੱਥੇ ਮੁੱਖ ਅਧਿਆਪਕ ਦੀ ਸੇਵਾ ਆਪ ਜੀ ਨੇ ਨਿਭਾਈ। ਸਕੂਲ ਬੜੀ ਚੜਦੀ ਕਲਾ ਵਿਚ 1 ਨਵੰਬਰ 1950 ਨੂੰ ਚਲ ਪਿਆ ਅਤੇ ਆਪ ਦੀ ਦਿਲੀ ਇੱਛਾ ਪੂਰਨ ਹੋ ਗਈ। ਇੱਥੇ ਸਿਰਫ ਤਿੰਨ ਮਹੀਨੇ ਹੀ ਨੌਕਰੀ ਕਰਨ ਦਾ ਮੌਕਾ ਮਿਲਿਆ। ਇਸ ਤੋਂ ਬਾਅਦ ਪਿੰਡ ਫਰਵਾਲੀ ਦੇ ਸਕੂਲ ਵਿਚ ਇਕ ਅਧਿਆਪਕ ਦੇ ਗੈਰ ਹਾਜ਼ਰ ਰਹਿਣ ਕਰਕੇ ਉੱਥੇ ਇਕ ਪੋਸਟ ਖਾਲੀ ਹੋ ਗਈ। ਆਪ ਸਿਫਾਰਿਸ਼ ਲਈ ਭਾਈ ਸਾਹਿਬ ਜੀ ਕੋਲ ਨਾਰੰਗਵਾਲ ਚਲੇ ਗਏ ਤਾਂ ਕਿ ਗਿਆਨ ਸਿੰਘ ਰਾੜੇਵਾਲਾ ਦੇ ਨਾਂ ਦੀ ਚਿੱਠੀ ਲਿਆ ਸਕਣ। ਭਾਈ ਸਾਹਿਬ ਜੀ ਨੇ ਰਾੜੇਵਾਲਾ ਦੀ ਬਜਾਏ ਡਿਪਟੀ ਕਮਿਸ਼ਨਰ ਸ. ਸੰਪੂਰਨ ਸਿੰਘ ਜਿਸ ਨੂੰ ਭਾਈ ਸਾਹਿਬ ਜੀ ਨੇ ਲਗਵਾਇਆ ਸੀ ਦੇ ਨਾਂ ਚਿੱਠੀ ਦੇ ਦਿੱਤੀ। ਉਸ ਨੇ ਅਗੋਂ ਸੰਗਰੂਰ ਡਿਵੀਜ਼ਨਲ ਇੰਸਪੈਕਟਰ ਕੋਲ ਡਾ. ਗੁਰਮੇਲ ਸਿੰਘ ਸਿਵਲ ਸਰਜਨ ਰਾਹੀਂ ਭੇਜ ਦਿੱਤਾ। ਪਰ ਉਸ ਨੇ ਆਪ ਨੂੰ ਫਰਵਾਲੀ ਦੀ ਬਜਾਏ ਖਾਲੀ ਅਸਾਮੀ ਉੱਪਰ ਕੌਰ ਸਿੰਘ ਵਾਲਾ ਜ਼ਿਲ੍ਹਾ ਬਠਿੰਡਾ ਲਗਵਾ ਦਿੱਤਾ। ਉਥੇ ਵੀ ਤਿੰਨ ਮਹੀਨੇ ਨੌਕਰੀ ਕਰਨ ਤੋਂ ਬਾਅਦ ਆਪ ਜੀ ਫਰੀਦਕੋਟ ਜੇ.ਬੀ.ਟੀ. ਦਾ ਕੋਰਸ ਕਰਨ ਲਈ ਚਲੇ ਗਏ। ਜੇ.ਬੀ.ਟੀ. ਦਾ ਕੋਰਸ ਕਰਨ ਤੋਂ ਬਾਅਦ ਆਪ ਨੇ ਦੁਨਿਆਵੀ ਕ੍ਰਿਤ ਇਕ ਅਧਿਆਪਕ ਵਜੋਂ ਸਖ਼ਤ ਮਿਹਨਤ, ਕੁਸ਼ਲਤਾ, ਦਿਆਨਤਦਾਰੀ, ਇਮਾਨਦਾਰੀ ਨਾਲ ਹੇਠ ਸਥਾਨਾਂ ਤੇ ਵੱਖ-ਵੱਖ ਸਮੇਂ ਰਹਿ ਕੇ ਕੀਤੀ ਤੇ ਇਕ ਸਫ਼ਲ ਅਧਿਆਪਕ ਸਾਬਿਤ ਹੋਏ।

1) ਮਿਤੀ 1/11/1950 ਤੋਂ ਜਨਵਰੀ 1951 ਤੱਕ ਜੰਡਾਲੀ ਕਲਾਂ ਵਿਖੇ ਬੰਦ ਹੋਏ ਖਾਲਸਾ ਪ੍ਰਾਇਮਰੀ ਸਕੂਲ ਨੂੰ ਦੁਬਾਰਾ ਚਾਲੂ ਕੀਤਾ ਤੇ ਉੱਥੇ ਮੁਖ ਅਧਿਆਪਕ ਦੀ ਸੇਵਾ ਨਿਬਾਹੀ।
2) ਮਿਤੀ 1/2/1951 ਤੋਂ 30/4/1951 ਤੋਂ ਗੋਰਮਿੰਟ ਪ੍ਰਾਇਮਰੀ ਸਕੂਲ ਕੌਰ ਸਿੰਘ ਵਾਲਾ ਜ਼ਿਲ੍ਹਾ ਬਠਿੰਡਾ
3) ਮਿਤੀ 1/5/1951 ਤੋਂ 31/10/1952 ਤੱਕ ਫਰੀਦਕੋਟ ਵਿਚ ਜੇ.ਬੀ.ਟੀ. ਦੀ ਟਰੇਨਿੰਗ ਲਈ।
4) ਮਿਤੀ 11/11/1952 ਤੋਂ 31/3/53 ਤੱਕ ਗੋਰਮਿੰਟ ਪ੍ਰਾਇਮਰੀ ਸਕੂਲ ਹਿਮਤਾਨਾ ਮੰਡੀ ਤੇ ਨਾਲ ਹੀ ਡਾਕਖਾਨੇ ਦਾ ਕੰਮ ਵੀ ਕੀਤਾ।
5) ਮਿਤੀ 1/4/1953 ਤੋਂ 15/9/53 ਗੋਰਮਿੰਟ ਮਿਡਲ ਸਕੂਲ ਬਨਭੌਰੀ।
6) ਮਿਤੀ 28/9/1953 ਤੋਂ 20/4/1954 ਪਿੰਡ ਸ਼ੇਰਗੜ੍ਹ ਜ਼ਿਲ੍ਹਾ ਪਟਿਆਲਾ।
7) ਮਿਤੀ 21/4/1954 ਤੋਂ 14/6/55 ਪਿੰਡ ਸ਼ਮਸ਼ਪੁਰ ਜ਼ਿਲ੍ਹਾ ਪਟਿਆਲਾ।
8) ਮਿਤੀ 14/6/1955 ਤੋਂ 24/10/56 ਪਿੰਡ ਸਾਲਾਰਪੁਰ ਜ਼ਿਲ੍ਹਾ ਪਟਿਆਲਾ।
9) ਮਿਤੀ 24/10/56 ਤੋਂ 6/11/58 ਗੋਰਮਿੰਟ ਪ੍ਰਾਇਮਰੀ ਸਕੂਲ ਛਾਪਾ ਤਹਿਸੀਲ ਬਰਨਾਲਾ।
10) ਮਿਤੀ 7/11/58 ਤੋਂ 30/11/65 ਗੋਰਮਿੰਟ ਪ੍ਰਾਇਮਰੀ ਸਕੂਲ ਖੁਰਦ ਨੇੜੇ ਫਰਵਾਲੀ।
11) ਮਿਤੀ 1/5/65 ਤੋਂ 7/11/65 ਗੋਰਮਿੰਟ ਪ੍ਰਾਇਮਰੀ ਸਕੂਲ ਅਹਿਮਦਪੁਰ ਨੇੜੇ ਫਰਵਾਲੀ।
12) ਮਿਤੀ 7/11/65 ਤੋਂ 26/7/74 ਗੋਰਮਿੰਟ ਪ੍ਰਾਇਮਰੀ ਸਕੂਲ ਪਿੰਡ ਕਲਿਆਣ, ਨੇੜੇ ਫਰਵਾਲੀ।


www.AKJ.Org

13) ਮਿਤੀ 14/8/74 ਤੋਂ 1977 ਤੱਕ ਗੌਰਮਿੰਟ ਪ੍ਰਾਇਮਰੀ ਸਕੂਲ, ਪਿੰਡ ਜਲਵਾਨੇ, ਨੇੜੇ ਫਰਵਾਲੀ।
14) ਸੰਨ 1977 ਤੋਂ 31/5/1981 ਤੱਕ ਗੌਰਮਿੰਟ ਪ੍ਰਾਇਮਰੀ ਸਕੂਲ, ਪਿੰਡ ਫੋਜੇਵਾਲ, ਨੇੜੇ ਫਰਵਾਲੀ।

ਸੰਨ 1950 ਤੋਂ ਲੈ ਕੇ ਸੰਨ 1981 ਤੱਕ ਤਕਰੀਬਨ 31 ਸਾਲ ਮਹਿਕਮਾ ਤਾਲੀਮ (ਵਿਦਿਆ) ਵਿਚ ਨੌਕਰੀ ਕੀਤੀ। ਆਪ ਜਿਸ ਸਕੂਲ ਜਾਂ ਸਥਾਨ 'ਤੇ ਗਏ ਉੱਥੇ ਹੇਠ ਲਿਖੇ ਕਾਰਜ ਕਰਕੇ ਬਹੁਤ ਨਾਮਣਾ ਖੱਟਿਆ :–

1) ਅੰਮ੍ਰਿਤ ਵੇਲੇ ਦੀ ਸੰਭਾਲ, ਗੁਰਮਤਿ ਰਹਿਤ ਰਹਿਣੀ, ਮਿੱਠ ਬੋਲੜੇ, ਪਰ-ਉਪਕਾਰੀ ਤੇ ਮਿਲਾਪੜੇ ਸੁਭਾਅ ਕਰਕੇ ਹਰ ਥਾਂ ਗੁਰਸਿੱਖੀ ਦੀ ਖੁਸ਼ਬੋ ਫੈਲਾਈ।
2) ਪਿੰਡਾਂ ਵਿਚ ਭੇਟਾ ਰਹਿਤ ਸ੍ਰੀ ਅਖੰਡ ਪਾਠ ਅਤੇ ਕੀਰਤਨ ਰੈਣ ਸਬਾਈ ਕਰਕੇ, ਸੰਤ ਸਾਧਾਂ ਵਲੋਂ ਕੱਚੀਆਂ ਬਾਣੀਆਂ ਦੇ ਕੀਰਤਨ ਦੀ ਪਿਰਤ ਉਲਟ, ਸੰਗਤਾਂ ਨੂੰ ਨਿਰੋਲ ਗੁਰਬਾਣੀ ਦੇ ਕੀਰਤਨ ਦੇ ਲੜ ਲਾਇਆ। ਅਨੇਕਾਂ ਪ੍ਰਾਣੀਆਂ ਅਤੇ ਬੱਚਿਆਂ ਨੂੰ ਗੁਰਮਤਿ ਦੇ ਪਾਂਧੀ ਬਣਾਇਆ ਅਤੇ ਗੁਰਮਤਿ ਪ੍ਰਚਾਰ ਦੀ ਲਹਿਰ ਨੂੰ ਪ੍ਰਚੰਡ ਕੀਤਾ।
3) ਪਿੰਡਾਂ ਦੇ ਸਾਰੇ ਧੜਿਆਂ ਨੂੰ ਲੈ ਕੇ ਕਈ ਸਕੂਲਾਂ ਦੀ ਇਮਾਰਤਾਂ ਤਿਆਰ ਕਰਵਾਈਆਂ। ਉੱਥੇ ਸਫਾਈ ਅਤੇ ਸਾਂਭ ਸੰਭਾਲ ਦਾ ਪੂਰਾ ਧਿਆਨ ਰੱਖਿਆ। ਫੁੱਲ ਬੂਟੇ ਲਗਾ ਕੇ ਵਾਤਾਵਰਣ ਨੂੰ ਸੁੰਦਰ ਅਤੇ ਪ੍ਰਦੂਸ਼ਨ ਮੁਕਤ ਬਣਾਇਆ।
4) ਆਪ ਜੀ ਦੀ ਵਲੋਂ ਡਿਸਪਲਿਨ ਵਿਚ ਰਹਿ ਕੇ ਬੱਚਿਆਂ ਨੂੰ ਲਗਨ ਨਾਲ ਕਰਾਈ ਮਿਹਨਤ ਕਾਰਨ ਸਕੂਲ ਦੇ ਨਤੀਜੇ ਹਮੇਸ਼ਾਂ ਅੱਛੇ ਆਉਂਦੇ ਰਹੇ ਅਤੇ ਕੁਝ ਬੱਚਿਆਂ ਨੇ ਵਜੀਫੇ ਵੀ ਹਾਸਿਲ ਕੀਤਾਂ। ਆਪ ਲੋਕਾਂ ਵਿਚ ਇਤਨੇ ਹਰਮਨ ਪਿਆਰੇ ਸਨ ਕਿ ਆਪ ਦੀ ਤਬਦੀਲੀ ਹੋਣ ਤੇ ਪਿੰਡ ਦੀਆਂ ਪੰਚਾਇਤਾਂ ਅਤੇ ਪਤਵੰਤੇ ਡੈਪੂਟੇਸ਼ਨ ਲੈ ਕੇ ਉੱਚ ਅਧਿਕਾਰੀਆਂ ਕੋਲ ਜਾ ਕੇ ਬਦਲੀ ਰੁਕਵਾਉਣ ਲਈ ਮਿਲਦੇ ਰਹੇ ਹਨ। ਵਿਦਿਆ ਵਿਭਾਗ ਦੇ ਉੱਚ ਅਧਿਕਾਰੀ ਆਪ ਦੇ ਕੰਮ ਤੋਂ ਹਮੇਸ਼ਾਂ ਖੁਸ਼ ਰਹਿੰਦੇ ਸਨ ਤੇ ਦੂਸਰੇ ਅਧਿਆਪਕਾ ਨੂੰ ਵੀ ਆਪ ਦੀ ਮਿਸਾਲ ਦਿੰਦੇ ਸਨ।
5) ਨੌਕਰੀ ਦੌਰਾਨ ਵੱਖ-ਵੱਖ ਪਿੰਡਾਂ ਦੇ ਗੁਰਦੁਆਰਿਆਂ ਦੀਆਂ ਇਮਾਰਤਾਂ ਦੀ ਉਸਾਰੀ, ਸੇਵਾ ਸੰਭਾਲ, ਗੁਰਮਤਿ ਰਹਿਤ ਮਰਿਯਾਦਾ ਲਾਗੂ ਕਰਨ ਦੇ ਨਾਲ-ਨਾਲ, ਸਵੇਰੇ ਸ਼ਾਮ ਸੰਗਤਾਂ ਨੂੰ ਪ੍ਰੇਰ ਕੇ ਦੀਵਾਨ ਵੀ ਸਜਾਉਂਦੇ ਰਹੇ ਤੇ ਕਥਾ ਕੀਰਤਨ ਨਾਲ ਸੰਗਤਾਂ ਨੂੰ ਗੁਰਮਤਿ ਨਾਲ ਜੋੜਦੇ ਰਹੇ। ਪਿੰਡ ਦੇ ਲੋਕਾਂ ਦੇ ਆਪਸੀ ਝਗੜੇ ਵੀ ਆਪਣੀ ਸੂਝ-ਬੂਝ ਨਾਲ ਨਿਪਟਾ ਦੇਂਦੇ ਸਨ। ਆਪ ਜੀ ਦਾ ਇਤਨਾ ਸਤਿਕਾਰ ਸੀ ਕਿ ਕੋਈ ਵੀ ਵੱਡਾ ਤੋਂ ਵੱਡਾ ਆਦਮੀ ਆਪ ਦਾ ਕਹਿਣਾ ਨਹੀਂ ਸੀ ਮੋੜਦਾ।

ਇਸ ਸਮੇਂ ਦੌਰਾਨ ਆਪ ਜਿੱਥੇ ਕੇਂਦਰੀ ਸਮਾਗਮਾਂ/ਰੈਣ ਸਬਾਈਆਂ ਅਤੇ ਸ੍ਰੀ ਅਖੰਡ ਪਾਠ ਸਮਾਗਮਾਂ ਦੇ ਲਾਹੇ ਲੈਂਦੇ ਰਹੇ ਅਤੇ ਸਮੇਂ-ਸਮੇਂ ਭਾਈ ਸਾਹਿਬ ਜੀ ਦੇ ਵੀ ਦਰਸ਼ਨ ਕਰਦੇ ਰਹੇ, ਉੱਥੇ ਆਪਣੇ ਇਲਾਕੇ ਵਿਚ ਵੀ ਜਥੇ ਦੇ ਸਿੰਘਾਂ ਖਾਸ ਕਰ ਅਖੰਡ ਪਾਠੀਆਂ/ਕੀਰਤਨੀਆਂ ਨੂੰ ਬੁਲਾ ਕੇ ਸ੍ਰੀ ਅਖੰਡ ਪਾਠ ਸਾਹਿਬ ਅਤੇ ਰੈਣ ਸਬਾਈ ਕੀਰਤਨ ਕਰਵਾਉਂਦੇ ਰਹੇ। ਪਿੰਡ ਸਾਲਾਰਪੁਰ, ਛਾਪਾ, ਕੁਰਡ ਆਦਿ ਪਿੰਡਾਂ ਵਿਚ ਅਜਿਹੇ ਸਮਾਗਮ ਹੋਣ ਤੋਂ ਬਾਅਦ ਸਾਰੇ ਇਲਾਕੇ ਵਿਚ ਰੈਣ-ਸਬਾਈ ਕੀਰਤਨ ਹੋਣੇ ਆਰੰਭ ਹੋ ਗਏ। ਇਸੇ ਤਰ੍ਹਾਂ ਇਕ ਰੈਣ ਸਬਾਈ ਕੀਰਤਨ ਸਮਾਗਮ ਗੁਰਦੁਆਰਾ ਜੰਡਸਰ ਸਾਹਿਬ ਪਾਤਸ਼ਾਹੀ ਛੇਵੀਂ ਮਿਤੀ 24 ਮਾਰਚ 1959 ਨੂੰ ਹੋਇਆ, ਜਿਸ ਵਿਚ ਮਾਸਟਰ ਜੋਗਿੰਦਰ ਸਿੰਘ ਜੀ ਬੜੂੰਦੀ ਦੀ ਪ੍ਰੇਰਨਾ ਤੇ ਸੰਗਰੂਰ, ਬਰਨਾਲੇ ਅਤੇ ਲੁਧਿਆਣੇ ਜ਼ਿਲ੍ਹੇ ਦੇ ਪਿੰਡਾਂ ਵਿਚ ਹਰ ਮਹੀਨੇ ਇਕ ਰੈਣ ਸਬਾਈ ਕੀਰਤਨ ਸਮਾਗਮ ਕਰਨ ਦਾ ਫੈਸਲਾ ਕੀਤਾ ਗਿਆ ਅਤੇ ਉਸ ਦੇ ਪ੍ਰਬੰਧ ਦੀ ਸੇਵਾ ਆਪ ਦੇ ਜ਼ਿਮੇਂ ਲਾਈ ਗਈ ਜੋ ਆਪ ਜੀ ਨੇ ਤਕਰੀਬਨ 23 ਸਾਲ ਕੈਨੇਡਾ ਜਾਣ ਤਾਈਂ ਨਿਬਾਹੀ। ਪਿਛੋਂ ਇਹ ਸੇਵਾ ਮਾਸਟਰ ਸਤਵੰਤ ਸਿੰਘ ਜੀ ਪੱਕੇਦਾਰ ਨੂੰ ਸੌਂਪੀ ਗਈ ਜੋ ਉਨ੍ਹਾਂ ਨੇ ਵੀ ਕਾਫੀ ਲੰਬਾ ਸਮਾਂ ਨਿਬਾਹੀ। ਇਸ ਨਾਲ ਇੰਨ੍ਹਾਂ ਪੇਂਡੂ ਇਲਾਕਿਆਂ ਵਿਚ ਗੁਰਮਤਿ ਦਾ ਬਹੁਤ ਪ੍ਰਚਾਰ ਹੋਇਆ ਅਤੇ ਅਨੇਕਾ ਪ੍ਰਾਣੀ ਅੰਮ੍ਰਿਤ ਛੱਕ ਕੇ ਗੁਰੂ ਦੇ ਲੜ ਲੱਗੇ। ਆਪਣੇ ਪਿੰਡ ਦੇ


www.AKJ.Org

ਨੇੜੇ ਨੌਕਰੀ ਕਰਨ ਵੇਲੇ ਪਿੰਡ ਵਿਚ ਸਮਾਜਿਕ ਭਲੇ ਦੇ ਕੰਮ ਵੀ ਕਰਦੇ ਰਹੇ। ਪਿੰਡ ਵਿਚ ਬਣੀ ਕੋ-ਆਪਰੇਟਿਵ ਸੁਸਾਇਟੀ, ਜੋ ਆਪ ਜੀ ਨੇ ਆਰੰਭ ਕੀਤੀ ਸੀ, ਉਸ ਦੇ ਸੈਕਟਰੀ ਦੀ ਸੇਵਾ ਵੀ ਕਈ ਸਾਲ ਇਮਾਨਦਾਰੀ, ਦਿਆਨਦਾਰੀ ਅਤੇ ਧੜੇਬਾਜ਼ੀ ਤੋਂ ਉਪਰ ਉੱਠ ਕੇ ਕੀਤੀ। ਆਪ ਜੀ ਨੇ ਸੰਨ 1969 ਵਿਚ ਸ੍ਰੀ ਨਨਕਾਣਾ ਸਾਹਿਬ, ਫਿਰ ਹਜ਼ੂਰ ਸਾਹਿਬ, ਪਟਨਾ ਸਾਹਿਬ, ਸ੍ਰੀ ਹੇਮਕੁੰਟ ਸਾਹਿਬ ਅਤੇ ਇਤਿਹਾਸਕ ਸਥਾਨਾਂ ਦੀ ਯਾਤਰਾ ਵੀ ਪ੍ਰੀਵਾਰਕ ਮੈਂਬਰਾਂ ਤੇ ਸੰਗਤਾਂ ਨਾਲ ਕੀਤੀ।

ਸੰਨ 1980 ਦੇ ਨੇੜੇ ਤੇੜੇ ਆਪ ਦਾ ਵੱਡਾ ਭੁਜੰਗੀ ਆਨੰਦ ਕਾਰਜ ਦੇ ਸਿਲਸਿਲੇ ਵਿਚ ਕੈਨੇਡਾ ਚਲਾ ਗਿਆ। ਪਿਛੋਂ ਆਪ ਜੀ ਦੀ ਵੀ ਪ੍ਰੀਵਾਰ ਸਮੇਤ ਤਿਆਰੀ ਹੋ ਗਈ ਅਤੇ ਆਪ 31 ਮਈ 1981 ਨੂੰ ਸੇਵਾ ਕਾਲ ਪੂਰਾ ਹੋਣ ਤੋਂ ਪਹਿਲਾਂ ਹੀ ਸੇਵਾ ਮੁਕਤੀ ਲੈ ਕੇ 19 ਮਾਰਚ 1982 ਨੂੰ ਕੈਨੇਡਾ ਚਲੇ ਗਏ। ਆਪ ਜੀ ਦੇ ਤਿੰਨੇ ਸਪੁੱਤਰ ਅਤੇ ਨੂੰਹਾਂ ਤਾਂ ਕੰਮ ਕਰਦੀਆਂ ਸਨ ਤੇ ਆਪ ਸਿੰਘਣੀ ਸਮੇਤ ਕੁਝ ਚਿਰ ਬੱਚਿਆਂ ਦੀ ਸੇਵਾ ਸੰਭਾਲ ਕਰਦੇ ਰਹੇ। ਉਸ ਵੇਲੇ ਕੈਨੇਡਾ ਵਿਚ ਹਫਤਾਵਾਰੀ ਅੰਮ੍ਰਿਤ ਵੇਲੇ ਨਾਮ ਅਭਿਆਸ, ਨਿਤਨੇਮ ਅਤੇ ਕੀਰਤਨ ਸਮਾਗਮ, ਹਰ ਐਤਵਾਰ ਨੂੰ ਘਰਾਂ ਵਿਚ ਹੀ ਹੁੰਦੇ ਸਨ, ਜਿਨ੍ਹਾਂ ਦਾ ਸੰਚਾਲਨ ਫੋਨ ਰਾਹੀਂ ਕੀਤਾ ਜਾਂਦਾ ਸੀ ਤੇ ਆਪ ਜੀ ਇਨ੍ਹਾਂ ਸਮਾਗਮਾਂ ਦੇ ਲਾਹੇ ਲੈਣ ਲਗ ਪਏ। ਕੁਝ ਚਿਰ ਬਾਅਦ ਆਪ ਜੀ ਦੇ ਭਾਰਤ ਵਿਚ ਰਹਿੰਦਿਆਂ ਹੋਏ ਤਜ਼ਰਬੇ ਨੂੰ ਮੁੱਖ ਰੱਖ ਕੇ ਸ. ਸੁਰਜੀਤ ਸਿੰਘ ਗਿੱਲ ਪਿੰਡ ਸੁਧਾਰ ਜੋ ਮਾਸਟਰ ਜੁਗਿੰਦਰ ਸਿੰਘ ਜੀ ਬੜੂੰਦੀ ਦੇ ਵਿਦਿਆਰਥੀ ਰਹੇ ਹਨ ਨੇ ਸੰਗਤਾਂ ਨੂੰ ਸਮਾਗਮ ਦਾ ਐਡਰੈਸ ਅਤੇ ਫ਼ੋਨ ਨੰਬਰ ਸੂਚਿਤ ਕਰਨ ਦੀ ਸੇਵਾ ਆਪ ਜੀ ਦੀ ਲਗਾ ਦਿੱਤੀ। ਜੇ ਕਿਸੇ ਸਿੰਘ ਦੇ ਘਰ ਸ੍ਰੀ ਅਖੰਡ ਪਾਠ ਸਮਾਗਮ ਹੋਣਾ ਤਾਂ ਉਸ ਦਾ ਪ੍ਰਬੰਧ ਅਤੇ ਸ੍ਰੀ ਅਖੰਡ ਪਾਠ ਦੀ ਸੇਵਾ ਆਪ ਨੇ ਉਸ ਘਰ ਵਿਚ ਰਹਿ ਕੇ ਨਿਬਾਹੁਣੀ। ਫਿਰ ਆਪ ਨੇ ਹਰ ਸ਼ਨੀਵਾਰ ਅਤੇ ਐਤਵਾਰ ਦੋ ਵਜੇ ਤੋਂ 6 ਵਜੇ ਤੱਕ ਚਾਰ ਘੰਟੇ ਗੁਰਬਾਣੀ ਦੀ ਸੰਥਿਆ ਦੇਣ ਦੀ ਸੇਵਾ ਆਰੰਭ ਕਰ ਦਿੱਤੀ। ਇਸ ਵਿਚ ਬੱਚਿਆਂ ਨੂੰ ਪੰਜਾਬੀ ਪੜ੍ਹਣੀ, ਲਿਖਣੀ ਅਤੇ ਗੁਰਬਾਣੀ ਦੇ ਸ਼ੁੱਧ ਪਾਠ ਦੀ ਸੰਥਿਆ ਦਿੱਤੀ ਜਾਂਦੀ ਸੀ ਜਿਸ ਲਈ ਛੋਟੇ ਅਤੇ ਵੱਡੇ ਬੱਚਿਆਂ ਦੇ ਦੋ ਗਰੁੱਪ ਬਣਾਏ ਜਾਂਦੇ ਸਨ। ਆਪ ਜੀ ਦਾ ਛੋਟੇ ਬੱਚਿਆਂ ਨੂੰ 31 ਸਾਲ ਪੜਾਉਣ ਦਾ ਤਜਰਬਾ ਇਥੇ ਬੜਾ ਰਾਸ ਆਇਆ ਤੇ ਛੋਟੇ ਬੱਚੇ ਥੋੜ੍ਹੇ ਹੀ ਸਮੇਂ ਵਿਚ ਗੁਰਮੁਖੀ ਭਾਸ਼ਾ ਅਤੇ ਗੁਰਬਾਣੀ ਪੜ੍ਹਣੀ ਸਿੱਖਣ ਲੱਗ ਪਏ।

ਜੂਨ, ਜੁਲਾਈ 1982 ਦੇ ਮਹੀਨੇ ਪ੍ਰੀਵਾਰਕ ਮੈਂਬਰਾਂ ਨੇ ਬਿਲੂ ਬੈਰੀ ਫਾਰਮ ਤੇ ਜਾ ਕੇ ਬੈਰੀ ਤੋੜਦੇ ਪਿੱਕਰਾਂ ਨੂੰ ਦੇਖ ਕੇ ਆਉਣ ਦਾ ਪ੍ਰੋਗਰਾਮ ਬਣਾਇਆ ਅਤੇ ਆਪ ਵੀ ਉਨ੍ਹਾਂ ਨਾਲ ਤਿਆਰ ਹੋ ਗਏ। ਉੱਥੇ ਜਾ ਕੇ ਪੰਜਾਬੀ ਭੈਣ ਭਰਾਵਾਂ ਤੇ ਬ੍ਰਿਧ ਅਵਸਥਾ ਵਿਚ ਕੰਮ ਕਰਦੇ ਬਜ਼ੁਰਗਾਂ ਨੂੰ ਦੇਖ ਕੇ ਆਪ ਵੀ ਇਹ ਕੰਮ ਕਰਨ ਲਈ ਪ੍ਰੇਰੇ ਗਏ। ਬੱਚਿਆਂ ਦੇ ਮਨ੍ਹਾ ਕਰਨ ਤੇ ਵੀ ਆਪਣੀ ਸ੍ਵੈ ਇੱਛਾ ਅਨੁਸਾਰ ਇਹ ਕ੍ਰਿਤ ਕਰਨੀ ਸ਼ੁਰੂ ਕਰ ਦਿੱਤੀ। ਉਥੇ ਕੰਮ ਕਰਨ ਵੇਲੇ ਲੋਕਾਂ ਨਾਲ ਗੱਲਾ ਕਰਨ ਦੀ ਬਜਾਏ ਆਪ ਨੇ ਨਾਮ ਬਾਣੀ ਦਾ ਜਾਪ ਅਤੇ ਸ੍ਰੀ ਸੁਖਮਨੀ ਸਾਹਿਬ ਜੀ ਦਾ ਪਾਠ ਕਰਦੇ ਰਹਿਣਾ। ਫਾਰਮ ਤੇ ਆਉਣ ਜਾਣ ਵੇਲੇ ਟਰੱਕਾਂ ਵਿਚ ਬੈਠੇ ਹੋਰ ਪੰਜਾਬੀ ਵੀਰਾਂ ਭੈਣਾਂ ਨੇ ਵੀ ਆਪ ਨਾਲ ਸ੍ਰੀ ਸੁਖਮਨੀ ਸਾਹਿਬ ਅਤੇ ਸੋਦਰੁ ਦੇ ਪਾਠ ਰਲ ਮਿਲ ਕੇ ਕਰਨੇ ਅਰੰਭ ਕਰ ਦਿੱਤੇ। ਉਸ ਵੇਲੇ ਕਈਆਂ ਤੇ ਗੁਰਬਾਣੀ ਦੀ ਪਾਰਸ ਕਲਾ ਵਰਤੀ ਅਤੇ ਉਹ ਸਮਾਗਮਾਂ ਤੇ ਆ ਕੇ ਨਾਮ ਬਾਣੀ ਦੇ ਲਾਹੇ ਵੀ ਲੈਣ ਲਗ ਪਏ। ਇਕ ਦਿਨ ਫਾਰਮ ਦੀ ਮਾਲਕਣ ਬੀਬੀ ਵੀ ਜਦੋਂ ਪਿਕਰਾਂ ਦਾ ਕੰਮ ਕਾਜ ਦੇਖਣ ਆਈ ਤੇ ਉਹ ਵੀ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਸੁਣ ਕੇ ਬੜਾ ਚਿਰ ਅੱਖਾ ਮੀਟ ਕੇ ਅਨੰਦ ਮਾਣਦੀ ਰਹੀ। ਆਪ ਪਾਠ ਵਿਚ ਇਤਨੇ ਮਗਨ ਸੀ ਕਿ ਆਪ ਨੂੰ ਕੁਝ ਵੀ ਪਤਾ ਨਹੀਂ ਲੱਗਾ ਕਿ ਕੌਣ ਆਇਆ ਹੈ? ਉਹ ਬੀਬੀ ਦੂਸਰੇ ਦਿਨ ਫਿਰ ਆਪ ਜੀ ਦੇ ਦਰਸ਼ਨ ਕਰਨ ਆਈ ਅਤੇ ਨੇੜੇ ਆ ਕੇ ਕਿਹਾ ਕਿ ਤੁਸੀਂ ਮੇਰਾ ਫਾਰਮ ਪਵਿੱਤਰ ਕਰ ਦਿੱਤਾ ਹੈ ਤੇ ਆਲੇ ਦੁਆਲੇ ਦਾ ਵਾਯੂ ਮੰਡਲ ਹੀ ਸਚਖੰਡ ਬਣਿਆ ਜਾਪਦਾ ਹੈ। ਫਿਰ ਉੱਥੇ ਕੰਮ ਕਰਦੇ ਸਿੱਖ ਵੀਰਾਂ ਅਤੇ ਭੈਣਾਂ ਦੀ ਮੰਗ ਤੇ ਆਪ ਜੀ ਨੇ ਨਿਤਨੇਮ, ਸ੍ਰੀ ਸੁਖਮਨੀ ਸਾਹਿਬ



www.AKJ.Org

ਜੀ ਦੇ ਪਾਠ ਦੀ ਰੀਕਾਰਡਿੰਗ ਕਰਕੇ ਰੀਲਾਂ ਤਿਆਰ ਕਰਵਾਈਆਂ ਤੇ ਬਿਨ੍ਹਾਂ ਕੋਈ ਪੈਸਾ ਲਏ ਉਹ ਰੀਲਾਂ ਮੁਫ਼ਤ ਵੰਡੀਆਂ ਜਿਸ ਨਾਲ ਉਹ ਘਰਾਂ ਵਿਚ ਅਤੇ ਕੰਮ ਕਰਦੇ ਸਮੇਂ ਨਾਮ ਬਾਣੀ ਨਾਲ ਜੁੜਨ ਲਗ ਪਏ। ਉਸੇ ਫਾਰਮ ਵਿਚ ਇਕ ਅੰਮ੍ਰਿਤਧਾਰੀ ਬੀਬੀ ਗਾਤਰਾ ਕ੍ਰਿਪਾਨ ਪਹਿਨਦੀ ਸੀ, ਪ੍ਰੰਤੂ ਕੰਨਾਂ ਵਿਚ ਕਾਂਟੇ ਆਦਿ ਵੀ ਪਾਉਂਦੀ ਸੀ। ਉਸ ਨੂੰ ਪ੍ਰੇਰਨਾ ਦੇ ਕੇ ਇਹ ਨੱਕ ਵਿੰਨਣ, ਕੰਨ ਛੇਦਣ ਤੇ ਗਹਿਣੇ ਆਦਿ ਪਹਿਨਣ ਦੀ ਮਨ ਮਤਿ ਤੋਂ ਮੁਕਤ ਕਰਾਇਆ ਤੇ ਗੁਰਮਤਿ ਮਾਰਗ ਦੀ ਸੋਝੀ ਦਿੱਤੀ। ਬਾਅਦ ਵਿਚ ਇੰਨ੍ਹਾਂ ਦੀ ਸਿੰਘਣੀ ਬੀਬੀ ਹਰਜੀਤ ਕੌਰ ਵੀ ਜਾ ਕੇ ਫਾਰਮ ਤੇ ਕੰਮ ਕਰਨ ਲਗ ਪਈ ਜੋ ਇੰਨ੍ਹਾਂ ਨਾਲੋਂ ਕੰਮ ਵਿਚ ਕਾਫੀ ਫੁਰਤੀਲੀ ਸੀ। ਇਸ ਦੌਰਾਨ ਕੁਝ ਨਵੇਂ ਵਰਕਰ ਆਏ ਤੇ ਆਪ ਵੱਲ ਦੇਖ ਕੇ ਕਹਿਣ ਲੱਗੇ ਕਿ ਇਹ ਭਾਈ ਇੱਥੋਂ ਕਿਉਂ ਮਿੱਟੀ ਘੱਟਾ ਫੱਕਦਾ ਹੈ? ਕਿਸੇ ਗੁਰਦੁਆਰੇ ਵਿਚ ਰਹਿ ਕੇ ਪਾਠ ਅਤੇ ਕੀਰਤਨ ਵਗੈਰਾ ਕਰਕੇ ਜ਼ਿਆਦਾ ਡਾਲਰ ਕਮਾ ਸਕਦਾ ਹੈ ਤਾਂ ਇੰਨ੍ਹਾਂ ਦੇ ਇਕ ਸਾਥੀ ਨੇ ਕਿਹਾ ਕਿ ਭਾਈ ਇਹ ਤਾਂ ਆਪਣਾ ਦਸਵੰਧ ਕੱਢ ਕੇ ਪਿੰਡ ਵਿਚ ਸ਼ੁਰੂ ਕੀਤੀ ਵਜ਼ੀਫਾ ਸਕੀਮ ਰਾਹੀ ਬੱਚਿਆ ਨੂੰ ਗੁਰਬਾਣੀ ਨਾਲ ਜੋੜਦਾ ਹੈ ਅਤੇ ਪੂਜਾ ਦਾ ਧਾਨ ਖਾਣਾ ਜ਼ਹਿਰ ਸਮਝਦਾ ਹੈ। ਇਹ ਜੋ ਇੱਥੇ ਕਮਾਉਂਦਾ ਹੈ ਉਹ ਸਾਰਾ ਧਰਮ ਪ੍ਰਚਾਰ ਤੇ ਖਰਚ ਕਰ ਦੇਂਦਾ ਹੈ।

ਸਤੰਬਰ 1986 ਵਿਚ ਭਾਈ ਜੀਵਨ ਸਿੰਘ ਜੀ ਦੀ ਪ੍ਰੇਰਨਾ ਨਾਲ ਭਾਈ ਰਿਪੁਦਮਨ ਸਿੰਘ ਮਲਿਕ ਅਤੇ ਭੁਜੰਗੀ ਬਲਵੰਤ ਸਿੰਘ ਪੰਧੇਰ ਨੇ ਖਾਲਸਾ ਸਕੂਲ ਖੋਲਣ ਦੀ ਸਕੀਮ ਬਣਾਈ ਜਿਸ ਵਿਚ ਆਪ ਜੀ ਨੂੰ ਪਹਿਲੇ ਪੰਜਾਬੀ ਅਧਿਆਪਕ ਲਾਇਆ ਗਿਆ। ਆਪ ਜੀ ਨੇ ਫਾਰਮ ਦੀ ਨੌਕਰੀ ਛੱਡ ਦਿੱਤੀ ਤੇ ਮੁੜ ਪੁਰਾਣੇ ਅਧਿਆਪਕ ਦੇ ਕਿੱਤੇ ਨਾਲ ਜੁੜ ਗਏ। ਸਕੂਲ ਆਰੰਭ ਕਰਨ ਤੋਂ ਪਹਿਲਾਂ ਸ੍ਰੀ ਅਖੰਡ ਪਾਠ ਆਰੰਭ ਕੀਤੇ ਗਏ, ਜਿਸ ਦੇ ਪ੍ਰਬੰਧ ਦੀ ਸਾਰੀ ਸੇਵਾ ਆਪ ਨੂੰ ਸੌਂਪੀ ਗਈ। ਅਰਦਾਸਾ ਭਾਈ ਜੀਵਨ ਸਿੰਘ ਜੀ ਨੇ ਸੋਧਿਆ ਸੀ ਅਤੇ ਹੁਕਮਨਾਮੇ ਦੀ ਸੇਵਾ ਆਪ ਜੀ ਨੇ ਕੀਤੀ। ਇੱਥੇ ਅਧਿਆਪਕ ਦੀ ਸੇਵਾ ਆਪ ਜੀ ਨੇ ਬਿਨਾ ਤਨਖਾਹ ਲਏ, ਨਿਸ਼ਕਾਮ ਅਤੇ ਨਿਰਬਾਣ ਰਹਿ ਕੇ ਨਿਭਾਈ। ਪੰਜਾਬੀ ਅਧਿਆਪਕ ਦਾ ਕੰਮ ਛੱਡ ਕੇ, ਆਪ ਨੇ ਧਾਰਮਿਕ ਵਿਦਿਆ ਦੀ ਸੇਵਾ ਵੀ ਕਈ ਸਾਲ ਨਿਭਾਹੀ। ਇਹ ਸਕੂਲ ਹੁਣ ਤਾਈਂ ਚੜਦੀਆਂ ਕਲਾ ਵਿਚ ਚਲ ਰਿਹਾ ਹੈ ਅਤੇ ਸਰੀ (ਵੈਨਕੋਵਰ) ਦੇ ਸਿਰ ਕੱਢ ਸਕੂਲਾਂ ਵਿਚੋਂ ਇੱਕ ਹੈ। ਇਸ ਸਮੇਂ ਹੀ ਸਿੱਖਾਂ ਦਾ ਆਪਣਾ ਬੈਂਕ, ਖ਼ਾਲਸਾ ਕਰੈਡਿਟ ਸ਼ੁਰੂ ਕੀਤਾ ਗਿਆ, ਜਿਸ ਵਿਚ ਆਪ ਨੇ ਸਖ਼ਤ ਮਿਹਨਤ ਕਰਕੇ ਬਹੁਤ ਸਾਰੇ ਮੈਂਬਰ ਬਣਾਏ। ਕਈ ਮੁਸ਼ਕਲਾਂ ਦੇ ਬਾਵਜੂਦ ਇਹ ਅਦਾਰਾ ਵੀ ਤਰੱਕੀ ਦੀਆਂ ਬੁਲੰਦੀਆਂ ਨੂੰ ਛੂਹ ਰਿਹਾ ਹੈ।

ਮਿਤੀ 30 ਜੂਨ 1993 ਨੂੰ ਬ੍ਰਿਟਿਸ਼ ਕੋਲੰਬੀਆ ਸੁਸਾਇਟੀ ਐਕਟ ਦੇ ਅਧੀਨ ਅਖੰਡ ਕੀਰਤਨੀ ਜਥੇ ਨੂੰ ਰਜਿਸਟਰਡ ਕਰਵਾ ਕੇ ਪੰਜ ਸਿੰਘਾਂ ਦੀ ਸਰਪ੍ਰਸਤੀ ਹੇਠ ਜਥੇ ਦੀ ਸਥਾਪਨਾ ਕੀਤੀ। ਇਸ ਤੋਂ ਬਾਅਦ ਵੈਸਾਖੀ ਦੇ ਪੁਰਬ ਸਮੇਂ ਭਾਈ ਸਾਹਿਬ ਜੀ ਦੀ ਯਾਦ ਨੂੰ ਸਮਰਪਿਤ ਵੈਨਕੋਵਰ ਦੇ ਵੱਡੇ ਗੁਰਦੁਆਰੇ ਰੈਣ ਸਬਾਈ ਕੀਰਤਨ ਅਤੇ ਇਸ ਤੋਂ ਪਹਿਲਾਂ ਇਕ ਹਫਤਾ ਗੁਰਸਿੱਖਾਂ ਦੇ ਘਰਾਂ ਵਿਚ ਸਵੇਰੇ ਸ਼ਾਮ ਦੇ ਕੀਰਤਨ ਰੱਖ ਕੇ ਸਾਲਾਨਾ ਸਮਾਗਮ ਦੀ ਆਰੰਭਤਾ ਕੀਤੀ ਗਈ। ਭਾਈ ਸਾਹਿਬ ਜੀ ਦੀ ਸੌ ਸਾਲਾ ਜਨਮ ਸ਼ਤਾਬਦੀ ਜੁਲਾਈ 1978 ਵਿਚ ਸੰਸਾਰ ਪੱਧਰ ਤੇ ਮਨਾਈ ਗਈ ਸੀ। ਟਰਾਂਟੋਂ (ਕੈਨੇਡਾ) ਵਿਖੇ ਉਦੋਂ ਤੋਂ ਹਰ ਸਾਲ ਭਾਈ ਸਾਹਿਬ ਜੀ ਦਾ ਜਨਮ ਦਿਹਾੜਾ ਜੁਲਾਈ ਦੇ ਪਹਿਲੇ ਹਫਤੇ ਸਾਲਾਨਾ ਸਮਾਗਮ ਤੌਰ ਤੇ ਮਨਾਇਆ ਜਾਂਦਾ ਹੈ। ਕੈਨੇਡਾ ਆ ਕੇ ਆਪ ਵੀ ਸਰੀ ਨਿਵਾਸੀ ਹੋਰ ਸਿੰਘਾਂ ਨਾਲ ਇਸ ਸਮਾਗਮ ਦੀ ਟਰਾਂਟੋ ਜਾ ਕੇ ਹਾਜ਼ਰੀ ਭਰਦੇ ਰਹੇ। ਉਥੋਂ ਪ੍ਰੇਰਨਾ ਲੈ ਕੇ ਮਈ ਦੀ ਮਹੀਨੇ ਵੈਨਕੋਵਰ ਵਿਚ ਵੀ ਜਨਮ ਦਿਹਾੜੇ ਦੇ ਸੰਬੰਧ ਵਿਚ ਸਮਾਗਮ ਰੱਖਿਆ ਗਿਆ। ਮਈ 1992 ਨੂੰ ਬ੍ਰਿਟਿਸ਼ ਕੋਲੰਬੀਆ ਦੇ ਇਲਾਕੇ ਵਿਚ ਪਹਿਲਾ ਸਾਲਾਨਾ ਸਮਾਗਮ ਆਯੋਜਿਤ ਕੀਤਾ ਗਿਆ ਜੋ ਹੁਣ ਤਾਈਂ ਸਫਲਤਾ ਪੂਰਵਕ ਚੱਲ ਰਿਹਾ ਹੈ।

ਬਚਪਨ ਵਿਚ ਆਪ ਪੜ੍ਹਾਈ ਵਿਚ ਹੁਸ਼ਿਆਰ ਹੋਣ ਕਰਕੇ ਆਪ ਨੂੰ 4 ਰੁਪੈ ਮਹੀਨਾ ਵਜੀਫਾ ਮਿਲਿਆ ਸੀ, ਉਸ


www.AKJ.Org

ਸਮੇਂ ਹੋਈ ਖੁਸ਼ੀ ਨੂੰ ਯਾਦ ਕਰਦਿਆਂ ਆਪ ਦੇ ਮਨ ਵਿਚ ਵਿਚਾਰ ਆਇਆ ਕਿ ਛੋਟੇ ਗਰੀਬ ਬੱਚਿਆਂ ਦੀ ਖੁਸ਼ੀ ਲੈਣ ਲਈ ਬਾਬਾ ਜੋਰਾਵਰ ਸਿੰਘ ਫਤਹਿ ਸਿੰਘ ਜੀ ਦੀ ਯਾਦ ਵਿਚ ਵਜੀਫਾ ਸਕੀਮ ਸ਼ੁਰੂ ਕੀਤੀ ਜਾਵੇ। ਇਹ ਸਕੀਮ ਸੰਨ 1986 ਵਿਚ ਸ਼ੁਰੂ ਕੀਤੀ ਗਈ। ਆਪਣੀ ਸਰਕਾਰੀ ਮਿਲਦੀ ਪੈਨਸ਼ਨ ਨਾਲ ਸਭ ਤੋਂ ਪਹਿਲਾਂ ਫਰਵਾਲੀ ਪਿੰਡ ਦੇ ਸਕੂਲੀ ਬੱਚਿਆਂ ਨੂੰ ਇਸ ਸਕੀਮ ਅਧੀਨ ਲਿਆਂਦਾ ਗਿਆ। ਫਿਰ ਇਕ ਲੱਖ ਰੁਪਏ ਦੀ ਰਕਮ ਇਕੱਠੀ ਕਰਕੇ ਗੁਰਮਤਿ ਪ੍ਰਚਾਰ ਟਰੱਸਟ ਦੀ ਸਥਾਪਨਾ ਕੀਤੀ ਤੇ ਹਰ ਧਰਮ, ਨਸਲ ਜਾਤ ਦੇ ਬੱਚਿਆ ਨੂੰ ਇਸ ਅਧੀਨ ਲਿਆਂਦਾ ਗਿਆ। ਇਸ ਟਰੱਸਟ ਨੂੰ ਰਜਿਸਟਰਡ ਕਰਵਾ ਕੇ ਇਸ ਦੀ ਕਾਰਵਾਈ ਸੁਚੱਜੇ ਢੰਗ ਨਾਲ ਚਲਾਉਣ ਵਾਸਤੇ ਇਸ ਦੇ ਨਿਯਮ/ਉਪ ਨਿਯਮ ਬਣਾਏ ਗਏ। ਪਹਿਲਾ ਇਸ ਟਰੱਸਟ ਵਿਚ ਪੂੰਜੀ ਕੇਵਲ ਆਪਣੇ ਪ੍ਰੀਵਾਰ ਦੀ ਹੀ ਲਾਈ ਗਈ ਸੀ, ਫਿਰ ਭਾਈ ਜੀਵਨ ਸਿੰਘ ਜੀ ਦੇ ਪ੍ਰੇਰਨਾ ਤੇ ਇਸ ਸੇਵਾ ਨੂੰ ਸਮੁੱਚੀ ਕੌਮ ਦੇ ਸੇਵਾ ਸਮਝ ਕੇ ਆਮ ਸੰਗਤਾਂ ਤੋਂ ਵੀ ਮਾਇਆ ਪੁਆਉਣੀ ਸ਼ੁਰੂ ਕਰ ਦਿੱਤੀ। ਇਸ ਤਰ੍ਹਾਂ ਟਰੱਸਟ ਦੇ ਖਾਤੇ ਵਿਚ 45 ਲੱਖ ਰੁਪਏ ਇਕੱਠੇ ਹੋ ਗਏ। ਉਸ ਰਕਮ ਦੀਆਂ ਬੈਂਕ ਵਿਚ ਐੱਫ.ਡੀਆਂ ਬਣਾ ਦਿੱਤੀਆਂ ਗਈਆਂ ਜਿਸ ਦੇ ਵਿਆਜ ਨਾਲ ਬੱਚਿਆਂ ਨੂੰ ਵਜ਼ੀਫੇ, ਟਰਾਫੀਆਂ, ਤੇ ਸਾਲਾਨਾਂ ਇਨਾਮ ਵੰਡ ਸਮਾਗਮਾਂ 'ਤੇ ਖਰਚ ਕੀਤਾ ਜਾਂਦਾ ਰਿਹਾ ਹੈ। ਫਿਰ ਇਸ ਟਰੱਸਟ ਦਾ ਘੇਰਾ ਵਧਾ ਕੇ ਹੋਰ ਪਿੰਡਾਂ/ਕਸਬਿਆਂ ਵਿਚ ਇਸ ਦੀਆਂ 18 ਹੋਰ ਸ਼ਾਖਾਵਾਂ ਸਥਾਪਤ ਕੀਤੀਆਂ ਗਈਆਂ। ਵਜ਼ੀਫਿਆਂ ਲੈਣ ਵਾਲਿਆਂ ਲਈ ਇਕ ਸ਼ਰਤ ਸਕੂਲ/ਕਾਲਜ ਦਾ ਵਿਦਿਆਰਥੀ ਹੋਣਾ ਤੇ ਦੂਸਰਾ ਅੰਮ੍ਰਿਤਧਾਰੀ ਹੋਣਾ ਜ਼ਰੂਰੀ ਸੀ। ਇਕ ਪ੍ਰੀਖਿਆ ਲੜੀਦਾਰ ਸਰੂਪ ਤੋਂ ਪਾਠ ਦੀ ਵੀ ਲਈ ਜਾਂਦੀ ਸੀ ਤੇ ਦੂਸਰੀ ਕੀਰਤਨ ਵਿਚ ਪ੍ਰਬੀਨਤਾ ਦੀ ਲਈ ਜਾਂਦੀ ਸੀ ਤੇ ਨਾਲ ਹੀ ਗੁਰਮਤਿ ਸਮਾਗਮ ਵੀ ਕੀਤਾ ਜਾਂਦਾ ਸੀ। ਇਹ ਸੇਵਾ ਹੁਣ ਤਾਈਂ ਸਫਲਤਾ ਪੂਰਵਕ ਜਾਰੀ ਹੈ।

ਸੰਨ 2000 ਵਿਚ ਆਪ ਜੀ ਦਾ ਇਕ ਹੋਣਹਾਰ ਗੁਰਸਿਖ ਪੋਤਰਾ ਅਚਨਚੇਤ ਗੁਰੂ ਨੂੰ ਪਿਆਰਾ ਹੋ ਗਿਆ। ਇਸ ਵੇਲੇ ਸਾਰੇ ਪ੍ਰੀਵਾਰ ਨੇ ਨਾਮ ਬਾਣੀ ਦੇ ਆਸਰੇ ਬਿਖਮ ਭਾਣੇ ਨੂੰ ਮਿੱਠਾ ਕਰਕੇ ਮੰਨਿਆ। ਜਨਵਰੀ 2006 ਵਿਚ ਆਪ ਜੀ ਦੀ ਜੀਵਨ ਸਾਥਣ ਬੀਬੀ ਹਰਜੀਤ ਕੌਰ ਜੀ ਵੀ ਆਪ ਜੀ ਦਾ ਸਾਥ ਛੱਡ ਕੇ ਗੁਰੂ ਚਰਨਾਂ ਵਿਚ ਜਾ ਬਿਰਾਜੀ।

ਡਾ. ਗੁਰਨਾਮ ਸਿੰਘ ਜੀ ਮੁਖੀ ਗੁਰਮਤਿ ਸੰਗੀਤ ਭਵਨ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਸੰਨ 2006 ਵਿਚ ਕੈਨੇਡਾ ਫੇਰੀ ਵੇਲੇ, ਜਥੇ ਦੀ ਸਿੰਘਾਂ ਦੀ ਇਕੱਤਰਤਾ ਵਿਚ ਭਾਈ ਸਾਹਿਬ ਜੀ ਦੀ ਯਾਦ ਹਿੱਤ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਆਨ ਲਾਈਨ ਗੁਰਮਤਿ ਸੰਗੀਤ ਲਾਇਬਰੇਰੀ ਸਥਾਪਿਤ ਕਰਨ ਲਈ 20 ਲੱਖ ਰੁਪਏ ਇਕੱਠਾ ਕਰਨ ਦੀ ਅਪੀਲ ਕੀਤੀ ਗਈ। ਇਸ ਵਿਚ ਆਪ ਜੀ ਨੇ ਕਾਫੀ ਯੋਗਦਾਨ ਪਾਇਆ ਤੇ ਬਾਕੀ ਪ੍ਰੇਮੀ ਸੱਜਣਾ ਤੋਂ ਮਾਇਆ ਇਕੱਠੀ ਕਰਕੇ 20 ਲੱਖ ਰੁਪਏ 4 ਕਿਸ਼ਤਾ ਵਿਚ ਯੂਨੀਵਰਸਿਟੀ ਨੂੰ ਸੌਂਪ ਦਿੱਤੀ। ਇਸ ਲਾਇਬਰੇਰੀ ਦਾ 14 ਦਸੰਬਰ 2007 ਨੂੰ ਉਸ ਵੇਲੇ ਦੇ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਵਲੋਂ ਉਦਘਾਟਨ ਕੀਤਾ ਗਿਆ।

ਆਪ ਜੀ ਨੇ ਆਪਣੀ ਆਯੂ ਦੇ ਵਧੇਰੇ ਸਮੇਂ ਸਾਈਕਲ ਦੀ ਸਵਾਰੀ ਹੀ ਕੀਤੀ ਜਿਸ ਕਾਰਨ ਆਪ ਜੀ ਹਮੇਸ਼ਾਂ ਰਿਸ਼ਟ ਪੁਸ਼ਟ ਤੇ ਕਿਸੇ ਵੀ ਭਿਆਨਕ ਬੀਮਾਰੀ ਤੋਂ ਮੁਕਤ ਰਹੇ। ਅਖੀਰ ਵਡੇਰੀ ਆਯੂ ਕਾਰਨ ਹੋਈ ਸਰੀਰਕ ਕਮਜੋਰੀ ਤੇ ਬੁਢੇਪੇ ਕਾਰਨ ਕੁਝ ਦਿਨ ਹੀ ਬਿਸਤਰੇ ਤੇ ਪਏ ਪਰ ਯਾਦ-ਸ਼ਕਤੀ ਕਾਇਮ ਰਹੀ। ਆਪ ਜੀ ਦੀ ਸੁਰਤ ਅਖੀਰ ਵੇਲੇ ਤਾਈ ਗੁਰਬਾਣੀ ਅਤੇ ਨਾਮ ਦੀ ਅਖੰਡ ਧੁਨੀ ਵਿਚ ਜੁੜੀ ਰਹੀ। ਅਖੀਰ ਮਿਤੀ 21 ਅਕਤੂਬਰ 2020 ਨੂੰ ਇਹ ਅਣਥੱਕ ਸਮਾਜ ਸੇਵੀ ਨਾਮ ਰੰਗ ਰਤੜੀ ਰੂਹ ਆਪਣਾ ਜੀਵਨ ਸਫਲ ਕਰਦੀ ਹੋਈ ਗੁਰੂ ਚਰਨਾਂ ਵਿਚ ਜਾ ਬਿਰਾਜੀ।

ਨੋਟ-ਇਹ ਲੇਖ ਉਨ੍ਹਾਂ ਵੱਲੋਂ ਆਪਣੀ ਸ੍ਵੈ ਜੀਵਨੀ ਸੰਬੰਧੀ ਲਿਖੀ ਪੁਸਤਕ ਸਭਿ ਅਵਗਣ ਮੈ ਤੇ ਅਧਾਰਿਤ ਹੈ।



www.AKJ.Org

## ਅਧਿਆਇ ਤੀਜਾ
## (ਸੰਨ 1948 ਤੋਂ 1961 ਤਾਈਂ ਜਥੇ ਵਿਚ ਆਏ ਗੁਰਸਿੱਖ)

# ਡਾਕਟਰ ਦਰਸ਼ਨ ਸਿੰਘ ਜੀ ਲੁਧਿਆਣਾ

ਭਾਈ ਗੁਰਦੀਪ ਸਿੰਘ ਸ੍ਰੀ ਅੰਮ੍ਰਿਤਸਰ

ਸੋਨ ਚਿੜੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਕੀਰਤਨੀ ਸੰਗੀ ਸਾਥੀ, ਅਖੰਡ ਕੀਰਤਨੀ ਜਥੇ ਦੇ ਰੂਹੇ ਰਵਾਂ, ਫਸਲ ਵਿਗਿਆਨ ਦੇ ਮਾਹਰ, ਮਿੱਠ ਬੋਲੜੇ, ਸ਼ਾਂਤ ਸੁਭਾਅ ਦੇ ਮਾਲਕ, ਡਾਕਟਰ ਦਰਸ਼ਨ ਸਿੰਘ ਜੀ, ਜਿਨ੍ਹਾਂ ਨੂੰ ਸੰਗਤਾਂ ਸਤਿਕਾਰ ਨਾਲ ਤਾਇਆ ਜੀ ਕਹਿ ਕੇ ਬੁਲਾਉਂਦੀਆਂ ਸਨ, ਦਾ ਜਨਮ 19 ਮਾਰਚ 1921 ਨੂੰ ਮਾਸਟਰ ਸ਼ੇਰ ਸਿੰਘ ਜੀ ਅਤੇ ਮਾਤਾ ਬਲਵੰਤ ਕੌਰ ਜੀ ਦੇ ਘਰ, ਪਿੰਡ ਸਰਹਾਲੀ ਕਲਾਂ ਜ਼ਿਲ੍ਹਾ ਅੰਮ੍ਰਿਤਸਰ (ਹੁਣ ਤਰਨਤਾਰਨ) ਵਿੱਚ ਹੋਇਆ। ਇਨ੍ਹਾਂ ਦਾ ਜੱਦੀ ਪਿੰਡ ਪਨਾਮ ਤਹਿਸੀਲ ਗੜ੍ਹਸ਼ੰਕਰ ਜ਼ਿਲਾ ਹੁਸ਼ਿਆਰਪੁਰ ਸੀ, ਜਿੱਥੋਂ ਇਨ੍ਹਾਂ ਦੇ ਪੂਰਵਜ, ਜੋ ਖੇਤੀਬਾੜੀ ਦਾ ਕੰਮ ਕਰਦੇ ਸਨ, ਜ਼ਮੀਨ ਵੇਚ ਕੇ ਲਾਇਲਪੁਰ (ਪਾਕਿਸਤਾਨ) ਦੀ ਬਾਰ ਵਿੱਚ ਜਾ ਵਸੇ। ਦੇਸ਼ ਦੀ ਵੰਡ ਤੋਂ ਬਾਅਦ, ਫਿਰ ਇਨ੍ਹਾਂ ਨੂੰ ਜੱਦੀ ਪਿੰਡ ਪਨਾਮ ਅਤੇ ਲਾਗਲੇ ਦੋ ਪਿੰਡਾਂ ਵਿੱਚ ਹੀ ਜ਼ਮੀਨ ਅਲਾਟ ਹੋਈ। ਆਪ ਜੀ ਦੇ ਦਾਦਾ ਜੀ ਦਾ ਨਾਮ ਦਲੇਲ ਸਿੰਘ ਅਤੇ ਪੜਦਾਦਾ ਦੇਵਾ ਸਿੰਘ ਸੀ। ਉਸ ਤੋਂ ਪਹਿਲਾਂ ਸਿੱਧੇ ਹੀ ਨਾਮ ਹੁੰਦੇ ਸਨ ਜਿਨ੍ਹਾਂ ਨਾਲ ਸਿੰਘ ਨਹੀਂ ਲਗਾਉਂਦੇ ਸੀ। ਕਿੱਤਾ ਪਿਤਾ ਪੁਰਖੀ ਖੇਤੀ ਦਾ ਹੀ ਸੀ। ਇਨ੍ਹਾਂ ਦੇ ਪਿਤਾ ਜੀ, ਐਫ. ਸੀ. ਮਿਸ਼ਨ ਕਾਲਜ ਲਾਹੌਰ ਵਿੱਚ ਆਪਣੇ ਦੋ ਹੋਰ ਸਾਥੀਆਂ, ਮੋਹਨ ਸਿੰਘ ਤੇ ਸੁਜਾਨ ਸਿੰਘ ਨਾਲ ਬੀ. ਏ. ਬੀ. ਟੀ. ਦਾ ਕੋਰਸ ਕਰ ਰਹੇ ਸਨ। ਸਰਹਾਲੀ ਕਲਾਂ ਇਲਾਕੇ ਦੇ ਮੋਹਤਬਰ ਸਜਣਾਂ, ਸਰਦਾਰ ਤੇਜਾ ਸਿੰਘ ਜੀ ਸਮੁੰਦਰੀ, ਬਾਬਾ ਕੇਹਰ ਸਿੰਘ ਦਦੇਹਰ ਅਤੇ ਭਾਈ ਬੁੱਕਣ ਸਿੰਘ ਮਰਹਾਣਾ ਨੇ ਪੇਂਡੂ ਇਲਾਕੇ ਵਿੱਚ ਵਿੱਦਿਆ ਦੇ ਪਾਸਾਰ ਲਈ ਸਰਹਾਲੀ ਕਲਾਂ ਵਿੱਚ ਖ਼ਾਲਸਾ ਸਕੂਲ ਖੋਲ੍ਹਣ ਦੀ ਸਲਾਹ ਬਣਾਈ, ਜਿਸ ਲਈ ਲਾਹੌਰ ਪੜ੍ਹ ਰਹੇ ਉਪਰੋਕਤ ਤਿੰਨ ਸਿੰਘਾਂ, ਜਿਨ੍ਹਾਂ ਵਿੱਚ ਆਪ ਜੀ ਦੇ ਪਿਤਾ ਜੀ ਵੀ ਸਨ, ਦੀ ਚੋਣ ਕੀਤੀ ਗਈ ਅਤੇ ਬਚਨ ਕੀਤਾ ਕਿ ਇਮਤਿਹਾਨ ਦਿੰਦੇ ਸਾਰ ਹੀ ਸਰਹਾਲੀ ਕਲਾਂ ਪੁਹੰਚ ਜਾਣ, ਸਕੂਲ ਖੋਲ੍ਹਣਾ ਹੈ। ਸੰਨ 1917 ਵਿੱਚ ਇਹ ਤਿੰਨੇ ਜਣੇ ਇਮਤਿਹਾਨ ਤੋਂ ਬਾਅਦ ਸਰਹਾਲੀ ਪਹੁੰਚ ਗਏ। ਸਰਹਾਲੀ ਪਿੰਡ ਦੇ ਬਾਹਰਵਾਰ, ਇਕ ਬਾਬੇ ਦਾ ਡੇਰਾ ਸੀ ਜਿੱਥੇ ਇਨ੍ਹਾਂ ਦੀ ਰਿਹਾਇਸ਼ ਦਾ ਪ੍ਰਬੰਧ ਕੀਤਾ ਗਿਆ ਤੇ ਸਕੂਲ ਦੀ ਇਮਾਰਤ ਦੀ ਸੇਵਾ ਆਰੰਭ ਹੋ ਗਈ। ਸ਼ੁਰੂ ਸ਼ੁਰੂ ਵਿੱਚ ਕਲਾਸਾਂ ਡੇਰੇ ਦੇ ਵਿੱਚ ਹੀ ਲਗਾਈਆਂ ਗਈਆਂ। ਇੱਥੇ ਹੀ, ਆਪ ਜੀ ਅਤੇ ਇਨ੍ਹਾਂ ਦੇ ਛੋਟੇ ਵੀਰ ਡਾਕਟਰ ਹਰਦਿਆਲ ਸਿੰਘ ਜੀ ਦਾ ਜਨਮ ਹੋਇਆ। ਇਸ ਸਕੂਲ ਦਾ ਨਾਮ ਗੁਰੂ ਗੋਬਿੰਦ ਸਿੰਘ ਖਾਲਸਾ ਹਾਈ ਸਕੂਲ ਰੱਖਿਆ ਗਿਆ ਜੋ ਕਿ ਹੁਣ ਕਾਲਜ ਬਣ ਚੁੱਕਾ ਹੈ ਤੇ ਇਲਾਕੇ ਦੀ ਮਸ਼ਹੂਰ ਵਿੱਦਿਅਕ ਸੰਸਥਾ ਹੈ। ਉਸ ਸਮੇਂ ਸਕੂਲ ਵਿੱਚ ਪਹਿਲੀ ਤੋਂ ਦਸਵੀਂ ਜਮਾਤ ਤੱਕ ਸੰਸਾਰਕ ਪੜ੍ਹਾਈ ਦੇ ਨਾਲ ਨਾਲ ਗੁਰਮਤਿ ਵਿਦਿਆ ਦਾ ਖਾਸ ਪ੍ਰਬੰਧ ਸੀ, ਕਿਉਂਕਿ ਸਕੂਲ ਦੇ ਬਾਨੀ ਮੋਹਤਬਰ ਸਿੰਘ ਸਾਰੇ ਹੀ ਧਾਰਮਿਕ ਖਿਆਲਾਂ ਦੇ ਸਨ। ਸਾਰੇ ਗੁਰਪੁਰਬਾਂ ਤੇ ਸ੍ਰੀ ਅਖੰਡ ਪਾਠ ਸਾਹਿਬ ਰੱਖੇ ਜਾਂਦੇ ਸਨ ਤੇ ਪਹਿਲੀ, ਪੰਜਵੀਂ ਅਤੇ ਦਸਵੀਂ ਪਾਤਸ਼ਾਹੀ ਦੇ ਗੁਰਪੁਰਬਾਂ ਤੇ ਪਿੰਡ ਸਰਹਾਲੀ ਵਿੱਚ ਨਗਰ ਕੀਰਤਨ ਵੀ ਸਕੂਲ ਦੇ ਬੱਚੇ ਹੀ ਕੱਢਦੇ ਸਨ। ਸਕੂਲ ਵਿੱਚ ਦੋ ਮੰਜਿਲਾ ਬੋਰਡਿੰਗ ਹਾਉਸ ਅਤੇ ਗੁਰਦੁਆਰਾ ਵੀ ਸੀ। ਇਨ੍ਹਾਂ ਦੇ ਪਿਤਾ ਜੀ ਗੁਰਦੁਆਰੇ ਦੇ ਇੰਚਾਰਜ ਸਨ। ਰੋਜ਼ਾਨਾ ਹੀ ਸ੍ਰੀ ਆਸਾ ਕੀ ਵਾਰ ਦਾ ਕੀਰਤਨ, ਭੁਝੰਗੀ ਸਭਾਵਾਂ, ਗੁਰਮਤਿ ਦੀ ਸਿਖਲਾਈ ਦੀਆਂ ਕਲਾਸਾਂ, ਗੁਰਦੁਆਰੇ ਲੱਗਦੀਆਂ ਰਹਿੰਦੀਆਂ ਸਨ। ਸਾਰੇ ਬੱਚੇ, ਪਾਠ ਤੇ ਕੀਰਤਨ ਵੀ ਸਿੱਖਦੇ, ਜਿਸ ਵਿੱਚ ਆਮ ਤੌਰ ਤੇ ਅਧਿਆਪਕਾਂ ਦੇ



www.AKJ.Org

ਬੱਚੇ ਮੋਹਰੀ ਹੁੰਦੇ ਸਨ। ਆਪ ਜੀ ਨੇ ਵੀ ਇੱਥੋਂ ਹੀ ਕੀਰਤਨ ਦਾ ਹੁਨਰ ਸਿੱਖਿਆ। ਆਸਾ ਕੀ ਵਾਰ ਅਧਿਆਪਕ ਲਗਾਉਂਦੇ, ਬੱਚੇ ਵੀ ਸ਼ਬਦ ਪੜ੍ਹਦੇ ਤੇ ਨਾਲ ਹੀ ਪੌੜੀਆਂ ਵੀ ਉਚਾਰਦੇ। ਇਉਂ, ਗੁਰੂ ਦੀ ਮਿਹਰ ਸਦਕਾ, ਬਚਪਨ ਵਿਚ ਕੀਤੀ ਸੰਗਤ ਦਾ ਫੱਲ ਬੱਚਿਆਂ ਨੂੰ ਗੁਰਮੁਖੀ ਜੀਵਨ ਧਾਰਨ ਕਰਨ ਲਈ ਸਹਾਈ ਹੁੰਦਾ। ਨਿੱਤ ਨੇਮ ਹਰ ਰੋਜ਼ ਸਵੇਰੇ ਸ਼ਾਮ ਗੁਰਦੁਆਰੇ ਵਿੱਚ ਹੁੰਦਾ। ਸਭ ਬੱਚਿਆਂ ਦੀ ਹਾਜ਼ਰੀ ਲਾਜ਼ਮੀ ਸੀ। ਨੌਂਵੀਂ/ਦਸਵੀਂ ਜਮਾਤ ਦੇ ਦੋ ਪ੍ਰੇਮੀ ਵਿਦਿਆਰਥੀ, ਗੁਰਦੁਆਰੇ ਦੀ ਸੇਵਾ ਦੇ ਮੁਖੀ ਹੁੰਦੇ ਸਨ। ਅੰਮ੍ਰਿਤ ਵੇਲੇ, ਪਹਿਲਾ, ਦੂਜਾ ਤੇ ਤੀਜਾ ਧੌਂਸਾ (ਨਗਾਰਾ) ਵੱਜਦਾ ਸੀ। ਉਦੋਂ ਘੜੀਆਂ ਜਾਂ ਅਲਾਰਮ ਤਾਂ ਹੁੰਦੇ ਹੀ ਨਹੀਂ ਸਨ। ਪਹਿਲੇ ਨਗਾਰੇ ਤੇ ਉੱਠਣਾ। ਦੂਜੇ ਨਗਾਰੇ ਤੇ ਇਸ਼ਨਾਨ ਕਰਕੇ ਤਿਆਰ ਹੋਣਾ ਅਤੇ ਤੀਜੇ ਤੇ ਸਾਰਿਆਂ ਨੇ ਗੁਰਦੁਆਰੇ ਹਾਜ਼ਰ ਹੋ ਜਾਣਾ। ਪੰਜਵੀਂ/ ਛੇਵੀਂ ਦੇ ਬੱਚੇ ਜਪੁ ਜੀ ਤੇ ਚੌਪਈ ਦਾ ਪਾਠ, ਸੱਤਵੀਂ ਤੇ ਅੱਠਵੀਂ ਦੇ ਵਿਦਿਆਰਥੀ ਆਨੰਦ ਸਾਹਿਬ, ਨੌਂਵੀਂ/ਦਸਵੀਂ ਦੇ ਵਿਦਿਆਰਥੀ ਜਾਪੁ ਸਾਹਿਬ, ਤ੍ਵ ਪ੍ਰਸਾਦਿ ਸਵੱਈਆਂ ਦੇ ਪਾਠ ਦੀ ਸੇਵਾ ਨਿਬਾਉਂਦੇ ਸਨ। ਅਰਦਾਸ, ਹੁਕਮਨਾਮੇ ਤੇ ਭੋਗ ਪਿੱਛੋਂ ਗੁਰਦੁਆਰੇ ਦੇ ਬਾਹਰ ਮੈਦਾਨ ਵਿੱਚ ਹਾਸੇ ਮਖੌਲ ਦਾ ਸਮਾਂ ਹੁੰਦਾ ਸੀ। ਸ਼ਾਮ ਨੂੰ ਰਹਿਰਾਸ ਅਤੇ ਕੀਰਤਨ ਸੋਹਿਲੇ ਦੇ ਪਾਠ ਅਤੇ ਸੁੱਖ ਆਸਣ ਦੀ ਸੇਵਾ ਹਰ ਰੋਜ਼ ਵਿਦਿਆਰਥੀ ਹੀ ਕਰਦੇ ਸਨ। ਸਕੂਲ ਵਿੱਚੋਂ ਮਿਲੀ ਸੰਗਤ ਰਾਹੀਂ ਬੱਝਿਆ ਅਦੁੱਤੀ ਰੰਗ, ਬਾਕੀ ਦੀ ਜ਼ਿੰਦਗੀ ਵਿੱਚ ਵੀ ਭਾਗਾਂ ਵਾਲਿਆਂ ਦਾ ਨਿੱਭ ਜਾਂਦਾ ਰਿਹਾ ਕਿਉਂਕਿ ਵਿਦਿਆਰਥੀਆਂ ਨੂੰ ਇੱਥੋਂ ਗੁਰਮਤਿ ਦੇ ਤੱਤ ਅਸੂਲਾਂ, ਗੁਰਸਿੱਖੀ ਰਹਿਤ ਬਹਿਤ, ਜੀਵਨ ਜਾਚ ਦੀ ਪ੍ਰੈਕਟੀਕਲ ਸਿੱਖਿਆ ਮਿਲ ਜਾਂਦੀ ਸੀ। ਸਕੂਲ ਵਿੱਚ ਸੰਸਾਰਕ ਪੜ੍ਹਾਈ ਅਤੇ ਗੁਰਮਤਿ ਦੀ ਸਿਖਲਾਈ ਦੇ ਨਾਲ ਨਾਲ ਨਰੋਈ ਸਿਹਤ ਬਣਾਉਣ ਲਈ ਹਾਕੀ, ਕਬੱਡੀ, ਰੱਸਾ ਖਿਚਾਈ ਆਦਿ ਖੇਡਾਂ ਦਾ ਪ੍ਰਬੰਧ ਵੀ ਸੀ। ਸਕੂਲ ਦੀਆਂ ਟੀਮਾਂ ਹਮੇਸ਼ਾਂ ਕੱਪ ਜਿੱਤ ਕੇ ਲਿਆਉਂਦੀਆਂ ਸਨ ਅਤੇ ਹੈੱਡਮਾਸਟਰ ਮੋਹਨ ਸਿੰਘ ਜੀ, ਸਾਰਿਆਂ ਬੱਚਿਆਂ ਨੂੰ ਸ਼ੁਕਰਾਨੇ ਲਈ ਗੁਰਦੁਆਰੇ ਲਿਆ ਕੇ ਸ਼ਬਦ ਪੜ੍ਹਦੇ ਅਤੇ ਅੱਧੇ ਦਿਨ ਦੀ ਛੁੱਟੀ ਵੀ ਕਰ ਦਿੰਦੇ। ਸਾਰੇ ਅਧਿਆਪਕ ਅੰਮ੍ਰਿਤਧਾਰੀ ਸਨ। ਕੋਈ ਪੈਂਟ ਜਾਂ ਪਜਾਮਾ ਵੀ ਨਹੀਂ ਸੀ ਪਾਉਂਦਾ। ਇਵੇਂ ਹੀ ਬਹੁਤੇ ਵਿਦਿਆਰਥੀ, ਇਨ੍ਹਾਂ ਦੇ ਜੀਵਨ ਤੋਂ ਪ੍ਰਭਾਵਿਤ ਹੋ ਕੇ ਅੰਮ੍ਰਿਤਧਾਰੀ ਹੋ ਜਾਂਦੇ ਸਨ।

ਇਨ੍ਹਾਂ ਦੇ ਪਿਤਾ ਜੀ ਨੇ ਤਰਨ ਤਾਰਨ ਵਿਖੇ ਬਾਬਾ ਅਤਰ ਸਿੰਘ ਜੀ ਮਸਤੂਆਣੇ ਵਾਲਿਆਂ ਦੇ ਜਥੇ ਤੋਂ, ਸਰਹਾਲੀ ਸਕੂਲ ਦੀ ਨੌਕਰੀ ਦੌਰਾਨ, ਸ਼ੁਰੂ ਦੇ ਸਾਲਾਂ ਵਿੱਚ ਹੀ ਅੰਮ੍ਰਿਤ ਦੀ ਦਾਤ ਲੈ ਲਈ ਸੀ। ਆਪ ਜੀ ਨੇ ਜਨਮ ਸੰਸਕਾਰ ਵੇਲੇ ਚੂਲਾ ਪ੍ਰਾਪਤ ਕੀਤਾ ਸੀ ਅਤੇ ਸਕੂਲ ਵਿੱਚ ਪੰਜਵੀਂ ਜਮਾਤ ਵਿੱਚ ਪੜ੍ਹਨ ਸਮੇਂ ਅੰਮ੍ਰਿਤ ਪਾਨ ਕੀਤਾ ਸੀ। ਆਪ ਜੀ ਨੇ ਆਪਣੀ ਮੁੱਢਲੀ ਵਿੱਦਿਆ, ਦਸਵੀਂ ਤੱਕ, ਸਰਹਾਲੀ ਕਲਾਂ ਵਿੱਚ ਪਿੰਡ ਦੇ ਸਕੂਲ ਤੋਂ ਲਈ, ਜਿੱਥੇ ਆਪ ਜੀ ਦੇ ਪਿਤਾ ਜੀ ਅਧਿਆਪਕ ਸਨ। ਸੰਨ 1936 ਵਿੱਚ ਦਸਵੀਂ ਪਾਸ ਕਰਨ ਤੋਂ ਬਾਅਦ, ਆਪ ਜੀ ਨੇ ਐਫ ਸੀ ਮਿਸ਼ਨ ਕਾਲਜ ਲਾਹੌਰ ਵਿੱਚੋਂ ਐੱਫ. ਏ. ਪਾਸ ਕੀਤੀ। ਆਪ ਜੀ ਦੇ ਚਾਚਾ ਜੀ, ਸਰਦਾਰ ਬਚਿੱਤਰ ਸਿੰਘ ਜੀ, (ਜੋ ਕਿ ਇਨ੍ਹਾਂ ਦੇ ਪਿਤਾ ਜੀ ਤੋਂ ਬਹੁਤ ਛੋਟੀ ਉਮਰ ਦੇ ਸਨ ਅਤੇ ਸਰਹਾਲੀ ਸਕੂਲ ਵਿੱਚ ਹੀ ਪੜ੍ਹੇ ਸਨ) ਜ਼ਿਲ੍ਹਾ ਲਾਇਲਪੁਰ ਦੇ ਪਿੰਡ ਜੜ੍ਹਾਂਵਾਲਾ ਵਿੱਚ ਸਕੂਲ ਦੇ ਹੈੱਡ ਮਾਸਟਰ ਦੀ ਨੌਕਰੀ ਕਰਦੇ ਸਨ। ਇਸੇ ਇਲਾਕੇ ਵਿੱਚ ਹੀ ਮਾਸਟਰ ਸੁੰਦਰ ਸਿੰਘ ਜੀ, ਜਲੰਧਰ ਵਾਲੇ, ਦੇਸ਼ ਦੀ ਵੰਡ ਤੋਂ ਪਹਿਲਾਂ ਅਧਿਆਪਕ ਦੀ ਨੌਕਰੀ ਕਰਦੇ ਰਹੇ ਹਨ ਅਤੇ ਉਨ੍ਹਾਂ ਦੀ ਰਿਹਾਇਸ਼ ਵੀ ਜੜ੍ਹਾਂਵਾਲਾਂ (ਲਾਇਲਪੁਰ) ਵਿੱਚ ਹੀ ਸੀ। ਆਪ ਜੀ ਦੇ ਚਾਚਾ ਜੀ, ਪਰਿਵਾਰ ਦੀ ਜ਼ਮੀਨ ਦੀ ਦੇਖ ਭਾਲ ਅਤੇ ਖੇਤੀਬਾੜੀ ਦਾ ਕਿੱਤਾ ਵੀ ਕਰਦੇ ਸਨ। ਖੇਤੀਬਾੜੀ ਕਿੱਤੇ ਨਾਲ ਸਬੰਧਤ ਹੋਣ ਕਰਕੇ, ਚਾਚਾ ਜੀ ਦੀ ਪ੍ਰੇਰਨਾ ਨਾਲ, ਆਪ ਜੀ ਨੇ ਇਸੇ ਕਿੱਤੇ ਨਾਲ ਸਬੰਧਤ ਵਿਸ਼ਿਆਂ ਵਿੱਚ, ਉੱਚ ਵਿੱਦਿਆ ਦੀ ਪ੍ਰਾਪਤੀ ਲਈ ਖੇਤੀਬਾੜੀ ਕਾਲਜ ਲਾਇਲਪੁਰ ਵਿੱਚ ਦਾਖਲਾ ਲੈ ਲਿਆ। ਸੰਨ 1944 ਵਿੱਚ ਆਪ ਜੀ ਨੇ ਐੱਮ. ਐੱਸ.ਸੀ ਐਗਰੀਕਲਚਰ ਦੀ ਡਿਗਰੀ ਪ੍ਰਾਪਤ ਕਰ ਲਈ। ਬਾਅਦ ਵਿੱਚ ਆਪ ਜੀ ਨੇ ਸੰਨ 1962 ਵਿੱਚ ਓਹਾਇਓ ਸਟੇਟ ਯੂਨੀਵਰਸਿਟੀ ਕੋਲੰਬਸ



www.AKJ.Org

(ਅਮਰੀਕਾ ਤੋਂ ਫ਼ਸਲ ਵਿਗਿਆਨ (ਐਗਰੋਨੋਮੀ) ਵਿੱਚ ਪੀ. ਐੱਚ. ਡੀ. ਦੀ ਡਿਗਰੀ ਪਾਸ ਕਰ ਕੇ ਇਸ ਵਿਸ਼ੇ ਦੇ ਮਾਹਿਰ ਵਿਗਿਆਨੀ ਬਣ ਗਏ।

ਆਪ ਜੀ ਦਾ ਆਨੰਦ ਕਾਰਜ, ਮਿਤੀ 4 ਸਤੰਬਰ 1942 ਨੂੰ, ਜਦੋਂ ਆਪ ਜੀ ਅਜੇ ਵਿਦਿਆਰਥੀ ਹੀ ਸਨ, ਸਰਦਾਰ ਹਰਨਾਮ ਸਿੰਘ ਜੀ ਪਿੰਡ ਢੱਡਾ ਕਲਾਂ ਜ਼ਿਲ੍ਹਾ ਹੁਸ਼ਿਆਰਪੁਰ, ਜੋ ਅਕਾਲੀ ਘਰਾਣੇ ਨਾਲ ਸਬੰਧਤ ਸਨ, ਦੀ ਸਪੁੱਤਰੀ ਬੀਬੀ ਅਮਰਜੀਤ ਕੌਰ ਜੀ ਨਾਲ ਹੋਇਆ। ਬੀਬੀ ਜੀ ਨੂੰ ਗੁਰਸਿੱਖੀ ਦੀ ਦਾਤ ਆਪਣੇ ਪਰਿਵਾਰ ਵਿੱਚੋਂ ਬਚਪਨ ਤੋਂ ਹੀ ਮਿਲੀ ਹੋਈ ਸੀ। ਉਹ, ਨਾਮ-ਬਾਣੀ ਤੇ ਭਰੋਸਾ ਰੱਖਣ ਦੇ ਨਾਲ ਨਾਲ ਗੁਰਮਤਿ ਰਹਿਤ ਬਹਿਤ ਦੇ ਵੀ ਧਾਰਨੀ ਸਨ। ਆਪ ਨੇ ਭਾਵੇਂ ਉੱਚ ਵਿਦਿਆ ਐਮ ਐਸ ਸੀ ਦੀ ਪੜ੍ਹਾਈ ਕੀਤੀ ਹੋਈ ਸੀ ਪ੍ਰੰਤੂ ਆਪ ਜੀ ਦੀ ਸਿੰਘਣੀ ਕੇਵਲ ਪ੍ਰਾਇਮਰੀ ਪਾਸ ਹੀ ਸਨ। ਇਸਦੇ ਬਾਵਜੂਦ ਵੀ, ਉਨ੍ਹਾਂ ਵਿੱਚ ਸੰਸਾਰਕ ਵਰਤੋਂ ਵਿਹਾਰ, ਬੱਚਿਆਂ ਦੀ ਦੇਖ ਭਾਲ ਅਤੇ ਪਰਿਵਾਰਕ ਜ਼ਿੰਮੇਵਾਰੀਆਂ ਨਿਭਾਉਣ ਲਈ, ਇੱਕ ਘਰੇਲੂ ਸੁਘੜ ਸੁਆਣੀ ਵਾਲੇ ਸਾਰੇ ਗੁਣ ਸਨ। ਉਨ੍ਹਾਂ ਨੇ, ਆਪ ਜੀ ਦੇ ਗੁਰਸਿੱਖੀ ਜੀਵਨ ਨਿਬਾਹੁਣ ਅਤੇ ਕੀਰਤਨ ਦੀ ਸੇਵਾ ਲਈ, ਹਰ ਤਰਾਂ ਮੋਢੇ ਨਾਲ ਮੋਢਾ ਜੋੜ ਕੇ ਸਾਥ ਦਿੱਤਾ। ਆਪ ਜੀ ਦਾ ਇਕਲੌਤਾ ਸਪੁੱਤਰ ਦਵਿੰਦਰ ਸਿਘ ਅਤੇ ਤਿੰਨ ਬੱਚੀਆਂ ਬੀਬੀ ਜਸਵੰਤ ਕੌਰ, ਮਨਵਿੰਦਰ ਕੌਰ ਤੇ ਜਸਬੀਰ ਕੌਰ ਵੀ ਗੁਰਮਤਿ ਦੇ ਧਾਰਨੀ ਹਨ। ਸਾਰੇ ਬੱਚੇ ਦੈਵੀ ਗੁਣਾਂ ਦੇ ਨਾਲ ਸ਼ਿੰਗਾਰੇ ਹੋਏ ਹਨ ਜੋ ਕਿ ਸੁਖੀ ਗ੍ਰਹਿਸਥ ਜੀਵਨ ਬਿਤਾ ਰਹੇ ਹਨ।

ਆਪ ਜੀ ਨੇ ਆਪਣੀ ਦੁਨਿਆਵੀ ਕਿਰਤ, ਸੰਨ 1944 ਵਿੱਚ ਸ੍ਰੀ ਅੰਮ੍ਰਿਤਸਰ ਤੋਂ, ਕੇਂਦਰੀ ਸਰਕਾਰ ਦੀ ਵੈੱਲ ਸਿੰਕ ਸਕੀਮ (ਖੂਹ ਡੂੰਘੇ ਕਰਨ) ਅਧੀਨ, ਖੇਤੀਬਾੜੀ ਇੰਸਪੈਕਟਰ ਵਜੋਂ ਸ਼ੁਰੂ ਕੀਤੀ। ਇਸ ਤੋਂ ਬਾਅਦ, ਪਾਲਮਪੁਰ (ਹਿਮਾਚਲ ਪ੍ਰਦੇਸ਼) ਵਿੱਚ ਫਲ ਫਾਰਮ ਦੇ ਇੰਚਾਰਜ ਜਾ ਲੱਗੇ। ਸੰਨ1950 ਵਿੱਚ, ਆਪ ਜੀ ਖੇਤੀਬਾੜੀ ਖ਼ੋਜ ਫ਼ਾਰਮ ਲੁਧਿਆਣਾ ਦੇ ਮੈਨੇਜ਼ਰ ਆ ਲੱਗੇ। ਥੋੜ੍ਹੇ ਚਿਰ ਬਾਅਦ, ਲਾਇਲਪੁਰ ਖੇਤੀਬਾੜੀ ਕਾਲਜ, ਜੋ ਦੇਸ਼ ਦੀ ਵੰਡ ਤੋਂ ਬਾਅਦ, ਲੁਧਿਆਣੇ ਆ ਗਿਆ ਸੀ, ਉੱਥੇ ਪ੍ਰੋਫ਼ੈਸਰ ਲੱਗ ਗਏ ਤੇ ਅਧਿਆਪਕ ਦਾ ਪਿਤਾ ਪੁਰਖੀ ਕਿੱਤਾ ਸ਼ੁਰੂ ਕਰ ਦਿੱਤਾ। ਪਿੱਛੋਂ ਸਰਕਾਰ ਨੇ, ਇਸ ਕਾਲਜ ਨੂੰ, ਆਪਣੇ ਹੱਥਾਂ ਵਿੱਚ ਲੈ ਕੇ, ਇਸ ਦਾ ਨਾਮ ਗੌਰਮੈਂਟ ਐਗਰੀਕਲਚਰਲ ਕਾਲਜ ਰੱਖ ਦਿੱਤਾ, ਜਿਹੜਾ ਬਾਅਦ ਵਿੱਚ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਿੱਚ ਬਦਲ ਦਿੱਤਾ ਗਿਆ। ਇਸ ਕਾਲਜ ਦੇ ਵਿਦਿਆਰਥੀਆਂ ਦੇ ਪ੍ਰਯੋਗ ਲਈ ਇਕ ਵਿਦਿਆਰਥੀ ਫਾਰਮ ਸੀ, ਜਿੱਥੇ ਹੁਣ ਮਿੰਨੀ ਸਕੱਤਰੇਤ ਦੀ ਇਮਾਰਤ ਹੈ, ਉਸ ਫਾਰਮ ਦੇ ਆਪ ਜੀ ਇੰਚਾਰਜ ਵੀ ਸਨ ਤੇ ਕਾਲਜ ਵਿੱਚ ਫਸਲ ਵਿਗਿਆਨ (ਐਗਰੋਨੋਮੀ) ਦਾ ਵਿਸ਼ਾ ਵੀ ਪੜ੍ਹਾਉਂਦੇ ਸਨ। ਇੱਥੋਂ ਹੀ ਆਪ ਜੀ ਪੀ. ਐੱਚ. ਡੀ ਦੀ ਡਿਗਰੀ ਕਰਨ ਲਈ ਅਮਰੀਕਾ ਗਏ। ਵਾਪਸੀ ਤੇ, ਪੰਜਾਬ ਐਗਰੀਕਲਚਰ ਯੂਨੀਵਰਸਿਟੀ ਦੀ ਹੋਂਦ ਆਉਣ ਕਾਰਨ, ਫਸਲ ਵਿਗਿਆਨ ਦੇ ਐਕਸਟੈਨਸ਼ਨ ਸਪੈਸ਼ਲਿਸਟ ਦੇ ਅਹੁਦੇ ਤੇ ਲੱਗ ਗਏ। ਉਸ ਤੋਂ ਬਾਅਦ ਅਸਿਸਟੈਂਟ ਪ੍ਰੋਫ਼ੈਸਰ ਅਤੇ ਪ੍ਰੋਫ਼ੈਸਰ ਦੇ ਅਹੁਦੇ ਦੀ ਤਰੱਕੀ ਹੁੰਦੀ ਗਈ। ਬਾਅਦ ਵਿੱਚ ਆਪ ਜੀ ਵਿਭਾਗ ਦੇ ਮੁਖੀ ਵੀ ਬਣੇ ਅਤੇ ਸੰਨ 1981 ਵਿੱਚ ਇੱਥੋਂ ਹੀ ਸੇਵਾ ਮੁਕਤ ਹੋਏ। ਉਨ੍ਹਾਂ ਨੇ ਸਕੂਲ ਦੀ ਪੜ੍ਹਾਈ ਵੇਲੇ, ਜੋ ਰੰਗ ਮਾਣਿਆ ਸੀ, ਉਹ ਕਾਲਜ ਦੀ ਪੜ੍ਹਾਈ ਵੇਲੇ ਵੀ ਗੁਰੂ ਮਿਹਰ ਸਦਕਾ ਨਿਭਦਾ ਰਿਹਾ। ਫਿਰ ਨੌਕਰੀ ਦੌਰਾਨ ਤਾਂ ਸੰਗਤ ਕਰਨ ਲਈ ਹੋਰ ਵੀ ਖੁੱਲ੍ਹਾ ਸਮਾਂ ਮਿਲਦਾ ਰਿਹਾ। ਕੀਰਤਨ ਹਰ ਸਮੇਂ ਅੰਗ ਸੰਗ ਰਿਹਾ ਅਤੇ ਜੀਵਨ ਸਫ਼ਲ ਹੁੰਦਾ ਰਿਹਾ।

ਆਪ ਜੀ ਨੇ ਆਪਣੀ ਸਾਰੀ ਨੌਕਰੀ ਬੜੀ ਮਿਹਨਤ, ਇਮਾਨਦਾਰੀ ਅਤੇ ਦਿਆਨਤਦਾਰੀ ਨਾਲ ਨਿਬਾਹੀ। ਉਨ੍ਹਾਂ ਦਾ ਵਤੀਰਾ, ਆਪਣੇ ਵਿਦਿਆਰਥੀਆਂ, ਛੋਟੇ ਵੱਡੇ ਕਰਮਚਾਰੀਆਂ, ਮਹਿਕਮੇ ਦੇ ਛੋਟੇ ਵੱਡੇ ਅਫਸਰਾਂ ਨਾਲ ਬਹੁਤ ਹੀ ਸਲੀਕੇ ਅਤੇ ਹਲੀਮੀ ਵਾਲਾ ਹੁੰਦਾ ਸੀ। ਆਪ ਜੀ ਮਿੱਠ ਬੋਲੜੇ ਅਤੇ ਸਭ ਦਾ ਭਲਾ ਕਰਨ ਵਾਲੇ ਸਨ। ਕਿਸੇ ਕੋਲੋਂ ਗ਼ਲਤੀ ਹੋਣ ਤੇ, ਥੋੜ੍ਹਾ ਬਹੁਤ ਝਿੜਕ ਕੇ ਮਾਫ਼ ਕਰ ਦਿੰਦੇ ਸਨ ਪਰ ਕਿਸੇ ਮਾਤਹਿਤ ਕਰਮਚਾਰੀ ਦਾ ਕਲਮ



www.AKJ.Org

ਨਾਲ ਨੁਕਸਾਨ ਨਹੀਂ ਸੀ ਕਰਦੇ। ਉਸਦੀ ਗਲਤੀ ਨੂੰ ਪ੍ਰੇਮ ਨਾਲ ਸੁਧਾਰਦੇ ਸਨ। ਆਪ ਕੋਲ ਮਸਲੇ ਹੱਲ ਕਰਨ ਦੀ ਮੁਹਾਰਤ ਹੋਣ ਕਾਰਨ, ਯੂਨੀਵਰਸਿਟੀ ਦੇ ਕੁਲਪਤੀ ਸਰਦਾਰ ਖੇਮ ਸਿੰਘ ਗਿੱਲ, ਜੋ ਕਿ ਇੱਕ ਗੁਰਮੁਖ ਸਖਸ਼ੀਅਤ ਸੀ, ਦੂਸਰੇ ਮਹਿਕਮਿਆਂ ਵਿੱਚ, ਜੇ ਕੋਈ ਗੜਬੜ ਹੋਵੇ ਤਾਂ ਉਸ ਨੂੰ ਨਜਿੱਠਣ ਲਈ ਆਪ ਜੀ ਦੀ ਹੀ ਸੇਵਾ ਲਾਉਂਦੇ ਸਨ। ਜਿੱਥੇ ਆਪ ਗ੍ਰੈਜੂਏਟ ਅਤੇ ਪੋਸਟ ਗ੍ਰੈਜੂਏਟ ਕਲਾਸਾਂ ਨੂੰ ਪੜ੍ਹਾਉਂਦੇ ਸਨ ਉੱਥੇ ਐੱਮ. ਐੱਸ. ਸੀ. ਅਤੇ ਪੀ. ਐੱਚ. ਡੀ. ਦੀ ਡਿਗਰੀ ਕਰਨ ਵਾਲੇ ਵਿਦਿਆਰਥੀਆਂ ਵੱਲੋਂ ਥੀਸਿਸ ਲਿਖਣ ਦੇ ਗਾਈਡ ਦੀ ਸੇਵਾ ਵੀ ਨਿਬਾਹੁੰਦੇ ਰਹੇ। ਹਜ਼ਾਰਾਂ ਵਿਦਿਆਰਥੀ, ਉਨ੍ਹਾਂ ਕੋਲੋਂ ਪੜ੍ਹ ਕੇ, ਦੇਸ਼ਾਂ ਵਿਦੇਸ਼ਾਂ ਵਿੱਚ ਉੱਚ ਅਹੁਦਿਆਂ ਤੇ ਲੱਗੇ ਹੋਏ ਹਨ। ਆਪ ਹਮੇਸ਼ਾਂ ਸਭ ਨੂੰ ਨੇਕ ਸਲਾਹ ਅਤੇ ਯੋਗ ਅਗਵਾਈ ਦਿੰਦੇ ਸਨ। ਆਪ ਹਰ ਇੱਕ ਦੇ ਦਿਲ ਅਜ਼ੀਜ਼ ਤੇ ਸਾਰਿਆਂ ਵਿੱਚ ਹਰਮਨ ਪਿਆਰੇ ਸਨ। ਹਰ ਸਾਲ, ਆਪਣੇ ਮਹਿਕਮੇ ਦੇ ਚਪੜਾਸੀ ਤੋਂ ਲੈ ਕੇ ਉੱਚ ਅਹੁਦੇ ਅਫਸਰਾਂ ਲਈ, ਬਿਨਾਂ ਕਿਸੇ ਭੇਦ ਭਾਵ ਤੋਂ, ਆਪਣੀ ਧਰਮ ਦੀ ਕਿਰਤ ਕਮਾਈ ਵਿੱਚੋਂ, ਲੰਗਰ ਲਾਉਂਦੇ ਸਨ। ਉਹ ਹਰ ਵੇਲੇ ਆਪਣੇ ਸ਼ਾਂਤ ਅਤੇ ਮਿਲਾਪੜੇ ਸੁਭਾਅ ਕਰਕੇ ਦਿਆਲਤਾ ਵਰਤਾਉਂਦੇ ਰਹਿੰਦੇ ਸਨ। ਕਦੇ ਵੀ ਉਨ੍ਹਾਂ ਨੂੰ ਕਰੋਧ ਵਿੱਚ ਆਉਂਦੇ ਨਹੀਂ ਦੇਖਿਆ ਗਿਆ। ਜੇ ਕੋਈ ਕਰੋਧ ਵਿੱਚ ਆ ਕੇ, ਉਨ੍ਹਾਂ ਨੂੰ ਉੱਚਾ ਨੀਵਾਂ ਵੱਧ ਘਟ ਬੋਲ ਵੀ ਜਾਂਦਾ ਸੀ ਤਾਂ ਹਮੇਸ਼ਾ ਸ਼ਾਂਤ ਰਹਿ ਕੇ, ਉਸ ਨੂੰ ਠੰਡਾ ਕਰ ਦਿੰਦੇ ਸਨ।

ਆਪ ਜੀ ਨੂੰ ਗੁਰਸਿੱਖੀ ਅਤੇ ਕੀਰਤਨ ਦੀ ਦਾਤ ਬਚਪਨ ਤੋਂ ਹੀ ਆਪਣੇ ਘਰੋਂ ਹੀ ਸਕੂਲ ਦੀ ਪੜ੍ਹਾਈ ਵੇਲੇ ਮਿਲੀ ਹੋਈ ਸੀ। ਲਾਹੌਰ ਤੇ ਲਾਇਲਪੁਰ ਖੇਤੀਬਾੜੀ ਕਾਲਜ ਵਿੱਚ ਪੜ੍ਹਨ ਵੇਲੇ, ਬੋਰਡਿੰਗ ਹਾਊਸ ਦੇ ਜਿਸ ਕਮਰੇ ਵਿੱਚ ਰਹਿੰਦੇ ਸਨ, ਉਸ ਨੂੰ ਹਰ ਹਫਤੇ ਖਾਲੀ ਕਰ ਕੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਕੇ, ਬਾਕੀ ਵਿਦਿਆਰਥੀਆਂ ਨੂੰ ਨਾਲ ਲੈ ਕੇ, ਸ੍ਰੀ ਆਸਾ ਕੀ ਵਾਰ ਦਾ ਕੀਰਤਨ ਕਰਦੇ ਸਨ ਅਤੇ ਗੁਰਪੁਰਬ ਵੀ ਮਨਾਉਂਦੇ ਸਨ। ਆਪ ਆਪਣੀ ਪੜ੍ਹਾਈ ਦੌਰਾਨ ਵੀ, ਨਾਮ- ਬਾਣੀ, ਗੁਰਬਾਣੀ ਦੇ ਨਾਲ ਜੁੜੇ ਰਹੇ ਤੇ ਕਦੇ ਵੀ ਇਸ ਆਤਮਿਕ ਖੁਰਾਕ ਨੂੰ ਨਹੀਂ ਵਿਸਾਰਿਆ। ਵਿਦੇਸ਼ ਵਿੱਚ ਪੀ. ਐੱਚ. ਡੀ. ਡਿਗਰੀ ਦੇ ਕੋਰਸ ਕਰਨ ਵੇਲੇ ਵੀ, ਆਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ, ਆਪਣੇ ਨਾਲ ਲੈ ਕੇ ਗਏ ਤਾਂ ਕਿ ਗੁਰਬਾਣੀ ਦੇ ਪਾਠ ਅਤੇ ਦਰਸ਼ਨਾਂ ਤੋਂ ਵਾਂਝੇ ਨਾ ਰਹਿ ਸਕਣ।

ਸੰਨ 1950 ਵਿੱਚ ਲੁਧਿਆਣੇ ਨੌਕਰੀ ਲਈ ਆਉਣ ਤੇ ਆਪ ਜੀ ਨੂੰ ਪੰਥ ਦੀ ਮਹਾਨ ਹਸਤੀ, ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਸੰਗਤ, ਉਨ੍ਹਾਂ ਦੇ ਸਪੁੱਤਰ ਭਾਈ ਬਲਬੀਰ ਸਿੰਘ ਜੀ ਰਾਹੀਂ ਮਿਲੀ, ਜੋ ਉਸ ਵੇਲੇ ਜਿਲ੍ਹਾ ਡਿਸਟਰਿਕਟ ਬੋਰਡ ਵਿੱਚ ਨੌਕਰੀ ਕਰ ਰਹੇ ਸਨ। ਆਪ ਜੀ ਨੇ ਆਪਣੀ ਰਿਹਾਇਸ਼ ਲਈ, ਮਾਡਲ ਟਾਊਨ ਵਿੱਚ ਮਕਾਨ ਬਣਾ ਲਿਆ, ਬਚਪਨ ਤੋਂ ਆਪਣੇ ਰੋਜ਼ਨਾਮਚੇ ਮੁਤਾਬਕ, ਸਵੇਰੇ-ਸ਼ਾਮ ਮਾਡਲ ਟਾਊਨ ਗੁਰਦੁਆਰੇ ਹਾਜ਼ਰੀ ਭਰਦੇ ਸਨ ਤੇ ਕੀਰਤਨ ਦੀ ਨਿਸ਼ਕਾਮ ਸੇਵਾ ਵੀ ਕਰਦੇ ਸਨ। ਉੱਥੇ ਹੀ ਭਾਈ ਸਾਹਿਬ ਜੀ ਵੀ ਅਕਸਰ ਆਉਂਦੇ ਰਹਿੰਦੇ ਸਨ ਤੇ ਭਾਈ ਸਾਹਿਬ ਜੀ ਨੂੰ ਇਨ੍ਹਾਂ ਦਾ ਕੀਰਤਨ ਬਹੁਤ ਪਸੰਦ ਆਇਆ ਤੇ ਉਨ੍ਹਾਂ ਆਪਣੀ ਚੁੰਬਕੀ ਆਕਰਸ਼ੱਕ ਤਾਕਤ ਨਾਲ, ਆਪਣੇ ਨਾਲ ਜੋੜ ਲਿਆ। ਬੱਸ ਫੇਰ ਕੀ ਸੀ, ਕਦੇ ਨਾ ਉੱਤਰਨ ਵਾਲੇ ਹਰਿ ਰੰਗ, ਹਰੀ ਕੀਰਤਨ, ਭੈ ਭਾਵਨੀ ਦੀ ਪ੍ਰੀਤ ਵਰਤੀ, ਕ੍ਰਿਪਾ ਹੁੰਦੀ ਰਹੀ, ਜੋ ਤੋੜ ਨਿਭੀ ਹੈ। ਇੱਥੇ, ਆਪ ਜੀ ਨੇ ਪਹਿਲਾਂ, ਨਾਰੰਗਵਾਲ ਤੇ ਫਿਰ ਲੁਧਿਆਣਾ ਪੋਹ ਸੁਦੀ ਦੀ ਸਮਾਗਮ ਦੀ ਹਾਜ਼ਰੀ ਭਰਨੀ ਸ਼ੁਰੂ ਕੀਤੀ। ਭਾਈ ਸਾਹਿਬ ਜੀ ਅਤੇ ਹੋਰ ਪੁਰਾਤਨ ਗੁਰਸਿੱਖਾਂ ਦੀ ਸੰਗਤ ਦਾ ਨਿੱਘ ਮਾਣਨ, ਉਨ੍ਹਾਂ ਦੀਆਂ ਪੁਸਤਕਾਂ ਪੜ੍ਹਨ ਅਤੇ ਪੁਰਾਤਨ ਨਿਕਟਵਰਤੀ ਸਿੰਘਾਂ ਕੋਲੋਂ ਪ੍ਰੇਮ ਗਾਥਾਵਾਂ ਸੁਣਨ ਦਾ ਮੌਕਾ ਮਿਲਦਾ ਰਿਹਾ। ਸਮੇਂ ਸਮੇਂ, ਆਪ ਜੀ ਕੀਰਤਨੀ ਸਿੰਘਾਂ, ਭਾਈ ਜੀਵਨ ਸਿੰਘ ਜੀ ਅਤੇ ਗਿਆਨੀ ਅਮੋਲਕ ਸਿੰਘ ਜੀ ਪਾਸੋਂ ਕੀਰਤਨ ਵੀ ਸਿੱਖਦੇ ਰਹੇ, ਪਰ ਬਹੁਤਾ ਕੀਰਤਨ ਅੰਦਰੋਂ ਹੀ, ਸੰਗਤ ਵਿੱਚ ਵਿਚਰਦਿਆਂ, ਧੁਰ ਦਰਗਾਹੋਂ ਹੋਈ ਬਖਸ਼ਿਸ਼ ਨਾਲ ਸਿੱਖਿਆ। ਗੁਰਮਤਿ ਵਿਚਾਰਾਂ ਦਾ ਕੁਦਰਤੀ ਅਸਰ, ਆਪ ਜੀ ਦਾ ਸੁਭਾਅ ਅਤੇ ਲਗਨ, ਕੀਰਤਨ ਪ੍ਰੇਮ ਦੇ ਰੰਗ ਨੂੰ ਕਬੂਲਦਾ ਗਿਆ, ਜੋ ਕਿ ਤੋੜ ਨਿਭਿਆ।

ਪਹਿਲਾਂ ਆਪ ਜੀ ਕੋਲ ਕੇਵਲ ਸਾਈਕਲ ਹੀ ਹੁੰਦਾ ਸੀ, ਜਿਸ ਉੱਪਰ ਆਪ ਨੌਕਰੀ ਜਾਂ ਸਮਾਗਮਾਂ ਤੇ ਜਾਂਦੇ ਸਨ। ਬਾਅਦ ਵਿੱਚ ਇੱਕ ਛੋਟੀ ਸਕੂਟਰੀ ਲਈ ਪਰ ਆਪ ਜੀ ਨੇ ਕਦੇ ਵੀ ਆਵਾਜਾਈ ਦੇ ਕਿਸੇ ਵੱਡੇ ਸਾਧਨ ਨੂੰ ਨਾ ਤਾਂ ਖਰੀਦਿਆ ਅਤੇ ਨਾ ਹੀ ਸਿੱਖਿਆ। ਕੜਾਕੇ ਦੀ ਸਰਦੀ ਵਿੱਚ ਵੀ ਸਾਈਕਲ ਤੇ ਹੀ ਯੂਨੀਵਰਸਿਟੀ ਵਿੱਚ ਆਸਾ ਕੀ ਵਾਰ ਦੇ ਕੀਰਤਨ ਲਈ ਜਾਂਦੇ ਰਹੇ। ਮਗਰੋਂ ਆਪਣੇ ਛੋਟੇ ਵੀਰ ਡਾਕਟਰ ਹਰਦਿਆਲ ਸਿੰਘ ਜੀ ਨਾਲ ਮੋਟਰ ਸਾਈਕਲ ਤੇ ਹੀ ਪਿੱਛੇ ਬਹਿ ਕੇ ਲੁਧਿਆਣਾ ਸ਼ਹਿਰ ਜਾਂ ਪਿੰਡਾਂ ਵਿੱਚ ਸਮਾਗਮਾਂ ਤੇ ਜਾਂਦੇ ਸਨ। ਭਾਈ ਹਰਮੋਹਨ ਸਿੰਘ ਜੀ ਵਲੋਂ ਇੱਕ ਜੀਪ ਸੰਗਤ ਦੀ ਸੇਵਾ ਲਈ ਅਰਦਾਸ ਕੀਤੀ ਗਈ, ਜਿਸ ਰਾਹੀਂ ਆਪ ਜੀ ਸੰਗਤਾਂ ਸਮੇਤ ਲੋਕਲ ਅਤੇ ਬਾਹਰਲੇ ਸਮਾਗਮਾਂ ਤੇ ਕੀਰਤਨ ਦੀ ਸੇਵਾ ਲਈ ਜਾਂਦੇ ਰਹੇ। ਬਾਅਦ ਵਿੱਚ ਇੱਕ ਮੈਟਾਡੋਰ (ਗੁਰੂ ਕੀ) ਸੰਗਤਾਂ ਅਤੇ ਸਰਬ ਲੋਹ ਦੇ ਬਰਤਨਾਂ ਨੂੰ ਸਮਾਗਮਾਂ ਤੇ ਲਿਜਾਉਣ ਤੇ ਲਿਆਉਣ ਵਾਸਤੇ ਖਰੀਦੀ ਗਈ, ਜਿਸ ਲਈ ਵੱਖਰਾ ਫੰਡ ਕਾਇਮ ਕਰਕੇ ਪੂਰਾ ਹਿਸਾਬ ਕਿਤਾਬ ਰੱਖਿਆ ਗਿਆ।

ਭਾਈ ਸਾਹਿਬ ਜੀ ਨਾਲ ਇਤਨਾ ਡੂੰਘਾ ਪਿਆਰ ਹੋ ਗਿਆ ਕਿ ਭਾਈ ਸਾਹਿਬ ਜੀ ਖ਼ੁਦ ਕੀਰਤਨ ਦੀ ਸੇਵਾ ਵੇਲੇ, ਇੱਕ ਪਾਸੇ ਆਪ ਜੀ ਨੂੰ ਵਾਜੇ ਤੇ ਬਿਠਾਉਂਦੇ ਤੇ ਦੂਸਰੇ ਪਾਸੇ, ਭਾਈ ਜੀਵਨ ਸਿੰਘ ਜੀ ਨੂੰ ਵਾਜੇ ਤੇ ਬਿਠਾਉਂਦੇ ਸਨ। ਜੇ ਕੋਈ ਬਾਹਰੋਂ, ਪ੍ਰੇਮੀ ਸਿੰਘ ਆ ਕੇ ਕੀਰਤਨੀ ਸਿੰਘ ਭੇਜਣ ਲਈ, ਭਾਈ ਸਾਹਿਬ ਜੀ ਨੂੰ ਬੇਨਤੀ ਕਰਦਾ ਸੀ ਤਾਂ ਭਾਈ ਸਾਹਿਬ ਹਮੇਸ਼ਾਂ ਯੂਨੀਵਰਸਿਟੀ ਦੇ ਪ੍ਰੋਫੈਸਰਾਂ ਨੂੰ ਲੈ ਕੇ ਜਾਣ ਲਈ ਕਹਿ ਦਿੰਦੇ ਅਤੇ ਆਪ ਜੀ ਵੀ ਕਦੇ ਨਾਂਹ ਨੁੱਕਰ ਨਾ ਕਰਦੇ, ਭਾਵੇਂ ਕਿਤਨੀ ਹੀ ਮਜਬੂਰੀ ਕਿਉਂ ਨਾ ਹੋਵੇ? ਭਾਈ ਸਾਹਿਬ ਜੀ ਦੀ ਲੁਧਿਆਣੇ ਰਿਹਾਇਸ਼ ਰੱਖਣ ਵੇਲੇ ਰੋਜ਼ਾਨਾ ਅੰਮ੍ਰਿਤ ਵੇਲੇ ਦੇ ਨਿਤਨੇਮ ਤੋਂ ਬਾਅਦ ਹੋਣ ਵਾਲੇ ਸ੍ਰੀ ਆਸਾ ਦੀ ਵਾਰ ਦੇ ਕੀਰਤਨ ਦੀ ਹਾਜ਼ਰੀ ਵੀ ਨਿਰੰਤਰ ਭਰਦੇ ਰਹੇ। ਇਸੇ ਤਰ੍ਹਾਂ ਸ਼ਾਮ ਨੂੰ ਭਾਈ ਸਾਹਿਬ ਜੀ ਅਤੇ ਉਨ੍ਹਾਂ ਦੇ ਸੰਗੀ ਸਾਥੀ, ਪਾਰਕ ਵਿੱਚ ਸੋਦਰੁ ਦਾ ਪਾਠ ਰਲ ਮਿਲ ਕੇ ਕਰਦੇ ਹੁੰਦੇ ਸਨ। ਭਾਈ ਸਾਹਿਬ ਜੀ ਦੇ ਆਉਣ ਤੋਂ ਪਹਿਲਾਂ, ਹਰ ਸਿੰਘ, ਭਾਈ ਸਾਹਿਬ ਜੀ ਦੀ ਦੇਹ ਅਰੋਗਤਾ ਲਈ, ਇੱਕ ਇੱਕ ਰਾਮਕਲੀ ਦੀ ਵਾਰ ਦਾ ਪਾਠ ਕਰਦਾ ਹੁੰਦਾ ਸੀ ਤੇ ਬਾਅਦ ਵਿੱਚ ਸੋਦਰੁ ਦਾ ਪਾਠ ਰਲ ਮਿਲ ਕੇ ਕਰਦੇ ਹੁੰਦੇ ਸਨ ਜਿਸ ਵਿਚ ਆਪ ਜੀ ਵੀ ਸ਼ਾਮਿਲ ਹੁੰਦੇ ਸਨ। ਇੱਕ ਦਿਨ, ਪਾਠ ਦੀ ਸਮਾਪਤੀ ਤੋਂ ਬਾਅਦ ਇੱਕ ਸਿੰਘ ਨੇ, ਭਾਈ ਸਾਹਿਬ ਜੀ ਨੂੰ ਕਿਹਾ ਕਿ ਪ੍ਰੋਫੈਸਰ ਸਾਹਿਬ ਆਪਾਂ ਨੂੰ ਛੱਡ ਕੇ ਨਾਭੇ ਪ੍ਰਿੰਸੀਪਲ ਬਣ ਕੇ ਜਾ ਰਹੇ ਹਨ। ਭਾਈ ਸਾਹਿਬ ਜੀ ਨੇ ਪਹਿਲਾਂ ਕਿਹਾ 'ਅੱਛਾ' ਫਿਰ ਉੱਪਰ ਨੂੰ ਸੀਸ ਚੁੱਕ ਤੇ ਕਾਫੀ ਚਿਰ ਸਮਾਧੀ ਲਾ ਕੇ ਬੈਠੇ ਰਹੇ। ਕੁੱਝ ਚਿਰ ਬਾਅਦ ਬੋਲੇ 'ਨਹੀਂ ਜਾਣਾ' ਆਪ ਜੀ ਦੱਸਦੇ ਸਨ ਕਿ ਇਹ ਨਿਯੁਕਤੀ ਪਬਲਿਕ ਸਰਵਿਸ ਕਮਿਸ਼ਨ ਰਾਹੀਂ ਹੋਈ ਸੀ। ਇਹ ਕਾਰਵਾਈ, ਇਨ੍ਹਾਂ ਦੇ ਮਹਿਕਮੇ ਤੋਂ ਲੈ ਕੇ ਸਕੱਤਰੇਤ ਤਕ ਹੋਈ ਸੀ ਤੇ ਨਿਯੁਕਤੀ ਦੇ ਹੁਕਮ ਵੀ ਇਸੇ ਤਰ੍ਹਾਂ ਹੀ ਵਾਪਸ ਆਉਣੇ ਸਨ। ਪ੍ਰੰਤੂ ਗੁਰੂ ਦੀ ਐਸੀ ਕਲਾ ਵਰਤੀ ਕਿ ਉਹ ਹੁਕਮ ਰਸਤੇ ਵਿੱਚ ਹੀ ਕਿਤੇ ਗੁੰਮ ਹੋ ਗਏ ਤੇ ਇਨ੍ਹਾਂ ਦੇ ਕਾਲਜ ਤਾਈਂ ਪਹੁੰਚੇ ਹੀ ਨਹੀਂ। ਆਪ ਜੀ ਮੁਤਾਬਿਕ, ਭਾਈ ਸਾਹਿਬ ਜੀ ਕੋਲ, ਜੇ ਉਹ ਚਾਹੁੰਣ, ਤਾਂ ਕੋਈ ਵੀ ਕਰਮ ਬਦਲਣ ਦੀ ਪੂਰੀ ਤਾਕਤ ਸੀ, ਜਿਸ ਤਰਾਂ ਉਨ੍ਹਾਂ ਨੇ ਜਥੇਦਾਰ ਭਾਈ ਰਾਮ ਸਿੰਘ ਜੀ ਦੇ ਸਪੁੱਤਰ ਡਾ ਸੰਤ ਪ੍ਰਕਾਸ਼ ਸਿੰਘ ਦੀ ਉਨ੍ਹਾਂ ਦੀ ਅੰਬਾਲਾ ਕੈਂਟ ਪੋਸਟਿੰਗ ਵੇਲੇ ਟੁੱਟੀ ਗੰਢੀ ਸੀ। (ਉਪਰੋਕਤ ਘਟਨਾ ਦੀ ਸੂਚਨਾ ਭਾਈ ਜਤਿੰਦਰ ਪਾਲ ਸਿੰਘ ਸਪੁੱਤਰ ਡਾਕਟਰ ਬੇਅੰਤ ਸਿੰਘ ਜੀ ਵਲੋਂ ਆਸਟ੍ਰੇਲੀਆ ਤੋਂ ਭੇਜੀ ਗਈ ਹੈ)

ਆਪ ਜੀ ਨੇ ਜਿੱਥੇ ਪਰਿਵਾਰਕ ਜ਼ਿੰਮੇਵਾਰੀਆਂ, ਨੌਕਰੀ ਦੇ ਉੱਚੇ ਅਹੁਦੇ ਦੀ ਜਿੰਮੇਵਾਰੀ ਅਤੇ ਸੰਗਤ ਵਿੱਚ ਕੀਰਤਨ ਦੀ ਸੇਵਾ ਨੂੰ ਬਾ-ਖ਼ੂਬੀ ਨਿਭਾਇਆ, ਉੱਥੇ ਸਮਾਜਿਕ ਅਤੇ ਲੋਕ ਭਲਾਈ ਕਾਰਜਾਂ ਵਿੱਚ ਵੀ ਹਮੇਸ਼ਾਂ ਆਪਣਾ ਯੋਗਦਾਨ ਪਾਉਂਦੇ ਰਹੇ। ਆਪ ਨੇ ਕਦੇ ਵੀ, ਕਿਸੇ ਸੰਸਥਾ ਦਾ ਕੋਈ ਵੀ ਅਹੁਦਾ ਸਵੀਕਾਰ ਨਹੀਂ ਕੀਤਾ। ਇੱਕ ਨਿਮਾਣੇ ਸੇਵਕ ਵਜੋਂ, ਗੁਪਤ ਰਹਿ ਕੇ, ਸੇਵਾ ਨਿਬਾਹੁੰਦੇ ਰਹੇ ਅਤੇ ਨਾ ਹੀ ਕਦੇ ਆਪਣੇ ਆਪ ਨੂੰ ਜਣਾਇਆ। ਸਿੰਘ ਸਭਾ ਗੁਰਦੁਆਰੇ ਦੀ ਸੇਵਾ, ਬਿਨਾਂ ਕਿਸੇ ਮੈਂਬਰੀ ਦੇ ਨਿਬਾਹੀ, ਜਿਸ ਨੇ ਆਪ ਨੂੰ ਇਕ ਨਿਵੇਕਲੀ ਸਤਿਕਾਰਤ



www.AKJ.Org

ਸ਼ਖ਼ਸੀਅਤ ਬਣਾਈ ਰੱਖਿਆ, ਪਰ ਅੰਦਰੋਂ ਪ੍ਰੇਮ ਦੀ ਧੁੰਨ ਕਦੇ ਨਹੀਂ ਮੁੱਕੀ, ਜਿਵੇਂ ਧੁਰੋ ਹੀ ਸੰਜੋਗ ਅਤੇ ਭਾਈ ਸਾਹਿਬ ਜੀ ਦਾ ਥਾਪੜਾ, ਉਨ੍ਹਾਂ ਤੋਂ ਸੇਵਾ ਲੈ ਰਿਹਾ ਹੋਵੇ। ਉਨ੍ਹਾਂ ਦੀ ਬਹੁਪੱਖੀ ਸ਼ਖ਼ਸੀਅਤ ਦੇ ਹੇਠ ਲਿਖੇ ਖਾਸ ਪੱਖ ਸਨ ਤੇ ਹੇਠਾਂ ਲਿਖੀਆਂ ਸੇਵਾਵਾਂ ਵਿੱਚ ਉਨ੍ਹਾਂ ਦਾ ਯੋਗਦਾਨ ਵਰਨਣਯੋਗ ਹੈ :--

1) ਸ. ਬੂਟਾ ਸਿੰਘ ਸੇਖੋਂ ਵੱਲੋਂ ਫ੍ਰੀ ਚੈਰੀਟੇਬਲ ਟਰੱਸਟ ਦੀ ਸ਼ੁਰੂਆਤ ਅਤੇ ਸਫਲਤਾ ਲਈ ਉਨ੍ਹਾਂ ਦਾ ਪੂਰਾ ਸਾਥ ਦਿੱਤਾ। ਆਪਣੇ ਜੱਦੀ ਪਿੰਡ ਪਨਾਮ ਵਿਖੇ ਫਰੀ ਅੱਖਾਂ ਦਾ ਕੈਂਪ, ਜੋ ਪਿਛਲੇ ਤੀਹ ਸਾਲ ਤੋਂ ਹਰ ਸਾਲ ਚੱਲ ਰਿਹਾ ਹੈ, ਦੀ ਤਨ ਮਨ ਧਨ ਨਾਲ ਸੇਵਾ ਕੀਤੀ।

2) ਸਿੱਖ ਸਟੱਡੀ ਸਰਕਲ ਸ਼ੁਰੂ ਕੀਤਾ, ਜਿਸ ਵਿੱਚ ਡਾਕਟਰ ਗੁਰਬਖਸ਼ ਸਿੰਘ ਜੀ ਅਤੇ ਆਪ ਜੀ, ਹੋਰ ਵਿਦਵਾਨਾਂ ਵਲੋਂ ਗੁਰਮਤਿ ਦੇ ਵੱਖ ਵੱਖ ਵਿਸ਼ਿਆਂ ਤੇ ਵਿਖਿਆਨ/ਵਿਚਾਰ ਵਟਾਂਦਰਾ, ਖੋਜ-ਪੱਤਰ ਪੜ੍ਹਨ, ਗੁਰਮਤਿ ਸਾਹਿਤ ਛਪਵਾ ਕੇ ਵੰਡਣ ਦੀ ਸੇਵਾ ਕਰਦੇ ਰਹੇ।

3) ਪੋਹ ਸੁਦੀ ਸਪਤਮੀ ਸਮਾਗਮ ਲੁਧਿਆਣੇ ਦੇ ਸੁਚੱਜੇ ਪ੍ਰਬੰਧ ਲਈ, ਲੰਗਰ ਦੇ ਸੇਵਾਦਾਰਾਂ ਦੀਆਂ ਤਿੰਨ ਸਿਫਟਾਂ ਬਣਾ ਕੇ ਸੇਵਾ ਲਾਉਣੀ। ਹਰ ਤਰਾਂ ਦੇ ਪ੍ਰਬੰਧ, ਜਿਵੇਂ ਕਿ, ਸਵਾਗਤ/ਪੁੱਛ- ਗਿੱਛ, ਰਿਹਾਇਸ਼, ਸ੍ਰੀ ਅਖੰਡ ਪਾਠ, ਅੰਮ੍ਰਿਤ ਸੰਚਾਰ, ਦੇਗ, ਪੰਡਾਲ, ਰੌਸ਼ਨੀ, ਲਾਊਡ ਸਪੀਕਰ, ਸਟੇਸ਼ਨ ਜਾਂ ਬੱਸ ਸਟੈਂਡ ਤੋਂ ਸੰਗਤ ਨੂੰ ਲਿਆਉਣ ਅਤੇ ਛੱਡਣ ਲਈ ਆਵਾਜਾਈ ਦੇ ਪ੍ਰਬੰਧ, ਰਾਸ਼ਨ, ਸਬਜ਼ੀਆਂ, ਫਲ, ਦੁੱਧ ਆਦਿ ਦੀ ਖਰੀਦ ਲਈ ਸਬ ਕਮੇਟੀਆਂ ਬਣਾਉਂਦੇ ਸਨ। ਸੇਵਾ ਨਿਭਾਉਣ ਵਾਲੇ ਪ੍ਰੇਮੀਆਂ ਦੀ, ਸੰਗਤ ਵਿੱਚੋਂ ਚੋਣ ਕਰ ਦੇ ਪ੍ਰਮੁੱਖ ਸੇਵਾਦਾਰਾਂ ਦੀ ਸੂਚੀ ਬਣਾਈ ਹੋਈ ਸੀ ਤੇ ਫਾਈਲ ਰੱਖੀ ਹੋਈ ਸੀ। ਸਾਰਾ ਪ੍ਰਬੰਧ, ਆਪ ਲੰਗਰ ਵਿੱਚ ਖੜ੍ਹ ਕੇ, ਆਪਣੀ ਸੁਚੱਜੀ ਅਗਵਾਈ ਅਤੇ ਦੇਖ ਰੇਖ ਹੇਠ ਕਰਵਾਉਂਦੇ ਸਨ। ਸੰਗਤ ਦੀ ਹਰ ਸਹੂਲਤ ਦਾ ਪੂਰਾ ਖਿਆਲ ਰੱਖਦੇ ਸਨ। ਸਾਰੀ ਸੇਵਾ, ਬਿਨਾਂ ਕਿਸੇ ਮੁਸ਼ਕਲ ਦੇ, ਸਹਿਜ ਸੁਭਾਅ ਹੀ, ਗੁਰੂ ਆਸਰੇ ਨਿਭ ਜਾਂਦੀ ਸੀ। ਉਪਰੋਕਤ ਸਾਰੀਆਂ ਸੇਵਾਵਾਂ, ਆਪ ਜੀ, ਭਾਈ ਬਲਬੀਰ ਸਿੰਘ ਜੀ ਸਪੁੱਤਰ ਭਾਈ ਸਾਹਿਬ ਰਣਧੀਰ ਸਿੰਘ ਜੀ, ਭਾਈ ਸੱਜਣ ਸਿੰਘ ਜੀ (ਭਤੀਜ) ਭਾਈ ਦਿਆਲ ਸਿੰਘ ਜੀ ਆਪਣੇ ਛੋਟੇ ਵੀਰ ਡਾਕਟਰ ਹਰਦਿਆਲ ਸਿੰਘ ਜੀ ਅਤੇ ਲੁਧਿਆਣਾ ਨਿਵਾਸੀ ਹੋਰ ਪੁਰਾਤਨ ਗੁਰਸਿੱਖਾਂ ਦੇ ਸਹਿਯੋਗ ਅਤੇ ਸਲਾਹ ਮਸ਼ਵਰੇ ਨਾਲ ਰਲ ਮਿਲ ਕੇ ਕਰਦੇ ਸਨ। ਭਾਈ ਸਾਹਿਬ ਜੀ ਦੀ ਯਾਦ ਵਿੱਚ, ਉਸਰੇ ਭਾਈ ਰਣਧੀਰ ਸਿੰਘ ਨਗਰ ਵਿੱਚ ਉਨ੍ਹਾਂ ਦੇ ਨਾਮ ਹੇਠ ਸਥਾਪਿਤ ਟਰੱਸਟ ਦੀ ਬਿਲਡਿੰਗ, ਅੰਮ੍ਰਿਤ ਸੰਚਾਰ ਕੇਂਦਰ ਅਤੇ ਭਾਈ ਸਾਹਿਬ ਜੀ ਜੀ ਦੀਆਂ ਪੁਸਤਕਾਂ ਦੀ ਛਪਵਾਈ ਲਈ ਬਣੇ ਟਰੱਸਟ ਦੇ ਆਪ ਬਾਨੀ ਮੈਂਬਰ ਸਨ ਤੇ ਉਸ ਦੀ ਸਫਲਤਾ ਲਈ ਯੋਗ ਸਲਾਹ ਮਸ਼ਵਰਾ ਦਿੰਦੇ ਰਹੇ।

4) ਲੁਧਿਆਣਾ ਦੀ ਸੰਗਤ ਦੇ ਸਹਿਯੋਗ ਨਾਲ ਸਰਬ ਲੋਹੀ ਲੰਗਰ ਵਾਸਤੇ, ਸਰਬ ਲੋਹ ਦੇ ਬਰਤਨ ਬਣਵਾਏ ਜੋ ਕਿ ਲੋਕਲ ਅਤੇ ਬਾਹਰਲੇ ਸੈਂਟਰਲ ਸਮਾਗਮਾਂ ਉੱਪਰ ਗੁਰੂ ਕੀ ਰਾਹੀਂ ਪਹੁੰਚਾਏ ਤੇ ਵਾਪਸ ਲਿਆਂਦੇ ਜਾਂਦੇ ਸਨ। ਇਹ ਸੇਵਾ ਹੁਣ ਤਾਈਂ ਨਿਰੰਤਰ ਚਲੀ ਆ ਰਹੀ ਹੈ।

5) ਸਤਿਕਾਰ ਯੋਗ ਬਾਊ ਮੱਲ ਸਿੰਘ ਜੀ ਅਤੇ ਜਥੇਦਾਰ ਭਾਈ ਰਾਮ ਸਿੰਘ ਜੀ, ਜਥੇ ਅਤੇ ਸੂਰਾ ਮਾਸਕ ਪੱਤਰ ਦੇ ਸੁਚੱਜੇ ਪ੍ਰਬੰਧ ਲਈ, ਹਮੇਸ਼ਾਂ ਆਪ ਜੀ ਦੀ ਰਾਏ ਲੈਂਦੇ ਰਹੇ ਹਨ ਤੇ ਬਾਊ ਜੀ ਵੱਲੋਂ, ਜਥੇ ਦੇ ਪ੍ਰਬੰਧ ਲਈ ਬਣਾਈਆਂ ਜਾਂਦੀਆਂ ਕਾਰਜ ਸਾਧਕ ਕਮੇਟੀਆਂ ਵਿੱਚ, ਆਪ ਜੀ ਨੂੰ ਹਮੇਸ਼ਾ ਸ਼ਾਮਲ ਕੀਤਾ ਜਾਂਦਾ ਸੀ। ਆਪ ਜੀ ਹਮੇਸ਼ਾਂ ਧੜੇਬੰਦੀ ਤੋਂ ਉੱਪਰ ਰਹਿ ਕੇ, ਨਿਰਪੱਖ ਹੋ ਕੇ ਵਿਚਰਦੇ ਸਨ। ਵਿਚਾਰਾਂ ਦਾ ਵਖਰੇਵਾਂ ਹੋਣ ਤੇ ਵੀ, ਦੂਸਰਿਆਂ ਦੇ ਸਤਿਕਾਰ ਵਿੱਚ ਕੋਈ ਫਰਕ ਨਹੀਂ ਆਉਣ ਦਿੰਦੇ ਸਨ। ਜੇ ਕੋਈ ਹਉਮੈ ਵੱਸ, ਆਪਣੀ ਮੱਤ ਨੂੰ ਦੂਸਰਿਆਂ ਉੱਪਰ ਠੋਸ ਕੇ ਬਿਖੇੜਾ ਵੀ ਪਾਉਂਦਾ ਸੀ, ਤਾਂ ਆਪ ਕਹਿੰਦੇ ਸਨ ਕਿ ਸੰਗਤ ਵਿੱਚ ਕੁੱਝ ਲੈਣ ਜਾਓ। ਦੂਸਰਿਆਂ ਦੇ ਔਗੁਣ ਦੇਖ ਕੇ, ਆਪਣੀ ਕਮਾਈ ਵਿੱਚੋਂ ਦੇ ਕੇ ਨਾ ਜਾਓ।



www.AKJ.Org

6) ਸਾਰੀਆਂ ਸੰਗਤਾਂ, ਖਾਸਕਰ ਬੱਚੇ ਬੱਚੀਆਂ ਅਤੇ ਕੀਰਤਨੀ ਵੀਰ, ਇਨ੍ਹਾਂ ਦੀ ਪ੍ਰੇਮ ਭਰੀ ਸੇਵਾ ਬਿਰਤੀ ਦਾ ਦਿਲੋਂ ਸਤਿਕਾਰ ਕਰਦੇ ਸਨ। ਆਪ ਸਭ ਨੂੰ ਖਾਸ ਕਰ, ਬੱਚੇ ਬੱਚੀਆ ਨੂੰ ਕੀਰਤਨ ਲਈ ਉਤਸ਼ਾਹਿਤ ਕਰਦੇ ਰਹਿੰਦੇ ਸਨ। ਕਦੇ ਕਿਸੇ ਬੱਚੇ ਨੂੰ ਨਹੀਂ ਹੋੜਿਆ ਬਲਕਿ ਪਿਆਰ ਨਾਲ ਸ਼ਾਬਾਸ਼ ਦਿੰਦੇ ਸਨ। ਉਹ ਬੱਚਿਆਂ ਵਿੱਚ ਬੱਚਿਆਂ ਵਾਂਗ ਹੀ ਵਿਚਰਦੇ ਸਨ ਤੇ ਲਾਡ ਲਡਾਉਂਦੇ ਸਨ। ਝਿੜਕਣਾ, ਤਾਂ ਉਨ੍ਹਾਂ ਨੂੰ ਆਉਂਦਾ ਹੀ ਨਹੀਂ ਸੀ। ਆਪ ਜੀ ਜਥੇ ਦੇ ਉਨ੍ਹਾਂ ਪੁਰਾਤਨ ਕੀਰਤਨੀ ਸਿੰਘਾਂ ਵਿਚੋਂ ਇਕ ਸਨ **ਜੋ ਆਪ ਕੀਰਤਨ ਕਰਨ ਦੀ ਬਜਾਏ, ਸੁਣਨ ਨੂੰ ਤਰਜੀਹ ਦਿੰਦੇ ਹਨ ਜਿਵੇਂ ਕਿ ਭਾਈ ਜੋਗਿੰਦਰ ਸਿੰਘ ਜੀ ਤਲਵਾੜਾ, ਭਾਈ ਜੀਵਨ ਸਿੰਘ ਜੀ, ਮਾਸਟਰ ਨਿਰੰਜਨ ਸਿੰਘ ਜੀ, ਭਾਈ ਮੇਹਰ ਸਿੰਘ ਜੀ, ਜੋ ਸਾਰੇ ਬੱਚਿਆਂ ਨੂੰ ਕੀਰਤਨ ਦਾ ਸਮਾਂ ਦੇ ਕੇ, ਪਿਛੋਂ ਜੋ ਵੀ ਸਮਾਂ ਬਚੇ, ਉਤਨੇ ਸਮੇਂ ਲਈ ਹੀ ਕੀਰਤਨ ਕਰਕੇ, ਕੁੱਜੇ ਵਿੱਚ ਸਮੁੰਦਰ ਬੰਦ ਕਰ ਦਿੰਦੇ ਸਨ। ਉਨ੍ਹਾਂ ਕਦੇ ਵੀ, ਕੀਰਤਨ ਕਰਨ ਲਈ ਸਮਾਂ ਨਹੀਂ ਮੰਗਿਆ।** ਹਮੇਸ਼ਾਂ ਕੀਰਤਨ ਦੇ ਆਰੰਭ ਵਿੱਚ ਹੀ ਪਹੁੰਚ ਜਾਂਦੇ ਸਨ। ਕਦੇ ਨਹੀਂ ਦੇਖਿਆ ਕਿ ਤਬਲੇ ਵਾਲਾ ਕੌਣ ਹੈ। ਕਈ ਵਾਰੀ, ਛੋਟੇ ਵੀਰ ਨੂੰ ਹੀ ਤਬਲੇ ਤੇ ਬਿਠਾ ਕੇ, ਆਪ ਕੀਰਤਨ ਆਰੰਭ ਕਰ ਦਿੰਦੇ ਸਨ। ਉਹ ਗੁਰਬਾਣੀ ਦੇ ਕੀਰਤਨ ਦੇ ਆਸ਼ਿਕ ਸਨ ਤੇ ਕੀਰਤਨ ਉਨ੍ਹਾਂ ਦੀ ਰੂਹ ਦੀ ਖੁਰਾਕ ਸੀ। ਸਾਰੇ ਲੋਕਲ ਅਤੇ ਕੇਂਦਰੀ ਸਮਾਗਮਾਂ ਤੇ ਹੋਰ ਸੰਗਤਾਂ ਨੂੰ ਪ੍ਰੇਰ ਕੇ, ਧਾਈਂ ਕਰਕੇ ਪੁੱਜਦੇ ਸਨ ਅਤੇ ਸਾਰੇ ਸਮਾਗਮ ਦਾ ਆਰੰਭ ਤੋਂ ਭੋਗ ਤੱਕ ਪੂਰਾ ਲਾਹਾ ਲੈਂਦੇ ਸਨ। **'ਨਾਨਕ ਆਸਕੁ ਕਾਂਢੀਐ ਸਦ ਹੀ ਰਹੈ ਸਮਾਇ ॥'** ਸਲੋਕ ਮਹਲਾ ੨ (ਅੰਗ ੪੧੪) ਦਾ ਗੁਰਵਾਕ ਉਨ੍ਹਾਂ ਉੱਪਰ ਪੂਰਾ ਢੁਕਦਾ ਸੀ।

7) **ਜਥੇ ਦੇ ਪੁਰਾਤਨ ਸਿੰਘ ਜ਼ਿਆਦਾਤਰ, ਬਹੁਤ ਪੜ੍ਹੇ ਲਿਖੇ ਅਤੇ ਉੱਚ ਸਰਕਾਰੀ ਅਹੁਦਿਆਂ ਤੇ ਨੌਕਰੀ ਕਰਦੇ ਰਹੇ ਹਨ। ਹਰ ਪ੍ਰਕਾਰ ਦੀ ਸੇਵਾ ਨਿਰਬਾਣ ਤੇ ਨਿਸ਼ਕਾਮ ਹੋ ਕੇ ਨਿਬਾਹੁੰਦੇ ਰਹੇ ਹਨ। ਉਹ ਧਰਮ ਦੀ ਕਿਰਤ ਕਰਦੇ ਸਨ, ਜਿਸ ਵਿੱਚੋਂ ਦਸਵੰਧ ਕੱਢ ਕੇ, ਹਮੇਸ਼ਾਂ ਲੋੜਵੰਦਾਂ ਦੀ ਸੇਵਾ ਕਰਦੇ ਰਹੇ ਹਨ। ਮਾਇਕ ਪੱਖੋਂ ਕਾਫੀ ਮਜ਼ਬੂਤ ਹੋਣ ਦੇ ਬਾਵਜੂਦ, ਉਨ੍ਹਾਂ ਵਿੱਚ ਨਿਮਰਤਾ, ਗਰੀਬੀ, ਹਲੀਮੀ ਕੁੱਟ ਕੁੱਟ ਕੇ ਭਰੀ ਹੁੰਦੀ ਸੀ। ਉਹ ਸਾਰੇ ਅੰਮ੍ਰਿਤ ਵੇਲੇ ਦੀ ਸੰਭਾਲ, ਮਿੱਠਾ ਬੋਲਣ, ਮਿਲਾਪੜਾਪਣ, ਅਜਰ ਨੂੰ ਜਰਨਾ, ਦੂਸਰਿਆਂ ਦਾ ਭਲਾ ਕਰਨਾ, ਸੱਤ, ਸੰਤੋਖ, ਸਬਰ, ਸ਼ੁਕਰ, ਭਾਣੇ ਵਿੱਚ ਰਹਿਣਾ ਆਦਿ ਗੁਣਾਂ ਨਾਲ ਭਰਪੂਰ ਹੁੰਦੇ ਸਨ। ਸਾਰੇ ਸਮਾਗਮਾਂ ਦੀ ਹਾਜ਼ਰੀ, ਪ੍ਰੀਵਾਰਾਂ ਅਤੇ ਸੰਗੀ ਸਾਥੀਆਂ ਸਮੇਤ, ਕੇਵਲ ਆਪਣੇ ਆਤਮਿਕ ਲਾਹੇ ਨੂੰ ਹੀ ਮੁੱਖ ਰੱਖ ਕੇ ਭਰਦੇ ਸਨ। ਉਨ੍ਹਾਂ ਦੀ ਰਹਿਤ ਬਹਿਤ, ਉੱਚੀ ਸੁੱਚੀ ਕਰਣੀ, ਆਮ ਸੰਗਤਾਂ ਲਈ ਚਾਨਣ ਮੁਨਾਰਾ ਸੀ। ਆਪ ਜੀ ਦੀ ਸਖਸ਼ੀਅਤ ਵੀ ਉਪਰੋਕਤ, ਪੁਰਾਤਨ ਗੁਰਸਿੱਖਾਂ ਵਾਲੇ ਸਾਰੇ ਦੈਵੀ ਗੁਣਾਂ ਨਾਲ ਸ਼ਿੰਗਾਰੀ ਹੋਈ ਸੀ ਅਤੇ ਦੂਸਰਿਆਂ ਨੂੰ ਗੁਰਸਿੱਖੀ ਧਾਰਨ ਕਰਨ ਲਈ ਪ੍ਰੇਰਨਾ ਸ੍ਰੋਤ ਦਾ ਕੰਮ ਕਰਦੀ ਸੀ।**

8) ਉਹ ਆਪਣੇ ਵਿਹਲੇ ਸਮੇਂ ਵਿੱਚ, ਗੁਰਬਾਣੀ ਦਾ ਪ੍ਰੇਮ ਨਾਲ ਸਹਿਜ ਪਾਠ ਕਰਦੇ ਰਹਿੰਦੇ ਸਨ ਤੇ ਪਾਠ ਕਰਨ ਵੇਲੇ ਗੁਰਬਾਣੀ ਦੇ ਅਰਥ ਭਾਵ ਨੂੰ ਸਮਝ ਕੇ ਸ਼ਬਦ ਡਾਇਰੀ ਵਿੱਚ ਨੋਟ ਕਰਦੇ ਰਹਿੰਦੇ ਸਨ। ਵੱਖ ਵੱਖ ਵਿਸ਼ਿਆਂ ਅਤੇ ਆਸਾ ਕੀ ਵਾਰ ਦੇ ਛੱਕਿਆਂ ਨਾਲ ਮਿਲਦੇ ਜੁਲਦੇ, ਛੋਟੇ ਵੱਡੇ ਸ਼ਬਦ ਚੁਣ ਕੇ ਲਿਖਦੇ ਰਹਿੰਦੇ ਸਨ ਜੋ ਹੌਲੀ ਹੌਲੀ, ਅੰਮ੍ਰਿਤ ਕੀਰਤਨ ਪੋਥੀ, ਜੋ ਭਾਈ ਹਰਚਰਨ ਸਿੰਘ ਚੰਡੀਗੜ੍ਹ ਵਾਲਿਆਂ ਨੇ ਸੰਪਾਦਿਤ ਕੀਤੀ ਸੀ, ਵਿੱਚ ਸ਼ਾਮਿਲ ਹੁੰਦੇ ਗਏ। ਉਹ ਹਮੇਸ਼ਾਂ ਇੱਕ ਪਰਕਰਣ ਚੁਣ ਕੇ, ਉਸ ਦੇ ਰਲਦੇ ਮਿਲਦੇ, ਭਾਵਾਂ ਦੇ ਸ਼ਬਦਾਂ ਦਾ ਕੀਰਤਨ ਜਾਂ ਪ੍ਰਮਾਣ ਦਿੰਦੇ ਸਨ। ਉਨ੍ਹਾਂ ਦੇ ਕੀਰਤਨ ਵਿੱਚ ਸਹਿਜ ਤੇ ਟਿਕਾਅ ਸੀ ਤੇ ਇਹ ਇੰਜ ਲੱਗਦਾ ਹੁੰਦਾ ਸੀ ਕਿ ਉਹ ਕੀਰਤਨ ਰਾਹੀਂ ਗੁਰਬਾਣੀ ਦੀ ਕਥਾ ਕਰ ਰਹੇ ਹਨ। ਆਮ ਸਰੋਤੇ ਨੂੰ ਵੀ ਸਮਝ ਪੈ ਜਾਂਦੀ ਸੀ। ਕਈ ਵਾਰੀ ਬਹੁਤ ਲੰਬੇ ਸ਼ਬਦਾਂ, ਅਸ਼ਟਪਦੀਆਂ ਦਾ ਵੀ ਕੀਰਤਨ ਕਰਦੇ ਸਨ ਪਰ ਉਹ ਗੁਰਬਾਣੀ ਦੇ ਪੂਰੇ ਸ਼ਬਦ ਦਾ ਹੀ ਕੀਰਤਨ ਕਰਦੇ ਸਨ। **ਅੱਜ ਕਲ ਵਾਂਗ ਤੁਕਾਂਤ ਕੀਰਤਨ (ਦੋ ਤੁਕਾਂ ਕਿਸੇ ਸਬਦ ਦੀਆਂ ਅਤੇ ਦੋ ਕਿਤੋਂ ਹੋਰ**



www.AKJ.Org

**ਫੜਕੇ, ਸਿਰਫ ਅੱਖਰਾਂ ਨਾਲ ਅੱਖਰ ਮਿਲਾ ਕੇ) ਨਹੀਂ ਸੀ ਕਰਦੇ। ਸ਼ਬਦ ਦੇ ਅਰਥ ਭਾਵਾਂ ਨੂੰ ਮੁੱਖ ਰੱਖਦੇ ਸੀ।** ਉਨ੍ਹਾਂ ਦਾ ਵਿਚਾਰ ਸੀ, ਗੁਰਬਾਣੀ ਦੇ ਪ੍ਰਮਾਣਾ ਰਾਹੀਂ ਸਿਮਰਨ ਆਪੇ ਹੀ ਫੁੱਟਦਾ ਹੈ, ਇਹ ਧੱਕੇ ਨਾਲ ਨਹੀਂ ਕੀਤਾ ਜਾ ਸਕਦਾ। ਜਿੱਥੇ ਜੀਅ ਕਰੇ, ਵਾਹਿਗੁਰੂ ਗੁਰ ਮੰਤਰ ਦੀ ਧੁਨੀ ਲਗਾ ਦਿੱਤੀ ਜਾਵੇ। ਉਹ ਭਾਈ ਗੁਰਦਾਸ ਜੀ ਦੇ ਬਚਨਾਂ **'ਗੁਰਮੁਖਿ ਜਨਮੁ ਸਕਾਰਥਾ ਗੁਰਬਾਣੀ ਪੜ੍ਹਿ ਸਮਝਿ ਸੁਣੇਹੀ'** ਉੱਪਰ ਪੂਰਾ ਪਹਿਰਾ ਦਿੰਦੇ ਸਨ।

9) ਆਪ ਜੀ ਨੂੰ ਕਾਫੀ ਸਮਾਂ ਭਾਈ ਸਾਹਿਬ ਜੀ ਦੀ ਸੰਗਤ ਦਾ ਲਾਹਾ ਲੈਣ ਦਾ ਮੌਕਾ ਮਿਲਦਾ ਰਿਹਾ। ਆਪ ਜੀ ਕਹਿੰਦੇ ਹੁੰਦੇ ਸਨ ਕਿ ਭਾਈ ਸਾਹਿਬ ਜੀ, ਆਪਣੇ ਆਤਮਿਕ ਬੱਲ ਨਾਲ, ਆਪਣੇ ਪਿਆਰਿਆਂ ਉੱਪਰ ਗੁਪਤ ਬਖ਼ਸ਼ਿਸ਼ਾਂ ਕਰਦੇ ਰਹਿੰਦੇ ਹਨ ਪਰ ਜ਼ਾਹਰਾ ਤੌਰ ਤੇ ਪ੍ਰਗਟ ਨਹੀਂ ਹੋਣ ਦਿੰਦੇ। ਭਾਈ ਸਾਹਿਬ ਜੀ ਨੇ 16 ਅਪਰੈਲ 1961 ਨੂੰ ਚੜ੍ਹਾਈ ਕੀਤੀ ਸੀ। ਉਸ ਵੇਲੇ ਤੋਂ ਆਪ ਜੀ ਨੇ ਸੰਗਤਾਂ ਦੇ ਸਹਿਯੋਗ ਨਾਲ ਹਰ ਮਹੀਨੇ, ਇੱਕ ਸਹਿਜ ਪਾਠ, ਭਾਈ ਸਾਹਿਬ ਜੀ ਦੀ ਯਾਦ ਵਿੱਚ ਕਰਨਾ ਆਰੰਭ ਕੀਤਾ ਜਿਸ ਦਾ ਭੋਗ ਹਰ ਮਹੀਨੇ 16 ਤਾਰੀਖ ਨੂੰ ਸਿੰਘ ਸਭਾ ਮਾਡਲ ਟਾਊਨ ਗੁਰਦੁਆਰੇ ਵਿੱਚ ਸ਼ਾਮ ਦੇ ਕੀਰਤਨ ਸਮਾਗਮ ਵਿੱਚ ਪਾਇਆ ਜਾਂਦਾ ਰਿਹਾ ਹੈ ਜੋ ਕਿ ਉਨ੍ਹਾਂ ਦੇ ਕੈਨੇਡਾ ਜਾਣ ਤੋਂ ਕੁਝ ਸਮਾਂ ਬਾਅਦ ਤਕ ਹੀ ਚਲਿਆ। ਸੇਵਾਮੁਕਤੀ ਤੋਂ ਬਾਅਦ ਕੈਨੇਡਾ ਜਾ ਕੇ ਜਿੱਥੇ ਉਨ੍ਹਾਂ ਹਫ਼ਤਾਵਾਰੀ ਸਮਾਗਮ, ਸਹਿਜ ਪਾਠ, ਸ੍ਰੀ ਅਖੰਡ ਪਾਠ ਦੇ ਪ੍ਰਵਾਹ ਚਲਾਏ, ਉੱਥੇ, ਉਨ੍ਹਾਂ ਲੋਕਲ ਸੰਗਤਾਂ ਖਾਸਕਰ ਭਾਈ ਜੀਵਨ ਸਿੰਘ ਜੀ, ਪ੍ਰੋ. ਉਦੈ ਸਿੰਘ ਜੀ, ਡਾਕਟਰ ਮਹੇਸ਼ਇੰਦਰ ਸਿੰਘ ਜੀ ਅਤੇ ਸਮੂਹ ਗਿੱਲ ਪਰਿਵਾਰ ਦੇ ਸਹਿਯੋਗ ਨਾਲ ਭਾਈ ਸਾਹਿਬ ਜੀ ਦੀ ਯਾਦ ਵਿੱਚ, ਸਹਿਜ ਪਾਠ ਦੀ ਸੇਵਾ ਜਾਰੀ ਰੱਖੀ ਤੇ ਨਾਲ ਹੀ ਹਰ ਸਾਲ ਜੁਲਾਈ ਦੇ ਪਹਿਲੇ ਹਫ਼ਤੇ ਭਾਈ ਸਾਹਿਬ ਜੀ ਦੇ ਜਨਮ ਦਿਨ ਨੂੰ ਸਮਰਪਿਤ ਸਾਲਾਨਾ ਸਮਾਗਮ ਆਰੰਭਿਆ ਜੋ ਹੁਣ ਤਾਈਂ ਬਹੁਤ ਚੜ੍ਹਦੀ ਕਲਾ ਵਿੱਚ ਹੋ ਰਿਹਾ ਹੈ।

10) ਜਿੱਥੇ ਉਨ੍ਹਾਂ ਖ਼ੁਦ ਕੀਰਤਨ ਦੀ ਸੇਵਾ ਤਾਅ ਜ਼ਿੰਦਗੀ ਨਿਬਾਹੀ, ਓਥੇ ਬਹੁਤ ਸਾਰੇ ਬੱਚਿਆਂ ਨੂੰ ਕੀਰਤਨ ਸਿਖਲਾਈ ਵੀ ਦਿੱਤੀ। ਸਮਾਗਮ ਤੋਂ ਬਾਅਦ, ਥੋੜ੍ਹੇ ਜਿਹੇ ਵਿਖਿਆਨ ਰਾਹੀਂ, ਬੱਚਿਆਂ ਨੂੰ ਗੁਰਮਤਿ ਸਿਧਾਤਾਂ, ਗੁਰਸਿੱਖੀ ਰਹਿਤ ਬਹਿਤ ਦੇ ਤੱਤ ਅਸੂਲਾਂ ਦੀ ਜਾਣਕਾਰੀ ਵੀ ਦਿੰਦੇ ਰਹੇ। ਗੁਰਬਾਣੀ ਦੇ ਸ਼ੁੱਧ ਉਚਾਰਨ, ਜਿਸ ਵਿੱਚ ਸ਼ਬਦ ਜੋੜਾਂ ਦਾ ਨਿਖੇੜ, ਲਗਾਂ ਮਾਤਰਾਂ ਦਾ ਉੱਚਾਰਣ ਤੇ ਬਿਸਰਾਮ ਲਾਉਟ ਦੀ ਸੋਝੀ ਵੀ ਕਰਵਾਉਂਦੇ ਸਨ। ਉਨ੍ਹਾਂ ਦੇ ਛੋਟੇ ਵੀਰ ਡਾਕਟਰ ਹਰਦਿਆਲ ਸਿੰਘ ਜੀ ਵੱਲੋਂ ਗਰਮੀਆਂ ਦੀਆਂ ਛੁੱਟੀਆਂ ਵਿਚ ਬੱਚਿਆਂ ਲਈ ਆਰੰਭੇ ਗੁਰਮਤਿ ਕੈਂਪਾਂ ਦਾ ਵੀ ਆਪ ਨੇ ਪੂਰਾ ਸਹਿਯੋਗ ਦਿੱਤਾ ਅਤੇ ਟੋਰਾਂਟੋ ਵਿੱਚ ਵੀ ਅਜਿਹੇ ਕੈਂਪ ਆਰੰਭ ਕੀਤੇ।

11) ਆਪ ਜੀ ਨੇ ਭਾਈ ਜਸਪਿੰਦਰ ਸਿੰਘ ਗਿੱਲ ਰਿਟਾਇਰਡ ਵਿੰਗ ਕਮਾਂਡਰ ( ਪਿਤਾ ਭਾਈ ਹਰਪਿੰਦਰ ਸਿੰਘ, ਦੀਪਿੰਦਰ ਸਿੰਘ, ਹਰਪਰੀਤ ਸਿੰਘ ਟੋਰਾਂਟੋ (ਕੀਰਤਨੀਏ ਵੀਰ) ਨੂੰ ਉਤਸ਼ਾਹਤ ਕਰਕੇ ਭਾਈ ਸਾਹਿਬ ਜੀ ਦੀਆਂ ਪੁਸਤਕਾਂ ਦਾ ਅੰਗਰੇਜ਼ੀ ਵਿੱਚ ਤਰਜਮਾ ਕਰਵਾਇਆ ਜਿਨ੍ਹਾਂ ਵਿੱਚ ਰੰਗਲੇ ਸੱਜਣ, ਅਣਡਿੱਠੀ ਦੁਨੀਆਂ, ਅਨਹਦ ਸ਼ਬਦ ਦਸਮ ਦੁਆਰ ਪੁਸਤਕਾਂ ਸ਼ਾਮਿਲ ਹਨ ਜਿਨ੍ਹਾਂ ਤੋਂ ਵਿਦੇਸ਼ਾਂ ਵਿੱਚ ਜੰਮੇ ਪਲੇ ਨੌਜਵਾਨ ਬੱਚੇ, ਪੂਰਾ ਫਾਇਦਾ ਉਠਾ ਰਹੇ ਹਨ।

ਅਪਰੈਲ 1978 ਦੇ ਵੈਸਾਖੀ ਸਮਾਗਮ ਸਮੇਂ, ਆਪ ਜੀ ਛੋਟੇ ਵੀਰ ਡਾਕਟਰ ਹਰਦਿਆਲ ਸਿੰਘ ਜੀ ਤੇ ਹੋਰ ਸੰਗਤਾਂ ਨਾਲ ਕੀਰਤਨ ਦੇ ਹਰ ਜੱਸ ਲਾਹੇ ਭੁੰਚਣ ਲਈ ਸੀ ਅੰਮ੍ਰਿਤਸਰ ਪਹੁੰਚੇ ਹੋਏ ਸਨ, ਜਦੋਂ ਨਕਲੀ ਨਿੰਰਕਾਰੀਆਂ ਵੱਲੋਂ ਕੀਤੇ ਜਾ ਰਹੇ ਗੁਰੂ ਘਰ ਵਿਰੋਧੀ ਕੂੜ ਪ੍ਰਚਾਰ ਰੋਕਣ ਗਏ, 13 ਸਿੰਘਾਂ ਨੇ ਸ਼ਹਾਦਤ ਦੇ ਜਾਮ ਪੀਤੇ। ਉਨ੍ਹਾਂ ਵਿੱਚ, ਭਾਈ ਗੁਰਚਰਨ ਸਿੰਘ ਜੀ, ਵੀਰ ਪਰਵਾਰ ਵਾਲਾ ਜੋ ਕਿ ਐਗਰੀਕਲਚਰ ਯੂਨੀਵਰਸਟੀ ਵਿੱਚ ਹੀ ਨੌਕਰੀ ਕਰਦਾ ਸੀ ਅਤੇ ਜਿਸ ਦਾ ਆਪ ਜੀ ਨਾਲ ਨਿੱਘਾ ਸਨੇਹ ਸੀ, ਵੀ ਸ਼ਹੀਦ ਹੋ ਗਿਆ। ਉਸ ਸਾਕੇ ਦਾ ਆਪ ਜੀ ਦੇ ਮਨ ਉਪਰ



www.AKJ.Org

ਡੂੰਘਾ ਅਸਰ ਪਿਆ। ਇਸ ਪਰਿਵਾਰ ਦੇ ਮੈਂਬਰਾਂ ਨੂੰ ਸ਼ੁਰੂ ਤੋਂ ਹੀ ਆਪ ਜੀ ਨੇ ਆਪਣੇ ਬੱਚਿਆਂ ਵਾਂਗ ਪਿਆਰ ਦਿੱਤਾ ਅਤੇ ਆਪ ਦਾ ਇਸ ਪ੍ਰੀਵਾਰ ਨਾਲ ਬਹੁਤ ਨੇੜਲਾ ਸਬੰਧ ਸੀ। ਸਾਰੇ ਸੰਸਾਰਿਕ ਕਾਰ ਵਿਹਾਰਾਂ ਵਿੱਚ ਇਸ ਪ੍ਰੀਵਾਰ ਨੂੰ ਨੇਕ ਸਲਾਹ ਦੇਂਦੇ ਅਤੇ ਯੋਗ ਅਗਵਾਈ ਕਰਦੇ ਰਹੇ। ਇਸ ਪ੍ਰਵਾਰ ਦੇ ਗੁਰਪੁਰੀ ਸਿਧਾਰੇ ਭਾਈ ਦਯਾ ਸਿੰਘ ਜੀ ਨੇ ਆਪ ਜੀ ਨਾਲ ਬਹੁਤ ਸਮਾਂ ਤਬਲੇ ਦੀ ਸੇਵਾ ਵੀ ਨਿਭਾਹੀ। ਇਸ ਬਿਖੜੇ ਸਮੇਂ, ਆਪ ਜੀ ਨੇ ਸਾਰੇ ਪਰਿਵਾਰ, ਖ਼ਾਸ ਕਰ ਮਾਤਾ ਜੀ ਨੂੰ ਗੁਰਬਾਣੀ ਪਾਠ, ਕੀਰਤਨ ਰਾਹੀਂ ਧਰਵਾਸਾ ਦਿੱਤਾ ਤੇ ਭਾਣੇ ਵਿੱਚ ਰਹਿਣ ਲਈ ਤਕੜਾ ਕੀਤਾ। ਫਿਰ ਇਸ ਸ਼ਹੀਦ ਪ੍ਰਤੀ ਹੋਏ ਸਾਰੇ ਸਮਾਗਮਾਂ ਦਾ ਆਪਣੀ ਨਿਗਰਾਨੀ ਹੇਠ ਪ੍ਰਬੰਧ ਕੀਤਾ। ਆਪ ਜੀ, ਇਸ ਸਾਕੇ ਤੋਂ ਬਾਅਦ, ਤਤਕਾਲੀਨ ਪੰਜਾਬ ਸਰਕਾਰ ਵੱਲੋਂ ਸਿੱਖ ਸੰਗਤਾਂ ਨੂੰ ਇਨਸਾਫ਼ ਦੇਣ ਲਈ, ਕੋਈ ਖਾਸ ਕਦਮ ਨਾ ਉਠਾਉਣ ਕਰਕੇ, ਜੋਸ਼ ਵਿੱਚ ਆਏ ਨੌਜਵਾਨ ਸਿੰਘਾਂ ਨੂੰ ਹੋਸ਼ ਵਿੱਚ ਰਹਿ ਕੇ ਗੁਰਮਤਿ ਦੀ ਰੋਸ਼ਨੀ ਵਿੱਚ ਸੋਚ ਸਮਝ ਕੇ ਕਦਮ ਉਠਾਉਣ ਦੀ ਨੇਕ ਸਲਾਹ ਵੀ ਦਿੰਦੇ ਰਹੇ।

ਲੁਧਿਆਣੇ ਸ਼ਹਿਰ ਤੇ ਪਿੰਡਾ ਵਿੱਚ, ਆਪ ਜੀ ਨੇ ਲਗਾਤਾਰ ਕੀਰਤਨ ਦਾ ਪ੍ਰਵਾਹ ਚਲਾਇਆ। ਹਰ ਬੁਧਵਾਰ ਨੂੰ ਲੋਕਲ ਗੁਰਦੁਆਰਿਆਂ ਜਾਂ ਗੁਰਸਿੱਖਾਂ ਦੇ ਘਰਾਂ ਵਿੱਚ, ਸ਼ੁੱਕਰਵਾਰ ਨੂੰ ਯੂਨੀਵਰਸਿਟੀ ਦੇ ਸਕੂਲ, ਹੋਸਟਲਾਂ ਜਾਂ ਪ੍ਰੋਫ਼ੈਸਰਾਂ ਦੇ ਘਰਾਂ ਵਿੱਚ (ਜਿਸ ਸਦਕਾ ਹੁਣ ਯੂਨਿਵਰਿਸਟੀ ਵਿਚ ਗੁਰਦੁਆਰਾ ਸਥਾਪਿਤ ਹੋ ਚੁੱਕਾ ਹੈ) ਅਤੇ ਸਨਿੱਚਰਵਾਰ ਰੈਣ ਸਬਾਈ ਕੀਰਤਨ ਪਿੰਡਾਂ ਵਿੱਚ ਹੁੰਦੇ ਸਨ। ਪਿੰਡਾਂ ਵਿਚ ਹੋਣ ਵਾਲੇ ਮਾਸਿਕ ਰੈਣ ਸਬਾਈ ਕੀਰਤਨ ਸਮਾਗਮਾਂ ਦੀ ਲੜੀ ਵਿੱਚ ਵੀ ਕੀਰਤਨ ਦੀ ਸੇਵਾ ਲਈ ਪਹੁੰਚਦੇ ਸਨ ਜਿਸ ਦਾ ਪ੍ਰਬੰਧ ਮਾਸਟਰ ਉਜਾਗਰ ਸਿੰਘ ਫਰਵਾਲੀ ਵਾਲੇ ਕਰਦੇ ਹੁੰਦੇ ਸਨ। ਫਿਰ ਐਤਵਾਰ ਸ਼ਾਮ ਨੂੰ ਵੀ ਕੋਈ ਨਾ ਕੋਈ ਪ੍ਰੋਗਰਾਮ ਹੁੰਦਾ ਰਹਿੰਦਾ ਸੀ ਜੋ ਤਕਰੀਬਨ 6 ਵਜੇ ਤੋਂ 9 ਵਜੇ ਤੱਕ ਚਲਦਾ ਸੀ। ਇਸ ਤੋਂ ਇਲਾਵਾ ਸ੍ਰੀ ਅਖੰਡ ਪਾਠ ਤੇ ਸਹਿਜ ਪਾਠ ਵੀ ਚੱਲਦੇ ਰਹਿੰਦੇ ਸਨ। ਉਹ ਨਵੇਂ ਕੀਰਤਨੀਆਂ, ਖਾਸਕਾਰ ਛੋਟੇ ਬੱਚੇ ਬੱਚੀਆਂ ਨੂੰ ਕੀਰਤਨ ਲਈ ਤਰਜੀਹ ਦਿੰਦੇ ਸਨ ਜਿਸ ਨਾਲ ਬਹੁਤ ਸਾਰੇ ਪ੍ਰਾਣੀ, ਬੱਚੇ ਬੱਚੀਆਂ ਅੰਮ੍ਰਿਤਧਾਰੀ ਤੇ ਕੇਸਕੀਧਾਰੀ ਹੋ ਜਾਂਦੇ ਸਨ। ਇਸ ਤਰ੍ਹਾਂ ਆਪ ਸਾਰੀ ਆਯੂ ਗੁਰਸਿੱਖੀ ਦੀ ਫੁਲਵਾੜੀ ਨੂੰ ਪ੍ਰਫੁੱਲਤ ਕਰਦੇ ਰਹੇ।

ਸੰਨ 1981 ਵਿੱਚ ਸੇਵਾ ਮੁਕਤ ਹੋਣ ਤੋਂ ਬਾਅਦ, ਫਰਵਰੀ 1982 ਵਿੱਚ ਆਪ ਜੀ, ਭਾਈ ਰਾਮ ਸਿੰਘ ਜੀ ਜੱਥੇਦਾਰ, ਉਨ੍ਹਾਂ ਦੀ ਸਿੰਘਣੀ, ਬੀਬੀ ਬਲਵੰਤ ਕੌਰ ਜੀ, ਬੀਬੀ ਸੁਰਜੀਤ ਕੌਰ ਜੀ ਸਿੰਘਣੀ ਪ੍ਰੋਫ਼ੈਸਰ ਉਦੇ ਸਿੰਘ ਜੀ ਟੋਰਾਂਟੋ, ਭਾਈ ਮੋਹਕਮ ਸਿੰਘ ਜੀ ਲੁਧਿਆਣਾ ਤੇ ਕੁਝ ਹੋਰ ਲੁਧਿਆਣਾ ਅਤੇ ਸ੍ਰੀ ਅੰਮ੍ਰਿਤਸਰ ਦੀਆਂ ਸੰਗਤਾਂ ਨਾਲ ਗੁਰੂ ਕੀ ਰਾਹੀਂ ਗੁਰਧਾਮਾਂ ਦੀ ਯਾਤਰਾ ਤੇ ਗਏ। ਵੈਸੇ ਵੀ ਉਹ ਪਹਿਲਾਂ ਜੀਪ ਤੇ, ਫੇਰ ਗੁਰੂ ਕੀ (ਮੈਟਾਡੋਰ) ਰਾਹੀਂ ਲੁਧਿਆਣੇ ਦੀਆਂ ਸੰਗਤਾਂ ਨਾਲ ਪੰਜਾਬ ਤੇ ਹੋਰ ਨੇੜਲੇ ਇਤਿਹਾਸਕ ਗੁਰਧਾਮਾਂ ਦੀ ਯਾਤਰਾ ਕਰਦੇ ਰਹਿੰਦੇ ਸਨ। ਇਸ ਯਾਤਰਾ ਦੌਰਾਨ ਲੁਧਿਆਣੇ ਤੋਂ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਤੱਕ, ਰਸਤੇ ਵਿੱਚ ਪੈਂਦੇ ਸਾਰੇ ਗੁਰਦੁਆਰਿਆਂ ਦੀ ਯਾਤਰਾ ਦਾ ਪ੍ਰੋਗਰਾਮ ਬਣਾਇਆ ਗਿਆ, ਜਿਸ ਵਿੱਚ ਆਗਰਾ, ਗਵਾਲੀਅਰ, ਇੰਦੌਰ, ਓਂਕਲੇਸ਼ਵਰ, ਬੁਰਹਾਨਪੁਰ, ਸ੍ਰੀ ਹਜ਼ੂਰ ਸਾਹਿਬ ਦੇ ਸਾਰੇ ਇਤਿਹਾਸਕ ਗੁਰਦੁਆਰੇ, ਗੁਰਦੁਆਰਾ ਨਾਨਕ ਝੀਰਾ ਬਿਦਰ ਤੋਂ ਇਲਾਵਾ ਪੂਨਾ, ਮੁੰਬਈ, ਅਹਿਮਦਾਬਾਦ, ਜੈਪੁਰ ਆਦਿ ਸ਼ਹਿਰਾਂ ਵਿੱਚ ਜਾਣ ਦਾ ਪ੍ਰੋਗਰਾਮ ਬਣਾਇਆ ਗਿਆ। ਇਸ ਯਾਤਰਾ ਦੌਰਾਨ, ਜਿੱਥੇ ਰਸਤੇ ਵਿੱਚ ਗੁਰਧਾਮਾਂ ਦੀ ਪਵਿੱਤਰ ਚਰਨ ਧੂੜੀ ਪ੍ਰਸਣ ਦਾ ਮੌਕਾ ਮਿਲਦਾ ਰਿਹਾ, ਉੱਥੇ ਆਪ ਜੀ ਅਤੇ ਜਥੇਦਾਰ ਸਾਹਿਬ ਜੀ ਦੀ ਸੰਗਤ ਨਾਲ ਨਾਮ-ਬਾਣੀ, ਕੀਰਤਨ ਦੇ ਲਾਹੇ ਵੀ ਮਿਲਦੇ ਰਹੇ। ਇਸ ਯਾਤਰਾ ਦੀ ਖ਼ਾਸ ਵਿਸ਼ੇਸ਼ਤਾ ਇਹ ਸੀ ਕਿ ਦੌੜ ਭੱਜ ਦੀ ਬਜਾਏ, ਬੜੇ ਸਹਿਜ ਵਿੱਚ ਸਫ਼ਰ ਕੀਤਾ ਜਾਂਦਾ ਸੀ। ਹਰ ਰੋਜ਼ ਜਥੇਦਾਰ ਸਾਹਿਬ ਬਾਰਾਂ ਵਜੇ ਅੰਮ੍ਰਿਤ ਵੇਲੇ ਉੱਠ ਕੇ, ਇਸ਼ਨਾਨ ਸੋਧ ਕੇ, ਬਾਕੀ ਸਾਰੀ ਸੰਗਤ ਨੂੰ ਸਾਵਧਾਨ ਕਰਦੇ ਸੀ ਅਤੇ ਨਾਮ ਅਭਿਆਸ ਵਿਚ ਜੁੱਟ ਜਾਂਦੇ ਸਨ। ਦੋ ਢਾਈ ਵਜੇ ਤਾਈਂ, ਸਾਰੀ ਸੰਗਤ ਇਸ਼ਨਾਨ ਕਰਕੇ ਤਿਆਰ ਹੋ ਜਾਂਦੀ ਸੀ।



www.AKJ.Org

ਇਸੇ ਦੌਰਾਨ ਬੀਬੀ ਬਲਵੰਤ ਕੌਰ ਜੀ, ਬੀਬੀ ਸੁਰਜੀਤ ਕੌਰ ਅਤੇ ਦੋ ਤਿੰਨ ਸਿੰਘ ਰਲ ਕੇ ਸਵੇਰ ਤੇ ਦੁਪਹਿਰ ਲਈ ਸਾਦਾ ਲੰਗਰ ਤਿਆਰ ਕਰਕੇ, ਨਾਲ ਰੱਖ ਲੈਂਦੇ ਸਨ। ਗੁਰੂ ਕੀ ਨੂੰ ਅਗਲੇ ਟਿਕਾਣੇ ਲਈ ਤੋਰ ਲਿਆ ਜਾਂਦਾ ਸੀ। ਫਿਰ, ਗੁਰੂ ਕੀ ਵਿੱਚ ਹੀ, ਨਿੱਤਨੇਮ, ਸ੍ਰੀ ਸੁਖਮਨੀ ਸਾਹਿਬ ਅਤੇ ਹੋਰ ਬੇਅੰਤ ਬਾਣੀਆਂ ਦੇ ਪਾਠ ਤੋਂ ਬਾਅਦ, ਪੰਜ ਵਜੇ ਸ੍ਰੀ ਆਸਾ ਕੀ ਵਾਰ ਦਾ ਕੀਰਤਨ ਆਰੰਭ ਹੋ ਜਾਂਦਾ ਜੋ ਕਿ ਅੱਠ ਵਜੇ ਤਾਈਂ ਚੱਲਦਾ ਰਹਿੰਦਾ। ਫਿਰ ਜਿੱਥੇ ਸਾਫ ਸੁਥਰੀ ਜਗ੍ਹਾ ਮਿਲੇ ਤੇ ਜਲ ਦਾ ਪ੍ਰਬੰਧ ਹੋਵੇ, ਉੱਥੇ ਰੁਕ ਕੇ ਨਾਸ਼ਤਾ ਕਰਕੇ, ਫਿਰ ਚਾਲੇ ਪਾ ਲੈਣੇ ਅਤੇ ਨਾਲ ਹੀ ਫਿਰ ਕੀਰਤਨ ਆਰੰਭ ਹੋ ਜਾਂਦਾ, ਜੋ ਦੋ ਢਾਈ ਵਜੇ ਤਾਈਂ ਚੱਲਦਾ ਸੀ। ਪਹਿਲੋਂ ਹੀ ਮਿੱਥੇ ਟਿਕਾਣੇ ਤੇ ਪਹੁੰਚ ਕੇ ਦੁਪਹਿਰ ਦਾ ਲੰਗਰ ਛਕ ਕੇ, ਪੰਜ ਵਜੇ ਤਾਈਂ ਥੋੜ੍ਹਾ ਆਰਾਮ ਕੀਤਾ ਜਾਂਦਾ। ਵਿਸ਼ਰਾਮ ਆਮ ਤੌਰ ਤੇ ਗੁਰਦੁਆਰੇ ਵਿੱਚ ਹੀ ਹੁੰਦਾ ਸੀ। ਆਪ ਜੀ ਨੇ ਹੋਰ ਸੰਗਤਾਂ ਨੂੰ ਨਾਲ ਲੈ ਕੇ ਸ਼ਾਮ ਸੋਦਰੁ ਦੀ ਚੌਂਕੀ ਦਾ ਕੀਰਤਨ ਆਰੰਭ ਕਰ ਦੇਣਾ, ਜਿਸਦੀ ਸਮਾਪਤੀ ਅੱਠ ਵਜੇ ਤੋਂ ਪਹਿਲਾਂ ਹੋ ਜਾਂਦੀ ਸੀ। ਦੂਸਰੇ ਪਾਸੇ, ਲੰਗਰ ਦੀ ਸੇਵਾ ਵਾਲਿਆਂ ਨੇ ਆਪਣੇ ਖ਼ਰਚ ਤੇ ਰਸਦ ਲਿਆ ਕੇ ਦਾਲ ਪ੍ਰਸ਼ਾਦਾ ਤਿਆਰ ਕਰ ਲੈਣਾ ਤੇ ਨਾਲ ਹੀ ਦੁੱਧ ਵੀ ਗਰਮ ਕਰ ਲੈਣਾ। ਪੰਜਾਬ ਤੋਂ ਬਾਹਰ ਆਮ ਸ਼ਹਿਰਾਂ ਦੇ ਗੁਰੂ ਘਰਾਂ ਵਿਚ ਲੰਗਰ ਦਾ ਪ੍ਰਬੰਧ ਨਹੀਂ ਸੀ ਹੁੰਦਾ। ਇਸ ਕਰਕੇ ਪ੍ਰਬੰਧਕ ਬਾਲਣ ਤੇ ਬਰਤਨ ਦੇ ਦਿੰਦੇ ਸਨ। ਰਸਦ ਆਪਣੀ ਲਿਆਈ ਜਾਂਦੀ ਸੀ। ਪਰ ਲੰਗਰ ਸਾਰਿਆਂ ਵਿੱਚ ਸਮੇਤ ਗ੍ਰੰਥੀਆਂ, ਸੇਵਾਦਾਰਾਂ, ਬਾਹਰੋਂ ਆਈ ਸੰਗਤ ਨੂੰ ਬਿਨ੍ਹਾਂ ਕਿਸੇ ਭੇਦ-ਭਾਵ ਦੇ ਵਰਤਾਇਆ ਜਾਂਦਾ ਸੀ ਅਤੇ ਉਹ ਸਾਰੇ ਨਿਸ਼ਕਾਮ ਕੀਰਤਨ ਤੇ ਲੰਗਰ ਦੀ ਸੇਵਾ ਤੋਂ ਪ੍ਰਭਾਵਿਤ ਹੋ ਕੇ ਹਰ ਤਰ੍ਹਾਂ ਦਾ ਪੂਰਾ ਸਹਿਯੋਗ ਦਿੰਦੇ ਸਨ। ਇਹ ਇੱਕ ਅਲੌਕਿਕ ਯਾਤਰਾ ਸੀ। ਉਦੋਂ ਯਾਤਰਾ ਵਿਚ ਸ਼ਾਮਿਲ ਸਾਰੀ ਸੰਗਤ, ਇਤਿਹਾਸਕ ਗੁਰਦੁਆਰਿਆਂ ਵਿੱਚ ਤਿਆਰ ਹੋਇਆ ਲੰਗਰ ਛੱਕ ਲੈਂਦੀ ਸੀ ਕਿਉਂਕਿ ਲੰਗਰ ਦੇ ਸੇਵਾਦਾਰ ਵੀ ਆਮ ਤੌਰ ਤੇ ਅੰਮ੍ਰਿਤਧਾਰੀ ਹੁੰਦੇ ਸਨ। ਸਿਰ ਗੁੰਮ ਜਾਂ ਪਤਿਤਾ ਨੂੰ ਸੇਵਾ ਕਰਨ ਦੀ ਇਜ਼ਾਜਤ ਨਹੀਂ ਸੀ ਹੁੰਦੀ। ਇਸ ਯਾਤਰਾ ਦੌਰਾਨ, ਪੂਨਾ, ਮੁੰਬਈ, ਜੈਪੁਰ ਆਦਿ ਸ਼ਹਿਰਾਂ ਵਿੱਚ ਵਿਸ਼ੇਸ਼ ਕੀਰਤਨ ਸਮਾਗਮ ਵੀ ਹੋਏ ਜੋ ਕਿ ਉਥੋਂ ਦੇ ਨਿਵਾਸੀ ਸਿੰਘਾਂ ਨੇ ਜਥੇਦਾਰ ਸਾਹਿਬ ਤੇ ਆਪ ਜੀ ਦੀ ਆਮਦ ਨੂੰ ਮੁੱਖ ਰੱਖ ਕੇ ਮਿੱਥੇ ਸਨ। ਇਨ੍ਹਾਂ ਸਮਾਗਮਾਂ ਦਾ, ਯਾਤਰਾ ਵਿੱਚ ਸ਼ਾਮਿਲ ਸੰਗਤਾਂ ਅਤੇ ਉੱਥੋਂ ਦੀਆਂ ਲੋਕਲ ਸੰਗਤਾਂ ਨੇ ਰਸ ਭਿੰਨੇ ਕੀਰਤਨ ਦਾ ਰੰਗ ਮਾਣਿਆ। ਇਸ ਯਾਤਰਾ ਦਾ ਇੱਕ ਹੋਰ ਪਹਿਲੂ ਇਹ ਦੇਖਿਆ ਗਿਆ ਸੀ ਕਿ ਜਦੋਂ ਨਾਮ ਬਾਣੀ, ਕੀਰਤਨ ਦਾ ਪ੍ਰਵਾਹ ਚੱਲੇ ਤਾਂ ਗੁਰੂ ਕੀ ਠੀਕ ਤਰੀਕੇ ਨਾਲ ਤੁਰੀ ਜਾਵੇ, ਪਰ ਜਦੋਂ ਸੰਗਤ ਥੱਕ ਜਾਵੇ ਜਾਂ ਗੱਲਾਂ ਬਾਤਾਂ ਕਰਨ ਲੱਗੇ ਪਵੇ ਤਾਂ ਇੰਜਣ ਵਿੱਚ, ਕੋਈ ਨਾ ਕੋਈ ਨੁਕਸ ਪੈ ਜਾਣ ਕਰਕੇ, ਰੁਕ ਜਾਵੇ। ਇਹ ਇੱਕ ਨਾਮ ਬਾਣੀ ਅਤੇ ਕੀਰਤਨ ਦੇ ਅਖੰਡ ਪ੍ਰਵਾਹ ਦਾ ਇੱਕ ਅੱਖੀਂ ਦੇਖਿਆ ਪਰਖਿਆ ਤਜ਼ਰਬਾ ਸੀ।

ਸੇਵਾ ਮੁਕਤ ਹੋਣ ਤੋਂ ਬਾਅਦ, ਆਪ ਜੀ ਦਸੰਬਰ 1985 ਤਾਈਂ ਲੁਧਿਆਣੇ ਦੀਆਂ ਸੰਗਤਾਂ ਨਾਲ ਰਲ ਮਿਲ ਕੇ ਕੀਰਤਨ ਅਖਾੜੇ ਸਜਾਉਂਦੇ ਰਹੇ ਤੇ ਨਾਮ-ਬਾਣੀ ਦੇ ਨਾਲ ਜੁੜਦੇ/ ਜੋੜਦੇ ਰਹੇ। ਫਿਰ ਆਪ ਜੀ, ਆਪਣੇ ਸਪੁੱਤਰ ਕੋਲ ਪਰਿਵਾਰ ਸਮੇਤ ਪੱਕੇ ਤੌਰ ਤੇ ਕੈਨੇਡਾ ਚਲੇ ਗਏ। ਉੱਥੇ ਜਾ ਕੇ ਵੀ ਇਨ੍ਹਾਂ, ਉੱਥੇ ਪਹਿਲਾਂ ਰਹਿ ਰਹੇ ਸਿੰਘਾਂ ਨਾਲ ਮਿਲ ਕੇ, ਹਫਤਾਵਾਰੀ ਸਮਾਗਮ, ਰੈਣ ਸਬਾਈ ਕੀਰਤਨ ਦੇ ਅਖਾੜੇ ਸਜਾਉਣੇ ਸ਼ੁਰੂ ਕਰ ਦਿੱਤੇ। ਨਾਲ ਹੀ ਗੁਰਮਤਿ ਕੈਂਪਾ ਰਾਹੀਂ ਬੱਚਿਆਂ ਨੂੰ ਗੁਰਮਤਿ ਸਿਖਲਾਈ ਦਾ ਵਿਸ਼ੇਸ਼ ਉਪਰਾਲਾ ਵੀ ਕਰਦੇ ਰਹੇ। ਆਪ ਜੀ ਚੰਗੇ ਪੜ੍ਹੇ ਲਿਖੇ ਅਤੇ ਅੰਗਰੇਜ਼ੀ ਭਾਸ਼ਾ ਦੇ ਪੂਰੇ ਜਾਣਕਾਰ ਹੋਣ ਕਾਰਨ, ਉਥੋਂ ਦੇ ਜੰਮਪਲ ਬੱਚੇ, ਜਿਨ੍ਹਾਂ ਨੂੰ ਪੰਜਾਬੀ ਭਾਸ਼ਾ ਅਤੇ ਗੁਰਮੁਖੀ ਲਿੱਪੀ ਦੀ ਜ਼ਿਆਦਾ ਮੁਹਾਰਤ ਨਹੀਂ ਸੀ, ਨੂੰ ਕੀਰਤਨ ਸਿਖਣ, ਗੁਰਮਤਿ ਸਿਧਾਂਤਾਂ ਤੇ ਗੁਰ ਸਿੱਖੀ ਜੀਵਨ ਜਾਚ ਬਾਰੇ ਸੋਧ ਲੈਣ ਲਈ, ਬਹੁਤ ਸਹਾਇਤਾ ਮਿਲੀ। ਗੁਰਮਤਿ ਸਾਹਿਤ ਰਾਹੀਂ ਗੁਰੂ ਸ਼ਬਦ ਦੇ ਲੰਗਰ ਨੂੰ, ਸੰਗਤਾਂ ਵਿੱਚ ਖ਼ੂਬ ਵੰਡਿਆ। ਟੋਰਾਂਟੋ ਸ਼ਹਿਰ ਦਾ, ਹਰ ਛੋਟਾ ਵੱਡਾ ਪ੍ਰਾਨੀ ਆਪ ਜੀ ਦੀ ਸ਼ਖ਼ਸੀਅਤ ਤੋਂ ਜਾਣਕਾਰ ਅਤੇ ਪ੍ਰਭਾਵਿਤ ਸੀ ਤੇ ਆਪ ਜੀ ਨੂੰ ਹਮੇਸ਼ਾ ਯਾਦ ਕਰਦਾ ਰਹੇਗਾ। ਜੇਕਰ ਅੱਜ ਵੀ ਟਰਾਂਟੋ ਦਾ ਸਮਾਗਮ, ਭਾਈ ਸਾਹਿਬ ਜੀ ਦੇ ਵੇਲੇ



www.AKJ.Org

ਸਮਾਗਮਾਂ ਦੀ ਯਾਦ ਦੁਹਰਾਉਂਦਾ ਹੈ ਅਤੇ ਉਥੇ ਪੁਰਾਤਨ ਕੀਰਤਨ ਮਰਿਆਦਾ ਚੱਲ ਰਹੀ ਹੈ ਤਾਂ ਉਸ ਦਾ ਸਾਰਾ ਸਿਹਰਾ ਆਪ ਜੀ ਉੱਪਰ ਹੈ ਕਿਉਂਕਿ ਉਥੋਂ ਦੇ ਪ੍ਰਬੰਧਕ, ਖਾਸ ਕਰ ਮੁੱਖ ਕੀਰਤਨੀਏ, ਆਪ ਜੀ ਵੱਲੋਂ ਸਥਾਪਿਤ ਕੀਤੇ ਮਾਰਗ ਦਰਸ਼ਨ ਤੇ ਚੱਲ ਰਹੇ ਹਨ।

ਆਪ ਜੀ ਦਾ, ਆਪਣੇ ਛੋਟੇ ਵੀਰ ਡਾਕਟਰ ਹਰਦਿਆਲ ਸਿੰਘ ਜੀ ਨਾਲ ਧੁਰੋਂ ਲਿਖੇ ਸੰਜੋਗਾਂ ਅਨੁਸਾਰ ਅਥਾਹ ਪਿਆਰ ਸੀ ਜੋ ਕਿ ਤੋੜ ਨਿਭਿਆ। ਆਪ ਜੀ ਤਾਂ ਕੇਵਲ ਸਾਈਕਲ ਜਾਂ ਛੋਟੀ ਸਕੂਟਰੀ ਹੀ ਚਲਾਉਣਾ ਜਾਣਦੇ ਸਨ ਪਰ ਆਪ ਜੀ ਦੇ ਛੋਟੇ ਵੀਰ ਹਰ ਸਮਾਗਮ ਤੇ ਪਹਿਲਾਂ ਆਪਣੇ ਮੋਟਰਸਾਈਕਲ ਤੇ, ਫਿਰ ਜੀਪ ਜਾਂ ਗੁਰੂ ਕੀ ਤੇ ਆਪ ਜੀ ਨੂੰ ਸਾਰੇ ਸਮਾਗਮਾਂ ਤੇ ਲੈ ਕੇ ਜਾਂਦੇ ਰਹੇ। ਹਰ ਸਮਾਗਮ ਤੇ ਦੋਵੇਂ ਵੀਰ ਇਕੱਠੇ ਹੀ ਜਾਂਦੇ ਸਨ। ਆਪ ਜੀ ਜਦੋਂ ਸ੍ਰੀ ਅਖੰਡ ਪਾਠ ਦੀ ਸੇਵਾ ਕਰਦੇ ਸਨ ਤਾਂ ਉਦੋਂ ਛੋਟੇ ਵੀਰ ਨੂੰ ਕੋਲ ਬਿਠਾ ਲੈਣਾ ਤੇ ਪਾਠ ਕਰਨ ਦੀ ਸੇਵਾ ਵੀ ਦੇ ਦੇਣੀ। ਛੋਟੇ ਵੀਰ ਦੇ ਪਾਠ ਕਰਨ ਵੇਲੇ, ਆਪ ਉਸ ਕੋਲ ਬੈਠ ਜਾਂਦੇ ਸਨ ਤੇ ਪਾਠ ਦੀ ਸੁਧਾਈ ਵੀ ਕਰਵਾਉਂਦੇ ਰਹਿੰਦੇ ਸਨ। ਦੋਹਾਂ ਭਰਾਵਾਂ ਦੇ ਘਰਾਂ ਦੀਆਂ ਪਿੱਠਾਂ ਆਪਸ ਵਿੱਚ ਜੁੜਦੀਆਂ ਸਨ ਤੇ ਇਨ੍ਹਾਂ ਵਿਚਕਾਰ ਕੋਈ ਕੰਧ ਵੀ ਨਹੀਂ ਉਸਾਰੀ ਹੋਈ ਸੀ। ਪਿੱਛੋਂ ਵਿਹੜੇ ਇਕੱਠੇ ਸਨ, ਜਿੱਥੇ ਅਨੇਕਾਂ ਰੈਣ ਸਬਾਈ ਕੀਰਤਨ ਹੁੰਦੇ ਰਹੇ ਹਨ। ਇਨ੍ਹਾਂ ਦੇ ਬੱਚਿਆਂ ਦਾ ਵੀ ਆਪਸ ਵਿੱਚ ਹੁਣ ਤੱਕ ਅਥਾਹ ਪਿਆਰ ਹੈ ਜੋ ਗੁਰੂ ਸਾਹਿਬ ਹੋਰ ਵੱਧਦਾ ਫੁਲਦਾ ਕਰਨ। ਇਨ੍ਹਾਂ ਦੇ ਜੱਦੀ ਪਿੰਡ ਪਨਾਮ ਵਿਖੇ ਜ਼ਮੀਨ ਦਾ ਖਾਤਾ ਵੀ ਸਾਂਝਾ ਸੀ ਤੇ ਆਮ ਲੋਕ ਕਹਿੰਦੇ ਸਨ ਕਿ ਹੁਣ ਇਕੱਠੇ ਢੋਲਕੀਆਂ ਛੈਣੇ ਵਜਾਉਂਦੇ ਹਨ। ਦੇਖਾਂਗੇ, ਜਦ ਜ਼ਮੀਨ ਵੰਡਣਗੇ ਤਾਂ ਫਿਰ ਕਿਵੇਂ ਇਨ੍ਹਾਂ ਦੀ ਢੋਲਕੀਆਂ ਚਿਮਟੇ ਆਪਸ ਵਿੱਚ ਖੜਕਣਗੇ? ਪਰ ਆਪ ਜੀ ਤੇ ਛੋਟੇ ਵੀਰ ਦੀ ਸੂਝ ਬੂਝ ਸਦਕਾ, ਇਨ੍ਹਾਂ ਨੇ ਇਸ ਤਰ੍ਹਾਂ ਜ਼ਮੀਨ ਦੋ ਹਿੱਸਿਆਂ ਵਿੱਚ ਵੰਡੀ ਕਿ ਕਿਸੇ ਨੂੰ ਰੱਤੀ ਭਰ ਵੀ ਸੋਅ ਨਹੀਂ ਲੱਗੀ। ਆਪ ਜੀ ਨੇ ਸਾਰੀ ਜ਼ਮੀਨ ਇੱਕੋ ਜਿਹੀ ਵੰਡ ਕੇ, ਦੋ ਪਰਚੀਆਂ ਬਣਾ ਲਈਆਂ ਅਤੇ ਛੋਟੇ ਵੀਰ ਨੂੰ ਕਿਹਾ ਕਿ ਪਹਿਲਾਂ ਤੂੰ ਪਰਚੀ ਚੁੱਕ, ਪਰ ਛੋਟੇ ਵੀਰ ਨੇ ਵੱਡੇ ਵੀਰ ਦਾ ਸਤਿਕਾਰ ਕਰਦੇ ਹੋਏ ਕਿਹਾ ਕਿ ਪਹਿਲਾਂ ਤੂੰ ਪਰਚੀ ਚੱਕ। ਇਸ ਤਰ੍ਹਾਂ ਆਪਸ ਵਿੱਚ ਇੱਕ ਦੂਜੇ ਦਾ ਸਤਿਕਾਰ ਕਰਦੇ ਹੋਏ, ਕਾਫੀ ਦੇਰ ਬਾਅਦ ਆਪ ਜੀ ਨੂੰ ਛੋਟੇ ਵੀਰ ਨੇ, ਪਹਿਲਾਂ ਪਰਚੀ ਚੁੱਕਣ ਲਈ ਮਜਬੂਰ ਕੀਤਾ। ਇਹੋ ਜਿਹੀ ਉਦਾਹਰਨ ਕਿਸੇ ਹੋਰ ਜ਼ਿਮੀਦਾਰ ਪਰਿਵਾਰ ਵਿੱਚੋਂ ਮਿਲਣੀ ਅਤਿ ਕਠਨ ਹੈ। ਨਹੀਂ ਤਾਂ, ਜ਼ਮੀਨ ਦੀ ਵੰਡ ਵੇਲੇ ਆਮ ਲੋਕ, ਆਪਸੀ ਝਗੜੇ ਕਰਦੇ, ਵੱਢ ਟੁੱਕ ਹੋ ਕੇ, ਥਾਣੇ ਅਤੇ ਕਚਹਿਰੀਆਂ ਤਾਈਂ ਪੁੱਜ ਜਾਂਦੇ ਹਨ।

ਆਪ ਜੀ ਨੇ ਬਹੁਤ ਲੰਬੀ ਆਯੂ ਤਕਰੀਬਨ ਸੌ ਸਾਲ ਗੁਰੂ ਦੇ ਚਰਨਾਂ ਵਿੱਚ ਰਹਿੰਦਿਆਂ, ਸੰਗਤਾਂ ਦੀ ਸੇਵਾ ਕਰਦਿਆਂ ਗੁਜ਼ਾਰੀ। ਆਪ ਜੀ ਨੇ ਸਰੀਰ ਨੂੰ ਰਿਸ਼ਟ ਪੁਸ਼ਟ ਰੱਖਣ ਲਈ ਸੈਰ ਅਤੇ ਸਾਈਕਲ ਦੀ ਕਸਰਤ ਨੂੰ ਰੋਜ਼ਾਨਾ ਦੀ ਜ਼ਿੰਦਗੀ ਦਾ ਹਿੱਸਾ ਬਣਾਈ ਰੱਖਿਆ। ਉਨ੍ਹਾਂ ਦੀ ਯਾਦਾਸ਼ਤ, ਸੁਰਤੀ ਬਿਰਤੀ, ਇਤਨੀ ਬਿਰਧ ਅਵਸਥਾ ਤਾਈਂ ਵੀ ਕਾਇਮ ਰਹੀ। ਆਪ ਜੀ ਸਿਰਫ ਇੱਕ ਮਹੀਨੇ ਦੇ ਲਗਭਗ ਹੀ ਬਿਸਤਰੇ ਤੇ ਸਰੀਰਕ ਕਮਜ਼ੋਰੀ ਕਾਰਨ ਪਏ, ਪਰ, ਸਰੀਰਕ ਬੀਮਾਰੀ ਉਨ੍ਹਾਂ ਨੂੰ ਕੋਈ ਨਹੀਂ ਸੀ। ਜਦੋਂ ਸੰਗਤਾਂ ਅੰਤਿਮ ਸਮਾਂ ਨੇੜੇ ਜਾਣ ਕੇ ਆਪ ਜੀ ਦੇ ਦਰਸ਼ਨ ਕਰਨ ਆਉਂਦੀਆਂ ਸਨ ਤਾਂ ਆਪ ਜੀ, ਇਹੀ ਕਹਿੰਦੇ ਸਨ ਕਿ ਦਾਸ ਨੇ ਸਾਰੀ ਉਮਰ '**ਆਪਣੇ ਭਾਣੇ ਵਿਚਿ ਸਦਾ ਰਖੁ ਸਆਮੀ ਹਰਿ ਨਾਮੋ ਦੇਹਿ ਵਡਿਆਈ**' ਵਾਲਾ ਸ਼ਬਦ ਪੜ੍ਹਿਆ ਹੈ, ਹੁਣ ਵੀ ਗੁਰੂ ਮਹਾਰਾਜ ਭਾਣੇ ਨੂੰ ਮੰਨਣ ਦਾ ਬੱਲ ਬਖਸ਼ਣ। ਧੁਰੋਂ ਲਿਖੇ ਹੁਕਮਾਂ ਅਨੁਸਾਰ, ਇਸ ਨਾਸ਼ਵਾਨ ਸੰਸਾਰ ਤੋਂ ਸਭ ਨੇ ਜਾਣਾ ਹੀ ਹੈ। ਗੁਰਸਿੱਖੀ ਦੀ ਪੁੰਗਰ ਰਹੀ ਨਵੀਂ ਫੁਲਵਾੜੀ ਲਈ ਗੁਰਮਤਿ ਜੀਵਨ ਜਾਚ ਦੇ ਪੂਰਨੇ ਪਾ ਕੇ, ਆਪ ਜੀ 20 ਜਨਵਰੀ 2020 ਨੂੰ ਆਪਣੇ ਸਪੁੱਤਰ ਦੇ ਘਰ, ਗੁਰੂ ਗੁਰੂ ਜਪਦਿਆਂ, ਪੰਜ ਭੂਤਕ ਸਰੀਰ ਤਿਆਗ ਕੇ, ਅਕਾਲ ਪੁਰਖ ਦੀ ਸੱਚੀ ਦਰਗਾਹ ਵਿੱਚ ਪੁੱਗ ਚੁੱਕੇ ਸੰਗੀਆਂ ਦੇ ਸਤਿ ਸੰਗਿ ਮੰਡਲਾਂ ਵਿੱਚ ਜਾ ਬਿਰਾਜੇ।

*❁*



www.AKJ.Org

# ਮਾਸਟਰ ਹਰਬੰਸ ਸਿੰਘ ਜੀ, ਦਿੱਲੀ

ਸ. ਪਿਆਰਾ ਸਿੰਘ ਦਾਤਾ ਦਿੱਲੀ

ਅਖੰਡ ਕੀਰਤਨੀ ਜਥੇ ਦੇ ਰੂਹੇ-ਰਵਾਂ ਮਾਸਟਰ ਹਰਬੰਸ ਸਿੰਘ ਜੀ ਪਿੰਡ ਹਸੋਲਾ (ਚੱਕਵਾਲ) ਜ਼ਿਲ੍ਹਾ ਜਿਹਲਮ (ਪਾਕਿਸਤਾਨ) ਵਿਖੇ 7 ਜੁਲਾਈ 1911 ਨੂੰ ਸ. ਈਸ਼ਰ ਸਿੰਘ ਜੀ ਦੇ ਘਰ ਜਨਮੇ ਜੋ ਕਿ ਖੇਤੀਬਾੜੀ ਦਾ ਕੰਮ ਕਰਦੇ ਸੀ। ਆਪ ਜੀ ਨੇ ਖਾਲਸਾ ਹਾਈ ਸਕੂਲ ਸੱਯਦ ਕਸਰਾਂ (ਰਾਵਲਪਿੰਡੀ) ਤੋਂ ਸੰਨ 1930 ਵਿੱਚ ਦਸਵੀਂ ਪਾਸ ਕੀਤੀ। ਮਗਰੋਂ ਖ਼ਾਲਸਾ ਕਾਲਜੀਏਟ ਸਕੂਲ ਅੰਮ੍ਰਿਤਸਰ ਤੋਂ ਬੀ.ਏ. ਦੀ ਡਿਗਰੀ ਕੋਰਸ ਪਾਸ ਕੀਤਾ। ਦੇਸ਼ ਵੰਡ ਤੋਂ ਪਹਿਲਾਂ ਸੰਨ 1946 ਤੀਕ ਉਹ ਖ਼ਾਲਸਾ ਹਾਈ ਸਕੂਲ ਰਾਵਲਪਿੰਡੀ ਦੀ ਇਕ ਬ੍ਰਾਂਚ ਵਿੱਚ ਅਧਿਆਪਕ ਰਹੇ। ਆਪ ਇਤਨੇ ਮਿਹਨਤੀ ਸੁਭਾਅ ਦੇ ਸਨ ਕਿ ਉਨ੍ਹਾਂ ਦੇ ਸਾਰੇ ਅਧਿਆਪਨ ਸਮੇਂ, ਉਨ੍ਹਾਂ ਦੀ ਕਲਾਸ ਵਿੱਚ ਕਦੇ ਕੋਈ ਵਿਦਿਆਰਥੀ ਫੇਲ੍ਹ ਨਹੀਂ ਸੀ ਹੋਇਆ। ਉਨ੍ਹਾਂ ਨੇ ਆਪਣੇ ਵਿਦਿਆਰਥੀਆਂ ਵਿੱਚ ਧਾਰਮਿਕ ਸਿਖਿਆ ਤੇ ਦੇਸ਼-ਪਿਆਰ ਦਾ ਜਜ਼ਬਾ ਕੁਟ-ਕੁਟ ਕੇ ਭਰਿਆ ਹੋਇਆ ਸੀ।

ਆਪ ਜੀ ਦਾ ਅਨੰਦ ਕਾਰਜ ਬੀਬੀ ਮਨਮੋਹਨ ਕੌਰ ਜੀ ਸਪੁੱਤਰੀ ਸ. ਗੁਰਦਿੱਤ ਸਿੰਘ ਜੀ ਵਾਸੀ ਗੁਜਰਖਾਨ ਪਾਕਿਸਤਾਨ ਨਾਲ ਹੋਇਆ। ਬੀਬੀ ਜੀ ਅੱਠਵੀਂ ਪਾਸ ਸਨ ਤੇ ਗੁਰਮਤਿ ਮਾਰਗ ਦੇ ਬਚਪਨ ਤੋਂ ਹੀ ਪਾਂਧੀ ਸਨ। ਆਪ ਦੇ ਘਰ ਦੋ ਪੁੱਤਰਾਂ ਤੇ ਦੋ ਪੁੱਤਰੀਆਂ ਨੇ ਜਨਮ ਲਿਆ ਜੋ ਕਿ ਮਾਤਾ ਪਿਤਾ ਵੱਲੋਂ ਪਾਏ ਪੂਰਨਿਆਂ ਤੇ ਚੱਲ ਕੇ ਸਫਲ ਗ੍ਰਿਹਿਸਥ ਜੀਵਨ ਜੀਅ ਰਹੇ ਹਨ।

ਮਾਸਟਰ ਜੀ ਬਚਪਨ ਤੋਂ ਹੀ ਅੰਮ੍ਰਿਤਧਾਰੀ, ਨੇਕ ਸੀਰਤ, ਪ੍ਰਭੂ-ਭਗਤ ਤੇ ਲਗਨ ਨਾਲ ਹਰੇਕ ਕਾਰਜ ਨੂੰ ਕਰਨ ਵਾਲੇ ਉਦਮੀ ਤੇ ਪੁਰਸ਼ਾਰਥੀ ਵਿਅਕਤੀ ਸਨ। ਦੇਸ਼-ਵੰਡ ਮਗਰੋਂ ਆਪ ਜੀ ਦਿੱਲੀ ਪਹੁੰਚ ਗਏ। ਇੱਥੋ ਦਿੱਲੀ ਵਿਖੇ ਸ. ਦਰਸ਼ਨ ਸਿੰਘ ਜੀ ਭਰਾ ਜੀ ਤੇ ਸ. ਪਰਤਾਪ ਸਿੰਘ ਜੀ ਅਨੰਦ ਫੂਡ ਮਹਿਕਮੇ ਦੇ ਉੱਚ ਪਦ ਤੇ ਸਸ਼ੋਭਤ ਸਨ, ਜਿੱਥੇ ਇਨ੍ਹਾਂ ਨੂੰ ਨੌਕਰੀ ਮਿਲ ਗਈ। ਸ. ਦਰਸ਼ਨ ਸਿੰਘ ਜੀ ਨੂੰ ਭਾਈ ਸਾਹਿਬ ਰਣਧੀਰ ਸਿੰਘ ਜੀ ਦੀ ਸੰਗਤ ਦਾ ਸੁਭਾਗ ਪ੍ਰਾਪਤ ਸੀ। ਇਨ੍ਹਾਂ ਦੇ ਸੰਗ ਸਾਥ ਮਾਸਟਰ ਜੀ ਵੀ ਇਸ ਸੰਗਤ ਵੱਲ ਖਿੱਚੇ ਗਏ ਅਤੇ ਅਖੰਡ ਕੀਰਤਨੀ ਜੱਥੇ ਦੇ ਸਮਾਗਮਾਂ ਦੇ ਅਨੰਦ ਮਾਣਦੇ ਹੋਏ ਉਹ ਸਚ ਮੁਚ ਕੁੰਦਨ ਹੋ ਨਿਬੜੇ। ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਸਮੇਂ ਨਿਰਬਾਣ ਕੀਰਤਨ ਸਮਾਗਮ ਦਿੱਲੀ ਤੋਂ ਇਲਾਵਾ ਆਮ ਤੌਰ ਤੇ ਕੁਮਾਰ ਹੱਟੀ (ਸ਼ਿਮਲਾ), ਨਾਰੰਗਵਾਲ, ਅੰਮ੍ਰਿਤਸਰ, ਜਲੰਧਰ ਤੇ ਲੁਧਿਆਣਾ ਆਦਿ ਵਿਖੇ ਹੁੰਦੇ ਰਹਿੰਦੇ ਸਨ। ਮਾਸਟਰ ਜੀ ਇਨ੍ਹਾਂ ਸਮੂਹ ਸਮਾਗਮਾਂ ਵਿੱਚ ਪੁੱਜ ਕੇ ਕੀਰਤਨਾਂ ਦੇ ਲਾਹੇ ਲੈਂਦੇ ਸਨ।

ਮਾਸਟਰ ਜੀ ਦਾ ਜੀਵਨ ਬਹੁਤ ਸਾਦਾ ਸੀ ਅਤੇ ਸਰੀਰਕ ਲੋੜਾਂ ਵੀ ਬਹੁਤ ਘੱਟ ਰੱਖੀਆਂ ਹੋਈਆਂ ਸਨ। ਉਨ੍ਹਾਂ ਦੀ ਜਿਥੇ ਸਾਦੀ ਖੁਰਾਕ ਸੀ ਉੱਥੇ ਲਿਬਾਸਾਂ ਵੀ ਬਹੁਤ ਸਾਦਾ ਸੀ। ਹਮੇਸ਼ਾਂ ਚਿੱਟਾ ਕਮੀਜ਼-ਪਜਾਮਾ ਤੇ ਚਿੱਟੀ ਦਸਤਾਰ ਹੀ ਸਜਾਉਂਦੇ ਰਹੇ। ਪਰ ਉਨ੍ਹਾਂ ਇਸ ਚਿੱਟੀ ਪੱਗ ਨੂੰ ਕਦੇ ਦਾਗ ਨਹੀਂ ਲੱਗਣ ਦਿੱਤਾ। ਉਨ੍ਹਾਂ ਕੋਲ ਹਮੇਸ਼ਾਂ ਇਕ ਬੈਗ ਹੁੰਦਾ ਸੀ ਜਿਸ ਵਿਚ ਜ਼ਰੂਰੀ ਕਾਗਜ਼ਾਤ, ਜਥੇ ਦੀ ਰਸੀਦ ਬੁਕ ਅਤੇ ਸਮਾਗਮ ਬੁਕ ਕਰਨ ਵਾਸਤੇ ਡਾਇਰੀ ਹੁੰਦੀ ਸੀ। ਉਹ ਬਹੁਤ ਲੰਬਾ ਸਮਾਂ ਅਖੰਡ ਕੀਰਤਨੀ ਜਥਾ ਦਿੱਲੀ ਦੇ ਮੁਖ ਪ੍ਰਬੰਧਕ ਰਹੇ। ਸਟੇਜ ਸੰਚਾਲਕ ਦੇ ਨਾਲ-ਨਾਲ ਸੰਗਤਾਂ ਦੀ ਗਿਆਤ ਲਈ ਜ਼ਰੂਰੀ ਸੂਚਨਾਵਾਂ ਦੀ ਅਨਾਊਂਸਮੈਂਟ ਵੀ ਆਪ ਹੀ ਕਰਦੇ ਹੁੰਦੇ ਸਨ। ਆਮ ਤੌਰ 'ਤੇ ਕੀਰਤਨ ਸਮਾਗਮ ਜਾਂ ਸ੍ਰੀ ਅਖੰਡ ਪਾਠ ਦੀ ਅਰੰਭਤਾ ਤੇ ਭੋਗ ਦੀ ਅਰਦਾਸ ਦੀ ਸੇਵਾ ਵੀ ਆਪ ਜੀ ਤੋਂ ਹੀ ਕਰਵਾਈ ਜਾਂਦੀ ਸੀ। ਸੰਗਤਾਂ ਦੇ ਦਸਵੰਸ ਦੀ ਮਾਇਆ ਬਹੁਤ ਸੰਕੋਚਵੇਂ ਢੰਗ ਨਾਲ ਖਰਚ ਕਰਦੇ ਸਨ, ਫਜ਼ੂਲ ਖਰਚੀ ਦੇ ਜ਼ਬਰਦਸਤ ਬਰ ਖਿਲਾਫ ਸਨ ਅਤੇ ਦਸਵੰਧ ਦੀ ਮਾਇਆ ਨੂੰ ਕਦੇ ਵੀ ਵਿਅਰਥ ਨਹੀਂ ਜਾਣ ਦਿੰਦੇ ਅਤੇ ਉਸ ਦੀ ਸੁਚੱਜੀ ਵਰਤੋਂ ਕਰਦੇ ਸਨ।

ਅਖੰਡ ਕੀਰਤਨੀ ਜਥੇ ਵਿੱਚ ਸ਼ਾਮਲ ਹੋ, ਮਾਸਟਰ ਜੀ ਨੇ ਗੁਰਸਿੱਖ ਸੰਗਤਾਂ ਤੇ ਪੰਥ ਦੀ ਤਨੋਂ ਮਨੋਂ ਖ਼ੂਬ ਸੇਵ ਕਮਾਈ। ਜਿੱਥੇ ਆਪ ਦਿੱਲੀ ਅਖੰਡ ਕੀਰਤਨੀ ਜਥੇ ਦੇ ਸਮਾਗਮਾਂ ਦੇ ਮੁਖੀ ਪ੍ਰਤੀਨਿਧ ਰਹੇ ਉੱਥੇ ਦਿੱਲੀ ਦੀਆਂ ਹੋਰ ਬਹੁਤ ਸਾਰੀਆਂ ਸਿੱਖ ਸੰਸਥਾਵਾਂ ਨਾਲ ਵੀ ਸੰਬੰਧਿਤ ਸਨ। ਆਂਢ ਗੁਆਂਢ ਅਤੇ ਸਾਰੀ ਦਿੱਲੀ ਵਿੱਚ ਜਿਸ ਕਿਸੇ ਨੂੰ ਔਕੜ ਬਣਦੀ, ਉਹ ਆਪ ਜੀ ਪਾਸ ਜਾ ਪੁੱਜਦਾ। ਜੱਟਲ ਸਮੱਸਿਆਵਾਂ ਸੁਲਝਾਉਣ ਦੀ ਉਨ੍ਹਾਂ ਨੂੰ ਰੱਬੀ ਦਾਤਿ ਪ੍ਰਾਪਤ ਸੀ। ਕਿਸੇ ਦਾ ਕੋਈ ਆਪੋ ਵਿੱਚ ਝਗੜਾ ਹੁੰਦਾ, ਆਪ ਦੋਹਾਂ ਧਿਰਾਂ ਵਲੋਂ ਸਾਲਸ ਮਿੱਥੇ ਜਾਂਦੇ ਅਤੇ ਉਨ੍ਹਾਂ ਦਾ ਫੈਸਲਾ ਸਭ ਨੂੰ ਪਰਵਾਨ ਹੁੰਦਾ। ਕਈ ਉਜੜੇ ਘਰ ਉਨ੍ਹਾਂ ਨੇ ਬੜੀ ਦੌੜ-ਭਜ ਕਰ ਕੇ ਮੁੜ ਵਸਾਏ। ਧਾਰਮਿਕ ਅਦਾਰਿਆਂ ਨੂੰ ਜਦੋਂ ਵੀ ਮਾਇਆ ਦੀ ਲੋੜ ਪੈਂਦੀ, ਆਪ ਤੀਕ ਪਹੁੰਚ ਕੀਤੀ ਜਾਂਦੀ। ਆਪ ਆਪਣੇ ਅਸਰ ਰਸੂਖ ਨਾਲ ਲੱਖਾਂ ਰੁਪਏ ਇਕੱਤਰ ਕਰ ਕੇ ਉਨ੍ਹਾਂ ਸੰਸਥਾਵਾਂ ਤੀਕ ਪਹੁੰਚਾਉਂਦੇ ਰਹੇ। ਅਖੰਡ ਕੀਰਤਨੀ ਜਥੇ ਦਿੱਲੀ ਨੂੰ ਦੇਸ਼-ਦੇਸ਼ਾਂਤਰਾਂ ਤੋਂ ਲੱਖਾਂ ਰੁਪਏ ਮਾਸਟਰ ਜੀ ਰਾਹੀਂ ਹੀ ਪੁੱਜਦੇ ਸਨ। ਪਰ ਉਹ ਧਾਰਮਿਕ ਫੰਡ ਨੂੰ ਗੁਰੂ ਕੀ ਅਮਾਨਤ ਸਮਝ ਕੇ ਬੜੀ ਕਿਰਸ ਨਾਲ ਵਰਤਦੇ ਸਨ। ਕੀ ਮਜਾਲ ਕਿ ਇਕ ਕੌਡੀ ਵੀ ਜ਼ਾਇਆ ਹੋਣ ਦਿੱਤੀ ਹੋਵੇ।

ਅਖੰਡ ਕੀਰਤਨੀ ਜਥਾ ਦਿੱਲੀ ਵੱਲੋਂ ਹਰ ਸਾਲ ਦੁਸਹਿਰੇ ਦੀਆਂ ਛੁੱਟੀਆਂ ਵੇਲੇ ਸਾਲਾਨਾ ਅਖੰਡ ਕੀਰਤਨ ਸਮਾਗਮ ਭਾਈ ਸਾਹਿਬ ਜੀ ਦੇ ਵੇਲੇ ਸੰਨ 1944 ਤੋਂ ਆਯੋਜਿਤ ਕੀਤਾ ਜਾਂਦਾ ਹੈ। ਸੰਗਤਾਂ ਦੀ ਗਿਣਤੀ ਵੱਧਣ, ਖ਼ਰਾਬ ਮੌਸਮ ਹੋਣ ਵੇਲੇ ਅਤੇ ਪ੍ਰਬੰਧਕ ਕਮੇਟੀਆਂ ਤੋਂ ਪ੍ਰਵਾਨਗੀ ਦੇ ਝਮੇਲਿਆਂ ਕਾਰਨ, ਇਕ ਵਾਰ ਜਥੇ ਦੇ ਇਕ ਪ੍ਰੀਤਵਾਨ ਧਨਾਢ ਸਿੰਘ ਨੇ ਵੱਡਾ ਹਾਲ ਬਣਾ ਕੇ ਦੇਣ ਦੀ ਪੇਸ਼ਕਸ਼ ਕੀਤੀ। ਜਥੇ ਦੇ ਦਿੱਲੀ ਨਿਵਾਸੀ ਕਾਫੀ ਸਿੰਘ ਇਸ ਨਾਲ ਸਹਿਮਤ ਹੋ ਗਏ, ਪ੍ਰੰਤੂ ਆਪ ਜੀ ਨੇ ਦੂਰ-ਦ੍ਰਿਸ਼ਟੀ ਤੋਂ ਕੰਮ ਲੈਂਦਿਆਂ, ਮਾਇਆ ਦੇ ਝਮੇਲਿਆਂ ਤੋਂ ਬਚਣ ਲਈ ਇਹ ਪੇਸ਼ਕਸ਼ ਠੁਕਰਾ ਦਿੱਤੀ ਜੋ ਕਿ ਭਾਈ ਸਾਹਿਬ ਰਣਧੀਰ ਸਿੰਘ ਜੀ ਦੀ ਸੋਚ ਮੁਤਾਬਕ ਬਿਲਕੁਲ ਠੀਕ ਸੀ। ਇਸੇ ਤਰ੍ਹਾਂ ਸੰਨ 1978 ਵਿਚ ਸ੍ਰੀ ਅੰਮ੍ਰਿਤਸਰ ਵਿਖੇ ਵਾਪਰੇ ਕਾਂਡ ਵਿਚ, ਨਕਲੀ ਨਿਕਰੰਕਾਰੀਆਂ ਹੱਥੋਂ ਹੋਏ 13 ਸ਼ਹੀਦ ਸਿੰਘਾਂ ਤੋਂ ਬਾਅਦ ਪੈਦਾ ਹੋਏ ਹਲਾਤਾਂ ਕਾਰਨ ਅਖੰਡ ਕੀਰਤਨੀ ਜੱਥੇ ਨੇ ਭਾਈ ਰਾਮ ਸਿੰਘ ਜੀ ਨੂੰ ਜਥੇਦਾਰ ਚੁਣਿਆ ਜੋ ਕਿ ਪਹਿਲਾਂ ਦੋ ਸਾਲ ਲਈ ਸੀ। ਇਹ ਨਿਯੁਕਤੀ 1980 ਵਿਚ ਫਿਰ ਦੋ ਸਾਲ ਲਈ ਵਧਾ ਦਿੱਤੀ ਗਈ, ਪਰ ਸੰਨ 1982 ਵਿਚ ਦਿੱਲੀ ਦੁਸਹਿਰੇ ਸਮਾਗਮ ਤੇ ਇਹ ਨਿਯੁਕਤੀ ਵਧਾਉਣ ਲਈ ਫਿਰ ਇਕੱਤਰਤਾ ਕੀਤੀ ਗਈ, ਜਿਸ ਵਿਚ ਕੁਝ ਸਿੰਘਾਂ ਵੱਲੋਂ ਵਿਖੇਪਤਾ ਵੀ ਖੜੀ ਕੀਤੀ ਗਈ। ਉਸ ਸਮੇਂ ਵੀ ਮਾਸਟਰ ਜੀ ਨੇ ਇਸ ਮਸਲੇ ਨੂੰ ਵੀ ਸੁਲਝਾਉਂਦਿਆਂ, ਜਥੇਦਾਰ ਸਾਹਿਬ ਜੀ ਦੀ ਇਹ ਨਿਯੁਕਤੀ ਤਾਅ ਜਿੰਦਗੀ ਕਰਨ ਦਾ ਸੁਝਾਅ ਦਿੱਤਾ, ਜੋ ਕਿ ਸੰਗਤ ਵੱਲੋਂ ਪ੍ਰਵਾਨ ਕਰ ਲਿਆ ਗਿਆ ਤਾਂ ਕਿ ਹਰ ਦੋ ਸਾਲ ਬਾਅਦ ਫਿਰ ਵਿਖੇਪਤਾ ਨਾ ਪਵੇ। ਸੰਨ 1993 ਵਿਚ ਜਥੇ ਵਿਚ ਪਈ ਦੁਬਿਧਾ ਕਾਰਨ ਪੰਚਾਂ ਵੱਲੋਂ ਫਿਰ ਇਸੇ ਫੈਸਲੇ ਦੀ ਮੁੜ ਪ੍ਰੋੜਤਾ ਕੀਤੀ ਗਈ ਸੀ, ਜਿਸ ਮੁਤਾਬਕ ਜਥੇਦਾਰ ਸਾਹਿਬ ਜਦ ਤੱਕ ਸੇਵਾ ਨਿਭਾ ਸਕਦੇ ਹਨ, ਉਹ ਹੀ ਜਥੇਦਾਰ ਰਹਿਣਗੇ।

ਮਾਸਟਰ ਜੀ ਸਮੂਹ ਸਿੱਖ ਸੰਗਤਾਂ ਦੇ ਪ੍ਰੀਤਵਾਨ ਸਨ, ਪਰ ਮੇਰੇ ਬਾਲ-ਸਖਾਈ ਪਿਆਰੇ ਮਿੱਤਰ ਸਨ ਅਤੇ ਹੁਣ ਕੁੜਮ ਵੀ ਸਨ। ਅਸੀਂ ਸੰਨ 1924 ਵਿੱਚ ਸਕੂਲ ਤੇ ਹੋਸਟਲ ਵਿੱਚ ਇਕੱਠੇ ਰਹਿੰਦੇ ਰਹੇ, ਪੂਰੇ ਵੀਹ ਸਾਲ ਸਾਈਕਲ-ਯਾਤ੍ਰਾਵਾਂ ਵੀ ਇਕੱਠਿਆਂ ਹੀ ਕਰਦੇ ਰਹੇ। ਇਉਂ ਸਕੂਲੀ ਜ਼ਿੰਦਗੀ ਤੋਂ ਬਾਅਦ ਲਗ ਪਗ 65 ਸਾਲ ਦਾ ਸਮਾਂ ਮਾਸਟਰ ਜੀ ਨਾਲ ਦੁਖ ਸੁਖ ਵਿੱਚ ਵੀ ਸਾਂਝਾ ਬੀਤਿਆ ਹੈ।

ਭਾਵੇਂ ਆਪ ਜੀ ਨੂੰ ਪਿਛਲ ਵੀਹ ਕੁ ਸਾਲ ਤੋਂ, ਸਾਹ ਦੀ ਤਕਲੀਫ ਸੀ, ਪਰ ਅਖੰਡ ਕੀਰਤਨੀ ਜਥੇ ਦਿੱਲੀ ਦੇ ਸਮੂਹ ਸਮਾਗਮਾਂ ਵਿੱਚ ਪੂਰੇ ਉਤਸ਼ਾਹ ਨਾਲ ਸ਼ਾਮਲ ਹੁੰਦੇ ਰਹੇ, ਕਦੇ ਨਾਗਾ ਨਹੀਂ ਸੀ ਪੈਣ ਦਿੱਤਾ। ਵੀਹ ਕੁ ਸਾਲਾ ਤੋਂ ਹੀ ਨਵਯੁਗ ਪ੍ਰੈੱਸ ਦੇ ਸਾਹਿਤਕ ਪਰਚੇ 'ਆਰਸੀ' ਨਾਲ ਉਹ ਜੁੜੇ ਹੋਏ ਸਨ ਅਤੇ ਇਹੋ ਦਫਤਰ ਹੀ ਉਨ੍ਹਾਂ ਦੀਆਂ ਸਰਗਰਮੀਆਂ ਦਾ ਕੇਂਦਰ ਸੀ।



www.AKJ.Org

ਆਖਰੀ ਦਿਨ 6 ਮਾਰਚ 1991 ਨੂੰ ਆਪ ਨੇ ਸਾਰਾ ਦਿਨ, ਆਮ ਦਿਨਾਂ ਵਾਂਗ ਕੰਮ ਵਿੱਚ ਮਸ਼ਰੂਫ ਬਿਤਾਇਆ। ਸਤ ਤਰੀਕ ਨੂੰ ਸਮੁੱਚੇ ਸਟਾਫ ਨੂੰ ਮਿਲਣ ਵਾਲੀਆਂ ਤਨਖਾਹਾਂ ਦੇ ਵੇਰਵੇ ਬਣਾ ਕੇ, ਵੱਖ-ਵੱਖ ਲਫਾਫਿਆਂ ਵਿੱਚ ਸੰਭਾਲ, ਅਲਮਾਰੀ ਨੂੰ ਤਾਲਾ ਮਾਰ ਕੇ, ਸਾਰਿਆਂ ਨੂੰ ਹੱਸਦਿਆਂ ਖੇਡਦਿਆਂ ਮਿਲ-ਮਿਲਾ ਕੇ ਘਰ ਪੁੱਜੇ। ਰਹਿਰਾਸ ਸਾਹਿਬ ਦਾ ਪਾਠ ਕੀਤਾ, ਰਾਤ ਦਾ ਖਾਣਾ ਖਾਧਾ ਅਤੇ ਰਾਮ ਨਗਰ ਦੇ ਲਾਗਲੇ ਗੁਰਦੁਆਰੇ ਵਿੱਚ, ਲੋਕਲ ਅਖੰਡ ਕੀਰਤਨੀ ਜਥੇ ਦਾ ਕੀਰਤਨ ਸ੍ਵਣ ਕਰਨ ਲਈ ਜਾ ਪੁੱਜੇ। ਸਾਢੇ ਸਤ ਵਜੇ ਦੇ ਕਰੀਬ ਮਾਮੂਲੀ ਜਿਹੀ ਤਕਲੀਫ ਜਾਪੀ, ਹਾਲ ਦੇ ਬਾਹਰ ਬਰਾਂਡੇ ਵਿੱਚ ਜਾ ਪੁੱਜੇ। ਆਪਣੀ ਨੂੰਹ ਰਾਮਿੰਦਰ ਕੌਰ ਨੂੰ ਸੁਨੇਹਾ ਘਲਿਆ ਕਿ ਉਹ ਇੰਜੈਕਸ਼ਨ ਤਿਆਰ ਕਰੇ, ਮੈਂ ਆ ਰਿਹਾ ਹਾਂ। ਕੁਝ ਮਿੰਟ ਉਡੀਕ ਕੇ ਬੇਟੀ ਰਾਮਿੰਦਰ ਕੌਰ ਇੰਜੈਕਸ਼ਨ ਤਿਆਰ ਕਰਕੇ ਗੁਰਦੁਆਰੇ ਆ ਪੁੱਜੀ। ਮਾਸਟਰ ਜੀ ਆਪਣੇ ਪ੍ਰੀਤਵਾਨ ਸ. ਗੁਰਬਚਨ ਸਿੰਘ ਤੇਲ ਵਾਲੇ ਦੀ ਗੋਦ ਵਿੱਚ ਲੇਟੇ ਸਨ, ਲਾਗੇ ਬੈਠੇ ਡਾ. ਰਣਜੀਤ ਸਿੰਘ ਹੋਰਾਂ ਨਬਜ਼ ਫੜੀ ਹੋਈ ਸੀ। ਇੰਜੈਕਸ਼ਨ ਲਗ ਗਿਆ। ਡਾਕਟਰ ਹੋਰੀ ਉਨ੍ਹਾਂ ਨੂੰ ਆਪਣੀ ਵੈਨ ਤੇ ਪਾ ਕੇ ਹਸਪਤਾਲ ਵਲ ਜਾ ਤੁਰੇ, ਪਰ ਰਾਹ ਵਿੱਚ ਹੀ ਉਨ੍ਹਾਂ ਦੀ ਆਤਮਾ ਸਚਖੰਡ ਵਲ ਪ੍ਰਵਾਜ਼ ਕਰ ਗਈ। ਇਹ ਹਿਰਦੇ-ਵੇਧਕ ਖ਼ਬਰ ਛਿਨਾਂ ਪਲਾਂ ਵਿੱਚ ਹੀ ਸਾਰੇ ਗਾਂਧੀ ਨਗਰ ਵਿੱਚ ਪੁੱਜ ਗਈ ਅਤੇ ਸੈਂਕੜਿਆਂ ਦੀ ਗਿਣਤੀ ਵਿੱਚ ਹਿੰਦੂ ਤੇ ਸਿੱਖ ਪਹੁੰਚ ਗਏ। ਸਾਰੇ ਇਲਾਕੇ ਗਾਂਧੀ ਨਗਰ ਤੇ ਸ਼ਾਹਦਰੇ ਵਿੱਚ ਵੈਰਾਗ ਛਾ ਗਿਆ। ਸੰਗਤਾਂ ਕੀਰਤਨ ਕਰਦੀਆਂ ਜਾ ਰਹੀਆਂ ਸਨ ਅਤੇ ਮਾਸਟਰ ਜੀ ਦਾ ਸਰੀਰ ਵੈਨ ਵਿੱਚ ਫੁੱਲਾਂ ਵਿੱਚ ਲਪੇਟਿਆ ਹੋਇਆ ਸੀ। ਐਸਾ ਜਾਪਦਾ ਸੀ ਜਿਵੇਂ ਕੋਈ ਮਹਾਨ ਦੇਵਤਾ ਅਕਾਸ਼ ਵਲ ਉੱਡਦਾ ਜਾ ਰਿਹਾ ਹੋਵੇ ਅਤੇ ਸਾਰੇ ਦੇਵਤੇ ਉਨ੍ਹਾਂ ਤੇ ਫੁੱਲਾਂ ਦੀ ਬਰਖਾ ਕਰ ਰਹੇ ਹੋਣ।

ਅੱਜ ਉਹ ਮਹਾਨ ਆਤਮਾ, ਜੋ ਪਿਛਲੀ ਅੱਧੀ ਸਦੀ ਤੋਂ ਸਿੱਖ ਸੰਗਤਾਂ ਵਿੱਚ ਸਨਮਾਨੀ ਜਾ ਰਹੀ ਹੈ, ਆਪਣੀ ਅਮਿੱਟ ਯਾਦ ਆਪਣੇ ਗੁਰਸਿੱਖ ਪ੍ਰੀਤਵਾਨਾਂ ਸਜਣਾਂ ਮਿੱਤਰਾਂ ਤੇ ਪਰਵਾਰ ਦੇ ਹਿਰਦਿਆਂ ਵਿੱਚ ਛੱਡ ਕੇ ਅਲੋਪ ਹੋ ਗਈ ਹੈ।

ਵਾਹਿਗੁਰੂ ! ਵਾਹਿਗੁਰ !! ਵਾਹਿਗੁਰੂ !!!

# ਭਾਈ ਨੌਹਰੀਆ ਸਿੰਘ ਜੀ-ਕਾਲਕਾ

ਭਾਈ ਗੁਰਦੀਪ ਸਿੰਘ ਸ੍ਰੀ ਅੰਮ੍ਰਿਤਸਰ

ਰਾਗ ਵਿਦਿਆ ਦੇ ਨਿਪੁੰਨ, ਭਾਈ ਮਿਹਰ ਸਿੰਘ ਜੀ ਨਵੀਂ ਦਿੱਲੀ ਦੇ ਵੱਡੇ ਭਰਾਤਾ ਜੀ, ਭਾਈ ਸਾਹਿਬ ਜੀ ਦੇ ਸੰਗ ਸਾਥ ਕੀਰਤਨ ਅਖਾੜਿਆਂ ਦਾ ਆਨੰਦ ਮਾਣਨ ਵਾਲੇ, ਭਾਈ ਨੌਹਰੀਆ ਸਿੰਘ ਜੀ ਦਾ ਜਨਮ ਮਿਤੀ 1 ਸਤੰਬਰ 1909 ਕਾਲਕਾ (ਹਰਿਆਣਾ) ਵਿਚ ਸ. ਤੇਜਾ ਸਿੰਘ ਅਤੇ ਬੀਬੀ ਪ੍ਰਸਿੰਨ ਕੌਰ ਜੀ ਦੇ ਘਰ ਹੋਇਆ। ਆਪ ਦੇ ਮਾਤਾ-ਪਿਤਾ ਜੀ ਗੁਰੂ ਘਰ ਦੇ ਪ੍ਰੇਮੀ ਅਤੇ ਗੁਰਮਤਿ ਮਾਰਗ ਦੇ ਪਾਂਧੀ ਸਨ। ਉਹ ਕਾਲਕਾ ਰੇਲਵੇ ਵਰਕਸ਼ਾਪ ਵਿਚ ਕੰਮ ਕਰਦੇ ਸਨ। ਆਪ ਜੀ ਭਾਈ ਮਿਹਰ ਸਿੰਘ ਜੀ ਤੋਂ ਤਕਰੀਬਨ 15 ਸਾਲ ਵਡੇਰੀ ਉਮਰ ਦੇ ਸਨ। ਮਾਤਾ ਪਿਤਾ ਤੋਂ ਬਚਪਨ ਤੋਂ ਹੀ ਗੁਰਸਿੱਖੀ ਦੀ ਲਗਨ ਕਰਕੇ ਗੁਰੂ ਘਰ ਦੇ ਪ੍ਰੇਮੀ ਹੋ ਗਏ ਸਨ ਤੇ ਰਾਗ ਵਿਦਿਆ ਵੀ ਸਿੱਖ ਲਈ ਸੀ। ਆਪ ਜੀ ਨੇ ਦਸਵੀਂ ਜਮਾਤ ਕਾਲਕਾ ਦੇ ਐੱਮ-ਬੀ. ਹਾਈ ਸਕੂਲ ਤੋਂ ਪਾਸ ਕਰਕੇ 1927 ਵਿਚ ਰੇਲਵੇ ਵਿਚ ਹੀ ਨੌਕਰੀ ਕਰ ਲਈ। ਆਪ ਜੀ ਕਾਲਕਾ ਤੋਂ ਸ਼ਿਮਲੇ ਜਾਣ ਵਾਲੀ ਗੱਡੀ ਦੇ ਲੋਕੋ ਡਰਾਈਵਰ ਸਨ।


www.AKJ.Org

ਸੰਨ 1926 ਵਿਚ ਆਪ ਜੀ ਦਾ ਅਨੰਦ ਕਾਰਜ ਬੀਬੀ ਭਾਨ ਕੌਰ ਜੀ ਸਪੁੱਤਰੀ ਸ. ਤਰਲੋਕ ਸਿੰਘ ਜੀ ਅਤੇ ਬੀਬੀ ਹਰਨਾਮ ਕੌਰ ਜੀ ਪਿੰਡ ਬਬਿਆਲ ਜ਼ਿਲ੍ਹਾ ਅੰਬਾਲਾ (ਹਰਿਆਣਾ) ਨਾਲ ਹੋਇਆ। ਬੀਬੀ ਜੀ ਦੇ ਭਰਾਤਾ ਸ. ਹਰਸਰੂਪ ਸਿੰਘ ਜੀ, ਜੋ ਰੇਲਵੇ ਵਿਚ ਕੰਮ ਕਰਦੇ ਸਨ, ਇੰਨ੍ਹਾਂ ਦੀ ਸੰਗਤ ਕਰਕੇ ਅੰਮ੍ਰਿਤ ਛੱਕ ਕੇ ਤਿਆਰ ਬਰ ਤਿਆਰ ਹੋ ਗਏ ਸਨ ਤੇ ਜਥੇ ਦੇ ਪੁਰਾਤਨ ਸਿੰਘਾਂ ਵਿਚੋਂ ਸਨ। ਭਾਈ ਸਾਹਿਬ ਜੀ ਨੇ ਉਨ੍ਹਾਂ ਦਾ ਨਾਮ ਸੁਖ ਸਰੂਪ ਧਰਿਆ ਹੋਇਆ ਸੀ।

ਸੰਨ 1940 ਤੋਂ ਕੇਂਦਰ ਅਤੇ ਪੰਜਾਬ ਸਰਕਾਰ ਦੇ ਬਹੁਤ ਸਾਰੇ ਦਫ਼ਤਰ ਸ਼ਿਮਲੇ ਆਉਣ ਕਰਕੇ ਇੱਥੇ ਜਥੇ ਦੇ ਪੁਰਾਤਨ ਸਿੰਘਾਂ ਦੇ ਵੀ 15-20 ਪ੍ਰੀਵਾਰ ਤਬਦੀਲ ਹੋ ਗਏ। ਆਪ ਜੀ ਦੇ ਛੋਟੇ ਭਰਾਤਾ ਭਾਈ ਮਿਹਰ ਸਿੰਘ ਜੀ ਦੀ ਆਰਮੀ ਹੈੱਡ-ਕੁਆਰਟਰ ਸ਼ਿਮਲੇ ਸਿਵਲੀਅਨ ਤੌਰ ’ਤੇ ਨੌਕਰੀ ਲਗਣ ਕਰਕੇ ਉਨ੍ਹਾਂ ਨੇ ਆਪਣੀ ਰਿਹਾਇਸ਼ ਸ਼ਿਮਲੇ ਰੱਖ ਲਈ ਸੀ। ਆਪ ਜੀ ਵੀ ਪ੍ਰੀਵਾਰ ਸਮੇਤ ਸ਼ਿਮਲੇ ਹੀ ਆ ਕੇ ਰਹਿਣ ਲੱਗ ਪਏ। ਇਸ ਸਮੇਂ ਦੌਰਾਨ ਆਪ ਸ਼ਿਮਲਾ-ਬਰੋਗ ਸੈਕਸ਼ਨ ’ਤੇ ਚਲਣ ਵਾਲੀ ਸ਼ਟਲ ਸਰਵਿਸ ਗੱਡੀ ਦੇ ਡਰਾਈਵਰ ਵਜੋਂ ਕੰਮ ਕਰਦੇ ਸਨ।

ਆਪ ਜੀ ਦਾ ਭਾਈ ਸਾਹਿਬ ਜੀ ਨਾਲ ਪਹਿਲਾ ਮਿਲਾਪ ਗੁ. ਫਤਹਿਗੜ੍ਹ ਸਾਹਿਬ ਜੀ ਦੇ ਸਾਲਾਨਾ ਜੋੜ ਮੇਲੇ ਸਮੇਂ ਹੋਇਆ ਸੀ। ਉੱਥੇ ਆਪ ਜੀ ਨੂੰ ਆਪਣੇ ਛੋਟੇ ਵੀਰ ਦੇ ਸੰਗ ਸਾਥ ਸ੍ਰੀ ਆਸਾ ਦੀ ਵਾਰ ਦੇ ਚਾਰ ਛੱਕਿਆਂ ਦੇ ਕੀਰਤਨ ਦੀ ਸੇਵਾ ਮਿਲੀ ਸੀ। ਜਦੋਂ ਆਪ ਕੀਰਤਨ ਕਰ ਰਹੇ ਸਨ ਤਾਂ ਭਾਈ ਸਾਹਿਬ ਜੀ ਵੀ ਜਥੇ ਸਮੇਤ ਉੱਥੇ ਆ ਗਏ। ਇੰਨ੍ਹਾਂ ਦੇ ਸਾਹਮਣੇ ਬੈਠ ਕੇ ਛੋਟਾ ਵਾਜਾ ਖੋਹਲ ਕੇ ਕੀਰਤਨ ਦਾ ਅਨੰਦ ਲੈਣ ਲਗ ਪਏ। ਸ਼ਿਮਲੇ ਪਹਿਲਾਂ ਆਪ ਜੀ ਸੰਤ ਸੁਜਾਨ ਸਿੰਘ ਜੀ ਦੇ ਸੰਜੌਲੀ ਸਥਿਤ ਗੁਰਦੁਆਰੇ ਕੀਰਤਨ ਕਰਦੇ ਹੁੰਦੇ ਸਨ। ਸ਼ਿਮਲੇ ਸਿੱਖਾਂ ਦੀ ਕੋਈ ਜ਼ਿਆਦਾ ਵਸੋਂ ਨਹੀਂ ਸੀ। ਇਸ ਤਰ੍ਹਾਂ ਦੋਹਾਂ ਭਰਾਵਾਂ ਦੀ ਕੀਰਤਨ ਜੋੜੀ, ਸੰਗਤਾਂ ਵਿਚ ਪ੍ਰਸਿੱਧ ਹੋ ਗਈ, ਕਿਉਂਕਿ ਆਪ ਦੋਵੇਂ ਵੀਰ ਰਾਗ ਵਿਦਿਆ ਵਿਚ ਨਿਪੁੰਨ ਸਨ। ਆਪ ਜੀ ਦਾ ਜਥੇ ਦੇ ਸਿੰਘਾਂ ਦੇ ਨਾਲ ਵੀ ਮਿਲਾਪ ਹੋ ਗਿਆ ਤੇ ਜਥੇ ਦੇ ਹਫਤਾਵਾਰੀ ਕੀਰਤਨ ਸਮਾਗਮਾਂ ਦੀ ਹਾਜ਼ਰੀ ਵੀ ਭਰਨੀ ਸ਼ੁਰੂ ਕਰ ਦਿੱਤੀ।

ਸੰਨ 1948 ਵਿਚ ਪੰਚਮ ਪਾਤਸ਼ਾਹ ਜੀ ਦਾ ਸ਼ਹੀਦੀ ਗੁਰਪੁਰਬ ਜਥੇ ਵਲੋਂ ਸ਼ਿਮਲੇ ਮਨਾਉਣ ਦਾ ਪ੍ਰੋਗਰਾਮ ਬਣਾਇਆ ਗਿਆ। ਭਾਈ ਸਾਹਿਬ ਰਣਧੀਰ ਸਿੰਘ ਜੀ ਹਰ ਸਾਲ ਗਰਮੀਆਂ ਦੇ ਦਿਨ ਕੁਮਾਰ ਹੱਟੀ (ਡਗਸ਼ਈ ਹਿੱਲਜ) ’ਤੇ ਆਉਂਦੇ ਸਨ ਤੇ ਸੰਗਤਾਂ ਦੇ ਸੱਦੇ ’ਤੇ ਸ਼ਿਮਲੇ ਆ ਕੇ ਸੰਗਤਾਂ ਨੂੰ ਕੀਰਤਨ ਅਖਾੜੇ ਸਜਾ ਕੇ ਨਿਹਾਲ ਕਰਦੇ ਹੁੰਦੇ ਸਨ। ਇਸ ਸਮਾਗਮ ਸਮੇਂ ਅੰਮ੍ਰਿਤ ਸੰਚਾਰ ਦਾ ਕੋਈ ਪ੍ਰੋਗਰਾਮ ਨਹੀਂ ਸੀ। ਭਾਈ ਰਤਨ ਸਿੰਘ ਮਸਤਾਨਾ ਜੀ ਨੇ ਭਾਈ ਸਾਹਿਬ ਜੀ ਨੂੰ ਅੰਮ੍ਰਿਤ ਸੰਚਾਰ ਕਰਨ ਵਾਸਤੇ ਬੇਨਤੀ ਕੀਤੀ ਕਿ ਇਸ ਕੀਰਤਨੀ ਜੋੜੀ ਨੇ ਅੰਮ੍ਰਿਤ ਛਕਣਾ ਹੈ, ਆਗਿਆ ਦੇਵੋ। ਪਰ ਭਾਈ ਸਾਹਿਬ ਜੀ 2-4 ਪ੍ਰਾਣੀਆਂ ਲਈ ਅੰਮ੍ਰਿਤ ਸੰਚਾਰ ਕਰਨ ਵਾਸਤੇ ਰਾਜ਼ੀ ਨਾ ਹੋਏ ਤੇ ਦਿੱਲੀ ਸਮਾਗਮ ਤੇ ਅੰਮ੍ਰਿਤ ਅਭਿਲਾਖੀਆਂ ਨੂੰ ਪੇਸ਼ ਹੋਣ ਲਈ ਕਿਹਾ। ਮਸਤਾਨਾ ਜੀ ਦੀਆਂ ਬਾਰ-ਬਾਰ ਬੇਨਤੀਆਂ ਕਰਨ ਤੇ ਅਤੇ ਇਹ ਦੱਸਣ ਕਿ ਇਸ ਕੀਰਤਨੀ ਵੀਰਾਂ ਦੀ ਜੋੜੀ ਦੇ ਅੰਮ੍ਰਿਤ ਛੱਕਣ, ਨਾਲ ਹੋਰ ਬਹੁਤ ਸਾਰੀ ਸੰਗਤ ਜਥੇ ਨਾਲ ਜੁੜ ਜਾਵੇਗੀ ਤਾਂ ਭਾਈ ਸਾਹਿਬ ਜੀ ਨੇ ਹਾਂ ਭਰ ਦਿੱਤੀ। ਇਸ ਤਰ੍ਹਾਂ ਆਪ ਜੀ ਇਸ ਸਮਾਗਮ ਤੇ ਪ੍ਰੀਵਾਰ ਸਮੇਤ ਅਤੇ ਆਪਣੇ ਛੋਟੇ ਵੀਰ ਭਾਈ ਮਿਹਰ ਸਿੰਘ ਜੀ ਦੇ ਪ੍ਰੀਵਾਰ ਅਤੇ ਹੋਰ ਕੁਝ ਪ੍ਰਾਣੀਆਂ ਨਾਲ ਅੰਮ੍ਰਿਤ ਛੱਕ ਕੇ ਰਹਿਤ ਬਹਿਤ ਦੇ ਪੱਕੇ ਧਾਰਨੀ ਹੋ ਗਏ। ਆਪ ਜੀ ਨੂੰ ਭਾਈ ਸਾਹਿਬ ਜੀ ਦੇ ਸੰਗ ਸਾਥ ਕੀਰਤਨ ਸਮਾਗਮਾਂ ਦੇ ਖੂਬ ਲਾਹੇ ਲੈਣ ਦਾ ਸੁਭਾਗ ਪ੍ਰਾਪਤ ਹੁੰਦਾ ਰਿਹਾ। ਪੁਰਾਤਨ ਗੁਰਸਿੱਖ ਭਾਈ ਮਸਤਾਨ ਸਿੰਘ ਜੀ ਦਾ ਲੜਕਾ ਭਾਈ ਰਾਜਿੰਦਰ ਸਿੰਘ ਜੀ (ਜੋ ਬਾਅਦ ਵਿਚ ਸਿੰਗਾਪੁਰ ਚਲੇ ਗਏ) ਲੰਬਾ ਸਮਾਂ ਆਪ ਜੀ ਨਾਲ ਤਬਲੇ ਦੀ ਸੇਵਾ ਕਰਦਾ ਰਿਹਾ ਹੈ। ਸ਼ਿਮਲੇ-ਕਾਲਕਾ ਰੂਟ ਤੇ ਡਰਾਈਵਰ ਦੀ ਨੌਕਰੀ ਸਮੇਂ ਆਪ ਭਾਈ ਸਾਹਿਬ ਅਤੇ ਸੰਗਤਾਂ ਨੂੰ ਕਾਲਕਾ ਤੋਂ ਕੁਮਾਰ ਹੱਟੀ ਤੇ ਸ਼ਿਮਲਾ ਲੈ ਕੇ ਆਉਣ ਜਾਣ ਦੀ ਸੇਵਾ ਬੜੇ ਪਿਆਰ ਸਤਿਕਾਰ ਨਾਲ ਕਰਦੇ ਰਹੇ। ਉਸ ਵੇਲੇ ਉਸ ਗੱਡੀ ਤੇ ਖਾਲਸੇ ਦਾ ਹੀ ਰਾਜ ਹੁੰਦਾ ਸੀ ਕਿਉਂਕਿ ਭਾਈ ਜੋਧ ਸਿੰਘ ਜੀ ਦਿੱਲੀ ਵਾਲੇ ਰੇਲਵੇ ਦੇ ਵੱਡੇ ਅਫਸਰ ਦੇ ਨਿੱਜੀ ਸਹਾਇਕ ਹੋਣ ਕਰਕੇ ਇਹ ਪ੍ਰਬੰਧ ਹੋਰ ਵੀ ਸੁਖਾਲਾ ਕਰ ਦਿੰਦੇ ਸਨ। ਭਾਈ ਸਾਹਿਬ ਜੀ ਵਾਸਤੇ ਖਾਸ ਬੋਗੀ ਦਾ ਪ੍ਰਬੰਧ ਵੀ ਭਾਈ ਹਰਸਰੂਪ ਸਿੰਘ ਜੀ ਜੋ ਆਪ ਦੀ


www.AKJ.Org

ਸਿੰਘਣੀ ਦੇ ਭਰਾਤਾ ਸਨ ਤੇ ਭਾਈ ਜੋਧ ਸਿੰਘ ਜੀ ਰਲ ਕੇ ਕਰਵਾ ਦਿੰਦੇ ਸਨ। ਭਾਈ ਸਾਹਿਬ ਜੀ ਕੁਮਾਰ ਹੱਟੀ ਤੋਂ ਵਾਪਸੀ ਵੇਲੇ ਇਕ ਦਿਨ ਸਿੰਘਾਂ ਸਮੇਤ ਇੰਨ੍ਹਾਂ ਦੇ ਘਰ ਕਾਲਕਾ ਰੁੱਕ ਕੇ ਜਾਂਦੇ ਸਨ। ਇੱਥੇ ਹੀ ਇਕ ਸਮਾਗਮ ਤੇ ਆਪ ਜੀ ਦੇ ਮਾਤਾ ਪਿਤਾ ਜੀ ਨੂੰ ਵੀ ਅੰਮ੍ਰਿਤ ਛਕਾ ਕੇ ਤਿਆਰ-ਬਰ-ਤਿਆਰ ਕੀਤਾ ਗਿਆ।

ਸੰਨ 1950 ਵਿਚ ਆਪ ਜੀ ਦੀਆਂ ਅੱਖਾਂ ਦੀ ਰੋਸ਼ਨੀ ਘੱਟਣ ਕਰਕੇ ਆਪ ਨੂੰ ਡਰਾਈਵਰ ਦੀ ਡਿਊਟੀ ਤੋਂ ਬਦਲ ਕੇ ਰੇਲਵੇ ਵਰਕਸ਼ਾਪ ਕਾਲਕਾ ਵਿਚ ਹੀ ਦਫਤਰੀ ਕੰਮ ਦੇ ਦਿੱਤਾ ਗਿਆ ਜੋ ਆਪ ਜੀ ਦਸੰਬਰ 1967 ਤਾਈਂ ਕਰਦੇ ਹੋਏ ਸੇਵਾ ਮੁਕਤ ਹੋਏ। ਸ਼ਿਮਲੇ ਤੋਂ ਬਹੁਤੇ ਸਿੰਘ ਆਪ ਜੀ ਦੇ ਛੋਟੇ ਵੀਰ ਸਮੇਤ ਤਬਦੀਲ ਹੋ ਕੇ ਦਿੱਲੀ, ਚੰਡੀਗੜ੍ਹ ਤੇ ਪੰਜਾਬ ਦੇ ਹੋਰ ਸ਼ਹਿਰਾਂ ਵਿਚ ਚਲੇ ਗਏ। ਪਰ ਆਪ ਨੇ ਆਪਣੀ ਰਿਹਾਇਸ਼ ਕਾਲਕਾ ਵਿਚ ਹੀ ਪੱਕੇ ਤੌਰ ’ਤੇ ਰੱਖੀ। ਆਪ ਬਾਕੀ ਸਾਰੀ ਆਯੂ ਕਾਲਕਾ ਅੰਬਾਲਾ, ਚੰਡੀਗੜ੍ਹ ਦੇ ਇਲਾਕਿਆਂ ਵਿਚ ਹੀ ਲੋਕਲ ਹਫਤਾਵਾਰੀ ਤੇ ਰੈਣ ਸਬਾਈ ਕੀਰਤਨੀਆਂ ਦੀ ਹਾਜ਼ਰੀ ਭਰ ਕੇ ਲਾਹੇ ਲੈਂਦੇ ਰਹੇ। ਸੰਨ 1950 ਤੋਂ ਬਾਅਦ ਆਪ ਜੀ ਅੱਖਾਂ ਦੀ ਰੋਸ਼ਨੀ ਘੱਟਣ ਕਰਕੇ ਬਾਹਰ ਘੱਟ ਵਧ ਹੀ ਜਾਂਦੇ ਸਨ। ਆਪ ਜੀ ਜਿੱਥੇ ਇਕ ਨਿਰਬਾਣ ਕੀਰਤਨੀਏ ਸਨ ਉੱਥੇ ਅਖੰਡ ਪਾਠੀ ਵੀ ਸਨ। ਹਮੇਸ਼ਾਂ ਘਰ ਵਿਚ ਸਹਿਜ ਪਾਠ ਜਾਰੀ ਰੱਖਦੇ। ਬਹੁਤ ਸਾਰੇ ਨੌਜਵਾਨ ਬੱਚੇ ਬੱਚੀਆਂ ਨੂੰ ਗੁਰਦੁਆਰੇ ਇਕਤਰ ਕਰਕੇ ਕੀਰਤਨ ਦੀ ਸਿਖਲਾਈ ਦਿੰਦੇ ਰਹੇ। ਕਾਲਕਾ ਰਹਿੰਦੇ ਸਮੇਂ ਗੁਰਮੁਖ ਪਿਆਰੇ ਭਾਈ ਗੁਰਮੁਖ ਸਿੰਘ ਜੀ ਅਤੇ ਭਾਈ ਰਾਜਿੰਦਰ ਸਿੰਘ ਜੀ ਤਬਲਾ ਵਾਦਕ ਨੇ ਆਪ ਜੀ ਨਾਲ ਪੂਰਾ ਸਾਥ ਨਿਬਾਹਿਆ।

ਇਸ ਤਰ੍ਹਾਂ ਗੁਰੂ ਘਰ ਵਿਚ ਬਹੁਤ ਲੰਬਾ ਸਮਾਂ ਕੀਰਤਨ ਦੀ ਸੇਵਾ ਕਰਦਿਆਂ ਕਰਦਿਆਂ, ਹੌਲੀ-ਹੌਲੀ ਬੁਢਾਪੇ ਕਾਰਨ ਆਪ ਦੀ ਸਰੀਰਕ ਕਮਜੋਰੀ ਵੱਧਦੀ ਗਈ। ਮਾਰਚ 1998 ਵਿਚ ਇਹ ਕੀਰਤਨੀ ਹੀਰਾ ਤਕਰੀਬਨ 89 ਸਾਲ ਦੀ ਲੰਮੇਰੀ ਉਮਰ ਭੋਗ ਕੇ ਗੁਰੂ ਕਰਤਾਰ ਵਲੋਂ ਬਖਸ਼ੀ ਹੋਈ ਸਵਾਸਾਂ ਦੀ ਪੂੰਜੀ ਨੂੰ ਸਫਲ ਕਰਦੇ ਹੋਏ ਗੁਰੂ ਚਰਨਾਂ ਵਿਚ ਜਾ ਬਿਰਾਜੇ। ਅੱਜ ਵੀ ਭਾਈ ਸਾਹਿਬ ਜੀ ਦੇ ਸੰਗ ਸਾਥ ਉਨ੍ਹਾਂ ਵਲੋਂ ਕੀਰਤਨ ਦੀ ਹਾਜ਼ਰੀਆਂ ਭਰਦਿਆਂ ਦੀ ਫੋਟੋ ਆਮ ਸੰਗਤ ਵਿਚ ਦੇਖੀ ਜਾਂਦੀ ਹੈ ਜਿਸ ਵਿਚ ਆਪ, ਆਪਣੇ ਵੀਰ ਭਾਈ ਮਿਹਰ ਸਿੰਘ ਦੇ ਸਾਥ ਕੀਰਤਨ ਕਰ ਰਹੇ ਹਨ ਅਤੇ ਭਾਈ ਸਾਹਿਬ ਜੀ ਉਨ੍ਹਾਂ ਦੇ ਪਿੱਛੇ ਬੈਠੇ ਆਪਣੀ ਸੁਰਤਿ ਗੁਰੂ ਚਰਨਾਂ ਵਿਚ ਜੋੜੀ ਬੈਠੇ ਹਨ।

# ਭਾਈ ਮਿਹਰ ਸਿੰਘ ਜੀ, ਨਵੀਂ ਦਿੱਲੀ

ਭਾਈ ਗੁਰਦੀਪ ਸਿੰਘ ਸ੍ਰੀ ਅੰਮ੍ਰਿਤਸਰ

ਗੁਰੂ ਘਰ ਦੇ ਅਨਿਨ ਢਾਡੀ, ਰਾਗ ਵਿਦਿਆ ਵਿੱਚ ਨਿਪੁੰਨ, ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਨਿਕਟਵਰਤੀ, ਨਿਰਬਾਣ ਤੇ ਨਿਸ਼ਕਾਮ ਕੀਰਤਨੀਏ, ਸੰਗਤਾਂ ਦੀ ਅੱਧੀ ਸਦੀ ਤੋਂ ਉੱਪਰ ਕੀਰਤਨ ਰਾਹੀਂ ਸੇਵਾ ਕਰਨ ਵਾਲੇ ਭਾਈ ਮਿਹਰ ਸਿੰਘ ਜੀ ਦਾ ਜਨਮ ਮਿਤੀ 1 ਫ਼ਰਵਰੀ 1924 ਨੂੰ ਕਾਲਕਾ ਵਿਖੇ ਪਿਤਾ ਸਰਦਾਰ ਤੇਜਾ ਸਿੰਘ ਜੀ ਅਤੇ ਮਾਤਾ ਪਰਸਿੰਨ ਕੌਰ ਜੀ ਦੇ ਘਰ ਹੋਇਆ। ਇਨ੍ਹਾਂ ਦੇ ਵੱਡੇ ਭਰਾਤਾ ਭਾਈ ਨੌਹਰੀਆ ਸਿੰਘ ਜੀ ਸਨ ਜਿਨ੍ਹਾਂ ਨੇ ਜਥੇ ਵਿੱਚ ਬਾਪੂ ਜੀ ਅਤੇ ਉਨ੍ਹਾਂ ਦੇ ਸੰਗੀਆਂ ਸਾਥੀਆਂ ਖਾਸ ਕਰ ਸ਼ਿਮਲੇ ਅਤੇ ਕਾਲਕਾ ਵਿਚ ਕੀਰਤਨ ਦੀ ਲੰਬਾ ਸਮਾਂ ਸੇਵਾ ਕੀਤੀ। ਆਪ ਜੀ ਦੇ ਮਾਤਾ ਪਿਤਾ ਗੁਰਮਤਿ ਜੀਵਨ ਦੇ ਪਾਂਧੀ ਸਨ। ਆਪ ਦੇ ਪਿਤਾ ਜੀ ਕਾਲਕਾ ਵਿਖੇ ਰੇਲਵੇ ਵਰਕਸ਼ਾਪ ਵਿੱਚ ਨੌਕਰੀ ਕਰਦੇ ਸਨ। ਆਪ ਜੀ ਨੂੰ ਗੁਰਸਿੱਖੀ ਦਾ ਪ੍ਰੇਮ ਬਚਪਨ ਤੋਂ ਆਪਣੇ ਮਾਤਾ ਪਿਤਾ ਦੀ ਸੰਗਤ ਕਰਕੇ ਲੱਗਾ ਤੇ ਬਾਲ ਅਵਸਥਾ ਵਿੱਚ ਹੀ ਅੰਮ੍ਰਿਤ ਛਕ ਕੇ ਗੁਰੂ ਚਰਨਾਂ ਨਾਲ ਜੁੜ ਗਏ। ਆਪ ਜੀ ਨੇ ਮੁੱਢਲੀ ਵਿੱਦਿਆ, ਦਸਵੀਂ ਤਾਈਂ ਐੱਮ ਬੀ ਹਾਈ ਸਕੂਲ ਕਾਲਕਾ ਤੋਂ ਲਈ ਅਤੇ ਬਾਅਦ ਵਿੱਚ ਨੌਕਰੀ ਦੌਰਾਨ, ਪੱਤਰ ਵਿਹਾਰ ਕੋਰਸ ਰਾਹੀਂ, ਬੀ ਏ ਪਾਸ ਕਰ ਲਈ।


www.AKJ.Org

ਸੰਨ 1942 ਵਿੱਚ ਆਪ ਜੀ ਨੇ ਸਿਵਿਲੀਅਨ ਦੇ ਤੌਰ ਤੇ ਆਰਮੀ ਹੈੱਡ ਕੁਆਟਰ ਵੈਸਟਰਨ ਕਮਾਂਡ ਸ਼ਿਮਲਾ ਤੋਂ ਨੌਕਰੀ ਸ਼ੁਰੂ ਕੀਤੀ ਤੇ ਫਿਰ ਸੰਨ 1952 ਵਿੱਚ ਨਵੀਂ ਦਿੱਲੀ ਤਬਦੀਲ ਹੋ ਗਏ। ਫਰਵਰੀ 1984 ਵਿੱਚ ਆਪ ਇਸ ਨੌਕਰੀ ਤੋਂ ਫ਼ਾਰਗ ਹੋਏ। ਆਪ ਜੀ ਨੇ ਸਾਰੀ ਨੌਕਰੀ ਬਹੁਤ ਇਮਾਨਦਾਰੀ, ਦਿਆਨਤਦਾਰੀ ਤੇ ਸਖਤ ਮਿਹਨਤ ਨਾਲ ਕੀਤੀ ਤੇ ਬਹੁਤ ਨਾਮਣਾ ਖੱਟਿਆ। ਆਪ ਜੀ ਦਾ ਅਨੰਦ ਕਾਰਜ ਸੰਨ 1940 ਵਿੱਚ ਬੀਬੀ ਸੁਰਜੀਤ ਕੌਰ ਜੀ ਅੰਬਾਲਾ ਨਿਵਾਸੀ ਨਾਲ ਹੋਇਆ। ਆਪ ਜੀ ਦੀ ਸਿੰਘਣੀ ਦੇ ਭਰਾਤਾ ਭਾਈ ਹਰਸਰੂਪ ਸਿੰਘ ਜੀ ਵੀ ਬਾਪੂ ਜੀ ਦੇ ਬਹੁਤ ਨਿਕਟਵਰਤੀ ਸਿੰਘਾਂ ਵਿੱਚੋਂ ਸਨ ਜੋ ਕਿ ਅਖੰਡ ਪਾਠ, ਲੰਗਰ ਅਤੇ ਪੰਚਾਂ ਦੀ ਸੇਵਾ ਨਿਭਾਉਂਦੇ ਰਹੇ ਹਨ। ਉਨ੍ਹਾਂ ਦੀ ਇੱਕ ਲੜਕੀ ਬੀਬੀ ਮਹਿੰਦਰ ਕੌਰ ਜੀ ਵੀ, ਭਾਈ ਸਾਹਿਬ ਜੀ ਵੇਲੇ ਕੀਰਤਨੀ ਬੀਬੀਆਂ ਵਿੱਚੋਂ ਇੱਕ ਸਿਰਕੱਢ ਕੀਰਤਨੀ ਬੀਬੀ ਸੀ। ਭਾਈ ਹਰਸਰੂਪ ਸਿੰਘ ਜੀ, ਭਾਈ ਨੌਹਰੀਆ ਸਿੰਘ ਜੀ ਅਤੇ ਭਾਈ ਜੋਧ ਸਿੰਘ ਜੀ, ਬਾਪੂ ਜੀ ਅਤੇ ਸੰਗਤਾਂ ਲਈ ਸ਼ਿਮਲੇ ਤੋਂ ਕਾਲਕਾ, ਕੁਮਾਰ ਹੱਟੀ ਅਤੇ ਹੋਰ ਸ਼ਹਿਰਾਂ ਵਿਚ ਹੋਣ ਵਾਲੇ ਕੀਰਤਨ ਸਮਾਗਮਾਂ ਅਤੇ ਇਤਿਹਾਸਕ ਗੁਰਧਾਮਾਂ ਦੀ ਯਾਤਰਾ ਲਈ ਰੇਲ ਗੱਡੀ ਵਿੱਚ ਸਪੈਸ਼ਲ ਡੱਬੇ ਦਾ ਪ੍ਰਬੰਧ ਕਰਵਾ ਕੇ ਰੇਲ ਸਫਰ ਨੂੰ ਬਹੁਤ ਸੁਖਾਵਾਂ ਬਣਾ ਦਿੰਦੇ ਸਨ।

ਆਪ ਜੀ ਨੂੰ ਬਚਪਨ ਤੋਂ ਹੀ ਸੰਗੀਤ ਅਤੇ ਗਾਉਣ ਵਜਾਉਣ ਦਾ ਸ਼ੌਂਕ ਸੀ। ਸ਼ਿਮਲੇ ਇੱਕ ਸਿੱਖ ਪਰਿਵਾਰ ਦਾ ਨੌਂ ਸਾਲਾ ਬੱਚਾ ਮਾਸਟਰ ਮਦਨ ਸਿੰਘ (ਜੋ ਧੁਰੋਂ ਹੀ ਸੰਗੀਤ ਦੀ ਦਾਤ ਲੈ ਕੇ ਜਨਮਿਆ ਸੀ ਅਤੇ ਛੋਟੀ ਆਯੂ ਵਿੱਚ ਹੀ ਚੜ੍ਹਾਈ ਕਰ ਗਿਆ ਸੀ) ਹਰ ਰੋਜ਼ ਸ਼ਾਮ ਨੂੰ ਸੰਗੀਤ ਦਾ ਰਿਆਜ਼ ਕਰਦਾ ਹੁੰਦਾ ਸੀ ਅਤੇ ਆਪ ਜੀ ਉਸ ਦੇ ਘਰ ਬਾਹਰ ਖਲੋ ਕੇ ਉਸਦਾ ਸੰਗੀਤ ਸੁਣਦੇ ਹੁੰਦੇ ਸਨ। ਫਿਰ ਘਰ ਵਾਲਿਆਂ ਨੇ ਆਪ ਨੂੰ ਬਾਹਰ ਖਲੋਤੇ ਦੇਖ ਕੇ ਅੰਦਰ ਬੁਲਾਉਣਾ ਸ਼ੁਰੂ ਕਰ ਦਿੱਤਾ ਤੇ ਆਪ ਜੀ ਸੰਗੀਤ ਦਾ ਪੂਰਾ ਲੁੱਤਫ ਲੈਣ ਲੱਗ ਪਏ।

ਆਪ ਜੀ ਦੇ ਵੱਡੇ ਭਰਾਤਾ ਭਾਈ ਨੋਹਰੀਆ ਸਿੰਘ ਜੀ, ਜੋ ਕਿ ਰੇਲਵੇ ਵਿਭਾਗ ਵਿੱਚ ਡਰਾਈਵਰ ਸਨ ਅਤੇ ਸ਼ਿਮਲਾ ਕਾਲਕਾ ਰੂਟ ਤੇ ਗੱਡੀ ਚਲਾਉਂਦੇ ਸਨ, ਆਪ ਜੀ ਦੀ ਨੌਕਰੀ ਸ਼ਿਮਲੇ ਲੱਗਣ ਕਰ ਕੇ, ਉਨ੍ਹਾਂ ਨੇ ਵੀ ਸ਼ਿਮਲੇ ਰਿਹਾਇਸ਼ ਰੱਖ ਲਈ ਤੇ ਦੋਹਾਂ ਭਰਾਵਾਂ ਦੀ ਜੋੜੀ ਨੇ ਸ਼ਿਮਲੇ ਦੇ ਲੋਕਲ ਗੁਰਦੁਆਰਿਆਂ ਖਾਸ ਕਰ ਸੰਤ ਸੁਜਾਨ ਸਿੰਘ ਜੀ ਦੇ ਡੇਰੇ, ਕੀਰਤਨ ਦੀ ਹਾਜ਼ਰੀ ਭਰਨੀ ਸ਼ੁਰੂ ਕਰ ਦਿੱਤੀ। ਇਸ ਤੋਂ ਪਹਿਲਾਂ, ਆਪ ਜੀ ਦੋਹਾਂ ਭਰਾਵਾਂ ਨੇ ਇੱਕ ਵਾਰ ਗੁਰਦੁਆਰਾ ਫਤਿਹਗੜ੍ਹ ਸਾਹਿਬ ਵਿਖੇ ਸਾਲਾਨਾ ਸ਼ਹੀਦੀ ਜੋੜ ਮੇਲੇ ਸਮੇਂ ਸ੍ਰੀ ਆਸਾ ਜੀ ਦੀ ਵਾਰ ਦੇ ਪਹਿਲੇ ਚਾਰ ਛੱਕਿਆਂ ਦੀ ਹਾਜ਼ਰੀ ਭਰ ਕੇ ਕੀਰਤਨ ਦੀ ਸੇਵਾ ਵੀ ਨਿਬਾਹੀ ਸੀ। ਇਸ ਕੀਰਤਨ ਪ੍ਰੋਗਰਾਮ ਦੌਰਾਨ, ਬਾਪੂ ਜੀ ਵੀ ਆਪਣੇ ਸੰਗੀਆਂ ਨਾਲ ਆ ਹਾਜਰ ਹੋਏ ਅਤੇ ਸਾਹਮਣੇ ਪਹਿਲੀ ਕਤਾਰ ਵਿੱਚ ਛੋਟਾ ਵਾਜਾ ਰੱਖ ਕੇ, ਇਨ੍ਹਾਂ ਨਾਲ ਹੀ ਰਲ ਕੇ ਕੀਰਤਨ ਸ਼ੁਰੂ ਕਰ ਦਿੱਤਾ ਤੇ ਖੂਬ ਆਨੰਦ ਮਾਣਿਆ। ਇਹ ਆਪ ਜੀ ਦਾ ਭਾਈ ਸਾਹਿਬ ਜੀ ਨਾਲ ਪਹਿਲਾ ਦਰਸ਼ਨ ਮਿਲਾਪ ਸੀ।

ਸ਼ਿਮਲੇ ਵਿੱਚ ਅਖੰਡ ਕੀਰਤਨੀ ਜੱਥੇ ਦੇ ਕਈ ਪੁਰਾਤਨ ਗੁਰਸਿਖ ਭਾਈ ਹਰਚਰਨ ਸਿੰਘ ਜੀ ਚੰਡੀਗੜ੍ਹ ਭਾਈ ਹਰਚਰਨ ਸਿੰਘ ਜੀ ਨੰਦਾ, ਭਾਈ ਰਤਨ ਸਿੰਘ ਜੀ ਮਸਤਾਨਾ ਅਤੇ ਦਸ ਬਾਰਾਂ ਹੋਰ ਸਿੰਘ ਪ੍ਰੀਵਾਰਾਂ ਸਮੇਤ ਰਹਿੰਦੇ ਸਨ। ਹੌਲੀ ਹੌਲੀ ਇਨ੍ਹਾਂ ਸਿੰਘਾਂ ਨਾਲ, ਇਸ ਨੌਜਵਾਨ ਕੀਰਤਨੀ ਜੋੜੀ ਦਾ, ਜੋ ਰਾਗ ਵਿੱਦਿਆ ਵਿੱਚ ਨਿਪੁੰਨ ਸੀ, ਮੇਲ ਜੋਲ ਹੋ ਗਿਆ ਤੇ ਇਨ੍ਹਾਂ ਨੇ ਵੀ ਲੋਕਲ ਕੀਰਤਨ ਸਮਾਗਮਾਂ ਦੀ ਹਾਜ਼ਰੀ ਭਰਨੀ ਸ਼ੁਰੂ ਕਰ ਦਿੱਤੀ। ਸੰਨ 1948 ਵਿੱਚ ਸ਼ਿਮਲੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਕਾਰਟ ਰੋਡ ਵਿੱਚ ਪੰਚਮ ਪਾਤਸ਼ਾਹ ਦੇ ਸ਼ਹੀਦੀ ਗੁਰਪੁਰਬ ਮਨਾਉਣ ਲਈ, ਭਾਈ ਸਾਹਿਬ ਜੀ ਨੂੰ, ਸਿੰਘਾਂ ਰਾਹੀਂ ਸੱਦਾ ਪੱਤਰ ਭੇਜਿਆ ਗਿਆ, ਜਿਸ ਦੀ ਭਾਈ ਸਾਹਿਬ ਜੀ ਨੇ ਪ੍ਰਵਾਨਗੀ ਦੇ ਦਿੱਤੀ। ਇਸ ਸਮਾਗਮ ਸਮੇਂ ਭਾਈ ਰਤਨ ਸਿੰਘ ਜੀ ਮਸਤਾਨਾ ਜੀ ਨੇ, ਭਾਈ ਸਾਹਿਬ ਜੀ ਤੋਂ ਇਸ ਮੌਕੇ ਤੇ ਅੰਮ੍ਰਿਤ ਸੰਚਾਰ ਕਰਨ ਦੀ ਪ੍ਰਵਾਨਗੀ ਮੰਗੀ। ਸਿਰਫ਼ ਛੇ ਸੱਤ ਪ੍ਰਾਣੀ ਜਹਾਜ਼ੇ ਚੜ੍ਹਨ ਵਾਲੇ ਹੋਣ ਕਰਕੇ, ਭਾਈ ਸਾਹਿਬ ਜੀ ਨੇ



www.AKJ.Org

ਹਾਂ ਨਾ ਭਰੀ ਅਤੇ ਦਿੱਲੀ ਦੁਸਹਿਰੇ ਸਮਾਗਮ ਤੇ ਪੰਚਾਂ ਕੋਲ ਪੇਸ਼ ਹੋਣ ਲਈ ਕਹਿ ਦਿੱਤਾ। ਭਾਈ ਮਸਤਾਨਾ ਜੀ, ਭਾਈ ਸਾਹਿਬ ਜੀ ਦੇ ਕਮਰੇ ਵਿੱਚ ਰਾਤ ਦੇਰ ਤਾਈਂ ਮੁੱਠੀ ਚਾਪੀ ਭਰਦੇ ਰਹੇ ਅਤੇ ਅੰਮ੍ਰਿਤ ਸੰਚਾਰ ਦੀ ਪ੍ਰਵਾਨਗੀ ਲਈ ਜੋਦੜੀਆਂ ਕਰਦੇ ਰਹੇ। ਕਾਫੀ ਦੇਰ ਰਾਤ ਹੋਣ ਤੇ ਭਾਈ ਸਾਹਿਬ ਬੋਲੇ 'ਮਸਤਾਨਿਆ, ਹੁਣ ਖਹਿੜਾ ਛੱਡ, ਜਾਹ ਆਰਾਮ ਕਰ'। ਮਸਤਾਨਾ ਜੀ ਨੇ ਫਿਰ ਬੇਨਤੀ ਕੀਤੀ ਕਿ ਇੱਥੇ ਦੋ ਅਭਿਲਾਖੀ, ਨੌਜਵਾਨ ਕੀਰਤਨੀਏ ਵੀਰ ਹਨ, ਜਿਨ੍ਹਾਂ ਦੇ ਅੰਮ੍ਰਿਤ ਪਾਨ ਕਰਨ ਨਾਲ ਸ਼ਿਮਲੇ ਦੀ ਸੰਗਤਾਂ ਵਿੱਚ ਕਾਫੀ ਵਾਧਾ ਹੋ ਜਾਵੇਗਾ ਤੇ ਅੰਮ੍ਰਿਤ ਸੰਚਾਰ ਕਰਨ ਲਈ ਫਿਰ ਆਗਿਆ ਮੰਗੀ। ਭਾਈ ਸਾਹਿਬ ਜੀ ਇਹ ਸੁਣ ਕੇ ਦਿਆਲਤਾ ਵਿੱਚ ਆ ਗਏ ਅਤੇ ਪ੍ਰਵਾਨਗੀ ਦੇ ਦਿੱਤੀ। ਇਸ ਸਮਾਗਮ ਵਿੱਚ ਆਪ ਜੀ ਦੋਨੋਂ ਭਰਾ ਸਿੰਘਣੀਆਂ ਸਮੇਤ ਅੰਮ੍ਰਿਤ ਛਕ ਕੇ ਤਿਆਰ ਬਰ ਤਿਆਰ ਹੋ ਗਏ। ਇਸ ਸੁਭਾਗ ਸਮੇਂ ਆਪ ਜੀ ਨੇ ਭਾਈ ਸਾਹਿਬ ਜੀ ਦੇ ਦੂਜੀ ਵਾਰ ਦਰਸ਼ਨ ਕੀਤੇ।

ਜਥੇ ਵਿੱਚ ਸ਼ਾਮਿਲ ਹੋਣ ਮਗਰੋਂ, ਆਪ ਜੀ ਵੱਖ ਵੱਖ ਸ਼ਹਿਰਾਂ ਵਿੱਚ ਹੋਣ ਵਾਲੇ ਕੇਂਦਰੀ ਕੀਰਤਨ ਸਮਾਗਮਾਂ, ਖ਼ਾਸ ਕਰ ਨਾਰੰਗਵਾਲ, ਦਿੱਲੀ ਅਤੇ ਲੁਧਿਆਣਾ ਦੀ ਹਾਜ਼ਰੀ ਭਰਨ ਲੱਗ ਪਏ ਅਤੇ ਇਸ ਤਰ੍ਹਾਂ ਭਾਈ ਸਾਹਿਬ ਜੀ ਨਾਲ ਪਿਆਰ ਤੇ ਨੇੜਤਾ ਵਧਦੀ ਗਈ। ਸ੍ਰੀ ਅਨੰਦਪੁਰ ਸਾਹਿਬ, ਸ੍ਰੀ ਹਜ਼ੂਰ ਸਾਹਿਬ, ਸ੍ਰੀ ਪਾਉਂਟਾ ਸਾਹਿਬ ਅਤੇ ਹੋਰ ਗੁਰਧਾਮਾਂ ਦੀ ਯਾਤਰਾ ਤੇ ਆਪ ਜੀ, ਭਾਈ ਸਾਹਿਬ ਜੀ ਦੇ ਸੰਗ ਸਾਥ ਜਾਂਦੇ ਰਹੇ। ਭਾਈ ਸਾਹਿਬ ਜੀ ਦੀ ਸੰਗਤ ਵਿੱਚ ਰਹਿ ਕੇ ਕੀਰਤਨ ਦੀਆਂ ਹਾਜ਼ਰੀਆਂ ਭਰਨ ਕਰਕੇ, ਆਪ ਜੀ ਕੀਰਤਨ ਦੀ ਸੇਵਾ ਸਮੇਂ, ਆਮ ਤੌਰ ਤੇ ਭਾਈ ਸਾਹਿਬ ਜੀ ਦੀਆਂ ਕੀਰਤਨ ਰੀਤਾਂ ਤੇ ਹੀ ਕੀਰਤਨ ਕਰਦੇ ਸਨ ਤੇ ਨਾਲ ਹੀ ਮੌਕੇ ਦੇ ਕੀਰਤਨ ਦਾ ਪ੍ਰਕਰਣ ਜੋੜ ਕੇ, ਸ਼ਬਦ ਜਿਸ ਰਾਗ ਵਿੱਚ ਉਚਾਰਿਆ ਹੈ, ਉਸੇ ਰਾਗ ਵਿੱਚ ਪੜ੍ਹਦੇ ਸਨ। ਆਪ ਜੀ ਨੇ ਭਾਈ ਸਾਹਿਬ ਜੀ ਦੇ ਕੀਰਤਨ ਦੀਆਂ ਰੀਤਾਂ ਦੀ ਇੱਕ ਸੀ. ਡੀ. ਵੀ ਬਣਾ ਕੇ ਵੀ ਸੰਗਤਾਂ ਵਿੱਚ ਵੰਡੀ ਸੀ, ਜਿਸ ਵਿੱਚ ਆਪ ਜੀ ਦੇ ਸਪੁੱਤਰ, ਭਾਈ ਕੰਵਰਜੀਤ ਸਿੰਘ ਜੀ, ਜੋ ਕਿ ਆਪ ਵਾਂਗ ਸੰਗੀਤ ਕਲਾ ਦੇ ਮਾਹਰ ਹਨ ਅਤੇ ਉਸ ਨੇ ਪ੍ਰਾਚੀਨ ਕਲਾ ਕੇਂਦਰ ਚੰਡੀਗੜ੍ਹ ਤੋਂ ਬੀ. ਏ. ਸੰਗੀਤ ਦੀ ਵਿੱਦਿਆ ਲਈ ਹੋਈ ਹੈ, ਨੇ ਉਹ ਸੀ. ਡੀ. ਵਿੱਚ ਸ਼ਬਦਾਂ ਦੀ ਨੋਟੇਸ਼ਨ ਤਿਆਰ ਕਰਨ ਵਿੱਚ ਆਪ ਜੀ ਦੀ ਕਾਫੀ ਮਦਦ ਕੀਤੀ। ਆਪ ਜੀ ਨੇ ਭਾਈ ਸਾਹਿਬ ਜੀ ਦੇ ਸਮੇਂ, ਰੈਣ ਸਬਾਈ ਕੀਰਤਨ ਦੀ ਅਰੰਭਤਾ, ਅੱਧੀ ਰਾਤ ਅਤੇ ਸਮਾਪਤੀ ਸਮੇਂ, ਪੜ੍ਹੇ ਜਾਣ ਵਾਲੇ ਸ਼ਬਦਾਂ ਅਤੇ ਭਾਈ ਸਾਹਿਬ ਜੀ ਸਮੇਂ ਹੋਰ ਪੜ੍ਹੇ ਜਾਂਦੇ ਸ਼ਬਦਾਂ ਦੀ ਸੂਚੀ, ਸਰਦਾਰ ਜੈਤੇਗ ਸਿੰਘ ਜੀ ਅਨੰਤ ਵਲੋਂ ਤਿਆਰ ਕੀਤੇ ਭਾਈ ਸਾਹਿਬ ਰਣਧੀਰ ਸਿੰਘ ਜੀ ਸਿਮਰਤੀ ਗ੍ਰੰਥ ਵਿੱਚ ਆਪਣੇ ਇੱਕ ਲੇਖ ਵਿੱਚ ਦਿੱਤੀ ਹੋਈ ਹੈ। ਆਪ ਜੀ ਮੁਤਾਬਿਕ, ਭਾਈ ਸਾਹਿਬ ਜੀ, ਸੁਰ ਤਾਲ, ਸੁਰੀਲੀ ਆਵਾਜ਼ ਅਤੇ ਹਿਰਦਿਓਂ ਪ੍ਰੇਮ ਨਾਲ ਕੀਰਤਨ ਕਰਨ ਵਾਲੇ ਕੀਰਤਨੀ ਸਿੰਘਾਂ ਅਤੇ ਬੀਬੀਆਂ ਨੂੰ ਤਰਜੀਹ ਦਿੰਦੇ ਸਨ। ਇੱਕ ਸਮਾਗਮ ਤੇ, ਇਨ੍ਹਾਂ ਦੇ ਵੱਡੇ ਭਰਾਤਾ ਜੀ, ਨੌਹਰੀਆ ਸਿੰਘ ਜੀ ਨੇ ਕੀਰਤਨ ਕੀਤਾ ਅਤੇ ਇੱਕ ਸਬਦ, ਆਸਾ ਰਾਗ ਛੋਟੀ ਤਿੰਨ ਤਾਲ ਵਿੱਚ ਗਾਇਨ ਕੀਤਾ। ਕੀਰਤਨ ਮਗਰੋਂ, ਥਾਪੜਾ ਦਿੰਦਿਆਂ, ਭਾਈ ਸਾਹਿਬ ਜੀ ਨੇ ਫੁਰਮਾਇਆ *ਵਾਹ ਭਈ ਵਾਹ ! ਅੱਜ ਤਾਂ ਇੱਥੇ ਹੀ ਤੁਸੀਂ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਬਣਾ ਦਿੱਤਾ। ਡਾਕਟਰ ਦਰਸ਼ਨ ਸਿੰਘ ਜੀ, ਪੰਜਾਬ ਐਗਰੀਕਲਚਰ ਯੂਨੀਵਰਸਿਟੀ ਲੁਧਿਆਣਾ ਹਾਲ ਟਰਾਂਟੋ ਕੈਨੇਡਾ ਵੀ ਇਹੋ ਦੱਸਿਆ ਕਰਦੇ ਸਨ ਕਿ ਜਦੋਂ ਆਪ ਜੀ ਨੇ ਕਿ ਕੀਰਤਨ ਕਰਨਾ ਤਾ ਭਾਈ ਸਾਹਿਬ ਜੀ ਨਿਹਾਲ ਹੋ ਕੇ ਇਹੋ ਜਿਹੇ ਬਚਨ, ਆਪ ਜੀ ਪ੍ਰਤੀ ਉਚਾਰਿਆ ਕਰਦੇ ਸਨ। ਜਥੇ ਵਿੱਚ ਸ਼ਾਮਿਲ ਹੋਣ ਤੋਂ ਬਾਅਦ ਆਪ ਜੀ ਤਾਅ ਉਮਰ ਦਿੱਲੀ ਦੀ ਸੰਗਤ ਸਮੇਤ ਸਾਰੇ ਕੇਂਦਰੀ ਕੀਰਤਨ ਸਮਾਗਮਾਂ ਵਿੱਚ ਕੀਰਤਨ ਦੀ ਸੇਵਾ ਨਿਭਾਉਂਦੇ ਰਹੇ। ਦਿੱਲੀ ਦੀ ਸੰਗਤ ਨਾਲ, ਹਰ ਸਾਲ ਇੱਕ ਜਾਂ ਦੋ ਵਾਰੀ ਵੀ, ਸਾਰੇ ਭਾਰਤ ਵਿੱਚ ਗੁਰਧਾਮਾਂ ਤੇ ਹੋਰ ਸ਼ਹਿਰਾਂ ਦੀ ਯਾਤਰਾ ਕਰਕੇ, ਨਾਮ ਬਾਣੀ ਦੀਆਂ ਛਹਿਬਰਾਂ ਲਾਉਂਦੇ ਰਹੇ। ਸੰਨ 1977 ਵਿੱਚ ਆਪ ਜੀ, ਜੱਥੇ ਦੇ ਸਿਰਕੱਢ ਮੁਖੀ ਸਿੰਘਾਂ, ਭਾਈ ਸੂਰਤ ਸਿੰਘ ਪੂਰਨ ਜੀ, ਉਨ੍ਹਾਂ ਦੀ ਸਿੰਘਣੀ ਬੀਬੀ ਭੁਪਿੰਦਰ ਕੌਰ ਜੀ, ਭਾਈ ਜੀਵਨ ਸਿੰਘ ਜੀ ਤੇ ਭਾਈ ਪ੍ਰੀਤਮ ਸਿੰਘ ਚਾਨੀ ਜੀ ਦੇ ਨਾਲ, ਪਹਿਲੀ ਵਿਦੇਸ਼ ਪ੍ਰਚਾਰ ਫੇਰੀ ਤੇ, ਇੰਗਲੈਂਡ, ਅਮਰੀਕਾ ਅਤੇ ਕੈਨੇਡਾ ਗਏ।



www.AKJ.Org

ਉੱਥੇ ਕੀਰਤਨ ਦਾ, ਇਹੋ ਜਿਹਾ ਸੰਗਤਾਂ ਉੱਪਰ ਪ੍ਰਭਾਵ ਪਿਆ ਕਿ ਆਪ ਜੀ ਨੂੰ ਸੰਗਤਾਂ ਵੱਲੋਂ ਵਿਦੇਸ਼ਾਂ ਤੋਂ ਕੀਰਤਨ ਦੀ ਸੇਵਾ ਲਈ ਸੱਦੇ ਆਉਣੇ ਸ਼ੁਰੂ ਹੋ ਗਏ। ਆਪ ਜੀ ਸਮੇਂ ਸਮੇਂ ਉੱਥੇ ਜਾ ਕੇ ਕੀਰਤਨ ਸਮਾਗਮ ਅਤੇ ਅੰਮ੍ਰਿਤ ਸੰਚਾਰ ਸਮਾਗਮ ਰੱਚ ਕੇ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਦੇ ਰਹੇ। ਅਮਰੀਕਾ ਅਤੇ ਕੈਨੇਡਾ ਦੇ ਵੱਖ-ਵੱਖ ਸ਼ਹਿਰਾਂ ਵਿੱਚ ਬੱਚਿਆਂ ਦੇ ਕੀਰਤਨ ਸਿਖਲਾਈ ਕੈਂਪ ਲਗਾਉਂਦੇ ਰਹੇ ਜਿਨ੍ਹਾਂ ਵਿੱਚ ਕੁੱਝ ਸ਼ਹਿਰ ਟੈਂਨਸੀ, ਮੈਰੀਲੈਂਡ, ਯੂਬਾਸਿਟੀ (ਕੈਲੇਫੋਰਨੀਆ) ਨਿਊਯਾਰਕ, ਟਰਾਂਟੋ, ਲੰਡਨ ਆਦਿ ਵਰਨਣਯੋਗ ਹਨ। ਸੰਨ 1991 ਤੋਂ ਬਾਅਦ, ਆਪ ਜੀ ਹਰ ਸਾਲ ਇਨਾ ਕੈਂਪਾਂ ਵਿੱਚ ਹਾਜ਼ਰੀ ਭਰਦੇ ਰਹੇ ਹਨ। ਸਾਲ ਵਿੱਚ ਅੱਧਾ ਸਮਾਂ ਵਿਦੇਸ਼ ਵਿੱਚ ਹੀ ਲਗਾਉਂਦੇ ਸਨ। ਆਪ ਜੀ ਦਾ ਹੱਸਮੁਖ ਸੁਭਾਅ ਹੋਣ ਕਾਰਨ, ਬੱਚੇ ਆਪ ਜੀ ਨਾਲ ਬਹੁਤ ਪਿਆਰ ਕਰਦੇ ਸਨ ਤੇ ਆਪ ਜੀ ਵੀ ਬੱਚਿਆਂ ਵਿੱਚ ਪੂਰੀ ਤਰਾਂ ਘੁੱਲ ਮਿਲ ਜਾਂਦੇ ਸਨ। ਬੱਚਿਆਂ ਵਾਂਗ ਹੀ ਵਿਹਾਰ ਕਰਦੇ ਸਨ। ਬੇਸ਼ੱਕ ਬੁਢਾਪੇ ਅਤੇ ਸਿਹਤ ਦੀ ਕਮਜ਼ੋਰੀ ਕਾਰਨ ਆਪ ਪਿਛਲੇ ਕੁਝ ਸਾਲ ਵਿਦੇਸ਼ ਨਹੀਂ ਜਾ ਸਕੇ, ਪ੍ਰੰਤੂ ਬੱਚੇ ਅਜੇ ਵੀ ਆਪ ਜੀ ਨੂੰ ਬਹੁਤ ਯਾਦ ਕਰਦੇ ਹਨ। ਕਈ ਬੱਚਿਆਂ ਦੇ ਆਪ ਜੀ ਨੇ ਅਨੰਦ ਕਾਰਜ ਕਰਾਉਣ ਦੀ ਸੇਵਾ ਵੀ ਨਿਬਾਹੀ।

ਜਿੱਥੇ ਆਪ ਜੀ ਕੀਰਤਨ ਰਾਹੀਂ ਸੰਗਤਾਂ ਦੀ ਸੇਵਾ ਕਰਦੇ ਰਹੇ ਹਨ, ਉੱਥੇ ਉਨ੍ਹਾਂ ਨੇ ਇਸ ਕੀਰਤਨ ਤੇ ਰਾਗ ਵਿੱਦਿਆ ਦੇ ਗੁਣ ਨੂੰ ਆਪਣੇ ਕੋਲ ਨਹੀਂ ਰੱਖਿਆ, ਸਗੋਂ ਸੰਗਤਾਂ ਵਿੱਚ ਇਸ ਦੇ ਖੁੱਲ੍ਹੇ ਗੱਫੇ ਵੰਡੇ। ਆਪ ਜੀ ਤਬਲਾ ਵੀ ਵਜਾ ਲੈਂਦੇ ਸਨ ਤੇ ਉਸਨੂੰ ਸੁਰ ਕਰਨ ਦੀ ਵੀ ਮੁਹਾਰਤ ਰਖਦੇ ਸਨ ਜੋ ਕਿ ਜੱਥੇ ਵਿੱਚ ਗਿਣਤੀ ਦੇ ਹੀ ਕੀਰਤਨੀ ਜਾਣਦੇ ਹਨ। ਦਿੱਲੀ ਅਤੇ ਵਿਦੇਸ਼ਾਂ ਵਿੱਚ ਬੇਅੰਤ ਬੱਚਿਆਂ ਨੂੰ ਕੀਰਤਨ ਦੀ ਸਿਖਲਾਈ ਦਿੱਤੀ। ਇਸ ਕੀਰਤਨ ਦੇ ਗੁਣ ਨੂੰ ਪੱਕੇ ਤੌਰ ਤੇ ਸੰਭਾਲਣ ਦੇ ਯਤਨ ਨਾਲ, ਆਪ ਜੀ ਨੇ ਗੁਰਬਾਣੀ ਦੇ ਸ਼ਬਦਾਂ ਦੀਆਂ ਨੋਟੇਸ਼ਨਾਂ ਦੀਆ ਤਿੰਨ ਪੁਸਤਕਾਂ ਰਾਗ ਵਿੱਦਿਆ ਦੇ ਆਧਾਰ ਤੇ ਲਿਖੀਆਂ ਜੋ ਕਿ ਸਿੱਖ ਪੰਥ ਲਈ ਇੱਕ ਅਮੋਲਕ ਖਜ਼ਾਨਾ ਹੈ। ਇਨ੍ਹਾਂ ਪੁਸਤਕਾਂ ਦੀ ਸਹਾਇਤਾ ਨਾਲ, ਕੀਰਤਨ ਦੇ ਸਿਖਾਂਦਰੂ ਬੱਚੇ ਇਨ੍ਹਾਂ ਵਿੱਚ ਦਿੱਤੀਆਂ ਨੋਟੇਸ਼ਨਾਂ ਤੋਂ ਅਗਵਾਈ ਲੈ ਕੇ, ਸੁਖੈਨ ਹੀ ਕੀਰਤਨ ਸਿੱਖ ਸਕਣਗੇ। ਜਥੇ ਵਿੱਚ ਰਾਗ ਵਿਦਿਆ ਤੇ ਸੰਗੀਤ ਦੇ ਜਾਣਕਾਰ ਕੋਈ ਵਿਰਲੇ ਜਨ ਹੀ ਹਨ ਜਿਨ੍ਹਾਂ ਵਿੱਚ ਆਪ ਜੀ ਦਾ ਨਾਮ, ਸਭ ਤੋਂ ਉਪਰਲੀ ਸ਼੍ਰੇਣੀ ਵਿੱਚ ਆਉਂਦਾ ਹੈ। ਭਾਈ ਸਾਹਿਬ ਜੀ ਦੀ ਕੀਰਤਨ ਸ਼ੈਲੀ ਦੀਆਂ ਰੀਤਾਂ ਤੇ ਕੀਰਤਨ ਕਰਨ ਵਾਲੇ ਵਿਰਲਿਆਂ ਵਿੱਚੋਂ ਆਪ ਜੀ ਇੱਕ ਸਨ।

ਆਪ ਜੀ ਵਡੇਰੀ ਆਯੂ ਤੇ ਸਰੀਰਕ ਕਮਜ਼ੋਰੀ ਕਾਰਨ, ਪਿਛਲੇ ਦੋ ਤਿੰਨ ਸਾਲ ਤੋਂ ਸੰਗਤ ਵਿੱਚ ਨਹੀਂ ਆ ਜਾ ਸਕੇ, ਪ੍ਰੰਤੂ ਆਪ ਜੀ ਦੀ ਸੁਰਤੀ ਬਿਰਤੀ ਅਤੇ ਯਾਦਾਸ਼ਤ ਅਖੀਰਲੇ ਸਵਾਸਾਂ ਤਾਈਂ ਕਾਇਮ ਦਾਇਮ ਰਹੀ ਅਤੇ ਆਪ ਜੀ ਨਾਮ ਬਾਣੀ ਨਾਲ ਜੁੜੇ ਰਹੇ। ਅਖੀਰ ਵਿੱਚ 8 ਜਨਵਰੀ 2020 ਨੂੰ ਨਵੀਂ ਦਿੱਲੀ ਆਪਣੇ ਗ੍ਰਹਿ ਵਿਖੇ ਹੀ ਅੰਮ੍ਰਿਤ ਵੇਲੇ ਨਿੱਤਨੇਮ ਤੇ ਸ੍ਰੀ ਸੁਖਮਨੀ ਸਾਹਿਬ ਜੀ ਦੀ ਬਾਣੀ ਸਰਵਣ ਕਰਦੇ ਹੋਏ, ਇਸ ਪੰਚ ਭੂਤਕ ਸਰੀਰ ਨੂੰ ਛੱਡ ਕੇ, ਸੰਸਾਰਕ ਜੀਵਨ ਯਾਤਰਾ ਨੂੰ ਸਫਲ ਕਰਦੇ ਹੋਏ, ਗੁਰੂ ਚਰਨਾਂ ਵਿੱਚ ਜਾ ਨਿਵਾਜੇ।

## ਭਾਈ ਹਰਸਰੂਪ ਸਿੰਘ ਜੀ - ਬਬਿਆਲ ਅੰਬਾਲਾ ਕੈਂਟ

ਭਾਈ ਗੁਰਦੀਪ ਸਿੰਘ, ਸ੍ਰੀ ਅੰਮ੍ਰਿਤਸਰ

ਇਹ ਗੁਰਮੁਖ ਪਿਆਰੇ ਵੀ ਭਾਈ ਸਾਹਿਬ ਜੀ ਸੰਗੀ ਸਾਥੀ ਸਨ ਜਿੰਨ੍ਹਾਂ ਨੂੰ ਭਾਈ ਸਾਹਿਬ ਜੀ ਸੁਖ ਸਰੂਪ ਕਹਿ ਕੇ ਬੁਲਾਉਂਦੇ ਸਨ। ਇਹ ਕੀਰਤਨੀ ਜੋੜੀ ਭਾਈ ਨੋਹਰੀਆ ਸਿੰਘ ਜੀ ਅਤੇ ਭਾਈ ਮਿਹਰ ਸਿੰਘ ਜੀ ਦੇ ਮਾਮਾ ਜੀ ਦੇ ਪੁੱਤਰ ਸਨ। ਇੰਨ੍ਹਾਂ ਦਾ ਜਨਮ ਸੰਨ 1908 ਵਿਚ ਪਿੰਡ ਬਬਿਆਲ ਨੇੜੇ ਅੰਬਾਲਾ ਕੈਂਟ (ਹਰਿਆਣਾ ਵਿਚ) ਭਾਈ ਤਰਲੋਕ ਸਿੰਘ ਜੀ ਦੇ ਘਰ ਮਾਤਾ ਹਰਨਾਮ ਕੌਰ ਜੀ ਦੀ ਕੁੱਖੋਂ ਹੋਇਆ। ਆਪ ਦੇ ਪਿਤਾ ਜੀ ਠੇਕੇਦਾਰੀ ਦਾ ਕੰਮ ਕਰਦੇ


www.AKJ.Org

ਸਨ। ਮਾਤਾ-ਪਿਤਾ ਜੀ ਗੁਰੂ ਘਰ ਦੇ ਸ਼ਰਧਾਲੂ ਅਤੇ ਗੁਰਮਤਿ ਦੇ ਪਾਂਧੀ ਬਣ ਕੇ ਗੁਰਸਿੱਖੀ ਜੀਵਨ ਦੇ ਧਾਰਨੀ ਰਹੇ। ਇਸ ਤਰ੍ਹਾਂ ਗੁਰਸਿੱਖੀ ਦੀ ਲਗਨ ਅਤੇ ਗੁਰਮਤਿ ਦੀ ਗੁੜ੍ਹਤੀ ਬਚਪਨ ਤੋਂ ਹੀ ਮਾਤਾ ਪਿਤਾ ਤੋਂ ਮਿਲ ਗਈ ਸੀ। ਫਿਰ ਇੰਨ੍ਹਾਂ ਦੀਆਂ ਦੋਹਾਂ ਭੈਣਾਂ ਬੀਬੀ ਭਾਨ ਕੌਰ ਜੀ ਅਤੇ ਬੀਬੀ ਸੁਰਜੀਤ ਕੌਰ ਜੀ ਦਾ ਰਿਸ਼ਤਾ ਭਾਈ ਨੌਹਰੀਆ ਸਿੰਘ ਜੀ ਅਤੇ ਭਾਈ ਮਿਹਰ ਸਿੰਘ ਜੀ ਦੇ ਨਾਲ ਹੋਣ ਕਰਕੇ, ਉਨ੍ਹਾਂ ਦੀ ਪ੍ਰੇਰਨਤਾ ਨਾਲ ਆਪ ਜੀ ਵੀ ਭਾਈ ਸਾਹਿਬ ਜੀ ਦੀ ਸੰਗਤ ਵਿਚ ਆ ਗਏ।

ਇੰਨ੍ਹਾਂ ਨੇ ਆਪਣੀ ਸੰਸਾਰਕ ਵਿਦਿਆ ਦਸਵੀਂ ਤਾਈਂ ਬੀ.ਡੀ.ਹਾਈ ਸਕੂਲ ਅੰਬਾਲਾ ਕੈਂਟ ਤੋਂ ਲਈ। ਫਿਰ ਰੇਲਵੇ ਵਿਭਾਗ ਵਿਚ ਦਿੱਲੀ ਹੈੱਡ ਕੁਆਰਟਰ ਵਿਚ ਭਰਤੀ ਹੋ ਗਏ। ਇਸ ਸਮੇਂ ਦੌਰਾਨ ਇੰਨ੍ਹਾਂ ਨੇ ਅੰਬਾਲਾ ਕੈਂਟ, ਕਾਲਕਾ, ਬਠਿੰਡਾ, ਖਤੌਲੀ ਜ਼ਿਲ੍ਹਾ ਸਹਾਰਨਪੁਰ (ਯੂ.ਪੀ.) ਵਿਚ ਵੱਖ-ਵੱਖ ਥਾਵਾਂ 'ਤੇ ਨੌਕਰੀ ਕੀਤੀ। ਹੌਲੀ-ਹੌਲੀ ਤਰੱਕੀ ਕਰਦੇ ਹੋਏ ਚੀਫ਼ ਗੁਡਜ਼ ਬੁਕਿੰਗ ਕਲਰਕ ਦੇ ਅਹੁਦੇ ਤੋਂ ਸੇਵਾ ਮੁਕਤ ਹੋਏ। ਆਪ ਸੰਗਤਾਂ ਤੇ ਖ਼ਾਸ ਕਰ ਭਾਈ ਸਹਿਬ ਜੀ ਲਈ ਵੱਖ-ਵੱਖ ਸ਼ਹਿਰਾਂ ਵਿਚ ਸਮਾਗਮਾਂ ਅਤੇ ਇਤਿਹਾਸਕ ਗੁਰਦੁਆਰਿਆਂ ਦੀ ਯਾਤਰਾ ਤੇ ਜਾਣ ਲਈ ਰੇਲਵੇ ਵਿਚ ਹੀ ਕੰਮ ਕਰਦੇ ਭਾਈ ਜੋਧ ਸਿੰਘ ਜੀ, ਭਾਈ ਨੌਹਰੀਆ ਸਿੰਘ ਜੀ ਨਾਲ ਮਿਲ ਕੇ ਰੇਲਵੇ ਦੀਆਂ ਬੋਗੀਆਂ ਦਾ ਪ੍ਰਬੰਧ ਕਰਦੇ ਰਹੇ ਅਤੇ ਗੱਡੀ ਦੇ ਸਫਰ ਨੂੰ ਲੋੜੀਂਦੀਆਂ ਸਹੂਲਤਾਂ ਪ੍ਰਦਾਨ ਕਰਕੇ ਬਹੁਤ ਸੁਖਾਲਾ ਕਰਵਾ ਦਿੰਦੇ ਸਨ।

ਆਪ ਜੀ ਦਾ ਸੰਨ 1930 ਵਿਚ ਅਨੰਦ ਕਾਰਜ ਸ਼ੰਭੂ ਨਿਵਾਸੀ ਬੀਬੀ ਦ੍ਰੋਪਦ ਕੌਰ ਜੀ ਨਾਲ ਹੋਇਆ। ਬੀਬੀ ਜੀ ਨੇ ਵਿਆਹ ਤੋਂ ਬਾਅਦ ਹੀ ਆਪ ਜੀ ਦੇ ਸੰਗ ਸਾਥ ਪ੍ਰੀਵਾਰ ਸਮੇਤ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ। ਬੀਬੀ ਜੀ ਨੇ ਸੰਗਤਾਂ ਦੇ ਲੰਗਰਾਂ ਦੀ ਸੇਵਾ ਕਰਦਿਆਂ ਗੁਰਸਿਖੀ ਜੀਵਨ ਜੀਵਿਆ। ਆਪ ਜੀ ਦੇ ਘਰ ਤਿੰਨ ਲੜਕੇ ਅਤੇ ਦੋ ਲੜਕੀਆਂ ਨੇ ਜਨਮ ਲਿਆ। ਆਪ ਜੀ ਦੀ ਇਕ ਸਪੁੱਤਰੀ ਬੀਬੀ ਮਹਿੰਦਰ ਕੌਰ ਜੀ ਜਥੇ ਦੀ ਪੁਰਾਤਨ ਕੀਰਤਨੀ ਬੀਬੀ ਹੋਈ ਹੈ, ਜੋ ਭਾਈ ਸਾਹਿਬ ਜੀ ਅਤੇ ਸੰਗਤਾਂ ਨੂੰ ਗੁਰਬਾਣੀ ਦੇ ਕੀਰਤਨ ਰਾਹੀਂ ਨਿਹਾਲ ਕਰਦੀ ਰਹੀ ਹੈ। ਇਕ ਵਾਰ ਇਸ ਬੀਬੀ ਨੂੰ ਟਾਈਫਾਇਡ ਬੁਖਾਰ ਹੋ ਗਿਆ ਅਤੇ ਇਹ ਬੁਖਾਰ ਬਿਗੜ ਗਿਆ ਅਤੇ ਡਾਕਟਰਾਂ ਨੇ ਵੀ ਜੁਆਬ ਦੇ ਦਿੱਤਾ। ਆਪ ਜੀ ਘਬਰਾਏ ਹੋਏ ਚਿੰਤਾਂ ਫਿਕਰ ਵਿਚ ਭਾਈ ਸਾਹਿਬ ਜੀ ਕੋਲ ਲੁਧਿਆਣੇ ਬੱਚੀ ਦੀ ਦੇਹ ਅਰੋਗਤਾ ਲਈ ਜੋਦੜੀ ਕਰਵਾਉਣ ਵਾਸਤੇ ਆਏ। ਭਾਈ ਸਾਹਿਬ ਜੀ ਨੇ ਆਪ ਜੀ ਨੂੰ ਦੇਖਦਿਆਂ ਸਾਰ ਹੀ ਕਿਹਾ ਕਿ ਮੱਥੇ ਤੇ ਤਿਊੜੀਆਂ ਕਿਉਂ ਪਾਈਆਂ ਹੋਈਆਂ ਹਨ ? ਬੀਬੀ ਠੀਕ ਹੈ ਉਸ ਨੂੰ ਕੁਝ ਨਹੀਂ ਹੁੰਦਾ। ਕੁਝ ਹੀ ਦਿਨਾਂ ਵਿਚ ਬੀਬੀ ਅਰੋਗ ਹੋ ਕੇ ਫਿਰ ਕੀਰਤਨ ਦੀ ਸੇਵਾ ਵਿਚ ਜੁੱਟ ਗਈ।

ਆਪ ਜੀ ਨੇ ਸੰਨ 1948 ਤੋਂ ਬਾਅਦ ਹੀ ਬਾਪੂ ਜੀ ਦੀ ਸੰਗਤ ਕਰਕੇ ਅੰਮ੍ਰਿਤ ਛੱਕਿਆ ਤੇ ਤਿਆਰ-ਬਰ-ਤਿਆਰ ਸਿੰਘ ਸਜ ਗਏ। ਪਹਿਲਾਂ ਆਪ ਸਰਬਲੋਹ ਰਹਿਤ ਦੇ ਧਾਰਨੀ ਵੀ ਬਣੇ ਅਤੇ ਆਪ ਜੀ ਰਹਿਤ-ਬਹਿਤ ਕਰਕੇ ਆਪ ਜੀ ਨੂੰ ਅੰਮ੍ਰਿਤ ਸੰਚਾਰ ਸਮੇਂ ਪੰਚਾਂ ਦੀ ਸੇਵਾ ਵਿਚ ਲਿਆ ਜਾਂਦਾ ਸੀ। ਆਪ ਜੀ ਬਚਪਨ ਤੋਂ ਹੀ ਮਾਤਾ-ਪਿਤਾ ਤੋਂ ਗੁਰਬਾਣੀ ਦੇ ਪਾਠ ਦੀ ਸੰਥਿਆ ਲੈ ਕੇ ਅਖੰਡ ਪਾਠ ਸਾਹਿਬ ਦੀ ਸੇਵਾ ਵੀ ਕਰਦੇ ਰਹੇ। ਇਸ ਤੋਂ ਇਲਾਵਾ ਅੰਬਾਲਾ ਕੈਂਟ ਦੇ ਹਫਤਾਵਾਰੀ ਲੋਕਲ ਅਤੇ ਕੇਂਦਰੀ ਸਮਾਗਮ ਰੈਣ ਸਬਾਈ ਕੀਰਤਨਾਂ ਵੇਲੇ ਸੰਗਤਾਂ ਦੇ ਲੰਗਰ ਦਾ ਪ੍ਰਬੰਧ ਵੀ ਕਰਦੇ ਰਹੇ।

ਸੰਨ 1966 ਵਿਚ ਸੇਵਾ ਮੁਕਤ ਹੋਣ ਤੋਂ ਬਾਅਦ ਅੰਬਾਲਾ ਕੈਂਟ ਵਿਚ ਹੀ ਨਿਵਾਸ ਰੱਖ ਲਿਆ ਤੇ ਨਾਮ ਬਾਣੀ ਨਾਲ, ਅੰਤਮ ਸਵਾਸਾਂ ਤਾਈਂ ਜੁੜ ਰਹੇ। ਆਪ ਜੀ 91 ਸਾਲ ਦੀ ਲੰਬੀ ਆਯੂ ਭੋਗ ਕੇ ਬੁਢਾਪੇ ਅਤੇ ਸਰੀਰਕ ਕਮਜੋਰੀ ਕਾਰਨ ਮਿਤੀ 16 ਜਨਵਰੀ 1999 ਨੂੰ ਅੰਬਾਲਾ ਕੈਂਟ ਵਿਖੇ ਹੀ ਪੰਚ ਭੂਤਕ ਸਰੀਰਕ ਚੋਲਾ ਛੱਡ ਕੇ ਗੁਰੂ ਚਰਨਾਂ ਵਿਚ ਜਾ ਬਿਰਾਜੇ। ਸਰੀਰ ਨਿਰਬਲ ਹੋਣ ਦੇ ਬਾਵਜੂਦ ਵੀ ਆਪ ਜੀ ਦੀ ਸੁਰਤੀ ਬਿਰਤੀ ਅਖ਼ੀਰ ਤਾਈਂ ਕਾਇਮ ਰਹੀ।



www.AKJ.Org

# ਭਾਈ ਜੋਧ ਸਿੰਘ ਜੀ ਦਿੱਲੀ

ਭਾਈ ਗੁਰਦੀਪ ਸਿੰਘ ਅੰਮ੍ਰਿਤਸਰ

ਸਤਿਕਾਰ ਯੋਗ ਬਾਪੂ ਜੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਸੰਗੀ ਸਾਥੀ, ਪੁਰਾਤਨ ਗੁਰਸਿੱਖ, ਨਾਮ ਰਸੀਏ, ਅਣਥੱਕ ਅਖੰਡਪਾਠੀ, ਜਥੇ ਦੇ ਅਸੂਲਾਂ ਦੇ ਵਿਆਖਿਆਕਾਰ ਅਤੇ ਲੇਖਕ, ਭਾਈ ਜੋਧ ਸਿੰਘ ਜੀ ਦਾ ਜਨਮ ਮਿਤੀ 21 ਜਨਵਰੀ 1922 (ਸਰਕਾਰੀ ਰੀਕਾਰਡ ਮੁਤਾਬਕ 7 ਜੂਨ 1922) ਪਿੰਡ ਸਰਹਾਲ ਕਾਜ਼ੀਆਂ ਜ਼ਿਲਾ ਜਲੰਧਰ ਹਾਲ ਨਵਾਂਸ਼ਹਿਰ ਵਿਚ ਸ. ਬਸੰਤ ਸਿੰਘ ਦੇ ਘਰ ਮਾਤਾ ਬਸੰਤ ਕੌਰ ਜੀ ਦੀ ਕੁਖੋਂ ਹੋਇਆ। ਉਨ੍ਹਾਂ ਦੇ ਪਿਤਾ ਜੀ ਅਤੇ ਪਿੰਡ ਦੇ ਹੋਰ ਸੱਜਣ ਖਾਸ ਕਰ ਹੈੱਡਮਾਸਟਰ ਸ. ਅਮਰ ਸਿੰਘ, ਗਿਆਨੀ ਚੈਨ ਸਿੰਘ, ਗਿਆਨੀ ਅਰਜਨ ਸਿੰਘ ਅਤੇ ਡਾਕਟਰ ਵਰਿਆਮ ਸਿੰਘ ਅਕਾਲੀ ਲਹਿਰ ਅਤੇ ਭਾਈ ਸਾਹਿਬ ਜੀ ਦੇ ਕੀਰਤਨੀ ਜੱਥੇ ਨਾਲ ਸਬੰਧਤ ਸਨ। ਇਸ ਕਰਕੇ ਆਪ ਜੀ ਨੂੰ ਗੁਰਸਿੱਖੀ ਦੀ ਦਾਤ ਵਿਰਸੇ ਚੋਂ ਮਿਲੀ। ਉਪਰੋਕਤ ਸਿੰਘਾਂ ਵਿੱਚੋਂ ਹੈੱਡਮਾਸਟਰ ਅਮਰ ਸਿੰਘ ਅਤੇ ਗਿਆਨੀ ਅਰਜਨ ਸਿੰਘ ਜੀ ਦੀਆਂ ਸਿੰਘਣੀਆਂ ਕੇਸਕੀ ਸਜਾਉਂਦੀਆਂ ਸਨ। ਆਪ ਜੀ ਨੇ ਬਚਪਨ ਵਿੱਚ ਹੀ (1928-32) ਕਈ ਕੀਰਤਨ ਸਮਾਗਮ ਡਿੱਠੇ, ਭਾਵੇਂ ਕੀਰਤਨ ਸੁਣਨ ਦੀ ਸੂਝ ਬੂਝ ਅਜੇ ਉਦੋਂ ਹੈ ਨਹੀਂ ਸੀ। ਅਕਾਲੀ ਲਹਿਰ ਵੇਲੇ ਇਹ ਸਾਰੇ ਸਿੰਘ ਪੰਜਾਂ ਪਿਆਰਿਆਂ ਵਿਚ ਸ਼ਾਮਿਲ ਹੁੰਦੇ ਆਪ ਜੀ ਨੇ ਦੇਖੇ ਸਨ। 1915 ਵਿਚ ਜੱਥੇ ਦੀ ਫੜੋ ਫੜਾਈ ਵੇਲੇ ਬਾਬਾ ਸੁਰਜਨ ਸਿੰਘ ਜੀ ਗੁੱਜਰਵਾਲ ਕੁਝ ਸਮਾਂ ਗਿਆਨੀ ਅਰਜਨ ਸਿੰਘ ਜੀ ਦੇ ਪਿਤਾ ਠਾਣੇਦਾਰ ਨੱਥਾ ਸਿੰਘ ਜੀ ਜਾਗੀਰਦਾਰ ਦੀ ਕੋਠੀ ਵਿੱਚ ਲੁੱਕ ਛਿੱਪ ਕੇ ਰਹੇ ਸਨ।

ਆਪ ਜੀ ਦੇ ਮਾਤਾ ਬਸੰਤ ਕੌਰ ਜੀ ਇਨ੍ਹਾਂ ਦੇ ਬਚਪਨ 11 ਸਾਲ ਦੀ ਉਮਰ ਵਿੱਚ ਹੀ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਕੇ ਪ੍ਰੀਵਾਰ ਨੂੰ ਵਿਛੋੜਾ ਦੇ ਗਏ। ਇਨ੍ਹਾਂ ਦੇ ਇਕੋ ਇਕ ਵੱਡੇ ਭਰਾਤਾ ਸ. ਗੁਰਬਖਸ਼ ਸਿੰਘ ਜਿਨ੍ਹਾਂ ਕੋਲ ਆਪ ਜੀ ਨੇ ਬਚਪਨ ਦਾ ਬਹੁਤ ਸਮਾਂ ਗੁਜਾਰਿਆ ਵੀ ਦਸੰਬਰ 1952 ਵਿਚ 3-4 ਸਾਲ ਤਪਦਿਕ ਦੀ ਬੀਮਾਰੀ ਕਾਰਨ ਚੜ੍ਹਾਈ ਕਰ ਗਏ ਸਨ। ਉਸ ਵੇਲੇ ਤਪਦਿਕ ਇਕ ਭਿਆਨਕ ਅਤੇ ਲਾ-ਇਲਾਜ ਬੀਮਾਰੀ ਹੁੰਦੀ ਸੀ ਅਤੇ ਆਮ ਲੋਕ, ਮਰੀਜ ਤੋਂ ਦੂਰ ਹੀ ਭੱਜਦੇ ਸਨ ਕਿਉਂਕਿ ਛੂਤ ਦੀ ਬੀਮਾਰੀ ਹੋਣ ਕਾਰਨ ਸੇਵਾ ਕਰਨ ਵਾਲੇ ਨੂੰ ਵੀ ਇਹ ਬੀਮਾਰੀ ਚੰਬੜ ਜਾਂਦੀ ਸੀ, ਪ੍ਰੰਤੂ ਆਪ ਜੀ ਅਤੇ ਇਨ੍ਹਾਂ ਦੀ ਸਿੰਘਣੀ ਨੇ ਰਲ ਕੇ ਵੱਡੇ ਭਰਾ ਜੀ ਦੀ ਬਿਨ੍ਹਾਂ ਕਿਸੇ ਭੈ ਜਾਂ ਸੰਕੋਚ ਤੋਂ ਰਾਤ ਦਿਨ ਸੇਵਾ ਕੀਤੀ। ਇਨ੍ਹਾਂ ਵਲੋਂ ਕੀਤੀ ਸੇਵਾ ਬਾਰੇ ਬਾਪੂ ਜੀ ਨੇ ਚਿੱਠੀ ਰਾਹੀਂ ਇਨ੍ਹਾਂ ਦੀ ਸੇਵਾ ਦਰਗਾਹ ਵਿੱਚ ਪ੍ਰਵਾਨ ਹੋਣ ਸਬੰਧੀ ਵਿਸ਼ੇਸ਼ ਆਸੀਸਾਂ ਭੇਜੀਆਂ ਸਨ। ਇਸ ਤੋਂ ਦੋ ਸਾਲ ਬਾਅਦ ਜੁਲਾਈ 1954 ਵਿੱਚ ਇਨ੍ਹਾਂ ਦੇ ਪਿਤਾ ਜੀ ਵੀ ਇਨ੍ਹਾਂ ਕੋਲ ਹੀ ਸ਼ਿਮਲੇ ਚੜ੍ਹਾਈ ਕਰ ਗਏ ਸਨ।

ਆਪ ਜੀ ਨੇ ਆਪਣੀ ਮੁੱਢਲੀ ਵਿਦਿਆ ਅੱਠਵੀਂ ਤੱਕ ਪਿੰਡ ਵਿਚ ਸਥਿਤ ਖਾਲਸਾ ਏ.ਵੀ. ਮਿਡਲ ਸਕੂਲ ਤੋਂ ਲਈ। ਪੜ੍ਹਾਈ ਦੇ ਨਾਲ ਨਾਲ ਆਪ ਹਾਕੀ ਦੇ ਵੀ ਚੰਗੇ ਖਿਡਾਰੀ ਸਨ ਤੇ ਟੀਮ ਦੇ ਕਪਤਾਨ ਦੀ ਜਿੰਮੇਵਾਰੀ ਵੀ ਇਨ੍ਹਾਂ ਨੇ ਨਿਬਾਹੀ। ਇਹ ਖੇਡ ਇਨ੍ਹਾਂ ਨੇ ਦਿੱਲੀ, ਮੁਲਤਾਨ ਕੈਂਟ ਅਤੇ ਸ਼ਿਮਲੇ ਤਾਈਂ ਜਾਰੀ ਰੱਖੀ ਅਤੇ ਹਮੇਸ਼ਾਂ ਟੀਮ ਦੇ ਕਪਤਾਨ ਰਹੇ। ਪਹਿਲਾਂ ਆਪ ਟੀਮ ਦੀ ਫਾਰਵਰਡ ਪੋਜ਼ੀਸ਼ਨ ਤੇ ਖੇਡਦੇ ਸਨ ਤੇ ਬਾਅਦ ਵਿਚ ਰੱਖਿਆ ਪੰਕਤੀ ਵਿਚ ਫੁਲ ਬੈਕ ਵਜੋਂ ਖੇਡਦੇ ਰਹੇ। ਟੀਮ ਦੇ ਮਜਬੂਤ ਰੱਖਿਅਕ ਹੋਣ ਕਰਕੇ ਆਪ ਜੀ ਨੂੰ 'ਚਾਈਨਾ ਵਾਲ' ਕਰਕੇ ਜਾਣਿਆ ਜਾਂਦਾ ਸੀ।

ਸੰਨ 1937 ਵਿੱਚ ਆਪ ਜੀ ਨੂੰ ਵੱਡੇ ਭਰਾਤਾ ਕੋਲ ਅਗੇ ਪੜ੍ਹਨ ਲਈ ਦਿੱਲੀ ਭੇਜਿਆ ਗਿਆ, ਜਿਥੇ ਆਪ ਨੇ ਐਮ. ਬੀ. ਹਾਇਰ ਸੈਕੰਡਰੀ ਸਕੂਲ ਤੋਂ ਦਸਵੀਂ ਦੀ ਪ੍ਰੀਖਿਆ ਫਸਟ ਡਵੀਜਨ ਵਿੱਚ ਕੀਤੀ। ਆਪ ਦੇ ਭਰਾਤਾ ਰੇਲਵੇ ਵਿੱਚ ਹੈਡ ਡਰਾਫਟਸਮੈਨ ਸਨ ਤੇ ਨਾਲ ਹੀ ਯੰਗ ਮੈਨ ਸਿੱਖ ਐਸੋਸੀਏਸ਼ਨ ਦੇ ਫਾਉਂਡਰ ਸਕੱਤਰ ਵੀ ਸਨ ਤੇ ਉਨ੍ਹਾਂ ਦੇ ਸੰਪਰਕ ਵੱਡੇ ਵੱਡੇ ਮੰਨੇ ਪ੍ਰਮੰਨੇ ਸਰਦਾਰਾਂ ਨਾਲ ਸਨ। ਅਕਤੂਬਰ 1939 ਵਿਚ ਭਰਾ ਜੀ ਦੀ ਬਦਲੀ ਮੁਲਤਾਨ ਕੈਂਟ ਹੋਣ

ਕਰਕੇ, ਆਪ ਜੀ ਵੀ ਨਾਲ ਹੀ ਮੁਲਤਾਨ ਕੈਂਟ ਪੁੱਜ ਗਏ। ਸਾਇੰਸ ਤੇ ਅੰਗਰੇਜੀ ਵਿਚ ਪੜਾਈ ਦਾ ਪੱਧਰ ਨੀਵਾਂ ਹੋਣ ਕਰਕੇ ਅਗੋਂ ਐੱਫ.ਐੱਸ.ਸੀ. ਦੀ ਪੜ੍ਹਾਈ ਜਾਰੀ ਨਾ ਰੱਖ ਸਕੇ। ਯੂ.ਪੀ. ਐੱਸ.ਸੀ. ਦੇ ਐੱਲ. ਡੀ. ਸੀ. ਦੇ ਇਮਤਿਹਾਨ ਵਾਸਤੇ ਟਾਇਪਿੰਗ/ਸਟੈਨੋਗਰਾਫੀ ਦੇ ਕੋਰਸ ਲਈ ਕਮਰਸ਼ੀਅਲ ਕਾਲਜ ਵਿੱਚ ਦਾਖਲਾ ਲੈ ਲਿਆ। ਦੂਜੇ ਵਿਸ਼ਵ ਯੁੱਧ ਵੇਲੇ ਕੁੱਝ ਖਾਸ ਨੌਕਰੀਆਂ ਲਈ ਰੇਲਵੇ ਦੀ ਮੁਲਤਾਨ ਡੀਵੀਜਨ ਵਲੋਂ ਇਮਤਿਹਾਨ ਲਿਆ ਗਿਆ, ਜਿਸ ਵਿੱਚ ਬਹੁਤ ਸਾਰੇ ਮੈਟਰਿਕ/ਗਰੈਜੂਏਟ ਪੜ੍ਹੇ ਲਿਖੇ ਉਮੀਦਵਾਰਾਂ ਨੇ ਭਾਗ ਲਿਆ। ਗੁਰ ਕ੍ਰਿਪਾ ਸਦਕਾ ਆਪ ਸਾਰਿਆਂ ਵਿੱਚੋਂ ਅੱਵਲ ਰਹੇ ਅਤੇ ਆਪ ਨੇ 25-3-1942 ਨੂੰ ਬਤੌਰ ਐੱਲ.ਡੀ.ਸੀ. ਰੇਲਵੇ ਵਿਚ ਨੌਕਰੀ ਸ਼ੁਰੂ ਕਰ ਦਿੱਤੀ। ਅੰਗਰੇਜਾਂ ਵੇਲੇ ਸਮੇਂ ਦੀ ਪਾਬੰਦੀ ਅਤੇ ਈਮਾਨਦਾਰੀ ਦੀ ਬਹੁਤ ਕਦਰ ਸੀ। ਆਪ ਦਾ ਪੇਂਡੂ ਬਚਪਨ ਹੋਣ ਕਰਕੇ, ਆਪ ਸਮੇਂ ਦੇ ਪਾਬੰਦ ਅਤੇ ਈਮਾਨਦਾਰ ਸਨ। ਜਿਸ ਕਰਕੇ ਇਨ੍ਹਾਂ ਦੇ ਵੱਡੇ ਅਫਸਰ ਡੀ.ਐੱਮ.ਓ.ਸ਼੍ਰੀ ਆਰ.ਸੀ.ਮਹਾਜਨ ਨੇ ਇਨ੍ਹਾਂ ਦੇ ਇਹ ਗੁਣ ਦੇਖ ਕੇ ਆਪਣਾ ਸਟੈਨੋ ਟਾਈਪਿਸਟ/ਨਿੱਜੀ ਸਕੱਤਰ ਲਾ ਲਿਆ। ਇਹ ਅਫਸਰ ਆਪ ਸ਼ਾਕਾਹਾਰੀ ਸੀ ਅਤੇ ਦੁਪਹਿਰ ਦੇ ਖਾਣੇ ਵਿੱਚ ਫਲ ਹੀ ਖਾਂਦਾ ਸੀ। ਆਪ ਜੀ ਦੇ ਵੀ ਸ਼ਾਕਾਹਾਰੀ ਹੋਣ ਕਰਕੇ ਆਪ ਜੀ ਦੀ ਬਹੁਤ ਕਦਰ ਕਰਦਾ ਸੀ ਅਤੇ ਆਪ ਜੀ ਨੂੰ ਸੰਤ ਸਿਪਾਹੀ ਕਰਕੇ ਸੰਬੋਧਨ ਕਰਦਾ ਸੀ। ਅਗਸਤ 1947 ਵਿਚ ਦੇਸ਼ ਦੀ ਵੰਡ ਵੇਲੇ ਪਹਿਲਾਂ ਦੋਵੇਂ ਭਰਾ ਆਪਣੇ ਪਿੰਡ ਆ ਗਏ ਪਰ ਅਕਤੂਬਰ 1947 ਵਿਚ ਦੁਬਾਰਾ ਰੇਲਵੇ ਵਿੱਚ ਨੌਕਰੀ ਲੱਗਣ ਕਰਕੇ ਦਿੱਲੀ ਆ ਗਏ। ਇਥੋਂ ਆਪ ਜੀ 1 ਜਨਵਰੀ 1948 ਨੂੰ ਬਦਲ ਕੇ ਸ਼ਿਮਲੇ ਏ.ਓ.ਓ.ਈ. ਪੀ ਰੇਲਵੇ ਦਫਤਰ ਪੁੱਜ ਗਏ।

ਮਾਤਾ ਜੀ ਦੇ ਛੋਟੀ ਉਮਰ ਵਿੱਚ ਚੜ੍ਹਾਈ ਕਰ ਜਾਣ ਕਰਕੇ, ਆਪ ਜੀ ਦਾ ਅਨੰਦ ਕਾਰਜ ਛੋਟੀ ਉਮਰ ਵਿੱਚ ਹੀ ਉਸ ਵੇਲੇ ਦੇ ਪੇਂਡੂ ਰਿਵਾਜਾਂ ਮੁਤਾਬਿਕ, ਸ; ਪ੍ਰਤਾਪ ਸਿੰਘ ਅਤੇ ਬੀਬੀ ਪ੍ਰਤਾਪ ਕੌਰ ਜੀ ਦੀ ਸਪੁੱਤਰੀ ਅਵਤਾਰ ਕੌਰ ਜੀ (ਅੰਮ੍ਰਿਤ ਛੱਕਣ ਤੋਂ ਬਾਅਦ ਬੀਬੀ ਭੁਪਿੰਦਰ ਕੌਰ ਜੀ) ਨਿਵਾਸੀ ਲੰਗੜੋਆ ਜਿਲਾ ਜਲੰਧਰ (ਹੁਣ ਨਵਾਂ ਸ਼ਹਿਰ) ਨਾਲ ਹੋਇਆ। ਬੀਬੀ ਜੀ ਵੀ ਗੁਰਮੁਖ ਪ੍ਰੀਵਾਰ ਨਾਲ ਸੰਬੰਧਿਤ ਹੋਣ ਕਰਕੇ, ਬਹੁਤ ਆਗਿਆਕਾਰ. ਮਿਲਾਪੜੇ ਸੁਭਾਅ ਵਾਲੇ ਗੁਰੂ ਕੇ ਲੰਗਰ/ਸੰਗਤਾਂ ਦੀ ਸੇਵਾ ਲਈ ਹਰ ਵੇਲੇ ਤੱਤਪਰ ਰਹਿਣ ਵਾਲੇ ਸਨ ਅਤੇ ਅਣਥੱਕ ਸੇਵਕ ਸਨ। ਇਨ੍ਹਾਂ ਦੀਆਂ ਦੋ ਬੱਚੀਆਂ ਬੀਬੀ ਜਤਿੰਦਰ ਕੌਰ ਦਿੱਲੀ ਅਤੇ ਬੀਬੀ ਮਨਜੀਤ ਕੌਰ ਐੱਮ.ਏ. ਬੀ ਐੱਡ. ਚੰਡੀਗੜ੍ਹ ਵੀ ਗੁਰਮੁਖੀ ਬਾਣੇ ਅਤੇ ਕੇਸਕੀ ਰਹਿਤ ਦੀਆਂ ਧਾਰਨੀ ਦੈਵੀ ਗੁਣਾਂ ਨਾਲ ਸ਼ਿੰਗਾਰੀਆਂ ਹੋਈਆਂ, ਹਰ ਵੇਲੇ ਗੁਰੂ ਘਰ ਦੀ ਸੇਵਾ ਲਈ ਤੱਤਪਰ ਰਹਿ ਕੇ, ਆਪ ਜੀ ਵਲੋਂ ਪਾਏ ਪੂਰਨਿਆਂ ਤੇ ਚਲਦੀਆਂ ਹਨ।

## ਭਾਈ ਸਾਹਿਬ ਨਾਲ ਮਿਲਾਪ ਅਤੇ ਅੰਮ੍ਰਿਤ ਛੱਕਣਾ

ਅੰਗਰੇਜੀ ਹਕੂਮਤ ਵੇਲੇ ਸ਼ਿਮਲੇ ਦੇ ਠੰਡੇ ਅਤੇ ਸੁਹਾਵਣੇ ਮੌਸਮ ਕਰਕੇ, ਕੇਂਦਰੀ ਸਰਕਾਰ ਦੇ ਬਹੁਤੇ ਦਫਤਰ ਇੱਥੇ ਹੀ ਸਨ। ਦੇਸ਼ ਦੀ ਵੰਡ ਤੋਂ ਬਾਅਦ, ਪੰਜਾਬ ਸਰਕਾਰ ਦੇ ਬਹੁਤੇ ਦਫਤਰ ਵੀ ਇੱਥੇ ਆ ਗਏ। ਜਨਵਰੀ 1948 ਵਿੱਚ ਆਪਦੀ ਬਦਲੀ ਇੱਥੇ ਹੋਣ ਵੇਲੇ ਸੰਤ ਗੁਰਬਖਸ਼ ਸਿੰਘ ਜੀ ਸਮੇਤ ਦੱਸ ਕੁ ਪਰਵਾਰ ਜੱਥੇ ਨਾਲ ਸਬੰਧਿਤ ਇੱਥੇ ਰਹਿੰਦੇ ਸਨ ਜਿਨ੍ਹਾਂ ਦੀ ਆਪ ਜੀ ਨੂੰ ਸੰਗਤ ਪ੍ਰਾਪਤ ਹੋਣੀ ਸ਼ੁਰੂ ਹੋ ਗਈ। ਜਿਨ੍ਹਾਂ ਵਿੱਚੋਂ ਭਾਈ ਨੌਹਰੀਆ ਸਿੰਘ ਜੀ, ਭਾਈ ਮਿਹਰ ਸਿੰਘ ਜੀ ਦਿੱਲੀ, ਭਾਈ ਹਰਚਰਨ ਸਿੰਘ ਜੀ ਚੰਡੀਗੜ੍ਹ, ਭਾਈ ਹਰਚਰਨ ਸਿੰਘ ਜੀ ਨੰਦਾ, ਭਾਈ ਹਰਨਾਮ ਸਿੰਘ ਜੀ ਕੋਮਲ, ਭਾਈ ਰਤਨ ਸਿੰਘ ਜੀ ਮਸਤਾਨਾ, ਭਾਈ ਮੱਖਣ ਸਿੰਘ ਜੀ ਦਿੱਲੀ, ਭਾਈ ਅਮਰੀਕ ਸਿੰਘ ਜੀ ਲੁਧਿਆਣਾ, ਭਾਈ ਇੰਦਰ ਸਿੰਘ ਜੀ ਸ਼ਿਮਲਾ ਅਤੇ ਕੁਝ ਹੋਰ ਸਿੰਘ ਜੋ ਵੱਖ ਵੱਖ ਸਰਕਾਰੀ ਮਹਿਕਮਿਆਂ ਵਿੱਚ ਨੌਕਰੀ ਕਰਦੇ ਸਨ ਜਾਂ ਸੰਜੋਲੀ ਰਹਿੰਦੇ ਸਨ ਆਦਿ ਦੇ ਨਾਮ ਵਰਣਨਯੋਗ ਹਨ। ਫਿਰ ਸਮਾਂ ਆ ਗਿਆ, ਪੂਰਬਲੇ ਕਰਮਾਂ ਦੇ ਅੰਕੁਰ ਸਫੁਟ ਹੋਣ ਦਾ। ਆਪ ਜੀ ਦੇ ਹੱਥ ਇਕ ਅੰਗਰੇਜੀ ਦਾ ਪੈਂਫਲਟ ਲੱਗਾ, ਜਿਸ ਵਿੱਚ ਲਿਖਿਆ ਸੀ ਕਿ ਭਾਰਤ ਵਿੱਚ ਅਜੇ ਵੀ ਇਕ ਸੰਤ ਰਹਿੰਦਾ ਹੈ ਜਿਸ ਨੇ ਰੱਬ ਨੂੰ ਪ੍ਰਤੱਖ ਦੇਖਿਆ ਹੈ। ਇਸ ਨੂੰ ਪੜ੍ਹਨ ਤੋਂ ਬਾਅਦ ਆਪ ਜੀ ਦੇ


www.AKJ.Org

ਅੰਦਰ ਵੀ ਉਸ ਸੰਤ ਦੇ ਦਰਸ਼ਨ ਕਰਨ ਲਈ ਇਕ ਅਗੰਮੀ ਖਾਹਿਸ਼ ਪੈਦਾ ਹੋ ਗਈ। ਮਈ 1949 ਦੇ ਸ਼ਿਮਲਾ ਸਮਾਗਮ ਵਿੱਚ ਆਪ ਜੀ ਨੇ ਪ੍ਰੀਵਾਰ ਸਮੇਤ ਜਥੇ ਕੋਲੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ ਤੇ ਨਾਲ ਹੀ ਉਸ ਮਹਾਨ ਸ਼ਖਸ਼ੀਅਤ ਦੇ ਦਰਸ਼ਨ ਵੀ ਹੋ ਗਏ। ਅਗੋਂ ਦੇ ਸਾਰੇ ਹਾਲਤ ਵਿਸਥਾਰ ਵਿੱਚ ਆਪ ਜੀ ਦੇ ਖੁਦ ਅਪਣੇ ਹੱਥੀ ਲਿਖੀਆਂ ਪੁਸਤਕਾਂ, ਖਾਸ ਕਰ "ਸੋਨ ਚਿੜੀ ਚੜ੍ਹੀ ਗੈਣਿ" ਵਿਚ ਦਰਜ ਕੀਤੇ ਹੋਏ ਹਨ। ਇਸ ਲੇਖ ਵਿੱਚ ਕੇਵਲ, ਉਨ੍ਹਾਂ ਦੇ ਜੀਵਨ ਦੀਆਂ ਖਾਸ ਘਟਨਾਵਾਂ ਦਾ ਹੀ ਵਰਣਨ ਕੀਤਾ ਗਿਆ ਹੈ।

1) ਮਈ 1949 ਦੇ ਸ਼ਿਮਲਾ ਸਮਾਗਮ ਸਮੇਂ ਆਪ ਜੀ ਸਿੰਘਣੀ ਸਮੇਤ ਅੰਮ੍ਰਿਤ ਦੀ ਦਾਤ ਲੈਣ ਲਈ ਪੰਚਾਂ ਦੇ ਦਰਬਾਰ ਵਿੱਚ ਪੇਸ਼ ਹੋਏ। ਗੁਰੂ ਰੂਪ ਪੰਚਾਂ ਦੇ ਦਰਸ਼ਨ ਕਰਨ ਸਾਰ ਅਤੇ ਅੰਮ੍ਰਿਤ ਦੀ ਦਾਤ ਮਿਲਣ ਸਾਰ ਹੀ ਐਸੀ ਅਗੰਮੀ ਕਲਾ ਵਰਤੀ ਕਿ ਸੁੱਧ ਬੁੱਧ ਭੁੱਲ ਗਈ ਅਤੇ ਕਾਇਆਂ ਪਲਟ ਗਈ। ਇਸ ਤੋਂ ਉਪਰੰਤ ਬਖਸ਼ੇ ਹੋਏ ਗੁਰੂ ਕੇ ਲਾਲਾਂ ਦੀ ਸੰਗਤ ਅਤੇ ਨਾਮ ਬਾਣੀ ਦੀ ਅਤੁੱਟ ਕਮਾਈ ਕਰਕੇ, ਆਪ ਉੱਪਰ ਜੋ ਅਗੰਮੀ ਖੇਡਾਂ ਵਰਤੀਆਂ ਵਰਣਨ ਕਰਨ ਜਾਂ ਕਹਿਣ ਸੁਨਣ ਤੋਂ ਬਾਹਰ ਹਨ।

2) ਆਪ ਜੀ ਦਾ ਗੁਰਸਿੱਖੀ ਪ੍ਰੇਮ, ਪੂਰਬਲੀ ਕਮਾਈ, ਨਿਰਮਲ ਹਿਰਦਾ, ਉੱਚੀ ਸੁੱਚੀ ਸੁਕ੍ਰਿਤ ਕਰਣੀ, ਧਰਮ ਦੀ ਕਿਰਤ ਵਿਰਤ ਅਤੇ ਲੰਗਰ ਦੀ ਅਣਥੱਕ ਸੇਵਾ ਕਰਨ ਕਰਕੇ, ਭਾਈ ਸਾਹਿਬ ਜੀ ਦੀਆਂ ਅਸੀਸਾਂ ਸਦਕਾ, ਆਪ ਜੀ ਨੂੰ ਸੰਨ 1951 ਤੋਂ ਪੰਚਾਂ ਦੀ ਸੇਵਾ ਵਿੱਚ ਲੈਣਾ ਸ਼ੁਰੂ ਕਰ ਦਿੱਤਾ ਗਿਆ ਜੋ ਆਪ ਤਾਅ ਜਿੰਦਗੀ ਨਿਭਾਉਂਦੇ ਰਹੇ।

3) ਅੰਮ੍ਰਿਤ ਛੱਕਣ ਉਪਰੰਤ ਆਪ ਜੀ ਨੇ ਪ੍ਰੀਵਾਰ ਸਮੇਤ ਲੋਕਲ ਹਫਤਾਵਾਰੀ ਸਮਾਗਮਾਂ ਦੀ ਚਾਓ ਉਮਾਓ ਨਾਲ ਹਾਜਰੀ ਭਰਨੀ ਸ਼ੁਰੂ ਕਰ ਦਿੱਤੀ। ਸ਼ਿਮਲੇ ਦੀਆਂ ਸੰਗਤਾਂ ਸਮੇਤ ਸੰਨ 1950 ਵਿਚ ਸਭ ਤੋਂ ਪਹਿਲਾਂ ਪੋਹ ਸੁਦੀ ਸਮਾਗਮ ਨਾਰੰਗਵਾਲ ਵਿੱਚ ਹਾਜਰੀ ਭਰੀ ਅਤੇ ਸਮਾਗਮ ਦੇ ਅਲੌਲਿਕ ਨਜਾਰਿਆਂ ਦਾ ਅਨੰਦ ਮਾਨਿਆ। ਆਪਣੀ ਜਿੰਦਗੀ ਦੇ ਅੰਤਲੇ ਪੜਾਅ ਤਾਈਂ ਸਾਰੇ ਕੇਂਦਰੀ ਅਤੇ ਲੋਕਲ ਸਮਾਗਮਾਂ ਵਿੱਚ ਹਾਜਰੀਆਂ ਭਰ ਕੇ ਨਾਮ ਬਾਣੀ ਦੇ ਖੂਬ ਅਨੰਦ ਮਾਣਦੇ ਰਹੇ।

4) ਸਮੇਂ ਦੇ ਨਾਲ ਪੁਰਾਤਨ ਗੁਰਸਿੱਖ ਹੌਲੀ ਹੌਲੀ ਸ਼ਿਮਲੇ ਤੋਂ ਬਦਲ ਕੇ ਦਿੱਲੀ/ਚੰਡੀਗੜ੍ਹ ਆ ਗਏ ਤੇ ਨਾਲ ਹੀ ਸਿੱਖ ਪ੍ਰੀਵਾਰਾਂ ਦੀ ਗਿਣਤੀ ਵੀ ਘੱਟ ਗਈ। ਸੰਨ 1953 ਵਿੱਚ ਸ਼ਿਮਲਾ ਹੋਏ ਸਮਾਗਮ, ਜਿਸ ਵਿੱਚ ਭਾਈ ਸਾਹਿਬ ਜੀ ਜੱਥੇ ਸਮੇਤ ਆਖਰੀ ਵਾਰ ਸ਼ਾਮਿਲ ਹੋਏ, ਦਾ ਸਾਰਾ ਪ੍ਰਬੰਧ ਆਪ ਜੀ ਅਤੇ ਭਾਈ ਹਰਚਰਨ ਸਿੰਘ ਜੀ ਚੰਡੀਗੜ੍ਹ ਨੇ ਬਾਕੀ ਪ੍ਰੀਵਾਰਾਂ ਦੀ ਮੱਦਦ ਨਾਲ ਕੀਤਾ। ਉਸ ਸਮਾਗਮ ਦੇ ਅਲੌਲਿਕ ਕ੍ਰਿਸ਼ਮਿਆਂ ਦਾ ਵੇਰਵਾ ਪੁਸਤਕ ਸੋਨ ਚਿੜੀ ਚੜ੍ਹੀ ਗੈਣਿ ਵਿੱਚ ਦਰਜ ਹੈ। ਸੰਨ 1954 ਦੀਆਂ ਗਰਮੀਆਂ ਵਿੱਚ ਦਿੱਲੀ ਦੀ ਸੰਗਤ ਛੁੱਟੀਆਂ ਕੱਟਣ ਸ਼ਿਮਲੇ ਆਪ ਜੀ ਪਾਸ ਆ ਕੇ ਠਹਿਰੀ, ਜਿਸ ਦਾ ਆਪ ਜੀ ਨੇ ਸੁਚੱਜਾ ਪ੍ਰਬੰਧ ਕੀਤਾ। ਸੰਨ 1955 ਵਿਚ ਆਪ ਦੀ ਵੀ ਬਦਲੀ ਦਿੱਲੀ ਹੋ ਗਈ।

5) ਦਿੱਲੀ ਵਿੱਚ ਪਹਿਲਾਂ ਆਪ ਜੀ ਨੇ ਭਾਈ ਮਿਹਰ ਸਿੰਘ ਜੀ ਕੋਲ ਰਿਹਾਇਸ਼ ਰੱਖੀ ਅਤੇ ਫਿਰ ਭਾਈ ਰਾਮ ਸਿੰਘ ਜੀ ਪਟਿਆਲੇ ਵਾਲੇ, ਜੋ ਕਿ ਕੇਂਦਰੀ ਸਰਕਾਰ ਦੇ ਵੱਡੇ ਅਹੁਦੇ ਤੇ ਤਾਇਨਾਤ ਸਨ ਅਤੇ ਉਨ੍ਹਾਂ ਕੋਲ ਬਹੁਤ ਖੁੱਲੀ ਸਰਕਾਰੀ ਰਿਹਾਇਸ਼ ਸੀ, ਕੋਲ ਠਹਿਰਣ ਲੱਗ ਪਏ। ਇੱਥੇ ਹੀ ਬਾਬਾ ਸੁਰਜਨ ਸਿੰਘ ਜੀ ਗੁਜਰਵਾਲ, ਕਾਫੀ ਲੰਬਾ ਸਮਾਂ ਇਨ੍ਹਾਂ ਕੋਲ ਆ ਕੇ ਠਹਿਰਦੇ ਸਨ। ਫਿਰ ਆਪ ਜੀ ਨੂੰ ਬੰਗਾਲੀ ਮਾਰਕੀਟ ਲਾਗੇ ਸਰਕਾਰੀ ਰਿਹਾਇਸ਼ ਮਿਲ ਗਈ। ਰੇਲ ਗੱਡੀਆਂ ਦੇ ਸ਼ੋਰ ਸ਼ਰਾਬੇ ਕਾਰਨ, ਬਾਬਾ ਸੁਰਜਨ ਸਿੰਘ ਜੀ ਭਾਈ ਰਾਮ ਸਿੰਘ ਜੀ ਦੇ ਸੇਵਾ ਮੁਕਤ ਹੋਣੋ ਤੋਂ ਬਾਅਦ ਉਨ੍ਹਾਂ ਵੱਲੋਂ ਖੁੱਲੇ ਡੁੱਲੇ ਖੇਤਾਂ ਵਿਚ ਬਣਾਏ ਮਕਾਨ ਵਿਚ ਪਟਿਆਲੇ ਚਲੇ ਗਏ ਅਤੇ ਫਿਰ ਉਨਾਂ ਨਾਲ ਹੀ ਚੰਡੀਗੜ੍ਹ ਰਹਿਣ ਲਗ ਗਏ ਅਤੇ ਅੰਤਿਮ ਸਮੇਂ ਤਾਈਂ ਉੱਥੇ ਹੀ ਰਹੇ। ਦਿੱਲੀ ਆਉਣ ਤੋਂ ਬਾਅਦ ਆਪ ਜੀ ਨੇ ਦਿੱਲੀ ਨਿਵਾਸੀ ਪੁਰਾਤਨ ਗੁਰਸਿੱਖਾਂ ਮਾਸਟਰ ਹਰਬੰਸ ਸਿੰਘ ਜੀ, ਭਾਈ ਅਵਤਾਰ ਸਿੰਘ


www.AKJ.Org

ਜੀ ਮਾਡਲ ਟਾਊਨ, ਦਰਸ਼ਨ ਸਿੰਘ ਭਰਾ ਜੀ ਅਤੇ ਸ਼ਿਮਲਾ ਨਿਵਾਸੀ ਪੁਰਾਣੇ ਸੰਗੀਆਂ ਨਾਲ ਮਿਲ ਕੇ ਕੇਂਦਰੀ ਅਤੇ ਲੋਕਲ ਸਮਾਗਮਾਂ ਦੇ ਆਨੰਦ ਮਾਣਨੇ ਸ਼ੁਰੂ ਕਰ ਦਿੱਤੇ ਜੋ ਕਿ ਆਖਰੀ ਸਵਾਸਾਂ ਤਾਈਂ ਜਾਰੇ ਰੱਖੇ।

(6) ਆਪ ਖੁਦ ਤੱਕੜੇ ਅਖੰਡ ਪਾਠੀ ਸਨ ਤੇ ਨਾਲ ਹੀ ਗੁਰਬਾਣੀ ਸੁਣਨ ਦੇ ਆਸ਼ਕ ਵੀ ਸਨ। ਆਪ ਜੀ ਸਰਕਾਰੀ ਨੌਕਰੀ ਸਮੇਂ ਅਤੇ ਉਸ ਤੋਂ ਵਿਹਲੇ ਹੋਣ ਉਪਰੰਤ ਦਿੱਲੀ ਵਿਖੇ ਜਿਥੇ ਵੀ ਸ੍ਰੀ ਅਖੰਡ ਪਾਠ ਸਮਾਗਮ ਹੋਵੇ ਉੱਥੇ ਉਹ ਤਿੰਨ ਦਿਨ ਪੂਰੀ ਤਰਾਂ ਸਾਵਧਾਨ ਰਹਿ ਕੇ ਪੂਰਾ ਸ੍ਰੀ ਅਖੰਡ ਪਾਠ ਸ੍ਰਵਣ ਕਰਦੇ ਸਨ ਅਤੇ ਨੌਜਵਾਨਾਂ ਨੂੰ ਪਾਠ ਸਿੱਖਣ ਅਤੇ ਕਰਨ ਦੀ ਪ੍ਰੇਰਨਾ ਕਰਦੇ ਰਹਿੰਦੇ ਸਨ। ਚੜ੍ਹਾਈ ਕਰਨ ਤੋਂ ਦੋ ਸਾਲ ਪਹਿਲਾਂ ਹੀ, ਇਤਨੀ ਵਡੇਰੀ ਉਮਰ ਵਿਚ ਉਨਾਂ ਦਿੱਲੀ ਸਮਾਗਮ ਵਿੱਚ ਸ੍ਰੀ ਅਖੰਡ ਪਾਠ ਸਾਹਿਬ ਦੀ ਪੂਰੇ ਸਮੇਂ ਲਈ ਸਾਵਧਾਨ ਰਹਿ ਕੇ ਹਾਜਰੀ ਭਰੀ।

7) ਉਨ੍ਹਾਂ ਨੇ ਅੰਮ੍ਰਿਤ ਛੱਕਣ ਵੇਲੇ ਤੋਂ ਅਖੀਰਲੇ ਸਵਾਸਾਂ ਤਾਈਂ ਬਿਬੇਕ ਦੇ ਗੁਰਮਤਿ ਅਸੂਲ ਤੇ ਦ੍ਰਿੜਤਾ ਨਾਲ ਪਹਿਰਾ ਦਿੱਤਾ। ਰੇਲਵੇ ਵਿਭਾਗ ਵਿਚ ਇੱਕ ਵੱਡੇ ਅਹੁਦੇ (ਹੈੱਡ ਕੌਨਫੀਡੈਨਸ਼ੀਅਲ ਅਸੈਸਟੈਂਟ/ਪ੍ਰਾਈਵੇਟ ਸੈਕਟਰੀ) ਹੋਣ ਕਰਕੇ ਉਨ੍ਹਾਂ ਦਾ ਵੱਡੇ ਅਫਸਰਾਂ ਨਾਲ ਵਾਹ ਪੈਂਦਾ ਸੀ ਅਤੇ ਨਾਲ ਹੀ ਨਿਰੀਖਣ ਵਾਸਤੇ ਉਨ੍ਹਾਂ ਨਾਲ ਦੌਰੇ ਤੇ ਵੀ ਜਾਣਾ ਪੈਂਦਾ ਸੀ ਅਤੇ ਕਈ ਕਈ ਰਾਤਾਂ ਬਾਹਰ ਰਹਿਣਾ ਪੈਦਾ ਸੀ। ਇਸ ਦੌਰਾਨ ਉਹ ਸਪੈਸ਼ਲ ਰੇਲ ਗੱਡੀ ਦੇ ਆਪਣੇ ਕੈਬਿਨ (ਸੈਲੂਨ) ਜਿਸ ਵਿੱਚ ਉਹਨਾਂ ਦਾ ਦਫਤਰ, ਟੈਲੀਫੋਨ, ਆਰਾਮ ਕਰਨ ਲਈ ਬਿਸਤਰਾ, ਖਾਣਾ ਬਣਾਉਣ ਲਈ ਬਰਤਨ, ਫਰਿੱਜ ਅਤੇ ਗੈਸ ਚੁੱਲਾ ਆਦਿ ਸਾਰੀਆਂ ਸਹੂਲਤਾਂ ਹੁੰਦੀਆਂ ਸਨ, ਵਿਚ ਹੀ ਸਫਰ ਕਰਦੇ ਸਨ। ਆਮ ਤੌਰ ਤੇ ਉਹ ਅਪਣਾ ਖਾਣਾ ਘਰੋਂ ਹੀ ਲੈ ਕੇ ਜਾਂਦੇ, ਪਰ ਲੰਬੇ ਸਫਰ ਵੇਲੇ ਸੁੱਕੀ ਰਸਦ ਘਰੋਂ ਲੈ ਜਾਂਦੇ ਤੇ ਅਪਣਾ ਖਾਣਾ ਕੈਬਿਨ ਵਿਚ ਖੁੱਦ ਹੱਥੀਂ ਸਜਾ ਲੈਂਦੇ। ਉਹਨਾਂ ਕਦੇ ਵੀ ਕਿਸੇ ਸਟੇਸ਼ਨ ਮਾਸਟਰ ਜਾਂ ਹੋਰ ਕਿਸੇ ਹੇਠਲੇ/ਉਪਰਲੇ ਕਰਮਚਾਰੀ/ਅਧਿਕਾਰੀ ਕੋਲੋਂ ਦੁੱਧ ਘਿਓ ਜਾਂ ਹੋਰ ਰਸਦ, ਫਲ, ਮੇਵੇ ਆਦਿ ਵਗਾਰ ਤੌਰ ਤੇ ਨਹੀਂ ਸਵੀਕਾਰੀ ਅਤੇ ਨਾ ਹੀ ਉਹ ਕਦੇ ਅਪਣੇ ਅਸੂਲ ਤੋਂ ਥਿੜਕੇ।

8) ਉਨ੍ਹਾਂ ਦੇ ਮਿਹਨਤੀ, ਮਿੱਠ ਬੋਲੜੇ ਸੁਭਾਅ, ਈਮਾਨਦਾਰੀ ਅਤੇ ਡਿਊਟੀ ਦੇ ਪਾਬੰਦ ਹੋਣ ਕਾਰਨ, ਸਾਰੇ ਛੋਟੇ ਵੱਡੇ ਅਫਸਰ ਉਨ੍ਹਾਂ ਦਾ ਸਤਿਕਾਰ ਕਰਦੇ ਸਨ। ਸ਼ਿਮਲੇ ਨੌਕਰੀ ਦੌਰਾਨ, ਉਨ੍ਹਾਂ ਦਾ ਅਫਸਰ ਸ੍ਰੀ ਸਤਯ ਸਰੂਪ ਮਹੰਤ ਗੁਰੂ ਘਰ ਦਾ ਸੇਵਕ ਸੀ ਅਤੇ ਉਸ ਨੂੰ ਭਾਈ ਸਾਹਿਬ ਜੀ ਅਤੇ ਸ਼ਿਮਲਾ ਨਿਵਾਸੀ ਜਥੇ ਦੇ ਸਿੰਘਾਂ ਦੀ ਸੰਗਤ ਦਾ ਸੁਭਾਗ ਪ੍ਰਾਪਤ ਹੁੰਦਾ ਰਿਹਾ ਹੈ। ਆਪ ਜੀ ਦੇ ਅਸਰ ਰਸੂਖ ਕਰਕੇ, ਸ਼ਿਮਲੇ ਦੇ ਸਾਲਾਨਾ ਸਮਾਗਮ ਵੇਲੇ, ਰੇਲਵੇ ਦੀ ਵਰਕਸ਼ਾਪ, ਵੱਡੇ ਅਫਸਰ ਦੀ ਕੋਠੀ ਭਾਈ ਸਾਹਿਬ ਦੀ ਰਿਹਾਇਸ਼ ਆਦਿ ਸੰਗਤਾਂ ਦੀ ਸੇਵਾ ਲਈ ਵਰਤੇ ਜਾਂਦੇ ਸੀ। ਇਸੇ ਤਰਾਂ ਸ਼ਿਮਲੇ ਤੋਂ ਕੁਮਾਰਹੱਟੀ ਜਾਂ ਕਾਲਕਾ ਤਾਈਂ ਸੰਗਤਾਂ ਦੇ ਆਉਣ ਜਾਣ ਵੇਲੇ, ਰੇਲ ਗੱਡੀ ਅਤੇ ਭਾਈ ਸਾਹਿਬ ਜੀ ਵਾਸਤੇ ਖਾਸ ਰੇਲ ਡੱਬੇ ਦਾ ਪ੍ਰਬੰਧ ਵੀ ਆਪ ਵਲੋਂ ਕੀਤਾ ਜਾਂਦਾ ਰਿਹਾ ਹੈ। ਸੰਨ 1958 ਵਿਚ ਦਿੱਲੀ ਦੀ ਸੰਗਤ ਦੀ ਇੱਛਾ ਅਨੁਸਾਰ, ਭਾਈ ਸਾਹਿਬ ਜੀ ਨੂੰ ਦਿੱਲੀ ਸਮਾਗਮ ਤੇ ਲਿਆਉਣ ਲਈ, ਆਪ ਜੀ ਨੇ ਰੇਲ ਗੱਡੀ ਦੇ ਖਾਸ ਡੱਬੇ ਦਾ ਪ੍ਰਬੰਧ ਕਰਕੇ, ਬਾਪੂ ਜੀ ਨੂੰ ਫੁੱਲਾਂ ਵਾਂਗ ਦਿੱਲੀ ਲੈ ਕੇ ਜਾਣ ਦੀ ਸੇਵਾ ਨਿਭਾਈ। ਸੰਨ 1955 ਵਿੱਚ ਦਿੱਲੀ ਆਉਣ ਉਪਰੰਤ ਬਾਪੂ ਜੀ, ਬਾਊ ਜੀ ਤੇ ਹੋਰ ਸੰਗਤਾਂ ਵਲੋਂ ਬੰਬਈ, ਹਜੂਰ ਸਾਹਿਬ ਤੇ ਹੋਰ ਅਸਥਾਨਾਂ ਦੀ ਯਾਤਰਾ ਵੇਲੇ ਆਪ ਜੀ ਸੰਗਤਾਂ ਨੂੰ ਲਿਜਾਉਣ ਵਾਸਤੇ ਹੋਰ ਰੇਲਵੇ ਵਿਚ ਨੌਕਰੀ ਕਰਦੇ ਸਿੰਘਾਂ ਦੇ ਸਹਿਯੋਗ ਨਾਲ ਰੇਲ ਗੱਡੀ ਦਾ ਖਾਸ ਪ੍ਰਬੰਧ ਕਰਵਾਇਆ। ਰੇਲਵੇ ਦੇ ਅਫਸਰ ਆਪ ਜੀ ਦੇ ਧਾਰਮਿਕ ਅਸੂਲਾਂ ਦਾ ਇਤਨਾ ਸਤਿਕਾਰ ਕਰਦੇ ਸਨ ਕਿ ਇਨ੍ਹਾਂ ਦਾ ਇਕ ਚੇਨ ਸਮੋਕਰ ਅਫਸਰ ਵੀ ਇਨ੍ਹਾਂ ਨੂੰ ਡਿਕਟੇਸ਼ਨ ਲਿਖਾਉਣ ਤੋਂ ਪਹਿਲਾਂ, ਅਪਣੇ ਦਫਤਰ ਨੂੰ ਪੂਰੀ ਤਰ੍ਹਾਂ ਸਾਫ ਕਰਵਾ ਦਿੰਦਾ ਸੀ। ਨੌਕਰੀ ਦੌਰਾਨ



www.AKJ.Org

ਇਨ੍ਹਾਂ ਨੂੰ ਰੇਲਵੇ ਬੋਰਡ ਦੇ ਚੇਅਰਮੈਨਾਂ/ ਉੱਚ ਅਧਿਕਾਰੀਆਂ ਦੇ ਪ੍ਰਾਈਵੇਟ ਸੈਕਟਰੀ ਹੋਣ ਕਾਰਨ ਭਾਰਤ ਦੇ ਤੱਤ ਕਾਲੀਨ ਰਾਸ਼ਟਰਪਤੀਆਂ ਡਾਕਟਰ ਰਾਜਿੰਦਰ ਪ੍ਰਸ਼ਾਦ, ਡਾਕਟਰ ਰਾਧਾ ਕ੍ਰਿਸ਼ਨਨ, ਡਾਕਟਰ ਜਾਕਿਰ ਹੁਸੈਨ, ਪ੍ਰਧਾਨ ਮੰਤਰੀਆਂ ਪੰਡਿਤ ਜਵਾਹਰ ਲਾਲ ਨਹਿਰੂ, ਇੰਦਰਾ ਗਾਂਧੀ, ਯੂਗੋਸਲਾਵੀਆ ਦੇ ਰਾਸ਼ਟਰਪਤੀ, ਵਿਦੇਸ਼ੀ ਰਾਜਦੂਤਾਂ ਅਤੇ ਉੱਚ ਅਧਿਕਾਰੀਆਂ ਲਈ ਸਪੈਸ਼ਲ ਰੇਲ ਗੱਡੀ ਦਾ ਪ੍ਰਬੰਧ ਕਰਨ ਅਤੇ ਰੇਲਵੇ ਸਫਰ ਸਮੇਂ ਉਨ੍ਹਾਂ ਨਾਲ ਰਹਿਣ ਅਤੇ ਗੱਲਬਾਤ ਕਰਨ ਦਾ ਮੌਕਾ ਮਿਲਦਾ ਰਿਹਾ ਹੈ।

9) ਗੁਰੂ ਸਾਹਿਬ ਜੀ ਦੀ ਬਖਸ਼ਿਸ਼ ਦੁਆਰਾ, ਆਪਣੀ ਜਿੰਦਗੀ ਦੇ ਆਖਰੀ ਪੜਾਅ ਵਿੱਚ ਕੁੱਝ ਉਨ੍ਹਾਂ ਗੁਰਸਿੱਖਾਂ ਦੀ ਪ੍ਰੇਰਨਾ ਸਦਕਾ, ਭਾਈ ਸਾਹਿਬ ਜੀ ਦੀਆਂ ਪੁਸਤਕਾਂ ਅਤੇ ਨਾਮ ਬਾਣੀ ਦੀ ਕਮਾਈ ਸਦਕਾ ਅਤੇ ਅਪਣੇ ਨਿੱਜੀ ਤਜਰਬਿਆਂ/ਹੱਡ ਬੀਤੀਆਂ ਦੇ ਆਧਾਰ ਤੇ ਚਾਰ ਪੁਸਤਕਾਂ, ਜਿਨ੍ਹਾਂ ਵਿੱਚ ਸੋਨ ਚਿੜੀ ਚੜੀ ਗੈਣਿ, ਤਵਾਰੀਖ ਅਖੰਡ ਕੀਰਤਨੀ ਜੱਥਾ, ਅਬ ਹਮ ਚਲੀ ਠਾਕੁਰ ਪਹਿ ਹਾਰ, ਗੁਰਮਤਿ ਫੁਟਕਲ ਲੇਖ ਸ਼ਾਮਿਲ ਹਨ, ਲਿਖੀਆਂ, ਜਿਨ੍ਹਾਂ ਵਿੱਚ ਅਖੰਡ ਕੀਰਤਨੀ ਜਥੇ ਦਾ ਸੰਨ 1903 ਤੋਂ ਇਤਿਹਾਸ, ਭਾਈ ਸਾਹਿਬ ਜੀ ਅਤੇ ਉਨ੍ਹਾਂ ਦੇ ਸੰਗੀਆਂ/ਸਾਥੀਆਂ ਰੰਗਲੇ ਸੱਜਣਾਂ ਦੇ ਜੀਵਨ ਕਾਲ ਦੇ ਮੋਟੇ ਮੋਟੇ ਸਮਾਚਾਰ, ਗੁਰਮਤਿ ਸਿਧਾਂਤਾਂ, ਜਥੇ ਦੇ ਮੁਢੱਲੇ ਅਸੂਲਾਂ ਅਤੇ ਪ੍ਰੰਪਰਾਵਾਂ, ਗੁਰਮਤਿ ਸੰਬੰਧੀ ਸ਼ੰਕਿਆਂ ਦਾ ਪ੍ਰਸ਼ਨਾਂ ਉੱਤਰਾਂ ਰਾਹੀਂ ਸਮਾਧਾਨ ਵਿਸਥਾਰ ਸਹਿਤ ਖੋਲ ਕੇ ਕੀਤਾ ਗਿਆ ਹੈ।

10) ਆਪ ਜੀ ਗੁਰਮਤਿ ਦੇ ਸਿਧਾਂਤਾਂ ਅਤੇ ਅਸੂਲਾਂ ਤੇ ਡੱਟ ਕੇ ਪਹਿਰਾ ਦਿੰਦੇ ਸਨ। ਇਸ ਦੀ ਇੱਕ ਉਦਾਹਰਣ ਸੰਨ 1994 ਵੇਲੇ ਦੀ ਹੈ। 5 ਜਨਵਰੀ 1994 ਨੂੰ ਲੁਧਿਆਣੇ ਵਿਖੇ ਪੰਚਾਂ ਵਲੋਂ ਜਥੇਦਾਰ ਭਾਈ ਰਾਮ ਸਿੰਘ ਜੀ ਨੂੰ ਤਾਅ ਜਿੰਦਗੀ ਜਥੇਦਾਰ ਰੱਖਣ ਸਬੰਧੀ ਕੀਤੇ ਗੁਰਮਤੇ, (ਜਿਸ ਲਈ ਆਪ ਜੀ ਵੀ ਪੰਚਾਂ ਵਿੱਚ ਸ਼ਾਮਿਲ ਸਨ) ਨੂੰ ਬਾਕੀ ਪੰਚਾਂ ਵਿੱਚ ਸ਼ਾਮਿਲ ਸਿੰਘਾਂ ਵਲੋਂ ਬਾਅਦ ਵਿਚ ਉਸ ਗੁਰਮਤੇ ਨੂੰ ਬਦਲਣ ਲਈ ਦਬਾਅ ਪਾਇਆ ਜਾ ਰਿਹਾ ਸੀ ਤਾਂ ਆਪ ਜੀ ਨੇ ਉਸ ਦਾ ਵਿਰੋਧ ਕੀਤਾ ਤੇ ਪੰਚਾਂ ਵਿੱਚ ਸ਼ਾਮਿਲ ਹੋਣ ਤੋਂ ਇਨਕਾਰ ਕਰ ਦਿੱਤਾ। ਆਪ ਜੀ ਦਾ ਵਿਚਾਰ ਸੀ ਕਿ ਪੰਚਾਂ ਵਲੋਂ ਕੀਤੇ ਫੈਸਲੇ ਰੱਬੀ ਹੁਕਮ ਹੁੰਦੇ ਹਨ ਤੇ ਜੁਗੋ ਜੁਗ ਅਟੱਲ ਰਹਿੰਦੇ ਹਨ। ਪੰਚਾਂ ਵਿੱਚ ਗੁਰਮਤਾ ਕਰਨ ਵਾਲੇ ਸ਼ਾਮਿਲ ਸਿੰਘ ਹੀ ਉਸ ਨੂੰ ਬਦਲਣ ਦਾ ਅਧਿਕਾਰ ਰੱਖਦੇ ਹਨ। ਦੂਸਰੇ ਪੰਚ ਜਾਂ ਇਕ ਦੋ ਸਿੰਘ ਬਦਲ ਕੇ ਉਸ ਗੁਰਮਤੇ ਵਿਚ ਤਬਦੀਲੀ ਜਾਂ ਤਰਮੀਮ ਨਹੀਂ ਕੀਤੀ ਜਾ ਸਕਦੀ। ਪੰਜ ਪਿਆਰੇ ਸੰਗਤ ਦਾ ਖਾਸ ਰੂਪ ਹੁੰਦੇ ਹਨ। ਸੀਨਾ ਬਸੀਨਾ ਚਲੀ ਆ ਰਹੀ ਅੰਤ੍ਰਿਗ ਮਰਯਾਦਾ ਅਨੁਸਾਰ, ਪੰਚਾਂ ਦੇ ਦਰਬਾਰ ਦੀ ਕੋਈ ਵੀ ਗੱਲ ਜਾਂ ਹੋਈ ਕਾਰਵਾਈ ਸਬੰਧੀ ਖਬਰ ਬਾਹਰ ਨਹੀਂ ਨਿਕਲਣੀ ਚਾਹੀਦੀ। ਜੇ ਕੋਈ ਸਿੰਘ ਅਜਿਹਾ ਕਰਦਾ ਹੈ ਉਹ ਸੇਵਾ ਕਰਨ ਦੇ ਯੋਗ ਨਹੀਂ। ਇਸ ਤਰ੍ਹਾਂ ਗੁਰਮਤਿ ਸਬੰਧੀ ਹੋਰ ਵੀ ਬਹੁਤ ਸਾਰੀਆਂ ਗੋਝ ਗੱਲਾਂ ਅਤੇ ਘੁੰਢੀਆਂ ਬਾਰੇ ਆਪ ਜੀ ਨੇ ਆਪਣੀਆਂ ਪੁਸਤਕਾਂ ਵਿੱਚ ਖੋਲ ਕੇ ਵਰਣਨ ਕੀਤਾ ਹੈ। ਭਾਈ ਸਾਹਿਬ ਜੀ ਦੀਆਂ ਪੁਸਤਕਾਂ ਤੋਂ ਬਾਅਦ, ਆਪ ਜੀ ਦੀਆਂ ਪੁਸਤਕਾਂ ਵੀ ਜਥੇ ਦੀ ਨਵੀਂ ਪਨੀਰੀ ਲਈ ਇਕ ਮਾਰਗ ਦਰਸ਼ਕ ਹਨ।

ਬਚਪਨ ਵਿੱਚ ਕਸਰਤ ਕਰਨ ਅਤੇ ਖਿਡਾਰੀ ਰਹਿਣ ਕਾਰਨ ਆਪ ਜੀ ਦੀ ਸਿਹਤ ਤਾਅ ਜਿੰਦਗੀ ਬਿਲਕੁਲ ਠੀਕ ਰਹੀ ਅਤੇ ਆਪ ਹਮੇਸ਼ਾਂ ਚੁਸਤ ਫੁਰਤ ਰਹੇ। ਅਖੀਰ ਬ੍ਰਿਧ ਅਵਸਥਾ ਤੇ ਸਰੀਰਕ ਕਮਜ਼ੋਰੀ ਹੋਣ ਕਾਰਨ ਸਿਰਫ ਤਿੰਨ ਕੁ ਮਹੀਨੇ ਆਪ ਘਰ ਵਿੱਚ ਹੀ ਮੰਜੇ ਤੇ ਪਏ ਪ੍ਰੰਤੂ ਆਪ ਜੀ ਦੀ ਸੁਰਤੀ ਬਿਰਤੀ ਅਖੀਰਲੇ ਸਵਾਸਾਂ ਤਾਈਂ ਕਾਇਮ ਰਹੀ। ਮਿਤੀ 29 ਅਪਰੈਲ 2019 ਨੂੰ ਦਿੱਲੀ ਵਿਖੇ ਗੁਰੂ ਗੁਰੂ ਕਰਦੀ ਇਹ ਰੰਗ ਰਤੜੀ ਰੂਹ, ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਕੇ ਗੁਰੂ ਚਰਨਾਂ ਵਿੱਚ ਜਾ ਬਿਰਾਜੀ। ਗੁਰੂ ਸਾਹਿਬ ਜੀ, ਕ੍ਰਿਪਾ ਕਰਨ ਉਨ੍ਹਾਂ ਦੀ ਕੀਤੀ ਘਾਲ ਕਮਾਈ ਥਾਇ ਪਾ ਕੇ ਹਮੇਸ਼ਾਂ ਲਈ ਸਤਿ ਸਤਸੰਗਿ ਮੰਡਲਾਂ ਦਾ ਨਿਵਾਸ ਬਖਸ਼ਣ।



www.AKJ.Org

**ਕਵਿਤਾ - ਭਾਈ ਜੋਧ ਸਿੰਘ ਜੀ : ਵਲੋਂ ਭਾਈ ਕੁਲਦੀਪ ਸਿੰਘ ਜੀ ਮਤਵਾਲਾ**

ਰਿਦੇ 'ਚ ਗਰੀਬੀ, ਹਰਿ ਰੰਗ ਰੱਤਾ, ਜੋਧਾ ਸੀ ਉਹ,
ਬੁਧਿ ਦੇ ਬਿਬੇਕੀਆਂ ਦੀ, ਸਭਾ ਦਾ ਸ਼ਿੰਗਾਰ ਸੀ।
ਮਧੁਰ ਮਧੁਰ ਬੋਲ, ਗਿਆਨ ਦਾ ਭੰਡਾਰ ਸੀ ਉਹ,
ਮਨ ਜੋ ਅਮੋੜ ਕਹਿੰਦੇ, ਉਹਦਾ ਸ਼ਾਹ ਸਵਾਰ ਸੀ।
ਜੋਬਨ, ਧਨ, ਪ੍ਰਭਤਾ ਦਾ ਕਦੇ ਨਾਂ ਗੁਮ੍ਹਾਨ ਕੀਤਾ,
ਸਤਿ ਤੇ ਸੰਤੋਖੀ, ਉਹਦਾ ਉਚੜਾ ਆਚਾਰ ਸੀ।
ਧਰਤਿ ਕਾਂਇਆ ਸਾਧ, ਪੰਚਾਂ ਨਾਮ ਦਾ ਜੋ ਬੀਜ ਬੋਇਆ,
ਆਯੂ ਪ੍ਰਯੰਤ ਉਹਨੂੰ ਰਖਿਆ ਸੰਭਾਰ ਸੀ।
ਸੰਪਤ ਮੇ ਨ ਹਰਖ ਡਿੱਠਾ, ਬਿਪਤ ਮੇ ਨਾਂ ਸੋਗ ਕੋਈ,
ਭਾਰੀ ਭੁਜਾਂ ਵਾਲੇ ਤੇ ਭਰੋਸਾ ਬੇਸ਼ੁਮਾਰ ਸੀ।
ਸ਼ਬਦ-ਸੁਰਤਿ ਲਿਵ, ਧਰਣਿ ਸੁਵੰਨੀ ਭਈ,
ਸ੍ਰਵਣ ਸ੍ਰੋਤਾਂ ਤਾਈਂ ਬਾਣੀ ਦਾ ਆਧਾਰ ਸੀ।
ਪ੍ਰੇਮ ਹੀ ਪ੍ਰੇਮ, ਉਹਦਾ ਜੀਵਨ ਸੁਗੰਧ ਵਾਲਾ,
ਆਪਾ ਖੋਇ, ਫੁਲਾਂ ਵਾਂਗ ਵੰਡੀ ਮਹਿਕਾਰ ਸੀ।
ਰੱਬ ਦੀ ਰਜ਼ਾ ਦੇ ਵਿੱਚ, ਰਾਜ਼ੀ ਰਿਹਾ ਸਦਾ ਸਦਾ,
ਜੀਵਨ ਅਮੋਲ ਸੀ, ਕਿ ਬਸੰਤ ਦੀ ਬਹਾਰ ਸੀ।
ਸੁਰਤ ਕੋ ਸੰਕੋਚ, ਸਾਧ ਸੰਗਤ 'ਚ ਜਾਇ ਬਹਿਣਾ,
ਅੰਤਰਮੁਖੀ ਹੋਇ ਕੇ ਕਮਾਈ ਸੱਚੀ ਕਾਰ ਸੀ।
ਕਿਹੜੇ-ਕਿਹੜੇ ਗੁਣ 'ਮਤਵਾਲਿਆ' ਬਿਆਨ ਕਰਾਂ,
ਰੰਗ ਵਿੱਚ ਰੱਤਾ, ਸ਼ੁਭ ਗੁਣਾਂ ਦਾ ਭੰਡਾਰ ਸੀ।

# ਭਾਈ ਇੰਦਰ ਸਿੰਘ ਜੀ ਸ਼ਿਮਲਾ

ਭਾਈ ਗੁਰਦੀਪ ਸਿੰਘ ਸ੍ਰੀ ਅੰਮ੍ਰਿਤਸਰ

ਅਖੰਡ ਕੀਰਤਨੀ ਜਥੇ ਦੇ ਦੂਜੀ ਪੀੜ੍ਹੀ ਦੇ ਰੂਹੇ ਰਵਾਂ ਨਿਸ਼ਕਾਮ ਸੇਵਕ ਭਾਈ ਇੰਦਰ ਸਿੰਘ ਜੀ ਦਾ ਜਨਮ ਮਿਤੀ 9 ਅਪਰੈਲ 1909 ਨੂੰ ਪਿੰਡ ਲਖੇਵਾਲ ਜ਼ਿਲ੍ਹਾ ਗੁਜਰਾਂਵਾਲਾ, ਪਾਕਿਸਤਾਨ ਪਿਤਾ ਲਾਲਾ ਹਰੀ ਦਾਸ ਅਤੇ ਮਾਤਾ ਇੰਦਰ ਕੌਰ ਜੀ ਦੇ ਘਰ ਹੋਇਆ। ਇਨ੍ਹਾਂ ਦੇ ਮਾਤਾ-ਪਿਤਾ ਜੀ ਹਿੰਦੂ ਪਰਿਵਾਰ ਨਾਲ ਸਬੰਧ ਰਖਦੇ ਸਨ। ਇਨ੍ਹਾਂ ਦੇ ਪਰਿਵਾਰ ਵਿਚ ਕੋਈ ਸੰਤਾਨ ਨਹੀਂ ਸੀ ਬਚਦੀ । ਸੋ ਮਾਤਾ-ਪਿਤਾ ਨੇ ਅਗਲੀ ਸੰਤਾਨ ਨੂੰ ਸਿੱਖ ਬਣਾਉਣ ਲਈ ਨਿਸਚਾ ਧਾਰਿਆ। ਗੁਰੂ ਸਾਹਿਬ ਨੇ ਅਰਦਾਸ ਸੁਣ ਕੇ ਆਪਣੇ ਸੇਵਕਾਂ ਦੀ ਪੈਜ ਰਖੀ ਅਤੇ ਅਗਲਾ ਬੱਚਾ ਬਚ ਗਿਆ, ਜਿਸ ਨੂੰ ਕਿ ਸਿੱਖੀ ਧਾਰਨ ਕਰਵਾਈ ਗਈ। ਪਰ ਪ੍ਰਮਾਤਮਾ ਦੇ ਅਟੱਲ ਭਾਣੇ ਅਨੁਸਾਰ ਪਿਤਾ ਜੀ ਇਨ੍ਹਾਂ ਦੇ ਬਚਪਨ ਹੀ ਚੜ੍ਹਾਈ ਕਰ ਗਏ। ਇਨ੍ਹਾਂ ਦੇ ਮਾਮੇ ਆਪਣੇ ਕੋਲ ਲਾਇਲਪੁਰ ਲੈ ਆਏ ਤੇ ਉਥੇ ਹੀ ਇਨ੍ਹਾਂ ਦੀ ਪਾਲਣਾ ਪੋਸ਼ਣਾ



www.AKJ.Org

ਕੀਤੀ। ਇਥੇ ਇਨ੍ਹਾਂ ਨੂੰ ਸਕੂਲ ਪੜ੍ਹਨੇ ਪਾਇਆ ਗਿਆ, ਪਰੰਤੂ ਨਾਲ ਹੀ ਮਾਮੇ ਦੀ ਦੁਕਾਨ ਤੇ ਸਕੂਲੋਂ ਬਾਅਦ ਆ ਕੇ ਕੰਮ ਕਰਨਾ ਪੈਂਦਾ ਸੀ। ਇਥੇ ਰੋਜ਼ ਗੁਰਦੁਆਰੇ ਵੀ ਹਾਜ਼ਰੀ ਭਰਦੇ ਸੀ। ਉਸ ਸਮੇਂ ਦੇ ਰਿਵਾਜ਼ ਮੁਤਾਬਕ ਸਵੇਰੇ ਉਠ ਕੇ ਖੂਹ ਦੇ ਪਾਣੀ ਨਾਲ ਇਸ਼ਨਾਨ ਕਰਨਾ ਤੇ ਫਿਰ ਬਾਣੀ ਪੜ੍ਹਨੀ। ਗੁਰਦੁਆਰੇ ਜਾ ਕੇ ਢੋਲਕੀ ਤੇ ਚਿਮਟਿਆ ਨਾਲ ਕੀਰਤਨ ਕਰਨਾ। ਇਹ ਆਪ ਦਾ ਰੋਜ਼ਨਾਮਚਾ ਬਣ ਗਿਆ ਸੀ।

ਅਠਵੀਂ ਜਮਾਤ ਖ਼ਾਲਸਾ ਹਾਈ ਸਕੂਲ ਲਾਇਲਪੁਰ ਵਿਚ ਪਾਸ ਕਰਨ ਤੋਂ ਬਾਅਦ ਇਨ੍ਹਾਂ ਨੂੰ ਅਧਿਆਪਕ ਦੀ ਨੌਕਰੀ ਮਿਲਦੀ ਸੀ, ਪਰ ਇਨ੍ਹਾਂ ਨੇ ਆਪਣਿਆਂ ਮਾਮਿਆਂ ਨੂੰ ਨੌਕਰੀ ਕਰਨ ਦੀ ਬਜਾਏ, ਆਪਣਾ ਹੀ ਕੰਮ ਕਰਨ ਦੀ ਇੱਛਾ ਦੱਸੀ, ਕਿਉਂਕਿ ਘਰ ਵਿਚ ਵਿਧਵਾ ਮਾਤਾ, ਵਿਧਵਾ ਭਰਜਾਈ ਤੇ ਇਕ ਅਣ-ਵਿਆਹੀ ਭੈਣ ਸੀ। ਇਨ੍ਹਾਂ ਨੇ ਆਪਣੀ ਭੈਣ ਦਾ ਵਿਆਹ ਵੀ ਸਿੱਖ ਘਰਾਣੇ ਵਿਚ ਹੀ ਕੀਤਾ। ਗੁਰੂ ਦੀ ਮਿਹਰ ਸਦਕਾ ਇਨ੍ਹਾਂ ਦੀ ਦੁਕਾਨ ਬਹੁਤ ਚੱਲੀ ਅਤੇ ਲੋਕ ਇਨ੍ਹਾਂ ਨੂੰ ਸ਼ਾਹੂਕਾਰ ਕਹਿਣ ਲਗ ਪਏ।

ਇਨ੍ਹਾਂ ਦਾ ਅਨੰਦ ਕਾਰਜ ਬੀਬੀ ਦਮਯੰਤੀ ਨਾਲ ਪਾਕਿਸਤਾਨ ਵਿਚ ਲਾਇਲਪੁਰ ਰਹਿੰਦੇ ਹੋਇਆ। ਬੀਬੀ ਜੀ ਕੱਟੜ ਹਿੰਦੂ ਆਰੀਆ ਸਮਾਜੀ ਪਰਿਵਾਰ ਵਿਚੋਂ ਸਨ। ਪਰ ਆਗਿਆਕਾਰ ਹੋਣ ਕਰਕੇ ਆਪਣੇ ਪਤੀ ਦੇ ਨਾਲ ਹੀ ਅੰਮ੍ਰਿਤ ਛੱਕ ਕੇ ਗੁਰੂ ਘਰ ਨਾਲ ਜੁੜ ਗਏ ਅਤੇ ਇਨ੍ਹਾਂ ਦਾ ਨਾਮ ਰਣਜੀਤ ਕੌਰ ਰਖਿਆ। ਇਨ੍ਹਾਂ ਨੇ ਗੁਰੂ ਘਰ ਦੇ ਲੰਗਰਾਂ ਅਤੇ ਗੁਰਸਿੱਖਾਂ ਦੀ ਸੇਵਾ ਕਰਦਿਆਂ ਗੁਰਸਿੱਖੀ ਨੇਮ ਤੋੜ ਤਾਈਂ, ਚੜ੍ਹਦੀਆਂ ਕਲਾਂ ਵਿਚਰਦਿਆਂ ਦ੍ਰਿੜ੍ਹਤਾ ਨਾਲ ਨਿਭਾਇਆ।

ਸੰਨ 1947 ਵਿਚ ਦੇਸ਼ ਦੀ ਵੰਡ ਤੋਂ ਬਾਅਦ ਆਪ ਜੀ ਸ਼ਿਮਲਾ ਆ ਗਏ ਅਤੇ ਇਥੇ ਵੀ ਜੁੱਤੀਆਂ ਦੀ ਦੁਕਾਨ ਦਾ ਕਾਰੋਬਾਰ ਆਰੰਭ ਕੀਤਾ ਜੋ ਕਿ ਸਾਰੇ ਸ਼ਿਮਲੇ ਵਿਚ ਸ਼ਿਮਲਾ ਬੂਟ ਹਾਊਸ ਵਜੋਂ ਮਸ਼ਹੂਰ ਸੀ। ਇਨ੍ਹਾਂ ਦਾ ਇਹ ਲਾਇਆ ਹੋਇਆ ਬੂਟਾ ਖੂਬ ਵਧਿਆ-ਫੁੱਲਿਆ ਜਿਸ ਦਾ ਫਲ ਇਨ੍ਹਾਂ ਦੀ ਅਗੋਂ ਸੰਤਾਨ ਵੀ ਖਾ ਰਹੀ ਹੈ ਅਤੇ ਇਹੋ ਹੀ ਵਪਾਰਕ ਧੰਦਾ ਹੁਣ ਵੀ ਕਰ ਰਹੇ ਹਨ। ਇਨ੍ਹਾਂ ਦੇ ਸਪੁੱਤਰ ਗੁਰਪੁਰਵਾਸੀ ਭਾਈ ਬਲਦੇਵ ਸਿੰਘ ਜੀ ਨੇ ਸ਼ਿਮਲੇ ਵਿਚ ਹੋਣ ਵਾਲੇ ਸਮਾਗਮਾਂ ਦਾ ਸੁਯੋਗ ਪ੍ਰਬੰਧ ਕਰਕੇ ਸੰਗਤਾਂ ਦੀ ਸੇਵਾ ਦਾ ਇਨ੍ਹਾਂ ਵਾਂਗ ਖੂਬ ਲਾਹਾ ਲਿਆ।

ਗੁਰਸਿਖੀ ਦੀ ਲਗਨ ਤਾਂ ਇਨ੍ਹਾਂ ਨੂੰ ਬਚਪਨ ਤੋਂ ਹੀ ਲੱਗ ਗਈ ਸੀ ਕਿਉਂਕਿ ਇਨ੍ਹਾਂ ਦੇ ਮਾਤਾ ਜੀ ਦੀ ਸਿਦਕ ਭਰੋਸੇ ਨਾਲ ਹੀ ਇਨ੍ਹਾਂ ਦੀ ਜਾਨ ਬਚੀ ਸੀ ਅਤੇ ਉਹ ਗੁਰੂ ਘਰ ਦੀ ਪ੍ਰੇਮੀ ਅਤੇ ਸ਼ਰਧਾਲੂ ਭਗਤਣੀ ਸੀ। ਸ਼ਿਮਲੇ ਆ ਕੇ ਇਨ੍ਹਾ ਨੂੰ ਸੰਤ ਗੁਰਬਖਸ਼ ਸਿੰਘ ਜੀ ਜੋਤੀਸਰ ਵਾਲਿਆਂ ਦੀ ਸੰਗਤ ਦੇ ਨਾਲ-ਨਾਲ ਅਖੰਡ ਕੀਰਤਨੀ ਜਥੇ ਦੇ ਪੁਰਾਤਨ ਸਿੰਘਾਂ ਭਾਈ ਹਰਚਰਨ ਸਿੰਘ ਜੀ ਚੰਡੀਗੜ੍ਹ, ਭਾਈ ਨੌਹਰੀਆਂ ਸਿੰਘ, ਭਾਈ ਮਿਹਰ ਸਿੰਘ, ਭਾਈ ਹਰਨਾਮ ਸਿੰਘ ਕੋਮਲ ਜੀ, ਭਾਈ ਜੋਧ ਸਿੰਘ, ਭਾਈ ਪ੍ਰੀਤਮ ਸਿੰਘ ਠੇਕੇਦਾਰ ਅਤੇ ਹੋਰ ਸਿਰ ਕੱਢ ਪੁਰਾਤਨ ਸਿੰਘ ਜੋ ਕਿ ਵੱਖ-ਵੱਖ ਕੇਂਦਰ ਅਤੇ ਪੰਜਾਬ ਸਰਦਾਰ ਦੇ ਮਹਿਕਮਿਆਂ ਵਿਚ ਨੌਕਰੀ ਕਰਦੇ ਸਨ, ਦੀ ਸੰਗਤ ਵੀ ਪ੍ਰਾਪਤ ਹੋ ਗਈ। ਭਾਈ ਸਾਹਿਬ ਰਣਧੀਰ ਸਿੰਘ ਜੀ, ਬਾਊ ਮਲ ਸਿੰਘ ਜੀ ਅਤੇ ਜਥੇ ਦੇ ਹੋਰ ਸਿੰਘਾਂ ਖ਼ਾਸਕਰ ਭਾਈ ਆਤਮਾ ਸਿੰਘ ਦੀ ਪੰਜੋਖਰਾ ਸਾਹਿਬ, ਭਾਈ ਬਾਵਾ ਸਿੰਘ ਜੀ ਸਮੇਤ ਹਰ ਸਾਲ ਪੰਜਵੇਂ ਪਾਤਸ਼ਾਹ ਦੇ ਸ਼ਹੀਦੀ ਗੁਰਪੁਰਬ 'ਤੇ ਸ਼ਿਮਲੇ ਆਉਂਦੇ ਸਨ ਅਤੇ ਕੁਮਾਰ ਹੱਟੀ ਵੀ ਗਰਮੀਆਂ ਦੇ ਦਿਨਾਂ ਵਿਚ 3-4 ਮਹੀਨੇ ਠਹਿਰਦੇ ਸਨ ਅਤੇ ਉਨ੍ਹਾਂ ਦੀ ਸੰਗਤ ਵੀ ਪ੍ਰਾਪਤ ਹੁੰਦੀ ਰਹੀ।

ਜਦੋਂ ਇਨ੍ਹਾਂ ਦੇ ਪੂਰਬਲੇ ਅੰਕੁਰ ਸਫ਼ੁਟ ਹੋਏ ਤੇ ਅੰਮ੍ਰਿਤ ਦੀ ਦਾਤ ਪੰਜ ਪਿਆਰਿਆਂ ਕੋਲੋਂ ਪ੍ਰਾਪਤ ਕਰਨ ਦੇ ਸੁਭਾਗ ਸਮੇਂ ਆਣ ਜੁੜੇ। ਇਕ ਵਾਰ ਬਹੁਤ ਬੀਮਾਰ ਹੋ ਗਏ। ਇਨ੍ਹਾਂ ਦਾ ਅਪਰੇਸ਼ਨ ਹੋਣਾ ਸੀ। ਬਲੱਡ ਪਰੈਸ਼ਰ ਜ਼ਿਆਦਾ ਹੋਣ ਕਾਰਨ ਡਾਕਟਰਾਂ ਨੇ ਅਪਰੇਸ਼ਨ ਕਰਨ ਤੋਂ ਨਾਂਹ ਕਰ ਦਿੱਤੀ। ਇਹ ਆਪਣੇ ਭਤੀਜੇ ਭਾਈ ਪ੍ਰਕਾਸ਼ ਸਿੰਘ ਕੋਲ ਦਿੱਲੀ ਕਿਸੇ ਚੰਗੇ ਡਾਕਟਰ ਕੋਲ ਇਲਾਜ ਲਈ ਚਲੇ ਗਏ। ਉਸ ਸਮੇਂ ਦਿੱਲੀ ਦੁਸਹਿਰੇ ਦਾ ਸਮਾਗਮ ਚਲ



www.AKJ.Org

ਰਿਹਾ ਸੀ ਅਤੇ ਭਾਈ ਸਾਹਿਬ ਜੀ ਜਥੇ ਸਮੇਤ ਆਏ ਹੋਏ ਸਨ। ਬੀਮਾਰੀ ਤੋਂ ਨਿਰਾਸ਼ ਹੋਣ ਕਾਰਨ ਇਨ੍ਹਾਂ ਨੇ ਆਪਣੇ ਆਪ ਨੂੰ ਸਿੰਘਣੀ ਸਮੇਤ ਅੰਮ੍ਰਿਤ ਛੱਕਣ ਲਈ ਤਿਆਰ ਕਰ ਲਿਆ। ਹੋਰ ਹੀਲੇ-ਵਸੀਲੇ ਫੇਲ੍ਹ ਹੋਣ ਤੋਂ ਬਾਅਦ ਗੁਰੂ ਦੀ ਟੇਕ ਲੈ ਲਈ। ਅੰਮ੍ਰਿਤ ਛੱਕ ਕੇ ਤਿਆਰ-ਬਰ-ਤਿਆਰ ਹੋ ਗਏ ਅਤੇ ਜਲਦੀ ਹੀ ਸਿਹਤਯਾਬ ਹੋ ਗਏ।

ਸ਼ਿਮਲਾ ਜੋ ਕਿ 1942 ਦੇ ਜਥੇ ਦੇ ਸਿੰਘਾਂ ਦਾ ਗੜ੍ਹ ਬਣਿਆ ਹੋਇਆ ਸੀ ਤੇ ਉਥੇ ਹੀ ਆਪ ਜੀ ਨੂੰ ਭਾਈ ਸਾਹਿਬ ਜੀ ਸਮੇਤ ਬਹੁਤ ਸਾਰੇ ਪੁਰਾਤਨ ਗੁਰਸਿਖਾਂ ਦੀ ਸੰਗਤ ਮਾਨਣ ਦਾ ਸੁਭਾਗ ਪ੍ਰਾਪਤ ਹੁੰਦਾ ਰਿਹਾ ਹੈ। ਆਪ ਮਾਇਕ ਪੱਖੋਂ ਕਾਫੀ ਸੌਖੇ ਹੋਣ ਕਰਕੇ ਸੰਗਤਾਂ ਦੀ ਖੁਲ੍ਹੇ ਦਿਲ ਨਾਲ ਮਾਇਕ ਤੌਰ 'ਤੇ ਸੇਵਾ ਕਰਦੇ ਰਹਿੰਦੇ ਸਨ। ਸੰਨ 1955 ਤੋਂ ਬਾਅਦ ਬਹੁਤ ਸਾਰੇ ਸਿੰਘ ਵਾਪਸ ਦਿੱਲੀ ਅਤੇ ਚੰਡੀਗੜ੍ਹ ਤਬਦੀਲ ਹੋ ਗਏ। ਉਸ ਤੋਂ ਬਾਅਦ, ਪੰਚਮ ਪਾਤਸ਼ਾਹ ਜੀ ਦੇ ਸ਼ਹੀਦੀ ਗੁਰਪੁਰਬ ਸਮੇਂ ਸ਼ਿਮਲੇ ਅਤੇ ਕੁਮਾਰਹੱਟੀ ਹੋਣ ਵਾਲੇ ਸਮਾਗਮਾਂ ਦੀ ਸੇਵਾ ਆਪ ਜੀ ਪਰਿਵਾਰ ਸਮੇਤ ਨਿਭਾਉਂਦੇ ਰਹੇ। ਆਪ ਜੀ, ਭਾਈ ਸਾਹਿਬ ਜੀ ਦੇ ਕੁਮਾਰਹਟੀ ਠਹਿਰਾਅ ਵੇਲੇ ਸ਼ਿਮਲੇ ਤੋਂ ਹਰ ਹਫਤੇ ਇਥੇ ਆਉਂਦੇ ਸਨ ਤੇ ਸੰਗਤਾਂ ਦੀ ਹਰ ਤਰ੍ਹਾਂ ਸੇਵਾ ਲਈ ਤਤਪਰ ਰਹਿੰਦੇ ਸਨ। ਕੁਮਾਰਹੱਟੀ ਭਾਈ ਸਾਹਿਬ ਜੀ ਦੇ ਤਪੋਬਨ ਅਸਥਾਨ ਬਣਾਉਣ ਵਿਚ ਵੀ ਆਪ ਨੇ ਬਹੁਤ ਯੋਗਦਾਨ ਪਾਇਆ। ਜਥੇ ਦੇ ਸੰਚਾਲਨ ਲਈ ਬਾਊ ਮਲ ਸਿੰਘ ਜੀ ਵਲੋਂ ਬਣਾਈ ਜਾਂਦੀ ਕਾਰਜ ਸਾਧਕ ਕਮੇਟੀ ਦੇ ਵੀ ਆਪ ਮੈਂਬਰ ਹੁੰਦੇ ਸਨ ਅਤੇ ਜਥੇ ਦੇ ਪ੍ਰਬੰਧ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਸਮੇਂ-ਸਮੇਂ ਆਪਣੀ ਰਾਇ ਵੀ ਦਿੰਦੇ ਰਹੇ ਹਨ।

ਸ਼ਿਮਲੇ ਗਰਮੀਆਂ ਦੀਆਂ ਛੁਟੀਆਂ ਵਿਚ ਘੁੰਮਣ ਫਿਰਨ ਆਉਣ ਵਾਲੇ ਸਿੰਘ ਵੀ ਆਮ ਤੌਰ ਤੇ ਆਪ ਕੋਲ ਹੀ ਠਹਿਰਦੇ ਸਨ। ਆਪ ਲੰਬਾ ਸਮਾਂ ਗੁਰਦੁਆਰਾ ਸਿੰਘ ਸਭਾ ਕਾਰਟ ਰੋਡ ਦੇ ਪ੍ਰਧਾਨ ਦੀ ਸੇਵਾ ਵੀ ਨਿਭਾਉਂਦੇ ਰਹੇ ਅਤੇ ਉਨ੍ਹਾਂ ਤੋਂ ਪਿਛੋਂ ਉਨ੍ਹਾਂ ਦੇ ਸਪੁੱਤਰ ਭਾਈ ਬਲਦੇਵ ਸਿੰਘ ਜੀ ਨੇ ਇਹ ਸੇਵਾ ਕਾਫ਼ੀ ਲੰਬਾ ਸਮਾਂ ਸੰਭਾਲੀ।

ਆਪ ਜੀ ਕੀਰਤਨੀਆਂ ਦੇ ਪਿਛੇ ਬੈਠ ਕੇ ਉਚੀ ਸੁਰ ਵਿਚ ਬੋਲਦੇ ਸਨ। ਸੰਨ 1963 ਵਿਚ ਇਨ੍ਹਾਂ ਦਾ ਗਲਾ ਬੰਦ ਹੋ ਗਿਆ ਅਤੇ ਆਵਾਜ਼ ਵੀ ਨਿਕਲਣੀ ਬੰਦ ਹੋ ਗਈ। ਡਾਕਟਰ ਨੇ ਕੈਂਸਰ ਦਾ ਸ਼ੱਕ ਪਾ ਦਿੱਤਾ ਅਤੇ ਬੋਲਣ ਤੋਂ ਬਿਲਕੁਲ ਮਨ੍ਹਾ ਕਰ ਦਿੱਤਾ। ਆਪ ਆਪਣਾ ਸਾਰਾ ਕੰਮ/ਕਿਰਿਆਵਾਂ ਲਿਖ ਕੇ ਦੱਸਦੇ ਰਹੇ। ਇਸ ਤਰ੍ਹਾਂ ਕੁਝ ਸਮਾਂ ਲੰਘਿਆ। ਪਰ ਸਾਰੀ ਉਮਰ ਬਾਣੀ ਉੱਚੀ-ਉੱਚੀ ਪੜ੍ਹਨ ਕਰਕੇ, ਸੰਗਤ ਵਿਚ ਆ ਕੇ ਕੀਰਤਨ ਵਿਚ ਨਾ ਬੋਲਣ ਕਰਕੇ ਬਹੁਤ ਘਾਟਾ ਮਹਿਸੂਸ ਕਰਦੇ ਸਨ। ਇਨ੍ਹਾਂ ਨੇ ਗੁਰੂ ਦੀ ਟੇਕ ਲਈ ਤੇ ਹੌਲੀ-ਹੌਲੀ ਸੰਗਤ ਵਿਚ ਜਾ ਕੇ ਕੀਰਤਨੀਆਂ ਨਾਲ ਬੋਲਣਾ ਸ਼ੁਰੂ ਕਰ ਦਿੱਤਾ। ਗੁਰੂ ਦੀ ਮਿਹਰ ਸਦਕਾ ਹੌਲੀ-ਹੌਲੀ ਆਵਾਜ਼ ਵੀ ਵਾਪਸ ਆ ਗਈ ਅਤੇ ਜੋ ਗਲੇ ਦੀ ਤਕਲੀਫ ਸੀ ਉਹ ਵੀ ਠੀਕ ਹੋ ਗਈ। ਫਿਰ ਤਾਅ ਜ਼ਿੰਦਗੀ ਮੁੜ ਕੇ ਕੋਈ ਇਸ ਤਰ੍ਹਾਂ ਦੀ ਤਕਲੀਫ ਨਹੀਂ ਹੋਈ।

ਇਹ ਲੋੜਵੰਦਾਂ ਤੇ ਗਰੀਬ ਗੁਰਸਿੱਖਾਂ ਦੀ ਖੁਲ੍ਹੇ ਦਿਲ ਨਾਲ ਮਾਇਆ ਰਾਹੀਂ ਸੇਵਾ ਕਰਦੇ ਰਹਿੰਦੇ ਸਨ। ਬੇਅੰਤ ਸੰਗਤਾਂ ਨੂੰ ਸ਼ਿਮਲੇ ਅਤੇ ਜਲੰਧਰ ਸੂਰਾ ਮਾਸਿਕ ਪੱਤਰ ਲਵਾ ਕੇ ਦਿੱਤਾ ਅਤੇ ਗੁਰਮਤਿ ਦੇ ਪ੍ਰਚਾਰ ਨੂੰ ਘਰ ਘਰ ਪਹੁੰਚਾਇਆ।

ਆਪ ਜੀ ਦੀ ਸਿਹਤ ਸਾਰੀ ਉਮਰ ਠੀਕ ਰਹੀ। ਮਿਤੀ 1 ਮਈ 1994 ਨੂੰ ਅੰਮ੍ਰਿਤ ਵੇਲੇ ਇਸ਼ਨਾਨ ਤੋਂ ਬਾਅਦ ਚੌਂਕੜਾ ਮਾਰ ਕੇ ਨਾਮ ਅਭਿਆਸ ਨਿਤਨੇਮ ਕਰਨ ਤੋਂ ਬਾਅਦ ਅਚਾਨਕ ਹੀ ਪਰਿਵਾਰਕ ਮੈਂਬਰਾਂ ਨੂੰ ਗੁਰੂ ਫ਼ਤਿਹ ਬੁਲਾ ਕੇ ਬਿਨਾਂ ਕਿਸੇ ਸਰੀਰਕ ਤਕਲੀਫ ਤੋਂ ਗੁਰੂ ਚਰਨਾਂ ਵਿਚ ਜਾ ਬਿਰਾਜੇ। ਉਨ੍ਹਾਂ ਦੇ ਪਰਿਵਾਰ ਵਿਚ ਚਾਰ ਪੁੱਤਰ ਅਤੇ ਤਿੰਨ ਪੁਤਰੀਆਂ ਹਨ ਜਿਨ੍ਹਾਂ ਵਿਚ ਇਕ ਸਪੁੱਤਰ ਭਾਈ ਬਲਦੇਵ ਸਿੰਘ ਤੇ ਦੋ ਪੁੱਤਰੀਆਂ ਗੁਰੂ ਚਰਨਾਂ ਵਿਚ ਜਾ ਬਿਰਾਜ ਚੁੱਕੀਆਂ ਹਨ। ਬਾਕੀ ਸਾਰੇ ਪਰਿਵਾਰ ਦੇ ਮੈਂਬਰ ਸੁਖੀ ਵਸਦੇ ਹਨ ਅਤੇ ਗੁਰਸਿੱਖੀ ਜੀਵਨ ਬਤੀਤ ਕਰ ਰਹੇ ਹਨ।



www.AKJ.Org

# ਭਾਈ ਦੁਰਲੱਭ ਸਿੰਘ ਜੀ, ਅੰਬਾਲਾ ਛਾਉਣੀ

ਭਾਈ ਗੁਰਦੀਪ ਸਿੰਘ, ਸ੍ਰੀ ਅੰਮ੍ਰਿਤਸਰ

ਕੰਠ ਗੁਰਬਾਣੀ ਦੇ ਕੀਰਤਨੀਏ ਲੰਗਰਾਂ ਦੀ ਸੇਵਾ ਦੇ ਅਣਥੱਕ ਸੇਵਾਦਾਰ ਭਾਈ ਦੁਰਲੱਭ ਸਿੰਘ ਜੀ ਦਾ ਜਨਮ ਮਿਤੀ 15 ਜਨਵਰੀ 1919 ਨੂੰ ਪਿੰਡ ਸੁਖੋ ਜ਼ਿਲ੍ਹਾ ਰਾਵਲਪਿੰਡੀ ਪਾਕਿਸਤਾਨ ਵਿਚ ਪਿਤਾ ਸ. ਸੇਵਾ ਸਿੰਘ ਜੀ ਦੇ ਘਰ ਮਾਤਾ ਭਗਵੰਤ ਕੌਰ ਜੀ ਦੀ ਕੁੱਖੋਂ ਹੋਇਆ। ਇੰਨ੍ਹਾਂ ਦੇ ਪਿਤਾ ਜੀ ਦਾ ਬਹੁਤ ਅੱਛਾ ਕਾਰੋਬਾਰ ਸੀ ਤੇ ਮਾਇਕ ਹਾਲਤ ਵੀ ਅੱਛੀ ਸੀ। ਉਹ ਆਮ ਸਧਾਰਨ ਸਿੱਖ ਪ੍ਰੀਵਾਰ ਵਿਚੋਂ ਸਨ। ਆਪ ਜੀ ਨੂੰ ਗੁਰਸਿਖੀ ਦੀ ਦਾਤ ਪ੍ਰੀਵਾਰ ਵਿਚੋਂ ਬਚਪਨ ਤੋਂ ਹੀ ਮਿਲ ਗਈ ਸੀ। ਆਪ ਜੀ ਨੇ ਸੰਸਾਰਕ ਵਿਦਿਆ ਦਸਵੀਂ ਤੱਕ ਪਾਕਿਸਤਾਨ ਰਹਿੰਦੇ ਹੀ ਕਰ ਲਈ ਸੀ। ਪਾਕਿਸਤਾਨ ਬਣਨ ਵੇਲੇ ਆਪ ਜੀ ਦੇ ਪਿਤਾ ਜੀ ਫਸਾਦੀਆਂ ਹਥੋਂ ਸ਼ਹੀਦ ਹੋ ਗਏ ਸਨ ਅਤੇ ਆਪ ਜੀ ਮਾਤਾ ਜੀ ਤੇ ਪ੍ਰੀਵਾਰ ਨਾਲ ਅੰਬਾਲਾ ਛਾਉਣੀ ਆ ਗਏ।

ਮਿਤੀ 26 ਮਈ 1942 ਨੂੰ ਆਪ ਜੀ ਦਾ ਅਨੰਦ ਕਾਰਜ ਬੀਬੀ ਪ੍ਰੇਮ ਕੌਰ ਜੀ ਪੁੱਤਰੀ ਸ. ਉੱਤਮ ਸਿੰਘ ਜੀ ਜੋ ਕਿ ਪਿੰਡ ਬਾਸਲੀ ਜ਼ਿਲ੍ਹਾ ਰਾਵਲਪਿੰਡੀ ਪਾਕਿਸਤਾਨ ਦੇ ਨਿਵਾਸੀ ਸਨ ਨਾਲ ਹੋਇਆ। ਆਪ ਜੀ ਦੇ ਘਰ ਦੋ ਪੁੱਤਰਾਂ ਅਤੇ ਤਿੰਨ ਪੁੱਤਰੀਆਂ ਨੇ ਜਨਮ ਲਿਆ ਜੋ ਕਿ ਸਾਰੇ ਹੀ ਅੰਮ੍ਰਿਤਧਾਰੀ ਤੇ ਗੁਰਮਤਿ ਦੇ ਮਾਰਗ ਦੇ ਪਾਂਧੀ ਹਨ। ਇੰਨ੍ਹਾਂ ਦਾ ਲੜਕਾ ਭਾਈ ਅਮਰਜੀਤ ਸਿੰਘ ਜੋ ਕਿ ਅਮਰੀਕਾ ਵਿਚ ਨਿਵਾਸ ਰੱਖਦਾ ਹੈ ਸਾਰੇ ਸਮਾਗਮਾਂ ਤੇ ਅੱਗੇ ਹੋ ਕੇ ਸੇਵਾ ਨਿਭਾਅ ਕੇ ਗੁਰੂ ਸਾਹਿਬ ਜੀ ਦੀਆਂ ਖੁਸ਼ੀਆਂ ਦਾ ਪਾਤਰ ਬਣ ਰਿਹਾ ਹੈ।

ਪਾਕਿਸਤਾਨ ਰਹਿੰਦੇ ਸਮੇਂ ਆਪ ਜੀ ਨੇ ਲੋਕ ਨਿਰਮਾਣ ਵਿਭਾਗ ਵਿਚ ਕਲਰਕ ਤੌਰ 'ਤੇ ਨੌਕਰੀ ਸ਼ੁਰੂ ਕਰ ਲਈ ਅਤੇ ਦੇਸ਼ ਦੀ ਵੰਡ ਤੋਂ ਬਾਅਦ ਵੀ ਅੰਬਾਲੇ ਛਾਉਣੀ ਆਉਣ ਤੇ ਆਪ ਜੀ ਦੀ ਇਹ ਨੌਕਰੀ ਜਾਰੀ ਰਹੀ। ਭਾਈ ਹਰਚਰਨ ਸਿੰਘ ਜੀ ਨੰਦਾ, ਅੰਬਾਲਾ ਛਾਉਣੀ ਜੋ ਕਿ ਜਥੇ ਦੇ ਪੁਰਾਤਨ ਗੁਰਸਿੱਖ ਸਨ ਤੇ ਉਹ ਵੀ ਇੰਨ੍ਹਾਂ ਦੇ ਮਹਿਕਮੇ ਵਿਚ ਹੀ ਨੌਕਰੀ ਕਰਦੇ ਸਨ। ਪਹਿਲਾਂ ਉਹ ਸ਼ਿਮਲੇ ਤਾਇਨਾਤ ਸਨ ਤੇ ਉੱਥੇ ਪੁਰਾਤਨ ਗੁਰਸਿਖਾਂ ਦੀ ਸੰਗਤ ਕਾਰਨ ਭਾਈ ਸਾਹਿਬ ਜੀ ਨਾਲ ਮਿਲਾਪ ਹੋ ਚੁੱਕਾ ਸੀ। ਉਨ੍ਹਾਂ ਦੀ ਪ੍ਰੇਰਨਾ ਨਾਲ ਆਪ ਜੀ ਦਾ ਮਿਲਾਪ ਵੀ ਭਾਈ ਸਾਹਿਬ ਜੀ ਨਾਲ ਸੰਨ 1950 ਵਿਚ ਗੁਰਦੁਆਰਾ ਪੰਜੋਖਰਾ ਸਾਹਿਬ ਵਿਖੇ ਹੋਇਆ ਅਤੇ ਉੱਥੇ ਹੀ ਆਪ ਜੀ ਨੇ ਪ੍ਰੀਵਾਰ ਸਮੇਤ ਅੰਮ੍ਰਿਤ ਛੱਕ ਲਿਆ ਅਤੇ ਰਹਿਤ-ਬਹਿਤ ਦੇ ਪੱਕੇ ਧਾਰਨੀ ਹੋ ਗਏ। ਫਿਰ ਆਪ ਜੀ ਜਥੇ ਦੇ ਸਮਾਗਮਾਂ ਤੇ ਹਰ ਥਾਂ ਪਹੁੰਚ ਕੇ ਨਾਮ ਬਾਣੀ ਦੇ ਲਾਹੇ ਲੈਂਦੇ ਰਹੇ।

ਦੇਸ਼ ਦੀ ਵੰਡ ਵੇਲੇ ਫਸਾਦੀਆਂ ਹੱਥੋਂ ਆਪ ਜੀ ਦੇ ਪਿਤਾ ਸਮੇਤ ਹਜ਼ਾਰਾਂ ਸਿੰਘ ਸਿੰਘਣੀਆਂ ਸ਼ਹੀਦ ਹੋ ਗਈਆਂ ਸਨ। 15 ਅਗਸਤ ਨੂੰ ਛੁੱਟੀ ਹੋਣ ਕਰਕੇ ਆਪ ਜੀ ਨੇ ਉਨ੍ਹਾਂ ਸਮੂਹ ਸ਼ਹੀਦ ਹੋਏ ਸਿੰਘ ਸਿੰਘਣੀਆਂ ਦੀ ਯਾਦ ਨੂੰ ਸਮਰਪਿਤ ਭਾਈ ਸਾਹਿਬ ਹਰਚਰਨ ਸਿੰਘ ਜੀ ਨੰਦਾ ਦੇ ਸਹਿਯੋਗ ਨਾਲ ਅੰਬਾਲਾ ਕੈਂਟ ਵਿਖੇ ਸਾਲਾਨਾ ਸਮਾਗਮਾਂ ਦੀ ਅਰੰਭਤਾ ਕੀਤੀ ਜੋ ਕਿ ਅੱਜ ਤਾਈਂ ਹਰ ਸਾਲ ਬਹੁਤ ਚੜਦੀਆ ਕਲਾਂ ਵਿਚ ਹੁੰਦਾ ਹੈ। ਬੇਅੰਤ ਗੁਰੂ ਕੇ ਪ੍ਰਾਣੀ ਇਸ ਸਮਾਗਮ ਤੇ ਅੰਮ੍ਰਿਤ ਛੱਕ ਕੇ ਗੁਰੂ ਦੇ ਲੜ ਲੱਗਦੇ ਹਨ। ਇਹ ਸਮਾਗਮ ਸਭ ਤੋਂ ਪਹਿਲਾਂ ਉਨ੍ਹਾਂ ਆਪਣੇ ਘਰ ਰੈਣ ਸਬਾਈ ਕੀਰਤਨ ਤੋਂ ਸ਼ੁਰੂ ਕੀਤਾ ਜੋ ਕਿ ਆਪਣੇ ਸ਼ਹੀਦ ਪਿਤਾ ਜੀ ਦੀ ਯਾਦ ਹਿੱਤ ਕੀਤਾ ਸੀ ਤੇ ਬਾਅਦ ਵਿਚ ਇਹ ਕੇਂਦਰੀ ਸਮਾਗਮ ਬਣ ਗਿਆ।

ਗੁਰਦੁਆਰਾ ਸ੍ਰੀ ਪੰਜੋਖਰਾ ਸਾਹਿਬ ਅੰਬਾਲਾ ਕੈਂਟ ਦੇ ਨਜ਼ਦੀਕ ਹੀ ਹੈ ਅਤੇ ਉੱਥੇ ਭਾਈ ਸਾਹਿਬ ਜੀ ਦੇ ਅਤਿ ਪਿਆਰੇ ਨਿਕਟਵਰਤੀ ਪੁਰਾਤਨ ਸਾਥੀ ਭਾਈ ਆਤਮਾ ਸਿੰਘ ਜੀ ਨਿਵਾਸ ਰੱਖਦੇ ਸਨ। ਉਨ੍ਹਾਂ ਨਾਲ ਵੀ ਆਪ ਜੀ ਦਾ ਡੂੰਘਾ ਸਨੇਹ ਹੋ ਗਿਆ। ਉਨ੍ਹਾਂ ਦੀ ਪ੍ਰੇਰਨਾ ਨਾਲ ਹੀ ਆਪ ਜੀ ਨੇ ਗੁਰਬਾਣੀ ਦੇ ਪਾਠ ਅਤੇ ਕੀਰਤਨ ਸਿੱਖਣਾ ਸ਼ੁਰੂ ਕਰ ਦਿੱਤਾ। ਥੋੜੇ ਸਮੇਂ ਵਿਚ ਹੀ ਆਪ ਜੀ ਸ਼ੁੱਧ ਗੁਰਬਾਣੀ ਦੇ ਅਖੰਡ ਪਾਠੀ ਬਣ ਗਏ ਤੇ ਨਾਲ ਹੀ ਸਿਰਕੱਢ ਕੀਰਤਨੀਆਂ



www.AKJ.Org

ਦੀ ਗਿਣਤੀ ਵਿਚ ਆਉਣ ਲੱਗ ਪਏ। ਇਸ ਦੇ ਨਾਲ-ਨਾਲ ਆਪ ਜੀ ਲੰਗਰ ਸਜਾਉਣ ਦੀ ਸੇਵਾ ਵੀ ਬੜੇ ਚਾਓ ਉਮਾਹੇ ਨਾਲ ਨਿਭਾਉਂਦੇ ਸਨ। ਆਪਣੀ ਸਰਕਾਰੀ ਨੌਕਰੀ ਦੇ ਨਾਲ-ਨਾਲ ਉਨ੍ਹਾਂ ਨੇ ਸ੍ਰੀ ਅਖੰਡ ਪਾਠਾਂ ਅਤੇ ਕੀਰਤਨ ਦੀ ਸੇਵਾ ਹਮੇਸ਼ਾਂ ਨਿਸ਼ਕਾਮ ਅਤੇ ਨਿਰਬਾਣ ਹੋ ਕੇ ਨਿਬਾਹੀ। ਆਪ ਜੀ ਨੂੰ ਇਤਨੀ ਬਾਣੀ ਕੰਠ ਸੀ ਕਿ ਸਾਰੀ-ਸਾਰੀ ਰਾਤ ਇਕੱਲੇ ਹੀ ਕੰਠ ਗੁਰਬਾਣੀ ਦਾ ਕੀਰਤਨ ਕਰ ਲੈਂਦੇ ਸਨ ਅਤੇ ਕਦੇ ਅਕੇਵਾਂ, ਥਕੇਵਾਂ, ਆਲਸ ਨਿੰਦ੍ਰਾ ਨੇੜੇ ਨਹੀਂ ਸੀ ਫੱਟਕਦੀ। ਭਾਈ ਆਤਮਾ ਸਿੰਘ ਜੀ ਆਪ ਜੀ ਦਾ ਬਹੁਤ ਸਤਿਕਾਰ ਕਰਦੇ ਸਨ ’ਤੇ ਅਸੀਸਾਂ ਬਖਸ਼ਦੇ ਰਹਿੰਦੇ ਸਨ। ਜਥੇ ਦੇ ਸਾਰੇ ਲੋਕਲ ਹਫ਼ਤਾਵਾਰੀ ਅਤੇ ਕੇਂਦਰੀ ਸਮਾਗਮਾਂ ’ਤੇ ਪ੍ਰੀਵਾਰ ਸਮੇਤ ਧਾਹੀ ਕਰਕੇ ਪੁੱਜ ਜਾਂਦੇ ਸਨ। ਅਮਰੀਕਾ ਜਾਣ ਤਾਈਂ ਉਹ ਅੰਬਾਲਾ ਸ਼ਹਿਰ ਅਤੇ ਇਰਦ ਗਿਰਦ ਹੋਣ ਵਾਲੇ ਸਮਾਗਮਾਂ ਦੇ ਮੁੱਖ ਪ੍ਰਬੰਧਕ ਵਜੋਂ ਸੇਵਾ ਨਿਭਾਉਂਦੇ ਰਹੇ। ਇਸ ਸਮੇਂ ਉਨ੍ਹਾਂ ਦੀ ਸਿੰਘਣੀ ਅਤੇ ਬੱਚਿਆਂ ਨੇ ਵੀ ਉਨ੍ਹਾਂ ਦਾ ਪੂਰਾ ਸਾਥ ਦਿੱਤਾ।

ਆਪ ਜੀ ਅੰਦਰ ਪੰਥਕ ਕੁਰਬਾਨੀ ਦਾ ਜਜ਼ਬਾ ਵੀ ਕੁੱਟ-ਕੁੱਟ ਕੇ ਭਰਿਆ ਹੋਇਆ ਸੀ। ਪੰਜਾਬੀ ਸੂਬੇ ਦੇ ਮੋਰਚੇ ਵਿਚ ਵੀ ਆਪ ਜੀ ਨੇ ਕੁਝ ਸਮਾਂ ਜੇਲ੍ਹ ਕੱਟੀ ਅਤੇ ਪੰਥਕ ਸੇਵਾ ਵਿਚ ਆਪਣਾ ਯੋਗਦਾਨ ਪਾਇਆ।

ਪਹਿਲਾਂ ਪਹਿਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪਾਂ ਦੀ ਛਪਾਈ ਕੇਵਲ ਪ੍ਰਾਈਵੇਟ ਪ੍ਰਕਾਸ਼ਕਾਂ ਵਲੋਂ ਹੀ ਕੀਤੀ ਜਾਦੀ ਸੀ ਤੇ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪਾਂ ਨੂੰ ਆਪ ਪੁਸਤਕਾਂ ਵਾਂਗ ਬਜ਼ਾਰਾਂ ਵਿਚ ਉਸ ਦੀ ਵੱਖ-ਵੱਖ ਕੀਮਤ ਰੱਖ ਕੇ ਬੜੇ ਬੇਅਦਬ ਢੰਗ ਨਾਲ ਵੇਚਦੇ ਸਨ। ਇਸ ਨੂੰ ਵੇਖ ਕੇ ਭੈ ਭਾਵਨੀ ਰੱਖਣ ਵਾਲੇ ਗੁਰਸਿੱਖ ਸ਼ਰਧਾਲੂਆਂ ਦੇ ਹਿਰਦੇ ਵਲੂੰਧਰੇ ਜਾਂਦੇ ਸਨ। ਸ਼੍ਰੋ.ਗੁ.ਪ੍ਰਬੰਧਕ ਕਮੇਟੀ ਵਲੋਂ ਕੋਈ ਪੁਖਤਾ ਪ੍ਰਬੰਧ ਨਾ ਕੀਤੇ ਜਾਣ ਕਰਕੇ ਕੁਝ ਗੁਰਸਿੱਖਾਂ (ਜਿੰਨ੍ਹਾਂ ਵਿਚ ਸ. ਇੰਦਰ ਸਿੰਘ ਗੁਲਾਟੀ ਅੰਬਾਲਾ ਕੈਂਟ, ਭਾਈ ਜੋਗਿੰਦਰ ਸਿੰਘ ਜੀ ਤਲਵਾੜਾ, ਡਾਕਟਰ ਪ੍ਰੀਤਮ ਸਿੰਘ ਦਸੂਹਾ, ਗਿਆਨੀ ਗੁਰਦਿੱਤ ਸਿੰਘ ਜੀ ਸ਼ਾਮਿਲ ਸਨ) ਨੇ ਅੰਬਾਲਾ ਕੈਂਟ ਵਿਚ ਜਮੀਨ ਲੈ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਭਵਨ ਦੀ ਉਸਾਰੀ ਹਿੱਤ ਬੀੜਾ ਚੁੱਕਿਆ। ਨਵੰਬਰ 1972 ਵਿਚ ਇਕ ਪੰਥਕ ਸਮਾਗਮ ਕਰਕੇ ਉਸ ਦੀ ਅਰੰਭਤਾ ਕੀਤੀ ਗਈ। ਇਸ ਭਵਨ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਪਾਈ ਅਦਬ ਸਤਿਕਾਰ ਸਾਹਿਤ ਕਰਨ ਤੋਂ ਬਾਅਦ, ਸੰਗਤਾਂ ਨੂੰ ਮੁਫਤ ਉਨ੍ਹਾਂ ਦੇ ਘਰਾਂ ਤਾਈਂ ਪਹੁੰਚਾਉਣ ਦਾ ਹੀਲਾ ਕੀਤਾ ਗਿਆ ਸੀ। ਇਸ ਪਵਿੱਤਰ ਕਾਰਜ ਵਿਚ ਵੀ ਆਪ ਜੀ ਨੇ ਬਾਕੀ ਗੁਰਸਿੱਖਾਂ ਦੇ ਮੋਢੇ ਨਾਲ ਮੋਢਾ ਢਾਹ ਕੇ ਸੇਵਾ ਨਿਬਾਹੀ। ਕੁਝ ਸਮੇਂ ਬਾਅਦ ਇਸ ਭਵਨ ਦੀ ਸਾਰੀ ਜਾਇਦਾਦ ਅਤੇ ਸਰੂਪ ਛਾਪਣ ਵੰਡਣ ਵਾਲੀ ਮਸ਼ੀਨਰੀ ਸ਼੍ਰੋ.ਗੁ. ਪ੍ਰਬੰਧਕ ਕਮੇਟੀ ਦੇ ਹਵਾਲੇ ਕਰ ਦਿੱਤੀ ਗਈ।

ਆਪ ਜੀ ਸੰਨ 1976 ਵਿਚ ਬਹੁਤ ਇਮਾਨਤਦਾਰੀ, ਦਿਆਨਤਦਾਰੀ ਅਤੇ ਸਖਤ ਮਿਹਨਤ ਨਾਲ ਸਰਕਾਰੀ ਨੌਕਰੀ ਕਰਦੇ ਹੋਏ ਹੈੱਡ ਕਲੱਰਕ ਦੇ ਅਹੁਦੇ ਤੋਂ ਸੇਵਾ ਮੁਕਤ ਹੋਏ। ਇਸ ਤੋਂ ਬਾਅਦ ਲੋਕਲ ਹਫਤਾਵਾਰੀ, ਅਤੇ ਕੇਂਦਰੀ ਸਮਾਗਮਾਂ ਤੇ ਨਾਮ ਬਾਣੀ ਦੇ ਲਾਹੇ ਲੈਂਦੇ ਹੋਏ ਸੰਨ 1983 ਵਿਚ ਅਮਰੀਕਾ ਵਿਚ ਜਾ ਕੇ ਨਿਊ ਜਰਸੀ ਸ਼ਹਿਰ ਵਿਚ ਰਿਹਾਇਸ਼ ਰੱਖ ਲਈ। ਅਮਰੀਕਾ ਨਿਊ ਜਰਸੀ ਵਿਖੇ ਆਪ ਜੀ ਦਾ ਮੇਲ ਜਥੇ ਦੇ ਪੁਰਾਤਨ ਤਬਲਾ-ਵਜੰਤਰੀ ਭਾਈ ਪ੍ਰੀਤਮ ਸਿੰਘ ਜੀ ਚਾਨੀ ਨਾਲ ਹੋ ਗਿਆ ਅਤੇ ਉਥੇ ਵੀ ਸੰਗਤਾਂ ਦੇ ਸਹਿਯੋਗ ਨਾਲ ਕੀਰਤਨ ਸਮਾਗਮ, ਲੋਕਲ ਗੁਰਦੁਆਰਿਆਂ ਜਾਂ ਹੋਰ ਗੁਰਸਿੱਖਾਂ ਦੇ ਘਰਾਂ ਵਿੱਚ ਹੋਣੇ ਸ਼ੁਰੂ ਹੋ ਗਏ। ਅੰਬਾਲੇ ਦੀ ਤਰ੍ਹਾਂ ਅਗਸਤ ਮਹੀਨੇ ਵਿਚ ਵੀ ਨਿਊਯਾਰਕ ਸ਼ਹਿਰ ਵਿਚ ਹਰ ਸਾਲ ਸਾਲਾਨਾਂ ਸਮਾਗਮਾਂ ਦੀ ਅਰੰਭਤਾ ਕਰ ਦਿੱਤੀ ਅਤੇ ਉੱਥੇ ਵੀ ਹੁਣ ਤਾਈਂ ਸਮਾਗਮ ਚੱਲ ਰਹੇ ਹਨ। ਤਾਅ ਜ਼ਿੰਦਗੀ ਜਿੱਥੇ ਆਪ ਨਾਮ ਬਾਣੀ ਨਾਲ ਜੁੜੇ ਰਹੇ, ਉਥੇ ਹੋਰ ਬੇਅੰਤ ਸੰਗਤਾਂ ਨੂੰ ਗੁਰਮਤਿ ਮਾਰਗ ਤੇ ਪਾਂਧੀ ਬਣਾਇਆ।

ਆਪ ਜੀ ਦੀ ਸਿਹਤ ਹਮੇਸ਼ਾਂ ਤੰਦਰੁਸਤ ਤੇ ਰਿਸ਼ਟ-ਪੁਸ਼ਟ ਰਹੀ। ਕੋਈ ਵੀ ਬੀਮਾਰੀ ਉਨ੍ਹਾਂ ਦੇ ਨੇੜੇ ਨਹੀਂ ਫਟਕੀ। ਅਖੀਰ 21 ਜਨਵਰੀ 1995 ਨੂੰ ਇਹ ਗੁਰਮੁਖ ਰੂਹ ਅਕਾਲ ਪੁਰਖ ਵਲੋਂ ਬਖਸ਼ੀ ਹੋਈ ਸਵਾਸਾਂ ਦੀ ਪੂੰਜੀ ਭੋਗ



www.AKJ.Org

ਕੇ ਨਿਊ ਜਰਸੀ ਅਮਰੀਕਾ ਵਿਚ ਰਹਿੰਦੇ ਸਮੇਂ ਹੀ ਗੁਰੂ ਚਰਨਾਂ ਵਿਚ ਜਾ ਬਿਰਾਜੀ। ਹੇਠਾਂ ਉਨ੍ਹਾਂ ਦੇ ਹੱਥ ਲਿਖਤ ਨਮੂਨੇ ਨੂੰ ਦਰਸਾਉਂਦੇ ਹੋਏ ਉਨ੍ਹਾਂ ਵਲੋਂ ਲਿਖੇ ਕੁਝ ਅਨਮੋਲ ਬਚਨ ਦਿੱਤੇ ਜਾ ਰਹੇ ਹਨ ਜੋ ਕਿ ਉਨ੍ਹਾਂ ਵੇਲੇ ਗੁਰਮਤਿ ਸਿਧਾਂਤਾਂ ਦੇ ਦ੍ਰਿੜ੍ਹਤਾ ਨਾਲ ਦਿੱਤੇ ਗਏ ਪਹਿਰੇ ਦਾ ਸਬੂਤ ਹਨ ਜੋ ਉਨ੍ਹਾਂ ਆਪਣੀ ਰੋਜ਼ਾਨਾ ਦੀ ਜ਼ਿੰਦਗੀ ਵਿਚ ਢਾਲੇ ਹੋਏ ਸਨ।

**ਭਾਈ ਦੁਰਲੱਭ ਸਿੰਘ ਜੀ ਦੇ ਅਨਮੋਲ ਬਚਨ :**

1. ਗੁਰੂ ਦੇ ਲੜ ਲਗਣਾ ਭਾਵ (ਅੰਮ੍ਰਿਤ ਛਕਣਾ)
2. "ਸਾਬਤ ਸੂਰਤ ਦਸਤਾਰ ਸਿਰਾ" ਦਾ ਧਾਰਨੀ ਹੋਣਾ।
3. ਅੰਮ੍ਰਿਤ ਵੇਲੇ ਉਠਣਾ ਸਕੇਸ਼ (ਕੇਸਾਂ ਸਣੇ) ਇਸ਼ਨਾਨ ਕਰਨਾ ਨਾਮ ਜਪਣਾ ਤੇ ਨਿਤਨੇਮ ਕਰਨਾ।
4. ਗੁਰਦੁਆਰੇ ਹਾਜ਼ਰੀ ਭਰਨੀ, ਗੁਰਬਾਣੀ ਪੜ੍ਹਨੀ, ਸੁਣਨੀ, ਗਾਉਣੀ, ਵਿਚਾਰਨੀ ਤੇ ਮਨ ਵਸਾਉਣੀ।
5. ਸਾਧ ਸੰਗਤ ਵਿਚ ਜਾ ਕੇ ਸੁਰਤ ਨੂੰ ਸ਼ਬਦ ਨਾਲ ਜੋੜਨਾ ਤੇ ਹਉਮੈ ਤੋਂ ਬਚ ਕੇ ਰਹਿਣਾ।
6. ਮਾਣ ਹੁੰਦੇ ਨਿਮਾਣਾ ਤੇ ਤਾਣ ਹੁੰਦੇ ਨਿਤਾਣਾ ਬਣ ਕੇ ਰਹਿਣਾ।
7. ਧਰਮ ਦੀ ਕਿਰਤ ਕਰਨੀ ਤੇ ਵੰਡ ਕੇ ਛਕਣਾ।
8. ਯਥਾ ਸ਼ਕਤ ਕੋਈ ਸੇਵਾ ਕਰਨੀ।
9. ਪਰ ਤਨ ਪਰ ਧਨ ਤੇ ਪਰ ਨਿੰਦਾ ਤੋਂ ਹਮੇਸ਼ਾਂ ਖਬਰਦਾਰ ਰਹਿਣਾ।
10. ਕੁਰਹਿਤਾਂ ਤੋਂ ਬਚਣਾ ਅਤੇ ਰਹਿਤਵਾਨ ਸਿੱਖ ਬਣ ਕੇ ਰਹਿਣਾ।

**ਸਤਿਗੁਰ ਕੀ ਬਾਣੀ ਸਤਿ ਸਰੂਪ ਹੈ ਗੁਰਬਾਣੀ ਬਣੀਐ ॥**

# ਭਾਈ ਮੋਹਨ ਸਿੰਘ ਜੀ, ਗਾਰਡ (ਕਾਨਪੁਰ)

ਭਾਈ ਗੁਰਦੀਪ ਸਿੰਘ, ਸ੍ਰੀ ਅੰਮ੍ਰਿਤਸਰ

ਅਖੰਡ ਕੀਰਤਨੀ ਜਥੇ ਦੀ ਦੂਜੀ ਪੀੜ੍ਹੀ ਦੇ ਮੋਢੀ ਸਿੰਘ, ਜਥੇ ਦੇ ਰੂਹੇ ਰਵਾਂ, ਅਖੰਡ ਪਾਠੀ ਤੇ ਬਾਣੀ ਦੇ ਰਸੀਏ, ਪਰ-ਉਪਕਾਰੀ, ਮਿਠ-ਬੋਲੜੇ-ਮਿਲਾਪੜੇ, ਗੁਰਮਤਿ ਅਸੂਲਾਂ ਦੇ ਉੱਤੇ ਪਹਿਰਾ ਦੇਣ ਵਾਲੇ ਭਾਈ ਸਾਹਿਬ ਮੋਹਨ ਸਿੰਘ ਜੀ ਗਾਰਡ ਕਾਨਪੁਰ ਵਾਲਿਆਂ ਦਾ ਜਨਮ 23 ਅਕਤੂਬਰ 1923 ਨੂੰ ਪੇਸ਼ਾਵਰ (ਪਾਕਿਸਤਾਨ) ਵਿਚ ਸ੍ਰ. ਦੀਵਾਨ ਸਿੰਘ ਦੇ ਘਰ ਮਾਤਾ ਦ੍ਰੋਪਤੀ ਜੀ ਦੀ ਕੁੱਖੋਂ ਹੋਇਆ। (ਸਕੂਲ ਸਰਟੀਫਿਕੇਨ ਮੁਤਾਬਕ ਆਪ ਜੀ ਦੀ ਜਨਮ ਤਾਰੀਖ 27 ਅਕਤੂਬਰ 1927 ਦਾ ਹੈ। ) ਅਜੇ ਆਪ ਦੀ ਆਯੂ ਦੋ ਸਾਲ ਦੀ ਸੀ ਕਿ ਆਪ ਦੇ ਮਾਤਾ ਜੀ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ। ਆਪ ਜੀ ਨੇ ਮੁੱਢਲੀ ਪੜ੍ਹਾਈ ਪੇਸ਼ਾਵਰ ਵਿਚ ਲੈਣ ਤੋਂ ਬਾਅਦ ਬੀ.ਏ. ਦੀ ਡਿਗਰੀ ਖਾਲਸਾ ਕਾਲਜ ਸ੍ਰੀ ਅੰਮ੍ਰਿਤਸਰ ਤੋਂ ਪ੍ਰਾਪਤ ਕੀਤੀ ਤੇ ਬਾਅਦ ਵਿਚ "ਗਿਆਨੀ" ਦਾ ਕੋਰਸ ਵੀ ਕੀਤਾ। ਆਪ ਜੀ ਵਲੋਂ ਇਕ ਡਰਾਮੇ ਵਿਚ "ਭਰਜਾਈ" ਦਾ ਰੋਲ ਨਿਭਾਉਣ ਕਰਕੇ ਬੀਬੀ ਭੁਪਿੰਦਰ ਕੌਰ ਜੀ ਸ਼ੁਗਲ ਨਾਲ ਅਖੀਰ ਤਾਈਂ ਆਪ ਨੂੰ "ਭਾਬੀ" ਜੀ ਹੀ ਕਹਿ ਕੇ ਬੁਲਾਉਂਦੇ ਸਨ। ਉਨ੍ਹਾਂ ਦੇ ਮਾਤਾ ਜੀ ਬਚਪਨ ਵਿਚ ਹੀ ਚੜ੍ਹਾਈ ਕਰ ਜਾਣ ਕਰਕੇ ਆਪ ਜ਼ਿਆਦਾਤਰ ਆਪਦੇ ਨਾਨਕੇ ਘਰ ਫਿਰੋਜ਼ਪੁਰ ਹੀ ਰਹੇ। ਸੰਨ 1950 ਵਿਚ ਆਪ ਦਾ ਅਨੰਦ ਕਾਰਜ ਬੀਬੀ ਨਰਿੰਦਰ ਕੌਰ ਜੀ ਨਾਲ ਹੋਇਆ (ਜੋ ਉਨ੍ਹਾਂ ਦੇ ਨੇੜਲੀ ਰਿਸ਼ਤੇਦਾਰੀ ਵਿਚੋਂ ਸਨ)। ਬੀਬੀ ਜੀ ਵੀ ਗੁਰੂ ਵੰਸ਼ ਪ੍ਰੀਵਾਰ ਨਾਲ ਸਬੰਧਿਤ ਹੋਣ ਕਰਕੇ ਬੜੇ ਗੁਰਮੁਖ ਸੁਭਾਅ ਦੇ ਸਨ।



www.AKJ.Org

ਫਿਰੋਜ਼ਪੁਰ ਵਿਖੇ ਬਚਪਨ ਤੋਂ ਹੀ ਆਪ ਜੀ ਪ੍ਰਮਾਰਥੀ ਸੁਭਾਅ ਕਰਕੇ ਗੁਰਦੁਆਰਾ ਸਾਹਿਬ ਵਿਖੇ ਸਤਸੰਗਤ ਦੀ ਹਾਜ਼ਰੀ ਨਿਤਾਪ੍ਰਤੀ ਭਰਦੇ ਰਹਿੰਦੇ ਸਨ। ਫਿਰੋਜ਼ਪੁਰ ਵਿਖੇ ਸਤਿਕਾਰਯੋਗ ਬਾਪੂ ਭਾਈ ਰਣਧੀਰ ਸਿੰਘ ਜੀ ਸੰਗਤਾਂ ਦੇ ਸੱਦੇ ਤੇ ਆਉਂਦੇ ਜਾਂਦੇ ਰਹਿੰਦੇ ਤੇ ਕੀਰਤਨ ਦੀਆਂ ਛਹਿਬਰਾਂ ਲਗਾਉਂਦੇ ਰਹਿੰਦੇ ਸਨ, ਜਿਸ ਵਿਚ ਆਪ ਜੀ ਵੀ ਹਾਜ਼ਰੀ ਭਰਨ ਲਗ ਪਏ। ਪਾਰਖੂ ਅੱਖ ਭਾਈ ਹਰਨਾਮ ਸਿੰਘ ਜੀ ਕੋਮਲ ਵੱਡੇ ਭਰਾਤਾ ਸਤਿਕਾਰਯੋਗ ਪੂਰਨ ਦਾਰਜੀ ਨੇ ਆਪ ਜੀ ਦੀ ਪ੍ਰਮਾਰਥੀ ਬਿਰਤੀ ਨੂੰ ਘੋਖ ਕੇ, ਆਪ ਜੀ ਨੂੰ ਜੇਲ੍ਹ ਚਿੱਠੀਆਂ ਅਤੇ ਰੰਗਲੇ ਸੱਜਣ ਪੁਸਤਕਾਂ ਪੜ੍ਹਨ ਲਈ ਦਿੱਤੀਆਂ। ਪੁਸਤਕਾਂ ਪੜ੍ਹਦੇ ਸਾਰ ਹੀ ਆਪ ਜੀ ਦੇ ਅੰਦਰ ਪ੍ਰਭੂ ਮਿਲਾਪ ਦੀ ਤਾਂਘ ਉਠ ਖਲੋਤੀ ਅਤੇ ਆਪ ਅੰਮ੍ਰਿਤ ਦੀ ਦਾਤ ਲੈਣ ਲਈ ਬਹਿਬਲ ਹੋ ਕੇ ਰਾਤ ਦਿਨ ਜੋਦੜੀਆਂ ਕਰਨ ਲੱਗ ਪਏ। ਅਖੀਰ ਦਸੰਬਰ 1953 ਵਿਚ ਆਪ ਜੀ ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਦੀ ਦਾਤ ਲੈ ਕੇ ਪ੍ਰੀਵਾਰ ਸਮੇਤ ਤਿਆਰ ਬਰ ਤਿਆਰ ਹੋ ਗਏ। ਅੰਮ੍ਰਿਤ ਸੰਚਾਰ ਦੌਰਾਨ ਆਪ ਜੀ ਦੀ ਪੂਰਬਲੀ ਕਮਾਈ ਕਾਰਨ ਵਰਤੀ ਕਲਾ ਤੇ ਪ੍ਰਮਾਰਥੀ ਦਸ਼ਾ ਵੇਖ ਕੇ ਆਪ ਜੀ ਨੂੰ ਇਕ ਦਮ ਅੰਮ੍ਰਿਤ ਸੰਚਾਰ ਦੌਰਾਨ ਪੰਚਾਂ ਦੀ ਸੇਵਾ ਵਿਚ ਲਿਆ ਜਾਣ ਲੱਗ ਪਿਆ ਅਤੇ ਬਾਪੂ ਜੀ ਨੇ ਥਾਪੜਾ ਦੇ ਕੇ ਬਚਨ ਕੀਤਾ ਕਿ ਆਪ ਦੇ ਪਿਛਲੇ ਜਨਮਾਂ ਦੀ ਕਮਾਈ ਸਦਕਾ ਆਪ ਨੂੰ ਇਸ ਜਨਮ ਤੋਂ ਬਾਅਦ ਹੋਰ ਜਨਮ ਨਹੀਂ ਲੈਣਾ ਪਵੇਗਾ। ਆਪ ਨੇ ਸਤਿਕਾਰਯੋਗ ਬਾਊ ਮਲ ਸਿੰਘ ਜੀ, ਜਥੇਦਾਰ ਭਾਈ ਰਾਮ ਸਿੰਘ ਜੀ ਅਤੇ ਪੂਰਨ ਦਾਰ ਜੀ ਨਾਲ ਅੰਮ੍ਰਿਤ ਸੰਚਾਰ ਦੀ ਸੇਵਾ ਬੜੇ ਲੰਮੇ ਸਮੇਂ ਤਾਈਂ ਨਿਭਾਈ। ਬੇਅੰਤ ਸੰਗਤਾਂ ਨੂੰ ਗੁਰੂ ਨਾਲ ਜੋੜਿਆ।

ਆਪ ਨੇ ਸਭ ਤੋਂ ਪਹਿਲਾਂ ਆਪਣੀ ਜ਼ਿੰਦਗੀ ਦੀ ਦੁਨਿਆਵੀ ਕ੍ਰਿਤ ਦਾ ਸਫ਼ਰ ਪੰਜਾਬ ਸਰਕਾਰ ਦੇ ਪੁਲਿਸ ਮਹਿਕਮੇ ਤੋਂ ਸ਼ੁਰੂ ਕੀਤਾ। ਪਰ ਉਥੋਂ ਦਾ ਮਾਹੌਲ ਉਨ੍ਹਾਂ ਦੀ ਬਿਰਤੀ ਅਨੁਸਾਰ ਨਾ ਹੋਣ ਕਰਕੇ ਸਾਲ ਡੇਢ ਸਾਲ ਬਾਅਦ ਹੀ ਨੌਕਰੀ ਛੱਡ ਕੇ ਸੈਂਟਰਲ ਰੇਲਵੇ ਵਿਚ ਗਾਰਡ ਦੀ ਨੌਕਰੀ ਕਾਸਗੰਜ (ਯੂ.ਪੀ.) ਤੋਂ ਸ਼ੁਰੂ ਕੀਤੀ। ਆਪ ਨੇ ਲੰਬਾ ਸਮਾਂ ਕਾਸਗੰਜ ਬਰੇਲੀ ਸੈਕਸ਼ਨ ਤੋਂ ਡਿਊਟੀ ਨਿਭਾਈ ਤੇ ਬਰੇਲੀ ਹੈੱਡ ਕੁਆਰਟਰ ਹੋਣ ਕਰਕੇ ਆਪ ਦਾ ਬਰੇਲੀ ਆਉਣ ਜਾਣਾ ਸੀ ਤੇ ਆਪਣੇ ਪੂਰਬ ਜਨਮ ਦੇ ਸੰਜੋਗੀ ਪੂਰਨ ਦਾਰ ਜੀ ਤੇ ਉਨ੍ਹਾਂ ਦੀ ਸਿੰਘਣੀ ਭੂਪ ਜੀ ਦੀ ਸੰਗਤ ਦਾ ਲਾਹਾ ਲੈਂਦੇ ਰਹੇ। ਉਥੇ ਹੀ ਬਾਊ ਜੀ ਦੀਆਂ ਫੇਰੀਆਂ ਦੌਰਾਨ ਉਨ੍ਹਾਂ ਦੀ ਸੰਗਤ ਦਾ ਵੀ ਅਨੰਦ ਮਾਣਦੇ ਰਹੇ ਕਿਉਂਕਿ ਬਾਊ ਜੀ ਦਾ ਪੂਰਨ ਜੀ ਨਾਲ ਬਹੁਤ ਪਿਆਰ ਸੀ ਤੇ ਤਿੰਨ ਤਿੰਨ ਮਹੀਨੇ ਉਨ੍ਹਾਂ ਕੋਲ ਆ ਕੇ ਠਹਿਰਦੇ ਸਨ। ਫਿਰ ਆਪ ਜੀ ਦੀ ਬਦਲੀ ਕਾਨਪੁਰ ਹੋ ਗਈ ਤੇ ਉਥੇ ਵੀ ਸੰਗਤਾਂ ਨਾਲ ਲਗਾਤਾਰ ਰੰਗ ਮਾਣੇ। ਬੇਅੰਤ ਸੰਗਤਾਂ ਨੂੰ ਪ੍ਰੇਰ ਕੇ ਗੁਰੁ ਚਰਨਾਂ ਨਾਲ ਜੋੜਿਆ ਤੇ ਆਪ ਜੀ ਦੇ ਉਦਮ ਨਾਲ ਕਾਨਪੁਰ ਅਖੰਡ ਕੀਰਤਨੀ ਜਥੇ ਦਾ ਖਾਸ ਕੇਂਦਰ ਬਣ ਗਿਆ। ਉਥੇ ਜਥੇ ਵਲੋਂ ਲਗਾਤਾਰ ਅਖੰਡ ਪਾਠ, ਅਖੰਡ ਕੀਰਤਨ ਤੇ ਅੰਮ੍ਰਿਤ ਸੰਚਾਰ ਸਮਾਗਮ ਹੁੰਦੇ ਰਹਿੰਦੇ ਸਨ। ਸਤਿਕਾਰਯੋਗ ਜਥੇਦਾਰ ਭਾਈ ਰਾਮ ਸਿੰਘ ਜੀ ਦੀ ਬਦਲੀ ਕਾਨਪੁਰ ਹੋਣ ਤੇ ਤਾਂ ਸੋਨੇ ਤੇ ਸੁਹਾਗੇ ਵਾਲਾ ਕੰਮ ਬਣ ਗਿਆ। ਉਨ੍ਹਾਂ ਦੇ ਇਥੇ ਆਉਣ ਨਾਲ ਬਾਊ ਜੀ ਦੀਆਂ ਵੀ ਫੇਰੀਆਂ ਪੈਣੀਆਂ ਸ਼ੁਰੂ ਹੋ ਗਈਆਂ ਜਿਸ ਦਾ ਆਪ ਜੀ ਅਤੇ ਸੰਗਤਾਂ ਨੇ ਖੂਬ ਆਨੰਦ ਮਾਣਿਆ।

ਆਪ ਜੀ ਬੜੇ ਗੰਭੀਰ ਸੁਭਾਅ ਦੇ ਮਾਲਕ ਸਨ, ਬਹੁਤ ਘੱਟ ਬੋਲਦੇ ਸਨ। ਉੱਚੀ ਆਤਮਕ ਅਵਸਥਾ ਹੋਣ ਦੇ ਬਾਵਜੂਦ ਵੀ ਆਪ ਸੰਗਤਾਂ ਵਾਂਗ ਹੀ ਘੁਲ ਮਿਲ ਕੇ ਰਹਿੰਦੇ ਸਨ। ਉਹ ਖੁਦ ਅਖੰਡ ਪਾਠੀ ਤੇ ਨਾਮ ਬਾਣੀ ਦੇ ਰਸੀਏ ਸਨ ਤੇ ਸਾਰੀ ਸਾਰੀ ਰਾਤ ਇਕ ਚੌਂਕੜੇ ਵਿਚ ਰੈਣ ਸਬਾਈ ਕੀਰਤਨ ਦਾ ਅਨੰਦ ਮਾਣਦੇ ਰਹਿੰਦੇ ਸਨ। ਉਨ੍ਹਾਂ ਦਾ ਚਿਹਰਾ ਨਾਮ ਦੀ ਲਾਲੀ ਨਾਲ ਦਗ ਦਗ ਕਰਦਾ ਹੁੰਦਾ ਸੀ। ਕਾਸ ਗੰਜ ਤੇ ਕਾਨਪੁਰ ਤੋਂ ਸੰਗਤਾਂ ਸਮੇਤ ਆਪ ਸਾਰੇ ਕੇਂਦਰੀ ਸਮਾਗਮਾਂ ਖਾਸ ਕਰਕੇ ਨਾਰੰਗਵਾਲ ਸ੍ਰੀ ਅੰਮ੍ਰਿਤਸਰ ਸਾਹਿਬ, ਦਿੱਲੀ, ਲੁਧਿਆਣਾ, ਬਰੇਲੀ, ਲਖਨਊ, ਮੁਗਲਸਰਾਏ ਆਦਿ ਸ਼ਹਿਰਾਂ ਵਿਚ ਹਾਜ਼ਰੀਆਂ ਭਰਦੇ ਰਹਿੰਦੇ ਸਨ।

ਉਨ੍ਹਾਂ ਦੀ ਸਿੰਘਣੀ ਬੀਬੀ ਨਰਿੰਦਰ ਕੌਰ ਜੀ ਦੇ ਦੱਸਣ ਅਨੁਸਾਰ ਇਕ ਵਾਰ ਉਹ ਮਕਾਨ ਦੀ ਛੱਤ ਤੇ ਬੜੇ ਬੈਰਾਗ ਵਿਚ ਬੈਠੇ ਸਿਮਰਨ ਕਰ ਰਹੇ ਸਨ। ਡਿਊਟੀ ਤੇ ਲੇਟ ਹੋਣ ਦੀ ਚਿੰਤਾ ਵਿਚ ਉਹ ਉਪਰ ਜਾ ਕੇ ਆਪ ਨੂੰ



www.AKJ.Org

ਬੁਲਾਉਣ ਗਏ ਤਾਂ ਉਨ੍ਹਾਂ ਨੇ ਆਪ ਦੇ ਸਰੀਰ ਦੁਆਲੇ ਪ੍ਰਕਾਸ਼ ਹੀ ਪ੍ਰਕਾਸ਼ ਦੇਖਿਆ ਤੇ ਆਪ ਬੜੇ ਬੈਰਾਗ ਵਿਚ ਸਿਮਰਨ ਵਿੱਚ ਲੀਨ ਸਨ ਤੇ ਆਪਣੀ ਕੋਈ ਸੁਧ ਬੁਧ ਨਹੀਂ ਸੀ। ਸਿੰਘਣੀ ਦੇ ਬੁਲਾਉਣ ਤੇ ਪ੍ਰਕਾਸ਼ ਗਾਇਬ ਹੋ ਗਿਆ। ਆਪ ਬਿਨਾਂ ਕੁਝ ਬੋਲਣ ਤੋਂ, ਉੱਠ ਕੇ ਹੇਠਾਂ ਕਮਰੇ ਵਿਚ ਆ ਕੇ ਕੁੰਡਾ ਬੰਦ ਕਰ ਲਿਆ ਤੇ ਸਾਰਾ ਦਿਨ ਸਿਮਰਨ ਬੈਰਾਗ ਵਿਚ ਹੀ ਰਹੇ ਤੇ ਡਿਊਟੀ ਤੇ ਵੀ ਨਹੀਂ ਗਏ।

ਕਾਨਪੁਰ ਵਿਚ ਉਨ੍ਹਾਂ ਦੀ ਡਿਊਟੀ ਮਾਲ ਗੱਡੀ ਤੇ ਕਾਨਪੁਰ ਤੋਂ ਕਾਸਗੰਜ ਜਾਂ ਬਿਠੂਰ ਤਾਈਂ ਹੁੰਦੀ ਸੀ। ਆਪ ਆਪਣੇ ਪਰਉਪਕਾਰੀ ਸੁਭਾਅ ਕਰਕੇ ਗਰੀਬ ਲੋੜਵੰਦਾਂ ਨੂੰ ਗੱਡੀ ਦੇ ਅਖੀਰ ਵਿਚ ਲੱਗੇ ਗਾਰਡ ਵਾਲੇ ਡੱਬੇ ਵਿਚ ਬਿਠਾ ਕੇ ਲੈ ਜਾਂਦੇ ਸਨ। ਕਿਸੇ ਦੋਸ਼ੀ ਨੇ ਸ਼ਿਕਾਇਤ ਕਰ ਦਿੱਤੀ ਤੇ ਆਪ ਜੀ ਨੂੰ ਨੌਕਰੀ ਤੋਂ ਬਰਖਾਸਤੀ ਦੇ ਹੁਕਮ ਕਰ ਦਿੱਤੇ ਗਏ। ਰੇਲਵੇ ਦਾ ਸਟੇਸ਼ਨ ਮਾਸਟਰ ਆਪ ਜੀ ਦੇ ਨੇਕ ਸੁਭਾਅ ਤੋਂ ਜਾਣੂ ਸੀ। ਆਪ ਜੀ ਨੂੰ ਰਸਤੇ ਵਿਚ ਹੀ ਬਰਖਾਸਤੀ ਤੋਂ ਪਹਿਲਾਂ ਦੇਣ ਵਾਲੇ ਦੋਸ਼ ਪੱਤਰ ਦੀ ਕਾਪੀ ਦੇ ਦਿੱਤੀ। ਆਪ ਘਬਰਾਏ ਨਹੀਂ ਤੇ ਗੁਰੂ ਤੇ ਭਰੋਸਾ ਰੱਖਿਆ। ਉਸੇ ਵੇਲੇ ਆਪ ਨੇ ਆਪਣੇ ਪਰਮ ਮਿੱਤਰ, ਪੂਰਨ ਦਾਰ ਜੀ ਨੂੰ ਜੋ ਉਸ ਸਮੇਂ ਕਲਕੱਤੇ ਨੌਕਰੀ ਕਰਦੇ ਸਨ, ਨੂੰ ਫੋਨ ਤੇ ਦੱਸਿਆ। ਪੂਰਨ ਜੀ ਨੇ ਆਪ ਜੀ ਨੂੰ ਸਹਿਜ ਪਾਠ ਕਰਨ ਦੀ ਸਲਾਹ ਦਿੱਤੀ। ਗੁਰਬਾਣੀ ਦੀ ਪਾਰਸ ਕਲਾ ਵਰਤਣ ਕਰਕੇ ਸਹਿਜ ਪਾਠ ਦੀ ਸਮਾਪਤੀ ਤੋਂ ਬਾਅਦ ਉਹ ਦੋਸ਼ ਪੱਤਰ ਦੀ ਸਿਆਹੀ ਫਿਕੀ ਪੈ ਗਈ। ਇਸ ਕਰਕੇ ਆਪ ਨੇ ਰੇਲਵੇ ਅਧਿਕਾਰੀਆਂ ਨੂੰ ਜਵਾਬ ਲਿਖਿਆ ਕਿ ਦੋਸ਼ ਪੱਤਰ ਪੜ੍ਹਿਆ ਨਹੀਂ ਜਾਂਦਾ, ਹੋਰ ਕਾਪੀ ਭੇਜੀ ਜਾਵੇ। ਗੁਰੂ ਜੀ ਦੀ ਕਿਰਪਾ ਹੋਈ। ਮੁੜ ਕੇ ਉਸ ਕੇਸ ਦੀ ਫਾਈਲ ਹੀ ਨਹੀਂ ਲੱਭੀ ਤੇ ਨਾ ਹੀ ਆਪ ਜੀ ਨੂੰ ਕੋਈ ਪੁੱਛ ਗਿੱਛ ਹੋਈ। ਬਿਠੂਰ ਨੂੰ ਹਿੰਦੂ ਸਮਾਜ ਵਲੋਂ ਧਰਤੀ ਦਾ ਧੁਰਾ ਮੰਨਿਆ ਜਾਂਦਾ ਹੈ ਤੇ ਇਥੇ ਗੰਗਾ ਦਰਿਆ ਦੋ ਹਿੱਸਿਆਂ ਵਿਚ ਵੰਡਿਆ ਜਾਂਦਾ ਹੈ। ਵਿਚਕਾਰ ਬਰੇਤੀ ਤੇ ਇਕਾਂਤ ਜਗ੍ਹਾ ਹੈ। ਆਪ ਵਿਹਲੇ ਸਮੇਂ ਇਕਾਂਤ ਵਿਚ ਇਥੇ ਜਾ ਕੇ ਸਾਰੀ ਸਾਰੀ ਰਾਤ ਸਿਮਰਨ ਕਰਦੇ ਰਹਿੰਦੇ ਸਨ। ਕਈ ਵਾਰ ਹੋਰ ਸੰਗੀਆਂ ਨੂੰ ਵੀ ਪ੍ਰੇਰ ਕੇ ਨਾਲ ਲੈ ਜਾਂਦੇ ਤੇ ਨਾਮ ਬਾਣੀ ਦੇ ਲਾਹੇ ਲੈਂਦੇ। ਉਨ੍ਹਾਂ ਦੀ ਅੰਮ੍ਰਿਤ ਵੇਲੇ ਦੀ ਸੰਭਾਲ ਬਹੁਤ ਪੱਕੀ ਸੀ ਜਿਥੇ ਵੀ ਜਾਂਦੇ ਸੰਗਤੀ ਅੰਮ੍ਰਿਤ ਵੇਲੇ ਲਈ ਧਾਅ ਕੇ ਪੁੱਜ ਜਾਂਦੇ ਸਨ। ਕਾਨਪੁਰ, ਮੁਹਾਲੀ ਰਿਹਾਇਸ਼ ਰੱਖਣ ਵੇਲੇ ਆਪ ਸੰਗਤੀ ਅੰਮ੍ਰਿਤ ਵੇਲੇ ਦੀ ਹਾਜ਼ਰੀ ਜ਼ਰੂਰ ਭਰਦੇ ਤੇ ਹੋਰਨਾਂ ਨੂੰ ਵੀ ਪ੍ਰੇਰਨਾ ਦਿੰਦੇ ਰਹਿੰਦੇ।

**ਹੋਨਿ ਨਜੀਕਿ ਖੁਦਾਇ ਦੈ ਭੇਤੁ ਨ ਕਿਸੈ ਦੇਨਿ ॥੧੧੬॥**

(ਪੰਨਾ ੧੩੮੪)

ਇਤਨੀ ਉੱਚੀ ਆਤਮਿਕ ਅਵਸਥਾ ਦੇ ਮਾਲਕ ਹੋਣ ਦੇ ਬਾਵਜੂਦ ਆਪਣਾ ਆਪ ਬਿਲਕੁਲ ਨਹੀਂ ਸੀ ਜਣਾਉਂਦੇ। ਆਪ ਜੀ ਦੇ ਨਿਕਟਵਰਤੀਆਂ ਵਲੋਂ ਉਨ੍ਹਾਂ ਤੇ ਵਰਤੀ ਕਲਾ ਬਾਰੇ ਕਈ ਵਾਰ ਪੁੱਛਣ 'ਤੇ ਜਾਂ ਤਾਂ ਉਹ ਮਸ਼ਟ ਹੋ ਜਾਂਦੇ ਜਾਂ ਹੱਸ ਕੇ ਟਾਲ ਦਿੰਦੇ ਸਨ।

ਕਾਨਪੁਰ ਵਿੱਚ ਨਵੰਬਰ 1984 ਦੇ ਦੰਗਿਆਂ ਦੇ ਦੌਰਾਨ ਹਿੰਸਕ ਦੰਗਾਕਾਰੀ ਸਟੇਸ਼ਨ ਤੇ ਰੇਲ ਗੱਡੀ ਵਿਚ ਆਪ ਜੀ ਦੀ ਭਾਲ ਕਰਦੇ ਰਹੇ ਪ੍ਰੰਤੂ ਆਪ ਆਪਣੇ ਸਪੁੱਤਰ ਕੋਲ ਹੈਦਰਾਬਾਦ ਗਏ ਹੋਣ ਕਰਕੇ ਉਨ੍ਹਾਂ ਦੇ ਹੱਥ ਨਹੀਂ ਆਏ। ਗੁਰੂ ਸਾਹਿਬ ਆਪ ਹੀ ਆਪਣੇ ਭਗਤਾਂ ਦੀ ਰੱਖਿਆ ਕਰਦੇ ਹਨ। ਆਪ ਜੀ ਦੇ ਸਪੁੱਤਰ ਦੀ ਹੈਦਰਾਬਾਦ ਵਿਚ ਬੈਂਕ ਵਿਚ ਨੌਕਰੀ ਹੋਣ ਕਾਰਨ, ਆਪ ਜੀ ਦਾ ਉਥੇ ਆਉਣ ਜਾਣ ਬਣਿਆ ਰਹਿੰਦਾ ਸੀ ਤੇ ਆਪ ਉੱਥੇ ਏਅਰ ਫੋਰਸ ਅਤੇ ਲੋਕਲ ਸਿੰਘਾਂ ਨਾਲ ਮਿਲ ਕੇ ਅੰਮ੍ਰਿਤ ਵੇਲਾ, ਸ੍ਰੀ ਅਖੰਡ ਪਾਠ ਸਾਹਿਬ ਅਤੇ ਰੈਣ ਸਬਾਈ/ਦਿਵਸ ਸੁਹੇਲੇ ਕੀਰਤਨ ਸਮਾਗਮਾਂ ਦਾ ਖੂਬ ਆਨੰਦ ਮਾਣਦੇ ਰਹੇ।

ਨਵੰਬਰ 1984 ਦੇ ਦੰਗਿਆਂ ਦੇ ਦੌਰਾਨ ਸਾਰੇ ਪਾਸੇ ਕਰਫਿਊ ਲੱਗਿਆ ਹੋਣ ਕਰਕੇ ਆਪ ਜੀ ਨੇ ਸਿਕੰਦਰਾਬਾਦ ਰਹਿੰਦੇ ਇਕ ਸਿੰਘ ਅਤੇ ਇਕ ਕੀਰਤਨੀ ਬੀਬੀ ਨਾਲ ਰਲ ਕੇ ਸ੍ਰੀ ਅਖੰਡ ਪਾਠ ਸਾਹਿਬ ਦੀ ਸੇਵਾ ਕੀਤੀ ਅਤੇ ਬਾਹਰ ਦੰਗਿਆਂ ਦੀਆਂ ਖ਼ਬਰਾਂ ਤੋਂ ਬੇ-ਮਾਲੂਮ ਹੀ ਰਹੇ।



www.AKJ.Org

ਬਹੁਤ ਘੱਟ ਸਿੰਘਾਂ ਨੂੰ ਪਤਾ ਸੀ ਕਿ ਆਪ ਜੀ ਇਕ ਚੰਗੇ ਕੀਰਤਨੀ ਵੀ ਸਨ ਪ੍ਰੰਤੂ ਆਪ ਜੀ ਦਾ ਕੀਰਤਨ ਕਰਨ ਦਾ ਤਰੀਕਾ ਅਨੋਖਾ ਹੀ ਸੀ। ਆਪ ਖੱਬੇ ਹੱਥ ਨਾਲ ਵਾਜਾ ਵਜਾਉਂਦੇ ਸੀ। ਬਾਪੂ ਜੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਸੰਗਤ ਕਰਕੇ ਕੀਰਤਨ ਦੀਆਂ ਪੁਰਾਤਨ ਰੀਤਾਂ ਆਪ ਜੀ ਦੇ ਅੰਦਰ ਵਸੀਆਂ ਹੋਈਆਂ ਸਨ। ਆਪ ਜੀ ਹੋਰ ਰਾਗੀਆਂ ਜਾਂ ਕੀਰਤਨੀਆਂ ਵਾਂਗ ਪਹਿਲਾਂ ਵਾਜਾ ਨਹੀਂ ਸਨ ਵਜਾਉਂਦੇ। ਆਪ ਜੀ ਅੱਖਾਂ ਮੀਟ ਕੇ ਪਹਿਲਾਂ ਹਿਰਦੇ ਅੰਦਰੋਂ ਉਸ ਸ਼ਬਦ ਦੀ ਵੈਰਾਗ-ਮਈ ਰੀਤ ਕੱਢਦੇ ਤੇ ਫਿਰ ਉਸ ਤੋਂ ਪਿੱਛੋਂ ਵਾਜਾ ਵਜਾਉਂਦੇ ਸਨ। ਸਿਕੰਦਰਾਬਾਦ ਫੇਰੀ ਸਮੇਂ ਉਨ੍ਹਾਂ ਦੇ ਕੀਰਤਨ ਦੀ ਇਕ ਕੈਸਟ ਵੀ ਤਿਆਰ ਕੀਤੀ ਗਈ ਸੀ। (ਕੋਈ ਪ੍ਰੇਮੀ ਉਹ ਕੈਸਟ ਲੈ ਗਿਆ ਜੋ ਕਿ ਮੁੜ ਕੇ ਨਹੀਂ ਮਿਲੀ)। ਆਪ ਜੀ ਪੁਰਾਤਨ ਗੁਰਸਿੱਖਾਂ ਵਾਂਗ ਬਹੁਤ ਸਹਿਜ ਭਾਵ, ਵੈਰਾਗ-ਮਈ ਅਤੇ ਦਿਲ ਟੁੰਬਵਾਂ ਕੀਰਤਨ ਕਰਦੇ ਸਨ।

ਵਿਸਾਖੀ 1978 ਦੇ ਖ਼ੂਨੀ ਸਾਕੇ ਵੇਲੇ ਆਪ ਸ੍ਰੀ ਅੰਮ੍ਰਿਤਸਰ ਸਾਹਿਬ ਵਿਚ ਵੈਸਾਖੀ ਸਮਾਗਮ ਦੀ ਹਾਜ਼ਰੀ ਭਰਨ ਲਈ ਆਏ ਹੋਏ ਸਨ। ਸਾਕੇ ਦੀ ਖ਼ਬਰ ਸੁਣ ਕੇ ਇਕ ਦਮ ਸਾਕੇ ਦੀ ਜਗ੍ਹਾ ਪਹੁੰਚੇ ਅਤੇ ਫੱਟੜ ਸਿੰਘਾਂ ਨੂੰ ਹਸਪਤਾਲ ਲੈ ਜਾਣ ਦੀ ਸੇਵਾ ਨਿਭਾਈ।

ਆਪ ਹਮੇਸ਼ਾਂ ਗੁਰਮਤਿ ਦੇ ਅਸੂਲਾਂ ਤੇ ਡੱਟ ਕੇ ਪਹਿਰਾ ਦਿੰਦੇ ਸਨ ਅਤੇ ਗੁਰਮਤਿ ਪ੍ਰਚਾਰ ਲਈ ਹਮੇਸ਼ਾਂ ਤਤਪਰ ਰਹਿੰਦੇ ਸਨ। ਸਤਿਕਾਰਯੋਗ ਬਾਪੂ ਜੀ, ਭਾਈ ਰਣਧੀਰ ਸਿੰਘ ਜੀ ਨੇ "ਝਟਕਾ ਮਾਸ ਪ੍ਰਥਾਇ" ਖਰੜਾ ਬਹੁਤ ਚਿਰ ਪਹਿਲਾਂ ਤਿਆਰ ਕਰ ਲਿਆ ਗਿਆ ਸੀ। ਇਕ ਦੋ ਵਾਰ ਗੁੰਮ ਵੀ ਹੋ ਗਿਆ ਪ੍ਰੰਤੂ ਭਾਈ ਸਾਹਿਬ ਜੀ ਦੀਆਂ ਪੁਸਤਕਾਂ ਦੇ ਪ੍ਰਕਾਸ਼ਕ ਗਿਆਨੀ ਨਾਹਰ ਸਿੰਘ ਜੀ ਆਪਣੇ ਕੁਝ ਨਿਜੀ ਕਾਰਨਾਂ ਕਰਕੇ ਉਹ ਖਰੜਾ ਛਪਵਾਉਣ ਤੋਂ ਆਨੀ ਕਾਨੀ ਕਰਦੇ ਰਹੇ ਤੇ ਖਰੜਾ ਨਾ ਹੀ ਛਾਪਿਆ ਗਿਆ। ਕਾਨਪੁਰ ਤੇ ਹੋਰ ਸ਼ਹਿਰਾਂ ਵਿਚ ਮਾਸ ਖਾਣ ਵਾਲਿਆਂ ਦੀ ਮਨਮੱਤ ਨੂੰ ਠੱਲ ਪਾਉਣ ਲਈ ਉਹ ਖਰੜਾ ਛਾਪਣਾ ਅਤਿ ਜਰੂਰੀ ਸਮਝ ਕੇ ਆਪ ਜੀ ਨੇ ਅੰਮ੍ਰਿਤਸਰ ਨਿਵਾਸੀ ਪੁਸਤਕਾਂ ਛਾਪਣ ਵਾਲੇ ਭਾਈ ਈਸ਼ਰ ਸਿੰਘ ਜੀ (ਵੱਡੇ ਭਰਾਤਾ ਭਾਈ ਸੇਵਾ ਸਿੰਘ ਜੀ) ਖਾਲਸਾ ਬ੍ਰਦਰਜ਼ ਵਾਲਿਆਂ ਤੋਂ ਉਸ ਖਰੜੇ ਨੂੰ ਪੁਸਤਕ ਰੂਪ ਵਿਚ ਛਪਵਾਇਆ ਤੇ ਗੁਰਮਤਿ ਪ੍ਰਚਾਰ ਨੂੰ ਪ੍ਰਚੰਡ ਕੀਤਾ।

ਗਿਆਨੀ ਗੁਰਦਿੱਤ ਸਿੰਘ ਜੀ ਕੇਂਦਰੀ ਸਿੰਘ ਸਭਾ ਨੇ ਆਪਣੇ ਬਚਪਨ ਤੋਂ ਹੀ ਬਾਪੂ ਜੀ ਭਾਈ ਰਣਧੀਰ ਸਿੰਘ ਜੀ ਦੀ ਸੰਗਤ ਕੀਤੀ ਸੀ ਤੇ ਰਾਗਮਾਲਾ ਸੰਬੰਧੀ ਸ਼੍ਰੋ. ਗੁ. ਪ੍ਰ. ਕਮੇਟੀ ਵਲੋਂ ਸੱਦੀ ਗਈ ਇਕ ਮੀਟਿੰਗ ਵਿਚ ਰਾਗਮਾਲਾ ਦਾ ਬਾ-ਦਲੀਲ ਗੁਰਬਾਣੀ ਹੋਣ ਦਾ ਖੰਡਨ ਕੀਤਾ ਸੀ। ਭਾਈ ਸਾਹਿਬ ਜੀ ਨੇ ਖੁਸ਼ ਹੋ ਕੇ ਉਨ੍ਹਾਂ ਨੂੰ ਥਾਪੜਾ ਦੇ ਕੇ ਉਹ ਸਾਰੀ ਵੀਚਾਰ ਪੁਸਤਕ ਰੂਪ ਵਿਚ ਛਾਪਣ ਦੀ ਪ੍ਰੇਰਨਾ ਕੀਤੀ ਸੀ। ਸੰਨ 1985 ਵਿਚ ਰੇਲਵੇ ਤੋਂ ਸੇਵਾ ਮੁਕਤੀ ਪਿਛੋਂ ਆਪ ਜੀ ਨੇ ਆਪਣੀ ਰਿਹਾਇਸ਼ ਮੁਹਾਲੀ ਰੱਖ ਲਈ ਸੀ। ਗਿਆਨੀ ਜੀ, ਉਸ ਵੇਲੇ ਦੇ ਹਾਲਤਾਂ ਮੁਤਾਬਕ ਇਹ ਪੁਸਤਕ ਲਿਖਣੀ ਅਤੇ ਛਾਪਣ ਤੋਂ ਸੰਕੋਚ ਕਰਦੇ ਸਨ। ਆਪ ਜੀ ਨੇ ਉਨ੍ਹਾਂ ਨੂੰ ਪ੍ਰੇਰਨਾ ਕਰਕੇ ਪਹਿਲਾਂ ਪਟਨਾ ਸਾਹਿਬ, ਮੋਤੀ ਮਹਲ ਪਟਿਆਲਾ ਤੇ ਹੋਰ ਜਿਥੇ ਕਿਤੇ ਵੀ ਰਾਗਮਾਲਾ ਰਹਿਤ ਬੀੜਾਂ ਸਨ ਦਰਸ਼ਨ ਕਰਕੇ ਫੋਟੋ ਲਈਆਂ। ਫਿਰ ਮਾਇਕ ਪ੍ਰਬੰਧ ਕਰਕੇ ਗਿਆਨੀ ਜੀ ਨੂੰ ਉਤਸ਼ਾਹ ਅਤੇ ਪੂਰਾ ਸਾਥ ਦੇ ਕੇ ਮੁੰਦਾਵਣੀ ਪੁਸਤਕ ਛਪਵਾਈ ਤੇ ਸੰਗਤਾਂ ਵਿਚ ਵੰਡੀ। ਇਸ ਪੁਸਤਕ ਦੀ ਪਰੂਫ ਰੀਡਿੰਗ ਦੀ ਸਾਰੀ ਸੇਵਾ ਵੀ ਆਪ ਜੀ ਨੇ ਹੀ ਕੀਤੀ। ਇਸ ਪੁਸਤਕ ਦਾ ਪਹਿਲਾ ਐਡੀਸ਼ਨ ਖਤਮ ਹੋਣ ਤੇ ਗਿਆਨੀ ਜੀ ਦੇ ਚੜ੍ਹਾਈ ਕਰ ਜਾਣ ਤੋਂ ਬਾਅਦ ਦੂਸਰਾ ਐਡੀਸ਼ਨ ਵੀ ਛਪਵਾਇਆ। ਮੁੰਦਾਵਣੀ ਪੁਸਤਕ ਤਿਆਰ ਕਰਨ ਤੇ ਛਪਵਾਉਣ ਵਿੱਚ ਆਪ ਦਾ ਯੋਗਦਾਨ, ਇਕ ਮਹਾਨ ਪੰਥਕ ਸੇਵਾ ਸੀ, ਜੋ ਕਿ ਕਥਨ ਕਹਿਣ ਤੋਂ ਬਾਹਰ ਹੈ। ਇਸ ਤੋਂ ਇਲਾਵਾ ਆਪ ਜੀ ਨੇ ਸ. ਮਹਿੰਦਰ ਸਿੰਘ ਜੋਸ਼ ਜੀ ਦੀ ਰਾਗਮਾਲਾ ਸੰਬੰਧੀ 'ਖਸਟ ਰਾਗ ਕਿਨ ਗਾਏ' ਲਿਖੀ ਪੁਸਤਕ ਵੀ ਵੱਡੀ ਗਿਣਤੀ ਵਿੱਚ ਵੰਡੀ। ਫਿਰ ਆਪ ਜੀ ਨੇ ਸ. ਜੈਤੇਗ ਸਿੰਘ ਅਨੰਤ ਨਾਲ ਮਿਲ ਕੇ ਹਰਿਦਰਸ਼ਨ ਟਰੱਸਟ ਵੱਲੋਂ ਭਾਈ ਸਾਹਿਬ ਭਾਈ ਰਣਧੀਰ ਸਿੰਘ ਸਿਮਰਤੀ ਗ੍ਰੰਥ



www.AKJ.Org

ਤਿਆਰ ਕਰਵਾਇਆ ਤੇ ਸੰਗਤਾਂ ਵਿਚ ਵੰਡਿਆ। ਇਸ ਕਾਰਜ ਲਈ ਆਪ ਜੀ ਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਸਨਮਾਨਿਤ ਵੀ ਕੀਤਾ ਗਿਆ। ਆਪ ਜੀ ਕੋਲ ਰਾਗਮਾਲਾ ਸੰਬੰਧੀ ਬਹੁਤ ਸਾਰਾ ਸਾਹਿਤ ਤੇ ਲਿਖਤਾਂ ਸਨ। ਉਨ੍ਹਾਂ ਨੇ ਰਾਗਮਾਲਾ ਸੰਬੰਧੀ ਦੋ ਹੋਰ ਦੁਰਲਭ ਪੁਸਤਕਾਂ 'ਰਾਗਮਾਲਾ ਦਰਪਣ' ਲਿਖਤ ਗਿਆਨੀ ਸ਼ੇਰ ਸਿੰਘ ਅਤੇ 'ਰਾਗਮਾਲਾ ਨਿਰਣਯ' ਲਿਖਤ ਗਿਆਨੀ ਅਰਜਨ ਸਿੰਘ ਜੀ, ਸ. ਜੈਤੇਗ ਸਿੰਘ ਅਨੰਤ ਨੂੰ ਪ੍ਰੇਰਨਾ ਦੇ ਕੇ ਛਪਵਾਈਆਂ। ਆਪ ਹਮੇਸ਼ਾਂ ਗੁਰਮਤਿ ਸਿਧਾਂਤਾਂ ਦੇ ਪ੍ਰਚਾਰ ਲਈ ਤਤਪਰ ਰਹਿੰਦੇ ਸਨ।

ਦੁਨਿਆਵੀ ਚਾਕਰੀ ਦੀ ਸੇਵਾ ਮੁਕਤੀ ਤੋਂ ਬਾਅਦ ਆਪ ਨੇ ਮੁਹਾਲੀ ਅਤੇ ਚੰਡੀਗੜ੍ਹ ਦੀਆਂ ਸੰਗਤਾਂ ਨਾਲ ਕੀਰਤਨ ਸਮਾਗਮਾਂ ਦੇ ਖ਼ੂਬ ਅਨੰਦ ਮਾਣੇ ਤੇ ਗੁਰਮਤਿ ਪ੍ਰਚਾਰ ਦੀ ਸੇਵਾ ਕੀਤੀ। ਪਿੱਛੋਂ ਉਨ੍ਹਾਂ ਦੀ ਸਿੰਘਣੀ ਦੀ ਸਿਹਤ ਢਿੱਲੀ ਹੋਣ ਕਾਰਨ ਅਤੇ ਆਪ ਦੀ ਵੀ ਬਿਰਧ ਅਵਸਥਾ ਕਰਕੇ, ਉਨ੍ਹਾਂ ਦਾ ਸਪੁੱਤਰ ਉਨ੍ਹਾਂ ਨੂੰ ਸੇਵਾ ਸੰਭਾਲ ਲਈ ਆਪਣੇ ਨਾਲ ਸਿਕੰਦਰਾਬਾਦ ਲੈ ਗਿਆ। ਆਪ ਉਥੋਂ ਵੀ ਦਿੱਲੀ, ਸ੍ਰੀ ਅੰਮ੍ਰਿਤਸਰ ਸਾਹਿਬ, ਚੰਡੀਗੜ੍ਹ, ਸ੍ਰੀ ਹਜ਼ੂਰ ਸਾਹਿਬ, ਬਿਦਰ ਆਦਿ ਸਮਾਗਮਾਂ ਦੀ ਹਾਜ਼ਰੀ ਭਰਦੇ ਰਹੇ, ਪਰ ਪਿਛਲੇ ਕੁਛ ਸਮੇਂ ਤੋਂ ਸਿਹਤ ਜ਼ਿਆਦਾ ਢਿੱਲੀ ਹੋਣ ਕਾਰਨ ਆਪ ਘਰ ਵਿੱਚ ਹੀ ਸਹਿਜ ਪਾਠ ਕਰਕੇ ਅਤੇ ਕੀਰਤਨ ਸਰਵਣ ਕਰਕੇ ਲਾਹੇ ਲੈਂਦੇ ਰਹੇ। ਆਪ ਜੀ ਦੀ ਸਿੰਘਣੀ ਦੇ ਦੋ ਸਾਲ ਪਹਿਲਾਂ ਚੜ੍ਹਾਈ ਕਰਨ ਤੋਂ ਬਾਅਦ ਆਪ ਜੀ ਦੀ ਸਿਹਤ ਢਿੱਲੀ ਰਹਿਣ ਲੱਗ ਪਈ ਤੇ ਅਖੀਰ ਆਪ 7 ਫਰਵਰੀ 2019 ਨੂੰ ਸਿਕੰਦਰਾਬਾਦ ਵਿਚ ਹੀ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ। ਇਨ੍ਹਾਂ ਦਾ ਅਕਾਲ ਚਲਾਣਾ ਵੀ ਆਪਣੀ ਇਕ ਅਮਿੱਟ ਯਾਦਾਂ ਛੱਡ ਗਿਆ ਹੈ। ਸਰੀਰਕ ਕਮਜ਼ੋਰੀ ਕਾਰਨ ਚੜ੍ਹਾਈ ਕਰਨ ਤੋਂ ਅੱਠ ਦਸ ਦਿਨ ਪਹਿਲਾਂ ਆਪ ਜੀ ਨੇ ਖਾਣਾ ਪੀਣਾ ਬਿਲਕੁਲ ਛੱਡ ਦਿੱਤਾ ਸੀ। ਕੇਵਲ ਨਾਮ ਬਾਣੀ ਦੇ ਆਸਰੇ ਹੀ ਜੀਅ ਰਹੇ ਸਨ। ਇਸ ਸਮੇਂ ਦੌਰਾਨ ਆਪ ਨੇ ਕੋਈ ਵੀ ਬਚਨ ਜਾਂ ਗੁਰੂ ਫਤਿਹ ਪਰਿਵਾਰਿਕ ਮੈਂਬਰਾਂ ਨਾਲ ਸਾਂਝੀ ਨਹੀਂ ਕੀਤੀ। ਚੜ੍ਹਾਈ ਕਰਨ ਤੋਂ ਇਕ ਦਿਨ ਪਹਿਲਾਂ ਹੈਦਰਾਬਾਦ ਨਿਵਾਸੀ ਕੁਝ ਗੁਰਸਿੱਖ ਆਪ ਜੀ ਦੇ ਦਰਸ਼ਨਾਂ ਲਈ ਗ੍ਰਹਿ ਵਿਖੇ ਆਏ ਤੇ ਆਪ ਨੇ ਉਨ੍ਹਾਂ ਵੱਲੋਂ ਬੁਲਾਈ ਫਤਹਿ ਦਾ ਅੱਖਾਂ ਖੋਹਲ ਕੇ ਅਤੇ ਹੱਥ ਉਪਰ ਕਰ ਕੇ ਫਤਿਹ ਦਾ ਜੁਆਬ ਦਿੱਤਾ। ਉਹ ਆਖਰੀ ਸਮੇਂ ਕੇਵਲ ਗੁਰੂ ਚਰਨਾਂ ਨਾਲ ਹੀ ਜੁੜੇ ਰਹੇ ਅਤੇ ਇਸ ਫਾਨੀ ਸੰਸਾਰ ਨਾਲੋਂ ਰਿਸ਼ਤਾ ਪੂਰੀ ਤਰ੍ਹਾਂ ਤੋੜ ਲਿਆ ਹੋਇਆ ਸੀ। ਅਜਿਹੀਆਂ ਪਰਉਪਕਾਰੀ ਗੁਰਮੁਖ ਰੂਹਾਂ ਵਿਰਲੀਆਂ ਹੀ ਹੁੰਦੀਆਂ ਹਨ। ਗੁਰੂ ਸਾਹਿਬ ਕਿਰਪਾ ਕਰਨ ਸਾਡਾ ਉਨ੍ਹਾਂ ਨਾਲ ਆਤਮਿਕ ਪਿਆਰ ਬਣਿਆ ਰਹੇ ਤੇ ਅਸੀਂ ਉਨ੍ਹਾਂ ਦੇ ਪਾਏ ਪੂਰਨਿਆਂ ਤੇ ਚਲ ਸਕੀਏ।

## ਭਾਈ ਗੁਰਦੇਵ ਸਿੰਘ ਜੀ, ਟਾਟਾ ਨਗਰ

ਭਾਈ ਗੁਰਦੀਪ ਸਿੰਘ ਸ੍ਰੀ ਅੰਮ੍ਰਿਤਸਰ

ਪੂਰਬੀ ਭਾਰਤ ਦੇ ਮਸ਼ਹੂਰ ਸਨਅਤੀ ਸ਼ਹਿਰ ਟਾਟਾ ਨਗਰ ਦੇ ਨਿਵਾਸੀ, ਭਾਈ ਸਾਹਿਬ ਜੀ ਦੇ ਸੰਗੀ ਸਾਥੀ, ਨਿਸ਼ਕਾਮ ਤੇ ਨਿਰਬਾਣ ਕੀਰਤਨੀਏ, ਭਾਈ ਗੁਰਦੇਵ ਸਿੰਘ ਜੀ ਦਾ ਜਨਮ ਮਿਤੀ 28 ਫਰਵਰੀ 1931 ਨੂੰ ਪੱਟੀ ਜਿਲ੍ਹਾ ਅੰਮ੍ਰਿਤਸਰ (ਹੁਣ ਤਰਨਤਾਰਨ) ਵਿਚ ਪਿਤਾ ਸ. ਕੇਹਰ ਸਿੰਘ ਸੀ ਅਤੇ ਮਾਤਾ ਪਰਸਿੰਨ ਕੌਰ ਜੀ ਦੇ ਘਰ ਹੋਇਆ। ਇਨ੍ਹਾਂ ਦੇ ਪਿਤਾ ਜੀ ਰੇਲਵੇ ਵਿਭਾਗ ਵਿਚ ਨੌਕਰੀ ਕਰਦੇ ਸਨ। ਦੇਸ਼ ਦੀ ਵੰਡ ਤੋਂ ਪਹਿਲਾਂ ਆਪ ਦੇ ਪਿਤਾ ਆਰਿਫ ਵਾਲਾ ਜਿਲ੍ਹਾ ਪਾਕਪਟਨ (ਪਾਕਿਸਤਾਨ) ਵਿਚ ਸਟੇਸ਼ਨ ਮਾਸਟਰ ਦੇ ਅਹੁਦੇ ਤੇ ਤਾਇਨਾਤ ਸਨ। ਦੇਸ਼ ਦੀ ਵੰਡ ਤੋਂ ਬਾਅਦ ਪਿਤਾ ਜੀ ਪ੍ਰੀਵਾਰ ਸਮੇਤ ਫਿਰੋਜ਼ਪੁਰ ਸ਼ਹਿਰ ਆ ਕੇ ਰਿਟਾਇਰ ਹੋਣ ਤਾਈਂ ਨੌਕਰੀ ਕਰਦੇ ਰਹੇ ਤੇ ਸੰਨ 1958 ਵਿਚ ਸੇਵਾ ਮੁਕਤ ਹੋ ਕੇ ਆਪਣੇ ਛੋਟੇ ਸਪੁਤਰ ਸ. ਤਰਲੋਚਨ ਸਿੰਘ ਕੋਲ ਟਾਟਾਨਗਰ (ਜਮਸ਼ੇਦਪੁਰ) ਜਾ ਵਸੇ।



www.AKJ.Org

ਆਪ ਜੀ ਦੀ ਇਕੋ ਹੀ ਭੈਣ ਸੀ। ਆਪ ਜੀ ਦੇ ਮਾਤਾ ਪਿਤਾ ਅੰਮ੍ਰਿਤਧਾਰੀ ਗੁਰਸਿੱਖ ਸਨ ਤੇ ਗੁਰੂ ਘਰ ਦੇ ਸ਼ਰਧਾਲੂ ਪ੍ਰੇਮੀ ਸਨ। ਆਪ ਜੀ ਨੂੰ ਗੁਰਸਿੱਖੀ ਦੀ ਲਗਨ ਅਤੇ ਪ੍ਰੇਮ, ਬਚਪਨ ਵਿਚ ਖਾਲਸਾ ਕਾਲਜ ਸ੍ਰੀ ਅੰਮ੍ਰਿਤਸਰ ਵਿਚ ਪੜ੍ਹਦਿਆਂ ਹੀ ਲਗ ਗਿਆ ਸੀ।

ਪਿਤਾ ਜੀ ਦੀ ਨੌਂਕਰੀ ਕਾਰਨ ਆਪ ਨੇ ਖਾਲਸਾ ਕਾਲਜ ਸ੍ਰੀ ਅੰਮ੍ਰਿਤਸਰ ਦੇ ਹੋਸਟਲ ਵਿਚ ਰਹਿ ਕੇ ਪਹਿਲਾਂ ਦਸਵੀਂ ਪਾਸ ਕੀਤੀ ਤੇ ਫਿਰ ਗਿਆਨੀ ਦਾ ਕੋਰਸ ਪਾਸ ਕਰ ਲਿਆ। ਦੇਸ਼ ਦੀ ਵੰਡ ਵੇਲੇ ਆਪ ਵੀ ਪ੍ਰੀਵਾਰ ਦੇ ਨਾਲ ਹੀ ਫਿਰੋਜ਼ਪੁਰ ਸ਼ਹਿਰ ਵਿਚ ਆ ਗਏ।

ਫਿਰੋਜ਼ਪੁਰ ਆ ਕੇ ਆਪ 13 ਅਕਤੂਬਰ 1948 ਨੂੰ ਭਾਰਤੀ ਫੌਜ ਦੀ ਸਿੱਖ ਲਾਈਟ ਇਨਫੈਨਟਰੀ ਦੇ ਦਫ਼ਤਰ ਵਿਚ ਸ੍ਰੀ ਅੰਮ੍ਰਿਤਸਰ ਵਿਖੇ ਭਰਤੀ ਹੋ ਗਏ ਅਤੇ ਆਪ ਦੀ ਪਹਿਲੀ ਤਾਇਨਾਤੀ ਫਿਰੋਜ਼ਪੁਰ ਹੋ ਗਈ। ਫਿਰੋਜ਼ਪੁਰ ਰਹਿੰਦਿਆਂ ਆਪ ਜੀ ਦਾ ਮੇਲ ਜਥੇ ਦੇ ਸਿੰਘਾਂ ਨਾਲ ਹੋ ਗਿਆ ਕਿਉਂਕਿ ਭਾਈ ਸਾਹਿਬ ਜੀ ਜਥੇ ਸਮੇਤ ਇਥੇ ਕਈ ਸਾਲ ਕੀਰਤਨ ਸਮਾਗਮਾਂ ਦੀ ਹਾਜ਼ਰੀ ਭਰਨ ਆਉਂਦੇ ਰਹੇ ਹਨ। ਉਸ ਵੇਲੇ ਉਥੇ ਭਾਈ ਮੋਹਨ ਸਿੰਘ ਜੀ ਗਾਰਡ, ਗਿਆਨੀ ਗੁਰਬਚਨ ਸਿੰਘ ਜੀ (ਸੂਰਾ ਮਾਸਿਕ ਪੱਤਰ) ਅਤੇ ਜਥੇ ਦੇ ਕਈ ਹੋਰ ਪ੍ਰੀਵਾਰ ਰਹਿੰਦੇ ਸਨ। ਉਥੇ ਹੀ ਕੀਰਤਨ ਸਮਾਗਮਾਂ ਦੇ ਅਦੁਤੀ ਆਨੰਦ ਮਾਣਦੇ ਹੋਏ ਭਾਈ ਸਾਹਿਬ ਜੀ ਦੀ ਚੁੰਭਕੀ ਸਖਸ਼ੀਅਤ ਤੋਂ ਪ੍ਰਭਾਵਿਤ ਹੋ ਗਏ। ਫਿਰ ਜਲਦੀ ਹੀ ਅੰਮ੍ਰਿਤ ਛੱਕ ਕੇ ਗੁਰੂ ਦੇ ਤਿਆਰ ਬਰ ਤਿਆਰ ਸਿੰਘ ਸਜ ਗਏ ਤੇ ਗੁਰਮਤਿ ਰਹਿਤ ਬਹਿਤ ਦੇ ਧਾਰਨੀ ਹੋ ਗਏ।

ਫਿਰੋਜ਼ਪੁਰ ਤੋਂ ਬਾਅਦ ਆਪ ਜੀ ਦੀ ਬਦਲੀ ਮੇਰਠ ਹੋ ਗਈ। ਉਥੇ ਭਾਈ ਸਾਹਿਬ ਜੀ ਦੇ ਅਤਿ ਨਿਕਟਵਰਤੀ ਬੀਬੀ ਤਾਰਾਵਤੀ ਜੀ ਆਪਣੇ ਪਤੀ ਸਮੇਤ ਦਿੱਲੀ ਤੋਂ ਤਬਦੀਲੀ ਹੋਣ ਕਾਰਨ ਆ ਗਏ ਸਨ। ਉਥੇ ਪਹਿਲੇ ਰਹਿੰਦੇ ਜਥੇ ਦੇ ਸਿੰਘਾਂ, ਹੋਰ ਲੋਕਲ ਸੰਗਤਾਂ ਅਤੇ ਆਪ ਜੀ ਦੇ ਸਹਿਯੋਗ ਅਤੇ ਇਸ ਬੀਬੀ ਦੇ ਉਤਸ਼ਾਹ ਨਾਲ ਕੀਰਤਨ ਅਖਾੜੇ ਸੱਜਣ ਲਗ ਪਏ। ਫੌਜ ਵਿਚ ਇਨ੍ਹਾਂ ਦੇ ਨਾਲ ਹੀ ਹੋਰ ਤਿੰਨ ਚਾਰ ਗੁਰਸਿੱਖ ਪ੍ਰੀਵਾਰ ਵੀ ਰਹਿੰਦੇ ਸਨ। ਇਸ ਤਰ੍ਹਾਂ ਇਥੇ ਇਕ ਸੋਹਣੀ ਕੀਰਤਨ ਮੰਡਲੀ ਬਣ ਗਈ। ਇਥੋਂ ਆਪ ਜੀ ਨੇ ਦਿੱਲੀ, ਲੁਧਿਆਣਾ ਅਤੇ ਹੋਰ ਸ਼ਹਿਰਾਂ ਵਿਚ ਸਮਾਗਮਾਂ 'ਤੇ ਜਾਣਾ ਸ਼ੁਰੂ ਕਰ ਦਿੱਤਾ। ਆਪ ਜੀ ਨੇ ਮੇਰਠ ਰਹਿੰਦਿਆਂ ਰਾਗਾਂ ਵਿਚ ਕਲਾਸੀਕਲ ਕੀਰਤਨ ਸਿੱਖਿਆ। ਇਸ ਤੋਂ ਬਾਅਦ ਆਪ ਜੀ ਲੋਕਲ ਅਤੇ ਕੇਂਦਰੀ ਸਮਾਗਮਾਂ ਵਿਚ ਕੀਰਤਨ ਦੀਆਂ ਗੁੰਜਾਰਾਂ ਗੁੰਜਾ ਕੇ, ਸੰਗਤਾਂ ਨਾਲ ਮਿਲ ਕੇ ਨਾਮ ਬਾਣੀ ਦੇ ਲਾਹੇ, ਤਾਅ ਜ਼ਿੰਦਗੀ ਲੈਂਦੇ ਰਹੇ। ਆਪ ਜੀ ਦਿੱਲੀ ਨਿਵਾਸੀ ਜਥੇ ਦੇ ਪੁਰਾਤਨ ਸਿੰਘਾਂ ਭਾਈ ਦਰਸ਼ਨ ਸਿੰਘ (ਭਰਾ ਜੀ) ਭਾਈ ਮਿਹਰ ਸਿੰਘ ਜੀ ਭਾਈ ਦਰਸ਼ਨ ਸਿੰਘ ਜੀ ਦਿਲਰੁਬਾ ਅਤੇ ਹੋਰ ਕੀਰਤਨੀ ਸਿੰਘਾਂ ਨਾਲ ਘੁਲ ਮਿਲ ਗਏ। ਆਪ ਕਈ ਵਾਰ ਮੇਰਠ ਤੋਂ ਸਾਈਕਲ ਪਰ ਹੀ ਦਿੱਲੀ ਵਿਚ ਹੋ ਰਹੇ ਰੈਣ ਸਬਾਈ ਕੀਰਤਨਾਂ ਦੀ ਹਾਜ਼ਰੀ ਭਰਨ ਲਈ ਜਾਇਆ ਕਰਦੇ ਸਨ। ਭਾਈ ਦਰਸ਼ਨ ਸਿੰਘ (ਭਰਾ ਜੀ) ਓਦੋਂ ਕਰੋਲ ਬਾਗ ਰਹਿੰਦੇ ਸਨ ਅਤੇ ਉਨ੍ਹਾਂ ਦੇ ਘਰ ਆਪ ਜੀ ਦਾ ਮੇਲ ਬੀ. ਸਵਰਨ ਕੌਰ ਜੀ ਸਬਜ਼ੀ ਮੰਡੀ ਵਾਲਿਆਂ ਨਾਲ ਹੋਇਆ, ਜੋ ਤਾਅ ਜ਼ਿੰਦਗੀ ਆਪ ਜੀ ਦੀ ਧਰਮ ਦੀ ਭੈਣ ਬਣ ਕੇ ਰਹੀ। ਉਨ੍ਹਾਂ ਨੇ ਆਪ ਜੀ ਤੋਂ ਹੀ ਕੀਰਤਨ ਸਿੱਖਿਆ ਅਤੇ ਉਨ੍ਹਾਂ ਦੀ ਸੁਰੀਲੀ ਅਤੇ ਦਿਲ ਖਿਚਵੀਂ ਆਵਾਜ਼ ਕਰਕੇ ਭਾਈ ਸਾਹਿਬ ਜੀ ਉਸ ਬੀਬੀ ਨੂੰ ਕੋਇਲ ਕਿਹਾ ਕਰਦੇ ਸੀ। ਉਹ ਬੀਬੀ ਅਜਕਲ ਕੈਨੇਡਾ ਦੇ ਕੈਲਗਰੀ ਸ਼ਹਿਰ ਵਿਚ ਆਪਣੀ ਲੜਕੀ ਕੋਲ ਰਹਿ ਰਹੀ ਹੈ। ਆਪ ਜੀ ਇਸ ਧਰਮ ਦੀ ਭੈਣ ਬੀਬੀ ਨਾਲ ਮੇਰਠ ਤੋਂ ਲੁਧਿਆਣੇ ਜਾ ਕੇ ਭਾਈ ਸਾਹਿਬ ਜੀ ਦੇ ਦਰਸ਼ਨ ਮੇਲੇ ਕਰਦੇ ਰਹਿੰਦੇ ਸਨ ਤੇ ਭਾਈ ਸਾਹਿਬ ਜੀ ਨੂੰ ਕੀਰਤਨ ਸ੍ਰਵਣ ਕਰਵਾ ਕੇ ਉਨ੍ਹਾਂ ਦੀਆਂ ਅਸੀਸਾਂ ਦੇ ਪਾਤਰ ਬਣਦੇ ਰਹੇ। ਆਪ ਜੀ ਨੇ ਮੇਰਠ ਵਿਚ ਰਹਿ ਕੇ ਗੁਰਬਾਣੀ ਦੇ ਕੀਰਤਨ ਰਾਹੀਂ ਬੇਅੰਤ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ। ਇਨ੍ਹਾਂ ਦੀ ਇਥੇ ਤਾਇਨਾਤੀ ਵੇਲੇ ਸੰਨ 1953 ਵਿਚ ਸ੍ਰੀ ਮਾਨ ਬਾਊ ਮਲ ਸਿੰਘ ਜੀ ਨੇ ਸੰਗਤਾਂ ਦੇ ਸਦੇ ’ਤੇ ਜਥੇ ਸਮੇਤ ਆ ਕੇ ਅੰਮ੍ਰਿਤ ਸੰਚਾਰ ਵੀ ਕੀਤਾ ਸੀ ਤੇ ਕਈ ਗੁਰਸਿੱਖ ਪ੍ਰੀਵਾਰਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ ਸੀ। ਇਥੇ ਜਥੇ ਦੇ ਸਿੰਘਾਂ ਦੀ ਖੇਤੀ ਰੂਪ ਫਸਲ



www.AKJ.Org

ਤਿਆਰ ਕਰਨ ਲਈ, ਆਪ ਜੀ ਨੇ ਜ਼ਮੀਨ ਵਾਹੁਣ, ਪੱਧਰਾ ਕਰਨ ਤੇ ਲੋੜੀਂਦੀ ਸਿੰਚਾਈ ਕਰਕੇ ਜ਼ਮੀਨ ਨੂੰ ਵੱਤਰ ਕਰਨ ਦੀ ਸੇਵਾ ਨਿਬਾਹੀ। ਆਪ ਜੀ ਦਾ ਅਨੰਦ ਕਾਰਜ ਬੀਬੀ ਕੁਲਦੀਪ ਕੌਰ ਜੀ ਨਾਲ ਹੋਇਆ ਜੋ ਕਿ ਬਚਪਨ ਤੋਂ ਹੀ ਗੁਰੂ ਘਰ ਦੀ ਸ਼ਰਧਾਲੂ, ਨਿਮਰਤਾ ਅਤੇ ਸੇਵਾ ਦੀ ਪੁੰਜ ਸੀ। ਇਸ ਨੇ ਛੇ ਬੱਚਿਆਂ ਦੀ ਪਾਲਣਾ-ਪੋਸ਼ਣਾ, ਘਰ ਦੀ ਸੇਵਾ ਸੰਭਾਲ ਦੇ ਨਾਲ ਆਪਣੀ ਪਤੀ ਵਲੋਂ ਥਾਂ-ਥਾਂ ਜਾ ਕੇ ਨਿਸ਼ਕਾਮ ਕੀਰਤਨ ਸੇਵਾ ਨਿਭਾਉਣ ਲਈ ਪੂਰਾ ਸਾਥ ਦਿੱਤਾ।

ਮੇਰਠ ਤੋਂ ਆਪ ਜੀ ਦੀ ਬਦਲੀ ਜੁਲਾਈ 1957 ਵਿਚ ਜੰਮੂ ਹੋ ਗਈ ਤੇ ਉਥੇ ਜੁਲਾਈ 1961 ਤਾਈ ਰਹੇ। ਫਿਰ ਆਪ ਦੀ ਤਬਦੀਲੀ ਗੋਆ ਹੋ ਗਈ ਤੇ ਉਥੇ ਸਿਰਫ 6 ਮਹੀਨੇ ਰਹਿਣ ਤੋਂ ਬਾਅਦ ਚੀਨ ਦੀ ਲੜਾਈ ਲਗਣ ਕਰਕੇ ਆਪ ਦੀ ਬਦਲੀ ਨੇਫਾ (NEFA) Higher altitude ਦੀ ਹੋ ਗਈ। ਲੜਾਈ ਦੇ ਸਮੇਂ ਦੌਰਾਨ ਉਥੇ ਦੋ ਮਹੀਨੇ ਰਹੇ ਅਤੇ ਮੁੜ ਮੇਰਠ ਆ ਗਏ ਜਿਥੋਂ ਆਪ 20 ਸਾਲ ਦੀ ਨੌਕਰੀ ਕਰਕੇ 13 ਅਕਤੂਬਰ 1968 ਨੂੰ ਪੈਨਸ਼ਨ ਲੈ ਕੇ ਸੂਬੇਦਾਰ ਦੇ ਅਹੁਦੇ ਤੋਂ ਸੇਵਾ ਮੁਕਤ ਹੋਏ। ਇਸ ਦੌਰਾਨ ਆਪ ਜੀ ਦੀ ਚੰਗੀ ਕਾਰਗੁਜ਼ਾਰੀ, ਈਮਾਨਦਾਰੀ, ਦਿਆਨਤਦਾਰੀ, ਕੰਮ ਦੀ ਕੁਸ਼ਲਤਾ ਕਰਕੇ ਆਪ ਨੂੰ ਹੇਠ ਲਿਖੇ ਮੈਡਲ ਪ੍ਰਾਪਤ ਹੋਏ :-

1. Sainya Sewa Medal with clasp Jammu and Kashmir
2. QS Medal with Clasp Goa 1961
3. Clasp NEFA Medal to GS
4. RAKSHA Medal
5. Meritorious Service Medal on Independence Day 1966 by India's President V.V. Giri

ਆਪ ਜੀ ਦੇ ਛੋਟੇ ਭਰਾ ਦੇ ਟਾਟਾ ਨਗਰ ਨੌਕਰੀ ਕਰਨ ਕਰਕੇ ਆਪ ਜੀ ਦੇ ਮਾਤਾ ਪਿਤਾ ਵੀ ਸੰਨ 1958 ਵਿਚ ਉਸ ਕੋਲ ਚਲੇ ਗਏ ਸਨ ਤੇ ਆਪ ਵੀ ਉਥੇ ਉਨ੍ਹਾਂ ਕੋਲ ਜਾਂਦੇ ਰਹਿੰਦੇ ਸਨ। ਉਥੇ ਸਥਾਨਕ ਗੁਰਦੁਆਰਿਆਂ ਵਿਚ ਕੀਰਤਨ ਕਰਕੇ ਸੰਗਤਾਂ ਨੇ ਆਪ ਨੂੰ ਵੀ ਉਥੇ ਆਉਣ ਲਈ ਜ਼ੋਰ ਪਾਇਆ। ਫਿਰ ਆਪ ਜੀ ਨੂੰ ਟਾਟਾ ਦੀ ਇਕ ਕੰਪਨੀ ਵਿਚ ਮੁਖ ਪ੍ਰਬੰਧਕ ਅਤੇ ਚੀਫ ਸਿਕਿਉਰਟੀ ਅਫ਼ਸਰ ਦੀ ਨੌਕਰੀ ਮਿਲ ਗਈ ਜੋ ਆਪ ਨੇ 1991 ਤਾਈਂ ਲਗਾਤਾਰ 23 ਸਾਲ ਕੀਤੀ ਤੇ ਨਾਲ ਹੀ ਸਾਰੇ ਪੂਰਬੀ ਭਾਰਤ ਦੇ ਵੱਡੇ ਸ਼ਹਿਰਾਂ ਵਿਚ ਕੀਰਤਨ ਕਰਕੇ ਬੇਅੰਤ ਸੰਗਤਾਂ ਨੂੰ ਗੁਰਬਾਣੀ ਕੀਰਤਨ ਰਾਹੀਂ ਗੁਰੂ ਚਰਨਾਂ ਨਾਲ ਜੋੜਿਆ।

ਜਿਥੇ ਆਪ ਰਾਗ ਵਿਦਿਆ ਦੇ ਜਾਣਕਾਰ ਤੇ ਸੰਗੀਤ ਵਿਚ ਪ੍ਰਬੀਨ ਸਨ ਉਥੇ ਆਪ ਦਾ ਗਲਾ ਵੀ ਸੁਰੀਲਾ ਅਤੇ ਆਵਾਜ਼ ਬੜੀ ਬੁਲੰਦ ਸੀ। ਮੇਰਠ/ਜੰਮੂ ਤੋਂ ਬਾਅਦ ਆਪ ਦੀ ਤਬਦੀਲੀ ਦੂਰ ਦੁਰਾਡੇ ਸ਼ਹਿਰਾ ਵਿਚ ਹੋਣ ਕਰਕੇ ਆਪ ਦਾ ਕੇਂਦਰੀ ਸਮਾਗਮਾਂ ਤੇ ਆਉਣਾ ਜਾਣਾ ਘੱਟ ਗਿਆ ਸੀ ਪਰ ਸੇਵਾ ਮੁਕਤੀ ਤੋਂ ਬਾਅਦ ਆਪ ਟਾਟਾ ਨਗਰ ਜਮਸ਼ੇਦਪੁਰ, ਕਲਕੱਤਾ, ਧੰਨਬਾਦ, ਸ੍ਰੀ ਪਟਨਾ ਸਾਹਿਬ ਆਦਿ ਸ਼ਹਿਰਾਂ ਵਿਚ ਇਹ ਸੇਵਾ ਜਾ ਕੇ ਨਿਬਾਹੁੰਦੇ ਰਹੇ। ਟਾਟਾ ਨਗਰ ਆਉਣ ਤੇ ਆਪ ਜੀ ਦਾ ਸਭ ਤੋਂ ਪਹਿਲਾ ਮੇਲ ਭਾਈ ਅਮੋਲਕ ਸਿੰਘ ਜੀ ਜੋ ਭਾਈ ਸਾਹਿਬ ਜੀ ਦੇ ਪੁਰਾਤਨ ਸੰਗੀ ਸਾਥੀ ਸਨ ਨਾਲ ਹੋਇਆ। ਭਾਈ ਸਾਹਿਬ ਜੀ ਸੰਨ 1951 ਵਿਚ ਜਥੇ ਸਮੇਤ ਇਨ੍ਹਾਂ ਕੋਲ ਜਮਸ਼ੇਦਪੁਰ ਆਏ ਸੀ। ਸੰਨ 1975 ਵਿਚ ਸ੍ਰੀ ਪੂਰਨ ਜੀ ਦੀ ਬਦਲੀ ਕਲਕੱਤਾ ਹੋਣ ਕਾਰਨ ਆਪ ਜੀ ਦਾ ਉਨ੍ਹਾਂ ਨਾਲ ਸਬੰਧ ਜੁੜ ਗਿਆ। ਇਸ ਤੋਂ ਪਹਿਲਾਂ ਤਖਤ ਸ੍ਰੀ ਪਟਨਾ ਸਾਹਿਬ ਜੀ ਵਿਖੇ ਭਾਈ ਜੀਵਨ ਸਿੰਘ ਜੀ ਦੇ ਆਉਣ ਕਰਕੇ ਆਪ ਨੂੰ ਉਨ੍ਹਾਂ ਦੀ ਸੰਗਤ ਮਾਨਣ ਦਾ ਸੁਭਾਗ ਵੀ ਪ੍ਰਾਪਤ ਹੋ ਗਿਆ ਸੀ। ਭਾਈ ਜੀਵਨ ਸਿੰਘ ਜੀ ਵੀ ਸ੍ਰੀ ਪਟਨਾ ਸਾਹਿਬ ਤੋਂ ਸਾਰੇ ਪੂਰਬੀ ਭਾਰਤ ਦੇ ਸ਼ਹਿਰਾਂ ਵਿਚ ਸੰਗਤਾਂ ਦੇ ਸੱਦੇ ਤੇ ਕੀਰਤਨ ਸਮਾਗਮਾਂ ਤੇ ਜਾਂਦੇ ਰਹਿੰਦੇ ਸਨ। ਇਨ੍ਹਾਂ ਰਾਹੀਂ ਹੀ ਆਪ ਜੀ ਦਾ ਮੇਲ ਭਾਈ ਮਾਨ ਸਿੰਘ ਜੀ ਧੰਨਬਾਦ ਵਾਲਿਆਂ ਨਾਲ ਹੋ ਗਿਆ ਜੋ ਕਿ ਧੰਨਬਾਦ, ਗਯਾ, ਡੇਅਰੀ ਆਨ


www.AKJ.Org

ਸੋਨ, ਸਾਸਾਰਾਮ, ਸ੍ਰੀ ਪਟਨਾ ਸਾਹਿਬ, ਬਨਾਰਸ, ਕਲਕੱਤਾ ਆਦਿ ਸ਼ਹਿਰਾਂ ਵਿਚ ਅੰਮ੍ਰਿਤ ਵੇਲਾ, ਸ੍ਰੀ ਅਖੰਡ ਪਾਠ ਤੇ ਰੈਣ ਸਬਾਈ ਕੀਰਤਨਾਂ ਦੇ ਪ੍ਰਵਾਹ ਚਲਾ ਰਹੇ ਸਨ ਤੇ ਆਪ ਜੀ ਵੀ ਇਸ ਗੁਰਮਤਿ ਪ੍ਰਚਾਰ ਲਹਿਰ ਵਿਚ ਸ਼ਾਮਿਲ ਹੋ ਗਏ। ਨਵੰਬਰ 1984 ਵਿਚ ਹੋਏ ਦੰਗਿਆਂ ਤੋਂ ਬਾਅਦ ਬਹੁਤ ਸਾਰੀਆਂ ਸੰਗਤਾਂ ਬਾਹਰਲੇ ਸੂਬਿਆਂ ਤੋਂ ਪੰਜਾਬ ਵਿਚ ਆ ਗਈਆਂ ਪਰ ਆਪ ਟਾਟਾ ਨਗਰ ਹੀ ਡਟੇ ਰਹੇ ਤੇ ਸੰਗਤਾਂ ਦੀ ਗੁਰਬਾਣੀ ਕੀਰਤਨ ਰਾਹੀਂ ਸੇਵਾ ਕਰਦੇ ਰਹੇ।

ਆਪ ਜੀ ਟਾਟਾ ਨਗਰ ਤੋਂ ਹਰ ਸਾਲ ਦਿੱਲੀ ਵਿਖੇ ਦੁਸਹਿਰੇ ਦੀਆਂ ਛੁੱਟੀਆਂ ਵਿਚ ਹੋਣ ਵਾਲੇ ਕੀਰਤਨ ਸਮਾਗਮ ਦੀ ਹਾਜ਼ਰੀ ਭਰਨ ਆਉਂਦੇ ਰਹੇ। ਇਸ ਤੋਂ ਇਲਾਵਾ ਸੰਨ1992 ਤੋਂ ਸ੍ਰੀ ਪੂਰਨ ਦਾਰ ਜੀ ਵਲੋਂ ਸੰਗਤਾਂ ਦੇ ਸਹਿਯੋਗ ਨਾਲ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਪੂਰਬ ਸਮੇਂ ਤਖਤ ਸ੍ਰੀ ਪਟਨਾ ਸਾਹਿਬ ਵਿਖੇ ਹੋ ਰਹੇ ਅਖੰਡ ਕੀਰਤਨ ਸਮਾਗਮ ਤੇ ਵੀ ਆ ਕੇ ਹਾਜ਼ਰੀ ਭਰਦੇ ਸਨ ਅਤੇ ਗੁਰੂ ਸਾਹਿਬ ਜੀ ਦੀਆਂ ਅਸੀਸਾਂ ਪ੍ਰਾਪਤ ਕਰਦੇ ਸਨ।

ਜਿਸ ਤਰ੍ਹਾਂ ਕੀਰਤਨ ਆਪ ਦੀ ਆਤਮਾ ਦੀ ਖੁਰਾਕ ਸੀ ਤੇ ਜੀਵਨ ਦਾ ਆਧਾਰ ਸੀ, ਉਸੇ ਤਰ੍ਹਾਂ ਹੀ ਆਪ ਗੁਰੂ ਘਰ ਵਿਚ ਕੀਰਤਨ ਕਰਦੇ ਹੋਏ ਮਿਤੀ 23 ਜੁਲਾਈ 2005 ਨੂੰ ਗੁਰੂ ਚਰਨਾਂ ਵਿਚ ਜਾ ਬਿਰਾਜੇ। ਆਪ ਜੀ ਦਾ ਅੰਤਮ ਸਮਾਂ ਅਤੇ ਅਕਾਲ ਚਲਾਣਾ ਇਕ ਅਲੌਕਿਕ ਘਟਨਾ ਸੀ ਜੋ ਕਿਸੇ ਵਿਰਲੇ ਦੇ ਹਿੱਸੇ ਹੀ ਆਉਂਦੀ ਹੈ। ਆਪ ਜੀ ਦੀ ਸਿਹਤ ਠੀਕ ਸੀ। ਸਵੇਰੇ ਗੁਰਦੁਆਰੇ ਕੀਰਤਨ ਦੀ ਸੇਵਾ ਲਈ ਗਏ। ਕੀਰਤਨ ਦੀ ਸਮਾਪਤੀ ਹੋਣ ਵੇਲੇ ਅਜੇ ਅਨੰਦ ਸਾਹਿਬ ਆਰੰਭ ਹੀ ਕੀਤਾ ਸੀ ਕਿ **"ਸਤਿਗੁਰੁ ਤ ਪਾਇਆ ਸਹਜ ਸੇਤੀ"** ਵਾਲੀ ਤੁਕ ਪੜ੍ਹ ਕੇ ਵਾਜੇ ਉਪਰ ਸਿਰ ਰੱਖ ਦਿੱਤਾ ਤੇ ਮੁੜ ਨਹੀਂ ਚੁੱਕਿਆ। ਹਸਪਤਾਲ ਲਿਜਾਣ ਤੇ ਡਾਕਟਰਾਂ ਨੇ ਕਹਿ ਦਿੱਤਾ ਕਿ ਭੌਰ ਉਡਾਰੀ ਮਾਰ ਗਿਆ ਹੈ। ਆਪ ਜੀ ਨੇ ਕੀਰਤਨ ਕਰਦਿਆਂ ਹੋਇਆਂ ਗੁਰੂ ਚਰਨਾਂ ਨਾਲ ਲਿਵ ਜੋੜੀ ਰੱਖੀ ਤੇ ਸਹਿਜ ਸੇਤੀ ਆਪਣੇ ਸਤਿਗੁਰ ਪਾਸ ਆਪਣੇ ਨਿਜ ਘਰ ਵਿਚ ਜਾ ਵੱਸੇ।

*(ਆਪ ਜੀ ਦੇ ਸਪੁੱਤਰ ਹੈਪੀ ਸਿੰਘ ਟਾਟਾਨਗਰ ਤੋਂ ਮਿਲੀ ਸੂਚਨਾ 'ਤੇ ਅਧਾਰਿਤ)*

# ਵੀਰ ਪਰਿਵਾਰ (ਲੁਧਿਆਣਾ)

ਭਾਈ ਗੁਰਦੀਪ ਸਿੰਘ, ਸ੍ਰੀ ਅੰਮ੍ਰਿਤਸਰ

## ੳ) ਭਾਈ ਦਇਆ ਸਿੰਘ ਜੀ

ਗੁਰੂ ਘਰ ਦੇ ਨਿਰਬਾਣ ਅਤੇ ਨਿਸ਼ਕਾਮ ਕੀਰਤਨੀਏ, ਅਖੰਡਪਾਠੀ, ਲੰਗਰ ਦੇ ਅਣੱਥਕ ਸੇਵਾਦਾਰ, ਭਾਈ ਦਇਆ ਸਿੰਘ ਜੀ ਦਾ ਜਨਮ ਇਤਿਹਾਸਕ ਅਸਥਾਨ ਮੁਕਤਸਰ ਸਾਹਿਬ ਵਿਖੇ ਮਿਤੀ 27 ਮਾਰਚ 1943 ਨੂੰ ਪਿਤਾ ਸ. ਦਲੀਪ ਸਿੰਘ ਜੀ ਦੇ ਘਰ ਮਾਤਾ ਨਰਾਇਣ ਕੌਰ ਜੀ ਦੀ ਕੁਖੋਂ ਹੋਇਆ। ਇਨ੍ਹਾਂ ਦੇ ਪਿਤਾ ਜੀ, ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਉਦੋਂ ਦੇ ਪੁਰਾਤਨ ਸੰਗੀ ਸਾਥੀ ਸਨ ਜਦੋਂ ਪਿਤਾ ਜੀ ਰਾਵਲਪਿੰਡੀ ਦੇ ਇਲਾਕੇ ਵਿਚ ਖੇਤੀਬਾੜੀ ਵਿਭਾਗ ਵਿਚ ਨੌਕਰੀ ਕਰਦੇ ਸਨ। ਇੰਨ੍ਹਾਂ ਦਾ ਜੱਦੀ ਪਿੰਡ ਤਾਂ ਨੰਗਲ (ਨੇੜੇ ਨਿਹਾਲ ਸਿੰਘ ਵਾਲਾ) ਜ਼ਿਲ੍ਹਾ ਫਿਰੋਜ਼ਪੁਰ (ਹੁਣ ਮੋਗਾ ਸੀ) ਪਰ ਪਿਤਾ ਜੀ ਦੀ ਨੌਕਰੀ ਸਮੇਂ ਵਾਰ ਵਾਰ ਤਬਦੀਲ ਹੋ ਜਾਣ ਕਾਰਨ ਇਹ ਪ੍ਰੀਵਾਰ ਪੰਜਾਬ ਦੀਆਂ ਵੱਖ-ਵੱਖ ਥਾਵਾਂ 'ਤੇ ਰਿਹਾ ਪਰ ਜ਼ਿਆਦਾ ਸਮਾਂ ਮੁਕਤਸਰ, ਗਿੱਦੜਬਾਹਾ, ਲੰਬੀ ਤੇ ਪੂਹਲਾ (ਨਥਾਣਾ) ਜ਼ਿਲ੍ਹਾ ਬਠਿੰਡਾ ਇਲਾਕੇ ਵਿਚ ਰਿਹਾ ਹੈ। ਪਿਤਾ ਜੀ ਦੀ ਭਾਈ ਸਾਹਿਬ ਜੀ ਨਾਲ ਨੇੜਤਾ ਕਾਰਨ ਹੀ ਆਪ ਜੀ ਨੇ ਮਾਤਾ ਪਿਤਾ ਅਤੇ ਤਿੰਨ ਹੋਰ ਪ੍ਰੀਵਾਰ ਮੈਂਬਰਾਂ ਨਾਲ ਸੰਨ 1949 ਵਿਚ ਹੀ ਨਾਰੰਗਵਾਲ ਸਮਾਗਮ ਤੇ ਅੰਮ੍ਰਿਤ ਛੱਕ ਲਿਆ ਸੀ। ਆਪ ਦੇ ਪਿਤਾ ਜੀ ਦੀ ਭਾਈ ਸਾਹਿਬ ਨਾਲ ਡੂੰਘਾ ਪਿਆਰ ਦੀ ਮਿਸਾਲ ਇਹ ਹੈ ਕਿ ਪਿਤਾ ਜੀ ਦੇ ਵਾਰ-ਵਾਰ ਬੇਨਤੀਆਂ ਕਰਨ ਕਿ ਮੇਰੀ ਅਰਦਾਸ ਕਰੋ ਤਾਂ ਭਾਈ ਸਾਹਿਬ ਜੀ ਪੰਚਾਂ ਕੋਲ ਅਰਦਾਸ ਕਰਵਾਉਣ



www.AKJ.Org

ਲਈ ਖੁਦ ਹਾਜ਼ਿਰ ਹੋਏ ਸਨ ਤੇ ਗੁਰੂ ਸਾਹਿਬ ਜੀ ਦੇ ਚਰਨਾਂ ਵਿਚ ਪ੍ਰੀਵਾਰ ਵਾਸਤੇ ਅਰਦਾਸ ਕਰਨ ਲਈ ਬੇਨਤੀ ਕੀਤੀ। (ਨੋਟ-ਭਾਈ ਸਾਹਿਬ ਜੀ ਖੁਦ ਕਿਸੇ ਪ੍ਰਕਾਰ ਦੇ ਨਿੱਜੀ ਕਾਰਜ, ਆਪਣੇ ਜਾਂ ਹੋਰ ਕਿਸੇ ਲਈ, ਅਰਦਾਸ ਕਰਨ ਤੋਂ ਹਮੇਸ਼ਾਂ ਸੰਕੋਚ ਕਰਦੇ ਸਨ।) ਇਨ੍ਹਾਂ ਦੇ ਮਾਤਾ ਜੀ ਵੀ ਗੁਰਸਿੱਖ ਅਤੇ ਪੰਥਕ ਕੁਰਬਾਨੀ ਵਾਲੇ ਪਰਿਵਾਰ ਵਿੱਚੋਂ ਹੋਣ ਕਰਕੇ, ਇਸ ਪ੍ਰਵਾਹ ਨੂੰ ਕੁਰਬਾਨੀ ਦਾ ਜਜ਼ਬਾ ਵਿਰਸੇ ਵਿਚੋਂ ਮਿਲਿਆ ਹੋਇਆ ਸੀ। ਮਾਤਾ ਜੀ ਦੇ ਤਾਇਆ ਜੀ ਨੇ ਅਕਾਲੀ ਲਹਿਰ ਵੇਲੇ ਜੈਤੋ ਦੇ ਮੋਰਚੇ ਵਿੱਚ ਗ੍ਰਿਫ਼ਤਾਰੀ ਦੇ ਕੇ ਮੋਰਚਾ ਫਤਹਿ ਹੋਣ ਤਾਈਂ ਕੈਦ ਕੱਟੀ ਸੀ। ਉਹ ਇੱਕ ਭਜਨੀਕ ਰੂਹ ਸੀ ਇਸ ਨੂੰ ਇਕ ਵਾਰ ਇਕ ਪ੍ਰੇਤ ਦੀ ਰੂਹ ਨਾਲ ਵੀ ਤਕੜੀ ਸਰੀਰਕ ਲੜਾਈ ਲੜਨੀ ਪਈ ਸੀ। ਆਪ ਜੀ ਨੇ ਮਾਤਾ ਪਿਤਾ ਜੀ ਦੀ ਸੰਗਤ ਵਿਚ ਰਹਿੰਦਿਆਂ ਬਚਪਨ ਤੋਂ ਹੀ ਨਿਤਨੇਮ ਦੀਆਂ ਬਾਣੀਆਂ ਦੇ ਪਾਠ ਸਰਲ ਤੇ ਕੰਠਾਗਰ ਕਰ ਲਏ ਸਨ ਤੇ ਬਾਅਦ ਵਿਚ ਮਾਤਾ ਜੀ ਤੋਂ ਸੰਥਿਆਂ ਲੈ ਕੇ ਅਖੰਡ-ਪਾਠੀ ਵੀ ਬਣ ਗਏ ਸਨ।

ਆਪ ਜੀ ਨੇ ਸੰਸਾਰਕ ਵਿਦਿਆ ਪਿਤਾ ਜੀ ਦੀ ਡੇਹਲੋਂ (ਜ਼ਿਲ੍ਹਾ ਲੁਧਿਆਣਾ) ਪੋਸਟਿੰਗ ਵੇਲੇ ਕਿਲ੍ਹਾ ਰਾਇਪੁਰ ਰਿਹਾਇਸ਼ ਸਮੇਂ ਆਰੰਭ ਕਰ ਲਈ ਸੀ। ਫਿਰ ਗਿਦੜਬਾਹਾ ਅਤੇ ਪੂਹਲਾ ਨੇੜੇ ਨਥਾਣਾ ਜ਼ਿਲ੍ਹਾ ਬਠਿੰਡਾ ਤੋਂ ਹੁੰਦੇ ਹੋਏ ਦਸਵੀਂ ਗੌਰਮਿੰਟ ਹਾਈ ਸਕੂਲ ਤਖਤੂਪੁਰਾ ਜ਼ਿਲ੍ਹਾ ਮੋਗਾ (ਜੋ ਪਿੰਡ ਦੇ ਨੇੜੇ ਹੀ ਸੀ) ਤੋਂ ਪਾਸ ਕੀਤੀ। ਉਸ ਤੋਂ ਬਾਅਦ ਆਪ ਜੀ ਨੇ ਆਈ.ਟੀ.ਆਈ ਪਟਿਆਲਾ ਤੋਂ ਮੋਟਰ ਮਕੈਨਿਕ ਦਾ ਕੋਰਸ ਪਾਸ ਕੀਤਾ। ਸਕੂਲ ਦੀ ਪੜ੍ਹਾਈ ਵੇਲੇ ਆਪ ਖੇਡਾਂ ਵਿਚ ਵੀ ਪੂਰਾ ਭਾਗ ਲੈਂਦੇ ਸੀ ਤੇ ਸਕੂਲ ਦੀ ਹਾਕੀ ਟੀਮ ਦੇ ਕਪਤਾਨ ਵੀ ਰਹੇ ਹਨ। ਪੇਂਡੂ ਇਲਾਕੇ ਵਿਚ ਜੰਮੇ ਪਲੇ ਹੋਣ ਕਾਰਨ ਚੰਗੀ ਨਰੋਈ ਖੁਰਾਕ ਅਤੇ ਕਸਰਤ ਕਰਕੇ ਆਪ ਦਾ ਸਰੀਰ ਬਹੁਤ ਗੰਠਿਆ ਹੋਇਆ ਸੀ ਤੇ ਸਿਹਤ ਸਾਰੀ ਉਮਰ ਰਿਸ਼ਟ-ਪੁਸ਼ਟ ਰਹੀ। ਕੋਈ ਬੀਮਾਰੀ ਨੇੜੇ ਨਹੀਂ ਫੱਟਕੀ।

ਆਪ ਜੀ ਨੇ ਆਪਣੀ ਦੁਨੀਆਵੀਂ ਕ੍ਰਿਤ ਲੁਧਿਆਣੇ ਪ੍ਰਾਈਵੇਟ ਵਰਕਸ਼ਾਪ ਤੋਂ ਸ਼ੁਰੂ ਕੀਤੀ ਤੇ ਰਿਹਾਇਸ਼ ਭਾਈ ਅਜੀਤ ਸਿੰਘ ਰੇਲਵੇ ਵਾਲਿਆਂ ਕੋਲ ਰੱਖੀ। ਫਿਰ ਹੌਲੀ-ਹੌਲੀ ਹੋਰ ਸਿੰਘਾਂ ਨਾਲ ਸੰਪਰਕ ਬਣਦਾ ਗਿਆ ਜਿੰਨ੍ਹਾਂ ਵਿਚੋਂ ਡਾ. ਦਰਸ਼ਨ ਸਿੰਘ ਜੀ, ਡਾ. ਹਰਦਿਆਲ ਸਿੰਘ ਜੀ ਖੇਤੀਬਾੜੀ ਯੂਨੀਵਰਸਿਟੀ ਵਾਲੇ, ਭਾਈ ਈਸ਼ਰ ਸਿੰਘ ਸਰਬਲੋਹੀ, ਭਾਈ ਸਤਨਾਮ ਸਿੰਘ (ਛੋਟਾ) ਕੀਰਤਨੀਏ ਵੀਰ ਅਤੇ ਭਾਈ ਦਲਜਿੰਦਰ ਸਿੰਘ ਜੀ ਪਟਿਆਲਾ ਦੇ ਨਾਮ ਵਰਣਨ ਯੋਗ ਹਨ। ਇੱਥੇ ਰਹਿ ਕੇ ਆਪ ਜੀ ਨੇ ਲੋਕਲ ਹਫਤਾਵਾਰੀ, ਕੇਂਦਰੀ ਸਮਾਗਮਾਂ ਤੇ ਪਿੰਡਾਂ ਵਿਚ ਹੋਣ ਵਾਲੇ ਰੈਣ ਸਬਾਈ ਕੀਰਤਨਾਂ ਦੀ ਹਾਜ਼ਰੀ ਭਰਨੀ ਸ਼ੁਰੂ ਦਿੱਤੀ। ਉਸ ਵੇਲੇ ਤਬਲਾ ਵਾਦਕ ਘੱਟ ਹੁੰਦੇ ਸਨ। ਢੋਲਕੀ ਵਜਾਉਣੀ ਤਾਂ ਪਿੰਡ ਦੀ ਰਿਹਾਇਸ਼ ਵੇਲੇ ਹੀ ਸਿੱਖ ਲਈ ਸੀ ਤੇ ਫਿਰ ਇੱਥੇ ਆ ਕੇ ਤਬਲਾ ਸਿੱਖ ਲਿਆ। ਆਪ ਜੀ ਨੇ ਲੰਬਾ ਸਮਾਂ ਡਾਕਟਰ ਸਾਹਿਬਾਨ ਤੇ ਭਾਈ ਸਤਨਾਮ ਸਿੰਘ ਤੇ ਦਲਜਿੰਦਰ ਸਿੰਘ ਨਾਲ ਤਬਲੇ ਦੀ ਸੇਵਾ ਕੀਤੀ। ਫਿਰ ਵਾਜਾ ਸਿੱਖ ਕੇ ਕੀਰਤਨ ਵੀ ਸਿੱਖ ਲਿਆ। ਰਿਟਾਇਰ ਹੋਣ ਤੋਂ ਬਾਅਦ ਆਪ ਨੇ ਵੱਖਰੇ-ਵੱਖਰੇ ਪ੍ਰਕਰਣਾਂ ਅਨੁਸਾਰ ਸ਼ਬਦਾਂ ਦੀਆਂ ਪੋਥੀਆਂ ਵੀ ਤਿਆਰ ਕਰ ਲਈਆਂ ਸਨ। ਆਪ ਦੀ ਲਿਖਤ ਬਹੁਤ ਸੁੰਦਰ ਸੀ। ਆਪ ਜਥੇ ਦੇ ਲੋਕਲ ਅਤੇ ਕੇਂਦਰੀ ਸਮਾਗਮਾਂ ਤੇ ਵੀ ਕੀਰਤਨ ਹਾਜ਼ਰੀ ਭਰਨ ਦੇ ਨਾਲ-ਨਾਲ ਅਤੇ ਤਾਅ ਜ਼ਿੰਦਗੀ ਗੁਰਬਾਣੀ ਦੇ ਅਖੰਡ ਪਾਠ ਅਤੇ ਕੀਰਤਨ ਦੀ ਨਿਰਬਾਨ ਸੇਵਾ ਕਰਦੇ ਰਹੇ।

ਕੁਝ ਚਿਰ ਪ੍ਰਾਈਵੇਟ ਨੌਕਰੀ ਕਰਨ ਤੋਂ ਬਾਅਦ ਆਪ ਮਾਰਕਫੈਡ ਵਿਚ ਸਰਕਾਰੀ ਨੌਕਰੀ ਤੇ ਲੱਗ ਗਏ। ਕਾਫੀ ਚਿਰ ਮਾਛੀਵਾੜਾ ਜ਼ਿਲ੍ਹਾ ਲੁਧਿਆਣਾ ਅਤੇ ਬਾਅਦ ਵਿਚ ਲੁਧਿਆਣਾ ਸ਼ਹਿਰ ਵਿਚ ਹੀ ਨੌਕਰੀ ਕੀਤੀ। ਫਿਰ ਕੁਝ ਸਮਾਂ ਡੇਰਾ ਬਾਬਾ ਨਾਨਕ ਜ਼ਿਲ੍ਹਾ ਗੁਰਦਾਸਪੁਰ ਵੀ ਰਹੇ। ਉਨ੍ਹਾਂ ਨੇ ਆਪਣੀ ਕ੍ਰਿਤ ਬਹੁਤ ਲਗਨ, ਮਿਹਨਤ ਤੇ ਇਮਾਨਦਾਰੀ ਨਾਲ ਕੀਤੀ। ਆਪ ਜੀ ਦੇ ਮਿੱਠ ਬੋਲੜੇ, ਮਿਲਾਪੜੇ ਸੁਭਾਅ ਕਰਕੇ ਸਾਥੀ ਕਰਮਚਾਰੀ 'ਤੇ ਉੱਚ ਅਧਿਕਾਰੀ ਆਪ ਦਾ ਬਹੁਤ ਸਤਿਕਾਰ ਕਰਦੇ ਸਨ। ਸੰਨ 2001 ਵਿਚ ਉਹ ਇਸ ਸੰਸਾਰਕ ਕਾਰ ਵਿਹਾਰ ਤੋਂ ਮਾਣ ਸਤਿਕਾਰ ਨਾਲ ਸੇਵਾ ਮੁਕਤ ਹੋਏ ਤਾਂ ਬਾਕੀ ਉਮਰ ਸੰਗਤਾਂ ਦੀ ਸੇਵਾ ਵਿਚ ਹੀ ਵਿਚਰ ਕੇ ਨਾਮ ਬਾਣੀ ਦੇ ਲਾਹੇ ਲੈਂਦੇ ਰਹੇ।



www.AKJ.Org

ਸੰਨ 1973 ਵਿਚ ਆਪ ਜੀ ਦਾ ਅਨੰਦ ਕਾਰਜ ਠਾਣੇਦਾਰ ਬਚਨ ਸਿੰਘ ਜੀ ਤੇ ਜਥੇ ਦੀ ਪ੍ਰਮੁਖ ਕੀਰਤਨੀ ਬੀਬੀ ਕ੍ਰਿਪਾਲ ਕੌਰ ਪਟਿਆਲਾ ਦੀ ਸਪੁੱਤਰੀ ਬੀਬੀ ਗੁਰਮੀਤ ਕੌਰ ਨਾਲ ਹੋਇਆ। ਇਹ ਰਿਸ਼ਤਾ ਹੋਣ ਨਾਲ ਆਪ ਜੀ ਦੇ ਭਾਈ ਮਹਿੰਦਰ ਸਿੰਘ ਜੀ S.D.O ਨਾਲ ਵੀ ਨੇੜਲੇ ਸਬੰਧ ਬਣ ਗਏ ’ਤੇ ਉਨ੍ਹਾਂ ਨਾਲ ਵੀ ਕੇਂਦਰੀ ਸਮਾਗਮਾਂ ਅਤੇ ਪੰਜਾਬੋਂ ਬਾਹਰ ਸ਼ਹਿਰਾਂ ਵਿਚ ਜਾ ਕੇ ਤਬਲੇ ਦੀ ਸੇਵਾ ਕਰਦੇ ਰਹੇ। ਸੰਨ 1967 ਵਿਚ ਆਪ ਜੀ, ਪਿਤਾ ਜੀ ਅਤੇ ਵੱਡੇ ਭੈਣ ਜੀ ਸਮੇਤ, ਚੰਡੀਗੜ੍ਹ ਅਤੇ ਪਟਿਆਲਾ ਦੀ ਸੰਗਤ ਵਲੋਂ ਕੀਤੀ ਭਾਰਤ ਦੇ ਵੱਖ-ਵੱਖ ਸ਼ਹਿਰਾਂ ਅਤੇ ਇਤਿਹਾਸਕ ਅਸਥਾਨਾਂ ਦੀ ਯਾਤਰਾ ਵਿਚ ਸ਼ਾਮਿਲ ਹੋਏ ਅਤੇ ਖੂਬ ਨਾਮ ਬਾਣੀ ਦੇ ਲਾਹੇ ਲਏ।

ਆਪ ਜੀ ਦੀ ਲੁਧਿਆਣੇ ਨੌਕਰੀ ਕਰਨ ਕਰਕੇ, ਪ੍ਰੀਵਾਰ ਦੇ ਛੋਟੇ-ਭੈਣ ਭਰਾ ਵੀ ਮਾਤਾ ਪਿਤਾ ਸਮੇਤ ਇੰਨ੍ਹਾਂ ਕੋਲ ਹੌਲੀ-ਹੌਲੀ ਕਰਕੇ ਲੁਧਿਆਣੇ ਹੀ ਆ ਗਏ ਤੇ ਨਿਊ ਮਾਡਲ ਟਾਊਨ ਛੋਟਾ ਜਿਹਾ ਮਕਾਨ ਖਰੀਦ ਲਿਆ। ਇਹ ਪ੍ਰੀਵਾਰ ਲੁਧਿਆਣੇ ਇਕ ਦੂਸਰੇ ਨੂੰ ਵੀਰ ਕਹਿ ਕੇ ਬੁਲਾਉਣ ਕਰਕੇ, ਵੀਰ ਪ੍ਰੀਵਾਰ ਦੇ ਨਾਮ ਤੇ ਮਸ਼ਹੂਰ ਹੋ ਗਿਆ। ਇੰਨ੍ਹਾਂ ਦੇ ਪ੍ਰੀਵਾਰ ਦੇ ਸਾਰੇ ਮੈਂਬਰ ਅੰਮ੍ਰਿਤਧਾਰੀ, ਰਹਿਤ-ਬਹਿਤ ਦੇ ਪੱਕੇ ਧਾਰਨੀ, ਅਖੰਡਪਾਠੀ ਤੇ ਕੀਰਤਨੀ ਹਨ। ਇਹ ਸਾਰਾ ਪ੍ਰੀਵਾਰ ਸਾਰੇ ਲੋਕਲ ਅਤੇ ਕੇਂਦਰੀ ਸਮਾਗਮਾਂ, ਖਾਸ ਕਰ ਪਿੰਡਾਂ ਵਿਚ ਹੋਣ ਵਾਲੀਆਂ ਰੈਣ ਸਬਾਈ ਕੀਰਤਨਾਂ ਵਿਚ ਵੱਧ ਚੜ੍ਹ ਕੇ ਸ਼ਾਮਿਲ ਹੁੰਦਾ ਰਿਹਾ ਹੈ। ਪੋਹ ਸੁਦੀ ਲੁਧਿਆਣੇ ਸਮਾਗਮ ਸਮੇਂ, ਇਹ ਪ੍ਰੀਵਾਰ ਗੁਰਦੁਆਰੇ ਰਹਿ ਕੇ ਪੂਰੇ ਸਮਾਗਮ ਦੌਰਾਨ ਲੰਗਰ ਦੀ ਸੇਵਾ ਵਿਚ ਜੁੱਟਿਆ ਰਹਿੰਦਾ ਸੀ। ਇਸ ਸਮੇਂ ਆਪ ਜੀ ਸਾਰੇ ਸਮਾਗਮ ਤੇ ਆਟਾ ਗੁੰਨਣ ਦੀ ਹੱਥੀਂ ਸੇਵਾ ਕਰਦੇ ਹੁੰਦੇ ਸਨ। ਸਰੀਰ ਨਰੋਆ ਹੋਣ ਕਾਰਨ ਇਹ ਬਿਖਮ ਸੇਵਾ ਆਪ ਜੀ ਬਿਨਾਂ ਕਿਸੇ ਥਕਾਵਟ ਦੇ ਸਹਿਜੇ ਹੀ ਨਿਭਾਅ ਲੈਂਦੇ ਸਨ। ਬਾਹਰੋਂ ਖਾਸ ਕਰ ਪਿੰਡਾਂ ਵਿਚ ਆਏ ਗੁਰਸਿੱਖਾਂ ਦੇ ਲੰਗਰ ਪਾਣੀ ਦੀ ਸੇਵਾ ਵੀ ਇਹ ਪ੍ਰੀਵਾਰ ਖਿੜੇ ਮੱਥੇ ਕਰਦਾ ਸੀ। ਵੱਡਾ ਪ੍ਰੀਵਾਰ ਅਤੇ ਮਾਇਆ ਦੇ ਸੀਮਤ ਸਾਧਨ ਹੋਣ ਦੇ ਬਾਵਜੂਦ, ਕਿਸੇ ਵੀ ਆਏ ਅਤਿੱਥੀ ਨੂੰ ਕਦੇ ਮੱਥੇ ਵੱਟ ਨਹੀਂ ਸੀ ਪਾਉਂਦੇ। ਜੋ ਘਰ ਵਿਚ ਸਾਦਾ ਮੁਰਾਦਾ ਬਣਿਆ ਹੁੰਦਾ ਸੀ, ਸਭ ਰਲ ਮਿਲ ਕੇ ਛੱਕ ਲੈਂਦੇ। ਕਦੇ ਵੀ ਦੁਨੀਆਦਾਰਾਂ ਵਾਂਗ ਵਿਖਾਵਾ ਜਾਂ ਉਚੇਚ ਨਹੀਂ ਸੀ ਕਰਦੇ। ਇਸੇ ਕਰਕੇ ਆਮ ਤੌਰ ’ਤੇ ਸਿੰਘ ਇੰਨ੍ਹਾਂ ਦੇ ਘਰ ਆ ਕੇ ਠਹਿਰਣ ਅਤੇ ਪ੍ਰਸ਼ਾਦਾ ਛੱਕਣ ਨੂੰ ਤਰਜੀਹ ਦਿੰਦੇ ਸਨ।

20ਵੀਂ ਸਦੀ ਅਖੀਰਲੇ ਦਹਾਕਿਆਂ ਦੌਰਾਨ ਚੱਲੇ ਸਿੱਖ ਸੰਘਰਸ਼ ਸਮੇਂ ਸਿੱਖ ਪ੍ਰੀਵਾਰਾਂ ਤੇ ਪੁਲਿਸ ਵੱਲੋਂ ਹੋਏ ਤਸ਼ੱਦਦ ਤੋਂ ਇਹ ਪ੍ਰੀਵਾਰ ਵੀ ਨਹੀਂ ਬੱਚ ਸਕਿਆ। ਅੰਮ੍ਰਿਤਧਾਰੀ ਰਹਿਤ ਬਹਿਤ ਦੇ ਧਾਰਨੀ ਅਤੇ ਜਥੇ ਨਾਲ ਸੰਬੰਧਿਤ ਹੋਣ ਕਾਰਨ ਆਪ ਜੀ ਨੂੰ ਪੁਲਿਸ ਸਖਤੀਆਂ ਦਾ ਕਈ ਵਾਰ ਸਾਹਮਣਾ ਕਰਨਾ ਪਿਆ। ਇਨ੍ਹਾਂ ਦੇ ਛੋਟਾ ਵੀਰ ਭਾਈ ਮੋਹਕਮ ਸਿੰਘ ਨੂੰ ਪੁਲਿਸ ਦੀ ਧੱਕੇਸ਼ਾਹੀ ਖ਼ਿਲਾਫ ਜੂਝਣ ਕਾਰਨ ਕਾਫੀ ਚਿਰ ਅਗਿਆਤਵਾਸ ਰਹਿਣਾ ਪਿਆ, ਉਸ ਨੇ ਪੁਲਿਸ ਦੇ ਤਸ਼ੱਦਦ ਵੀ ਸਹੇ ਅਤੇ ਫਿਰ ਜੇਲ੍ਹ ਵੀ ਕੱਟੀ। ਇਸ ਦੌਰਾਨ ਉਨ੍ਹਾਂ ਦੀ ਸਿੰਘਣੀ ਬੀਬੀ ਗੁਰਨਾਮ ਕੌਰ ਪੁਲਿਸ ਦਾ ਤਸ਼ੱਦਦ ਸਹਿੰਦੀ ਹੋਈ ਵੀ ਸਹਾਦਤ ਦਾ ਜਾਮ ਪੀ ਗਈ। ਅੱਜ ਤਾਈਂ ਉਸ ਦਾ ਕੋਈ ਥਹੁ ਪਤਾ ਨਹੀਂ ਲੱਗ ਸਕਿਆ। ਇਸ ਤੋਂ ਪਹਿਲਾਂ ਆਪ ਜੀ ਦਾ ਛੋਟਾ ਵੀਰ ਭਾਈ ਗੁਰਚਰਨ ਸਿੰਘ ਜੀ ਵੀ 13 ਅਪਰੈਲ 1978 ਵੈਸਾਖੀ ਪੁਰਬ ਸਮੇਂ ਸ੍ਰੀ ਅੰਮ੍ਰਿਤਸਰ ਵਿਖੇ ਨਕਲੀ ਨਿਰੰਕਾਰੀਆਂ ਦੇ ਝੂਠੇ ਪਰਪੰਚ ਦਾ ਵਿਰੋਧ ਕਰਨ ਗਏ ਸਿੰਘਾਂ ਤੇ ਨਕਲੀਆਂ ਵਲੋਂ ਕੀਤੀ ਗਈ ਗੋਲੀਬਾਰੀ ਵਿਚ ਸ਼ਹੀਦ ਹੋ ਗਿਆ ਸੀ। ਆਪ ਅਤੇ ਬਾਕੀ ਸਾਰੇ ਪ੍ਰੀਵਾਰ ਨੇ ਇਹ ਸਭ ਕੁਝ ਗੁਰੂ ਹੁਕਮ ਵਿਚ ਰਹਿ ਕੇ ਨਾਮ ਬਾਣੀ ਦੇ ਆਸਰੇ, ਅਡੋਲ ਰਹਿ ਕੇ ਜਰਿਆ। ਇਸ ਤੋਂ ਬਾਅਦ ਆਪ ਜੀ ਨੂੰ ਇਕਲੌਤੇ ਪੁੱਤਰ ਅਤੇ ਵੱਡੀ ਪੁੱਤਰੀ ਦਾ ਵਿਛੋੜਾ ਵੀ ਸਹਿਣਾ ਪਿਆ। ਪਰ ਆਪ ਨੇ ਇਹ ਬਿਖਮ ਭਾਣੇ ਗੁਰੂ ਦੀ ਰਜ਼ਾ ਵਿਚ ਰਹਿ ਕੇ ਮਿੱਠੇ ਕਰਕੇ ਮੰਨੇ ਤੇ ਕਦੇ ਵੀ ਨਹੀਂ ਡੋਲੇ। ਆਪ ਹਮੇਸ਼ਾਂ ਸ਼ਾਂਤ ਅਤੇ ਸਹਿਜ ਹੀ ਵਿਚ ਹੀ ਰਹਿੰਦੇ ਸਨ। ਕਦੇ ਵੀ ਕਿਸੇ ਦੀ ਨਿੰਦਾ ਚੁਗਲੀ ਜਾਂ ਕਿਸੇ ਨਾਲ ਮਾੜਾ ਵਰਤਾਅ ਨਹੀਂ ਸੀ ਕਰਦੇ। ਆਪ ਆਪਣੇ ਕਈ ਨਿੱਜੀ ਕੰਮ ਵੀ ਆਪਣੇ ਹੱਥੀਂ ਹੀ ਕਰ ਲੈਂਦੇ ਸਨ ਜਿਵੇਂ ਕਿ ਕਛਹਿਰੇ, ਗਾਤਰੇ ਆਪ ਹੀ ਘਰ ਵਿਚ ਸਿਲਾਈ ਮਸ਼ੀਨ ਰਾਹੀਂ ਤਿਆਰ ਕਰ ਲੈਂਦੇ ਸਨ।



www.AKJ.Org

ਆਪ ਜੀ ਸਤਿਕਾਰ ਯੋਗ ਪੂਰਨ ਦਾਰ ਜੀ ਨਾਲ ਵੀ ਇਤਿਹਾਸਿਕ ਅਸਥਾਨਾਂ ਦੀ ਯਾਤਰਾ ਤੇ ਬਾਹਰਲੇ ਸ਼ਹਿਰਾਂ ਵਿਚ ਜਾ ਕੇ ਕੀਰਤਨ ਸਮਾਗਮਾਂ ਦੀ ਹਾਜ਼ਰੀ ਭਰਦੇ ਰਹੇ। ਕਿਸੇ ਵੀ ਸ਼ਹਿਰ, ਕਸਬੇ ਜਾਂ ਪਿੰਡ ਦੀ ਸੰਗਤ ਜਾਂ ਗੁਰਸਿੱਖ ਆਪ ਜੀ ਨੂੰ ਸ੍ਰੀ ਅਖੰਡ ਪਾਠ ਜਾ ਕੀਰਤਨ ਦੀ ਸੇਵਾ ਲਈ ਸੱਦਾ ਭੇਜਦੇ ਤਾਂ ਆਪ ਉੱਥੇ ਧਾਈ ਕਰਕੇ ਪੁੱਜਦੇ ਸਨ ਤੇ ਸਾਰੀ ਸੇਵਾ ਨਿਸ਼ਕਾਮ, ਨਿਰਬਾਣ ਰਹਿ ਕੇ ਹੀ ਨਿਭਾਉਂਦੇ ਸਨ। ਕਦੇ ਵੀ ਕਿਸੇ ਕੋਲੋਂ ਕੋਈ ਕੀਰਤਨ ਭੇਟਾ ਜਾਂ ਆਉਣ ਜਾਣ ਦਾ ਕਿਰਾਇਆ ਵੀ ਨਹੀਂ ਅੰਗੀਕਾਰ ਕੀਤਾ।

ਆਪ ਜੀ ਤਾਅ ਜ਼ਿੰਦਗੀ ਕਿਸੇ ਵੀ ਭਿਆਨਕ ਬੀਮਾਰੀ ਦਾ ਸ਼ਿਕਾਰ ਨਹੀਂ ਹੋਏ। ਪਰ ਕੁਦਰਤ ਦੇ ਨੇਮ ਅਨੁਸਾਰ ਜਦੋਂ ਸਵਾਸਾਂ ਦੀ ਪੂੰਜੀ ਖ਼ਤਮ ਹੁੰਦੀ ਹੈ ਤਾਂ ਕੋਈ ਨਾ ਕੋਈ ਬਹਾਨਾ ਬਣ ਜਾਂਦਾ। ਚੜ੍ਹਾਈ ਕਰਨ ਤੋਂ ਦੋ ਤਿੰਨ ਦਿਨ ਪਹਿਲਾਂ ਕੁਝ ਖਾਂਸੀ, ਰੇਸ਼ੇ ਦੀ ਤਕਲੀਫ ਹੋਈ। ਸਿਹਤ ਵਿਗੜਨ ਕਾਰਨ ਇਕ ਦਿਨ ਪ੍ਰਾਈਵੇਟ ਹਸਪਤਾਲ ਰੱਖਿਆ ਗਿਆ। ਉੱਥੇ ਸਰੀਰਕ ਤਕਲੀਫ ਹੋਰ ਵੱਧਣ ਕਰਕੇ ਵੱਡੇ ਹਸਪਤਾਲ ਤਬਦੀਲ ਕਰਨ ਵੇਲੇ ਹੀ ਇਹ ਗੁਰਮੁਖ ਪਿਆਰੀ ਰੂਹ ਮਿਤੀ 22 ਫ਼ਰਵਰੀ 2017 ਨੂੰ ਸਵੇਰੇ ਅਚਾਨਕ ਹੀ ਗੁਰੂ ਗੁਰੂ ਜਪਦੀ ਪ੍ਰੀਵਾਰਕ ਮੈਂਬਰਾਂ ਨੂੰ ਵਿਛੋੜਾ ਦੇ ਕੇ ਗੁਰੂ ਚਰਨਾ ਵਿਚ ਜਾ ਬਿਰਾਜੀ।

**(ਅ) ਭਾਈ ਮੋਹਕਮ ਸਿੰਘ ਜੀ :**

ਅਖੰਡ ਕੀਰਤਨੀ ਜੱਥਾ ਲੁਧਿਆਣਾ ਸ਼ਹਿਰ ਦੇ ਮਸ਼ਹੂਰ ਵੀਰ ਪਰਿਵਾਰ ਨਾਲ ਸਬੰਧਤ, ਭਾਈ ਮੋਹਕਮ ਸਿੰਘ ਜੀ ਦਾ ਜਨਮ ਸੰਨ 1944 ਵਿੱਚ ਪਿੰਡ ਲੰਬੀ ਜ਼ਿਲ੍ਹਾ ਮੁਕਤਸਰ ਭਾਈ ਦਲੀਪ ਸਿੰਘ ਦੇ ਘਰ ਮਾਤਾ ਨਰੈਣ ਕੌਰ ਜੀ ਦੀ ਕੁੱਖੋਂ ਹੋਇਆ। ਇਨ੍ਹਾਂ ਦਾ ਜੱਦੀ ਪਿੰਡ ਤਾਂ ਨੰਗਲ ਕਲਾਂ ਜ਼ਿਲ੍ਹਾ ਮੋਗਾ ਸੀ, ਪ੍ਰੰਤੂ ਪਿਤਾ ਜੀ ਦੀ ਸਰਕਾਰੀ ਨੌਕਰੀ ਕਰਕੇ ਵੱਖ ਵੱਖ ਥਾਵਾਂ ਤੇ ਰਹਿੰਦੇ ਰਹੇ। ਮਾਤਾ ਪਿਤਾ ਜੀ ਪੇਂਡੂ ਗੁਰਸਿੱਖ ਪਰਿਵਾਰਾਂ ਨਾਲ ਸਬੰਧ ਰੱਖਦੇ ਸਨ ਤੇ ਨਾਮ ਬਾਣੀ ਦੇ ਰਸੀਏ ਸਨ। ਇਨ੍ਹਾਂ ਦੇ ਪਿਤਾ ਜੀ ਨੂੰ ਨੌਕਰੀ ਕਰਦੇ ਸਮੇਂ ਹੀ ਭਾਈ ਸਾਹਿਬ ਜੀ ਦੀ ਸੰਗਤ ਪ੍ਰਾਪਤ ਹੋ ਗਈ ਸੀ। ਆਪਣੇ ਮਾਤਾ ਪਿਤਾ ਅਤੇ ਬਾਕੀ ਪਰਿਵਾਰਕ ਮੈਂਬਰਾਂ ਨਾਲ ਸੰਨ 1949 ਵਿੱਚ ਅੰਮ੍ਰਿਤ ਦੀ ਦਾਤ ਪ੍ਰਾਪਤ ਕਰ ਕੇ ਬਚਪਨ ਵਿੱਚ ਹੀ ਤਿਆਰ ਬਰ ਤਿਆਰ ਸਿੰਘ ਸਜ ਗਏ ਸਨ। ਆਪ ਜੀ ਨੂੰ ਭਾਈ ਸਾਹਿਬ ਜੀ ਦਾ ਪਿਆਰ ਅਤੇ ਅਸੀਸਾਂ ਵੀ ਮਿਲਦੀਆਂ ਰਹੀਆਂ ਹਨ। ਮਾਤਾ ਜੀ ਦੀ ਪ੍ਰੇਰਨਾ ਸਦਕਾ ਬਚਪਨ ਵਿੱਚ ਹੀ ਨਿਤਨੇਮ ਦੀਆਂ ਬਾਣੀਆਂ ਕੰਠ ਕਰ ਲਈਆਂ ਅਤੇ ਬਾਅਦ ਵਿੱਚ ਉਨ੍ਹਾਂ ਕੋਲੋਂ ਗੁਰਬਾਣੀ ਦੇ ਪਾਠ ਦੀ ਸੰਥਿਆ ਲੈ ਕੇ ਇਕ ਤਕੜੇ ਅਖੰਡ ਪਾਠੀ ਬਣ ਗਏ। ਆਪ ਜੀ ਗੁਰਬਾਣੀ ਦੇ ਸ਼ੁੱਧ ਪਾਠ ਕਰਨ ਵਾਲੇ ਵਿਰਲੇ ਵਿਅਕਤੀਆਂ ਵਿੱਚੋਂ ਸਨ,ਜੋ ਕਿ ਕਈ ਕਈ ਘੰਟੇ ਘੰਟੇ ਪਾਠ ਦੀ ਸੇਵਾ ਕਰਦੇ ਥੱਕਦੇ ਨਹੀਂ ਸਨ। ਇਨ੍ਹਾਂ ਨੇ ਸੰਸਾਰਕ ਵਿੱਦਿਆ ਕਿਲ੍ਹਾ ਰਾਏਪੁਰ, ਗਿੱਦੜਬਾਹਾ, ਪੂਹਲਾ ਅਤੇ ਤਖਤੂ ਪੁਰਾ ਦੇ ਸਕੂਲਾਂ ਤੋਂ ਦਸਵੀਂ ਤਾਈਂ ਲਈ। ਫਿਰ ਆਈ ਟੀ ਆਈ ਪਟਿਆਲਾ ਤੋਂ ਬਿਜਲੀ ਮਕੈਨਿਕ ਦੇ ਕੋਰਸ ਦਾ ਡਿਪਲੋਮਾ ਕਰਕੇ ਪੰਜਾਬ ਸਰਕਾਰ ਬਿਜਲੀ ਬੋਰਡ ਵਿੱਚ ਨੌਕਰੀ ਸ਼ੁਰੂ ਕਰ ਲਈ। ਭਾਣੇ ਅੰਦਰ ਇਕ ਘਰੇਲੂ ਜ਼ਮੀਨੀ ਝਗੜੇ ਕਾਰਨ ਫ਼ੌਜਦਾਰੀ ਕੇਸ ਇਨ੍ਹਾਂ ਉੱਪਰ ਪੈ ਜਾਣ ਕਰਕੇ ਆਪ ਨੂੰ ਇਹ ਨੌਕਰੀ ਛੱਡਣੀ ਪਈ। ਸੰਨ 1974 ਵਿਚ ਆਪ ਜੀ ਦਾ ਆਨੰਦ ਕਾਰਜ ਸ਼ਹੀਦ ਬੀਬੀ ਗੁਰਨਾਮ ਕੌਰ (ਜਿਨ੍ਹਾਂ ਦਾ ਜੀਵਨ ਵੇਰਵਾ ਅੱਗੇ ਦਿੱਤਾ ਗਿਆ ਹੈ) ਸਪੁੱਤਰੀ ਭਾਈ ਸੁਦਾਗਰ ਸਿੰਘ ਵਾਸੀ ਅੰਬੋ ਮਾਜਰਾ ਨੇੜੇ ਮੰਡੀ ਗੋਬਿੰਦਗੜ੍ਹ ਨਾਲ ਹੋਇਆ। ਆਨੰਦ ਕਾਰਜ ਤੋਂ ਦੋ ਤਿੰਨ ਸਾਲ ਬਾਅਦ ਹੀ ਆਪ ਜੀ ਦੁਨਿਆਵੀਂ ਕਿਰਤ ਲਈ ਸੰਨ 1976-77 ਵਿੱਚ ਕੁਵੈਤ ਚਲੇ ਗਏ। ਫਿਰ ਉੱਥੇ ਕਈ ਸਾਲ ਧਰਮ ਦੀ ਕਿਰਤ ਕਰ ਕੇ ਪਰਿਵਾਰ ਅਤੇ ਗੁਰਸਿੱਖਾਂ ਦੀ ਮਾਇਆ ਨਾਲ ਸੇਵਾ ਕਰਦੇ ਰਹੇ।

ਸੰਨ 1978 ਦੇ ਵੈਸਾਖੀ ਸਾਕੇ ਵਿਚ ਆਪਣੇ ਛੋਟੇ ਵੀਰ ਭਾਈ ਗੁਰਚਰਨ ਸਿੰਘ ਜੀ ਦੀ ਸ਼ਹੀਦੀ ਤੋਂ ਬਾਅਦ


www.AKJ.Org

ਉਹ ਮੌਜੂਦਾ ਸੰਘਰਸ਼ ਨਾਲ ਜੁੜ ਗਏ। ਇਨ੍ਹਾਂ ਦਾ ਸਾਰਾ ਪਰਿਵਾਰ ਹੀ ਕੀਰਤਨੀ ਅਖੰਡ ਪਾਠੀ ਅਤੇ ਬਿਬੇਕ ਰਹਿਤ ਦਾ ਧਾਰਨੀ ਰਿਹਾ ਹੈ ਅਤੇ ਆਏ ਗਏ ਗੁਰਸਿਖਾਂ ਦੀ ਸੇਵਾ ਬੜੇ ਪਿਆਰ ਅਤੇ ਖੁਲੇ ਦਿਲ ਨਾਲ ਕਰਦੇ ਰਹੇ ਹਨ। ਚਾਹੇ ਭਾਈ ਸਾਹਿਬ ਜੀ ਨੇ ਕਿਸੇ ਵੀ ਖਾੜਕੂ ਕਾਰਵਾਈ ਵਿਚ ਹਿੱਸਾ ਨਹੀਂ ਲਿਆ ਸੀ ਪਰੰਤੂ ਉਨ੍ਹਾਂ ਦੇ ਨਿਧੜਕ ਅਤੇ ਬੇਖੌਫ ਹੋ ਕਿ ਆਪਣੇ ਵਿਚਾਰਾਂ ਨੂੰ ਇਕ-ਦੋ ਪੰਥਕ ਕਾਨਫ਼ਰੰਸਾਂ ਵਿਚ ਪ੍ਰਗਟ ਕਰਨ ਤੇ ਪੁਲਿਸ ਨੇ ਗ੍ਰਿਫਤਾਰੀ ਵਾਰੰਟ ਜਾਰੀ ਕਰ ਦਿੱਤੇ। ਭਾਈ ਸਾਹਿਬ ਜੀ ਨੇ ਇਸ ਸੰਘਰਸ਼ ਨੂੰ ਜਮੂਹਰੀ ਤਰੀਕੇ ਨਾਲ ਜਾਰੀ ਰੱਖਣ ਅਤੇ ਆਪਣੀ ਸੇਵਾਵਾਂ ਗੁਰੂ ਪੰਥ ਲੇਖੇ ਲਾਉਣ ਲਈ ਰੂਪੋਸ਼ ਹੋ ਗਏ।

ਬਾਅਦ ਵਿਚ ਭਾਈ ਸਾਹਿਬ ਜੀ ਨੂੰ ਪੁਲਿਸ ਨੇ ਗ੍ਰਿਫਤਾਰ ਕਰਕੇ ਉਨ੍ਹਾਂ ਤੇ ਕਾਫੀ ਤਸ਼ੱਦਦ ਢਾਹਿਆ। ਉਨ੍ਹਾਂ ਤੇ ਕਈ ਝੂਠੇ ਕੇਸ ਦਿੱਲੀ ਅਤੇ ਪੰਜਾਬ ਦੇ ਵੱਖ-ਵੱਖ ਥਾਣਿਆਂ ਵਿੱਚ ਦਰਜ ਕਰਕੇ ਮੁਕੱਦਮੇ ਚਲਾਏ ਗਏ, ਜਿਸ ਕਾਰਨ ਉਨ੍ਹਾਂ ਨੂੰ 7-8 ਸਾਲ ਦਿੱਲੀ ਦੀ ਤਿਹਾੜ ਜੇਲ੍ਹ ਵਿਚ ਕੈਦ ਰਹਿਣਾ ਪਿਆ। ਅਖ਼ੀਰ ਤੇ ਕੋਈ ਸਬੂਤ ਨਾ ਮਿਲਣ ਤੇ ਸਾਰੀਆਂ ਅਦਾਲਤਾਂ ਨੇ ਸਾਰੇ ਕੇਸਾਂ ਵਿਚ ਉਨ੍ਹਾਂ ਨੂੰ ਬਾ-ਇਜ਼ਤ ਬਰੀ ਕਰ ਦਿੱਤਾ। ਇਸ ਦੌਰਾਨ ਉਨ੍ਹਾਂ ਦੀ ਸਿੰਘਣੀ ਦੀ ਤਾਂ ਸ਼ਹਾਦਤ ਹੋਈ ਹੀ ਪਰੰਤੂ ਬਾਕੀ ਪਰਿਵਾਰਕ ਮੈਂਬਰਾਂ ਨੂੰ ਵੀ ਪੁਲਿਸ਼ ਤਸ਼ੱਦਦ ਦੀ ਮਾਰ ਝੱਲਣੀ ਪਈ। ਉਨ੍ਹਾਂ ਦੇ ਦੋਵੇਂ ਬੱਚੇ ਉਸ ਵੇਲੇ ਬਹੁਤ ਛੋਟੀ ਉਮਰ ਦੇ ਸਨ ਅਤੇ ਉਨ੍ਹਾਂ ਨੂੰ ਵੀ ਕਈ ਥਾਂਵਾਂ ’ਤੇ ਆਪਣੇ ਰਿਸ਼ਤੇਦਾਰਾਂ ਕੋਲ ਰਹਿ ਕੇ ਸਮਾਂ ਗੁਜ਼ਾਰਨਾ ਪਿਆ। ਭਾਈ ਸਾਹਿਬ ਜੀ ’ਤੇ ਹੋਏ ਪੁਲਿਸ਼ ਤਸ਼ੱਦਦ ਕਾਰਨ ਉਨ੍ਹਾਂ ਦੇ ਸਰੀਰ ਤੇ ਲਗੀਆਂ ਗੁੱਝੀਆਂ ਚੋਟਾਂ ਕਾਰਨ, ਉਹ ਮੁੜ ਕੇ ਤਾਬ ਨਹੀਂ ਆ ਸਕੇ ਅਤੇ ਅਖ਼ੀਰ ਤਿੰਨ ਕੁ ਮਹੀਨੇ ਬੀਮਾਰ ਰਹਿਣ ਤੋਂ ਬਾਅਦ ਮਿਤੀ 14 ਫ਼ਰਵਰੀ 2014 ਨੂੰ ਗੁਰੂ ਚਰਨਾਂ ਵਿਚ ਜਾ ਬਿਰਾਜੇ।

### (ੲ) ਸ਼ਹੀਦ ਬੀਬੀ ਗੁਰਨਾਮ ਕੌਰ ਜੀ

ਮੌਜੂਦਾ ਸੰਘਰਸ਼ ਵੇਲੇ ਪੁਲਿਸ ਤਸ਼ਦਦ ਦਾ ਸ਼ਿਕਾਰ ਹੋਈ ਬੀਬੀ ਗੁਰਨਾਮ ਕੌਰ ਦਾ ਜਨਮ ਅਗਸਤ 1956 ਵਿਚ ਮੰਡੀ ਗੋਬਿੰਦਗੜ੍ਹ ਦੇ ਨੇੜੇ ਪਿੰਡ ਅਬੋ ਮਾਜਰਾ, ਜ਼ਿਲ੍ਹਾ ਪਟਿਆਲਾ ਹੁਣ ਫ਼ਤਹਿਗੜ੍ਹ ਸਾਹਿਬ ਵਿਚ ਭਾਈ ਸੁਦਾਗਰ ਸਿੰਘ ਦੇ ਘਰ ਬੀਬੀ ਰਣਜੀਤ ਕੌਰ ਜੀ ਦੇ ਕੁਖੋਂ ਹੋਇਆ। ਆਪ ਜੀ ਰੰਗਲੇ ਸੱਜਣ ਬਾਬਾ ਪ੍ਰੀਤਮ ਸਿੰਘ ਅੰਬੋਮਾਜਰੇ ਵਾਲਿਆਂ ਦੇ ਭਤੀਜੀ ਸਨ ਜਿਨ੍ਹਾਂ ਦਾ ਜੀਵਨ ਬਿਰਤਾਂਤ ਇਸ ਪੁਸਤਕ ਵਿਚ ਵੱਖਰਾ ਲਿਖਿਆ ਗਿਆ ਹੈ। ਆਪ ਜੀ ਦੇ ਮਾਤਾ ਜੀ ਡਾ. ਬਸੰਤ ਸਿੰਘ ਸੇਖਵਾਂ (ਰੰਗਲੇ ਸੱਜਣ) ਦੇ ਭਰਾਤਾ ਭਾਈ ਨੱਥਾ ਸਿੰਘ ਜੀ ਦੀ ਪੁੱਤਰੀ ਸਨ। ਦੇਸ਼ ਦੀ ਵੰਡ ਤੋਂ ਪਹਿਲਾਂ ਇਹ ਪਰਿਵਾਰ ਪਿੰਡ ਸੇਖਵਾ, ਤਹਿਸੀਲ ਨਾਰੋਵਾਲ, ਜ਼ਿਲ੍ਹਾ ਸਿਆਲਕੋਟ ਰਹਿੰਦੇ ਸਨ ਤੇ ਡਾਕਟਰ ਸਾਹਿਬ ਅਤੇ ਉਨ੍ਹਾਂ ਦੇ ਸੰਗੀ-ਸਾਥੀ ਰੰਗਲੇ ਸੱਜਣਾ ਦੀ ਸੰਗਤ ਦਾ ਅਨੰਦ ਮਾਣਦੇ ਸਨ। ਇਸ ਤਰ੍ਹਾਂ ਇਸ ਬੀਬੀ ਨੂੰ ਬਚਪਨ ਤੋਂ ਹੀ ਗੁਰੂ ਘਰ ਤੋਂ ਵਰੋਸਾਏ ਹੋਏ ਗੁਰਸਿੱਖਾਂ ਦੀ ਸੰਗਤ ਪ੍ਰਾਪਤ ਰਹੀ ਹੈ। ਆਪ ਜੀ ਦੇ ਪਿਤਾ ਜੀ ਸੰਨ 1964 ਵਿੱਚ ਇਨ੍ਹਾਂ ਦੀ ਛੋਟੀ ਆਯੂ ਵਿਚ ਹੀ ਗੁਰਪੁਰੀ ਜਾ ਬਿਰਾਜੇ ਸਨ ਤੇ ਇਨ੍ਹਾਂ ਦੇ ਪਰਿਵਾਰ ਜਿਸ ਵਿਚ ਇਨ੍ਹਾਂ ਦੀ ਮਾਤਾ ਤੋਂ ਇਲਾਵਾ ਇਕ ਭੈਣ ਅਤੇ ਦੋ ਭਰਾ ਹਨ, ਦੀ ਦੇਖਭਾਲ, ਪਾਲਣਾ-ਪੋਸ਼ਣਾ ਇਨ੍ਹਾਂ ਦੇ ਤਾਇਆ ਬਾਬਾ ਪ੍ਰੀਤਮ ਸਿੰਘ ਜੀ ਦੀ ਨਿਗਰਾਨੀ ਹੇਠ ਹੋਈ। ਇਨ੍ਹਾਂ ਦੇ ਪਰਿਵਾਰ ਕੋਲ ਵਾਹੀ ਯੋਗ ਕਾਫੀ ਤਕੜੀ ਜ਼ਮੀਨ ਹੈ ਤੇ ਖੇਤੀਬਾੜੀ ਦਾ ਉੱਤਮ ਧੰਧਾ ਕਰਦਾ ਰਿਹਾ ਹੈ। ਇਹ ਸਾਰਾ ਪਰਿਵਾਰ ਸਰਬਲੋਹੀ ਰਹਿਤ ਬਹਿਤ ਦਾ ਧਾਰਨੀ ਸੀ। ਇਸ ਬੀਬੀ ਨੇ ਵੀ ਬਚਪਨ ਵਿਚ ਹੀ ਅੰਮ੍ਰਿਤ ਛੱਕ ਕੇ ਸਰਬਲੋਹ ਰਹਿਤ ਧਾਰਨ ਕਰ ਲਈ ਸੀ। ਬਾਬਾ ਜੀ ਕੋਲ ਪੁਰਾਤਨ ਗੁਰਸਿੱਖ ਆਉਂਦੇ-ਜਾਂਦੇ ਰਹਿੰਦੇ ਸਨ, ਖ਼ਾਸਕਰ ਭਾਈ ਆਤਮਾ ਸਿੰਘ ਜੀ ਪੰਜੋਖਰਾ ਸਾਹਿਬ ਵਾਲੇ, ਬਾਬਾ ਨਰੈਣ ਸਿੰਘ ਜੀ ਨਾਰੰਗਵਾਲ, ਬਾਬਾ ਸੁਰੈਣ ਸਿੰਘ (ਸਰਬਲੋਹੀ) ਭਾਈ ਹਰਭਜਨ ਸਿੰਘ ਸ੍ਰੀ ਅਨੰਦਪੁਰ ਸਾਹਿਬ ਵਾਲੇ। ਇਸ ਕਰਕੇ ਇਸ ਬੀਬੀ ਨੂੰ ਇਨ੍ਹਾਂ ਗੁਰਸਿੱਖਾਂ ਦੀ ਸੰਗਤ ਅਤੇ ਸੇਵਾ ਕਰਨ ਦਾ ਸੁਭਾਗ ਪ੍ਰਾਪਤ ਰਿਹਾ ਹੈ।



www.AKJ.Org

ਆਪ ਜੀ ਨੇ ਆਪਣੀ ਮੁੱਢਲੀ ਵਿਦਿਆ ਪ੍ਰਾਇਮਰੀ ਤਾਈਂ ਪਿੰਡ ਦੇ ਸਕੂਲ ਤੋਂ ਲਈ। ਫਿਰ ਅਗਲੀ ਵਿੱਦਿਆ ਗੋਰਮਿੰਟ ਸੀਨੀਅਰ ਸੈਕੰਡਰੀ ਸਕੂਲ ਮੰਡੀ ਗੋਬਿੰਦਗੜ੍ਹ ਤੋਂ ਲਈ। ਇਸ ਤੋਂ ਬਾਅਦ ਸਿਲਾਈ ਦਾ ਕੋਰਸ ਵੀ ਆਈ.ਟੀ.ਆਈ. ਸਰਹਿੰਦ ਤੋਂ ਪਾਸ ਕੀਤਾ। ਪਰ ਇਨ੍ਹਾਂ ਨੇ ਪਰਿਵਾਰ ਅਤੇ ਗੁਰਸਿੱਖਾਂ ਦੀ ਸੇਵਾ ਤੋਂ ਬਿਨਾਂ ਹੋਰ ਕੋਈ ਨੌਕਰੀ ਵਗੈਰਾ ਨਹੀਂ ਕੀਤੀ।

ਇਨ੍ਹਾਂ ਦਾ ਅਨੰਦ ਕਾਰਜ ਅਖੰਡ ਕੀਰਤਨੀ ਜਥੇ ਦੇ ਪੁਰਾਤਨ ਗੁਰਸਿੱਖ ਭਾਈ ਦਲੀਪ ਸਿੰਘ ਜੀ ਖੇਤੀ-ਬਾੜੀ ਇੰਸਪੈਕਟਰ ਜੋ ਭਾਈ ਸਾਹਿਬ ਜੀ ਦੇ ਨਿਕਟਵਰਤੀਆਂ ਵਿਚੋਂ ਸਨ, ਦੇ ਸਪੁੱਤਰ ਭਾਈ ਮੋਹਕਮ ਸਿੰਘ ਜੀ ਵੀਰ ਪਰਿਵਾਰ ਵਾਲਿਆਂ ਨਾਲ ਜੁਲਾਈ, 1974 ਵਿਚ ਹੋਇਆ। ਇਨ੍ਹਾਂ ਦੇ ਘਰ ਦੋ ਪੁੱਤਰਾਂ ਨੇ ਜਨਮ ਲਿਆ ਜੋ ਕਿ ਚੰਗੇ ਪੜ੍ਹੇ-ਲਿਖੇ ਅਤੇ ਵਿਦੇਸ਼ ਵਿੱਚ ਰਹਿੰਦੇ ਹਨ।

ਇਹ ਬੀਬੀ ਨਿਰਮਤਾ ਅਤੇ ਸੇਵਾ ਦੀ ਪੁੰਜ ਸੀ। ਕਿਤਨੀਆਂ ਵੀ ਸੰਗਤਾਂ ਆ ਜਾਵਣ, ਪਰ ਇਸ ਬੀਬੀ ਨੇ ਕਦੇ ਵੀ ਮੱਥੇ ਤਿਉੜੀ ਨਹੀਂ ਪਾਈ। ਸਗੋਂ ਹਸੂੰ-ਹਸੂੰ ਸੇਵਾ ਕਰਕੇ ਸੰਗਤਾਂ ਦੀਆਂ ਖੁਸ਼ੀਆਂ ਲੈਂਦੀ ਸੀ। ਇਨ੍ਹਾਂ ਦਾ ਸਹੁਰਾ ਪਰਿਵਾਰ ਇਕੱਠਾ ਹੀ ਰਹਿੰਦਾ ਸੀ ਤੇ ਇਨ੍ਹਾਂ ਦੇ ਸਿੰਘ ਸਾਹਿਬ ਕਾਫ਼ੀ ਸਮੇਂ ਵਿਦੇਸ਼ ਵਿਚ ਰਹਿੰਦੇ ਰਹੇ ਹਨ ਪਰ ਇਹ ਬੀਬੀ ਬੱਚਿਆਂ ਦੀ ਦੇਖ ਭਾਲ ਤੇ ਸੇਵਾ ਸੰਭਾਲ ਤੋਂ ਇਲਾਵਾ ਬਾਕੀ ਪਰਿਵਾਰਕ ਮੈਂਬਰਾਂ ਦੀ ਸੇਵਾ ਲਈ ਹਰ ਵੇਲੇ ਤਤਪਰ ਰਹਿੰਦੀ ਸੀ। ਬੀਬੀ ਜੀ ਲੁਧਿਆਣੇ ਹੋਣ ਵਾਲੇ ਹਫਤਾਵਾਰੀ ਅਤੇ ਕੇਂਦਰੀ ਸਮਾਗਮਾਂ ਤੇ ਪਰਿਵਾਰ ਸਮੇਤ ਦਿਨ ਰਾਤ ਲੰਗਰ ਦੀ ਅਣਥੱਕ ਸੇਵਾ ਕਰਦੇ ਸਨ ਤੇ ਘਰ ਦਾ ਕੋਈ ਵੀ ਕੰਮ ਸਾਇਕਲ 'ਤੇ ਜਾ ਕੇ ਫਟਾਫਟ ਨਿਬੇੜ ਆਉਂਦੇ ਸਨ। ਬੀਬੀ ਨਿਡਰ ਤੇ ਬੇਖੌਫ ਪਰ ਸ਼ਾਂਤ-ਸੁਭਾਅ ਵਾਲੀ ਸੀ। ਹਨੇਰ-ਸਵੇਰ ਦੂਰ-ਦੁਰਾਡੇ ਜਾਣ ਤੋਂ ਵੀ ਨਹੀਂ ਸੀ ਡਰਦੀ। ਪੁਲਿਸ ਵਲੋਂ ਵਾਰ ਵਾਰ ਮਾਰੇ ਜਾਂਦੇ ਛਾਪਿਆਂ ਤੇ ਕੀਤੀ ਜਾਂਦੀ ਪੁੱਛਗਿਛ ਦਾ ਜੁਆਬ ਬੜੇ ਹੌਂਸਲੇ ਤੇ ਨਿਧੜਕ ਹੋ ਕੇ ਦਿੰਦੀ ਸੀ।

ਆਪ ਜੀ ਦੇ ਸਿੰਘ ਸਾਹਿਬ ਦੇ ਰੂਪੋਸ਼ ਹੋਣ ਤੇ ਪੁਲਿਸ ਵਾਲੇ ਉਨ੍ਹਾਂ ਦੀ ਸੂਹ ਕੱਢਣ ਲਈ ਆਪ ਨੂੰ 1 ਜੂਨ 1993 ਦਿਨ ਦਿਹਾੜੇ ਘਰੋਂ ਚੁੱਕ ਕੇ ਕਿਸੇ ਅਣਦੱਸੀ ਥਾਂ 'ਤੇ ਲੈ ਗਏ। ਬੀਬੀ ਜੀ ਗ੍ਰਿਫਤਾਰੀ ਤੋਂ ਪਹਿਲਾਂ ਤੇ ਕੁਝ ਸਰੀਰਕ ਬੀਮਾਰੀਆਂ ਨਾਲ ਪੀੜਤ ਰਹਿੰਦੇ ਸਨ। ਪੁਲਿਸ ਤਸ਼ੱਦਦ ਕਾਰਨ ਅਤੇ ਚੱਲ ਰਹੀਆਂ ਬੀਮਾਰੀਆਂ ਦੀ ਦਵਾਈ ਨਾ ਮਿਲਣ ਕਾਰਨ ਬੀਬੀ ਜੀ ਥੋੜ੍ਹੇ ਸਮੇਂ ਬਾਅਦ ਹੀ ਪੰਥ ਦੀ ਆਨ ਸ਼ਾਨ ਕਾਇਮ ਰੱਖਦੇ ਹੋਏ ਸ਼ਹੀਦੀ ਪ੍ਰਾਪਤ ਕਰ ਗਏ। ਪਰੰਤੂ ਪੁਲਿਸ ਨੇ ਬਿਨਾਂ ਕਿਸੇ ਪਰਿਵਾਰਕ ਮੈਂਬਰ ਨੂੰ ਸੂਚਿਤ ਕਰਨ ਦੇ, ਉਨ੍ਹਾਂ ਦੀ ਮਿਰਤਕ ਦੇਹ ਨੂੰ ਖੁਰਦ ਬੁਰਦ ਕਰ ਦਿੱਤਾ, ਜੋ ਅਜੇ ਤਾਈਂ ਵੀ ਨਹੀਂ ਪਤਾ ਲੱਗ ਸਕਿਆ।

## ਭਾਈ ਮੇਵਾ ਸਿੰਘ ਜੀ - ਕੈਨੇਡਾ ਵਾਸੀ

ਭਾਈ ਗੁਰਦੀਪ ਸਿੰਘ ਸ੍ਰੀ ਅੰਮ੍ਰਿਤਸਰ

ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਪੁਰਾਤਨ ਸੰਗੀ ਸਾਥੀ, ਲੰਗਰ ਸਜਾਉਣ ਵਾਲੇ ਅਣਥੱਕ ਸੇਵਾਦਾਰ ਗਿਆਨੀ ਮੇਵਾ ਸਿੰਘ ਜੀ ਦਾ ਜਨਮ ਮਿਤੀ 1 ਮਈ 1922, ਪਿਤਾ ਸ. ਨਾਹਰ ਸਿੰਘ ਅਤੇ ਮਾਤਾ ਬਸੰਤ ਕੌਰ ਜੀ ਦੀ ਕੁਖੋਂ ਪਿੰਡ ਸਾਹਨੇਵਾਲ ਖੁਰਦ (ਛੋਟੀ ਸਾਹਨੀ), ਜ਼ਿਲ੍ਹਾ ਲੁਧਿਆਣੇ ਵਿਚ ਹੋਇਆ। ਇਨ੍ਹਾਂ ਦੇ ਪਿਤਾ ਜੀ ਖੇਤੀਬਾੜੀ ਦਾ ਕੰਮ ਕਰਦੇ ਸਨ ਤੇ ਅੰਮ੍ਰਿਤਧਾਰੀ ਨਿਤਨੇਮੀ ਗੁਰਸਿਖ ਸਨ। ਆਪ ਨੇ ਆਪਣੀ ਮੁੱਢਲੀ ਵਿਦਿਆ ਦਸਵੀਂ ਤਾਈਂ ਪਿੰਡ ਸਾਹਨੇਵਾਲ ਕਲਾ ਦੇ ਗੌਰਮਿੰਟ ਹਾਈ ਸਕੂਲ ਤੋਂ ਕੀਤੀ ਅਤੇ ਫਿਰ ਜੇ.ਬੀ.ਟੀ. ਦਾ ਕੋਰਸ ਆਈ.ਟੀ.ਆਈ. ਕੁਰਾਲੀ ਤੋਂ ਕੀਤਾ। ਆਪ ਨੇ ਸਭ ਤੋਂ ਪਹਿਲਾਂ 17 ਰੁਪਏ ਮਹੀਨੇ ਤਨਖ਼ਾਹ 'ਤੇ ਸਕੂਲ ਅਧਿਆਪਕ ਦੀ ਨੌਕਰੀ ਸ਼ੁਰੂ



www.AKJ.Org

ਕੀਤੀ। ਉਸ ਤੋਂ ਬਾਅਦ ਜਲਦੀ ਹੀ ਦੂਸਰੀ ਵਿਸ਼ਵ ਜੰਗ ਸ਼ੁਰੂ ਹੋ ਗਈ ਤੇ ਆਪ ਫ਼ੌਜ ਵਿੱਚ ਭਰਤੀ ਹੋ ਗਏ। ਜਦੋਂ ਆਪ ਜੀ ਦੀ ਪਲਟਣ ਨੇ ਬਾਹਰਲੇ ਦੇਸ਼ਾਂ ਲਈ ਲੜਾਈ ਵਾਸਤੇ ਕੂਚ ਕਰਨਾ ਸੀ ਤੇ ਇਨ੍ਹਾਂ ਦੇ ਵੱਡੇ ਭਰਾ ਜੋ ਕਿ ਅਫ਼ਰੀਕਾ ਵਿਚ ਰਹਿੰਦੇ ਸਨ, ਇੱਕ ਚਿੱਠੀ ਲਿਖੀ ਜਿਸ ਵਿਚ ਦੇਸ਼ ਵਾਸੀਆਂ ਨੂੰ ਅੰਗਰੇਜ਼ਾਂ ਦੀ ਮਦਦ ਨਾ ਕਰਨ ਵਾਸਤੇ ਲਿਖਿਆ ਗਿਆ ਸੀ। ਉਹ ਚਿੱਠੀ ਰਸਤੇ ਵਿਚ ਲੀਕ ਹੋ ਗਈ ਤੇ ਆਪ ਜੀ ਡੇਢ ਸਾਲ ਬਾਂਅਦ ਹੀ ਫੌਜ ਦੀ ਨੌਕਰੀ ਛੱਡ ਕੇ ਵਾਪਸ ਘਰ ਆ ਗਏ। ਘਰ ਵਿਚ ਹੀ ਖੇਤੀਬਾੜੀ ਦਾ ਕੰਮ ਸ਼ੁਰੂ ਕਰ ਦਿੱਤਾ। ਪਰੰਤੂ ਇਸ ਕਿੱਤੇ ਵਿਚ ਗੰਦੇ ਹੁੰਦੇ ਕਪੜੇ ਦੇਖ ਕੇ ਪਿਤਾ ਨੇ ਇਹ ਕੰਮ ਵੀ ਛਡਾ ਦਿੱਤਾ ਅਤੇ ਆਪ ਫਿਰ ਮੋਗੇ ਲਾਗੇ ਸਕੂਲ ਵਿਚ ਅਧਿਆਪਕ ਲੱਗ ਗਏ ਤੇ ਉਥੇ ਤਿੰਨ ਸਾਲ ਨੌਕਰੀ ਕੀਤੀ। ਇਸ ਤੋਂ ਬਾਅਦ ਇਨ੍ਹਾਂ ਦੀ ਬਦਲੀ ਦੋਰਾਹੇ ਲਾਗੇ ਇਕ ਪਿੰਡ ਵਿਚ ਹੋ ਗਈ ਫਿਰ ਉਥੇ ਵੀ 2 ਸਾਲ ਹੀ ਨੌਕਰੀ ਕਰਕੇ ਛੱਡ ਦਿੱਤੀ। ਇਨ੍ਹਾਂ ਦੇ ਵੱਡੇ ਭਰਾ ਨੇ ਯੂ-ਪੀ. ਵਿਚ ਇਕ ਵੱਡਾ ਫਾਰਮ 35 ਏਕੜ ਦਾ ਖ਼ਰੀਦ ਲਿਆ ਸੀ। ਆਪ ਉਥੇ ਜਾ ਕੇ ਖੇਤੀਬਾੜੀ ਦਾ ਕੰਮ ਕਰਨ ਲੱਗ ਗਏ ਪਰ ਉਥੇ ਵੀ ਮਨ ਨਹੀਂ ਲਗਿਆ ਕਿਉਂਕਿ ਆਪ ਦੇ ਅੰਦਰ ਪਰਮਾਰਥੀ ਰੁੱਚੀ ਹੋਣ ਕਰਕੇ ਆਮ ਦੁਨਿਆਵੀ ਕ੍ਰਿਤ ਵਿਚ ਗਲਤਾਨ ਨਹੀਂ ਹੋਏ।

ਆਪ ਜੀ ਦਾ ਪਹਿਲਾ ਅਨੰਦ ਕਾਰਜ ਛੋਟੀ ਉਮਰ ਵਿਚ ਹੀ ਹੋ ਗਿਆ ਸੀ ਪਰ ਉਹ ਬੀਬੀ ਜਲਦੀ ਹੀ ਬੀਮਾਰ ਹੋ ਕੇ ਸੰਨ 1944 ਵਿਚ ਚੜਾਈ ਕਰ ਗਈ ਤੇ ਆਪ ਜੀ ਦਾ ਦੁਬਾਰਾ ਅਨੰਦ ਕਾਰਜ ਸ. ਇੰਦਰ ਸਿੰਘ ਜੀ ਅਤੇ ਬੀਬੀ ਭਗਵਾਨ ਕੌਰ ਜੀ ਨਿਵਾਸੀ ਫਰਵਾਲੀ, ਜ਼ਿਲ੍ਹਾ ਸੰਗਰੂਰ ਦੀ ਪੁੱਤਰੀ ਬੀਬੀ ਸੁਰਜੀਤ ਕੌਰ ਜੀ (ਜੋ ਕਿ ਜਥੇ ਦੇ ਪੁਰਾਤਨ ਗੁਰਸਿਖ ਭਾਈ ਉਜਾਗਰ ਸਿੰਘ ਫਰਵਾਲੀ ਦੀ ਛੋਟੀ ਸਕੀ ਭੈਣ ਹੈ) ਨਾਲ ਹੋਇਆ। ਆਪ ਜੀ ਦੇ ਘਰ ਤਿੰਨ-ਪੁੱਤਰਾਂ ਤੇ ਤਿੰਨ ਪੁੱਤਰੀਆਂ ਨੇ ਜਨਮ ਲਿਆ ਜੋ ਕਿ ਸਾਰੇ ਹੀ ਵਿਦੇਸ਼ਾਂ ਵਿਚ ਵਸੇ ਹੋਏ ਹਨ। ਆਪ ਜੀ ਅਤੇ ਭਾਈ ਹਰਬੰਸ ਸਿੰਘ ਸਪੁਤਰ ਭਾਈ ਈਸ਼ਰ ਸਿੰਘ ਜੀ ਪਿੰਡ ਕਟਾਹਰੀ ਵਾਲੇ ਮਾਸਟਰ ਉਜਾਗਰ ਸਿੰਘ ਜੀ ਫ਼ਰਵਾਲੀ ਵਾਲਿਆਂ ਦੀਆਂ ਭੈਣਾਂ ਨਾਲ ਵਿਆਹੇ ਹੋਏ ਹੋਣ ਕਰਕੇ ਉਨ੍ਹਾਂ ਨਾਲ ਨਜ਼ਦੀਕੀ ਰਿਸ਼ਤੇਦਾਰੀ ਸੀ।

ਭਾਈ ਈਸ਼ਰ ਸਿੰਘ ਜੀ ਪਿੰਡ ਕਟਾਹਰੀ ਨੇੜੇ ਰਾੜਾ ਸਾਹਿਬ ਭਾਈ ਸਾਹਿਬ ਜੀ ਦੇ ਪੁਰਾਤਨ ਸੰਗੀ ਸਾਥੀ ਸਨ ਅਤੇ ਆਪ ਦੇ ਦੋਸਤ ਵੀ ਸਨ। ਉਨ੍ਹਾਂ ਦੀ ਸੰਗਤ ਕਰਕੇ ਇਨ੍ਹਾਂ ਦਾ ਮਿਲਾਪ ਵੀ ਭਾਈ ਸਾਹਿਬ ਜੀ ਨਾਲ ਹੋ ਗਿਆ ਅਤੇ ਇਨ੍ਹਾਂ ਨਾਰੰਗਵਾਲ ਜਾ ਕੇ ਹੋਣ ਵਾਲੇ ਕੀਰਤਨ ਸਮਾਗਮਾਂ ਦੀ ਹਾਜ਼ਰੀ ਭਰਨੀ ਸ਼ੁਰੂ ਕਰ ਦਿੱਤੀ। ਭਾਈ ਸਾਹਿਬ ਜੀ ਦੀ ਚੁੰਬਕੀ ਆਕਰਖਣ ਸ਼ਕਤੀ ਅਤੇ ਉੱਚ ਮੰਡਲੀ ਆਤਮਿਕ ਅਵਸਥਾ ਤੋਂ ਪ੍ਰਭਾਵਿਤ ਹੋ ਕੇ ਸੰਨ 1952 ਵਿਚ ਆਪ ਜੀ ਅੰਮ੍ਰਿਤ ਛੱਕ ਕੇ ਤਿਆਰ ਬਰ ਤਿਆਰ ਸਿੰਘ ਸੱਜ ਗਏ। ਇਨ੍ਹਾਂ ਦਾ ਭਾਈ ਸਾਹਿਬ ਜੀ ਨਾਲ ਇੰਨਾ ਡੂੰਘਾ ਪਿਆਰ ਪੈ ਗਿਆ ਸੀ ਕਿ ਇਹ ਹਰ ਰੋਜ਼ ਆਪਣੇ ਪਿੰਡ ਤੋਂ ਸਾਈਕਲ ਰਾਹੀਂ ਅੰਮ੍ਰਿਤ ਵੇਲੇ ਨਿਤਨੇਮ ਦੀ ਸੇਵਾ ਲਈ ਨਾਰੰਗਵਾਲ ਜਾਂਦੇ ਸਨ ਅਤੇ ਜ਼ਿਆਦਾ ਸਮਾਂ ਉੱਥੇ ਅਖੰਡ ਪਾਠ ਤੇ ਕੀਰਤਨ ਸਮਾਗਮਾਂ ਤੇ ਹੀ ਗੁਜ਼ਾਰਨ ਲੱਗ ਪਏ। ਕੋਈ ਹੋਰ ਕਾਰੋਬਾਰ ਨਾ ਕਰਨ ਕਰਕੇ ਆਪ ਦੇ ਪਿਤਾ ਜੀ ਨੇ ਆਪ ਨੂੰ ਘਰੋਂ ਵੱਖ ਕਰ ਦਿੱਤਾ। ਪਰ ਗੁਰੂ ਆਸਰੇ ਥੋੜ੍ਹੀ ਜਿਹੀ ਜ਼ਮੀਨ ਦੀ ਆਮਦਨੀ ਨਾਲ ਗੁਜ਼ਾਰਾ ਚੱਲਦਾ ਰਿਹਾ। ਆਪ ਨੇ ਸੰਸਾਰਕ ਮੋਹ ਵੀ ਕੋਈ ਨਹੀਂ ਰਖਿਆ ਸੀ। ਕੇਵਲ ਗੁਰੂ ਦੀ ਸੱਚੀ-ਸੁੱਚੀ ਕਾਰ ਹੀ ਕਰਦੇ ਸਨ। ਨਾਰੰਗਵਾਲ ਵਿਖੇ ਹੀ ਆਪ ਜੀ ਦਾ ਮੇਲ ਮਾਸਟਰ ਜੁਗਿੰਦਰ ਸਿੰਘ ਜੀ (ਬੜੂੰਦੀ) (ਜੋ ਮਾਸਟਰ ਉਜਾਗਰ ਸਿੰਘ ਫਰਵਾਲੀ ਜੀ ਦੇ ਮਾਸੜ ਭਾਈ ਹਰਭਜਨ ਸਿੰਘ ਜੀ ਦੇ ਚਾਚਾ ਜੀ ਸਨ) ਨਾਲ ਹੋਇਆ, ਜਿਨ੍ਹਾਂ ਤੋਂ ਆਪ ਨੇ ਪਾਠ ਦੀ ਸੰਥਿਆ ਲੈ ਕੇ ਸ਼ੁਧ ਪਾਠ ਕਰਨ ਵਾਲੇ ਅਖੰਡ ਪਾਠੀ ਬਣ ਗਏ। ਇਥੇ ਹੀ ਆਪ ਜੀ ਦਾ ਮੇਲ ਗਿਆਨੀ ਅਮੋਲਕ ਸਿੰਘ ਜੀ ਯੂ. ਕੇ. ਵਾਲੇ ਅਤੇ ਉਨ੍ਹਾਂ ਦੀ ਸਿੰਘਣੀ ਬੀਬੀ ਸੁਰਜੀਤ ਕੌਰ ਨਾਲ ਹੋ ਗਿਆ। ਭਾਈ ਅਮੋਲਕ ਸਿੰਘ ਜੀ ਵੀ ਹਰ ਰੋਜ਼ ਆਪਣੇ ਪਿੰਡ ਢੱਟ ਤੋਂ ਆ ਕੇ ਅੰਮ੍ਰਿਤ ਵੇਲੇ ਨਿਤਨੇਮ ਤੇ ਕੀਰਤਨ ਆਸਾ ਕੀ ਵਾਰ ਦੀ ਹਾਜ਼ਰੀ ਭਰਦੇ ਹੁੰਦੇ ਸਨ। ਫਿਰ ਆਪ ਜੀ ਨੇ ਗਰਮੀਆਂ ਦੇ ਮੌਸਮ ਵਿਚ ਭਾਈ ਸਾਹਿਬ ਜੀ ਨਾਲ ਕੁਮਾਰਹੱਟੀ ਜਾ ਕੇ ਵੀ ਨਾਮ ਬਾਣੀ ਦੇ ਲਾਹੇ ਲੈਣੇ ਸ਼ੁਰੂ ਕਰ ਦਿੱਤੇ। ਆਪ ਜੀ ਦਾ ਕਦ ਕਾਫ਼ੀ ਲੰਬਾ ਸਵਾ ਛੇ ਫੁਟ ਦੇ



www.AKJ.Org

ਕਰੀਬ ਸੀ ਤੇ ਸਰੀਰ ਵੀ ਕਾਫੀ ਨਰੋਆ ਤੇ ਸੁਡੋਲ ਸੀ। ਕੁਮਾਰਹੱਟੀ ਉਸ ਵੇਲੇ ਜਲ ਦੀ ਬਹੁਤ ਘਾਟ ਸੀ। ਲੰਗਰ ਅਤੇ ਇਸ਼ਨਾਨ ਆਦਿ ਵਾਸਤੇ ਜਲ ਥੱਲੇ ਡੂੰਘੀ ਥਾਂ ਤੋਂ, ਜਿਥੇ ਰੇਲਵੇ ਸਟੇਸ਼ਨ ਹੈ, ਉਥੋਂ ਬਾਲਟੀਆਂ ਜਾਂ ਗਾਗਰਾਂ ਰਾਹੀਂ ਲਿਆਉਣਾ ਪੈਂਦਾ ਸੀ। ਆਪ ਜੀ ਇਹ ਸੇਵਾ ਬੜੇ ਉੱਦਮ ਅਤੇ ਚਾਅ ਨਾਲ ਨਿਭਾ ਕੇ ਸੰਗਤਾਂ ਦੀ ਖੁਸ਼ੀਆਂ ਦੇ ਪਾਤਰ ਬਣਦੇ ਸਨ ਤੇ ਨਾਲ ਹੀ ਲੰਗਰ ਦੀ ਸੇਵਾ ਵਿਚ ਵੀ ਨਾਮ ਸਿਮਰਨ ਕਰਦੇ ਜੁੱਟੇ ਰਹਿੰਦੇ ਸਨ। ਭਾਈ ਸਾਹਿਬ ਜੀ ਦੇ ਚੜ੍ਹਾਈ ਕਰ ਜਾਣ ਤੋਂ ਬਾਅਦ, ਆਪ ਦੇ ਕੈਨੇਡਾ ਜਾਣ ਤੋਂ ਪਹਿਲਾਂ, ਪਿੰਡਾਂ ਵਿਚ ਚਲ ਰਹੇ ਮਾਸਿਕ ਰੈਣ ਸਬਾਈ ਕੀਰਤਨ (ਜਿਸ ਦਾ ਮੁਖ-ਪ੍ਰਬੰਧ ਮਾਸਟਰ ਉਜਾਗਰ ਸਿੰਘ ਜੀ ਫਰਵਾਲੀ ਵਾਲੇ ਕਰਦੇ ਸਨ) ਦੀਆਂ ਹਾਜ਼ਰੀਆਂ ਭਰ ਕੇ ਲਾਹਾ ਲੈਂਦੇ ਰਹੇ। ਪਿੰਡ ਵਿਚ ਉਹ ਲੋੜਵੰਦਾ, ਗਰੀਬ ਲੋਕਾਂ ਦੀ ਤਨ-ਮਨ-ਧਨ ਨਾਲ ਸੇਵਾ ਕਰਦੇ ਰਹਿੰਦੇ ਸਨ।

ਪੰਥਕ ਕੁਰਬਾਨੀ ਦਾ ਜਜ਼ਬਾ ਵੀ ਆਪ ਦੇ ਰੋਮ ਰੋਮ ਵਿਚ ਕੁਟ ਕੇ ਭਰਿਆ ਪਿਆ ਸੀ। ਸੰਨ 1982 ਵਿਚ ਸ਼੍ਰੋਮਣੀ ਅਕਾਲੀ ਦਲ ਵਲੋਂ ਪੰਜਾਬ ਅਤੇ ਸਿਖਾਂ ਦੀ ਮੰਗ ਬਾਰੇ ਲਾਏ ਧਰਮ ਯੁੱਧ ਮੋਰਚੇ ਵਿਚ ਆਪ ਨੇ ਘਰਦਿਆਂ ਨੂੰ ਬਿਨਾਂ ਦਸੇ ਸ੍ਰੀ ਅੰਮ੍ਰਿਤਸਰ ਜਾ ਕੇ ਗ੍ਰਿਫਤਾਰੀ ਦੇ ਦਿੱਤੀ ਤੇ ਜੇਲ੍ਹ ਵੀ ਕੱਟੀ।

ਪਹਿਲਾਂ 1983-84 ਵਿਚ ਆਪਣੇ ਪੁੱਤਰ ਦੇ ਵਿਆਹ 'ਤੇ ਕੈਨੇਡਾ ਗਏ ਅਤੇ ਉਸ ਤੋਂ ਬਾਅਦ ਸੰਨ 1985 ਵਿਚ ਪੱਕੇ ਤੌਰ 'ਤੇ ਹੀ ਕੈਨੇਡਾ ਦੇ ਸ਼ਹਿਰ ਟਰਾਂਟੋ ਵਿਚ ਪਰਿਵਾਰ ਸਮੇਤ ਚਲੇ ਗਏ। ਉਥੇ ਵੀ ਜਾ ਕੇ ਜਥੇ ਦੇ ਸਿੰਘਾਂ ਨਾਲ ਮੇਲ-ਮਿਲਾਪ ਹੋ ਗਿਆ ਤੇ ਸੰਗਤਾਂ ਨਾਲ ਕੀਰਤਨ ਨਾਮ-ਬਾਣੀ ਦੇ ਲਾਹੇ ਲੈਣੇ ਸ਼ੁਰੂ ਕਰ ਦਿੱਤੇ। ਇਸ ਦੇ ਨਾਲ ਹੀ ਲੰਗਰ ਦੀ ਸੇਵਾ ਵੀ ਸੰਭਾਲ ਲਈ। ਆਪ ਜੀ ਸਰੀਰ ਵਜੋਂ ਤਾਕਤਵਰ ਹੋਣ ਕਰਕੇ, ਭਰੇ ਹੋਏ ਕੜਾਹੇ ਅਤੇ ਪਤੀਲੇ ਸੁਖੈਨ ਹੀ ਚੁੱਕ ਲੈਂਦੇ ਸਨ। ਕੁਝ ਸਮਾਂ ਟਰਾਂਟੋ ਰਹਿਣ ਤੋਂ ਬਾਅਦ ਦੂਜੇ ਬੱਚਿਆਂ ਕੋਲ ਫਿਰ ਸਰੀ ਆ ਗਏ ਤੇ ਉਥੇ ਵੀ ਸੰਗਤਾਂ ਨਾਲ ਘੁਲ-ਮਿਲ ਗਏ। ਵਿਚੋਂ ਵਿਚੋਂ ਭਾਰਤ ਆ ਕੇ ਵੀ ਪਿੰਡ ਵਿਚ ਕੁਝ ਸਮਾਂ ਬਤੀਤ ਕਰਦੇ ਰਹੇ। ਕੈਨੇਡਾ ਰਿਹਾਇਸ਼ ਵੇਲੇ ਉਹ ਸੰਗਤਾਂ ਤੋਂ ਦਸਵੰਧ ਦੀ ਮਾਇਆ ਇਕੱਠੀ ਕਰਕੇ ਸ਼ਹੀਦ ਸਿੰਘਾਂ ਦੇ ਪਰਿਵਾਰਾਂ ਦੀ ਦੇਖ-ਭਾਲ ਲਈ ਭੇਜਦੇ ਰਹੇ ਅਤੇ ਲੋੜਵੰਦ ਬੱਚੀਆਂ ਦੇ ਅਨੰਦ ਕਾਰਜਾਂ ਦੀ ਸੇਵਾ ਵੀ ਕਰਦੇ ਰਹੇ।

ਆਪ ਜੀ ਦੀ ਸਿਹਤ ਸਾਰੀ ਜ਼ਿੰਦਗੀ ਤੰਦਰੁਸਤ ਰਹੀ ਅਤੇ ਆਪ ਕਿਸੇ ਵੀ ਭਿਆਨਕ ਬੀਮਾਰੀ ਦੇ ਸ਼ਿਕਾਰ ਨਹੀਂ ਹੋਏ। ਇਸ ਤਰ੍ਹਾਂ ਆਪ ਨੇ ਤਕਰੀਬਨ 97 ਸਾਲ ਦੀ ਲੰਬੀ ਉਮਰ ਭੋਗੀ। ਅਖ਼ੀਰ ਵਿਚ ਬੁਢਾਪੇ ਅਤੇ ਕਮਜੋਰੀ ਕਾਰਨ ਆਪ ਪਿੰਡ ਹੀ ਰਹਿਣ ਲੱਗ ਪਏ ਤੇ ਕੈਨੇਡਾ ਜਾਣਾ ਬੰਦ ਕਰ ਦਿੱਤਾ। ਅਖ਼ੀਰ ਮਿਤੀ 7 ਮਾਰਚ 2019 ਨੂੰ ਇਹ ਗੁਰਮੁਖ ਪਿਆਰੀ ਰੂਹ ਆਪਣੇ ਪਿੰਡ ਸਾਹਨੇਵਾਲ ਖੁਰਦ ਵਿਚ ਹੀ ਇਸ ਫਾਨੀ ਸੰਸਾਰ ਤੋਂ ਕੂਚ ਕਰ ਗਈ।

*(ਬੀਬੀ ਸੁਰਜੀਤ ਕੌਰ (ਸਿੰਘਣੀ) ਵਲੋਂ ਦਿੱਤੀ ਜਾਣਕਾਰੀ 'ਤੇ ਅਧਾਰਿਤ)*

# ਭਾਈ ਸਨਮੁਖ ਸਿੰਘ ਜਬਲਪੁਰ

(1)

**ਜੀਵਨ ਵੇਰਵਾ : ਵਲੋਂ ਭਾਈ ਮਨਜੀਤ ਸਿੰਘ ਜੀ ਜਬਲਪੁਰ**

ਗੁਰੂ ਦੇ ਸਨਮੁਖ, ਸਰਬਲੋਹੀ, ਬਿਬੇਕੀ ਗੁਰਮੁਖ ਜਨ, ਭਾਈ ਸਨਮੁਖ ਸਿੰਘ ਜੀ ਦਾ ਜਨਮ ਮਿਤੀ 5 ਮਈ 1928 ਨੂੰ ਪੇਸ਼ਾਵਰ (ਪਾਕਿਸਤਾਨ) ਵਿਚ ਪਿਤਾ ਰਾਮ ਸਿੰਘ ਜੀ ਅਤੇ ਮਾਤਾ ਜੈ ਕੌਰ ਦੇ ਘਰ ਹੋਇਆ। ਆਪ ਜੀ ਨੇ ਮੁੱਢਲੀ ਵਿਦਿਆ ਅਤੇ ਇੰਜੀਨੀਅਰਿੰਗ ਦਾ ਡਿਪਲੋਮਾ ਪੇਸ਼ਾਵਰ ਤੋਂ ਹੀ ਕੀਤਾ। ਜਬਲਪੁਰ ਰਹਿੰਦੇ ਸਮੇਂ ਹੋਮੋਪੈਥਿਕ ਅਤੇ ਆਯੁਰਵੈਦਿਕ ਡਾਕਟਰੀ ਦਾ ਅਧਿਐਨ ਵੀ ਕੀਤਾ। ਆਪ ਜੀ ਨੇ ਦੇਸ਼ ਦੀ ਵੰਡ ਤੋਂ ਪਹਿਲਾਂ ਹੀ ਮੁੰਬਈ ਆ ਕੇ



www.AKJ.Org

ਨੌਕਰੀ ਕਰ ਲਈ ਸੀ। ਆਪ ਜੀ ਦੀ ਨੇਕ ਨੀਅਤੀ ਅਤੇ ਦਿਆਨਤਦਾਰੀ, ਸਖ਼ਤ ਮਿਹਨਤ ਨਾਲ ਕੰਮ ਕਰਨ ਦੀ ਰੁਚੀ ਵੇਖ ਕੇ ਅੰਗਰੇਜ਼ ਅਫਸਰ ਆਪ ਜੀ ਨੂੰ ਇੰਗਲੈਂਡ ਲੈ ਕੇ ਜਾਣ ਲਈ ਤਿਆਰ ਸਨ, ਪਰ ਆਪ ਨਹੀਂ ਮੰਨੇ। ਫਿਰ ਵੀ ਇਕ ਅੰਗਰੇਜ਼ ਅਫਸਰ ਨੇ ਉਨ੍ਹਾਂ ਦੀ ਚੰਗੀ ਕਾਰਗੁਜ਼ਾਰੀ ਬਾਰੇ ਰਿਪੋਰਟ ਵਿਚ ਲਿਖਿਆ ਕਿ ਉਹ ਜਦ ਵੀ ਚਾਹੁੰਣ, ਇੰਗਲੈਂਡ ਆ ਕੇ ਨੌਕਰੀ ਕਰ ਸਕਦੇ। ਚਾਹੇ ਇਸ ਨੌਕਰੀ ਤੋਂ ਕਾਫੀ ਵੱਡੀ ਤਨਖਾਹ ਮਿਲਦੀ ਸੀ ਪਰ ਆਪ ਉੱਥੇ ਸਿਗਰਟ ਨੋਸ਼ੀ ਦੇ ਮਾਹੌਲ ਵਿਚ ਨਾ ਰਹਿਣ ਮਨਜ਼ੂਰ ਕਰਕੇ ਸੰਨ 1955 ਵਿਚ ਜਲੰਧਰ ਆ ਗਏ ਅਤੇ ਸੋਡਲ ਵਿਖੇ ਆਪਣੀ ਵਰਕਸ਼ਾਪ ਖੋਲ੍ਹ ਲਈ।

ਮਿਤੀ 15 ਨਵੰਬਰ 1948 ਨੂੰ ਆਪ ਜੀ ਦੀ ਸ਼ਾਦੀ ਬੀਬੀ ਅਜਬ ਕੌਰ ਜੀ ਪੁੱਤਰੀ ਪਿਤਾ ਨਾਨਕ ਚੰਦ ਅਤੇ ਮਾਤਾ ਗੋਮਾ ਦੇਵੀ ਨਾਲ ਹੋਈ। ਬੀਬੀ ਜੀ ਦੇ ਮਾਤਾ-ਪਿਤਾ ਸਹਿਜਧਾਰੀ ਪ੍ਰੀਵਾਰ ਵਿਚੋਂ ਸਨ ਗੁਰੂ ਘਰ ਦੇ ਸ਼ਰਧਾਲੂ ਪ੍ਰੇਮੀ ਸਨ। ਆਪ ਜੀ ਦੇ ਘਰ ਤਿੰਨ ਪੁੱਤਰ ਅਤੇ ਦੋ ਪੁੱਤਰੀਆਂ ਨੇ ਜਨਮ ਲਿਆ ਜੋ ਕਿ ਗੁਰਮਤਿ ਰਹਿਤ ਬਹਿਤ ਦੇ ਧਾਰਨੀ ਹਨ। ਭਾਈ ਸੁੰਦਰ ਸਿੰਘ ਜੀ ਜੈਪੁਰ ਵਾਲੇ ਕੀਰਤਨੀਏ ਸਿੰਘ ਆਪ ਜੀ ਦੇ ਕੁੜਮ ਸਨ। ਇੰਨ੍ਹਾਂ ਦੀ ਸਪੁੱਤਰੀ ਬੀਬੀ ਸੁਰਿੰਦਰ ਕੌਰ ਉਨ੍ਹਾਂ ਦੇ ਸਪੁੱਤਰ ਭਾਈ ਨਰਿੰਦਰ ਸਿੰਘ ਨਾਲ ਵਿਆਹੀ ਹੋਈ ਹੈ। ਦੂਸਰੀ ਪੁੱਤਰੀ ਬੀਬੀ ਉੱਜਲ ਕੌਰ ਦਾ ਆਨੰਦ ਕਾਰਜ ਦਾਸ ਨਾਲ ਹੋਇਆ ਹੈ। ਇਨ੍ਹਾਂ ਦਾ ਇਕ ਸਪੁੱਤਰ,ਭਾਈ ਕੰਵਲਜੀਤ ਸਿੰਘ ਜਲੰਧਰ ਨਿਵਾਸੀ ਪੁਰਾਤਨ ਗੁਰਸਿੱਖ ਭਾਈ ਜਸਵੰਤ ਸਿੰਘ ਜੀ ਦੀ ਪੁੱਤਰੀ ਨਾਲ ਵਿਆਹਿਆ ਹੋਇਆ ਹੈ ਅਤੇ ਜਲੰਧਰ ਵਿਚ ਹੀ ਨਿਵਾਸ ਰੱਖਦਾ ਹੈ। ਅਗੋਂ ਇਨ੍ਹਾਂ ਦੇ ਬੱਚੇ ਵੀ ਗੁਰਸਿੱਖ ਅੰਮ੍ਰਿਤਧਾਰੀ ਰਹਿਤ-ਬਹਿਤ ਵਿਚ ਪਰਪੱਕ ਤੇ ਗੁਰੂ ਘਰ ਨਾਲ ਜੁੜੇ ਹੋਏ ਹਨ ਤੇ ਆਪਦੇ ਪਾਏ ਹੋਏ ਪੂਰਨਿਆਂ 'ਤੇ ਚਲ ਰਹੇ ਹਨ। ਜਲੰਧਰ ਆ ਕੇ ਆਪ ਜੀ ਦਾ ਮੇਲ ਭਾਈ ਦਰਸ਼ਨ ਸਿੰਘ ਜੀ ਗੜ੍ਹਗੱਜ, ਮਾਸਟਰ ਸੁੰਦਰ ਸਿੰਘ ਜੀ ਅਤੇ ਭਾਈ ਜਸਵੰਤ ਸਿੰਘ ਜੀ ਨਾਲ ਹੋ ਗਿਆ। ਆਪ ਜੀ ਪ੍ਰੀਵਾਰ ਸਮੇਤ ਅੰਮ੍ਰਿਤ ਛੱਕ ਕੇ ਤਿਆਰ-ਬਰ-ਤਿਆਰ ਸਿੰਘ ਸਜ ਗਏ ਅਤੇ ਨਾਲ ਹੀ ਸਰਬਲੋਹ ਬਿਬੇਕ ਦੀ ਰਹਿਤ ਵੀ ਧਾਰਨ ਕਰ ਲਈ ਜੋ ਅੰਤਲੇ ਸੁਆਸਾਂ ਤਾਈਂ ਗੁਰੂ ਦੀ ਕ੍ਰਿਪਾ ਨਾਲ ਤੋੜ ਨਿਬਾਹੀ। ਫਿਰ ਆਪ ਜੀ ਨੂੰ ਬਾਪੂ ਜੀ ਭਾਈ ਰਣਧੀਰ ਸਿੰਘ ਜੀ, ਬਾਊ ਮਲ ਸਿੰਘ ਜੀ, ਡਾਕਟਰ ਸੁਰਿੰਦਰ ਸਿੰਘ ਜੀ ਅਤੇ ਭਾਈ ਜੀਵਨ ਸਿੰਘ ਆਦਿ ਗੁਰਸਿੱਖਾਂ ਦੀ ਸੰਗਤ ਕਰਨ ਦਾ ਸੁਭਾਗ ਪ੍ਰਾਪਤ ਹੁੰਦਾ ਰਿਹਾ ਹੈ। ਜਲੰਧਰ ਸ਼ਹਿਰ ਵਿਚ ਨਿਵਾਸ ਰੱਖਣ ਵੇਲੇ ਜੇਕਰ ਕਦੇ ਗੁਰਸਿੱਖਾਂ ਜਾਂ ਕਿਸੇ ਪ੍ਰੀਵਾਰ ਵਿਚ ਮਤਭੇਦ ਪੈਦਾ ਹੋ ਜਾਂਦਾ ਤਾਂ ਜਾਂ ਕੋਈ ਹੋਰ ਪ੍ਰੀਵਾਰਕ ਮਸਲਾ ਸਾਹਮਣੇ ਆ ਜਾਂਦਾ ਤਾਂ ਆਪ ਗੁਰਮਤਿ ਦੇ ਪਹਿਰੇ ਅੰਦਰ ਉਹ ਮਸਲਾ ਬੜੇ ਸੁਚੱਜੇ ਤਰੀਕੇ ਨਾਲ ਸੁਲਝਾਅ ਦਿੰਦੇ ਸਨ। ਆਪ ਜੀ ਦੀ ਉੱਚੀ-ਸੁੱਚੀ ਰਹਿਣੀ, ਨਿਰਪੱਖ ਤੇ ਉਸਾਰੂ ਸੋਚ ਕਰਕੇ ਸਾਰੇ ਆਪ ਜੀ ਦਾ ਸਤਿਕਾਰ ਕਰਦੇ ਸਨ ਅਤੇ ਆਪ ਜੀ ਦੀ ਗੱਲ ਵੀ ਮੰਨ ਜਾਂਦੇ ਸਨ।

ਪਾਕਿਸਤਾਨ ਬਣਨ ਤੋਂ ਬਾਅਦ ਆਪ ਜੀ ਦੇ ਮਾਤਾ ਪਿਤਾ ਜਬਲਪੁਰ ਆ ਗਏ ਸਨ ਤੇ ਥੋੜੀ ਜਮੀਨ ਲੈ ਕੇ ਖੇਤੀ ਦਾ ਧੰਧਾ ਕਰਦੇ ਸਨ। ਆਪ ਦੀ ਜਲੰਧਰ ਵਿਖੇ ਵਰਕਸ਼ਾਪ ਕਾਮਯਾਬ ਨਹੀਂ ਹੋ ਸਕੀ, ਭਾਵੇਂ ਆਪ ਇਕ ਨਿਪੁੰਨ ਇੰਜੀਨੀਅਰ ਸਨ, ਕਿਉਂਕਿ ਵਾਪਾਰ ਝੂਠ ਬੋਲਣ ਤੇ ਚੋਰੀ ਕਰਨ ਤੋਂ ਬਿਨਾਂ ਚਲ ਨਹੀਂ ਸਕਦਾ। ਇਸ ਤੋਂ ਇਲਾਵਾ ਰਿਸ਼ਵਤਖੋਰੀ, ਮਿਲਾਵਟ ਦਾ ਬੋਲਬਾਲਾ ਹੋਣ ਕਾਰਨ ਇਕ ਸੱਚੇ-ਸੁੱਚੇ ਵਿਅਕਤੀ ਲਈ ਇਹ ਧੰਧਾ ਕਰਨਾ ਔਖਾ ਹੈ। ਇਹ ਵਰਕਸ਼ਾਪ ਬੰਦ ਕਰਕੇ, ਕੁਝ ਸਮਾਂ ਜੰਮੂ ਵੀ ਰਹੇ ਪ੍ਰੰਤੂ ਸੰਨ 1966 ਵਿਚ ਇਹ ਆਪਣੇ ਮਾਤਾ-ਪਿਤਾ ਕੋਲ ਜਬਲਪੁਰ ਆ ਗਏ ਤੇ ਖੇਤੀ ਦਾ ਉੱਤਮ ਧੰਧਾ ਸ਼ੁਰੂ ਕਰ ਲਿਆ। ਫਿਰ ਕੁਝ ਹੋਰ ਜ਼ਮੀਨ ਖ਼ਰੀਦ ਲਈ ਤੇ ਨਾਲ ਗਊਆਂ ਰੱਖ ਕੇ ਡੇਰੀ ਫਾਰਮ ਵੀ ਖੋਹਲ ਲਿਆ। ਆਪ ਜੀ ਖੇਤੀ ਵਾਸਤੇ ਪੰਜਾਬ ਤੋਂ ਜਾਪਾਨ ਦਾ ਬਣਿਆ ਛੋਟਾ ਟਰੈਕਟਰ ਵੀ ਲੈ ਕੇ ਆਏ ਸਨ। ਆਪ ਜੀ ਦੀ ਆਮਦਨ ਚੰਗੀ ਹੋਣ ਲੱਗ ਪਈ। ਇਸ ਦੇ ਨਾਲ ਹੀ ਬਾਹਰ ਖੇਤਾਂ ਵਿਚ ਇਕਾਂਤਵਾਸ ਰਹਿ ਕੇ ਨਾਮ ਸਿਮਰਨ ਭਗਤੀ ਵਿਚ ਵੀ ਜੁਟ ਗਏ। ਖੇਤਾਂ ਵਿਚ ਹੀ ਕੁੱਲੀ ਬਣਾ ਲਈ। ਕੋਈ ਰੋਸ਼ਨੀ ਦਾ ਵੀ ਪ੍ਰਬੰਧ



www.AKJ.Org

ਨਹੀਂ ਸੀ। ਆਲੇ ਦੁਆਲੇ ਖੇਤ ਹੀ ਖੇਤ ਸਨ ਤੇ ਪਿੰਡ ਵੀ ਦੂਰ-ਦੂਰ ਸਨ। ਉੱਥੇ ਜੰਗਲ ਵਿਚ ਮੰਗਲ ਬਣਾ ਦਿੱਤਾ। ਉੱਥੇ ਜ਼ਿਆਦਾਤਰ ਭੁੱਜੇ ਛੋਲੇ, ਗੁੜ, ਮੂੰਗਫਲੀ, ਬਦਾਮ ਜਾਂ ਫਲ ਆਦਿ ਹੀ ਛੱਕਦੇ ਸਨ। ਆਪਣੇ ਕੋਲ ਸਰਬ ਲੋਹ ਦੇ ਬਾਟੇ ਅਤੇ ਇਕ ਕਰਮੰਡਲ ਜਿਸ ਨਾਲ ਰੱਸੀ ਬੱਧੀ ਹੁੰਦੀ ਸੀ (ਖੂਹ ਵਿਚੋਂ ਜਲ ਕੱਢਣ ਲਈ ਰੱਖਿਆ ਹੋਇਆ ਸੀ)। ਬਸ ਇਹੋ ਹੀ ਸਾਦੀ ਖੁਰਾਕ ਦਾ ਅਲਪ ਅਹਾਰ ਕਰਦੇ ਸਨ।

ਉੱਥੇ ਕਈ ਵਾਰੀ ਭੂਤ ਪ੍ਰੇਮ ਤੇ ਗੈਬੀ ਰੂਹਾਂ ਆ ਜਾਂਦੀਆਂ ਸਨ ਤੇ ਆਪਣਾ ਉਧਾਰ ਕਰਨ ਲਈ ਕਹਿੰਦੇ ਸਨ। ਆਪ ਜੀ ਸੁਖਮਨੀ ਸਾਹਿਬ ਪਾਠ ਜਾਰੀ ਰੱਖਦੇ ਸਨ। ਕਈ ਵਾਰੀ ਸਿਮਰਨ ਵਿਚ ਲੀਨ ਹੁੰਦਿਆਂ ਕਈ-ਕਈ ਘੰਟੇ ਬੀਤ ਜਾਂਦੇ ਸਨ। ਸੁਰਤੀ ਜੁੜੀ ਰਹਿੰਦੀ ਸੀ ਅਤੇ ਆਪ ਨੂੰ ਬੁਲਾਉਣ 'ਤੇ ਵੀ ਕੋਈ ਜੁਆਬ ਨਹੀਂ ਦਿੰਦੇ ਸੀ।

ਆਪ ਜੀ ਕੀਰਤਨ ਵੀ ਕਰ ਲੈਂਦੇ ਸਨ। ਨਾਲ ਹੀ ਚੰਗੇ ਅਖੰਡਪਾਠੀ ਸਨ ਤੇ ਸਮੇਂ-ਸਮੇਂ ਪੰਚਾਂ ਵਿਚ ਸ਼ਾਮਿਲ ਹੋ ਕੇ ਅੰਮ੍ਰਿਤ ਸੰਚਾਰ ਦੀ ਸੇਵਾ ਵੀ ਨਿਭਾਉਂਦੇ ਸਨ। ਅਨੰਦ ਕਾਰਜ ਤੋਂ ਬਾਅਦ ਦਾਸ ਦੀ ਰਿਹਾਇਸ਼ ਵੀ ਜਬਲਪੁਰ ਹੀ ਹੋ ਗਈ ਸੀ ਤੇ ਆਪ ਜੀ ਨੇ ਸੰਗਤਾਂ ਦੇ ਸਹਿਯੋਗ ਨਾਲ ਤੇ ਦਾਸ ਨੂੰ ਪ੍ਰੇਰਨਾ ਦੇ ਕੇ ਜਬਲਪੁਰ ਵਿਖੇ ਹਫਤਾਵਾਰੀ ਕੀਰਤਨ ਸਮਾਗਮ ਸ਼ੁਰੂ ਕਰ ਦਿੱਤੇ। ਆਪ ਜੀ ਕੀਰਤਨ ਕਰਦਿਆਂ ਕਈ ਵਾਰੀ ਐਸਾ ਜੁੜਦੇ ਸਨ ਕਿ ਸੁੱਧ ਬੁੱਧ ਭੁੱਲ ਹੀ ਜਾਂਦੀ ਸੀ ਤੇ ਕੀਰਤਨ ਸਮਾਪਤੀ ਕਰਨੀ ਵੀ ਭੁੱਲ ਜਾਂਦੇ ਸਨ। ਕੀਰਤਨ ਅਤੇ ਅਰਦਾਸ ਕਰਦਿਆਂ ਅੱਖਾਂ ਵਿਚੋਂ ਨੀਰ ਵਹਿ ਰਹੇ ਹੁੰਦੇ ਸਨ। ਭਾਵੇਂ ਕੀਰਤਨ ਦੀ ਸਮਾਪਤੀ ਦੇਰ ਨਾਲ ਹੋਵੇ, ਪਰ ਅੰਮ੍ਰਿਤ ਵੇਲੇ ਆਪਣੇ ਸਮੇਂ 'ਤੇ ਫਿਰ ਸਾਵਧਾਨ ਹੋ ਜਾਂਦੇ ਸਨ, ਉਸ ਵਿਚ ਕਦੇ ਢਿੱਲ ਨਹੀਂ ਆਉਣ ਦਿੱਤੀ। ਅਰਦਾਸ ਵਿਚ ਇਸ ਤਰ੍ਹਾਂ ਲੀਨ ਹੋ ਜਾਂਦੇ ਸਨ ਕਿ ਅਰਦਾਸ ਰੂਪ ਹੀ ਹੋ ਜਾਂਦੇ ਸਨ। ਅਰਦਾਸ ਵੀ ਅੰਦਰੋਂ ਭਿੱਜ ਕੇ ਬਹੁਤ ਬਿਰਹੋਂ ਅਵਸਥਾ ਵਿਚ ਕਰਦੇ ਸਨ।

ਆਪ ਜੀ ਨੇ ਤਾਅ ਜ਼ਿੰਦਗੀ ਸਾਈਕਲ ਤੇ ਹੀ ਸਵਾਰੀ ਕੀਤੀ। 25-30 ਕਿਲੋਮੀਟਰ ਦੂਰੀ ਤੇ ਪੈਂਡਾ ਸਾਈਕਲ 'ਤੇ ਸਫਰ ਕਰਦਿਆਂ ਤਹਿ ਕਰ ਲੈਣਾ। ਇਸ ਕਰਕੇ ਉਨ੍ਹਾਂ ਦੀ ਸਿਹਤ ਵੀ ਠੀਕ ਰਹੀ ਅਤੇ ਕਿਸੇ ਵੀ ਬੀਮਾਰੀ ਦਾ ਸ਼ਿਕਾਰ ਨਹੀਂ ਹੋਏ।

ਆਯੁਰਵੈਦਿਕ ਡਾਕਟਰੀ ਪੜ੍ਹਾਈ ਕਰਨ ਤੋਂ ਬਾਅਦ, ਆਪ ਸਵਾਸ-ਸਵਾਸ ਸਿਮਰਨ ਕਰਦਿਆਂ, ਦੇਸੀ ਜੜੀ ਬੂਟੀਆਂ ਨਾਲ ਅੱਖਾਂ ਦਾ ਸੁਰਮਾ ਵੀ ਬਣਾਉਂਦੇ ਸਨ। ਇਸ ਤਰ੍ਹਾਂ ਇਕ ਮਲ੍ਹਮ ਵੀ ਬਣਾਉਂਦੇ ਸਨ ਜਿਸ ਨਾਲ ਪੁਰਾਣੇ ਜਖ਼ਮ ਠੀਕ ਹੋ ਜਾਂਦੇ ਸਨ। ਉਹ ਲੋੜਵੰਦ ਮਰੀਜਾਂ ਦਾ ਆਯੁਰਵੈਦਿਕ ਅਤੇ ਹੋਮੋਪੈਥਿਕ ਹਿਕਮਤ ਨਾਲ ਇਲਾਜ ਕਰਦੇ ਸਨ, ਪਰ ਕਿਸੇ ਵੀ ਦਵਾਈ ਦੀ ਕੀਮਤ ਜਾਂ ਆਪਣੀ ਫੀਸ ਨਹੀਂ ਲੈਂਦੇ ਸਨ। ਸਭ ਨਿਸ਼ਕਾਮ ਸੇਵਾ ਹੀ ਕਰਦੇ ਸਨ।

ਸੰਨ 1975 ਵਿਚ ਆਪ ਜ਼ਮੀਨ ਵਿਚ ਇਕ ਖੂਹ ਖੁਦਵਾਉਂਦੇ ਸਮੇਂ ਉਸ ਵਿਚ ਡਿੱਗ ਪਏ। ਮੂੰਹ, ਸਿਰ, ਜਬਾੜੇ ਤੇ ਬਹੁਤ ਸੱਟਾ ਲੱਗੀਆਂ। ਡਾਕਟਰ ਨੇ ਮੂੰਹ ਵਿਚ ਤਾਂ ਟਾਂਕੇ ਲਗਾ ਦਿੱਤੇ ਤੇ ਪਰ ਸਿਰ ਵਿਚ ਰੋਮਾਂ ਦੀ ਬੇਅਦਬੀ ਹੋ ਜਾਣ ਕਾਰਨ ਆਪ ਜੀ ਨੇ ਸਿਰ ਵਿੱਚ ਟਾਂਕੇ ਲੁਆਉਣ ਤੋਂ ਨਾਂਹ ਕਰ ਦਿੱਤੀ। ਆਪ ਜੀ ਨੇ ਸਿਲਕ ਦਾ ਕਪੜਾ ਜਲਾ ਕੇ, ਉਸ ਦੀ ਸੁਆਹ (ਰਾਖ) ਜ਼ਖ਼ਮ ਤੇ ਭਰ ਦਿੱਤੀ। ਕੁਝ ਦਿਨਾਂ ਵਿਚ ਜਖ਼ਮ ਠੀਕ ਹੋ ਗਿਆ ਤੇ ਇਨ੍ਹਾਂ ਆਪਣਾ ਸਿੱਖੀ ਸਿਦਕ ਕਾਇਮ ਰੱਖਿਆ।

ਆਪ ਜੀ, ਜਦ ਗੁਰਬਾਣੀ ਦੇ ਪਾਠ ਅਤੇ ਨਾਮ ਸਿਮਰਨ ਵਿਚ ਮਗਨ ਹੋ ਜਾਂਦੇ ਤਾਂ ਕਈ ਵਾਰ ਫਨੀਅਰ ਸੱਪ ਆਪ ਦੇ ਸਿਰ ਉੱਪਰ ਫੱਨ ਫੈਲਾ ਕੇ ਖੜਾ ਹੋ ਜਾਂਦਾ ਸੀ। ਪਰ ਆਪ ਅਟੰਕ ਹੋ ਕੇ ਪਾਠ ਕਰਦੇ ਰਹਿੰਦੇ ਸਨ। ਇਕ ਬਹੁਤ ਵੱਡਾ ਲੰਮੇਰੀ ਉਮਰ ਦਾ ਸੱਪ, ਇੰਨ੍ਹਾਂ ਦੇ ਘਰ ਵਿਚ ਹੀ ਬੈਠਾ ਰਹਿੰਦਾ ਸੀ, ਬਾਹਰ ਨਹੀਂ ਸੀ ਨਿਕਲਦਾ ਤੇ ਲੁੱਕ ਜਾਂਦਾ ਸੀ। ਇਕ ਵਾਰ ਆਪ ਜੀ ਅੰਮ੍ਰਿਤ ਵੇਲੇ ਜਾਪੁ ਸਾਹਿਬ ਜੀ ਦਾ ਪਾਠ ਕਰ ਰਹੇ ਸਨ ਤੇ ਆਪ ਜੀ ਦੀ ਸੁਰਤ ਨਮੋ ਮੰਤ੍ਰ ਮੰਤ੍ਰੇ, ਨਮੋ ਜੰਤ੍ਰ ਜੰਤ੍ਰੇ ਤੁਕ ਤੇ ਅਟਕ ਗਈ। ਸੱਪ ਪਾਣੀ ਦੇ ਘੜੇ ਨਾਲ ਲਿਪਟ ਗਿਆ ਤੇ ਨਿਤਨੇਮ ਦੀ ਸਮਾਪਤੀ ਤੋਂ ਬਾਅਦ ਫਿਰ ਛੁਪ ਗਿਆ। ਪ੍ਰੰਤੂ ਘਰ ਵਿਚ ਹਾਜ਼ਿਰ ਨੌਕਰਾਂ ਨੇ ਉਸ ਨੂੰ ਲੱਭ ਕੇ ਮਾਰ ਦਿੱਤਾ। ਕੁਝ



www.AKJ.Org

ਸਾਲਾਂ ਬਾਅਦ, ਇਕ ਛੋਟੇ ਸੱਪ ਦਾ ਬੱਚਾ ਇੰਨ੍ਹਾਂ ਨੂੰ ਆ ਕੇ ਡੰਗ ਮਾਰ ਗਿਆ, ਪਰ ਇਹ ਆਪਣੇ ਦੇਸੀ ਇਲਾਜ ਨਾਲ ਠੀਕ ਹੋ ਗਏ।

ਖਾੜਕੂਵਾਦ ਦੌਰਾਨ, ਜਦੋਂ ਸਿੰਘਾਂ ਤੇ ਪੁਲਿਸ ਤਸ਼ੱਦਦ ਕਰਦੀ ਤਾਂ ਪਿਆਰ ਵਾਲੇ ਸਿੰਘ ਆਪ ਜੀ ਨੂੰ ਅੰਤਰ ਆਤਮੇ ਯਾਦ ਕਰ ਲੈਂਦੇ ਸੀ। ਉਸ ਵੇਲੇ ਆਪ ਜੀ ਦੇ ਗੋਡੇ ਦੇ ਥੱਲੇ ਜ਼ਖ਼ਮ ਹੋ ਜਾਂਦੇ ਸਨ। ਜਦੋਂ ਆਪ ਜੀ ਨੂੰ ਡਾਕਟਰ ਕੋਲ ਇਲਾਜ ਕਰਾਉਣ ਲਈ ਜਾਣ ਵਾਸਤੇ ਕਹਿਣਾ ਤਾਂ ਆਪ ਜੀ ਨੇ ਨਾਂਹ ਕਰ ਦੇਣੀ। ਆਪ ਜੀ ਪੁੱਛਣ ਤੇ ਦਸਦੇ ਸੀ ਕਿ ਜਿਸ ਸਿੰਘਾਂ ਨਾਲ ਜ਼ਿਆਦਾ ਪਿਆਰ ਹੈ, ਜਦੋਂ ਉਨ੍ਹਾਂ ਨੂੰ ਪੁਲਿਸ ਕੁੱਟਦੀ ਹੈ ਤਾਂ ਉਦੋਂ ਆਪ ਜੀ ਨੂੰ ਵੀ ਤਕਲੀਫ ਹੁੰਦੀ ਸੀ। ਉਨ੍ਹਾਂ ਸਿੰਘਾਂ ਦਾ ਦੁੱਖ ਉਹ ਆਪਣੇ ਸਰੀਰ ਉੱਪਰ ਲੈ ਲੈਂਦੇ ਸਨ ਤੇ ਜ਼ਖ਼ਮਾਂ ਤੋਂ ਖ਼ੂਨ ਵੀ ਵੱਗਦਾ ਹੀ ਰਹਿੰਦਾ ਸੀ। ਇਸ ਸਮੇਂ ਉਹ ਪਜਾਮਾ ਵੀ ਨਹੀਂ ਸਨ ਪਾ ਸਕਦੇ ਹੁੰਦੇ ਤੇ ਕੀਰਤਨ ਸਮਾਗਮ ਤੇ ਇਕੱਲਾ ਕਮੀਜ਼ ਪਹਿਨ ਕੇ ਹੀ ਜਾਂਦੇ ਸਨ।

ਇਕ ਵਾਰ ਆਪ ਜੀ ਅੰਮ੍ਰਿਤ ਸੰਚਾਰ ਸਮਾਗਮ ਵਿਚ ਸ਼ਾਮਿਲ ਹੋਏ। ਸਮਾਗਮ ਦੀ ਸਮਾਪਤੀ ਤੋਂ ਬਾਅਦ ਪੰਚਾਂ ਦੇ ਜਥੇਦਾਰ, ਆਪਣੀ ਸਿੰਘਣੀ (ਜਿਸ ਦੀ ਸਿਹਤ ਢਿੱਲੀ ਸੀ) ਵਾਸਤੇ ਅੰਮ੍ਰਿਤ ਲਿਜਾਣਾ ਚਾਹੁੰਦੇ ਸਨ। ਪਰ ਆਪ ਜੀ ਇਸ ਗਲ ਤੇ ਅੜ ਗਏ ਕਿ ਗੁਰ ਮਰਿਯਾਦਾ ਅਨੁਸਾਰ ਅੰਮ੍ਰਿਤ ਦਾ ਛਾਂਦਾ ਬਾਹਰ ਨਹੀਂ ਜਾ ਸਕਦਾ। ਪਰ ਜਥੇਦਾਰ ਸਾਹਿਬ ਨਾ ਮੰਨੇ। ਜਦੋਂ ਉਨ੍ਹਾਂ ਨੇ ਅੰਮ੍ਰਿਤ ਕੱਚ ਦੀ ਸ਼ੀਸ਼ੀ ਵਿਚ ਪਾਇਆ ਤੇ ਉਹ ਸ਼ੀਸ਼ੀ ਟੁੱਟ ਗਈ। ਕੱਚ ਜਥੇਦਾਰ ਸਾਹਿਬ ਦੇ ਹੱਥਾਂ ਵਿਚ ਲਗਣ ਕਰਕੇ ਖ਼ੂਨ ਵੱਗਣਾ ਸ਼ੁਰੂ ਹੋ ਗਿਆ। ਇਸ ਉਪਰੰਤ ਜਥੇਦਾਰ ਸਾਹਿਬ ਆਪ ਜੀ ਦਾ ਬਹੁਤ ਸਤਿਕਾਰ ਕਰਨ ਲੱਗ ਪਏ ਤੇ ਕਿਹਾ ਕਿ ਇਹ ਸਰਬਲੋਹੀ ਸਿਰੜੀ ਸੂਰਮਾ ਸਿੰਘ ਹੈ ਜੋ ਗੁਰਮਤਿ ਦੇ ਅਸੂਲਾਂ ਤੇ ਪੂਰਾ ਪਹਿਰਾ ਦਿੰਦਾ ਹੈ।

ਸਤਿਕਾਰ ਯੋਗ ਪੂਰਨ ਦਾਰ ਜੀ ਦੀ ਕਰਨਾਲ ਪੋਸਟਿੰਗ ਵੇਲੇ, ਇੰਨ੍ਹਾਂ ਦੀ ਸਿੰਘਣੀ ਬੀਬੀ ਅਜੈਬ ਕੌਰ ਦਾ ਭਰਾ ਜਗਦੀਸ਼ ਲਾਲ ਵੀ, ਦਾਰ ਜੀ ਨਾਲ ਫੂਡ ਕਾਰਪੋਰੇਸ਼ਨ ਆਫ ਇੰਡੀਆ ਵਿਚ ਹੀ ਕੰਮ ਕਰਦਾ ਸੀ। ਦਾਰ ਜੀ ਨੇ ਵਿਹਲੇ ਸਮੇਂ ਆਪਣੀ ਮਾਲਾ ਫੜ ਕੇ ਬੋਰੀਆਂ ਦੇ ਪਿੱਛੇ ਬਹਿ ਕੇ ਨਾਮ ਸਿਮਰਨ, ਸੁਖਮਨੀ ਸਾਹਿਬ ਜੀ ਦੇ ਪਾਠ ਵਿਚ ਜੁਟ ਜਾਣਾ ਤੇ ਉਨ੍ਹਾਂ ਦਾ ਸਾਰਾ ਦਫ਼ਤਰੀ ਕੰਮ ਇਹ ਜਗਦੀਸ਼ ਲਾਲ ਕਰ ਦਿੰਦਾ ਸੀ। ਉਹ ਦਾਰ ਜੀ ਦਾ, ਆਪਦੇ ਜੀਜਾ ਜੀ ਦੇ ਸੰਗੀ ਸਾਥੀ ਅਤੇ ਜਥੇ ਦਾ ਸਿੰਘ ਹੋਣ ਕਰਕੇ ਬਹੁਤ ਸਤਿਕਾਰ ਕਰਦਾ ਸੀ। ਇਸ ਤਰ੍ਹਾਂ ਦਾਰ ਜੀ ਕੰਮ ਤੋਂ ਨਿਸਚਿੰਤ ਹੋ ਕੇ ਰੋਜ਼ ਹੀ ਨਾਮ ਬਾਣੀ ਦਾ ਖ਼ੂਬ ਰੱਸ ਭੁੰਚਦੇ ਰਹਿੰਦੇ ਸਨ।

ਮਿਤੀ 11 ਨਵੰਬਰ 1988 ਨੂੰ ਆਪ ਜੀ ਨੇ ਗਊ ਦੇ ਦੁੱਧ ਨਾਲ ਦਵਾਈ ਬਣਾਉਣੀ ਸੀ। ਇਕ ਨਵੀਂ ਸੂਈ ਗਊ, ਪਿੰਡ ਤੋਂ ਖਰੀਦ ਕੇ, ਸ਼ਹਿਰ ਨੂੰ ਲਿਆ ਰਹੇ ਸੀ। ਉਸ ਦਾ ਬੱਛੜਾ ਬਹੁਤ ਛੋਟਾ ਸੀ ਤੇ ਤੁਰ ਨਹੀਂ ਸੀ ਸਕਦਾ। ਆਪ ਨੇ ਇਕ ਰਿਕਸ਼ਾ ਕਿਰਾਏ ’ਤੇ ਕਰ ਲਿਆ ਕਿ ਬਛੜੇ ਨੂੰ ਰਿਕਸ਼ੇ ’ਤੇ ਬਿਠਾ ਕੇ, ਨਾਲ ਆਪ ਬੈਠ ਜਾਵਾਗੇ ਤੇ ਗਊ ਨਾਲ ਤੁਰ ਕੇ ਆ ਜਾਵੇਗੀ। ਜਦ ਬਛੜੇ ਨੂੰ ਰਿਕਸ਼ੇ ’ਤੇ ਬਿਠਾਇਆ ਤਾਂ ਗਊ ਡਰ ਗਈ ਤੇ ਸਮਝੀ ਕਿ ਮੇਰੇ ਬਛੜੇ ਨੂੰ ਕਿਤੇ ਲੈ ਕੇ ਜਾ ਰਹੇ ਹਨ। ਉਸ ਨੇ ਆਪ ਨੂੰ ਢੁੱਡਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ, ਜਿਸ ਨਾਲ ਆਪ ਜੀ ਗੰਭੀਰ ਜ਼ਖ਼ਮੀ ਹੋ ਗਏ। ਹਸਪਤਾਲ ਰਹਿਣ ਸਮੇਂ ਆਪ ਚੜ੍ਹਦੀ ਕਲਾ ਵਿਚ ਰਹੇ। ਸੰਗਰਾਂਦ ਵਾਲੇ ਦਿਨ ਸਿੰਘਣੀ ਤੇ ਦਾਸ ਨੂੰ ਗੁਰਦੁਆਰੇ ਅਰਦਾਸ ਕਰਨ ਲਈ ਭੇਜਿਆ। ਹੁਕਮਨਾਮਾ ਆਇਆ : **ਧਨਾਸਰੀ ਮਹਲਾ ੫ ॥ ਜਿਸ ਕਾ ਤਨੁ ਮਨੁ ਧਨੁ ਸਭ ਤਿਸ ਕਾ ਸੋਈ ਸੁਘੜੁ ਸੁਜਾਨੀ ॥** ਹੁਕਮਨਾਮਾ ਸੁਣ ਕੇ ਕਿਹਾ ਕਿ ਸਾਡਾ ਅੰਤਮ ਸਮਾਂ ਆ ਗਿਆ ਹੈ। 15 ਨਵੰਬਰ 1988 ਸ਼ਾਮ ਨੂੰ ਸਿੰਘਣੀ ਅਤੇ ਦਾਸ ਨੇ ਸੋਦਰੁ ਰਹਿਰਾਸ ਸਾਹਿਬ ਦਾ ਪਾਠ ਸੁਣਾਇਆ। ਉਸ ਵੇਲੇ ਜ਼ੋਰ-ਜ਼ੋਰ ਨਾਲ ਖੰਡਾ ਖੜਕ ਰਿਹਾ ਸੀ। ਪਰ ਦੇਖਦੇ-ਦੇਖਦੇ ਕੁਝ ਪਲਾਂ ਵਿਚ ਹੀ ਵਾਹਿਗੁਰੂ ਵਾਹਿਗੁਰੂ ਕਰਦਿਆਂ ਸਵਾਸ ਪੂਰੇ ਕਰਕੇ ਗੁਰੂ ਚਰਨਾਂ ਵਿਚ ਜਾ ਬਿਰਾਜੇ ਤੇ ਪ੍ਰੀਵਾਰਕ ਮੈਂਬਰਾਂ ਨੂੰ ਆਪਣੇ ਪਾਏ ਪੂਰਨਿਆਂ ਤੇ ਚੱਲਣ ਦੀ ਪ੍ਰੇਰਨਾ ਭਰੀ ਅਸੀਸ ਦੇ ਗਏ।



www.AKJ.Org

## (2)

**ਗੁਰੂ ਦਾ 'ਸਨਮੁਖ ਸਿਖ' : ਵਲੋਂ ਮਾਸਟਰ ਜਸਵੰਤ ਸਿੰਘ ਸ੍ਰੀ ਅੰਮ੍ਰਿਤਸਰ**

ਭਾਈ ਸਾਹਿਬ ਉਨ੍ਹਾਂ ਵਿਰਲੇ ਵਿਰਲੀਸ਼ਰਾਂ ਵਿਚੋਂ ਸਨ, ਜੋ ਆਪਣੇ ਨਾਮ ਨੂੰ ਸਫਲਾ ਸੁਹੇਲਾ ਕਰਦੇ ਹਨ। ਤੀਜੇ ਪਾਤਸ਼ਾਹ ਜੀ ਦੀ 'ਅਨੰਦੁ' ਬਾਣੀ ਦੀ ਇਹ ਇਕੀਵੀਂ ਪਉੜੀ ਆਪ ਜੀ ਪ੍ਰਥਾਇ ਵਾਹ ਵਾਹ ਢੁਕਦੀ ਹੈ–

**ਜੇ ਕੋ ਸਿਖੁ ਗੁਰੂ ਸੇਤੀ ਸਨਮੁਖੁ ਹੋਵੈ ॥**
**ਹੋਵੈ ਤ ਸਨਮੁਖੁ ਸਿਖੁ ਕੋਈ ਜੀਅਹੁ ਰਹੈ ਗੁਰ ਨਾਲੇ ॥**
**ਗੁਰ ਕੇ ਚਰਨ ਹਿਰਦੈ ਧਿਆਏ ਅੰਤਰ ਆਤਮੈ ਸਮਾਲੇ ॥**
**ਆਪੁ ਛਡਿ ਸਦਾ ਰਹੈ ਪਰਣੈ ਗੁਰ ਬਿਨੁ ਅਵਰੁ ਨ ਜਾਣੈ ਕੋਏ ॥**
**ਕਹੈ ਨਾਨਕੁ ਸੁਣਹੁ ਸੰਤਹੁ ਸੋ ਸਿਖੁ ਸਨਮੁਖੁ ਹੋਏ ॥੨੧॥**

(ਅੰਗ ੯੧੯)

ਆਪ ਜੀ ਬੜੀ ਬਾਂਕੀ, ਬੀਰ, ਅਲਬੇਲੀ ਅਤੇ ਆਲੀਸ਼ਾਨ ਤਬੀਅਤ ਦੇ ਮਾਲਕ ਸਨ। ਖਿਚ–ਭਰੀ, ਖਰੀ ਖਰੀ, ਖੁਲ੍ਹੀ–ਖਲਾਸੀ, ਖਮ–ਰਹਿਤ ਗੁਰੂ ਵਿਗਾਸੀ, ਨਕੋ ਨਕ ਨੇਕ, ਫਿਰ ਗਹਿਰ–ਗੰਭੀਰ ਸ਼ਖ਼ਸੀਅਤ ਸੀ। ਗੁਰਮਤਿ ਗੁਣਾਂ ਦੇ ਧਾਰਨ ਵਿਚ ਸਿਰੜ ਪ੍ਰਬਲ ਸੀ। ਇਕ ਮਾਤਾ ਨੇ ਵੇਖਿਆ, ਕਹਿਣ ਲੱਗੀ ਕਿ, ਕੌਣ ਆਪਣੀ ਲੜਕੀ, ਇਸ ਮਸਤ ਮਲੰਗ ਦਰਵੇਸ਼ ਦੇ ਲੜ ਲਾਏਗਾ? ਇਕ ਦਿਨ ਆਇਆ ਕਿ ਉਹੀ ਮਾਤਾ ਆਪਣੀ ਸਪੁੱਤਰੀ 'ਅਜਬ ਕੌਰ' ਦਾ ਸ਼ਗਨ ਲੈ ਆਈ। ਸੰਜੋਗਾਂ ਨੇ ਅਜਬ ਕਰ ਵਿਖਾਈ।

ਗੁਰੂ–ਪਿਆਰ ਵਿਚ ਗੜੂੰਦ ਸਦਾ ਪਰਉਪਕਾਰ ਹੀ ਚਿਤਵਦੇ ਸਨ। ਮਨੁੱਖ ਤਾਂ ਕੀ, ਹਰ ਜੀਵ–ਜੰਤੂ ਬਲਕਿ ਕੁਦਰਤ ਦੀ ਹਰ ਵਸਤੂ ਪ੍ਰਤੀ ਅਦਬ ਦੀ ਭਾਵਨਾ ਰੱਖਣ ਵਾਲੇ ਕੋਮਲ ਹਿਰਦੇ ਵਾਲੇ ਗੁਰਸਿਖ ਸਨ।

ਪਿਛਲੇਰੇ ਕਿਸੇ ਨਾਨਕ-ਨਿਰੰਕਾਰੀ ਪੁਰਬ ਦੇ ਸਮਾਗਮ ਦੀ ਬਾਤ ਹੈ। ਰੈਣ ਸਬਾਈ ਦਾ ਵੇਲਾ ਆਰੰਭਲਾ ਹੈ। ਦਾਸਰਾ ਅਤਿ-ਭਿੰਨੀ ਦਰਸ ਹੁਲਾਸੀ ਆਸ ਵਿਚ ਉਡੀਣਾ ਖੜਾ ਹੈ। ਭਾਈ ਸਾਹਿਬ ਦਾ ਚਿਹਰਾ ਨਜ਼ਰੀਂ ਪੈਂਦਾ ਹੈ। ਨਿਰਗੁਣੀਆਰੇ ਦਾਸਰੇ ਵਲ ਤਕੇਂਦੇ ਪ੍ਰਤੀਤ ਹੁੰਦੇ ਹਨ, ਰਾਹ ਵਿਚ ਵਿਛਾਈਆਂ ਅੱਖਾਂ ਅੱਗੋਂ ਬਚਨ ਕਰ ਕੇ ਲੰਘ ਜਾਂਦੇ ਹਨ, "ਅੱਗੇ ਵੀ ਇੰਤਜ਼ਾਰ ਹੋ ਰਹੀ ਹੈ, ਪਹਿਲਾਂ ਪੂਜਯ ਪੁਰਸ਼ਾਂ ਦੀ ਹਾਜ਼ਰੀ ਭਰ ਲਈਏ।"

ਇਹ ਸਾਡੀ ਪਰਮ ਪੂਜਯ ਸ਼ਖ਼ਸੀਅਤ ਗੁਰਮੁਖਿ ਪਿਆਰੇ ਬਾਊ ਮੱਲ ਸਿੰਘ ਜੀ ਸਨ।

ਰੂਹਾਨੀ ਸਲਤਨਤ ਦੇ ਮਹਾਰਾਜੇ ਅਤੇ ਇਕ ਰਾਜੇ ਦੇ ਅਜੀਬ ਮੇਲ ਹੋ ਚੁੱਕੇ ਤਾਂ ਬਚਨ ਹੋਏ, "ਓਏ ਸਨਮੁਖ ਸਿੰਘ ਸਰਬਲੋਹੀਏ ! ਤੈਨੂੰ ਦਵਾਈ ਵੀ ਸਰਬ-ਲੋਹ ਦੀ ਚਾਹੀਦੀ ਹੈ ?"

ਗੁਰਮੁਖ ਪਿਆਰੇ, ਮਹਾਂਪੁਰਸ਼ਾਂ ਸਾਹਵੇਂ ਕੋਈ ਉਤਰ ਨਹੀਂ ਦੇਂਦੇ। ਜੁੜੇ ਹੱਥਾਂ ਅਤੇ ਜੁੜੇ ਨੇਤਰਾਂ ਨਾਲ ਖੜੇ ਹਨ ਕਿ ਮੋਢਿਆਂ ਤੋਂ ਝੂਣ ਹਲੂਣ ਕੇ ਸ੍ਰੀ ਬਾਊ ਜੀ ਨੇ ਇਉਂ ਕਰ ਕੇ ਕਿਹਾ, "ਓਏ ! ਦਵਾਈ ਤਾਂ ਵਰਤ ਲਿਆ ਕਰ। ਤੈਨੂੰ ਪੰਜਾਂ ਪਿਆਰਿਆਂ ਤੋਂ ਬਖ਼ਸ਼ਵਾ ਦਿਆਂਗੇ। ਚਲ ਹੁਣੇ ਹੀ ਲੈ ਚਲੀਏ।"

ਓਵੇਂ ਕਿਵੇਂ ਦੀ ਹਾਲਤ ਵਿਚ ਭਾਈ ਸਾਹਿਬ ਬੋਲੇ, "ਇਹ ਬਿਬੇਕ ਵੀ ਤਾਂ ਆਪ ਦੀ ਹੀ ਮਹਾਨ ਬਖ਼ਸ਼ਿਸ ਹੈ।"

ਪਤਾ ਨਹੀਂ, ਇਹ ਬਚਨ ਸੀ ਕਿ ਬਾਣ ? ਬਾਊ ਜੀ ਦੇ ਹਿਰਦੇ ਨੂੰ ਵੇਧ ਗਿਆ, ਅੱਧ ਮੀਟੇ ਨੇਤਰਾਂ ਨਾਲ ਆਪਣੇ ਕਰ-ਕਮਲਾਂ ਨੂੰ ਭਾਈ ਸਾਹਿਬ ਦੇ ਪੈਰਾਂ ਵੱਲ ਵਧਾਇਓ ਨੇ। ਭਾਈ ਸਾਹਿਬ ਯਕ–ਦਮ ਝਬਕੇ, ਹੱਥ ਪਕੜ ਲਏ। ਬਾਊ ਜੀ ਨੇ ਗੁਰਮੁਖ ਪਿਆਰੇ ਪਿਆਰ–ਗਲਵਕੜੀ ਵਿਚ ਜਕੜ ਲਏ ਅਤੇ ਪੁਕਾਰ ਉਠੇ, "ਧੰਨ ਸਿੱਖੀ ! ਧੰਨ ਬਿਬੇਕ !! ਧੰਨ ਬਿਬੇਕੀ !!!"

ਕਮਾਲ ਦੇ ਗੁਰਸਿਖ ਸਨ ! ਪਿਛਲ ਰਾਤ ਇਕ ਵਜੇ ਤੋਂ ਪਹਿਲਾਂ ਹੀ ਸਵਾਧਾਨ ਹੋ ਜਾਂਦੇ, ਨਿਤਪ੍ਰਤਿ–ਬਿਨਾ


www.AKJ.Org

ਨਾਗਾ। ਜੇ ਕਿਸੇ ਪ੍ਰੇਮੀ ਨੇ ਬਚਨ-ਬਿਲਾਸ ਕਰਦਿਆਂ ਬਾਰਾਂ ਵਜਾ ਦੇਣੇ ਤਾਂ ਫਿਰ ਅੜਿੰਗ ਬੜਿੰਗ ਨਹੀਂ ਹੋਣਾ। ਅੰਮ੍ਰਿਤ-ਵੇਲੇ ਦਾ ਨਿਤਨੇਮ ਸੰਪੂਰਨ ਕਰ ਕੇ ਹੀ ਬਿਸਰਾਮ ਕਰਨ ਵਿਚ ਤ੍ਰਿਪਤ ਹੋਂਦੇ ਸਨ।

ਕਿਰਤ ਦੀ ਸੁੱਚਤਾ ਨੂੰ ਮੁੱਖ ਰਖ ਕੇ ਜਲੰਧਰ ਤੋਂ ਜਬਲਪੁਰ ਜਾ ਡੇਰੇ ਲਾਏ। ਇਲਾਕੇ ਵਿਚ ਚੋਰੀਆਂ ਚਕਾਰੀਆਂ ਦਾ ਜ਼ੋਰ ਸੀ। ਸਿੰਘਣੀ ਨੇ ਡਰ ਪ੍ਰਗਟਾਣਾ ਤਾਂ ਅਗੋਂ ਕਹਿਣਾ, "ਸਾਥੋਂ ਕਿਸੇ ਨੇ ਕੀ ਲਿਜਾਣਾ ਹੈ ? ਚੋਰਾਂ ਜਾਂ ਹੋਰਾਂ ਨੂੰ ਇਥੋਂ ਮਿਲਣਾ ਹੀ ਕੀ ਹੈ ?"

ਇਕ ਰਾਤ ਚੋਰ ਪੈ ਹੀ ਗਏ। ਜੋ ਉਨ੍ਹਾਂ ਦੇ ਹੱਥ ਲਗਾ, ਲੈ ਨੱਠੇ। ਸੁਭਾਗ ਦੰਪਤੀ ਨੂੰ ਜਾਗ ਆਈ। ਭਾਈ ਸਾਹਿਬ ਨੇ ਪਿੱਛਾ ਕੀਤਾ, ਰਾਹ ਵਿਚ ਹਾਰਮੋਨੀਅਮ ਵਾਜਾ, ਆਪਣੀ ਬੱਚੀ ਦਾ ਸਕੂਲੀ ਬਸਤਾ, ਇਕ ਟਰੰਕ ਖਿਲਰੇ ਪੁਲਰੇ ਕਪੜਿਆਂ ਸਹਿਤ ਵੇਖਿਆ। ਸਾਰਾ ਸਾਮਾਨ ਇਕੱਠਾ ਕਰ ਕੇ ਸਿੰਘਣੀ ਅੱਗੇ ਪੇਸ਼ ਕਰਦੇ ਹੋਏ ਕਹਿਣ ਲੱਗੇ, "ਚੋਰ ਇਹ ਸਭ ਕੁਝ ਬੇਲੋੜਾ ਸਮਝ ਕੇ ਇਥੇ ਹੀ ਛੱਡ ਗਏ ਨੇ।" ਬੀਬੀ ਜੀ ਬੋਲੇ, "ਆਪ ਜੀ ਪਾਸੋਂ ਲੁਕਾ ਕੇ ਰੱਖੇ ਦੋ ਕੀਮਤੀ ਸੂਟ ਤੇ ਇਕ ਗੁਟ-ਘੜੀ ਗਾਇਬ ਹਨ, ਜੋ ਮੈਨੂੰ ਪੇਕਿਆਂ ਵਾਲੇ ਪਾਸਿਓਂ ਪ੍ਰਾਪਤ ਹੋਏ ਸਨ ਅਤੇ ਤੁਹਾਥੋਂ ਚੋਰੀ ਰਖੇ ਸਨ। ਉਹੋ ਹੀ ਗਏ ਹਨ, ਹੋਰ ਕੁਝ ਨਹੀਂ ਗਿਆ।" ਭਾਈ ਸਾਹਿਬ ਨੇ ਮੁਸਕਰਾਉਂਦਿਆਂ ਕਿਹਾ, "ਚੋਰਾਂ ਨੇ ਤਾਂ ਆਪਣਾ (ਚੋਰੀ ਦਾ) ਮਾਲ ਹੀ ਖੜਿਆ ਹੈ, ਸਾਡਾ ਕੁਝ ਨਹੀਂ।"

(ਨੋਟ: ਭਾਈ ਸਾਹਿਬ ਹੁਰਾਂ ਦੇ ਸਹੁਰੇ ਪਰਿਵਾਰ ਵਿਚੋਂ ਫਿਲਮਾਂ ਵਿਚ ਵੀ ਕੰਮ ਕਰਨੇ ਵਾਲੇ ਵਿਅਕਤੀ ਸਨ, ਜਿਨ੍ਹਾਂ ਦੀ ਕਮਾਈ, ਆਪਣੇ ਘਰ ਆਈ, ਭਾਈ ਸਾਹਿਬ ਚੰਗੀ ਨਹੀਂ ਸੀ ਸਮਝਦੇ।)

ਭਾਈ ਸਾਹਿਬ ਇਕ ਸੁਚੱਜੇ ਇੰਜੀਨੀਅਰ ਵੀ ਸਨ। ਬੰਬਈ ਵਿਚ ਕੁਝ ਕੁ ਫਰਮਾਂ ਵਿਚ ਕੰਮ ਕਰ ਕੇ ਆਪ ਨੇ ਫਰਮਾਂ ਦੇ ਅੰਗਰੇਜ਼ ਮਾਲਕਾਂ ਨੂੰ ਦੰਗ ਕਰ ਦਿੱਤਾ। ਪ੍ਰਸੰਨਤਾ ਵਿਚ ਪ੍ਰਸੰਸਾ-ਪੱਤਰ ਆਪੂੰ ਹੀ, ਬਿਨਾਂ ਭਾਈ ਸਾਹਿਬ ਵਲੋਂ ਮੰਗਣ ਦੇ, ਦਿੱਤੇ ਗਏ, ਜਿਨ੍ਹਾਂ ਵਿਚ ਤਕੜੀ ਯਾਚਨਾ, ਗੋਰਿਆਂ ਨੇ ਆਪਣੇ ਦੇਸ਼ ਵਿਚ ਆਣ ਕੇ, ਉਨ੍ਹਾਂ ਦੀਆਂ ਸਦੀਵੀ ਸੇਵਾਵਾਂ ਦੀ ਪ੍ਰਾਪਤੀ ਲਈ ਕੀਤੀ। ਜਦ ਭਾਈ ਸਾਹਿਬ ਹੁਰਾਂ ਆਪਣੀ ਅਸਮੱਰਥਾ ਪ੍ਰਗਟ ਕੀਤੀ, ਤਾਂ ਵੀ 1947 ਵਿਚ ਇਸ ਦੇਸ਼ ਵਿਚੋਂ ਜਾਂਦੇ ਜਾਂਦੇ, ਇਕ ਬਾ-ਰਸੂਖ਼ ਸੀਨੀਅਰ ਅਫ਼ਸਰ ਨੇ ਉਨ੍ਹਾਂ ਦੀ ਪ੍ਰਬੀਨਤਾ ਦੀ ਪ੍ਰਸੰਸਾ ਦਾ ਉਲੇਖ ਕਰਦਿਆਂ ਦਰਜ ਕੀਤਾ ਕਿ ਉਹ ਜਦੋਂ ਵੀ ਇੰਗਲੈਂਡ ਆ ਕੇ ਸੇਵਾ ਕਰਨੀ ਚਾਹੁਣ ਤਾਂ ਉਨ੍ਹਾਂ ਦੀ ਸਰਕਾਰ ਜਾਂ ਦੇਸ਼ ਵੱਲੋਂ ਉਨ੍ਹਾਂ ਨੂੰ ਵਿਸ਼ੇਸ਼ ਦਰਜੇ ਵਾਲਾ ਅਸਥਾਨ ਦਿੱਤਾ ਜਾਏਗਾ।

ਜਦੋਂ ਦਾਸਰੇ ਨੇ ਉਨ੍ਹਾਂ ਤੋਂ ਮਾਨ-ਮਰਤਬੇ ਵਾਲੀ ਪੋਸਟ ਅਪ੍ਰਵਾਨ ਕਰਨ ਦਾ ਕਾਰਨ ਪੁਛਿਆ ਤਾਂ ਕਹਿਣ ਲੱਗੇ, "ਏਤਨੀ ਸਿਗਰਟ-ਨੋਸ਼ੀ ਦਾ ਵਾਤਾਵਰਣ ਹੈ ਐਸ ਵੇਲੇ ਓਥੇ ਕਿ ਇਕ ਗੁਰੂ ਕੇ ਸਿਖ ਦਾ ਬਿਬੇਕ ਅੰਦਰ ਵਿਚਰ ਸਕਣਾ ਮੁਸ਼ਕਲ ਹੈ। ਫਿਰ ਸਤਿ ਸੰਗਤ ਤੋਂ ਵਿਰਵਿਆਂ ਵੀ ਰਹਿਣਾ ਪੈਣਾ ਸੀ।"

ਭਾਵੇਂ ਭਾਈ ਸਾਹਿਬ ਆਪਣੀ ਲਾਈਨ ਵਿਚ ਬਹੁਤ ਪ੍ਰਬੀਨ ਸਨ ਅਤੇ ਆਦਰ ਮਾਣ ਅਤੇ ਤਕੜੀ ਆਮਦਨ (ਤਨਖ਼ਾਹ) ਵਾਲਾ ਕਿੱਤਾ ਕਰ ਰਹੇ ਸਨ, ਫਿਰ ਵੀ ਵਿਡਾਣੀ ਚਾਕਰੀ ਦਾ ਜੂਲਾ ਲਾਹ ਕੇ ਜਲੰਧਰ ਆ ਗਏ। ਇਥੇ ਆਪਣੀ ਹੀ ਇਕ ਛੋਟੀ ਜਿਹੀ ਵਰਕਸ਼ਾਪ ਚਾਲੂ ਕਰ ਲਈ। ਮਾਰਕੀਟ ਵਿਚ, ਧਰਮਹੀਨ ਤੇ ਤਜੌਰੀਆਂ ਭਰਨ ਵਾਲੇ ਚਾਲਬਾਜ਼ ਸਰਮਾਏਦਾਰਾਂ ਦੀ ਕਿਰਪਾ ਨਾਲ ਲਿਸ਼ਕ-ਪੁਸ਼ਕ ਦੀ ਭਰਮਾਰ ਸੀ। ਮੰਡੀ ਵਿਚ ਇਨ੍ਹਾਂ ਦੀ ਮਿਹਨਤ ਦਾ ਮੁਲ ਨਾ ਪਿਆ, ਸੋ ਇਹ ਨਵੀਂ ਕਿਰਤ ਵੀ ਤਿਆਗਣੀ ਪਈ। ਡੇਅਰੀ ਦਾ ਕੰਮ ਅਰੰਭਿਆ, ਇਥੋਂ ਹੀ ਹੌਲੀ ਹੌਲੀ ਇਨ੍ਹਾਂ ਨੇ ਦ੍ਰਿੜ੍ਹ ਇਰਾਦਾ ਬਣਾਇਆ ਕਿ ਭੋਇੰ ਖਰੀਦ ਕੇ ਖੇਤੀਬਾੜੀ ਦਾ ਉਤਮ ਕਿੱਤਾ ਅਖ਼ਤਿਆਰ ਕੀਤਾ ਜਾਏ। ਸੋ ਬਾਈ ਕੁ ਸਾਲ ਤੋਂ ਜਬਲਪੁਰ ਵਿਖੇ ਉਹ ਕਿਰਸਾਣੀ ਦੀ ਕਾਰ ਕਰ ਰਹੇ ਸਨ। ਕਰਤਾਰ ਨੇ ਭਾਗ ਲਾਏ, ਇਨ੍ਹਾਂ ਦੀ ਨੇਕ-ਨੀਅਤੀ ਅਤੇ ਸਬਰ-ਦਿਲੀ ਨੂੰ, ਇਨ੍ਹਾਂ ਦੀ ਕੁਝ ਜ਼ਮੀਨ ਜਬਲਪੁਰ ਸ਼ਹਿਰ ਵਿਚ ਆ ਗਈ। ਉਹ ਹਿੱਸਾ ਅੱਜ ਲੱਖਾਂ ਹੀ ਰੁਪਏ ਦਾ ਮੁਲ ਦਾ ਹੈ। ਸਬਰ-ਸੰਤੋਖ ਨੂੰ ਮਿੱਠਾ ਫਲ ਲਗਦਾ ਹੈ।



www.AKJ.Org

ਭਾਈ ਸਾਹਿਬ ਗੁਰੂ ਬਾਣੀ ਅਤੇ ਗੁਰੂ-ਘਰ ਦੇ ਇਤਿਹਾਸ ਦੇ ਪ੍ਰੇਮੀ ਸਨ। ਬਾਣੀ ਪੜ੍ਹਦਿਆਂ ਤਾਂ ਆਪਣਾ ਆਪਾ ਹੀ ਭੁਲ ਜਾਂਦੇ ਸਨ। ਅੰਮ੍ਰਿਤ ਛੱਕਣ ਤੋਂ ਪਹਿਲਾਂ ਵੀ ਗੁਰਬਾਣੀ ਦਾ ਨਿਤਨੇਮ ਕਰਨ ਤੋਂ ਬਿਨਾਂ, ਅੰਨ-ਪਾਣੀ ਅੰਗੀਕਾਰ ਨਹੀਂ ਸਨ ਕਰਦੇ। ਅੰਮ੍ਰਿਤ-ਛੱਕਣ ਤੋਂ ਉਪਰੰਤ ਆਪਣੀ ਡਿਊਟੀ ਤੇ ਪੁਜਣ ਲਈ ਰੇਲ ਦੇ ਪੰਜ ਘੰਟੇ ਦੇ ਸਫ਼ਰ ਵਿਚ ਸ੍ਰੀ ਆਸਾ ਜੀ ਦੀ ਵਾਰ ਦੀਆਂ ਕੇਵਲ ਪਹਿਲੀਆਂ ਪੰਜ ਪਉੜੀਆਂ ਹੀ ਕਰ ਪਾਏ। ਆਪਣੀ ਇਸ ਮਗਨਤਾ ਤੇ ਲਿਵਲੀਨਤਾ ਵਿਚ ਅੰਮ੍ਰਿਤ ਦੀ ਪਾਰਸ ਕਲਾ ਦਾ ਪ੍ਰਭਾਵ ਵੇਖ ਕੇ ਆਪ ਬਹੁਤ ਹੀ ਹੈਰਾਨ ਤੇ ਪ੍ਰਸੰਨ ਹੋਏ। ਅੰਮ੍ਰਿਤ ਛਕਣ ਉਪਰੰਤ ਤਾਂ ਬਾਣੀ ਦੇ ਆਸ਼ਕ ਹੀ ਹੋ ਗਏ। **"ਮੈਂ ਗੁਰਬਾਣੀ ਆਧਾਰ ਹੈ ਗੁਰਬਾਣੀ ਲਾਗਿ ਰਹਾਉ"** (੭੫੯) ਵਾਲੀ ਅਵਸਥਾ ਨੂੰ ਪ੍ਰਾਪਤ ਹੋਏ। ਪੰਜ ਪੰਜ ਪਾਠ ਸ੍ਰੀ ਸੁਖਮਨੀ ਸਾਹਿਬ ਦੇ ਇਕੋ ਬੈਠਕ ਵਿਚ ਕਰਦੇ ਵੇਖੇ ਗਏ।

ਗੁਰਬਾਣੀ ਦਾ ਕੀਰਤਨ ਵੀ ਕਰਦੇ ਸਨ। ਅਨੰਦ-ਮਗਨ ਹੋਏ ਹਾਰਮੋਨੀਅਮ ਲੈ ਕੇ ਗੁਰੂ ਮਹਾਰਾਜ ਦੀ ਹਜ਼ੂਰੀ ਵਿਚ ਲਗਾਤਾਰ ਗੁਰਬਾਣੀ ਗਾਈ ਜਾਂਦੇ ਰਹਿੰਦੇ। ਦਾਸਰੇ ਨੇ ਕਈ ਵੇਰ ਉਨ੍ਹਾਂ ਨੂੰ ਕੀਰਤਨ ਕਰਦਿਆ ਸੁਣਿਆ, ਪ੍ਰੰਤੂ ਗੁਰ-ਮੰਤਰ ਦੇ ਅਲਾਪ ਦੀ ਧੁਨੀ ਇਕ ਵੇਰ ਵੀ ਨਹੀਂ ਲਾਈ ਸੁਣੀ।

ਨਾਮ ਬਾਣੀ ਦੀ ਅਤੁਟ ਅਭਿਆਸ ਕਮਾਈ ਨੇ ਉਨ੍ਹਾਂ ਅੰਦਰ ਗੋਝ ਸ਼ਕਤੀਆਂ ਵਰਤਾਈਆਂ। ਸਹਿਜ ਸੁਭਾਇ ਹੀ ਇਕ ਮੌਕੇ ਇਕ ਗੁਰਸਿਖ ਨੂੰ ਇਸਦਾ ਗਿਆਤ ਹੋਇਆ। ਸੰਨ 1963-64 ਦੀ ਗੱਲ ਹੈ, ਸਨਮੁਖ ਸਿੰਘ ਜੀ ਅਰਦਾਸ ਕਰ ਰਹੇ ਸਨ, ਕਿ ਉਸ ਗੁਰਸਿਖ ਨੇ ਮਨ ਵਿਚ ਧਾਰਿਆ ਕਿ ਇਹ ਮੇਰੇ ਨਮਿਤ ਗੁਪਤ ਅਰਦਾਸ ਕਰਨ ਕਿ ਫਲਾਣੀ ਬੀਬੀ ਨਾਲ ਮੇਰੀ ਸ਼ਾਦੀ ਹੋ ਜਾਏ। ਅਰਦਾਸ ਹੋ ਹੱਟੀ, ਹੁਕਮਨਾਮਾ ਸੁਣਨ ਤੋਂ ਪਹਿਲਾਂ ਹੀ ਸਨਮੁਖ ਸਿੰਘ ਜੀ ਮਨ-ਚਿਤਵੀ ਕਾਮਨੀ ਦੀ ਕਾਮਨਾ ਕਰਨ ਵਾਲੇ ਸਿੱਖ ਦੇ ਸਾਹਮਣੇ ਆ ਕੇ ਇਕ-ਟੱਕ ਉਹਨੂੰ ਦੇਖਣ ਲੱਗ ਪਏ। ਸਿਖ, ਅੰਦਰਲੀ ਕਮਜ਼ੋਰੀ ਕਾਰਨ ਕੰਬਣ ਲਗ ਪਿਆ। ਹੁਕਮਨਾਮਾ ਹੋਣ ਉਪਰੰਤ ਪਿਆਰ-ਸਮਝਾਉਣੀ ਸੁਟਦਿਆਂ ਗੁਰਮੁਖਿ ਵੀਰ ਨੇ ਇਹ ਤੁਕ ਪੜ੍ਹੀ, **"ਮੇਰੈ ਕੰਤ ਨ ਭਾਵੈ ਚੋਲਣਾ ਪਿਆਰੇ ਕਿਉ ਧਨ ਸੇਜੈ ਜਾਇ ॥'** (੭੨੧) ਦੂਜੇ ਸਿਖ ਦੇ ਮਨ ਵਿਚ ਆਈ, ਧਨ ਕੀ ਬਲਾ ਹੁੰਦੀ ਹੈ। ਦੂਜੇ ਪਲ ਹੀ ਭਾਈ ਸਾਹਿਬ ਬੋਲੇ, "ਧਨ ਇਸਤ੍ਰੀ ਹੈ ਸਿੰਘ ਜੀ।" ਉਹ ਹੁਣ ਸ਼ਰਮ ਨਾਲ ਪਾਣੀ ਪਾਣੀ ਹੋਈ ਜਾਏ। ਚਾਹੁਣ ਲੱਗਾ ਕਿ ਭਾਈ ਸਾਹਿਬ ਏਨੀ ਸੰਗਤ ਵਿਚ ਮੈਨੂੰ ਸ਼ਰਮਿੰਦਾ ਨਾ ਕਰਨ। ਐਸਾ ਹੀ ਹੋਇਆ। **'ਪਰਤ੍ਰਿਅ ਰੂਪ ਨ ਪੇਖੈ ਨੇਤ੍ਰ"** ਵਾਲੀ ਸੁਖਮਨੀ ਸਾਹਿਬ ਵਾਲੀ ਸਿਖਿਆ, ਉਸ ਨੇ ਉਸ ਸਮੇਂ ਤੋਂ ਪਲੇ ਬੰਨ੍ਹਣ ਦੀ ਧਾਰ ਲਈ ਅਤੇ ਆਪਣੇ ਕੁਫ਼ਰਨੇ ਤੋਂ ਮੂੰਹ ਮੋੜ ਕੇ ਗੁਰੂ-ਅਦਬ ਦਾ ਧਾਰਨੀ ਹੋਇਆ।

ਇਕੇਰਾਂ ਇਕ ਨੌਜੁਆਨ ਨੇ ਆਪ ਜੀ ਨੂੰ ਪ੍ਰਸ਼ਨ ਕੀਤਾ, "ਆਪਾਂ ਰੋਜ਼ ਰੋਜ਼ ਪੜ੍ਹਦੇ ਹਾਂ, 'ਰਾਜ ਕਰੇਗਾ ਖ਼ਾਲਸਾ।' ਇਤਨੀ ਹਨੇਰ-ਗਰਦੀ ਛਾਈ ਹੋਈ ਹੈ, ਸਤਿਗੁਰੂ ਆਪਣੇ ਖਾਲਸੇ ਨੂੰ ਰਾਜ-ਭਾਗ ਕਦੋਂ ਬਖ਼ਸ਼ਣਗੇ ? **'ਬੂਡਿ ਮੂਏ ਨਉਕਾ ਮਿਲੈ ਕਹੁ ਕਾਹਿ ਚਢਾਵਉ' ?"** (੮੫੮) ਭਾਈ ਸਾਹਿਬ ਉਸ ਸਿੰਘ ਦਾ ਨਾਂ ਲੈ ਕੇ ਇਉਂ ਕਹਿਣ ਲੱਗੇ, "..... ਸਿੰਘ ਜੀ, ਲਿਆਉ ਕੋਈ ਖ਼ਾਲਸਾ ਲੱਭ ਕੇ.... ਜੁ ਸਤਿਗੁਰੂ ਪਾਸੋਂ ਉਸ ਨੂੰ ਰਾਜ-ਭਾਗ ਦਿਵਾ ਦੇਈਏ।" ਹੋਰ ਸਿੰਘ ਵੀ ਜੋ ਕੋਲ ਸਨ, ਸੁਣ ਕੇ ਸੁੰਨ ਹੋ ਗਏ।

ਇਤਨੀ ਗੌਰਵਮਈ ਅੰਦਰੂਨੀ ਅਵਸਥਾ ਦੇ ਬਾਵਜੂਦ ਸਰਬ-ਲੋਹ-ਬਿਬੇਕ ਸੰਜਮ ਵਿਚ ਪਰਪੱਕ ਸਨ। ਭਾਈ ਸਾਹਿਬ ਦਰਸ਼ਨ ਸਿੰਘ ਜੀ 'ਗੜਗੱਜ' ਨਿਤਨੇਮ ਸਮੇਂ ਜਦੋਂ ਅਨੰਦ ਸਾਹਿਬ ਦੀ ਇਹ ਤੁੱਕ ਆਉਂਦੀ, **"ਪਾਵੈ ਮੁਕਤਿ ਨ ਹੋਰਥੈ ਕੋਈ ਪੁਛਹੁ ਬਿਬੇਕੀਆ ਜਾਏ।"** ਤਾਂ ਉੱਚੀ ਸਾਰੀ ਭਾਈ ਸਨਮੁਖ ਸਿੰਘ ਵੱਲ ਮੂੰਹ ਕਰ ਕੇ ਕਹਿ ਉਠਦੇ, "ਦੱਸੋ ਭਾਈ ਬਿਬੇਕੀਓ !"

ਕੇਵਲ ਇਕ ਬਾਟੇ ਤੇ ਸਾਦੇ ਬਸਤਰਾਂ ਵਿਚ ਹੀ ਵਿਚਰਦੇ। ਕਹਿੰਦੇ ਸਨ ਕਿ ਗੁਰਸਿਖ ਨੂੰ ਆਪਣਾ ਸਰੀਰ ਐਸ਼ੀ ਤੇ ਆਰਾਮ-ਤਲਬ ਨਹੀਂ ਬਣਾਉਣਾ ਲੋੜੀਏ।



www.AKJ.Org

# ਭਾਈ ਸੁੰਦਰ ਸਿੰਘ ਜੀ ਜੈਪੁਰ

ਭਾਈ ਗੁਰਦੀਪ ਸਿੰਘ ਸ੍ਰੀ ਅੰਮ੍ਰਿਤਸਰ

ਜਥੇ ਦੇ ਪੁਰਾਤਨ ਨਿਸ਼ਕਾਮ-ਨਿਰਬਾਣ ਕੀਰਤਨੀਏ ਅਤੇ ਕਰਨਲ ਪਿਆਰਾ ਸਿੰਘ ਜੀ ਦੇ ਸੰਗੀ ਸਾਥੀ, ਭਾਈ ਸੁੰਦਰ ਸਿੰਘ ਜੀ ਦਾ ਜਨਮ ਮਿਤੀ 8 ਫ਼ਰਵਰੀ 1929 ਈ. ਨੂੰ ਪਿੰਡ ਸੁਹਾਵਾ ਮੰਡੀ ਬਹਾਉਦੀਨ, ਜ਼ਿਲ੍ਹਾ ਗੁਜਰਾਤ, ਪਾਕਿਸਤਾਨ ਵਿਚ ਭਾਈ ਹਰਨਾਮ ਸਿੰਘ ਦੇ ਘਰ ਮਾਤਾ ਬੀਬੀ ਰਣਜੀਤ ਕੌਰ ਦੇ ਕੁੱਖੋਂ ਹੋਇਆ। ਇਨ੍ਹਾਂ ਦੇ ਪਿਤਾ ਜੀ ਅੰਮ੍ਰਿਤਧਾਰੀ ਗੁਰਸਿੱਖ ਸਨ ਤੇ ਹਰ ਰੋਜ਼ ਗੁਰਦੁਆਰੇ ਕੀਰਤਨ ਕਰਦੇ ਸਨ। ਮਾਤਾ ਜੀ ਅਤੇ ਇਨ੍ਹਾਂ ਦੇ ਵੱਡੇ ਭਰਾ ਵੀ ਕੀਰਤਨੀ ਸਨ। ਗੱਲ ਕੀ ਸਾਰਾ ਪਰਿਵਾਰ ਹੀ ਗੁਰੂ-ਘਰ ਦਾ ਢਾਡੀ ਸੀ ਤੇ ਇਨ੍ਹਾਂ ਨੂੰ ਵੀ ਕੀਰਤਨ ਦੀ ਦਾਤ ਵਿਰਸੇ ਵਿੱਚੋਂ ਹੀ ਮਿਲ ਗਈ ਸੀ।

ਆਪ ਦੀ ਰੁਚੀ ਪੜ੍ਹਾਈ ਵੱਲ ਨਹੀਂ ਸੀ ਤੇ ਕੇਵਲ ਅੱਠ ਜਮਾਤਾਂ ਹੀ ਪਿੰਡ ਦੇ ਲਾਗੇ ਪੈਂਦੀ ਮੰਡੀ ਬਹਾਉਦੀਨ ਤੋਂ ਪੜ੍ਹੇ ਸਨ। ਫਿਰ ਆਪ ਜੀ ਨੇ ਟਰੱਕ ਚਲਾਉਣਾ ਸਿੱਖ ਲਿਆ ਅਤੇ ਅਖ਼ੀਰ ਤਾਈਂ ਇਹੀ ਕਾਰੋਬਾਰ ਕਰਦੇ ਰਹੇ ਪਰ ਮਾਇਆ ਦੇ ਪਿੱਛੇ ਬਹੁਤਾ ਨਹੀਂ ਭੱਜੇ ਅਤੇ ਨਾ ਹੀ ਇਸ ਖਲਜੱਗਣ ਵਿਚ ਗਲਤਾਨ ਹੋਏ। ਮਾਇਆ ਨੂੰ ਦਾਸੀ ਬਣਾ ਕੇ ਹੀ ਰੱਖਿਆ ਅਤੇ ਉਸ ਤੋਂ ਉਪਰਾਮ ਹੀ ਰਹੇ। ਜਦੋਂ ਕੋਈ ਵੀ ਸੰਸਾਰਕ ਕੰਮ ਰੁਕ ਜਾਂਦਾ ਤਾਂ ਆਪ ਗੁਰੂ ਸਾਹਿਬ ਤੇ ਭਰੋਸਾ ਰੱਖਦੇ ਸਨ ਕਿ ਗੁਰੂ ਸਾਹਿਬ ਆਪ ਹੀ ਕਾਰਜ ਸਵਾਰਨਗੇ।

ਉਨ੍ਹਾਂ ਦੇ ਮਾਤਾ-ਪਿਤਾ ਜੀ ਦੀ ਪ੍ਰੇਰਨਾ ਸਦਕਾ 12 ਸਾਲ ਦੀ ਉਮਰ ਵਿੱਚ ਹੀ ਅੰਮ੍ਰਿਤ ਛੱਕ ਲਿਆ ਸੀ ਤੇ ਗੁਰੂ-ਘਰ ਨਾਲ ਜੁੜ ਗਏ ਸਨ। ਉਹ ਗੁਰਦੁਆਰੇ ਜਾ ਕੇ ਪੱਖਾ ਝੱਲਣ ਦੀ ਸੇਵਾ ਕਰਦੇ ਸਨ ਤੇ ਕਈ ਵਾਰੀ ਹੱਥਾਂ ਵਿਚ ਛਾਲੇ ਵੀ ਪੈ ਜਾਂਦੇ ਸਨ। ਇਨ੍ਹਾਂ ਦੇ ਘਰ ਵਿਚ ਮਾਤਾ ਜੀ ਬੱਚਿਆਂ ਨੂੰ ਗੁਰਬਾਣੀ ਦਾ ਪਾਠ, ਖ਼ਾਸ ਕਰ ਨਿਤਨੇਮ ਕਰਨ ਲਈ ਪ੍ਰੇਰਨਾ ਦਿੰਦੇ ਰਹਿੰਦੇ ਸਨ ਅਤੇ ਪ੍ਰਸ਼ਾਦਾ ਵੀ ਨਿਤਨੇਮ ਕਰਨ ਤੋਂ ਬਾਅਦ ਹੀ ਛੱਕਣ ਨੂੰ ਦਿੰਦੇ ਸਨ।

ਇਨ੍ਹਾਂ ਦੇ ਇਲਾਕੇ ਵਿਚ ਭਾਈ ਸਾਹਿਬ ਜੀ ਅਤੇ ਬਾਊ ਮਲ ਸਿੰਘ ਜੀ ਸੰਗਤਾਂ ਸਮੇਤ ਆਉਂਦੇ ਰਹਿੰਦੇ ਸਨ। ਗੁਰਸਿਖੀ ਦੀ ਲਗਨ ਤਾਂ ਪਹਿਲਾਂ ਹੀ ਲੱਗੀ ਹੋਈ ਸੀ ਤੇ ਧੁਰੋਂ ਲਿਖੇ ਸੰਜੋਗਾਂ ਅਨੁਸਾਰ ਇਨ੍ਹਾਂ ਨੂੰ ਭਾਈ ਸਾਹਿਬ ਜੀ ਅਤੇ ਹੋਰ ਗੁਰਸਿਖਾਂ ਦੀ ਸੰਗਤ ਕਰਨ ਦਾ ਸੁਭਾਗ ਪ੍ਰਾਪਤ ਹੋ ਗਿਆ। ਇਹ ਜਥੇ ਵਿਚ ਵਿਚਰ ਕੇ ਹਫਤਾ-ਹਫਤਾ ਸ੍ਰੀ ਅਖੰਡ ਪਾਠ ਸਾਹਿਬ ਤੇ ਕੀਰਤਨ ਸਮਾਗਮਾਂ ਦੇ ਅਨੰਦ ਮਾਣਦੇ ਰਹਿੰਦੇ ਸਨ ਤੇ 8-10 ਦਿਨ ਬਾਅਦ ਹੀ ਘਰ ਆਉਂਦੇ ਸਨ।

ਜਦੋਂ ਆਪ ਜੀ ਅਜੇ ਬਾਲ ਅਵਸਥਾ ਵਿਚ ਹੀ ਸਨ ਤਾਂ ਪ੍ਰੇਮ ਬੈਰਾਗ ਨੇ ਐਸਾ ਉਛਾਲਾ ਮਾਰਿਆ ਕਿ ਗੁਰਦੁਆਰੇ ਤੋਂ ਘਰ ਆ ਕੇ ਕਮਰੇ ਦਾ ਦਰਵਾਜ਼ਾ ਬੰਦ ਕਰ ਲਿਆ। ਉਹ ਨਾਮ ਸਿਮਰਨ ਵਿਚ ਐਸਾ ਮਗਨ ਹੋਏ ਕਿ ਸੁਰਤੀ ਉਪਰ ਜਾ ਚੜ੍ਹੀ ਅਤੇ ਸਰੀਰਕ ਸੁਧ-ਬੁਧ ਭੁਲ ਗਈ । ਜਦ ਕਾਫੀ ਚਿਰ ਦਰਵਾਜਾ ਨਾ ਖੋਲਿਆ ਤਾਂ ਮਾਤਾ ਜੀ ਨੇ ਦਰਵਾਜਾ ਖੁਲਵਾਉਣ ਲਈ ਜ਼ੋਰ ਜ਼ੋਰ ਦੀ ਆਵਜ਼ਾਂ ਮਾਰੀਆਂ। ਦਰਵਾਜ਼ਾ ਖੋਲ੍ਹਣ ਤੇ ਆਪ ਜੀ ਨੇ ਮਾਤਾ ਜੀ ਨੂੰ ਪੁੱਛਿਆ ਕਿ ਤੁਸੀਂ ਕੌਣ ਹੋ ? ਉਨ੍ਹਾਂ ਦੀ ਮਾਤਾ ਜੀ ਨੇ ਕਿਹਾ ਕਿ ਮੈਂ ਤੇਰੀ ਮਾਂ ਹਾਂ, ਪਛਾਣਦਾ ਨਹੀਂ ਅਤੇ ਨਾਲ ਹੀ ਪ੍ਰਸ਼ਾਦਾ ਛੱਕਣ ਲਈ ਕਿਹਾ। ਆਪ ਨੇ ਕਿਹਾ ਜੇ ਮਾਂ ਹੋਵੇ ਤਾਂ ਉਹ ਗੁਰੂ ਤੋਂ ਉਠਾਵੇ ਅਤੇ ਦੂਰ ਕਰੇ ? ਮਾਤਾ ਜੀ ਨੇ ਪੁੱਛਿਆ ਕਿ ਕਿਥੇ ਹਨ ਗੁਰੂ ਸਹਿਬ ? ਆਪ ਨੇ ਕਿਹਾ ਕਿ ਇਥੇ ਨੇ ਗੁਰੂ ਸਾਹਿਬ। ਫਿਰ ਆਪ ਹਰ ਜਗ੍ਹਾ ਵੱਲ ਇਸ਼ਾਰਾ ਕਰਕੇ ਬੋਲਣ ਲਗੇ ਕਿ ਇੱਥੇ ਵੀ ਗੁਰੂ ਸਾਹਿਬ ਹਨ ਤੇ ਉਥੇ ਵੀ ਗੁਰੂ ਸਾਹਿਬ ਹਨ। ਸਭ ਪਾਸੇ ਗੁਰੂ ਸਾਹਿਬ ਜੀ ਦੀ ਜੋਤ ਪਸਰ ਰਹੀ ਹੈ। ਇਸ ਤੋਂ ਬਾਅਦ ਆਪ ਜੀ ਦੀ ਲਗਨ ਹੋਰ ਵੱਧ ਗਈ।

ਦੇਸ਼ ਦੀ ਵੰਡ ਤੋਂ ਬਾਅਦ ਆਪ ਜੀ ਪਰਿਵਾਰ ਸਮੇਤ ਪਹਿਲਾਂ ਆਗਰੇ ਆ ਗਏ ਤੇ ਟਰੱਕ ਚਲਾਉਣ ਦਾ ਕੰਮ



www.AKJ.Org

ਜਾਰੀ ਰੱਖਿਆ। ਫਿਰ ਜੈਪੁਰ ਟਰੱਕਾਂ ਦਾ ਕਾਰੋਬਾਰ ਵਧੀਆ ਹੋਣ ਕਰਕੇ ਇੱਥੇ ਆ ਵੱਸੇ। ਇਥੇ ਹੀ ਇਨ੍ਹਾਂ ਦਾ ਅਨੰਦ ਕਾਰਜ ਭਾਈ ਸੰਤ ਸਿੰਘ ਜੀ ਦਿੱਲੀ ਨਿਵਾਸੀ ਦੀ ਪੁਤਰੀ ਬੀਬੀ ਗਿਆਨ ਕੌਰ ਜੀ ਨਾਲ ਹੋ ਗਿਆ। ਬੀਬੀ ਜੀ ਦਾ ਪੇਕਾ ਪਰਿਵਾਰ ਆਮ ਸਾਧਾਰਨ ਸਿੱਖ ਸਨ। ਪਰੰਤੂ ਬੀਬੀ ਜੀ ਸਹੁਰਾ ਘਰ ਆ ਕੇ ਤਿੰਨ ਸਾਲ ਵਿਚ ਹੀ ਅੰਮ੍ਰਿਤ ਛੱਕ ਕੇ ਤਿਆਰ ਬਰ ਤਿਆਰ ਹੋ ਗਏ। ਪਰਿਵਾਰ ਦੇ ਦੱਸਣ ਮੁਤਾਬਿਕ ਬੀਬੀ ਜੀ ਜੈਪੁਰ ਦੇ ਜਥੇ ਦੇ ਪਰਿਵਾਰਾਂ ਵਿਚੋਂ ਸਭ ਤੋਂ ਪਹਿਲਾਂ ਦਸਤਾਰ ਸਜਾਉਣ ਵਾਲੇ ਸਨ।

ਜੈਪੁਰ ਆਉਣ ਤੇ ਆਪ ਜੀ ਨੂੰ ਕਰਨਲ ਪਿਆਰਾ ਸਿੰਘ ਜੀ, ਭਾਈ ਮਨਮੋਹਨ ਸਿੰਘ ਜੀ ਯੂ.ਐਸ.ਏ. ਦੀ ਨਿੱਘੀ ਸੰਗਤ ਮਾਨਣ ਦਾ ਅਵਸਰ ਬਣ ਗਿਆ। ਇਨ੍ਹਾਂ ਦੀ ਸੰਗਤ ਕਰਕੇ ਆਪ ਅੰਮ੍ਰਿਤ ਵੇਲੇ ਦੀ ਸੰਭਾਲ ਦੇ ਪੱਕੇ ਧਾਰਨੀ ਬਣ ਗਏ ਅਤੇ ਨਾਮ ਸਿਮਰਨ ਦੇ ਅਨੰਦ ਮਾਣਨੇ ਸ਼ੁਰੂ ਕਰ ਦਿੱਤੇ। ਕੀਰਤਨ ਦੀ ਦਾਤ ਤਾਂ ਬਚਪਨ ਤੋਂ ਹੀ ਮਿਲੀ ਹੋਈ ਸੀ। ਨਾਲ ਹੀ ਤਬਲਾ ਵੀ ਵਜਾ ਲੈਂਦੇ ਸਨ। ਸੋ ਇਥੇ ਆ ਕੇ ਉਨ੍ਹਾਂ ਨੇ ਹਫਤਾਵਾਰੀ ਅਤੇ ਰੈਣ ਸਬਾਈ ਕੀਰਤਨ ਆਰੰਭ ਕਰ ਦਿੱਤੇ। ਕਈ ਵਾਰੀ ਦੋ ਰੈਣ ਸਬਾਈਆਂ ਇਕੱਠੀਆਂ ਵੀ ਕਰ ਲੈਂਦੇ ਸਨ। ਇਸ ਤੋਂ ਇਲਾਵਾ ਆਪ ਸ੍ਰੀ ਸਹਿਜ ਪਾਠ ਵੀ ਕਰਦੇ ਰਹਿੰਦੇ ਸਨ। ਜਿਥੇ ਵੀ ਸ੍ਰੀ ਅਖੰਡ ਪਾਠ ਸਾਹਿਬ ਹੋਣਾ ਉਥੇ ਪੁੱਜ ਕੇ ਕਈ ਕਈ ਘੰਟੇ ਬੈਠ ਕੇ ਪਾਠ ਸ੍ਰਵਣ ਕਰਦੇ ਅਤੇ ਅਨੰਦ ਮਾਣਦੇ ਰਹਿੰਦੇ ਸਨ। ਜੈਪੁਰ ਸ਼ਹਿਰ ਅਤੇ ਆਲੇ-ਦੁਆਲੇ ਇਲਾਕਿਆਂ ਵਿਚ ਕੀਰਤਨ ਸਮਾਗਮ ਰੱਚਣ ਵਾਲੇ ਆਪ ਪਹਿਲੇ ਮੋਢੀਆਂ ਵਿਚੋਂ ਸਨ। **ਆਪ ਕੇਂਦਰੀ ਸਮਾਗਮਾਂ ਖ਼ਾਸਕਰ ਦਿੱਲੀ ਦੁਸਹਿਰੇ ਸਮਾਗਮ ਤੇ ਪੁੱਜ ਕੇ ਕੀਰਤਨ ਆਰੰਭ ਕਰਨ ਦੀ ਸੇਵਾ ਕਰਦੇ ਸਨ। ਆਪ ਜੀ ਨੇ ਪੁਰਾਤਨ ਕੀਰਤਨੀਆਂ ਵਾਂਗ ਕਦੇ ਵੀ ਇਹ ਖਿਆਲ ਨਹੀਂ ਕਰਨਾ ਕਿ ਭਰੀ ਸੰਗਤ ਵਿਚ ਕੀਰਤਨ ਸੁਣਾਉਣ ਲਈ ਸਮਾਂ ਮਿਲੇ। ਉਹ ਕੀਰਤਨ ਆਪਣੇ ਮਨ ਨੂੰ ਸਮਝਾਉਣ ਤੇ ਗੁਰੂ ਸਾਹਿਬ ਜੀ ਨੂੰ ਰੀਝਾਉਣ ਲਈ ਕਰਦੇ ਸਨ। ਕੀਰਤਨ ਦੀ ਅਰੰਭਤਾ ਤੋਂ ਲੈ ਕੇ ਭੋਗ ਤਾਈਂ ਪੂਰੇ ਰੈਣ ਸਬਾਈ ਜਾਂ ਦਿਵਸ ਸੁਹੇਲੇ ਕੀਰਤਨ ਦਾ ਆਨੰਦ ਮਾਣਦੇ ਸਨ। ਉਨ੍ਹਾਂ ਦਾ ਜ਼ਿੰਦਗੀ ਦਾ ਮੁਖ ਮਨੋਰਥ ਕੇਵਲ ਕੀਰਤਨ ਹੀ ਸੀ ਤੇ 'ਕਲਜੁਗਿ ਮਹਿ ਕੀਰਤਨ ਪਰਧਾਨਾ' ਦੇ ਸਿਧਾਂਤ ਨੂੰ ਆਪਣਾ ਉਦੇਸ਼ ਬਣਾ ਕੇ ਰੱਖਿਆ। ਆਪ ਜੀ ਨੂੰ ਕੀਰਤਨ ਵਿਚ ਰਾਗ ਤਾਲ ਦੀ ਪੂਰੀ ਸੋਝੀ ਸੀ ਅਤੇ ਹਮੇਸ਼ਾ ਕੀਰਤਨ ਰਾਗ ਵਿਚ ਹੀ ਕਰਦੇ ਸਨ।**

ਉਹ ਦੇਗ ਦੀ ਵਰਤਾਉਣ ਦੀ ਸੇਵਾ ਬੜੇ ਚਾਅ ਨਾਲ ਕਰਿਆ ਕਰਦੇ ਸਨ। ਇਕ ਵਾਰੀ ਦੇਗ ਵਰਤਾ ਰਹੇ ਸਨ ਤੇ ਉਨ੍ਹਾਂ ਹਾਲ ਦੇ ਅੰਦਰ ਬੈਠੀ ਸੰਗਤ ਨੂੰ ਦੇਗ ਦੇ ਖੁਲ੍ਹੇ ਗੱਫੇ ਵਰਤਾ ਦਿੱਤੇ। ਜਦੋਂ ਹਾਲ ਤੋਂ ਬਾਹਰ ਦੇਖਿਆਂ ਤਾਂ ਉਥੇ ਵੀ ਕਾਫੀ ਸੰਗਤ ਬੈਠੀ ਸੀ ਤੇ ਆਪ ਹੈਰਾਨ ਅਤੇ ਥੋੜ੍ਹਾ ਘਬਰਾ ਵੀ ਗਏ। ਜਦ ਆ ਕੇ ਬਾਟੇ ਵਿਚ ਦੇਖਿਆਂ ਤਾਂ ਉਥੇ ਅਜੇ ਚੌਥੀ ਦੇਗ ਪਈ ਸੀ ਤੇ ਹਾਲ ਅੰਦਰਲੀ ਸੰਗਤ ਵਾਂਗ ਉਥੇ ਬਾਹਰ ਬੈਠੀ ਹਾਜ਼ਰ ਸੰਗਤ ਨੂੰ ਵੀ ਖੁਲ੍ਹੇ ਗਫੇ ਵਰਤਾਏ ਪਰ ਫਿਰ ਵੀ ਦੇਗ ਬੱਚ ਗਈ। ਇਸ ਤਰ੍ਹਾਂ ਉਨ੍ਹਾਂ ਦਾ ਭਰੋਸਾ ਗੁਰੂ ਸਾਹਿਬ ਜੀ ਤੇ ਹੋਰ ਵੀ ਵੱਧ ਗਿਆ ਕਿ ਦੇਗ ਨੂੰ ਕਪੜੇ ਨਾਲ ਢੱਕ ਕੇ ਗੁਰੂ ਗੁਰੂ ਕਰਦੇ  ਵਰਤਾਈ ਜਾਵੋ ਅਤੇ ਕਪੜਾ ਚੁੱਕ ਕੇ ਪਿੱਛੇ ਰਹਿੰਦੀ ਦੇਗ ਵੱਲ ਨਾ ਦੇਖੋ। ਗੁਰੂ ਸਾਹਿਬ ਆਪਣੀ ਕਲਾ ਵਰਤਾ ਕੇ ਤੋਟ ਨਹੀਂ ਆਉਣ ਦਿੰਦੇ ਬੇਸ਼ਰਤਾ ਕਿ ਦੇਗ ਪੂਰਨ ਮਰਿਯਾਦਾ ਅਨੁਸਾਰ ਤਿਆਰ ਕੀਤੀ ਜਾਵੇ।

ਜਿਥੇ ਆਪ ਕੀਰਤਨ ਕਰਨ ਤੇ ਤਬਲਾ ਵਜਾਉਣ ਦੀ ਸੇਵਾ ਨਿਭਾਉਂਦੇ ਰਹੇ ਉਥੇ ਇਹ ਗੁਣ ਉਨ੍ਹਾਂ ਆਪਣੇ ਪਰਿਵਾਰ ਦੇ ਬੱਚਿਆਂ ਅਤੇ ਹੋਰ ਸੰਗਤਾਂ ਨੂੰ ਵੀ ਵੰਡਿਆ। ਅਜ ਵੀ ਉਨ੍ਹਾਂ ਦੇ ਪਰਿਵਾਰ ਦੇ ਬੱਚੇ ਕੀਰਤਨ ਦੀ ਨਿਸ਼ਕਾਮ ਸੇਵਾ ਕਰਕੇ ਉਨ੍ਹਾਂ ਦੇ ਪਾਏ ਪੂਰਨਿਆਂ 'ਤੇ ਚੱਲ ਰਹੇ ਹਨ। ਇਸ ਦੇ ਨਾਲ ਉਹ ਬੱਚਿਆਂ ਨੂੰ ਗੁਰਮਤਿ ਨਾਲ ਜੋੜਨ ਲਈ ਗੁਰਬਾਣੀ ਦੇ ਪਾਠ ਦੀ ਸੰਥਿਆ ਵੀ ਦਿੰਦੇ ਰਹਿੰਦੇ ਸਨ ਅਤੇ ਉਨ੍ਹਾ ਨੂੰ ਵੀ ਕੀਰਤਨੀ/ਪਾਠੀ ਬਣਨ ਲਈ ਉਤਸ਼ਾਹਿਤ ਕਰਦੇ ਰਹਿੰਦੇ ਸਨ। ਆਉਣ ਵਾਲੀ ਪੀੜ੍ਹੀ ਤੇ ਹੋਰ ਸੰਗਤਾਂ ਨੂੰ ਗੁਰਮਤਿ ਮਾਰਗ ਦੇ ਪਾਂਧੀ ਬਣਾਉਣ ਲਈ ਭਾਈ ਸਾਹਿਬ ਜੀ ਦੀ ਪੁਸਤਕਾਂ ਪੜ੍ਹਨ ਲਈ ਵੀ ਪ੍ਰੇਰਦੇ ਰਹਿੰਦੇ ਸਨ।

ਉਹ ਗੁਰਸਿਖਾਂ ਦੀ ਖੁਸ਼ੀ ਲਈ ਤਨ-ਮਨ ਵਾਰਨ ਤਾਈਂ ਜਾਂਦੇ ਸਨ। ਜਦੋਂ ਕੋਈ ਗੁਰਸਿੱਖ ਪਿਆਰਾ ਜਾਂ ਕੋਈ



www.AKJ.Org

ਵੀ ਸਿੰਘ ਆਪ ਜੀ ਦੇ ਘਰ ਆਉਂਦਾ ਤਾਂ ਉਸ ਨੂੰ ਆਪ ਲੰਗਰ ਪਾਣੀ ਛਕਾਉਣ ਦੀ ਸੇਵਾ ਕਰਕੇ ਖੁਸ਼ੀਆਂ ਲੈਂਦੇ। ਜਦੋਂ ਸੰਗਤਾਂ ਗੁਰਧਾਮਾਂ ਦੀ ਯਾਤਰਾ ਜਾਂ ਕੀਰਤਨ ਜਾਂ ਸਮਾਗਮਾਂ ’ਤੇ ਲੰਬੇ ਸਫ਼ਰ ਤੇ ਜਾਂਦੀਆਂ ਸਨ ਤਾਂ ਉਨ੍ਹਾਂ ਵਾਸਤੇ ਲੱਸੀ ਲੈ ਕੇ ਜਾਂਦੇ ਸਨ ਅਤੇ ਬੜੇ ਪਿਆਰ ਨਾਲ ਠੰਡੀ ਲੱਸੀ ਛਕਾਉਂਦੇ ਸਨ, ਜਿਸ ਕਰਕੇ ਸੰਗਤਾਂ ਅੱਜ ਵੀ ਉਨ੍ਹਾਂ ਨੂੰ ਯਾਦ ਕਰਦੀਆਂ ਰਹਿੰਦੀਆਂ ਹਨ। ਇਨ੍ਹਾਂ ਦੀ ਸੇਵਾ ਅਤੇ ਗੁਰਸਿੱਖੀ ਜਜ਼ਬਾ, ਮਿੱਠ ਬੋਲੜੇ ਸੁਭਾਅ ਅਤੇ ਹਰ ਇਕ ਨਾਲ ਨਿਮਰਤਾ ਪਿਆਰ ਨਾਲ ਵਰਤਾਓ ਕਰਕੇ ਇਨ੍ਹਾ ਦੇ ਬਹੁਤ ਸਾਰੇ ਸਾਕ ਸੰਬੰਧੀ ਅਤੇ ਹੋਰ ਸੰਗਤਾਂ ਗੁਰੂ ਘਰ ਨਾਲ ਜੁੜ ਗਈਆਂ ਤੇ ਅੰਮ੍ਰਿਤਧਾਰੀ ਹੋ ਕੇ ਜੀਵਨ ਸਫਲਾ ਕਰ ਰਹੀਆਂ ਹਨ।

ਆਪ ਜੀ ਦੇ ਪਰਿਵਾਰ ਵਿਚ ਚਾਰ ਪੁੱਤਰ ਅਤੇ ਇਕ ਧੀ ਹੈ ਜੋ ਕਿ ਸਾਰੇ ਹੀ ਅੰਮ੍ਰਿਤਧਾਰੀ ਅਤੇ ਗੁਰਮਤਿ ਦੇ ਧਾਰਨੀ ਹਨ। ਸਾਰਾ ਪਰਿਵਾਰ ਕੀਰਤਨੀ ਹੈ ਅਤੇ ਅਜੇ ਵੀ ਜੈਪੁਰ ਵਿਖੇ ਕੀਰਤਨ ਰਾਹੀਂ ਸੰਗਤਾਂ ਦੀ ਸੇਵਾ ਕਰਕੇ ਆਪ ਜੀ ਦੇ ਪਾਏ ਪੂਰਨਿਆਂ ’ਤੇ ਚੱਲ ਰਿਹਾ ਹੈ। ਇਨ੍ਹਾਂ ਦਾ ਇਕ ਸਪੁੱਤਰ ਭਾਈ ਨਰਿੰਦਰ ਸਿੰਘ ਜੱਬਲਪੁਰ ਵਾਸੀ ਭਾਈ ਸਨਮੁਖ ਸਿੰਘ ਜੀ ਦੀ ਪੁੱਤਰੀ ਬੀਬੀ ਸੁਰਿੰਦਰ ਕੌਰ ਨਾਲ ਵਿਆਹਿਆ ਹੋਇਆ ਹੈ। ਇਸ ਤਰ੍ਹਾਂ ਇਨ੍ਹਾਂ ਦੇ ਭਾਈ ਸਰਮੁਖ ਸਿੰਘ ਜੀ, ਜੋ ਪੁਰਾਤਨ ਗੁਰਸਿੱਖ ਅਤੇ ਸਰਬਲੋਹੀ ਸਿੰਘ ਸਨ ,ਨਾਲ ਸਿੱਖੀ ਦੀ ਸਾਝ ਅਤੇ ਦੁਨਿਆਵੀ ਰਿਸ਼ਤੇਦਾਰੀ ਵੀ ਸੀ।

ਆਪ ਦੀ ਸਿਹਤ ਸਾਰੀ ਆਯੂ ਨਰੋਈ ਰਹੀ ਪਰੰਤੂ ਜਦੋਂ ਗੁਰੂ ਸਾਹਿਬ ਵਲੋਂ ਬਖ਼ਸ਼ੀ ਹੋਈ ਸਵਾਸਾਂ ਦੀ ਪੂੰਜੀ ਪੂਰੀ ਹੋਣ ਨੇੜੇ ਆਉਂਦੀ ਹੈ ਤਾਂ ਕੋਈ ਨਾ ਕੋਈ ਬਹਾਨਾ ਬਣ ਜਾਂਦਾ ਹੈ। ਇਹ ਗੁਰਮੁਖ ਰੂਹ ਤਾਅ ਜ਼ਿੰਦਗੀ ਕੀਰਤਨ ਰਾਹੀਂ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਦੀ ਰਹੀ। ਅਖ਼ੀਰ ਤੇ ਇਨ੍ਹਾਂ ਨੂੰ ਦਿਲ ਦੀ ਬੀਮਾਰੀ ਦੀ ਤਕਲੀਫ ਹੋ ਗਈ ਸੀ ਜਿਸਦੇ ਇਲਾਜ ਲਈ ਹਸਪਤਾਲ ਦਾਖਲ ਕਰਵਾਉਣਾ ਪਿਆ। ਦੋ ਦਿਨ ਠੀਕ ਰਹਿਣ ਬਾਅਦ ਉਨ੍ਹਾਂ ਦੀ ਸਿਹਤ ਖਰਾਬ ਹੋਣ ਲੱਗ ਪਈ ਤੇ ਫਿਰ ਡਾਕਟਰਾਂ ਨੇ ਰਾਤ ਨੂੰ ਕਿਹਾ ਕਿ ਉਹ ਸਵੇਰੇ 6 ਵਜੇ ਤਾਈਂ ਹੀ ਰਹਿਣਗੇ। ਇਹ ਪਤਾ ਲੱਗਣ ਤੇ ਜੈਪੁਰ ਦੀ ਸੰਗਤ ਹਸਪਤਾਲ ਵਿਚ ਪਹੁੰਚ ਗਈ ਤੇ ਆਪਦੇ ਕਮਰੇ ਵਿਚ ਨਾਮ-ਸਿਮਰਨ/ਗੁਰਬਾਣੀ ਦਾ ਪਾਠ ਅਰੰਭ ਕਰ ਦਿੱਤਾ। ਡਾਕਟਰਾਂ ਦੀ ਚਿਤਾਵਨੀ ਦੇ ਬਾਵਜੂਦ ਆਪ 36 ਘੰਟੇ ਹੋਰ ਨਾਮ ਬਾਣੀ ਸਿਮਰਨ ਦਾ ਆਨੰਦ ਮਾਣਦੇ ਰਹੇ ਅਤੇ ਆਪਣੀ ਸੁਰਤੀ ਗੁਰੂ ਚਰਨਾਂ ਨਾਲ ਜੋੜੀ ਰੱਖੀ। ਮਿਤੀ 15 ਨਵੰਬਰ 2004 ਨੂੰ ਸੰਗਤਾਂ ਅਤੇ ਪਰਿਵਾਰਕ ਮੈਂਬਰਾਂ ਨੂੰ ਫ਼ਤਹਿ ਬੁਲਾ ਕੇ ਗੁਰਪੁਰੀ ਪਿਆਨਾ ਕਰ ਗਏ। ਇਸ ਅੰਤਮ ਵੇਲੇ ਨਾਮ ਬਾਣੀ ਦੇ ਪ੍ਰਵਾਹ ਚੱਲਣ ਕਰਕੇ ਆਪ ਆਪਣੇ ਨਿਜ ਅਸਥਾਨ ਸੰਤਸੰਗਿ ਮੰਡਲਾਂ ਵਿਚ ਤੱਟ ਫੱਟ ਹੀ ਸੁਰਖਰੂ ਹੋ ਕੇ ਜਾ ਬਿਰਾਜੇ। ਜਿਸ ਬਾਰੇ ਸਤਿਕਾਰਯੋਗ ਪੂਰਨ ਦਾਰ ਜੀ ਨੇ ਆਪ ਦੀ ਚੜ੍ਹਾਈ ਕਰਨ ਉਪਰੰਤ ਉਨ੍ਹਾਂ ਦੀ ਸਿੰਘਣੀ ਨੂੰ ਫ਼ੋਨ ਕਰਕੇ ਵਧਾਈਆਂ ਦਿੱਤੀਆਂ ਕਿ ਵੀਰ ਜੀ ਆਪਣੀ ਜਗ੍ਹਾ ’ਤੇ ਪਹੁੰਚ ਗਏ ਹਨ।

## ਪ੍ਰਿੰਸੀਪਲ ਗੁਰਮੁਖ ਸਿੰਘ ਜੀ ਪਟਿਆਲਾ

ਭਾਈ ਗੁਰਦੀਪ ਸਿੰਘ ਸ੍ਰੀ ਅੰਮ੍ਰਿਤਸਰ

ਅਖੰਡ ਕੀਰਤਨੀ ਜਥੇ ਦੀ ਦੂਜੀ ਪੀੜੀ ਦੇ ਰੂਹ ਰਵਾਂ, ਦੈਵੀ ਗੁਣਾਂ ਨਾਲ ਭਰਪੂਰ ਸ਼ਖਸੀਅਤ, ਵਿਦਵਾਨ, ਚਿੰਤਨ, ਲੇਖਕ ਤੇ ਕੀਰਤਨੀਏ ਪ੍ਰਿੰਸੀਪਲ ਗੁਰਮੁਖ ਸਿੰਘ ਜੀ ਦਾ ਜਨਮ ਮਿਤੀ 1 ਮਾਰਚ 1930 ਨੂੰ ਪਿੰਡ ਬੰਨੂ ਜ਼ਿਲ੍ਹਾ ਪਿਸ਼ਾਵਰ (ਪਾਕਿਸਤਾਨ) ਵਿਚ ਡਾਕਟਰ ਸ. ਮੋਹਰ ਸਿੰਘ ਜੀ ਦੇ ਘਰ ਮਾਤਾ ਬੀਬੀ ਆਤਮ ਕੌਰ ਜੀ ਦੀ ਕੁਖੋਂ ਹੋਇਆ। ਇਨ੍ਹਾਂ ਦੇ ਦਾਦੇ/ਪੜਦਾਦੇ ਪਠਾਣਾਂ ਦੇ ਕਬੀਲੇ ਵਿਚੋਂ ਸਨ। ਪ੍ਰੀਵਾਰਕ ਮੈਂਬਰ ਆੜਤ ਦਾ ਕਾਰੋਬਾਰ ਕਰਦੇ



www.AKJ.Org

ਸਨ ਤੇ ਗੁਜ਼ਾਰਾ ਵੀ ਬੜਾ ਸੌਖਾ ਸੀ। ਆਪ ਜੀ ਦੇ ਪਿਤਾ ਜੀ ਡਾਕਟਰੀ ਵਿਦਿਆ ਦਾ ਕੋਰਸ ਕਰਕੇ ਡਾਕਟਰੀ ਦਾ ਪੇਸ਼ਾ ਕਰਦੇ ਸਨ। ਆਪ ਜੀ ਦੇ ਦਾਦਾ/ਦਾਦੀ ਦੇ ਘਰ ਆਪਦੇ ਪਿਤਾ ਜੀ ਦੇ ਜਨਮ ਤੋਂ ਪਹਿਲਾਂ ਚਾਰ ਬੱਚੇ ਪੈਦਾ ਹੋ ਕੇ ਬਾਲਪਨ ਵਿਚ ਹੀ ਚੱਲ ਵਸੇ ਸਨ। ਫਿਰ ਇਕ ਗੁਰੂ ਦੇ ਸ਼ਰਧਾਲੂ ਅਨਿੰਨ ਸਿੱਖ ਭਾਈ ਰਾਮ ਲਾਲ ਜੀ ਨੇ ਪ੍ਰੇਰਨਾ ਦਿੱਤੀ ਕਿ ਗੁਰਦੁਆਰੇ ਸਾਹਿਬ ਜਾ ਕੇ ਅਰਦਾਸ ਕਰਵਾਓ ਤੇ ਪ੍ਰਣ ਕਰੋ ਕਿ ਜੋ ਬੱਚਾ ਪੈਦਾ ਹੋਵੇਗਾ ਉਸ ਨੂੰ ਸਿੱਖ ਬਣਾਇਆ ਜਾਵੇਗਾ। ਉਸ ਪ੍ਰੇਮੀ ਦੇ ਕਹੇ ਅਨੁਸਾਰ ਇਸੇ ਤਰ੍ਹਾਂ ਹੀ ਕੀਤਾ ਗਿਆ। ਇਸ ਤਰ੍ਹਾਂ ਆਪ ਜੀ ਦੇ ਪਿਤਾ ਜੀ ਸਮੇਤ ਚਾਰ ਭਰਾਵਾਂ ਤੇ ਦੋ ਭੈਣਾਂ ਨੇ ਆਪ ਦੇ ਦਾਦਾ ਦਾਦੀ ਦੇ ਘਰ ਜਨਮ ਲਿਆ ਤੇ ਸਾਰੇ ਬੱਚੇ ਜਨਮ ਤੋਂ ਹੀ ਸਿੱਖੀ ਸਰੂਪ ਵਿਚ ਕਾਇਮ ਹੋ ਗਏ।

ਆਪ ਜੀ ਨੇ ਦਸਵੀਂ ਤਾਈ ਸੰਸਾਰਕ ਵਿਦਿਆ ਪਾਕਿਸਤਾਨ ਰਹਿੰਦਿਆਂ, ਪਿਸ਼ਾਵਰ ਦੇ ਸਕੂਲ ਵਿਚੋਂ ਲਈ। ਦੇਸ਼ ਦੀ ਵੰਡ ਤੋਂ ਬਾਅਦ ਆਪ ਜੀ ਪ੍ਰਵਾਰ ਸਮੇਤ ਜਬਲਪੁਰ ਆਪ ਦੀ ਵੱਡੀ ਭੈਣ ਕੋਲ ਚਲੇ ਗਏ। ਉਥੇ ਰਹਿੰਦਿਆਂ ਪ੍ਰਵਾਰ ਦੇ ਗੁਜ਼ਾਰੇ ਲਈ ਅਸਲੇ ਦੀ ਫੈਕਟਰੀ ਵਿਚ ਨੌਕਰੀ ਕਰ ਲਈ ਤੇ ਨਾਲ ਹੀ ਪ੍ਰਾਈਵੇਟ ਤੌਰ ਤੇ ਪਹਿਲਾਂ ਐੱਫ.ਏ. ਤੇ ਫਿਰ ਬੀ.ਏ. ਦੀ ਡਿਗਰੀ ਪ੍ਰਾਪਤ ਕਰ ਲਈ।

ਜਬਲਪੁਰ ਹਿੰਦੂਆਂ ਦਾ ਗੜ੍ਹ ਸੀ ਤੇ ਖਾਸ ਕਰ ਸ਼ਿਵ ਭਗਤਾਂ ਦਾ। ਆਪ ਦੀ ਇਕ ਹਿੰਦੂ ਸਹਿ ਕਰਮਚਾਰੀ ਨਾਲ ਦੋਸਤੀ ਹੋ ਗਈ ਤੇ ਉਸ ਦੀ ਪ੍ਰੇਰਨਾ ਨਾਲ ਸ਼ਿਵ ਜੀ ਦੇ ਭਗਤ ਬਣ ਗਏ ਤੇ ਉਸ ਦੀ ਅਰਾਧਨਾ ਕਰਨ ਲਗ ਪਏ। ਆਪ ਦੇ ਦੋਸਤ ਦੇ ਅੰਦਰ ਕਾਲੀ ਮਾਤਾ ਦੀ ਰੂਹ ਆਉਂਦੀ ਸੀ। ਇਕ ਵਾਰ ਆਪ ਦੇ ਦੋਸਤ ਨੇ ਹਿੰਸਕ ਰੂਪ ਧਾਰਨ ਕਰ ਲਿਆ ਅਤੇ ਉਸ ਨੂੰ ਉਸ ਦੇ ਪ੍ਰੀਵਾਰਕ ਮੈਂਬਰਾਂ ਨੇ ਮਕਾਨ ਦੇ ਉਪਰਲੇ ਕਮਰੇ ਵਿਚ ਬੰਦ ਕਰ ਦਿੱਤਾ। ਜਦ ਆਪ ਉਨ੍ਹਾਂ ਦੇ ਘਰ ਮਿਲਣ ਗਏ ਤੇ ਉਸ ਨੇ ਇਨ੍ਹਾਂ ਨੂੰ ਵੀ ਗਲੋਂ ਫੜ ਲਿਆ। ਸਰੀਰ ਦੇ ਤਕੜੇ ਹੋਣ ਕਰਕੇ ਆਪ ਜੀ ਨੇ ਉਸ ਨੂੰ ਢਾਹ ਕੇ ਉਥੇ ਹੀ ਚੰਗਾ ਕੁਟਾਪਾ ਚਾੜ੍ਹਿਆ। ਉਸ ਦੋਸਤ ਦੇ ਅੰਦਰ ਵਾਸਾ ਕਰ ਰਹੀ ਕਾਲੀ ਮਾਤਾ ਦੀ ਰੂਹ ਵੀ ਉਸ ਨੂੰ ਛੱਡ ਕੇ ਭੱਜ ਗਈ।

ਆਪ ਜੀ ਨੇ ਦਸਵੀਂ ਜਮਾਤ ਵਿਚ ਪੜਦਿਆਂ ਸੰਨ 1946 ਵਿਚ ਪਿਸ਼ਾਵਰ (ਪਾਕਿਸਤਾਨ) ਵਿਚ ਰਿਹਾਇਸ਼ ਸਮੇਂ ਅੰਮ੍ਰਿਤ ਛੱਕ ਲਿਆ ਸੀ। ਨਿਤਨੇਮ ਦੀਆਂ ਬਾਣੀਆਂ ਵੀ ਕੰਠ ਕਰ ਲਈਆਂ। ਪਰ ਜਬਲਪੁਰ ਆ ਕੇ ਕੁਸੰਗਤ ਦੇ ਘੇਰੇ ਵਿਚ ਫੱਸ ਗਏ। ਅਜੇ ਕੱਚੀ ਮੱਤ ਹੋਣ ਕਰਕੇ, ਸਨਾਤਨੀ ਅਤੇ ਵੈਦਿਕ ਵਿਚਾਰਧਾਰਾ ਅਧੀਨ ਇਸ ਭੰਬਲ ਭੂਸੇ ਵਿਚ ਇਕ ਆਜ਼ਾਦ ਖਿਆਲੀਏ ਸਿੱਖ ਬਣ ਬੈਠੇ ਅਤੇ ਇਹ ਵਿਚਾਰ ਮਨ ਵਿਚ ਟਿੱਕ ਗਿਆ ਕਿ ਦਸ਼ਮੇਸ਼ ਜੀ ਨੇ ਖਾਲਸਾ ਪੰਥ ਹਿੰਦੂਆਂ ਦੀ ਰਾਖੀ ਲਈ ਹੀ ਸਾਜਿਆ ਸੀ ਤੇ ਹੁਣ ਕਕਾਰਾਂ ਦੀ ਕੋਈ ਲੋੜ ਨਹੀਂ ਹੈ। ਇਸ ਕੁਮੱਤ ਅਧੀਨ ਕਕਾਰਾਂ ਦਾ, ਇੱਥੋਂ ਤਕ ਕਿ ਸਿੱਖ ਦੀ ਮੁੱਢਲੀ ਨਿਸ਼ਾਨੀ ਕੜੇ ਦਾ ਵੀ ਤਿਆਗ ਕਰ ਦਿੱਤਾ।

ਆਪ ਜੀ ਮਈ 1953 ਵਿਚ ਬੀ.ਐੱਡ. ਦਾ ਕੋਰਸ ਕਰਨ ਲਈ ਜੈਪੁਰ ਆ ਗਏ। ਉਥੇ ਇਕ ਐਤਵਾਰ ਕਿਸੇ ਗੁਰਦੁਆਰੇ ਸੋਢੀ ਹਜ਼ਾਰਾ ਸਿੰਘ ਜੀ ਸਾਬਕਾ ਪ੍ਰਿੰਸੀਪਲ ਕੰਨਿਆ ਮਹਾ ਵਿਦਿਆਲਾ ਫਿਰੋਜ਼ਪੁਰ ਜੋ ਕਿ ਕਿਸੇ ਦੁਰਘਟਨਾ ਕਾਰਨ ਨੇਤ੍ਰਹੀਣ ਹੋ ਗਏ ਸਨ, ਨਾਲ ਮੇਲਾਪ ਹੋ ਗਿਆ। ਉਨ੍ਹਾਂ ਨੂੰ ਗੁਰਮਤਿ ਦੀ ਬਹੁਤ ਸੋਝੀ ਸੀ ਤੇ ਬੜੀ ਪ੍ਰਭਾਵਸ਼ਾਲੀ ਕਥਾ ਕਰਦੇ ਸਨ। ਕੁਝ ਦਿਨਾਂ ਲਈ ਉਹ ਜੈਪੁਰ ਆਏ ਸਨ ਤੇ 80 ਸਾਲ ਦੀ ਉਮਰ ਵਿਚ ਨੇਤਰਹੀਣ ਹੋਣ ਦੇ ਬਾਵਜੂਦ ਵੀ, ਥਾਂ ਪਰ ਥਾਂ ਘਰੋਂ ਕਥਾ ਕਰਨ ਲਈ ਨਿਕਲੇ ਹੋਏ ਸਨ। ਦੀਵਾਨ ਦੀ ਸਮਾਪਤੀ ਪਿਛੋਂ, ਗੁਰਦੁਆਰੇ ਨੇੜੇ ਉਨ੍ਹਾਂ ਨੂੰ ਡੇਰੇ ਤੇ ਛੱਡਣ ਜਾਣ ਵੇਲੇ, ਹੌਂਸਲਾ ਕਰਕੇ ਕਕਾਰਾਂ ਦੀ ਲੋੜ ਅਤੇ ਮਹੱਤਤਾ ਬਾਰੇ ਸੋਢੀ ਸਾਹਿਬ ਤੋਂ ਆਪ ਨੇ ਕੁਝ ਸੁਆਲ ਪੁੱਛੇ। ਉਸ ਵੇਲੇ, ਆਪ ਜੀ ਦੇ ਇਕ ਸਾਥੀ ਦੀ ਮੰਗ ਤੇ ਉਥੇ ਹਾਜ਼ਰ ਗ੍ਰੰਥੀ ਸਿੰਘ ਨੂੰ, ਉਸ ਵਾਸਤੇ ਕੜਾ ਦੇਣ ਲਈ ਵੀ ਕਿਹਾ, ਜੋ ਕਿ ਆਪ ਨੇ ਭੀ ਨਹੀਂ ਪਾਇਆ ਹੋਇਆ ਸੀ। ਕਕਾਰਾਂ ਸਬੰਧੀ ਸੋਢੀ ਸਾਹਿਬ ਵਲੋਂ ਦਿੱਤੀਆਂ ਅਕੱਟ ਦਲੀਲਾਂ ਅੱਗੇ, ਆਪ ਕਕਾਰਾਂ ਦੀ ਮਹੱਤਤਾ ਦੇ ਕਾਇਲ ਹੋ ਗਏ ਤੇ ਉਸੇ ਵਕਤ ਹੀ


www.AKJ.Org

ਸੋਢੀ ਸਾਹਿਬ ਜੀ ਦੇ ਦਸਤੇ-ਮੁਤਾਬਕ ਤੋਂ ਕਈ ਸਾਲਾਂ ਬਾਦ, ਕੜਾ ਮੁੜ ਕੇ ਧਾਰਨ ਕੀਤਾ ਜੋ ਕਿ ਦੁਬਾਰਾ ਅੰਮ੍ਰਿਤ ਛੱਕਣ ਲਈ ਪਹਿਲਾ ਕਦਮ ਸੀ।

ਸੋਢੀ ਸਾਹਿਬ ਨਾਲ ਪਹਿਲੀ ਮਿਲਣੀ ਆਪ ਦੀ ਜ਼ਿੰਦਗੀ ਦੀ ਇਕ ਅਮਿੱਟ ਯਾਦ ਹੈ। ਉਨ੍ਹਾਂ ਦੀ ਪ੍ਰੇਰਨਾ ਨਾਲ ਸਿੱਖ ਸਭਿਆਚਾਰ ਤੇ ਇਤਿਹਾਸ ਦੀ ਇਕ ਪੁਸਤਕ ਵੀ ਉਸੇ ਵਕਤ ਲੈ ਲਈ। ਉਨ੍ਹਾਂ ਨੇ ਹੀ ਆਪ ਜੀ ਨੂੰ ਇਕ ਧੁਰੋਂ ਬਖਸ਼ੀ ਰੂਹ ਕਰਨਲ ਪਿਆਰਾ ਸਿੰਘ ਬੰਨੀ ਪਾਰਕ ਜੈਪੁਰ ਵਾਲਿਆਂ ਦੇ ਸਪੁਰਦ ਕੀਤਾ ਅਤੇ ਉਨ੍ਹਾਂ ਨਾਲ ਜਾਣ ਪਹਿਚਾਣ ਕਰਵਾਈ। ਸੋਢੀ ਸਾਹਿਬ ਤਾਂ ਇਕ ਮਹੀਨੇ ਬਾਅਦ ਚੜ੍ਹਾਈ ਕਰ ਗਏ ਪਰ ਆਪ ਜੀ ਨੂੰ ਗੁਰਮਤਿ ਸਮਝਣ ਲਈ ਇਕ ਐਸੇ ਗੁਰਸਿੱਖ ਨੂੰ ਸੌਂਪ ਗਏ ਜੋ ਸਚਮੁੱਚ ਇਕ ਮਾਡਲ ਸਿੱਖ ਸੀ।

ਕਰਨਲ ਪਿਆਰਾ ਸਿੰਘ ਜੀ ਜੈਪੁਰ ਵਾਲੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਪੁਰਾਣੇ ਸੰਗੀ ਸਾਥੀਆਂ ਵਿਚੋਂ ਸਨ। ਉਨ੍ਹਾਂ ਨਾਲ ਆਪ ਜੀ ਦਾ ਮੇਲ ਅਗਸਤ 1953 ਵਿਚ ਹੋਇਆ। ਉਨ੍ਹਾਂ ਸਦਕਾ ਹੀ ਆਪ ਜੀ ਨੂੰ ਭਾਈ ਸਾਹਿਬ ਜੀ, ਬਾਊ ਮਲ ਸਿੰਘ ਜੀ ਅਤੇ ਹੋਰ ਅਨੇਕਾਂ ਪੁਰਾਤਨ ਗੁਰਸਿੱਖਾਂ ਨਾਲ ਮਿਲਾਪ ਹੋਇਆ। ਆਪ ਸੋਢੀ ਹਜ਼ਾਰਾ ਸਿੰਘ ਜੀ ਦਾ ਹਵਾਲਾ ਦੇ ਕੇ ਇਕ ਸ਼ਾਮ ਉਨ੍ਹਾਂ ਦੀ ਕੋਠੀ ਬੰਨੀ ਪਾਰਕ ਜੈਪੁਰ ਦਰਸ਼ਨ ਕਰਨ ਲਈ ਚਲੇ ਗਏ। ਉਸ ਵੇਲੇ ਉਹ ਫੌਜ ਤੋਂ ਕਰਨਲ ਦੇ ਅਹੁਦੇ ਤੋਂ ਸੇਵਾ ਮੁਕਤ ਹੋ ਚੁੱਕੇ ਸਨ। ਪਰਸਪਰ ਫਤਹਿ ਗਜਾਉਣ ਤੋਂ ਬਾਅਦ ਆਪ ਦੇ ਸੋਢੀ ਸਾਹਿਬ ਦੇ ਮਿਲਣ ਤੋਂ ਪਹਿਲੇ ਖਿਆਲ, ਤੇ ਉਨ੍ਹਾਂ ਦੀ ਮਿਲਣੀ ਨਾਲ ਅਤੇ ਸਿੱਖ ਇਤਿਹਾਸ ਦੀ ਪੁਸਤਕ ਪੜ੍ਹਨ ਨਾਲ ਬਦਲੇ ਵਿਚਾਰਾਂ ਬਾਰੇ ਦਸਦੇ ਹੋਏ, ਕਰਨਲ ਸਾਹਿਬ ਨੂੰ ਗੁਰੂ ਸਾਹਿਬ ਵੱਲੋਂ ਸਾਜੇ ਖਾਲਸਾ ਪੰਥ ਦੇ ਸਰੂਪ ਅਥਵਾ ਮਿਸ਼ਨ ਬਾਰੇ ਉਨ੍ਹਾਂ ਦੇ ਅਨੁਭਵ ਅਨੁਸਾਰ ਜਾਣਕਾਰੀ ਦੇਣ ਲਈ ਬੇਨਤੀ ਕੀਤੀ। ਥੋੜ੍ਹੀ ਦੇਰ ਕਰਨਲ ਸਾਹਿਬ ਚੁੱਪ ਰਹੇ ਕਿ ਕੋਈ ਪੜ੍ਹਿਆ ਲਿਖਿਆ ਨੌਜਵਾਨ ਮੇਰੇ ਪਾਸ ਕੋਈ ਸਮੱਸਿਆ ਲੈ ਕੇ ਆਇਆ ਹੈ। ਆਪ ਦੇ ਬਚਨ ਕਿ "ਹੁਣ ਸਿੱਖਾਂ ਦੀ ਲੋੜ ਨਹੀਂ" ਨੇ ਕਰਨਲ ਸਾਹਿਬ ਨੂੰ ਝੁੰਜਲਾ ਦਿੱਤਾ ਅਤੇ ਗੁੱਸੇ ਹੋ ਕੇ ਥੱਪੜ ਵੀ ਮਾਰਨ ਲੱਗੇ ਸੀ ਕਿ ਇਹ ਨੌਜਵਾਨ ਕੀ ਕਹਿ ਰਿਹਾ ਹੈ? ਪ੍ਰੰਤੂ ਆਪ ਵੱਲੋਂ 'ਪਰ' ਸ਼ਬਦ ਵਰਤਣ ਕਰਕੇ ਉਨ੍ਹਾਂ ਨੂੰ ਅਗਲੀ ਗੱਲ ਸੁਣਨ ਲਈ ਪ੍ਰੇਰਿਆ ਤੇ ਉਹ ਸ਼ਾਂਤ ਹੋ ਗਏ। ਆਪ ਦੀ ਗੱਲ ਸੁਣਨ ਤੋਂ ਬਾਅਦ ਉਨ੍ਹਾਂ ਨੇ ਅੰਮ੍ਰਿਤ ਵੇਲੇ ਦੀ ਘਾਲ ਕਮਾਈ ਵਿਚ ਹਾਜ਼ਿਰ ਹੋਣ ਲਈ ਸੱਦਾ ਦਿੱਤਾ। ਮਿਲਟਰੀ ਅਫ਼ਸਰ ਹੋਣ ਕਰਕੇ ਅੰਮ੍ਰਿਤ ਵੇਲੇ ਦੀ ਸੰਭਾਲ ਨੂੰ ਉਹ ਪਰੇਡ ਕਿਹਾ ਕਰਦੇ ਸਨ। ਆਪ ਨੂੰ ਠੀਕ ਚਾਰ ਵਜੇ ਹਾਜ਼ਰ ਹੋਣ ਲਈ ਕਿਹਾ। ਆਪ ਰਾਤ ਠੀਕ ਤਰ੍ਹਾਂ ਸੌਂ ਨਹੀਂ ਸਕੇ ਤੇ ਤਿੰਨ ਵਜੇ ਉਠ ਕੇ ਇਸ਼ਨਾਨ ਕਰਕੇ ਠੀਕ ਚਾਰ ਵਜੇ ਉਨ੍ਹਾਂ ਦੇ ਘਰ ਗੁਰੂ ਮਹਾਰਾਜ ਦੀ ਹਜ਼ੂਰੀ ਵਿਚ ਜਾ ਹਾਜ਼ਿਰ ਹੋਏ। ਕਰਨਲ ਸਾਹਿਬ ਤਾਂ ਪਤਾ ਨਹੀਂ ਕਿਹੜੇ ਵੇਲੇ ਦੇ ਗੁਰੂ ਮਹਾਰਾਜ ਦਾ ਪ੍ਰਕਾਸ਼ ਕਰਕੇ ਤਾਅਬੇ ਬੈਠੇ ਮਿੱਠੀ ਮਿੱਠੀ ਸੁਰ ਵਿਚ ਬਿਨਾਂ ਸਾਜ਼ਾਂ ਦੇ ਕੀਰਤਨ ਕਰ ਰਹੇ ਸਨ। ਆਪ ਨੂੰ ਉਸ ਸ਼ਾਂਤ ਅਤੇ ਇਕਾਂਤ ਰਸ ਭਿੰਨੇ ਵਾਤਾਵਰਣ ਵਿਚ ਕੁਝ ਚੰਗਾ ਲੱਗਾ। ਅਰਦਾਸ, ਹੁਕਮਨਾਮਾ ਸੁਣ ਕੇ ਆਪ ਘਰ ਆ ਗਏ। ਸ਼ਾਮ ਨੂੰ ਮਿਲਣ ਵੇਲੇ ਉਨ੍ਹਾਂ ਨੇ ਸਵੇਰ ਵਾਲਾ ਹੁਕਮਨਾਮਾ ਆਪ ਤੋਂ ਪੁੱਛਿਆ ਤਾਂ ਆਪ ਨੇ ਹੁਕਮਨਾਮੇ ਦੀ ਇਕ ਸਤਰ ਜੋ ਯਾਦ ਸੀ ਉਹ ਕਹਿ ਸੁਣਾਈ।

**"ਆਇ ਮਿਲੁ ਗੁਰਸਿਖ ਆਇ ਮਿਲੁ ਤੂ ਮੇਰੇ ਗੁਰੂ ਕੇ ਪਿਆਰੇ ॥"**

ਕਰਨਲ ਸਾਹਿਬ ਨੇ ਕਿਹਾ ਕਿ ਸੱਚੇ ਪਾਤਸ਼ਾਹ ਨੇ ਤੈਨੂੰ ਅੱਜ ਦੀ ਪ੍ਰੇਡ ਵਿਚ ਜੀ ਆਇਆਂ ਕਿਹਾ ਹੈ। ਆਪ ਜੀ ਨੂੰ ਉਸ ਦਿਨ ਤੋਂ ਦ੍ਰਿੜ ਹੋ ਗਿਆ ਕਿ ਸਤਿਗੁਰੂ ਜੀ ਨੇ ਕ੍ਰਿਪਾ ਕਰਕੇ ਆਪਣੇ ਗੁਰਮੁਖ ਪਿਆਰਿਆਂ ਦੀ ਸੰਗਤ ਬਖਸ਼ੀ ਹੈ, ਨਹੀਂ ਤਾਂ ਮੈਂ ਰੁਲ ਜਾਣਾ ਸੀ। ਉਸ ਦਿਨ ਤੋਂ ਬਾਅਦ ਆਪ ਹਰ ਰੋਜ਼ ਸ਼ਾਮ ਗੁਰਮਤਿ ਦੀ ਸੋਝੀ ਲੈਣ ਕਰਨਲ ਸਾਹਿਬ ਜੀ ਦੀ ਕੋਠੀ ਜਾਣ ਲਗ ਪਏ ਤੇ ਅੰਮ੍ਰਿਤ ਵੇਲੇ ਦੀ ਪਰੇਡ ਵਿਚ ਸ਼ਾਮਿਲ ਹੁੰਦੇ ਰਹੇ।

ਦੁਸਹਿਰੇ ਦੀਆਂ ਛੁੱਟੀਆਂ ਵਿਚ ਹਰ ਸਾਲ ਅਖੰਡ ਕੀਰਤਨ ਸਮਾਗਮ ਸੰਨ 1944 ਤੋਂ ਦਿੱਲੀ ਵਿਚ ਹੁੰਦੇ ਆ ਰਹੇ ਹਨ ਜਿਸ ਵਿਚ ਭਾਈ ਸਾਹਿਬ ਜੀ, ਜਥੇ ਸਮੇਤ ਸੰਨ 1958 ਤਾਈਂ ਹਾਜ਼ਰੀਆਂ ਭਰਦੇ ਰਹੇ ਹਨ। ਕਰਨਲ



www.AKJ.Org

ਸਾਹਿਬ ਜੀ ਦੇ ਸੰਗ ਸਾਥ ਆਪ ਨੇ ਪਹਿਲੀ ਵਾਰ ਅਕਤੂਬਰ 1953 ਵਿਚ ਦਿੱਲੀ ਸਮਾਗਮ ਦੀ ਹਾਜ਼ਰੀ ਭਰੀ ਜਿਸ ਦਾ ਬਿਰਤਾਂਤ ਆਪ ਜੀ ਦੇ ਹੱਥੀਂ ਲਿਖਿਆ ਹੇਠਾਂ ਦਿੱਤਾ ਜਾ ਰਿਹਾ ਹੈ:-

ਪਹਿਲੀ ਵਾਰ ਅਕਤੂਬਰ ੧੯੫੩ ਦੇ ਦੁਸਹਿਰੇ ਦੇ ਮੌਕੇ ਤੇ ਦਿੱਲੀ ਵਿਖੇ ਅਖੰਡ ਕੀਰਤਨ ਸਮਾਗਮ ਦੇ ਦਰਸ਼ਨ-ਮੇਲੇ ਕਰਨ ਲਈ ਦਾਸ, ਕਰਨਲ ਪਿਆਰਾ ਸਿੰਘ ਜੀ ਦੇ ਸੰਗ ਦਿੱਲੀ ਪੁਜਾ। ਉਦੋਂ ਸੰਗਤਾਂ ਅਤੇ ਭਾਈ ਸਾਹਿਬ ਰਣਧੀਰ ਸਿੰਘ ਜੀ ਦਾ ਉਤਾਰਾ ਦਾਰ ਜੀ ਭਾਈ ਦਰਸ਼ਨ ਸਿੰਘ ਜੀ (ਭਰਾ ਜੀ) (ਜੋ ਉਸ ਸਮੇਂ ਫੂਡ-ਕਮਿਸ਼ਨਰ ਸਨ) ਦੇ ਗ੍ਰਹਿ ਵਿਖੇ ਹੁੰਦਾ ਸੀ।

ਅੰਮ੍ਰਿਤ ਵੇਲੇ ਕਰੀਬ ਡੇਢ ਦੋ ਵਜੇ ਸਿੰਘਾਂ ਦੇ ਇਸ਼ਨਾਨ ਅਤੇ ਨਿਤਨੇਮ ਦੀਆਂ ਗੂੰਜਾਂ ਪੈਣ ਲੱਗੀਆਂ। ਮੇਰੇ ਲਈ ਇਹ ਸਭ ਅਜੀਬ ਸੀ। ਚਾਰ ਵਜੇ ਤਕ ਸਭ ਸੰਗਤਾਂ ਸਵੇਰ ਦਾ ਨਾਸ਼ਤਾ ਲੈ ਕੇ ਗੁਰਦੁਆਰਾ ਸ੍ਰੀ ਸੀਸ ਗੰਜ ਸਾਹਿਬ ਲਈ ਰਵਾਨਾ ਹੋ ਗਈਆਂ। ਭਾਈ ਸਾਹਿਬ ਉਦੋਂ ਆਪ ਵਾਜੇ ਤੇ ਚਾਰ-ਚਾਰ ਪੰਜ-ਪੰਜ ਘੰਟੇ ਕੀਰਤਨ ਕਰਦੇ ਥੱਕਦੇ ਨਹੀਂ ਸਨ। ਹਾਲਾਂ ਕਿ ਉਹਨਾਂ ਦੀ ਉਮਰ ਉਸ ਸਮੇਂ 75 ਸਾਲ ਦੀ ਸੀ। ਭਾਈ ਦਰਸ਼ਨ ਸਿੰਘ ਜੀ ਦਿਲਰੁਬਾ, ਭਾ: ਮਿਹਰ ਸਿੰਘ ਜੀ, ਭਾ: ਹਰਮਿੰਦਰ ਸਿੰਘ ਜੀ, ਸਿੰਧਣ ਬੀਬੀ ਮੀਰਾਂ, ਬੀਬੀ ਮਹਿੰਦਰ ਕੌਰ ਦਾ ਟਕਸਾਲੀ ਜੱਥਾ, ਕਰਨਲ ਪਿਆਰਾ ਸਿੰਘ ਜੀ ਦਾ ਬਿਸਮਾਦੀ ਕੀਰਤਨ ਆਦਿ ਕੁਝ ਇਕ ਕੀਰਤਨੀਆਂ ਦੇ ਨਾਂ ਦਾਸ ਨੂੰ ਚੇਤੇ ਹਨ। ਕਰਨਲ ਪਿਆਰਾ ਸਿੰਘ ਜੀ ਦੇ ਸੰਗ ਸਾਥ ਰਹਿਣ ਕਰਕੇ ਜਿਹੜੇ ਜਿਹੜੇ ਸਿੰਘ ਕਰਨਲ ਸਾਹਿਬ ਨੂੰ ਜੱਫੀ ਵਿਚ ਲੈ ਕੇ ਮਿਲਣ, ਕਈ ਕਈ ਦੇਰ ਤਕ ਅਭਿਆਸ ਹੀ ਕਰੀ ਜਾਣ ਅਤੇ ਜਦੋਂ ਫਤਹ ਬੁਲਾਉਂਦੇ, ਉਹਨਾਂ ਦੇ ਨੇਤਰ ਸਜੱਲ ਹੋਏ ਹੁੰਦੇ। ਮੈਂ ਪਹਿਲੀ ਵਾਰੀ ਪੁਰਾਤਨ ਸਿੰਘਾਂ ਨੂੰ ਇਉਂ ਪਿਆਰ-ਗਲਵਕੜੀਆਂ ਵਿਚ ਸੱਜਲ ਨੇਤਰੀਂ ਵੇਖ ਵੇਖ ਹੈਰਾਨ ਹੋਵਾਂ ਕਿ ਸਿੰਘਾਂ ਦਾ ਮਿਲਣਾ ਅਤੇ ਫਤਹ ਗਜਾਉਣਾ ਪ੍ਰਸਪਰ ਮੇਲ ਦਾ ਤਰੀਕਾ ਤਾਂ ਠੀਕ ਹੈ, ਪਰ ਜਿਹੜਾ ਸਿੰਘ ਕਰਨਲ ਸਾਹਿਬ ਨੂੰ ਗਲਵਕੜੀ ਪਾਉਂਦਾ ਹੈ ਉਹੀ ਵੈਰਾਗ ਵਿਚ ਆਖ਼ਰ ਕਿਉਂ?

ਮੈਨੂੰ ਹੁਣ ਸਮਝ ਆਈ, ਪਰ ਆਈ ਕਈ ਚਿਰਾਂ ਪਿਛੋਂ, ਜਦੋਂ ਦਾਸ ਭੀ ਉਨ੍ਹਾਂ ਬੈਰਾਗ-ਮਈ ਲਹਿਰਾਂ ਨਾਲ ਹੁਲਾਰੇ ਲੈਣ ਲੱਗ ਪਿਆ। ਭਾਈ ਸਾਹਿਬ ਰਣਧੀਰ ਸਿੰਘ ਜੀ ਖ਼ੁਦ ਐਸੀ ਚੁੰਭਕੀ ਸ਼ਖਸੀਅਤ ਸਨ ਕਿ ਉਹਨਾਂ ਦੇ ਦੁਆਲੇ ਜਿਨ੍ਹਾਂ ਸਿੰਘਾਂ ਨੇ ਆਣ ਕੇ ਕੀਰਤਨ-ਅਖਾੜਾ ਰੱਚਿਆ, ਉਹਨਾਂ ਸਾਰਿਆਂ ਵਿਚ ਉਹ ਚੁੰਭਕੀ-ਆਕਰਖਣ ਸ਼ਕਤੀ ਸੀ। ਵਿਸ਼ੇ ਤੋਂ ਦੂਰ ਨਾ ਜਾਵਾਂ, ਦਾਸ ਸੰਨ 1961 ਵਿਚ ਧੂਰੀ ਹੀ ਸੀ। ਸ੍ਰੀ ਅਖੰਡ ਪਾਠ ਅਤੇ ਰੈਣ ਸਬਾਈ ਦੀ ਸੇਵਾ ਦਾਸ ਵਲੋਂ ਹੋਈ। ਡਾ. ਵੀਰ ਸੁਰਿੰਦਰ ਸਿੰਘ ਜੀ ਸਾਡੇ ਗਾਈਡ ਸਨ। ਉਹਨਾਂ ਆਪ ਭੀ ਬੜੀ ਸੇਵਾ ਕੀਤੀ, ਅਤੇ ਸਾਨੂੰ ਭੀ ਗਾਈਡ ਕਰ ਕੇ ਸੇਵਾ ਕਰਵਾਉਂਦੇ ਰਹੇ। ਲੁਧਿਆਣਾ, ਅੰਬਾਲਾ ਦੀਆਂ ਸੰਗਤਾਂ ਬੇਅੰਤ ਆਈਆਂ ਹੋਈਆਂ ਸਨ।

ਭਾ. ਹਰਚਰਨ ਸਿੰਘ ਜੀ ਨੰਦਾ ਅੰਬਾਲਾ ਕੈਂਟ ਜਦੋਂ ਸ਼ਾਮ ਨੂੰ ਰੈਣ ਸਬਾਈ ਕੀਰਤਨ ਲਈ ਆਏ ਤੇ ਵੀਰ ਸੁਰਿੰਦਰ ਸਿੰਘ ਜੀ ਨੂੰ ਗਲਵਕੜੀ ਪਾ ਕੇ ਮਿਲੇ, ਪਤਾ ਨਹੀਂ ਕੀ ਕਲਾ ਵਰਤੀ? ਵੀਰ ਸੁਰਿੰਦਰ ਸਿੰਘ ਜੀ ਗਲਵਕੜੀ ਵਿਚ ਹੀ ਬੇਸੁਧ ਹੋ ਗਏ। ਅਗਲੀ ਸਵੇਰ ਤਕ ਉਹ ਕੀਰਤਨ-ਹਾਲ ਵਿਚ ਹੀ ਇਕ ਪਾਸੇ ਸਾਡੇ ਭਾਅ ਦੇ ਪਏ ਰਹੇ। ਪਰ ਜਦੋਂ ਅਰਦਾਸਾ ਹੋਣ ਲੱਗਾ, ਆਪ ਹੀ ਉਠ ਖੜੇ ਹੋਏ। ਇਸ ਨਿੱਕੀ ਜਿਹੀ ਲਾਂਭੇ ਜਾਣ ਦੀ ਘਟਨਾ ਤੋਂ ਦਾਸ ਦਾ ਭਾਵ ਹੈ ਕਿ ਨਾਮ ਜਪ ਜਪ ਕੇ ਅੰਤਰ-ਆਤਮੇ ਇਹਨਾਂ ਪਿਆਰ-ਗਲਵਕੜੀਆਂ ਵਿਚੋਂ ਬੜਾ ਕੁਝ ਮਿਲਦਾ ਸੀ, ਪਰ ਹੁਣ ਤਾਂ ਇਹ ਪਿਆਰ-ਗਲਵਕੜੀਆਂ ਦੀ ਅਨੂਪਮ ਖੇਡ ਹੀ ਜਿਵੇਂ ਗੁਆਚ ਗਈ ਜਾਪਦੀ ਹੈ। ਇਨ੍ਹਾਂ ਪਿਆਰ-ਗਲਵਕੜੀਆਂ ਵਿਚੋਂ ਇਹੋ ਤੱਥ ਉਘੜਦਾ ਹੈ, ਕਿ ਉਹ ਸਿੰਘ ਨਿਤ ਲੋਚਦੇ ਸਨ **"ਸੇਈ ਪਿਆਰੇ ਮੇਲਿ ਜਿਨ੍ਹਾਂ ਮਿਲਿਆਂ ਤੇਰਾ ਨਾਮ ਚਿਤਿ ਆਵੈ।"**

**'ਮੈਂ ਅਗਲੀ ਗੱਲ ਭਾਈ ਸਾਹਿਬ ਜੀ ਦੇ ਕੀਰਤਨ ਦੀ ਇਕ ਪਲਕ, ਇਕ ਝਲਕ ਦੀ ਕਰਨ ਲੱਗਾ ਹਾਂ। ਰਾਗੀ**



www.AKJ.Org

**ਸਿੰਘਾਂ ਨੂੰ ਭੀ ਕੀਰਤਨ ਕਰਦਿਆਂ ਵੇਖਿਆ ਸੁਣਿਆ ਹੈ। ਉਹਨਾਂ ਦਾ ਬਹੁਤ ਜ਼ੋਰ ਸਾਜ਼ਾਂ ਦੇ ਵਜਾਉਣ, ਰਾਗਾਂ ਦੇ ਆਲਾਪ, ਅਤੇ ਆਪਣੀ ਰਾਗ-ਪ੍ਰਬੀਨਤਾ ਦੇ ਪ੍ਰਗਟਾਅ ਉਤੇ ਹੁੰਦਾ ਹੈ। ਉਹ ਆਪਣੇ ਗਲੇ ਨੂੰ ਬੜਾ ਬਚਾਅ ਕੇ ਵਰਤਦੇ ਹਨ। ਉਹ ਕਲਾਕਾਰ ਅਖਾਂਦੇ ਹਨ। ਪਰ ਜਿਨ੍ਹਾਂ ਧੁਰੋਂ ਆਈ ਸੇਧ ਅਨੁਸਾਰ ਕੀਰਤਨ ਕਰਨਾ ਹੁੰਦੈ ਉਹ "ਠਾਕੁਰੁ ਗਾਈਐ ਆਤਮ ਰੰਗਿ ॥"* ਉਹਨਾਂ ਨੂੰ ਨਾ ਤਾਂ ਆਪਣੇ ਗਲੇ ਦੀ ਹੀ ਪਰਵਾਹ ਹੁੰਦੀ ਹੈ ਅਤੇ ਨਾ ਹੀ ਕਲਾ ਦੇ ਪ੍ਰਗਟਾਉਣ ਵਲ ਧਿਆਨ ਹੁੰਦੈ। ਉਹਨਾਂ ਦੀ ਸੁਰਤਿ ਸਦਾ ਆਤਮ-ਰੰਗਾਂ ਆਤਮ-ਤਰੰਗਾਂ ਵਲ ਹੁੰਦੀ ਹੈ। ਕਈ ਕਈ ਘੰਟੇ ਉਚੀ ਪੰਚਮ ਸੁਰ ਵਿਚ ਕੀਰਤਨ ਕਰੀ ਜਾਣਾ, ਉਹਨਾਂ ਦੇ ਅੰਤਰ-ਆਤਮੇ ਦਾ ਅਗੰਮੀ ਵੇਗ ਹੁੰਦਾ ਹੈ। ਉਹ ਕੀਰਤਨ ਵਿਚੋਂ ਆਤਮਕ ਖ਼ੁਰਾਕ ਭੁੰਚਦੇ ਹਨ।**

**ਅਖੰਡ ਕੀਰਤਨੁ ਤਿਨਿ ਭੋਜਨੁ ਚੂਰਾ ॥ ਕਹੁ ਨਾਨਕ ਜਿਸੁ ਸਤਿਗੁਰੁ ਪੂਰਾ ॥੮॥੨॥**

(ਪੰਨਾ ੨੩੬)

ਆਮ ਰਾਗੀ ਇਸ ਭੋਜਨ-ਚੂਰੀ ਤੋਂ ਵਿਰਵੇ ਰਹਿ ਜਾਂਦੇ ਹਨ। ਸੰਨ 1953 ਦੇ ਅਕਤੂਬਰ ਸਮਾਗਮ ਦੀ ਗੱਲ ਚਲ ਰਹੀ ਸੀ। ਤਿਲਕ ਨਗਰ ਦੇ ਗੁਰਦੁਆਰੇ ਸਾਹਿਬ ਭਾਈ ਸਾਹਿਬ ਜੀ ਆਪ ਕੀਰਤਨ ਕਰ ਰਹੇ ਸਨ, ਚਾਨੀ ਜੀ ਜੋੜੀ ਵਜਾ ਰਹੇ ਸਨ। ਹੋਰ ਸੰਗੀ ਸਾਥੀ ਸਟੇਜ ਤੇ ਭਾਈ ਸਾਹਿਬ ਦੁਆਲੇ ਬੈਠੇ ਹੋਏ ਸਨ ਤੇ ਉਹਨਾਂ ਦੇ ਨਾਲ ਮਿਲ ਕੇ ਸ਼ਬਦ ਪੜ੍ਹ ਰਹੇ ਸਨ-

**ਮੋਹਿ ਗਇਆ ਬੈਰਾਗੀ ਜੋਗੀ ਘਟਿ ਘਟਿ ਕਿੰਗੁਰੀ ਵਾਈ ॥੯॥**

(ਪੰਨਾ ੯੦੭)

ਭਾਈ ਸਾਹਿਬ ਰਸ ਭੁੰਚ ਭੁੰਚ ਕੇ ਇਉਂ ਗੂੰਜਾਂ ਪਾ ਰਹੇ ਸਨ-

**ਮੋਹਿ ਗਇਆ ਮੋਹਿ ਗਇਆ ਮੋਹਿ ਗਇਆ ਬੈਰਾਗੀ ਜੋਗੀ।**

ਇਕ ਛਿਨ ਲਈ 'ਮੋਹਿ ਗਇਆ' ਉਚੀ ਸੁਰ ਵਿਚ ਪੜ੍ਹਿਆ ਤੇ ਭਾਈ ਸਾਹਿਬ ਜੀ ਦੀ ਸੁਰਤਿ ਜੁੜ ਗਈ। ਸਿੰਘਾਂ ਨੇ ਪਹਿਲਾਂ ਭੀ ਇਹ ਨਜ਼ਾਰਾ ਵੇਖਿਆ ਹੋਣੈ, ਪਰ ਮੇਰੇ ਲਈ ਤਾਂ ਇਹ ਅਦਭੁਤ ਨਜ਼ਾਰਾ ਸੀ ਕਿ ਕੀਰਤਨ ਕਰਦਾ ਕਰਦਾ ਕੋਈ ਕੀਰਤਨ ਵਿਚ ਹੀ ਸਮਾਅ ਜਾਵੇ। ਭਾਈ ਸਾਹਿਬ ਦਾ ਵਾਜਾ ਵਜਣਾ ਬੰਦ ਹੋ ਗਿਆ। ਜੋੜੀ ਵਾਲਾ ਭੀ ਰੁੱਕ ਗਿਆ। ਖੜਤਾਲਾਂ ਭੀ ਰੁਕ ਗਈਆਂ। ਸਿੰਘ ਹੌਲੀ ਹੌਲੀ ਅਭਿਆਸ ਕਰਨ ਜੁੱਟ ਪਏ। ਕੁਝ ਮਿੰਟ ਇਹ ਸੁੰਨ-ਮੁੰਨ ਅਵਸਥਾ ਰਹੀ। ਫਿਰ ਭਾਈ ਸਾਹਿਬ ਜੀ ਰੂਹ-ਮੰਡਲ ਤੋਂ ਉਤਰੀ ਤੇ ਉਥੋਂ ਹੀ ਤੁੱਕ ਨੂੰ ਮੁੜ ਗਾਉਣਾ ਆਰੰਭ ਕੀਤਾ - "ਮੋਹਿ ਗਇਆ ਬੈਰਾਗੀ ਜੋਗੀ"

**ਇਕ ਵਾਰੀ ਫਿਰ ਉਹ ਗੂੰਜਾਂ ਪੈਣ ਲੱਗ ਪਈਆਂ। ਅੱਜ ਕਲ੍ਹ ਦੇ ਕੀਰਤਨ-ਅਖਾੜਿਆਂ ਵਿਚ ਇਹੋ ਜਿਹੀਆਂ ਚੁੰਭਕੀ ਗੱਲਾਂ, ਰੂਹ ਨੂੰ ਸ਼ਬਦ ਨਾਲ ਜੋੜ ਦੇਣ ਦੇ ਕ੍ਰਿਸ਼ਮੇ ਘੱਟ ਹੀ ਵਾਪਰਦੇ ਹਨ, ਹੁਣ ਤਾਂ ਕੀਰਤਨੀਏ ਜੱਥੇ ਬਹੁਤਾ ਕਰਕੇ ਆਪਣਾ ਟਾਈਮ ਪੂਰਾ ਕਰ ਕੇ ਸਾਥੀਆਂ ਸਮੇਤ ਸਟੇਜ ਤੋਂ ਉਠ ਜਾਂਦੇ ਹਨ। ਪਰ ਓਦੋਂ ਇਹ ਗੱਲ ਨਹੀਂ ਸੀ। ਸਾਰੇ ਕੀਰਤਨੀਏ ਸਟੇਜ ਤੇ ਇਕ-ਦੂਜੇ ਨਾਲ ਮਿਲ ਕੇ ਇਕੱਠੇ ਹੀ ਕੀਰਤਨ-ਧੁਨੀਆਂ ਗੂੰਜਾਉਂਦੇ ਦਿੱਸਦੇ ਸਨ। ਕੀਰਤਨੀਏ ਵੀਰ ਆਪੋ ਆਪਣੀ ਵਾਰੀ ਭੁਗਤਾ ਕੇ ਉਥੇ ਹੀ ਸਜੇ ਰਹਿੰਦੇ ਸਨ ਅਤੇ ਕੀਰਤਨ ਦਾ ਰਸ ਭੁੰਚਦੇ ਕਦੀ ਅੱਕਦੇ-ਥੱਕਦੇ ਨਹੀਂ ਸਨ, ਉਨ੍ਹਾਂ ਨੂੰ ਕਿਤੇ ਬਾਹਰ ਜਾਣ ਦੀ ਅਭਿਲਾਖਾ ਨਹੀਂ ਸੀ ਹੁੰਦੀ। ਇਸੇ ਕਰਕੇ ਉਹ ਕੀਰਤਨ-ਅਖਾੜਾ ਵਧ ਤੋਂ ਵਧ ਚੜ੍ਹਦੇ ਰੰਗਾਂ ਵਿਚ ਨਾਮ-ਰਸ ਵਿਚ ਮਸਤੂਲ ਮਸਤ ਕਰੀ ਜਾਂਦਾ ਸੀ। ਕਾਸ਼! ਉਹ ਰੰਗ ਹੁਣ ਵੀ ਮਾਣਨ ਦੇ ਅਵਸਰ ਬੱਝਣ।**

ਦਾਸ ਸੰਨ 1953 ਵਿਚ ਬਿਲਕੁਲ ਅਨਜਾਣ ਸੀ, ਪਰ ਉਪਰੋਕਤ ਘਟਨਾ ਮੇਰੇ ਧੁਰ ਅੰਦਰ ਧੱਸ ਗਈ। ਇਸ ਘਟਨਾ ਨੇ ਮੈਨੂੰ ਇਸੇ ਸਮਾਗਮ ਤੇ ਅੰਮ੍ਰਿਤ ਛਕਣ ਲਈ ਪ੍ਰੇਰਿਆ।

ਇਸ ਸਮਾਗਮ ਦੀ ਹਾਜ਼ਰੀ ਤੋਂ ਬਾਅਦ ਆਪ ਜੀ ਦੁਬਾਰਾ ਅੰਮ੍ਰਿਤ ਛੱਕ ਕੇ ਤਿਆਰ ਬਰ ਤਿਆਰ ਰਹਿਤ ਬਹਿਤ ਦੇ ਧਾਰਨੀ ਹੋ ਗਏ ਅਤੇ ਆਪਣਾ ਸਿੱਖੀ ਸਿਦਕ ਕੇਸਾਂ ਸੁਆਸਾਂ ਸੰਗ ਸਾਥ ਤੋੜ ਨਿਬਾਹਿਆ।



www.AKJ.Org

ਆਪ ਜੀ ਦਾ ਅਨੰਦ ਕਾਰਜ ਸੰਨ 1955 ਵਿਚ ਬੀਬੀ ਤੇਜਿੰਦਰ ਕੌਰ ਜੀ ਉਰਫ ਰਾਣੀ ਸਪੁੱਤਰੀ ਸ. ਵਜ਼ੀਰ ਸਿੰਘ ਵਾਸੀ ਸਿਆਲਕੋਟ (ਪਾਕਿਸਤਾਨ) ਨਾਲ ਹੋਇਆ। ਦੇਸ਼ ਦੀ ਵੰਡ ਤੋਂ ਬਾਅਦ ਬੀਬੀ ਜੀ ਪ੍ਰੀਵਾਰ ਸਮੇਤ ਦਿੱਲੀ ਆ ਕੇ ਵੱਸ ਗਏ 'ਤੇ ਇਥੇ ਰਹਿੰਦਿਆਂ ਦਸਵੀਂ ਜਮਾਤ ਪਾਸ ਕਰਨ ਤੋਂ ਬਾਅਦ ਐੱਫ.ਏ. ਪਾਸ ਕਰ ਲਈ ਸੀ। ਬੀਬੀ ਜੀ ਦੇ ਪ੍ਰੀਵਾਰ ਦਾ ਜਥੇ ਦਾ ਸਿੰਘਾਂ ਨਾਲ ਮਿਲਾਪ ਹੋ ਗਿਆ ਤੇ ਬੀਬੀ ਜੀ ਜਥੇ ਪਾਸੋਂ ਅੰਮ੍ਰਿਤ ਛੱਕ ਕੇ ਤਿਆਰ ਬਰ ਤਿਆਰ ਹੋ ਗਏ ਤੇ ਕੇਸਕੀ ਦੀ ਰਹਿਤ ਵੀ ਧਾਰਨ ਕਰ ਲਈ। ਇਸ ਤੋਂ ਬਾਅਦ ਕੀਰਤਨ ਸਿਖ ਕੇ ਚੜ੍ਹਦੀਆਂ ਕਲਾਂ ਵਾਲੇ ਨਾਮ ਰੰਗਾਂ ਵਿਚ ਕੀਰਤਨ ਦੀਆਂ ਅਨਹਦ ਧੁੰਨੀਆਂ ਗੁੰਜਾ ਕੇ ਸੰਗਤਾਂ ਨੂੰ ਨਿਹਾਲ ਕਰਨ ਲਗ ਪਏ। ਬੀਬੀ ਜੀ ਦਾ ਪੂਰਬਲੇ ਕਰਮਾਂ ਅਨੁਸਾਰ ਭਾਈ ਸਾਹਿਬ ਜੀ ਦਾ ਆਪ ਨਾਲ ਅਤਿ ਸਨੇਹ ਸੀ। ਬੀਬੀ ਜੀ ਜਿਨ੍ਹਾਂ ਨੂੰ ਦਿੱਲੀ ਵਿਚ ਰਹਿੰਦਿਆਂ ਭਾਈ ਸਾਹਿਬ ਜੀ ਸੰਗਤ ਮਾਨਣ ਦਾ ਸੁਭਾਗ ਪ੍ਰਾਪਤ ਰਿਹਾ ਹੈ ਦਸਦੇ ਹੁੰਦੇ ਸਨ ਕਿ **ਭਾਈ ਸਾਹਿਬ ਵੇਲੇ ਸ੍ਰੀ ਅਖੰਡ ਪਾਠ ਦੀ ਅਰੰਭਤਾ ਸਮੇਂ ਜਪੁਜੀ ਸਾਹਿਬ ਜੀ ਦੇ ਪੂਰੇ ਪਾਠ ਹੋਣ ਤੇ ਹੀ ਦੇਗ ਵਰਤਾਈ ਜਾਂਦੀ ਸੀ ਨਾ ਕਿ ਹੁਣ ਵਾਂਗ ਪੰਜ ਪਉੜੀਆਂ ਦੇ ਪਾਠ ਹੋਣ ਤੇ ਹੀ ਦੇਗ ਵਰਤਾ ਦਿੱਤੀ ਜਾਂਦੀ ਹੈ।** ਭਾਣੇ ਅੰਦਰ ਬੀਬੀ ਜੀ ਸੰਨ 1951 ਵਿਚ ਕਿਸੇ ਗੈਬੀ ਰੂਹ ਦੇ ਸਰੀਰ ਅੰਦਰ ਪ੍ਰਵੇਸ਼ ਕਾਰਨ ਬੀਮਾਰ ਰਹਿਣ ਲਗ ਪਏ ਤੇ ਨਾਮ ਬਾਣੀ ਦਾ ਪਹਿਰਾ ਵੀ ਘੱਟ ਗਿਆ। ਫਿਰ ਮਨਮਤੀਆਂ ਦੇ ਕਹੇ ਦਸਤਾਰ ਵੀ ਲਾਹ ਦਿੱਤੀ ਅਤੇ ਆਪਣੀ ਵੱਡੀ ਭੈਣ ਕੋਲ ਜਲੰਧਰ ਆ ਗਏ। ਉਸ ਵੇਲੇ ਭਾਈ ਸਾਹਿਬ ਜੀ ਗਰਮੀਆਂ ਵਿਚ ਕੁਮਾਰਹੱਟੀ ਗਏ ਹੋਏ ਸਨ ਤੇ ਬੀਬੀ ਰਾਣੀ ਨੇ ਆਪਣਾ ਦੁੱਖ, ਪੱਤਰ ਰਾਹੀਂ ਲਿਖ ਕੇ ਭੇਜਿਆ ਤੇ ਅਰਦਾਸ ਰਾਹੀਂ ਸਹਾਇਤਾ ਕਰਨ ਲਈ ਜੋਦੜੀ ਕੀਤੀ। ਭਾਈ ਸਾਹਿਬ ਜੀ ਨੇ ਤਰਸ ਖਾ ਕੇ ਆਪਣੀ ਰੰਞਾਣੀ ਬੱਚੀ ਰਾਣੀ ਨੂੰ ਉਸ ਦੀ ਦਸ਼ਾ ਉਭਾਰਨ ਲਈ ਇਕ ਖਾਸ ਪੱਤਰ ਲਿਖਿਆ ਜੋ ਹੇਠਾਂ ਦਿੱਤਾ ਜਾ ਰਿਹਾ ਹੈ ਜੋ ਕਿ ਭਾਈ ਸਾਹਿਬ ਦਾ ਇਸ ਬੀਬੀ ਪ੍ਰਤੀ ਪਿਆਰ ਅਤੇ ਦੁੱਖ ਦੀ ਨਵਿਰਤੀ ਕਰਾਉਣ ਦਾ ਇਕ ਨਮੂਨਾ ਹੈ।

ੴ

ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਹਿ ॥

ਕੁਮਾਰਹੱਟੀ
15-9-51

**"ਅਸਥਿਰ ਰਹਹੁ ਡੋਲਹੁ ਮਤ ਕਬਹੂ ਗੁਰ ਕੈ ਬਚਨਿ ਅਧਾਰਿ ॥"**
**"ਜੈ ਜੈ ਕਾਰੁ ਸਗਲ ਭੂ ਮੰਡਲ ਮੁਖ ਊਜਲ ਦਰਬਾਰ ॥"**

ਮੇਰੀ ਦਰਦ ਰੰਞਾਣੀ ਬੱਚੀ ਬੀਬੀ ਰਾਣੀ, ਸਿਰੀ ਰਾਣੀ ਬੀਬਾ ਜੀਉ ! ਦਰਦ ਭਰੀ ਪਾਤੀ ਮਿਲੀ। ਪੜ੍ਹ ਕੇ ਹਿਰਦਾ ਅਤਿਅੰਤ ਦ੍ਰਵੀਭੂਤ ਹੋਇਆ। ਬਿਰਤੀ ਨਿਮਗਨ ਹੋ ਕੇ ਅਰਦਾਸ ਵਿਚ ਜੁੜ ਗਈ। ਨਿਤਨੇਮ ਦੀ ਬਾਣੀ ਨਾਮ ਅਭਿਆਸ ਅੰਦਰ, ਕੀਰਤਨ ਕਲਾ ਅੰਦਰਿ ਸੁਰਤੀ ਅੱਤ ਤ੍ਰਾਸਮਾਨ ਹੋ ਕੇ ਤੇਰੇ ਪ੍ਰਥਾਇ ਤਰਸ-ਗੀਧੀ ਰਹੀ। ਤੇਰੇ ਨਮਿਤ ਜੋ ਗੁਰਵਾਕ ਸਫੁਰਨ ਹੋਏ, ਅਜ ਲੇਖਣੀ ਅੰਦਰਿ ਪਰੋਏ। ਨਿਮਾਣੀ ਸੁਤੇ ਬਿਰਤ ਸਫੁਰਨਤਾ ਦੱਸਦੀ ਹੈ ਕਿ ਬੱਚੀ ਰਾਣੀ ਦਾ ਵਾਲ ਵਿੰਗਾ ਨਹੀਂ। ਸੋ ਸਮੁੱਚੀ ਲੜੀ ਗੁਰ-ਗਿਰਾ ਦੀ ਗੁੰਫ ਕੇ ਇਸ ਪਾਤੀ ਦੇ ਨਾਲਿ ਘਲਦਾ ਹਾਂ। ਤੁਸੀਂ ਭੀ ਨੀਝ ਨਾਲਿ ਇਨ੍ਹਾਂ ਦਾ ਪਠਨ ਕਰੋ, ਹਿਰਦੇ ਅੰਦਰਿ ਧਾਰੋ ਅਤੇ ਚੜ੍ਹਦੀ ਕਲਾ ਵਿਚਿ ਹੋਵੋ।

ਬੱਚੀਏ, ਸਤਿਗੁਰੂ ਤੇਰੀ ਹੱਥ ਦੇ ਕੇ ਰਛਿਆ ਕਰੇ। ਸ਼ਾਬਾਸ਼ ! ਤੂੰ ਉਸ ਚੇਟਕੀ ਬਾਬੇ ਦੇ ਅਗੇ ਨਿਵੀਂ ਨਹੀਂ, ਜਿਥੇ ਗਈ, ਤੂੰ ਡੋਲੀ ਨਹੀਂ। ਇਹ ਤੇਰੀ ਗੁਰਮੁਖਤਾਈ ਵਾਲੀ ਗੰਭੀਰਤਾ ਹੈ। ਪਰ ਬੱਚੀਏ, ਤੈਂ ਇਹ ਕਮਜ਼ੋਰੀ ਦਿਖਾਈ ਕਿ ਗੁਰੂ ਕਲਗੀਧਰ ਦਾ ਖੰਡੇ ਦਾ ਅੰਮ੍ਰਿਤ ਪੰਜਾ ਪਿਆਰਿਆਂ ਦੁਆਰਾ ਛੱਕ ਕੇ, ਫੇਰ ਓਸ ਚੇਟਕੀ ਬਾਬੇ ਦੇ ਹੱਥੋਂ ਮੰਤ੍ਰਾਇਆ ਹੋਇਆ ਪਾਨੀ ਕਿਉਂ ਪੀਤਾ? ਜਿਸ ਨੂੰ ਤੂੰ ਅੰਮ੍ਰਿਤ ਆਖਨੀ ਹੈਂ। **"ਨਾਨਕ ਅੰਮ੍ਰਿਤੁ ਏਕੁ ਹੈ ਦੂਜਾ ਅੰਮ੍ਰਿਤੁ ਨਾਹਿ"** ਗੁਰੂ ਕੀਆਂ ਅੰਮ੍ਰਿਤਧਾਰੀ ਤਿਆਰ ਬਰ ਤਿਆਰ ਰੂਹੜੀਆਂ ਨੂੰ ਹੋਛੇ ਪਾਣੀਆਂ ਉਤੇ ਨਹੀਂ ਪਤੀਜਣਾ ਚਾਹੀਦਾ। ਬਚੀਏ,


www.AKJ.Org

ਜੇ ਤੈਂ ਪਹਿਲਾਂ ਹੀ ਕੇਸਕੀ ਉਤਾਰਨ ਵਾਲੀ ਕਮਜ਼ੋਰੀ ਨਾ ਕੀਤੀ ਹੁੰਦੀ ਤਾਂ ਸਿਰੀ ਦਸਮੇਸ਼ ਪਿਤਾ ਤੇਰੇ ਹਰਬਾਬ ਸਹਾਈ ਹੁੰਦੇ ਅਤੇ ਤੂੰ ਹਰ ਦਮ ਚੜ੍ਹਦੀਆਂ ਕਲਾਂ ਵਿਚ ਰਹਿੰਦੀ ਅਤੇ ਆਨ ਮਤੀ ਕੁਟੰਬੀਆਂ ਦੇ ਕਹੇ ਕਰਾਮਾਤ-ਚੇਟਕੀ ਪਾਖੰਡੀ ਦੇ ਨੇੜੇ ਭੀ ਨਾ ਢੁਕਦੀ। **'ਸੁਖੁ ਦੁਖੁ ਤੇਰੀ ਆਗਿਆ ਪਿਆਰੇ ਦੂਜੀ ਨਾਹੀ ਜਾਇ'** ਭਾਣੇ ਅਨੁਸਾਰ ਔਹਰ ਸੌਹਰ ਸਰੀਰਾਂ ਨੂੰ ਹੋਇਆ ਹੀ ਕਰਦੀ ਹੈ, ਜੋ ਭਾਣੇ ਅੰਦਰਿ ਨਵਿਰਤ ਹੋ ਜਾਂਦੀ ਹੈ। ਪ੍ਰੰਤੂ ਬਹੁਤ ਦੁਖ ਜੋ ਤੈਨੂੰ ਪਰਤੀਤ ਹੋਇਆ ਹੈ ਅਤੇ ਤੈਥੋਂ ਸੁਣ ਕੇ ਬੱਚੀਏ, ਮੈਨੂੰ ਭੀ ਮਹਿਸੂਸ ਹੋਇਆ ਹੈ, ਉਹ ਇਹ ਹੈ ਕਿ ਤੇਰੀ ਸੁਰਤੀ ਬਿਰਤੀ ਨਾਮ ਅਭਿਆਸ ਕਲਾ ਵਲੋਂ ਰਹਿ ਖੜੋਤੀ ਹੈ, ਤੁਰਦੀ ਹੀ ਨਹੀਂ। ਇਹ ਕਿਸੇ ਗੋਝ ਅਵੱਗਿਆ ਦਾ ਕਾਰਨ ਹੈ। ਬੱਚੀਏ ਤੂੰ ਬਹੁਤੀ ਦੁਖ ਦੇ ਅਧੀਨ ਨਾ ਹੋਹੁ। ਜਿਵੇਂ ਭੀ ਨਾਮ ਚਲਦਾ ਹੈ, ਚਲਾਉਣ ਦਾ ਉਦਮ ਯਤਨ ਧਾਰ। ਸੁਖਾਲੇ ਸੁਆਸੀਂ ਨਹੀਂ ਚਲਦਾ ਤਾਂ ਰਸਨਾ ਕਰਕੇ ਰਟਨ ਕਰਿਆ ਕਰਿ। ਅਸੀਂ ਪਰਸੋਂ ਸੰਗ੍ਰਾਂਦ ਵਾਲੇ ਦਿਨ ਤੇਰੀ ਨਮਿਤ ਅਰਦਾਸ ਕਰਾਂਗੇ। ਸਤਿਗੁਰੂ ਬੱਚੀ ਨੂੰ ਸਹਾਈ ਹੋਣਗੇ। ਸਤਿਗੁਰੂ ਸਾਨੂੰ ਫੇਰ ਅਵਸਰ ਬਖਸ਼ੇ ਕਿ ਤੇਰੀ ਰਸੀਲੀ ਰਸਨਾ ਤੋਂ ਵੈਰਾਗ-ਮਈ ਪ੍ਰੇਮ-ਭਿੰਨੇ ਕੀਰਤਨ ਸੁਣਨ ਦਾ ਸੁਭਾਗ ਪ੍ਰਾਪਤਿ ਹੋਵੇ। ਸਤਿਗੁਰੂ ਤੈਨੂੰ ਸੁਰਖਰੂਈ ਬਖਸ਼ੇਗਾ ਅਤੇ ਤੈਨੂੰ ਨਿਹਾਲ ਨਿਹਾਲ ਨਿਹਾਲ ਕਰੇਗਾ। ਤੈਂ ਜੋ ਉਸ ਚੇਟਕੀ ਬਾਬੇ ਦੀ ਈਨ ਨਹੀਂ ਮੰਨੀ ਅਤੇ ਡੋਲੇ ਹੋਏ ਸਬੰਧੀਆਂ ਦੇ ਕਹੇ ਅੰਡਾ ਮਾਸ ਨਹੀਂ ਖਾਧਾ ਅਤੇ ਰੰਚਕ ਡੋਲੀ ਨਹੀਂ, ਇਹ ਤਾਂ ਤੇਰੇ ਉਪਰ ਗੁਰੂ ਕੀਆ ਅਪਾਰ ਖੁਸ਼ੀਆਂ ਹਨ। ਬੱਚੀਏ ਨਾਮ ਅਭਿਆਸੀ ਦੇ ਫੇਫੜੇ ਕਦੇ ਕਮਜ਼ੋਰ ਨਹੀਂ ਹੁੰਦੇ। ਸਤਿਗੁਰੂ ਤੈਨੂੰ ਸਾਹਸ ਬਖਸ਼ੇ, ਸੁਮੱਤ ਪ੍ਰਦਾਨ ਕਰੇ ਕਿ ਤੂੰ ਨਾਮ ਦਾ ਖੰਡਾ ਖੜਕਾਉਣ ਵਿਚ ਤਤਪਰ ਅਤੇ ਪਰਬੀਨ ਹੋ ਜਾਵੇਂ। ਰੋਸ ਸੋਗ ਤੇਰੇ ਨੇੜੇ ਨਹੀਂ ਆਵਣਗੇ। ਅਸਾਡੀਆਂ ਅਸੀਸਾਂ ਤੇਰੇ ਨਾਲ ਹਨ। ਤੈਂ ਘਬਰਾਉਣਾ ਨਹੀਂ। ਇਹ ਸੰਕਟ ਤਸੀਹੇ ਸਭ ਕਟੇ ਜਾਣੇ ਹਨ। ਸਤਿਗੁਰੂ ਤੈਨੂੰ ਸਿਦਕ ਸ਼ਰਧਾ ਭਰੋਸਾ ਭਖਸ਼ੇ ਅਤੇ ਕਦੇ ਡੋਲਣ ਨਾ ਦੇਵੇ। ਬੱਚੀਏ, ਬਾਣੀ ਕਦੇ ਵਿਸਰਨ ਨਹੀਂ ਦੇਣੀ। **'ਜੈ ਤਨਿ ਬਾਣੀ ਵਿਸਰਿ ਜਾਇ, ਜਿਉ ਪਕਾ ਰੋਗੀ ਵਿਲਲਾਇ'** ਕੀਰਤਨ ਦੀਆਂ ਬਰਕਤਾਂ ਦਾਤਾਂ ਤੈਨੂੰ ਸਤਿਗੁਰੂ ਓਦੂੰ ਭੀ ਸਵਾਈਆਂ ਬਖਸ਼ਣਗੇ। ਸਤਿਗੁਰੂ ਤੈਨੂੰ ਦਿੱਲੀ ਦੇ ਸਮਾਗਮਾਂ ਤਾਈਂ ਕੀਰਤਨ ਕਰਨੇ ਜੋਗੀ ਨੌ ਬਰ ਨੌ ਕਰ ਦੇਣ। ਅਸੀਂ ਭੀ ਬਹੁਤ ਨਿਹਾਲ ਹੋਵੀਐ ਅਤੇ ਤੂੰ ਭੀ ਸੁਪ੍ਰਸੰਨ ਹੋਵੇਂ। ਬਚੀਏ ! ਲੋਕ-ਲਾਜ ਅਨਮਤੀਆਂ ਦੀ ਕਨੌਡ ਨੂੰ ਤਲਾਂਜਲੀ ਦਿਓਗੇ ਤਾਂ ਤੁਸਾਡਾ ਕੀਰਤਨ ਹੋਰ ਭੀ ਚੜ੍ਹਦੀਆਂ ਕਲਾਂ ਵਿਚ ਗੂੰਜੇਗਾ। ਅਰਦਾਸਾ ਕਰ ਕੇ ਮੁੜਿ ਕੇਸਕੀ ਸ਼ੀਘਰ ਸਜਾਓ। ਆਪ ਸ੍ਰੀ ਦਸ਼ਮੇਸ਼ ਪਿਤਾ ਦੀ ਸੁਘੜ ਸਪੁਤਰੀ ਬਣੋ। ਹੋਰ ਕੋਈ ਹਾਵਾ ਅੰਦੇਸ਼ਾ ਚਿਤ ਵਿਚ ਨਾ ਰਖੋ। ਸਤਿਗੁਰੂ ਤੁਸਾਨੂੰ ਗੁਰਮੁਖ ਵਰ ਘਰ ਬਖਸ਼ੇਗਾ। ਸਿਆਣਪ ਵਿਚਿ ਨਾ ਆਓ। ਬਸ ਹੁਣ ਇਕ ਮਨ ਇਕ ਚਿਤ ਹੋ ਕੇ ਨਾਲ ਲਗਦੇ ਸ਼ਬਦਾਂ ਦਾ ਰਟਨ ਕਰੋ ਅਤੇ ਨਾਲੇ ਖੰਡਾ ਖੜਕਾਓ। ਇਸ ਨਥੀ ਕੀਤੀ ਗੁਰਸ਼ਬਦਾਂ ਦੀ ਤਿਵਰਕੀ ਨੂੰ ਸਦਾ ਅੰਗ ਸੰਗ ਰਖੋ। ਆਧ ਬਿਆਨ ਉਪਾਧ ਤੁਸਾਡੇ ਨੇੜੇ ਨਹੀਂ ਆਵੇਗੀ। ਅਸੀਂ 26 ਸਤੰਬਰ ਨੂੰ ਐਥੋਂ ਕੁਮਾਰਹੱਟੀ ਤੋਂ ਪਿਆਨੇ ਕਰਕੇ ਅਗਲੀ ਸਵੇਰ ਨੂੰ ਲੁਧਿਆਣੇ ਪਹੁੰਚ ਰਹੇ ਹਾਂ। ਓਥੇ ਮਾਡਲ ਟਾਊਨ ਮਕਾਨ ਨੰਬਰ 126 ਵਿਖੇ 30 ਸਤੰਬਰ, 1, 2 ਅਕਤੂਬਰ ਨੂੰ ਅਸਾਡੇ ਨਵ-ਜਨਮੇ ਪੋਤਰੇ ਦੀ ਨਮਿਤ ਅਖੰਡਪਾਠ ਸਮਾਗਮ ਹੋਣਾ ਨੀਯਤ ਹੋਇਆ ਹੈ, ਅਸਾਡੇ ਬਰਖੁਰਦਾਰ ਬਲਬੀਰ ਸਿੰਘ ਦੇ ਗ੍ਰਹਿ ਵਿਖੇ। ਓਥੇ ਸਭ ਸੰਗਤਿ ਇਕੱਠੀ ਹੋਵੇਗੀ। ਓਥੇ ਭੀ ਆਪ ਦੀ ਅਰਦਾਸ ਕੀਤੀ ਜਾਸੀ। 6 ਅਕਤੂਬਰ ਨੂੰ ਅਸੀਂ ਸਮੇਤ ਸਮੂਹ ਜਥੇ ਦੇ ਦਿੱਲੀ ਪਹੁੰਚਣਾ ਹੈ। 6 ਤੋਂ 14 ਅਕਤੂਬਰ ਤਾਈਂ ਦਿੱਲੀ ਵਿਖੇ ਲਗਾਤਾਰ ਅਖੰਡ ਕੀਰਤਨ ਸਮਾਗਮ ਹਨ। ਸਤਿਗੁਰੂ ਤੁਸਾਨੂੰ ਓਦੋਂ ਤਾਈਂ ਸਮਾਗਮ ਵਿਚਿ ਸ਼ਾਮਲ ਹੋਣ ਦੀ ਸਮਰਥਾ ਬਖਸ਼ੇ। ਤੁਸੀਂ ਹੁਣ ਮੁੜਿ ਆਪਣਾ ਨਿਵਾਸ ਦਿੱਲੀ ਹੀ ਜਾ ਕਰੋ ਅਤੇ ਸਤਿਸੰਗਤ ਦੇ ਅੰਗਿ ਸੰਗ ਰਹੋ।

ਆਪ ਦਾ ਅਤਿ ਪਿਆਰਾ ਕੁਠੜਾ,

(ਸਹੀ)

ਰਣਧੀਰ ਸਿੰਘ



www.AKJ.Org

ਸੰਨ 1954 ਵਿਚ ਆਪ ਬੀ.ਐੱਡ. ਦੀ ਟਰੇਨਿੰਗ ਲਈ ਉਦੇਪੁਰ ਚਲੇ ਗਏ। ਉਥੇ ਵੀ ਕਰਨਲ ਸਾਹਿਬ ਆਪ ਦੀ ਪ੍ਰੇਰਨਾ ਤੇ ਸੰਗਤਾਂ ਵਿਚ ਗੁਰਮਤਿ ਪ੍ਰਚਾਰ ਕਰਨ ਗਏ। ਉਥੇ ਕਰਨਲ ਸਾਹਿਬ ਅੱਗੇ ਇਕੱਲੇ ਇਕੱਲੇ ਪ੍ਰਾਣੀ ਦੀ ਸਰੀਰਕ ਅਤੇ ਆਤਮਿਕ ਦੁਖਾਂ ਦੀ ਨਵਿਰਤੀ ਲਈ ਪੇਸ਼ੀ ਹੋਈ ਤੇ ਜਿਸ ਲਈ ਭਾਈ ਸਾਹਿਬ ਜੀ ਨੇ ਦਿੱਲੀ ਸਮਾਗਮ ਤੇ ਕਰਨਲ ਸਾਹਿਬ ਨੂੰ ਮਿਲਣ ਤੇ ਸ਼ਾਬਾਸ਼ ਦੇਣ ਦੀ ਬਜਾਏ ਉਨ੍ਹਾਂ ਦੀ ਝਾੜ ਝੰਬ ਕੀਤੀ। ਇਹ ਸਾਰੀ ਵਾਰਤਾ ਕਰਨਲ ਸਾਹਿਬ ਜੀ ਦੇ ਜੀਵਨ ਬਿਰਤਾਂਤ ਵਿਚ ਸ਼ਾਮਿਲ ਹੈ। ਭਾਈ ਸਾਹਿਬ ਜੀ ਨੇ ਸਪਸ਼ਟ ਕੀਤਾ ਸੀ ਕਿ ਕੋਈ ਵੀ ਵਿਅਕਤੀ ਕਿਤਨਾ ਵੀ ਵੱਡਾ ਹੋਵੇ ਉਹ ਕਿਸੇ ਪ੍ਰਾਣੀ ਦੀ ਪੇਸ਼ੀ ਲੈਣ ਦਾ ਅਧਿਕਾਰ ਨਹੀਂ ਰਖਦਾ ਜੋ ਕਿ ਕੇਵਲ ਗੁਰੂ ਸਾਹਿਬ ਜੀ ਦੀ ਹਜ਼ੂਰੀ ਵਿਚ ਪੰਜਾਂ ਪਿਆਰਿਆਂ ਕੋਲ ਹੈ।

ਬੀ.ਐੱਡ. ਦਾ ਕੋਰਸ ਕਰਨ ਤੋਂ ਬਾਅਦ ਆਪ ਚਰਖੀ (ਦਾਦਰੀ) ਹਰਿਆਣਾ ਅਤੇ ਘਰਾਚੋਂ ਜ਼ਿਲ੍ਹਾ ਪਟਿਆਲਾ ਵਿਚ ਸਕੂਲ ਅਧਿਆਪਕ ਲੱਗੇ ਰਹੇ। ਫਿਰ ਆਪ ਜੀ ਦੀ ਬਦਲੀ ਪਟਿਆਲੇ ਹੋ ਗਈ ਤੇ ਉਥੋਂ ਦੇ ਨਿਵਾਸੀ ਗੁਰਸਿੱਖਾਂ ਦੀ ਸੰਗਤ ਕਰਨ ਦਾ ਸੁਭਾਗ ਮਿਲਦਾ ਰਿਹਾ ਤੇ ਨਾਲ ਹੀ ਲੁਧਿਆਣਾ, ਜਲੰਧਰ, ਸ੍ਰੀ ਅੰਮ੍ਰਿਤਸਰ ਚੰਡੀਗੜ੍ਹ, ਅੰਬਾਲਾ ਅਤੇ ਹੋਰ ਸ਼ਹਿਰਾਂ ਦੇ ਕੇਂਦਰੀ ਸਾਲਾਨਾ ਸਮਾਗਮਾਂ ਦੀ ਹਾਜ਼ਰੀ ਵੀ ਭਰਦੇ ਰਹੇ। ਇਥੇ ਰਹਿ ਕੇ ਹੀ ਆਪ ਨੇ ਕੀਰਤਨ ਕਰਨਾ ਸਿੱਖਿਆ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦੀ ਸੰਥਿਆ ਲੈ ਕੇ ਅਖੰਡ ਪਾਠੀ ਬਣ ਗਏ। ਨੌਕਰੀ ਦੇ ਨਾਲ ਨਾਲ ਆਪ ਨੇ ਪ੍ਰਾਈਵੇਟ ਤੌਰ ਤੇ ਐੱਮ. ਏ. ਹਿਸਟਰੀ ਤੇ ਅੰਗਰੇਜ਼ੀ ਦੇ ਵਿਸ਼ਿਆਂ ਵਿਚ ਕਰ ਲਈ। ਫਿਰ ਆਪ ਗੌਰਮਿੰਟ ਕਾਲਜ ਸੰਗਰੂਰ ਵਿਚ ਅੰਗਰੇਜ਼ੀ ਦੇ ਪ੍ਰੋਫ਼ੈਸਰ ਵਜੋਂ ਨਿਯੁਕਤ ਹੋ ਗਏ। ਇਸ ਤੋਂ ਬਾਅਦ ਆਪ ਜੀ ਦੀ ਬਦਲੀ ਟਾਂਡਾ, ਮੁਕਤਸਰ, ਕਪੂਰਥਲਾ ਆਦਿ ਥਾਵਾਂ ਤੇ ਹੁੰਦੀ ਰਹੀ। ਇਸ ਦੌਰਾਨ ਚਾਰ ਸਾਲ ਆਪ ਜੀ ਨੇ ਗੁਰਮਤਿ ਕਾਲਜ ਪਟਿਆਲੇ ਡੈਪੂਟੇਸ਼ਨ ਤੇ ਜਾ ਕੇ ਪ੍ਰਿੰਸੀਪਲ ਦੇ ਅਹੁਦੇ ’ਤੇ ਕੰਮ ਕੀਤਾ। ਆਪ ਸੰਨ 1988 ਵਿਚ ਸੇਵਾ ਮੁਕਤ ਹੋਏ। ਫਿਰ ਆਪ ਨੇ ਸੰਨ 1990 ਤੋਂ 1992 ਤਾਈਂ ਸ਼੍ਰੋ.ਗੁ.ਪ੍ਰ. ਕਮੇਟੀ ਅਧੀਨ ਸਿੱਖ ਰੈਚਰੈਸ ਲਾਇਬ੍ਰੇਰੀ ਅਤੇ ਸਿੱਖ ਇਤਿਹਾਸ ਰੀਸਰਚ ਬੋਰਡ ਦੇ ਮੁਖੀ ਵਜੋਂ ਕੰਮ ਕੀਤਾ। ਸੂਰਾ ਮਾਸਿਕ ਪੱਤਰ ਸ੍ਰੀ ਅੰਮ੍ਰਿਤਸਰ ਤੋਂ ਲੁਧਿਆਣਾ ਤਬਦੀਲ ਹੋਣ ਤੇ, ਸਤੰਬਰ 1994 ਤੋਂ ਇਸ ਮਾਸਿਕ ਪੱਤਰ ਦੇ ਮੁੱਖ ਸੰਪਾਦਕ ਦੀ ਸੇਵਾ ਨਿਸ਼ਕਾਮ ਰਹਿ ਕੇ ਨਿਬਾਹੀ। ਅਪਰੈਲ 1999 ਤੋਂ ਸ਼ੁਰੂ ਹੋਏ ਆਤਮ ਰੰਗ ਮਾਸਿਕ ਰਸਾਲੇ ਦੇ ਮੁਖ ਸੰਪਾਦਕ ਵਜੋਂ ਸਿਹਤ ਠੀਕ ਰਹਿਣ ਤਾਈਂ ਲੰਬਾ ਸਮਾਂ ਸੇਵਾ ਕਰਦੇ ਰਹੇ। ਫ਼ਰਵਰੀ 1966 ਵਿਚ ਜਥੇ ਵਲੋਂ ਆਰੰਭੇ ਸੂਰਾ ਮਾਸਿਕ ਪੱਤਰ ਵਿਚ ਆਪ ਜੀ ਨੇ ਗੁਰਮਤਿ ਦੇ ਵੱਖ-ਵੱਖ ਵਿਸ਼ਿਆਂ 'ਤੇ ਸੈਂਕੜੇ ਲੇਖ ਵੀ ਲਿਖੇ। ਇਸ ਦੇ ਨਾਲ ਆਪ ਜੀ ਨੇ ਗੁਰਮਤਿ ਦੇ ਨਾਲ ਸਬੰਧਤ ਵਿਸ਼ਿਆਂ ਉਪਰ ਚਾਰ ਪੁਸਤਕਾਂ ਲਿਖ ਕੇ ਗੁਰੂ ਪੰਥ ਦੀ ਝੋਲੀ ਪਾਈਆਂ ਹਨ। ਇਨ੍ਹਾਂ ਪੁਸਤਕਾਂ ਦੇ ਨਾਮ ਹਨ:- ਗੁਰਮਤੀ ਕਦਰਾਂ, ਸੇਈ ਪਿਆਰੇ ਮੇਲਿ, ਮਰਦ ਅਗੰਮੜਾ, ਗੋਵਿੰਦ ਗੱਜਿਆ ਆਦਿ। ਜਿਥੇ ਆਪ ਇਕ ਨਿਸ਼ਕਾਮ ਤੇ ਨਿਰਬਾਣ ਕੀਰਤਨੀਏ ਅਤੇ ਅਖੰਡਪਾਠੀ ਵੀ ਸਨ ਉਥੇ ਲੇਖਕ, ਚਿੰਤਕ ਤੇ ਗੁਰਬਾਣੀ ਵਿਆਕਰਣ ਦੇ ਨਿਯਮਾਂ, ਖਾਸ ਕਰ ਕਾਰਕਾਂ ਦੇ ਵਿਖਿਆਤਾ ਸਨ। ਆਪ ਜੀ ਹਿੰਦੀ, ਉਰਦੂ, ਅੰਗਰਜ਼ੀ ਤੇ ਪੰਜਾਬੀ ਭਾਸ਼ਾਵਾਂ ਦੇ ਚੰਗੇ ਜਾਣਕਾਰ ਸਨ। ਸੰਨ 1972 ਵਿਚ ਜਲੰਧਰ ਰਿਹਾਇਸ਼ ਵੇਲੇ ਹੋਮੋਪੈਥੀ ਦੀ ਡਾਕਟਰੀ ਵੀ ਸਿੱਖ ਲਈ ਸੀ। ਕਾਲਜਾਂ ਵਿਚ ਪ੍ਰੋਫ਼ੈਸਰ ਤੇ ਪ੍ਰਿੰਸੀਪਲ ਦੇ ਅਹੁਦਿਆਂ ਤੇ ਕੰਮ ਕਰਨ ਕਰਕੇ ਅਕੱਟ ਦਲੀਲਾਂ ਨਾਲ ਭਰਪੂਰ ਲੈਕਚਰ ਦੇਣ ਦੇ ਨਾਲ ਨਾਲ ਕੁਸ਼ਲ ਪ੍ਰਬੰਧਕ ਵੀ ਸਨ। ਆਪ ਜੀ ਸਿੰਘ ਸਭਾ ਸ਼ਤਾਬਦੀ ਕਮੇਟੀ ਵਲੋਂ ਆਯੋਜਿਤ ਕੀਤੇ ਪਾਠ ਬੋਧ ਸਮਾਗਮਾਂ ਦੀ ਹਾਜ਼ਰੀ ਵੀ ਭਰਦੇ ਅਤੇ ਆਪਣੇ ਵਡਮੁੱਲੇ ਸੁਝਾਅ ਵੀ ਪ੍ਰਦਾਨ ਕਰਦੇ ਰਹੇ ਹਨ।

ਆਪ ਜੀ ਗੁਰੂ ਘਰ ਦੇ ਗੁਰਸਿੱਖਾਂ, ਭਗਤਾਂ ਤੇ ਉੱਚ ਆਤਮਿਕ ਅਵਸਥਾ ਵਾਲੇ ਮਹਾਂ-ਪੁਰਖਾਂ ਨੂੰ ਮਿਲਣ ਵਾਸਤੇ ਹਮੇਸ਼ਾ ਉਤਾਵਲੇ ਰਹਿੰਦੇ ਸਨ। ਆਪ ਜੀ ਦਾ ਸੋਢੀ ਹਜ਼ਾਰਾ ਸਿੰਘ ਜੀ, ਕਰਨਲ ਪਿਆਰਾ ਸਿੰਘ ਜੀ, ਬਾਬਾ ਹਰਨਾਮ ਸਿੰਘ ਜੀ ਰਾਮਪੁਰ ਖੇੜਾ ਬਾਬਾ (ਸੰਤ) ਗੁਰਮੁਖ ਸਿੰਘ ਜੀ ਪਟਿਆਲਾ, ਸੰਤ ਈਸ਼ਰ ਸਿੰਘ ਜੀ ਰਾੜੇ ਵਾਲਿਆਂ ਨਾਲ ਵੀ ਨੇੜਲਾ ਸਬੰਧ ਸੀ।



www.AKJ.Org

ਪਿੱਠ ਦੀ ਦਰਦ ਕਾਰਨ ਸੰਨ 1969 ਵਿਚ ਆਪ ਜੀ ਦੀ ਸਿੰਘਣੀ ਫਿਰ ਬੀਮਾਰ ਹੋ ਗਈ। ਡਾਕਟਰੀ ਇਲਾਜ ਦੇ ਨਾਲ ਨਾਲ ਸਿੰਘਾਂ ਨੇ ਅੰਮ੍ਰਿਤ ਵੇਲੇ ਨਾਮ ਅਭਿਆਸ ਤੇ ਗੁਰਬਾਣੀ ਦੇ ਪਾਠ ਕਰਨੇ ਆਰੰਭ ਕਰ ਦਿੱਤੇ। ਇਸੇ ਦੌਰਾਨ ਰੈਫਰੇਸ਼ਰ ਕੋਰਸ ਵਾਸਤੇ ਆਪ ਦੀ ਡਿਊਟੀ ਚੰਡੀਗੜ੍ਹ ਲੱਗ ਗਈ। ਨਜ਼ਦੀਕੀ ਰਿਸ਼ਤੇਦਾਰ ਦੇ ਰਿਹਾਇਸ਼ ਅਸਥਾਨ ਤੇ ਲਾਗੇ ਹੀ ਇਕ ਪ੍ਰੇਤ ਕੱਢਣ ਵਾਲੀ ਔਰਤ ਸੀ। ਆਪ ਨੇ ਮਖੌਲ ਨਾਲ ਹੀ ਉਸ ਨੂੰ ਹੱਥ ਫੜਾ ਕੇ ਪੁੱਛ ਪਵਾਈ। ਜਦ ਆਪ ਦੀ ਉਸ ਨੇ ਉਂਗਲੀ ਫੜੀ ਤਾਂ ਉਹ ਵਿਰਾਟ ਰੂਪ ਧਾਰਨ ਕਰਕੇ ਬੋਲੀ ਕਿ ਮੈਂ ਉਹੀ ਕਾਲੀ ਮਾਤਾ ਹਾਂ, ਜਿਸ ਨੂੰ ਤੂੰ ਜਬਲਪੁਰ ਵਿਚ ਕੁੱਟਿਆ ਸੀ ਤੇ ਹੁਣ ਬਦਲਾ ਲੈਣ ਲਈ ਤੇਰੀ ਸਿੰਘਣੀ ਨੂੰ ਤੰਗ ਕਰਦੀ ਹਾਂ। ਉਥੋਂ ਆ ਕੇ ਆਪ ਨੇ ਸਹਿਜ ਪਾਠ ਆਰੰਭ ਕਰ ਲਿਆ। ਫਿਰ ਇਕ ਦਿਨ ਅੰਮ੍ਰਿਤ ਵੇਲੇ ਸਹਿਜੇ ਪਾਠ ਦਾ ਭੋਗ ਪਾਇਆ ਤੇ ਉਸ ਦੇ ਕਹਿਣ ਮੁਤਾਬਕ ਥੋੜ੍ਹੀ ਜਿਹੀ ਦੇਗ ਕੋਠੇ ਦੀ ਛੱਤ ਉਪਰ ਕਟੋਰੀ ਵਿਚ ਪਾ ਕੇ ਰੱਖ ਦਿੱਤੀ। ਉਸ ਦੇਗ ਨੂੰ ਛੱਕ ਕੇ ਉਹ ਚਲੀ ਗਈ। ਜਾਣ ਵੇਲੇ ਉਸ ਦਾ ਹੋਰ ਵਿਰਾਟ ਰੂਪ ਵੀ ਹਾਜਿਰ ਸੰਗਤਾਂ ਨੇ ਦੇਖਿਆ ਸੀ। ਉਸ ਤੋਂ ਬਾਅਦ ਆਪ ਜੀ ਦੀ ਸਿੰਘਣੀ ਤਾਅ ਜ਼ਿੰਦਗੀ ਠੀਕ ਰਹੀ ਤੇ ਕੋਈ ਬੀਮਾਰੀ ਨੇੜੇ ਨਹੀਂ ਆਈ।

ਆਪ ਜੀ ਪੰਥ ਵਿਚ ਆਣ ਵੜੀਆਂ ਕੁਰੀਤੀਆਂ ਦੇ ਸੁਧਾਰ ਅਤੇ ਸ਼ਹਿਰਾਂ, ਕਸਬਿਆਂ ਅਤੇ ਪਿੰਡਾਂ ਵਿਚ ਗੁਰਮਤਿ ਪ੍ਰਚਾਰ ਦੇ ਲਈ ਹਮੇਸ਼ਾਂ ਤਤਪਰ ਰਹਿੰਦੇ ਸਨ। ਕਾਲਜਾਂ ਵਿਚ ਨੌਕਰੀ ਕਰਦਿਆਂ ਸੈਂਕੜੇ ਵਿਦਿਆਰਥੀਆਂ ਨੂੰ ਗੁਰਮਤਿ ਮਾਰਗ ਦੇ ਪਾਂਧੀ ਬਣਾਇਆ ਅਤੇ ਕਈ ਬੱਚਿਆਂ ਨੂੰ ਗੁਰਬਾਣੀ ਦੇ ਪਾਠ ਦੀ ਸੰਥਿਆ ਵੀ ਦਿੱਤੀ। ਆਪ ਜੀ ਦਾ ਭਾਈ ਫੌਜਾ ਸਿੰਘ ਸ਼ਹੀਦ ਨਾਲ ਵੀ ਡੂੰਘਾ ਸਨੇਹ ਅਤੇ ਪਿਆਰ ਸੀ। ਗਰਮੀਆਂ ਵਿਚ ਕਾਲਜ ਦੀਆਂ ਛੁੱਟੀਆਂ ਦੌਰਾਨ ਆਪ ਭਾਈ ਸਾਹਿਬ ਜੀ ਵਲੋਂ ਪਿੰਡਾਂ ਵਿਚ ਚਲਾਈ ਜਾਂਦੀ ਪ੍ਰਚਾਰ ਵਹੀਰ ਵਿਚ ਸ਼ਾਮਿਲ ਹੋ ਕੇ ਯਥਾਸ਼ਕਤ ਸੇਵਾ ਕਰਦੇ ਰਹਿੰਦੇ ਸਨ। ਇਸ ਤੋਂ ਇਲਾਵਾ ਨੌਜਵਾਨਾਂ ਵਿਚ ਗੁਰਮਤਿ ਸਾਹਿਤ ਵੀ ਮੁਫਤ ਵੰਡਦੇ ਰਹਿੰਦੇ ਸਨ ਤਾਂ ਕਿ ਗੁਰਸਿੱਖੀ ਦੀ ਇਹ ਫੁਲਵਾੜੀ ਹਰੀ ਭਰੀ ਰਹੇ।

ਸੇਵਾ ਮੁਕਤੀ ਤੋਂ ਬਾਅਦ ਆਪ ਜੀ ਨੇ ਜਿਥੇ ਪੰਥਕ ਸੇਵਾਵਾਂ ਵੀ ਕੀਤੀਆਂ ਅਤੇ ਜਥੇ ਦੇ ਪ੍ਰਬੰਧਕ ਮਸਲਿਆਂ ਦੇ ਸਮਾਧਾਨ ਵਾਸਤੇ ਆਪਣਾ ਯੋਗਦਾਨ ਪਾਇਆ, ਉਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਪੂਰਨ ਪਾਠ ਦਾ ਅੰਗਰੇਜ਼ੀ ਵਿਚ ਤਰਜਮਾ ਕਰਕੇ ਉਸ ਦੀਆਂ ਸੀ.ਡੀਆਂ ਬਣਾਈਆਂ। ਸੰਨ 2001-02 ਵਿਚ ਆਪ ਇੰਗਲੈਂਡ ਆਪਣੀ ਸਪੁੱਤਰੀ ਨੂੰ ਮਿਲਣ ਗਏ ਅਤੇ ਉਹ ਸੀਡੀਜ਼ ਉਥੇ ਲੈ ਗਏ। ਕਿਉਂਕਿ ਆਪ ਅੰਗਰੇਜ਼ੀ ਭਾਸ਼ਾ ਦੀ ਡੂੰਘੀ ਜਾਣਕਾਰੀ ਰੱਖਦੇ ਸਨ ਤੇ ਤਰਜਮੇ ਕਰਨ ਵੇਲੇ ਵਰਤੇ ਅੰਗਰੇਜ਼ੀ ਭਾਸ਼ਾ ਦੇ ਅੱਖਰ, ਆਮ ਬੋਲੀ ਜਾਣ ਵਾਲੀ ਅੰਗਰੇਜ਼ੀ ਭਾਸ਼ਾ ਤੋਂ ਵੱਖਰੇ ਸਨ, ਜਿਸ ਨੂੰ ਆਮ ਵਿਅਕਤੀ ਨਹੀਂ ਸੀ ਸਮਝ ਸਕਦਾ। ਇਸ ਕਰਕੇ ਬਾਹਰਲੇ ਦੇਸ਼ਾਂ ਵਿਚ ਬੋਲੀ ਜਾਣ ਵਾਲੀ ਅੰਗਰੇਜ਼ੀ ਭਾਸ਼ਾ ਵਿਚ ਇਸ ਤਰਜਮੇ ਨੂੰ ਸੋਧਣ ਲਈ ਇੰਗਲੈਂਡ ਨਿਵਾਸੀ ਸਿੰਘਾਂ ਨੇ ਉਹ ਸੀ.ਡੀਆਂ ਰੱਖ ਲਈਆਂ, ਪਰ ਅਜ ਤਾਈਂ ਉਹ ਮੁੜਕੇ ਨਹੀਂ ਮਿਲੀਆਂ। ਉਨ੍ਹਾਂ ਦੇ ਪ੍ਰੀਵਾਰਕ ਮੈਂਬਰਾਂ ਕੋਲ ਵੀ ਉਹ ਅਸਲੀ ਸੀ.ਡੀਆਂ ਦੀਆਂ ਕਾਪੀਆਂ ਨਾ ਉਪਲੱਬਧ ਹੋਣ ਕਾਰਨ ਉਨ੍ਹਾਂ ਵਲੋਂ ਇਹ ਵੱਡਮੁਲਾ ਕਾਰਜ ਕੀਤਾ ਅਧੂਰਾ ਹੀ ਰਹਿ ਗਿਆ।

ਪਟਿਆਲੇ, ਜਲੰਧਰ, ਕਪੂਰਥਲਾ ਵਿਚ ਨੌਕਰੀ ਕਾਰਨ ਰਹਿਣ ਸਮੇਂ ਆਪ ਜੀ ਦੇ ਕਰਨਲ ਦਲਜੀਤ ਸਿੰਘ ਜੀ, ਉਨ੍ਹਾਂ ਦੀ ਸਿੰਘਣੀ ਬੀ. ਹਰਸ਼ਰਨ ਕੌਰ ਜੀ, ਹੈੱਡਮਾਸਟਰ ਭਾਈ ਤਾਰਾ ਸਿੰਘ ਅਤੇ ਬੀ. ਉਪਦੇਸ਼ ਕੌਰ ਜੀ, ਭਾਈ ਸੰਤਾ ਸਿੰਘ ਜੀ, ਮਾਸਟਰ ਸੁੰਦਰ ਸਿੰਘ ਜੀ ਜਲੰਧਰ, ਭਾਈ ਦਰਸ਼ਨ ਸਿੰਘ ਜੀ ਗੜਗੱਜ ਜਲੰਧਰ ਨਾਲ, ਸਕੇ ਸਾਕ ਸਬੰਧੀਆਂ ਨਾਲੋਂ ਵੀ ਵੱਧ ਨੇੜਲੇ ਸਬੰਧ ਬਣ ਗਏ। ਇਕ ਵਾਰ ਇਨ੍ਹਾਂ ਦੀ ਸਿੰਘਣੀ ਬੀਬੀ ਤੇਜਿੰਦਰ ਕੌਰ ਜੀ (ਰਾਣੀ) ਬੀ. ਹਰਸ਼ਰਨ ਕੌਰ ਜੀ, ਬੀ. ਉਪਦੇਸ਼ ਕੌਰ ਜੀ ਤੇ ਇਕ ਪਟਿਆਲਾ ਨਿਵਾਸੀ ਬੀ. ਸਤੋਰਨ ਕੌਰ ਜੀ ਸ੍ਰੀ ਅੰਮ੍ਰਿਤਸਰ ਵੈਸਾਖੀ ਸਮਾਗਮ ਤੇ ਆਈਆਂ। ਇਨ੍ਹਾਂ ਚਾਰਾਂ ਸਹੇਲੀਆਂ ਨੇ ਸਮਾਗਮ ਦੌਰਾਨ ਇਕ ਦਿਨ ਵੈਸ਼ਨੋ ਦੇਵੀ ਜਾ ਕੇ ਉਥੇ ਦਾ ਵਾਤਾਵਰਣ ਦੇਖਣ ਦੀ ਸਕੀਮ ਬਣਾਈ। ਸ਼ਾਮ ਦੇ ਕੀਰਤਨ ਸਮਾਗਮ ਤੋਂ ਬਾਅਦ ਅੰਮ੍ਰਿਤ ਵੇਲੇ ਉੱਠ ਕੇ ਨਿਤਨੇਮ



www.AKJ.Org

ਕਰਨ ਤੋਂ ਬਾਅਦ ਜਦੋਂ ਥੋੜ੍ਹਾ ਚਿਰ ਆਰਾਮ ਕੀਤਾ ਤਾਂ ਵੈਸ਼ਨੋ ਦੇਵੀ ਸੁਪਨੇ ਵਿਚ ਬੀਬੀ ਹਰਸ਼ਰਨ ਕੌਰ ਜੀ ਕੋਲ ਆ ਗਈ ਤੇ ਕਿਹਾ ਕਿ ਤੁਸੀਂ ਉਥੇ ਮੇਰੇ ਕੋਲ ਕੀ ਕਰਨ ਜਾਣਾ ਹੈ ? ਤੁਸੀਂ ਗੁਰਬਾਣੀ ਦਾ ਕੀਰਤਨ ਤੇ ਪਾਠ ਕਰਦੀਆਂ ਹੋ। ਜਦੋਂ ਤੁਸੀਂ ਚਾਹੋ ਮੈਂ ਖ਼ੁਦ ਚੱਲ ਕੇ ਆਪ ਕੋਲ ਆ ਜਾਇਆ ਕਰਾਂਗੀ। ਜਾਗ ਖੁੱਲਣ ਤੇ ਉਹ ਸੁਪਨਾ ਬੀਬੀ ਕਰਨੈਲਣੀ ਨੇ ਬਾਕੀ ਸਹੇਲੀਆਂ ਨੂੰ ਸੁਣਾਇਆ ਤੇ ਸਭ ਦੀ ਨਿਛਾ ਹੋ ਗਈ ਤੇ ਬਾਕੀ ਦੇ ਸਮਾਗਮ ਦੌਰਾਨ ਬੜੇ ਆਨੰਦਾਂ ਵਿਚ ਰਹਿ ਕੇ ਨਾਮ ਬਾਣੀ ਤੇ ਕੀਰਤਨ ਦੇ ਲਾਹੇ ਲਏ।

ਆਪ ਜੀ ਦੀ ਸਿਹਤ ਸਾਰੀ ਆਯੂ ਹੀ ਰਿਸ਼ਟ ਪੁਸ਼ਟ ਤੇ ਕਿਸੇ ਵੀ ਬੀਮਾਰੀ ਤੋਂ ਮੁਕਤ ਰਹੀ ਹੈ। ਪਰ ਬੁਢਾਪੇ ਤੇ ਕਮਜੋਰੀ ਕਾਰਨ ਆਪ ਕੁਝ ਸਮੇਂ ਤੋਂ ਪਟਿਆਲੇ ਵਿਚ ਹੀ ਆਪਣੇ ਛੋਟੇ ਕੀਰਤਨੀਏ ਸਪੁੱਤਰ ਭਾਈ ਜਸਪਾਲ ਸਿੰਘ ਕੋਲ ਰਹਿ ਰਹੇ ਸਨ। ਵਡੇਰੀ ਉਮਰ ਦੇ ਬਾਵਜੂਦ ਆਪ ਜੀ ਦੀ ਯਾਦਾਸ਼ਤ ਅਤੇ ਸੁਰਤੀ ਬਿਰਤੀ ਅਖੀਰਲੇ ਸਵਾਸ ਤਾਈ ਕਾਇਮ ਰਹੀ ਤੇ ਆਪ ਨਾਮ ਬਾਣੀ ਤੇ ਗੁਰਬਾਣੀ ਦੇ ਪਾਠ ਦੇ ਲਾਹੇ ਲੈ ਕੇ ਗੁਰੂ ਚਰਨਾਂ ਨਾਲ ਜੁੜੇ ਰਹੇ। ਚੜਾਈ ਕਰਨ ਤੋਂ ਇਕ ਦਿਨ ਪਹਿਲਾਂ ਸਿਰਫ ਮਾਮੂਲੀ ਪੇਟ ਤਕਲੀਫ ਹੋਈ ਪਰ ਅਗਲੇ ਦਿਨ ਹੀ ਮਿਤੀ 9 ਦਸੰਬਰ 2020 ਨੂੰ 91 ਸਾਲ ਦੀ ਲੰਮੇਰੀ ਉਮਰ ਭੋਗ ਕੇ ਪੰਚ ਭੂਤਕ ਸਰੀਰਕ ਚੋਲੇ ਨੂੰ ਤਿਆਗ ਕੇ ਗੁਰੂ ਚਰਨਾਂ ਵਿਚ ਜਾ ਬਿਰਾਜੇ ਤੇ ਇਸ ਸੰਸਾਰ ਤੇ ਆਉਣਾ ਸਫਲ ਕਰ ਗਏ।

ਉਨ੍ਹਾਂ ਦੀ ਸਿੰਘਣੀ ਤਾਂ ਕਾਫੀ ਚਿਰ ਪਹਿਲਾਂ ਚੜਾਈ ਕਰ ਗਈ ਸੀ ਤੇ ਪਿਛੇ ਦੋ ਸਪੁੱਤਰ ਅਤੇ ਇਕ ਸਪੁੱਤਰੀ ਛਡ ਗਏ ਹਨ ਜੋ ਆਪ ਜੀ ਦੇ ਪੂਰਨਿਆਂ ਤੇ ਚਲਦੇ ਹੋਏ ਅੰਮ੍ਰਿਤਧਾਰੀ ਗੁਰਸਿੱਖੀ ਰਹਿਤ ਬਹਿਤ ਦੇ ਧਾਰਨੀ ਅਤੇ ਗੁਰਮਤਿ ਮਾਰਗ ਦੇ ਪਾਂਧੀ ਹਨ।

*(ਭਾਈ ਮਨਮੋਹਨ ਸਿੰਘ ਜੀ (ਸਪੁੱਤਰ) ਵਲੋਂ ਦਿੱਤੀ ਸੂਚਨਾ 'ਤੇ ਅਧਾਰਿਤ)*

## ਭਾਈ ਰਣ ਸਿੰਘ ਜੀ, ਸਰਹੰਦ

ਭਾਈ ਗੁਰਦੀਪ ਸਿੰਘ ਸ੍ਰੀ ਅੰਮ੍ਰਿਤਸਰ

ਗੁਰੂ ਘਰ ਦੇ ਅਣਥੱਕ ਅਖੰਡ ਪਾਠੀ , ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਟਹਿਲੀਏ, ਭਾਈ ਰਣ ਸਿੰਘ ਜੀ ਦਾ ਜਨਮ ਮਿਤੀ 26 ਮਈ 1907 ਨੂੰ ਭਾਈ ਗੁਰਦਿੱਤ ਸਿੰਘ ਜੀ ਦੇ ਘਰ ਪਿੰਡ ਪੰਨੂਆਂ ਤਹਿਸੀਲ ਖਰੜ ਜ਼ਿਲ੍ਹਾਂ ਅੰਬਾਲਾ ਹੁਣ ਮੋਹਾਲੀ ਵਿਖੇ ਹੋਇਆ। ਉਨ੍ਹਾਂ ਦੇ ਪਿਤਾ ਜੀ ਅੰਮ੍ਰਿਤਧਾਰੀ ਗੁਰਸਿੱਖ ਸਨ ਤੇ ਆਪ ਜੀ ਨੂੰ ਗੁਰਸਿੱਖੀ ਦੀ ਲਗਨ ਬਚਪਨ ਤੋਂ ਹੀ ਮਾਤਾ-ਪਿਤਾ ਜੀ ਤੋਂ ਲੱਗ ਗਈ ਸੀ। ਇਨ੍ਹਾਂ ਦੇ ਪਿਤਾ ਜੀ ਮਿਹਨਤ ਮਜ਼ਦੂਰੀ ਕਰਕੇ ਹੱਥੀਂ ਕ੍ਰਿਤ ਕਰਨ ਵਾਲੇ ਸਨ। ਇਨ੍ਹਾਂ ਨੇ ਆਪਣੀ ਮੁੱਢਲੀ ਸਿਖਿਆ ਪ੍ਰਾਇਮਰੀ ਤਾਈ ਪਿੰਡ ਦੇ ਸਕੂਲ ਤੋਂ ਲਈ ਅਤੇ ਘਰ ਦੀ ਮਾਇਕ ਹਾਲਤ ਕਮਜ਼ੋਰ ਹੋਣ ਕਾਰਨ ਅਗੇ ਪੜ੍ਹਾਈ ਜਾਰੀ ਨਾ ਰਖ ਸਕੇ। ਗੁਰਬਾਣੀ ਦੀ ਲਗਨ ਇੰਨੀ ਪ੍ਰਬਲ ਸੀ ਕਿ 11 ਸਾਲ ਦੀ ਉਮਰ ਵਿਚ ਹੀ ਸੁਖਮਨੀ ਸਾਹਿਬ ਦੀ ਬਾਣੀ ਕੰਠ ਕਰ ਲਈ। ਇਸ ਦੇ ਨਾਲ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦੀ ਸੰਥਿਆ ਲੈ ਕੇ ਅਖੰਡ-ਪਾਠੀ ਬਣ ਗਏ। ਇਨ੍ਹਾਂ ਦਾ ਅਨੰਦ ਕਾਰਜ ਸ. ਸੰਪੂਰਨ ਸਿੰਘ ਵਾਸੀ ਮਕਰੋਨਾ ਨੇੜੇ ਚਮਕੌਰ ਸਾਹਿਬ ਜ਼ਿਲ੍ਹਾ ਰੋਪੜ ਦੀ ਸਪੁੱਤਰੀ ਬੀਬੀ ਗੁਰਦਿਆਲ ਕੌਰ ਜੀ ਨਾਲ ਹੋਇਆ ਅਤੇ ਇਨ੍ਹਾਂ ਦੇ ਘਰ ਚਾਰ ਪੁੱਤਰਾਂ ਅਤੇ ਇਕ ਪੁੱਤਰੀ ਨੇ ਜਨਮ ਲਿਆ। ਇਹ ਬੀਬੀ ਵੀ ਗੁਰਸਿੱਖ ਪਰਿਵਾਰ ਨਾਲ ਸੰਬੰਧ ਰੱਖਣ ਕਰਕੇ ਗੁਰੂ ਘਰ ਦੀ ਪ੍ਰੇਮੀ ਤੇ ਸ਼ਰਧਾਲੂ ਸੀ।

ਇਨ੍ਹਾਂ ਨੇ ਆਪਣੀ ਦੁਨਿਆਵੀ ਕ੍ਰਿਤ ਵਾਸਤੇ ਰਿਹਾਇਸ਼ ਪਿੰਡ ਪੰਨੂਆਂ ਤੋਂ ਸਰਹੰਦ ਲੈ ਆਂਦੀ ਤੇ ਇਥੇ ਇਨ੍ਹਾਂ



www.AKJ.Org

ਦਾ ਮੇਲ ਭਾਈ ਬੁਧ ਸਿੰਘ ਜੀ ਨਾਲ ਹੋਇਆ, ਜੋ ਕਿ ਅਖੰਡ ਕੀਰਤਨੀ ਜਥੇ ਨਾਲ ਸੰਬੰਧਿਤ ਸਨ। ਉਨ੍ਹਾਂ ਦੇ ਉਦਮ ਨਾਲ ਸ੍ਰੀ ਫਤਿਹਗੜ੍ਹ ਸਾਹਿਬ ਅਤੇ ਲਾਗਲੇ ਇਲਾਕਿਆਂ ਵਿਚ ਅਖੰਡ ਪਾਠ ਅਤੇ ਰੈਣ ਸਬਾਈ ਕੀਰਤਨ ਹੁੰਦੇ ਰਹਿੰਦੇ ਸਨ। ਇਨ੍ਹਾਂ ਦੇ ਰਾਹੀਂ ਆਪ ਜੀ ਨੂੰ ਵੀ ਸਿੰਘਾਂ ਦੀ ਸੰਗਤ ਪ੍ਰਾਪਤ ਹੋ ਗਈ ਤੇ ਭਾਈ ਸਾਹਿਬ ਜੀ ਨਾਲ ਵੀ ਮੇਲ ਮਿਲਾਪ ਹੋ ਗਿਆ। ਥੋੜ੍ਹੇ ਸਮੇਂ ਬਾਅਦ ਹੀ ਆਪ ਜੀ ਸਿੰਘਣੀ ਸਮੇਤ ਅੰਮ੍ਰਿਤ ਛੱਕ ਕੇ ਤਿਆਰ ਬਰ ਤਿਆਰ ਹੋ ਗਏ ਤੇ ਨਾਮ ਬਾਣੀ ਦੇ ਲਾਹੇ ਲੈਣ ਲੱਗ ਪਏ।

ਭਾਈ ਸਾਹਿਬ ਜੀ ਦਾ ਇੰਨ੍ਹਾਂ ਨਾਲ ਇਤਨਾ ਪ੍ਰੇਮ ਵੱਧ ਗਿਆ ਕਿ ਉਨ੍ਹਾਂ ਨੇ ਰੇਲਵੇ ਵਿਭਾਗ ਵਿਚ ਨੌਕਰੀ ਕਰਦੇ ਭਾਈ ਜੋਧ ਸਿੰਘ ਰਾਹੀਂ ਉਨ੍ਹਾਂ ਨੂੰ ਰੇਲਵੇ ਲਾਈਨ ਤੇ ਲੱਗੇ ਫਾਟਕ ਉਪਰ ਗੇਟ ਕੀਪਰ ਲਗਵਾ ਦਿੱਤਾ। ਪਿੰਡ ਕੌਲੀ (ਨੇੜੇ ਖੰਨਾ) ਵਿਚ ਆਪ ਇਹ ਡਿਊਟੀ ਸੰਨ 1967 ਵਿਚ ਰਿਟਾਇਰਮੈਂਟ ਹੋਣ ਤਾਈਂ ਕਰਦੇ ਰਹੇ। ਆਪ ਜੀ ਦੇ ਪਰਿਵਾਰ ਦੀ ਰਿਹਾਇਸ਼ ਸਰਹੰਦ ਹੀ ਸੀ ਅਤੇ ਆਪ ਜੀ ਨੂੰ ਸਰਕਾਰੀ ਕੁਆਰਟਰ ਪਿੰਡ ਕੌਲੀ ਹੀ ਮਿਲਿਆ ਹੋਇਆ ਸੀ। ਉਥੋਂ ਉਹ ਲੁਧਿਆਣੇ ਤੇ ਹੋਰ ਥਾਵਾਂ ’ਤੇ ਪੁੱਜ ਕੇ ਸਮਾਗਮਾਂ ਦਾ ਅਨੰਦ ਮਾਣਦੇ ਰਹੇ। ਇਸ ਤਰ੍ਹਾਂ ਉਨ੍ਹਾਂ ਨੂੰ ਤਕਰੀਬਨ 11 ਸਾਲ ਭਾਈ ਸਾਹਿਬ ਜੀ ਦੀ ਸੰਗਤ ਅਤੇ ਸੇਵਾ ਕਰਨ ਦਾ ਅਵਸਰ ਮਿਲਦਾ ਰਿਹਾ। ਉਹ ਪਰਿਵਾਰ ਵਿਚ ਜਾ ਕੇ ਰਹਿਣ ਦੀ ਬਜਾਏ, ਬਹੁਤ ਸਮਾਂ ਸਤਿਸੰਗ ਮੰਡਲਾਂ ਵਿਚ ਹੀ ਗੁਜ਼ਾਰਦੇ ਸਨ। ਜਿਥੇ ਵੀ ਸ੍ਰੀ ਅਖੰਡ ਪਾਠ ਸਮਾਗਮ ਹੋਣਾ, ਉਥੇ ਸੇਵਾ ਲਈ ਧਾਅ ਕੇ ਪੁੱਜ ਜਾਂਦੇ ਸਨ। ਉਹ ਕ੍ਰਿਤ ਕਰਨ ਦੇ ਨਾਲ ਨਾਲ ਵੰਡ ਛਕਣ ਅਤੇ ਦਸਵੰਧ ਕੱਢਣ ਦੇ ਅਸੂਲ ’ਤੇ ਦ੍ਰਿੜ੍ਹਤਾ ਨਾਲ ਪਹਿਰਾ ਦਿੰਦੇ ਰਹੇ। ਬਚਪਨ ਤੋਂ ਹੀ ਗੁਰਸਿਖੀ ਦੀ ਨੀਂਹ ਪੱਕੀ ਹੋਣ ਕਰਕੇ, ਸੌ ਸਾਲ ਦੀ ਉਮਰ ਤਾਈਂ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਸੇਵਾ ਨਿਭਾਉਂਦੇ ਰਹੇ। ਫ਼ਤਿਹਗੜ੍ਹ ਸਾਹਿਬ, ਚੰਡੀਗੜ੍ਹ ਦੇ ਇਲਾਕੇ ਵਿਚ ਆਪ ਬਹੁਤ ਹੀ ਹਰਮਨ ਪਿਆਰੇ ਸਨ। ਇਕੋ ਚੌਂਕੜੇ ਵਿਚ ਕਈ ਕਈ ਘੰਟੇ ਪਾਠ ਕਰਦੇ ਰਹਿੰਦੇ ਸਨ। ਆਪ ਬਾਣੀ ਦੇ ਪਾਠ ਦੇ ਸ਼ੁੱਧ ਉਚਾਰਨ ਵਿਚ ਖ਼ਾਸ ਮੁਹਾਰਤ ਰੱਖਦੇ ਸਨ।

ਉਹ ਔਖੇ ਤੇ ਔਖੇ ਸਮੇਂ ਵੀ ਕਿਸੇ ਨੂੰ ਖੇਚਲ ਦੇ ਕੇ ਰਾਜ਼ੀ ਨਹੀਂ ਸਨ। ਆਪਣੀ ਸਾਰੀਆਂ ਸਰੀਰਕ ਕਿਰਿਆਵਾਂ ਵੀ ਹੱਥੀਂ ਹੀ ਕਰਦੇ ਸਨ। ਸੰਨ 1967 ਵਿਚ ਰਿਟਾਇਰਮੈਂਟ ਤੋਂ ਬਾਅਦ ਉਹ ਚਕਰਵਰਤੀ ਹੋ ਕੇ ਵਿਚਰਣ ਲਗ ਪਏ। ਸਿੰਘਣੀ ਦੀ ਚੜ੍ਹਾਈ ਕਰਨ ਤੋਂ ਬਾਅਦ ਘਰੇਲੂ ਮਾਹੌਲ ਗੁਰਮਤਿ ਦੇ ਅਨੁਕੂਲ ਨਾ ਹੋਣ ਕਰਕੇ ਆਪ ਜੀ ਨੇ ਘਰ ਜਾਣਾ ਛੱਡ ਦਿੱਤਾ ਅਤੇ ਕੇਵਲ ਗੁਰਸਿਖਾਂ ਦੇ ਸੰਗ ਸਾਥ ਹੀ ਵਿਚਰਨਾ ਸ਼ੁਰੂ ਕਰ ਦਿੱਤਾ।

ਸ੍ਰੀ ਅੰਮ੍ਰਿਤਸਰ, ਹਰ ਮਹੀਨੇ ਗੁਰਦੁਆਰਾ ਬਿਬੇਕਸਰ ਵਿਖੇ ਹੋਣ ਵਾਲੇ ਰੈਣ ਸਬਾਈ ਕੀਰਤਨ ਦੀ ਹਾਜ਼ਰੀ ਵੀ ਉਹ ਜ਼ਰੂਰ ਭਰਦੇ ਸਨ ਤੇ ਨਾਲ ਹੀ ਸ੍ਰੀ ਦਰਬਾਰ ਸਾਹਿਬ ਜੀ ਦੇ ਦਰਸ਼ਨ ਇਸ਼ਨਾਨ ਦਾ ਲਾਹਾ ਵੀ ਲੈਂਦੇ ਸਨ। ਚੜ੍ਹਾਈ ਕਰਨ ਤੋਂ ਪੰਜ ਕੁ ਸਾਲ ਪਹਿਲਾਂ ਇਸੇ ਰੈਣ ਸਬਾਈ ਕੀਰਤਨ ਉੱਪਰ, ਉਨ੍ਹਾਂ ਦਾ ਇਕ ਅੰਮ੍ਰਿਤਸਰ ਨਿਵਾਸੀ ਸਿੰਘ ਜਿਸ ਦਾ ਗ੍ਰਹਿ ਸ੍ਰੀ ਦਰਬਾਰ ਸਾਹਿਬ ਜੀ ਕੋਲ ਹੈ, ਨਾਲ ਮੇਲ ਮਿਲਾਪ ਹੋ ਗਿਆ। ਉਹ ਸਿੰਘ, ਇਨ੍ਹਾਂ ਦੇ ਹੋਰ 2-3 ਸਾਥੀ ਅਖੰਡ ਪਾਠੀ ਸਿੰਘਾਂ ਨੂੰ ਆਪਣੇ ਘਰ ਲੈ ਗਿਆ। ਇਥੇ ਇਨ੍ਹਾਂ ਸਿੰਘਾਂ ਨੇ ਸ੍ਰੀ ਅਖੰਡ ਪਾਠ ਦੀ ਸੇਵਾ ਕੀਤੀ ਅਤੇ 10-12 ਦਿਨ ਇਥੇ ਰਹਿ ਕੇ ਨਾਮ ਬਾਣੀ ਦੇ ਲਾਹਿਆਂ ਨਾਲ-ਨਾਲ ਸ੍ਰੀ ਦਰਬਾਰ ਸਾਹਿਬ ਜੀ ਦੀਆਂ ਹਾਜ਼ਰੀਆਂ ਭਰਦੇ ਰਹੇ। ਇਸ ਤਰ੍ਹਾਂ ਇਸ ਸਿੰਘ ਨਾਲ ਆਪ ਜੀ ਦੀਆਂ ਪੀਢੀਆਂ ਪ੍ਰੇਮ ਗੰਢਾਂ ਪੈ ਗਈਆਂ ਅਤੇ ਹਰ ਮਹੀਨੇ 10-12 ਦਿਨ ਇਥੇ ਆ ਕੇ ਠਹਿਰਨਾ ਸ਼ੁਰੂ ਕਰ ਦਿੱਤਾ। ਆਪ ਉਸ ਸਿੰਘ ਦੇ ਗ੍ਰਹਿ ਇਕ ਸਹਿਜ ਪਾਠ ਆਰੰਭ ਕਰ ਲੈਂਦੇ ਸਨ ਜਿਸ ਦਾ 8-10 ਦਿਨ ਵਿਚ ਭੋਗ ਪਾ ਲੈਂਦੇ ਸਨ। ਇਸ ਪਰਿਵਾਰ ਦੀਆਂ ਬੱਚੀਆਂ ਵੀ ਆਪ ਜੀ ਕੋਲੋਂ ਪਾਠ ਸੁਣ ਕੇ ਅਤੇ ਗੁਰਬਾਦੀ ਦੇ ਪਾਠ ਦੀ ਸੰਥਿਆ ਲੈ ਕੇ ਅਨੰਦ ਪ੍ਰਸੰਨ ਹੁੰਦੀਆਂ ਸਨ ਤੇ ਹਿਤੋਂ-ਚਿਤੋਂ ਆਪ ਦੀ ਟਹਿਲ ਸੇਵਾ ਕਰਦੀਆਂ ਸਨ।

ਅਕਤੂਬਰ 2007 ਦੇ ਦਿੱਲੀ ਦਸਹਿਰੇ ਸਮਾਗਮ ਵੇਲੇ ਆਪ ਜੀ ਨੇ ਇਸ ਪ੍ਰੇਮੀ ਸਿੰਘ ਨੂੰ ਕਿਹਾ ਕਿ ਮੇਰੇ ਚੜ੍ਹਾਈ ਕਰਨ ਜਾਣ ਤੋਂ ਬਾਅਦ, ਮੇਰੀ ਚਿਖਾ ਨੂੰ ਤੈਂ ਹੀ ਅੱਗ ਲਗਾਉਣੀ ਹੈ। ਸਿੰਘ ਨੇ ਅਗੋਂ ਕਿਹਾ ਕਿ ਆਪ ਜੀ ਤਾਂ



www.AKJ.Org

ਚਕਰਵਰਤੀ ਹੋ, ਚੜ੍ਹਾਂਈ ਕਰਨ ਵੇਲੇ ਪਤਾ ਨਹੀਂ ਆਪ ਕਿੱਥੇ ਹੋਵੇਗੀ? ਅਗੋਂ ਆਪ ਜੀ ਨੇ ਕਿਹਾ ਕਿ ਚੜ੍ਹਾਈ ਕਰਨ ਵੇਲੇ ਮੈਂ ਆਪ ਜੀ ਕੋਲ ਪਹੁੰਚ ਜਾਵਾਂਗਾ। ਭਾਣੇ ਅੰਦਰ ਆਪ 31 ਅਕਤੂਬਰ 2007 ਨੂੰ ਮਾਸਿਕ ਰੈਣ ਸਬਾਈ ਕੀਰਤਨ ਤੇ ਸ੍ਰੀ ਅੰਮ੍ਰਿਤਸਰ ਪਹੁੰਚ ਗਏ। ਇਸ ਦੌਰਾਨ 3-4 ਦਿਨ ਤੇਜ ਬੁਖਾਰ ਹੋਣ ਕਰਕੇ ਆਪ ਦਾ ਸਰੀਰ ਨਿਢਾਲ ਹੋ ਗਿਆ। 4 ਨਵੰਬਰ 2007 ਸ਼ਾਮ ਨੂੰ ਆਪ ਜੀ ਪ੍ਰਕਰਮਾ ਬੈਠੇ ਸਨ ਤੇ ਸਿੰਘ ਨੂੰ ਕਿਹਾ ਕਿ ਤੁਸੀਂ ਚਲੋ, ਮੈਂ ਆਪ ਹੀ ਘਰ ਪਹੁੰਚ ਜਾਵਾਂਗਾ। ਇਸ ਸਿੰਘ ਦਾ ਇਕ ਹੋਰ ਗੁਆਢੀ ਸਿੰਘ ਭਾਈ ਜਗਜੀਤ ਸਿੰਘ ਜੈ ਪੁਰ ਨਿਵਾਸੀ ਜੋ ਉਸ ਵੇਲੇ ਸ੍ਰੀ ਅੰਮ੍ਰਿਤਸਰ ਰਹਿੰਦੇ ਸਨ, ਆਪ ਜੀ ਨੂੰ ਆਪਣੇ ਘਰ ਲੈ ਆਇਆ। ਘਰ ਆਉਂਦਿਆ ਹੀ ਆਪ ਜੀ ਬੇਹੋਸ਼ ਹੋ ਗਏ। ਭਾਈ ਜਗਜੀਤ ਸਿੰਘ ਜੀ ਨੇ ਅੰਮ੍ਰਿਤਸਰ ਨਿਵਾਸੀ ਇਕ ਹੋਰ ਸਿੰਘ ਅਤੇ ਆਪ ਦੇ ਪੁਰਾਣੇ ਪ੍ਰੇਮੀ ਸਿੰਘ ਦੀ ਮਦਦ ਨਾਲ ਆਪ ਜੀ ਨੂੰ ਹਸਪਤਾਲ ਦਾਖਲ ਕਰਵਾ ਕੇ ਇਲਾਜ ਸ਼ੁਰੂ ਕਰ ਦਿੱਤਾ। ਆਪ ਜੀ ਪੰਜ ਦਿਨ ਹਸਪਤਾਲ ਰਹੇ, ਪਰ ਦੁਬਾਰਾ ਸੁਰਤ ਨਹੀਂ ਆਈ ਅਤੇ ਉੱਥੇ ਹੀ ਆਪ ਜੀ 9 ਨਵੰਬਰ 2007 ਨੂੰ ਬੰਦੀ ਛੋੜ ਦਿਵਸ ਵਾਲੇ ਦਿਨ ਸਵੇਰੇ ਸਾਢੇ ਨੌਂ ਵਜੇ, ਆਪਣਾ ਪੰਜ ਭੂਤਕ ਸਰੀਰ ਚੋਲਾ ਛੱਡ ਕੇ ਗੁਰੂ ਚਰਨਾਂ ਵਿਚ ਜਾ ਬਿਰਾਜੇ।

ਉਨ੍ਹਾਂ ਦੇ ਮ੍ਰਿਤਕ ਸਰੀਰ ਨੂੰ ਉਸੇ ਦਿਨ ਸ਼ਾਮ ਨੂੰ 5 ਵਜੇ ਗੁਰਸਿਖ ਸੰਗਤਾਂ ਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਦੀ ਹਾਜਰੀ ਵਿਚ ਅਗਨ ਭੇਟ ਕਰ ਦਿੱਤਾ ਗਿਆ, ਉਨ੍ਹਾਂ ਦੇ ਕੀਤੇ ਬਚਨ ਅਨੁਸਾਰ ਉਨ੍ਹਾਂ ਦੀ ਚਿਖਾ ਨੂੰ ਅਗਨੀ, ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਦੇ ਹਾਜ਼ਰ ਹੋਣ ਦੇ ਬਾਵਜੂਦ ਵੀ ਉਨ੍ਹਾਂ ਦੇ ਪ੍ਰੇਮੀ ਸਿੰਘ ਵਲੋਂ ਹੀ ਲਗਾਈ ਗਈ। ਉਨ੍ਹਾਂ ਦੇ ਪ੍ਰੇਮੀ ਅਤੇ ਸ੍ਰੀ ਅੰਮ੍ਰਿਤਸਰ ਨਿਵਾਸੀ ਸਿਖ ਸੰਗਤਾਂ ਵੱਲੋਂ ਸ੍ਰੀ ਅਖੰਡ ਪਾਠ ਅਤੇ ਕੀਰਤਨ ਸਮਾਗਮ ਉਨ੍ਹਾਂ ਦੇ ਨਮਿਤ ਗੁਰਦੁਆਰਾ ਰੰਗਲੇ ਸਜਣ ਟਰੱਸਟ ਬਾਬਾ ਸਾਹਿਬ ਚੌਂਕ ਵਿਖੇ ਹੋਏ, ਜਿਸ ਵਿਚ ਚੰਡੀਗੜ੍ਹ, ਫ਼ਤਹਿਗੜ੍ਹ ਸਾਹਿਬ ਅਤੇ ਹੋਰ ਸ਼ਹਿਰਾਂ ਦੀਆਂ ਸੰਗਤਾਂ ਹਾਜ਼ਿਰ ਹੋਈਆਂ ਅਤੇ ਵਿਛੜੀ ਰੂਹ ਨੂੰ ਨਾਮ ਬਾਣੀ ਕੀਰਤਨ ਰਾਹੀਂ ਅਸੀਸਾਂ ਬਖਸ਼ੀਆਂ। ਉਨ੍ਹਾਂ ਦੇ ਹਸਪਤਾਲ ਵਿਚ ਇਲਾਜ, ਸਸਕਾਰ ਤੇ ਅਰਦਾਸ ਸਮਾਗਮ ਦਾ ਸਾਰਾ ਖਰਚਾ ਸ੍ਰੀ ਅੰਮ੍ਰਿਤਸਰ ਉਨ੍ਹਾਂ ਦੇ ਪ੍ਰੇਮੀ ਸਿੰਘ ਵਲੋਂ ਕੀਤਾ ਗਿਆ ਸੀ।

ਇਹ ਵੀ ਪਤਾ ਲਗਾ ਹੈ ਕਿ ਉਨ੍ਹਾਂ ਨੇ ਆਪਣੀ ਪੈਨਸ਼ਨ ਵਿਚੋਂ 40000 ਰੁਪਏ ਦੀ ਰਕਮ ਚੰਡੀਗੜ੍ਹ ਨਿਵਾਸੀ ਇਕ ਸਿੰਘ ਕੋਲ ਆਪਣੇ ਇਲਾਜ ਅਤੇ ਅਖ਼ੀਰਲੇ ਭੋਗ ਸਮਾਗਮ ਵਾਸਤੇ ਰੱਖੀ ਹੋਈ ਸੀ। ਬਾਅਦ ਵਿਚ ਉਸ ਸਿੰਘ ਨੇ ਇਹ ਰਕਮ ਇਮਾਨਦਾਰੀ ਦਿਖਾਂਦਿਆਂ ਸ੍ਰੀ ਅੰਮ੍ਰਿਤਸਰ ਨਿਵਾਸੀ ਸਿੰਘ ਵਲੋਂ ਕੀਤੇ ਖ਼ਰਚ ਲਈ ਦੇਣ ਦੀ ਪੇਸ਼ਕਸ਼ ਕੀਤੀ ਪਰ ਇਸ ਪ੍ਰੇਮੀ ਸਿੰਘ ਨੇ ਉਹ ਰਕਮ ਲੇਣ ਤੋਂ ਨਾਂਹ ਕਰ ਦਿੱਤੀ।

*(ਭਾਈ ਕਮਲਜੀਤ ਸਿੰਘ ਬਠਿੰਡਾ (ਸ੍ਰੀ ਅੰਮ੍ਰਿਤਸਰ) ਅਤੇ*
*ਭਾਈ ਰਣ ਸਿੰਘ ਜੀ ਦੇ ਸਪੁੱਤਰ ਵਲੋਂ ਦਿੱਤੀ ਸੂਚਨਾ ਦੇ ਆਧਾਰ 'ਤੇ)*

# ਭਾਈ ਮਨਮੋਹਨ ਸਿੰਘ ਜੀ, ਗਜ਼ਲ-ਗੋ, ਨਵੀਂ ਦਿੱਲੀ

ਭਾਈ ਗੁਰਦੀਪ ਸਿੰਘ, ਸ੍ਰੀ ਅੰਮ੍ਰਿਤਸਰ

ਕੀਰਤਨ ਸਮਾਗਮਾਂ ਵਿਚ ਕੀਰਤਨੀਆਂ ਦੇ ਪਿੱਛੇ ਸਜ ਕੇ ਫਾਰਸੀ ਦੀਆਂ ਗਜ਼ਲਾਂ ਦੇ ਪ੍ਰਮਾਣ ਦੇਣ ਕਰਕੇ ਗਜ਼ਲ-ਗੋ ਦੇ ਨਾਮ ਨਾਲ ਜਾਣੇ ਜਾਂਦੇ ਭਾਈ ਮਨਮੋਹਨ ਸਿੰਘ ਜੀ ਦਾ ਜਨਮ ਅਗਸਤ 1915 ਵਿਚ ਪਿੰਡ ਦਾਦਲ ਖਾਂ ਜ਼ਿਲ੍ਹਾ ਜੇਹਲਮ ਪਾਕਿਸਤਾਨ ਵਿਚ ਸ. ਲਾਲ ਸਿੰਘ ਅਤੇ ਮਾਤਾ ਮਾਇਆ ਦੇਵੀ ਦੇ ਘਰ ਹੋਇਆ। ਆਪ ਜੀ ਦੇ ਪਿਤਾ ਜੀ ਤਾਂ ਗੁਰਸਿੱਖ ਪ੍ਰੀਵਾਰ ਵਿਚੋਂ ਸਨ ਤੇ ਮਾਤਾ ਜੀ ਸਹਿਜਧਾਰੀ ਪ੍ਰੀਵਾਰ ਵਿਚੋਂ ਸਨ। ਗੁਰਸਿਖੀ ਦੀ ਲਗਨ


www.AKJ.Org

ਅਤੇ ਪ੍ਰੇਮ ਬਚਪਨ ਤੋਂ ਪਿਤਾ ਜੀ ਦੀ ਸੰਗਤ ਨਾਲ ਲੱਗ ਗਿਆ। ਆਪ ਜੀ ਨੇ ਮੁੱਢਲੀ ਵਿਦਿਆ ਪਿੰਡ ਦੇ ਸਕੂਲ ਤੋਂ ਲਈ ਅਤੇ ਬੀ.ਏ. ਲਾਇਲਪੁਰ (ਪਾਕਿਸਤਾਨ) ਵਿਚ ਖਾਲਸਾ ਕਾਲਜ ਤੋਂ ਪਾਸ ਕੀਤੀ। ਆਪ ਜੀ ਗੁਰਮੁਖੀ, ਉਰਦੂ, ਫਾਰਸੀ, ਅੰਗਰੇਜ਼ੀ ਭਾਸ਼ਾਵਾਂ ਦੇ ਮਾਹਿਰ ਸਨ। ਫਾਰਸੀ ਦਾ ਆਪ ਜੀ ਨੂੰ ਬਹੁਤ ਸ਼ੌਂਕ ਸੀ ਅਤੇ ਭਾਈ ਨੰਦ ਲਾਲ ਜੀ ਦੀਆਂ ਗਜ਼ਲਾਂ ਜ਼ਬਾਨੀ ਕੰਠ ਸਨ। ਪਾਕਿਸਤਾਨ ਰਹਿੰਦੇ ਸਮੇਂ ਆਪ ਨੇ ਪਹਿਲਾਂ ਪਟਵਾਰੀ ਦੀ ਨੌਕਰੀ ਸ਼ੁਰੂ ਕੀਤੀ। ਫਿਰ ਪਾਕਿਸਤਾਨ ਬਣਨ ਤੋਂ ਬਾਅਦ ਦਿੱਲੀ ਵਿਚ ਆ ਕੇ ਲਕੜੀ ਦੀ ਠੇਕੇਦਾਰੀ ਦਾ ਕੰਮ ਸ਼ੁਰੂ ਕੀਤਾ ਜੋ ਅਖੀਰ ਤਾਈਂ ਕਰਦੇ ਰਹੇ।

ਸੰਨ 1948 ਵਿਚ ਆਪ ਜੀ ਦਾ ਅਨੰਦ ਕਾਰਜ ਬੀਬੀ ਅਮਰਜੀਤ ਕੌਰ ਜੀ (ਜੋ ਸਹਿਜਧਾਰੀ ਪ੍ਰੀਵਾਰ ਵਿਚੋਂ ਸਨ) ਪੁੱਤਰੀ ਨਿਹਾਲ ਚੰਦ ਉਰਫ ਠਾਕਰ ਦਾਸ ਵਾਸੀ ਲਾਇਲਪੁਰ (ਪਾਕਿਸਤਾਨ) ਨਾਲ ਹੋਇਆ। ਬੀਬੀ ਜੀ ਦਾ ਅੰਮ੍ਰਿਤ ਛਕਣ ਤੋਂ ਪਹਿਲਾਂ ਨਾਮ ਸ਼ੁਸ਼ੀਲਾ ਦੇਵੀ ਸੀ। ਆਪ ਦੀ ਸਿੰਘਣੀ ਬਹੁਤ ਪੜ੍ਹੀ-ਲਿਖੀ, ਵਿਦਵਾਨ ਤੇ ਗੁਰਮਤਿ ਦੇ ਗੂੜ ਵਿਸ਼ਿਆਂ ਦੇ ਖੋਜ ਭਰਪੂਰ ਲੇਖਾਂ ਦੀ ਲਿਖਾਰੀ ਸੀ। ਅੰਮ੍ਰਿਤ ਛਕਣ ਵੇਲੇ ਦ੍ਰਿੜਾਈ ਜਾਂਦੀ ਪੰਜ ਕਕਾਰੀ ਰਹਿਤ ਕੇਸਕੀ ਕਕਾਰ ਸੰਬੰਧੀ ਆਪ ਜੀ ਦਾ ਲਿਖਿਆ ਟ੍ਰੈਕਟ "ਗੁਰਮਤਿ ਰਹਿਣੀ" ਸੰਗਤਾਂ ਵਲੋਂ ਬਹੁਤ ਹੀ ਸਰਾਹਿਆ ਗਿਆ ਸੀ। ਉਨ੍ਹਾਂ ਦੇ ਜੀਵਨ ਦਾ ਵੇਰਵਾ ਵਿਸਤਾਰ ਸਹਿਤ ਅਗਲੇ ਪੰਨਿਆਂ ਤੇ ਦਿੱਤਾ ਗਿਆ ਹੈ।

ਆਪ ਜੀ ਨੂੰ ਜਥੇ ਦੀ ਸੰਗਤ, ਸਭ ਤੋਂ ਪਹਿਲਾਂ ਦਿੱਲੀ ਆਣ ਕੇ, ਭਾਈ ਅਵਤਾਰ ਸਿੰਘ ਜੀ ਜੋ ਜਥੇ ਵਿਚ ਖੜਤਾਲੀ ਜਥੇ ਵਜੋਂ ਮਸ਼ਹੂਰ ਸਨ ਅਤੇ ਆਪਣੀ ਸਿੰਘਣੀ ਸਮੇਤ ਹਰ ਰੋਜ਼ ਮਾਡਲ ਟਾਊਨ ਗੁਰਦੁਆਰੇ ਕੀਰਤਨ ਕਰਦੇ ਸਨ, ਦੇ ਮੇਲ ਮਿਲਾਪ ਨਾਲ ਗੁਰਦੁਆਰੇ ਤੋਂ ਹੀ ਹੋਈ। ਉੱਥੇ ਹੀ ਭਾਈ ਦਰਸ਼ਨ ਸਿੰਘ (ਭਰਾ ਜੀ) ਭਾਈ ਅਜੀਤ ਸਿੰਘ ਜੀ ਭਾਈ ਨਿਰਲੇਪ ਸਿੰਘ ਜੀ ਅਤੇ ਜਥੇ ਦੇ ਕੁਝ ਹੋਰ ਪੁਰਾਤਨ ਸਿੰਘ ਪ੍ਰੀਵਾਰਾਂ ਸਮੇਤ ਰਹਿੰਦੇ ਸਨ। ਫਿਰ ਉਨ੍ਹਾਂ ਦੀ ਸੰਗਤ ਮਾਨਣ ਦਾ ਸੁਭਾਗ ਵੀ ਮਿਲਦਾ ਰਿਹਾ।

ਆਪ ਜੀ ਦੀ ਸਿੰਘਣੀ ਬੀਬੀ ਅਮਰਜੀਤ ਕੌਰ ਜੀ ਦੇ ਲਾਇਲਪੁਰ ਰਹਿਣ ਸਮੇਂ ਮਾਸਟਰ ਸੁੰਦਰ ਸਿੰਘ ਜੀ ਜਲੰਧਰ ਵਾਲਿਆਂ ਦੇ ਪ੍ਰੀਵਾਰ ਨਾਲ ਸੰਬੰਧ ਜੁੜ ਗਏ ਸਨ ਕਿਉਂਕਿ ਉਨ੍ਹਾਂ ਦੀ ਸਪੁੱਤਰੀ ਡਾਕਟਰ ਕੁਲਦੀਪ ਕੌਰ ਜੀ ਆਪ ਜੀ ਦੀ ਹਮ-ਜਮਾਤੀ ਸੀ ਤੇ ਪੱਕੀ ਸਹੇਲੀ ਬਣੀ ਹੋਈ ਸੀ। ਇਸ ਕਰਕੇ ਇੰਨ੍ਹਾਂ ਦੀ ਸਿੰਘਣੀ ਨੂੰ ਵੀ ਜਥੇ ਦੀ ਸੰਗਤ ਪ੍ਰਾਪਤ ਹੁੰਦੀ ਰਹੀ ਸੀ। ਦਿੱਲੀ ਆਉਣ ਤੇ ਹੋਰ ਗੁਰਸਿੱਖ ਪ੍ਰੀਵਾਰਾ ਨਾਲ ਸਬੰਧ ਜੁੜਨ ਤੇ ਸੰਗਤ ਕਰਕੇ ਸੰਨ 1950-51 ਵਿਚ ਆਪ ਜੀ ਪ੍ਰੀਵਾਰ ਸਮੇਤ ਅੰਮ੍ਰਿਤ ਛੱਕ ਕੇ ਤਿਆਰ-ਬਰ-ਤਿਆਰ ਸਿੰਘ ਸਜ ਗਏ। ਆਪ ਜੀ ਦੀ ਸਿੰਘਣੀ, ਮਿਰਾਂਡਾ ਹਾਊਸ ਦਿੱਲੀ ਯੂਨੀਵਰਸਿਟੀ ਵਿਚ ਪ੍ਰੋਫੈਸਰ ਤੇ ਉੱਚ ਅਹੁਦੇ ਤੇ ਲੱਗੇ ਰਹੇ। ਫਿਰ ਮਾਤਾ ਸੁੰਦਰੀ ਕਾਲਜ ਦੇ ਪ੍ਰਿੰਸੀਪਲ ਵੀ ਲੱਗੇ ਰਹੇ ਪਰ ਉਹ ਇਨ੍ਹਾਂ ਉੱਚੇ ਅਹੁਦਿਆਂ ਤੇ ਕੇਸਕੀ ਸਮੇਤ ਪੰਜ ਕਕਾਰੀ ਰਹਿਤ ਧਾਰਨ ਕਰਕੇ ਹੀ ਆਪਣੀ ਡਿਊਟੀ ਨਿਭਾਉਂਦੇ ਰਹੇ। ਭਾਈ ਜੀਵਨ ਸਿੰਘ ਜੀ ਦਾ ਵੀ ਆਪ ਜੀ ਦੇ ਪ੍ਰੀਵਾਰ ਨਾਲ ਬਹੁਤ ਪ੍ਰੇਮ-ਪਿਆਰ ਸੀ ਅਤੇ ਉਹ ਗਾਹੇ ਬਗਾਹੇ ਇੰਨ੍ਹਾਂ ਦੇ ਗ੍ਰਿਹਿ ਵਿਚ ਦਰਸ਼ਨ ਦਿੰਦੇ ਰਹਿੰਦੇ ਸਨ।

ਜਥੇ ਵਿਚ ਅੰਮ੍ਰਿਤ ਛੱਕਣ ਤੋਂ ਬਾਅਦ ਆਪ ਜੀ ਕੀਰਤਨੀਆਂ ਪਿੱਛੇ ਸੱਜ ਕੇ, ਭਾਈ ਨੰਦ ਲਾਲ ਜੀ ਦੀਆਂ ਗਜ਼ਲਾਂ ਦੇ, ਚਲ ਰਹੇ ਗੁਰਬਾਣੀ ਦੇ ਸ਼ਬਦਾਂ ਦੇ ਭਾਵਾਂ ਨਾਲ ਮਿਲਦੇ-ਜੁਲਦੇ ਪ੍ਰਮਾਣ ਕੀਰਤਨ ਵਿਚ ਦਿੰਦੇ ਸਨ। ਇਸ ਤਰ੍ਹਾਂ ਆਪ ਜੀ ਨੂੰ ਗਜ਼ਲ-ਗੋ ਦੇ ਖਿਤਾਬ ਨਾਲ ਮੁਖਾਤਬ ਕੀਤਾ ਜਾਂਦਾ ਸੀ। ਦੇਸ਼ ਦੀ ਵੰਡ ਹੋਣ ਤੋਂ ਪਹਿਲਾਂ ਪੰਜਾਬ ਦੇ ਸਾਰੇ ਸਕੂਲਾਂ ਖਾਸ ਕਰ ਪਾਕਿਸਤਾਨ ਵਿਚ ਪੈਂਦੇ ਇਲਾਕਿਆ ਵਿੱਚ ਫਾਰਸੀ ਪੜ੍ਹਾਈ ਜਾਂਦੀ ਸੀ। ਇਸ ਕਰਕੇ ਪੁਰਾਤਨ ਗੁਰਸਿੱਖ ਜੋ ਜ਼ਿਆਦਾਤਰ ਪਾਕਿਸਤਾਨ ਵਿਚ ਜੰਮੇ ਪਲੇ ਤੇ ਪੜ੍ਹੇ ਸਨ ਉਹ ਸਭ ਫਾਰਸੀ ਭਾਸ਼ਾ ਦੇ ਜਾਣਕਾਰ ਸਨ ਤੇ ਆਪ ਜੀ ਵਲੋਂ ਦਿੱਤੇ ਪ੍ਰਮਾਣਾਂ ਦਾ ਖੂਬ ਲੁਤਫ ਉਠਾਉਂਦੇ ਸਨ।

ਦਿੱਲੀ ਵਿਖੇ ਜਦੋਂ ਆਪ ਜੀ ਨੂੰ ਪੁਰਾਤਨ ਗੁਰਸਿੱਖਾਂ ਦੀ ਸੰਗਤ ਪ੍ਰਾਪਤ ਹੋ ਗਈ ਤੇ ਆਪ ਸੰਗਤੀ ਅੰਮ੍ਰਿਤ ਵੇਲੇ



www.AKJ.Org

ਦੀ ਹਾਜ਼ਰੀ ਵੀ ਭਰਿਆ ਕਰਦੇ ਸਨ। ਹੌਲੀ-ਹੌਲੀ ਆਪ ਜੀ ਦੀ ਅੰਮ੍ਰਿਤ ਵੇਲੇ ਦੀ ਸੰਭਾਲ ਪੱਕੀ ਹੋ ਗਈ। ਫਿਰ ਆਪ ਇੰਨ੍ਹਾਂ ਗੁਰਸਿੱਖਾਂ ਵਲੋਂ ਮਾਡਲ ਟਾਊਨ ਇਲਾਕੇ ਵਿਚ ਚਲਾਏ ਜਾ ਰਹੇ ਸ੍ਰੀ ਅਖੰਡ ਪਾਠਾਂ ਦੇ ਪ੍ਰਵਾਹ ਅਤੇ ਰੈਣ-ਸਬਾਈ ਕੀਰਤਨਾਂ ਤੋਂ ਇਲਾਵਾ, ਜਮਨਾ ਦਰਿਆ ਦੇ ਕੰਢੇ ਇਕਾਂਤ ਵਿਚ ਕੀਤੇ ਜਾਣ ਵਾਲੇ ਨਾਮ ਅਭਿਆਸ ਸਮਾਗਮਾਂ ਦੇ ਵੀ ਖੂਬ ਲਾਹੇ ਲੈਂਦੇ ਰਹੇ।

ਆਪ ਜੀ ਦਾ ਅੰਦਰ ਕੁਰਬਾਨੀ ਦਾ ਜ਼ਜ਼ਬਾ ਵੀ ਕੁੱਟ-ਕੁੱਟ ਕੇ ਭਰਿਆ ਹੋਇਆ ਸੀ। ਦੇਸ਼ ਅਜ਼ਾਦ ਹੋਣ ਤੋਂ ਪਹਿਲਾਂ ਪਾਕਿਸਤਾਨ ਰਹਿੰਦੇ ਸਮੇਂ, ਆਪ ਕਾਗਰਸ ਪਾਰਟੀ ਦੇ ਨਾਲ ਜੁੜ ਕੇ ਅਜ਼ਾਦੀ ਸੰਘਰਸ਼ ਵਿਚ ਹਿੱਸਾ ਪਾਉਂਦੇ ਰਹੇ। ਫਿਰ ਪੰਜਾਬੀ ਸੂਬੇ ਮੋਰਚੇ ਵੇਲੇ ਪਹਿਲਾਂ ਸੰਨ 1955 ਤੇ ਫਿਰ ਸੰਨ 1960 ਵਿਚ ਦੋ ਵਾਰੀ ਤਿਹਾੜ ਜੇਲ੍ਹ ਵਿਚ ਰਹਿ ਕੇ ਕੈਦ ਕੱਟੀ। ਆਪ ਜੀ ਗੁਰਮਤਿ ਸਾਹਿਤ ਖਾਸ ਕਰ ਭਾਈ ਸਾਹਿਬ ਜੀ ਦੀ ਪੁਸਤਕਾਂ ਨੂੰ ਸੰਗਤਾਂ ਤਾਈਂ ਪਹੁੰਚਾਉਣ ਦੀ ਵੱਡਮੁੱਲੀ ਸੇਵਾ ਵੀ ਕਰਦੇ ਰਹੇ। ਜਿੱਥੇ ਆਪ ਹੱਥੀ ਕਿਰਤ ਕਰਨ ਵਾਲੇ ਗੁਰਸਿੱਖ ਸਨ ਉੱਥੇ ਸੇਵਾ ਦੇ ਪੁੰਜ ਨਿਮਰਤਾ ਦੀ ਮੂਰਤ ਤੇ ਮਿੱਠ ਬੋਲੜੇ ਮਿਲਾਪੜੇ ਸੁਭਾਅ ਵਾਲੇ ਵੀ ਸਨ। ਸੜਕਾਂ ਤੇ ਖਿੱਲਰੇ ਪੱਥਰ, ਕੰਕਰ, ਰੋੜੇ ਵੀ ਪਰੇ ਕਰਦੇ ਰਹਿੰਦੇ ਸਨ ਤਾਂ ਕਿ ਕਿਸੇ ਦੇ ਲੱਗ ਕੇ ਦੁਖ ਨਾ ਦੇਣ। ਆਪ ਹਮੇਸ਼ਾਂ ਦੀਨ ਦੁਖੀ ਦੀ ਤਨ ਅਤੇ ਧਨ ਨਾਲ ਸੇਵਾ ਕਰਦੇ ਰਹਿੰਦੇ ਸਨ। ਠੰਡ ਤੋਂ ਬਚਣ ਲਈ ਆਪਣੇ ਸਰੀਰ ਤੇ ਪਹਿਲੀ ਸਵੈਟਰ/ਜੈਕਟ ਜਾਂ ਹੋਰ ਕਪੜੇ ਵੀ ਲੋੜਵੰਦਾ ਨੂੰ ਦੇ ਆਉਂਦੇ ਸਨ। ਸੰਨ 1984 ਵਿਚ ਸਿੱਖਾਂ ਦੀ ਕਤਲੋਗਾਰਤ ਤੋਂ ਬਾਅਦ ਆਪ ਦਾ ਕਾਰੋਬਾਰ ਬਿਲਕੁਲ ਠੱਪ ਹੋ ਗਿਆ।

ਆਪ ਦੀ ਸਿਹਤ ਪਹਿਲਾਂ ਕਾਫੀ ਠੀਕ ਰਹੀ, ਪਰ ਸੰਨ 1980 ਵਿਚ ਪਹਿਲਾਂ ਹਾਰਟ ਅਟੈਕ ਹੋਇਆ ਤੇ ਫਿਰ ਦੂਸਰਾ ਸੰਨ 1990 ਵਿਚ ਹੋਇਆ। ਮਿਤੀ 19 ਮਈ 1990 ਨੂੰ ਦਿੱਲੀ ਵਿਚ ਆਪ ਇਸ ਹਾਰਟ ਅਟੈਕ ਕਾਰਨ ਆਪਣੇ ਪਿੱਛੇ ਸਿੰਘਣੀ, 3 ਲੜਕੇ ਅਤੇ 2 ਲੜਕੀਆਂ ਛੱਡ ਕੇ ਗੁਰੂ ਪੁਰੀ ਜਾ ਬਿਰਾਜੇ। ਆਪ ਜੀ ਦੇ ਸਾਰੇ ਬੱਚੇ ਗੁਰਸਿੱਖੀ ਵਿਚ ਪ੍ਰਪੱਕ, ਰਹਿਤ ਬਹਿਤ ਦੇ ਧਾਰਨੀ ਅਤੇ ਆਪ ਜੀ ਦੇ ਪਾਏ ਹੋਏ ਪੂਰਨਿਆਂ 'ਤੇ ਚੱਲ ਰਹੇ ਹਨ।

# ਬੀਬੀ ਅਮਰਜੀਤ ਕੌਰ ਜੀ, ਨਵੀਂ ਦਿੱਲੀ

ਭਾਈ ਗੁਰਦੀਪ ਸਿੰਘ, ਸ੍ਰੀ ਅੰਮ੍ਰਿਤਸਰ

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਵਲੋਂ ਇਕ ਗੁਰਮਤਿ ਸੁਧਾਰਕ ਅਤੇ ਆਦਰਸ਼ਵਾਦੀ ਗੁਰਸਿੱਖ ਵਜੋਂ, ਗੁਰੂ ਸਾਹਿਬ ਵਲੋਂ ਬੀਬੀਆਂ ਨੂੰ ਮਰਦਾਂ ਦੇ ਬਰਾਬਰ ਦਿੱਤੇ ਦਰਜੇ ਨੂੰ ਅਮਲੀ ਜਾਮਾ ਪਹੁੰਚਾਂਦਿਆਂ, ਜਿਥੇ ਅਨੇਕਾਂ ਬੀਬੀਆ ਨੂੰ ਕੀਰਤਨ ਕਰਨ ਲਈ ਉਤਸ਼ਾਹਿਤ ਕੀਤਾ, ਉੱਥੇ ਉੱਚ ਵਿਦਿਆ ਦਿਵਾ ਕੇ ਸਰਕਾਰੀ ਉੱਚ ਅਹੁਦਿਆਂ ਤੇ ਬਿਰਾਜਮਾਨ ਕਰਵਾ ਕੇ ਮਰਦਾਂ ਦੀ ਬਰਾਬਰੀ ਕਰਨ ਲਈ ਪੂਰੇ ਮੌਕੇ ਦਿਵਾਏ। ਜਥੇ ਵਿਚ ਤਿੰਨ ਬੀਬੀਆਂ ਤੇ ਨਾਮ ਵਰਣਨਯੋਗ ਹਨ ਜਿੰਨ੍ਹਾਂ ਨੇ ਕਾਲਜਾਂ ਤੇ ਯੂਨੀਵਰਸਿਟੀਆਂ ਵਿਚ ਪ੍ਰਿੰਸੀਪਲ ਅਤੇ ਵੱਖ-ਵੱਖ ਮਹਿਕਮਿਆਂ ਦੇ ਮੁੱਖੀ ਵਜੋਂ ਗੁਰਸਿੱਖੀ ਪਹਿਰਾਵੇ ਵਿਚ ਰਹਿ ਕੇ ਨੌਕਰੀ ਕੀਤੀ ਅਤੇ ਗੁਰਸਿੱਖੀ ਨੂੰ ਚਾਰ ਚੰਨ ਲਾਏ। ਇਹ ਬੀਬੀਆਂ ਸਨ : 1) ਬੀਬੀ ਇੰਦਰ ਕੌਰ ਜੀ ਰਾਵਲਪਿੰਡੀ, 2) ਡਾ. ਕੁਲਦੀਪ ਕੌਰ ਜੀ ਮੁਹਾਲੀ, 3) ਬੀਬੀ ਅਮਰਜੀਤ ਕੌਰ ਜੀ ਨਵੀਂ ਦਿੱਲੀ।

ਪ੍ਰਸਿੱਧ ਲੇਖਿਕਾ ਬੀਬੀ ਅਮਰਜੀਤ ਕੌਰ ਜੀ ਦਾ ਜਨਮ ਮਿਤੀ 30 ਜੂਨ 1925 ਨੂੰ ਸਹਿਜਧਾਰੀ ਪ੍ਰੀਵਾਰ ਵਿਚ ਪਿਤਾ ਨਿਹਾਲ ਚੰਦ ਉਰਫ ਠਾਕਰ ਦਾਸ ਦੇ ਘਰ ਪਿੰਡ ਜੜ੍ਹਾਵਾਲਾਂ ਜ਼ਿਲ੍ਹਾ ਲਾਇਲਪੁਰ ਪਾਕਿਸਤਾਨ ਵਿਚ ਹੋਇਆ।



www.AKJ.Org

ਆਪ ਜੀ ਦਾ ਅੰਮ੍ਰਿਤ ਛੱਕਣ ਤੋਂ ਪਹਿਲਾਂ ਬਚਪਨ ਦਾ ਨਾਂ ਸੁਸ਼ੀਲਾ ਦੇਵੀ ਸੀ। ਆਪ ਜੀ ਦੇ ਪਿਤਾ ਜੀ ਪਿੰਡ ਦੇ ਪਟਵਾਰੀ ਦਾ ਕੰਮ ਕਰਦੇ ਸਨ। ਇੰਨ੍ਹਾਂ ਦੇ ਪਿੰਡ ਵਿਚ ਹੀ ਮਾਸਟਰ ਸੁੰਦਰ ਸਿੰਘ ਜੀ ਜਲੰਧਰ ਵਾਲੇ ਪਾਕਿਸਤਾਨ ਬਣਨ ਤੋਂ ਪਹਿਲਾਂ ਰਹਿੰਦੇ ਸਨ ਤੇ ਪਿੰਡ ਦੇ ਨੇੜੇ ਹੀ ਕਿਸੇ ਸਕੂਲ ਵਿਚ ਮੁਖ ਅਧਿਆਪਕ ਸਨ। ਮਾਸਟਰ ਜੀ, ਭਾਈ ਸਾਹਿਬ ਜੀ ਦੇ ਸੰਗੀ ਸਾਥੀ ਅਤੇ ਜਥੇ ਦੇ ਸਿਰਕੱਢ ਰੰਗਲੇ ਸੱਜਣਾਂ ਵਿਚੋਂ ਸਨ। ਆਪ ਜੀ ਦੀ ਸਪੁੱਤਰੀ ਡਾਕਟਰ ਕੁਲਦੀਪ ਕੌਰ ਆਪ ਜੀ ਦੀ ਹਮ-ਜਮਾਤਣ ਸੀ। ਇਸ ਕਰਕੇ ਆਪ ਜੀ ਨੂੰ ਗੁਰਸਿੱਖੀ ਦੀ ਲਗਨ ਅਤੇ ਪ੍ਰੇਮ, ਆਪ ਦੀ ਗੁਰਮੁਖ ਸਖੀ ਸਹੇਲੀ ਅਤੇ ਉਨ੍ਹਾਂ ਦੇ ਗੁਰਮੁਖ ਪਿਤਾ ਤੋਂ ਬਚਪਨ ਤੋਂ ਹੀ ਲੱਗ ਗਿਆ ਸੀ।

1947 ਵਿਚ ਦੇਸ਼ ਦੀ ਵੰਡ ਤੋਂ ਬਾਅਦ ਆਪ ਜੀ ਦੇ ਪਿਤਾ ਜੀ ਪ੍ਰੀਵਾਰ ਸਮੇਤ ਪਾਕਿਸਤਾਨ ਤੋਂ ਉੱਜੜ ਕੇ ਦਿੱਲੀ ਆ ਵੱਸੇ। ਇੱਥੇ ਆ ਕੇ 1948 ਵਿਚ ਆਪ ਜੀ ਦਾ ਅਨੰਦ ਕਾਰਜ ਭਾਈ ਮਨਮੋਹਨ ਸਿੰਘ ਜੀ ਮਾਡਲ ਟਾਊਨ ਵਾਸੀ ਜਿਹੜੇ ਕਿ ਜਥੇ ਵਿਚ ਗਜ਼ਲ-ਗੋ ਦੇ ਨਾਮ ਨਾਲ ਮਸ਼ਹੂਰ ਹੋਏ, ਨਾਲ ਹੋਇਆ। ਆਪ ਜੀ ਦੇ ਘਰ 3 ਲੜਕੇ ਅਤੇ 2 ਲੜਕੀਆਂ ਨੇ ਜਨਮ ਲਿਆ। ਆਪ ਜੀ ਦਾ ਸਾਰਾ ਪ੍ਰੀਵਾਰ ਗੁਰੂ ਘਰ ਨਾਲ ਜੁੜਿਆ ਹੋਇਆ ਹੈ ਅਤੇ ਦੇਸ਼ਾਂ-ਵਿਦੇਸ਼ਾਂ ਵਿਚ ਉੱਚ ਅਹੁਦਿਆਂ ਤੇ ਬਿਰਾਜਮਾਨ ਹੋ ਕੇ ਆਪ ਦੀ ਪ੍ਰੇਰਨਾ ਕਰਕੇ ਬਖਸ਼ੀ ਹੋਈ ਗੁਰਸਿਖੀ ਕਮਾ ਰਿਹਾ ਹੈ। ਇਕ ਲੜਕਾ ਭਾਈ ਪ੍ਰੇਮ ਸਿੰਘ ਜੀ ਦਿੱਲੀ ਵਿਚ ਹੀ ਪਿਤਾ ਪੁਰਖੀ ਲਕੜੀ ਦਾ ਕੰਮ ਕਰ ਰਿਹਾ ਹੈ।

ਆਪ ਜੀ ਨੇ ਮੁੱਢਲੀ ਵਿਦਿਆ ਦਸਵੀਂ ਤਾਈਂ ਪਿੰਡ ਦੇ ਸਕੂਲ ਜੜ੍ਹਾਂਵਾਲਾਂ ਤੋਂ ਹੀ ਲਈ। ਫਿਰ ਬੀ.ਏ. ਖ਼ਾਲਸਾ ਕਾਲਜ ਲਾਇਲਪੁਰ ਤੋਂ ਪਾਸ ਕੀਤੀ। ਦਿੱਲੀ ਆ ਕੇ ਆਨੰਦ ਕਾਰਜ ਤੋਂ ਬਾਅਦ, ਸੇਂਟ ਸਟੀਫਨ ਕਾਲਜ ਤੋਂ ਐੱਮ.ਏ. ਦੀ ਡਿਗਰੀ ਪ੍ਰਾਪਤ ਕੀਤੀ। ਆਪ ਨੇ ਆਪਣੀ ਕ੍ਰਿਤ ਮਿਰੰਡਾ ਹਾਊਸ ਦਿੱਲੀ ਯੂਨੀਵਰਸਿਟੀ ਵਿਚ ਬਤੌਰ ਲੈਕਚਰਾਰ ਸ਼ੁਰੂ ਕੀਤੀ। ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਮਾਤਾ ਸੁੰਦਰੀ ਕਾਲਜ ਸ਼ੁਰੂ ਕਰਨ ਵੇਲੇ ਆਪ ਜੀ ਨੂੰ ਇਸ ਕਾਲਜ ਦੇ ਸਭ ਤੋਂ ਪਹਿਲੇ ਪ੍ਰਿੰਸੀਪਲ ਲਗਾਇਆ ਗਿਆ। ਆਪ ਉੱਥੇ ਤਿੰਨ ਸਾਲ ਨੌਕਰੀ ਕਰਨ ਤੋਂ ਬਾਅਦ ਫਿਰ ਦਿੱਲੀ ਯੂਨੀਵਰਸਿਟੀ ਵਿਚ ਵਾਪਿਸ ਆ ਗਏ। ਸੇਵਾ ਮੁਕਤੀ ਦੀ ਉਮਰ ਪੂਰੀ ਕਰਨ ਤੋਂ ਬਾਅਦ, ਯੂਨੀਵਰਸਿਟੀਆਂ ਦੇ ਉੱਚ ਅਧਿਕਾਰੀਆਂ ਨੇ ਆਪ ਜੀ ਦੀ ਚੰਗੀ ਕਾਰਗੁਜ਼ਾਰੀ ਦੇਖ ਕੇ ਦੋ ਵਾਰ ਆਪ ਦੀ ਨੌਕਰੀ ਵਿਚ ਵਾਧਾ ਵੀ ਕੀਤਾ। ਆਪ ਸੰਨ 1990 ਵਿਚ ਪ੍ਰਿੰਸੀਪਲ ਦੇ ਉੱਚ ਅਹੁਦੇ ਤੋਂ ਸੇਵਾ ਮੁਕਤ ਹੋਏ।

ਆਨੰਦ ਕਾਰਜ ਤੋਂ ਬਾਅਦ ਆਪ ਜੀ ਆਪਣੇ ਸਿੰਘ ਸਾਹਿਬ ਨਾਲ ਮਾਡਲ ਟਾਊਨ ਦਿੱਲੀ ਵਿਚ ਰਹਿੰਦੇ ਸਨ। ਉੱਥੇ ਹੀ ਆਪ ਜੀ ਅਤੇ ਇੰਨ੍ਹਾਂ ਦੇ ਪਤੀ ਨੂੰ ਰੋਜ਼ ਗੁਰਦੁਆਰੇ ਜਾਣ ਕਰਕੇ ਭਾਈ ਅਵਤਾਰ ਸਿੰਘ ਜੀ ਅਤੇ ਉਨ੍ਹਾਂ ਦੀ ਸਿੰਘਣੀ (ਜੋ ਜਥੇ ਵਿਚ ਦਿੱਲੀ ਦਾ ਖੜਤਾਲੀ ਜਥਾ ਕਰਕੇ ਮਸ਼ਹੂਰ ਸਨ) ਦੀ ਸੰਗਤ ਪ੍ਰਾਪਤ ਹੋ ਗਈ। ਉਨ੍ਹਾਂ ਦੀ ਸੰਗਤ ਕਰਕੇ ਮਾਡਲ ਟਾਊਨ ਨਿਵਾਸੀ ਦਿੱਲੀ ਦੇ ਪੁਰਾਤਨ ਸਿੰਘਾਂ ਦੀ ਸੰਗਤ ਕਰਨ ਦੇ ਸੁਭਾਗ ਮੌਕੇ ਜੁੜਨ ਲੱਗ ਪਏ। ਸੰਨ 1950-51 ਵਿਚ ਆਪਣੇ ਪ੍ਰੀਵਾਰ ਸਮੇਤ ਕੇਸਕੀ ਸੰਯੁਕਤ ਰਹਿਤ ਧਾਰ ਕੇ ਤਿਆਰ-ਬਰ-ਤਿਆਰ ਹੋ ਗਏ ਤੇ ਸੰਗਤਾਂ ਨਾਲ ਰਲ-ਮਿਲ ਕੇ ਤਾਅ ਜ਼ਿੰਦਗੀ ਨਾਮ ਬਾਣੀ ਦੇ ਲਾਹੇ ਲੈ ਕੇ ਜੀਵਨ ਸਫਲਾ ਕਰਦੇ ਰਹੇ। ਆਪ ਜੀ ਦੀ ਬਚਪਨ ਦੀ ਸਹੇਲੀ ਡਾਕਟਰ ਕੁਲਦੀਪ ਕੌਰ ਅਤੇ ਨਾਮ ਰਤੜੇ ਰੰਗਲੇ ਸੱਜਣ ਮਾਸਟਰ ਸੁੰਦਰ ਸਿੰਘ ਜੀ ਦੇ ਪ੍ਰੀਵਾਰ ਨਾਲ ਡੂੰਘਾ ਪਿਆਰ ਅਤੇ ਸੱਕੇ ਪ੍ਰੀਵਾਰ ਵਾਂਗ ਗੁਰਸਿੱਖੀ ਦਾ ਰਿਸ਼ਤਾ ਬਣਿਆ ਰਿਹਾ।

ਆਪ ਜੀ ਵੱਲੋਂ ਉੱਚ ਵਿਦਿਆ ਪ੍ਰਾਪਤੀ ਕਰਨ ਕਰਕੇ, ਜਿਥੇ ਗੁਰਬਾਣੀ ਦੇ ਗੂਹਜ ਭਾਵਾਂ ਦੀ ਡੂੰਘੀ ਸੋਝੀ ਸੀ ਉੱਥੇ ਆਪ ਗੁਰਮੁਖੀ, ਅੰਗਰੇਜ਼ੀ, ਉਰਦੂ, ਫਾਰਸੀ ਭਾਸ਼ਾਵਾਂ ਦੇ ਮਾਹਿਰ ਵੀ ਸਨ। ਆਪ ਉੱਚ ਕੋਟੀ ਦੇ ਲਿਖਾਰੀ ਵੀ ਸਨ। ਸੰਨ 1973 ਤੋਂ ਲੈ ਕੇ 1987 ਤੱਕ ਆਪ ਜੀ 'ਸੂਰਾ' ਮਾਸਿਕ ਪੱਤਰ ਵਿਚ ਗੁਰਮਤਿ ਦੇ ਵੱਖ-ਵੱਖ ਵਿਸ਼ਿਆਂ ਤੇ ਲੇਖ ਲਿਖਦੇ ਰਹੇ। ਆਪ ਜੀ ਨੇ ਕੇਸਕੀ ਨੂੰ ਪੰਜਵਾਂ ਕਕਾਰ ਸਿੱਧ ਕਰਦੇ ਹੋਏ "ਗੁਰਸਿੱਖ ਰਹਿਣੀ" ਨਾਮ ਦੀ ਪੁਸਤਕ ਛਪਵਾ ਕੇ ਹਜ਼ਾਰਾਂ ਦੀ ਗਿਣਤੀ ਵਿਚ ਵੰਡੀ, ਜਿਸ ਨੂੰ ਸੰਗਤਾਂ ਵਿਚ ਬਹੁਤ ਸਰਾਹਿਆ ਗਿਆ। ਸੇਵਾ ਮੁਕਤੀ ਤੋਂ



www.AKJ.Org

ਬਾਅਦ ਆਪ ਆਪਣੀ ਲੜਕੀ ਕੋਲ ਅਮਰੀਕਾ ਚਲੇ ਗਏ ਉੱਥੇ ਵੀ ਅੰਗਰੇਜ਼ੀ ਭਾਸ਼ਾ ਦੇ ਵੱਖ-ਵੱਖ ਰਸਾਲਿਆਂ ਵਿਚ ਲੇਖ ਲਿਖਦੇ ਰਹੇ। ਆਪ ਲੜਕੀਆਂ ਨੂੰ ਉੱਚ ਵਿਦਿਆ ਲਈ ਹਮੇਸ਼ਾਂ ਉਤਸ਼ਾਹਿਤ ਕਰਦੇ ਰਹੇ ਅਤੇ ਬਹੁਤ ਸਾਰੇ ਗਰੀਬ ਬੱਚਿਆਂ ਦੀ ਫੀਸ ਅਤੇ ਵਜ਼ੀਫੇ ਰਾਹੀਂ ਮਾਇਕ ਸਹਾਇਤਾ ਵੀ ਕਰਦੇ ਰਹੇ।

ਆਪ ਜੀ ਨੂੰ 6 ਸਾਲ ਦੀ ਉਮਰ ਵਿਚ ਹੀ ਨਾ ਮੁਰਾਦ ਬੀਮਾਰੀ ਦਮੇ ਦੀ ਬੀਮਾਰੀ ਨੇ ਜਕੜ ਲਿਆ ਸੀ ਜੋ ਸਾਰੀ ਉਮਰ ਨਾਲ ਹੀ ਚਲਦੀ ਰਹੀ। ਜ਼ਿੰਦਗੀ ਦੇ ਅਖੀਰਲੇ ਸਾਲ ਆਪ ਅਮਰੀਕਾ ਵਿਚ ਹੀ ਆਪਣੀ ਲੜਕੀ ਕੋਲ ਰਹੇ। ਬੁਢੇਪੇ ਤੇ ਸਰੀਰਕ ਕਮਜ਼ੋਰੀ ਕਾਰਨ 80 ਸਾਲ ਦੀ ਉਮਰ ਭੋਗ ਕੇ ਮਿਤੀ 25 ਅਪਰੈਲ 2005 ਨੂੰ ਉੱਥੇ ਹੀ ਗੁਰੂ ਚਰਨਾਂ ਵਿਚ ਜਾ ਬਿਰਾਜੇ। ਆਪ ਜੀ ਦੀ ਲਿਖੀ ਪੁਸਤਕ ਅਤੇ ਗੁਰਮਤਿ ਲੇਖ, ਆਪ ਜੀ ਦੀ ਸਦੀਵੀ ਯਾਦ ਵਜੋਂ ਰਹਿੰਦੀ ਦੁਨੀਆਂ ਤੱਕ ਕਾਇਮ ਰਹਿਣਗੇ।

# ਬੀਬੀ ਹਰਬੰਸ ਕੌਰ ਜੀ, ਮੇਰਠ

ਭਾਈ ਗੁਰਦੀਪ ਸਿੰਘ ਸ੍ਰੀ ਅੰਮ੍ਰਿਤਸਰ

ਅਖੰਡ ਕੀਰਤਨੀ ਜਥੇ ਦੀਆਂ ਪੁਰਾਤਨ ਕੀਰਤਨੀ ਬੀਬੀਆਂ ਵਿਚ ਇਕ ਪ੍ਰਮੁੱਖ ਕੀਰਤਨੀ ਬੀਬੀ ਹਰਬੰਸ ਕੌਰ ਜੀ ਦਾ ਜਨਮ ਮਿਤੀ 15 ਫ਼ਰਵਰੀ 1939 ਨੂੰ ਸਿਆਲਕੋਟ (ਪਾਕਿਸਤਾਨ) ਵਿਖੇ ਸਹਿਜਧਾਰੀ ਪ੍ਰੀਵਾਰ ਕੈਪਟਨ ਮਿਲਖੀ ਰਾਮ ਗੁਲਾਟੀ ਅਤੇ ਬੀਬੀ ਤਾਰਾਵਤੀ ਦੇ ਘਰ ਹੋਇਆ। ਮਾਤਾ ਜੀ ਦਾ ਨਾਮ ਅੰਮ੍ਰਿਤ ਛੱਕਣ ਤੋਂ ਬਾਅਦ ਬੀਬੀ ਹਰਦਿਆਲ ਕੌਰ ਹੋ ਗਿਆ। ਇਨ੍ਹਾਂ ਦੇ ਪਿਤਾ ਜੀ ਕੱਟੜ ਆਰੀਆ ਸਮਾਜੀ ਸਨ ਪਰ ਮਾਤਾ ਜੀ ਗੁਰੂ ਘਰ ਦੇ ਸ਼ਰਧਾਲੂ ਸਨ। ਸੰਨ 1935 ਵਿਚ ਭਾਈ ਸਾਹਿਬ ਜੀ ਜਥੇ ਸਮੇਤ ਸਿਆਲਕੋਟ ਗਏ ਅਤੇ ਉੱਥੇ ਮਾਤਾ ਜੀ ਨੇ ਗੁਰਦੁਆਰਾ ਬੇਰ ਸਾਹਿਬ ਵਿਖੇ ਹੋਏ ਕੀਰਤਨ ਦੀ ਹਾਜ਼ਰੀ ਭਰੀ। ਉੱਥੇ ਅਗੰਮੀ ਧੁੰਨਾ ਵਾਲੇ ਗੁਰਬਾਣੀ ਦੇ ਅਖੰਡ ਕੀਰਤਨ ਸੁਣ ਕੇ, ਜਥੇ ਤੇ ਲੱਟੂ ਪੱਟੂ ਹੋ ਗਏ। ਭਾਈ ਸਾਹਿਬ ਜੀ ਨਾਲ ਉੱਥੇ ਪਹਿਲਾਂ ਮਿਲਾਪ ਹੋਇਆ ਅਤੇ ਬੀਬੀ ਦਲੇਰ ਕੌਰ ਜੀ ਆਪ ਦੀ ਪੱਕੀ ਸਹੇਲੀ ਬਣ ਗਈ। ਆਪ ਜੀ ਦੇ ਮਾਤਾ ਜੀ ਤਾਰਾਵਤੀ ਦੀ ਆਵਾਜ਼ ਬਹੁਤ ਸੁਰੀਲੀ ਸੀ ਅਤੇ ਵੈਰਾਗੀ ਦਸ਼ਾ ਵਿਚ ਢੋਲਕੀ ਰਾਹੀਂ ਕੀਰਤਨ ਕਰਦੇ ਹੁੰਦੇ ਸਨ। ਸੰਨ 1945 ਵਿਚ ਇੰਨ੍ਹਾਂ ਦੇ ਪਿਤਾ ਜੀ ਦੀ ਬਦਲੀ ਫਿਰੋਜ਼ਪੁਰ ਹੋ ਗਈ ਤਾਂ ਉੱਥੇ ਮਾਤਾ ਜੀ ਨੇ ਬੀਬੀਆਂ ਦੀ ਸਤਿਸੰਗ ਸਭਾ ਬਣਾ ਕੇ ਉਸ ਦੇ ਮੁੱਖ ਸੇਵਾਦਾਰ ਵਜੋਂ ਸੇਵਾ ਨਿਬਾਹੀ ਤੇ ਢੋਲਕੀ ਨਾਲ ਸ਼ਬਦ ਪੜ ਕੇ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕਰਦੇ ਰਹੇ ਕਿਉਂਕਿ ਉਨ੍ਹਾਂ ਨੂੰ ਬਾਣੀ ਵੀ ਬਹੁਤ ਕੰਠ ਸੀ।

ਸੰਨ 1946-47 ਵਿਚ ਆਪ ਜੀ ਦੀ ਪਿਤਾ ਜੀ ਦੀ ਬਦਲੀ ਫਿਰੋਜ਼ਪੁਰ ਤੋਂ ਲਖਨਊ ਹੋ ਗਈ। ਜਨਵਰੀ 1948 ਵਿਚ ਇਕ ਸਮਾਗਮ ਲਈ ਭਾਈ ਸਾਹਿਬ ਜੀ ਜਥੇ ਸਮੇਤ ਲਖਨਊ ਪਹੁੰਚੇ ਤਾਂ ਮਾਤਾ ਜੀ ਨੇ ਭਾਈ ਸਾਹਿਬ ਨੂੰ ਆਪ ਦੇ ਪਤੀ ਦੀ ਬਦਲੀ ਨਵੀਂ ਦਿੱਲੀ ਹੋਣ ਵਾਸਤੇ ਅਰਦਾਸ ਕਰਨ ਵਾਸਤੇ ਕਿਹਾ। ਸੰਗਤ ਦੀ ਅਰਦਾਸ ਸਦਕਾ ਦੂਸਰੇ ਦਿਨ ਹੀ ਟੈਲੀਫੋਨ ਰਾਹੀਂ ਆਪ ਦੇ ਪਿਤਾ ਜੀ ਦੀ ਬਦਲੀ ਆਰਮੀ ਹੈੱਡ ਕੁਆਟਰ ਦਿੱਲੀ ਹੋ ਗਈ ਤੇ ਉਨ੍ਹਾਂ ਨੂੰ ਇਕ ਵੱਡਾ ਰਿਹਾਇਸ਼ੀ ਮਕਾਨ ਫੈਕਟਰੀ ਰੋਡ, ਸਫਦਰਜੰਗ ਰੋਡ ਤੇ ਮਿਲ ਗਿਆ। ਉਨੀ ਦਿਨੀ ਦੁਸਹਿਰਾ ਸਮਾਗਮ ਇਕ ਹਫਤੇ ਦਾ ਹੋਇਆ ਕਰਦਾ ਸੀ ਤੇ ਭਾਈ ਸਾਹਿਬ ਜੀ ਇਕ ਦਿਨ ਲਈ ਇਨ੍ਹਾਂ ਦੇ ਘਰ ਆ ਕੇ ਠਹਿਰਦੇ ਹੁੰਦੇ ਸਨ ਤੇ ਇਕ ਦਿਨ ਦਾ ਸਮਾਗਮ ਵੀ ਇਨ੍ਹਾਂ ਦੇ ਘਰ ਹੋਇਆ ਕਰਦਾ ਸੀ। ਬੇਸ਼ਕ ਮਜ਼ਬੂਰੀ ਕਾਰਨ ਮਾਤਾ ਜੀ ਨੇ ਅੰਮ੍ਰਿਤ ਨਹੀਂ ਛੱਕਿਆ ਸੀ, ਪਰ ਉਨ੍ਹਾਂ ਦੀ ਵੈਰਾਗੀ ਤਿਆਗੀ ਦਸ਼ਾ ਕਹਿਣ ਕਥਨ ਤੋਂ ਬਾਹਰ ਸੀ। ਸਾਰੇ ਸਮਾਗਮ 'ਤੇ ਉਹ



www.AKJ.Org

ਬੀਬੀ ਦਲੇਰ ਕੌਰ ਜੀ ਤੇ ਬਾਕੀ ਕੀਰਤਨੀ ਬੀਬੀਆਂ ਨਾਲ ਬੈਠ ਕੇ ਬੜੇ ਪ੍ਰੇਮ ਨਾਲ ਬੁਲੰਦ ਆਵਾਜ਼ ਵਿਚ ਗੁਰਬਾਣੀ ਪੜ੍ਹਿਆ ਕਰਦੇ ਸਨ। ਉਹ ਉਸ ਸਮੇਂ ਹੋਣ ਵਾਲੇ ਸਾਰੇ ਸਮਾਗਮਾਂ ਦਿੱਲੀ, ਨਾਰੰਗਵਾਲ, ਲੁਧਿਆਣਾ, ਸ਼ਿਮਲਾ ਆਦਿ ਕੀਰਤਨ ਸਮਾਗਮਾਂ ’ਤੇ ਧਾਈ ਕਰ ਪਹੁੰਚ ਜਾਂਦੇ ਸਨ। ਭਾਈ ਸਾਹਿਬ ਜੀ ਜਿੱਥੇ ਮਰਿਯਾਦਾ ਪ੍ਰੋਸ਼ਤਮ ਤੇ ਗੁਰਮਤਿ ਸਿਧਾਂਤਾਂ ਤੇ ਸਖਤੀ ਨਾਲ ਪਹਿਰਾ ਦਿੰਦੇ ਸਨ, ਉੱਥੇ ਕਿਸੇ ਪ੍ਰੇਮੀ ਦੇ ਅੰਦਰਲੇ ਹਿਰਦੇ ਦਾ ਪ੍ਰੇਮ ਬੈਰਾਗ ਦੇਖ ਕੇ ਦਿਆਲਤਾ ਵੀ ਵਰਤਾ ਦਿੰਦੇ ਸਨ। ਇਸ ਤਰ੍ਹਾਂ ਇਹ ਬੀਬੀ ਦੀ ਵੀ ਅੰਦਰਲੀ ਅਵਸਥਾ ਅਤੇ ਉਸ ਦਾ ਪ੍ਰੇਮ ਵੈਰਾਗ ਦੇਖ ਕੇ, ਉਸ ਕੋਲੋਂ ਬਸਤਰਾਂ ਦੀ ਸਫ਼ਾਈ ਅਤੇ ਲੰਗਰ ਵਿਚ ਹੋਰ ਸੁੱਕੀ ਸੇਵਾ ਵੀ ਲੈ ਲੈਂਦੇ ਸਨ। ਮਾਤਾ ਜੀ ਦਾ ਦਿੱਲੀ ਨਿਵਾਸੀ ਸਾਰੇ ਪੁਰਾਤਨ ਸਿੰਘਾਂ ਖਾਸ ਕਰ ਦਿਲਰੁਬਾ ਜੀ, ਭਾਈ ਅਵਤਾਰ ਸਿੰਘ ਖੜਤਾਲੀ ਜੱਥਾ, ਭਾਈ ਮਿਹਰ ਸਿੰਘ ਜੀ, ਭਾਈ ਦਰਸ਼ਨ ਸਿੰਘ ਭਰਾ ਜੀ, ਪੂਰਨ ਜੀ, ਕੋਮਲ ਜੀ ਤੇ ਮਾਸਟਰ ਭੁਪਿੰਦਰ ਸਿੰਘ ਆਦਿ ਨਾਲ ਬਹੁਤ ਨਿੱਘਾ ਸਨੇਹ ਸੀ ਤੇ ਹਰ ਸਮਾਗਮ ਤੇ ਮਾਤਾ ਜੀ ਨੂੰ ਜ਼ਰੂਰ ਨਾਲ ਲੈ ਕੇ ਜਾਂਦੇ ਸਨ। ਮਾਤਾ ਜੀ ਦੀ ਤੀਬਰ ਇੱਛਾ ਜਾਣ ਕੇ ਸੰਨ 1950 ਵਿਚ ਇੰਨ੍ਹਾਂ ਦੇ ਘਰ ਹੀ ਅੰਮ੍ਰਿਤ ਸੰਚਾਰ ਦਾ ਪ੍ਰਬੰਧ ਕੀਤਾ ਗਿਆ, ਜਿਸ ਵਿਚ ਇੰਨ੍ਹਾਂ ਦੀ ਬੱਚੀ ਬੀਬੀ ਹਰਬੰਸ ਕੌਰ ਅਤੇ ਪੁੱਤਰ ਕੁਲਦੀਪ ਸਿੰਘ ਜੀ ਅੰਮ੍ਰਿਤ ਛੱਕ ਕੇ ਗੁਰੂ ਚਰਨਾਂ ਨਾਲ ਜੁੜ ਗਏ। ਇਹ ਬੱਚੇ ਅੰਮ੍ਰਿਤ ਛੱਕਣ ਤੋਂ ਬਾਅਦ ਜ਼ਿਆਦਾਤਰ ਉਨ੍ਹਾਂ ਦੇ ਗੁਆਂਢ ਰਹਿੰਦੇ ਸੂਬੇਦਾਰ ਮੇਜਰ ਹਰੀ ਸਿੰਘ ਜੀ ਦੇ ਘਰ ਰਹਿੰਦੇ ਸਨ ਕਿਉਂਕਿ ਉਨ੍ਹਾਂ ਦੇ ਬੱਚੇ ਵੀ ਗੁਰਸਿੱਖੀ ਦੀ ਰੰਗਣ ਵਿਚ ਰੰਗੇ ਹੋਏ ਸਨ।

ਭਾਈ ਸਾਹਿਬ ਜੀ ਨੇ ਆਪਣੀ ਦਿਬ ਦ੍ਰਿਸ਼ਟੀ ਨਾਲ ਜਾਂਚ ਲਿਆ ਸੀ ਕਿ ਮਾਤਾ ਜੀ ਦੇ ਪਤੀ ਨੇ ਇਸ ਜਨਮ ਵਿਚ ਅੰਮ੍ਰਿਤ ਨਹੀਂ ਛੱਕਣਾ। ਮਾਤਾ ਜੀ ਦੀ ਘਾਲਣਾ ਸਦਕਾ, ਉਸ ਦੇ ਪਤੀ ਦੇ ਭਲੇ ਲਈ ਸੰਨ 1951 ਵਿਚ ਇਨ੍ਹਾਂ ਦੇ ਗ੍ਰਹਿ ਵਿਖੇ ਭਾਈ ਸਾਹਿਬ ਨੇ ਉਸ ਨੂੰ ਬੁਲਾ ਕੇ ਸਾਹਮਣੇ ਬਿਠਾ ਕੇ ਢਾਈ ਘੰਟੇ ਕੀਰਤਨ ਕੀਤਾ। ਭਾਈ ਸਾਹਿਬ ਜੀ ਦੀ ਚੁੰਬਕੀ ਆਕਰਖਣ ਸ਼ਕਤੀ ਨਾਲ ਉਸ ਤੇ ਗੁਰਬਾਣੀ ਦੀ ਐਸੀ ਪਾਰਸ ਕਲਾ ਵਰਤੀ ਕਿ ਕੈਪਟਨ ਸਾਹਿਬ ਲਗਾਤਾਰ 72 ਘੰਟੇ ਇਕ ਚੌਂਕੜੇ ਵਿਚ ਅੱਖਾਂ ਮੀਟ ਕੇ ਬਾਬਾ ਜੀ ਦੇ ਕਮਰੇ ਵਿਚ ਹੀ ਬੈਠੇ ਰਹੇ। ਤਿੰਨ ਦਿਨ ਫੌਜ ਦੀ ਨੌਕਰੀ ਤੇ ਨਾ ਜਾਣ ਕਰਕੇ, ਉਨ੍ਹਾਂ ਦੇ ਇੰਚਾਰਜ ਕਰਨਲ ਨੇ ਪਿਛਲੇ ਦਿਨਾਂ ਵਿਚ ਇਨ੍ਹਾਂ ਦਾ ਪ੍ਰੇਮ ਅਤੇ ਲਗਨ ਦੇਖ ਕੇ ਤਿੰਨ ਦਿਨ ਦੀ ਛੁੱਟੀ ਮਨਜ਼ੂਰ ਕਰ ਦਿੱਤੀ। ਇਹ ਸੰਨ 1947 ਤੋਂ 1953 ਵਿਚ ਦਿੱਲੀ ਵਿਖੇ ਹੀ ਤਾਇਨਾਤ ਰਹੇ। ਬੇਸ਼ਕ ਆਪ ਜੀ ਦੇ ਪਿਤਾ ਜੀ ਨੇ ਅੰਮ੍ਰਿਤ ਨਹੀਂ ਛੱਕਿਆ ਪਰ ਉਹ ਸੰਨ 1965 ਆਪਣੇ ਅੰਤਮ ਸਮੇਂ ਤਾਈਂ ਬਾਣੀ ਨਾਲ ਜੁੜੇ ਰਹੇ। ਕੈਪਟਨ ਸਾਹਿਬ ਹਰ ਸਾਲ ਭਾਈ ਸਾਹਿਬ ਜੀ ਨੂੰ ਪਿਆਰ ਸਤਿਕਾਰ ਨਾਲ ਇਕ ਗਰਮ ਐਚਕਨ, ਪਜਾਮਾ, ਦਸਤਾਰ, ਕੇਸਕੀ, ਸਿਰੀ ਸਾਹਿਬ ਅਤੇ ਸੁੱਕੇ ਮੇਵੇ ਆਦਿ ਕਰਦੇ ਸਨ ਜੋ ਭਾਈ ਸਾਹਿਬ ਜੀ ਉਨ੍ਹਾਂ ਨੂੰ ਅੰਮ੍ਰਿਤ ਛੱਕਣ ਦੀ ਪ੍ਰੇਰਨਾ ਦੇ ਕੇ ਸਵੀਕਾਰ ਕਰ ਲੈਂਦੇ ਸਨ।

ਸੰਨ 1953 ਵਿਚ ਇਹ ਪ੍ਰੀਵਾਰ ਬਦਲ ਕੇ ਮੇਰਠ ਆ ਗਿਆ। ਇੱਥੇ ਹੀ ਇੰਨ੍ਹਾਂ ਦੀ ਹੋਣਹਾਰ ਬੱਚੀ ਨੇ ਪਹਿਲਾਂ ਦਸਵੀਂ ਜਮਾਤ ਗੁਰੂ ਨਾਨਕ ਖ਼ਾਲਸਾ ਸਕੂਲ ਤੋਂ, ਫਿਰ ਰਘੂਨਾਥ ਗਰਲਜ਼ ਕਾਲਜ ਤੋਂ ਇੰਟਰ, ਤੇ ਬਾਅਦ ਵਿਚ ਬੀ.ਏ. ਪ੍ਰਾਗ ਯੂਨੀਵਰਸਿਟੀ ਤੋਂ ਕੀਤੀ। ਫਿਰ ਇਸ ਬੀਬੀ ਨੇ ਸੰਗੀਤ (Vocal ਤੇ Instrumental) ਵਿਚ ਮੁਹਾਰਤ ਹਾਸਲ ਕਰ ਲਈ। ਕੀਰਤਨ ਦੀ ਦਾਤ ਤਾਂ ਵਿਰਸੇ ਵਿਚ ਹੀ ਮਾਤਾ ਜੀ ਮਿਲ ਚੁੱਕੀ ਸੀ ਪਰ ਦਿੱਲੀ ਰਹਿੰਦਿਆਂ ਇਸ ਬੀਬੀ ਨੇ ਭਾਈ ਦਰਸ਼ਨ ਸਿੰਘ ਜੀ ਦਿਲਰੁੱਬਾ ਤੋਂ ਰਾਗ ਵਿਦਿਆ ਵਿਚ ਵੀ ਪ੍ਰਬੀਨਤਾ ਹਾਸਿਲ ਕਰ ਲਈ। ਇੱਥੇ ਹੀ ਸਿਤਾਰ ਨਾਲ ਕੀਰਤਨ ਕਰਨਾ ਵੀ ਸਿੱਖਿਆ।

ਮਿਤੀ 19 ਨਵੰਬਰ 1964 ਨੂੰ ਬੀਬੀ ਜੀ ਦਾ ਅਨੰਦ ਕਾਰਜ ਜਲੰਧਰ ਨਿਵਾਸੀ ਭਾਈ ਇੰਦਰਪਾਲ ਸਿੰਘ ਜੀ ਨਾਲ ਹੋਇਆ। ਉਨ੍ਹਾਂ ਦੇ ਮਾਤਾ-ਪਿਤਾ ਲਾਇਲਪੁਰ ਦੀ ਬਾਰ ਤੋਂ ਉੱਜੜ ਕੇ ਜਲੰਧਰ ਆ ਕੇ ਵੱਸੇ ਸਨ। ਇੱਥੇ ਇਸ ਪ੍ਰੀਵਾਰ ਨੂੰ ਮਾਸਟਰ ਸੁੰਦਰ ਸਿੰਘ ਜੀ, ਭਾਈ ਦਰਸ਼ਨ ਸਿੰਘ ਜੀ ਗੜਗਜ, ਭਾਈ ਦਰਸ਼ਨ ਸਿੰਘ ਜੀ EME ਵਾਲੇ,



www.AKJ.Org

ਭਾਈ ਜਸਵੰਤ ਸਿੰਘ ਜੀ ਦੀ ਸੰਗਤ ਪ੍ਰਾਪਤ ਹੋ ਗਈ ਤਾਂ ਜਥੇ ਦੀ ਸੰਗਤ ਨਾਲ ਜੁੜੇ ਰਹੇ। ਸੰਨ 1962 ਵਿਚ ਚੀਨ ਦੀ ਜੰਗ ਵੇਲੇ ਆਪ ਜੀ ਫੌਜ ਵਿਚ ਅਕਾਉਂਟਸ ਅਫ਼ਸਰ ਵਜੋਂ ਭਰਤੀ ਹੋ ਕੇ ਅਕਤੂਬਰ 2002 ਵਿਚ ਅਸਿਸਟੈਂਟ ਆਡੀਟਰ (ਆਰਮੀ ਹੈੱਡ ਕੁਆਰਟਰ) ਦੇ ਉੱਚ ਅਹੁਦੇ ਤੋਂ ਰਿਟਾਇਰ ਹੋਏ ਤੇ ਸਾਰੀ ਉਮਰ ਬੀਬੀ ਜੀ ਦੇ ਕੀਰਤਨ ਸਮਾਗਮ ਲਈ ਹਾਜ਼ਰੀਆਂ ਭਰਨ ਲਈ ਪੂਰਾ ਸਹਿਯੋਗ ਦਿੱਤਾ ਤੇ ਹਰ ਤਰ੍ਹਾਂ ਦੇ ਸੁੱਖ ਸਹੂਲਤ ਦਾ ਪ੍ਰਬੰਧ ਕੀਤਾ।

ਸੰਨ 1960 ਵਿਚ ਲੁਧਿਆਣੇ ਪੋਹ ਸੁਦੀ ਸਮਾਗਮ ਤੇ ਬੀਬੀ ਜੀ ਨੇ 5-6 ਸ਼ਬਦ ਦੀ ਤਿਆਰੀ ਕਰਕੇ ਪੜੇ ਅਤੇ ਅਖੀਰ ਤੇ ਹਰਿ ਕੇ ਨਾਮ ਨੇ ਬਿਆਪਾਰੀ ਦਾ ਸ਼ਬਦ ਗਾਇਆ। ਭਾਈ ਸਾਹਿਬ ਸਿਹਤ ਦੀ ਕਮਜ਼ੋਰੀ ਕਰਕੇ ਕੀਰਤਨ ਸਮਾਗਮ ਵਿਚ ਹਾਜ਼ਿਰ ਨਾ ਹੋ ਸਕੇ। ਜਦ ਬੀਬੀ ਜੀ ਸਵੇਰੇ ਉਨ੍ਹਾਂ ਨੂੰ ਮਿਲਣ ਲਈ ਰਿਹਾਇਸ਼ ਅਸਥਾਨ 'ਤੇ ਮਾਤਾ ਜੀ ਨਾਲ ਗਏ ਤੇ ਤਾਂ ਭਾਈ ਸਾਹਿਬ ਜੀ ਨੇ ਕਿਹਾ ਕਿ ਹਰਿ ਕੇ ਨਾਮ ਕੇ ਬਿਆਪਾਰੀ ਆ ਗਏ। ਅਸੀਂ ਅੰਤਰ ਆਤਮੇ ਹੀ ਇਹ ਸ਼ਬਦ ਤੇਰੇ ਕੋਲੋਂ ਸ੍ਰਵਣ ਕਰ ਲਿਆ ਸੀ। ਫਿਰ 15-20 ਮਿੰਟ ਸਿਰ 'ਤੇ ਹੱਥ ਰੱਖ ਕੇ ਕੀਰਤਨ ਦੀ ਅਸੀਸ ਬਖਸ਼ੀ। ਜਿੱਥੇ ਮਾਤਾ ਜੀ ਦਾ ਪੁਰਾਤਨ ਬੀਬੀਆਂ ਬੀਬੀ ਦਲੇਰ ਕੌਰ ਜੀ, ਕੁਲਵੰਤ ਕੌਰ ਜੀ, ਸੁਖਦੇਵ ਕੌਰ ਜੀ ਆਦਿ ਨਾਲ ਅਤਿ ਦਾ ਸਨੇਹ ਤੇ ਡੂੰਘਾ ਪਿਆਰ ਸੀ, ਉੱਥੇ ਬੀਬੀ ਗੁਰਦੀਸ਼ ਕੌਰ, ਗੁਰਮੀਤ ਕੌਰ (ਪੁੱਤਰੀਆਂ ਭਾਈ ਸੱਜਣ ਸਿੰਘ ਜੀ) ਬੀਬੀ ਮਹਿੰਦਰ ਕੌਰ ਜੀ, ਬੀਬੀ ਉਪਦੇਸ਼ ਕੌਰ ਜੀ, ਬੀਬੀ ਹਰਸ਼ਰਨ ਕੌਰ ਜੀ ਆਪ ਜੀ ਦੀਆਂ ਸੰਗੀ ਸਾਥੀ ਕੀਰਤਨੀ ਸਹੇਲੀਆਂ ਸਨ। ਚੰਡੀਗੜ੍ਹ ਵਿਚ ਬੀਬੀ ਗੁਰਦੀਸ਼ ਕੌਰ ਜੀ ਤਾਂ ਆਪ ਦੇ ਨਾਲ ਲੱਗਦੀ ਕੋਠੀ ਵਿਚ ਹੀ ਰਹਿੰਦੇ ਹਨ।

ਬੀਬੀ ਜੀ ਕੀਰਤਨ ਤੇ ਪ੍ਰੀਵਾਰ ਦੇ ਸੇਵਾ ਸੰਭਾਲ ਨਾਲ ਸੰਗੀਤ ਦੇ ਵਿਸ਼ੇ ਦੇ ਅਧਿਆਪਕ ਵਜੋਂ ਵੀ ਸੇਵਾ ਕਰਦੇ ਰਹੇ। ਸਿੰਘ ਸਾਹਿਬ ਦੀ ਡਗਸ਼ਈ ਤਾਇਨਾਤੀ ਵੇਲੇ ਸੰਨ 1973 ਵਿਚ ਡਗਸ਼ਈ ਪਬਲਿਕ ਸਕੂਲ ਤੇ ਫਿਰ ਸ.ਸ.ਸ. ਗਿਆਨੀ ਜੀ ਵਲੋਂ ਸੋਲਜ਼ਰ ਸਕੂਲ ਡਗਸ਼ਈ ਚਾਲੂ ਕਰਨ ਪਿਛੋਂ ਉੱਥੇ 1974 ਤੋਂ 1979 ਤਾਈਂ ਬੱਚਿਆਂ ਨੂੰ ਸੰਗੀਤ ਦਾ ਵਿਸ਼ਾ ਪੜਾਇਆ। 1979 ਤੋਂ 1981 ਤਾਈਂ ਇੰਗਲੈਂਡ ਅਤੇ ਕੈਨੇਡਾ ਵਿਚ ਜਾ ਕੇ ਨਿਸ਼ਕਾਮ ਨਿਰਬਾਣ ਕੀਰਤਨੀਏ ਵਜੋਂ ਸੰਗਤਾਂ ਦੀ ਸੇਵਾ ਕਰਦੇ ਰਹੇ। ਸੰਨ 1982 ਵਿਚ ਆਪ ਜੀ ਨੇ ਚੰਡੀਗੜ੍ਹ ਮਕਾਨ ਬਣਾ ਕੇ ਇੱਥੇ ਪੱਕੀ ਰਿਹਾਇਸ਼ ਰੱਖ ਲਈ। ਇਸ ਦੌਰਾਨ ਕਈ ਨੌਜਵਾਨ ਬੱਚੇ ਬੱਚੀਆਂ ਨੂੰ ਕੀਰਤਨ ਦੀ ਸਿਖਲਾਈ ਵੀ ਦਿੱਤੀ।

ਸੰਨ 1965 ਵਿਚ ਪਿਤਾ ਜੀ ਦੀ ਚੜਾਈ ਕਰਨ ਤੋਂ ਬਾਅਦ, ਆਪ ਦੇ ਮਾਤਾ ਜੀ ਆਪ ਜੀ ਦੇ ਨਾਲ ਹੀ ਸਮਾਗਮਾਂ ਦੀ ਹਾਜ਼ਰੀ ਭਰਦੇ ਰਹੇ ਤੇ ਦਿੱਲੀ ਅਤੇ ਮੇਰਠ ਦੀ ਸੰਗਤ ਨਾਲ ਗੁਰਧਾਮਾਂ ਦੀ ਯਾਤਰਾ ਵੀ ਕਰਦੇ ਰਹੇ। ਮਾਤਾ ਜੀ ਦਾ ਭਾਈ ਮਹਿੰਦਰ ਸਿੰਘ ਜੀ ਐੱਸ.ਡੀ.ਓ ਤੇ ਭਾਈ ਜੋਗਿੰਦਰ ਸਿੰਘ ਜੀ ਤਲਵਾੜਾ ਨਾਲ ਵੀ ਬਹੁਤ ਡੂੰਘਾ ਪਿਆਰ ਹੋ ਗਿਆ ਤੇ ਮਾਤਾ ਜੀ ਸੰਨ 1973 ਵਿਚ ਤਲਵਾੜੇ ਹੀ ਇਕ ਸਮਾਗਮ ਤੇ ਅੰਮ੍ਰਿਤ ਛੱਕ ਕੇ ਗੁਰੂ ਵਾਲੇ ਬਣ ਗਏ ਤੇ ਉਨ੍ਹਾਂ ਦਾ ਨਾਮ ਤਾਰਾਵਤੀ ਤੋਂ ਬਦਲ ਕੇ ਬੀਬੀ ਹਰਦਿਆਲ ਕੌਰ ਹੋ ਗਿਆ। ਮਾਤਾ ਜੀ ਆਪਣਾ ਜੀਵਨ ਸਫਲਾ ਕਰਦੇ ਹੋਏ ਸੰਨ 1993 ਵਿਚ ਚੜ੍ਹਾਈ ਕੀਤੇ ਸਨ।

ਆਪ ਜੀ ਚੜਾਈ ਕਰਨ ਤੋਂ ਦੋ ਕੁ ਸਾਲ ਪਹਿਲਾਂ ਸਰੀਰਕ ਕਮਜ਼ੋਰੀ ਕਾਰਨ ਭਾਵੇਂ ਕੀਰਤਨ ਦੀ ਸੇਵਾ ਨਹੀਂ ਕਰ ਸਕੇ ਪ੍ਰੰਤੂ ਬਾਕੀ ਸਾਰੀ ਜ਼ਿੰਦਗੀ ਜਥੇ ਦੇ ਸਾਰੇ ਲੋਕਲ, ਕੇਂਦਰੀ ਸਮਾਗਮਾਂ ਖਾਸਕਰ ਦਿੱਲੀ, ਲੁਧਿਆਣਾ, ਚੰਡੀਗੜ੍ਹ, ਸ੍ਰੀ ਅਨੰਦਪੁਰ ਸਾਹਿਬ ਵਿਖੇ ਪਹੁੰਚ ਕੇ ਸੰਗਤਾਂ ਦੀ ਕੀਰਤਨ ਰਾਹੀਂ ਸੇਵਾ ਕਰਦੇ ਰਹੇ। ਇਹ ਕੀਰਤਨ ਦੀ ਦਾਤ ਆਪ ਦੇ ਪੋਤਰੇ ਨੂੰ ਵੀ ਦਿੱਤੀ। ਆਪ ਜੀ ਦੇ ਦੋ ਬੇਟੇ ਤੇ ਇਕ ਬੇਟੀ ਗੁਰੂ ਘਰ ਨਾਲ ਜੁੜੇ ਹੋਏ ਹਨ ਤੇ ਗੁਰਮਤਿ ਮਾਰਗ ਦੇ ਪਾਂਧੀ ਹਨ।

ਸਰੀਰ ਕੁਝ ਭਾਰਾ ਹੋਣ ਕਾਰਣ ਆਯੂ ਦੇ ਪਿਛਲੇ ਸਮੇਂ ਵਿਚ ਗੋਡਿਆਂ ਦੀ ਤਕਲੀਫ ਕਾਰਨ ਬਾਹਰ ਆਉਣ ਜਾਣ ਤੇ ਤੁਰਨ ਫਿਰਨ ਦੀ ਖੇਚਲ ਹੋ ਗਈ ਸੀ। ਆਪ ਜੀ ਇਸ ਸਮੇਂ ਘਰ ਵਿਚ ਹੀ ਨਾਮ ਬਾਣੀ ਦਾ ਲਾਹੇ ਲੈਂਦੇ ਹੋਏ



www.AKJ.Org

ਗੁਰੂ ਚਰਨਾਂ ਨਾਲ ਜੁੜੇ ਰਹੇ। ਕਦੇ-ਕਦੇ ਔਖੇ-ਸੌਖੇ ਸੈਕਟਰ 34 ਦੇ ਗੁਰਦੁਆਰੇ ਜਾ ਕੇ ਕੀਰਤਨ ਦੀ ਹਾਜ਼ਰੀ ਵੀ ਭਰ ਆਉਂਦੇ ਸਨ ਕਿਉਂਕਿ ਕੀਰਤਨ ਉਨ੍ਹਾਂ ਦੀ ਆਤਮਾ ਦੀ ਖ਼ੁਰਾਕ ਸੀ। ਅਖ਼ੀਰ ਮਿਤੀ 18 ਅਪ੍ਰੈਲ 2019 ਨੂੰ ਚੰਡੀਗੜ੍ਹ ਵਿਖੇ ਹੀ ਅਕਾਲ ਪੁਰਖ ਵਲੋਂ ਬਖਸ਼ੀ ਸਵਾਸਾਂ ਦੀ ਪੂੰਜੀ ਸਫਲ ਕਰਦੇ ਹੋਏ, ਗੁਰੂ ਚਰਨਾਂ ਵਿਚ ਜਾ ਬਿਰਾਜੇ।

## ਭਾਈ ਇਕਬਾਲ ਸਿੰਘ ਜੀ (ਪਟਨਾ ਸਾਹਿਬ) ਲੁਧਿਆਣਾ

ਭਾਈ ਗੁਰਦੀਪ ਸਿੰਘ ਜੀ ਸ੍ਰੀ ਅੰਮ੍ਰਿਤਸਰ

**'ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥'** ਦੀ ਸੱਚੀ-ਸੁੱਚੀ ਕਾਰ ਕਮਾਉਣ ਵਾਲੇ ਪਰ-ਉਪਕਾਰੀ ਗੁਰਸਿਖ ਭਾਈ ਇਕਬਾਲ ਸਿੰਘ ਜੀ ਦਾ ਜਨਮ ਪਿਤਾ ਭਾਈ ਗੁਰਦਿੱਤ ਸਿੰਘ ਅਤੇ ਮਾਤਾ ਬੀਬੀ ਭਾਗ ਕੌਰ ਜੀ ਦੇ ਘਰ ਗੁਜਰਾਤ (ਗੁਜਰਾਂਵਾਲਾ) ਪਾਕਿਸਤਾਨ ਵਿਚ ਮਿਤੀ 5 ਫ਼ਰਵਰੀ 1942 ਨੂੰ ਹੋਇਆ। ਇਨ੍ਹਾਂ ਦੇ ਮਾਤਾ-ਪਿਤਾ ਅੰਮ੍ਰਿਤਧਾਰੀ ਗੁਰਸਿੱਖ, ਬਾਣੀ ਦੇ ਰਸੀਏ ਸਨ ਜੋ ਕਿ ਦੋ ਸੁਖਮਨੀ ਸਾਹਿਬ ਜੀ ਦੇ ਪਾਠ ਰੋਜ਼ਾਨਾ ਕਰਦੇ ਸਨ। ਭਾਈ ਸਾਹਿਬ ਜੀ ਨੂੰ ਗੁਰਮਤਿ ਦੀ ਗੁੜ੍ਹਤੀ ਬਚਪਨ ਤੋਂ ਹੀ ਮਾਤਾ-ਪਿਤਾ ਜੀ ਤੋਂ ਮਿਲ ਗਈ। ਆਪ ਜੀ ਅਜੇ ਪੰਜ ਸਾਲ ਦੇ ਹੀ ਸਨ ਕਿ ਦੇਸ਼ ਦੀ ਵੰਡ ਹੋ ਗਈ ਅਤੇ ਇਹ ਪਰਿਵਾਰ ਸਮੇਤ ਸ੍ਰੀ ਪਟਨਾ ਸਾਹਿਬ ਗੁਰੂ ਕੀ ਨਗਰੀ ਆ ਵਸੇ। ਇਥੇ ਆਪ ਜੀ ਨੇ ਸੰਸਾਰਿਕ ਵਿਦਿਆ ਗਿਆਰਵੀਂ ਤਾਈਂ ਲਈ। ਇਨ੍ਹਾਂ ਦੇ ਮਾਤਾ-ਪਿਤਾ ਸੇਵਾ ਦੇ ਪੁੰਜ ਸਨ। ਜਿਥੇ ਉਹ ਪੰਜ ਕਕਾਰੀ ਰਹਿਤ ਦੇ ਧਾਰਨੀ ਸਨ ਉਥੇ ਉਹੀ ਹੱਥੀਂ ਰੋਜ਼ਾਨਾ ਛੋਲਿਆਂ (ਘੁੰਗਣੀਆਂ) ਦਾ ਲੰਗਰ ਗੁ. ਬਾਲ ਲੀਲਾ ਵਿਖੇ ਅਤੇ ਚਾਹ ਦੀ ਸੇਵਾ ਤਖ਼ਤ ਸਾਹਿਬ ਜੀ ਉਪਰ ਕਰਦੇ ਸਨ।

ਸੰਨ 1953 ਈ. ਵਿਚ ਭਾਈ ਸਾਹਿਬ ਜੀ ਦੂਸਰੀ ਵਾਰ ਜਥੇ ਸਮੇਤ ਸ੍ਰੀ ਪਟਨਾ ਸਾਹਿਬ ਜੀ ਵਿਚ ਗੁਰਦੁਆਰਿਆਂ ਦੀ ਯਾਤਰਾ ਲਈ ਗਏ। ਉਥੇ ਇਤਿਹਾਸਿਕ ਗੁਰਦੁਆਰਿਆਂ ਵਿਚ ਕੀਰਤਨ ਸਮਾਗਮ ਵੀ ਹੋਏ ਅਤੇ ਨਾਲ ਅੰਮ੍ਰਿਤ ਸੰਚਾਰ ਸਮਾਗਮ ਰਚਿਆ ਗਿਆ। ਜਿਸ ਵਿਚ 32 ਪ੍ਰਾਣੀਆਂ ਨੇ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ। ਇਸੇ ਸਮਾਗਮ ਤੇ ਆਪ ਜੀ 13 ਸਾਲ ਦੀ ਆਯੂ ਵਿਚ ਅੰਮ੍ਰਿਤ ਛੱਕ ਕੇ ਤਿਆਰ-ਬਰ-ਤਿਆਰ ਹੋ ਗਏ। ਇਸ ਅੰਮ੍ਰਿਤ ਸੰਚਾਰ ਵਿਚ ਐਸੀ ਕਲਾ ਵਰਤੀ ਕਿ ਜਹਾਜ਼ੇ ਚੜ੍ਹਨ ਵਾਲੇ ਸਾਰੇ ਪ੍ਰਾਣੀ ਲੋਟ-ਪੋਟ ਹੋ ਗਏ ਅਤੇ ਬ੍ਰਿਤੀਆਂ ਉਚ ਮਗਨ ਮੰਡਲਾਂ ਵਿਚ ਜਾ ਚੜੀਆਂ। ਇਨ੍ਹਾਂ 'ਤੇ ਜੋ ਉਸ ਵੇਲੇ ਨਾਮ ਦੀ ਰੰਗਣ ਚੜ੍ਹੀ ਉਸ ਦਾ ਇਹ ਤਾਅ ਜ਼ਿੰਦਗੀ ਰੰਗ ਮਾਣਦੇ ਰਹੇ। ਬਾਅਦ ਵਿਚ ਇਨ੍ਹਾਂ ਨੂੰ ਭਾਈ ਜੀਵਨ ਸਿੰਘ ਜੀ ਲੁਧਿਆਣਾ, ਭਾਈ ਸੰਤੋਖ ਸਿੰਘ ਜੀ ਜਲੰਧਰ, ਭਾਈ ਸੂਰਤ ਸਿੰਘ ਜੀ (ਪੂਰਨ ਜੀ) ਭਾਈ ਮਾਨ ਸਿੰਘ ਜੀ ਧੰਨਬਾਦ ਆਦਿ ਦੀ ਸੰਗਤ ਵੀ ਪ੍ਰਾਪਤ ਹੋ ਗਈ ਜਿਸ ਨੇ ਸੋਨੇ 'ਤੇ ਸੁਹਾਗੇ ਦਾ ਕੰਮ ਕੀਤਾ।

ਸੰਨ 1962 ਵਿਚ ਆਪ ਜੀ ਦਾ ਅਨੰਦ ਕਾਰਜ ਬੀਬੀ ਮਹਿੰਦਰ ਕੌਰ ਜੀ ਸੁਪੱਤਰੀ ਭਾਈ ਗੁਰਦਿਆਲ ਸਿੰਘ ਅਤੇ ਬੀਬੀ ਚਤਰ ਕੌਰ ਜੋ ਕਿ ਇਕ ਗੁਰਸਿੱਖ ਪਰਿਵਾਰ ਸੀ, ਪਟਨਾ ਵਾਸੀ ਨਾਲ ਹੋਇਆ। ਬੀਬੀ ਜੀ ਦਾ ਪ੍ਰੀਵਾਰ ਆਪ ਦੇ ਗੁਆਂਢ ਹੀ ਰਹਿੰਦਾ ਸੀ। ਬੀਬੀ ਜੀ ਆਗਿਆਕਾਰ, ਨਾਮ ਬਾਣੀ ਤੇ ਟੇਕ ਰੱਖਣ ਵਾਲੇ ਅਤੇ ਗੁਰੂ ਘਰ ਵਿਚ ਹੱਥੀਂ ਸੇਵਾ ਕਰਕੇ ਲਾਹੇ ਲੈਂਦੇ ਰਹੇ ਹਨ।

ਆਪਣੀ ਕਿਰਤ ਵਜੋਂ ਇਨ੍ਹਾਂ ਨੇ ਪਟਨਾ ਸਾਹਿਬ ਵਿਖੇ ਹੀ ਕਪੜੇ ਅਤੇ ਸ਼ਾਲਾਂ ਦਾ ਕਾਰੋਬਾਰ ਸ਼ੁਰੂ ਕੀਤਾ ਜੋ 1984 ਦੇ ਦੰਗਿਆਂ ਤੋਂ ਬਾਅਦ ਲੁਧਿਆਣਾ ਤਬਦੀਲ ਕਰ ਲਿਆ, ਪਰ ਇਨ੍ਹਾਂ ਦੀ ਲਗਨ ਧਨ-ਦੌਲਤ ਇਕੱਠੀ ਕਰਨ ਨਾਲੋਂ ਗੁਰੂ ਘਰ ਦੀ ਸੇਵਾ ਵਿਚ ਪ੍ਰਬਲ ਰਹੀ। ਇਹ ਰੋਜ਼ਾਨਾ ਤਖ਼ਤ ਸ੍ਰੀ ਪਟਨਾ ਸਾਹਿਬ ਵਿਖੇ ਅੰਮ੍ਰਿਤ ਵੇਲੇ ਸੁਖਮਨੀ ਸਾਹਿਬ ਦੇ ਪਾਠ ਦੀ ਸੇਵਾ ਨਿਭਾਉਂਦੇ ਰਹੇ। ਭਾਈ ਬਲਵੰਤ ਸਿੰਘ ਜੀ ਜੋ ਗੁਰਬਾਣੀ ਦੇ ਸੁਧ ਪਾਠ ਦੀ



www.AKJ.Org

ਮੁਹਾਰਤ ਰੱਖਦੇ ਸਨ, ਉਨ੍ਹਾਂ ਕੋਲੋਂ ਗੁਰਬਾਣੀ ਦੀ ਸੰਥਯਾ ਲੈ ਕੇ ਆਪ ਤਕੜੇ ਅਖੰਡ ਪਾਠੀ ਬਣ ਗਏ। ਆਪਣੇ ਬੱਚਿਆਂ ਨੂੰ ਛੋਟੀ ਉਮਰ ਤੋਂ ਹੀ ਭਾਈ ਬਲਵੰਤ ਸਿੰਘ ਜੀ ਪਾਸੋਂ ਪਾਠ ਦੀ ਸੰਥਿਆ ਦਿਵਾਈ ਜੋ ਕਿ ਹੁਣ ਲੁਧਿਆਣੇ ਸੰਗਤੀ ਅੰਮ੍ਰਿਤ ਵੇਲੇ ਦੇ ਪ੍ਰਬੰਧ ਨਾਲ-ਨਾਲ, ਅੰਮ੍ਰਿਤ ਸੰਚਾਰ ਅਤੇ ਅਖੰਡ ਪਾਠਾਂ ਦੇ ਪ੍ਰਵਾਹ ਵੀ ਚਲਾਉਂਦੇ ਹਨ। ਆਪ ਜੀ ਦੇ ਚਾਰੇ ਸਪੁੱਤਰ, ਆਪ ਦੇ ਪਾਏ ਪੂਰਨਿਆਂ ਤੇ ਚਲਦੇ ਹੋਏ ਗੁਰਮਤਿ ਮਾਰਗ ਦੇ ਪਾਂਧੀ ਹਨ ਅਤੇ ਗੁਰਸਿਖੀ ਰਹਿਤ-ਬਹਿਤ ਦੇ ਪੱਕੇ ਧਾਰਨੀ ਹਨ।

ਭਾਈ ਜੀਵਨ ਸਿੰਘ ਜੀ ਲੁਧਿਆਣੇ ਨੇ ਤਖ਼ਤ ਸ੍ਰੀ ਪਟਨਾ ਸਾਹਿਬ ਜੀ ਦੇ ਹਜ਼ੂਰੀ ਰਾਗੀ ਵਜੋਂ ਸੰਨ 1972 ਤੋਂ ਲੈ ਕੇ ਬਾਹਰ ਵਿਦੇਸ਼ ਜਾਣ ਤਕ ਉੱਥੇ ਸੇਵਾ ਨਿਭਾਈ। ਉਨ੍ਹਾਂ ਨੇ ਸ੍ਰੀ ਪਟਨਾ ਸਾਹਿਬ ਅਤੇ ਬਿਹਾਰ, ਯੂਪੀ, ਬੰਗਾਲ ਦੇ ਇਲਾਕੇ ਵਿਚ ਗੁਰਮਤਿ ਦਾ ਪ੍ਰਚਾਰ ਕਰਕੇ ਬਹੁਤ ਸਾਰੀਆਂ ਸੰਗਤਾਂ ਨੂੰ ਗੁਰੂ ਘਰ ਨਾਲ ਜੋੜਿਆ। ਸੰਨ 1975 ਵਿਚ ਸ੍ਰੀ ਪੂਰਨ ਜੀ ਦੀ ਬਦਲੀ ਕਲਕੱਤੇ ਹੋਣ ਨਾਲ ਇਸ ਇਲਾਕੇ ਵਿਚ ਗੁਰਮਤਿ ਦਾ ਪ੍ਰਚਾਰ ਹੋਰ ਪ੍ਰਚੰਡ ਹੋ ਗਿਆ ਅਤੇ ਸੰਗਤੀ ਅੰਮ੍ਰਿਤ ਵੇਲੇ ਦੀ ਲਹਿਰ ਚਲ ਪਈ, ਜਿਸ ਨਾਲ ਧੰਨਬਾਦ, ਸਸਰਾਮ, ਗਯਾ, ਡੇਅਰੀ ਔਨ ਸੌਨ, ਪਟਨਾ ਸਾਹਿਬ, ਟਾਟਾ ਨਗਰ, ਕਲਕੱਤਾ ਅਤੇ ਸਿੰਧਰੀ ਆਦਿ ਸ਼ਹਿਰਾਂ ਵਿਚ ਬੇਅੰਤ ਸੰਗਤਾਂ ਰੈਣ ਸਬਾਈ ਕੀਰਤਨ, ਸ੍ਰੀ ਅਖੰਡ ਪਾਠ ਸਾਹਿਬ, ਅੰਮ੍ਰਿਤ ਵੇਲੇ ਦੇ ਸਮਾਗਮ ਦੇ ਲਾਹੇ ਲੈਣ ਲੱਗ ਪਈਆਂ। ਇਸ ਦੌਰਾਨ ਕੀਤੇ ਜਾਣ ਵਾਲੇ ਅੰਮ੍ਰਿਤ ਸੰਚਾਰ ਸਮਾਗਮਾਂ ਰਾਹੀਂ ਬੇਅੰਤ ਸੰਗਤਾਂ ਗੁਰੂ ਦੇ ਚਰਨਾਂ ਨਾਲ ਜੁੜ ਗਈਆਂ। ਇਸ ਤੋਂ ਇਲਾਵਾ ਭਾਈ ਸੰਤੋਖ ਸਿੰਘ ਜੀ ਜਲੰਧਰ ਅਤੇ ਭਾਈ ਫੋਜਿੰਦਰ ਸਿੰਘ ਮੁਹਾਲੀ ਵਾਲਿਆਂ ਦੀ ਬਦਲੀ ਇਥੇ ਹੋਣ ਕਾਰਨ ਕੀਰਤਨ ਸਮਾਗਮਾਂ ਦੇ ਅਤੁੱਟ ਪ੍ਰਵਾਹ ਚਲਦੇ ਰਹੇ। ਇਨ੍ਹਾਂ ਸਾਰੇ ਸਮਾਗਮਾਂ ਦੇ ਪ੍ਰਬੰਧ ਅਤੇ ਸੰਚਾਲਣ ਕਰਨ ਵਿਚ ਭਾਈ ਮਾਨ ਸਿੰਘ ਜੀ ਧੰਨਬਾਦ ਵਾਲਿਆਂ ਨਾਲ ਰਲ ਕੇ, ਆਪ ਜੀ ਦਾ ਵੱਡਾ ਯੋਗਦਾਨ ਸੀ। ਇਥੋਂ ਹੀ ਆਪ ਜੀ ਦੀਆਂ ਸ੍ਰੀ ਪੂਰਨ ਜੀ, ਭਾਈ ਮਾਨ ਸਿੰਘ ਜੀ ਧੰਨਬਾਦ ਅਤੇ ਭਾਈ ਹਰਬੰਸ ਸਿੰਘ ਜੀ ਸਾਸਰਾਮ ਵਾਲਿਆਂ ਨਾਲ ਪੀਢੀਆਂ ਪਿਆਰ ਗੰਢਾਂ ਪੈ ਗਈਆਂ ਜੋ ਕਿ ਤੋੜ ਨਿਭੀਆਂ।

ਸੰਨ 1984 ਵਿਚ ਹੋਏ ਦੰਗਿਆਂ ਤੋਂ ਬਾਅਦ ਪਟਨਾ ਸਾਹਿਬ ਜੀ ਦੀਆਂ ਹੋਰ ਸੰਗਤਾਂ ਨਾਲ ਆਪ ਲੁਧਿਆਣੇ ਆ ਗਏ ਅਤੇ ਇਥੇ ਆਪ ਜੀ ਨੇ ਆਪਣਾ ਕਾਰੋਬਾਰ ਸਥਾਪਿਤ ਕਰ ਲਿਆ। ਹੌਲੀ-ਹੌਲੀ ਪੰਜਾਬ ਤੋਂ ਬਾਹਰਲੇ ਸ਼ਹਿਰਾਂ ਤੋਂ ਆਏ ਗੁਰਸਿੱਖਾਂ ਦੇ ਸਹਿਯੋਗ ਨਾਲ ਖਾਸ ਕਰ ਭਾਈ ਹਰਭਜਨ ਸਿੰਘ ਜੀ ਟਰੰਕਾਂ ਵਾਲਿਆਂ ਨਾਲ ਰਲ ਕੇ ਸੰਗਤੀ ਅੰਮ੍ਰਿਤ ਵੇਲੇ ਦੇ ਸਮਾਗਮ ਸ਼ੁਰੂ ਕਰ ਦਿੱਤੇ ਜੋ ਕਿ ਸੰਨ 1992 ਤੋਂ ਲੈ ਕੇ ਹੁਣ ਤਾਈ ਨਿਰੰਤਰ ਚਲ ਰਹੇ ਹਨ। ਹੁਣ ਇਨ੍ਹਾਂ ਦੇ ਹੋਣਹਾਰ ਗੁਰਮੁਖ ਸਪੁੱਤਰ ਭਾਈ ਗੁਰਮੀਤ ਸਿੰਘ ਜੀ, ਭਾਈ ਸਾਹਿਬ ਸਿੰਘ ਜੀ ਨਾਲ ਰਲ ਕੇ ਇਹ ਸੇਵਾ ਨਿਭਾਅ ਰਹੇ ਹਨ।

ਇਨ੍ਹਾਂ ਅੰਦਰ ਗੁਰਸਿਖੀ ਦੀ ਫੁਲਵਾੜੀ ਨੂੰ ਵਧਾਉਣ ਅਤੇ ਹੋਰ ਸੰਗਤਾਂ ਨੂੰ ਗੁਰੂ ਘਰ ਨਾਲ ਜੋੜਨ ਦਾ ਚਾਓ ਇਤਨਾ ਪ੍ਰਬਲ ਸੀ ਕਿ ਸ੍ਰੀ ਪੂਰਨ ਜੀ ਵਲੋਂ ਇਤਿਹਾਸਿਕ ਗੁਰਦੁਆਰਿਆਂ ਦੀ ਯਾਤਰਾ ਅਤੇ ਬਾਹਰਲੇ ਸ਼ਹਿਰਾਂ ਵਿਚ ਹੋਣ ਵਾਲੇ ਸਮਾਗਮਾਂ ਤੇ ਵੱਡੀ ਗਿਣਤੀ ਵਿਚ ਸੰਗਤਾਂ ਨੂੰ ਪ੍ਰੇਰ ਕੇ ਅਤੇ ਲੋੜਵੰਦਾਂ ਦਾ ਕਿਰਾਇਆ ਕੋਲੋਂ ਖ਼ਰਚ ਕੇ, ਨਾਲ ਲੈ ਕੇ ਜਾਂਦੇ ਸਨ। ਸ੍ਰੀ ਪਟਨਾ ਸਾਹਿਬ ਜੀ ਵਿਖੇ ਹੋਣ ਵਾਲੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਗੁਰਪੁਰਬ ਤੇ ਸਮਾਗਮ ਅਤੇ ਯਾਤਰਾ ਵਿਚ ਆਪ ਸੰਨ 1992 ਤੋਂ ਆਪਣੇ ਅੰਤਮ ਸਮੇਂ ਤਾਈਂ ਹਰ ਸਾਲ, ਸੰਗਤ ਦੇ ਨਾਲ ਹਾਜਰੀਆਂ ਭਰਦੇ ਰਹੇ। ਬਹੁਤ ਸਾਰੇ ਨਵੇਂ ਉਭਰ ਰਹੇ ਨੌਜਵਾਨ ਕੀਰਤਨੀ ਬੱਚੇ-ਬੱਚੀਆਂ ਨੂੰ ਕੀਰਤਨ ਦੀ ਸੇਵਾ ਲਈ ਉਤਸ਼ਾਹ ਦੇ ਕੇ ਨਾਲ ਲੈ ਜਾਂਦੇ ਸਨ ਅਤੇ ਉਨ੍ਹਾਂ ਦੀ ਹੌਂਸਲਾ ਅਫਜ਼ਾਈ ਵੀ ਕਰਦੇ ਰਹਿੰਦੇ ਸਨ। ਬੇਅੰਤ ਸੰਗਤਾਂ ਨੂੰ ਅੰਮ੍ਰਿਤ ਛੱਕਣ ਵਾਸਤੇ ਪ੍ਰੇਰ ਕੇ ਗੁਰੂ ਚਰਨਾਂ ਨਾਲ ਜੋੜਦੇ ਰਹੇ।

ਅੰਮ੍ਰਿਤ ਛਕਣ ਵੇਲੇ ਤੋਂ ਹੁਣ ਤਾਈਂ ਲਗਾਤਾਰ ਅੰਮ੍ਰਿਤ ਵੇਲੇ ਦੀ ਸੰਭਾਲ ਰਹਿਤ ਬਹਿਤ, ਨਿਮਰਤਾ ਸੇਵਾ ਭਾਵ ਨੂੰ ਮੁੱਖ ਰਖ ਕੇ ਆਪ ਜੀ ਨੂੰ ਅੰਮ੍ਰਿਤ ਸੰਚਾਰ ਵੇਲੇ ਪੰਚਾਂ ਦੀ ਸੇਵਾ ਵਿਚ ਸ਼ਾਮਿਲ ਕੀਤਾ ਜਾਂਦਾ ਸੀ। ਆਪ ਆਪਣਾ ਆਪ ਕਦੇ ਵੀ ਨਹੀਂ ਜਣਾਉਂਦੇ ਸਨ ਅਤੇ ਗੁਪਤ ਹੀ ਵਰਤਦੇ ਰਹਿੰਦੇ ਸਨ।

ਆਪ ਜੀ ਨੇ ਚੜ੍ਹਾਈ ਕਰਨ ਤੋਂ ਕਾਫੀ ਚਿਰ ਪਹਿਲਾਂ, ਆਪਣੇ ਕਾਰੋਬਾਰ ਦੀ ਜ਼ਿੰਮੇਵਾਰੀ ਚਾਰੇ ਪੁੱਤਰਾਂ ਨੂੰ



www.AKJ.Org

ਸੰਭਾਲ ਕੇ ਕੇਵਲ ਗੁਰਮਤਿ ਪ੍ਰਚਾਰ, ਸ੍ਰੀ ਅਖੰਡ ਪਾਠ, ਕੀਰਤਨ ਸਮਾਗਮਾਂ ਅਤੇ ਸੰਗਤਾਂ ਦੀ ਹੋਰ ਕਈ ਪ੍ਰਕਾਰ ਦੀ ਸੰਗਤੀ ਸੇਵਾ ਵਿਚ ਹੀ ਆਪਣੇ ਆਪ ਨੂੰ ਅਰਪਨ ਕਰ ਦਿੱਤਾ ਸੀ। ਜਿਥੇ ਆਪ ਯਾਤਰਾ ਤੇ ਸੰਗਤਾਂ ਨੂੰ ਨਾਲ ਲੈ ਕੇ ਜਾਂਦੇ ਸਨ ਉਥੇ ਜਥੇ ਵਲੋਂ ਹੋਣ ਵਾਲੇ ਕੇਂਦਰੀ ਸਮਾਗਮਾਂ, ਸ੍ਰੀ ਅੰਮ੍ਰਿਤਸਰ ਵਿਚ ਸ੍ਰੀ ਪੂਰਨ ਜੀ ਵਲੋਂ ਚਲਾਈ ਸੰਗਤੀ ਅੰਮ੍ਰਿਤ ਵੇਲੇ ਦੀ ਲਹਿਰ ਦੇ ਨਾਲ ਨਾਲ ਸ੍ਰੀ ਦਰਬਾਰ ਸਾਹਿਬ ਜੀ ਦੇ ਦਰਸ਼ਨ ਇਸ਼ਨਾਨ ਦੇ ਲਾਹੇ ਵੀ ਲੈਂਦੇ ਰਹਿੰਦੇ ਸਨ। ਭਾਈ ਮਾਨ ਸਿੰਘ ਜੀ ਧੰਨਬਾਦ ਦੇ ਨਾਲ ਡੂੰਘਾ ਪਿਆਰ ਹੋਣ ਕਰਕੇ ਇਨ੍ਹਾਂ ਦੇ ਦੋ ਸਪੁੱਤਰਾਂ ਦੇ ਸੰਯੋਗ ਵੀ ਭਾਈ ਮਾਨ ਸਿੰਘ ਜੀ ਦੇ ਪ੍ਰੀਵਾਰ ਨਾਲ ਜੁੜ ਗਏ ਤੇ ਸੰਸਾਰਿਕ ਰਿਸ਼ਤੇਦਾਰੀ ਵੀ ਬਣ ਗਈ।

## ਮਾਤਾ ਜੀ ਦੀ ਚੜ੍ਹਾਈ ਵੇਲੇ ਵਰਤਿਆ ਕੌਤਕ

ਇਨ੍ਹਾਂ ਦੇ ਮਾਤਾ ਜੀ ਗੁਰੂ ਘਰ ਦੇ ਸ਼ਰਧਾਲੂ ਰਹਿਤ ਬਹਿਤ ਦੇ ਧਾਰਨੀ ਅਤੇ ਸੇਵਾ ਦੇ ਪੁੰਜ ਸਨ। ਜਦੋਂ ਉਨ੍ਹਾਂ ਦੇ ਅਕਾਲ ਚਲਾਣੇ ਦਾ ਸਮਾਂ ਨੇੜੇ ਆਇਆ ਤਾਂ ਉਨ੍ਹਾਂ ਦੀ ਸਿਹਤ ਢਿੱਲੀ ਰਹਿਣ ਲੱਗ ਪਈ ਤੇ ਸਰੀਰਕ ਕਮਜ਼ੋਰੀ ਆ ਗਈ। ਭਾਈ ਸਾਹਿਬ ਜੀ ਦੀ ਸਿੰਘਣੀ ਬੀਬੀ ਮਹਿੰਦਰ ਕੌਰ ਜੀ ਨੇ ਮਾਤਾ ਦੀ ਅਣਥੱਕ ਸੇਵਾ ਕੀਤੀ। ਜਦੋਂ ਮਾਤਾ ਜੀ ਦੀ ਸਿਹਤ ਜ਼ਿਆਦਾ ਵਿਗੜ ਗਈ ਤਾਂ ਉਨੀਂ ਦਿਨੀਂ ਪੋਹ ਸੁਦੀ ਸਮਾਗਮ ਦਾ ਗੁਰਪੁਰਬ ਆ ਗਿਆ। ਸ੍ਰੀ ਦਸ਼ਮੇਸ਼ ਜੀ ਦਾ ਜਨਮ ਅਸਥਾਨ ਸ੍ਰੀ ਪਟਨਾ ਸਾਹਿਬ ਵਿਖੇ ਹੋਣ ਕਰਕੇ ਭਾਰੀ ਵਡੀ ਗਿਣਤੀ ਵਿਚ ਸੰਗਤਾਂ ਬਾਹਰਲੇ ਸੂਬਿਆਂ ਅਤੇ ਸ਼ਹਿਰਾਂ ਵਿਚੋਂ ਗੁਰਪੁਰਬ ਮਨਾਉਣ ਲਈ ਇਥੇ ਆਉਂਦੀਆਂ ਹਨ। ਇਸ ਸਮੇਂ ਆਪ ਜੀ ਦੇ ਪਰਿਵਾਰ ਨੂੰ ਬਾਹਰੋਂ ਆਈਆਂ ਸੰਗਤਾਂ ਦੀ ਸੇਵਾ ਕਰਨ ਦਾ ਸੁਭਾਗ ਸਮਾਂ ਮਿਲਦਾ ਸੀ। ਮਾਤਾ ਜੀ ਨੇ ਗੁਰੂ ਸਾਹਿਬ ਅਗੇ ਜੋਦੜੀ ਕੀਤੀ ਕਿ ਹੇ ਸਚੇ ਪਾਤਸ਼ਾਹ ! ਪ੍ਰੀਵਾਰ ਵਲੋਂ ਆਪ ਜੀ ਦੀ ਆਈ ਸੰਗਤਾਂ ਦੀ ਸੇਵਾ ਕਰਨ ਵਿਚ, ਮੇਰੇ ਚੜ੍ਹਾਈ ਕਰਨ ਨਾਲ ਕੋਈ ਵਿਘਨ ਨਾ ਪਵੇ ਤੇ ਮੈਂ ਗੁਰਪੁਰਬ ਤੋਂ ਬਾਅਦ ਹੀ ਚੜ੍ਹਾਈ ਕਰਾਂ। ਗੁਰੂ ਸਾਹਿਬ ਜੀ ਦੇ ਦਰ ’ਤੇ ਮਾਤਾ ਜੀ ਦੀ ਪੁਕਾਰ ਸੁਣੀ ਗਈ ਅਤੇ ਉਨ੍ਹਾਂ ਨੇ ਗੁਰਪੁਰਬ ਦੀ ਸਮਾਪਤੀ ’ਤੇ ਬਾਹਰੋਂ ਆਈ ਸੰਗਤ ਦੇ ਵਿਦਾ ਹੋਣ ਤੋਂ ਬਾਅਦ ਹੀ ਆਪਣਾ ਪੰਜ ਭੂਤਕ ਚੋਲਾ ਛੱਡਿਆ। ਜਦੋਂ ਮਾਤਾ ਜੀ ਚੜ੍ਹਾਈ ਕੀਤੇ ਤਾਂ ਪਰਿਵਾਰਕ ਮੈਂਬਰਾਂ ਵੱਲੋਂ ਰੋਣਾ-ਧੋਣਾ ਸ਼ੁਰੂ ਹੋ ਗਿਆ। ਉਸ ਵੇਲੇ ਇਕ ਨਿਹੰਗ ਸਿੰਘ ਦੇ ਰੂਪ ਵਿਚ ਗੁਰੂ ਸਾਹਿਬ ਆਏ ਤੇ ਸਾਰੇ ਪਰਿਵਾਰ ਨੂੰ ਰੋਣੇ ਧੋਣੇ ਤੇ ਸਖ਼ਤੀ ਨਾਲ ਵਰਜਿਆ ਤੇ ਕੇਵਲ ਨਾਮ-ਬਾਣੀ ਦੇ ਪ੍ਰਵਾਹ ਚਲਾਉਣ ਲਈ ਕਹਿ ਕੇ ਪਤਾ ਨਹੀਂ ਕਿਧਰ ਨੂੰ ਅਲੋਪ ਹੋ ਗਏ। ਉਸ ਵੇਲੇ ਭਾਈ ਜੀਵਨ ਸਿੰਘ ਜੀ ਲੁਧਿਆਣੇ ਵੇਲੇ ਵੀ ਤਖ਼ਤ ਸਾਹਿਬ ਤੇ ਹਜ਼ੂਰੀ ਰਾਗੀ ਦੇ ਸੇਵਾ ਨਿਭਾਉਂਦੇ ਸਨ। ਉਨ੍ਹਾਂ ਦਾ ਵੀ ਇਸ ਪਰਿਵਾਰ ਨਾਲ ਨਿੱਘਾ ਸਨੇਹ ਸੀ। ਉਨ੍ਹਾਂ ਨੇ ਆ ਕੇ ਕੀਰਤਨ ਅਰੰਭ ਕਰ ਦਿੱਤਾ ਜੋ ਕਿ ਸਾਰੀ ਰਾਤ ਜਾਰੀ ਰਿਹਾ ਤੇ ਫਿਰ ਮੁੜ ਕੇ ਕੋਈ ਰੋਣਾ-ਧੋਣਾ ਨਹੀਂ ਹੋਇਆ।

ਅਚਨਚੇਤ ਮਿਤੀ 30 ਅਕਤੂਬਰ 2007 ਦੀ ਰਾਤ ਆਪ ਜੀ ਨੂੰ ਧੁਰੋਂ ਸੱਦੇ ਆ ਗਏ। ਆਪ ਜੀ ਨੂੰ ਜਬਰਦਸਤ ਦਿਲ ਦਾ ਦੌਰਾ ਪਇਆ ਅਤੇ ਹਸਪਤਾਲ ਪਹੁੰਚਾਇਆ ਗਿਆ। ਡਾਕਟਰਾਂ ਨੇ ਉਸ ਵੇਲੇ ਆਪਰੇਸ਼ਨ ਕਰਾਉਣ ਲਈ ਕਿਹਾ, ਪਰੰਤੂ ਆਪ ਜੀ ਨੇ ਰੋਮਾਂ ਦੀ ਬੇਅਦਬੀ ਹੋਣ ਦੇ ਡਰ ਤੋਂ ਓਪਰੇਸ਼ਨ ਕਰਾਉਣ ਤੋਂ ਨਾਂਹ ਕਰ ਦਿੱਤੀ। ਉਸ ਵੇਲੇ ਸ੍ਰੀ ਅੰਮ੍ਰਿਤਸਰ ਇਕ ਗੁਰਸਿਖ ਦੇ ਗ੍ਰਿਹਿ ਅੰਮ੍ਰਿਤ ਵੇਲੇ ਦਾ ਸਮਾਗਮ ਸੀ ਅਤੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪੈਣੇ ਸਨ। ਅੰਮ੍ਰਿਤ ਵੇਲੇ ਦੀ ਅਰੰਭਤਾ ਤੇ ਖ਼ਬਰ ਪਹੁੰਚੀ ਕਿ ਆਪ ਜੀ ਨੂੰ ਦਿਲ ਦਾ ਦੌਰਾ ਪੈ ਗਿਆ ਹੈ। ਉਸੇ ਵੇਲੇ ਪੰਜਾਂ ਸਿੰਘਾਂ ਵਲੋਂ ਆਪ ਜੀ ਪ੍ਰਤੀ ਅਰਦਾਸ ਕੀਤੀ ਗਈ। ਅੰਮ੍ਰਿਤ ਵੇਲੇ ਦੀ ਸਮਾਪਤੀ ਤੋਂ ਬਾਅਦ ਜਦੋਂ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪੈ ਰਹੇ ਸਨ ਤਾਂ ਸੁਨੇਹਾ ਆ ਗਿਆ ਕਿ ਭੌਰ ਉਡਾਰੀ ਮਾਰ ਗਿਆ ਹੈ। ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਸਮਾਪਤੀ ਤੇ ਫਿਰ ਆਪ ਜੀ ਨਮਿੱਤ ਅਰਦਾਸ ਕੀਤੀ ਗਈ। ਇਸ ਤਰ੍ਹਾਂ ਉਹ ਨਾਮ ਬਾਣੀ ਦੀ ਕਮਾਈ ਸਦਕਾ ਆਪਣਾ ਸਿੱਖੀ ਸਿਦਕ ਨਿਭਾਉਂਦੇ ਹੋਏ ਮਿਤੀ 31 ਅਕਤੂਬਰ 2007 ਨੂੰ ਅੰਮ੍ਰਿਤ ਵੇਲੇ ਡੇਢ ਵਜੇ ਅਕਾਲ ਪੁਰਖ ਦੀ ਸੱਚੀ ਦਰਗਹ ਵਿਚ ਪਿੜ ਮਲ ਬੈਠੇ ਗੁਰਸਿਖਾਂ ਦੀ ਸੰਗਤ ਵਿਚ ਜਾ ਰਲੇ।



www.AKJ.Org

# ਭਾਈ ਬਲਵੰਤ ਸਿੰਘ ਜੀ, ਪਟਨਾ ਸਾਹਿਬ

ਭਾਈ ਗੁਰਦੀਪ ਸਿੰਘ ਸ੍ਰੀ ਅੰਮ੍ਰਿਤਸਰ

ਗੁਰਬਾਣੀ ਦੇ ਟਕਸਾਲੀ ਪਾਠੀ, ਨਾਮ ਰਸੀਏ, ਨਿਸ਼ਕਾਮ ਸੇਵਕ, ਭਾਈ ਬਲਵੰਤ ਸਿੰਘ ਜੀ ਦਾ ਜਨਮ ਸੰਨ 1920 ਵਿਚ ਪਿੰਡ ਚਪਾਲਾ ਜ਼ਿਲ੍ਹਾ ਗੁਜਰਾਤ ਪਾਕਿਸਤਾਨ ਵਿਚ ਪਿਤਾ ਸ. ਅਤਰ ਸਿੰਘ ਜੀ ਦੇ ਘਰ ਮਾਤਾ ਸ੍ਰੀ ਆਗਿਆ ਦੇਵੀ ਦੀ ਦੀ ਕੁੱਖੋਂ ਹੋਇਆ। ਇਨ੍ਹਾਂ ਦੇ ਪਿਤਾ ਜੀ ਪਿੰਡਾਂ ਵਿਚ ਕਪੜੇ ਦੀ ਸਪਲਾਈ ਦਾ ਕੰਮ ਕਰਦੇ ਸੀ। ਸਾਰਾ ਪਰਿਵਾਰ ਗੁਰੂ ਘਰ ਦੇ ਸ਼ਰਧਾਲੂ ਅਤੇ ਅੰਮ੍ਰਿਤਧਾਰੀ ਸੀ। ਸੋ ਇਨ੍ਹਾਂ ਨੂੰ ਗੁਰਸਿਖੀ ਦੇ ਸੰਸਕਾਰ ਘਰ ਵਿਚੋਂ ਹੀ ਬਚਪਨ ਤੋਂ ਮਾਤਾ ਪਿਤਾ ਜੀ ਕੋਲੋਂ ਮਿਲ ਗਏ।

ਮੁੱਢਲੀ ਵਿਦਿਆ ਪਿੰਡ ਦੇ ਸਕੂਲ ਤੋਂ ਪ੍ਰਾਇਮਰੀ ਤਾਈਂ, ਫਿਰ ਦਸਵੀਂ ਅਤੇ ਇੰਟਰ ਤਾਈਂ, ਗੁਜਰਾਤ ਸ਼ਹਿਰ ਦੇ ਹਾਈ ਸਕੂਲ ਅਤੇ ਕਾਲਜ ਵਿਚੋਂ ਲਈ। ਇੰਟਰ ਪਾਸ ਕਰਨ ਤੋਂ ਬਾਅਦ ਆਪ ਜੀ ਨੇ ਮੁਨੀਮੀ (ਅਕਾਊਂਟੈਂਟ) ਦਾ ਕੰਮ ਕਿਰਤ ਵਜੋਂ ਸ਼ੁਰੂ ਕੀਤਾ, ਪਰ ਜ਼ਿਆਦਾ ਲਗਨ ਗੁਰਬਾਣੀ ਪੜ੍ਹਨ-ਸੁਣਨ ਵੱਲ ਹੀ ਲਗਾਈ। ਹੌਲੀ-ਹੌਲੀ ਪਾਠ ਦੀ ਸੰਥਿਆ ਲੈ ਕੇ ਤਕੜੇ ਅਖੰਡ ਪਾਠੀ ਬਣ ਗਏ। ਫਿਰ ਗੁਰਦੁਆਰੇ ਜਾ ਕੇ ਪਿੰਡ ਤੇ ਇਲਾਕੇ ਦੇ ਬੱਚਿਆਂ ਨੂੰ ਪਾਠ ਦੀ ਸੰਥਿਆ ਅਤੇ ਨਾਲ ਹੀ ਗੁਰਮਤਿ ਮਾਰਗ ਦੀ ਸੋਝੀ ਕਰਵਾਉਂਦੇ ਰਹੇ। ਆਪ ਜੀ ਸਾਰੀ ਉਮਰ ਬਿਹੰਗਮ ਹੀ ਰਹੇ ਅਤੇ ਗ੍ਰਿਹਸਤ ਦੇ ਬੰਧਨਾਂ ਵਿਚ ਨਹੀਂ ਪਏ।

1947 ਵਿਚ ਦੇਸ਼ ਦੀ ਵੰਡ ਤੋਂ ਬਾਅਦ ਇਹ ਪਰਿਵਾਰ ਸਮੇਤ ਸ੍ਰੀ ਪਟਨਾ ਸਾਹਿਬ ਲਾਗੇ ਆਰੇ ਕਸਬੇ ਵਿਚ ਆ ਵਸੇ। ਸਮੇਂ-ਸਮੇਂ ਸ੍ਰੀ ਪਟਨਾ ਸਾਹਿਬ ਵਿਖੇ ਆ ਕੇ ਇਤਿਹਾਸਕ ਗੁਰਦੁਆਰੇ ਦੇ ਦਰਸ਼ਨ ਪਰਸਦੇ ਤੇ ਨਾਲ ਹੀ ਨਾਮ ਬਾਣੀ ਦੇ ਲਾਹੇ ਲੈਂਦੇ ਰਹੇ। ਗੁਰਪੁਰਬਾਂ ਸਮੇਂ ਤਖ਼ਤ ਸਾਹਿਬ ਜੀ ਦੀ ਹਾਜ਼ਰੀ ਭਰ ਕੇ ਸੰਗਤਾਂ ਦੀ ਸੇਵਾ ਵਿਚ ਦਿਨ ਰਾਤ ਜੁਟੇ ਰਹਿੰਦੇ।

ਸੰਨ 1953 ਵਿਚ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਜਥੇ ਸਮੇਤ ਦੂਜੀ ਵਾਰ ਤਖ਼ਤ ਸ੍ਰੀ ਪਟਨਾ ਸਾਹਿਬ ਅਤੇ ਹੋਰ ਇਤਿਹਾਸਕ ਗੁਰਦੁਆਰਿਆਂ ਦੀ ਯਾਤਰਾ ਲਈ ਆਏ ਤੇ ਉਸ ਵੇਲੇ ਹੋਏ ਅੰਮ੍ਰਿਤ ਸੰਚਾਰ ਸਮਾਗਮ ਵਿਚ ਅੰਮ੍ਰਿਤ ਛਕਣ ਵੇਲੇ 32 ਪ੍ਰਾਣੀਆਂ ਵਿਚ ਆਪ ਜੀ ਵੀ ਸ਼ਾਮਿਲ ਸਨ। ਇਸ ਸਮਾਗਮ ਵਿਚ ਅੰਮ੍ਰਿਤ ਦੀ ਕਲਾ ਐਸੀ ਵਰਤੀ ਕਿ ਸਾਰੇ ਅੰਮ੍ਰਿਤ ਛਕਣ ਵਾਲੇ ਲੋਟ ਪੋਟ ਹੋ ਗਏ ਸਨ ਅਤੇ ਨਾਮ ਦੀ ਖੁਮਾਰੀ ਕਈ ਦਿਨ ਚੜ੍ਹੀ ਰਹੀ।

ਇਸ ਤੋਂ ਬਾਂਅਦ ਆਪ ਜੀ ਨੇ ਆਪਣੀ ਰਿਹਾਇਸ਼ ਵੀ ਪਟਨਾ ਸਾਹਿਬ ਲੈ ਆਂਦੀ ਅਤੇ ਰਾਤ ਦਿਨ ਨਾਮ ਬਾਣੀ ਤੇ ਸੰਗਤਾਂ ਦੀ ਸੇਵਾ ਦੇ ਲਾਹੇ ਲੈਣ ਲਗ ਪਏ। ਕਿਰਤ ਵਜੋਂ ਉਹ 2-3 ਦੁਕਾਨਾਂ ਤੇ ਹਿਸਾਬ ਕਿਤਾਬ ਬਣਾਉਣ ਦਾ ਕੰਮ ਕਰਦੇ ਸਨ ਪਰ ਉਹਨਾਂ ਨੇ ਇਸ ਕੰਮ ਲਈ ਪੱਕਾ ਸਮਾਂ ਰਖਿਆ ਹੋਇਆ ਸੀ ਜੋ ਕਿ ਸਵੇਰੇ 10 ਵਜੇ ਤੋਂ 4 ਵਜੇ ਤਕ ਹੁੰਦਾ ਸੀ। ਬਾਕੀ ਸਮੇਂ ਵਿਚ ਉਹ ਤਖ਼ਤ ਸਾਹਿਬ ਵਿਖੇ ਅੰਮ੍ਰਿਤ ਵੇਲੇ ਅਤੇ ਸ਼ਾਮ ਦੇ ਦੀਵਾਨਾਂ ਦੀ ਹਾਜ਼ਰੀ ਭਰਦੇ ਸਨ ਤੇ ਨਾਲ ਹੀ ਗੁਰਸਿਖ ਬੱਚਿਆਂ ਨੂੰ ਗੁਰਬਾਣੀ ਦੇ ਪਾਠ ਦੀ ਸੰਥਿਆ ਦਿੰਦੇ ਸਨ।

ਉਨ੍ਹਾਂ ਨੇ ਸ਼ੁਧ ਗੁਰਬਾਣੀ ਦੇ ਪਾਠ ਦੇ ਗੁਣ ਨੂੰ **'ਖਾਵਹੁ ਖਰਚਹੁ ਰਲ ਮਿਲਿ ਭਾਈ'** ਦੇ ਗੁਰਵਾਕ ਅਨੁਸਾਰ ਖੂਬ ਸੰਗਤਾਂ ਵਿਚ ਵੰਡਿਆ। ਪਟਨਾ ਨਿਵਾਸੀ ਭਾਈ ਇਕਬਾਲ ਸਿੰਘ, ਭਾਈ ਚਰਨਜੀਤ ਸਿੰਘ ਜੀ, ਭਾਈ ਪ੍ਰਤਾਪ ਸਿੰਘ ਜੀ ਅਤੇ ਉਨ੍ਹਾਂ ਦੇ ਸਾਰੇ ਬੱਚਿਆਂ ਨੂੰ ਗੁਰਬਾਣੀ ਦੇ ਪਾਠ ਦੀ ਸੰਥਿਆ ਦਿੱਤੀ ਜੋ ਕਿ ਹੁਣ ਸਾਰੇ ਅਖੰਡ ਪਾਠਾਂ ਦੀ ਸੇਵਾ ਨਿਸ਼ਕਾਮ ਅਤੇ ਨਿਰਬਾਣ ਰਹਿ ਕੇ ਨਿਭਾਉਂਦੇ ਜਾਂ ਨਿਭਾਅ ਰਹੇ ਹਨ। ਇਸ ਦੌਰਾਨ 2-3 ਮਹੀਨੇ ਬਾਅਦ ਸ੍ਰੀ ਅੰਮ੍ਰਿਤਸਰ ਸਾਹਿਬ ਵੀ ਆਉਂਦੇ ਸਨ ਕਿਉਂਕਿ ਜਲ੍ਹਿਆਂਵਾਲੇ ਬਾਂਗ ਲਾਗੇ ਇਕ ਫਰਮ ਦਾ ਉਹ ਕੰਮ ਕਰਦੇ ਸਨ ਜੋ ਕਿ ਉਨ੍ਹਾਂ ਨੂੰ ਕੰਮ ਛੱਡਣ ਨਹੀਂ ਸੀ ਦਿੰਦੀ। ਇਸ ਤਰ੍ਹਾਂ ਉਨ੍ਹਾਂ ਨੂੰ ਸ੍ਰੀ ਦਰਬਾਰ ਸਾਹਿਬ ਜੀ ਦੇ ਦਰਸ਼ਨ ਇਸ਼ਨਾਨ ਦਾ ਲਾਹਾ ਵੀ ਮਿਲ ਜਾਂਦਾ ਸੀ।



www.AKJ.Org

ਸੰਨ 1960 ਵਿਚ ਲਗੇ ਪੰਜਾਬੀ ਸੂਬੇ ਮੋਰਚੇ ਵਿਚ ਵੀ ਉਨ੍ਹਾਂ ਨੇ ਗ੍ਰਿਫਤਾਰੀ ਦਿੱਤੀ ਅਤੇ ਇਕ ਸਾਲ ਤੋਂ ਵੱਧ ਸਮਾਂ ਕੈਦ ਕਟੀ ਪਰੰਤੂ ਇਵਜ਼ਾਨੇ ਵਜੋਂ ਕੋਈ ਵੀ ਪੈਨਸ਼ਨ ਜਾਂ ਪ੍ਰਮਾਣ ਪੱਤਰ ਨਹੀਂ ਲਿਆ। ਕੇਵਲ ਇਕ ਨਿਸ਼ਕਾਮ ਸੇਵਕ ਵਜੋਂ ਸੇਵਾ ਨਿਭਾਈ।

ਆਪ ਜੀ ਅੰਮ੍ਰਿਤ ਵੇਲੇ ਸੰਭਾਲਣ ਦੇ ਪੱਕੇ ਧਾਰਨੀ ਸਨ। ਨਿਤ ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਆਦਿ ਕਿਰਿਆ ਸੋਧ ਕੇ ਨਾਮ ਬਾਣੀ ਦੇ ਅਭਿਆਸ ਤੋਂ ਬਾਅਦ ਨਿਤਨੇਮ ਦੀਆਂ ਬਾਣੀਆਂ ਪ੍ਰੇਮ ਨਾਲ ਪੜ੍ਹਨੀਆਂ। ਫਿਰ ਤਖ਼ਤ ਸ੍ਰੀ ਪਟਨਾ ਸਾਹਿਬ ਜੀ ਵਿਖੇ ਸ੍ਰੀ ਆਸਾ ਕੀ ਵਾਰ ਜੀ ਦੇ ਕੀਰਤਨ ਸ੍ਰਵਣ ਕਰਨੇ। ਸ਼ਾਮ ਨੂੰ ਸੋ ਦਰੁ ਦੀ ਚੌਂਕੀ, ਆਰਤੀ ਅਤੇ ਸਮਾਪਤੀ ਤਾਈਂ ਫਿਰ ਤਖ਼ਤ ਸਾਹਿਬ ਜੀ ਦੀ ਹਾਜਰੀ ਭਰਨਾ, ਇਹ ਆਪ ਜੀ ਦਾ ਨਿਤ ਕਰਮ ਸੀ। ਉਹ ਆਪਣਾ ਪ੍ਰਸ਼ਾਦਾ ਵੀ ਹੱਥੀਂ ਸਜਾਉਂਦੇ ਸੀ। ਆਪਣੀ ਸਰੀਰਕ ਕਿਰਿਆ ਜਾਂ ਹੋਰ ਕੋਈ ਵੀ ਕੰਮ ਕਿਸੇ ਨੂੰ ਨਹੀਂ ਸਨ ਕਰਨ ਦਿੰਦੇ। ਜੀਵਨ ਬਹੁਤ ਸਾਦਾ ਰੱਖਿਆ ਹੋਇਆ ਸੀ। ਮਾਇਕ ਸਾਧਨ ਚਾਹੇ ਕੋਈ ਵਧੀਆ ਨਹੀਂ ਸਨ ਪਰੰਤੂ ਦਸਵੰਧ ਉਹ ਦੁਗਣਾਂ ਕੱਢਦੇ ਸਨ ਜਿਸ ਨਾਲ ਗਰੀਬਾਂ ਲੋੜਵੰਦਾਂ ਦੀ ਸੇਵਾ ਕਰਦੇ ਰਹਿੰਦੇ ਸਨ।

ਸੰਨ 1984 ਵਿਚ ਹੋਏ ਦੰਗਿਆਂ ਤੋਂ ਬਾਅਦ ਆਪ ਜੀ ਹੋਰ ਸੰਗਤਾਂ ਸਮੇਤ ਲੁਧਿਆਣੇ ਆ ਗਏ। ਫਿਰ ਇਥੇ ਆ ਕੇ ਵੀ ਧੁਰੋਂ ਲਗੀ ਗੁਰਬਾਣੀ ਦੇ ਪਾਠ ਦੀ ਸੰਥਿਆ ਦੀ ਸੇਵਾ ਬੱਚਿਆਂ ਨੂੰ ਦੇਣੀ ਸ਼ੁਰੂ ਕਰ ਦਿੱਤੀ। ਨੇੜੇ ਦੇ ਗੁਰਦੁਆਰੇ ਬੱਚਿਆਂ ਅਤੇ ਬੀਬੀਆਂ ਨੂੰ ਇਕੱਠਾ ਕਰਕੇ ਉਨ੍ਹਾਂ ਨੂੰ ਗੁਰਮਤਿ ਵੱਲ ਪ੍ਰੇਰਦੇ ਰਹਿੰਦੇ ਸਨ। ਇਥੋਂ ਤਕ ਕਿ ਛੋਟੇ ਬੱਚਿਆਂ ਅਤੇ ਨੌਜਵਾਨ ਬੱਚੀਆਂ ਨੂੰ ਆਪ ਘਰੋਂ ਲੈ ਕੇ ਆਉਣਾ ਤੇ ਛੱਡ ਕੇ ਆਉਣ ਦੀ ਸੇਵਾ ਵੀ ਨਿਭਾਅ ਦਿੰਦੇ ਸਨ। ਉਚੀ ਆਤਮਿਕ ਅਵਸਥਾ ਦੇ ਮਾਲਿਕ ਹੋਣ ਤੇ ਵੀ ਆਪ ਨਿਮਾਣੇ ਨਿਤਾਣੇ ਹੋ ਕੇ ਗੁਪਤ ਹੀ ਵਰਤਦੇ ਸਨ।

ਆਪ ਜੀ ਦੇ ਸਾਦੇ ਜੀਵਨ ਅਤੇ ਸਾਦੀ ਖੁਰਾਕ ਕਰਕੇ ਉਨ੍ਹਾਂ ਦੀ ਸਿਹਤ ਸਾਰੀ ਉਮਰ ਠੀਕ ਰਹੀ। ਕੋਈ ਵੀ ਬੀਮਾਰੀ ਉਨ੍ਹਾਂ ਦੇ ਨੇੜੇ ਨਹੀਂ ਫਟਕੀ। ਇਹ ਸੰਸਾਰ ਨਾਸ਼ਵਾਨ ਹੈ। ਜਿਸ ਆਉਣਾ ਹੈ ਉਸ ਨੇ ਇਸ ਸੰਸਾਰ ਤੋਂ ਜਾਣਾ ਵੀ ਅਵੱਸ਼ ਹੈ।

ਇਹ ਗੁਰਮੁਖ ਰੂਹ 90 ਸਾਲ ਦੀ ਲੰਮੇਰੀ ਆਯੂ ਭੋਗ ਕੇ ਮਿਤੀ 17 ਮਈ 2006 ਨੂੰ ਲੁਧਿਆਣੇ ਵਿਖੇ ਹੀ ਗੁਰ ਚਰਨਾਂ ਵਿਚ ਜਾ ਬਿਰਾਜੀ ਅਤੇ ਆਪਣਾ ਜੀਵਨ ਗੁਰੂ ਲੇਖੇ ਲਗਾ ਕੇ ਸਫਲ ਕਰ ਗਈ।

## ਭਾਈ ਸੰਤਾ ਸਿੰਘ ਜੀ ਟਹਿਲੀਏ (ਭਾਈ ਰਣਧੀਰ ਸਿੰਘ ਜੀ)

ਭਾਈ ਗੁਰਦੀਪ ਸਿੰਘ ਸ੍ਰੀ ਅੰਮ੍ਰਿਤਸਰ

ਸਤਿਕਾਰਯੋਗ ਬਾਪੂ ਜੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਆਯੂ ਦੇ ਪਿਛਲੇ ਸਾਲਾਂ ਵਿਚ ਸਰੀਰ ਕਮਜ਼ੋਰ ਹੋ ਜਾਣ ਕਾਰਨ, ਬਾਪੂ ਜੀ ਦਾ ਇਸ਼ਨਾਨ ਅਤੇ ਹੋਰ ਸਰੀਰਕ ਕਿਰਿਆਵਾਂ ਨਿਭਾਉਣ ਵਾਲੇ ਅਣਥੱਕ ਸੇਵਕ ਭਾਈ ਸੰਤਾ ਸਿੰਘ ਜੀ ਦਾ ਜਨਮ ਸੰਨ 15 ਅਕਤੂਬਰ, 1920 ਨੂੰ ਪਿੰਡ ਰੱਤੋ ਕੀ ਤਹਿਸੀਲ ਪੱਟੀ ਜ਼ਿਲ੍ਹਾ ਅੰਮ੍ਰਿਤਸਰ, (ਹੁਣ ਤਰਨ ਤਾਰਨ) ਵਿਚ ਪਿਤਾ ਸ. ਦਲੀਪ ਸਿੰਘ ਜੀ ਦੇ ਘਰ ਮਾਤਾ ਕਾਕੋ ਜੀ ਦੀ ਕੁੱਖੋਂ ਹੋਇਆ। ਪਿਤਾ ਜੀ ਦੇ ਇਨ੍ਹਾਂ ਦੀ ਛੋਟੀ ਉਮਰ ਵਿਚ ਚੜ੍ਹਾਈ ਕਰ ਜਾਣ ਕਾਰਨ, ਇਨ੍ਹਾਂ ਦੀ ਨਾਨੀ, ਇਨ੍ਹਾਂ ਦੀ ਮਾਤਾ ਅਤੇ ਆਪ ਦੋ ਭਰਾਵਾਂ ਨੂੰ ਆਪਣੇ ਕੋਲ ਪਿੰਡ ਬਹਾਦਰ ਪੁਰ (ਨੇੜੇ ਰਈਆ) ਲੈ ਆਈ ਅਤੇ ਇਨ੍ਹਾਂ ਦੀ ਪਾਲਣਾ-ਪੋਸ਼ਣਾ ਨਾਨਕੇ ਪਿੰਡ ਹੀ ਹੋਈ। ਇਨ੍ਹਾਂ ਦਾ ਨਾਨਕਾ ਪਰਿਵਾਰ ਪਾਕਿਸਤਾਨ ਵਿਚ ਲਾਇਲਪੁਰ ਦੀ ਬਾਰ ਵਿਚ ਪਿੰਡ ਬਾਹਮਣੀ ਵਾਲਾ ਵਿਚ ਜਾ ਵਸਿਆ ਅਤੇ ਆਪ ਦਾ ਬਚਪਨ ਅਤੇ ਮੁੱਢਲੀ ਪੜ੍ਹਾਈ ਦਸਵੀਂ ਤਕ ਉਥੇ ਹੀ ਹੋਈ।



www.AKJ.Org

ਇਨ੍ਹਾਂ ਦਾ ਨਾਨਕਾ ਪਰਿਵਾਰ ਖੇਤੀਬਾੜੀ ਦਾ ਕੰਮ ਕਰਦਾ ਸੀ। ਘਰ ਵਿਚ ਦੇਸੀ ਘਿਉ ਖੁੱਲ੍ਹਾ ਹੋਣ ਕਾਰਨ ਆਪ ਦੀ ਖੁਰਾਕ ਚੰਗੀ ਸੀ ਅਤੇ ਸਰੀਰਕ ਕਸਰਤ ਕਰਨ ਕਰਕੇ ਸਰੀਰ ਬਹੁਤ ਨਰੋਆ ਤੇ ਰਿਸ਼ਟ-ਪੁਸ਼ਟ ਸੀ ਤੇ ਕੱਦ ਵੀ 6 ਫੁਟ ਤੋਂ ਜ਼ਿਆਦਾ ਸੀ। ਆਪ ਬਚਪਨ ਵਿਚ ਕਬੱਡੀ ਤੇ ਹਾਕੀ ਦੇ ਚੰਗੇ ਖਿਡਾਰੀ ਸਨ।

ਆਪ ਜੀ ਫੌਜ ਵਿਚ ਦੂਜੇ ਵਿਸ਼ਵ ਯੁਧ ਵੇਲੇ ਭਰਤੀ ਹੋ ਗਏ। ਪਰ ਫੌਜ ਦੇ ਇਕ ਜਹਾਜ਼ ਡੁਬ ਜਾਣ ਕਾਰਨ, ਆਪ ਫੌਜ ਤੋਂ ਭਗੋੜੇ ਹੋ ਗਏ ਤੇ ਇਹ ਨੌਕਰੀ ਛੱਡ ਦਿੱਤੀ। ਫਿਰ ਸੰਨ 1946 ਵਿਚ ਪੰਜਾਬ ਪੁਲਿਸ ਵਿਚ ਸਿਪਾਹੀ ਤੌਰ ਤੇ ਭਰਤੀ ਹੋ ਗਏ। ਇਨ੍ਹਾਂ ਪੁਲਿਸ ਟਰੇਨਿੰਗ ਕਾਲਜ ਫਿਲੌਰ ਤੋਂ ਟਰੇਨਿੰਗ ਲਈ ਅਤੇ ਪਹਿਲੀ ਨਿਯੁਕਤੀ ਲੁਧਿਆਣੇ ਹੋ ਗਈ। ਅਜੇ ਤਾਈਂ ਆਪ ਜੀ ਗੁਰਸਿੱਖੀ ਮੰਡਲ ਵਿਚ ਨਹੀਂ ਸਨ ਆਏ।

ਆਪ ਜੀ ਨੇ ਸਾਰੀ ਉਮਰ ਸ਼ਾਦੀ ਨਹੀਂ ਕਰਵਾਈ। ਸਿਰਫ਼ ਭਾਈ ਸਾਹਿਬ ਜੀ ਅਤੇ ਸੰਗਤਾਂ ਵਿਚ ਵਿਚਰਦਿਆਂ ਗੁਰਸਿਖਾਂ ਦੀ ਸੇਵਾ ਕਰਦਿਆਂ ਹੀ ਸਾਰੀ ਆਯੂ ਬਤੀਤ ਕੀਤੀ।

ਲੁਧਿਆਣੇ ਨੌਕਰੀ ਕਰਦਿਆਂ, ਇਨ੍ਹਾਂ ਨੂੰ ਮਾਡਲ ਟਾਊਨ ਗੁਰਦੁਆਰੇ ਭਾਈ ਸਾਹਿਬ ਜੀ ਅਤੇ ਹੋਰ ਗੁਰਸਿਖਾਂ ਦੇ ਦਰਸ਼ਨ ਕਰਨ ਦਾ ਅਵਸਰ ਬਣਿਆ। ਆਪ ਭਾਈ ਸਾਹਿਬ ਜੀ ਦੀ ਸ਼ਖ਼ਸੀਅਤ ਅਤੇ ਬਾਕੀ ਗੁਰਸਿਖਾਂ ਦੀ ਰਹਿਣੀ-ਬਹਿਣੀ ਤੋਂ ਇਤਨਾ ਪ੍ਰਭਾਵਿਤ ਹੋਏ ਕਿ ਸੰਗਤਾਂ ਦੇ ਭੌਰੇ ਹੀ ਬਣ ਗਏ। ਜਲਦੀ ਹੀ ਅੰਮ੍ਰਿਤ ਛਕ ਕੇ ਤਿਆਰ-ਬਰ-ਤਿਆਰ ਸਿੰਘ ਸੱਜ ਗਏ। ਪੁਲਿਸ ਵਰਗਾ ਮਹਿਕਮਾ ਜਿਥੇ ਰਿਸ਼ਵਤਖੋਰੀ ਦਾ ਬੋਲ ਬਾਲਾ ਅਤੇ ਖਾਣ-ਪੀਣ ਦੇ ਗੁਲਸ਼ਰੇ ਉਡਾਏ ਜਾਂਦੇ ਹਨ ਅਤੇ ਹਰ ਵੇਲੇ ਕੁਸੰਗਤ ਦਾ ਮਾਹੌਲ ਬਣਿਆ ਰਹਿੰਦਾ ਹੈ ਉਥੇ ਭਾਈ ਸੰਤਾ ਸਿੰਘ ਜੀ ਵਰਗੇ ਵਿਰਲੇ ਹੀ ਹੁੰਦੇ ਹਨ ਜੋ ਚਿੱਕੜ ਵਿਚੋਂ ਕੰਵਲ ਦੇ ਫੁਲ ਵਾਂਗ ਉੱਜਲਵੱਤ ਰਹਿੰਦੇ ਹੋਏ ਗੁਰਸਿੱਖੀ ਜੀਵਨ ਦੀ ਸੁਗੰਧੀ ਹਰ ਪਾਸੇ ਫੈਲਾਉਂਦੇ ਹਨ।

ਭਾਈ ਸਾਹਿਬ ਜੀ ਦਾ ਮਾਮਾ ਭਾਈ ਉਦੈ ਸਿੰਘ ਜੀ ਵੀ ਇਕ ਨਾਮ ਅਭਿਆਸੀ ਅਤੇ ਗੁਰਬਾਣੀ ਦੇ ਸ਼ੁਧ ਪਾਠ ਦੀ ਮੁਹਾਰਤ ਰੱਖਣ ਵਾਲੀ ਗੁਰਮੁਖ ਰੂਹ ਸੀ। ਆਪ ਦੀ ਸੰਗਤ ਅਤੇ ਪ੍ਰੇਰਨਾ ਕਰਕੇ ਉਨ੍ਹਾਂ ਨੂੰ ਵੀ ਭਾਈ ਸਾਹਿਬ ਜੀ ਦੀ ਸੰਗਤ ਮਾਣਨ ਅਤੇ ਬਾਣੀਆਂ ਦੇ ਪਾਠ ਸੁਣਾਉਣ ਦਾ ਸੁਭਾਗ ਮਿਲਦਾ ਰਿਹਾ। ਆਪ ਦੇ ਮਾਮਾ ਜੀ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਨਾਲ-ਨਾਲ ਪੰਚਾਂ ਦੀ ਸੇਵਾ ਵਿਚ ਵੀ ਸ਼ਾਮਿਲ ਹੁੰਦੇ ਰਹੇ ਹਨ। ਇਥੇ ਹੀ ਇਨ੍ਹਾਂ ਦੇ ਮਾਮਾ ਜੀ ਦਾ ਮੇਲ ਭਾਈ ਬਾਵਾ ਸਿੰਘ ਜੀ ਕੁਮਾਰਹੱਟੀ ਨਾਲ ਹੋ ਗਿਆ। ਭਾਈ ਬਾਵਾ ਸਿੰਘ ਜੀ ਵੀ ਪਰਿਵਾਰਕ ਜਿੰਮੇਵਾਰੀਆਂ ਤੋਂ ਮੁਕਤ ਸਨ ਅਤੇ ਲੁਧਿਆਣੇ ਭਾਈ ਸਾਹਿਬ ਜੀ ਦੀ ਸੰਗਤ ਅਤੇ ਸੇਵਾ ਵਿਚ ਹੀ ਤੱਤਪਰ ਰਹਿੰਦੇ ਸਨ। ਭਾਈ ਸਾਹਿਬ ਜੀ ਦੇ ਚੜ੍ਹਾਂਈ ਕਰ ਜਾਣ ਤੋਂ ਬਾਅਦ ਭਾਈ ਬਾਵਾ ਸਿੰਘ ਜੀ ਗਰਮੀਆਂ ਵਿਚ ਕੁਮਾਰਹੱਟੀ ਭਾਈ ਸਾਹਿਬ ਜੀ ਦੇ ਤਪੋਬਨ ਅਸਥਾਨ 'ਤੇ ਰਹਿ ਕੇ ਸੇਵਾ ਕਰਦੇ ਸਨ ਤੇ ਸਰਦੀਆਂ ਵਿਚ ਪਿੰਡ ਬਹਾਦਰਪੁਰ ਭਾਈ ਉਦੈ ਸਿੰਘ ਜੀ ਕੋਲ ਆ ਜਾਂਦੇ ਸਨ। ਉਨ੍ਹਾਂ ਲਈ ਭਾਈ ਉਦੈ ਸਿੰਘ ਜੀ ਨੇ ਖੇਤਾਂ ਵਿਚ ਹੀ ਇਕ ਕਮਰਾ ਇਕਾਂਤ ਵਿਚ ਨਾਮ-ਸਿਮਰਨ ਲਈ ਬਣਾ ਦਿੱਤਾ ਹੋਇਆ ਸੀ ਅਤੇ ਨਾਲ ਹੀ ਜਲ ਵਾਸਤੇ ਇਕ ਨਲਕਾ ਵੀ ਲਗਵਾ ਦਿੱਤਾ ਸੀ। ਇਥੇ ਇਕਾਂਤ ਵਿਚ ਭਾਈ ਬਾਵਾ ਸਿੰਘ ਜੀ ਸਾਰਾ ਦਿਨ ਨਾਮ-ਸਿਮਰਨ ਵਿਚ ਮਗਨ ਰਹਿੰਦੇ ਸਨ। ਦਿਨ ਵਿਚ ਸਿਰਫ਼ ਇਕ ਵਾਰ ਗੁਰਦੁਆਰੇ ਦਰਸ਼ਨ ਕਰਨ ਅਤੇ ਪ੍ਰਸ਼ਾਦਾ ਛੱਕਣ ਲਈ ਪਿੰਡ ਵਿਚ ਆਇਆ ਕਰਦੇ ਸਨ। ਭਾਈ ਬਾਵਾ ਸਿੰਘ ਜੀ ਅਤੇ ਭਾਈ ਉਦੈ ਸਿੰਘ ਜੀ ਦੇ ਆਪਸੀ ਆਤਮਿਕ ਪਿਆਰ ਦੀ ਵਿਥਿਆ ਭਾਈ ਬਾਵਾ ਸਿੰਘ ਜੀ ਦੇ ਜੀਵਨ ਬਿਰਤਾਂਤ ਵਿਚ ਦਿੱਤੀ ਗਈ ਹੈ, ਜਿਸ ਤੋਂ ਪਤਾ ਲਗਦਾ ਹੈ ਕਿ ਗੁਰਸਿੱਖਾਂ ਦਾ ਆਪਸੀ ਪਿਆਰ ਕਿਸ ਤਰ੍ਹਾਂ ਦਾ ਹੁੰਦਾ ਹੈ ਅਤੇ ਕਿਵੇਂ ਤੋੜ ਨਿੱਭਦਾ ਹੈ।

ਭਾਈ ਸੰਤਾ ਸਿੰਘ ਜੀ ਵੀ ਪਰਿਵਾਰਕ ਜਿੰਮੇਵਾਰੀਆਂ ਤੋਂ ਮੁਕਤ ਸਨ ਅਤੇ ਉਹ ਆਪਣੀ ਸਰਕਾਰੀ ਡਿਊਟੀ ਤੋਂ ਬਾਅਦ ਹਰ ਵੇਲੇ ਭਾਈ ਸਾਹਿਬ ਜੀ ਦੀ ਸੇਵਾ ਵਿਚ ਰਹਿ ਕੇ ਨਾਮ ਬਾਣੀ ਦਾ ਲਾਹੇ ਲੈਂਦੇ ਸਨ। ਅਖੀਰਲੇ ਸਾਲਾਂ



www.AKJ.Org

ਵਿਚ ਭਾਈ ਸਾਹਿਬ ਜੀ ਦੀ ਸਰੀਰਕ ਕਮਜ਼ੋਰੀ ਕਰਕੇ ਭਾਈ ਸਾਹਿਬ ਜੀ ਨੂੰ ਅੰਮ੍ਰਿਤ ਵੇਲੇ ਇਸ਼ਨਾਨ ਕਰਾਉਣ ਬਸਤਰ ਬਦਲਣ ਅਤੇ ਹੋਰ ਸਰੀਰਕ ਕਿਰਿਆਵਾਂ ਭਾਈ ਬਾਵਾ ਸਿੰਘ ਜੀ ਤੇ ਹੋਰ ਸਿੰਘਾਂ ਨਾਲ ਰਲ-ਮਿਲ ਕੇ ਨਿਭਾਉਂਦੇ ਰਹੇ। ਇਹ ਸੇਵਾ ਉਨ੍ਹਾਂ 7-8 ਸਾਲ ਤਕ ਕੀਤੀ ਅਤੇ ਭਾਈ ਸਾਹਿਬ ਜੀ ਦੇ ਚੜ੍ਹਾਈ ਕਰਨ ਵੇਲੇ ਵੀ ਉਹ ਭਾਈ ਸਾਹਿਬ ਜੀ ਦੇ ਕੋਲ ਹੀ ਸਨ। ਉਨ੍ਹਾਂ ਨੇ ਭਾਈ ਸਾਹਿਬ ਜੀ ਤੋਂ ਬੇਅੰਤ ਅਸੀਸਾਂ ਤੇ ਖੁਸ਼ੀਆਂ ਲਈਆਂ।

ਭਾਈ ਸਾਹਿਬ ਜੀ ਦੇ ਚੜ੍ਹਾਈ ਕਰਨ ਤੋਂ ਬਾਅਦ ਆਪ ਜੀ ਜ਼ਿਆਦਾਤਰ ਗੁਰਸਿਖਾਂ ਦੀ ਸੰਗਤ ਵਿਚ ਹੀ ਵਿਚਰਦੇ ਸਨ। ਭਾਈ ਬਾਵਾ ਸਿੰਘ ਜੀ ਤੋਂ ਇਲਾਵਾ ਆਪ ਜੀ ਦਾ ਕਰਨਲ ਦਲਜੀਤ ਸਿੰਘ ਅਤੇ ਬੀਬੀ ਹਰਸ਼ਰਨ ਕੌਰ ਜਲੰਧਰ ਨਾਲ ਵੀ ਨਿੱਘਾ ਸਨੇਹ ਸੀ ਅਤੇ ਉਨ੍ਹਾਂ ਦੀ ਸੰਗਤ ਵਿਚ ਵੀ ਕਪੂਰਥਲੇ ਪੋਸਟਿੰਗ ਵੇਲੇ ਖੂਬ ਨਾਮ ਬਾਣੀ ਦੇ ਲਾਹੇ ਲੈਂਦੇ ਰਹੇ। ਨੌਕਰੀ ਦੌਰਾਨ ਆਪ ਦੀ ਪੋਸਟਿੰਗ ਲੁਧਿਆਣੇ ਤੋਂ ਬਿਨਾਂ ਕੇਲਾਂਗ (ਹਿਮਾਚਲ ਪ੍ਰਦੇਸ਼) ਕਪੂਰਥਲਾ ਅਤੇ ਅਖ਼ੀਰ ਫਿਰ ਲੁਧਿਆਣੇ ਹੋਈ ਜਿਥੋਂ ਆਪ 1978 ਵਿਚ ਸਬ-ਇੰਸਪੈਕਟਰ (ਥਾਣੇਦਾਰ) ਦੇ ਅਹੁਦੇ ਤੋਂ ਰਿਟਾਇਰ ਹੋਏ।

ਆਪ ਜੀ ਕੋਲ ਇਕ ਮੋਟਰ ਸਾਇਕਲ ਹੁੰਦਾ ਸੀ। ਦੂਰ ਨੇੜੇ ਇਹ ਸਾਰੇ ਸਮਾਗਮਾਂ ਤੇ ਇਸ ਮੋਟਰ ਸਾਇਕਲ 'ਤੇ ਹੀ ਜਾਂਦੇ ਸਨ। ਆਪ ਜੀ ਦੀ ਸਿਹਤ ਚੰਗੀ ਖੁਰਾਕ, ਕਸਰਤ ਕਰਨ ਕਰਕੇ ਸਾਰੀ ਜ਼ਿੰਦਗੀ ਰਿਸ਼ਟ-ਪੁਸ਼ਟ ਰਹੀ। ਆਪ ਇਕ ਅਣਥਕ ਗੁਰੂ ਘਰ ਦੇ ਨਿਮਾਣੇ ਸੇਵਾਦਾਰ ਸਨ ਕਦੇ ਵੀ ਆਪਣਾ ਆਪ ਨਹੀਂ ਜਣਾਇਆ। ਨਾ ਹੀ ਪੁਲਸੀਆ ਵਾਲਾ ਰੋਅਬ ਦਾਅਬ ਦਿਖਾਇਆ। ਅਖ਼ੀਰਲੇ ਸਮੇਂ ਆਪ ਜੀ ਆਪਣੇ ਨਾਨਕੇ ਪਿੰਡ ਬਹਾਦਰ ਪੁਰ ਨੇੜੇ ਰਈਆ ਹੀ ਰਿਹਾਇਸ਼ ਰਖਦੇ ਰਹੇ। ਉਥੇ ਵੀ ਜਥੇ ਦੇ ਸਿੰਘਾਂ ਨੂੰ ਬੁਲਾ ਕੇ ਸ੍ਰੀ ਅਖੰਡ ਪਾਠ ਸਾਹਿਬ ਤੇ ਰੈਣ ਸਬਾਈ ਕੀਰਤਨ ਦੇ ਗੁਰਮਤਿ ਸਮਾਗਮ ਰੱਚਦੇ ਰਹੇ।

ਅੰਤਮ ਸਮੇਂ ਆਉਣ ਤੇ ਇਨ੍ਹਾਂ ਦੀ ਸਿਹਤ ਜ਼ਿਆਦਾ ਵਿਗੜੀ ਤਾਂ ਇਨ੍ਹਾਂ ਨੂੰ ਸ੍ਰੀ ਅੰਮ੍ਰਿਤਸਰ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ। ਇਕ ਦਿਨ ਬਾਅਦ ਉਥੇ ਹੀ ਆਪ ਮਿਤੀ 10 ਜੁਲਾਈ 2004 ਨੂੰ ਗੁਰੂ ਚਰਨਾਂ ਵਿਚ ਜਾ ਬਿਰਾਜੇ। ਇਸੇ ਪਿੰਡ ਵਿਚ ਹੀ ਉਨ੍ਹਾਂ ਦੇ ਨਮਿਤ ਸ੍ਰੀ ਅਖੰਡ ਪਾਠ ਸਾਹਿਬ ਅਤੇ ਕੀਰਤਨ ਸਮਾਗਮ ਹੋਏ ਅਤੇ ਵਿਛੜੀ ਰੂਹ ਨੂੰ ਨਾਮ ਬਾਣੀ ਦੀਆਂ ਅਸੀਸਾਂ ਬਖ਼ਸ਼ਿਸ਼ ਕੀਤੀਆਂ ਗਈਆਂ।

## ਭਾਈ ਸੰਤਾ ਸਿੰਘ ਜੀ ਦੀਆਂ ਕੁਝ ਯਾਦਾਂ : ਵਲੋਂ ਗੁਰਪੁਰ ਵਾਸੀ ਪ੍ਰਿੰ. ਗੁਰਮੁਖ ਸਿੰਘ ਜੀ, ਪਟਿਆਲਾ

1.

ਹੇਠਾਂ ਦੋ ਬਿਰਤਾਂਤ, ਇਕ ਜੋ ਭਾਈ ਸੰਤਾ ਸਿੰਘ ਜੀ ਨੇ ਪ੍ਰਿੰਸੀਪਲ ਗੁਰਮੁਖ ਸਿੰਘ ਜੀ ਨੂੰ ਸੁਣਾਇਆ ਅਤੇ ਦੂਸਰਾ ਬਿਰਤਾਂਤ ਜਿਸ ਵਿਚ ਭਾਈ ਸਾਹਿਬ ਜੀ ਨੇ ਆਪ ਜੀ ਦਾ ਮਹਾਂਬਲੀ ਹੋਣ ਦਾ ਮਾਣ ਤੋੜਿਆ, ਦਿੱਤੇ ਜਾਂਦੇ ਹਨ। ਭਾਈ ਸਾਹਿਬ ਜੇਲ੍ਹ ਯਾਤਰਾ ਤੋਂ ਮਗਰੋਂ 1931-40 ਵਿਚਕਾਰ ਜਦੋਂ ਉਨ੍ਹਾਂ ਨੇ ਨਗਰ-ਨਗਰ, ਕੀਰਤਨ ਅਖਾੜੇ ਮੁੜ ਕੇ ਸਜਾਉਣੇ ਅਰੰਭ ਕਰ ਦਿੱਤੇ ਤਾਂ ਅੰਮ੍ਰਿਤ ਸੰਚਾਰ ਸਮਾਗਮ ਭੀ ਸਮੁੱਚੇ ਸਮਾਗਮ ਦਾ ਇਕ ਜ਼ਰੂਰੀ ਅੰਗ ਹੋਇਆ ਕਰਦਾ ਸੀ। ਉਦੋਂ ਭਾਈ ਸਾਹਿਬ ਜੀ ਆਪ ਪੰਚਾਂ ਦੀ ਸੇਵਾ ਵਿਚ ਸ਼ਾਮਲ ਹੁੰਦੇ ਸਨ। ਜਿਵੇਂ ਆਪ ਸਿੱਖ ਜਨ-ਸਾਧਾਰਣ ਦੀ ਸੋਚ ਚਲੀ ਆਉਂਦੀ ਹੈ ਕਿ ਜਿਸ ਮਹਾਂਪੁਰਸ਼ ਜਥੇ ਦੇ ਪੰਚਾਂ ਪਾਸੋਂ ਕੋਈ ਅੰਮ੍ਰਿਤ ਛੱਕ ਲੈਂਦਾ ਹੈ ਤਾਂ ਉਹ ਸ਼ਾਇਦ ਆਪਣੇ ਧੰਨ ਭਾਗ ਜਾਂ ਆਪਣੇ ਫ਼ਖ਼ਰ ਅਤੇ ਮਾਣ ਨੂੰ ਲੋਕਾਂ ਸਾਹਮਣੇ ਰੱਖਣ ਲਈ ਕਹਿ ਦਿੰਦਾ ਹੈ—"ਜੀ ਮੈਂ ਫਲਾਣੇ ਮਹਾਂਪੁਰਖਾਂ ਦੇ ਹੱਥੋਂ ਅੰਮ੍ਰਿਤ ਛਕਿਆ ਹੈ।" ਭਾਈ ਸਾਹਿਬ ਦੇ ਕੰਨੀਂ ਵੀ ਇਹੋ ਜਿਹੀ ਭਿਣਕ, ਇਕ ਵਾਰੀ ਉਦੋਂ ਪਈ, ਜਦੋਂ ਜਥੇ ਦੇ ਇਕ ਅੰਮ੍ਰਿਤ ਸੰਚਾਰ ਸਮਾਗਮ ਸਮੇਂ ਕਿਸੇ ਖ਼ਾਸ ਮਜਬੂਰੀ ਕਾਰਨ ਭਾਈ ਸਾਹਿਬ ਉਸ ਵਿਚ ਸ਼ਾਮਿਲ ਨਹੀਂ ਸੀ ਹੋ ਰਹੇ। ਜਦੋਂ ਅੰਮ੍ਰਿਤ ਅਭਿਲਾਖੀਆਂ ਨੂੰ ਇਹ ਪਤਾ ਲੱਗਾ ਕਿ ਭਾਈ ਸਾਹਿਬ



www.AKJ.Org

ਪੰਚਾਂ ਵਿਚ ਸ਼ਾਮਲ ਨਹੀਂ ਹੋ ਰਹੇ, ਤਾਂ ਕਈਆਂ ਨੇ ਅੰਮ੍ਰਿਤ ਛਕਣਾ ਅੱਗੇ ਪਾ ਦਿੱਤਾ ਕਿ ਅਸੀਂ ਤਾਂ ਭਾਈ ਸਾਹਿਬ ਤੋਂ ਹੀ ਅੰਮ੍ਰਿਤਪਾਨ ਕਰਨਾ ਹੈ।

ਇਹ ਵਾਰਤਾ ਭਾਈ ਸਾਹਿਬ ਨੇ ਆਪਣੇ ਇਕ ਨਿਕਟ ਪ੍ਰੇਮੀ ਭਾਈ ਸੰਤਾ ਸਿੰਘ (ਏ.ਐਸ.ਆਈ. ਰਿਟਾਇਰਡ) ਨੂੰ ਉਨ੍ਹਾਂ ਦੇ ਇਹ ਪ੍ਰਸ਼ਨ ਪੁਛਣ 'ਤੇ ਸੁਣਾਈ। ਉਨ੍ਹਾਂ ਪੁੱਛਿਆ "ਬਾਪੂ ਜੀ ਤੁਸੀਂ ਪੰਚਾਂ ਦੇ ਸਮਾਗਮ ਵਿਚ ਕਾਫੀ ਸਮੇਂ ਤੋਂ ਸ਼ਾਮਲ ਹੁੰਦੇ ਨਹੀਂ ਦੇਖੇ ਸੁਣੇ, ਕੀ ਕਾਰਨ ਹੈ ?"

**ਭਾਈ ਸਾਹਿਬ ਕਹਿਣ ਲੱਗੇ—"ਸੰਤਾ ਸਿੰਘ ਜੀ, ਮੇਰੇ ਮਨ ਵਿਚ ਆਇਆ ਕਿ ਇਨ੍ਹਾਂ ਸਿੰਘਾਂ ਨੇ ਤਾਂ ਮੈਨੂੰ ਸਾਧ-ਸੰਤ ਬਣਾ ਦੇਣਾ ਹੈ ਜਿਸ ਤੋਂ ਮੈਂ ਹੁਣ ਤਕ ਬਚਦਾ ਆਇਆ ਹਾਂ। ਨਾਮਧਾਰੀਆਂ, ਰਾਧਾ-ਸੁਆਮੀਆਂ ਅਤੇ ਨਿਰੰਕਾਰੀਆਂ ਦਾ ਬੇੜਾ ਕਿਉਂ ਗ਼ਰਕ ਹੋਇਆ ? ਕਿਉਂਕਿ ਉਹ ਗੁਰੂ ਸਾਹਿਬ ਜੀ ਨੂੰ ਲਾਂਭੇ ਕਰ ਕੇ ਵਿਅਕਤੀ ਦੀ ਪੂਜਾ ਵਿਚ ਪੈ ਗਏ। ਅੱਜ ਬਥੇਰੇ ਸਾਧ-ਸੰਤ ਪੰਥ ਵਿਚ ਵਿਅਕਤੀ-ਪੂਜਾ ਵਿਚ ਪੈ ਚੁੱਕੇ ਹਨ। ਮੈਂ ਉਨ੍ਹਾਂ ਆਕੀ ਹੋਏ ਅੰਮ੍ਰਿਤ ਅਭਿਲਾਖੀਆਂ ਨੂੰ ਸੰਬੋਧਨ ਕਰ ਕੇ ਸਮਝਾਇਆ ਕਿ ਗੁਰੂ ਕੇ ਪਿਆਰਿਓ, ਅੰਮ੍ਰਿਤ ਦਾ ਬਾਟਾ ਪੰਚ-ਜਨ ਜ਼ਰੂਰ ਤਿਆਰ ਕਰਦੇ ਹਨ ਅਤੇ ਛਕਾਉਂਦੇ ਭੀ ਹਨ, ਪਰ ਇਸ ਵਿਚ ਉਨ੍ਹਾਂ ਦੀ ਆਪਣੀ ਕੋਈ ਕਲਾ ਨਹੀਂ ਹੁੰਦੀ। ਗੁਰ-ਜੋਤਿ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਆਪਣੀ ਕਲਾ ਵਰਤਾਉਂਦੀ ਹੈ। ਐਵੇਂ ਨਾ ਲੋਕਾਂ ਵਿਚ ਕਹਿੰਦੇ ਫਿਰੋ ਕਿ ਅਸੀਂ ਫਲਾਣੇ ਸੰਤ ਤੋਂ ਅੰਮ੍ਰਿਤ ਛਕਿਆ ਹੈ, ਇਉਂ ਆਖ ਕੇ ਗੁਰੂ ਸਾਹਿਬ ਦਾ ਅਪਮਾਨ ਹੁੰਦਾ ਹੈ। ਜੇ ਤੁਹਾਡੀ ਇਹੋ ਮਨਸ਼ਾ ਹੈ ਕਿ ਮੇਰੇ ਹੱਥੀਂ ਅੰਮ੍ਰਿਤ ਪਾਨ ਕਰਨਾ ਹੈ ਤਾਂ ਮੈਂ ਅੱਜ ਤੋਂ ਪ੍ਰਣ ਕਰਦਾ ਹਾਂ ਕਿ ਅੱਗੇ ਤੋਂ ਮੈਂ ਕਦੀ ਵੀ ਪੰਚਾਂ ਦੀ ਸੇਵਾ ਵਿਚ ਸ਼ਾਮਲ ਨਹੀਂ ਹੋਵਾਂਗਾ।"** ਇਹ ਵਾਰਤਾ ਸੰਨ 1940 ਦੇ ਲਗਭਗ ਦੀ ਹੈ। ਦਾਸ ਨੇ ਕਈ ਪੁਰਾਤਨ ਤੋਂ ਪੁਰਾਤਨ ਸਿੰਘਾਂ ਤੋਂ ਪੜਤਾਲ ਕੀਤੀ ਹੈ ਅਤੇ ਇਹ ਸਹੀ ਪਾਇਆ ਹੈ ਕਿ ਭਾਈ ਸਾਹਿਬ ਉਦੋਂ ਤੋਂ ਪੰਚਾਂ ਦੀ ਸੇਵਾ ਵਿਚ ਕਦੀ ਸ਼ਾਮਲ ਨਹੀਂ ਹੋਏ। ਆਪ ਨੇ ਸਾਰੀ ਉਮਰ ਸੰਤ ਨਹੀਂ ਅਖਵਾਇਆ ਅਤੇ ਸਦਾ ਹੀ ਵਿਅਕਤੀਗਤ ਪੂਜਾ ਤੋਂ ਬਚਦੇ ਰਹੇ। ਪੈਰੀਂ ਹੱਥ ਨਹੀਂ ਸੀ ਲਗਾਣ ਦਿੰਦੇ। ਅਜੋਕੀ ਪੀੜ੍ਹੀ ਦੇ ਪੰਚਾਂ ਦੀ ਸੇਵਾ ਵਿਚ ਸ਼ਾਮਲ ਹੋਣ ਵਾਲੇ ਗੁਰਸਿੱਖਾਂ ਲਈ ਭਾਈ ਸਾਹਿਬ ਜੀ ਲਾਸਾਨੀ ਪੂਰਨੇ ਪਾ ਗਏ ਹਨ। ਵਿਚਾਰ ਕਰਨ ਦੀ ਲੋੜ ਹੈ। ਅੰਮ੍ਰਿਤ ਵਿਚ ਕਲਾ ਗੁਰੂ-ਜੋਤਿ ਦੀ ਵਰਤਦੀ ਹੈ, ਵਿਅਕਤੀ ਦੀ ਨਹੀਂ।

2.

ਦੂਜੀ ਘਟਨਾ ਭਾਈ ਸੰਤਾ ਸਿੰਘ ਜੀ (ਏ.ਐੱਸ.ਆਈ. ਰਿਟਾ.) ਨੇ ਆਪਣੀ ਹੱਡੀਂ ਬੀਤੀ ਆਪ ਸੁਣਾਈ। 79– ਮਾਡਲ ਟਾਊਨ ਲੁਧਿਆਣਾ ਵਿਖੇ ਆਪ ਅਤੇ ਭਾਈ ਬਾਵਾ ਸਿੰਘ ਭਾਈ ਸਾਹਿਬ ਜੀ ਨੂੰ ਅੰਮ੍ਰਿਤ ਵੇਲੇ (ਡੇਢ–ਦੋ ਵਜੇ) ਇਸ਼ਨਾਨ ਆਦਿ ਵਿਚ ਸਹਾਇਤਾ ਕਰਦੇ ਸਨ। ਭਾਈ ਬਾਵਾ ਸਿੰਘ ਤਾਂ ਕੁਝ ਚਿਰ ਬਾਅਦ ਗਰਮੀਆਂ ਵਿਚ ਕੁਮਾਰਹਟੀ ਦੇ ਗੁਰਦੁਆਰੇ ਦੀ ਸੇਵਾ ਲਈ ਉਥੇ ਰਹਿਣ ਲਗ ਪਏ ਪਰ ਭਾਈ ਸੰਤਾ ਸਿੰਘ ਜੀ ਆਮ ਤੌਰ 'ਤੇ ਇਹ ਸੇਵਾ ਇਕੱਲਿਆਂ ਹੀ ਕਰਦੇ ਸਨ। ਭਾਈ ਸੰਤਾ ਸਿੰਘ ਦਸਦੇ ਸਨ—"ਇਕ ਦਿਨ ਭਾਈ ਸਾਹਿਬ ਨੂੰ ਇਸ਼ਨਾਨ ਕਰਾਉਣ ਸਮੇਂ ਅਚਾਨਕ ਇਕ ਫੁਰਨਾ ਮੇਰੇ ਮਨ ਵਿਚ ਉਠਿਆ ਕਿ 'ਜੇ ਮੇਰੇ ਵਰਗਾ ਬਲੀ ਸਿੰਘ' (ਆਪ ਜਵਾਨੀ ਵਿਚ ਬੜੇ ਬਲਵਾਨ ਸਰੀਰ ਵਾਲੇ ਸਨ) ਇਥੇ ਸੇਵਾ ਵਿਚ ਹਾਜ਼ਰ ਨ ਹੁੰਦਾ ਤਾਂ ਭਾਈ ਸਾਹਿਬ ਦੀ ਭਾਰੀ ਦੇਹ ਕਿਸੇ ਹੋਰ ਪਾਸੋਂ ਚੁਕੀ ਨਹੀਂ ਸੀ ਜਾਣੀ ਅਤੇ ਇੰਜ ਭਾਈ ਸਾਹਿਬ ਇਸ਼ਨਾਨੋਂ ਭੀ ਰਹਿ ਜਾਂਦੇ।" ਉਸ ਸਮੇਂ ਭਾਈ ਸਾਹਿਬ ਲੱਕੜ ਦੀ ਚੌਂਕੀ 'ਤੇ ਬੈਠੇ ਹੋਏ ਸਨ। ਇਸ਼ਨਾਨ ਕਰਾਉਣ ਉਪਰੰਤ ਮੈਂ ਉਨ੍ਹਾਂ ਦੀ ਦੋਵੇਂ ਕੱਛਾਂ ਵਿਚ ਆਪਣੀਆਂ ਬਾਹਾਂ ਪਾ ਕੇ ਆਪਣੇ ਤਾਣ ਨਾਲ ਚੁੱਕ ਕੇ ਖੜਾ ਕਰ ਲੈਂਦਾ ਸਾਂ। ਅੱਜ ਜਦੋਂ ਮੇਰੇ ਅੰਦਰ ਫੁਰਨੇ ਨੇ ਜਨਮ ਲਿਆ, ਪਤਾ ਨਹੀਂ ਭਾਈ ਸਾਹਿਬ ਨੂੰ ਕਿਵੇਂ ਇਸਦਾ ਪਤਾ ਲੱਗ ਗਿਆ? ਜਦੋਂ ਮੈਂ ਨਿਤ ਵਾਂਗ ਅੱਜ ਭੀ ਬਾਹਾਂ ਉਨ੍ਹਾਂ ਦੀਆਂ ਦੋਵੇਂ ਕੱਛਾਂ ਹੇਠ ਦੇ ਕੇ ਚੁੱਕਣ ਦਾ ਯਤਨ ਕੀਤਾ ਤਾਂ ਅੱਜ ਭਾਈ ਸਾਹਿਬ ਕੁਝ ਭਾਰੇ ਭਾਰੇ ਮਹਿਸੂਸ ਹੋਏ। ਮੈਂ ਅੱਗੇ ਨਾਲੋਂ ਹੋਰ ਵਧੇਰੇ ਜ਼ੋਰ ਲਾਇਆ ਪਰ ਭਾਈ ਸਾਹਿਬ ਨੂੰ ਚੁੱਕ ਨਹੀਂ ਸਕਿਆ। ਫਿਰ ਮੈਂ ਆਪਣੀ ਜਵਾਨੀ ਦੇ ਮਾਣ ਵਿਚ ਆਪਣਾ ਪੂਰਾ ਤਾਣ



www.AKJ.Org

ਲਾਇਆ, ਪਰ ਭਾਈ ਸਾਹਿਬ ਟੱਸ ਤੋਂ ਮੱਸ ਨਾ ਹੋਏ। ਨਾਲ ਉਹ ਹੱਸੀ ਜਾਣ ਤੇ ਉੱਚੀ ਅਵਾਜ਼ ਵਿਚ ਕਹਿਣ ਲੱਗੇ—"ਉਏ ਸੰਤਾ ਸਿੰਹਾਂ, ਤੈਨੂੰ ਅੱਜ ਕੀ ਹੋ ਗਿਆ ਹੈ, ਮੈਨੂੰ ਚੁਕ ਕੇ ਖੜਾ ਕਿਉਂ ਨਹੀਂ ਕਰ ਰਿਹਾ ?"

ਮੈਂ ਰਮਜ਼ ਸਮਝ ਗਿਆ ਤੇ ਨਾਲ ਹੀ ਮੇਰਾ ਰੋਣ ਨਿਕਲ ਗਿਆ–"ਬਾਪੂ ਜੀ ਅੱਜ ਤਾਂ ਮੈਂ ਨਿਤਾਣਾ ਹਾ, ਤੁਸੀਂ ਆਪ ਹੀ ਉੱਠਣ ਦੀ ਕ੍ਰਿਪਾ ਕਰੋ।" ਫਿਰ ਤਾਂ ਮੇਰੇ ਥੋੜ੍ਹੇ ਜਿਹੇ ਯਤਨ ਨਾਲ ਆਪ ਉੱਠ ਖੜੇ ਹੋਏ। ਉਨ੍ਹਾਂ ਦੇ ਹਾਸੇ ਵਿਚ ਹੀ ਸਾਰਾ ਕੁਝ ਛੁਪਿਆ ਹੋਇਆ ਸੀ। ਉਨ੍ਹਾਂ ਮੈਨੂੰ ਹੋਰ ਕੁਝ ਨਹੀਂ ਕਿਹਾ। ਮੇਰੇ ਲਈ ਇਸ਼ਾਰਾ ਹੀ ਕਾਫੀ ਸੀ ਕਿ ਸਰੀਰ ਦੇ ਬਲ ਦਾ ਕਾਹਦਾ ਮਾਣ ? ਇਹ ਬਲ ਭੀ ਉਸਦੀ ਬਖ਼ਸ਼ਿਸ ਹੈ ਅਤੇ ਇਹ ਸੇਵਾ ਵੀ ਉਸਦੀ ਬਖ਼ਸ਼ਿਸ਼ ਹੈ :

**ਮਨ ਤੂੰ ਮਤ ਮਾਣੁ ਕਰਹਿ ਜਿ ਹਉ ਕਿਛੁ ਜਾਣਦਾ ਗੁਰਮੁਖਿ ਨਿਮਾਣਾ ਹੋਹੁ ॥**

(ਅੰਗ ੪੪੧)

**ਜੋ ਜਾਨੈ ਮੈ ਜੋਬਨਵੰਤੁ ॥ ਸੋ ਹੋਵਤ ਬਿਸਟਾ ਕਾ ਜੰਤੁ ॥**

(ਅੰਗ ੨੭੮)

# ਭਾਈ ਹਰਭਜਨ ਸਿੰਘ ਜੀ, ਬੱਸੀ ਪਠਾਣਾ

ਭਾਈ ਗੁਰਦੀਪ ਸਿੰਘ ਸ੍ਰੀ ਅੰਮ੍ਰਿਤਸਰ

ਅਖੰਡ ਕੀਰਤਨੀ ਸਮਾਗਮਾਂ ਵਿਚ, ਸਮਾਧ ਸਥਿਤ ਹੋ ਕੇ ਅਡੋਲ ਅਵਸਥਾ ਵਿਚ ਬੈਠ ਕੇ ਕੀਰਤਨ ਸੁਣਨ ਦੇ ਆਸ਼ਕ ਭਾਈ ਹਰਭਜਨ ਸਿੰਘ ਜੀ ਦਾ ਜਨਮ ਜਨਵਰੀ 1920 ਵਿਚ ਤਹਿ. ਫਤਹਿ ਜੰਗ ਜ਼ਿਲ੍ਹਾ ਕੈਮਲਪੁਰ ਪਾਕਿਸਤਾਨ ਦੇ ਇਕ ਪਿੰਡ ਪਿਤਾ ਸ. ਦੀਵਾਨ ਸਿੰਘ ਜੀ ਦੇ ਘਰ ਮਾਤਾ ਮਾਇਆ ਦੇਵੀ ਦੀ ਕੁਖੋਂ ਹੋਇਆ। ਪਿਤਾ ਜੀ ਆਮ ਸਿੱਖ ਘਰਾਣੇ ਨਾਲ ਸੰਬੰਧਤ ਸਨ ਤੇ ਕਪੜੇ ਦਾ ਕਾਰੋਬਾਰ ਕਰਦੇ ਸਨ। ਆਪ ਜੀ ਨੇ ਸੰਸਾਰਕ ਵਿਦਿਆ ਪਾਕਿਸਤਾਨ ਵਿਚ ਹੀ ਅਠਵੀਂ ਤੱਕ ਫਤਹਿ ਜੰਗ ਸਕੂਲ ਤੋਂ ਲਈ ਅਤੇ ਫਿਰ ਪਿਤਾ ਜੀ ਨਾਲ ਹੀ ਕਾਰੋਬਾਰ ਵਿਚ ਲੱਗ ਗਏ। ਪ੍ਰੀਵਾਰ ਵਿਚੋਂ ਗੁਰਸਿਖੀ ਦੇ ਸੰਸਕਾਰ ਮਿਲਣ ਕਾਰਣ ਆਪ ਬਚਪਨ ਤੋਂ ਹੀ ਵੈਰਾਗੀ ਸੁਭਾਅ ਵਾਲੇ ਪੱਕੇ ਤੇ ਦ੍ਰਿੜ ਇਰਾਦੇ ਵਾਲੇ ਸਨ। ਆਪ ਜੀ ਪ੍ਰਮਾਰਥ ਦੀ ਖੋਜ ਅਤੇ ਨਾਮ ਦੀ ਪ੍ਰਾਪਤੀ ਵਾਸਤੇ ਕਈ ਸਾਧਾ ਸੰਤਾਂ ਦੇ ਡੇਰਿਆਂ ਤੇ ਘੁੰਮਦੇ ਰਹੇ, ਪਰ ਤਸੱਲੀ ਨਹੀਂ ਹੋਈ। ਜਵਾਨੀ ਵਿਚ ਕੁਝ ਕੁਸੰਗਤ ਦਾ ਅਸਰ ਵੀ ਪਿਆ ਪਰ ਪੂਰੇ ਗੁਰੂ ਦੇ ਮਿਲਾਪ ਦੀ ਤਾਂਘ ਜਾਰੀ ਰਹੀ।

ਸੰਨ 1943 ਵਿਚ ਆਪ ਜੀ ਦਾ ਅਨੰਦ ਕਾਰਜ ਬੀਬੀ ਹਰਨਾਮ ਕੌਰ ਜੀ ਨਾਲ ਹੋਇਆ। ਬੀਬੀ ਜੀ ਆਮ ਸਿੱਖ ਪ੍ਰੀਵਾਰ ਵਿਚੋਂ ਸਨ। ਗੁਰੂ ਘਰ ਦੀ ਸੇਵਾ ਦਾ ਪਿਆਰ ਅਤੇ ਲਗਨ ਬਚਪਨ ਤੋਂ ਹੀ ਪ੍ਰੀਵਾਰ ਵਿਚੋਂ ਮਿਲਿਆ ਹੋਇਆ ਸੀ। ਬੀਬੀ ਜੀ ਸੁਘੜ ਸੁਆਣੀ, ਅਗਿਆਕਾਰ, ਸੇਵਾ ਦੀ ਪੁੰਜ ਅਤੇ ਨਿਮਰਤਾ ਦੀ ਮੂਰਤ ਸਨ। ਜਦੋਂ ਪੂਰਬਲੇ ਅੰਕੂਰ ਸਫੁਟ ਹੋਏ, ਪਤੀ ਨਾਲ ਹੀ ਗੁਰੂ ਰੂਪ ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਛਕ ਕੇ ਕੇਸਕੀ ਸਯੁੰਕਤ ਰਹਿਤ ਬਹਿਤ ਦੇ ਧਾਰਨੀ ਹੋ ਗਏ। ਉਨ੍ਹਾਂ ਨੇ ਆਪਣਾ ਸਿੱਖੀ ਸਿਦਕ ਤਾਅ ਜ਼ਿੰਦਗੀ ਨਿਭਾਇਆ। ਪ੍ਰੀਵਾਰ ਦੀ ਸੇਵਾ ਤੋਂ ਇਲਾਵਾ ਗੁਰੂ ਘਰ ਦੇ ਲੰਗਰਾਂ ਦੀ ਵੀ ਅਣਥੱਕ ਸੇਵਾ ਕਰਦੇ ਰਹੇ। ਆਪ ਜੀ ਦੇ ਘਰ ਦੋ ਪੁੱਤਰਾਂ ਤੇ ਦੋ ਪੁੱਤਰੀਆਂ ਨੇ ਜਨਮ ਲਿਆ ਜੋ ਆਪ ਦੇ ਪਾਏ ਹੋਏ ਪੂਰਨਿਆਂ ਤੇ ਚਲਦੇ ਹੋਏ ਰਹਿਤ ਬਹਿਤ ਅਤੇ ਗੁਰਮਤਿ ਦੇ ਧਾਰਨੀ ਹਨ। ਇੰਨ੍ਹਾਂ ਦੀ ਇਕ ਬੱਚੀ ਬੀਬੀ ਅਸਚਰਜ ਕੌਰ ਜੀ ਕੀਰਤਨੀ ਦੀ ਸੇਵਾ ਰਾਹੀਂ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਦੀ ਰਹੀ ਹੈ।



www.AKJ.Org

ਦੇਸ਼ ਦੀ ਵੰਡ ਤੋਂ ਬਾਅਦ, ਆਪ ਪ੍ਰੀਵਾਰ ਸਮੇਤ ਬੱਸੀ ਪਠਾਣਾ ਜ਼ਿਲ੍ਹਾ ਪਟਿਆਲਾ (ਹਾਲ ਫਤਹਿਗੜ੍ਹ ਸਾਹਿਬ) ਆ ਵੱਸੇ ਅਤੇ ਕਪੜੇ ਦਾ ਕਾਰੋਬਾਰ ਸ਼ੁਰੂ ਕਰ ਦਿੱਤਾ। ਆਪ ਨੇ ਕਾਰੋਬਾਰ ਵਿਚ ਵੀ ਝੂਠ, ਫਰੇਬ ਚੋਰੀ ਰਾਹੀਂ ਮਾਇਆ ਇਕੱਠੀ ਕਰਨ ਨਾਲੋਂ ਜ਼ਿੰਦਗੀ ਦੇ ਨਿਰਬਾਹ ਲਈ ਬਹੁਤ ਘੱਟ ਮੁਨਾਫੇ ਤੇ ਸੱਚੀ-ਸੁੱਚੀ ਤੇ ਇਮਾਨਦਾਰੀ ਨਾਲ ਧਰਮ ਦੀ ਹੀ ਕ੍ਰਿਤ ਕੀਤੀ ਤੇ ਮਾਇਆ ਤੋਂ ਨਿਰਲੇਪ ਹੀ ਰਹੇ। ਬੱਸੀ ਪਠਾਣਾ ਵਿਖੇ ਹੀ ਭਾਈ ਅਵਤਾਰ ਸਿੰਘ ਜੀ ਅਤੇ ਬੀਬੀ ਮਹਿੰਦਰ ਕੌਰ ਜੀ ਦੀ ਕੀਰਤਨੀ ਜੋੜੀ ਰਹਿੰਦੀ ਸੀ। ਪੂਰਬਲੇ ਸੰਜੋਗਾਂ ਅਨੁਸਾਰ ਆਪ ਜੀ ਦਾ ਉਨ੍ਹਾਂ ਨਾਲ ਮੇਲਾਪ ਹੋ ਗਿਆ ਤੇ ਕੀਰਤਨ ਸਮਾਗਮਾਂ ਦੀ ਹਾਜ਼ਰੀ ਭਰਨ ਲਗ ਪਏ। ਉਨ੍ਹਾਂ ਦੀ ਪ੍ਰੇਰਨਾ ਨਾਲ, ਆਪ ਜੀ ਲੁਧਿਆਣੇ ਭਾਈ ਸਾਹਿਬ ਜੀ ਦੇ ਦਰਸ਼ਨ ਮਿਲਾਪ ਕਰਨ ਗਏ। ਆਪ ਜੀ ਨੂੰ ਦੇਖਦੇ ਸਾਰ ਹੀ ਭਾਈ ਸਾਹਿਬ ਜੀ ਨੇ ਅਗੋਂ ਬੜੇ ਪ੍ਰੇਮ ਨਾਲ ਕਿਹਾ ਕਿ "ਕੀਰਤਨ ਸ੍ਰਵਣ ਕਰਨ ਦੇ ਸ਼ੌਂਕੀਆਂ ਆ ਗਿਆ ਹੈ"। ਫਿਰ ਭਾਈ ਸਾਹਿਬ ਜੀ ਦੇ ਪੁੱਛਣ 'ਤੇ ਕਿ ਤੁਸੀਂ ਕਿਸ ਦੀ ਪ੍ਰੇਰਨਾ ਨਾਲ ਆਏ ਹੋ? ਤੇ ਆਪ ਜੀ ਨੇ ਦੱਸਿਆ ਕਿ ਭਾਈ ਅਵਤਾਰ ਸਿੰਘ ਜੀ ਅਤੇ ਬੀਬੀ ਮਹਿੰਦਰ ਕੌਰ ਸੀ ਜੋ ਬੱਸੀ ਪਠਾਣਾ ਰਹਿੰਦੇ ਹਨ ਤੇ ਕੀਰਤਨੀਏ ਸਿੰਘ ਹਨ, ਉਨ੍ਹਾਂ ਦੀ ਪ੍ਰੇਰਨਾ ਨਾਲ ਦਾਸ ਆਇਆ ਹੈ। **ਇਸ ਸਮੇਂ ਭਾਈ ਸਾਹਿਬ ਜੀ ਨੇ ਫੁਰਮਾਇਆ, ਕਿ ਕੀਰਤਨੀਏ ਜ਼ਿਆਦਾਤਰ ਕੜਛੀ ਵਾਂਗ ਹੀ ਹੁੰਦੇ ਹਨ, ਜੋ ਉਸ ਵਿਚ ਪਾਈ ਵਸਤੂ ਨੂੰ ਥਾਲੀ ਵਿਚ ਪਰੋਸ ਕੇ ਆਪ ਖਾਲੀ ਹੀ ਰਹਿ ਜਾਂਦੀ ਹੈ। ਇਸੇ ਤਰ੍ਹਾਂ ਕੀਰਤਨੀਏ ਵੀ ਕੀਰਤਨ ਰਾਹੀਂ ਦੂਸਰਿਆਂ ਨੂੰ ਉਪਦੇਸ਼ ਦੇ ਕੇ ਆਪ ਅੰਦਰੋਂ ਸੱਖਣੇ ਹੀ ਰਹਿ ਜਾਂਦੇ ਹਨ। ਸਤਿਕਾਰਯੋਗ ਪੂਰਨ ਦਾਰ ਜੀ ਜਿਥੇ ਕੀਰਤਨੀਆਂ ਦੇ ਸਤਿਕਾਰ ਵਜੋਂ ਉਨ੍ਹਾਂ ਨੂੰ ਪਾਤਸ਼ਾਹ ਕਿਹਾ ਕਰਦੇ ਸਨ ਉਥੇ ਇਹ ਵੀ ਕਿਹਾ ਕਰਦੇ ਸਨ ਕਿ ਕੀਰਤਨੀਆਂ ਕੋਈ ਵਿਰਲਾ ਹੀ ਪਾਰ ਪੈਂਦਾ ਹੈ ਨਹੀਂ ਤਾਂ ਬਹੁਤੇ ਕੀਰਤਨ ਦੀ ਸੇਵਾ ਕਰਕੇ ਵਾਹ ਵਾਹ ਖੱਟ ਕੇ, ਹਉਮੈ ਦੀਆਂ ਪੰਡਾਂ ਬੰਨ ਕੇ ਹੀ ਤੁਰ ਜਾਂਦੇ ਹਨ।** ਇਸ ਮਿਲਾਪ ਤੋਂ ਬਾਅਦ ਆਪ ਜਲਦੀ ਹੀ ਪ੍ਰੀਵਾਰ ਸਮੇਤ ਅੰਮ੍ਰਿਤ ਛੱਕ ਕੇ ਤਿਆਰ-ਬਰ-ਤਿਆਰ ਸਿੰਘ ਸਜ ਗਏ। ਆਪ ਜੀ ਦੀ ਚਿਰਾਂ ਤੋਂ ਕਿਸੇ ਗੁਰਮੁਖ ਪਿਆਰੇ ਦੇ ਮਿਲਾਪ ਦੀ ਤਾਂਘ ਪੂਰੀ ਹੋ ਗਈ ਅਤੇ ਤਸੱਲੀ ਵੀ ਹੋ ਗਈ ਕਿ ਇਹੋ ਜਿਹੇ ਗੁਰਮੁਖ ਵੱਡੇ ਭਾਗਾਂ ਨਾਲ ਹੀ ਮਿਲਦੇ ਹਨ। ਥੋੜੇ ਸਮੇਂ ਲਈ ਕ੍ਰਿਤ ਕਰਕੇ ਆਪ ਜ਼ਿਆਦਾ ਸਮਾ ਕੇਵਲ ਗੁਰਬਾਣੀ ਪੜ੍ਹਨ ਅਤੇ ਨਾਮ ਅਭਿਆਸ ਵਿਚ ਹੀ ਜੁੱਟੇ ਰਹਿੰਦੇ ਸਨ। ਹੌਲੀ-ਹੌਲੀ ਆਪ ਜੀ ਨੂੰ ਅਜਿਹੀ ਅਵਸਥਾ ਪ੍ਰਾਪਤ ਹੋ ਗਈ ਜਿੱਥੇ ਕਿ ਨਾ ਭੁੱਖ, ਨ ਤ੍ਰੇਹ, ਨ ਥਕਾਵਟ ਜਾ ਨੀਂਦ ਵਿਆਪਦੀ ਹੈ ਅਤੇ ਆਪ ਜੀ ਇਕ ਚੌਂਕੜੇ ਵਿਚ ਹੀ ਸਾਰੀ-ਸਾਰੀ ਰਾਤ ਬਿਨ੍ਹਾਂ ਕਿਸੇ ਸਰੀਰ ਦੇ ਅੰਗ ਨੂੰ ਹਿਲਾਏ, ਇਕ ਟੱਕ ਅੰਤਰ ਧਿਆਨ ਹੋ ਕੇ ਕੀਰਤਨ ਸ੍ਰਵਣ ਕਰਦੇ ਰਹਿੰਦੇ ਸਨ। ਆਪ ਜੀ ਕੀਰਤਨ ਸ੍ਰਵਣ ਦੇ ਇਤਨੇ ਸ਼ੌਕੀਨ ਸਨ (ਜਿਸ ਬਾਰੇ ਭਾਈ ਸਾਹਿਬ ਜੀ ਨੇ ਪਹਿਲੇ ਦਰਸ ਮਿਲਾਪ ਵੇਲੇ ਬਚਨ ਉਸਾਰੇ ਸਨ) ਕਿ ਜਿੱਥੇ ਕਿਤੇ ਵੀ ਨੇੜੇ-ਤੇੜੇ ਸਮਾਗਮ ਹੋਣਾ, ਉੱਥੇ ਧਾਈ ਕਰਕੇ ਕੀਰਤਨ ਦੇ ਆਰੰਭ ਵਿਚ ਹੀ ਜਾ ਪੁੱਜਣਾ ਤੇ ਪੂਰੀ ਸਮਾਪਤੀ ਤੋਂ ਬਾਅਦ ਹੀ ਉੱਠਣਾ। ਆਪ ਜੀ ਤੇ ਦੁੱਖ-ਸੁੱਖ, ਗਰਮੀ ਸਰਦੀ ਦਾ ਵੀ ਕੋਈ ਅਸਰ ਨਹੀਂ ਸੀ। ਕਦੇ ਤੇੜ ਪਜਾਮਾ ਨਹੀਂ ਪਾਇਆ ਦੇਖਿਆ, ਕੇਵਲ ਲੋਈ ਹੀ ਕੋਲ ਰੱਖਦੇ ਸਨ ਜਿਸ ਨਾਲ ਲੱਤਾਂ ਢੱਕ ਲੈਂਦੇ ਸਨ। ਕੋਈ ਗਰਮ ਕੋਟ ਜਾਂ ਸਵੈਟਰ ਵੀ ਨਹੀਂ ਪਾਉਂਦੇ ਦੇਖੇ। ਬੜਾ ਸਾਦਾ ਗੁਰਮੁਖੀ ਲਿਬਾਸ ਰੱਖਦੇ ਸਨ। ਗੁਰਮਤਿ ਦੇ ਸਿਧਾਂਤਾਂ 'ਤੇ ਪਹਿਰਾ ਦੇਣ ਕਰਕੇ ਉਨ੍ਹਾਂ ਇਕ ਅਮਲੀ ਜੀਵਨ ਜੀਵਿਆ ਜੋ ਦੂਜਿਆਂ ਲਈ ਚਾਨਣ ਮੁਨਾਰਾ ਹੈ।

ਆਪ ਜੀ ਦਾ ਭਾਈ ਜੋਗਿੰਦਰ ਸਿੰਘ ਜੀ ਤਲਵਾੜਾ ਨਾਲ ਬਹੁਤ ਪਿਆਰ ਸੀ ਅਤੇ ਆਪ ਉਨ੍ਹਾਂ ਦੇ ਕੀਰਤਨ ਸੁਣਨ ਦੇ ਬਹੁਤ ਵੱਡੇ ਆਸ਼ਕ ਸਨ। ਇਕ ਵਾਰੀ ਚੰਡੀਗੜ੍ਹ ਸਮਾਗਮ ਤੋਂ ਬਾਅਦ ਆਪ ਜੀ ਨੇ ਬੱਸੀ ਪਠਾਣਾ ਜਾਣਾ ਸੀ ਪਰ ਤਲਵਾੜਾ ਜੀ ਤੇ ਉਨ੍ਹਾਂ ਦੇ ਕੁਝ ਸਾਥੀ ਜਿਨ੍ਹਾਂ ਸ੍ਰੀ ਅੰਮ੍ਰਿਤਸਰ ਜਾਣਾ ਸੀ, ਕੁਰਾਲੀ ਤਾਈਂ ਆਪ ਜੀ ਨੂੰ ਆਪਣੀ ਗੱਡੀ ਵਿਚ ਹੀ ਬਿਠਾ ਕੇ ਨਾਲ ਲੈ ਆਏ। ਆਪ ਜੀ ਨੂੰ ਸੰਗਤਾਂ ਪਿਆਰ ਨਾਲ ਭਾਪਾ ਜੀ ਕਹਿ ਕੇ ਬੁਲਾਉਂਦੀਆਂ ਸਨ। ਇਕ ਦੋ ਸਿੰਘਾਂ ਨੇ ਇਸ ਸਫਰ ਸਮੇਂ ਪੁੱਛਿਆ ਕਿ ਭਾਪਾ ਜੀ ਆਪ ਸਾਰੀ ਰਾਤ, ਇਕ ਚੌਂਕੜੇ



www.AKJ.Org

ਵਿਚ ਬਿਨ੍ਹਾਂ ਕੋਈ ਅੰਗ ਹਿਲਾਏ, ਕਿਵੇਂ ਅਡੋਲ ਬੈਠੇ ਰਹਿੰਦੇ ਹੋ? ਫਿਰ ਕੋਈ ਗਰਮ ਕਪੜਾ ਵੀ ਨਹੀਂ ਪਹਿਨਦੇ। ਕੀ ਆਪ ਨੂੰ ਠੰਡ ਨਹੀਂ ਲੱਗਦੀ। ਆਪ ਜੀ ਨੇ ਦੱਸਿਆ ਕਿ ਜਦੋਂ ਅਤੁੱਟ ਨਾਮ ਅਭਿਆਸ ਕਮਾਈ ਸਦਕਾ, ਸੁਆਸ ਨਾਭੀ ਵਿਚ ਟਿੱਕਣਾ ਸ਼ੁਰੂ ਕਰ ਦਿੰਦੇ ਹਨ ਤਾਂ ਹਿਰਦਾ ਕਮਲ ਜਿਹੜਾ ਪਹਿਲਾਂ ਪੁੱਠਾ ਹੈ ਉਹ ਸਿੱਧਾ ਹੋ ਜਾਂਦਾ ਹੈ ਅਤੇ ਨਾਮ ਰਸ ਦੇ ਨਾਲ ਉਹ ਖੂਹਟਾ ਭਰ ਜਾਂਦਾ ਹੈ। ਇਹ ਨਾਮ ਦਾ ਰਸ ਇਤਨਾ ਮਿੱਠਾ ਅਤੇ ਸੁਆਦਲਾ ਹੈ, ਜੋ ਕਥਨ ਕਹਿਣ ਤੋਂ ਬਾਹਰ ਹੈ। ਉਸ ਰਸ ਨੂੰ ਮਾਣਿਆ ਜਾਂ ਚੱਖਿਆ ਹੀ ਜਾ ਸਕਦਾ ਹੈ, ਪਰ ਬਿਆਨਿਆ ਨਹੀਂ ਜਾ ਸਕਦਾ। ਇਸ ਅੰਮ੍ਰਿਤ ਰਸ ਵਿਚ ਮਨ ਇਤਨਾਂ ਗੜੂੰਦ ਹੋ ਜਾਂਦਾ ਹੈ ਕਿ ਉਸ ਰਸ ਨੂੰ ਇਕ ਪਲ ਵੀ ਵਿਸਾਰਨਾ ਔਖਾ ਹੋ ਜਾਂਦਾ ਹੈ। ਇਸ ਅਮਿਓ ਰਸ ਆਉਣ ਦੇ ਕਾਰਨ ਦੁੱਖ, ਭੁੱਖ, ਸੁੱਖ, ਨੀਂਦ, ਥਕਾਵਟ ਨੇੜੇ ਨਹੀਂ ਢੁੱਕਦੀ ਭਾਵੇਂ ਕਿਤਨਾ ਸਮਾਂ ਬੈਠੇ ਰਹੋ। ਇਸ ਅਵਸਥਾ ਵਿਚ ਦੇਹ ਅਧਿਆਸ ਖਤਮ ਹੋ ਜਾਂਦਾ ਹੈ ਅਤੇ ਸੁਰਤੀ ਇਕ ਟੱਕ ਨਾਮ ਨਾਲ ਜੁੜੀ ਰਹਿ ਕੇ ਅੰਮ੍ਰਿਤ ਰਸ ਚੱਖਦੀ ਰਹਿੰਦੀ ਹੈ। ਆਪ ਜੀ ਦੀ ਇਸ ਉੱਚ ਆਤਮਿਕ ਅਵਸਥਾ ਕਾਰਨ ਹੀ ਆਪ ਜੀ ਨੂੰ ਕਈ ਵਾਰ ਅੰਮ੍ਰਿਤ ਸੰਚਾਰ ਦੀ ਸੇਵਾ ਲਈ ਪੇਚਾਂ ਵਿਚ ਸ਼ਾਮਿਲ ਕੀਤਾ ਜਾਂਦਾ ਰਿਹਾ ਹੈ।

ਜਿੱਥੇ ਆਪ ਜੀ ਦਾ ਤਲਵਾੜਾ ਜੀ, ਉਨ੍ਹਾਂ ਦੇ ਸਪੁੱਤਰ ਡਾਕਟਰ ਤੇਜਿੰਦਰਪਾਲ ਸਿੰਘ ਦੂਲਾ ਵੀਰ ਜੀ ਨਾਲ ਨਿੱਘਾ ਸਨੇਹ ਤੇ ਡੂੰਘਾ ਸੰਬੰਧ ਸੀ ਉੱਥੇ ਡਾਕਟਰ ਸੁਰਿੰਦਰ ਸਿੰਘ ਜੀ, ਭਾਈ ਹਰਿਕ੍ਰਿਸ਼ਨ ਸਿੰਘ ਜੀ ਜਾਨ ਸੁਖਾਲਾ ਜੀ, ਸੰਤ ਜੁਆਲਾ ਸਿੰਘ ਜੀ ਨੰਦ ਪੁਰ ਕਲੌੜ, ਬਾਬਾ ਕਰਨੈਲ ਸਿੰਘ ਜੀ ਖਰੜ, ਭਾਈ ਹਜ਼ਾਰਾ ਸਿੰਘ ਜੀ ਆਪ ਜੀ ਦੇ ਹਮ ਖਿਆਲੀ ਤੇ ਮਨ ਮੇਲੀ ਗੁਰਸਿੱਖ ਸਨ।

**ਇਕ ਵਾਰ ਲੁਧਿਆਣੇ ਆਪਣੀ ਬੇਟੀ ਕੋਲ ਰਹਿੰਦੇ ਸਮੇਂ ਆਪ ਜੀ ਦੂਲਾ ਜੀ ਕੋਲ ਦਵਾਈ ਲੈਣ ਆਏ। ਉੱਥੇ ਪੰਜ-ਛੇ ਨੌਜਵਾਨ ਸਿੰਘ ਗੁਰਮੁਖੀ ਬਾਣੇ ਵਿਚ ਸ਼ਸਤਰਧਾਰੀ ਹੋ ਕੇ ਸਜੇ ਹੋਏ ਬੈਠੇ ਸਨ। ਆਪ ਜੀ ਨੇ ਪਿਆਰ ਨਾਲ ਉਨ੍ਹਾਂ ਨੂੰ ਕਿਹਾ ਕਿ ਬੇਟਾ, ਸ਼ਿੰਗਾਰ ਸੁਹਾਗਣਾਂ ਨੂੰ ਹੀ ਸ਼ੋਭਦਾ ਹੈ। ਪਰ ਉਹ ਆਪ ਦੀ ਰਮਜ ਸਮਝ ਨਾ ਸਕੇ ਤੇ ਦਵਾਈ ਲੈ ਕੇ ਚਲੇ ਗਏ। ਬਾਅਦ ਵਿਚ ਦੂਲਾ ਜੀ ਦੇ ਪੁੱਛਣ ਤੇ ਆਪ ਜੀ ਨੇ ਦਸਿਆ ਕਿ ਬਾਹਰਲਾ ਕੀਤਾ ਹੋਇਆ ਸਿੰਗਾਰ (ਭਾਵ ਬਾਣਾ ਤੇ ਸ਼ਸ਼ਤਰ ਆਦਿ) ਤਦ ਹੀ ਸੋਂਹਦੇ ਹਨ ਜੇ ਅੰਤਰ ਆਤਮੇ ਪਤੀ ਪ੍ਰਮੇਸ਼ਰ ਨਾਲ ਮਿਲਾਪ ਹੋ ਕੇ ਸੁਹਾਗਵਤੀ ਹੋਣ ਦਾ ਸੁਭਾਗ ਪ੍ਰਾਪਤ ਹੋਵੇ। ਜਿਵੇਂ ਦੁਹਾਗਣਾਂ ਦਾ ਕੀਤਾ ਸ਼ਿੰਗਾਰ ਸ਼ੋਭਦਾ ਨਹੀਂ ਅਤੇ ਕੁਚੱਜਾ ਹੀ ਲੱਗਦਾ ਹੈ ਇਸੇ ਤਰ੍ਹਾਂ ਗੁਰਸਿੱਖਾਂ ਨੂੰ ਵੀ ਬਾਹਰਲੇ ਵਿਖਾਵੇ ਤੋਂ ਸੰਕੋਚ ਕਰਨਾ ਚਾਹੀਦਾ ਹੈ, ਜੇ ਅੰਦਰ ਕੋਈ ਕਲਾ ਨਾ ਵਰਤੀ ਹੋਵੇ।**

ਬੁਢਾਪੇ ਕਾਰਨ ਸਰੀਰਕ ਕਮਜੋਰੀ ਦੇ ਨਾਲ-ਨਾਲ ਆਪ ਜੀ ਨੂੰ ਅਖੀਰਲੀ ਆਯੂ ਵਿਚ ਬਵਾਸੀਰ ਦੀ ਖੇਚਲ ਵੀ ਹੋ ਗਈ ਸੀ ਪ੍ਰੰਤੂ ਆਖਰੀ ਸਮੇਂ ਕੈਂਸਰ ਦੀ ਬੀਮਾਰੀ ਕਾਰਨ ਆਪ ਜੀ ਮਿਤੀ 19 ਅਪ੍ਰੈਲ 2011 ਨੂੰ 90 ਸਾਲ ਦੀ ਲੰਬੀ ਉਮਰ ਭੋਗ ਕੇ ਜੀਵਨ ਸਫਲਾ ਕਰਦੇ ਹੋਏ, ਆਪਣੇ ਗ੍ਰਹਿ ਪਿੰਡ ਬੱਸੀ ਪਠਾਣਾਂ ਵਿਚ ਗੁਰੂ ਚਰਨਾਂ ਵਿਚ ਜਾ ਬਿਰਾਜੇ।

# ਭਾਈ ਸਰਦਾਰਾ ਸਿੰਘ ਜੀ (ਲਾਂਗਰੀ) ਲੁਧਿਆਣਾ

ਭਾਈ ਸੰਤੋਖ ਸਿੰਘ ਜੀ ਸ੍ਰੀ ਅੰਮ੍ਰਿਤਸਰ

ਗੁਰੂ ਘਰ ਦੇ ਅਣਥੱਕ ਸੇਵਾਦਾਰ ਅਤੇ ਲੰਗਰ ਸਜਾਉਣ ਵਾਲੇ ਗੁਰਸਿੱਖ ਭਾਈ ਸਰਦਾਰਾ ਸਿੰਘ ਜੀ ਦਾ ਜਨਮ ਸੰਨ 1916 ਵਿਚ ਪਿੰਡ ਖਾਨ ਖਾਸਾ ਤਹਿਸੀਲ ਨਾਰੋਵਾਲ ਜ਼ਿਲ੍ਹਾ ਸਿਆਲਕੋਟ ਪਾਕਿਸਤਾਨ ਵਿਚ ਸ. ਕਿਸ਼ਨ ਸਿੰਘ ਜੀ ਦੇ ਘਰ ਹੋਇਆ। ਇਨ੍ਹਾਂ ਦੇ ਪਿਤਾ ਜੀ ਇਕ ਛੋਟੇ ਦਰਮਿਆਨੇ ਦਰਜੇ ਦੇ ਦੁਕਾਨਦਾਰ ਸਨ ਅਤੇ ਗੁਰੂ ਘਰ ਦੇ ਪ੍ਰੇਮੀ ਸ਼ਰਧਾਲੂ ਸਿੱਖ ਸਨ। ਆਪ ਜੀ ਤਿੰਨ ਭਰਾਵਾਂ ਵਿਚੋਂ ਸਭ ਤੋਂ ਛੋਟੇ ਸਨ ਅਤੇ ਆਪ ਜੀ ਦੀ ਇਕ ਭੈਣ ਵੀ ਸੀ।

ਆਪ ਜੀ ਨੇ ਆਪਣੀ ਮੁੱਢਲੀ ਵਿਦਿਆ ਛੇਵੀਂ ਜਮਾਤ ਤਾਈਂ ਆਪਣੇ ਪਿੰਡ ਦੇ ਸਕੂਲ ਤੋਂ ਹੀ ਲਈ। ਇਸ



www.AKJ.Org

ਤਰ੍ਹਾਂ ਉਹ ਉਰਦੂ ਅਤੇ ਗੁਰਮੁਖੀ ਭਾਸ਼ਾ ਦੇ ਗੁਜ਼ਾਰੇ ਮਾਤਰ ਜਾਣਕਾਰ ਹੋ ਗਏ ਸਨ। ਸ. ਕਿਰਪਾਲ ਸਿੰਘ ਸ੍ਰੀ ਅੰਮ੍ਰਿਤਸਰ ਵਾਲੇ ਜੋ ਮੈਂਬਰ ਪਾਰਲੀਮੈਂਟ, ਮੈਂਬਰ ਵਿਧਾਨ ਸਭਾ ਅਤੇ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਵੀ ਰਹੇ ਹਨ, ਆਪ ਜੀ ਦੇ ਹਮ ਜਮਾਤੀ ਸਨ ਤੇ ਆਪ ਜੀ ਦੇ ਪਿੰਡ ਦੇ ਹੀ ਰਹਿਣ ਵਾਲੇ ਸਨ।

ਆਪ ਜੀ ਦਾ ਅਨੰਦ ਕਾਰਜ ਸੰਨ 1938 ਵਿਚ ਬੀਬੀ ਪਿਆਰ ਕੌਰ ਸਪੁੱਤਰੀ ਸ. ਸੰਤ ਸਿੰਘ ਜੀ ਨਾਲ ਹੋਇਆ। ਬੀਬੀ ਜੀ ਗੁਰਸਿੱਖ ਪਰਿਵਾਰ ਨਾਲ ਸੰਬੰਧਤ ਹੋਣ ਕਰਕੇ ਅਨੰਦ ਕਾਰਜ ਤੋਂ ਪਹਿਲਾਂ ਹੀ ਅੰਮ੍ਰਿਤਧਾਰੀ ਸਨ ਪਰ ਆਪ ਜੀ ਨੇ ਅਜੇ ਅੰਮ੍ਰਿਤ ਨਹੀਂ ਸੀ ਛਕਿਆ। ਵਿਆਹ ਤੋਂ ਬਾਅਦ ਇਕ ਵਾਰ ਆਪ ਜੀ ਬਹੁਤ ਬੀਮਾਰ ਹੋ ਗਏ ਤੇ ਸਾਰਾ ਪਰਿਵਾਰ ਚਿੰਤਾਤੁਰ ਹੋ ਗਿਆ। ਗੁਰਦੁਆਰੇ ਗ੍ਰੰਥੀ ਸਿੰਘ ਕੋਲੋਂ ਅਰਦਾਸ ਕਰਵਾਈ ਤੇ ਉਸ ਨੇ ਕਿਹਾ ਕਿ ਇਹ ਅੰਮ੍ਰਿਤ ਛੱਕ ਕੇ ਠੀਕ ਹੋ ਜਾਣਗੇ। ਫਿਰ ਆਪ ਜੀ ਨੂੰ ਇਕ ਸੁਪਨੰਤਰ ਚਮਤਕਾਰ ਦਿਸਿਆ, ਜਿਸ ਵਿਚ ਆਪ ਨੂੰ ਇਕ ਸਿੰਘ ਨੇ ਡੂੰਘੀ ਖੱਡ ਅਤੇ ਬਲਦੀ ਅੱਗ ਵਿਚੋਂ ਹੱਥ ਦੇ ਕੇ ਕੱਢਿਆ ਅਤੇ ਇਸ ਤਰ੍ਹਾਂ ਆਪ ਨੂੰ ਗੁਰੂ ਘਰ ਤੇ ਭਰੋਸਾ ਤੇ ਵਿਸ਼ਵਾਸ ਹੋ ਗਿਆ। ਜਲਦੀ ਹੀ ਪਾਕਿਸਤਾਨ ਵਿਚ ਰਹਿੰਦਿਆਂ ਇਕ ਅੰਮ੍ਰਿਤ ਸੰਚਾਰ ਸਮਾਗਮ ਸਮੇਂ ਜਥੇ ਪਾਸੋਂ ਆਪ ਜੀ ਪਰਿਵਾਰ ਸਮੇਤ ਅੰਮ੍ਰਿਤ ਛੱਕ ਕੇ ਗੁਰੂ ਵਾਲੇ ਬਣ ਗਏ ਤੇ ਸਿਹਤਯਾਬ ਵੀ ਹੋ ਗਏ।

ਨਾਰੋਵਾਲ (ਸਿਆਲਕੋਟ) ਦੇ ਇਲਾਕੇ ਵਿਚ ਡਾ. ਬਸੰਤ ਸਿੰਘ ਜੀ ਸੇਖਵਾਂ ਦੀ ਸੰਗਤ ਕਰਕੇ ਬਹੁਤ ਸਾਰੇ ਸਿੱਖ ਪ੍ਰੀਵਾਰ ਜਥੇ ਵਿਚੋਂ ਅੰਮ੍ਰਿਤ ਛੱਕ ਕੇ ਤਿਆਰ ਬਰ ਤਿਆਰ ਹੋ ਗਏ ਸਨ ਜਿਨ੍ਹਾਂ ਵਿਚੋਂ ਆਪ ਵੀ ਇਕ ਸਨ ਅਤੇ ਉਥੇ ਕੀਰਤਨ ਸਮਾਗਮ ਤੇ ਅਖੰਡ ਪਾਠ ਤੇ ਅੰਮ੍ਰਿਤ ਸੰਚਾਰ ਸਮਾਗਮ ਵੀ ਹੁੰਦੇ ਰਹਿੰਦੇ ਸਨ ਜਿਨ੍ਹਾਂ ਵਿਚ ਭਾਈ ਸਾਹਿਬ ਜੀ ਵੀ ਜਥੇ ਸਮੇਤ ਸ਼ਾਮਿਲ ਹੁੰਦੇ ਰਹੇ ਹਨ।

ਸੰਨ 1947 ਵਿਚ ਦੇਸ਼ ਦੀ ਵੰਡ ਵੇਲੇ ਇਨ੍ਹਾਂ ਦਾ ਸਾਰਾ ਪਰਿਵਾਰ ਵਿਛੜ ਗਿਆ ਅਤੇ ਆਪ ਪਹਿਲਾਂ ਕੁਝ ਚਿਰ ਸ੍ਰੀ ਅੰਮ੍ਰਿਤਸਰ ਆ ਕੇ ਰਹਿਣ ਲੱਗ ਪਏ। ਫਿਰ ਇਨ੍ਹਾਂ ਨੂੰ ਆਪਣੇ ਭਰਾਵਾਂ ਦੇ ਲੁਧਿਆਣੇ ਹੋਣ ਦਾ ਪਤਾ ਲਗਣ ਤੇ ਉਥੇ ਚਲੇ ਗਏ। ਪਹਿਲਾਂ ਇਨ੍ਹਾਂ ਨੂੰ ਰਫਿਊਜੀਆਂ ਦੇ ਨਾਲ ਜਵਾਹਰ ਨਗਰ ਕੈਂਪ ਵਿਚ ਮਕਾਨ ਅਲਾਟ ਹੋਇਆ ਪਰ ਉਥੇ ਬਹੁਤ ਲੋਕ ਤੰਬਾਕੂਪੀਣੇ ਸਨ ਤੇ ਆਪ ਬਹੁਤ ਔਖਿਆਈ ਮਹਿਸੂਸ ਕਰਦੇ ਸਨ। ਇਨ੍ਹਾਂ ਨੇ ਉਹ ਰਿਹਾਇਸ਼ ਛੱਡ ਕੇ ਨਿਊ ਮਾਡਲ ਟਾਊਨ ਵਿਚ ਛੋਟੀ ਜਿਹੀ ਰਿਹਾਇਸ਼ ਲੈ ਲਈ। ਪਰਿਵਾਰ ਦੇ ਗੁਜ਼ਾਰੇ ਵਾਸਤੇ ਇਨ੍ਹਾਂ ਨੇ ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰੇ ਵਿਚ ਚਲ ਰਹੇ ਸਕੂਲ ਵਿਚ ਛੋਟੀ ਜਿਹੀ ਦੁਕਾਨ ਸ਼ੁਰੂ ਕਰ ਲਈ ਤੇ ਪਰਿਵਾਰ ਦਾ ਗਜ਼ਾਰਾ ਤੋਰਨ ਲਗ ਪਏ।

ਨਿਊ ਮਾਡਲ ਟਾਊਨ ਵਿਚ ਉਸ ਵੇਲੇ ਕਾਫੀ ਸਿੰਘ ਰਿਹਾਇਸ਼ ਰਖਦੇ ਸਨ ਜਿਨ੍ਹਾਂ ਵਿਚ ਭਾਈ ਅਮਰੀਕ ਸਿੰਘ ਜੀ ਅਖੰਡ ਪਾਠੀ ਤੇ ਅਰਦਾਸੀਏ, ਭਾਈ ਹਰਨਾਮ ਸਿੰਘ ਜੀ ਕੋਮਲ, ਬੀਬੀ ਮਹਿੰਦਰ ਕੌਰ ਕੀਰਤਨੀ, ਭਾਈ ਈਸ਼ਰ ਸਿੰਘ ਜੀ ਸਰਬਲੋਹੀ, ਭਾਈ ਦਿਆਲ ਸਿੰਘ ਜੀ, ਬੀਬੀ ਸੁਖਦੇਵ ਕੌਰ ਆਦਿ ਦੇ ਨਾਮ ਵਰਣਨਯੋਗ ਹਨ। ਇਸ ਤੋਂ ਇਲਾਵਾ ਭਾਈ ਸਾਹਿਬ ਰਣਧੀਰ ਸਿੰਘ ਜੀ ਵੀ ਮਾਡਲ ਟਾਊਨ ਵਿਚ ਰਿਹਾਇਸ਼ ਰਖਦੇ ਸਨ ਤੇ ਸਿੰਘ ਸਭਾ ਗੁਰਦੁਆਰੇ ਵਿਚ ਜਥੇ ਦੇ ਸਮਾਗਮ ਹੁੰਦੇ ਰਹਿੰਦੇ ਸਨ। ਇਥੇ ਹੀ ਇਨ੍ਹਾਂ ਦਾ ਮਿਲਾਪ ਉਪਰੋਕਤ ਗੁਰਸਿਖਾਂ ਤੇ ਭਾਈ ਸਾਹਿਬ ਜੀ ਨਾਲ ਹੋ ਗਿਆ। ਆਪ ਜੀ ਨੇ ਉਨ੍ਹਾਂ ਦੀ ਸੰਗਤ ਦਾ ਆਨੰਦ ਮਾਣਨਾ ਸ਼ੁਰੂ ਕਰ ਦਿੱਤਾ ਤੇ ਸੰਗਤ ਵਿਚ ਵਿਚਰਦਿਆਂ ਨਾਮ ਬਾਣੀ ਦੇ ਲਾਹੇ ਲੈਣ ਲੱਗ ਪਏ।

ਆਪਣੇ ਜੱਦੀ ਪਿੰਡ ਪਾਕਿਸਤਾਨ ਵਿਚ ਰਹਿਣ ਵੇਲੇ ਆਪ ਹਲਵਾਈ ਦਾ ਕੰਮ ਸਿੱਖ ਕੇ ਛੋਟੀ ਜਿਹੀ ਹਲਵਾਈ ਦੀ ਦੁਕਾਨ ਕਰਦੇ ਸਨ ਤੇ ਇਸ ਤਰ੍ਹਾਂ ਇਨ੍ਹਾਂ ਨੇ ਲੰਗਰ ਤਿਆਰ ਕਰਨ ਦੀ ਮੁਹਾਰਤ ਵੀ ਲੈ ਲਈ ਸੀ। ਲੁਧਿਆਣੇ ਵਿਚ ਆਉਣ ਤੋਂ ਲੈ ਕੇ ਅਖੀਰ ਤਾਈਂ ਜਿਤਨਾ ਚਿਰ ਉਨ੍ਹਾਂ ਦੀ ਸਿਹਤ ਠੀਕ ਰਹੀ ਉਨ੍ਹਾਂ ਨੇ ਲੁਧਿਆਣੇ ਸ਼ਹਿਰ ਵਿਚ ਹੋਣ ਵਾਲੇ ਸਾਰੇ ਕੇਂਦਰੀ ਅਤੇ ਲੋਕਲ ਸਮਾਗਮਾਂ ਵਿਚ ਲੰਗਰ ਦੇ ਮੁਖ ਸੇਵਾਦਾਰ ਦੀ ਸੇਵਾ ਨਿਸ਼ਕਾਮ ਰਹਿ ਕੇ ਨਿਭਾਈ। ਉਹ ਮਿੱਠ ਬੋਲੜੇ ਅਤੇ ਬਹੁਤ ਘੱਟ ਬੋਲਣ ਵਾਲੇ ਸਨ। ਆਮਦਨ ਦੇ ਸੀਮਤ ਵਸੀਲਿਆਂ ਦੇ ਬਾਵਜੂਦ ਉਹ ਹਮੇਸ਼ਾਂ ਸਬਰ-


www.AKJ.Org

ਸ਼ੁਕਰ ਸ਼ਾਂਤ-ਸਹਿਜ ਸੁਭਾਅ ਅਤੇ ਗੁਰੂ ਦੇ ਭਾਣੇ ਵਿਚ ਹੀ ਵਿਚਰਦੇ ਸਨ। ਕ੍ਰੋਧ ਜਾਂ ਗੁੱਸਾ ਤਾਂ ਕਦੇ ਵੀ ਉਨ੍ਹਾਂ ਦੇ ਨੇੜੇ ਨਹੀਂ ਫਟਕਿਆ। ਪੋਹ ਸੁਦੀ ਸਤਮੀ ਦੇ ਕੇਂਦਰੀ ਸਮਾਗਮ ਸਮੇਂ ਉਹ ਰਾਤ ਦਿਨ ਲੰਗਰ ਵਿਚ ਹੀ ਰਹਿ ਕੇ ਹਜ਼ਾਰਾਂ ਸੰਗਤਾਂ ਲਈ ਲੰਗਰ ਤਿਆਰ ਕਰਨ ਦੀ ਅਣਥੱਕ ਸੇਵਾ ਕਰਦੇ ਸਨ। ਕਦੇ ਕਿਸੇ ਕੋਲ ਹੱਥ ਨਹੀਂ ਅੱਡਿਆ ਅਤੇ ਨਾ ਹੀ ਕਦੇ ਕੋਈ ਲਾਲਸਾ ਰਖੀ। ਐਸੇ ਸਬਰ-ਸੰਤੋਖੀ ਗੁਰਸਿੱਖ ਘੱਟ ਹੀ ਦੇਖਣ ਨੂੰ ਮਿਲਦੇ ਹਨ ਜੋ ਹਮੇਸ਼ਾ ਪ੍ਰਭੂ ਦੀ ਰਜ਼ਾ ਵਿਚ ਵਿਚਰਦੇ ਹਨ। ਉਹ ਨਿਰੰਤਰ ਸੇਵਾ ਵਿਚ ਹੀ ਲੀਨ ਰਹਿੰਦੇ ਸਨ, ਕਦੇ ਵੀ ਉਨ੍ਹਾਂ ਦੇ ਮਥੇ ਤੇ ਤਿਊੜੀ ਨਹੀਂ ਸੀ ਵੇਖੀ ਗਈ। ਲੰਬੇ ਕਦ ਅਤੇ ਇਕਹਿਰੇ ਸਰੀਰ ਵਾਲੇ, ਹਮੇਸ਼ਾ ਦਸਤਾਰ ਸਮੇਤ ਚਿੱਟੇ ਲਿਬਾਸ ਵਿਚ ਹੀ ਵਿਚਰਦੇ ਸਨ।

ਆਪ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਸਮਾਗਮਾਂ ਨਾਲ ਰਖੇ ਸ੍ਰੀ ਜਪੁਜੀ ਸਾਹਿਬ ਜੀ ਦੇ ਪਾਠ ਦੀਆਂ ਰੌਲਾਂ ਦਿੰਦੇ ਹੁੰਦੇ ਸਨ। ਅੰਮ੍ਰਿਤ ਵੇਲੇ ਉਠ ਕੇ ਨਾਮ ਬਾਣੀ ਦਾ ਅਭਿਆਸ ਤੇ ਨਿਤਨੇਮ ਬੜੇ ਪ੍ਰੇਮ ਨਾਲ ਕਰਦੇ ਸਨ। ਅੱਜ ਕਲ ਦੇ ਅੰਮ੍ਰਿਤਧਾਰੀ ਹਲਵਾਈ ਸਿੰਘਾਂ ਵਾਂਗ, ਜਿਨ੍ਹਾਂ ਨੇ ਇਸ ਸੇਵਾ ਨੂੰ ਇਕ ਧੰਦਾ ਹੀ ਬਣਾ ਲਿਆ ਹੈ ਦੇ ਉਲਟ, ਉਨ੍ਹਾਂ ਹਮੇਸ਼ਾ ਨਿਰਬਾਣ ਤੇ ਨਿਸ਼ਕਾਮ ਰਹਿ ਕੇ ਹੀ ਇਹ ਸੇਵਾ ਨਿਭਾਈ, ਚਾਹੇ ਗਰੀਬੀ ਵੀ ਅਤਿ ਦਰਜੇ ਦੀ ਸੀ। ਕਦੇ ਕੋਈ ਲਾਲਚ ਨਹੀਂ ਕੀਤਾ ਅਤੇ ਸੰਗਤ ਦੇ ਦਸਵੰਧ ਰੂਪੀ ਪੂਜਾ ਦੇ ਧਾਨ ਵੱਲ ਕਦੇ ਵੀ ਨਹੀਂ ਤੱਕਿਆ।

ਇਕ ਵਾਰ ਉਨ੍ਹਾਂ ਦੇ ਇਕ ਲੜਕੇ ਦੀ ਕਿਸੇ ਗ਼ਲਤ ਆਦਮੀ ਨਾਲ ਕੁਸੰਗਤ ਕਰਕੇ ਪੁਲਿਸ ਨੇ ਉਸ ਉੱਤੇ ਚੋਰੀ ਦਾ ਝੂਠਾ ਕੇਸ ਪਾ ਦਿੱਤਾ। ਲੜਕੇ ਨੂੰ ਪੁਲਿਸ ਨੇ ਪਕੜਿਆ ਤਾਂ ਰਾਤ ਨੂੰ ਘਰੋਂ ਸੀ ਪਰ ਕੇਸ ਕਿਸੇ ਹੋਰ ਜਗ੍ਹਾ ਤੋਂ ਕਿਸੇ ਦਾ ਸਾਈਕਲ ਖੋਹਣ ਦਾ ਪਾ ਦਿੱਤਾ। ਸਾਰਾ ਮਹੱਲਾ ਇਕੱਤਰ ਹੋ ਕੇ, ਸ਼ਾਹਦੀ ਭਰਨ ਲਈ ਪੁਲਿਸ ਅਫ਼ਸਰਾਂ ਕੋਲ ਗਿਆ ਕਿ ਇਸ ਨੂੰ ਘਰੋਂ ਹੀ ਪਕੜਿਆ ਗਿਆ ਹੈ। ਪਰ ਪੁਲਿਸ ਦੀ ਕਾਰਵਾਈ ਵੀ ਇਹੋ ਜਿਹੀ ਹੀ ਹੁੰਦੀ ਹੈ ਜਿਥੋਂ ਕਿਸੇ ਨੂੰ ਇਨਸਾਫ਼ ਮਿਲਣ ਦੀ ਘੱਟ ਹੀ ਉਮੀਦ ਹੁੰਦੀ ਹੈ। ਇਨ੍ਹਾਂ ਦੇ ਲੜਕੇ ਤੇ ਅਦਾਲਤ ਵਿਚ ਕੇਸ ਚਲਿਆ ਅਤੇ ਚਾਰ ਮਹੀਨੇ ਦੀ ਕੈਦ ਹੋ ਗਈ। ਉਸ ਤੋਂ ਬਾਅਦ ਸ਼ੈਸ਼ਨ ਜੱਜ ਕੋਲ ਅਪੀਲ ਕੀਤੀ ਗਈ। ਜਿਸ ਦਿਨ ਜੱਜ ਨੇ ਫੈਸਲਾ ਸੁਣਾਉਣਾ ਸੀ ਆਪ ਉਸ ਦਿਨ ਕਚਹਿਰੀ ਵਿਚ ਹਾਜ਼ਰ ਸਨ। ਆਪ ਜੀ ਨੇ ਬੜੇ ਵੈਰਾਗ ਵਿਚ ਗੁਪਤੋ ਗੁਪਤੀ ਹਿਰਦੇ ਅੰਦਰ ਅਰਦਾਸ ਕੀਤੀ ਕਿ ਸੱਚੇ ਪਾਤਸ਼ਾਹ ਜੀ, ਹੁਣ ਬੁਹੜੀ ਕਰੋ ਕਿ ਸਾਨੂੰ ਇਨਸਾਫ਼ ਮਿਲ ਜਾਵੇ। ਜੇ ਹੁਣ ਆਪ ਨੇ ਸਹਾਈ ਨਹੀਂ ਹੋਣਾ ਤਾਂ ਫਿਰ ਕਦੋਂ ਹੋਣਾ ਹੈ ? ਉਸ ਵੇਲੇ ਜੱਜ ਨੇ ਫੈਸਲਾ ਸੁਣਾਉਂਦੇ ਹੋਏ ਇਨ੍ਹਾਂ ਦੇ ਲੜਕੇ ਨੂੰ ਸਾਫ ਬਰੀ ਕਰ ਦਿੱਤਾ ਅਤੇ ਆਪ ਗੁਰੂ ਸਾਹਿਬ ਜੀ ਦੇ ਸ਼ੁਕਰਾਨੇ ਵਿਚ ਜੁੜ ਗਏ।

ਇਕ ਵਾਰੀ ਲੁਧਿਆਣੇ ਪੋਹ ਸੁਦੀ ਸਮਾਗਮ ਵੇਲੇ ਕੋਈ ਭਾਰੀ ਕੜਾਹੀ ਚੁਕਣ ਵੇਲੇ ਨੇੜੇ ਪਈ ਲੱਕੜ ਵਿਚ ਇਕ ਕਿੱਲ ਲੱਗਾ ਹੋਇਆ ਸੀ ਜੋ ਆਪ ਦੇ ਪੈਰ ਵਿਚ ਖੁੱਭ ਗਿਆ ਅਤੇ ਪੈਰ ਦੇ ਆਰਪਾਰ ਹੋ ਗਿਆ। ਉਥੇ ਮੌਜੂਦ ਸਿੰਘਾਂ ਨੇ ਉਹ ਕਿੱਲ ਖਿੱਚ ਕੇ ਪੈਰ ਵਿਚੋਂ ਕੱਢਿਆ। ਮਲਮ ਪੱਟੀ ਕਰਕੇ ਟੀਕੇ ਵਗੈਰਾ ਲਗਵਾਏ ਗਏ। ਪਰ ਆਪ ਜੀ ਨੇ ਇਤਨੀ ਤਕਲੀਫ ਹੁੰਦਿਆਂ ਚਲਦੇ ਸਮਾਗਮ ਵਿਚ ਲੰਗਰ ਦੀ ਸੇਵਾ ਨਹੀਂ ਛੱਡੀ ਅਤੇ ਕਿਹਾ ਕਿ ਗੁਰੂ ਮਹਾਰਾਜ ਨੇ ਇਹ ਸੂਲੀ ਤੋਂ ਸੂਲ ਬਣਾ ਦਿੱਤਾ ਹੈ। ਨਹੀਂ ਤੇ ਜੇ ਕੜਾਹੀ ਹੱਥੋਂ ਛੁਟ ਜਾਂਦੀ ਤਾਂ ਪਤਾ ਨਹੀਂ, ਕੀ ਭਾਣਾ ਵਰਤਣਾ ਸੀ?

ਆਪ ਜੀ ਦੀ ਸਿਹਤ ਤਾਅ ਉਮਰ ਠੀਕ ਰਹੀ ਅਤੇ ਕੋਈ ਵੀ ਬੀਮਾਰੀ ਇਨ੍ਹਾਂ ਦੇ ਨੇੜੇ ਨਹੀਂ ਆਈ। ਚੜ੍ਹਾਈ ਕਰਨ ਤੋਂ ਕੁਝ ਦਿਨ ਪਹਿਲਾਂ ਇਨ੍ਹਾਂ ਨੇ ਦਾਸ ਕੋਲ ਸ੍ਰੀ ਅੰਮ੍ਰਿਤਸਰ ਆਉਣਾ ਸੀ ਪਰ ਭਾਣੇ ਅੰਦਰ ਇਕ ਦਿਨ ਅੰਮ੍ਰਿਤ ਵੇਲੇ ਸੁਖਮਨੀ ਸਾਹਿਬ ਜੀ ਦੇ ਪਾਠ ਤੋਂ ਬਾਅਦ ਡਿਗ ਕੇ ਚੂਲ੍ਹਾ ਟੁੱਟ ਗਿਆ। ਇਸ ਤੋਂ ਪਹਿਲਾਂ ਉਸੇ ਰਾਤ ਉਨ੍ਹਾਂ ਨੇ ਬਾਰਾਂ ਵਜੇ ਤਕ ਹੋਏ ਇਕ ਕੀਰਤਨ ਸਮਾਗਮ ਦੀ ਹਾਜ਼ਰੀ ਵੀ ਭਰੀ ਸੀ। ਚੂਲ੍ਹਾ ਟੁੱਟਣ ਕਰਕੇ ਹੋਈ ਸਰੀਰਕ ਕਮਜ਼ੋਰੀ ਅਤੇ ਬੁਢੇਪੇ ਕਾਰਨ ਉਹ ਮੁੜ ਕੇ ਠੀਕ ਨਹੀਂ ਹੋ ਸਕੇ। 5-6 ਦਿਨ ਹਸਪਤਾਲ ਵਿਚ ਇਲਾਜ ਹੋਣ ਦੇ ਬਾਵਜੂਦ ਮਿਤੀ 8 ਅਗਸਤ 2008 ਨੂੰ ਲੁਧਿਆਣੇ ਹੀ ਸੰਗਤਾਂ ਤੇ ਪਰਿਵਾਰ ਨੂੰ ਅਲਵਿਦਾ ਕਹਿੰਦੇ ਹੋਏ ਪੰਜ ਭੂਤਕ ਸਰੀਰਕ ਚੋਲਾ ਛੱਡ ਕੇ ਗੁਰੂ ਚਰਨਾਂ ਵਿਚ ਜਾ ਬਿਰਾਜੇ।



www.AKJ.Org

# ਭਾਈ ਜੀਵਨ ਸਿੰਘ ਜੀ, ਸ੍ਰੀ ਅੰਮ੍ਰਿਤਸਰ

ਭਾਈ ਗੁਰਦੀਪ ਸਿੰਘ ਸ੍ਰੀ ਅੰਮ੍ਰਿਤਸਰ

ਨਿਮਰਤਾ ਦੇ ਪੁੰਜ, ਸੰਗਤਾਂ ਵਿਚ ਭੋਲੇ ਭਾਅ, ਨਿਮਾਣੇ ਨਿਤਾਣੇ ਬਣ ਕੇ ਵਿਚਰਣ ਅਤੇ ਗੁਰਬਾਣੀ ਦੇ ਅੰਤਰੀਵ ਭਾਵ ਸਮਝਣ ਵਾਲੇ, ਭਾਈ ਜੀਵਨ ਸਿੰਘ ਜੀ ਦਾ ਜਨਮ ਪਿੰਡ ਭਿੱਖੀ ਮੰਡੀ ਬਹਾਵਲਦੀਨ ਜ਼ਿਲ੍ਹਾ ਗੁਜਰਾਤ ਪਾਕਿਸਤਾਨ ਵਿਚ ਸੰਨ 1917 ਵਿਚ ਭਾਈ ਸਰਦਾਰ ਸਿੰਘ ਜੀ ਅਤੇ ਬੀਬੀ ਆਗਿਆ ਕੌਰ ਜੀ ਦੇ ਘਰ ਹੋਇਆ। ਇਨ੍ਹਾਂ ਦੇ ਪਿਤਾ ਜੀ ਪਿੰਡ ਵਿਚ ਪੰਸਾਰੀ ਦੀ ਦੁਕਾਨ ਕਰਦੇ ਸਨ ਅਤੇ ਇਲਾਕੇ ਦੇ ਲੋਕਾਂ ਦੀ ਲੋੜ ਅਨੁਸਾਰ ਦੁਕਾਨ ਤੇ ਤੰਬਾਕੂ ਵੀ ਰਖਦੇ ਸਨ। ਇਨ੍ਹਾਂ ਦੀ ਮਾਤਾ ਪਿਤਾ ਗੁਰੂ ਘਰ ਦੇ ਸ਼ਰਧਾਲੂ ਸਨ। ਜਦੋਂ ਪਰਿਵਾਰ ਵਿਚ ਪਹਿਲੇ ਬੱਚੇ (ਆਪ ਜੀ ਦੇ ਵੱਡੇ ਭਰਾਤਾ ਭਾਈ ਮੱਲਾ ਸਿੰਘ ਜੀ) ਦਾ ਜਨਮ ਹੋਇਆ ਤਾਂ ਉਸ ਨੂੰ ਗੁਰਦੁਆਰੇ ਲੈ ਕੇ ਗਏ। ਗੁਰਦੁਆਰੇ ਜਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਨਮੁੱਖ ਖੜੋ ਕੇ, ਬੱਚੇ ਨੂੰ ਝੋਲੀ ਵਿੱਚ ਚੁੱਕ ਕੇ, ਗ੍ਰੰਥੀ ਸਿੰਘ ਜੀ ਨੂੰ ਬੱਚੇ ਲਈ ਨਾਮ ਬਖਸ਼ਿਸ਼ ਕਰਨ ਦੀ ਬੇਨਤੀ ਕੀਤੀ। ਗ੍ਰੰਥੀ ਸਿੰਘ ਨੇ ਕਿਹਾ ਕਿ ਹੁਕਮਨਾਮੇ ਦਾ ਪਹਿਲਾ ਅੱਖਰ ਮੰਮਾ ਹੈ। ਬੱਚੇ ਦਾ ਨਾਮ ਮੇਲਾ ਰਾਮ, ਮੱਲਾ ਰਾਮ ਆਦਿ ਹੀ ਰੱਖ ਦੇਈਏ ਤਾਂ ਇਨ੍ਹਾਂ ਦੇ ਪਿਤਾ ਜੀ ਨੇ ਕਿਹਾ ਕਿ ਬੱਚੇ ਦਾ ਨਾਮ ਕੋਈ ਸਿੰਘ ਹੀ ਰੱਖ ਦੇਵੋ। ਫਿਰ ਗ੍ਰੰਥੀ ਸਿੰਘ ਜੀ ਨੇ ਕਿਹਾ ਕਿ ਬੱਚੇ ਦਾ ਨਾਮ ਮੱਲਾ ਸਿੰਘ ਰੱਖ ਲਵੋ ਅਤੇ ਪਿਤਾ ਜੀ ਦੀ ਸਹਿਮਤੀ ਨਾਲ ਜੈਕਾਰਾ ਗਜਾ ਦਿੱਤਾ। ਇਸ ਤੋਂ ਬਾਅਦ ਇਨ੍ਹਾਂ ਦੇ ਪਿਤਾ ਜੀ ਨੇ ਗ੍ਰੰਥੀ ਸਿੰਘ ਜੀ ਨੂੰ ਬੇਨਤੀ ਕੀਤੀ ਸੀ ਕਿ ਮੇਰਾ ਨਾਮ ਵੀ ਕੋਈ ਸਿੰਘ ਹੀ ਬਖਸ਼ ਦੇਵੋ ਤਾਂ ਗ੍ਰੰਥੀ ਸਿੰਘ ਨੇ ਕਿਹਾ ਕਿ ਭਾਈ ਸਰਦਾਰ ਮਲ ਜੀ,ਤੂੰ ਤਾਂ ਪਹਿਲਾਂ ਹੀ ਸਰਦਾਰ ਸਿੰਘ ਹੈਂ। ਇਸ ਤਰ੍ਹਾਂ ਪਿਤਾ ਜੀ ਦਾ ਨਾਮ ਵੀ ਸਰਦਾਰ ਮੱਲ ਤੋਂ ਸਰਦਾਰ ਸਿੰਘ ਹੋ ਗਿਆ ਅਤੇ ਉਨ੍ਹਾਂ ਦੇ ਜੀਵਨ ਵਿੱਚ ਸਹਿਜ ਸੁਭਾਅ ਹੀ ਤਬਦੀਲੀ ਆ ਗਈ। ਗੁਰਦੁਆਰੇ ਤੋਂ ਘਰ ਵਾਪਸ ਆ ਕੇ ਪਿਤਾ ਜੀ ਨੇ ਤੰਬਾਕੂ ਆਦਿ ਬਾਹਰ ਸੁੱਟ ਦਿੱਤਾ। ਆਪ ਤਾਂ ਪਹਿਲਾਂ ਹੀ ਤੰਬਾਕੂ ਦਾ ਸੇਵਨ ਨਹੀਂ ਸਨ ਕਰਦੇ ਅਤੇ ਗੁਰੂ ਘਰ ਦੇ ਸ਼ਰਧਾਲੂ ਸਨ, ਫਿਰ ਦੁਕਾਨ ਤੇ ਤੰਬਾਕੂ ਵੇਚਣਾ ਵੀ ਬੰਦ ਕਰ ਦਿੱਤਾ। ਦੁਕਾਨ ਗੁਰੂ ਦੇ ਭਰੋਸੇ 'ਤੇ ਚਲਾਉਣੀ ਸ਼ੁਰੂ ਕਰ ਦਿੱਤੀ।

ਆਪ ਜੀ ਨੇ ਸੰਸਾਰਕ ਵਿਦਿਆ ਤਾਂ ਬਹੁਤੀ ਨਹੀਂ ਲਈ ਅਤੇ ਪਿੰਡ ਦੇ ਸਕੂਲ ਤੋਂ ਗੁਜ਼ਾਰੇ ਜੋਗੀਆਂ ਚਾਰ ਜਮਾਤਾਂ ਹੀ ਪਾਸ ਕੀਤੀਆਂ। ਪਰੰਤੂ ਮਾਤਾ ਜੀ ਦੇ ਗੁਰੂ ਘਰ ਨਾਲ ਪ੍ਰੇਮ ਅਤੇ ਸ਼ਰਧਾ ਸਦਕਾ ਆਪ ਜੀ ਗੁਰਦੁਆਰੇ ਜਾਣ ਲੱਗ ਪਏ। ਉਥੋਂ ਹੀ ਗ੍ਰੰਥੀ ਸਿੰਘ ਕੋਲੋਂ ਗੁਰਮੁਖੀ ਵਿਦਿਆ ਅਤੇ ਗੁਰਬਾਣੀ ਦੇ ਪਾਠ ਦੀ ਸੰਥਿਆ ਲਈ। ਇਥੇ ਹੀ ਸੰਗਤ ਕਰਦਿਆਂ ਬਚਪਨ ਵਿਚ ਹੀ ਆਪ ਜੀ ਨੇ ਅੰਮ੍ਰਿਤ ਦੀ ਦਾਤ ਪ੍ਰਾਪਤ ਕਰ ਲਈ ਸੀ।

ਆਪ ਜੀ ਦਾ ਅਨੰਦ ਕਾਰਜ 1949 ਵਿੱਚ ਬੀਬੀ ਦਲੀਪ ਕੌਰ ਜੀ ਪੁੱਤਰੀ ਭਾਈ ਹਰਨਾਮ ਸਿੰਘ ਜੀ ਪਿੰਡ ਲਾਲਾ ਮੂਸਾ ਜ਼ਿਲ੍ਹਾ ਗੁਜਰਾਤ ਨਿਵਾਸੀ ਨਾਲ ਹੋਇਆ। ਬੀਬੀ ਜੀ ਦੇ ਪਿਤਾ ਗੁਰਸਿੱਖ ਘਰਾਣੇ ਨਾਲ ਸੰਬੰਧ ਰਖਦੇ ਸਨ ਅਤੇ ਉਨ੍ਹਾਂ ਨੂੰ ਗੁਰਮਤਿ ਦੀ ਲਗਨ ਬਚਪਨ ਤੋਂ ਹੀ ਆਪ ਦੇ ਪਰਿਵਾਰ ਤੋਂ ਮਿਲ ਗਈ ਸੀ।

ਦੇਸ਼ ਦੀ ਵੰਡ ਤੋਂ ਬਾਅਦ ਆਪ ਜੀ ਪਰਿਵਾਰ ਸਮੇਤ ਉਥੋਂ ਉੱਜੜ ਕੇ ਸ੍ਰੀ ਅੰਮ੍ਰਿਤਸਰ ਵਿਖੇ ਗੁਰੂ ਰਾਮਦਾਸ ਜੀ ਦੇ ਚਰਨਾਂ ਵਿਚ ਆ ਬਿਰਾਜੇ। ਪਹਿਲਾਂ ਪਹਿਲ ਇਨ੍ਹਾਂ ਨੇ ਇਕ ਬੱਸਾਂ ਦੀ ਟਰਾਂਸਪੋਰਟ ਕੰਪਨੀ ਜੋ ਕਿ ਪਾਕਿਸਤਾਨ ਤੋਂ ਹੀ ਆਈ ਸੀ, ਵਿਚ ਇੰਸਪੈਕਟਰ ਵਜੋਂ ਕੰਮ ਕੀਤਾ। ਪਰ ਉਸ ਨੌਕਰੀ ਵਿਚ ਚਲ ਰਹੇ ਮਾਹੌਲ ਕਰਕੇ ਆਪ ਜੀ ਦਾ ਉਥੇ ਮਨ ਨਹੀਂ ਲੱਗਾ ਅਤੇ ਆਪ ਨੇ ਉਹ ਨੌਕਰੀ ਛੱਡ ਕੇ ਸ਼੍ਰੋਮਣੀ ਕਮੇਟੀ ਵਿਚ ਸੇਵਾਦਾਰ ਵਜੋਂ ਨੌਕਰੀ ਕਰ ਲਈ। ਆਪ ਜੀ ਨੂੰ ਸਚਖੰਡ ਸ੍ਰੀ ਦਰਬਾਰ ਸਾਹਿਬ ਜੀ ਦੇ ਅੰਦਰਲੀ ਸੇਵਾ ਵਾਸਤੇ ਪ੍ਰੇਰਿਆ ਗਿਆ। ਕਿਸੇ ਨੂੰ ਕਹਿ ਕੁਹਾ ਕੇ ਦਫ਼ਤਰ ਵਿਚ ਹੀ ਆਪ ਦੀ ਡਿਊਟੀ ਜਾਰੀ ਰੱਖੀ ਜੋ ਉਨ੍ਹਾਂ ਆਪਣੀ ਰਿਟਾਇਰਮੈਂਟ ਤਾਈਂ ਤਕਰੀਬਨ 35 ਸਾਲ ਬੜੀ ਮਿਹਨਤ, ਈਮਾਨਦਾਰੀ ਤੇ ਦਿਆਨਤਦਾਰੀ ਨਾਲ ਨਿਭਾਈ।



www.AKJ.Org

ਸ੍ਰੀ ਅੰਮ੍ਰਿਤਸਰ ਆਉਣ ਤੇ ਇਨ੍ਹਾਂ ਦਾ ਸੰਬੰਧ ਇਨ੍ਹਾਂ ਦੇ ਦਫ਼ਤਰ ਵਿਚ ਹੀ ਸੇਵਾਦਾਰ ਵਜੋਂ ਕੰਮ ਕਰਦੇ ਇਕ ਪੁਰਾਤਨ ਗੁਰਸਿੱਖ ਭਾਈ ਗੁਰਬਖ਼ਸ਼ ਸਿੰਘ ਜੀ ਨਾਲ ਹੋ ਗਿਆ। ਜਥੇ ਨਾਲ ਸੁਨੇਹ ਰੱਖਣ ਵਾਲੇ ਕੁਝ ਪੁਰਾਤਨ ਸਿੰਘ ਖ਼ਾਸ ਕਰ ਭਾਈ ਹਰਬੇਲ ਸਿੰਘ ਜੀ ਕੋਲਿਆਂ ਦੇ ਡਿਪੂ ਵਾਲੇ, ਹਰ ਮਹੀਨੇ ਪੂਰਨਮਾਸ਼ੀ ਤੇ ਚੌਂਕ ਬਾਬਾ ਸਾਹਿਬ ਵਿਚ ਰੈਣ ਸਬਾਈ ਕੀਰਤਨ ਪ੍ਰੋਗਰਾਮ ਆਪਣੇ ਘਰ ਕਰਵਾਉਂਦੇ ਹੁੰਦੇ ਸਨ ਜਿਸ ਵਿਚ ਭਾਈ ਜੀਵਨ ਸਿੰਘ ਜੀ ਰਾਗੀ ਲੁਧਿਆਣੇ ਵਾਲੇ ਵੀ ਉਚੇਚੇ ਤੌਰ ’ਤੇ ਹਾਜ਼ਰੀ ਭਰਦੇ ਹੁੰਦੇ ਸਨ। ਆਪ ਜੀ ਵੀ ਪਰਿਵਾਰ ਸਮੇਤ ਇਨ੍ਹਾਂ ਸਿੰਘਾਂ ਦੀ ਸੰਗਤ ਕਰਦੇ ਸਨ। ਭਾਈ ਜੀਵਨ ਸਿੰਘ ਜੀ ਦੀ ਸੰਗਤ ਕਰਕੇ ਇਨ੍ਹਾਂ ਦੇ ਮਾਤਾ ਜੀ ਜੋ ਪਹਿਲਾਂ ਹੀ ਬਹੁਤ ਸ਼ਰਧਾਲੂ ਅਤੇ ਗੁਰੂ ਘਰ ਦੇ ਪ੍ਰੇਮੀ ਸਨ। ਨਾਰੰਗਵਾਲ ਪੋਹ ਸੁਦੀ ਸਮਾਗਮ ਤੇ ਜਾਣ ਲੱਗ ਪਏ ਤੇ ਲੰਗਰ ਦੀ ਸੇਵਾ ਵਿਚ ਹੱਥ ਵਟਾਉਂਦੇ ਰਹੇ ਹਨ। ਸਮਾਗਮਾਂ ਤੋਂ ਬਿਨਾਂ ਮਾਤਾ ਜੀ ਭਾਈ ਸਾਹਿਬ ਜੀ ਦੇ ਗ੍ਰਹਿ ਵਿਖੇ ਵੀ ਲੰਗਰ ਦੀ ਸੇਵਾ ਲਈ ਤਤਪਰ ਰਹਿੰਦੇ ਸਨ। ਇਨ੍ਹਾਂ ਦੇ ਮਾਤਾ ਜੀ ਨਿਰਮਾਣਤਾ, ਸਤੋਗੁਣੀ ਸੁਭਾਅ ਅਤੇ ਦੈਵੀ ਗੁਣਾਂ ਨਾਲ ਸ਼ਿੰਗਾਰੀ ਰੂਹ ਸੀ, ਜਿਸ ਕਰਕੇ ਉਨ੍ਹਾਂ ਦੀ ਮਿਠਾਸ ਤੋਂ ਸਾਰੇ ਹੀ ਕੁਰਬਾਨ ਜਾਂਦੇ ਸਨ। ਮਾਤਾ ਜੀ ਦੀ ਸੰਗਤ ਅਤੇ ਭਾਈ ਜੀਵਨ ਸਿੰਘ ਰਾਗੀ ਜੀ ਦੀ ਸੰਗਤ ਪ੍ਰਾਪਤ ਹੋਣ ਕਰਕੇ, ਆਪ ਜੀ ਦਾ ਵੀ ਭਾਈ ਸਾਹਿਬ ਜੀ ਨਾਲ ਮੇਲ ਮਿਲਾਪ ਹੋ ਗਿਆ ਅਤੇ ਭਾਈ ਸਾਹਿਬ ਜੀ ਵੀ ਆਪ ਨੂੰ ਬਹੁਤ ਪ੍ਰੇਮ ਕਰਦੇ ਸਨ।

ਆਪ ਬਚਪਨ ਤੋਂ ਹੀ ਗੁਰਬਾਣੀ ਦੇ ਪ੍ਰੇਮੀ ਸਨ ਅਤੇ ਗੁਰੂ ਸਾਹਿਬ ਜੀ ਦੀ ਬਖਸ਼ਿਸ ਸਦਕਾ ਆਪ ਜੀ ਨੂੰ ਬੇਅੰਤ ਬਾਣੀਆਂ ਕੰਠ ਸਨ। ਨਿਤਨੇਮ ਤੋਂ ਇਲਾਵਾ ਸੁਖਮਨੀ ਸਾਹਿਬ ਅਤੇ ਬੇਅੰਤ ਬਾਣੀਆਂ ਦਾ ਰੋਜ਼ਾਨਾ ਪਾਠ ਕਰਨਾ ਆਪ ਦਾ ਨਿਤਨੇਮ ਸੀ। ਬੇਸ਼ੱਕ ਘੱਟ ਪੜ੍ਹੇ-ਲਿਖੇ ਸਨ ਪਰੰਤੂ ਆਪ ਜੀ ਬਾਣੀ ਦੇ ਸ਼ੁੱਧ ਅਤੇ ਸਪੱਸ਼ਟ ਪਾਠ ਕਰਨ ਵਾਲੇ ਚੰਗੇ ਪਾਠੀ ਸਨ, ਬੇਅੰਤ ਸਹਿਜ ਪਾਠ ਆਪਣੀ ਜ਼ਿੰਦਗੀ ਵਿਚ ਕੀਤੇ ਤੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਸੇਵਾ ਲਈ ਤਤਪਰ ਰਹਿੰਦੇ ਸਨ। ਆਪ ਜੀ ਨੂੰ ਬਾਣੀ ਦਾ ਇੰਨਾ ਜ਼ਿਆਦਾ ਅਭਿਆਸ ਤੇ ਬਾਣੀ ਕੰਠ ਸੀ ਕਿ ਜ਼ਬਾਨੀ ਹੀ ਪਾਠੀਆਂ ਦੇ ਗ਼ਲਤ ਪਾਠ ਕਰਨ ਵੇਲੇ ਉਸ ਦੀ ਸੁਧਾਈ ਕਰਵਾ ਦਿੰਦੇ ਸਨ।

ਆਪ ਜੀ ਦੀ ਨੌਕਰੀ ਛੋਟੇ ਅਹੁਦੇ ਅਤੇ ਪ੍ਰਾਈਵੇਟ ਹੋਣ ਕਰਕੇ ਆਪ ਦੀ ਮਾਇਕੀ ਹਾਲਤ ਵੀ ਗੁਜ਼ਾਰੇ ਜੋਗੀ ਹੀ ਸੀ ਪਰ ਸੰਜਮੀ ਜੀਵਨ ਬਿਤਾ ਕੇ ਆਪਣੇ ਸਾਰੇ ਬੱਚਿਆਂ ਨੂੰ ਉੱਚ ਵਿਦਿਆ ਦਿਵਾਈ। ਵੱਡਾ ਸਪੁੱਤਰ ਪੋਸਟ ਗਰੈਜੂਏਟ ਦੀ ਡਿਗਰੀ ਲੈ ਕੇ ਬੈਂਕ ਦੇ ਉੱਚ ਅਹੁਦੇ ਤੋਂ ਰਿਟਾਇਰ ਹੋਇਆ ਹੈ। ਦੂਸਰਾ ਟੈਕਸਟਾਈਲ ਡਿਪਲੋਮਾ ਹੋਲਡਰ, ਤੀਸਰਾ ਡਾਕਟਰ ਅਤੇ ਸਪੁੱਤਰੀ ਐਮ.ਏ. ਬੀ.ਐਡ. ਦੀ ਵਿਦਿਆ ਲੈ ਕੇ ਉਚ ਸਰਕਾਰੀ ਅਹੁਦਿਆਂ ਤੇ ਨੌਕਰੀ ਕਰਦੇ ਰਹੇ ਹਨ। ਇਹ ਬੱਚੇ ਸ੍ਰੋਮਣੀ ਕਮੇਟੀ ਵੱਲੋਂ ਲਈ ਜਾਂਦੀ ਧਾਰਮਿਕ ਪ੍ਰੀਖਿਆ ਚੰਗੀਆਂ ਪੁਜੀਸ਼ਨਾਂ ਵਿਚ ਪਾਸ ਕਰਕੇ ਵਜ਼ੀਫੇ ਵੀ ਪ੍ਰਾਪਤ ਕਰਦੇ ਰਹੇ। ਇਹ ਸਭ ਕੁਝ ਆਪ ਜੀ ਦੀ ਧਾਰਮਿਕ ਬਿਰਤੀ ਤੇ ਗੁਰੂ ਤੇ ਅਟੱਲ ਭਰੋਸੇ ਕਰਕੇ ਹੋਇਆ।

ਆਪ ਜੀ ਦਾ ਲਿਬਾਸ ਬਹੁਤ ਹੀ ਸਾਦਾ ਸੀ। ਆਪ ਜ਼ਿਆਦਾਤਰ ਕਛਹਿਰੇ ਵਿਚ ਹੀ ਵਿਚਰਦੇ ਸਨ, ਪਜਾਮਾ ਘੱਟ ਹੀ ਪਾਉਂਦੇ ਸਨ। ਉਨ੍ਹਾਂ ਵੱਲ ਵੇਖ ਕੇ ਕੋਈ ਇਹ ਨਹੀਂ ਸੀ ਕਹਿ ਸਕਦਾ ਕਿ ਇਹ ਸ਼ਖ਼ਸੀਅਤ ਉੱਚ ਆਤਮਿਕ ਅਵਸਥਾ ਦੀ ਮਾਲਿਕ ਅਤੇ ਭਾਣੇ ਵਿਚ ਰਹਿਣ ਵਾਲੀ ਦੈਵੀ ਗੁਣਾਂ ਨਾਲ ਭਰਪੂਰ ਹੈ। ਇਨ੍ਹਾਂ ਦਾ ਇਕ ਹੋਣਹਾਰ 28 ਸਾਲ ਦਾ ਲੜਕਾ ਜੋ ਕਿ ਡਾਕਟਰੀ ਵਿਦਿਆ ਵਿਚ ਐਮ.ਬੀ.ਬੀ.ਐਸ. ਅਤੇ ਐਮ.ਐਸ. ਦੀ ਡਿਗਰੀਆਂ ਹਾਸਲ ਕਰ ਚੁੱਕਾ ਸੀ ਅਤੇ ਹਮੇਸ਼ਾ ਕਾਲਸ ਵਿੱਚ ਚੰਗੀ ਪੁਜੀਸ਼ਨ ’ਤੇ ਰਹਿੰਦਾ ਸੀ, ਡਾਕਟਰੀ ਵਿੱਦਿਆ ਪੂਰੀ ਕਰਨ ਤੋਂ ਬਾਅਦ ਸਰਕਾਰੀ ਨੌਕਰੀ ਦੇ ਨਾਲ ਨਾਲ ਮੁਫ਼ਤ ਲੋਕ ਸੇਵਾ ਵੀ ਕਰਦਾ ਸੀ, ਅਚਾਨਕ ਸੰਨ 1994 ਵਿੱਚ ਅਕਾਲ ਚਲਾਣਾ ਕਰ ਗਿਆ। ਪਰ ਆਪ ਇਸ ਬਿਖਮ ਭਾਣੇ ਵਿਚ ਬਿਲਕੁਲ ਨਹੀਂ ਡੋਲੇ ਅਤੇ ਕੇਵਲ ਨਾਮ ਬਾਣੀ ਅਤੇ ਗੁਰਬਾਣੀ ਦੇ ਕੀਰਤਨ ਆਸਰੇ ਚੜ੍ਹਦੀ ਕਲਾ ਵਿਚ ਆਪ ਵੀ ਰਹੇ ਤੇ ਸਾਰੇ ਪਰਿਵਾਰਕ ਮੈਂਬਰਾਂ ਨੂੰ ਵੀ ਰੱਖਿਆ। ਗੁਰੂ ਦੇ ਅਟੱਲ



www.AKJ.Org

ਹੁਕਮ ਨੂੰ ਸਿਰ ਮੱਥੇ ਮੰਨੇ ਕੇ ਭਾਣੇ ਵਿਚ ਰਹਿਣ ਦੀ ਪ੍ਰੇਰਨਾ ਕੀਤੀ, ਹਾਲਾਂ ਕਿ ਇਸ ਬੱਚੇ ਕੋਲੋਂ ਪਰਿਵਾਰ ਨੂੰ ਬਹੁਤ ਉਮੀਦਾਂ ਸਨ।

ਆਪ ਜੀ ਸਮੇਤ ਸਿੰਘਣੀ ਸ੍ਰੀ ਦਰਬਾਰ ਸਾਹਿਬ ਜੀ ਦੇ ਦਰਸ਼ਨ ਇਸ਼ਨਾਨ ਲਈ ਆਈਆਂ ਸੰਗਤਾਂ ਦੀ ਸੇਵਾ ਲਈ ਹਰ ਵੇਲੇ ਤਤਪਰ ਰਹਿੰਦੇ ਸਨ। ਆਪ ਜੀ ਦੀ ਸੰਸਾਰਕ ਕਾਰ ਤਾਂ ਸੇਵਾਦਾਰ ਦੀ ਹੀ ਸੀ ਪਰ ਉਹ ਅਮਲੀ ਤੌਰ ’ਤੇ ਸੰਗਤਾਂ ਦੇ ਸੇਵਾਦਾਰ ਸਨ। ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਪੁਰਬ ਸਮੇਂ ਬਾਹਰੋਂ ਆਈਆਂ ਸੰਗਤਾਂ ਆਪ ਜੀ ਦੇ ਗ੍ਰਿਹਿ (ਜੋ ਕਿ ਸ਼੍ਰੋਮਣੀ ਕਮੇਟੀ ਵਲੋਂ ਅਲਾਟ ਕੀਤਾ ਇਕ ਛੋਟਾ ਜਿਹਾ ਕਵਾਟਰ ਹੀ ਸੀ)। ਸਮਾਨ ਰੱਖ ਕੇ ਦਰਸ਼ਨ ਇਸ਼ਨਾਨ ਕਰਨ ਚਲੀਆਂ ਜਾਂਦੀਆਂ ਸਨ। ਬਿਬੇਕੀ ਪਹਿਰੇ ਵਾਲੇ ਸਿੰਘ ਆਪ ਜੀ ਦੀ ਮਾਇਕ ਹਾਲਤ ਵੇਖ ਕੇ ਆਪ ਉਪਰ ਭਾਰ ਨਹੀਂ ਸਨ ਪਾਉਂਦੇ। ਸੁੱਕਾ ਰਸਦ ਪਾਣੀ ਪਿੰਡੋਂ ਹੀ ਲਿਆ ਕੇ ਇਨ੍ਹਾਂ ਦੇ ਗ੍ਰਿਹਿ ਵਿਖੇ ਹੀ ਲੰਗਰ ਸਜਾ ਕੇ ਬਾਹਰ ਪੰਗਤਾਂ ਲਾ ਕੇ ਛੱਕ ਲੈਂਦੇ ਸਨ। ਭਾਈ ਦਿਆਲ ਸਿੰਘ ਜੀ ਸ੍ਰੀ ਨਗਰ (ਜਿਨ੍ਹਾਂ ਕੋਲ ਬਾਪੂ ਜੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਸੰਗਤਾਂ ਸਮੇਤ ਸ੍ਰੀਨਗਰ ਗਰਮੀਆਂ ਵਿਚ ਜਾ ਕੇ ਤਿੰਨ-ਤਿੰਨ ਮਹੀਨੇ ਠਹਿਰਦੇ ਸਨ), ਕਰਨਲ ਅਨੰਤ ਸਿੰਘ, ਭਾਈ ਮੇਵਾ ਸਿੰਘ ਕੈਨੇਡਾ ਅਤੇ ਕਈ ਹੋਰ ਗੁਰਸਿੱਖ ਇਨ੍ਹਾਂ ਦੇ ਘਰ ਆ ਕੇ ਠਹਿਰਦੇ ਸਨ। ਇਹ ਉਚ ਹਸਤੀਆਂ ਇਨ੍ਹਾਂ ਦੇ ਗ੍ਰਿਹਿ ਆ ਕੇ ਬੋਰੀ ਵਿਛਾ ਕੇ ਭੁੰਜੇ ਹੀ ਪੰਗਤ ਲਗਾ ਕੇ ਲੰਗਰ ਛੱਕ ਲੈਂਦੀਆਂ ਸਨ। ਕਦੇ ਵੀ ਆਪਣੇ ਉੱਚ ਅਹੁਦੇ ਜਾਂ ਅਮੀਰੀ ਦਾ ਰੋਅਬ ਨਹੀਂ ਦਿਖਾਲਦੇ ਸਨ। ਆਪ ਭਾਵੇਂ ਇਕ ਮਾਮੂਲੀ ਅਹੁਦੇ ’ਤੇ ਕੰਮ ਕਰਦੇ ਸਨ ਪਰੰਤੂ ਆਪ ਜੀ ਦਾ ਸਤਿਕਾਰ ਪੰਥਕ ਹਲਕਿਆਂ ਅਤੇ ਪੰਥਕ ਲੀਡਰਾਂ ਵਿਚ ਬਹੁਤ ਸੀ। ਗਿਆਨੀ ਭੁਪਿੰਦਰ ਸਿੰਘ ਜੀ, ਹੈੱਡ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ, ਜਥੇਦਾਰ ਅੱਛਰ ਸਿੰਘ ਜੀ, ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਅਤੇ ਹੋਰ ਪ੍ਰਮੁੱਖ ਪੰਥਕ ਹਸਤੀਆਂ ਦਾ ਆਪ ਨਾਲ ਅਥਾਹ ਅਤੇ ਨਿੱਘਾ ਪ੍ਰੇਮ ਸੀ।

ਸ੍ਰੀ ਅੰਮ੍ਰਿਤਸਰ ਆਉਣ ਤੋਂ ਬਾਅਦ ਉਹ ਤਾਅ ਜ਼ਿੰਦਗੀ ਨਿਤਾਪ੍ਰਤਿ ਸਵੇਰ-ਸ਼ਾਮ ਸ੍ਰੀ ਦਰਬਾਰ ਸਾਹਿਬ ਜੀ ਦੀ ਹਾਜ਼ਰੀ ਭਰ ਕੇ ਨਾਮ ਬਾਣੀ ਦੇ ਲਾਹੇ ਲੈਂਦੇ। ਇਸ ਤੋਂ ਇਲਾਵਾ ਜਥੇ ਦੇ ਹਫਤਾਵਾਰੀ ਕੀਰਤਨ ਸਮਾਗਮਾਂ ਵਿੱਚ ਬਿਨਾ ਨਾਗਾ ਹਾਜਰੀਆਂ ਭਰਦੇ ਸਨ ਤੇ ਸ੍ਰੀ ਅਖੰਡ ਪਾਠ ਸਾਹਿਬ ਸਮਾਗਮਾਂ ਵਿਚ ਲੋੜ ਅਨੁਸਾਰ ਰੌਲ ਵੀ ਲਗਾਉਂਦੇ ਰਹਿੰਦੇ ਸਨ। ਇਨ੍ਹਾਂ ਦੀ ਸਿੰਘਣੀ ਨੂੰ ਆਪਣੀ ਆਯੂ ਦੇ ਅਖ਼ੀਰਲੇ ਕੁਝ ਸਾਲਾਂ ਵਿਚ ਲੱਤਾਂ ਦੀ ਤਕਲੀਫ ਕਰਕੇ ਤੁਰਨ-ਫਿਰਨ ਦੀ ਕਾਫੀ ਖੇਚਲ ਹੋ ਗਈ ਸੀ ਪਰ ਉਹ ਸਿਦਕੀ ਬੀਬੀ ਸੋਟੀ ਦੇ ਸਹਾਰੇ ਹੌਲੀ-ਹੌਲੀ ਘਰੋਂ ਤੁਰ ਕੇ (ਇਨ੍ਹਾਂ ਦਾ ਗ੍ਰਿਹਿ ਸ੍ਰੀ ਦਰਬਾਰ ਸਾਹਿਬ ਤੋਂ ਤਕਰੀਬਨ 2 ਕਿਲੋਮੀਟਰ ਦੀ ਦੂਰੀ ’ਤੇ ਸੀ) ਰੋਜ਼ਾਨਾ ਦਰਸ਼ਨਾਂ ਵਾਸਤੇ ਅੰਮ੍ਰਿਤ ਵੇਲੇ ਪਹੁੰਚ ਜਾਂਦੀ ਸੀ। ਜਦੋਂ ਸ੍ਰੀ ਦਰਬਾਰ ਸਾਹਿਬ ਪਹੁੰਚਦੀ ਤਾਂ ਸਾਡੇ ਵਰਗੇ ਰਿਸ਼ਟਾਂ-ਪੁਸ਼ਟਾਂ ਦਾ ਸਿਰ ਵੀ ਉਸ ਅਗੇ ਨਿਵ ਜਾਂਦਾ ਸੀ। ਗੁਰਦੁਆਰਾ ਮੰਜੀ ਸਾਹਿਬ ਵਿਖੇ ਜਲ ਤੇ ਤੱਪੜ ਨਾਲ ਹਰ ਰੋਜ਼ ਸੇਵਾ ਕਰਦੇ ਸਨ। ਉਨ੍ਹਾਂ ਨੇ ਕਈ ਜਵਾਨ ਬੱਚਿਆਂ ਨੂੰ ਇਸ ਸੇਵਾ ਵਿੱਚ ਸ਼ਾਮਲ ਕੀਤਾ ਅਤੇ ਗੁਰਸਿੱਖੀ ਜੀਵਨ ਧਾਰਨ ਕਰਨ ਲਈ ਪ੍ਰੇਰਿਆ ਅਤੇ ਬੁਰੀ ਸੰਗਤ ਵਿੱਚ ਪੈਣ ਤੋਂ ਬਚਾਇਆ। ਉਸ ਬੀਬੀ ਦੀ ਇਤਨੀ ਕਰੜੀ ਘਾਲਣਾ ਸੀ ਕਿ ਹਫਤਾਵਾਰੀ ਸਮਾਗਮ ’ਤੇ ਵੀ ਇਹ ਬੀਬੀ ਆਪਣੀ ਬੱਚੀ ਸਮੇਤ ਕੀਰਤਨ ਦੇ ਆਰੰਭ ਵਿਚ ਹੀ ਔਖੀ-ਸੌਖੀ ਹੋ ਕੇ ਪਹੁੰਚ ਜਾਂਦੀ ਸੀ।

ਪੰਥਕ ਕੁਰਬਾਨੀ ਦਾ ਜਜ਼ਬਾ ਵੀ ਇਨ੍ਹਾਂ ਦੇ ਰੋਮ-ਰੋਮ ਵਿਚ ਭਰਿਆ ਹੋਇਆ ਸੀ। ਪੰਜਾਬੀ ਸੂਬੇ ਮੋਰਚੇ ਵੇਲੇ ਇਨ੍ਹਾਂ ਦੀ ਸਿੰਘਣੀ ਨੇ ਛੋਟੇ-ਛੋਟੇ ਬੱਚੇ ਇਨ੍ਹਾਂ ਕੋਲ ਛੱਡ ਕੇ ਆਪਣੀ ਗ੍ਰਿਫਤਾਰੀ ਦਿੱਤੀ ਸੀ। ਪਹਿਲਾਂ ਉਹ ਸਥਾਨਕ ਜੇਲ੍ਹ ਵਿਚ ਰਹੇ ਫਿਰ ਉਨ੍ਹਾਂ ਨੂੰ ਨਾਭੇ ਜੇਲ੍ਹ ਵਿਚ ਤਬਦੀਲ ਕਰ ਦਿੱਤਾ ਜਿਥੇ ਤਕਰੀਬਨ ਦੋ ਮਹੀਨੇ ਉਨ੍ਹਾਂ ਜੇਲ੍ਹ ਕੱਟੀ। ਪਰੰਤੂ ਭਾਈ ਸਾਹਿਬ ਜੀ ਅਤੇ ਉਨ੍ਹਾਂ ਦੇ ਬੱਚਿਆਂ ਨੇ ਪੰਥ ਲਈ ਕੀਤੀ ਕੁਰਬਾਨੀ ਬਦਲੇ ਕੋਈ ਪੈਨਸ਼ਨ ਆਦਿਕ ਮਾਇਕ ਜਾਂ ਨੌਕਰੀ ਵਾਸਤੇ ਕੋਈ ਵੀ ਫਾਇਦਾ ਨਹੀਂ ਲਿਆ। ਇਸੇ ਤਰ੍ਹਾਂ ਇਨ੍ਹਾਂ ਦੇ ਦਫ਼ਤਰ ਰੋਮਾਂ ਦੀ ਅੰਦਰੂਨੀ


www.AKJ.Org

ਬੇਅਦਬੀ ਕਰਨ ਵਾਲਿਆਂ ਮੁਲਾਜ਼ਮਾਂ ਦੀ ਦੋ ਵਾਰ ਅਚਾਨਕ ਪੜਤਾਲ ਕੀਤੀ ਗਈ, ਜਿਸ ਵਿਚ ਬਹੁਤੇ ਮੁਲਾਜ਼ਮ ਪਤਿਤ ਪਾਏ ਗਏ। ਆਪ ਕੁਝ ਕੁ ਸਾਬਤ ਸੂਰਤ, ਰੋਮਾਂ ਦੀ ਬੇਅਦਬੀ ਨਾ ਕਰਨ ਵਾਲਿਆਂ, ਵਿਚੋਂ ਇਕ ਸਨ।

ਇਕ ਵਾਰ ਕਿਸੇ ਦੋਖੀ ਨੇ ਆਪਦੇ ਦਫ਼ਤਰੀ ਕੰਮ ਕਾਜ ਸਬੰਧੀ ਅਨਹੋਣੀ ਤੁਹਮਤ ਲਾ ਦਿੱਤੀ ਅਤੇ ਨੌਕਰੀ ਦੀ ਬਰਖਾਸਤੀ ਤੱਕ ਦੀ ਨੌਬਤ ਵੀ ਆ ਗਈ। ਸਤਿਕਾਰਯੋਗ ਬਾਊ ਮਲ ਸਿੰਘ ਜੀ ਦਾ ਆਪ ਨਾਲ ਅੰਦਰੂਨੀ ਪਿਆਰ ਸੀ ਤੇ ਸ਼੍ਰੋਮਣੀ ਕਮੇਟੀ ਦੇ ਅਧਿਕਾਰੀ ਵੀ ਬਾਊ ਜੀ ਦਾ ਬਹੁਤ ਸਤਿਕਾਰ ਕਰਦੇ ਸਨ। ਆਪ ਜੀ ਬਾਊ ਜੀ ਕੋਲ ਉਨ੍ਹਾਂ ਦੇ ਨਿਵਾਸ ਤੇ ਤਰਨ ਤਾਰਨ ਗਏ। ਬਾਊ ਜੀ ਨੇ ਉਸੇ ਵੇਲੇ ਇਕ ਚਿੱਠੀ ਸੈਕਟਰੀ ਸ਼੍ਰੋਮਣੀ ਕਮੇਟੀ ਨੂੰ ਆਪ ਦੀ ਗਰੰਟੀ ਲੈਂਦਿਆਂ, ਉਸ ਕੇਸ ਨੂੰ ਤੁਰੰਤ ਖਤਮ ਕਰਨ ਲਈ ਲਿਖ ਦਿੱਤੀ ਅਤੇ ਮਾਮਲਾ ਠੱਪ ਹੋ ਗਿਆ।

ਇਕ ਵਾਰੀ ਮਾਸਟਰ ਤਾਰਾ ਸਿੰਘ ਜੀ ਨੂੰ ਉਸ ਵੇਲੇ ਦੇ ਦੇਸ਼ ਦੇ ਪ੍ਰਧਾਨ ਮੰਤਰੀ ਜਵਾਹਰ ਲਾਲ ਲਹਿਰੂ ਨੇ ਪੰਜਾਬੀ ਸੂਬੇ ਮੋਰਚੇ ਸਬੰਧੀ ਗੱਲਬਾਤ ਕਰਨ ਲਈ ਦਿੱਲੀ ਬੁਲਾਇਆ। ਉਸ ਨੂੰ ਮਿਲਣ ਗਏ ਡੈਪੂਟੇਸ਼ਨ ਵਿਚ ਆਪ ਜੀ ਨੂੰ ਵੀ ਪਾਠ ਅਤੇ ਅਰਦਾਸ ਕਰਨ ਲਈ ਸ਼ਾਮਿਲ ਕੀਤਾ ਗਿਆ। ਇਹ ਸਾਰੇ ਸ. ਹੁਕਮ ਸਿੰਘ (ਜੋ ਕਿ ਲੋਕ ਸਭਾ ਦੇ ਸਪੀਕਰ ਅਤੇ ਗਵਰਨਰ ਰਾਜਸਥਾਨ ਰਹੇ ਹਨ) ਦੀ ਕੋਠੀ ਵਿਚ ਠਹਿਰੇ। ਉਸ ਵੇਲੇ ਇਹ ਅਕਾਲੀ ਲੀਡਰ ਮਾਸ/ ਅੰਡਾ ਛੱਕ ਲੈਂਦੇ ਸਨ। ਜਦੋਂ ਉਸ ਦੀ ਕੋਠੀ ਵਿਚ ਮਾਸਾਹਾਰੀ ਭੋਜਨ ਬਣਨ ਦਾ ਆਪ ਜੀ ਨੂੰ ਪਤਾ ਲੱਗਾ ਤੇ ਆਪ ਉਥੋਂ ਭੱਜ ਕੇ ਬਾਹਰ ਆ ਗਏ। ਉਨ੍ਹਾਂ ਲੀਡਰਾਂ ਨੇ ਜਥੇਦਾਰ ਰਛਪਾਲ ਸਿੰਘ ਦਿਲੀ ਨੂੰ ਆਪ ਨੂੰ ਮਨਾਉਣ ਲਈ ਭੇਜਿਆ ਪਰ ਆਪ ਆਪਣੇ ਅਸੂਲ ’ਤੇ ਦ੍ਰਿੜ ਰਹੇ ਤੇ ਵੱਡੇ ਵੱਡੇ ਲੀਡਰਾਂ ਦੀ ਪ੍ਰਵਾਹ ਨਾ ਕਰਦੇ ਹੋਏ, ਇਹ ਮੰਗ ਮਨਵਾਈ ਕਿ ਜਿਤਨੇ ਦਿਨ ਉਹ ਇੱਥੇ ਰੁਕਣਗੇ, ਉਤਨੇ ਦਿਨ ਘਰ ਵਿੱਚ ਕੋਈ ਮਾਸਾਹਾਰੀ ਭੋਜਨ ਨਹੀਂ ਬਣੇਗਾ।

ਭਾਈ ਸੁਰਜਨ ਸਿੰਘ ਜੀ ਰਾਗੀ (ਜਿਨ੍ਹਾਂ ਨਾਲ ਭਾਈ ਜੀਵਨ ਸਿੰਘ ਜੀ ਲੁਧਿਆਣਾ ਵੀ ਨਾਲ ਦੇ ਬਾਜੇ ’ਤੇ ਬੈਠ ਕੇ ਸਹਾਇਕ ਵਜੋਂ ਕੀਰਤਨ ਕਰਦੇ ਰਹੇ ਹਨ) ਨਾਲ ਆਪ ਦਾ ਗੂੜ੍ਹਾ ਪ੍ਰੇਮ ਪਿਆਰ ਸੀ। ਇਕ ਵਾਰ ਭਾਈ ਸੁਰਜਨ ਸਿੰਘ ਜੀ ਦਿੱਲੀਓਂ ਜਲੰਧਰ ਕੀਰਤਨ ਦੀ ਸੇਵਾ ਲਈ ਆਏ ਜੋ ਕਿ ਉਨ੍ਹਾਂ ਦੀ ਜ਼ਿੰਦਗੀ ਦੀ ਆਖ਼ਰੀ ਕੀਰਤਨ ਸੀ। ਉਨ੍ਹਾਂ ਆਪ ਜੀ ਨੂੰ ਫ਼ੋਨ ਕੀਤਾ ਅਤੇ ਕਿਹਾ ਕਿ ਜੀਵਨ ਸਿੰਘ ਤੂੰ ਜਲੰਧਰ ਆ ਜਾ, ਮੈਂ ਇੱਥੇ ਆਇਆ ਹਾਂ, ਮੇਰਾ ਪਤਾ ਨਹੀਂ ਕਿ ਰਹਾਂ ਜਾ ਨਾ। ਆਪ ਜੀ ਉਨ੍ਹਾਂ ਦੇ ਕੀਰਤਨ ਪ੍ਰੋਗਰਾਮਾਂ ਦਾ ਆਨੰਦ ਮਾਣਨ ਅਤੇ ਸੰਗਤ ਕਰਨ ਜਲੰਧਰ ਪਹੁੰਚ ਗਏ। ਭਾਣੇ ਅੰਦਰ ਭਾਈ ਸਾਹਿਬ ਸੁਰਜਨ ਸਿੰਘ ਜੀ ਕੋਠੀ ਦੇ ਆਂਗਣ ਵਿੱਚ ਅੰਮ੍ਰਿਤ ਵੇਲੇ ਪਾਠ ਅਤੇ ਸੈਰ ਕਰਦੇ ਸਮੇਂ ਡਿੱਗ ਪਏ ਤੇ ਬੇਹੋਸ਼ ਹੋ ਗਏ। ਆਪ ਜੀ ਉਥੋਂ ਉਨ੍ਹਾਂ ਦੀ ਸਿੰਘਣੀ ਤੇ ਪਰਿਵਾਰ ਨੂੰ ਸੁਨੇਹਾ ਦੇਣ ਦਿੱਲੀ ਗਏ। ਇਹ ਆਪ ਜੀ ਦੀ ਉਨ੍ਹਾਂ ਨਾਲ ਅਖ਼ੀਰਲੀ ਮਿਲਣੀ ਸੀ ਤੇ ਸ਼ਾਇਦ ਉਨ੍ਹਾਂ ਆਪਣਾ ਪਿਆਰਾ ਦੋਸਤ ਸਮਝ ਕੇ ਆਪ ਜੀ ਕੋਲੋਂ ਇਹ ਸੇਵਾ ਲੈਣ ਲਈ ਉਚੇਚੇ ਤੌਰ ’ਤੇ ਜਲੰਧਰ ਬੁਲਾਇਆ ਸੀ।

ਆਪ ਜੀ ਤਾਅ ਜ਼ਿੰਦਗੀ ਪੈਦਲ ਹੀ ਹਰ ਥਾਂ ਜਾਂਦੇ ਸਨ। ਉਨ੍ਹਾਂ ਸਾਇਕਲ ਜਾਂ ਹੋਰ ਕੋਈ ਸਵਾਰੀ ਵੀ ਨਹੀਂ ਰੱਖੀ ਅਤੇ ਇਸ ਕਰਕੇ ਉਨ੍ਹਾਂ ਦੀ ਸਿਹਤ ਵੀ ਠੀਕ ਰਹੀ ਹੈ। ਸਿਰਫ਼ ਚੜ੍ਹਾਈ ਕਰਨ ਤੋਂ ਪਹਿਲਾਂ, ਬੁਢੇਪੇ ਤੇ ਸਰੀਰਕ ਕਮਜ਼ੋਰੀ ਕਾਰਨ ਡਿੱਗਣ ਕਰਕੇ ਚੂਲਾ ਟੁੱਟ ਗਿਆ ਅਤੇ ਆਪ ਨੂੰ 4-5 ਮਹੀਨੇ ਬਿਸਤਰੇ ’ਤੇ ਹੀ ਰਹਿਣਾ ਪਿਆ। ਇਸ ਦੌਰਾਨ ਉਨ੍ਹਾਂ ਦੇ ਬੱਚਿਆਂ ਨੇ ਅਣਥੱਕ ਸੇਵਾ ਕੀਤੀ ਤੇ ਉਨ੍ਹਾਂ ਦੀਆਂ ਅਸੀਸਾਂ ਦੇ ਪਾਤਰ ਬਣੇ। ਅਖ਼ੀਰ ਇਹ ਗੁਰਮੁਖ ਰੂਹ ਮਿਤੀ 18 ਮਾਰਚ 2001 ਨੂੰ ਪੰਜ ਭੂਤਕ ਚੋਲਾ ਛੱਡ ਕੇ ਗੁਰੂ ਚਰਨਾਂ ਵਿਚ ਜਾ ਬਿਰਾਜੀ। ਉਨ੍ਹਾਂ ਚੜ੍ਹਾਈ ਕਰਨ ਤੋਂ ਪਹਿਲਾਂ ਅੱਖਾਂ ਦੇ ਦਾਨ ਕਰਨ ਲਈ ਪ੍ਰਤੱਗਿਆ ਕੀਤੀ ਹੋਈ ਸੀ। ਉਸ ਅਨੁਸਾਰ ਪ੍ਰਿਵਾਰ ਵਲੋਂ ਉਨ੍ਹਾਂ ਦੀਆਂ ਅੱਖਾਂ ਦਾ ਦਾਨ ਕਿਸੇ ਹੋਰ ਲੋੜਵੰਦ ਦੇ ਕੰਮ ਆਉਣ ਲਈ ਕਰ ਦਿੱਤਾ ਗਿਆ। ਉਨ੍ਹਾਂ ਦੇ ਆਤਮਿਕ ਕਲਿਆਣ ਲਈ ਹੋਏ ਸ੍ਰੀ ਅਖੰਡ ਪਾਠ ਸਾਹਿਬ ਤੇ ਕੀਰਤਨ ਸਮਾਗਮ ਸਮੇਂ ਡਾ. ਹਰਚਰਨ ਸਿੰਘ ਜੀ ਮੁਖੀ ਮੈਡੀਸਨ ਵਿਭਾਗ ਵੱਲੋਂ ਖਾਸ ਤੌਰ ਤੇ ਇਕ ਪਤਰ ਭੇਜਿਆ ਗਿਆ ਜੋ ਕਿ ਆਪ ਜੀ ਦੀ ਉੱਚ ਅਹੁਦਿਆਂ ਤੇ ਕੰਮ ਕਰਦੇ ਵਿਅਕਤੀਆਂ ਨਾਲ ਨੇੜ੍ਹਤਾ ਦਾ ਨਮੂਨਾ ਸੀ।



www.AKJ.Org

# ਗਿਆਨੀ ਨਾਹਰ ਸਿੰਘ ਜੀ ਮੁਲਾਂਪੁਰ ਦਾਖਾ, ਜ਼ਿਲ੍ਹਾ ਲੁਧਿਆਣਾ

ਭਾਈ ਗੁਰਦੀਪ ਸਿੰਘ ਸ੍ਰੀ ਅੰਮ੍ਰਿਤਸਰ

ਗੁਰਬਾਣੀ ਦੇ ਨਾਮ ਰੰਗਾਂ ਵਿਚ ਹਮੇਸ਼ਾ ਅਰੂੜ ਰਹਿਣ ਵਾਲੇ, ਜਿਨ੍ਹਾਂ ਦਾ ਚਿਹਰਾ ਦੱਗਦੱਗ ਅਤੇ ਅੱਖਾਂ ਨਾਮ ਦੀ ਰੰਗਣ ਵਿਚ ਰੰਗੀਆਂ ਰਹਿੰਦੀਆਂ ਸਨ, ਅਜਿਹੇ ਜਥੇ ਦੇ ਨਿਰਬਾਣ ਤੇ ਨਿਸ਼ਕਾਮ ਕੀਰਤਨੀਏ ਭਾਈ ਨਾਹਰ ਸਿੰਘ ਜੀ ਦਾ ਜਨਮ ਮਿਤੀ 16 ਫ਼ਰਵਰੀ 1916 ਨੂੰ ਪਿੰਡ ਸਵੱਦੀ ਕਲਾਂ, ਨੇੜੇ ਮੁੱਲਾਂਪੁਰ, ਜ਼ਿਲ੍ਹਾ ਲੁਧਿਆਣਾ, ਪਿਤਾ ਸ. ਭਾਈ ਪਾਖਰ ਸਿੰਘ ਜੀ ਦੇ ਘਰ ਮਾਤਾ ਬੀਬੀ ਉੱਤਮ ਕੌਰ ਜੀ ਦੀ ਕੁਖੋਂ ਹੋਇਆ। ਇਨ੍ਹਾਂ ਦੇ ਮਾਤਾ-ਪਿਤਾ ਅਤੇ ਉਨ੍ਹਾਂ ਦੇ ਭਰਾ–ਭੈਣ ਸਾਰੇ ਹੀ ਅੰਮ੍ਰਿਤਧਾਰੀ ਗੁਰਸਿੱਖ ਸਨ। ਗੁਰੂ ਘਰ ਵਿਚ ਨਿਸ਼ਕਾਮ ਰਹਿ ਕੇ ਕੀਰਤਨ ਦੀ ਸੇਵਾ ਨਿਭਾਉਣ ਵਾਲੇ ਸਨ। ਆਪ ਜੀ ਨੂੰ ਗੁਰਸਿਖੀ ਅਤੇ ਕੀਰਤਨ ਦੀ ਦਾਤ ਆਪਣੇ ਵਿਰਸੇ ਵਿਚ ਪਿਤਾ ਜੀ ਅਤੇ ਤਾਇਆ ਜੀ ਤੋਂ ਬਚਪਨ ਵਿਚ ਹੀ ਮਿਲ ਗਈ ਸੀ। ਆਪ ਬਚਪਨ ਵਿਚ ਹੀ ਅੰਮ੍ਰਿਤ ਛੱਕ ਕੇ ਗੁਰੂ ਚਰਨਾਂ ਵਿਚ ਜੁੜ ਗਏ ਸਨ ਅਤੇ ਨਿਤਨੇਮ ਤੇ ਹੋਰ ਬਾਣੀਆਂ ਦਾ ਪਾਠ ਵੀ ਕਰਨ ਲੱਗ ਪਏ ਸਨ। ਇਨ੍ਹਾਂ ਦੇ ਪਿਤਾ ਜੀ ਪੜ੍ਹੇ-ਲਿਖੇ ਬੜੇ ਦੂਰ ਅੰਦੇਸ਼ ਅਤੇ ਖੁਲ੍ਹੇ ਵਿਚਾਰਾਂ ਵਾਲੇ ਸਨ। ਉਨ੍ਹਾਂ ਨੇ ਆਪਣੇ ਸਾਰੇ ਬੱਚਿਆਂ, ਖ਼ਾਸਕਰ ਲੜਕੀਆਂ ਨੂੰ ਉੱਚ ਵਿਦਿਆ ਦਿਵਾ ਕੇ ਟੀਚਰ ਟਰੇਨਿੰਗ ਕੋਰਸ ਕਰਾਉਣ ਤੋਂ ਬਾਅਦ, ਨੌਕਰੀਆਂ 'ਤੇ ਲਗਵਾਇਆ। ਆਪ ਦੇ ਪਿਤਾ ਜੀ ਨੇਕ ਨੀਅਤ ਅਤੇ ਈਮਾਨਦਾਰੀ ਨਾਲ ਕੰਮ ਕਰਦੇ ਸਨ। ਉਹ ਰਿਸ਼ਵਤਖੋਰੀ ਦੇ ਸਖ਼ਤ ਬਰਖਿਲਾਫ ਸਨ ਅਤੇ ਘਰ ਵਿਚ ਕੋਈ ਗ਼ਲਤ ਪੈਸਾ ਨਹੀਂ ਸਨ ਆਉਣ ਦਿੰਦੇ। ਕੇਵਲ ਦਸਾਂ ਨੁੰਹਾਂ ਦੀ ਕ੍ਰਿਤ ਨਾਲ ਹੀ ਗੁਜ਼ਾਰਾ ਕਰਦੇ ਸਨ। ਆਪ ਜੀ ਦੇ ਤਾਇਆ ਜੀ ਅਤੇ ਪਿਤਾ ਜੀ ਦਾ ਆਪਣੇ ਘਰ ਦਾ ਹੀ ਕੀਰਤਨੀ ਜਥਾ ਸੀ, ਜੋ ਕਿ ਗੁਰਦੁਆਰਾ ਸਿੰਘ ਸਭਾ ਤਹਿਸੀਲ ਰੋਡ ਜਗਰਾਓਂ ਵਿਖੇ ਰੋਜ਼ਾਨਾ ਨਿਸ਼ਕਾਮ ਤੇ ਨਿਰਬਾਣ ਕੀਰਤਨ ਦੀ ਸੇਵਾ ਕਰਦੇ ਸਨ। ਸਾਰੀ ਕੀਰਤਨ ਭੇਟਾ ਤੇ ਚੜ੍ਹਾਵਾ ਗੁਰਦੁਆਰੇ ਦੀ ਗੋਲਕ ਵਿਚ ਪਾ ਦਿੰਦੇ ਸਨ। ਬਾਅਦ ਵਿਚ ਆਪ ਜੀ ਵੀ ਕੀਰਤਨ ਸਿੱਖ ਕੇ ਇਨ੍ਹਾਂ ਨਾਲ ਇਸ ਸੇਵਾ ਵਿਚ ਸ਼ਾਮਿਲ ਹੋ ਗਏ। ਇਸ ਤਰ੍ਹਾਂ ਇਨ੍ਹਾਂ ਨੂੰ ਨਿਰਬਾਣ ਤੇ ਨਿਸ਼ਕਾਮ ਕੀਰਤਨ ਦੀ ਸੇਵਾ ਦਾ ਉੱਤਮ ਗੁਣ ਬਚਪਨ ਤੋਂ ਹੀ ਵਿਰਸੇ ਵਿੱਚ ਹੀ ਮਿਲ ਗਿਆ ਸੀ।

ਆਪ ਜੀ ਨੇ ਆਪਣੀ ਮੁੱਢਲੀ ਸੰਸਾਰਕ ਵਿਦਿਆ ਪੰਜਵੀਂ ਤਾਈ ਪਿੰਡ ਦੇ ਸਕੂਲ ਤੋਂ ਪਾਸ ਕੀਤੀ ਤੇ ਫਿਰ ਦਸਵੀਂ ਜਮਾਤ ਗੋਰਮਿੰਟ ਹਾਈ ਸਕੂਲ ਜਗਰਾਓਂ ਤੋਂ ਸੰਨ 1933 ਵਿਚ ਪਾਸ ਕੀਤੀ। ਇਸ ਤੋਂ ਬਾਅਦ ਵਿਚ ਆਪ ਜੀ ਨੇ ਸਿਲਾਈ ਕਢਾਈ ਦਾ ਕੰਮ ਜਗਰਾਉਂ ਵਿਚ ਸ਼ੁਰੂ ਕੀਤਾ ਤੇ ਬਾਅਦ ਵਿਚ ਮੁਲਾਪੁਰ ਵਿਚ ਕਪੜੇ ਦੀ ਦੁਕਾਨ ਖੋਲ੍ਹ ਲਈ ਜੋ ਅਜੇ ਵੀ ਮੁੱਲਾਪੁਰ ਦੇ ਚੌਂਕ ਵਿਚ ਰਾਏਕੋਟ ਰੋਡ ਤੇ ਗਿਆਨੀ ਜੀ ਦੀ ਹੱਟੀ ਨਾਲ ਮਸ਼ਹੂਰ ਹੈ। ਆਪ ਜੀ ਨੇ ਧਰਮ ਦੀ ਸੱਚੀ–ਸੁੱਚੀ ਕ੍ਰਿਤ ਹੀ ਕੀਤੀ ਤੇ ਮਾਇਆ ਦੀ ਦੌੜ ਵਿਚ ਨਹੀਂ ਪਏ। ਜ਼ਿਆਦਾ ਸਮਾਂ ਸੰਗਤਾਂ ਵਿਚ ਕੀਰਤਨ ਦੀ ਸੇਵਾ ਕਰਕੇ ਹੀ ਬਿਤਾਉਂਦੇ ਰਹੇ।

ਆਪ ਜੀ ਦਾ ਆਨੰਦ ਕਾਰਜ ਸੰਨ 1931 ਵਿਚ ਸ. ਹੰਸਾ ਸਿੰਘ ਦੀ ਸਪੁੱਤਰੀ ਬੀਬੀ ਗੁਰਦੇਵ ਕੌਰ ਜੀ ਨਾਲ ਹੋਇਆ। ਬੀਬੀ ਜੀ ਦੇ ਪਿਤਾ ਜੀ ਆਪਣੀ ਜਵਾਨੀ ਦੀ ਉਮਰ ਵਿਚ ਹੀ ਚੜ੍ਹਾਈ ਕਰ ਗਏ ਸਨ ਤੇ ਬੀਬੀ ਜੀ ਦਾ ਪਾਲਣ ਪੋਸ਼ਣ ਉਸ ਭੂਆ ਜੀ ਦੇ ਪੁੱਤਰ ਨੇ (ਜੋ ਸਮਰਾਲੇ ਲਾਗੇ ਕੋਟਾਲੇ ਪਿੰਡ ਵਿਚ ਰਹਿੰਦੇ ਸਨ) ਨੇ ਕੀਤਾ ਤੇ ਉਨ੍ਹਾਂ ਦਾ ਬਚਪਨ ਵੀ ਉਥੇ ਹੀ ਬੀਤਿਆ। ਆਪ ਜੀ ਦੇ ਘਰ ਪੰਜ ਪੁਤਰ ਅਤੇ ਤਿੰਨ ਪੁਤਰੀਆਂ ਨੇ ਜਨਮ ਲਿਆ ਜੋ ਕਿ ਗੁਰਮਤਿ ਦੇ ਪਾਂਧੀ ਅਤੇ ਆਪ ਜੀ ਦੇ ਪਾਏ ਹੋਏ ਪੂਰਨਿਆਂ 'ਤੇ ਚੱਲ ਰਹੇ ਹਨ।

ਆਪ ਜੀ ਨੇ ਜਥੇ ਦੇ ਪੁਰਾਤਨ ਸਿੰਘਾਂ ਗਿਆਨੀ ਅਮੋਲਕ ਸਿੰਘ ਜੀ ਯੂ.ਕੇ., ਪ੍ਰਿੰਸੀਪਲ ਇਕਬਾਲ ਸਿੰਘ ਜੀ ਬੋਪਾਰਾਏ ਕਲਾਂ, ਭਾਈ ਸੁੰਦਰ ਸਿੰਘ ਜੀ ਘੁਮਾਣ, ਮਾਸਟਰ ਜੁਗਿੰਦਰ ਸਿੰਘ ਜੀ ਬੜੂੰਦੀ, ਮਾਸਟਰ ਗੁਰਸੇਵਕ ਸਿੰਘ ਜੀ



www.AKJ.Org

ਜਿਨ੍ਹਾਂ ਦੇ ਉੱਦਮ ਨਾਲ ਇਸ ਇਲਾਕੇ ਵਿਚ ਸ੍ਰੀ ਅਖੰਡ ਪਾਠ ਸਾਹਿਬ ਅਤੇ ਰੈਣ ਸਬਾਈ ਕੀਰਤਨ ਸਮਾਗਮ ਹੁੰਦੇ ਰਹਿੰਦੇ ਸਨ, ਦੀ ਪ੍ਰੇਰਨਾ ਨਾਲ ਜਥੇ ਦੇ ਸਮਾਗਮਾਂ ਦੀ ਹਾਜ਼ਰੀ ਭਰਨੀ ਸ਼ੁਰੂ ਕਰ ਦਿੱਤੀ ਅਤੇ ਭਾਈ ਸਾਹਿਬ ਜੀ ਨਾਲ ਮਿਲਾਪ ਵੀ ਹੋ ਗਿਆ। ਇਸ ਤਰ੍ਹਾਂ ਉਹ ਜਥੇ ਨਾਲ ਅਜਿਹੇ ਜੁੜੇ ਕਿ ਅਖੀਰਲੇ ਸਵਾਸਾਂ ਤਾਈਂ ਕੀਰਤਨ ਰਾਹੀਂ ਸੰਗਤਾਂ ਦੀ ਸੇਵਾ ਕਰਦੇ ਮੁੜ ਕੇ ਨਹੀਂ ਵਿਛੜੇ। ਅੰਮ੍ਰਿਤ ਤਾਂ ਆਪ ਜੀ ਨੇ ਬਚਪਨ ਤੋਂ ਹੀ ਛੱਕਿਆ ਹੋਇਆ ਸੀ ਅਤੇ ਜਲਦੀ ਹੀ ਜਥੇ ਵਿਚ ਪਰਿਵਾਰ ਸਮੇਤ ਪੰਚਾਂ ਕੋਲ ਪੇਸ਼ ਹੋ ਕੇ ਨਾਮ ਦ੍ਰਿੜ੍ਹ ਕਰਵਾ ਕੇ ਰਹਿਤ ਬਹਿਤ ਦੇ ਪੱਕੇ ਧਾਰਨੀ ਹੋ ਗਏ। ਨਾਮ ਬਾਣੀ ਦੀ ਅਤੁਟ ਕਮਾਈ ਸਦਕਾ, ਅਡੋਲ ਅਤੇ ਉੱਚ ਆਤਮਿਕ ਅਵਸਥਾ ਪ੍ਰਾਪਤ ਕਰ ਲਈ।

ਆਪ ਜਿਥੇ ਗੁਰਬਾਣੀ ਦੇ ਕੀਰਤਨ ਵਿਚ ਮੁਹਾਰਤ ਰੱਖਦੇ ਸਨ ਅਤੇ ਜੱਥੇ ਦੇ ਪ੍ਰਮੁਖ ਕੀਰਤਨੀਆਂ ਵਿਚੋਂ ਸਨ, ਉਥੇ ਉਹ ਗੁਰਬਾਣੀ ਦੇ ਪਾਠ ਦੀ ਸੰਥਿਆ ਲੈ ਕੇ ਸ੍ਰੀ ਅਖੰਡ ਪਾਠ ਸਾਹਿਬ ਦੀ ਸੇਵਾ ਨਿਭਾਉਂਦੇ ਰਹੇ ਹਨ। ਸੱਚੀ-ਸੁੱਚੀ ਕ੍ਰਿਤ, ਰਹਿਤ ਬਹਿਤ ਦੀ ਪ੍ਰਪੱਕਤਾ, ਅੰਮ੍ਰਿਤ ਵੇਲੇ ਦੀ ਸੰਭਾਲ ਅਤੇ ਉੱਚ ਆਤਮਿਕ ਸਹਿਜ ਅਵਸਥਾ ਕਰਕੇ ਆਪ ਨੂੰ ਅੰਮ੍ਰਿਤ ਸੰਚਾਰ ਸਮਾਗਮਾਂ ਸਮੇਂ ਪੰਚਾਂ ਦੀ ਸੇਵਾ ਵਿਚ ਸ਼ਾਮਿਲ ਕੀਤਾ ਜਾਂਦਾ ਰਿਹਾ ਹੈ। ਉਨ੍ਹਾਂ ਇਲਾਕੇ ਦੇ ਬੇਅੰਤ ਪ੍ਰਾਣੀਆਂ ਨੂੰ ਗੁਰੂ ਚਰਨਾਂ ਨਾਲ ਜੋੜਿਆ ਅਤੇ ਨੌਜਵਾਨ ਬੱਚੇ ਬੱਚੀਆਂ ਨੂੰ ਕੀਰਤਨ ਦੀ ਸਿਖਲਾਈ ਵੀ ਦਿੱਤੀ। ਉਹ ਕੀਰਤਨ ਬਹੁਤ ਸਹਿਜ, ਠਰੰਮੇ ਤੇ ਵੈਰਾਗੀ ਦਸ਼ਾ ਵਿਚ ਕਰਦੇ ਸਨ। ਉਸ ਵੇਲੇ ਉਨ੍ਹਾਂ ਦੇ ਚਿਹਰੇ ਤੇ ਦਗਦਗ ਕਰਦਾ ਨੂਰ ਝੱਲਿਆ ਨਹੀਂ ਸੀ ਜਾਂਦਾ। ਉਹ ਕਈ-ਕਈ ਘੰਟੇ ਗੁਰੂ ਚਰਨਾਂ ਵਿਚ ਸੁਰਤ ਜੋੜ ਕੇ ਕੀਰਤਨ ਦੀ ਸੇਵਾ ਕਰਦੇ ਰਹਿੰਦੇ ਸਨ। ਗੁਰਬਾਣੀ ਦੇ ਕੀਰਤਨ ਸਮੇਂ ਚਲਦੇ ਪ੍ਰਕਰਣ ਅਨੁਸਾਰ ਸ਼ਬਦਾਂ ਦੀ ਚੋਣ ਕਰਕੇ ਇਸ ਤਰ੍ਹਾਂ ਪ੍ਰਮਾਣ ਦਿੰਦੇ ਸਨ ਕਿ ਮਾਨੋ, ਉਹ ਗੁਰਬਾਣੀ ਦੀ ਕਥਾ ਹੀ ਕਰ ਰਹੇ ਹਨ। ਅਨੰਦ ਕਾਰਜ ਦੀ ਸੇਵਾ ਨਿਭਾਉਣ ਵੇਲੇ ਉਹ ਬੱਚੀਆਂ ਨੂੰ ਸੁਹਾਗਣ ਦੀਆਂ ਨਿਸ਼ਾਨੀਆਂ ਤੇ ਦੈਵੀ ਗੁਣਾਂ ਦੀ ਅਜਿਹੀ ਸਿੱਖਿਆ ਕੀਰਤਨ ਰਾਹੀਂ ਦਿੰਦੇ ਸਨ ਜੋ ਕਿ ਉਨ੍ਹਾਂ ਲਈ ਸਾਰੀ ਜ਼ਿੰਦਗੀ ਮਾਰਗ-ਦਰਸ਼ਕ ਦਾ ਕੰਮ ਕਰਦੀ ਸੀ।

ਉਨ੍ਹਾਂ ਅੰਦਰ ਪੰਥਕ ਕੁਰਬਾਨੀ ਦਾ ਜਜ਼ਬਾ ਵੀ ਭਰਿਆ ਪਿਆ ਸੀ ਤੇ ਉਹ ਹਰ ਪੰਥਕ ਮੋਰਚੇ ਵਿਚ ਵੱਧ ਚੜ੍ਹ ਕੇ ਹਿੱਸਾ ਲੈਂਦੇ ਸਨ। ਉਨ੍ਹਾਂ ਪਹਿਲਾਂ 1955 ਵਿਚ ਪੰਜਾਬੀ ਸੂਬੇ ਮੋਰਚੇ ਵਿਚ ਗ੍ਰਿਫਤਾਰੀ ਦਿੱਤੀ ਅਤੇ ਫਿਰ 1960 ਵਿਚ ਦੁਬਾਰਾ ਲੱਗੇ ਮੋਰਚੇ ਸਮੇਂ ਫਿਰ ਗ੍ਰਿਫਤਾਰੀ ਦਿੱਤੀ ਅਤੇ 5-6 ਮਹੀਨੇ ਹਿਸਾਰ ਜੇਲ੍ਹ ਵਿਚ ਕੈਦ ਰਹੇ। ਉਹ ਹਰ ਵੇਲੇ ਗਰੀਬਾਂ ਲੋੜਵੰਦਾਂ ਦੀ ਸੇਵਾ ਵੀ ਕਰਦੇ ਰਹਿੰਦੇ ਸਨ। ਉਨ੍ਹਾਂ ਗੁਰੂ ਨਾਨਕ ਪਬਲਿਕ ਸਕੂਲ ਮੁਲਾਂਪੁਰ ਦੀ ਸਥਾਪਨਾ ਵਿਚ ਯੋਗਦਾਨ ਪਾਇਆ ਤੇ ਉਸ ਦੇ ਟਰੱਸਟੀ ਵੀ ਰਹੇ। ਉਹ ਆਪਣੇ ਆਪ ਨੂੰ ਗੁਪਤ ਰੱਖ ਕੇ ਨਿਰਬਾਣ ਸੇਵਾ ਹੀ ਕਰਦੇ ਸਨ ਤੇ ਕੋਈ ਵੀ ਪ੍ਰਸੰਸਾ ਜਾਂ ਵਡਿਆਈ ਨਹੀਂ ਕਰਾਉਂਦੇ ਸਨ।

ਉਹ ਹਰ ਰੋਜ਼ ਅੰਮ੍ਰਿਤ ਵੇਲੇ ਇਕ ਵਜੇ ਉੱਠ ਕੇ ਇਸ਼ਨਾਨ ਆਦਿਕ ਕਿਰਿਆ ਸੋਧ ਕੇ ਨਾਮ ਬਾਣੀ ਦੇ ਅਭਿਆਸ ਤੇ ਗੁਰਬਾਣੀ ਦੇ ਪਾਠ ਵਿਚ ਗੜੂੰਦ ਹੋ ਜਾਂਦੇ ਸਨ। ਬੱਚਿਆਂ ਵਲੋਂ ਕਾਰੋਬਾਰ ਸੰਭਾਲਣ ਤੋਂ ਬਾਅਦ, ਜ਼ਿਆਦਾਤਰ ਉਹ ਆਪਣੇ ਮਕਾਨ ਦੇ ਚੁਬਾਰੇ ਵਿਚ ਹੀ ਰਹਿੰਦੇ ਸਨ ਤੇ ਸਾਰਾ ਦਿਨ ਉਥੇ ਬੈਠ ਕੇ ਹੀ ਸਿਮਰਨ ਭਜਨ ਕਰਦੇ ਰਹਿੰਦੇ ਸਨ। ਉਨ੍ਹਾਂ ਦੀ ਹਦਾਇਤ ਮੁਤਾਬਿਕ ਪਰਿਵਾਰਕ ਮੈਂਬਰ ਸਵੇਰੇ ਇਕ ਪ੍ਰਸ਼ਾਦਾ ਥੋੜ੍ਹੀ ਸਬਜੀ ਨਾਲ ਕਮਰੇ ਦੇ ਬਾਹਰ ਰੱਖ ਦਿੰਦੇ ਸਨ ਤੇ ਸਾਰਾ ਦਿਨ ਕੇਵਲ ਉਸ ਦਾ ਆਧਾਰ ਹੀ ਰੱਖਦੇ ਸਨ। ਸ਼ਾਮ ਨੂੰ ਸਿਰਫ਼ ਇਕ ਗਿਲਾਸ ਦੁੱਧ ਹੀ ਪੀਂਦੇ ਸਨ। ਇਸ ਤਰ੍ਹਾਂ ਉਹ ਨਾਮ ਦੇ ਆਸਰੇ 'ਤੇ ਰਹਿੰਦੇ ਸਨ ਤੇ ਅਲਪ-ਆਹਾਰ ਹੀ ਕਰਦੇ ਸਨ। ਸੰਨ 1979-80 ਸਤਿਕਾਰਯੋਗ ਪੂਰਨ ਦਾਰ ਜੀ ਆਪਣੀ ਚੰਡੀਗੜ੍ਹ ਪੋਸਟਿੰਗ ਸਮੇਂ ਦੋ ਵਾਰ ਸਰਕਾਰੀ ਡਿਊਟੀ 'ਤੇ ਮੁੱਲਾਂਪੁਰ ਆਏ। ਆਪ ਉਸ ਵੇਲੇ ਗੁਪਤ ਰਹਿ ਕੇ 40 ਦਿਨ ਦਾ ਜਪ-ਤਪ ਸਮਾਗਮ ਕਰ ਰਹੇ ਸਨ। ਸ੍ਰੀ ਪੂਰਨ ਜੀ ਦੀ ਉਸ ਵੇਲੇ ਆਪ ਜੀ ਨਾਲ ਅੰਮ੍ਰਿਤ ਵੇਲੇ ਗੁਰੂ ਫਤਿਹ ਤੋਂ ਬਿਨਾਂ ਹੋਰ ਕੋਈ ਗੱਲਬਾਤ ਨਹੀਂ ਹੋਈ ਪਰੰਤੂ ਆਤਮਿਕ ਸਾਂਝ ਪੂਰੀ ਤਰ੍ਹਾਂ ਬਣੀ ਹੋਈ ਸੀ। ਸਰੀਰਕ ਦੂਰੀ ਭਾਵੇਂ ਬਣੀ ਰਹੀ ਪਰ ਅੰਤਰ ਆਤਮੇ ਮੇਲ ਹੁੰਦਾ ਰਹਿੰਦਾ ਸੀ।



www.AKJ.Org

ਆਪ ਜੀ ਸੰਨ 1995-96 ਦੇ ਨੇੜੇ ਤੇੜੇ ਆਪਣੇ ਸਪੁੱਤਰ ਕੋਲ ਕੈਨੇਡਾ ਚਲੇ ਗਏ। ਉਥੇ ਉਨ੍ਹਾਂ ਪੁਰਾਤਨ ਗੁਰਸਿਖਾਂ ਡਾਕਟਰ ਦਰਸ਼ਨ ਸਿੰਘ ਜੀ ਲੁਧਿਆਣਾ, ਡਾ. ਹਰਦਿਆਲ ਸਿੰਘ ਜੀ, ਭਾਈ ਜੀਵਨ ਸਿੰਘ ਜੀ ਅਮਰੀਕਾ, ਗਿਆਨੀ ਅਮੋਲਕ ਸਿੰਘ ਯੂ.ਕੇ. ਨਾਲ ਰਲ ਕੇ ਅਮਰੀਕਾ ਕੈਨੇਡਾ ਦੇ ਵੱਖ-ਵੱਖ ਸ਼ਹਿਰਾਂ ਵਿਚ ਸੰਗਤਾਂ ਨੂੰ ਕੀਰਤਨ ਦੀ ਸੇਵਾ ਰਾਹੀਂ ਗੁਰੂ ਚਰਨਾਂ ਨਾਲ ਜੋੜਿਆ। ਡਾ. ਤੇਜਿੰਦਰਪਾਲ ਸਿੰਘ (ਦੂਲਾ ਜੀ) ਸਪੁੱਤਰ ਗੁਰਪੁਰਵਾਸੀ ਭਾਈ ਜੋਗਿੰਦਰ ਸਿੰਘ ਤਲਵਾੜਾ ਜੀ ਵੀ ਆਪ ਨਾਲ ਖ਼ਾਸ ਸਨੇਹ ਰੱਖਦੇ ਸਨ। ਮੋਗੇ ਵਾਲੀ ਕੀਰਤਨੀ ਬੀਬੀ ਹਰਜੀਤ ਕੌਰ ਜੀ ਜੋ ਮੁਲਾਂਪੁਰ ਨੇੜੇ ਪਿੰਡ ਬੋਪਾਰਾਏ ਵਿਆਹੀ ਸੀ, ਨੇ ਵੀ ਇਲਾਕੇ ਅਤੇ ਬਾਅਦ ਵਿਚ ਕੈਨੇਡਾ ਵਿਚ ਹੋਣ ਵਾਲੇ ਰੈਣ ਸਬਾਈ ਕੀਰਤਨਾਂ ਵਿਚ ਆਪ ਜੀ ਦਾ ਪੂਰਾ ਸਾਥ ਦਿੱਤਾ।

ਅਖੀਰਲੇ ਸਾਲਾਂ ਵਿਚ ਆਪ ਜੀ ਦਾ ਸਰੀਰ ਕੁਝ ਭਾਰਾ ਹੋਣ ਕਰਕੇ ਅਤੇ ਗੋਡਿਆਂ ਦੀ ਤਕਲੀਫ ਕਰਕੇ ਚਲਣ ਫਿਰਨ ਵਿਚ ਦਿੱਕਤ ਆਉਣ ਲੱਗ ਪਈ ਸੀ। ਭਾਵੇਂ ਉਨ੍ਹਾਂ ਨੂੰ ਸਰੀਰਕ ਰੋਗ ਕੋਈ ਨਹੀਂ ਸੀ ਪਰ ਬੁਢਾਪੇ ਤੇ ਕਮਜੋਰੀ ਕਾਰਨ ਮਿਤੀ 3 ਸਤੰਬਰ 2007 ਨੂੰ ਉਹ ਮੁਲਾਂਪੁਰ ਵਿਚ ਹੀ ਆਪਣੇ ਸਪੁੱਤਰਾਂ ਕੋਲ ਗੁਰੂ ਗੁਰੂ ਜਪਦੇ ਗੁਰੂ ਚਰਨਾਂ ਵਿਚ ਜਾ ਬਿਰਾਜੇ। ਚੜਾਈ ਕਰਨ ਤੋਂ ਕੁਝ ਚਿਰ ਪਹਿਲਾਂ ਹੀ ਆਪ ਕੈਨੈਡਾ ਤੋਂ ਵਾਪਸ ਪਿੰਡ ਮੁੱਲਾਂਪੁਰ ਆ ਗਏ ਸਨ।

**ਗੁਰਸਿੱਖਾਂ ਨਾਲ ਕੀਤੇ ਬਚਨ ਦੀ ਪਾਲਣਾ : ਵਲੋਂ ਭਾਈ ਸੁਖਵਿੰਦਰ ਸਿੰਘ ਜੀ ਚੰਡੀਗੜ੍ਹ**

ਵੀਹਵੀਂ ਸਦੀ ਦੇ ਨੌਵੇਂ ਅਤੇ ਦਸਵੇਂ ਦਹਾਕੇ ਦੌਰਾਨ ਲੁਧਿਆਣੇ ਪੋਹ ਸੁਦੀ ਸਮਾਗਮ ਤੋਂ ਪਹਿਲਾਂ ਲੋਕਲ ਜਥੇ ਵੱਲੋਂ ਵੱਖ ਵੱਖ ਗੁਰੂ ਘਰਾਂ ਅਤੇ ਗੁਰਸਿੱਖਾਂ ਦੇ ਘਰਾਂ ਵਿੱਚ ਅੰਮ੍ਰਿਤ ਵੇਲੇ ਸ੍ਰੀ ਆਸਾ ਕੀ ਵਾਰ ਦੇ ਕੀਰਤਨ ਦੀ ਲੜੀ ਚਲਾਈ ਜਾਂਦੀ ਸੀ। ਇਸੇ ਲੜੀ ਤਹਿਤ ਆਪ ਜੀ ਦੇ ਖਾਸ ਪ੍ਰੇਮੀ ਭਾਈ ਜਸਵਿੰਦਰ ਸਿੰਘ (ਕਾਕੂ ਵੀਰ ਜੀ)ਨੇ ਆਪਣੇ ਗ੍ਰਿਹਿ ਵਿੱਚ ਸਮਾਗਮ ਰਖਾ ਕੇ ਕਾਫ਼ੀ ਚਿਰ ਪਹਿਲਾਂ ਆਪ ਜੀ ਨੂੰ ਵੀ ਉਸ ਵਿੱਚ ਹਾਜ਼ਰੀ ਭਰਨ ਲਈ ਬੇਨਤੀ ਕੀਤੀ ਹੋਈ ਸੀ। ਨੀਅਤ ਦਿਨ ਤੋਂ ਇਕ ਦਿਨ ਪਹਿਲਾਂ, ਆਪ ਜੀ ਉਥੇ ਜਾਣ ਲਈ ਭੁੱਲ ਗਏ। ਸ਼ਾਮ ਨੂੰ ਆਪ ਜੀ ਦੀ ਨੂੰਹ ਨੇ ਯਾਦ ਦਿਵਾਇਆ ਕਿ ਆਪ ਜੀ ਨੇ ਸਵੇਰੇ ਸਮਾਗਮ ਤੇ ਜਾਣ ਦਾ ਵਚਨ ਦਿੱਤਾ ਹੋਇਆ ਹੈ। ਉਸ ਸਮੇਂ ਖਾੜਕੂਵਾਦ ਹੋਣ ਕਰਕੇ ਆਵਾਜਾਈ ਦੇ ਸਾਰੇ ਸਾਧਨ ਬੱਸਾਂ, ਰੇਲ ਗੱਡੀਆਂ ਸਭ ਜਲਦੀ ਬੰਦ ਹੋ ਜਾਂਦੇ ਸਨ, ਪਰ ਆਪ ਕੀਤੇ ਬਚਨ ਦੀ ਪਾਲਣਾ ਲਈ ਰਾਤ ਨੂੰ ਅਤਿ ਦੀ ਸਰਦੀ ਵਿਚ ਬਾਣੀ ਪੜ੍ਹਦੇ ਅਤੇ ਗੁਰੂ ਗੁਰੂ ਕਰਦੇ,ਹੌਲੀ ਹੌਲੀ ਪੈਦਲ ਹੀ ਚੱਲ ਪਏ। ਗੋਡਿਆਂ ਦੀ ਤਕਲੀਫ ਅਤੇ ਸਰੀਰ ਭਾਰਾ ਹੋਣ ਕਾਰਨ; ਕਿਤੇ ਕਿਤੇ ਰੁਕ ਕੇ ਦਮ ਵੀ ਲੈ ਲੈਂਦੇ। ਅੰਮ੍ਰਿਤ ਵੇਲੇ ਕੀਰਤਨ ਦੀ ਆਰੰਭਤਾ ਤੋਂ ਪਹਿਲਾਂ ਕੀਰਤਨ ਅਸਥਾਨ ਤੇ ਪਹੁੰਚ ਕੇ ਕੀਤੇ ਬਚਨ ਨੂੰ ਪਾਲਿਆ, ਜੋ ਕਿ ਪੁਰਾਤਨ ਗੁਰਸਿੱਖਾਂ ਦੇ ਜੀਵਨ ਦਾ ਇਕ ਖਾਸ ਗੁਣ ਹੁੰਦਾ ਸੀ।

# ਭਾਈ ਅਜੀਤ ਸਿੰਘ ਜੀ, ਦਿੱਲੀ

ਭਾਈ ਗੁਰਦੀਪ ਸਿੰਘ, ਸ੍ਰੀ ਅੰਮ੍ਰਿਤਸਰ

ਸ੍ਰੀ ਅਨੰਦਪੁਰ ਸਾਹਿਬ ਜੀ ਦੀ ਪਵਿੱਤਰ ਧਰਤੀ ਤੇ ਸੰਗਤਾਂ ਦੇ ਨਿਵਾਸ ਅਸਥਾਨ ਗੁਰਦੁਆਰਾ ਕੀਰਤਨ ਦਰਬਾਰ ਦੀ ਉਸਾਰੀ ਅਤੇ ਹੋਲੇ ਮਹੱਲੇ ਸਮਾਗਮ ਦੇ ਕਈ ਸਾਲ ਮੁੱਖ ਪ੍ਰਬੰਧਕ ਵਜੋਂ ਸੇਵਾ ਨਿਬਾਹੁਣ ਵਾਲੇ, ਭਾਈ ਅਜੀਤ ਸਿੰਘ ਜੀ ਦਾ ਜਨਮ ਮਿਤੀ 4 ਜਨਵਰੀ 1932 ਵਿਚ ਪਿਤਾ ਸ. ਗੁਰਬਖਸ਼ ਸਿੰਘ ਜੀ ਦੇ ਘਰ ਮਾਤਾ ਮਹਿੰਦਰ ਕੌਰ ਜੀ ਦੀ ਕੁਖੋਂ ਪਿੰਡ ਨੰਗਲ ਮੱਝਾ ਨੇੜੇ ਫਗਵਾੜਾ ਵਿਚ ਹੋਇਆ। ਆਪ ਜੀ ਦੇ ਮਾਤਾ-ਪਿਤਾ ਜੀ ਆਮ


www.AKJ.Org

ਸਿੱਖ ਪ੍ਰੀਵਾਰ ਵਿਚੋਂ ਗੁਰੂ ਘਰ ਦੇ ਸ਼ਰਧਾਲੂ ਸਨ ਅਤੇ ਪਿਤਾ ਜੀ ਲਕੜੀ ਦੇ ਫਰਨੀਚਰ ਬਨਾਉਣ ਦੇ ਕੰਮ ਕਰਦੇ ਸਨ। ਆਪ ਜੀ ਦੇ ਦਾਦਾ ਜੀ ਤੇ ਨਾਨਾ ਜੀ ਗੁਰੂ ਘਰ ਨਾਲ ਜੁੜੇ ਹੋਏ ਸਨ ਅਤੇ ਆਪ ਨੂੰ ਗੁਰਸਿੱਖੀ ਦੀ ਲਗਨ ਬਚਪਨ ਵਿਚ ਹੀ ਇਨ੍ਹਾਂ ਦੋਹਾਂ ਬਜੁਰਗਾਂ ਦੀ ਸੰਗਤ ਕਰਕੇ ਲੱਗ ਗਈ ਸੀ। ਸੰਸਾਰਕ ਵਿਦਿਆ ਦੱਸਵੀਂ ਤਾਈਂ ਪਿੰਡ ਦੇ ਗੌਰਮਿੰਟ ਹਾਈ ਸਕੂਲ ਤੋਂ ਪ੍ਰਾਪਤ ਕੀਤੀ। ਸੰਨ 1951 ਵਿਚ ਆਪ ਜੀ ਦਾ ਅਨੰਦ-ਕਾਰਜ ਬੀਬੀ ਸਵਰਨ ਕੌਰ ਜੀ ਨਿਵਾਸੀ ਪਿੰਡ ਖਾਨ-ਖਾਨਾਂ ਨੇੜੇ ਬੰਗਾ ਨਾਲ ਹੋਇਆ। ਬੀਬੀ ਜੀ ਵੀ ਆਮ ਸਿੱਖ ਪ੍ਰੀਵਾਰ ਨਾਲ ਸੰਬੰਧ ਰੱਖਦੇ ਸਨ ਤੇ ਬਚਪਨ ਤੋਂ ਹੀ ਸੇਵਾ ਸਿਮਰਨ, ਵੱਡਿਆਂ ਦਾ ਸਤਿਕਾਰ ਕਰਨ ਅਤੇ ਆਗਿਆ ਵਿਚ ਰਹਿਣ ਦੇ ਸੁਭਾਅ ਵਾਲੇ ਸਨ।

ਆਪ ਜੀ ਦੇ ਨਾਨਾ ਜੀ ਦਿੱਲੀ ਰਹਿੰਦੇ ਸਨ ਤੇ ਉਨ੍ਹਾਂ ਦੀ ਪ੍ਰੇਰਨਾ ਨਾਲ ਦਿੱਲੀ ਵਿਚ ਆ ਕੇ ਆਪ ਨੇ ਇਮਾਰਤ ਉਸਾਰੀ ਦੀ ਠੇਕੇਦਾਰੀ ਦਾ ਕੰਮ ਸ਼ੁਰੂ ਕਰ ਦਿੱਤਾ। ਇੱਥੇ ਕੰਮ ਕਰਦੇ ਸਮੇਂ, ਜਥੇ ਦੇ ਪੁਰਾਤਨ ਸਿੰਘ ਭਾਈ ਅਵਤਾਰ ਸਿੰਘ ਜੀ ਖੜਤਾਲੀ ਜੱਥਾ ਦੇ ਮਾਡਲ ਟਾਊਨ ਸਥਿਤ ਘਰ ਦੀ ਉਸਾਰੀ ਕਰਨ ਵੇਲੇ ਉਨ੍ਹਾਂ ਨਾਲ ਪ੍ਰੇਮ ਹੋ ਗਿਆ। ਇਸ ਤਰ੍ਹਾਂ ਸੰਨ 1954-55 ਵਿਚ ਜਥੇ ਦੀ ਸੰਗਤ ਨਾਲ ਜੁੜ ਗਏ ਤੇ ਕੀਰਤਨਾਂ ਸਮਾਗਮਾਂ ਦੀ ਹਾਜ਼ਰੀ ਭਰਨ ਲੱਗ ਪਏ। ਆਪ ਜੀ ਨੇ ਸਭ ਤੋਂ ਪਹਿਲੇ ਸਬਜ਼ੀ ਮੰਡੀ ਦਿੱਲੀ ਵਿਚ ਹੋਏ ਰੈਣ ਸਬਾਈ ਕੀਰਤਨ ਵਿਚ ਹਾਜ਼ਰੀ ਭਰ ਕੇ ਕੀਰਤਨ ਦਾ ਆਨੰਦ ਮਾਣਿਆ। ਥੋੜੇ ਚਿਰ ਬਾਅਦ ਹੀ ਪ੍ਰੀਵਾਰ ਸਮੇਤ ਅੰਮ੍ਰਿਤ ਛੱਕ ਕੇ ਤਿਆਰ-ਬਰ-ਤਿਆਰ ਸਿੰਘ ਸੱਜ ਗਏ। ਫਿਰ ਹੌਲੀ-ਹੌਲੀ ਮਾਡਲ ਟਾਊਨ ਨਿਵਾਸੀ ਪੁਰਾਤਨ ਗੁਰਸਿੱਖਾਂ ਭਾਈ ਦਰਸ਼ਨ ਸਿੰਘ ਜੀ ਭਰਾ ਜੀ, ਭਾਈ ਅਵਤਾਰ ਸਿੰਘ ਖੜਤਾਲੀ ਜੱਥਾ, ਭਾਈ ਮਨਮੋਹਨ ਸਿੰਘ ਗਜ਼ਲ-ਗੋ ਅਤੇ ਉਨ੍ਹਾਂ ਦੀ ਸਿੰਘਣੀ ਅਤੇ ਕੁਝ ਹੋਰ ਪ੍ਰੀਵਾਰਾਂ ਨਾਲ ਮਿਲ ਕੇ ਅਨੇਕਾਂ ਅਖੰਡ ਪਾਠ ਸਮਾਗਮਾਂ ਅਤੇ ਰੈਣ ਸਬਾਈ ਕੀਰਤਨਾਂ ਦੇ ਲਾਹੇ ਲੈਂਦੇ ਰਹੇ। ਆਪ ਜੀ ਨੇ ਬਚਪਨ ਤੋਂ ਹੀ ਗੁਰਬਾਣੀ ਪਾਠ ਦੀ ਸੰਥਿਆ ਆਪਣੇ ਦਾਦਾ ਜੀ ਅਤੇ ਨਾਨਾ ਜੀ ਤੋਂ ਲਈ ਹੋਈ ਸੀ ਤੇ ਇੱਥੇ ਆ ਕੇ ਅਖੰਡ ਪਾਠਾਂ ਦੀ ਸੇਵਾ ਨਿਬਾਹੁਣ ਲੱਗ ਪਏ। ਸਿੰਘਾਂ ਦੀ ਸੰਗਤ ਮਾਣਦੇ ਹੋਏ ਕੀਰਤਨ ਦੀ ਦਾਤ ਵੀ ਪ੍ਰਾਪਤ ਕਰ ਲਈ ਤੇ ਸਾਰੀ ਆਯੂ ਨਿਸ਼ਕਾਮ ਤੇ ਨਿਰਬਾਣ ਰਹਿ ਕੇ ਇਹ ਸੇਵਾ ਵੀ ਕਰਦੇ ਰਹੇ।

ਆਪ ਜੀ 20ਵੀਂ ਸਦੀ ਦੇ ਸਤਵੇਂ ਦਹਾਕੇ ਦੇ ਅਖੀਰ ਵਿਚ ਇੰਗਲੈਂਡ ਚਲੇ ਗਏ। ਉਸ ਵੇਲੇ ਉੱਥੇ ਪੁਰਾਤਨ ਗੁਰਸਿੱਖ ਗਿਆਨੀ ਅਮੋਲਕ ਸਿੰਘ ਜੀ, ਗਿਆਨੀ ਸੁਰਜੀਤ ਸਿੰਘ ਜੀ, ਭਾਈ ਬੰਤਾ ਸਿੰਘ ਜੀ, ਭਾਈ ਸ਼ਿੰਗਾਰਾ ਸਿੰਘ ਜੀ, ਭਾਈ ਮਦਨ ਸਿੰਘ ਜੀ ਅਤੇ ਉਨ੍ਹਾਂ ਦੀ ਸਿੰਘਣੀ ਬੀਬੀ ਕ੍ਰਿਪਾਲ ਕੌਰ ਜੀ, ਭਾਈ ਗੁਰਨਾਮ ਸਿੰਘ ਰਲ ਕੇ ਕੀਰਤਨ ਸਮਾਗਮ ਕਰਦੇ ਹੁੰਦੇ ਸਨ। ਅੰਮ੍ਰਿਤ ਸੰਚਾਰ ਦੇ ਸੇਵਾ ਭਾਈ ਰਾਮਾ ਸਿੰਘ ਜੀ, ਭਾਈ ਸ਼ਿੰਗਾਰਾ ਸਿੰਘ ਜੀ, ਭਾਈ ਜੋਗਿੰਦਰ ਸਿੰਘ ਲੈਸਟਰ, ਭਾਈ ਉਂਕਾਰ ਸਿੰਘ ਆਦਿ ਕਰਦੇ ਹੁੰਦੇ ਸਨ। ਆਪ ਜੀ ਸਭ ਤੋਂ ਪਹਿਲਾਂ ਇੱਥੇ ਆ ਕੇ ਗਰੇਵਜ਼ੈਂਡ ਕਸਬੇ ਵਿਚ ਚਲੇ ਗਏ। ਉੱਥੇ ਰਹਿਣ ਵਾਸਤੇ ਕਮਰਾ ਕਿਰਾਏ ਤੇ ਲੈਣ ਲਈ, ਕਿਸੇ ਵਲੋਂ ਦੱਸ ਪਾਉਣ ਤੇ ਭਾਈ ਹਰਬਖਸ਼ ਸਿੰਘ ਦੇ ਘਰ ਜਾ ਘੰਟੀ ਖੜਕਾਈ। ਦਰਵਾਜਾ ਖੁੱਲਣ ਤੇ ਆਪ ਜੀ ਨੇ ਗੁਰੂ ਫਤਹਿ ਬੁਲਾਈ ਤੇ ਕਮਰੇ ਬਾਰੇ ਪੁੱਛਿਆ, ਜਿਸ ਦੀ ਭਾਈ ਸਾਹਿਬ ਜੀ ਨੇ ਹਾਂ ਕਰ ਦਿੱਤੀ। ਉੱਥੇ ਰਹਿਣ ਸਮੇਂ ਰੋਜ਼ਾਨਾ ਅੰਮ੍ਰਿਤ ਵੇਲੇ ਇਸ਼ਨਾਨ ਕਰਕੇ ਸਿਮਰਨ ਵਿਚ ਜੁੱਟ ਜਾਂਦੇ ਤੇ ਫਿਰ ਨਾਮ ਬਾਣੀ ਦਾ ਪ੍ਰਵਾਹ ਸਵੇਰੇ ਸ਼ਾਮ ਚਲਾਉਂਦੇ ਰਹਿੰਦੇ। ਆਪ ਜੀ ਨੇ ਦਿੱਲੀ ਅੰਮ੍ਰਿਤ ਛੱਕਣ ਵੇਲੇ ਤੋਂ ਹੀ ਅੰਮ੍ਰਿਤ ਵੇਲੇ ਦੀ ਸੰਭਾਲ ਕਰਨੀ ਸ਼ੁਰੂ ਕਰ ਦਿੱਤੀ ਸੀ ਜਿਸ ਵਿਚ ਕਦੇ ਨਾਗਾ ਨਹੀਂ ਪੈਣ ਦਿੱਤਾ। ਸਿਮਰਨ ਦੀ ਬਰਕਤ ਨਾਲ ਘਰ ਦਾ ਵਾਤਾਵਰਣ ਸ਼ਾਂਤ ਹੋ ਗਿਆ। ਭਾਈ ਹਰਬਖਸ਼ ਸਿੰਘ ਜੀ ਨੇ ਆਪ ਜੀ ਤੋਂ ਸਿਮਰਨ ਦੀ ਜੁਗਤੀ ਬਾਰੇ ਪੁੱਛਿਆ, ਜਿਸ ਨੂੰ ਸੁਣ ਕੇ ਉਨ੍ਹਾਂ ਦੇ ਮਨ ਵਿਚ ਸ਼ਾਂਤੀ ਆਉਂਦੀ ਸੀ। ਅਗੋਂ ਆਪ ਜੀ ਨੇ ਕਿਹਾ ਕਿ ਇਹ ਸੁਆਸ-ਸੁਆਸ ਸਿਮਰਨ ਦੀ ਵਿਧੀ ਗੁਰੂ ਰੂਪ ਪੰਜ ਪਿਆਰੇ ਹੀ ਦਸ ਸਕਦੇ ਹਨ, ਤੁਹਾਨੂੰ ਪਹਿਲਾਂ ਪੰਚਾਂ ਦੇ ਪੇਸ਼ ਹੋ ਕਿ ਅੰਮ੍ਰਿਤ ਛਕਣਾ ਪਵੇਗਾ। ਇਸ ਤੋਂ ਬਾਅਦ ਆਪ ਜੀ ਨੇ ਹੋਰ ਸਿੰਘਾਂ ਨਾਲ ਸੰਪਰਕ ਕਰਕੇ ਉਥੇ ਅੰਮ੍ਰਿਤ ਸੰਚਾਰ ਦਾ ਪ੍ਰਬੰਧ ਕੀਤਾ ਜਿਸ ਵਿਚ ਭਾਈ ਹਰਬਖਸ਼ ਸਿੰਘ ਜੀ ਅੰਮ੍ਰਿਤ ਛੱਕ ਕੇ ਤਿਆਰ-ਬਰ-ਤਿਆਰ



www.AKJ.Org

ਸਿੰਘ ਸਜ ਗਏ ਤੇ ਜਥੇ ਵਿਚ ਵਿਚਰ ਕੇ ਨਾਮ ਬਾਣੀ ਦੇ ਲਾਹੇ ਲੈਂਦੇ ਅਨਿਕ ਪ੍ਰਕਾਰੀ ਸੇਵਾ ਕਰਨ ਲਗ ਪਏ। ਇੰਨ੍ਹਾਂ ਦਾ ਘਰ ਵੱਡਾ ਹੋਣ ਕਰਕੇ ਬਾਅਦ ਵਿਚ ਉੱਥੇ ਕਈ ਅੰਮ੍ਰਿਤ ਸੰਚਾਰ ਹੋਰ ਹੋਏ ਅਤੇ ਬੇਅੰਤ ਪ੍ਰਾਣੀ ਗੁਰੂ ਚਰਨਾਂ ਨਾਲ ਜੁੜੇ। ਬਾਅਦ ਵਿਚ ਭਾਈ ਹਰਬਖਸ਼ ਸਿੰਘ **'ਗਗਨ ਦਮਾਮਾ ਬਾਜਿਓ'** ਰਸਾਲੇ ਦੇ ਪ੍ਰਬੰਧਕੀ ਪੰਜ ਮੈਬਰਾਂ ਵਿਚ ਰਹਿ ਕੇ ਸੇਵਾ ਕਰਦੇ ਰਹੇ। ਇਸ ਤਰ੍ਹਾਂ ਆਪ ਜੀ ਦੀ ਪ੍ਰੇਰਨਾ ਨਾਲ ਬਹੁਤ ਸਾਰੇ ਸਿੰਘ ਗ੍ਰੇਵਜੈਂਡ ਕੈਂਟ ਵਿਚ ਸਜੇ, ਜਿੰਨ੍ਹਾਂ ਵਿਚ ਭਾਈ ਰਾਮ ਸਿੰਘ ਜੀ, ਭਾਈ ਗੁਲਜ਼ਾਰ ਸਿੰਘ ਅਤੇ ਭਾਈ ਨਿਰਮਲ ਸਿੰਘ ਜੀ ਦੇ ਨਾਮ ਖਾਸ ਵਰਣਨਯੋਗ ਹਨ। ਸਿੰਘਾਂ ਦੀ ਗਿਣਤੀ ਵੱਧਣ ਨਾਲ ਰੈਣ ਸਬਾਈ ਕੀਰਤਨ ਸਮਾਗਮਾਂ ਦੀ ਮੰਗ ਵੀ ਵੱਧ ਗਈ ਅਤੇ ਇਥੇ ਕਈ ਰੈਣ ਸਬਾਈ ਕੀਰਤਨ ਵੀ ਹੋਏ। ਬਹੁਤ ਸਾਰੇ ਸਿੰਘ ਸਿੰਘਣੀਆਂ ਨੇ ਆਪ ਪਾਸੋਂ ਕੀਰਤਨ ਸਿੱਖਣਾ ਸ਼ੁਰੂ ਕਰ ਦਿੱਤਾ। ਆਪ ਜੀ ਇੰਗਲੈਂਡ ਰਹਿਣ ਸਮੇਂ ਲੰਬਾ ਸਮਾਂ ਅੰਮ੍ਰਿਤ ਸੰਚਾਰ ਦੀ ਸੇਵਾ ਕਰਦੇ ਰਹੇ। ਇਥੇ ਰਹਿਣ ਸਮੇਂ ਹੀ ਆਪ ਦਾ ਸੰਬੰਧ ਗਿੱਲ ਪ੍ਰੀਵਾਰ ਨਾਲ ਹੋ ਗਿਆ। ਪਹਿਲਾਂ ਆਪ ਨੇ ਭਾਰਤ ਆ ਕੇ ਜਲੰਧਰ ਲਾਗੇ ਉਨ੍ਹਾਂ ਦੇ ਕੋਲਡ ਸਟੋਰ ਦੀ ਉਸਾਰੀ ਕੀਤੀ। ਫਿਰ ਸ੍ਰੀ ਅਨੰਦਪੁਰ ਸਾਹਿਬ ਹੌਲੇ-ਮਹੱਲੇ ਸਮਾਗਮ ਵੇਲੇ ਸੰਗਤਾਂ ਦੀ ਰਿਹਾਇਸ਼ ਵਿਚ ਆਉਂਦੀ ਦਿੱਕਤ ਨੂੰ ਮਹਿਸੂਸ ਕਰਦੇ ਹੋਏ ਗਿੱਲ ਪ੍ਰੀਵਾਰ ਨੇ ਆਪਦੀ ਨਿਗਰਾਨੀ ਹੇਠ ਕਾਫੀ ਜ਼ਮੀਨ ਖ਼ਰੀਦ ਕੇ ਗੁਰਦੁਆਰਾ ਕੀਰਤਨ ਦਰਬਾਰ ਦੇ ਹਾਲ ਤੇ ਰਿਹਾਇਸ਼ੀ ਕਮਰਿਆਂ ਦੀ ਉਸਾਰੀ ਕਰਵਾਈ ਜਿੱਥੇ ਹੁਣ ਹਰ ਸਾਲ ਹੌਲੇ ਮਹੱਲੇ ਸਮੇਂ ਅਖੰਡ ਕੀਰਤਨ ਸਮਾਗਮ ਹੁੰਦੇ ਹਨ। ਉਸਾਰੀ ਹੋਣ ਤੋਂ ਬਾਅਦ ਕਈ ਸਾਲ ਆਪ ਜੀ ਇੰਗਲੈਂਡ ਜਾਂ ਦਿੱਲੀ ਤੋਂ ਆ ਕੇ ਹੌਲੇ ਮਹੱਲੇ ਸਮੇਂ ਹੋਣ ਵਾਲੇ ਸਾਰੇ ਸਮਾਗਮ ਦਾ ਪ੍ਰਬੰਧ ਵੀ ਕਰਦੇ ਰਹੇ ਅਤੇ ਸੰਗਤਾਂ ਲਈ ਲੰਗਰ, ਰਿਹਾਇਸ਼ ਦਾ ਪੂਰਾ ਧਿਆਨ ਰੱਖਦੇ ਰਹੇ ਹਨ।

ਆਪ ਜੀ ਨੇ ਇੰਗਲੈਂਡ ਤੋਂ ਆ ਕੇ ਮਾਡਲ ਟਾਊਨ ਦਿੱਲੀ ਵਿਚ ਪੱਕੀ ਰਿਹਾਇਸ ਰੱਖ ਲਈ ਸੀ। ਆਪ ਜੀ ਦੇ ਘਰ ਤਿੰਨ ਸਪੁੱਤਰਾਂ ਨੇ ਜਨਮ ਲਿਆ ਜੋ ਸਾਰੇ ਹੀ ਗੁਰਸਿਖ ਮਾਰਗ ਦੇ ਪਾਂਧੀ ਬਣ ਕੇ ਆਪ ਜੀ ਦੇ ਪਾਏ ਪੂਰਨਿਆਂ ਤੇ ਚਲ ਕੇ ਗੁਰਸਿੱਖੀ ਕਮਾ ਰਹੇ ਹਨ। ਆਪ ਜੀ ਦਾ ਇਕ ਲਕੜਾ ਜਥੇ ਦੇ ਪੁਰਾਤਨ ਗੁਰਸਿੱਖ ਤਬਲੇ ਦੇ ਅਣਥੱਕ ਵਜੰਤਰੀ ਅਤੇ ਭਾਈ ਸਾਹਿਬ ਜੀ ਦੀ ਸੰਗਤ ਦਾ ਰੰਗ ਮਾਣਨ ਵਾਲੇ ਭਾਈ ਪ੍ਰੀਤਮ ਸਿੰਘ ਜੀ ਚਾਨੀ ਹਾਲ ਯੂ.ਐੱਸ.ਏ ਦੀ ਲੜਕੀ ਨਾਲ ਵਿਆਹਿਆ ਹੋਇਆ ਹੈ ਜੋ ਕਿ ਅਮਰੀਕਾ ਵਿਚ ਹੀ ਰਹਿ ਕੇ ਕ੍ਰਿਤ ਕਰਦੇ ਹੋਏ ਗੁਰੂ ਘਰ ਨਾਲ ਜੁੜੇ ਹੋਏ ਹਨ। ਇਸ ਤਰ੍ਹਾਂ ਆਪ ਜੀ ਨੂੰ ਚਾਨੀ ਜੀ ਦੀ ਸੰਗਤ ਮਾਣਨ ਦਾ ਸੁਭਾਗ ਵੀ ਮਿਲਦਾ ਰਿਹਾ ਹੈ।

ਆਪ ਜੀ ਸਮੇਂ-ਸਮੇਂ ਗੁਰਮਤਿ ਸਾਗਰ ਰਸਾਲੇ ਵਿਚ ਲੇਖ ਵੀ ਲਿਖਦੇ ਰਹੇ ਹਨ। ਆਪ ਜੀ ਨੂੰ ਨਾਮ ਬਾਣੀ ਦੀ ਕਮਾਈ ਸਦਕਾ ਸ਼ਬਦ ਸੁਰਤਿ ਦੇ ਮੇਲ ਰਾਹੀਂ ਅੰਤਰ-ਆਤਮੇ ਆਗਮ ਨਿਗਮ ਦੀ ਸੋਝੀ ਵੀ ਸੀ। ਆਪ ਜੀ ਨੂੰ ਇੰਗਲੈਂਡ ਵਿਚ ਗਿੱਲ ਪ੍ਰੀਵਾਰ ਨਾਲ ਸੰਬੰਧ ਰੱਖਣ ਕਰਕੇ ਖਾੜਕੂ ਲਹਿਰ ਵੇਲੇ ਪੁਲਿਸ ਦੀਆਂ ਸਖਤੀਆਂ ਵੀ ਬਰਦਾਸ਼ਤ ਕਰਨੀਆਂ ਪਈਆਂ ਪ੍ਰੰਤੂ ਆਪ ਹਮੇਸ਼ਾਂ ਭਾਣੇ ਅੰਦਰ ਅਡੋਲ ਰਹੇ।

ਆਪ ਜੀ ਦੀ ਸਿਹਤ ਸਾਰੀ ਉਮਰ ਹੀ ਰਿਸ਼ਟ-ਪੁਸ਼ਟ ਰਹੀ ਹੈ। ਪ੍ਰੰਤੂ ਚੜ੍ਹਾਈ ਕਰਨ ਤੋਂ ਪਹਿਲਾਂ ਦਿਲ ਦੀ ਬੀਮਾਰੀ ਨੇ ਆ ਘੇਰਿਆ। ਚੰਗੇ ਡਾਕਟਰਾਂ ਦੇ ਇਲਾਜ ਦੇ ਬਾਵਜੂਦ ਵੀ ਇਸ ਬੀਮਾਰੀ ਕਾਰਨ ਅੰਮ੍ਰਿਤ ਵੇਲੇ ਦੇ ਨਿਤਨੇਮ ਤੋਂ ਬਾਅਦ ਆਪ ਜੀ ਨੂੰ ਮਿਤੀ 4 ਅਪ੍ਰੈਲ 2012 ਨੂੰ ਹਾਰਟ ਅਟੈਕ ਹੋ ਗਿਆ। ਉਸੇ ਦਿਨ ਹਸਪਤਾਲ ਵਿਚ ਹੀ ਆਪ ਗੁਰੂ ਗੁਰੂ ਜਪਦੇ 8 ਵਜੇ ਦੇ ਕਰੀਬ ਇਹ ਪੰਜ ਭੂਤਕ ਸਰੀਰਕ ਚੋਲਾ ਤਿਆਗ ਕੇ ਗੁਰ ਚਰਨਾਂ ਵਿਚ ਜਾ ਬਿਰਾਜੇ। ਆਪ ਜੀ ਦੇ ਚੜ੍ਹਾਈ ਕਰਨ ਤੋਂ ਬਾਅਦ ਦਿੱਲੀ ਵਿਚ ਪ੍ਰੀਵਾਰ ਵਲੋਂ ਸ੍ਰੀ ਅਖੰਡ ਪਾਠ ਸਾਹਿਬ ਤੇ ਕੀਰਤਨ ਸਮਾਗਮ ਤੋਂ ਇਲਾਵਾ ਆਪ ਜੀ ਦੀਆਂ ਪ੍ਰੇਮ ਖਿੱਚਾ ਕਾਰਨ, ਇੰਗਲੈਂਡ ਦੀ ਸੰਗਤ ਵੱਲੋਂ ਆਪ ਜੀ ਦੀ ਆਤਮਿਕ ਸਹਾਇਤਾ ਅਤੇ ਮਿੱਠੀ ਯਾਦ ਅੰਦਰ ਸ੍ਰੀ ਅਖੰਡ ਪਾਠ ਸਾਹਿਬ ਤੇ ਰੈਣ ਸਬਾਈ ਕੀਰਤਨ ਵੀ ਰਚੇ ਗਏ। ਇਨ੍ਹਾਂ ਸਮਾਗਮਾਂ ਵਿਚ ਸੰਗਤਾਂ ਵੱਲੋਂ ਕੀਤੀ ਸ਼ਮੂਲੀਅਤ ਤੋਂ ਆਪ ਜੀ ਦਾ ਸੰਗਤਾਂ ਨਾਲ ਪ੍ਰੇਮ ਪਿਆਰ ਅਤੇ ਲੋਕ ਪ੍ਰਿਅਤਾ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ।


www.AKJ.Org

# ਭਾਈ ਪ੍ਰਿਤਪਾਲ ਸਿੰਘ ਜੀ ਬੰਬਈ

ਭਾਈ ਗੁਰਦੀਪ ਸਿੰਘ ਸ੍ਰੀ ਅੰਮ੍ਰਿਤਸਰ

ਪਉੜੀ ਨਾਮ ਦੇ ਨਾਲ ਜਾਣੇ ਜਾਂਦੇ ਭਾਈ ਸਾਹਿਬ ਜੀ ਅਤੇ ਪੂਰਨ ਦਾਰ ਜੀ ਦੀ ਸੰਗਤ ਦਾ ਨਿਘ ਮਾਣਨ ਵਾਲੇ ਪੁਰਾਤਨ ਗੁਰਸਿਖ ਭਾਈ ਪ੍ਰਿਤਪਾਲ ਸਿੰਘ ਜੀ ਦਾ ਜਨਮ 14 ਚੇਤਰ ਭਾਵ 26 ਮਾਰਚ 1932 ਨੂੰ ਪਿਤਾ ਸ. ਜੋਗਿੰਦਰ ਸਿੰਘ ਜੀ ਅਤੇ ਮਾਤਾ ਸੁਰਿੰਦਰ ਕੌਰ ਜੀ ਦੇ ਘਰ ਗੁਜਰਾਂਵਾਲਾ ਪਾਕਿਸਤਾਨ ਵਿਚ ਹੋਇਆ। ਆਪ ਸਤਿਕਾਰਯੋਗ ਪੂਰਨ ਦਾਰ ਜੀ ਦੇ ਰਿਸ਼ਤੇਦਾਰੀ ਵਿਚ ਸਾਂਢੂ ਅਤੇ ਡਾਕਟਰ ਹਰਬੰਸ ਸਿੰਘ ਜੀ ਕੁੱਬੀ ਬਾਰੇ ਵਾਲਿਆਂ ਦੇ ਦਾਮਾਦ ਲੱਗਦੇ ਸਨ। ਆਪ ਜੀ ਛੇ ਭਰਾਵਾਂ ਤੇ ਚਾਰ ਭੈਣਾਂ ਵਿਚ ਸਭ ਤੋਂ ਵੱਡੇ ਸਨ। ਆਪ ਜੀ ਨੇ ਆਪਣੀ ਸੰਸਾਰਕ ਵਿਦਿਆ ਅਠਵੀਂ ਤਾਈਂ ਗੁਜਰਾਂਵਾਲੇ ਹੀ ਖ਼ਾਲਸਾ ਹਾਈ ਸਕੂਲ ਤੋਂ ਲਈ। ਦਸਵੀਂ ਜਮਾਤ ਇਨ੍ਹਾਂ ਨੇ ਲੁਧਿਆਣੇ ਆ ਕੇ ਪਾਸ ਕੀਤੀ। ਦੇਸ਼ ਦੀ ਵੰਡ ਤੋਂ ਬਾਅਦ ਇਹ ਸਾਰਾ ਪਰਿਵਾਰ ਉੱਜੜ ਕੇ ਲੁਧਿਆਣਾ ਆ ਗਿਆ ਸੀ। ਪਰਿਵਾਰ ਦੇ ਗੁਜ਼ਾਰੇ ਵਾਸਤੇ ਇਨ੍ਹਾਂ ਨੇ ਸੰਨ 1950 ਵਿਚ ਇੰਡੀਅਨ ਨੇਵੀ ਵਿਚ Sanlor ਵਜੋਂ ਨੌਕਰੀ ਕਰ ਲਈ। ਬੰਬਈ ਆ ਕੇ ਇਨ੍ਹਾਂ ਦਾ ਸਭ ਤੋਂ ਪਹਿਲਾਂ ਮਿਲਾਪ ਇਕ ਗੁਰਸਿਖ ਰਾਮ ਆਸਰਾ ਸਿੰਘ ਜੋ ਕਿ ਸਹਿਜਧਾਰੀ ਪਰਿਵਾਰ ਵਿਚੋਂ ਸਿੰਘ ਸਜੇ ਸਨ, ਨਾਲ ਹੋਇਆ। ਉਨ੍ਹਾਂ ਨਾਲ ਰਲ ਕੇ ਹਰ ਰੋਜ਼ ਸ਼ਾਮ ਨੂੰ ਸੋਦੁਰ ਰਹਿਰਾਸ ਦਾ ਪਾਠ ਕਰਿਆ ਕਰਦੇ ਸਨ। ਪੂਰਨ ਦਾਰ ਜੀ ਵੀ ਸੰਨ 1954 ਵਿਚ ਨਵੀਂ ਦਿੱਲੀ ਤੋਂ ਬਦਲ ਕੇ ਮੁੰਬਈ ਆ ਗਏ ਸਨ। ਉਨ੍ਹਾਂ ਨੇ ਸਭ ਤੋਂ ਪਹਿਲਾਂ ਸ਼ਾਤਾ ਕਰੁਜ ਇਲਾਕੇ ਵਿਚ ਨਿਵਾਸ ਰਖਿਆ ਸੀ। ਇਸ ਇਲਾਕੇ ਵਿਚ ਪਿਸ਼ੌਰੀਆਂ ਦਾ ਗੁਰਦੁਆਰਾ ਸੀ ਜਿਥੇ ਬੀਬੀ ਭੁਪਿੰਦਰ ਕੌਰ ਜੀ ਸਿੰਘਣੀ ਪੂਰਨ ਦਾਰ ਜੀ ਕੀਰਤਨ ਕਰਿਆ ਕਰਦੇ ਸਨ। ਦਰਅਸਲ ਆਪ ਜੀ ਦੀ ਭੂਪ ਜੀ ਨਾਲ ਥੋੜ੍ਹੀ-ਬਹੁਤ ਪਹਿਲਾਂ ਵੀ ਵਾਕਫੀਅਤ ਸੀ ਕਿਉਂਕਿ ਭੂਪ ਜੀ ਦੇ ਨਾਨਕੇ ਵੀ ਗੁਜਰਾਂਵਾਲੇ ਸਨ ਤੇ ਦੂਰੋਂ-ਨੇੜਿਓਂ ਰਿਸ਼ਤੇਦਾਰੀ ਵੀ ਲੱਗਦੀ ਸੀ। ਇਕ ਵਾਰੀ ਪੂਰਨ ਦਾਰ ਜੀ ਨੇ ਆਪਣੇ ਗ੍ਰਿਹਿ ਸ੍ਰੀ ਅਖੰਡ ਪਾਠ ਆਰੰਭ ਕੀਤਾ ਤਾਂ ਆਪ ਜੀ ਤੇ ਭਾਈ ਰਾਮ ਆਸਰਾ ਸਿੰਘ ਜੀ ਪਾਠ ਸੁਣਨ ਲਈ ਸ਼ਾਮ ਵੇਲੇ ਉਨ੍ਹਾਂ ਦੇ ਘਰ ਆ ਗਏ। ਉਸ ਵੇਲੇ ਨੇਵੀ ਦੇ ਕਾਨੂੰਨ ਅਨੁਸਾਰ ਸੇਲਰ (Sailor) ਨੂੰ ਰਾਤ ਬਾਰਾਂ ਵਜੇ ਤੋਂ ਪਹਿਲਾਂ ਆਪਣੇ ਜਹਾਜ ਵਿਚ ਹਾਜਿਰ ਹੋਣਾ ਪੈਂਦਾ ਸੀ ਕਿਉਂਕਿ ਇਹ ਰਾਤ ਨੂੰ ਬਾਹਰ ਨਹੀਂ ਰਹਿ ਸਕਦੇ ਸਨ। ਜਦੋਂ ਕੁਝ ਸਮਾਂ ਪਾਠ ਸੁਣ ਕੇ ਜਾਣ ਲਈ ਉੱਠਣ ਲੱਗੇ ਤਾਂ ਪੂਰਨ ਦਾਰ ਜੀ ਨੇ ਬੈਠ ਜਾਣ ਲਈ ਇਸ਼ਾਰਾ ਕੀਤਾ। ਦੋਨੋਂ ਫਿਰ ਬੈਠ ਗਏ ਤੇ ਪਾਠ ਸੁਣਦੇ ਰਹੇ ਅਤੇ ਇਸ ਤਰ੍ਹਾਂ ਉਨ੍ਹਾਂ ਨੂੰ ਵਾਪਸ ਜਾਣ ਵਿਚ ਦੇਰੀ ਹੋ ਗਈ। ਮਨ ਵਿਚ ਫਿਕਰ ਵੀ ਸੀ ਕਿ ਅਸੀਂ ਗ਼ਲਤੀ ਕਰ ਰਹੇ ਹਾਂ। ਜਦੋਂ ਇਹ ਵਾਪਸ ਜਹਾਜ਼ 'ਤੇ ਪਹੁੰਚੇ ਤਾਂ ਇਨ੍ਹਾਂ ਦੇਖਿਆ ਕਿ ਦੋਹਾਂ ਦੀ ਹਾਜਰੀ ਲੱਗੀ ਹੋਈ ਸੀ। ਇਹ ਜ਼ਾਹਰੀ ਕਲਾ ਦੇਖ ਕੇ ਇਨ੍ਹਾਂ ਦਾ ਗੁਰੂ ਉੱਪਰ ਹੋਰ ਭਰੋਸਾ ਹੋ ਗਿਆ।

ਬੰਬਈ ਵਿਚ ਆ ਕੇ ਆਪ ਨੇ ਨੌਕਰੀ ਦੇ ਨਾਲ ਪੜ੍ਹਾਈ ਵੀ ਸ਼ੁਰੂ ਕਰ ਦਿੱਤੀ ਸੀ। ਇਸ ਦੌਰਾਨ ਆਪ ਜੀ ਦਾ ਪੂਰਨ ਦਾਰ ਜੀ ਦੇ ਘਰ ਆਉਣਾ ਜਾਣਾ ਬਣ ਚੁੱਕਾ ਸੀ ਕਿਉਂਕਿ ਉਥੇ ਨਾਮ ਬਾਣੀ ਦੇ ਪ੍ਰਵਾਹ ਚਲਦੇ ਰਹਿੰਦੇ ਸਨ ਤੇ ਕੀਰਤਨ ਅਖਾੜੇ ਵੀ ਸਜਦੇ ਰਹਿੰਦੇ ਸਨ। ਬੰਬਈ ਵਿਚ ਪੂਰਨ ਦਾਰ ਜੀ ਪਹਿਲਾਂ ਰਾਸ਼ਨ ਵਿਭਾਗ ਵਿਚ ਕੰਮ ਕਰਦੇ ਸਨ ਫਿਰ ਇਹ ਮਹਿਕਮਾ ਤੋੜ ਕੇ ਫੂਡ ਕਾਰਪੋਰੇਸ਼ਨ ਆਫ਼ ਇੰਡੀਆ ਵਿਚ ਬਦਲ ਦਿੱਤਾ ਗਿਆ। ਇਸ ਵੇਲੇ ਕੁਝ ਨੌਕਰੀਆਂ ਵਾਧੂ ਘੋਸ਼ਿਤ ਕਰਕੇ ਪੂਰਨ ਜੀ ਦੀ ਨੌਕਰੀ ਤੋਂ ਬਰਖਾਸਤੀ ਦੇ ਹੁਕਮ ਕਰ ਦਿੱਤੇ ਗਏ। ਪੂਰਨ ਜੀ ਨੇ ਉਸ ਵੇਲੇ ਗੁਰਬਾਣੀ ਦਾ ਆਸਰਾ ਲੈ ਕੇ ਇਕੱਲਿਆਂ ਹੀ ਦੋ ਅਖੰਡ ਪਾਠ ਗੁਰਦੁਆਰੇ ਵਿਚ ਕੀਤੇ ਸਨ। ਇਹ ਅਖੰਡ ਪਾਠਾਂ ਦੀ ਸੇਵਾ ਵੇਲੇ ਜੋ ਅਗੰਮੀ ਨਜ਼ਾਰਾ ਉਥੇ ਬਣਿਆ ਸੀ, ਉਸ ਦਾ ਅਨੰਦ ਆਪ ਵੀ ਉਥੇ ਹਾਜਰੀ ਭਰ ਕੇ ਮਾਣ ਚੁੱਕੇ ਸਨ। ਬੀ.ਏ. ਦੇ ਆਖ਼ਰੀ ਸਾਲ ਦੇ ਫਾਈਨਲ ਪੇਪਰ ਚੱਲ ਰਹੇ ਸਨ। ਆਪ ਦੇ ਮਨ ਵਿਚ ਖਿੱਚ ਪਈ ਕਿ ਚਲੋ ਗੁਰਸਿਖਾਂ



www.AKJ.Org

ਦੇ ਦਰਸ਼ਨ ਕਰੀ ਚਲੀਏ। ਦਸ ਵਜੇ ਪੇਪਰ ਸ਼ੁਰੂ ਹੋਣਾ ਸੀ ਅਤੇ ਪ੍ਰੀਖਿਆ ਹਾਲ ਪਹੁੰਚਣ ਲਈ ਉਥੋਂ ਕੋਈ ਇਕ ਡੇਢ ਘੰਟੇ ਦਾ ਸਮਾਂ ਲੱਗਣਾ ਸੀ। ਜਦੋਂ ਪੂਰਨ ਦਾਰ ਜੀ ਦੇ ਘਰ ਗਏ ਤਾਂ ਕੁਦਰਤੀ ਦਫ਼ਤਰੀ ਛੁੱਟੀ ਹੋਣ ਕਰਕੇ ਕੀਰਤਨ ਦੇ ਅਖਾੜੇ ਸੱਜੇ ਹੋਏ ਸਨ। ਕੁਝ ਸਮਾਂ ਹਾਜ਼ਰੀ ਭਰਨ ਤੋਂ ਬਾਅਦ ਜਾਣ ਲਈ ਆਗਿਆ ਮੰਗੀ ਪਰ ਉਹ ਨਾ ਮਿਲੀ। ਦਾਰ ਜੀ ਨੇ ਆਪਣੇ ਕੋਲ ਹੀ ਬਿਠਾਇਆ ਹੋਇਆ ਸੀ ਅਤੇ ਦੋ ਵਾਰ ਬੇਨਤੀ ਕਰਨ ਤੇ ਉਨ੍ਹਾਂ ਆਪਣੇ ਗੋਡੇ ਹੇਠ ਇਨ੍ਹਾਂ ਦਾ ਗੋਡਾ ਨੱਪ ਲਿਆ। ਕੀਰਤਨ ਦੀ ਅਜਿਹੀ ਕਲਾ ਵਰਤੀ ਕਿ ਕੀਰਤਨ ਦਾ ਅਮਿਓ ਰਸ ਮਾਣਦਿਆਂ ਪੇਪਰ ਦਾ ਸਮਾਂ ਵੀ ਲੰਘ ਗਿਆ। ਸਾਰਾ ਦਿਨ ਕੀਰਤਨ ਦੇ ਰੰਗ ਮਾਣਦਿਆਂ, ਸ਼ਾਮ ਨੂੰ ਸੋ ਦੁਰ ਦੇ ਪਾਠ ਤੋਂ ਬਾਦ ਇਨ੍ਹਾਂ ਨੂੰ ਜਾਣ ਦੀ ਆਗਿਆ ਮਿਲੀ। ਪਰੰਤੂ ਰਸਤੇ ਵਿਚ ਇਹੀ ਸੋਚਦੇ ਰਹੇ ਕਿ ਘਰਦਿਆਂ ਨੂੰ ਕੀ ਜਵਾਬ ਦਿਆਂਗਾ ? ਪੂਰਾ ਇਕ ਸਾਲ ਵਿਅਰਥ ਚਲਾ ਗਿਆ ਹੈ। ਕੁਝ ਸਮਾਂ ਬਾਦ ਨਤੀਜਾ ਨਿਕਲਣ ਤੇ ਦੋਸਤਾਂ ਨੇ ਦੱਸਿਆ ਕਿ ਪਾਲੀ ! ਤੂੰ ਤਾਂ ਕਲਾਸ ਵਿਚ ਪਹਿਲੇ ਨੰਬਰ 'ਤੇ ਆਇਆ ਹੈਂ, ਜਿਸ ਦਾ ਆਪ ਨੂੰ ਯਕੀਨ ਨਹੀਂ ਆ ਰਿਹਾ ਸੀ। ਜਿਹੜਾ ਪੇਪਰ ਆਪ ਨੇ ਦਿੱਤਾ ਹੀ ਨਹੀਂ ਸੀ, ਉਸ ਵਿਚ ਪੂਰੇ ਨੰਬਰ ਸਨ, ਜਿਸ ਦੀ ਆਪ ਦੇ ਅਧਿਆਪਕ ਨੇ ਵੀ ਸ਼ਾਬਾਸ਼ ਦਿੱਤੀ। ਉਸ ਵੇਲੇ ਆਪ ਦੇ ਮਨ ਵਿਚ ਗੁਰਬਾਣੀ ਅੰਦਰ ਦਰਜ ਭਗਤਾਂ ਦੇ ਜੀਵਨ ਵਿਚ ਵਰਤੇ ਕੌਤਕ ਲੰਘ ਗਏ। ਇਸ ਤਰ੍ਹਾਂ ਆਪ ਦਾ ਰੋਮ-ਰੋਮ ਕਰਕੇ ਗਰੂ ਸਾਹਿਬ ਦਾ ਸ਼ੁਕਰਾਨਾ ਕਰ ਰਿਹਾ ਸੀ ਤੇ ਆਪ ਨੂੰ ਪੂਰਨ ਦਾਰ ਜੀ ਦੀ ਉਚ ਆਤਮਿਕ ਅਵਸਥਾ ਦਾ ਵੀ ਚਾਨਣ ਹੋ ਗਿਆ।

ਸਮੁੰਦਰੀ ਫ਼ੌਜ ਵਿਚ ਟਰੇਨਿੰਗ ਤੋਂ ਬਾਅਦ ਆਪ ਦੀ ਬੇੜੇ ਤੇ ਤੈਨਾਤੀ ਹੋ ਗਈ। ਇਕ ਵਾਰੀ ਬੇੜੇ ਤੇ ਇਕ ਵੱਡੇ ਅਫ਼ਸਰ ਨੇ ਮੁਆਇਲਾ ਕਰਨ ਆਉਣਾ ਸੀ, ਉਧਰੋਂ ਉਸ ਵੇਲੇ ਦਾਰ ਜੀ ਵਲੋਂ ਰੈਣ-ਸਬਾਈ ਕੀਰਤਨ ਦਾ ਵੀ ਸੁਨੇਹਾ ਆ ਗਿਆ। ਛੁੱਟੀ ਤਾਂ ਮਿਲ ਹੀ ਨਹੀਂ ਸੀ ਸਕਦੀ ਅਤੇ ਮਨ ਜਕੋ ਤੱਕੀ ਵਿਚ ਪੈ ਪਿਆ। ਆਪ ਪ੍ਰੇਮ ਦੇ ਬੱਧੇ, ਛੁੱਟੀ ਲਏ ਬਿਨਾਂ ਕੀਰਤਨ ਸਮਾਗਮ ਵਿਚ ਜਾ ਹਾਜਰ ਹੋਏ ਅਤੇ ਜੋਦੜੀ ਵੀ ਕਰ ਦਿੱਤੀ ਕਿ ਸਤਿਗੁਰੂ ਆਪੇ ਹੀ ਪੈਜ ਰੱਖਿਓ। ਸਵੇਰੇ ਜਦੋਂ ਬੇੜੇ 'ਤੇ ਵਾਪਸ ਪਹੁੰਚੇ ਤਾਂ ਨਿਰੀਖਣ ਪਰੇਡ ਵਿਚ ਆਪ ਨੂੰ ਸਭ ਤੋਂ ਵਧੀਆ ਕੈਡਿਟ ਚੁਣਿਆ ਗਿਆ। ਕਿਸੇ ਨੇ ਰਾਤ ਦੀ ਗੈਰ-ਹਾਜ਼ਰੀ ਵੱਲ ਧਿਆਨ ਹੀ ਨਾ ਦਿੱਤਾ। ਇਸ ਤੋਂ ਬਾਅਦ ਜਲਦੀ ਹੀ ਆਪ ਨੂੰ ਆਫੀਸਰ ਦਾ ਅਹੁਦਾ ਦੇ ਦਿੱਤਾ ਗਿਆ ਤੇ ਸੰਨ 1984 ਵਿਚ ਆਪ ਕਮਾਂਡੈਂਟ ਦੇ ਅਹੁਦੇ ਤੋਂ ਰਿਟਾਇਰ ਹੋਏ।

ਉਪਰੋਕਤ ਘਟਨਾਵਾਂ ਨੇ ਆਪ ਦੇ ਮਨ ਵਿਚ ਗੁਰੂ 'ਤੇ ਭਰੋਸਾ ਤੇ ਨਾਮ ਬਾਣੀ ਦੀ ਪਾਰਸ ਕਲਾ ਤੇ ਅਤੁੱਟ ਸ਼ਰਧਾ ਪੈਦਾ ਕਰ ਦਿੱਤੀ ਅਤੇ ਆਪ ਜੀ ਨੇ ਅਪਰੈਲ 1955 ਵਿਚ ਭਾਈ ਸਾਹਿਬ ਜੀ ਦੀ ਬੰਬਈ ਯਾਤਰਾ ਸਮੇਂ ਹੋਏ ਅੰਮ੍ਰਿਤ ਸੰਚਾਰ ਸਮਾਗਮ ਵਿਚ ਅੰਮ੍ਰਿਤ ਛੱਕ ਕੇ ਤਿਆਰ-ਬਰ-ਤਿਆਰ ਹੋ ਗਏ। ਇਸੇ ਸਮਾਗਮ ਤੇ ਆਪ ਜੀ ਨੂੰ ਪਹਿਲੀ ਵਾਰ ਭਾਈ ਸਾਹਿਬ ਜੀ ਦਾ ਦਰਸ-ਮਿਲਾਪ ਹੋਇਆ। ਉਸ ਤੋਂ ਬਾਅਦ ਆਪ ਜੀ ਨੇ ਲੁਧਿਆਣਾ-ਦਿੱਲੀ ਆਦਿ ਸ਼ਹਿਰਾਂ ਵਿਚ ਹੋਣ ਵਾਲੇ ਅਖੰਡ ਕੀਰਤਨ ਸਮਾਗਮਾਂ ਦੀ ਹਾਜ਼ਰੀ ਭਰ ਕੇ ਨਾਮ ਬਾਣੀ ਦੇ ਹਰਿ ਜਸ ਲਾਹੇ ਪ੍ਰਾਪਤ ਕਰਨੇ ਸ਼ੁਰੂ ਕਰ ਦਿੱਤੇ। ਆਪ ਜੀ ਸ੍ਰੀ ਆਸਾ ਦੀ ਵਾਰ ਦੇ ਕੀਰਤਨ ਸਮੇਂ ਪਉੜੀ ਬੜੇ ਹੀ ਵਜਦ, ਪ੍ਰੇਮ ਅਤੇ ਠਹਿਰਾਅ ਵਿਚ ਪੜ੍ਹਿਆ ਕਰਦੇ ਸਨ ਜਿਸ ਕਰਕੇ ਬਾਪੂ ਜੀ ਨੇ ਆਪ ਦਾ ਨਾਮ ਹੀ ਪਉੜੀ ਧਰ ਦਿੱਤਾ ਤੇ ਪਉੜੀ ਵਾਲਾ ਸਿੰਘ ਕਹਿ ਕੇ ਯਾਦ ਕਰਦੇ ਹੁੰਦੇ ਸਨ।

ਸੰਨ 1962 ਵਿਚ ਆਪ ਜੀ ਦਾ ਅਨੰਦ ਕਾਰਜ ਬੀਬੀ ਚਰਨਜੀਤ ਕੌਰ ਜੀ (ਛੋਟੀ ਭੈਣ ਬੀਬੀ ਭੁਪਿੰਦਰ ਕੌਰ ਜੀ) ਸਪੁੱਤਰੀ ਡਾਕਟਰ ਹਰਬੰਸ ਸਿੰਘ ਜੀ ਕੁੱਬੀ ਬੇਰੀ ਵਾਲੇ ਸ੍ਰੀ ਅੰਮ੍ਰਿਤਸਰ ਨਾਲ ਹੋਇਆ। ਡਾਕਟਰ ਸਾਹਿਬ ਜੀ ਵੀ ਭਾਈ ਸਾਹਿਬ ਜੀ ਦੇ ਖ਼ਾਸ ਪ੍ਰੇਮੀਆਂ ਵਿਚੋਂ ਸਨ ਅਤੇ ਉਨ੍ਹਾਂ ਨੂੰ ਸ੍ਰੀ ਅੰਮ੍ਰਿਤਸਰ ਦੇ ਪੁਰਾਤਨ ਗੁਰਸਿੱਖ ਜੋ ਕਿ ਅਜੀਤ ਨਗਰ ਵਿਚ ਇਕੱਠੇ ਮਕਾਨ ਬਣਾ ਕੇ ਰਹਿੰਦੇ ਸੀ, ਦੀ ਸੰਗਤ ਮਾਣਨ ਦਾ ਮੌਕਾ ਮਿਲਦਾ ਰਿਹਾ ਹੈ। ਡਾਕਟਰ ਸਾਹਿਬ


www.AKJ.Org

ਸ੍ਰੀ ਅੰਮ੍ਰਿਤਸਰ ਵਿਖੇ ਹਫਤਾਵਾਰੀ ਕੀਰਤਨ ਦੀ ਅਰੰਭਤਾ ਦੀ ਸੇਵਾ ਕਾਫ਼ੀ ਸਮਾਂ ਨਿਭਾਉਂਦੇ ਰਹੇ ਹਨ। ਆਪ ਜੀ ਦੇ ਘਰ ਇਕ ਬੇਟਾ ਤੇ ਦੋ ਬੇਟੀਆਂ ਨੇ ਜਨਮ ਲਿਆ ਜੋ ਆਪਣੇ ਘਰੀਂ ਸੁਖੀ ਵਸਦੇ ਹਨ।

ਆਪ ਜੀ ਦੀਆਂ ਪੂਰਨ ਦਾਰ ਜੀ ਅਤੇ ਭੂਪ ਜੀ ਨਾਲ ਪ੍ਰੇਮ ਗੰਢਾਂ ਤੋਂ ਉਨ੍ਹਾਂ ਦੀ ਬੰਬਈ ਵਿਚ ਨੌਕਰੀ ਕਰਨ ਵੇਲੇ ਤੋਂ ਬੱਝ ਗਈਆਂ ਸਨ। ਅਨੰਦ ਕਾਰਜ ਤੋਂ ਬਾਅਦ ਰਿਸ਼ਤੇਦਾਰੀ ਬਣਨ ਕਰਕੇ ਇਹ ਹੋਰ ਵੀ ਪੀਢੀਆਂ ਹੋ ਗਈਆਂ। ਪੂਰਨ ਦਾਰ ਜੀ ਦੇ ਸੰਨ 1982 ਵਿਚ ਸ੍ਰੀ ਅੰਮ੍ਰਿਤਸਰ ਆਉਣ 'ਤੇ ਇਨ੍ਹਾਂ ਦੀ ਫੇਰੀ ਵੀ ਸ੍ਰੀ ਅੰਮ੍ਰਿਤਸਰ ਜ਼ਿਆਦਾ ਪੈਣ ਲੱਗ ਪਈ। ਸੰਨ 1984 ਵਿਚ ਨੇਵੀ ਤੋਂ ਰਿਟਾਇਰ ਹੋਣ ਤੋਂ ਬਾਅਦ ਇਨ੍ਹਾਂ ਕੁਝ ਚਿਰ ਮਰਚੈਂਟ ਨੇਵੀ ਵਿੱਚ ਨੌਕਰੀ ਕੀਤੀ ਪਰ ਸਿਹਤ ਠੀਕ ਨਾ ਰਹਿਣ ਕਰਕੇ ਉਹ ਵੀ ਜਲਦੀ ਛੱਡ ਦਿੱਤੀ। ਪੈਨਸ਼ਨ ਲੈਣ ਤੋਂ ਬਾਅਦ ਆਪ ਕਾਫ਼ੀ ਸਮਾਂ ਸ੍ਰੀ ਅੰਮ੍ਰਿਤਸਰ ਆ ਕੇ ਠਹਿਰਦੇ ਸਨ ਤੇ ਪੂਰਨ ਦਾਰ ਜੀ ਨਾਲ ਅੰਮ੍ਰਿਤ ਵੇਲੇ ਸਮਾਗਮ ਦੇ ਲਾਹੇ ਲੈਂਦੇ ਸਨ। ਸ੍ਰੀ ਦਰਬਾਰ ਸਾਹਿਬ ਜੀ ਦੇ ਦਰਸ਼ਨ ਇਸ਼ਨਾਨ ਅਤੇ ਤ੍ਰਿਪਹਿਰੇ ਵੇਲੇ ਸ੍ਰੀ ਦਰਬਾਰ ਸਾਹਿਬ ਜੀ ਦੇ ਅੰਦਰ ਇਸ਼ਨਾਨ ਦੀ ਸੇਵਾ ਵੀ ਨਿਭਾਉਂਦੇ ਰਹੇ। ਉਹ ਕੀਰਤਨ ਦੇ ਆਸ਼ਕ ਸਨ ਤੇ ਕੀਰਤਨ ਸਮਾਗਮਾਂ ਦੀ ਆਰੰਭ ਤੋਂ ਭੋਗ ਤੱਕ ਹਾਜ਼ਰੀ ਭਰ ਕੇ ਜੀਵਨ ਸਫਲ ਕਰਦੇ ਰਹੇ। ਆਯੂ ਦੇ ਅਖ਼ੀਰਲੇ ਕੁਝ ਸਾਲ ਉਹ ਦਿਲ ਅਤੇ ਖ਼ੂਨ ਦੇ ਦਬਾਅ ਦੀ ਬੀਮਾਰੀ ਨਾਲ ਪੀੜਤ ਹੋ ਗਏ ਸਨ। ਅਖ਼ੀਰ ਬੰਬਈ ਵਿਚ ਹੀ ਮਿਤੀ 23 ਜਨਵਰੀ 2014 ਨੂੰ ਗੁਰੂ ਚਰਨਾਂ ਵਿਚ ਜਾ ਬਿਰਾਜੇ।

## ਗਿਆਨੀ ਦਲਜੀਤ ਸਿੰਘ ਜੀ ਕਮਲ, ਨਾਸਿਕ

**ਸੰਪਾਦਕੀ ਨੋਟ** - ਗਿਆਨੀ ਦਲਜੀਤ ਸਿੰਘ ਕਮਲ ਜੀ ਦੀ ਭਾਈ ਸਾਹਿਬ ਜੀ ਨਾਲ ਮੁਲਾਕਾਤ, ਉਨ੍ਹਾਂ ਦੇ ਅੰਮ੍ਰਿਤ ਛੱਕਣ ਤੋਂ ਪਹਿਲਾਂ ਅਤੇ ਬਾਅਦ ਵਿਚ ਕੁਝ ਅਲੌਕਿਕ ਘਟਨਾਵਾਂ ਜੋ ਉਨ੍ਹਾਂ ਦੇ ਜੀਵਨ ਵਿਚ ਹੱਡੀ ਵਾਪਰੀਆਂ ਸਨ, ਦਾ ਵਿਸਥਾਰ ਸਹਿਤ ਵਰਣਨ ਉਨ੍ਹਾਂ ਆਪਣੀ ਕਲਮ ਰਾਹੀਂ ਕੁਝ ਲੇਖਾਂ ਰਾਹੀਂ ਕੀਤਾ ਸੀ ਜੋ ਸੂਰਾ ਮਾਸਿਕ ਪੱਤਰ ਦੇ ਅਪ੍ਰੈਲ 1969 ਤੋਂ ਅਗਸਤ 1969 ਤੇ ਫਿਰ 5 ਮਈ 1970 ਦੇ ਅੰਕਾਂ ਵਿਚ ਗੁਰਸਿੱਖ ਮੀਤ ਨਾਂ ਦੇ ਸਿਰਲੇਖ ਛੱਪੇ ਸਨ। ਉਨ੍ਹਾਂ ਨੇ ਸੰਨ 1952 ਤੋਂ ਨਾਸਿਕ (ਬੰਬਈ) ਰਹਿੰਦਿਆਂ, ਭਾਈ ਦਰਸ਼ਨ ਸਿੰਘ (ਭਰਾ ਜੀ) ਨਵੀਂ ਦਿੱਲੀ, ਸ੍ਰੀ ਪੂਰਨ ਦਾਰ ਜੀ ਅਤੇ ਹੋਰ ਆਤਮ ਵਿਗਾਸੀ ਗਰਮੁੱਖਾਂ ਦੀ ਸੰਗਤ ਵਿਚ ਜੋ ਆਨੰਦ ਮਾਣੇ, ਜੋ ਕਿ ਗੁਰਮਤਿ ਮਾਰਗ ਤੇ ਚੱਲਣ ਵਾਲੇ ਪ੍ਰਮਾਰਥੀਆਂ ਲਈ ਪ੍ਰੇਰਨਾ ਸਰੋਤ ਹਨ, ਸੰਗਤਾਂ ਦੀ ਜਾਣਕਾਰੀ ਹਿੱਤ ਇਸ ਪੁਸਤਕ ਵਿਚ ਸ਼ਾਮਿਲ ਕੀਤੇ ਜਾਂਦੇ ਹਨ–ਸੰਪਾਦਕ)

**ਗੁਰਸਿੱਖ ਮੀਤ : ਗਿ. ਦਲਜੀਤ ਸਿੰਘ 'ਕਮਲ' ਨਾਸਿਕ (ਸੂਰਾ ਮਾਸਿਕ ਪੱਤਰ - ਅਪ੍ਰੈਲ 1969)**

ਭਾਵੇਂ ਸੰਸਾਰ ਅੰਦਰ ਮਿੱਤਰਤਾ ਦੀ ਕੋਈ ਹੱਦ ਨਹੀਂ। ਇਹ ਮਿੱਤਰਤਾ, ਬਹੁਤ ਤੋਂ ਬਹੁਤ ਦੁਨੀਆਂ ਦੀਆਂ ਵਿਚੋਂ ਵਿਚ ਫਾਹੀਆਂ ਦਾ ਕਾਰਨ ਬਣ ਜਾਂਦੀ ਹੈ। ਉਸ ਪਿਆਰੇ ਅਕਾਲ ਪੁਰਖ ਨੂੰ ਸੱਜਣ ਤੇ ਉਸ ਦੇ ਸਨੇਹੀਆਂ ਨਿਕਟ ਵਰਤੀਆਂ ਨੂੰ ਮਿਤ੍ਰ ਬਣਾਣਾ, ਇਹ ਦਾਤ ਤੇ ਵਡੇ ਭਾਗਾਂ ਨਾਲ ਹੀ ਪ੍ਰਾਪਤ ਹੁੰਦੀ ਹੈ। ਅੱਜ ਨੌਂ ਸਾਲਾਂ ਬਾਅਦ ਪਰਮ–ਗੁਰਸਿੱਖ, ਨਾਮ-ਜੰਪਦੜੀ-ਲਾਲੀ ਦੇ ਮਾਲਕ, ਹਰਮਨ ਪਿਆਰੇ ਪਰਮ-ਹਿਤੈਸ਼ੀ, ਨਾਮ-ਰੱਤੜੇ, ਪੰਥ–ਰਤਨ, ਗੁਰਮੁਖਿ, ਉੱਚੀ-ਸੁੱਚੀ ਆਤਮਾ, ਪਰਮ-ਮਿਤ੍ਰ ਗੁਰਸਿਖ ਮੀਤ, ਸਤਿਕਾਰ ਯੋਗ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ, ਜਿਨ੍ਹਾਂ ਨੂੰ ਬਜ਼ੁਰਗੀ ਦਾ ਮਾਣ ਦੇਂਦਿਆਂ, ਬਾਪੂ ਜੀ ਕਹਿ ਕੇ ਸਤਕਾਰਿਆ ਕਰਦਾ ਸਾਂ, ਉਹਨਾਂ ਦੀ ਪਿਆਰੀ ਬ੍ਰਿਹੋਂ ਕੁਠੜੀ ਯਾਦ ਅੰਦਰ ਮਨ ਆਪੇ ਤੋਂ ਬਾਹਰ ਤੜਪ ਉਠਿਆ ਵੇ ਤੇ ਲੋਕ-ਪ੍ਰਲੋਕ ਅੰਦਰ ਮਿਤ੍ਰਤਾਈ ਸਾਂਝ ਰਖਣਵਾਲੇ ਮਹਾਨ–



www.AKJ.Org

ਸਾਜਨ-ਮੀਤ ਦੀ ਸਾਲਾਨਾ ਯਾਦ ਨੇ ਹਿਰਦੇ ਨੂੰ ਟੁੰਬ ਜਗਾਇਆ, ਜਦੋਂ 'ਸੂਰੇ' ਵਿਚ ਦਾਸਰੇ ਨੇ ਇਹ ਪੜ੍ਹਿਆ ਕਿ ਅਗਲਾ ਅੰਕ ਆਪ ਜੀ ਦੀ ਸਲਾਨਾ ਯਾਦ ਅੰਦਰ ਹੀ ਛਪੇਗਾ। ਮਨ ਕਾਬੂ ਤੋਂ ਬਾਹਰ ਹੋ ਕੁਝ ਸਮਾਂ ਗਵਾਚ ਗਿਆ, ਆਪਾ ਭੁਲ ਗਿਆ, ਰੋਮ-ਰੋਮ ਅੰਦਰ ਝਰਨਾਟਾਂ ਛਿੜ ਪਈਆਂ। ਨੂਰਾਨੀ-ਮੁੱਖੜੇ ਵਾਲੇ ਮਹਾਨ-ਤੇਜੱਸਵੀ ਦੇ ਦੀਦਾਰਿਆਂ ਦੀਆਂ ਯਾਦਾਂ ਰੁਮਕ ਉਠੀਆਂ। ਮਨ ਨੂੰ ਕਾਬੂ ਅੰਦਰ ਕਰ, ਕਲਮ ਫੜ ਅਤਿ ਪਿਆਰੇ ਗੁਰਸਿੱਖ ਦੀ ਯਾਦ ਅੰਦਰ ਕੁਝ ਲਿਖਣਾ ਸ਼ੁਰੂ ਕੀਤਾ। ਧੰਨ ਹਨ ਮੇਰੇ ਗੁਰੂ ਨਾਨਕ ਦੇਵ ਜੀ ਮਹਾਰਾਜ, ਧੰਨ ਹਨ ਕਲਗੀਧਰ ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜਿਨ੍ਹਾਂ ਨੇ ਇਸ ਆਤਮਾ ਨੂੰ ਨਾਮ-ਅਮੋਲਕ ਅੰਮ੍ਰਿਤ ਦੀ ਦਾਤ ਬਖ਼ਸ਼, ਨਦਰੀ ਨਦਰ ਨਿਹਾਲ ਕਰ, ਆਪਣੇ ਪਿਆਰੇ ਨੂੰ ਭਗਤ-ਸਿਰੋਪਾਉ ਦੇ ਕੇ ਨਿਵਾਜਿਆ ਤੇ ਗੁਰਮੁਖਿ ਦੀ ਪਦਵੀ ਤੇ ਪੰਥ ਦੀ ਜਥੇਦਾਰੀ ਬਖਸ਼, ਉੱਚੀਆਂ ਅਟਾਰੀਆਂ ਦੇ ਵਾਸੀ ਬਣਾ ਕੇ ਭਵ ਸਾਗਰੋਂ ਪਾਰ ਕੀਤਾ। ਪੁੱਗ ਗਏ, ਲਾਈਆਂ ਤੋੜ ਨਿਭਾ ਗਏ। ਸਿੱਖੀ ਸਿਦਕ ਵਿਚ ਪੂਰੇ ਉੱਤਰ, ਪੂਰੇ ਗੁਰੂ ਦੀਆਂ ਹੁਕਮੀ ਕਾਰਾਂ ਕਰਦੇ ਹੋਏ, ਸਚੇ ਸੇਵਕ ਬਣ, ਦਰਗਹ ਅੰਦਰ ਸੁਰਖ਼ਰੂ ਹੋ ਤੁਰ ਪਏ। ਅੱਜ ਉਹਨਾਂ ਦੀ ਯਾਦ ਲੱਖਾਂ ਹੀ ਪ੍ਰਾਣੀਆਂ ਦੇ ਹਿਰਦਿਆਂ ਨੂੰ ਬਿਹਬਲ ਕਰ ਰਹੀ ਹੈ। ਮੇਰੀ ਮਿੱਤਰਤਾ ਦੀਆਂ ਗੰਢਾਂ ਭਾਈ ਸਾਹਿਬ ਨਾਲ ਕਿੰਨੀਆਂ ਕੁ ਸਨ, ਇਹ ਮੈਂ ਕੁਝ ਕੁ ਵੰਨਗੀ ਮਾਤਰ ਕਲਮ ਬੰਧ ਕਰਨ ਦਾ ਯਤਨ ਕਰਕੇ, ਪਿਆਰੇ ਪਾਠਕਾਂ ਦੇ ਹਸਤ-ਕਮਲਾਂ ਦੀ ਛੁਹ ਪ੍ਰਾਪਤ ਕਰ ਕੇ, ਆਪਣੇ ਪਿਆਰੇ ਮਹਿਬੂਬ ਮਿੱਤਰ ਦੀਆਂ ਖੁਸ਼ੀਆਂ ਪ੍ਰਾਪਤ ਕਰ ਸਕਾਂ ਤੇ ਇਹ ਗੁਰੂ ਸਾਹਿਬ ਜੀ ਦਾ ਲੱਖ-ਲੱਖ ਹੀ ਸ਼ੁਕਰ ਹੈ।

ਮੇਰੇ ਮਨ ਅੰਦਰ ਸੰਤਾਂ ਭਗਤਾਂ ਗੁਰਸਿਖਾਂ ਦੇ ਦਰਸ਼ਨ ਦੀਆਂ ਬਹੁਤ ਹੀ ਖਿੱਚਾਂ ਰਹਿੰਦੀਆਂ ਸਨ। ਮਾਤਾ-ਪਿਤਾ ਜੀ ਦੀ ਸਿਖਿਆ ਤੇ ਘਰ ਦੇ ਅੰਦਰੋਂ ਗੁਰਮਤਿ ਦੀ ਗੁੜ੍ਹਤੀ ਮਿਲਣ ਕਰਕੇ, ਗੁਰਸਿੱਖੀ ਉਤੇ ਅਥਾਹ ਸ਼ਰਧਾ ਤੇ ਪਿਆਰ ਦੇ ਵਲਵਲੇ ਹਿਰਦੇ ਅੰਦਰ ਮੌਜੂਦ ਸਨ। ਸਾਡੇ ਪਰਮ ਪੂਜ ਪਿਤਾ ਭਾਈ ਸਾਹਿਬ ਜੈ ਸਿੰਘ ਬਹੁਤ ਮਹਾਨ ਤਪੱਸਵੀ ਹੋਏ ਹਨ ਤੇ ਪਹਿਲਾਂ ਉਦਾਸੀਨ ਰਹਿ, ਸਤਲੁਜ ਦੇ ਕੰਢੇ, ਘਾਟੀਆਂ ਵਿਚ ਬੈਠ ਘੋਰ ਤਪ ਸਾਧਦੇ ਰਹੇ। ਫਿਰ ਤੱਤ ਖ਼ਾਲਸਾ ਅਕਾਲੀ ਸਿੰਘ ਸਜੇ ਤੇ ਪਰਮ-ਪੂਜ ਮਾਤਾ ਬਸੰਤ ਕੌਰ ਜੀ ਸੰਨ 1915 ਵਿਚ ਹੀ "ਸਾਬਤ ਸੂਰਤ ਦਸਤਾਰ ਸਿਰਾ" ਦੇ ਧਾਰਨੀ ਸਨ।

## ਘਰੋਂ ਪ੍ਰੇਰਨਾ

ਦਾਸਰੇ ਦਾ ਜਨਮ 4 ਜਨਵਰੀ 1935 ਨੂੰ ਹੋਇਆ ਸੀ। ਉਹਨਾਂ ਦਿਨਾਂ ਅੰਦਰ ਮਾਤਾ-ਪਿਤਾ ਜੀ ਸਰਬਲੋਹ ਬਿਬੇਕ ਦੇ ਧਾਰਨੀ ਸਨ। ਇਸ ਪਿਛੋਕੜ ਦਾ ਇਸ ਅਧਮ ਪਤੰਗ ਕੀਟ ਤੇ ਡਾਹਢਾ ਅਸਰ ਸੀ। ਘਰੋਂ ਮਨ ਉਚਾਟ ਹੋਇਆ ਤੇ ਢੂੰਡ ਕੀਤੀ ਕਿ ਕੋਈ ਐਸਾ ਸੰਤ ਵਡਭਾਗੀ ਮਿਲ ਜਾਏ ਜਿਸ ਨਾਲ ਲਗ, ਇਹ ਪਾਪੀ ਲੋਹਿਆ ਵੀ ਭਵਸਾਗਰੋਂ ਪਾਰ ਹੋ ਜਾਵੇ। ਬਹੁਤ ਸੰਤ ਸਾਧ ਟੋਲੇ ਲੱਭੇ। ਆਪਣੀ-ਆਪਣੀ ਥਾਂ ਘਟ ਵੀ ਕੋਈ ਨਹੀਂ ਸੀ ਅਖਵਾਉਂਦਾ, ਪਰ ਮੇਰੀ ਕਿਉਂ ਕਰ ਤੇ ਕਿਵੇਂ ਤਸੱਲੀ ਹੁੰਦੀ? ਕਿਉਂਕਿ ਦਾਸ ਪਖੰਡ ਭਰਮਾਂ ਤੋਂ ਨਿਰੋਲ, ਪੂਰਣ ਤੱਤਵਤਾ, ਸ੍ਰੇਸ਼ਟ ਜਨਾਂ ਨੂੰ ਪਿਆ ਲੱਭਦਾ ਸੀ। ਸਾਡੇ ਵਡੇ ਵੀਰ ਗਿ. ਸ਼ਮਸ਼ੇਰ ਸਿੰਘ ਜੀ ਹੋਰਾਂ ਨਾਰੰਗਵਾਲ ਤੇ ਹੋਰ ਕਈ ਇਕ ਥਾਵਾਂ ਤੇ ਭਾਈ ਸਾਹਿਬ ਦੇ ਕੀਰਤਨ ਸਰਵਣ ਕੀਤੇ ਸਨ। ਉਹਨਾਂ ਦਾਸ ਨੂੰ ਕਹਿਣਾ, ਦਲਜੀਤ ਸਿੰਘ ਬਈ, ਤੂੰ ਬਹੁਤ ਮਹਾਂਪੁਰਸਾਂ ਦੀ ਸੰਗਤ ਕੀਤੀ ਏ, ਪਰ ਇਕ ਵਾਰੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਹੋਰਾਂ ਦੇ ਵੀ ਦੀਦਾਰ ਕਰੋ। ਕੀਰਤਨ ਸਰਵਣ ਕਰੋ, ਨਿਰੋਲ ਅਲਾਹੀ-ਬਾਣੀ ਦਾ ਕੀਰਤਨ ਤੇ ਨਾਮ ਦੀਆਂ ਧੁਨੀਆਂ ਉਹ ਲੱਗਦੀਆਂ ਹਨ ਕੇ ਬਸ ਸਰੋਤਾ ਜਨ ਆਪਾ ਭੁੱਲ ਜਾਂਦੇ ਹਨ। ਸਭ ਸੰਗਤਾਂ ਕੀਰਤਨ-ਸਰੂਪ ਹੀ ਹੋ ਜਾਂਦੀਆਂ ਹਨ। ਦਾਸ ਨੇ ਕਹਿਣਾ, ਚੰਗਾ ਵੀਰ ਜੀ, ਜਦੋਂ ਸਮਾਂ ਮਿਲਿਆ, ਮੈਂ ਜ਼ਰੂਰ ਦਰਸ਼ਨ ਕਰਾਂਗਾ। ਉਸ ਤੋਂ ਬਾਅਦ ਇਕ ਗੁਰਮੁਖਿ ਪਿਆਰੇ ਵੀਰ ਕਰਤਾਰ ਸਿੰਘ ਜੀ ਮਿਲ ਤੇ ਕਹਿਣ ਲਗੇ, ਦਲਜੀਤ ਸਿੰਘ ਬਈ ਭਾਈ ਸਾਹਿਬ ਦੇ ਜਥੇ



www.AKJ.Org

ਦਾ ਕੀਰਤਨ ਤੇ ਮੁਹਲੇਧਾਰ ਵਰਖਾ ਹੈ। ਸਭ ਗੰਦ ਮੰਦ ਰੋੜ੍ਹ ਕੇ ਪਾਪੀਆਂ ਜੀਵਾਂ ਦੀਆਂ ਆਤਮਾਵਾਂ ਤੇ ਵੀ ਡਾਢਾ ਅਸਰ ਕਰ ਜਾਂਦੀ ਹੈ।

## ਨੂਰੀ ਚਮਤਕਾਰ

ਕਹਿਣ ਲੱਗੇ, ਤੁਸੀਂ ਮੇਰੇ ਵਲ ਵੇਖੋ, ਮੈਂ ਇਕ ਸਧਾਰਨ ਜਿਹਾ ਕਿਰਤੀ ਸਿੱਖ ਹਾਂ। ਮੇਰਾ ਦਿਲ ਤੇ ਨਹੀਂ ਸੀ ਚਾਹੁੰਦਾ, ਕੋਈ ਗੱਲ ਕਰਾਂ, ਪਰ ਅਜ ਪਤਾ ਨਹੀਂ, ਜੋ ਚਿਰਾਂ ਤੋਂ ਗੋਹਝ ਬਾਤ ਹਿਰਦੇ ਦੀ ਤਹਿ ਅੰਦਰ ਛਿਪਾ ਕੇ ਰੱਖ ਛੱਡੀ ਸੀ, ਉਹੋ ਅਜ ਪਤਾ ਨਹੀਂ ਕਿਉਂ ਬਦੋ ਬਦੀ ਬਾਹਰ ਆ ਰਹੀ ਏ ? ਲੈ ਵੀਰ ਧਿਆਨ ਦੇ ਕੇ ਸੁਣ। ਇਕ ਦਿਨ ਭਾਈ ਸਾਹਿਬ ਜੀ ਆਪ ਕੀਰਤਨ ਕਰ ਰਹੇ ਸਨ, ਬਹੁਤ ਸੰਗਤਾਂ ਦੀ ਭੀੜ ਸੀ ਤੇ ਦਾਸ ਵੀ ਚਿੱਟੀ ਚਾਦਰ ਦੀ ਬੁਕਲ ਮਾਰ ਕੀਰਤਨ ਸ੍ਰਵਣ ਕਰ ਰਿਹਾ ਸੀ। ਦਾਸ ਤੇ ਅਚਾਨਕ ਹੀ ਐਸੀ ਕਲਾ ਵਰਤੀ ਕਿ ਸਾਰੀ ਚਾਦਰ ਉਤੇ ਅਰਸ਼ਾਂ ਕੁਰਸ਼ਾਂ ਦਾ ਨੂਰ ਆ ਪਿਆ। ਪਹਿਲਾ ਮੈਂ ਸੋਚਿਆ, ਸ਼ਾਇਦ ਮੇਰੀਆਂ ਅੱਖਾਂ ਹੀ ਟੱਪਲਾ ਖਾ ਰਹੀਆਂ ਹਨ ਜਾਂ ਮੈਂ ਸੁਪਨਾ ਦੇਖ ਰਿਹਾ ਹਾਂ। ਇਹ ਨੂਰ ਕੀ ਸੀ, ਮੇਰੇ ਪਾਤਸ਼ਾਹ ਦੀ ਅਥਾਹ ਤੇ ਅਪਾਰ ਬਖਸ਼ਿਸ਼ ਹੀ ਸੀ। ਇਕ ਇਕ ਤੰਦ ਉਤੇ ਵਾਹਿਗੁਰੂ ਨਾਮ ਤੇ ਜੋਤ ਸੀ। ਫਿਰ ਜਦ ਮੈਂ ਚਾਦਰ ਵਿਚੋਂ ਹੱਥ ਬਾਹਰ ਕੱਢਿਆ ਤਾਂ ਉਹ ਵੀ ਜੋਤ ਤੇ ਨਾਮ ਨਾਲ ਰੋਮ-ਰੋਮ ਭਰਪੂਰ ਸੀ। ਚਾਦਰ ਸਰੀਰ ਤੋਂ ਲਾਹ ਦਿੱਤੀ। ਉਸਦਾ ਨੂਰ ਉਸ ਵੇਲੇ ਖ਼ਤਮ ਹੋ ਗਿਆ। ਪੈਰ ਦੇ ਅੰਗੂਠੇ ਤੇ ਲੈ ਕੇ ਸਿਰ ਦੀ ਚੋਟੀ ਤਕ ਸਾਰੇ ਸਰੀਰ ਦੀ ਇਹੋ ਹਾਲਤ ਸੀ। ਉਹ ਦੱਸ ਰਿਹਾ ਸੀ ਤੇ ਲੇਖਕ ਦੇ ਨੇਤਰਾਂ ਵਿਚ ਨੀਰ ਦੀਆਂ ਨਦੀਆਂ ਵਹਿ ਤੁਰੀਆਂ ਕਿ ਇਹੋ ਜਿਹੇ ਮਹਾਂਪੁਰਸ਼ਾਂ ਦੇ ਨੇੜੇ ਹੋ ਕੇ ਦਰਸ਼ਨ ਨਹੀਂ ਕੀਤੇ। ਇਸ ਤੋਂ ਬਾਦ ਕੀ ਹੱਸਣਾ ਤੇ ਕੀ ਸਵਣਾ। ਇਥੋਂ ਤਕ ਕਿ ਨਵ-ਵਿਆਹੀ ਧਰਮ ਪਤਨੀ ਨਾਲ ਵੀ ਘਟ ਵੱਧ ਹੀ ਬਚਨ ਬਿਲਾਸ ਕਰਨਾ। ਕੰਨਾਂ ਵਿਚ ਰੂੰ ਦੇ ਕੇ ਬੰਦ ਕਰ ਛਡਣੇ ਤੇ 12-30 ਵਜੇ ਉਠ ਇਸ਼ਨਾਨ ਪਾਨੇ ਸੋਧ ਕੇ ਮੋਹਲੇਧਾਰ ਮੀਹਾਂ ਅੰਦਰ ਬੈਠਾ, ਭਾਈ ਸਾਹਿਬ ਜੀ ਦੇ ਦਰਸ਼ਨ ਤੇ ਵਾਹਿਗੁਰੂ ਜੀ ਦੇ ਨਾਮ ਦੀ ਯਾਦ ਵਿਚ ਮਸਤ ਰਹਿਣਾ। ਸਮਾਂ ਬੀਤਦਾ ਗਿਆ। ਇਸ ਸਮੇਂ ਅੰਦਰ ਦਾਸ ਦੀ ਧਰਮ ਪਤਨੀ ਸਵਰਨ ਕੌਰ ਨੇ ਸੇਵਾ ਸਿਮਰਨ ਸਾਵਧਾਨਤਾ ਵਿਚ ਦਾਸ ਦਾ ਬਹੁਤ ਸਾਥ ਦਿੱਤਾ। ਬਖ਼ਸ਼ੀ ਰੂਹ, ਭਾਈ ਸਾਹਿਬ ਭਾਈ ਦਰਸ਼ਨ ਸਿੰਘ ਜੀ ਡਿਪਟੀ ਡਰਾਇਕੈਟਰ ਅਤੇ ਮਹਾਨ ਉੱਚ ਆਤਮਾ, ਪੂਰਨ ਜੀ ਬੰਬਈ ਪੁਜ ਗਏ। ਇਹਨਾਂ ਦਿਨਾਂ ਅੰਦਰ ਪੂਰਨ ਜੀ ਦਾ ਕਿਵੇਂ ਤੇ ਕਿਹੜੇ ਰੰਗ ਵਿਚ ਨਿਆਰਾ ਮਿਲਾਪ ਹੋਇਆ। ਉਹ ਦਾਸ ਕਿਸੇ ਹੋਰ ਪੁਸਤਕ ਵਿਚ ਜ਼ਿਕਰ ਕਰੇਗਾ। ਬਸ ਇਹ ਸਮਝੋ ਕਿ ਇਹ ਮੇਹਰਾਂ ਦੇ ਮੀਂਹ ਦੀਆਂ ਨਿਸ਼ਾਨੀਆਂ ਪੁੱਜ ਚੁੱਕੀਆਂ ਸਨ। ਵੀਰ ਪੂਰਨ ਜੀ ਤੇ ਦਰਸ਼ਨ ਸਿੰਘ ਜੀ ਹੋਰਾਂ ਨੇ ਪ੍ਰਭੂ ਪਿਆਰੇ ਦੇ ਦਰਸ਼ਨਾਂ ਲਈ ਤੜਪਦੀਆਂ ਰੂਹਾਂ ਇਕੱਠੀਆਂ ਕਰ ਲਈਆਂ ਤੇ ਖ਼ੂਬ ਕੀਰਤਨ ਸਮਾਗਮ ਅਰੰਭੇ। ਛੇਤੀ ਹੀ ਭਾਈ ਸਾਹਿਬ ਜੀ ਹੋਰਾਂ ਨੂੰ ਬੇਨਤੀ ਪੱਤਰ ਭੇਜ ਕੇ ਬੰਬਈ ਸਦਿਆ ਗਿਆ। ਉਹ ਵੀ ਇਹ ਜਾਣਦੇ ਸਨ ਕਿ ਸਾਡੇ ਇਹ ਪ੍ਰਦੇਸਾਂ ਅੰਦਰ, ਅਖ਼ੀਰਲੇ ਹੀ ਕੀਰਤਨ ਅਤੇ ਸਚਖੰਡ ਸ੍ਰੀ ਹਜ਼ੂਰ ਸਾਹਿਬ ਜੀ ਦੇ ਦਰਸ਼ਨ ਦੀਦਾਰ ਹਨ। ਬੇਅੰਤ ਸੰਗਤਾਂ ਸਮੇਤ ਸ੍ਰੀਮਾਨ ਜੀ ਇਥੇ ਪੁੱਜ ਗਏ ਤੇ ਪੱਕਾ ਉਤਾਰਾ ਬਜਾਜ ਟੈਕਸਟਾਈਲ ਮਿਲ ਭਾਂਡੁਪ ਵਿਚ ਹੋਇਆ। ਦਾਸ ਉਹਨਾਂ ਦਿਨਾਂ ਵਿਚ ਸਿਵਰੀ ਬੋਰੀ ਬਿਲਡਿੰਗ ਬੰਬਈ 15 ਵਿਖੇ ਜੀਵਨ ਦੀ ਯਾਤਰਾ ਦਾ ਸਫ਼ਰ ਤਹਿ ਕਰ ਰਹਿਆ ਸੀ। ਕੁਝ ਕੁ ਘਰੇਲੂ ਰੁਝੇਵੇਂ ਐਸੇ ਪੈ ਗਏ। ਜਿਸ ਉਡੀਕ ਵਿਚ ਦਰਸ਼ਨਾਂ ਵਾਸਤੇ ਘੋਰ ਤਪ ਤੇ ਅਰਦਾਸਾਂ ਕੀਤੀਆਂ, ਪਰ ਸਮਾਂ ਆਉਣ ਤੇ ਗੈਰ ਹਾਜ਼ਰ ਰਿਹਾ ਤੇ ਵੈਸੇ ਉਹਨਾਂ ਦਿਨਾਂ ਵਿਚ ਸਭ ਕੁਝ ਗੁਪਤ ਹੋ ਰਿਹਾ ਸੀ। ਆਪਣੇ ਆਪ ਨੂੰ ਲੁਕ-ਛੁਪਾ ਕੇ ਰੱਖਣ ਦਾ ਹੀ ਯਤਨ ਕਰੀ ਦਾ ਸੀ। ਮਹਾਰਾਜ ਬਾਣੀ ਅੰਦਰ ਫੁਰਮਾਨ ਕਰਦੇ ਹਨ ਜੀਵ ਦੀ ਜੈਸੀ ਮਨ ਦੀ ਮਨਸ਼ਾ ਹੋਵੇ ਉਹੋ ਜੇਹੀ ਦਸ਼ਾ ਭਾਵ ਹਾਲਤ ਹੋ ਜਾਂਦੀ ਹੈ। ਇਕ ਦਿਨ ਡਿਊਟੀ ਤੋਂ ਗੈਰ ਹਾਜ਼ਰ ਹੋ ਕੇ, ਨੌਕਰੀ ਦੀ ਪਰਵਾਹ ਨਾ ਕਰਦੇ, ਕੀਰਤਨ ਵਿਚ ਜਾਣ ਦਾ ਪੱਕਾ ਇਰਾਦਾ ਕੀਤਾ। ਉਸ ਦਿਨ



www.AKJ.Org

ਕੀਰਤਨ ਖ਼ਾਲਸਾ ਸਭਾ ਮਟੂੰਗਾ ਬੰਬਈ ਵਿਖੇ ਸੀ। ਨਾਲ ਉਥੋਂ ਦੇ ਗੁਰਮੁਖਿ ਪਿਆਰੇ ਗ੍ਰੰਥੀ ਭਾਈ ਸਾਹਿਬ ਗੰਗਾ ਸਿੰਘ ਜੀ ਦਾਸ ਦੇ ਬਹੁਤ ਚਿਰਾਂ ਦੇ ਮਿੱਤਰ ਸਨ। ਉਹਨਾਂ ਵੀ ਕਿਹਾ ਕਿ ਦਲਜੀਤ ਸਿੰਘ ਅੱਜ ਕੀਰਤਨ ਵਿਚ ਜ਼ਰੂਰ ਆਵਣਾਂ ਹੈ। ਜਦੋਂ ਕਰਤਾਰ ਨੇ ਬਿਧ ਜੋੜਨੀ ਹੋਵੇ ਪੂਰਨ-ਪੁਰਖ ਰਸਕ-ਬੈਰਾਗੀਆਂ ਦੇ ਦਰਸ਼ਨ ਬਖ਼ਸ਼ਣੇ ਹੋਵਣ ਤਾਂ ਬਹੁਤ ਰਾਹ ਕੱਢ ਕੇ, ਬਦੋ ਬਦੀ ਹੀ ਸਦ ਲੈਂਦਾ ਹੈ। ਦਾਸ ਕਮਲਿਆਂ ਵਾਂਗ ਘਰੋਂ ਪੈਦਲ ਹੀ ਹੋ ਤੁਰਿਆ ਤੇ ਪਹਿਲੋਂ ਸ਼ਿਵਾ ਜੀ ਪਾਰਕ ਸਮੁੰਦਰ ਦੇ ਕਿਨਾਰੇ ਜਾ ਕੇ ਕਾਦਰ ਦੀ ਕੁਦਰਤ ਤੇ ਭਾਈ ਸਾਹਿਬ ਜੀ ਦੇ ਸ਼ਾਖਸ਼ਾਤ, ਪਹਿਲੇ ਦਰਸ਼ਨ ਤੇ ਨੂਰੀ ਝਲਕਾਂ ਦੇ ਨਜ਼ਾਰੇ ਦਾ ਰੰਗ ਮਾਣਿਆ। ਇਥੇ ਪੁੱਜਦਿਆਂ ਪੁੱਜਦਿਆਂ ਵੀ ਦੁਪਹਿਰ ਆ ਪਹੁੰਚੀ। ਮਨ ਵਿਚ ਨੂਰੀ ਝਲਕਾਂ ਦੇ ਖਿਆਲ ਆਣ ਲੱਗ ਪਏ, ਬਸ ਫਿਰ ਕੀ ਸੀ, ਜੋੜਾ ਉਤਾਰਿਆ ਤੇ ਚਰਨ ਗੰਗਾ ਵਾਲੀ ਥਾਂ ਤੇ ਪੈਰ ਹੱਥ ਧੋਤੇ। ਕੀਰਤਨ ਉਪਰਲੀ ਛੱਤੇ ਹੋ ਰਿਹਾ ਸੀ, ਪਰ ਕੀਰਤਨ ਦੀਆਂ ਧੁਨੀਆਂ ਤੇ ਧਰਤ-ਅਕਾਸ਼ ਨੂੰ ਸਰਸ਼ਾਰ ਕਰੀ ਜਾਂਦੀਆਂ ਸਨ। ਸ਼ਬਦ ਪੜ੍ਹਿਆ ਜਾ ਰਿਹਾ ਸੀ (**ਸਾਧ ਸੰਗਤਿ ਅਸਥਾਨੁ ਜਗਮਗ ਨੂਰ ਹੈ**) ਦਾਸਰਾ ਦਰਵਾਜ਼ੇ ਵਿਚ ਪੁੱਜਾ ਹੀ ਸੀ ਕਿ ਇਕ ਦਮ ਪਿਛਲੀ ਦੁਨੀਆਂ ਇਉਂ ਜਾਪੀ, ਜਿਵੇਂ ਉਪਰਲੀ ਛੱਤੋਂ ਉਪਰ ਚਲੀ ਗਈ ਹੋਵੇ ਤੇ ਫਰਸ਼ ਥੱਲੇ ਪਤਾਲ ਵਿਚ। ਦਾਸਰਾ ਸਚਮੁਚ ਹੀ ਸਾਧ ਸੰਗ ਸਚਖੰਡ ਵਿਚ ਪੁਜ ਚੁੱਕਾ ਸੀ। ਉਹ ਦਰ, ਜਿਸ ਦਰ ਕਾਰਨ ਹਉਂ ਰਾਤ ਦਿਨ, ਉਦਾਸ ਤੇ ਪਪੀਹੇ ਵਾਂਗ ਕਰਲਾਂਦੇ, ਮਛਲੀ ਵਾਂਗ ਤੜਫ ਤੜਫ ਉਡੀਕ ਵਿਚ ਫਿਰਦਾ ਸਾਂ, ਸੋ ਮਿਲ ਗਿਆ, ਮਿਲਿਆ ਵੀ ਕੇਹਾ, ਵਾਹ ਵਾਹ '**ਕਹਿਬੇ ਕੋ ਸੋਭਾਂ ਨਹੀ ਦੇਖਾ ਹੀ ਪਰਵਾਨ**' ਹੈ। ਸਾਹਮਣੀ ਦੀਵਾਰ ਦੇ ਉਤੇ ਨੂਰੀ ਝਲਕਾਂ ਦਾ ਨੂਰ ਟਪਕਦਾ ਨਜ਼ਰੀਂ ਪਿਆ। ਦਾਸ ਨੇ ਸਮਝ ਲਿਆ ਕਿ ਸ਼ਾਇਦ ਮੈਂ ਬਾਹਰੋਂ ਧੁਪ ਵਿਚੋਂ ਆਇਆ ਹਾਂ ਇਸ ਕਰਕੇ ਕੋਈ ਝੌਲਾ ਪੈ ਰਿਹਾ ਹੈ, ਪਰ ਨਹੀਂ ਇਹ ਝੌਲਾ ਨਹੀਂ, ਇਹ ਤੇ ਪ੍ਰਤੱਖ ਸੀ। ਪਾਏਦਾਨ ਤੇ ਪੈਰ ਪੂੰਝ ਕੇ ਜਦੋਂ ਖੱਬੇ ਪਾਸੇ ਵੱਲ ਮੂੰਹ ਮੋੜਿਆ ਤਾਂ ਸਤਿਗੁਰੂ ਜੀ ਦੀਆਂ ਬੀੜਾਂ ਬਹੁਤ ਸੁੰਦਰ ਪਾਲਕੀ ਅੰਦਰ ਦੀਦਾਰੇ ਬਖਸ਼ ਰਹੀਆਂ ਸਨ। ਅਜੇ ਅੱਖਾਂ, ਕੋਈ ਪਤਾ ਕਰਨ ਲੱਗੀਆਂ ਹੀ ਸਨ ਕਿ ਸੱਜੇ ਪਾਸੇ ਬੈਠੀਆਂ ਸੰਗਤਾਂ ਦੇ ਚਿਹਰਦਿਆਂ ਵੱਲ ਤੱਕਿਆ। ਕਿਆ ਅਚਰਜ ਖੇਲ ਵਰਤੀ। ਸਾਰੇ ਹੀ ਸਰੋਤਾਂ ਜਨਾਂ ਦੇ ਮੁਖੜਿਆਂ 'ਤੇ ਇਲਾਹੀ ਨੂਰ ਸੀ। ਅਗੇ ਜਾ ਕੇ ਸਤਿਗੁਰੂ ਸਚੇ ਪਾਤਸ਼ਾਹ ਅਰਸ਼ਾਂ-ਕੁਰਸ਼ਾਂ ਦੇ ਮਾਲਕ ਨੂੰ ਮੱਥਾ ਟੇਕ ਦਾਸ ਦੀ ਨਿਗਾਹ ਗੁਰੂ ਕੇ ਢਾਡੀਆਂ ਮਰ-ਜੀਵੜੇ ਗੁਰਸਿਖਾਂ ਦੇ ਚਿਹਰਿਆਂ ਤੇ ਪਈ। ਉਥੇ ਦੀਆਂ ਕਿਰਣਾਂ ਏਡੀਆਂ ਤੇਜਮਈ ਸਨ ਕਿ ਲਖ ਲਖ ਚੰਦ ਸੂਰਜਾਂ ਨੂੰ ਹੇਚ ਕਰਨ ਵਾਲੀਆਂ ਸਨ ਤੇ ਫਿਰ ਧਰਮ ਮੂਰਤੀ, ਬੀਰ ਬਾਂਕੇ, ਸਿੰਘ ਸਾਹਿਬ, ਕਹਿਣੀ ਕਰਨੀ ਦੇ ਪੂਰੇ ਗੁਰਮੁਖਿ ਪਿਆਰੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਹੋਰਾਂ ਵਲ ਅੱਖਾਂ ਗਈਆਂ ਤਾਂ ਦੇਖਿਆ ਕਿ ਆਪ ਜੀ ਬੈਰਾਗਣ ਉਪਰ ਠੋਡੀ ਰੱਖੀ, ਐਸੇ ਨਾਮ ਨਿਰੰਜਨ ਵਿਚ ਮਸਤ ਹੋ, ਅਗੰਮ ਅਟਾਰੇ, ਦਸਮ ਦੁਆਰਿਆਂ ਦੀਆਂ ਅਗੰਮੀ ਦਾਤਾਂ ਬਖਸ਼ਿਸ਼ਾਂ ਦੇ ਪਾਤਰ ਬਣ, ਕੰਤ ਕਰਤਾਰ ਨੂੰ ਰੀਝਾਉਣ ਲਈ ਆਤਮ ਤਰੰਗੀ ਲਹਿਰਾਂ ਵਿਚ ਉਲਟੀ ਨਾਵ ਦੀਆਂ ਤਾਰੀਆਂ ਲਾ ਕੇ ਕਈਆਂ ਡੁਬਦਿਆਂ ਨੂੰ ਪਾਰ ਕਰ ਕਰ, "**ਜੋ ਆਪਿ ਜਪੈ ਅਵਰਹ ਨਾਮੁ ਜਪਾਵੈ**" ਦੇ ਹੁਕਮ ਦੀ ਕਾਰ ਵਿਚ ਜੁਟੇ ਹੋਏ ਸਨ। ਇਹ ਪਹਿਲੇ ਦਰਸ਼ਨਾਂ ਦੀ ਝਲਕ ਨੇ ਇਸ ਪਾਪੀ ਜੀਵੜੇ ਦਾ ਮਨ ਸਦਾ ਲਈ ਮੋਹ ਲਿਆ।

**ਗੁਰਸਿਖ ਮੀਤ** - (**ਸੂਰਾ ਮਾਸਿਕ ਪੱਤਰ, ਮਈ 1969**)

ਭਾਈ ਸਾਹਿਬ ਜੀ ਦੀ ਪਹਿਲੀ ਮੁਲਾਕਾਤ ਜੇ ਹੋਈ ਉਹ ਕੇਵਲ ਨੂਰਾਨੀ-ਝਲਕਾਂ ਵਿਚ ਹੀ ਹੋਈ। ਹੁਣ ਮਨ ਅੰਦਰ ਇਹ ਤੀਬਰ ਇੱਛਾ ਪ੍ਰਗਟ ਹੋ ਰਹੀ ਸੀ ਕਿ ਕੀ ਇੰਨੇ ਉੱਚੇ ਆਤਮਿਕ-ਦਰਸ਼ੀ ਮਹਾਨ-ਤਪੱਸਵੀ ਜਿੰਨ੍ਹਾਂ ਦੇ ਰੋਮ-ਰੋਮ ਅੰਦਰ ਨਾਮ ਰਵ ਰਹਿਆ ਹੈ ਇਹਨਾਂ ਦੇ ਨੇੜੇ ਹੋ ਕੇ ਕਦਮ ਬੋਸੀ ਕਰਨ ਦਾ ਸੁਭਾਗ ਵੀ ਪ੍ਰਾਪਤ ਹੋਵੇਗਾ? ਕੀ ਮੈਨੂੰ ਵੀ ਇਹਨਾਂ ਗੁਰੂ-ਪਿਆਰਿਆਂ ਮਰ-ਜੀਵੜਿਆਂ ਦੀਆਂ ਚਰਨ-ਛੁਹਾਂ ਪਰਾਪਤ ਹੋਵਣਗੀਆਂ? ਸੰਸਾਰ ਦੀ



www.AKJ.Org

ਕਹਾਵਤ ਹੈ, ਚਾਹ ਹੋਵੇ ਤੇ ਰਾਹ ਵੀ ਲਭ ਹੀ ਪੈਂਦੇ ਹਨ ਸੋ ਸਚ ਹੀ ਮੇਰੇ ਨਾਲ ਇਸੇ ਤਰ੍ਹਾਂ ਹੀ ਹੋਇਆ। ਮੈਂ ਸੰਤਾਂ ਦੇ ਡੇਰਿਆਂ ਦੇ ਹਾਲ ਵੇਖ ਕੇ ਬੇਹਾਲ ਹੋ ਚੁੱਕਾ ਸਾਂ। ਸੱਚ ਪੁੱਛੋ ਤੇ ਗੁਰ ਸਿੱਖੀ ਵੱਲੋਂ ਅਸ਼ਰਧਕ ਹੋ ਚਲਿਆ ਸਾਂ, ਪਰ ਜੇ ਸਿਰ ਤੇ ਸੱਚੇ ਸਤਿਗੁਰੂ ਮੇਹਰ ਦਾ ਹੱਥ ਰੱਖਣ ਤਾਂ ਉਸ ਦੇ ਘਰ ਕੀ ਘਾਟਾ ਹੈ ? ਮੈਨੂੰ ਉਸ ਕੀਰਤਨ ਵਿਚੋਂ ਜੋ ਅਲਭ ਵਸਤੂ ਪਰਾਪਤ ਹੋਈ ਸੀ ਉਹ ਰੰਗ ਤੇ ਧੁਨੀਆਂ ਨੇ ਐਸਾ ਜੀਵਨ ਦਾ ਮੋੜ ਕਟਿਆ ਤੇ ਬਿਰਤੀ ਅਤਿ ਵੈਰਾਗ ਦਸ਼ਾ ਧਾਰਨ ਕਰ ਗਈ। ਖਾਣਾ ਪੀਣਾ ਹਸਣਾ ਸੌਣਾ ਵਿਸਰ ਗਿਆ ਤੇ ਥੋੜੇ ਦਿਨਾਂ ਅੰਦਰ ਹੀ ਨੌਕਰੀ ਛੱਡਕੇ, ਆਪਣਾ ਮਕਾਨ ਵੀ ਵੇਚ ਦਿੱਤਾ। ਸਿੰਘਣੀ ਨੂੰ ਬੇਨਤੀ ਕੀਤੀ ਕਿ ਤੁਸੀਂ ਘਰ ਚਲੇ ਜਾਵੋ। ਦਾਸ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਵਿਖੇ ਜਾਵੇਗਾ ਪਰ ਉਹ ਬੜੀ ਪੱਕੇ ਇਰਾਦੇ ਦੀ ਨਿਕਲੀ। ਕਹਿਣ ਲਗੀ ਸੁਆਮੀ ਜੀ ਮੈਂ ਤੇ ਤੁਹਾਡੇ ਚਰਨਾਂ ਵਿਚ ਹੀ ਰਹਿਣਾ ਹੈ। ਮੇਰਾ ਘਰ ਤੇ ਤੁਹਾਡੇ ਚਰਨਾਂ ਵਿਚ ਹੈ, ਜਿੱਥੇ ਤੁਸੀਂ ਰਹੋਗੇ ਮੈਂ ਉੱਥੇ ਹੀ ਰਹਾਂਗੀ। ਦਾਸ ਨਿਰ ਉੱਤਰ ਹੋ ਗਿਆ ਤੇ ਸਾਜੋ ਸਾਮਾਨ ਲੈ ਕੇ ਬੰਬਈ ਤੋਂ ਸਿੱਧੇ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਜੀ ਪੁੱਜ ਗਏ। ਦਾਸ ਨੇ ਉੱਥੇ ਦੀ ਸੇਵਾ ਤੇ ਗੈਬੀ ਚਮਤਕਾਰ ਜੋ ਦੇਖੇ, ਉਹ ਕਹਿਣ ਤੇ ਬਿਆਨ ਕਰਨ ਤੋਂ ਬਾਹਰ ਹਨ। ਅਸੀਂ ਦੰਪਤੀ ਕਈ ਮਹੀਨੇ ਉਥੇ ਰਹੇ ਤੇ ਜਦ ਪਾਸ ਪਈ ਮਾਇਆ ਲੇਖੇ ਲਗ ਗਈ, ਘਰੋਂ ਪਿਤਾ ਜੀ ਹੋਰਾਂ ਪਾਸੋਂ ਕਿਰਾਇਆ ਮੰਗਾ ਕੇ ਪੰਜਾਬ ਪੁੱਜ ਗਏ। ਦਰਸ਼ਨ ਮੇਲੇ ਤੋਂ ਬਾਅਦ, ਕੁਝ ਦਿਨ ਦਸੂਹੇ ਰਹੇ। ਇੱਥੇ ਮਨ ਐਨਾ ਉਪਰਾਮ ਹੋਇਆ ਕੇ ਸੰਤ ਬਾਬਾ ਹਰੀ ਸਿੰਘ ਕਹਾਰ ਪੁਰੀਆਂ ਦੇ ਦਰਸ਼ਨ ਦੀ ਖਿੱਚ ਪਈ। ਟੂਕ ਮਾਤਰ ਜ਼ਿਕਰ ਤਾਂ ਕਰਨ ਲਗਾ ਹਾਂ ਕਿਉਂਕਿ ਇਹ ਖਿੱਚ ਬੜੀ ਅਜੀਬ ਸੀ। ਦਾਸ ਸਵੇਰੇ ਕਛਹਿਰੇ ਬੁਨੈਨ ਨਾਲ ਚਾਦਰ ਲੈ ਕੇ ਕੇਸਕੀ ਨਾਲ ਹੀ ਕਰਮੰਡਲ ਹੱਥ ਵਿਚ ਪਕੜਿਆ, ਪੈਰਾਂ ਵਿਚ ਪਉਵੇ ਸਨ, ਕਿਸੇ ਸੇਧ ਵਿਚ ਤੁਰਿਆ ਹੀ ਗਿਆ। ਜਦ ਥੋੜੀ ਦੇਰ ਬਾਅਦ ਪਿਛਾਂਹ ਮੁੜ ਕੇ ਵੇਖਿਆ ਤੇ ਧਰਮ ਪਤਨੀ ਨਾਲ ਹੀ ਪਿੱਛੇ ਆ ਰਹੀ ਸੀ। ਉਹਨਾਂ ਨੂੰ ਪਿੱਛੇ ਜਾਣ ਦਾ ਇਸ਼ਾਰਾ ਕਰ ਕੇ ਦਾਸ ਪੈਦਲ ਹੀ ਹੁਸ਼ਿਆਰਪੁਰ ਪੁੱਜ ਗਿਆ ਤੇ ਉਥੇ ਰਾਤ ਕੱਟੀ। ਅੰਮ੍ਰਿਤ ਵੇਲੇ ਹੀ ਨਿਤਨੇਮ ਕਰ ਕੇ ਸਵੇਰੇ-ਸਵੇਰੇ ਸੰਤਾਂ ਦੇ ਜਾਂ ਦਰਸ਼ਨ ਕੀਤੇ। ਉਹਨਾਂ ਬੜਾ ਪਿਆਰ ਕੀਤਾ, ਮੁਸਕਰਾਏ, ਗਲਵਕੜੀ ਵਿਚ ਲਿਆ ਤੇ ਕਹਿਣ ਲੱਗੇ ਦਲਜੀਤ ਸਿੰਘ ਬਈ ਏਡੀ ਸਰਦੀ ਵਿਚ ਇਸ ਤਰ੍ਹਾਂ ਕਿਉਂ ਤੁਰ ਪਿਆ ? ਦਰਜੀ ਬੁਲਾਕੇ ਕਪੜੇ ਤਿਆਰ ਕਰ ਪੁਵਾਏ ਤੇ ਥੋੜੇ ਦਿਨ ਦਾਸ ਇਹਨਾਂ ਪਾਸ ਰਿਹਾ। ਜਿਹੜੇ ਦਿਨ ਦਾਸ ਇਹਨਾਂ ਪਾਸ ਰਿਹਾ, ਸਵਰਨ ਕੌਰ (ਪਤਨੀ) ਘਰ ਵਿਚ ਹੀ ਨਿਰਹਾਰ ਰਹਿ ਕੇ ਸਿਮਰਨ ਵਿਚ ਜੁੱਟੀ ਰਹੀ।

**ਵਾਪਸ ਬੰਬਈ**

ਥੋੜ੍ਹੇ ਸਮੇਂ ਅੰਦਰ ਹੀ ਵਾਪਸ ਬੰਬਈ ਪੁੱਜ ਗਏ ਤੇ ਜਥੇ ਦੀਆਂ ਰੈਣ ਸਬਾਈ ਕੀਰਤਨਾਂ ਦੀਆਂ ਸਾਰੇ ਪਾਸੇ ਧੁੰਮਾਂ ਪੈ ਚੁੱਕੀਆਂ ਸਨ ਤੇ ਅਣਥੱਕ ਵੀਰ ਦਰਸ਼ਨ ਸਿੰਘ ਜੀ ਥੈਲੇ ਵਿਚ ਖੜਤਾਲਾਂ ਪਾਈ ਕੀਰਤਨ ਸਮਾਗਮ ਰਚਣ ਲਈ ਤੁਰੇ ਹੀ ਰਹਿੰਦੇ ਸਨ। ਵੀਰ ਪੂਰਨ ਜੀ ਤੋਂ ਬਿਨਾਂ ਦਾਸ ਨੂੰ ਅਜੇ ਹੋਰ ਕਿਸੇ ਵੀਰ ਨਾਲ ਬਹੁਤ ਨੇੜੇ ਹੋਣ ਦਾ ਮੌਕਾ ਨਹੀਂ ਸੀ ਮਿਲਿਆ। ਦਾਸ ਦਾ ਭਾਈ ਸਾਹਿਬ ਗੁਰਮੁਖ ਸਿੰਘ ਜੀ ਹੈੱਡ-ਗ੍ਰੰਥੀ ਖਾਰ ਬੰਬਈ ਵਾਲਿਆਂ ਨਾਲ ਬਹੁਤ ਪਿਆਰ ਵੱਧ ਗਿਆ। ਉਹਨਾਂ ਦੇ ਪਾਠ ਤੇ ਕੀਰਤਨ ਵਿਚ ਕੋਈ ਗੈਬੀ-ਰਸ-ਅਨੰਦ ਵਿਗਾਸ ਹੋਇਆ ਕਰਦਾ ਸੀ ਤੇ ਦਾਸ ਉਹਨਾਂ ਪਾਸੋਂ ਕੀਰਤਨ ਦੀ ਦਾਤ ਵੀ ਪਰਾਪਤ ਕਰ ਰਿਹਾ ਸੀ। ਵੈਸੇ-ਆਪ ਤੋਂ ਵੱਡੇ ਗੁਣੀ ਪੁਰਸ਼ਾਂ ਦੀ ਕਦਰ-ਕਰਨੀ ਹੀ ਚਾਹੀਦੀ ਹੈ। ਇੱਥੇ ਕਦੀ-ਕਦੀ ਭਰਾ ਦਰਸ਼ਨ ਸਿੰਘ ਜੀ ਵੀ ਆ ਜਾਇਆ ਕਰਦੇ ਸਨ। ਦਾਸ, ਭਾਈ ਗੁਰਮੁਖ ਸਿੰਘ ਜੀ ਹੋਰਾਂ ਦੇ ਪਿੱਛੇ, ਬੈਠ ਕੇ ਕੀਰਤਨ ਸਰਵਣ ਕਰਿਆ ਕਰਦਾ ਸੀ ਤੇ ਕਈ ਵਾਰੀ ਸੰਗਤਾਂ ਨੇ ਉੱਠ ਜਾਣਾ ਫਿਰ ਵੀ ਦਾਸਰੇ ਦਾ ਚੌਂਕੜਾ ਲੱਗਾ ਰਹਿਣਾ। ਇਸ ਹਾਲਤ ਵਿਚ ਇਕ ਦਿਨ ਭਾਈ ਸਾਹਿਬ ਦਰਸ਼ਨ ਸਿੰਘ ਆ ਗਏ। ਉਨ੍ਹਾਂ ਨੇ ਉਠਾ ਕੇ ਗਲਵਕੜੀ ਵਿਚ ਲਿਆ ਤੇ ਬਹੁਤ ਹੀ ਪਿਆਰ ਕੀਤਾ। ਉਹ ਗਲਵਕੜੀ ਕਾਹਦੀ ਸੀ ਕੋਈ ਜਾਦੂ ਹੀ



www.AKJ.Org

ਸੀ। ਬਿਹੋਸ਼ ਕਰਨ ਵਾਲੀ ਨਹੀਂ ਬਲਕਿ ਵਿਸਮਾਦ ਕਰਨ ਵਾਲਾ ਜਾਦੂ ਸੀ। ਮੈਨੂੰ ਕੋਈ ਚਿਤ-ਚੇਤਾ ਨਹੀਂ ਸੀ ਕਿ ਮੇਰੇ ਦਾਤਾ ਜੀ ਕੀ ਚੋਜ਼ ਕਰਨਗੇ ? ਭਾਈ ਗੁਰਮੁਖ ਸਿੰਘ ਨੂੰ ਕਹਿਣ ਲਗੇ, ਇਸ ਸਿੰਘ ਦਾ ਕੀ ਨਾਂ ਏ? ਉਹਨਾਂ ਦਸਿਆ, ਜੀ ਦਲਜੀਤ ਸਿੰਘ। ਚੰਗਾ ਆਇਓ ਫਿਰ ਰਾਤੀਂ ਸਾਡੇ ਘਰ, ਇਹਨਾਂ ਨੂੰ ਲੈ ਆਵਣਾ। ਦਾਸ ਇਹ ਬਚਨ ਤੇ ਮਿਲਾਪ ਤੋਂ ਬਹੁਤ ਹੀ ਪ੍ਰਭਾਵਿਤ ਹੋਇਆ ਤੇ ਰਾਤੀਂ ਭਾਈ ਗੁਰਮੁਖ ਸਿੰਘ ਦਾਸ ਨੂੰ ਦੌਲਤ ਵੀਲਾ ਵਿਚ ਲੈ ਗਏ। ਮੈਂ ਕੀ ਜਾਣਦਾ ਸੀ, ਇਹ ਕੇਵਲ ਨਾਮ ਦਾ ਦੌਲਤ ਵੀਲਾ ਨਹੀਂ, ਸਗੋਂ ਇੱਥੇ ਤਾਂ ਸਚੀ ਹੀ ਦੌਲਤਾਂ ਦੇ ਖਜ਼ਾਨੇ ਭਰੇ ਪਏ ਹਨ, ਉਹਨਾਂ ਵਿਚੋਂ ਅੱਜ ਸਾਨੂੰ ਹਿੱਸਾ ਪਰਾਪਤ ਹੋਵੇਗਾ। ਧੰਨ ਹਨ ਕਲਗੇਸ਼ ਸਤਿਗੁਰੂ ਦਸਮੇਸ਼ ਸਤਿਗੁਰੂ।

### ਅਚਿੰਤ-ਬਖਸ਼ਸ਼ਾਂ ਦੀ ਦਾਤ

ਉੱਥੇ ਜਾਕੇ ਪਤਾ ਲਗਾ ਕੇ ਅਜ ਇੱਥੇ ਜਹਾਜ਼ ਤਿਆਰ ਹੋਣਾ ਹੈ ਤੇ ਬਹੁਤ ਸਾਰੀਆਂ ਸੰਗਤਾਂ-ਜਹਾਜ਼ ਚੜਨ ਵਾਲੀਆਂ ਹੀ ਹਨ। ਮੈਂ ਹੈਰਾਨ ਸਾਂ-ਕਿ ਬੰਬਈ ਵਰਗੇ ਸ਼ਹਿਰ ਅੰਦਰ ਕਲਗੀ ਵਾਲਾ ਕੀ ਕੋਤਕ ਵਰਤਾ ਰਿਹਾ ਹੈ ਅਤੇ ਗੁਪਤੋ ਗੁਪਤ ਹੀ ਆਪਣੀ ਗੁਰ ਸਿਖੀ ਨੂੰ ਬਿਸਥਾਰ ਰਿਹਾ ਹੈ। ਪ੍ਰੀਤਮ ਜੀ, ਤੁਹਾਡੀਆਂ ਤੁਸੀਂ ਹੀ ਜਾਣੋਂ। ਅਜ ਇਸ ਸਮਾਗਮ ਅੰਦਰ, ਮੇਰੇ ਪਰਮ ਮਿਤਰ ਵੀਰ ਇੰਦਰ ਸਿੰਘ ਰੇਲਵੇ ਵਾਲੇ, ਜੋ ਅਜਕਲ ਝਾਂਸੀ ਹਨ, ਇਹਨਾਂ ਦੇ ਜੀਵਨ ਦੇ ਵੀ ਬੜੇ ਨਿਰਾਲੇ ਚੋਜ ਹਨ ਤੇ ਅਣਥੱਕ ਨਾਮ ਦੀ ਕਮਾਈ ਕਰਨ ਵਾਲੇ ਭਾਈ ਸੁਜਾਨ ਸਿੰਘ ਜੀ ਜੋ ਹਾਲ ਦਿਲੀ ਹਨ ਇਹ ਸਾਰੀਆਂ ਰੂਹਾਂ ਪਰਵਾਰਾਂ ਸਹਿਤ ਜੀਵਨ ਪਦਵੀਂ ਪਰਾਪਤ ਕਰਨ ਲਈ ਪੁੱਜੀਆਂ ਹੋਈਆਂ ਸਨ। ਹਾਂ, ਅਖਾੜੇ ਰਚੇ ਗਏ, ਪੰਚਾ ਦੀ ਤਿਆਰੀ ਅਰੰਭ ਹੋਈ। ਉੱਚੀਆਂ ਧੁਨੀਆਂ ਵਿਚ ਸ੍ਰੀ ਸੁਖਮਨੀ ਸਾਹਿਬ ਜੀ ਤੇ ਹੋਰ ਪਾਠ ਅਰੰਭ ਹੋ ਗਏ ਤੇ ਪੇਸ਼ੀਆਂ ਅਰੰਭ ਹੋਈਆਂ। ਸਾਡੇ ਪਰਮ ਮਿਤਰ ਭਾਈ ਗੁਰਮੁਖ ਸਿੰਘ ਜੀ ਪੇਸ਼ ਹੋਏ ਪਰ ਬੀਬੀ ਜੀ ਨਾਲ ਨਾ ਹੋਣ ਕਾਰਨ ਵਾਪਸ ਹੋ ਗਏ ਤੇ ਚਲੇ ਗਏ। ਪਪੀਹੇ ਬੋਲ ਉੱਠੇ, ਕੀ ਅੰਦਰ ਤੇ ਕੀ ਬਾਹਰ, ਦੌਲਤ ਵਿਲਾ ਨੂੰ ਭਾਗ ਲਗ ਰਹੇ ਸਨ। ਇਹ ਅਸਥਾਨ ਬੰਬਈ ਕਿੰਗਜ਼ ਸਰਕਲ ਪਾਸ ਹੈ। ਵਾਹ-ਵਾਹ ! ਭਾਵੇਂ ਦਾਸਰਾ ਗੁਰਮਤਿ-ਘਰਾਣੇ ਦਾ ਜੰਮ ਪਲ ਸੀ, ਪਰ ਇੱਥੇ ਖੇਡਾਂ ਹੀ ਨਿਰਾਲੀਆਂ ਸਨ। ਪੇਸ਼ੀਆਂ ਹੋਈਆਂ ਦਾਸਰੇ ਦਾ ਨੰਬਰ ਆਇਆ। ਪੇਸ਼ ਹੋਣ ਤੇ ਜੱਥੇ ਦੇ ਅਸੂਲਾਂ ਮੁਤਾਬਿਕ ਬਹੁਤ ਹੀ ਘਾਟਾਂ ਸਨ ਪੰਚਾਂ ਪ੍ਰਵਾਨਗੀ ਤੇ ਦਿੱਤੀ। ਪਰ ਫਿਰ ਸਿੰਘਣੀ ਨਾਲ ਨਹੀਂ ਸੀ ਉਹ ਪੰਜਾਬ ਸੀ। ਦਾਸ ਨੂੰ ਹੁਕਮ ਹੋਇਆ ਕਿ ਉਹਨਾਂ ਦੇ ਆਉਣ ਤੇ ਫਿਰ ਇਕੱਠੇ ਹੀ ਅੰਮ੍ਰਿਛ ਛਕਣਾ, ਪਰ ਦਾਸ ਤਾਂ ਹਾਲੋਂ ਬਿਹਾਲ ਹੋ ਚੁੱਕਾ ਸੀ। ਦਾਸ ਨੇ ਬੇਨਤੀ ਕੀਤੀ ਕਿ ਸੱਚੇ ਪਾਤਸ਼ਾਹ ਜੀ, ਦਾਸਰਾ ਇਕ ਘੜੀ ਵੀ ਨਹੀਂ ਕਟ ਸਕਦਾ। ਹੁਣ ਮਾਨ-ਸਰੋਵਰ ਤੋਂ ਖਾਲੀ ਕਿਵੇਂ ਜਾਵਾਂ ਜੀ, ਮੇਰੇ ਤੇ ਰਹਿਮ ਕਰੋ, ਤਰਸ ਕਰੋ, ਚਰਨਾਂ ਵਿਚ ਜੋੜ ਲਵੋ ਜੀ, ਆਪ ਜੀ ਸਰਬ ਕਲਾ ਸਮਰੱਥ ਹੋ, ਹੁਕਮ ਹੋਇਆ—ਨਹੀਂ, ਪਤਨੀ ਨਾਲ ਲਿਆਉ; ਕਿਉਂਕਿ ਬਾਅਦ ਵਿਚ ਬੀਬੀਆਂ ਕੇਸਕੀ ਉਤਾਰ ਕੇ ਢਿੱਲੀਆਂ ਹੋ ਜਾਂਦੀਆਂ ਹਨ। ਦਾਸ ਨੇ ਬੇਨਤੀ ਕੀਤੀ, ਸੱਚੇ ਪਾਤਸ਼ਾਹ ! ਉਹ ਆਪ ਜੀ ਦੀ ਬੱਚੀ ਐਸੀ ਨਹੀਂ, ਆਗਿਆਕਾਰ ਹੈ, ਜੋ ਆਪ ਜੀ ਦੇ ਹੁਕਮ ਹਨ ਉਹਨਾਂ ਨੂੰ ਸਿਰ ਮੱਥੇ ਕਬੂਲ ਕਰੇਗੀ ਜੀ, ਇਸ ਦਾ ਦਾਸਰਾ ਪੱਕਾ ਵਿਸ਼ਵਾਸ਼ ਦਵਾਉਂਦਾ ਹੈ। ਅੰਤਰਜਾਮੀ ਜੀ, ਬਾਕੀ ਆਪ ਜੀ ਸਾਰਾ ਕੁਝ ਭਲੀ ਪ੍ਰਕਾਰ ਜਾਣਦੇ ਹੀ ਹੋ, ਜਿਵੇਂ ਭਾਵੇਂ ਮੈਨੂੰ ਤਾਰੋ। ਫਿਰ ਕੀ ਸੀ ਬਾਜਾਂ ਵਾਲੇ ਨੇ ਰਹਿਮਤਾਂ ਕੀਤੀਆਂ, ਪੰਚਾਂ ਪਰਵਾਨਗੀ ਦੇ ਦਿੱਤੀ। ਜਿਸ ਵੇਲੇ ਅੰਮ੍ਰਿਤ ਤਿਆਰ ਹੋ ਰਿਹਾ ਸੀ ਉਦੋਂ ਹੀ ਦਾਸ ਕਈ ਵਾਰੀ ਡਿਗਦਾ-ਡਿਗਦਾ ਮਸਾਂ ਹੀ ਸੰਭਲਿਆ। ਜਦੋਂ ਚੁਲਿਆਂ ਦੀ ਵਾਰੀ ਆਈ ਅੰਤਰ ਆਤਮੇ ਅੰਮ੍ਰਿਤ ਪ੍ਰਵੇਸ਼ ਹੋਇਆ ਤੇ ਨੇਤਰਾਂ ਵਿਚ ਗਿਆ ਤੇ ਸੀਸ ਵਿਚ ਪਿਆ ਅਤੇ ਪੰਜਾਂ ਨੇ ਸਿਰ ਤੇ ਹੱਥ ਰਖਿਆ ਹੀ ਸੀ, ਜਿਵੇਂ ਸਮੁੰਦਰ ਵਿਚ ਜਵਾਹਰ ਭਾਟਾ ਆ ਜਾਂਦਾ ਹੈ, ਇਸ ਤਰ੍ਹਾਂ ਗੈਬੀ ਸ਼ਕਤੀਆਂ ਤੇ ਨਿਰੰਕਾਰੀ ਜੋਤ ਨੇ ਹੁਲਾਰੇ ਲਿਸ਼ਕਾਰੇ ਮਾਰੇ। ਪੰਚਾਂ ਨੇ ਬਹੁਤ ਤਕੜੇ ਹੱਥ ਕਾਬੂ ਕੀਤਾ, ਸਰੀਰ ਛੱਤ ਵੱਲ ਉੱਡੇ ਫੁਟ ਡੇਢ ਫੁਟ ਤੋਂ, ਫਿਰ ਪੰਚ ਕਾਬੂ ਕਰ ਲੈਣ। ਪਤਾ ਨਹੀਂ, ਅੱਜ ਸਤਿਗੁਰੁ ਸ਼ਬਦ ਉਜਾਰੋ ਦੀਪਾ ਦੀ ਇਸ ਕਲਾ ਨੇ ਕੀ ਖੇਡ ਖਿਡਾਏ ਬਹੁਤ ਸਮਾਂ ਦਾਸਰੇ ਨੂੰ ਹੀ ਸਾਂਭਦੇ ਰਹੇ ਤੇ ਬਸ ਕਹਿਣ



www.AKJ.Org

ਕਥਨ ਤੋਂ ਬਾਹਰਾ ਜੀਵਨ ਪਦ ਪਰਾਪਤ ਹੋ ਗਿਆ। ਬਸ ਇਕ ਛਿਨ ਵਿਚ ਹੀ ਮੇਰੇ ਪਾਤਸ਼ਾਹ ਨੇ ਮਨੂਰ ਤੇ ਮੇਹਰ ਕਰ ਦਿੱਤੀ। ਵਾਹ ! ਕਿਆ ਗੁਰਮਤਿ ਗੁੜਤੀ ਦੇ ਗੁਝੇ ਭੇਦ ਹਨ। ਇਸ ਨੂੰ ਸਾਂਗੋ ਪਾਂਗ ਵਰਤਣ ਤੋਂ ਬਿਨਾਂ ਜੀਵਾਂ ਨੂੰ ਕਿਵੇਂ ਪਰਤੀਤ ਆ ਸਕਦੀ ਹੈ। ਬਸ ਜੀ ! ਅੱਜ ਤਾਂ ਸਭੇ ਟੋਲ ਸੁਹਾਵਣੇ ਹੋ ਗਏ, ਮੇਰੇ ਸੱਚੇ ਸ਼ਾਹੁ ਜੀ ਅੰਙਣੇ ਭਾਗ ਲਾ ਰਹੇ ਸਨ। ਪੰਚਾਂ ਨੇ ਉਪਦੇਸ਼ ਦਿੱਤਾ ਤੇ ਦਾਸ ਦਾ ਖੰਡਾ ਐਸਾ ਚਾਲੂ ਹੋਇਆ, ਜੋ ਰੁਕਿਆ ਰੁਕੇ ਹੀ ਨਾ, ਓਧਰੋਂ ਖਾਰ ਗੁਰਦੁਆਰੇ ਸਾਹਿਬ ਸ੍ਰੀ ਆਸਾ ਜੀ ਦੀ ਵਾਰ ਦੇ ਕੀਰਤਨ ਦਾ ਵਕਤ ਹੋ ਰਿਹਾ ਸੀ। ਦਾਸਰਾ ਲੜ ਖੜਾਉਂਦਾ ਉੱਥੇ ਪੁੱਜਾ ਤੇ ਫਿਰ ਆਪਣੀ ਥਾਂ ਤੇ ਪਿੱਛੇ ਜਾ ਕੇ ਕੀਰਤਨ ਸੁਣਨ ਬੈਠ ਗਿਆ। ਪਰ ਅੱਜ ਦਾ ਜੋ ਅਨੰਦ ਸੀ, ਉਹ ਖੰਡਾ ਖੜਕੇ, ਮੇਰੇ ਵਸੋਂ ਬਾਹਰ ਸੀ, ਉਸਨੂੰ ਰੋਕਣਾ। ਅੱਜ ਵੀਰ ਜੀ, ਕੀਰਤਨ ਕਰਕੇ ਉੱਠੇ, ਦਾਸ ਨੇ ਗਲਵਕੜੀ ਪਾ ਲਈ ਤੇ ਉਹਨਾਂ ਵੀ ਬਹੁਤ ਪਿਆਰ ਕੀਤਾ, ਪਰ ਸੰਗਤ ਬੜੀ ਹੈਰਾਨ ਸੀ ਕਿ ਦਲਜੀਤ ਸਿੰਘ ਨੂੰ ਅੱਜ ਕੀ ਹੋ ਗਿਆ ਹੈ? ਪਹਿਲਾਂ ਤੇ ਕਦੀ ਐਸਾ ਨਹੀਂ ਕੀਤਾ ਪਰ ਇਹ ਗੁੱਝੇ ਭੇਦ ਤੇ ਸੱਚੇ ਸਾਹਿਬ ਹੀ ਜਾਣਦੇ ਸਨ। ਅੱਜ ਇਹ ਦਾਤ ਪ੍ਰਾਪਤ ਕਰਨ ਤੋਂ ਬਾਅਦ ਪਹਿਲੇ ਦਿਨ ਮੇਰੇ ਜੀਵਨ ਦੀ ਪਹਿਲੀ ਸੁਹਾਗ ਰਾਤ ਆ ਰਹੀ ਸੀ। ਹੁਕਮਨਾਮਾ ਸੁਣਦਿਆਂ ਹੀ ਬਿਰਤੀ ਐਸੀ ਚੜ੍ਹੀ, ਮਾਰ ਗਈ ਉੱਚੀਆਂ ਉਡਾਰੀਆਂ। ਸਮਾਪਤੀ ਤੋਂ ਬਾਅਦ ਸੰਗਤਾਂ ਚਲੀਆਂ ਗਈਆਂ। ਦਾਸ ਤੇ ਸਵੇਰ ਦਾ ਬੈਠਾ ਹੋਇਆ ਕਈ ਘੰਟੇ ਇਸੇ ਹੀ ਰੰਗ ਵਿਚ ਬੈਠਾ ਰਿਹਾ ਤੇ ਸ਼ਾਮ ਨੂੰ ਬਿਰਤੀ ਉਪਰਾਮ ਹੋਈ। ਯਾਦ ਰਹੇ ਕਿ ਜਦੋਂ ਦਾਸ ਨੂੰ ਪੰਚ ਨਾਮ ਦ੍ਰਿੜ ਕਰਵਾ ਰਹੇ ਸਨ, ਪੰਚਾਂ ਪਾਸੋਂ ਉਤਾਂਹ ਵੱਲ ਉੱਡਦਾ ਤੇ ਉਹ ਪਕੜ ਕੇ ਬੜੀ ਆਤਮਿਕ-ਸ਼ਕਤੀ ਨਾਲ ਥੱਲੇ ਲਿਆਉਂਦੇ। ਦਾਸ ਦਾ ਬੀਰ ਆਸਨ ਵਾਲਾ ਜੋ ਗੋਡਾ ਸੀ, ਉਸ ਨੂੰ ਬਹੁਤ ਹੀ ਸੱਟਾ ਲੱਗ ਚੁਕੀਆਂ ਸਨ ਇਹ ਬਿਲਕੁਲ ਫਿਰ ਚੁੱਕਾ ਸੀ, ਪਰ ਇਸ ਵਿਚਾਰੇ ਵੱਲ ਹੁਣ ਕਿਹੜਾ ਧਿਆਨ ਦੇਵੇ। ਇਸ ਦਾ ਕੋਈ ਵੀ ਖ਼ਿਆਲ ਨਾ ਰਖਦਿਆਂ ਹੋਇਆਂ, ਸ਼ਾਮੀ ਚੁੱਪ-ਚੁਪੀਤਾ, ਆਤਮਕ ਚਲੂਲੜੇ ਰੰਗਾਂ ਵਿਚ ਗੁਰਦੁਆਰੇ ਸਾਹਿਬ ਉਪਰਲੀ ਛੱਤੇ ਜਾ ਚੜ੍ਹਿਆ। ਬੜਾ ਹੀ ਬੂੰਦਾ ਬਾਂਦੀ ਦਾ ਸੁਹਾਵਣਾ ਸਮਾਂ ਸੀ। ਗੁੰਬਜ ਦੇ ਲੈਂਟਰ ਦਾ ਜੋ ਸ਼ੇਡ ਵਧਿਆ ਹੋਇਆ ਸੀ, ਦਾਸ ਚੌਂਕੜਾ ਮਾਰ ਉੱਥੇ ਹੀ ਡੱਟ ਗਿਆ ਤੇ ਗੋਡੇ ਦੇ ਭਰੇ ਜ਼ਖ਼ਮ ਵੱਲ ਕੋਈ ਧਿਆਨ ਨਾ ਦਿੱਤਾ।

**ਨਾਮ ਅੰਮ੍ਰਿਤ ਦੀਆਂ ਬਰਕਤਾਂ : ਚਾਰ ਦਿਨ ਇਕ ਟੱਕ ਖੰਡਾ ਖੜਕਣਾ।**

ਉੱਪਰੋਂ ਕਾਦਰ ਦੀ ਕੁਦਰਤ ਨੇ ਐਸਾ ਮੋਹਿਆ ਕਿ ਮੇਰੇ ਵਾਸਤੇ ਇਹ ਗੁੰਬਜ ਉੱਚ-ਮਹਿਲ ਸਨ। ਐਸਾ ਤੋਰਾ ਤੁਰਿਆ, ਲਗਾਤਾਰ ਚਾਰ ਦਿਨ ਤੇ ਚਾਰ ਰਾਤਾਂ ਦਾਸ ਦਾ ਕਿਸੇ ਨੂੰ ਪਤਾ ਹੀ ਨਾ ਲੱਗਾ। ਸਿੰਘਣੀ ਪੰਜਾਬ ਸੀ, ਪਰਵਾਰ ਇਹੋ ਸੀ, ਹੋਰ ਅਜੇ ਸੁਰਖਰੂ ਸਾਂ। ਇਕੋ ਇਕ ਪਤਾ ਕਰਨ ਵਾਲੇ ਪਿਆਰੇ ਭਾਈ ਗੁਰਮੁਖ ਸਿੰਘ ਹੈੱਡ ਗ੍ਰੰਥੀ ਸਾਹਿਬ ਖਾਰ ਹੀ ਸਨ। ਜਿੰਨ੍ਹਾਂ ਪਤਾ ਕਰਨਾ ਸੀ, ਉਹਨਾਂ ਸਮਝਿਆ ਕਿ ਦਾਸ ਘਰ ਚਲਾ ਗਿਆ ਹੈ। ਖੈਰ ਦਾਤ ਲਿਆਂ ਪੰਜਵਾਂ ਦਿਨ ਆਇਆ ਤੇ ਦਾਸ ਦੀ ਬਿਰਤੀ ਉਪਰਾਮ ਹੋਈ। ਜਦ ਵੇਖਿਆ ਲੱਤ ਵੱਲ, ਬੀਰ-ਆਸਨ ਵਾਲੀ ਲੱਤ ਬਾਰਸ਼ ਦੇ ਮੌਸਮ ਕਾਰਨ (ਸੈਪਟਿਕ) ਦਾ ਸ਼ਿਕਾਰ ਹੋ ਚੁੱਕੀ ਸੀ। ਸਾਰੀ ਲੱਤ ਅੰਦਰ ਸੋਜ਼ਸ਼ ਤੇ ਪੀਪ ਭਰ ਗਈ ਸੀ। ਸਾਡੇ ਪਰਮ ਮਿੱਤਰ ਜੇ.ਜੇ. ਹਸਪਤਾਲ ਬੰਬਈ ਦੇ ਡਾ. ਅੰਮ੍ਰਿਤ ਲਾਲ ਜੀ, ਜਥੇ 'ਚ ਆਉਣ ਤੋਂ ਪਹਿਲਾਂ, ਜਿੰਨ੍ਹਾਂ ਨਾਲ ਮੇਰੀ ਰੋਟੀ ਇਕੱਠੀ ਹੁੰਦੀ ਸੀ ਤੇ ਇਹਨਾਂ ਦੀ ਧਰਮ ਪਤਨੀ ਬੀਬੀ ਊਸ਼ਾ ਵੀ ਡਾਕਟਰ ਸਨ। ਇਹਨਾਂ ਦੋਹਾਂ ਹੀ ਜੀਆਂ ਨੇ ਦਾਸ ਦੀ ਲੱਤ ਦਾ ਇਲਾਜ਼ ਕੀਤਾ ਤੇ ਦਿਨਾਂ ਵਿਚ ਹੀ ਸਾਰੀ ਪਸ-ਟੀਕਿਆਂ ਨਾਲ ਸੋਖ ਕਰ ਦਿੱਤੀ ਦਾਸ ਥੋੜੇ ਦਿਨਾਂ ਬਾਦ ਵੀਰ ਦਰਸ਼ਨ ਸਿੰਘ ਹੋਰਾਂ ਪਾਸ ਗਿਆ, ਉੱਥੇ ਉਹ ਖੰਡਾ ਖੜਕਿਆ ਤੇ ਵੀਰ ਜੀ ਕਹਿਣ ਲੱਗੇ, ਸਿੰਘੋ ! ਭਾਂਡੁਪ, ਪਹਾੜੀ ਤੇ ਖੰਡਿਆਂ ਦੀ ਰੈਣ ਸਬਾਈ ਰਖੀਏ। ਸਾਨੂੰ ਬੜਾ ਚਾਅ ਸੀ, ਅਸੀਂ ਸਾਰੇ ਹੀ ਤਿਆਰ ਹੋ ਕੇ ਭਾਂਡੁਪ ਪੁੱਜ ਗਏ। ਇਸ ਰੈਣ ਸਬਾਈ ਵਿਚ ਜੋ ਕੌਤਕ ਵਰਤੇ ਅਤੇ ਉਸ ਤੋਂ ਬਾਅਦ, ਭਾਈ ਸਾਹਿਬ ਜੀ ਨਾਲ ਆਤਮਿਕ ਮੇਲ ਤੇ ਚਿੱਠੀ ਰਾਹੀਂ ਖਤੋ-ਖਤਾਬਤ ਸ਼ੁਰੂ ਹੋਈ, ਉਹ ਹੇਠਾਂ ਦਰਜ ਹੈ।



www.AKJ.Org

**ਪ੍ਰੇਮ ਉਡੀਕਾਂ : ਸੂਰਾ ਮਾਸਿਕ ਪੱਤਰ-ਅੰਕ ਜੂਨ 1969**

ਗੁਰ-ਸਿਖੀ ਕੀ ਹੈ? ਪ੍ਰੇਮ ਦੀ ਲੀਲਾ, ਪਿਆਰ ਦਾ ਡਰਾਮਾ, ਜਿਸ ਵਿਚ ਤਾਂਘਾਂ, ਤੜਪਾਂ ਤੇ ਸਿਕਾਂ ਨਾਚ ਕਰਦੀਆਂ ਹਨ, ਤੜਪਾਂ ਬੇਕਰਾਰ ਕਰਦੀਆਂ ਹਨ। ਤਾਂਘ ਚਕੋਰ ਦੀ, ਸਿਕ ਚਾਤ੍ਰਿਕ ਦੀ, ਤੜਪ ਪਾਰੇ ਦੀ, ਉਹ ਜੋਸ਼ ਨਹੀਂ ਦਿਖਾ ਸਕਦੀ ਜੋ ਗੁਰਸਿਖੀ ਦਾ ਸਿੱਖ ਪਿਆਰ ਮਿਤਾਂ, ਪੁੱਤਾਂ, ਭਾਈਆਂ ਵਿਚ ਆਇਆ ਹੋਇਆ ਮਨ ਪੇਸ਼ ਕਰਦਾ ਹੈ।

ਹੋਵੇ ਭੀ ਕਿਉਂ ਨਾ, ਸਿੱਖੀ ਮਾਰਗ ਦਾ ਮਨੋਰਥ ਕਤਰੇ ਨੂੰ ਸਾਗਰ ਵਿਚ ਮਿਲਾਣਾ ਹੈ। ਕੌਣ ਨਹੀਂ ਜਾਣਦਾ ਕਿ ਵਿਛੜੇ ਹੋਏ ਕਤਰੇ ਨੂੰ ਸਾਗਰ ਵਿਚ ਮਿਲਣ ਲਈ ਕੀ-ਕੀ ਨਹੀਂ ਸਹਾਰਨਾ ਪੈਂਦਾ। ਸੂਰਜ ਦੇ ਕੰਧੇ ਚੜ੍ਹ, ਭਾਪ ਬਣਨਾ, ਉੱਚੇ ਮੰਡਲਾਂ ਦੀ ਹਵਾ ਖਾ ਬੱਦਲ ਬਣਨਾ, ਖਿੱਚ ਖਾ ਬਰਸ-ਬੂੰਦ ਹੋਣਾ, ਪਰਬਤਾਂ ਦੀਆਂ ਚੋਟੀਆਂ ਤੋਂ ਸਿਲਾਂ ਤੇ ਚਿਟਾਨਾਂ ਨਾਲ ਟੱਕਰਾ-ਟੱਕਰਾ ਮੂੰਦੜੇ ਮੂੰਹ ਆਬਸ਼ਰ ਨਾਲ ਰਲ, ਨਦੀ ਵਿਚ ਦੀ ਹੋ, ਚਿਰਾਂ ਦੀ ਘਾਲ ਪਿਛੋਂ ਸਾਗਰ ਨਾਲ ਜਾ ਪਰਾਪਤ ਹੁੰਦਾ ਹੈ। ਰੂਹਾਨੀ ਜਗਤ ਵਿਚ ਸਿੱਖ ਵੀ ਇਕ ਕੱਤਰਾ ਹੈ, ਜਿਸਨੇ ਗੁਰ ਸਾਗਰ, ਰਤਨੀ ਭਰਪੂਰੇ ਵਿਚ ਸਮਾਣਾ ਹੈ, ਤੇ ਉੱਥੋਂ 'ਹੀਰੇ' ਰਤਨ ਲੱਭ, ਸਦੀਵ ਕਾਲ ਲਈ ਤ੍ਰਿਪਤ ਹੋ, ਸਾਰੀਆਂ ਦੁਖਾਂ, ਭੁਖਾਂ ਨੂੰ ਦੂਰ ਕਰ ਸਚੇ ਸੁਖ ਦੀ ਪ੍ਰਾਪਤੀ ਕਰਨੀ ਹੈ। ਇਸ ਲਈ ਘਾਲ ਭੀ ਕਤਰੇ ਵਾਂਗ ਹੀ ਘਾਲਦਾ ਹੈ, ਨਿਵਾਣਾਂ ਨੂੰ ਤੇਜ਼ ਦੌੜਨ ਵਾਂਗ ਹੀ, ਗਰੀਬ ਹਿਰਦਿਆਂ ਵਿਚ ਸਿਖੀ ਦੇ ਵਹਿਣ ਭੀ ਤਿਖੇ ਵੇਗ ਅਖਤਿਆਰ ਕਰਦੇ ਹਨ। ਹਿਰਦੇ ਅੰਦਰ, ਸੱਚਾ ਪ੍ਰੇਮ ਕਰਕੇ ਹੀ ਗੁਰੂ ਦੀ ਮਿਹਰ ਸਦਕਾ ਸਚੀ ਸੁਚੀ ਗੁਰ ਸਿੱਖੀ ਪ੍ਰਾਪਤ ਹੁੰਦੀ ਹੈ। ਤਨ ਮਨ ਨਿਰਾਲੇ ਨੂਰ ਨਾਲ ਚਮਕ ਉਠਦੇ ਹਨ, ਧੰਨ ਗੁਰਸਿੱਖੀ ! ਧੰਨ ਗੁਰਦੇਵ !! ਦਾਸ ਦੇ ਹਿਰਦੇ ਅੰਦਰ ਹਾਰਦਿਕ ਪ੍ਰੇਮ, ਹਦੋਂ ਵਧਿਆ ਹੋਇਆ ਸੀ। ਦਾਸ ਬਹੁਤ ਬਿਹਬਲਤਾ ਸਾਹਿਤ ਭਾਈ ਦਰਸ਼ਨ ਸਿੰਘ ਹੋਰਾਂ ਪਾਸ ਦੌਲਤ ਵਿੱਲਾ ਪੁੱਜਾ ਤੇ ਸ੍ਰੀ ਮਾਨ ਭਾਈ ਸਾਹਿਬ ਜੀ ਦੇ ਦਰਸ਼ਨਾਂ ਲਈ ਬੇਨਤੀ ਕੀਤੀ, ਉਹ ਕਹਿਣ ਲੱਗੇ ਪੋਹ ਸੁਦੀ ਸਪਤਮੀ ਦੇ ਗੁਰਪੁਰਬ ਤੇ ਸਾਰੀ ਸੰਗਤ ਹੀ ਚਲਾਂਗੇ, ਹੁਣ ਆਪਾਂ ਸਾਰੇ ਇਕ ਨਾਮ ਅਭਿਆਸ ਦੀ ਰੈਣ ਸਬਾਈ ਕਰੀਏ।

**ਗੁਰਸਿੱਖੀ ਤੇ ਮੇਹਰਾਂ - ਭਾਂਡੂਪ ਦੀ ਰੈਣ ਸਬਾਈ :**

ਸਾਰੇ ਵੀਰ ਬੀਬੀਆਂ ਸੈਂਟਰਲ ਰੇਲਵੇ ਮਾਟੂੰਗਾ ਬੰਬਈ ਤੋਂ ਲੋਕਲ ਟਰੇਨ ਤੇ ਬੈਠਕੇ ਬਹੁਤ ਚਾਵਾਂ ਤੇ ਪਿਆਰਾਂ ਸਹਿਤ ਭਾਂਡੂਪ ਨੂੰ ਚਲ ਪਏ, ਕਿਉਂਕਿ ਸ੍ਰੀ ਮਾਨ ਭਾਈ ਸਾਹਿਬ ਦੇ ਇੱਥੇ ਬੇਅੰਤ ਸੰਗਤਾਂ ਸਹਿਤ ਪੁੱਜਕੇ, ਇਸ ਧਰਤੀ ਨੂੰ ਭਾਗ ਲਾਵਣ ਤੋਂ ਬਾਅਦ ਭਾਂਡੂਪ ਨਾਲ ਬਹੁਤ ਪਿਆਰ ਸੀ। ਵੈਸੇ ਵੀ ਇੱਥੇ ਗੁਰਮੁਖ ਪਿਆਰੇ ਭਾਈ ਮਨੋਹਰ ਸਿੰਘ ਜੀ, ਭਾਈ ਹਰੀ ਸਿੰਘ ਜੀ, ਭਾਈ ਸੰਤੋਖ ਸਿੰਘ ਜੀ (ਡਾਕਟਰ ਸਾਹਿਬ) ਜਥੇਦਾਰ ਸੰਤੋਖ ਸਿੰਘ ਜੀ ਹੋਰ ਵੀ ਬਹੁਤ ਪ੍ਰੇਮੀ ਮਾਈ ਭਾਈ, ਬਹੁਤ ਕਰਕੇ ਭਾਂਡੂਪ ਹੀ ਰਹਿੰਦੇ ਸਨ। ਸਾਰੀਆਂ ਸੰਗਤਾਂ ਭਾਂਡੂਪ ਸਟੇਸ਼ਨ ਤੋਂ ਸਿਧੀਆਂ ਭਾਈ ਸਾਹਿਬ ਮਨੋਹਰ ਸਿੰਘ ਜੀ ਦੇ ਸ਼ੀਸ਼ ਮਹਿਲਾਂ ਵਿਚ ਪੁੱਜ ਗਈਆਂ। ਇੱਥੋਂ ਵਾਜਾ, ਜਲ, ਦਰੀਆਂ ਤੇ ਹੋਰ ਲੁੜੀਂਦਾ ਸਾਮਾਨ ਲੈ ਕੇ ਭਾਂਡੂਪ ਦੀ ਪਹਾੜੀ ਵੱਲ ਕਮਰ ਕੱਸੇ ਕੀਤੇ। ਸਿੰਘਾਂ ਅਜੇ ਤੁਰਨਾ ਹੀ ਸੀ ਕਿ ਬਸ ਘਟਾਂ ਚੜ੍ਹ ਆਈਆਂ। ਬਿਜਲੀ ਗਰਜਣ ਲੱਗ ਪਈ, ਪਰ ਇਹ ਆਸ਼ਕ ਲੇਖੇ ਵਰਤਣ ਵਾਲੇ ਨਹੀਂ ਸਨ ਜੋ ਡਰ ਜਾਂਦੇ। ਹਾਂ, ਕਈ ਮੇਰੇ ਜੈਸੇ ਢਿਲੜਾਂ ਨੇ ਇਹ ਕਹਿ ਹੀ ਦਿੱਤਾ ਕਿ ਵੀਰ ਜੀ ਉੱਪਰ ਨਾਂ ਚਲੀਏ ਤਾਂ ਠੀਕ ਹੈ, ਪਰ ਬਹੁਤ ਸਾਰੇ ਗੁਰਸਿਖਾਂ ਪ੍ਰੇਮੀਆਂ ਦੀਆਂ ਤਾਂਘਾਂ ਚੁਫੇਰਿਉਂ ਧੂਹਾਂ ਪਾ ਰਹੀਆਂ ਸਨ। ਨਵ-ਬਾਲੜੇ, ਨਵ-ਜੋਬਨੀ, ਨਵ-ਚੇਲੇ ਕਲਗੀਧਰ ਪਾਤਸ਼ਾਹ ਦੀ ਚਰਨੀ ਲਗ ਚੁੱਕੇ ਪਿਆਰੇ, ਹਰਨਾਂ ਵਾਂਗ ਚੁੰਗੀਆਂ ਭਰਦੇ, ਪਹਾੜੀ ਦੇ ਪੰਧ ਨੂੰ ਤਹਿ ਕਰਦੇ, ਚੜ੍ਹਾਈ ਵਲ ਵੱਧਦੇ ਜਾ ਰਹੇ ਸਨ। ਸਤਿਗੁਰੂ ਜੀ ਦੇ ਗੁਰਮਤਿ ਨਾਮ ਦੀ ਗੁੜ੍ਹਤੀ ਉਹਨਾਂ ਨੂੰ ਆਪਾ ਭੁਲਾ ਚੁੱਕੀ ਸੀ। ਭਾਂਡੂਪ ਪਾਵਰ ਹਾਊਸ ਵਿਚੋਂ ਦੀ ਲੰਘ ਕੇ, ਸਾਰੀ ਪਹਾੜੀ ਦੀ ਔਖੀ ਮੰਜ਼ਿਲ ਨੂੰ ਤਹਿ ਕਰਕੇ ਸਾਰੀਆਂ ਫੌਜਾਂ ਨੇ ਪਹਾੜੀ ਦੀ ਸਿਖਰ ਚੋਟੀ ਤੇ ਜਾ ਡੇਰੇ ਲਾਏ। ਜਿਵੇਂ ਬਾਵਨ ਚੰਦਨ ਦੀ ਸੁਗੰਧੀ ਤੇ ਠੰਡਕ ਪ੍ਰਾਪਤ ਕਰਨ ਵਾਲੇ ਮਨੁੱਖਾਂ ਨੂੰ, ਜ਼ਹਿਰੀਲੇ ਸੱਪ ਫੁੰਕਾਰੇ ਮਾਰਕੇ ਡਰਾਉਂਦੇ ਹਨ ਇਸੇ ਹੀ ਤਰ੍ਹਾਂ ਅੱਜ ਹੋ ਰਿਹਾ ਸੀ।


www.AKJ.Org

ਚਉਤਰਫੀ ਘਟਾਂ ਚੜ੍ਹ ਆਈਆਂ ਜੋ ਅੱਜ ਦੇ ਪ੍ਰੇਮੀਆਂ ਦਾ ਇਮਤਿਹਾਨ ਲੈ ਰਹੀਆਂ ਸਨ। ਦਰੀਆਂ ਵਿਛ ਗਈਆਂ, ਢੋਲਕੀਆਂ ਵਾਜੇ ਖੁਲ ਗਏ, ਸੱਚੇ ਦਾਤਾਰ ਦੇ ਭਰੇ ਭੰਡਾਰਿਆਂ ਵਿਚੋਂ ਮਸਤ ਹਵਾਵਾਂ ਦੇ ਅਤਿ ਠੰਡੇ ਮਿੱਠੇ, ਸੁਗੰਧਤ ਝੋਲੇ ਆ ਰਹੇ ਸਨ ਕਿ ਮਖਸੂਰ ਕਰੀ ਜਾ ਰਹੇ ਸਨ। ਇਹ ਉਹ ਇਕਾਂਤ ਅਸਥਾਨ ਸੀ ਕਿ ਜਿੱਥੇ ਲੋਕ-ਲਾਜਾਂ ਥੱਲੇ ਰਹਿ ਚੁੱਕੀਆਂ ਸਨ। ਉਹ ਉੱਚਾ ਅਸਥਾਨ ਸੀ ਜਿੱਥੇ ਕੋਈ ਸਾਕਤ, ਮਨਮੁਖ, ਅਧਰਮੀ, ਕੱਚ ਘਰੜ ਜੀਵ ਇਹਨਾਂ ਪ੍ਰੇਮੀ ਪੁਤਲਿਆਂ ਨੂੰ ਮਸ਼ਖਰੀਆਂ ਨਹੀਂ ਕਰ ਸਕਦਾ ਸੀ, ਹਾਸੇ ਮਜ਼ਾਕ ਨਹੀਂ ਉੱਡਾ ਸਕਦਾ ਸੀ। ਇਹ ਤੇ ਕੇਵਲ ਪਰਵਾਨਿਆਂ ਦੀ ਸੰਗਤ ਦੀਆਂ ਜੋੜੀਆਂ ਜੁੜੀਆਂ ਸਨ। ਇਸ ਪਹਾੜੀ ਦੇ ਅੱਜ ਭਾਗ ਜਾਗ ਪਏ ਸਨ। ਨਾਮ ਅਤੇ ਬਾਣੀਆਂ ਦੀਆਂ ਘਟਾਂ, ਇੰਦਰ ਦੀਆਂ ਘਟਾਂ ਨੂੰ ਮਾਤ ਕਰ ਰਹੀਆਂ ਸਨ। ਅੱਜ ਦਾ ਇਹ ਦ੍ਰਿਸ਼ ਤੇ ਇਕ ਅਭੁੱਲ ਯਾਦ ਸੀ ਜੋ ਲੇਖਕ ਦੇ ਹਿਰਦੇ ਤੇ ਸਦੀਵ ਕਾਲ ਲਈ ਉਕਰੀ ਗਈ ਤੇ ਅੱਜ ਫੁੱਟ-ਫੁੱਟ ਬਾਹਰ ਆ ਰਹੀ ਏ। ਭਾਵੇਂ ਬਹੁਤ ਕੁਝ ਯਾਦ ਨਹੀਂ ਰਿਹਾ ਪਰ ਜੋ ਤਿਲ-ਮਾਤਰ ਵੀ ਯਾਦ ਹੈ ਉਹ ਆਉਣ ਵਾਲੀ ਨਵੀਂ ਗੁਰਸਿੱਖ ਪਨੀਰੀ ਲਈ ਬਹੁਤ ਹੀ ਲਾਭਦਾਇਕ ਹੋਵੇਗਾ :

**ਘਟਾਂ ਦਾ ਮੁਕਾਬਲਾ**

ਜਿਵੇਂ ਉੱਚੀਆਂ ਧੁਨੀਆਂ ਅੰਦਰ ਗੁਰਬਾਣੀ ਦੇ ਕੀਰਤਨ ਅਰੰਭ ਹੋਏ। ਇੰਜ ਪਰਤੀਤ ਹੋਣ ਲਗਾ ਕਿ ਪਹਾੜ ਦੇ ਫੁਲ ਬੂਟੇ ਵੀ ਇਕ ਸੁਰ ਹੋ ਕੀਰਤਨ ਕਰ ਰਹੇ ਹਨ। ਜ਼ਰੇ-ਜ਼ਰੇ ਵਿਚ ਖੇੜੇ-ਖਿੜ ਉਠੇ। ਬ੍ਰਹਿਮੰਡ ਗੂੰਜਦਾ ਨਜ਼ਰ ਆਇਆ। ਵਜ ਰਹੇ ਵਾਜੇ ਢੋਲਕੀਆਂ ਵੀ ਸ਼ਾਂਤ ਹੋ ਗਏ। ਡਾਕਟਰ ਸੰਤੋਖ ਸਿੰਘ ਜੀ ਭਾਂਡੂਪ ਵਾਲਿਆਂ ਬੜੀਆਂ ਮਿੱਠੀਆਂ ਧੁਨੀਆਂ ਵਿੱਚ ਬਾਣੀ ਦੇ ਅਲਾਪ ਸ਼ੁਰੂ ਕੀਤੇ। ਸਾਰਿਆਂ ਪਰਵਾਨਿਆਂ ਦੇ ਮਸਤਾਨੇ ਮੁਖੜਿਆਂ ਵਿਚੋਂ ਇਹ ਬਾਣੀ ਦੀ ਸਰੋਤ ਤੇ ਉਚਾਰਨ ਦੇ ਨਾਲ ਹੀ ਨੈਣ ਇਸ ਸਮੇਂ ਫੁਟ-ਫੁਟ ਵਹਿ ਤੁਰੇ-ਅਕਾਸ਼ ਦੀ ਵਰਖਾ ਤੇ ਅਜੇ ਤਿਆਰਿਆਂ ਕਰ ਰਹੀ ਸੀ, ਪਰ 'ਪਹਿਲ-ਖਾਲਸੇ' ਨੇ ਹੀ ਕਰ ਦਿੱਤੀ ਨਾਮ ਵਰਖਾ, ਬਾਣੀ ਵਰਖਾ ਤੇ ਨੈਣਾਂ ਦੀ ਵਰਖਾ ਨੂੰ ਦਾਸ ਕੀ ਲਿਖੇ ਤੇ ਬਿਆਨੇ ? ਬੱਸ, ਦੇਖਾ ਹੀ ਪਰਵਾਨ ਸੀ। ਦਾਸ ਨੂੰ ਬਾਣੀ ਤੇ ਬਥੇਰੀ ਯਾਦ ਸੀ, ਪਰ ਸੁਰ ਕਲਾਮ ਦਾ ਕੋਈ ਪਤਾ ਨਹੀਂ ਸੀ। ਨਾਂ ਹੀ ਅਜੇ ਸ਼ਬਦ ਰੀਤ ਦੀ ਪੂਰੀ ਸੋਝੀ ਸੀ। ਪਰ ਕੱਟੇ ਵਾਂਗ ਐਸਾ ਅੜਾਟ ਪਾਇਆ ਕੇ ਚੜ੍ਹ ਆਈਆਂ ਘਟਾਂ, ਬਿਜਲੀ ਦੀ ਲਿਸ਼ਕ ਅਤੇ ਬਦਲਾਂ ਦੀ ਗਰਜ਼ ਵੀ ਕੁਝ ਸਮੇਂ ਲਈ ਸੁਣਨ ਲਈ ਮਜ਼ਬੂਰ ਹੋ ਗਈਆਂ। ਮੇਰੀ ਜ਼ਿੰਦਗੀ ਦਾ ਉਹ ਪਹਿਲਾਂ ਦਿਨ ਸੀ ਜੋ ਬਾਣੀ ਦਾ ਪੂਰਨ ਅਨੰਦ ਪ੍ਰਾਪਤ ਹੋਇਆ। ਬਸ ਜਿਉਂ-ਜਿਉਂ ਵੈਰਾਗ ਦੇ ਕੱੜ ਪਾਟਣ, ਤਿਉਂ-ਤਿਉਂ ਤਰੰਗਾਂ ਉਠਣ। ਵੀਰ ਦਰਸ਼ਨ ਸਿੰਘ ਜੀ ਨੇ ਇਤਨਾ ਪਿਆਰ ਕੀਤਾ ਗਲਵਕੜੀ ਵਿਚ ਲੈ ਕੇ, ਉਹ ਕਹਿਣ ਸੁਨਣ ਤੋਂ ਬਾਹਰ ਹੈ। ਉਹਨਾਂ ਅਜਿਹੀਆਂ ਗੁਪਤ ਖੇਲਾਂ ਵਰਤਾਈਆਂ ਜੋ ਦਾਸ ਗੁਪਤ ਹੀ ਰੱਖਦਾ ਹੈ। ਇਕ ਪਾਸੇ ਤੇ ਭਾਂਡੂਪ ਪਹਾੜੀ ਤੇ ਗੁਰਸਿਖਾਂ ਦੇ ਤਨ, ਮਨ ਅੰਦਰ ਇੰਝ ਘਟਾਂ ਚੜੀਆਂ ਹੋਈਆਂ ਸੀ ਪਰ ਦੂਜੇ ਪਾਸੇ ਜਿਵੇਂ ਮੁਕਾਬਲੇ ਵਿਚ ਹਲੇ ਤੇ ਹੱਲਾ ਹੁੰਦਾ ਹੈ ਇਸ ਤਰ੍ਹਾਂ ਵਾਹੋ ਦਾਹੀ ਇਹ ਗਰਜ਼ਾਂ, ਇਹ ਇੰਦਰ ਦੇਵਤੇ ਦੀਆਂ ਕਾਲੀਆਂ ਘਟਾਂ ਤੇ ਬਿਜਲੀ ਦੀ ਨਿਆਨਕ ਚਮਕ ਬਹੁਤ ਨੇੜੇ ਆ ਪੁੱਜੀ। ਬਸ ਇੰਝ ਪਿਆ ਲਗੇ ਕਿ ਜੋ ਅੰਮ੍ਰਿਤ ਵੇਲੇ ਦੇ ਅੰਮ੍ਰਿਤ ਰਸ ਹਨ, ਇਸ ਵਿਚ ਇਹ ਖਲਲ ਪਾਉਣਗੀਆਂ, ਪਰ ਅੱਗੇ ਵੀ ਸ੍ਰੀ ਕਲਗੇਸ਼ ਜੀ ਦੇ ਖੜਗਧਾਰੀ ਸੰਤ ਸਿਪਾਹੀ ਡਟਕੇ ਮੁਕਾਬਲਾ ਕਰਨ ਲਈ ਸਿਰ ਧੜ ਦੀ ਬਾਜ਼ੀ ਲਾਈ ਬੈਠੇ ਸਨ। ਜਿਸ ਵੇਲੇ ਵੀਰ ਦਰਸ਼ਨ ਸਿੰਘ ਜੀ ਨੇ ਵੇਖਿਆ ਕਿ ਇੰਦਰ ਦਾ ਇਹ ਸਿੱਧਾ ਚੈਲੰਜ ਹੈ ਤੇ ਇਸਨੂੰ ਪਰਵਾਨ ਕਰਨਾ ਕਲਗੇਸ਼ ਦੇ ਖਾਲਸੇ ਦੀ ਸ਼ਾਨ ਦੇ ਉਲਟ ਹੈ ਤਾਂ ਬਸ ਫੇਰ ਕੀ ਸੀ। ਸਾਡੇ ਸੂਰਬੀਰ ਜਰਨੈਲ ਭਾਈ ਸਾਹਿਬ ਦਰਸ਼ਨ ਸਿੰਘ ਜੀ, ਸਿਮਰਨ ਦੀ ਤਾਕਤ ਤੇ ਮਰਜੀਵੜੇ ਗੁਰ ਸਿੱਖਾਂ ਦੀ ਮਿੱਤਰਤਾ ਤੇ ਪਿਆਰ ਨੂੰ ਮੁਖ ਰਖਦਿਆਂ ਡੱਟ ਗਏ। ਖਾਲਸੇ ਦਾ ਕੰਮ ਹੈ ਕੋਈ ਕੰਮ ਜਾਂ ਚੜਾਈ ਕਰਨ ਤੋਂ ਪਹਿਲਾਂ, ਆਪਣੇ ਦਾਤਾਰ ਦੇ ਚਰਨਾਂ ਵਿਚ ਅਰਦਾਸ ਕਰਨੀ। ਤੇ ਪਹਿਲਾਂ



www.AKJ.Org

ਇਹੋ ਹਥਿਆਰ ਹੀ ਵਰਤਣਾ ਚਾਹੀਦਾ ਹੈ ਤਾਂ ਕਿ ਗੁਰੂ ਸਾਹਿਬ ਆਪ ਹੀ ਚੋਜ਼ ਵਰਤਾ ਦੇਣ। (ਪਰਤੱਖ ਗੁਰੂ) ਆ ਹਾਜ਼ਰ ਹੋਏ। ਘਰੋਂ ਤੁਰਨ ਤੋਂ ਲੈ ਕੇ ਜੋ ਇਸ ਵੇਲੇ ਤਕ ਘਟਾਂ ਸਾਡਾ ਆਲਾ ਦੁਆਲਾ ਘੇਰੀ ਬੈਠੀਆਂ ਸਨ, ਇਹ ਸਾਰੀਆਂ ਜਦੋਂ ਵੀਰ ਜੀ ਨੇ ਉੱਚੀ ਧੁੰਨ ਤੇ ਵੈਰਾਗ ਅੰਦਰ ਇਹ ਉਚਾਰਨ ਕੀਤਾ "**ਦਹਿ ਦਿਸ ਛਤ੍ਰ ਮੇਘ ਘਟਾ ਘਟ ਦਾਮਨ ਚਮਕ ਡਰਾਇਓ।**" ਤਾਂ ਹਰਨ ਹੋ ਗਈਆਂ।

## ਇੰਦਰ ਦੀ ਹਾਰ

ਇਹ ਇੰਦਰ ਜਦੋਂ ਦਇਆ ਕਰਕੇ ਵਸਦਾ ਹੈ ਤੇ ਲੋਕਾਂ ਦੇ ਮਨਾਂ ਅੰਦਰ ਚਾਉ ਪੈਦਾ ਹੋ ਜਾਂਦਾ ਹੈ, ਸਾਰੇ ਖੁਸ਼ੀਆਂ ਕਰਦੇ ਹਨ। ਜਦੋਂ ਇਹ ਕ੍ਰੋਪ ਹੋ ਔੜ-ਲਗਾ ਦੇਵੇ ਉਦੋਂ ਹੈਰਾਨੀਆਂ ਤੇ ਪਰੇਸ਼ਾਨੀਆਂ ਆ ਵਾਸਾ ਕਰਦੀਆਂ ਹਨ, ਭਾਵੇਂ ਇਹ ਵੀ ਹੁਕਮ ਦੇ ਅੰਦਰ ਹੀ ਬੱਝਾ ਪਿਆ ਹੈ। ਪਰ ਵੱਸ ਲੱਗਦੇ, ਅਪਣਾ ਆਪ ਜ਼ਾਹਰ ਕਰ, ਘਟਾਂ ਦੇ ਹੱਲੇ ਤੇ ਹੱਲੇ ਕਰਦਾ ਹੈ। ਅੱਜ ਖਾਲਸੇ ਨਾਲ ਵੀ ਇਸਨੇ ਇਸੇ ਤਰ੍ਹਾਂ ਹੀ ਕੀਤਾ, ਪਰ ਕਮਾਲ ਤੇ ਹੈਰਾਨ ਕਰ ਦੇਣ ਵਾਲੀ ਘਟਨਾ ਵਾਪਰ ਗਈ। ਪਤਾ ਨਹੀਂ ਸੱਚੇ ਸਾਹਿਬ ਦੀ ਸੱਚੀ ਦਰਗਾਹੋਂ ਇੰਦਰ ਦੇਵਤੇ ਨੂੰ ਕੀ ਹੁਕਮ ਹੋਇਆ? ਉਸਨੇ ਆਪਣੀਆਂ ਫੌਜਾਂ ਨੂੰ ਵਾਪਸੀ ਦਾ ਹੁਕਮ ਦੇ ਦਿੱਤਾ। ਦੇਖਦਿਆਂ ਦੇਖਦਿਆਂ ਪਤਾ ਨਹੀਂ ਹਨ੍ਹੇਰੀ ਤੇ ਮੇਘ ਅਤੇ ਬਿਜਲੀ ਦੀ ਕੜਕਵੀਂ ਅਵਾਜ਼ ਕਿਧਰ ਗਾਇਬ ਹੋ ਗਈ ਤੇ ਸਾਰੇ ਪਾਸੇ ਤਾਰੇ ਚਮਕਦੇ ਨਜ਼ਰ ਆਵਣ ਲੱਗੇ। ਇਹ ਗੁਰ ਸ਼ਬਦ ਦੀ ਪ੍ਰਤੱਖ ਜ਼ਾਹਰ ਕਲਾ ਵਰਤ ਰਹੀ ਸੀ। ਜਿਸ ਵੇਲੇ ਖਾਲਸੇ ਨੇ ਅਕਾਸ਼ ਮੰਡਲ ਨੂੰ ਸਾਫ਼ ਦੇਖਿਆ ਤੇ ਖੁਸ਼ੀਆਂ ਦੀ ਹੱਦ ਨਾ ਰਹੀ,ਅਤਿ ਵਿਗਾਸ ਅੰਦਰ ਜ਼ੋਰੋ ਜ਼ੋਰੀ ਨਾਮ ਬਾਣੀ ਦੇ ਅਭਿਆਸ ਵਿਚ ਜੁਟ ਗਏ। ਹੁਣ ਕੋਈ ਤੌਖਲਾ ਘਬਰਾਹਟ ਨਹੀਂ ਸੀ, ਸਾਰੇ ਨਿਸਚਿੰਤ ਤੇ ਬੇ-ਫ਼ਿਕਰ ਹੋ ਅਨੰਦ ਮਾਣ ਰਹੇ ਸਨ। ਇਹ ਸੀ, ਖ਼ਾਲਸੇ ਦੀ ਇੰਦਰ ਦੇਵਤੇ ਦੀਆਂ ਘਟਾਂ ਤੇ ਜਿੱਤ, ਜੋ ਜ਼ਾਹਰ ਕਲਾ ਵਰਤ ਚੁੱਕੀ ਸੀ। ਇਹ ਰੈਣ ਸੁਹਾਵੜੀ ਬਣ, ਕਈਆਂ ਹਿਰਦਿਆਂ ਨੂੰ ਭਾਗ ਲਾ ਗਈ। ਨਾਮ ਜਪੰਦੜੀਆਂ ਆਤਮਾਵਾਂ ਨੇ ਖੂਬ ਛਾਂਦੇ ਭੁੰਚੇ, ਸੁੱਖਾਂ ਲਦੀ ਰਾਤ ਬੀਤ ਗਈ, ਪਹੁ-ਫੁਟਾਲਾ ਹੋਇਆ ਤੇ ਇਹ ਵੈਰਾਗੀ ਰੂਹਾਂ ਪਹਾੜੀ ਤੋਂ ਥੱਲੇ-ਉਤਰਨ ਲਗੀਆਂ। ਸਾਰੀਆਂ ਸੰਗਤਾਂ ਨੇ ਵੇਖਿਆ ਕਿ ਜਦੋਂ ਅਸੀਂ ਆਸਣ ਚੁੱਕ ਕੇ ਥੱਲੇ ਉਤਰਨਾਂ ਸ਼ੁਰੂ ਕੀਤਾ ਤੇ ਘਟਾਂ ਫਿਰ ਉਸੇ ਤਰ੍ਹਾਂ ਚੜ ਆਈਆਂ। ਜਦੋਂ ਸਾਰੀ ਸੰਗਤ ਭਾਈ ਮਨੋਹਰ ਸਿੰਘ ਜੀ ਹੋਰਾਂ ਦੇ ਬੁੰਗੇ ਪੁੱਜ ਗਈ ਤੇ ਅੰਦਰ-ਪੈਰ ਰੱਖਣ ਦੀ ਦੇਰ ਸੀ ਕਿ ਮੋਹਲੇ ਧਾਰ ਵਰਖਾ ਸ਼ੁਰੂ ਹੋ ਗਈ। ਜਿਸ ਤਰ੍ਹਾਂ ਕਿ ਮਾਨੋ ਇਹ ਵਿਚਾਰੀ ਵਰਖਾ, ਰਾਤ ਤੋਂ ਲੈ ਕੇ ਹੁਣ ਤਕ, ਖਾਲਸੇ ਤੋਂ ਡਰਦੀ ਰੁਕੀ ਹੋਈ ਸੀ, ਹੁਣ ਸਾਰੀ ਰਾਤ ਬਤੀਤ ਹੋਣ ਤੋਂ ਬਾਅਦ ਜਲ-ਥਲ ਇਕ ਕਰ ਦਿੱਤਾ। ਇਹ ਸਨ, ਪੰਥ ਰਤਨ ਭਾਈ ਸਾਹਿਬ ਰਣਧੀਰ ਸਿੰਘ ਜੀ ਹੋਰਾਂ ਦੀਆਂ ਪ੍ਰੇਮ ਖਿੱਚਾਂ ਦੇ ਅਨੰਦ ਤੇ ਗੁਰਸਿੱਖ ਮੀਤਾਂ ਦੀਆਂ ਰਹਿਮਤਾਂ ਵਾਲੀ ਸੰਗਤ ਦਾ ਪ੍ਰਵਾਹ ਤੇ ਅੰਮ੍ਰਿਤ ਦੀਆਂ ਮੇਹਰਾਂ।

## ਭਾਈ ਸਾਹਿਬ ਜੀ ਦੀਆਂ ਰਚਿਤ ਪੁਸਤਕਾਂ ਦਾ ਅਸਰ (ਸੂਰਾ ਮਾਸਿਕ ਸੱਤਰ-ਅੰਕ ਜੁਲਾਈ 1969)

ਪਹਾੜੀ ਦੀ ਰੈਣ ਸਬਾਈ ਉਪਰੰਤ ਦਾਸ ਨੇ ਸ੍ਰੀ ਮਾਨ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀਆਂ ਪੁਸਤਕਾਂ ਪੜ੍ਹਨੀਆਂ ਸ਼ੁਰੂ ਕੀਤੀਆਂ। ਸਭ ਤੋਂ ਪਹਿਲਾਂ ਇਕੋ ਹੀ ਦਿਨ ਅਤੇ ਰਾਤ ਅੰਦਰ ਜੇਲ੍ਹ-ਚਿੱਠੀਆਂ ਪੜ੍ਹੀਆਂ। ਬਸ ਹਿਰਦੇ ਅੰਦਰ ਲਟਕ ਹੀ ਐਸੀ ਸੀ ਕਿ ਜਿਵੇਂ ਇਕ-ਟਕ ਲਗਾਤਾਰ ਸ੍ਰੀ ਅਖੰਡ ਪਾਠ ਸਾਹਿਬ ਕਰੀਦਾ ਹੈ ਇਸੇ ਹੀ ਤਰ੍ਹਾਂ ਜੇਲ੍ਹ-ਚਿੱਠੀਆਂ ਦੀ ਸਮਾਪਤੀ ਕੀਤੀ। ਬਸ ਫਿਰ ਤੇ ਮਨ ਏਡਾ ਕਾਹਲਾ ਪਿਆ ਕਿ ਉੱਡਕੇ ਵੀ ਭਾਈ ਸਾਹਿਬ ਜੀ ਦੇ ਦਰਸ਼ਨ ਕਰੀਏ। ਜਿਨ੍ਹਾਂ ਏਡੀਆਂ ਕਰੜੀਆਂ ਘਾਲਾਂ ਤੇ ਮੁਸ਼ੱਕਤਾਂ ਸਹਿਤ ਗੁਰਸਿਖੀ ਕਮਾਈ ਹੈ, ਪਰ ਸਮਾਂ ਅਜੇ ਹੋਰ ਉਡੀਕ ਕਰਨ ਲਈ ਕਹਿ ਰਿਹਾ ਸੀ। ਦਾਸ ਨੇ ਥੋੜੇ ਦਿਨਾਂ ਅੰਦਰ ਹੀ ਗੁਰਮਤਿ ਕਰਮ ਫਿਲਾਸਫੀ ਪੜ੍ਹੀ ਤੇ ਫਿਰ ਗੁਰਮਤਿ ਨਿਰਣੈ, ਸੰਤ-ਪਦ ਨਿਰਣੈ ਆਦਿ ਪੁਸਤਕਾਂ ਪੜ੍ਹੀਆਂ ਤੇ ਹੋਰ ਛੋਟੇ-ਛੋਟੇ ਟ੍ਰੈਕਟ ਜਿਹਨਾਂ ਵਿਚ ਅਤਿ ਗੂੜ



www.AKJ.Org

ਅਵਸਥਾ ਤੇ ਗਿਆਨ ਦਾ ਸਮੁੰਦਰ ਠਾਠਾਂ ਮਾਰਦਾ ਨਜ਼ਰ ਆਇਆ। ਪਰ ਵਾਹ-ਵਾਹ ਇਹ ਕੀ? ਜਦੋਂ ਇਹਨਾਂ ਦੀਦਿਆਂ ਨੇ ਗੁਰਮਤਿ-ਬਿਬੇਕ-ਪੁਸਤਕ ਦਾ ਦੀਦਾਰ ਕੀਤਾ ਤੇ ਬੜੇ ਚਾਵਾਂ ਸਹਿਤ ਇਸਦਾ ਇਕ ਇਕ ਅਖਰ, ਪੜ੍ਹ-ਪੜ੍ਹ ਵਿਚਾਰਨਾ ਸ਼ੁਰੂ ਕੀਤਾ। ਕਿਆ ਕਮਾਲ ਹੈ, ਇਹ ਅੱਖਰ ਕੀ ਹਨ, ਸੁੱਚੇ ਰਤਨ ਤੇ ਮੋਤੀ ਪ੍ਰੋ ਰੱਖੇ ਹਨ। ਪੜ੍ਹਦਿਆਂ-ਪੜ੍ਹਦਿਆਂ ਜਦੋਂ ਦਾਸ ਨੇ ਸਰਬਲੋਹ ਬਿਬੇਕ ਦਾ ਕਾਲਮ ਪੜ੍ਹਿਆ-ਤੇ ਵਿਸਮਾਦ ਹੀ ਵਿਸਮਾਦ, ਪਤਾ ਨਹੀਂ ਲੱਗਾ ਕਿ ਜੀ ਭਿਆਣਾ ਕਿਧਰ ਉਡਾਰੀ ਮਾਰ ਗਾਇਬ ਹੋ ਗਿਆ। ਮਨ ਕੰਬ ਉਠਿਆ, ਸੋਚਾਂ ਦੇ ਸਾਗਰ ਵਿਚ ਚੁੱਭੇ ਲੱਗ ਗਏ। ਜਦੋਂ ਨੇਤ੍ਰਾਂ ਨੇ ਇਹਨਾਂ ਸਤਰਾਂ ਦੇ ਦਰਸ਼ਨ ਕੀਤੇ ਤੇ ਇਹ ਪੜ੍ਹਿਆ ਕਿ ਕਲਗੇਸ਼ ਪਿਤਾ ਜੀ ਦੀ ਦਿੱਤੀ ਸਰਬ ਲੋਹ ਦੀ ਗੁੜ੍ਹਤੀ ਨੂੰ ਭੁਲ ਕੇ, ਬਹੁਤ ਸਾਰੇ ਅੰਮ੍ਰਿਤ-ਧਾਰੀ ਸਿੰਘ ਭੀ ਕੱਚ, ਕਾਂਸੀ ਤੇ ਪਿੱਤਲ ਦੇ ਬਰਤਨਾਂ ਅੰਦਰ ਚੁਗਲ ਮਾਰਦੇ ਹਨ। ਬੱਸ ਇਹ ਸਤਰਾਂ ਕੀ ਸਨ, ਮੇਰੇ ਵਾਸਤੇ ਤੇ ਤਿਖੇ ਤੀਰ ਸਨ ਜਿਨ੍ਹਾਂ ਨੇ ਇਸ ਮੂਰਖ ਦੇ ਮਨ ਤੇ ਪੂਰਾ-ਪੂਰਾ ਅਸਰ ਕੀਤਾ। ਮੈਂ ਬਹੁਤ ਹੈਰਾਨ ਸਾਂ ਕਿ ਇਸ ਗਲ ਤੋਂ ਮੇਨੂੰ ਕਿਸੇ ਵੀ ਗੁਰਮੁਖਿ ਵੀਰ ਨੇ ਸੁਚੇਤ ਨਹੀਂ ਕੀਤਾ ਕਿ ਖ਼ਾਲਸੇ ਨੇ ਦਸਮੇਸ਼ ਪਿਤਾ ਕਲਗੀਧਰ ਜੀ ਦੀ ਸਰਬ ਲੋਹੀ ਗੁੜ੍ਹਤੀ ਅੰਮ੍ਰਿਤ ਦੀ ਦਾਤ ਪ੍ਰਾਪਤ ਕਰ, ਨਿਆਰੇ ਕਿਵੇਂ ਰਹਿਣਾ ਹੈ? ਬੱਸ ਪੁਸਤਕ ਉਥੇ ਹੀ ਬੰਦ ਕਰ ਦਿੱਤੀ ਤੇ ਮਨ ਅੰਦਰ ਇਹ ਪੱਕਾ ਫ਼ੈਸਲਾ ਕਰ ਲੀਤਾ ਕੇ ਮਨਾ ! ਧ੍ਰਿਗ ਹੈ ਤੇਰੀ ਜ਼ਿੰਦਗੀ ਨੂੰ, ਉੱਚੀ ਸੁੱਚੀ ਦਾਤ ਪ੍ਰਾਪਤ ਕਰਕੇ ਵੀ, ਮਨ ਨੂੰ ਸਿੱਧੇ ਰਸਤੇ ਗੁਰਮਤਿ ਗਾਡੀ ਰਾਹ 'ਤੇ ਨਾ ਲਾਇਆ। ਤੇ ਫਿਰ ਕਦੋਂ ਸਮਾਂ ਮਿਲੇਗਾ? ਬਸ ਅੱਜ ਹੀ ਘਰ ਦੇ ਅੰਦਰੋਂ ਕਾਂਸੀ ਪਿੱਤਲ ਖ਼ਤਮ ਕਰਕੇ, ਸਰਬ ਲੋਹ ਦੀਆਂ ਦਾਤਾਂ ਪ੍ਰਾਪਤ ਕਰਨੀਆਂ ਹਨ। ਸਤਿਗੁਰੂ ਜੀ ਨੇ ਇਹ ਵੀ ਵੱਡੀ ਬਖਸ਼ਿਸ਼ ਕੀਤੀ ਹੋਈ ਸੀ ਕਿ ਦਾਸ ਨੂੰ ਸਿੰਘਣੀ ਬਹੁਤ ਆਗਿਆ ਕਾਰ ਬਖ਼ਸ਼ੀ ਹੋਈ ਸੀ। ਉਸ ਨੂੰ ਕਿਹਾ ਭਲੀਏ ਲੋਕੇ, ਅੱਜ ਖਾਲਸੇ ਨੇ ਸਰਬ ਲੋਹੀ ਲੰਗਰ ਹੀ ਛਕਣੇ ਹਨ। ਕਿਰਪਾ ਕਰ ਤੇ ਜਿਹੜੇ ਪਹਿਲਾਂ ਘਰ ਅੰਦਰ ਬਰਤਨ ਹਨ, ਇਨ੍ਹਾ ਨੂੰ ਛੁੱਟੀਆਂ ਦੇ ਦਿਓ। ਸਤਿਗੁਰੂ ਜੀ ਦੇ ਪਿਆਰ ਅੰਦਰ ਉਹਨਾਂ ਸਤਿ ਬਚਨ ਕਹਿ ਸਿਰ ਝੁਕਾਇਆ ਤੇ ਸਾਰੇ ਬਰਤਨ ਬੋਰੀਆਂ ਵਿਚ ਬੰਦ ਕਰ ਦਿੱਤੇ ਤੇ ਦਾਸ ਜਾ ਕੇ ਮਹਿੰਗੇ ਸਸਤੇ ਭਾਅ ਸਾਰੇ ਬਜ਼ਾਰ ਵਿਚ ਵੇਚ ਆਇਆ।

ਆਗਿਆਕਾਰ ਧਰਮ ਪਤਨੀ ਨੇ ਵਿਆਹ ਵਿਚ ਆਪਣੇ ਦਾਜ ਦੇ ਬਰਤਨਾਂ ਨੂੰ ਵੀ ਘਰ ਨਹੀਂ ਰੱਖਿਆ। ਧੰਨ ਸੀ, ਉਸਦਾ ਵੱਡਾ ਜਿਗਰਾ। ਦਾਸ ਬਹੁਤ ਸਾਰੇ ਸਰਬਲੋਹੀ ਬਾਟੇ ਤੇ ਕੜਾਹੀਆਂ ਆਦਿ ਖ਼ਰੀਦ ਲਿਆਇਆ। ਕੁਦਰਤ ਨੇ ਐਸਾ ਖੇਲ ਵਰਤਾਇਆ ਕਿ ਨੇੜੇ ਹੀ ਖੂਹ ਵੀ ਮਿਲ ਗਿਆ। ਨਹੀਂ ਤੇ ਬੰਬਈ ਵਿਚ ਖੂਹ ਦੀ ਕੋਈ ਆਸ ਹੀ ਨਹੀਂ ਸੀ। **ਸਵੇਰ ਸਾਰ ਦਾਸ ਵੀਰ 'ਪੂਰਨ' ਜੀ ਹੋਰਾਂ ਪਾਸ ਚਾਂਈ ਚਾਂਈ ਗਿਆ ਤੇ ਅਨਭੋਲ ਬੱਚੇ ਵਾਂਗ ਜਾ ਸਵਾਲ ਕੀਤਾ, ਕੀ ਵੀਰ ਜੀ ਤੁਸੀਂ ਗੁਰਮਤਿ ਬਿਬੇਕ ਨਹੀਂ ਪੜ੍ਹਿਆ ? ਉਹ ਮੇਰੀ ਮਨ ਦੀ ਹਾਲਤ ਨੂੰ ਭਾਂਪ ਗਏ ਕਿ ਦਾਸ ਕੀ ਕਹਿਣਾ ਚਾਹੁੰਦਾ ਹੈ ? ਹੱਸ ਕੇ ਕਹਿਣ ਲੱਗੇ, ਯਾਰ, ਅਸੀਂ ਪੜ੍ਹਿਆ ਹੀ ਨਹੀਂ ਗੁੜ੍ਹਿਆ ਵੀ ਹੈ। ਜਿਸ ਵੇਲੇ ਪ੍ਰੇਮ ਗਲਵਕੜੀ ਪਾ ਕੇ ਖੰਡੇ ਖੜਕਾਏ ਤੇ ਭੋਲੀ ਜਿਹੀ ਅਵਸਥਾ ਅੰਦਰ ਦੱਸਿਆ ਕਿ ਦਾਸ ਨੇ ਪਿੱਤਲ ਦੇ ਸਾਰੇ ਬਰਤਨ ਵੇਚ ਕੇ ਸਰਬ ਲੋਹ ਦੇ ਬਰਤਨ ਲੈ ਆਂਦੇ ਹਨ। ਵੀਰ ਜੀ ਬਹੁਤ ਹੀ ਖੁਸ਼ ਹੋਏ। ਨਿਹਾਲ ਨਿਹਾਲ ਹੀ ਹੁੰਦੇ ਜਾਣ।** ਇਨ੍ਹਾਂ ਦਿਨਾਂ ਅੰਦਰ ਹੀ ਵੀਰ ਜੀ ਦਰਸ਼ਨ ਸਿੰਘ ਜੀ ਦੀ ਬਦਲੀ ਬੰਬਈ ਤੋਂ ਰੰਗੂਨ ਬਰਮਾ ਵਿਚ ਹੋ ਗਈ ਤੇ ਸਾਡੇ ਸਾਰਿਆਂ ਦੇ ਮਨਾਂ ਤੇ ਇਸ ਵਿਛੋੜੇ ਨੇ ਡੂੰਘਾ ਅਸਰ ਕੀਤਾ, ਪਰ 'ਪੂਰਨ' ਜੀ ਹੋਰਾਂ ਦੇ ਹੋਣ ਕਰਕੇ ਫਿਰ ਵੀ ਕਾਫ਼ੀ ਹੌਂਸਲਾ ਸੀ। ਦਾਸ ਬਹੁਤ ਹੀ ਅਲਹੜ ਤੇ ਅਨਜਾਣ ਸੀ। ਇਸ ਲਈ ਮਨ ਅੰਦਰ ਬੜੇ ਉਤਰਾਅ ਚੜ੍ਹਾਅ ਆਵਣ ਲਗੇ ਤੇ ਬਹੁਤ ਸਾਰੇ ਇਹ ਵੀ ਕਹਿਣ ਲਗੇ 'ਦਲਜੀਤ ਸਿੰਘ' ਇਹ ਬੜਾ ਕਰੜਾ ਤੇ ਸਖ਼ਤ ਪਹਿਰਾ ਹੈ। ਇਹ ਤੇਰੇ ਕੋਲੋਂ ਨਿਭਣਾ ਬੜਾ ਕਠਿਨ ਹੈ। ਦਾਸ ਵੀ ਡਰ ਗਿਆ, ਪਰ ਮਨ ਅੰਦਰ ਚਾਅ ਬੜਾ ਸੀ। ਸੋਚਿਆ, ਉਹ ਮਨਾ, ਜਿਨ੍ਹਾਂ ਨੇ ਜੇਲ੍ਹ ਦੀਆਂ ਕਾਲ ਕੋਠੜੀਆਂ ਵਿਚ ਵੀ ਇਸ ਪਹਿਰੇ ਨੂੰ ਨਿਭਾਇਆ ਏ ਉਨ੍ਹਾਂ ਦੀ ਸਲਾਹ ਲਈਏ ਖਾਂ, ਉਹ ਕੀ ਫ਼ੁਰਮਾਨ ਕਰਦੇ ਹਨ ?



www.AKJ.Org

## ਪਹਿਲੀ ਪ੍ਰੇਮ ਪੱਤਰਕਾ

ਦਾਸਰੇ ਨੇ ਬੜੇ ਹੀ ਪਿਆਰ ਨਾਲ ਸ੍ਰੀ ਭਾਈ ਸਾਹਿਬ ਜੀ ਨੂੰ 79 ਮਾਡਲ ਟਾਊਨ ਲੁਧਿਆਣੇ ਪੱਤਰਕਾ ਲਿਖੀ, ਜਿਸ ਵਿਚ ਸ਼ੁਰੂ ਤੋਂ ਲੈ ਕੇ ਸਾਰੇ ਹਾਲਾਤ ਲਿਖੇ ਤੇ ਅਖ਼ੀਰ ਤੇ ਇਹ ਬੇਨਤੀ ਕੀਤੀ ਕਿ ਦਾਸਰੇ ਦੇ ਮਨ ਅੰਦਰ ਪੱਕੀ ਅਰਦਾਸ ਕਰਾਣ ਵਾਸਤੇ ਬੜੀ ਤੀਬਰ ਇੱਛਾ ਹੈ। ਪਰ ਬੰਬਈ ਵਰਗੇ ਸ਼ਹਿਰ ਅੰਦਰ ਬੜੀਆਂ ਮੁਸ਼ਕਲਾਂ ਹਨ ਤੇ ਦੂਸਰੇ ਕਈ ਪਿਆਰੇ ਡਰਾ ਰਹੇ ਹਨ। ਆਪ ਜੀ ਕਿਰਪਾ ਕਰੋ ਅਸੀਸ ਬਖਸ਼ੋ ਤੇ ਹੁਕਮ ਕਰੋ, ਇਹ ਸਰਬ ਲੋਹੀ ਕਾਰ ਕਿਵੇਂ ਬਣ ਆਵੇ? ਜ਼ਿਆਦਾ ਵਿਸਥਾਰ ਵਿਚ ਨਾ ਜਾਵਾਂ, ਜਿਸ ਵੇਲੇ ਦਾਸ ਦਾ ਇਹ ਪਹਿਲਾ ਪ੍ਰੇਮ-ਪੱਤਰ ਪੁਜਾ ਤੇ ਆਪ ਜੀ ਬਹੁਤ ਹੀ ਹੱਸੇ ਤੇ ਏਡੇ ਗਦ-ਗਦ ਹੋਏ ਕਿ ਬਸ ਕਿਆ ਕਹਿਣਾ ਹੈ। ਕਹਿਣ ਲਗੇ ਵਾਹ, ਵਾਹ ਕਲਗੀਧਰ ਪਿਤਾ! ਇਹੋ ਜਿਹੇ ਤੇਰੇ ਬੱਚੇ ਹੜੰਬਾ ਧਰਤੀ ਅੰਦਰ ਵੀ ਬੈਠੇ ਹੋਏ ਹਨ। ਬਹੁਤ ਪਿਆਰ ਵਿਚ ਆ ਕੇ ਠੰਢੇ ਸਾਹ ਭਰੇ। ਮਾਨੋ ਇਹ ਦਸਮੇਸ਼ ਜੀ ਦਾ ਸ਼ੁਕਰਾਨਾ ਸੀ ਕਿ ਸ਼ੁਕਰ ਹੈ ਤੇਰਾ ਕਿ ਤੱਤ ਗੁਰਮਤਿ ਦੇ ਪਾਂਧੀ ਤੇਰੀ ਕਿਰਪਾ ਤੇ ਰਹਿਮਤ ਸਦਕਾ ਨਿਤ ਨਵੇਂ ਸੂਰਜ ਪੈਦਾ ਹੁੰਦੇ ਹੀ ਰਹਿੰਦੇ ਹਨ। ਪੰਥ ਦੇ ਵਾਲੀ ਤੋਂ ਤਨ-ਮਨ ਤੇ ਧਨ ਕੁਰਬਾਨ ਹੈ, ਆਪ ਜੀ ਦੀ ਪਿਆਰੀ ਸਿਖੀ ਤੋਂ ਪਿਆਰੇ ਜੀ। ਆਪ ਜੀ ਦੇ ਹੀ ਹੁਕਮ ਤਾਂ ਹਨ ਕਿ ਹੇ ਗੁਰਸਿਖ ਮਿਤਰੋ! ਗੁਰਮਤਿ ਚਲਾਈ ਚਾਲ ਤੇ ਚੱਲ ਕੇ, ਸੁਚ, ਸਚ ਤੇ ਸੰਜਮ ਅੰਦਰ ਰਹਿ ਕੇ ਨਾਮ ਦੀਆਂ ਕਮਾਈਆਂ ਕਰੋ। ਫਿਰ ਬਾਹਰ ਮੁਖੀ ਬਿਰਤੀ ਕਰ 'ਕੋਮਲ' ਜੀ ਹੋਰਾਂ ਨੂੰ ਹੁਕਮ ਕੀਤਾ ਲਿਖੋ ਦਲਜੀਤ ਸਿੰਘ ਨੂੰ ਚਿੱਠੀ। ਆਪ ਜੀ ਨੇ ਉਹ ਚਿੱਠੀ ਲਿਖਵਾਈ ਜੋ ਅਗਮ ਨਿਗਮ ਦੀ ਸੋਝੀ ਸੀ। ਉਸ ਅੰਦਰ ਬੜੀਆਂ ਉਕਤਾਂ, ਜੁਗਤਾਂ, ਸੂਝਾਂ, ਬੂਝਾਂ ਦੇ ਗੁੱਝੇ ਭੇਦ ਦੱਸੇ ਤੇ ਅਖ਼ੀਰ ਤੇ 'ਕੋਮਲ' ਜੀ ਪਾਸੋਂ ਚਿੱਠੀ ਫੜ ਕੇ ਆਪਣੇ ਕਰ ਕਮਲਾਂ ਨਾਲ ਆਪਣੀ ਪਿਆਰ ਭਰੀ ਛੁਹ ਦਿੱਤੀ ਤੇ ਲਿਖਿਆ (ਵਿਲੰਬ ਪਾਪੰ, ਨਾ ਬਿਲੰਬ ਧਰਮੰ॥)

**ਦਾਸ**:- ਰਣਧੀਰ ਸਿੰਘ ਲੁਧਿਆਣਾ।

ਗੁਰਸਿਖ ਮੀਤਾਂ ਦੀ ਇਹ ਚਿੱਠੀ ਦਾਸ ਪਾਸ ਬੰਬਈ ਸਦਨ ਵਾੜੀ ਭਾਂਡੁਪ ਪੁੱਜੀ। ਬਸ ਜਦੋਂ ਇਸ ਨੂੰ ਪੜ੍ਹਿਆ ਤੇ ਅਖ਼ੀਰਲੇ ਸਲੋਕ ਅਤੇ ਭਾਈ ਸਾਹਿਬ ਜੀ ਦੇ ਦਾਸ ਰਣਧੀਰ ਸਿੰਘ ਵਾਲੇ ਸ਼ਬਦ ਨੇ ਤੇ ਇਕ ਦਮ ਹਿਰਦਾ ਕੰਬਾ ਦਿੱਤਾ ਕਿ ਏਡੀ ਉੱਚੀ-ਸੁੱਚੀ ਜ਼ਿੰਦਗੀ ਵਾਲੇ ਪੂਰਨ ਪੁਰਖ ਗੁਰੂ ਕੇ ਲਾਲ ਪੁੱਜੇ ਹੋਇਆਂ ਨੇ, ਮੇਰੇ ਵਰਗੇ ਮਹਾਂ ਮੂਰਖ ਨੂੰ ਏਡਾ ਮਾਣ ਬਖ਼ਸ਼ਿਆ ਹੈ। ਧੰਨ ਹੈ, ਉਹਨਾਂ ਦੀ ਨਿਮਰਤਾ, ਧੰਨ ਹੈ ਉਹਨਾਂ ਦੀ ਬੀਰਤਾ, ਜੋ ਹਰ ਪਖੋਂ ਸਿਖੀ ਸਿਦਕ ਵਿਚ ਪੂਰੇ ਉਤਰਦੇ ਹਨ। ਇਹ ਪੱਤਰਕਾ ਜਿਹੜੇ-ਜਿਹੜੇ ਬੰਬਈ ਦੇ ਵੀਰਾਂ ਪੜ੍ਹੀ, ਉਹ ਵੀ ਨਿਹਾਲ ਹੀ ਹੋ ਗਏ ਤੇ ਗੁਰਸਿਖਾਂ ਦੇ ਸਤਿਕਾਰ ਕਰਨ ਦੀ ਜਾਚ ਆ ਗਈ। ਦਾਸ ਨੇ ਹੁਣ ਸਾਰੀ ਸੰਗਤ ਨੂੰ ਦਾਸਰੇ ਦੇ ਸਰਬ ਲੋਹ ਧਾਰਨ ਅਤੇ ਨਿਭਾਉਣ ਵਾਸਤੇ ਸਤਿਗੁਰੂ ਅੱਗੇ ਅਰਦਾਸ ਕਰਨ ਲਈ ਬੇਨਤੀ ਕੀਤੀ। ਸ. ਇੰਦਰ ਸਿੰਘ ਜੀ ਬਜਾਜ ਹੋਰਾਂ ਦੀ ਮਿਲ ਵਿਚ ਸਾਰੀ ਸੰਗਤ ਵੱਲੋਂ ਭਾਂਡੁਪ ਸਮਾਗਮ ਸੀ, ਉੱਥੇ ਲੰਗਰ ਸਾਰਾ ਸਰਬ ਲੋਹ ਵਿਚ ਹੋਇਆ। ਸਰਬਲੋਹੀ ਦੇਗਾਂ ਤਿਆਰ ਹੋਈਆਂ ਤੇ ਦਾਸਰੇ ਦੀ ਉਸੇ ਦਿਨ ਸੰਗਤਾਂ ਦੇ ਭਾਰੇ ਇਕੱਠ ਵਿਚ ਸਤਿਗੁਰੂ ਦੀ ਬਖ਼ਸ਼ਿਸ ਅੰਦਰ, ਦਾਸਰੇ ਦੇ ਇਹ ਪ੍ਰਣ ਨਿਭਣ ਦੀ ਅਰਦਾਸ ਕੀਤੀ ਗਈ ਤੇ ਭਾਰੀ ਖੁਸ਼ੀਆਂ ਹੋਈਆਂ।

## ਆਤਮਿਕ-ਮੇਲ

ਗੁਰਮਤਿ ਦੀਆਂ ਗੋਝ ਗੱਲਾਂ ਦਾ ਉਹਨਾਂ ਗੁਰਮਤਿ ਦੇ ਪਾਂਧੀਆਂ ਤੋਂ ਹੀ ਪਤਾ ਲੱਗ ਸਕਦਾ ਹੈ, ਜਿਹੜੇ ਉੱਚੇ ਮੰਡਲਾਂ ਅੰਦਰ ਪਹੁੰਚ ਰੱਖਦੇ ਹੋਣ ਤੇ ਇਹ ਗੁੱਝੇ ਭੇਦ ਵੀ ਉਦੋਂ ਹੀ ਦਸਦੇ ਹਨ ਜਦੋਂ ਆਪਣੀ ਮੌਜ ਵਿਚ ਹੋਵਣ। ਦਾਸ ਦਾ ਮਨ ਬਹੁਤ ਉਤਾਵਲਾ ਸੀ ਕਿ ਕਿਹੜੇ ਵੇਲੇ ਭਾਈ ਸਾਹਿਬ ਜੀ ਹੋਰਾਂ ਪਾਸ ਚਲੀਏ, ਪਰ ਅਜੇ ਕੋਈ ਬਿਧ ਨਾ ਬਣੇ। ਮਨ ਬਹੁਤ ਹੀ ਉਚਾਟ ਤੇ ਬਿਹਬਲ ਹੋ ਗਿਆ। **ਇਕ ਦਿਨ ਮੌਜ ਵਿਚ ਆਏ ਹੋਏ 'ਪੂਰਨ' ਵੀਰ ਜੀ ਕਹਿਣ ਲੱਗੇ। ਛੱਡ ਯਾਰ, ਐਵੇਂ ਹੀ ਕਹਿੰਦਾ ਰਹਿੰਦਾ ਏ ਭਾਈ ਸਾਹਿਬ ਨੂੰ ਮਿਲਣ ਲਈ ਬਹੁਤ ਦਿਲ ਕਰਦਾ ਹੈ। ਇਹ ਕਿਹੜੀ ਵੱਡੀ ਗੱਲ**



www.AKJ.Org

**ਏ। ਗੁਰਸਿੱਖੀ ਦੀ ਮਿਤ੍ਰਤਾ ਬੜੀ ਪੱਕੀ ਹੈ। ਗੁਰ ਸਿੱਖ ਤੇ ਆਪਸ ਵਿਚ ਸਦੀਵ ਕਾਲ ਲਈ ਮਿਲੇ ਹੀ ਰਹਿੰਦੇ ਹਨ। ਉਹਨਾਂ ਨੂੰ ਵਿਛੋੜਾ ਹੈ ਹੀ ਨਹੀਂ। ਮੇਰੇ ਵਾਸਤੇ ਇਹ ਬੜੀਆਂ ਅਚੰਭਾ ਜਿਹੀਆਂ ਗੱਲਾਂ ਸਨ, ਪਰ ਸਭ ਕੁਝ ਜਾਨਣ ਲਈ ਮਨ ਬੜਾ ਕਾਹਲਾ ਸੀ। ਵੀਰ ਜੀ ਦੇ ਚਿਹਰੇ ਦੀ ਤਾਬ ਹੀ ਹੋਰ ਹੋ ਗਈ। ਕਹਿਣ ਲੱਗੇ—ਅੰਮ੍ਰਿਤ ਵੇਲੇ ਦੀਆਂ ਕਮਾਈਆਂ ਤੋਂ ਬਾਅਦ ਅਰਦਾਸਾ ਸੋਧ ਕੇ ਅੰਤਰ ਆਤਮੇ, ਨਾਮ ਜਪੰਦੜੀਆਂ ਉਚੀਆਂ ਆਤਮਾਵਾਂ ਦਾ ਧਿਆਨ ਕਰੋ ਭਾਵ ਯਾਦ ਕਰੋ। ਉਹ ਉਸੇ ਵੇਲੇ ਹੀ ਆ ਦੀਦਾਰ ਬਖਸ਼ਦੀਆਂ ਹਨ ਭਾਵੇਂ ਮੇਰੇ ਵਾਸਤੇ ਜਾਂ ਸਾਧਾਰਨ ਮਨੁਖ ਲਈ ਇਹ ਇਕ ਬੁਝਾਰਤ ਸੀ ਪਰ ਨਿਕਲੀ ਸੋਲਾਂ ਆਨੇ ਸੱਚੀ। ਉਸ ਤੋਂ ਬਾਅਦ ਸ੍ਰੀ ਭਾਈ ਸਾਹਿਬ ਜੀ ਦੇ ਰੋਜ਼ ਦੀਦਾਰ ਹੋਣ ਲਗੇ। ਨਿਰੇ ਦੀਦਾਰ ਹੀ ਨਹੀਂ, ਬਚਨ ਬਿਲਾਸ ਵੀ ਹੋਇਆ ਕਰਨ।**

ਸ੍ਰੀ ਭਾਈ ਸਾਹਿਬ ਦੇ ਆਤਮਿਕ-ਮੇਲਾਂ ਤੋਂ ਐਸਾ ਨਿਸ਼ਚਾ ਬੱਝਾ ਕੇ ਵਾਹ। ਇਨ੍ਹਾਂ ਤੋਂ ਤਾਂ ਸੰਸਾਰਿਕ ਵਿਗਿਆਨੀਆਂ ਦੀ ਸਾਂਇਟੇਫਿਕ-ਥਿਊਰੀਆਂ ਵੀ ਪਿਛੜ ਗਈਆਂ ਹਨ। ਮੈਨੂੰ ਕੀ ਪਤਾ ਸੀ ਕਿ ਗੁਰਮਤਿ ਦੀਆਂ ਕਾਢਾਂ ਤੇ ਜੁੜੇ ਹੋਏ ਮਨਾਂ ਦੀ ਮੇਲ-ਮੁਲਾਕਾਤ, ਬਗੈਰ ਕਿਸੇ ਸਾਧਨ ਦੇ ਹੋ ਜਾਂਦੀ ਹੈ? ਗੁਰਮਤਿ ਦੀ ਸਾਇੰਸ ਵਾਲਿਆਂ ਨੂੰ ਟੈਲੀਫ਼ੋਨ, ਵਾਇਰਲੈਸ, ਟੈਲੀਗ੍ਰਾਮ, ਟੈਲੀਵਿਜ਼ਨ ਦੇ ਖਰਚਾਂ ਦੀ ਲੋੜ ਨਹੀਂ। ਲੋੜ ਹੈ ਤੇ ਕੇਵਲ, ਗੁਰਮਤਿ ਦੇ ਦਾਇਰੇ ਅੰਦਰ ਰਹਿ ਕੇ, ਮਨ ਦੀਆਂ ਤਰਬਾਂ ਇਕ ਸੁਰ ਕਰ, ਗੁਰਮਤਿ ਗਾਡੀ ਰਾਹ 'ਤੇ ਚੱਲਣ ਦੀ। ਫਿਰ ਤੇ ਸਹਿਜੇ ਹੀ ਨਿਸਚਾ ਆ ਸਕਦਾ ਹੈ ਕਿ ਜੁੜੇ ਮਨ ਕਿਵੇਂ ਇਕ ਦੂਜੇ ਦੀ ਦੂਰ ਬੈਠਿਆਂ, ਧੜਕਨ (vibration) ਸਮਝ ਜਾਂਦੇ ਹਨ।

ਇਕ ਦੇ ਬੋਲ ਦੂਜੇ ਨੂੰ ਪ੍ਰਤੱਖ ਸੁਣਾਈ ਦੇਂਦੇ ਹਨ। ਇਸ ਦੀਆਂ ਮਿਸਾਲਾਂ ਸਾਨੂੰ ਇਤਿਹਾਸਕ ਪੱਖ ਤੋਂ ਵੀ ਬਹੁਤ ਮਿਲਦੀਆਂ ਹਨ। ਧੰਨ ਗੁਰੂ ਨਾਨਕ ਸਾਹਿਬ ਜੀ ਦਾ ਬੇਬੇ ਨਾਨਕੀ ਜੀ ਨੂੰ ਇਹੋ ਇਕਰਾਰ ਸੀ ਕਿ ਬੇਬੇ ਜੀ ਜਦੋਂ ਤੁਸੀਂ ਯਾਦ ਕਰੋ, ਅਸੀਂ ਹਾਜ਼ਰ ਹਾਂ। ਬੇਬੇ ਜੀ ਨੇ ਅੰਮ੍ਰਿਤ ਵੇਲੇ ਪਿਆਰ ਨਾਲ ਬਾਣੀ ਪੜ੍ਹਦਿਆਂ ਪ੍ਰੇਮ ਰਸ ਮਗਨ ਹੋ ਦੁਧ ਰਿੜਕਿਆ ਤੇ ਮੱਖਣ ਵਿਰੋਲਿਆ। ਚਿਰਾਂ ਦੇ ਵਿਛੜੇ ਵੀਰ ਦੀ ਯਾਦ ਰੁਮਕਣ ਲਗੀ। ਮਾਨੋ ਜਿਵੇਂ ਅਸੀਂ ਟੈਲੀਫ਼ੋਨ ਦਾ ਨੰਬਰ ਮੇਲ ਕੇ ਆਪਣੀ ਲਾਇਨ ਕਲੀਅਰ ਕਰ ਰਹੇ ਹੋਈਏ। ਬੇਬੇ ਜੀ ਦਾ ਮਨ ਜੁੜਦਾ ਗਿਆ ਤੇ ਜਦੋਂ ਪ੍ਰਸ਼ਾਦਾ ਤਿਆਰ ਕੀਤਾ, ਚੁੱਲੇ ਅਗੇ ਬੈਠੀ ਭੈਣ ਦੇ ਨੈਣ ਸੋਮੇਂ ਵਹਿ ਤੁਰੇ, ਪ੍ਰੇਮ ਝੜੀਆਂ ਲੱਗ ਗਈਆਂ। ਪ੍ਰਸ਼ਾਦਾ ਤਵੇ ਤੇ ਪਿਆ ਵੇਖ, ਬੇਬੇ ਜੀ ਅੱਖ ਦੇ ਫੋਰ ਅੰਦਰ ਅੰਤਰ ਆਤਮੇ ਉਡਾਰੀ ਮਾਰ ਗਏ ਤੇ ਜਾ ਪਹੁੰਚੇ ਪਿਆਰੇ ਵੀਰ 'ਨਾਨਕ' ਜੀ ਪਾਸ। ਵੀਰ ਜੀ, ਹੁਣ ਮੇਰਾ ਮਨ ਬਹੁਤ ਉਦਾਸ ਹੈ, ਮੇਰੀ ਧੀਰਜ ਟੁਟ ਚੁੱਕੀ ਹੈ, ਤੁਹਾਡੇ ਜਦੋਂ ਤਾਈਂ ਸੁਲਤਾਨ ਪੁਰੇ ਚਰਨ ਨਹੀਂ ਪੈਂਦੇ, ਉਨਾਂ ਚਿਰ ਇਹ ਫੁਲਕੇ ਤੇ ਮੱਖਣ ਇਸੇ ਤਰ੍ਹਾਂ ਹੀ ਪਿਆ ਜੇ। ਆਪ ਜੀ ਆਵੋ, ਛੇਤੀ ਆਵੋ ਤੇ ਇਹ ਪਿਆਰ ਸਿਕਾਂ ਵਿਚ, ਭੈਣ ਦੇ ਕਲੇਜੇ ਠੰਡ ਪਾਵੋ। ਇਹ ਭੰਡਾਰਾ ਪਵਿਤ੍ਰ ਕਰੋ, ਛਕੋ ਇਸ ਨੂੰ। ਬਸ ਜੁੜਿਆ ਮਨ, ਉਸਦੀ ਸਦ, ਮੇਰੇ ਅੰਤਰਯਾਮੀ ਗੁਰਦੇਵ ਨੂੰ ਹਜ਼ਾਰਾਂ ਹੀ ਮੀਲਾਂ ਦੇ ਸਫ਼ਰ ਨੂੰ ਤਹਿ ਕਰਦੀ, ਬਾਬੇ ਪਾਸ ਪੁੱਜੀ ਤੇ ਬਾਬਾ ਜੀ ਕਹਿੰਦੇ, ਮਰਦਾਨੇ, ਚੁਕ ਰਬਾਬ ਛੇਤੀ ਕਰ, ਭੈਣ ਜੀ ਯਾਦ ਪਏ ਕਰਦੇ ਹਨ। ਆਪਾਂ ਉੱਥੇ ਪਹੁੰਚ ਕੇ ਪ੍ਰਸ਼ਾਦਾ ਛੱਕਣਾ ਹੈ। ਇਵੇਂ ਹੀ ਹੋਇਆ। ਜੋ ਸਫ਼ਰ ਸਾਲਾਂ ਵਿਚ ਕਰਨ ਵਾਲਾ ਸੀ, ਉਹ ਛਿਨਾਂ-ਪਲਾਂ 'ਚ ਤਹਿ ਕਰ ਬਾਬਾ ਜੀ ਬੇਬੇ ਹੋਰਾਂ ਪਾਸ ਪੁਜ ਗਏ। ਇਸੇ ਤਰ੍ਹਾਂ ਅਨੇਕਾਂ ਮਿਸਾਲਾਂ ਸਾਨੂੰ ਸੰਸਾਰਕ ਸਾਕਾਂ ਸਬੰਧੀਆਂ ਅੰਦਰੋਂ ਮਿਲਦੀਆਂ ਹਨ। ਕੋਈ ਭੈਣ ਕਹਿੰਦੀ ਹੈ, ਵੀਰ ਮੈਨੂੰ ਤੇਰੇ ਆਉਣ ਦਾ ਪਹਿਲਾਂ ਹੀ ਪਤਾ ਲੱਗ ਗਿਆ ਸੀ। ਕੋਈ ਮਾਂ ਆਖਦੀ ਏ ਮੇਰੇ ਜਿਗਰ ਦੇ ਟੁਕੜੇ, ਪਿਆਰੇ ਲਾਲ ਮੈਂ ਤੈਨੂੰ ਕਲ੍ਹ ਹੀ ਔਂਦਿਆਂ ਤੱਕ ਲਿਆ ਸੀ, ਇਸਤ੍ਰੀ ਕਹਿੰਦੀ ਹੈ, ਮੇਰੇ ਪਿਆਰੇ ਸਿਰਤਾਜ ਮੈਨੂੰ ਇਹ ਪੱਕਾ ਯਕੀਨ ਸੀ ਕਿ ਛੇਤੀ ਹੀ ਮੇਰੇ ਸਿਰ ਦੇ ਸਾਈਂ ਆ ਦੀਦਾਰ ਦੇਣਗੇ, ਕਿਉਂਕਿ ਮੈਨੂੰ ਐਸੀ ਧੜਕਣ (vibration) ਪਹਿਲਾਂ ਛਿੜ ਚੁੱਕੀ ਸੀ, ਜੋ ਸੁਫ਼ਨਾ ਸੀ ਉਹ ਸੱਚ ਹੋ ਗਿਆ। ਇਨ੍ਹਾਂ ਆਮ ਪ੍ਰਚਲਤ ਗੱਲਾਂ ਨਾਲ ਪ੍ਰਤੀਤ ਆ ਜਾਂਦੀ ਹੈ ਕਿ ਮਨ ਜਦੋਂ ਉਤਰਾਅ-ਚੜ੍ਹਾਅ ਦੇ ਪੜਾਅ ਲੰਘ ਕੇ ਅੰਤਰ-ਆਤਮੇ ਨਾਲ ਮਿਲ ਜਾਂਦਾ ਹੈ ਤੇ ਫਿਰ ਉਹੋ ਮਨ ਚੰਗੇ ਧਰਮਾਤਮਾ, ਗੁਰਸਿਖ ਮੀਤਾਂ, ਗੁਰਮਤਿ



www.AKJ.Org

ਗਾਡੀ ਰਾਹ 'ਤੇ ਚੱਲਣ ਵਾਲਿਆਂ ਪਿਆਰਿਆਂ ਦੇ ਪਿਆਰ ਵਿਚ ਲਗ **'ਮਨ ਮੇਲੀ ਕਰ ਮੇਲ ਮਿਲੰਦੇ'** ਦੇ ਚਾਵਾਂ-ਭਾਵਾਂ ਵਿਚ ਟਿਕ ਜਾਂਦਾ ਹੈ। ਛੋਛੇ, ਝੂਠੇ ਤੇ ਥੋਥੇ ਮੇਲ ਖੇਲ ਵਿਸਰ ਜਾਂਦੇ ਹਨ ਤੇ ਇਹ ਗੱਲ ਪੱਕੀ ਦ੍ਰਿੜ ਕਰ ਲੈਂਦੇ ਹਨ ਕਿ ਸੱਚੀ ਬੈਠਕ ਤਿਨਾਂ ਸੰਗ ਹੈ ਜਿਨ੍ਹਾਂ ਨਾਲ ਬੈਠ ਕੇ ਨਾਮ ਜਪਿਆ ਜਾਵੇ। ਨਹੀਂ ਤੇ ਬਾਕੀ ਦੇ ਮੇਲਾਂ ਵਿਚੋਂ ਤੇ ਅੱਗ ਦੇ ਭਾਂਬੜ ਬਲਦੇ ਦਿਸਦੇ ਹਨ, ਜੋ ਮਨੁੱਖਤਾ ਨੂੰ ਸਾੜ ਫੂਕ ਸਵਾਹ ਕਰ ਦੇਂਦੇ ਹਨ। ਐਸੇ ਸੜੇ ਬਲਬ ਜਾਂ ਤਾਰਾਂ ਵਿਚ ਕਰੰਟ ਕਿੱਥੇ ਅਤੇ ਰੌਸ਼ਨੀ ਕਿੱਥੇ? ਲਿਵ–ਅਸਲ ਤਾਰ ਘਰ ਪਾਵਰ ਹਾਊਸ ਨਾਲੋਂ ਟੁੱਟ ਜਾਂਦੀ ਹੈ। ਦਾਸ ਜੋ ਇਹ ਗੁਰਮੁਖਾਂ, ਗੁਰਸਿਖ ਮੀਤਾਂ ਦੇ ਜੀਵਨ ਦੇ ਕ੍ਰਿਸ਼ਮੇ ਤੇ ਕਾਲਾਧਾਰੀ ਖੇਲ ਮੇਲ ਲੇਖਾਂ ਰਾਹੀਂ ਭੇਜ ਰਿਹਾ ਹੈ, ਇਹ ਕੋਈ ਕਰਾਮਾਤੀ ਗੱਲਾਂ ਨਹੀਂ, ਇਹ ਤੇ ਜ਼ਿੰਦਗੀ ਦੀ ਰੀਸਰਚ ਹੈ, ਜਿਹੜੇ ਪਾਸੇ ਕਿਸੇ ਦੀ ਰੁਚੀ ਹੋਵੇ, ਉਸ ਜੀਵ ਦਾ ਤਨ, ਮਨ, ਧਨ ਉਸੇ ਪਾਸੇ ਹੀ ਲੱਗਦਾ ਹੈ। ਸੋ ਕਹਿੰਦੇ ਹਨ, ਤ੍ਰੈਗੁਣੀ ਖੇਲ ਅੰਦਰੋਂ ਜੇ ਮਨੁੱਖ ਇਸ ਸੱਚੇ ਅਖਾੜੇ ਵਿਚ ਆ ਜਾਵੇ ਤੇ ਉਹ ਸੱਚਾ ਸਾਹਿਬ, ਸਰਬ-ਸ਼ਕਤੀਆਂ ਆਪ ਹੀ ਬਖ਼ਸ਼ ਦੇਂਦਾ ਹੈ।

ਨਵੀਂ ਪਨੀਰੀ ਤੇ ਨਵੇਂ ਗੁਰਮਤਿ ਗਾਡੀਆਂ ਦੇ ਪਾਂਧੀਆਂ ਲਈ ਐਸੀਆਂ ਘਟਨਾਂਵਾਂ ਇਸ ਪਾਸੇ ਵੱਲ ਬਹੁਤ ਬਹੁਤ ਪ੍ਰੇਰਦੀਆਂ ਹਨ ਤੇ ਇਕ-ਦੂਜੇ ਗੁਰਸਿਖਾਂ, ਮਿੱਤਾਂ, ਪੁਤਾਂ, ਭਾਈਆਂ ਨੂੰ ਵੇਖ ਮਨ ਅੰਦਰ ਚਾਓ ਉਪਜਦਾ ਹੈ ਕਿ ਐਸੀ ਅਵਸਥਾ ਸਾਨੂੰ ਵੀ ਪ੍ਰਾਪਤ ਹੋਵੇ। ਇਹੋ ਜਿਹੇ ਕੋਈ ਸ਼ਕਤੀ ਨਹੀਂ, ਜੋ ਭਗਤੀ ਦੇ ਅਧੀਨ ਨਾ ਹੋਵੇ। ਭਗਤੀ ਭਾਵ ਦਾ ਮਾਰਗ ਬਹੁਤ ਬਿਖੜਾ ਹੈ ਪਰ ਜੇ ਕੋਈ ਗੁਰੂ ਕਿਰਪਾ ਸਦਕਾ, ਗੁਰੂਦੁਆਰਿਓਂ ਪ੍ਰਾਪਤ ਕਰ ਲਵੇ ਤਾਂ ਹੋਰ ਐਸਾ ਦੁਆਰਾ ਕੋਈ ਨਹੀਂ, ਜਿਥੋਂ ਇਹ ਅਮੋਲਕ ਦਾਤ ਪ੍ਰਾਪਤ ਹੋਵੇ। ਆਉ ਪਹਿਲਾਂ ਆਤਮਿਕ ਮੇਲੀਆਂ ਦੇ ਉਦਾਹਰਣ ਹੋਰ ਪੇਸ਼ ਕਰਦਾ ਹਾਂ, ਤਕਰੀਬਨ ਪੰਦਰਾਂ ਜਾਂ ਸੋਲਾਂ ਸਾਲਾਂ ਦੀ ਗੱਲ ਹੈ। ਵੀਰ ਮਨੋਹਰ ਸਿੰਘ ਜੀ ਬੰਬਈ ਵਾਲਿਆਂ ਦੀ ਜ਼ਬਾਨੀ ਦਾਸ ਨੇ ਸੁਣਿਆ ਕਿ ਇਕ ਦਿਨ ਸਾਰੇ ਸਿੰਘ ਭਾਂਡੁਪ ਤੋਂ ਭਾਈ ਸਾਹਿਬ ਦਰਸ਼ਨ ਸਿੰਘ ਜੀ ਹੋਰਾਂ ਸਮੇਤ ਬੰਬਈ ਦੀ ਕਿਸੇ ਆਬਾਦੀ ਅੰਦਰ ਹਫਤਾਵਾਰੀ ਕੀਰਤਨ ਸਮਾਗਮ ਤੇ ਜਾ ਰਹੇ ਸਨ। ਭਾਂਡੁਪ ਰੇਲਵੇ ਸਟੇਸ਼ਨ ਤੇ ਲੋਕਲ ਗੱਡੀ ਦੀ ਇੰਤਜ਼ਾਰ ਵਿਚ ਸਾਰੇ ਬੈਠ ਗਏ। ਸਾਸ ਗਰਾਸੀ ਨਾਮ ਦੀਆਂ ਕਮਾਈਆਂ ਵਿਚ ਜੁਟੇ, ਵੀਰ ਦਰਸ਼ਨ ਸਿੰਘ ਜੀ ਗੋਡਿਆਂ ਉੱਤੇ ਬਾਹਵਾਂ ਰੱਖ ਕੇ ਬਾਹਵਾਂ 'ਤੇ ਸਿਰ ਨੂੰ ਧਰ ਕੇ, ਮਨ ਦੇ ਵਿਚਾਰਾਂ ਕਰਕੇ ਤਤਕਾਲ ਹੀ ਅਬੜਵਾਹੇ ਹੁਸ਼ਿਆਰ ਹੋ ਕਰ ਬੋਲੇ। ਸਿੰਘੋ ! ਅੱਜ ਭਾਈ ਜੀਵਨ ਸਿੰਘ ਜੀ ਆ ਰਹੇ ਹਨ, ਸਿੰਘਾਂ ਕਿਹਾ, ਵੀਰ ਜੀ ਤੁਹਾਨੂੰ ਕਿਵੇਂ ਪਤਾ ਲਗਾ ? ਫਿਰ ਆਪਣੀ ਗੱਲ ਨੂੰ ਛਪਾਉਣ ਵਾਸਤੇ ਟਾਲ-ਮਟੋਲਾ ਕਰਨ ਲਗੇ, ਪਰ ਸੱਚਾਈਆਂ ਕਦੀ ਛੁਪੀਆਂ ਨਹੀਂ ਰਹਿੰਦੀਆਂ। ਚੜ੍ਹੇ ਚੰਨ, ਕੁਨਾਲੀਆਂ ਨਾਲ ਢਕੇ ਨਹੀਂ ਜਾ ਸਕਦੇ, ਉਹਨਾਂ ਦੀਆਂ ਸੀਤਲ ਰਿਸ਼ਮਾਂ ਸੰਸਾਰ ਨੂੰ ਖੁਸ਼ੀ ਤੇ ਸੁਖੀ ਕਰ ਨਿਹਾਲ ਕਰਦੀਆਂ ਹੀ ਰਹਿੰਦੀਆਂ ਹਨ। ਧੰਨ ਤੇਰੀ ਗੁਰਸਿੱਖੀ ਸਤਿਗੁਰੂ ਜੀ ! 'ਹਉ ਕੁਰਬਾਨੈ ਜਾਉ' ਬਾਰ-ਬਾਰ ਬਲਿਹਾਰਨੇ, ਹਾਂ ਐਸੇ ਮੀਤ ਪਿਆਰਿਆਂ ਤੋਂ। ਇਹ ਸੱਚਾਈ ਹੈ ਕਿ ਉਸੇ ਦਿਨ ਭਾਈ ਸਾਹਿਬ ਜੀਵਨ ਸਿੰਘ ਜੀ, ਧਰਮ ਪਤਨੀ ਸਮੇਤ ਬੰਬਈ ਪੁੱਜ ਗਏ। ਵੀਰ ਜੀ ਦਾ ਇਹ ਕੁਝ ਕਰਨਾ ਤੇ ਕਹਿਣਾ ਸੁਤੇ ਸਿਧ ਸੀ। ਇਹ ਸਹਿਜ ਸੁਭਾਵਕ ਕਹੇ ਹੋਏ, ਵੀਰ ਜੀ ਦੇ ਬਚਨਾਂ ਨੇ ਸਾਰੇ ਸਿੰਘਾਂ ਦੇ ਮਨਾਂ ਅੰਦਰ ਉਨ੍ਹਾਂ ਪ੍ਰਤੀ ਬਹੁਤ ਹੀ ਸਤਿਕਾਰ ਪੈਦਾ ਕਰ ਦਿੱਤਾ। ਇਹ ਸਭ ਸਚੇ ਸਾਹਿਬ ਦੀਆਂ ਅਚਿੰਤ ਦਾਤਾਂ ਸਨ, ਜੋ ਆਪਣੇ ਭਗਤਾਂ ਦੀ ਵਡਿਆਈ ਪ੍ਰਗਟ ਕਰ, ਦਿਖਾ ਰਿਹਾ ਸੀ। ਦਾਸ ਦਾ ਮੇਲ-ਮਿਲਾਪ, ਆਤਮਿਕ ਮੇਲ ਐਸਾ ਪੱਕਾ ਹੋਇਆ ਕਿ ਤਿਆਰ ਬਰ ਤਿਆਰ, ਪੂਰਨ ਸੰਤ ਗੁਰਮੁਖਿ ਪਿਆਰੇ ਬ੍ਰਹਮ ਗਿਆਨੀ ਬਾਬਾ ਅਤਰ ਸਿੰਘ ਜੀ, ਬਾਬਾ ਦੀਪ ਸਿੰਘ ਜੀ ਸ਼ਹੀਦ, ਭਾਈ ਮਨੀ ਸਿੰਘ ਜੀ, ਭਾਈ ਤਾਰੂ ਸਿੰਘ ਆਦਿ ਤੇ ਹੋਰ ਬੇਅੰਤ ਸ਼ਹੀਦ ਸਿੰਘਾਂ ਦੇ ਆਤਮਿਕ ਮੇਲ ਤੇ ਦੀਦਾਰ ਹੋਣ ਲੱਗੇ। ਬਸ, ਇਹ ਜੋ ਮੇਲ ਸਨ, ਇਹਨਾਂ ਨੂੰ ਜਰਨਾ ਉਸ ਵੇਲੇ ਬੜਾ ਕਠਨ ਸੀ, ਪਰ ਗੁਰੂ ਸਾਹਿਬ ਦੀ ਕਿਰਪਾ ਨਾਲ ਇਹ ਮੇਲ ਬਣਿਆ ਰਿਹਾ ਤੇ ਆਤਮਿਕ ਮੇਲ ਦੀ ਇਹ ਅਜਬ ਖੇਲ ਦੇ ਬਹੁਤ ਹੀ ਅਨੰਦ ਪ੍ਰਾਪਤ ਹੁੰਦੇ ਰਹੇ। ਬਸ, **'ਕਹਿਬੇ ਕੋ ਸੋਭਾ ਨਹੀ ਦੇਖਾ ਹੀ ਪਰਵਾਨ'** ਹੈ।



www.AKJ.Org

## 'ਪੂਰਨ' ਜੀ ਦਾ ਪਿਆਰ

ਦਾਸ ਭਾਵੇਂ ਦਸ ਬਾਰਾਂ ਮੀਲ ਦੀ ਦੂਰੀ 'ਤੇ ਰਹਿੰਦਾ ਸੀ, ਪਰ ਵੀਰ ਪੂਰਨ ਜੀ ਨਾਲ ਇਤਨਾ ਗੂੜ੍ਹਾ ਪਿਆਰ ਸੀ ਕਿ ਦਾਸ ਨੇ ਭਾਂਡੁਪ ਤੋਂ ਚਲ ਕੇ, ਪ੍ਰਭਾਤ ਕਲੋਨੀ ਸ਼ਾਂਤਾ ਕਰੂਜ਼ ਵੀਰ ਜੀ, ਪਾਸ ਜਾ ਕੇ ਰਾਤ ਰਹਿਣਾ ਤੇ ਉਥੇ ਹੀ ਸਵੇਰ ਨੂੰ ਨਿਤਨੇਮ ਅਭਿਆਸ ਕਮਾਈਆਂ ਦੇ ਲਾਹੇ ਪ੍ਰਾਪਤ ਕਰਨੇ। ਵੀਰ ਜੀ ਅਕਸਰ ਸਰਬ-ਲੋਹੀ ਮਾਲਾ ਨਾਲ ਹੀ ਨਾਮ ਕਮਾਈਆਂ ਕਰਿਆ ਕਰਦੇ ਸਨ ਤੇ ਜਦੋਂ ਕਿਤੇ ਇਹ ਮਾਲਾ ਦਾਸ ਦੇ ਹੱਥਾਂ ਵਿਚ ਆਉਣੀ, ਦਾਸ ਦੇ ਮਨ ਅੰਦਰ ਲਾਲਚ ਆ ਜਾਣਾ ਕਿ ਇਹ ਸਰਬ-ਲੋਹੀ ਮਾਲਾ, ਵੀਰ ਜੀ ਦਾਸ ਨੂੰ ਬਖ਼ਸ਼ਿਸ਼ ਕਰਨ ਤੇ ਚੰਗਾ ਹੈ, ਪਰ ਇਹ ਖ਼ਿਆਲ ਅੰਦਰ-ਅੰਦਰ ਹੀ ਜਜ਼ਬ ਕਰ ਜਾਣੇ। ਇਹਨਾਂ ਦਿਨਾਂ ਅੰਦਰ ਵੀਰ ਜੀ ਬਹੁਤ ਗੂੜ੍ਹ-ਗੁਹਜ ਅਤੇ ਗੁਰਮਤਿ ਅੰਦਰ ਰਹਿ ਕੇ ਕਿਵੇਂ ਜੀਵਨ ਬਤੀਤ ਕਰੀਦਾ ਹੈ ਤੇ ਗੁਰਸਿਖਾਂ ਨਾਲ ਪਿਆਰ ਤੇ ਸੇਵਾ ਕਿਵੇਂ ਕਰੀਦੀ ਏ, ਹਉਮੈਂ ਤੋਂ ਕਿਵੇਂ ਬਚੀਦਾ ਏ, ਇਤ ਆਦਿਕ ਬੇਅੰਤ ਪਹਿਲੂਆਂ ਤੋਂ ਦਾਸ ਨੂੰ ਹੁਸ਼ਿਆਰ ਤੇ ਖ਼ਬਰਦਾਰ ਕਰਦੇ ਰਹਿੰਦੇ ਸਨ। ਦਾਸ ਜਿੰਨਾ ਕੁ ਵੀਰ ਜੀ ਨਾਲ ਪ੍ਰੇਮ ਰਖਦਾ ਸੀ, ਉਸਤੋਂ ਕਈ ਗੁਣਾਂ ਵੱਧ ਡਰਦਾ ਸੀ, ਕਿਉਂਕਿ ਨਿਰਾ ਪ੍ਰੇਮ ਵੀ ਕਿਸੇ ਲੇਖੇ ਨਹੀਂ ਜੇ ਭੈ ਨਾ ਹੋਵੇ, ਭੈ ਤੋਂ ਬਿਨਾਂ ਭਗਤੀ ਮਾਰਗ ਤੇ ਤੁਰਨਾ ਹੀ ਕਠਨ ਹੈ। ਇਹ ਗੱਲ ਪੱਕੀ ਦ੍ਰਿੜ ਕਰਨ ਵਾਲੀ ਹੈ ਕਿ ਗੁਰੂ ਸਾਹਿਬ, ਗੁਰ ਸੰਗਤਿ ਤੇ ਗੁਰਸਿਖਾਂ ਤੋਂ ਡਰ ਕੇ ਰਹਿਣ ਵਾਲਾ ਮਨੁੱਖ ਕਦੀ ਹਾਰ ਨਹੀਂ ਖਾਂਦਾ, ਸਗੋਂ ਹਰ ਅਖਾੜੇ ਅੰਦਰੋਂ ਜਿਤ ਹੀ ਪ੍ਰਾਪਤ ਕਰਦਾ ਹੈ। ਹਾਂ ਜੀ, ਵੀਰ ਜੀ ਨਾਲ ਇਹ ਐਸੀਆਂ ਪੀਡੀਆਂ ਗੰਢਾਂ ਪਈਆਂ ਕਿ ਹੁਣ ਇਹ ਚੜ੍ਹੇ ਵੇਗਾਂ ਨੂੰ ਕੌਣ ਥੰਮੇ ? ਕਈ ਵਾਰੀ ਅਸੀਂ ਡਿਊਟੀ ਤੇ ਜਾਣ ਲਈ ਇਕੱਠਿਆਂ ਘਰੋਂ ਤੁਰਨਾ ਤੇ ਸਟੇਸ਼ਨ 'ਤੇ ਪਹੁੰਚ ਕੇ ਕਈ ਗੱਡੀਆਂ ਉਨ੍ਹਾਂ ਲੰਘਾ ਦੇਣੀਆਂ, ਕਈ ਦਾਸ ਨੇ। ਪ੍ਰੇਮ ਵਿਚ ਮਤਵਾਲੇ ਹੋਇਆਂ ਇਥੋਂ ਵੀ ਵਿਛੜਨ ਲਈ ਦਿਲ ਨਾ ਕਰਨਾ।

ਇਨ੍ਹਾਂ ਦਿਨਾਂ ਅੰਦਰ ਬੀਬੀ ਭੂਪਿੰਦਰ ਕੌਰ ਜੀ ਦੇ ਅੰਗੂਠੇ ਤੇ ਐਸਾ ਉਠਾ ਉਠਿਆ ਕਿ ਉਹ ਵਿਚਾਰੇ ਬਹੁਤ ਹੀ ਬਿਹਬਲ ਹਾਲਤ ਵਿਚ ਰਿਹਾ ਕਰਨ। ਬਹੁਤ ਦਰਦ ਤੇ ਚਸਕਾਂ ਪੈਣੀਆਂ। ਇਹਨਾਂ ਦਿਨਾਂ ਅੰਦਰ ਵੀਰ ਜੀ ਨੇ 'ਇਕ ਅੰਦਰੋਂ ਸਿਆਣਾ ਬਾਹਰੋਂ ਭੋਲਾ' ਦੀ ਮਿਸਾਲ ਇਹੋ ਜੇਹੀ ਪੇਸ਼ ਕੀਤੀ ਕਿ ਤੁਹਾਡਾ ਬਦੋ ਬਦੀ ਹਾਸਾ ਨਿਕਲ ਜਾਵੇਗਾ। ਵੀਰ ਜੀ, ਸਟੋਵ ਬਾਲਣ ਲੱਗੇ, ਪਾਣੀ ਗਰਮ ਕਰਨ ਲਈ, ਪਹਿਲਾਂ ਤੇ ਡੱਬੀ ਨ ਲੱਭੇ, ਜੇ ਇਧਰ-ਉਧਰ ਫਿਰ ਤੁਰ ਕੇ ਮਾਚਸ ਮਿਲੀ ਤੇ ਫਿਰ ਸਟੋਵ ਹੀ ਨਾ ਬਲੇ। ਜੇ ਸਟੋਵ ਬਲ੍ਹਣ ਲੱਗਾ ਤੇ ਉਹਦੀਆਂ ਲੂੰਬਾਂ ਉਪਰ ਉੱਠਣ ਲੱਗੀਆਂ, ਵੀਰ ਜੀ ਨਾਲੇ ਹੱਸੀ ਜਾਣ ਤੇ ਨਾਲ ਖੁਸ਼ ਹੋਈ ਜਾਣ, ਇੰਝ ਪਿਆ ਲਗਦਾ ਸੀ ਕਿ ਕਬੀਰ...ਭਗਤ ਵਾਂਗੂੰ, **'ਜਾਰੇ ਖਸਮ ਤੇ ਰਾਖੇ ਕਵਨਾ'** ਦੀ ਖੇਲ ਕਰਨ ਲੱਗੇ ਹਨ, ਵੇਖ ਵੇਖ ਵਿਗਸੀ ਜਾਣ। ਜਦੋਂ ਦੇਖਿਆ ਅੱਗ ਕਾਬੂ ਵਿਚ ਨਹੀਂ ਸੀ ਆ ਰਹੀ ਤੇ ਡਾਲੀ ਬੱਚੀ ਨੂੰ ਬੁਲਾਇਆ ਜਿਹੜੀ ਉਸ ਦੇ ਫਰਾਕ ਪਾਈ ਹੋਈ ਸੀ, ਉਸ ਨੂੰ ਫੜ੍ਹ ਕੇ ਸਟੋਵ ਨੂੰ ਬੰਦ ਕਰਨ ਲੱਗ ਪਏ। ਫਰਾਕ ਅੱਧੀ ਵਿਚਾਰੀ ਦੇ ਗਲ ਵਿਚ ਤੇ ਅੱਧੀ ਸਟੋਵ ਤੇ ਸੀ, ਪਤਾ ਨਹੀਂ ਅੱਜ ਭੋਲੇ ਭਗਤ ਵਿਚਾਰੀ ਕੰਨਿਆਂ ਦਾ ਹਵਨ ਕਰਨ ਲੱਗੇ ਸਨ। ਅਗਲੇ ਕਮਰੇ ਵਿਚ ਜਦੋਂ ਧੂੰਆਂ ਗਿਆ ਤੇ ਤਾਂ ਬੀਬੀ ਭੂਪਿੰਦਰ ਕੌਰ ਜੀ ਨੂੰ ਪਤਾ ਲੱਗਾ, ਉਹਨਾਂ ਤਤਕਾਲ ਉਠ ਕੇ ਭੋਲੇ ਭਗਤਾਂ ਕੋਲੋਂ, ਇਹ ਨਾ ਸਾਂਭੀ ਜਾਣ ਵਾਲੀ ਅੱਗ ਨੂੰ ਆਪ ਸੰਭਾਲਿਆ ਤੇ ਡਾਲੀ ਦੀ ਵੀ ਜਾਨ ਬਚਾਈ। ਨਹੀਂ ਤੇ ਵੀਰ ਜੀ ਤੇ, ਸਭ ਕੁਝ ਹਰੀ ਹਰਿ ਕਰਦੇ ਹਰਿ ਕੇ ਲੇਖੇ ਲਾ ਦੇਣ ਲੱਗੇ ਸੀ, ਪਰ ਕਮਾਲ ਇਹ ਸੀ ਕਿ ਆਦਿ ਮਧ ਤੋਂ ਅੰਤ ਤਕ ਵੀਰ ਜੀ ਹੱਸਦੇ ਹੀ ਰਹੇ। ਇਹ ਵਾਰਤਾ ਬੀਬੀ ਜੀ ਹੋਰਾਂ ਦੀ ਜ਼ਬਾਨੀ ਕਲਾਮੀ ਦਾਸ ਪਾਸ ਪੁੱਜੀ ਸੀ।

ਪਾਠਕ ਜਨੋ, ਆਸ ਹੈ ਤੁਸੀਂ ਹੱਸ ਲਿਆ ਹੋਵੇਗਾ। ਤੁਹਾਡਾ ਜ਼ਰਾ ਮਨ ਖੁਸ਼ ਕਰਨ ਵਾਸਤੇ ਭਗਤ ਜਨਾਂ ਦੀ ਅਭੋਲ ਬੱਚੇ ਵਰਗੀ ਅਵਸਥਾ ਦਾ ਜ਼ਿਕਰ ਕੀਤਾ ਹੈ। ਆਉ ਜੁੜੋ ਫਿਰ ਅੰਤਰ-ਆਤਮੇ ਨਾਲ। ਇਕ ਦਿਨ ਦਾਸ ਤੇ ਵੀਰ ਜੀ ਪਿਛਲੇ ਕਮਰੇ ਵਿਚ ਆਰਾਮ ਕਰਨ ਲੱਗੇ। ਦਾਸ ਵੀਰ ਜੀ ਦਾ ਹਰ ਤਰ੍ਹਾਂ ਬਹੁਤ ਸਤਿਕਾਰ ਕਰਦਾ ਸੀ। ਅਗਲੇ ਕਮਰੇ ਵਿਚ ਭੂਪ ਭੈਣ ਜੀ ਸਨ, ਪਿਛਲੇ ਕਮਰੇ ਅੰਦਰ ਇਕ ਮੰਜਾ ਖੁਲ੍ਹਾ ਤੇ ਕਾਫੀ ਉੱਚਾ ਸੀ। ਦਾਸ ਨੇ ਬੇਨਤੀ



www.AKJ.Org

ਕੀਤੀ ਕਿ ਵੀਰ ਜੀ ਆਪ ਜੀ ਇਸ ਤੇ ਆ ਕੇ ਬਿਰਾਜਮਾਨ ਹੋਵੋ, ਦਾਸ ਇਹ ਥੱਲੇ ਵਾਲੀ ਛੋਟੀ ਮੰਜੀ ਤੇ ਬਿਰਾਜੇਗਾ, ਪਰ ਵੀਰ ਜੀ ਕਹਿਣ ਲਗੇ, ਨਹੀਂ ਯਾਰ ਅਸੀਂ ਛੋਟੀ ਮੰਜੀ ਤੇ ਬਿਰਾਜਾਂਗੇ, ਤੁਸੀਂ ਪਲੰਘ ਤੇ, ਪਰ ਇਹ ਗੱਲ ਕਿਵੇਂ ਬਣੇ? ਇਹ ਮਿੱਠੀ ਮਿੱਠੀ ਲੜਾਈ ਲੜਦਿਆਂ ਕਾਫ਼ੀ ਸਮਾਂ ਗੁਜ਼ਰਿਆ, ਜਦੋਂ ਕਿ ਪਹਿਲਾਂ ਹੀ ਖਾਲਸੇ ਨੇ ਰਾਤ ਦੇ ਬਾਰਾਂ ਤੋਂ ਬਾਅਦ ਹੀ, ਬਿਰਾਜਮਾਨ ਹੋਣ ਲਈ ਤਿਆਰੀ ਕੀਤੀ ਸੀ। ਆਖ਼ਰ ਉਹਨਾਂ ਦਬਕਾ ਮਾਰਿਆ, ਜੋ ਕਿ ਮੇਰੇ ਵਾਸਤੇ ਹਮੇਸ਼ਾ ਹੀ ਉਹਨਾਂ ਦਾ ਅਖ਼ੀਰਲਾ ਹਥਿਆਰ ਹੋਇਆ ਕਰਦਾ ਸੀ। ਬੱਸ ਉਹ ਵਰਤਣ ਦੀ ਦੇਰ ਸੀ ਫੇਰ ਕਿਹੜਾ ਬੋਲੇ, ਦਾਸ ਸਹਿਜੇ ਜਿਹੇ ਸਤਬਚਨ ਕਹਿ ਕੇ ਆਕੜ ਕੇ ਚੜ੍ਹ ਬੈਠਾ ਉਚੇ ਪਲੰਘ ਤੇ। ਮਨ ਅੰਦਰ ਸੂਖਸ਼ਮ ਹਉਮੈ ਵੀ ਆ ਗਈ ਕਿ ਵੀਰ ਜੀ ਮੇਰਾ ਏਡਾ ਸਤਿਕਾਰ ਕਰਦੇ ਹਨ, ਪਤਾ ਨਹੀਂ ਮੇਰੇ ਵਿਚ ਕੀ ਉਹਨਾਂ ਨੇ ਵੇਖਿਆ ਹੈ ? ਮੈਨੂੰ ਇਹ ਗੱਲ ਤੇ ਯਾਦ ਹੀ ਨਾ ਰਹੀ ਕਿ ਮੂਰਖ ਤੇਰੇ ਵਿਚ ਐਸਾ ਸਤਿਕਾਰ ਕਰਾਉਣ ਵਾਲਾ ਤੇ ਇਕ ਵੀ ਗੁਣ ਨਹੀਂ। ਇਹ ਤੇ ਗੁਰਸਿਖਾਂ ਦੀ ਬਖ਼ਸ਼ਿਸ ਹੋ ਰਹੀ ਏ, ਤੇ ਇਹ ਦਸਿਆ ਜਾ ਰਿਹਾ ਹੈ ਕਿ ਗੁਰਸਿਖ ਮਿਤ੍ਰਾਂ ਦਾ ਸਤਿਕਾਰ ਕਿਵੇਂ ਕਰਨਾ ਚਾਹੀਏ ? ਆਉ ਜੀ, ਜੀ ਆਇਆਂ ਕਹਿ ਕੇ ਆਪ ਭਾਵੇਂ ਭੁਖੇ ਨੰਗੇ ਰਹੀਏ, ਗੁਰਸਿਖਾਂ ਨੂੰ ਪਹਿਨਾ ਕੇ ਘਲੀਏ। ਆਪ ਭਾਵੇਂ ਭੂਮ ਆਸਣ ਕਰੀਏ, ਗੁਰਸਿਖਾਂ ਨੂੰ ਪਲੰਘ ਲੇਫ਼ ਨਿਹਾਲੀਆਂ ਦੇ ਕੇ ਤਨ, ਮਨ, ਧਨ ਕੁਰਬਾਨ ਕਰ ਸੇਵਾ ਕਰੀਏ। ਕਲਗੀ ਵਾਲੇ ਪਿਤਾ ! ਇਹ ਮਾਦਾ, ਇਹ ਖੁਲਦਿਲੀ, ਇਹ ਪਿਆਰ ਤੇ ਸਤਿਕਾਰ, ਤੇਰੇ ਗੁਰਸਿਖਾਂ ਬਿਨਾਂ ਹੋਰ ਕੋਈ ਨਹੀਂ ਦੇ ਸਕਦਾ।

## ਗਾਇਬੀ ਚਮਤਕਾਰ

ਵਾਹ ! ਵਾਹ !! ਪਿਆਰੇ !!! ਪਿਤਾ ਜੀ ਘੋਲੀ ਘੋਮਾਈ ਹਾਂ ਤੇਰੀਂ ਪਿਆਰੀ ਗੁਰਸਿਖੀ ਤੋਂ। ਦਾਸ ਜਦੋਂ ਕੀਰਤਨ ਸੋਹਿਲੇ ਦਾ ਪ੍ਰੇਮ ਸਾਹਿਤ ਪਾਠ ਕਰ ਰਿਹਾ ਸੀ ਤੇ ਪਤਾ ਨਹੀਂ, ਕਿਵੇਂ, ਆਈ ਹਉਮੈਂ ਤਾ ਤਤਕਾਲ ਹੀ ਵਿਨਾਸ਼ ਹੋ ਗਈ। ਨਿਰਮਲ ਤੇ ਪਿਆਰ ਭਰੇ ਮਨ ਨਾਲ ਕੀਤੇ ਪਾਠ ਨੇ ਟਿਕਾਉ ਬਖ਼ਸ਼ਿਆ ਤੇ ਦਾਸਰਾ, ਕੁਝ ਮਿੰਟ ਇਸੇ ਅਨੰਦ ਵਿਚ ਚੌਂਕੜਾ ਮਾਰ ਬੈਠਾ ਰਿਹਾ। ਪਰ ਜਦੋਂ ਅੜਿੰਗ ਬੜਿੰਗ ਹੋਣ ਵਾਸਤੇ ਦਾਸਰੇ ਨੇ ਪਿਛਾਂਹ ਸਿਰ ਝੁਕਾਇਆ ਤੇ ਸਿਰ ਜਿਸ ਵੇਲੇ ਸਿਰਹਾਨੇ ਨਾਲ ਜਾ ਕੇ ਛੁਹਿਆ। ਐਸਾ ਚਮਕਾਰਾ ਵਜਿਆ, ਜਿਸ ਨੇ ਰਬੜ ਦੀ ਗੇਂਦ ਵਾਂਗ ਉਤਾਂਹ ਉਭਾਰ ਮਾਰਿਆ। ਸਰੀਰ ਅੰਦਰ ਝਰਨਾਟਾਂ ਛਿੜ ਗਈਆਂ। ਫਿਰ ਕੁਝ ਚਿਰ ਇਸੇ ਅਨੰਦ ਵਿਚ ਬੈਠਾ ਰਿਹਾ। ਪਰ ਦੂਜੀ ਵਾਰੀ ਜਦੋਂ ਫਿਰ ਸਿਰ ਝੁਕਿਆ ਤੇ ਅਗੇ ਨਾਲੋਂ ਵੀ ਜ਼ਿਆਦਾ ਪ੍ਰਕਾਸ਼ ਹੀ ਪ੍ਰਕਾਸ਼ ਹੋਇਆ ਕਿ ਬਸ ਇਸ ਵਾਰੀ ਤੇ ਇੰਜ ਮਹਿਸੂਸ ਹੋ ਰਿਹਾ ਸੀ ਕਿ ਦਾਸ ਮਾਤ ਲੋਕ ਨਹੀਂ ਸਗੋਂ ਕਿਤੇ ਇਸ ਲੋਕ ਤੋਂ ਅਤਿ ਉੱਚੇ ਲੋਕ ਦੇ ਊਚ ਅਟਾਰਿਆਂ ਵਿਚ ਬੈਠਾ ਹੈ। ਨਾਮ ਅਭਿਆਸ ਦਾ ਐਸਾ ਤੋਰਾ ਤੁਰਿਆ ਕਿ ਹੁਣ ਕੌਣ ਰੋਕੇ? ਚਮਤਕਾਰ ਦੇ ਆਸਰੇ ਘਟਣ ਨਾਲ ਤੀਜੀ ਵਾਰ ਜਦੋਂ ਦਾਸ ਦੇ ਸਿਰ ਨੇ ਝੁਕਾ ਲਿਆ ਤੇ ਫਿਰ ਉਸੇ ਤਰ੍ਹਾਂ ਚਮਕਦਾਰ ਤੇ ਉਭਾਰ ਹੋਇਆ, ਨਾਮ ਦਾ ਖੰਡਾ ਪਿਆ ਖੜਕੇ। ਇਹ ਗਾਇਬੀ ਅਨੰਦ ਰਸ ਤੇ ਗਾਇਬੀ ਚਮਤਕਾਰਾਂ ਨੇ ਦਾਸ ਨੂੰ ਮੁਰਦੇ ਵਾਂਗ ਮੁਰੀਦ ਹੀ ਬਣਾ ਦਿਤਾ। ਜਿਸ ਵੇਲੇ ਤੀਜੀ ਵਾਰੀ ਸੁਰਤ ਪਰਤੀ, ਦਾਸ ਦੇ ਮਨ ਅੰਦਰ ਇਹ ਫੁਰਨਾ ਉਪਜਿਆ, ਆਖ਼ਿਰ ਕੋਈ ਖੇਲ ਅੱਜ ਜ਼ਰੂਰ ਵਰਤ ਰਹੀ ਹੈ। ਮੇਰੀ ਤੇ ਇਤਨੀ ਕਮਾਈ ਨਹੀਂ, ਜਿਸ ਨਾਲ ਇੰਨੇ ਨੂਰ ਦਾ ਮੈਂ ਹੱਕਦਾਰ ਹੋਵਾਂ। ਇਹ ਕੋਈ ਬਖ਼ਸ਼ਿਸ ਹੋ ਰਹੀ ਹੈ ਪਰ ਦੇਖ ਤੇ ਲਈਏ ਕਿ ਸਿਰਹਾਨੇ ਨਾਲੋਂ ਇਹ ਕੁਝ ਹੁੰਦਾ ਹੈ, ਸਿਰਹਾਣੇ ਅੰਦਰ ਐਸੀ ਕਿਹੜੀ ਚੀਜ਼ ਹੈ ? ਵੀਰ ਜੀ ਹੋਰਾਂ ਸਵੇਰੇ ਅੰਮ੍ਰਿਤ ਵੇਲੇ ਉਠਣ ਦਾ ਦੋ ਵਜੇ ਦਾ ਅਲਾਰਮ ਲਗਾਇਆ ਹੋਇਆ ਸੀ। ਉਹ ਵੀ ਵੱਜ ਗਿਆ ਤੇ "**ਕਿਆ ਸਵਣਾ ਕਿਆ ਜਾਗਣਾ**" ਦੀ ਅਵਸਥਾ ਦੇ ਮਾਲਕ ਪੂਰਨ ਵੀਰ ਜੀ ਤਤਕਾਲ ਸਾਵਧਾਨ ਹੋ ਗਏ। ਦਾਸ ਨੇ ਸਿਰਹਾਣੇ ਥੱਲੇ ਹੱਥ ਮਾਰਿਆ ਤੇ ਥੱਲੇ ਸਰਬ ਲੋਹੀ ਸਰਬ ਕਾਲ ਸਰਬ ਠੌਰ ਦੀ ਪੁੱਤਰੀ ਸਰਬ ਲੋਹੀ ਮਾਲਾ ਪਈ ਹੋਈ ਸੀ। ਜਿਸ ਨਾਲ ਵੀਰ ਜੀ ਕਈਆਂ ਸਾਲਾਂ ਤੋਂ ਨਾਮ ਅਭਿਆਸ ਦੀਆਂ ਕਮਾਈਆਂ



www.AKJ.Org

ਕਰਦੇ ਆ ਰਹੇ ਸਨ ਤੇ ਇਸੇ ਅੰਦਰ ਨਾਮ ਦੀਆਂ ਧੁਨੀਆਂ ਪ੍ਰਵੇਸ਼ ਹੋ ਕਰ ਇਹ ਕਲਾਧਾਰੀ ਬਣ ਚੁੱਕੀ ਸੀ। ਬਸ ਫ਼ਟਾ ਫ਼ਟ ਉੱਠ ਕਰ ਇਸ਼ਨਾਨ ਪਾਨ ਸੋਧੇ ਤੇ ਦਾਤਾਰ ਦੀ ਕਾਰ ਵਿਚ ਜੁਟ ਗਏ। ਇਸ ਤੋਂ ਅੱਗੇ ਸਮਾਂ ਬਤੀਤ ਹੁੰਦਾ ਗਿਆ। ਇਸ ਸਰਬ ਲੋਹੀ ਮਾਲਾ ਨਾਲ ਦਾਸ ਨੂੰ ਬਹੁਤ ਪਿਆਰ ਹੋ ਗਿਆ। ਆਖ਼ਰ ਇਕ ਦਿਨ ਐਸਾ ਆਇਆ ਕਿ ਵੀਰ ਜੀ ਨੇ ਇਕ ਦਿਨ ਅੰਮ੍ਰਿਤ ਵੇਲੇ ਇਹ ਮਾਲਾ ਦਾਸ ਵੱਲ ਵਗਾਹ ਕੇ ਮਾਰੀ। ਲੈ ਯਾਰ, ਤੇਰੀ ਬਹੁਤ ਚਿਰਾਂ ਦੀ ਇਹਦੇ 'ਤੇ ਅੱਖ ਹੈ, ਉਸ ਮਾਲਾ ਦੇ ਮੋਤੀ ਅਜੇ ਵੀ ਸੰਭਾਲ ਕੇ ਰੱਖੇ ਪਏ ਹਨ।

**ਮਨ ਖਿੜਿਆ ਹਰਿਆ ਬਾਗ** - (**ਸੂਰਾ ਮਾਸਿਕ ਪੱਤਰ 5 ਮਈ 1970**)

ਆਹ ! ਵਾਹ !! ਵਾਹ !!! ਪਿਆਰ ਦੀਆਂ ਵੀ ਅਜੀਬ ਹੀ ਖੇਲਾਂ ਹਨ। ਇਹ ਸਿਕਾਂ ਜਿਨ੍ਹਾਂ ਹਿਕਾਂ ਦੇ ਅੰਦਰ ਵਾਸ ਕਰ ਲੈਣ, ਉਹਨਾਂ ਦੀਆਂ ਤਾਂਘਾਂ ਤੇ ਪਿਆਰਾਂ ਦੇ ਜਜ਼ਬੇ ਇਕ ਦਿਨ ਮਿਲਾਪ ਦੀਆਂ ਘੜੀਆਂ ਨੇੜੇ ਲੈ ਹੀ ਆਉਂਦੀਆਂ ਹਨ। ਨਾਲੇ ਪ੍ਰਮਾਰਥਿਕ ਪਾਂਧੀਆਂ ਦੀਆਂ ਇਹ ਪਿਆਰ ਮੁਹੱਬਤਾਂ ਤੇ ਬਹੁਤ ਹੀ ਨਿਰਾਲੀਆਂ ਹਨ। ਗੁਰਮਤਿ ਗਾਡੀ ਰਾਹ 'ਤੇ ਚਲਣ ਹਾਰ ਦੀ ਖੁਲ-ਦਿਲੀ ਬਾ-ਸਬੂਤ ਦੇ ਸਕਦੇ ਹਨ। ਇਨ੍ਹਾਂ ਦੇ ਵੀ ਹਵਾ, ਪਾਣੀ ਵਾਂਗ ਆਪਾ ਵੰਡਣ ਦੇ ਅਨੇਕ ਗੁਣ ਤੇ ਚਮਤਕਾਰ ਹੁੰਦੇ ਹਨ, ਕਿਉਂਕਿ ਗੁਰਸਿਖੀ ਦੀ ਮੰਜ਼ਲ ਦੀ ਪ੍ਰਾਪਤੀ ਹੀ ਇਸੇ ਵਿਚ ਹੈ ਕਿ ਆਪਾ-ਭਾਵ ਤਿਆਗ ਕੇ ਨਿਤਾਪ੍ਰਤੀ ਗੁਰਮੁਖਿ ਗੁਰਸਿਖਾਂ ਸੰਤ ਜਨਾਂ ਦੀ ਸੰਗਤ-ਅੰਦਰ ਮੁਖ ਜੋੜੇ ਭਾਵ ਮਿਲਾਪ ਕਰੇ। ਸੰਗਤਿ ਵਿਚ ਮਾਖਿਓਂ ਦੀਆਂ ਮਖੀਆਂ ਵਾਂਗ ਜੁੜ ਬੈਠੇ ਤੇ ਸ਼ਬਦ-ਸੁਰਤ ਵਿਚ ਲੀਨ ਹੋ ਕੇ ਅੰਤਰ-ਆਤਮੇਂ ਅੰਦਰੋਂ ਅੰਮ੍ਰਿਤ-ਰਸ ਪੀਵੇ ਤੇ ਸੁਕੇ-ਸੜੇ ਤਨ ਮਨ ਨੂੰ ਸਰ-ਸਬਜ਼ ਕਰੇ। ਫਿਰ ਸਦੀਵੀ ਹਰਿਆਲੀ ਆ ਮੱਲਦੀ ਹੈ ਜੋ ਸੁਕਦੀ ਕਮਲਾਂਦੀ ਵੀ ਨਹੀਂ। ਜਦੋਂ ਬਾਗ ਦਾ ਮਾਲੀ ਸਚਾ ਸਾਹਿਬ ਕੰਤ ਕਰਤਾਰ ਆ ਜਾਵੇ, ਫਿਰ ਹੀ "**ਮਨ ਖਿੜਿਆ ਹਰਿਆ ਬਾਗ**" ਦੀ ਅਵਸਥਾ ਪ੍ਰਾਪਤ ਹੁੰਦੀ ਹੈ। ਇਸ ਹੈਰਾਨਗੀਆਂ ਭਰੀ ਨਿਰਾਲੀ ਵਾਰਤਾਲਾਪ ਦਾਸਤਾਨ ਪੇਸ਼ ਕਰਦਾ ਹਾਂ। ਆਸ ਹੈ ਪਾਠਕਾਂ ਨੂੰ ਬਹੁਤ ਅਨੰਦ ਆਵੇਗਾ।

ਗਿਆਨ ਦਾ ਤਮਾਸ਼ਾ ਤੇ ਵੈਰਾਗ ਅੰਦਰ ਹਾਸਾ। ਇਹ ਵੀ ਇਕ ਨਿਰਾਲੀ ਜਿਹੀ ਘਟਨਾ ਆਪ ਜੀ ਦੇ ਸਾਹਮਣੇ ਆ ਰਹੀ ਹੈ। ਹਾਂ ਜੀ, ਇਹ ਖ਼ਿਆਲ ਨਹੀਂ ਸਗੋਂ ਸੱਚੀ ਮਿਸਾਲ ਪੇਸ਼ ਕਰਨ ਲੱਗਾ ਹਾਂ। ਮੇਰੇ ਪਰਮ ਪਿਆਰੇ ਮਿੱਤਰ ਗੁਰਸਿਖ ਵੀਰ ਭਾਈ ਮੋਹਨ ਸਿੰਘ ਜੀ ਪੁਣਛ ਦੇ ਇਲਾਕੇ ਦੇ ਜੰਮ-ਪਲ, ਜੋ ਪਹਿਲਾਂ ਬੀ.ਐਸ.ਟੀ. ਵਿਚ ਬੰਬਈ ਬਸ ਡਰਾਈਵਰ ਸਨ ਤੇ ਫਿਰ ਟੈਕਸੀ ਚਲਾਂਦੇ ਰਹੇ ਤੇ ਅੱਜਕਲ੍ਹ ਸਰ-ਸਬਜ਼ ਫੁਲ-ਬੂਟਿਆਂ ਨਾਲ ਮੌਲ ਰਹੀ ਸਾਡੀ ਪਿਆਰੀ ਧਰਤੀ ਸ੍ਰੀ ਨਗਰ, ਕਸ਼ਮੀਰ ਵਿਚ ਵਾਸ ਕਰਕੇ ਜੀਵਨ ਬਤੀਤ ਕਰ ਰਹੇ ਹਨ। ਇਹਨਾਂ ਦੇ ਧਰਮ ਪਤਨੀ ਬੀਬੀ ਇੰਦਰਜੀਤ ਕੌਰ ਜੀ ਵੀ ਗੁਰੂ ਘਰ ਦੇ ਬਹੁਤ ਸ਼ਰਧਾਲੂ ਤੇ ਨੇਮੀ ਪ੍ਰੇਮੀ ਹਨ। ਇਸ ਗੁਰਮੁਖ ਪਰਿਵਾਰ ਨਾਲ ਮੇਰੇ ਬੜੇ ਨੇੜੇ ਦੇ ਸਬੰਧ ਰਹੇ ਹਨ। ਭਾਈ ਮੋਹਨ ਸਿੰਘ ਜੀ ਦੁਨਿਆਵੀ ਕਿਰਤ ਕਰਦੇ ਹੋਏ ਭੀ ਗੁਰਸਿਖੀ ਦਾ ਨਮੂਨਾ ਹਨ। ਇਹਨਾਂ ਨਾਲ ਅਕਸਰ ਸੰਨ 1952 ਦੇ ਦਿਨਾਂ ਵਿਚ ਹਰ ਰੋਜ਼ ਹੀ ਪ੍ਰੇਮ ਮਿਲਣੀ ਹੁੰਦੀ ਰਹਿੰਦੀ ਸੀ। ਇਹਨਾਂ ਨਾਲ ਮੇਰੀ ਹੋਈ ਗਲਬਾਤ ਨੂੰ ਪਾਠਕ ਜਨੋਂ, ਧਿਆਨ ਨਾਲ ਪੜ੍ਹੋ। ਇਹ ਵੀਰ ਅੰਦਰੋਂ ਸਿਆਣਾ ਤੇ ਬਾਹਰੋਂ ਭੋਲਾ ਹੈ ਪਰ ਹੈ ਬਹੁਤ ਸੂਝਵਾਨ। ਗੁਰਸਿੱਖੀ ਦੀ ਕਦਰ ਕਰਨ ਵਾਲੇ ਗੁਝੇ ਰੁਸਤਮ ਕਿਸੇ ਨੂੰ ਥੋੜ੍ਹੇ ਕੀਤਿਆਂ ਪਤਾ ਨਹੀਂ ਲੱਗਣ ਦੇਂਦੇ ਕਿ ਉਹ ਕਿਹੜੇ ਰੰਗਾਂ ਵਿਚ ਹਨ। ਉਹ ਮੇਰੇ ਪਾਸੋਂ ਕੁਝ ਨਾ ਕੁਝ ਪੁਛਦੇ ਰਹਿੰਦੇ ਤੇ ਦਾਸ ਉਹਨਾਂ ਪਾਸੋਂ। ਇਕ ਦਿਨ ਦਾਸਰੇ ਨਾਲ ਬੜਾ ਪਿਆਰ ਕੀਤਾ, ਗਲਵਕੜੀ ਵਿਚ ਲੈ ਕੇ ਪੁੱਛਣ ਲਗੇ, ਸੁਣਾ ਬਈ ਵੀਰ ਦਲਜੀਤ ਸਿੰਘ ਕਿਵੇਂ ਅੱਜਕਲ੍ਹ ਬੀਤਦੀ ਹੈ। ਜੇ ਤੁਸੀਂ ਅੱਜ ਕੋਈ ਆਪਣਾ ਵਧੀਆ ਤੋਂ ਵਧੀਆ ਉਦਾਹਰਣ ਦੇ ਕੇ ਹਾਲ ਦਸੋਗੇ ਤੇ ਮੈਂ ਫਿਰ ਇਕ ਹੈਰਾਨ ਕਰਨ ਵਾਲੀ ਹੱਡ-ਬੀਤੀ ਘਟਨਾ ਸੁਣਾਵਾਂਗਾ। ਮੇਰੇ ਮਨ ਅੰਦਰ ਲਾਲਚ ਆ ਗਿਆ, ਵੈਸੇ ਤੇ ਭਾਵੇਂ ਚੁੱਪ ਹੀ ਕਰ ਰਹਿੰਦਾ, ਪਰ ਉਹਨਾਂ ਵਲੋਂ ਸੁਣਨ ਦੀ ਚਾਹ ਰੱਖ ਕੇ ਦਾਸ ਨੇ ਜ਼ਿਕਰ ਕਰਨਾ



www.AKJ.Org

ਸ਼ੁਰੂ ਕੀਤਾ। ਮੇਰੀ ਗੱਲ ਪਾਠਕਾਂ ਨੂੰ ਹਸਾਵੇਗੀ ਤੇ ਭਾਈ ਮੋਹਨ ਸਿੰਘ ਪੁਣਛ ਵਾਲਿਆਂ ਦੀ ਗੱਲ ਅਸਚਰਜ ਕਰੇਗੀ ਕਿ ਕਿਵੇਂ ਗੁਰਸਿੱਖ ਮਾਇਆ ਵਿਚ ਉਦਾਸ ਰਹਿ ਕੇ ਆਪਣੇ ਜੀਵਨ ਨੂੰ ਉੱਚਿਆਂ ਲੈ ਜਾਂਦਾ ਹੈ। ਅਸੀਂ ਦੋਵਾਂ ਵੀਰਾਂ ਨੇ ਗੁਰਬਾਣੀ ਦੀ ਕੋਈ ਵੀ ਤੁਕ ਯਾਦ ਕਰਨੀ, ਫਿਰ ਕੋਸ਼ਿਸ਼ ਕਰਨੀ ਕਿ ਪੂਰਨ ਅਭਿਆਸ ਕਰਕੇ ਇਸ ਮਹਾਂਵਾਕ ਨੂੰ ਜੀਵਨ ਵਿਚ ਢਾਲ ਕੇ ਦੇਖੀਏ, ਕਿਉਂਕਿ ਅਰਸ਼ੀ ਬਾਣੀ ਅੰਦਰ ਆਏ ਹੁਕਮ ਸਾਰੇ ਹੀ ਅਟੱਲ ਹਨ। ਸੋਲਾਂ ਨਹੀਂ, ਸਗੋਂ ਸਤਾਰਾਂ ਆਨੇ ਸਚੀਆਂ ਸਚਾਈਆਂ ਦਰਜ ਹਨ। ਬਸ ਕੇਵਲ ਸਾਡੇ ਫਰਜ਼ ਹਨ ਕਿ ਖੋਜ ਕਰੀਏ। ਦਾਸ ਨੇ ਫ਼ਰੀਦ ਜੀ ਦਾ ਸਲੋਕ ਪੜ੍ਹਿਆ:-

**ਫਰੀਦਾ ਇਹੁ ਤਨੁ ਭਉਕਣਾ ਨਿਤ ਨਿਤ ਦੁਖੀਐ ਕਉਣੁ ॥**
**ਕੰਨੀ ਬੁਜੇ ਦੇ ਰਹਾਂ ਕਿਤੀ ਵਗੈ ਪਉਣੁ ॥**

(ਅੰਗ ੧੩੮੨)

ਫ਼ਰੀਦ ਜੀ ਤੇ ਇਹ ਕਥਨ ਕਰਦੇ ਹਨ ਕਿ ਪਦਾਰਥਾਂ ਦੇ ਲਬ ਕਰਕੇ ਇਹ ਤਨ ਤਾਂ ਨਿਤਾਪ੍ਰਤੀ ਕੁੱਤੇ ਵਾਂਗ ਭੌਂਕਦਾ ਹੈ, ਬੱਸ ਨਹੀਂ ਕਰਦਾ। ਮੁੜ-ਮੁੜ ਤ੍ਰਿਸ਼ਨਾਲੂ ਹੋਇਆ ਭੌਂਕਦਾ ਹੀ ਰਹਿੰਦਾ ਹੈ। ਇਸ ਨਿਕੰਮੇ ਸਰੀਰ ਦੇ ਮਗਰ ਲੱਗ ਕੇ, ਨਿਤਾਪ੍ਰਤ ਕੌਣ ਦੁਖੀ ਹੋਵੇ? ਕਿਉਂਕਿ ਇਸ ਦੀ ਇਕ ਨਹੀਂ, ਸਗੋਂ ਕਿਤਨੀਆਂ ਹੀ ਮੰਗਾਂ ਹਨ। ਸਧਾਰਨ ਮੰਗਾਂ ਨਹੀਂ ਬਲਕਿ ਵਿਸ਼ੇ ਵਾਸ਼ਨਾ ਪਉਣ ਰੂਪ ਬਣ ਕੇ ਮੁੜ-ਮੁੜ ਅੰਦਰ ਆਉਂਦੀਆਂ ਹਨ। ਇਹਨਾਂ ਨੂੰ ਰੋਕਣ ਲਈ ਇਹ ਚਾਹੀਦਾ ਹੈ ਕਿ ਜੀਵ ਆਪਣੇ ਕੰਨਾਂ ਵਿਚ ਵੈਰਾਗ, ਵਿਵੇਕ ਅਤੇ ਸਮ-ਦਮ ਰੂਪ ਬੁੱਜੇ ਦੇ ਕੇ ਲੋਭੀ ਤੇ ਲਾਲਚੀ ਤਨ ਮਨ ਤੇ ਕਾਬੂ ਪਾਏ ਤੇ ਸੇਵਕ ਸੁਰਖਰੂ ਬਣ ਕੇ ਪਾਪਾਂ ਦੇ ਭਾਰ ਤੋਂ ਬਚਿਆ ਰਹੇ, ਪਰ ਤੁਹਾਡੇ ਲੇਖਕ ਨੇ ਕੁਝ ਟੱਪਲਾ ਖਾ ਲਿਆ। ਸਮਝਿਆ ਕਿ ਇਹ ਵਾਸ਼ਨਾਵਾਂ ਤੇ ਲਬ ਲੋਭ ਦੀਆਂ ਲਹਿਰਾਂ ਤੋਂ, ਸ਼ਾਇਦ ਕੰਨ ਬੰਦ ਕਰ ਲੈਣ ਨਾਲ ਰੋਕ ਥਾਮ ਪੈ ਸਕਦੀ ਹੈ। ਜਿਵੇਂ ਅਨਜਾਣ ਬਚਾ ਵੱਡਿਆਂ ਦੇ ਸਾਹਮਣੇ ਚਾਲਾਕੀ ਤੇ ਹੁਸ਼ਿਆਰੀ ਕਰਨ ਦੀਆਂ ਉਕਤਾਂ-ਯੁਕਤਾਂ ਕਰਦਾ ਹੈ ਪਰ ਲਹਿਣੇ ਦੀਆਂ ਦੇਣੀਆਂ ਪੈ ਜਾਂਦੀਆਂ ਹਨ। ਇਸੇ ਤਰ੍ਹਾ ਦਾਸ "**ਚੰਚਲ ਮਤਿ ਬਾਰਿਕ ਬਪੁਰੇ ਕੀ**" ਵਾਂਗ ਬੜਾ ਉਛਲਿਆ ਤੇ ਖ਼ਿਆਲ ਕੀਤਾ ਇਹ ਕਿਹੜੇ ਪਾਪੜ ਵੇਲਣੇ ਨੇ ਇਹ ਜੋ ਫ਼ਰੀਦ ਜੀ ਨੇ ਵਡਾ ਫ਼ਲਸਫ਼ਾ ਲਿਖਿਆ ਹੈ। ਇਹ ਕਿਹੜੀ ਔਖੀ ਗੱਲ ਏ? ਬਿਲਡਿੰਗ ਦੇ ਉਪਰੋਂ ਉੱਤਰ ਵਾਹੋ ਦਾਹੀ ਸਰਪੱਟ ਦੌੜ ਪਿਆ। ਉਹਨਾਂ ਦਿਨਾਂ ਵਿਚ ਸਾਡਾ ਰਸਤਾ ਵੀ ਵਧੀਆ ਜਰਨੈਲੀ ਸੜਕ ਸੀ, ਜਿਸ ਵਿਚ ਮਣਾਂ ਮੂੰਹੀਂ ਪੱਥਰ ਪਏ ਹੋਏ ਸਨ। ਦਾਸ ਕਈ ਵਾਰੀ ਇਸ ਗਲੀ ਵਿਚੋਂ ਡਿਗਦਾ ਮਸਾਂ ਬਚਿਆ, ਫਿਰ ਵੀ ਕਈ ਠੋਕਰਾਂ ਲੱਗ ਹੀ ਗਈਆਂ। ਪਰ ਆਪਣੇ ਮਨੋਰਥ ਦੀ ਪੂਰਤੀ ਲਈ ਇਕ ਜਨਰਲ ਸਟੋਰ ਤੇ ਪੁੱਜ ਕੇ ਹਫ਼ੇ ਦਫ਼ੇ ਨੇ ਕਿਹਾ ਕਿ ਛੇਤੀ ਨਾਲ ਮੈਨੂੰ ਵਧੀਆ ਰੂੰ ਨਵੀਂ-ਨਕੋਰ ਦੇਵੋ, ਜੋ ਡਾਕਟਰ ਪੱਟੀ ਕਰਨ ਵੇਲੇ ਵਰਤਦੇ ਹਨ, ਉਹ ਚਾਹੀਦੀ ਏ। ਉਸ ਨੇ ਪੈਸੇ ਲਏ, ਬਿਨਾਂ ਦੇਰ ਦੇ ਰੂੰ ਹੱਥ ਫੜਾਈ। ਮੁੜਦੀ ਚਾਲੇ ਫਿਰ ਆ ਗਿਆ। ਇੰਜ ਦੌੜ ਭੱਜ ਹੋ ਰਹੀ ਸੀ ਕਿ ਫ਼ਰੀਦ ਜੀ ਦੀ ਇਸ ਗੱਲ ਦਾ ਤਜਰਬਾ ਅੱਜ ਹੀ ਕਰ ਲੈਣਾ ਹੈ। ਇਹ ਖ਼ਿਆਲ ਨਹੀਂ ਕੀਤਾ ਕਿ ਇਸ ਸਲੋਕ ਦਾ ਕਰਤਾ 36 ਸਾਲ ਦੁਖਾਂ-ਭੁੱਖਾਂ ਕੱਟ ਕੇ ਵੀ ਸ਼ਾਇਦ ਮਨ ਤੇ ਕਾਬੂ ਨਾ ਪਾ ਸਕਿਆ ਹੋਵੇ ਤੇ ਤੂੰ ਕਿਹੜੇ ਬਾਗ਼ ਦੀ ਮੂਲੀ ਏਂ ? ਇਹ ਗੱਲਾਂ ਏਡੀਆਂ ਸੌਖੀਆਂ ਨਹੀਂ, ਜਿੰਨ੍ਹੀਆਂ ਕੁ ਸਮਝ ਬੈਠਾ ਏਂ। ਖ਼ੈਰ ਇਹ ਤੇ ਸਿਆਣਪ ਦੀਆਂ ਗੱਲਾਂ ਹਨ, ਮੈਂ ਭਾਵੇਂ ਵਿਆਹਿਆ ਵਰਿਆ ਸਾਂ ਪਰ ਇਸ ਸਬਕ ਵਲੋਂ ਅਨਜਾਣ ਬਣ ਗਿਆ। ਕਿਸੇ ਵੇਲੇ ਸਿਆਣਾ-ਚਤਰ ਅਖਵਾਣ ਵਾਲਾ ਆਦਮੀ ਨਿੱਕੇ ਤੋਂ ਨਿੱਕੇ ਬਾਲ ਨਾਲੋਂ ਵੀ ਵੱਡੀ ਗ਼ਲਤੀ ਕਰ ਬੈਠਦਾ ਹੈ। ਬਸ ਆ ਕੇ ਨਵਾਬਾਂ ਵਾਂਗ ਘਰ ਵਾਲੀ ਨੂੰ ਹੁਕਮ ਕੀਤਾ—ਭਲੀਏ ਲੋਕੋ, ਅੱਜ ਅਸਾਂ ਫ਼ਰੀਦ ਭਗਤ ਬਣ ਕੇ ਦੱਸਨਾ ਹੈ। ਉਹ ਵਿਚਾਰੀ ਵੀ ਹੈਰਾਨ ਪਰੇਸ਼ਾਨ ਕਿ ਏਡੀ-ਛੇਤੀ ਇਹ ਫ਼ਰੀਦ ਜੀ ਕਿਵੇਂ ਬਣ ਜਾਣਗੇ ? ਅਜੇ ਕੁਝ ਕਹਿਣ ਵਾਲੀ ਹੀ ਸੀ ਕਿ ਅਸਾਂ ਬੜੇ ਰੋਅਬ ਨਾਲ ਫਿਰ ਕਿਹਾ, ਚੰਗਾ ਬਈ ਛੇਤੀ ਕਰ ਇਕ ਆਪਣਾ ਹਥਿਆਰ ਦੇ। ਅਜ ਤਨ, ਮਨ ਨਾਲੋਂ ਜੁਦਾ ਕਰਕੇ ਵੇਖੀਏ। ਉਹ ਅਜੇ



www.AKJ.Org

ਵੀ ਸੋਚ ਰਹੀ ਸੀ ਕਿ ਅੱਜ ਪਤੀ ਜੀ ਹੋਰਾਂ ਨੂੰ ਹੋ ਕੀ ਗਿਆ ਹੈ ? ਦਾਸ ਨੇ ਕਿਹਾ—ਕੀ ਪਈ ਵੇਖਦੀ ਏਂ? ਸਵੈਟਰ ਉਨਣ ਵਾਲੀਆਂ ਸਲਾਈਆਂ ਲੈ ਆ। ਵਿਚਾਰੀ ਨੂੰ ਪੈ ਗਈ ਹਫੜਾ-ਦਫੜੀ, ਕਹਿੰਦੀ ਜੀ ਇਕ ਸਲਾਈ ਮਿਲੀ ਹੈ। ਮੈਂ ਕਿਹਾ ਛੇਤੀ ਕਰ ਲੈ ਆ, ਬਸ ਇਸੇ ਤੋਪ ਨਾਲ ਹੀ ਮੋਰਚਾ ਫ਼ਤਹਿ ਹੋ ਜਾਵੇਗਾ। ਰੂੰ ਤੇ ਸਿਲਾਈ ਤਿਆਰ ਕੇ ਕਿਹਾ ਕਿ ਮੇਰੇ ਕਮਰੇ ਵਿਚੋਂ ਤੂੰ ਦੂਸਰੇ ਕਮਰੇ ਵਿਚ ਚਲੀ ਜਾਹ। ਉਹ ਵਿਚਾਰੀ ਚੁਪ ਕਰ ਕੇ ਕੰਨ ਵਲੇਟਦੀ ਦੂਜੇ ਪਾਸੇ ਚਲੀ ਗਏ ਤੇ ਅਸੀਂ ਲੱਗ ਪਏ ਫ਼ਰੀਦ ਜੀ ਦੇ ਹੁਕਮ ਦੀ ਪਾਲਣਾ ਕਰਨ। ਹੱਥ ਵਿਚ ਚਿੱਟੀ ਸਫ਼ੇਦ ਰੂੰ ਪਕੜ ਕੇ ਦੋਹਾ ਕੰਨਾਂ ਵਿਚ ਪਾਉਣੀ ਸ਼ੁਰੂ ਕੀਤੀ। ਜਿਸ ਵੇਲੇ ਅਗੇ ਨਾ ਜਾਵੇ ਤਾਂ ਫਿਰ ਸਲਾਈ ਨਾਲ ਧੱਕਣੀ ਸ਼ੁਰੂ ਕੀਤੀ। ਸਮਝ ਲਓ ਜਿਵੇਂ ਗੋਲਾ ਹੱਥ ਨਾਲ ਦੂਰ ਨਹੀਂ ਜਾਂਦਾ ਤੇ ਤੋਪ ਦੇ ਮੂੰਹ ਨਾਲ ਬੰਨ ਕੇ ਸੁੱਟਣ ਨਾਲ ਕਾਫੀ ਧਰਤੀ ਪਾਰ ਕਰਕੇ ਦੂਰ ਜਾ ਮਾਰ ਕਰਦਾ ਹੈ ਤੇ ਮੋਰਚਾ ਫ਼ਤਹਿ ਹੋਣ ਦੀ ਆਸ ਬੱਝ ਜਾਂਦੀ ਹੈ। ਆਪਾਂ ਵੀ ਇਹੋ ਦਾਅ ਖੇਡਿਆ ਕਿ ਜਿਥੇ ਹੱਥਾਂ ਨਾਲ ਰੂੰ ਨਹੀਂ ਪੁਜੇਗੀ, ਉਥੇ ਸਵੈਟਰ ਦੀ ਸਿਲਾਈ ਤਾਂ ਅਵੱਸ਼ ਪਹੁੰਚਾ ਦੇਵੇਗੀ। ਸੱਚ ਜਾਣੋ ਕਿ ਜਦੋਂ ਤਕ ਰਗਾਂ ਦੇ ਅੰਦਰ ਤਕ ਰੂੰ ਨਾ ਪਹੁੰਚਿਆ, ਸਿਲਸਲਾ ਚਾਲੂ ਹੀ ਰੱਖਿਆ। ਜਿਸ ਵੇਲੇ ਬਾਹਰ ਦੀਆਂ ਅਵਾਜ਼ਾਂ ਗੱਲਾਂ ਬਾਤਾਂ ਖੜਕਾ ਦੜਕਾ ਸ਼ੋਰ ਸ਼ਰਾਬਾ ਸੁਣਨਾ ਬੰਦ ਹੋ ਗਿਆ, ਤਦ ਦਾਸ ਨੇ ਸਮਝਿਆ ਕਿ ਬਸ ਜੀ ਹੁਣ ਤੇ ਕੰਮ ਬਣ ਗਿਆ। ਬਸ ਇਹੋ ਗੱਲ ਸੀ, ਜਿਸ ਨੂੰ ਫ਼ਰੀਦ ਜੀ ਕਹਿ ਗਏ ਹਨ। ਇਸ ਤਰ੍ਹਾਂ ਮੋਰਚਾ ਬੰਦੀ ਕਰਕੇ ਕਈ ਘੰਟੇ ਸਿਮਰਨ 'ਚ ਬੈਠੇ ਹੋਇਆ ਅਨੰਦ ਤੇ ਬੜਾ ਆਇਆ ਪਰ ਕੰਨਾਂ ਦੀਆਂ ਨਸਾਂ ਨੂੰ ਨਾਨੀ ਚੇਤੇ ਆ ਗਈ। ਆਖ਼ਿਰ ਫਿਰ ਇਹ ਸਿਲਸਿਲਾ ਰੋਜ਼ ਹੀ ਚਾਲੂ ਹੋ ਗਿਆ। ਨੇਤੀ ਧੋਤੀ ਕਰਮ ਕਾਂਡੀਆਂ ਵਾਂਗ ਰੂੰ ਭਰ ਲੈਣੀ ਤੇ ਕੱਢ ਲੈਣੀ। ਕੰਮ ਤੋਂ ਘਰ ਆ ਕੇ ਬੱਸ ਇਹੋ ਖੇਲ ਖੇਲਦੇ ਰਹਿਣਾ। ਪਤਾ ਨਹੀਂ ਕੀ ਅਹੰਕਾਰ ਆਇਆ ਜਾਂ ਸੱਚੇ ਪਾਤਸ਼ਾਹ ਨੇ ਇਸ ਪਾਸੇ ਤੋਂ ਮੋੜਨਾ ਸੀ, ਥੋੜ੍ਹੇ ਦਿਨ੍ਹਾਂ ਬਾਅਦ ਚੰਗਾ ਤਕੜਾ ਬੁਖਾਰ ਚੜ੍ਹਨ ਲਗ ਪਿਆ। ਵੈਰਾਗ ਐਸਾ ਕਿ ਚੜੇ ਬੁਖਾਰ ਵੀ ਸਤਿਗੁਰੂ ਪਾਤਸ਼ਾਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਅੰਦਰ ਘੰਟਿਆ ਬੱਧੀ ਬੈਠੇ ਰਹਿਣਾ।

ਇਕ ਕੰਨ ਅੰਦਰ ਬਹੁਤ ਦਰਦ ਸ਼ੁਰੂ ਹੋ ਗਈ। ਡਾਕਟਰ ਨੂੰ ਦੱਸਣ ਤੇ ਪਤਾ ਲਗਾ ਕਿ ਨਵੇਂ ਫ਼ਰੀਦ ਜੀ ਦੀ ਸਾਹ ਰਗ ਦੇ ਅੰਦਰ ਤਕ, ਇਕ ਰੂੰ ਦਾ ਟੁਕੜਾ ਜਾ ਚੁੱਕਾ ਹੈ। ਜੋ ਨਾ ਅਗੇ ਜਾ ਰਿਹਾ ਹੈ, ਨਾ ਪਿਛੇ। ਇਹ ਸਾਰੀ ਦਰਦ ਉਸੇ ਦੀ ਹੈ। ਡਾ. ਸਾਹਿਬ ਬੜੇ ਲਾਇਕ ਤੇ ਸਿਆਣੇ ਸਨ। ਉਹਨ੍ਹਾਂ ਬੜੀ ਮੁਸ਼ਕਲ ਨਾਲ ਥੋੜ੍ਹਾ ਥੋੜ੍ਹਾ ਕਰਕੇ, ਰੂੰ ਸਾਰਾ ਕੱਢਿਆ, ਕੰਨਾਂ ਵਿਚਲੇ ਜ਼ਖ਼ਮਾਂ ਨੂੰ ਠੀਕ ਕੀਤਾ ਤਾਂ ਜਾ ਕੇ ਕਿਤੇ ਠੀਕ ਸੁਣਨ ਲੱਗਾ। ਇਹ ਜੋ ਵੀ ਹੋਇਆ ਹੈ ਸਭ ਕੁਝ ਅਣਭੋਲ ਸੀ। ਪਰ ਜਦੋਂ ਇਹ ਗਲ ਮੋਹਣ ਸਿੰਘ ਜੀ ਹੋਰਾਂ ਸੁਣੀ, ਬੜੇ ਹੈਰਾਨ ਹੋਏ ਕਿ ਇਨ੍ਹਾਂ ਕਸ਼ਟ ਚੁੱਪ ਚੁਪੀਤੇ ਸਹਾਰਦੇ ਰਹੇ ਹੋ। ਮੈਂ ਕਿਹਾ ਜੀ ਨਵੀਂ ਫ਼ਕੀਰੀ ਤੇ ਦੁਪਹਿਰੇ ਧੂੰਵੇਂ ਵਾਲੀ ਗੱਲ ਹੈ ਕਿ ਪਤਾ ਲੱਗੇ, ਸੰਤ ਜੀ ਬੈਠੇ ਹਨ। ਅਸੀਂ ਵੀ ਸੋਚਿਆ ਕਿ ਛੇਤੀ ਹੀ ਫਰੀਦ ਬਣ ਜਾਈਏ। ਪਰ ਧੰਨ ਸਨ ਬਾਬਾ ਫ਼ਰੀਦ ਜੀ, ਧੰਨ ਉਹਨਾਂ ਦੀਆਂ ਕਮਾਈਆਂ, ਅਸੀਂ ਜੰਤ ਵੀਚਾਰੇ ਕੀ ਹਾਂ ? ਚੰਗਾ ਵੀਰ ਜੀ, ਹੁਣ ਤੁਸੀਂ ਦਸੋ। ਕਹਿੰਦੇ ਚੰਗਾ, ਫਿਰ ਸਾਡੀ ਵੀ ਅਜ਼ਮਾਈ ਹੋਈ ਗੱਲ ਸੁਣ ਲਵੋ। ਸਾਡੇ ਮਨ ਅੰਦਰ ਬਹੁਤ ਵੈਰਾਗ ਦੀਆਂ ਕਾਂਗਾਂ ਉਮਡ ਆਈਆਂ। ਗੱਡੀ ਦਾ ਸਟੇਰਿੰਗ ਹੱਥ ਵਿਚ ਹੋਣ ਦੇ ਬਾਵਜੂਦ ਭੀ ਸੱਚੇ ਸਾਹਿਬ ਦੀ ਬਾਣੀ ਪੜ੍ਹਨੀ ਤੇ ਨਾਮ ਨਾਲ ਬਿਰਤੀ ਜੋੜੀ ਰੱਖਣੀ। ਇਕ ਦਿਨ ਐਸਾ ਭਾਗਾਂ ਵਾਲਾ ਆਇਆ ਕਿ ਬੜੇ ਵੈਰਾਗ ਨਾਲ ਸਜਲ ਨੇਤਰਾਂ ਨਾਲ ਉੱਚੀ ਉੱਚੀ ਇਹ ਸ਼ਬਦ ਪੜ੍ਹਦੇ ਜਾ ਰਹੇ ਸਾਂ—

**ਬਿਲਾਵਲੁ ਕੀ ਵਾਰ ਮਹਲਾ ੪**

**ੴ ਸਤਿਗੁਰ ਪ੍ਰਸਾਦਿ ॥**

**ਸਲੋਕ ਮਃ ੪ ॥**

**ਹਰਿ ਉਤਮੁ ਹਰਿ ਪ੍ਰਭੁ ਗਾਵਿਆ ਕਰਿ ਨਾਦੁ ਬਿਲਾਵਲੁ ਰਾਗੁ ॥**



www.AKJ.Org

**ਉਪਦੇਸੁ ਗੁਰੂ ਸੁਣਿ ਮੰਨਿਆ ਧੁਰਿ ਮਸਤਕਿ ਪੂਰਾ ਭਾਗੁ ॥**
**ਸਭ ਦਿਨਸੁ ਰੈਣਿ ਗੁਣ ਉਚਰੈ ਹਰਿ ਹਰਿ ਹਰਿ ਉਰਿ ਲਿਵ ਲਾਗੁ ॥**
**ਸਭੁ ਤਨੁ ਮਨੁ ਹਰਿਆ ਹੋਇਆ ਮਨੁ ਖਿੜਿਆ ਹਰਿਆ ਬਾਗੁ ॥**
**ਅਗਿਆਨੁ ਅੰਧੇਰਾ ਮਿਟਿ ਗਇਆ ਗੁਰ ਚਾਨਣੁ ਗਿਆਨੁ ਚਰਾਗੁ ॥**
**ਜਨੁ ਨਾਨਕੁ ਜੀਵੈ ਦੇਖਿ ਹਰਿ ਇਕ ਨਿਮਖ ਘੜੀ ਮੁਖਿ ਲਾਗੁ ॥੧॥**

(ਅੰਗ ੮੪੯)

ਕਹਿੰਦੇ–'**ਮਨੁ ਖਿੜਿਆ ਹਰਿਆ ਬਾਗੁ ।**' ਇਥੇ ਆ ਕੇ ਅਟਕਾਅ ਪੈ ਗਿਆ। ਬਸ ਇਕ ਸਟਾਪ ਤੇ ਖੜੀ ਹੋਈ ਤੇ ਗੁਰਮੁਖਿ ਬ੍ਰਹਮੁ ਵੀਚਾਰ, ਇਹ ਐਸੀ ਸਫ਼ੁਰਨ ਹੋਈ, ਸਭ ਤਨ ਮਨ ਦੇ ਅੰਦਰ ਹਰਿਆਵਲ ਆ ਗਈ। ਇਸ ਤਰ੍ਹਾਂ ਹੋ ਗਿਆ ਮਾਨੋਂ ਹਰਿਆ ਭਾਗਾਂ ਭਰਿਆ, ਇਕ ਦੋ ਬੂਟੇ ਨਹੀਂ ਬਾਗ਼ ਹੀ ਖਿੜ ਗਿਆ ਹੈ। ਕੰਡਕਟਰ ਨੇ ਘੰਟੀ ਵਜਾਈ ਬਸ ਤੋਰੀ ਤੇ ਰੰਗ ਢੰਗ ਹੀ ਹੋਰ ਹੋ ਗਏ। ਸਟੇਰਿੰਗ ਦਾ ਰੰਗ ਹਰਾ ਦਿਸਣ ਲਗਾ ਤੇ ਫਿਰ ਪਿਛੇ ਬਸ ਵਿਚ ਝਾਤੀ ਮਾਰੀ। ਸਾਰੀ ਬੱਸ ਹੀ ਹਰੀ ਭਰੀ ਨਜ਼ਰ ਆਈ। ਕਹਿੰਦੇ, ਅਸੀਂ ਸੋਚਿਆ, ਸ਼ਾਇਦ ਗੁਰੂ ਦੇ ਸ਼ਬਦ ਦੀ ਵੀਚਾਰ ਦਾ ਅਸਰ ਹੋਵੇਗਾ। ਪਰ ਜਦੋਂ ਬਾਹਰਵਾਰ ਦੇਖਿਆ ਤੇ ਗਲੀਆਂ ਬਜ਼ਾਰ ਸਾਰੇ ਹੀ ਹਰਿਆਵਲ ਭਰਪੂਰ ਨਜ਼ਰ ਆਵਣ। ਇਸੇ ਅਨੰਦਮਈ ਨਜ਼ਾਰੇ ਵਿਚ ਬਸ ਕੋਲਾਬਾ ਜਾ ਪਹੁੰਚੀ। ਜਦੋਂ ਬਸ ਤੋਂ ਥਲੇ ਉਤਰੇ ਤੇ ਸਾਰੀ ਧਰਤੀ ਤੇ ਉਪਰ ਹਰਿਆਵਲ ਅਕਾਸ਼ ਭੀ ਹਰਾ-ਭਰਾ ਨਜ਼ਰ ਆਇਆ। ਰੋਮ-ਰੋਮ ਅੰਦਰ ਹਰਿਆਵਲ ਹੀ ਹਰਿਆਵਲ ਪਈ ਦਿੱਸੇ, ਕਹਿੰਦੇ ਉਹ ਦਿਨ ਬਹੁਤ ਭਾਗਾਂ ਵਾਲਾ ਸੀ, ਜਿਸ ਦਿਨ ਇਹ ਖੇੜਾ ਖਿੜਿਆ, ਸਹੁ ਅੰਞਣੇ ਆਇਆ ਪਰ ਇਹ ਸੋਹਾਵਣੀਆਂ ਘੜੀਆਂ ਛੇਤੀ ਹੀ ਅਲੋਪ ਹੋ ਗਈਆਂ। ਜੋ ਮੁੜ ਫਿਰ ਕਦੇ ਪ੍ਰਾਪਤ ਨਹੀਂ ਹੋਈਆਂ। ਇੰਝ ਆਖ ਕੇ ਫੁਟ ਫੁਟ ਰੋ ਪਏ ਜਿਵੇਂ ਕਿਸੇ ਨੂੰ ਭਾਰੀ ਸਦਮਾ ਮਹਿਸੂਸ ਹੋ ਰਿਹਾ ਹੋਵੇ। ਉਹਨਾਂ ਦੇ ਵੈਰਾਗ ਨੂੰ ਤਕ ਦਾਸ ਦੇ ਨੇਤਰਾਂ ਨੇ ਵੀ ਛਮਾ ਛਮ ਝੜੀਆਂ ਲਾ ਦਿਤੀਆਂ ਤੇ ਪਾਠਕ ਜਨੋਂ ਇਹ ਸਭ ਪ੍ਰੇਮ ਦੀਆਂ ਖੇਡਾਂ ਹਨ। ਜੋ ਸਚੇ ਸਾਹਿਬ ਦੇ ਅਖਾੜੇ ਅੰਦਰ ਆ ਹਾਜ਼ਰ ਹੁੰਦੇ ਹਨ, ਉਹਨਾਂ ਦੀ ਉਪਰੋਕਤ ਅਵਸਥਾ ਸੁਤੇ ਹੀ ਬਣ ਜਾਂਦੀ ਹੈ।

### ਗਿਆਨੀ ਜੀ ਦੇ ਜੀਵਨ ਸਬੰਧੀ ਹੋਰ ਜਾਣਕਾਰੀ : ਵਲੋਂ ਸੰਪਾਦਕ

ਗਿਆਨੀ ਜੀ ਕਸ਼ਮੀਰ ਦੇ ਪਾਕਿਸਤਾਨ ਵਿੱਚ ਰਹਿ ਗਏ ਹਿੱਸੇ ਦੇ ਜੰਮ ਪਲ ਸਨ ਜਿੱਥੇ ਆਪ ਜੀ ਦਾ ਜਨਮ 4 ਜਨਵਰੀ 1935 ਨੂੰ ਹੋਇਆ। ਆਪ ਦੇ ਮਾਤਾ ਪਿਤਾ ਅੰਮ੍ਰਿਤਧਾਰੀ, ਸਰਬ ਲੋਹੀ ਰਹਿਤ ਦੇ ਧਾਰਨੀ ਅਤੇ ਮਾਤਾ ਜੀ ਦਸਤਾਰਧਾਰੀ ਸਨ। ਆਪ ਜੀ ਦੇ ਵੱਡੇ ਭਰਾਤਾ ਗਿਆਨੀ ਸ਼ਮਸ਼ੇਰ ਸਿੰਘ ਜੀ ਨੂੰ ਵੀ ਭਾਈ ਸਾਹਿਬ ਜੀ ਦੀ, ਨਾਰੰਗਵਾਲ ਜਾ ਕੇ ਸੰਗਤ ਕਰਨ ਦਾ ਸੁਭਾਗ ਪ੍ਰਾਪਤ ਰਿਹਾ ਹੈ। ਦੇਸ਼ ਦੀ ਵੰਡ ਤੋਂ ਬਾਅਦ ਇਹ ਪਰਿਵਾਰ ਮਾਲਵੀਆ ਨਗਰ ਦਿੱਲੀ ਵਿੱਚ ਜਾ ਕੇ ਵੱਸ ਗਿਆ। ਇਨ੍ਹਾਂ ਦੇ ਵੱਡੇ ਭਰਾ ਨੇ ਮੁੰਬਈ ਜਾ ਕੇ ਕਾਰੋਬਾਰ ਸਥਾਪਿਤ ਕਰ ਲਿਆ ਅਤੇ ਆਪ ਵੀ ਪਰਿਵਾਰ ਸਮੇਤ ਦੁਨਿਆਵੀ ਕਿਰਤ ਵਾਸਤੇ ਉਥੇ ਚਲੇ ਗਏ। ਗੁਰਸਿੱਖੀ ਦਾ ਲਗਨ ਅਤੇ ਪ੍ਰੇਮ ਘਰ ਵਿੱਚੋਂ ਬਚਪਨ ਤੋਂ ਹੀ ਮਾਤਾ ਪਿਤਾ ਤੋਂ ਲਗ ਗਿਆ ਸੀ। ਪੂਰਬਲੇ ਸੰਜੋਗਾਂ ਅਨੁਸਾਰ ਆਪ ਜੀ ਦਾ ਮੇਲ ਉਸ ਸਮੇਂ ਮੁੰਬਈ ਨੌਕਰੀ ਕਰ ਰਹੇ, ਭਾਈ ਦਰਸ਼ਨ ਸਿੰਘ ਜੀ (ਭਰਾ ਜੀ), ਪੂਰਨ ਦਾਰ ਜੀ ਅਤੇ ਉਥੋਂ ਦੇ ਨਿਵਾਸੀ ਹੋਰ ਗੁਰਸਿੱਖਾਂ ਨਾਲ ਹੋ ਗਿਆ। ਭਾਈ ਸਾਹਿਬ ਜੀ ਵਲੋਂ ਸ੍ਰੀ ਹਜ਼ੂਰ ਸਾਹਿਬ ਜੀ ਦੀ ਕੀਤੀ ਦੂਜੀ ਯਾਤਰਾ ਸਮੇਂ ਮੁੰਬਈ ਵਿੱਚ ਅਪ੍ਰੈਲ 1955 ਵਿੱਚ ਹੋਏ ਅੰਮ੍ਰਿਤ ਸੰਚਾਰ ਸਮੇਂ ਆਪ ਅੰਮ੍ਰਿਤ ਛੱਕ ਕੇ ਤਿਆਰ ਬਰ ਤਿਆਰ ਹੋ ਗਏ। ਸੰਨ 1965 ਤਾਈਂ ਆਪ ਮੁੰਬਈ ਹੀ ਰਹੇ ਅਤੇ ਇਸ ਤੋਂ ਬਾਅਦ ਨਾਸਿਕ ਚਲੇ ਗਏ। ਉੱਥੇ ਰਹਿੰਦਿਆਂ ਗੁਰਮਤਿ ਦਾ ਪ੍ਰਚਾਰ ਕੀਤਾ ਅਤੇ ਬੇਅੰਤ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ। ਇਸ ਸਮੇਂ ਤਕ ਆਪ ਨੇ ਕੀਰਤਨ ਕਰਨਾ ਵੀ ਸਿੱਖ ਲਿਆ ਸੀ।


www.AKJ.Org

ਇੱਥੇ ਰਹਿੰਦਿਆਂ ਆਪ ਨੇ ਸੰਨ 1969 ਵਿਚ ਬ੍ਰਹਮ ਵਿਚਾਰ ਨਾਮੀ ਪੁਸਤਕ ਵੀ ਲਿਖੀ ਅਤੇ ਜ਼ਾਤੀ ਤਜਰਬਿਆਂ ਦੇ ਆਧਾਰ ਤੇ ਸੂਰੇ ਮਾਸਿਕ ਪੱਤਰ ਵਿੱਚ ਲੇਖ ਵੀ ਲਿਖ ਕੇ ਭੇਜਦੇ ਰਹੇ। ਸੰਨ 1970 ਵਿਚ ਗੁਰੂ ਘਰ ਦੇ ਵਜੀਰ ਅਤੇ ਪ੍ਰਚਾਰਕ ਬਣ ਕੇ ਦੱਖਣੀ ਅਫ਼ਰੀਕਾ ਚਲੇ ਗਏ ਅਤੇ ਸੰਨ 1978 ਤਾਈਂ ਉੱਥੇ ਹੀ ਗੁਰੂ ਘਰ ਦੀ ਸੇਵਾ ਕਰਦੇ ਰਹੇ। ਸ੍ਰੀ ਅੰਮ੍ਰਿਤਸਰ ਜੀ ਦੇ ਦਰਸ਼ਨ ਇਸ਼ਨਾਨ ਕਰਨ ਆਉਣ ਸਮੇਂ ਆਪ ਜੀ ਦਾ ਭਾਈ ਫੌਜਾ ਸਿੰਘ ਜੀ ਨਾਲ ਸੰਪਰਕ ਹੋ ਗਿਆ ਅਤੇ ਦੋਵਾਂ ਪਰਿਵਾਰਾਂ ਦਾ ਆਪਸ ਵਿੱਚ ਡੂੰਘਾ ਪਿਆਰ ਬਣ ਗਿਆ। ਸੰਨ 1976-77 ਵਿੱਚ ਭਾਈ ਫੌਜਾ ਸਿੰਘ ਜੀ ਵੱਲੋਂ ਚਲਾਈ ਪ੍ਰਚਾਰ ਵਹੀਰ ਵਿਚ ਇਨ੍ਹਾਂ ਦੀ ਸਿੰਘਣੀ ਤੇ ਬੱਚੀਆਂ ਸ਼ਾਮਲ ਹੋ ਕੇ ਸੰਗਤਾਂ ਦੀ ਸੇਵਾ ਕਰਦੀਆਂ ਰਹੀਆਂ। ਵਿਸਾਖੀ 1978 ਸਮੇਂ ਵਰਤੇ ਸਾਕੇ ਦੌਰਾਨ ਭਾਈ ਫੌਜਾ ਸਿੰਘ ਜੀ ਦੇ ਸ਼ਹੀਦ ਹੋਣ ਤੋਂ ਬਾਅਦ ਆਪ ਵੀ ਅਫ਼ਰੀਕਾ ਤੋਂ ਵਾਪਸ ਆ ਗਏ। ਬੀਬੀ ਅਮਰਜੀਤ ਕੌਰ ਅਤੇ ਭਾਈ ਸਾਹਿਬ ਜੀ ਦੇ ਸਾਥੀਆਂ ਵੱਲੋਂ ਪਿੰਡਾਂ ਵਿੱਚ ਚਲਾਈ ਜਾ ਰਹੀ ਗੁਰਮਤਿ ਪ੍ਰਚਾਰ ਵਹੀਰ ਦੀ ਸੇਵਾ ਵਿੱਚ ਆਪ ਵੀ ਕੁੱਦ ਪਏ। ਕੀਰਤਨ ਦੀ ਸੇਵਾ ਦੇ ਨਾਲ ਨਾਲ, ਆਪ ਪਿੰਡਾਂ ਦੇ ਲੋਕਾਂ ਨੂੰ ਥੋੜ੍ਹਾ ਜਿਹਾ ਵਿਖਿਆਨ ਕਰਕੇ ਗੁਰਮਤਿ ਮਾਰਗ ਦੇ ਪਾਂਧੀ ਬਣਨ ਲਈ ਪ੍ਰੇਰਦੇ ਅਤੇ ਅੰਮ੍ਰਿਤ ਸੰਚਾਰ ਦੀ ਸੇਵਾ ਵਿੱਚ ਵੀ ਸ਼ਾਮਿਲ ਹੋ ਕੇ ਉਨ੍ਹਾਂ ਨੂੰ ਗੁਰੂ ਚਰਨਾਂ ਨਾਲ ਜੋੜਦੇ ਰਹੇ। ਸੰਨ 1982 ਵਿੱਚ ਪੰਜਾਬ ਦੇ ਹਾਲਤ ਵਿਗੜਨੇ ਸ਼ੁਰੂ ਹੋਣ ਅਤੇ ਪੁਲਸ ਵੱਲੋਂ ਵਾਰ ਵਾਰ ਤੰਗ ਪ੍ਰੇਸ਼ਾਨ ਕਰਨ ਕਰਕੇ ਆਪ ਆਪਣੇ ਪੁੱਤਰ ਕੋਲ ਅਮਰੀਕਾ ਚਲੇ ਗਏ। ਉੱਥੇ ਰਹਿ ਕੇ ਅਮਰੀਕਾ ਦੇ ਵੱਖ ਵੱਖ ਗੁਰੂ ਘਰਾਂ ਅਤੇ ਵਿਦੇਸ਼ਾ ਖ਼ਾਸਕਰ ਇੰਗਲੈਂਡ ਅਤੇ ਯੂਰਪ ਵਿੱਚ ਜਾ ਕੇ ਗੁਰਮਤਿ ਪ੍ਰਚਾਰ ਕਰਦੇ ਰਹੇ। ਜਿੱਥੇ ਬੇਅੰਤ ਬੱਚੇ ਬੱਚੀਆਂ ਅਤੇ ਸੰਗਤਾਂ ਨੂੰ ਕੀਰਤਨ ਸਿਖਾ ਕੇ ਗੁਰੂ ਘਰ ਨਾਲ ਜੋੜਿਆ, ਉਥੇ ਕਈ ਗੁਰੂ ਘਰਾਂ ਅਤੇ ਵਿੱਦਿਅਕ ਸੰਸਥਾਵਾਂ ਦੀ ਉਸਾਰੀ ਦੀ ਸੇਵਾ ਵੀ ਕਰਦੇ ਰਹੇ। ਸੰਨ 2004 ਵਿੱਚ ਵਾਪਸ ਦਿੱਲੀ ਆ ਗਏ ਅਤੇ ਭਾਈ ਮਿਹਰ ਸਿੰਘ ਜੀ,ਭਾਈ ਸੰਤੋਖ ਸਿੰਘ ਜੀ ਅਤੇ ਹੋਰ ਗੁਰਸਿੱਖਾਂ ਦੀ ਸੰਗਤ ਕਰਦਿਆਂ, ਕੀਰਤਨ ਅਖਾੜਿਆਂ ਦੀ ਹਾਜ਼ਰੀ ਭਰ ਕੇ ਜੀਵਨ ਸਫਲ ਕਰਦੇ ਰਹੇ। ਫਿਰ ਆਪ ਜੀ ਐਕਸੀਡੈਂਟ ਹੋਣ ਕਾਰਨ ਸੰਗਤ ਵਿੱਚ ਜਾਣ ਤੋਂ ਅਸਮਰੱਥ ਹੋ ਗਏ। ਆਪ ਦੀ ਵੱਡੀ ਬੱਚੀ ਬੀਬੀ ਅੰਮ੍ਰਿਤ ਕੌਰ ਆਪ ਨੂੰ ਲੁਧਿਆਣੇ ਲੈ ਆਈ ਅਤੇ ਉਸ ਨੇ ਆਪ ਜੀ ਦੀ ਬੀਮਾਰੀ ਅਤੇ ਬੁਢੇਪੇ ਸਮੇਂ ਅਣਥੱਕ ਸੇਵਾ ਕੀਤੀ। ਇਸ ਸਮੇਂ ਆਪ ਜੀ ਦੇ ਦੂਸਰੇ ਬੱਚੇ ਖਾਸ ਕਰ ਵੱਡਾ ਭੁਝੰਗੀ ਵੀ ਅਮਰੀਕਾ ਤੋਂ ਆ ਕੇ ਸੇਵਾ ਵਿੱਚ ਹੱਥ ਵਟਾਉਂਦਾ ਰਿਹਾ।ਅਖੀਰ ਵਿੱਚ ਇਹ ਗੁਰਮੁਖ ਰੂਹ ਲੁਧਿਆਣੇ ਵਿਚ ਹੀ ਮਿਤੀ 21 ਮਈ 2009 ਨੂੰ ਗੁਰੂ ਚਰਨਾਂ ਵਿਚ ਜਾ ਬਿਰਾਜੀ।

# ਭਾਈ ਬੰਤਾ ਸਿੰਘ ਜੀ, ਯੂ.ਕੇ.

ਭਾਈ ਮਦਨ ਸਿੰਘ ਜੀ ਬਰਮਿੰਘਮ, ਯੂ.ਕੇ.

ਅਨਿੰਨ ਸੇਵਕ, ਰਹਿਣੀ, ਸਹਿਣੀ, ਕਹਿਣੀ, ਕਰਨੀ ਦੇ ਸੂਰੇ, ਹਰਮਨ ਪਿਆਰੇ, ਯੂ.ਕੇ. ਤੇ ਹੋਰ ਮੁਲਕਾਂ ਵਿੱਚ ਅਖੰਡ ਕੀਰਤਨ ਰਾਹੀਂ ਗੁਰੂ ਤੋਂ ਹੋਏ ਬੇਮੁਖ ਵੀਰਾਂ ਅਤੇ ਭੈਣਾਂ ਨੂੰ ਗੁਰਮਤਿ ਗਾਡੀ ਰਾਹ 'ਤੇ ਪਾਉਣ ਵਾਲੇ ਭਾਈ ਸਾਹਿਬ ਬੰਤਾ ਸਿੰਘ ਜੀ ਦਾ ਜਨਮ 14 ਨਵੰਬਰ, 1921 ਨੂੰ ਪਿੰਡ ਭਾਰਟਾ ਜਿਲ੍ਹਾ ਹੁਸ਼ਿਆਰਪੁਰ (ਭਾਰਤ) ਵਿੱਚ ਹੋਇਆ। ਕੁਝ ਸਮਾਂ ਆਪ ਜੀ ਨੇ ਮਿਲਟਰੀ ਦੀ ਨੌਕਰੀ ਕੀਤੀ। ਫਿਰ ਇੰਡੀਅਨ ਰੇਲਵੇ ਵਿੱਚ ਗਾਰਡ ਦੀ ਨੌਕਰੀ ਕੀਤੀ ਤੇ ਬੰਬਈ ਪਰਵਾਰ ਸਹਿਤ ਰਹਿਣ ਲੱਗ ਪਏ। ਮੁੰਬਈ ਰਹਿੰਦਿਆਂ ਆਪ ਜੀ ਦਾ ਮਿਲਾਪ ਪੁਰਾਤਨ ਗੁਰਸਿੱਖਾਂ ਨਾਲ ਹੋ ਗਿਆ। ਜਿੰਨ੍ਹਾਂ ਦੀ ਸੰਗਤ ਨਾਲ ਖੂਬ ਆਨੰਦ ਮਾਣੇ ਜਿਨ੍ਹਾਂ ਵਿਚ ਭਾਈ ਸੁਜਾਨ ਸਿੰਘ ਜੀ, ਭਾਈ ਮਨੋਹਰ ਸਿੰਘ ਜੀ, ਖਾਸ ਕਰ ਭਾਈ ਸੂਰਤ ਸਿੰਘ ਪੂਰਨ ਜੀ, ਬੀਬੀ ਭੁਪਿੰਦਰ ਕੌਰ (ਜਿਨਾਂ ਦੀ ਪ੍ਰੇਰਨਾ ਨਾਲ ਅੰਮ੍ਰਿਤ ਛੱਕਿਆ



www.AKJ.Org

ਸੀ) ਭਾਈ ਹਰੀ ਸਿੰਘ ਜੀ ਟੈਕਸੀ ਵਾਲੇ ਭਾਈ ਦਰਸ਼ਨ ਸਿੰਘ ਭਰਾ ਜੀ (ਦਿੱਲੀ ਵਾਲੇ) ਭਾਈ ਸਤਨਾਮ ਸਿੰਘ ਜੀ ਮੁੰਬਈ ਵਾਲੇ ਭਾਈ ਦਲਜੀਤ ਸਿੰਘ ਕੋਮਲ ਆਦਿ ਨਾਮ ਵਰਣਨ ਯੋਗ ਹਨ। ਭਾਈ ਬੰਤਾ ਸਿੰਘ ਜੀ ਬੰਬਈ ਵਿਖੇ ਰੇਲਵੇ ਗਾਰਡ ਵਜੋਂ ਨੌਕਰੀ ਕਰਦੇ ਸਨ। ਉਹ ਹਮੇਸ਼ਾਂ ਕੀਰਤਨ ਸਮਾਗਮਾਂ ਵਿਚ ਆਉਂਦੇ ਹੁੰਦੇ ਸਨ ਪਰੰਤੂ ਉਨ੍ਹਾਂ ਦੀ ਪਤਨੀ ਅਤੇ ਬਾਕੀ ਪਰਿਵਾਰ ਰਾਧਾ ਸੁਆਮੀ ਸੀ। ਉਨ੍ਹਾਂ ਦੇ ਪਰਿਵਾਰ ਵਿਚ 7-8 ਬੱਚੇ ਸਨ ਅਤੇ ਪਤਨੀ ਉਨ੍ਹਾਂ ਦੀ ਡਾਢੇ ਸੁਭਾਅ ਦੀ ਸੀ। ਪੂਰਨ ਦਾਰਜੀ ਨੇ ਉਨ੍ਹਾਂ ਨੂੰ ਕਿਹਾ, ਤੁਸੀਂ ਇਕੱਲੇ ਹੀ ਹਾਜ਼ਰੀ ਭਰਦੇ ਹੋ,ਪਰਿਵਾਰ ਨੂੰ ਵੀ ਨਾਲ ਲੈ ਕੇ ਆਇਆ ਕਰੋ। ਉਹ ਕਹਿਣ ਲੱਗੇ, ਮੈਨੂੰ ਹੀ ਹਾਜ਼ਰੀ ਭਰਨ ਦੇਣ, ਇਹ ਹੀ ਬਹੁਤ ਹੈ। ਸਮਾਗਮਾਂ ਵਿਚ ਹਾਜ਼ਰੀ ਭਰਨ ਲਈ ਮੈਂ ਐਤਵਾਰ ਨੂੰ ਘਰ ਦੇ ਸਾਰੇ ਕੰਮ ਵਿਚ ਮਦਦ ਕਰਦਾ ਹਾਂ। ਕੁਝ ਸਿੰਘਾਂ ਨੇ ਰਲ ਕੇ ਜਿਨ੍ਹਾਂ ਵਿਚ ਪੂਰਨ ਦਾਰ ਜੀ ਡਾਕਟਰ ਸੰਤੋਖ ਸਿੰਘ ਜੀ, ਭਾਈ ਮਨੋਹਰ ਸਿੰਘ ਜੀ ਵੀ ਸ਼ਾਮਲ ਸਨ, ਨੇ ਭਾਈ ਬੰਤਾ ਸਿੰਘ ਦੇ ਘਰ ਕੀਰਤਨ ਕਰਨ ਦਾ ਪ੍ਰੋਗਰਾਮ ਬਣਾਇਆ। ਭਾਈ ਸਰਦੂਲ ਸਿੰਘ ਨਾਮਧਾਰੀ ਸਿੰਘ ਆਪਣੀ ਟੈਕਸੀ ਲੈ ਆਇਆ। ਸ਼ਾਮ ਦੇ ਸਮੇਂ ਘਰ ਦੇ ਅੰਦਰ ਨੌਕਰਾਨੀ ਦੇ ਨਾਲ ਆਪਣੀ ਬੱਚੀ ਨੂੰ ਛੱਡ ਕੇ ਬਾਹਰੋਂ ਜਿੰਦਰਾ ਮਾਰ ਕੇ ਪੂਰਨ ਦਾਰਜੀ ਅਤੇ ਬੀਬੀ ਜੀ ਟੈਕਸੀ ਵਿਚ ਬੈਠ ਕੇ ਭਾਈ ਬੰਤਾ ਸਿੰਘ ਦੇ ਘਰ ਚਲੇ ਗਏ। ਭਾਈ ਬੰਤਾ ਸਿੰਘ ਦੀ ਪਤਨੀ ਬੀਬੀ ਸੁਰਜੀਤ ਕੌਰ ਸਿੰਘਾਂ ਨੂੰ ਵੇਖ ਕੇ ਹੈਰਾਨ ਰਹਿ ਗਈ ਅਤੇ ਕਹਿਣ ਲੱਗੀ, ਕਿਧਰ ਆਏ ਹੋ ? ਕਿਧਰ ਆਏ ਹੋ! ਸਿੰਘਾਂ ਨੇ ਫਟਾ-ਫਟ ਉਨ੍ਹਾਂ ਦੇ ਬੱਚਿਆਂ ਨੂੰ ਕੁਝ ਮੰਜਿਆਂ ਉਪਰ ਇਕੱਠੇ ਲਿਟਾ ਕੇ ਦੋ ਚਾਰ ਮੰਜੇ ਵੇਹਲੇ ਕਰ ਲਏ ਅਤੇ ਕੀਰਤਨ ਸ਼ੁਰੂ ਕਰ ਦਿੱਤਾ। ਰਾਤੀਂ 10 ਵਜੇ ਕੀਰਤਨ ਸ਼ੁਰੂ ਕਰਕੇ ਸਵੇਰੇ 2 ਵਜੇ ਕੀਰਤਨ ਦੀ ਸਮਾਪਤੀ ਕੀਤੀ। ਪੂਰਨ ਦਾਰਜੀ ਹੌਲੀ ਜਿਹੀ ਭੂਪ ਜੀ ਦੇ ਕੰਨ ਵਿਚ ਕਹਿਣ ਲੱਗੇ ਕਿ ਉਸ ਦੀ ਸਿੰਘਣੀ ਨੂੰ ਅੰਮ੍ਰਿਤ ਛਕਣ ਲਈ ਮਨਾਉਣਾ ਹੈ। ਬੀਬੀ ਸੁਰਜੀਤ ਕੌਰ ਦੇ ਨਾਲ ਉਸ ਦੀਆਂ ਹੋਰ ਵੀ ਰਾਧਾ ਸੁਆਮੀ ਸਹੇਲੀਆਂ ਉਥੇ ਬੈਠੀਆਂ ਹੋਈਆਂ ਸਨ। ਬੀਬੀ ਜੀ ਸੋਚੀਂ ਪੈ ਗਈ ਕਿ ਉਹ ਮੇਰੇ ਕੋਲੋਂ ਉਮਰ ਵਿਚ ਵੱਡੀ ਹੈ, ਉਸ ਨੂੰ ਕਿਸ ਤਰ੍ਹਾਂ ਮਨਾਵਾਂਗੀ। ਕੀਰਤਨ ਦੌਰਾਨ ਬੀਬੀ ਦੀਆਂ ਸਹੇਲੀਆਂ ਉਸ ਨੂੰ ਹੱਲਾਸ਼ੇਰੀ ਦੇ ਰਹੀਆਂ ਸਨ ਕਿ ਤੂੰ ਇਨ੍ਹਾਂ ਦੇ ਮਗਰ ਨਾ ਲੱਗੀਂ ਤੇ ਡੱਟੀ ਰਹੀਂ। ਅਰਦਾਸ ਸ਼ੁਰੂ ਹੋ ਗਈ ਅਤੇ ਬੀਬੀ ਜੀ ਮਨ ਹੀ ਮਨ ਗੁਰੂ ਸਾਹਿਬ ਅੱਗੇ ਜੋਦੜੀ ਕਰਕੇ ਖਿਸਕਦੇ ਖਿਸਕਦੇ ਬੀਬੀ ਸੁਰਜੀਤ ਕੌਰ ਦੇ ਲਾਗੇ ਚੱਲੇ ਗਏ। ਜਦੋਂ ਅਰਦਾਸ ਦੀ ਸਮਾਪਤੀ ਸਮੇਂ ਨਾਨਕ ਨਾਮ ਚੜ੍ਹਦੀ ਕਲਾ ਕਹਿ ਕੇ ਮੱਥਾ ਟੇਕਿਆ ਤਾਂ ਬੀਬੀ ਜੀ ਨੇ ਬੀਬੀ ਸੁਰਜੀਤ ਕੌਰ ਦੇ ਪੈਰ ਫੜ ਲਏ। ਉਹ ਬੀਬੀ ਕਹੇ, ਮੇਰੇ ਪੈਰ ਛੱਡ, ਇਹ ਕੀ ਕਰ ਰਹੀ ਹੈਂ ? ਬੀਬੀ ਜੀ ਜਵਾਨ ਸੀ, ਉਨ੍ਹਾਂ ਨੇ ਉਸ ਦੇ ਪੈਰ ਨਾ ਛੱਡੇ ਅਤੇ ਦੋਨੋਂ ਹੀ ਬੈਠ ਗਈਆਂ। ਹਾਰ ਕੇ ਉਹ ਬੀਬੀ ਕਹਿਣ ਲੱਗੀ ਕਿ ਤੂੰ ਕੀ ਕਹਿਣਾ ਚਾਹੁੰਦੀ ਹੈਂ? ਤਾਂ ਬੀਬੀ ਜੀ ਨੇ ਉਸ ਨੂੰ ਆਖਿਆ ਕਿ ਤੁਸੀਂ ਅੰਮ੍ਰਿਤ ਛਕ ਲਓ। ਉਹ ਕਹਿਣ ਲੱਗੀ, ਕਿਹੜਾ ਅੰਮ੍ਰਿਤ, ਮੈਂ ਅੰਮ੍ਰਿਤ ਛਕਿਆ ਹੋਇਆ ਹੈ ਤੇ ਗੁਰੂ ਧਾਰਿਆ ਹੋਇਆ ਹੈ। ਫੇਰ ਉਸ ਨੇ ਅਤੇ ਉਸ ਦੀਆਂ ਸਹੇਲੀਆਂ ਨੇ ਪੈਰ ਛੁਡਾਉਣ ਲਈ ਬਹੁਤ ਜ਼ੋਰ ਲਾਇਆ। ਪਰ ਸੱਚੇ ਪਾਤਸ਼ਾਹ ਨੇ ਬੀਬੀ ਜੀ ਨੂੰ ਪਤਾ ਨਹੀਂ ਕਿਥੋਂ ਤਾਕਤ ਦਿੱਤੀ, ਉਹ ਨਾ-ਕਾਮਯਾਬ ਰਹੀਆਂ ਅਤੇ ਕਿਹਾ ਕਿ ਜਦੋਂ ਤੁਸੀਂ ਹਾਂ ਕਹੋਗੇ ਤਾਂ ਹੀ ਤੁਹਾਡੇ ਪੈਰ ਛੱਡਾਂਗੀ। ਫਿਰ ਉਹ ਕਹਿਣ ਲੱਗੀ, ਮੇਰੇ ਸਿਰ ਵਿਚ 20 ਸਾਲ ਤੋਂ ਫੋੜਾ ਹੈ ਜਿਹੜਾ ਵੱਗਦਾ ਰਹਿੰਦਾ ਹੈ। ਮੈਂ ਸਿਰ 'ਤੇ ਕੱਪੜਾ ਵੀ ਨਹੀਂ ਲੈ ਸਕਦੀ। ਮੈਂ ਸਿਰ ਉਪਰ, ਜੋ ਕਪੜਾ ਤੂੰ ਬੰਨ੍ਹਿਆ ਹੋਇਆ ਹੈ ਇਹ ਕਿਵੇਂ ਬੰਨ੍ਹ ਸਕਦੀ ਹਾਂ ? ਫਿਰ ਬੀਬੀ ਜੀ ਨੇ ਕਿਹਾ, ਗੁਰੂ ਸਾਹਿਬ ਉਪਰ ਭਰੋਸਾ ਰੱਖੋ, ਉਹ ਵੀ ਠੀਕ ਹੋ ਜਾਵੇਗਾ। ਉਹ ਬਥੇਰਾ ਗੁਥਮਗੁੱਥਾ ਹੋਈ, ਫਿਰ ਹਾਰ ਕੇ ਕਹਿਣ ਲੱਗੀ, ਚੱਲ ਤੇਰਾ ਗੁਰੂ ਵੀ ਦੇਖ ਲੈਂਦੇ ਹਾਂ, ਜੇ ਮੇਰਾ ਸਿਰ ਠੀਕ ਹੋ ਜਾਵੇ। ਜਦੋਂ ਉਸ ਨੇ ਇੰਨੀ ਗੱਲ ਕਹੀ ਤਾਂ ਬੀਬੀ ਜੀ ਨੇ ਫ਼ਤਹਿ ਬੁਲਾ ਕੇ ਉਸ ਦੇ ਪੈਰ ਛੱਡ ਦਿੱਤੇ। ਇੰਨਾ ਕੁਝ ਹੁੰਦਿਆਂ ਸਵੇਰ ਦੇ ਚਾਰ ਵੱਜ ਗਏ ਸਨ, ਜਦੋਂ ਸਿੰਘਾਂ ਨੇ ਘਰਾਂ ਨੂੰ ਚਾਲੇ ਪਾਏ। ਘਰ ਪਹੁੰਚ ਕੇ ਪੂਰਨ ਦਾਰਜੀ ਕਹਿਣ ਲੱਗੇ, ਅੰਮ੍ਰਿਤ ਸੰਚਾਰ ਦੀ ਤਿਆਰੀ ਕਰੋ। ਸਮਾਗਮ ਲਈ ਨਾਲ ਦੇ ਘਰ ਵਾਲਿਆਂ ਦਾ ਇਕ ਕਮਰਾ ਮੰਗ ਲਿਆ ਅਤੇ ਲੰਗਰ ਵਗੈਰਾ ਵੀ ਤਿਆਰ ਕਰ ਲਿਆ। ਸ਼ਾਮ ਨੂੰ ਭਾਈ ਬੰਤਾ ਸਿੰਘ,



www.AKJ.Org

ਉਨ੍ਹਾਂ ਦੀ ਸਿੰਘਣੀ ਬੀਬੀ ਸੁਰਜੀਤ ਕੌਰ ਬੱਚਿਆਂ ਸਮੇਤ ਅੰਮ੍ਰਿਤ ਛਕਣ ਲਈ ਪਹੁੰਚ ਗਏ। ਦੋ ਚਾਰ ਪ੍ਰਾਣੀ ਹੋਰ ਵੀ ਤਿਆਰ ਹੋ ਗਏ। ਜਦੋਂ ਉਹ ਅੰਮ੍ਰਿਤ ਛਕਣ ਆਈ ਤਾਂ ਉਸ ਵੇਲੇ ਵੀ ਗੁੱਸੇ ਵਿਚ ਬੀਬੀ ਜੀ ਨੂੰ ਬਹੁਤ ਚੰਗਾ ਮੰਦਾ ਬੋਲੀ ਜਾਵੇ ਕਿ ਸਾਡੇ ਘਰ ਵਿਚ ਤੁਸੀਂ ਪੁਆੜਾ ਪਾ ਦਿੱਤਾ ਹੈ, ਕਲ ਦੀ ਜੰਮੀ ਛੋਕਰੀ ਸਾਨੂੰ ਸਿੱਖਿਆ ਦਿੰਦੀ ਫਿਰਦੀ ਹੈਂ ਵਗੈਰਾ ਵਗੈਰਾ। ਜਦੋਂ ਅੰਮ੍ਰਿਤ ਸੰਚਾਰ ਹੋਇਆ ਤਾਂ ਅੰਮ੍ਰਿਤ ਛਕਦਿਆਂ ਹੀ ਬੀਬੀ ਸੁਰਜੀਤ ਕੌਰ ਉਛਲ ਉਛਲ ਪਵੇ। ਕਿੰਨੀ ਵਾਰੀ ਉਛਲ ਕੇ ਉਪਰ ਜਾਵੇ ਅਤੇ ਫੇਰ ਜ਼ਮੀਨ ਉਪਰ ਡਿੱਗੇ। ਸਿਮਰਨ ਕਰਦਿਆਂ ਕਰਦਿਆਂ ਬੇਸੁਰਤ ਹੋ ਗਈ। ਅੰਮ੍ਰਿਤ ਛੱਕਣ ਤੋਂ ਬਾਅਦ ਉਸ ਦੇ ਸਿਰ ਦਾ ਜ਼ਖ਼ਮ ਵੀ ਠੀਕ ਹੋ ਗਿਆ। ਬਾਕੀ ਸਾਰੀ ਉਮਰ ਰਹਿਤ-ਬਹਿਤ ਦੇ ਧਾਰਨੀ ਹੋ ਕੇ ਸਫ਼ਲ ਜੀਵਨ ਜੀਵਿਆ।

ਸੰਨ 1965 ਨੂੰ ਯੂ.ਕੇ. ਦੀ ਧਰਤੀ 'ਤੇ ਪਹੁੰਚ ਗਏ। ਇੱਥੇ ਵੀ ਬ੍ਰਿਟਿਸ਼ ਰੇਲਵੇ ਵਿੱਚ ਗਾਰਡ ਦੀ ਨੌਕਰੀ ਤਕਰੀਬਨ 20 ਸਾਲ ਕਰਕੇ ਰਿਟਾਇਰ ਹੋਏ। ਉਸ ਸਮੇਂ ਦਸਤਾਰ ਵਾਲਾ ਸਿੰਘ ਸਰਕਾਰੀ ਅਦਾਰਿਆਂ ਵਿੱਚ ਕੋਈ ਵਿਰਲਾ ਹੀ ਹੁੰਦਾ ਸੀ। ਦਾਸ ਦਾ ਮੇਲ ਪਹਿਲੀ ਵਾਰ 1965 'ਚ ਕੰਵੈਂਟਰੀ ਗੁਰਦੁਆਰੇ ਵਿੱਚ ਹੋਇਆ। ਉੱਥੇ ਕੀਰਤਨ ਦੀ ਸੇਵਾ ਕਰਕੇ ਬੇਅੰਤ ਸੰਗਤ ਗੁਰੂ ਚਰਨਾਂ ਨਾਲ ਸੰਗਤ ਜੋੜੀ। ਦਰਸ਼ਨ ਕਰਕੇ ਬਹੁਤ ਦਿਲ ਖ਼ੁਸ਼ ਹੋਇਆ। ਕੀਰਤਨ ਦੀਆਂ ਧੁਨਾਂ ਨੇ ਦਾਸ ਤੇ ਸਿੰਘਣੀ ਨੂੰ ਮਾਨੋਂ ਕੀਲ ਲਿਆ। ਐਸੇ ਮਿਲੇ ਕਿ ਅੰਤ ਸਮੇਂ ਤਕ ਵੀ ਦੁੱਖ-ਸੁੱਖ ਦੇ ਭਾਈਵਾਲ ਬਣੇ ਰਹੇ। ਯਾਦ ਰੱਖਣ ਵਾਲੀ ਗੱਲ ਹੈ ਕਿ ਉਸ ਸਮੇਂ ਇੰਗਲੈਂਡ ਵਿੱਚ ਅੰਮ੍ਰਿਤਧਾਰੀ ਰਹਿਤ-ਬਹਿਤ ਦਾ ਧਾਰਨੀ ਕੋਈ ਟਾਵਾਂ ਹੀ ਪ੍ਰਦੇਸੀ ਹੁੰਦਾ ਸੀ। ਯੂ.ਕੇ. ਰਹਿੰਦੇ ਸਮੇਂ ਭਾਈ ਸਾਹਿਬ ਦੇ ਕੁਝ ਗੁੱਝੇ ਗੁਣਾਂ ਦਾ ਦਾਸ ਨੂੰ ਪਤਾ ਚਲਿਆ। ਇਸ ਵੀਰ ਨੇ ਸਾਰੀ ਉਮਰ ਗੁਰਬਾਣੀ ਤੇ ਕੀਰਤਨ ਨੂੰ ਹੀ ਆਪਣਾ ਜੀਵਨ ਆਧਾਰ ਬਣਾਈ ਰਖਿਆ। ਨਿਸ਼ਕਾਮ ਤੇ ਨਿਰਬਾਣ ਰਹਿ ਕੇ ਸਾਰੀ ਉਮਰ ਕੀਰਤਨ ਦੀ ਸੇਵਾ ਨਿਬਾਹੀ ਅਤੇ ਮਾਇਆ ਦੇ ਪ੍ਰਭਾਵ ਤੋਂ ਬਚੇ ਰਹੇ ਅਤੇ ਕਦੇ ਵੀ ਕੀਰਤਨ ਭੇਟਾ ਸਵੀਕਾਰ ਨਹੀਂ ਕੀਤੀ। ਕਦੇ ਵੀ ਡੋਲਦਿਆਂ ਨਹੀਂ ਵੇਖਿਆ ਅਤੇ ਕੀਰਤਨ ਅਖਾੜਿਆਂ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਂਦੇ ਰਹੇ।

ਇਕ ਜ਼ਰੂਰੀ ਘਟਨਾ ਦਾ ਜ਼ਿਕਰ ਕਰਨਾ ਸ਼ਾਇਦ ਕੁਥਾਇ ਨਾ ਹੋਵੇ। ਯੂ.ਕੇ. 'ਚ ਪਹਿਲੀ ਰੈਣ ਸਬਾਈ ਕੀਰਤਨ 1966 ਵਿੱਚ ਗੁਰੂ ਨਾਨਕ ਗੁਰਦੁਆਰਾ ਸਮੈਥਿਕ ਵੈਸਟ ਮਿਡਲੈਂਡ ਵਿੱਚ ਹੋਇਆ। ਰੈਣ ਸਬਾਈ ਕੀਰਤਨ ਦਾ ਖ਼ਿਆਲ ਵੀ ਭਾਈ ਸਾਹਿਬ ਜੀ ਨੇ ਹੀ ਦਾਸ ਨੂੰ ਦਿੱਤਾ ਸੀ। ਦਾਸ ਭਾਈ ਸਾਹਿਬ ਨੂੰ ਨਾਲ ਲੈ ਕੇ ਗੁਰਦੁਆਰਾ ਸਾਹਿਬ ਦੇ ਸੈਕਟਰੀ ਨੂੰ ਮਿਲੇ। ਉਨ੍ਹਾਂ ਪੁੱਛਿਆ ਕਿ ਰੈਣ ਸਬਾਈ ਕੀਰਤਨ ਕੀ ਹੁੰਦਾ ਹੈ? ਦਾਸ ਨੇ ਉੱਤਰ ਦਿੱਤਾ ਕਿ ਸਾਰੀ ਰਾਤ ਨਿਰੰਤਰ ਨਿਰੋਲ ਗੁਰਬਾਣੀ ਦੇ ਕੀਰਤਨ ਨੂੰ ਰੈਣ ਸਬਾਈ ਕੀਰਤਨ ਆਖਦੇ ਹਨ। ਫਿਰ ਆਖਣ ਲੱਗੇ, ਕੀਰਤਨੀਏ ਕਿਥੋਂ ਆਉਣਗੇ? ਕੀਰਤਨ ਸਾਰੀ ਰਾਤ ਨਹੀਂ ਚੱਲ ਸਕੇਗਾ ਜਿਸ ਨਾਲ ਕਮੇਟੀ ਦੀ ਬਦਨਾਮੀ ਹੋਵੇਗੀ। ਦਾਸ ਨੇ ਆਖਿਆ, ਸਾਨੂੰ ਗੁਰਦੁਆਰੇ ਦਾ ਦੀਵਾਨ ਹਾਲ ਤੇ ਕਿਚਨ ਦੇ ਦਿਓ। ਕੀਰਤਨ ਗੁਰੂ ਜੀ ਕਰਵਾਉਣਗੇ ਤੇ ਲੰਗਰ ਦੀ ਸੇਵਾ ਗੁਰੂ ਦੇ ਸੇਵਾਦਾਰ ਬੱਚੇ ਕਰਨਗੇ। ਰੈਣ ਸਬਾਈ ਕੀਰਤਨ ਦੀ ਸੰਗਤਾਂ ਵਿੱਚ ਖ਼ਬਰ ਪਹੁੰਚਾਉਣ ਦੀ ਜ਼ਿੰਮੇਵਾਰੀ ਵੀ ਮੈਂ ਹੀ ਲਈ। ਗੁਰੂ ਕਿਰਪਾ ਐਸੀ ਹੋਈ ਕਿ ਕੀਰਤਨ ਸਾਰੀ ਰਾਤ ਰੰਗਾਂ ਵਿੱਚ ਹੋਇਆ। ਫਿਰ ਦੂਸਰੇ ਸਾਲ ਗੁਰਦਿਆਲ ਸਿੰਘ ਰਸੀਆ ਦਾ ਜੱਥਾ ਤੇ ਭਾਈ ਅਮੋਲਕ ਸਿੰਘ ਜੀ ਵੀ ਸ਼ਾਮਲ ਹੋਏ। ਰੈਣ ਸਬਾਈ ਕੀਰਤਨ ਹੋਰ ਚੜ੍ਹਦੀਆਂ ਕਲਾਂ ਵਿੱਚ ਹੋਇਆ। ਹੁਣ ਤਾਂ ਦੱਸਣ-ਕਹਿਣ ਦੀ ਬਾਤ ਹੀ ਨਹੀਂ। ਰੈਣ ਸਬਾਈ ਕੀਰਤਨ ਹਰੇਕ ਸ਼ਹਿਰ ਵਿੱਚ ਹੋ ਰਹੇ ਹਨ।

ਇਸੇ ਤਰ੍ਹਾਂ ਕਿਰਪਾਨ ਦੇ ਮਸਲੇ ਨੂੰ ਹੱਲ ਕਰਨ ਲਈ ਭਾਈ ਸਾਹਿਬ ਨੇ ਪੂਰਾ-ਪੂਰਾ ਸਹਿਯੋਗ ਦਿੱਤਾ। ਹਰ ਮੀਟਿੰਗ, ਭਾਵੇਂ ਹੋਮ ਆਫ਼ਿਸ ਵਿੱਚ ਸੀ ਯਾ ਕਿਤੇ ਹਵਾਈ ਜਹਾਜ਼ ਦੇ ਮਹਿਕਮੇ ਵਿੱਚ ਸੀ, ਭਾਈ ਸਾਹਿਬ ਮੋਢੇ ਨਾਲ ਮੋਢਾ ਡਾਹ ਕੇ ਸੇਵਾ ਨਿਬਾਉਂਦੇ ਰਹੇ। ਇਸ ਤਰ੍ਹਾਂ ਕਿਰਪਾਨ ਆਜ਼ਾਦ ਕਰਾਉਣ ਵਿੱਚ ਵੀ ਇਨ੍ਹਾਂ ਦੀ ਅਣਥੱਕ ਸੇਵਾ ਸੀ। ਇੱਥੇ ਹੀ ਬਸ ਨਹੀਂ, ਭਾਈ ਸਾਹਿਬ ਭਾਈ ਰਣਧੀਰ ਸਿੰਘ ਦੀਆਂ ਪੁਸਤਕਾਂ ਛਾਪਣ ਛਪਵਾਉਣ ਤੇ ਵੰਡਣ ਵਿੱਚ ਪੂਰਾ ਸਹਿਯੋਗ ਦਿੱਤਾ, ਬਲਕਿ ਸਮੇਂ-ਸਮੇਂ ਮਾਇਆ ਨਾਲ ਵੀ ਮਦਦ ਕਰਦੇ ਰਹੇ।



www.AKJ.Org

ਆਪ ਜੀ ਉਨ੍ਹਾਂ ਮੁੱਢਲੇ ਜੱਥੇ ਦੇ ਸਿੰਘਾਂ ਵਿਚੋਂ ਹਨ ਜਿਨ੍ਹਾਂ ਨੇ ਸਭ ਤੋਂ ਪਹਿਲਾਂ ਇੰਗਲੈਂਡ ਨੂੰ ਭਾਗ ਲਾਏ ਅਤੇ ਉੱਥੇ ਸਿੱਖ ਧਰਮ ਦੀ ਪ੍ਰਚਾਰ ਵੀ ਕੀਤਾ। ਉਨ੍ਹਾਂ ਨੇ ਸਰਕਾਰੀ ਰੇਲਵੇ ਦੀ ਨੌਕਰੀ ਇੰਗਲੈਂਡ ਵਿਚ ਦਸਤਾਰ ਪਹਿਨ ਕੇ ਪ੍ਰਕਾਸ਼ ਦਾੜੇ ਨਾਲ ਗੁਰਮੁਖੀ ਬਾਣੇ ਵਿਚ ਰਹਿੰਦਿਆਂ ਕੀਤੀ ਤੇ ਆਪਣੀ ਈਮਾਨਦਾਰੀ, ਦਿਆਨਤਕਾਰੀ, ਸਮੇਂ ਦੇ ਅਤੇ ਕੰਮ ਦੇ ਪੂਰੇ ਪਾਬੰਦ ਰਹਿ ਕੇ ਗੁਰਸਿਖੀ ਨੂੰ ਚਾਰ ਚੰਨ ਲਾਏ। ਰਿਟਾਇਰਮੈਂਟ ਤੋਂ ਬਾਅਦ ਇੰਗਲੈਂਡ ਤੋਂ ਬਾਹਰਲੇ ਦੇਸ਼ਾਂ ਵਿਚ ਵੀ ਸਿੱਖੀ ਦਾ ਬੂਟਾ ਲਾਇਆ ਜਿੰਨ੍ਹਾਂ ਵਿਚ ਜਰਮਨੀ, ਫਰਾਂਸ, ਡੈਨਮਾਰਕ ਨਾਰਵੇ ਅਤੇ ਹਾਲੈਂਡ ਦਾ ਨਾਮ ਵਰਣਨਯੋਗ ਹਨ। ਭਾਰਤ ਤੋਂ ਗਏ ਗੁਰਸਿੱਖਾਂ ਦੀ ਆਪਣੇ ਕੋਲ ਰੱਖ ਕੇ ਸੇਵਾ ਕਰਨੀ ਆਪ ਦਾ ਸ਼ੌਂਕ ਹੋਇਆ ਕਰਦਾ ਸੀ। ਹਰ ਛੋਟੇ-ਵੱਡੇ ਨਾਲ ਪਿਆਰ ਕਰਨਾ ਤੇ ਗੁਰਸਿੱਖੀ ਵੱਲ ਪ੍ਰੇਰਨਾ ਆਪ ਜੀ ਦੀ ਸ਼ਖ਼ਸੀਅਤ ਦਾ ਖ਼ਾਸ ਗੁਣ ਸੀ। ਪੁਰਾਤਨ ਕੀਰਤਨੀਏ ਭਾਈ ਜੀਵਨ ਸਿੰਘ ਜੀ ਰਾਗੀ, ਭਾਈ ਅਮੋਲਕ ਸਿੰਘ ਜੀ, ਭਾਈ ਮਿਹਰ ਸਿੰਘ ਜੀ, ਭਾਈ ਪ੍ਰੀਤਮ ਸਿੰਘ ਜੀ ਚਾਨੀ ਜੀ ਤੇ ਭਾਈ ਹਰਨਾਮ ਸਿੰਘ ਅਨੰਦ, ਭਾਈ ਅਜੀਤ ਸਿੰਘ ਜੀ ਭੋਗਲ (ਦਿੱਲੀ) ਪੂਰਨ ਜੀ, ਬੀਬੀ ਭੁਪਿੰਦਰ ਕੌਰ ਜੀ ਆਪ ਜੀ ਦੇ ਪੁਰਾਤਨ ਸਤਿਸੰਗੀ ਸਨ।

ਆਖ਼ਰੀ ਦਿਨਾਂ ਵਿੱਚ ਦਾਸ ਆਪਣੀ ਸਿੰਘਣੀ ਨਾਲ ਡਡਲੀ ਰੋਡ ਹਸਪਤਾਲ ਵਿੱਚ ਮਿਲਣ ਗਿਆ। ਭਾਈ ਸਾਹਿਬ ਬੜੇ ਖ਼ੁਸ਼ ਸਨ। ਆਖਣ ਲੱਗੇ, "ਸਤਿਗੁਰੂ ਜੀ ਬਖ਼ਸ਼ਸ਼ ਕਰਨ ਮੇਰੇ ਹਾਰਟ ਦਾ ਬਾਈਪਾਸ ਅਪ੍ਰੇਸ਼ਨ ਕਾਮਯਾਬ ਹੋ ਜਾਵੇ ਤੇ ਮੈਂ ਗੁਰੂ ਜੱਸ ਕਰਨ ਜੋਗਾ ਫਿਰ ਹੋ ਜਾਵਾਂ। ਇਹੋ ਹੀ ਮੇਰੀ ਵੱਡੀ ਇੱਛਾ ਹੈ।" ਪਰ ਕੀ ਪਤਾ ਸੀ ਸੱਚੇ ਪਾਤਸ਼ਾਹ ਨੂੰ ਆਪਦੇ ਢਾਡੀ ਦੀ ਕਿਉਂ ਏਨੀ ਜਲਦੀ ਲੋੜ ਪੈ ਗਈ ਤੇ ਉਹ ਸਾਥੋਂ ਮਿਤੀ 8 ਅਗਸਤ 1999 ਨੂੰ ਸਦਾ ਲਈ ਵਿਛੜ ਗਏ। ਸੱਚੇ ਪਾਤਸ਼ਾਹ ਦੇ ਚਰਨਾਂ ਵਿੱਚ ਸਾਡੀ ਜੋਦੜੀ ਹੈ ਕਿ ਉਹ ਭਾਈ ਸਾਹਿਬ ਦੀ ਆਤਮਾ ਨੂੰ ਚਰਨਾਂ ਵਿੱਚ ਨਿਵਾਸ ਬਖ਼ਸ਼ਣ ਤੇ ਸਾਨੂੰ ਅਤੇ ਉਹਨਾਂ ਦੇ ਪਰਵਾਰ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ਣ। ਉਹਨਾਂ ਦੀ ਸੱਚੀ ਯਾਦ ਇਹੋ ਹੋਵੇਗੀ ਕਿ ਅਖੰਡ ਕੀਰਤਨੀ ਜੱਥਾ ਰਲ ਮਿਲ ਕੇ ਕੀਰਤਨ ਸਮਾਗਮਾਂ ਵਿੱਚ ਜੁੜੇ :

**ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਇ ॥**
**ਹਰਿ ਨਾਮੈ ਕੇ ਹੋਵਹੁ ਜੋੜੀ ਗੁਰਮੁਖਿ ਬੈਸਹੁ ਸਫਾ ਵਿਛਾਇ ॥੧॥**

# ਠਾਣੇਦਾਰ ਬਚਨ ਸਿੰਘ ਜੀ, ਪਟਿਆਲਾ

ਭਾਈ ਗੁਰਦੀਪ ਸਿੰਘ, ਸ੍ਰੀ ਅੰਮ੍ਰਿਤਸਰ

ਕੀਰਤਨ ਸ੍ਰਵਣ ਕਰਨ ਦੇ ਆਸ਼ਿਕ, ਪੁਲਿਸ ਮਹਿਕਮੇ ਵਿਚ ਕਮਲ ਵੱਤ ਨਿਰਲੇਪ ਰਹਿ ਕੇ ਇਮਾਨਦਾਰੀ ਨਾਲ ਨੌਕਰੀ ਕਰਨ ਵਾਲੇ, ਲੰਗਰਾਂ ਦੇ ਅਣਥੱਕ ਸੇਵਾਦਾਰ ਭਾਈ ਬਚਨ ਸਿੰਘ ਜੀ ਜਿੰਨ੍ਹਾਂ ਨੂੰ ਸੰਗਤਾਂ ਠਾਣੇਦਾਰ ਦੇ ਖਿਤਾਬ ਨਾਲ ਸੰਬੋਧਨ ਕਰਦੀਆਂ ਹੁੰਦੀਆਂ ਸਨ ਦਾ ਜਨਮ ਸੰਨ 1923 ਵਿਚ ਪਿੰਡ ਖੀਰਾਂ ਵਾਲੀ (ਪਾਕਿਸਤਾਨ) ਵਿਚ ਪਿਤਾ ਸ. ਕਰਤਾਰ ਸਿੰਘ ਅਤੇ ਮਾਤਾ ਬੀਬੀ ਬਸੰਤ ਕੌਰ ਜੀ ਦੇ ਘਰ ਹੋਇਆ। ਆਪ ਜੀ ਦੇ ਮਾਤਾ-ਪਿਤਾ ਜੀ ਆਮ ਸਧਾਰਨ ਸਿੱਖ ਸਨ ਤੇ ਖੇਤੀਬਾੜੀ ਦਾ ਕੰਮ ਕਰਦੇ ਸਨ। ਦੇਸ਼ ਦੀ ਵੰਡ ਤੋਂ ਬਾਅਦ ਇਹ ਪ੍ਰੀਵਾਰ ਪਿੰਡ ਮਸੀਂਗਣ ਜ਼ਿਲ੍ਹਾ ਪਟਿਆਲਾ ਵਿਚ ਆ ਕੇ ਆਬਾਦ ਹੋ ਗਿਆ। ਮਾਤਾ-ਪਿਤਾ ਜੀ ਪਹਿਲਾਂ ਹੀ ਅੰਮ੍ਰਿਤਧਾਰੀ ਸਨ, ਪ੍ਰੰਤੂ ਬਾਅਦ ਵਿਚ ਆਪ ਜੀ ਦੀ ਰਾਹੀਂ ਜਥੇ ਦੇ ਸਿੰਘਾਂ ਦੀ ਸੰਗਤ ਮਿਲਣ ਤੋਂ ਬਾਅਦ ਉਹ ਵੀ ਨਾਮ ਦ੍ਰਿੜਾ ਦੇ ਪੂਰੀ ਰਹਿਤ ਰੱਖ ਕੇ ਤਿਆਰ-ਬਰ-ਤਿਆਰ ਸਿੰਘ ਸਜ ਗਏ।


www.AKJ.Org

ਆਪ ਜੀ ਨੇ ਮੁਢੱਲੀ ਵਿਦਿਆ ਦਸਵੀਂ ਤਾਈਂ ਪਾਕਿਸਤਾਨ ਰਹਿਣ ਸਮੇਂ ਹੀ ਪਿੰਡ ਦੇ ਸਕੂਲ ਤੋਂ ਲਈ। ਆਪ ਪੜ੍ਹਨ ਵਿਚ ਬਹੁਤ ਹੁਸ਼ਿਆਰ ਸਨ ਖ਼ਾਸ ਕਰ ਹਿਸਾਬ ਦੇ ਵਿਸ਼ੇ ਵਿਚ ਖਾਸ ਮੁਹਾਰਤ ਰੱਖਦੇ ਸਨ। ਇਸ ਤੋਂ ਇਲਾਵਾ ਆਪ ਜੀ ਉਰਦੂ, ਫ਼ਾਰਸੀ, ਪੰਜਾਬੀ, ਹਿੰਦੀ, ਅੰਗਰੇਜ਼ੀ ਭਾਸ਼ਾਵਾਂ ਦੇ ਵੀ ਚੰਗੇ ਜਾਣਕਾਰ ਸਨ। ਆਪ ਜੀ ਨੂੰ ਬਚਪਨ ਵਿਚ ਖੇਡਾਂ ਦਾ ਵੀ ਸ਼ੌਂਕ ਸੀ। ਪਿੰਡਾਂ ਦੀ ਖੁਲੀ ਡੁੱਲੀ ਨਰੋਈ ਖੁਰਾਕ ਅਤੇ ਕਸਰਤ ਕਾਰਨ ਆਪ ਜੀ ਦੀ ਸਿਹਤ ਰਿਸ਼ਟ-ਪੁਸ਼ਟ ਸੀ ਅਤੇ ਕੱਦ ਵੀ ਕਾਫੀ ਲੰਬਾ ਸੀ। ਪਾਕਿਸਤਾਨ ਤੋਂ ਆ ਕੇ ਆਪ ਜੀ ਨੇ ਪਹਿਲਾਂ ਪੈਪਸੂ ਰਾਜ ਦੇ ਪੁਲਿਸ ਮਹਿਕਮੇ ਵਿਚ ਨੌਕਰੀ ਸ਼ੁਰੂ ਕੀਤੀ। ਇਸ ਦੌਰਾਨ ਆਪ ਸਾਂਝੇ ਪੰਜਾਬ ਦੇ ਵੱਖ-ਵੱਖ ਸਥਾਨਾਂ ਤੇ ਤਾਇਨਾਤ ਰਹੇ ਜਿਵੇਂ ਕਿ ਲੁਧਿਆਣਾ, ਪਟਿਆਲਾ, ਸ਼ਿਮਲਾ, ਲਹਿਲ ਸਪਿਤੀ, ਹਿਸਾਰ ਅਤੇ ਫਗਵਾੜਾ। ਰਿਟਾਇਰ ਹੋਣ ਤੋਂ ਪਹਿਲਾਂ ਆਪ ਪੰਜਾਬ ਰਾਜ ਬਿਜਲੀ ਬੋਰਡ ਵਿਚ ਵਿਜੀਲੈਂਸ ਇਸਪੈਕਟਰ ਵਜੋਂ ਵੀ ਤਾਇਨਾਤ ਰਹੇ। ਜਿਸ ਤਰ੍ਹਾਂ ਆਮ ਤੌਰ ’ਤੇ ਮਸ਼ਹੂਰ ਹੈ ਕਿ ਪੁਲਿਸ ਮਹਿਕਮੇ ਵਿਚ ਰਿਸ਼ਵਤ ਖੋਰੀ, ਧੱਕੇਸ਼ਾਹੀ ਅਤੇ ਸ਼ਰਾਬੀਆਂ-ਕਬਾਬੀਆਂ ਦਾ ਹੀ ਬੋਲਬਾਲਾ ਹੁੰਦਾ ਹੈ ਪਰ ਆਪ ਜੀ ਨੇ ਇਸ ਗੰਦੇ ਚਿੱਕੜ ਵਿਚ ਵੀ ਰਹਿ ਕੇ ਆਪਣੀ ਡਿਊਟੀ ਬਹੁਤ ਇਮਾਨਦਾਰੀ, ਦਿਆਨਤਦਾਰੀ ਅਤੇ ਨੇਕ ਨੀਅਤੀ ਨਾਲ ਨਿਭਾਈ। ਆਪ ਜੀ ਮਿੱਠ ਬੋਲੜੇ ਨਿਮਰਤਾ ਅਤੇ ਮਿਲਾਪੜੇ ਸੁਭਾਅ ਵਾਲੇ ਸਨ। ਗੁਰਬਾਣੀ ਦੇ ਬਚਨਾਂ ਅਤੇ ਆਪਣੀ ਨਿਮਰਤਾ ਭਾਵ ਵਾਲੀ ਮਿੱਠ ਬੋਲਣੀ ਰਾਹੀਂ ਹੀ ਅਪਰਾਧੀਆਂ ਨੂੰ ਪ੍ਰੇਮ ਨਾਲ ਸਮਝਾਅ ਬੁਝਾਅ ਕੇ ਮਾੜੇ ਕਰਮ ਛੁਡਾ ਕੇ ਚੰਗੇ ਨਾਗਰਿਕਾਂ ਵਾਂਗ ਜ਼ਿੰਦਗੀ ਜਿਊਣ ਦੀ ਪ੍ਰੇਰਨਾ ਦਿੰਦੇ ਰਹੇ। ਸੰਨ 1981 ਵਿਚ ਆਪ ਇਸ ਮਹਿਕਮੇ ਤੋਂ ਸੇਵਾ ਮੁਕਤ ਹੋ ਕੇ ਨਾਮ ਬਾਣੀ ਦੀ ਅਸਲੀ ਕਾਰ ਵਿਚ ਜੁੱਟ ਗਏ।

ਸੰਨ 1956 ਵਿਚ ਆਪ ਆਪਣੀ ਨੌਕਰੀ ਦੇ ਸੰਬੰਧ ਵਿਚ ਲੁਧਿਆਣੇ ਤਾਇਨਾਤ ਸਨ। ਡਿਊਟੀ ਵੇਲੇ ਗਸ਼ਤ ਕਰਦੇ ਸਮੇਂ ਇਕ ਦਿਨ ਸ਼ਾਮ ਨੂੰ ਆਪ ਜੀ ਨੂੰ ਮਾਡਲ ਟਾਊਨ ਦੇ ਪਾਰਕ ਵਿਚ ਭਾਈ ਸਾਹਿਬ ਜੀ ਤੇ ਹੋਰ ਸਿੰਘਾਂ ਦੇ ਦਰਸ਼ਨ ਹੋਏ। ਆਪ ਜੀ ਨੇ ਉੱਥੇ ਜਾ ਕੇ ਫਤਹਿ ਬੁਲਾਈ, ਜਿਸ ਦਾ ਭਾਈ ਸਾਹਿਬ ਜੀ ਨੇ ਬਹੁਤ ਪਿਆਰ ਨਾਲ ਜੁਆਬ ਦਿੱਤਾ ਅਤੇ ਅਸੀਸ ਦਿੱਤੀ। ਬਸ ਇਸ ਦਿਨ ਤੋਂ ਪੁਰਬਲੇ ਕਰਮਾਂ ਦਾ ਅੰਕੁਰ ਸਫੁੱਟ ਹੋ ਗਿਆ ਤੇ ਆਪ ਜੀ ਨੇ ਸੰਗਤ ਵਿਚ ਆਉਣਾ ਸ਼ੁਰੂ ਕਰ ਦਿੱਤਾ। ਆਪ ਜੀ ਦੇ ਅੰਦਰ ਗੁਰਸਿਖੀ ਦਾ ਪ੍ਰੇਮ ਤੇ ਲਗਨ ਤਾਂ ਬਚਪਨ ਤੋਂ ਹੀ ਲੱਗਾ ਹੋਇਆ ਸੀ ਅਤੇ ਆਪ ਕਿਸੇ ਐਸੇ ਗੁਰਮੁਖ ਦੀ ਭਾਲ ਵਿਚ ਸਨ ਜੋ ਤੱਤ ਗੁਰਮਤਿ ਦੇ ਮਾਰਗ ਦੀ ਸਹੀ ਸੇਧ ਦੇ ਸਕੇ। ਇਸ ਮਕਸਦ ਲਈ ਆਪ ਜੀ ਨੇ ਕਈ ਡੇਰਿਆਂ ਦੇ ਸੰਤਾਂ ਤੇ ਬਾਬਿਆਂ ਦੀ ਸੰਗਤ ਕੀਤੀ ਪਰ ਤਸੱਲੀ ਨਾ ਹੋਈ। ਭਾਈ ਸਾਹਿਬ ਜੀ ਦੇ ਨਾਲ ਮਿਲਾਪ ਤੋਂ ਬਾਅਦ ਆਪ ਜੀ ਸਿੰਘਣੀ ਸਮੇਤ ਅੰਮ੍ਰਿਤ ਛੱਕ ਕੇ ਰਹਿਤ-ਬਹਿਤ ਦੇ ਧਾਰਨੀ ਹੋ ਗਏ ਅਤੇ ਨਾਮ ਬਾਣੀ ਦੀ ਸੁੱਚੀ ਕਾਰ ਵਿਚ ਜੁੱਟ ਗਏ ਜੋ ਅਖੀਰ ਤਾਈਂ ਨਿਰੰਤਰ ਜਾਰੀ ਰਹੀ।

ਸੰਨ 1954 ਵਿਚ ਆਪ ਜੀ ਦਾ ਅਨੰਦ ਕਾਰਜ ਬੀਬੀ ਕ੍ਰਿਪਾਲ ਕੌਰ ਜੀ ਸਪੁੱਤਰੀ ਸ. ਇੰਦਰ ਸਿੰਘ ਅਤੇ ਮਾਤਾ ਜਸਮੇਲ ਕੌਰ ਨਿਵਾਸੀ ਪਿੰਡ ਮੱਦੇ ਸ਼ਾਹਪੁਰ ਨੇੜੇ ਡੇਰਾ ਬਾਬਾ ਨਾਨਕ ਜ਼ਿਲ੍ਹਾ ਗੁਰਦਾਸਪੁਰ ਨਾਲ ਹੋਇਆ। ਬੀਬੀ ਜੀ ਦੇ ਮਾਤਾ-ਪਿਤਾ ਚੱਕ ਨੰਬਰ 135 ਜ਼ਿਲ੍ਹਾ ਮੁਲਤਾਨ ਪਾਕਿਸਤਾਨ ਵਿਚ ਜਾ ਵੱਸੇ ਸਨ। ਬੀਬੀ ਜੀ ਨੇ ਮੁਢੱਲੀ ਵਿਦਿਆ ਪਾਕਿਸਤਾਨ ਵਿਚ ਸ਼ੁਰੂ ਕੀਤੀ ਸੀ ਅਤੇ ਦਸਵੀਂ ਪਾਸ ਭਾਰਤ ਵਿਚ ਆ ਕੇ ਪਿੰਡ ਸੂਫੀਆ ਨੇੜੇ ਅਜਨਾਲਾ ਵਿਚ ਕੀਤੀ। ਬੀਬੀ ਜੀ ਦੇ ਦਾਦੀ ਜੀ ਅੰਮ੍ਰਿਤਧਾਰੀ ਸਨ। ਜਿਸ ਤੋਂ ਆਪ ਜੀ ਨੂੰ ਗੁਰਸਿੱਖੀ ਦੀ ਦਾਤ ਬਚਪਨ ਤੋਂ ਹੀ ਮਿਲ ਗਈ ਸੀ। ਆਨੰਦ ਕਾਰਜ ਤੋਂ ਬਾਅਦ ਆਪ ਜੀ ਨੂੰ ਵੀ ਸਿੰਘ ਸਾਹਿਬ ਦੇ ਨਾਲ ਭਾਈ ਸਾਹਿਬ ਅਤੇ ਜਥੇ ਦੇ ਸਿੰਘਾਂ ਦੀ ਸੰਗਤ ਮਿਲ ਗਈ ਅਤੇ ਇਕੱਠੇ ਹੀ ਅੰਮ੍ਰਿਤ ਛੱਕ ਕੇ ਤਿਆਰ-ਬਰ-ਤਿਆਰ ਰਹਿਤ-ਬਹਿਤ ਦੇ ਧਾਰਨੀ ਹੋ ਗਏ। ਭਾਈ ਮੋਹਨ ਸਿੰਘ ਇਕ ਜੋੜੀ ਵਜੰਤਰੀ ਸਿੰਘ ਸਨ ਉਨ੍ਹਾਂ ਨੇ ਵਾਜਾ ਲਿਆਂਦਾ ਤੇ ਇਕ ਸ਼ਬਦ ਵੀ ਸਿਖਾਇਆ ਅਤੇ ਕਿਹਾ ਕਿ ਕਲ ਨੂੰ ਸੰਗਤ ਵਿਚ ਸੁਣਾਉਣਾ ਹੈ। ਇਸ ਤਰ੍ਹਾਂ ਆਪ ਜੀ ਨੂੰ ਕੀਰਤਨ ਸਿੱਖਣ ਦਾ ਉਤਸ਼ਾਹ ਮਿਲ ਗਿਆ ਅਤੇ ਹੌਲੀ ਹੌਲੀ ਆਪ ਜੀ ਜਥੇ ਦੀਆਂ ਸਿਰਕੱਢ ਕੀਰਤਨੀ ਬੀਬੀਆਂ ਵਿਚੋਂ ਗਿਣੇ ਜਾਣ



www.AKJ.Org

ਲੱਗ ਪਏ। ਆਪ ਜੀ ਬਹੁਤ ਹਿਰਦੇ ਵੇਧਵੀਂ ਰਸੀਲੀ ਆਵਾਜ਼ ਤੇ ਬੈਰਾਗੀ ਦਸ਼ਾ ਵਿਚ ਪ੍ਰਭੂ ਮਿਲਣ ਦੀ ਤਾਂਘ ਵਾਲੇ ਸ਼ਬਦ ਹੀ ਪੜਦੇ ਹੁੰਦੇ ਸਨ। ਬੀਬੀ ਦਲੇਰ ਕੌਰ ਜੀ, ਸੁਖਦੇਵ ਕੌਰ ਜੀ, ਕੁਲਵੰਤ ਕੌਰ ਜੀ ਦੇ ਟਕਸਾਲੀ ਜਥੇ ਤੋਂ ਬਾਅਦ ਆਪ ਜਥੇ ਦੇ ਦੂਸਰੇ ਮਸ਼ਹੂਰ ਜਥੇ ਵਿਚੋਂ ਇਕ ਸਨ ਜਿਨ੍ਹਾਂ ਵਿਚ ਬੀਬੀ ਉਪਦੇਸ਼ ਕੌਰ, ਬੀਬੀ ਹਰਸ਼ਰਨ ਕੌਰ, ਬੀਬੀ ਗੁਰਦੀਸ਼ ਕੌਰ ਅਤੇ ਆਪ ਵੀ ਸ਼ਾਮਿਲ ਸਨ।

ਪਟਿਆਲਾ ਰਿਹਾਇਸ਼ ਸਮੇਂ ਆਪ ਜੀ ਨੂੰ ਭਾਈ ਮਹਿੰਦਰ ਸਿੰਘ ਜੀ S.D.O. ਦੀ ਸੰਗਤ ਮਿਲ ਗਈ। ਉਸ ਤੋਂ ਬਾਅਦ ਨਿਰੰਤਰ ਕੀਰਤਨ ਦੇ ਪ੍ਰਵਾਹ ਦਿਨੋ ਦਿਨ ਚਲਣ ਲੱਗ ਗਏ ਤੇ ਇਹ ਦੰਪਤੀ ਉਨ੍ਹਾਂ ਦਾ ਹਮੇਸ਼ਾਂ ਸਾਥ ਦਿੰਦੀ ਰਹੀ। ਠਾਣੇਦਾਰ ਸਾਹਿਬ ਗੁਰਮੁਖੀ ਬਾਣੇ ਵਿਚ ਹੱਥ ਵਿਚ ਗੰਡਾਸੀ ਫੜ ਕੇ ਤਬਲੇ ਦੇ ਵਜੰਤਰੀ ਕੋਲ ਬੈਠ ਕੇ ਸਾਰੀ-ਸਾਰੀ ਰਾਤ ਇਕ ਚੌਂਕੜੇ ਵਿਚ ਹੀ ਪੰਚਮ ਦੀਆਂ ਧੁਨੀਆਂ ਵਿਚ ਕੀਰਤਨ ਦੀਆਂ ਗੁੰਜ਼ਾਰਾ ਗਜਾਉਂਦੇ ਸਨ। ਜਦੋਂ ਕਦੇ ਬਾਹਰ ਨਾ ਜਾਣਾ ਹੁੰਦਾ ਤਾਂ S.D.O. ਸਾਹਿਬ ਨਾਲ ਮਿਲ ਕੇ ਗੁਰੂ ਸਾਹਿਬ ਜੀ ਦੇ ਪ੍ਰਕਾਸ਼ ਅਸਥਾਨ ਵਾਲੇ ਕਮਰੇ ਵਿਚ ਸਾਰੀ-ਸਾਰੀ ਰਾਤ ਗੁਰਬਾਣੀ ਕੀਰਤਨ ਅਤੇ ਨਾਮ ਬਾਣੀ ਦੇ ਲਾਹੇ ਲੈਂਦੇ ਸਨ। ਇਹ ਦੰਪਤੀ ਬੱਚਿਆਂ ਸਮੇਤ ਹਰ ਹਫਤਾਵਾਰੀ ਲੋਕਲ ਜਾਂ ਕੇਂਦਰੀ ਸਮਾਗਮਾਂ ਦਾ ਹਾਜ਼ਰੀ ਬਿਨ੍ਹਾਂ ਨਾਗਾ ਭਰਦੀ ਸੀ। ਉਸ ਸਮੇਂ ਆਵਾਜਾਈ ਦੇ ਸਾਧਨ ਨਾ ਹੋਣ ਕਰਕੇ ਦੂਰੋਂ ਨੇੜੇ ਕੀਰਤਨ ਤੇ ਅਖੰਡ ਪਾਠ ਸਮਾਗਮਾਂ 'ਤੇ ਸਾਈਕਲਾਂ 'ਤੇ ਹੀ ਜਾਂਦੇ ਸਨ। ਕੀਰਤਨ ਇਨ੍ਹਾਂ ਦੀ ਆਤਮਾ ਦੀ ਖੁਰਾਕ ਬਣ ਚੁੱਕਾ ਸੀ। ਪਟਿਆਲਾ ਦੇ ਸਾਲਾਨਾ ਸਮਾਗਮਾਂ ਤੇ ਲੰਗਰ ਦੀ ਸੇਵਾ ਵਿਚ ਵੀ ਦਿਨੇ ਰਾਤ ਜੁੱਟੇ ਰਹਿੰਦੇ ਸਨ। ਪਿੰਡਾਂ ਵਿਚੋਂ ਮੱਝਾਂ ਚੋ ਕੇ ਦੁੱਧ ਦੀਆਂ ਗਾਗਰਾਂ ਸਿਰਾਂ 'ਤੇ ਚੁੱਕ ਕੇ ਲਿਆਉਂਦੇ। ਇਕ ਵਾਰੀ 17 ਮੱਝਾਂ ਇਕੱਲਿਆਂ ਨੇ ਹੀ ਚੋਈਆਂ ਤਾਂ ਕਿ ਸਰਬ ਲੋਹ ਬਿਬੇਕ ਦੇ ਦੁੱਧ ਦੀ ਤੋਟ ਨਾ ਆਵੇ। S.D.O. ਸਾਹਿਬ ਦੀ ਰਿਹਾਇਸ਼ ਇੰਨ੍ਹਾਂ ਦੇ ਨੇੜੇ ਹੋਣ ਕਰਕੇ ਇਨ੍ਹਾਂ ਦੇ ਘਰ ਵੀ ਬਾਹਰੋਂ ਸੰਗਤਾਂ ਦੀ ਆਵਾਜ਼ਾਈ ਬਣੀ ਰਹਿੰਦੀ ਸੀ। ਉਨ੍ਹਾਂ ਦੇ ਲੰਗਰ ਪਾਣੀ ਰਿਹਾਇਸ਼ ਦਾ ਸਾਰਾ ਪ੍ਰਬੰਧ ਆਪ ਜੀ ਹੀ ਕਰਦੇ ਸਨ। ਇੰਨ੍ਹਾਂ ਵਿਚ ਨਿਮਰਤਾ ਮਿਠਾਸ ਅਤਿ ਦਰਜ਼ੇ ਦੀ ਸੀ। ਬੜੇ ਹੀ ਮਿੱਠੇ ਬਚਨ ਬਿਲਾਸ ਕਰਦੇ ਹੁੰਦੇ ਸਨ ਤੇ ਹਸਮੁਖ ਵੀ ਬਹੁਤ ਸਨ।

ਇਸ ਦੰਪਤੀ ਦੇ ਘਰ ਦੋ ਲੜਕੇ ਤੇ ਤਿੰਨ ਲੜਕੀਆਂ ਨੇ ਜਨਮ ਲਿਆ। ਇੰਨ੍ਹਾਂ ਦਾ ਛੋਟਾ ਭੁਜੰਗੀ ਕਾਕਾ ਗੁਰਸ਼ਰਨ ਸਿੰਘ ਧੁਰੋਂ ਹੀ ਬਖਸ਼ਿਸ਼ਾਂ ਲੈ ਕੇ ਆਇਆ ਹੋਇਆ ਸੀ। 6 ਸਾਲ ਦੀ ਉਮਰ ਵਿਚ ਤਬਲੇ ਦਾ ਵਜੰਤਰੀ ਬਣ ਗਿਆ ਅਤੇ ਭਾਈ ਸਾਹਿਬ ਮਹਿੰਦਰ ਸਿੰਘ ਜੀ S.D.O. ਨਾਲ ਕੀਰਤਨ ਦੀ ਸੇਵਾ ਕਰਨ ਲੱਗ ਪਿਆ। ਇਹ ਭੁਜੰਗੀ ਐਸੀ ਬਖਸ਼ੀ ਰੂਹ ਸੀ ਕਿ 6-6 ਘੰਟੇ ਤਬਲੇ ਦੀ ਸੇਵਾ ਲਗਾਤਾਰ ਕਰਦਾ ਰਹਿੰਦਾ ਸੀ। ਇਹ ਹਮੇਸ਼ਾਂ ਕੀਰਤਨੀਆਂ ਦੇ ਨਾਲ ਪੰਚਮ ਦੀਆਂ ਸੁਰਾਂ ਵਿਚ ਨਾਲ ਵੀ ਬੋਲਦਾ ਹੁੰਦਾ ਸੀ। ਅੰਮ੍ਰਿਤ ਵੇਲੇ ਮਾਤਾ-ਪਿਤਾ ਨਾਲ ਤਿੰਨ ਵਜੇ ਹੀ ਸ੍ਰੀ ਆਸਾ ਕੀ ਵਾਰ ਦੇ ਕੀਰਤਨ ਵਿਚ ਪਹੁੰਚ ਜਾਂਦਾ ਸੀ ਤੇ ਕਈ ਵਾਰ ਨਾਮ ਦੀ ਮਸਤੀ ਵਿਚ ਆਪਣਾ ਆਪ ਭੁੱਲ ਕੇ ਬੇਸ਼ੁੱਧ ਹੋ ਜਾਂਦਾ ਸੀ। ਕੀਰਤਨ ਸਮਾਗਮ ਤੇ ਜਾਣ ਸਮੇਂ ਇਹ ਭੁਜੰਗੀ ਦਸਤਾਰ ਤੇ ਚੱਕਰ, ਖੰਡਾ ਸਜਾ ਕੇ, ਵੱਡੀ ਸ੍ਰੀ ਸਾਹਿਬ ਬਸਤਰਾਂ ਦੇ ਉੱਪਰ ਦੀ ਪਹਿਨ ਕੇ ਹੀ ਜਾਂਦਾ ਸੀ। ਵਿਦਿਅਕ ਪੜ੍ਹਾਈ ਦੇ ਨਾਲ ਇਸ ਨੇ ਤੈਰਨਾ ਵੀ ਸਿਖਣਾ ਸ਼ੁਰੂ ਕਰ ਲਿਆ ਤੇ ਯੁਵਾ ਅਵਸਥਾ ਵਿਚ ਹੀ ਇਕ ਤਕੜਾ ਤੈਰਾਕ ਬਣ ਗਿਆ ਸੀ। ਅਜੇ ਉਮਰ 12 ਸਾਲ ਦੀ ਹੀ ਸੀ ਕਿ ਧੁਰੋਂ ਸੱਦੇ ਆ ਗਏ। ਬੀਬੀ ਜੀ ਆਪਣੇ ਸਹੁਰੇ ਪਿੰਡ ਮਸੀਂਗਣ ਕਿਸੇ ਘਰੇਲੂ ਕਾਰਜ ਲਈ ਗਏ ਹੋਏ ਸਨ। ਆਪ ਜੀ ਨੂੰ ਉੱਥੇ ਸਾਖਸ਼ਾਤ ਚਮਤਕਾਰ ਦਿਸਿਆ, ਜਿਸ ਵਿਚ ਇਹ ਭੁਜੰਗੀ ਸਵਿਮਿੰਗ ਪੂਲ ਵਿਚ ਪਹਿਲਾਂ ਡੁੱਬਦਾ ਅਤੇ ਫਿਰ ਉੱਪਰ ਆਉਂਦਾ ਦਿਸਿਆ। ਫਿਰ ਦੁਬਾਰਾ ਹੇਠਾਂ ਜਾਂਦਾ ਅਤੇ ਮੁੜ ਕੇ ਨਾ ਆਉਂਦਾ ਦਿਸਿਆ। ਜਦੋਂ ਇਕ ਸਿੰਘ ਇਹ ਮੰਦਭਾਗੀ ਖ਼ਬਰ ਦੱਸਣ ਲਈ ਪਿੰਡ ਗਿਆ ਤਾਂ ਬੀਬੀ ਜੀ ਇਕ ਦਮ ਸਮਝ ਗਏ ਕਿ ਕੋਈ ਭਾਣਾ ਵਰਤ ਗਿਆ ਹੈ। ਇਹ ਬੱਚਾ ਇਕ ਦਿਨ ਰੋਜ਼ਾਨਾਮਚੇ ਦੀ ਤਰ੍ਹਾਂ ਅਭਿਆਸ ਲਈ ਫੌਜ ਦੇ ਸਵਿਮਿੰਗ ਪੂਲ ਵਿਚ ਤੈਰਨ ਲਈ ਗਿਆ। ਤੈਰਾਕੀ ਦੀ ਮੁਹਾਰਤ ਹੋਣ ਦੇ ਬਾਵਜੂਦ ਵੀ ਭਾਣਾ ਐਸਾ ਵਰਤਿਆ ਕਿ ਉੱਥੇ ਪਾਣੀ ਵਿਚ ਹੀ ਡੁੱਬ ਗਿਆ।



www.AKJ.Org

ਬੀਬੀ ਜੀ ਨੂੰ ਦਿੱਸੇ ਸ਼ਾਖਸ਼ਾਤ ਵਾਕਿਆ ਅਨੁਸਾਰ ਇਕ ਵਾਰ ਉੱਪਰ ਆਇਆ ਪਰ ਦੁਬਾਰਾ ਥੱਲੇ ਜਾਣ ਤੇ ਮੁੜ ਕੇ ਉੱਪਰ ਨਹੀਂ ਆਇਆ ਅਤੇ ਉੱਥੇ ਹੀ ਸਵਾਸ ਪੂਰੇ ਕਰਕੇ ਗੁਰਪੁਰੀ ਸਿਧਾਰ ਗਿਆ। ਪਟਿਆਲਾ ਸ਼ਹਿਰ ਅਤੇ ਬਾਹਰੋਂ ਸੰਗਤਾਂ ਇਹ ਘਟਨਾ ਸੁਣ ਕੇ ਇਕ ਦਮ ਇੰਨ੍ਹਾਂ ਦੇ ਘਰ ਪਹੁੰਚ ਗਈਆਂ ਤੇ ਨਾਮ ਬਾਣੀ ਦੇ ਪਰਵਾਹ ਚੱਲ ਪਏ। ਨਗਰ ਕੀਰਤਨ ਦੀ ਸ਼ਕਲ ਵਿਚ ਹੀ ਇਸ ਭੁਜੰਗੀ ਦਾ ਸਮਸ਼ਾਨ ਘਾਟ ਵਿਚ ਗੁਰਮਤਿ ਮਰਿਆਦਾ ਅਨੁਸਾਰ ਸਸਕਾਰ ਕੀਤਾ ਗਿਆ। ਇਹ ਦੰਮਤੀ ਨਾਮ ਬਾਣੀ ਦੇ ਆਸਰੇ ਇਸ ਬਿਖਮ ਭਾਣੇ ਵਿਚ ਅਡੋਲ ਰਹੀ। ਇੱਥੋਂ ਤੱਕ ਕਿ ਆਪ ਜੀ ਸਸਕਾਰ ਤੋਂ ਬਾਅਦ ਸ਼ਮਸ਼ਾਨ ਘਾਟ ਤੋਂ ਸਿੱਧੇ ਬਹਾਦਰਗੜ੍ਹ ਕਿਲ੍ਹੇ ਵਿਚ ਆਪਣੀ ਸਰਕਾਰੀ ਡਿਊਟੀ 'ਤੇ ਚਲੇ ਗਏ।

ਆਪ ਜੀ ਨੇ ਇਕ ਇਮਾਨਦਾਰ ਅਫਸਰ ਵਜੋਂ ਗੁਰਮਤਿ ਦੇ ਸਿਧਾਂਤਾਂ ਤੇ ਪਹਿਰਾ ਦਿੰਦੇ ਹੋਏ ਗੁਰਮੁਖੀ ਜੀਵਨ ਜੀਵਿਆ। ਇਕ ਭ੍ਰਿਸ਼ਟ ਮਹਿਕਮੇ ਵਿਚ ਨੌਕਰੀ ਕਰਦੇ ਹੋਏ ਇਕ ਕੱਪ ਚਾਹ ਦਾ ਵੀ ਕਿਸੇ ਕੋਲੋਂ ਨਹੀਂ ਪੀਤਾ ਅਤੇ ਹਮੇਸ਼ਾਂ ਲੋੜਵੰਦਾਂ ਗਰੀਬਾਂ ਦੀ ਮਦਦ ਕਰਦੇ ਰਹੇ। ਮਾੜੇ ਕਰਮ ਕਰਨ ਵਾਲਿਆਂ ਨੂੰ ਵੀ ਬਖਸ਼ ਕੇ ਉਨ੍ਹਾਂ ਦਾ ਭਲਾ ਕਰਦੇ ਰਹੇ।

ਆਪ ਜੀ ਦਮੇ ਦੀ ਬਿਮਾਰੀ ਦੇ ਰੋਗੀ ਸਨ। ਆਪਣੀ ਸੇਵਾ ਮੁਕਤੀ ਤੋਂ ਕੁਝ ਸਮਾਂ ਬਾਅਦ ਪਿੰਡ ਮਸੀਂਗਣ ਰਹਿਣ ਤੋਂ ਬਾਅਦ ਉੱਥੇ ਕੋਈ ਸਿਹਤ ਸਹੂਲਤ ਨਾ ਹੋਣ ਕਰਕੇ ਆਪਣੀ ਲੜਕੀ ਕੋਲ ਜਲੰਧਰ ਆ ਗਏ। ਆਪ ਜੀ ਦਾ ਕਰਨਲ ਦਲਜੀਤ ਸਿੰਘ ਅਤੇ ਬੀਬੀ ਹਰਸ਼ਰਨ ਕੌਰ ਜੀ ਮਿੱਠਾਪੁਰ ਦੇ ਪ੍ਰੀਵਾਰ ਨਾਲ ਬਹੁਤ ਨਿੱਘਾ ਪਿਆਰ ਸੀ। ਇੱਥੇ ਹੀ ਕੁਝ ਸਮਾਂ ਬੀਮਾਰ ਰਹਿਣ ਕਰਕੇ ਮਿਤੀ 17 ਸਤੰਬਰ 2010 ਨੂੰ ਪੰਜ ਭੂਤਕ ਚੋਲੇ ਨੂੰ ਛੱਡ ਕੇ ਗੁਰਪੁਰੀ ਜਾ ਬਿਰਾਜੇ।

# ਬੀਬੀ ਦਲਜੀਤ ਕੌਰ ਜੀ, ਸ੍ਰੀ ਅੰਮ੍ਰਿਤਸਰ

ਗੁਰਪੁਰ ਵਾਸੀ ਪ੍ਰਿੰ: ਗੁਰਮੁਖ ਸਿੰਘ ਜੀ, ਪਟਿਆਲਾ

ਬੀਬੀ ਦਲਜੀਤ ਕੌਰ ਜੀ ਭਾਵੇਂ ਆਪਣੀ ਸੰਸਾਰ ਯਾਤਰਾ ਮਿਤੀ 29 ਦਸੰਬਰ 1994 ਨੂੰ ਸੰਪੂਰਨ ਕਰਕੇ ਗੁਰਪੁਰੀ ਜਾ ਬਿਰਾਜੇ ਹਨ, ਪਰ ਉਨ੍ਹਾਂ ਦੇ ਸਮੁੱਚੇ ਜੀਵਨ ਤੇ ਝਾਤ ਮਾਰਿਆ ਇਹ ਤੱਥ ਉਭਰ ਕੇ ਸਾਹਮਣੇ ਆਉਂਦਾ ਹੈ ਕਿ ਕੋਈ ਵੀ ਵਿਅਕਤੀ ਚਾਹੇ ਉਹ ਪੁਰਸ਼ ਜਾਂ ਇਸਤਰੀ ਹੋਵੇ ਤਾਂ ਉਹ ਇਕ ਆਦਰਸ਼ਕ ਪ੍ਰਚਾਰਕ ਦੇ ਰੂਪ ਵਿਚ ਵਿਚਰ ਸਕਦਾ ਹੈ। ਉਸ ਨੂੰ ਕਿਸੇ ਸੰਸਥਾ ਵੱਲੋਂ ਮਾਨਤਾ ਦੀ ਉਡੀਕ ਨਹੀਂ ਹੁੰਦੀ, ਨਾ ਹੀ ਉਸ ਦੇ ਪ੍ਰਚਾਰ ਕਾਰਜਾਂ ਲਈ ਉਸ ਨੂੰ ਲੋਕਾਂ ਦੀ ਵਾਹ ਵਾਹ ਦੀ ਕੋਈ ਲੋੜ ਹੁੰਦੀ ਹੈ। ਉਸ ਅੰਦਰ ਸੱਚੀ ਗੁਰੂ-ਭਗਤੀ ਦੀ ਜਵਾਲਾ ਦੀ ਇਤਨੀ ਸ਼ਕਤੀ ਹੁੰਦੀ ਹੈ ਕਿ ਉਸ ਨੂੰ ਸਾਰੀ ਉਮਰ ਉਹ ਚੈਨ ਨਾਲ ਬੈਠਣ ਨਹੀਂ ਦੇਂਦੀ।

**ਸੀਨੇ ਖਿੱਚ ਜਿਨਾਂ ਨੇ ਖਾਧੀ ਉਹ ਕਰ ਆਰਾਮ ਨਹੀਂ ਬਹਿੰਦੇ।**

(ਭਾਈ ਵੀਰ ਸਿੰਘ)

ਬੀਬੀ ਦਲਜੀਤ ਕੌਰ ਜੀ ਭੀ ਧੁਰੋਂ ਹੀ ਇਕ ਅਜਿਹੇ ਵਿਅਕਤੀ ਸਨ ਜਿਨ੍ਹਾਂ ਉਤੇ ਗੁਰੂ ਭਗਤੀ ਦੀ ਧੁਰੋਂ ਹੀ ਬਖਸ਼ਿਸ਼ ਹੋਈ। ਸੰਨ 1933 ਈ: ਵਿੱਚ ਆਪ ਦਾ ਜਨਮ ਸਰਗੋਧੇ (ਹੁਣ ਪਾਕਿਸਤਾਨ) ਵਿਖੇ ਪਿਤਾ ਡਾਕਟਰ ਸੁੰਦਰ ਸਿੰਘ ਅਤੇ ਮਾਤਾ ਹਰਨਾਮ ਕੌਰ ਜੀ ਦੇ ਘਰ ਹੋਇਆ। ਆਪ ਦੇ ਮਾਤਾ ਜੀ, ਬੀਬੀ ਹਰਨਾਮ ਕੌਰ ਜੀ ਅੰਮ੍ਰਿਤਧਾਰੀ ਗੁਰੂ ਘਰ ਦੇ ਸ਼ਰਧਾਲੂ ਸਨ। ਅੰਮ੍ਰਿਤਧਾਰੀ ਮਾਤਾ ਦੇ ਗੁਰਸਿੱਖੀ ਸੰਸਕਾਰ ਆਪ ਜੀ ਨੂੰ ਵਿਰਸੇ ਵਿਚ ਹੀ ਮਿਲੇ। ਆਪ



www.AKJ.Org

ਦੇ ਪਿਤਾ ਜੀ ਆਪ ਦੀ ਛੋਟੀ ਉਮਰ ਵਿਚ ਹੀ ਚੜ੍ਹਾਈ ਕਰ ਗਏ ਸਨ। ਇਨ੍ਹਾਂ ਦੇ ਮਾਤਾ ਜੀ ਨੇ ਆਪ ਜੀ ਤੇ ਵੱਡੀ ਭੈਣ ਦੀ ਪਾਲਣਾ ਪੋਸ਼ਣਾ ਮਿਹਨਤ ਮਜ਼ਦੂਰੀ ਕਰਕੇ ਕੀਤੀ। ਮੁੱਢਲੀ ਵਿਦਿਆ ਆਪ ਨੇ ਅੱਠਵੀਂ ਤਾਈਂ ਪਾਕਿਸਤਾਨ ਰਹਿੰਦੇ ਸਮੇਂ ਸਰਗੋਧੇ ਵਿਚ ਹੀ ਲਈ। ਗੁਰਸਿੱਖੀ ਦੀ ਲਗਨ ਬਚਪਨ ਤੋਂ ਹੀ ਲੱਗ ਗਈ ਸੀ। ਮਾਤਾ ਜੀ ਅਤੇ ਮਾਸੀਆਂ ਜੋ ਕਿ ਗੁਰਦੁਆਰੇ ਰੋਜ਼ਾਨਾ ਕੀਰਤਨ ਕਰਦੀਆਂ ਸਨ। ਸੰਨ 1947 ਈ: ਦੀ ਦੇਸ਼ ਵੰਡ ਤੋਂ ਬਾਅਦ ਇਹ ਸਾਰਾ ਪਰਿਵਾਰ ਸ੍ਰੀ ਅੰਮ੍ਰਿਤਸਰ ਆ ਗਿਆ। ਪੂਰਬਲੇ ਸੰਜੋਗਾਂ ਅਨੁਸਾਰ ਆਪ ਦੀ ਸ਼ਾਦੀ ਦੇਸ਼ ਦੀ ਵੰਡ ਤੋਂ ਬਾਅਦ ਭਾਈ ਮਹਿਤਾਬ ਸਿੰਘ ਸ੍ਰੀ ਅੰਮ੍ਰਿਤਸਰ ਨਿਵਾਸੀ ਨਾਲ ਹੋਈ। ਭਾਈ ਮਹਿਤਾਬ ਸਿੰਘ ਜੀ ਵੀ ਸਹਿਜਧਾਰੀ ਪ੍ਰੀਵਾਰ ਵਿਚੋਂ ਸਨ। ਉਨ੍ਹਾਂ ਦਾ ਜਨਮ 14 ਅਪ੍ਰੈਲ 1929 ਵਿਚ ਸ੍ਰੀ ਦੁਨੀ ਚੰਦ ਚਾਵਲਾ ਅਤੇ ਬੀਬੀ ਭਰਾਵਾਂ ਵਾਲੀ ਦੇ ਘਰ ਦਰਿਆ ਜੇਹਲਮ ਦੇ ਕਿਨਾਰੇ ਖੁਸ਼ਾਬ ਨਗਰ (ਪਾਕਿਸਤਾਨ) ਵਿਚ ਹੋਇਆ। ਸ. ਮਨਮੋਹਨ ਸਿੰਘ ਸਾਬਕਾ ਪ੍ਰਧਾਨ ਮੰਤਰੀ ਭਾਰਤ ਸਰਕਾਰ ਆਪ ਜੀ ਦੇ ਪੇਂਡੂ ਸਨ। ਉੱਥੇ ਆਪ ਜੀ ਨੇ ਦਸਵੀਂ ਤਾਈਂ ਪੜ੍ਹਾਈ ਕੀਤੀ ਫਿਰ ਨੌਕਰੀ ਲਈ ਸ੍ਰੀ ਅੰਮ੍ਰਿਤਸਰ ਆ ਗਏ। ਇੱਥੇ ਉਹ ਦੇਸ਼ ਦੀ ਵੰਡ ਤੋਂ ਪਹਿਲਾਂ ਬ੍ਰਿਟਿਸ਼ ਸਰਕਾਰ ਦੇ ਗ੍ਰਿੰਡਲੇਜ਼ ਅਤੇ ਲਾਇਡਜ਼ ਬੈਂਕ (ਬਾਅਦ ਵਿਚ ਸਟੈਂਡਰਡ ਚਾਰਟੈਰਡ ਬੈਂਕ) ਵਿਚ ਕਲਰਕ ਭਰਤੀ ਹੋ ਗਏ ਤੇ ਅਫਸਰ ਦੇ ਅਹੁਦੇ ਤੋਂ ਸੰਨ 1989 ਵਿਚ ਰਿਟਾਇਰ ਹੋਵੇ। ਆਪ ਜੀ ਦਾ ਇਕ ਭਰਾ ਤੇ ਭੈਣ ਸੀ। ਉਸ ਵੇਲੇ ਦੇ ਰਿਵਾਜ਼ ਮੁਤਾਬਿਕ ਆਪ ਦੇ ਮਾਤਾ-ਪਿਤਾ ਨੇ ਪ੍ਰੀਵਾਰ ਵਿਚ ਵੱਡੇ ਹੋਣ ਕਾਰਨ ਆਪ ਨੂੰ ਸਿੱਖ ਸਜਾ ਦਿੱਤਾ ਸੀ। ਸ੍ਰੀ ਅੰਮ੍ਰਿਤਸਰ ਆ ਕੇ ਆਪ ਜੀ ਨੇ ਸ੍ਰੀ ਦਰਬਾਰ ਸਾਹਿਬ ਦੀ ਹਾਜ਼ਰੀ ਭਰਨੀ ਸ਼ੁਰੂ ਕਰ ਦਿੱਤੀ ਤੇ ਸਵੇਰੇ ਸ਼ਾਮ ਜੋੜਿਆ ਦੀ ਸੇਵਾ ਵੀ ਕਰਦੇ ਰਹੇ। ਇਹ ਸੇਵਾ ਉਨ੍ਹਾਂ ਤਾਅ ਜ਼ਿੰਦਗੀ ਨਿਭਾਈ। ਉਨ੍ਹਾਂ ਨੇ ਸ੍ਰੀ ਗੁਰੂ ਰਾਮ ਦਾਸ ਸੇਵਕ ਜਥੇ ਦੀ ਵੀ ਸਥਾਪਨਾ ਕੀਤੀ ਜਿਸ ਦੇ ਮੈਂਬਰ ਸ੍ਰੀ ਗੁਰੂ ਰਾਮ ਦਾਸ ਸਰਾਂ ਵਾਲੇ ਪਾਸੇ ਜੋੜੇ ਘਰ ਦੀ ਸੇਵਾ ਹੁਣ ਤਾਈਂ ਨਿਭਾਉਂਦੇ ਹਨ। ਇਸ ਤੋਂ ਇਲਾਵਾ ਵੱਲਾ, ਵੇਰਕਾ, ਸੁਲਤਾਨਵਿੰਡ ਪਿੰਡ, ਛੇਹਰਟਾ, ਗੁਰੂ ਕੀ ਵਡਾਲੀ ਗੁ. ਸੰਨ ਸਾਹਿਬ, ਬੀੜ ਬਾਬਾ ਬੁੱਢਾ ਜੀ, ਗੋਇੰਦਵਾਲ ਸਾਹਿਬ ਤੇ ਹੋਰ ਇਤਿਹਾਸਕ ਸਥਾਨਾਂ ਤੇ ਲੱਗਣ ਵਾਲੇ ਜੋੜ ਮੇਲਿਆਂ ਅਤੇ ਸ੍ਰੀ ਦਰਬਾਰ ਸਾਹਿਬ ਜੀ ਵਿਖੇ ਸਾਰੇ ਗੁਰਪੁਰਬਾਂ ਖਾਸ ਕਰ ਦੀਵਾਲੀ, ਵਿਸਾਖੀ, ਮੱਸਿਆ, ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਪੁਰਬ ਸਮੇਂ ਜੋੜਿਆ ਦੇ ਨਾਲ-ਨਾਲ ਸਾਈਕਲ ਤੇ ਸਕੂਟਰ ਸਟੈਂਡ ਦੀ ਸੇਵਾ ਵੀ ਕਰਦੇ ਰਹੇ ਹਨ। ਹਰ ਐਤਵਾਰ ਯਤੀਮ ਖਾਨੇ ਦੇ ਬੱਚੇ ਜੋ ਸ੍ਰੀ ਦਰਬਾਰ ਸਾਹਿਬ ਜੀ ਦੇ ਦਰਸ਼ਨ ਕਰਨ ਆਉਂਦੇ ਸਨ ਉਨ੍ਹਾਂ ਲਈ ਜੋੜੇ ਘਰ ਵਿਚ ਖਾਸ ਤੌਰ ’ਤੇ ਲੰਗਰ ਸਜਾ ਕੇ ਛਕਾਇਆ ਜਾਂਦਾ ਸੀ। ਆਪ ਜੀ ਲੋੜਵੰਦਾਂ ਗੁਰਸਿੱਖਾਂ ਦੀ ਮਾਇਕ ਸਹਾਇਤਾ ਵੀ ਕਰਦੇ ਰਹਿੰਦੇ ਸਨ ਤੇ ਬਹੁਤ ਪਰ ਉਪਕਾਰੀ ਸੁਭਾਅ ਦੇ ਸਨ। ਆਪ ਜੀ ਨੂੰ ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਸ੍ਰੀ ਅੰਮ੍ਰਿਤਸਰ ਵਿਖੇ ਸੰਨ 1950 ਤੋਂ 1955 ਤੱਕ ਹੌਲੇ ਮਹੱਲੇ ਸਮੇਂ ਕੀਤੇ ਜਾਂਦੇ ਸਮਾਗਮ ਦੌਰਾਨ ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਹੁੰਦਾ ਰਿਹਾ ਹੈ। ਆਪ ਜੀ ਦੀ ਪ੍ਰੇਰਨਾ ਸਦਕਾ ਹੀ ਆਪ ਦੀ ਸਿੰਘਣੀ ਨੇ ਜਥੇ ਦੇ ਸਮਾਗਮਾਂ ਦੀ ਹਾਜ਼ਰੀ ਭਰਨੀ ਸ਼ੁਰੂ ਕੀਤੀ।

ਸ੍ਰੀ ਅੰਮ੍ਰਿਤਸਰ ਵਿਖੇ ਬੀਬੀ ਦਲਜੀਤ ਕੌਰ ਜੀ ਨੂੰ ਸ੍ਰੀ ਦਰਬਾਰ ਸਾਹਿਬ ਦੇ ਕੀਰਤਨ ਨੇ ਐਸੀ ਅਗੰਮੀ ਖਿੱਚ ਪਾਈ ਕਿ ਬਸ ਬੀਬੀ ਜੀ ਇਕ ਕਮਾਲ ਦੇ ਕੀਰਤਨੀਏ ਹੋ ਨਿਬੜੇ। 22 ਕੁ ਬਰਸ ਦੀ ਜਵਾਨ ਉਮਰ ਵਿਚ ਸੰਨ 1955 ਤੋਂ ਆਪ ਨੇ ਗੁਰਦੁਆਰਾ ਗੋਲ ਮਸਜਿਦ, ਸ਼ਰੀਫਪੁਰਾ ਵਿਖੇ ਕੀਰਤਨ ਕਰਨਾ ਆਰੰਭ ਕਰ ਦਿੱਤਾ। ਇਸ ਸਮੇਂ ਹੀ ਸ਼ਾਮ ਨੂੰ ਸ੍ਰੀ ਮੰਜੀ ਸਾਹਿਬ ਦੇ ਦੀਵਾਨ ਅਸਥਾਨ ਵਿਖੇ ਕਈ ਸਾਲ ਸੂਰਜ ਪ੍ਰਕਾਸ਼ ਦੀ ਕਥਾ ਵੀ ਕੀਤੀ ਅਤੇ ਕਥਾ ਤੋਂ ਪਹਿਲਾਂ ਆਪ ਕੀਰਤਨ ਕਰਦੇ ਹੁੰਦੇ ਸਨ। ਇਹ ਸੇਵਾ ਸੰਨ 1960 ਤੱਕ ਨਿਸ਼ਕਾਮ ਰੂਪ ਵਿਚ ਚਲਦੀ ਰਹੀ। ਇਹ ਸੇਵਾ ਆਰੰਭ ਕਰਨ ਤੋਂ ਪਹਿਲਾਂ ਆਪ ਨੇ ਆਪਣੇ ਜੀਵਨ ਸਾਥੀ ਦੇ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕਰ ਲਈ ਅਤੇ ਜੀਵਨ ਪ੍ਰਯੰਤ ਗੁਰੂ ਦੇ ਸਨਮੁਖ ਹੋ ਕੇ ਕੀਰਤਨ ਦੀ ਸੇਵਾ ਵਿੱਚ ਜੁੱਟੇ ਰਹੇ।


www.AKJ.Org

ਸੰਨ 1955-60 ਦਾ ਸਮਾਂ ਪੰਜਾਬ ਦੇ ਸਿਆਸੀ ਮੰਚ ਉਤੇ ਬੜਾ ਸੰਘਰਸ਼ ਮਈ ਸੀ। ਸਿੱਖਾਂ ਨੂੰ ਪੰਜਾਬੀ ਸੂਬੇ ਦੀ ਮੰਗ ਲਈ ਅੰਦੋਲਨ ਕਰਨਾ ਪਿਆ ਤੇ ਸਰਕਾਰ ਨੇ ਪੰਜਾਬੀ ਸੂਬੇ ਦੇ ਨਾਅਰੇ ਤੇ ਕਾਨੂੰਨੀ ਪਾਬੰਦੀ ਲਾ ਦਿੱਤੀ ਸੀ। ਅਜਿਹੇ ਸਮੇਂ ਨੌਜੁਆਨਾਂ ਵਿਚ ਅਜਿਹੇ ਅਨਿਆ ਵਿਰੁੱਧ ਜੋਸ਼ ਉਭਰਦਾ ਹੈ। ਉਪਰੋਂ ਸਿੱਖ ਲੀਡਰਾਂ ਦੇ ਧੂਆਂ ਧਾਰ ਭਾਸ਼ਨਾਂ ਨੇ ਬੀਬੀ ਦਲਜੀਤ ਕੌਰ ਜੀ ਨੂੰ ਭੀ ਹਲੂਣਿਆਂ। ਅਕਤੂਬਰ 1960 ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸਿੱਖ ਸੰਗਤਾਂ ਨੂੰ ਪੰਜਾਬੀ ਸੂਬੇ ਦੇ ਮੋਰਚੇ ਲਈ ਗ੍ਰਿਫਤਾਰੀ ਦੇਣ ਵਾਸਤੇ ਆਪ ਨੇ ਅਪੀਲ ਸੁਣੀ। ਗੁਰੂ ਭਗਤੀ ਵਿਚ ਰੰਗੀ ਇਸ ਗੁਰਮੁਖ ਬੀਬੀ ਨੇ ਗੁਰੂ ਘਰ ਦੀ ਸੇਵਾ ਲਈ ਇਸ ਨੂੰ ਇਕ ਸੁਨਿਹਰੀ ਮੌਕਾ ਸਮਝਿਆ। "ਪਤੀ ਦੇਵ ਨਾਲ ਕੀ ਸਲਾਹ ਕਰਨੀ ਹੈ, ਉਨ੍ਹਾਂ ਕੋਈ ਮੈਨੂੰ ਐਸੇ ਉਤਮ ਕਾਰਜ ਤੋਂ ਰੋਕਣੈ?" ਇਸ ਦਾ ਉੱਤਰ ਉਨ੍ਹਾਂ ਦੇ ਮਨ ਨੇ ਦਿੱਤਾ "ਪਤੀ ਦੇਵ ਸਗੋਂ ਖੁਸ਼ ਹੋਣਗੇ। ਉਹ ਇਸ ਨੂੰ ਇਕ ਸੱਚਾ ਸੌਦਾ ਕਰਕੇ ਜਾਨਣਗੇ।" ਬਸ ਫਿਰ ਕੀ ਸੀ, ਆਪ ਨੇ ਆਪਣਾ ਨਾਮ ਲਿਖਵਾ ਕੇ ਗ੍ਰਿਫਤਾਰੀ ਦੇ ਦਿੱਤੀ। ਢਾਈ ਮਹੀਨੇ ਕੈਦ ਦੀ ਸਜ਼ਾ ਹੋਈ। ਜਨਵਰੀ 1961 ਵਿਚ ਆਪ ਰਿਹਾ ਹੋ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਪੁੱਜੇ ਤਾਂ ਰਾਤ ਦੇ 11 ਵੱਜ ਚੁੱਕੇ ਸਨ। ਜਥੇਦਾਰ ਸਾਹਿਬ ਜਥੇ ਨੂੰ ਅਗਲਾ ਹੁਕਮ ਸੁਣਾਉਣ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਚਲਕੇ ਆਏ ਅਤੇ ਇਨ੍ਹਾਂ ਬੀਬੀਆਂ ਨੂੰ ਗੁਰੂ ਕੀਆਂ ਖੁਸ਼ੀਆਂ ਦੀ ਅਸੀਸ ਦੇ ਕੇ ਘਰੋਂ ਘਰੀਂ ਤੋਰਿਆ। ਸਾਡੇ ਲੀਡਰ ਸਿਆਸੀ ਮਨੋਰਥਾਂ ਲਈ ਧਰਮ ਨੂੰ ਵਰਤਦੇ ਆਏ ਹਨ ਅਤੇ ਗੁਰੂ ਦੀ ਭੈ ਭਾਵਨੀ ਵਾਲੇ ਭੌਰੇ ਹਮੇਸ਼ਾ ਧਰਮ ਲਈ ਕੁਰਬਾਨੀਆਂ ਕਰਦੇ ਆਏ ਹਨ। ਬੀਬੀ ਜੀ ਲਈ ਇਸ ਮੋਰਚੇ ਤੋਂ ਬਾਅਦ ਇਹ ਸੋਚਣ ਦਾ ਸਮਾਂ ਸੀ ਕੀ ਹੁਣ ਗੁਰੂ ਭਗਤੀ ਵੱਲ ਪੂਰੀ ਲਗਨ ਨਾਲ ਕੰਮ ਕਰਨਾ ਹੈ ਜਾਂ ਸਿੱਖ ਸਿਆਸਤ ਵਿਚ ਕੁਦ ਕੇ ਕੋਈ ਪਦ ਪਦਵੀ ਪ੍ਰਾਪਤੀ ਕਰਨੀ ਹੈ?

ਅਕਾਲ ਪੁਰਖ ਵੱਲੋਂ ਬੀਬੀ ਜੀ ਨੂੰ ਪ੍ਰੇਰਨਾ ਹੋਈ ਕਿ ਬਾਕੀ ਦੀ ਉਮਰ ਧਰਮ ਪ੍ਰਚਾਰ ਲਈ ਲਗਾਉ। ਸੰਨ 1961 ਤੋਂ 1994 ਤੱਕ ਆਪ ਨੇ ਕੀਰਤਨ ਅਤੇ ਕਥਾ ਕਰਕੇ ਅਤੇ ਇਸਤਰੀ ਸਤਸੰਗਾਂ ਵਿਚ ਹਾਜ਼ਰੀਆਂ ਭਰ ਕੇ, ਅਨੇਕਾਂ ਬੀਬੀਆਂ ਅਤੇ ਬੱਚਿਆਂ ਨੂੰ ਕੀਰਤਨ ਸਿਖਾਇਆ। ਕਈਆਂ ਬੀਬੀਆਂ ਨੂੰ ਗੁਰਬਾਣੀ ਦਾ ਅਰਥ ਬੋਧ ਕਰਕੇ ਅਖੰਡ ਪਾਠੀ ਵੀ ਬਣਾਇਆ। ਜਿਵੇਂ ਗੁਰਬਾਣੀ ਵਿਚ ਫੁਰਮਾਨ ਹੈ **"ਹਰਿ ਜਨ ਸਗਲ ਉਧਾਰੇ ਸੰਗ ਕੇ ॥"**

ਪਾਕਿਸਤਾਨ ਤੋਂ ਆ ਕੇ ਪਹਿਲਾਂ ਆਪ ਸ਼ਰੀਫਪੁਰਾ ਨੇੜੇ ਬਸ ਸਟੈਂਡ ਰਹਿੰਦੇ ਸਨ। ਫਿਰ ਕੁਝ ਸਮਾਂ ਸ੍ਰੀ ਦਰਬਾਰ ਸਾਹਿਬ ਲਾਗੇ ਚੌਂਕ ਮੰਨਾ ਸਿੰਘ ਵਿਖੇ ਰਿਹਾਇਸ਼ ਰੱਖੀ। ਸੰਨ 1968-69 ਵਿਚ ਆਪ ਜੀ ਦੇ ਸਿੰਘ ਸਾਹਿਬ ਨੇ ਅਜੀਤ ਨਗਰ ਵਿਖੇ ਮਕਾਨ ਬਣਾ ਲਿਆ। ਇੱਥੇ ਜੱਥੇ ਦੇ ਕਾਫੀ ਪ੍ਰਵਾਰ ਰਹਿੰਦੇ ਸਨ ਤੇ ਆਪ ਜੀ ਦਾ ਉਨ੍ਹਾਂ ਨਾਲ ਸੰਬੰਧ ਜੁੜ ਗਿਆ ਅਤੇ ਹਫਤਾਵਾਰੀ ਕੀਰਤਨਾਂ ਵਿਚ ਬੀਬੀ ਜੀ ਕੀਰਤਨ ਦੀ ਸੇਵਾ ਕਰਨ ਲੱਗ ਪਏ। ਡਾ. ਸੁਰਿੰਦਰ ਸਿੰਘ ਜੀ ਦਾ ਵੀ ਬੀਬੀ ਜੀ ਨਾਲ ਡੂੰਘਾ ਸਨੇਹ ਸੀ ਅਤੇ ਉਹ ਆਮ ਤੌਰ 'ਤੇ ਆਪਦੇ ਘਰ ਆਉਂਦੇ ਜਾਂਦੇ ਰਹਿੰਦੇ ਸਨ। ਕੀਰਤਨੀ ਹੋਣ ਕਾਰਨ ਭਾਈ ਜੀਵਨ ਸਿੰਘ ਜੀ ਬਹੁਤ ਸਤਿਕਾਰ ਕਰਦੇ ਸਨ। ਬੀਬੀ ਹਰਸ਼ਰਨ ਕੌਰ ਜੀ ਵੀ ਆਪ ਜੀ ਦੀ ਖ਼ਾਸ ਸਹੇਲੀ ਸੀ।

ਸੰਨ 1972 ਵਿਚ ਆਪ ਜਦੋਂ ਸ੍ਰੀ ਪਟਨਾ ਸਾਹਿਬ ਦੀ ਦਰਸਨ ਯਾਤਰਾ ਕਰਨ ਗਏ ਤਾਂ ਆਪ ਨੇ ਉਸ ਸਮੇਂ ਦੇ ਹਜ਼ੂਰੀ ਰਾਗੀ ਭਾਈ ਜੀਵਨ ਸਿੰਘ ਜੀ ਦੀ ਪ੍ਰੇਰਨਾ ਸਦਕਾ ਸੀਸ ਤੇ ਦਸਤਾਰਾ ਸਜਾ ਲਿਆ ਅਤੇ ਰਹਿਤ ਬਹਿਤ ਦੇ ਧਾਰਨੀ ਹੋ ਗਏ। ਨਿਤ ਅੰਮ੍ਰਿਤ ਵੇਲੇ ਉਠ ਜਾਂਦੇ ਅਤੇ ਗੁਰੂ ਦੀ ਦਸੀ ਕਾਰ ਕਮਾਉਂਦੇ। ਗੁਰਸਿੱਖਾਂ ਲਈ ਆਪ ਦੇ ਮਨ ਵਿਚ ਅਥਾਹ ਪਿਆਰ ਸੀ। ਉਨ੍ਹਾਂ ਦੀ ਹਰ ਪ੍ਰਕਾਰ ਦੀ ਸੇਵਾ ਦਾ ਆਪ ਅੰਦਰ ਸਦਾ ਚਾਉ ਬਣਿਆ ਰਹਿੰਦਾ ਸੀ। ਜੋ ਨਿਮਰਤਾ ਦੇ ਪੱਖੋਂ ਵੇਖੋਂ ਤਾਂ ਬੀਬੀ ਜੀ ਨੇ ਇਤਨੇ ਵਿਦਵਾਨ ਹੁੰਦੇ ਹੋਏ ਭੀ ਕਦੀ ਆਪਣਾ ਆਪ ਨਹੀਂ ਸੀ ਜਣਾਉਂਦੇ। ਜੇ ਉਨ੍ਹਾਂ ਦੇ ਕੀਰਤਨ ਦੀਆਂ ਪ੍ਰਾਪਤ ਟੇਪਾਂ (ਜੋ ਉਨ੍ਹਾਂ ਦੇ ਚੜਾਈ ਕਰਨ ਉਪਰੰਤ ਸਤਸੰਗੀਆਂ ਨੇ ਇਧਰੋਂ ਉਧਰੋਂ ਲੱਭ ਕੇ ਤਿਆਰ ਕੀਤੀਆਂ ਹਨ) ਨੂੰ ਸੁਣੋਂ ਤਾਂ ਪਤਾ ਲੱਗਦਾ ਹੈ ਕਿ ਕਿਤਨੇ ਆਤਮ ਰੰਗਾਂ ਵਿਚ ਅਤੇ ਕਿਤਨੇ ਤੇਜ ਪਰਤਾਪੀ ਵਲਵਲੇ ਵਿਚ ਕੀਰਤਨ ਕਰਦੇ ਹੁੰਦੇ ਸਨ। ਆਪ ਹਮੇਸ਼ਾਂ ਕੰਠਾਗਰ ਕੀਰਤਨ ਹੀ ਕਰਦੇ ਸਨ। ਆਪ ਜੀ



www.AKJ.Org

ਰਾਗ ਵਿਦਿਆ ਵਿਚ ਵੀ ਨਿਪੁੰਨ ਸਨ ਤੇ ਸੁਰਤਾਲ ਦੇ ਵੀ ਪੂਰੇ ਜਾਣਕਾਰ ਸਨ। ਤਲਵਾੜਾ ਜੀ ਦੀ ਸੰਗਤ ਕਰਕੇ ਗੁਰਬਾਣੀ ਦੇ ਸੁੱਧ ਪਾਠ, ਉਚਾਰਣ ਤੇ ਠੀਕ ਜਗ੍ਹਾ ਬਿਸਰਾਮ ਲਾਉਣ ਦਾ ਵੀ ਪੂਰਾ ਖਿਆਲ ਰੱਖਦੇ ਸਨ। ਮਾਰੂ ਸੋਹਲੇ ਵਾਲੇ ਸੋਲਾਂ ਸੋਲਾਂ ਪਦਿਆਂ ਵਾਲੇ ਲੰਮੇ ਸ਼ਬਦਾਂ ਅਤੇ ਪੜਤਾਲ ਵਾਲੇ ਬਿਖਮ ਤਾਲ ਸ਼ਬਦਾਂ ਦਾ ਕੀਰਤਨ ਕਰਦੇ ਹੁੰਦੇ ਸਨ। ਕੀਰਤਨ ਵਿਚ ਜੋ ਸ਼ਬਦ ਬੀਬੀ ਜੀ ਬੜੇ ਤਰੰਗਾਂ ਵਿਚ ਗਾਉਂਦੇ ਸਨ ਉਹ ਅੰਮ੍ਰਿਤ ਕੀਰਤਨ ਵਰਗੀਆ ਪੋਥੀਆਂ ਵਿਚ ਭੀ ਨਹੀਂ ਸਨ ਹੁੰਦੇ। ਉਨ੍ਹਾਂ ਦੀ ਸਬਦ ਚੋਣ ਉਨ੍ਹਾਂ ਦੀ ਆਤਮਕ ਅਵਸਥਾ ਦੀ ਲਖਾਇਕ ਹੈ। ਵੈਰਾਗ, ਗੁਰਮੁਖ, ਮਨਮੁਖ, ਸੱਚੀ ਦਰਗਾਹ, ਅਨਹਦ ਸ਼ਬਦ ਵਰਗੇ ਵਿਸ਼ੇ ਆਪ ਦੇ ਅਤਿ ਪਿਆਰੇ ਵਿਸ਼ੇ ਸਨ।

ਸੰਨ 1974 ਵਿਚ ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਦੀ ਸ਼ਤਾਬਦੀ ਕਮੇਟੀ ਵੱਲੋਂ ਉਲੀਕੇ ਗਏ ਪ੍ਰੋਗਰਾਮਾਂ ਵਿਚ ਆਪ ਨੇ ਵੱਧ ਚੜ ਕੇ ਹਿੱਸਾ ਲਿਆ, ਜਿਵੇਂ ਪਾਠ ਬੋਧ ਸਮਾਗਮ ਅਤੇ ਦੇਸ਼ ਭਰ ਦੀਆਂ ਸਿੰਘ ਸਭਾਵਾਂ ਅਤੇ ਸਤਾਬਦੀ ਕਮੇਟੀ ਵੱਲੋਂ ਕਰਵਾਏ ਗਏ ਵੱਖ-ਵੱਖ ਸ਼ਹਿਰਾਂ ਦੇ ਦੀਵਾਨਾਂ ਵਿਚ ਆਪ ਕੀਰਤਨ ਦੀ ਸੇਵਾ ਨਿਭਾਉਂਦੇ ਰਹੇ। ਗੁਰਬਾਣੀ ਦੀ ਵਿਸ਼ੇਸ਼ ਖੋਜ ਲਈ ਸੰਨ 1975 ਵਿਚ ਆਪ ਭਾ: ਜੋਗਿੰਦਰ ਸਿੰਘ ਜੀ ਤਲਵਾੜਾ ਦੇ ਸੰਪਰਕ ਵਿਚ ਆਏ ਅਤੇ ਰੋਜ਼ਾਨਾ ਭਾਈ ਸਾਹਿਬ ਦੇ ਗੁਰਬਾਣੀ ਖੋਜ ਵਿਚਾਰ ਕੇਂਦਰ ਵਿਚ ਹਾਜ਼ਰੀ ਭਰਦੇ ਹੁੰਦੇ ਸਨ। ਆਪ ਨੇ ਲਗਾਤਾਰ ਭਾਈ ਸਾਹਿਬ ਨਾਲ ਮਿਲਕੇ ਗੁਰਬਾਣੀ ਸਟੱਡੀ ਟੀਮ ਦੇ ਮੈਂਬਰ ਵਜੋਂ ਲਗਭਗ ਵੀਹ ਸਾਲ ਗੁਰਬਾਣੀ ਖੋਜ ਦੀ ਸੇਵਾ ਕੀਤੀ। ਸਮੇਂ-ਸਮੇਂ ਸੂਰਾ ਮਾਸਿਕ ਪੱਤਰ ਵਿਚ ਇਤਿਹਾਸ ਅਤੇ ਗੁਰਮਤਿ ਸਬੰਧੀ ਡੂੰਘੇ ਵਿਸ਼ਿਆਂ ਤੇ ਲੇਖ ਵੀ ਲਿਖਦੇ ਰਹਿੰਦੇ ਰਹੇ ਹਨ।

ਅਖੰਡ ਪਾਠਾਂ ਸਮੇਂ ਬਾਣੀ ਦੇ ਚੰਗੇ ਅਭਿਆਸੀ ਹੋਣ ਕਾਰਨ ਆਪ ਦਾ ਪਾਠ ਜਿਥੇ ਚਲੰਤ ਹੁੰਦਾ ਸੀ, ਉਥੇ ਲਗਮਾਤਰੀ ਨਿਯਮਾਂ ਅਨੁਸਾਰ ਸ਼ੁੱਧ ਅਤੇ ਸਪੱਸ਼ਟ ਭੀ ਹੁੰਦਾ ਸੀ। ਕਈ ਬੱਚਿਆਂ ਅਤੇ ਬੀਬੀਆਂ ਨੂੰ ਕੀਰਤਨ ਦੀ ਸੰਥਿਆ ਦੇ ਨਾਲ ਗੁਰਬਾਣੀ ਦੇ ਪਾਠ ਦੀ ਸੰਥਿਆ ਵੀ ਦਿੰਦੇ ਰਹੇ।

ਆਦਰਸ਼ਕ ਸਿੱਖ ਪ੍ਰਚਾਰਕ ਅਨੇਕਾਂ ਹੋਏ ਹਨ, ਪਰ ਇਸਤਰੀ ਜਾਮੇ ਵਿਚ ਬੀਬੀ ਦਲਜੀਤ ਕੌਰ ਜੀ ਆਉਣ ਵਾਲੀ ਪੀੜ੍ਹੀ ਲਈ, ਖਾਸ ਕਰਕੇ ਪੜ੍ਹੀਆਂ ਲਿਖੀਆਂ ਨੌਜਆਨ ਲੜਕੀਆ ਲਈ ਇਕ ਚਾਨਣ ਮੁਨਾਰਾ ਸਨ। ਉਨ੍ਹਾਂ ਦੀ ਸਾਦਾ ਪੋਸ਼ਾਕ, ਬਿਲਕੁਲ ਸਾਦਾ ਜਿਹਾ ਜੀਵਨ, ਜਿਸ ਦਾ ਮਨੋਰਥ ਕੇਵਲ ਗੁਰ ਉਪਦੇਸ਼ਾਂ ਦਾ ਸੰਦੇਸ਼ ਘਰ ਘਰ ਦੇਣਾ ਸੀ। ਉਨ੍ਹਾਂ ਦੀ ਵਿਦਵਤਾ ਅਤੇ ਨਿਮਰਤਾ ਅਜਿਹੇ ਗੁਣ ਸਨ ਜੋ ਇਕ ਚੰਗੇ ਪ੍ਰਚਾਰਕ ਵਿੱਚ ਹੋਣੇ ਚਾਹੀਦੇ ਹਨ। ਆਪ ਸਿੱਖ ਪੰਥ ਦੇ ਇੱਕ ਅਨਮੋਲ ਵਿਅਕਤੀ ਸਨ। ਸਾਡੇ ਲਈ ਗੁਰ ਭਗਤੀ ਦਾ ਆਦਰਸ਼ ਉਜਾਗਰ ਕਰ ਗਏ ਹਨ। ਆਪ ਜੀ ਦੇ ਘਰ ਸ੍ਰੀ ਦਰਬਾਰ ਸਾਹਿਬ ਜੀ ਦੇ ਦਰਸ਼ਨ ਇਸ਼ਨਾਨ ਕਰਨ ਆਈਆਂ ਗੁਰਸਿੱਖ ਸੰਗਤਾਂ ਆਉਂਦੀਆਂ ਜਾਂਦੀਆਂ ਰਹਿੰਦੀਆਂ ਸਨ ਆਪ ਜੀ ਉਨ੍ਹਾਂ ਦੀ ਹਿਤੋ ਚਿਤੋ ਲੰਗਰ ਪਾਣੀ ਦੀ ਸੇਵਾ ਕਰਦੇ ਸਨ। ਸੰਸਾਰਕ ਰਿਸ਼ਤੇਦਾਰਾਂ ਦਾ ਵੀ ਪੂਰਾ ਸਤਿਕਾਰ ਤੇ ਜਿੰਮੇਵਾਰੀਆਂ ਵੀ ਨਿਭਾਉਂਦੇ ਸਨ। ਉਨ੍ਹਾਂ ਦਾ ਮਨ ਬਹੁਤ ਤਕੜਾ ਸੀ। ਸਰੀਰਕ ਕਸ਼ਟਾਂ ਸਮੇਂ ਵੀ ਨਾਮ ਗੁਰਬਾਣੀ ਦਾ ਓਟ ਆਸਰਾ ਲੈਂਦੇ ਕਦੇ ਡੋਲਦੇ ਨਹੀਂ ਸਨ। ਸ੍ਰੀ ਦਰਬਾਰ ਸਾਹਿਬ ਜੀ ਦੀ ਰੋਜ਼ਾਨਾ ਹਾਜ਼ਰੀ ਭਰਨੀ ਆਪ ਜੀ ਦਾ ਨੇਮ ਸੀ। ਦੂਰ ਨੇੜੇ ਪਿੰਡਾਂ ਸ਼ਹਿਰਾਂ ਦੇ ਸਮਾਗਮ ਤੇ ਵੀ ਧਾਈ ਕਰਕੇ ਪੁੱਜਦੇ ਸਨ। ਬੇਸ਼ੱਕ ਉਮਰ ਅਜੇ ਜਿਆਦਾ ਨਹੀਂ ਸੀ ਪਰ ਧੁਰੋਂ ਸੱਦੇ ਜਲਦੀ ਹੀ ਆ ਗਏ। ਗੁਰ ਭਾਣੇ ਅੰਦਰ ਫੇਫੜਿਆਂ ਵਿਚ ਪਾਣੀ ਭਰਨ ਕਰਕੇ ਸਾਹ ਦੀ ਤਕਲੀਫ ਹੋ ਗਈ। ਮਿਤੀ 29 ਦਸੰਬਰ 1994 ਨੂੰ ਹਸਪਤਾਲ ਵਿਚ ਹੀ ਆਕਸੀਜਨ ਘੱਟਣ ਕਰਕੇ ਦਿਲ ਦੇ ਦੌਰੇ ਕਾਰਨ ਆਪ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਕੇ ਗੁਰੂ ਚਰਨਾ ਵਿਚ ਜਾ ਬਿਰਾਜੇ ਅਤੇ ਇਸ ਸੰਸਾਰ 'ਤੇ ਆਉਣਾ ਸਫਲ ਕਰ ਗਏ।



www.AKJ.Org

# ਭਾਈ ਪ੍ਰੀਤਮ ਸਿੰਘ ਜੀ ਦਸੂਹਾ, ਜ਼ਿਲ੍ਹਾ ਹੁਸ਼ਿਆਰਪੁਰ

ਭਾਈ ਗੁਰਦੀਪ ਸਿੰਘ ਸ੍ਰੀ ਅੰਮ੍ਰਿਤਸਰ

ਸਰਬ ਲੋਹ ਰਹਿਤ ਦੇ ਪੱਕੇ ਧਾਰਨੀ, ਸਾਰੀ ਸਾਰੀ ਰਾਤ ਕੀਰਤਨ ਦੀਆਂ ਗੁੰਜਾਰਾਂ ਗੁੰਜਾਉਣ ਵਾਲੇ, ਅਖੰਡ ਪਾਠੀ, ਬੇਅੰਤ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਨ ਵਾਲੇ ਪੁਰਾਤਨ ਗੁਰਸਿੱਖ ਭਾਈ ਪ੍ਰੀਤਮ ਸਿੰਘ ਜੀ ਦਾ ਜਨਮ ਸੰਨ 1913 ਵਿਚ ਪਿੰਡ ਭਾਨਾ ਨੇੜੇ ਗੜ੍ਹਦੀਵਾਲ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਪਿਤਾ ਸ. ਸੁੰਦਰ ਸਿੰਘ ਜੀ ਦੇ ਘਰ ਹੋਇਆ। ਆਪ ਜੀ ਦੇ ਪਿਤਾ ਜੀ ਗੁਰੂ ਘਰ ਦੇ ਸ਼ਰਧਾਲੂ ਪ੍ਰੇਮੀ ਸਿੱਖ ਸਨ ਤੇ ਪਿੰਡ ਵਿਚ ਹੀ ਲਕੜੀ ਦੇ ਮਿਸਤਰੀ ਦੀ ਸੱਚੀ ਸੁੱਚੀ ਹੱਥੀ ਕ੍ਰਿਤ ਕਰਦੇ ਸਨ। ਆਪ ਜੀ ਨੂੰ ਗੁਰੂ ਘਰ ਦੀ ਲਗਨ ਅਤੇ ਪ੍ਰੇਮ ਬਚਪਨ ਤੋਂ ਹੀ ਮਾਤਾ ਪਿਤਾ ਜੀ ਦੀ ਸੰਗਤ ਤੋਂ ਲੱਗ ਗਿਆ ਸੀ। ਸੰਸਾਰਕ ਵਿਦਿਆ ਤਾਂ ਆਪ ਜੀ ਨੇ ਪੰਜਵੀਂ ਤਾਈਂ ਗੜ੍ਹਦੀਵਾਲਾ ਸਰਕਾਰੀ ਸਕੂਲ ਤੋਂ ਲਈ ਤੇ ਫਿਰ ਖਰਾਦੀਏ ਦਾ ਕੰਮ ਸਿੱਖ ਕੇ ਪਾਕਿਸਤਾਨ ਦੇ ਰਾਵਲਪਿੰਡੀ ਸ਼ਹਿਰ ਵਿਚ ਜਾ ਕੇ ਆਪਣੀ ਵਰਕਸ਼ਾਪ ਲਾ ਲਈ। ਉਹ ਇਹ ਕ੍ਰਿਤ ਸਾਰੀ ਉਮਰ ਅਖੀਰਲੇ ਸਵਾਸਾਂ ਤਾਈਂ ਆਪਣੇ ਹੱਥੀਂ ਕਰਦੇ ਰਹੇ। ਇਸ ਵਰਕਸ਼ਾਪ ਵਿਚ ਗੁਰੂ ਘਰਾਂ ਲਈ ਨਿਸ਼ਾਨ ਸਾਹਿਬ ਤਿਆਰ ਕਰਨੇ ਅਤੇ ਜਿਮੀਂਦਾਰਾਂ ਦੇ ਖੇਤੀ ਵਿਚ ਕੰਮ ਆਉਣ ਵਲੇ ਹਰ ਤਰ੍ਹਾਂ ਦੇ ਸੰਦਾਂ ਦੀ ਬਣਤਰ ਤੇ ਮੁਰੰਮਤ ਦਾ ਕੰਮ ਕਰਦੇ ਸਨ। ਦੇਸ਼ ਦੀ ਵੰਡ ਤੋਂ ਬਾਅਦ ਆਪ ਜੀ ਨੇ ਇਹ ਵਰਕਸ਼ਾਮ ਦਸੂਹੇ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਲਾ ਲਈ।

ਆਪ ਜੀ ਦਾ ਅਨੰਦ ਕਾਰਜ ਤਲਵਾੜਾ ਨੇੜੇ ਹਾਜੀਪੁਰ ਲਾਗਲੇ ਪਿੰਡ ਕਤੋਵਾਲ ਦੇ ਨਿਵਾਸੀ ਬੀ. ਰਤਨ ਕੌਰ ਨਾਲ ਸੰਨ 1940 ਵਿਚ ਹੋਇਆ। ਆਪ ਜੀ ਦੇ ਘਰ ਦੋ ਸਪੁੱਤਰਾਂ ਤੇ ਚਾਰ ਸਪੁੱਤਰੀਆਂ ਨੇ ਜਨਮ ਲਿਆ ਜੋ ਕਿ ਸਾਰੇ ਹੀ ਆਪ ਜੀ ਦੇ ਪੂਰਨਿਆਂ ਤੇ ਚਲਦੇ ਹੋਏ ਅੰਮ੍ਰਿਤਧਾਰੀ ਤੇ ਰਹਿਤ ਬਹਿਤ ਦੇ ਧਾਰਨੀ ਹਨ। ਆਪ ਜੀ ਦੀ ਇਕ ਬੱਚੀ ਬੀਬੀ ਅਵਤਾਰ ਕੌਰ ਜੀ, ਗੁਰਦਾਸਪੁਰ ਵਿਚ ਮਾਸਟਰ ਨਿਰੰਜਨ ਸਿੰਘ ਜੀ ਨਾਲ ਵਿਆਹੀ ਹੋਈ ਹੈ ਅਤੇ ਆਪ ਵਾਂਗ ਕੀਰਤਨੀ ਅਤੇ ਅਖੰਡ ਪਾਠੀ ਹੈ। ਦੂਸਰੀ ਬੱਚੀ ਪਿੰਡ ਝਾੜੇ ਦੇ ਡਾਕਟਰ ਸੁਰਜੀਤ ਸਿੰਘ ਜੀ ਨਾਲ ਵਿਆਹੀ ਹੋਈ ਹੈ ਅਤੇ ਉਹ ਵੀ ਤਿਆਰ ਬਰ ਤਿਆਰ ਗੁਰਮਤਿ ਰਹਿਤ ਬਹਿਤ ਦੀ ਪੱਕੀ ਧਾਰਨੀ ਹੈ।

ਆਪ ਜੀ ਨੂੰ ਗੁਰਸਿੱਖੀ ਦੀ ਲਗਨ ਤੇ ਪ੍ਰੇਮ ਤਾਂ ਬਚਪਨ ਤੋਂ ਹੀ ਲੱਗਾ ਹੋਇਆ ਸੀ। ਪਾਕਿਸਤਾਨ ਤੋਂ ਆ ਕੇ ਆਪ ਨੇ ਪਹਿਲਾਂ ਚੇਲਿਆਂ ਵਾਲੇ ਪਿੰਡ ਨਿਹੰਗ ਸਿੰਘਾਂ ਦੇ ਡੇਰੇ ਤੇ ਜਾਣਾ ਸ਼ੁਰੂ ਕਰ ਦਿੱਤਾ। ਉਥੇ ਸਿੰਘਾਂ ਨਾਲ ਵਿਚਰਦੇ ਹੋਏ ਆਪ ਜੀ ਨੇ ਨਿਹੰਗੀ ਬਾਣਾ ਧਾਰਨ ਕਰ ਲਿਆ ਤੇ ਉਥੋਂ ਅੰਮ੍ਰਿਤ ਵੀ ਛੱਕ ਲਿਆ। ਫਿਰ ਆਪ ਜੀ ਦਾ ਟਾਂਡਾ ਨਿਵਾਸੀ ਭਾਈ ਗੁਰਚਰਨ ਸਿੰਘ ਜੀ (ਜਿਨ੍ਹਾਂ ਮਾਸਟਰ ਨਿਰੰਜਨ ਸਿੰਘ ਜੀ ਨਾਲ ਹੀ ਜਗਰਾਓ ਜੇ.ਬੀ.ਟੀ. ਦਾ ਕੋਰਸ ਕੀਤਾ ਸੀ ਤੇ ਆਪ ਜੀ ਦੇ ਇਲਾਕੇ ਵਿਚ ਹੀ ਨੌਕਰੀ ਕਰਦੇ ਸਨ) ਨਾਲ ਮਿਲਾਪ ਹੋ ਗਿਆ। ਮਾਸਟਰ ਜੀ ਵੀ ਭਾਈ ਗੁਰਚਰਨ ਸਿੰਘ ਜੀ ਦੀ ਪ੍ਰੇਰਨਾ ਨਾਲ ਸਭ ਤੋਂ ਪਹਿਲਾਂ ਨਾਰੰਗਵਾਲ ਸਮਾਗਮ ਤੇ ਗਏ ਸਨ ਤੇ ਉਥੇ ਹੀ ਇਕ ਪੋਹ ਸੁਦੀ ਸਮਾਗਮ ਤੇ ਰੈਣ ਸਬਾਈ ਕੀਰਤਨ ਸੁਣ ਕੇ ਜਥੇ ਨਾਲ ਜੁੜੇ ਸਨ। ਭਾਈ ਗੁਰਚਰਨ ਸਿੰਘ ਜੀ ਆਪ ਜੀ ਨੂੰ ਵੀ ਪ੍ਰੇਰਨਾ ਦੇ ਕੇ ਲੁਧਿਆਣੇ ਪੋਹ ਸੁਦੀ ਸਮਾਗਮ ਤੇ ਲੈ ਗਏ। ਉਥੇ ਭਾਈ ਸਾਹਿਬ ਜੀ ਅਤੇ ਜਥੇ ਦੇ ਸਿੰਘਾਂ ਦੀ ਉੱਚੀ ਸੁੱਚੀ ਸੁਕ੍ਰਿਤ ਕਰਣੀ ਦੇਖ ਕੇ ਆਪ ਜੀ ਨੇ ਪ੍ਰੀਵਾਰ ਸਮੇਤ ਸੰਨ 1956 ਵਿਚ ਜਥੇ ਪਾਸੋਂ ਨਾਮ ਦ੍ਰਿੜ ਕਰਵਾ ਲਿਆ ਤੇ ਸਰਬ ਲੋਹ ਰਹਿਤ ਬਹਿਤ ਦੇ ਪੱਕੇ ਧਾਰਨੀ ਬਣ ਗਏ। ਦਸੂਹੇ ਇਲਾਕੇ ਵਿਚ ਆਪ ਜਥੇ ਦੇ ਸਭ ਤੋਂ ਪੁਰਾਤਨ ਸਿੰਘ ਸਨ ਜਿਨ੍ਹਾਂ ਨੇ ਸਾਰੀ ਉਮਰ ਆਪ ਗੁਰਸਿੱਖੀ ਜੀਵਨ ਜੀਵਿਆ ਅਤੇ ਹੋਰ ਅਨੇਕਾਂ ਨੂੰ ਗੁਰਮਤਿ ਮਾਰਗ ਦੇ ਪਾਂਧੀ ਬਣਾਇਆ।

ਆਪ ਜੀ ਨੇ ਗੁਰਬਾਣੀ ਦੇ ਪਾਠ ਦੀ ਸੰਥਿਆ ਤਾਂ ਬਚਪਨ ਤੋਂ ਹੀ ਲਈ ਸੀ ਤੇ ਸਿੰਘਾਂ ਦੀ ਸੰਗਤ ਕਰਦਿਆਂ ਅਖੰਡਪਾਠੀ ਵੀ ਬਣ ਗਏ। ਜਥੇ ਦੇ ਸਮਾਗਮਾਂ ਵਿਚ ਵਿਚਰਦਿਆਂ ਆਪ ਜੀ ਨੇ ਕੀਰਤਨ ਵੀ ਸਿੱਖ ਲਿਆ ਤੇ



www.AKJ.Org

ਪ੍ਰੀਵਾਰਕ ਮੈਂਬਰਾਂ ਨੂੰ ਵੀ ਕੀਰਤਨ ਸਿਖਾ ਕੇ ਇਸ ਸੇਵਾ ਤੇ ਲਾਇਆ। ਆਪ ਜੀ ਆਪਣੀ ਸਪੁੱਤਰੀ ਬੀ. ਅਵਤਾਰ ਕੌਰ ਜੀ ਅਤੇ ਦੂਸਰੇ ਪ੍ਰੀਵਾਰਕ ਮੈਂਬਰਾਂ ਨਾਲ ਮਿਲ ਕੇ ਸਾਰੀ ਰਾਤ ਇਕੱਲੇ ਹੀ ਰੈਣ ਸਬਾਈ ਕੀਰਤਨ ਕਰ ਲੈਂਦੇ ਸਨ। ਆਪ ਜੀ ਨੂੰ ਭਾਈ ਗੁਰਚਰਨ ਸਿੰਘ ਜੀ ਦੀ ਸੰਗਤ ਤਾਂ ਪਹਿਲਾਂ ਹੀ ਪ੍ਰਾਪਤ ਸੀ। ਫਿਰ ਆਪ ਜੀ ਨਾਲ ਸ਼ਹੀਦ ਭਾਈ ਅਵਤਾਰ ਸਿੰਘ ਜੀ ਖੁੱਡਾ ਕੁਰਾਲੇ ਵਾਲੇ ਵੀ ਜੁੜ ਗਏ। ਇਨ੍ਹਾਂ ਸਿੰਘਾਂ ਨਾਲ ਰਲ ਮਿਲ ਕੇ ਆਪ ਜੀ ਨੇ ਆਪਣੇ ਇਲਾਕੇ ਵਿਚ ਸ੍ਰੀ ਅਖੰਡ ਪਾਠਾਂ, ਰੈਣ ਸਬਾਈ ਕੀਰਤਨਾਂ ਰਾਹੀਂ ਗੁਰਮਤਿ ਪ੍ਰਚਾਰ ਦੀ ਲਹਿਰ ਚਲਾ ਦਿੱਤੀ ਅਤੇ ਬੇਅੰਤ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ। ਇਸ ਇਲਾਕੇ ਵਿਚ ਬਾਬਾ ਹਰਨਾਮ ਸਿੰਘ ਰਾਮਪੁਰ ਖੇੜਾ ਵਾਲਿਆਂ ਦਾ ਵੀ ਡੇਰਾ ਹੈ। ਉਨ੍ਹਾਂ ਦੇ ਗੁਰਸਿੱਖੀ ਜੀਵਨ ਤੇ ਨਾਮ ਬਾਣੀ ਦੀ ਅਤੁੱਟ ਕਮਾਈ ਸਦਕਾ, ਇਹ ਸਾਰਾ ਇਲਾਕਾ ਹੀ ਗੁਰੂ ਘਰ ਨਾਲ ਜੁੜਿਆ ਹੋਇਆ ਹੈ। ਆਪ ਜੀ ਭਾਈ ਜੋਗਿੰਦਰ ਸਿੰਘ ਜੀ ਤਲਵਾੜਾ ਭਾਈ ਮਹਿੰਦਰ ਸਿੰਘ ਜੀ S.D.O. ਪਟਿਆਲਾ (S.D.O. ਸਾਹਿਬ ਦਾ ਜੱਦੀ ਪਿੰਡ ਦਸੂਹਾ ਹੀ ਹੈ) ਮਾਸਟਰ ਨਿਰੰਜਨ ਸਿੰਘ ਜੀ ਗੁਰਦਾਸਪੁਰ ਅਤੇ ਜਲੰਧਰ, ਹੁਸ਼ਿਆਰਪੁਰ, ਤਲਵਾੜਾ ਦੀਆਂ ਸੰਗਤਾਂ ਨਾਲ ਮਿਲ ਕੇ ਰਾਮਪੁਰ ਖੇੜੇ ਹੋਣ ਵਾਲੇ ਸਾਲ ਵਿਚ ਦੋ ਵਾਰੀ ਜਪ ਤਪ ਸਮਾਗਮ ਵੇਲੇ ਦਿਵਸ ਸੁਹੇਲੇ ਤੇ ਰੈਣ ਸਬਾਈ ਕੀਰਤਨਾਂ ਦਾ ਅਯੋਜਨ ਵੀ ਕਰਦੇ ਰਹੇ ਹਨ।

ਆਪ ਜੀ ਅੰਮ੍ਰਿਤ ਵੇਲੇ ਦੀ ਸੰਭਾਲ ਵਿਚ ਤਾਅ ਜ਼ਿੰਦਗੀ ਪਰਪੱਕ ਰਹੇ। ਹੱਥੀਂ ਕੀਤੀ ਸੱਚੀ ਸੁੱਚੀ ਕਿਰਤ, ਨਾਮ ਬਾਣੀ ਦੀ ਅਤੁੱਟ ਕਮਾਈ, ਅੰਮ੍ਰਿਤ ਵੇਲੇ ਦੀ ਸੰਭਾਲ ਅਤੇ ਸਰਬ ਲੋਹ ਰਹਿਤ ਦੇ ਧਾਰਨੀ ਹੋਣ ਕਾਰਨ, ਆਪ ਜੀ ਨੂੰ ਅੰਮ੍ਰਿਤ ਸੰਚਾਰ ਵੇਲੇ ਪੰਚਾਂ ਦੀ ਸੇਵਾ ਵਿਚ ਸ਼ਾਮਿਲ ਕੀਤਾ ਜਾਂਦਾ ਸੀ। ਗੁਰਬਾਣੀ ਦੇ ਕੀਰਤਨ, ਅਖੰਡ ਪਾਠ ਤੇ ਅੰਮ੍ਰਿਤ ਸੰਚਾਰ ਦੀ ਸੇਵਾ ਕਰਕੇ ਆਪ ਜੀ ਨੇ ਗੁਰੂ ਘਰ ਦੀ ਅਣਥੱਕ ਸੇਵਾ ਕੀਤੀ। ਇਸ ਤੋਂ ਇਲਾਵਾ, ਆਪ ਜੀ ਨੇ ਪਾਕਿਸਤਾਨ ਤੋਂ ਆ ਕੇ ਦਸੂਹੇ ਵਿਚ ਲੋਕਲ ਗੁਰਦੁਆਰੇ ਦੀ ਉਸਾਰੀ ਵੀ ਕਰਵਾਈ। ਸਵੇਰੇ ਸ਼ਾਮ ਗੁਰਦੁਆਰੇ ਹਾਜ਼ਰੀ ਭਰ ਕੇ, ਬਹੁਤ ਸਾਰੇ ਬੱਚਿਆਂ ਨੂੰ ਗੁਰਬਾਣੀ ਦੇ ਪਾਠ ਦੀ ਸੰਥਿਆ ਅਤੇ ਕੀਰਤਨ ਦੀ ਸਿਖਲਾਈ ਵੀ ਦਿੱਤੀ। ਆਪ ਜੀ ਅੰਮ੍ਰਿਤ ਵੇਲੇ ਗੁਰਦੁਆਰੇ ਜਾ ਕੇ ਨਿਤਨੇਮ ਅਤੇ ਕੀਰਤਨ ਦੀ ਸੇਵਾ ਤਾਅ ਜ਼ਿੰਦਗੀ ਨਿਰੰਤਰ ਕਰਦੇ ਰਹੇ।

ਹੌਲੀ ਹੌਲੀ ਆਪ ਜੀ ਦੀ ਸਿਹਤ ਬੁਢਾਪੇ ਤੇ ਕਮਜ਼ੋਰੀ ਕਾਰਨ ਢਿੱਲੀ ਰਹਿਣ ਲੱਗ ਪਈ, ਪਰ ਆਪ ਜੀ ਦੀ ਸੁਰਤੀ ਬਿਰਤੀ ਕਾਇਮ ਰਹੀ। ਨਾਮ ਬਾਣੀ ਦੀ ਸੁਕ੍ਰਿਤ ਕਰਣੀ ਉਸ ਤਰ੍ਹਾਂ ਹੀ ਕਰਦੇ ਰਹੇ। ਆਪ ਜੀ ਨੇ ਹੌਲੀ-ਹੌਲੀ ਖਾਣਾ ਪੀਣਾ ਵੀ ਛੱਡ ਦਿੱਤਾ। ਬੇਸ਼ੱਕ ਕੋਈ ਖਾਸ ਬੀਮਾਰੀ ਨਹੀਂ ਸੀ, ਪ੍ਰੰਤੂ ਆਪ ਨੂੰ ਕੁਝ ਸਮਾਂ ਟਾਂਡਾ ਤੇ ਜਲੰਧਰ ਦੇ ਹਸਪਤਾਲ ਵਿਚ ਸਰੀਰਕ ਕਮਜ਼ੋਰੀ ਕਾਰਨ ਰੱਖਿਆ ਗਿਆ। ਇਸ ਦੌਰਾਨ, ਆਪ ਜੀ ਨੇ ਆਪ ਜੀ ਦੇ ਅੰਤਮ ਸਮੇਂ ਬਾਰੇ ਪ੍ਰੀਵਾਰਕ ਮੈਂਬਰਾਂ ਨੂੰ ਪਹਿਲਾਂ ਹੀ ਸੂਚਿਤ ਕਰ ਦਿੱਤਾ ਸੀ ਮਿਤੀ 1 ਫ਼ਰਵਰੀ 2003 ਨੂੰ ਗੁਰੂ ਗੁਰੂ ਜਪਦੇ ਜਨਮ ਸਫਲਾ ਕਰਕੇ ਪੰਜ ਭੂਤਕ ਸਰੀਰਕ ਚੋਲਾ ਤਿਆਗ ਕੇ ਗੁਰੂ ਚਰਨਾਂ ਵਿਚ ਜਾ ਬਿਰਾਜੇ।

# ਮਾਸਟਰ ਨਿਰੰਜਨ ਸਿੰਘ ਜੀ ਗੁਰਦਾਸਪੁਰ

ਭਾਈ ਗੁਰਦੀਪ ਸਿੰਘ ਸ੍ਰੀ ਅੰਮ੍ਰਿਤਸਰ

ਅਖੰਡ ਕੀਰਤਨੀ ਜਥੇ ਦੀ ਦੂਜੀ ਪੀੜ੍ਹੀ ਦੇ ਰੂਹੇ ਰਵਾਂ, ਨਿਸ਼ਕਾਮ ਤੇ ਨਿਰਬਾਣ ਕੀਰਤਨੀਏ ਮਾਸਟਰ ਨਿਰੰਜਨ ਸਿੰਘ ਜੀ ਨੇ ਮਿਤੀ ਇਕ ਦਸੰਬਰ 1937 ਨੂੰ ਪਿੰਡ ਮਹਾਂ ਦਿਓ ਕਲਾਂ ਜ਼ਿਲ੍ਹਾ ਗੁਰਦਾਸਪੁਰ ਦੇ ਸ. ਅਮਰ ਸਿੰਘ ਅਤੇ ਮਾਤਾ ਦਰਸ਼ਨ ਕੌਰ ਜੀ ਦੇ ਘਰ ਜਨਮ ਲਿਆ। ਆਪ ਜੀ ਦੇ ਪਿਤਾ ਜੀ ਪਿਤਾ ਪੁਰਖੀ ਲਕੜੀ ਦਾ ਕੰਮ ਕਰਦੇ ਸਨ ਤੇ ਸਾਰਾ ਪਰਿਵਾਰ ਅੰਮ੍ਰਿਤਧਾਰੀ ਗੁਰਸਿੱਖੀ ਦੇ ਮਾਰਗ 'ਤੇ ਚਲਦੇ ਹੋਇਆ, ਗੁਰੂ ਘਰ ਨਾਲ ਜੁੜਿਆ ਹੋਇਆ ਸੀ।



www.AKJ.Org

ਇਨ੍ਹਾਂ ਦੇ ਚਾਚਾ ਜੀ ਭਾਈ ਸੁਰਜੀਤ ਸਿੰਘ ਜੀ ਇੱਕ ਗੁਰਸਿੱਖ ਵਿਦਵਾਨ ਤੇ ਗੁਰਮਤਿ ਸਿਧਾਂਤਾਂ ਦੀ ਡੂੰਘੀ ਜਾਣਕਾਰੀ ਰੱਖਦੇ ਸਨ। ਉਨ੍ਹਾਂ ਨੇ ਗੁਰਮਤਿ ਦੇ ਵੱਖ ਵੱਖ ਵਿਸ਼ਿਆਂ ਤੇ ਤਿੰਨ-ਚਾਰ ਕਿਤਾਬਾਂ ਵੀ ਲਿਖੀਆਂ ਜਿਨ੍ਹਾਂ ਨੂੰ ਆਪ ਜੀ ਛਾਪ ਕੇ ਸੰਗਤਾਂ ਵਿਚ ਪ੍ਰਚਾਰ ਹਿਤ ਭੇਟਾ ਰਹਿਤ ਵੰਡਦੇ ਰਹੇ। ਇਸ ਤਰ੍ਹਾਂ ਬਚਪਨ ਤੋਂ ਆਪ ਜੀ ਨੂੰ ਗੁਰਸਿੱਖੀ ਦੀ ਲਗਨ ਅਤੇ ਪ੍ਰੇਮ ਲੱਗ ਗਿਆ ਸੀ ਤੇ ਆਪ ਜੀ ਨੇ ਬਚਪਨ ਵਿਚ ਹੀ ਅੰਮ੍ਰਿਤ ਛੱਕ ਲਿਆ ਸੀ।

ਆਪ ਜੀ ਨੇ ਮੁੱਢਲੀ ਵਿਦਿਆ ਪਿੰਡ ਦੇ ਸਕੂਲ ਤੋਂ ਲਈ ਅਤੇ ਫਿਰ ਦਸਵੀਂ ਜਮਾਤ ਸਰਕਾਰੀ ਹਾਈ ਸਕੂਲ ਗੁਰਦਾਸਪੁਰ ਤੋਂ ਪਾਸ ਕੀਤੀ। ਉਸ ਤੋਂ ਬਾਅਦ ਜੇ.ਬੀ.ਟੀ. ਦਾ ਕੋਰਸ ਪਾਸ ਕਰਨ ਲਈ ਆਪ ਜੀ ਨੇ ਆਈ.ਟੀ.ਆਈ. ਜਗਰਾਓਂ ਵਿਚ ਦਾਖਲਾ ਲੈ ਲਿਆ। ਇਸ ਦੌਰਾਨ ਇਨ੍ਹਾਂ ਦਾ ਮਿਲਾਪ ਸੰਨ 1954 ਵਿਚ ਭਾਈ ਸਾਹਿਬ ਰਣਧੀਰ ਸਿੰਘ ਜੀ ਨਾਲ ਇਨ੍ਹਾਂ ਦੇ ਹਮ ਜਮਾਤੀ (ਸ. ਗੁਰਚਰਨ ਸਿੰਘ ਟਾਂਡੇ ਵਾਲਿਆਂ ਰਾਹੀਂ ਹੋਇਆ) ਇਹ ਸਿੰਘ ਭਾਈ ਸਾਹਿਬ ਜੀ ਨੂੰ ਜਾਣਦੇ ਸਨ ਤੇ ਜਥੇ ਦੇ ਸਮਾਗਮ ਦੀ ਹਾਜ਼ਰੀ ਭਰਦੇ ਸਨ। ਪੋਹ ਸੁਦੀ ਸਮਾਗਮ ਨਾਰੰਗਵਾਲ ਜਾਣ ਲਈ ਉਨ੍ਹਾਂ ਨੇ ਇਨ੍ਹਾਂ ਨੂੰ ਵੀ ਜਾਣ ਲਈ ਪ੍ਰੇਰਨਾ ਕੀਤੀ। ਸਿਹਤ ਕੁਝ ਢਿੱਲੀ ਹੋਣ ਦੇ ਬਾਵਜੂਦ ਆਪ ਜੀ ਨਾਰੰਗਵਾਲ ਰੈਣ ਸਬਾਈ ਕੀਰਤਨ ਤੇ ਚਲੇ ਗਏ ਜੋ ਭਾਈ ਸਾਹਿਬ ਜੀ ਨੇ ਆਪ **"ਹਰਿ ਸਿਮਰੀ ਦਿਨੁ ਸਭਿ ਰੈਣਿ"** ਦੇ ਸ਼ਬਦ ਨਾਲ ਕੀਰਤਨ ਸ਼ੁਰੂ ਕੀਤਾ। ਜਦੋਂ ਉਨ੍ਹਾਂ **'ਜਨਮ ਜਨਮ ਕਾ ਵਿਛੁੜਿਆ'** ਵਾਲੀ ਤੁਕ ਵਾਰ-ਵਾਰ ਕੀਰਤਨ ਵਿਚ ਦੁਹਰਾਈ ਤਾਂ ਆਪ ਦਾ ਵੈਰਾਗ ਉਛਾਲੇ ਮਾਰਨ ਲੱਗ ਪਿਆ ਤੇ ਫਿਰ ਆਪ ਸੰਨ 1955 ਵਿਚ ਜਥੇ ਪਾਸੋਂ ਅੰਮ੍ਰਿਤ ਛੱਕ ਤਿਆਰ ਬਰ ਤਿਆਰ ਹੋ ਗਏ। ਉਨ੍ਹਾਂ ਨੇ ਉਸ ਵੇਲੇ ਤੋਂ ਹੀ ਬਿਬੇਕ ਸਰਬ ਲੋਹ ਰਹਿਤ ਧਾਰਨ ਕਰ ਲਈ ਜੋ ਅੰਤਮ ਸਵਾਸਾਂ ਤਾਈਂ ਤੋੜ ਨਿਭਾਈ। ਬਾਅਦ ਵਿਚ ਉਨ੍ਹਾਂ ਆਪਣੀ ਨੌਕਰੀ ਦੌਰਾਨ ਬੀ.ਏ. ਦੀ ਪੜ੍ਹਾਈ ਵੀ ਪ੍ਰਾਈਵੇਟ ਤੌਰ 'ਤੇ ਕਰ ਲਈ।

ਆਪ ਜੀ ਨੇ ਆਪਣੀ ਦੁਨਿਆਵੀ ਕਿਰਤ ਪ੍ਰਾਇਮਰੀ ਸਕੂਲ ਦੇ ਅਧਿਆਪਕ ਵਜੋਂ ਪਿੰਡ ਲਹਿਲ ਨੇੜੇ ਧਾਰੀਵਾਲ ਤੋਂ ਸੰਨ 1956 ਵਿਚ ਸ਼ੁਰੂ ਕੀਤੀ। 4 ਸਾਲ ਬਾਅਦ ਉਨ੍ਹਾਂ ਦੀ ਬਦਲੀ ਪਿੰਡ ਜੌੜਾ ਛਿਤਰਾ ਜੋ ਸ਼ਹੀਦ ਭਾਈ ਫੌਜਾ ਸਿੰਘ ਜੀ ਦੇ ਪਿੰਡ ਗਜਨੀਪੁਰ ਦੇ ਨਾਲ ਹੈ, ਵਿਚ ਹੋ ਗਈ। ਇਥੇ 4-5 ਸਾਲ ਨੌਕਰੀ ਕਰਨ ਤੋਂ ਬਾਅਦ ਆਪ ਗੁਰਦਾਸਪੁਰ ਲਾਗੇ ਤਿੱਬੜ ਪਿੰਡ ਵਿਚ ਆ ਲੱਗੇ। ਇਥੇ 5 ਸਾਲ ਨੌਕਰੀ ਕਰਨ ਤੋਂ ਬਾਅਦ, ਬੀ.ਏ. ਪਾਸ ਹੋਣ ਕਾਰਨ ਆਪ ਦੀ ਨਿਯੁਕਤੀ ਪੰਜਾਬੀ ਅਧਿਆਪਕ ਵਜੋਂ ਗੌਰਮਿੰਟ ਹਾਈ ਸਕੂਲ ਗੁਰਦਾਸਪੁਰ ਵਿਚ ਹੋ ਗਈ ਜਿਥੇ ਆਪ ਨੇ ਇਹ ਨੌਕਰੀ ਬਹੁਤ ਲੰਬੇ ਸਮੇਂ ਲਈ ਬੜੀ ਸਖ਼ਤ ਮਿਹਨਤ, ਈਮਾਨਦਾਰੀ ਤੇ ਦਿਆਨਤਦਾਰੀ ਤੇ ਕੁਸ਼ਲਤਾ ਨਾਲ ਕੀਤੀ। ਉਹ ਆਪਣੀ ਡਿਊਟੀ ਦੌਰਾਨ ਹਮੇਸ਼ਾ ਸਮੇਂ ਦਾ ਪਾਬੰਦ ਰਹੇ। ਬੱਚਿਆਂ ਨੂੰ ਬਹੁਤ ਮਿਹਨਤ ਕਰਵਾ ਕੇ ਉੱਚੀਆਂ ਪੋਜ਼ੀਸ਼ਨਾਂ ਲੈਣ ਵਿਚ ਮਦਦ ਕਰਦੇ ਰਹੇ। ਸੰਨ 1995 ਵਿਚ ਉਹ ਇਸ ਨੌਕਰੀ ਤੋਂ ਫਾਰਗ ਹੋ ਕੇ ਕੇਵਲ ਸੱਚੇ ਪਾਤਸ਼ਾਹ ਦੀ ਹੀ ਸੱਚੀ ਸੁੱਚੀ ਚਾਕਰੀ ਹੀ ਕਰਨ ਲੱਗ ਪਏ ਅਤੇ ਦੇਸ਼ ਪ੍ਰਦੇਸ਼ਾਂ ਵਿਚ ਪ੍ਰਚਾਰ ਕਰਕੇ ਬਹੁਤ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ।

ਆਪ ਜੀ ਦਾ ਅਨੰਦ ਕਾਰਜ ਸੰਨ 1964 ਵਿਚ ਜਥੇ ਦੇ ਪੁਰਾਤਨ ਗੁਰਸਿੱਖ ਭਾਈ ਪ੍ਰੀਤਮ ਸਿੰਘ ਦਸੂਹਾ ਵਾਲਿਆਂ ਦੀ ਸਪੁੱਤਰੀ ਬੀਬੀ ਅਵਤਾਰ ਕੌਰ ਜੀ ਨਾਲ ਹੋਇਆ। ਬੀਬੀ ਜੀ ਨੂੰ ਗੁਰਸਿੱਖੀ ਦਾਤ ਵੀ ਮਾਤਾ-ਪਿਤਾ ਤੋਂ ਬਚਪਨ ਤੋਂ ਹੀ ਮਿਲੀ ਹੋਈ ਸੀ ਅਤੇ ਉਹ ਗੁਰਸਿੱਖੀ ਰਹਿਤ-ਬਹਿਤ ਦੇ ਪੱਕੇ ਧਾਰਨੀ, ਨਿਮਰਤਾ ਤੇ ਸੇਵਾ ਦੇ ਪੁੰਜ ਸਨ ਸਨ। ਇਸ ਦੰਪਤੀ ਨੇ ਗੁਰਮਤਿ ਗਾਡੀ ਰਾਹ ਤੇ ਚੱਲ ਕੇ ਸੁਖੀ ਅਤੇ ਸਫਲ ਗ੍ਰਹਿਸਥ ਜੀਵਨ ਜੀਵਿਆ ਜਿਹੜਾ ਕਿ ਹੋਰਨਾਂ ਲਈ ਵੀ ਪ੍ਰੇਨਾ ਸਰੋਤ ਸੀ। ਬੀਬੀ ਜੀ ਵੀ ਕੀਰਤਨੀ ਸਨ ਤੇ ਇਕ ਸੁਘੜ ਸੁਆਣੀ ਵਾਂਗ ਪ੍ਰੀਵਾਰ ਦੀ ਸੇਵਾ ਸੰਭਾਲ ਦੇ ਨਾਲ-ਨਾਲ ਸੰਗਤਾਂ ਦੇ ਲੰਗਰਾਂ ਦੇ ਅਣਥੱਕ ਸੇਵਾਦਾਰ ਸਨ। ਇਨ੍ਹਾਂ ਦੇ ਘਰ ਦੋ ਪੁੱਤਰਾਂ ਤੇ ਦੋ ਪੁੱਤਰੀਆਂ ਨੇ ਜਨਮ ਲਿਆ। ਜੋ ਸਾਰੇ ਗੁਰਮਤਿ ਦੇ ਧਾਰਨੀ ਹਨ ਤੇ ਇਨ੍ਹਾਂ ਦੇ ਪਾਏ ਪੂਰਨਿਆਂ 'ਤੇ ਚੱਲ ਰਹੇ ਹਨ।



www.AKJ.Org

ਆਪ ਜੀ ਨੂੰ ਕੀਰਤਨ ਦੀ ਦਾਤ ਬਚਪਨ ਤੋਂ ਹੀ ਚਾਚਾ ਜੀ ਤੋਂ ਮਿਲੀ ਹੋਈ ਸੀ। ਜਥੇ ਵਿਚ ਆਉਣ ਤੋਂ ਬਾਅਦ ਅਤੇ ਗੁਰਸਿੱਖ ਪਰਿਵਾਰ ਦੀ ਕੀਰਤਨੀ ਬੀਬੀ ਨਾਲ ਸਬੰਧ ਬਣਨ ਕਰਕੇ ਹੋਰ ਵੀ ਚੜ੍ਹਦੀ ਕਲਾ ਵਿਚ ਕੀਰਤਨ ਕਰਨ ਲੱਗ ਪਏ। ਆਪ ਜੀ ਨੂੰ ਸੁਰ-ਤਾਲ ਦੇ ਨਾਲ-ਨਾਲ ਰਾਗ-ਵਿਦਿਆ ਦੀ ਵੀ ਪੂਰੀ ਜਾਣਕਾਰੀ ਸੀ ਅਤੇ ਬਹੁਤ ਵੈਰਾਗ ਅਤੇ ਸਹਿਜ ਵਿਚ ਰਹਿ ਕੇ ਕੀਰਤਨ ਰਾਹੀਂ ਗੁਰਬਾਣੀ ਦੇ ਆਤਮਿਕ ਰਸ ਆਪ ਭੁੰਚਦੇ ਤੇ ਹੋਰਨਾਂ ਨੂੰ ਭੁੰਚਾਉਂਦੇ ਸਨ। ਆਪ ਜੀ ਨੇ ਜੱਥੇ ਦੇ ਕੀਰਤਨ ਸਮਾਗਮਾਂ ਤੋਂ ਇਲਾਵਾ ਪਿੰਡਾਂ ਵਿਚ ਵਿਚਰ ਕੇ ਖ਼ਾਸਕਰ ਗੁਰਦਾਸਪੁਰ ਜ਼ਿਲ੍ਹੇ ਦੇ ਪਿੰਡਾਂ ਵਿਚ ਬਹੁਤ ਲੰਬਾ ਸਮਾਂ ਕੀਰਤਨ ਦੀ ਸੇਵਾ ਨਿਭਾਈ ਅਤੇ ਬੇਅੰਤ ਬੱਚਿਆਂ ਨੂੰ ਕੀਰਤਨ ਅਤੇ ਗੁਰਬਾਣੀ ਦੀ ਸੰਥਿਆ ਦੇ ਕੇ ਗੁਰੂ ਚਰਨਾਂ ਨਾਲ ਜੋੜਿਆ। ਆਪ ਜਥੇ ਦੇ ਉਨ੍ਹਾਂ ਵਿਰਲੇ ਕੀਰਤਨੀ ਵਿਚੋਂ ਸਨ ਜਿਹੜੇ ਕਿ ਹਾਜਿਰ ਸਾਰੇ ਕੀਰਤਨੀਆਂ ਖ਼ਾਸਕਰ ਬੱਚਿਆਂ ਨੂੰ ਸਮਾਂ ਦੇ ਕੇ, ਫਿਰ ਆਪ ਕੀਰਤਨ ਦੀ ਸੇਵਾ ਜਿਤਨਾ ਸਮੇਂ ਲਈ ਪ੍ਰਬੰਧਕ ਕਹਿਣ, ਉਸ ਦੇ ਵਿਚ ਹੀ ਰਹਿ ਕੇ ਨਿਭਾਉਂਦੇ ਰਹੇ ਹਨ। ਉਹ ਕੀਰਤਨ ਕਰਨ ਨਾਲੋਂ ਕੀਰਤਨ ਸੁਣਨ ਨੂੰ ਪਹਿਲ ਦਿੰਦੇ ਸਨ ਤੇ ਰੈਣ ਸਬਾਈ ਕੀਰਤਨ ਵਿਚ ਵੀ ਇੱਕੋ ਚੌਂਕੜੇ ਵਿਚ ਬੈਠ ਕੇ ਸਾਰੀ-ਸਾਰੀ ਰਾਤ ਨਾਮ ਬਾਣੀ ਦਾ ਲਾਹਾ ਲੈਂਦੇ ਸਨ। ਪੰਜਾਬੀ ਦੇ ਅਧਿਆਪਕ ਹੋਣ ਕਾਰਨ ਆਪ ਜੀ ਨੂੰ ਗੁਰਬਾਣੀ ਵਿਆਕਰਣ ਦੀ ਪੂਰੀ ਸੋਝੀ ਸੀ ਤੇ ਉਚਾਰਣ ਵੀ ਸ਼ੁਧ ਸੀ। ਆਪ ਇਕ ਤਕੜੇ ਅਖੰਡਪਾਠੀ ਸਨ ਅਤੇ ਅੰਮ੍ਰਿਤ ਵੇਲੇ ਦੀ ਸੰਭਾਲ ਵੀ ਪੂਰੀ ਦ੍ਰਿੜ੍ਹਤਾ ਨਾਲ ਨਿਭਾਉਂਦੇ ਸਨ। ਆਪ ਜੀ ਨੂੰ ਉਚ ਆਤਮਿਕ ਅਵਸਥਾ, ਗੁਰਮਤਿ ਰਹਿਤ ਦੇ ਪੂਰੇ ਸੂਰੇ ਅਤੇ ਨਾਮ ਅਭਿਆਸੀ ਸੁਕ੍ਰਿਤ ਕਰਣੀ ਦੇ ਮਾਲਕ ਹੋਣ ਕਾਰਨ ਪੰਚਾਂ ਦੀ ਸੇਵਾ ਵਿਚ ਵੀ ਸ਼ਾਮਿਲ ਕੀਤਾ ਜਾਂਦਾ ਸੀ। ਦੇਸ਼ ਵਿਦੇਸ਼ਾਂ ਵਿੱਚ ਹੋਏ ਬੇਅੰਤ ਅੰਮ੍ਰਿਤ ਸੰਚਾਰ ਸਮਾਗਮਾਂ ਵਿਚ ਉਨ੍ਹਾਂ ਪੰਚਾਂ ਦੀ ਸੇਵਾ ਵਿਚ ਸ਼ਮੂਲੀਅਤ ਕਰਕੇ ਬੇਅੰਤ ਸੰਗਤਾਂ ਨੂੰ ਗੁਰੂ ਦੇ ਲੜ ਲਾਇਆ।

ਜੌੜਾ ਛਿਤਰਾਂ ਪਿੰਡ ਵਿਚ ਨੌਕਰੀ ਕਰਨ ਵੇਲੇ ਉਨ੍ਹਾਂ ਦਾ ਮੇਲ ਸ਼ਹੀਦ ਭਾਈ ਫੌਜਾ ਸਿੰਘ ਜੀ ਨਾਲ, ਉਨ੍ਹਾਂ ਦੇ ਗਜ਼ਨੀਪੁਰ ਆਪਣੇ ਜੱਦੀ ਪਿੰਡ ਰਹਿਣ ਵੇਲੇ ਹੋ ਗਿਆ ਸੀ ਕਿਉਂਕਿ ਆਪ ਗਜ਼ਨੀਪੁਰ ਲੰਘ ਕੇ ਹਰ ਰੋਜ਼ ਆਪਣੀ ਨੌਕਰੀ ’ਤੇ ਜਾਂਦੇ ਸਨ। ਖ਼ਾਲਸਾ ਫਾਰਮ ਸਥਾਪਤ ਹੋਣ ’ਤੇ ਉਥੇ ਸੰਨ 1975-76 ਵਿੱਚ ਆਯੋਜਿਤ ਕੀਤੇ ਗੁਰਮਤਿ ਸਿਖਲਾਈ ਕੈਂਪਾਂ ਵਿਚ ਵੀ ਆਪ ਸਰਗਰਮੀ ਨਾਲ ਸ਼ਮੂਲੀਅਤ ਕਰਦੇ ਰਹੇ ਅਤੇ ਨਾਮ ਬਾਣੀ ਦਾ ਲਾਹੇ ਲੈਂਦੇ ਸਨ। ਫਿਰ ਭਾਈ ਫੌਜਾ ਸਿੰਘ ਜੀ ਵਲੋਂ ਜ਼ਿਲ੍ਹਾ ਗੁਰਦਾਸਪੁਰ ਦੇ ਪਿੰਡਾਂ ਵਿਚ ਚਲਾਈ ਪ੍ਰਚਾਰ ਵਹੀਰ ਵਿਚ ਵੀ ਆਪ ਹਰ ਰੋਜ਼ ਸ਼ਾਮਿਲ ਹੋ ਕੇ ਕੀਰਤਨ ਦੀ ਸੇਵਾ ਨਿਭਾਉਂਦੇ ਰਹੇ। ਭਾਈ ਫੌਜਾ ਸਿੰਘ ਜੀ ਜਦੋਂ ਇਕ ਕਤਲ ਕੇਸ ਸਬੰਧੀ ਗੁਰਦਾਸਪੁਰ ਜੇਲ੍ਹ ਵਿਚ ਕੈਦ ਸਨ ਅਤੇ ਬਾਹਰਲੇ ਪਿੰਡਾਂ, ਸ਼ਹਿਰਾਂ ਤੋਂ ਬੇਅੰਤ ਸੰਗਤਾਂ ਉਨ੍ਹਾਂ ਦੀ ਮੁਲਾਕਾਤ ਲਈ ਆਉਂਦੀਆਂ ਰਹਿੰਦੀਆਂ ਸਨ ਤੇ ਆਪ ਜੀ ਦੇ ਗ੍ਰਿਹਿ ਵਿਖੇ ਹੀ ਸੰਗਤਾਂ ਦੇ ਲੰਗਰ ਦਾ ਪ੍ਰਬੰਧ ਹੁੰਦਾ ਸੀ ਜੋ ਕਿ ਤਕਰੀਬਨ 8-9 ਮਹੀਨੇ ਚਲਦਾ ਰਿਹਾ। ਭਾਈ ਸਾਹਿਬ ਜੀ ਦੀ ਸ਼ਹੀਦੀ ਤੋਂ ਬਾਅਦ, ਉਨ੍ਹਾਂ ਦਾ ਸਹਿਯੋਗੀਆਂ ਵੱਲੋਂ ਚਲਾਏ ਪ੍ਰਚਾਰ ਵਹੀਰ ਵਿਚ ਵੀ ਆਪ ਜੀ ਨੇ ਸਰਕਾਰੀ ਨੌਕਰੀ ਤੋਂ ਲੰਬਾ ਸਮਾਂ ਛੁੱਟੀ ਲੈ ਕੇ ਕੀਰਤਨ ਦੀ ਸੇਵਾ ਨਿਭਾਈ ਤੇ ਪਿੰਡਾਂ ਵਿਚ ਗੁਰਮਤਿ ਪ੍ਰਚਾਰ ਦੀ ਲਹਿਰ ਨੂੰ ਪ੍ਰਚੰਡ ਕੀਤਾ। ਖਾੜਕੂਵਾਦ ਦੌਰਾਨ ਵੀ ਜਥੇ ਦੇ ਸਿੰਘਾਂ ਦੇ ਖਾੜਕੂਆਂ ਨਾਲ ਸਬੰਧ ਹੋਣ ਬਾਰੇ ਸ਼ੱਕ ਕਾਰਨ ਆਪ ਜੀ ਨੂੰ ਕਾਫ਼ੀ ਪੁੱਛਗਿਛ ਹੁੰਦੀ ਰਹੀ ਅਤੇ ਆਪ ਜੀ ਦੇ ਸਪੁੱਤਰ ਭਾਈ ਮਨਜੀਤ ਸਿੰਘ ਨੂੰ ਪੁਲਿਸ ਦੇ ਤਸ਼ੱਦਦ ਦਾ ਸ਼ਿਕਾਰ ਵੀ ਹੋਣਾ ਪਿਆ।

ਆਪ ਜੀ ਨੇ ਡਾਕਟਰ ਸ਼ਿਵ ਸਿੰਘ ਜੀ (ਜੋ ਗੁਰਦਾਸਪੁਰ ਹੀ ਨਿਵਾਸ ਰੱਖਦੇ ਹਨ ਤੇ ਪਿੰਡਾਂ ਵਿਚ ਹਰ ਰੋਜ਼ ਰਾਤ ਦੇ ਕੀਰਤਨ ਪ੍ਰਵਾਹ ਚਲਾਉਂਦੇ ਹਨ) ਦੇ ਸਹਿਯੋਗ ਅਤੇ ਉਨ੍ਹਾਂ ਦੇ ਪ੍ਰਬੰਧ ਹੇਠ ਸੰਗਤਾਂ ਤੋਂ ਦਸਵੰਧ ਇਕੱਠਾ ਕਰਕੇ ਇਕ ਗੁਰਮਤਿ ਸਕੂਲ ਦੀ ਸਥਾਪਨਾ ਵੀ ਕੀਤੀ।

ਆਪ ਜੀ ਮਿਠ ਬੋਲੜੇ, ਨਿਮਰਤਾ ਦੇ ਪੁੰਜ ਅਤੇ ਪਰਉਪਕਾਰੀ ਸੁਭਾਅ ਵਾਲੇ ਸਨ। ਉਚ ਆਤਮਿਕ ਅਵਸਥਾ ਦੇ ਮਾਲਕ ਹੋਣ ਦੇ ਬਾਵਜੂਦ ਵੀ ਆਪ ਗੁਰਸਿਖਾਂ ਨੂੰ ਬਹੁਤ ਪ੍ਰੇਮ ਨਾਲ ਮਿਲਦੇ ਅਤੇ ਘੁੱਲ ਮਿਲ ਕੇ ਰਹਿੰਦੇ ਸਨ। ਕਈ



www.AKJ.Org

ਵਾਰ ਗੁਰਸਿਖਾਂ ਨੂੰ ਗੱਲਵਕੜੀ ਵਿਚ ਲੈ ਕੇ ਸਿਮਰਨ ਕਰਨ ਵੇਲੇ ਆਪ ਜੀ ਨੂੰ ਆਪਣੀ ਸੁਧ-ਬੁਧ ਹੀ ਭੁਲ ਜਾਂਦੀ ਸੀ। ਆਪ ਜੀ ਵੈਸਾਖੀ 1978 ਦੇ ਸ਼ਹੀਦਾਂ ਦੀ ਯਾਦ ਵਿਚ ਹੋਣ ਵੇਲੇ ਰੈਣ ਸਬਾਈ ਕੀਰਤਨ ਦੀ ਹਾਜ਼ਰੀ ਵੀ ਜ਼ਰੂਰ ਭਰਦੇ ਸਨ, ਜੋ ਕਿ ਸ਼ਹੀਦਾਂ ਦੇ ਸਸਕਾਰ ਵਾਲੀ ਜਗ੍ਹਾ 'ਤੇ ਟੈਂਟ ਲਗਾ ਕੇ ਗੁਰਦੁਆਰਾ ਰਾਮਸਰ ਸਾਹਿਬ ਸਾਹਮਣੇ ਹਰ ਮਹੀਨੇ ਹੋਇਆ ਕਰਦਾ ਸੀ। ਉਦੋਂ ਅਜੇ ਗੁ. ਅੰਗੀਠਾ ਸਾਹਿਬ ਤੇ ਉਸ ਦੇ ਨਾਲ ਲੱਗਦੀ ਮਾਰਕੀਟ ਦੀ ਇਮਾਰਤ ਨਹੀਂ ਸੀ ਬਣੀ। ਭਾਈ ਅਮੋਲਕ ਸਿੰਘ ਜੀ ਆਸਟਰੇਲੀਆ ਵਾਲੇ ਇਨ੍ਹਾਂ ਨਾਲ ਜੋੜੀ ਦੀ ਸੇਵਾ ਕਰਦੇ ਹੁੰਦੇ ਸਨ ਤੇ ਦੋਹਾਂ ਦਾ ਆਪਸੀ ਆਤਮਿਕ ਪਿਆਰ ਤੇ ਸਾਂਝ ਵੀ ਬਹੁਤ ਸੀ। ਇਕ ਰੈਣ ਸਬਾਈ ਕੀਰਤਨ ਸਮੇਂ ਆਪ ਜੀ ਕੀਰਤਨ ਕਰ ਰਹੇ ਸਨ ਤੇ ਇਕ ਦਮ ਰੋਸ਼ਨੀ ਚਲੀ ਗਈ ਤੇ ਨਾਲ ਹੀ ਸੰਗਤਾਂ ਵਲੋਂ ਵਾਜੇ ਜੋੜੀ ਰਾਹੀਂ ਸਵਾਸ-ਸਵਾਸ ਨਾਮ ਅਭਿਆਸ ਸ਼ੁਰੂ ਹੋ ਗਿਆ। ਮਾਸਟਰ ਜੀ ਕੀਰਤਨ ਦੌਰਾਨ ਗੁਰਮੰਤਰ ਦਾ ਅਭਿਆਸ ਵੀ ਇਕ ਖ਼ਾਸ ਰੀਤ (Tune) ਵਿਚ ਹਿਰਦੇ ਅੰਦਰੋਂ ਧੁਨੀ ਕੱਢ ਕੇ ਕਰਦੇ ਹੁੰਦੇ ਸਨ ਜੋ ਕਿ ਹੋਰ ਕਿਸੇ ਕੀਰਤਨੀਏ ਕੋਲੋਂ ਕਦੇ ਨਹੀਂ ਸੁਣਿਆ। ਉਸ ਵੇਲੇ ਗੁਰੂ ਪਾਤਿਸ਼ਾਹ ਨੇ ਐਸੀ ਕਲਾ ਵਰਤਾਈ ਕਿ ਆਪ ਸਿਮਰਨ ਕਰਦੇ-ਕਰਦੇ ਬੇਸੁੱਧ ਹੋ ਗਏ ਤੇ ਵਾਜਾ ਵੀ ਛੁੱਟ ਗਿਆ। ਫਿਰ ਇਕੱਲੇ ਤਬਲੇ ਨਾਲ ਹੀ ਕਾਫ਼ੀ ਸਮਾਂ ਸੰਗਤਾਂ ਨਾਮ ਅਭਿਆਸ ਕਰਦੀਆਂ ਰਹੀਆਂ ਜਿਤਨਾ ਚਿਰ ਆਪ ਜੀ ਦੁਬਾਰਾ ਸਾਵਧਾਨ ਨਹੀਂ ਹੋਏ। ਇਹ ਅਲੌਕਿਕ ਘਟਨਾ ਦੇਖ ਕੇ ਸੰਗਤਾਂ ਬਹੁਤ ਅਸਚਰਜ ਤੇ ਅਨੰਦਤ ਹੋਈਆਂ। ਅਜਿਹੀਆਂ ਹੋਰ ਵੀ ਕਈ ਘਟਨਾਵਾਂ ਜੋ ਉਨ੍ਹਾਂ ਨਾਲ ਵਾਪਰੀਆਂ ਅਤੇ ਹੋਰ ਗੁਰਸਿੱਖਾਂ ਨੇ ਦੇਖੀਆਂ ਪਰਖੀਆਂ ਹੋਈਆਂ ਹਨ, ਉਨ੍ਹਾਂ ਨੂੰ ਉਹ ਹੀ ਦਸ ਸਕਦੇ ਹਨ, ਖ਼ਾਸ ਕਰ ਭਾਈ ਨਿਰਮਲਬੀਰ ਸਿੰਘ ਜੀ ਸ੍ਰੀ ਅੰਮ੍ਰਿਤਸਰ।

ਆਪ ਜੀ ਨੂੰ ਗੁਰਬਾਣੀ ਦੇ ਪਾਠ ਅਤੇ ਕੀਰਤਨ ਦੇ ਨਾਲ-ਨਾਲ ਹੀ ਗਰਬਾਣੀ ਲਿਖਣ ਦਾ ਵੀ ਸ਼ੌਂਕ ਸੀ। ਪਹਿਲਾਂ ਉਨ੍ਹਾਂ ਨੇ ਇਕ ਸੁੰਦਰ ਗੁਟਕਾ ਆਪਣੇ ਹੱਥੀਂ ਲਿਖਿਆ। ਫਿਰ ਸਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਹੱਥੀਂ ਲਿਖਿਆ। ਅਜੇ ਸਰੂਪ ਪੂਰਾ ਨਹੀਂ ਸੀ ਲਿਖਿਆ ਗਿਆ ਕਿ ਆਪ ਜੀ ਦੀ ਸਿਹਤ ਬਹੁਤ ਢਿੱਲੀ ਹੋ ਗਈ ਤੇ ਲਗਦਾ ਸੀ ਕਿ ਇਹ ਕਾਰਜ ਸਿਰੇ ਨਹੀਂ ਚੜ੍ਹ ਸਕੇਗਾ। ਆਪ ਜੀ ਦਸਦੇ ਸਨ ਕਿ ਇਸ ਕਾਰਜ ਨੂੰ ਪੂਰਾ ਕਰਨ ਲਈ ਉਸ ਵੇਲੇ ਸੱਚੇ ਪਾਤਸ਼ਾਹ ਦੇ ਚਰਨਾਂ ਵਿਚ ਅਰਦਾਸ ਬੇਨਤੀ ਕੀਤੀ ਗਈ ਜੋ ਕਿ ਪ੍ਰਵਾਨ ਹੋ ਗਈ ਤੇ ਇਹ ਸੇਵਾ ਆਪ ਜੀ ਤੋਂ ਗੁਰੂ ਸਾਹਿਬ ਜੀ ਨੇ ਸਿਰ 'ਤੇ ਹੱਥ ਰੱਖ ਕੇ ਕਰਵਾ ਲਈ।

ਇਸ ਬਹੁ-ਪੱਖੀ ਦੈਵੀ ਗੁਣਾਂ ਨਾਲ ਭਰਪੂਰ ਸ਼ਖ਼ਸੀਅਤ ਦੇ ਜੀਵਨ ਦੀ ਪੂਰੀ ਜਾਣਕਾਰੀ ਲਿਖਣੀ ਇਸ ਕਲਮ ਦੇ ਵੱਸ ਤੋਂ ਬਾਹਰ ਹੈ। ਸਿਰਫ਼ ਟੂਕ ਮਾਤਰ ਹੀ ਉਨ੍ਹਾਂ ਦੇ ਕੁਝ ਕੁ ਗੁਣਾਂ ਦਾ ਵਰਣਨ ਕੀਤਾ ਗਿਆ ਹੈ।

ਉਨ੍ਹਾਂ ਦੀ ਸਰੀਰਕ ਸਿਹਤ, ਥੋੜ੍ਹੀ-ਬਹੁਤੀ ਢਿੱਲੀ ਹੀ ਰਹਿੰਦੀ ਰਹੀ ਹੈ, ਕਿਉਂਕਿ ਆਪ ਹਮੇਸ਼ਾਂ ਸਰੀਰ ਨਾਲੋਂ ਸੰਗਤਾਂ ਦੀ ਸੇਵਾ ਨੂੰ ਪਹਿਲ ਦਿੰਦੇ ਰਹੇ ਹਨ। ਜ਼ੁਕਾਮ ਰੇਸ਼ੇ ਦੀ ਖੇਚਲ ਤਾਂ ਉਨ੍ਹਾਂ ਨੂੰ ਆਮ ਹੀ ਹੁੰਦੀ ਸੀ। ਉਨ੍ਹਾਂ ਦਾ ਸਰੀਰ ਵੀ ਇਕਹਿਰਾ ਸੀ, ਜਿਸ ਦਾ ਮੁਖ ਕਾਰਨ ਉਨ੍ਹਾਂ ਵੱਲੋਂ ਹਰ ਰੋਜ਼ ਲੰਬੀ ਸੈਰ ਕਰਨਾ ਹੁੰਦਾ ਸੀ। ਉਹ ਚਾਹੇ ਗੁਰਦਾਸਪੁਰ ਹੋਣ, ਚਾਹੇ ਕਿਸੇ ਸਮਾਗਮ ਜਾਂ ਵਿਦੇਸ਼ ਵਿਚ, ਹਮੇਸ਼ਾ ਪੈਦਲ ਚੱਲਣ ਨੂੰ ਹੀ ਤਰਜੀਹ ਦਿੰਦੇ ਸਨ। ਸਮਾਗਮ ਵਾਲੀ ਥਾਂ, ਰਿਹਾਇਸ਼ ਤੋਂ ਬੇਸ਼ੱਕ ਕਾਫੀ ਦੂਰ ਵੀ ਹੋਵੇ ਉਹ ਹਮੇਸ਼ਾ ਗੁਰਬਾਣੀ ਦਾ ਪਾਠ ਕਰਦੇ-ਕਰਦੇ ਨਿਕਲ ਪੈਂਦੇ ਸਨ ਤੇ ਪੈਦਲ ਉਥੇ ਪਹੁੰਚ ਜਾਂਦੇ ਸਨ। ਆਪ ਜੀ ਆਪਣੀ ਆਯੂ ਦੇ ਪਿਛਲੇ ਦੋ ਕੁ ਸਾਲ ਸਰੀਰਕ ਕਮਜੋਰੀ ਤੇ ਸਿਹਤ ਢਿੱਲੀ ਰਹਿਣ ਕਾਰਨ, ਬਾਹਰਲੇ ਸ਼ਹਿਰਾਂ ਅਤੇ ਵਿਦੇਸ਼ਾਂ ਵਿਚ ਕੀਰਤਨ ਸਮਾਗਮਾਂ 'ਤੇ ਨਾਮ ਬਾਣੀ ਦੇ ਲਾਹਿਆਂ ਲਈ ਨਹੀਂ ਜਾ ਸਕੇ। ਅਚਾਨਕ ਹੀ, ਬਿਨਾਂ ਕਿਸੇ ਖਾਸ ਸਰੀਰਕ ਰੋਗ ਤੋਂ ਉਹ ਮਿਤੀ 13 ਫ਼ਰਵਰੀ 2019 ਆਪਣੇ ਪਰਮ ਪਿਆਰੇ ਮਿੱਤਰ ਡਾਕਟਰ ਸ਼ਿਵ ਸਿੰਘ ਜੀ ਨਾਲ ਕੁਝ ਬਚਨ ਬਿਲਾਸ ਕਰਨ ਤੋਂ ਬਾਅਦ ਗੁਰਦਾਸਪੁਰ ਵਿਚ ਹੀ ਪੰਜ ਭੂਤਕ ਸਰੀਰ ਨੂੰ ਅਲਵਿਦਾ ਕਹਿ ਕੇ ਸਤਸੰਗ ਮੰਡਲਾਂ ਵਿਚ ਵੱਸ ਰਹੇ ਸੰਗੀਆਂ-ਸਾਥੀਆਂ ਦੇ ਨਾਲ ਜਾ ਮਿਲੇ।

*(ਬੀਬੀ ਅਵਤਾਰ ਕੌਰ ਜੀ (ਸਿੰਘਣੀ) ਵਲੋਂ ਦਿੱਤੀ ਜਾਣਕਾਰੀ 'ਤੇ ਅਧਾਰਿਤ)*



www.AKJ.Org

# ਗਿਆਨੀ ਭਗਵਾਨ ਸਿੰਘ ਜੀ, ਸ੍ਰੀ ਅੰਮ੍ਰਿਤਸਰ

ਭਾਈ ਗੁਰਦੀਪ ਸਿੰਘ ਸ੍ਰੀ ਅੰਮ੍ਰਿਤਸਰ

ਗੁਰਬਾਣੀ ਦੇ ਵਿਆਖਿਆਕਾਰ, ਨਿਸ਼ਕਾਮ ਕੀਰਤਨੀਏ, ਗੁਰੂ ਦੀ ਅਜ਼ਮਤ ਖਾਤਰ ਕਾਰਨ ਜਾਨ ਤਲੀ ਤੇ ਰੱਖਣ ਵਾਲੇ ਗਿਆਨੀ ਭਗਵਾਨ ਸਿੰਘ ਜੀ ਦਾ ਜਨਮ ਸੰਨ 1914 ਵਿਚ ਪਿੰਡ ਸੁਜੋਂ ਨੇੜੇ ਬੰਗਾ ਜ਼ਿਲ੍ਹਾ ਜਲੰਧਰ (ਹੁਣ ਸ਼ਹੀਦ ਭਗਤ ਸਿੰਘ ਨਗਰ) ਵਿਚ ਪਿਤਾ ਸ. ਇੰਦਰ ਸਿੰਘ ਅਤੇ ਮਾਤਾ ਈਸ਼ਰ ਕੌਰ ਜੀ ਦੇ ਘਰ ਹੋਇਆ। ਆਪ ਸਧਾਰਨ ਸਿੱਖ ਜਿਮੀਂਦਾਰ ਪ੍ਰੀਵਾਰ ਨਾਲ ਸੰਬੰਧ ਰੱਖਦੇ ਸਨ। ਮਾਤਾ ਪਿਤਾ ਤਾ ਅਨਪੜ੍ਹ ਹੀ ਸਨ ਪਰ ਆਪ ਜੀ ਨੇ ਮੁੱਢਲੀ ਵਿਦਿਆ ਪਿੰਡ ਦੇ ਸਕੂਲ ਤੋਂ ਲਈ ਤੇ ਫਿਰ ਦਸਵੀਂ ਗੋਰਮਿੰਟ ਹਾਈ ਸਕੂਲ ਗੜ੍ਹਸ਼ੰਕਰ ਤੋਂ ਪਾਸ ਕੀਤੀ। ਆਪ ਜੀ ਨੂੰ ਗੁਰਸਿੱਖੀ ਦੀ ਲਗਨ ਅਤੇ ਪ੍ਰੇਮ, ਬਚਪਨ ਤੋਂ ਹੀ ਪੂਰਬਲੇ ਕਰਮਾਂ ਸਦਕਾ ਲੱਗ ਗਿਆ ਸੀ। ਪਿੰਡ ਦੇ ਗ੍ਰੰਥੀ ਤੋਂ ਗੁਰਬਾਣੀ ਦੇ ਪਾਠ ਦੀ ਸੰਥਿਆ ਲੈ ਕੇ ਅਨੰਦ ਕਾਰਜ ਤੋਂ ਪਹਿਲਾਂ ਹੀ ਅਖੰਡ ਪਾਠੀ ਬਣ ਗਏ।

ਆਪ ਜੀ ਦਾ ਅਨੰਦ ਕਾਰਜ ਮਾਤਾ ਦਲੀਪ ਕੌਰ ਜੀ ਨਾਲ ਹੋਇਆ। ਬੀਬੀ ਜੀ ਦੇ ਨਾਨਾ ਜੀ ਵੀ ਇਕ ਗੁਰਸਿੱਖ ਤੇ ਨਾਮ ਰੰਗਾਂ ਵਿਚ ਭਿੱਜੀ ਹੋਈ ਰੂਹ, ਸੰਤ ਘਨਈਆ ਸਿੰਘ ਜੀ ਪਠਲਾਵੇ ਵਾਲੇ ਜ਼ਿਲ੍ਹਾ ਨਵਾਂ ਸ਼ਹਿਰ ਵਿਚ ਰਹਿਣ ਵਾਲੇ ਸਨ। ਉਨ੍ਹਾਂ ਦੀ ਅਸੀਸ ਅਤੇ ਸੰਗਤ ਸਦਕਾ ਇਹ ਬੀਬੀ ਵੀ ਦੈਵੀ ਗੁਣਾਂ ਨਾਲ ਸਿੰਗਾਰੀ ਹੋਈ ਸੀ ਅਤੇ ਗੁਰੂ ਘਰ ਦੀ ਪੱਕੀ ਸ਼ਰਧਾਲੂ ਸੀ। ਇੰਨ੍ਹਾਂ ਦੇ ਘਰ ਚਾਰ ਸਪੁੱਤਰਾਂ ਤੇ ਦੋ ਪੁੱਤਰੀਆਂ ਨੇ ਜਨਮ ਲਿਆ, ਜਿਨ੍ਹਾਂ ਦੇ ਰਿਸ਼ਤੇ ਆਪ ਨੇ ਜਥੇ ਦੇ ਪੁਰਾਤਨ ਸਿੰਘਾਂ ਦੇ ਘਰ ਕੀਤੇ। ਇਕ ਲੜਕੀ ਸ਼ਹੀਦ ਭਾਈ ਅਵਤਾਰ ਸਿੰਘ ਖੁੱਡਾ ਕੁਰਾਲਾ ਦੇ ਸਪੁੱਤਰ ਨਾਲ ਵਿਆਹੀ ਹੋਈ ਸੀ ਤੇ ਦੂਸਰੀ ਗਿਆਨੀ ਗੁਰਬਚਨ ਸਿੰਘ ਸ੍ਰੀ ਅੰਮ੍ਰਿਤਸਰ ਜਿੰਨ੍ਹਾਂ ਲੰਬਾ ਸਮਾਂ 'ਸੂਰਾ' ਮਾਸਿਕ ਪੱਤਰ ਦੀ ਸੇਵਾ ਕੀਤੀ, ਦੇ ਛੋਟੇ ਭਰਾ ਨਾਲ ਵਿਆਹੀ ਹੋਈ ਸੀ। ਇੰਨ੍ਹਾਂ ਦੇ ਸਾਰੇ ਬੱਚੇ ਅੰਮ੍ਰਿਤਧਾਰੀ ਗੁਰਮਤਿ ਮਾਰਗ ਦੇ ਪਾਂਧੀ ਅਤੇ ਰਹਿਤ ਬਹਿਤ ਦੇ ਪੱਕੇ ਧਾਰਨੀ ਹਨ।

ਆਪਣੀ ਦੁਨੀਆਵੀਂ ਕ੍ਰਿਤ ਸਭ ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਵਿਚ ਅਖੰਡ ਪਾਠੀ ਦੇ ਤੌਰ 'ਤੇ ਭਰਤੀ ਹੋ ਕੇ ਸ਼ੁਰੂ ਕੀਤੀ। ਇਸ ਸਮੇਂ ਆਪ ਅੰਮ੍ਰਿਤ ਛੱਕ ਕੇ ਗੁਰੂ ਵਾਲੇ ਵੀ ਬਣ ਗਏ ਸਨ। ਇੱਥੇ ਕੁਝ ਚਿਰ ਨੌਕਰੀ ਕਰਨ ਤੋਂ ਬਾਅਦ ਪੁਲਿਸ ਵਿਚ ਭਰਤੀ ਹੋ ਗਏ। ਪਰ ਉੱਥੋਂ ਦਾ ਮਾਹੌਲ ਇੰਨ੍ਹਾਂ ਨੂੰ ਖੁਸ਼ਗਵਾਰ ਨਾ ਬੈਠਾ। ਉਨ੍ਹਾਂ ਇਹ ਨੌਕਰੀ ਵੀ ਛੱਡ ਦਿੱਤੀ ਤੇ ਦੇਸ਼ ਦੀ ਵੰਡ ਤੋਂ ਬਾਅਦ ਰੇਲਵੇ ਵਰਕਸ਼ਾਪ ਸ੍ਰੀ ਅੰਮ੍ਰਿਤਸਰ ਵਿਚ ਭਰਤੀ ਹੋ ਗਏ। ਉੱਥੇ ਆਪ ਨੇ ਕਰੇਨ ਅਪਰੇਟਰ ਦੀ ਸੇਵਾ ਨਿਬਾਹੀ ਅਤੇ ਇਥੋਂ ਹੀ ਸੰਨ 1972 ਵਿਚ ਸੇਵਾ ਮੁਕਤ ਹੋ ਗਏ। ਇਥੇ ਨੌਕਰੀ ਦੌਰਾਨ ਆਪ ਜੀ ਨੇ ਮੁਲਾਜਮਾਂ ਨੂੰ ਜਥੇਬੰਦ ਕਰਕੇ ਰੇਲਵੇ ਵਰਕਰਜ਼ ਯੂਨੀਅਨ ਬਣਾਈ ਤੇ ਸੰਨ 1962 ਵਿਚ ਲੰਬਾ ਸੰਘਰਸ਼ ਕਰਕੇ ਮਜ਼ਦੂਰਾਂ ਨੂੰ ਕਈ ਤਰ੍ਹਾਂ ਦੀਆਂ ਸਹੂਲਤਾਂ ਦਿਵਾਈਆਂ। ਉਸ ਤੋਂ ਬਾਅਦ ਆਪ ਜੀ ਨੇ ਬਾਕੀ ਸਾਰੀ ਉਮਰ ਸ੍ਰੀ ਅੰਮ੍ਰਿਤਸਰ ਵਿਖੇ ਆਪਣੇ ਗ੍ਰਹਿ ਵਿਚ ਗੁਰਬਾਣੀ ਦੇ ਪਾਠ ਦੀ ਸੰਥਿਆ/ਕਥਾ ਅਤੇ ਨਾਮ ਬਾਣੀ ਦੇ ਲਾਹੇ ਲੈਂਦੇ ਗੁਜ਼ਾਰੀ।

ਇੱਥੇ ਰੇਲਵੇ ਵਰਕਸ਼ਾਪ ਵਿਚ ਕੰਮ ਕਰਦਿਆਂ ਆਪ ਜੀ ਦਾ ਮਿਲਾਪ ਜਥੇ ਦੇ ਪੁਰਾਤਨ ਸਿੰਘ ਭਾਈ ਧਨਵਿੰਦਰ ਸਿੰਘ ਸੁਲਤਾਨਵਿੰਡ ਵਾਲਿਆਂ ਨਾਲ ਹੋ ਗਿਆ। ਉਨ੍ਹਾਂ ਦੀ ਸੰਗਤ ਕਰਕੇ ਆਪ ਜੀ ਨੇ ਜਥੇ ਦੇ ਲੋਕਲ ਅਤੇ ਕੇਂਦਰੀ ਸਮਾਗਮਾਂ ਦੀ ਹਾਜ਼ਰੀ ਭਰਨੀ ਸ਼ੁਰੂ ਕਰ ਦਿੱਤੀ। ਇਸ ਤਰ੍ਹਾਂ ਆਪ ਜੀ ਤੇ ਗੁਰਬਾਣੀ ਦੀ ਪਾਰਸ ਕਲਾ ਰਾਹੀਂ ਨਾਮ ਦੀ ਰੰਗਣ ਚੜ੍ਹਨੀ ਸ਼ੁਰੂ ਹੋ ਗਈ। ਆਪ ਜੀ ਥੋੜ੍ਹੇ ਚਿਰ ਬਾਅਦ ਹੀ ਪ੍ਰੀਵਾਰ ਸਮੇਤ ਇਕ ਅੰਮ੍ਰਿਤ ਸੰਚਾਰ ਸਮਾਗਮ ਵਿਚ ਪੰਚਾਂ ਦੇ ਪੇਸ਼ ਹੋ ਕੇ ਨਾਮ ਦ੍ਰਿੜ ਕਰਵਾ ਕੇ ਗੁਰਮਤਿ ਰਹਿਤ ਬਹਿਤ ਦੇ ਪੱਕੇ ਧਾਰਨੀ ਬਣ ਗਏ। ਆਪ ਜੀ ਨੇ ਬਾਕੀ ਸਾਰੀ ਆਯੂ ਤੱਤ ਗੁਰਮਤਿ ਅਸੂਲਾਂ ਤੇ ਚੱਲ ਕੇ ਸਿੱਖੀ ਸਿਦਕ ਕੇਸਾਂ ਸੰਗ ਨਿਭਾਹੁੰਦੇ ਹੋਏ ਗੁਜ਼ਾਰੀ। ਜਥੇ ਦੀ ਸੰਗਤ



www.AKJ.Org

ਆਉਣ ਤੋਂ ਬਾਅਦ ਆਪ ਜੀ ਨੂੰ ਭਾਈ ਸਾਹਿਬ ਜੀ, ਬਾਊ ਮਲ ਸਿੰਘ ਜੀ, ਡਾਕਟਰ ਸੁਰਿੰਦਰ ਸਿੰਘ ਜੀ, ਭਾਈ ਸੇਵਾ ਸਿੰਘ ਜੀ, ਭਾਈ ਈਸ਼ਰ ਸਿੰਘ ਜੀ, ਭਾਈ ਗੁਰਬਚਨ ਸਿੰਘ ਪੁਤਲੀਘਰ, ਭਾਈ ਬਲਵੰਤ ਸਿੰਘ, ਭਾਈ ਬਖਤਾਵਰ ਸਿੰਘ, ਭਾਈ ਬਾਲਾ ਸਿੰਘ ਜੀ, ਗਿਆਨੀ ਗੁਰਬਚਨ ਸਿੰਘ ਜੀ, ਮਾਸਟਰ ਜਸਵੰਤ ਸਿੰਘ ਜੀ ਆਦਿ ਪੁਰਾਤਨ ਗੁਰਸਿੱਖਾਂ ਦੀ ਸੰਗਤ ਕਰਨ ਦਾ ਸੁਭਾਗ ਪ੍ਰਾਪਤ ਹੁੰਦਾ ਰਿਹਾ। ਆਪ ਨੇ ਕੀਰਤਨ ਕਰਨਾ ਵੀ ਸਿੱਖ ਲਿਆ ਸੀ ਤੇ ਆਪ ਹਫਤਾਵਾਰੀ ਸਮਾਗਮਾਂ ਦੇ ਅਰੰਭ ਵਿਚ ਪਹੁੰਚ ਕੇ ਕੀਰਤਨ ਦੀ ਸੇਵਾ ਨਿਬਾਉਂਦੇ ਰਹੇ। ਆਪ ਜੀ ਗੁਰਬਾਣੀ ਦੇ ਪਾਠ ਦੀ ਸੰਥਿਆ ਲੈ ਕੇ ਬਚਪਨ ਤੋਂ ਹੀ ਅਖੰਡ ਪਾਠੀ ਬਣ ਚੁੱਕੇ ਸਨ। ਇਸ ਕਰਕੇ ਆਪ ਸ੍ਰੀ ਅਖੰਡ ਪਾਠ ਸਮਾਗਮਾਂ ’ਤੇ ਨਿਰਬਾਣ ਤੇ ਨਿਸ਼ਕਾਮ ਰਹਿ ਕੇ ਇਹ ਸੇਵਾ ਬੜੇ ਚਾਅ ਉਮਾਹ ਨਾਲ ਨਿਭਾਉਂਦੇ ਰਹੇ। ਆਪ ਜੀ ਦੀ ਉੱਚੀ ਸੁੱਚੀ ਕਰਣੀ, ਧਰਮ ਦੀ ਕ੍ਰਿਤ, ਅੰਮ੍ਰਿਤ ਵੇਲੇ ਦੀ ਸੰਭਾਲ ਅਤੇ ਰਹਿਤ ਬਹਿਤ ਦੇ ਧਾਰਨੀ ਹੋਣ ਕਾਰਨ ਅੰਮ੍ਰਿਤ ਸੰਚਾਰ ਸਮੇਂ ਪੰਚਾਂ ਦੀ ਸੇਵਾ ਵਿਚ ਵੀ ਲਿਆ ਜਾਂਦਾ ਰਿਹਾ ਹੈ।

ਸ੍ਰੀ ਅੰਮ੍ਰਿਤਸਰ ਨੌਕਰੀ ਦੌਰਾਨ ਅਤੇ ਰਿਹਾਇਸ਼ ਰੱਖਣ ਵੇਲੇ, ਆਪ ਆਪਣੇ ਜੱਦੀ ਪਿੰਡ ਸੁਜੋਂ ਨਾਲ ਵੀ ਜੁੜੇ ਰਹੇ। ਉੱਥੇ ਕਈ ਪ੍ਰਾਣੀਆਂ ਨੂੰ ਗੁਰਮਤਿ ਮਾਰਗ ਦੇ ਪਾਂਧੀ ਬਣਾ ਕੇ ਗੁਰੂ ਚਰਨਾਂ ਨਾਲ ਜੋੜਿਆ। ਆਪ ਜਦੋਂ ਪਿੰਡ ਜਾਂਦੇ ’ਤੇ ਪਿੰਡ ਦੇ ਗੁਰਦੁਆਰੇ ਵਿਚ ਪ੍ਰੇਮੀਆਂ ਨੂੰ ਗੁਰਬਾਣੀ ਦਾ ਕਥਾ ਕਰਕੇ ਅੰਮ੍ਰਿਤ ਛੱਕਣ ਲਈ ਪ੍ਰੇਰਦੇ ਅਤੇ ਕਈਆਂ ਨੂੰ ਗੁਰਬਾਣੀ ਦੇ ਪਾਠ ਦੀ ਸੰਥਿਆ ਦੇ ਕੇ ਅਖੰਡ ਪਾਠੀ ਬਣਾਇਆ। ਇਨ੍ਹਾਂ ਦੇ ਪਿੰਡ ਦੇ ਹੀ ਭਾਈ ਧਰਮ ਸਿੰਘ ਸੁਜੋ ਯੂ.ਕੇ. ਨਿਵਾਸੀ ਜੋ ਕਿ ਇਕ ਉੱਘੇ ਲੇਖਕ, ਰਹਿਣੀ ਕਹਿਣੀ ਦੇ ਸੂਰਮੇ, ਗੁਰਮਤਿ ਦੇ ਡੂੰਘੇ ਵਿਸ਼ਿਆਂ ਦੇ ਵਿਆਖਿਆਕਾਰ ਹੋਏ ਹਨ, ਜਿਨ੍ਹਾਂ ਦੇ ਗੁਰਬਾਣੀ ਅਤੇ ਸਾਇੰਸ ਦੀ ਰੋਸ਼ਨੀ ਵਿਚ ਅਕਾਲ ਪੁਰਖ ਨਾਮੀ ਪੁਸਤਕ ਤੋਂ ਇਲਾਵਾ ਸੈਂਕੜੇ ਲੇਖ ‘ਸੂਰਾ’ ਮਾਸਿਕ ਪੱਤਰ ਅਤੇ ਹੋਰ ਦੇਸ਼ ਵਿਦੇਸ਼ਾਂ ਦੇ ਗੁਰਮਤਿ ਰਸਾਲਿਆਂ ਵਿਚ ਛਪਦੇ ਰਹੇ ਹਨ। ਇੰਨ੍ਹਾਂ ਦੇ ਪਿੰਡ ਦੇ ਹੀ ਇਕ ਹੋਰ ਗੁਰਸਿੱਖ ਭਾਈ ਤਰਲੋਚਨ ਸਿੰਘ ਜੀ ਹੋਏ ਹਨ ਜਿੰਨ੍ਹਾਂ ਨੇ ਇਲਾਕੇ ਵਿਚ ਜਥੇ ਦੇ ਸਮਾਗਮਾਂ ਦਾ ਅਯੋਜਨ ਕਰਕੇ ਗੁਰਮਤਿ ਪ੍ਰਚਾਰ ਕੀਤਾ। ਭਾਈ ਚਰਨਪਾਲ ਸਿੰਘ ਕੈਨੇਡਾ ਨਿਵਾਸੀ ਦਾਮਾਦ ਗਿਆਨੀ ਗੁਰਬਚਨ ਸਿੰਘ ਜੀ ਵੀ ਇੰਨ੍ਹਾਂ ਤੋਂ ਹੀ ਵਰੋਸਾਏ ਸਨ ਅਤੇ ਇਨ੍ਹਾਂ ਦੇ ਪਿੰਡ ਦੇ ਹੋਰ ਕਈ ਪ੍ਰੀਵਾਰ ਵੀ ਇੰਨ੍ਹਾਂ ਦੇ ਉੱਦਮ ਸਦਕਾ ਗੁਰੂ ਘਰ ਨਾਲ ਜੁੜੇ।

ਆਪ ਜੀ ਨੇ ਕ੍ਰਿਤ ਕਰਦਿਆਂ ਜਥੇ ਦੇ ਅਨੇਕਾਂ ਨੌਜਵਾਨ ਸਿੰਘਾਂ ਨੂੰ ਗੁਰਬਾਣੀ ਦੇ ਪਾਠ ਦੀ ਸੰਥਿਆ ਦਿੱਤੀ ਅਤੇ ਅਖੰਡ ਪਾਠੀ ਬਣਾਇਆ ਇੰਨ੍ਹਾਂ ਵਿਚੋਂ ਗੁਰਪੁਰਵਾਸੀ ਭਾਈ ਦਰਸ਼ਨ ਸਿੰਘ ਜੀ S.D.O ਭਾਈ ਸੁਰਿੰਦਰ ਸਿੰਘ ਜੀ ਟੈਲੀਫੋਨ ਇੰਸਪੈਕਟਰ, ਭਾਈ ਗੁਰਮੇਜ ਸਿੰਘ ਜੀ ਦਾ ਨਾਂ ਵਰਣਨਯੋਗ ਹੈ। ਬਹੁਤ ਸਾਰੇ ਅੰਮ੍ਰਿਤਧਾਰੀ ਨੌਜਵਾਨਾਂ ਨੂੰ ਰੇਲਵੇ ਵਰਕਸ਼ਾਪ ਵਿਚ ਭਰਤੀ ਕਰਵਾ ਕੇ ਪੈਰੀਂ ਖੜੇ ਕੀਤਾ। ਭਾਈ ਬਾਲਾ ਸਿੰਘ ਜੀ ਗੁਰੂ ਕੀ ਵਡਾਲੀ ਵਾਲਿਆਂ ਦੀ ਡਾ. ਸੁਰਿੰਦਰ ਸਿੰਘ ਜੀ ਨਾਲ ਪਹਿਲੀ ਮਿਲਣੀ ਆਪ ਜੀ ਦੇ ਗ੍ਰਹਿ ਹੋਏ ਇਕ ਹਫਤਾਵਾਰੀ ਸਮਾਗਮ ਤੇ ਹੀ ਹੋਈ ਸੀ। ਡਾ. ਸੁਰਿੰਦਰ ਸਿੰਘ ਜੀ ਵੀ ਆਮ ਤੌਰ ’ਤੇ ਇੰਨ੍ਹਾਂ ਦੇ ਗ੍ਰਹਿ ਫੇਰੀ ਪਾਉਂਦੇ ਰਹਿੰਦੇ ਸਨ।

ਆਪ ਜੀ ਨੂੰ ਗੁਰਬਾਣੀ ਵਿਆਕਰਣ ਦੇ ਨਾਲ-ਨਾਲ ਗੁਰਬਾਣੀ ਦੇ ਸ਼ੁੱਧ ਉਚਾਰਣ ਦਾ ਵੀ ਖਾਸਾ ਬੋਧ ਸੀ ਅਤੇ ਆਪ ਇਕ ਤਕੜੇ ਕਥਾ ਵਾਚਕ ਸਨ। ਆਪਣੀ ਨੌਕਰੀ ਦੌਰਾਨ ਦੁਪਹਿਰ ਦੀ ਛੁੱਟੀ ਵੇਲੇ, ਸ਼ੁਰੂ ਵਿਚ ਹਰ ਰੋਜ਼ ਇਕ ਘੰਟਾ ਗੁਰਦੁਆਰਾ ਪਿਪਲੀ ਸਾਹਿਬ ਕਥਾ ਕਰਦੇ ਰਹੇ ਅਤੇ ਉਸ ਤੋਂ ਬਾਅਦ 14 ਸਾਲ ਸੈਂਟਰਲ ਖਾਲਸਾ ਯਤੀਮਖਾਨੇ ਦੇ ਗੁਰਦੁਆਰੇ ਲਗਾਤਾਰ ਕਥਾ ਕਰਕੇ, ਬੇਅੰਤ ਸੰਗਤਾਂ ਨੂੰ ਗੁਰਮਤਿ ਮਾਰਗ ਦੀ ਸੋਝੀ ਦੇ ਕੇ ਗੁਰੂ ਘਰ ਨਾਲ ਜੋੜਿਆ। ਆਪ ਜੀ ਨੂੰ ਪੁਰਾਤਨ ਬੀੜਾਂ ਖੋਜਣ ਦਾ ਵੀ ਬਹੁਤ ਸ਼ੌਂਕ ਸੀ ਅਤੇ ਕੁਝ ਹੱਥ ਲਿਖਤ ਪੁਰਾਤਨ ਬੀੜਾਂ ਵੀ ਆਪ ਜੀ ਕੋਲ ਹੁੰਦੀਆਂ ਸੀ ਜਿਸ ਤੋਂ ਅਲੋਪ ਹੋ ਚੁੱਕੀਆਂ ਲਗਾ ਮਾਤਰਾਂ ਦੀ ਸੇਧ ਲੈਂਦੇ ਸਨ ਜਿਹੜੀਆਂ ਕਿ ਗੁਰਬਾਣੀ ਵਿਆਕਰਣ ਅਨੁਸਾਰ ਲੋੜੀਂਦੀਆਂ ਹਨ। ਇਨ੍ਹਾਂ ਵਿਚੋਂ ਇਕ ਦੋ ਬੀੜਾਂ ਵਿਚ ਤਾਂ ਰਾਗਮਾਲਾ ਵੀ ਦਰਜ ਨਹੀਂ ਸੀ ਪਰ



www.AKJ.Org

ਉਹ ਬੀੜਾਂ ਹੁਣ ਆਪ ਜੀ ਦੇ ਗ੍ਰਿਹਿ ਉਪਲੱਬਧ ਨਹੀਂ ਹਨ। ਸਿੰਘ ਸਾਹਿਬ ਗਿਆਨੀ ਜੋਗਿੰਦਰ ਸਿੰਘ ਜੀ ਵੇਦਾਂਤੀ, ਗਿਆਨੀ ਚਰਨ ਸਿੰਘ ਜੀ, ਗਿਆਨੀ ਜਗਤਾਰ ਸਿੰਘ ਹੈੱਡ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਜਦੋਂ ਗੁਰਦੁਆਰਾ ਪਿਪਲੀ ਸਾਹਿਬ ਸੇਵਾ ਕਰਦੇ ਸਨ ਤੇ ਉਦੋਂ ਤੋਂ ਹੀ ਆਪ ਜੀ ਨਾਲ ਇੰਨ੍ਹਾਂ ਦਾ ਬਹੁਤ ਪਿਆਰ ਸੀ। ਗਿਆਨੀ ਚਰਨ ਸਿੰਘ ਜੀ ਮੁਤਾਬਕ ਉਨ੍ਹਾਂ ਗਿਆਨੀ ਜੀ ਤੋਂ ਬਹੁਤ ਕੁਝ ਪ੍ਰਾਪਤ ਕੀਤਾ।

ਆਪ ਜੀ ਦਾ ਭਾਈ ਫੌਜਾ ਸਿੰਘ ਜੀ ਨਾਲ ਬਹੁਤ ਪਿਆਰ ਸੀ ਅਤੇ ਪੰਥਕ ਕੁਰਬਾਨੀ ਦਾ ਜ਼ਜ਼ਬਾ ਆਪ ਵਿਚ ਕੁੱਟ-ਕੁੱਟ ਕੇ ਭਰਿਆ ਹੋਇਆ ਸੀ। 13 ਅਪਰੈਲ ਵੈਸਾਖੀ 1978 ਸ੍ਰੀ ਅੰਮ੍ਰਿਤਸਰ ਵਿਖੇ ਨਕਲੀ ਨਿਰੰਕਾਰੀਆਂ ਦੇ ਪ੍ਰਪੰਚ ਦਾ ਵਿਰੋਧ ਕਰਨ ਗਏ ਸਿੰਘਾਂ ਦੇ ਜਥੇ ਵਿਚ ਆਪ ਵੀ ਸ਼ਾਮਿਲ ਸਨ ਤੇ ਆਪ ਜੀ ਉਸ ਕਾਂਡ ਵਿਚ ਨਕਲੀ ਨਿਰੰਕਾਰੀਆਂ ਹੱਥੋਂ ਗੰਭੀਰ ਜ਼ਖ਼ਮੀ ਹੋਏ ਸਨ। ਆਪ ਜੀ ਦਾ ਸਾਰਾ ਸਰੀਰ ਗੋਲੀਆਂ ਦੇ ਛਰਿਆਂ ਨਾਲ ਛਲਨੀ-ਛਲਨੀ ਹੋ ਗਿਆ ਸੀ ਪਰ ਗੁਰੂ ਮਹਾਰਾਜ ਦੀ ਬਖਸ਼ਿਸ਼ ਅਤੇ ਡਾਕਟਰ ਹਰਚਰਨ ਸਿੰਘ ਜੀ ਦੀਆਂ ਕੋਸ਼ਿਸ਼ਾਂ ਸਦਕਾ ਆਪ ਜੀ ਥੋੜੇ ਸਮੇਂ ਵਿਚ ਹੀ ਆਰੋਗ ਹੋ ਗਏ।

ਆਪ ਜੀ ਦੀ ਸਿਹਤ ਆਪਦੀ ਉਮਰ ਦੇ ਪਿਛਲੇ ਚਾਰ ਸਾਲ ਛੱਡ ਕੇ ਠੀਕ ਰਹੀ ਹੈ। ਸਾਰੀ ਉਮਰ ਦੂਰ ਨੇੜੇ ਸਮਾਗਮਾਂ ਜਾਂ ਨੌਕਰੀ ਅਤੇ ਘਰੇਲੂ ਕਾਰਜਾਂ ਲਈ ਆਪ ਸਾਈਕਲ ਤੇ ਹੀ ਸਵਾਰੀ ਕਰਦੇ ਸਨ ਜਿਸ ਕਰਕੇ ਸਰੀਰ ਰਿਸ਼ਟ-ਪੁਸ਼ਟ ਰਿਹਾ। ਸੰਨ 1999 ਵਿਚ ਡਿੱਗ ਕੇ ਚੂਲਾ ਟੁੱਟਣ ਅਤੇ ਗੋਡਿਆਂ ਦੀ ਦਰਦ ਵੱਧਣ ਕਾਰਨ ਆਪ ਜੀ ਘਰ ਵਿਚ ਹੀ ਤਕਰੀਬਨ ਚਾਰ ਸਾਲ ਬਿਸਤਰ 'ਤੇ ਪਏ ਰਹੇ। ਇਸ ਸਮੇਂ ਆਪ ਜੀ ਨਿਤਨੇਮ, ਸੁਖਮਨੀ ਸਾਹਿਬ ਦੇ ਪਾਠ ਅਤੇ ਨਾਮ ਸਿਮਰਨ ਨਿਰੰਤਰ ਕਰਦੇ ਰਹੇ। ਅੱਖਾਂ ਦੀ ਰੋਸ਼ਨੀ ਵੀ ਅਖੀਰ ਤਾਈਂ ਠੀਕ ਰਹੀ। ਇਸ ਸਮੇਂ ਪ੍ਰੀਵਾਰਕ ਮੈਂਬਰਾਂ ਨੇ ਆਪ ਜੀ ਦੀ ਪੂਰੀ ਤਰ੍ਹਾਂ ਦੇਖ ਭਾਲ ਕੀਤੀ। ਗੁਰਮੁਖ ਪਿਆਰੇ ਪ੍ਰੇਮੀ ਸੱਜਣ ਵੀ ਸਮੇਂ-ਸਮੇਂ ਆ ਕੇ ਨਾਮ-ਬਾਣੀ ਦੇ ਪ੍ਰਵਾਹ ਚਲਾਉਂਦੇ ਰਹੇ। ਅੰਤ ਮਿਤੀ 16 ਜਨਵਰੀ 2003 ਨੂੰ ਗੁਰੂ-ਗੁਰੂ ਜਪਦਿਆਂ ਗੁਰੂ ਚਰਨਾਂ ਵਿਚ ਜਾ ਬਿਰਾਜੇ ਤੇ ਇਸ ਸੰਸਾਰ ਤੇ ਆਉਣਾ ਸਫਲ ਕਰ ਗਏ।

# ਸੂਬੇਦਾਰ ਧਰਮ ਸਿੰਘ ਜੀ ਸੁਜੋਂ (ਯੂ.ਕੇ.)

ਭਾਈ ਗੁਰਦੀਪ ਸਿੰਘ ਸ੍ਰੀ ਅੰਮ੍ਰਿਤਸਰ

ਪ੍ਰਸਿੱਧ ਲੇਖਕ, ਗੁਰਬਾਣੀ ਦੇ ਡੂੰਘੇ ਵਿਸ਼ਿਆਂ ਦੇ ਵਿਆਖਿਆਕਾਰ, ਇੰਗਲੈਂਡ ਦੇ ਪੰਥਕ ਅਤੇ ਸਾਹਿਤਕ ਖੇਤਰ ਵਿਚ ਜਾਣੀ-ਪਛਾਣੀ ਸ਼ਖ਼ਸੀਅਤ ਸੂਬੇਦਾਰ ਧਰਮ ਸਿੰਘ ਸੁਜੋ ਨੇ ਪੰਜਾਬ ਦੇ ਪੇਂਡੂ ਹਲਕੇ ਵਿੱਚ ਇਕ ਸਧਾਰਨ ਜ਼ਿਮੀਂਦਾਰ ਸ. ਸ਼ਿਵ ਸਿੰਘ ਅਤੇ ਮਾਤਾ ਸੰਤ ਕੌਰ ਦੇ ਘਰ ਪਿੰਡ ਸੁਜੋਂ, ਤਹਿਸੀਲ ਨਵਾਂਸ਼ਹਿਰ, ਜ਼ਿਲ੍ਹਾ ਜਲੰਧਰ, ਹੁਣ ਸ਼ਹੀਦ ਭਗਤ ਸਿੰਘ ਨਗਰ ਵਿਚ ਮਿਤੀ 8 ਸਤੰਬਰ 1918 ਨੂੰ ਜਨਮ ਲਿਆ। ਪਿਤਾ ਜੀ ਖੇਤੀਬਾੜੀ ਦਾ ਕੰਮ ਕਰਦੇ ਸਨ ਅਤੇ ਆਮ ਸਧਾਰਨ ਸਿੱਧੇ-ਸਾਦੇ ਸਿੱਖ ਸਨ। ਆਪ ਨੇ ਆਪਣੀ ਮੁੱਢਲੀ ਸਿਖਿਆ ਪਿੰਡ ਦੇ ਸਕੂਲ ਤੋਂ ਪੰਜਵੀਂ ਤਕ ਅਤੇ ਫਿਰ ਗੋਰਮਿੰਟ ਹਾਈ ਸਕੂਲ ਗੜ੍ਹਸ਼ੰਕਰ ਤੋਂ ਦਸਵੀਂ ਪਾਸ ਕਰ ਲਈ। ਆਪ ਸੰਨ 1936 ਵਿਚ ਫ਼ੌਜ ਵਿਚ ਭਰਤੀ ਹੋ ਗਏ ਅਤੇ 20 ਸਾਲ ਨੌਕਰੀ ਕਰਨ ਤੋਂ ਬਾਅਦ ਘਰੇਲੂ ਹਾਲਤਾਂ ਕਰਕੇ ਪੈਨਸ਼ਨ ਲੈ ਕੇ ਘਰ ਆ ਗਏ। ਆਪ ਜੀ ਨੇ ਦੂਸਰੀ ਵਿਸ਼ਵ ਜੰਗ ਸੰਨ 1939-1945 ਅਤੇ ਫਿਰ ਸੰਨ 1947-48 ਦੀ ਕਸ਼ਮੀਰ ਵਿਚ ਹੋਈ ਭਾਰਤ-ਪਾਕਿਸਤਾਨ ਜੰਗ ਵਿਚ ਹਿੱਸਾ ਲਿਆ ਅਤੇ ਤਰੱਕੀ ਲੈ ਕੇ ਸੂਬੇਦਾਰ ਬਣ ਗਏ। ਇਸ ਦੌਰਾਨ ਆਪ ਦਾ ਅਨੰਦ


www.AKJ.Org

ਕਾਰਜ ਪਿੰਡ ਭਾਂਗਨੀਵਾਲ ਤਹਿਸੀਲ ਮਾਹਿਲਪੁਰ ਜ਼ਿਲ੍ਹਾ ਹੁਸ਼ਿਆਰਪੁਰ ਦੇ ਵਾਸੀ ਸ. ਮਿਹਰ ਸਿੰਘ ਦੀ ਪੁੱਤਰੀ ਬੀਬੀ ਗਿਆਨ ਕੌਰ ਜੀ ਨਾਲ ਹੋਇਆ। ਆਪ ਦੇ ਘਰ ਇਕ ਪੁੱਤਰ ਤੇ ਦੋ ਪੁੱਤਰੀਆਂ ਨੇ ਜਨਮ ਲਿਆ।

ਫ਼ੌਜ ਦੀ ਨੌਕਰੀ ਦੌਰਾਨ ਉਨ੍ਹਾਂ ਨੂੰ ਗੁਰਸਿੱਖੀ ਦੀ ਲਗਨ ਲੱਗ ਗਈ ਤੇ ਨਾਲ ਹੀ ਕਿਤਾਬਾਂ ਪੜ੍ਹਨ ਦਾ ਸ਼ੌਂਕ ਪੈਦਾ ਹੋ ਗਿਆ। ਰਿਟਾਇਰਮੈਂਟ ਤੋਂ ਬਾਅਦ ਇਨ੍ਹਾਂ ਦਾ ਮੇਲ ਇਨ੍ਹਾਂ ਦੇ ਪਿੰਡ ਦੇ ਜੰਮ ਪਲ ਗਿਆਨੀ ਭਗਵਾਨ ਸਿੰਘ ਜੀ ਜੋ ਰੇਲਵੇ ਵਰਕਸ਼ਾਪ ਸ੍ਰੀ ਅੰਮ੍ਰਿਤਸਰ ਨੌਕਰੀ ਕਰਦੇ ਸਨ, ਨਾਲ ਹੋ ਗਿਆ। ਉਨ੍ਹਾਂ ਦੀ ਸੰਗਤ ਨਾਲ ਆਪ ਨੇ ਜਥੇ ਦੇ ਸਮਾਗਮਾਂ ਖ਼ਾਸ ਕਰ ਲੁਧਿਆਣੇ ਪੋਹ ਸੁਦੀ ਸਮਾਗਮਾਂ ਦੀ ਹਾਜ਼ਰੀ ਭਰਨੀ ਸ਼ੁਰੂ ਕਰ ਦਿੱਤੀ ਅਤੇ ਗਿਆਨੀ ਜੀ ਕੋਲੋਂ ਹੀ ਗੁਰਬਾਣੀ ਦੇ ਪਾਠ ਦੀ ਸੰਥਿਆ ਲੇਣੀ ਸ਼ੁਰੂ ਕਰ ਦਿੱਤੀ। ਜਲਦੀ ਹੀ ਪਰਿਵਾਰ ਸਮੇਤ ਅੰਮ੍ਰਿਤ ਛੱਕ ਕੇ ਗੁਰਮਤਿ ਰਹਿਤ ਦੇ ਪੱਕੇ ਧਾਰਨੀ ਬਣ ਗਏ। ਇਨ੍ਹਾਂ ਨੇ ਆਪਣੀ ਦੁਨਿਆਵੀ ਕ੍ਰਿਤ ਦੇ ਨਾਲ-ਨਾਲ ਨਾਮ-ਬਾਣੀ ਦੇ ਅਭਿਆਸ, ਅੰਮ੍ਰਿਤ ਵੇਲੇ ਦੀ ਸੁਕ੍ਰਿਤ ਕਰਨੀ, ਗੁਰਬਾਣੀ ਦੀ ਵੀਚਾਰ ਅਤੇ ਇਤਿਹਾਸ ਦੀ ਜਾਣਕਾਰੀ ਲੈਣੀ ਜਾਰੀ ਰੱਖੀ। ਇਸ ਦੇ ਨਾਲ-ਨਾਲ ਆਪਨੇ ਗੁਰਮਤਿ ਸਾਹਿਤ ਖਾਸਕਰ ਭਾਈ ਸਾਹਿਬ ਜੀ ਲਿਖਤ ਪੁਸਤਕਾਂ ਦਾ ਡੂੰਘਾ ਅਧਿਐਨ ਵੀ ਸ਼ੁਰੂ ਕਰ ਦਿੱਤਾ। ਇਸ ਤੋਂ ਪਹਿਲਾਂ ਉਨ੍ਹਾਂ ਦੂਸਰੀਆਂ ਭਾਸ਼ਾਵਾਂ ਵਿਚ ਦੂਸਰੇ ਧਰਮਾਂ ਦਾ ਅਧਿਐਨ ਵੀ ਕਰ ਲਿਆ ਸੀ। ਰਿਟਾਇਰਮੈਂਟ ਤੋਂ ਬਾਅਦ ਜਿਥੇ ਆਪ ਪਿਤਾ ਪੁਰਖੀ ਖੇਤੀਬਾੜੀ ਦਾ ਕੰਮ ਕਰਦੇ ਸਨ, ਉਥੇ ਪਿੰਡ ਵਿਚ ਬਣੀ ਐਗਰੀਕਲਚਰਲ ਸੁਸਾਇਟੀ ਦੇ ਸੈਕਟਰੀ ਵੀ ਸਨ। **ਜਹਾ ਖਾਣੇ ਤਹਾ ਦਾਣੇ ਕ੍ਰਿਤ ਧਕੇ ਦੇਇ** ਦੇ ਮਹਾਂਵਾਕ ਅਨੁਸਾਰ 1991 ਵਿਚ ਇਹ ਆਪਣੇ ਪੁੱਤਰ (ਜੋ ਕਿ 1977 ਵਿਚ ਹੀ ਇੰਗਲੈਂਡ ਆ ਗਏ ਸਨ) ਕੋਲ ਆ ਕੇ ਰਹਿਣ ਲੱਗ ਪਏ।

ਪਿੰਡ ਵਿਚ ਰਹਿੰਦਿਆਂ ਸੈਕਟਰੀ ਦੀ ਨੌਕਰੀ ਵੇਲੇ ਕਈ ਉਤਰਾਅ-ਚੜ੍ਹਾਅ ਵੀ ਵੇਖੇ ਪਰੰਤੂ ਆਪ ਹਰ ਮੁਸ਼ਕਲ ਵਿਚ ਨਾਮ ਬਾਨੀ ਦੇ ਆਸਰੇ ਅਡੋਲ ਰਹੇ। ਸੋਸਾਇਟੀਆਂ ਵਿਚ ਆਮ ਤੌਰ ਤੇ ਰਿਸ਼ਵਤਖੋਰੀ ਦਾ ਬੋਲਬਾਲਾ ਅਤੇ ਪਿੰਡਾਂ ਵਿਚ ਧੜੇਬੰਦੀ ਹੋਣ ਦੇ ਬਾਵਜੂਦ ਵੀ ਆਪ ਜੀ ਨੇ ਆਪਣੀ ਨੌਕਰੀ ਸਖ਼ਤ ਮਿਹਨਤ, ਇਮਾਨਦਾਰੀ ਅਤੇ ਧੜੇਬੰਦੀ ਤੋਂ ਉੱਪਰ ਉੱਠ ਕੇ ਕਰਦੇ ਰਹੇ। ਉਹ ਬਹੁਤ ਕੋਮਲ ਦਿਲ ਅਤੇ ਦਿਆਲੂ ਸੁਭਾਅ ਵਾਲੇ ਸਨ। ਪਿੰਡ ਵਿਚ ਲੋੜਵੰਦ ਗਰੀਬ ਲੋਕਾਂ ਦੀ ਮਾਇਕ ਸਹਾਇਤਾ ਅਤੇ ਪੜ੍ਹੇ-ਲਿਖੇ ਹੋਣ ਕਰਕੇ ਅਨਪੜ੍ਹ ਪਿੰਡ ਵਾਸੀਆਂ ਦੇ ਸਰਕਾਰੀ ਦਫ਼ਤਰਾਂ ਦੇ ਕੰਮ ਕਾਰਜਾਂ ਵਿਚ ਮਦਦ ਕਰਦੇ ਰਹਿੰਦੇ ਸਨ।

ਆਪ ਜੀ ਜਿੱਥੇ ਇਕ ਸ਼ੁੱਧ ਬਾਣੀ ਦੇ ਅਖੰਡ ਪਾਠੀ ਸਨ ਉਥੇ ਗੁਰਮਤਿ ਦੇ ਗੂੜ੍ਹ ਵਿਸ਼ਿਆਂ ਦੇ ਵਿਆਖਿਆਕਾਰ ਵੀ ਸਨ। ਉਨ੍ਹਾਂ ਵੱਲੋਂ ਲਿਖੇ ਜਾਂਦੇ ਲੇਖ ਸੂਰਾ ਮਾਸਿਕ ਪੱਤਰ, ਗੁਰਮਤਿ ਪ੍ਰਕਾਸ਼, ਸੰਤ ਸਿਪਾਹੀ ਤੇ ਹੋਰ ਧਾਰਮਿਕ ਰਸਾਲਿਆਂ ਅਤੇ ਅਖ਼ਬਾਰਾਂ ਵਿਚ ਛਪਦੇ ਰਹਿੰਦੇ ਸਨ। ਇਸ ਤੋਂ ਇਲਾਵਾ ਉਹ ਪਿੰਡ ਵਿਚ ਨੌਜਵਾਨ ਬੱਚਿਆਂ ਨੂੰ ਗੁਰਬਾਣੀ ਦੇ ਪਾਠ ਦੀ ਸੰਥਿਆ ਦੇ ਨਾਲ-ਨਾਲ ਗੁਰਸਿੱਖੀ ਜੀਵਨ ਧਾਰਨ ਵੱਲ ਪ੍ਰੇਰਨਾ ਕਰਦੇ ਰਹਿੰਦੇ ਸਨ। ਉਨ੍ਹਾਂ ਦੀ ਸੰਗਤ ਕਰਕੇ ਬਹੁਤ ਸਾਰੇ ਪਿੰਡ ਦੇ ਨੌਜਵਾਨ ਅੰਮ੍ਰਿਤਧਾਰੀ ਅਤੇ ਗੁਰਮਤਿ ਮਾਰਗ ਦੇ ਪਾਂਧੀ ਬਣੇ ਜਿਨ੍ਹਾਂ ਵਿਚ ਗੁਰਪੁਰ ਵਾਸੀ ਭਾਈ ਤਰਲੋਚਨ ਸਿੰਘ, ਭਾਈ ਚਰਨਪਾਲ ਸਿੰਘ ਹਾਲ ਕੈਨੇਡਾ, ਭਾਈ ਹਰਮਿੰਦਰ ਸਿੰਘ ਸੈਕਟਰੀ ਬੰਗੇ ਵਾਲੇ, ਨਾਮ ਵਰਣਨਯੋਗ ਹਨ। ਪਿੰਡ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਪਿੰਡ ਵਿਚ ਫਗਵਾੜਾ, ਗੁਰਾਇਆ, ਬੰਗੇ ਤੋਂ ਸੰਗਤਾਂ ਬੁਲਾ ਕੇ ਰੈਣ ਸਬਾਈ ਕੀਰਤਨ ਅਤੇ ਸ੍ਰੀ ਅਖੰਡ ਪਾਠ ਸਮਾਗਮ ਰਚਦੇ ਰਹੇ ਅਤੇ ਗੁਰਮਤਿ ਪ੍ਰਚਾਰ ਲਈ ਹਮੇਸ਼ਾ ਤਤਪਰ ਰਹਿੰਦੇ ਰਹੇ ਹਨ।

ਆਪ ਹਮੇਸ਼ਾ ਸਾਦੇ ਗੁਰਮੁਖੀ ਲਿਬਾਸ ਵਿਚ ਹੀ ਵਿਚਰਦੇ ਰਹੇ ਹਨ। ਨਿਮਰਤਾ ਤੇ ਸੇਵਾ ਦੇ ਪੁੰਜ, ਘੱਟ ਬੋਲਣ ਤੇ ਮਿਲਾਪੜੇ ਸੁਭਾਅ ਵਾਲੇ ਸਨ ਅਤੇ ਹਮੇਸ਼ਾ ਗੰਭੀਰ ਰਹਿੰਦੇ ਸਨ। ਉਹ ਕਿਸੇ ਤਰ੍ਹਾਂ ਦੀ ਨਿੱਜੀ ਮਸ਼ਹੂਰੀ ਜਾਂ ਆਪਾ ਜਣਾਉਣ ਤੋਂ ਹਮੇਸ਼ਾ ਗੁਰੇਜ਼ ਕਰਦੇ ਸਨ। ਉਨ੍ਹਾਂ ਦੀ ਲਿਖੀਆਂ ਪੁਸਤਕਾਂ ਵਿਚ ਲਿਖੇ ਲੇਖਾਂ ਤੋਂ ਮਾਲੂਮ ਹੁੰਦਾ ਹੈ ਕਿ ਉਹ ਉਚ ਦਸਮ ਦੁਆਰੀ ਖੇਡ ਦੇ ਵੀ ਮਾਲਕ ਸਨ, ਨਹੀਂ ਤਾਂ ਇਸ ਉੱਚ ਅਵਸਥਾ ਤੋਂ ਬਿਨਾਂ ਦਸਮ ਦੁਆਰੀ ਖੇਡ ਬਾਰੇ



www.AKJ.Org

ਲਿਖਣਾ ਨਾ-ਮੁਮਕਿਨ ਹੈ। ਇਹ ਵੀ ਪ੍ਰਤੀਤ ਹੁੰਦਾ ਹੈ ਕਿ ਉਨ੍ਹਾਂ ਨੇ ਭਾਈ ਸਾਹਿਬ ਜੀ ਦੀਆਂ ਪੁਸਤਕਾਂ ਦਾ ਬਹੁਤ ਡੂੰਘਾ ਅਧਿਐਨ ਕੀਤਾ ਜੋ ਕਿ ਕਿਸੇ ਵਿਰਲੇ ਦੀ ਹੀ ਹਿੱਸੇ ਆਇਆ ਹੈ। ਇਸ ਤੋਂ ਪਹਿਲਾਂ ਆਪ ਨੇ ਵੇਦਾਂਤਿਕ ਦਰਸ਼ਨ ਵੀ ਪੜਿਆ ਅਤੇ ਅਮਲੀ ਰੂਪ ਵਿਚ ਸਾਧਿਆ ਪਰ ਮਨ ਨੂੰ ਸ਼ਾਂਤੀ ਸੱਚੇ ਪਾਤਸ਼ਾਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਕਾਲੀ ਬਾਣੀ ਨੇ ਹੀ ਬਖ਼ਸ਼ੀ। ਭਾਈ ਸਾਹਿਬ ਜੀ ਦੀਆਂ ਕਿਤਾਬਾਂ ਨੇ ਆਪ ਨੂੰ ਸੱਚਾ-ਸੁੱਚਾ ਸਿੱਖੀ ਮਾਰਗ ਦਰਸ਼ਨਾਇਆ।

ਆਪ ਜੀ ਦੀ ਸੱਚੀ ਸੁੱਚੀ ਕ੍ਰਿਤ, ਰਹਿਤ ਬਹਿਤ ਦੇ ਧਾਰਨੀ ਅਤੇ ਉੱਚ ਆਤਮਿਕ ਅਵਸਥਾ ਕਾਰਨ ਸ੍ਰੀ ਬਾਊ ਮਲ ਸਿੰਘ ਜੀ ਵਲੋਂ ਕੇਂਦਰੀ ਸਮਾਗਮ ਸਮੇਂ ਹੋਣ ਵਾਲੇ ਅੰਮ੍ਰਿਤ ਸੰਚਾਰ ਸਮੇਂ ਪੰਚਾਂ ਦੀ ਸੇਵਾ ਵਿਚ ਵੀ ਸ਼ਾਮਿਲ ਕੀਤਾ ਜਾਂਦਾ ਸੀ ਅਤੇ ਆਪ ਦਾ ਬਾਊ ਜੀ ਸਮੇਤ ਜਥੇ ਦੀਆਂ ਨਾਮਵਾਰ ਹਸਤੀਆਂ ਨਾਲ ਡੂੰਘਾ ਪਿਆਰ ਵੀ ਸੀ।

ਭਾਈ ਮਦਨ ਸਿੰਘ ਬਰਮਿੰਘਮ ਯੂ.ਕੇ. ਵਾਲੇ ਅਖੰਡ ਕੀਰਤਨੀ ਜਥੇ ਦੇ ਪੁਰਾਤਨ ਗੁਰਸਿੱਖ, ਮੰਨੇ-ਪ੍ਰਮੰਨੇ ਸਿੱਖ ਵਿਦਵਾਨ ਅਤੇ ਸਿੱਖ ਧਰਮ ਅੰਦਰ ਆ ਵੜੀਆਂ ਬ੍ਰਾਹਮਣੀ ਰੀਤਾਂ ਨੂੰ ਖੰਡਣ ਵਾਲੇ ਗੁਰਮਤਿ ਸੁਧਾਰਕ, ਖੋਜੀ ਤੇ ਨਿਧੜਕ ਲੇਖਕ ਹਨ। ਉਨ੍ਹਾਂ ਦੇ ਗੁਰਮਤਿ ਦੇ ਵੱਖ-ਵੱਖ ਵਿਸ਼ਿਆਂ ’ਤੇ ਲਿਖੇ ਲੇਖ ਸਮੇਂ-ਸਮੇਂ ਇੰਗਲੈਂਡ ਦੇ ਪੰਥਕ ਰਸਾਲਿਆਂ, ਅਖ਼ਬਾਰਾਂ ਤੇ ਸੂਰਾ ਮਾਸਿਕ ਪੱਤਰ ਵਿਚ ਵੀ ਛਪਦੇ ਰਹੇ ਹਨ ਜੋ ਕਿ ਗੁਰਮਤਿ ਗਾਡੀ ਰਾਹ ਪੁਸਤਕ ਦੇ ਰੂਪ ਵਿਚ ਇਕੱਤਰ ਕੀਤੇ ਹੋਏ ਉਪਲੱਬਧ ਹਨ। ਭਾਈ ਮਦਨ ਸਿੰਘ ਜੀ, ਆਪ ਜੀ ਦੇ ਲਿਖੇ ਲੇਖ ਵੀ ਰਸਾਲਿਆਂ ਵਿਚੋਂ ਪੜ੍ਹਦੇ ਰਹਿੰਦੇ ਸਨ ਤੇ ਆਪ ਜੀ ਦੀ ਸ਼ਖ਼ਸੀਅਤ ਤੋਂ ਕਾਫ਼ੀ ਪ੍ਰਭਾਵਿਤ ਸਨ। ਉਨ੍ਹਾਂ ਦੇ ਅੰਦਰ ਆਪ ਜੀ ਨੂੰ ਮਿਲਣ ਦੀ ਤਾਂਘ ਲੱਗੀ ਰਹਿੰਦੀ ਸੀ। ਗੁਰੂ ਨੇਤ ਅਨੁਸਾਰ ਭਾਈ ਜਗਤਾਰ ਸਿੰਘ ਜੀ ਡਰਬੀ ਵਾਲਿਆਂ ਰਾਹੀਂ ਇਨ੍ਹਾਂ ਦੋਹਾਂ ਪਵਿੱਤਰ ਆਤਮਾਵਾਂ ਦੇ ਮੇਲ ਹੋ ਗਿਆ। ਇੰਗਲੈਂਡ ਵਿਚ ਆ ਕੇ ਆਪ ਜੀ ਵਲੋਂ ਸਿੱਖ ਧਰਮ ਵਿਚ ਪਾਏ ਗਏ ਭੁਲੇਖਿਆਂ ਨੂੰ ਦੂਰ ਕਰਨ ਲਈ ਤਕਰੀਬਨ ਦੋ ਸਾਲ ਉਥੋਂ ਦੇ ਅਖ਼ਬਾਰ ਪੰਜਾਬ ਟਾਈਮਜ਼ ਵਿਚ ਲੇਖਾਂ ਦੀ ਲੜੀ ਸ਼ੁਰੂ ਕੀਤੀ ਹੋਈ ਸੀ। ਇਸ ਤੋਂ ਇਲਾਵਾ ਆਪ ਜੀ ਨੂੰ ਕੁਝ ਗੁਰਸਿਖਾਂ ਦੇ ਸਹਿਯੋਗ ਸਦਕਾ ਸਬ ਰਸ ਸਾਊਂਡ ਰੇਡੀਓ ਤੋਂ ਆਪਣੇ ਵਿਚਾਰ ਤੇ ਸੁਝਾਅ ਪੇਸ਼ ਕਰਨ ਦਾ ਮੌਕਾ ਵੀ ਮਿਲਦਾ ਰਿਹਾ ਅਤੇ ਬੀ.ਬੀ.ਸੀ. ਰੇਡੀਓ ’ਤੇ ਵੀ ਸੰਗਤਾਂ ਅੱਗੇ ਆਪਣੇ ਵਿਚਾਰ ਪੇਸ਼ ਕਰਦੇ ਰਹੇ ਹਨ। ਇਸ ਮੁਲਾਕਾਤ ਦੌਰਾਨ ਹੀ ਆਪ ਜੀ ਦੇ ਧਾਰਮਿਕ ਵਿਚਾਰ ਸੁਣ ਕੇ, ਆਪ ਜੀ ਦੇ ਵੱਖ-ਵੱਖ ਸਮੇਂ ਗੁਰਮਤਿ ਰਸਾਲਿਆਂ ਵਿਚ ਛਪੇ ਲੇਖਾਂ ਨੂੰ ਭਾਈ ਮਦਨ ਸਿੰਘ ਜੀ ਨੇ ਇਕ ਕਿਤਾਬੀ ਰੂਪ ਦੇਣ ਦਾ ਸੁਝਾਅ ਪੇਸ਼ ਕੀਤਾ ਜੋ ਕਿ ਇੰਗਲੈਂਡ ਨਿਵਾਸੀ ਸੰਗਤਾਂ ਅਤੇ ਭਾਈ ਮਦਨ ਸਿੰਘ ਜੀ ਦੇ ਸਹਿਯੋਗ ਨਾਲ ਨੇਪਰੇ ਚੜ੍ਹਿਆ। ਪੰਜਾਬ ਟਾਈਮਜ਼ ਅਖ਼ਬਾਰ ਦੇ ਐਡੀਟਰ ਸ. ਰਜਿੰਦਰ ਸਿੰਘ ਪੁਰੇਵਾਲ ਅਤੇ ਸ. ਹਰਜਿੰਦਰ ਸਿੰਘ ਮੰਡੇਰ ਨੇ ਇਨ੍ਹਾਂ ਦੀ ਲਿਖਤ ਪੁਸਤਕ **“ਗੁਰਬਾਣੀ ਅਤੇ ਸਾਇੰਸ ਦੀ ਰੌਸ਼ਨੀ ਵਿਚ ਅਕਾਲ ਪੁਰਖ”** ਛਾਪ ਕੇ ਸੰਗਤਾਂ ਦੀ ਝੋਲੀ ਵਿਚ ਪਾਈ। ਵਿਦੇਸ਼ਾਂ ਵਿਚ ਅੰਗਰੇਜ਼ੀ ਪੜ੍ਹੇ ਪਰ ਪੰਜਾਬੀ ਭਾਸ਼ਾ ਤੋਂ ਨਾਵਾਕਿਫ ਨੌਜਵਾਨ ਪੀੜ੍ਹੀ ਲਈ ਇਸ ਪੁਸਤਕ ਦਾ ਅੰਗਰੇਜ਼ੀ ਤਰਜ਼ਮਾ ਵੀ ਭਾਈ ਜਸਪਿੰਦਰ ਸਿੰਘ, ਟਰਾਂਟੋ ਨਿਵਾਸੀ ਵਲੋਂ ਕਰਕੇ ਸੰਗਤਾਂ ਵਿਚ ਵੰਡਿਆ ਗਿਆ। ਇਸ ਪੁਸਤਕ ਵਿਚ ਦਿੱਤੀ ਗਈ ਜਾਣਕਾਰੀ ਦਾ ਆਧਾਰ ਗੁਰਬਾਣੀ, ਭਾਈ ਗੁਰਦਾਸ ਜੀ ਦੀਆਂ ਵਾਰਾਂ, ਭਾਈ ਸਾਹਿਬ ਜੀ ਦੀਆਂ ਪੁਸਤਕਾ ਅਤੇ ਨਾਮ ਅਭਿਆਸੀ ਸਿੰਘਾਂ ਦੀ ਸੰਗਤ ਵਿਚੋਂ ਮਿਲੇ ਆਪ ਜੀ ਦੇ ਅਨੁਭਵ ਹਨ। ਇਹ ਪੁਸਤਕ ਨੂੰ ਲਿਖਣ ਤੇ ਛਪਵਾਉਣ ਕਰਕੇ ਆਪ ਜੀ ਦਾ ਪੰਥ ਲਈ ਪਾਇਆ ਯੋਗਦਾਨ ਹਮੇਸ਼ਾ ਯਾਦ ਰਹੇਗਾ ਅਤੇ ਸਮੂਹ ਨਾਮ ਲੇਵਾ ਸੰਗਤਾਂ ਖ਼ਾਸਕਰ ਆਉਣ ਵਾਲੀਆਂ ਪੀੜ੍ਹੀਆਂ ਨੂੰ ਚਾਨਣ ਮੁਨਾਰੇ ਦਾ ਕੰਮ ਦੇਵੇਗਾ। ਇਸ ਪੁਸਤਕ ਦੀ ਮਹੱਤਤਾ ਇਸ ਗੱਲ ਤੋਂ ਪਤਾ ਲੱਗਦੀ ਹੈ ਕਿ ਥੋੜ੍ਹੇ ਸਮੇਂ ਵਿਚ ਹੀ ਸਿੱਖ ਸੰਗਤਾਂ ਇਸ ਦੀਆਂ ਸਾਰੀਆਂ ਕਾਪੀਆਂ ਖਰੀਦ ਕੇ ਆਪਣੇ ਘਰਾਂ ਵਿਚ ਲੈ ਗਈਆਂ ਅਤੇ ਹੁਣ ਇਹ ਪੁਸਤਕ ਬਹੁਤ ਕੋਸ਼ਿਸ਼ਾਂ ਦੇ ਬਾਵਜੂਦ ਵੀ ਨਹੀਂ ਮਿਲ ਰਹੀ।



www.AKJ.Org

ਆਪ ਜੀ ਦੀ ਸਾਦੀ ਖੁਰਾਕ, ਸਰੀਰਕ ਕਸਰਤ ਕਰਕੇ ਸਿਹਤ ਸਾਰੀ ਆਯੂ ਨਰੋਈ ਅਤੇ ਸੁਡੋਲ ਰਹੀ ਹੈ। ਆਪ ਨੇ ਆਪਣੀ ਆਯੂ ਦਾ ਪਿੱਛਲਾ ਹਿੱਸਾ ਪਰਿਵਾਰ ਸਮੇਤ ਤਕਰੀਬਨ 22 ਸਾਲ ਇੰਗਲੈਂਡ ਵਿਚ ਹੀ ਗੁਜ਼ਾਰਿਆ। ਇਥੇ ਹੀ ਆਪ ਜੀ ਮਿਤੀ 23 ਮਾਰਚ 2013 ਨੂੰ ਬੁਢੇਪੇ ਅਤੇ ਕਮਜ਼ੋਰੀ ਕਾਰਨ ਬਿਨਾਂ ਕਿਸੇ ਬੀਮਾਰੀ ਤੋਂ ਗੁਰੂ ਚਰਨਾਂ ਵਿਚ ਜਾ ਬਿਰਾਜੇ। ਆਪ ਜੀ ਵਲੋਂ ਲਿਖੇ ਗੁਰਮਤਿ ਲੇਖ ਅਤੇ ਉਪਰੋਕਤ ਵਰਣਨ ਕੀਤੀ ਪੁਸਤਕ ਆਪ ਜੀ ਦੀ ਸਦੀਵੀ ਯਾਦਗਾਰ ਹੈ, ਜਿਸ ਨੇ ਆਪ ਜੀ ਨੂੰ ਹਮੇਸ਼ਾ ਲਈ ਅਮਰ ਕਰ ਦਿੱਤਾ ਹੈ।

# ਕਰਨਲ ਦਲਜੀਤ ਸਿੰਘ ਜੀ ਮਿੱਠਾਪੁਰ, ਜਲੰਧਰ

ਗੁਰਪੁਰ ਵਾਸੀ ਪ੍ਰਿੰਸੀਪਲ ਗੁਰਮੁਖ ਸਿੰਘ ਜੀ, ਪਟਿਆਲਾ

ਕਰਨਲ ਦਲਜੀਤ ਸਿੰਘ ਅਖੰਡ ਕੀਰਤਨੀ ਜੱਥੇ ਦੇ ਰੰਗਲੇ ਸੱਜਣਾਂ ਵਿੱਚੋਂ ਇੱਕ ਸਨ। ਆਪ ਦਾ ਜਨਮ ਭਾਈ ਹਜ਼ਾਰਾ ਸਿੰਘ ਜੀ ਦੇ ਗ੍ਰਿਹਿ ਵਿਖੇ 20 ਜੂਨ 1917 ਨੂੰ ਰੰਗੂਨ (ਬਰਮਾ) ਵਿਚ ਹੋਇਆ। ਆਪ ਦੇ ਮਾਤਾ ਬੀਬੀ ਕਿਸ਼ਨ ਕੌਰ ਜੀ ਮਾਲਵੇ ਦੀ ਰਿਆਸਤ ਨਾਭਾ ਦੇ ਪਿੰਡਾਂ ਦੇ ਸਨ। ਕੁਦਰਤ ਦੀ ਨੇਤ, ਮਾਤਾ ਅਤੇ ਪਿਤਾ ਦੋਵੇਂ ਹੀ ਮੁੱਢ ਤੋਂ ਦੈਵੀ ਗੁਣਾਂ ਨਾਲ ਭਰਪੂਰ ਗੁਰੂ-ਭਗਤੀ ਦੇ ਸੁਭਾਉ ਵਾਲੇ ਸਨ। ਭਾ: ਹਜ਼ਾਰਾ ਸਿੰਘ ਜੀ ਪਿੰਡ ਮਿੱਠਾਪੁਰ ਤੋਂ ਬਰਮਾ ਦੇ ਸਹਿਰਾਂ ਰੰਗੂਨ ਤੇ ਮਾਂਡਲੇ ਵਿੱਚ ਨਹਿਰੀ ਮਹਿਕਮੇ ਵਿਖੇ ਐੱਸ.ਡੀ.ਓ. ਸਨ। ਉਧਰ ਬੀਬੀ ਕਿਸ਼ਨ ਕੌਰ ਦੇ ਪਿਤਾ ਭੀ ਬਰਮਾ ਵਿਖੇ ਹੀ ਵੱਡੇ ਠੇਕੇਦਾਰ ਸਨ। ਦੋਵੇਂ ਪਰਿਵਾਰ ਗੁਰਸਿੱਖੀ ਰਹਿਤ ਰਹਿਣੀ ਵਿੱਚ ਦ੍ਰਿੜ੍ਹ ਸਨ। ਇਸ ਦਾ ਸੰਕੇਤ ਇਸ ਗੱਲ ਤੋਂ ਮਿਲਦਾ ਹੈ ਕਿ ਮਾਤਾ ਕਿਸ਼ਨ ਕੌਰ ਜੀ ਨੇ ਆਪਣੇ ਬੇਟੇ ਨੂੰ ਬਚਪਨ ਵਿੱਚ ਹੀ ਗਾਤਰੇ ਕਿਰਪਾਨ ਪੁਆ ਦਿੱਤੀ ਸੀ। ਇੰਝ ਗੁਰੂ-ਭਗਤੀ ਅਤੇ ਦੈਵੀ ਗੁਣ ਆਪ ਨੂੰ ਵਿਰਸੇ ਵਿੱਚ ਹੀ ਪ੍ਰਾਪਤ ਹੋਏ ਜਿਨ੍ਹਾਂ ਦਾ ਅੱਗੋਂ ਚੱਲ ਕੇ ਸੋਹਣਾ ਵਿਕਾਸ ਹੋਇਆ। ਮਾਤਾ ਜੀ ਇਨ੍ਹਾਂ ਦੇ ਬਚਪਨ ਵਿਚ ਹੀ ਚੜ੍ਹਾਈ ਕਰ ਗਏ ਸਨ ਆਪ ਤਿੰਨ ਭਰਾ ਤੇ ਤਿੰਨ ਭੈਣਾ ਵਾਲੇ ਪ੍ਰੀਵਾਰ ਵਿਚੋਂ ਸਨ।

ਕਰਨਲ ਸਾਹਿਬ ਨੇ ਆਪਣੀ ਮੁੱਢਲੀ ਸਿੱਖਿਆ (ਦਸ ਜਮਾਤਾਂ) ਬਰਮਾ ਵਿਖੇ ਹੀ ਪ੍ਰਾਪਤ ਕੀਤੀ। ਉਦੋਂ ਬਰਮਾ ਹਿੰਦੁਸਤਾਨ ਦਾ ਭਾਗ ਹੋਇਆ ਕਰਦਾ ਸੀ ਅਤੇ ਅੰਗਰੇਜ਼ ਹੀ ਰਾਜ ਕਰਦੇ ਸਨ। ਆਪ ਨੇ ਬੀ.ਏ. ਸੰਨ 1942 ਵਿੱਚ ਐਫ.ਸੀ. ਮਿਸ਼ਨ ਕਾਲਿਜ ਲਾਹੌਰ ਤੋਂ ਕੀਤੀ। ਆਪ ਦਾ ਜਦੋਂ ਜਨਮ ਹੋਇਆ ਉਦੋਂ ਪਹਿਲਾ ਮਹਾਂਯੁੱਧ ਚੱਲ ਰਿਹਾ ਸੀ। ਜਦੋਂ ਆਪ ਰੋਜ਼ਗਾਰ ਦੀ ਤਲਾਸ਼ ਵਿੱਚ ਤੁਰੇ ਤਾਂ ਸੰਨ 1939-45 ਦੂਜਾ ਮਹਾਂਯੁੱਧ ਲੱਗਾ ਹੋਇਆ ਸੀ। ਉਹਨਾਂ ਸਮਿਆਂ ਵਿੱਚ ਪੰਜਾਬ ਦੇ ਗੱਭਰੂ ਫੌਜ ਵਿੱਚ ਭਰਤੀ ਹੋਣ ਨੂੰ ਬੜੇ ਫ਼ਖ਼ਰ ਦੀ ਗੱਲ ਸਮਝਦੇ ਸਨ। ਸੋ ਆਪ ਵੀ ਸੰਨ 1942 ਵਿੱਚ ਆਪਣੀ ਸਰੀਰਕ ਯੋਗਤਾ, (ਲੰਬੇ ਕੱਦ, ਸੋਹਣਾ, ਸਡੌਲ ਸਰੀਰ) ਅਤੇ ਵਿਦਿਅਕ ਪ੍ਰਾਪਤੀ ਦੇ ਆਧਾਰ 'ਤੇ ਫੌਜ ਵਿੱਚ ਬਤੌਰ ਅਫ਼ਸਰ ਭਰਤੀ ਹੋ ਗਏ। ਜਦੋਂ ਮਹਾਂ ਯੁੱਧ ਦੂਜਾ ਸਮਾਪਤ ਹੋਇਆ ਤਾਂ ਆਪ ਦਾ ਅਨੰਦ ਕਾਰਜ ਪਿੰਡ ਮਾਜਰੀ (ਲੁਧਿਆਣਾ) ਦੇ ਸਰਦੇ ਪੁੱਜਦੇ ਘਰ ਸ. ਭਜਨ ਸਿੰਘ ਦੀ ਲੜਕੀ ਬੀਬੀ ਹਰਸ਼ਰਨ ਕੌਰ ਜੀ ਨਾਲ ਹੋਇਆ।

ਸੰਨ 1942 ਤੋਂ 1968 ਤੱਕ ਆਪ ਨੇ ਕਈ ਪਲਟਣਾਂ ਦੀ ਕਮਾਂਡ ਕੀਤੀ। ਆਪ ਜ਼ਿਆਦਾ ਸਮਾਂ ਸ੍ਰੀਨਗਰ, ਦਿੱਲੀ, ਫਿਰੋਜ਼ਪੁਰ ਛਾਉਣੀ, ਮੇਰਠ, ਗਾਜ਼ੀਪੁਰ, ਅਸਾਮ ਆਦਿ ਪੂਰਬੀ ਪ੍ਰਾਤਾਂ ਵਿਚ ਭਾਰਤ ਦੇ ਵੱਖਰੇ-ਵੱਖਰੇ ਸ਼ਹਿਰਾਂ ਦੀਆਂ ਫੌਜੀ ਛਾਉਣੀਆਂ ਵਿਚ ਰਹੇ। ਕੁਝ ਸਮਾਂ ਆਪ ਆਰਮੀ ਹੈੱਡ ਕੁਆਟਰ ਵਿਖੇ ਬਤੌਰ ਸਟਾਫ ਆਫੀਸਰ ਭੀ ਰਹੇ। ਜਿੱਥੇ-ਜਿੱਥੇ ਭੀ ਆਪ ਨੇ ਕਮਾਂਡ ਕੀਤੀ, ਆਪਣੇ ਦੈਵੀ ਗੁਣਾਂ ਕਰਕੇ ਸਦਾ ਹਰਮਨ ਪਿਆਰੇ ਬਣੇ ਰਹੇ। ਫੌਜੀ



www.AKJ.Org

ਡਿਸਿਪਲਿਨ ਨੂੰ ਆਪ ਸਦਾ ਬੜੇ ਪ੍ਰੇਰਣਾਮਈ ਤਰੀਕੇ ਨਾਲ ਲਾਗੂ ਕਰਦੇ ਸਨ। ਮਨੁੱਖੀ ਹਮਦਰਦੀ ਆਪ ਦੇ ਹੇਠਾਂ ਕੰਮ ਕਰਦੇ ਫੌਜੀਆਂ ਨਾਲ ਵਿਵਹਾਰ ਦਾ ਆਧਾਰ ਹੁੰਦੀ ਸੀ। ਜਿੱਥੇ ਆਪ ਨੂੰ ਦਇਆ ਵਰਗਾ ਦੈਵੀ ਗੁਣ ਵਿਰਸੇ ਵਿੱਚ ਮਿਲਿਆ ਸੀ, ਉੱਥੇ ਸੱਚ ਨੂੰ ਆਪ ਨੇ ਆਪਣੇ ਜੀਵਨ ਦਾ ਲਕਸ਼ ਬਣਾਇਆ ਹੋਇਆ ਸੀ। ਸੰਨ 1968 ਵਿੱਚ ਆਪ ਨੂੰ ਨੌਕਰੀ ਦੌਰਾਨ ਸ਼ੂਗਰ ਹੋ ਗਈ। ਡਾਕਟਰਾਂ ਨੇ ਬਥੇਰਾ ਸਮਝਾਇਆ ਕਿ ਇਹ ਕੋਈ ਖਾਸ ਨੁਕਸ ਨਹੀਂ, ਛੇਤੀ ਠੀਕ ਹੋ ਜਾਵੇਗਾ, ਤੁਸੀਂ ਜਰਨੈਲ ਹੋ ਕੇ ਰੀਟਾਇਰ ਹੋਵੋਗੇ? ਪਰ ਆਪ ਨੇ ਜਰਨੈਲੀ ਨਾਲੋਂ ਸੱਚ ਦੇ ਆਧਾਰ ਤੇ ਜੀਵਨ ਜੀਉਣਾ ਜ਼ਿਆਦਾ ਚੰਗਾ ਸਮਝਿਆ। "ਸਰਕਾਰ ਨੂੰ ਧੋਖੇ ਵਿੱਚ ਰੱਖ ਕੇ ਨੌਕਰੀ ਨਹੀਂ ਕਰਨੀ" ਤੇ ਪਹਿਰਾ ਦਿੱਤਾ।

ਜਦੋਂ ਸੰਨ 1955 ਵਿੱਚ ਪੂਰਬਲਾ ਅੰਕੂਰ ਫਲਿਆ ਤਾਂ ਆਪ ਨੂੰ ਭਾਈ ਸਾਹਿਬ ਰਣਧੀਰ ਸਿੰਘ ਜੀ ਦੀ ਸੰਗਤ ਕਰਨ ਦਾ ਸੁਭਾਗ ਪ੍ਰਾਪਤ ਹੋਇਆ। ਉਹਨਾਂ ਦੀ ਸੰਗਤ ਦੀ ਰੰਗਤ ਹੌਲੀ-ਹੌਲੀ ਚੜ੍ਹੀ ਤਾਂ ਆਪ ਨੇ 1956 ਵਿੱਚ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ। ਬਿਬੇਕ ਦੇ ਪਹਿਰੇ ਦਾ, ਫੌਜੀ ਆਫ਼ਿਸਰ ਮੈਸ ਦੇ ਖਾਨ-ਪਾਨ ਨਾਲ ਟਕਰਾਉ ਸੁਭਾਵਕ ਸੀ। ਆਪ ਉਸ ਸਮੇਂ ਆਸਾਮ ਵਿਖੇ ਮਰਹੱਟਾ ਪਲਟਨ ਦੀ ਕਮਾਂਡ ਕਰ ਰਹੇ ਸਨ। ਆਪ ਅੰਦਰ ਇੱਕ ਅਜੀਬ ਕਸ਼-ਮਕਸ਼ (ਦੁਬਿਧਾ) ਖੜ੍ਹੀ ਹੋ ਗਈ। ਨੌਕਰੀ ਕਰਦਿਆਂ ਪੰਚਾਂ ਦੇ ਬਿਬੇਕ ਦੇ ਹੁਕਮਾਂ ਉੱਤੇ ਚੱਲਣਾ ਮੁਸ਼ਕਲ ਹੀ ਨਹੀਂ ਬਲਕਿ ਅਸੰਭਵ ਹੈ। ਜੇ ਹੁਕਮ ਕਮਾਉਣਾ ਹੈ ਤਾਂ ਕੀ ਨੌਕਰੀ ਛੱਡ ਦਿੱਤੀ ਜਾਵੇ? ਆਖਰ ਆਪ ਦੇ ਮਨ ਨੇ ਗੁਰੂ ਦੇ ਹੁਕਮਾਂ ਉੱਤੇ ਪਹਿਰਾ ਦੇਣ ਨੂੰ ਤਰਜੀਹ ਦਿੱਤੀ ਅਤੇ ਨੌਕਰੀ ਤੋਂ ਅਸਤੀਫਾ ਦੇ ਦਿੱਤਾ ਪਰ ਮਗਰੋਂ ਸਾਧ ਸੰਗਤ ਅਤੇ ਪੰਚਾਂ ਦੇ ਹੁਕਮ ਅਨੁਸਾਰ ਆਪ ਨੂੰ ਅਸਤੀਫਾ ਵਾਪਸ ਲੈਣਾ ਪਿਆ, ਪਰ ਇੰਜ ਕਰਨ ਨਾਲ ਆਪ ਨੂੰ ਕਰਨਲ ਤੋਂ ਹੇਠਲੇ ਦਰਜੇ ਦਾ ਅਫਸਰ ਭਾਵ ਮੇਜਰ ਬਣਾ ਦਿੱਤਾ ਗਿਆ। ਆਪ ਨੂੰ ਤਿੰਨ ਮਹੀਨੇ ਫੌਜੀ ਨਿਗਰਾਨੀ ਵਿੱਚ ਰੱਖਿਆ ਗਿਆ, ਇਹ ਪਰਖਣ ਲਈ ਕਿ ਕੀ ਇਹਨਾਂ ਉੱਤੇ ਅਜੇ ਵੀ ਮਜ਼ਹਬੀ ਜਨੂਨ (Religous mania) ਸਵਾਰ ਹੈ? ਕਈ ਆਰਮੀ ਅਫ਼ਸਰਾਂ ਨੇ ਆਪ ਨੂੰ ਕਮਲਾ ਦਲਜੀਤ ਭੀ ਆਖਿਆ। ਕਈਆਂ ਨੇ ਇਹ ਆਖਿਆ ਕਿ ਕਰਨੈਲੀ ਦੇ ਫੀਤੇ ਇਸ ਨੂੰ ਭੂੰਡਾਂ ਵਾਂਗ ਲੜਦੇ ਸੀ, ਆਪੂੰ ਲਹਾ ਸੁੱਟੇ। ਜਿਹਨੇ ਮੂੰਹ ਉਤਨੇ ਮੇਹਣੇ ਆਪ ਦੀ ਝੌਲੀ ਪਾਏ ਗਏ। ਗੁਰੂ ਕੇ ਸਿੱਖ ਲਈ ਇਹ ਘੜੀ ਅਤਿ ਕਰੜੇ ਇਮਤਿਹਾਨ ਦੀ ਘੜੀ ਸੀ। ਭਾਈ ਗੁਰਦਾਸ ਜੀ ਦੀ ਵਾਰ ਦੀ ਇਹ ਲਾਈਨ ਸਦਾ ਸਿੱਖ ਨੂੰ ਚੇਤੇ ਰੱਖਣੀ ਚਾਹੀਦੀ ਹੈ-

**ਜੇ ਗੁਰ ਸਾਂਗਿ ਵਰਤਦਾ ਸਿਖੁ ਸਿਦਕੁ ਨ ਹਾਰੇ ॥**

(ਵਾਰ ੩੫, ਪਉੜੀ ੨੦)

ਕਰਨਲ ਸਾਹਿਬ ਉੱਤੇ ਸਤਿਗੁਰੂ ਨੇ ਮਿਹਰ ਕੀਤੀ। ਆਪ ਦਾ ਸਿੱਖੀ ਸਿਦਕ ਡੋਲਿਆ ਨਹੀਂ। ਨਿਗਰਾਨ ਕਮੇਟੀ ਨੇ ਰਿਪੋਰਟ ਦਿੱਤੀ ਕਿ ਇਹੋ ਜਿਹੇ ਲਾਇਕ ਅਫਸਰ ਨੂੰ ਤੁਰੰਤ ਨੌਕਰੀ ਤੇ ਬਹਾਲ ਕੀਤਾ ਜਾਏ ਅਤੇ ਆਪਣੇ ਪਿਛਲੇ ਅਹੁਦੇ ਤੇ ਲਗਾਇਆ ਜਾਵੇ। ਆਪ ਨੌਕਰੀ ਤੇ ਤਾਂ ਬਹਾਲ ਹੋ ਗਏ ਪਰ ਆਪ ਦੇ ਕਰਨੈਲੀ ਦੇ ਫੀਤੇ ਵਾਪਸ ਨਹੀਂ ਮੋੜੇ ਗਏ। ਆਪ ਨੂੰ ਭਾਣੇ ਅੰਦਰ ਉਹਨਾਂ ਅਫਸਰਾਂ ਥੱਲੇ ਭੀ ਕੰਮ ਕਰਨਾ ਪਿਆ, ਜਿਹੜੇ ਆਪ ਦੇ ਥੱਲੇ ਕੰਮ ਕਰਦੇ ਸਨ। ਫਿਰ ਭੀ ਆਪ ਡੋਲੇ ਨਹੀਂ। ਰਜ਼ਾ ਵਿੱਚ ਅਡੋਲ, ਇਸ ਨੂੰ ਰੱਬ ਦੀ ਰਜ਼ਾ ਜਾਣ ਕੇ ਸਿਰ ਮੱਥੇ ਕਬੂਲ ਕੀਤਾ। ਆਰਮੀ ਹੈੱਡਕੁਆਟਰ ਨੇ ਆਪ ਦੇ ਅਸਤੀਫੇ ਨੂੰ ਫੌਜੀ ਡਿਸਿਪਲਿਨ ਦੀ ਅਵੱਗਿਆ ਸਮਝਦੇ ਹੋਏ, ਸੱਤ ਸਾਲ ਤੱਕ ਤਰੱਕੀ ਰੋਕੀ ਰੱਖੀ, ਪਰ ਕੁਮਾਰ ਹੱਟੀ ਵਿਖੇ ਜੁੜੀ ਸੰਗਤ ਨੇ ਅਰਦਾਸ ਕੀਤੀ ਤਾਂ ਜਾ ਕੇ ਕੋਈ ਧੁਰੋਂ ਹੀ ਬਿਧਿ ਬਣੀ ਅਤੇ ਆਪ ਨੂੰ ਕਰਨੈਲੀ ਦੇ ਫੀਤੇ ਵਾਪਸ ਮਿਲੇ। ਆਰਮੀ ਦੀ ਪਰੰਪਰਾ ਵਿੱਚ ਇਹ ਇੱਕ ਕ੍ਰਿਸ਼ਮਾ ਹੀ ਸੀ, ਨਹੀਂ ਤਾਂ ਡਿਮੋਟ ਹੋਏ ਨੂੰ ਮੁੜ ਕੇ ਪਰਮੋਟ ਨਹੀਂ ਕਰਦੇ। ਪਟਿਆਲਾ ਵਿਖੇ ਸੰਨ 1962 ਵਿੱਚ ਦਾਸ ਦਾ ਆਪ ਨਾਲ ਮੇਲ ਉਦੋਂ ਹੋਇਆ ਜਦੋਂ ਆਪ ਅਜੇ ਮੇਜਰ ਹੀ ਸਨ ਅਤੇ ਫਿਰੋਜ਼ਪੁਰ ਛਾਉਣੀ ਵਿਖੇ ਰਹਿੰਦੇ ਸਨ। ਕਰਨੈਲੀ ਖੁੱਸ ਚੁੱਕੀ ਸੀ। ਚੀਨ ਦੀ ਜੰਗ (1962) ਸਮੇਂ ਆਪ ਦੀ ਪਲਟਣ ਨੇ ਨੀਫਾ (ਆਸਾਮ) ਬਾਰਡਰ ਤੇ ਜਾਣਾ ਸੀ ਤੇ



www.AKJ.Org

ਜਾਣ ਤੋਂ ਪਹਿਲਾਂ ਸ੍ਰੀ ਅਖੰਡ ਪਾਠ ਸਾਹਿਬ ਅਤੇ ਅਖੰਡ ਕੀਰਤਨ ਆਪ ਦੀ ਕੋਠੀ ਵਿਖੇ ਹੋਇਆ। ਦਾਸ ਭੀ ਪਟਿਆਲਾ ਤੋਂ ਭਾਈ ਮਹਿੰਦਰ ਸਿੰਘ (ਐੱਸ.ਡੀ.ਓ) ਦੇ ਜੱਥੇ ਦੇ ਅੰਗ ਸੰਗ ਉੱਥੇ ਗਿਆ ਹੋਇਆ ਸੀ। ਮੇਜਰ ਦਲਜੀਤ ਸਿੰਘ ਜੀ ਕਿਵੇਂ ਸਿੰਘਾਂ ਤੋਂ ਵਾਰਨੇ-ਘੋਲੇ ਜਾ ਰਹੇ ਸਨ ਦੇਖਿਆ ਹੀ ਪਤਾ ਲੱਗਦਾ ਸੀ। ਇਤਨਾ ਵੱਡਾ ਅਫਸਰ ਤੇ ਇਤਨੀ ਵੱਡੀ ਨਿਮਰਤਾ ਅਤੇ ਮਿਠਾਸ। ਮੈਂ ਪਹਿਲੀ ਵਾਰ ਮਹਿਸੂਸ ਕੀਤਾ ਕਿ ਇੱਕ ਗੁਰਸਿੱਖ ਵਿੱਚ ਇਹੋ ਜਿਹੇ ਗੁਣ ਭੀ ਹੋ ਸਕਦੇ ਹਨ? ਪਰਤੱਖ ਨੂੰ ਪ੍ਰਮਾਣ ਕੀ? ਆਪ ਨੂੰ ਨਾਂ ਤਾਂ ਆਪਣੀ ਅਫਸਰੀ ਦਾ ਗੁਮਾਨ ਸੀ ਅਤੇ ਨਾ ਹੀ ਜਤਲਾਉਣ ਦਾ ਯਤਨ ਹੀ ਕੀਤਾ। ਇਸੇ ਤਰ੍ਹਾਂ ਹੀ ਜਲੰਧਰ ਵਿਚ ਪਹਿਲੇ ਪਾਤਸ਼ਾਹ ਦੇ ਆਗਮਨ ਪੁਰਬ ਸੰਬੰਧੀ ਹੋਣ ਵਾਲੇ ਸਾਲਾਨਾ ਕੇਂਦਰੀ ਸਮਾਗਮ ਤੇ ਸੰਗਤਾਂ ਦੇ ਸਰਦੀ ਤੋਂ ਬਚਾਅ ਲਈ ਆਪਣੇ ਹੱਥੀਂ ਖੇਤਾਂ ਵਿਚੋਂ ਪਰਾਲੀ ਦੀ ਟਰਾਲੀ ਭਰ ਕੇ ਪੰਡਾਲ ਵਿਚ ਹੱਥੀ ਵਿਛਾਉਂਦੇ ਦੇਖਿਆ ਗਿਆ ਅਤੇ ਕਦੇ ਵੀ ਉੱਚ ਅਹੁਦੇ ਦਾ ਗੁਮਾਨ ਕਰਦੇ ਨਹੀਂ ਵੇਖਿਆ। ਸੰਨ 1963 ਵਿੱਚ ਸੰਗਤ ਦੀਆਂ ਅਰਦਾਸਾਂ ਸਦਕਾ ਕਰਨਲ ਸਾਹਿਬ ਨੂੰ ਕਰਨੈਲੀ ਉੱਤੇ ਮੁੜ ਬਹਾਲ ਕਰ ਦਿੱਤਾ ਗਿਆ। ਪਟਿਆਲਾ ਵਿਖੇ ਭੈਣ ਹਰਸ਼ਰਨ ਕੌਰ (ਸੁਪਤਨੀ) ਜੀ ਨੇ ਕਰਨਲ ਸਾਹਿਬ ਦੀ ਤਰੱਕੀ ਦੇ ਸ਼ੁਕਰਾਨੇ ਕਰਨ ਲਈ ਸ੍ਰੀ ਅਖੰਡ ਪਾਠ ਸਾਹਿਬ ਦਾ ਪਟਿਆਲਾ ਵਿਖੇ ਹੀ ਸਮਾਗਮ ਕਰਾਇਆ। ਦੀਵਾਨ ਦੀ ਸਮਾਪਤੀ ਹੋਣ ਉਪਰੰਤ ਅਜੇ ਦੇਗ ਵਰਤ ਹੀ ਰਹੀ ਸੀ ਕਿ ਕਰਨਲ ਸਾਹਿਬ ਆਣ ਪਹੁੰਚੇ। ਆਪ ਆਪਣੇ ਨਾਲ ਦਿੱਲੀ ਦੇ ਆਰਮੀ ਹੈੱਡ-ਕੁਆਟਰ ਤੋਂ ਕਰਨੈਲੀ ਦੇ ਫੀਤੇ ਲਿਆਏ ਸਨ, ਪਰ ਅਜੇ ਆਪਣੇ ਮੋਢਿਆਂ ਤੇ ਸਜਾਏ ਨਹੀਂ ਸਨ। ਜੇ ਉਹ ਉੱਥੋਂ ਹੀ ਸਜਾ ਕੇ ਪਟਿਆਲੇ ਆ ਜਾਂਦੇ ਤਾਂ ਸਿੰਘਾਂ ਨੇ ਕੋਈ ਬੁਰਾ ਤਾਂ ਨਹੀਂ ਸੀ ਮਨਾਉਣਾ, ਪਰ ਗੁਰੂ ਕੇ ਸਿੱਖ ਦੀ ਭਾਵਨੀ ਦੇਖੋ : "ਇਹ ਕਰਨੈਲੀ ਮੈਨੂੰ ਗੁਰੂ ਨੇ ਸੰਗਤ ਦੀ ਅਰਦਾਸ ਸਦਕਾ ਬਖਸ਼ੀ ਹੈ, ਹੁਣ ਤਾਂ ਸੰਗਤ ਹੀ ਇਹ ਫੀਤੇ ਮੇਰੇ ਮੋਢਿਆਂ ਤੇ ਸਜਾਵੇ ਤਾਂ ਚੰਗਾ ਹੈ!" ਉਸੇ ਸ਼ਾਮ ਗੁਰੂ ਮਹਾਰਾਜ ਦੇ ਕਮਰੇ ਵਿੱਚ ਪੰਜਾਂ ਸਿੰਘਾਂ ਨੇ ਵਰਦੀਆਂ ਸਜਾਈਆਂ। ਭੈਣ ਜੀ ਨੇ ਕਰਨੈਲੀ ਦੇ ਫੀਤਿਆਂ ਨੂੰ ਇਕੱਤਰ ਹੋਈ ਸੰਗਤ ਦੀ ਚਰਨ ਧੂੜ (ਜੋੜਿਆਂ) ਨਾਲ ਛੁਹਾ ਕੇ ਪੰਜਾਂ ਪਿਆਰਿਆਂ ਨੂੰ ਭਾਈ ਦਲਜੀਤ ਸਿੰਘ ਦੇ ਮੋਢਿਆਂ ਤੇ ਸਜਾਉਣ ਲਈ ਆਣ ਭੇਟ ਕੀਤੇ। ਪੰਚਾਂ ਨੇ ਸੱਚੇ ਪਾਤਸ਼ਾਹ ਦੇ ਸਨਮੁੱਖ ਸ਼ੁਕਰਾਨੇ ਦਾ ਅਰਦਾਸਾ ਸੋਧਿਆ ਅਤੇ ਉਹ ਫੀਤੇ ਕਰਨਲ ਸਾਹਿਬ ਦੇ ਮੋਢਿਆਂ ਤੇ ਸਜਾਏ। ਦਾਸ ਉਨ੍ਹਾਂ ਪੰਚਾਂ ਵਿੱਚ ਸ਼ਾਮਲ ਸੀ ਜਿਸ ਕਰਕੇ ਅੱਜ ਉਹਨਾਂ ਦੇ ਜੀਵਨ ਦੀ ਇਸ ਘਟਨਾ ਨੂੰ ਅੱਖੀਂ ਦੇਖੀ ਅਤੇ ਹੱਡ-ਵਰਤੀ ਘਟਨਾਂ ਵਜੋਂ ਲਿਖ ਰਿਹਾ ਹਾਂ। ਭਾਈ ਗੁਰਦਾਸ ਜੀ ਦੀ ਇੱਕ ਬਹੁਤ ਖ਼ੂਬਸੂਰਤ ਵੀਚਾਰ ਹੈ :-

**ਸੰਕਾ ਮਨਹੁਂ ਮਿਟਾਇ ਕੈ ਗੁਰੁ ਸਿਖਾਂ ਦੀ ਸੇਵ ਕਰੰਦਾ।**

(ਵਾਰ ੪੦, ਪਉੜੀ ੧੧)

ਜਿਹੜੇ ਪੰਚ ਜਨ ਉਪਰੋਕਤ ਘਟਨਾ ਵਿੱਚ ਸ਼ਾਮਿਲ ਹੋਏ ਸਨ, ਉਨ੍ਹਾਂ ਦਾ ਸਮਾਜਿਕ ਦਰਜਾ ਜੇ ਵੇਖਿਆ ਜਾਏ ਤਾਂ ਕਿਤਨਾ ਨੀਵਾਂ ਸੀ ਪਰ ਧੰਨ ਹਨ ਉਹ ਗੁਰੂ ਪਿਆਰੇ ਜਿਨ੍ਹਾਂ ਸ਼ੰਕਾ ਮਨਹੁ ਮਿਟਾਅ ਕੇ ਪੰਚਾਂ ਦੀ ਸੇਵਾ ਵਿੱਚ ਐਸੇ ਗੁਰਸਿਖਾਂ ਨੂੰ ਸ਼ਾਮਿਲ ਹੋਣ ਲਈ ਬੇਨਤੀ ਕੀਤੀ। ਇੱਥੇ ਇਸ ਗੁਰਸਿੱਖ ਦੀ ਅੰਤਰੀਵ ਸੂਖ਼ਮ ਜਿਹੀ ਨਿਮਰਤਾ ਭਾਵਨਾ ਦੇ ਦਰਸ਼ਨ ਹੁੰਦੇ ਹਨ ਜਿਸਨੂੰ ਉਹਨਾਂ ਆਪਣੇ ਹੀ ਢੰਗ ਨਾਲ ਪਰਗਟ ਕੀਤਾ। ਉਹਨਾਂ ਕਦੇ ਕਿਸੇ ਦਾ ਸਟੇਟਸ ਨਹੀਂ ਸੀ ਵੇਖਿਆ, ਹਮੇਸ਼ਾਂ ਸਿੱਖੀ ਸਰੂਪ ਨੂੰ ਨਮਸਕਾਰਦੇ ਸਨ। ਸੰਨ 1962 ਤੋਂ 1996 ਤੱਕ ਲੱਗਪੱਗ 34 ਸਾਲ ਤੋਂ ਦਾਸ ਕਰਨਲ ਸਾਹਿਬ ਦੀ ਗੁਰਸਿੱਖਾਂ ਪ੍ਰਤੀ ਪ੍ਰੇਮ ਭਾਵਨੀ ਦੇ ਦਰਸ਼ਨ ਕਰਦਾ ਆਇਆ ਹੈ। ਉਹਨਾਂ ਪਾਸ ਕੋਈ ਗੁਰਸਿੱਖ ਆ ਜਾਏ ਸਭ ਨੂੰ ਹਸੂੰ ਹਸੂੰ ਕਰਦਿਆਂ ਮਿਲਦੇ ਸਨ। ਆਦਰ ਦੇ ਕੇ ਬਿਠਾਉਣਾ, ਉਹਨਾਂ ਦੇ ਬਚਨ ਬੜੇ ਧਿਆਨ ਨਾਲ ਸੁਣਨੇ ਅਤੇ ਲੋੜ ਅਨੁਸਾਰ ਆਪਣੀ ਰਾਏ ਦੇਣੀ, ਯਥਾ ਸ਼ਕਤ ਮਾਇਕ ਸੇਵਾ ਭੀ ਕਰਦੇ ਹੁੰਦੇ ਸਨ। ਮੌਸਮ ਅਤੇ ਸਮੇਂ ਅਨੁਸਾਰ ਜ਼ਰੂਰ ਕੁੱਝ ਨਾ ਕੁੱਝ ਛਕਾਅ ਕੇ ਹੀ ਵਿਦਾ ਕਰਦੇ ਸਨ। ਸੰਨ 1968 ਵਿੱਚ ਰਿਟਾਇਰ ਹੋਣ ਮਗਰੋਂ ਇੱਕ ਸਾਲ ਐਨ.ਸੀ.ਸੀ. ਵਿਚ ਭੀ



www.AKJ.Org

ਨੌਕਰੀ ਕੀਤੀ ਪਰ ਰੁਚੀ ਨੇ ਪਰਵਾਨ ਨਹੀਂ ਕੀਤਾ। ਸੰਨ 1969 ਵਿੱਚ ਪਹਿਲਾਂ ਕੁੱਝ ਚਿਰ ਮਾਡਲ ਟਾਊਨ ਜਲੰਧਰ ਰਹੇ ਫਿਰ ਮਿੱਠਾਪੁਰ ਵਿਖੇ ਕੈਂਟ ਰੋਡ ਤੇ ਸਥਿਤ ਆਪਣੀ ਜੱਦੀ ਜ਼ਮੀਨ ਤੇ ਕੋਠੀ ਪਾ ਕੇ ਰਹਿਣ ਲੱਗ ਪਏ।

ਬਹੁਤ ਥੋੜ੍ਹੇ ਸਿੰਘ ਜਾਣਦੇ ਹਨ ਕਿ 'ਸੂਰਾ' ਮਾਸਿਕ ਪੱਤਰ ਦੀ ਐਡੀਟਰੀ ਦੀ ਭੀ ਆਪ ਨੇ ਦੋ ਸਾਲ ਸੇਵਾ ਕੀਤੀ। ਸੰਨ 1966 ਫਰਵਰੀ ਤੋਂ 'ਸੂਰਾ' ਮਾਸਿਕ ਪੱਤਰ ਦੀ ਪਟਿਆਲਾ ਦੀ ਸੰਗਤ ਵੱਲੋਂ ਕੀਤੀ ਜਾਂਦੀ ਸੇਵਾ ਨੂੰ ਹੋਰ ਬਿਹਤਰ ਕਰਨ ਅਤੇ ਸਮੁੱਚੇ ਜਥੇ ਦੇ ਪ੍ਰਬੰਧ ਹੇਠ ਲਿਆਉਣ ਲਈ ਬਾਊ ਮਲ ਸਿੰਘ ਜੀ ਅਤੇ ਜਥੇ ਦੇ ਪੁਰਾਤਨ ਸਿੰਘਾਂ ਨੇ ਇਹ ਸੇਵਾ ਆਪ ਜੀ ਨੂੰ ਸੌਂਪ ਦਿੱਤੀ। ਪ੍ਰੈੱਸ ਦੀ ਮਸ਼ੀਨ ਅਤੇ ਰਸਾਲਾ ਮਾਡਲ ਟਾਊਨ ਜਲੰਧਰ ਵਿਖੇ ਲੈ ਆਂਦਾ। ਮਾਰਚ 1973 ਤੋਂ ਬਾਊ ਜੀ ਨੇ ਆਪ ਜੀ ਦੀ ਸਹਿਮਤੀ ਨਾਲ ਇਹ ਰਸਾਲਾ ਸ੍ਰੀ ਅੰਮ੍ਰਿਤਸਰ ਵਿਖੇ ਭਾਈ ਸੇਵਾ ਸਿੰਘ, ਸਿੰਘ ਬਰਦਰਜ਼ ਦੇ ਹੱਥਾਂ ਵਿੱਚ ਦੇ ਦਿੱਤਾ। ਆਪ ਇਹ ਨਹੀਂ ਸੀ ਚਾਹੁੰਦੇ ਕਿ ਜੱਥੇ ਦਾ ਇੱਕੋ ਇੱਕ ਰਸਾਲਾ ਅਯੋਗ ਹੱਥਾਂ ਵਿੱਚ ਖ਼ਤਮ ਹੋ ਜਾਏ। ਅੱਜ ਇਹ ਮਹਿਸੂਸ ਹੁੰਦਾ ਹੈ ਕਿ ਕਰਨਲ ਸਾਹਿਬ ਦਾ ਇਹ ਕਦਮ ਉਹਨਾਂ ਦੀ ਦੂਰ-ਅੰਦੇਸ਼ੀ ਦਾ ਸੂਚਕ ਸੀ।

ਸੰਨ 1978 ਦੇ ਸ਼ਹੀਦੀ ਸਾਕੇ ਤੋਂ ਵੀ ਆਪ ਬੜੇ ਪ੍ਰਭਾਵਿਤ ਹੋਏ। ਇਹਨਾਂ ਜੱਥੇ ਅਤੇ ਪੰਥ ਦੇ ਹਿੱਤ (ਕਾਜ਼) ਨੂੰ ਮੁੱਖ ਰੱਖਦਿਆਂ, ਭਾਵੇਂ ਘਰ ਵਿੱਚ ਕਿੰਨੀ ਔਖਿਆਈ ਹੁੰਦੀ, ਪਰ ਭੈਣ ਹਰਸ਼ਰਨ ਕੌਰ ਜੀ ਨੂੰ ਜੱਥੇ ਦੀ ਅਤੇ ਗੁਰੂ ਪੰਥ ਦੀ ਸੇਵਾ ਤੋਂ ਕਦੇ ਨਹੀਂ ਸੀ ਰੋਕਿਆ। ਮਾਇਕ ਸੇਵਾ ਭੀ ਆਪ ਖੁੱਲ੍ਹੇ ਦਿਲ ਨਾਲ ਕਰਦੇ ਰਹਿੰਦੇ ਸਨ। ਕਰਨਲ ਸਾਹਿਬ ਸੰਨ 1993 ਵਿਚ ਇਕ ਪੰਥਕ ਜਥੇਬੰਦੀ ਨਾਲ ਹੋਏ ਸਮਝੌਤੇ ਕਾਰਨ ਜਥੇ ਵਿਚ ਪਾਈ ਦੁਬਿਧਾ ਨੂੰ ਖ਼ਤਮ ਕਰਨ ਲਈ ਨੇਕ ਸਲਾਹ ਵੀ ਦਿੰਦੇ ਰਹਿੰਦੇ ਸਨ। ਬਾਊ ਜੀ ਵਲੋਂ ਜਥੇ ਦੇ ਪ੍ਰਬੰਧ ਚਲਾਉਣ ਲਈ ਬਣਾਈ ਗਈ ਕਾਰਜ ਸਾਧਕ ਕਮੇਟੀ ਦੇ ਆਪ ਮੁੱਖ ਮੈਂਬਰ ਸਨ। ਲੋੜਵੰਦ ਗਰੀਬਾਂ ਦੇ ਬੱਚਿਆਂ ਦੀ ਖੁਲ ਦਿਲੀ ਨਾਲ ਸਹਾਇਤਾ ਕਰਦੇ ਸਨ। ਕਰਨਲ ਸਾਹਿਬ, ਮਿੱਠ ਬੋਲੜੇ, ਨਿਮਰਤਾ ਤੇ ਸੇਵਾ ਦੇ ਪੁੰਜ ਸਨ। ਉਹ ਬਹੁਤ ਘੱਟ ਬੋਲਦੇ ਸਨ ਤੇ ਨਾਮ ਬਾਣੀ ਅਤੇ ਭਜਨ ਬੰਦਗੀ ਵਿਚ ਅਰੂੜ ਰਹਿੰਦੇ ਸਨ। ਰੀਟਾਇਰਮੈਂਟ ਤੋਂ ਬਾਅਦ ਬਾਹਰ ਬਹੁਤ ਘੱਟ ਜਾਂਦੇ ਸਨ ਹਮੇਸ਼ਾਂ ਆਪਣੀ ਕੋਠੀ ਵਿਚ ਗੁਰਬਾਣੀ ਦੇ ਸਹਿਜ ਪਾਠ ਜਾਰੀ ਰੱਖਦੇ ਸਨ। ਬਾਹਰੋ ਸਿੰਘਾਂ ਨੂੰ ਸਦੇ ਭੇਜ ਕੇ ਸ੍ਰੀ ਅਖੰਡ ਪਾਠ ਸਾਹਿਬ ਅਤੇ ਕੀਰਤਨ ਸਮਾਗਮ ਵੀ ਆਪਣੀ ਕੋਠੀ ਰਚਾਉਂਦੇ ਸਨ ਤੇ ਗੁਰਸਿਖਾਂ ਦੀ ਸੇਵਾ ਕਰਕੇ ਖੁਸ਼ੀਆਂ ਲੈਂਦੇ ਰਹਿੰਦੇ ਸਨ। ਆਪ ਜੀ ਦਾ ਚਿਹਰਾ ਨਾਮ ਬਾਣੀ ਦੀ ਕਮਾਈ ਸਦਕਾ ਦਗ-ਦਗ ਕਰਦਾ ਹੁੰਦਾ ਸੀ ਅਤੇ ਨਾਮ ਦੀ ਲਾਲੀ ਡੁੱਲ-ਡੁੱਲ ਪੈਂਦੀ ਹੁੰਦੀ ਸੀ। ਆਪ ਜੀ ਦੀ ਅੰਮ੍ਰਿਤ ਵੇਲੇ ਦੀ ਸੰਭਾਲ, ਨਾਮ ਬਾਣੀ ਦੀ ਅਤੁੱਟ ਕਮਾਈ ਸਚੀ ਸੁੱਚੀ ਕ੍ਰਿਤ ਅਤੇ ਬਿਬੇਕ ਰਹਿਤ ਬਹਿਤ ਦੇ ਧਾਰਨੀ ਹੋਣ ਕਾਰਨ ਬਾਊ ਜੀ ਵਲੋਂ ਹਮੇਸ਼ਾਂ ਪੰਚਾਂ ਦੀ ਸੇਵਾ ਵਿਚ ਸ਼ਾਮਿਲ ਕੀਤਾ ਜਾਂਦਾ ਸੀ। ਰਿਟਾਇਰਮੈਂਟ ਤੋਂ ਬਾਅਦ ਉਨ੍ਹਾਂ ਅਨੇਕਾਂ ਅੰਮ੍ਰਿਤ ਸੰਚਾਰ ਸਮਾਗਮਾਂ ਵਿਚ ਪੰਚਾਂ ਦੀ ਸੇਵਾ ਕਰਕੇ ਅਨੇਕਾਂ ਪ੍ਰਾਣੀਆਂ ਨੂੰ ਗੁਰ ਚਰਨਾਂ ਨਾਲ ਜੋੜਿਆ। ਆਪ ਜੀ ਦਾ ਜਥੇ ਦੇ ਪੁਰਾਤਨ ਸਿੰਘਾਂ ਨਾਲ ਬਹੁਤ ਪਿਆਰ ਸੀ ਖਾਸ ਕਰ ਬਾਊ ਮਲ ਸਿੰਘ ਜੀ, ਮਾਸਟਰ ਸੁੰਦਰ ਸਿੰਘ ਜੀ, ਭਾਈ ਦਰਸ਼ਨ ਸਿੰਘ ਗੜਗਜ, ਭਾਈ ਜੋਗਿੰਦਰ ਸਿੰਘ ਜੀ ਤਲਵਾੜਾ ਅਤੇ ਦਾਸਰਾ। ਭਾਈ ਸੰਤਾਂ ਸਿੰਘ ਜੀ, ਭਾਈ ਸਾਹਿਬ ਜੀ ਦੇ ਚੜਾਈ ਕਰ ਜਾਣ ਤੋਂ ਬਾਅਦ ਜ਼ਿਆਦਾ ਇਨ੍ਹਾਂ ਕੋਲ ਹੀ ਠਹਿਰਦੇ ਸਨ। ਮਾਸਟਰ ਸੁੰਦਰ ਸਿੰਘ ਜੀ ਨੇ ਇਨ੍ਹਾਂ ਦੀ ਬੱਚੀ ਦੇ ਅਨੰਦ ਕਾਰਜ ਵੇਲੇ ਚਲ ਰਹੇ ਸ੍ਰੀ ਅਖੰਡ ਪਾਠ ਸਮੇਂ, ਇਨ੍ਹਾਂ ਦੇ ਗ੍ਰਹਿ ਵਿਚ ਹੀ ਚੜ੍ਹਾਈ ਕੀਤੀ ਸੀ।

ਇਹ ਵੇਖਣ ਵਿੱਚ ਆਉਂਦਾ ਹੈ ਕਿ ਇੱਕ ਫੌਜੀ, ਹੁਕਮ ਮੰਨਣ ਅਤੇ ਡਿਸਿਪਲਿਨ ਵਿੱਚ ਦ੍ਰਿੜ੍ਹ ਰਹਿਣ ਵਿੱਚ ਜਿਤਨਾ ਪੱਕਾ ਹੁੰਦਾ ਹੈ ਉਤਨਾ ਆਮ ਸਾਧਾਰਨ ਬੰਦਾ ਨਹੀਂ ਹੁੰਦਾ।

ਮੈਨੂੰ ਕਰਨਲ ਪਿਆਰਾ ਸਿੰਘ (ਜੈਪੁਰ ਵਾਸੀ) ਦੀ ਆਖੀ ਗੱਲ ਚੇਤੇ ਆਉਂਦੀ ਹੈ ਕਿ ਸੱਚੇ ਪਾਤਸ਼ਾਹ ਅੰਮ੍ਰਿਤ ਵੇਲੇ ਦੀ ਖ਼ਾਲਸਾ ਫੌਜ ਦੀ ਪਰੇਡ (ਨਾਮ ਅਭਿਆਸ ਕਮਾਈ) ਵਿੱਚ ਹਰ ਗੁਰਸਿੱਖ ਦੀ ਹਾਜ਼ਰੀ ਆਪ ਲਗਾਉਂਦੇ ਹਨ। ਗ਼ੈਰ-ਹਾਜ਼ਰਾਂ ਨੂੰ ਕੁੱਝ ਚਿਰ ਵੇਖਦੇ ਹਨ, ਪਰ ਉਹਨਾਂ ਵੱਲੋਂ ਕੀਤੀ ਗਈ ਅਣਗਹਿਲੀ ਅਤੇ ਲਗਾਤਾਰ ਗ਼ੈਰ-ਹਾਜ਼ਰੀ



www.AKJ.Org

ਕਾਰਨ ਉਹਨਾਂ ਦਾ ਨਾਮ ਆਪਣੇ ਰਜਿਸਟਰ ਵਿੱਚੋਂ ਕੱਟ ਦਿੰਦੇ ਹਨ। ਕਰਨਲ ਦਲਜੀਤ ਸਿੰਘ ਜੀ ਭੀ ਫੌਜੀ ਸਨ। ਇਹਨਾਂ ਵਿੱਚ ਜਿੱਥੇ ਹੋਰ ਦੈਵੀ ਗੁਣ ਸਨ ਉੱਥੇ ਗੁਰੂ ਹੁਕਮਾਂ ਉੱਤੇ ਆਪ ਬੜੀ ਕਰੜਾਈ ਨਾਲ ਪਹਿਰਾ ਦਿੰਦੇ ਸਨ। ਅੰਮ੍ਰਿਤ ਵੇਲੇ ਦੀ ਸੰਭਾਲ ਦੀ ਆਪ ਉੱਪਰ ਬਖਸ਼ਿਸ਼ ਹੋਈ ਸੀ। ਆਪ ਗੁਰੂ ਗੁਰੂ ਜਪਦੇ, ਮਿੱਠਾ ਬੋਲਦੇ ਅਤੇ ਸਰਬੱਤ ਦੇ ਭਲੇ ਵਿੱਚ ਆਪਣਾ ਯੋਗਦਾਨ ਪਾਉਂਦੇ 5 ਅਪ੍ਰੈਲ 1996 ਨੂੰ ਗੁਰੂ ਚਰਨਾਂ ਵਿੱਚ ਜਾ ਬਿਰਾਜੇ।

# ਬੀਬੀ ਹਰਸ਼ਰਨ ਕੌਰ ਮਿੱਠਾਪੁਰ, ਜਲੰਧਰ

ਭਾਈ ਸਵਰਨ ਸਿੰਘ ਜੀ ਯੂ.ਐਸ.ਏ

ਬੀਬੀ ਹਰਸ਼ਰਨ ਕੌਰ ਜੀ ਦਾ ਜਨਮ ਬਸੰਤ ਪੰਚਮੀ 1926 ਨੂੰ ਮਾਤਾ ਭਗਵੰਤ ਕੌਰ ਅਤੇ ਪਿਤਾ ਸ. ਭਜਨ ਸਿੰਘ ਜੀ ਦੇ ਗ੍ਰਿਹ ਪਿੰਡ ਮਾਜਰੀ ਨੇੜੇ ਦੋਰਾਹਾ ਵਿਖੇ ਹੋਇਆ। ਆਪ ਜੀ ਦੇ ਪਿਤਾ ਜੀ, ਜੋ ਕਿ ਪਿੰਡ ਦੇ ਜੈਲਦਾਰ ਸਨ, ਇੰਨ੍ਹਾਂ ਦੇ ਬਚਪਨ ਵਿਚ ਹੀ ਚੜ੍ਹਾਈ ਕਰ ਗਏ ਸਨ। ਆਪ ਜੀ ਦੋ ਭੈਣਾ ਸਨ। ਆਪ ਜੀ ਦੀ ਪਾਲਣਾ ਪੋਸ਼ਣਾ ਮਾਤਾ ਜੀ ਨੇ ਹੀ ਕੀਤੀ। ਬੀਬੀ ਜੀ ਨੇ ਮੁੱਢਲੀ ਪੜ੍ਹਾਈ ਦਸਵੀਂ ਤਾਈਂ ਦੋਰਾਹਾ ਤੋਂ ਅਤੇ ਐੱਫ.ਏ. ਗੌਰਮਿੰਟ ਕਾਲਜ ਲੁਧਿਆਣਾ ਤੋਂ ਪਾਸ ਕੀਤੀ। ਆਪ ਜੀ ਦਾ ਆਨੰਦ ਕਾਰਜ 1945 ਵਿਚ ਕਰਨਲ ਦਲਜੀਤ ਸਿੰਘ ਜੀ ਮਿੱਠਾਪੁਰ ਜਲੰਧਰ ਨਾਲ ਹੋਇਆ। ਇਨ੍ਹਾਂ ਦੇ ਘਰ ਤਿੰਨ ਲੜਕੀਆਂ ਅਤੇ ਇਕ ਲੜਕੇ ਨੇ ਜਨਮ ਲਿਆ। ਕਰਨਲ ਸਾਹਿਬ ਬਹੁਤ ਹੀ ਮਿੱਠ-ਬੋਲੜੇ, ਰਸਕਿ ਬੈਰਾਗੀ ਅਤੇ ਬੜੇ ਵਿਸ਼ਾਲ ਹਿਰਦੇ ਵਾਲੇ ਅਖੰਡ ਕੀਰਤਨੀ ਜਥੇ ਦੇ ਸਤਿਕਾਰਯੋਗ ਗੁਰਮੁਖ ਪਿਆਰੇ ਸਨ। ਨਿਮਰਤਾ ਐਨੀ ਸੀ ਕਿ ਹਰ ਇਕ ਨੂੰ ਬੜੇ ਪਿਆਰ ਸਹਿਤ ਨਿਮਰੀਭੂਤ ਹੋ ਕੇ ਗਲਵਕੜੀ ਵਿੱਚ ਲੈ ਕੇ ਮਿਲਦੇ ਸਨ।

ਬੀਬੀ ਹਰਸ਼ਰਨ ਕੌਰ ਜੀ ਅਖੰਡ ਕੀਰਤਨੀ ਜੱਥੇ ਦੀਆਂ ਪੁਰਾਤਨ ਬੀਬੀਆਂ ਵਿੱਚੋਂ ਬੜੇ ਹੀ ਸੂਝਵਾਨ ਅਤੇ ਦ੍ਰਿੜ੍ਹ ਇਰਾਦੇ ਵਾਲੇ ਹੋਏ ਹਨ। ਆਪ ਜੀ ਜੱਥੇ ਵਿੱਚ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਖ਼ਾਸ ਪ੍ਰੇਰਣਾ ਦੁਆਰਾ ਅੰਮ੍ਰਿਤ ਛਕ ਕੇ ਤਿਆਰ ਬਰ ਤਿਆਰ ਹੋਏ। ਭਾਈ ਸਾਹਿਬ ਜੀ ਦੀਆਂ ਅਸੀਸਾਂ ਸਦਕਾ ਜੱਥੇ ਦੇ ਸਿੰਘਾਂ ਦੀ ਤਰ੍ਹਾਂ ਕੀਰਤਨ ਕਰਨ ਦਾ ਚਾਉ ਪੈਦਾ ਹੋ ਗਿਆ। ਦੱਸਦੇ ਹੁੰਦੇ ਸਨ ਕਿ ਪਹਿਲਾ ਸ਼ਬਦ ਚਾਨੀ ਜੀ ਨੇ ਸਿਖਾਇਆ ਸੀ। ਆਪ ਜੀ ਬੜੇ ਉੱਦਮ ਉਤਸ਼ਾਹ ਨਾਲ ਜੱਥੇ ਦੇ ਕੀਰਤਨ ਸਮਾਗਮਾਂ ਵਿੱਚ ਪੁੱਜਦੇ ਸਨ।

ਬੀਬੀ ਹਰਸ਼ਰਨ ਕੌਰ ਜੀ ਦੀ ਆਵਾਜ਼ ਵਿੱਚ ਬੜਾ ਰਸ ਤੇ ਖਿੱਚ ਸੀ। ਰੈਣ ਸਬਾਈ ਕੀਰਤਨ ਸਮੇਂ ਉਨ੍ਹਾਂ ਦੇ ਕਈ ਸ਼ਬਦ ਜਿਵੇਂ "**ਵਧੁ ਸੁਖ ਰੈਨੜੀਏ ਪ੍ਰਿਅ ਪ੍ਰੇਮ ਲਗਾ**" ਅਤੇ "**ਦਿਨ ਰੈਣਿ ਸੁਹਾਵੜੀ ਆਈ**" ਪੁਰਾਤਨ ਗੀਤਾਂ ਵਿੱਚ ਜਦੋਂ ਸਾਰੀਆਂ ਬੀਬੀਆਂ ਨਾਲ ਮਿਲ ਕੇ ਕੀਰਤਨ ਕਰਿਆ ਕਰਦੇ ਸਨ, ਇਕ ਅਲੌਕਿਕ ਅਤੇ ਰਸ ਭਿੰਨਾ ਵਾਤਾਵਰਣ ਬਣ ਜਾਇਆ ਕਰਦਾ ਸੀ। ਪਰ ਅੱਜ ਇਹ ਸਾਰਾ ਕੁਝ ਅਲੋਪ ਹੀ ਹੋ ਗਿਆ ਹੈ। ਜਿੱਥੇ ਬੀਬੀ ਹਰਸ਼ਰਨ ਕੌਰ ਜੀ ਬੜਾ ਰਸੀਲਾ ਅਤੇ ਅੰਮ੍ਰਿਤ ਭਿੰਨਾਂ ਕੀਰਤਨ ਕਰਿਆ ਕਰਦੇ ਸਨ, ਉੱਥੇ ਉਹਨਾਂ ਨੂੰ ਪੰਥਕ ਸਟੇਜਾਂ ਤੇ ਲੈਕਚਰ ਦੇਣ ਦੀ ਬੜੀ ਮੁਹਾਰਤ ਸੀ। ਥੋੜ੍ਹੇ ਹੀ ਸਬਦਾਂ ਵਿੱਚ ਸੁਚੱਜੇ ਢੰਗ ਨਾਲ ਬਹੁਤ ਕੁਝ ਬਿਆਨ ਕਰ ਜਾਂਦੇ ਸਨ। ਉਨ੍ਹਾਂ ਦੀਆਂ ਗੁਰਮਤਿ ਪ੍ਰਤੀ ਨਿੱਗਰ ਦਲੀਲਾਂ ਨਾਲ ਹਰ ਕੋਈ ਪ੍ਰਭਾਵਿਤ ਹੋ ਜਾਇਆ ਕਰਦਾ ਸੀ। ਆਪ ਜੀ ਜੱਥੇ ਦੀ ਏਕਤਾ ਅਤੇ ਪੰਥਕ ਮਸਲਿਆਂ ਬਾਰੇ ਡੂੰਘਾ ਦਰਦ ਰੱਖਦੇ ਸਨ। ਸੰਨ 1978 ਦੇ ਸਾਕੇ ਸਮੇਂ ਜੱਥੇ ਨੂੰ ਬੜੇ ਸੰਕਟ ਵਿੱਚੋਂ ਲੰਘਣਾ ਪਿਆ। ਇੱਥੇ ਉਨ੍ਹਾਂ ਦੀ ਦਲੇਰੀ ਅਤੇ ਸਿਆਣਪ ਦੀ ਮਿਸਾਲ ਦੇਣੀ ਬੜੀ ਯੋਗ ਹੋਵੇਗੀ।

ਸਾਕੇ ਵਿੱਚ ਸ਼ਹੀਦ ਹੋਏ 13 ਸ਼ਹੀਦ ਸਿੰਘਾਂ ਦੇ ਨਮਿੱਤ ਭੋਗ ਪਾਉਣ ਬਾਰੇ ਫੈਸਲਾ ਕਰਨਾ ਸੀ ਕਿ ਪਾਠ ਕਿਸ



www.AKJ.Org

ਅਸਥਾਨ 'ਤੇ ਕੀਤੇ ਜਾਣ। ਇਸ ਸੰਬੰਧੀ ਪੰਥ ਦੀਆਂ ਪ੍ਰਮੁੱਖ ਜਥੇਬੰਦੀਆਂ ਦੀ ਇੱਕ ਮੀਟਿੰਗ ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਹੋਈ, ਜਿੱਥੇ ਵਿਚਾਰ ਕੇ ਫੈਸਲਾ ਕੀਤਾ ਗਿਆ ਕਿ 13 ਸ਼ਹੀਦ ਸਿੰਘਾਂ ਦੇ ਨਮਿੱਤ ਸ੍ਰੀ ਅਖੰਡ ਪਾਠ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ ਉੱਤੇ ਕੀਤੇ ਜਾਣ। ਪਰ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੇ ਕਿਹਾ ਕਿ ਪਾਠਾਂ ਦੇ ਭੋਗ ਰਾਗਮਾਲਾ ਪੜ੍ਹ ਕੇ ਹੀ ਪਾਏ ਜਾਣਗੇ। ਜੇ ਰਾਗਮਾਲਾ ਨਹੀਂ ਪੜ੍ਹਨੀ ਤਾਂ ਫਿਰ ਸ੍ਰੀ ਅਕਾਲ ਤਖ਼ਤ ਸਾਹਿਬ ਉੱਤੇ ਪਾਠ ਨਹੀਂ ਹੋ ਸਕਦੇ। ਜਿਸ ਕਰਕੇ ਉੱਥੇ ਰੌਲਾ ਪੈ ਗਿਆ ਅਤੇ ਫੈਸਲਾ ਹੋਣ 'ਤੇ ਨਾ ਆਵੇ। ਅਖ਼ੀਰ ਬੀਬੀ ਹਰਸ਼ਰਨ ਕੌਰ ਜੀ ਨੇ ਬੜੇ ਜ਼ੋਰਦਾਰ ਸ਼ਬਦਾਂ ਵਿੱਚ ਕਿਹਾ ਕਿ ਸਮੁੱਚਾ ਪੰਥ ਅਤੇ ਅਖੰਡ ਕੀਰਤਨੀ ਜੱਥਾ 13 ਸ਼ਹੀਦ ਸਿੰਘਾਂ ਦੇ ਨਮਿੱਤ, ਅਖੰਡ ਪਾਠ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ ਉੱਤੇ ਚਲ ਰਹੀ ਮਰਿਯਾਦਾ ਮੁਤਾਬਕ ਹੀ ਕਰੇਗਾ। ਪਰ ਤੁਸੀਂ ਜਿੱਥੇ ਤੁਹਾਡਾ ਜੀਅ ਕਰਦਾ ਹੈ, ਭੋਗ ਪਾ ਲਵੋ। ਇਹ ਸੁਣ ਕੇ ਸਾਰੇ ਸਹਿਮਤ ਹੋ ਗਏ ਅਤੇ ਉਸੇ ਤਰ੍ਹਾਂ ਹੀ ਹੋਇਆ। ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਸਹਿਮਤ ਨਹੀਂ ਹੋਏ ਅਤੇ ਮੀਟਿੰਗ ਵਿੱਚੋਂ ਉੱਠ ਕੇ ਚਲੇ ਗਏ।

**ਨੋਟ** : ਇਸ ਸਮੇਂ, ਬਾਅਦ ਵਿਚ ਹੋਈ ਆਮ ਸਹਿਮਤੀ ਨਾਲ, ਸ਼ਹੀਦ ਸਿੰਘਾਂ ਦੀ ਆਤਮਿਕ ਸਹਾਇਤਾ ਲਈ ਇਕ ਅਖੰਡ ਪਾਠ ਸਾਹਿਬ ਗੁਰਦੁਆਰਾ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਹੋਇਆ। ਜਿਸ ਦਾ ਭੋਗ 22 ਅਪ੍ਰੈਲ ਨੂੰ ਪਾਇਆ ਗਿਆ ਅਤੇ ਦੂਸਰਾ ਸ੍ਰੀ ਅਖੰਡ ਪਾਠ ਸ੍ਰੀ ਅਕਾਲ ਤਖ਼ਤ ਸਾਹਿਬ ਉੱਪਰ ਹੋਇਆ ਜਿਸ ਦਾ ਭੋਗ 23 ਅਪ੍ਰੈਲ ਨੂੰ ਪਾਇਆ ਗਿਆ।

ਬੀਬੀ ਜੀ ਦੀ ਸਿਹਤ ਤਾਅ ਜਿੰਦਗੀ ਠੀਕ ਰਹੀ ਹੈ। ਪ੍ਰੰਤੂ ਜਿੰਦਗੀ ਦੇ ਅਖੀਰਲੇ 2-3 ਸਾਲ ਉਨ੍ਹਾਂ ਨੂੰ ਬੁਢਾਪੇ ਕਾਰਨ ਕਈ ਬੀਮਾਰੀਆਂ ਨਾਲ ਜੂਝਣਾ ਪਿਆ ਤੇ ਉਹ ਮਿੱਠਾਪੁਰ ਜਲੰਧਰ ਆਪਣੀ ਕੋਠੀ ਵਿਚ ਹੀ ਰਹੇ। ਆਖੀਰ 19 ਅਕਤੂਬਰ 2015 ਨੂੰ ਇਹ ਗੁਰਮੁਖ ਪਿਆਰੀ ਰੂਹ ਗੁਰੂ ਚਰਨਾਂ ਵਿਚ ਜਾ ਬਿਰਾਜੀ।

ਸਰੀਰ ਕਰਕੇ ਬੇਸ਼ੱਕ ਉਹ ਸਾਡੇ ਤੋਂ ਵਿਛੜ ਗਏ ਹਨ ਪਰ ਉਨ੍ਹਾਂ ਦੇ ਜੀਵਨ ਦਾ ਅਮੀਰ ਗੁਰਮਤਿ ਵਿਰਸਾ ਸਾਡੇ ਲਈ ਇਕ ਚਾਨਣ ਮੁਨਾਰੇ ਦੀ ਤਰ੍ਹਾਂ ਸਦਾ ਕੰਮ ਆਵੇਗਾ।

**ਅਦਭੁੱਤ ਯਾਦਾਂ - ਵਲੋਂ ਬੀਬੀ ਹਰਸ਼ਰਨ ਕੌਰ ਜਲੰਧਰ**

ਪਰਮ ਸਤਿਕਾਰਯੋਗ ਬਾਪੂ ਜੀ, ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਬਾਰੇ, ਗੁਰਮਤਿ ਜੀਵਨ ਵਾਲੇ ਵਿਅਕਤੀ ਹੋਣ ਦੀ ਪਹਿਲੀ ਸੋਅ, ਸਾਨੂੰ ਸ੍ਰੀ ਨਗਰ ਵਿਖੇ ਕੰਨੀਂ ਪਈ। ਉਨ੍ਹਾਂ ਦਾ ਨਾਮ ਤਾਂ ਸੁਣਿਆ ਸੀ ਕਿ ਉਨ੍ਹਾਂ 16 ਸਾਲ ਜੇਲ੍ਹ ਕੱਟੀ ਹੈ ਅਤੇ ਉਸ ਦੇਸ਼ ਭਗਤੀ ਵਾਲੀ ਸ਼ਖ਼ਸੀਅਤ ਨੇ ਗੁਰਦੁਆਰਾ ਰਕਾਬਗੰਜ ਸਾਹਿਬ ਦੀ ਢਾਹੀ ਹੋਈ ਕੰਧ ਦੀ ਮੁੜ ਉਸਾਰੀ ਲਈ ਮੋਰਚਾ ਲਾਉਣਾ ਆਦਿ ਪੰਥਕ ਕਾਰਜ ਕੀਤੇ ਹਨ, ਪਰ ਉਨ੍ਹਾਂ ਦਾ ਜੀਵਨ ਗੁਰੂ ਚਰਨਾਂ ਦੇ ਭੌਰੇ ਹੋ ਕੇ ਜੀਣ ਵਾਲਾ ਪਹਿਲੀ ਵਾਰ ਸ੍ਰੀ ਨਗਰ ਸੁਣਿਆ। ਉਹ ਇਸ ਤਰ੍ਹਾਂ ਸੁਣਿਆ ਕਿ ਦੋ ਭੈਣ-ਭਰਾ ਸਨ, ਉਹ ਦੁਨਿਆਵੀ ਜੀਵਨ ਵੱਲੋਂ ਉੱਕਾ ਹੀ ਉਪਰਾਮ ਸਨ, ਸਤਸੰਗੀ ਸਨ। ਆਪਸ ਵਿੱਚ ਇਹੋ ਵਿਚਾਰ ਕਰਿਆ ਕਰਦੇ ਸਨ ਕਿ ਸਤਿਗੁਰ ਦੇ ਦਰ ਪ੍ਰਵਾਨ ਹੋ ਕੇ ਇਸ ਭਵਸਾਗਰ ਤੋਂ ਪਾਰ ਹੋਣ ਵਾਲਾ ਰਸਤਾ ਕਿਹੜਾ ਹੈ? ਸਤਿਸੰਗ ਵਿੱਚ ਜਾਂਦੇ ਸਨ, ਬਾਣੀ ਪੜ੍ਹਦੇ ਸਨ, ਉਨ੍ਹਾਂ ਨੂੰ ਇਹ ਅਨੁਭਵ ਸੀ ਕਿ ਸਾਡੇ ਵਿੱਚੋਂ ਇਕ ਨੇ ਜਲਦੀ ਚਲੇ ਜਾਣਾ ਹੈ। ਉਨ੍ਹਾਂ ਆਪਸ ਵਿੱਚ ਇਹ ਮਤਾ ਪਕਾ ਲਿਆ ਕਿ ਜਿਹੜਾ ਪਹਿਲੇ ਜਾਏ, ਉਹ ਵਾਪਸ ਆ ਕੇ ਦੂਜੇ ਨੂੰ ਜ਼ਰੂਰ ਦੱਸੇ ਕਿ ਉਹ ਕੀ ਕਰੇ। ਅਕਾਲ ਪੁਰਖ ਦੀ ਰਜ਼ਾ ਅਨੁਸਾਰ ਉਨ੍ਹਾਂ ਵਿੱਚੋਂ ਭੈਣ ਚੜ੍ਹਾਈ ਕਰ ਗਈ। ਉਸਦੀ ਰੂਹ ਆਪਣੇ ਵਾਇਦੇ ਅਨੁਸਾਰ ਭਰਾ ਨੂੰ ਮਿਲਣ ਆਈ, ਉਸ ਆਖਿਆ ਕਿ ਰਸਤਾ ਤਾਂ ਉਹੀ ਠੀਕ ਹੈ, ਜਿਸ 'ਤੇ ਆਪਾਂ ਚਲ ਰਹੇ ਹਾਂ, ਪਰ ਸਭ ਤੋਂ ਜ਼ਰੂਰੀ ਗੱਲ ਅੰਮ੍ਰਿਤ ਛਕਣਾ ਅਤੇ ਦ੍ਰਿੜਾਈ ਗਈ ਰਹਿਤ ਅੰਦਰ ਰਹਿ ਕੇ ਸੰਗਤ ਕਰਨੀ ਹੈ। ਮੈਂ ਤੈਨੂੰ ਇਕ ਸਤਿਸੰਗੀ ਗੁਰੂ ਪ੍ਰੇਮੀ ਬਾਰੇ ਦੱਸਦੀ ਹਾਂ, ਉਸ ਦੇ ਜਾ ਕੇ ਦਰਸ਼ਨ ਜ਼ਰੂਰ ਕਰ। ਉਸਨੇ ਆਪਣੇ ਭਰਾ ਨੂੰ ਨਾਰੰਗਵਾਲ ਜਾਣ ਦੀ ਪ੍ਰੇਰਨਾ

ਕੀਤੀ ਅਤੇ ਗੁਰਸਿੱਖੀ ਦੇ ਮਾਰਗ ’ਤੇ ਚਲ ਕੇ, ਨਾਮ ਜਪਣ ਅਤੇ ਸਤਿਸੰਗਤ ਵਿੱਚ ਵਿਚਰਨ ਲਈ ਪ੍ਰੇਰਿਆ। ਉਸ ਵੀਰ ਨੇ ਇਹ ਵਿਥਿਆ ਆਪਣੇ ਸਾਥੀਆਂ ਨੂੰ ਸੁਣਾਈ। ਅਸੀਂ ਭੀ ਸੁਣੀ ਤੇ ਕੁਦਰਤੀ ਛੁੱਟੀ ਆਉਣ ਵਾਲੇ ਹੀ ਸਾਂ, ਆ ਕੇ ਪੋਹ ਸੁਦੀ ਸਪਤਮੀ ’ਤੇ ਨਾਰੰਗਵਾਲ ਗਏ ਤੇ ਰੈਣ ਸਬਾਈ ਦਾ ਕੀਰਤਨ ਪਹਿਲੀ ਵਾਰ ਸੁਣਿਆ। ਐਸਾ ਸੁਣਿਆ ਕਿ ਸਦੀਵੀ ਰਿਸ਼ਤਾ ਗੰਢਿਆ ਗਿਆ, ਇਹ ਸੀ ਭਾਈ ਸਾਹਿਬ ਨਾਲ ਸਾਡੀ ਪਹਿਲੀ ਮਿਲਣੀ।

ਦੂਜੀ ਜਾਂ ਤੀਜੀ ਛੁੱਟੀ ਆ ਕੇ ਅਸੀਂ ਲੁਧਿਆਣੇ ਰਿਹਾਇਸ਼ ਰੱਖੀ। ਆ ਕੇ ਪਤਾ ਕਰਨਾ ਸ਼ੁਰੂ ਕੀਤਾ ਤਾਂ ਪਤਾ ਲੱਗਾ ਕਿ ਉਹ ਹੁਣ ਨਾਰੰਗਵਾਲ ਦੀ ਥਾਂ ਲੁਧਿਆਣੇ ਮਾਡਲ ਟਾਊਨ ਹੀ ਆ ਗਏ ਹਨ। 79 ਨੰਬਰ ਕੋਠੀ ਵਿੱਚ ਰਹਿੰਦੇ ਹਨ। ਮਨ ਵਿੱਚ ਬੜਾ ਚਾਅ ਚੜ੍ਹਿਆ ਕਿ ਜਾ ਕੇ ਦਰਸ਼ਨ ਕਰੀਏ। ਅੰਦਾਜ਼ਨ ਇਹ ਗੱਲ ਸੰਨ 1955 ਦੀ ਹੈ। ਅਸੀਂ ਤਾਂ ਨਾ ਅੰਮ੍ਰਿਤਧਾਰੀ ਸਾਂ, ਨਾ ਹੀ ਮੇਰੇ ਪਤੀ ਕੇਸਾਧਾਰੀ ਸਨ। ਕੀਰਤਨ ਦੀ ਹਾਜ਼ਰੀ ਭਰਨ ਦਾ ਪ੍ਰੇਮ ਜ਼ਰੂਰ ਹੈ ਸੀ। ਸੋ, ਉਹ ਇਕੱਲੇ ਹੀ ਮਾਡਲ ਟਾਊਨ ਗੁਰਦੁਆਰੇ ਪਤਾ ਕਰਨ ਚਲੇ ਗਏ। ਦਿਨ ਐਤਵਾਰ ਸੀ, ਅੱਗੇ ਕੀਰਤਨ ਹੋ ਰਿਹਾ ਸੀ। ਉਨ੍ਹਾਂ ਕੀਰਤਨ ਸੁਣਿਆ, ਭੋਗ ਪੈਣ ਉਪਰੰਤ ਉਨ੍ਹਾਂ ਦੇ ਮਗਰੇ ਮਗਰ ਪੈਦਲ ਤੁਰ ਪਏ। ਉਹ ਸਿੰਘਾਂ ਨਾਲ ਅੱਗੇ-ਅੱਗੇ ਚਲਦੇ 79 ਨੰਬਰ ਕੋਠੀ ਪਹੁੰਚ ਗਏ। ਇਹ ਭੀ ਅੰਦਰ ਲੰਘ ਗਏ ਤੇ ਬੇਨਤੀ ਕੀਤੀ ਕਿ ਮੈਂ ਦਰਸ਼ਨ ਕਰਨੇ ਹਨ। ਅੱਗੋਂ ਇਕ ਮੌਜੀ ਸਿੰਘ ਨੇ ਕਿਹਾ ਕਿ ਹੁਣ ਨਹੀਂ, ਉਨ੍ਹਾਂ ਹੁਣ ਆਰਾਮ ਕਰਨਾ ਹੈ। ਪਰ ਅੰਦਰੋਂ ਬੁਲਾ ਲਿਆ ਗਿਆ। ਇਹ (ਕਰਨਲ ਦਲਜੀਤ ਸਿੰਘ) ਜਦ ਅੰਦਰ ਗਏ ਤਾਂ 17 ਸਾਲ ਤੋਂ ਕੇਸਾਂ ਤੋਂ ਬਗੈਰ ਬੰਦਾ, ਲਾਲ ਜੇਹੀ ਪੱਗ ਮੰਗ ਕੇ ਬੰਨ੍ਹੀ ਹੋਈ, ਬੰਨ੍ਹਣੀ ਭੀ ਨਾ ਚੱਜ ਨਾਲ ਆਈ। ਵਿਚੋਂ ਛੋਟੇ ਛੋਟੇ ਕੇਸ ਬਾਹਰ ਦਿਸਣ, ਦਾੜ੍ਹੀ ਕੱਟੀ ਹੋਈ। ਪਰ ਅੰਦਰ ਜਾਣ ਦੀ ਦੇਰ, ਉਨ੍ਹਾਂ ਪਿਆਰ ਨਾਲ ਬਿਠਾਇਆ, ਅਤੇ ਪ੍ਰੇਮ ਨਾਲ ਸੁੱਖ ਸਾਂਦ ਪੁੱਛੀ ਕਿ ਇਨ੍ਹਾਂ ਦਾ ਅੰਦਰ ਦ੍ਰਵ ਗਿਆ। ਇਨ੍ਹਾਂ ਬੇਨਤੀ ਕੀਤੀ ਕਿ ਜੇ ਆਪ ਦੀ ਆਗਿਆ ਹੋਵੇ ਤਾਂ ਮੈਂ ਦਰਸ਼ਨ ਕਰਨ ਆ ਜਾਇਆ ਕਰਾਂ? ਅੱਗੋਂ ਬੜੀ ਮਿਠਾਸ ਨਾਲ ਬੋਲੇ, "ਓ, ਤੂੰ ਜ਼ਰੂਰ ਆਇਆ ਕਰ, ਅਸੀਂ ਤੇਰੇ ਦਰਸ਼ਨ ਕਰਾਂਗੇ ਤੇ ਨਾਲੇ ਬੀਬੀ ਨੂੰ ਭੀ ਜ਼ਰੂਰ ਲੈ ਕੇ ਆਈਂ"। ਇਹ ਘਰ ਆਏ, ਤਾਂ ਇਨ੍ਹਾਂ ਦੇ ਚਿਹਰੇ ’ਤੇ ਅਨੋਖੀ ਖੁਸ਼ੀ ਕਿ ਦੇਖੋ ! ਮੇਰੇ ਵਰਗੇ ਪਤਿਤ ਨੂੰ ਵੀ ਉਨ੍ਹਾਂ ਐਨਾ ਪਿਆਰ ਦਿੱਤਾ ਅਤੇ ਅੱਗੋਂ ਲਈ ਭੀ ਸੱਦਾ ਦਿੱਤਾ ਕਿ ਜ਼ਰੂਰ ਆਇਆ ਕਰੋ। ਅਸੀਂ ਭੀ ਤੇਰੇ ਦਰਸ਼ਨ ਕਰਕੇ ਖ਼ੁਸ਼ ਹੋਵਾਂਗੇ। ਉਸ, ਗੁਰੂ ਦਰੋਂ ਵਰੋਸਾਈ ਰੰਗਲੀ ਰੂਹ ਨੂੰ ਇਕ ਭੁੱਲੇ-ਭਟਕੇ ਜੀਵਨ ਵਾਲੇ ਦਾ ਅੱਗਾ ਦਿੱਸਦਾ ਸੀ ਕਿ ਗੁਰੂ ਨੇ ਇਸ ਨੂੰ ਲੜ ਲਾਉਣਾ ਹੈ ਅਤੇ ਇਸ ਨੂੰ ਗੁਰੂ ਦਰ ਤੱਕ ਪਹੁੰਚਾਉਣ ਦੀ ਡਿਊਟੀ ਮੈਂ ਨਿਭਾਉਣੀ ਹੈ।

ਫਿਰ ਕੁਝ ਸਮੇਂ ਮਗਰੋਂ ਅਸੀਂ ਦਿੱਲੀ ਆ ਗਏ। ਇਕ ਦਿਨ ਮੈਂ ਬਾਜ਼ਾਰ ਚਾਂਦਨੀ ਚੌਂਕ ਕੁਝ ਸਰਦੀ ਦਾ ਸਾਮਾਨ ਲੈਣ ਗਈ ਤਾਂ ਲਾਲ ਕਿਲ੍ਹੇ ਦੇ ਬਸ ਸਟੈਂਡ ’ਤੇ ਖੜੀ ਸਾਂ ਕਿ ਇਕ ਬਸ ਆ ਕੇ ਰੁਕੀ, ਉਸ ਵਿੱਚੋਂ ਕੁਝ ਦਸਤਾਰਾਂ ਵਾਲੀਆਂ ਬੀਬੀਆਂ ਉਤਰੀਆਂ। ਮੈਂ ਦੇਖ ਦੇਖ ਹੈਰਾਨ ਹੋਵਾਂ, ਇਹ ਕਿੱਥੋਂ ਆਈਆਂ ਹਨ? ਉਦੋਂ ਆਮ ਕਦੀ ਦਸਤਾਰ ਵਾਲੀਆਂ ਬੀਬੀਆਂ ਦੇਖਣ ਵਿੱਚ ਨਹੀਂ ਸੀ ਆਉਂਦੀਆਂ। ਮੈਂ ਉਨ੍ਹਾਂ ਗੁਰਮੁਖੀ ਸੂਰਤਾਂ ਨੂੰ ਦੇਖ ਕੇ ਅੰਦਰੋਂ ਖਿੱਚੀ ਗਈ। ਮੈਂ ਪੁੱਛਿਆ ਤੁਸੀਂ ਕੌਣ ਹੋ, ਕਿੱਥੇ ਰਹਿੰਦੀਆਂ ਹੋ? ਉਨ੍ਹਾਂ ਕਿਹਾ ਅਸੀਂ ਲੁਧਿਆਣੇ ਤੋਂ ਆਈਆਂ ਹਾਂ, ਦਿੱਲੀ ਦੁਸਹਿਰੇ ਦਾ ਸਾਲਾਨਾ ਸਮਾਗਮ ਹੁੰਦਾ ਹੈ। ਅੱਜ ਪਹਾੜ ਗੰਜ ਗੁਰਦੁਆਰੇ ਹੈ, ਕੱਲ ਬੰਗਲਾ ਸਾਹਿਬ ਰੈਣ ਸਬਾਈ ਹੈ। ਮੈਂ ਜਲਦੀ ਟੈਕਸੀ ਲੈ ਕੇ ਘਰ ਆਈ। ਆ ਕੇ ਆਪਣੇ ਪਤੀ ਨੂੰ ਕਿਹਾ, ਜਲਦੀ ਤਿਆਰ ਹੋ ਕੇ ਮੈਨੂੰ ਪਹਾੜ ਗੰਜ ਗੁਰਦੁਆਰੇ ਲੈ ਕੇ ਚੱਲੋ। ਉਹ ਮੰਨ ਗਏ। ਜਦੋਂ ਅਸੀਂ ਉੱਥੇ ਸੰਗਤ ਵਿੱਚ ਪਹੁੰਚੇ ਤਾਂ ਅੱਗੇ ਬਾਪੂ ਜੀ ਬੈਰਾਗਣ ’ਤੇ ਬਾਹਾਂ ਰੱਖ ਕੇ ਕੜੇ ਵਜਾ ਵਜਾ ਕੇ ਸ਼ਬਦ ਵਿੱਚ ਲੀਨ ਸਨ, ਸ਼ਬਦ ਚਲ ਰਿਹਾ ਸੀ "**ਗੋਬਿੰਦ ਮਨੁ ਮੋਹਿਆ ਜੀਉ ॥ ਸੰਤਨ ਕੈ ਪਰਸਾਦਿ ਅਗਾਧਿ ਕੰਠੇ ਲਗਿ ਸੋਹਿਆ ਜੀਉ ॥**" ਬੀਬੀਆਂ ਜੋ ਮੈਂ ਲਾਲ ਕਿਲ੍ਹੇ ਦੇਖੀਆਂ ਸਨ, ਉਹੀ ਕੀਰਤਨ ਕਰ ਰਹੀਆਂ ਸਨ, ਬੀਬੀ ਉਪਦੇਸ਼ ਕੌਰ ਅਤੇ ਗੁਰਚਰਨ ਕੌਰ, ਉਹ ਦੀਦਾਰ, ਉਹ ਧੁਨੀ ਮੇਰੇ ਅੰਦਰ ਲਹਿ ਗਈ। ਦੁਨੀਆ ਵਿਸਰ ਗਈ। ਸਾਹਮਣੇ ਜੋ ਦੀਦਾਰ ਦਿਸੇ ਉਸ ਦਰਸਾਏ ਨਹੀਂ ਜਾ ਸਕਦੇ। ਦੂਜੇ ਦਿਨ ਰੈਣ ਸਬਾਈ ’ਤੇ ਪਹੁੰਚੇ, ਸਾਰੀ ਰਾਤ ਜੋ ਅੰਮ੍ਰਿਤ



www.AKJ.Org

ਵਰਖਾ ਹੋਈ, ਉਹ ਕਹਿਣ ਕਥਨ ਤੋਂ ਬਾਹਰ ਸੀ। ਫਿਰ ਉਹ ਰੂਹਾਂ ਪਤਾ ਨਹੀਂ ਕਿੱਥੇ ਚੜ੍ਹ ਗਈਆਂ। ਮੈਂ ਲੱਭਦੀ ਫਿਰਾਂ, ਕੋਈ ਕਿਤੇ ਨਾ ਦਿਸੇ।

ਇਕ ਦਿਨ ਮੇਰੇ ਪਤੀ ਘਰ ਆ ਕੇ ਕਹਿਣ ਲੱਗੇ ਕਿ ਇਸ ਜੱਥੇ ਦੇ ਸਿੰਘ ਲੱਭ ਪਏ ਹਨ। ਉਹ ਦਿੱਲੀ ਵਿੱਚ ਹੀ ਰਹਿੰਦੇ ਹਨ ਅਤੇ ਕੀਰਤਨ ਕਰਦੇ ਹਨ। ਦੂਜੇ ਦਿਨ ਉਹ ਇਕ ਸਿੰਘ ਨੂੰ ਨਾਲ ਲਿਆਏ। ਉਹ ਮੈਨੂੰ ਦੂਜੀ ਦੁਨੀਆਂ ਦਾ ਹੀ ਲੱਗਿਆ। ਖਾਵੇ ਕੁਝ ਨਾ, ਉਸ ਕੋਲੋਂ ਉਲਾਸ ਅਤੇ ਖ਼ੁਸ਼ੀ ਦੀ ਰੰਗਣ ਹੀ ਪ੍ਰਤੀਤ ਹੋਵੇ। ਇਹ ਵੀ ਸਾਡੀ ਪਹਿਲੀ ਮਿਲਣੀ ਸੀ ਇਕ ਗੁਰੂ ਸੰਵਾਰੇ ਸਿੰਘ ਨਾਲ। ਉਹ ਸਿੰਘ ਸੀ ਭਾਈ ਪ੍ਰੀਤਮ ਸਿੰਘ ਚਾਨੀ ਜੀ। ਕੀਰਤਨ ਅਖਾੜਿਆਂ ਵਿੱਚ ਉਹ ਜੋੜੀ ਵਜਾਉਣ ਦੀ ਸੇਵਾ ਕਰਦੇ ਸਨ। ਉਦੋਂ ਆਪ ਸਰਬਲੋਹੀ ਸਿੰਘ ਸਨ।

ਉਪ੍ਰੋਕਤ ਸਿੰਘ ਤੋਂ ਕੀਰਤਨ ਸਮਾਗਮਾਂ ਦਾ ਪਤਾ ਲੱਗਣ ਲੱਗ ਪਿਆ। ਅਸੀਂ ਹਰ ਐਤਵਾਰ ਕੀਰਤਨ ’ਤੇ ਜਾਣ ਲੱਗ ਪਏ। ਸਤਿਸੰਗਤ ਹੋ ਗਈ। ਪਤੀ ਜੀ ਨੇ ਕੇਸ ਰੱਖ ਲਏ ਸਨ, ਅਤੇ ਦਸਤਾਰ ਸਜਾਉਣ ਲੱਗ ਪਏ ਸਨ। ਗੁਰਸਿੱਖਾਂ ਦੀ ਸੰਗਤ ਅਤੇ ਪ੍ਰੇਮ ਭਰੇ ਵਰਤਾਉ ਨੇ ਸਾਡਾ ਜੀਵਨ ਸੋਹਣਾ ਤੇ ਮਿੱਠਾ ਬਣਾ ਦਿੱਤਾ। ਇਕ ਦਿਨ ਗੁਰੂ ਨੇਤ ਹੀ ਕਰਨਲ ਪਿਆਰਾ ਸਿੰਘ ਜੀ ਦਿੱਲੀ ਆਪਣੇ ਪੁੱਤਰ ਮੇਜਰ ਇੰਦਰਜੀਤ ਸਿੰਘ ਪਾਸ ਆਏ। ਉਹ ਆਪਣੇ ਪੁੱਤਰ ਦੇ ਕੰਮ ਸਾਡੇ ਘਰ ਆ ਗਏ। ਉਨ੍ਹਾਂ ਦੀ ਉਸ ਮਿਲਣੀ ਨੇ ਸਾਡੇ ਅੰਦਰ ਅੰਮ੍ਰਿਤ ਛਕਣ ਦੀ ਇੱਛਾ ਪਰਬਲ ਕਰ ਦਿੱਤੀ। ਫਿਰ ਪੋਹ ਸੁਦੀ ਸਪਤਮੀ ਆਈ, ਅਸੀਂ ਲੁਧਿਆਣੇ ਗਏ। ਬਾਪੂ ਜੀ ਦੇ ਦਰਸ਼ਨ ਕੀਤੇ। ਅੱਗੋਂ ਉਨ੍ਹਾਂ ਪਾਸੋਂ ਭੀ ਪਿਆਰ ਮਿਲਿਆ। “ਓ ਭਾਈ ! ਤੂੰ ਤਾਂ ਵੱਡੇ ਭਾਗਾਂ ਵਾਲਾ ਹੈ ! ਬੀਬੀ ਭੀ ਭਾਗਾਂ ਵਾਲੀ ਹੈ।” ਸਾਨੂੰ ਨੀਚਾਂ ਨੂੰ, ਦੁਨਿਆਵੀ ਮਾਇਆਵੀ ਚਿੱਕੜ ਵਿੱਚ ਲਿੱਬੜਿਆਂ ਨੂੰ ਅਸੀਸਾਂ ਦੀ ਛਹਿਬਰ ਲਾ ਕੇ ਆਪਣੀ ਅੰਮ੍ਰਿਤ ਦ੍ਰਿਸ਼ਟੀ ਨਾਲ ਨੁਹਾ ਦਿੱਤਾ। ਬਚਨ ਕੀਤਾ, “ਅੰਮ੍ਰਿਤ ਛਕ ਲਓ।” ਤਾਂ ਇਨ੍ਹਾਂ ਉੱਤਰ ਦਿੱਤਾ ਕਿ ਇਹ ਦਸਤਾਰ ਤੋਂ ਝਿਜਕਦੀ ਹੈ, ਤਾਂ ਕਹਿਣ ਲੱਗੇ ‘ਇਹ ਜ਼ਰੂਰ ਛਕੇਗੀ।’ ਉਹ ਬਚਨ ਸੱਤ ਹੋਏ। ਅੰਮ੍ਰਿਤ ਦੀ ਦਾਤ ਸਤਿਗੁਰਾਂ ਨੇ ਸਾਨੂੰ ਬਖਸ਼ਸ਼ ਕੀਤੀ। ਉਨ੍ਹਾਂ ਦੇ ਦਰਸ਼ਨਾਂ ਦੀ ਖਿੱਚ ਬਹੁਤ ਵੱਧ ਗਈ। ਅਸੀਂ ਥੋੜ੍ਹੀ ਦੇਰ ਬਾਅਦ ਹੀ ਲੁਧਿਆਣੇ ਆ ਜਾਣਾ, ਦਰਸ਼ਨ ਕਰ ਕੇ ਰੂਹ ਖਿੜ ਜਾਣੀ। ਕੋਈ ਗੱਲ ਅੰਦਰ ਫੁਰਨੀ, ਜਦ ਦਰਸ਼ਨਾਂ ਲਈ ਜਾਣਾ ਤਾਂ ਉੱਥੇ ਉਸਦਾ ਜਵਾਬ ਸੁੱਤੇ ਸਿੱਧ ਹੀ ਮਿਲ ਜਾਣਾ। ਸੱਚਮੁੱਚ ਉਹ ਜਿਵੇਂ ਦਿਲਾਂ ਦੇ ਮਹਿਰਮ ਸਨ, ਦਿਲਾਂ ਦੀ ਬੁੱਝ ਲੈਂਦੇ ਸਨ। ਉਨ੍ਹਾਂ ਇਕ ਦਿਨ ਕਿਹਾ, ‘ਕੋਈ ਸ਼ਬਦ ਆਉਂਦਾ ਹੈ’ ਮੈਂ ਕਿਹਾ, “ਜੀ, ਇਕ ਆਉਂਦਾ ਹੈ।” “ਅੱਛਾ ਸੁਣਾ”, ਜਾਨ ਸੁਖਾਲਾ ਜੀ ਜੋੜੀ ਲਿਆਇਆ। ਸ਼ਬਦ ਸੁਣਾਇਆ। “**ਕੀਓ ਸਿੰਗਾਰੁ ਮਿਲਨ ਕੇ ਤਾਈ ॥ ਹਰਿ ਨ ਮਿਲੇ ਜਗਜੀਵਨ ਗੁਸਾਈ ॥**” ਸੁਣ ਕੇ ਬਹੁਤ ਖੁਸ਼ ਹੋਏ। ਬਹੁਤ ਪਿਆਰ ਦਿੱਤਾ। ਇਸ ਸ਼ਬਦ ਨੇ ਤਾਂ ਮਾਨੋ ਸਾਡਾ ਰਿਸ਼ਤਾ ਪੀਢਾ ਕਰ ਦਿੱਤਾ।

ਇਕ ਦਿਨ ਉਨ੍ਹਾਂ ਦੇ ਘਰ ਵਿੱਚ ਅਣਜਾਣ ਜਿਹੀਆਂ ਅੱਲ੍ਹੜਮਤ ਦੋ ਬੀਬੀਆਂ, ਇਕ ਸਹੇਲੀ ਨਾਲ ਕਿਸੇ ਸੰਤ ਦੇ ਡੇਰੇ ਸਮਾਗਮ ਦੇਖਣ ਚਲੀਆਂ ਗਈਆਂ। ਉੱਥੇ ਬੇਅੰਤ ਭੀੜ ! ਲੋਕ ਸੰਤਾਂ ਦੇ ਦਰਸ਼ਨਾਂ ਨੂੰ ਉਮਡ-ਉਮਡ ਪੈਣ। ਉਨ੍ਹਾਂ ਦੇ ਸੇਵਾਦਾਰ ਖ਼ਾਸ-ਖ਼ਾਸ ਲੋਕਾਂ ਨੂੰ ਸੰਤਾਂ ਕੋਲ ਲੈ ਜਾਣ, ਬਾਕੀ ਸਾਰੀ ਦੁਨੀਆਂ ਧੁੱਪੇ ਖੜੀ ਉਡੀਕੇ। ਇਹ ਦੋਵੇਂ ਬੀਬੀਆਂ ਦਸਤਾਰਾਂ ਵਾਲੀਆਂ ਦੂਰੋਂ ਦਿਸਣ। ਸੰਤਾਂ ਨੇ ਬੁਲਾ ਲਈਆਂ ਤੇ ਕਹਿਣ ਲੱਗੇ, “ਕਈ ਲੋਕ ਬੜੇ ਕੱਟੜ ਹੁੰਦੇ ਹਨ,” ਵਗ਼ੈਰਾ ਵਗ਼ੈਰਾ। ਕਿਉਂਕਿ ਉਨ੍ਹਾਂ ਬੀਬੀਆਂ ਨੇ ਸੰਤਾਂ ਨੂੰ ਮੱਥਾ ਨਹੀਂ ਸੀ ਟੇਕਿਆ, ਕੇਵਲ ਫਤਹਿ ਬੁਲਾਈ ਸੀ। ਸੋ, ਕਈ ਕੁਝ ਸੰਤਾਂ ਤੋਂ ਸੁਣ ਕੇ ਆਈਆਂ। ਕਿਉਂਕਿ ਘਰੋਂ ਸਹੇਲੀ ਨਾਲ ਬਿਨਾਂ ਪੁੱਛੇ ਗਈਆਂ ਸੀ, ਡਰ ਗਈਆਂ। ਇਕ ਕਹੇ, “ਹੁਣ ਬਾਪੂ ਜੀ ਤੋਂ ਝਿੜਕਾਂ ਪੈਣਗੀਆਂ।” ਦੂਜੀ ਕਹੇ, “ਆਪਾਂ ਦੱਸਣਾ ਹੀ ਨਹੀਂ।” ਜਦੋਂ ਵਾਪਸ ਆ ਗਈਆਂ, ਘਰ ਕੋਈ ਨਹੀਂ ਸੀ ਪਤਾ ਕਿ ਅਸੀਂ ਡੇਰੇ ਗਈਆਂ ਸੀ। ਇਤਨੇ ਨੂੰ ਇਕ ਸਿੰਘ ਆ ਗਿਆ ਤੇ ਕਿਹਾ ਕਿ ਬੀਬੀਆਂ ਦੀ ਜੋੜੀ ਨੂੰ ਬਾਪੂ ਜੀ ਬੁਲਾਉਂਦੇ ਹਨ। ਅਸੀਂ ਸਮਝ ਗਈਆਂ, ਪਰ ਇਹ ਤਸੱਲੀ ਕਿ ਕਿਹੜਾ ਉਨ੍ਹਾਂ ਨੂੰ ਪਤਾ ਹੈ? ਜਦੋਂ ਅੰਦਰ ਗਈਆਂ ਤਾਂ ਇਹ ਬਚਨ ਹੋਏ, ‘ਕਰ ਆਈਆਂ ਸਾਧ ਦੇ ਦਰਸ਼ਨ? ਸੁਣ ਆਈਆਂ ਗੁਰਸਿੱਖਾਂ ਦੀ ਨਿੰਦਿਆਂ? ਕੀ ਨਹੀਂ ਸੀ


www.AKJ.Org

ਤੁਹਾਡੇ ਕੋਲ ਜੋ ਉੱਥੇ ਲੈਣ ਗਈਆਂ ਸੀ? ਬੀਬੀ ਤੁਹਾਨੂੰ ਸਤਿਗੁਰ ਨੇ ਆਪ ਦੇ ਘਰ ਜਨਮ ਦਿੱਤਾ, ਵੱਡੇ ਭਾਗ। ਤੁਹਾਨੂੰ ਅੰਮ੍ਰਿਤ ਦੀ ਬੂੰਦ ਮੁੱਖ ਪਾਈ ਜਿਸਦੇ ਬਰਾਬਰ ਹੋਰ ਕੋਈ ਦਾਤ ਨਹੀਂ। ਕੀ ਚਾਹੀਦਾ ਸੀ ਜੋ ਉੱਥੇ ਲੈਣ ਗਈਆਂ ਸੀ?" ਅਸੀਂ ਬਾਪੂ ਜੀ ਕੋਲੋਂ ਮਾਫ਼ੀ ਮੰਗੀ ਕਿ ਬਾਪੂ ਜੀ ਅਸੀਂ ਤਾਂ ਐਵੇਂ ਨਾਲ ਤੁਰ ਗਈਆਂ ਕਿ ਉੱਥੇ ਦੇਖਾਂਗੇ ਕੀ ਹੁੰਦਾ ਹੈ। ਸਾਥੋਂ ਗ਼ਲਤੀ ਹੋਈ ਹੈ। ਨਾਲੇ ਸਾਨੂੰ ਇਹ ਸੀ ਕਿ ਤੁਹਾਨੂੰ ਕਿਹੜਾ ਪਤਾ ਲੱਗਣੈ ਜਾਂ ਕਿਸੇ ਨੇ ਦੱਸਣਾ ਹੈ; ਸਾਥੋਂ ਵੱਡੀ ਭੁੱਲ ਹੋਈ ਹੈ, ਸਾਨੂੰ ਬਖ਼ਸ਼ ਦਿਓ ਜੀ। ਉਨ੍ਹਾਂ ਇਹ ਗੱਲਾਂ ਕਿਸੇ ਦੇ ਸਾਹਮਣੇ ਨਹੀਂ ਕੀਤੀਆਂ, ਇਕੱਲਿਆਂ ਨੂੰ ਡਾਂਟਿਆ।

ਇਕ ਦਿਨ ਬੁਲਾਇਆ ਤੇ ਕਿਹਾ, "ਬੀਬੀ! ਆਲਮਗੀਰ ਦੇ ਗੁਰਦੁਆਰਾ ਸਾਹਿਬ ਦੇ ਸਲਾਨਾ ਸਮਾਗਮ ਦੇ ਇਸ਼ਤਿਹਾਰ ਉਥੋਂ ਦੀ ਕਮੇਟੀ ਨੇ ਬਿਨ੍ਹਾਂ ਸਾਨੂੰ ਪੁੱਛੇ ਹੀ ਛਾਪ ਦਿੱਤੇ ਹਨ ਕਿ ਅੰਮ੍ਰਿਤ ਵੇਲੇ ਤਿੰਨ ਘੰਟੇ ਆਸਾ ਦੀ ਵਾਰ, ਜੱਥਾ ਕਰੇਗਾ, ਉਸ ਤੋਂ ਉਪਰੰਤ ਖੁੱਲ੍ਹਾ ਕੀਰਤਨ ਭੀ, ਜਦੋਂ ਤੱਕ ਢਾਡੀ ਨਹੀਂ ਲੱਗਦੇ। ਮੈਂ ਘਬਰਾ ਗਈ। ਬੀਬੀ ਗੁਰਦੀਸ਼ ਕੌਰ ਸਹੁਰੇ ਗਈ ਹੋਈ ਸੀ। ਉਹ ਸਾਡੀ ਮੋਢੀ ਕੀਰਤਨੀ ਸੀ। ਅਸੀਂ ਕਿਹਾ ਕਿ ਬਾਪੂ ਜੀ ਅਸੀਂ ਤਾਂ ਕਰ ਨਹੀਂ ਸਕਣਾ, ਗੁਰਦੀਸ਼ ਕੌਰ ਹੈ ਨਹੀਂ। ਉੱਥੇ ਸੰਗਤਾਂ ਦਾ ਬਹੁਤ ਵੱਡਾ ਇਕੱਠ ਹੋਣਾ ਹੈ। ਕਹਿਣ ਲੱਗੇ ਕਿ ਤੁਸੀਂ ਕੀ ਕਰਨਾ ਹੈ? ਸਤਿਗੁਰਾਂ ਕਰਾਉਣਾ ਹੈ; ਸਿਰਫ ਤੁਸੀਂ ਚਲੇ ਜਾਓ। ਬੀਬੀ ਦਲੇਰ ਕੌਰ ਹੁਰਾਂ ਨਾਲ ਸਾਨੂੰ ਸਿਰਫ਼ ਦੋਹਾਂ ਨੂੰ ਘੱਲ ਦਿੱਤਾ, ਨਾਲ ਜੋੜੀ ਵਾਲਾ ਇਕ ਸਿੰਘ। ਸਾਨੂੰ ਕਿਸੇ ਜਿਵੇਂ ਕੁਝ ਪਿਲਾ ਦਿੱਤਾ ਹੋਵੇ। ਹੋਸ਼ ਤਾਂ ਆਈ ਜਦ ਆਖ਼ਰੀ ਛੱਕਾ ਪੜ੍ਹਿਆ। ਜਦ ਉੱਠ ਕੇ ਬਾਹਰ ਆਈਆਂ, ਪੈਰ ਜ਼ਮੀਨ 'ਤੇ ਨਹੀਂ, ਉਪਰ ਉਪਰ ਹੀ ਤੁਰਨ। ਘਰ ਆ ਕੇ ਸਿੱਧਾ ਉਨ੍ਹਾਂ ਪਾਸ ਗਈਆਂ, ਬਾਹਰ ਸੈਰ ਕਰ ਰਹੇ ਸੀ। ਦੇਖ ਕੇ ਖ਼ੂਬ ਹੱਸੇ। ਕਿਹਾ, "ਮੇਰੀ ਲਾਲਾਂ ਦੀ ਜੋੜੀ ਨੇ ਧੁੰਮਾ ਪਾ ਦਿੱਤੀਆਂ।" ਅਸੀਂ ਕਿਹਾ, "ਫਿਰ ਤੁਸੀਂ ਨਾਲ ਹੀ ਸੀਗੇ ਨਾ।" ਬਹੁਤ ਪਿਆਰ ਕੀਤਾ ਤੇ ਕਿਹਾ, "ਮੰਗੋ ਜੋ ਚਾਹੀਦਾ ਹੈ।" ਮੰਗਿਆ ਕੀ ਜਾਣਾ ਸੀ। ਬੋਲ ਕਿੱਥੇ ਹੁੰਦਾ ਸੀ। ਅੰਦਰ ਮੰਗਦਾ ਸੀ ਕਿ ਸੋਝੀ ਸਾਨੂੰ ਭੀ ਕਰਾਓ ਜੋ ਤੁਸੀਂ ਆਪ ਕਰਦੇ ਹੋ। ਵਾਹਿਗੁਰੂ ਵਾਹਿਗੁਰੂ। ਇਹ ਗਾਥਾ ਲਿਖਦਿਆਂ ਨਹੀਂ ਮੁੱਕਣੀ। ਇਹ ਘਟਨਾ 1957-58 ਦੀ ਹੈ। ਵਾਕਈ ਕੀਰਤਨ ਦੀ ਸੇਵਾ ਸਤਿਗੁਰੂ ਜੀ ਨੇ ਆਪ ਹੀ ਸਾਡੇ ਅੰਦਰ ਵਰਤ ਕੇ ਲੈ ਲੈਂਦੇ ਹਨ, ਪਰ ਅਸੀਂ ਸਮਝਦੇ ਹਾਂ ਕੀਰਤਨ ਅਸੀਂ ਕਰਦੇ ਹਾਂ। ਅਸਾਂ ਦੋਹਾਂ ਨੇ ਉਸ ਦਿਨ ਭੈ-ਭਵਾਨੀ ਵਿੱਚ ਕੀਰਤਨ ਦੀ ਸੇਵਾ ਕੀਤੀ ਤਾਂ ਸਤਿਗੁਰੂ ਜੀ ਨੇ ਬੇਅੰਤ ਬਖ਼ਸ਼ਿਸ਼ਾਂ ਕੀਤੀਆਂ।

ਸਾਲ 1965 ਵਿਚ ਪਾਕਿਸਤਾਨ ਨਾਲ ਜੰਗ ਲੱਗੀ। ਅਸੀਂ ਫਿਰੋਜ਼ਪੁਰ ਛਾਉਣੀ ਸਾਂ। ਇਕਦਮ ਸਾਰੀ ਫ਼ੌਜ ਸਤਿਲੁਜ ਦਰਿਆ ਪਾਰ ਪਹੁੰਚ ਗਈ। ਆਸ ਪਾਸ ਦੇ ਸਾਰੇ ਬੰਗਲੇ, ਸਾਰੀਆਂ ਬੈਰਕਾਂ ਖ਼ਾਲੀ ਹੋ ਗਈਆਂ। ਪੂਰੇ ਦਾ ਪੂਰਾ ਇਲਾਕਾ ਸੁੰਨਸਾਨ ਹੋ ਗਿਆ। ਸਾਡੇ ਬਾਲ ਬੱਚੇ ਕੱਢਣ ਲਈ, ਪਿਛਿਓਂ ਘਰੋਂ ਕਿਸੇ ਲੈਣ ਆਉਣਾ ਸੀ, ਉਹ ਵੇਲੇ ਸਿਰ ਨਾ ਆ ਸਕੇ। ਇਸ ਤਰ੍ਹਾਂ ਉਜਾੜ ਪੈ ਗਈ ਕਿ ਸੜਕਾਂ ਭੀ ਸੁੰਨੀਆਂ, ਸਭ ਇਮਾਰਤਾਂ ਭੀ ਸੁੰਨੀਆਂ। ਰਾਤ ਪੈ ਗਈ। ਦੂਰ ਦੂਰ ਤੱਕ ਕੋਈ ਬੱਤੀ ਨਾ ਦਿਸੇ, ਸਿਰਫ਼ ਦੂਰ ਜਾ ਕੇ ਇਕ ਗਿਰਜਾਘਰ ਸੀ, ਹੋਰ ਕੁਝ ਭੀ ਨਾ ਸੀ। ਉਨ੍ਹਾਂ ਵੱਡੇ-ਵੱਡੇ ਬੰਗਲਿਆਂ ਦੇ ਸ਼ੀਸ਼ਿਆਂ ਦੇ ਦਰਵਾਜੇ ਖਿੜਕੀਆਂ, ਕੋਈ ਭੀ ਤੋੜ ਕੇ ਆਰਾਮ ਨਾਲ ਅੰਦਰ ਆ ਜਾਏ। ਘਰ ਵਿੱਚ ਤਿੰਨ ਬੱਚੀਆਂ, ਇੱਕ ਛੇ ਮਹੀਨੇ ਦਾ ਬੱਚਾ, ਹੋਰ ਨਾ ਕੋਈ ਨੌਕਰ ਨਾ ਕੋਈ ਅਰਦਲੀ। ਨਾਲ ਦੇ ਸਭ ਕੁਆਟਰ ਭੀ ਖਾਲੀ। ਉਹ ਭਿਆਨਕ ਰਾਤ ਸੀ। ਮੈਂ ਦਹਿਲ ਗਈ ਅਤੇ ਬੇਹੋਸ਼ ਹੋ ਗਈ। ਬਾਪੂ ਜੀ ਆ ਕੇ ਸਾਹਮਣੇ ਖੜ੍ਹੇ ਹੋ ਗਏ। ਬੋਲੇ-ਉੱਠ ਬੀਬੀ ਕਿਉਂ ਡਰਦੀ ਹੈਂ? ਮੈਂ ਆ ਗਿਆ ਹਾਂ। ਗੁਰੂ ਤੇਰੇ ਅੰਗ ਸੰਗ ਹੈ, ਤੇਰਾ ਵਾਲ ਵਿੰਗਾ ਨਹੀਂ ਹੋਵੇਗਾ। ਉਠ ਕੇ ਸ਼ਬਦ ਦਾ ਜਾਪ ਕਰ। ਨਾਲ ਹੀ ਆਪ ਸ਼ਬਦ ਪੜ੍ਹਿਆ: "**ਭੈਰਉ ਮਹਲਾ ੫ ॥ ਊਠਤ ਸੁਖੀਆ ਬੈਠਤ ਸੁਖੀਆ ॥ ਭਉ ਨਹੀ ਲਾਗੈ ਜਾਂ ਐਸੇ ਬੁਝੀਆ ॥**" ਇਹ ਪੂਰਾ ਸ਼ਬਦ ਪੜ੍ਹ ਕੇ ਸੁਣਾਇਆ। ਮੈਂ ਉੱਠੀ, ਅੰਮ੍ਰਿਤ ਕੀਰਤਨ ਵਾਲੀ ਪੋਥੀ ਕੱਢੀ, ਉਸੇ ਵੇਲੇ ਉਸ ਸ਼ਬਦ ਦਾ ਬਰਾਬਰ ਪਾਠ ਕੀਤਾ। ਸਭ ਡਰ ਭੈ ਦੂਰ ਹੋ ਗਏ। ਸਵੇਰ ਹੋਈ, ਘਰੋਂ ਲੈਣ



www.AKJ.Org

ਆ ਗਏ ਤੇ ਪਰਿਵਾਰ ਵਿੱਚ ਆਪਣੇ ਘਰ ਸੁਖੀ ਸਾਂਦੀ ਚਲੀ ਗਈ। ਗਿਆਤ ਰਹੇ, ਭਾਈ ਸਾਹਿਬ ਸੰਨ 1961 ਵਿੱਚ ਚੜ੍ਹਾਈ ਕਰ ਗਏ ਸਨ। ਇਹ ਘਟਨਾ ਸਤੰਬਰ 1965 ਦੀ ਹੈ।

**ਬੀਬੀ ਜੀ ਦੇ ਜੀਵਨ ਬਾਰੇ ਹੋਰ ਜਾਣਕਾਰੀ : ਵਲੋਂ ਸੰਪਾਦਕ**

ਇਨ੍ਹਾਂ ਦੇ ਸਿੰਘ ਸਾਹਿਬ ਸੰਨ 1968 ਵਿਚ ਰਿਟਾਇਰ ਹੋਣ ਤੋਂ ਪਹਿਲਾਂ ਮਾਡਲ ਟਾਊਨ ਜਲੰਧਰ ਵਿਚ ਕਿਰਾਏ ਤੇ ਰਹੇ ਤੇ ਬਾਅਦ ਵਿਚ ਆਪਣੇ ਪਿੰਡ ਮਿੱਠਾ ਪੁਰ ਵਿਖੇ ਹੀ ਆਪਣੀ ਜੱਦੀ ਜਮੀਨ ਵਿਚ ਰਿਹਾਇਸ਼ ਬਣਾ ਲਈ। ਇਹ ਦੰਪਤੀ ਜਥੇ ਦੇ ਖਾਸ ਰੁਕਨ ਸਨ ਅਤੇ ਬਾਊ ਜੀ ਦੇ ਖਾਸ ਵਿਸ਼ਵਾਸ ਪਾਤਰ ਸਨ। ਜਨਵਰੀ 1971 ਵਿਚ 'ਸੂਰਾ' ਮਾਸਿਕ ਪੱਤਰ ਦੀ ਸੇਵਾ ਆਪ ਜੀ ਦੇ ਸਿੰਘ ਸਾਹਿਬ ਨੂੰ ਸੌਂਪੀ ਗਈ ਜੋ ਕਿ ਫਰਵਰੀ 1973 ਜਾਰੀ ਰਹੀ ਤੇ ਆਪ ਪ੍ਰੀਵਾਰਕ ਸੇਵਾ ਸੰਭਾਲ ਦੇ ਨਾਲ-ਨਾਲ ਇਸ ਸੇਵਾ ਵਿਚ ਵੀ ਮੋਢੇ ਨਾਲ ਮੋਢਾ ਢਾਹ ਕੇ ਹਿੱਸਾ ਪਾਉਂਦੇ ਰਹੇ। ਵੈਸਾਖੀ 1978 ਦੇ ਸ੍ਰੀ ਅੰਮ੍ਰਿਤਸਰ ਵਿਚ ਵਾਪਰੇ ਖ਼ੂਨੀ ਕਾਂਡ ਵੇਲੇ ਜੋ ਆਪ ਨੇ ਸੇਵਾ ਨਿਭਾਈ ਉਹ ਖਾਸ ਵਰਣਨਯੋਗ ਹੈ। ਅਕਾਲੀ ਲੀਡਰਸ਼ਿਪ ਅਤੇ ਸ਼੍ਰੋਮਣੀ ਕਮੇਟੀ ਦੇ ਅਧਿਕਾਰੀ ਇਸ ਸਾਕੇ ਦੇ ਸ਼ਹੀਦਾਂ ਦੇ ਸਸਕਾਰ, ਕੇਸ ਦੀ ਪੈਰਵਾਈ ਕਰਨ ਤੋਂ ਆਨਾ ਕਾਨੀ ਕਰ ਰਹੇ ਸਨ। ਪ੍ਰੰਤੂ ਆਪ ਜੀ ਨੇ ਦਲੇਰਾਨਾ ਕਾਰਵਾਈ ਕਰਦੇ ਹੋਏ, ਇੰਨ੍ਹਾਂ ਸਿੰਘਾਂ ਨੂੰ ਕੌਮੀ ਸ਼ਹੀਦਾਂ ਦਾ ਦਰਜਾ ਦਿਵਾਇਆ ਤੇ ਉਨ੍ਹਾਂ ਦੇ ਭੋਗ ਸਮਾਗਮ ਤੇ ਕੇਸ ਦੀ ਪੈਰਵਾਈ ਪੰਥਕ ਪੱਧਰ ਤੇ ਕਰਨ ਦਾ ਫੈਸਲਾ ਕਰਵਾਇਆ। ਫਿਰ ਆਪ ਨੇ ਲਗਾਤਾਰ ਪੰਜ-ਛੇ ਮਹੀਨੇ, ਘਰ ਬਾਰ ਤੇ ਬੱਚੇ ਛੱਡ ਕੇ ਸ੍ਰੀ ਅੰਮ੍ਰਿਤਸਰ ਰਹਿ ਕੇ ਭਾਈ ਜੋਗਿੰਦਰ ਸਿੰਘ ਜੀ ਤਲਵਾੜਾ ਨਾਲ ਰਲ ਕੇ ਇਸ ਕੇਸ ਦੀ ਪੈਰਵਾਈ ਕੀਤੀ। ਬੀਬੀ ਜੀ ਬਹੁਤ ਨਿਧੜਕ, ਬੇਬਾਕ, ਹਾਜ਼ਿਰ ਜੁਆਬ ਤੇ ਦਲੇਰਾਨਾ ਸੁਭਾਅ ਵਾਲੇ ਪੁਰਾਤਨ ਸਿੰਘਣੀਆਂ ਦਾ ਜੀਉਂਦਾ ਜਾਗਦਾ ਨਮੂਨਾ ਸਨ। ਗੁਰਮਤਿ ਦੇ ਸਿਧਾਂਤਾਂ ਤੇ ਪਹਿਰਾ ਦਿਵਾਉਣ ਲਈ ਉਹ ਅਕਾਲੀ ਲੀਡਰਸ਼ਿਪ ਨੂੰ ਆਪਣੀਆਂ ਅਕੱਟ ਦਲੀਲਾਂ ਨਾਲ ਕਾਇਲ ਕਰ ਲੈਂਦੇ ਸਨ ਤੇ ਉਨ੍ਹਾਂ ਦਾ ਹੱਥ ਫੜਕੇ ਫੈਸਲੇ ਵੀ ਕਰਵਾ ਲੈਂਦੇ ਸਨ। ਉਹ ਦੇਸ਼ ਦੀ ਪ੍ਰਧਾਨ ਮੰਤਰੀ ਤੋਂ ਲੈ ਕੇ ਮੁਖ ਮੰਤਰੀ ਪੰਜਾਬ, ਪ੍ਰਧਾਨ ਸ਼੍ਰੋਮਣੀ ਕਮੇਟੀ ਅਤੇ ਅਕਾਲੀ ਦਲ ਆਦਿ ਕੋਲ ਜਾ ਕੇ ਪੰਥਕ ਮਸਲਿਆਂ ਨੂੰ ਸਮੇਂ-ਸਮੇਂ ਉਠਾਉਂਦੇ ਰਹਿੰਦੇ ਸਨ ਤੇ ਮੰਨਵਾ ਵੀ ਲੈਂਦੇ ਸਨ।

ਬੀਬੀ ਜੀ ਨੇ ਸੰਨ 1982 ਵਿਚ ਪੰਥ ਵੱਲੋਂ ਲਾਏ ਗਏ ਧਰਮ ਯੁੱਧ ਮੋਰਚੇ ਵਿਚ ਜਥੇਦਾਰ ਭਾਈ ਰਾਮ ਸਿੰਘ ਜੀ ਦੀ ਅਗਵਾਈ ਹੇਠ ਜਥੇ ਦੇ ਸਿੰਘਾਂ ਨਾਲ ਗ੍ਰਿਫਤਾਰੀ ਦਿੱਤੀ ਤੇ 2 ਮਹੀਨੇ ਜੇਲ ਵੀ ਕੱਟੀ। ਉਹ ਖਾੜਕੂਵਾਦ ਵੇਲੇ ਸਿੰਘਾਂ ਉੱਪਰ ਪੁਲਿਸ ਵੱਲੋਂ ਕੀਤੇ ਜਾਂਦੇ ਤਸ਼ਦੱਦ ਦੇ ਵਿਰੁੱਧ ਵੀ ਅਵਾਜ਼ ਉਠਾਉਂਦੇ ਰਹੇ ਅਤੇ ਉੱਚ ਪੁਲਿਸ ਅਫਸਰਾਂ ਤਾਈਂ ਪਹੁੰਚ ਕਰਕੇ ਬਹੁਤ ਸਾਰੇ ਸਿੰਘਾਂ ਨੂੰ ਨਜ਼ਾਇਜ਼ ਕੇਸਾਂ ਵਿਚੋਂ ਛਡਵਾਇਆ। ਸ਼ਹੀਦ ਸਿੰਘਾਂ ਦੇ ਪ੍ਰੀਵਾਰਾਂ ਤੇ ਲੋੜਵੰਦ ਗਰੀਬਾਂ ਬੱਚਿਆਂ ਦੀ ਦਿਲ ਖੋਲ ਕੇ ਸਹਾਇਤਾ ਕਰਦੇ ਸਨ। ਆਪ ਜੀ ਸੰਗਤ ਦੇ ਪੈਸੇ ਦੀ ਦੁਰਵਰਤੋ ਅਤੇ ਪਰਾਏ ਧਨ ਖਾਣ ਤੋਂ ਬਹੁਤ ਬੱਚ ਕੇ ਰਹਿੰਦੇ ਸਨ। ਧਰਮ ਯੁੱਧ ਗ੍ਰਿਫਤਾਰੀ ਵੇਲੇ ਇਕ ਲੋਹੇ ਦੀ ਬਾਲਟੀ ਸੂਰਾ ਦੇ ਫੰਡ ਵਿਚੋਂ, ਖਰੀਦ ਕੇ, ਸਿੰਘਾਂ ਦੇ ਇਸ਼ਨਾਨ ਲਈ ਜੇਲ੍ਹ ਭੇਜੀ ਗਈ ਸੀ। ਰਿਹਾਈ ਤੋਂ ਬਾਅਦ ਉਹ ਬਾਲਟੀ ਬੀਬੀ ਜੀ ਦੇ ਸਮਾਨ ਵਿਚ ਜਲੰਧਰ ਚਲੀ ਗਈ। ਆਪ ਜੀ ਨੇ ਉਥੋਂ ਉਸ ਬਾਲਟੀ ਦੀ ਕੀਮਤ ਸੂਰਾ ਦੇ ਪ੍ਰਬੰਧਕਾਂ ਨੂੰ ਭੇਜੀ ਤਾਂ ਕਿ ਸੰਗਤ ਦੇ ਪੈਸੇ ਨੂੰ ਆਪਣੀ ਨਿੱਜੀ ਵਰਤੋਂ 'ਤੇ ਨਾ ਵਰਤਿਆ ਜਾਵੇ।

ਆਪ ਜੀ ਦਾ ਜਥੇ ਦੇ ਟਕਸਾਲੀ ਬੀਬੀਆਂ ਦੇ ਜੱਥੇ ਤੋਂ ਬਾਅਦ, ਦੂਸਰੇ ਜੱਥੇ ਵਿਚ ਸਭ ਤੋਂ ਪਹਿਲਾਂ ਨਾਮ ਆਉਂਦਾ ਹੈ, ਜਿਨ੍ਹਾਂ ਵਿਚ ਬੀਬੀ ਉਪਦੇਸ਼ ਕੌਰ ਜੀ, ਬੀਬੀ ਗੁਰਦੀਸ਼ ਕੌਰ ਜੀ, ਬੀਬੀ ਗੁਰਮੀਤ ਕੌਰ ਜੀ, ਬੀਬੀ ਕ੍ਰਿਪਾਲ ਕੌਰ ਜੀ ਸ਼ਾਮਿਲ ਸਨ ਜੋ ਆਪ ਜੀ ਦੀਆਂ ਖਾਸ ਸਹੇਲੀਆਂ ਸਨ। ਇੰਨ੍ਹਾਂ ਬੀਬੀਆਂ ਵੱਲੋਂ ਰੈਣ ਸਬਾਈ ਕੀਰਤਨ ਦੇ ਸਮਾਗਮਾਂ ਵਿਚ ਅੱਧੀ ਰਾਤ ਵੇਲੇ ਬੜੀਆਂ ਮਿੱਠੀਆਂ ਪਿਆਰੀਆਂ ਅਗੰਮੀ ਧੁੰਨੀਆਂ ਵਿਚ ਪੜੇ ਜਾਂਦੇ


www.AKJ.Org

ਸ਼ਬਦ ਸੁਰਤ ਨੂੰ ਟਿਕਾਉਣ ਵਿਚ ਬਹੁਤ ਸਹਾਈ ਹੁੰਦੇ। ਇੰਨ੍ਹਾਂ ਬੀਬੀਆਂ ਦੇ ਕੀਰਤਨ ਵਿਚ ਚੰਚਲਤਾ ਬਿਲਕੁਲ ਨਹੀਂ ਸੀ ਹੁੰਦੀ। ਇਹ ਇਸ ਤਰ੍ਹਾਂ ਪ੍ਰੀਤਮ ਦੇ ਮਿਲਾਪ ਲਈ ਕੀਰਤਨ ਦੀਆਂ ਅਨਹਦੀ ਧੁੰਨਾਂ ਰਾਹੀਂ ਜੋਦੜੀਆਂ ਤਰਲੇ ਕਰਦੀਆਂ ਕਿ ਸਰੋਤਿਆਂ ਦੇ ਹਿਰਦੇ ਅੰਦਰ ਵੀ ਮਿਲਾਪ ਦੀਆਂ ਤਾਘਾਂ ਰੋਮ-ਰੋਮ ਵਿਚ ਰੁਮਕਣ ਲੱਗ ਪੈਂਦੀਆਂ ਸਨ।

# ਭਾਈ ਜਸਵੰਤ ਸਿੰਘ ਜੀ, ਜਲੰਧਰ

## (ਮਾਸਿਕ - ਆਤਮ ਰੰਗ ਚੰਡੀਗੜ੍ਹ ਫਰਵਰੀ 2010)

ਗੁਰੂ ਪਿਆਰੇ, ਗੁਰੂ ਸਵਾਰੇ, ਰੰਗਲੇ ਸੱਜਣ ਭਾਈ ਸਾਹਿਬ ਭਾਈ ਜਸਵੰਤ ਸਿੰਘ ਜੀ ਦਾ ਜਨਮ ਸੰਨ 1932 ਵਿੱਚ ਪਿੰਡ ਟਿੱਕਾ, ਜ਼ਿਲ੍ਹਾ ਸਿਆਲੋਕਟ (ਪਾਕਿਸਤਾਨ) ਵਿਖੇ ਮਾਤਾ ਮਾਂ ਦਾਈ ਦੀ ਕੁੱਖੋਂ ਹੋਇਆ ਜੋ ਆਪ ਜੀ ਨੂੰ ਸਾਢੇ ਤਿੰਨ ਸਾਲ ਦੀ ਆਯੂ ਵਿੱਚ ਹੀ ਛੱਡ ਕੇ ਅਕਾਲ ਚਲਾਣਾ ਕਰ ਗਏ। ਆਪ ਜੀ ਦੇ ਪਿਤਾ ਦਾ ਨਾਂ ਸ. ਗਿਆਨ ਸਿੰਘ ਸੀ ਜੋ ਗੁਰੂ ਘਰ ਨੂੰ ਬਹੁਤ ਮੰਨਦੇ ਸਨ। ਸੰਨ 1947 ਵਿੱਚ ਪਾਕਿਸਤਾਨ ਬਣਨ ਸਮੇਂ ਆਪ ਜੀ ਪਹਿਲਾਂ ਅੰਮ੍ਰਿਤਸਰ ਤੇ ਫਿਰ ਦਿੱਲੀ ਰਹੇ। ਇੱਥੇ ਦਿੱਲੀ ਹੀ ਆਪ ਜੀ ਦਾ ਅਨੰਦ ਕਾਰਜ ਬੀਬੀ ਜਸਬੀਰ ਕੌਰ ਨਾਲ ਹੋਇਆ। ਸੰਨ 1951 ਵਿੱਚ ਆਪ ਜੀ ਨੂੰ ਅਖੰਡ ਕੀਰਤਨੀ ਜੱਥੇ ਦੇ ਇਕ ਰੈਣ ਸਬਾਈ ਕੀਰਤਨ ਸਮਾਗਮ 'ਤੇ ਜਾਣ ਦਾ ਸੁਭਾਗ ਪ੍ਰਾਪਤ ਹੋਇਆ। ਗਏ ਤਾਂ ਕੇਵਲ ਦੋ ਕੁ ਘੰਟੇ ਲਈ ਸਨ ਪਰ ਚੜ੍ਹਦੀ ਕਲਾ ਵਿੱਚ ਕੀਰਤਨ ਦੀਆਂ ਐਸੀਆਂ ਗੁੰਜਾਰਾਂ ਸੁਣੀਆਂ ਕਿ ਅਨੰਦ-ਅਨੰਦ ਹੀ ਹੋ ਗਏ। ਸਵੇਰੇ ਭੋਗ ਪੈਣ ਤੱਕ ਵਾਪਸ ਘਰ ਪਰਤਣ ਦੀ ਸੁਰਤ ਹੀ ਨਾ ਰਹੀ। ਅੰਮ੍ਰਿਤ ਛੱਕ ਕੇ ਗੁਰੂ ਵਾਲੇ ਬਣਨ ਲਈ ਮਨ ਤਤਪਰ ਹੋ ਗਿਆ। ਕੁਝ ਸਮੇਂ ਬਾਅਦ ਹੀ ਆਪ ਜੀ ਨੂੰ ਸਿੰਘਣੀ ਸਮੇਤ ਗੁਰੂ ਸਾਹਿਬ ਨੇ ਅੰਮ੍ਰਿਤ ਦੀ ਦਾਤ ਬਖਸ਼ੀ। ਫਿਰ ਕੀ ਸੀ, ਨਾਮ ਰੰਗ ਵਿੱਚ ਰੰਗੇ ਗਏ। ਅੰਮ੍ਰਿਤ ਵੇਲੇ ਸਾਢੇ ਬਾਰਾਂ ਵਜੇ ਹੀ ਉੱਠ ਕੇ ਨਾਮ ਅਭਿਆਸ ਕਮਾਈ ਵਿੱਚ ਜੁੱਟ ਜਾਣਾ। ਸਤਿਗੁਰੂ ਜੀ ਦੀ ਅਪਾਰ ਰਹਿਮਤ ਸਦਕਾ ਅੰਤ ਸਮੇਂ ਤੱਕ ਅੰਮ੍ਰਿਤ ਵੇਲੇ ਦੇ ਅਨੰਦ ਮਾਣਦੇ ਰਹੇ। ਅਖੰਡ ਕੀਰਤਨੀ ਜਥਾ, ਜਲੰਧਰ ਦੇ ਸਾਬਕਾ ਮੁੱਖ ਸੇਵਾਦਾਰ ਸਨ। ਸਤਿਗੁਰੂ ਦੀ ਅਪਾਰ ਬਖਸ਼ਿਸ਼ ਸਦਕਾ ਆਪ ਜੀ ਨੇ ਲਗਭਗ 25 ਸਾਲ ਇਹ ਸੇਵਾ ਬਾਖੂਬੀ ਨਾਲ ਨਿਭਾਈ, ਜਿਸ ਵਿੱਚ ਆਪ ਜੀ ਦੀ ਸਿੰਘਣੀ ਬੀਬੀ ਜਸਬੀਰ ਕੌਰ ਤੇ ਸਪੁੱਤਰ ਡਾ. ਪ੍ਰੀਤਮ ਸਿੰਘ ਅਨਜਾਣ ਨੇ ਕੀਰਤਨ ਦੀ ਸੇਵਾ ਰਾਹੀਂ ਆਪ ਜੀ ਨੂੰ ਪੂਰਾ ਸਹਿਯੋਗ ਬਖਸ਼ਿਆ। ਬਾਕੀ ਦੋਨੋਂ ਸਪੁੱਤਰ ਹਰਿਭਜਨ ਸਿੰਘ ਤੇ ਇਕਬਾਲ ਸਿੰਘ ਤਬਲੇ ਦੀ ਸੇਵਾ ਨਿਭਾਉਂਦੇ ਰਹੇ ਤੇ ਆਪ ਜੀ ਵਜਦ ਵਿੱਚ ਖੜਤਾਲਾਂ ਵਜਾਉਂਦੇ ਹੋਏ ਹਰਿ ਜਸ ਗਾਇਨ ਕਰਦੇ ਅਨੰਦ ਮਾਣਦੇ ਰਹੇ। ਜਿੱਥੇ ਉਹਨਾਂ ਨੂੰ ਭਾਈ ਸਾਹਿਬ ਜੀ ਦੇ ਦਰਸ਼ਨ ਮਿਲਾਪ ਅਤੇ ਅਸੀਸਾਂ ਪ੍ਰਾਪਤ ਹੁੰਦੀਆਂ ਰਹੀਆਂ, ਉੱਥੇ ਜਲੰਧਰ ਆ ਕੇ ਮਾਸਟਰ ਸੁੰਦਰ ਸਿੰਘ ਜੀ, ਭਾਈ ਦਰਸ਼ਨ ਸਿੰਘ ਜੀ ਗੜਗੜ, ਕਰਨਲ ਦਲਜੀਤ ਸਿੰਘ ਜੀ, ਬੀਬੀ ਹਰਸ਼ਰਨ ਕੌਰ ਜੀ ਦੀ ਸੰਗਤ ਅਤੇ ਸੇਵਾ ਨਿਬਾਉਣ ਲਈ ਪੂਰਾ ਸਹਿਯੋਗ ਮਿਲਦਾ ਰਿਹਾ। ਆਪ ਜੀ ਨਿਮਰਤਾ ਦੇ ਪੁੰਜ ਮਿੱਠ ਬੋਲੜੇ ਰੰਗ ਰਤੜੇ ਸੱਜਣ ਸਨ ਜਿਸ ਕਰਕੇ ਜਲੰਧਰ ਦੇ ਸਾਰੇ ਸਿੰਘ ਅਤੇ ਸਿੰਘਣੀਆਂ ਆਪ ਜੀ ਦਾ ਬਹੁਤ ਸਤਿਕਾਰ ਕਰਦੇ ਸਨ ਤੇ ਆਪ ਵਲੋਂ ਕਹੀ ਹੋਈ ਕੋਈ ਵੀ ਗਲ ਨਹੀਂ ਸੀ ਮੋੜਦੇ। ਜੀਵਨ-ਕਾਲ ਵਿੱਚ ਕਈ ਔਕੜਾਂ ਵੀ ਆਈਆਂ ਪਰ ਅਡੋਲ ਰਹੇ ਤੇ ਗੁਰੂ ਦਾ ਪੱਲਾ ਪਕੜ ਕੇ ਰੱਖਿਆ। ਅੱਗੋਂ ਸਤਿਗੁਰੂ ਜੀ ਨੇ ਵੀ ਆਪਣੀ ਰਹਿਮਤ ਬਣਾਈ ਰੱਖੀ ਤੇ ਸਦਾ ਅੰਗ ਸੰਗ ਹੋ ਕੇ ਸਹਾਇਤਾ ਕੀਤੀ। ਕੁਝ ਸਮੇਂ ਤੋਂ ਸਰੀਰਕ ਕਮਜ਼ੋਰੀ ਬੇਸ਼ੱਕ ਬਹੁਤ ਸੀ ਪਰ ਮਨ ਚੜ੍ਹਦੀ ਕਲਾ ਵਿੱਚ ਹੀ ਰਿਹਾ ਤੇ ਅੰਤਿਮ ਸਮੇਂ ਤੱਕ ਗੁਰਦੁਆਰਾ ਸਾਹਿਬ ਜਾਣ ਦਾ ਨੇਮ ਨਹੀਂ ਛੱਡਿਆ ਤੇ ਨਾ ਹੀ


www.AKJ.Org

ਅੰਮ੍ਰਿਤ ਵੇਲੇ ਉੱਠਣ ਦਾ ਆਲਸ ਕੀਤਾ। ਇਹ ਸਭ ਗੁਰੂ ਸਾਹਿਬ ਦੀ ਅਪਾਰ ਬਖਸ਼ਿਸ਼ ਹੀ ਸੀ। ਜਿੱਥੇ ਆਪ ਕੀਰਤਨ ਸੁਣਨ ਦੇ ਆਸ਼ਕ ਸਨ ਉੱਥੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਨਿਸ਼ਕਾਮ ਸੇਵਾ ਤੇ ਅੰਮ੍ਰਿਤ ਸੰਚਾਰ ਦੀ ਸੇਵਾ ਵੀ ਨਿਬਾਉਂਦੇ ਰਹੇ ਹਨ। ਹਫਤਾਵਾਰੀ ਸਮਾਗਮ ਵਿਚ ਆਪਣੇ ਪ੍ਰੀਵਾਰ ਸਮੇਤ ਆਰੰਭ ਵਿਚ ਪਹੁੰਚ ਕੇ ਹਰਿ ਜਸ ਦਾ ਲਾਹਾ ਲੈਂਦੇ ਰਹੇ ਤੇ ਇਕ ਕੁਸ਼ਲ ਪ੍ਰਬੰਧਕ ਵੀ ਰਹੇ।

ਮਿਤੀ 13 ਦਸੰਬਰ 2009 ਨੂੰ ਗੁਰਬਾਣੀ ਦਾ ਪਾਠ, ਕੀਰਤਨ ਸਰਵਨ ਕਰਦਿਆਂ ਤੇ ਸਿਮਰਨ ਕਰਦਿਆਂ ਅੰਮ੍ਰਿਤ ਵੇਲੇ ਦੋ ਵਜੇ ਅਕਾਲ ਚਲਾਣਾ ਕਰ ਗਏ। ਆਪ ਜੀ ਦੀ ਆਪਣੇ ਗੁਰੂ ਨਾਲ ਲੱਗੀ ਪ੍ਰੀਤ ਤੋੜ ਨਿਭ ਗਈ ਤੇ ਸਿੱਖੀ ਵੀ ਕੇਸੀਂ ਸਵਾਸੀਂ ਨਿਭੀ। ਇਹੀ ਉਹਨਾਂ ਦੀ ਅੰਤਰੀਵ ਇੱਛਾ ਸੀ ਤੇ ਨਿਤਾਪ੍ਰਤਿ ਅਰਦਾਸ ਸੀ, ਜੋ ਪੂਰੀ ਹੋਈ।

## ਬੀਬੀ ਜਸਬੀਰ ਕੌਰ ਜੀ, ਜਲੰਧਰ

### (ਮਾਸਿਕ ਆਤਮ ਰੰਗ ਚੰਡੀਗੜ੍ਹ ਜੂਨ 2012)

ਗੁਰੂ ਘਰ ਦੇ ਕੀਰਤਨੀਏ ਤੇ ਅਖੰਡ ਪਾਠੀ ਬੀਬੀ ਜਸਬੀਰ ਕੌਰ ਜੀ ਗੁਰੂ ਪਿਆਰੇ ਭਾਈ ਸਾਹਿਬ ਭਾਈ ਜਸਵੰਤ ਸਿੰਘ ਜੀ ਦੀ ਸਿੰਘਣੀ ਤੇ ਸੁਰਗਵਾਸੀ ਡਾ. ਪ੍ਰੀਤਮ ਸਿੰਘ ਅਨਜਾਣ (ਗੁਰੂ ਘਰ ਦੇ ਕੀਰਤਨੀਏ) ਦੇ ਮਾਤਾ ਜੀ ਸਨ। ਆਪ ਜੀ ਦਾ ਜਨਮ ਸੰਨ 1935 ਵਿੱਚ ਨਨਕਾਣਾ ਸਾਹਿਬ (ਚੂੜਕਾਣਾ) ਪਾਕਿਸਤਾਨ ਵਿਖੇ ਮਾਤਾ ਕੇਸਰ ਕੌਰ ਜੀ ਦੀ ਕੁੱਖੋਂ ਹੋਇਆ। ਆਪ ਜੀ ਦੇ ਪਿਤਾ ਜੀ ਦਾ ਨਾਮ ਸ. ਸੰਤ ਸਿੰਘ ਜੀ ਸੀ ਜੋ ਸਚਮੁੱਚ ਸੰਤ-ਸੁਭਾਅ ਦੇ ਮਾਲਕ ਸਨ। ਸੰਨ 1947 ਵਿੱਚ ਦੇਸ਼-ਵੰਡ ਸਮੇਂ ਆਪ ਜੀ ਪਰਿਵਾਰ ਸਮੇਤ ਦਿੱਲੀ ਆ ਗਏ। ਇੱਥੇ ਹੀ ਆਪ ਜੀ ਦਾ ਅਨੰਦ ਕਾਰਜ ਸ. ਜਸਵੰਤ ਸਿੰਘ ਜੀ ਨਾਲ ਹੋਇਆ। ਸੰਨ 1951 ਵਿੱਚ ਆਪ ਜੀ ਨੂੰ ਅਖੰਡ ਕੀਰਤਨੀ ਜੱਥੇ ਦੇ ਸਿੰਘਾਂ ਦੀ ਸੰਗਤ ਮਿਲੀ ਤੇ ਭਾਗ ਜਾਗ ਪਏ। ਸਤਿਗੁਰੂ ਜੀ ਦੀ ਅਪਾਰ ਬਖਸ਼ਿਸ਼ ਸਦਕਾ ਹਿਰਦੇ ਅੰਦਰ ਅੰਮ੍ਰਿਤ ਪਾਨ ਕਰਨ ਦੀ ਤਾਂਘ ਉਪਜੀ। ਪੂਰਬਲੇ ਕਰਮਾਂ ਦਾ ਅੰਕੁਰ ਪ੍ਰਗਟਿਆ ਤੇ ਇਸ ਸੁਭਾਗ ਜੋੜੀ ਨੂੰ ਅੰਮ੍ਰਿਤ ਦੀ ਦਾਤ ਪ੍ਰਾਪਤ ਹੋਈ। ਇਹਨਾਂ ਦੇ ਨਾਲ ਹੀ ਮਾਤਾ ਕੇਸਰ ਕੌਰ ਤੇ ਪਿਤਾ ਸੰਤ ਸਿੰਘ ਜੀ ਨੇ ਵੀ ਖੰਡੇ ਦੀ ਪਾਹੁਲ ਛਕੀ। ਇਕ ਨਵੇਂ ਜੀਵਨ ਦਾ ਆਰੰਭ ਹੋਇਆ। ਗੁਰੂ ਸਾਹਿਬ ਨੇ ਅੰਮ੍ਰਿਤ ਵੇਲੇ ਦੀ ਜਾਗ-ਸੰਭਾਲ ਬਖ਼ਸ਼ੀ ਤੇ ਨਾਮ-ਅਭਿਆਸ ਕਮਾਈਆਂ ਕਰਨ ਲੱਗੇ। ਕੀਰਤਨ ਸਮਾਗਮਾਂ ਦੀਆਂ ਹਾਜ਼ਰੀਆਂ ਭਰਦਿਆਂ, ਕੀਰਤਨ ਦੀਆਂ ਗੁੰਜਾਰਾਂ ਨਾਲ ਮਨ ਮੁਗਧ ਹੋਣ ਲੱਗਾ। ਦਿਨ-ਬ-ਦਿਨ ਜੀਵਨ ਅਨੰਦ-ਖੇੜੇ ਨਾਲ ਭਰਪੂਰ ਹੁੰਦਾ ਗਿਆ। ਅੰਮ੍ਰਿਤ ਵੇਲੇ ਦਾ ਅਨੰਦ ਅੰਤਲੇ ਸਮੇਂ ਤੱਕ ਬਣਿਆ ਰਿਹਾ। ਜੀਵਨ-ਕਾਲ ਵਿੱਚ ਕਈ ਔਕੜਾ, ਤੰਗੀਆਂ ਤੇ ਕਸ਼ਟ ਵੀ ਆਏ ਪਰ ਗੁਰੂ ਕਿਰਪਾ ਸਦਕਾ ਚੜ੍ਹਦੀ ਕਲਾ ਵਿੱਚ ਹੀ ਰਹੇ। ਉਸ ਮਾਲਕ ਦੇ ਚਰਨਾਂ ਨਾਲ ਜੁੜੇ ਰਹੇ। ਅਖੰਡ ਕੀਰਤਨੀ ਜਥਾ ਜਲੰਧਰ ਦੇ ਮੁੱਖ ਸੇਵਾਦਾਰ ਵਜੋਂ ਆਪ ਜੀ ਦੇ ਸਿੰਘ ਸਾਹਿਬ ਨੂੰ ਲਗਭਗ 25 ਸਾਲ ਸੇਵਾ ਨਿਭਾਉਣ ਦਾ ਅਵਸਰ ਸਤਿਗੁਰੂ ਜੀ ਨੇ ਬਖਸ਼ਿਆ। ਆਪ ਜੀ ਨੇ ਵੀ ਇਸ ਸੇਵਾ ਨੂੰ ਨਿਭਾਉਣ ਵਿੱਚ ਆਪਣਾ ਪੂਰਾ ਯੋਗਦਾਨ ਪਾਇਆ। ਅਖੰਡ ਪਾਠ ਦੀ ਸੇਵਾ, ਕੀਰਤਨ ਦੀ ਸੇਵਾ ਤੇ ਲੰਗਰ ਦੀ ਸੇਵਾ ਤਨੋਂ-ਮਨੋਂ ਕੀਤੀ। ਪਰ ਇਸ ਸਭ ਲਈ ਰਹਿਮਤ ਤਾਂ ਸੱਚੇ ਪਾਤਸ਼ਾਹ ਦੀ ਹੀ ਸੀ। ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਪਾਸੋਂ ਵੀ ਆਪ ਜੀ ਨੂੰ ਅਥਾਹ ਪਿਆਰ ਤੇ ਅਸੀਸਾਂ ਪ੍ਰਾਪਤ ਹੋਈਆਂ। ਵੱਧ ਤੋਂ ਵੱਧ ਸਮਾਂ ਗੁਰਬਾਣੀ ਪੜ੍ਹਨ, ਸੁਣਨ ਵਿੱਚ ਹੀ ਗੁਜ਼ਾਰਦੇ ਸਨ। ਪਰਿਵਾਰਕ ਜ਼ਿੰਮੇਵਾਰੀਆਂ ਤੋਂ ਵੀ ਮੂੰਹ ਨਹੀਂ ਮੋੜਿਆ। ਪਰ ਉਹ ਅਕਸਰ ਉੱਠਦਿਆਂ, ਬੈਠਦਿਆਂ, ਸੌਂਦਿਆਂ, ਜਾਗਦਿਆਂ ਉਸ ਪਿਆਰੇ ਪ੍ਰਭੂ ਦੀ ਯਾਦ ਵਿੱਚ ਹੀ ਰਹਿੰਦੇ ਸਨ। ਗੁਰਬਾਣੀ ਦਾ ਪਾਠ, ਗੁਰਬਾਣੀ


www.AKJ.Org

ਦਾ ਕੀਰਤਨ ਆਪ ਜੀ ਦੇ ਜੀਵਨ ਦਾ ਆਧਾਰ ਸੀ। ਵਾਧੂ ਦੇ ਝਮੇਲਿਆਂ ਤੋਂ ਉਹ ਦੂਰ ਹੀ ਰਹਿੰਦੇ ਸਨ। ਰੋਜ਼ਾਨਾ ਉਹ ਵੱਧ ਤੋਂ ਵੱਧ ਬਾਣੀਆਂ ਦਾ ਪਾਠ ਕਰਿਆ ਕਰਦੇ ਸਨ। ਸਹਿਜ-ਪਾਠ ਵੀ ਨੇਮ ਨਾਲ ਕਰਦੇ ਸਨ। ਅੰਤਲੇ ਦਿਨ ਵੀ ਸਹਿਜ ਪਾਠ ਦੀ ਸੇਵਾ ਸਤਿਗੁਰੂ ਜੀ ਨੇ ਉਹਨਾਂ ਪਾਸੋਂ ਲਈ। ਗੁਰਦੁਆਰੇ ਜਾਣ ਦਾ ਨੇਮ ਵੀ ਸਤਿਗੁਰੂ ਨੇ ਅੰਤ ਤੱਕ ਨਿਭਾਇਆ। **'ਗਾਵਉ ਗੁਣ ਕੀਰਤਨ ਨਿਤ ਸੁਆਮੀ ਕਰਿ ਕਿਰਪਾ ਨਾਨਕ ਦੀਜੈ ਦਾਨੁ ॥'** ਇਹੀ ਅਰਦਾਸ-ਜੋਦੜੀ ਸੀ ਉਹਨਾਂ ਦੀ ਨਿਤਾਪ੍ਰਤੀ ਦੀ, ਜੋ ਗੁਰੂ ਸਾਹਿਬ ਨੇ ਉਹਨਾਂ ਦੀ ਇਹ ਤਾਂਘ ਪੂਰੀ ਵੀ ਕੀਤੀ। ਕੀਰਤਨ ਤੇ ਪਾਠ ਦੀ ਜੋ ਦਾਤ ਮਾਲਕ ਨੇ ਬਖਸ਼ੀ, ਉਸਦੀ ਸੇਵਾ ਵੀ ਨਿਰਬਾਣ ਤੇ ਨਿਸ਼ਕਾਮ ਰਹਿ ਕੇ ਖ਼ੂਬ ਨਿਬਾਹੀ। ਆਪ ਵੀ ਅਨੰਦ ਮਾਣਦੇ ਰਹੇ ਤੇ ਸੰਗਤਾਂ ਨੂੰ ਵੀ ਨਿਹਾਲ ਕਰਦੇ ਰਹੇ। ਬੜਾ ਪ੍ਰੇਮ ਤੇ ਰਸ ਬਖਸ਼ਿਆ ਸੀ ਉਹਨਾਂ ਨੂੰ ਸੱਚੇ ਪਾਤਸ਼ਾਹ ਨੇ। ਬੀਬੀ ਹਰਸ਼ਰਨ ਕੌਰ ਜੀ ਨਾਲ ਆਪ ਜੀ ਦਾ ਬਹੁਤ ਨਿੱਘਾ ਪਿਆਰ ਸੀ ਤੇ ਕੀਰਤਨ ਦੀ ਸੇਵਾ ਵੇਲੇ ਇਹ ਦੋਨੋਂ ਸਹੇਲੀਆਂ ਇਕੱਠੀਆਂ ਹੀ ਕੀਰਤਨ ਦੀ ਸੇਵਾ ਵਾਸਤੇ ਸਟੇਜ ਤੇ ਸਜਦੀਆਂ ਸਨ ਤੇ ਰਲ ਮਿਲ ਕੇ ਪ੍ਰਭੂ ਪਿਆਰੇ ਦੇ ਬਹੁਤ ਮਿੱਠੀਆਂ ਧੁਨਾਂ ਵਿਚ ਸੋਹਿਲੇ ਗਾਉਂਦੀਆਂ ਸਨ।

ਗੁਰੂ ਪਿਆਰਿਆਂ ਦਾ ਉਹ ਦਿਲੋਂ ਬਹੁਤ ਸਤਿਕਾਰ ਕਰਦੇ ਸਨ ਤੇ ਘਰ ਆਏ ਗੁਰਸਿੱਖਾਂ ਦੀ ਤਨ ਮਨ ਨਾਲ ਸੇਵਾ ਕਰਕੇ ਆਪਣੇ ਧੰਨ ਭਾਗ ਸਮਝਦੇ ਸਨ। ਆਪਣੇ ਮਾਤਾ ਪਿਤਾ ਤੋਂ ਗੁਰਸਿੱਖੀ ਦੀ ਦਾਤ ਪ੍ਰਾਪਤ ਕਰਕੇ ਇਨ੍ਹਾਂ ਦੇ ਸਾਰੇ ਬੱਚੇ ਤਿੰਨ ਪੁੱਤਰ ਅਤੇ ਛੇ ਪੁੱਤਰੀਆਂ ਵੀ ਅੰਮ੍ਰਿਤਧਾਰੀ ਰਹਿਤ ਬਹਿਤ ਧਾਰਨੀ ਹੋ ਕੇ ਗੁਰਸਿੱਖੀ ਜੀਵਨ ਜੀਅ ਕੇ ਆਪਣਾ ਜੀਵਨ ਸਫਲ ਕਰ ਰਹੇ ਹਨ। ਇਨ੍ਹਾਂ ਦੇ ਛੋਟੇ ਸਪੁੱਤਰ ਭਾਈ ਪ੍ਰੀਤਮ ਸਿੰਘ ਅੰਵਾਣ ਨੇ ਬਾਲ ਅਵਸਥਾ ਤੋਂ ਹੀ ਕੀਰਤਨ ਰਾਹੀਂ ਸੰਗਤਾਂ ਦੀ ਅਣਥੱਕ ਸੇਵਾ ਕੀਤੀ ਤੇ 27 ਜੂਨ 1998 ਨੂੰ ਕੀਰਤਨ ਦੀ ਸੇਵਾ ਕਰਕੇ ਲੁਧਿਆਣੇ ਵਾਪਸੀ ਵੇਲੇ ਚੜ੍ਹਾਈ ਕਰ ਗਿਆ ਸੀ ਪਰ ਆਪ ਨੇ ਇਸ ਬਿਖਮ ਭਾਣੇ ਨੂੰ ਵੀ ਨਾਮ ਬਾਣੀ ਕੀਰਤਨ ਦੀ ਓਟ ਰਾਹੀਂ ਮਿੱਠਾ ਕਰਕੇ ਮੰਨਿਆ ਤੇ ਬਿਲਕੁਲ ਨਹੀਂ ਡੋਲੇ।

ਆਪ ਆਪਣੇ ਆਮ ਜੀਵਨ ਵਿੱਚ ਵੀ ਬੜੇ ਸਾਦੇ ਤੇ ਸਰਲ ਸੁਭਾਅ ਦੇ ਸਨ। ਕਿਸੇ ਨਾਲ ਕੋਈ ਵੈਰ-ਵਿਰੋਧ ਨਹੀਂ ਸੀ। ਨਿੰਦਾ-ਚੁਗਲੀ ਤੋਂ ਦੂਰ ਰਹਿੰਦੇ ਸਨ। ਸੁਭਾਅ ਬੜਾ ਮਿੱਠਾ ਤੇ ਨਿਮਰਤਾ ਵਾਲਾ ਸੀ। ਆਪ ਜੀ ਨੂੰ ਜੀਵਨ ਵਿੱਚ ਵਾਪਰਨ ਵਾਲੀਆਂ ਘਟਨਾਵਾਂ ਦਾ ਅਕਸਰ ਪਹਿਲਾਂ ਹੀ ਆਭਾਸ ਹੋ ਜਾਂਦਾ ਸੀ। ਸਭ ਨਾਲ ਪਿਆਰ ਰੱਖਣਾ ਤੇ ਮਿੱਠਾ ਬੋਲਣਾ ਉਹਨਾਂ ਦੇ ਸੁਭਾਅ ਦਾ ਮੁੱਖ ਅੰਗ ਸੀ।

ਧੁਰੋਂ ਬਖਸ਼ੀ ਆਯੂ ਨੂੰ ਪੂਰਾ ਕਰਦਿਆਂ 24 ਅਪ੍ਰੈਲ 2012 ਨੂੰ ਸ਼ਾਮ ਸਾਢੇ ਅੱਠ ਵਜੇ ਗੁਰੂ ਗੁਰੂ ਜਪਦੇ ਗੁਰੂ ਚਰਨਾਂ ਵਿਚ ਜਾ ਬਿਰਾਜੇ।

# ਡਾ. ਪ੍ਰੀਤਮ ਸਿੰਘ ਜੀ ਅੰਵਾਣ ਜਲੰਧਰ

## ('ਸੂਰਾ' ਮਾਸਿਕ ਪੱਤਰ ਲੁਧਿਆਣਾ ਜੁਲਾਈ-1999 ਵਿਚੋਂ)

ਦੁਨੀਆਂ ਵਿੱਚ ਹਜ਼ਾਰਾਂ ਹੀ ਲੋਕ ਰੋਜ਼ਾਨਾ ਜਨਮ ਲੈਂਦੇ ਹਨ ਤੇ ਹਜ਼ਾਰਾਂ ਹੀ ਰੋਜ਼ਾਨਾ ਮਰ ਜਾਂਦੇ ਹਨ। ਜਦੋਂ-ਜਦੋਂ ਕਿਸੇ ਦਾ ਸਮਾਂ ਆਉਂਦਾ ਹੈ ਉਦੋਂ ਹੀ ਉਹ ਵੱਖੋ-ਵੱਖ ਤਰੀਕਿਆਂ, ਜੋ ਉਸਦੇ ਵਾਸਤੇ ਕਰਤਾ ਪੁਰਖ ਵਾਹਿਗੁਰੂ ਵੱਲੋਂ ਪਹਿਲਾਂ ਹੀ ਮਿੱਥੇ ਹੋਏ ਹੁੰਦੇ ਹਨ, ਨਾਲ ਇਸ ਸੰਸਾਰ ਤੋਂ ਕੂਚ ਕਰ ਜਾਂਦਾ ਹੈ। ਇਹਨਾਂ ਵਿੱਚੋਂ ਵਿਰਲੇ ਮਨੁੱਖ ਅਜਿਹੇ ਹੁੰਦੇ ਹਨ, ਜੋ ਇਸ ਦੁਨੀਆਂ ਵਿੱਚ ਕੀਤੇ ਹੋਏ ਸ਼ੁਭ ਕੰਮਾਂ ਸਦਕਾ ਲੋਕਾਂ ਦੇ ਦਿਲਾਂ ਵਿੱਚ ਅਜਿਹੀ ਥਾਂ ਬਣਾ ਲੈਂਦੇ ਹਨ ਕਿ ਉਹਨਾਂ ਨੂੰ ਇਸ ਸੰਸਾਰ ਵਿਚੋਂ ਕੂਚ ਕਰ ਜਾਣ ਤੋਂ ਬਾਅਦ ਵੀ ਲੰਮੇ ਸਮੇਂ ਤੱਕ ਯਾਦ ਰੱਖਿਆ ਜਾਂਦਾ ਹੈ। ਦੁਨੀਆਂ



www.AKJ.Org

ਵਿੱਚ ਬਹੁਤ ਸਾਰੇ ਲੋਕ ਕਈ ਤਰ੍ਹਾਂ ਦੀ ਸ਼ੋਹਰਤ ਪ੍ਰਾਪਤ ਕਰਦੇ ਹਨ, ਇਹਨਾਂ ਵਿੱਚੋਂ ਧਾਰਮਿਕ ਤੌਰ 'ਤੇ ਪ੍ਰਾਪਤ ਕੀਤੀ ਸ਼ੋਹਰਤ ਨੂੰ ਬਹੁਤ ਆਦਰ ਮਾਣ ਦਿੱਤਾ ਜਾਂਦਾ ਹੈ। ਪ੍ਰੰਤੂ ਆਮ ਦੇਖਣ ਵਿੱਚ ਆਉਂਦਾ ਹੈ ਕਿ ਅਜਿਹੀ ਪ੍ਰਸਿੱਧੀ ਅਤੇ ਸਤਿਕਾਰ ਪ੍ਰਾਪਤ ਵਿਅਕਤੀ ਆਪਣੇ ਦੁਨਿਆਵੀਂ ਸਮੇਂ ਵਿੱਚ ਹੀ ਸਤਿਕਾਰ ਦੀ ਟੀਸੀ ਉੱਤੇ ਪਹੁੰਚ ਕੇ, ਆਪਣੇ ਹਉਮੈ ਹੰਕਾਰ ਅਤੇ ਹੋਰ ਕਈ ਕਾਰਨਾਂ ਕਰਕੇ ਇਸ ਸ਼ੋਹਰਤ ਨੂੰ ਗਵਾ ਬੈਠਦੇ ਹਨ। ਓਸ ਮੁਕਾਮ ਤੇ ਪਹੁੰਚ ਜਾਂਦੇ ਹਨ, ਜਿੱਥੇ ਉਹਨਾਂ ਦੀ ਕੋਈ ਪੁੱਛ ਪ੍ਰਤੀਤ ਨਹੀਂ ਰਹਿ ਜਾਂਦੀ। ਕਰੋੜਾਂ ਵਿੱਚੋਂ ਕੋਈ ਵਿਰਲੇ ਹੀ ਅਜਿਹੇ ਮਨੁੱਖ ਹੁੰਦੇ ਹਨ ਜੋ ਇਸ ਸੰਸਾਰ ਵਿੱਚ ਪ੍ਰਸੰਸਾ ਖੱਟਦੇ ਹੋਏ ਹੀ ਆਪਣੀ ਸ਼ੋਹਰਤ ਦੀ ਜੋਬਨ ਰੁੱਤੇ ਹੀ ਇਸ ਸੰਸਾਰ ਤੋਂ ਕੂਚ ਕਰਕੇ ਆਪਣੇ ਪਿਆਰੇ ਪ੍ਰੀਤਮ, ਪਰਮ ਪਿਤਾ ਵਾਹਿਗੁਰੂ ਦੀ ਗੋਦੀ ਵਿਚ ਜਾ ਬਿਰਾਜਦੇ ਹਨ। ਹਾਂ ਜੀ। ਅਜਿਹੇ ਵਿਰਲੇ ਵਡਭਾਗੇ ਜਨ ਹੀ ਹੁੰਦੇ ਹਨ ਜਿਹੜੇ ਆਪਣੇ ਪੂਰਬਲੇ ਜਨਮਾਂ ਵਿੱਚ ਕੀਤੀ ਭਗਤੀ ਸਦਕਾ ਪੁੱਗ ਖਲੋਤੇ ਹੁੰਦੇ ਹਨ ਤੇ ਜਿਤਨਾ ਵੀ ਸਮਾਂ ਵਾਹਿਗੁਰੂ ਵੱਲੋਂ, ਉਹਨਾਂ ਨੂੰ ਇਸ ਸੰਸਾਰ ਵਿੱਚ ਮਨੁੱਖੀ ਜਾਮੇ ਵਿੱਚ ਨਿਭਾਉਣ ਦੀ ਖਾਤਰ, ਰੁਕਾਵਟਾਂ ਨੂੰ ਪਾਰ ਕਰਦੇ ਹੋਏ, ਆਪਣੇ ਸੱਜਣਾਂ ਗੁਰਸਿੱਖ ਸੰਗਤਾਂ ਦੀਆਂ ਅਸੀਸੜੀਆਂ ਲੈਂਦੇ ਹੋਏ ਹੀ, ਦਰਗਾਹੇ ਮੁੱਖ ਉਜਲੇ ਲੈ ਹਾਜ਼ਰ ਹੁੰਦੇ ਹਨ ਤੇ ਆਪਣੇ ਸਾਹਿਬ ਨਾਲ ਮਿਲ ਜਾਂਦੇ ਹਨ। ਅਜਿਹੇ ਹੀ ਇਕ ਰੰਗਲੇ ਸੱਜਣ ਸਨ, ਡਾਕਟਰ ਪ੍ਰੀਤਮ ਸਿੰਘ ਜੀ ਜਲੰਧਰ ਵਾਲੇ। ਗੁਰਬਾਣੀ ਦਾ ਫੁਰਮਾਨ ਹੈ :

**ਧੰਨੁ ਧੰਨੁ ਸੋ ਗੁਰਸਿਖੁ ਕਹੀਐ ਜੋ ਸਤਿਗੁਰ ਚਰਣੀ ਜਾਇ ਪਇਆ ॥**
**ਧੰਨੁ ਧੰਨੁ ਸੋ ਗੁਰਸਿਖੁ ਕਹੀਐ ਜਿਨਿ ਹਰਿ ਨਾਮਾ ਮੁਖਿ ਰਾਮੁ ਕਹਿਆ ॥**
**ਧੰਨੁ ਧੰਨੁ ਸੋ ਗੁਰਸਿਖੁ ਕਹੀਐ ਜਿਸੁ ਹਰਿ ਨਾਮਿ ਸੁਣਿਐ ਮਨਿ ਅਨਦੁ ਭਇਆ ॥**
**ਧੰਨੁ ਧੰਨੁ ਸੋ ਗੁਰਸਿਖੁ ਕਹੀਐ ਜਿਨਿ ਸਤਿਗੁਰ ਸੇਵਾ ਕਰਿ ਹਰਿ ਨਾਮੁ ਲਇਆ ॥**
**ਤਿਸੁ ਗੁਰਸਿਖ ਕਉ ਹੰਉ ਸਦਾ ਨਮਸਕਾਰੀ ਜੋ ਗੁਰ ਕੈ ਭਾਣੈ ਗੁਰਸਿਖੁ ਚਲਿਆ ॥੧੮॥**

(ਅੰਗ : ੫੯੩)

ਉਪਰੋਕਤ ਪਉੜੀ ਦੀ ਹਰੇਕ ਸਤਰ ਦੇ ਭਾਵ ਨੂੰ ਆਪਣੇ ਜੀਵਨ ਉੱਪਰ ਘਟਾਉਣ ਵਾਲੇ ਡਾਕਟਰ ਪ੍ਰੀਤਮ ਸਿੰਘ ਜੀ ਦਾ ਜਨਮ ਭਾਈ ਜਸਵੰਤ ਸਿੰਘ ਜੀ ਦੇ ਗ੍ਰਿਹਿ ਵਿਖੇ ਮਾਤਾ ਜਸਬੀਰ ਕੌਰ ਜੀ ਦੀ ਕੁੱਖ ਤੋਂ 24 ਅਪ੍ਰੈਲ 1961 ਨੂੰ ਹੋਇਆ। ਆਪ ਜੀ ਦੇ ਪਿਤਾ ਜੀ ਜਲੰਧਰ ਸ਼ਹਿਰ ਦੇ ਅਖੰਡ ਕੀਰਤਨੀ ਜੱਥੇ ਨਾਲ ਸੰਬੰਧਿਤ ਮੋਢੀ ਸਿੰਘਾਂ ਵਿੱਚੋਂ ਇਕ ਸਨ ਅਤੇ ਮਾਤਾ ਜੀ ਵੀ ਮੁੱਖੀ ਕੀਰਤਨੀਆਂ ਵਿੱਚ ਗਿਣੇ ਜਾਂਦੇ ਸਨ। ਸੋ ਇਸ ਪ੍ਰਕਾਰ ਗੁਰਸਿੱਖੀ ਦੀ ਲਾਗ, ਘਰੇਲੂ ਧਾਰਮਿਕ ਮਾਹੌਲ ਅਤੇ ਪੂਰਬਲੇ ਕਰਮਾਂ ਦਾ ਸੰਜੋਗ ਅਜਿਹਾ ਜੁੜਿਆ ਕਿ ਆਪ ਬਚਪਨ ਤੋਂ ਹੀ ਨਾਮ ਰੰਗ ਵਿੱਚ ਰੱਤੇ ਰਹਿੰਦੇ ਸਨ। ਮਾਤਾ-ਪਿਤਾ ਜੀ ਨਾਲ ਕੀਰਤਨ ਸਮਾਗਮ ਤੇ ਜਾਣਾ ਤੇ ਸੰਗਤ ਦੇ ਵਿਚੋਂ ਦੀ ਲੰਘ ਕੇ ਅੱਗੇ ਜਾ ਕੇ ਕੀਰਤਨੀ ਸਿੰਘਾਂ ਦੇ ਨਾਲ ਜਾ ਬੈਠਣਾ ਅਤੇ ਮਸਤ ਹੋ ਜਾਣਾ। ਆਪ ਜੀ ਆਪਣੇ ਹੋਰ ਦੋ ਭਰਾਵਾਂ ਅਤੇ ਛੇ ਭੈਣਾਂ ਵਿਚੋਂ ਸੰਸਾਰਿਕ ਪੜ੍ਹਾਈ ਵਿੱਚੋਂ ਅਵੱਲ ਰਹੇ ਅਤੇ ਹੋਮਿਉਪੈਥੀ ਡਾਕਟਰੀ ਦੀ ਪੜ੍ਹਾਈ ਵੀ ਕੀਤੀ। ਡਾਕਟਰੀ ਵਰਗੇ ਔਖੇ ਵਿਸ਼ੇ ਦੀ ਪੜ੍ਹਾਈ ਦੇ ਨਾਲ-ਨਾਲ ਹੀ ਆਪ ਜੀ ਨੇ ਗੁਰਮਤਿ ਦੀ ਵਿਦਿਆ ਵੀ, ਪੂਰੀ ਲਗਨ ਨਾਲ ਮਨ ਲਗਾ ਕੇ, ਆਪਣੇ ਮਾਤਾ-ਪਿਤਾ ਤੇ ਹੋਰ ਗੁਰਸਿੱਖਾਂ ਪਾਸੋਂ ਪ੍ਰਾਪਤ ਕੀਤੀ। ਆਪ ਜੀ ਬਹੁਤ ਸਾਰੀਆਂ ਬਾਣੀਆਂ ਦਾ ਜਾਪ ਅਤੇ ਉਨ੍ਹਾਂ ਦਾ ਨਿਤਾਪ੍ਰਤਿ ਕੀਰਤਨ ਕਰਦੇ ਤਾਂ ਬਾਣੀ ਦੇ ਭਾਵਾਂ ਨਾਲ ਜੁੜ ਕੇ, ਵਿਸਮਾਦ ਰੰਗਾਂ ਵਿੱਚ ਰੰਗੇ ਹੋਏ, ਵੈਰਾਗ ਵਿੱਚ ਭਿੱਜੇ ਹੋਏ ਸ਼ਬਦ ਉਚਾਰਦੇ ਤਾਂ ਸਰੋਤੇ ਵੀ ਮੰਤਰ ਮੁਗਧ ਹੋ ਉੱਠਦੇ।

ਆਪ ਜੀ ਦਾ ਮਨ ਹਮੇਸ਼ਾਂ ਸਿੱਖ ਪੰਥ ਵਿੱਚ ਵੜ ਚੁੱਕੇ ਕੁਰਹਿਤਾਂ ਰੂਪ ਜ਼ਹਿਰ ਨੂੰ ਦੇਖਕੇ ਤੜਫਾਉਂਦਾ ਰਹਿੰਦਾ ਸੀ ਤੇ ਆਪ ਸਮੇਂ-ਸਮੇਂ ਆਪਣੀਆਂ ਲਿਖਤਾਂ ਰਾਹੀਂ ਇਹਨਾਂ ਕੁਰੀਤੀਆਂ ਅਤੇ ਵਿਖਾਵਿਆਂ ਵਿਰੁੱਧ ਆਵਾਜ਼ ਵੀ



www.AKJ.Org

ਉਠਾਉਂਦੇ ਰਹੇ ਤੇ ਆਪਣੇ ਸੰਗੀ ਸਾਥੀਆਂ ਨੂੰ ਇਹਨਾਂ ਕੁਰੀਤੀਆਂ ਤੋਂ ਬਚਣ ਅਤੇ ਇਹਨਾਂ ਵਿਰੁੱਧ ਡੱਟਣ ਦੀ ਪ੍ਰੇਰਨਾ ਦਿੰਦੇ ਰਹੇ।

**ਕੀਰਤਨ ਸਮਾਗਮਾਂ ਵਿੱਚ ਕੀਰਤਨੀਆਂ ਵੱਲੋਂ ਬਗੈਰ ਕਿਸੇ ਗੁਰਬਾਣੀ ਅਧਿਐਨ ਅਤੇ ਹੋਰ ਵਿਚਾਰ ਕੀਤੇ ਤੋਂ ਬਿਨਾਂ ਦਿੱਤੇ ਜਾਂਦੇ ਅਢੁਕਵੇਂ ਪ੍ਰਮਾਣਾਂ ਤੇ ਚੋਟ ਕੱਸਦਿਆਂ ਆਪ ਨੇ ਇਕ ਥਾਂ ਲਿਖਿਆ ਹੈ। ਸਾਨੂੰ ਜੱਥੇ ਵਾਲਿਆਂ ਨੂੰ ਕੀ ਲੋੜ ਹੈ ਗੁਰਬਾਣੀ ਦੇ ਅਧਿਐਨ ਦੀ ? ਅਸੀਂ ਧੁਰੋਂ ਪੜ੍ਹੇ ਹੋਏ, ਪੁਗ ਖਲੋਤੇ ਤੇ ਸਿਰਮੌਰ। ਬਾਕੀ ਸਭ ਚੌਰਾਸੀ। ਅਢੁਕਵੇਂ ਪ੍ਰਮਾਣ, ਅਣ ਢੁਕਵੀਆਂ ਤੁਕਾਂ ਦੀ ਜੜ੍ਹਤ ਅਤੇ ਕੁਥਾਵੇਂ ਗੁਰਮੰਤਰ ਦੀ ਧੁਨੀ ਲਾਉਣੀ ਜਿਵੇਂ ਸਾਡੀ ਪਛਾਣ ਬਣ ਗਈ ਹੋਵੇ।" ਤੇ ਫਿਰ ਪ੍ਰਮਾਤਮਾ ਨੂੰ ਬੇਨਤੀ ਕਰਦੇ ਹਨ "ਯਾ ਖ਼ੁਦਾ ! ਸਾਨੂੰ ਐਸੀ ਪਛਾਣ ਤੋਂ ਵਾਂਝੇ ਰੱਖ ਅਤੇ ਐਸਾ ਨਵ-ਜਨਮ ਬਖ਼ਸ਼, ਜਿਸ ਵਿੱਚ ਅਸੀਂ ਕੇਵਲ ਆਪਣੀ ਪੀੜ੍ਹੀ ਥੱਲੇ ਸੋਟਾ ਫੇਰ ਸਕਣ ਦੀ ਸਮਰੱਥਾ ਰੱਖਦੇ ਹੋਏ, ਗੁਰਬਾਣੀ ਦੇ ਪਾਠ, ਗੁਰਬਾਣੀ ਦੇ ਕੀਰਤਨ, ਗੁਰ ਇਤਿਹਾਸ ਨੂੰ ਗੁਰਮਤਿ ਕਸੌਟੀ ਉੱਤੇ ਐਸੀ ਨਿਮਰ ਅਤੇ ਤੀਖਣ ਬੁੱਧੀ ਨਾਲ ਵਾਚ ਸਕੀਏ ਕਿ ਨਿਰੋਲ ਨਾਮ-ਰਸੀਕ ਰੰਗਲੇ ਸੱਜਣ ਹੋ ਨਿਬੜਣਾ ਹੀ ਸਾਡੀ ਪਛਾਣ ਬਣ ਸਕੇ।"**

ਗੁਰਬਾਣੀ ਦੇ ਫੁਰਮਾਣ **"ਪ੍ਰਥਮੇ ਮਨੁ ਪਰਬੋਧੈ ਅਪਨਾ ਪਾਛੈ ਅਵਰ ਰੀਝਾਵੈ"** ਨੂੰ ਆਪ ਜੀ ਨੇ ਆਪਣੇ ਜੀਵਨ ਵਿੱਚ ਪੂਰੀ ਤਰ੍ਹਾਂ ਘਟਾਇਆ ਅਤੇ ਆਪਣੇ ਹੋਰ ਸੰਗੀ ਸਾਥੀਆਂ ਨੂੰ ਵੀ ਸ੍ਵੈ-ਪੜਚੋਲ ਕਰ ਕੇ ਗੁਰਬਾਣੀ ਦੇ ਆਸ਼ੇ ਅਨੁਸਾਰ ਆਪਣੇ ਜੀਵਨ ਢਾਲਣ ਦੀ ਪ੍ਰੇਰਣਾ ਦਿੰਦੇ ਰਹੇ। ਗੁਰਬਾਣੀ ਦਾ ਅਥਾਹ ਪਿਆਰ ਸਤਿਕਾਰ ਆਪਣੇ ਹਿਰਦੇ ਵਿੱਚ ਸਮੋਈ ਰੱਖਦੇ। ਅਜਿਹੇ ਸਤਿਕਾਰ ਦੀ ਨਿਸ਼ਾਨੀ ਵਜੋਂ ਆਪ ਜੀ ਨੇ ਆਪਣੇ ਕਰ ਕਮਲਾਂ ਨਾਲ ਪੰਜ ਬਾਣੀਆਂ ਦੀ ਪੋਥੀ ਲਿਖ ਕੇ ਆਪਣੀ ਸਿੰਘਣੀ ਨੂੰ ਅਮੋਲਕ ਤੋਹਫੇ ਵਜੋਂ ਭੇਟ ਕੀਤੀ।

ਆਪ ਜੀ ਲੋੜਵੰਦਾਂ ਦੀ ਹਰ ਤਰ੍ਹਾਂ ਦੀ ਮੱਦਦ ਕਰਨ ਲਈ ਸਦਾ ਤਤਪਰ ਰਹਿੰਦੇ ਸਨ। ਕਿਸੇ ਦੀ ਮੱਦਦ ਕਰਨ ਲੱਗਿਆਂ ਆਪ ਆਪਣੀ ਜਾਨ ਦੀ ਵੀ ਪ੍ਰਵਾਹ ਸਨ ਨਹੀਂ ਕਰਦੇ। ਇਕ ਵਾਰ ਦਿੱਲੀ ਗਏ ਹੋਇਆ, ਕਿਸੇ ਦੇ ਘਰ ਅੱਗ ਲੱਗ ਗਈ। ਉਸ ਘਰ ਵਿੱਚ ਇਕ ਬੱਚਾ ਫਸਿਆ ਹੋਇਆ ਸੀ। ਆਪ ਜੀ ਨਿਧੜਕ ਹੋ ਕੇ ਅੱਗ ਦੀਆਂ ਲਪਟਾਂ ਵਿਚੋਂ ਲੰਘਦੇ ਹੋਏ ਉਸ ਬੱਚੇ ਨੂੰ ਬਾਹਰ ਚੁੱਕ ਕੇ ਲਿਆਏ ਤੇ ਬੱਚੇ ਦੇ ਮਾਂ-ਪਿਓ ਤੇ ਹੋਰਨਾਂ ਲੋਕਾਂ ਦੀਆਂ ਅਸੀਸਾਂ ਦੇ ਪਾਤਰ ਬਣੇ।

ਭਾਈ ਪ੍ਰੀਤਮ ਸਿੰਘ ਜੀ 'ਅਨਜਾਣ' ਆਪਣੇ ਜੀਵਨ ਦਾ ਹਰ ਪਲ ਗੁਰਬਾਣੀ ਆਸ਼ੇ ਅਨੁਸਾਰ ਜੀਉਣਾ ਲੋਚਦੇ ਸਨ। ਕੇਵਲ ਇੱਛਾ ਹੀ ਨਹੀਂ ਸਨ ਰੱਖਦੇ ਸਗੋਂ ਇਸਨੂੰ ਅਮਲੀ ਜੀਵਨ ਵਿੱਚ ਘਟਾਉਣ ਦੀ ਵੀ ਹਮੇਸ਼ਾਂ ਕੋਸ਼ਿਸ਼ ਕਰਦੇ ਰਹਿੰਦੇ। ਆਪਣੇ ਆਪ ਨੂੰ ਅਤਿ ਨੀਚ ਕਹਿੰਦੇ ਹੋਏ ਆਪ ਆਪਣੀ ਸਿੰਘਣੀ ਨੂੰ ਸੰਬੋਧਨ ਕਰਦੇ ਹੋਏ ਲਿਖਦੇ ਹਨ 'ਵੈਸੇ ਮੈਂ ਕੌੜਾ, ਗੰਦਾ, ਬੇਹਯਾ ਸਭ ਕੁਝ ਹਾਂ ਪਰ ਖੋਟ ਕਮਾਉਣ ਤੋਂ ਹਮੇਸ਼ਾਂ ਡਰਦਾ ਰਹਿੰਦਾ ਹਾਂ। ਹੋ ਸਕਦੈ, ਇਹੀ ਡਰ ਕਿਸੇ ਦਿਨ ਮੇਰੇ ਵਿੱਚ ਕੋਈ ਭਾਰੀ ਤਬਦੀਲੀ ਪੈਦਾ ਕਰ ਦੇਵੇ ਤੇ ਮੈਂ ਇਕ ਅੱਛਾ ਇਨਸਾਨ ਬਣ ਕੇ ਅੱਛਾ ਜੀਵਨ ਸਾਥੀ ਬਣ ਸਕਾਂ। ਜਦੋਂ ਪਿਆਰੇ ਦੇ ਬੋਲ ਅਤੇ ਬਾਣੀ ਦੇ ਕਲੋਲ ਹੀ ਸਾਡਾ ਜੀਵਨ ਬਣ ਜਾਏ। ਉਂਜ ਤਾਂ ਵੈਸਾਖ ਮਾਹ ਦੀ ਮਿਲਾਪ, ਤਾਂਘ ਅਤੇ ਜੇਠ ਦਾ 'ਜੁੜੰਦਾ ਲੋੜੀਏ' ਦੋਵੇਂ ਮਹੀਨੇ ਅਸਾਡੇ ਲਈ ਵਰਦਾਨ ਹਨ। ਫਿਰ ਪਤਾ ਨਹੀਂ ਕਿਉਂ ਭਾਗ ਢਿੱਲੇ ਹੋਏ ਪਏ ਹਨ। ਰਲ ਕੇ ਖ਼ੂਬ ਮਿਹਨਤ ਕਰੀਏ ਅਤੇ ਗੁਰੂ ਸਾਹਿਬ ਦੇ ਚਿਤਰੇ ਹੋਏ ਦੋਵੇਂ ਮਹੀਨਿਆਂ ਮੁਤਾਬਕ ਪਿਆਰ ਦੀ ਤੜਪ ਅਤੇ ਫਿਰ ਪਿਆਰ ਦੇ ਹੁਲਾਰੇ ਵਿੱਚ ਗੁਰਸਿੱਖੀ ਜੀਵਨ ਨਿਹਾਰੀਏ। ਸਾਡਾ ਦੋਹਾਂ ਦਾ ਜਨਮ ਵੈਸਾਖ ਮਹੀਨੇ ਹੀ ਹੋਣਾ ਕੋਈ ਛੋਟੀ ਜਿਹੀ ਜਾਂ ਆਮ ਗੱਲ ਨਹੀਂ, ਇਸ ਦੀ ਡੂੰਘੀ ਰਮਜ਼ ਨੂੰ ਪਛਾਨਣਾ, ਸਾਡੇ ਲਈ ਹੋਰ ਵੀ ਜ਼ਰੂਰੀ ਹੈ।"

ਆਪ ਜੀ ਗੁਰਮਤਿ ਦੀ ਖੋਜ ਵਜੋਂ, ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀਆਂ ਪੁਸਤਕਾਂ ਨੂੰ ਬੜੇ ਗਹੁ ਨਾਲ ਪੜ੍ਹਦੇ, ਵਿਚਾਰਦੇ ਅਤੇ ਇਹਨਾਂ ਪੁਸਤਕਾਂ ਵਿਚੋਂ ਗੁਰਬਾਣੀ ਤੇ ਅਧਾਰਤ ਆਦਰਸ਼ਕ ਸਿੱਖ ਦਾ ਨਮੂਨਾ ਤੱਕ ਕੇ ਆਪਣੇ ਆਪ ਉੱਤੇ ਘਟਾਉਂਦੇ ਅਤੇ ਹੋਰਨਾਂ ਨੂੰ ਇਸ ਦੀ ਪ੍ਰੇਰਨਾ ਕਰਦੇ। ਇਹਨਾਂ ਪੁਸਤਕਾਂ ਤੋਂ ਹੀ ਪ੍ਰਭਾਵਿਤ ਹੋ



www.AKJ.Org

ਕੇ ਆਪ ਤੱਤ ਗੁਰਮਤਿ ਦੇ ਪਹਿਰੇ ਵਿੱਚ ਪੈ ਰਹੀਆਂ ਢਿੱਲਾਂ ਤੋਂ ਖ਼ਬਰਦਾਰ ਕਰਦੇ ਹੋਏ ਲਿਖਦੇ ਹਨ "**ਸਾਨੂੰ ਅੱਜ ਉਸ ਤੱਤ ਖ਼ਾਲਸੇ ਦੀ ਲੋੜ ਹੈ ਜਿਹੜਾ ਮਰਦ ਅਗੰਮੜੇ ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਛਕਾ ਕੇ ਤਿਆਰ ਕੀਤਾ ਸੀ। ਸਿਰਫ਼ ਅੰਮ੍ਰਿਤ ਛਕਾ ਕੇ ਅੰਮ੍ਰਿਤਧਾਰੀਆਂ ਦੀ ਗਿਣਤੀ ਵਿੱਚ ਵਾਧਾ ਕਰਨਾ ਹੀ ਸਾਡਾ ਉਦੇਸ਼ ਨਹੀਂ ਹੋਣਾ ਚਾਹੀਦਾ ਬਲਕਿ ਉਤਮ ਉੱਚ ਕਮਾਈਆਂ ਵਾਲਾ ਧਰਮੀ ਅਤੇ ਪ੍ਰੈਕਟੀਕਲ ਗੁਰਸਿੱਖੀ ਜੀਵਨ ਵਾਲੇ ਖ਼ਾਲਸੇ ਦੀ ਸਾਨੂੰ ਲੋੜ ਹੈ। ਜਿਵੇਂ ਕਿ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਪੁਸਤਕ ਰੰਗਲੇ ਸਜਣ ਵਿੱਚ ਲਿਖਿਆ ਹੈ ਕਿ ਉਸ ਵੇਲੇ ਅੰਮ੍ਰਿਤ ਸੰਚਾਰ ਦੀ ਕੀ ਪ੍ਰਥਾ ਸੀ। ਪੰਚ ਜਨ ਜਾਂ ਅੰਮ੍ਰਿਤ ਅਭਿਲਾਸ਼ੀ ਕਿਸ ਤਰ੍ਹਾਂ ਦੇ ਜੀਵਨ ਵਾਲੇ ਹੋਣੇ ਚਾਹੀਦੇ ਹਨ। ਮਨ ਤਨ ਕਰਕੇ ਗੁਰਬਾਣੀ ਨਾਲ ਰੱਤੇ, ਜੁੜੇ ਹੋਏ, ਪੰਚ ਜਨ ਹੀ ਉਨ੍ਹਾਂ ਅੰਮ੍ਰਿਤ ਅਧਿਕਾਰੀਆਂ ਦੀ ਚੋਣ ਕਰ ਸਕਦੇ ਹਨ ਜਿਹੜੇ ਅੰਮ੍ਰਿਤ ਦੀ ਸਾਰ ਜਾਣਨ ਵਾਲੇ ਹੋਣ। ਪਰ ਅੱਜ ਸਿੱਖ ਪੰਥ ਨੇ ਅਤੇ ਅਸਾਡੇ ਅਖੰਡ ਕੀਰਤਨੀ ਜੱਥੇ ਨੇ ਅੰਮ੍ਰਿਤ ਸੰਚਾਰ ਦੀ ਮਰਯਾਦਾ ਵਿੱਚ ਮਨ-ਮਰਜੀ ਨਾਲ ਜੋ ਤਬਦੀਲੀਆਂ ਲਿਆਂਦੀਆਂ ਹਨ, ਉਨ੍ਹਾਂ ਨਾਲ ਖ਼ਾਲਸਾ ਪੰਥ ਗਿਰਾਵਟ ਵੱਲ ਜਾ ਰਿਹਾ ਹੈ। ਅਸਾਡੀ ਰਹਿਤ ਮਰਿਆਦਾ ਵਿੱਚ ਮਨ ਭਾਉਂਦੀਆਂ ਤਬਦੀਲੀਆਂ ਦਾ ਹੀ ਸਿੱਟਾ ਹੈ ਕਿ ਸਿੱਖ ਨੌਜਵਾਨ ਪਤਿਤਪੁਣੇ ਤੇ ਨਸ਼ਿਆਂ ਵਿੱਚ ਗਲਤਾਨ ਹੋ ਰਹੇ ਹਨ।** ਇਸ ਪ੍ਰਕਾਰ ਆਪ ਹਰ ਸਮੇਂ ਤੱਤ ਗੁਰਮਤਿ ਪਹਿਰੇ ਦੀ ਲੋਚਾ ਕਰਦੇ ਹੋਏ ਖ਼ਾਲਸਾ ਪੰਥ ਦੀ ਚੜ੍ਹਦੀ ਕਲਾ ਲਈ ਤੜਫੜਾਉਂਦੇ ਰਹਿੰਦੇ ਸਨ। ਆਪ ਜੀ ਦੇ ਜੀਵਨ ਦੀ ਅਜਿਹੀਆਂ ਹੀ ਕਈ ਘਟਨਾਵਾਂ ਨੂੰ ਕਲਮਬੱਧ ਕਰਨ ਲਗੀਏ ਤਾਂ ਭਾਵੇਂ ਇਕ ਪੂਰੀ ਕਿਤਾਬ ਹੀ ਬਣ ਜਾਵੇ।

ਪੁਰਾਤਨ ਗੁਰਸਿੱਖਾਂ ਦੇ ਪੂਰਨਿਆਂ ਤੇ ਚਲਦੇ ਹੋਏ ਹਰ ਸਮੇਂ ਨਾਮ ਦੇ ਰੰਗਣ ਵਿੱਚ ਰੰਗੀਜੇ ਰਹਿਣ ਸਦਕਾ, ਆਪ ਜੀ ਨੂੰ ਆਪਣੇ ਅੰਤਲੇ ਸਮੇਂ ਦੀ ਸੋਝੀ ਹੋ ਚੁੱਕੀ ਸੀ ਜਿਸ ਨੂੰ ਆਪ ਨੇ ਕਿਸੇ ਪਾਸ ਜਤਾਇਆ ਨਹੀਂ, ਪਰ ਸਮੇਂ-ਸਮੇਂ ਆਪ ਜੀ ਵੱਲੋਂ ਸਹਿਜ ਸੁਭਾਏ ਕਹੇ ਬਚਨਾਂ ਵਿੱਚ ਤਿਸ ਦੀ ਝਲਕ ਦਿਸ ਜਾਂਦੀ ਸੀ। ਬਸਤੀ ਸ਼ੇਖ਼ ਜਲੰਧਰ ਵਿਖੇ ਕੀਰਤਨ ਸਮਾਗਮ ਵੇਲੇ ਸੰਗੀ ਸਾਥੀ ਤੇ ਹੋਰ ਸਿੰਘਾਂ ਪਾਸ ਸਹਿਜ ਸੁਭਾਏ, ਇਹ ਬਚਨ ਉਚਾਰਨੇ ਕਿ ਸਿਰ ਵਿੱਚ ਸੱਟਾਂ ਲੱਗਣੀਆਂ ਹਨ। ਸਮਾਂ ਬਹੁਤ ਥੋੜਾ ਹੈ ਕੰਮ ਕਰਨ ਵਾਲੇ ਬਹੁਤ ਹਨ। ਇਕ ਉਦਾਹਰਣ ਹੈ।

ਪਰ ਆਪਣੇ ਇਸ ਪ੍ਰਕਾਰ ਦੇ ਅੰਤ ਸਮੇਂ ਦੀ ਸੋਝੀ ਹੋਣ ਉਪ੍ਰੰਤ ਵੀ, ਆਪ ਜੀ ਨੇ ਆਪਣੇ ਜੀਵਨ ਵਿੱਚ ਕੋਈ ਢਿਲ ਜਾਂ ਤਬਦੀਲੀ ਨਹੀਂ ਆਉਣ ਦਿੱਤੀ ਤੇ ਭਾਣਾ ਮੰਨਣ ਦਾ ਹੀ ਸੰਕਲਪ ਕੀਤਾ। ਕੁਝ ਸਮਾਂ ਪਹਿਲਾਂ ਹੀ, ਆਪ ਜੀ ਦੇ ਮਾਤਾ ਜੀ ਨੂੰ ਵੀ ਆਪ ਦੇ ਸੜਕ ਹਾਦਸੇ ਵਿੱਚ ਚਲਾਣਾ ਕਰ ਜਾਣ ਦਾ ਸੁਪਨਾ ਆਇਆ ਤਾਂ ਆਪ ਜੀ ਨੇ ਬਜਾਏ ਕਿ ਉਹਨਾਂ ਦਾ ਮਨ ਭਰਮਾਉਣ ਲਈ ਕੋਈ ਹੋਰ ਗੱਲ ਕਹਿਣ, ਇਹੀ ਆਖਿਆ, "ਗੁਰੂ ਮਹਾਰਾਜ ਦਾ ਸ਼ੁਕਰ ਕਰੋ। ਹੋ ਸਕਦਾ ਹੈ ਗੁਰੂ ਸਾਹਿਬ ਨੇ ਆਪ ਜੀ ਨੂੰ ਇਸ਼ਾਰਾ ਦਿੱਤਾ ਹੋਵੇ, ਸੋ ਗੁਰੂ ਸਾਹਿਬ ਦੇ ਭਾਣੇ ਨੂੰ ਮੰਨਣ ਲਈ ਤਿਆਰ-ਬਰ-ਤਿਆਰ ਹੋਵੋ।"

ਅਖ਼ੀਰ ਉਹ ਸਮਾਂ ਆਣ ਹੀ ਪਹੁੰਚਿਆ ਕਿ 27 ਜੂਨ 1998 ਨੂੰ ਲੁਧਿਆਣੇ ਵਿਖੇ ਰੈਣਿ ਸਬਾਈ ਕੀਰਤਨ ਵਿੱਚ ਕੀਰਤਨ ਕਰਨ ਲਈ ਉੱਥੋਂ ਦੀਆਂ ਸੰਗਤਾਂ ਵੱਲੋਂ ਆਪ ਜੀ ਨੂੰ ਸੱਦਾ ਦਿੱਤਾ ਗਿਆ। ਭਾਵੇਂ ਆਪ ਜੀ ਦਾ ਮਨ ਸਰੀਰਕ ਥਕਾਵਟ ਕਰਕੇ ਜਾਣ ਨੂੰ ਨਹੀਂ ਸੀ ਕਰਦਾ, ਪਰ ਸੰਗਤਾਂ ਦੇ ਪਿਆਰ ਦੇ ਬੱਧੇ ਅਤੇ ਹੁਕਮ ਨੂੰ ਸਿਰ ਮੱਥੇ ਮੰਨਦੇ ਹੋਏ ਆਪ ਜੀ ਨੇ ਲੁਧਿਆਣੇ ਨੂੰ ਚਾਲੇ ਪਾ ਦਿੱਤੇ। ਆਪ ਜੀ ਦੇ ਲੁਧਿਆਣੇ ਸਮਾਗਮ ਵਿੱਚ ਪੁੱਜਣ ਤੇ ਆਪ ਨੂੰ ਦੇਖਦਿਆਂ ਸਾਰ ਸੰਗਤਾਂ ਦੇ ਮਨ ਖਿੜ ਉੱਠੇ ਤੇ ਆਪ ਜੀ ਨੇ ਲਗਭਗ ਸਵਾ ਘੰਟਾ ਸੰਗਤਾਂ ਨੂੰ ਗੁਰਬਾਣੀ ਦੇ ਸ਼ਬਦ '**ਮਨ ਮੇਰੇ ਸਾਚੇ ਨਾਮ ਵਿਟਹੁ ਬਲਿ ਜਾਉ ॥**' ਦੇ ਅਗੰਮੀ ਕੀਰਤਨ ਦੁਆਰਾ ਨਿਹਾਲ ਕਰਦੇ ਅਤੇ ਸ੍ਵਾਸ-ਸ੍ਵਾਸ ਨਾਮ ਸਿਮਰਨ ਦਾ ਖੰਡਾ ਖੜਕਾਉਂਦੇ ਰਹੇ। ਉਸ ਤੋਂ ਬਾਅਦ ਵੀ, ਆਪ ਕੁਝ ਸਮਾਂ ਜੋੜੀ ਵਜਾਉਂਦੇ ਹੋਏ ਸੰਗਤਾਂ ਨਾਲ ਕੀਰਤਨ ਦਾ ਆਨੰਦ ਮਾਣਦੇ ਰਹੇ। ਅਖ਼ੀਰ ਗੁਰੂ ਨੇਤ ਅਨੁਸਾਰ ਆਪ ਜੀ ਨੇ ਅੰਮ੍ਰਿਤ ਵੇਲੇ ਤਿੰਨ ਵਜੇ ਲੁਧਿਆਣੇ ਤੋਂ ਸੰਗਤਾਂ ਦੀਆਂ ਅਸੀਸਾਂ ਲੈਂਦਿਆਂ ਸਿੰਘਾਂ ਨਾਲ ਗਲਵਕੱੜੀ ਪਾਈ ਸ੍ਵਾਸ ਗਿਰਾਸ ਸਿਮਰਨ ਕਰਦੇ ਹੋਏ ਆਪਣੇ



www.AKJ.Org

ਬੱਚਿਆਂ ਅਤੇ ਸਿੰਘਣੀ ਸਮੇਤ ਜਲੰਧਰ ਲਈ ਵਿਦਾ ਹੋਏ। ਅਕਾਲ ਪੁਰਖ ਦੇ ਅਟੱਲ ਹੁਕਮ ਅਨੁਸਾਰ ਫਿਲੌਰ ਤੋਂ 5 ਕਿਲੋਮੀਟਰ ਗੁਰਾਇਆ ਵੱਲ ਨੂੰ ਰਸਤੇ ਵਿੱਚ ਹੀ ਆਪ ਦੀ ਜੀਪ ਹਾਦਸੇ ਦਾ ਸ਼ਿਕਾਰ ਹੋ ਗਈ ਤੇ ਆਪ ਦੇ ਮਾਤਾ ਜੀ ਨੂੰ ਪਹਿਲੇ ਆਏ ਹੋਏ ਸੁਪਨੇ ਅਨੁਸਾਰ ਹੀ, ਆਪ ਜੀ ਦੇ ਸਿਰ ਵਿੱਚ ਸੱਟ ਲੱਗਣ ਕਾਰਨ, ਆਪ ਗੁਰੂ ਪਾਤਸ਼ਾਹ ਦੇ ਚਰਨਾਂ ਵਿੱਚ ਜਾ ਬਿਰਾਜੇ। ਆਖ਼ਰੀ ਸਮੇਂ ਵੀ ਆਪ ਜੀ ਦਾ ਮਨ ਅਤੇ ਮੁੱਖ ਗੁਰਮੰਤਰ ਵਾਹਿਗੁਰੂ ਦੀ ਧੁਨੀ ਉਚਾਰ ਰਿਹਾ ਸੀ, ਜੋ ਉਨ੍ਹਾਂ ਕੋਲ ਖੜੇ ਚੌਂਕੀਦਾਰ ਨੇ ਸੁਣੀ ਸੀ ਅਤੇ ਆਪ ਜੀ ਦੀ ਦੇਹ ਲੈਣ ਗਏ ਸਿੰਘਾਂ ਨੂੰ ਦੱਸੀ ਸੀ।

ਡਾਕਟਰ ਪ੍ਰੀਤਮ ਸਿੰਘ ਜੀ ਜਿੱਥੇ ਉੱਚ ਕੋਟੀ ਦੇ ਨਿਰਬਾਣ ਕੀਰਤਨੀਏ ਸਨ ਉੱਥੇ ਆਪ ਜੀ ਇੱਕ ਰਸੀਲੇ ਅਖੰਡ ਪਾਠੀ ਵੀ ਸਨ। ਜਿਸ ਸਮੇਂ ਆਪ ਪਾਠ ਦੀ ਸੇਵਾ ਕਰ ਰਹੇ ਹੁੰਦੇ ਤਾਂ ਆਪ ਜੀ ਵੱਲੋਂ ਪੜ੍ਹੀ ਗਈ ਗੁਰਬਾਣੀ ਦੇ ਤੀਰ, ਸਰੋਤੇ ਦੇ ਹਿਰਦਿਆਂ ਨੂੰ ਅੰਦਰਧੁਰ ਤੱਕ ਵਿੰਨ ਜਾਂਦੇ ਸਨ। ਸਮੁੱਚੇ ਰੂਪ ਵਿੱਚ ਆਪ ਗੁਣਾਂ ਦੀ ਗੁੱਥਲੀ ਸਨ। ਜਿਸ-ਜਿਸ ਨੇ ਵੀ ਆਪ ਜੀ ਦੀ ਸੰਗਤ ਦਾ ਅਨੰਦ ਮਾਣਿਆ ਹੈ ਤਿਨ੍ਹਾਂ-ਤਿਨ੍ਹਾਂ ਦੇ ਹਿਰਦਿਆਂ ਵਿੱਚ ਉਨ੍ਹਾਂ ਦੀ ਯਾਦ ਸਦਾ ਸਮਾਈ ਰਹੇਗੀ।

# ਸੂਬੇਦਾਰ ਭਾਈ ਭਾਗ ਸਿੰਘ ਜੀ, ਫਿਰੋਜ਼ਪੁਰ

ਭਾਈ ਦਵਿੰਦਰ ਸਿੰਘ ਜੀ ਹੁਸ਼ਿਆਰਪੁਰ

ਅਖੰਡ ਕੀਰਤਨੀ ਜਥੇ ਦੇ ਪੁਰਾਤਨ ਕੀਰਤਨੀਏ ਨਾਮ ਰਸੀਏ ਅਖੰਡ ਪਾਠੀ ਤੇ ਪਰਉਪਕਾਰੀ ਭਾਈ ਭਾਗ ਸਿੰਘ ਜੀ ਦਾ ਜਨਮ 13 ਮਾਰਚ 1923 ਨੂੰ ਪਿੰਡ ਨੀਲਾ ਨਲੋਆ, ਹਰਿਆਣਾ (ਜਿਲਾ ਹੁਸ਼ਿਆਰਪੁਰ) ਵਿਖੇ ਸ. ਭੁੱਲਾ ਸਿੰਘ ਜੀ ਦੇ ਗ੍ਰਿਹ ਮਾਤਾ ਬਿਸ਼ਨ ਕੌਰ ਜੀ ਦੀ ਕੁਖੋਂ ਹੋਇਆ। ਪਰਿਵਾਰ ਬੇਸ਼ਕ ਗੁਰੂ ਘਰ ਦਾ ਸ਼ਰਧਾਲੂ ਸੀ ਪਰ ਗੁਰਮਤਿ ਦੀ ਸੋਝੀ ਨਹੀਂ ਸੀ। ਆਪ ਜੀ ਦੇ ਪਿਤਾ ਜੀ ਪਿੰਡ ਵਿਚ ਹੀ ਡਿਪੂ ਹੋਲਡਰ ਦਾ ਕੰਮ ਕਰਦੇ ਸਨ। ਆਪ ਜੀ ਨੇ ਦਸਵੀਂ ਦੀ ਪ੍ਰੀਖਿਆ ਡੀ.ਏ.ਵੀ. ਹਾਈ ਸਕੂਲ, ਹਰਿਆਣਾ (ਜ਼ਿਲ੍ਹਾ ਹੁਸ਼ਿਆਰਪੁਰ) ਤੋਂ ਪਾਸ ਕੀਤੀ। ਦਸਵੀਂ ਪਾਸ ਕਰਨ ਤੋਂ ਬਾਅਦ ਆਪ ਜੀ ਦਾ ਸੰਪਰਕ ਗਿਆਨੀ ਜੈਲ ਸਿੰਘ ਜੀ (ਮੁਖ ਮੰਤਰੀ ਪੰਜਾਬ ਤੇ ਭਾਰਤ ਸਰਕਾਰ ਦੇ ਪਹਿਲੇ ਸਿਖ ਰਾਸ਼ਟਰਪਤੀ) ਨਾਲ ਹੋਇਆ ਜੋ ਉਸ ਵਕਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ, ਹੁਸ਼ਿਆਰਪੁਰ ਜਿਲ੍ਹੇ ਦੇ ਪ੍ਰਚਾਰਕ ਸਨ। ਉਨ੍ਹਾਂ ਨੇ ਜਿੱਥੇ ਵੀ ਪ੍ਰਚਾਰ ਵਾਸਤੇ ਜਾਣਾ ਆਪ ਨੂੰ ਆਪਣੇ ਨਾਲ ਲੈ ਜਾਣਾ ਜਿਥੋਂ ਇਨ੍ਹਾਂ ਨੂੰ ਗੁਰਸਿੱਖੀ ਨਾਲ ਲਗਾਉ ਬਣਿਆ। ਸੰਨ 1945 ਵਿਚ ਆਪ ਜੀ ਫੌਜ ਦੀ (Army Medical Corps) ਵਿਚ ਬਤੌਰ ਡਿਸਪੈਂਸਰ ਭਰਤੀ ਹੋ ਗਏ। ਫੌਜ ਵਿਚ ਨੌਕਰੀ ਕਰਦੇ ਸਮੇਂ ਆਪ ਜੀ ਪੂਨਾ, ਸਿਲੀਗੁੜੀ, ਟਾਟਾ ਨਗਰ, ਝਾਂਸੀ, ਪਟਿਆਲਾ ਅਤੇ ਫਿਰੋਜ਼ਪੁਰ ਰਹੇ। ਇਸ ਦੌਰਾਨ ਆਪ ਜੀ ਦਾ ਮੇਲ ਮਿਲਾਪ ਜੱਥੇ ਦੇ ਸਿੰਘਾਂ ਕਰਨਲ ਦਲਜੀਤ ਸਿੰਘ ਜੀ, ਕੈਪਟਨ ਪਿਆਰਾ ਸਿੰਘ ਜੀ, ਭਾਈ ਮੋਹਨ ਸਿੰਘ ਜੀ ਗਾਰਡ ਅਤੇ ਹੋਰ ਕਈ ਸਿੰਘਾਂ ਨਾਲ ਹੋਇਆ ਜਿਨ੍ਹਾਂ ਦੀ ਸੰਗਤ ਸਦਕਾ ਜੱਥੇ ਦੇ ਸਮਾਗਮਾਂ ਤੇ ਜਾਣਾ ਸ਼ੁਰੂ ਕਰ ਦਿੱਤਾ ਅਤੇ ਬਾਪੂ ਜੀ ਦੇ ਦਰਸਨਾਂ ਦੀ ਤਾਂਘ ਮਨ ਵਿਚ ਪੈਦਾ ਹੋਈ ਜੋ ਕਿ ਸਾਲ 1955 ਵਿਚ ਦਿੱਲੀ ਸਲਾਨਾ ਸਮਾਗਮ ਸਮੇਂ ਪੂਰੀ ਹੋਈ। ਬਾਪੂ ਜੀ ਦੇ ਦਰਸ਼ਨਾਂ ਨੇ ਐਸਾ ਬਿਹਬਲ ਕੀਤਾ ਕਿ ਹੋਰ ਸੁਧ ਬੁਧ ਭੁੱਲ ਗਈ। ਅੰਮ੍ਰਿਤ ਦੀ ਦਾਤ ਪ੍ਰਾਪਤ ਕਰਨ ਦਾ ਮਨ ਤਾਂ ਪਹਿਲੀ ਹੀ ਸੀ ਪਰ ਬਿਧ ਨਹੀਂ ਸੀ ਬਣ ਰਹੀ। ਜਦੋਂ ਆਪਣੀ ਸਿੰਘਣੀ ਨਾਲ ਅੰਮ੍ਰਿਤ ਛੱਕਣ ਦੀ ਗੱਲ ਕੀਤੀ ਕਿ ਗਹਿਣਾ ਗੱਟਾ ਛੱਡਣਾ ਪੈਣਾ ਅਤੇ ਸੀਸ ਤੇ ਦਸਤਾਰ ਸਜਾਉਣੀ ਪੈਂਣੀ ਹੈ ਤਾਂ ਉਨ੍ਹਾਂ ਨੇ ਬਿਨਾਂ ਹੀਲ ਹੁੱਜਤ ਤੋਂ ਹਾਂ ਕਰ ਦਿੱਤੀ ਅਤੇ ਦਿੱਲੀ ਸਲਾਨਾ ਸਮਾਗਮ ਵਿਖੇ ਭਾਈ ਸਾਹਿਬ ਜੀ ਦੇ ਵੇਲੇ ਹੀ ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਕੇ ਤਿਆਰ ਬਰ ਤਿਆਰ ਸਿੰਘ ਸੱਜ ਗਏ।



www.AKJ.Org

ਸਾਲ 1948 ਵਿਚ ਆਪ ਜੀ ਦਾ ਵਿਆਹ ਬੀਬੀ ਪ੍ਰਕਾਸ਼ ਕੌਰ ਜੀ ਨਾਲ ਹੋਇਆ। ਆਪ ਜੀ ਦੀ ਸਿੰਘਣੀ ਦੇ ਪਰਿਵਾਰ ਵਿਚ ਕੋਈ ਵੀ ਪੜ੍ਹਿਆ ਲਿਖਿਆ ਨਹੀਂ ਸੀ ਅਤੇ ਨਾ ਹੀ ਕੋਈ ਅੰਮ੍ਰਿਤਧਾਰੀ ਸੀ ਅਤੇ ਅਨਪੜ੍ਹ ਹੋਣ ਦੇ ਬਾਵਜੂਦ ਵੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਬਾਣੀ ਪੜ੍ਹ ਲੈਂਦੇ ਸਨ ਕਿਉਂਕਿ ਉਸ ਵੇਲੇ ਪਿੰਡ ਦੇ ਗੁਰਦੁਆਰੇ ਦੇ ਗ੍ਰੰਥੀ ਤੋਂ ਆਮ ਸ਼ਰਧਾਲੂ ਗੁਰਮੁਖੀ ਸਿਖ ਲੈਂਦੇ ਸਨ।

ਅੰਮ੍ਰਿਤ ਛੱਕਣ ਤੋਂ ਬਾਅਦ ਆਪ ਜੀ ਦਾ ਬਾਪੂ ਜੀ ਨਾਲ ਕਈ ਵਾਰ ਮੇਲ ਮਿਲਾਪ ਹੁੰਦਾ ਰਿਹਾ। ਇਕ ਘਟਨਾ ਦਾ ਜ਼ਿਕਰ ਹੈ ਕਿ ਆਪ ਜੀ ਸੰਨ 1960 ਵਿਚ ਪੂਨੇ ਫੌਜ ਦੇ ਹੈੱਡ ਕੁਆਟਰ ਵਿਖੇ ਤੈਨਾਤ ਸਨ ਤਾਂ ਕੁਝ ਦਿਨਾਂ ਦੀ ਛੁੱਟੀ ਹੁਸ਼ਿਆਰਪੁਰ ਵਿਖੇ ਆਪਣੇ ਪਿੰਡ ਆਏ ਅਤੇ ਛੁੱਟੀ ਕੱਟਣ ਤੋਂ ਬਾਅਦ ਪੂਨੇ ਵਾਪਿਸ ਜਾਣਾ ਸੀ ਤਾਂ ਮਨ ਵਿਚ ਵਿਚਾਰ ਆਇਆ ਕਿ ਲੁਧਿਆਣੇ ਵਿਖੇ ਬਾਪੂ ਜੀ ਦੇ ਦਰਸ਼ਨ ਕਰਕੇ ਜਾਇਆ ਜਾਵੇ। ਪੂਨੇ ਜਾਣ ਵਾਲੀ ਰੇਲ ਗੱਡੀ ਦਾ ਲੁਧਿਆਣੇ ਤੋਂ ਚੱਲਣ ਦਾ ਸਮਾਂ ਸਵੇਰੇ 10 ਕੁ ਵਜੇ ਦਾ ਸੀ। ਉਸੀ ਮੁਤਾਬਿਕ ਸਵੇਰੇ ਲੁਧਿਆਣਾ ਮਾਡਲ ਟਾਊਨ ਜਿਥੇ ਬਾਪੂ ਜੀ ਦੀ ਰਿਹਾਇਸ਼ ਸੀ, ਪਹੁੰਚ ਗਏ। ਬਾਪੂ ਜੀ ਉਸ ਵਕਤ ਬੀਮਾਰ ਅਵਸਥਾ ਵਿਚ ਚੱਲ ਰਹੇ ਸਨ ਅਤੇ ਬਰਾਂਡੇ ਵਿਚ ਹੀ ਮੰਜੇ 'ਤੇ ਪਾਸਾ ਲੈ ਕੇ ਅਰਾਮ ਕਰ ਰਹੇ ਸਨ। ਮਨ ਵਿਚ ਵੀਚਾਰ ਆਇਆ ਕਿ ਬਾਪੂ ਜੀ ਨੂੰ ਬੇਅਰਾਮ ਨਾ ਕੀਤਾ ਜਾਵੇ ਅਤੇ ਆਪ ਚੁੱਪ ਚਾਪ ਫਤਿਹ ਬੁਲਾ ਕੇ ਕੋਲ ਬਹਿ ਗਏ। ਬਾਪੂ ਜੀ ਦੀ ਪੁੱਤਰੀ ਬੀਬੀ ਦਲੇਰ ਕੌਰ ਜੀ ਉਨ੍ਹਾਂ ਨੂੰ ਕਹਿਣ ਲੱਗੇ ਕਿ ਭਾਈ ਭਾਗ ਸਿੰਘ ਜੀ ਆਏ ਹਨ। ਬਾਪੂ ਜੀ ਉਸੇ ਤਰ੍ਹਾਂ ਲੇਟੇ ਰਹੇ ਅਤੇ ਫਾਰਸੀ ਦਾ ਲਫਜ਼ ਵਰਤਦੇ ਕਿਹਾ "ਖੂਬ ਏ ਸ਼ਨਾਤਮ" (ਭਾਵ ਕਿ ਮੈਂ ਚੰਗੀ ਤਰ੍ਹਾਂ ਪਛਾਣ ਲਿਆ ਹੈ) ਫਿਰ ਕਹਿਣ ਲੱਗੇ ਕਿ ਇਨ੍ਹਾਂ ਨੂੰ ਕੁਝ ਛਕਾਓ। ਥੋੜੀ ਦੇਰ ਬਾਅਦ ਕਿਹਾ ਕਿ ਇਨ੍ਹਾਂ ਨੂੰ ਮੱਕੀ ਦੀ ਰੋਟੀ ਅਤੇ ਸਰੋਂ ਦਾ ਸਾਗ ਛਕਾ ਕੇ ਭੇਜਣਾ। ਆਪ ਜੀ ਨੇ ਬਾਪੂ ਜੀ ਨੂੰ ਕਿਹਾ ਕਿ ਮੈਂ ਪੂਨੇ ਡਿਊਟੀ ਤੇ ਜਾਣਾ ਹੈ ਅਤੇ ਰੇਲ ਗੱਡੀ ਦਾ ਟਾਈਮ 10 ਵਜੇ ਦਾ ਹੈ ਅਤੇ ਮੈਂ ਜਲਦੀ ਚਲੇ ਜਾਣਾ ਹੈ। ਬਾਪੂ ਜੀ ਨੇ ਬੜੇ ਠਰੰਮੇ ਨਾਲ ਕਿਹਾ "ਕਿਤੇ ਨਹੀਂ ਜਾਂਦੀ ਤੇਰੀ ਗੱਡੀ। ਫਿਰ ਕਿਥੇ ਜੁਅਰਤ ਸੀ ਅੱਗੇ ਬੋਲਣ ਦੀ ਅਤੇ ਪ੍ਰਸ਼ਾਦਾ ਛੱਕਣ ਉਪਰੰਤ ਤਕਰੀਬਨ 11:30 ਵੱਜ ਗਏ, ਲੁਧਿਆਣਾ ਸਟੇਸ਼ਨ 'ਤੇ ਪਹੁੰਚਦਿਆਂ। ਜਦੋਂ ਸਟੇਸ਼ਨ ਤੇ ਜਾ ਕੇ ਰੇਲ ਗੱਡੀ ਬਾਰੇ ਪੁੱਛਿਆ ਤਾਂ ਪਤਾ ਲੱਗਾ ਕਿ ਜਿਹੜੀ ਰੇਲ ਗੱਡੀ 10 ਵਜੇ ਆਉਣੀ ਸੀ, ਉਹ ਢਾਈ ਘੰਟੇ ਲੇਟ ਹੈ। ਪੂਰੇ ਸਾਢੇ 12 ਵਜੇ ਰੇਲ ਗੱਡੀ ਆਈ ਅਤੇ ਸਮੇਂ ਸਿਰ ਪੂਨੇ ਆਪਣੀ ਡਿਊਟੀ ਤੇ ਹਾਜ਼ਰ ਹੋ ਗਏ।

ਫੌਜ ਵਿਚ ਹੋਣ ਕਰਕੇ ਕਈ ਬੰਦਸ਼ਾਂ ਦੇ ਬਾਵਜੂਦ ਆਪ ਜੀ ਗੁਰਸਿੱਖੀ ਵਿਚ ਪਰਪੱਕ ਰਹੇ। ਸਾਲ 1961 ਵਿਚ ਆਪ ਜੀ ਨੂੰ ਫੌਜ ਵਲੋਂ ਇਕ ਸਾਲ ਵਾਸਤੇ ਸ਼ਾਂਤੀ ਮਿਸ਼ਨ ਤੇ ਕਾਂਗੋਂ (ਅਫਰੀਕਾ) ਭੇਜਿਆ ਗਿਆ। ਉਥੇ ਮੈਸ ਵਿਚ ਫਰੀ ਖਾਣਾ ਹੋਣ ਦੇ ਬਾਵਜੂਦ ਵੀ, ਆਪ ਜੀ ਰਾਸ਼ਨ ਲੈ ਕੇ ਖੁੱਦ ਆਪਣੇ ਹੱਥੀਂ ਪ੍ਰਸ਼ਾਦਾ ਤਿਆਰ ਕਰਕੇ ਛੱਕਦੇ ਰਹੇ। ਭਾਈ ਸਾਹਿਬ ਰਣਧੀਰ ਸਿੰਘ ਜੀ ਨੇ ਜਦੋਂ ਸਚਖੰਡ ਪਿਆਨਾ ਕੀਤਾ ਤਾਂ ਆਪ ਜੀ ਉਸ ਵਕਤ ਕਾਂਗੋ ਹੀ ਸਨ ਅਤੇ ਬਾਪੂ ਜੀ ਨੇ ਸੁਪਨੇ ਵਿਚ ਆ ਕੇ ਫਤਿਹ ਬੁਲਾਈ ਅਤੇ ਉਥੇ ਹੀ ਬਾਪੂ ਜੀ ਦੇ ਗੁਰੂ ਪਿਆਨਾ ਕਰਨ ਦੀ ਖ਼ਬਰ ਮਿਲੀ।

ਆਪ ਜੀ ਨੂੰ ਕੀਰਤਨ ਕਰਨ ਅਤੇ ਲੰਗਰ ਖੁੱਦ ਤਿਆਰ ਕਰਨ ਦਾ ਬਚਪਨ ਤੋਂ ਹੀ ਸ਼ੌਂਕ ਸੀ ਅਤੇ ਫੌਜ ਵਿਚ ਜਿੱਥੇ ਜਿੱਥੇ ਵੀ ਤੈਨਾਤ ਰਹੇ ਉਥੇ ਗੁਰਦੁਆਰਾ ਸਾਹਿਬ ਵਿਖੇ ਕੀਰਤਨ ਕਰਨ, ਦੇਗ਼ ਤਿਆਰ ਕਰਨ, ਲੰਗਰ ਤਿਆਰ ਕਰਨ ਦੀ ਸੇਵਾ ਨਿਭਾਉਂਦੇ ਰਹੇ। ਹਰ ਜਗ੍ਹਾ ਆਪਣਾ ਪਰਸ਼ਾਦਾ ਆਪ ਹੀ ਤਿਆਰ ਕਰਕੇ ਛਕਦੇ ਰਹੇ। ਆਪ ਜੀ ਅਖੰਡ ਪਾਠੀ ਵੀ ਸਨ ਅਤੇ ਤਕਰੀਬਨ ਸਾਰੀ ਉਮਰ ਘਰ ਵਿਖੇ ਗੁਰੂ ਗ੍ਰੰਥ ਸਾਹਿਬ ਜੀ ਦਾ ਲੜੀਵਾਰ ਸਰੂਪ ਹੀ ਰੱਖਿਆ।

ਸਾਲ 1962 ਵਿਚ ਆਪ ਜੀ ਦੀ ਬਦਲੀ ਪਟਿਆਲਾ ਮਿਲਟਰੀ ਹਸਪਤਾਲ ਹੋਣ ਉਪਰੰਤ ਪਟਿਆਲਾ ਵਿਖੇ ਆ ਗਏ। ਉਥੇ ਆਪ ਜੀ ਦਾ ਮਿਲਾਪ ਭਾਈ ਮਹਿੰਦਰ ਸਿੰਘ ਜੀ ਓਵਰਸੀਅਰ (ਜੋ ਹੁਣ ਐੱਸ.ਡੀ.ਓ. ਸਾਹਿਬ ਦੇ ਨਾਮ



www.AKJ.Org

ਨਾਲ ਜਾਣੇ ਜਾਂਦੇ ਹਨ), ਭਾਈ ਪਿਆਰਾ ਸਿੰਘ, ਭਾਈ ਜਸਬੀਰ ਸਿੰਘ (ਹੁਣ ਇੰਗਲੈਂਡ) ਭਾਈ ਪ੍ਰੇਮ ਸਿੰਘ, ਠਾਣੇਦਾਰ ਬਚਨ ਸਿੰਘ ਅਤੇ ਹੋਰ ਵੀ ਕਈ ਸਿੰਘ ਸਨ, ਜਿਨ੍ਹਾਂ ਦੇ ਨਾਮ ਯਾਦ ਨਹੀਂ ਹਨ, ਨਾਲ ਕੀਰਤਨ ਅਖਾੜਿਆਂ ਵਿਚ ਕੀਰਤਨ ਦੀ ਸੇਵਾ ਨਿਭਾਉਂਦੇ ਰਹੇ। ਹਰ ਹਫ਼ਤੇ ਸਿੰਘਾਂ ਨੇ ਸਾਈਕਲਾਂ ਤੇ ਬਾਜਾ ਜੋੜੀ ਲੈ ਕੇ ਪਿੰਡਾਂ ਅਤੇ ਨੇੜੇ ਤੇੜੇ ਕਸਬਿਆਂ ਵਿਚ ਕੀਰਤਨ ਕਰਨਾ ਜੋ ਕਿ ਅਲੌਕਿਕ ਨਜ਼ਾਰਾ ਹੀ ਹੁੰਦਾ ਸੀ।

ਪਟਿਆਲੇ ਤੋਂ ਸਾਲ 1966 ਵਿਚ ਆਪ ਜੀ ਬਤੌਰ ਨਾਇਬ ਸੂਬੇਦਾਰ ਤਰੱਕੀ ਹੋਣ ਉਪਰੰਤ ਫਿਰੋਜ਼ਪੁਰ ਆ ਗਏ ਜਿਥੇ ਆਪ ਜੀ ਦਾ ਮਿਲਾਪ ਕੈਪਟਨ ਗੁਰਬਚਨ ਸਿੰਘ ਜੀ, ਭਾਈ ਪ੍ਰੀਤਮ ਸਿੰਘ ਜੀ, ਸੂਬੇਦਾਰ ਜਗਜੀਤ ਸਿੰਘ, ਬਾਬਾ ਸ਼ੇਰ ਸਿੰਘ, ਭਾਈ ਬਲਵੰਤ ਸਿੰਘ ਜੀ ਅਤੇ ਹੋਰ ਸਿੰਘਾਂ ਨਾਲ ਹੋਇਆ। ਉੱਥੇ ਹਰ ਹਫ਼ਤੇ ਕੀਰਤਨ ਦੀਆਂ ਝੜੀਆਂ ਲੱਗਦੀਆਂ ਅਤੇ ਇਕ ਐਸਾ ਵਕਤ ਵੀ ਆਇਆ ਕਿ ਹਰ ਹਫ਼ਤੇ ਰੈਣ ਸਬਾਈ ਕੀਰਤਨ ਹੋਣ ਲੱਗ ਪਿਆ। ਕੀਰਤਨ ਸਦਕਾ ਕਈ ਹੋਰ ਪਰਿਵਾਰ ਤਿਆਰ ਬਰ ਤਿਆਰ ਹੋਏ, ਜਿਨ੍ਹਾਂ ਵਿਚ ਭਾਈ ਮਿਲਖਾ ਸਿੰਘ ਜੀ, ਭਾਈ ਤਰਨਬੀਰ ਸਿੰਘ, (ਹੁਣ ਅੰਮ੍ਰਿਤਸਰ ਸਾਹਿਬ) ਭਾਈ ਮਨਜੀਤ ਸਿੰਘ (ਸਟੇਟ ਬੈਂਕ ਵਾਲੇ ਹੁਣ ਦਿੱਲੀ) ਪ੍ਰਮੁੱਖ ਹਨ। ਫਿਰੋਜ਼ਪੁਰ ਵਿਖੇ ਹੀ ਫੌਜ ਦੀ 28 ਸਾਲ ਨੌਕਰੀ ਕਰਨ ਉਪਰੰਤ ਆਪ ਜੀ ਸੰਨ 1973 ਵਿਚ ਰਿਟਾਇਰ ਹੋ ਗਏ। ਇਸ ਉਪਰੰਤ ਆਪ ਜੀ ਨੂੰ ਫਿਰੋਜ਼ਪੁਰ ਵਿਖੇ ਹੀ ਕੈਂਟੋਨਮੈਂਟ ਬੋਰਡ ਦੇ ਹਸਪਤਾਲ ਵਿਖੇ ਫਾਰਮਾਸਿਸਟ ਦੀ ਨੌਕਰੀ ਮਿਲ ਗਈ ਜਿੱਥੋਂ ਆਪ ਜੀ 13 ਸਾਲ ਦੀ ਨੌਕਰੀ ਕਰਨ ਉਪਰੰਤ ਸੰਨ 1986 ਵਿਚ ਸੇਵਾ ਮੁਕਤ ਹੋਏ। ਆਪ ਜੀ ਦੀ ਸਿੰਘਣੀ ਸਾਲ 2009 ਵਿਚ ਫਿਰੋਜ਼ਪੁਰ ਵਿਖੇ ਹੀ ਗੁਰੂ ਚਰਨਾਂ ਵਿਚ ਜਾ ਬਿਰਾਜੀ ਸੀ।

ਰਿਟਾਇਰਮੈਂਟ ਉਪਰੰਤ ਆਪ ਜੀ ਨੇ ਕੀਰਤਨ ਕਰਨ, ਗੁਰਬਾਣੀ ਦੀਆਂ ਲਗਾਂਮਾਤਰਾਂ ਦੀ ਸੋਧ ਸੁਧਾਈ ਕਰਨ ਵਿਚ ਸਮਾਂ ਬਤੀਤ ਕਰਨਾ ਸ਼ੁਰੂ ਕਰ ਦਿੱਤਾ। ਸਾਲ 2013 ਵਿਚ ਆਪ ਜੀ ਫਿਰੋਜ਼ਪੁਰ ਛੱਡ ਕੇ ਖਰੜ ਵਿਖੇ ਆਪਣੇ ਛੋਟੇ ਸਪੁੱਤਰ ਭਾਈ ਜਗਤਿੰਦਰ ਸਿੰਘ ਪਾਸ ਰਹੇ। ਇੱਥੇ ਇਕ ਸਾਲ ਆਪ ਜੀ ਬਿਮਾਰ ਰਹੇ ਅਤੇ ਸਿਹਤ ਠੀਕ ਨਾ ਰਹਿਣ ਕਰਕੇ ਆਪ ਜੀ ਸਿੱਖੀ ਸਿਦਕ ਕੇਸਾਂ ਸਵਾਸਾਂ ਨਾਲ ਨਿਭਾਉਂਦੇ ਹੋਏ 5 ਜਨਵਰੀ 2015 ਨੂੰ ਗੁਰੂ ਚਰਨਾਂ ਵਿਚ ਜਾ ਬਿਰਾਜੇ।

ਪਰਿਵਾਰ ਵਿਚ ਆਪ ਜੀ ਦੇ ਦੋ ਸਪੁੱਤਰ ਅਤੇ ਪੰਜ ਸਪੁੱਤਰੀਆਂ ਹਨ। ਜਿਨ੍ਹਾਂ ਵਿਚੋਂ ਵੱਡੀ ਸਪੁੱਤਰੀ ਬੀਬੀ ਸਤਨਾਮ ਕੌਰ (ਨੂੰਹ ਭਾਈ ਸਾਹਿਬ ਕੰਵਰ ਸਿੰਘ ਜੀ ਸ੍ਰੀ ਅੰਮ੍ਰਿਤਸਰ ਸਾਹਿਬ) ਅਤੇ ਛੋਟਾ ਬੇਟਾ ਭਾਈ ਜਗਤਿੰਦਰ ਸਿੰਘ ਖਰੜ ਅਤੇ ਬੀਬੀ ਜਸਵਿੰਦਰ ਕੌਰ, ਚੰਡੀਗੜ੍ਹ ਅਤੇ ਦਾਸ ਹੁਸ਼ਿਆਰਪੁਰ ਵਿਚ ਹੁਣ ਵੀ ਅਖੰਡ ਕੀਰਤਨੀ ਜੱਥੇ ਵਿਚ ਆਪਣੀਆਂ ਸੇਵਾਵਾਂ ਨਿਭਾ ਰਹੇ ਹਨ।

# ਭਾਈ ਜੋਗਿੰਦਰ ਸਿੰਘ ਜੀ ਤਲਵਾੜਾ

ਗੁਰਪੁਰਵਾਸੀ ਭਾਈ ਸਤਨਾਮ ਸਿੰਘ ਜੀ, ਸਿੰਘ ਬ੍ਰਦਰਜ਼

**ਭਵਜਲ ਅੰਦਰਿ ਬੋਹਿਥੈ, ਇਕਸ ਪਿਛੇ ਲਖ ਤਰੰਦੇ ॥ ਪਰਉਪਕਾਰੀ ਮਿਲਨਿ ਹਸੰਦੇ ॥**

ਗੁਰੂ-ਘਰ ਦੇ ਅਨਿੰਨ ਢਾਢੀ, ਬਾਣੀ ਦੇ ਰਸੀਏ-ਵਿਦਵਾਨ, ਜੁਗੋ-ਜੁਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਨਮਾਨ ਲਈ ਹਮੇਸ਼ਾ ਤੱਤਪਰ, ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਸਮਰਪਿਤ, ਪੰਥ-ਦਰਦੀ, ਅਖੰਡ ਕੀਰਤਨੀ ਜਥੇ ਦੇ ਨਿਰਮਾਣ ਸੇਵਕ, ਬੱਚਿਆਂ ਤੇ ਬੱਚੀਆਂ ਨੂੰ ਕੀਰਤਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਾਉਣ ਵਾਲੇ ਗੁਰਮੁਖ ਪਿਆਰੇ ਭਾਈ ਜੋਗਿੰਦਰ ਸਿੰਘ ਜੀ ਤਲਵਾੜਾ 21 ਜਨਵਰੀ 2004 ਸ਼ਾਮ ਨੂੰ 5-15 ਵਜੇ ਸ੍ਰੀ ਗੁਰੂ ਰਾਮਦਾਸ ਹਸਪਤਾਲ, ਅੰਮ੍ਰਿਤਸਰ ਵਿਖੇ ਸੰਖੇਪ ਬੀਮਾਰੀ ਉਪਰੰਤ ਸਾਨੂੰ ਵਿਛੋੜਾ ਦੇ ਗਏ ਹਨ।



www.AKJ.Org

ਭਾਈ ਜੋਗਿੰਦਰ ਸਿੰਘ ਜੀ ਦਾ ਜਨਮ 29 ਸਤੰਬਰ 1929 ਨੂੰ ਪਿਤਾ ਸ. ਪ੍ਰੇਮ ਸਿੰਘ ਜੀ ਦੇ ਗ੍ਰਹਿ ਮਾਤਾ ਬਸੰਤ ਕੌਰ ਜੀ ਦੀ ਕੁੱਖੋਂ ਪਿੰਡ ਚੂਹਾ ਮਲ (ਜ਼ਿਲ੍ਹਾ ਗੁਜਰਾਤ, ਪਾਕਿਸਤਾਨ) ਵਿਖੇ ਹੋਇਆ। ਆਪ ਜੀ ਦੋ ਭੈਣਾਂ ਤੇ ਇਕ ਵੀਰ ਦੇ ਪਿਆਰੇ ਵੀਰ ਸਨ। ਦਸਵੀਂ ਪਾਸ ਕਰ ਕੇ ਆਪ ਨੇ ਲਕਸ਼ਮੀ ਕਮਰਸ਼ਲ ਬੈਂਕ ਲਾਇਲਪੁਰ ਵਿਖੇ ਕਲਰਕ ਦੀ ਨੌਕਰੀ ਤੋਂ ਜੀਵਨ ਆਰੰਭ ਕੀਤਾ। ਪਾਕਿਸਤਾਨ ਤੋਂ ਆ ਕੇ ਹਿਸਾਰ ਵਿਚ ਕੈਂਪ ਇਨਚਾਰਜ ਵਜੋਂ ਨੌਕਰੀ ਕੀਤੀ, ਪਰ ਛੇਤੀ ਹੀ ਸਿਵਲ ਸਪਲਾਈ ਦੇ ਮਹਿਕਮੇ ਵਿਚ ਨਿਯੁਕਤ ਹੋ ਗਏ। ਸਿਵਲ ਸਿਪਲਾਈ ਦਾ ਮਹਿਕਮਾ ਜਲਦੀ ਖ਼ਤਮ ਹੋ ਗਿਆ ਤਾਂ ਆਪ ਜੀ ਨੇ ਇਰੀਗੇਸ਼ਨ ਡੀਪਾਰਟਮੈਂਟ ਵਿਚ ਨੰਗਲ ਤੇ ਤਲਵਾੜੇ ਵਿਚ ਲੰਮਾ ਸਮਾਂ ਬਿਤਾਇਆ। ਇਸੇ ਸਰਵਿਸ ਦੌਰਾਨ ਆਪ ਜੀ ਨੇ ਬੀ.ਏ. ਤੱਕ ਦੀ ਪੜ੍ਹਾਈ ਵੀ ਮੁਕੰਮਲ ਕੀਤੀ, ਇਸ ਵਿਚ ਫ਼ਾਰਸੀ ਆਪ ਨੇ ਅਖ਼ਤਿਆਰੀ ਵਿਸ਼ੇ ਵਜੋਂ ਪੜ੍ਹੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ, ਗੁਰਬਾਣੀ ਅਧਿਐਨ ਤੇ ਗੁਰਮਤਿ ਪ੍ਰਚਾਰ ਵਿਚ ਆਪਣਾ ਸਮਾਂ ਵੱਧ ਤੋਂ ਵੱਧ ਗੁਜ਼ਾਰਨ ਲਈ ਆਪ ਨੇ ਆਪਣੀ ਬਦਲੀ ਸ੍ਰੀ ਅੰਮ੍ਰਿਤਸਰ ਵਿਖੇ ਕਰਵਾ ਲਈ, ਜਿਥੋਂ ਆਪ ਜੀ ਸੰਨ 1987 ਵਿਚ ਰੀਟਾਇਰ ਹੋ ਗਏ। ਆਪ ਦਾ ਆਨੰਦ ਕਾਰਜ ਸੰਨ 1949 ਵਿਚ ਬੀਬੀ ਪ੍ਰਕਾਸ਼ ਕੌਰ ਜੀ ਪੁੱਤਰੀ ਸ. ਸਰਦਾਰਾ ਸਿੰਘ ਅਕਾਲੀ ਅਤੇ ਬੀਬੀ ਦਇਆ ਕੌਰ ਨਿਵਾਸੀ ਪਿੰਡ ਸਮਨ ਪਿੰਡੀ ਜ਼ਿਲ੍ਹਾ ਗੁਜਾਰਨ (ਪਾਕਿਸਤਾਨ) ਨਾਲ ਹੋਇਆ। ਬੀਬੀ ਜੀ ਦਾ ਪਰਿਵਾਰ ਵੀ ਪਾਕਿਸਤਾਨ ਤੋਂ ਉੱਜੜ ਕੇ ਹਿਸਾਰ ਆਪ ਜੀ ਦੇ ਗੁਆਂਢ ਆ ਕੇ ਵੱਸਿਆ ਸੀ। ਆਪ ਜੀ ਦੇ ਦੋ ਸਪੁੱਤਰ ਸੁਰਿੰਦਰਪਾਲ ਸਿੰਘ (ਅੰਮ੍ਰਿਤਸਰ) ਅਤੇ ਡਾ. ਤੇਜਿੰਦਰਪਾਲ ਸਿੰਘ (ਦੂਲ੍ਹਾ ਜੀ, ਹਾਲ ਕੈਨੇਡਾ) ਗੁਰਮਤੀ ਜੀਵਨ ਬਿਤਾ ਰਹੇ ਹਨ।

ਆਪ ਜੀ ਨੂੰ ਗੁਰਸਿੱਖੀ ਦੀ ਦਾਤਿ ਪਰਿਵਾਰਕ ਵਿਰਸੇ ਵਿਚੋਂ ਮਿਲੀ। ਧਾਰਮਿਕ ਬਿਰਤੀ ਕਰਕੇ ਆਪ ਜੀ ਨੂੰ ਗੁਰੂ-ਘਰ ਦੀ ਸੇਵਾ ਵੱਲ ਹਮੇਸ਼ਾ ਰੁਚਿਤ ਰਹਿੰਦੇ। ਸੰਨ 1957-58 ਦੇ ਪੋਹ ਸੁਦੀ ਸਮਾਗਮ ਤੇ ਆਪ ਜੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਦਰਸ਼ਨ ਕਰਨ ਅਤੇ ਕੀਰਤਨ ਸੁਣਨ ਦਾ ਅਵਸਰ ਪ੍ਰਾਪਤ ਹੋਇਆ। ਭਾਈ ਸਾਹਿਬ ਦੀ ਮਿਕਨਾਤੀਸੀ ਸ਼ਖ਼ਸੀਅਤ ਨੇ ਤਲਵਾੜਾ ਸਾਹਿਬ ਨੂੰ ਧੁਰ ਅੰਦਰੋਂ ਬਦਲ ਦਿੱਤਾ ਤੇ ਆਪ ਨੇ **"ਹਉ ਅਨਦਿਨੁ ਹਰਿ ਨਾਮੁ ਕੀਰਤਨੁ ਕਰਉ"** ਦੀ ਜੀਵਨ-ਜੁਗਤਿ ਹਾਸਲ ਕਰ ਲਈ। ਆਪ ਜੀ ਉੱਦਮ-ਉਤਸ਼ਾਹ ਨਾਲ ਅਖੰਡ ਕੀਰਤਨੀ ਜਥੇ ਦੇ ਸਮਾਗਮਾਂ ਵਿਚ ਪੁੱਜਦੇ ਤੇ ਕੀਰਤਨ ਵਿਚ ਜੁੜਦੇ ਰਹੇ। ਬਾਣੀ ਦੇ ਰਸੀਏ ਤੇ ਵਿਦਵਾਨ ਹੋਣ ਕਰਕੇ ਆਪ ਜੀ 'ਮੌਕੇ ਦੇ ਪ੍ਰਥਾਇ' ਗੁਰਬਾਣੀ ਕੀਰਤਨ ਦੀਆਂ ਗੁੰਜਾਰਾਂ ਪਾਉਣ ਵਿਚ ਪ੍ਰਬੀਨ ਸਨ। ਅਖੰਡ ਕੀਰਤਨੀ ਜਥੇ ਦੇ ਸਮਾਗਮਾਂ ਤੇ ਰੈਣ-ਸਬਾਈਆਂ ਸਮੇਂ ਹੁਲਾਰੇ ਦੇ ਕੀਰਤਨ ਰਾਹੀਂ ਸੰਗਤਾਂ ਦੀਆਂ ਸੇਵਾ ਕਰਦੇ ਤੇ ਸੰਗਤਾਂ ਦੀਆਂ ਪਿਆਰ-ਅਸੀਸਾਂ ਹਾਸਲ ਕਰਦੇ ਰਹੇ। ਤਲਵਾੜਾ ਜੀ ਦੇ ਕੀਰਤਨ ਦਾ ਵਿਸ਼ੇਸ਼ ਪੱਖ ਇਹ ਸੀ ਕਿ ਗੁਰਬਾਣੀ ਦੇ ਸ਼ੁੱਧ ਉਚਾਰਣ ਤੇ ਉਚਿਤ ਬਿਸਰਾਮਾਂ ਰਾਹੀਂ ਬਾਣੀ ਦਾ ਭਾਵ-ਬੋਧ ਸਰੋਤੇ ਦੇ ਹਿਰਦੇ ਵਿਚ ਲਹਿ ਜਾਂਦਾ ਸੀ। ਅਖੰਡ ਕੀਰਤਨੀ ਜਥੇ ਦੇ ਸਤਿਕਾਰਤ ਮੋਹਰੀ ਕੀਰਤਨੀਏ ਵਜੋਂ ਆਪ ਜੀ ਜਥੇ ਦੇ ਸੰਸਥਾਗਤ ਰੋਲ ਨੂੰ ਹਮੇਸ਼ਾ ਨਿੱਗਰ ਗੁਰਮਤੀ ਸੋਚ ਦੇ ਆਸਰੇ ਤੋਰਨ ਲਈ ਅਗਵਾਈ ਦੇਂਦੇ ਰਹੇ। ਗੁਰਮਤਿ ਤੋਂ ਪ੍ਰੇਰਿਤ ਹਾਂ-ਪੱਖੀ ਸੋਚ ਸਦਕਾ ਆਪ ਨੇ ਬਿਖੜੇ ਮੌਕਿਆਂ ਸਮੇਂ ਕਦੇ ਵੀ ਆਪਣਾ ਸੰਤੁਲਨ ਨਹੀਂ ਗਵਾਇਆ। ਅਖ਼ੀਰਲੇ ਸੁਆਸਾਂ ਤਕ ਆਪ ਜੀ ਜਥੇ ਦੀ ਏਕਤਾ ਲਈ ਚਿੰਤਨਸ਼ੀਲ ਰਹੇ ਤੇ ਲੋੜ ਅਨੁਸਾਰ ਉੱਦਮ ਕਰਦੇ ਰਹੇ।

ਅਖੰਡ ਕੀਰਤਨੀ ਜਥੇ ਦੇ ਮਾਸਿਕ-ਪੱਤਰ 'ਸੂਰਾ' ਮਾਸਿਕ ਪੱਤਰ ਦੇ ਫ਼ਰਵਰੀ 1966 ਵਿਚ ਸ਼ੁਰੂ ਹੋਣ ਦੇ ਸਮੇਂ ਤੋਂ ਹੀ ਉਹ ਬਾ-ਦਸਤੂਰ ਲਿਖਦੇ ਰਹੇ। ਅਪੈਲ 1999 ਨੂੰ ਸ਼ੁਰੂ ਹੋਏ ਮਾਸਿਕ ਪੱਤਰ ਆਤਮ ਰੰਗ ਦੇ ਸਹਿਯੋਗੀ ਅਤੇ ਲੇਖਕ ਰਹੇ ਹਨ। ਗੁਰਬਾਣੀ ਸ਼ੁੱਧ ਉਚਾਰਣ ਤੇ ਭਾਵ-ਬੋਧ ਨੂੰ ਉਜਾਗਰ ਕਰਨ ਵਾਲੀਆਂ ਆਪ ਦੀਆਂ 16 ਰਚਨਾਵਾਂ ਪ੍ਰਕਾਸ਼ਤ ਹੋ ਚੁੱਕੀਆਂ ਹਨ, ਜੋ ਸਿੱਖ-ਸਾਹਿੱਤ ਦਾ ਗੌਰਵਸ਼ੀਲ ਖ਼ਜ਼ਾਨਾ ਹਨ। ਆਪ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਮਹਿੰਗੀਆਂ (ਔਖੀਆਂ) ਬਾਣੀਆਂ ਦੇ ਭਾਵ-ਪੂਰਤ ਟੀਕੇ ਕੀਤੇ। ਆਪ ਜੀ ਗੁਰਬਾਣੀ ਦੇ ਵਿਆਕਰਣਕ ਨੇਮਾਂ

ਨੂੰ ਪੂਰੀ ਡੂੰਘਾਈ ਤਕ ਸਮਝਣ ਵਾਲੇ ਉੱਘੇ ਵਿਦਵਾਨ ਸਨ। ਆਪ ਨੇ ਲੰਬੀ ਖੋਜ ਉਪਰੰਤ ਗੁਰਬਾਣੀ ਵਿਆਕਰਣ ਦੇ ਨੇਮਾਂ ਨੂੰ ਸਮਝਣ ਲਈ 900 ਸਫ਼ੇ ਦੇ ਕਰੀਬ ਵੱਡ-ਆਕਾਰੀ ਰਚਨਾ ਤਿਆਰ ਕੀਤੀ ਹੈ, ਜਿਸਦੇ ਪਰੂਫ ਉਨ੍ਹਾਂ ਨੇ ਇਸ ਜਾਨ-ਲੇਵਾ ਬੀਮਾਰੀ ਤੋਂ ਪਹਿਲਾਂ ਹੀ ਪੂਰੇ ਕੀਤੇ ਸਨ, ਜੋ ਹੁਣ ਦੋ ਭਾਗਾਂ ਵਿਚ ਗੁਰਬਾਣੀ ਸਰਲ ਵਿਆਕਰਨ ਦੇ ਨਾਂ ਹੇਠ ਛੱਪ ਚੁੱਕੀ ਹੈ। ਏਸੇ ਤਰ੍ਹਾਂ ਸ੍ਰੀ ਗੁਰੂ ਅੰਗਦ ਦੇਵ ਜੀ ਦੇ 500 ਸਾਲਾ ਪ੍ਰਕਾਸ਼ ਉਤਸਵ ਨੂੰ ਸਮਰਪਿਤ ਰਚਨਾ ਗੁਰ ਅੰਗਦ ਦੀਅਉ ਨਿਧਾਨੁ (ਜੀਵਨ, ਬਾਣੀ ਸਟੀਕ ਤੇ ਗੁਰੂ ਮਹਿਮਾ ਰਤਨਾਵਲੀ) ਵੀ ਉਨ੍ਹਾਂ ਨੇ ਹੁਣੇ ਹੀ ਸੰਪੂਰਨ ਕੀਤੀ ਸੀ। 'ਬਾਰਹਮਾਹਾ ਮਾਝ ਤੇ ਤੁਖਾਰੀ' ਦਾ ਸਟੀਕ ਵੀ ਉਹ ਤਿਆਰ ਕਰ ਗਏ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪੂਰਨ ਸ਼ਬਦਾਰਥ ਤੇ ਉਚਾਰਣ-ਬੋਧ ਤਿਆਰ ਕਰਨ ਦੇ ਪ੍ਰਾਜੈਕਟ ਉਪਰ ਉਹ ਪੂਰੇ ਉਤਸ਼ਾਹ ਨਾਲ ਕੰਮ ਕਰ ਰਹੇ ਸਨ, ਪਰ ਕਰਤਾ ਪੁਰਖ ਦੀ ਰਜ਼ਾ ਅਨੁਸਾਰ ਇਹ ਕਾਰਜ ਸਿਰਫ਼ ੧੯੨ ਅੰਗ ਤਕ ਹੀ ਹੋ ਸਕਿਆ ਹੈ। ਜੇਕਰ ਇਹ ਪ੍ਰਾਜੈਕਟ ਪੂਰਾ ਹੋ ਜਾਂਦਾ ਤਾਂ ਇਹ ਗੁਰਬਾਣੀ ਅਰਥ-ਬੋਧ ਵਿਚ ਨਿਸ਼ਚੇ ਹੀ ਇਕ ਵਿਸ਼ੇਸ਼ ਮੀਲ-ਪੱਥਰ ਸਾਬਤ ਹੁੰਦਾ। ਉਕਤ ਤਿੰਨੋਂ ਅਪ੍ਰਕਾਸ਼ਤ ਰਚਨਾਵਾਂ ਹੁਣ ਛੱਪ ਚੁੱਕੀਆ ਹਨ।

ਤਲਵਾੜਾ ਸਾਹਿਬ ਨੇ ਹਰੇਕ ਨੂੰ ਗੁਰਬਾਣੀ ਨਾਲ ਜੋੜਨ ਲਈ ਵੱਖ-ਵੱਖ ਸਮਿਆਂ 'ਤੇ ਡਾ. ਹਰਚਰਨ ਸਿੰਘ ਇੰਟਰਨੈਸ਼ਨਲ ਗੁਰਬਾਣੀ ਥਰੈਪੀ ਟਰੱਸਟ, ਅੰਮ੍ਰਿਤਸਰ ਦੇ ਸਹਿਯੋਗ ਨਾਲ ਗੁਰਬਾਣੀ ਦੇ ਵੱਖ-ਵੱਖ ਟੈਸਟ ਰਖਵਾਏ। ਜੋ ਵੀ ਪ੍ਰੇਮੀ ਇਨ੍ਹਾਂ ਟੈਸਟਾਂ ਵਿਚ ਸ਼ਾਮਲ ਹੁੰਦਾ ਸੀ, ਹਰੇਕ ਨੂੰ ਗੁਰਮਤਿ ਪੁਸਤਕਾਂ ਤੇ ਗੁਰਬਾਣੀ ਸਟੀਕ ਦੀਆਂ ਪੁਸਤਕਾਂ ਦਿੱਤੀਆਂ ਜਾਂਦੀਆਂ ਸਨ ਅਤੇ ਪਹਿਲੇ ਵੀਹ ਪੰਝੀ ਬੱਚਿਆਂ ਨੂੰ ਕਿਤਾਬਾਂ ਦੇ ਰੂਪ ਵਿਚ ਸਪੈਸ਼ਲ ਇਨਾਮ ਦਿੱਤੇ ਜਾਂਦੇ ਰਹੇ।

ਭਾਈ ਸਾਹਿਬ ਹਿਤੋਂ-ਚਿਤੋਂ ਜੁਗੋ-ਜੁਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਵਨ ਸਨਮਾਨ ਕਰਦੇ ਸਨ ਤੇ ਆਪਦੀ ਰੀਝ ਸੀ ਕਿ ਪਾਵਨ-ਸਰੂਪ ਬਜ਼ਾਰਾਂ ਵਿਚ ਨਾ ਵਿਕਣ। ਉਨ੍ਹਾਂ ਅੰਦਰ ਇਹ ਚਾਓ ਸੀ ਕਿ ਕੋਈ ਸੰਸਥਾ ਪਾਵਨ-ਸਰੂਪ ਸ਼ੁੱਧ ਰੂਪ ਵਿਚ ਛਾਪ ਕੇ, ਭੇਟਾ-ਰਹਿਤ, ਸੰਗਤਾਂ ਤਕ ਪੂਰਨ ਮਰਿਆਦਾ ਤੇ ਸਤਿਕਾਰ ਸਹਿਤ ਪੁਚਾਵੇ। ਇਸੇ ਹੁੱਬ ਤਹਿਤ ਆਪ ਨੇ ਭਾਈ ਇੰਦਰ ਸਿੰਘ ਗੁਲਾਟੀ ਅੰਬਾਲਾ ਅਤੇ ਹੋਰ ਗੁਰਸਿੱਖਾਂ ਦੇ ਸਹਿਯੋਗ ਨਾਲ ਅੰਬਾਲਾ ਦੇ ਨੇੜੇ ਸ੍ਰੀ ਗੁਰੂ ਗ੍ਰੰਥ ਸਾਹਿਬ ਭਵਨ ਦੀ ਸਥਾਪਨਾ ਕੀਤੀ, ਜਿਸ ਦੀ ਪਿੱਛੋਂ ਜਾ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸੌਂਪਣੀ ਕਰ ਦਿੱਤੀ ਗਈ।

ਭਾਈ ਸਾਹਿਬ ਦਾ ਪ੍ਰੇਮ ਹਰ ਸੇਵਾ ਸੁਸਾਇਟੀ ਤੇ ਗੁਰਮਤਿ ਸੰਸਥਾ ਨਾਲ ਸੀ। ਕੀਰਤਨ ਲਈ ਜਦੋਂ ਵੀ ਕੋਈ ਯਾਦ ਕਰੇ, ਉਹ ਉੱਡ ਕੇ ਪੁੱਜਦੇ ਸਨ। ਉਨ੍ਹਾਂ ਦੀ ਇਹੋ ਤਮੰਨਾ ਹੁੰਦੀ ਸੀ ਕਿ ਜਿੰਨੇ ਵੀ ਕੀਰਤਨੀਏ ਬੱਚੇ-ਬੱਚੀਆਂ ਹਨ, ਉਹ ਸਭਸ ਕੀਰਤਨ ਕਰਨ। ਉਹ ਬੱਚਿਆਂ ਨੂੰ ਕੀਰਤਨ ਕਰਨ ਲਈ ਸਮਾਂ ਦੇ ਕੇ ਉਤਸ਼ਾਹ ਦਿੰਦੇ ਤੇ ਆਪ ਇਕ-ਦੋ ਸ਼ਬਦ ਦੀ ਹਾਜ਼ਰੀ ਭਰ ਕੇ ਆਨੰਦਿਤ ਹੁੰਦੇ। ਵੱਡੇ ਸਮਾਗਮਾਂ ਵਿਚ ਵੀ ਪ੍ਰਬੰਧਕਾਂ ਵੱਲੋਂ ਦਿੱਤੇ ਸਮੇਂ ਅਨੁਸਾਰ ਹੀ ਕੀਰਤਨ ਦੀ ਹਾਜ਼ਰੀ ਭਰਦੇ ਸਨ।

ਭਾਈ ਘਨ੍ਹਈਆ ਜੀ ਮਿਸ਼ਨ ਸੁਸਾਇਟੀ ਦੇ ਉਹ ਪੈਟਰਨ ਸਨ ਅਤੇ ਹਰ ਮਹੀਨੇ ਰੋਗੀਆਂ ਅਤੇ ਲੋੜਵੰਦਾਂ ਦੀ ਸੇਵਾ ਲਈ ਕੋਲੋਂ ਮਾਇਆ ਦਿੰਦੇ ਅਤੇ ਹੋਰਨਾਂ ਨੂੰ ਪ੍ਰੇਰਨਾ ਕਰ ਕੇ ਸੇਵਾ ਵਿਚ ਵੱਧ ਤੋਂ ਵੱਧ ਹਿੱਸਾ ਪਵਾਉਂਦੇ ਸਨ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਹਰ ਤਰ੍ਹਾਂ ਦਾ ਸਹਿਯੋਗ ਦਿੰਦੇ ਅਤੇ ਲੈਂਦੇ ਸਨ। ਪ੍ਰਧਾਨ ਸਾਹਿਬ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਕੱਤਰ ਸਾਹਿਬ ਨੇ ਇਨ੍ਹਾਂ ਦੀ ਸੇਵਾ ਲਾਈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਵਿਚ ਜੋ ਛਪਾਈ ਦੀਆਂ ਉਕਾਈਆਂ ਛਪ ਰਹੀਆਂ ਹਨ, ਉਨ੍ਹਾਂ ਬਾਰੇ ਸੁਝਾਓ ਦਿਓ ਤਾਂ ਜੁ ਉਨ੍ਹਾਂ ਬਾਰੇ ਯੋਗ ਫੈਸਲਾ ਕੀਤਾ ਜਾ ਸਕੇ। ਦੋ ਸਾਲ ਲਾ ਕੇ ਭਾਈ ਸਾਹਿਬ ਨੇ ਇਹ ਸੇਵਾ ਬਾਕੀ ਸਹਿਯੋਗੀਆਂ ਦੀ ਮਦਦ ਨਾਲ ਕੀਤੀ ਅਤੇ ਰਿਪੋਰਟ ਧਰਮ ਪ੍ਰਚਾਰ ਕਮੇਟੀ ਨੂੰ ਦਿੱਤੀ। ਦੋ ਸਾਲ ਬੀਤਣ ਤਕ ਧਰਮ ਪ੍ਰਚਾਰ ਕਮੇਟੀ ਨੇ ਇਸ ਸੰਬੰਧੀ ਕੁਝ



www.AKJ.Org

ਨਹੀਂ ਕੀਤਾ, ਜਿਸ ਦਾ ਉਨ੍ਹਾਂ ਨੂੰ ਬਹੁਤ ਦੁਖ ਤੇ ਰੰਜ ਸੀ। ਬੀਮਾਰ ਹੋਣ ਤੋਂ ਪਹਿਲਾਂ ਉਹ ਆਪਣੇ ਇਕ ਸਹਿਯੋਗੀ ਨੂੰ ਲਿਖ ਕੇ ਦੇ ਗਏ-'ਮੇਰੇ ਮਰਨ 'ਤੇ ਸਸਕਾਰ ਸਮੇਂ ਅਤੇ ਭੋਗ ਸਮੇਂ ਇਸ ਪਵਿੱਤਰ ਕਾਰਜ ਦੀ ਸੰਪੂਰਨਤਾ ਲਈ ਕਪੜੇ ਦੇ ਬੋਰਡਾਂ ਰਾਹੀਂ ਸੰਗਤਾਂ ਨੂੰ ਸੂਚਿਤ ਕੀਤਾ ਜਾਵੇ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਵਿਚ ਛਪਾਈ ਦੀਆਂ ਉਕਾਈਆਂ ਨੂੰ ਠੀਕ ਕਰਨ ਦਾ ਉੱਦਮ ਸਭ ਸਭਾ ਸੁਸਾਇਟੀਆ, ਜਥੇਬੰਦੀਆਂ, ਸੰਸਥਾਵਾਂ ਵੱਲੋਂ ਆਪਣੇ ਵਖਰੇਵਿਆਂ ਤੇ ਮਤਭੇਦਾਂ ਤੋਂ ਉਪਰ ਉੱਠ ਕੇ ਕਰਨਾ ਚਾਹੀਦਾ ਹੈ ਜੋ ਕਿ ਉਨ੍ਹਾਂ ਦੇ ਜੀਵਨ ਦੀ ਲਕਸ਼ ਸੀ।

ਭਾਈ ਸਾਹਿਬ ਜਿਥੇ ਹਰ ਇਕ ਨਾਲ ਪ੍ਰੇਮ ਕਰਦੇ ਸਨ, ਉਥੇ ਸਾਫ-ਗੋ ਵੀ ਸਨ। ਆਪ ਜੀ ਦੀ ਪ੍ਰਾਥਮਿਕ ਕਸਵੱਟੀ ਗੁਰਮਤਿ ਤੇ ਪੰਥ ਦੀ ਚੜ੍ਹਦੀ ਕਲਾ ਸੀ। ਪ੍ਰਧਾਨ ਸ਼੍ਰੋਮਣੀ ਕਮੇਟੀ ਜਾਂ ਸਿੰਘ ਸਾਹਿਬ ਗਿ: ਜੋਗਿੰਦਰ ਸਿੰਘ ਜੀ ਵੇਦਾਂਤੀ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨਾਲ ਆਪਦਾ ਨਿੱਜੀ ਸਨੇਹ ਤੇ ਨਿੱਘਾ ਪ੍ਰੇਮ ਸੀ, ਪਰ ਇਸ ਦੇ ਬਾਵਜੂਦ ਆਪ ਜੀ ਹਮੇਸ਼ਾ ਹਰ ਮੌਕੇ 'ਤੇ ਆਪਣੀ ਸੰਤੁਲਿਤ ਤੇ ਦਲੀਲ-ਯੁਕਤ ਰਾਏ ਪੂਰਨ ਭਰੋਸੇ ਤੇ ਮਜ਼ਬੂਤੀ ਨਾਲ ਦਿੰਦੇ ਸਨ ਤੇ ਸਿਰਫ਼ ਮੂੰਹ-ਰੱਖਣੀ ਖੁਸ਼ਨੂਦੀ ਵਿਚ ਯਕੀਨ ਨਹੀਂ ਸਨ ਰੱਖਦੇ।

ਭਾਈ ਸਾਹਿਬ ਜੀ ਨੇ ਸਰਕਾਰੀ ਨੌਕਰੀ ਤੋਂ ਬਦਲੀ ਕਰਵਾ ਕੇ ਅੰਮ੍ਰਿਤਸਰ ਆਉਣ ਉਪਰੰਤ ਸਿੱਖ ਰੈਫ਼ਰੈਂਸ ਲਾਇਬ੍ਰੇਰੀ ਦੇ ਹੇਠਾਂ (ਸੇਵਾ ਵਾਲੇ ਕਮਰੇ ਵਿਚ) ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ ਮਿਲਾਨ ਤੇ ਗੁਰਬਾਣੀ ਅਧਿਐਨ ਦੀ ਨਿਰੰਤਰ ਸੇਵਾ ਕੀਤੀ। ਇਸੇ ਸਥਾਨ 'ਤੇ ਆਪ ਜੀ ਬੱਚਿਆਂ-ਬੱਚੀਆਂ ਅਤੇ ਸਿੰਘਾਂ-ਸਿੰਘਣੀਆਂ ਨੂੰ ਕੀਰਤਨ ਸਿਖਾਉਣ ਦੀ ਸੇਵਾ ਵੀ ਕਰਦੇ ਸਨ, ਜੋ ਆਪ ਜੀ ਦੇ ਬੀਮਾਰ ਹੋਣ ਤੋਂ ਪਹਿਲਾਂ ਤਕ ਨਿਰੰਤਰ ਜਾਰੀ ਰਹੀ। ਉਨ੍ਹਾਂ ਦੀ ਲਾਈ ਇਹ ਪਿਉਂਦ ਹੁਣ ਤਕ ਭਰਪੂਰ ਫੁਲਵਾੜੀ ਬਣ ਗਈ ਹੈ ਤੇ ਕਈ ਬੀਬੀਆਂ ਅੱਗੋਂ ਇਹ ਸੇਵਾ ਨਿਭਾਉਣ ਲਈ ਤਤਪਰ ਹਨ।

ਸਤਿਗੁਰਾਂ ਦੀ ਬਖਸ਼ਿਸ਼ ਸਦਕਾ ਅਤੇ ਸੰਗਤਾਂ ਦੀ ਪਿਆਰ ਅਸੀਸ ਸਦਕਾ, ਜਿਥੇ ਉਹ ਕੀਰਤਨ ਦੇ ਧਨੀ ਸਨ, ਉੱਥੇ ਗੁਰਬਾਣੀ ਵਿਆਕਰਣ ਅਤੇ ਗੁਰਮਤਿ ਦੀਆਂ ਡੂੰਘੀਆਂ ਰਮਜ਼ਾਂ ਦੀ ਵੀ ਉਨ੍ਹਾਂ ਨੂੰ ਸੋਝੀ ਸੀ। ਸੰਗਤਾਂ ਦੀ ਮੰਗ 'ਤੇ ਉਨ੍ਹਾਂ ਨੇ ਜਪੁਜੀ ਸਾਹਿਬ ਦੀ ਵਿਆਖਿਆ 20 ਟੇਪਾਂ ਵਿਚ ਕੀਤੀ ਅਤੇ ਬੀਮਾਰ ਹੋਣ ਤੋਂ ਪਹਿਲਾਂ ਤਕ, ਸੇਵਾ ਵਾਲੇ ਕਮਰੇ ਵਿਚ ਰੋਜ਼ਾਨਾ ਦੋ ਤਿੰਨ ਸ਼ਬਦਾਂ ਦੀ ਵਿਆਖਿਆ ਵੀ ਕਰਦੇ ਰਹੇ।

ਭਾਈ ਸਾਹਿਬ ਜੀ ਦੀਆਂ ਹੱਥ ਲਿਖਤਾਂ ਦਾ ਵੇਰਵਾ ਇਸ ਪ੍ਰਕਾਰ ਹੈ।

1. ਸ੍ਰੀ ਗੁਰੂ ਗ੍ਰੰਥ ਸਾਹਿਤ ਬੋਧ ਭਾਗ ੧ : ਬਾਣੀ ਬਿਉਰਾ।
2. ਸ੍ਰੀ ਗੁਰੂ ਗ੍ਰੰਥ ਸਾਹਿਤ ਬੋਧ ਭਾਗ ੨ : ਗੁਰਬਾਣੀ ਉਚਾਰਣ।
3. ਸ੍ਰੀ ਗੁਰੂ ਗ੍ਰੰਥ ਸਾਹਿਤ ਬੋਧ ਭਾਗ ੩ : ਗੁਰਬਾਣੀ ਦਾ ਸਰਲ ਵਿਆਕਰਣ-ਬੋਧ—ਦੋ ਭਾਗ
4. ਨਿਤ-ਨੇਮ ਬੋਧ ਭਾਗ ੧ : ਨਿਤ-ਨੇਮ ਸਰਲ ਸਟੀਕ
5. ਨਿਤ-ਨੇਮ ਬੋਧ ਭਾਗ ੨ : ਨਿਤ-ਨੇਮ ਸਰਲ ਵਿਚਾਰਧਾਰਾ
6. ਬਾਣੀ ਮਹਲਾ ੯ ਸਟੀਕ
7. ਜਪੁਜੀ ਸਾਹਿਬ ਸਰਲ ਸਟੀਕ
8. ਸਲੋਕ ਸਹਸਕ੍ਰਿਤੀ ਤੇ ਗਾਥਾ ਸਟੀਕ
9. ਜੈਤਸਰੀ ਕੀ ਵਾਰ ਅਤੇ ਵਾਰ ਮਾਰੂ ਡਖਣੇ ਸਟੀਕ
10. ਭੱਟਾਂ ਦੇ ਸਵਈਏ ਸਟੀਕ
11. ਬਾਵਨ ਅਖਰੀ ਸਟੀਕ



www.AKJ.Org

12. ਰਾਮਕਲੀ ਕੀ ਵਾਰ ਤੇ ਬਸੰਤੁ ਕੀ ਵਾਰ ਸਟੀਕ
13. ਬਾਰਹਮਾਹਾ ਤੁਖਾਰੀ ਤੇ ਮਾਝ ਸਟੀਕ
14. ਜੀਵਨ ਕਥਾ ਸ੍ਰੀ ਗੁਰੂ ਅਮਰਦਾਸ ਜੀ
15. ਗੁਰ ਅੰਗਦ ਦੀਅਉ ਨਿਧਾਨੁ (ਸੰਖੇਪ ਜੀਵਨ ਗਾਥਾ, ਬਾਣੀ ਮ: ੨ ਸਟੀਕ ਤੇ ਗੁਰੂ ਅੰਗਦ ਮਹਿਮਾ ਰਤਨਾਵਲੀ)
16. ਤਉ ਕਿਉ ਮੁਰਗੀ ਮਾਰੈ? (ਇਸ ਪੁਸਤਕ ਦੇ ਹਿੰਦੀ ਤੇ ਅੰਗਰੇਜ਼ੀ ਅਨੁਵਾਦ ਵੀ ਛੱਪ ਚੁੱਕੇ ਹਨ) ਤੇ ਹੋਰ ਬੇਅੰਤ ਖੋਜ-ਪੱਤਰ ਤੇ ਲੇਖ ਗੁਰਮਤਿ ਮਾਸਿਕ ਪੱਤਰਾਂ ਅਤੇ ਅਖਬਾਰਾਂ ਜਿਵੇਂ ਗੁਰਮਤਿ ਪ੍ਰਕਾਸ਼, ਸਿੰਘ ਸਭਾ ਪਤ੍ਰਿਕਾ, ਪ੍ਰਕਾਸ਼ ਪਟਿਆਲਾ, ਸੂਰਾ ਮਾਸਿਕ ਪੱਤਰ, ਬਲਿਓ ਚਰਾਗ ਪਟਿਆਲਾ, ਆਤਮ ਰੰਗ ਚੰਡੀਗੜ੍ਹ, ਸੀਸ ਗੰਜ ਦਿੱਲੀ, ਸਿੱਖ ਰੀਵਿਊ (ਅੰਗਰੇਜ਼ੀ) ਕਲਕੱਤਾ ਆਦਿ ਵਿਚ ਛਪਦੇ ਰਹੇ ਹਨ।

**ਪਰਉਪਕਾਰੀ ਸ਼ਖ਼ਸੀਅਤ : ਵਲੋਂ ਸ. ਗੁਰਦਿਆਲ ਸਿੰਘ ਜੀ, ਅੰਮ੍ਰਿਤਸਰ**

ਜਿਸ ਮਿੱਤਰ ਪਿਆਰੇ ਨਾਲ ਜੀਵਨ ਵਿਚ ਕਦੀ ਕਿਸੇ ਪ੍ਰਕਾਰ ਦਾ (ਚਾਹੇ ਸਮਾਜਿਕ, ਧਾਰਮਿਕ, ਵਿਉਹਾਰਕ) ਸੰਬੰਧ ਰਿਹਾ ਹੋਵੇ, ਉਸ ਨਾਲ ਕੀਤੇ ਬਚਨ ਬਿਲਾਸ ਕਦੀ-ਕਦੀ ਮਨ ਨੂੰ ਟੁੰਬਦੇ ਰਹਿੰਦੇ ਹਨ। ਭਾਈ ਸਾਹਿਬ ਜੋਗਿੰਦਰ ਸਿੰਘ ਜੀ ਗੁਰਸਿੱਖੀ ਪਿਆਰ ਵਾਲੀ ਆਤਮਾ ਹੋਣ ਕਰਕੇ, ਗੁਰੂ ਨਾਨਕ ਨਾਮ-ਲੇਵਾ ਅਤੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਖ਼ਾਲਸਾ ਪੰਥ ਪਰਿਵਾਰ ਦੇ ਸਭਨਾਂ ਪ੍ਰਾਣੀਆਂ (ਚਾਹੇ ਛੋਟੀ ਉਮਰ ਹੋਵੇ, ਚਾਹੇ ਵੱਡੀ) ਨੂੰ ਖਿੜੇ ਮੱਥੇ ਗੁਰੂ ਫਤਹਿ ਗਜਾਉਂਦੇ ਤੇ ਹਾਰਦਿਕ ਪਿਆਰ ਨਾਲ ਨਿਵਾਜਦੇ ਰਹੇ ਹਨ। ਉਨ੍ਹਾਂ ’ਤੇ ਭਾਈ ਗੁਰਦਾਸ ਜੀ ਦੀ ਵੀਹਵੀਂ ਵਾਰ ਦੀ ਸੱਤਵੀਂ ਪਉੜੀ ਦੀਆਂ ਇਹ ਸਤਰਾਂ ਪੂਰੀ ਤਰ੍ਹਾਂ ਢੁੱਕਦੀਆਂ ਹਨ :

**ਗੁਰਸਿਖ ਦੇਵੀ ਦੇਵ ਜਠੇਰੇ ਭਾਇਆ ॥ ਗੁਰਸਿਖ ਮਾਂ ਪਿਉ ਵੀਰ ਕੁਟੰਬ ਸਬਾਇਆ ॥**

ਦਾਸ ਕੋਈ ਲਿਖਾਰੀ ਨਹੀਂ ਹੈ, ਪਰ ਉਨ੍ਹਾਂ ਵੱਲੋਂ ਬਖਸ਼ਿਆ ਪਿਆਰ ਅਤੇ ਦਾਸ ਤੋਂ ਪਹਿਲੇ ਉਨ੍ਹਾਂ ਦੇ ਨਿਕਟਵਰਤੀ ਪ੍ਰੇਮੀ ਸਿੰਘਾਂ, ਮਿੱਤਰਾਂ ਵੱਲੋਂ ਉਨ੍ਹਾਂ ਪ੍ਰਤੀ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਜੋ ਲੇਖ ਆਤਮ ਰੰਗ ਅਤੇ ਗੁਰਮਤਿ ਪ੍ਰਕਾਸ਼ ਮਾਸਕ ਪੱਤਰਾਂ ਵਿਚ ਛਪੇ ਸਨ, ਉਨ੍ਹਾਂ ਨੂੰ ਪੜ੍ਹਦਿਆਂ-ਪੜ੍ਹਦਿਆਂ ਦਾਸ ਦੇ ਮਨ ਵਿਚ ਵੀ ਕੁਝ ਲਿਖਣ ਲਈ ਵਲਵਲਾ ਉਠਿਆ ਤੇ ਲਿਖਣਾ ਸ਼ੁਰੂ ਕਰ ਦਿੱਤਾ। ਉਨ੍ਹਾਂ ਬਾਰੇ ਗੁਰਮੁਖ ਵੀਰਾਂ ਭੈਣਾਂ ਨੇ ਬਹੁਤ ਕੁਝ ਲਿਖ ਦਿੱਤਾ ਹੋਇਆ ਹੈ, ਮੈਂ ਉਨ੍ਹਾਂ ਗੱਲਾਂ ਨੂੰ ਬਾਰ-ਬਾਰ ਨਹੀਂ ਦੁਹਰਾਉਣਾ ਚਾਹੁੰਦਾ। ਪਰ ਜੋ ਕੁਝ ਦਾਸ ਨੇ ਉਨ੍ਹਾਂ ਦੀ ਸੰਗਤ ਮਾਣਦਿਆਂ, ਉਨ੍ਹਾਂ ਦੇ ਕੋਲ ਰਹਿੰਦਿਆਂ, ਦੇਖਿਆ, ਸੁਣਿਆ... ਉਹੀ ਲਿਖਣ ਦੀ ਕੋਸ਼ਿਸ਼ ਕਰ ਰਿਹਾ ਹਾਂ।

ਦਾਸ ਨੇ ਅਗਸਤ 1960 ਤੋਂ ਫ਼ਰਵਰੀ 1962 ਤਕ ਪਟਿਆਲੇ ਗੌਰਮਿੰਟ ਆਈ.ਟੀ.ਆਈ. ਤੋਂ ਮੋਟਰ ਮਕੈਨਿਕ ਦਾ ਕੋਰਸ ਕੀਤਾ। ਇਸ ਸਮੇਂ ਦੌਰਾਨ ਭਾਈ ਮਹਿੰਦਰ ਸਿੰਘ (ਐੱਸ.ਡੀ.ਓ.) ਜੀ ਦੀ ਕੀਰਤਨ ਰਸ ਭਰਪੂਰ ਸੰਗਤ ਦਾ ਆਨੰਦ ਮਾਣਿਆ। ਕੋਰਸ ਤੋਂ ਬਾਅਦ ਮੈਨੂੰ ਭਾਈ ਮਹਿੰਦਰ ਸਿੰਘ ਜੀ (ਉਸ ਵੇਲੇ ਓਵਰਸੀਅਰ ਸਨ) ਸੰਗਰੂਰ ਦੀ ਪੋਸਟਿੰਗ ਹੋਣ ਕਰਕੇ ਆਪਣੇ ਕੋਲ ਲੈ ਗਏ, ਉੱਥੇ ਮੈਨੂੰ ਭਾਖੜਾ ਨੰਗਲ ਪ੍ਰਾਜੈਕਟ ਵਿਖੇ ਅਪਰੈਂਟਿਸਸ਼ਿਪ ਕਰਨ ਲਈ ਸਰਕਾਰੀ ਪੱਤਰ ਆ ਗਿਆ। ਮੇਰੀ ਮਾਇਕ ਹਾਲਤ ਕਮਜ਼ੋਰ ਹੋਣ ਕਰਕੇ ਭਾਈ ਸਾਹਿਬ ਜੀ ਨੇ ਆਪਣੇ ਕੋਲੋਂ ਕੁਝ ਮਾਇਆ ਦੇ ਕੇ ਨੰਗਲ ਜਾਣ ਲਈ ਪ੍ਰੇਰਨਾ ਦਿੱਤੀ। ਹੁਣ ਮੈਨੂੰ ਸੋਚ ਸੀ ਕਿ ਉੱਥੇ ਜਾ ਕੇ ਕਿੱਥੇ ਰਹਾਂਗਾ? ਕਿਵੇਂ ਰਹਾਂਗਾ? ਕਿਉਂਕਿ ਮੇਰੀ ਕੋਈ ਵਾਕਫੀਅਤ ਹੈ ਨਹੀਂ ਸੀ। ਭਾਈ ਸਾਹਿਬ ਜੀ ਕਹਿਣ ਲੱਗੇ ਕਿ ਤੁਸੀਂ ਕੋਈ ਫਿਕਰ ਨਾ ਕਰੋ, ਨੰਗਲ ਟਾਊਨਸ਼ਿਪ ਵਿਖੇ ਮੇਰੇ ਇਕ ਕੀਰਤਨੀਏ ਮਿੱਤਰ ਭਾਈ ਜੋਗਿੰਦਰ ਸਿੰਘ ਜੀ ਹਨ। ਮੈਂ ਉਨ੍ਹਾਂ ਵੱਲ ਚਿੱਠੀ ਲਿਖ ਕੇ ਤੁਹਾਨੂੰ ਦੇ ਦਿੰਦਾ ਹਾਂ। ਤੁਸੀਂ ਉਨ੍ਹਾਂ ਕੋਲ ਚਲੇ ਜਾਣਾ, ਉਹ ਤੁਹਾਡਾ ਸਾਰਾ ਪ੍ਰਬੰਧ ਕਰ ਦੇਣਗੇ। ਚਿੱਠੀ ਵਿਚ ਜੋ ਸ਼ਬਦ ਅੰਕਿਤ ਸਨ, ਉਹ ਲਗਭਗ ਹੇਠ ਲਿਖੇ ਅਨੁਸਾਰ ਸਨ :



www.AKJ.Org

ਪਿਆਰੇ ਵੀਰ ਜੀਓ !

ਦਾਸ ਆਪ ਜੀ ਕੋਲ ਸਿੰਘਾਂ ਦੀ ਛੱਤਰ ਛਾਇਆ ਹੇਠ ਇਕ ਸਿੰਘ ਨੂੰ ਭੇਜ ਰਿਹਾ ਹੈ, ਤੁਸੀਂ ਇਸ ਦੀ ਹਰ ਪ੍ਰਕਾਰ ਸਹਾਇਤਾ ਕਰਨੀ।

ਜਦੋਂ ਮੈਂ ਬੱਸ ਵਿਚ ਪਟਿਆਲੇ ਤੋਂ ਬੈਠਾ ਤਾਂ ਇਕ ਸਿੰਘ (ਜੋ ਕਿ ਭਾਈ ਜੋਗਿੰਦਰ ਸਿੰਘ ਜੀ ਦੇ ਕੀਰਤਨੀ ਸਾਥੀ ਭਾਈ ਅਮਰ ਸਿੰਘ ਜੀ ਹੈੱਡ ਡ੍ਰਾਫ਼ਟਸਮੈਨ ਦਾ ਛੋਟਾ ਭਰਾ ਸੀ) ਜਿਸ ਦਾ ਨਾਂ ਸ਼ਾਇਦ ਭਾਈ ਅਜੀਤ ਸਿੰਘ ਸੀ, ਮੇਰੇ ਨਾਲ ਵਾਲੀ ਸੀਟ 'ਤੇ ਬੈਠਾ ਸੀ। ਗੱਲਬਾਤ ਕਰਦਿਆਂ ਉਸ ਨੇ ਦੱਸਿਆ ਕਿ ਉਹਨੇ ਵੀ ਨੰਗਲ ਜਾਣਾ ਹੈ। ਮੈਂ ਉਹ ਚਿੱਠੀ ਉਸ ਨੂੰ ਦਿੱਖਾ ਦਿੱਤੀ। ਉਸ ਨੇ ਐਡਰੈਸ ਪੜ੍ਹ ਕੇ ਕਿਹਾ ਕਿ ਕੋਈ ਫਿਕਰ ਨਾ ਕਰੋ। ਮੈਨੂੰ ਤੁਹਾਨੂੰ ਟਿਕਾਣੇ 'ਤੇ ਪਹੁੰਚਾ ਦਿਆਂਗਾ। ਨੰਗਲ ਪਹੁੰਚੇ। ਉਹ ਸਿੰਘ ਮੈਨੂੰ ਆਪਣੇ ਭਰਾ (ਭਾਈ ਅਮਰ ਸਿੰਘ ਡ੍ਰਾਂਫ਼ਟਸਮੈਨ) ਦੇ ਘਰ ਲੈ ਗਿਆ। ਉਨ੍ਹਾਂ ਨੇ ਵੀ ਉਹ ਚਿੱਠੀ ਪੜ੍ਹੀ ਤੇ ਕਹਿਣ ਲੱਗੇ ਕਿ ਭਾਈ ਸਾਹਿਬ ਜੀ ਤੁਸੀਂ ਕਿਤੇ ਨਹੀਂ ਜਾਣਾ, ਸਾਡੇ ਕੋਲ ਰਹੋ। ਇੱਥੇ ਮੈਂ ਦੱਸਣਾ ਚਾਹੁੰਦਾ ਹਾਂ ਕਿ ਭਾਈ ਸਾਹਿਬ ਜੋਗਿੰਦਰ ਸਿੰਘ ਜੀ ਦੀ ਗੁਰਮੁਖ ਸ਼ਖ਼ਸੀਅਤ ਦਾ ਬਾਕੀ ਸਾਥੀ ਗੁਰਸਿੱਖ ਪਰਿਵਾਰਾਂ, ਸਿੰਘਾਂ 'ਤੇ ਵੀ ਪੂਰਾ-ਪੂਰਾ ਅਸਰ ਸੀ। ਦੂਸਰੇ ਦਿਨ ਜਦੋਂ ਸਾਰੇ ਸਿੰਘ ਇਕੱਠੇ ਹੋਏ ਤਾਂ ਭਾਈ ਜੋਗਿੰਦਰ ਸਿੰਘ ਜੀ ਨੇ ਉਹ ਚਿੱਠੀ ਸਾਰੇ ਸਿੰਘਾਂ ਨੂੰ ਪੜ੍ਹ ਕੇ ਸੁਣਾਈ।

ਸਾਰੇ ਸਿੰਘਾਂ ਨੇ ਭਾਈ ਮਹਿੰਦਰ ਸਿੰਘ ਜੀ (ਐੱਸ.ਡੀ.ਓ) ਦੇ ਬਚਨਾਂ ਦਾ ਬਹੁਤ ਸਤਿਕਾਰ ਕੀਤਾ ਅਤੇ ਦਾਸ ਨੂੰ ਆਪਣੇ-ਆਪਣੇ ਘਰ ਵਿਚ ਇਕ ਇਕ ਮਹੀਨਾ ਰੱਖਿਆ, ਹਰ ਪ੍ਰਕਾਰ ਦੀ ਆਪਣੇ ਬੱਚਿਆਂ ਵਾਂਗ ਸਹੂਲਤ ਦਿੱਤੀ। ਅਸਲੀ ਸੱਚ ਤਾਂ ਇਹ ਸੀ ਕਿ ਮੈਨੂੰ ਇੱਥੇ ਸਿੰਘਾਂ ਕੋਲ ਰਹਿੰਦਿਆਂ, ਆਪਣੀ ਗ਼ਰੀਬੀ ਦੀ ਅਤੇ ਆਪਣੇ ਮਾਂ-ਪਿਓ ਤੇ ਪਰਿਵਾਰ ਦੀ ਯਾਦ ਨੇ ਨਹੀਂ ਸਤਾਇਆ। ਏਨਾ ਪਿਆਰ ਸਿੰਘ ਪਰਿਵਾਰਾਂ ਨੇ ਦਿੱਤਾ।

ਅਪਰੈਂਟਿਸਸ਼ਿਪ ਛੇ ਮਹੀਨੇ ਦੀ ਸੀ, ਪਰ ਸਾਢੇ ਚਾਰ ਮਹੀਨੇ ਹੀ ਕੀਤੀ। ਫਿਰ ਮੈਨੂੰ ਪੰਜਾਬ ਰਾਜ ਬਿਜਲੀ ਬੋਰਡ ਵਿਚ ਗੰਗੂਵਾਲ ਵਿਖੇ ਕਲਰਕ ਦੀ ਐਡਹਾਕ ਸਰਵਿਸ ਮਿਲ ਗਈ। ਜੁਲਾਈ 1962 ਤੋਂ ਨਵੰਬਰ 1962 ਤੱਕ ਉੱਥੇ ਰਿਹਾ। ਉਥੋਂ ਫਿਰ (ਸਰਵਿਸ ਟੁੱਟਣ ਕਰਕੇ) ਨੰਗਲ ਆ ਗਿਆ। ਉੱਥੇ ਫਿਰ ਹੋਰ ਡਿਪਾਰਟਮੈਂਟ ਵਿਚ ਸਰਵਿਸ ਮਿਲ ਗਈ।

ਜਿੰਨ੍ਹਾਂ ਸਿੰਘਾਂ ਦੇ ਪਰਿਵਾਰਾਂ ਨੇ ਭਾਈ ਜੋਗਿੰਦਰ ਸਿੰਘ ਜੀ ਦੀ ਸੁਯੋਗ ਅਗਵਾਈ ਹੇਠ ਸੁਹਿਰਦ ਪਿਆਰ ਤੇ ਸਤਿਕਾਰ ਦਿੱਤਾ ਉਨ੍ਹਾਂ ਦਾ ਮੈਂ ਕਦੀ ਵੀ ਇਸ ਜਨਮ ਵਿਚ ਰਿਣ ਨਹੀਂ ਉਤਾਰ ਸਕਦਾ। ਉਨ੍ਹਾਂ 'ਤੇ ਵੀ ਉਸੇ ਸ਼ਬਦ ਦੀ ਤੁਕ ਢੁੱਕਦੀ ਹੈ (ਗੁਰਸਿਖ ਮਾਂ ਪਿਓ ਵੀਰ ਕੁਟੰਬ ਸਬਾਇਆ) ਭਾਈ ਗੁਰਦਾਸ ਜੀ : ਕੁਝ ਕੁ ਸਿੰਘਾਂ ਦੇ ਨਾਮ ਜੋ ਯਾਦ ਹਨ, ਹੇਠਾਂ ਦਿੱਤੇ ਹਨ।

1. ਭਾਈ ਅਮਰ ਸਿੰਘ ਜੀ ਡ੍ਰਾਫ਼ਟਸਮੈਨ, 2. ਭਾਈ ਦਿਲਬਾਗ ਸਿੰਘ ਜੀ, 3. ਭਾਈ ਮਹਿੰਦਰ ਸਿੰਘ ਜੀ ਅਕਾਊਂਟਸ ਅਫ਼ਸਰ, 4. ਭਾਈ ਮੱਖਣ ਸਿੰਘ ਜੀ ਫੋਰਮੈਨ, 5. ਭਾਈ ਸਵਰਨ ਸਿੰਘ ਜੀ (ਹੁਣ ਅਮਰੀਕਾ) ਤੇ, 6. ਉਨ੍ਹਾਂ ਦੇ ਭਾਈ, ਭਾਈ ਹਰਭਜਨ ਸਿੰਘ ਜੀ (ਹੁਣ ਹੁਸ਼ਿਆਰਪੁਰ), 7. ਭਾਈ ਪੂਰਨ ਸਿੰਘ ਜੀ ਬੱਲਾਂ ਵਾਲੇ, 8. ਭਾਈ ਗੁਰਨਾਮ ਸਿੰਘ ਜੀ (ਹੁਣ ਇੰਗਲੈਂਡ) ਅਤੇ 9. ਭਾਈ ਜਗੀਰ ਸਿੰਘ ਜੀ ਸਟੈਨੋ। ਭਾਈ ਜੋਗਿੰਦਰ ਸਿੰਘ ਜੀ ਦੇ ਗ੍ਰਹਿ ਵਿਖੇ ਹੀ ਦਾਸ ਕੁਝ ਸਮਾਂ ਰਿਹਾ ਹੈ। ਉਨ੍ਹਾਂ ਦਾ ਅਤੇ ਉਨ੍ਹਾਂ ਦੇ ਪਰਿਵਾਰ ਦਾ ਜੋ ਮੈਂ ਜੀਵਨ ਦੇਖਿਆ ਉਹ ਗੁਰਮਤਿ, ਗੁਰਸਿੱਖੀ ਦਾ ਪੂਰਾ-ਪੂਰਾ ਨਮੂਨਾ ਸੀ ਜੋ ਕਿ ਮੈਂ ਸਿੱਖ ਇਤਿਹਾਸ ਵਿਚ ਪੜ੍ਹਿਆ ਸੀ।

ਭਾਈ ਸਾਹਿਬ ਜੀ ਦੇ ਮਾਤਾ ਜੀ ਨਿੱਤ ਅੰਮ੍ਰਿਤ ਵੇਲੇ ਦੋ ਢਾਈ ਵਜੇ ਦੇ ਕਰੀਬ ਉੱਠ ਕੇ ਨਾਮ ਅਭਿਆਸ, ਨਿਤਨੇਮ ਕਰਿਆ ਕਰਦੇ ਸਨ। ਭਾਈ ਸਾਹਿਬ ਜੀ ਦੀ ਜੀਵਨ ਸਾਥਣ ਬੀਬੀ ਪ੍ਰਕਾਸ਼ ਕੌਰ ਜੀ ਨਿਮਰਤਾ, ਸਹਿਨਸ਼ੀਲਤਾ ਦੀ ਮੂਰਤਿ ਸਨ। ਉਹ ਤਾਂ ਆਏ ਗਏ ਗੁਰਸਿੱਖਾਂ ਦੀ ਹੱਥੀਂ ਸੇਵਾ-ਸੰਭਾਲ ਵਿਚ ਮਗਨ ਰਹਿੰਦੇ ਸਨ।



www.AKJ.Org

ਅਖੰਡ ਪਾਠੀ ਵੀ ਸਨ। ਭਾਈ ਸੁਰਿੰਦਰਪਾਲ ਸਿੰਘ, ਡਾ. ਤੇਜਿੰਦਰਪਾਲ ਸਿੰਘ ਦੂਲਾ (ਦੋਵੇਂ ਉਨ੍ਹਾਂ ਦੇ ਬੇਟੇ) ਉਦੋਂ ਬਿਲਕੁਲ ਛੋਟੇ ਸਨ।

ਭਾਈ ਸਾਹਿਬ ਜੀ ਦੇ ਘਰ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਸੀ। ਦਾਸ ਵੀ ਉਨ੍ਹਾਂ ਦੇ ਕਮਰੇ ਵਿਚ ਹੀ ਰਾਤ ਬਿਸ਼ਰਾਮ ਕਰਦਾ ਹੁੰਦਾ ਸੀ। ਭਾਈ ਸਾਹਿਬ ਜੀ ਰਾਤ ਦੇਰ ਤੱਕ ਪੋਥੀਆਂ ਵਿਚੋਂ ਸ਼ਬਦ ਚੁਣ-ਚੁਣ ਕੇ ਕੀਰਤਨ ਪ੍ਰਕਰਣ ਲਈ ਛੋਟੀਆਂ ਕਾਪੀਆਂ ਤਿਆਰ ਕਰਦੇ ਰਹਿੰਦੇ ਸਨ। ਉਹ ਹਮੇਸ਼ਾਂ ਮੌਕੇ ਦੇ ਮੁਤਾਬਕ ਸ਼ਬਦਾਂ ਦੀ ਚੋਣ ਕਰਕੇ ਰਲਦੇ ਮਿਲਦੇ ਭਾਵ ਅਰਥਾਂ ਦੇ ਪੂਰੇ ਸ਼ਬਦ, ਜਿਸ ਤਰ੍ਹਾਂ ਗੁਰਬਾਣੀ ਉਚਾਰੀ ਗਈ ਹੈ, ਦਾ ਹੀ ਕੀਰਤਨ ਕਰਦੇ ਸਨ। ਅੱਜ ਕੱਲ੍ਹ ਦੇ ਜ਼ਿਆਦਾਤਰ ਕੀਰਤਨੀਆਂ ਵਾਂਗ ਬਿਨਾਂ ਕਿਸੇ ਵਿਚਾਰ ਜਾਂ ਗੁਰਬਾਣੀ ਦੇ ਬੋਧ ਤੋਂ ਅੱਖਰਾਂ ਨਾਲ ਅੱਖਰ ਜੋੜ ਕੇ, ਤੁਕਾਂਤ ਕੀਰਤਨ (ਭਾਵ ਦੋ ਤੁਕਾਂ ਕਿਸੇ ਸ਼ਬਦ ਦੀਆਂ ਅਤੇ ਦੋ ਤੁਕਾਂ ਕਿਤੋਂ ਹੋਰ ਲੈ ਕੇ) ਨਹੀਂ ਸਨ ਕਰਦੇ। ਵਾਹਿਗੁਰੂ ਗੁਰਮੰਤਰ ਦੀ ਧੁੰਨੀ ਵੀ ਸਿਰਫ਼ ਢੁੱਕਵੀਂ ਥਾਂ ਤੇ ਹੀ ਲਗਾਉਂਦੇ ਸਨ। ਕੀਰਤਨ ਦੀ ਅਖੰਡਤਾ ਨੂੰ ਕਾਇਮ ਰੱਖਣ ਲਈ ਖਾਲੀ ਵਾਜਾ ਵੀ ਨਹੀਂ ਸਨ ਵਜਾਉਂਦੇ, ਜਿਸ ਤਰ੍ਹਾਂ ਆਮ ਰਾਗੀ ਜਾਂ ਅੱਜ ਕੱਲ੍ਹ ਦੇ ਨਵੇਂ ਸਿੱਖੇ ਕੀਰਤਨੀਏ ਆਪਣੀ ਕਲਾਕਾਰੀ ਦਿਖਾਉਣ ਵਾਸਤੇ, ਕੇਵਲ ਖਾਲੀ ਸਾਜ਼ ਹੀ ਵਜਾਉਂਦੇ ਰਹਿੰਦੇ ਹਨ। ਉਨ੍ਹਾਂ ਨੂੰ ਰਾਗ ਵਿੱਦਿਆ ਅਤੇ ਸੁਰ ਲੈਅ ਦੀ ਵੀ ਪੂਰੀ ਜਾਣਕਾਰੀ ਸੀ,ਪਰ ਉਨ੍ਹਾਂ ਨੇ ਕਦੇ ਵੀ ਰਾਗ ਨੂੰ ਗੁਰਬਾਣੀ ਉੱਪਰ ਭਾਰੂ ਨਹੀਂ ਹੋਣ ਦਿੱਤਾ। ਅੰਮ੍ਰਿਤ ਵੇਲੇ ਜਾਗ ਕੇ ਨਾਮ ਅਭਿਆਸ, ਨਿਤਨੇਮ ਕਰਨਾ, ਫਿਰ ਸਿੰਘਾਂ ਨੂੰ ਨਾਲ ਲੈ ਕੇ ਕਿਸੇ ਨਾ ਕਿਸੇ ਗੁਰਦੁਆਰੇ ਜਾ ਕੇ ਕੀਰਤਨ ਕਰਨਾ। ਸ਼ਾਮ ਨੂੰ ਦਫ਼ਤਰੋਂ ਆ ਕੇ ਕੁਝ ਛਕ-ਛਕਾ ਕੇ ਕਦੀ-ਕਦੀ ਸਿੰਘਾਂ ਦੇ ਘਰਾਂ ਵਿਚ ਜਾ ਕੇ ਬੱਚੇ-ਬੱਚੀਆਂ ਨੂੰ ਸ਼ਬਦ ਕੀਰਤਨ ਸਿਖਾਉਣਾ। ਜੇਕਰ ਸਿੰਘਾਂ ਨੂੰ ਨਾਲ ਲੇ ਕੇ ਸੈਰ ਕਰਨ ਜਾਣਾ ਤਾਂ ਕਹਿਣਾ ਕਿ ਜਿਹੜਾ ਕਿਸੇ ਨੂੰ ਸ਼ਬਦ ਜਾਂ ਬਾਣੀ ਕੰਠ ਹੈ ਤਾਂ ਉਹ ਸੁਣਾਓ।

ਮੈਨੂੰ ਯਾਦ ਹੈ ਕਿ ਇਕ ਵਾਰੀ ਇਕ ਗੁਰਮੁਖ ਪਿਆਰਾ ਸ਼ਬਦ ਸਿੱਖਣ ਲਈ ਘਰ ਆ ਗਿਆ। ਸ਼ਾਮ ਦਾ ਵਕਤ ਸੀ, ਭਾਈ ਸਾਹਿਬ ਪ੍ਰਸ਼ਾਦਾ ਛਕ ਰਹੇ ਸਨ। ਪ੍ਰਸ਼ਾਦਾ ਛੱਡ ਕੇ ਹੱਥ ਧੋ ਕੇ ਸਿੰਘ ਨੂੰ ਵਾਜੇ 'ਤੇ ਸ਼ਬਦ ਸਿਖਾਉਣ ਲੱਗ ਪਏ। ਮਾਤਾ ਜੀ ਕਹਿਣ ਲੱਗੇ, 'ਪੁੱਤਰਾ, ਪਹਿਲਾਂ ਪ੍ਰਸ਼ਾਦਾ ਛੱਕ ਲੈ, ਸਿੰਘ ਨੂੰ ਬਿਠਾ ਲੈਂਦੇ ਹਾਂ।' ਅਗੋਂ, ਕਹਿਣ ਲੱਗੇ, 'ਮਾਤਾ ਜੀ, ਤੁਸੀਂ ਵੀ ਠੀਕ ਕਹਿੰਦੇ ਹੋ, ਪਰ ਇਹ ਗੁਰਮੁਖ ਪਿਆਰਾ ਘਰ ਚੱਲ ਕੇ ਆਇਆ ਹੈ, ਇਸ ਸ਼ੁਭ ਕੰਮ ਨੂੰ ਪਹਿਲਾਂ ਤਰਜੀਹ ਦੇਣੀ ਹੈ।'

ਅਜਿਹੇ ਗੁਰਸਿੱਖਾਂ ਪ੍ਰਤੀ ਭਾਈ ਗੁਰਦਾਸ ਜੀ ਦਾ ਸ਼ਬਦ ਢੁੱਕਦਾ ਹੈ :

**ਜੈਸੇ ਸਤ ਮੰਦਰ ਕੰਚਨ ਕੇ ਉਸਾਰ ਦੀਨੇ, ਤੈਸਾ ਪੁੰਨ ਸਿਖ ਕਉ ਇਕ ਸਬਦ ਸਿਖਾਏ ਕਾ ॥੬੭੩॥**

(ਕਬਿੱਤ ਸਵੱਯੇ, ਭਾਈ ਗੁਰਦਾਸ ਜੀ)

ਉਪਰੋਕਤ ਤਾਂ ਇਕ ਸੰਖੇਪ ਮਾਤਰ ਉਸ ਗੁਰਮੁਖ ਆਤਮਾ ਦੀ ਇਕ ਗਾਥਾ ਹੈ। ਉਨ੍ਹਾਂ ਨੇ ਸਾਰਾ ਜੀਵਨ ਹੀ ਅੰਤਿਮ ਸਮੇਂ ਤਕ ਗੁਰਸਿੱਖਾਂ ਤੇ ਹੋਰ ਪ੍ਰਾਣੀਆਂ ਨੂੰ ਗੁਰੂ ਨਾਨਕ ਦਰੋਂ ਬਖਸ਼ਿਸ਼ ਹੋਏ ਕੀਰਤਨ ਭੰਡਾਰੇ ਨੂੰ ਵੰਡਣ ਲਈ ਲਾ ਦਿੱਤਾ। ਆਪ ਹਰ ਵੇਲੇ ਗੁਰਬਾਣੀ ਪੜ੍ਹਨ ਸੁਣਨ ਲਈ, ਵਿਚਾਰਨ ਲਈ ਪ੍ਰੇਰਨਾ ਦੇਂਦੇ ਰਹਿੰਦੇ। ਸ੍ਰੀ ਅੰਮ੍ਰਿਤਸਰ ਵਿਖੇ ਉਨ੍ਹਾਂ ਨੇ ਸੇਵਾ ਵਾਲੇ ਕਮਰੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਵੀ ਕੀਤਾ ਹੁੰਦਾ ਸੀ ਤੇ ਤਕਰੀਬਨ ਅੱਧਾ ਪੌਣਾ ਘੰਟਾ ਰੋਜ਼ ਸ਼ਬਦ ਦੀ ਕਥਾ-ਵਿਚਾਰ ਵੀ ਕਰਦੇ ਸਨ ਜੋ ਕਿ ਬਹੁਤ ਵਿਦਵਤਾ ਪੂਰਨ ਤੇ ਰਸ ਭਰਪੂਰ ਹੁੰਦੀ ਸੀ। ਕਥਾ ਕੀਰਤਨ ਦੇ ਭੌਰੇ ਸਮੇਂ ਸਿਰ ਆ ਜੁੜਦੇ ਸਨ। ਹੇਠ ਲਿਖੇ ਸ਼ਬਦ ਵੀ ਅਜਿਹੇ ਗੁਰਸਿੱਖਾਂ ਪ੍ਰਤੀ ਢੁੱਕਦੇ ਹਨ :

**ਹਉ ਤਿਸ ਦੈ ਚਉਖੰਨੀਐ, ਪਰਉਪਕਾਰ ਕਰੈ ਰੰਗ ਮਾਣੈ ॥੫॥੧੨॥**

(ਭਾਈ ਗੁਰਦਾਸ ਜੀ)



www.AKJ.Org

**ਜੋ ਗੁਰ ਕੀ ਬਾਣੀ ਸਿਖਲਾਵੈ ॥ ਜੀਵਨ ਮੁਕਤ ਪਦਾਰਥ ਪਾਵੈ ॥**

(ਰਹਿਤਨਾਮਾ ਭਾਈ ਪ੍ਰਹਿਲਾਦ ਸਿੰਘ)

**ਤੀਸਰ ਰੂਪ ਸਿੱਖ ਹੈ ਮੋਰ। ਗੁਰਬਾਣੀ ਰਤਿ ਜਿਨ ਨਿਸ ਭੋਰ।**

(ਰਹਿਤਨਾਮਾ—ਪ੍ਰਸ਼ਨੋਤਰੀ ਭਾਈ ਨੰਦ ਲਾਲ ਜੀ)

## ਸ਼ਸਤਰਾਂ/ਕਕਾਰਾਂ ਦਾ ਸਤਿਕਾਰ

ਕਦੀ ਕਦੀ ਭਾਈ ਸਾਹਿਬ ਆਪਣੇ ਗਾਤਰੇ ਕ੍ਰਿਪਾਨ ਤੇ ਸਰਬਲੋਹੀ ਕੜੇ ਨੂੰ ਰੇਤ ਨਾਲ, ਸੁਆਹ ਜਾਂ ਬੂਰੇ ਨਾਲ ਮਾਂਜ ਕੇ ਚਮਕਾਉਂਦੇ ਅਤੇ ਕਹਿਣਾ ਕਿ ਇਨ੍ਹਾਂ ਨੂੰ ਜੰਗ ਨਾ ਪਵੇ, ਇਹ ਸਤਿਗੁਰੂ ਜੀ ਦੀ ਬਖਸ਼ਿਸ਼ ਹਨ।

## ਗੁਰਧਾਮਾਂ ਦੀ, ਗੁਰਸਿੱਖਾਂ ਦੀ ਹੱਥੀਂ ਸੇਵਾ

ਭਾਈ ਸਾਹਿਬ ਜੀ ਦੇ ਘਰ ਅਕਸਰ ਬੇਅੰਤ ਨਾਮ ਅਭਿਆਸੀ, ਬਿਬੇਕੀ ਗੁਰਸਿੱਖ ਆਉਂਦੇ ਜਾਂਦੇ ਰਹਿੰਦੇ ਸਨ। ਸਰਬਲੋਹ ਬਿਬੇਕੀ ਸਿੰਘਾਂ ਲਈ ਕਈ ਵਾਰ ਸਿੰਘਾਂ ਨੂੰ ਨਾਲ ਲੈ ਕੇ ਸਰਬਲੋਹ ਦੇ ਬਰਤਨ, ਬਾਲਟੀ ਲੈ ਕੇ ਦੂਰੋਂ ਨੇੜਿਓਂ ਜਿਥੋਂ ਪਾਣੀ ਮਿਲੇ ਲੱਭ ਕੇ ਲਿਆਉਣਾ ਤੇ ਉਨ੍ਹਾਂ ਦੀ ਖ਼ੁਸ਼ੀ ਲੈਣ ਲਈ ਸੇਵਾ ਕਰਨੀ।

ਗੁਰਦੁਆਰਾ ਬਿਭੌਰ ਸਾਹਿਬ (ਪਾ. ੧੦) ਪਹਿਲਾਂ ਛੋਟਾ ਜਿਹਾ ਕੋਠਾ ਹੀ ਸੀ। ਉੱਥੇ ਪਹਿਲਾਂ ਸਿੰਘਾਂ ਨੂੰ ਨਾਲ ਲੈ ਕੇ ਕੀਰਤਨ ਕਰਨਾ। ਫਿਰ ਗੁਰਦੁਆਰਾ ਨਵਾਂ ਬਣਾਉਣ ਲਈ ਬਾਬਾ ਸੇਵਾ ਸਿੰਘ ਜੀ ਅਨੰਦਪੁਰ ਸਾਹਿਬ ਵਾਲਿਆਂ ਦੀ ਅਗਵਾਈ ਹੇਠ ਸਿਰ ਉੱਤੇ ਟੋਕਰੀਆਂ ਨਾਲ ਤੇ ਕਹੀਆਂ ਨਾਲ ਸਿੰਘਾਂ ਸਮੇਤ ਆਪ ਸੇਵਾ ਕਰਨੀ। ਬਾਬਾ ਜੀ ਸਿੰਘਾਂ ਉੱਤੇ ਬਹੁਤ ਖ਼ੁਸ਼ ਹੁੰਦੇ ਸਨ ਤੇ ਕਹਿਣਾ ਕਿ ਇਨ੍ਹਾਂ ਸਿੰਘਾਂ ਨੂੰ ਜੋ ਕਹਿੰਦੇ ਹਨ, ਛਕਾਓ।

ਅੰਮ੍ਰਿਤ ਵੇਲੇ ਹਫ਼ਤਾਵਾਰੀ ਕੀਰਤਨ ਸ਼ੁਰੂ ਕਰਨ ਤੋਂ ਪਹਿਲਾਂ ਸਿੰਘਾਂ ਨੇ ਜਦੋਂ ਨਾਮ ਅਭਿਆਸ, ਨਿਤਨੇਮ, ਸੁਖਮਨੀ ਸਾਹਿਬ ਕਰ ਕੇ ਹਟਣਾ ਤੇ ਦਸਤਾਰਾਂ ਸਜਾਉਣੀਆਂ ਤਾਂ ਭਾਈ ਸਾਹਿਬ ਜੀ ਨੇ ਦਸਤਾਰਾਂ ਸਜਾਉਣ ਤੋਂ ਪਹਿਲਾਂ ਕਈ ਸਿੰਘਾਂ ਦੇ ਸਿਰਾਂ ਦੀ ਤੇਲ ਨਾਲ ਸਿਮਰਨ ਕਰਦਿਆਂ ਬੜੇ ਪਿਆਰ ਨਾਲ ਮਾਲਸ਼ ਕਰਨੀ। ਅੰਮ੍ਰਿਤ ਵੇਲੇ ਸਿੰਘਾਂ ਦੀ ਖ਼ੁਰਾਕ ਦੁੱਧ ਤੇ ਸੂਜੀ ਦੀ ਖੀਰ ਜਾਂ ਦਲੀਆ ਤੇ ਲੂਣ ਵਾਲੀ ਆਈਟਮ, ਛੋਲਿਆਂ ਦੀ ਤਰੀ ਹੁੰਦੀ ਸੀ।

ਕੇਂਦਰੀ ਸ਼ਹੀਦੀ ਸਮਾਗਮ (ਪੰਚਮ ਪਾਤਸ਼ਾਹ ਜੀ ਦਾ) ਸੰਨ 1962 ਵਿਚ ਨੰਗਲ ਵਿਖੇ ਗੁਰਦੁਆਰਾ ਘਾਟ ਸਾਹਿਬ (ਜੋ ਸਤਲੁਜ ਦਰਿਆ ਦੇ ਕਿਨਾਰੇ ਸੀ) ਤੇ ਹੋਰ ਗੁਰਦੁਆਰਿਆਂ ਵਿਖੇ ਹੋਇਆ। ਸੰਗਤਾਂ ਦੇ ਪੀਣ ਲਈ ਪਾਣੀ ਦੀ ਵਰਤੋਂ ਦਰਿਆ ਵਿਚੋਂ ਹੀ ਕੀਤੀ ਜਾਂਦੀ ਸੀ। ਭਾਈ ਸਾਹਿਬ ਜੀ ਆਪ ਸਿਰ ’ਤੇ ਘੜਾ ਲੈ ਕੇ ਜਾਂ ਬਾਲਟੀ ਲੈ ਕੇ ਦਰਿਆ ਵਿਚੋਂ ਹੇਠਾਂ ਜਾ ਕੇ ਪਾਣੀ ਲਿਆਉਂਦੇ ਤੇ ਸੰਗਤਾਂ ਨੂੰ ਨਿੰਬੂ ਦਾ ਸਤ (ਟਾਟਰੀ) ਸਰਬਲੋਹੀ ਬਾਟਿਆਂ ਵਿਚ ਪਾਣੀ ਵਿਚ ਘੋਲ ਕੇ, ਖੰਡ ਪਾ ਕੇ ਸੋਡਾ ਵਾਟਰ ਦੀ ਜਗ੍ਹਾ ਪਿਲਾਉਂਦੇ। ਸੰਗਤਾਂ ਬਹੁਤ ਖ਼ੁਸ਼ ਹੁੰਦੀਆਂ ਸਨ।

## ਤਿਆਗੀ ਸੁਭਾਅ

ਇਕ ਸਿੰਘ ਨੇ ਕਿਹਾ ਕਿ ਭਾਈ ਸਾਹਿਬ ਜੀ ਆਪ ਜੀ ਦੀ ਸਿਰੀ ਸਾਹਿਬ (ਗਾਤਰੇ ਵਾਲੀ) ਬਹੁਤ ਸੋਹਣੀ ਹੈ। ਭਾਈ ਸਾਹਿਬ ਕਹਿਣ ਲੱਗੇ ਕਿ ਸਿੰਘ ਜੀ, ਇਹ ਤੁਸੀਂ ਲੈ ਲਓ, ਆਪਣੀ ਮੈਨੂੰ ਦੇ ਦਿਓ।

ਜਦੋਂ ਮੈਂ ਗੰਗੂਵਾਲ ਤੋਂ ਵਾਪਸ ਆ ਕੇ ਨੰਗਲ ਫਿਰ ਨੌਕਰੀ ’ਤੇ ਲੱਗਾ ਤਾਂ ਦਫ਼ਤਰ ਦੂਰ ਸੀ। ਭਾਈ ਸਾਹਿਬ ਜੀ ਨੇ ਆਪਦਾ ਸਾਈਕਲ ਮੈਨੂੰ ਦੇ ਦਿੱਤਾ ਤਾਂ ਕਿ ਦਫ਼ਤਰ ਜਾਣ ਵਿਚ ਮੁਸ਼ਕਿਲ ਨਾ ਆਵੇ। ਆਪ ਦਫ਼ਤਰ ਪੈਦਲ ਜਾਣ ਲੱਗ ਪਏ। ਇਸ ਤਰ੍ਹਾਂ ਅਨੇਕਾਂ ਘਟਨਾਵਾਂ ਹਨ, ਜੋ ਉਨ੍ਹਾਂ ਦੇ ਤਿਆਗੀ ਤੇ ਪਰਉਪਕਾਰੀ ਸੁਭਾਅ ਨੂੰ ਦ੍ਰਿਸ਼ਮਾਨ ਕਰਦੀਆਂ ਹਨ।



www.AKJ.Org

ਇਕ ਵਾਰੀ ਪਟਿਆਲੇ ਬਸੰਤ ਪੰਚਮੀ ਦਾ ਸਾਲਾਨਾ ਸਮਾਗਮ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਵਿਖੇ ਹੋ ਰਿਹਾ ਸੀ। ਇਸ ਦੀ ਸਮਾਪਤੀ ਸਵੇਰੇ ਅੰਮ੍ਰਿਤ ਵੇਲੇ ਤੋਂ ਰਹਿਰਾਸ ਸਾਹਿਬ ਦੇ ਪਾਠ ਨਾਲ ਹੀ ਹੋਈ। ਉਸ ਸਮਾਗਮ ਵਿਚ ਭਾਈ ਸਾਹਿਬ ਜੀ ਨੇ ਕਈ ਘੰਟੇ ਕੀਰਤਨ ਕੀਤਾ। ਉਸ ਵੇਲੇ ਭਾਈ ਸਾਹਿਬ ਜੀ ਦੀ ਆਵਾਜ਼ ਬੜੀ ਸੁਰੀਲੀ ਸੀ ਤੇ ਉਨ੍ਹਾਂ ਨੇ ਸ਼ਬਦਾਂ ਦੀ ਚੋਣ, ਸ਼ਬਦ ਦੇ ਨਾਲ ਰਲਦੇ ਪ੍ਰਕਰਣ ਅਨੁਸਾਰ ਸਿੱਧੀਆਂ ਧਾਰਨਾਂ ਤੇ ਰਸੀਲੀਆਂ ਅਗੰਮੀ ਧੁਨਾਂ ਰਾਹੀਂ ਕੀਰਤਨ ਨੂੰ ਅੰਮ੍ਰਿਤ ਰਸ ਭਰਪੂਰ ਬਣਾ ਦਿੱਤਾ। ਉਸੇ ਸਮਾਗਮ ਵਿਚ ਹੀ ਭਾਈ ਪ੍ਰੀਤਮ ਸਿੰਘ ਚਾਨੀ ਜੀ ਨੂੰ ਤਕਰੀਬਨ ਸਾਰਾ ਸਮਾਂ ਜੋੜੀ ਵਜਾਉਂਦਿਆਂ ਦੇਖਿਆ।

ਇਕ ਵਾਰੀ ਭਾਈ ਸਾਹਿਬ ਪਟਿਆਲੇ ਕਿਸੇ ਗੁਰਦੁਆਰੇ ਕੀਰਤਨ ਸਮਾਗਮ ਸਮੇਂ ਕੀਰਤਨ ਕਰ ਰਹੇ ਸਨ ਤਾਂ ਸ਼ਬਦ ਜੋ ਭਾਈ ਸਾਹਿਬ ਨੇ ਉੱਥੇ ਪੜ੍ਹਿਆ, ਉਹ ਮੈਨੂੰ ਅਜੇ ਤਕ ਯਾਦ ਹੈ:

**ਸੁਨਿ ਕਰਿ ਬਚਨ ਤੁਮ੍ਾਰੇ ਸਤਿਗੁਰ, ਮਨੁ ਤਨੁ ਮੇਰਾ ਠਾਰੁ ਥੀਓ ॥**

(ਆਸਾ ਮਹਲਾ ੫, ਪੰਨਾ ੩੮੨)

ਸ਼ਬਦ ਦੇ ਨਾਲ ਸੰਬੰਧਤ ਸ਼ਬਦਾਂ ਦਾ ਪ੍ਰਕਰਣ ਵੀ ਲਾ ਰਹੇ ਸਨ। ਭਾਈ ਮਹਿੰਦਰ ਸਿੰਘ ਜੀ (ਐੱਸ.ਡੀ.ਓ) ਜੋ ਕਿ ਖ਼ੁਦ ਵੀ ਇਕ ਪ੍ਰਮੁੱਖ ਕੀਰਤਨੀਏ ਸਨ, ਕਹਿਣ ਲੱਗੇ, 'ਦੇਖੋ ਬਈ, ਇਹ ਸਿੰਘ ਕਮਾਲ ਕਰੀ ਜਾ ਰਿਹਾ ਹੈ। ਕੀਰਤਨ ਕੀ ਕਰਦਾ ਹੈ, ਕੀਰਤਨ ਰਾਹੀਂ ਕਥਾ ਹੀ ਕਰੀ ਜਾ ਰਿਹਾ ਹੈ।'

ਉਹ ਕੀਰਤਨ ਸਮਾਗਮ, ਜਿਥੇ ਇਹ ਦੋਵੇਂ ਕੀਰਤਨੀ ਵੀਰ ਭਾਈ ਮਹਿੰਦਰ ਸਿੰਘ ਜੀ ਤੇ ਭਾਈ ਜੋਗਿੰਦਰ ਸਿੰਘ ਜੀ ਚਲੇ ਜਾਂਦੇ ਸਨ, ਰਸ ਭਰਪੂਰ ਹੋ ਜਾਇਆ ਕਰਦਾ ਸੀ।

ਭਾਈ ਮਹਿੰਦਰ ਸਿੰਘ ਜੀ (ਐੱਸ.ਡੀ.ਓ) ਤਾਂ ਭਾਣੇ ਅੰਦਰ ਗੁਰਸਿੱਖੀ ਲਾਈਨ ਤੋਂ ਥੋੜਾ ਥਿੜਕ ਗਏ ਪਰ ਭਾਈ ਜੋਗਿੰਦਰ ਸਿੰਘ ਜੀ ਅੰਤਿਮ ਸੁਆਸਾਂ ਤਕ ਗੁਰੂ ਕਿਰਪਾ ਸਦਕਾ ਸਿੱਖੀ ਜੀਵਨ ਤੋੜ ਨਿਭਾ ਗਏ।

ਦਾਸ ਨੇ ਪਟਿਆਲੇ ਰਹਿ ਕੇ ਸਿੰਘਾਂ ਤੋਂ ਕੋਈ ਇਕ ਦੋ ਸ਼ਬਦ ਸਿੱਖੇ ਸਨ, ਪਰ ਸੰਗਤੀ ਕੀਰਤਨ ਕਦੀ ਨਹੀਂ ਕੀਤਾ ਸੀ। ਨੰਗਲ ਵਿਖੇ ਭਾਈ ਸਾਹਿਬ ਨੇ ਮੈਨੂੰ ਵਾਜੇ 'ਤੇ ਕੀਰਤਨ ਕਰਨ ਲਈ ਬਿਠਾ ਦਿੱਤਾ ਅਤੇ ਆਪ ਜੋੜੀ ਵਜਾਉਣ ਬੈਠ ਗਏ। ਮੇਰੇ ਹੱਥ ਕੰਬਣ ਲੱਗੇ। ਭਾਈ ਸਾਹਿਬ ਨੇ ਹੌਂਸਲਾ ਦਿੱਤਾ ਤੇ ਕਹਿਣ ਲੱਗੇ, 'ਸ' ਠੀਕ ਕਰੋ, ਮੈਨੂੰ ਸਰਗਮ ਬਾਰੇ ਪਤਾ ਨਹੀਂ ਸੀ ਪਰ ਭਾਈ ਸਾਹਿਬ ਨੇ ਸਹਿਜੇ ਸਹਿਜੇ ਸ਼ਬਦ ਪੜ੍ਹਾ ਕੇ ਮੈਨੂੰ ਅਗਾਂਹ ਕੀਰਤਨ ਕਰਨ ਲਈ ਉਤਸ਼ਾਹ ਕਰ ਦਿੱਤਾ। ਇਸ ਤਰ੍ਹਾਂ ਉਨ੍ਹਾਂ ਕਈ ਹੋਰ ਬੱਚੇ ਬੱਚੀਆਂ ਨੂੰ ਉਤਸ਼ਾਹ ਦੇ ਕੇ ਕੀਰਤਨ ਕਰਨ ਯੋਗ ਬਣਾ ਦਿੱਤਾ।

### ਭਾਈ ਸਾਹਿਬ ਜੀ ਦਾ ਖਿਮਾ ਸੁਭਾਅ

ਇਕ ਵਾਰੀ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਵੈਸਾਖੀ ਦੇ ਕੀਰਤਨ ਸਮਾਗਮ (ਸ਼ਾਇਦ 2001 ਸੰਨ ਸੀ) ਲਈ ਸਿੰਘਾਂ ਨੂੰ ਮੀਟਿੰਗ ਲਈ ਬੁਲਾਇਆ ਗਿਆ। ਉੱਥੇ ਵਿਚਾਰ ਕਰਦੇ-ਕਰਦੇ ਦਾਸ ਦੀ ਕਿਸੇ ਗੱਲ ਤੋਂ ਭਾਈ ਸਾਹਿਬ ਜੀ ਨਾਲ ਗਰਮਾ ਗਰਮੀ ਜਿਹੀ ਹੋ ਗਈ। ਦਾਸ ਘਰ ਆ ਗਿਆ। ਬਾਰ-ਬਾਰ ਭਾਈ ਸਾਹਿਬ ਜੀ ਵੱਲ ਧਿਆਨ ਜਾਵੇ, ਤੇ ਮੈਂ ਅੰਦਰੋਂ ਅੰਦਰੀ ਰੋਣ-ਹਾਕਾ ਹੋ ਗਿਆ। ਰਾਤ ਨੀਂਦ ਨਹੀਂ ਪਈ। ਭਾਈ ਸਾਹਿਬ ਆਪਣੇ ਸੇਵਾ ਵਾਲੇ ਕਮਰੇ ਵਿਚ ਜਾਣ ਲਈ 9 ਤੋਂ 10 ਵਜੇ ਦੇ ਵਿਚਕਾਰ ਸਰਾਂ ਵਾਲੇ ਜੋੜੇ ਘਰ ਕੋਲ ਦੀ ਲੰਘਦੇ ਸਨ। ਦਾਸ ਜੋੜੇ ਘਰ ਵਿਚ ਗਿਆ ਹੋਇਆ ਸੀ। ਭਾਈ ਸਾਹਿਬ ਨੂੰ ਇਕ ਪਾਸੇ ਕਰ ਕੇ ਉਨ੍ਹਾਂ ਤੋਂ ਮੁਆਫ਼ੀ ਮੰਗੀ ਤੇ ਨਾਲ ਹੀ ਮੇਰਾ ਰੋਣ ਨਿਕਲ ਗਿਆ। ਭਾਈ ਸਾਹਿਬ ਜੀ ਦੀ ਖਿਮਾ ਸੁਭਾਵੀ ਆਤਮਾ ਦ੍ਰਵ ਗਈ ਤੇ ਜੱਫੀ ਵਿਚ ਲੈ ਲਿਆ। ਕਹਿਣ ਲੱਗੇ, 'ਗੁਰਦਿਆਲ ਸਿੰਘ, ਮੈਨੂੰ ਪਤਾ ਹੈ ਕਿ ਤੁਹਾਡੇ ਮਨ ਵਿਚ ਮੇਰੇ ਪ੍ਰਤੀ ਕੁਝ ਨਹੀਂ ਅਤੇ ਨਾ ਹੀ ਤੁਹਾਡੇ ਪ੍ਰਤੀ ਮੇਰੇ ਮਨ



www.AKJ.Org

ਵਿਚ ਕੁਝ ਹੈ। ਤੁਸੀਂ ਮਨ 'ਤੇ ਬੋਝ ਨਾ ਪਾਓ। ਗੁਰੂ ਖ਼ੁਸ਼ੀਆਂ ਕਰੇ।' ਮੇਰਾ ਹਿਰਦਾ ਠੰਢਾ ਹੋ ਗਿਆ ਹੈ। ਸਤਿਗੁਰੂ ਜੀ ਦਾ ਤੇ ਉਸ ਨਿਰਮਲ ਗੁਰਸਿੱਖ ਆਤਮਾ ਦਾ ਅੰਦਰੋ ਅੰਦਰੀ ਧੰਨਵਾਦ ਕੀਤਾ।

ਭਾਈ ਸਾਹਿਬ ਜੀ ਦਾ ਇਹ ਇਕ ਦ੍ਰਿੜ੍ਹ ਨਿਸ਼ਚਾ ਤੇ ਪ੍ਰਪੱਕ ਅਸੂਲ ਸੀ ਕਿ ਜਿਹੜੀ ਗੱਲ ਉਨ੍ਹਾਂ ਨੂੰ ਗੁਰਮਤਿ ਅਨੁਸਾਰ ਠੀਕ ਜਾਪਦੀ ਸੀ, ਉਸ ਉੱਤੇ ਪੂਰਾ ਪਹਿਰਾ ਦਿੰਦੇ ਸਨ। ਸ੍ਰੀ ਗੁਰੂ ਗ੍ਰੰਥ ਸਾਹਿਬ, ਗੁਰੂ ਖ਼ਾਲਸਾ ਪੰਥ, ਅਖੰਡ ਕੀਰਤਨੀ ਜਥੇ ਦੀ ਸ਼ਾਨ ਖ਼ਾਤਰ ਉਹ ਪੂਰੀ ਤਰ੍ਹਾਂ ਸਮਰਪਿਤ ਸਨ। ਪਰ ਸਮੇਂ ਦੀ ਚਾਲ ਕਾਰਨ ਜਥੇਬੰਦੀ ਦੇ ਦੋਫਾੜ ਹੋਣ ਕਰਕੇ ਅਤੇ ਹੋਰ ਕਈ ਪੰਥਕ ਮਸਲਿਆਂ ਕਰਕੇ ਸਿਹਤ 'ਤੇ ਅਸਰ ਪਿਆ। ਸਿਹਤ ਢਿੱਲੀ ਹੋਣ 'ਤੇ ਵੀ ਗੁਰਬਾਣੀ ਸੰਥਿਆ ਦੀ ਸੇਵਾ ਕਰਦੇ ਰਹੇ।

ਜਦੋਂ ਬਹੁਤ ਢਿੱਲੇ ਹੋ ਗਏ, ਬੁਖ਼ਾਰ ਹੋ ਗਿਆ, ਤਾਂ ਦਾਸ ਉਨ੍ਹਾਂ ਦੇ ਘਰ ਉਨ੍ਹਾਂ ਦੇ ਦਰਸ਼ਨ ਕਰਨ ਗਿਆ ਤੇ ਕਿਹਾ, 'ਭਾਈ ਸਾਹਿਬ ਜੀ ਆਪ ਜੀ ਦੀ ਪੰਥ ਨੂੰ, ਜਥੇਬੰਦੀ ਨੂੰ ਅਜੇ ਬਹੁਤ ਲੋੜ ਹੈ। ਸਰੀਰ ਨਾਲ ਹੱਠ ਨਾ ਕਰੋ। ਚਿੰਤਾ ਛੱਡੋ।' ਕਹਿਣ ਲੱਗੇ, 'ਗੁਰਦਿਆਲ ਸਿੰਘ, ਹੁਣ ਇਸ ਸਰੀਰ ਵਿਚੋਂ ਹੋਰ ਕੀ ਕੱਢਣਾ ਹੈ ? ਇਹ ਸੇਵਾ ਦੇ ਲੇਖੇ ਲੱਗ ਜਾਏ ਤਾਂ ਚੰਗਾ ਹੈ। ਜਿਹੜੀ ਗੱਲ ਪੰਥ ਬਾਰੇ, ਜਥੇਬੰਦੀ ਬਾਰੇ ਮੇਰੇ ਅੰਦਰ ਘਰ ਕਰ ਗਈ ਹੈ, ਉਹ ਮੇਰੇ ਢਿੱਡ ਵਿਚੋਂ ਬਾਹਰ ਨਹੀਂ ਨਿਕਲ ਸਕਦੀ।' ਮੈਂ ਕਿਹਾ, 'ਤੁਸੀਂ ਸਾਥੋਂ ਵੱਡੇ ਹੋ, ਗੁਣਵਾਨ ਹੋ, ਤੁਹਾਡੀ ਮਰਜ਼ੀ।' ਉਹ ਅੰਤਿਮ ਸੁਆਸਾਂ ਤਕ ਨਾਮ ਬਾਨੀ ਨਾਲ ਜੁੜੇ ਹੋਏ, ਅਸਾਥੋਂ ਸਦਾ ਲਈ ਸਰੀਰ ਕਰਕੇ ਵਿਛੜੇ ਤੇ ਗੁਰੂ ਚਰਨਾਂ ਵਿਚ ਜਾ ਬਿਰਾਜੇ।

**ਇਸ ਗੁਰਮੁਖ ਕੀਰਤਨੀ ਆਤਮਾ ਨੇ ਨੰਗਲ ਤੇ ਤਲਵਾੜੇ ਨੂੰ ਕੀਰਤਨ ਰਾਹੀਂ ਬੈਕੁੰਠ ਧਾਮ ਹੀ ਬਣਾ ਛੱਡਿਆ ਸੀ। ਨੰਗਲ ਵਿਖੇ ਤਾਂ ਕਈ ਵਾਰ ਅੰਮ੍ਰਿਤ ਵੇਲੇ ਤੋਂ ਕੀਰਤਨ ਸ਼ੁਰੂ ਹੁੰਦਾ ਤਾਂ ਰਹਿਰਾਸ ਸਾਹਿਬ ਦੇ ਪਾਠ ਨਾਲ ਹੀ ਸਮਾਪਤੀ ਹੁੰਦੀ। ਭਾਈ ਸਾਹਿਬ ਆਪ ਕੀਰਤਨ ਘੱਟ ਕਰਦੇ ਸਨ। ਸਾਰੇ ਕੀਰਤਨੀ ਸਾਥੀਆਂ, ਬੱਚੇ ਬੱਚੀਆਂ ਨੂੰ ਇਕ-ਇਕ ਸ਼ਬਦ ਦਾ ਟਾਈਮ ਦੇ ਕੇ ਨਿਵਾਜਦੇ ਸਨ। ਪਰੰਤੂ ਹੁਣ ਤਾਂ ਇਹ ਰੀਤ ਸਾਡੇ ਕੀਰਤਨ ਸਮਾਗਮਾਂ ਵਿਚੋਂ ਖ਼ਤਮ ਹੁੰਦੀ ਜਾ ਰਹੀ ਹੈ। ਆਪਣੇ ਪਰਾਏ ਦੀ ਪਛਾਣ, ਆਪੂੰ ਬਣੀਆਂ ਧੜੇਬੰਦੀਆਂ ਦੇ ਬੰਦਿਆਂ ਨੂੰ ਤਰਜੀਹ ਦਿੱਤੀ ਜਾਂਦੀ ਹੈ। ਸਤਿਕਾਰਯੋਗ ਪੂਰਨ ਜੀ ਵਲੋਂ ਅੰਮ੍ਰਿਤ ਵੇਲੇ ਦੇ ਸਮਾਗਮਾਂ ਵਿਚ ਯਥਾ-ਸ਼ਕਤਿ ਹਰੇਕ ਕੀਰਤਨੀਏ ਨੂੰ ਇਕ ਇਕ ਸ਼ਬਦ ਪੜ੍ਹਨ ਦੀ ਬਖਸ਼ਿਸ਼ ਕਰ ਕੇ ਉਪਰੋਕਤ ਪ੍ਰਥਾ ਜਾਰੀ ਰੱਖੀ ਗਈ ਸੀ। ਸ੍ਰੀ ਅਕਾਲ ਪੁਰਖ ਸਾਰਿਆਂ ਨੂੰ ਸੁਮੱਤਿ ਬਖ਼ਸ਼ੇ। ਭਾਈ ਸਾਹਿਬ ਜੀ ਦੀ ਆਤਮਾ ਨੂੰ ਸੱਚੀ ਸ਼ਰਧਾਂਜਲੀ ਤਾਂ ਹੀ ਅਰਪਣ ਕਰ ਸਕਾਂਗੇ ਜੇਕਰ ਅਸੀਂ ਆਪਸੀ ਵਿਤਕਰੇ ਛੱਡ ਕੇ, ਨਾਮ ਬਾਣੀ ਕੀਰਤਨ ਨੂੰ ਤਰਜੀਹ ਦੇ ਕੇ ਪਿਆਰ ਨਾਲ ਰਲ ਮਿਲ ਕੇ ਸਫ਼ਾਂ ਵਿਛਾ ਕੇ ਹਰਿ ਜਸ ਕਰਾਂਗੇ।**

ਇਹ ਦਾਸ ਦਾ ਮਨ ਅੰਦਰ ਵਲਵਲਾ ਸੀ, ਲਿਖ ਛੱਡਿਆ ਹੈ।

ਅੰਤ, ਗੁਰੂ ਅਨੁਸਾਰੀ, ਗੁਰੂ ਭਾਣੇ ਅੰਦਰ ਚੱਲਣ ਵਾਲੀ ਵਿਦਵਾਨ, ਪਰਉਪਕਾਰੀ ਗੁਰਸਿੱਖ ਆਤਮਾ ਨੂੰ ਨਮਸਕਾਰ ਕਰਦਾ ਹੋਇਆ ਵੱਧ ਘੱਟ ਲਿਖੇ ਲਈ ਖਿਮਾ ਦਾ ਜਾਚਕ ਹਾਂ।

**ਤਿਸੁ ਗੁਰਸਿਖ ਕਉ ਹੰਉ ਸਦਾ ਨਮਸਕਾਰੀ, ਜੋ ਗੁਰ ਕੈ ਭਾਣੈ ਗੁਰਸਿਖੁ ਚਲਿਆ॥**

(ਵਡਹੰਸ ਕੀ ਵਾਰ, ਪੰਨਾ ੫੯੩)

**ਤਲਵਾੜਾ ਜੀ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਭਵਨ ਨੂੰ ਦੇਣ : ਵਲੋਂ ਪ੍ਰਿੰ. ਗੁਰਮੁਖ ਸਿੰਘ ਜੀ, ਪਟਿਆਲਾ**

ਭਾਈ ਜੋਗਿੰਦਰ ਸਿੰਘ ਜੀ ਜਿਥੇ ਇਕ ਉੱਘੇ ਅਤੇ ਰਸੀਲੇ ਕੀਰਤਨੀਏ ਸਨ ਉੱਥੇ ਉਹ ਇਕ ਖੋਜੀ ਵਿਦਵਾਨ ਅਤੇ ਇਕ ਪੰਥ ਦਰਦੀ ਗੁਰਸਿੱਖ ਵੀ ਸਨ। ਸੰਨ 1957-58 ਵਿਚ ਆਪ ਜੀ ਨੇ ਅਖੰਡ ਕੀਰਤਨੀ ਜਥੇ ਵਿਚ ਸ਼ਾਮਲ ਹੋ ਕੇ ਅਖੰਡ ਕੀਰਤਨ ਦੀ ਸੇਵਾ ਆਰੰਭੀ। ਉਦੋਂ ਆਪ ਜੀ ਹਿਸਾਰ ਰਹਿੰਦੇ ਸਨ ਅਤੇ ਛੇਤੀ ਹੀ ਨੰਗਲ ਤਬਦੀਲੀ ਹੋ


www.AKJ.Org

ਗਈ। ਇਨ੍ਹਾਂ ਦੇ ਬਹੁਤ ਸਾਰੇ ਸੰਗੀ-ਸਾਥੀਆਂ ਨੇ ਵੀ ਆਪ ਦੀ ਪ੍ਰੇਰਣਾ ਨਾਲ ਥੋੜੇ ਸਮੇਂ ਵਿਚ ਹੀ ਜਥੇ ਵਿਚੋਂ ਅੰਮ੍ਰਿਤਪਾਨ ਕਰਕੇ ਆਪ ਜੀ ਨਾਲ ਮਿਲ ਕੇ ਉਥੇ ਜੱਥੇ ਦਾ ਵਾਹਵਾ ਤਕੜਾ ਯੂਨਿਟ ਬਣਾ ਲਿਆ ਅਤੇ ਸੰਨ 1962 ਵਿਚ ਪਹਿਲੀ ਵਾਰ ਨੰਗਲ (ਡੈਮ) ਦੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਵਿਚ ਸ਼ਹੀਦੀ ਗੁਰਪੁਰਬ ਦਾ ਸਮਾਗਮ ਹੋਇਆ। ਨੰਗਲ ਸਮਾਗਮ ਉੱਤੇ ਭਾਈ ਜੋਗਿੰਦਰ ਸਿੰਘ ਅਤੇ ਭਾਈ ਮੁਹਿੰਦਰ ਸਿੰਘ (S.D.O) ਨੇ ਅਤੇ ਹੋਰ ਕੀਰਤਨੀ ਸਿੰਘਾਂ ਨੇ ਕੀਰਤਨ ਦੀਆਂ ਉਹ ਘੁੰਮਰਾਂ ਪਾਈਆਂ ਜਿਸ ਨੇ ਸਰੋਤਿਆਂ ਦੇ ਮਨਾਂ ਉੱਤੇ ਅਮਿੱਟ ਛਾਪ ਛੱਡੀ। ਮੈਂ ਭੀ ਪਰਿਵਾਰ ਸਹਿਤ ਉਸ ਸਮਾਗਮ ਵਿਚ ਸ਼ਾਮਲ ਹੋਇਆ ਸਾਂ ਤੇ ਉਦੋਂ ਭਾਈ ਜੋਗਿੰਦਰ ਸਿੰਘ ਨਾਲ ਦਾਸ ਦੀ ਪਹਿਲੀ ਮਿਲਣੀ ਹੋਈ ਸੀ। ਫਿਰ ਤਾਂ ਕੀਰਤਨ ਸਮਾਗਮਾਂ ’ਤੇ ਮਿਲਦੇ ਹੀ ਰਹੇ। ਨੰਗਲ ਡੈਮ ਦਾ ਕੰਮ ਸੰਪੂਰਨ ਹੋਣ ਉੱਤੇ ਭਾਈ ਸਾਹਿਬ ਅਤੇ ਤਕਰੀਬਨ ਸਾਰੇ ਗੁਰੂ ਕੇ ਲਾਲਾਂ ਦੀਆਂ ਬਦਲੀਆਂ ਤਲਵਾੜਾ ਵਿਖੇ ਹੋ ਗਈਆਂ। ਮੈਂ ਇਕ ਵਾਰੀ ਆਪ ਜੀ ਨੂੰ ਪੁੱਛਿਆ ਸੀ, “ਨੰਗਲ ਦੇ ਵੀਰ ਤੁਹਾਨੂੰ ਸੇਠੀ ਜੀ ਕਰਕੇ ਬੁਲਾਉਂਦੇ ਹਨ, ਪਰ ਕੀ (ਸੇਠੀ) ਜਾਤ ਅੰਮ੍ਰਿਤਪਾਨ ਕਰਨ ਤੋਂ ਮਗਰੋਂ ਖ਼ਤਮ ਨਹੀਂ ਹੋਈ?” ਉਹ ਹੱਸ ਪਏ ਤੇ ਕਹਿਣ ਲੱਗੇ, “ਇਹ ਅੱਲ ਵੀ ਹੌਲੀ-ਹੌਲੀ ਖ਼ਤਮ ਹੋ ਜਾਏਗੀ।” ਸੇਠੀ ਤੋਂ ਤਲਵਾੜਾ ਜੀ ਕਦੋਂ ਬਣੇ ਮੈਂ ਦੱਸ ਨਹੀਂ ਸਕਦਾ। ਸੰਨ 1958 ਤੋਂ 1970-71 ਤਕ ਤਲਵਾੜਾ ਜੀ ਨੇ ਰੱਜ ਕੇ ਜਥੇ ਦੇ ਕੇਂਦਰੀ ਸਮਾਗਮਾਂ ਉੱਤੇ ਕੀਰਤਨ ਕੀਤਾ। ਪਟਿਆਲੇ ਵਿਖੇ ਵੀ ਸਮਾਗਮਾਂ ਵਿਚ ਹਾਜ਼ਰੀ ਭਰਦੇ ਰਹੇ।

1970-71 ਵਿਚ ਸਵਰਗੀ ਭਾਈ ਮੁਹਿੰਦਰ ਸਿੰਘ (ਐਕਾਊਂਟਸ ਅਫ਼ਸਰ ਤਲਵਾੜਾ) ਇਕ ਦਿਨ ਭਾਈ ਸਾਹਿਬ ਨੂੰ ਨਾਲ ਲੈ ਕੇ ਅੰਮ੍ਰਿਤਸਰ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਨਵਾਂ ਸਰੂਪ ਆਪਣੇ ਘਰ ਲਈ ਲੈਣ ਵਾਸਤੇ ਆਏ। ਦੋਵੇਂ ਵੀਰ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ ਦੀਦਾਰੇ ਕਰਕੇ, ਦਿਨ ਵੇਲੇ ਬਾਜ਼ਾਰ ਮਾਈ ਸੇਵਾ ਪੁੱਜ ਕੇ ਕੁਝ ਦੁਕਾਨਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪਾਂ ਨੂੰ ਪਸੰਦ ਕਰਨ ਲਈ ਜਾ ਚੜ੍ਹੇ। ਭਾਈ ਸਾਹਿਬ ਨੇ ਇਹ ਦਰਦ ਭਰੀ ਵਿਥਿਆ ਅਨੇਕਾਂ ਸੰਗੀ ਸਾਥੀਆਂ ਨੂੰ ਸੁਣਾਈ ਅਤੇ ਦਾਸ ਨੇ ਵੀ ਸੁਣੀ। ਕਹਿੰਦੇ, ਦੁਕਾਨਦਾਰਾਂ ਦੇ ਸੇਲਜ਼ਮੈਨਾਂ ਵਲੋਂ ਪਾਵਨ ਸਰੂਪਾਂ ਦੇ ਜਿਸ ਕਾਹਲੀ ਅਤੇ ਬੇ-ਅਦਬ ਤਰੀਕੇ ਨਾਲ ਝੱਟ-ਪੱਟ ਸਸਤੀਆਂ ਅਤੇ ਮਹਿੰਗੀਆਂ ਬੀੜਾਂ ਦੇ ਇਕ ਛੋਟੇ ਜਿਹੇ ਪੀੜ੍ਹੇ ਉੱਤੇ ਪ੍ਰਕਾਸ਼ ਅਤੇ ਨਾਲ ਦੇ ਨਾਲ ਸੁਖਾਸਨ ਦੇ ਦ੍ਰਿਸ਼ ਦੇਖੇ ਤਾਂ ਉਨ੍ਹਾਂ ਦੋਵਾਂ ਵੀਰਾਂ ਦੇ ਮਨ ਉੱਤੇ ਡੂੰਘੀ ਸੱਟ ਵੱਜੀ। ਸੇਲਜ਼ਮੈਨ ਤਾਂ ਸਰੂਪਾਂ ਦੀ ਛਪਾਈ, ਡਿਜ਼ਾਇਨਦਾਰ ਚੁਗਿਰਦੀਆਂ ਵੇਲਾਂ ਅਤੇ ਕਾਗਜ਼ ਦੀ ਮੋਟਾਈ ਆਦਿ ਵੱਲ ਉਨ੍ਹਾਂ ਦਾ ਧਿਆਨ ਖਿੱਚਣ, ਪਰ ਉਨ੍ਹਾਂ ਦੇ ਮਨਾਂ ਉੱਤੇ ਗੁਰੂ ਮਹਾਰਾਜ ਦੀ ਇਨ੍ਹਾਂ ਦੁਕਾਨਦਾਰਾਂ ਵਲੋਂ ਕੀਤੀ ਜਾ ਰਹੀ ਬੇਅਦਬੀ ਦੀ ਅਸਹਿ ਸੱਟ ਤੇਜ਼ੀ ਨਾਲ ਵੱਜ ਰਹੀ ਸੀ। ਉਨ੍ਹਾਂ ਨੂੰ ਇਹੋ ਭਾਸੇ, ਜਿਵੇਂ ਇਨ੍ਹਾਂ ਦੁਕਾਨਦਾਰਾਂ ਅੰਦਰ ਸਿੱਖੀ ਸਿਦਕ ਦੀ ਛਾਪ ਉੱਕਾ ਮਿੱਟ ਚੁੱਕੀ ਹੈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਜਿਸ ਨੂੰ ਸਿੱਖ ਜੁਗੋ ਜੁਗ ਅਟੱਲ ਤੇ ਨਿਰੰਕਾਰ ਦੀ ਧੁਰੋਂ ਉਤਰੀ ਬਾਣੀ ਦਾ ਪ੍ਰਗਟ ਸਰੂਪ ਮੰਨਦੇ ਹਨ, ਇਨ੍ਹਾਂ ਦੁਕਾਨਦਾਰਾਂ ਦੀ ਨਜ਼ਰ ਵਿਚ ਇਹ ਇਕ ਵਿਕਣ ਯੋਗ ਵਸਤੂ ਹੈ, ਜਿਸ ਨੂੰ ਵੇਚ ਕੇ ਇਨ੍ਹਾਂ ਨੇ ਮੁਨਾਫ਼ਾ ਕਮਾਉਣਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤਾਂ ਗੁਰੂ ਸਾਹਿਬਾਨ ਦਾ ਜੋਤਿ ਸਰੂਪ ਹਨ। ਖੁਦਗਰਜ਼ ਅਤੇ ਲਾਲਚੀ ਲੋਕ ਇਸ ਨੂੰ ਵਸਤੂ ਸਮਝ ਕੇ ਵੇਚ ਰਹੇ ਹਨ।

ਵਾਪਸ ਪਰਤ ਕੇ ਉਹ ਸੱਚੀ-ਮੁੱਚੀ ਭੁੱਬਾਂ ਮਾਰ ਕੇ ਰੋਏ, ਇਸ ਗੱਲ ਨੂੰ ਵਿਚਾਰ ਕੇ ਅੱਜ ਸਿੱਖ ਪੰਥ ਗੂੜ੍ਹੀ ਨੀਂਦੇ ਸੌਂ ਗਿਆ ਹੈ? ਉਸ ਨੂੰ ਪਤਾ ਨਹੀਂ ਕਿ ਸਿੱਖਾਂ ਦਾ ਗੁਰੂ ਅੰਮ੍ਰਿਤਸਰ ਦੇ ਬਾਜ਼ਾਰਾਂ ਵਿਚ ਵਿਕਦਾ ਹੈ ਅਤੇ ਉਹ ਉਸ ਨੂੰ ਰੁਮਾਲਿਆਂ ਵਿਚ ਲਪੇਟ ਕੇ, ਪੇਟੀ ਵਿਚ ਬੰਦ ਕਰ ਕੇ ਬੱਸ ਜਾਂ ਰੇਲਗੱਡੀ ਦੇ ਤੀਸਰੇ ਦਰਜੇ ਵਿਚ ਸਫਰ ਕਰਦੇ ਹਨ। ਫਿਰ ਘਰ ਜਾ ਕੇ ਪੂਰਨ ਭੈ-ਭਾਵਨੀ ਨਾਲ ਪੂਜਾ ਕਰਦੇ ਹਨ। ਭਾਈ ਸਾਹਿਬ ਕਹਿੰਦੇ, “ਮੇਰੇ ਲਈ ਇਹ ਅਸਹਿ ਘਟਨਾ ਸੀ ਕਿ ਸਿੱਖਾਂ ਦਾ ਗੁਰੂ ਇਕ ਵਸਤੂ ਦੇ ਤੌਰ ’ਤੇ ਬਾਜ਼ਾਰਾਂ ਵਿਚ ਵਿਕੇ। ਫਿਰ ਬਾਜ਼ਾਰ ਵਿਚ ਵਿਕਣਾ ਕਿਵੇਂ ਬੰਦ ਹੋਵੇ?” ਇਹ ਇਕ ਬਹੁਤ ਵੱਡਾ ਸਵਾਲ ਸੀ? ਕੁਦਰਤੀ, ਇਹ ਗੱਲ ਭਾਈ ਸਾਹਿਬ ਨੇ ਆਪਣੇ ਅਨੇਕਾਂ ਸੰਗੀ-



www.AKJ.Org

ਸਾਥੀਆਂ ਨਾਲ ਸਾਂਝੀ ਕੀਤੀ। 'ਸੂਰਾ' ਮਾਸਿਕ ਪੱਤਰ ਵਿਚ ਵੀ ਇਸ ਪਰਥਾਏ ਲੇਖ ਛਪਿਆ ਸੀ। ਅੰਬਾਲਾ ਨਿਵਾਸੀ ਸ. ਇੰਦਰ ਸਿੰਘ ਗੁਲਾਟੀ ਜੀ ਜੋ ਉੱਥੇ ਪ੍ਰਾਪਰਟੀ ਡੀਲਰ ਸਨ ਨੇ ਅੰਬਾਲਾ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਭਵਨ ਉਸਾਰਨ ਦੀ ਪੇਸ਼ਕਸ਼ ਕੀਤੀ ਕਿ ਇਥੋਂ ਹੀ ਪੰਜਾਬ, ਹਰਿਆਣਾ ਅਤੇ ਹਿਮਾਚਲ ਨੂੰ ਪਾਵਨ ਬੀੜਾਂ ਭੇਟਾ ਰਹਿਤ ਅਦਬ ਸਤਿਕਾਰ ਸਹਿਤ ਦਿੱਤੀਆਂ ਜਾਣ। ਇੱਥੇ ਇਨ੍ਹਾਂ ਬੀੜਾਂ ਦੀ ਛਪਾਈ ਕੀਤੀ ਜਾਵੇ, ਇਸ ਉਪਰ ਖ਼ਰਚੇ ਦਾ ਅਨੁਮਾਨ ਜਦੋਂ ਲਗਾਇਆ ਗਿਆ ਤਾਂ ਲੱਖਾਂ ਰੁਪਿਆਂ ਦਾ ਖ਼ਰਚ ਆਉਣ ਦੀ ਸੰਭਾਵਨਾ ਸਾਹਮਣੇ ਆਈ। ਗੁਲਾਟੀ ਜੀ ਨੇ ਪੰਜਾਹ ਹਜ਼ਾਰ ਰੁਪਏ ਸ੍ਰੀ ਗੁਰੂ ਗ੍ਰੰਥ ਸਾਹਿਬ ਭਵਨ ਲਈ ਆਰੰਭਕ ਕਿਸ਼ਤ ਜਮ੍ਹਾਂ ਕਰਵਾਈ। ਭਾਈ ਸਾਹਿਬ ਜੀ ਸਾਲ ਦੀ ਛੁੱਟੀ ਲੈ ਕੇ ਬੀਬੀ ਹਰਸ਼ਰਨ ਕੌਰ ਜਲੰਧਰ ਅਤੇ ਹੋਰ ਦੋ ਤਿੰਨ ਗੁਰਸਿੱਖਾਂ ਦੇ ਸਾਥ ਪੰਜਾਬ ਅਤੇ ਹੋਰਨਾਂ ਪ੍ਰਾਂਤਾਂ ਦੇ ਦੌਰੇ ਚੜ੍ਹ ਗਏ ਤਾਂ ਕਿ ਗੁਰਸਿੱਖਾਂ ਪਾਸੋਂ ਵੱਧ ਤੋਂ ਵੱਧ ਦਸਵੰਧ ਇਕੱਤਰ ਕਰ ਕੇ ਭਵਨ ਉਸਾਰਿਆ ਜਾਵੇ। ਉਨ੍ਹਾਂ ਵੱਖ-ਵੱਖ ਡੇਰਿਆਂ, ਸੰਪਰਦਾਵਾਂ, ਜੱਥੇਬੰਦੀਆਂ, ਸਭਾ ਸੁਸਾਈਟੀਆਂ, ਸੰਸਥਾਵਾਂ ਦੇ ਅਹੁਦੇਦਾਰਾਂ ਨਾਲ ਸੰਪਰਕ ਕਰਕੇ ਇਸ ਕਾਰਜ ਨੂੰ ਨੇਪਰੇ ਚਾੜਨ ਲਈ ਬੇਨਤੀਆਂ ਕੀਤੀਆਂ। ਇਕ ਨਿੱਕੀ ਜਿਹੀ ਘਟਨਾ ਨੇ ਮਹਾਤਮਾ ਬੁੱਧ ਨੂੰ ਘਰ-ਬਾਰ ਛੱਡਣ ਲਈ ਪ੍ਰੇਰਿਆ ਸੀ, ਇਉਂ ਇਸ ਇਕ ਨਿੱਕੀ ਜਿਹੀ ਘਟਨਾ ਨੇ ਭਾਈ ਸਾਹਿਬ ਦਾ ਅੰਦਰਲਾ ਹਿਲਾ ਕੇ ਰੱਖ ਦਿੱਤਾ ਅਤੇ ਇਸ ਘਟਨਾ ਨੇ ਪੰਥ ਵਿਚ ਇਹ ਚੇਤਨਾ ਪੈਦਾ ਕੀਤੀ ਕਿ ਵਾਕਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਪਾਈ ਆਦਿ ਦਾ ਕੰਮ ਪ੍ਰਾਈਵੇਟ ਦੁਕਾਨਦਾਰਾਂ ਦੀ ਥਾਂ ਪੰਥ ਦੀ ਕਿਸੀ ਪ੍ਰਮਾਣਿਕ ਸੰਸਥਾ ਦੇ ਹੱਥਾਂ ਵਿਚ ਹੋਣਾ ਚਾਹੀਦਾ ਹੈ। ਸੰਨ 1971-72 ਤੋਂ ਸ਼੍ਰੋਮਣੀ ਕਮੇਟੀ ਵੀ ਪਾਵਨ ਸਰੂਪ ਛਾਪਦੀ ਸੀ, ਪਰ ਪ੍ਰਾਈਵੇਟ ਦੁਕਾਨਦਾਰਾਂ ਨੂੰ ਛਾਪਣ ਤੋਂ ਕਾਨੂੰਨੀ ਤੌਰ 'ਤੇ ਰੋਕ ਨਹੀਂ ਸੀ ਲਗਵਾ ਸਕੀ।

ਇਕ ਸਾਲ ਵਿਚ ਗੁਰੂ ਗ੍ਰੰਥ ਸਾਹਿਬ ਭਵਨ ਲਈ ਕਾਫ਼ੀ ਮਾਇਆ ਇਕੱਤਰ ਹੋ ਗਈ ਅਤੇ ਹੋਰ ਵੀ ਆ ਰਹੀ ਸੀ। ਨਵੰਬਰ 1972 ਵਿਚ ਜੀ.ਟੀ. ਰੋਡ ਸ਼ਾਹਪੁਰ, ਅੰਬਾਲਾ ਕੈਂਟ ਵਿਚ ਇੱਕ ਵੱਡਾ ਪੰਥਕ ਪੱਧਰ ਦਾ ਸਮਾਗਮ ਕਰਕੇ ਭਵਨ ਦੀ ਇਮਾਰਤ ਦੀ ਉਸਾਰੀ ਆਰੰਭ ਕਰ ਦਿੱਤੀ ਗਈ। ਅਗਲਾ ਪ੍ਰਸ਼ਨ ਇਹ ਸੀ ਕਿ ਜੋ ਨਵਾਂ ਸਰੂਪ ਭਵਨ ਵਿਖੇ ਛਾਪਿਆ ਜਾਏ ਉਹ ਕਿਹੜਾ ਹੋਵੇ? ਕਰਤਾਰਪੁਰੀ ਜਾਂ ਦਮਦਮੀ? ਇਹ ਇਕ ਬੜਾ ਵੱਡਾ ਸਵਾਲ ਬਣ ਕੇ ਭਾਈ ਸਾਹਿਬ ਦੀ ਦੂਰ-ਦ੍ਰਿਸ਼ਟੀ ਦੇ ਸਾਹਮਣੇ ਖੜਾ ਹੋ ਗਿਆ। ਦੋਵੇਂ ਸਰੂਪਾਂ ਦੇ ਨਮੂਨੇ ਪ੍ਰਾਪਤ ਕੀਤੇ ਅਤੇ ਜਦੋਂ ਮਿਲਾਨ ਕੀਤਾ ਤਾਂ ਸ਼ਬਦ-ਜੋੜਾਂ ਵਿਚ ਅਨੇਕਾਂ ਫ਼ਰਕ ਸਾਹਮਣੇ ਆਏ। ਫਿਰ ਸ਼੍ਰੋਮਣੀ ਕਮੇਟੀ ਵਲੋਂ ਛਪੀਆਂ ਬੀੜਾਂ ਨੂੰ ਵੀ ਪੜਤਾਲਿਆ। ਸ਼ਬਦਾਰਥ ਦੀਆਂ ਪੋਥੀਆਂ ਜਿਨ੍ਹਾਂ ਦੀਆਂ ਕਈ ਜਿਲਦਾਂ (reprints) ਅਤੇ ਐਡੀਸ਼ਨ ਛਪ ਚੁੱਕੇ ਸਨ, ਉਨ੍ਹਾਂ ਦੇ ਹਰ ਐਡੀਸ਼ਨ ਵਿਚ ਬਾਣੀ ਦੇ ਸ਼ਬਦ-ਜੋੜਾਂ (Spellings) ਵਿਚ ਫ਼ਰਕ ਦਿੱਸੇ। ਫਿਰ ਇਕ ਸ੍ਰੀ ਗੁਰੂ ਗ੍ਰੰਥ ਸਾਹਿਬ ਸਟੱਡੀ ਟੀਮ ਬਣਾਈ। ਜਦੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਗੁੰਬਦ ਤੇ ਸਿੱਖ ਰੈਫਰੈਂਸ ਲਾਇਬ੍ਰੇਰੀ ਵਿਚ ਪਈਆਂ ਪੁਰਾਤਨ ਹੱਥ ਲਿਖਤ ਬੀੜਾਂ ਦੇ ਦਰਸ਼ਨ ਕੀਤੇ ਤੇ ਉਹ ਮਿੱਟੀ ਘੱਟੇ ਨਾਲ ਭਰੀਆਂ ਪਈਆਂ ਸਨ ਤੇ ਸੁਖ ਆਸਨ ਰੁਮਾਲੇ ਵੀ ਪਿਛਲੇ ਕਾਫੀ ਸਮੇਂ ਤੋਂ ਬਦਲੇ ਨਹੀਂ ਗਏ ਸਨ। ਸੋ ਸਭ ਤੋਂ ਪਹਿਲਾਂ ਆਪ ਜੀ ਨੇ ਸ੍ਰੀ ਅੰਮ੍ਰਿਤਸਰ ਨਿਵਾਸੀ ਗੁਰਸਿੱਖਾਂ ਅਤੇ ਬੀਬੀਆਂ ਦੀ ਸਹਾਇਤਾ ਨਾਲ ਛੋਟੇ ਮਲਮਲ ਕੱਪੜੇ ਦੇ ਰੁਮਾਲਾਂ ਨਾਲ ਹਰ ਬੀੜ ਦੇ ਹਰ ਇਕ ਅੰਗ ਦੀ ਸਫ਼ਾਈ ਕੀਤੀ ਅਤੇ ਨਾਲ ਨਾਲ ਸੁਖ ਆਸਨੀ ਰੁਮਾਲੇ ਵੀ ਤਬਦੀਲ ਕੀਤੇ। ਉਸ ਤੋਂ ਬਾਅਦ ਬੀੜਾਂ ਦੇ ਮੇਲਾਨ ਦੀ ਸੇਵਾ ਆਰੰਭੀ। ਸ੍ਰੀ ਅੰਮ੍ਰਿਤਸਰ ਦਰਬਾਰ ਸਾਹਿਬ ਦੇ ਅਹਾਤੇ (Complex) ਵਿਖੇ ਸਿੱਖ ਰੈਫ਼ਰੈਂਸ ਲਾਇਬ੍ਰੇਰੀ ਦੇ ਹੇਠਲੇ ਕਮਰੇ ਵਿਚ ਪੰਜ ਪ੍ਰਮਾਣਿਤ ਬੀੜਾਂ ਦਾ ਇਕੱਠਿਆਂ ਪ੍ਰਕਾਸ਼ ਕਰਕੇ ਹਰ ਇਕ ਵਿਅਕਤੀ ਨੂੰ ਇਕੱਲੇ-ਇਕੱਲੇ ਸ਼ਬਦ-ਜੋੜ (Spelling) ਦੱਸਣ ਦੀ ਸੇਵਾ ਲਗਾਈ। ਆਪ ਖ਼ੁਦ ਇਕ ਕੇਂਦਰੀ ਰਜਿਸਟਰ ਵਿਚ ਇਨ੍ਹਾਂ ਦੇ ਸ਼ਬਦ-ਜੋੜਾਂ ਦੇ ਫ਼ਰਕਾਂ ਨੂੰ ਇਕੱਠਾ ਕਰਦੇ ਗਏ। ਇਹ ਇਕ ਐਸਾ ਕੰਮ ਹੈ ਜਿਸ ਨੂੰ ਸਮਝਣ ਲਈ ਖ਼ੁਦ ਨੂੰ ਗੁਰਬਾਣੀ ਵਿਆਕਰਣ ਆਉਣੀ ਚਾਹੀਦੀ ਹੈ। ਇਸ ਲਈ ਭਾਈ ਸਾਹਿਬ ਨੇ ਪਹਿਲਾਂ ਗੁਰਬਾਣੀ ਵਿਆਕਰਣ ਦੀਆਂ ਬਾਰੀਕੀਆਂ ਦਾ


www.AKJ.Org

ਅਧਿਐਨ ਕੀਤਾ। **ਹੌਲੀ-ਹੌਲੀ ਸਾਡਾ ਇਹ ਕੀਰਤਨੀ ਵੀਰ ਭਾਈ ਜੋਗਿੰਦਰ ਸਿੰਘ ਗੁਰਬਾਣੀ ਦੇ ਅਥਾਹ ਸਾਗਰ ਦਾ ਤਾਰੂ ਬਣਦਾ ਗਿਆ।** ਬਾਣੀ ਦਾ ਸ਼ੁੱਧ ਉਚਾਰਣ, ਕਿਥੇ ਬਿਸਰਾਮ, ਕਿਥੇ ਬਿੰਦੀ ਸਹਿਤ ਉਚਾਰਨਾ ਹੈ, ਕਿਥੇ ਅੱਖਰ ਉੱਤੇ (Stress) ਭਾਰ ਪਾਉਣਾ ਹੈ, ਜਿਵੇਂ ਉਧਰ ਨੂੰ ਉੱਧਰ ਵਿਚ ਧ ਅੱਖਰ 'ਤੇ ਭਾਰ ਪਾਉਣਾ ਆਦਿ ਸਮਝਿਆ। ਫਿਰ ਸ਼ਬਦ-ਜੋੜਾਂ ਵਿਚ ਸਿਹਾਰੀ, ਬਿਹਾਰੀ, ਔਂਕੜ, ਲਾਂ, ਦੁਲਾਵਾਂ ਦੀ ਪੂਰੀ ਪੜਤਾਲ ਕੀਤੀ ਗਈ। ਇਸ ਕਾਰਜ ਲਈ ਆਪ ਨੇ ਪਹਿਲਾਂ ਕਾਫੀ ਚਿਰ ਛੁੱਟੀ ਲਈ ਅਤੇ ਫਿਰ ਆਪਣੀ ਬਦਲੀ ਅੰਮ੍ਰਿਤਸਰ ਵਿਖੇ ਕਰਵਾ ਲਈ ਭਾਵੇਂ ਇਥੇ ਆਉਣ ਨਾਲ 100/- ਪ੍ਰਤੀ ਮਾਹ ਤਨਖਾਹ ਘੱਟ ਗਈ। ਪਰ ਉਹ ਤਾਂ ਗੁਰੂ ਨੂੰ ਆਪਣਾ ਤਨ, ਮਨ, ਧਨ ਅਰਪਨ ਕਰ ਹੀ ਚੁੱਕੇ ਸਨ। ਇਕ ਬੈਠਕ ਸਵੇਰੇ ਦਫ਼ਤਰ ਜਾਣ ਤੋਂ ਪਹਿਲਾਂ, ਇਕ ਬੈਠਕ ਸ਼ਾਮ ਦਫ਼ਤਰ ਤੋਂ ਫਾਰਗ ਹੋ ਕੇ। ਇਉਂ ਸੰਗੀ-ਸਾਥੀਆਂ ਨੂੰ ਵੀ ਸੇਵਾ ਵਿਚ ਲਾਈ ਰੱਖਿਆ। ਵੇਦਾਂਤੀ ਜੀ, ਸਵਰਗੀ ਭਾਈ ਸੇਵਾ ਸਿੰਘ ਜੀ, ਸਵਰਗੀ ਬੀਬੀ ਦਲਜੀਤ ਕੌਰ ਜੀ ਅਤੇ ਹੋਰ ਕਈ ਸਾਥੀ ਜਿਨ੍ਹਾਂ ਦੇ ਨਾਮ ਮੈਂ ਨਹੀਂ ਜਾਣਦਾ, ਇੰਨ੍ਹਾਂ ਨਾਲ ਸੇਵਾ ਵਿਚ ਲੱਗੇ ਰਹੇ। ਮੈਂ ਕਈ ਵਾਰੀ ਹੱਸਣਾ ਤੇ ਕਹਿਣਾ, "ਵੀਰ ! ਕਿਹੜੇ ਕੰਮਾਂ ਵਿਚ ਪੈ ਗਿਆ ਹੈਂ? ਇੰਨ੍ਹਾਂ ਸਿਹਾਰੀਆਂ ਬਿਹਾਰੀਆਂ ਦੇ ਕੰਮ ਨੇ ਕਦੋਂ ਮੁੱਕਣੈ ਤੇ ਕਦੋਂ ਨਵਾਂ ਸਰੂਪ ਛਪੇਗਾ?" ਉਨ੍ਹਾਂ ਹੱਸ ਛੱਡਣਾ ਤੇ ਕਹਿਣਾ, "ਜਦੋਂ ਮਾਲਕ ਦਾ ਹੁਕਮ ਹੋਵੇਗਾ ਜ਼ਰੂਰ ਛਪੇਗਾ।" ਮੈਨੂੰ ਵੀ ਗੁਰਬਾਣੀ ਵਿਆਕਰਣ ਸਮਝਾਈ ਤੇ ਸੇਵਾ ਲਾਈ, "ਤੁਸੀਂ ਕਾਲਜਾਂ ਵਿਚ ਗੁਰਬਾਣੀ ਵਿਆਕਰਣ ਦੀ ਚੇਤਨਾ ਪੈਦਾ ਕਰੋ।" ਦਾਸ ਨੇ ਵੀ ਅੰਮ੍ਰਿਤਸਰ ਦੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਖੇਤਰ ਵਿਚ ਵੀਹ ਕੁ ਕਾਲਜਾਂ ਵਿਚ ਵਿਆਕਰਣ ਸਮਝਾਉਣ ਲਈ ਬੀ.ਏ. ਦੇ ਪੰਜਾਬੀ ਵਿਸ਼ੇ ਦੀਆਂ ਪੁਸਤਕਾਂ ਵਿਚ ਗੁਰਬਾਣੀ ਕੋਰਸ ਨੂੰ ਆਧਾਰ ਬਣਾਇਆ। ਮੈਂ ਉਦੋਂ ਕਪੂਰਥਲੇ ਸਰਕਾਰੀ ਕਾਲਜ ਵਿਖੇ ਅੰਗਰੇਜ਼ੀ ਪੜ੍ਹਾਉਂਦਾ ਸੀ। ਅਚਾਨਕ ਗੁਰਮਤਿ ਕਾਲਜ ਪਟਿਆਲਾ ਵਿਖੇ ਵੀ ਦੋ ਲੈਕਚਰ ਕੀਤੇ ਤਾਂ ਉੱਥੇ ਸੰਤ ਗੁਰਮੁਖ ਸਿੰਘ ਜੀ ਨੇ ਗੁਰਮਤਿ ਕਾਲਜ ਵਿਖੇ ਪ੍ਰਿੰਸੀਪਲ ਬਣਨ ਦੀ ਆਸੀਸ ਦਿੱਤੀ। ਮੈਂ ਸੰਨ 1978 ਜੁਲਾਈ ਵਿਚ ਪਟਿਆਲਾ ਚਲਾ ਗਿਆ। ਫਿਰ ਵੈਸਾਖੀ 1978 ਦੀਆਂ ਸ਼ਹੀਦੀਆਂ ਨੇ ਵੀ ਜੁਗਿੰਦਰ ਸਿੰਘ ਨੂੰ ਪੰਥਕ ਸਫਾਂ ਵਿਚ ਉਪਰ ਲੈ ਆਉਂਦਾ। ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਾਲੇ ਪ੍ਰੋਜੈਕਟ ਦੀ ਰਫ਼ਤਾਰ ਭਾਵੇਂ ਕੁਝ ਮੱਧਮ ਪੈ ਗਈ ਪਰ ਪ੍ਰੋਜੈਕਟ ਚੱਲਦਾ ਰਿਹਾ। ਭਵਨ ਤਿਆਰ ਹੋ ਗਿਆ ਸੀ, ਪ੍ਰੰਤੂ ਕੁਝ ਪ੍ਰਬੰਧਕੀ ਕਾਰਨਾਂ ਕਰਕੇ ਇਸ ਨੂੰ ਪੰਥ ਦੀ ਪ੍ਰਤੀਨਿਧ ਸੰਸਥਾ ਸ਼੍ਰੋ.ਗੁ. ਪ੍ਰਬੰਧਕ ਕਮੇਟੀ ਨੂੰ ਸੌਂਪ ਦਿੱਤਾ ਗਿਆ ਜਿਸ ਨੇ ਇਸ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪਾਂ ਦਾ ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ਾਂ ਲਈ ਵਿਤਰਣ ਕੇਂਦਰ ਬਣਾ ਲਿਆ।

**ਤਲਵਾੜਾ ਜੀ ਦੀ ਗੁਰਮਤਿ ਸਾਹਿਤ ਪ੍ਰਤਿ ਦੇਣ : ਵਲੋਂ ਸ. ਗੁਰਸਾਗਰ ਸਿੰਘ ਜੀ, ਅੰਮ੍ਰਿਤਸਰ**

ਸਰਬਾਂਗੀ ਸ਼ਖ਼ਸੀਅਤ ਦੇ ਮਾਲਕ ਭਾਈ ਜੋਗਿੰਦਰ ਸਿੰਘ ਜੀ ਤਲਵਾੜਾ ਦੀ ਗੁਰਮਤਿ ਸਾਹਿਤ ਨੂੰ ਦੇਣ ਬਹੁ-ਪੱਖੀ ਹੈ। ਉਨ੍ਹਾਂ ਨੇ ਗੁਰਬਾਣੀ ਦੇ ਦੀਰਘ-ਅਧਿਐਨ ਰਾਹੀਂ ਗੁਰਬਾਣੀ ਵਿਆਕਰਣ ਦੇ ਨੇਮਾਂ ਦੀ ਪਛਾਣ ਕੀਤੀ, ਗੁਰਬਾਣੀ ਉਚਾਰਣ ਦੇ ਪ੍ਰਤਿਮਾਨ ਉਲੀਕੇ ਤੇ ਗੁਰਮਤਿ ਗਿਆਨ ਦੀ ਰੌਸ਼ਨੀ ਵਿਚ ਗੁਰਬਾਣੀ ਦੀ ਅਰਥ-ਵਿਆਖਿਆ ਕਰ ਕੇ ਗੁਰਬਾਣੀ ਟੀਕਾ-ਕਾਰੀ ਨੂੰ ਨਵੇਂ ਦਿਸਹੱਦੇ ਪ੍ਰਦਾਨ ਕੀਤੇ। ਵਿਦਵਤਾ ਦੇ ਭੰਡਾਰ ਹੁੰਦਿਆਂ ਵੀ ਉਹ ਹਮੇਸ਼ਾਂ ਨਿਮਰਤਾ ਵਿਚ ਰਹਿੰਦੇ ਤੇ ਕਦੇ ਵੀ ਆਪਣੀ ਵਿਦਵਤਾ ਦਾ ਪ੍ਰਦਰਸ਼ਨ ਨਾ ਕਰਦੇ। ਇਕ ਸੁਹਿਰਦ ਤੇ ਨਿਸ਼ਠਾਵਾਨ ਸਿੱਖ ਵਜੋਂ ਉਨ੍ਹਾਂ ਨੇ ਜੋ ਵੀ ਲਿਖਿਆ, ਉਸ ਵਿਚ ਗੁਰੂ ਲਈ ਪਿਆਰ ਤੇ ਸਤਿਕਾਰ ਦੀ ਭਾਵਨਾ ਪ੍ਰਬਲ ਰਹੀ। ਡੂੰਘੇ ਅਧਿਐਨ ਤੇ ਖੋਜ ਉਪਰੰਤ ਲਿਖੀਆਂ ਉਨ੍ਹਾਂ ਦੀਆਂ ਸਾਰੀਆਂ ਲਿਖਤਾਂ ਗੁਰਮਤਿ ਸਾਹਿਤ ਦਾ ਅਮੋਲਕ ਖ਼ਜ਼ਾਨਾ ਹਨ ਤੇ ਗੁਰਬਾਣੀ ਦੇ ਖੋਜੀਆਂ ਲਈ ਮਾਰਗ ਦਰਸ਼ਕ ਹਨ।

ਤਲਵਾੜਾ ਜੀ ਹਿਤੋਂ-ਚਿਤੋਂ ਸ਼ਬਦ-ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਤਿਕਾਰ ਕਰਦੇ ਸਨ ਤੇ ਗੁਰੂ-



www.AKJ.Org

ਦਰਬਾਰ ਦੀ ਮਾਣ-ਮਰਯਾਦਾ ਕਾਇਮ ਕਰਨ ਲਈ ਰੋਲ-ਮਾਡਲ ਸਨ। ਸੱਤਰਵਿਆਂ ਦੇ ਸ਼ੁਰੂ ਵਿਚ ਗੁਰੂ ਕੇ ਕੀਰਤਨੀਏ ਤਲਵਾੜਾ ਜੀ ਨੂੰ ਗੁਰੂ ਸਾਹਿਬਾਂ ਦੇ ਪਾਵਨ ਸਰੂਪ ਬਜ਼ਾਰ ਵਿਚ ਵਸਤੂਆਂ ਵਾਂਗ ਵਿਕਦਿਆਂ ਵੇਖਣ ਦਾ ਨਿੱਜੀ ਤਜ਼ਰਬਾ ਹੋਇਆ, ਜਿਸ ਨੇ ਉਨ੍ਹਾਂ ਨੂੰ ਧੁਰ ਅੰਦਰੋਂ ਹਿਲਾ ਕੇ ਰੱਖ ਦਿੱਤਾ। ਇਕ ਤੜਪ ਭਰਿਆ ਅਹਿਸਾਸ ਸੀ, ਜੋ ਜਜ਼ਬਾ ਬਣ ਕੇ ਕੌਮ ਲਈ ਇਕ ਸੇਧ ਦੇਣ ਦਾ ਆਧਾਰ ਬਣਿਆ। ਗੁਰੂ ਪਾਤਿਸ਼ਾਹ ਲਈ ਅਥਾਹ ਸ਼ਰਧਾ ਰੱਖਣ ਵਾਲੇ ਕੋਮਲ ਮਨ ਤਲਵਾੜਾ ਜੀ ਨੇ ਇਕ ਸੁਪਨਾ ਲਿਆ ਤੇ ਹੋਰ ਗੁਰਸਿੱਖਾਂ ਦੇ ਉੱਦਮ-ਸਹਿਯੋਗ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਭਵਨ ਅੰਬਾਲਾ ਦੀ ਸਥਾਪਨਾ ਕੀਤੀ ਗਈ। ਭਵਨ ਦੀ ਸਥਾਪਨਾ ਉਪਰੰਤ ਇਹ ਮਸਲਾ ਸਾਹਮਣੇ ਆਇਆ ਕਿ ਪਾਵਨ ਸਰੂਪ ਦੀ ਛਪਾਈ ਲਈ ਕਿਹੜੇ ਸਰੂਪ ਨੂੰ ਪਰਮਾਣਿਕ ਮੰਨ ਕੇ ਅਪਣਾਇਆ ਜਾਵੇ। ਇਸ ਮੰਤਵ ਲਈ ਉਪਲਬਧ ਪੁਰਾਤਨ ਹੱਥ-ਲਿਖਤ ਤੇ ਛਾਪੇ ਦੇ ਵੱਖ-ਵੱਖ ਸਰੂਪਾਂ ਦੇ ਮਿਲਾਨ ਦੀ ਸੇਵਾ ਤਲਵਾੜਾ ਜੀ ਨੇ ਹੋਰ ਸਹਿਯੋਗੀਆਂ ਨਾਲ ਰਲ ਕੇ ਨਿਭਾਈ। ਮਿਲਾਨ ਦੇ ਨਤੀਜਿਆਂ ਤੋਂ ਪ੍ਰਤੱਖ ਹੋਇਆ ਕਿ ਪ੍ਰਕਾਸ਼ਕਾਂ ਦੀ ਅਣਗਹਿਲੀ ਤੇ ਲਾਪਰਵਾਹੀ ਕਰਕੇ ਬਹੁਤ ਸਾਰੀਆਂ ਉਕਾਈਆਂ ਛਾਪੇ ਦੀਆਂ ਬੀੜਾਂ ਵਿਚ ਪ੍ਰਚੱਲਤ ਹੋ ਗਈਆਂ ਹਨ। ਤਲਵਾੜਾ ਜੀ ਨੇ ਛਾਪੇ ਦੀਆਂ ਇਨ੍ਹਾਂ ਉਕਾਈਆਂ ਨੂੰ ਪੰਥ ਦੇ ਧਿਆਨ-ਗੋਚਰੇ ਕਰਨ ਲਈ ਆਪਣੇ ਜੀਵਨ ਨੂੰ ਮਿਸ਼ਨ ਬਣਾ ਲਿਆ ਤੇ ਇਸ ਕਾਰਜ ਲਈ ਹਰ ਦਰ ’ਤੇ ਦਸਤਕ ਦਿੱਤੀ। ਧਾਰਮਿਕ ਤੇ ਕੌਮੀ ਆਗੂਆਂ ਵਿਚ ਸ਼ਊਰ ਤੇ ਹੌਂਸਲੇ ਦੀ ਘਾਟ ਕਰਕੇ ਭਾਵੇਂ ਇਸ ਪ੍ਰਥਾਇ ਉਨ੍ਹਾਂ ਨੂੰ ਮੁਕੰਮਲ ਸਫਲਤਾ ਤਾਂ ਨਾ ਹੋ ਸਕੀ, ਪਰ ਫਿਰ ਵੀ ਪੰਥਕ ਸਫ਼ਾਂ ਵਿਚ ਇਸ ਅਤਿ-ਜ਼ਰੂਰੀ ਮੁੱਦੇ ਬਾਰੇ ਧਿਆਨ ਦੇਣ ਦੀ ਲੋੜ ਦਾ ਅਹਿਸਾਸ ਜ਼ਰੂਰ ਹੋਇਆ ਹੈ। ਕੌਮ ਵੱਲੋਂ ਵਰਤੀ ਜਾ ਰਹੀ ਇਸ ਅਣਗਹਿਲੀ ਪ੍ਰਤਿ ਕੌਮ ਨੂੰ ਜਾਗਰਿਤ ਕਰਨ ਲਈ ਤਲਵਾੜਾ ਜੀ ਦਾ ਇਹ ਕਾਰਜ ਇਤਿਹਾਸਕ ਮਹੱਤਤਾ ਵਾਲਾ ਹੈ।

ਪਾਵਨ-ਸਰੂਪਾਂ ਦੇ ਮਿਲਾਨ ਕਰਦਿਆਂ ਤਲਵਾੜਾ ਜੀ ਗੁਰਬਾਣੀ ਦੇ ਅਰਥ-ਵਿਚਾਰ ਵੱਲ ਵੀ ਰੁਚਿਤ ਹੋ ਗਏ। ਗੁਰਬਾਣੀ ਅਥਾਹ ਸਾਗਰ ਹੈ। ਇਸ ਦੀਆਂ ਡੂੰਘੀਆਂ ਰਮਜ਼ਾਂ ਖੋਲ੍ਹਣ ਦਾ ਦਾਅਵਾ ਤਾਂ ਕੋਈ ਨਹੀਂ ਕਰ ਸਕਦਾ, ਪਰ ਭਾਈ ਸਾਹਿਬ ਦੀ ਸੁਯੋਗ ਅਗਵਾਈ ਸਦਕਾ ਇਕ ਗੁਰਬਾਣੀ ਸਟੱਡੀ ਟੀਮ ਬਣ ਗਈ ਤੇ ਰੋਜ਼ਾਨਾ ਗੁਰਬਾਣੀ ਦੀ ਵਿਚਾਰ ਕਰਨ ਲੱਗੀ। ਇਸ ਤਰ੍ਹਾਂ ਸੰਗਤ ਦੀ ਤੁਫ਼ੈਲ ਆਪਸੀ ਵਿਚਾਰ-ਵਟਾਂਦਰੇ ਉਪਰੰਤ ਬਹੁਤ ਸਾਰੇ ਗੁਹਜ ਅਰਥਾਂ ਦੀਆਂ ਘੁੰਡੀਆਂ ਖੁਲ੍ਹਦੀਆਂ ਰਹਿੰਦੀਆਂ। ਇਸ ਤੋਂ ਪਹਿਲਾਂ ਵੀ ਪ੍ਰਿੰਸੀਪਲ ਤੇਜਾ ਸਿੰਘ ਤੇ ਪ੍ਰੋਫ਼ੈਸਰ ਸਾਹਿਬ ਸਿੰਘ ਨੇ ਆਪਣੇ ਸਮਿਆਂ ਵਿਚ ਆਪਣੇ ਸਹਿਯੋਗੀ ਵਿਦਵਾਨਾਂ ਦੀ ਮਦਦ ਨਾਲ ਗੁਰਬਾਣੀ ਦੀ ਅਰਥ-ਵਿਚਾਰ ਨੂੰ ਨਵੀਂ ਸੇਧ ਦਿੱਤੀ ਸੀ ਤੇ ਸ਼ਬਦਾਰਥ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ ਰਚਨਾਵਾਂ ਰਾਹੀਂ ਇਤਿਹਾਸਕ ਮਹੱਤਤਾ ਵਾਲੀ ਸੇਵਾ ਕੀਤੀ ਸੀ। ਤਲਵਾੜਾ ਜੀ ਨੇ ਇਸੇ ਰਵਾਇਤ ਨੂੰ ਬੜੀ ਮਜ਼ਬੂਤੀ ਨਾਲ ਅੱਗੇ ਤੋਰਿਆ ਤੇ ਗੁਰਬਾਣੀ ਦੇ ਗੁਹਜ ਅਰਥਾਂ ਨੂੰ ਸੰਗਤ ਰਾਹੀਂ ਸਮਝ ਕੇ ਗੁਰਬਾਣੀ ਦੀਆਂ ਮਹਿੰਗੀਆਂ (ਔਖੀਆਂ) ਬਾਣੀਆਂ ਦੇ ਟੀਕਿਆਂ ਰਾਹੀਂ ਗੁਰਮਤਿ ਸਾਹਿਤ ਦੀ ਸੇਵਾ ਕੀਤੀ। ਤਲਵਾੜਾ ਜੀ ਰਚਿਤ ਗੁਰਬਾਣੀ ਦੇ ਟੀਕਿਆਂ ਵਿਚ ਸਲੋਕ ਸਹਸਕ੍ਰਿਤੀ ਤੇ ਗਾਥਾ, ਭੱਟਾਂ ਦੇ ਸਵੱਈਏ, ਜੈਤਸਰੀ ਕੀ ਵਾਰ, ਮਾਰੂ ਡਖਣੇ, ਬਾਵਨ ਅਖਰੀ, ਰਾਮਕਲੀ ਕੀ ਵਾਰ ਤੇ ਬਸੰਤੁ ਕੀ ਵਾਰ ਤੇ ਨਿਤਨੇਮ ਆਦਿ ਸ਼ਾਮਲ ਹਨ। ਇੰਨ੍ਹਾਂ ਟੀਕਿਆਂ ਦੇ ਕੁਝ ਵਿਸ਼ੇਸ਼ ਪੱਖ ਇਹ ਹਨ :

ੳ) ਇਹ ਟੀਕੇ ਗੁਰਬਾਣੀ ਦੇ ਵਿਆਕਰਣਕ ਨੇਮਾਂ ਦੀ ਸੇਧ ਵਿਚ ਕੀਤੇ ਗਏ ਹਨ।

ਅ) ਗੁਰਬਾਣੀ ਦੀਆਂ ਗੁਹਜ ਅਧਿਆਤਮਿਕ ਰਮਜ਼ਾਂ ਦੀਆਂ ਘੁੰਡੀਆਂ ਨੂੰ ਖੋਲ੍ਹਣ ਦਾ ਯਤਨ ਕੀਤਾ ਗਿਆ ਹੈ।

ੲ) ਅਰਥ-ਵਿਆਖਿਆ ਗੁਰਮਤਿ ਗਿਆਨ ਦੀ ਰੌਸ਼ਨੀ ਵਿਚ ਕੀਤੀ ਗਈ ਹੈ।

ਸ) ਟੀਕਿਆਂ ਦੀ ਭਾਸ਼ਾ ਸੂਤ੍ਰਿਕ ਹੈ, ਪਰ ਸਾਧਾਰਣ ਪਾਠਕ ਦੀ ਸਮਝ-ਗੋਚਰੇ ਹੈ।

ਹ) ਉਚਿਤ ਬਿਸਰਾਮਾਂ, ਅਰਥ-ਬਿਸਰਾਮਾਂ ਵੱਲ ਬਹੁਤ ਧਿਆਨ ਦਿੱਤਾ ਗਿਆ ਹੈ।

ਕ) ਗੁਰਬਾਣੀ ਦੇ ਸ਼ੁੱਧ ਉਚਾਰਣ ਲਈ ਸੇਧ ਵੀ ਦਿੱਤੀ ਗਈ ਹੈ।



www.AKJ.Org

ਭਾਈ ਸਾਹਿਬ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸ਼ਬਦਾਰਥ ਤਿਆਰ ਕਰਨਾ ਆਰੰਭ ਕੀਤਾ ਹੋਇਆ ਸੀ, ਪਰ ਇਹ ਕਾਰਜ ਸਿਰਫ਼ ਦੋ ਸੌ ਦੇ ਕਰੀਬ ਅੰਗ ਤਕ ਹੀ ਸੰਪੂਰਨ ਹੋ ਸਕਿਆ ਹੈ। ਜੇਕਰ ਇਹ ਕਾਰਜ ਸੰਪੂਰਨ ਹੋ ਜਾਂਦਾ ਤਾਂ ਇਹ ਰਚਨਾ ਗੁਰਬਾਣੀ ਟੀਕਾਕਾਰੀ ਵਿਚ ਇਕ ਮੀਲ-ਪੱਥਰ ਸਿੱਧ ਹੁੰਦੀ।

ਭਾਈ ਸਾਹਿਬ ਦਾ ਸਮੁੱਚੀ ਗੁਰਬਾਣੀ-ਅਧਿਐਨ ਗੁਰਬਾਣੀ ਵਿਆਕਰਣ ਦੇ ਨੇਮਾਂ ’ਤੇ ਆਧਾਰਿਤ ਹੈ। ਭਾਈ ਸਾਹਿਬ ਗੁਰਬਾਣੀ ਦੇ ਵਿਆਕਰਣਕ ਨੇਮਾਂ ਨੂੰ ਭਲੀ-ਭਾਂਤ ਸਮਝਦੇ ਸਨ। ਉਨ੍ਹਾਂ ਨੇ ਇਨ੍ਹਾਂ ਨੇਮਾਂ ਨੂੰ ਸੁਚੱਜੀ ਤਰਤੀਬ ਦੇ ਕੇ ਗੁਰਬਾਣੀ ਦਾ ਸਰਲ ਵਿਆਕਰਣ-ਬੋਧ ਦੀ ਵਡ-ਆਕਾਰੀ ਰਚਨਾ ਵਿਚ ਪੇਸ਼ ਕੀਤਾ ਹੈ। ਇਸ ਵਿਚ ਗੁਰਬਾਣੀ ਦੀ ਵਿਆਕਰਣਕ ਨਿਯਮਾਵਲੀ ਨੂੰ ਬੜੇ ਸੂਤਰ-ਬੱਧ ਰੂਪ ਵਿਚ ਪੇਸ਼ ਕੀਤਾ ਗਿਆ ਹੈ, ਪਰ ਹਰ ਪੱਖ ਨਾਲ ਸੰਬੰਧਿਤ ਏਨੀਆਂ ਉਦਾਹਰਣਾਂ ਦਿੱਤੀਆਂ ਹਨ ਕਿ ਉਹ ਨੇਮ ਪ੍ਰਤੱਖ ਸਮਝ ਆ ਜਾਂਦਾ ਹੈ। ਇਹ ਪੁਸਤਕ ਗੁਰਬਾਣੀ-ਅਧਿਐਨ ਲਈ ਅਹਿਮ ਸਰੋਤ ਪੁਸਤਕ ਦਾ ਦਰਜਾ ਰੱਖੇਗੀ ਤੇ ਆਉਣ ਵਾਲੇ ਸਮੇਂ ਵਿਚ ਗੁਰਬਾਣੀ ਅਰਥ-ਵਿਚਾਰ ਦੇ ਮੁਤਲਾਸ਼ੀਆਂ ਲਈ ਸਹਾਇਕ ਹੋਵੇਗੀ।

ਤਲਵਾੜਾ ਜੀ ਗੁਰਬਾਣੀ ਦੇ ਸ਼ੁੱਧ ਉਚਾਰਣ ਲਈ ਰੋਲ-ਮਾਡਲ ਸਨ। ਭਾਈ ਸਾਹਿਬ ਦਾ ਪਾਠ-ਉਚਾਰਣ ਇਤਨਾ ਸ਼ੁੱਧ ਤੇ ਸਪੱਸ਼ਟ ਸੀ ਕਿ ਸਰੋਤੇ ਤਕ ਅਰਥ-ਸੰਚਾਰ ਸਹਿਜ-ਸੁਭਾਇ ਹੋ ਜਾਂਦਾ ਸੀ। ਆਪ ਜੀ ਨੇ ਗੁਰਬਾਣੀ ਉਚਾਰਣ ਦੇ ਨੇਮਾਂ ਨੂੰ ਵੀ ਸੂਤਰ-ਬੱਧ ਕਰਨ ਦਾ ਯਤਨ ਕੀਤਾ। ਆਪ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਜੁਲਾਈ 1988 ਵਿਚ ਵਿਦਵਾਨਾਂ ਦੇ ਇਕੱਠ ਵਿਚ ਬਲੈਕ-ਬੋਰਡ ਲੈ ਕੇ ਇੰਨ੍ਹਾਂ ਨੇਮਾਂ ਨੂੰ ਵਿਸਥਾਰ-ਸਹਿਤ ਪੇਸ਼ ਕੀਤਾ। ਭਾਈ ਸਾਹਿਬ ਦੀ ਪੇਸ਼ਕਾਰੀ ਇੰਨੀ ਪ੍ਰਭਾਵਸ਼ਾਲੀ ਸੀ ਕਿ ਸਾਰੇ ਸਰੋਤੇ-ਵਿਦਵਾਨ ਕੀਲੇ ਗਏ। ਉੱਘੇ ਵਿਦਵਾਨ ਪ੍ਰਿੰਸੀਪਲ ਸਤਿਬੀਰ ਸਿੰਘ ਨੇ ਸੈਮੀਨਾਰ ਉਪਰੰਤ ਕਿਹਾ ਕਿ ਕੁਰਾਨ ਦੀਆਂ ਆਇਤਾਂ ਦੇ ਉਚਾਰਣ ਲਈ ਤਾਂ ਸਿੱਖਿਆ ਸੁਣੀ ਸੀ, ਪਰੰਤੂ ਹੁਣ ਗੁਰਬਾਣੀ ਦੇ ਉਚਾਰਣ ਦੀ ਸਿਖਲਾਈ ਦੇਣ ਨਾਲ ਨਵੇਂ ਯੁਗ ਦਾ ਆਰੰਭ ਹੋਇਆ ਹੈ। ਗੁਰਬਾਣੀ ਉਚਾਰਣ ਦੇ ਇੰਨ੍ਹਾਂ ਪ੍ਰਤਿਮਾਨਾਂ ਨੂੰ ਪੰਜਾਬੀ ਯੂਨੀਵਰਸਿਟੀ ਨੇ ਪ੍ਰਕਾਸ਼ਤ ਕੀਤਾ ਸੀ, ਜਿਸਦਾ ਹੋਰ ਵਿਸਥਾਰਤ ਰੂਪ ਗੁਰਬਾਣੀ ਉਚਾਰਣ ਦੇ ਸਿਰਲੇਖ ਹੇਠ ਵੀ ਉਪਲਬਧ ਹੈ।

ਤਲਵਾੜਾ ਜੀ ਨੇ ਗੁਰ-ਸ਼ਤਾਬਦੀਆਂ ਦੇ ਮੌਕੇ ’ਤੇ ਸ੍ਰੀ ਗੁਰੂ ਅੰਗਦ ਦੇਵ ਜੀ ਤੇ ਸ੍ਰੀ ਗੁਰੂ ਅਮਰਦਾਸ ਜੀ ਦੇ ਜੀਵਨ ਬ੍ਰਿਤਾਂਤ ਵੀ ਪ੍ਰਸਤੁਤ ਕੀਤੇ। ਇਹ ਗੁਰ-ਇਤਿਹਾਸ ਗੁਰ-ਸ਼ਰਧਾ ਵਿਚ ਗੜੁੱਚ ਇਕ ਵਿਦਵਾਨ ਵੱਲੋਂ ਪੁਨਰ-ਕਥਨ ਹਨ, ਜਿੰਨ੍ਹਾਂ ਨੂੰ ਪੜ੍ਹ ਕੇ ਗੁਰੂ ਚਰਨਾਂ ਲਈ ਪਿਆਰ ਉਪਜਦਾ ਹੈ। ਇਹ ਜੀਵਨ ਬ੍ਰਿਤਾਂਤ ਲਿਖਣ ਸਮੇਂ ਤਲਵਾੜਾ ਜੀ ਦਾ ਪ੍ਰਯੋਜਨ ਇਤਿਹਾਸਕ ਤੱਥਾਂ ਦਾ ਨਿਰੀਖਣ ਤੇ ਵਿਸਤਾਰ ਨਹੀਂ ਸੀ, ਪਰੰਤੂ ਗੁਰ-ਇਤਿਹਾਸ ਦੀ ਕਿਸੇ ਘਟਨਾ ਦੀ ਪਰਖ-ਕਸਵੱਟੀ ਹਮੇਸ਼ਾਂ ਗੁਰਬਾਣੀ ਦੇ ਸਿਧਾਂਤ ਨੂੰ ਮੁੱਖ ਰੱਖ ਕੇ ਤਲਵਾੜਾ ਜੀ ਨੇ ਗੁਰ-ਇਤਿਹਾਸ ਦੇ ਲਿਖਾਰੀਆਂ ਲਈ ਨਵੀਆਂ ਪੈੜਾਂ ਪਾਈਆਂ ਹਨ।

ਭਾਈ ਸਾਹਿਬ ਨੇ ਮਾਸ ਨਾ ਖਾਣ ਸੰਬੰਧੀ ਗੁਰਬਾਣੀ ਦੀ ਰੌਸ਼ਨੀ ਵਿਚ ਇਕ ਬਹੁ-ਚਰਚਿਤ ਰਚਨਾ **“ਤਉ ਕਿਉ ਮੁਰਗੀ ਮਾਰੈ?”** ਵੀ ਕੀਤੀ, ਜਿਸ ਦਾ ਬੀਜ-ਰੂਪ ਸਿੱਖ-ਰਿਵੀਊ (ਅੰ.) ਵਿਚ ਇਸ ਬਹਿਸ ਸੰਬੰਧੀ ਭਾਈ ਸਾਹਿਬ ਦਾ ਇਕ ਅੰਗਰੇਜ਼ੀ ਲੇਖ ਸੀ। ਭਾਈ ਸਾਹਿਬ ਦਲੀਲ ਦੇ ਧਨੀ ਸਨ ਤੇ ਆਪਣੇ ਪੱਖ ਨੂੰ ਪੂਰੇ ਜ਼ੋਰ ਨਾਲ ਪੇਸ਼ ਕਰਿਆ ਕਰਦੇ ਸਨ। ਤਲਵਾੜਾ ਜੀ ਦੀ ਇਹ ਰਚਨਾ ਵੀ ਇਕ ਪ੍ਰਭਾਵਸ਼ਾਲੀ ਰਚਨਾ ਹੈ, ਜਿਸਨੇ ਅਨੇਕਾਂ ਪਾਠਕਾਂ ਨੂੰ ਗੁਰਮਤਿ ਸੇਧ ਦਿੱਤੀ ਹੈ।

ਸਮੁੱਚੇ ਰੂਪ ਵਿਚ ਤਲਵਾੜਾ ਜੀ ਪੰਥਕ ਦਰਦ-ਪਿਆਰ ਰੱਖਣ ਵਾਲੇ ਉੱਘੇ ਵਿਦਵਾਨ ਸਨ ਅਤੇ ਹਰ ਪੰਥਕ ਮੁੱਦੇ ’ਤੇ ਸਪੱਸ਼ਟ ਤੇ ਨਿਰਮਲ ਸੋਚ ਰੱਖਦੇ ਸਨ। ਆਪ ਜੀ ਗੁਰਬਾਣੀ ਕੀਰਤਨ ਰਾਹੀਂ ਗੁਰਬਾਣੀ ਦੇ ਸੱਚ ਨਾਲ ਓਤ-ਪੋਤ ਸਨ, ਇਸ ਕਰਕੇ ਉਨ੍ਹਾਂ ਦੀ ਗੁਰਮਤਿ ਲਿਖਤ ਵੀ ਨਿਰਮਲ ਰਚਨਾ ਹੈ। ਆਪ ਜੀ ਗੁਰਬਾਣੀ ਦੀ ਵਿਆਖਿਆ-



www.AKJ.Org

ਪ੍ਰਣਾਲੀ ਵਿਚ ਪ੍ਰਿੰਸੀਪਲ ਤੇਜਾ ਸਿੰਘ ਤੇ ਪ੍ਰੋਫ਼ੈਸਰ ਸਾਹਿਬ ਸਿੰਘ ਦੇ ਸੁਯੋਗ ਵਾਰਸ ਸਨ ਤੇ ਉਨ੍ਹਾਂ ਦੇ ਪਾਏ ਪੂਰਨਿਆਂ ’ਤੇ ਚੱਲ ਕੇ ਆਪ ਜੀ ਨੇ ਗੁਰਬਾਣੀ ਅਰਥ-ਵਿਚਾਰ ਨੂੰ ਨਵੀਆਂ ਸੂਝਾਂ ਦੇ ਕੇ ਵਿਸਤਾਰਤ ਕੀਤਾ ਹੈ। ਗੁਰਬਾਣੀ-ਅਧਿਐਨ ਨੂੰ ਨਵੀਆਂ ਦਿਸ਼ਾਵਾਂ ਪ੍ਰਦਾਨ ਕਰਨ ਵਾਲੀਆਂ ਆਪਦੀਆਂ ਰਚਨਾਵਾਂ ਗੁਰਮਤਿ ਸਾਹਿਤ ਦਾ ਅਮੋਲਕ ਖ਼ਜ਼ਾਨਾ ਹਨ ਤੇ ਲੰਬੇ ਸਮੇਂ ਲਈ ਗੁਰਬਾਣੀ ਦੇ ਵਿਚਾਰਵਾਨਾਂ ਲਈ ਮਾਰਗ ਦਰਸ਼ਨ ਕਰਦੀਆਂ ਰਹਿਣਗੀਆਂ।

**ਤਲਵਾੜਾ ਜੀ ਦੀ ਸ਼ਖ਼ਸੀਅਤ ਦੇ ਵਿਸ਼ੇਸ਼ ਗੁਣ ਅਤੇ ਅਭੁਲ ਯਾਦਾਂ : ਵਲੋਂ ਭਾਈ ਗੁਰਦੀਪ ਸਿੰਘ ਸ੍ਰੀ ਅੰਮ੍ਰਿਤਸਰ**

ਅਖੰਡ ਕੀਰਤਨੀ ਜਥੇ ਦੇ ਨਿਰਬਾਣ ਅਤੇ ਨਿਸ਼ਕਾਮ ਕੀਰਤਨੀਏ ਭਾਈ ਜੋਗਿੰਦਰ ਸਿੰਘ ਜੀ ਤਲਵਾੜਾ ਦੈਵੀ ਗੁਣਾਂ ਨਾਲ ਭਰਪੂਰ ਇਕ ਬਹੁ ਪੱਖੀ ਸਖਸ਼ੀਅਤ ਸਨ। ਜਿਥੇ ਕਿ ਉਹ ਗੁਰਸਿੱਖੀ ਰਹਿਤ ਬਹਿਤ, ਸਾਦੇ ਗੁਰਮੁਖੀ ਨਿਬਾਸ ਤੇ ਸਾਦੇ ਜੀਵਨ ਦੇ ਧਾਰਨੀ ਸਨ ਉਥੇ ਹੀ ਉੱਚ ਕੋਟੀ ਦੇ ਕੀਰਤਨੀਏ, ਲੇਖਕ, ਵਿਦਵਾਨ, ਗੁਰਬਾਣੀ ਉਚਾਰਣ ਅਤੇ ਵਿਆਕਰਣ ਦੇ ਗੂੜ ਗਿਆਤਾ, ਮਾਇਆ ਤੋਂ ਨਿਰਲੇਪ ਇਕ ਆਦਰਸ਼ਕ ਗੁਰਸਿੱਖ ਸਨ। ਉਨ੍ਹਾਂ ਵਿਚ ਪਰਮੇਸ਼੍ਵਰ ਵਲੋਂ ਬਖਸ਼ੇ ਸਾਰੇ ਦੈਵੀ ਗੁਣ ਸਬਰ, ਸ਼ੁਕਰ, ਸਤ-ਸੰਤੋਖ, ਦਇਆ-ਧਰਮ, ਨਿਵਣਾ ਖਵਣਾ, ਮਿੱਠਾ ਬੋਲਣਾ, ਗਰੀਬੀ ਹਲੀਮੀ ਨਿਮਰਤਾ ਵੀ ਮੌਜੂਦ ਸਨ ਤੇ ਉਹ ਦਸ ਵੈਰੀਆਂ ਕਾਮੁ, ਕ੍ਰੋਧ, ਲੋਭ, ਮੋਹ, ਅਹੰਕਾਰ, ਨਿੰਦਾ, ਚੁਗਲੀ, ਈਰਖਾ, ਦਵੈਤ-ਭਾਵ, ਕਲ-ਕਲੇਸ਼ ਤੋਂ ਵੀ ਹਮੇਸ਼ਾ ਬੱਚ ਕੇ ਰਹਿੰਦੇ ਸਨ। ਉਹ ਮਾਇਆ ਦੇ ਤ੍ਰੈ ਗੁਣ ਤੋਂ ਉਪਰ ਉਠੇ ਹੋਏ ਸਨ। ਉਨ੍ਹਾਂ ਦੇ ਸਖਸ਼ੀਅਤ ਬਾਰੇ ਲਿਖਣਾ ਤਾਂ ਸੂਰਜ ਨੂੰ ਦੀਵਾ ਦਿਖਾਲਣ ਵਾਂਗ ਹੈ। ਉਨ੍ਹਾਂ ਦੇ ਸੰਗ-ਸਾਥ 30 ਕੁ ਸਾਲ ਵਿਚਰਦੇ ਹੋਏ ਅਤੇ ਨੇੜੇ ਰਹਿ ਕੇ ਜੋ ਦੇਖਿਆ ਪਰਖਿਆ, ਉਹ ਸੰਗਤਾਂ ਦੇ ਨਾਲ ਸਾਂਝਾ ਕਰਨ ਦੀ ਕੋਸ਼ਿਸ਼ ਕੀਤੀ ਹੈ।

1. **ਭਾਈ ਸਾਹਿਬ ਜੀ ਨਾਲ ਮਿਲਾਪ:-** ਦੇਸ਼ ਦੀ ਵੰਡ ਤੋਂ ਬਾਅਦ ਆਪ ਜੀ ਪ੍ਰੀਵਾਰ ਸਮੇਤ ਹਿਸਾਰ ਰਹਿਣ ਲੱਗ ਪਏ ਸਨ ਤੇ ਉਥੇ ਹੀ ਨੌਕਰੀ ਸ਼ੁਰੂ ਕਰ ਲਈ ਸੀ। ਗੁਰਸਿੱਖ ਮਾਤਾ ਤੋਂ ਮਿਲੀ ਗੁੜਤੀ ਕਾਰਨ ਗੁਰਸਿੱਖੀ ਦੀ ਲਗਨ ਬਚਪਨ ਤੋਂ ਹੀ ਸੀ ਤੇ ਅੰਮ੍ਰਿਤ ਵੀ ਛੱਕ ਲਿਆ ਸੀ। ਫਿਰ ਆਪ ਜੀ ਨੇ ਕੀਰਤਨ ਦੀ ਦਾਤ ਦੇ ਨਾਲ ਨਾਲ ਤਬਲੇ ਦੀਆਂ ਸਾਰੀਆਂ ਤਾਲਾਂ ਨਾਲ ਕਲਾਸੀਕਲ ਰਾਗ ਵਿਦਿਆ ਦੀ ਵੀ ਮੁਹਾਰਤ ਲੈ ਲਈ ਸੀ। ਆਪ ਜੀ ਰੋਜ਼ਾਨਾ ਗੁਰਦੁਆਰੇ ਸਵੇਰੇ ਸ਼ਾਮ ਕੀਰਤਨ ਦੀ ਹਾਜ਼ਰੀ ਭਰਿਆ ਕਰਦੇ ਸਨ। ਸੰਨ 1956-57 ਵਿਚ ਭਾਈ ਹਰਨਾਮ ਸਿੰਘ ਜੀ (ਕੋਮਲ ਜੀ) ਵੀ ਬਦਲ ਕੇ ਹਿਸਾਰ ਆ ਗਏ ਤੇ ਆਪ ਜੀ ਦਾ ਉਨ੍ਹਾਂ ਨਾਲ ਗੁਰਦੁਆਰੇ ਕੀਰਤਨ ਦੀ ਸੇਵਾ ਦੌਰਾਨ ਮੇਲਾਪ ਹੋ ਗਿਆ। ਕੋਮਲ ਜੀ ਦੀ ਪਾਰਖੂ ਅੱਖ ਨੇ ਹੀਰੇ ਦੀ ਪਛਾਣ ਕਰ ਲਈ ਤੇ ਜੇਲ੍ਹ ਚਿੱਠੀਆਂ ਪੁਸਤਕ ਪੜ੍ਹਨ ਨੂੰ ਦਿੱਤੀ। ਫਿਰ ਆਪ ਜੀ ਨੂੰ ਪ੍ਰੇਰ ਕੇ ਲੁਧਿਆਣੇ ਸੰਨ 1957-58 ਦੇ ਪੋਹ ਸੁਦੀ ਸਮਾਗਮ ਤੋਂ ਲੈ ਆਏ ਅਤੇ ਭਾਈ ਸਾਹਿਬ ਜੀ ਨੂੰ ਕਹਿਣ ਲੱਗੇ ਕਿ ਮੈਂ ਇਕ ਬੰਬ ਲਿਆਇਆ ਹਾਂ। ਆਪ ਜੀ ਨੂੰ ਦਾੜਾ ਪ੍ਰਕਾਸ਼ ਕਰਵਾ ਕੇ ਸਟੇਜ ਤੇ ਕੀਰਤਨੀਆਂ ਦੇ ਨਾਲ ਬਿਠਾ ਦਿੱਤਾ। ਕੁਝ ਕੀਰਤਨੀਆਂ ਦੇ ਕੀਰਤਨ ਤੋਂ ਬਾਅਦ ਭਾਈ ਸਾਹਿਬ ਜੀ ਨੇ ਕੋਮਲ ਜੀ ਨੂੰ ਇਸ਼ਾਰਾ ਕਰ ਕੇ ਕਿਹਾ ਕਿ ਲਿਆ ਆਪਣਾ ਬੰਬ। ਆਪ ਜੀ ਵਾਜੇ ਤੇ ਕੀਰਤਨ ਲਈ ਸਜ ਗਏ। ਜਦੋਂ ਪਹਿਲਾ ਸ਼ਬਦ ਬੜੇ ਪ੍ਰੇਮ ਤੇ ਵੈਰਾਗ ਵਿਚ ਪੜ੍ਹਿਆ ਤਾਂ ਭਾਈ ਸਾਹਿਬ ਜੀ ਨੇ ਥਾਪੜਾ ਦਿੰਦੇ ਕਿਹਾ ਕਿ ਹੋਰ ਸ਼ਬਦ ਪੜ੍ਹ। ਇਸ ਤਰ੍ਹਾਂ ਕਰਕੇ ਜਿੰਨੇ ਕੁ ਸ਼ਬਦ ਤਿਆਰ ਕਰ ਕੇ ਲਿਆਏ ਸਨ, ਸਾਰੇ ਹੀ ਪੜ੍ਹਾ ਲਏ। ਇਸ ਤੋਂ ਬਾਅਦ ਜਦੋਂ ਆਪ ਜੀ ਨੇ ਵਾਜਾ ਛੱਡਿਆ ਤਾਂ ਕਹਿਣ ਲੱਗੇ, ਬੱਸ-ਚਲ ਗਿਆ ਬੰਬ। ਇਸ ਦੇ ਨਾਲ ਹੀ ਆਪ ਜੀ ਨੂੰ ਪੰਚਾਂ ਦੇ ਪੇਸ਼ ਹੋ ਕੇ ਨਾਮ ਦ੍ਰਿੜ ਕਰਵਾਉਣ ਲਈ ਇਸ਼ਾਰਾ ਕਰ ਦਿੱਤਾ। ਆਪ ਉਸੇ ਵੇਲੇ ਪੰਚਾਂ ਕੋਲ ਜਾ ਪੇਸ਼ ਹੋਏ, ਪ੍ਰੰਤੂ ਸਿੰਘਣੀ ਨਾਲ ਨਹੀਂ ਸੀ। ਪੰਚਾਂ ਨੂੰ ਆਪ ਵਲੋਂ ਬਚਨ ਦੇਣ ਤੇ ਕਿ ਸਿੰਘਣੀ ਬਹੁਤ ਆਗਿਆਕਾਰ ਹੈ ਤੇ ਉਹ ਅਗਲੇ ਸਮਾਗਮ ਤੇ ਪੇਸ਼ ਹੋਣ ਤੋਂ ਹੁੱਜਤ ਨਹੀਂ ਕਰੇਗੀ, ਆਪ



www.AKJ.Org

ਜੀ ਨੂੰ ਨਾਮ ਦ੍ਰਿੜ੍ਹ ਕਰਵਾ ਦਿੱਤਾ ਗਿਆ। ਉਸ ਦਿਨ ਤੋਂ ਲੈ ਕੇ ਅਖੀਰਲੇ ਸਵਾਸ ਤਾਈਂ ਜਥੇ ਨਾਲ ਜੁੜ ਕੇ ਮੋਹਰਲੀ ਕਤਾਰ ਵਿਚ ਖੜੋ ਕੇ ਨਿਰਬਾਣ/ਨਿਸ਼ਕਾਮ ਕੀਰਤਨ ਦੀ ਸੇਵਾ ਨਿਬਾਹੁੰਦੇ ਰਹੇ।

2 **ਨੰਗਲ ਟਾਊਨਸ਼ਿਪ ਦੇ ਸਮਾਗਮ ਸਮੇਂ ਅਦੁੱਤੀ ਬਿਬੇਕੀ ਲੰਗਰ** :- ਆਪ ਜੀ ਕਥਨੀ ਨਾਲੋਂ ਕਰਣੀ ਵਿਚ ਜ਼ਿਆਦਾ ਵਿਸ਼ਵਾਸ ਰਖਦੇ ਸਨ। ਹਿਸਾਰ ਤੋਂ ਆਪ ਜੀ ਦੀ ਬਦਲੀ ਸਿੰਚਾਈ ਤੇ ਨਹਿਰੀ ਵਿਭਾਗ ਵਿਚ ਨੰਗਲ ਟਾਊਨਸ਼ਿਪ ਹੋ ਗਈ। ਉਥੇ ਆਪ ਜੀ ਦੀ ਪ੍ਰੇਰਨਾ ਨਾਲ ਗੁਰਸਿੱਖਾਂ ਦੀ ਛੋਟੀ ਜਿਹੀ ਸੰਤ ਸੰਗ ਮੰਡਲੀ ਜੁੜ ਗਈ ਜੋ ਅੰਮ੍ਰਿਤ ਵੇਲੇ ਦੀ ਸੰਭਾਲ ਦੇ ਨਾਲ ਸਵੇਰੇ ਸ਼ਾਮ ਗੁਰਦੁਆਰੇ ਕੀਰਤਨ ਸਮਾਗਮਾਂ ਵਿਚ ਜੁੜਦੀ ਸੀ। ਇਸ ਸਮੇਂ ਤਾਈ ਆਪ ਜੀ ਦੇ ਜਥੇ ਦੇ ਨੌਜਵਾਨ ਸਿਰ ਕੱਢ ਕੀਰਤਨੀਆਂ ਨਾਲ ਮੇਲ ਮਿਲਾਪ ਤੇ ਗੂੜੇ ਸਬੰਧ ਜੁੜ ਗਏ ਸਨ। ਆਪ ਜੀ ਨੇ ਨੰਗਲ ਸਥਿਤ ਸਿੰਘਾਂ ਦੇ ਸਹਿਯੋਗ ਨਾਲ ਭਾਈ ਮਹਿੰਦਰ ਸਿੰਘ ਜੀ ਐਸ.ਡੀ.ਓ. ਪਟਿਆਲਾ, ਭਾਈ ਪ੍ਰੀਤਮ ਸਿੰਘ ਜੀ ਚਾਨੀ ਤੇ ਹੋਰ ਕੀਰਤਨੀਆਂ ਦੀ ਪ੍ਰਵਾਨਗੀ ਲੈ ਕੇ ਸੰਨ 1962 ਵਿਚ ਪੰਚਮ ਪਾਤਸ਼ਾਹ ਦੇ ਸ਼ਹੀਦੀ ਗੁਰਪੁਰਬ ਤੇ ਨੰਗਲ ਦੇ ਇਤਿਹਾਸਿਕ ਗੁਰਦੁਆਰਿਆਂ ਵਿਖੇ ਸਮਾਗਮ ਰੱਖ ਲਿਆ। ਸਮਾਗਮ ਸਮੇਂ ਤਿਆਰ ਹੋਣ ਵਾਲੇ ਲੰਗਰ ਦੀ ਤਿਆਰੀ ਇਕ ਮਹੀਨਾ ਪਹਿਲਾਂ ਆਰੰਭ ਕਰ ਦਿੱਤੀ। ਅੰਮ੍ਰਿਤ ਵੇਲੇ ਨਾਮ ਸਿਮਰਨ ਅਤੇ ਨਿਤਨੇਮ ਦੀਆਂ ਬਾਣੀਆਂ ਦੇ ਪਾਠ ਨਾਲ-ਨਾਲ ਸਭ ਤੋਂ ਪਹਿਲਾਂ ਕਣਕ, ਚਾਵਲ ਅਤੇ ਦਾਲਾਂ ਖਰੀਦ ਕੇ ਸੰਗਤਾਂ ਨੇ ਇਨ੍ਹਾਂ ਨੂੰ ਸਾਫ ਕੀਤਾ। ਹਰ ਇਕ ਦਾਣੇ ਨੂੰ ਚੁਗਣ ਵੇਲੇ ਨਾਲ ਨਾਲ ਵਾਹਿਗੁਰੂ ਗੁਰਮੰਤਰ ਦਾ ਜਾਪ ਕੀਤਾ ਜਾਂਦਾ ਸੀ। ਫਿਰ ਸਾਰੀ ਕਣਕ ਨੂੰ ਸੰਗਤਾਂ ਨੇ ਬਾਣੀ ਦਾ ਪਾਠ ਤੇ ਗੁਰਮੰਤਰ ਦਾ ਜਾਪ ਕਰਦਿਆਂ ਚੱਕੀ ਨਾਲ ਹੱਥੀਂ ਪੀਸਿਆ ਤੇ ਆਟਾ ਤਿਆਰ ਕੀਤਾ। ਲੰਗਰ ਤਿਆਰ ਕਰਨ ਅਤੇ ਵਰਤਾਉਣ ਵੇਲੇ ਵੀ ਹਰ ਇਕ ਸਿੰਘ ਅਤੇ ਬੀਬੀ ਨੂੰ ਤਾਕੀਦ ਸੀ ਕਿ ਸਿਰਫ ਗੁਰਬਾਣੀ ਦਾ ਪਾਠ ਜਾਂ ਗੁਰਮੰਤਰ ਦਾ ਜਾਪ ਕਰਨਾ ਹੈ, ਕੋਈ ਫਾਲਤੂ ਗਲ ਨਹੀਂ ਕਰਨੀ। ਇਸ ਸਮਾਗਮ ਤੇ ਜਿਨ੍ਹਾਂ ਪ੍ਰਾਣੀਆਂ ਨੇ ਇਹ ਨਾਮ ਰਸ ਨਾਲ ਲਬਰੇਜ਼ ਅੰਮ੍ਰਿਤ ਰੂਪੀ ਬਿਬੇਕੀ ਸਰਬਲੋਹੀ ਲੰਗਰ ਛੱਕਿਆ ਉਨ੍ਹਾਂ ਸਾਰਿਆਂ ਤੇ ਨਾਮ ਦੀ ਅਜਿਹੀ ਕਲਾ ਵਰਤੀ ਅਤੇ ਜੋ ਸੁਆਦ ਉਨ੍ਹਾਂ ਚੱਖਿਆ ਉਹ ਕਹਿਣ ਕਥਨ ਤੋਂ ਬਾਹਰ ਸੀ।

3. **ਭਾਈ ਕਰਮ ਸਿੰਘ ਜੀ ਘਰਿੰਡਾ ਵਾਲੇ ਪ੍ਰੀਵਾਰ ਸਮੇਤ ਗੁਰੂ ਚਰਨਾਂ ਨਾਲ ਜੋੜੇ**:- ਆਪ ਜੀ ਦੇ ਦਫ਼ਤਰ ਵਿਚ ਭਾਈ ਕਰਮ ਸਿੰਘ ਜੀ, ਘਰਿੰਡੇ ਵਾਲੇ (ਪਿਤਾ ਬੀਬੀ ਸਤਬੀਰ ਕੌਰ ਜੀ ਅੰਮ੍ਰਿਤਸਰ ਤੇ ਸਹੁਰਾ ਸਾਹਿਬ ਭਾਈ ਅਮੋਲਕ ਸਿੰਘ ਜੀ ਆਸਟਰੇਲੀਆ) ਇਨ੍ਹਾਂ ਤੋਂ ਸੀਨੀਅਰ ਅਹੁਦੇ 'ਤੇ ਸੁਪਰਟੈਂਡੈਂਟ ਲੱਗੇ ਹੋਏ ਸਨ। ਉਨ੍ਹਾਂ ਦੇ ਨਾਨਕਾ ਪ੍ਰੀਵਾਰ ਦੇ ਮੈਂਬਰ (ਮਾਮਾ ਜੀ ਸ. ਜਗਜੀਤ ਸਿੰਘ ਲਾਇਲਪੁਰੀ ਜੋ ਕਿ ਪ੍ਰਸਿੱਧ ਕਮਿਊਨਿਸਟ ਨੇਤਾ ਸਨ), ਦੀ ਸੰਗਤ ਦਾ ਅਸਰ ਆਪ ਉੱਪਰ ਵੀ ਸੀ ਤੇ ਆਪ ਦੇ ਵਿਚਾਰ ਗੁਰਮਤਿ ਵਿਚਾਰਧਾਰਾ ਤੋਂ ਉੱਲਟ ਸਨ। ਭਾਈ ਸਾਹਿਬ ਜੀ ਨਾਲ ਉਨ੍ਹਾਂ ਦੀ ਗੁਰਮਤਿ ਦੇ ਵਿਸ਼ਿਆਂ 'ਤੇ ਆਮ ਤੌਰ 'ਤੇ ਬਹਿਸ ਹੁੰਦੀ ਰਹਿੰਦੀ ਸੀ। ਭਾਈ ਸਾਹਿਬ ਜੀ ਦੁਪਹਿਰ ਦੀ ਛੁੱਟੀ ਵੇਲੇ ਜਾਂ ਵਿਹਲੇ ਸਮੇਂ ਭਾਈ ਸਾਹਿਬ ਜੀ ਲਿਖਤ ਪੁਸਤਕਾਂ ਪੜ੍ਹਦੇ ਰਹਿੰਦੇ ਸਨ। ਇਕ ਦਿਨ ਆਪ ਜੀ ਰੰਗਲੇ ਸੱਜਣ ਪੁਸਤਕ ਮੇਜ਼ ਤੇ ਰੱਖ ਕੇ ਬਾਹਰ ਕਿਸੇ ਕੰਮ ਚਲੇ ਗਏ। ਜਦੋਂ ਬਾਹਰੋਂ ਵਾਪਸ ਆਏ ਤਾਂ ਕੇ ਆਪ ਨੇ ਦੇਖਿਆ ਕਿ ਭਾਈ ਕਰਮ ਸਿੰਘ ਜੀ ਉਹ ਪੁਸਤਕ ਪੜ੍ਹ ਰਹੇ ਹਨ ਤੇ ਆਪ ਸਮਝ ਗਏ ਕਿ ਹੁਣ ਤੀਰ ਨਿਸ਼ਾਨੇ ਤੇ ਵੱਜ ਗਿਆ ਹੈ। ਉਨ੍ਹਾਂ ਨੇ ਉਹ ਪੁਸਤਕ ਆਪ ਜੀ ਤੋਂ ਪੜ੍ਹਨ ਲਈ ਲੈ ਲਈ। ਸੰਨ 1959 ਵਿਚ ਜਦੋਂ ਆਪ ਛੁੱਟੀ ਲੈ ਕੇ ਲੁਧਿਆਣੇ ਪੋਹ ਸੁਦੀ ਸਮਾਗਮ ਤੇ ਆਏ ਤਾਂ ਮਗਰੋਂ ਦੇਖਿਆ ਕਿ ਭਾਈ ਕਰਮ ਸਿੰਘ ਵੀ ਪਿੱਛੇ ਪਿੱਛੇ ਲਾਲ ਪੱਗ ਬੰਨੀ ਸਮਾਗਮ 'ਤੇ ਆ ਪਹੁੰਚੇ ਹਨ। ਉਨ੍ਹਾਂ ਕਿਹਾ ਕਿ ਮੈਂ ਭਾਈ ਸਾਹਿਬ ਜੀ ਦੇ ਦਰਸ਼ਨ ਕਰਨੇ ਹਨ। ਜਦੋਂ ਭਾਈ ਕਰਮ ਸਿੰਘ ਜੀ ਨੇ ਭਾਈ ਸਾਹਿਬ ਜੀ ਦੇ ਦਰਸ਼ਨ ਕੀਤੇ ਤੇ ਉਨ੍ਹਾਂ ਕੋਲੋਂ ਮਿਲੇ ਪਿਆਰ ਤੇ ਅਸੀਸ ਸਦਕਾ ਐਸੇ ਖਿੱਚੇ ਗਏ ਕਿ ਬਸ ਉਨ੍ਹਾਂ ਜੋਗੇ ਹੀ ਹੋ ਕੇ ਰਹਿ ਗਏ। ਇਸ ਤੋਂ ਬਾਅਦ ਉਸੇ ਸਾਲ ਹੀ ਪੰਚਮ ਪਾਤਸ਼ਾਹ ਦੇ



www.AKJ.Org

ਸ਼ਹੀਦੀ ਪੁਰਬ ਸਮੇਂ ਨੰਗਲ ਹੋਏ ਸਮਾਗਮ ਤੇ ਪ੍ਰੀਵਾਰ ਸਮੇਤ ਅੰਮ੍ਰਿਤ ਛੱਕ ਕੇ ਤਿਆਰ ਬਰ ਤਿਆਰ ਹੋ ਗਏ ਤੇ ਬਾਕੀ ਸਾਰੀ ਆਯੂ ਗੁਰੂ ਚਰਨਾਂ ਨਾਲ ਜੁੜੇ ਰਹੇ। ਉਹ ਲੰਗਰ ਦੇ ਅਣਥੱਕ ਸੇਵਾਦਾਰ ਸਨ ਤੇ ਸ੍ਰੀ ਅੰਮ੍ਰਿਤਸਰ ਦੇ ਵੈਸਾਖੀ ਸਮਾਗਮ ਸਮੇਂ ਆਟਾ ਗੁੰਨਣ ਦੀ ਸਾਰੀ ਸੇਵਾ ਇਕੱਲੇ ਹੀ ਨਿਬਾਹੁੰਦੇ ਸਨ ਤੇ ਪਿੰਡੋਂ ਹੱਥੀਂ ਦੁੱਧ ਚੋ ਕੇ ਸਰਬ ਲੋਹੀ ਬਿਬੇਕ ਦੁੱਧ ਦੀਆਂ ਕੈਨੀਆਂ ਭਰ ਭਰ ਕੇ ਲਿਆਉਂਦੇ ਹੁੰਦੇ ਸਨ। ਸ੍ਰੀ ਅੰਮ੍ਰਿਤਸਰ ਵਿਖੇ ਵੈਸਾਖੀ 1978 ਦੇ ਸਮਾਗਮ ਸਮੇਂ ਆਪ ਜੀ ਸ਼ਹੀਦ ਭਾਈ ਫੌਜਾ ਸਿੰਘ ਜੀ ਨਾਲ ਆਟਾ ਗੁੰਨਣ ਦੀ ਸੇਵਾ ਕਰ ਰਹੇ ਸਨ ਜਦੋਂ ਉਹ ਉਥੋਂ ਉੱਠ ਕੇ ਸ਼ਹਾਦਤ ਦਾ ਜਾਮ ਪੀਣ ਗਏ ਸਨ।

4. **ਸ੍ਰੀ ਗੁਰੂ ਗ੍ਰੰਥ ਸਾਹਿਬ ਭਵਨ ਅੰਬਾਲਾ ਛਾਉਣੀ ਦੀ ਸੇਵਾ:-** 1970-71 ਵਿਚ ਸ੍ਰੀ ਅੰਮ੍ਰਿਤਸਰ ਵਿਖੇ ਪ੍ਰਾਈਵੇਟ ਦੁਕਾਨਦਾਰਾਂ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪਾਂ ਨੂੰ ਆਮ ਕਿਤਾਬਾਂ ਵਾਂਗ ਬਜਾਰ ਵਿਚ ਵੇਚਣ ਦੀ ਅੱਖੀਂ ਦੇਖੀ ਘਟਨਾ ਨੇ ਆਪ ਨੂੰ ਹਿਲਾ ਕੇ ਰੱਖ ਦਿੱਤਾ। ਆਪ ਜੀ ਨੇ ਅੰਬਾਲਾ ਕੈਂਟ ਨਿਵਾਸੀ ਭਾਈ ਇੰਦਰ ਸਿੰਘ ਗੁਲਾਟੀ ਤੇ ਹੋਰ ਗੁਰਸਿੱਖਾਂ ਤੇ ਸੰਗਤਾਂ ਦੇ ਸਹਿਯੋਗ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਭਵਨ ਦੀ ਉਸਾਰੀ ਦਾ ਉੱਦਮ ਧਾਰਿਆ ਜਿਸ ਦਾ ਵੇਰਵਾ ਪ੍ਰਿੰਸੀਪਲ ਗੁਰਮੁਖ ਸਿੰਘ ਜੀ ਵਲੋਂ ਵੱਖਰੇ ਲੇਖ ਵਿਚ ਦਿੱਤਾ ਗਿਆ ਜੋ ਕਿ ਇਸ ਲੇਖ ਦੇ ਨਾਲ ਹੀ ਛਾਪਿਆ ਜਾ ਰਿਹਾ ਹੈ। ਆਪ ਜੀ ਨੇ ਬੀਬੀ ਹਰਸ਼ਰਨ ਕੌਰ ਜੀ ਤੇ ਹੋਰ ਇਕ ਦੋ ਗੁਰਸਿੱਖਾਂ ਨਾਲ ਮਿਲ ਕੇ ਪੰਥ ਦੀਆਂ ਸਮੁੱਚੀਆਂ ਜਥੇਬੰਦੀਆਂ, ਡੇਰਿਆਂ, ਸੰਪਰਦਾਵਾਂ, ਸਿੰਘ ਸਭਾਵਾਂ, ਸੰਸਥਾਵਾਂ ਦੇ ਮੁੱਖੀਆਂ ਤਾਈਂ ਪਹੁੰਚ ਕਰਕੇ ਭਵਨ ਦੀ ਉਸਾਰੀ ਲਈ ਮਾਇਆ ਇਕੱਠੀ ਕੀਤੀ ਅਤੇ ਉਨ੍ਹਾਂ ਦਾ ਇਸ ਕਾਰਜ ਲਈ ਸਹਿਯੋਗ ਲਿਆ। ਆਪ ਜੀ ਨੇ ਕਾਫੀ ਸਮੇਂ ਲਈ ਆਪਣੀ ਸਰਕਾਰੀ ਨੌਕਰੀ ਤੋਂ ਛੁੱਟੀ ਵੀ ਲੈ ਰੱਖੀ ਤੇ ਇਸ ਕਾਰਜ ਨੂੰ ਸ੍ਰੀ ਗੁਰੁ ਗ੍ਰੰਥ ਸਾਹਿਬ ਭਵਨ ਦੀ ਉਸਾਰੀ ਕਰਕੇ ਨੇਪਰੇ ਚਾੜ੍ਹਿਆ, ਜੋ ਅੱਜ ਵੀ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਹੇਠ ਗੁਰੂ ਸਾਹਿਬ ਦੇ ਸਰੂਪਾਂ ਦੇ ਵਿਤਰਣ ਦੀ ਸੇਵਾ ਕਰ ਰਿਹਾ ਹੈ।

   ਭਵਨ ਦੀ ਇਮਾਰਤ ਦੀ ਉਸਾਰੀ ਤੋਂ ਬਾਅਦ ਉਥੇ ਲੋੜੀਂਦੀ ਮਸ਼ੀਨਰੀ ਵੀ ਲਗ ਗਈ ਸੀ ਪ੍ਰੰਤੂ ਬੀੜ ਬਾਰੇ ਫੈਸਲਾ ਨਾ ਹੋ ਸਕਣ ਕਰਕੇ ਛਪਾਈ ਦਾ ਕੰਮ ਸ਼ੁਰੂ ਨਹੀਂ ਹੋ ਸਕਿਆ। ਬਾਅਦ ਵਿਚ ਪ੍ਰਬੰਧਕਾਂ ਨੇ ਇਹ ਸਭ ਕੁਝ ਸ਼੍ਰੋਮਣੀ ਕਮੇਟੀ ਨੂੰ ਸੌਂਪ ਦਿੱਤਾ ਅਤੇ ਹੁਣ ਤਾਈਂ ਉਸ ਦੇ ਪ੍ਰਬੰਧ ਹੇਠ ਹੈ।

5. **ਕੀਰਤਨੀਏ ਤੋਂ ਵਿਦਵਾਨ :-** ਹੁਣ ਤਾਈ ਆਪ ਜੀ ਗੁਰਬਾਣੀ ਦੇ ਨਿਰਬਾਣ ਅਤੇ ਨਿਸ਼ਕਾਮ ਕੀਰਤਨ, ਬੱਚਿਆਂ ਨੂੰ ਪਾਠ/ਕੀਰਤਨ ਸੰਥਿਆ ਤੇ ਪਾਠ ਦੀ ਸੁਧਾਈ ਦੀ ਹੀ ਸੇਵਾ ਕਰਦੇ ਸਨ ਤੇ ਇਨ੍ਹਾਂ ਸੇਵਾਵਾਂ ਰਾਹੀਂ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਵੀ ਜੋੜਦੇ ਸਨ।

   ਆਪ ਜੀ ਨੂੰ ਗੁਰਬਾਣੀ ਦੇ ਪਾਠ ਤੇ ਉਚਾਰਣ ਸਬੰਧੀ ਬੋਧ ਤਾਂ ਹੈ ਸੀ, ਪਰ ਇਹ ਕਦੇ ਨਹੀਂ ਸੀ ਸੋਚਿਆ ਕਿ ਉਹ ਇਕ ਵਿਦਵਾਨ ਤੇ ਟੀਕਾਕਾਰ ਵੀ ਬਣਨਗੇ। ਸ੍ਰੀ ਗੁਰੂ ਗ੍ਰੰਥ ਸਾਹਿਬ ਭਵਨ ਦੀ ਉਸਾਰੀ ਤੋਂ ਬਾਅਦ ਉਨ੍ਹਾਂ ਦਾ ਕਾਰਜ ਖੇਤਰ ਬਦਲ ਗਿਆ। ਭਵਨ ਦੀ ਉਸਾਰੀ ਤੋਂ ਬਾਅਦ ਇਹ ਮਸਲਾ ਸਾਹਮਣੇ ਆਇਆ ਕਿ ਕਿਹੜੀ ਬੀੜ ਵਾਲਾ ਸਰੂਪ ਛਾਪਿਆ ਜਾਵੇ? ਸ਼੍ਰੋਮਣੀ ਕਮੇਟੀ ਵਲੋਂ ਉਸ ਵੇਲੇ ਆਪਣੇ ਤੌਰ ’ਤੇ ਬੀੜਾਂ ਛਾਪਣ ਦਾ ਕੋਈ ਯੋਗ ਪ੍ਰਬੰਧ ਨਹੀਂ ਸੀ ਤੇ ਪ੍ਰਾਈਵੇਟ ਦੁਕਾਨਦਾਰਾਂ ਵਲੋਂ ਛਪੀਆਂ ਬੀੜਾਂ ਵਿਚ ਬੇਅੰਤ ਉਕਾਈਆਂ ਸਨ। ਸ਼੍ਰੋਮਣੀ ਕਮੇਟੀ ਵਲੋਂ ਛਪੀ ਬੀੜ ਅਤੇ ਪੁਰਾਤਨ ਹੱਥ ਲਿਖਤ ਬੀੜਾਂ ਵਿਚ ਵੀ ਕਾਫੀ ਫਰਕ ਸਨ। ਸੋ ਭਾਈ ਸਾਹਿਬ ਨੇ ਛੁੱਟੀ ਲੈ ਕੇ ਪਹਿਲਾਂ ਤਖ਼ਤ ਦਮਦਮਾ ਸਾਹਿਬ ਵਿਖੇ ਦੱਸੀ ਜਾਂਦੀ ਇਤਿਹਾਸਕ ਬੀੜ ਦੇ ਦਰਸ਼ਨ ਕਰਕੇ ਕੁਝ ਸਮਾਂ ਉਥੇ ਲਾ ਕੇ ਦ੍ਰਿਸ਼ਟ ਗੋਚਰ ਆਏ ਫਰਕ ਨੋਟ ਕੀਤੇ। ਫਿਰ ਆਪ ਜੀ ਸੰਨ 1974 ਦੇ ਆਖੀਰ ਵਿਚ ਸ੍ਰੀ ਅੰਮ੍ਰਿਤਸਰ ਆ ਗਏ ਤਾਂ ਕਿ ਇਥੇ ਸਿੱਖ ਰੈਫਰੈਂਸ ਲਾਇਬਰੇਰੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਉੱਪਰ ਪਈਆਂ ਪੁਰਾਤਨ ਹੱਥ ਲਿਖਤ ਬੀੜਾਂ ਦੇ ਦਰਸ਼ਨ ਕਰਕੇ ਹੋਰ ਫਰਕ ਨੋਟ ਕੀਤੇ ਜਾ ਸਕਣ। ਇਸ



www.AKJ.Org

ਕਾਰਜ ਲਈ ਉਸ ਵੇਲੇ ਦੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੋਹੜਾ ਨੇ ਆਪ ਜੀ ਨੂੰ ਬਹੁਤ ਸਹਿਯੋਗ ਦਿੱਤਾ। ਸ੍ਰੀ ਦਰਬਾਰ ਸਾਹਿਬ ਜੀ ਦੀ ਪ੍ਰਕਰਮਾ ਵਿਚ ਆਟਾ ਮੰਡੀ ਚੌਂਕ ਵੱਲ ਸਿੱਖ ਰੈਂਫਰੈਂਸ ਲਾਇਬ੍ਰੇਰੀ ਦੇ ਹੇਠਾਂ ਹੀ ਇਕ ਕਮਰਾ ਅਲਾਟ ਕਰ ਦਿੱਤਾ ਅਤੇ ਆਪ ਜੀ ਦੇ ਸਹਿਯੋਗ ਲਈ ਸਿੰਘ ਸਾਹਿਬ ਭਾਈ ਜੋਗਿੰਦਰ ਸਿੰਘ ਜੀ ਵੇਦਾਂਤੀ, ਜੋ ਉਸ ਵੇਲੇ ਗੁ. ਪਿਪਲੀ ਸਾਹਿਬ ਵਿਖੇ ਗ੍ਰੰਥੀ ਸਨ, ਨੂੰ ਬਦਲ ਕੇ ਸ੍ਰੀ ਦਰਬਾਰ ਸਾਹਿਬ ਵਿਖੇ ਅਰਦਾਸੀਏ ਦੀ ਸੇਵਾ ਤੇ ਲਾ ਦਿੱਤਾ ਤਾਂ ਕਿ ਇਹ ਦੋਵੇਂ ਗੁਰਮੁਖ ਰਲ ਮਿਲ ਕੇ ਇਸ ਕਾਰਜ ਨੂੰ ਹੋਰ ਅੱਗੇ ਵਧਾ ਸਕਣ।

6. **ਪੁਰਾਤਨ ਹੱਥ ਲਿਖਤ ਸਰੂਪਾਂ ਦੀ ਸਫਾਈ ਅਤੇ ਮੇਲਾਨ** :- ਜਦੋਂ ਆਪ ਜੀ ਨੇ ਸਿੱਖ ਰੈਫਰੈਂਸ ਲਾਇਬ੍ਰੇਰੀ ਅਤੇ ਸ੍ਰੀ ਅਕਾਲ ਤਖਤ ਸਾਹਿਬ ਜੀ ਦੇ ਉਪਰਲੇ ਗੁੰਬਦ ਵਿਚ ਪਈਆਂ ਪੁਰਾਤਨ ਹੱਥ ਲਿਖਤ ਇਤਿਹਾਸਿਕ ਬੀੜਾਂ (ਜੋ ਜ਼ਿਆਦਾਤਰ ਪਾਕਿਸਤਾਨ ਤੋਂ ਆਈਆਂ ਸਨ) ਦੇ ਜਾ ਕੇ ਦਰਸ਼ਨ ਕੀਤੇ ਤਾਂ ਆਪ ਬੀੜਾਂ ਦੀ ਹਾਲਤ ਦੇਖ ਕੇ ਹੱਕੇ ਬੱਕੇ ਰਹਿ ਗਏ। ਇਨ੍ਹਾਂ ਬੀੜਾਂ ਦੇ ਰੁਮਾਲਿਆਂ ਦੀ ਹਾਲਤ ਬਹੁਤ ਖਸਤੀ ਸੀ ਜੋ ਮਿੱਟੀ ਘੱਟੇ ਨਾਲ ਭਰੇ ਪਏ ਸਨ। ਇਸ ਤਰ੍ਹਾਂ ਲੱਗਦਾ ਸੀ ਕਿ ਜਦੋਂ ਦੀਆਂ ਬੀੜਾਂ ਇਥੇ ਲਿਆਂਦੀਆਂ ਗਈਆਂ ਹਨ, ਮੁੜ ਕੇ ਕਿਸੇ ਨੇ ਸੇਵਾ ਸੰਭਾਲ ਦਾ ਕੋਈ ਉਪਰਾਲਾ ਨਹੀਂ ਕੀਤਾ। ਸੋ ਆਪ ਜੀ ਨੇ ਸਭ ਤੋਂ ਪਹਿਲਾਂ ਸ੍ਰੀ ਅੰਮ੍ਰਿਤਸਰ ਨਿਵਾਸੀ ਸਿੰਘਾਂ ਅਤੇ ਬੀਬੀਆਂ ਦੇ ਸਹਿਯੋਗ ਨਾਲ ਸਾਰੀਆਂ ਬੀੜਾਂ ਦੇ ਵਾਰੀ ਵਾਰੀ ਵੱਖ-ਵੱਖ ਪੀੜ੍ਹਿਆਂ ਉਪਰ ਪ੍ਰਕਾਸ਼ ਕਰਕੇ ਮਲ ਮਲ ਦੇ ਚਿੱਟੇ ਰੁਮਾਲਿਆਂ ਨਾਲ ਹਰ ਅੰਗ ਦੀ ਝਾੜ ਪੂੰਜ ਕਰਕੇ ਸਫਾਈ ਕਰਵਾਈ ਤੇ ਸੁਖਾਸਨੀ ਤੇ ਉੱਪਰਲੇ ਰੁਮਾਲੇ ਵੀ ਬਦਲਾਏ। ਇਸ ਸੇਵਾ ਤੋਂ ਬਾਅਦ ਆਪ ਜੀ ਨੇ ਅਗਲਾ ਕਾਰਜ ਪੁਰਾਤਨ ਹੱਥ ਲਿਖਤ ਬੀੜਾਂ, ਜਿਨ੍ਹਾਂ ਦੀ ਇਤਿਹਾਸਿਕ ਮਹੱਤਤਾ ਸੀ ਤੇ ਬਹੁਤ ਸ਼ੁੱਧ ਜਾਪਦੀਆਂ ਸਨ, ਦੇ ਮੇਲਾਨ ਦਾ ਸ਼ੁਰੂ ਕੀਤਾ। ਇਸ ਮੰਤਵ ਲਈ ਪੰਜ ਬੀੜਾਂ ਉਪਰੋਂ ਲਾਇਬਰੇਰੀ ਵਿਚ ਸਵੇਰੇ ਲਿਆ ਕੇ ਪ੍ਰਕਾਸ਼ ਕੀਤਾ ਜਾਂਦਾ ਤੇ ਪੰਜ ਗੁਰਸਿਖ ਜਿਨ੍ਹਾਂ ਵਿਚ ਵੇਦਾਂਤੀ ਜੀ, ਭਾਈ ਸੇਵਾ ਸਿੰਘ ਜੀ, ਬੀਬੀ ਦਲਜੀਤ ਕੌਰ, ਭਾਈ ਇੰਦਰਜੀਤ ਸਿੰਘ ਤੇ ਦਾਸ ਤਾਬਿਆ ਬੈਠ ਕੇ, ਜਿਹੜਾ ਵੀ ਫ਼ਰਕ ਮੇਲਾਨ ਕਰਨ ਵੇਲੇ ਅੱਖਰ ਜਾਂ ਲਗਾਂ ਮਾਤਰਾ ਵਿਚ ਨਜ਼ਰ ਆਉਂਦਾ, ਉਹ ਭਾਈ ਸਾਹਿਬ ਇਕ ਰਜਿਸਟਰ ਵਿਚ ਨੋਟ ਕਰ ਲੈਂਦੇ। ਭਾਈ ਮਨਜੀਤ ਸਿੰਘ ਕਿਰਪਾਨਾਂ ਵਾਲੇ ਵੀ ਇਸ ਸੇਵਾ ਵਿਚ ਸਮੇਂ-ਸਮੇਂ ਯੋਗਦਾਨ ਪਾਉਂਦੇ ਰਹੇ। ਇਸ ਦੌਰਾਨ ਪਾਠ ਕਰਨ ਦੀ ਸੇਵਾ ਵੇਦਾਂਤੀ ਜੀ ਜਾਂ ਭਾਈ ਸੇਵਾ ਸਿੰਘ ਕਰਦੇ ਸਨ। ਸਵੇਰੇ ਅਤੇ ਸ਼ਾਮ ਡੇਢ ਘੰਟਾ ਸੇਵਾ ਹੁੰਦੀ ਸੀ ਤੇ ਰਾਤ ਨੂੰ ਬੀੜਾਂ ਲਾਇਬਰੇਰੀ ਵਿਚ ਹੀ ਸੁਖ ਆਸਨ ਕਰ ਦਿਤੀਆਂ ਜਾਂਦੀਆਂ ਸਨ। ਇਸ ਤਰ੍ਹਾਂ ਸਾਰੀਆਂ ਇਤਿਹਾਸਿਕ ਬੀੜਾਂ ਜੋ ਕਿ ਗੁਰੂ ਕਾਲ ਜਾਂ ਉਸ ਤੋਂ ਥੋੜੇ ਬਾਅਦ ਸਮੇਂ ਦੀਆਂ ਸਨ ਵਿਚੋਂ ਲੱਭੇ ਫਰਕਾਂ ਦੇ 20-22 ਰਜਿਸਟਰ ਬਣ ਗਏ ਸਨ। ਇਹ ਗੁਰੂ ਦੀ ਕਲਾ ਹੀ ਸਮਝੋ ਕਿ ਜੂਨ 1984 ਵਿਚ ਸ੍ਰੀ ਦਰਬਾਰ ਸਾਹਿਬ ਉਪਰ ਹੋਈ ਫੌਜੀ ਕਾਰਵਾਈ ਦੌਰਾਨ ਜਿਥੇ ਕਿ ਲਾਇਬ੍ਰੇਰੀ ਦਾ ਬਹੁਤ ਸਾਰਾ ਰਿਕਾਰਡ ਸੜ ਗਿਆ ਜਾਂ ਫੌਜ ਵਲੋਂ ਕਬਜ਼ੇ ਵਿਚ ਲੈ ਲਿਆ ਗਿਆ ਸੀ। ਉਥੇ ਆਪ ਜੀ ਦਾ ਸਾਰਾ ਰਿਕਾਰਡ ਰਜਿਸਟਰਾਂ ਸਮੇਤ ਸਹੀ ਸਲਾਮਤ ਰਿਹਾ ਤੇ ਫੌਜ ਵਲੋਂ ਦਸੰਬਰ 1984 ਇਹ ਰਿਕਾਰਡ ਦਾ ਕਬਜ਼ਾ ਸ਼੍ਰੋਮਣੀ ਕਮੇਟੀ ਰਾਹੀਂ ਆਪ ਜੀ ਨੂੰ ਵਾਪਿਸ ਦੇ ਦਿੱਤਾ ਗਿਆ ਸੀ। ਹੁਣ ਇਹ ਰਜਿਸਟਰ ਸਿੱਖ ਰੈਫਰੈਂਸੀ ਲਾਇਬਰੇਰੀ ਵਿਚ ਖੋਜੀ ਵਿਦਵਾਨਾਂ ਦੀ ਸਹੂਲਤ ਲਈ ਰੱਖੇ ਹੋਏ ਹਨ ਤੇ ਉਨ੍ਹਾਂ ਦੀ ਇਕ ਕਾਪੀ ਭਾਈ ਸਾਹਿਬ ਜੀ ਦੇ ਛੋਟੇ ਭੁਜੰਗੀ ਭਾਈ ਤੇਜਿੰਦਰਪਾਲ ਸਿੰਘ ਦੂਲਾ ਦੀ ਮਾਰਫਤ ਕਿਸੇ ਸਿੰਘ ਕੋਲ ਕੈਨੇਡਾ ਵਿਚ ਉਪਲੱਬਧ ਹਨ।

7. **ਗੁਰਬਾਣੀ ਦੀ ਖੋਜ ਅਤੇ ਟੀਕਾ ਕਾਰੀ** :- ਨਵੰਬਰ 1975 ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਪੁਰਬ ਦੀ ਤੀਜੀ ਸ਼ਤਾਬਦੀ ਮਨਾਈ ਗਈ ਸੀ। ਇਸ ਇਤਿਹਾਸਿਕ ਸਮੇਂ ਗੁਰੂ ਸਾਹਿਬ ਨੂੰ ਸੱਚੀ ਸ਼ਰਧਾ ਭੇਟ ਕਰਦੇ ਹੋਏ



www.AKJ.Org

ਆਪ ਜੀ ਨੇ ਬੀੜਾਂ ਦੇ ਮੇਲਾਨ ਦੌਰਾਨ ਲੱਭੇ ਲਗ-ਮਾਤਰੀ ਫਰਕਾਂ ਦੇ ਅਧਾਰ ਤੇ, ਜੋ ਕਿ ਗੁਰਬਾਣੀ ਵਿਆਕਰਣ ਅਨੁਸਾਰ ਲੋੜੀਂਦੇ ਹਨ ਤੇ ਲਿਖਾਰੀਆਂ ਜਾਂ ਛਾਪੇ ਵਾਲਿਆਂ ਦੀ ਅਣਗਹਿਲੀ ਨਾਲ ਮੌਜੂਦਾ ਬੀੜਾਂ ਵਿਚੋਂ ਅਲੋਪ ਹੋ ਗਏ ਹਨ ਜਾਂ ਵਾਧੂ ਲੱਗੇ ਹਨ, ਆਪਣਾ ਪਲੇਠਾ ਟੀਕਾ ਬਾਣੀ ਮਹਲਾ ਨੌਵਾਂ ਤਿਆਰ ਕੀਤਾ ਜੋ ਕਿ ਸੰਗਤਾਂ, ਵਿਦਵਾਨਾਂ ਵਲੋਂ ਕਾਫੀ ਸਲਾਹਿਆ ਗਿਆ, ਜਿਸ ਦੀਆਂ ਬਾਅਦ ਵਿਚ ਤਿੰਨ ਚਾਰ ਐਡੀਸ਼ਨਾਂ ਵੀ ਛੱਪੀਆਂ। ਪਰ ਕੁਝ ਵਿਰੋਧੀਆਂ ਵਲੋਂ ਵਾਵੇਲਾ ਖੜਾ ਕਰਨ ਕਰਕੇ ਇਹ ਮਾਮਲਾ ਸ੍ਰੀ ਅਕਾਲ ਤਖ਼ਤ ਸਾਹਿਬ ਪਹੁੰਚ ਗਿਆ, ਜਿਥੇ ਆਪ ਨੇ ਆਪਣੀਆਂ ਅਕੱਟ ਦਲੀਲਾਂ ਨਾਲ ਵਿਰੋਧੀ ਨਿਰ ਉੱਤਰ ਕਰ ਦਿੱਤੇ, ਪਰ ਉਸ ਵੇਲੇ ਦੇ ਜਥੇਦਾਰ ਵਲੋਂ ਦਿੱਤੇ ਸੁਝਾਅ ਤੇ, ਆਪ ਨੇ ਮੁੜ ਇਸ ਟੀਕੇ ਨੂੰ ਨਾ ਛਾਪਣ ਦਾ ਸ੍ਰੀ ਅਕਾਲ ਤਖ਼ਤ ਸਾਹਿਬ ਉੱਪਰ ਬਚਨ ਦੇ ਦਿਤਾ, ਜਿਸ ਕਾਰਨ ਇਹ ਟੀਕਾ ਮੁੜ ਕੇ ਪ੍ਰਕਾਸ਼ਕਾਂ ਵਲੋਂ ਨਹੀਂ ਛਾਪਿਆ ਗਿਆ। ਮੇਲਾਨ ਤੋਂ ਬਾਅਦ, ਆਪ ਜੀ ਨੇ ਸਿੱਖਾਂ ਦੀ ਪ੍ਰਮੁੱਖ ਸੰਸਥਾ ਸ਼੍ਰੋ. ਗੁ. ਪ੍ਰ. ਕਮੇਟੀ, ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਹੋਰ ਸੰਸਥਾਵਾਂ ਦੇ ਮੁਖੀਆ ਨੂੰ ਮਿਲ ਕੇ, ਬੀੜਾਂ ਵਿਚ ਗੁਰਬਾਣੀ ਦੇ ਅੱਖਰਾਂ, ਲਗਾਂ ਮਾਤਰਾ ਵਿਚ ਲਿਖਾਰੀਆਂ ਅਤੇ ਪ੍ਰਾਈਵੇਟ ਪ੍ਰਕਾਸ਼ਕਾਂ ਦੀ ਅਣਗਹਿਲੀ ਕਾਰਨ ਆ ਚੁੱਕੇ ਫਰਕਾਂ ਦੀ ਸੁਧਾਈ ਵਾਸਤੇ, ਸਮੁੱਚੀਆਂ ਪੰਥਕ ਸੰਸਥਾਵਾਂ ਅਤੇ ਪੰਥਕ ਵਿਦਵਾਨਾਂ ਦੀ ਰਾਏ ਨਾਲ ਸੁਧਾਈ ਕਰਕੇ, ਬੀੜ ਛਾਪਣ ਦੇ ਉਪਰਾਲੇ ਸ਼ੁਰੂ ਕਰ ਦਿੱਤੇ। ਸ਼੍ਰੋ. ਕਮੇਟੀ ਦੇ ਉਸ ਵੇਲੇ ਦੇ ਪ੍ਰਧਾਨ ਟੋਹੜਾ ਨੇ ਇਸ ਕਾਰਜ ਦੀ ਮਹੱਤਤਾ ਨੂੰ ਸਮਝਦੇ ਹੋਏ, ਆਪ ਜੀ ਨੂੰ ਇਸ ਸਬੰਧੀ ਸਿੰਘ ਸਾਹਿਬ ਵੇਦਾਂਤੀ ਜੀ ਨਾਲ ਮਿਲ ਕੇ ਕਾਰਜ ਨੂੰ ਸੰਪੂਰਨ ਕਰਨ ਦੀ ਹਰੀ ਝੰਡੀ ਵੀ ਦੇ ਦਿੱਤੀ, ਪ੍ਰੰਤੂ 1984 ਤੋਂ ਬਾਅਦ ਪੰਜਾਬ ਵਿਚ ਵਿਗੜੇ ਹਾਲਤਾਂ ਕਾਰਨ ਤੇ ਬਾਅਦ ਵਿਚ ਜਥੇਦਾਰ ਟੋਹੜਾ ਦਾ ਸ਼੍ਰੋਮਣੀ ਕਮੇਟੀ ਤੋਂ ਕਬਜਾ ਹੱਟ ਜਾਣ ਪਿਛੋਂ, ਇਹ ਕਾਰਜ ਭਾਈ ਸਾਹਿਬ ਜੀ ਦੀ ਚੜ੍ਹਾਈ ਕਰਨ ਤਾਈਂ ਵੀ ਨਹੀਂ ਸਿਰੇ ਚੜ ਸਕਿਆ, ਭਾਵੇਂ ਕਿ ਆਪ ਨੇ ਇਹ ਕਾਰਜ ਪੂਰਾ ਕਰ ਕੇ ਧਰਮ ਪ੍ਰਚਾਰ ਕਮੇਟੀ ਨੂੰ ਪੰਥਕ ਸੰਸਥਾਵਾਂ ਤੇ ਵਿਦਵਾਨਾਂ ਦੀ ਰਾਏ ਬਣਾਉਣ ਲਈ ਸੌਂਪ ਵੀ ਦਿੱਤਾ ਸੀ। ਇਸ ਕਾਰਜ ਵਿਚ ਆਪ ਜੀ ਨੂੰ ਕਾਫੀ ਪੰਥਕ ਵਿਦਵਾਨਾਂ ਖਾਸ ਕਰ ਗਿਆਨੀ ਮੇਵਾ ਸਿੰਘ-ਦਮਦਮੀ ਟਕਸਾਲ ਜਥਾ ਭਿੰਡਰਾਂ, ਗਿਆਨੀ ਕਿਰਪਾਲ ਸਿੰਘ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਗਿਆਨੀ ਗੁਰਬਚਨ ਸਿੰਘ ਜੀ, ਗਿਆਨੀ ਚਰਨ ਸਿੰਘ, ਗਿਆਨੀ ਗੁਰਦਿੱਤ ਸਿੰਘ, ਗਿਆਨੀ ਹਰਬੰਸ ਸਿੰਘ ਜੀ ਚੰਡੀਗੜ੍ਹ ਆਦਿ ਦਾ ਸਹਿਯੋਗ ਵੀ ਮਿਲਦਾ ਰਿਹਾ।

8. **ਵੈਸਾਖੀ 1978 ਦੇ ਸਾਕੇ ਸਮੇਂ ਨਿਬਾਹੀ ਸੇਵਾ** :- 13 ਅਪਰੈਲ 1978 ਨੂੰ ਸ੍ਰੀ ਅੰਮ੍ਰਿਤਸਰ ਵਿਖੇ ਨਕਲੀ ਨਿਰੰਕਾਰੀਆਂ ਵਲੋਂ ਗੁਰੂ ਸਾਹਿਬ, ਗੁਰਸਿੱਖਾਂ ਭਗਤਾਂ ਦੀ ਕੀਤੀ ਜਾ ਰਹੀ ਨਿੰਦਾ ਦਾ ਵਿਰੋਧ ਕਰਨ ਗਏ ਸਿੰਘਾਂ ਵਿਚੋਂ 13 ਸਿੰਘ ਸ਼ਹੀਦ ਤੇ 70 ਤੋਂ ਵੱਧ ਜ਼ਖ਼ਮੀ ਕਰ ਦਿੱਤੇ ਗਏ। ਇਸ ਅਚਨਚੇਤ ਵਾਪਰੇ ਸਾਕੇ ਸਮੇਂ ਜਥੇ ਦੇ ਜ਼ਿਆਦਾ ਸਿੰਘ ਸ਼ਹੀਦ ਅਤੇ ਫੱਟੜ ਹੋਣ ਕਰਕੇ, ਦੋਸ਼ੀਆਂ ਨੂੰ ਸਜਾ ਦਿਵਾਉਣ, ਸ਼ਹੀਦਾਂ ਅਤੇ ਫੱਟੜਾਂ ਦੇ ਪ੍ਰੀਵਾਰਾਂ ਦੀ ਸੇਵਾ ਸੰਭਾਲ ਅਤੇ ਗੁਰੂ ਡੰਮ ਬੰਦ ਕਰਾਉਣ ਲਈ ਜਥੇ ਦੇ ਮੁਖੀਆਂ ਤੇ ਬਹੁਤ ਵੱਡੀ ਜਿੰਮੇਵਾਰੀ ਪੈ ਗਈ। ਇਸ ਬਿਖੜੇ ਸਮੇਂ ਆਪ ਜੀ ਨੇ ਕਈ ਮਹੀਨੇ ਛੁੱਟੀ ਲੈ ਕੇ ਬੀ. ਹਰਸ਼ਰਨ ਕੌਰ ਜੀ ਨਾਲ ਮਿਲ ਕੇ ਇਹ ਸੇਵਾ ਬਾਖੂਬੀ ਨਿਭਾਈ। ਉਸ ਸਮੇਂ ਪੰਜਾਬ ਦੀ ਅਕਾਲੀ ਸਰਕਾਰ, ਜੋ ਕਿ ਕੇਂਦਰ ਦੀ ਜਨਤਾ ਸਰਕਾਰ ਦੀ ਭਾਈਵਾਲ ਸੀ, ਆਪਣੀਆਂ ਕੁਰਸੀਆਂ ਬਚਾਉਣ ਖਾਤਰ ਦੋਸ਼ੀਆਂ ਵਿਰੁੱਧ ਠੋਸ ਕਾਰਵਾਈ ਕਰਨ ਤੋਂ ਕੰਨੀ ਕਤਰਾਉਂਦੀ ਸੀ। ਆਪ ਜੀ ਨੇ ਬੀਬੀ ਜੀ ਨਾਲ ਮਿਲ ਕੇ ਸਭ ਤੋਂ ਪਹਿਲਾਂ ਇਨ੍ਹਾਂ ਸ਼ਹੀਦਾਂ ਨੂੰ ਕੌਮੀ ਸ਼ਹੀਦ ਐਲਾਨ ਕਰਵਾਇਆ ਜਿਸ ਤੋਂ ਸ਼੍ਰੋ. ਕਮੇਟੀ ਅਤੇ ਉਸ ਦੇ ਅਧਿਕਾਰੀ ਪਹਿਲਾਂ ਆਪਣਾ ਪੱਲਾ ਇਹ ਕਹਿ ਕੇ ਝਾੜ ਰਹੇ ਸਨ ਕਿ ਇਹ ਤਾਂ ਅਖੰਡ ਕੀਰਤਨੀ ਜਥਾ ਅਤੇ ਦਮਦਮੀ ਟਕਸਾਲ ਜਥਾ ਭਿੰਡਰਾਂ ਦੇ



www.AKJ.Org

ਬੰਦੇ ਹਨ ਕਿਹੜਾ ਸਾਨੂੰ ਪੁੱਛ ਕੇ ਗਏ ਸਨ ? ਇਸ ਤੋਂ ਬਾਅਦ ਸ਼ਹੀਦਾਂ ਅਤੇ ਫੱਟੜ ਪ੍ਰੀਵਾਰਾਂ ਦੀ ਸੇਵਾ ਸੰਭਾਲ, ਇਲਾਜ, ਦਵਾਈਆਂ ਆਦਿ ਦਾ ਖਰਚਾ ਪੰਜਾਬ ਸਰਕਾਰ ਤੇ ਸ਼੍ਰੋਮਣੀ ਕਮੇਟੀ ਦੇ ਜਿੰਮੇਂ ਪਵਾਇਆ ਅਤੇ ਨਾਲ ਹੀ ਅੱਗੋਂ ਭੋਗ ਸਬੰਧੀ ਸਾਰੀਆਂ ਹੋਣ ਵਾਲੀਆਂ ਕਾਰਵਾਈਆਂ ਪੰਥਕ ਪੱਧਰ ਕਰਨ ਦੇ ਪ੍ਰਬੰਧ ਕਰਵਾਏ। ਉਸ ਤੋਂ ਬਾਅਦ ਇਸ ਕਤਲ ਕਾਂਡ ਦੇ ਦੋਸ਼ੀ, ਜੋ ਸਰਕਾਰੀ ਸ਼ਹਿ ਤੇ ਦਨਾਉਂਦੇ ਫਿਰਦੇ ਸਨ, ਨੂੰ ਗ੍ਰਿਫ਼ਤਾਰ ਕਰਾਉਣਾ, ਮੁਕੱਦਮੇ ਲਈ ਚੰਗੇ ਵਕੀਲਾਂ ਦਾ ਪ੍ਰਬੰਧ ਕਰਕੇ ਉਸ ਦੀ ਪੈਰਵਾਈ ਕਰਨਾ ਤਾਂ ਕਿ ਦੋਸ਼ੀਆਂ ਨੂੰ ਕਾਨੂੰਨੀ ਸਜਾ ਮਿਲ ਸਕੇ, ਆਦਿ ਕਾਰਜਾਂ ਦੀ, ਰਾਤ ਦਿਨ ਲਗਾ ਕੇ ਅਣਥੱਕ ਸੇਵਾ ਕਰਦੇ ਰਹੇ ਭਾਵੇਂ ਕਿ ਇਸ ਸਮੇਂ ਵਿਰੋਧੀਆਂ ਵਲੋਂ ਆਪ ਨੂੰ ਜਾਨੋ ਮਾਰਨ ਦੀਆਂ ਧਮਕੀਆਂ ਵੀ ਮਿਲਦੀਆਂ ਰਹੀਆਂ। ਆਪ ਜੁਲਾਈ 1978 ਤਾਈ ਛੁੱਟੀ ਤੇ ਹੀ ਰਹੇ ਜਦ ਤੱਕ ਭਾਈ ਰਾਮ ਸਿੰਘ ਜੀ ਨੂੰ ਜਥੇ ਦੀ ਅਗਵਾਈ ਦੀ ਸੇਵਾ ਨਹੀਂ ਸੌਂਪੀ ਗਈ। ਬਾਅਦ ਵਿਚ ਖਾੜਕੂਵਾਦ ਦੇ ਬਿਖੜੇ ਸਮੇਂ ਦੌਰਾਨ ਜਥੇ ਦੀ ਸੁਚੱਜੀ ਅਗਵਾਈ ਲਈ ਜਥੇਦਾਰ ਸਾਹਿਬ ਦੇ ਮੋਢੇ ਨਾਲ ਮੋਢਾ ਡਾਹ ਕੇ ਸੇਵਾ ਕਰਦੇ ਰਹੇ। ਸੰਨ 1988-89 ਦੌਰਾਨ ਜਥੇਦਾਰ ਭਾਈ ਰਾਮ ਸਿੰਘ ਜੀ ਵਲੋਂ ਤਿਆਰ ਕੀਤੀ ਹੱਥ ਲਿਖਤ ਬੀੜ ਵਿਚ ਰਾਗਮਾਲਾ ਦਰਜ ਨਾ ਕਰਨ ਕਰਕੇ ਕੁਝ ਵਿਰੋਧੀਆਂ ਵਲੋਂ ਖੜੇ ਕੀਤੇ ਵਾਵੇਲੇ ਅਤੇ ਉਸ ਸਮੇਂ ਪੈਦਾ ਹੋਏ ਸੰਕਟ ਨੂੰ ਯੋਗ ਤਰੀਕੇ ਨਾਲ ਨਜਿੱਠਣ ਲਈ ਵੀ ਆਪ ਦਾ ਖਾਸ ਯੋਗਦਾਨ ਸੀ।

9. **ਸ਼ੁੱਧ ਗੁਰਬਾਣੀ ਉਚਾਰਨ ਸੰਮੇਲਨ ਤੇ ਪਾਠ ਬੋਧ ਸਮਾਗਮ** :- ਸੰਨ 1975 ਵਿਚ ਸ੍ਰੀ ਅੰਮ੍ਰਿਤਸਰ ਆ ਕੇ ਆਪ ਜੀ ਨੇ ਆਪਣਾ ਜਿਆਦਾ ਸਮਾਂ ਗੁਰਬਾਣੀ ਵਿਆਕਰਣ ਦੇ ਨਿਯਮਾਂ, ਗੁਰਬਾਣੀ ਦੀ ਵਿਆਖਿਆ ਲਈ ਵੱਖ-ਵੱਖ ਸੰਸਥਾਵਾਂ, ਸੰਪਰਦਾਵਾਂ ਅਤੇ ਵਿਦਵਾਨਾਂ ਵਲੋਂ ਛੱਪੇ ਟੀਕਿਆਂ ਦੇ ਅਧਿਐਨ ਤੇ ਲਗਾਉਣਾ ਸ਼ੁਰੂ ਕੀਤਾ। ਇਸ ਕਾਰਜ ਵਿਚ ਆਪ ਜੀ ਨੂੰ ਭਾਈ ਸੇਵਾ ਸਿੰਘ ਜੀ, ਵੇਦਾਂਤੀ ਜੀ, ਗਿਆਨੀ ਕਿਰਪਾਲ ਸਿੰਘ ਜੀ, ਬੀਬੀ ਦਲਜੀਤ ਕੌਰ ਜੀ, ਸ੍ਰੀ ਦਰਬਾਰ ਸਾਹਿਬ ਜੀ ਦੇ ਸਿੰਘ ਸਾਹਿਬਾਨਾਂ ਤੇ ਹੋਰ ਵਿਦਵਾਨਾਂ ਦਾ ਲਗਾਤਾਰ ਸਹਿਯੋਗ ਅਤੇ ਵਿਚਾਰ ਵਿਟਾਂਦਰਾ ਕਰਨ ਦਾ ਸੁਭਾਗ ਸਮਾਂ ਮਿਲਦਾ ਰਿਹਾ। ਹੌਲੀ-ਹੌਲੀ ਆਪ ਜੀ ਦਾ ਨਾਮ, ਪੰਥਕ ਪੱਧਰ ਦੇ ਚੋਟੀ ਦੇ ਵਿਦਵਾਨਾਂ ਵਿਚ ਆਉਣ ਲੱਗ ਪਿਆ। ਆਪ ਜੀ ਨੂੰ ਗੁਰਬਾਣੀ ਦੇ ਸ਼ੁੱਧ ਉਚਾਰਨ ਦੀ ਵੀ ਖਾਸ ਮੁਹਾਰਤ ਹਾਸਿਲ ਸੀ। ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ ਗੁਰਬਾਣੀ ਉਚਾਰਣ ਦੇ ਵਿਸ਼ੇ ਤੇ ਜੁਲਾਈ 1988 ਇਕ ਗੋਸ਼ਟੀ ਕਰਵਾਈ ਗਈ ਜਿਸ ਵਿਚ ਆਪ ਜੀ ਨੂੰ ਵੀ ਸੱਦਿਆ ਗਿਆ। ਆਪ ਜੀ ਨੇ ਬਲੈਕ ਬੋਰਡ ਤੇ ਗੁਰਬਾਣੀ ਉਚਾਰਣ ਦੇ ਇਕ ਸੁਘੜ ਅਧਿਆਪਕ ਵਾਂਗ ਇਸ ਤਰ੍ਹਾਂ ਨਿਯਮ ਸਮਝਾਏ ਕਿ ਕੋਈ ਵੀ ਹਾਜ਼ਿਰ ਵਿਅਕਤੀ ਪ੍ਰਸੰਸਾ ਕਰਨ ਤੋਂ ਬਿਨਾਂ ਨਹੀਂ ਰਹਿ ਸਕਿਆ। ਇਨ੍ਹਾਂ ਦੇ ਇਸ ਸਮੇਂ ਦਿੱਤੇ ਇਸ ਖਾਸ ਲੈਕਚਰ ਨੂੰ ਪੰਜਾਬੀ ਯੂਨੀਵਰਸਿਟੀ ਨੇ ਇਕ ਕਿਤਾਬਚੇ ਦੇ ਰੂਪ ਵਿਚ ਛਾਪਿਆ ਸੀ, ਜੋ ਬਾਅਦ ਵਿਚ ਆਪ ਜੀ ਨੇ ਹੋਰ ਵਾਧਿਆਂ ਨਾਲ ਸਿੰਘ ਬ੍ਰਦਰਜ਼ ਰਾਹੀਂ ਛਪਵਾਇਆ ਜੋ ਕਿ ਸ਼ੁੱਧ ਗੁਰਬਾਣੀ ਦੇ ਉਚਾਰਣ ਸਿੱਖਣ ਵਾਲਿਆਂ ਲਈ ਇਕ ਖਾਸ ਦਸਤਾਵੇਜ ਹੈ।

ਸੰਨ 1973 ਵਿਚ ਸਿੰਘ ਸਭਾ ਲਹਿਰ ਦੀ ਪਹਿਲੀ ਸ਼ਤਾਬਦੀ ਨੂੰ ਮਨਾਉਣ ਖਾਤਰ ਇਕ ਸ਼ਤਾਬਦੀ ਕਮੇਟੀ ਬਣਾਈ ਗਈ ਜਿਸ ਦੇ ਗਿਆਨੀ ਗੁਰਦਿੱਤ ਸਿੰਘ ਜੀ ਜਨਰਲ ਸਕੱਤਰ ਸਨ। ਉਨ੍ਹਾਂ ਨੇ ਜਿੱਥੇ ਭਾਰਤ ਵਰਸ਼ ਦੇ ਵੱਖ-ਵੱਖ ਸ਼ਹਿਰਾਂ ਵਿਚ ਗੁਰਮਤਿ ਪ੍ਰਚਾਰ ਲਈ ਜਥੇ ਦੇ ਸਿਰਕੱਢ ਨਿਸ਼ਕਾਮ ਕੀਰਤਨੀਆਂ ਨੂੰ ਲੈ ਕੇ ਧਾਰਮਿਕ ਸਮਾਗਮ ਆਯੋਜਿਤ ਕੀਤੇ ਉੱਥੇ ਪਾਠੀਆਂ ਅਤੇ ਪ੍ਰਚਾਰਕਾਂ ਲਈ ਗੁਰਬਾਣੀ ਦੇ ਸ਼ੁਧ ਉਚਾਰਣ, ਪਾਠ ਦੀ ਸੰਥਿਆ ਅਤੇ ਵੀਚਾਰ ਲਈ ਪਾਠ ਬੋਧ ਸਮਾਗਮ ਵੀ ਕਰਵਾਉਣੇ ਸ਼ੁਰੂ ਕੀਤੇ। ਆਪ ਜੀ, ਚੂੰ ਕਿ ਪੰਥ ਦੇ ਮੰਨੇ ਪ੍ਰਮੰਨੇ ਵਿਦਵਾਨ, ਲੇਖਕ ਤੇ ਟੀਕਾਕਾਰ ਸਨ, ਇਸ ਲਈ ਆਪ ਜੀ ਨੂੰ ਸ੍ਰੀ ਅੰਮ੍ਰਿਤਸਰ, ਦਿੱਲੀ, ਬੰਬਈ,


www.AKJ.Org

ਲੁਧਿਆਣਾ, ਸ੍ਰੀ ਅਨੰਦਪੁਰ ਸਾਹਿਬ, ਸ੍ਰੀ ਦਮਦਮਾ ਸਹਿਬ ਸਾਬੋ ਕੀ ਤਲਵੰਡੀ ਤੇ ਹੋਰ ਸ਼ਹਿਰਾਂ ਵਿਚ ਹੋਣ ਵਾਲੇ ਇਨ੍ਹਾਂ ਸਮਾਗਮਾਂ 'ਤੇ ਉਚੇਚੇ ਤੌਰ 'ਤੇ ਪੂਰੀ ਹਾਜ਼ਰੀ ਭਰਨ ਲਈ ਬੁਲਾਇਆ ਜਾਂਦਾ ਸੀ। ਆਪ ਜੀ ਵਲੋਂ ਗੁਰਬਾਣੀ ਉਚਾਰਣ ਅਤੇ ਗੁਰਬਾਣੀ ਦੇ ਵਿਆਕਰਣਕ ਨਿਯਮਾਂ ਦੀ ਦਿੱਤੀ ਸੇਧ, ਹਰ ਹਾਜ਼ਰ ਪ੍ਰੇਮੀ ਲਈ ਬਹੁਤ ਲਾਭਦਾਇਕ ਹੁੰਦੀ ਸੀ। ਜਿਥੇ ਆਪ ਜੀ ਗੁਰਮਤਿ ਦੇ ਵੱਖ-ਵੱਖ ਵਿਸ਼ਿਆਂ 'ਤੇ ਫਰਵਰੀ 1966 ਤੋਂ ਸੂਰਾ ਮਾਸਿਕ ਪੱਤਰ ਸ਼ੁਰੂ ਹੋਣ ਸਮੇਂ ਤੇ ਅਤੇ ਹੋਰ ਪੰਥਕ ਰਸਾਲਿਆਂ ਵਿਚ ਪੰਜਾਬੀ ਤੇ ਅੰਗਰੇਜ਼ੀ ਵਿਚ ਲੇਖ ਲਿਖਦੇ ਰਹੇ, ਉਥੇ ਆਪ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਮਹਿੰਗੀਆਂ ਬਾਣੀਆਂ ਅਤੇ ਨਿਤਨੇਮ ਬਾਣੀਆਂ ਦੇ ਵੀ ਟੀਕੇ ਕੀਤੇ। ਇਸ ਤੋਂ ਬਾਅਦ ਮਈ 1979 ਵਿਚ ਸ੍ਰੀ ਗੁਰੂ ਅਮਰ ਦਾਸ ਜੀ ਦੀ ਪੰਜਵੀਂ ਜਨਮ ਸ਼ਤਾਬਦੀ ਸਮੇਂ ਉਨ੍ਹਾਂ ਦੇ ਜੀਵਨ ਸਬੰਧੀ ਪੁਸਤਕ ਵੀ ਲਿਖੀ ਅਤੇ ਫਿਰ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਪੰਜਵੀ ਜਨਮ ਸ਼ਤਾਬਦੀ ਸਮੇਂ ਉਨ੍ਹਾਂ ਦੀ ਜੀਵਨ ਕਥਾ ਅਤੇ ਉਨ੍ਹਾਂ ਦੀ ਰਚੀ ਬਾਣੀ ਦੀ ਵਿਆਖਿਆ ਕਰਕੇ ਉਨ੍ਹਾਂ ਨੂੰ ਆਪਣੀ ਸ਼ਰਧਾ ਦੇ ਫੁੱਲ ਭੇਟ ਕੀਤੇ। ਉਨ੍ਹਾਂ ਦੀਆਂ ਰਚੀਆਂ ਪੁਸਤਕਾਂ, ਗੁਰਬਾਣੀ ਦੇ ਟੀਕਿਆਂ ਅਤੇ ਗੁਰਮਤਿ ਸਾਹਿਤ ਨੂੰ ਦਿੱਤੀ ਦੇਣ ਦੀ ਵਿਸਥਾਰਤ ਜਾਣਕਾਰੀ ਸ. ਗੁਰਸਾਗਰ ਸਿੰਘ ਜੀ ਨੇ ਵੱਖਰੇ ਲੇਖ ਵਿਚ ਦਿੱਤੀ ਹੈ ਜੋ ਕਿ ਨਾਲ ਹੀ ਛਾਪਿਆ ਜਾ ਰਿਹਾ ਹੈ।

10. **ਬੱਚਿਆਂ/ਬੀਬੀਆਂ ਨੂੰ ਕੀਰਤਨ ਸੰਥਿਆ** :- ਆਪ ਜੀ ਨੇ ਜਥੇ ਵਿਚ ਆਉਣ ਤੋਂ ਬਾਅਦ ਧੁਰੋਂ ਬਖਸ਼ੀ ਕੀਰਤਨ ਦੀ ਦਾਤ ਨੂੰ ਸੰਗਤਾਂ ਵਿਚ ਖੂਬ ਵੰਡਿਆ। ਪਹਿਲਾਂ ਨੰਗਲ ਅਤੇ ਤਲਵਾੜਾ ਟਾਊਨਸ਼ਿਪ ਦੀ ਰਿਹਾਇਸ਼ ਸਮੇਂ ਬੇਅੰਤ ਨੌਜਵਾਨ ਬੱਚੇ/ਬੱਚਿਆਂ ਨੂੰ ਕੀਰਤਨ ਦੀ ਸਿਖਲਾਈ ਦਿੱਤੀ। ਭਾਈ ਸਵਰਨ ਸਿੰਘ ਜੀ ਹਾਲ ਯੂ.ਐਸ.ਏ. ਅਤੇ ਭਾਈ ਇੰਦਰਜੀਤ ਸਿੰਘ ਕਿਰਪਾਨਾਂ ਵਾਲੇ ਸ੍ਰੀ ਅੰਮ੍ਰਿਤਸਰ ਨੇ ਆਪ ਜੀ ਤੋਂ ਹੀ ਕੀਰਤਨ ਸਿਖਿਆ ਅਤੇ ਆਪ ਦੇ ਖਾਸ ਸਹਿਯੋਗੀ ਰਹੇ। ਭਾਈ ਇੰਦਰਜੀਤ ਸਿੰਘ ਨੇ ਫਿਰ ਆਪ ਜੀ ਨਾਲ ਹਰ ਸਮਾਗਮ ਤੇ ਅਖੀਰ ਤਾਈਂ ਹਾਜਰੀ ਭਰੀ ਅਤੇ ਹਮੇਸ਼ਾ ਆਪ ਦੇ ਸੰਗ ਸਾਥ ਰਹੇ। ਸੀ ਅੰਮ੍ਰਿਤਸਰ ਆ ਕੇ ਵੀ ਆਪ ਨੇ ਇਹ ਸੇਵਾ ਨਿਰੰਤਰ ਜਾਰੀ ਰੱਖੀ। ਸ੍ਰੀ ਦਰਬਾਰ ਸਾਹਿਬ ਕੰਪਲੈਕਸ ਵਿਚ ਸੇਵਾ ਵਾਲੇ ਕਮਰੇ ਵਿਚ ਰੋਜ਼ਾਨਾ ਗੁਰਬਾਣੀ ਵੀਚਾਰ/ਕਥਾਂ ਦੇ ਨਾਲ ਨਾਲ ਸਵੇਰੇ ਸ਼ਾਮ ਆਪ ਜੀ ਛੋਟੇ ਬੱਚਿਆਂ ਅਤੇ ਬੀਬੀਆਂ ਨੂੰ ਕੀਰਤਨ ਅਤੇ ਤਬਲੇ ਦੀ ਸੰਥਿਆ ਵੀ ਦਿੰਦੇ ਰਹੇ ਜਿਸ ਨਾਲ ਅਨੇਕਾਂ ਬੱਚੇ/ਬੀਬੀਆਂ ਕੀਰਤਨ ਦੀ ਦਾਤ ਪ੍ਰਾਪਤ ਕਰਕੇ ਅੰਮ੍ਰਿਤਧਾਰੀ ਹੋ ਕੇ ਗੁਰੂ ਚਰਨਾਂ ਨਾਲ ਜੁੜੇ। ਉਨ੍ਹਾਂ ਦੀ ਲਾਈ ਹੋਈ ਫੁਲਵਾੜੀ ਪ੍ਰਫੁਲਿਤ ਹੋ ਕੇ ਹੁਣ ਕੀਰਤਨ ਅਖਾੜਿਆਂ ਦਾ ਸ਼ਿੰਗਾਰ ਬਣੀ ਹੋਈ ਹੈ। ਸ਼ਹੀਦ ਬੀਬੀ ਪਰਮਜੀਤ ਕੌਰ (ਲਾਡੀ) ਵੀ ਆਪ ਜੀ ਕੋਲ ਰੋਜ਼ਾਨਾ ਕੀਰਤਨ ਸਿਖਣ ਲਈ ਆਉਂਦੀ ਹੁੰਦੀ ਸੀ ਅਤੇ ਸੰਗਤਾਂ ਲਈ ਲੰਗਰ ਦੀ ਸੇਵਾ ਵੀ ਕਰਦੀ ਰਹੀ ਹੈ। ਇਸ ਦੇ ਨਾਲ ਗੁਰਬਾਣੀ ਦੇ ਅੰਤਰੀਵੀ ਭਾਵ ਸਮਝਣ ਲਈ ਡਾ. ਹਰਚਰਨ ਸਿੰਘ ਜੀ ਨਾਲ ਮਿਲ ਕੇ ਗੁਰਬਾਣੀ ਥਰੈਪੀ ਦੀ ਪ੍ਰੀਖਿਆਵਾਂ ਵੀ ਸ਼ੁਰੂ ਕੀਤੀਆਂ ਜਿਸ ਰਾਹੀਂ ਗੁਰਬਾਣੀ ਦੇ ਸਿਖਿਆਰਥੀਆਂ ਦੀ ਨਿਤਨੇਮ ਅਤੇ ਹੋਰ ਬਾਣੀਆਂ ਦੀ ਸਵਾਲਾਂ-ਜੁਆਬਾਂ ਰਾਹੀਂ ਲਿਖਤੀ ਪ੍ਰੀਖਿਆ ਲਈ ਜਾਂਦੀ ਸੀ ਤੇ ਇਸ ਪ੍ਰੀਖਿਆ ਵਿਚ ਭਾਗ ਲੈਣ ਵਾਲਿਆਂ ਨੂੰ ਡਾਕਟਰ ਸਾਹਿਬ ਵਲੋਂ ਵਿਸ਼ੇਸ਼ ਇਨਾਮ ਪੁਸਤਕਾਂ/ਗੁਟਕਿਆਂ ਦੇ ਰੂਪ ਵਿੱਚ ਅਤੇ ਸਿਰੋਪਾਓ ਦਿੱਤੇ ਜਾਂਦੇ ਸਨ ਤਾਂ ਕਿ ਉਨ੍ਹਾਂ ਨੂੰ ਗੁਰਬਾਣੀ ਦੀ ਖੋਜ ਲਈ ਹੋਰ ਉਤਸ਼ਾਹ ਮਿਲੇ।

11. **ਭਾਈ ਘਨਈਆ ਜੀ ਮਿਸ਼ਨ ਸੇਵਾ ਸੁਸਾਇਟੀ ਦੀ ਸਥਾਪਨਾ** :- ਆਪ ਜੀ ਨੇ ਭਾਈ ਸਤਨਾਮ ਸਿੰਘ 'ਸਿੰਘ ਬ੍ਰਦਰਜ਼', ਭਾਈ ਮਨਜੀਤ ਸਿੰਘ ਜੀ ਕਿਰਪਾਨਾਂ ਵਾਲੇ ਤੇ ਸ਼ਹਿਰ ਦੇ ਹੋਰ ਪਤਵੰਤੇ ਗੁਰਸਿੱਖਾਂ ਦੇ ਸਹਿਯੋਗ ਨਾਲ 12 ਮਈ 1997 ਨੂੰ ਭਾਈ ਘਨਈਆ ਜੀ ਮਿਸ਼ਨ ਸੁਸਾਇਟੀ ਦੀ ਸਥਾਪਨਾ ਕੀਤੀ ਜੋ ਕਿ ਵੱਖ-ਵੱਖ ਹਸਪਤਾਲਾਂ ਵਿਚ ਇਲਾਜ ਕਰਾਉਣ ਆਏ ਗਰੀਬ ਮਰੀਜ਼ਾਂ ਨੂੰ ਮੁਫ਼ਤ ਦਵਾਈ, ਲੈਬਾਰਟਰੀ ਟੈਸਟਾਂ ਅਤੇ



www.AKJ.Org

ਡਾਕਟਰੀ ਫੀਸ ਰਾਹੀਂ ਮਦਦ ਕਰਦੀ ਹੈ। ਆਪ ਦਾ ਲਾਇਆ ਹੋਇਆ ਇਹ ਬੂਟਾ ਪ੍ਰਫੁਲਿਤ ਹੋ ਕੇ ਬਾਖੂਬੀ ਨਾਲ ਸ੍ਰੀ ਅੰਮ੍ਰਿਤਸਰ ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਵਿਚ ਗਰੀਬ ਮਰੀਜ਼ਾਂ ਦੀ ਸੇਵਾ ਕਰ ਰਿਹਾ ਹੈ।

12. **ਅਹੁਦਿਆਂ ਦੇ ਤਿਆਗੀ** :- ਸੰਨ 1975 ਤੋਂ ਲੈ ਕੇ ਗੁਰਬਾਣੀ ਦੀ ਖੋਜ, ਪੰਥਕ ਮਸਲਿਆਂ ਤੇ ਆਵਾਜ਼ ਉਠਾਉਣ ਤੇ ਮੰਨੇ ਪ੍ਰਮੰਨੇ ਲੇਖਕ/ਵਿਦਵਾਨ ਹੋਣ ਕਾਰਨ ਆਪ ਜੀ ਦਾ ਪੰਥਕ ਨੇਤਾਵਾਂ ਨਾਲ ਮੇਲ ਜੋਲ ਹੁੰਦਾ ਰਹਿੰਦਾ ਸੀ। ਜਿਥੇ ਆਪ ਪੰਥਕ ਮਸਲਿਆਂ ਨੂੰ ਹਲ ਕਰਨ ਦੀ ਮੁਹਾਰਤ ਰੱਖਦੇ ਸਨ, ਉਥੇ ਗੁਰਮਤਿ, ਗੁਰਬਾਣੀ ਤੇ ਸਿੱਖ ਧਰਮ ਦੇ ਵੱਖ-ਵੱਖ ਪਹਿਲੂਆਂ ਦੇ ਵੀ ਉੱਚ ਕੋਟੀ ਦੇ ਚਿੰਤਕ ਤੇ ਵਿਦਵਾਨ ਸਨ। ਇਸ ਕਾਰਨ ਸ਼੍ਰੋ. ਗੁ. ਪ੍ਰ. ਕਮੇਟੀ ਵਲੋਂ ਪਹਿਲਾਂ ਆਪ ਜੀ ਨੂੰ ਧਾਰਮਿਕ ਸਲਾਹਕਾਰ ਕਮੇਟੀ ਦਾ ਮੈਂਬਰ ਬਣਾਇਆ ਗਿਆ। ਪਰ ਕੁਝ ਚਿਰ ਬਾਅਦ ਆਪ ਨੇ ਇਹ ਅਹੁਦਾ ਤਿਆਗ ਦਿੱਤਾ, ਕਿਉਂਕਿ ਉਥੇ ਫੈਸਲੇ ਗੁਰਮਤਿ ਦੀ ਰੋਸ਼ਨੀ ਜਾਂ ਗੁਰਬਾਣੀ ਦੇ ਸਿਧਾਂਤਾਂ ਅਨੁਸਾਰ ਹੋਣ ਦੀ ਬਜਾਏ, ਸਿਆਸੀ ਪ੍ਰਭਾਵ ਹੇਠ ਹੁੰਦੇ ਸਨ ਜੋ ਕਿ ਆਪ ਲਈ ਕਾਬਲੇ ਬਰਦਾਸ਼ਤ ਨਹੀਂ ਸੀ। ਫਿਰ ਇਕ ਸਮੇਂ ਆਪ ਜੀ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਮੁਖ ਸੇਵਾਦਾਰ (ਜਥੇਦਾਰ) ਦੇ ਅਹੁਦੇ ਦੀ ਵੀ ਪੇਸ਼ਕਸ਼ ਹੋਈ ਪਰ ਆਪ ਨੇ ਉਹ ਵੀ ਉਪਰੋਕਤ ਕਾਰਨਾਂ ਕਰਕੇ ਨਹੀਂ ਕਬੂਲੀ ਕਿਉਂਕਿ ਚਲ ਰਹੇ ਪ੍ਰਬੰਧ ਅਨੁਸਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵਲੋਂ ਪੰਥਕ ਫੈਸਲੇ ਲੈਣ ਲਈ ਸੁਤੰਤਰ ਹੋਂਦ ਨਹੀਂ ਹੈ। ਜਿਹੜਾ ਜਥੇਦਾਰ ਸ਼੍ਰੋਮਣੀ ਕਮੇਟੀ ਤੇ ਕਾਬਜ ਧੜੇ ਦਾ ਹੱਥ ਠੋਕਾ ਬਣ ਕੇ ਕੰਮ ਕਰੇਗਾ, ਉਥੇ ਉਹੀ ਟਿੱਕ ਸਕਦਾ ਹੈ। ਆਪ ਜੀ ਉਥੋਂ ਦੇ ਹਾਲਾਤਾਂ ਬਾਰੇ ਭਲੀ ਭਾਂਤ ਜਾਣੂ ਸਨ ਕਿ ਉਥੇ ਗੁਰਮਤਿ ਸਿਧਾਂਤਾਂ ਤੇ ਗੁਰਬਾਣੀ ਦੀ ਰੋਸ਼ਨੀ ਵਿਚ ਫੈਸਲੇ ਲੈਣੇ ਅਸੰਭਵ ਹਨ। ਇਸੇ ਤਰ੍ਹਾਂ ਖਾਲਸਾ ਕਾਲਜ ਅੰਮ੍ਰਿਤਸਰ ਵਿਖੇ ਇਕ ਸਿੱਖ ਜਥੇਬੰਦੀ ਵਲੋਂ ਸਿੱਖ ਨੌਜਵਾਨਾਂ ਦੇ ਦਸਤਾਰਾਂ ਸਜਾਉਣ ਸਬੰਧੀ ਪ੍ਰੋਗਰਾਮ ਰੱਖਿਆ ਗਿਆ ਅਤੇ ਜਿਸ ਵਿਚ ਨਾਮ ਵਰ ਸਿੱਖ ਸਖਸ਼ੀਅਤਾਂ ਨੂੰ ਵੀ ਸਨਮਾਨਿਤ ਕਰਨਾ ਸੀ ਅਤੇ ਆਪ ਜੀ ਦਾ ਨਾਮ ਵੀ ਉਸ ਸੂਚੀ ਵਿਚ ਸ਼ਾਮਿਲ ਸੀ। ਜਦੋਂ ਸਟੇਜ ਸਕੱਤਰ, ਆਪ ਜੀ ਦਾ ਨਾਮ ਲੈ ਕੇ ਸੰਗਤ ਨੂੰ ਆਪ ਜੀ ਦੀਆਂ ਸੇਵਾਵਾਂ ਅਤੇ ਦੈਵੀ ਗੁਣਾਂ ਬਾਰੇ ਸੰਬੋਧਨ ਕਰਨ ਲੱਗਾ ਤੇ ਆਪ ਨੇ ਉਠ ਕੇ ਮਾਈਕ ਫੜ ਲਿਆ ਤੇ ਸੰਗਤ ਨੂੰ ਬੇਨਤੀ ਕੀਤੀ ਕਿ ਜੋ ਸੇਵਾਵਾਂ ਦਾਸ ਪਾਸੋਂ ਗੁਰ ਪਾਤਿਸ਼ਾਹ ਲੈ ਰਹੇ ਹਨ ਅਤੇ ਜੋ ਗੁਣਾਂ ਦੀ ਗੱਲ ਕੀਤੀ ਜਾ ਰਹੀ ਹੈ ਇਹ ਸਭ ਕੁਝ ਅਕਾਲ ਪੁਰਖ ਦੀ ਬਖਸ਼ਿਸ਼ ਕਰਕੇ ਹੈ ਅਤੇ ਆਪ ਨੇ ਨਿਮਰਤਾ ਸਹਿਤ ਉੱਥੇ ਵੀ ਕੋਈ ਸਨਮਾਨ ਲੈਣ ਤੋਂ ਇਨਕਾਰ ਕਰ ਦਿੱਤਾ। ਆਪ ਜੀ ਹਮੇਸ਼ਾਂ ਦੁਨਿਆਵੀ ਵਡਿਆਈ ਕਰਾਉਣ ਤੋਂ ਦੂਰ ਭੱਜਦੇ ਸਨ।

13. **ਗੁਰੂ ਗ੍ਰੰਥ ਅਤੇ ਪੰਥ ਨੂੰ ਸਮਰਪਿਤ ਨਿਧੜਕ ਤੇ ਬੇਖੌਫ ਸ਼ਖਸੀਅਤ** :- ਆਪ ਤਾਅ ਜ਼ਿੰਦਗੀ ਜਾਗਦੀ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਗੁਰੂ ਪੰਥ ਨੂੰ ਪੂਰੀ ਤਰ੍ਹਾਂ ਸਮਰਪਿਤ ਰਹੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬੇਅਦਬੀ ਆਪ ਜੀ ਲਈ ਕਦਾਚਿਤ ਵੀ ਸਹਿਣ ਯੋਗ ਨਹੀਂ ਸੀ। ਇਸੇ ਤਰ੍ਹਾਂ ਪੰਥਕ ਨੇਤਾਵਾਂ ਵਲੋਂ ਆਪਣੇ ਸੌੜੇ ਸਿਆਸੀ ਹਿੱਤਾਂ ਕਾਰਨ ਗੁਰੂ ਪੰਥ ਅਤੇ ਗੁਰਮਤਿ ਸਿਧਾਂਤਾਂ ਨਾਲ ਖਿਲਵਾੜ ਕਰਨਾ ਵੀ ਆਪ ਲਈ ਬਰਦਾਸ਼ਤ ਕਰਨ ਯੋਗ ਨਹੀਂ ਸੀ। ਚਾਹੇ ਕਿਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦਾ ਮਸਲਾ ਹੋਵੇ ਜਾਂ ਪੰਥਕ ਹਿੱਤਾਂ ਨੂੰ ਕੁਰਬਾਨ ਕਰਨ ਦਾ ਮਸਲਾ ਹੋਵੇ, ਆਪ ਉਸੇ ਵੇਲੇ ਇਕੱਲੇ ਹੀ ਨਿਡਰ ਅਤੇ ਬੇਖੌਫ ਹੋ ਕੇ ਪੰਥਕ ਨੇਤਾਵਾਂ ਨੂੰ ਖਰੀਆਂ ਖਰੀਆਂ ਸੁਣਾ ਆਉਂਦੇ ਸਨ ਭਾਵੇਂ ਇਹ ਵਰਤੀਰਾ ਆਪ ਨੂੰ ਮਹਿੰਗਾ ਵੀ ਪੈਂਦਾ ਸੀ ਅਤੇ ਕਈਆਂ ਦੀ ਨਰਾਜਗੀ ਦਾ ਕਾਰਨ ਵੀ ਬਣਦਾ ਸੀ ਪਰ ਆਪ ਕਦੇ ਵੀ ਕਿਸੇ ਦੀ ਪ੍ਰਵਾਹ ਜਾਂ ਕਨੌਂਡ ਨਹੀਂ ਸਨ ਮੰਨਦੇ।

14. **ਨਿਜੀ ਵਿਰੋਧ ਦੀ ਬਜਾਏ ਸਿਧਾਂਤਕ ਵਿਰੋਧ**:- ਆਪ ਕਿਹਾ ਕਰਦੇ ਸਨ ਅਸੀਂ ਕਿ ਅਖੰਡ ਕੀਰਤਨੀ ਜਥੇ ਰੂਪੀ ਦਰੱਖਤ ਦੀਆਂ ਠੰਡੀਆਂ ਛਾਵਾਂ ਮਾਣੀਆਂ ਹਨ ਪਰ ਉਨ੍ਹਾਂ ਦੀ ਜ਼ਿੰਦਗੀ ਦੇ ਕੁਝ ਅਖੀਰਲੇ ਸਾਲਾਂ ਵਿਚ ਇਸ ਦਰੱਖ਼ਤ ਨੂੰ ਚੌਧਰ ਦੀ ਭੁੱਖ, ਈਰਖਾ ਦਵੈਤ ਅਤੇ ਮਾਇਆ ਰੂਪੀ ਨਾਗਨੀ ਦੇ ਡੱਸਣ ਵਾਂਗ ਘੁਣ ਰੂਪੀ



www.AKJ.Org

ਬੀਮਾਰੀਆਂ ਨੇ ਆ ਘੇਰਿਆ। ਸੰਨ 1993 ਦੇ ਅਖੀਰ ਵਿਚ ਇਕ ਧਾਰਮਿਕ ਪੰਥਕ ਜਥੇਬੰਦੀ ਨਾਲ ਹੋਏ ਸਮਝੌਤੇ ਨੇ ਜਥੇਬੰਦੀ ਵਿਚ ਐਸਾ ਦੁਫੇੜ ਆਇਆ ਜੋ ਕਿ ਅੱਜ ਤੀਕ ਠੀਕ ਨਹੀਂ ਹੋ ਸਕਿਆ। ਆਪ ਸਾਰੀ ਆਯੂ ਜਥੇਬੰਦੀ ਦੇ ਗੁਰਮਤੀ ਅਸੂਲਾਂ ਤੇ ਤੱਤ ਗੁਰਮਤਿ ਸਿਧਾਂਤਾਂ ਦੇ ਕੱਟੜ ਮੁਦਈ ਰਹੇ ਹਨ ਅਤੇ ਹਮੇਸ਼ਾ ਜਥੇਬੰਦੀ ਦੀ ਚੜ੍ਹਦੀ ਕਲਾ ਲਈ ਤਤਪਰ ਰਹੇ ਹਨ। ਇਸ ਪੈਦਾ ਹੋਈ ਦੁਬਿੱਧਾ ਪਿਛੋਂ ਵਰਤੇ ਘਟਨਾ ਕਰਮਾਂ ਕਾਰਨ, ਆਪ ਉਪਰ ਮਾਨਸਿਕ ਦਬਾਅ ਅਤੇ ਪ੍ਰੇਸ਼ਾਨੀ ਵੱਧਦੀ ਗਈ। ਇਹ ਸਾਰੇ ਘਟਨਾਕ੍ਰਮ ਹੀ ਆਪ ਅੰਦਰ ਇਕ ਭਿਆਨਕ ਸਰੀਰਕ ਬੀਮਾਰੀ ਪੈਦਾ ਹੋਣ ਦੇ ਕਾਰਨ ਬਣੇ। ਬੇਸ਼ਕ ਆਪ ਵੱਲੋਂ ਇਸ ਮਸਲੇ ਨੂੰ ਹੱਲ ਕਰਨ ਲਈ ਅਣਥੱਕ ਕੋਸ਼ਿਸ਼ਾਂ ਵੀ ਕੀਤੀਆਂ ਗਈਆਂ ਪਰ ਕੁਝ ਕੁ ਸੱਜਣਾਂ ਵਿੱਚ ਚੌਧਰ ਦੀ ਭੁੱਖ ਅਤੇ ਆਪਣੇ ਨਿੱਜੀ ਹਿਤਾਂ ਨੂੰ ਜਥੇਬੰਦੀ ਦੇ ਹਿੱਤਾਂ ਨਾਲੋਂ ਉੱਪਰ ਰੱਖਣ ਕਰਕੇ ਇਹ ਕੋਸ਼ਿਸ਼ਾਂ ਸਿਰੇ ਨਹੀਂ ਚੜੀਆਂ। ਆਪ ਹਮੇਸ਼ਾ ਕਿਸੇ ਦਾ ਨਿੱਜੀ ਵਿਰੋਧ ਕਰਨ ਦੀ ਬਜਾਏ, ਸਿਧਾਂਤਕ ਗੱਲ ਕਰਦੇ ਸਨ। ਆਪ ਜੀ ਕਿਹਾ ਕਰਦੇ ਸਨ ਕਿ ਜਥੇ ਦੇ ਪੁਰਾਤਨ ਸਿੰਘਾਂ ਨੇ ਨਾਮ ਬਾਣੀ ਦੀਆਂ ਅਤੁੱਟ ਕਮਾਈਆਂ ਕਰਕੇ, ਚੌਧਰ ਅਤੇ ਮਾਇਆ ਰੂਪੀ ਸਪਰਿੰਗ ਨੂੰ ਆਪਣੇ ਪੈਰਾਂ ਥੱਲੇ ਪੂਰੀ ਤਰ੍ਹਾਂ ਦਬਾਅ ਕੇ ਰੱਖਿਆ ਹੋਇਆ ਸੀ ਪਰ ਜਿਉਂ ਜਿਉਂ ਜਥੇ ਦੇ ਪੁਰਾਤਨ ਗੁਰਸਿਖ ਚੜਾਈ ਕਰੀ ਗਏ ਤੇ ਮੌਜੂਦਾ ਪ੍ਰਬੰਧਕਾਂ ਵਿਚ ਨਾਮ ਬਾਣੀ ਦੀਆਂ ਕਮਾਈਆਂ ਘਟੀਆਂ, ਗੁਣਾਂ ਦੀ ਸਾਂਝ ਕਰਨ ਦੀ ਬਜਾਏ, ਵਖਰੇਵਿਆਂ ਨੂੰ ਮੁੱਖ ਰੱਖ ਕੇ ਧੜੇਬੰਦੀ ਨੂੰ ਪਾਲਣਾ ਸ਼ੁਰੂ ਕੀਤਾ ਤਾਂ ਇਹ ਸਪਰਿੰਗ ਸਾਡੇ ਪੈਰਾਂ ਥੱਲਿਓਂ ਨਿਕਲ ਕੇ ਬੁੜਕ ਕੇ ਸਾਡੇ ਸਿਰ ਨੂੰ ਆ ਵੱਜਾ ਹੈ ਅਤੇ ਮੁੜ ਸਾਡੇ ਕਾਬੂ ਵਿਚ ਨਹੀਂ ਆ ਰਿਹਾ।

15. **ਨਿਰਬਾਣ ਤੇ ਨਿਸ਼ਕਾਮ ਕੀਰਤਨੀਏ**:- ਭਾਈ ਸਾਹਿਬ ਰਣਧੀਰ ਸਿੰਘ ਜੀ ਵਲੋਂ ਸੁਰਜੀਤ ਕੀਤੀ ਅਖੰਡ ਕੀਰਤਨ ਦੀ ਨਿਰਬਾਣ ਤੇ ਨਿਸ਼ਕਾਮ ਪ੍ਰੰਪਰਾ ਦੇ ਆਪ ਇਕ ਚਾਨਣ ਮੁਨਾਰਾ ਸਨ। ਉਹ ਹਫਤਾਵਾਰੀ ਜਾਂ ਕੇਂਦਰੀ ਸਮਾਗਮਾਂ ਤੇ ਕੇਵਲ ਆਪਣੇ ਆਤਮਿਕ ਲਾਹੇ ਲਈ ਹੀ ਹਾਜ਼ਰੀ ਭਰਨ ਜਾਂਦੇ ਸਨ। ਦੂਸਰਿਆਂ ਨੂੰ ਉਪਦੇਸ਼ ਕਰਨ ਜਾਂ ਪ੍ਰਚਾਰਕ ਬਣ ਕੇ ਨਹੀਂ ਸਨ ਜਾਂਦੇ। ਇਨ੍ਹਾਂ ਦੀ ਇਹ ਕੋਸ਼ਿਸ਼ ਹੁੰਦੀ ਸੀ ਕਿ ਉਨ੍ਹਾਂ ਤੋਂ ਪਹਿਲਾਂ ਬਾਕੀ ਕੀਰਤਨੀਆਂ, ਖਾਸ ਕਰ ਨੌਜਵਾਨ ਬੱਚਿਆਂ ਨੂੰ ਕੀਰਤਨ ਦੀ ਵਾਰੀ ਦਿੱਤੀ ਜਾਵੇ ਤੇ ਆਪ ਅਖੀਰ ਤੇ ਜਿਨ੍ਹਾਂ ਸਮਾਂ ਪ੍ਰਬੰਧਕ ਦੇਣ, ਉਤਨੇ ਸਮੇਂ ਵਿਚ ਹੀ ਕੁੱਜੇ ਵਿੱਚ ਸਮੁੰਦਰ ਬੰਦ ਕਰ ਦਿੰਦੇ ਸਨ। ਕਈ ਵਾਰ ਆਪ ਜੀ ਨੂੰ ਸਮਾਗਮ ਦੇ ਆਰੰਭ ਵਿਚ ਜਾ ਕੇ ਇਕੱਲਿਆਂ ਹੀ ਕੀਰਤਨ ਕਰਦਿਆਂ ਵੇਖੀਦਾ ਸੀ ਜਦੋਂ ਅਜੇ ਹੋਰ ਕੋਈ ਕੀਰਤਨੀਆ ਨਾ ਪਹੁੰਚਿਆ ਹੁੰਦਾ। ਉਹ ਕੀਰਤਨ ਗੁਰੂ ਸਾਹਿਬ ਜੀ ਨੇ ਸੁਣਾਉਂਦੇ ਸਨ ਤੇ ਉਨ੍ਹਾਂ ਕਦੇ ਇਹ ਇੱਛਾ ਨਹੀਂ ਰੱਖੀ ਕਿ ਜਦੋਂ ਪੰਡਾਲ ਸੰਗਤ ਨਾਲ ਭਰ ਜਾਵੇ, ਉਸ ਵੇਲੇ ਕੀਰਤਨ ਦਾ ਸਮਾਂ ਮਿਲੇ। ਕੀਰਤਨ ਦੀ ਸੇਵਾ ਕਰਨ ਤੋਂ ਬਾਅਦ ਸਾਰੇ ਕੇਂਦਰੀ ਸਮਾਗਮਾਂ ਅਤੇ ਲੋਕਲ ਸਮਾਗਮਾਂ ਤੇ ਅਰੰਭ ਤੋਂ ਲੈ ਕੇ ਅਖੀਰ ਤਾਈਂ ਪੂਰਾ ਸਮਾਂ ਬੈਠ ਕੇ ਕੀਰਤਨ ਸ੍ਰਵਣ ਕਰਦੇ ਸਨ। ਰੈਣ ਸਬਾਈ ਕੀਰਤਨ ਵਿਚ ਸਾਰੀ ਰਾਤ ਉਹ ਸਟੇਜ ਤੇ ਚੌਂਕੜਾ ਜਮਾਈ ਰੱਖਦੇ ਸਨ। ਉਨ੍ਹਾਂ ਕਦੇ ਵੀ, ਆਪਣੇ ਤੌਰ 'ਤੇ ਲੋਕਲ ਜਾਂ ਕੇਂਦਰੀ ਸਮਾਗਮ ਦੇ ਸਮਾਨਾਂਤਰ ਪ੍ਰੋਗਰਾਮ ਨਹੀਂ ਰੱਖਿਆ। ਜੇ ਕਰ ਸੇਵਾ ਵਾਲੇ ਕਮਰੇ ਦਾ ਪ੍ਰੇਮੀ ਜਾਂ ਬੀਬੀ ਜਾਂ ਹੋਰ ਕੋਈ ਸਭਾ ਸੁਸਾਇਟੀ ਵਾਲੇ ਆਪਣੇ ਵੱਲੋਂ ਰੱਖੇ ਪ੍ਰੋਗਰਾਮ ਵਿੱਚ ਹਾਜਰੀ ਭਰਨ ਲਈ ਜ਼ੋਰ ਪਾਉਂਦੇ ਤਾਂ ਆਪ ਪਹਿਲਾਂ ਜੱਥੇ ਵੱਲੋਂ ਰੱਖੇ ਪ੍ਰੋਗ੍ਰਾਮ ਵਿੱਚ ਹਾਜ਼ਰੀ ਭਰਨ ਤੋਂ ਬਾਅਦ ਹੀ ਮਜਬੂਰੀ ਵੱਸ ਕਿਸੇ ਹੋਰ ਪ੍ਰੋਗ੍ਰਾਮ ਤੇ ਜਾਂਦੇ ਸਨ। ਸ੍ਰੀ ਅੰਮ੍ਰਿਤਸਰ ਰਿਹਾਇਸ਼ ਵੇਲੇ ਜਦੋਂ ਕੋਈ ਪ੍ਰੇਮੀ ਜਾਂ ਸੰਗਤ ਬਾਹਰੋਂ ਸਮਾਗਮ ਦੀ ਹਾਜਰੀ ਭਰਨ ਵਾਸਤੇ ਕਹਿਣ ਲਈ ਆਉਂਦੀ ਤਾਂ ਆਪ ਜੀ ਕਿਹਾ ਕਰਦੇ ਸਨ ਕਿ ਸ੍ਰੀ ਅੰਮ੍ਰਿਤਸਰ ਦੇ ਮੁਖ ਪ੍ਰਬੰਧਕ ਭਾਈ ਸੇਵਾ ਸਿੰਘ ਜੀ ਹਨ, ਉਨ੍ਹਾਂ ਕੋਲੋਂ ਸਮਾਗਮ ਲੈ ਲਵੋ, ਦਾਸ ਵੀ ਸੰਗਤ ਦੇ ਨਾਲ ਪਹੁੰਚ ਜਾਵੇਗਾ। ਉਨ੍ਹਾਂ ਕੀਰਤਨ ਸਮਾਗਮਾਂ ਦੀ ਬੁਕਿੰਗ ਲਈ ਆਪਣੀ ਕੋਈ ਡਾਇਰੀ ਨਹੀਂ ਸੀ ਰੱਖੀ ਹੋਈ। ਕਈ ਪ੍ਰੇਮੀਆਂ ਨੇ ਕਹਿਣਾ ਕਿ ਆਪ ਜੀ ਲਈ ਕਾਰ ਜਾਂ ਸਵਾਰੀ ਦਾ ਹੋਰ ਖਾਸ


www.AKJ.Org

ਪ੍ਰਬੰਧ ਕਰ ਦਿਆਂਗੇ ਤਾਂ ਆਪ ਜੀ ਦਾ ਇਹੀ ਉੱਤਰ ਹੁੰਦਾ ਸੀ ਕਿ ਜਿਸ ਤਰ੍ਹਾਂ ਸੰਗਤ ਆਵੇਗੀ, ਦਾਸ ਉਸ ਤਰ੍ਹਾਂ ਹੀ ਸੰਗਤ ਦੇ ਨਾਲ ਪਹੁੰਚ ਜਾਵੇਗਾ, ਕੋਈ ਖਾਸ ਉਚੇਚ ਕਰਨ ਦੀ ਲੋੜ ਨਹੀਂ। ਉਹ ਤਾਅ ਜ਼ਿੰਦਗੀ ਆਪਣੀ ਜੇਬ ਵਿਚੋਂ ਕਿਰਾਇਆ ਖਰਚ ਕੇ, ਸਮਾਗਮਾਂ ਤੇ ਜਾਂਦੇ ਰਹੇ ਤੇ ਸੰਗਤ ਦੇ ਨਾਲ ਹੀ ਆਮ ਰਿਹਾਇਸ਼ੀ ਕਮਰਿਆਂ ਵਿਚ ਭੂਮ ਆਸਣ ਕਰਦੇ ਸਨ ਤੇ ਪ੍ਰਸ਼ਾਦਾ ਵੀ ਲੰਗਰ ਵਿਚੋਂ ਹੀ ਛੱਕਦੇ ਸਨ। ਆਪਣੇ ਲਈ ਰਿਹਾਇਸ਼ ਜਾਂ ਲੰਗਰ ਦਾ ਕੋਈ ਵੱਖਰਾ ਪ੍ਰਬੰਧ ਨਹੀਂ ਸੀ ਕਰਵਾਉਂਦੇ। ਆਪ ਜੀ ਇਕ ਦਰਵੇਸ਼ ਗੁਰਸਿੱਖ ਸਨ ਜੋ ਮਾਇਆ ਦੇ ਤ੍ਰੈਗੁਣਾਂ ਤੋਂ ਉੱਪਰ ਸੀ। ਸਾਰੀ ਉਮਰ ਸਾਦਾ ਜੀਵਨ ਹੀ ਬਿਤਾਇਆ। ਰਿਟਾਇਰਮੈਂਟ ਦੇ ਨੇੜੇ ਜਾ ਕੇ ਕੁਝ ਗੁਰਸਿੱਖਾਂ ਦੇ ਜੋਰ ਦੇਣ ਤੇ ਛੋਟਾ ਜਿਹਾ ਰਿਹਾਇਸ਼ੀ ਮਕਾਨ ਬਣਾਇਆ ਤੇ ਆਰਾਮਦਾਇਕ ਜ਼ਿੰਦਗੀ ਲਈ ਕਿਸੇ ਖਾਸ ਸੁਖ ਸਹੂਲਤ ਦਾ ਪ੍ਰਬੰਧ ਨਹੀਂ ਕੀਤਾ। ਸਾਰੀ ਉਮਰ ਪੈਦਲ ਜਾਂ ਸਾਈਕਲ ਹੀ ਆਉਣ ਜਾਣ ਲਈ ਵਰਤਿਆ। ਆਪ ਵਲੋਂ ਰਚੀਆਂ ਪੁਸਤਕਾਂ ਦੀ ਪ੍ਰਕਾਸ਼ਕਾਂ ਕੋਲੋਂ ਕੋਈ ਰਿਆਲਟੀ ਨਹੀਂ ਲਈ ਸਗੋਂ ਆਪਣੀ ਤਨਖਾਹ ਵਿਚੋਂ ਪੂਰਾ ਦਸਵੰਧ ਕੱਢ ਕੇ ਲੋੜਵੰਦਾਂ ਤੇ ਖਰਚਦੇ ਰਹੇ।

ਲੋੜ ਤੋਂ ਜ਼ਿਆਦਾ ਮਿਹਨਤ ਕਰਨ ਕਰਕੇ ਉਨ੍ਹਾਂ ਦੀ ਸਿਹਤ ਢਿੱਲੀ ਹੀ ਰਹਿੰਦੀ ਸੀ। ਆਪ ਰੋਜ਼ਾਨਾ ਸਵੇਰੇ ਸਰੀਰ ਦੀ ਤੇਲ ਨਾਲ ਮਾਲਿਸ਼ ਤੇ ਕਸਰਤ ਵੀ ਕਰਦੇ ਸਨ। ਉਨ੍ਹਾਂ ਦੀ ਖੁਰਾਕ ਵੀ ਬਹੁਤ ਸਾਦੀ ਹੁੰਦੀ ਸੀ ਅਤੇ ਸਵੇਰੇ-ਸ਼ਾਮ ਦੋ ਵਕਤ ਹੀ ਪ੍ਰਸ਼ਾਦਾ ਛਕਦੇ ਸਨ। ਉਨ੍ਹਾਂ ਨੇ ਸਰਕਾਰੀ ਡਿਊਟੀ ਜਾਣ ਵੇਲੇ ਤੇ ਸੰਗਤ ਵਿਚ ਵਿਚਰਨ ਲੱਗਿਆਂ ਹਮੇਸ਼ਾ ਦਾੜ੍ਹਾ ਪ੍ਰਕਾਸ਼ ਕਰਕੇ ਅਤੇ ਸ੍ਰੀ ਸਾਹਿਬ ਬਸਤਰਾਂ ਦੇ ਉਪਰ ਦੀ ਸਜਾ ਕੇ ਰੱਖਿਆ। ਪਹਿਲਾਂ ਪਹਿਲ ਡਿਊਟੀ ਜਾਣ ਵੇਲੇ ਪੈਂਟ ਕਮੀਜ਼ ਦੀ ਵਰਤੋਂ ਕਰਦੇ ਸਨ ਪ੍ਰੰਤੂ ਮਗਰੋਂ ਕਮੀਜ ਪਜ਼ਾਮੇ ਵਿਚ ਹੀ ਸਰਕਾਰੀ ਡਿਊਟੀ 'ਤੇ ਜਾਂਦੇ ਰਹੇ ਹਨ। ਆਮ ਤੌਰ ਤੇ ਆਪ ਘਰ ਤੋਂ ਸ੍ਰੀ ਦਰਬਾਰ ਸਾਬਿਬ ਤੇ ਸ੍ਰੀ ਦਰਬਾਰ ਸਾਹਿਬ ਤੋਂ ਦਫ਼ਤਰ ਤਾਈਂ ਪੈਦਲ ਹੀ ਜਾਂਦੇ ਸਨ। ਜੇਕਰ ਸਾਈਕਲ ਲੈ ਕੇ ਵੀ ਜਾਂਦੇ ਤਾਂ ਕਈ ਵਾਰੀ ਵਾਪਿਸ ਆਉਂਦਿਆਂ ਸਾਈਕਲ ਰੇੜ੍ਹੀ ਲਈ ਆਉਂਦੇ ਗੁਰਬਾਣੀ ਦਾ ਪਾਠ ਕਰਦਿਆਂ ਦੇਖੀਦੇ ਸਨ। ਜੇ ਪੁੱਛਣਾ ਕਿ ਸਾਈਕਲ ਤੇ ਕਿਉਂ ਨਹੀਂ ਚੜ੍ਹਦੇ ਤਾਂ ਕਹਿਣਾ ਕਿ ਯਾਰਾ ਮੇਰਾ ਪਾਠ ਰਹਿੰਦਾ ਸੀ, ਮੈਂ ਉਹ ਪੂਰਾ ਕਰ ਰਿਹਾ ਹਾਂ। ਉਹ ਆਪਣਾ ਹਰ ਇਕ ਸੁਆਸ, ਗੁਰਮੰਤਰ ਦਾ ਜਾਪ ਜਾਂ ਗੁਰਬਾਣੀ ਦੇ ਪਾਠ ਕਰਕੇ ਸਫਲਾ ਕਰਦੇ ਸਨ। ਗੁਰਬਾਣੀ ਉਨ੍ਹਾਂ ਦੇ ਜੀਵਨ-ਆਧਾਰ ਬਣਿਆ ਹੋਇਆ ਸੀ।

**ਆਮ ਜਥੇਬੰਦੀਆਂ, ਸੰਸਥਾਵਾਂ, ਸਭਾ ਸੁਸਾਇਟੀਆਂ ਵਿਚ ਦੁਬਿਧਾ ਜਾਂ ਆਪਸੀ ਲੜਾਈ ਦੇ ਤਿੰਨ ਮੁਖ ਕਾਰਨ ਹੁੰਦੇ ਹਨ। 1. ਚੌਧਰ/ਅਹੁਦੇਦਾਰੀ ਦੀ ਭੁੱਖ 2. ਜਾਇਦਾਦ, ਸੰਪਤੀ, ਮਾਇਆ ਦਾ ਪਸਾਰਾ 3. ਜਥੇਬੰਦੀ ਦੇ ਮੁਖ ਆਸ਼ੇ ਉਦੇਸ਼ ਅਤੇ ਗੁਣਾਂ ਦੀ ਸਾਂਝ ਨੂੰ ਛੱਡ ਕੇ ਆਪਣੇ ਨਿਜੀ ਵਿਚਾਰਾਂ ਅਤੇ ਰਹਿਤ ਨੂੰ ਦੂਸਰਿਆਂ ਉੱਪਰ ਠੋਸਣਾ। ਸੰਨ 1978 ਤਾਈਂ ਅਖੰਡ ਕੀਰਤਨੀ ਜਥਾ ਇਨ੍ਹਾਂ ਤਿੰਨਾਂ ਕਾਰਨਾਂ ਤੋਂ ਬਚਿਆ ਰਿਹਾ। ਪੁਰਾਤਨ ਗੁਰਸਿੱਖਾਂ ਦਾ ਆਪਸੀ ਪਿਆਰ, ਮਿਲਵਰਤਣ, ਦੁੱਖ ਸੁੱਖ ਦੇ ਭਾਈਵਾਲ ਹੋਣਾ ਵਿਚਾਰਾਂ ਦੇ ਵਖਰੇਵੇਂ ਛੱਡ ਕੇ ਕੇਵਲ ਗੁਣਾਂ ਦੀ ਸਾਂਝ ਅਤੇ ਨਾਮ ਬਾਣੀ ਦੀ ਅਤੁਟ ਕਮਾਈ ਕਰਨੀ, ਆਪਣੇ ਆਪ ਵਿਚ ਇਕ ਮਿਸਾਲ ਹੁੰਦੀ ਸੀ। ਸੰਨ 1978 ਵਿਚ ਵਰਤੇ ਸ਼ਹੀਦੀ ਸਾਕੇ ਤੋਂ ਬਾਅਦ ਜਥੇਬੰਦੀ ਵਿਚ ਇਹ ਤਿੰਨੇ ਮੁੱਖ ਕੁਰੀਤੀਆਂ ਆ ਵੜੀਆਂ। ਜਥੇਦਾਰ ਅਤੇ ਸਲਾਹਕਾਰ ਬੋਰਡ/ਹੋਰ ਪ੍ਰਬੰਧਕ ਕਮੇਟੀਆਂ ਦੇ ਅਹੁਦੇਦਾਰਾਂ ਦੀ ਨਿਯੁਕਤੀ, ਟਰੱਸਟ, ਇਮਾਰਤਾਂ, ਸ਼ਹੀਦੀ ਫੰਡ, ਬੱਸਾਂ/ਜਾਇਦਾਦਾਂ ਦੀ ਖਰੀਦ ਅਤੇ ਮਾਇਆ ਦਾ ਇਕੱਤਰ ਹੋਣਾ, ਕੇਵਲ ਗੁਣਾਂ ਦੀ ਸਾਂਝ ਨੂੰ ਛੱਡ ਕੇ ਆਪਣੇ ਆਪਣੇ ਨਿਜੀ ਵਿਚਾਰਾਂ ਅਤੇ ਰਹਿਤ ਨੂੰ ਦੂਜਿਆਂ 'ਤੇ ਠੋਸਣ ਲਈ ਆਪੋ ਆਪਣੇ ਧੜੇ ਜਾਂ ਗਰੁਪ ਨੂੰ ਮਜ਼ਬੂਤ ਕਰਨ ਦੀ ਬਿਰਤੀ ਆਦਿ ਨੇ ਜਥੇ ਨੂੰ ਵੀ ਗ੍ਰਸ ਲਿਆ ਹੈ। ਸੰਨ 1993 ਤਾਈਂ ਜਥੇਦਾਰ ਭਾਈ ਰਾਮ ਸਿੰਘ ਜੀ ਦੀ ਨਾਮ ਬਾਣੀ ਦੀ ਅਤੱਟ ਕਮਾਈ ਸਦਕਾ ਅਤੇ ਦੂਰ ਅੰਦੇਸ਼ੀ ਦੇ ਨਾਲ ਨਾਲ, ਜਥੇ ਦੇ ਪੁਰਾਤਨ ਸਿੰਘਾਂ ਸਮੇਤ ਤਲਵਾੜਾ ਜੀ ਦੇ ਸਹਿਯੋਗ ਅਤੇ ਮਿਲਵਰਤਣ ਕਰਕੇ ਬਿਖੜੇ ਸਮੇਂ ਵੀ ਪ੍ਰਬੰਧ ਠੀਕ ਚਲਦਾ**



www.AKJ.Org

**ਰਿਹਾ, ਪਰ ਪਈ ਦੁਬਿਧਾ ਦੇ ਕਾਰਨਾਂ ਦਾ ਬੀਜ, (ਜੋ ਸੰਨ 1978 ਵਿਚ ਬੀਜਿਆ ਗਿਆ ਸੀ ਅਤੇ ਜਥੇ ਵਿਚ ਸਿਆਸੀ ਸੋਚ ਰੱਖਣ ਵਾਲੇ ਸਜਣਾਂ ਦੀ ਦਖ਼ਲ ਅੰਦਾਜੀ ਵਧਣ ਕਾਰਨ, ਇਹ ਬੀਮਾਰੀ ਅੰਦਰੋਂ-ਅੰਦਰੀ ਦਿਨੋਂ ਦਿਨ ਵੱਧਦੀ ਹੋਈ ਕੈਂਸਰ ਦਾ ਰੂਪ ਧਾਰ ਕੇ, ਜਥੇ ਦੇ ਗਲ ਆ ਪਈ ਹੈ, ਜਿਸ ਦਾ ਕੋਈ ਇਲਾਜ ਨਹੀਂ ਦਿੱਸ ਰਿਹਾ।**

# ਭਾਈ ਤਾਰਾ ਸਿੰਘ ਜੀ, ਲੁਧਿਆਣਾ

ਭਾਈ ਗੁਰਦੀਪ ਸਿੰਘ ਸ੍ਰੀ ਅੰਮ੍ਰਿਤਸਰ

ਕੀਰਤਨ ਅਖਾੜਿਆਂ ਵਿਚ ਰੱਬੀ ਰੰਗ ਮਾਣਨ ਵਾਲੇ, ਅਣਥੱਕ ਪਾਠੀ ਅਤੇ ਕੀਰਤਨੀਏ ਭਾਈ ਤਾਰਾ ਸਿੰਘ ਜੀ ਦਾ ਜਨਮ ਇਕ ਗੁਰਸਿੱਖ ਪ੍ਰੀਵਾਰ, ਅਕਾਲੀ ਨਿਰੰਜਨ ਸਿੰਘ ਜੀ ਅਤੇ ਮਾਤਾ ਨਿਹਾਲ ਕੌਰ ਦੇ ਘਰ ਮਿਤੀ 1 ਜਨਵਰੀ 1931 ਨੂੰ ਪਿੰਡ ਪਮਾਲ ਜ਼ਿਲ੍ਹਾ ਲੁਧਿਆਣਾ ਵਿਖੇ ਹੋਇਆ। ਆਪ ਜੀ ਦੇ ਪਿਤਾ ਜੀ ਪਹਿਲਾਂ ਪਿੰਡ ਖੇਤੀਬਾੜੀ ਦਾ ਕੰਮ ਕਰਦੇ ਸਨ। ਫਿਰ ਪਹਿਲੀ ਸੰਸਾਰ ਜੰਗ ਵੇਲੇ ਬ੍ਰਿਟਿਸ਼ ਆਰਮੀ ਵਿਚ ਸਿਪਾਹੀ ਭਰਤੀ ਹੋ ਕੇ ਫਰਾਂਸ ਵਿਚ ਜਾ ਕੇ ਯੁੱਧ ਵਿਚ ਹਿੱਸਾ ਲਿਆ। ਆਪ ਦੇ ਪਿਤਾ ਜੀ ਨੇ ਘੋੜ ਸਵਾਰੀ ਵਿਚ ਗੋਲਡ ਮੈਡਲ ਵੀ ਜਿੱਤਿਆ ਸੀ। ਫੌਜ ਤੋਂ ਸੇਵਾ ਮੁਕਤੀ ਤੋਂ ਬਾਅਦ ਮਾਤਾ-ਪਿਤਾ ਜੀ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਤੋਂ ਅੰਮ੍ਰਿਤ ਛੱਕਿਆ ਤੇ ਮਾਤਾ ਜੀ ਨੇ ਕੇਸਕੀ ਰਹਿਤ ਧਾਰਨ ਕਰ ਲਈ। ਫਿਰ ਇੰਨ੍ਹਾਂ ਦੇ ਪਿਤਾ ਜੀ ਗੁਰਦੁਆਰਾ ਸੁਧਾਰ ਅਤੇ ਅਕਾਲੀ ਲਹਿਰ ਵਿਚ ਕੁੱਦ ਪਏ ਅਤੇ ਜੈਤੋ ਦੇ ਮੋਰਚੇ ਵਿਚ ਗ੍ਰਿਫਤਾਰੀ ਦਿੱਤੀ। ਉਸ ਤੋਂ ਬਾਅਦ ਵੀ ਗੁਰਦੁਆਰਾ ਪ੍ਰਬੰਧ ਵਿਚ ਸੁਧਾਰ ਲਈ ਯਤਨਸ਼ੀਲ ਰਹੇ। ਇਸ ਕਰਕੇ ਪਿੰਡ ਵਿਚ ਅਕਾਲੀ ਦੇ ਨਾਮ ਨਾਲ ਜਾਣੇ ਜਾਂਦੇ ਸਨ। ਆਪ ਜੀ ਨੂੰ ਗੁਰਸਿੱਖੀ ਦਾ ਪ੍ਰੇਮ ਅਤੇ ਲਗਨ ਬਚਪਨ ਵਿਚੋਂ ਹੀ ਮਾਤਾ–ਪਿਤਾ ਜੀ ਤੋਂ ਲੱਗ ਗਿਆ ਸੀ।

ਆਪ ਜੀ ਨੇ ਮੁੱਢਲੀ ਵਿਦਿਆ ਤਾਂ ਪਿੰਡ ਦੇ ਸਕੂਲ ਤੋਂ ਲਈ। ਦਸਵੀਂ ਦੀ ਜਮਾਤ ਆਪ ਨੇ ਲੁਧਿਆਣੇ ਆਰੀਆ ਸਕੂਲ ਤੋਂ ਪਾਸ ਕੀਤੀ ਅਤੇ ਬੀ.ਏ. ਦੀ ਡਿਗਰੀ ਵੀ ਆਰੀਆ ਕਾਲਜ ਤੋਂ ਪ੍ਰਾਪਤ ਕੀਤੀ। ਇਸ ਸਮੇਂ ਬੇ.ਈ. ਦੀ ਪੜ੍ਹਾਈ ਦੌਰਾਨ ਡਾਕਟਰ ਬੇਅੰਤ ਸਿੰਘ ਜੀ ਨਵੀਂ ਦਿੱਲੀ ਵਾਲੇ ਜਥੇ ਦੇ ਪੁਰਾਤਨ ਸਿੰਘ ਆਪ ਨੂੰ ਗਣਿਤ ਦਾ ਵਿਸ਼ਾ ਪੜ੍ਹਾਉਂਦੇ ਰਹੇ ਸਨ ਜਿਨਾਂ ਲਾਲ ਜਥੇ ਵਿੱਚ ਸ਼ਾਮਲ ਹੋਣ ਤੋਂ ਬਾਅਦ ਗੁਰ ਭਾਈਆਂ ਵਾਲਾ ਗੂੜ੍ਹਾ ਪਿਆਰ ਬਣਿਆ ਰਿਹਾ। ਫਿਰ ਆਪ ਨੇ ਪਟਿਆਲੇ ਜਾ ਕੇ ਮਹਿੰਦਰਾ ਕਾਲਜ ਤੋਂ ਐਮ.ਏ. ਦੀ ਡਿਗਰੀ ਪ੍ਰਾਪਤ ਕੀਤੀ। ਇਸ ਸਮੇਂ ਗੁਰਦੁਆਰਾ ਦੁੱਖ ਨਿਵਾਰਨ ਸਾਹਿਬ ਵਿਖੇ ਗਿਆਨੀ ਨਿਰੰਜਨ ਸਿੰਘ ਜੀ ਪਟਿਆਲੇ ਵਾਲੇ ਕਥਾ ਕਰਿਆ ਕਰਦੇ ਸਨ ਤੇ ਆਪ ਜੀ ਨੂੰ ਉਨ੍ਹਾਂ ਦੀ ਸੰਗਤ ਕਰਨ ਦਾ ਸੁਭਾਗ ਪ੍ਰਾਪਤ ਹੁੰਦਾ ਰਿਹਾ ਹੈ।

ਆਪ ਜੀ ਪੜਨ ਲਿਖਣ ਵਿਚ ਬਹੁਤ ਹੁਸ਼ਿਆਰ ਸਨ ਤੇ ਪੇਂਡੂ ਮਾਹੌਲ ਵਿਚ ਜੰਮੇ ਪਲੇ ਅਤੇ ਵਿਦਿਅਕ ਸਹੂਲਤਾਂ ਦੇ ਘੱਟ ਹੋਣ ਦੇ ਬਾਵਜੂਦ ਵੀ, ਆਪ ਨੇ ਉੱਚ ਵਿਦਿਆ ਪ੍ਰਾਪਤ ਕੀਤੀ ਅਤੇ ਐਮ.ਏ. ਵਿਚ ਗੋਲਡ ਮੈਡਲ ਪ੍ਰਾਪਤ ਕੀਤਾ। ਫਿਰ ਆਪ ਨੇ ਅਕਾਊਂਟਸ ਦਾ ਕੋਰਸ ਕਰ ਲਿਆ। ਆਪ ਜੀ ਦੀ ਪਹਿਲੀ ਨਿਯੁਕਤੀ ਸੁਪਰਟੈਂਡੈਂਟ ਵਜੋਂ ਅਕਾਊਂਟਟ ਜਨਰਲ (A.G. Office) ਦੇ ਸ਼ਿਲਾਂਗ ਦਫਤਰ ਵਿਚ ਹੋਈ ਅਤੇ ਬਾਅਦ ਵਿਚ ਅਕਾਊਂਟਸ ਅਫਸਰ ਵਜੋਂ ਭਾਰਤ ਦੇ ਵੱਖ–ਵੱਖ ਸ਼ਹਿਰਾਂ ਵਿਚ ਵੱਖ–ਵੱਖ ਵਿਭਾਗਾਂ ਵਿਚ ਨੌਕਰੀ ਕਰਦੇ ਰਹੇ ਜਿਵੇਂ ਸ਼ਿਮਲਾ, ਚੰਡੀਗੜ੍ਹ, ਜੈਪੁਰ, ਮਨੀਪੁਰ, ਧੰਨਬਾਦ ਆਦਿ। ਆਪ ਜੀ ਧੰਨਬਾਦ ਕਾਫੀ ਲੰਬਾ ਸਮਾਂ ਰਹੇ। ਉਥੇ ਡਾਇਰੈਕਟਰ ਫਾਇਨਾਂਸ ਐਂਡ ਅਕਾਊਂਟਸ ਦੇ ਉੱਚ ਅਹੁਦੇ ਤੇ ਲਗੇ ਰਹੇ ਅਤੇ ਇਮਾਨਦਾਰੀ ਦੀ ਮਿਸਾਲ ਕਾਇਮ ਕੀਤੀ। ਫਿਰ ਆਪ ਜੀ ਦੀ ਨਿਯੁਕਤੀ Indian Accounts & Audit Service ਦੇ Cadre Selection ਵਿਚ ਹੋ ਗਈ ਤੇ ਆਪ ਦਸੰਬਰ 1990 ਵਿਚ ਡਿਪਟੀ ਅਕਾਊਂਟੈਂਟ ਜਨਰਲ


www.AKJ.Org

(ਹਰਿਆਣਾ) ਚੰਡੀਗੜ੍ਹ ਦੇ ਅਹੁਦੇ ਤੋਂ ਸੇਵਾ ਮੁਕਤ ਹੋਏ। ਨੌਕਰੀ ਦੌਰਾਨ ਆਪ ਸਮੇਂ ਦੇ ਪਾਬੰਦੀ, ਕੁਸ਼ਲਤਾ, ਇਮਾਨਦਾਰੀ ਤੇ ਦਿਆਨਤਦਾਰੀ ਨਾਲ ਸਖ਼ਤ ਮਿਹਨਤ ਕਰਨ ਕਰਕੇ ਹੋਏ ਹਮੇਸ਼ਾਂ ਉੱਚ ਅਧਿਕਾਰੀਆਂ ਦੇ ਖਾਸ ਵਿਸ਼ਵਾਸ ਪਾਤਰ ਰਹੇ ਹਨ ਤੇ ਗੁਰਸਿੱਖੀ ਨੂੰ ਚਾਰ ਚੰਨ ਲਾਉਂਦੇ ਰਹੇ ਹਨ।

ਜਦੋਂ ਪੂਰਬਲੇ ਕਰਮ ਅੰਕੁਰ ਹੁੰਦੇ ਹਨ ਤਾਂ ਕੋਈ ਨਾ ਕੋਈ ਵਸੀਲਾ ਬਣ ਜਾਂਦਾ ਹੈ। ਸ਼ਿਲਾਂਗ ਨਿਯੁਕਤੀ ਵੇਲੇ ਆਪ ਜੀ ਰੋਜ਼ਾਨਾ ਗੁਰਦੁਆਰੇ ਜਾਂਦੇ ਸਨ। ਇੱਥੇ ਵੀ ਆਪ ਜੀ ਦਾ ਭਾਈ ਹਰੀ ਸਿੰਘ ਜੀ ਨਾਲ ਮੇਲ ਹੋਇਆ ਤੇ ਇਹ ਮਿਲਾਪ ਗੂੜ੍ਹੀ ਮਿੱਤਰਤਾ ਵਿਚ ਬਦਲ ਗਿਆ। ਭਾਈ ਹਰੀ ਸਿੰਘ ਜੀ ਕਿੱਤੇ ਵਜੋਂ ਦਰਜੀ ਦਾ ਕੰਮ ਕਰਦੇ ਸਨ ਅਤੇ ਇਹ ਕੀਰਤਨ ਵੀ ਕਰ ਲੈਂਦੇ ਸਨ। ਆਪ ਜੀ ਨੇ ਉਨ੍ਹਾਂ ਤੋਂ ਹੀ ਕੀਰਤਨ ਸਿੱਖਿਆ ਅਤੇ ਦੋਵਾਂ ਨੇ ਰਲ ਮਿਲ ਕੇ ਗੁਰਦੁਆਰੇ ਵਿੱਚ ਕੀਰਤਨ ਕਰਨਾ ਸ਼ੁਰੂ ਕਰ ਦਿੱਤਾ। ਇਸ ਸਮੇਂ ਆਪ ਜੀ ਨੂੰ ਚਾਰ ਤੋਂ ਛੇ ਮਹੀਨੇ ਦੇ ਲੰਬੇ ਸਮੇਂ ਲਈ ਸਰਕਾਰੀ ਦੌਰੇ ਵੀ ਕਰਨੇ ਹੀ ਪੈਂਦੇ ਸਨ। ਦੌਰਿਆਂ ਸਮੇਂ ਮਿਲਦੇ ਵਿਹਲੇ ਸਮੇਂ ਨੂੰ ਬਿਤਾਉਣ ਲਈ ਗੁਰਦੁਆਰਾ ਸਾਹਿਬ ਦੀ ਲਾਇਬਰੇਰੀ ਚੋਂ ਧਾਰਮਿਕ ਪੁਸਤਕਾਂ ਪੜ੍ਹਨ ਲਈ ਲੈ ਜਾਂਦੇ ਸਨ; ਇੱਕ ਵਾਰ ਗ੍ਰੰਥੀ ਸਿੰਘ ਜੀ ਨੇ ਜੇਲ੍ਹ ਚਿੱਠੀਆਂ ਲੈ ਜਾਣ ਦੀ ਪ੍ਰੇਰਨਾ ਦਿੱਤੀ। ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਜੀਵਨ ਬਿਰਤਾਂਤ ਪੜ੍ਹ ਕੇ ਆਪ ਇਤਨੇ ਪ੍ਰਭਾਵਿਤ ਹੋਏ ਕਿ ਉਸੇ ਵਕਤ ਦਾੜ੍ਹਾ ਪ੍ਰਕਾਸ਼ ਕਰ ਲਿਆ ਅਤੇ ਅੰਮ੍ਰਿਤ ਛਕਣ ਲਈ ਬਿਹਬਲ ਹੋ ਗਏ।

ਸੰਨ 1960 ਵਿਚ ਗੁਰੂ ਨੇਤ ਅਨੁਸਾਰ ਕਰਨਲ ਦਲਜੀਤ ਸਿੰਘ ਜੀ ਮਿੱਠਾਪੁਰ ਜਲੰਧਰ ਦੀ ਯੂਨਿਟ ਸ਼ਿਲਾਂਗ ਚਲੇ ਗਈ। ਉੱਥੇ ਗੁਰਦੁਆਰਾ ਵਿਖੇ ਹੀ ਆਪ ਜੀ ਦਾ ਮੇਲ ਕਰਨਲ ਸਾਹਿਬ ਅਤੇ ਉਨ੍ਹਾਂ ਦੀ ਸਿੰਘਣੀ ਬੀਬੀ ਹਰਸ਼ਰਨ ਕੌਰ ਜੀ ਨਾਲ ਹੋ ਗਿਆ। ਉੱਥੇ ਹੀ ਆਪ ਜੀ ਨੂੰ ਸੂਬੇਦਾਰ ਅਜਮੇਰ ਸਿੰਘ ਜੀ ਕੁਰਾਲੀ ਸਹੋੜਾ ਜੋ ਕਰਨਲ ਸਾਹਿਬ ਜੀ ਦੀ ਯੂਨਿਟ ਵਿਚ ਹੀ ਸਨ, ਦੀ ਸੰਗਤ ਵੀ ਪ੍ਰਾਪਤ ਹੋ ਗਈ। ਆਪ ਜੀ ਅੰਦਰ ਜੇਲ੍ਹ ਚਿੱਠੀਆਂ ਪੁਸਤਕ ਪੜ੍ਹ ਕੇ ਪਹਿਲਾਂ ਹੀ ਅੰਮ੍ਰਿਤ ਛੱਕਣ ਲਈ ਤਾਂਘ ਪੈਦਾ ਹੋ ਚੁੱਕੀ ਸੀ। ਸੰਨ 1960 ਵਿਚ ਪੰਜਾਬੀ ਸੂਬਾ ਮੋਰਚਾ ਲੱਗੇ ਹੋਣ ਕਾਰਨ ਦਿੱਲੀ ਦੀ ਬਜਾਏ ਬਰੇਲੀ ਵਿਖੇ ਦੁਸ਼ਹਿਰੇ ਦਾ ਸਮਾਗਮ ਹੋਇਆ। ਕਰਨਲ ਸਾਹਿਬ ਜੀ ਨੇ ਭਾਈ ਪ੍ਰੀਤਮ ਸਿੰਘ ਜੀ ਚਾਨੀ ਦੇ ਨਾਮ ਚਿੱਠੀ ਲਿਖ ਦਿੱਤੀ ਕਿ ਇਹ ਨੌਜਵਾਨ ਅੰਮ੍ਰਿਤ ਛੱਕਣ ਲਈ ਆ ਰਿਹਾ ਹੈ। ਇਸ ਦੀ ਪੂਰੀ ਹੌਂਸਲਾ ਅਫਜ਼ਾਈ ਤੇ ਅਗਵਾਈ ਕਰਨੀ ਹੈ। ਆਪ ਜੀ ਬਰੇਲੀ ਸਮਾਗਮ ਤੇ ਅੰਮ੍ਰਿਤ ਛੱਕ ਕੇ ਤਿਆਰ-ਬਰ-ਤਿਆਰ ਗੁਰਮਤਿ ਰਹਿਤ-ਬਹਿਤ ਦੇ ਧਾਰਨੀ ਬਣ ਗਏ। ਇਸ ਤੋਂ ਬਾਅਦ ਜੀਵਨ ਪ੍ਰਯੰਤ ਨਾਮ ਅਭਿਆਸ, ਕੀਰਤਨ ਅਤੇ ਅਖੰਡ ਪਾਠਾਂ ਦੀ ਸੇਵਾ ਵਿਚ ਹਿਤੋਂ-ਚਿਤੋਂ ਲੱਗੇ ਰਹੇ।

ਸੰਨ 1962 ਵਿਚ ਆਪ ਜੀ ਦਾ ਅਨੰਦ ਕਾਰਜ ਬੀਬੀ ਕੁਲਵੰਤ ਕੌਰ ਜੀ ਪਿੰਡ ਬਾਜੇਵਾਲ ਜ਼ਿਲ੍ਹਾ ਮਾਨਸਾ ਨਾਲ ਹੋਇਆ। ਆਪ ਜੀ ਦੀ ਮੰਗਣੀ ਤਾਂ ਨੌਕਰੀ ਲੱਗਣ ਤੋਂ ਪਹਿਲਾਂ ਹੀ ਹੋ ਚੁੱਕੀ ਸੀ। ਇਸ ਦੌਰਾਨ ਆਪ ਜੀ ਨੇ ਅੰਮ੍ਰਿਤ ਛੱਕ ਲਿਆ ਤੇ ਬੀਬੀ ਜੀ ਨੂੰ ਵੀ ਆਨੰਦ ਕਾਰਜ ਤੋਂ ਪਹਿਲਾਂ ਅੰਮ੍ਰਿਤ ਛਕਾਇਆ ਗਿਆ। ਬੀਬੀ ਜੀ ਵੀ ਸੇਵਾ ਤੇ ਨਿਮਰਤਾ ਦੇ ਪੁੰਜ, ਲੰਗਰ ਦੇ ਅਣਥੱਕ ਸੇਵਾਦਾਰ, ਮਿਲਣਸਾਰ ਤੇ ਆਪ ਜੀ ਦੇ ਦੁੱਖ ਸੁੱਖ ਦੇ ਭਾਈਵਾਲ ਰਹੇ। ਆਪ ਜੀ ਦੀ ਘਰ ਇਕ ਸਪੁੱਤਰ ਅਤੇ ਦੋ ਸਪੁੱਤਰੀਆਂ ਨੇ ਜਨਮ ਲਿਆ ਆਪ ਜੀ ਦੀ ਰਹਿਣੀ-ਬਹਿਣੀ ਦੇ ਪ੍ਰਭਾਵ ਕਾਰਨ ਤਿੰਨੇ ਬੱਚੇ ਅੰਮ੍ਰਿਤਧਾਰੀ, ਕੀਰਤਨੀ ਤੇ ਗੁਰਸਿੱਖੀ ਦੇ ਨਮੂਨੇ ਹਨ ਤੇ ਦੈਵੀ ਗੁਣਾਂ ਨਾਲ ਸ਼ਿੰਗਾਰੇ ਹੋਏ ਹਨ।

ਸ਼ਿਲਾਂਗ ਰਿਹਾਇਸ਼ ਵੇਲੇ ਆਪ ਜੀ ਨੇ ਕਰਨਲ ਸਾਹਿਬ ਅਤੇ ਉਨ੍ਹਾਂ ਦੀ ਸਿੰਘਣੀ ਬੀਬੀ ਹਰਸ਼ਰਨ ਕੌਰ ਤੇ ਸੂਬੇਦਾਰ ਅਜਮੇਰ ਸਿੰਘ ਜੀ ਦੀ ਸੰਗਤ ਦੇ ਖ਼ੂਬ ਰੰਗ ਮਾਣੇ। ਇਨ੍ਹਾਂ ਗੁਰਮੁਖਾਂ ਨੇ ਰਾਤ ਨੂੰ ਪਹਾੜੀ ਉੱਪਰ ਚਲੇ ਜਾਣਾ ਤੇ ਸਾਰੀ ਸਾਰੀ ਰਾਤ ਨਾਮ ਸਿਮਰਨ ਤੇ ਕੀਰਤਨ ਦੇ ਲਾਹੇ ਲੈਣੇ। ਫਿਰ ਆਪ ਜੀ ਗੁਰਬਾਣੀ ਦੇ ਸਹਿਜ ਪਾਠ ਤੇ ਅਖੰਡ ਪਾਠਾਂ ਦੀ ਸੇਵਾ ਵਿਚ ਜੁੱਟ ਗਏ। ਆਪ ਬਹੁਤ ਅਣਥੱਕ ਅਖੰਡ ਪਾਠੀ ਤੇ ਕੀਰਤਨੀ ਸਨ। 6-6 ਘੰਟੇ ਤਾਈਂ ਬੜੇ



www.AKJ.Org

ਚੜ੍ਹਦੇ ਰੰਗਾਂ ਵਿਚ ਅਖੰਡ ਪਾਠ ਦੀ ਸੇਵਾ ਕਰਦੇ ਰਹਿੰਦੇ ਸਨ। ਕੀਰਤਨ ਵੀ ਬਹੁਤ ਝੂਮ-ਝੂਮ ਕੇ ਮਸਤੀ ਵਿਚ ਕਰਦੇ ਸਨ। ਸਾਰੀ-ਸਾਰੀ ਰਾਤ ਇਕੋ ਚੌਂਕੜੇ ਵਿਚ ਬੈਠ ਕੇ ਰੈਣ ਸਬਾਈ ਕੀਰਤਨਾਂ ਦੇ ਲਾਹੇ ਲੈਂਦੇ ਸਨ। ਆਪ ਜੀ ਇਕ ਕੁਸ਼ਲ ਪ੍ਰਬੰਧਕ ਵਜੋਂ ਕੇਂਦਰੀ ਸਮਾਗਮਾਂ ਤੇ ਸਟੇਜ ਸਕੱਤਰ ਦੀ ਸੇਵਾ ਵੀ ਬਿਨ੍ਹਾਂ ਕਿਸੇ ਵਿਤਕਰੇ ਤੋਂ ਸੁਚੱਜੇ ਢੰਗ ਨਾਲ ਨਿਬਾਉਂਦੇ ਰਹੇ। ਕਈ ਨੌਜਵਾਨ ਬੱਚਿਆਂ ਨੂੰ ਕੀਰਤਨ ਤੇ ਪਾਠ ਦੀ ਸੰਥਿਆ ਵੀ ਦਿੱਤੀ। ਆਪ ਜੀ ਦੀ ਸੱਚੀ-ਸੁੱਚੀ ਕ੍ਰਿਤ, ਨਾਮ ਬਾਣੀ ਦੀ ਕਮਾਈ, ਰਹਿਤ ਬਹਿਤ ਦੇ ਧਾਰਨੀ ਹੋਣ ਕਾਰਨ ਅੰਮ੍ਰਿਤ ਸੰਚਾਰ ਦੇ ਸੇਵਾ ਸਮੇਂ ਪੰਚਾਂ ਦੀ ਸੇਵਾ ਵਿਚ ਲਿਆ ਜਾਂਦਾ ਰਿਹਾ ਹੈ। ਮਨੀਪੁਰ ਰਹਿੰਦਿਆਂ, ਗੁਰਦੁਆਰਾ ਆਪ ਜੀ ਦੀ ਰਿਹਾਇਸ਼ ਤੋਂ 8 ਕਿਲੋਮੀਟਰ ਦੂਰ ਸੀ, ਪਰ ਬੱਚਿਆਂ ਨੂੰ ਸੰਗਤ ਨਾਲ ਜੋੜਨ ਲਈ ਪਹਿਲਾਂ ਸਿੰਘਣੀ ਤੇ ਇਕ ਬੱਚੀ ਨੂੰ ਸਾਈਕਲ ਤੇ ਅੱਧਵਾਟੇ ਤਾਈਂ ਛੱਡ ਆਉਣਾ ਤੇ ਫਿਰ ਦੂਸਰੇ ਬੱਚਿਆਂ ਨੂੰ ਲੈ ਕੇ ਜਾਣਾ। ਇੰਨ੍ਹਾਂ ਦੀ ਇਸ ਘਾਲਣਾ ਕਰਕੇ ਹੀ ਸਾਰੇ ਬੱਚੇ ਅੱਜ ਗੁਰਮਤਿ ਮਾਰਗ ਦੇ ਪਾਂਧੀ ਹਨ।

ਆਪ ਬਹੁਤ ਪਰਉਪਕਾਰੀ ਸੁਭਾਅ ਵਾਲੇ ਸਨ। ਹਰ ਵੇਲੇ ਲੋੜਵੰਦਾਂ ਤੇ ਗਰੀਬਾਂ ਦੀ ਮੱਦਦ ਲਈ ਤਤਪਰ ਰਹਿੰਦੇ ਸਨ। ਭਾਈ ਸਾਹਿਬ ਜੀਵਨ ਸਿੰਘ ਜੀ ਦੀ ਸਿਹਤ ਲਈ 6 ਮਹੀਨੇ ਲਗਾਤਾਰ ਸਹਿਜ ਪਾਠ ਅਤੇ ਅਖੰਡ ਪਾਠ ਕਰਦੇ ਰਹੇ। ਆਪ ਜੀ ਦੀ ਧੰਨਬਾਦ ਰਿਹਾਇਸ਼ ਹੋਣ ਕਾਰਨ ਸਤਿਕਾਰ ਯੋਗ ਪੂਰਨ ਦਾਰ ਜੀ, ਭਾਈ ਮਾਨ ਸਿੰਘ ਜੀ ਧੰਨਬਾਦ ਅਤੇ ਉਸ ਇਲਾਕੇ ਦੇ ਹੋਰ ਪੁਰਾਤਨ ਗੁਰਸਿੱਖਾਂ ਨਾਲ ਨਿੱਘਾ ਸੰਬੰਧ ਸੀ। ਸੰਨ 1994 ਵਿਚ ਸੂਰਾ ਮਾਸਿਕ ਪੱਤਰ ਅੰਮ੍ਰਿਤਸਰ ਤੋਂ ਲੁਧਿਆਣੇ ਆਉਣ ਸਮੇਂ ਇਸ ਰਸਾਲੇ ਦਾ ਹਿਸਾਬ ਕਿਤਾਬ ਵੀ ਬਹੁਤ ਸੁਚੱਜੇ ਤਰੀਕੇ ਨਾਲ ਰੱਖਦੇ ਰਹੇ।

ਆਪ ਜੀ ਨਿਧੜਕ ਤੇ ਬਹੁਤ ਦਲੇਰ ਸਨ। ਸੰਨ 1984 ਵਿਚ ਦੇਸ਼ ਦੇ ਪ੍ਰਧਾਨ ਮੰਤਰੀ ਦੇ ਕਤਲ ਤੋਂ ਬਾਅਦ, ਹੋਏ ਸਿੱਖਾਂ ਦੇ ਕਤਲੇਆਮ ਦਾ ਅਸਰ ਧੰਨਬਾਦ ਵਿਚ ਵੀ ਹੋਇਆ। ਉਸ ਵੇਲੇ ਆਪ ਜੀ ਉੱਥੇ ਤਾਇਨਾਤ ਸਨ। ਇਨ੍ਹਾਂ ਦੇ ਘਰ ਤੇ ਪਹਿਲਾਂ ਦਸ ਬਾਰਾਂ ਦੰਗਾਕਾਰੀਆਂ ਨੇ ਹਮਲਾ ਕੀਤਾ ਤੇ ਆਪ ਜੀ ਦੇ ਘਰ ਨੂੰ ਘੇਰ ਲਿਆ। ਆਪਣੀ ਸਿੰਘਣੀ ਬੀਬੀ ਕੁਲਵੰਤ ਕੌਰ ਜੀ ਦੇ ਸਾਥ ਆਪ ਨੇ ਦੰਗਾਕਾਰੀਆਂ ਨੂੰ ਮੁਕਾਬਲਾ ਕਰਕੇ ਭਜਾ ਦਿੱਤਾ, ਜੋ ਹੋਰ ਬਦਮਾਸ਼ਾਂ ਤੇ ਗੁੰਡਿਆਂ ਦੇ ਨਾਲ ਮੁੜ ਕੇ ਆਉਣ ਦੀ ਧਮਕੀ ਦੇ ਕੇ ਚਲੇ ਗਏ। ਇਸ ਭਿਆਨਕ ਮੌਕੇ ਆਂਢ ਗੁਆਂਢ ਤਾਈਂ ਵੀ ਪਹੁੰਚ ਕੀਤੀ ਗਈ, ਪਰ ਸਭ ਨੇ ਦਰਵਾਜ਼ੇ ਬੰਦ ਕਰ ਲਏ। ਸਿੰਘਣੀ ਤੇ ਵੱਡੀ ਬੇਟੀ ਨੂੰ ਜੂਝ ਕੇ ਸ਼ਹੀਦ ਹੋਣ ਵਾਸਤੇ ਤਿਆਰ ਰਹਿਣ ਲਈ ਕਹਿ ਕੇ, ਆਪ ਵੱਡੀ ਸ੍ਰੀ ਸਾਹਿਬ ਮਿਆਨ ਵਿੱਚੋਂ ਕੱਢ ਕੇ ਦਰਵਾਜ਼ੇ ਤੇ ਖੜ੍ਹੋ ਗਏ, ਪਰ ਡਰਦਾ ਮਾਰਾ ਮੁੜ੍ਹ ਕੇ ਕੋਈ ਨਹੀਂ ਆਇਆ। ਗੁਰੂ ਨੇਤ ਨਾਲ ਇਨ੍ਹਾਂ ਦਾ ਵੱਡਾ ਅਫ਼ਸਰ, ਜੋ ਇਨ੍ਹਾਂ ਦੇ ਧਰਮੀ ਜੀਵਨ ਕਰਕੇ ਬਹੁਤ ਸਤਿਕਾਰ ਕਰਦਾ ਸੀ, ਵਿਗੜਦੇ ਹਾਲਾਤਾਂ ਨੂੰ ਦੇਖ ਕੇ ਸਾਰੇ ਪਰਿਵਾਰ ਨੂੰ ਆਪਣੇ ਘਰ ਲੈ ਗਿਆ ਅਤੇ ਯਥਾ ਸ਼ਕਤ ਸੇਵਾ ਕਰਦਾ ਰਿਹਾ। ਇਸੇ ਤਰ੍ਹਾਂ ਇਕ ਸਮੇਂ ਦਿੱਲੀ ਬੱਸ ਵਿਚ ਸਫਰ ਕਰਦੇ ਸਮੇਂ ਕਿਸੇ ਨੇ ਦਾੜ੍ਹੇ ਬਾਰੇ ਮੰਦਾ ਚੰਗਾ ਬੋਲਿਆ ਤੇ ਆਪ ਜੀ ਨੇ ਉਸ ਦੀ ਖੂਬ ਖੁੰਭ ਠੱਪੀ। ਸੰਨ 1991 ਵਿਚ ਸੇਵਾ ਮੁਕਤ ਹੋਣ ਤੋਂ ਬਾਅਦ ਆਪ ਜੀ ਨੇ ਆਪਣੀ ਰਿਹਾਇਸ਼ ਕੁਝ ਸਮਾਂ ਪਟਿਆਲਾ ਰੱਖੀ। ਫਿਰ ਕਈ ਸਾਲ ਲੁਧਿਆਣਾ ਰਹੇ ਅਤੇ ਅਖ਼ੀਰ ਮੁਹਾਲੀ ਰਹਿਣ ਲੱਗ ਪਏ। ਆਪ ਜੀ ਨੂੰ 2002 ਵਿਚ ਕੈਂਸਰ ਦੀ ਨਾ ਮੁਰਾਦ ਬੀਮਾਰੀ ਨੇ ਆ ਘੇਰਿਆ। ਆਪ ਬੀਮਾਰੀ ਦੀ ਹਾਲਤ ਵਿਚ ਅਡੋਲ ਰਹੇ ਤੇ ਸੁਰਤੀ ਬਿਰਤੀ ਕਾਇਮ ਰਹੀ। ਮਿਤੀ 23 ਸਤੰਬਰ 2003 ਨੂੰ ਅੰਮ੍ਰਿਤ ਵੇਲੇ ਸਾਰੇ ਪ੍ਰੀਵਾਰ ਦੇ ਨਾਲ ਨਿਤਨੇਮ ਅਤੇ ਸਿਮਰਨ ਕੀਤਾ ਤੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਸ੍ਰਵਣ ਕਰਦਿਆਂ ਹੀ ਪੰਜ ਭੂਤਕ ਚੋਲਾ ਛੱਡ ਕੇ ਗੁਰੂ ਚਰਨਾਂ ਵਿਚ ਜਾ ਬਿਰਾਜੇ ਤੇ ਜੀਵਨ ਸਫਲਾ ਕਰ ਗਏ।



www.AKJ.Org

# ਬਾਬਾ ਲਾਭ ਸਿੰਘ ਜੀ ਕਾਰ ਸੇਵਾ ਵਾਲੇ

## (ਕਿਲ੍ਹਾ ਅਨੰਦਗੜ੍ਹ, ਅਨੰਦਪੁਰ ਸਾਹਿਬ)

ਭਾਈ ਗੁਰਦੀਪ ਸਿੰਘ, ਸ੍ਰੀ ਅੰਮ੍ਰਿਤਸਰ

ਉੱਜਲ ਦੀਦਾਰੀ, ਸਿਮਰਨ-ਬੰਦਗੀ ਦੀ ਮੂਰਤ, ਸ਼ਾਂਤ ਸੁਭਾਅ, ਮਿੱਠ-ਬੋਲੜੇ, ਸੇਵਾ ਦੇ ਪੁੰਜ ਸਤਿਕਾਰ ਯੋਗ ਬਾਬਾ ਲਾਭ ਸਿੰਘ ਜੀ, ਗੁਰਬਾਣੀ ਦੁਆਰਾ ਦੱਸੀ ਕਸਵੱਟੀ ਤੇ ਚੱਲਦਿਆਂ **"ਲਬੁ ਲੋਭੁ ਅਹੰਕਾਰੁ ਤਜਿ ਤ੍ਰਿਸਨਾ ਬਹੁਤੁ ਨਾਹੀ ਬੋਲਣਾ"** ਰਾਮਕਲੀ ਮਹਲਾ ੩, (ਅੰਗ : ੯੧੮) ਵਾਲੀ ਭਗਤਾਂ ਦੀ ਚਾਲ ਦੇ ਪ੍ਰਤੱਖ ਪਾਂਧੀ ਸਨ। ਸ. ਗੰਗਾ ਸਿੰਘ ਜੀ ਦੇ ਘਰ ਮਾਤਾ ਇੰਦਰ ਕੌਰ ਦੀ ਕੁਖੋਂ ਪਿੰਡ ਸਾਂਘਣਾ, ਝਬਾਲ ਰੋਡ ਸ੍ਰੀ ਅੰਮ੍ਰਿਤਸਰ ਵਿਖੇ ਮਿਤੀ 15 ਜੂਨ 1923 ਵਿੱਚ ਜਨਮੇ ਬਾਬਾ ਜੀ ਨੇ ਸ੍ਰੀ ਗੁਰੂ ਰਾਮ ਦਾਸ ਸਕੂਲ ਰਾਮਸਰ ਰੋਡ ਸ੍ਰੀ ਅੰਮ੍ਰਿਤਸਰ ਤੋਂ ਮੈਟ੍ਰਿਕ ਪਾਸ ਕੀਤੀ। ਬਚਪਨ ਤੋਂ ਹੀ ਧੁਰੋਂ ਲੱਗੀ ਲਗਨ ਅਤੇ ਸੇਵਾ- ਸਿਮਰਨ ਦੇ ਸੰਸਕਾਰ ਹੁੰਦਿਆਂ, ਸਚਖੰਡ ਸ੍ਰੀ ਦਰਬਾਰ ਸਾਹਿਬ ਜੀ ਦੇ ਰੋਜਾਨਾ ਦਰਸ਼ਨ ਦੀਦਾਰੇ, ਕਥਾ ਕੀਰਤਨ ਦੀਆਂ ਹਾਜਰੀਆਂ ਅਤੇ ਜੋੜੇ ਘਰ ਵਿਖੇ ਸੰਗਤਾਂ ਦੇ ਜੋੜੇ ਝਾੜਣ ਦੀ ਸੇਵਾ ਕਰਦੇ ਰਹੇ। ਆਪ ਜੀ ਸੰਤ ਸੁਜਾਨ ਸਿੰਘ ਜੀ ਦੁਆਰਾ ਕੀਤੇ ਕੀਰਤਨ ਦੇ ਬਹੁਤ ਆਸ਼ਕ ਸਨ ਅਤੇ ਅਖੀਰ ਵੇਲੇ ਤਾਈਂ ਉਨ੍ਹਾਂ ਦੇ ਕੀਰਤਨ ਦੀਆਂ ਕੈਸਟਾਂ ਸੁਣਦੇ ਰਹਿੰਦੇ ਸਨ। ਸੰਨ 1946 ਵਿੱਚ ਆਪ ਜੀ ਦਾ ਆਨੰਦ ਕਾਰਜ ਬੀਬੀ ਹਰਭਜਨ ਕੌਰ ਜੀ ਨਾਲ ਹੋਇਆ। ਬੀਬੀ ਜੀ ਵੀ ਬਹੁਤ ਆਗਿਆਕਾਰ, ਗੁਰੂ ਘਰ ਦੀ ਅਣਥੱਕ ਸੇਵਕ ਅਤੇ ਸ਼ਾਂਤ ਸੁਭਾਅ ਵਾਲੇ ਸਨ। ਆਪ ਜੀ ਦੇ ਘਰ ਦੋ ਲੜਕੀਆਂ ਅਤੇ ਤਿੰਨ ਲੜਕਿਆਂ ਨੇ ਜਨਮ ਲਿਆ ਜੋ ਕਿ ਸਾਰੇ ਹੀ ਗੁਰਮਤਿ ਦੇ ਪਾਂਧੀ ਅਤੇ ਆਪ ਵਾਂਗ ਸੇਵਾ ਸਿਮਰਨ ਦੇ ਪੁੰਜ ਹਨ। ਵੱਡਾ ਸਪੁੱਤਰ ਭਾਈ ਗੁਰਕ੍ਰਿਪਾਲ ਸਿੰਘ ਗੁਰੂ ਘਰ ਦਾ ਬਚਪਨ ਤੋਂ ਹੀ ਨਿਸ਼ਕਾਮ ਕੀਰਤਨੀਆ ਅਤੇ ਸ੍ਰੀ ਦਰਬਾਰ ਸਾਹਿਬ ਵਿਖੇ ਭੱਟਾਂ ਦੇ ਸਵੱਯੇ ਪੜ੍ਹਨ ਦੀ ਸੇਵਾ ਨਿਬਾਹੁੰਦਾ ਰਿਹਾ ਹੈ ਅਤੇ ਅੱਜ ਕੱਲ ਪ੍ਰੀਵਾਰ ਸਮੇਤ ਅਮਰੀਕਾ ਰਹਿੰਦਾ ਹੈ। ਦੂਸਰੇ ਸਪੁੱਤਰ ਭਾਈ ਜਸਵੰਤ ਸਿੰਘ ਅਤੇ ਭਾਈ ਹਰਿੰਦਰ ਸਿੰਘ ਅਪਣੇ ਪਿਤਾ-ਪੁਰਖੀ ਕਿੱਤੇ ਖਰਾਦਾਂ ਦੀਆਂ ਮਸ਼ੀਨਾਂ ਤੇ ਹੱਥੀਂ ਕਿਰਤ ਕਰਦੇ ਹੋਏ ਵੰਡ ਛੱਕਣ ਅਤੇ ਨਾਮ ਜਪਣ ਦੀ ਸੱਚੀ ਸੁੱਚੀ ਕਾਰ ਕਰਦੇ ਹਨ। ਸੰਨ 1973 ਵਿੱਚ ਬਾਬਾ ਜੀ ਦੇ ਘਰ ਬਾਰ ਅਤੇ ਕਾਰੋਬਾਰ ਛੱਡ ਕੇ, ਬਾਬਾ ਸੇਵਾ ਸਿੰਘ ਜੀ ਨਾਲ ਸ੍ਰੀ ਅਨੰਦ ਪੁਰ ਸਹਿਬ ਜਾ ਕੇ ਕਾਰ ਸੇਵਾ ਵਿੱਚ ਜੁੱਟਣ ਤੋਂ ਲੈ ਕੇ ਹੁਣ ਤਾਈਂ, ਭਾਈ ਜਸਵੰਤ ਸਿੰਘ ਜੀ ਅਖੰਡ ਕੀਰਤਨੀ ਜੱਥੇ ਦੇ ਹਫਤਾਵਾਰੀ ਅਤੇ ਸਾਲਾਨਾ ਵੈਸਾਖੀ ਸਮਾਗਮ ਸਮੇਂ ਅਪਣੇ ਸਾਥੀ ਭਾਈ ਅਜੀਤ ਸਿੰਘ ਜੀ ਨਾਲ ਰਲ ਕੇ ਨਿਸ਼ਕਾਮ ਨਿਰਬਾਣ ਸੇਵਕ ਵਜੋਂ ਲੰਗਰ ਸਜਾਉਣ ਦੀ ਸੇਵਾ ਨਿਬਾਹ ਰਹੇ ਹਨ। ਇਹ ਵੀ ਸ੍ਰੀ ਦਰਬਾਰ ਸਾਹਿਬ ਵਿਖੇ ਅੰਮ੍ਰਿਤ ਵੇਲੇ ਭੱਟਾਂ ਦੇ ਸਵੈਯੇ ਪੜ੍ਹਨ ਦੀ ਸੇਵਾ ਕਰਦੇ ਰਹੇ ਹਨ। ਭਾਈ ਹਰਿੰਦਰ ਸਿੰਘ ਜੀ ਵੀ ਬਾਬਾ ਜੀ ਨਾਲ ਹੋਲੇ ਮਹੱਲੇ ਦੇ ਜੋੜ ਮੇਲੇ ਅਤੇ ਹੋਰ ਸਮਾਗਮਾਂ ਤੇ ਜਾ ਕੇ ਅਨਿਕ ਪ੍ਰਕਾਰੀ ਸੇਵਾਵਾਂ ਨਿਭਾਉਂਦੇ ਹਨ ਅਤੇ ਬਾਬਾ ਜੀ ਦੇ ਪਾਏ ਪੂਰਨਿਆਂ ਤੇ ਚੱਲ ਰਹੇ ਹਨ। ਬਾਬਾ ਜੀ ਅਤੇ ਬਾਕੀ ਪ੍ਰੀਵਾਰ ਦਾ ਸ਼ਹੀਦ ਭਾਈ ਫੌਜਾ ਸਿੰਘ ਜੀ ਨਾਲ ਡੂੰਘਾ ਸਬੰਧ ਰਿਹਾ ਹੈ। ਸੰਨ 1975 ਵਿੱਚ ਗ: ਟੋਭਾ ਭਾਈ ਸਾਲ੍ਹੋ ਜੀ ਅਤੇ ਗੁਰੂ ਕੇ ਮਹਿਲ ਵਿਖੇ ਫਿਰਕੂ ਸ਼ਰਾਰਤੀ ਅਨਸਰਾਂ ਵਲੋਂ ਕੀਤੀ ਬੇ-ਅਦਬੀ ਨੂੰ ਰੋਕਣ ਗਏ ਭਾਈ ਫੌਜਾ ਸਿੰਘ ਜੀ ਦੇ 11 ਸਾਥੀ ਸਿੰਘਾਂ ਵਿੱਚ, ਬਾਬਾ ਜੀ ਦੇ ਸਪੁੱਤਰ ਭਾਈ ਜਸਵੰਤ ਸਿੰਘ ਵੀ ਸ਼ਾਮਿਲ ਸੀ, ਜੋ ਇਕ ਮਹੀਨੇ ਤੋਂ ਵੀ ਉੱਪਰ ਭਾਈ ਸਾਹਿਬ ਨਾਲ ਜੇਲ੍ਹ ਵਿੱਚ ਰਹੇ। ਬਾਬਾ ਜੀ ਦੀ ਵੱਡੀ ਨੂੰਹ, ਬੀਬੀ ਜਸਬੀਰ ਕੌਰ ਦਾ ਛੋਟਾ ਭਰਾ ਭਾਈ ਧਰਮਬੀਰ ਸਿੰਘ 13 ਅਪਰੈਲ 1978 ਨੂੰ ਵਾਪਰੇ ਨਿਰੰਕਾਰੀ ਕਾਂਡ ਸਮੇਂ ਭਾਈ ਫੌਜਾ ਸਿੰਘ ਸਮੇਤ 13 ਸ਼ਹੀਦ ਸਿੰਘਾਂ ਵਿੱਚ ਸ਼ਾਮਿਲ ਸੀ।

ਮੈਟ੍ਰਿਕ ਦੀ ਪੜ੍ਹਾਈ ਖਤਮ ਕਰਨ ਤੋਂ ਬਾਅਦ, ਆਪ ਜੀ ਨੇ ਸਭ ਤੋਂ ਪਹਿਲਾ ਖਰਾਦੀਏ ਦਾ ਕੰਮ ਸਿਖਿਆ ਅਤੇ



www.AKJ.Org

ਕ੍ਰਿਤ ਵਜੋਂ ਆਪ ਜੀ ਨੇ ਡੱਬਵਾਲੀ, ਫਰੀਦਾਬਾਦ ਅਤੇ ਨਰਾਇਣਗੜ੍ਹ (ਛੇਹਰਟਾ) ਵਿੱਚ ਖਰਾਦ ਦੀਆਂ ਵਰਕਸ਼ਾਪਾਂ ਵਿੱਚ ਨੌਕਰੀ ਕੀਤੀ ਅਤੇ ਅਪਣੇ ਕਿੱਤੇ ਵਿੱਚ ਮੁਹਾਰਤ ਹਾਸਲ ਕੀਤੀ। ਆਪ ਅਪਣੇ ਕਿੱਤੇ ਵਿੱਚ ਇਤਨੇ ਨਿਪੁੰਨ ਸਨ ਕਿ ਬਹੁਤ ਅੜੇ ਹੋਏ ਕੰਮ ਵੀ ਆਪ ਜੀ ਦੀ ਵਰਕਸ਼ਾਪ ਵਿੱਚ ਆਉਣ ਨਾਲ ਠੀਕ ਹੋ ਜਾਂਦੇ ਸਨ। ਸੰਨ 1960 ਵਿੱਚ ਸੁਲਤਾਨਵਿੰਡ ਗੇਟ ਲਾਗੇ ਐੱਸ.ਜੀ ਐੱਸ, ਮਕੈਨੀਕਲ ਵਰਕਸ ਦੇ ਨਾਂ ਹੇਠ ਖਰਾਦਾਂ ਦੀਆਂ ਮਸ਼ੀਨਾਂ ਲਾ ਕੇ ਅਪਣਾ ਕਾਰੋਬਾਰ ਸ਼ੁਰੂ ਕੀਤਾ ਜੋ ਕਿ ਉਨ੍ਹਾਂ 1973 ਵਿੱਚ ਸ੍ਰੀ ਅਨੰਦ ਪੁਰ ਸਾਹਿਬ ਜਾਣ ਤਾਈਂ ਜਾਰੀ ਰੱਖਿਆ ਅਤੇ ਹੁਣ ਉਨ੍ਹਾਂ ਦੇ ਸਪੁੱਤਰ ਸਫਲਤਾ ਪੂਰਵਿਕ ਚਲਾ ਰਹੇ ਹਨ। ਗੈਸ ਨਾਲ ਪ੍ਰਸ਼ਾਦੇ ਸਜਾਉਣ, ਆਟਾ ਗੁੱਨਣ, ਆਲੂ ਛਿੱਲਣ ਅਤੇ ਪ੍ਰਿਟਿੰਗ ਪ੍ਰੈੱਸ ਨਾਲ ਸਬੰਧਿਤ ਹੋਰ ਕਈ ਤਰਾਂ ਦੀਆਂ ਮਸ਼ੀਨਾਂ, ਗੁਰੂ ਸਾਹਿਬ ਦੀ ਬਖਸ਼ਿਸ਼ ਸਦਕਾ ਸਭ ਤੋਂ ਪਹਿਲਾਂ ਬਨਾਉਣ ਦਾ, ਇਨ੍ਹਾਂ ਨੂੰ ਮਾਣ ਹਾਸਿਲ ਹੈ।

ਆਪ ਜੀ ਹਰ ਰੋਜ ਅੰਮ੍ਰਿਤ ਵੇਲੇ ਸ੍ਰੀ ਦਰਬਾਰ ਸਹਿਬ ਜੀ ਹਾਜਰੀ ਭਰਦੇ ਸਨ। ਸ੍ਰੀ ਅੰਮ੍ਰਿਤਸਰ ਰਿਹਾਇਸ਼ ਰੱਖਣ ਵੇਲੇ ਤੋਂ ਆਪ ਜੀ ਨੇ ਅੰਮ੍ਰਿਤ ਵੇਲੇ ਦੀ ਸੰਭਾਲ ਸ਼ੁਰ ਕਰ ਦਿੱਤੀ ਸੀ ਜਿਸ ਵਿਚ, ਉਨ੍ਹਾਂ ਕਾਰ ਸੇਵਾ ਦੇ ਕਿਤਨੇ ਵੀ ਜਰੂਰੀ ਕੰਮਾਂ ਹੋਣ ਦੇ ਬਾਵਜੂਦ, ਵਿਘਨ ਨਹੀਂ ਪੈਣ ਦਿੱਤਾ ਅਤੇ ਅਪਣੀ ਉਮਰ ਦੇ ਅਖੀਰਲੇ ਦਿਨ ਤੱਕ, ਤੋੜ ਨਿਬਾਹੀ। ਸ੍ਰੀ ਆਸਾ ਕੀ ਵਾਰ ਦੀ ਸਮਾਪਤੀ ਉਪਰੰਤ ਜੋੜਿਆਂ ਦੀ ਸੇਵਾ ਉਪਰੰਤ ਸ੍ਰੀ ਮੰਜੀ ਸਾਹਿਬ ਵਿਖੇ ਕਥਾ ਸ੍ਰਵਣ ਕਰਦੇ ਸਨ। ਮਿਸਤਰੀ ਗੋਪਾਲ ਸਿੰਘ ਜੀ (ਪਿਤਾ ਭਾਈ ਇੰਦਰਜੀਤ ਸਿੰਘ ਜੀ ਕ੍ਰਿਪਾਨ ਵਾਲੇ) ਵੀ ਸ੍ਰੀ ਦਰਬਾਰ ਸਾਹਿਬ ਵਿੱਚ ਅੰਮ੍ਰਿਤ ਸਰੋਵਰ ਦੇ ਇਸ਼ਨਾਨ, ਸਚਖੰਡ ਵਿਖੇ ਕੀਰਤਨ, ਹੁਕਮਨਾਮਾ ਅਤੇ ਕਥਾ ਸ੍ਰਵਣ ਕਰਨ ਦੇ ਨਿੱਤਨੇਮੀ ਸਨ। ਇੱਥੇ ਹੀ ਬਾਬਾ ਜੀ ਦਾ ਮੇਲ ਪੂਰਬਲੇ ਸੰਜੋਗਾਂ ਅਨੁਸਾਰ ਮਿਸਤਰੀ ਜੀ ਨਾਲ ਹੋ ਗਿਆ। ਉਨ੍ਹਾਂ ਦੀ ਪ੍ਰੇਰਨਾ ਨਾਲ ਹੀ ਆਪ ਜੀ ਨੇ ਜੱਥੇ ਦੇ ਕੀਰਤਨ ਸਮਾਗਮਾਂ ਦੀ ਹਾਜਰੀ ਭਰਨੀ ਸ਼ੁਰੂ ਕਰ ਦਿੱਤੀ। ਆਪ ਜੀ ਦਾ ਮੇਲ ਭਾਈ ਈਸ਼ਰ ਸਿੰਘ ਜੀ, ਭਾਈ ਸੇਵਾ ਸਿੰਘ ਜੀ, ਡਾਕਟਰ ਸੁਰਿੰਦਰ ਸਿੰਘ ਜੀ, ਮਾਸਟਰ ਜਸਵੰਤ ਸਿੰਘ ਜੀ, ਗਿਆਨੀ ਗੁਰਬਚਨ ਸਿੰਘ ਜੀ, ਗਿਆਨੀ ਭਗਵਾਨ ਸਿੰਘ ਜੀ, ਭਾਈ ਸਰਦਾਰਾ ਸਿੰਘ ਜੀ ਲਾਂਗਰੀ ਅਤੇ ਹੋਰ ਸਿੰਘਾਂ ਨਾਲ ਹੋ ਗਿਆ ਤੇ ਆਪ ਜੀ ਸੰਗਤ ਵਿੱਚ ਘੁੱਲ ਮਿੱਲ ਗਏ। ਭਾਈ ਸਰਦਾਰਾ ਸਿੰਘ ਅਤੇ ਭਾਈ ਅਵਤਾਰ ਸਿੰਘ ਜੀ ਰੰਗ ਵਾਲਿਆਂ ਨਾਲ ਮਿਲ ਕੇ ਲੰਗਰ ਸਜਾਉਣ ਦੀ ਸੇਵਾ ਦੀ ਵੀ ਮੁਹਾਰਤ ਹਾਸਿਲ ਕਰ ਲਈ ਜੋ ਕਿ ਆਪ ਨੇ 1973 ਤਾਈਂ ਨਿਰਬਾਣ ਸੇਵਕ ਵਜੋਂ ਨਿਬਾਹੀ। ਆਪ ਜੀ ਤੋਂ ਹੀ ਇਹ ਗੁਣ ਲੈ ਕੇ ਭਾਈ ਜਸਵੰਤ (ਜੱਸਾ) ਸਿੰਘ ਜੀ ਇਹ ਸੇਵਾ ਹੁਣ ਤਾਈਂ ਨਿਭਾ ਰਹੇ ਹਨ। ਸੰਨ 1961 ਵਿੱਚ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਸਸਕਾਰ ਵੇਲੇ ਆਪ ਜੀ ਸ੍ਰੀ ਅੰਮ੍ਰਿਤਸਰ ਨਿਵਾਸੀ ਸਿੰਘਾਂ ਸਮੇਤ ਲੁਧਿਆਣੇ ਭਾਈ ਸਾਹਿਬ ਜੀ ਦੇ ਅੰਤਿਮ ਦਰਸ਼ਨਾਂ ਲਈ ਗਏ ਸਨ। ਆਪ ਜੀ ਦਾ ਜੱਥੇ ਦੇ ਸਿੰਘਾਂ ਪ੍ਰਤੀ ਨਿਘਾ ਸਨੇਹ ਅਤੇ ਸਤਿਕਾਰ ਆਖਰੀ ਸਵਾਸਾਂ ਤਾਈਂ ਕਾਇਮ ਰਿਹਾ ਹੈ। ਆਪ ਜੀ ਗੁਰਬਾਣੀ ਦਾ ਰਸ ਭਿੰਨਾ ਕੀਰਤਨ ਕਰਦੇ ਸਨ ਅਤੇ ਲੜੀਦਾਰ ਸਰੂਪ ਤੋਂ ਸ੍ਰੀ ਅਖੰਡ ਪਾਠ ਵੀ ਕਰ ਲੈਂਦੇ ਸਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਹਿਜ ਪਾਠ ਤਾਂ ਹਮੇਸ਼ਾਂ ਨਿਰੰਤਰ ਜਾਰੀ ਰੱਖਦੇ ਸਨ। ਆਪ ਜੀ ਨੇ ਬਾਬਾ ਗੁਰਬਚਨ ਸਿੰਘ ਜੀ ਦਮਦਮੀ ਟਕਸਾਲ ( ਜੱਥਾ ਭਿੰਡਰਾਂ) ਤੋਂ ਗੁਰਬਾਣੀ ਦੀ ਸੰਥਿਆ ਵੀ ਲਈ ਹੋਈ ਸੀ ਅਤੇ ਗੁਰ ਪੁਰ ਵਾਸੀ ਗਿਆਨੀ ਕ੍ਰਿਪਾਲ ਸਿੰਘ ਜੀ, ਸਾਬਕਾ ਜੱਥੇਦਾਰ ਸ੍ਰੀ ਅਕਾਲ ਤਖਤ ਸਹਿਬ, ਆਪ ਜੀ ਦੇ ਟਕਸਾਲ ਵਿੱਚ ਹਮ-ਜਮਾਤੀ ਸਨ ਪ੍ਰੰਤੂ ਆਪ ਜੀ ਨੂੰ ਗੁਰਬਾਣੀ ਦੀ ਵਿਆਖਿਆ ਕਰਦੇ ਕਦੇ ਨਹੀਂ ਦੇਖਿਆ ਗਿਆ।

ਬਾਬਾ ਸੇਵਾ ਸਿੰਘ ਜੀ ਕਾਰ ਸੇਵਾ ਕਿਲ੍ਹਾ ਅਨੰਦ ਗੜ੍ਹ ਸਾਹਿਬ ਵਾਲੇ, ਅਕਸਰ ਜਦੋਂ ਸ੍ਰੀ ਅੰਮ੍ਰਿਤਸਰ ਆਉਂਦੇ ਸਨ ਤਾਂ ਉਹ ਪੁਰਾਣੇ ਲੰਗਰ ਘਰ ਕੋਲ ਗ: ਮੰਜੀ ਸਾਹਿਬ ਦੇ ਸਾਹਮਣੇ ਲੱਗੀ ਖੂਹੀ ਤੇ, ਅੰਮ੍ਰਿਤ ਸਰੋਵਰ ਵਿੱਚ ਇਸ਼ਨਾਨ ਕਰਨ ਤੋਂ ਪਹਿਲਾਂ, ਸੰਗਤਾਂ ਨੂੰ ਖੂਹੀ ਵਿੱਚੋਂ ਜਲ ਕੱਢ ਕੇ ਇਸ਼ਨਾਨ ਕਰਵਾਉਂਦੇ ਹੁੰਦੇ ਸਨ। ਸੰਨ 1966 ਵਿੱਚ ਇਸ ਸੇਵਾ ਵੇਲੇ ਆਪ ਜੀ ਦਾ ਮੇਲ ਬਾਬਾ ਜੀ ਨਾਲ ਹੋ ਗਿਆ। ਇਹ ਮੇਲ ਕੀ ਸੀ ਕਿ ਜੀਵਨ ਭਰ ਦੀਆਂ



www.AKJ.Org

ਸਦੀਵੀ ਪ੍ਰੀਤੀ ਗੰਢਾਂ ਪੈ ਗਈਆਂ। ਇਸ ਤੋਂ ਬਾਅਦ ਹੋਲਾ ਮਹੱਲਾ ਤੇ ਹੋਰ ਜੋੜ ਮੇਲਿਆਂ ਅਤੇ ਕਾਰ ਸੇਵਾ ਦੇ ਕਾਰਜਾਂ ਵਿੱਚ ਆਪ ਜੀ ਨੇ ਬਾਬਾ ਜੀ ਨਾਲ ਮੋਢੇ ਨਾਲ ਮੋਢਾ ਜੋੜ ਕੇ ਸੇਵਾ ਕਰਨੀ ਸ਼ੁਰੂ ਕਰ ਦਿੱਤੀ। ਹੀਰੇ ਦੀ ਪਰਖ ਕਰਕੇ ਬਾਬਾ ਜੀ ਆਪ ਜੀ ਨੂੰ ਸੰਨ 1973 ਵਿੱਚ ਕਾਰ ਸੇਵਾ ਦੇ ਕਾਰਜਾਂ ਲਈ, ਸੰਸਾਰਕ ਧੰਧਿਆਂ ਤੋਂ ਵਿਹਲਾ ਕਰਾ ਕੇ, ਪੱਕੇ ਤੌਰ ਤੇ ਸ੍ਰੀ ਅਨੰਦ ਪੁਰ ਸਾਹਿਬ ਲੈ ਗਏ, ਹਾਲਾਂ ਕਿ ਆਪ ਜੀ ਦੀਆਂ ਪ੍ਰੀਵਾਰਕ ਜਿਮੇਂਵਾਰੀਆਂ (ਦੋ ਛੋਟੇ ਲੜਕਿਆਂ ਦੇ ਅਨੰਦ ਕਾਰਜ ਆਦਿ) ਅਧੂਰੀਆਂ ਪਈਆਂ ਸਨ, ਪਰ ਆਪ ਜੀ ਨੇ ਬਾਬਾ ਜੀ ਦੇ ਹੁਕਮ ਅੱਗੇ ਕੋਈ ਹੀਲ ਹੁੱਜਤ ਨਹੀਂ ਕੀਤੀ। ਬਿਨ੍ਹਾਂ ਕੋਈ ਵਸਤਰ ਲਏ ਅਤੇ ਸਿੰਘਣੀ ਨੂੰ ਦੱਸੇ ਬਗੈਰ, ਬਾਬਾ ਜੀ ਨਾਲ ਪੰਥਕ ਸੇਵਾ ਲਈ ਤੁਰ ਗਏ। ਸੰਨ 1982 ਵਿੱਚ ਬਾਬਾ ਸੇਵਾ ਸਿੰਘ ਜੀ ਦੇ ਚੜ੍ਹਾਈ ਕਰ ਜਾਣ ਤੋਂ ਬਾਅਦ ਕਾਰ ਸੇਵਾ ਦੀ ਜਿਮੇਂਵਾਰੀ ਬਾਬਾ ਭਾਗ ਸਿੰਘ ਜੀ ਅਤੇ ਆਪ ਜੀ ਨੂੰ ਸਾਂਝੇ ਤੌਰ ਤੇ ਸੰਭਾਲੀ ਗਈ। ਸੰਨ 1987 ਵਿੱਚ ਬਾਬਾ ਭਾਗ ਸਿੰਘ ਜੀ ਦੇ ਚੜ੍ਹਾਈ ਕਰਨ ਜਾਣ ਤੋਂ ਬਾਅਦ ਕਾਰ ਸੇਵਾ ਅਤੇ ਚਲ ਰਹੇ ਹੋਰ ਸਮਾਜਿਕ/ਧਾਰਮਿਕ ਕਾਰਜਾਂ ਦੀ ਜਿਮੇਂਵਾਰੀ ਆਪ ਜੀ ਦੇ ਮੋਢਿਆਂ ਤੇ ਆਣ ਪਈ, ਜੋ ਗੁਰੂ ਸਾਹਿਬ ਜੀ ਨੇ ਆਪਣਾ ਹੱਥ, ਆਪ ਦੇ ਸਿਰ ਉੱਪਰ ਰੱਖ ਕੇ ਤਕਰੀਬਨ 32 ਸਾਲ ਇਹ ਸੇਵਾ ਆਪ ਪਾਸੋਂ ਲਈ।

ਆਪ ਜੀ ਦੀ ਨਿਮਰਤਾ ਦਾ ਅੰਦਾਜਾ ਇਸ ਗੱਲੋਂ ਲਗਾਇਆ ਜਾ ਸਕਦਾ ਹੈ ਕਿ ਆਪ ਨੇ ਹਮੇਸ਼ਾ ਅਪਣੇ ਆਪ ਨੂੰ ਪ੍ਰਬੰਧਕ ਹੀ ਕਹਾਇਆ। ਉਨ੍ਹਾ ਦਾ ਪਹਿਰਾਵਾ ਵੀ ਸਾਰੀ ਉਮਰ, ਆਮ ਡੇਰੇਦਾਰਾ ਬਾਬਿਆਂ ਦੇ ਗੋਲ ਦਸਤਾਰੇ ਅਤੇ ਲੰਬੇ ਚੋਲ੍ਹਿਆਂ ਦੀ ਬਜਾਏ ਸਾਦਾ ਅਤੇ ਆਮ ਗ੍ਰਹਿਸਥੀਆਂ ਵਾਲਾ ਹੀ ਰਿਹਾ। ਉਹ ਹਮੇਸਾਂ ਸਿੱਧੀ ਚਿੱਟੀ ਦਸਤਾਰ ਅਤੇ ਕਮੀਜ ਪਜਾਮਾ ਹੀ ਪਹਿਨਦੇ ਰਹੇ। ਕਾਰ ਸੇਵਾ ਲਈ ਘਰੋਂ ਜਾਣ ਤੋਂ ਬਾਅਦ, ਉਹ ਇਕ ਦਿਨ ਵੀ ਘਰ ਆ ਕੇ ਨਹੀਂ ਸੁੱਤੇ। ਸ੍ਰੀ ਅੰਮ੍ਰਿਤਸਰ ਫੇਰੀ ਸਮੇਂ ਰਾਤ ਦਾ ਬਿਸ਼ਰਾਮ ਉਹ ਹਮੇਸ਼ਾਂ ਗੁਰੂ ਕੇ ਮਹਿਲ ਜਾਂ ਅਪਣੀ ਜਵਾਨੀ ਦੇ ਦਿਨਾਂ ਤੋਂ ਆਪ ਜੀ ਦਾ ਸਾਥ ਨਿਬਾਹੁਣ ਵਾਲੇ ਭਾਈ ਵਾਹਿਗੁਰੂ ਸਿੰਘ ਜੀ ਦੇ ਬੁੰਗੇ ਵਿੱਚ ਕਰਦੇ ਰਹੇ। ਬਾਬਾ ਜੀ ਦੁੱਖ ਸੁੱਖ ਵੇਲੇ ਦਿਨੇ ਇਕ ਜਾਂ ਦੋ ਘੰਟੇ ਘਰ ਜਾਂ ਕਾਰਖਾਨੇ ਆਉਂਦੇ ਸਨ, ਪ੍ਰੰਤੂ ਅਪਣੀ ਸਿੰਘਣੀ ਦੀ ਯਾਦ ਵਿੱਚ ਹਰ ਸਾਲ ਹੋਣ ਵਾਲੇ ਅਖੰਡ ਕੀਰਤਨ ਸਮਾਗਮ ਦੀ ਹਾਜਰੀ ਜਰੂਰ ਭਰਦੇ ਸਨ। ਕਾਰ ਸੇਵਾ ਲਈ ਸੰਗਤਾਂ ਵਲੋਂ ਆਈ ਮਾਇਆ ਵਿੱਚੋਂ ਉਹ ਇਕ ਵੀ ਪੈਸਾ ਅਪਣੇ ਪ੍ਰੀਵਾਰ ਦੇ ਕਿਸੇ ਵੀ ਨਿੱਜੀ ਕਾਰਜ ਵਾਸਤੇ ਨਾ ਖਰਚਦੇ ਅਤੇ ਨਾ ਹੀ ਕਿਸੇ ਪ੍ਰੀਵਾਰ ਦੇ ਮੈਂਬਰ ਨੂੰ ਖਰਚਣ ਦਿੰਦੇ ਸਨ। ਇਥੋਂ ਤੱਕ ਕਿ ਅੰਮ੍ਰਿਤਸਰ ਫੇਰੀ ਵੇਲੇ ਕਾਰਖਾਨੇ ਆ ਕੇ ਅਪਣਾ ਜੇਬ ਖਰਚ ਵੀ ਅਪਣੇ ਬੱਚਿਆਂ ਕੋਲੋਂ ਲੈ ਕੇ ਜਾਂਦੇ ਸਨ। ਇਸ ਤੋਂ ਇਲਾਵਾ ਕਾਰ ਸੇਵਾ ਵਾਸਤੇ ਦਸਵੰਧ ਦੀ ਮਾਇਆ ਵੀ ਪ੍ਰੀਵਾਰ ਕੋਲੋਂ ਲੈ ਕੇ, ਸੇਵਾ ਵਿੱਚ ਹਿੱਸਾ ਪੁਆਉਂਦੇ ਰਹਿੰਦੇ ਸਨ। ਉਨ੍ਹਾ ਦੇ ਪ੍ਰੀਵਾਰ ਕੋਲ ਓਹੀ ਪੁਰਾਣਾ ਘਰ ਅਤੇ ਪੁਰਾਣਾ ਕਾਰਖਾਨਾ ਹੈ। ਆਪ ਜੀ ਦੇ ਸਪੁੱਤਰ ਸਾਰਾ ਦਿਨ ਮਸ਼ੀਨਾਂ ਤੇ ਮਿਹਨਤ ਕਰਕੇ ਅਪਣਾ ਗੁਜਾਰਾ ਚਲਾਉਂਦੇ ਹਨ। ਬਾਬਾ ਜੀ ਨੇ ਅਪਣੇ ਸਿਰ ਤੇ ਬੱਧੀ ਚਿੱਟੀ ਦਸਤਾਰ ਨੂੰ, ਗੁਰੂ ਕਿਰਪਾ ਸਦਕਾ ਚਿੱਟਾ ਹੀ ਰਹਿਣ ਦਿੱਤਾ ਅਤੇ ਕੋਈ ਦਾਗ ਨਹੀਂ ਲੱਗਣ ਦਿੱਤਾ।

ਬਾਬਾ ਜੀ ਦਾ ਗੁਰੂ ਨਾਨਕ ਨਿਸ਼ਕਾਮ ਜਥੇ ਦੇ ਬਾਬਾ ਮਹਿੰਦਰ ਸਿੰਘ ਜੀ ਨਾਲ ਵੀ ਬਹੁਤ ਸਨੇਹ ਸੀ। ਸੰਨ 2002 ਦੀ ਇੰਗਲੈਂਡ ਫੇਰੀ ਸਮੇਂ ਆਪ ਜੀ ਨੇ ਬਾਬਾ ਮਹਿੰਦਰ ਸਿੰਘ ਜੀ ਨੂੰ ਸੁਲਤਾਨਵਿੰਡ ਇਲਾਕੇ ਵਿੱਚ ਗਰੀਬ ਰੋਗੀਆਂ ਲਈ ਹਸਪਤਾਲ ਬਣਾਉਣ ਦੀ ਬੇਨਤੀ ਕੀਤੀ, ਜੋ ਉਨ੍ਹਾਂ ਨੇ ਪ੍ਰਵਾਨ ਕਰ ਲਈ। ਇਸ ਮਕਸਦ ਲਈ ਸੁਲਤਾਨਵਿੰਡ ਗੇਟ ਦੇ ਬਾਹਰ ਇਕ ਜਗ੍ਹਾ ਦੇਖ ਕੇ ਉਸ ਦੀ ਖਰੀਦ ਲਈ ਬਿਆਨਾ ਲਿਖ ਲਿਆ ਗਿਆ। ਇਸ ਜਗ੍ਹਾ ਦੇ ਮਾਲਕਾਂ ਨੇ, ਜੋ ਕਿ ਇੱਕ ਵੱਡੇ ਘਰਾਣੇ ਨਾਲ ਸਬੰਧਿਤ, ਸਿਆਸੀ ਅਸਰ ਰਸੂਖ ਵਾਲੇ ਵੱਡੇ ਟਰਾਸਪੋਟਰ ਸਨ, ਇਸ ਸੌਦੇ ਤੋਂ ਪਹਿਲਾਂ ਹੋਏ, ਦੋ ਤਿੰਨ ਬਿਆਨਿਆਂ ਬਾਰੇ ਤਾਂ ਦੱਸ ਦਿੱਤਾ, ਪਰ ਇਹ ਜਗ੍ਹਾ ਬੈਂਕ ਕੋਲ ਗਿਰਵੀ ਹੋਣ ਦਾ ਤੱਥ ਲੁਕਾ ਲਿਆ। ਆਪ ਜੀ ਵਲੋਂ ਅਪਣੇ ਸਹਿਯੋਗੀ ਵਾਹਿਗੁਰੂ ਸਿੰਘ ਦੀ ਸਹਾਇਤਾ ਨਾਲ ਇਸ ਜਗ੍ਹਾ ਦਾ ਕਬਜਾ ਲੈ


www.AKJ.Org

ਕੇ ਕਾਰ ਸੇਵਾ ਦਾ ਬੋਰਡ ਲਗਾ ਦਿੱਤਾ ਗਿਆ, ਜਿਸ ਨੂੰ ਪੜ੍ਹ ਕੇ ਬੈਂਕ ਅਧਿਕਾਰੀਆਂ ਨੇ ਸ. ਵਾਹਿਗੁਰੂ ਸਿੰਘ ਜੀ ਨਾਲ ਸਪੰਰਕ ਕੀਤਾ ਅਤੇ ਅਸਲੀਅਤ ਤੋਂ ਜਾਣੂ ਕਰਾਇਆ। ਬਾਬਾ ਜੀ ਨੂੰ ਪਤਾ ਲੱਗਣ ਤੇ ਬਾਬਾ ਜੀ ਨੇ ਉਸ ਜਗ੍ਹਾ ਦੇ ਮਾਲਕਾਂ ਨੂੰ ਤਾੜਨਾ ਕਰ ਦਿੱਤੀ ਕਿ ਪਹਿਲਾਂ ਬੈਂਕ ਦਾ ਕਰਜਾ ਉਤਾਰੋ, ਫਿਰ ਰਜਿਸਟਰੀ ਹੋਵੇਗੀ। ਉਹ ਮਾਲਕ, ਜਿਹੜੇ ਪਹਿਲਾਂ ਇਕ ਸਮਝੌਤੇ ਰਾਹੀਂ ਬੈਂਕ ਨੂੰ 12 ਲੱਖ ਰੁਪਏ ਦੇਣ ਤੋਂ ਵੀ ਮੁਕਰ ਗਏ ਸਨ ਪਰ ਬਾਬਾ ਜੀ ਦੇ ਪਰ-ਉਪਕਾਰ ਨਾਲ ਬੈਂਕ ਨੂੰ 40 ਲੱਖ ਰੁਪਏ ਦੇ ਕੇ ਛੁੱਟੇ। ਫਿਰ ਅਖੰਡ ਕੀਰਤਨੀ ਜਥੇ ਦੇ ਸਿੰਘਾਂ ਤੇ ਇਲਾਕੇ ਦੀਆਂ ਸੰਗਤਾਂ ਨੇ ਬਾਬਾ ਜੀ ਨੂੰ ਬੇਨਤੀ ਕੀਤੀ ਕਿ ਸੁਲਤਾਨਵਿੰਡ ਦੇ ਇਸ ਗਰੀਬ ਇਲਾਕੇ ਵਿੱਚ ਧਾਰਮਿਕ ਜਾਂ ਸਮਾਜਿਕ ਪ੍ਰੋਗਰਾਮ ਕਰਨ ਲਈ ਕੋਈ ਹਾਲ ਨਹੀਂ ਹੈ। ਇਸ ਹਸਪਤਾਲ ਦੇ ਨਾਲ ਇਕ ਹਾਲ ਵੀ ਉਸਾਰ ਦਿੱਤਾ ਜਾਵੇ ਤਾਂ ਭਲੇ ਦਾ ਕੰਮ ਹੋਵੇਗਾ। ਬਾਬਾ ਜੀ ਨੇ ਇਹ ਬੇਨਤੀ ਪ੍ਰਵਾਨ ਕਰ ਲਈ। ਗੁਰੂ ਸਾਹਿਬ ਜੀ ਦੀ ਬਖਸ਼ਿਸ਼ ਨਾਲ ਇਕ ਦੀ ਬਜਾਏ ਦੋ ਹਾਲ ਸਮਾਗਮ ਕਰਨ ਲਈ ਅਤੇ ਬੇਸਮੰਟ ਵਿੱਚ ਲੰਗਰ ਸਜਾਉਣ ਵਰਤਾਉਣ ਲਈ ਵੱਡਾ ਹਾਲ ਅਤੇ ਨਾਲ ਹੀ ਸੰਗਤਾਂ ਦੀ ਰਿਹਾਇਸ਼ੀ ਸਹੂਲਤ ਲਈ 50 ਤੋਂ ਉੱਪਰ ਏ.ਸੀ ਅਤੇ ਸਧਾਰਨ ਕਮਰੇ ਬਣ ਚੁੱਕੇ ਹਨ। ਹਸਪਤਾਲ ਵਾਲਾ ਕੰਮ ਤਾਂ ਵਿੱਚੇ ਹੀ ਰਹਿ ਗਿਆ ਪ੍ਰੰਤੂ ਇਲਾਕੇ ਦੀਆਂ ਸੰਗਤਾਂ ਇਨ੍ਹਾਂ ਸਹੂਲਤਾਂ ਦਾ ਭਰਪੂਰ ਫਾਇਦਾ ਉਠਾਅ ਰਹੀਆਂ ਹਨ ਖਾਸ ਕਰ ਅਖੰਡ ਕੀਰਤਨੀ ਜੱਥੇ ਵਲੋਂ ਸਾਲਾਨਾ ਵੈਸਾਖੀ ਸਮਾਗਮ ਵੇਲੇ ਇਹ ਪੂਰਾ ਕੰਪਲੈਕਸ ਹੀ ਸੰਗਤਾਂ ਦੀ ਰਿਹਾਰਿਸ਼ ਅਤੇ ਲੰਗਰ ਸਜਾਉਣ ਵਰਤਾਉਣ ਵਾਸਤੇ ਵਰਤਿਆ ਜਾਂਦਾ ਹੈ। ਬਾਬਾ ਜੀ ਵਲੋਂ ਇਸ ਹਾਲ ਦੇ ਲੋਕਲ ਪ੍ਰਬੰਧਕਾਂ ਨੂੰ ਪੱਕੀ ਹਦਾਇਤ ਹੈ ਕਿ ਜੱਥੇ ਦੇ ਸਿੰਘਾਂ ਨੂੰ ਸਮਾਗਮ ਵਾਸਤੇ ਕਦੇ ਨਾਂਹ ਨਹੀਂ ਕਰਨੀ ਅਤੇ ਲੋਕਲ ਪ੍ਰਬੰਧਕ ਬਾਬਾ ਜੀ ਦੀ ਇਸ ਹਦਾਇਤ ਉੱਪਰ ਫੁੱਲ ਚੜ੍ਹਾ ਰਹੇ ਹਨ। ਜੱਥੇ ਦੇ ਹਫਤਾਵਾਰੀ ਸਮਾਗਮ ਵੀ ਜਿਆਦਾਤਰ ਇੱਥੇ ਹੀ ਹੁੰਦੇ ਹਨ ਜਿਸ ਲਈ ਸੰਗਤਾਂ ਬਾਬਾ ਜੀ ਦੀਆਂ ਰਿਣੀ ਹਨ।

ਬਾਬਾ ਜੀ ਨੂੰ ਸ੍ਰੀ ਅਨੰਦ ਪੁਰ ਸਾਹਿਬ ਦੇ ਇਲਾਕੇ ਵਿੱਚ ਆਮ ਤੌਰ ਤੇ ਪੁਲਾਂ ਵਾਲਾ ਬਾਬਾ ਕਹਿ ਕੇ ਜਾਣਿਆ ਜਾਂਦਾ ਹੈ। ਬਾਬਾ ਜੀ ਨੇ ਇਸ ਇਲਾਕੇ ਵਿੱਚ ਸਤਲੁਜ ਦਰਿਆ ਉੱਪਰ ਛੇ ਪੁੱਲ ਅਤੇ ਹਰਿਆਣੇ ਵਿੱਚ ਇਕ ਪੁੱਲ ਘੱਗਰ ਦਰਿਆ ਉੱਪਰ ਲੋਕਾਂ ਦੇ ਦੁੱਖੜੇ ਦੂਰ ਕਰਨ ਲਈ ਉਸਾਰੇ। ਸੇਵਾ ਦੇ ਕਾਰਜਾਂ ਨੂੰ ਵਿਸ਼ਾਲ ਰੂਪ ਵਿੱਚ ਪਸਾਰਦਿਆਂ ਬੇਅੰਤ ਸੇਵਾਵਾਂ ਆਪ ਜੀ ਰਾਹੀਂ ਚੱਲ ਰਹੀਆਂ ਹਨ ਜਿੰਨਾਂ ਦੀ ਗਿਣਤੀ ਕਰਨੀ ਵੀ ਅਸੰਭਵ ਜਾਪਦੀ ਹੈ। ਮੋਟੇ ਤੌਰ ਤੇ 250 ਤੋਂ ਵੱਧ ਗੁਰਦੁਆਰਾ ਸਾਹਿਬ ਦੀ ਉਸਾਰੀ ਦੀਆਂ ਸੇਵਾਵਾਂ ਤੋਂ ਇਲਾਵਾ ਮੌਜੂਦਾ ਚੱਲ ਰਹੀਆਂ ਸੇਵਾਵਾਂ ਵਿੱਚ ਪੀ.ਜੀ.ਆਈ.ਚੰਡੀਗੜ੍ਹ ਵਿਖੇ ਦਾਖਲ ਰੋਗੀਆਂ ਦੇ ਸੰਬੰਧੀਆਂ ਦੀ ਸਹੂਲਤ ਲਈ ਸਰਾਂ ਅਤੇ 24 ਘੰਟੇ ਲੰਗਰ, ਅਨੇਕਾਂ ਸਰਕਾਰੀ ਸਕੂਲਾਂ, ਕਾਲਜਾਂ ਦੀਆਂ ਇਮਾਰਤਾਂ ਬਣਾਉਣਾ, ਮੰਦਰਾਂ, ਮਸੀਤਾਂ, ਸੜਕਾਂ, ਗਊਸ਼ਾਲਾਵਾਂ, ਵਿਦਿਅਕ ਅਦਾਰੇ ਖੋਲਣਾ, ਗਰੀਬ ਲੜਕੀਆਂ ਦੀਆਂ ਸ਼ਾਦੀਆਂ, ਅੱਖਾਂ ਦੇ ਓਪਰੇਸ਼ਨ, ਮੈਡੀਕਲ ਕੈਂਪ, ਹਸਪਤਾਲ, ਕੁਦਰਤੀ ਆਫਤਾਂ ਭੁਚਾਲ ਅਤੇ ਹੜ੍ਹ ਪੀੜਤਾਂ ਦੀ ਸਹਾਇਤਾ, ਵੱਡੇ ਸਮਾਗਮਾਂ, ਇਤਿਹਾਸਕ ਸ਼ਤਾਬਦੀਆਂ ਅਤੇ ਜੋੜ ਮੇਲਿਆਂ ਸਮੇਂ ਦੇਸੀ ਘਿਓ ਦੇ ਲੰਗਰ ਖਾਸਕਰ ਸ੍ਰੀ ਅੰਮ੍ਰਿਤਸਰ ਵਿਖੇ ਦੀਵਾਲੀ, ਵੈਸਾਖੀ ਅਤੇ ਸ੍ਰੀ ਗੁਰੂ ਰਾਮ ਦਾਸ ਜੀ ਦੇ ਪ੍ਰਕਾਸ਼ ਗੁਰਪੁਰਬਾਂ ਸਮੇਂ ਅਤੇ ਹੋਰ ਬਹੁਤ ਸਾਰੇ ਲੋਕ ਭਲਾਈ ਦੇ ਕਾਰਜ ਬਾਬਾ ਜੀ ਰਾਹੀਂ ਚੱਲ ਰਹੇ ਹਨ।

ਆਪ ਜੀ ਤਾਅ ਜਿੰਦਗੀ, ਸਾਦਗੀ ਭਰਪੂਰ ਜੀਵਨ, ਅੰਮ੍ਰਿਤ ਵੇਲੇ ਦੀ ਸੰਭਾਲ, ਨਾਮ ਅਭਿਆਸ, ਰੋਜਾਨਾ ਸੁੰਦਰ ਗੁਟਕੇ ਦੀਆਂ ਸਾਰੀਆਂ ਬਾਣੀਆਂ ਦਾ ਪਾਠ, ਸੇਵਾ ਕਾਰਜਾਂ ਦੀ ਨਿਗਰਾਨੀ ਅਤੇ ਉੱਗਰਾਹੀ ਵਾਸਤੇ ਵੱਡੇ ਸ਼ਹਿਰਾਂ/ਵਿਦੇਸ਼ੀ ਦੌਰੇ ਸਮੇਂ ਆਉਣ ਜਾਣ ਦੇ ਸਫਰ ਦੌਰਾਨ, ਗੁਰਬਾਣੀ ਦੇ ਸ਼ਬਦਾਰਥ ਦੀ ਸੈਂਚੀ ਪਾਸ ਰੱਖਣਾ, ਸਫਰ ਦੌਰਾਨ ਸਾਦਾ ਖਾਣਾ ਨਾਲ ਰੱਖਣਾ, ਹਉਮੈ ਤੋਂ ਬਚਣ ਲਈ ਬਹੁਤੇ ਪ੍ਰੇਮੀ ਜਾਂ ਕੋਈ ਗੜਬਈ /ਨਿੱਜੀ ਸਹਾਇਕ ਨਾਲ ਨਾ ਰੱਖਣਾ, ਗੁਰਸਿੱਖਾਂ ਦਾ ਸਤਿਕਾਰ ਕਰਨਾ, ਕਿਸੇ ਦੀ ਗਲਤੀ ਮਾਫ ਕਰਕੇ ਖਿਮਾ ਬਖਸ਼ਣੀ, ਲਗਨ ਨਾਲ ਸੇਵਾ


www.AKJ.Org

ਕਰਨ/ ਨਾਮ ਜਪਣ ਦੀ ਪ੍ਰੇਰਨਾ/ਸੇਵਾ ਵਿੱਚ ਕੁਤਾਹੀ ਨਾ ਵਰਤਣ/ਸੰਗਤ ਦੇ ਦਸਵੰਧ ਦੀ ਮਾਇਆ ਦੀ ਦੁਰ-ਵਰਤੋਂ ਨਾ ਹੋਣ ਦੇਣਾ ਅਤੇ ਲੰਗਰ/ ਬਾਥਰੂਮਾਂ ਦੇ ਫਲੱਸ਼ਾਂ ਦੀ ਹੱਥੀ ਸੇਵਾ ਕਰਕੇ **"ਸੇਵਾ ਕਰਤ ਹੋਇ ਨਿਹਕਾਮੀ"** ਆਦਿ ਦੈਵੀ ਗੁਣਾਂ ਨਾਲ ਭਰਪੂਰ ਰਹੇ ਹਨ।

ਬਾਬਾ ਜੀ ਵਲੋਂ ਨਿਬਾਹੀਆਂ ਗਈਆਂ ਮਹਾਨ ਸੇਵਾਵਾਂ ਕਰਕੇ ਆਪ ਜੀ ਨੂੰ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਪੱਧਰ ਤੇ ਅਨੇਕ ਸੰਸਥਾਵਾਂ ਵਲੋਂ ਅਨੇਕਾਂ ਸਨਮਾਨਾਂ ਨਾਲ ਵੀ ਸਨਮਾਨਿਆ ਗਿਆ ਸੀ ਜਿਨਾਂ ਵਿੱਚੋਂ ਪੰਜਾਬ ਸਰਕਾਰ ਸਿੱਖਿਆ ਬੋਰਡ ਵਲੋਂ "ਮਾਨਵਤਾ ਦਾ ਮਸੀਹਾ" ਅਤੇ ਮੁੱਖ ਮੰਤਰੀ ਪੰਜਾਬ ਵਲੋਂ ਲੋਕ ਭਲਾਈ ਕਾਰਜਾਂ ਤਹਿਤ "ਪੰਜਾਬ ਸਟੇਟ ਅਵਾਰਡ" ਵਰਣਨ ਯੋਗ ਹਨ।

ਬਾਬਾ ਜੀ ਦੇ ਹੱਥੀਂ ਸੇਵਾ ਕਰਨ ਕਰਕੇ ਉਨ੍ਹਾਂ ਦੀ ਸਿਹਤ ਸਾਰੀ ਆਯੂ ਰਿਸ਼ਟ ਪੁਸ਼ਟ ਰਹੀ ਹੈ। ਵਡੇਰੀ ਉਮਰ ਕਰਕੇ ਪਿਛਲੇ ਕੁੱਝ ਸਮੇਂ ਤੋਂ ਸਰੀਰਕ ਕਮਜੋਰੀ ਆ ਗਈ ਸੀ ਪਰ ਉਨ੍ਹਾਂ ਦੀ ਸੁਰਤੀ ਬਿਰਤੀ ਅਖੀਰਲੇ ਸਵਾਸ ਤਾਈਂ ਕਾਇਮ ਰਹੀ। ਅਪਣਾ ਅੰਤਿਮ ਸਮਾਂ ਨੇੜੇ ਜਾਣ ਕੇ ਕੁੱਝ ਸਮਾਂ ਪਹਿਲਾਂ ਇੱਕ ਸੇਵਾਦਾਰ ਨੂੰ ਕਹਿ ਕੇ ਆਪਣੇ ਸਾਰੇ ਵਸਤਰ ਰੇਲਵੇ ਸਟੇਸ਼ਨ ਤੇ ਲੋੜਵੰਦਾਂ ਨੂੰ ਵੰਡਾ ਦਿੱਤੇ, ਸਿਰਫ ਦੋ ਕਮੀਜ ਪਜਾਮੇ ਵਰਤਣ ਲਈ ਰਖਾਏ। ਅਖੀਰ ਇਹ ਅਦੁੱਤੀ ਸ਼ਖਸ਼ੀਅਤ ਮਿਤੀ 28 ਜੁਲਾਈ 2019 ਦਿਨ ਐਤਵਾਰ ਨੂੰ ਅਪਣੀ ਰੋਜਾਨਾ ਅੰਮ੍ਰਿਤ ਵੇਲੇ ਦੀ ਕਾਰ ਕਰਨ ਤੋਂ ਬਾਅਦ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਕੇ ਅਪਣੇ ਨਿੱਜ ਘਰ ਵਿੱਚ ਜਾ ਵਸੀ। ਬਾਬਾ ਜੀ ਦੇ ਅੰਤਿਮ ਸੰਸਕਾਰ ਵੇਲੇ ਜੋਰਦਾਰ ਬਾਰਿਸ਼ ਦੇ ਬਾਵਜੂਦ ਹਜਾਰਾਂ ਸੰਗਤਾਂ ਦਾ ਹੋਇਆ ਇਕੱਠ, ਸੰਗਤਾਂ ਵਿੱਚ ਉਨ੍ਹਾ ਪ੍ਰਤੀ ਪਿਆਰ, ਅਥਾਹ ਸ਼ਰਧਾ ਅਤੇ ਲੋਕ ਪ੍ਰਿਅਤਾ ਦਾ ਪ੍ਰਗਟਾਵਾ ਕਰ ਰਿਹਾ ਸੀ।

# ਭਾਈ ਸੰਤੋਖ ਸਿੰਘ ਜੀ ਕਾਕੀ ਪਿੰਡ

ਭਾਈ ਅਮਰੀਕ ਸਿੰਘ ਜੀ ਨਕੋਦਰ

ਅਖੰਡ ਕੀਰਤਨੀ ਜਥੇ ਦੇ ਨਿਸ਼ਕਾਮ ਨਿਰਬਾਣ ਤੇ ਅਣਥੱਕ ਕੀਰਤਨੀਏ ਭਾਈ ਸੰਤੋਖ ਸਿੰਘ ਜੀ ਦਾ ਜਨਮ ਸੰਨ 1934 ਵਿਚ ਪਿੰਡ ਖੁੰਢਾ ਜ਼ਿਲ੍ਹਾ ਗੁਰਦਾਸਪੁਰ ਵਿਚ ਸ. ਅਮਰ ਸਿੰਘ ਜੀ ਦੇ ਘਰ ਮਾਤਾ ਰਵੇਲ ਕੌਰ ਜੀ ਦੇ ਕੁੱਖੋਂ ਹੋਇਆ। ਆਪ ਜੀ ਨੇ ਮੁੱਢਲੀ ਪੜ੍ਹਾਈ ਪਿੰਡ ਵਿਚ ਹੀ ਪ੍ਰਾਪਤ ਕੀਤੀ। ਇਨ੍ਹਾਂ ਦੇ ਪਿਤਾ ਜੀ ਦੇ ਰੇਲਵੇ ਵਿਚ ਨੌਕਰੀ ਕਰਦੇ ਹੋਣ ਕਾਰਨ ਬਾਅਦ ਵਿਚ, ਆਪ ਵੀ ਉਨ੍ਹਾਂ ਕੋਲ ਪਿੰਡ ਦਕੋਹਾ ਨੇੜੇ ਰਾਮਾ ਮੰਡੀ ਜਲੰਧਰ ਕੈਂਟ ਆ ਗਏ ਤੇ ਉਨ੍ਹਾਂ ਕੋਲ ਰਹਿੰਦੇ ਹੋਏ ਦਸਵੀਂ ਪਾਸ ਕਰਨ ਤੋਂ ਬਾਅਦ ਐੱਫ.ਏ. ਪਾਸ ਕੀਤੀ ਤੇ ਨਾਲ ਹੀ ਇਲੈਕਟਰੀਕਲ ਦਾ ਡਿਪਲੋਮਾ ਵੀ ਕਰ ਲਿਆ। ਸਕੂਲ ਅਤੇ ਕਾਲਜ ਦੀ ਪੜ੍ਹਾਈ ਸਮੇਂ ਆਪ ਖੇਡਾ ਵਿਚ ਵੀ ਭਾਗ ਲੈਂਦੇ ਰਹੇ ਅਤੇ ਚੰਗੇ ਖਿਡਾਰੀ ਸਨ।

ਆਪ ਜੀ ਦੇ ਮਾਤਾ-ਪਿਤਾ ਵੀ ਗੁਰੂ ਘਰ ਦੇ ਪ੍ਰੇਮੀ ਅਤੇ ਸ਼ਰਧਾਲੂ ਸਿੱਖ ਸਨ ਅਤੇ ਉਨ੍ਹਾਂ ਨੂੰ ਇਕ ਪੁਰਾਤਨ ਨਾਮ-ਰਸੀਏ ਗੁਰਸਿੱਖ ਭਾਈ ਸਾਹਿਬ ਪ੍ਰੇਮ ਸਿੰਘ ਜੀ ਦੀ ਸੰਗਤ ਦਾ ਸੁਭਾਗ ਪ੍ਰਾਪਤ ਹੋ ਗਿਆ ਸੀ। ਆਪ ਵੀ ਮਾਤਾ-ਪਿਤਾ ਜੀ ਦੀ ਪ੍ਰੇਰਨਾ ਨਾਲ ਗੁਰੂ ਸਾਹਿਬ ਜੀ ਦੀ ਬਖਸ਼ਿਸ਼ ਦੁਆਰਾ ਅੰਮ੍ਰਿਤ ਛੱਕ ਕੇ ਗੁਰੂ ਵਾਲੇ ਬਣ ਗਏ। ਇਸ ਨਾਮ ਰਸੀਏ ਗੁਰਸਿੱਖ ਦੀ ਸੰਗਤ ਸਦਕਾ, ਇੰਨ੍ਹਾਂ ਨੂੰ ਕੀਰਤਨ ਸ੍ਰਵਣ ਤੇ ਕਰਨ ਦਾ ਸ਼ੌਂਕ ਪੈਦਾ ਹੋ ਗਿਆ ਅਤੇ ਆਪ ਜੀ ਉਨ੍ਹਾਂ ਕੋਲੋਂ ਕੀਰਤਨ ਸਿੱਖ ਕੇ, ਤਾਅ ਜ਼ਿੰਦਗੀ ਸੰਗਤਾਂ ਨੂੰ ਕੀਰਤਨ ਸ੍ਰਵਣ ਕਰਾਉਣ ਅਤੇ ਸਿਖਾਉਣ ਦੀ ਸੇਵਾ ਨਿਬਾਉਂਦੇ ਰਹੇ। ਬਾਅਦ ਵਿਚ ਅਖੰਡ ਕੀਰਤਨੀ ਜਥੇ ਵਿਚ ਆ ਕੇ ਕੀਰਤਨ ਸੁਣਨ ਅਤੇ ਕਰਨ ਦੇ ਖੂਬ ਲਾਹੇ ਲਏ ਅਤੇ ਜਥੇ ਦੇ ਨਾਮੀ ਕੀਰਤਨੀਆਂ ਵਿਚੋਂ, ਆਪ ਵੀ ਇਕ ਸਨ।

ਆਪ ਜੀ ਦਾ ਅਨੰਦ ਕਾਰਜ ਬੀਬੀ ਸਤਵੰਤ ਕੌਰ ਜੀ ਪਿੰਡ ਡੱਡਵਾਂ ਨੇੜੇ ਧਾਰੀਵਾਲ ਜ਼ਿਲ੍ਹਾ ਗੁਰਦਾਸਪੁਰ ਨਾਲ ਹੋਇਆ। ਇੰਨ੍ਹਾਂ ਦੇ ਘਰ ਚਾਰ ਪੁੱਤਰਾਂ ਤੇ ਦੋ ਪੁੱਤਰੀਆਂ ਨੇ ਜਨਮ ਲਿਆ। ਇੰਨ੍ਹਾਂ ਦੀਆਂ ਦੋਵੇਂ ਬੱਚੀਆਂ ਕੇਸਕੀ ਸੰਯੁਕਤ ਰਹਿਤ ਬਹਿਤ ਦੀਆਂ ਧਾਰਨੀ ਨਾਮ ਰਸੀਏ ਗੁਰਸਿੱਖਾਂ ਭਾਈ ਮਹਿੰਦਰ ਸਿੰਘ ਜੀ ਸ਼ਾਹਪੁਰ ਕੰਡੀ ਪਠਾਨਕੋਟ (ਹਾਲ ਗੁਰਦਾਸਪੁਰ) ਅਤੇ ਦਾਸ ਦੇ ਘਰੀਂ ਸੁਖੀ ਵਸਦੀਆਂ ਹਨ।

ਆਪਣੇ ਪਿਤਾ ਜੀ ਦੀ ਵਾਕਫੀਅਤ ਨਾਲ ਇਨ੍ਹਾਂ ਨੇ ਪਹਿਲਾਂ ਕੁਝ ਚਿਰ ਰੇਲਵੇ ਦੀ ਨੌਕਰੀ ਕੀਤੀ। ਫਿਰ ਸੰਨ 1960 ਦੇ ਨੇੜੇ ਤੇੜੇ ਇੰਨ੍ਹਾਂ ਦਾ ਸੰਬੰਧ ਅਖੰਡ ਕੀਰਤਨੀ ਜਥੇ ਨਾਲ ਜੁੜ ਗਿਆ ਅਤੇ ਆਪ ਜੀ ਨੂੰ ਸਤਿਕਾਰਯੋਗ ਬਾਪੂ ਜੀ ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਦਰਸ਼ਨ ਕਰਨ ਦਾ ਸੁਭਾਗ ਵੀ ਪ੍ਰਾਪਤ ਹੋਇਆ। ਆਪ ਜੀ ਜਲੰਧਰ ਅਤੇ ਨੇੜੇ ਤੇੜੇ ਹੋਣ ਵਾਲੇ ਹਫਤਾਵਾਰੀ ਅਤੇ ਰੈਣ ਸਬਾਈ ਕੀਰਤਨਾਂ ਦੀ ਹਾਜ਼ਰੀ ਭਰਨ ਲੱਗ ਪਏ। ਕੀਰਤਨ ਕਰਨ ਦੀ ਦਾਤ ਤਾਂ ਪਹਿਲਾਂ ਹੀ ਪ੍ਰਾਪਤ ਸੀ ਅਤੇ ਜਥੇ ਵਿਚ ਆ ਕੇ ਹੋਰ ਵੀ ਚੜ੍ਹਦੇ ਰੰਗਾਂ ਵਿਚ ਕੀਰਤਨ ਲਗ ਪਏ। ਇੰਨ੍ਹਾਂ ਦੀ ਰਿਹਾਇਸ਼ ਦਕੋਹਾ ਪਿੰਡ ਵਿਚ ਸੀ ਪ੍ਰੰਤੂ ਆਪ ਜੀ ਨੇ ਲੋਕਲ ਸੰਗਤਾਂ ਦੇ ਸਹਿਯੋਗ ਨਾਲ ਕਾਕੀ ਪਿੰਡ ਦੇ ਗੁਰਦੁਆਰੇ ਵਿਖੇ ਸ੍ਰੀ ਆਸਾ ਕੀ ਵਾਰ ਦਾ ਸੰਪੂਰਨ ਕੀਰਤਨ ਕਰਨਾ ਸ਼ੁਰੂ ਕਰ ਦਿੱਤਾ ਅਤੇ ਸ਼ਾਮ ਨੂੰ ਵੀ ਸੋਦਰੁ ਉਪਰੰਤ ਰੋਜ਼ਾਨਾ ਕੀਰਤਨ ਦੀ ਸੇਵਾ ਸ਼ੁਰੂ ਕਰ ਦਿੱਤੀ। ਰੰਗਲੇ ਸੱਜਣ ਮਾਸਟਰ ਸੁੰਦਰ ਸਿੰਘ ਜੀ ਅਤੇ ਭਾਈ ਦਰਸ਼ਨ ਸਿੰਘ ਜੀ ਗੜਗੱਜ, ਕਰਨਲ ਦਲਜੀਤ ਸਿੰਘ ਜੀ, ਬੀਬੀ ਹਰਸ਼ਰਨ ਕੌਰ ਜੀ, ਭਾਈ ਜਸਵੰਤ ਸਿੰਘ ਜੀ ਪੁਰਾਤਨ ਗੁਰਸਿੱਖਾਂ ਦੀ ਸੰਗਤ ਦੇ ਖੂਬ ਲਾਹੇ ਲਏ। ਮਾਸਟਰ ਸੁੰਦਰ ਸਿੰਘ ਜੀ ਰਾਹੀਂ ਆਪ ਜੀ ਸੰਨ 1969 ਵਿਚ ਪੰਜਾਬ ਐਂਡ ਸਿੰਧ ਬੈਂਕ ਵਿਚ ਕੈਸ਼ੀਅਰ ਵਜੋਂ ਭਰਤੀ ਹੋ ਗਏ। ਸ. ਇੰਦਰਜੀਤ ਸਿੰਘ ਜੀ ਚੇਅਰਮੈਨ ਪੰਜਾਬ ਐਂਡ ਸਿੰਘ ਬੈਂਕ, ਮਾਸਟਰ ਜੀ ਦੇ ਵਿਦਿਆਰਥੀ ਰਹੇ ਹਨ ਤੇ ਮਾਸਟਰ ਜੀ ਦਾ ਬਹੁਤ ਸਤਿਕਾਰ ਕਰਦੇ ਸਨ। ਮਾਸਟਰ ਜੀ ਨੇ ਅਨੇਕਾਂ ਲੋੜਵੰਦਾਂ ਗਰੀਬ ਗੁਰਸਿੱਖ ਬੱਚਿਆਂ ਨੂੰ ਬੈਂਕ ਵਿਚ ਭਰਤੀ ਕਰਵਾਇਆ। ਪਹਿਲਾਂ ਆਪ ਜੀ ਬੈਂਕ ਦੀ ਰੇਲਵੇ ਰੋਡ ਜਲੰਧਰ ਬ੍ਰਾਂਚ ਵਿਚ ਰਹੇ ਫਿਰ ਹੈੱਡ ਕੈਸ਼ੀਅਰ ਬਣ ਕੇ ਦਕੋਹਾ ਬ੍ਰਾਂਚ ਵਿਚ ਚਲੇ ਗਏ। ਉੱਥੇ ਸੰਨ 1977 ਤਾਈਂ ਬੈਂਕ ਦੀ ਸੇਵਾ ਕੀਤੀ। ਸੰਨ 1977 ਵਿਚ ਅਫਸਰ ਦੇ ਅਹੁਦੇ ਦੀ ਤਰੱਕੀ ਲੈ ਕੇ ਬੈਂਕ ਦੀ ਪਟਨਾ ਸਿਟੀ ਬ੍ਰਾਂਚ ਵਿਚ ਸੰਨ 1983 ਤਾਈਂ ਰਹੇ। ਮੁੜ ਫਿਰ ਦਕੋਹੇ ਵਾਪਸ ਆ ਗਏ। ਸੰਨ 1987 ਵਿਚ ਅਸਿਸਟੈਂਟ ਮੈਨੇਜਰ ਬਣ ਕੇ ਘੋਗੜਾ ਨੇੜੇ ਦਸੂਹਾ ਜ਼ਿਲ੍ਹਾ ਹੁਸ਼ਿਆਰਪੁਰ ਚਲੇ ਗਏ। ਉਸ ਤੋਂ ਬਾਅਦ ਕੁਝ ਚਿਰ ਬੀਮਾਰ ਰਹਿਣ ਕਰਕੇ ਲੰਬੀ ਛੁੱਟੀ ਤੇ ਵੀ ਰਹੇ। ਅਖੀਰ ਸੰਨ 1994 ਵਿਚ ਬੈਂਕ ਦੀ ਨੌਕਰੀ ਪੂਰੀ ਕਰਕੇ ਜਲੰਧਰ ਕੈਂਟ ਤੋਂ ਹੀ ਸੇਵਾ ਮੁਕਤ ਹੋਏ। ਇੰਨ੍ਹਾਂ ਨੇ ਆਪਣੀ ਸਾਰੀ ਨੌਕਰੀ ਇਕ ਮਿਹਨਤੀ ਅਤੇ ਇਮਾਨਦਾਰ ਮੁਲਾਜ਼ਮ ਵਜੋਂ ਨਿਭਾਈ। ਬੈਂਕ ਦੇ ਕੌਮੀਕ੍ਰਿਤ ਹੋਣ ਤੋਂ ਪਹਿਲਾਂ, ਕਈ ਗੁਰਸਿੱਖ ਅੰਮ੍ਰਿਤਧਾਰੀ ਸਿੰਘਾਂ ਨੂੰ ਬੈਂਕ ਵਿਚ ਭਰਤੀ ਵੀ ਕਰਵਾਇਆ, ਜੋ ਬਾਅਦ ਵਿਚ ਬੈਂਕ ਦੇ ਉੱਚ ਅਹੁਦਿਆਂ ਤੋਂ ਰਿਟਾਇਰ ਹੋਏ ਹਨ।

ਗੁਰੂ ਸਾਹਿਬ ਜੀ ਦੀ ਬਖਸ਼ੀ ਪ੍ਰੇਰਨਾ ਅਨੁਸਾਰ ਆਪ ਜੀ ਨੇ ਸੰਨ 1968 ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪੂਰਨ ਬਾਣੀ ਦਾ ਕੀਰਤਨ ਆਰੰਭ ਕੀਤਾ ਜਿਸ ਦੇ ਮੱਧ ਦਾ ਭੋਗ ਸੰਨ 1970 ਦੇ ਨਵੰਬਰ ਮਹੀਨੇ ਰੈਣ ਸਬਾਈ ਕੀਰਤਨ ਕਰਵਾ ਕੇ ਪਾਇਆ ਜਿਸ ਵਿਚ ਭਾਈ ਮਹਿੰਦਰ ਸਿੰਘ ਜੀ S.D.O. ਸਾਹਿਬ ਨੇ 6-7 ਘੰਟੇ ਲਗਾਤਾਰ ਕੀਰਤਨ ਦੀ ਹਾਜ਼ਰੀ ਭਰੀ। ਆਪ ਜੀ ਦਾ S.D.O. ਸਾਹਿਬ ਅਤੇ ਤਲਵਾੜਾ ਜੀ ਨਾਲ ਬਹੁਤ ਨਿੱਘਾ ਪਿਆਰ ਸੀ। ਫਿਰ ਜੂਨ 1972 ਵਿਚ ਕੇਂਦਰੀ ਸਮਾਗਮ ਵਾਂਗ ਕਾਕੀ ਪਿੰਡ (ਜਲੰਧਰ ਕੈਂਟ) ਵਿਚ ਜਥੇ ਦੇ ਮੁੱਖ ਕੀਰਤਨੀਆਂ ਅਤੇ ਬਾਹਰੋਂ ਵੱਡੀ ਗਿਣਤੀ ਵਿਚ ਸੰਗਤਾਂ ਨੂੰ ਬੁਲਾ ਕੇ, ਸਮਾਗਮ ਰੱਚ ਕੇ, ਇਸ ਅਰੰਭੇ ਕਾਰਜ ਦਾ ਭੋਗ ਪਾਇਆ। ਉਸ ਤੋਂ ਬਾਅਦ ਵੀ ਉਹਨਾਂ ਨੇ ਇਹ ਸੇਵਾ ਜਾਰੀ ਰੱਖੀ ਅਤੇ ਬਾਅਦ ਵਿਚ ਭਾਈ ਗੁਰਦਾਸ ਜੀ ਦੀਆਂ ਵਾਰਾਂ ਅਤੇ ਕਬਿੱਤ ਸਵੈਯਾ ਦਾ ਵੀ ਕਈ ਵਾਰ ਸੰਪੂਰਨ ਕੀਰਤਨ ਕੀਤਾ। ਇੰਨ੍ਹਾਂ ਤੋਂ ਹੀ ਪ੍ਰੇਰਨਾ ਲੈ ਕੇ ਮਾਸਟਰ ਗੁਰਬਚਨ ਸਿੰਘ ਜੀ ਦਿਆਲਪੁਰ ਨੇ ਸੰਪੂਰਨ ਬਾਣੀ ਦੇ ਕੀਰਤਨ ਸੇਵਾ ਕਈ



www.AKJ.Org

ਵਾਰ ਕੀਤੀ ਹੈ। ਭਾਈ ਕੁਲਵੰਤ ਸਿੰਘ ਜੀ ਕਾਕੀ ਪਿੰਡ ਵੀ ਪਹਿਲਾਂ ਪਿੰਡ ਪ੍ਰਤਾਬਪੁਰਾ (ਫਿਲੌਰ ਨੇੜੇ) ਰਹਿੰਦੇ ਸਨ। ਫਿਰ ਉਹ ਪੀ.ਏ.ਪੀ. ਵਿਚ ਭਰਤੀ ਹੋ ਕੇ ਆਪਣੀ ਭੈਣ ਬੀਬੀ ਸੁਰਿੰਦਰ ਕੌਰ ਕੋਲ ਪਿੰਡ ਦਕੋਹੇ ਹੀ ਰਹਿਣ ਲੱਗ ਪਏ। ਇੱਥੇ ਹੀ ਭਾਈ ਕੁਲਵੰਤ ਸਿੰਘ ਜੀ ਦਾ ਮੇਲ ਆਪ ਜੀ ਨਾਲ ਰੋਜ਼ਾਨਾ ਗੁਰਦੁਆਰੇ ਕੀਰਤਨ ਦੀ ਸੇਵਾ ਵੇਲੇ ਹੋਇਆ। ਉਸ ਵੇਲੇ ਕੁਲਵੰਤ ਸਿੰਘ ਜੀ ਦੀ ਆਵਾਜ਼ ਬਹੁਤ ਬੁਲੰਦ ਅਤੇ ਸੁਰੀਲੀ ਸੀ। ਮਾਸਟਰ ਜੀ ਦਿਆਲਪੁਰ ਵਾਲਿਆਂ ਅਤੇ ਭਾਈ ਕੁਲਵੰਤ ਸਿੰਘ ਜੀ ਕਾਕੀ ਪਿੰਡ ਨੇ ਆਪ ਕੋਲੋਂ ਹੀ ਕੀਰਤਨ ਸਿੱਖਿਆ ਸੀ ਜੋ ਹੁਣ ਤਾਈਂ ਅਖੰਡ ਕੀਰਤਨ ਸਮਾਗਮਾਂ ਤੇ ਹਰ ਥਾਂ ਪਹੁੰਚ ਕੇ ਕੀਰਤਨ ਦੀ ਸੇਵਾ ਨਿਭਾਅ ਰਹੇ ਹਨ।

ਆਪ ਜੀ ਗੁਰਬਾਣੀ ਦੇ ਖੋਜੀ ਸਨ ਅਤੇ ਗੁਰਮਤਿ ਦੇ ਵੱਖ-ਵੱਖ ਵਿਸ਼ਿਆਂ ਉੱਤੇ ਸ਼ਬਦਾਂ ਦੀ ਖੋਜ ਕਰਕੇ ਉਨ੍ਹਾਂ ਦਾ ਪ੍ਰਕਰਣ ਬਣਾ ਕੇ ਪੋਥੀਆਂ ਵਿਚ ਲਿੱਖ ਲੈਂਦੇ ਸਨ ਤੇ ਫਿਰ ਉਨ੍ਹਾਂ ਪੋਥੀਆਂ ਦੀ ਹੀ ਸਹਾਇਤਾ ਨਾਲ ਕੀਰਤਨ ਕਰਦੇ ਸਨ। ਆਪ ਜਲੰਧਰ ਸ਼ਹਿਰ ਅਤੇ ਨੇੜਲੇ ਪਿੰਡਾਂ/ਕਸਬਿਆਂ ਵਿਚ ਸੰਗਤਾਂ ਦੇ ਸੱਦੇ ਉਪਰ ਕੀਰਤਨ ਤੇ ਪਹੁੰਚ ਜਾਂਦੇ ਸਨ ਤੇ ਬਿਨਾਂ ਕੋਈ ਕਿਰਾਇਆ ਜਾ ਭੇਟਾ ਲਏ ਕੀਰਤਨ ਦੀ ਸੇਵਾ ਨਿਸ਼ਕਾਮ ਅਤੇ ਨਿਰਬਾਣ ਰਹਿ ਕੇ ਨਿਭਾਉਂਦੇ ਸਨ, ਭਾਵੇਂ ਕਿ ਵੱਡਾ ਪ੍ਰੀਵਾਰ ਹੋਣ ਕਰਕੇ ਖਰਚੇ ਵੀ ਕਾਫੀ ਸਨ ਤੇ ਆਮਦਨ ਵੀ ਸੀਮਤ ਹੀ ਸੀ। ਪੁਰਾਤਨ ਕੀਰਤਨੀ ਸਿੰਘਾਂ ਵਾਂਗ ਆਪ ਸਾਰੀ ਰਾਤ ਸਟੇਜ ਤੇ ਬੈਠ ਕੇ ਕੀਰਤਨ ਸ੍ਰਵਣ ਕਰਦੇ ਰਹਿੰਦੇ ਸਨ ਤੇ ਆਮ ਤੌਰ ’ਤੇ ਆਪ ਜੀ ਨੂੰ ਰੈਣ ਸਬਾਈ ਦੇ ਭੋਗ ਤੇ ਹੀ ਕੀਰਤਨ ਦੀ ਸੇਵਾ ਮਿਲਦੀ ਸੀ ਜੋ ਕਿ ਆਪ ਬੜੇ ਮਸਤਾਨੇ ਹੋ ਕੇ ਰੰਗਾਂ ਵਿਚ ਕੀਰਤਨ ਕਰਦੇ, “**ਕੀਰਤਨ ਹੋਆ ਰੈਣ ਸਬਾਈ**” ਵਾਲਾ ਸ਼ਬਦ ਪੜ੍ਹ ਕੇ ਸਮਾਪਤੀ ਕਰਦੇ ਸਨ।

ਸੰਨ 1977 ਵਿਚ ਸ੍ਰੀ ਪਟਨਾ ਸਾਹਿਬ ਆਉਣ ਸਮੇਂ ਭਾਈ ਸਾਹਿਬ ਜੀਵਨ ਸਿੰਘ ਜੀ ਵੀ ਤਖ਼ਤ ਸ੍ਰੀ ਪਟਨਾ ਸਾਹਿਬ ਵਿਖੇ ਹਜ਼ੂਰੀ ਰਾਗੀ ਵਲੋਂ ਕੀਰਤਨ ਦੀ ਸੇਵਾ ਨਿਬਾਅ ਰਹੇ ਸਨ। ਭਾਈ ਸਾਹਿਬ ਜੀ ਵਲੋਂ ਪਹਿਲਾਂ ਸਾਰੇ ਪੂਰਬੀ ਭਾਰਤ ਵਿਚ ਕੀਰਤਨ ਦੀ ਲਹਿਰ ਚਲਾਈ ਹੋਈ ਸੀ। ਆਪ ਜੀ ਦੇ ਉੱਥੇ ਜਾਣ ਨਾਲ ਇਹ ਲਹਿਰ ਹੋਰ ਵੀ ਪ੍ਰਚੰਡ ਹੋ ਗਈ। ਆਪ ਭਾਈ ਸਾਹਿਬ ਜੀ ਨਾਲ ਦੂਰ ਦੁਰਾਡੇ ਸ਼ਹਿਰਾਂ ਤੋਂ ਸਿੰਘਾਂ ਦੇ ਪ੍ਰੇਮ ਸੁਨੇਹੜੇ ਪਹੁੰਚਣ ’ਤੇ ਕੀਰਤਨ ਦੀ ਸੇਵਾ ਲਈ ਪਹੁੰਚ ਜਾਂਦੇ ਸਨ। ਧੰਨਬਾਦ, ਕਲਕੱਤਾ, ਬਨਾਰਸ, ਟਾਟਾ ਨਗਰ, ਆਦਿ ਸ਼ਹਿਰਾਂ ਵਿਚ ਬੇਅੰਤ ਰੈਣ ਸਬਾਈ ਕੀਰਤਨਾਂ ਦੀ ਸੇਵਾ ਕੀਤੀ। ਇਕ ਵਾਰ ਬਨਾਰਸ ਵਿਚ ਉੱਥੋਂ ਦੀਆਂ ਲੋਕਲ ਸੰਗਤਾਂ ਦੀ ਪ੍ਰੇਰਨਾ ਨਾਲ ਗੰਗਾ ਵਿਚ ਇਕ ਵੱਡਾ ਬੇੜਾ ਲੈ ਕੇ ਸਾਰੀ ਰਾਤ ਰੈਣ ਸਬਾਈ ਕੀਰਤਨ ਕੀਤਾ ਜਿਸ ਦਾ ਸੰਗਤਾਂ ਨੇ ਖੂਬ ਆਨੰਦ ਮਾਣਿਆ। ਤਖ਼ਤ ਸ੍ਰੀ ਪਟਨਾ ਸਾਹਿਬ ਵਿਚ ਬਾਲਾ ਪ੍ਰੀਤਮ ਦਸਮੇਸ਼ ਜੀ ਦਾ ਪ੍ਰਕਾਸ਼ ਪੁਰਬ, ਸਾਰੇ ਪੂਰਬੀ ਭਾਰਤ ਦੀਆਂ ਸੰਗਤਾਂ ਵਲੋਂ ਬੜੇ ਧੂਮ-ਧਾਮ ਨਾਲ ਮਨਾਇਆ ਜਾਂਦਾ ਹੈ। ਇਸ ਸਮੇਂ ਤਖ਼ਤ ਸ੍ਰੀ ਹਰਿਮੰਦਰ ਜੀ ਦੇ ਬਾਹਰ ਆਲੇ ਦੁਆਲੇ ਗਲੀਆਂ ਵਿਚ ਨਗਰ ਕੀਰਤਨ ਅਤੇ ਪ੍ਰਭਾਤ ਫੇਰੀਆਂ ਕੱਢੀਆਂ ਜਾਂਦੀਆਂ ਹਨ। ਆਪ ਜਿੰਨ੍ਹਾਂ ਚਿਰ ਉੱਥੇ ਰਹੇ, ਇਹ ਸਾਰੇ ਸਮਾਗਮਾਂ ਤੇ ਕੀਰਤਨ ਦੀ ਸੇਵਾ ਨਿਬਾਉਂਦੇ ਰਹੇ। ਇਕ ਵਾਰ ਆਪ ਜੀ ਦੀ ਸਿਹਤ ਨਾ ਠੀਕ ਹੋਣ ਦੇ ਬਾਵਜੂਦ, ਆਪ ਨੇ ਨਗਰ ਕੀਰਤਨ ਵਿਚ ਆਪਦੀ ਸਿਹਤ ਦੀ ਵੀ ਕੋਈ ਪ੍ਰਵਾਹ ਨਾ ਕਰਦਿਆਂ, ਲਗਾਤਾਰ 6-7 ਘੰਟੇ ਨਗਰ ਕੀਰਤਨ ਦੀ ਸਮਾਪਤੀ ਤੱਕ, ਝੂਮ-ਝੂਮ ਕੇ, ਕੀਰਤਨ ਕਰਕੇ, ਗੁਰੂ ਪਾਤਸ਼ਾਹ ਦੀਆਂ ਖੁਸ਼ੀਆਂ ਲਈਆਂ। ਆਪ ਜੀ ਨੂੰ ਜੁਕਾਮ ਤਾਂ ਲੱਗਾ ਹੀ ਰਹਿੰਦਾ ਹੀ ਸੀ ਅਤੇ ਸਿਹਤ ਵੀ ਆਮ ਤੌਰ ’ਤੇ ਢਿੱਲੀ ਹੀ ਰਹਿੰਦੀ ਸੀ ਪ੍ਰੰਤੂ ਕੀਰਤਨ ਦੀ ਸੇਵਾ ਵੇਲੇ ਆਮ ਸਭ ਕੁਝ ਭੁੱਲ ਕੇ ਐਸੇ ਬਲਵਾਨ ਹੋ ਜਾਂਦੇ ਸਨ ਤੇ ਘੰਟਿਆਂ ਬੱਧੀ ਕੀਰਤਨ ਕਰਦੇ ਥੱਕਦੇ ਨਹੀਂ ਸਨ ਜਿਵੇਂ ਕਿ ਕੋਈ ਸਰੀਰਕ ਤਕਲੀਫ ਹੁੰਦੀ ਹੀ ਨਾ ਹੋਵੇ।

ਇਕ ਵਾਰ ਆਪ ਜੀ ਸੰਗਤਾਂ ਸਮੇਤ ਤਖ਼ਤ ਸ੍ਰੀ ਹਜ਼ੂਰ ਸਾਹਿਬ ਜੀ ਦੀ ਯਾਤਰਾ ਤੇ ਗਏ। ਉੱਥੇ ਸਵੇਰੇ ਸ਼ਾਮ ਇਤਿਹਾਸਕ ਗੁਰਦੁਆਰਿਆਂ ਵਿਚ ਕੀਰਤਨ ਦੀ ਸੇਵਾ ਨਿਬਾਉਂਦੇ ਰਹੇ। ਵਾਪਸੀ ਵੇਲੇ ਰੇਲ ਗੱਡੀ ਨੇ ਉਥੋਂ ਰਾਤ 12 ਵਜੇ ਚਲਣਾ ਸੀ। ਆਪ ਜੀ ਨੇ ਤਖ਼ਤ ਸਾਹਿਬ ਜੀ ਦੀ ਪ੍ਰਕਰਮਾ ਵਿਚ ਤੁਰਨ ਤੋਂ ਪਹਿਲਾਂ ਕੀਰਤਨ ਆਰੰਭ ਕਰ ਲਿਆ।



www.AKJ.Org

ਰਾਤ ਬਾਰਾਂ ਵੱਜ ਗਏ। ਆਪ ਜੀ ਕੀਰਤਨ ਦੀ ਸਮਾਪਤੀ ਕਰਨ ਵਿਚ ਹੀ ਨਾ ਆਉਣ। ਨਾਲ ਦੇ ਸਾਥੀ ਕਹਿਣ, ਭਾਈ ਸਾਹਿਬ ਜੀ ਗੱਡੀ ਲੰਘ ਜਾਣੀ ਹੈ, ਫਿਰ ਕੀ ਕਰਾਂਗੇ ? ਆਪ ਜੀ ਨੇ ਇਕ ਵਜੇ ਦੇ ਕਰੀਬ ਸਮਾਪਤੀ ਕੀਤੀ। ਜਦ ਸੰਗਤਾਂ ਕਾਹਲੀ ਕਾਹਲੀ ਸਟੇਸ਼ਨ 'ਤੇ ਪਹੁੰਚੀਆਂ ਹਨ ਤਾਂ ਪਤਾ ਲੱਗਾ ਕਿ ਗੱਡੀ ਦੋ ਘੰਟੇ ਲੇਟ ਹੋ ਗਈ ਤਾਂ ਸਭ ਨੇ ਸੁਖ ਦਾ ਸਾਹ ਲਿਆ। ਪਰ ਨਾਲ ਹੀ ਭਾਈ ਸਾਹਿਬ ਜੀ ਵਲੋਂ ਕੀਰਤਨ ਦੀ ਮਸਤੀ ਵਿਚ ਰੰਗੇ ਰਹਿਣ ਕਾਰਨ, ਇਹ ਭਾਣਾ ਵਰਤਣ ਕਰਨ ਕਰਕੇ, ਭਾਈ ਸਾਹਿਬ ਜੀ ਦੇ ਦ੍ਰਿੜ ਭਰੋਸੇ 'ਤੇ ਆਤਮਿਕ ਸੋਝੀ ਤੇ ਸਭ ਅਚੰਭਤ ਹੋ ਗਏ।

ਬੇਸ਼ਕ ਆਪ ਜੀ ਦੀ ਸਿਹਤ ਢਿੱਲੀ ਰਹਿੰਦੀ ਸੀ ਅਤੇ ਕਈ ਵਾਰ ਕੀਰਤਨ ਦੀ ਸੇਵਾ ਕਰਕੇ ਰਾਤ ਸੌਣ ਵੇਲੇ ਲੇਟ ਵੀ ਹੋ ਜਾਂਦੇ ਸਨ ਪਰ ਅੰਮ੍ਰਿਤ ਵੇਲੇ ਸੰਭਾਲ ਵਿਚ ਵਿਘਨ ਨਹੀਂ ਪੈਣ ਦਿੰਦੇ ਸਨ। ਪ੍ਰੀਵਾਰਕ ਜਿੰਮੇਵਾਰੀਆਂ ਸਾਰੀਆਂ ਸਿੰਘਣੀ ਤੇ ਸੁੱਟੀਆਂ ਹੋਈਆਂ ਸਨ। ਆਪ ਸਿਰਫ ਬੈਂਕ ਦੀ ਡਿਊਟੀ ਨਿਭਾਉਣ ਤੇ ਕੀਰਤਨ ਦੀ ਸੇਵਾ ਵਿਚ ਹੀ ਮਸ਼ਰੂਫ ਰਹਿੰਦੇ ਸਨ।

ਸੰਨ 1989 ਵਿਚ ਆਪ ਜੀ ਦੀ ਸਿਹਤ ਬਹੁਤ ਖਰਾਬ ਹੋ ਗਈ। ਡਾਕਟਰ ਦੇ ਕਹਿਣ ਮੁਤਾਬਕ, ਉਨ੍ਹਾਂ ਦੇ ਦਿਮਾਗ ਵਿਚ ਸਾਰੇ ਪਾਸੇ ਰਸੌਲੀਆਂ ਬਣ ਗਈਆਂ ਸਨ, ਜਿਸ ਕਾਰਣ ਉਨ੍ਹਾਂ ਦੀ ਯਾਦ ਸ਼ਕਤੀ ਖ਼ਤਮ ਹੋ ਗਈ ਸੀ ਅਤੇ ਦੁਆਰਾ ਆਉਣ ਦੇ ਵੀ ਆਸਾਰ ਨਹੀਂ ਸਨ। ਆਪ ਜੀ ਨੂੰ ਇਲਾਜ ਲਈ ਦਇਆ ਨੰਦ ਹਸਪਤਾਲ ਲੁਧਿਆਣੇ ਦਾਖਲ ਕਰਾ ਦਿੱਤਾ ਗਿਆ, ਪਰ ਡਾਕਟਰਾਂ ਨੇ ਜੁਆਬ ਦੇ ਦਿੱਤਾ ਅਤੇ ਕਿਹਾ ਕਿ ਇਹ ਇਕ ਹਫਤਾ ਹੋਰ ਜਿੰਦਾ ਰਹਿ ਸਕਣਗੇ ਅਤੇ ਤੁਸੀਂ ਘਰ ਲਿਜਾ ਕੇ ਸੇਵਾ ਕਰ ਲਵੋ। ਪਰ ਕਿਸੇ ਦੀ ਜ਼ਿੰਦਗੀ ਅਤੇ ਮੌਤ ਤਾਂ ਪ੍ਰਮਾਤਮਾ ਦੇ ਹੱਥ ਹੈ। ਉਹ ਹੀ ਜਾਣਦਾ ਹੈ ਕਿ ਕਿਸ ਜੀਅ ਨੇ ਕਿਤਨੇ ਸੁਆਸ ਹੋਰ ਅਜੇ ਲੈਣੇ ਹਨ। ਗੁਰੂ ਨੇਤ ਅਨੁਸਾਰ ਉਨ੍ਹੀ ਦਿਨੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਸੰਬੰਧੀ ਜਲੰਧਰ ਵਿਖੇ ਸਮਾਗਮ ਚੱਲ ਰਹੇ ਸਨ ਤੇ ਭਾਈ ਜੀਵਨ ਸਿੰਘ ਜੀ ਵੀ ਵਿਦੇਸ਼ ਤੋਂ ਉਸ ਸਮਾਗਮਾਂ ਵਿਚ ਪਹੁੰਚੇ ਹੋਏ ਸਨ। ਜਦ ਭਾਈ ਸਾਹਿਬ ਜੀ ਨੂੰ ਆਪ ਜੀ ਦੀ ਸਿਹਤ ਬਾਰੇ ਦਸਿਆ ਗਿਆ ਤਾਂ ਉਹ ਬਹੁਤ ਕਰੁਣਾ ਰਸ ਵਿਚ ਆ ਗਏ ਤੇ ਉਸੇ ਵੇਲੇ ਹੀ ਆਪ ਜੀ ਦੇ ਘਰ ਪਿੰਡ ਦਕੋਹੇ (ਰਾਮਾ ਮੰਡੀ) ਪਹੁੰਚ ਗਏ। ਉਨ੍ਹਾਂ ਉੱਥੇ ਗੁਰੂ ਸਾਹਿਬ ਜੀ ਦੇ ਕਮਰੇ ਵਿਚ ਪ੍ਰੀਵਾਰ ਮੈਂਬਰਾਂ ਨਾਲ ਰਲ ਕੇ ਆਪ ਜੀ ਦੀ ਦੇਹ ਅਰੋਗਤਾ ਵਾਸਤੇ ਜੋਦੜੀ ਕੀਤੀ ਅਤੇ ਆਪ ਜੀ ਦਾ ਚਿਹਰਾ ਦੇਖ ਕੇ ਕਹਿਣ ਲਗੇ ਕਿ ਇਹ ਠੀਕ ਠਾਕ ਹਨ। ਉਨ੍ਹਾਂ ਦਾਸ ਨੂੰ ਕਿਹਾ ਕਿ ਰੈਣ ਸਬਾਈ ਕੀਰਤਨ ਦੀ ਸਮਾਪਤੀ ਸਮੇਂ ਵੀ ਮੈਨੂੰ ਯਾਦ ਕਰਵਾ ਦੇਣਾ, ਉੱਥੇ ਸੰਗਤੀ ਰੂਪ ਵਿਚ ਵੀ ਜੋਦੜੀ ਕਰਾਂਗੇ। ਇਸ ਅਰਦਾਸ ਤੋਂ ਬਾਅਦ, ਗੁਰੂ ਸਾਹਿਬ ਜੀ ਨੇ ਐਸੀ ਕਲਾ ਵਰਤਾਈ ਕਿ ਆਪ ਜੀ ਤੰਦਰੁਸਤ ਹੋ ਗਏ ਅਤੇ ਯਾਦ ਸ਼ਕਤੀ ਵੀ ਵਾਪਿਸ ਆ ਗਈ। ਇਸ ਤੋਂ ਬਾਅਦ ਆਪ ਜੀ ਨੇ 5 ਸਾਲ ਹੋਰ ਬੈਂਕ ਦੀ ਨੌਕਰੀ ਕੀਤੀ ਅਤੇ ਉਸ ਤੋਂ ਤਕਰੀਬਨ 17 ਸਾਲ ਬਾਅਦ ਸਰੀਰ ਛੱਡਿਆ। ਇਹ ਗੁਰੂ ਪਿਆਰਿਆਂ ਵਲੋਂ ਕੀਤੀ ਜੋਦੜੀ ਦੀ ਪ੍ਰਤੱਖ ਕਲਾ ਹੈ ਅਤੇ ਇਸ ਗੁਰਵਾਕ ਨੂੰ ਸਤਿ ਕਰਦਾ ਹੈ। "**ਜਾ ਕਾ ਕਹਿਆ ਦਰਗਹ ਚਲੈ ॥**" ਇਹੋ ਜਿਹੇ ਪੁਰਾਤਨ ਗੁਰਸਿੱਖਾਂ ਦੀ ਨਾਮ ਦੀ ਕਮਾਈ ਅਤੇ ਘਾਲਣਾ ਸਦਕਾ ਹੀ ਸੰਸਾਰ ਚੱਲ ਰਿਹਾ ਹੈ।

ਸੇਵਾ ਮੁਕਤ ਹੋਣ ਤੋਂ ਬਾਅਦ ਆਪ ਜੀ ਸਥਾਨਕ ਗੁਰਦੁਆਰੇ ਕੀਰਤਨ ਦੀ ਸੇਵਾ ਨਿਬਾਉਂਦੇ ਰਹੇ, ਬੇਸ਼ਕ ਸਰੀਰਕ ਕਮਜ਼ੋਰੀ ਅਤੇ ਉਮਰ ਵੱਧਣ ਕਾਰਨ ਬਾਹਰਲੇ ਸਮਾਗਮਾਂ ਤੇ ਨਹੀਂ ਸੀ ਜਾ ਸਕਦੇ। ਫਿਰ ਉਨ੍ਹਾਂ ਦੀ ਅੱਖਾਂ ਦੀ ਰੋਸ਼ਨੀ ਵੀ ਕਮਜ਼ੋਰ ਹੋ ਗਈ ਪਰ ਆਪ ਜੀ ਨੇ ਮੋਟੇ ਪੈੱਨ ਨਾਲ ਗੁਰਬਾਣੀ ਦੇ ਸ਼ਬਦ ਲਿਖਵਾ ਕੇ ਕੀਰਤਨ ਦੀ ਸੇਵਾ ਜਾਰੀ ਰੱਖੀ।

ਅਖ਼ੀਰ ਮਿਤੀ 28 ਜੂਨ 2006 ਨੂੰ ਇਹ ਗੁਰਮੁਖ ਪਿਆਰੀ ਰੂਹ "**ਆਪਿ ਜਪੈ ਅਵਰਹ ਨਾਮੁ ਜਪਾਵੈ**" ਦੀ ਘਾਲ ਘਾਲਦੀ ਹੋਈ ਆਪਣੇ ਪ੍ਰੀਵਾਰ, ਸੰਗੀ ਸਾਥੀਆਂ ਨੂੰ ਵਿਛੋੜਾ ਦੇ ਕੇ ਗੁਰੂ ਚਰਨਾ ਵਿਚ ਜਾ ਬਿਰਾਜੀ। ਉਨ੍ਹਾਂ ਦੇ ਕੀਰਤਨ ਦੀਆਂ ਧੁੰਨੀਆਂ ਅੱਜ ਵੀ ਕੰਨਾਂ ਵਿਚ ਗੂੰਜਦੀਆਂ ਹਨ।



www.AKJ.Org

# ਭਾਈ ਮਹਿੰਦਰ ਸਿੰਘ ਜੀ, ਕਾਲਾ ਸੰਘਾ, ਜ਼ਿਲ੍ਹਾ ਕਪੂਰਥਲਾ

ਭਾਈ ਗੁਰਦੀਪ ਸਿੰਘ, ਸ੍ਰੀ ਅੰਮ੍ਰਿਤਸਰ

ਗੁਰਮਤਿ ਅਸੂਲਾਂ ਦੇ ਪੱਕੇ ਧਾਰਨੀ, ਨਾਮ ਬਾਣੀ ਦੇ ਰਸੀਏ, ਭਾਈ ਮਹਿੰਦਰ ਸਿੰਘ ਜੀ ਦਾ ਜਨਮ ਪਿੰਡ ਜੜ੍ਹਾਂ ਵਾਲਾ ਜ਼ਿਲ੍ਹਾ ਲਾਇਲਪੁਰ, ਪਾਕਿਸਤਾਨ ਵਿਚ ਪਿਤਾ ਸ. ਚੰਨਣ ਸਿੰਘ ਜੀ ਦੇ ਘਰ ਮਾਤਾ ਸੁਰਜੀਤ ਕੌਰ ਜੀ ਦੀ ਕੁਖੋਂ ਸੰਨ 1937 ਵਿਚ ਹੋਇਆ। ਆਪ ਜੀ ਦੇ ਪਿਤਾ ਜੀ ਲਕੜੀ ਦੇ ਕੰਮ ਦੇ ਮਾਹਰ ਕਾਰੀਗਰ ਸਨ ਅਤੇ ਆਮ ਸਿੱਖ ਪ੍ਰੀਵਾਰ ਨਾਲ ਸੰਬੰਧ ਰੱਖਦੇ ਸਨ। ਆਪ ਜੀ ਨੇ ਮੁਢੱਲੀ ਵਿਦਿਆ ਚੌਥੀ ਜਮਾਤ ਤਾਈਂ ਪਾਕਿਸਤਾਨ ਰਹਿੰਦੇ ਸਮੇਂ ਪਿੰਡ ਦੇ ਸਕੂਲ ਤੋਂ ਲਈ ਅਤੇ ਦੇਸ਼ ਦੀ ਵੰਡ ਹੋਣ ਤੋਂ ਬਾਅਦ ਪਿੰਡ ਕਾਲਾ ਸੰਘਾ ਜ਼ਿਲ੍ਹਾ ਕਪੂਰਥਲਾ ਆ ਵਸੇ। ਪਿਤਾ ਜੀ ਨੇ ਇੱਥੇ ਪਹਿਲਾਂ ਮਿਹਨਤ ਮਜ਼ਦੂਰੀ ਦਾ ਕੰਮ ਸ਼ੁਰੂ ਕੀਤਾ ਅਤੇ ਆਪ ਨੇ ਸੰਸਾਰਕ ਵਿਦਿਆ ਛੇਵੀਂ ਤਾਈਂ ਹੀ ਲਈ। ਫਿਰ ਪਿਤਾ ਜੀ ਨਾਲ ਮਿਲ ਕੇ ਖਰਾਦ ਦੀ ਮਸ਼ੀਨ ਲਾ ਲਈ ਤੇ ਹੌਲੀ-ਹੌਲੀ ਜ਼ਿਮੀਦਾਰਾ ਕ੍ਰਿਤ ਨਾਲ ਸੰਬੰਧੀ ਸੰਦਾਂ ਦੀ ਮੁਰੰਮਤ ਲਈ ਸੰਨ 1968 ਵਰਕਸ਼ਾਪ ਸਥਾਪਿਤ ਕਰ ਲਈ। ਇਥੇ ਆਪ ਸਾਰੀ ਆਯੂ ਖਰਾਦਾਂ ਦੀਆਂ ਮਸ਼ੀਨਾਂ ਤੇ ਹੱਥੀ ਕ੍ਰਿਤ ਕਰਦੇ ਰਹੇ ਤੇ ਹੁਣ ਵੀ ਇਹ ਵਰਕਸ਼ਾਪ ਉਨ੍ਹਾਂ ਦਾ ਸਪੁੱਤਰ ਚਲਾ ਰਿਹਾ ਹੈ।

ਆਪ ਜੀ ਨੂੰ ਗੁਰਸਿੱਖੀ ਦੀ ਲਗਨ ਤੇ ਪ੍ਰੇਮ ਮਾਤਾ ਪਿਤਾ ਕੋਲੋਂ ਬਚਪਨ ਤੋਂ ਹੀ ਲੱਗਾ ਹੋਇਆ ਸੀ। ਆਪ ਜੀ ਰਾਧਾ ਸੁਆਮੀਆਂ ਅਤੇ ਨਾਮਧਾਰੀਆਂ ਦੀਆਂ ਧਾਰਮਿਕ ਗਤੀਵਿਧੀਆਂ ਦੇਖਦੇ ਰਹਿੰਦੇ ਸਨ ਪ੍ਰੰਤੂ ਆਪ ਜੀ ਦੀ ਕਿਤੇ ਵੀ ਤਸੱਲੀ ਨਹੀਂ ਹੋਈ। ਆਪ ਜੀ ਕਿਸੇ ਗੁਰਮੁਖ ਰੂਹ ਦੀ ਤਲਾਸ਼ ਵਿਚ ਸਨ ਤਾਂ ਕਿ ਗੁਰੂ ਘਰ ਨਾਲ ਜੁੜ ਕੇ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਕੇ ਨਾਮ ਬਾਣੀ ਦੀ ਕਮਾਈ ਰਾਹੀਂ ਜੀਵਨ ਸਫਲਾ ਕੀਤਾ ਜਾ ਸਕੇ। ਸਭ ਤੋਂ ਪਹਿਲਾਂ ਆਪ ਜੀ ਨੇ ਪਿੰਡ ਦੀ ਧਰਮਸ਼ਾਲਾ (ਗੁਰਦੁਆਰੇ) ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਤੋਂ ਆਏ ਪੰਜਾਂ ਪਿਆਰਿਆਂ ਰਾਹੀਂ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ। ਆਪ ਜੀ ਦੀ ਦੂਰੋਂ ਨੇੜਿਓਂ, ਭਾਈ ਸੇਵਾ ਸਿੰਘ ਜੀ ਗੁਰਾਇਆ ਵਾਲੇ ਜੋ ਜਥੇ ਦੇ ਪ੍ਰਸਿੱਧ ਕੀਰਤਨੀਏ ਸਿੰਘ ਹੋਏ ਹਨ ਨਾਲ ਰਿਸ਼ਤੇਦਾਰੀ ਸੀ। ਉਨ੍ਹਾਂ ਦੀ ਸੰਗਤ ਨਾਲ 1960 ਵਿਚ ਜਥੇ ਦੇ ਇਕ ਅੰਮ੍ਰਿਤ ਸੰਚਾਰ ਸਮਾਗਮ ਤੇ ਪੇਸ਼ ਹੋ ਕੇ ਨਾਮ ਦ੍ਰਿੜ ਕਰਵਾ ਲਿਆ ਅਤੇ ਆਪ ਜੀ ਦਾ ਸ੍ਵਾਸ ਗਰਾਸੀ ਨਾਮ ਅਭਿਆਸ ਐਸਾ ਸਫੁਟ ਹੋਇਆ ਕਿ ਠੱਲਣ ਵਿਚ ਹੀ ਆਵੇ। ਜਦੋਂ ਵੀ ਆਪ ਸੰਗਤ ਵਿਚ ਜਾਂਦੇ ਸਨ ਤਾਂ ਸਿਮਰਨ ਵਿਚ ਐਸੇ ਜੁੜ ਜਾਂਦੇ ਸਨ ਕਿ ਆਪਣਾ ਆਪ ਭੁੱਲ ਕੇ ਬੇਸੁੱਧ ਹੋ ਜਾਂਦੇ ਸਨ। ਕਈ ਵਾਰੀ ਸਟੇਜ ਤੇ ਬੈਠਿਆਂ ਹੀ ਦਸਮ ਦੁਆਰੀ ਖੇਡ ਵਰਤ ਜਾਂਦੀ ਸੀ। ਕਿੰਨਾ-ਕਿੰਨਾਂ ਸਮਾਂ ਆਪ ਕੀਰਤਨੀਆਂ ਦੇ ਪਿੱਛੇ ਛਪਾਲ ਹੀ ਲੰਮੇ ਪਏ ਰਹਿੰਦੇ ਸਨ।

ਆਪ ਜੀ ਖਰਾਦਾਂ ਦਾ ਕੰਮ ਸਿਖਣ ਲਈ ਜਲੰਧਰ ਕੈਂਟ ਜਾਂਦੇ ਸਨ ਤੇ ਵਿਹਲੇ ਸਮੇਂ ਗੁਰਦੁਆਰੇ ਪਾਠ ਕਰਨ ਚਲੇ ਜਾਂਦੇ ਸਨ। ਉੱਥੇ ਆਪ ਜੀ ਦਾ ਮਿਲਾਪ ਜਥੇ ਦੇ ਪੁਰਾਤਨ ਗੁਰਸਿੱਖ ਭਾਈ ਦਰਸ਼ਨ ਸਿੰਘ ਜੀ ਗੜਗੱਜ, ਭਾਈ ਸੰਤੋਖ ਸਿੰਘ ਜੀ ਕਾਕੀ ਪਿੰਡ (ਕੀਰਤਨੀਏ) ਅਤੇ ਭਾਈ ਮੰਗਲ ਸਿੰਘ ਜੀ ਢੁੱਡੀਆ ਪਿੰਡ ਵਾਲਿਆਂ ਨਾਲ ਹੋ ਗਿਆ। ਇੰਨ੍ਹਾਂ ਦੀ ਸੰਗਤ ਨਾਲ ਆਪ ਜੀ ਦੂਰ ਨੇੜੇ ਸਾਰੇ ਲੋਕਲ ਅਤੇ ਕੇਂਦਰੀ ਸਮਾਗਮਾਂ ਦੀ ਹਾਜ਼ਰੀ ਭਰ ਕੇ ਨਾਮ ਬਾਣੀ ਦੇ ਪੂਰੇ ਲਾਹੇ ਲੈਂਦੇ ਸਨ।

ਆਪ ਜੀ ਦਾ ਅਨੰਦ ਕਾਰਜ ਬੀਬੀ ਸੁਰਿੰਦਰ ਕੌਰ ਜੀ ਨਾਲ ਸੰਨ 1970 ਵਿਚ ਹੋਇਆ। ਬੀਬੀ ਜੀ ਦੇ ਮਾਤਾ ਪਿਤਾ ਪਿੰਡ ਬੀਸਲਾ ਨੇੜੇ ਸੂੰਢ (ਬੰਗਾ) ਜ਼ਿਲ੍ਹਾ ਨਵਾਂ ਸ਼ਹਿਰ ਨਾਲ ਸੰਬੰਧ ਰੱਖਦੇ ਸਨ ਤੇ ਬਾਅਦ ਵਿਚ ਟਾਟਾ ਨਗਰ ਜਾ ਕੇ ਵੱਸ ਗਏ ਸਨ। ਬੀਬੀ ਜੀ ਵੀ ਸੇਵਾ ਦੇ ਪੁੰਜ, ਨਿਮਰਤਾ ਦੀ ਮੂਰਤ ਅਤੇ ਆਗਿਆਕਾਰ ਸਨ ਅਤੇ ਆਪ ਜੀ ਨਾਲ ਰਹਿਤ ਬਹਿਤ ਨਿਭਾਉਣ ਲਈ ਪੂਰਾ ਸਾਥ ਦਿੰਦੇ ਰਹੇ। ਆਪ ਜੀ ਦੇ ਘਰ ਇਕ ਲੜਕੇ ਅਤੇ ਦੋ ਲੜਕੀਆਂ ਨੇ ਜਨਮ ਲਿਆ ਜੋ ਕਿ ਆਪ ਵਾਂਗ ਗੁਰਸਿੱਖੀ ਵਿਚ ਪ੍ਰਪੱਕ, ਰਹਿਤ ਬਹਿਤ ਦੇ ਧਾਰਨੀ ਹਨ। ਬੀਬੀ ਜੀ ਮਾਰਚ 1986 ਵਿਚ ਜਲੰਧਰ ਵਿਚ ਸਮਾਗਮ ਦੀ ਹਾਜ਼ਰੀ ਭਰਨ ਗਏ, ਦਿਲ ਦੇ ਦੌਰੇ ਪੈਣ ਕਾਰਨ ਉਥੇ ਹੀ ਗੁਰਪੁਰੀ ਜਾ ਬਿਰਾਜੇ ਸਨ।



www.AKJ.Org

ਅੰਮ੍ਰਿਤ ਛੱਕਣ ਤੋਂ ਹੀ ਆਪ ਜੀ ਨੇ ਸਰਬ ਲੋਹ ਬਿਬੇਕ ਰਹਿਤ ਧਾਰਨ ਕਰ ਲਈ ਸੀ ਤੇ ਇਸ ਰਹਿਤ ਤੇ ਤਾਅ ਜ਼ਿੰਦਗੀ ਦ੍ਰਿੜ੍ਹਤਾ ਨਾਲ ਪਹਿਰਾ ਦਿੱਤਾ। ਆਪ ਜੀ ਦੀ ਉੱਚ ਆਤਮਿਕ ਅਵਸਥਾ ਅਤੇ ਰਹਿਤ-ਬਹਿਤ ਦੇ ਧਾਰਨੀ ਹੋਣ ਕਾਰਨ ਆਪ ਜੀ ਨੂੰ ਅੰਮ੍ਰਿਤ ਸੰਚਾਰ ਸਮਾਗਮ ਸਮੇਂ ਪੰਚਾਂ ਦੀ ਸੇਵਾ ਵਿਚ ਲਿਆ ਜਾਂਦਾ ਸੀ। ਇਸ ਸੇਵਾ ਆਪ ਜੀ ਨੇ ਆਪਣੀ ਆਯੂ ਦੇ ਅੰਤ ਤਾਈਂ ਨਿਭਾ ਕੇ ਬੇਅੰਤ ਪ੍ਰਾਣੀਆਂ ਨੂੰ ਗੁਰੂ ਦੇ ਲੜ ਲਾਇਆ। ਆਪ ਜੀ ਨੇ ਕੀਰਤਨ ਕਰਨਾ ਵੀ ਸਿੱਖ ਲਿਆ ਸੀ ਤੇ ਸਿੱਧੀਆਂ ਧਾਰਨਾਂ ਤੇ ਕਈ ਕਈ ਘੰਟੇ ਕੰਠਾਗਰ ਗੁਰਬਾਣੀ ਦਾ ਕੀਰਤਨ ਬੜੇ ਚੜਦੇ ਰੰਗਾਂ ਵਿਚ ਕਰਦੇ ਰਹਿੰਦੇ ਸਨ। ਆਪ ਜੀ ਸ਼ੁੱਧ ਗੁਰਬਾਣੀ ਦੇ ਤਕੜੇ ਅਖੰਡ ਪਾਠੀ ਵੀ ਸਨ। ਆਪ ਜੀ ਲੰਗਰ ਸਜਾਉਣ ਦੀ ਸੇਵਾ ਵੀ ਸੁਚਜੇ ਢੰਗ ਨਾਲ ਨਿਭਾਉਂਦੇ ਸਨ ਤੇ ਅਣਥੱਕ ਸੇਵਾਦਾਰ ਸਨ। ਦੇਗ ਸਜਾਉਣ ਦੀ ਆਪ ਖਾਸ ਮੁਹਾਰਤ ਰੱਖਦੇ ਸਨ ਜੋ ਕਿ ਪੂਰੀ ਸਾਵਧਾਨੀ ਅਤੇ ਰਹਿਤ ਮਰਿਯਾਦਾ ਅਨੁਸਾਰ ਸਰਬ ਲੋਹ ਦੇ ਜਲ ਨਾਲ ਹੀ ਤਿਆਰ ਕਰਦੇ ਸਨ। ਆਮ ਟੂਟੀਆਂ ਜਾਂ ਨਲਕਿਆਂ ਦਾ ਜਲ ਦੇਗ ਲਈ ਨਹੀਂ ਸਨ ਵਰਤਦੇ ਭਾਵੇਂ ਕਿਤਨੀ ਵੀ ਖੇਚਲ ਸਹਾਰਨੀ ਪਵੇ। ਇਹ ਸਾਰੀਆਂ ਸੇਵਾਵਾਂ ਆਪ ਜੀ ਨਿਰਬਾਣ ਤੇ ਨਿਸ਼ਕਾਮ ਰਹਿ ਕੇ ਹੀ ਨਿਭਾਉਂਦੇ ਰਹੇ।

ਆਪ ਜੀ ਇਕ ਸੁਚੇ ਸੁੱਚੇ ਕ੍ਰਿਤੀ ਸਿੱਖ ਸਨ। ਸਭ ਤੋਂ ਪਹਿਲਾਂ ਅੰਮ੍ਰਿਤ ਵੇਲੇ ਦੀ ਨਾਮ, ਅਭਿਆਸ ਨਿਤਨੇਮ ਦੀ ਕਾਰ ਕਰਕੇ ਗੁਰਦੁਆਰੇ ਜਾ ਕੇ ਗੁਰੂ ਸਾਹਿਬ ਜੀ ਦੇ ਦਰਸ਼ਨ ਕਰਨੇ ਤੇ ਸੰਗਤ ਵਿਚ ਨਾਮ ਗੁਰਬਾਣੀ ਦੇ ਲਾਹੇ ਲੈਣ ਦੀ ਸੁਕ੍ਰਿਤ ਕਾਰ ਕਰਨੀ। ਫਿਰ ਨਾਸ਼ਤਾ ਕਰਕੇ ਸਵੇਰੇ 9 ਵਜੇ ਤੋਂ ਸ਼ਾਮ 6-7 ਵਜੇ ਤਾਈਂ ਲਗਾਤਾਰ 9-10 ਘੰਟੇ ਖਰਾਦਾਂ ਦੀਆਂ ਮਸ਼ੀਨਾਂ ਤੇ ਖੜੋ ਕੇ ਕੰਮ ਕਰਨਾ। ਸ਼ਾਮ ਨੂੰ ਘਰ ਆ ਕੇ ਨਹਾ ਧੋ ਕੇ, ਸੋ ਦਰੁ ਦਾ ਪਾਠ ਕਰਨਾ, ਗੁਰਦੁਆਰੇ ਹਾਜ਼ਰੀ ਭਰਨੀ ਤੇ ਫਿਰ ਪ੍ਰਸ਼ਾਦਾ ਛੱਕ ਕੇ ਆਰਾਮ ਕਰਨਾ। ਇਸ ਤਰ੍ਹਾਂ ਉਹ ਸਾਰਾ ਦਿਨ ਬਿਖਮ ਘਾਲਣਾ ਘਾਲਦੇ ਸਨ। ਦੁਨਿਆਵੀ ਕਾਰ ਕਰਦਿਆਂ ਹਿਰਦੇ ਅੰਦਰ ਸਵਾਸ ਗਿਰਾਸੀ ਨਾਮ ਅਭਿਆਸੀ ਖੰਡਾ ਖੜਕਾਉਂਦੇ ਅਤੇ ਇਸ ਗੁਰਵਾਕ ਤੇ ਪਹਿਰਾ ਦਿੰਦੇ ਰਹੇ "**ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸਮਾਲਿ॥ ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ ॥**" (ਪੰਨਾ ੧੩੭੬) ਇਸ ਕਾਰ ਵਿਹਾਰ ਨੂੰ ਕੇਵਲ ਗੁਜਾਰੇ ਮਾਤਰ ਜ਼ਿੰਦਗੀ ਦੇ ਨਿਰਬਾਹ ਲਈ ਰੱਖਿਆ ਤੇ ਕੋਈ ਮਾਇਆ ਨਹੀਂ ਇਕੱਠੀ ਕੀਤੀ। ਦਸਵੰਧ ਕੱਢ ਕੇ ਧਰਮ ਕਾਰਜਾਂ ਤੇ ਖਰਚ ਕੇ ਆਪਣੀ ਕ੍ਰਿਤ ਨੂੰ ਸੁਫਲਾ ਕਰਦੇ ਸਨ। **ਆਪ ਪਰਾਏ ਧਨ ਨੂੰ ਹੱਥ ਲਾਉਣ ਅਤੇ ਝੂਠ ਬੋਲ ਕੇ ਟੈਕਸਾਂ ਦੀ ਚੋਰੀ ਨਾਲ ਇਕਤਰ ਕੀਤੀ ਮਾਇਆ ਨਾਲ ਪ੍ਰਾਪਤ ਕੀਤੇ ਪਦਾਰਥ ਖਾਣ ਤੋਂ ਬੱਚ ਕੇ ਰਹਿਣ ਲਈ ਖਾਸ ਧਿਆਨ ਰੱਖਦੇ ਸਨ। ਇਕ ਵਾਰੀ ਕਿਸੇ ਧਰਮ ਕਾਰਜ ਲਈ ਕੁਝ ਸਿੰਘਾਂ ਨਾਲ ਇਕ ਤਕੜੇ ਕਾਰੋਬਾਰੀ ਸਿੰਘ ਦੇ ਘਰ ਜੰਮੂ ਗਏ। ਉੱਥੇ ਉਨ੍ਹਾਂ ਪ੍ਰਾਹੁਣਚਾਰੀ ਤੌਰ 'ਤੇ ਕਈ ਤਰ੍ਹਾਂ ਦੇ ਫਲ, ਮੇਵੇ ਆਦਿ ਸਿੰਘਾਂ ਦੇ ਛੱਕਣ ਲਈ ਪਰੋਸੇ। ਆਪ ਜੀ ਨੇ ਸਿੰਘਾਂ ਨੂੰ ਸੰਬੋਧਨ ਹੋ ਕਿ ਕਿਹਾ ਕਿ ਦੂਜਿਆਂ ਦਾ ਹੱਕ ਅਤੇ ਚੋਰੀ ਠੱਗੀ ਮਾਰ ਕੇ ਇਕੱਤਰ ਕੀਤੀ ਮਾਇਆ ਆਈ ਹੈ। ਹੁਣ ਇਸ ਤੋਂ ਬਚਿਓ। ਉਸ ਸਿੰਘ ਦਾ ਦਿਲ ਰੱਖਣ ਲਈ ਕਿਣਕਾ-ਕਿਣਕਾ ਹੀ ਅੰਗੀਕਾਰ ਕਰਿਓ ਤੇ ਪੇਟ ਭਰ ਕੇ ਨਾ ਛਕਿਓ, ਕਿਉਂ ਕਿ ਇਨ੍ਹਾਂ ਪਦਾਰਥਾ ਨੂੰ ਛੱਕਣ ਨਾਲ ਤੁਹਾਡੀ ਸੁਰਤੀ ਬਿਰਤੀ ਉਖੜ ਜਾਵੇਗੀ।**

ਆਪ ਜੀ ਨੂੰ ਪਿਛਲੇ ਸਮੇਂ ਅੰਦਰ ਹੋਏ ਸਿੱਖ ਖਾੜਕੂ ਸੰਘਰਸ਼ ਦੌਰਾਨ ਪੁਲਿਸ ਦੇ ਤਸ਼ੱਦਦ ਦਾ ਸ਼ਿਕਾਰ ਵੀ ਹੋਣਾ ਪਿਆ। ਆਪਣੇ ਇਲਾਕੇ ਵਿਚ ਜਥੇ ਦੇ ਮੁਖੀ ਸਿੰਘ ਹੋਣ ਕਰਕੇ ਆਪ ਜੀ ਨੂੰ ਅਕਸਰ ਠਾਣੇ ਬੁਲਾ ਕੇ ਪੁੱਛ ਗਿੱਛ ਕੀਤੀ ਜਾਂਦੀ ਰਹੀ ਤੇ ਕਈ ਵਾਰ ਇਨ੍ਹਾਂ ਦੇ ਸਰੀਰ ਤੇ ਤਸ਼ੱਦਦ ਕਰਕੇ ਪੁਲਿਸ ਵਲੋਂ ਜਾਣਕਾਰੀ ਲੈਣ ਦੀ ਕੋਸ਼ਿਸ਼ ਵੀ ਕੀਤੀ ਜਾਂਦੀ ਸੀ। ਆਪ ਜੀ ਨੂੰ ਕਈ-ਕਈ ਦਿਨ ਠਾਣੇ ਅੰਦਰ ਬੰਦ ਰੱਖਿਆ ਜਾਂਦਾ ਸੀ ਅਤੇ ਆਪ ਗੁਰੂ ਦੀ ਬਖਸ਼ੀ ਹੋਈ ਰਹਿਤ ਨੂੰ ਨਿਭਾਉਣ ਖਾਤਰ ਭੁੱਖੇ ਭਾਣੇ ਰਹਿ ਕੇ ਨਾਮ ਬਾਣੀ ਦੇ ਆਸਰੇ ਇਹ ਸਭ ਕੁਝ ਨੂੰ ਜਰਦੇ ਹੋਏ ਅਡੋਲ ਰਹਿੰਦੇ ਰਹੇ। ਕਦੇ ਵੀ ਅਨਮੱਤੀਆ ਹੱਥੋਂ ਜਲ ਜਾਂ ਪ੍ਰਸ਼ਾਦਾ ਨਹੀਂ ਛਕਿਆ। ਇਸ ਬਿਖੜੇ ਸਮੇਂ ਕਈ ਵਾਰ ਆਪ ਜੀ



www.AKJ.Org

ਨਾਲ ਪੁਲਿਸ ਅਫਸਰਾਂ ਵਲੋਂ ਜਬਰਦਸਤੀ ਕਰਨ ਦੀ ਕੋਸ਼ਿਸ਼ ਵੀ ਕੀਤੀ ਜਾਂਦੀ ਪ੍ਰੰਤੂ ਆਪ ਜੀ ਗੁਰੂ ਸਾਹਿਬ ਅੱਗੇ ਕੀਤੀ ਅਰਦਾਸ ਸਦਕਾ ਸਭ ਕੁਝ ਜਰ ਲੈਂਦੇ ਰਹੇ ਅਤੇ ਆਪਣਾ ਸਿਖੀ ਸਿਦਕ ਹਮੇਸ਼ਾ ਕਾਇਮ ਰੱਖਿਆ।

ਇਸ ਸਮੇਂ ਦੌਰਾਨ ਆਪ ਆਪਣੇ ਆਪ ਨੂੰ ਹਰ ਵੇਲੇ ਗ੍ਰਿਫਤਾਰੀ ਲਈ ਤਿਆਰ ਹੀ ਰੱਖਦੇ ਸਨ। ਇਲਾਕੇ ਦੇ ਪੁਲਿਸ ਅਫਸਰ ਨੂੰ ਕਿਹਾ ਕਰਦੇ ਸਨ ਕਿ ਜਦੋਂ ਜੀਅ ਚਾਹੇ ਆ ਕੇ ਪਕੜ ਲੈਣਾ, ਖ਼ਾਲਸਾ ਹਰ ਵੇਲੇ ਤਿਆਰ ਹੈ।

ਆਪਣੇ ਪਿੰਡ ਦੇ ਨਜ਼ਦੀਕ ਇਕ ਗੁਰਦੁਆਰਾ ਟਾਮੀ ਸਾਹਿਬ ਵਿਖੇ ਆਪ ਜੀ ਨੇ ਤਕਰੀਬਨ 20 ਸਾਲ ਪ੍ਰੇਮ ਅਤੇ ਸ਼ਰਧਾ ਭਾਵਨਾ ਨਾਲ ਸੇਵਾ ਕੀਤੀ। ਉੱਥੇ ਕੋਈ ਗ੍ਰੰਥੀ ਸਿੰਘ ਨਹੀਂ ਸੀ। ਆਪ ਜੀ ਨੇ ਦੋਨੋਂ ਵੇਲੇ ਗੁਰੂ ਸਾਹਿਬ ਜੀ ਦੀ ਸੇਵਾ ਸੰਭਾਲ ਇਕ ਨਿਸ਼ਕਾਮ ਸੇਵਾਦਾਰ ਵਜੋਂ ਨਿਬਾਹੀ। ਸੰਗਤਾਂ ਦੇ ਸਹਿਯੋਗ ਨਾਲ ਗੁਰਦੁਆਰੇ ਦੀ ਸੁੰਦਰ ਇਮਾਰਤ ਵੀ ਤਿਆਰ ਕਰਵਾਈ। ਸੰਨ 1986 ਵਿਚ ਪਿੰਡ ਵਿਚ ਹੀ ਸਥਿਤ ਸੰਤ ਹੀਰਾ ਸਿੰਘ ਕਾਲਜ ਦੀ ਸਥਾਪਤੀ ਵਿਚ ਵੀ ਆਪਣਾ ਯੋਗਦਾਨ ਪਾਇਆ। ਆਪ ਜੀ ਜ਼ਿਆਦਾ ਗੁਪਤ ਹੀ ਵਰਤਦੇ ਸਨ। ਕੋਈ ਵਿਖਾਵਾ ਜਾਂ ਉਚੇਚ ਨਹੀਂ ਕਰਦੇ ਸਨ। ਆਪ ਸ਼ਹੀਦ ਸਿੰਘਾਂ ਦੇ ਪ੍ਰੀਵਾਰਾਂ ਤੇ ਰਹਿਤ ਦੇ ਪੱਕੇ ਧਾਰਨੀ ਸਿੰਘਾਂ ਦਾ ਬਹੁਤ ਸਤਿਕਾਰ ਕਰਦੇ ਸਨ ਅਤੇ ਉਨ੍ਹਾਂ ਨੂੰ ਦਸਵੇਂ ਪਾਤਸ਼ਾਹ ਦਾ ਰੂਪ ਕਰਕੇ ਹੀ ਜਾਣਦੇ ਸਨ।

ਆਪ ਜੀ ਵੱਲੋਂ ਰੋਜਾਨਾ ਮਰਾ ਜ਼ਿੰਦਗੀ ਵਿਚ ਘਾਲੀ ਸਖ਼ਤ ਮਿਹਨਤ ਅਤੇ ਸਰਬ ਲੋਹ ਰਹਿਤ ਕਰਕੇ ਖਾਧੀ ਨਰੋਈ ਖੁਰਾਕ ਕਾਰਨ ਸਾਰੀ ਜ਼ਿੰਦਗੀ ਕੋਈ ਬੀਮਾਰੀ ਆਪ ਜੀ ਦੇ ਨੇੜੇ ਨਹੀਂ ਢੁੱਕੀ। ਸਾਰੀ ਸਾਰੀ ਰਾਤ ਇਕੋ ਚੌਂਕੜੇ ਵਿਚ ਬੈਠ ਕੇ ਕੀਰਤਨ ਸ੍ਵਣ ਕਰਦੇ ਰਹਿੰਦੇ ਸਨ। ਸਰੀਰ ਬਹੁਤ ਹੀ ਹਲਕਾ ਤੇ ਚੁਸਤ ਫੁਸਤ ਸੀ। ਆਲਸ ਤਾਂ ਉਨ੍ਹਾਂ ਦੇ ਨੇੜੇ ਵੀ ਨਹੀਂ ਸੀ ਢੁੱਕਦਾ। ਅਖ਼ੀਰ ਵਿਚ ਉਨ੍ਹਾਂ ਦੇ ਦਿਮਾਗ ਵਿਚ ਖ਼ੂਨ ਦਾ ਕਲੌਟ ਬਣਨ ਕਰਕੇ ਸਿਹਤ ਢਿੱਲੀ ਰਹਿਣ ਲਗ ਪਈ। ਨਾਮ ਬਾਣੀ ਅਤੇ ਸਿਮਰਨ ਦਾ ਨਿਰੰਤਰ ਪ੍ਰਵਾਹ ਆਪ ਜੀ ਦਾ ਉਸੇ ਤਰ੍ਹਾਂ ਚਲਦਾ ਰਿਹਾ ਤੇ ਸੁਰਤੀ-ਬਿਰਤੀ ਵੀ ਕਾਇਮ ਰਹੀ। ਆਪ ਜੀ ਨੇ ਬਿਮਾਰ ਹੋਣ ਤੋਂ ਪਹਿਲਾਂ ਇਕ ਅੰਮ੍ਰਿਤ ਸੰਚਾਰ ਸਮਾਗਮ ਵਿਚ ਸ਼ਾਮਿਲ ਹੋਣ ਦੀ ਪ੍ਰਵਾਨਗੀ ਦਿੱਤੀ ਸੀ। ਉਹ ਸੇਵਾ ਆਪ ਜੀ ਨੇ ਬੀਮਾਰੀ ਦੀ ਹਾਲਤ ਵਿਚ ਵੀ ਨਿਬਾਹ ਕੇ ਦਿੱਤੇ ਬਚਨ ਤੇ ਪਹਿਰਾ ਦਿੱਤਾ ਕਿਉਂਕਿ ਆਪ ਜੀ ਕੀਤੇ ਬਚਨ ਨੂੰ ਪੂਰਾ ਨਿਭਾਉਣ ਦੇ ਦ੍ਰਿੜ੍ਹ ਮੁੱਦਈ ਸਨ। ਫਿਰ ਆਪ ਜੀ ਦੀ ਸਿਹਤ ਜ਼ਿਆਦਾ ਢਿੱਲੀ ਰਹਿਣ ਕਰਕੇ ਆਪ ਜੀ ਨੂੰ ਕੁਝ ਚਿਰ ਜਲੰਧਰ ਹਸਪਤਾਲ ਵਿਚ ਦਾਖਲ ਕੀਤਾ ਗਿਆ ਜਿੱਥੇ ਆਪ ਜੀ ਨੇ ਰੋਮਾਂ ਦੀ ਬੇਅਦਬੀ ਹੋ ਜਾਣ ਤੋਂ ਬੱਚਣ ਲਈ ਦਿਮਾਗ ਦੇ ਅਪਰੇਸ਼ਨ ਕਰਵਾਉਣ ਤੋਂ ਨਾਂਹ ਕਰ ਦਿੱਤੀ। ਇਸ ਸਮੇਂ ਪਿੰਡ ਗਰਚਾ ਨਵਾਂ ਸ਼ਹਿਰ ਇਕ ਸਿੰਘ ਦੇ ਘਰ ਆਪ ਜੀ ਦੀ ਦੇਹ ਅਰੋਗਤਾ ਲਈ ਸ੍ਰੀ ਅਖੰਡ ਪਾਠ ਸਾਹਿਬ ਵੀ ਕੀਤਾ ਗਿਆ ਜਿਸ ਵਿਚ ਆਪ ਜੀ ਨੇ ਬੀਮਾਰੀ ਦੀ ਹਾਲਤ ਵਿਚ ਵੀ ਹਾਜ਼ਰੀ ਭਰੀ। ਫਿਰ ਜ਼ਿਆਦਾ ਸਿਹਤ ਵਿਗੜਨ ਕਾਰਨ ਗਰਚੇ ਪਿੰਡ ਤੋਂ ਐਮਰਜੈਂਸੀ ਹਾਲਤ ਵਿਚ ਹੀ ਨਵਾਂ ਸ਼ਹਿਰ ਵਿਚ ਹੀ ਹਸਪਤਾਲ ਦਾਖਲ ਕਰਵਾਉਣਾ ਪਿਆ। ਆਪ ਜੀ ਮਿਤੀ 15 ਮਈ 2013 ਨੂੰ ਹਸਪਤਾਲ ਵਿਚ ਹੀ ਗੁਰੂ-ਗੁਰੂ ਜਪਦੇ ਆਪਣੀ ਜੀਵਨ ਯਾਤਰਾ ਸਫਲ ਕਰਦੇ ਹੋਏ ਗੁਰੂ ਚਰਨਾਂ ਵਿਚ ਜਾ ਬਿਰਾਜੇ।

# ਡਾਕਟਰ ਭਾਈ ਦਲਬੀਰ ਸਿੰਘ ਜੀ, ਦਿੱਲੀ

ਭਾਈ ਗੁਰਦੀਪ ਸਿੰਘ, ਸ੍ਰੀ ਅੰਮ੍ਰਿਤਸਰ

ਅਖੰਡ ਕੀਰਤਨੀ ਜਥੇ ਵਿਚ ਹੋਮਿਓਪੈਥਿਕ ਦਵਾਈਆਂ ਦੇ ਮਸ਼ਹੂਰ ਡਾਕਟਰ, ਲੋੜਵੰਦਾਂ ਦੀ ਮੁਫਤ ਦਵਾਈ ਨਾਲ ਸੇਵਾ ਕਰਨ ਵਾਲੇ, ਸੰਗਤਾਂ ਦੇ ਅਤਿ ਪਿਆਰ ਵਾਲੇ ਡਾਕਟਰ ਦਲਬੀਰ ਸਿੰਘ ਜੀ ਦਾ ਜਨਮ ਮਿਤੀ 7 ਜੁਲਾਈ 1932 ਨੂੰ ਪਿੰਡ ਬਾਠ ਨੇੜੇ ਗੁਰੂ ਕਾ ਬਾਗ ਜ਼ਿਲ੍ਹਾ ਅੰਮ੍ਰਿਤਸਰ (ਪੰਜਾਬ) ਵਿਚ ਸ. ਕਰਮ ਸਿੰਘ ਅਤੇ ਬੀਬੀ ਸੁਰਜੀਤ



www.AKJ.Org

ਕੌਰ ਜੀ ਦੇ ਘਰ ਹੋਇਆ। ਪਿਤਾ ਜੀ ਪਿੰਡ ਖੇਤੀਬਾੜੀ ਦਾ ਕੰਮ ਕਰਦੇ ਸਨ ਤੇ ਆਮ ਪੇਂਡੂ ਸਧਾਰਨ ਸਿੱਖ ਸਨ। ਕੁਝ ਚਿਰ ਬਾਅਦ ਪਿਤਾ ਜੀ ਲਾਇਲਪੁਰ ਦੀ ਬਾਰ ਵਿਚ ਸਰਗੋਧੇ ਜਾ ਟਿਕੇ ਅਤੇ ਉੱਥੇ ਹੀ ਖੇਤੀਬਾੜੀ ਦਾ ਕੰਮ ਕਰਨ ਲਗ ਪਏ। ਮੁੱਢਲੀ ਵਿਦਿਆ ਪ੍ਰਾਇਮਰੀ ਤਾਈਂ ਪਿੰਡ ਦੇ ਸਕੂਲ ਤੋਂ ਹੀ ਕੀਤੀ। ਫਿਰ ਦਸਵੀਂ ਸਰਗੋਧੇ ਹਾਈ ਸਕੂਲ ਤੋਂ ਕੀਤੀ। 1947 ਵਿਚ ਦੇਸ਼ ਦੀ ਵੰਡ ਤੋਂ ਬਾਅਦ ਫਿਰ ਪਿੰਡ ਆ ਗਏ। ਪਹਿਲਾਂ ਗਿਆਨੀ ਦਾ ਕੋਰਸ ਪਾਸ ਕੀਤਾ। 1948 ਵਿਚ ਆਪ ਜੀ ਭਾਰਤੀ ਫੌਜ ਵਿਚ ਅਧਿਆਪਕ ਦੀ ਨੌਕਰੀ ਕਰਨ ਲਗ ਪਏ। ਇਹ ਨੌਕਰੀ 2 ਸਾਲ ਕਰਨ ਤੋਂ ਬਾਅਦ ਆਪ ਜੀ ਸੰਨ 1950 ਵਿਚ ਭਾਰਤੀ ਹਵਾਈ ਫੌਜ ਵਿਚ ਭਰਤੀ ਹੋ ਗਏ। ਇਸ ਨੌਕਰੀ ਦੌਰਾਨ ਆਪ ਨੇ ਬੀ.ਏ. ਦੀ ਡਿਗਰੀ ਵੀ ਪ੍ਰਾਪਤ ਕੀਤੀ ਤੇ ਫਿਰ ਇੰਜਨੀਅਰਿੰਗ ਦਾ ਕੋਰਸ ਪਾਸ ਕਰ ਲਿਆ। ਆਪ ਜੀ ਭਾਰਤੀ ਹਵਾਈ ਫੌਜ ਦੀ ਨੌਕਰੀ ਸਮੇਂ ਵੱਖ-ਵੱਖ ਸਟੇਸ਼ਨਾਂ ਤੇ ਤਾਇਨਾਤ ਰਹੇ। ਸਭ ਤੋਂ ਪਹਿਲਾਂ ਗੁੜਗਾਉਂ, ਫਿਰ ਜਾਮ ਨਗਰ, ਪੂਨਾ, ਹਿੰਡਨ, ਅੰਬਾਲਾ ਕੈਂਟ ਤੇ ਪਾਲਮ, ਨਵੀਂ ਦਿੱਲੀ ਆਦਿ। ਸੰਨ 1966 ਵਿਚ ਦੋ ਸਾਲ ਆਪ ਉੱਤਰ ਪੂਰਬੀ ਪ੍ਰਾਤਾਂ ਵਿਚ ਵੀ ਰਹੇ। ਆਪ ਜੀ ਨੇ ਅੰਬਾਲਾ ਕੈਂਟ ਰਹਿੰਦੇ ਸਮੇਂ ਸੰਨ 1962 ਦੀ ਚੀਨ ਨਾਲ ਅਤੇ ਫਿਰ ਸੰਨ 1965 ਤੇ 1971 ਦੀਆਂ ਪਾਕਿਸਤਾਨ ਨਾਲ ਲੜਾਈਆਂ ਵਿਚ ਵੀ ਹਿੱਸਾ ਲਿਆ। ਆਪ ਜੀ ਸਕੂਲ ਦੀ ਪੜ੍ਹਾਈ ਤੇ ਫੌਜ ਦੀ ਨੌਕਰੀ ਦੌਰਾਨ ਹਾਕੀ ਤੇ ਫੁੱਟਬਾਲ ਦੇ ਤਕੜੇ ਖਿਡਾਰੀ ਵੀ ਰਹੇ। ਆਪ ਜੀ ਦਾ ਕੱਦ ਕਾਫੀ ਲੰਬਾ ਤੇ ਬੜਾ ਨਰੋਆ ਸਰੀਰ ਸੀ। ਸਿਹਤ ਤਾਅ ਜ਼ਿੰਦਗੀ ਰਿਸ਼ਟ ਪੁਸ਼ਟ ਰਹੀ ਹੈ।

ਆਪ ਜੀ ਦਾ ਅਨੰਦ-ਕਾਰਜ ਸਰਗੋਧਾ ਨਿਵਾਸੀ ਬੀਬੀ ਜੋਗਿੰਦਰ ਕੌਰ ਜੀ ਨਾਲ ਸੰਨ 1957 ਵਿਚ ਹੋਇਆ। ਬੀਬੀ ਜੀ ਆਪ ਸਧਾਰਨ ਸਿੱਖ ਘਰਾਣੇ ਵਿਚੋਂ ਸਨ ਤੇ ਗੁਰੂ ਘਰ ਦੇ ਸ਼ਰਧਾਲੂ ਪ੍ਰੇਮੀ ਸਨ। ਬੀਬੀ ਜੀ ਬੜੇ ਆਗਿਆਕਾਰ ਤੇ ਸੇਵਾ ਦੇ ਪੁੰਜ ਸਨ। ਜਥੇ ਦੇ ਸਮਾਗਮਾਂ ਖ਼ਾਸ ਕਰ ਦਿੱਲੀ ਸਮਾਗਮ ਤੇ ਡਾਕਟਰ ਸਾਹਿਬ ਨਾਲ ਰਲ ਕੇ ਸਮਾਗਮ ਅਸਥਾਨ ਤੇ ਹੀ ਰਹਿ ਕੇ ਲੰਗਰ ਦੇ ਸੇਵਾ ਨਿਭਾਉਂਦੇ ਸਨ। ਸੇਵਾ ਕਰਦੇ ਕਦੇ ਵੀ ਅਕੱਦੇ ਥੱਕਦੇ ਨਹੀਂ ਸਨ ਤੇ ਨਿਮਰਤਾ ਦੀ ਮੂਰਤ ਸਨ।

ਆਪ ਜੀ ਸ਼ੁਰੂ ਤੋਂ ਹੀ ਬੜੇ ਕੋਮਲ ਦਿਲ ਤੇ ਗੁਰੂ ਦੀ ਭੈ ਭਾਵਨੀ ਵਿਚ ਵਿਚਰਨ ਵਾਲੇ ਸਨ। ਇਕ ਵਾਰ ਫੌਜ ਵਿਚ ਕਿਸੇ ਨੇ ਆਪ ਨੂੰ ਸ਼ਰਾਬ ਪਿਲਾ ਦਿੱਤੀ ਪਰ ਆਪ ਨੇ ਉਸ ਵੇਲੇ ਹੀ ਉਲਟੀ ਕਰ ਦਿੱਤੀ। ਇਹ ਭੈੜੀ ਵਸਤੂ ਆਪ ਦੇ ਅੰਦਰ ਠਹਿਰ ਨਾ ਸਕੀ। ਫੌਜ ਵਿਚ ਨੌਕਰੀ ਸ਼ੁਰੂ ਕਰਨ ਸਮੇਂ ਆਪ ਜੀ ਨੇ ਪਹਿਲਾਂ ਅੰਮ੍ਰਿਤ ਛੱਕ ਲਿਆ ਸੀ। ਫਿਰ ਪੂਰਬਲੇ ਸੰਜੋਗਾਂ ਅਨੁਸਾਰ ਆਪ ਜੀ ਦੀ ਬਦਲੀ ਅੰਬਾਲੇ ਹੋ ਗਈ। ਉੱਥੇ ਆਪ ਜੀ ਦੇ ਮੇਲ ਜਥੇ ਦਾ ਪੁਰਾਤਨ ਪਰ-ਉਪਕਾਰੀ ਗੁਰਸਿੱਖ ਭਾਈ ਜਗਤ ਸਿੰਘ (ਤੇਜਿੰਦਰ ਸਿੰਘ ਚੰਡੀਗੜ੍ਹ ਅੱਜ ਕੱਲ ਨਿਊਜ਼ੀਲੈਂਡ) ਨਾਲ ਹੋ ਗਿਆ। ਉਨ੍ਹਾਂ ਦੀ ਸੰਗਤ ਤੇ ਪ੍ਰੇਰਨਾ ਸਦਕਾ ਸੰਨ 1960 ਵਿਚ ਬ੍ਰੇਲੀ ਵਿਖੇ ਦੁਸ਼ਹਿਰਾ ਸਮਾਗਮ ਤੇ ਪ੍ਰੀਵਾਰ ਸਮੇਤ ਅੰਮ੍ਰਿਤ ਛੱਕ ਕੇ ਤਿਆਰ-ਬਰ-ਤਿਆਰ ਸਿੰਘ ਸੱਜ ਗਏ। ਉਸ ਸਾਲ ਪੰਜਾਬੀ ਸੂਬੇ ਲਈ ਮੋਰਚਾ ਲੱਗਾ ਹੋਣ ਕਾਰਨ ਅਤੇ ਪੁਲਿਸ ਵਲੋਂ ਸਿੱਖਾਂ ਤੇ ਕੀਤੀ ਜਾਂਦੀ ਕਰੜਾਈ ਕਰਕੇ ਦਿੱਲੀ ਦਾ ਦੁਸਹਿਰਾ ਸਮਾਗਮ ਬਰੇਲੀ ਵਿਚ ਹੋਇਆ ਸੀ। ਸਤਿਕਾਰਯੋਗ ਪੂਰਨ ਦਾਰ ਜੀ ਉਸ ਵੇਲੇ ਉੱਥੇ ਹੀ ਨੌਕਰੀ ਕਰਦੇ ਸਨ। ਅੰਮ੍ਰਿਤ ਛੱਕਣ ਤੋਂ ਬਾਅਦ ਆਪ ਜਿੱਥੇ ਨਾਮ ਬਾਣੀ ਦੀ ਅਤੁੱਟ ਕਮਾਈ ਕਰਨ ਲੱਗ ਪਏ ਉੱਥੇ ਸਰਬਲੋਹ ਬਿਬੇਕ ਦੇ ਪੱਕੇ ਧਾਰਨੀ ਵੀ ਹੋ ਗਏ। ਇਹ ਰਹਿਤ ਬਹਿਤ ਉਨ੍ਹਾਂ ਨੇ ਫੌਜੀ ਦੀ ਨੌਕਰੀ ਦੌਰਾਨ ਬਹੁਤ ਦ੍ਰਿੜ੍ਹਤਾ ਨਾਲ ਨਿਭਾਈ।

ਪਾਲਮ (ਨਵੀਂ ਦਿੱਲੀ) ਨਿਯੁਕਤੀ ਸਮੇਂ ਆਪ ਜੀ ਦਾ ਮਿਲਾਪ ਭਾਈ ਰਾਮ ਸਿੰਘ ਜੀ ਜਥੇਦਾਰ ਸਾਹਿਬ, ਭਾਈ ਪ੍ਰੀਤ ਸਿੰਘ ਜੀ ਅਤੇ ਹੋਰ ਦਿੱਲੀ ਨਿਵਾਸੀ ਪੁਰਾਤਨ ਗੁਰਸਿੱਖਾਂ ਨਾਲ ਹੋ ਗਿਆ ਅਤੇ ਆਪ ਨੇ ਲੋਕਲ ਹਫਤਾਵਾਰੀ ਅਤੇ ਕੇਂਦਰੀ ਸਮਾਗਮਾਂ ਦੀ ਹਾਜ਼ਰੀ ਭਰ ਕੇ ਨਾਮ ਬਾਣੀ ਅਤੇ ਸੰਗਤਾਂ ਦੀ ਸੇਵਾ ਦੇ ਖ਼ੂਬ ਲਾਹੇ ਲਏ। ਜਥੇਦਾਰ ਸਾਹਿਬ ਜੀ ਨਾਲ ਅਜਿਹੀਆਂ ਪ੍ਰੇਮ ਗੰਢਾਂ ਪਈਆਂ ਕਿ ਅਖੀਰਲੇ ਸਵਾਸਾਂ ਤਾਈਂ ਤੋੜ ਨਿਭੀਆ। ਜਥੇਦਾਰ ਸਾਹਿਬ ਜੀ ਦੀ


www.AKJ.Org

ਸੰਗਤ ਕਰਕੇ ਆਪ ਜੀ ਦਾ ਬਾਊ ਮਲ ਸਿੰਘ ਜੀ ਨਾਲ ਵੀ ਅਤਿ ਗੂੜ੍ਹਾ ਸੰਬੰਧ ਬਣ ਗਿਆ। ਇਸੇ ਤਰ੍ਹਾਂ ਡਾ. ਸੁਰਿੰਦਰ ਸਿੰਘ ਜੀ ਨਾਲ ਵੀ ਸੰਪਰਕ ਬਣ ਗਿਆ। ਏਅਰ ਫੋਰਸ ਦੀ ਨੌਕਰੀ ਵਿਚੋਂ ਸੇਵਾ ਮੁਕਤ ਹੋਣ ਤੋਂ ਬਾਅਦ ਆਪ ਜੀ ਨੇ ਬਾਊ ਜੀ ਅਰਦਾਸ ਤੇ ਪ੍ਰੇਰਨਾ ਨਾਲ ਹੀ ਡਾਕਟਰ ਸੁਰਿੰਦਰ ਸਿੰਘ ਜੀ ਕੋਲੋਂ ਹੋਮਿਓਪੈਥੀ ਦੀਆਂ ਦਵਾਈਆਂ ਦੀ ਸਿੱਖਿਆ ਲਈ। ਫਿਰ ਹੌਲੀ-ਹੌਲੀ ਹੋਮਿਓਪੈਥੀ ਦੀਆਂ ਕਿਤਾਬਾਂ ਪੜ੍ਹ ਕੇ ਇਸ ਕਿੱਤੇ ਦੇ ਮਾਹਰ ਡਾਕਟਰ ਬਣ ਗਏ। ਜਥੇ ਦੇ ਬਹੁਤ ਸਾਰੇ ਸਿੰਘ ਆਪ ਜੀ ਕੋਲੋਂ ਦਵਾਈ ਲੈ ਕੇ ਇਲਾਜ ਕਰਵਾਉਂਦੇ ਸਨ, ਖਾਸ ਕਰ ਬੀਬੀ ਭੁਪਿੰਦਰ ਕੌਰ ਜੀ ਸਿੰਘਣੀ ਭਾਈ ਸੂਰਤ ਸਿੰਘ (ਪੂਰਨ ਦਾਰ ਜੀ) ਜੋ ਅੰਗਰੇਜ਼ੀ ਦਵਾਈਆਂ ਦੀ ਬਜਾਏ ਕੇਵਲ ਹੋਮਿਓਪੈਥੀ ਦੀ ਦਵਾਈ ਹੀ ਵਰਤਦੇ ਸਨ। ਅਪ੍ਰੈਲ 1982 ਵਿਚ ਉਨ੍ਹਾਂ ਦੇ ਦੋਨੋਂ ਬੱਚਿਆਂ ਦੇ ਚੜ੍ਹਾਈ ਕਰਨ ਸਮੇਂ ਬੀਬੀ ਜੀ ਨੂੰ ਡਿਪਰੇਸ਼ਨ ਤੋਂ ਕੱਢਣ ਲਈ ਆਪ ਜੀ ਨੇ ਖਾਸ ਤੌਰ 'ਤੇ ਉਨ੍ਹਾਂ ਕੋਲ ਰਹਿ ਕੇ ਦਵਾਈਆਂ ਦਿੱਤੀਆਂ। ਆਪ ਜੀ ਹਰ ਮਹੀਨੇ ਸ੍ਰੀ ਅੰਮ੍ਰਿਤਸਰ, ਜਲੰਧਰ, ਲੁਧਿਆਣੇ ਦਾ ਦੌਰਾ ਕਰਕੇ ਬਹੁਤ ਸਾਰੇ ਮਰੀਜਾਂ ਨੂੰ ਚੈੱਕ ਕਰਦੇ ਤੇ ਦਵਾਈਆਂ ਦਿੰਦੇ। ਦਵਾਈ ਦੀ ਵੀ ਲਾਗਤ ਕੀਮਤ ਹੀ ਲੈਂਦੇ ਸਨ ਤੇ ਲੋੜਵੰਦਾਂ ਦਾ ਮੁਫਤ ਇਲਾਜ ਵੀ ਕਰ ਦਿੰਦੇ ਸਨ। ਇਸ ਕਿੱਤੇ ਨੂੰ ਉਨ੍ਹਾਂ ਮਾਇਆ ਇਕੱਤਰ ਕਰਨ ਦੇ ਸਾਧਨ ਵਜੋਂ ਨਹੀਂ ਵਰਤਿਆ ਸਗੋਂ ਆਮ ਲੋਕਾਈ ਦੀ ਸੇਵਾ ਵਜੋਂ ਹੀ ਵਰਤਿਆ।

ਸੇਵਾ ਮੁਕਤੀ ਤੋਂ ਬਾਅਦ ਆਪ ਜੀ ਨੇ ਨਵੀਂ ਦਿੱਲੀ ਉੱਤਮ ਨਗਰ ਵਿਚ ਆਪਣਾ ਮਕਾਨ ਬਣਾ ਕੇ ਰਿਹਾਇਸ ਰੱਖ ਲਈ ਸੀ। ਨਵੰਬਰ 1984 ਵਿਚ ਉਸ ਵੇਲੇ ਦੇ ਪ੍ਰਧਾਨ ਮੰਤਰੀ ਦੇ ਕਤਲ ਤੋਂ ਬਾਅਦ ਦਿੱਲੀ ਵਿਚ ਸਿੱਖਾਂ ਦੀ ਹੋਈ ਕਤਲੋਗਾਰਦ ਵੇਲੇ ਬੁਰਛਾਗਰਦੀ ਕਰਨ ਵੇਲੇ ਆਪ ਜੀ ਦੇ ਘਰ ਵੀ ਆ ਗਏ। ਭਾਈ ਪ੍ਰੀਤ ਸਿੰਘ ਜੀ ਵੀ ਇੰਨ੍ਹਾਂ ਦੇ ਗੁਆਂਢ ਹੀ ਰਹਿੰਦੇ ਸਨ। ਪ੍ਰੰਤੂ ਕੁਝ ਕਾਰਨਾਂ ਕਰਕੇ ਆਪਸ ਵਿਚ ਕੋਈ ਸੰਪਰਕ ਨਹੀਂ ਸੀ। ਇਸ ਕਤਲੋ ਗਾਰਤ ਵਿਚ ਜਿਆਦਾਤਰ ਝੁੱਗੀ ਝੋਪੜੀਆਂ ਵਾਲੇ ਇਲਾਕੇ ਤੋਂ ਬਾਹਰ ਦੇ ਲੋਕ ਹੀ ਸ਼ਾਮਿਲ ਹੋਏ ਸਨ। ਉੱਤਮ ਨਗਰ ਵਿਚ ਵੱਸਦੇ ਸਿੱਖ ਪ੍ਰੀਵਾਰਾਂ ਵਿਚੋਂ ਬਹੁਤ ਸਾਰੇ ਸਿੱਖ, ਫਸਾਦੀਆਂ ਨੇ ਸ਼ਹੀਦ ਕਰ ਦਿੱਤੇ, ਜਿੰਨ੍ਹਾਂ ਵਿਚ ਇਕ ਸਿੰਘ ਭਾਈ ਦਰਸ਼ਨ ਸਿੰਘ ਜੀ ਵੀ ਸ਼ਾਮਿਲ ਸੀ ਜੋ ਕਿ ਭਾਈ ਪ੍ਰੀਤ ਸਿੰਘ ਜੀ ਦੇ ਗ੍ਰਹਿ ਰੱਖੇ ਸ੍ਰੀ ਅਖੰਡ ਪਾਠ ਦੀ ਸੇਵਾ ਕਰਕੇ ਗੁਰਦੁਆਰਾ ਸਾਹਿਬ ਜੀ ਦੀ ਰੱਖਿਆ ਲਈ ਸ਼ਹੀਦ ਹੋਇਆ ਸੀ। ਇੰਨ੍ਹਾਂ ਦੋਹਾਂ ਪ੍ਰੀਵਾਰਾਂ ਦੀ ਆਂਢ-ਗੁਆਂਢ ਦੇ ਹਿੰਦੂ ਪ੍ਰੀਵਾਰਾਂ ਵਿਚ ਬਹੁਤ ਲੋਕ ਪ੍ਰਿਅਤਾ ਸੀ। ਭਾਈ ਪ੍ਰੀਤ ਸਿੰਘ ਜੀ ਤੇ ਉਨ੍ਹਾਂ ਦੇ ਪ੍ਰੀਵਾਰ ਨੂੰ ਇਕ ਗੁਆਂਢੀ ਹਿੰਦੂ ਪ੍ਰੀਵਾਰ ਨੇ ਪਨਾਹ ਦਿੱਤੀ ਹੋਈ ਸੀ। ਉਹ ਆਪਣੇ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਵੀ ਆਪਣੇ ਘਰੋਂ ਨਾਲ ਲੈ ਕੇ ਗਏ ਸਨ। ਦੂਸਰੇ ਪਾਸੇ ਇਕ ਹੋਰ ਗੁਆਂਢੀ ਹਿੰਦੂ ਪ੍ਰੀਵਾਰ ਨੇ ਡਾਕਟਰ ਸਾਹਿਬ ਜੀ ਨੂੰ ਆਪਣੇ ਘਰ ਰੱਖਿਆ ਹੋਇਆ ਸੀ। ਉਨ੍ਹਾਂ ਦੀ ਸਿੰਘਣੀ ਤੇ ਬੱਚੀ ਘਰ ਵਿਚ ਹੀ ਸੀ। ਜਦੋਂ ਕੁਝ ਦੰਗਾਕਾਰੀ ਡਾਕਟਰ ਸਾਹਿਬ ਨੂੰ ਲੱਭਣ ਲਈ ਘਰ ਆਏ ਤੇ ਮਾਤਾ ਜੀ ਨੇ ਬੁਲੰਦ ਆਵਾਜ਼ ਵਿਚ ਉਨ੍ਹਾਂ ਕਿਹਾ ਕਿ ਤੁਸੀਂ ਅਜੇ ਖੂਨ ਪੀ ਕੇ ਰੱਜੇ ਨਹੀਂ ਅਤੇ ਦੱਸਿਆ ਕਿ ਡਾਕਟਰ ਸਾਹਿਬ ਘਰ ਨਹੀਂ ਹਨ। ਫਿਰ ਉਹ ਲੋਕ ਕਹਿੰਦੇ ਹੋਏ ਵਾਪਿਸ ਚਲੇ ਗਏ ਕਿ ਅਸੀਂ ਵਾਪਿਸ ਆ ਕੇ ਕੋਈ ਵੀ ਸਿੱਖ ਜੀਉਂਦਾ ਨਹੀਂ ਛਡਾਂਗੇ।

2 ਨਵੰਬਰ 1984 ਸਵੇਰੇ ਭਾਈ ਪ੍ਰੀਤ ਸਿੰਘ ਜੀ ਦੇ ਦੋ ਹਿੰਦੂ ਭਰਾ ਸਕੂਟਰਾਂ ਤੇ ਉਨ੍ਹਾਂ ਦਾ ਪਤਾ ਲੈਣ ਆਏ। ਉਸ ਵੇਲੇ ਉਨ੍ਹਾਂ ਦੀ ਸਿੰਘਣੀ ਅਤੇ ਬੱਚੀਆਂ ਆਪਣੇ ਘਰ ਆਈਆਂ ਹੋਈਆਂ ਸਨ। ਉਨ੍ਹਾਂ ਤੋਂ ਆਪਣੇ ਭਰਾ ਦੀ ਰਾਜੀ ਖੁਸ਼ੀ ਪੁੱਛ ਕੇ, ਉਹ ਦੋਨੋਂ ਜਣੇ ਇਕ ਬੱਚੇ ਅਤੇ ਇਕ ਬੱਚੀ ਨੂੰ ਸਕੂਟਰਾਂ ਤੇ ਬਿਠਾ ਕੇ ਆਪਦੇ ਘਰ ਤਿਲਕ ਨਗਰ ਲੈ ਗਏ। ਫਿਰ 10-15 ਮਿੰਟ ਬਾਅਦ ਇਕ ਜੀਪ ਲੈ ਕੇ ਆਏ, ਜਿਸ ਵਿਚ ਗੁਰੂ ਸਾਹਿਬ ਜੀ ਦੇ ਸਰੂਪ, ਭਾਈ ਪ੍ਰੀਤ ਸਿੰਘ ਜੀ ਤੇ ਬਾਕੀ ਪ੍ਰੀਵਾਰ ਨੂੰ ਇਥੋਂ ਕੱਢ ਕੇ ਆਪਣੇ ਘਰ ਲੈ ਗਏ। ਉਨ੍ਹਾਂ ਭਾਈ ਪ੍ਰੀਤ ਸਿੰਘ ਜੀ ਨੂੰ ਪੁੱਛਿਆ ਕਿ ਕਿਸੇ ਹੋਰ ਸਿੱਖ ਪ੍ਰੀਵਾਰ ਨੂੰ ਤਾਂ ਨਹੀਂ ਉਥੋਂ ਕੱਢਣਾ। ਉਸ ਵੇਲੇ ਭਾਈ ਪ੍ਰੀਤ ਸਿੰਘ ਜੀ ਨੇ ਡਾਕਟਰ ਸਾਹਿਬ ਅਤੇ ਉਨ੍ਹਾਂ ਦੇ ਪ੍ਰੀਵਾਰ ਨੂੰ ਲੈ ਆਉਣ ਲਈ ਕਿਹਾ। ਤਿਲਕ ਨਗਰ ਆਪਣੇ ਭਰਾਵਾਂ ਦੇ ਘਰ ਇਕ ਕਮਰੇ ਵਿਚ ਉਨ੍ਹਾਂ ਗੁਰੂ ਸਾਹਿਬ



www.AKJ.Org

ਜੀ ਦਾ ਪ੍ਰਕਾਸ਼ ਕਰ ਲਿਆ ਤੇ ਭਾਈ ਦਰਸ਼ਨ ਸਿੰਘ ਜੀ ਜੋ ਗੁਰਦੁਆਰੇ ਦੀ ਰੱਖਿਆ ਕਰਦੇ ਫਸਾਦੀਆਂ ਹੱਥੋਂ ਸ਼ਹੀਦ ਹੋਏ ਸਨ, ਨਮਿੱਤ ਸਹਿਜ ਪਾਠ ਆਰੰਭ ਕਰ ਲਿਆ। ਉਥੇ ਇਕੱਠੇ ਹੋਣ ਤੇ ਦੂਸਰੇ ਦਿਨ ਅੰਮ੍ਰਿਤ ਵੇਲੇ ਤੋਂ ਬਾਅਦ ਡਾਕਟਰ ਸਾਹਿਬ ਨੇ ਭਾਈ ਪ੍ਰੀਤ ਸਿੰਘ ਜੀ ਨੂੰ ਕਿਹਾ ਕਿ ਹੁਣ ਆਪਣਾ ਨਵਾਂ ਜਨਮ ਹੋਇਆ ਹੈ। ਅੱਜ ਤੋਂ ਬਾਅਦ ਅਸਾਂ ਪੁਰਾਣੇ ਗਿਲੇ-ਸ਼ਿਕਵੇ ਭੁੱਲ ਕੇ ਰਲ ਮਿਲ ਕੇ ਚਲਾਂਗੇ। ਇਹ ਦੋਨੋਂ ਪ੍ਰੀਵਾਰ ਤਕਰੀਬਨ ਦੋ ਹਫਤੇ ਤਿਲਕ ਨਗਰ ਭਾਈ ਪ੍ਰੀਤ ਸਿੰਘ ਜੀ ਦੇ ਪਰਉਪਕਾਰੀ ਹਿੰਦੂ ਭਰਾਵਾਂ ਦੇ ਘਰ ਇਕੱਠੇ ਰਹੇ ਜਿਸ ਲਈ ਭਾਈ ਦਰਸ਼ਨ ਸਿੰਘ (ਭਰਾ ਜੀ) ਨੇ ਖ਼ਾਸ ਤੌਰ 'ਤੇ ਉਨ੍ਹਾਂ ਦਾ ਘਰ ਜਾ ਕੇ ਧੰਨਵਾਦ ਕੀਤਾ।

ਸਿੱਖ ਸੰਘਰਸ਼ ਦੌਰਾਨ, ਜਥੇ ਦੇ ਕਈ ਪ੍ਰੀਵਾਰਾਂ ਵਲੋਂ ਸੰਘਰਸ਼ ਵਿਚ ਰੂਪੋਸ਼ ਹੋ ਕੇ ਵਿਚਰਦੇ ਸਿੰਘਾਂ ਦੀ ਲੰਗਰ ਪਾਣੀ ਦੀ ਸੇਵਾ ਕਰਨ ਕਰਕੇ ਅਤੇ ਦਿੱਲੀ ਦੀ ਮੁਖੀ ਸਿੰਘ ਹੋਣ ਕਰਕੇ ਆਪ ਜੀ ਨੂੰ ਪੁਲਿਸ ਵਲੋਂ ਪ੍ਰੇਸ਼ਾਨ ਵੀ ਕੀਤਾ ਜਾਂਦਾ ਰਿਹਾ ਹੈ। ਕਈ ਵਾਰ ਥਾਣੇ ਲੈ ਜਾ ਕੇ ਪੁਲਿਸ ਅਤੇ ਸੀ.ਬੀ.ਆਈ. ਵਾਲੇ ਪੁੱਛ-ਗਿੱਛ ਕਰਦੇ ਰਹਿੰਦੇ ਸਨ। ਸੀ.ਆਈ.ਡੀ. ਵਾਲੇ ਵੀ ਪਿੱਛਾ ਕਰਦੇ ਰਹਿੰਦੇ ਸਨ, ਪਰ ਆਪ ਨੇ ਸੱਚ ਦੇ ਮਾਰਗ ਚਲਦਿਆਂ ਕਦੇ ਪ੍ਰਵਾਹ ਨਹੀਂ ਕੀਤੀ।

ਮਾਸਟਰ ਹਰਬੰਸ ਸਿੰਘ ਜੀ ਦੇ ਚੜ੍ਹਾਈ ਕਰਨ ਪਿੱਛੋਂ ਆਪ ਜੀ ਨੂੰ ਦਿੱਲੀ ਜਥੇ ਦੇ ਮੁਖੀ ਦੀ ਸੇਵਾ ਸੰਭਾਲੀ ਗਈ ਜੋ ਆਪ ਜੀ ਨੇ ਸੰਗਤਾਂ ਦੇ ਸਹਿਯੋਗ ਨਾਲ ਬਾ-ਖੂਬੀ ਨਿਭਾਈ। ਹਰ ਐਤਵਾਰ ਲੋਕਲ ਸਮਾਗਮ ਸਮੇਂ ਸ੍ਰੀ ਆਸਾ ਕੀ ਵਾਰ ਦੇ ਕੀਰਤਨ ਆਰੰਭ ਕਰਾਉਣ ਦੇ ਸੇਵਾ ਵੀ ਨਿਭਾਉਂਦੇ ਰਹੇ। ਸੰਗਤਾਂ ਲਈ ਦੇਗ ਅਤੇ ਲੰਗਰ ਦੀ ਸੇਵਾ ਹੋਰ ਨੌਜਵਾਨਾਂ ਦੀ ਸਹਾਇਤਾ ਨਾਲ ਆਪਣੀ ਨਿਗਰਾਨੀ ਹੇਠ ਕਰਵਾਉਂਦੇ ਸਨ। ਦਿੱਲੀ ਦੇ ਦੁਸਹਿਰੇ ਸਮਾਗਮ ਵੇਲੇ ਆਰੰਭ ਤੋਂ ਲੈ ਕੇ ਸਮਾਪਤੀ ਤਾਈਂ ਲੰਗਰ ਦੀ ਸੇਵਾ ਆਪ ਖਲੋ ਕੇ ਕਰਵਾਉਂਦੇ ਤੇ ਸੰਗਤਾਂ ਦੀ ਹਰ ਸਹੂਲਤ ਦਾ ਧਿਆਨ ਰੱਖਦੇ। ਇਹ ਸੇਵਾ ਉਨ੍ਹਾਂ ਆਪਣੇ ਆਖਰੀ ਦਮ ਤਾਈਂ ਨਿਬਾਹੀ। ਆਪ ਤਕੜੇ ਅਖੰਡ ਪਾਠੀ ਵੀ ਸਨ ਤੇ ਦਿੱਲੀ ਦੇ ਦੂਰ-ਦੂਰ ਇਲਾਕਿਆ ਵਿਚ ਭਾਈ ਜੋਧ ਸਿੰਘ ਅਤੇ ਹੋਰ ਪਾਠੀ ਸਿੰਘਾਂ ਨਾਲ ਮਿਲ ਕੇ ਇਹ ਸੇਵਾ ਵੀ ਨਿਭਾਉਂਦੇ ਰਹੇ। ਆਪ ਜੀ ਦੀ ਨਾਮ ਬਾਣੀ ਦੀ ਉੱਚੀ ਸੁੱਚੀ ਕਰਣੀ, ਰਹਿਤ ਬਹਿਤ ਦੇ ਪੱਕੇ ਧਾਰਨੀ ਹੋਣ ਕਾਰਨ ਪੰਚਾਂ ਦੇ ਸੇਵਾ ਵਿਚ ਵੀ ਆਪ ਨੂੰ ਲਿਆ ਜਾਂਦਾ ਸੀ। ਜਥੇਦਾਰ ਭਾਈ ਰਾਮ ਸਿੰਘ ਜੀ ਅਤੇ ਪੂਰਨ ਦਾਰ ਜੀ ਨਾਲ ਮਿਲ ਕੇ, ਆਪ ਜੀ ਨੇ ਇਹ ਸੇਵਾ ਬਹੁਤ ਲੰਬਾ ਚਿਰ ਨਿਬਾਹੀ। ਆਪ ਜੀ ਸਾਰੀਆਂ ਸੇਵਾਵਾਂ ਨਿਰਬਾਣ ਤੇ ਨਿਸ਼ਕਾਮ ਸੇਵਕ ਵਜੋਂ ਹੀ ਕਰਦੇ ਸਨ। ਆਪਣਾ ਆਪ ਜਣਾਉਣ ਜਾਂ ਵਿਖਾਵਾ ਕਰਨ ਦੀ ਚੇਸ਼ਟਾ ਲੇਸ ਮਾਤਰ ਵੀ ਨੇੜੇ ਨਹੀਂ ਫੱਟਕਣ ਦਿੱਤੀ। ਗੁਰਬਾਣੀ ਦੇ ਸਤਿਕਾਰ ਵਜੋਂ ਆਪ ਜੀ ਨੇ ਕਈ ਰਜਿਸਟਰ ਗੁਰ ਮੰਤਰ ਵਾਹਿਗੁਰੂ-ਵਾਹਿਗੁਰੂ ਲਿਖ ਕੇ ਭਰੇ ਹੋਏ ਸਨ।

ਆਪ ਜੀ ਦੀ ਇਕਲੌਤੀ ਬੱਚੀ ਮਨਜੀਤ ਕੌਰ ਵੀ ਆਪ ਦੇ ਪੂਰਨਿਆਂ ਤੇ ਚੱਲਦੀ ਹੋਈ ਰਹਿਤ ਬਹਿਤ ਦੀ ਧਾਰਨੀ, ਕੀਰਤਨੀ, ਅਖੰਡ ਪਾਠੀ ਤੇ ਦੈਵੀ ਗੁਣਾ ਨਾਲ ਸ਼ਿੰਗਾਰੀ ਹੋਈ ਹੈ। ਆਪ ਜੀ ਦੇ ਦਾਮਾਦ ਭਾਈ ਨਿਰੰਜਨ ਸਿੰਘ ਜੀ ਵੀ ਉੱਚੀ ਸੁੱਚੀ ਸਖ਼ਸ਼ੀਅਤ ਦੇ ਮਾਲਕ ਹਨ ਅਤੇ ਹਰ ਵੇਲੇ ਸੇਵਾ ਵਿਚ ਤਤਪਰ ਰਹਿੰਦੇ ਹਨ। ਆਪ ਜੀ ਦੀ ਸਿਹਤ ਉਮਰ ਭਰ ਰਿਸ਼ਟ-ਪੁਸ਼ਟ ਰਹੀ। ਸਰਬ ਲੋਹ ਦੀ ਰਹਿਤ ਕਾਰਨ ਨਰੋਈ ਅਤੇ ਪੌਸਟਿਕ ਖੁਰਾਕ ਖਾਂਦੇ ਸਨ। ਸੈਰ ਅਤੇ ਕਸਰਤ ਵੀ ਜ਼ਿੰਦਗੀ ਦਾ ਹਿੱਸਾ ਬਣਾਇਆ ਹੋਇਆ ਸੀ ਪਰ ਜਦੋਂ ਅੰਤਮ ਸਮਾਂ ਆਉਂਦਾ ਤਾਂ ਕੋਈ ਨਾ ਕੋਈ ਬਹਾਨਾ ਬਣ ਜਾਂਦਾ ਹੈ। ਸੰਨ 2014 ਦੇ ਦਿੱਲੀ ਦੁਸ਼ਹਿਰਾ ਸਮਾਗਮ ਦੀ ਸਮਾਪਤੀ ਤੋਂ ਬਾਅਦ ਸਾਰਿਆਂ ਨੂੰ ਮਿਲ ਕੇ ਗਏ। ਘਰ ਜਾ ਕੇ ਥਕਾਵਟ ਅਤੇ ਸਰੀਰ ਨਿਰਬਲ ਹੋਣ ਕਾਰਨ ਸਿਹਤ ਵਿਗੜ ਗਈ ਪਰ ਆਪਣਾ ਇਲਾਜ ਆਪ ਹੀ ਕਰਦੇ ਰਹੇ। ਫਿਰ ਜ਼ਿਆਦਾ ਸਿਹਤ ਵਿਗੜਨ ਕਾਰਨ ਹਸਪਤਾਲ ਦਾਖਲ ਕੀਤਾ ਗਿਆ। ਉੱਥੇ ਹੀ ਮਿਤੀ 4 ਅਕਤੂਬਰ 2014 ਨੂੰ ਪੰਚ ਭੂਤਕ ਸਰੀਰਕ ਚੋਲਾ ਤਿਆਗ ਕੇ ਗੁਰੂ ਚਰਨਾਂ ਵਿਚ ਜਾ ਬਿਰਾਜੇ ਤੇ ਆਪਣਾ ਜੀਵਨ ਸਫਲ ਕਰ ਗਏ।


www.AKJ.Org

# ਮਾਸਟਰ ਜਸਵੰਤ ਸਿੰਘ ਜੀ, ਸ੍ਰੀ ਅੰਮ੍ਰਿਤਸਰ

ਭਾਈ ਗੁਰਦੀਪ ਸਿੰਘ ਸ੍ਰੀ ਅੰਮ੍ਰਿਤਸਰ

ਸੂਰਾ ਮਾਸਿਕ ਪੱਤਰ ਦੇ ਬਾਨੀ ਐਡੀਟਰ, ਗੁਰਬਾਣੀ ਵਿਆਕਰਣ ਅਤੇ ਉਚਾਰਨ, ਫਾਰਸੀ ਭਾਸ਼ਾ ਦੇ ਗੂੜ੍ਹ ਗਿਆਨੀ, ਸਰਬਲੋਹ ਰਹਿਤ ਦੇ ਪੱਕੇ ਧਾਰਨੀ, ਮਾਸਟਰ ਜਸਵੰਤ ਸਿੰਘ ਜੀ ਦਾ ਜਨਮ ਮਿਤੀ 15 ਸਤੰਬਰ 1928 ਨੂੰ ਪਿੰਡ ਗੋਜਰਾ ਜ਼ਿਲ੍ਹਾ ਲਾਇਲਪੁਰ (ਪਾਕਿਸਤਾਨ) ਵਿੱਚ ਸਰਦਾਰ ਸੱਜਣ ਸਿੰਘ ਅਤੇ ਮਾਤਾ ਬੀਬੀ ਭਗਵੰਤ ਕੌਰ ਜੀ ਦੇ ਘਰ ਹੋਇਆ। ਇਨ੍ਹਾਂ ਦੇ ਮਾਤਾ ਜੀ ਪਾਕਿਸਤਾਨ ਵਿੱਚ ਹੀ ਇਨ੍ਹਾਂ ਦੀ ਛੋਟੀ ਉਮਰ ਵਿੱਚ ਹੀ ਚੜ੍ਹਾਈ ਕਰ ਗਏ ਸਨ। ਇਨ੍ਹਾਂ ਦੇ ਪਿਤਾ ਜੀ ਪਿੰਡ ਦੇ ਗੁਰਦੁਆਰੇ ਵਿੱਚ ਗ੍ਰੰਥੀ ਦੀ ਸੇਵਾ ਨਿਬਾਹੁੰਦੇ ਸਨ ਤੇ ਇਨ੍ਹਾਂ ਨੂੰ ਗੁਰਸਿੱਖੀ ਦੀ ਦਾਤ ਬਚਪਨ ਵਿੱਚ ਆਪਣੇ ਘਰੋਂ ਹੀ ਮਿਲ ਗਈ ਸੀ। ਗੁਰਬਾਣੀ ਦੇ ਪਾਠ ਦੀ ਸੰਥਿਆ ਵੀ ਪਿਤਾ ਜੀ ਪਾਸੋਂ ਬਚਪਨ ਵਿਚ ਹੀ ਲੈ ਲਈ। ਆਪ ਜੀ ਨੇ ਆਪਣੀ ਮੁੱਢਲੀ ਵਿਦਿਆ, ਦਸਵੀਂ ਤਾਈਂ, ਪਿੰਡ ਦੇ ਸਕੂਲ ਤੋਂ ਲਈ। ਉਸ ਵੇਲੇ ਸਕੂਲਾਂ ਵਿੱਚ ਉਰਦੂ ਤੇ ਫਾਰਸੀ ਪੜ੍ਹਾਈ ਜਾਣ ਕਰਕੇ ਆਪ ਫ਼ਾਰਸੀ ਭਾਸ਼ਾ ਦੇ ਚੰਗੇ ਗਿਆਤਾ ਬਣ ਗਏ। ਦੇਸ਼ ਦੀ ਵੰਡ ਤੋਂ ਪਹਿਲਾਂ ਇਨ੍ਹਾਂ ਗਿਆਨੀ ਦਾ ਕੋਰਸ ਵੀ ਪਾਸ ਕਰ ਲਿਆ ਸੀ। ਪਾਕਿਸਤਾਨ ਬਣਨ ਪਿੱਛੋਂ ਆਪ ਪਰਿਵਾਰ ਸਮੇਤ ਸ੍ਰੀ ਅੰਮ੍ਰਿਤਸਰ ਆ ਗਏ ਅਤੇ ਚੀਲ ਮੰਡੀ ਵਿਖੇ ਰਿਹਾਇਸ਼ ਰੱਖ ਲਈ।

1949 ਈ. ਵਿੱਚ ਆਪ ਜੀ ਦੀ ਸ਼ਾਦੀ ਬੀਬੀ ਵਿੱਦਿਆ ਵੰਤੀ ਦਿੱਲੀ ਨਿਵਾਸੀ ਨਾਲ ਹੋਈ ਜੋ ਕਿ ਹਿੰਦੂ ਸਹਿਜਧਾਰੀ ਪਰਿਵਾਰ ਨਾਲ ਸੰਬੰਧ ਰੱਖਦੇ ਸਨ। ਅੰਮ੍ਰਿਤ ਛਕਣ ਤੋਂ ਬਾਅਦ ਉਨ੍ਹਾਂ ਦਾ ਨਾਮ ਬੀਬੀ ਮਨਜੀਤ ਕੌਰ ਉਰਫ ਮਨਧੀਰ ਕੌਰ ਹੋ ਗਿਆ। ਇਸ ਸਮੇਂ ਦੌਰਾਨ ਹੀ ਆਪ ਜੀ ਨੇ ਸਰਕਾਰੀ ਜੂਨੀਅਰ ਬੇਸਿਕ ਟਰੇਨਿੰਗ ਸੈਂਟਰ ਜਗਰਾਉਂ ਤੋਂ ਜੇ. ਬੀ. ਟੀ. ਦਾ ਕੋਰਸ ਪਾਸ ਕਰ ਲਿਆ ਤੇ ਸ੍ਰੀ ਅੰਮ੍ਰਿਤਸਰ ਰਾਮਗੜ੍ਹੀਆ ਹਾਇਰ ਸੈਕੰਡਰੀ ਸਕੂਲ ਟਾਊਨ ਹਾਲ ਵਿੱਚ ਬਤੌਰ ਪੰਜਾਬੀ ਅਧਿਆਪਕ ਦੀ ਨੌਕਰੀ ਸ਼ੁਰੂ ਕਰ ਲਈ। ਧਾਰਮਿਕ ਰੁਚੀ ਅਤੇ ਗੁਰਬਾਣੀ ਦਾ ਬੋਧ ਹੋਣ ਕਾਰਨ, ਆਪ ਬੱਚਿਆਂ ਨੂੰ ਧਾਰਮਿਕ ਵਿੱਦਿਆ ਵੀ ਦਿੰਦੇ ਸਨ। ਹਰ ਮਹੀਨੇ ਸੰਗਰਾਂਦ ਤੇ ਬਾਰਹਮਾਹ ਵਿੱਚੋਂ ਸਬੰਧਤ ਮਹੀਨੇ ਦੀ ਵਿਆਖਿਆ ਕਰਕੇ ਵੀ ਸੁਣਾਉਂਦੇ ਹੁੰਦੇ ਸਨ। ਆਪਣੀ ਨੌਕਰੀ ਦੇ ਨਾਲ ਨਾਲ, ਆਪ ਜੀ ਨੇ ਪ੍ਰਾਈਵੇਟ ਤੌਰ ਤੇ ਉੱਚ ਵਿਦਿਆ ਦੀ ਪ੍ਰਾਪਤੀ ਵੀ ਜਾਰੀ ਰੱਖੀ। 1954 ਵਿੱਚ ਬੀ.ਏ.ਤੇ ਫਿਰ 1959 ਵਿੱਚ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਬੀ. ਟੀ. ਦਾ ਕੋਰਸ ਪਾਸ ਕਰ ਲਿਆ। ਕੁਝ ਸਮਾਂ ਆਪ ਜੀ ਨੇ ਗੌਰਮਿੰਟ ਹਾਈ ਸਕੂਲ, ਹੇਅਰ, ਜ਼ਿਲ੍ਹਾ ਸ੍ਰੀ ਅੰਮ੍ਰਿਤਸਰ ਵਿੱਚ ਵੀ ਨੌਕਰੀ ਕੀਤੀ ਪਰ ਸ਼ਹਿਰ ਤੋਂ ਦੂਰ ਹੋਣ ਕਾਰਨ, ਉੱਥੋਂ ਨੌਕਰੀ ਛੱਡ ਕੇ ਫਿਰ ਸ੍ਰੀ ਅੰਮ੍ਰਿਤਸਰ ਹੀ ਰਾਮਗੜ੍ਹੀਆ ਸਕੂਲ ਵਿੱਚ ਆ ਲੱਗੇ ਤੇ ਰਿਟਾਇਰਮੈਂਟ ਹੋਣ ਤੱਕ ਇੱਥੇ ਹੀ ਨੌਕਰੀ ਕਰਦੇ ਰਹੇ।

ਭਾਈ ਇੰਦਰਜੀਤ ਸਿੰਘ ਜੀ ਕਿਰਪਾਨਾਂ ਵਾਲੇ ਇਨ੍ਹਾਂ ਦੇ ਵਿਦਿਆਰਥੀ ਸਨ ਅਤੇ ਆਪਣੇ ਪਿਤਾ ਭਾਈ ਗੋਪਾਲ ਸਿੰਘ ਜੀ ਤੇ ਭਾਈ ਨਿਰੰਜਨ ਸਿੰਘ ਜੀ, ਮਸੀਤ ਵਾਲੇ ਗੁਰਦੁਆਰੇ ਦੇ ਮੁੱਖ ਸੇਵਾਦਾਰ, ਦੀ ਸੰਗਤ ਨਾਲ ਬਚਪਨ ਵਿੱਚ ਹੀ ਜਥੇ ਪਾਸੋਂ ਅੰਮ੍ਰਿਤ ਛੱਕ ਕੇ ਤਿਆਰ ਬਰ ਤਿਆਰ ਹੋ ਗਏ ਸਨ। ਜਿਸ ਜਮਾਤ ਵਿੱਚ ਭਾਈ ਇੰਦਰਜੀਤ ਸਿੰਘ ਜੀ ਪੜ੍ਹਦੇ ਸਨ, ਉਸ ਜਮਾਤ ਦੇ ਕਮਰੇ ਹੇਠਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਅਤੇ ਸਕੂਲ ਦਾ ਗੁਰਦੁਆਰਾ ਸੀ। ਭਾਈ ਇੰਦਰਜੀਤ ਸਿੰਘ ਜੀ ਕਲਾਸ ਵਿੱਚ, ਸਤਿਕਾਰ ਵਜੋਂ ਗਰਮੀ ਸਰਦੀ ਵਿੱਚ ਵੀ, ਜੋੜਾ ਲਾਹ ਕੇ ਜਾਂਦੇ ਸਨ। ਮਾਸਟਰ ਜੀ ਨੂੰ ਜਦੋਂ ਇਸ ਗੱਲ ਦਾ ਪਤਾ ਲੱਗਾ ਤਾਂ ਉਨ੍ਹਾਂ ਨੇ ਵੀ ਉਸ ਜਮਾਤ ਦਾ ਆਪਣਾ ਪੀਰੀਅਡ ਸਕੂਲ ਦੀ ਗਰਾਊਂਡ ਵਿੱਚ ਲੈਣਾ ਸ਼ੁਰੂ ਕਰ ਦਿੱਤਾ। ਭਾਈ ਇੰਦਰਜੀਤ ਸਿੰਘ ਜੀ ਦੇ ਸਿੱਖੀ ਸਿਦਕ ਅਤੇ ਰਹਿਤ ਬਹਿਤ ਦਾ ਮਾਸਟਰ ਜੀ ਤੇ ਕਾਫੀ ਪ੍ਰਭਾਵ ਪਿਆ, ਕਿਉਂਕਿ ਉਹ ਛੋਟੀ ਉਮਰ ਵਿੱਚ ਹੀ ਆਮ ਵਿਦਿਆਰਥੀਆਂ ਵਾਂਗ, ਅੱਧੀ ਛੁੱਟੀ ਵੇਲੇ, ਕੋਈ ਵੀ ਬਜ਼ਾਰ ਵਿਚ ਬਣੀ ਚੀਜ਼ ਨਹੀਂ ਖਾਂਦੇ ਸਨ। ਭਾਈ ਸਾਹਿਬ ਜੀ ਤੋਂ ਹੀ ਮਾਸਟਰ



www.AKJ.Org

ਜੀ ਨੂੰ ਜਥੇ ਦੇ ਸਿੰਘਾਂ ਦੀ ਰਹਿਤ ਬਹਿਤ ਅਤੇ ਸੁਕ੍ਰਿਤ ਕਰਣੀ ਦਾ ਪਤਾ ਲੱਗਾ ਅਤੇ ਆਪ ਜਥੇ ਦੀ ਸੰਗਤ ਵੱਲ ਪ੍ਰੇਰਿਤ ਹੋ ਗਏ। ਭਾਈ ਸਾਹਿਬ ਜੀ ਦੀ ਪ੍ਰੇਰਨਾ ਨਾਲ ਮਾਸਟਰ ਜੀ ਨੇ ਪਹਿਲਾ ਰੈਣ ਸਬਾਈ ਕੀਰਤਨ ਧਾਰੀਵਾਲ, ਜ਼ਿਲ੍ਹਾ ਗੁਰਦਾਸਪੁਰ ਵਿੱਚ ਸੁਣਿਆ ਜਿਸ ਵਿੱਚ ਭਾਈ ਮਹਿੰਦਰ ਸਿੰਘ ਜੀ ਐੱਸ.ਡੀ.ਓ, ਭਾਈ ਜੁਗਿੰਦਰ ਸਿੰਘ ਜੀ ਤਲਵਾੜਾ ਅਤੇ ਭਾਈ ਹਰਕਿਸ਼ਨ ਸਿੰਘ ਜਾਨ ਸੁਖਾਲਾ ਜੀ ਨੇ ਹੀ ਕੀਰਤਨ ਕੀਤਾ ਸੀ। ਇਸ ਰੈਣ ਸਬਾਈ ਕੀਰਤਨ ਤੋਂ ਬਾਅਦ ਮਾਸਟਰ ਜੀ ਦਾ ਸ੍ਰੀ ਅੰਮ੍ਰਿਤਸਰ ਨਿਵਾਸੀ ਪੁਰਾਤਨ ਸਿੰਘਾਂ, ਜਿਨ੍ਹਾਂ ਵਿੱਚ ਭਾਈ ਈਸ਼ਰ ਸਿੰਘ ਜੀ, ਭਾਈ ਸੇਵਾ ਸਿੰਘ ਜੀ, ਮਿਸਤਰੀ ਗੋਪਾਲ ਸਿੰਘ ਜੀ, ਡਾ. ਹਰਬੰਸ ਸਿੰਘ ਜੀ ਕੁੱਬੀ ਬੇਰੀ ਵਾਲੇ, ਭਾਈ ਚਤੁਰ ਸਿੰਘ ਅਤੇ ਗਿਆਨੀ ਭਗਵਾਨ ਸਿੰਘ ਜੀ ਨਾਲ ਗੂੜ੍ਹਾ ਪ੍ਰੇਮ ਹੋ ਗਿਆ ਤੇ ਆਪ ਜੀ ਨੇ ਲੋਕਲ ਹਫਤਾਵਾਰੀ ਸਮਾਗਮਾਂ ਦੀ ਹਾਜ਼ਰੀ ਭਰਨੀ ਸ਼ੁਰੂ ਕਰ ਦਿੱਤੀ।

ਦਸੰਬਰ 1960 ਵਿੱਚ ਲੁਧਿਆਣੇ ਪੋਹ ਸੁਦੀ ਸਮਾਗਮ ਤੇ ਆਪ ਜੀ ਨੇ ਸਿੰਘਣੀ ਸਮੇਤ ਅੰਮ੍ਰਿਤ ਛੱਕ ਲਿਆ ਤੇ ਤਿਆਰ ਬਰ ਤਿਆਰ ਹੋ ਗਏ। ਅੰਮ੍ਰਿਤ ਛੱਕਣ ਸਾਰ ਹੀ ਉਨ੍ਹਾਂ ਸਰਬ ਲੋਹ ਰਹਿਤ ਵੀ ਧਾਰਨ ਕਰ ਲਈ, ਜੋ ਉਨ੍ਹਾਂ ਨੇ ਅਖੀਰ ਤਾਈਂ ਨਿਬਾਹੀ। ਆਪਣੇ ਪਤੀ-ਬਰਤਾ ਸੁਭਾਅ ਅਨੁਸਾਰ ਇਨ੍ਹਾਂ ਦੀ ਸਿੰਘਣੀ ਨੇ ਵੀ ਬਿਨਾਂ ਕਿਸੇ ਹੀਲ ਹੁੱਜਤ ਤੋਂ, ਕੇਸਕੀ ਰਹਿਤ ਧਾਰਨ ਕਰ ਲਈ ਅਤੇ ਤਾਅ ਜ਼ਿੰਦਗੀ ਮਾਸਟਰ ਜੀ ਦੀ ਸਰਬ ਲੋਹ ਰਹਿਤ ਨਿਭਾਉਣ ਵਿੱਚ ਪੂਰਾ ਸਹਿਯੋਗ ਦਿੱਤਾ। ਅੰਮ੍ਰਿਤ ਛੱਕਣ ਤੋਂ ਬਾਅਦ, ਆਪ ਜੀ ਦੀਆਂ ਜੱਥੇ ਦੇ ਪੁਰਾਤਨ ਗੁਰਸਿੱਖਾਂ, ਬਾਊ ਮਲ ਸਿੰਘ ਜੀ, ਕਰਨਲ ਦਲਜੀਤ ਸਿੰਘ ਜੀ, ਭਾਈ ਆਤਮਾ ਸਿੰਘ ਜੀ, ਭਾਈ ਬਾਵਾ ਸਿੰਘ ਜੀ, ਭਾਈ ਹਰਨਾਮ ਸਿੰਘ ਕੋਮਲ ਜੀ, ਮਾਸਟਰ ਭੁਪਿੰਦਰ ਸਿੰਘ ਜੀ ਅਤੇ ਹੋਰ ਅਨੇਕਾਂ ਸਿੰਘਾਂ ਨਾਲ ਪੀਡੀਆਂ ਗੰਢਾਂ ਪੈ ਗਈਆਂ।

ਅੰਮ੍ਰਿਤ ਸੰਚਾਰ ਸਮੇਂ, ਆਪ ਜੀ ਉੱਪਰ ਵਰਤੀ ਅੰਮ੍ਰਿਤ ਕਲਾ, ਰਹਿਤ ਬਹਿਤ ਦੀ ਦ੍ਰਿੜ੍ਹਤਾ ਅਤੇ ਗੁਰਸਿੱਖੀ ਪ੍ਰੇਮ ਕਰਕੇ ਸ੍ਰੀ ਮਾਨ ਬਾਊ ਮਲ ਸਿੰਘ ਜੀ ਨੇ ਆਪ ਜੀ ਨੂੰ ਪੰਚਾਂ ਦੀ ਸੇਵਾ ਵਿੱਚ ਸ਼ਾਮਲ ਕਰਨਾ ਸ਼ੁਰੂ ਕਰ ਲਿਆ, ਜੋ ਆਪ ਜੀ ਅਖੀਰ ਤਾਈਂ ਨਿਭਾਉਂਦੇ ਰਹੇ ਅਤੇ ਬੇਅੰਤ ਪ੍ਰਾਣੀਆਂ ਨੂੰ ਗੁਰੂ ਦੇ ਲੜ ਲਾਉਂਦੇ ਰਹੇ। ਆਪਣੇ ਪਿਤਾ ਜੀ ਤੋਂ ਗੁਰਬਾਣੀ ਦੇ ਪਾਠ ਦੀ ਸੰਥਿਆ ਲੈਣ ਕਰਕੇ, ਆਪ ਜੀ ਤਕੜੇ ਅਖੰਡ ਪਾਠੀ ਸਨ। ਜਿੱਥੇ ਆਪ ਜੀ ਨੂੰ ਗੁਰਬਾਣੀ ਦਾ ਅਰਥ ਬੋਧ ਸੀ, ਉੱਥੇ ਲਗਾਂ ਮਾਤਰਾ ਦੇ ਉਚਾਰਨ, ਬਿਸਰਾਮ ਅਤੇ ਸ਼ਬਦ ਜੋੜਾਂ ਦੇ ਨਿਖੇੜ ਦੀ ਵੀ ਪੂਰੀ ਮੁਹਾਰਤ ਸੀ। ਬੇਸ਼ੱਕ ਉਨ੍ਹਾਂ ਦੀ ਰਿਹਾਇਸ਼ ਸ਼ਹਿਰ ਵਿੱਚ ਸੀ, ਪਰ ਉਨ੍ਹਾਂ ਦਾ ਝੁਕਾਅ ਅਤੇ ਪ੍ਰੇਮ ਪਿੰਡਾਂ ਵਿੱਚ ਰਹਿਣ ਵਾਲੇ ਸਿੰਘਾਂ ਨਾਲ ਬਹੁਤ ਜ਼ਿਆਦਾ ਸੀ।

ਮਾਸਟਰ ਜੀ ਇੱਕ ਚੱਲਦੀ ਫਿਰਦੀ ਟਕਸਾਲ ਸਨ। ਜਿੱਥੇ, ਉਨ੍ਹਾਂ ਬੇਅੰਤ ਪ੍ਰਾਣੀਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦੀ ਸੰਥਿਆ ਦਿੱਤੀ, ਉੱਥੇ, ਉਨ੍ਹਾਂ ਦੂਰ ਦੁਰਾਡੇ ਪਿੰਡਾਂ/ਸ਼ਹਿਰਾਂ ਵਿੱਚ ਜਿੱਥੇ ਵੀ ਲੋੜ ਹੁੰਦੀ ਸੀ, ਜਾ ਕੇ ਸ੍ਰੀ ਅਖੰਡ ਪਾਠ ਦੀ ਸੇਵਾ ਵੀ ਨਿਬਾਹੀ। ਉਹ ਕਈ ਕਈ ਘੰਟੇ ਪਾਠ ਦੀ ਸੇਵਾ ਕਰਦੇ ਰਹਿੰਦੇ ਸਨ, ਪਰ ਕਦੇ ਵੀ ਥਕੇਵਾਂ ਮਹਿਸੂਸ ਨਹੀਂ ਸਨ ਕਰਦੇ। ਨਵੇਂ ਸਿੱਖਿਆਰਥੀਆਂ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੀ ਸੇਵਾ ਕਰਨ ਲਈ ਬਹੁਤ ਉਤਸ਼ਾਹਿਤ ਕਰਦੇ ਸਨ। ਜੇਕਰ ਕਿਸੇ ਨਵੇਂ ਪਾਠੀ ਦੀ ਸ੍ਰੀ ਅਖੰਡ ਪਾਠ ਸਾਹਿਬ ਕਰਨ ਦੀ ਚਾਲ ਘੱਟ ਵੀ ਹੋਵੇ ਤਾਂ ਉਸ ਨੂੰ ਪ੍ਰੇਰਨਾ ਦੇਣੀ ਕਿ ਜਿਤਨਾ ਉਹ ਪਾਠ ਕਰ ਸਕਦਾ ਹੈ, ਕਰੇ। ਜੇਕਰ ਪਾਠ ਲੇਟ ਵੀ ਹੋ ਜਾਵੇਗਾ ਤਾਂ ਉਹ ਆਪ ਹੀ ਪਾਠ ਚਲੰਤ ਕਰਕੇ, ਸਮੇਂ ਸਿਰ ਭੋਗ ਪਾ ਲੈਣਗੇ।

ਉਨ੍ਹਾਂ ਸਾਰੀ ਉਮਰ ਆਪਣੇ ਸਾਈਕਲ ਨੂੰ ਹੀ ਸਵਾਰੀ ਦੇ ਸਾਧਨ ਤੌਰ ਤੇ ਵਰਤਿਆ। ਸ਼ਹਿਰ ਵਿੱਚ ਜਾਂ ਪਿੰਡਾਂ ਵਿੱਚ ਜਿੱਥੇ ਵੀ ਸ੍ਰੀ ਅਖੰਡ ਪਾਠ ਸਾਹਿਬ ਜਾਂ ਕੀਰਤਨ ਸਮਾਗਮ ਹੋਵੇ, ਉੱਥੇ ਉਹ ਆਪਣੇ ਸਾਈਕਲ ਤੇ ਹੀ ਪਹੁੰਚ ਜਾਂਦੇ ਸਨ ਤੇ ਕਿਸੇ ਨੂੰ ਵੀ ਕੋਈ ਤਕਲੀਫ ਨਹੀਂ ਦਿੰਦੇ ਸਨ। ਸਾਈਕਲ ਦੀ ਕਸਰਤ ਕਰਕੇ ਅਤੇ ਉਨ੍ਹਾਂ ਵੱਲੋਂ ਸਰਬ



www.AKJ.Org

ਲੋਹ ਰਹਿਤ ਰੱਖਣ ਕਰਕੇ, ਉਨ੍ਹਾਂ ਦੀ ਸਿਹਤ, ਸਾਰੀ ਉਮਰ ਬਹੁਤ ਨਰੋਈ ਅਤੇ ਰਿਸ਼ਟ ਪੁਸ਼ਟ ਰਹੀ। ਕੋਈ ਬੀਮਾਰੀ ਉਨ੍ਹਾਂ ਦੇ ਨੇੜੇ ਨਹੀਂ ਫੱਟਕੀ।

ਅੰਮ੍ਰਿਤ ਛਕਦੇ ਸਾਰ, ਜਿੱਥੇ ਉਨ੍ਹਾਂ ਸਰਬ ਲੋਹ ਰਹਿਤ ਧਾਰਨ ਕਰਕੇ, ਗੁਰਮਤਿ ਰਹਿਤ ਬਹਿਤ ਤੇ ਪੂਰਾ ਪਹਿਰਾ ਦਿੱਤਾ, ਉੱਥੇ ਅੰਮ੍ਰਿਤ ਵੇਲੇ ਦੀ ਸੰਭਾਲ ਅਤੇ ਨਾਮ ਬਾਣੀ ਦੀ ਅਤੁੱਟ ਕਮਾਈ ਨੂੰ ਆਪਣੇ ਜੀਵਨ ਦਾ ਆਧਾਰ ਬਣਾ ਕੇ ਰੱਖਿਆ। ਕਦੇ ਵੀ ਅੰਮ੍ਰਿਤ ਵੇਲੇ ਦੀ ਸੰਭਾਲ ਵਿੱਚ ਢਿੱਲ ਨਹੀਂ ਆਉਣ ਦਿੱਤੀ। ਉਹ ਬਹੁਤ ਲੰਬਾ ਸਮਾਂ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ, ਅੰਮ੍ਰਿਤ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਵੇਲੇ, ਸਵੱਈਏ ਪੜ੍ਹਨ ਦੀ ਸੇਵਾ ਨਿਭਾਉਂਦੇ ਰਹੇ। ਭੱਟਾਂ ਦੇ ਸਾਰੇ ਸਵਈਏ ਉਨ੍ਹਾਂ ਨੂੰ ਕੰਠ ਸਨ।

ਆਪ ਹਮੇਸ਼ਾਂ ਦੇਗ ਅਤੇ ਲੰਗਰ, ਜੋ ਸਰਬ ਲੋਹ ਜਲ ਦੇ ਨਾਲ ਤਿਆਰ ਕੀਤਾ ਹੋਵੇ, ਉਹੀ ਭੁੰਚਦੇ ਸਨ। ਇਸ਼ਨਾਨ ਲਈ ਵੀ ਕੇਵਲ ਖੂਹ, ਟਿਊਬਵੈੱਲ ਜਾਂ ਚਮੜੇ ਤੋਂ ਰਹਿਤ ਬੋਕੀ ਵਾਲੇ ਨਲਕੇ ਵਾਲੇ ਜਲ ਨੂੰ ਹੀ ਤਰਜੀਹ ਦਿੰਦੇ ਸਨ। ਸਕੂਲ ਜਾਂ ਬਾਹਰ ਸਫਰ ਤੇ ਜਾਣ ਵੇਲੇ, ਜਲ ਵਾਸਤੇ, ਸਰਬ ਲੋਹ ਦਾ ਗੜਵਾ ਨਾਲ ਰੱਖਦੇ ਸਨ। ਉਨ੍ਹਾਂ ਦਾ ਦ੍ਰਿੜ੍ਹ ਵਿਸ਼ਵਾਸ ਸੀ ਕਿ ਅੰਮ੍ਰਿਤ ਕਲਾ, ਕੇਵਲ ਨਾਮ ਬਾਣੀ ਦੀ ਕਮਾਈ ਨਾਲ ਹੀ ਵਰਤਦੀ ਹੈ ਨਾ ਕਿ ਇਕੱਲਾ ਸਰਬ ਲੋਹ ਧਾਰਨ ਕਰਕੇ। ਇਹ ਤਾਂ ਇੱਕ ਸਹਾਇਕ ਸੰਜਮ ਜਾਂ ਕਰਮ ਹੈ ਜੋ ਅਸਲੀ ਨਿਸ਼ਾਨੇ ਭਾਵ ਉੱਚ ਆਤਮਿਕ ਅਵਸਥਾ ਤੇ ਪਹੁੰਚਣ (ਪ੍ਰਭੂ ਪ੍ਰਾਪਤੀ) ਲਈ ਬਹੁਤ ਲਾਭਦਾਇਕ ਹੈ। ਸਰਬਲੋਹ ਧਾਰਨ ਕਰਕੇ ਜਿਥੇ ਦ੍ਰਿੜਤਾ, ਸਬਰ ਸੰਤੋਖ ਅਤੇ ਸੁਰਤ ਨੂੰ ਟਿਕਾਉਣ ਵਿੱਚ ਬਹੁਤ ਸਹਾਇਤਾ ਮਿਲਦੀ ਹੈ ਉੱਥੇ ਸਰੀਰਕ ਰੋਗਾਂ ਤੇ ਹਸਪਤਾਲਾਂ ਤੋਂ ਵੀ ਛੁਟਕਾਰਾ ਪਾਇਆ ਜਾ ਸਕਦਾ ਹੈ ਅਤੇ ਮਾਸਟਰ ਜੀ ਇਸ ਗੱਲ ਦੀ ਜਿਊਂਦੀ ਜਾਗਦੀ ਮਿਸਾਲ ਸਨ।

ਆਪ ਜੀ ਨੂੰ ਗੁਰਬਾਣੀ ਵਿਆਕਰਣ ਅਤੇ ਲੱਗ ਮਾਤਰੀ ਨਿਯਮਾਂ ਦਾ ਇਤਨਾ ਡੂੰਘਾ ਬੋਧ ਸੀ ਕਿ ਜਿੱਥੇ ਵੀ ਕੋਈ ਪਾਠੀ ਜਾਂ ਕੀਰਤਨੀ ਲਗਾਂ ਮਾਤਰਾਂ ਦੇ ਉਚਾਰਨ ਵਿੱਚ ਕੋਈ ਗਲਤੀ ਕਰ ਜਾਂਦਾ ਤਾਂ ਉਹ ਝੱਟ ਉਸੇ ਵੇਲੇ ਬਿਨਾਂ ਦੇਖੇ, ਉਸ ਪਾਠੀ ਜਾਂ ਕੀਰਤਨੀ ਨੂੰ ਸਹੀ ਉਚਾਰਨ ਕਰਨ ਵਾਸਤੇ ਕਹਿ ਦਿੰਦੇ ਸਨ। ਆਪ ਜੀ ਨੂੰ ਬਿਨ੍ਹਾਂ ਕਿਸੇ ਪੋਥੀ ਦੀ ਸਹਾਇਤਾ ਤੋਂ, ਲੱਗ ਮਾਤਰ ਸਮੇਤ ਸ਼ੁੱਧ ਗੁਰਬਾਣੀ ਲਿੱਖਣ ਦੀ ਮੁਹਾਰਤ ਵੀ ਹਾਸਿਲ ਸੀ। ਆਪ ਜੀ ਨੂੰ ਭਾਈ ਨੰਦ ਲਾਲ ਜੀ ਦੀਆਂ ਫਾਰਸੀ ਭਾਸ਼ਾ ਵਿੱਚ ਰਚਿੱਤ, ਕਾਫੀ ਗ਼ਜ਼ਲਾਂ ਵੀ ਕੰਠ ਸਨ ਤੇ ਸਤਿਕਾਰਯੋਗ ਪੂਰਨ ਦਾਰ ਜੀ, ਫਾਰਸੀ ਦੇ ਜਾਣਕਾਰ ਹੋਣ ਕਾਰਨ, ਅੰਮ੍ਰਿਤ ਵੇਲੇ ਦੇ ਸਮਾਗਮ ਵਿੱਚ ਮਾਸਟਰ ਜੀ ਤੋਂ ਫਾਰਸੀ ਦੀਆਂ ਗ਼ਜ਼ਲਾਂ ਸੁਣ ਤੇ ਬਹੁਤ ਲੁਤਫ਼ ਉਠਾਉਂਦੇ ਸਨ। ਅੰਮ੍ਰਿਤ ਵੇਲੇ ਨਿੱਤਨੇਮ ਦੇ ਪਾਠ ਸਮੇਂ, ਸ਼ੁੱਧ ਪਾਠ ਹੋਣ ਕਾਰਨ, ਆਪ ਜੀ ਅਤੇ ਭਾਈ ਸੇਵਾ ਸਿੰਘ ਜੀ ਨੂੰ ਹੀ ਸ੍ਰੀ ਜਪੁ ਜੀ ਸਾਹਿਬ ਦੇ ਪਾਠ ਦੀ ਸੇਵਾ ਦਿੱਤੀ ਜਾਂਦੀ ਸੀ।

ਇਹ ਸ਼ਾਇਦ ਬਹੁਤ ਘੱਟ ਸੰਗਤਾਂ ਨੂੰ ਗਿਆਤ ਹੋਵੇ ਕਿ ਉਹ ਜੱਥੇ ਵੱਲੋਂ ਸ਼ੁਰੂ ਕੀਤੇ ਸੂਰਾ ਮਾਸਿਕ ਪੱਤਰ ਦੇ ਬਾਨੀ ਐਡੀਟਰ ਸਨ। ਆਪ ਜੀ ਨੇ ਫਰਵਰੀ 1966 ਵਿੱਚ ਸ਼ੁਰੂ ਹੋਣ ਸਮੇਂ ਤੋਂ ਲੈ ਕੇ ਜੁਲਾਈ 1966 ਤਾਈਂ ਅਤੇ ਫਿਰ ਮਾਰਚ 1973 ਤੋਂ ਲੈ ਕੇ ਜੁਲਾਈ 1975 ਤਾਈਂ, ਸ੍ਰੀ ਅੰਮ੍ਰਿਤਸਰ ਤੋਂ ਨਿਕਲਦੇ ਇਸ ਰਸਾਲੇ ਦੇ ਐਡੀਟਰ ਦੀ ਸੇਵਾ ਨਿਭਾਈ। ਸੰਨ 1975 ਵਿੱਚ ਐਮਰਜੈਂਸੀ ਦੌਰਾਨ, ਸੂਰੇ ਵਿੱਚ ਤੱਤਕਾਲੀਨ ਕੇਂਦਰੀ ਕਾਂਗਰਸ ਸਰਕਾਰ ਦੇ ਖਿਲਾਫ ਐਡੀਟੋਰੀਅਲ ਲੇਖ ਲਿਖਣ ਕਰਕੇ, ਪ੍ਰਬੰਧਕਾਂ ਨਾਲ ਕੁੱਝ ਮਤਭੇਦ ਹੋਣ ਕਾਰਨ, ਉਨ੍ਹਾਂ ਇਸ ਸੇਵਾ ਤੋਂ ਫਾਰਗੀ ਲੈ ਲਈ। ਸੂਰਾ ਮਾਸਕ ਪੱਤਰ ਅਤੇ ਬਾਅਦ ਵਿੱਚ ਜਥੇ ਵੱਲੋਂ ਜਾਰੀ ਹੋਣ ਵਾਲੇ ਰਸਾਲਿਆਂ ਵਿੱਚ, ਉਨ੍ਹਾਂ ਦੇ ਗੁਰਮਤਿ ਦੇ ਵੱਖ ਵੱਖ ਵਿਸ਼ਿਆਂ ਤੇ, ਅਕਸਰ ਲੇਖ ਛਪਦੇ ਰਹਿੰਦੇ ਸਨ। ਫ਼ਾਰਸੀ ਭਾਸ਼ਾ ਦੇ ਮਾਹਰ ਹੋਣ ਕਰਕੇ, ਉਨ੍ਹਾਂ ਨੇ ਫ਼ਾਰਸੀ ਭਾਸ਼ਾ ਵਿੱਚ ਰਚਿੱਤ ਭਾਈ ਨੰਦ ਲਾਲ ਜੀ ਦੀ ਰਚਨਾ, ਜ਼ਿੰਦਗੀਨਾਮਾ ਦਾ ਉਲੱਥਾ ਕਰਕੇ ਸੰਗਤਾਂ ਵਿੱਚ ਮੁਫਤ ਵੰਡਿਆ। ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀਆਂ ਰਚਿਤ ਪੁਸਤਕਾਂ ਦੀ ਮੁੜ ਛਪਾਈ ਵੇਲੇ ਪੁਸਤਕਾਂ ਦੀ ਸੋਧ ਸੁਧਾਈ ਅਤੇ ਪਰੂਫ ਰੀਡਿੰਗ ਦੀ ਸੇਵਾ ਵੀ ਕਰਦੇ ਰਹੇ। ਖਾਸ ਕਰ ਲਗਾ ਮਾਤਰਾਂ ਦੀ ਵਿਲੱਖਣਤਾ ਵਾਲੀ ਪੁਸਤਕ ਦੀ



www.AKJ.Org

ਸੇਵਾ, ਜੋ ਸ੍ਰੀ ਅੰਮ੍ਰਿਤਸਰ ਸਾਹਿਬ ਜੀ ਦੀ ਸੰਗਤ ਨੂੰ ਸੌਂਪੀ ਗਈ ਸੀ, ਉਸ ਦੀ ਸ਼ੁੱਧ ਛਪਾਈ ਵਿੱਚ ਉਨ੍ਹਾਂ ਨੇ ਆਪਣਾ ਬਹੁਤ ਵਡਮੁੱਲਾ ਯੋਗਦਾਨ ਪਾਇਆ।

ਮਾਸਟਰ ਜੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜੀਵਾਰ ਸਰੂਪ ਦੇ ਦ੍ਰਿੜ ਮੁਦੱਈ ਸਨ। ਉਨ੍ਹਾਂ ਨੇ ਇਸ ਸਬੰਧੀ ਇੱਕ ਕਿਤਾਬਚਾ 'ਸਾਚੋ ਗੁਰੂ ਗਵਾਚੋ ਰੇ' ਨਾਮ ਦਾ ਲਿਖਿਆ ਜੋ ਉਨਾ ਨੇ ਖੁਦ ਅਤੇ ਟੋਰਾਂਟੋ (ਕੈਨੇਡਾ) ਦੇ ਕੁਝ ਸਿੰਘਾਂ ਨੇ ਛਪਵਾ ਕੇ ਵੰਡਿਆ। ਇਸ ਕਿਤਾਬਚੇ ਦਾ ਅੰਗਰੇਜੀ ਭਾਸ਼ਾ ਵਿੱਚ ਉਲੱਥਾ ਕਰਕੇ ਵੀ ਵਿਦੇਸ਼ਾਂ ਵਿਚ ਸੰਗਤਾਂ ਤਾਈਂ ਪਹੰਚਾਇਆ। ਫਿਰ ਸੰਗਤਾਂ, ਖਾਸ ਕਰ ਬੱਚਿਆਂ ਨੂੰ ਲੜੀਵਾਰ ਗੁਰਬਾਣੀ ਦੇ ਪਾਠ ਲਈ ਉਤਸ਼ਾਹਿਤ ਕਰਨ ਖਾਤਰ, ਹਜ਼ਾਰਾਂ ਹੀ ਗੁਟਕੇ, ਜਪਜੀ ਸਾਹਿਬ, ਨਿੱਤ ਨੇਮ, ਸ੍ਰੀ ਸੁਖਮਨੀ ਸਾਹਿਬ, ਸ੍ਰੀ ਆਸਾ ਜੀ ਦੀ ਵਾਰ ਅਤੇ ਹੋਰ ਬੇਅੰਤ ਬਾਣੀਆਂ ਅਲਪ ਆਹਾਰ ਦੇ ਸਿਰਲੇਖ ਹੇਠ ਆਪਣੀ ਕਿਰਤ ਕਮਾਈ ਅਤੇ ਸੰਗਤਾਂ ਦੇ ਦਸਵੰਧ ਦੇ ਨਾਲ ਛਪਵਾ ਕੇ ਮੁਫ਼ਤ ਵੰਡੇ। ਉਹ ਖ਼ੁਦ, ਹਰ ਸਮਾਗਮ ਤੇ ਥੈਲੇ ਭਰਕੇ ਇਹ ਗੁਟਕੇ ਲਿਜਾ ਕੇ ਸੰਗਤਾਂ ਵਿੱਚ ਮੁਫਤ ਵੰਡਦੇ ਸਨ ਤੇ ਸਮਾਗਮ ਦੇ ਭੋਗ ਤੋਂ ਬਾਅਦ ਥੋੜ੍ਹਾ ਵਿਖਿਆਨ ਕਰਕੇ ਸੰਗਤਾਂ ਨੂੰ ਇਸ ਸਬੰਧੀ ਪ੍ਰੇਰਣਾ ਵੀ ਦਿੰਦੇ ਸਨ।

ਇਸ ਤੋਂ ਇਲਾਵਾ, ਉਨ੍ਹਾਂ ਭਾਈ ਹਰਨਾਮ ਸਿੰਘ ਕੋਮਲ ਜੀ ਵੱਲੋਂ, ਭਾਈ ਨੰਦ ਲਾਲ ਜੀ ਦੀ ਰਚਿੱਤ ਗੰਜਨਾਮਾ ਨਾਮੀ ਪੁਸਤਕ ਦਾ, ਜੋ ਉਨ੍ਹਾਂ ਫਾਰਸੀ ਤੋਂ ਪੰਜਾਬੀ ਵਿੱਚ ਕਾਵਿ ਰੂਪ ਵਿੱਚ ਉਲੱਥਾ ਕੀਤਾ ਸੀ, ਉਸ ਨੂੰ ਐਡਿਟ ਕਰਨ ਅਤੇ ਭਾਈ ਜੋਧ ਸਿੰਘ ਜੀ ਵੱਲੋਂ ਰਚਿਤ, ਸੋਨ ਚਿੜੀ ਚੜ੍ਹੀ ਗੈਣਿ, ਪੁਸਤਕ ਦੀ ਸੁਧਾਈ ਵਿੱਚ ਵੀ ਆਪਣਾ ਪੂਰਾ ਯੋਗਦਾਨ ਪਾਇਆ। ਖਾਲਸਾ ਬ੍ਰਦਰਜ਼ ਵਲੋਂ ਛਾਪੀ ਜਾਂਦੀ ਅੰਮ੍ਰਿਤ ਕੀਰਤਨ ਪੋਥੀ ਦੀ ਪਰੂਫ ਰੀਡਿੰਗ ਦੀ ਸੇਵਾ ਵੀ ਕਰਦੇ ਰਹੇ ਹਨ।

ਮਾਸਟਰ ਜੀ ਗੁਰਬਾਣੀ ਦੇ ਕੀਰਤਨ ਦੌਰਾਨ ਵਾਹਿਗੁਰੂ ਗੁਰਮੰਤਰ ਦੀ ਧੁਨੀ ਲਾਉਣ ਦੇ ਹੱਕ ਵਿੱਚ ਨਹੀਂ ਸਨ ਅਤੇ ਨਿਰੋਲ ਗੁਰਬਾਣੀ ਦੇ ਕੀਰਤਨ ਕਰਨ ਦੀ ਹੀ ਪ੍ਰੇਰਣਾ ਕਰਿਆ ਕਰਦੇ ਸਨ। ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਨਾਲ ਸ੍ਰੀ ਜਪੁਜੀ ਸਾਹਿਬ ਜੀ ਦੇ ਪਾਠ ਰੱਖਣ ਦੇ ਵੀ ਪੂਰੇ ਹਾਮੀ ਸਨ। ਆਪ ਜੀ ਹਮੇਸ਼ਾਂ ਪਾਠ ਕਰਨ ਵੇਲੇ, ਗੁਰਬਾਣੀ ਅੰਦਰ ਆਏ ਮੰਗਲਾਚਰਣਾਂ ਦਾ ਸਿਰਲੇਖਾਂ ਤੋਂ ਪਹਿਲਾਂ ਹੀ ਉਚਾਰਣ ਕਰਦੇ ਸਨ ਅਤੇ ਲਗਾਂ ਮਾਤਰਾਂ ਦੇ ਸ਼ੁੱਧ ਉਚਾਰਣ ਦਾ ਵੀ ਪੂਰਾ ਖਿਆਲ ਰੱਖਦੇ ਸਨ। ਉਹ, ਭਾਈ ਸਾਹਿਬ ਰਣਧੀਰ ਸਿੰਘ ਜੀ ਵਲੋਂ ਰਚਿੱਤ ਪੁਸਤਕ, ਲਗਾਂ ਮਾਤਰਾਂ ਦੀ ਵਿਲੱਖਣਤਾ ਵਿੱਚ ਸ਼ਬਦ ਜੋੜਾਂ ਅਤੇ ਉਚਾਰਣ ਸਬੰਧੀ ਦਿੱਤੀਆਂ ਸੇਧਾਂ ਉੱਪਰ ਦ੍ਰਿੜ੍ਹਤਾ ਨਾਲ ਪਹਿਰਾ ਦਿੰਦੇ ਸਨ ਅਤੇ ਉਨ੍ਹਾਂ ਅਨੁਸਾਰ ਹੀ ਗੁਰਬਾਣੀ ਦਾ ਪਾਠ ਕਰਦੇ ਸਨ।

ਉਹ ਗੁਰਬਾਣੀ ਦੇ ਖੋਜੀ ਵਿਦਵਾਨ ਸਨ। ਆਪ ਜੀ ਸਮੇਂ-ਸਮੇਂ ਸਤਿਕਾਰ ਯੋਗ ਭਾਈ ਜੋਗਿੰਦਰ ਸਿੰਘ ਜੀ ਤਲਵਾੜਾ ਅਤੇ ਉਨ੍ਹਾਂ ਦੇ ਸਹਿਯੋਗੀ ਸ੍ਰੀ ਗਰੂ ਗ੍ਰੰਥ ਸਾਹਿਬ ਜੀ ਸਟੱਡੀ ਟੀਮ ਦੇ ਮੈਂਬਰਾਂ ਨਾਲ ਮਿਲ ਕੇ, ਗੁਰਬਾਣੀ ਦੇ ਲਗਾਂ ਮਾਤਰੀ ਵਿਆਕਰਨਿਕ ਨਿਯਮਾਂ ਅਤੇ ਉਚਾਰਣ ਸਬੰਧੀ ਵਿਚਾਰ ਵਟਾਂਦਰਾ ਕਰਦੇ ਰਹਿੰਦੇ ਸਨ ਅਤੇ ਆਪਣੇ ਗੁਰਮਤਿ ਗਿਆਨ ਅਤੇ ਵਿਦਵਤਾ ਦੇ ਖ਼ਜ਼ਾਨੇ ਵਿੱਚੋਂ ਕੀਮਤੀ ਸੁਝਾਅ ਦਿੰਦੇ ਰਹਿੰਦੇ ਸਨ।

ਮਾਸਟਰ ਜੀ ਇੱਕ ਬਹੁਪੱਖੀ ਸ਼ਖ਼ਸੀਅਤ ਦੇ ਮਾਲਕ ਸਨ। ਉਨ੍ਹਾਂ ਦੇ ਸਾਦੇ ਲਿਬਾਸ ਤੇ ਸਾਧਾਰਨ ਜੀਵਨ ਤੋਂ ਕੋਈ ਅੰਦਾਜ਼ਾ ਨਹੀਂ ਲਗਾ ਸਕਦਾ ਸੀ ਕਿ ਉਹ ਦੈਵੀ ਗੁਣਾਂ ਭਰਪੂਰ, ਇਤਨੀ ਉੱਚੀ ਸ਼ਖਸੀਅਤ ਦੇ ਮਾਲਕ ਹਨ। ਜਿੱਥੇ ਉਹ ਰਹਿਣੀ ਬਹਿਣੀ ਦੇ ਸੂਰੇ, ਉੱਚ ਕੋਟੀ ਦੇ ਵਿਦਵਾਨ, ਬੇਬਾਕ ਪ੍ਰਚਾਰਕ, ਸਾਦਗੀ ਦੀ ਮੂਰਤ ਅਤੇ ਤੱਤ ਗੁਰਮਤਿ ਅਸੂਲਾਂ ਦੇ ਪਹਿਰੇਦਾਰ ਸਨ, ਉਥੇ ਉਨ੍ਹਾਂ ਵਿੱਚ ਪੰਥਕ ਕੁਰਬਾਨੀ ਦਾ ਜਜ਼ਬਾ ਵੀ ਕੁੱਟ ਕੁੱਟ ਕੇ ਭਰਿਆ ਹੋਇਆ ਸੀ। ਸਭ ਤੋਂ ਪਹਿਲਾਂ, ਉਨ੍ਹਾਂ ਪਰਿਵਾਰ ਸਮੇਤ ਪੰਜਾਬੀ ਸੂਬੇ ਦੀ ਪ੍ਰਾਪਤੀ ਲਈ ਲੱਗੇ ਮੋਰਚੇ ਵਿੱਚ ਗ੍ਰਿਫ਼ਤਾਰੀ ਦਿੱਤੀ। ਸਿੰਘਣੀ ਅਤੇ ਛੋਟਿਆਂ ਬੱਚਿਆਂ ਸਮੇਤ ਲੰਬਾ ਸਮਾਂ ਲੁਧਿਆਣਾ ਜੇਲ੍ਹ ਵਿੱਚ ਕੈਦ ਕੱਟੀ। ਉਸ ਤੋਂ ਬਾਅਦ ਪੰਜਾਬ ਦੇ ਪ੍ਰਾਈਵੇਟ ਸਕੂਲਾਂ ਦੇ ਅਧਿਆਪਕਾਂ ਦੀਆਂ ਤਨਖ਼ਾਹਾਂ, ਸਰਕਾਰੀ ਸਕੂਲਾਂ ਦੇ ਮੁਕਾਬਲੇ ਬਹੁਤ ਘੱਟ ਹੋਣ ਕਾਰਨ ਸੰਨ



www.AKJ.Org

1969 ਵਿੱਚ ਪ੍ਰਾਈਵੇਟ ਸਕੂਲਾਂ ਦੇ ਅਧਿਆਪਕਾਂ ਨੇ ਲੰਬੀ ਅਨਿਸਚਿਤ ਸਮੇਂ ਲਈ ਹੜਤਾਲ ਕੀਤੀ ਤੇ ਗ੍ਰਿਫਤਾਰੀਆਂ ਦੇ ਕੇ ਜੇਲ੍ਹਾਂ ਭਰ ਦਿੱਤੀਆਂ। ਮਾਸਟਰ ਜੀ ਨੇ ਵੀ ਆਪਣੇ ਸਾਥੀਆਂ ਨਾਲ ਗ੍ਰਿਫ਼ਤਾਰੀ ਦਿੱਤੀ ਅਤੇ ਕਈ ਮਹੀਨੇ ਜੇਲ੍ਹ ਵਿੱਚ ਰਹੇ ਅਤੇ ਅਖੀਰ ਵਿੱਚ ਮੋਰਚਾ ਫ਼ਤਹਿ ਕਰਕੇ ਜਾਇਜ਼ ਮੰਗਾਂ ਨੂੰ ਮਨਵਾਇਆ ਅਤੇ ਜੱਦੋ ਜਹਿਦ ਕਰ ਕੇ ਸਰਕਾਰ ਤੋਂ ਇਨਸਾਫ਼ ਲਿਆ। ਆਪ ਜੀ ਭਾਈ ਫੌਜਾ ਸਿੰਘ ਜੀ ਦੇ ਵੀ ਬਹੁਤ ਨਿਕਟਵਰਤੀ ਸਨ, ਜੋ ਆਪ ਜੀ ਦੀ ਸ਼ਖ਼ਸੀਅਤ ਤੋਂ ਬਹੁਤ ਪ੍ਰਭਾਵਿਤ ਸਨ। ਸੰਨ 1975 ਵਿੱਚ ਗੁਰਦੁਆਰਾ ਗੁਰੂ ਕੇ ਮਹਿਲ ਵਿੱਚ ਹੋਈ ਬੇਅਦਬੀ ਰੋਕਣ ਵੇਲੇ ਵੀ ਆਪ ਜੀ ਭਾਈ ਫੌਜਾ ਸਿੰਘ ਜੀ ਅਤੇ ਉਨ੍ਹਾਂ ਦੇ ਸਾਥੀਆਂ ਵਿੱਚ ਸ਼ਾਮਲ ਸਨ। ਆਪ ਜੀ ਭਾਈ ਫੌਜਾ ਸਿੰਘ ਜੀ ਤੇ ਉਨ੍ਹਾਂ ਦੇ ਸਾਥੀਆਂ ਨਾਲ ਡੇਢ ਮਹੀਨੇ ਤੋਂ ਉੱਪਰ ਜੇਲ ਵਿਚ ਕੈਦ ਰਹੇ। ਪ੍ਰਾਈਵੇਟ ਨੌਕਰੀ ਤੇ ਘੱਟ ਤਨਖ਼ਾਹ ਹੋਣ ਕਰਕੇ ਇਨ੍ਹਾਂ ਮੋਰਚਿਆਂ ਅਤੇ ਕੈਦਾਂ ਵੇਲੇ ਆਪ ਜੀ ਦੇ ਪਰਿਵਾਰ ਨੂੰ ਬਹੁਤ ਸਾਰੀਆਂ ਮਾਇਕ ਔਕੜਾਂ ਵੀ ਆਈਆਂ ਪ੍ਰੰਤੂ ਉਹ ਹਮੇਸ਼ਾਂ ਅਡੋਲ ਰਹੇ ਅਤੇ ਕਦੇ ਵੀ ਪੰਥਕ ਕੁਰਬਾਨੀ ਤੋਂ ਪਿੱਛੇ ਨਹੀਂ ਹਟੇ।

ਆਪ ਜੀ ਨੇ ਸੀਮਤ ਮਾਇਕ ਵਸੀਲੇ ਹੋਣ ਦੇ ਬਾਵਜੂਦ ਵੀ, ਆਪਣੇ ਸਪੁੱਤਰ ਡਾਕਟਰ ਮਿਹਰਬਾਨ ਸਿੰਘ ਜੀ ਨੂੰ ਉੱਚ ਕੋਟੀ ਦੀ ਵਿੱਦਿਆ ਦਿਵਾਈ ਜੋ ਕਿ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੇ ਇੱਕ ਉੱਚ ਅਹੁਦੇ ਤੋਂ ਰਿਟਾਇਰ ਹੋਏ। ਆਪ ਜੀ ਦੀ ਜ਼ਿੰਦਗੀ ਦੇ ਅਖੀਰਲੇ ਕੁਝ ਸਮੇਂ ਵੇਲੇ, ਯਾਦਾਸ਼ਿਤ ਕਮਜ਼ੋਰ ਅਤੇ ਬਾਅਦ ਵਿਚ ਖਤਮ ਹੋਣ ਕਾਰਨ ਆਪ ਜੀ ਦੇ ਪ੍ਰੀਵਾਰ ਤੋਂ ਗੁਰੂ ਸਾਹਿਬ ਨੇ ਆਪ ਦੀ ਰਾਤ ਦਿਨ ਅਣਥੱਕ ਸੇਵਾ ਕਰਵਾਈ ਅਤੇ ਦੂਸਰਿਆਂ, ਖਾਸਕਰ ਬੱਚਿਆਂ ਲਈ, ਆਪਣੇ ਮਾਤਾ ਪਿਤਾ ਦੀ ਸੇਵਾ ਕਰਨ ਦਾ ਚਾਨਣ ਮੁਨਾਰਾ ਸਥਾਪਿਤ ਕੀਤਾ।

ਮਾਸਟਰ ਜੀ ਨੇ ਨਾਮ ਬਾਣੀ ਦੇ ਤੁਫੈਲ, ਆਪਣੀ ਜ਼ਿੰਦਗੀ ਵਿੱਚ ਆਏ ਦੁੱਖਾਂ ਸੁੱਖਾਂ ਨੂੰ ਭਾਣੇ ਅੰਦਰ ਰਹਿ ਕੇ ਜਰਿਆ ਅਤੇ ਉਨ੍ਹਾਂ ਦਾ ਚਿਹਰਾ ਹਮੇਸ਼ਾ ਹੀ ਹਸਮੁੱਖ ਰਹਿੰਦਾ ਸੀ। ਪਹਿਲਾਂ ਆਪਣੇ ਦਾਮਾਦ ਦੇ ਜਵਾਨੀ ਦੀ ਉਮਰ ਵਿੱਚ ਚੜ੍ਹਾਈ ਕਰਨ ਵੇਲੇ ਅਤੇ ਫਿਰ ਆਪਣੀ ਇਕਲੌਤੀ ਸਪੁੱਤਰੀ ਦੀ ਚੜਾਈ ਕਰਨ ਸਮੇਂ, ਉਨ੍ਹਾਂ ਹਮੇਸ਼ਾਂ ਸਤਿਗੁਰੂ ਜੀ ਦੀ ਰਜ਼ਾ ਨੂੰ ਮਿੱਠਾ ਕਰ ਕੇ ਮੰਨਿਆ।

ਇਹੋ ਜਿਹੀਆਂ ਗੁਣਾਂ ਭਰਪੂਰ ਸ਼ਖ਼ਸੀਅਤਾਂ ਇਸ ਸੰਸਾਰ ਤੇ ਵਿਰਲੀਆਂ ਹੀ ਹੁੰਦੀਆਂ ਹਨ ਜੋ ਆਪ ਗੁਰਮਤਿ ਦੇ ਪਾਂਧੀ ਬਣ ਕੇ ਆਪਣੇ ਜਨਮ ਸਫਲ ਕਰਦੀਆਂ ਹਨ ਅਤੇ ਦੂਸਰਿਆਂ ਲਈ ਇੱਕ ਚਾਨਣ ਮੁਨਾਰੇ ਦਾ ਕੰਮ ਕਰਦੀਆਂ ਹਨ ਅਤੇ ਆਪਣੀ ਅਮਿੱਟ ਛਾਪ ਛੱਡ ਜਾਂਦੀਆਂ ਹਨ। ਮਾਸਟਰ ਜੀ ਤਾਅ ਜ਼ਿੰਦਗੀ ਸੰਸਾਰਕ ਰੋਗਾਂ ਤੋਂ ਮੁਕਤ ਰਹੇ ਤੇ ਉਨ੍ਹਾਂ ਦੀ ਸਿਹਤ ਹਮੇਸ਼ਾਂ ਰਿਸ਼ਟ ਪੁਸ਼ਟ ਰਹੀ ਅਤੇ ਅਖੀਰ ਤਾਈਂ ਆਪਣੀ ਪੂਰੀ ਖੁਰਾਕ ਲੈਂਦੇ ਰਹੇ। ਅਪਣੀ ਸਿੰਘਣੀ ਬੀਬੀ ਮਨਜੀਤ ਕੌਰ ਜੀ ਦੇ ਚੜ੍ਹਾਈ ਕਰਨ ਤੋਂ ਥੋੜ੍ਹੇ ਚਿਰ ਬਾਅਦ, ਉਨ੍ਹਾਂ ਦੀ ਯਾਦਾਸ਼ਿਤ ਹੌਲੀ ਹੌਲੀ ਕਮਜ਼ੋਰ ਹੋਣ ਲੱਗ ਪਈ। ਇਸ ਕਾਰਨ ਆਪ ਤਕਰੀਬਨ ਪਿਛਲੇ ਦੋ ਤਿੰਨ ਸਾਲ ਤੋਂ ਸੰਗਤ ਵਿੱਚ ਨਾ ਜਾ ਸਕੇ ਅਤੇ "ਘਰਿ ਬੈਠੇ ਗੁਰੂ ਧਿਆਇਹੁ" ਦੇ ਹੁਕਮ ਤੇ ਹੀ ਫੁੱਲ ਚੜ੍ਹਾਉਦੇ ਰਹੇ। ਗੁਰੂ ਭਾਣੇ ਵਿੱਚ, ਇਸ ਧੁਰੋਂ ਬਖ਼ਸ਼ੀ ਰੂਹ ਨੇ ਮਿਤੀ 16 ਜਨਵਰੀ 2020 ਨੂੰ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਕੇ ਸੱਚੀ ਦਰਗਾਹ ਵਿੱਚ ਜਾ ਪਿੱੜ ਮੱਲਿਆ।

(ਡਾ. ਮਿਹਰਬਾਨ ਸਿੰਘ ਜੀ ਸਪੁੱਤਰ ਵਲੋਂ ਦਿੱਤੀ ਸੂਚਨਾ 'ਤੇ ਅਧਾਰਿਤ)



www.AKJ.Org

## ਅਧਿਆਇ ਚੌਥਾ
### (ਸੰਨ 1961 ਤੋਂ ਬਾਅਦ ਜਥੇ ਵਿਚ ਆਏ ਗੁਰਸਿੱਖ ਅਤੇ ਕੁਝ ਹੋਰ ਪ੍ਰਮੁੱਖ ਪੰਥਕ ਸ਼ਖ਼ਸੀਅਤਾਂ)

# ਦੋ ਅਲੌਕਿਕ ਗੁਰੂ ਕੇ ਕੀਰਤਨੀਏ

(ਸੋ ਕਹੀਅਤ ਹੈ ਸੂਰਾ - ਅੰਕ - ਅਕਤੂਬਰ 2018)

**ਰਾਗੀ ਭਾਈ ਮਨਸਾ ਸਿੰਘ**

ਮਹਾਰਾਜਾ ਰਣਜੀਤ ਸਿੰਘ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਜੀ ਦੇ ਦਰਸ਼ਨਾਂ ਨੂੰ ਆਏ ਤਾਂ ਸ੍ਰੀ ਹਰਿਮੰਦਰ ਸਾਹਿਬ ਅੰਦਰੋਂ ਅਨੂਪਮ ਕੀਰਤਨ ਦੀ ਸਰੋਤ ਕੰਨੀਂ ਪਈ। ਗਾਵੀ ਜਾ ਰਹੀ ਬਾਣੀ ਹਿਰਦੇ ਹਲੂਣਦੀ ਜਾਂਦੀ ਅਤੇ ਮਨ ਮਾਇਕ ਪ੍ਰਭਾਵ 'ਚੋਂ ਉੱਚਾ ਉੱਠ ਕੇ ਗੁਰੂ ਚਰਨਾਂ ਵਿੱਚ ਜੁੜਦਾ ਜਾਂਦਾ। ਮਹਾਰਾਜੇ ਨੂੰ ਕੀਰਤਨ ਦਾ ਐਸਾ ਇਲਾਹੀ ਸੁਆਦ ਆਇਆ ਕਿ ਉਹ ਕੀਰਤਨ ਕਰ ਰਹੇ ਸਿੰਘ ਵੱਲ ਖਿੱਚਿਆ ਗਿਆ।

ਜਦੋਂ ਗਹੁ ਕੀਤਾ ਤਾਂ ਵੇਖਿਆ ਕਿ ਕੀਰਤਨੀਆ ਸਿੰਘ ਰੰਗ-ਰੱਤੜੀ ਤੇ ਵੈਰਾਗਮਈ ਮਈ ਦਸ਼ਾ ਵਿੱਚ ਸੇਜਲ ਨੇਤਰੀ ਬਾਣੀ ਗਾਉਂਦਾ ਲਟ-ਬਉਰਾ ਹੋ ਰਿਹਾ ਹੈ ਅਤੇ ਕਿਸੇ ਆਉਂਦੇ-ਜਾਂਦੇ ਦੀ ਉਸ ਨੂੰ ਸੋਝੀ ਤੱਕ ਨਹੀਂ। ਉਸ ਦੇ ਕੱਪੜੇ ਬੜੇ ਸਾਫ਼-ਸੁਥਰੇ ਸਨ, ਪਰ ਕਿਤੇ-ਕਿਤੇ ਟਾਕੀਆਂ ਲੱਗੀਆਂ ਹੋਈਆਂ ਮਹਾਰਾਜੇ ਦੇ ਨਜ਼ਰੀਂ ਪੈ ਗਈਆਂ। ਹੈਰਾਨ ਹੋ ਗਿਆ ਕਿ ਸ੍ਰੀ ਗੁਰੂ ਰਾਮਦਾਸ ਜੀ ਦੇ ਦਰਬਾਰ ਦਾ ਢਾਡੀ ਹੋਵੇ ਤੇ ਇਸ ਦੇ ਕੱਪੜੇ ਮਸਤਾਨੇ ਹੋਣ।

ਕੀਰਤਨ ਸੁਣ ਕੇ ਮਹਾਰਾਜਾ ਰਣਜੀਤ ਸਿੰਘ ਸ੍ਰੀ ਹਰਿਮੰਦਰ ਸਾਹਿਬ ਤੋਂ ਬਾਹਰ ਆ ਗਿਆ। ਉਸ ਕੀਰਤਨੀਏ ਸਿੰਘ ਬਾਰੇ ਪੁੱਛਗਿੱਛ ਕੀਤੀ ਤਾਂ ਪਤਾ ਲੱਗਾ ਕਿ ਇਸ ਦਾ ਨਾਮ ਮਨਸਾ ਸਿੰਘ ਹੈ। ਇਹ ਸ਼ਹਿਰ ਦੇ ਅੰਦਰ ਇਕ ਸੰਘਣੀ ਗਲੀ ਵਿੱਚ ਮਾੜੇ ਜਿਹੇ ਘਰ ਵਿੱਚ ਰਹਿੰਦਾ ਹੈ ਅਤੇ ਮਾੜੀ-ਮੋਟੀ ਕਿਰਤ ਕਰਕੇ, ਗ਼ਰੀਬੀ ਦਾਅਵੇ ਨਾਲ ਗੁਜ਼ਾਰਾ ਕਰਦਾ ਹੈ। ਡੇਰੇ 'ਤੇ ਪਹੁੰਚ ਕੇ ਮਹਾਰਾਜੇ ਦੇ ਅੰਦਰ ਚਾਅ ਉੱਠਿਆ ਕਿ ਅਜਿਹੇ ਗੁਰਸਿੱਖ ਦੀ ਮਦਦ ਮੈਨੂੰ ਕਰਨੀ ਚਾਹੀਦੀ ਹੈ। ਇਸ ਵਿਚਾਰ ਨਾਲ ਆਪਣੇ ਕੁਝ ਲਾਮ-ਲਸ਼ਕਰ ਨਾਲ ਮਹਾਰਾਜਾ ਹਾਥੀ 'ਤੇ ਸਵਾਰ ਹੋਇਆ ਅਤੇ ਕੀਮਤੀ ਹੀਰੇ-ਮੋਤੀਆਂ ਦਾ ਥਾਲ ਭਰ ਕੇ ਰਾਗੀ ਸਿੰਘ ਦੇ ਦੱਸੇ ਘਰ ਵੱਲ ਚੱਲ ਪਿਆ। ਜਦ ਗਲੀ ਵਿੱਚ ਲਾਮ-ਲਸ਼ਕਰ ਪੁੱਜਾ ਤਾਂ ਹਾਥੀ ਦੀ ਆਮਦ 'ਤੇ ਰੌਣਕ-ਮੇਲਾ ਵੇਖ ਕੇ ਬੱਚੇ ਚਾਂਘੀਆਂ ਪਾਉਂਦੇ ਅੱਗੇ-ਪਿੱਛੇ ਭੱਜੇ ਫਿਰਨ। ਉਹ ਰਾਗੀ ਸਿੰਘ ਘਰ ਵਿੱਚ ਆਪਣਾ ਲੰਗਰ ਸਜਾ ਰਿਹਾ ਸੀ। ਪੁੱਛਿਆ ਕਿ ਬਾਹਰ ਇਹ ਕਾਹਦਾ ਰੌਲਾ-ਗੌਲਾ ਹੈ? ਪਤਾ ਲੱਗਾ ਕਿ ਮਹਾਰਾਜਾ ਰਣਜੀਤ ਸਿੰਘ ਦੀ ਸਵਾਰੀ ਆ ਰਹੀ ਹੈ। ਸਿੰਘ ਨੇ ਆਪਣੇ ਘਰ ਦਾ ਬੂਹਾ ਅੰਦਰੋਂ ਬੰਦ ਕਰ ਲਿਆ ਤਾਂ ਕਿ ਰੌਲਾ-ਗੌਲਾ ਇੱਥੋਂ ਲੰਘ ਜਾਏ ਅਤੇ ਉਹ ਫਿਰ ਆਪਣੀ ਸ਼ਾਂਤ ਬਿਰਤੀ ਵਿੱਚ ਟਿਕ ਸਕੇ। ਪਰ ਉਹ ਸਾਰਾ ਲਾਮ-ਲਸ਼ਕਰ ਉਸ ਦੇ ਦਰ ਅੱਗੇ ਆ ਕੇ ਰੁਕ ਗਿਆ। ਮਹਾਰਾਜੇ ਦੇ ਨਿਕਟਵਰਤੀ ਸੇਵਾਦਾਰਾਂ ਵੱਲੋਂ ਦਰ ਖੋਲ੍ਹਣ ਲਈ ਕਿਹਾ ਗਿਆ, ਪਰ ਜਵਾਬ ਕੋਈ ਨਾ। ਫਿਰ ਉੱਚੀ ਆਵਾਜ਼ ਦੇ ਕੇ ਆਖਿਆ ਕਿ ਸਿੰਘ ਜੀ, ਬੂਹਾ ਖੋਲ੍ਹੋ, ਮਹਾਰਾਜਾ ਜੀ ਆਪ ਤੁਹਾਡੇ ਘਰ ਚੱਲ ਕੇ ਆਏ ਹਨ ਅਤੇ ਤੁਹਾਡੀ ਸਹਾਇਤਾ ਲਈ ਕੁਝ ਮਾਇਆ ਦੇਣੀ ਚਾਹੁੰਦੇ ਹਨ। ਸਿੰਘ ਨੇ ਅੰਦਰੋਂ ਹੀ ਪੁੱਛਿਆ ਕਿ ਇਹ ਮਾਇਆ ਉਸ ਨੇ ਕਿੱਥੋਂ ਲਈ ਹੈ? ਬਾਹਰੋਂ ਉੱਤਰ ਸੀ, ਮਹਾਰਾਜਾ ਜੀ 'ਤੇ ਇਹ ਬਖ਼ਸ਼ਿਸ਼ ਸ੍ਰੀ ਗੁਰੂ ਰਾਮਦਾਸ ਜੀ ਦੀ ਹੈ। ਅੰਦਰੋਂ ਮੁੜ ਬੜੀ ਮਿੱਠੀ ਤੇ ਪਿਆਰੀ ਜਿਹੀ ਆਵਾਜ਼ ਆਈ ਕਿ ਜਿਸ ਦਰ ਦਾ ਮੰਗਤਾ ਮਹਾਰਾਜਾ ਹੈ, ਦਾਸ ਵੀ ਉਸੇ ਦਰ ਦਾ ਭਿਖਾਰੀ ਹੈ। ਦਾਸ ਦੀਆਂ ਲੋੜਾਂ ਥੋੜਾਂ ਮੇਰਾ ਗੁਰੂ ਰਾਮਦਾਸ


www.AKJ.Org

ਪੂਰੀਆਂ ਕਰ ਰਿਹਾ ਹੈ, ਮੈਨੂੰ ਉਸ ਦਰ ਤੋਂ ਇਲਾਵਾ ਹੋਰ ਕਿਸੇ ਦਰ ਦੀ ਮੁਥਾਜੀ ਨਹੀਂ। ਬਾਹਰਲੇ ਲਾਮ-ਲਸ਼ਕਰ ਨੇ ਸਮਝਾਅ-ਬੁਝਾਅ ਕੇ ਬੂਹਾ ਖੁਲ੍ਹਵਾਉਣ ਲਈ ਬਥੇਰੇ ਯਤਨ ਕੀਤੇ, ਪਰ ਅੰਦਰੋਂ ਕੋਈ ਜਵਾਬ ਮਿਲਣਾ ਬੰਦ ਹੋ ਗਿਆ ਅਤੇ ਮਹਾਰਾਜੇ ਨੂੰ ਨਿਰਾਸ਼ ਵਾਪਸ ਮੁੜਨਾ ਪਿਆ।

## ਰਾਗੀ ਭਾਈ ਹੀਰਾ ਸਿੰਘ ਜੀ

**ਸੰਪਾਦਕੀ ਨੋਟ** : (ਹਜ਼ੂਰੀ ਰਾਗੀ ਭਾਈ ਹੀਰਾ ਸਿੰਘ ਜੀ ਦੇ ਵਿਸਥਾਰਿਤ ਜੀਵਨ ਬਿਰਤਾਂਤ ਉਨ੍ਹਾਂ ਦੇ ਸਪੁੱਤਰ ਮੇਜਰ ਬਲਵੰਤ ਸਿੰਘ ਜੀ ਵਲੋਂ ਲਿਖੀ ਪੁਸਤਕ ਨਿਰਮੋਲਕ ਹੀਰਾ, ਭਾਈ ਹੀਰਾ ਸਿੰਘ ਜੀ ਰਾਗੀ ਵਿਚੋਂ ਪੜ੍ਹੇ ਜਾ ਸਕਦੇ ਹਨ।)

**ਸੰਖੇਪ ਜੀਵਨ** : ਗੁਰੂ ਘਰ ਦੇ ਨਿਰਬਾਣ ਕੀਰਤਨੀਏ ਭਾਈ ਹੀਰਾ ਸਿੰਘ ਜੀ ਦਾ ਜਨਮ ਸੰਨ 1879 ਵਿੱਚ ਸ਼ਾਹਪੁਰ ਝੰਗ ਦੇ ਨੇੜੇ ਪਿੰਡ ਫਰੂਕਾ (ਪਾਕਿਸਤਾਨ) ਵਿਚ ਭਾਈ ਭਾਗ ਸਿੰਘ ਜੀ ਦੇ ਘਰ ਮਾਤਾ ਸੱਤ ਭਰਾਈ ਜੀ ਦੀ ਕੁੱਖੋਂ ਹੋਇਆ। ਆਪ ਦੇ ਪਿਤਾ ਜੀ ਗੁਰੂ ਘਰ ਦੇ ਢਾਡੀ ਕੀਰਤਨੀਏ ਸਨ ਜੋ ਸਿਤਾਰ ਨਾਲ ਕੀਰਤਨ ਕਰਦੇ ਹੁੰਦੇ ਸਨ। ਆਪ ਉਨ੍ਹਾਂ ਨਾਲ ਦੂਜੇ ਵਾਜੇ ਤੇ ਬਹਿ ਕੇ ਕੀਰਤਨ ਜੀ ਸੇਵਾ ਕਰਿਆ ਕਰਦੇ ਸਨ। ਆਪ ਨੇ ਗੁਰਮੁਖੀ ਅਤੇ ਗੁਰਬਾਣੀ ਦੀ ਮੁੱਢਲੀ ਵਿੱਦਿਆ ਭਾਈ ਮਾਹਣਾ ਸਿੰਘ ਜੀ ਦੀ ਧਰਮਸ਼ਾਲਾ ਫਰੂਕੇ ਵਿੱਚੋਂ ਪ੍ਰਾਪਤ ਕੀਤੀ। ਸਰਕਾਰੀ ਮਦਰੱਸੇ ਵਿਚੋਂ ਉਰਦੂ, ਫਾਰਸੀ ਅਤੇ ਗਣਿਤ ਦੇ ਵਿਸ਼ਿਆ ਵਿੱਚ ਪੰਜਵੀ ਤਾਈ ਪੜ੍ਹਾਈ ਕੀਤੀ। ਉਪਰੰਤ ਸਾਹੀਵਾਲ ਮਿਡਲ ਸਕੂਲ ਵਿੱਚ ਪੜ੍ਹਨ ਲਈ ਭੇਜੇ ਗਏ। ਘਰੋਗੀ ਰੁਕਾਵਟਾਂ ਕਰਕੇ ਪੜ੍ਹਾਈ ਵਿੱਚੇ ਹੀ ਛੱਡਣੀ ਪਈ। ਫਰੂਕੇ ਰਹਿੰਦਿਆਂ ਭਾਈ ਮਾਹਣਾ ਸਿੰਘ ਜੀ ਤੋਂ ਹੀ ਗੁਰਮੁਖੀ ਦੀ ਸੰਥਿਆ ਲਈ।ਆਪ ਨੂੰ ਗੁਰਬਾਣੀ ਅਤੇ ਇਤਿਹਾਸ ਪੜ੍ਹਨ ਦਾ ਬਹੁਤ ਸ਼ੌਂਕ ਸੀ। ਸਕੂਲ ਦੀ ਪੜ੍ਹਾਈ ਸਮੇਂ ਵਿਦਿਆਰਥੀਆਂ ਵਿਚ ਸਭ ਤੋਂ ਅੱਗੇ ਰਹਿੰਦੇ ਸਨ। ਕੀਰਤਨ ਆਪਣੇ ਪਿਤਾ ਭਾਈ ਭਾਗ ਸਿੰਘ ਜੀ ਤੋਂ ਸਿੱਖਿਆ ਅਤੇ ਇਹ ਸੇਵਾ ਉਨ੍ਹਾਂ ਨਾਲ ਮਿਲ ਕੇ ਤਾਅ ਜ਼ਿੰਦਗੀ ਨਿਭਾਈ। ਕੀਰਤਨ ਦੌਰਿਆਂ ਵਿੱਚ ਹੀ ਆਪ ਜੀ ਨੂੰ ਰਾਵਲਪਿੰਡੀ ਜਾਣ ਦਾ ਅਵਸਰ ਮਿਲਿਆ ਅਤੇ ਇੱਥੇ ਹੀ ਬਾਬਾ ਦਿਆਲ ਜੀ ਨਿਰੰਕਾਰੀ ਅਤੇ ਭੈਣੀ ਸਾਹਿਬ ਵਾਲੇ ਨਾਮਧਾਰੀਆਂ ਨਾਲ ਮੇਲ ਹੋਇਆ। ਇੱਥੇ ਹੀ ਪਹਿਲਾਂ ਉਨ੍ਹਾਂ ਕੋਲੋਂ ਅੰਮ੍ਰਿਤ ਛਕਿਆ। ਉੱਥੋਂ ਨਾਮ ਅਭਿਆਸ ਦੀ ਲਾਗ ਤਾਂ ਲੱਗੀ ,ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਸੱਚੇ ਗੁਰੂ ਦੀ ਲੋੜ ਭਾਸਣ ਤੇ ਚਿਤ ਉਪਰਾਮ ਹੋ ਗਿਆ, ਕਿਉਂਕਿ ਨਾਮਧਾਰੀ ਦੇਹ ਧਾਰੀ ਗੁਰੂ ਨੂੰ ਤਰਜੀਹ ਦਿੰਦੇ ਸਨ। ਸਮੇਂ ਦੇ ਰਿਵਾਜ ਅਨੁਸਾਰ ਆਪ ਦਾ ਵਿਆਹ ਛੋਟੀ ਉਮਰੇ, ਸੰਨ 1894 ਵਿੱਚ ਫਿਰੂਕੇ ਦੇ ਭਾਈ ਦੂਨੀ ਚੰਦ (ਜੋ ਅੰਮ੍ਰਿਤ ਛੱਕ ਕੇ ਅਮਰ ਸਿੰਘ ਜੀ ਹੋਏ) ਦੀ ਪੁੱਤਰੀ ਭਾਵਾਂ ਬਾਈ (ਜੋ ਅੰਮ੍ਰਿਤ ਛਕ ਕੇ ਪ੍ਰੇਮ ਕੌਰ ਸਦਾਏ) ਨਾਲ ਹੋਇਆ। ਸਤਸੰਗਤਿ ਦੀ ਐਸੀ ਖਿੱਚ ਪਈ ਕਿ ਵਿਆਹ ਤੋਂ ਛੇ ਮਹੀਨੇ ਬਾਅਦ, ਪਿਤਾ ਜੀ ਦਾ ਸਾਥ ਛੱਡ ਕੇ ਸ੍ਰੀ ਅੰਮ੍ਰਿਤਸਰ ਆ ਗਏ ਤੇ ਜੀਵਨ ਨੂੰ ਸੇਵਾ, ਸਿਮਰਨ ਵਿੱਚ ਢਾਲਣ ਲੱਗ ਪਏ। ਸੰਨ 1895 ਵਿਚ ਸੰਤ ਬਾਬਾ ਅਤਰ ਸਿੰਘ ਜੀ ਦੇ ਜਥੇ ਵਿੱਚ ਸ਼ਾਮਲ ਹੋ ਗਏ ਤੇ ਡੇਢ ਕੁ ਸਾਲ ਸੰਤਾਂ ਨਾਲ ਰਹਿ ਕੇ ਕੀਰਤਨ , ਭਜਨ ਪਾਠ ਅਤੇ ਸੇਵਾ ਵਿੱਚ ਜੁਟੇ ਰਹੇ। ਸੰਤਾ ਦੇ ਨਾਲ ਹੀ ਸਿੰਧ ਤੇ ਸ੍ਰੀ ਹਜ਼ੂਰ ਸਾਹਿਬ ਗਏ, ਪਰ ਪਿਤਾ ਜੀ ਵੱਲੋਂ ਬੇਨਤੀ ਕਰਨ ਤੇ ਸੰਤਾਂ ਨੇ, ਆਪ ਨੂੰ ਗ੍ਰਹਿ ਵਿਖੇ ਰਹਿ ਕੇ ਹੀ,ਨਾਮ ਜੱਪਣ ਜਪਾਉਣ ਦਾ ਹੁਕਮ ਕਰ ਕੇ, ਪਿਤਾ ਜੀ ਨਾਲ ਘਰ ਫਰੂਕੇ ਵਾਪਸ ਭੇਜ ਦਿੱਤਾ। ਉਸ ਵੇਲੇ ਆਪ ਜੀ ਨੇ ਸੰਤ ਬਾਣਾ ਧਾਰਨ ਕਰ ਲਿਆ ਸੀ ਅਤੇ ਲੋਕ ਆਪ ਨੂੰ ਸਾਧੂ ਕਹਿਣ ਲੱਗ ਪਏ ਸਨ। ਕੁਝ ਚਿਰ ਘਰ ਰਹਿ ਕੇ ਫਿਰ ਪਤਨੀ ਨਾਲ ਸ੍ਰੀ ਅੰਮ੍ਰਿਤਸਰ ਆ ਗਏ ਅਤੇ ਸ੍ਰੀ ਦਰਬਾਰ ਸਾਹਿਬ ਜੀ ਦੀ ਦਰਸ਼ਨ ਇਸ਼ਨਾਨ , ਪਰਕਰਮਾਂ ਵਿਚ ਝਾੜੂ ਮਾਰਨ ਅਤੇ ਇਸ਼ਨਾਨ ਦੀ ਸੇਵਾ ਵਿੱਚ ਜੁੱਟ ਗਏ। ਇੱਥੇ ਹੀ ਭਾਈ ਵੀਰ ਸਿੰਘ ਜੀ ਨਾਲ ਆਪ ਦਾ ਮੇਲ ਹੋਇਆ ਅਤੇ ਉਨ੍ਹਾਂ



www.AKJ.Org

ਖਾਲਸਾ ਟ੍ਰੈਕਟ ਸੋਸਾਇਟੀ ਵਿਚ ਨੌਕਰੀ ਤੇ ਲਗਵਾ ਦਿੱਤਾ; ਸੰਨ 1897 ਵਿਚ ਇਸ ਨੌਕਰੀ ਤੋਂ ਮੁਕਤ ਹੋ ਕੇ ਕੀਰਤਨ ਦੀ ਸੇਵਾ ਆਰੰਭ ਕਰ ਦਿੱਤੀ। ਆਪ ਜੀ ਦਾ ਗਲਾ, ਪਿਤਾ ਜੀ ਵਾਂਗ ਬਹੁਤ ਉੱਚਾ ਅਤੇ ਰਸੀਲਾ ਸੀ ਅਤੇ ਆਵਾਜ਼ ਵਿੱਚ ਵੀ ਬਹੁਤ ਕਸ਼ਿਸ਼ ਸੀ। ਕੀਰਤਨ, ਅਰਦਾਸ, ਵਿਆਖਿਆ ਕਰਦੇ ਸਮੇਂ ਆਪਦ੍ਰਵੀ ਭੂਤ ਹੋ ਜਾਂਦੇ ਸਨ ਤੇ ਅੱਖਾਂ ਵਿੱਚੋਂ ਹੰਝੂ ਤ੍ਰਿਪ ਤ੍ਰਿਪ ਡਿੱਗਦੇ ਹੁੰਦੇ ਸਨ। ਸ੍ਰੋਤੇ ਵੀ ਮੁਗਧ ਮੰਤਰ ਹੋ ਕੇ ਕਰੁਣਾ ਰਸ ਵਿੱਚ ਡੁੱਬ ਜਾਂਦੇ ਸਨ। ਸੰਗਤਾਂ ਨੂੰ ਐਸਾ ਪ੍ਰੇਮ ਵਿਚ ਖਿੱਚਦੇ ਸਨ ਕਿ ਸੁੱਧ ਬੁੱਧ ਵੀ ਭੁਲਾ ਦਿੰਦੇ ਸਨ। ਸੁਰਤਾਂ ਉੱਡਦੀਆਂ ਦਿਬ ਮੰਡਲ ਵਿੱਚ ਪਹੁੰਚ ਜਾਂਦੀਆਂ ਸਨ। ਵੀਹ ਬਾਈ ਸਾਲ ਦੀ ਉਮਰ ਵਿੱਚ ਹੀ ਪੰਥ ਦੇ ਮੰਨੇ ਪ੍ਰਮੰਨੇ ਰਾਗੀਆਂ ਵਿੱਚ ਗਿਣੇ ਜਾਣ ਲੱਗ ਪਏ। ਜਦੋਂ ਆਪ ਜੀ ਨੇ ਸੰਨ 1897-98 ਵਿਚ ਕੀਰਤਨ ਦੀ ਸੇਵਾ ਆਰੰਭੀ ਸੀ ਤਾਂ ਉਸ ਵੇਲੇ ਸਿੰਘ ਸਭਾ ਜ਼ੋਰ ਫੜ ਚੁੱਕੀ ਸੀ। ਆਪ ਜੀ ਨੇ ਥਾਂ ਥਾਂ ਧਾਰਮਿਕ ਦੀਵਾਨਾਂ ਤੇ ਪੁੱਜ ਕੇ ਸਿੰਘ ਸਭਾ ਦੇ ਉਦੇਸ਼ਾਂ ਦੀ ਪੂਰਤੀ ਲਈ ਯਤਨ ਆਰੰਭ ਕੀਤੇ। ਇਸ ਮਕਸਦ ਲਈ ਜਿੱਥੇ ਆਪ ਨੇ ਸਿੱਖ ਐਜੂਕੇਸ਼ਨਲ ਕਾਨਫ਼ਰੰਸਾਂ ਅਤੇ ਵਿਦਿਅਕ ਆਸ਼ਰਮਾਂ ਦੀ ਸਥਾਪਤੀ ਲਈ ਯਤਨ ਕੀਤੇ, ਉੱਥੇ ਆਪ ਨੇ ਸਿੰਧ, ਹਜ਼ਾਰੇ ,ਕੋਇਟਾ ਅਤੇ ਫ਼ੌਜੀ ਪਲਟਣਾਂ ਵਿੱਚ ਜਾ ਕੇ ਗੁਰਮਤਿ ਪ੍ਰਚਾਰ, ਅੰਮ੍ਰਿਤ ਸੰਚਾਰ ਅਤੇ ਗੁਰਮਰਿਆਦਾ ਅਨੁਸਾਰ ਆਨੰਦ ਕਾਰਜ ਕਰਾਉਣੇ ਵੀ ਸ਼ੁਰੂ ਕੀਤੇ। ਇਸ ਸਮੇਂ ਦੌਰਾਨ ਆਪ ਜੀ ਦਾ ਭਾਈ ਵੀਰ ਸਿੰਘ ਜੀ ਤੋਂ ਇਲਾਵਾ ਸਿੰਘ ਸਭਾ ਦੇ ਮੋਢੀਆਂ ਅਤੇ ਚੀਫ਼ ਖਾਲਸਾ ਦੀਵਾਨ ਦੇ ਪ੍ਰਮੁੱਖ ਸੇਵਕਾਂ ਨਾਲ ਮੇਲ ਜੋਲ ਹੋ ਗਿਆ ਸੀ ਤੇ ਆਪ ਇਹ ਸੇਵਾ ਅਖੀਰਲੇ ਸਵਾਸਾਂ ਤਾਈਂ ਕਰਦੇ ਰਹੇ। ਆਪ ਨੇ ਅਕਾਲੀ ਤੇ ਗੁਰਦੁਆਰਾ ਸੁਧਾਰ ਲਹਿਰ ਵਿੱਚ ਵੀ ਵੱਧ ਚੜ੍ਹ ਕੇ ਹਿੱਸਾ ਪਾਇਆ। ਨਨਕਾਣਾ ਸਾਹਿਬ ਸ਼ਹੀਦੀ ਸਾਕੇ ਸਮੇਂ, ਆਪ ਉੱਥੇ ਪਹੁੰਚੇ ਅਤੇ ਸ਼ਹੀਦ ਸਿੰਘਾਂ ਦੇ ਸਸਕਾਰ, ਫੱਟੜ ਗੁਰਸਿੱਖਾਂ ਦੀ ਸੇਵਾ ਅਤੇ ਜ਼ਖ਼ਮੀ ਹੋਈ ਬੀੜ ਨੂੰ ਸੰਭਾਲਣ ਲਈ ਸੰਗਤਾਂ ਦੇ ਸਹਿਯੋਗ ਨਾਲ ਉਪਰਾਲੇ ਕੀਤੇ। ਗੁਰੂ ਕੇ ਬਾਗ ਅਤੇ ਜੋਤੇ ਦੇ ਮੋਰਚੇ ਵੇਲੇ ਵੀ ਪੰਥ ਸੇਵਕਾਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਸੇਵਾ ਕਰਦੇ ਰਹੇ। ਆਪ ਜੀ ਨੂੰ ਅਕਾਲ ਪੁਰਖ ਵਲੋਂ ਸਵਾਸਾਂ ਦੀ ਪੂੰਜੀ ਥੋੜੀ ਹੀ ਬਖ਼ਸ਼ੀ ਗਈ ਸੀ। ਜਵਾਨੀ ਦੀ 46 ਸਾਲ ਦੀ ਉਮਰ ਵਿੱਚ ਹੀ ਆਪ ਜੀ ਨੂੰ ਨਾਮੁਰਾਦ ਬਿਮਾਰੀ ਕੈਂਸਰ ਨੇ ਆ ਘੇਰਿਆ ਅਤੇ ਧੁਰੋ ਸੱਦੇ ਆ ਗਏ ਮਿਤੀ ਦੋ 2 ਸਤੰਬਰ 1925 ਨੂੰ ਡੇਹਰਾਦੂਨ ਵਿਖੇ ਪੰਜ ਭੂਤਕ ਸਰੀਰ ਨੂੰ ਤਿਆਗ ਕੇ ਗੁਰੂ ਚਰਨਾਂ ਵਿਚ ਜਾ ਬਿਰਾਜੇ। ਆਪਣੀ ਛੋਟੀ ਜਿਹੀ ਆਰਜਾ ਵਿਚ ਆਪ ਨੇ ਬੜੇ ਬੜੇ ਪੰਥਕ ਕਾਰਜ ਕਰਕੇ ਆਪਣੀ ਇਕ ਅਮਿੱਟ ਛਾਪ ਛੱਡ ਗਏ ਹਨ। ਉਨ੍ਹਾਂ ਦੇ ਜੀਵਨ ਬਿਰਤਾਂਤ ਦੀਆਂ ਕੁਝ ਖ਼ਾਸ ਖਾਸ ਘਟਨਾਵਾਂ, ਜੋ ਵੱਖ ਵੱਖ ਲੇਖਕਾਂ ਵੱਲੋਂ ਸਮੇਂ ਸਮੇਂ ਅਖ਼ਬਾਰਾਂ, ਰਸਾਲਿਆਂ ਵਿੱਚ ਛਪਦੀਆਂ ਰਹੀਆਂ ਹਨ, ਹੇਠਾਂ ਦਰਜ ਹਨः-

ਤਿਆਗ ਤੇ ਬੈਰਾਗ ਦੀ ਮੂਰਤੀ ਭਾਈ ਹੀਰਾ ਸਿੰਘ ਜੀ ਰਾਗੀ 46 ਵਰ੍ਹਿਆਂ ਦੀ ਸੰਸਾਰਕ ਯਾਤਰਾ ਪੂਰੀ ਕਰਕੇ 1925 ਵਿੱਚ ਸੱਚਖੰਡ ਨੂੰ ਪਿਆਨਾ ਕਰ ਗਏ, ਪਰ ਆਪਣੀ ਜੀਵਨੀ ਬਚਪਨ ਤੋਂ ਲੈ ਕੇ ਅੰਤਲੇ ਸੁਆਸਾਂ ਤੱਕ ਗੁਰੂ ਲੇਖੇ ਲਾਈ ਰੱਖੀ। ਉੱਭਰ ਰਹੀ ਸਿੰਘ ਸਭਾ ਲਹਿਰ ਦੇ ਨਾਲ ਮਿਲ ਕੇ ਆਪ ਜੀ ਪਿੰਡਾਂ ਤੇ ਸ਼ਹਿਰਾਂ ਵਿੱਚ ਅਨੇਕਾਂ ਜ਼ਫ਼ਰ ਜਾਲ-ਜਾਲ ਕੇ ਪੁੱਜਦੇ ਰਹੇ ਅਤੇ ਗੁਰਬਾਣੀ ਦੇ ਮਿੱਠੇ ਕੀਰਤਨ ਅਤੇ ਗੁਰਮਤਿ ਦੀ ਰਸੀਲੀ ਵਿਆਖਿਆ ਦੁਆਰਾ, ਸਿੱਖ ਮਤ ਵਿੱਚ ਧਸੌੜੀਆਂ ਗਈਆਂ ਬ੍ਰਾਹਮਣੀ ਰੀਤਾਂ-ਰਸਮਾਂ ਅਤੇ ਸਨਾਤਨੀ-ਕਰਮਾਂ ਧਰਮਾਂ ਦੇ ਭਰਮ-ਜਾਲ ਕੱਟਦੇ, ਗੁਰਮਤਿ ਰਹਿਤ-ਰਹਿਣੀ ਨੂੰ ਉਜਾਗਰ ਕਰਦੇ ਰਹੇ।

ਭਾਈ ਹੀਰਾ ਸਿੰਘ ਜਦੋਂ ਅੰਮ੍ਰਿਤ ਵੇਲੇ ਅੰਮ੍ਰਿਤ ਬਾਣ ਦੀਆਂ ਸੁਰਾਂ ਅਲਾਪਦੇ ਤਾਂ ਐਸਾ ਸ਼ਾਂਤ ਵਾਤਾਵਰਨ ਛਾ ਜਾਂਦਾ ਕਿ ਉਖੜੀਆਂ ਤੇ ਟੁੱਟੀਆਂ ਸੁਰਤਾਂ ਵੀ ਗੁਰੂ ਚਰਨਾਂ ਵਿੱਚ ਜੁੜ ਕੇ ਅੰਮ੍ਰਿਤ ਭਿੰਨੇ ਲੋਇਣਾਂ ਅਤੇ ਰੰਗ-ਰੱਤੜੀ ਦਸ਼ਾ ਵਿੱਚ ਪੁੱਜ ਜਾਂਦੇ। ਉਨ੍ਹਾਂ ਦੇ ਆਪਣੇ ਨੇਤਰਾਂ ਵਿੱਚ ਵੀ ਜਲ-ਧਾਰਾ ਚੱਲ ਰਹੀ ਹੁੰਦੀ ਅਤੇ ਸੰਗਤਾਂ ਵੀ ਵੈਰਾਗ ਵਿੱਚ ਤ੍ਰਿਪ-ਤ੍ਰਿਪ ਹੰਝੂ ਕੇਰ ਰਹੀਆਂ ਹੁੰਦੀਆਂ। ਸ਼ਬਦ-ਕੀਰਤਨ ਉਪਰੰਤ ਜਦੋਂ ਉਹ ਗੁਰਮਤਿ ਦੀ ਵਿਆਖਿਆ ਕਰਦੇ



www.AKJ.Org

ਤਾਂ ਉਨ੍ਹਾਂ ਦੀ ਜਾਦੂ-ਬਿਆਨੀ ਦਾ ਐਸਾ ਅਸਰ ਹੁੰਦਾ ਕਿ ਪੱਥਰ ਤੋਂ ਪੱਥਰ ਦਿਲ ਵੀ ਮੋਮ ਹੋ ਜਾਂਦੇ ਅਤੇ ਸਿੱਖ ਤਾਂ ਕਿਤੇ ਰਹੇ, ਸਿੱਖ ਧਰਮ ਦੇ ਨਿੰਦਕ ਅਤੇ ਕੱਟੜ ਦੋਖੀ ਆਰੀਆ ਸਮਾਜੀ ਵੀਰ ਤੇ ਅਨੇਕਾਂ ਹਿੰਦੂ-ਮੁਸਲਮਾਨ ਵੀ ਆਪ ਦੇ ਮ੍ਰਿਦੁਲ ਬਚਨਾਂ ਨਾਲ ਕੀਲੇ ਜਾਂਦੇ ਅਤੇ ਗੁਰੂ ਚਰਨਾਂ ਦੇ ਪ੍ਰੇਮੀ ਹੋ ਨਿੱਬੜਦੇ।

ਭਾਈ ਸਾਹਿਬ ਜੀ ਦੀ ਕਥਨੀ ਵਿੱਚ ਜੋ ਇਹ ਕਲਾ ਵਰਤਦੀ ਸੀ, ਉਸ ਦਾ ਕਾਰਨ ਜਿੱਥੇ ਗੁਰੂ ਪਾਤਿਸ਼ਾਹ ਦੀ ਅਪਾਰ ਬਖ਼ਸ਼ਿਸ਼ ਸੀ, ਉੱਥੇ ਭਾਈ ਸਾਹਿਬ ਜੀ ਦੀ ਨਿੱਜੀ ਰਹਿਣੀ-ਬਹਿਣੀ ਬੜੀ ਕਮਾਲ ਦੀ ਸੀ। ਉਹ ਅੰਮ੍ਰਿਤ ਵੇਲੇ ਉੱਠਦੇ ਅਤੇ ਨਾਮ ਬਾਣੀ ਨਾਲ ਪਹਿਲੇ ਆਪਣੇ ਅੰਦਰਲੇ ਨੂੰ ਗੁਰ-ਚਰਨਾਂ ਨਾਲ ਜੋੜ ਕੇ ਸੂਰ ਕਰਦੇ, ਅੰਮ੍ਰਿਤ ਵੇਲੇ ਤੋਂ ਆਪਣੇ ਪਿਤਾ ਜੀ ਦੀ ਸੇਵਾ-ਸੰਭਾਲ ਕਰਦੇ ਅਤੇ ਫਿਰ ਇਸ ਸੇਵਾ-ਸਿਮਰਨ ਸਦਕੇ ਸੂਰ ਹੋਏ ਮਨ ਨਾਲ ਗੁਰ-ਸੰਗਤਾਂ ਵਿਚ ਜਾ ਜੁੜਦੇ, ਕੋਮਲ ਤੇ ਮਿੱਠੇ ਬਚਨਾਂ ਦੁਆਰਾ ਅੰਮ੍ਰਿਤ ਬਾਣੀ ਦੀ ਐਸੀ ਵਰਖਾ ਕਰਦੇ ਅਤੇ ਬਾਣੀ ਦੇ ਐਸੇ ਤੀਰ ਮਾਰਦੇ ਕਿ ਹਿਰਦੇ ਵਿੰਨ੍ਹੇ ਜਾਂਦੇ, ਗੁਰਸਿੱਖੀ ਲਈ ਅਥਾਹ ਪਿਆਰ ਸਰੋਤਿਆਂ ਦੇ ਹਿਰਦਿਆਂ ਵਿੱਚ ਜਗ੍ਹਾ ਦਿੰਦੇ। ਇਹ ਸਭ ਕੁਝ ਆਪ ਦੇ ਉੱਚੇ-ਸੁੱਚੇ ਜੀਵਨ ਦਾ ਕ੍ਰਿਸ਼ਮਾ ਸੀ। ਆਪ ਦੀ ਪ੍ਰੀਤੀ-ਪ੍ਰੇਰਨਾ ਨਾਲ ਅਨੇਕਾਂ ਪ੍ਰਾਣੀ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਦੇ ਰਹੇ ਅਤੇ ਸੈਂਕੜੇ ਹਿੰਦੂ ਪਰਿਵਾਰ ਅੰਮ੍ਰਿਤ ਛੱਕ ਕੇ ਸਿੰਘ ਸਜਦੇ ਰਹੇ। ਆਪ ਦੀ ਕਥਨੀ ਦੇ ਪ੍ਰਭਾਵ ਹੇਠ ਅਨਮਤੀਏ ਵੀ ਬਿਖਿਆ (ਤੰਬਾਕੂ) ਅਤੇ ਹੋਰ ਬੁਰਿਆਈਆਂ ਛੱਡ ਜਾਂਦੇ ਰਹੇ। ਆਪ ਜੀ ਗ੍ਰਿਹਿਸਤੀ ਹੁੰਦਿਆਂ, ਤਿਆਗੀ ਬਿਰਤੀ ਵਿੱਚ ਵਿਚਰਦੇ ਰਹੇ ਅਤੇ ਕੀਰਤਨ ਭੇਟਾ ਮਾਇਆ ਦੇ ਢੇਰਾਂ ਦੇ ਢੇਰ ਸਿੱਖ-ਆਸ਼ਰਮਾਂ ਅਤੇ ਗੁਰੂ-ਸੇਵਾ ਵਿੱਚ ਲੇਖੇ ਲਾ ਦਿੰਦੇ ਰਹੇ। ਆਪਣੇ ਕੋਲ ਗੁਜ਼ਰਾਨ ਮਾਤਰ ਹੀ ਰੱਖਦੇ।

ਭਾਈ ਸਾਹਿਬ ਦੇ ਜੀਵਨ ਦਾ ਮੁੱਖ ਨਿਸ਼ਾਨਾ ਸੀ :

**ਪ੍ਰਥਮੇ ਮਨੁ ਪਰਬੋਧੈ ਅਪਨਾ ਪਾਛੈ ਅਵਰ ਰੀਝਾਵੈ ॥**
**ਰਾਮ ਨਾਮ ਜਪੁ ਹਿਰਦੈ ਜਾਪੈ ਮੁਖ ਤੇ ਸਗਲ ਸੁਨਾਵੈ ॥੨॥**

(ਪੰਨਾ : ੩੮੧)

ਉਹ ਗੁਰ ਸੰਗਤਾਂ ਵਿਚ ਕੀਰਤਨ ਦੀ ਹਾਜ਼ਰੀ ਭਰਨ ਤੋਂ ਪਹਿਲਾਂ, ਆਪਣੇ ਆਪ ਨੂੰ ਅੰਮ੍ਰਿਤ ਵੇਲੇ ਗੁਰ ਚਰਨਾਂ ਗੁਰ ਚਰਨਾਂ ਨਾਲ ਜੋੜਦੇ ਅਤੇ ਨਾਮ-ਬਾਣੀ ਦੇ ਅਭਿਆਸ ਦੁਆਰਾ ਆਪਣੇ ਮਨ ਨੂੰ ਵਾਹਿਗੁਰੂ ਨਾਮ ਨਾਲ ਸੁਰ ਕਰਦੇ। ਇਸ ਸੁਰ ਹੋਏ ਮਨ ਦੁਆਰਾ ਜਦੋਂ ਉਹ ਸੰਗਤਾਂ ਵਿਚ ਪੁੱਜ ਕੇ ਅੰਮ੍ਰਿਤ ਬਾਣੀ ਦੀ ਵਰਖਾ ਕਰਦੇ ਤਾਂ ਆਪ ਦੇ ਮੁੱਖ ਦੁਆਰਾ ਉਚਾਰੀ ਬਾਣੀ ਸਰੋਤਿਆਂ ਦੇ ਹਿਰਦਿਆਂ ਨੂੰ 'ਬਾਣ' ਹੋ ਕੇ ਵਿੰਨ੍ਹਦੀ ਜਾਂਦੀ ਅਤੇ ਸਭ ਪਾਸੇ ਮੂਰਛਤਾ ਜਿਹੀ ਛਾ ਜਾਂਦੀ।

ਆਪ ਜੀ ਆਪਣੇ ਪਿਤਾ ਭਾਗ ਸਿੰਘ ਜੀ ਨਾਲ ਮਿਲ ਕੇ ਕੀਰਤਨ ਕਰਦੇ ਹੁੰਦੇ ਸਨ। ਪਿਤਾ ਜੀ ਦੀ ਤਨੋ-ਮਨੋ ਸੇਵਾ ਕਰਨ ਦਾ ਜ਼ਿਕਰ ਕਰਦਿਆਂ ਭਾਈ ਤੇਜਾ ਸਿੰਘ ਜੀ ਕੋਹਲੀ 25 ਅਗਸਤ 1952 ਦੇ ਖ਼ਾਲਸਾ ਸਮਾਚਾਰ ਵਿੱਚ ਲਿਖਦੇ ਹਨ :

"ਸ਼ਾਇਦ ਪੋਹ ਮਾਘ ਦੇ ਦਿਨ ਸਨ। ਰਾਤ ਤਿੰਨ ਕੁ ਵਜੇ ਦਾ ਵੇਲਾ ਸੀ। ਮੈਂ ਆਪਣੇ ਵਲੋਂ ਬਹੁਤ ਸਵੇਰ ਸਮਝ ਕੇ ਭਾਈ ਸਾਹਿਬ ਜੀ ਦੇ ਡੇਰੇ ਗਿਆ। ਭਾਈ ਸਾਹਿਬ ਇਸ਼ਨਾਨ ਕਰਕੇ ਬਾਪੂ ਜੀ ਲਈ ਪਾਣੀ ਗਰਮ ਕਰ ਰਹੇ ਸਨ। ਉਨ੍ਹਾਂ ਨੇ ਬਾਪੂ ਜੀ ਦੇ ਚਰਨਾਂ ਨੂੰ ਥੋੜ੍ਹਾ ਜਿਹਾ ਛੋਹ ਕੇ ਉਠਾਇਆ। ਪਾਣੀ, ਗੜਵੀ, ਦਾਤਣ ਅਤੇ ਤੇਲ-ਸਾਬਣ ਹਾਜ਼ਰ ਕੀਤਾ। ਆਪ ਉਨ੍ਹਾਂ ਦਾ ਕਛਹਿਰਾ-ਤੌਲੀਆ ਟੰਗ ਕੇ, ਆਪਣੇ ਮੰਜੇ ਦੇ ਕੋਲ ਭੁੰਜੇ ਆਸਣ ਵਿਛਾ ਕੇ ਬਹਿ ਗਏ। ਬਾਪੂ ਜੀ ਤੇ ਸਾਥੀ ਤਿਆਰ ਹੋ ਕੇ ਦੀਵਾਨ ਵਿੱਚ ਚਲੇ ਗਏ। ਸਵਾ ਕੁ ਘੰਟਾ ਮੈਂ ਉਨ੍ਹਾਂ ਕੋਲ ਬੈਠਾ। ਉਨ੍ਹਾਂ ਦੀ ਅਹਿੱਲ ਸਮਾਧੀ ਅਤੇ ਨੂਰਾਨੀ ਚਿਹਰੇ ਤੋਂ ਮਸਤਕ ਦੀ ਪ੍ਰਫੁੱਲਤਾ ਨੂੰ, ਲੈਂਪ ਦੇ ਮੱਧਮ ਚਾਨਣ ਵਿੱਚ ਵੇਖਦਾ ਰਿਹਾ। ਉਨ੍ਹਾਂ ਦੀ ਇਕਾਗਰਤਾ ਤੇ ਸਰੂਪ ਸੁੰਦਰਤਾ ਨੇ ਮੇਰੇ ਮਨ ਦੀ ਮਗਨਤਾ ਵਿੱਚ ਇਕ ਅਜੀਬ ਜਿਹੀ ਖ਼ੁਸ਼ੀ ਉਛਾਲੀ। ਸਾਢੇ ਚਾਰ ਕੁ ਵਜੇ ਉਹ ਉੱਠੇ ਤੇ ਮੈਨੂੰ 'ਚੱਲੀਏ' ਆਖ ਕੇ ਦੀਵਾਨ ਵਿੱਚ ਲੈ ਗਏ।..."



www.AKJ.Org

ਭਾਈ ਹੀਰਾ ਸਿੰਘ ਜੀ ਜਿੱਥੇ ਨਾਮ-ਸਿਮਰਨ ਤੇ ਸੇਵਾ ਨੂੰ ਗੁਰਸਿੱਖੀ ਦਾ ਮੁੱਖ ਅੰਗ ਸਮਝਦੇ ਸਨ, ਉੱਥੇ ਆਪਣੀ ਮਾਣ-ਵਡਿਆਈ ਤੋਂ ਸਦਾ ਬਚਣ ਦਾ ਯਤਨ ਕਰਦੇ। ਆਪ ਦੇ ਭਰਾਤਾ ਭਾਈ ਪ੍ਰਧਾਨ ਸਿੰਘ ਜੀ ਰਾਗੀ ਆਪ ਜੀ ਦੇ ਜੀਵਨ 'ਤੇ ਰੌਸ਼ਨੀ ਪਾਉਂਦਿਆਂ 30 ਅਗਸਤ 1951 ਦੇ ਖ਼ਾਲਸਾ ਸਮਾਚਾਰ ਵਿੱਚ ਲਿਖਦੇ ਹਨ :

"ਆਪ ਇਕ ਵਾਰ ਸੰਗਤਾਂ ਵਿੱਚ ਪ੍ਰਚਾਰ ਕਰਦੇ ਦੋ-ਤਿੰਨ ਮਹੀਨੇ ਲਗਾ ਕੇ ਸ੍ਰੀ ਅੰਮ੍ਰਿਤਸਰ ਪਹੁੰਚੇ। ਆਪ ਚੌਂਕ ਕਰੋੜੀ ਸ੍ਰੀ ਅੰਮ੍ਰਿਤਸਰ ਨਿਵਾਸ ਰੱਖਦੇ ਸਨ। ਸੰਗਤਾਂ ਵਿੱਚ ਬੜੀ ਪ੍ਰਸੰਨਤਾ ਹੋਈ, ਜਿਸ ਨੂੰ ਭਾਈ ਸਾਹਿਬ ਨੇ ਆਪਣੇ ਜੀਵਨ ਲਈ ਹਾਨੀਕਾਰਕ ਸਮਝਿਆ। ਭਾਈ ਸਾਹਿਬ ਨੇ ਬਾਪੂ ਜੀ ਤੇ ਜਥੇ ਨੂੰ ਸਟੇਸ਼ਨ ਤੋਂ ਸਿੱਧਾ ਘਰ ਭੇਜ ਦਿੱਤਾ ਤੇ ਆਪ ਸਾਰੀ ਰਾਤ ਸ੍ਰੀ ਹਰਿਮੰਦਰ ਸਾਹਿਬ ਪੁੱਜ ਕੇ ਸੁਖਮਨੀ ਸਾਹਿਬ ਤੇ ਜਪੁ ਸਾਹਿਬ ਦੇ ਪਾਠ ਅਥਵਾ ਭਜਨ-ਸਿਮਰਨ ਕਰਦਿਆਂ ਤੇ ਪਰਕਰਮਾ ਵਿੱਚ ਹੱਥੀਂ ਸੇਵਾ ਕਰਕੇ ਆਪਣੀ ਸੁਰਤ ਦਾ ਇਸ਼ਨਾਨ ਕੀਤਾ ਅਤੇ ਉਹ ਸਾਰੀ ਸੋਭਾ ਤੇ ਪ੍ਰਸੰਸਾ ਸ੍ਰੀ ਗੁਰੂ ਰਾਮਦਾਸ ਜੀ ਦੇ ਪਵਿੱਤਰ ਚਰਨਾਂ ਵਿੱਚ ਰੱਖ ਕੇ ਅਰਦਾਸਾ ਕੀਤਾ :

**ਕਹੁ ਨਾਨਕ ਸਭ ਤੇਰੀ ਵਡਿਆਈ ਕੋਈ ਨਾਉ ਨ ਜਾਣੈ ਮੇਰਾ ॥**

(ਅੰਗ : ੩੮੩)

ਆਪ ਦੀ ਸੁਰਤਿ ਗੁਰੂ ਚਰਨਾਂ ਵਿੱਚ ਜੁੜੀ ਹੋਣ ਕਰਕੇ, ਆਪ ਗੁਰੂ-ਪਿਆਰਿਆਂ, ਗੁਰਮੁਖ ਨਾਮ ਰਸ-ਬੀਧੇ ਗੁਰਸਿੱਖਾਂ ਦੇ ਪਰਮ ਪਾਰਖੂ ਸਨ। ਜੀਵਨ ਚਰਿੱਤਰ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਲਿਖਤ ਬਾਬਾ ਸੁਰਜਨ ਸਿੰਘ ਜੀ ਗੁਜਰਵਾਲ ਵਿੱਚ ਇਕ ਘਟਨਾ ਦਾ ਜ਼ਿਕਰ ਆਉਂਦਾ ਹੈ, "1913-14 ਵਿੱਚ ਭਾਈ ਸਾਹਿਬ ਜਥੇ ਸਮੇਤ ਗੁਰਧਾਮਾਂ ਦੀ ਪੈਦਲ ਯਾਤਰਾ ਕਰਦੇ ਹੋਏ ਸ੍ਰੀ ਨਨਕਾਣਾ ਸਾਹਿਬ ਪਹੁੰਚੇ ਤਾਂ ਉੱਥੇ ਇਕ ਭਾਰੀ ਦੀਵਾਨ ਵਿੱਚ ਭਾਈ ਭਾਗ ਸਿੰਘ, ਹੀਰਾ ਸਿੰਘ ਜੀ ਕੀਰਤਨ ਕਰ ਰਹੇ ਸਨ। ਸੰਗਤਾਂ ਦਾ ਬਹੁਤ ਭਾਰੀ ਇਕੱਠ ਸੀ। ਬੈਠਣ ਨੂੰ ਕਿਤੇ ਥਾਂ ਨਹੀਂ ਸੀ। ਭਾਈ ਹੀਰਾ ਸਿੰਘ ਜੀ ਦੀ ਰਮਜ਼-ਸ਼ਨਾਸ ਅੱਖ ਨੇ ਦੂਰੋਂ ਹੀ ਵੇਖ ਕੇ ਸੰਗਤਾਂ ਨੂੰ ਬਿਨੈ ਕੀਤੀ ਕਿ ਮਰਜੀਵੜੇ ਆ ਰਹੇ ਹਨ, ਇਨ੍ਹਾਂ ਸਿੰਘਾਂ ਲਈ ਮੇਰੇ ਸਾਹਮਣੇ ਜਗ੍ਹਾ ਖ਼ਾਲੀ ਕਰ ਦੇਵੋ। ਭਾਈ ਸਾਹਿਬ ਨੂੰ ਜਥੇ ਸਮੇਤ ਸਾਹਮਣੇ ਬਿਠਾ ਕੇ, ਉਸ ਦਿਨ ਭਾਈ ਹੀਰਾ ਸਿੰਘ ਜੀ ਨੇ ਨਿਰੋਲ ਗੁਰਬਾਣੀ ਦਾ ਕੀਰਤਨ ਹੀ ਕੀਤਾ ਅਤੇ ਵਿਆਖਿਆ ਵੱਲ ਧਿਆਨ ਹੀ ਨਾ ਦਿੱਤਾ। ਨਾਲੇ ਕੀਰਤਨ ਕਰੀ ਜਾਣ ਨਾਲੇ ਵੈਰਾਗ ਵਿੱਚ ਰੁਦਨ ਕਰੀ ਜਾਣ। ਭਾਈ ਸਾਹਿਬ ਵੀ ਡਾਢੀ ਵੈਰਾਗ ਦਸ਼ਾ ਵਿੱਚ ਹੋ ਗਏ।"

ਭਾਈ ਹੀਰਾ ਸਿੰਘ ਜੀ ਮਾਇਆ ਵਿੱਚ ਖੇਡਦੇ ਹੋਇਆਂ ਕਿਵੇਂ ਉਸ ਤੋਂ ਨਿਰਲੇਪ ਰਹਿੰਦੇ ਅਤੇ ਸਭ ਕੁਝ ਗੁਰੂ-ਲੇਖੇ ਲਾ ਦਿੰਦੇ, ਇਸ ਬਾਰੇ ਬੀਬੀ ਉਤਮਜੀਤ ਕੌਰ ਜੀ ਦੀਆਂ ਇਹ ਸਤਰਾਂ ਪੜ੍ਹਨਯੋਗ ਹਨ :

"ਸਲਾਨਾ ਧਾਰਮਿਕ ਦੀਵਾਨ ਦੀ ਇਕ ਸਵੇਰ ਆਸਾ ਦੀ ਵਾਰ ਦੇ ਆਖ਼ਰੀ ਸਲੋਕਾਂ ਦੇ ਕੀਰਤਨ ਸਮੇਂ ਮੈਂ ਕਿੱਡੀ ਹੈਰਾਨ ਹੋਈ ਜਦੋਂ ਵੇਖਿਆ ਕਿ ਭਾਈ ਹੀਰਾ ਸਿੰਘ ਜੀ ਦੇ ਵਾਜੇ ਅੱਗੇ ਸੱਚੀ ਮੁੱਚੀ ਰੁਪਈਆਂ ਦਾ ਢੇਰ ਲੱਗਾ ਹੈ। ਉਹ ਆਪ ਤਾਂ ਮਧੁਰ ਬਾਣੀ ਦੀ ਮਧੁਰ ਕੀਰਤਨ ਦੀ ਗੁੰਜਾਰ ਵਿਚ ਅੱਖਾਂ ਮੀਟਿਆਂ, ਕੀਰਤਨ ਰੂਪ ਹੋਏ ਮਸਤ ਤੇ ਕਿਸੇ ਅਗੰਮੀ ਲੈਅ ਵਿੱਚ ਬਾਣੀ ਗਾਈ ਜਾਂਦੇ ਤੇ ਸ਼ਬਦ ਅਲਾਪਦੇ ਜਾ ਰਹੇ ਸਨ, 'ਮਾਈ ਮੈ ਧਨੁ ਪਾਇਓ ਹਰਿ ਨਾਮੁ॥' ਉਨ੍ਹਾਂ ਦੀ ਸੁਰਤੀ ਉਸ ਉੱਚੇ ਹਰਿ-ਨਾਮ ਵਿੱਚ ਗੜੂੰਦ ਸੀ। ਪਰ ਮੈਂ ਤਾਂ ਸਾਹਮਣੇ ਪਈ ਧਨ ਦੀ ਢੇਰੀ ਨੂੰ ਨਾਪ-ਤੋਲ ਰਹੀ ਸਾਂ; ਇੰਨੇ ਰੁਪਈਏ? ਇੰਨੀ ਵੱਡੀ ਉੱਚੀ ਢੇਰੀ ਰੁਪਈਆਂ ਦੀ? ਭੋਗ ਪੈਣ 'ਤੇ ਜਦੋਂ ਧਾਰਮਿਕ ਦੀਵਾਨ ਦੇ ਸਕੱਤਰ ਨੇ ਲੰਗਰ ਤੇ ਹੋਰ ਸੇਵਾਵਾਂ ਲਈ ਮਾਇਆ ਦੀ ਅਪੀਲ ਕੀਤੀ ਤਾਂ ਭਾਈ ਸਾਹਿਬ ਜੀ ਦੇ ਸੇਜਲ ਨੇਤਰ ਖੁੱਲ੍ਹੇ ਤੇ ਹੱਥ ਜੋੜ ਗਲ ਵਿੱਚ ਪੱਲਾ ਜੋ ਹਮੇਸ਼ਾਂ ਉਹ ਰੱਖਦੇ ਸਨ, ਫੜ ਕੇ ਬੇਨਤੀ ਕੀਤੀ, 'ਇਹ ਮੇਰੇ ਵਾਜੇ ਸਾਹਮਣੇ ਪਿਆ ਧਨ (ਮਾਇਆ) ਲੰਗਰ ਲਈ ਸੁਫਲਾ ਲਵੋ ਤਾਂ ਦਾਸ ਆਪਣੇ ਧੰਨ ਭਾਗ ਸਮਝੇਗਾ।' ਮੇਰੀ ਪਹਿਲੀ ਹੈਰਾਨੀ ਨਾਲੋਂ ਇਹ ਕਿਤੇ ਵਧੀਕ ਸੋਚਣੀ ਸੀ। **'ਐਸੋ ਹੀਰਾ ਨਿਰਮਲ ਨਾਮੁ'** (ਅੰਗ : ੧੧੪੨) ਜੋ ਭਾਈ ਹੀਰਾ ਸਿੰਘ ਜੀ ਕੀਰਤਨੀਏ ਦੇ ਰੋਮ-ਰੋਮ ਵਿੱਚ ਸਿੰਜਰ ਚੁੱਕਾ


www.AKJ.Org

ਸੀ, ਉਹ ਕਿਉਂ ਵੱਡਾ ਤਿਆਗੀ ਨਾ ਹੋ ਸਕੇ। ਇਹ ਤੁੱਛ ਰੁਪਈਆਂ ਦੀ ਢੇਰੀ, ਉਨ੍ਹਾਂ ਦੇ ਜੀਵਨ ਦਾ ਆਧਾਰ ਕਿਵੇਂ ਹੋ ਸਕਦੀ ਸੀ? ਉਨ੍ਹਾਂ ਦੀ ਸੁਰਤ ਤਾਂ ਸਦਾ ਉੱਚੇ ਗਗਨਾਂ ਵਿੱਚ ਨਾਮ-ਮਖ਼ਮੂਰ ਹੋ ਕੇ ਹਲਕੀ ਫੁਲ ਖ਼ੁਸ਼ਬੂਆਂ ਖਿਲਾਰਦੀ ਰਹਿੰਦੀ ਸੀ।

ਅੱਜ ਸਿੱਖ ਪੰਥ ਵਿੱਚ ਬੜੇ-ਬੜੇ ਗੁਣੀ ਗਿਆਨੀ, ਵਿਦਵਾਨ, ਪ੍ਰਚਾਰਕ ਤੇ ਰਾਗਾਂ ਦੇ ਧਨੀ ਕੀਰਤਨੀਏ ਮੌਜੂਦ ਹਨ। ਇਨ੍ਹਾਂ ਵਿਚੋਂ ਉਹ ਵਿਅਕਤੀ ਧੰਨਤਾ ਯੋਗ ਹਨ, ਜੋ ਪਹਿਲਾਂ ਆਪ ਨਿੱਤ ਅੰਮ੍ਰਿਤ ਵੇਲੇ ਗੁਰੂ-ਚਰਨਾਂ ਵਿੱਚ ਜੁੜਦੇ ਹਨ, ਨਾਮ-ਬਾਣੀ ਦਾ ਅਭਿਆਸ ਕਰਦੇ ਹਨ ਅਤੇ ਆਪਣਾ ਮਨ ਸੋਧਦੇ ਪ੍ਰਬੋਧਦੇ ਹਨ, ਸਿਮਰਨ ਦੇ ਨਾਲ-ਨਾਲ ਗੁਰਸਿੱਖ ਸੰਗਤਾਂ ਦੀ ਸੇਵਾ ਵਿੱਚ ਹੱਥ ਵਟਾਉਂਦੇ ਹਨ, ਗ਼ਰੀਬੀ ਵਿੱਚ ਰਹਿੰਦੇ ਹੋਏ ਆਪਣੀ ਮਾਣ-ਵਡਿਆਈ ਤੋਂ ਬਚਦੇ ਹਨ। ਇਸ ਸੇਵਾ-ਸਿਮਰਨ ਤੇ ਮਨ ਦੀ ਗ਼ਰੀਬੀ ਸਦਕਾ ਵੈਰਾਗ-ਬਿਰਤੀ ਵਿੱਚ ਵਿਚਰਦੇ ਹੋਏ, ਬਾਣੀ, ਕੀਰਤਨ ਤੇ ਗੁਰਮਤਿ ਪ੍ਰਚਾਰ ਨਾਲ ਸਿੱਖ ਸੰਗਤਾਂ ਨੂੰ ਗੁਰੂ-ਚਰਨਾਂ ਨਾਲ ਜੋੜਨ ਵਿੱਚ ਸਹਾਈ ਹੁੰਦੇ ਹਨ। ਮਾਇਆ ਦੀ ਪਕੜ ਵਿੱਚ ਨਹੀਂ ਆਉਂਦੇ, ਸਗੋਂ ਗੁਰੂ ਕੀ ਮਾਇਆ ਗੁਰੂ ਕੇ ਲੇਖੇ ਲਾਉਣ ਤੋਂ ਸੰਕੋਚ ਨਹੀਂ ਕਰਦੇ।

ਪਰ ਸਮੁੱਚੇ ਤੌਰ 'ਤੇ ਵੇਖਣ ਵਿੱਚ ਆ ਰਿਹਾ ਹੈ ਕਿ ਉਪਰੋਕਤ ਪੱਖੋਂ ਸਿੱਖ ਕੌਮ ਵਿੱਚ ਐਸੇ ਧਾਰਮਿਕ ਵਿਅਕਤੀ ਨਜ਼ਰੀਂ ਨਹੀਂ ਆ ਰਹੇ। ਅੰਮ੍ਰਿਤ ਵੇਲੇ ਨਾਮ-ਸਿਮਰਨ ਵਿੱਚ ਸੁਰਤ ਜੋੜਨੀ ਤਾਂ ਕਿਤੇ ਰਹੀ, ਬਹੁਤ ਥੋੜ੍ਹੇ ਰਾਗੀ, ਪ੍ਰਚਾਰਕ ਜਾਂ ਗ੍ਰੰਥੀ ਲੱਭਣਗੇ, ਜੋ ਸਵੇਰੇ ਇਸ਼ਨਾਨੇ ਸੋਧ ਕੇ ਪੰਜਾਂ ਬਾਣੀਆਂ ਦਾ ਪਾਠ ਵੀ ਕਰਦੇ ਹੋਣਗੇ। ਜਿੱਥੇ ਆਪਣੀ ਸੁਰਤ ਨਾਮ-ਬਾਣੀ ਦੇ ਅਭਿਆਸ ਨਾਲ ਜੁੜੀ ਨਹੀਂ, ਉੱਥੇ ਮਨ ਦੀ ਇਕਾਗਰਤਾ ਕਿਵੇਂ ਆ ਸਕਦੀ ਹੈ?

**ਆਪਣੇ ਮਨ ਦੀ ਇਕਾਗਰਤਾ ਬਿਨਾਂ, ਬਾਣੀ ਦੇ ਕੀਰਤਨ ਤੇ ਗੁਰਮਤਿ ਪ੍ਰਚਾਰ ਨਾਲ ਸਰੋਤਿਆਂ ਦੇ ਮਨ ਕਿਵੇਂ ਇਕਾਗਰ ਹੋ ਸਕਦੇ ਹਨ ਤੇ ਗੁਰੂ-ਚਰਨਾਂ ਨਾਲ ਜੁੜ ਸਕਦੇ ਹਨ? ਇਸ ਦਸ਼ਾ ਵਿੱਚ ਬਾਣੀ ਪੜ੍ਹਦਿਆਂ, ਖਿੰਡਿਆ ਮਨ ਇੱਧਰ-ਉੱਧਰ ਹੀ ਝਾਕਦਾ ਰਹੇਗਾ। ਬਾਣੀ ਦੇ ਅੰਮ੍ਰਿਤ-ਰਸ ਨੂੰ ਟਿਕੇ ਹੋਏ ਮਨ ਨਾਲ ਹੀ ਮਾਣਿਆ ਜਾ ਸਕਦਾ ਹੈ, ਟਿਕੀ ਹੋਈ ਸੁਰਤ ਹੀ ਆਪ ਅੰਮ੍ਰਿਤ ਰਸ ਭੁੰਚਦੀ ਹੈ ਅਤੇ ਸਾਥੀ ਗੁਰਸਿੱਖਾਂ ਨੂੰ ਅੰਮ੍ਰਿਤ ਰਸ ਭੁੰਚਾ ਸਕਦੀ ਹੈ** ਅਤੇ ਇਉਂ ਬਾਣੀ ਨੂੰ ਸਹੀ ਅਰਥਾਂ ਵਿੱਚ ਸਫਲਾ ਕਰਦੀ ਹੈ-

**ਬਾਬਾ ਮਨੁ ਮਤਵਾਰੋ ਨਾਮ ਰਸੁ ਪੀਵੈ ਸਹਜ ਰੰਗ ਰਚਿ ਰਹਿਆ ॥**
**ਅਹਿਨਿਸਿ ਬਨੀ ਪ੍ਰੇਮ ਲਿਵ ਲਾਗੀ ਸਬਦੁ ਅਨਾਹਦ ਗਹਿਆ ॥੧॥ ਰਹਾਉ ॥**

(ਅੰਗ : ੩੬੦)

ਅਸੀਂ ਕਹਿ ਰਹੇ ਹੁੰਦੇ ਹਾਂ ਕਿ ਮਨ ਗੁਰੂ-ਚਰਨਾਂ ਦਾ ਮਤਵਾਲਾ ਹੋ ਗਿਆ ਹੈ, ਨਾਮ-ਰਸ ਪੀ ਰਿਹਾ ਹੈ, ਸਹਿਜ ਰੰਗ ਰਸ ਵਿੱਚ ਰਚ ਰਿਹਾ ਹੈ, ਪ੍ਰੇਮ-ਉਛਾਲਿਆਂ ਵਿੱਚ ਵਾਹਿਗੁਰੂ ਜੀ ਨਾਲ ਲਿਵ ਲਗ ਗਈ ਹੈ, ਆਦਿ। ਪਰ ਇਹ ਸਭ ਕੁਝ ਕੇਵਲ ਬਾਹਰ ਮੁੱਖੀ ਅਲਾਪ ਰਹੇ ਹੁੰਦੇ ਹਾਂ, ਸਾਡਾ ਅੰਦਰਲਾ ਸਹੀ ਅਰਥਾਂ ਵਿੱਚ ਸੂਰ ਨਹੀਂ ਹੋਇਆ ਹੁੰਦਾ। ਜੇ ਅੰਦਰਲਾ ਨਾਮ-ਰਸ ਵਿੱਚ ਮਤਵਾਲਾ ਹੋਇਆ ਹੋਵੇ ਤਾਂ ਫਿਰ ਸ਼ਰਾਬ ਕਬਾਬ, ਭੰਗ ਤੇ ਅਫ਼ੀਮ ਆਦਿ ਕੁਹਜੇ ਨਸ਼ਿਆਂ ਵੱਲ ਸੁਰਤ ਜਾ ਹੀ ਨਹੀਂ ਸਕਦੀ। ਇਨ੍ਹਾਂ ਨਸ਼ਿਆਂ ਵਿੱਚ ਫਸ ਕੇ ਸਾਡੇ ਬਹੁਤੇ ਰਾਗੀਆਂ, ਪ੍ਰਚਾਰਕਾਂ ਦੇ ਜੀਵਨ ਕੁਕਰਮੀ ਹੋ ਰਹੇ ਹਨ ਅਤੇ ਮਾਇਆਵੀ ਪ੍ਰਭਾਵ ਵਿੱਚ ਭਟਕਦੇ ਹੋਏ ਉਹੋ ਕੁਝ ਕਰ ਰਹੇ ਹਨ, ਜੋ ਕੁਝ ਗੁਰੂ ਪਾਤਿਸ਼ਾਹ ਨੇ ਪੰਡਤਾਂ ਦੀ ਮਾਦਾ-ਦ੍ਰਿਸ਼ਟੀ ਵੇਖ ਕੇ ਫ਼ੁਰਮਾਇਆ ਸੀ :

**ਪੰਡਿਤ ਭੁਲਿ ਭੁਲਿ ਮਾਇਆ ਵੇਖਹਿ ਦਿਖਾ ਕਿਨੈ ਕਿਹੁ ਆਣਿ ਚੜਾਇਆ ॥**

(ਅੰਗ : ੫੧੩)

ਅੱਜ ਅਸੀਂ ਮਾਇਆ ਨੂੰ ਮੁੱਖ ਰੱਖਿਆ ਹੋਇਆ ਹੈ, ਮਾਇਆ ਦਾ ਵਾਪਾਰ ਬਣਾਇਆ ਹੋਇਆ ਹੈ। ਜਦੋਂ ਅਸੀਂ ਗ਼ਰੀਬੀ, ਨਿਰਮਾਣਤਾ ਅਤੇ ਦਾਸਨ ਭਾਵ ਵਿੱਚ ਵਿਚਰਨ ਦੀ ਥਾਂ, ਹਉਮੈ-ਹੰਕਾਰ ਅਧੀਨ ਗੁਰਬਾਣੀ ਗਾਉਂਦੇ-



www.AKJ.Org

ਉਚਾਰਦੇ ਹਾਂ ਤਾਂ ਸਤਿਗੁਰੂ ਸੱਚਾ ਪਾਤਿਸ਼ਾਹ ਸਾਡੇ ਇਸ ਪਾਖੰਡ ਨੂੰ ਜਾਣਦੇ-ਪਛਾਣਦੇ ਹਨ ਅਤੇ ਗੁਰਬਾਣੀ ਵਿੱਚ ਸਾਡੀ ਇਸ ਰੁਚੀ ਨੂੰ ਨੰਗਾ ਕਰਦੇ ਹਨ :

**ਇਕਿ ਗਾਵਤ ਰਹੇ ਮਨਿ ਸਾਦੁ ਨ ਪਾਇ ॥ ਹਉਮੈ ਵਿਚਿ ਗਾਵਹਿ ਬਿਰਥਾ ਜਾਇ ॥**

(ਅੰਗ : ੧੫੮)

ਹਉਮੈ ਵਿੱਚ ਗਾਉਣ ਨਾਲ ਮਨ ਵਿੱਚ ਨਾਮ ਦਾ ਸੁਆਦ ਆ ਹੀ ਨਹੀਂ ਸਕਦਾ। ਸੱਚੇ ਪ੍ਰੇਮ-ਪਿਆਰ ਤੋਂ ਬਿਨਾਂ ਨਾਮ-ਰਸ ਕਿਵੇਂ ਆ ਸਕਦਾ ਹੈ? ਹਉਮੈ ਵਿੱਚ ਗਾਵਿਆ ਕਿਸੇ ਲੇਖੇ ਨਹੀਂ।

ਵੈਰਾਗੀ, ਤਿਆਗੀ ਅਤੇ ਪਰਉਪਕਾਰੀ ਸੁਰਤੀ ਧਾਰਨ ਕੀਤੇ ਬਿਨਾਂ ਗੁਰਮਤਿ ਤੇ ਗੁਰਬਾਣੀ ਦਾ ਪ੍ਰਚਾਰ ਹੋ ਨਹੀਂ ਸਕਦਾ। ਅੱਜ ਸਭ ਪਾਸੇ ਬਾਣੀ ਦੇ ਪਾਠ, ਕੀਰਤਨ ਦਰਬਾਰ ਅਤੇ ਗੁਰਮਤਿ ਪ੍ਰਚਾਰ ਦੇ ਡੰਕੇ ਵੱਜ ਰਹੇ ਹਨ, ਪਰ ਇਸ ਸਭ ਕਾਸੇ ਦਾ ਅਸਰ, ਮਨ ਕਬੂਲਦੇ ਨਹੀਂ। ਇਹੋ ਬਾਣੀ ਸੀ ਜੋ ਗੁਰੂ ਪਾਤਿਸ਼ਾਹ ਦੇ ਮੁਖਾਰਬਿੰਦ ਰਾਹੀਂ ਇਕ-ਇਕ ਬਾਣ ਹੋ ਕੇ ਹਿਰਦਿਆਂ ਨੂੰ ਵਿੰਨ੍ਹੀਂ ਜਾਂਦੀ ਸੀ ਅਤੇ ਚੋਰਾਂ, ਯਾਰਾਂ, ਠੱਗਾਂ, ਧਾੜਵੀਆਂ ਦੇ ਜੀਵਨ ਪਲਟ ਜਾਂਦੀ ਸੀ ਅਤੇ ਉਹ ਪਰਉਪਕਾਰੀ ਸਿੱਖ ਸੰਤ ਬਣ ਜਾਂਦੇ ਸਨ।

ਬਾਣੀ ਉਹੀ ਹੈ, ਉਹੋ ਪਾਰਸ-ਕਲਾ ਰੱਖਦੀ ਹੈ, ਕੇਵਲ ਘਾਟਾ ਹੈ ਸਾਡੇ ਆਪਣੇ ਵਿੱਚ। ਗੁਰੂ ਪਾਤਿਸ਼ਾਹ ਦੀ ਬਖ਼ਸ਼ੀ ਇਹ ਅਮੋਲਕ ਦਾਤ, ਸਾਫ਼ ਤੇ ਨਿਰਮਲ ਹਿਰਦੇ ਨਾਲ ਜਦੋਂ ਦੂਜੇ ਮਨਾਂ ਤੱਕ ਪੁਚਾਈ ਜਾਵੇਗੀ ਤਦੋਂ ਹੀ ਜੀਵਨ ਪਲਟੇ ਜਾ ਸਕਣਗੇ ਅਤੇ ਠੱਗੀ, ਫਰੇਬੀ, ਆਪੋ-ਧਾਪੀ ਆਦਿ ਤੋਂ ਛੁਟਕਾਰਾ ਹੋ ਕੇ ਗੁਰਸਿੱਖੀ ਪ੍ਰਫੁਲਿਤ ਹੋ ਸਕੇਗੀ।

**ਅੱਜ ਸਿੱਖ ਕੌਮ ਦੀ ਜੋ ਭੈੜੀ ਦਸ਼ਾ ਹੋ ਰਹੀ ਹੈ, ਇਹ ਤਾਂ ਹੀ ਸੁਧਰ ਸਕਦੀ ਹੈ ਜੇ ਸਾਡੇ ਮੁਖੀ, ਮੁਹਾਣੇ, ਰਾਗੀ, ਪ੍ਰਚਾਰਕ, ਗ੍ਰੰਥੀ ਆਦਿ ਬੈਰਾਗੀ, ਤਿਆਗੀ, ਨਿਰਮਾਣ ਤੇ ਨਿਰਲੋਭ, ਪਰਉਪਕਾਰੀ ਜੀਵਨ ਦੇ ਧਾਰਨੀ ਹੋ ਕੇ ਨਾਮ-ਬਾਣੀ ਨੂੰ ਪ੍ਰਚਾਰਨਗੇ। ਇਹ ਗੱਲ ਯਕੀਨੀ ਹੈ ਕਿ ਜਗਦੇ ਦੀਵੇ ਨਾਲ ਹੀ ਦੀਵਾ ਜਗ ਸਕਦਾ ਹੈ, ਬੁਝਿਆ ਹੋਇਆ ਦੀਵਾ ਕਿਸੇ ਨੂੰ ਚਾਨਣ ਨਹੀਂ ਦੇ ਸਕਦਾ।** ਗੁਰਵਾਕ ਹੈ:

**ਦੀਪਕ ਤੇ ਦੀਪਕੁ ਪਰਗਾਸਿਆ ਤ੍ਰਿਭਵਣ ਜੋਤਿ ਦਿਖਾਈ ॥੭॥**

(ਅੰਗ : ੯੦੭)

## ਇਕਾਂਤ ਵਿੱਚ ਗੁਰ ਸ਼ਬਦ ਦੀ ਘਾਲ ਕਮਾਈ

ਉਨ੍ਹਾਂ ਦੀ ਇਸ ਘਾਲ ਕਮਾਈ ਦਾ ਜ਼ਿਕਰ ਸੰਤ ਸਜਣ ਸਿੰਘ ਜੀ ਨੇ 30 ਅਗਸਤ 1951 ਦੇ ਖ਼ਾਲਸਾ ਸਮਾਚਾਰ ਵਿਚ ਇਉਂ ਕੀਤਾ ਹੈ :- ਭਾਈ ਹੀਰਾ ਸਿੰਘ ਜੀ ਅਕਸਰ ਇਕਾਂਤਾਂ ਵਿੱਚ, ਪਹਾੜਾਂ ਦੀਆਂ ਖੱਡਾਂ ਵਿੱਚ, ਦਰਿਆਵਾਂ ਦੇ ਕੰਢਿਆਂ 'ਤੇ ਹਾਰਮੋਨੀਅਮ ਲੈ ਕੇ ਜਾ ਬੈਠਦੇ ਤੇ ਕਈ-ਕਈ ਘੰਟੇ ਵਿਸਮਾਦੀ ਰੰਗ ਵਿੱਚ ਮਸਤ ਹੋ, ਇਲਾਹੀ ਦੀਦਾਰ ਦਾ ਰੰਗ ਮਾਣਦੇ ਸਨ।

ਇਕ ਵੇਰਾਂ ਗਰਮੀਆਂ ਵਿੱਚ ਜਦ ਉਹ ਕੋਹਮਰੀ ਗਏ ਸਨ, ਤਾਂ ਕੁਰੀ ਗੁਰਦੁਆਰੇ ਦੇ ਪ੍ਰਧਾਨ ਸ. ਸ਼ਾਮ ਸਿੰਘ ਦੱਸਦੇ ਸਨ ਕਿ ਇਕ ਰਾਤੀਂ ਮੇਰੀ ਜਾਗ ਖੁੱਲ੍ਹੀ ਤਾਂ ਪਹਾੜ ਵਿੱਚੋਂ ਰਸ-ਮਈ ਕੀਰਤਨ ਦੀ ਆਵਾਜ਼ ਆਈ, **'ਤੁਝ ਬਿਨੁ ਸੁਰਤਿ ਕਰੈ ਕੋ ਮੇਰੀ ਦਰਸਨੁ ਦੀਜੈ ਖੋਲ੍ਹਿ ਕਿਵਾਰ ॥੧॥ ਰਹਾਉ ॥'** ਮੇਰਾ ਮਨ ਖਿਚਿਆ ਗਿਆ ਤੇ ਮੈਂ ਉੱਠ ਕੇ ਸ਼ਬਦ ਦੀ ਸੇਧ 'ਤੇ ਤੁਰ ਪਿਆ; ਜਾ ਕੇ ਕੀ ਦੇਖਿਆ ਕਿ ਨਿਰ-ਜਨ ਇਕਾਂਤ ਵਿੱਚ ਭਾਈ ਹੀਰਾ ਸਿੰਘ ਜੀ ਇਕੱਲੇ ਕੀਰਤਨ ਦਾ ਰਸ ਮਾਣ ਰਹੇ ਸਨ। ਇਸ ਸ਼ਬਦ ਦੇ ਕੀਰਤਨ ਪਿੱਛੋਂ ਆਪ ਨੇ ਦੂਸਰਾ ਸ਼ਬਦ ਸ਼ੁਰੂ ਕੀਤਾ, **'ਤੁਮ ਚੰਦਨ ਹਮ ਇਰੰਡ ਬਾਪੁਰੇ ਸੰਗਿ ਤੁਮਾਰੇ ਬਾਸਾ ॥'** ਤੇ ਜਦ ਇਨ੍ਹਾਂ ਤੁਕਾਂ ਦਾ ਕੀਰਤਨ ਕੀਤਾ **'ਤੁਮ ਮਖਤੂਲ ਸੁਪੇਦ ਸਪੀਅਲ ਹਮ ਬਪੁਰੇ ਜਸ ਕੀਰਾ ॥ ਸਤ ਸੰਗਤਿ ਮਿਲਿ ਰਹੀਐ ਮਾਧਉ ਜੈਸੇ ਮਧੁਪ ਮਖੀਰਾ ॥'** ਤਾਂ ਇਨ੍ਹਾਂ ਤੁਕਾਂ ਦੇ ਰਸ ਵਿੱਚ ਐਸੇ ਲੀਨ ਹੋਏ ਕਿ ਚਿਰ ਕਾਲ ਤੱਕ ਚੁੱਪ ਰਹੇ। ਅੰਮ੍ਰਿਤ ਵੇਲਾ ਹੋਇਆ ਤਾਂ ਵਾਜਾ ਲੈ ਕੇ ਗੁਰਦੁਆਰੇ ਸਾਥੀਆਂ ਨਾਲ ਆ ਕੇ ਕੀਰਤਨ



www.AKJ.Org

ਵਿੱਚ ਜੁੱਟ ਗਏ। ਸੰਗਤਾਂ ਨੂੰ ਅੰਮ੍ਰਿਤ ਰਸ ਪ੍ਰਦਾਨ ਕੀਤਾ। ਚੌਧਰੀ ਜੀ ਦੱਸਦੇ ਸਨ ਕਿ ਸ਼ਾਮਾਂ ਨੂੰ ਮੈਂ ਭਾਈ ਹੀਰਾ ਸਿੰਘ ਤੋਂ ਪੁਛਿਆ ਕਿ ਆਪ ਅੱਜ ਰਾਤ ਜਦ ਪਰਬਤ ਦੀਆਂ ਕੰਦਰਾਂ ਵਿੱਚ ਕੀਰਤਨ ਕਰ ਰਹੇ ਸਨ ਤਾਂ ਉਹ ਤੁਕਾਂ ਪੜ੍ਹ ਕੇ ਕਿਉਂ ਚਿਰਕਾਲ ਚੁੱਪ ਰਹੇ? ਪਹਿਲੇ ਤਾਂ ਆਪ ਨੇ ਹੈਰਾਨੀ ਨਾਲ ਮੇਰੇ ਵੱਲ ਤੱਕਿਆ ਤੇ ਫਿਰ ਕਹਿਣ ਲੱਗੇ ਸ੍ਰੀ ਨਗਰ ਵਿੱਚ ਰੇਸ਼ਮ ਦੇ ਕੀੜੇ ਪਾਲੇ ਜਾਂਦੇ ਹਨ ਨਾ! ਉਹਨਾਂ ਵਿੱਚੋਂ ਕਿਸੇ ਵਿੱਚੋਂ ਸੁਫ਼ੈਦ ਤੇ ਕਿਸੇ ਵਿੱਚੋਂ ਪੀਲਾ ਰੇਸ਼ਮ ਨਿਕਲਦਾ ਹੈ। ਸੁਫੈਦ ਰੇਸ਼ਮ ਬਹੁਤ ਕੀਮਤੀ ਗਿਣਿਆ ਜਾਂਦਾ ਹੈ। ਇਸ ਭਾਵ ਨੂੰ ਲੈ ਕੇ ਗੁਰੂ ਦੀ ਮਿਹਰ ਦੇ ਸ਼ੁਕਰ ਵਿੱਚ ਲੀਨ ਹੋ ਗਿਆ ਸਾਂ ਕਿ **'ਅਕਿਰਤਘਣਾ ਨੋ ਪਾਲਦਾ, ਪ੍ਰਭ ਨਾਨਕ ਸਦ ਬਖਸਿੰਦੁ'** ਅਸੀਂ ਭੀ ਸਤਿਸੰਗ ਦੇ **'ਹਮ ਕੀਰੇ ਕਿਰਮ ਸਤਿਗੁਰ ਸਰਣਾਈ, ਕਰਿ ਦਇਆ ਨਾਮੁ ਪਰਗਾਸਿ'** ਦੇ ਯਾਚਕ ਹਾਂ, ਮੁਖੋਂ ਕੋਮਲ ਜਸ ਰੇਸ਼ਮ ਵਤ ਸੁਣਾਂਦੇ ਹਾਂ, ਸਤਿਸੰਗ ਸਾਨੂੰ ਪਾਲਦਾ ਹੈ, ਛਾਦਨ ਭੋਜਨ ਦਿੰਦਾ ਹੈ। ਹੋਰ ਚੁਰਾਸੀ ਦੇ ਕੀੜੇ ਪਏ ਮਰਦੇ ਹਨ, ਪਰ ਕਿੰਨਾ ਸ਼ੁਕਰ ਹੈ ਕਿ ਸਾਨੂੰ ਉਸਨੇ ਰੇਸ਼ਮ ਦੇ ਕੀੜੇ ਬਣਾਇਆ, ਜੋ ਖ਼ਾਸ ਤਰੀਕਿਆਂ ਨਾਲ ਪਾਲੇ ਜਾਂਦੇ ਹਨ। ਹੇ ਵਾਹਿਗੁਰੂ! ਅਸੀਂ ਵੀ ਸਤਿਸੰਗ ਵਿਚ ਮਿਲ ਰਹੀਏ ਜੈਸੇ ਮਧੁਪ ਮਖੀਰਾ॥ ਹੇ ਸਤਿਗੁਰੂ! ਸਤਿਸੰਗ ਤੋਂ ਕਦੇ ਨਾ ਵਿਛੋੜੀ, ਸ਼ੁਕਰ, ਸ਼ੁਕਰ, ਸ਼ੁਕਰ! ਇਸ ਜਨਮ ਵਿੱਚ ਗੁਰਮੁਖਾਂ ਦੇ ਮੇਲ ਬਖ਼ਸ਼, ਸ਼ੁਕਰ ਦੇਹ, ਸ਼ੁਕਰ ਕਰੀਏ, ਅਸਾਂ ਗ਼ਰੀਬਾਂ ਪਾਸ ਹੋਰ ਕੁਝ ਨਹੀਂ, ਤੇਰੇ ਸ਼ੁਕਰ ਦੀ ਯਾਚਨਾ ਹੈ। ਸ਼ੁਕਰ ਹੈ ਕਿ ਮਨੁੱਖਾ ਜਨਮ ਬਖ਼ਸ਼ਿਆ, ਫੇਰ ਗੁਰੂ ਨਾਨਕ ਦੇ ਘਰ ਦੀ ਸਿੱਖੀ, ਜਿਸਨੂੰ ਦੇਵਤੇ ਵੀ ਤਰਸਦੇ ਹਨ, ਬਖ਼ਸ਼ੀ ਹੈ। ਦਾਤਾ! ਇਸ ਅਮੋਲਕ ਦਾਤ ਦੇ ਸਦਾ ਸ਼ੁਕਰ ਵਿੱਚ ਰੱਖਣਾ।

ਚੌਧਰੀ ਹੋਰੀਂ ਦੱਸਦੇ ਸਨ ਕਿ ਇਉਂ ਵਚਨ ਕਰਦੇ ਫਿਰ ਐਸੇ ਲੀਨ ਹੋਏ ਕਿ ਚਿਰੰਕਾਲ ਤਕ ਸ਼ੁਕਰ ਦੇ ਰੰਗ ਵਿੱਚ ਹੀ ਰਹੇ। ਇਸ ਤਰ੍ਹਾਂ ਆਪਦਾ ਪ੍ਰਾਈਵੇਟ ਨਿੱਜੀ ਜੀਵਨ ਸੀ, ਇਕਾਂਤ ਲੀਨਤਾ ਵਿੱਚੋਂ ਆਪ ਰਸ ਪੀ ਕੇ ਸੰਗਤਾਂ ਨੂੰ ਪਿਲਾਂਦੇ ਸਨ।

*('ਸੂਰਾ' ਮਾਸਿਕ ਪੱਤਰ ਦੇ ਅਕਤੂਬਰ 1986 ਦੇ ਅੰਕ ਵਿਚੋਂ)*

**ਜੀਵਨ ਘਟਨਾਵਾਂ - ਭਾਈ ਹੀਰਾ ਸਿੰਘ ਜੀ (ਰਾਗੀ) : ਵਲੋਂ ਗਿਆਨੀ ਗੁਰਦਿੱਤ ਸਿੰਘ ਜੀ**

(**ਸੰਪਾਦਕੀ ਨੋਟ** : ਗਿ: ਗੁਰਦਿੱਤ ਸਿੰਘ ਜੀ ਨੇ ਕਾਫ਼ੀ ਉਦਮ ਕਰ ਕੇ 'ਖ਼ਾਲਸਾ ਸਮਾਚਾਰ' ਦੀਆਂ ਪੁਰਾਣੀਆਂ ਫਾਈਲਾਂ ਅਤੇ ਹੋਰ ਸੋਮਿਆਂ ਤੋਂ ਭਾਈ ਸਾਹਿਬ ਹੀਰਾ ਸਿੰਘ ਜੀ ਰਾਗੀ ਬਾਰੇ ਕਾਫ਼ੀ ਮੈਟਰ ਇਕੱਠਾ ਕੀਤਾ ਹੈ ਤੇ ਐਡਿਟ ਕਰ ਕੇ "ਸਿੰਘ ਸਭਾ ਪਤ੍ਰਿਕਾ" ਦੇ ਉਚੇਚੇ ਅੰਕਾਂ ਵਿੱਚ ਛਾਪਿਆ ਹੈ। ਇਨ੍ਹਾਂ ਅੰਕਾਂ ਵਿਚੋਂ ਭਾਈ ਸਾਹਿਬ ਹੀਰਾ ਸਿੰਘ ਜੀ ਦੀਆਂ ਕੁਝ ਚੋਣਵੀਆਂ ਘਟਨਾਵਾਂ ਇਸ ਲੇਖ ਵਿੱਚ ਸ਼ਾਮਲ ਹਨ।

ਲੋੜ ਹੈ ਕਿ ਅੱਜ ਦੇ ਰਾਗੀ ਅਤੇ ਪ੍ਰਚਾਰਕ ਸੱਜਣ, ਭਾਈ ਸਾਹਿਬ ਦੇ ਜੀਵਨ ਤੋਂ ਕੋਈ ਸਿੱਖਿਆ ਲੈਣ ਅਤੇ ਆਪਣੇ ਹਿਰਦੇ ਰੌਸ਼ਨ ਕਰਨ !! ਜਗਦੇ ਦੀਵੇ ਹੀ ਬੁਝੇ ਦੀਵਿਆਂ ਨੂੰ ਜਗ੍ਹਾ ਸਕਦੇ ਹਨ। ਹੈਰਾਨੀ ਹੁੰਦੀ ਹੈ ਜਦ ਸੁਣੀਂਦਾ ਹੈ ਕਿ ਸਾਡੇ ਕਈ ਰਾਗੀ ਸਜਣ ਭੈੜਿਆਂ ਨਸ਼ਿਆਂ ਅਤੇ ਬਿਖਿਆ (ਤਮਾਕੂ) ਵਰਗੀਆਂ ਭੈੜੀਆਂ ਵਾਦੀਆਂ ਵਿਚ ਰੁੜ੍ਹੇ ਜਾ ਰਹੇ ਹਨ। ਗੁਰੂ ਮਿਹਰ ਕਰਨ! ਉਹ ਭਾਈ ਸਾਹਿਬ ਹੀਰਾ ਸਿੰਘ ਜੀ ਦੇ ਨਕਸ਼ੇ-ਕਦਮਾਂ ਤੇ ਚਲ ਕੇ ਗੁਰਸਿਖੀ ਨੂੰ ਕਮਾਉਣ ਤੇ ਇਨ੍ਹਾਂ ਭੈੜੀਆਂ ਇਲਤਾਂ ਤੋਂ ਆਪ ਬਚਣ ਅਤੇ ਗੁਰਸਿਖ ਸੰਗਤਾਂ ਵਿੱਚ ਗੁਰਸਿਖੀ ਦੀ ਜਾਗ ਲਾ ਕੇ ਭੈੜੀਆਂ ਵਾਦੀਆਂ ਤੋਂ ਹਟਾਉਣ ਅਤੇ ਅੰਮ੍ਰਿਤ ਦੀ ਦਾਤਿ ਦੇ ਪਾਤਰ ਬਣਾ ਕੇ ਗੁਰੂ ਦੇ ਲੜ ਲਾਉਣ ਵਿੱਚ ਸਹਾਈ ਹੋਣ।

ਸੰਪਾਦਕ- ਸੂਰਾ ਮਾਸਿਕ ਪੱਤਰ)

ਭਾਈ ਵੀਰ ਸਿੰਘ ਨੇ ਭਾਈ ਹੀਰਾ ਸਿੰਘ ਜੀ ਦੇ ਅਕਾਲ ਚਲਾਣੇ ਸਮੇਂ ਆਪਣੇ ਦਿਲੀ ਵਲਵਲੇ 9 ਸਤੰਬਰ 1926 ਦੇ 'ਖ਼ਾਲਸ ਸਮਾਚਾਰ' ਵਿੱਚ ਇਉਂ ਪ੍ਰਗਟਾਏ ਸਨ :

(1) 'ਉਹ ਮੁਸੱਵਰ ਜੋ ਗੁਰੂ ਨਾਨਕ, ਸ੍ਰੀ ਗੁਰੂ ਅਰਜਨ ਦੇਵ ਤੇ ਸ੍ਰੀ ਗੁਰੂ ਕਲਗੀਧਰ ਜੀ ਆਦਿ ਦਸ ਪਾਤਸ਼ਾਹੀਆਂ ਤੇ ਉਨ੍ਹਾਂ ਦੇ ਅਨਿੰਨ ਸਿੱਖ-ਸੇਵਕਾਂ ਤੇ ਸ਼ਹੀਦਾਂ ਦੇ ਚਿੱਤਰ ਐਸੇ ਅਨੂਪਮ ਤਿਆਰ ਕਰਦੇ, ਜਿਨ੍ਹਾਂ ਨੂੰ ਵੇਖ



www.AKJ.Org

ਕੇ ਸੰਗਤਾਂ ਬਿਹਬਲ ਹੋ ਜਾਂਦੀਆ ਤੇ ਅਨਮਤੀ ਵੀ ਮੋਹਤ ਹੋ , 'ਧੰਨ ਗੁਰੂ ਨਾਨਕ' 'ਧੰਨ ਗੁਰੂ ਨਾਨਕ' ਉਚਾਰਨ ਕਰਨ ਲਗ ਪੈਂਦੇ। ਉਹ ਗੁਰੂ ਘਰ ਦਾ ਢਾਡੀ, ਜੋ ਅੰਮ੍ਰਿਤ ਵੇਲੇ ਪੰਝੀ ਪੰਝੀ ਤੇ ਤੀਹ ਤੀਹ ਹਜ਼ਾਰ ਆਦਮੀਆਂ ਦੇ ਮਜਮੇ ਵਿੱਚ ਗੁਰਬਾਣੀ ਰਾਗ ਵਿੱਚ ਗਾਇਨ ਕਰ ਕੇ, ਸਰੋਤਿਆਂ ਨੂੰ ਅਰਸ਼ੀ ਜਲਵੇ ਵਿਖਾ, ਉਹਨਾਂ ਦੇ ਦਿਲਾਂ ਵਿੱਚ ਗੁਰੂ ਸਾਹਿਬਾਨ ਲਈ ਅਤੁੱਟ ਸ਼ਰਧਾ ਤੇ ਭਗਤੀ ਤੇ ਸਿੱਖੀ ਲਈ ਅਕੱਥਨੀਯ ਪ੍ਰੇਮ ਉਤਪੰਨ ਕਰ ਦਿੰਦਾ ਸੀ। ਉਹ ਗੁਰੂ ਸਵਾਰਿਆ ਗੁਰੂ ਕਾ ਲਾਲ, ਜੋ ਗੁਰ-ਸ਼ਬਦ ਗਾਇਨ ਕਰਦੇ ਹੋਏ, ਆਪ ਕਿਸੇ ਉੱਚੇ ਦਿੱਬ ਮੰਡਲ ਵਿੱਚ ਜਾ, ਆਪਣੇ ਪੁਰ-ਜਲਾਲ ਚਿਹਰੇ ਤੇ ਪੁਰ-ਅਸਰ ਕਥਨੀ ਦੇ ਨਾਲ 25-25 ਤੇ 30-30 ਹਜ਼ਾਰ ਆਦਮੀਆਂ ਨੂੰ ਕਰਣਾ ਰਸ ਵਿੱਚ ਲਿਜਾ ਸਜਲ ਨੇਤਰ ਕਰ ਦਿੰਦਾ। ਉਹ ਗੁਰੂ ਪਿਆਰਾ, ਜੋ ਇਲਾਹੀ ਨਾਦ ਦੀਆਂ ਤਰਜ਼ਾਂ ਛੇੜ ਪੰਝੀ ਪੰਝੀ ਤੇ ਤੀਹ ਤੀਹ ਹਜ਼ਾਰ ਦੇ ਮਜ਼ਮਿਆਂ ਨੂੰ ਆਤਮਕ ਮੰਡਲ ਦੇ ਅਨੰਦਮਈ ਹੁਲਾਰਿਆਂ ਦੇ ਰਸ ਦੇ ਬਾਟੇ ਭਰ-ਭਰ ਛਕਾਉਂਦਾ ਸੀ।"

ਭਾਈ ਹੀਰਾ ਸਿੰਘ ਜੀ ਵਿੱਚ ਉਹ ਕਿਹੜੀ ਸ਼ਕਤੀ ਸੀ ਜਿਸ ਦੀ ਬਦੌਲਤ ਉਹ ਹਜ਼ਾਰਾਂ ਲੱਖਾਂ ਬੰਦਿਆਂ ਨੂੰ ਗੁਰਬਾਣੀ ਦੇ ਕੀਰਤਨ ਦੁਆਰਾ ਕੀਲ ਲੈਂਦੇ ਸਨ ਅਤੇ ਗੁਰੂ-ਘਰ ਦੇ ਦੋਖੀ ਤੇ ਨਿੰਦਕ ਵੀ ਗੁਰੂ-ਘਰ ਦੇ ਸ਼ਰਧਾਵਾਨ ਹੋ ਨਿਬੜਦੇ ਸਨ? ਉਹ ਸ਼ਕਤੀ ਸੀ ਭਾਈ ਹੀਰਾ ਸਿੰਘ ਜੀ ਦਾ ਉੱਚਾ ਸੁੱਚਾ ਜੀਵਨ, ਗੁਰਸਿਖੀ ਕਮਾਈ ਵਾਲਾ ਜੀਵਨ, ਆਪਾ ਤਿਆਗ ਵਾਲਾ ਜੀਵਨ। ਉਨ੍ਹਾਂ ਦੇ ਜੀਵਨ ਦਾ ਮੁੱਖ ਨਿਸ਼ਾਨਾ ਸੀ।

**ਪ੍ਰਥਮੇ ਮਨੁ ਪਰਬੋਧੈ ਅਪਨਾ ਪਾਛੈ ਅਵਰ ਰੀਝਾਵੈ ॥**
**ਰਾਮ ਨਾਮ ਜਪੁ ਹਿਰਦੈ ਜਾਪੈ ਮੁਖ ਤੇ ਸਗਲ ਸੁਨਾਵੈ ॥੨॥**

(ਪੰਨਾ : ੩੮੧)

(2.) **ਕਹੁ ਨਾਨਕ ਸਭ ਤੇਰੀ ਵਡਿਆਈ ਕੋਈ ਨਾਉ ਨ ਜਾਣੈ ਮੇਰਾ ॥** ਭਾਈ ਸਾਹਿਬ ਹੀਰਾ ਸਿੰਘ ਜੀ ਲਗ ਪਗ ਹਰ ਸਾਲ ਕਿਸੇ ਨ ਕਿਸੇ ਪਹਾੜ 'ਤੇ ਇਕ-ਦੋ ਮਹੀਨੇ ਇਕਾਂਤ ਦੇ ਆਤਮਕ ਸੁਖ ਲਈ ਕਟਿਆ ਕਰਦੇ ਸਨ, ਪਰ ਅੰਮ੍ਰਿਤ ਵੇਲੇ ਦਾ ਸਤਿਸੰਗ ਸੰਗਤ ਨਾਲ ਰਲ ਕੇ ਕਰਨਾ ਤੇ ਬਾਕੀ ਦਾ ਸਮਾਂ ਚੀਲਾਂ ਤੇ ਹੋਰ ਦਰਖ਼ਤਾਂ ਦੀਆਂ ਇਕਾਂਤ ਥਾਵਾਂ ਢੂੰਡ ਕੇ ਸਿਮਰਨ ਦੀ ਰੌਂ ਪਕਾਉਣੀ। ਵਗਦੇ ਪਾਣੀਆਂ ਦੇ ਨਦੀ ਨਾਲਿਆਂ ਦੇ ਕੰਢਿਆਂ ਤੇ ਬੈਠ ਕੇ ਇਕਾਂਤ ਵਿੱਚ ਇਸ ਸਰੋਤ ਨਾਲ ਸੁਰਤ ਜੋੜ ਕੇ ਕੀਰਤਨ ਕਰਨੇ, ਸੁਖਮਨੀ ਦੇ ਪਾਠ ਕਰਨੇ ਤੇ ਆਤਮਕ ਬਲ ਅੰਦਰ ਜਮ੍ਹਾ ਕਰਨਾ। ਇਕ ਵਾਰ ਆਪ ਡੁਮੇਲ ਛੇਵੀਂ ਪਾਤਸ਼ਾਹੀ ਦੇ ਗੁਰਦੁਆਰਾ ਦੇ ਦਰਸ਼ਨਾਂ ਲਈ ਪੁੱਜੇ। ਅੱਧੀ ਰਾਤ ਉੱਠ ਕੇ ਦੋਹਾਂ ਦਰਿਆਵਾਂ ਨੂੰ ਗਲਵਕੜੀ ਪਾ ਕੇ ਮਿਲਦੇ ਵੇਖ ਕੇ, ਉੱਚੀ ਟੇਕਰੀ ਤੇ ਬੈਠ ਕੇ ਕੀਰਤਨ ਕੀਤਾ, '**ਆਵਹੁ ਭੈਣੇ ਗਲਿ ਮਿਲਹ ਅੰਕਿ ਸਹੇਲੜੀਆਹ ॥ ਮਿਲਿ ਕੈ ਕਰਹ ਕਹਾਣੀਆ ਸੰਮ੍ਰਥ ਕੰਤ ਕੀਆਹ ॥**' ਰਾਤ ਦਾ ਸਮਾਂ, ਚੁਪ-ਚਾਪ, ਪਾਣੀ ਦਾ ਸਰੋਤ ਤੇ ਦੋ ਨਦੀਆਂ ਦਾ ਸੰਗਮ ਤੇ ਫਿਰ ਸਮੁੰਦਰ ਵਲ ਧਾਈ ਪਾਈ ਜਾਣਾ, ਇਕ ਅਲੌਕਿਕ ਰਸ ਬਝ ਗਿਆ। ਤੇ ਇਥੋਂ ਉੱਠ ਕੇ ਛੇਵੀਂ ਪਾਤਸ਼ਾਹੀ ਦੇ ਗੁਰਦੁਆਰੇ ਆ ਕੀਰਤਨ ਕੀਤਾ।

ਭਾਈ ਸਾਹਿਬ ਜੀ ਦੀ ਸੁਰਤੀ ਦੇ ਟਿਕਾਅ ਸਦਕਾ, ਆਪ ਦੇ ਬਚਨਾਂ ਵਿੱਚ ਐਸੀ ਮਿਠਾਸ ਅਤੇ ਜਾਦੂ ਵਰਗੀ ਖਿੱਚ ਸੀ ਕਿ ਆਪ ਦੀ ਜਿਹਬਾ ਤੋਂ ਬਚਨ ਸੁਣ ਕੇ ਨਿੰਦਕ ਵੀ ਢਹਿ-ਢੇਰੀ ਹੋ ਜਾਂਦੇ ਸਨ। ਪ੍ਰੋ. ਸਾਹਿਬ ਸਿੰਘ ਜੀ "ਮੇਰੀ ਜੀਵਨ ਕਹਾਣੀ" ਵਿੱਚ ਇਕ ਘਟਨਾ ਦਾ ਜ਼ਿਕਰ ਇਉਂ ਕਰਦੇ ਹਨ-

ਮੈਨੂੰ ਪਹਿਲਾਂ ਪਹਿਲ (ਲਾਹੌਰ) ਭਾਈ ਹੀਰਾ ਸਿੰਘ ਜੀ ਤੋਂ ਕੀਰਤਨ ਸੁਣਨ ਦਾ ਮੌਕਾ ਮਿਲਿਆ ਸੀ। ਜਦੋਂ ਉਹ ਕੋਈ ਸਾਖੀ ਸੁਣਾਉਂਦੇ ਸਨ ਤਦੋਂ ਤਾਂ ਕਮਾਲ ਹੋ ਜਾਂਦਾ ਸੀ। ਹਰ ਪਾਸੇ ਵੈਰਾਗ-ਜਲ ਦੇ ਹੜ੍ਹ ਚਲ ਪੈਂਦੇ ਸਨ। ਕੋਈ ਕੋਰੇ ਤੋਂ ਕੋਰਾ ਬੰਦਾ ਵੀ ਉਸ ਵਿੱਚ ਰੁੜ੍ਹਨੋਂ ਰਹਿ ਨਹੀਂ ਸੀ ਸਕਦਾ। ਕਾਲਜ ਦੀ ਪੜ੍ਹਾਈ ਦਾ ਹਰਜ ਕਰ ਕੇ ਭੀ, ਮੈਂ ਤਿੰਨ ਹਫ਼ਤੇ ਦੋਵੇਂ ਵੇਲੇ ਉਨ੍ਹਾਂ ਦੇ ਦੀਵਾਨ ਵਿੱਚ ਹਾਜ਼ਰ ਹੁੰਦਾ ਰਿਹਾ।



www.AKJ.Org

'ਪਰ ਮੈਂ ਉਨ੍ਹਾਂ ਦਾ ਵਧੀਆ ਚਮਤਕਾਰ ਵੇਖਿਆ, ਸਾਹੀਵਾਲ ਦੇ ਦੀਵਾਨ ਵਿੱਚ। ਸਵੇਰੇ ਭਾਈ ਹੀਰਾ ਸਿੰਘ ਭਾਗ ਸਿੰਘ ਜੀ, ਦੀਵਾਨ ਵਿੱਚ ਆਸਾ ਦੀ ਵਾਰ ਦਾ ਕੀਰਤਨ ਕਰ ਰਹੇ ਸਨ। ਮੇਰੇ ਗੁਆਂਢ, ਅੱਧਖੜ ਉਮਰ ਦੇ ਦੋ ਸਿੱਖ ਬੈਠੇ ਹੋਏ ਸਨ। ਉਹ ਦੋਵੇਂ ਨਾਲੇ ਤਾਂ ਭਾਈ ਹੀਰਾ ਸਿੰਘ ਦੀ ਨਿੰਦਾ ਕਰੀ ਜਾਣ, ਨਾਲੇ ਉਨ੍ਹਾਂ ਨੂੰ ਬੜੀਆਂ ਖਰ੍ਹਵੀਆਂ ਗਾਲ੍ਹਾਂ ਕੱਢੀ ਜਾਣ। ਮੈਂ ਬੜਾ ਹੈਰਾਨ ਹੋਵਾਂ ਕਿ ਜੇ ਇਹਨਾਂ ਦੇ ਅੰਦਰ ਭਾਈ ਸਾਹਿਬ ਵਾਸਤੇ ਇਤਨੀ ਹੀ ਨਫ਼ਰਤ ਹੈ ਤਾਂ, ਇੱਥੇ ਬੈਠ ਕੇ ਆਪਣਾ ਵਕਤ ਕਿਉਂ ਜ਼ਾਇਆ ਕਰ ਰਹੇ ਹਨ। ਪਰ ਉਹ ਉੱਥੇ ਬੈਠੇ ਭੀ ਰਹੇ ਤੇ ਗਾਲ੍ਹਾਂ ਕੱਢਣੋਂ ਭੀ ਨਾ ਟਲੇ।

'ਇਤਨੇ ਨੂੰ ਵਕਤ ਆ ਗਿਆ, ਜਦੋਂ ਭਾਈ ਸਾਹਿਬ ਜੀ ਨੇ ਕੋਈ ਸਾਖੀ ਸੁਣਾਉਣੀ ਸੀ। ਸਾਖੀ ਸੁਣਾਉਣ ਤੋਂ ਪਹਿਲਾਂ ਕੁਝ ਇਉਂ ਜਿਹੇ ਕਹਿਣ ਲਗੇ, ਸਾਧ ਸੰਗਤ ਜੀ ! ਲੋਕ ਮੈਨੂੰ ਗੰਢ ਕੱਪ, ਜੇਬ-ਕੁਤਰਾ ਆਖਦੇ ਹਨ। ਤੁਸਾਂ ਹੁਣ ਧਿਆਨ ਨਾਲ ਆਪਣੇ ਜੇਬਾਂ ਦੀ ਸੰਭਾਲ ਕਰਨੀ।' ਫੇਰ ਉਹਨਾਂ ਸਾਖੀ ਸੁਣਾਉਣੀ ਸ਼ੁਰੂ ਕੀਤੀ। ਮੇਰੇ ਪਾਸ ਬੈਠੇ ਉਹੀ ਦੋਵੇਂ ਨਿੰਦਕ ਨਾਲੇ ਰੋਣ ਤੇ ਨਾਲੇ ਵਾਰੋ ਵਾਰੀ ਉੱਠ ਕੇ ਭਾਈ ਹੀਰਾ ਸਿੰਘ ਨੂੰ ਮੱਥੇ ਟੇਕਣ ਤੇ ਰੁਪਏ ਭੇਟ ਕਰਨ। ਤਿੰਨ ਵਾਰੀ ਇਸ ਤਰ੍ਹਾਂ ਉਹ ਜਾਂਦੇ ਮੈਂ ਵੇਖੇ ਤੇ ਮੈਂ ਆਪ-ਮੁਹਾਰੇ ਆਖਿਆ, 'ਵਾਹ, ਕਸਬ ਕਮਾਲ ਕੁਨ ਕਿ ਅਜ਼ੀਜੇ ਜਹਾਂ ਸ਼ਵੀ।'

(3) ਇਸੇ ਤਰ੍ਹਾਂ ਦੀ ਇਕ ਹੋਰ ਜਾਦੂ ਭਰੀ ਘਟਨਾ ਭਾਈ ਸੁਧ ਸਿੰਘ ਜੀ ਨੇ ਖ਼ਾਲਸਾ ਸਮਾਚਾਰ 1 ਸਤੰਬਰ 1955 ਦੇ ਪਰਚੇ ਵਿੱਚ ਛਪਵਾਈ ਸੀ। ਵਿਥਿਆ ਦਾ ਪਿਛੋਕੜ ਇਹ ਹੈ ਕਿ ਭਾਈ ਸਾਹਿਬ ਜੀ ਦੇ ਮਾਮਿਆਂ ਕੋਲ ਜ਼ਮੀਨ ਬਹੁਤ ਸੀ। ਉਹਨਾਂ ਭਾਈ ਸਾਹਿਬ ਨੂੰ ਭਰੋਸਾ ਦਿੱਤਾ ਸੀ ਕਿ ਸਕੂਲ ਲਈ ਜ਼ਮੀਨ ਅਸੀਂ ਦੇਵਾਂਗੇ। ਭਾਈ ਹੀਰਾ ਸਿੰਘ ਜੀ ਨੇ ਪੰਥਕ ਆਗੂਆਂ ਨੂੰ ਸਕੂਲ ਅਰੰਭ ਕਰਨ ਲਈ ਸੱਦਾ ਦੇ ਦਿੱਤਾ।

ਸੰਤ ਅਤਰ ਸਿੰਘ ਜੀ, ਸੰਤ ਗੁਰਬਖਸ਼ ਸਿੰਘ ਪਟਿਆਲਾ, ਭਾਈ ਸਾਹਿਬ ਅਰਜਨ ਸਿੰਘ ਜੀ ਬਾਗੜੀਆ, ਸ. ਸੁੰਦਰ ਸਿੰਘ ਮਜੀਠੀਆ ਪੁੱਜ ਚੁੱਕੇ ਸਨ। ਸਵੇਰੇ ਨੀਂਹ ਰਖਣੀ ਸੀ ਪਰ ਜ਼ਮੀਨ ਦੇਣ ਵਾਲਿਆਂ ਨੇ ਮਨ ਬਦਲ ਲਿਆ। ਭਾਈ ਸਾਹਿਬ ਜੀ ਦੀ ਜਾਨ ਡਾਢੀ ਫਸੀ। ਦੀਵਾਨ ਨੇ ਤਾਂ ਹੋਣਾ ਹੀ ਸੀ, ਪਰ ਆਪ ਸੰਗਤਾਂ ਸਾਹਮਣੇ ਨਾ ਆਏ, ਸਟੇਜ ਪਿੱਛੇ ਬੈਠ ਗਏ। ਕੀਰਤਨ ਕਰਨ ਭਾਈ ਸੁਧ ਸਿੰਘ ਜੀ ਲਗਾ ਦਿੱਤੇ। ਅੱਗੇ ਜੋ ਘਟਨਾ ਵਰਤੀ ਉਸ ਦਾ ਅੱਖੀਂ ਡਿੱਠਾ ਬ੍ਰਿਤਾਂਤ ਭਾਈ ਸੁਧ ਸਿੰਘ ਜੀ ਦੇ ਅੱਖਰਾਂ ਵਿੱਚ ਇਉਂ ਹੈ—

'ਜਿੱਥੇ ਨੀਂਹ ਦੀ ਇੱਟ ਰਖਣੀ ਸੀ ਉਸੇ ਅਸਥਾਨ ਤੇ ਸ਼ਾਮਿਆਨੇ ਕਨਾਤਾਂ ਲੱਗੀਆਂ ਹੋਈਆਂ ਸਨ। ਸਵੇਰੇ ਚਾਰ ਵਜੇ ਗੁਰੂ ਮਹਾਰਾਜ ਦਾ ਪ੍ਰਕਾਸ਼ ਹੋਇਆ। ਬਾਬਾ ਅਮਰ ਸਿੰਘ ਇਕ ਧਰਮ-ਮੂਰਤੀ ਬੁੱਢਾ ਪ੍ਰਭਾਵਸ਼ਾਲੀ ਅੱਸੀ ਨਬੇ ਸਾਲ ਦੀ ਆਯੂ ਦਾ ਪੂਜਨੀਕ ਸਿੰਘ ਸੀ, ਜੋ ਗੁਰੂ ਬਾਬੇ ਦੀ ਤਾਬਿਆ ਬੈਠਾ ਹੋਇਆ ਸੀ। ਸਾਡੇ ਜਥੇ ਨੇ ਆਸਾ ਦੀ ਵਾਰ ਦਾ ਕੀਰਤਨ ਕੀਤਾ। ਅੱਠ ਵਜੇ ਸਮਾਪਤੀ ਹੋਈ। ਭਾਈ ਹੀਰਾ ਸਿੰਘ ਜੀ, ਮਹਾਰਾਜ ਦੇ ਪਿਛਲੇ ਪਾਸੇ, ਤਖ਼ਤਪੋਸ਼ ਨਾਲ ਚੁੱਪ ਬੈਠੇ ਸਨ। ਸਕੂਲ ਦੇ ਮੈਨੇਜਰ ਭਾਈ ਸ਼ਾਮ ਸਿੰਘ ਜੀ ਨੇ ਸਟੇਜ ਤੇ ਆ ਕੇ ਕਿਹਾ, "ਹੁਣ ਭਾਈ ਹੀਰਾ ਸਿੰਘ ਜੀ ਵਖਿਆਨ ਕਰਨਗੇ।" ਭਾਈ ਹੀਰਾ ਸਿੰਘ ਜੀ ਨੇ ਉੱਠ ਕੇ ਆਖਿਆ, "ਸਾਧ ਸੰਗਤ ਜੀ ! ਮੇਰਾ ਚਿਤ ਅੱਜ ਕੁਝ ਰੰਜ ਵਿੱਚ ਹੈ, ਮੈਂ ਬੋਲ ਨਹੀਂ ਸਕਾਂਗਾ, ਖਿਮਾ ਕਰਨਾ।" ਪਰ ਭਾਈ ਸੁਧ ਸਿੰਘ ਤੇ ਭਾਈ ਸ਼ਾਮ ਸਿੰਘ ਜੀ ਦੇ ਜ਼ੋਰ ਦੇ ਕੇ ਖੜਾ ਕਰਨ ਤੇ ਆਪ ਖਲੋ ਗਏ, ਜਿਸ ਵਕਤ ਦੀਵਾਨ ਭਰਪੂਰ ਸੀ। ਸੰਗਤ ਨੇ ਜੈਕਾਰਾ ਗਜਾ ਦਿੱਤਾ। ਉਸ ਦਿਨ ਜੋ ਕੁਝ ਭਾਈ ਹੀਰਾ ਸਿੰਘ ਜੀ ਨੇ ਕਮਾਲ ਕੀਤਾ, ਲਿਖਿਆ ਨਹੀਂ ਜਾ ਸਕਦਾ। ਵਖਿਆਨ ਦੇਂਦਿਆਂ ਆਪ ਨੇ ਸੰਗਤ ਨੂੰ ਮੂਰਛਤ ਕਰ ਦਿੱਤਾ। ਵਿਸਮਾਦ ਛਾ ਗਿਆ। ਦੋ ਘੰਟੇ ਸੰਗਤਾਂ ਦੇ ਨੈਣਾਂ ਨੇ ਝੜੀ ਲਾਈ। ਜਗਤ ਤੋਂ ਵੈਰਾਗ ਦਾ ਉਹ ਨਕਸ਼ਾ ਬੱਧਾ ਕਿ ਦ੍ਰਿਸ਼ਟਮਾਨ ਪ੍ਰਤੱਖ ਮਿਥਿਆ ਦਿਖਾ ਦਿੱਤਾ। ਸੰਗਤਾਂ ਆਪਣਾ ਤਨ ਮਨ ਧਨ ਗੁਰੂ ਚਰਨਾਂ ਤੋਂ ਕੁਰਬਾਨ ਕਰ ਦੇਣ ਨੂੰ ਐਨ ਤਿਆਰ-ਬਰ-ਤਿਆਰ ਹੋ ਗਈਆਂ। ਰਾਤ ਜੋ ਅੜੱਚਣ ਸੀ, ਉਹ ਦੂਰ ਹੋ ਗਈ ਤੇ ਤਿੰਨੇ ਮਾਮੇ ਥਾਲੀ ਵਿੱਚ ਪੰਜ ਸੌ ਰੁਪਿਆ ਨਕਦ ਰਖ ਕੇ ਦੀਵਾਨ ਵਿੱਚ ਆ ਗਏ। 'ਲਗੀ ਬਰਸਨ ਲਛਮੀ ਰਿਧਿ ਸਿਧਿ



www.AKJ.Org

ਨਵ ਨਿਧ ਪਾਈ।" ਸਾਵਣ ਦੀਆਂ ਘਟਾਂ ਸ਼ਰਮਸਾਰ ਹੋ ਗਈਆਂ। ਮਾਨੋਂ ਦਰੱਖਤਾਂ ਤੋਂ ਰੁਪਏ ਬਰਸਣ ਲੱਗੇ। ਇਕ ਮੁਸਲਮਾਨ ਜ਼ੈਲਦਾਰ ਉਥੋਂ ਦੇ ਚੰਗੇ ਵੱਡੇ ਖ਼ਾਨਦਾਨ ਕਲੀਆਰਾਂ ਦਾ ਪਾਰ੍ਹੇਦਾਰ ਮੁਖੀ ਪੈਂਚ ਸੀ, ਜੋ ਸਰਕਾਰੀ ਅਫਸਰਾਂ ਨਾਲ ਚੰਗਾ ਰਸੂਖ ਰੱਖਣ ਵਾਲਾ ਰੋਹਬ ਦਾਬ ਵਾਲਾ ਬੰਦਾ ਸੀ। ਇਸ ਨੇ ਖੜੋ ਕੇ ਹੀ ਸਾਰਾ ਵਖਿਆਨ ਸੁਣਿਆ। 'ਸੁਬਹਾਨ ਅੱਲਾ', 'ਸੁਬਹਾਨ ਅੱਲਾ', 'ਵਾਹ ਤੇਰੀਆਂ ਕੁਦਰਤਾਂ' ਆਖਦਾ ਰਿਹਾ ਤੇ ਰੋਂਦਾ ਰਿਹਾ। ਅਖੀਰ ਜਿਸ ਵੇਲੇ ਭੋਗ ਪਿਆ, ਉਸ ਆਖਿਆ, 'ਆ ਭਾਈ ਹੀਰਾ ਸਿੰਘ, ਅੱਜ ਦਿਲ ਕਰਦਾ, ਗਲ ਖਫਨੀ ਪਾਵਾਂ ਤੇ ਫ਼ਕੀਰ ਬਣ ਕੇ ਨਿਕਲ ਜਾਵਾਂ, ਦੁਨੀਆ ਵਾਕਿਆ ਈ ਫ਼ਾਨੀ ਹੈ। ਐ ਰੱਬ ਦਿਆਂ ਬੰਦਿਆਂ ! ਤੂੰ ਭਾਗ ਸਿੰਘ ਦਾ ਪੁੱਤਰ ਤੇ ਫਿਰੂਕਿਆਂ ਦਾ ਬੰਦਾ ਹੈ? ਤੋਬਾ ! ਤੋਬਾ ! ਨਹੀਂ, ਅੱਲਾ ਨੇ ਤਾਂ ਤੂੰ ਕੋਈ ਫ਼ਰਿਸ਼ਤਾ ਘਲਿਆ ਹੈਂ ! ਤੇਰੀ ਕਲਾਮ ਨੇ ਵਿੰਨ੍ਹ ਕੇ ਰੱਖ ਦਿੱਤਾ ਹੈ। ਗਜ਼ਬ ਕਰ ਛੋੜਿਆ ਈ ! ਧੰਨ ਤੇਰੀ ਮਾਤਾ ਹੈ ਜਿਸ ਨੇ ਤੈਨੂੰ ਜੰਮਿਆ ਹੈ।' ਜ਼ਮੀਨ ਸਕੂਲ ਲਈ ਜਿੰਨੀ ਚਾਹੀਦੀ ਸੀ, ਉਤਨੀ ਖਸਮਾਨ ਚੌਧਰੀ ਨੇ ਪੇਸ਼ਕਸ਼ ਕਰ ਦਿੱਤੀ। ਪਰ ਪਹਿਲੀ ਭੇਟ ਵਾਲੇ ਇਹ ਸਮਾਂ ਕਦੋਂ ਹੱਥੋਂ ਜਾਣ ਦੇਂਦੇ? ਜ਼ਮੀਨ ਦਾ ਮਾਮਲਾ ਨਜਿਠਿਆ ਜਾਣ ਪਰ ਸੰਗਤਾਂ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ।"

(4) ਭਾਈ ਸਾਹਿਬ ਦੀ ਮਹਾਨ ਸ਼ਖ਼ਸੀਅਤ ਅਤੇ ਮਧੁਰ ਬਚਨਾਂ ਦਾ ਇੰਨਾਂ ਡੂੰਘਾ ਪ੍ਰਭਾਵ ਸੀ ਕਿ ਜਿੱਥੇ ਸਰਕਾਰੀ ਤੌਰ ਤੇ ਭਾਰੀ ਇਕੱਠਾਂ ਤੇ ਕਾਬੂ ਪਾਣਾ ਨਾ ਮੁਮਕਿਨ ਹੋ ਜਾਂਦਾ ਸੀ ਉੱਥੇ ਆਪ ਜੀ ਆਪਣੇ ਮ੍ਰਿਦੁਲ ਬਚਨਾਂ ਦੁਆਰਾ ਲਖਾਂ ਦੇ ਸਮੂਹ ਨੂੰ ਸ਼ਾਂਤ ਮੰਡਲ ਵਿੱਚ ਲੈ ਆਉਂਦੇ ਸਨ। ਸ. ਹਰਦਿੱਤ ਸਿੰਘ ਜੀ ਮਲਕ ਆਪਣੀ ਇਕ ਨਿਜ-ਬੀਤੀ ਵਾਰਤਾ ਇਨ੍ਹਾਂ ਸ਼ਬਦਾਂ ਵਿੱਚ ਦੱਸਦੇ ਹਨ-

ਭਾਈ ਸਾਹਿਬ ਵਿਚ ਇਕ ਅਜਿਹੀ ਸ਼ਕਤੀ ਆ ਗਈ ਸੀ ਕਿ ਜਦ ਉਹ ਕੀਰਤਨ ਕਰਦੇ ਸਨ ਤਾਂ ਸੰਗਤਾਂ ਦੇ ਵੱਡੇ ਤੋਂ ਵੱਡੇ ਜਨ ਸਮੂਹ ਨੂੰ ਇਕ-ਟੱਕ ਬੰਨ ਕੇ ਰੱਖ ਲੈਂਦੇ ਸਨ। 'ਮੈਂ ਆਪ ਇਕ ਵਾਰੀ ਉਨ੍ਹਾਂ ਦੀ ਇਸ ਅਧਭੁਤ ਸ਼ਕਤੀ ਦਾ ਨਜ਼ਾਰਾ ਦੇਖਿਆ ਹੈ। ਸੰਨ 1923 ਵਿੱਚ ਗੁ: ਜਨਮ ਅਸਥਾਨ ਨਨਕਾਣਾ ਸਾਹਿਬ ਵਿਖੇ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਉਤਸਵ ਦਾ ਸ਼ਾਇਦ ਸ਼ਾਮ ਦਾ ਦਰਬਾਰ ਸੀ। ਉਨ੍ਹਾਂ ਦਿਨਾਂ ਵਿੱਚ ਮੈਂ ਸ਼ੇਖੂਪੁਰਾ ਦਾ ਡਿਪਟੀ ਕਮਿਸ਼ਨਰ ਸਾਂ। ਕਿਉਂਕਿ ਨਨਕਾਣਾ ਸਾਹਿਬ ਉਸੇ ਜ਼ਿਲ੍ਹੇ ਵਿੱਚ ਸੀ, ਮੈਂ ਆਪਣੇ ਅਹੁਦੇ ਦੀ ਹੈਸੀਅਤ ਵਿੱਚ ਉਸ ਦਰਬਾਰ ਵਿਚ ਇਸ ਲਈ ਸ਼ਾਮਲ ਹੋਇਆ ਸਾਂ ਕਿ ਗੁਰਪੁਰਬ ਦੇ ਸਮੇਂ ਸੰਪੂਰਨ ਸ਼ਾਂਤੀ ਰੱਖਣ ਦੇ ਇੰਤਜ਼ਾਮ ਕਾਮਯਾਬ ਹੋਣ।

"ਅਪਾਰ ਜਨ-ਸਮੂੰਹ ਸੀ, ਇਕ ਲੱਖ ਦੇ ਲਗਪਗ ਲੋਗ ਇਕੱਠੇ ਹੋਏ ਸਨ। ਗੁਰਦੁਆਰੇ ਦੀ ਇਮਾਰਤ, ਬਾਹਰਲੀਆਂ ਡਿਊਢੀਆਂ ਅਤੇ ਲਾਗਲੀਆਂ ਛੱਤਾਂ ਪਰ ਸੰਗਤਾਂ ਦਾ ਇਕ ਸਮੁੰਦਰ ਜਿਹਾ ਦਿੱਸ ਰਿਹਾ ਸੀ। ਉਸ ਬੇਸ਼ੁਮਾਰ ਭੀੜ ਵਿੱਚ ਅਨਗਿਣਤ ਔਰਤਾਂ ਤੇ ਬੱਚੇ ਸ਼ਾਮਲ ਸਨ ਅਤੇ ਜਿਵੇਂ ਅਨੁਮਾਨ ਹੁੰਦਾ ਏ, ਉਹ ਦੀਵਾਨ ਇਕ ਮੇਲਾ ਜਿਹਾ ਬਣ ਕੇ ਰਹਿ ਗਿਆ। ਸੰਗਤ ਇਤਨੇ ਵੱਡੇ ਦਾਇਰੇ ਵਿੱਚ ਫੈਲੀ ਹੋਈ ਸੀ ਕਿ ਉਸ ਨੂੰ ਕਾਬੂ ਕਰ ਸਕਣਾ ਸਾਡੇ ਲਈ ਨਾਮੁਮਕਿਨ ਸੀ। ਰਾਗੀ ਜਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਬੈਠੇ ਸਨ। ਜਿਸ ਵਕਤ ਕੀਰਤਨ ਦਾ ਅਰੰਭ ਹੋਇਆ, ਸ਼ੋਰ ਇਤਨਾ ਜ਼ਿਆਦਾ ਸੀ ਕਿ ਅਸੀਂ ਜੋ ਪ੍ਰਕਾਸ਼ ਅਸਥਾਨ ਦੇ ਬਿਲਕੁਲ ਸਮੀਪ ਬੈਠੇ ਹੋਏ ਸਾਂ, ਕੁਝ ਨਹੀਂ ਸਾਂ ਸੁਣ ਰਹੇ। ਯਾਦ ਰਹੇ ਕਿ ਉਸ ਜ਼ਮਾਨੇ ਵਿੱਚ ਅਜੇ ਲਾਊਡ ਸਪੀਕਰ ਨਹੀਂ ਸਨ ਹੁੰਦੇ। ਉਸ ਸ਼ੋਰੋ ਗੁਲ ਤੇ ਕਾਬੂ ਪਾਉਣ ਲਈ ਕੁਝ ਚਿਰ ਅਸਾਂ ਕੋਸ਼ਿਸ਼ ਕੀਤੀ, ਪਰ ਫਿਰ ਇਸ ਨੂੰ ਇਕ ਵਿਅਰਥ ਤਰੱਦਦ ਜਾਣ ਕੇ ਹਾਰ ਕੇ ਬਹਿ ਗਏ।

"ਉਸ ਵਕਤ ਭਾਈ ਹੀਰਾ ਸਿੰਘ ਜੀ ਸਟੇਜ ਪਰ ਆਏ। ਉਨ੍ਹਾਂ ਆਪਣੀ ਮਧੁਰ ਤੇ ਸ਼ਾਂਤ ਆਵਾਜ਼ ਵਿੱਚ ਚੁੱਪ ਦਾ ਦਾਨ ਜਾਚਿਆ। ਸਭ ਤੋਂ ਪਹਿਲਾਂ ਆਪਣੇ ਕਰੀਬ ਬੈਠੇ ਲੋਕਾਂ ਨੂੰ ਸ਼ਾਂਤ ਹੋਣ ਲਈ ਕਿਹਾ ਅਤੇ ਜਦ ਇਹ ਹੋ ਗਿਆ ਤਾਂ ਉਹਨਾਂ ਸ਼ਾਂਤੀ ਦਾ ਦਾਇਰਾ ਵਧਾਉਣ ਲਈ ਬੇਨਤੀ ਕੀਤੀ। ਕੁਝ ਚਿਰ ਵਿਚ ਹੀ ਪੂਰੀ ਖਲਕਤ ਉਨ੍ਹਾਂ ਦੀ ਕਸ਼ਿਸ਼ ਵਿੱਚ ਆ ਕੇ ਚੁੱਪ ਹੋ ਗਈ। ਉਸ ਸ਼ਾਂਤੀ ਵਿੱਚ ਜੇ ਕੋਈ ਇਕ ਸੂਈ ਵੀ ਕੇਰ ਦਿੰਦਾ ਤਾਂ ਉਸ ਦੀ ਖੜਾਕ ਸੁਣੀ ਜਾ


www.AKJ.Org

ਸਕਦੀ ਸੀ। ਕੀਰਤਨ ਦਾ ਰਸ ਲੋਕਾਂ ਮਾਣਿਆਂ ਅਤੇ ਸਾਰੀ ਖ਼ਲਕਤ ਮਸਤ ਭੌਰਿਆਂ ਵਾਂਗ ਭਾਈ ਸਾਹਿਬ ਦੇ ਰਸਿਕ ਰਾਗ ਦੀ ਮਹਿਮਾ ਕਰਦੀ ਹੋਈ ਉਠੀ।"

(5) ਭਾਈ ਸੁਧ ਸਿੰਘ ਜੀ ਨੇ ਇਕ ਹੋਰ ਘਟਨਾ ਆਪ ਦੀ ਪਿਆਰ ਭਰੀ ਪ੍ਰਭਾਵ-ਸ਼ਾਲੀ ਸ਼ਖ਼ਸੀਅਤ ਦੀ ਐਉਂ ਬਿਆਨ ਕੀਤੀ ਹੈ ਜੋ ਖਾਲਸਾ ਸਮਾਚਾਰ ਵਿਚ 30 ਅਗਸਤ 1955 ਨੂੰ ਛਪੀ।

"ਇਕ ਵਾਰੀ ਭਾਈ ਸਾਹਿਬ ਲਾਇਲਪੁਰ ਦੇ ਇਕ ਚੱਕ ਵਿਚ ਆਏ। ਕਹਿਣ ਲੱਗੇ, ਐਤਕੀ ਕਤਕ ਪੁੰਨਮ ਦੇ ਗੁਰਪੁਰਬ ਪਰ, ਨਨਕਾਣੇ ਸਾਹਿਬ ਚੀਫ਼ ਖ਼ਾਲਸਾ ਦੀਵਾਨ ਦੇ ਸਮਾਗਮ ਵਿੱਚ, ਸਵੇਰੇ ਆਸਾ ਦੀ ਵਾਰ ਦੇ ਕੀਰਤਨ ਤੋਂ ਬਾਅਦ ਇਕ ਜ਼ਿਮੀਦਾਰ ਸਿੰਘ ਆ ਕੇ ਮਿਲਿਆ ਕਿ ਮੇਰੀ ਕਾਕੀ ਦੀ ਸ਼ਾਦੀ ਹੈ ਤੇ ਉਸ ਪਰ ਤੁਸੀਂ ਆਓ। ਤਾਰੀਖਾਂ ਨੋਟ ਕਰਵਾਈਆਂ, ਅਸੀਂ ਚੱਕ ਵਿੱਚ ਨੀਯਤ ਸਮੇਂ ਸਿਰ ਪਹੁੰਚ ਕੇ, ਰਾਤ ਮਿਲਨੀ ਕਰਾਈ। ਸਵੇਰੇ ਇਸ਼ਨਾਨ ਪਾਣੀ ਕਰ ਕੇ ਦੀਵਾਨ ਵਿੱਚ ਜਾਣ ਲਈ ਤਿਆਰ ਹੀ ਸਾਂ ਕਿ ਉਹ ਸਰਦਾਰ ਕਾਹਲਾ ਕਾਹਲਾ ਆ ਕੇ ਕੁਝ ਰੁਪਏ ਹੱਥ ਵਿੱਚ ਦੇ ਕੇ ਕਹਿਣ ਲੱਗਾ : "ਭਾਈ ਸਾਹਿਬ, ਸਤਿ ਸ੍ਰੀ ਅਕਾਲ। ਖਿਮਾ ਕਰਨੀ, ਕੰਮ ਬਿਗੜ ਗਿਆ ਹੈ। ਮੇਰੀ ਸਿੰਘਣੀ ਬਿਲਕੁਲ ਬਰ-ਖਿਲਾਫ ਹੋ ਗਈ ਹੈ। ਉਸ ਨੂੰ ਦੂਜੇ ਸ਼ਰੀਕਾਂ ਨੇ ਭੁਤਲਾ ਦਿੱਤਾ ਹੈ। ਉਹ ਬੇਟੀ ਦਾ ਆਨੰਦ ਗੁਰਮਤਿ ਅਨੁਸਾਰ ਨਹੀਂ ਕਰਾਉਣਾ ਮੰਨਦੀ। ਸਾਰੀ ਰਾਤ ਰੱਟਾ ਪਿਆ ਰਿਹਾ ਹੈ ਤੇ ਹੁਣ ਅਹਿ ਅਰਦਾਸਾ ਲੈ ਲਓ ਤੇ ਅੰਨ੍ਹੇਰੇ ਵਿੱਚ ਚੁਪ-ਚੁਪੀਤੇ ਤੁਰ ਜਾਓ। ਮਾਫ ਕਰਨਾ ਇਥੇ 27 ਅਬਾਦ ਘਰ, ਮੁਰੱਬਿਆਂ ਦੇ ਮਾਲਕ ਹਨ। ਸਭ ਤੋਂ ਪਹਿਲਾਂ ਮੈਂ ਹੀ ਬੇਟੀ ਦਾ ਅਨੰਦ ਕਾਰਜ ਕਰਾਉਣ ਲਗਾ ਸੀ, ਪਰ ਇਹ ਸਾਰੇ ਕਿਸੇ ਤਰ੍ਹਾਂ ਨਹੀਂ ਮੰਨਦੇ। ਸੋ ਆਪ ਵਿਦਾ ਹੋਵੋ।" ਇਹ ਸੁਣ ਕੇ ਬਾਪੂ ਜੀ ਤਾਂ ਅਤੀ ਵਿਆਕੁਲ ਹੋਏ, ਪਰ ਮੈਂ ਬਾਪੂ ਜੀ ਨੂੰ ਬਿਠਾਇਆ ਤੇ ਉਸ ਸਰਦਾਰ ਦੇ ਨਾਲ ਹੋ ਪਿਆ ਕਿ ਚਲੋ ਕਾਕੀ ਦੀ ਮਾਤਾ ਨੂੰ ਸਤਿ ਸ੍ਰੀ ਅਕਾਲ ਬੁਲਾ ਆਈਏ। ਉਹ ਆਖਣ ਲਗਾ, "ਭਾਈ ਸਾਹਿਬ! ਆਪ ਨਾ ਚਲੋ, ਨਾ ਆਪਣੀ ਬੇਇਜ਼ਤੀ ਕਰਾਓ ਤੇ ਆਪ ਚਲੇ ਜਾਉ।" ਪਰ ਆਪ ਉਸ ਦੇ ਨਾਲ ਬਦੋ ਬਦੀ ਘਰ ਚਲੇ ਹੀ ਗਏ ਤੇ ਜਾ ਕਿਹਾ :

"ਬੇਬੇ ਜੀ! ਸਤਿ ਕਰਤਾਰ।" ਉਸ ਨੇ ਅਗੋ ਕਿਹਾ, "ਆਉ ਭਾਈ ਜੀ ਸਤਿ ਸ੍ਰੀ ਅਕਾਲ।" "ਬੇਬੇ ਜੀ! ਕੀ ਤੁਸਾਡੀ ਕਾਕੀ ਦਾ ਵਿਆਹ ਹੈ।" "ਜੀ ਹਾਂ, ਭਾਈ ਜੀ ਹਾਂ, ਭਾਈ ਜੀ ਮੇਰੀ ਹੀ ਕਾਕੀ ਹੈ।" "ਕੀ ਤੂੰ ਸਕੀ ਮਾਂ ਹੈਂ ਕਿ ਮਤਰੇਈ? ਸਚੀ ਸਚੀ ਦੱਸੋ?" "ਕਿਉਂ ਭਾਈ ਜੀ ਕੀ ਗੱਲ ਹੈ?" "ਮੈਂ ਸੁਣਿਆ ਹੈ ਬੇਬੇ ਜੀਓ ਤੁਸੀਂ ਆਖਿਆ ਹੈ ਕਿ ਜੇ ਮੇਰੀ ਕਾਕੀ ਦੇ ਵਿਆਹ ਵਿੱਚ, ਗੁਰੂ ਨਾਨਕ ਦੇਵ ਜੀ, ਗੁਰੂ ਗੋਬਿੰਦ ਸਿੰਘ ਜੀ ਸੱਚੇ ਪਿਤਾ ਆਏ ਤਾਂ ਮੈਂ ਖੂਹ ਵਿੱਚ ਛਾਲ ਮਾਰ ਕੇ ਡੁਬ ਮਰਾਂਗੀ। ਸਕੀਆਂ ਮਾਵਾਂ ਤਾਂ ਇਸ ਤਰ੍ਹਾਂ ਨਹੀਂ ਆਖ ਸਕਦੀਆਂ। ਇਹ ਤਾਂ ਮਤਰੇਈਆਂ ਮਾਵਾਂ ਭੀ ਨਹੀਂ ਕਹਿੰਦੀਆਂ?"

ਅੱਗੋਂ ਹੱਥ ਜੋੜ ਕੇ, ਉਸ ਬੀਬੀ ਨੇ ਕਿਹਾ, "ਵਾਹਿਗੁਰੂ ਵਾਹਿਗੁਰੂ ਮੈਂ ਕਦੋਂ ਇਹ ਆਖਿਆ? ਮੇਰਾ ਮੂੰਹ ਸੜ ਜਾਏ, ਮੇਰੇ ਘਰ ਬੇਟੀ ਦੇ ਆਨੰਦ ਕਾਰਜ ਤੇ ਗੁਰੂ ਨਾਨਕ ਕਲਗੀਆਂ ਵਾਲਾ ਆਵੇ ਤਾਂ ਮੈਂ ਸਭ ਦਰਵਾਜ਼ੇ ਖੋਲ੍ਹ ਦਿਆਂ, ਤਨ ਮਨ ਧਨ ਚਰਨਾਂ ਤਲੇ ਵਿਛਾ ਦਿਆਂ, ਮੇਰੀਆਂ ਅਖੀਆਂ ਤੇ ਆਵਣ ਤੇ ਜ਼ਰੂਰ ਆਵਣ।"

ਭਾਈ ਸਾਹਿਬ ਕਹਿਣ ਲਗੇ, "ਸ਼ਾਬਾਸ਼ ਮਾਤਾ, ਧੰਨ ਹੈਂ ਤੂੰ, ਲੈ ਫੇਰ ਗੁਰੂ ਬਾਬਾ ਜੀ ਆਏ ਸਮਝ, ਤੂੰ ਦਰੀਆਂ ਵਿਛਵਾ।" ਗੁਰਦੁਆਰੇ ਜਾ ਕੇ ਸ੍ਰੀ ਗੁਰੂ ਬਾਬੇ ਜੀ ਦੀ ਸਵਾਰੀ ਕੀਰਤਨ ਕਰਦਿਆਂ ਜੈਕਾਰੇ ਗਜਾਂਦਿਆਂ ਆ ਗਈ ਤੇ ਪਲੋ ਪਲੀ ਵਿਚ ਹੀ ਦੀਵਾਨ ਸਜ ਗਏ। ਕੀਰਤਨ ਤੇ ਫਿਰ ਉਹ ਕੀਰਤਨ ਜੋ ਚੱਕ ਵਿੱਚ ਹੋਇਆ ਤੇ ਗੁਰਮਤਿ ਅਨੰਦ ਦਾ ਨਜ਼ਾਰਾ ਬੱਝਾ, ਸਤਾਈ ਦੇ ਸਤਾਈ ਘਰਾਣਿਆਂ ਨੇ ਅਗੋਂ ਗੁਰ-ਮਰਯਾਦਾ ਅਨੁਸਾਰ ਅਨੰਦ ਕਾਰਜ ਕਰਨੇ ਹਿੱਤ ਗੁਰਮਤਾ ਸ਼ੋਧ ਦਿੱਤਾ। ਇਹ ਗੁਰੂ ਕਰਾਮਾਤ ਵਰਤੀ ਹੈ ਤੇ ਸੁਆਦ ਆ ਗਿਆ ਹੈ।"

(6) ਆਪ ਦੀ ਕਥਨੀ ਦਾ ਪ੍ਰਭਾਵ ਜਿਥੇ ਸਿੱਖ ਸੰਗਤਾਂ ਕਬੂਲ ਕਰਦੀਆਂ ਸਨ ਉੱਥੇ ਆਨਮਤ ਦੇ ਅਵਲੰਬੀ ਵੀ ਆਪ ਦੀ ਜਾਦੂ ਭਰੀ ਕਥਨੀ ਸੁਣ ਕੇ ਕੀਲੇ ਜਾਂਦੇ ਸਨ। ਦੋ ਘਟਨਾਵਾਂ ਹੇਠਾਂ ਦਰਜ ਕੀਤੀਆਂ ਜਾਂਦੀਆਂ ਹਨ-



www.AKJ.Org

ਪਿੰਡੀ ਘੇਬ ਵਿੱਚ ਆਰੀਆ ਸਮਾਜ ਦਾ ਪ੍ਰਚਾਰ ਵੱਧ ਗਿਆ। ਇਕ ਵਕੀਲ ਜੋ ਕਿ ਡੀ.ਏ.ਵੀ. ਕਾਲਜ ਦੇ ਗਰੈਜੂਏਟ ਸਨ, ਨੇ ਆਰੀਆ ਸਕੂਲ ਖੋਲ੍ਹਣ ਦੀ ਤਿਆਰੀ ਕਰ ਦਿੱਤੀ ਤੇ ਹਰ ਥਾਂ ਖ਼ਾਲਸਾ ਸਕੂਲ ਦੀ ਵਿਰੋਧਤਾ ਕਰਨੀ, ਉਸ ਨੇ ਆਪਣਾ ਫਰਜ਼ ਬਣਾ ਲਿਆ। ਸ਼ਹਿਰ ਦੇ ਮੁਸਲਮਾਨਾਂ ਦਾ ਵੀ ਸਿੱਖਾਂ ਨਾਲ ਮਿਤਰਤਾ ਦਾ ਸਲੂਕ ਨਹੀਂ ਸੀ। ਚੀਫ਼ ਖ਼ਾਲਸਾ ਦੀਵਾਨ ਦੀ ਐਜੂਕੇਸ਼ਨਲ ਕਮੇਟੀ ਰੁਪਏ ਦੇ ਸਕਦੀ ਸੀ ਤੇ ਦੇਂਦੀ ਰਹੀ, ਪਰੰਤੂ ਸ਼ਹਿਰ ਦੇ ਵਿੱਚ ਇਸ ਵਿਰੋਧਤਾ ਦੀ ਅਗਨੀ ਨੂੰ ਉਨ੍ਹਾਂ ਦਾ ਰੁਪਿਆ ਸ਼ਾਂਤ ਨਹੀਂ ਸੀ ਕਰ ਸਕਦਾ। ਸਕੂਲ ਮੌਤ ਦੇ ਮੂੰਹ ਵਿੱਚ ਦਿਸਣ ਲਗਾ। ਅਚਨਚੇਤ ਪ੍ਰਬੰਧਕਾਂ ਦਾ ਭਾਈ ਹੀਰਾ ਸਿੰਘ ਜੀ ਰਾਗੀ ਨਾਲ ਰਾਵਲਪਿੰਡੀ ਮੇਲ ਹੋ ਗਿਆ। ਆਪ ਦੇ ਅੱਗੇ ਸਕੂਲ ਦੀ ਦਸ਼ਾ ਦਸ ਕੇ ਦਰਸ਼ਨਾਂ ਦੀ ਯਾਚਨਾ ਕੀਤੀ ਗਈ। ਆਪ ਨੇ ਸਕੂਲ ਦੀ ਵਿਥਿਆ ਸੁਣ, ਠੰਡਾ ਸਾਹ ਲਿਆ ਤੇ ਪਿੰਡੀ ਘੇਬ ਆ ਪੁੱਜੇ। ਐਤਵਾਰ ਦਾ ਦਿਨ ਸੀ। ਸ਼ਹਿਰ ਦੇ ਹਿੰਦੂ, ਆਰੀਆ ਸਮਾਜੀ ਵਕੀਲਾਂ ਤੇ ਮੁਸਲਮਾਨ ਅਫ਼ਸਰਾਂ ਨੂੰ ਖ਼ਾਸ ਤੌਰ ਤੇ ਨਿਮੰਤ੍ਰਨ ਦਿੱਤਾ ਗਿਆ ਸੀ, ਜੋ ਠੀਕ ਸਮੇਂ ਸਿਰ ਆ ਗਏ। ਉਹ ਵਕੀਲ ਜੀ ਵੀ ਆਏ। ਉਸ ਨੂੰ ਭਾਈ ਸਾਹਿਬ ਦੇ ਸਾਹਮਣੇ ਬਿਠਾ ਦਿੱਤਾ ਗਿਆ। ਕੀਰਤਨ ਸ਼ੁਰੂ ਹੋਇਆ। ਇਕ ਉਂਝ ਅਰਸ਼ੀ ਬਾਣੀ, ਫਿਰ ਉਹਦਾ ਰਾਗ ਵਿੱਚ ਗਾਇਨ ਤੇ ਫਿਰ ਭਾਈ ਸਾਹਿਬ ਭਾਈ ਹੀਰਾ ਸਿੰਘ ਜੀ ਵਰਗੇ ਕਰਨੀ ਤੇ ਕਥਨੀ ਦੇ ਸੂਰੇ, ਨਾਮ ਦੇ ਰਸੀਏ, ਅਦੁੱਤੀ ਵਿਦਵਾਨ ਦੀ ਜ਼ੁਬਾਨੀ ਉਹਦੀ ਵਿਆਖਿਆ। ਉਹ ਰੰਗ ਜੰਮਿਆ ਕਿ ਉਕਤ ਵਕੀਲ ਸਾਹਿਬ ਬਿਹਬਲ ਹੋ ਉੱਠੇ। ਉਨ੍ਹਾਂ ਤੇ ਕਰੁਣਾ ਰਸ ਛਾ ਗਿਆ ਤੇ ਅੱਖਾਂ ਵਿੱਚੋਂ ਬੇਵੱਸ ਤ੍ਰਪ ਤ੍ਰਪ ਕਰਦੇ ਹੰਝੂ ਵਗਣ ਲਗੇ। ਘੜੀ ਘੜੀ ਪਤਲੂਨ ਦੀ ਜੇਬ ਵਿਚੋਂ ਰੁਮਾਲ ਕੱਢ ਕੇ ਅੱਖਾਂ ਪੂੰਝਦੇ ਤੇ ਬੈਠਣ ਦੇ ਆਸਣ ਬਦਲਦੇ ਰਹੇ। ਦੀਵਾਨ ਖ਼ਤਮ ਹੋਇਆ ਅਤੇ ਵਕੀਲ ਸਾਹਿਬ ਘਰ ਪੁੱਜੇ। ਥੋੜੀ ਦੇਰ ਪਿੱਛੋਂ ਉਹਨਾਂ ਦਾ ਗਵਾਂਢੀ ਇਕ ਸਹਿਜਧਾਰੀ ਸਿੱਖ ਵੀ ਜਾ ਮਿਲਿਆ। ਗੱਲ ਛੇੜ ਕੇ ਪੁਛਿਆ ਕਿ ਸੁਣਾਉ ਕੀਰਤਨ ਸੁਣ ਕੇ ਕੀ ਖ਼ਿਆਲ ਆਇਆ? ਵਕੀਲ ਜੀ ਨੇ ਕਿਹਾ, ਜੋ ਰਸ ਤੇ ਸਵਾਦ ਅੱਜ ਆਇਆ ਹੈ ਆਯੂ ਭਰ ਵਿੱਚ ਇਹ ਰੰਗ ਕਦੇ ਨਹੀਂ ਡਿੱਠਾ ਸੀ। ਕਾਸ਼ ! ਕੀਰਤਨ ਦਾ ਸਮਾਂ ਅੱਜ ਦੇ ਦਿਨ ਖ਼ਤਮ ਨਾ ਹੁੰਦਾ।"

ਸਿੱਟਾ ਇਹ ਹੋਇਆ ਕਿ ਆਰੀਆ ਸਕੂਲ ਖੋਲ੍ਹਣ ਦਾ ਸਵਾਲ ਉੱਕਾ ਹੀ ਘਟ ਗਿਆ। ਸਕੂਲ ਦੀ ਵਿਰੋਧਤਾ ਕਾਫ਼ੀ ਚਿਰ ਲਈ ਦਬ ਗਈ। ਇਹ ਵਕੀਲ ਸਾਹਿਬ ਖ਼ਾਲਸਾ ਸਕੂਲ ਨੂੰ ਯਥਾ ਯੋਗ ਸਹਾਇਤਾ ਵੀ ਦੇਂਦੇ ਰਹੇ।"

(7) ਇਸੇ ਤਰ੍ਹਾਂ ਦੀ ਇਕ ਘਟਨਾ ਇਕ ਮੁਸਲਮਾਨ ਅਫ਼ਸਰ ਬਾਰੇ 'ਸ਼ੇਰੇ ਪੰਜਾਬ' ਦਿੱਲੀ 2 ਸਤੰਬਰ 1951 ਦੇ ਪਰਚੇ ਵਿੱਚ ਸ. ਤ੍ਰਿਲੋਚਨ ਸਿੰਘ ਪ੍ਰਧਾਨ ਸਤਿਸੰਗ ਸਭਾ ਬੰਗਲਾ ਸਾਹਿਬ ਵੱਲੋਂ ਛਪੀ–

ਇਕ ਵਾਰੀ ਭਾਈ ਸਾਹਿਬ ਕੀਰਤਨ ਕਰ ਰਹੇ ਸਨ ਕਿ ਮਿਸਟਰ ਮੁਹੰਮਦ ਅਸ਼ਰਫ, ਜੋ ਉਨ੍ਹਾਂ ਦਿਨਾਂ ਵਿੱਚ ਇੰਜੀਨੀਅਰ–ਇਨ–ਚੀਫ ਦੇ ਦਫ਼ਤਰ ਵਿੱਚ ਸੁਪ੍ਰੰਟੰਡੰਟ ਸਨ, ਪਰ ਕੀਰਤਨ ਦਾ ਅਜਿਹਾ ਪ੍ਰਭਾਵ ਪਿਆ ਕਿ ਅਸ਼ਰਫ਼ ਸਾਹਿਬ ਨੇ ਨਾਮ–ਸਿਮਰਨ ਲਈ, ਘਰ ਬਾਰ ਤਿਆਗ ਦੇਣ ਦਾ ਫ਼ੈਸਲਾ ਕਰ ਲਿਆ। ਉਹ ਘਰ ਬਾਰ ਛੱਡ ਕੇ ਬਾਹਰ ਜੰਗਲ ਵਿੱਚ ਚਲੇ ਗਏ ਤਾਂ ਜੁ ਇਕਾਂਤ ਵਿੱਚ ਭਜਨ–ਸਿਮਰਨ ਕਰ ਸਕਣ। ਭਾਈ ਹੀਰਾ ਸਿੰਘ ਜੀ ਨੇ ਉਹਨਾਂ ਨੂੰ ਬੁਲਾ ਕੇ ਸਮਝਾਇਆ ਕਿ ਸਿੱਖ ਧਰਮ ਵਿੱਚ ਗ੍ਰਹਿਸਤ ਵਿੱਚ ਰਹਿੰਦਿਆਂ ਹੀ ਨਾਮ–ਸਿਮਰਨ ਕਰਨਾ ਉੱਤਮ ਮੰਨਿਆ ਗਿਆ ਹੈ। ਭਾਈ ਸਾਹਿਬ ਜੀ ਦੇ ਸਮਝਾਉਣ ਤੇ ਅਸ਼ਰਫ਼ ਸਾਹਿਬ ਵਾਪਸ ਆਪਣੇ ਟੱਬਰ ਵਿੱਚ ਰਹਿਣ ਲੱਗੇ ਤੇ ਨਾਮ–ਸਿਮਰਨ ਵਿੱਚ ਬਰਾਬਰ ਜੁੱਟੇ ਰਹੇ।"

ਗੁਰੂ ਪਾਤਸ਼ਾਹ ਦੀ ਬਖਸ਼ੀ ਦਾਤਿ ਅੰਮ੍ਰਿਤ ਲਈ ਸਿੱਖ ਸੰਗਤਾਂ ਨੂੰ ਪ੍ਰੇਰਨਾ ਵੀ ਆਪ ਜੀ ਦੀ ਰਸਨਾ ਤੋਂ ਅਜਿਹੀ ਖਿੱਚ–ਭਰੀ ਹੁੰਦੀ ਸੀ ਕਿ ਤੀਰ ਨਿਸ਼ਾਨੇ ਤੋਂ ਖੁੰਝਦਾ ਨਹੀਂ ਸੀ। ਇਸ ਬਾਰੇ ਦੋ ਤਿੰਨ ਦੀਵਾਨਾਂ ਸਮੇਂ ਦੀ ਵਾਰਤਾ ਹੇਠ ਦਿੱਤੀ ਜਾਂਦੀ ਹੈ :–

(8) ਇਕ ਵੇਰੀ ਮੰਡੀ ਬਹਾਉਦੀਨ ਭਾਈ ਸਾਹਿਬ ਨੇ ਕੀਰਤਨ ਵਿੱਚ ਚਾਲੀ ਮੁਕਤਿਆਂ ਦਾ ਪ੍ਰਸੰਗ ਸੁਣਾਇਆ,



www.AKJ.Org

ਜਿਸ ਵਿੱਚ ਭਾਈ ਮਹਾਂ ਸਿੰਘ ਸ਼ਹੀਦ ਤੇ ਉਸ ਦੀ ਆਤਮਾ ਦੇ ਵਿਯੋਗ ਤੇ ਕਲਗੀ ਵਾਲੇ ਦੀ ਗੋਦ ਵਿੱਚ ਪਏ ਸੀਸ ਦੇ ਦਰਸ਼ਨ ਨੇ ਸੰਗਤਾਂ ਦੇ ਨੈਣ ਪ੍ਰਨਾਲੇ ਬਣਾ ਦਿੱਤੇ। ਭਾਈ ਸਾਹਿਬ ਖ਼ੁਦ ਵੀ ਛਮਾ ਛਮ ਵਰਸ ਰਹੇ ਸਨ। ਸੰਗਤ ਵਿੱਚ ਪ੍ਰਸੰਗ ਦੇ ਖ਼ਾਤਮੇ ਤੇ ਮਾਇਆ ਮੋਹਲੇਧਾਰ ਬਰਸੀ। ਭਾਈ ਸਾਹਿਬ ਨੇ ਝੋਲੀ ਅੱਡ ਕੇ ਬਿਨੈ ਕੀਤੀ ਕਿ ਸਾਧ ਸੰਗਤ ਜੀ ! ਮਾਇਆ ਸਾਂਭ ਰੱਖੋ। ਜੇ ਕਲਗੀਆਂ ਵਾਲਾ ਸਤਿਗੁਰੂ ਪਿਆਰਾ ਲਗਾ ਹੈ ਤਾਂ ਸਹਿਜਧਾਰੀ ਵੀਰੋ ਗੁਰੂ ਤੋਂ ਆਪਾ ਵਾਰੋ ਤੇ ਅੰਮ੍ਰਿਤ-ਧਾਰੀ ਸਿੰਘ ਸਜੋ, ਗੁਰੂ ਕੀ ਰਹਿਤ-ਬਹਿਤ ਰਖੋ ਤੇ ਸਿਖੀ ਸਿਦਕ ਮਾਣੋ। ਇਸ ਦਾ ਅਸਰ ਸੰਗਤ ਵਿਚ ਬਹੁਤ ਹੋਇਆ ਤੇ ਬਹੁਤ ਸਾਰੇ ਸਹਿਜਧਾਰੀਆਂ ਨੇ ਅੰਮ੍ਰਿਤ ਛਕਣ ਲਈ ਆਪਣੇ ਆਪ ਨੂੰ ਪੇਸ਼ ਕੀਤਾ।

ਭਾਈ ਸੁਧ ਸਿੰਘ ਜੀ ਸਰਗੋਧਾ ਬਿਆਨ ਕਰਦੇ ਹਨ ਕਿ- ਇਕ ਸਮਾਗਮ ਸਮੇਂ ਭਾਈ ਹੀਰਾ ਸਿੰਘ ਜੀ ਨੇ ਸਟੇਜ ਤੇ ਮੈਨੂੰ ਖੜਾ ਕਰ ਲਿਆ ਤੇ ਕਹਿਆ, "ਸਾਧ ਸੰਗਤ ਜੀ, ਅਸੀਂ ਅਗੇ ਚਾਰ ਅਪੀਲਾਂ ਕੀਤੀਆਂ ਹਨ ਤੇ ਆਪ ਆਪਣੇ ਸੇਵਕ ਦੀ ਝੋਲੀ ਭਰ ਦਿਓ। ਇਹ ਮੰਗਦਾ ਹੈ ਅੱਜ ਕੋਈ ਸਹਿਜਧਾਰੀ ਪ੍ਰੇਮੀ ਕੇਸਾਧਾਰੀ ਬਣੇ ਤੇ ਕਲਗੀਆਂ ਵਾਲੇ ਦਾ ਬੇਟਾ ਬਣ ਕੇ ਖ਼ਾਲਸਾ ਪੰਥ ਦੇ ਬੇੜੇ ਚੜ੍ਹੇ।" ਪੰਜ ਮਿੰਟਾਂ ਤੋਂ ਬਾਅਦ ਇਕ ਭਾਈ ਕਰਮ ਚੰਦ ਉਠਿਆ, ਹੱਥ ਜੋੜ ਕੇ ਅੱਗੇ ਆ ਕੇ ਕਹਿਣ ਲਗਾ, "ਮੈਂ ਪਰਵਾਰ ਸਮੇਤ ਹਾਜ਼ਰ ਹਾਂ, ਅੰਮ੍ਰਿਤ ਛਕਾਓ ਤੇ ਸਿੰਘ ਸਜਾਓ।" ਜੈਕਾਰੇ ਗੱਜੇ, ਉਤਸ਼ਾਹ ਵਧਿਆ। ਫੇਰ ਦੂਜਾ ਭਾਈ ਨਰੈਣ ਦਾਸ, ਤੀਜਾ ਭਾਈ ਸੋਹਨ ਲਾਲ ਤੇ ਇਸੇ ਤਰ੍ਹਾਂ ਅੱਧੇ ਘੰਟੇ ਵਿੱਚ 18 ਸਹਿਜਧਾਰੀ ਘਰਾਣੇ ਸਿੱਖੀ ਮੰਡਲ ਵਿੱਚ ਆਏ।"

(9) ਇਸੇ ਤਰ੍ਹਾਂ ਦੀ ਇਕ ਹੋਰ ਵਾਰਤਾ ਬੜੀ ਸੁਆਦਲੀ ਹੈ—

"ਸਾਹੀਵਾਲ ਦਾ ਇਕ ਬੋਰਡਰ ਵਿਦਿਆਰਥੀ, ਦੀਵਾਨ ਵਾਲੇ ਦਿਨ ਹੀ ਆਪਣੀ ਹਜਾਮਤ ਕਰਵਾ ਕੇ ਆਇਆ। ਸਾਥੀਆਂ ਦੇ ਪੁੱਛਣ ਪਰ ਕਹਿਣ ਲੱਗਾ ਕਿ ਅੱਜ ਭਾਈ ਸਾਹਿਬ ਨੇ ਅੰਮ੍ਰਿਤ ਪ੍ਰਚਾਰ ਲਈ ਪ੍ਰੇਰਨਾ ਕਰਨੀ ਹੈ, ਮੈਂ ਇਸ ਲਈ ਹਜਾਮਤ ਕਰਵਾ ਕੇ ਆਇਆ ਹਾਂ, ਕਿਧਰੇ ਏਸ ਫੰਦੇ ਵਿੱਚ ਫਸ ਨਾ ਜਾਵਾਂ।

"ਪਰ ਜਦੋਂ ਦੂਜੇ ਦਿਨ ਅੰਮ੍ਰਿਤ ਪ੍ਰਚਾਰ ਹੋਇਆ ਤਾਂ ਅੰਮ੍ਰਿਤ ਪਾਨ ਕਰਨ ਵਾਲਿਆਂ ਵਿੱਚ ਉਹ ਵਿਦਿਆਰਥੀ ਸੋਹਣੀ ਦਸਤਾਰ ਬੰਨ੍ਹ ਕੇ ਕਿਰਪਾਨ ਪਹਿਨ ਕੇ ਅੰਮ੍ਰਿਤ ਛਕਣ ਵਾਲਿਆਂ ਦੀ ਕਤਾਰ ਵਿੱਚ ਖੜਾ ਸੀ। ਉਸ ਨੇ ਕਿਹਾ ਮੈਨੂੰ ਬਥੇਰਾ ਸਮਝਾਇਆ ਗਿਆ ਕਿ ਮੈਂ ਹਾਲਾਂ ਸਹਿਜਧਾਰੀ ਰਹਾਂ ਤੇ ਅਗਲੇ ਸਮਾਗਮ ਤੇ ਅੰਮ੍ਰਿਤ ਛਕਾਂ, ਪਰ ਭਾਈ ਸਾਹਿਬ ਦੀ ਕਥਨੀ ਵਿੱਚ ਅਜਿਹਾ ਜਾਦੂ ਹੈ ਕਿ ਮੈਥੋਂ ਅੱਗੇ ਲਈ ਠਹਿਰਨਾ ਔਖਾ ਸੀ ਤੇ ਮੇਰੇ ਜ਼ੋਰ ਦੇਣ ਤੇ ਅੰਮ੍ਰਿਤ ਛਕਾਇਆ ਗਿਆ। ਇਸ ਸਜਣ ਦਾ ਨਾਮ ਸ. ਪ੍ਰਤਾਪ ਸਿੰਘ ਪਾਹਵਾ ਸੀ, ਜੋ ਸਿਲਾਂ ਵਾਲੀ ਮੰਡੀ ਵਿੱਚ ਪਿੱਛੋਂ ਕਾਰੋਬਾਰ ਕਰਦੇ ਰਹੇ।"

(10) ਆਪ ਦੀ ਅਸਰ-ਭਰਪੂਰ ਕਥਨੀ ਦਾ ਪ੍ਰਭਾਵ ਇੱਡਾ ਮਹਾਨ ਸੀ ਕਿ ਬਿਖਿਆ (ਤਮਾਕੂ) ਦੇ ਖੰਡਨ ਬਾਰੇ ਇਕੇਰਾਂ ਆਪ ਜੀ ਨੇ ਵਖਿਆਨ ਦਿੱਤਾ, ਜਿਸ ਦੇ ਅਸਰ ਨੂੰ ਕਬੂਲ ਕੇ ਇਕ ਬਾਂਗਰੂ ਆਦਮੀ ਵੀ ਸਦਾ ਲਈ ਤਮਾਕੂ ਹੁੱਕੇ ਨੂੰ ਛੱਡ ਗਿਆ। ਸ. ਹਾਕਮ ਸਿੰਘ ਜੀ ਸੰਗਰੂਰ ਵੱਲੋਂ ਖ਼ਾਲਸਾ ਸਮਾਚਾਰ ਮਿਤੀ 28 ਅਗਸਤ 1952 ਵਿੱਚ ਇਹ ਘਟਨਾ ਇਉਂ ਛਪੀ ਹੈ-

ਸੰਗਰੂਰ ਦੇ ਪਾਸ ਇਕ ਛੋਟਾ ਜਿਹਾ ਪਿੰਡ ਅਕੋਈ ਸਾਹਿਬ ਹੈ। ਇੱਥੇ ਛੇਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਗੁਰਦੁਆਰਾ ਵੀ ਹੈ। ਇਸ ਪਿੰਡ ਵਿੱਚ ਸ. ਜੰਗ ਸਿੰਘ ਹੋਰਾਂ ਨੇ ਭਾਈ ਹੀਰਾ ਸਿੰਘ ਜੀ ਨੂੰ ਇੱਕ ਦਫਾ ਬੁਲਾਇਆ। ਆਪ ਨੇ ਕੀਰਤਨ ਕੀਤਾ ਤੇ ਪਰਸੰਗ ਬਿਖਿਆ ਦੇ ਖੰਡਨ ਤੇ ਸ਼ੁਰੂ ਹੋ ਗਿਆ, ਹਾਲਾਂਕਿ ਭਾਈ ਸਾਹਿਬ ਖੰਡਨ ਮੰਡਨ ਤੇ ਜ਼ਿਆਦਾ ਨਹੀਂ ਸੀ ਬੋਲਦੇ ਹੁੰਦੇ। ਇਕ ਜੰਗਲੀ ਬਾਂਗਰੂ ਆਦਮੀ ਸ. ਜੰਗ ਸਿੰਘ ਹੋਰਾਂ ਦਾ ਨੌਕਰ, ਜੋ ਬਿਖਿਆ ਪੀਂਦਾ ਹੁੰਦਾ ਸੀ, ਭੀ ਉਸ ਦੀਵਾਨ ਵਿੱਚ ਹਾਜ਼ਰ ਹੋਇਆ। ਭਾਈ ਸਾਹਿਬ ਦੀ ਕਥਨੀ ਦਾ ਉਸ ਪਰ ਐਸਾ ਅਸਰ ਹੋਇਆ ਕਿ ਉਸ ਨੇ ਆਪਣੇ ਮਨ ਵਿੱਚ ਉਸ ਵੇਲੇ ਐਸਾ ਪੱਕਾ ਪ੍ਰਣ ਕੀਤਾ ਕਿ ਅੱਜ ਤੋਂ ਤਮਾਕੂ ਬਿਲਕੁਲ ਨਹੀਂ



www.AKJ.Org

ਪੀਣਾ। ਘਰ ਆ ਕੇ ਕਿਸੇ ਨੇ ਕਿਹਾ, 'ਹੁਣ ਇਹ ਤਮਾਕੂ ਪੀਣ ਵਾਲਾ ਸੰਦ (ਹੁੱਕਾ) ਤਾਂ ਬਾਹਰ ਸੁਟ ਦੇਹ।' ਉਸ ਨੇ ਉੱਤਰ ਦਿੱਤਾ ਕਿ ਹੁਣ ਇਸ ਨੂੰ ਵੀ ਹੱਥ ਨਹੀਂ ਲਾਉਣਾ। ਉਸ ਬਾਂਗਰੂ ਆਦਮੀ ਤੇ ਇਤਨਾ ਅਸਰ ਹੋਇਆ ਕਿ ਉਸ ਨੇ ਸਾਰੀ ਉਮਰ ਫਿਰ ਕਦੀ ਤਮਾਕੂ ਨਹੀਂ ਪੀਤਾ ਤੇ ਫਿਰ ਕੁਝ ਚਿਰ ਪਿਛੋਂ ਉਹ ਸਿੰਘ ਸੱਜ ਗਿਆ।... ਗੁਰੂ ਕਿਰਪਾ ਕਰੇ ਕਿ ਐਸੇ ਰਾਗੀ ਸਿੰਘ ਬਚਨ ਦੇ ਸੂਰੇ ਪੈਦਾ ਹੋਣ ਤੇ ਪੰਥ ਦੀ ਉਨਤੀ ਹੋਵੇ।"

(11) ਭਾਈ ਸਾਹਿਬ ਜੀ ਦੇ ਹਿਰਦੇ ਵਿੱਚ ਗੁਰਸਿਖੀ ਲਈ ਠਾਠਾਂ ਮਾਰਦਾ ਅਥਾਹ ਜੋਸ਼ ਸੀ। ਜਦੋਂ ਸ੍ਰੀ ਨਨਕਾਣਾ ਸਾਹਿਬ ਦੀ ਸ਼ਹੀਦੀ ਸਾਕੇ ਦੀ ਖਬਰ ਆਪ ਨੇ ਸੁਣੀ ਤਾਂ ਬਿਹਬਲ ਹੋ ਉੱਠੇ ਅਤੇ ਇਕ ਭਾਰੀ ਜੱਥੇ ਨੂੰ ਨਾਲ ਲੈ ਕੇ ਸ੍ਰੀ ਨਨਕਾਣਾ ਸਾਹਿਬ ਵੱਲ ਧਾਈ ਕਰ ਦਿੱਤੀ। ਭਾਈ ਸਾਹਿਬ ਜੱਥੇ ਦੇ ਅੱਗੇ-ਅੱਗੇ ਇਹ ਸ਼ਬਦ ਪੜ੍ਹਦੇ ਜਾ ਰਹੇ ਸਨ ਅਤੇ ਸਮੂਹ ਸੰਗਤਾਂ ਪਿੱਛੇ-ਪਿੱਛੇ ਅਲਾਪ ਰਹੀਆਂ ਸਨ-

**ਮੁਹਿ ਮਰਨੇ ਕਾ ਚਾਉ ਹੈ ਮਰਉ ਤ ਹਰਿ ਕੈ ਦੁਆਰ ॥***

ਸ. ਨਰੈਣ ਸਿੰਘ ਜੀ ਸਾਬਕਾ ਮੈਨੇਜਰ ਸ੍ਰੀ ਨਨਕਾਣਾ ਸਾਹਿਬ ਲਿਖਦੇ ਹਨ—

"21 ਫਰਵਰੀ ਸਵੇਰੇ ਗਿਆਰਾਂ ਵਜੇ ਜਦੋਂ ਜਨਮ ਅਸਥਾਨ ਦਾ ਦਖਣੀ ਦਰਵਾਜ਼ਾ ਖੋਲ੍ਹ ਕੇ ਥੋੜੇ-ਥੋੜੇ ਸਿੰਘਾਂ ਨੂੰ ਵਾਰੀ ਨਾਲ ਅੰਦਰ ਲੈ ਜਾ ਕੇ ਸ਼ਹੀਦਾਂ ਦੇ ਅੱਧ-ਸੜੇ ਸ਼ਰੀਰਾਂ ਦਾ ਹਿਰਦੇ-ਵੇਧਕ ਦ੍ਰਿਸ਼ ਦਿਖਾਇਆ ਜਾ ਰਿਹਾ ਸੀ ਤਾਂ ਜਿਸ ਸਮੇਂ ਮੈਂ ਅਤੇ ਮੇਰੇ ਕਈ ਵਿਦਿਆਰਥੀ ਸਾਥੀ ਅੰਦਰ ਗਏ, ਉਸ ਸਮੇਂ ਉੱਥੇ ਭਾਈ ਸਾਹਿਬ ਭਾਈ ਹੀਰਾ ਸਿੰਘ ਜੀ ਮੌਜੂਦ ਸਨ। ਸਾਡੇ ਵੇਖਦੇ ਭਾਈ ਸਾਹਿਬ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਉਹ ਬੀੜ, ਜਿਸ ਵਿੱਚ ਸਾਕੇ ਸਮੇਂ ਨੌਂ ਗੋਲੀਆਂ ਲੱਗੀਆਂ ਸਨ ਅਤੇ ਜਿਸ ਬੀੜ ਦੇ ਪੱਤਰੇ, ਜਿਲਦ ਅਤੇ ਰੁਮਾਲ, ਤਾਬਿਆ ਬੈਠੇ ਸ਼ਹੀਦ ਭਾਈ ਲਛਮਣ ਸਿੰਘ ਦੇ ਖ਼ੂਨ ਨਾਲ ਲੱਥ-ਪੱਥ ਹੋਏ ਹੋਏ ਸਨ, ਆਪਣੇ ਸੀਸ ਪਰ ਉਠਾ ਕੇ, ਪ੍ਰਕਾਸ਼-ਅਸਥਾਨ ਤੋਂ ਬਾਹਰ ਵੇਹੜੇ ਵਿੱਚ ਅਧ-ਸੜੀਆਂ ਲਾਸ਼ਾਂ ਦੇ ਪਾਸ ਲਿਆ ਕੇ ਬੀੜ ਦਾ ਪ੍ਰਕਾਸ਼ ਕੀਤਾ ਅਤੇ ਫਰਨ ਫਰਨ ਵਗਦੇ ਨੇਤਰਾਂ ਨਾਲ ਅਤਿ ਘਘਿਆਈ ਆਵਾਜ਼ ਵਿੱਚ ਬਿਹਬਲਤਾ ਅੰਦਰ ਹੋ ਰਹੀਆਂ ਸੰਗਤਾਂ ਨੂੰ ਜੋ ਹੁਕਮ ਸੁਣਾਇਆ ਅਤੇ ਜਿਸ ਨੂੰ ਸੰਪੂਰਨ ਕਰਨ ਵਿੱਚ ਭਾਈ ਸਾਹਿਬ ਨੂੰ ਕਿਤਨਾ ਹੀ ਸਮਾਂ ਲਗਾ, ਉਹ ਇਹ ਸੀ—

**ਤਪਿ ਤਪਿ ਲੁਹਿ ਲੁਹਿ ਹਾਥ ਮਰੋਰਉ ॥ ਬਾਵਲਿ ਹੋਈ ਸੋ ਸਹੁ ਲੋਰਉ ॥**
**ਤੈ ਸਹਿ ਮਨ ਮਹਿ ਕੀਆ ਰੋਸੁ ॥ ਮੁਝੁ ਅਵਗਨ ਸਹ ਨਾਹੀ ਦੋਸੁ ॥੧॥...**
**ਵਾਟ ਹਮਾਰੀ ਖਰੀ ਉਡੀਣੀ ॥ ਖੰਨਿਅਹੁ ਤਿਖੀ ਬਹੁਤੁ ਪਿਈਣੀ ॥**
**ਉਸੁ ਊਪਰਿ ਹੈ ਮਾਰਗੁ ਮੇਰਾ ॥ ਸੇਖ ਫਰੀਦਾ ਪੰਥੁ ਸਮ੍ਾਰਿ ਸਵੇਰਾ ॥੪॥੧॥**

(ਸੂਹੀ ਫਰੀਦ ਜੀ, ਅੰਗ : ੭੯੪)

## ਮੈਂ ਭਾਈ ਹੀਰਾ ਸਿੰਘ ਨੂੰ ਕਿਵੇਂ ਡਿੱਠਾ : ਵੱਲੋਂ ਬਾਬਾ ਪ੍ਰੇਮ ਸਿੰਘ ਜੀ ਹੋਤੀ ਮਰਦਾਨ ਵਾਲੇ

ਮੈਨੂੰ ਪਹਿਲੀ ਵਾਰ ਮਾਨਯੋਗ ਪੰਥ ਦੇ ਕੀਰਤਨੀਏ ਸ੍ਰੀ ਮਾਨ ਭਾਈ ਸਾਹਿਬ ਭਾਈ ਹੀਰਾ ਸਿੰਘ ਜੀ ਰਾਗੀ ਦੇ ਦਰਸ਼ਨ ਮਰਦਾਨ ਵਿੱਚ ਹੋਏ। ਇਸ ਸਮੇਂ ਅਜੇ ਆਪ ਦੇ ਮੁੱਖ-ਮੰਡਲ ਪਰ ਮੁੱਛ ਨਹੀਂ ਸੀ ਫੁਟੀ। ਓਦੋਂ ਕਿਸੇ ਨੂੰ ਕੀ ਪਤਾ ਸੀ ਕਿ ਇਹ ਭੋਲਾ ਜਿਹਾ ਨੌਨਿਹਾਲ ਆਪਣੇ ਉੱਚ ਗੁਣਾਂ ਦੇ ਕਾਰਨ ਕਿਸੇ ਦਿਨ ਸਾਰੇ ਖ਼ਾਲਸਾ ਪੰਥ ਵਿੱਚ ਨਿਵਾਜਿਆ ਅਤੇ ਸਤਿਕਾਰਿਆ ਜਾਏਗਾ।

ਇਸੇ ਦਿਨ ਮਾਨਯੋਗ ਸਰਦਾਰ ਬਹਦਾਰ ਡਾਕਟਰ ਦੀਵਾਨ ਸਿੰਘ ਜੀ ਦੀ ਕੋਠੀ ਕੀਰਤਨ ਹੋਇਆ। ਕੀਰਤਨ ਦੇ ਆਰੰਭ ਵਿੱਚ ਆਪ ਨੇ ਸ਼ਬਦ ਲਾਇਆ—

**ਤੇਰੀਆ ਸਦਾ ਸਦਾ ਚੰਗਿਆਈਆ ॥ ਮੈ ਰਾਤਿ ਦਿਹੈ ਵਡਿਆਈਆਂ ॥**
**ਅਣਮੰਗਿਆ ਦਾਨੁ ਦੇਵਣਾ ਕਹੁ ਨਾਨਕ ਸਚੁ ਸਮਾਲਿ ਜੀਉ ॥੨੪॥੧॥**


www.AKJ.Org

ਇਸ ਸਮੇਂ ਭਾਈ ਭਾਗ ਸਿੰਘ ਜੀ ਤਾਂ ਇਸ ਯਤਨ ਵਿੱਚ ਸੀ ਕਿ ਮੇਰੇ ਪਹਿਲੇ ਕੀਰਤਨ ਦੇ ਹੁਨਰ ਦਾ ਪ੍ਰਭਾਵ ਸਰੋਤਿਆਂ ਦੇ ਮਨਾਂ ਪਰ ਐਸਾ ਛਾ ਜਾਏ ਕਿ ਉਹ 'ਵਾਹ-ਵਾਹ' ਕਰ ਉਠਣ। ਉਹ ਆਪਣਾ ਸੱਜਾ ਹੱਥ, ਜਿਸ ਨਾਲ ਤਾਊਸ ਪਰ ਫੇਰਨ ਵਾਲਾ ਗਜ਼ ਫੜਿਆ ਹੋਇਆ ਸੀ, ਮੁੜ-ਮੁੜ ਹੁਲਾਰ-ਹੁਲਾਰ ਕੇ ਸੰਗਤਾਂ ਦੀ ਰੁਚੀ ਆਪਣੇ ਵੱਲ ਖਿੱਚਦੇ ਸਨ। ਪਰ ਕਾਕਾ ਹੀਰਾ ਸਿੰਘ ਜੀ ਕਿਸੇ ਹੋਰ ਰੰਗ ਵਿੱਚ ਸੀ। ਉਹ ਜਿਉਂ-ਜਿਉਂ ਉਪ੍ਰੋਕਤ ਸ਼ਬਦ ਦੀਆਂ ਪੰਗਤੀਆਂ ਮੁਖ ਤੋਂ ਅਲਾਪਦਾ ਸੀ ਤਿਉਂ-ਤਿਉਂ ਇਹ ਪ੍ਰਤੀਤ ਹੁੰਦਾ ਸੀ ਕਿ ਭਾਈ ਜੀ ਦੀ ਰਸਨਾ ਦੀ ਥਾਂ ਉਸ ਦਾ ਮਨ ਬੋਲ ਰਿਹਾ ਹੈ। ਆਪ ਦੀਆਂ ਹੰਝੂ-ਭਰੀਆਂ ਅੱਖਾਂ ਛਲਕ ਰਹੀਆਂ ਸਨ ਤੇ ਇਹਨਾਂ ਤੋਂ ਤ੍ਰਪ-ਤ੍ਰਪ ਮੋਤੀ ਕਿਰਦੇ ਜਾਂਦੇ ਸਨ। ਇਹ ਕੀਰਤਨ ਭਾਵੇਂ ਬਹੁਤਾ ਲੰਮਾ ਨਹੀਂ ਸੀ ਹੋਇਆ, ਪਰ ਆਪ ਦੀ ਅਸਰ-ਭਰਪੂਰ ਤੇ ਮਿਠਤ ਭਰੀ ਕਥਨੀ ਸੁਣ ਕੇ, ਪਾਰਖੂ ਨਿਗਾਹ ਵਾਲਿਆਂ ਉੱਥੇ ਹੀ ਅਨੁਭਵ ਕਰ ਲਿਆ ਸੀ ਕਿ ਇਹ ਹੋਣਹਾਰ ਹੀਰਾ ਕਿਸੇ ਦਿਨ ਆਪਣੇ ਨਾਂ ਦੇ ਭਾਵ ਅਨੁਸਾਰ ਸਾਲਸ ਰਾਏ ਵਾਲਾ ਨਿਰਮੋਲਕ ਹੀਰਾ ਸਾਬਤ ਹੋਵੇਗਾ।

## ਬੰਦੂਕਾਂ ਦੀ ਛਾਂ ਹੇਠ ਗੁਰ ਮਰਯਾਦਾ

ਹੋਤੀ ਵਿੱਚ ਕੀਰਤਨ ਕਰਦਿਆਂ ਆਪ ਨੂੰ ਅਜੇ ਥੋੜੇ ਹੀ ਦਿਨ ਹੋਏ ਸਨ ਕਿ ਇਥੇ ਇਕ ਵਿਲੱਖਣ ਘਟਨਾ ਵਾਪਰੀ। ਹੋਤੀ ਮਰਦਾਨ ਤੋਂ 12 ਮੀਲ ਦੀ ਵਾਟ ਪਰ ਠੀਕ ਗ਼ੈਰ ਇਲਾਕੇ ਦੇ ਬੰਨੇ ਦੇ ਨਾਲ ਇਕ ਨਿੱਕਾ ਜਿਹਾ ਪਿੰਡ ਵਸਦਾ ਸੀ, ਜਿਸ ਦਾ ਨਾਮ ਪਸ਼ਤੋ ਵਿੱਚ 'ਸੜਾਚੀਨਾ (ਠੰਡਾ ਚੋਆ) ਸੀ। ਇੱਥੇ ਇਕ ਗ਼ਰੀਬ ਸਿਦਕੀ ਸਿੰਘ ਭਾਈ ਵਿਸਾਖਾ ਸਿੰਘ ਜੀ ਵੱਸਦਾ ਸੀ ਅਤੇ ਉੱਥੇ ਕੋਈ 9-10 ਘਰ ਅਨ-ਮਤੀਆਂ ਦੇ ਭੀ ਸਨ।

ਭਾਈ ਵਿਸਾਖਾ ਸਿੰਘ ਜੀ ਨੇ ਆਪਣੀ ਕੰਨਿਆ ਦਾ ਵਿਆਹ ਗੁਰ-ਮਰਯਾਦਾ ਅਨੁਸਾਰ ਕਰਨ ਦਾ ਪ੍ਰਣ ਕੀਤਾ। ਪਿੰਡ ਦੇ ਹੋਰਨਾਂ ਵਸਨੀਕਾਂ ਨੂੰ ਜਦ ਭਾਈ ਜੀ ਦੇ ਇਸ ਇਰਾਦੇ ਦਾ ਪਤਾ ਲਗਾ ਤਾਂ ਉਹਨਾਂ ਭਾਈ ਵਿਸਾਖਾ ਸਿੰਘ ਜੀ ਨੂੰ ਸੁਨੇਹਾ ਭੇਜਿਆ ਕਿ ਜੇ ਉਸ ਨੇ ਆਪਣੀ ਲੜਕੀ ਦਾ ਵਿਆਹ, ਕਿਸੇ ਨਵੇਂ ਤਰੀਕੇ ਨਾਲ ਕਰਵਾਇਆ ਤਾਂ ਲਾੜੇ ਅਤੇ ਗੁਰ-ਮਰਯਾਦਾ ਕਰਵਾਉਣ ਵਾਲੇ ਨੂੰ ਗ਼ੈਰ-ਇਲਾਕੇ ਦੇ ਪਠਾਣਾਂ ਦੀਆਂ ਗੋਲੀਆਂ ਨਾਲ ਉਡਵਾ ਦੇਣਗੇ।

ਭਾਈ ਵਿਸਾਖਾ ਸਿੰਘ ਡਾਢਾ ਘਾਬਰਿਆ ਹੋਇਆ ਹੋਤੀ ਪੁੱਜਿਆ ਤੇ ਇੱਥੇ ਦੇ ਸੇਵਕਾਂ ਨੂੰ ਸਾਰੀ ਵਿਥਿਆ ਕਹਿ ਸੁਣਾਈ। ਭਾਈ ਜੀ ਦੇ ਭਰੋਸੇ ਨੂੰ ਵੇਖ ਕੇ ਹੋਤੀ ਦੇ ਸੇਵਕਾਂ ਨੇ, ਜਿਨ੍ਹਾਂ ਵਿੱਚ ਸਰਦਾਰ ਅਤਰ ਸਿੰਘ ਜੀ ਰਈਸ, ਸ੍ਰੀ ਮਾਨ ਡਾਕਟਰ ਦੀਵਾਨ ਸਿੰਘ ਜੀ, ਭਾਈ ਸੰਤ ਸਿੰਘ ਜੀ, ਭਾਈ ਖੇਮ ਸਿੰਘ ਜੀ ਗੜ੍ਹੀ ਕਪੂਰਾ ਅਤੇ ਦਾਸ ਵੀ ਸੀ, ਇਹ ਫੈਸਲਾ ਕੀਤਾ ਕਿ ਭਾਵੇਂ ਕੁਝ ਵੀ ਮੁਸੀਬਤ ਸਾਹਮਣੇ ਆਏ, ਇਹ ਅਨੰਦ ਕਾਰਜ ਜ਼ਰੂਰ ਗੁਰ-ਮਰਯਾਦਾ ਅਨੁਸਾਰ ਕਰਵਾਉਣਾ ਹੈ।

ਨਾਲ ਹੀ ਇਹ ਵੀ ਵੀਚਾਰ ਹੋਈ ਕਿ ਗੁਰਮਤਿ ਸ਼ਾਨ ਨੂੰ ਕਾਇਮ ਰੱਖਣ ਲਈ, ਅਸੀਂ ਵੀ 10 ਕੁ ਰਫਲਾ ਵਾਲੇ ਆਪਣੇ ਪਠਾਣ ਦੋਸਤਾਂ ਨੂੰ ਨਾਲ ਲੈ ਜਾਈਏ। ਸੋ ਇਸੇ ਤਰ੍ਹਾਂ ਕੀਤਾ ਗਿਆ।

## ਭਾਈ ਹੀਰਾ ਸਿੰਘ ਦਾ ਗੁਰ ਪਿਆਰ ਤੇ ਨਿਰਭੈਤਾ

ਸਾਡੇ ਤੁਰਨ ਤੋਂ ਪਹਿਲਾਂ ਕਿਸੇ ਤਰ੍ਹਾਂ ਭਾਈ ਹੀਰਾ ਸਿੰਘ ਜੀ ਨੂੰ ਇਸ ਗੱਲ ਦਾ ਪਤਾ ਲੱਗ ਗਿਆ। ਆਪ ਨੇ ਝਟ ਬੜੀ ਨਿਰਭੈਤਾ ਨਾਲ ਆਖਿਆ, "ਮੈਂ ਆਪ ਦੇ ਨਾਲ ਜਾਵਾਂਗਾ।" ਅਸੀਂ ਨਹੀਂ ਸਾਂ ਚਾਹੁੰਦੇ ਕਿ ਭਾਈ ਸਾਹਿਬ ਜੀ ਨੂੰ ਕਿਸੇ ਖਤਰੇ ਵਿੱਚ ਪਾਈਏ। ਇਸ ਲਈ ਅਸਾਂ ਇਕ ਦੋ ਵੇਰ ਗੱਲ ਟਾਲ ਦਿੱਤੀ। ਪਰ ਜਿਉਂ-ਜਿਉਂ ਅਸੀਂ ਭਾਈ ਜੀ ਨੂੰ ਵਰਜਦੇ ਸਾਂ ਤਿਉਂ-ਤਿਉਂ ਉਹ ਜਾਣ ਲਈ ਵਧੇਰਾ ਹੱਠ ਕਰਦੇ ਸਨ। ਛੇਕੜ ਉਹ ਸਾਡੇ ਨਾਲ ਸਣੇ ਜੱਥੇ ਦੇ ਜਾਣ ਲਈ ਤਿਆਰ ਹੋ ਗਏ। ਪਰ ਨਾਲ ਹੀ ਭਾਈ ਜੀ ਨੇ ਸਾਡੇ ਕੰਨ ਵਿੱਚ ਇਹ ਕਹਿ ਦਿੱਤਾ ਕਿ ਬਾਪੂ ਜੀ ਨੂੰ ਖ਼ਤਰੇ ਵਾਲੀ ਗੱਲ ਅਜੇ ਨਾ ਦੱਸਿਓ।



www.AKJ.Org

ਉਹਨਾਂ ਦਿਨਾਂ ਵਿੱਚ ਮੋਟਰਾਂ ਅੱਜੇ ਪਰਚਲਤ ਨਹੀਂ ਸਨ ਹੋਈਆਂ। ਸੋ ਘੋੜਿਆਂ ਤੇ ਟਾਂਗਿਆਂ ਦਾ ਪ੍ਰਬੰਧ ਕਰ ਲਿਆ ਗਿਆ। ਰਾਤੋ ਰਾਤ ਸਫ਼ਰ ਪੂਰਾ ਕਰ ਕੇ ਅੰਮ੍ਰਿਤ ਵੇਲੇ ਅਸੀਂ ਸਾਰੇ ਯਾਤਰੀ ਇਲਾਕੇ ਦੀ ਸਰਹੱਦ ਪਰ ਪਹੁੰਚ ਗਏ।

ਭਾਈ ਵਿਸਾਖਾ ਸਿੰਘ ਦੇ ਘਰ ਦੇ ਆਲੇ-ਦੁਆਲੇ, ਨਾਲ ਲਿਆਂਦੇ ਹੋਏ ਬੰਦੂਕਚੀ ਪਠਾਣਾਂ ਨੂੰ ਖੜਾ ਕਰ ਦਿੱਤਾ। ਹੁਣ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਗਿਆ। ਇਹ ਪਾਵਨ ਬੀੜ ਅਸੀਂ ਹੋਤੀ ਤੋਂ ਨਾਲ ਲੈ ਗਏ ਸੀ। ਭਾਈ ਹੀਰਾ ਸਿੰਘ ਜੀ ਨੇ ਸ੍ਰੀ ਆਸਾ ਦੀ ਵਾਰ ਦਾ ਕੀਰਤਨ ਅਰੰਭ ਦਿੱਤਾ। ਉਸ ਦਿਨ ਇਹ ਗੁਣਕਾਰ ਕੀਰਤਨੀਆਂ ਅਗੰਮੀ ਰੰਗ ਵਿੱਚ ਸੀ। ਕੀਰਤਨ ਮਧੁਰਤਾ ਅਤੇ ਪਿਆਰ-ਰੁਚਿਤ ਵਿਆਖਿਆ ਸਰੋਤਿਆਂ ਪਰ ਜਾਦੂ ਦਾ ਅਸਰ ਕਰ ਰਹੀ ਸੀ। ਇਸ ਅਨੰਦ ਕਾਰਜ ਨੂੰ ਆਪ ਨੇ ਸਮੇਂ ਅਨੁਸਾਰ ਆਪਣੀ ਵਸ਼ਿਸ਼ਟ ਬੁੱਧੀ ਅਨੁਸਾਰ ਐਸੀ ਯੋਗਤਾ ਨਾਲ ਸੰਪੂਰਨ ਕੀਤਾ ਕਿ ਦੇਖਣ ਵਾਲੇ ਗਦ-ਗਦ ਹੋ ਗਏ।

**ਅਸਚਰਜ ਦ੍ਰਿਸ਼**

ਜਦ ਸ੍ਰੀ ਮਾਨ ਭਾਈ ਹੀਰਾ ਸਿੰਘ ਜੀ ਕੀਰਤਨ ਕਰ ਰਹੇ ਸਨ ਤਾਂ ਪਿੰਡ ਦੇ ਵਿਰੋਧੀ ਧੜੇ ਦਾ ਚੌਧਰੀ 'ਮਹੇਸ਼ਾ ਮਲ' ਗੁਰ-ਮਰਯਾਦਾ ਦੇ ਵਿਆਹ ਦਾ ਤਮਾਸ਼ਾ ਦੇਖਣ ਲਈ ਜਾਂ ਖਰੂਦ ਖੜਾ ਕਰਨ ਦੀ ਭਾਵਨਾ ਨਾਲ, ਮੂੰਹ ਸਿਰ ਕੱਜ ਕੇ ਸੰਗਤ ਵਿੱਚ ਆ ਬੈਠਾ। ਭਾਈ ਸਾਹਿਬ ਜੀ ਦੇ ਅੰਮ੍ਰਿਤ ਕੀਰਤਨ ਤੇ ਪਵਿੱਤਰ ਗੁਰ-ਮਰਯਾਦਾ ਦਾ ਇਸ ਦੇ ਮਨ ਪਰ ਐਸਾ ਜਾਦੂ ਅਸਰ ਹੋਇਆ ਕਿ ਉਹ ਉੱਥੋਂ ਉੱਠ ਕੇ ਬਾਹਰ ਗਿਆ। ਫਿਰ ਥੋੜੇ ਸਮੇਂ ਵਿੱਚ ਆਪਣੇ ਧੜੇ ਦੇ ਹੋਰਨਾਂ ਸਾਥੀਆਂ ਨੂੰ ਨਾਲ ਲੈ ਕੇ ਦੀਵਾਨ ਵਿੱਚ ਆ ਗਿਆ ਤੇ ਹੱਥ ਜੋੜ ਕੇ ਸੰਗਤ ਵਿੱਚ ਖੜਾ ਹੋ ਗਿਆ ਅਤੇ ਕਹਿਣ ਲੱਗਾ ਕਿ ਜੇ ਗੁਰ-ਮਰਯਾਦਾ ਇਹ ਹੈ ਤਾਂ ਸਭ ਤੋਂ ਪਹਿਲਾਂ ਅਸੀਂ ਅੱਜ ਗੁਰ-ਮਰਯਾਦਾ ਦੇ ਧਾਰਨੀ ਹੋਣ ਦੀ ਪ੍ਰਤੱਗਿਆ ਕਰਦੇ ਹਾਂ।

ਮੈਨੂੰ ਚੰਗੀ ਤਰ੍ਹਾਂ ਯਾਦ ਹੈ ਕਿ ਇਸ ਸਫਲਤਾ ਦਾ ਭਾਈ ਹੀਰਾ ਸਿੰਘ ਜੀ ਦੇ ਮਨ ਪਰ ਐਸਾ ਪ੍ਰਭਾਵ ਪਿਆ ਕਿ ਆਪ ਦੇ ਚਿਹਰੇ ਦੀ ਲਸ਼-ਲਸ਼ ਕਰਦੀ ਲਾਲੀ, ਅਝੱਲ ਨੂਰੀ ਸ਼ਕਲ ਵਿੱਚ ਪਲਟ ਗਈ। ਇਸ ਸਮੇਂ ਆਪ ਨੇ ਜਵਾਨੀ ਦੇ ਜੋਸ਼ ਵਿੱਚ ਐਸੇ ਗਰਜਵੇਂ ਜੈਕਾਰੇ ਗਜਾਏ ਜਿਨ੍ਹਾਂ ਦੀ ਗੂੰਜ ਨਾਲ ਇਥੋਂ ਦੀਆਂ ਪਹਾੜੀਆਂ ਥਰਥਰਾ ਉਠੀਆਂ।

ਇਹ ਸੀ ਆਪ ਦੇ ਅਮੋਲਕ ਕੀਰਤਨ ਦਾ ਅਸਰ, ਜਿਸ ਦੇ ਸੁਣਨ ਨਾਲ ਕਟੜ ਵਿਰੋਧੀਆਂ ਦਾ ਸਾਰਾ ਪਿੰਡ ਅਤੇ ਉਸ ਦੇ ਵਾਸੀ ਜਿਹੜੇ ਗੁਰ-ਮਰਯਾਦਾ ਕਰਨ ਵਾਲਿਆਂ ਨੂੰ ਗੋਲੀ ਨਾਲ ਉਡਾਉਣਾ ਚਾਹੁੰਦੇ ਸਨ, ਵੈਰੀਆਂ ਤੋਂ ਪਲਟ ਕੇ ਮਿਤਰ ਅਤੇ ਗੁਰੂ ਘਰ ਦੇ ਪਿਆਰ ਵਾਲੇ ਸ਼ਰਧਾਲੂ ਬਣ ਗਏ। ਇਹ ਹੈ ਆਪ ਦੇ ਸਫਲ ਜੀਵਨ ਦੀਆਂ ਅਨਗਿਣਤ ਘਟਨਾਵਾਂ ਵਿਚੋਂ ਇਕ ਘਟਨਾ, ਜੋ ਵੰਨਗੀ ਮਾਤਰ ਅੱਜ ਆਪ ਜੀ ਦੀ ਯਾਦ ਵਿੱਚ ਸੰਗਤਾਂ ਦੀ ਭੇਟਾ ਹੈ।

*(ਗੁਰਮਤਿ ਵਿਚਾਰ ਪੱਤਰਕਾਂ ਵਿਚੋਂ)*

# ਭਾਈ ਗਿਆਨ ਸਿੰਘ ਜੀ, ਰਾਵਲ ਪਿੰਡੀ ਵਾਲੇ

ਗੁਰਪੁਰ ਵਾਸੀ ਪ੍ਰਿੰ. ਗੁਰਮੁਖ ਸਿੰਘ ਜੀ ਪਟਿਆਲਾ

ਭਾਈ ਗਿਆਨ ਸਿੰਘ ਜੀ ਇਕ ਨਾਮ-ਰਸੀਏ ਗੁਰਸਿੱਖ ਸਨ ਅਤੇ ਕੀਰਤਨ ਦੇ ਤਾਂ ਕਮਾਲ ਦੇ ਆਸ਼ਕ ਸਨ। ਆਪ ਪਿੰਡ ਜੋਈਆਂ ਤਹਿਸੀਲ ਖ਼ੁਸਾਬ ਜ਼ਿਲ੍ਹਾ ਸਰਗੋਧਾ (ਪਾਕਿਸਤਾਨ) ਦੇ ਜੰਮ-ਪੱਲ ਸਨ। ਆਪ ਦਾ ਜਨਮ 1885 ਵਿੱਚ ਹੋਇਆ। ਖੁਸ਼ਾਬ ਨਗਰ ਜਿਹਲਮ ਦਰਿਆ ਦੇ ਕਿਨਾਰੇ ਹੈ। ਆਪ ਜੀ ਦਰਮਿਆਨੇ ਦਰਜੇ ਦੇ ਪਰਿਵਾਰ ਵਿੱਚੋਂ ਸਨ। ਚਾਰ


www.AKJ.Org

ਲੜਕੇ ਅਤੇ ਇਕ ਲੜਕੀ ਸੀ। ਕੁਦਰਤ ਕਰਤਾਰ ਦੀ ਐਸੀ ਹੋਈ ਕਿ ਬੱਚੇ ਅਜੇ ਛੋਟੇ ਹੀ ਸਨ ਕਿ ਸਿੰਘਣੀ ਚੜ੍ਹਾਈ ਕਰ ਗਈ। ਆਪ ਨੇ ਪ੍ਰੇਮਾ ਭਗਤੀ ਤਾਂ ਮਾਨੋਂ ਆਪਣੇ ਪਿਤਾ ਸ. ਅਮਰ ਸਿੰਘ ਜੀ ਤੋਂ ਵਿਰਸੇ ਵਿੱਚ ਪ੍ਰਾਪਤ ਕੀਤੀ। ਸਭ ਕੁਝ ਕਰਤਾਰ ਦੇ ਭਾਣੇ ਵਿੱਚ ਵਰਤਦਾ ਜਾਣਕੇ ਸਦਾ ਉਸਦੀ ਰਜ਼ਾ ਵਿੱਚ ਟਿਕੇ ਰਹਿਣਾ, ਆਪ ਦਾ ਸੁਭਾਅ ਹੀ ਬਣ ਚੁੱਕਾ ਸੀ। ਨਾ ਕਿਸੇ ਦੀ ਨਿੰਦਾ, ਨਾ ਚੁਗਲੀ, ਨਾ ਕਿਸੇ ਨਾਲ ਵੈਰ, ਨਾ ਬਹੁਤੀ (ਸੰਸਾਰੀ) ਦੋਸਤੀ। ਬਸ ਸਦਾ ਸਤਸੰਗੀਆਂ ਨਾਲ ਸਤਿਸੰਗ ਦੇ ਲਾਹੇ ਲੈਣੇ, ਇਹੋ ਉਹਨਾਂ ਦੀ ਲਗਨ ਸੀ। ਜੇ ਕਿਸੇ ਨੇ ਆ ਕੇ ਪੁੱਤਰ, ਧੀ ਜਾਂ ਨੂੰਹ ਬਾਰੇ ਨਿੰਦਾ ਚੁਗਲੀ ਕਰਨੀ ਤਾਂ ਆਪ ਨੇ ਇਹੋ ਕਹਿਣਾ "ਸਭ ਹੁਕਮ ਵਿੱਚ ਵਰਤ ਰਿਹਾ ਹੈ। ਸਾਈਂ ਜੀ ਜੋ ਕੁਝ ਕਰਦੇ ਹਨ, ਸਾਡੇ ਭਲੇ ਲਈ ਹੀ ਕਰਦੇ ਹਨ।" ਇਕ ਵਾਰ ਉਨ੍ਹਾਂ ਦੇ ਸੁਹਰੇ ਪਿਤਾ ਨੇ ਕਿਸੇ ਗਲੋਂ ਨਰਾਜ਼ ਹੋ ਕੇ ਆਪ ਜੀ ਉੱਪਰ ਹੱਥ ਚੁੱਕਣ ਦੀ ਕੋਸ਼ਿਸ਼ ਕੀਤੀ। ਗੁਰੂ ਜੀ ਨੇ ਆਪਣੇ ਭਗਤ ਦੀ ਰੱਖਿਆ ਇਸ ਤਰ੍ਹਾਂ ਕੀਤੀ ਕਿ ਜਦੋਂ ਉਨ੍ਹਾਂ ਦੇ ਪਿਤਾ ਨੇ ਆਪਣੀ ਬਾਂਹ, ਆਪ ਨੂੰ ਮਾਰਨ ਲਈ ਉੱਪਰ ਚੁੱਕੀ ਤੇ ਉਹ ਉੱਥੇ ਹੀ ਜਾਮ ਹੋ ਗਈ ਤੇ ਹਿੱਲੀ ਹੀ ਨਹੀਂ।

ਇਕ ਵਾਰੀ ਆਪ ਜੀ ਦੇ ਇਕ ਲੜਕੇ ਨੂੰ ਟਾਈਫਾਈਡ ਹੋ ਗਿਆ ਤੇ ਫਿਰ ਅਚਾਨਕ ਬੁਖਾਰ 105 ਦਰਜੇ ਤੋਂ ਭੀ ਉਪਰ ਚਲਾ ਗਿਆ। ਡਾਕਟਰਾਂ ਨੇ ਕਿਹਾ ਕਿ ਲੜਕਾ ਤਾਂ ਹੀ ਬਚ ਸਕਦਾ ਹੈ ਜੇਕਰ ਇਸ ਦੇ ਕੇਸ ਕਟਾ ਦਿਉ। ਭਾਈ ਗਿਆਨ ਸਿੰਘ ਜੀ ਕਹਿਣ ਲਗੇ ਇਹ ਨਹੀਂ ਹੋ ਸਕਦਾ। ਇਹ ਤਾਂ ਕਰਤਾਰ ਦੀ ਵਸਤੂ ਹੈ ਜੇ ਉਸ ਨੇ ਲਿਜਾਣੀ ਹੋਊ ਤਾਂ ਉਸ ਦੀ ਰਜ਼ਾ। ਪਰ ਕੀ ਅਸੀਂ ਉਸ ਨੂੰ ਪਤਿਤ ਕਰਕੇ ਗੁਰੂ ਪਾਤਸ਼ਾਹ ਦੀਆਂ ਖੁਸ਼ੀਆਂ ਦੇ ਪਾਤਰ ਬਣ ਸਕਾਂਗੇ? ਕਰਤੇ ਪੁਰਖ ਦੀ ਐਸੀ ਕਿਰਪਾ ਹੋਈ ਕਿ ਲੜਕਾ ਆਪੇ ਠੀਕ ਹੋ ਗਿਆ। ਨਹੀਂ, ਨਹੀਂ, ਸੱਚੇ ਪਾਤਸ਼ਾਹ ਤਾਂ ਸਾਡੇ ਸਿਦਕ ਦੀ ਪ੍ਰੀਖਿਆ ਲੈਂਦੇ ਹਨ। ਇਸ ਨਾਲੋਂ ਵੀ ਤਕੜੀ ਪ੍ਰੀਖਿਆ ਉਹਨਾਂ ਦੇ ਜੀਵਨ ਵਿੱਚ ਹੋਰ ਵੇਖਣ ਵਿੱਚ ਆਈ, ਉਸ ਵਿੱਚ ਭੀ ਆਪ ਦੀ ਅਡੋਲਤਾ ਵੇਖਣ ਵਾਲੀ ਹੈ।

ਆਪ ਨਾਰਥ ਵੈਸਟਰਨ ਰੇਲਵੇ ਦੇ ਏ ਕਲਾਸ ਦੇ ਗਾਰਡ ਸਨ। ਫਰੰਟੀਅਰ ਮੇਲ ਉੱਤੇ ਆਪ ਦੀ ਡਿਊਟੀ ਹੁੰਦੀ ਸੀ। ਇਹ ਗੱਡੀ ਭਾਰਤ ਦੀ ਵੰਡ ਤੋਂ ਪਹਿਲਾਂ ਪਿਸ਼ਾਵਰ ਤੋਂ ਬੰਬਈ ਤੱਕ ਚਲਿਆ ਕਰਦੀ ਸੀ। ਆਪ ਇਹਨਾਂ ਦਿਨਾਂ ਵਿੱਚ ਰਾਵਲ ਪਿੰਡੀ ਰਹਿੰਦੇ ਸਨ। ਇਕ ਦਿਨ ਕਿਸੇ ਈਰਖਾਲੂ ਸਾਥੀ ਨੇ ਇਹਨਾਂ ਨਾਲ ਇਕ ਬੜਾ ਵੱਡਾ ਕਹਿਰ ਕਮਾਇਆ। ਸਟੇਸ਼ਨ ਦੇ ਕਿਸੇ ਸ਼ੰਟਿੰਗ ਕਰਨ ਵਾਲੇ ਕਰਮਚਾਰੀ ਨੂੰ ਰਿਸ਼ਵਤ ਦੇ ਕੇ, ਇਹਨਾਂ ਤੋਂ ਅੱਖ ਬਚਾਅ ਕੇ, ਫਰੰਟੀਅਰ ਮੇਲ ਦੇ ਆਖਰੀ ਡੱਬੇ ਨੂੰ ਗੱਡੀ ਨਾਲੋਂ ਵੱਖ ਕਰ ਦਿੱਤਾ। ਸਮਾਂ ਹੋ ਜਾਣ ਤੇ ਗਾਰਡ ਸਾਹਿਬ ਨੇ ਝੰਡੀ ਹਿਲਾਈ, ਜਦੋਂ ਗੱਡੀ ਅਗਲੇ ਸਟੇਸ਼ਨ ਤੇ ਪੁੱਜੀ ਤਾਂ ਆਪ ਜੀ ਨੂੰ ਦਸਿਆ ਗਿਆ ਕਿ ਇਕ ਡੱਬਾ ਪਿਛਲੇ ਸਟੇਸ਼ਨ ਤੇ ਰਹਿ ਗਿਆ ਹੈ। ਆਮ ਸੰਸਾਰੀ ਲਈ ਤਾਂ ਇਹੋ ਜਿਹੀ ਘਟਨਾ ਬੜੀ ਚਿੰਤਾ ਦਾ ਵਿਸ਼ਾ ਬਣ ਜਾਂਦੀ ਹੈ, ਪਰ ਭਾਈ ਸਾਹਿਬ ਕਰਤਾਰ ਦੇ ਭਾਣੈ ਵਿੱਚ ਅਡੋਲ ਰਹੇ। ਭਾਵੇਂ ਇਹ ਬੜੀ ਵੱਡੀ ਘਟਨਾ ਸੀ ਅਤੇ ਆਪ ਨੂੰ ਡਿਊਟੀ ਤੋਂ ਕੁਤਾਹੀ ਕਰਨ ਦੇ ਦੋਸ਼ ਵਿੱਚ ਮੁਅੱਤਲ ਕਰ ਦਿੱਤਾ ਗਿਆ, ਪਰ ਆਪ ਫਿਰ ਵੀ ਅਡੋਲ ਰਹੇ ਅਤੇ ਜਦੋਂ ਤੱਕ ਮੁਅੱਤਲ ਰਹੇ, ਆਪ ਇਹੋ ਕਹਿੰਦੇ ਹੁੰਦੇ ਸਨ, "ਅਸੀਂ ਹੁਣ ਸੱਚੀ ਸਰਕਾਰ ਦੀ ਹੀ ਨੌਕਰੀ ਕਰਨੀ ਹੈ। ਸਾਰਾ ਦਿਨ ਨਾਮ ਸਿਮਰਨ ਅਤੇ ਕੀਰਤਨ ਸੁਣਨ ਵਿੱਚ ਮਸਤ ਰਿਹਾ ਕਰਦੇ ਸਨ। ਉਧਰ ਜਦੋਂ ਪੜਤਾਲੀਆ ਕਮੇਟੀ ਨੇ ਛਾਣ ਬੀਣ ਕੀਤੀ ਤਾਂ ਦੋਸ਼ੀਆਂ ਨੂੰ ਸਜ਼ਾਵਾਂ ਦਿੱਤੀਆਂ ਗਈਆਂ, ਪਰ ਭਾਈ ਗਿਆਨ ਸਿੰਘ ਜੀ ਨੂੰ ਬਾ-ਇੱਜ਼ਤ ਬਰੀ ਕਰ ਦਿੱਤਾ ਗਿਆ ਅਤੇ ਅੱਗੇ ਨਾਲੋਂ ਹੋਰ ਤਰੱਕੀ ਦੇ ਕੇ ਸਨਮਾਨਿਆ ਗਿਆ। ਇਹ ਹੈ ਵਰਤਾਰਾ, ਆਪ ਜੀ ਦੀ ਪ੍ਰੇਮਾ ਭਗਤੀ ਅਤੇ ਹਮੇਸ਼ਾ ਗੁਰੂ ਚਰਨਾ ਨਾਲ ਜੁੜੇ ਰਹਿਣ ਬਾਰੇ। ਉਪਰਲੇ ਹੇਠਲੇ ਸਭ ਕਰਮਚਾਰੀਆਂ ਨੂੰ ਪਤਾ ਸੀ, ਕਈ ਵਾਰ ਆਪ ਜੀ ਅਪਣੇ ਡੱਬੇ ਵਿਚ ਬੈਠੇ ਹੀ ਸਮਾਧ ਸਥਿਤ ਹੋ ਜਾਂਦੇ ਸਨ ਤੇ ਗੱਡੀ ਨੂੰ ਝੰਡੀ ਦੇਣਾ ਵੀ ਭੁੱਲ ਜਾਂਦੇ ਸਨ, ਪਰ ਉਸ ਵੇਲੇ ਗੁਰੂ ਸਾਹਿਬ ਆਪ ਹਾਜ਼ਰ ਹੋ ਕੇ ਗੱਡੀ ਨੂੰ ਚੱਲਣ ਵਾਸਤੇ ਹਰ ਸਟੇਸ਼ਨ ਤੇ ਝੰਡੀ ਦਿੰਦੇ ਸਨ ਤੇ ਆਪ ਦੀ ਪੈਜ ਰੱਖਦੇ ਸਨ।

**"ਪੂਰਾ ਨਿਆਉ ਕਰੈ ਕਰਤਾਰ ॥**



www.AKJ.Org

**ਅਪੁਨੇ ਦਾਸ ਕਉ ਰਾਖਨਹਾਰੁ ॥੧॥ ਰਹਾਉ ॥੯੮॥੧੬੭॥**

(ਗਉੜੀ ਮ: ੫ ਪੰਨਾ ੧੯੯)

ਇਸੇ ਤਰ੍ਹਾਂ ਆਪ ਜੀ ਨੂੰ ਇਕ ਵਾਰੀ ਫੇਰ ਕੜਿੱਕੀ ਵਿੱਚ ਫਸਾਉਣ ਦਾ ਯਤਨ ਕੀਤਾ ਗਿਆ। ਰਾਵਲ ਪਿੰਡੀ ਸਟੇਸ਼ਨ ਤੇ ਨਾਰਥ ਵੈਸਟਰਨ ਰੇਲਵੇ ਦਾ ਸਭ ਤੋਂ ਵੱਡਾ ਅਫ਼ਸਰ ਮੁਆਇਨਾ ਕਰਨ ਲਈ ਆਇਆ ਹੋਇਆ ਸੀ। ਭਾਈ ਸਾਹਿਬ ਸਦਾ ਵਾਂਗ, ਜਦੋਂ ਗੱਡੀ ਸਟੇਸ਼ਨ ਤੇ ਰੁਕੀ ਤਾਂ ਆਪ ਗੁਰੂ ਗੁਰੂ ਦੀ ਮਧੁਰ ਗੁਟਕਾਰ ਵਿੱਚ ਮਸਤਲ-ਮਸਤ ਹੋਏ ਉਤਰੇ, ਕੁਝ ਜ਼ਰੂਰੀ ਕਾਗਜ਼ਾਂ ਦਾ ਲੈਣ ਦੇਣ ਸਟੇਸ਼ਨ-ਮਾਸਟਰ ਨਾਲ ਕੀਤਾ ਅਤੇ ਫਿਰ ਆਪਣੀ ਨਾਮ-ਰਸ ਭਿੰਨੀ ਸੁਰਤ ਵਿੱਚ ਵਾਪਸ ਆਪਣੇ ਡੱਬੇ ਵਿੱਚ ਆ ਬਿਰਾਜੇ, ਸਮਾਂ ਹੋਣ ਤੇ ਸੀਟੀ ਵਜਾਈ, ਝੰਡੀ ਹਿਲਾਈ, ਅਤੇ ਗੱਡੀ ਤੋਰ ਦਿੱਤੀ ਤੇ ਗੁਰੂ-ਗੁਰੂ ਕਰਨ ਵਿੱਚ ਜੁੱਟ ਗਏ।

ਨਾਰਥ ਵੈਸਟਰਨ ਰੇਲਵੇ ਦਾ ਇਹ ਵੱਡਾ ਗੋਰਾ ਅਫ਼ਸਰ ਕਿਤੇ ਬਰਾਂਡੇ ਵਿੱਚ ਖੜਾ ਆਪ ਨੂੰ ਵੇਖ ਰਿਹਾ ਸੀ ਕਿ ਭਾ. ਗਿਆਨ ਸਿੰਘ ਗਾਰਡ ਉਸਦੇ ਕੋਲ ਦੀ ਲੰਘ ਕੇ ਗਿਆ ਹੈ ਪਰ ਸਲਾਮ ਨਹੀਂ ਸੂ ਕੀਤਾ। ਉਸ ਨੇ ਆਪਣੇ ਪੀ.ਏ. ਨੂੰ ਕਿਹਾ, ਇਸ ਦਾ ਨਾਮ ਅਤੇ ਪਤਾ ਨੋਟ ਕਰੋ, ਹੈਡਕੁਆਰਟਰ ਪੁੱਜ ਕੇ ਇਸ ਦੀ ਜਵਾਬ-ਤਲਬੀ ਕਰਾਂਗੇ।" ਪੀ.ਏ. ਨੇ ਸਾਹਿਬ ਦੇ ਹੁਕਮ ਅਨੁਸਾਰ ਹੈੱਡ ਕੁਆਰਟਰ ਪੁੱਜਣ ਤੇ ਭਾਈ ਗਿਆਨ ਸਿੰਘ ਦਾ ਨਾਮ ਪਤਾ ਆਦਿ ਲਿਖ ਕੇ ਫਾਈਲ ਵਿੱਚ ਦਫ਼ਤਰੀ ਨੋਟ ਚੜ੍ਹਾ ਕੇ ਫਾਈਲ ਗੋਰੇ ਅਫਸਰ ਦੇ ਅੱਗੇ ਧਰ ਦਿੱਤੀ। ਅਗਲੇ ਦਿਨ ਫਾਈਲ, ਸਾਹਿਬ ਨੇ ਬਿਨਾਂ ਕੁਝ ਲਿਖੇ ਵਾਪਸ ਮੋੜ ਦਿੱਤੀ। ਪੀ.ਏ. ਨੇ ਦੂਜੀ ਵਾਰੀ ਫਾਈਲ ਫੇਰ ਭੇਜੀ ਪਰ ਫਾਈਲ ਫਿਰ ਖਾਲੀ ਮੁੜ ਆਈ। ਤੀਜੀ ਵਾਰੀ ਉਹ ਆਪ ਫਾਈਲ ਲੈ ਕੇ ਸਾਹਿਬ ਕੋਲ ਗਿਆ ਅਤੇ ਯਾਦ ਕਰਾਇਆ "ਗਿਆਨ ਸਿੰਘ ਨੇ ਆਪ ਨੂੰ ਸਲਾਮ ਨਾ ਕਰਨ ਦੀ ਗੁਸਤਾਖੀ ਕੀਤੀ ਸੀ, ਉਸ ਨੂੰ ਤਾੜਨਾ ਕਰਨ ਲਈ ਕੀ ਹੁਕਮ ਹੈ?" ਸਾਹਿਬ ਹੱਸ ਪਿਆ ਤੇ ਕਹਿਣ ਲੱਗਾ, ਜਦੋਂ ਮੈਂ ਇਸ ਫਾਈਲ ਉੱਤੇ ਕੁਝ ਲਿਖਣ ਲੱਗਦਾ ਹਾਂ, ਮੈਨੂੰ ਭੈ ਆਉਂਦਾ ਹੈ ਅਤੇ ਸਿਰ ਚਕਰਾਅ ਜਾਂਦਾ ਹੈ। 'ਫਾਰ ਗਾਡ ਸੇਕ' (ਰੱਬ ਦਾ ਵਾਸਤਾ) ਇਸ ਫਾਈਲ ਨੂੰ ਬੰਦ ਕਰ ਦੇ ਤੇ ਮੈਨੂੰ ਪਤਾ ਕਰ ਕੇ ਦੱਸੋ ਕਿ ਇਹ ਆਦਮੀ ਕੌਣ ਹੈ? ਪੀ.ਏ. ਨੇ ਹੁਕਮ ਅਨੁਸਾਰ ਰਾਵਲ ਪਿੰਡੀ ਸਟੇਸ਼ਨ ਤੋਂ ਭਾਈ ਗਿਆਨ ਸਿੰਘ ਜੀ ਬਾਰੇ ਪੂਰੀ ਜਾਣਕਾਰੀ ਪ੍ਰਾਪਤ ਕੀਤੀ ਅਤੇ ਫਿਰ ਆਪਣੇ ਗੋਰੇ ਸਾਹਿਬ ਨੂੰ ਉਹਨਾਂ ਬਾਰੇ ਦੱਸਿਆ। ਗੋਰਾ ਅਫ਼ਸਰ ਬੜਾ ਹੈਰਾਨ ਹੋਇਆ ਅਤੇ ਐਸੇ ਭਗਤ ਜਨ ਵਿਰੁੱਧ ਕਾਰਵਾਈ ਨ ਕਰਨ ਉੱਤੇ ਪਰਮਾਤਮਾ ਦਾ ਸ਼ੁਕਰ ਕੀਤਾ। ਸੱਚ ਹੀ ਤਾਂ ਹੈ :

**ਜਹ ਜਹ ਕਾਜ ਕਿਰਤ ਸੇਵਕ ਕੀ ਤਹਾ ਤਹਾ ਉਠਿ ਧਾਵੈ ॥੧॥**
**ਸੇਵਕ ਕਉ ਨਿਕਟੀ ਹੋਇ ਦਿਖਾਵੈ ।**
**ਜੋ ਜੋ ਕਹੈ ਠਾਕੁਰ ਪਹਿ ਸੇਵਕੁ ਤਤਕਾਲੁ ਹੋਇ ਆਵੈ ॥੨॥ ਰਹਾਉ ॥**

(ਆਸਾ ਮ: ੫, ਪੰਨਾ ੪੦੩)

ਇਸੇ ਤਰ੍ਹਾਂ ਇਕ ਵਾਰ ਪ੍ਰਭੂ ਭਗਤੀ ਵਿਚ ਇਸ ਤਰ੍ਹਾਂ ਲੀਨ ਹੋਏ ਕਿ ਲਗਾਤਾਰ ਤਿੰਨੇ ਮਹੀਨੇ ਬਿਨ੍ਹਾਂ ਛੁੱਟੀ ਲਏ ਦਫਤਰੋਂ ਗੈਰ ਹਾਜ਼ਿਰ ਰਹੇ। ਤਿੰਨ ਮਹੀਨੇ ਬਾਅਦ ਜਦ ਆਪ ਡਿਊਟੀ ਤੇ ਹਾਜ਼ਿਰ ਹੋਏ ਤਾਂ ਦੇਖਿਆ ਕਿ ਉੱਥੇ ਪੂਰੇ ਸਮੇਂ ਦੀ ਹਾਜ਼ਰੀ ਲੱਗੀ ਹੋਈ ਸੀ।

ਪਟਿਆਲੇ ਦੇ ਗੁਰਪੁਰ ਵਾਸੀ ਭਾਈ ਆਤਮਾ ਸਿੰਘ ਜੀ (ਰੀਟਾਇਰਡ ਬੈਂਕ ਮੈਨੇਜਰ) ਅਤੇ ਡਾ. ਹਰਬੰਸ ਸਿੰਘ ਪ੍ਰੇਮੀ ਦੱਸਦੇ ਸਨ ਕਿ ਭਾਈ ਗਿਆਨ ਸਿੰਘ ਜੀ ਨਾਮ ਬਾਣੀ ਦੇ ਕਮਾਲ ਦਰਜੇ ਦੇ ਰਸੀਏ ਸਨ। ਮਸਤੀ ਵਿੱਚ ਉਹਨਾਂ ਦਾ ਸਿਰ ਸਦਾ ਝੂਮਦਾ ਹੀ ਰਹਿੰਦਾ ਸੀ, ਹਰ ਵਕਤ ਬੁਲ੍ਹ ਫਰਕਦੇ ਹੀ ਰਹਿੰਦੇ ਸਨ ਗੁਰੂ ਗੁਰੂ ਕਰਦਿਆਂ। ਜਿਨ੍ਹਾਂ ਨੇ ਉਹਨਾਂ ਨੂੰ ਨਿਤਨੇਮ ਕਰਦਿਆਂ ਸੁਣਿਆ ਉਹ ਦਸਦੇ ਹਨ ਕਿ ਬੜੇ ਸਹਜ ਵਿੱਚ ਅਤੇ ਬੜੇ ਵੈਰਾਗ ਵਿੱਚ ਆਪ ਪੰਜੇ ਬਾਣੀਆਂ ਦਾ ਪਾਠ ਕਰੀਬ ਦੋ ਘੰਟਿਆਂ ਵਿੱਚ ਕਰਦੇ ਹੁੰਦੇ ਸਨ ਅਤੇ ਜਦੋਂ ਗੁਰੂ ਮਹਾਰਾਜ ਦਾ ਵਾਕ ਲੈਂਦੇ ਸਨ ਤਾਂ



www.AKJ.Org

ਅਤਿ ਵੈਰਾਗ ਵਿੱਚ ਸਜਲ ਨੇਤਰੀਂ ਹੋਏ, ਇਕ-ਇਕ ਤੁੱਕ ਰਸ ਵਿੱਚ ਲੀਨ ਹੋਏ ਪੜ੍ਹਦੇ ਤੇ ਕਈ-ਕਈ ਵਾਰੀ ਪੜ੍ਹਦੇ, ਮਾਨੋ ਸਤਿਗੁਰਾਂ ਨਾਲ ਗੱਲਾਂ ਕਰ ਰਹੇ ਹਨ। ਇਹੋ ਜਿਹੀਆਂ ਬੈਰਾਗੀ ਰੂਹਾਂ ਸੱਚਖੰਡੀ ਰੂਹਾਂ ਹੁੰਦੀਆਂ ਹਨ ਜੋ ਕਰਤਾਰ ਵੱਲੋਂ ਬਖਸ਼ੀ ਆਯੂ ਭੋਗ ਕੇ ਕਈਆਂ ਨੂੰ ਗੁਰਚਰਨਾ ਨਾਲ ਜੋੜਦੇ ਹੋਏ, ਗੁਰ-ਚਰਨਾਂ ਵਿੱਚ ਜਾ ਬਿਰਾਜਦੇ ਹਨ।

ਵੈਸੇ ਤਾਂ ਗੁਰਸਿੱਖ ਨੂੰ ਦਸਵੰਧ ਕੱਢਣ ਦਾ ਹੁਕਮ ਹੈ, ਪਰ ਭਾਈ ਗਿਆਨ ਸਿੰਘ ਜੀ ਦੀ ਦਾਨੀ ਬਿਰਤੀ ਐਸੀ ਸੀ ਕਿ ਅੱਧੀ ਤਨਖਾਹ ਗੁਰੂ ਲੇਖੇ ਲਗਾ ਕੇ ਪ੍ਰਸੰਨ ਹੁੰਦੇ ਸਨ। ਦਰਅਸਲ ਇਹੋ ਜਿਹੀਆਂ ਭਿੱਜੀਆਂ ਰੂਹਾਂ ਜਦੋਂ ਕਦੀ ਸੰਸਾਰ ਤੇ ਆਉਂਦੀਆਂ ਹਨ, ਆਪ ਭੀ ਕਮਾਈ ਕਰਦੀਆਂ ਹਨ ਅਤੇ ਆਪਣੇ ਆਲੇ ਦੁਆਲੇ ਸਤਸੰਗ-ਮੰਡਲੀ ਕਾਇਮ ਕਰ ਲੈਂਦੀਆਂ ਹਨ। ਅਨੇਕਾਂ ਰੂਹਾਂ ਉਹਨਾਂ ਨਾਲ ਲੱਗ ਕੇ ਆਤਮਕ ਕਮਾਈ ਵਿੱਚ ਜੁੱਟ ਪੈਂਦੀਆਂ ਹਨ। ਆਪ ਕੀਰਤਨ ਸੁਣਨ ਦੇ ਬੜੇ ਆਸ਼ਕ ਸਨ। ਕੋਈ ਸਿੰਘ ਜਾਂ ਸਿੰਘਣੀ ਕੀਰਤਨ ਸੁਣਾਵੇ, ਆਪ ਨੂੰ ਚਾਉ ਚੜ੍ਹ ਜਾਂਦਾ ਸੀ। ਕਈ ਵਾਰੀ ਕੀਰਤਨ ਸੁਣਦਿਆਂ ਸੁਣਦਿਆਂ ਗੱਡੀ ਦੇ ਟਾਈਮ ਤੋਂ ਭੀ ਉਪਰ ਸਮਾਂ ਹੋ ਜਾਣਾ। ਜਦ ਕਿਸੇ ਨੇ ਕਹਿਣਾ, ਤੁਹਾਡੀ ਗੱਡੀ ਦਾ ਸਮਾਂ ਤਾਂ ਉਪਰ ਹੋ ਗਿਆ ਹੈ। "ਹੱਛਾ" ਕਹਿ ਕੇ ਤਿਆਰ ਹੋ ਕੇ ਜਦੋਂ ਸਟੇਸ਼ਨ ਤੇ ਪੁੱਜਣਾ ਤਾਂ ਗੱਡੀ ਲੇਟ ਹੀ ਹੁੰਦੀ ਸੀ ਅਤੇ ਭਾਈ ਸਾਹਿਬ ਕਦੇ ਡਿਊਟੀ ਤੋਂ ਖੁੰਜੇ ਨਹੀਂ। ਇਹੋ ਜਿਹੀਆਂ ਰੂਹਾਂ ਨੂੰ ਤਾਂ ਕਰਤਾਰ ਸਦਾ ਹਾਜ਼ਰ ਨਾਜ਼ਰ ਵਰਤ ਰਿਹਾ ਦਿਸਦਾ ਹੈ-

**ਬੇਦ ਕਤੇਬ ਸੰਸਾਰ ਹਭਾਹੂੰ ਬਾਹਰਾ ॥**
**ਨਾਨਕ ਕਾ ਪਾਤਸਾਹੁ ਦਿਸੈ ਜਾਹਰਾ ॥੪॥੩॥੧੦੫॥**

(ਆਸਾ ਮ: ੫, ਪੰਨਾ ੩੯੭)

ਫਿਰ ਜਿਨ੍ਹਾਂ ਨੂੰ ਜ਼ਾਹਰਾ ਦਿੱਸਦਾ ਹੈ ਉਹ ਡੋਲਦੇ ਨਹੀਂ, ਬਸ ਉਸ ਦੀ ਰਜ਼ਾ ਵਿੱਚ ਵੀ ਅਡੋਲ ਜਿਹੇ ਟਿਕੇ ਰਹਿੰਦੇ ਹਨ। ਐਸੇ ਕੀਰਤਨ ਦੇ ਆਸ਼ਕ ਅਤੇ ਨਾਮ ਬਾਣੀ ਦੇ ਰਸੀਏ ਭਾਈ ਸਾਹਿਬ ਰਣਧੀਰ ਸਿੰਘ ਜੀ ਨੂੰ ਮਿਲੇ ਬਗ਼ੈਰ ਭਲਾ ਕਿਵੇਂ ਰਹਿ ਸਕਦੇ ਸਨ? ਡਾ. ਪ੍ਰਗਟ ਸਿੰਘ ਜੀ ਅਤੇ ਬੀਬੀ ਇੰਦਰ ਕੌਰ ਜੀ ਦੇ ਘਰ ਰਾਵਲਪਿੰਡੀ ਵਿਖੇ ਜਥੇ ਦਾ ਜਦੋਂ ਸਮਾਗਮ ਹੋਣਾ, ਆਪ ਧਾਹ ਕੇ ਪੁੱਜਦੇ ਤੇ ਕੀਰਤਨ ਦੇ ਲਾਹੇ ਲੈਂਦੇ। ਸੰਨ 1940 ਵਿੱਚ ਨੌਕਰੀ ਤੋਂ ਰੀਟਾਇਰ ਹੋਣ ਤੋਂ ਮਗਰੋਂ ਆਪ ਨੇ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਹੀ ਪੱਕੀ ਰਿਹਾਇਸ਼ ਕਰ ਲਈ। ਜਦੋਂ ਭੀ ਭਾਈ ਸਾਹਿਬ ਰਣਧੀਰ ਸਿੰਘ ਜੀ ਨੇ ਸ੍ਰੀ ਅੰਮ੍ਰਿਤਸਰ ਸਾਹਿਬ ਦਰਸ਼ਨ ਮੇਲੇ ਕਰਨ ਲਈ ਆਉਣਾ ਅਤੇ ਥਾਉਂ ਥਾਈਂ ਸਮਾਗਮ ਹੋਣੇ, ਭਾਈ ਗਿਆਨ ਸਿੰਘ ਜੀ ਇਹਨਾਂ ਸਮਾਗਮਾਂ ਵਿੱਚ ਜ਼ਰੂਰ ਹਾਜ਼ਰੀ ਭਰਦੇ ਹੁੰਦੇ ਸਨ। ਇਕ ਵਾਰੀ ਦੀ ਗੱਲ ਹੈ ਕਿ ਗੁਰਦੁਆਰਾ ਲੋਹਗੜ੍ਹ ਸਾਹਿਬ ਵਿਖੇ ਜਥੇ ਵੱਲੋਂ ਕੀਰਤਨ ਸਮਾਗਮ ਹੋ ਰਿਹਾ ਸੀ। ਭਾਈ ਸਾਹਿਬ ਆਪ ਕੀਰਤਨ ਕਰ ਰਹੇ ਸਨ, ਜਦੋਂ ਭਾਈ ਗਿਆਨ ਸਿੰਘ ਜੀ ਦੀਵਾਨ ਵਿੱਚ ਪੁੱਜੇ, ਮੱਥਾ ਟੇਕ ਕੇ ਆਪ ਸਭ ਤੋਂ ਪਿੱਛੇ ਜਿਹੇ ਜਾ ਕੇ ਬੈਠ ਗਏ। ਪਤਾ ਨਹੀਂ, ਭਾਈ ਸਾਹਿਬ ਜੀ ਨੇ ਕਦੋਂ ਉਹਨਾਂ ਨੂੰ ਵੇਖ ਲਿਆ? ਕੀਰਤਨ ਕਰਦਿਆਂ ਹੀ ਇਕ ਸਿੰਘ ਨੂੰ ਭਾਈ ਗਿਆਨ ਸਿੰਘ ਜੀ ਪਾਸ ਭੇਜ ਕੇ ਆਪਣੇ ਸਾਹਮਣੇ ਬਿਠਾ ਕੇ ਕੀਰਤਨ ਕਰਦੇ ਰਹੇ। ਸਮਾਪਤੀ ਹੋਣ ਤੇ ਭਾਈ ਸਾਹਿਬ, ਆਪ ਜੀ ਨੂੰ ਮਿਲ ਕੇ ਕਹਿਣ ਲਗੇ, 'ਪਿਆਰਿਓ, ਜਦੋਂ ਆਉਂਦੇ ਹੋ, ਸਾਡੇ ਸਾਹਮਣੇ ਬੈਠਿਆ ਕਰੋ, ਤੁਹਾਨੂੰ ਵੇਖ ਕੇ ਸਾਨੂੰ ਚੜ੍ਹਦੀਆਂ ਕਲਾਂ ਮਿਲਦੀਆਂ ਹਨ।' ਰੂਹਾਂ ਨੂੰ ਰੂਹਾਂ ਦੀ ਪਛਾਣ ਹੁੰਦੀ ਹੈ।

**ਇਹ ਰਾਜ਼ ਭਰੀ ਗੱਲ, ਭਾਈ ਸਾਹਿਬ ਜੀ ਦੇ ਸਾਰੇ ਸੰਗੀ ਸਾਥੀ ਜਾਣਦੇ ਹਨ। ਦਾਸ ਭੀ ਇਹੋ ਵੇਖਦਾ ਰਿਹਾ ਹੈ। ਜਥੇ ਦੇ ਕੀਰਤਨ-ਸਮਾਗਮਾਂ ਦੇ ਦੀਵਾਨਾ ਵਿੱਚ ਗੁਰਸਿੱਖ ਹੰਸਾਂ ਦੀਆਂ ਡਾਰਾਂ ਦੀਆਂ ਡਾਰਾਂ ਕੀਰਤਨ ਕਰਨ ਵਾਲਿਆਂ ਦੇ ਸਾਹਮਣੀ ਲਾਈਨ ਵਿੱਚ ਸਜੀਆਂ ਹੁੰਦੀਆਂ ਸਨ। ਕਈਆਂ ਨੇ ਭਾਈ ਸਾਹਿਬ ਜੀ ਦੇ ਦੁਆਲੇ ਇਉਂ ਝੁਰਮਟ ਪਾਇਆ ਹੁੰਦਾ ਤੇ ਰੰਗਾਂ ਵਿੱਚ ਮਸਤੂਲ ਮਸਤ ਹੋਏ ਹੁੰਦੇ ਸਨ, ਬਸ ਦੇਖਾ ਹੀ ਪ੍ਰਵਾਨ ਹੈ। ਕਹਿਣ ਕਥਨ ਵਿਚ ਉਹ ਸੋਭਾ ਨਹੀਂ ਜਿਵੇਂ ਉਹ ਸਾਰੇ "ਤੂੰ ਸਤਿਗੁਰ ਚਹੁ ਜਗੀ, ਆਪਿ ਆਪੇ ਪਰਮੇਸੁਰ" (੧੪੦੬) ਨੂੰ ਮੁਖਾਤਬ ਹੋ ਕੇ ਕੀਰਤਨ ਕਰ ਰਹੇ ਹੁੰਦੇ ਸਨ।**



www.AKJ.Org

**ਅੱਜ ਅਸੀਂ ਸੰਗਤਾਂ ਦੀ ਭੀੜ ਵਿੱਚ ਕੀਰਤਨ ਕਰਕੇ ਖੁਸ਼ ਹੁੰਦੇ ਹਾਂ ਥੋੜ੍ਹੀ ਸੰਗਤ ਹੋਵੇ ਤਾਂ ਕੀਰਤਨੀਏ ਨੂੰ ਚਾਉ ਹੀ ਨਹੀਂ ਚੜ੍ਹਦਾ। ਉਹ ਸੱਚਖੰਡੀ ਰੂਹਾਂ ਤਾਂ ਮਾਨੋ ਸੱਚੇ ਪਾਤਸ਼ਾਹ ਨੂੰ ਕੀਰਤਨ ਰਾਹੀਂ ਸੰਬੋਧਨ ਹੁੰਦੇ ਸਨ। ਇਹ ਨੁਕਤਾ ਵਿਚਾਰਨ ਵਾਲਾ ਹੈ। ਉਨ੍ਹੀਂ ਦਿਨੀਂ ਕੀਰਤਨ ਕਰਨ ਵਾਲੇ ਸਿੰਘਾਂ ਸਿੰਘਣੀਆਂ ਦਾ ਕੀਰਤਨ ਕਰਨ ਦਾ ਰੰਗ ਢੰਗ ਹੀ ਹੋਰ ਹੁੰਦਾ ਸੀ। ਜਿਸ ਨੇ ਕੀਰਤਨ ਤੇ ਬੈਠਣਾ ਤੇ ਕੀਰਤਨ ਕਰਨਾ, ਇਉਂ ਜਾਪਦਾ ਹੁੰਦਾ ਜਿਵੇਂ ਉਹ ਸਤਿਗੁਰਾਂ ਦੇ ਸਨਮੁਖ ਬੈਠੇ ਸੰਬੋਧਨ ਹੋ ਕੇ ਕੀਰਤਨ ਕਰ ਰਹੇ ਹੋਣ। ਹੁਣ ਅਸੀਂ ਕੀਰਤਨ ਵਿੱਚ ਸਤਿਗੁਰਾਂ ਨੂੰ ਸੰਬੋਧਨ ਹੋਣ ਦੀ ਬਜਾਏ, ਸੰਗਤਾਂ ਨੂੰ ਸੰਬੋਧਨ ਹੁੰਦੇ ਹਾਂ ਅਤੇ ਉਹਨਾਂ ਨੂੰ ਹੀ ਗੁਰਬਾਣੀ ਵਿਚੋਂ ਪ੍ਰਮਾਣ ਦੇ ਦੇ ਕੇ ਸਮਝਾਉਣ ਦਾ ਯਤਨ ਕਰਦੇ ਹਾਂ। ਇਹ ਪ੍ਰਪਾਟੀ ਭਾ: ਮਹਿੰਦਰ ਸਿੰਘ ਐੱਸ.ਡੀ.ਓ, ਨੇ ਸੰਨ 1958-59 ਵਿੱਚ ਪਾਉਣੀ ਆਰੰਭ ਦਿੱਤੀ ਸੀ ਅਤੇ ਹੁਣ ਤਕ ਤੁਰੀ ਆਉਂਦੀ ਹੈ।**

ਭਾਈ ਸਾਹਿਬ ਗਿਆਨ ਸਿੰਘ ਜੀ ਦੇ ਜੀਵਨ ਨਾਲ ਸੰਬੰਧਿਤ ਅਜਿਹੀਆਂ ਘਟਨਾਵਾਂ ਕਈ ਹਨ, ਜਿਨ੍ਹਾਂ ਤੋਂ ਇਹ ਪ੍ਰਤੱਖ ਹੁੰਦਾ ਹੈ ਕਿ ਸੱਚੇ ਪਾਤਸ਼ਾਹ ਉਹਨਾਂ ਦੇ ਸਦਾ ਅੰਗ ਸੰਗ ਹੋ ਕੇ ਵਰਤਦੇ ਸਨ। ਰੀਟਾਇਰ ਹੋਣ ਤੋਂ ਮਗਰੋਂ ਖੁਸ਼ਾਬ ਵਿਖੇ ਹੀ ਸੰਗਤਾਂ ਦੇ ਉਦਮ ਨਾਲ ਇਕ ਗੁਰਦੁਆਰਾ ਸਾਹਿਬ ਬਣਾਇਆ। ਆਪ ਨਾਮ ਜਪਿਆ ਅਤੇ ਅਨੇਕਾਂ ਸੰਗੀ ਸਾਥੀਆਂ ਨੂੰ ਗੁਰੂ ਚਰਨਾਂ ਨਾਲ ਜੋੜਿਆ। 22 ਮਈ 1951 ਵਿੱਚ ਧੁਰੋਂ ਸਦੜੇ ਆਏ ਤੇ ਆਪ ਗੁਰ ਚਰਨਾਂ ਵਿੱਚ ਜਾ ਬਿਰਾਜੇ। ਅਜੇ ਭੀ ਐਸੀਆਂ ਬਖ਼ਸ਼ੀਆਂ ਰੂਹਾਂ ਇਸ ਸੰਸਾਰ ਵਿੱਚ ਵਿਚਰ ਰਹੀਆਂ ਹਨ, ਜਿਨ੍ਹਾਂ ਦੀ ਬਰਕਤ ਨਾਲ ਅਨੇਕਾਂ ਦਾ ਉਧਾਰ ਹੋ ਰਿਹਾ ਹੈ ਅਤੇ ਸਗੋਂ ਹੁੰਦਾ ਰਹੇਗਾ। ਆਪ ਦਾ ਲੜਕਾ ਭਾਈ ਹਰਿਕਿਸ਼ਨ ਸਿੰਘ ਜੀ ਅਤੇ ਉਨ੍ਹਾਂ ਦਾ ਪ੍ਰੀਵਾਰ ਅੰਮ੍ਰਿਤਸਰ ਵਿਖੇ ਰਣਜੀਤ ਐਵਨਿਊ ਵਿੱਚ ਰਹਿੰਦਾ ਹੈ। ਇਹ ਵੀ ਸਾਰੇ ਗੁਰਸਿਖੀ ਮਾਰਗਾਂ ਦੇ ਪਾਂਧੀ ਹਨ ਅਤੇ ਆਪ ਦੇ ਪਾਏ ਪੂਰਨਿਆਂ 'ਤੇ ਚੱਲਣ ਦੀ ਕੋਸ਼ਿਸ਼ ਵਿਚ ਹਨ।

(ਪੁਸਤਕ ਸੇਈ ਪਿਆਰੇ ਮੇਲਿ ਵਿਚੋਂ ਧੰਨਵਾਦ ਸਹਿਤ)

**ਸੰਪਾਦਕੀ ਨੋਟ :** ਭਾਈ ਸਾਹਿਬ ਜੀ ਦੇ ਸ੍ਰੀ ਅੰਮ੍ਰਿਤਸਰ ਨਿਵਾਸੀ ਪ੍ਰੀਵਾਰਕ ਸੂਤਰਾਂ ਮੁਤਾਬਕ ਉਹ ਆਪਣੀ ਕੋਈ ਫੋਟੋ ਨਹੀਂ ਸਨ ਖਿੱਚਣ ਦਿੰਦੇ। ਜੇਕਰ ਕਿਸੇ ਨੇ ਕੋਸ਼ਿਸ਼ ਵੀ ਕੀਤੀ ਉਹ ਕੈਮਰੇ ਵਿਚ ਨਹੀਂ ਆਈ ਕਿਉਂਕਿ ਉਨ੍ਹਾਂ ਦੀ ਭਾਵਨਾ ਹਮੇਸ਼ਾਂ ਆਪਣੇ ਆਪ ਨੂੰ ਗੁਪਤ ਰੱਖਣ ਦੀ ਹੁੰਦੀ ਸੀ। ਇਸੇ ਤਰ੍ਹਾਂ ਆਪਣਾ ਜੀਵਨ ਲਿਖਣ ਦੇ ਵੀ ਸਖਤ ਵਿਰੁੱਧ ਸਨ। ਇਹ ਲੇਖ ਉਨ੍ਹਾਂ ਦੇ ਚੜ੍ਹਾਈ ਕਰਨ ਜਾਣ ਤੋਂ ਕਾਫੀ ਸਮਾਂ ਬਾਅਦ ਪ੍ਰਿੰਸੀਪਲ ਗੁਰਮੁਖ ਸਿੰਘ ਜੀ ਨੇ ਉਨ੍ਹਾਂ ਦੇ ਪ੍ਰੇਮੀ ਡਾ. ਹਰਬੰਸ ਸਿੰਘ ਪਟਿਆਲਾ ਤੋਂ ਜਾਣਕਾਰੀ ਲੈ ਕੇ ਲਿਖਿਆ ਹੈ।

(ਗੁਰਦੀਪ ਸਿੰਘ, ਸੰਪਾਦਕ)

# ਆਹ ! ਮੇਰਾ ਰੰਗੀਲਾ ਸਾਜਨ
# ਅਕਾਲੀ ਕੌਰ ਸਿੰਘ ਜੀ, ਚਕਾਰ, ਕਸ਼ਮੀਰ

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

**ਨੋਟ :** ਭਾਈ ਸਾਹਿਬ ਜੀ ਨੇ ਇਹ ਲੇਖ ਸ੍ਰੀ ਮਾਨ ਅਕਾਲੀ ਕੌਰ ਸਿੰਘ ਜੀ ਦੇ ਚਲਾਣੇ ਦੀ ਖਬਰ ਸੁਣ ਕੇ ਪ੍ਰਕਾਸ਼ ਪਟਿਆਲਾ ਵਿਚ ਲਿਖਿਆ ਸੀ: "ਆਹ ਮੇਰਾ ਰੰਗੀਲਾ ਸਾਜਨ ਅਕਾਲੀ ਕੌਰ ਸਿੰਘ ਜੀ"।

ਇਸ ਪਿਆਰੇ ਸਾਜਨੜੇ ਦੇ ਪਹਿਲੇ ਰੰਗੀਲੇ ਦਰਸ਼ਨ, ਮੈਨੂੰ 1907 ਵਿਚ ਖ਼ਾਲਸਾ ਕਾਲਜ ਸ੍ਰੀ ਅੰਮ੍ਰਿਤਸਰ ਦੇ ਗੁਰਦੁਆਰੇ ਦੇ ਬਾਹਰ ਲੱਗੇ, ਰਹਿਰਾਸ ਸਾਹਿਬ ਦੇ ਦੀਵਾਨ ਵਿਚ ਹੋਏ। ਜਦੋਂ ਮੈਂ ਉਥੇ ਹੋਸਟਲ ਸੁਪਰਟੈਂਡੰਟ ਲੱਗਾ ਹੋਇਆ ਸੀ। ਰਹਿਰਾਸ ਸਾਹਿਬ ਦੇ ਪਾਠ ਦੀ ਅਰਦਾਸ ਪਿੱਛੋਂ, ਯਕਾ-ਯਕਾ ਇਕ ਅਨੁਪਮ ਯੁਵਕ ਵਿਅਕਤੀ


www.AKJ.Org

ਅਕਾਲੀ ਵੇਸ ਵਿੱਚ ਉੱਠ ਭਾਸ਼ਨ ਦੇਣ ਲੱਗ ਪਏ। ਭਾਸ਼ਨ ਦੇ ਆਰੰਭ ਤੇ ਹੀ ਇਸ ਵਿਅਕਤੀ ਦੇ ਮੁਖਾਰਬਿੰਦ ਤੋਂ ਜੋ ਕੁਝ ਨਿਕਲਨਾ ਆਰੰਭ ਹੋਇਆ, ਉਹ ਇੱਕ ਅਜ਼ਗੈਬੀ ਇਬਾਰਤ ਵਿਚ ਸੁਤੇ ਸਫੁਟ ਰੰਗ ਫੁਲਝੜੀ ਦੇ ਨਿਆਈਂ ਸੀ। ਇਕ ਇਕ ਲਫਜ਼ ਗੁਰਮਤਿ ਦੇ ਪੂਰਨ ਅੰਦਾਜ਼ ਵਿਚ ਗੁੰਦਿਆ ਹੋਇਆ ਕ੍ਰਿਸ਼ਮਾ ਸੀ। ਸ੍ਰੋਤੇ ਜਨ ਸੁਣਨਸਾਰ ਹੀ ਚਕ੍ਰਿਤ ਰਹਿ ਗਏ।

ਮੇਰੀ ਭੀ ਉਕਤ ਭਾਸ਼ਨ ਵਿਚ ਸਮੁੱਚੀ ਸੁਰਤੀ ਬਿਰਤੀ ਬਿਮੋਹਤ ਹੋ ਗਈ। ਉਸ ਤੋਂ ਪਹਿਲਾਂ, ਮੈਨੂੰ ਕਦੇ ਭੀ ਕਿਸੇ ਦਾ ਭਾਸ਼ਨ ਚੰਗਾ ਨਹੀਂ ਸੀ ਲੱਗਾ, ਯਾ ਤਾਂ ਉਠ ਕੇ ਚਲਾ ਜਾਣਾ ਯਾ ਲੈਕਚਰ ਕਰਨ ਵਾਲੇ ਨੂੰ ਹਟਾ ਦੇਣਾ। ਮੇਰੀ ਜੁਰਤ ਨਾ ਪੈ ਸਕੀ ਕਿ ਮੈਂ ਉਸ ਨੂੰ ਹਟਾ ਦੇਵਾਂ ਜਾਂ ਉੱਠ ਕੇ ਜਾਣ ਦੀ ਹਰਕਤ ਕਰ ਸਕਾਂ। ਜਦੋਂ ਪਰਤ ਕੇ ਉਸ ਦੇ ਚਿਹਰੇ ਵੱਲ ਤੱਕਿਆ ਤਾਂ ਹੋਰ ਭੀ ਅਚੰਭਾ ਰਹਿ ਗਿਆ। ਸਮੁੱਚੀ ਦੀ ਸਮੁੱਚੀ ਸੰਗਤ ਹੀ ਉਸ ਵੱਲ ਪੇਖ ਪੇਖ ਕੇ ਜਜ਼ਬੁਲ ਮਸਤ ਹੋ ਗਈ। ਉਸ ਦਾ ਗੋਰਾ ਸ਼ੋਹ ਚਿਹਰਾ, ਨਰਗਸੀ ਮਸਤੀਲੀਆਂ ਅੱਖੀਆਂ, ਨਿਹੰਗੀ ਸੁੰਦਰੀਲਾ ਵੇਸ, ਕਾਲੇ ਕੇਸਾਂ ਦੀ ਲੂਈ ਜੇਹੀ ਸੁੰਦਰ ਮੁਖਾਰਬਿੰਦ ਦੇ ਦੁਆਲੇ ਸਫੁਟ ਹੋਈ, ਸਚਮੁੱਚ ਉਸ ਨੂੰ ਅਰਸ਼ੋਂ ਉਤਰੀ ਹੋਈ ਵਿਅਕਤੀ ਸਾਬਤ ਕਰ ਰਹੀ ਸੀ। ਇਸੇ ਅੰਦਾਜ਼ ਵਿਚ ਬਗੈਰ ਕਿਸੇ ਹਰਕਤ ਇੱਕ ਪੁਤਲੀ ਦੀ ਨਿਆਈਂ, ਪੰਦਰਾਂ ਮਿੰਟ ਬਰਾਬਰ ਉਕਤ ਦਿਬਯ ਵਿਅਕਤੀ, ਮੁਖੋਂ ਭਾਸਨ ਨਿਛਾਵਰ ਕਰਦੀ ਰਹੀ। ਅਚਾਨਕ ਹੀ ਸਮਾਪਤੀ ਕਰਕੇ ਅਚਾਨਕ ਹੀ ਗਾਇਬ ਹੋ ਗਈ। ਸਭ ਨੂੰ ਚਕ੍ਰਿਤ ਕਰਕੇ ਚਲੀ ਗਈ।

ਸਭਨਾਂ ਦੇ ਮੂੰਹਾਂ ਤੋਂ ਉਸ ਬਾਰੇ ਚਿਹਮੇਂ ਗੋਈਆਂ ਹੋਣ ਲੱਗੀਆਂ। ਭਾਂਤ-ਭਾਤ ਦੇ ਰਿਮਾਰਕਸ ਹੋਣ ਲੱਗ ਪਏ। ਦਰਸ ਪ੍ਰੇਮੀ ਤਾਂ ਸਾਰੇ ਆਖਣ, ਇਹ ਕੋਈ ਗੁਰੂ ਕਾ ਲਾਲ ਨਵੀਨ ਪ੍ਰਗਟ ਹੋਇਆ ਹੈ ਜੋ ਮੂਰਛਤ ਕਰਕੇ ਸਭ ਨੂੰ ਬਿਸਮਾਦ ਕਰਕੇ ਗੈਬੋਂ ਹੀ ਆਇਆ ਅਤੇ ਗੁਪਤੇ ਗੁਪਤ ਹੀ ਚਲਦਾ ਲੱਗਾ, ਪਰੰਤੂ ਕਾਲਜ ਦੇ ਮਨਚਲੇ ਪੜਾਕੂ ਵਿਦਿਆਰਥੀ ਸਾਰੇ ਹੀ ਆਖਣ ਕਿ ਇਹ ਕੋਈ ਸੀ.ਆਈ.ਡੀ. ਦਾ ਬੰਦਾ ਸੀ, ਲੱਗੇ ਉਸ ਦੀ ਤਲਾਸ਼ ਕਰਨ, ਕਈਆਂ ਨੇ ਤਾਂ ਉਸ ਨੂੰ ਮਾਰਨ ਕੁਟਨ ਦੀ ਹੀ ਠਾਨ ਲਈ ਸੀ। ਮੈਂ ਬਥੇਰਾ ਉਹਨਾਂ ਨੂੰ ਸਮਝਾਇਆ ਕਿ ਐਸਾ ਮਤ ਕਰੋ। ਗੁਰੂ ਕੇ ਗੁਰਮੁਖ ਲਾਲ ਲਈ ਐਸਾ ਚਿਤਵਨਾ ਹੀ ਮਹਾਂ ਪਾਪ ਹੈ।

ਖੈਰ ! ਉਕਤ ਉਡਣ ਪੰਖੇਰੂ ਨਾ ਉਹਨਾਂ ਨੂੰ ਲੱਭਾ, ਨਾ ਹੀ ਦਰਸ ਚਾਹਵਾਨ ਰੂਹਾਂ ਨੂੰ ਮੁੜ ਨਮੂਦਾਰ ਹੋਇਆ। ਚਿੱਤ ਵਿਚ ਲਾਲਸਾ ਮਈ ਤਾਂਘ ਇਹੀ ਲੱਗੀ ਰਹੀ ਕਿ ਕਦੇ ਉਸ ਨੂੰ ਫੇਰ ਦੇਖੀਏ ਤੇ ਉਸ ਦੇ ਨਾਲ ਗੋਸ਼ਟ ਕਰੀਏ। ਇਹ ਭੀ ਇਕ ਅਚੰਬਾ ਸੀ ਕਿ ਇਹ ਵਿਅਕਤੀ ਕੌਣ ਹੈ, ਜਿਸ ਪਰ ਇਕ ਦਾਨੇ ਬੀਨੇ ਗੁਰਸਿੱਖ ਨੇ ਦੱਸਿਆ ਕਿ ਇਹ ਅਕਾਲੀ ਕੌਰ ਸਿੰਘ ਹੈ। ਇਸ ਤੋਂ ਵੱਧ ਉਸ ਪਾਸੋਂ ਹੋਰ ਪਤਾ ਨਾ ਚਲੇ। ਹਿਰਦੇ ਨੂੰ ਵੇਧ ਕੇ ਚਲਿਆ ਤਾਂ ਗਿਆ, ਪਰ ਇਸ ਦੇ ਮਿਲਣ ਦੀ ਇੱਛਾ ਹਿਰਦੇ ਮੰਦਰ ਵਾਯੂ ਅੰਦਰ ਰਮ ਗਈ। ਕੁਦਰਤ ਐਸੀ ਹੋਈ ਕਿ ਦੂਜੇ ਦਿਨ ਹੀ ਮੈਨੂੰ ਪਟਿਆਲੇ ਜਾਣ ਦਾ ਅਵਸਰ ਹੋਇਆ। ਗੁਰਮੁਖ ਪਿਆਰੇ ਮੇਰੇ ਗੁਰਪੁਰ ਵਾਸੀ ਵੀਰ ਭਾਈ ਜੋਗਿੰਦਰ ਸਿੰਘ ਦੇ ਡੇਰੇ ਜਾ ਉਤਾਰੇ ਕੀਤੇ। ਅਜੇ ਉਹ ਬਾਹਰੋਂ ਆ ਹੀ ਰਹੇ ਸਨ, ਆਉਂਦਿਆਂ ਹੀ ਉਹਨਾਂ ਨੇ ਜ਼ਿਕਰ ਕੀਤਾ ਕਿ ਅੱਜ ਇਕ ਨਵੀਨ ਨਿਹੰਗ ਅਕਾਲੀ ਦੇ ਅਦਭੁਤ ਦਰਸ਼ਨ ਹੋਏ। ਮੈਂ ਹੁਣੇ ਹੀ ਨਿਹਾਲ ਹੋ ਕੇ ਆਇਆ ਹਾਂ। ਇਕ ਗੁਰਮੁਖ ਪਿਆਰੇ ਦੇ ਗ੍ਰਿਹਿ ਵਿਖੇ ਉਹਨਾਂ ਦਾ ਉਤਾਰਾ ਹੈ। ਮੈਨੂੰ ਉਦੋਂ ਹੀ ਉਹ ਉਸ ਗ੍ਰਿਹਿ ਵਿਖੇ ਲੈ ਵੰਞੇ। ਇਹ ਦੂਜੀ ਦਰਸ਼ਨ ਝਾਕੀ ਸੀ। ਬਸ-ਝਤ ਦਵਾਰਾ ਹੀ ਨਿਯਾਤੀ ਬਾਤ ਚੀਤ ਹੋਈ। ਮੁਖੋਂ ਕਿਸੇ ਨੇ ਕੁਝ ਨਹੀਂ ਅਲਾਇਆ। ਇਹ ਖਿਆਲ ਕਰਕੇ ਕਿ ਦੂਜੇ ਦਿਨ ਰੱਜ ਕੇ ਦਰਸ਼ਨ ਮੇਲੇ ਹੋਣਗੇ। ਅਸੀਂ ਉਥੋਂ ਚਲੇ ਆਏ। ਪਰ ਦੂਜੇ ਦਿਨ ਪਤਾ ਲੱਗਿਆ ਕਿ ਉਹ ਸ੍ਰੀ ਹਜ਼ੂਰ ਸਾਹਿਬ ਨੂੰ ਚਲੇ ਗਏ ਹਨ। ਸ੍ਰੀ ਹਜ਼ੂਰ ਸਾਹਿਬ ਉਹਨਾਂ ਦੀ ਇਹ ਸ਼ਾਇਦ ਦੂਜੀ ਫੇਰੀ ਸੀ। ਕਾਲੇ ਸੁਰਮੇ ਰੰਗ ਦਾ ਬਾਣਾ ਸੀ, ਪਰ ਸਭ ਤੋਂ ਵਧੀਆ ਰੇਸ਼ਮੀ ਬਣਤਰ ਦਾ। ਸਾਨੂੰ ਉਦੋਂ ਐਸਾ ਪ੍ਰਤੀਤ ਹੋਇਆ ਕਿ ਗ੍ਰਿਹਸਤ ਵਿਚ ਨਿਰਬਾਣ ਜੋਗੀ ਗੁਰੂ ਘਰ ਵਿਚ ਪ੍ਰਗਟ ਹੋਇਆ ਹੈ, ਜਿਸ ਨੂੰ ਲੇਪ ਛੇਪ ਕੋਈ ਨਹੀਂ।



www.AKJ.Org

ਤੀਜੀ ਝਾਕੀ ਕਈ ਸਾਲਾਂ ਪਿਛੋਂ ਸ੍ਰੀ ਅੰਮ੍ਰਿਤਸਰ ਦਰਬਾਰ ਸਾਹਿਬ ਵਿਚ ਇਸ ਵਿਅਕਤੀ ਦੀ ਹੋਈ, ਪਰ ਚਿਹਰਾ ਬੜਾ ਉਤਾਰੂ ਸੀ, ਰੂਪ ਰੰਗ ਵੀ ਅਗੇ ਵਾਂਗ ਨਹੀਂ ਸੀ। ਚਿਹਰੇ ਉਤੇ ਉਦਾਸੀਨਤਾ ਛਾਈ ਹੋਈ ਸੀ। ਵਾਕਫਕਾਰਾਂ ਪਾਸੋਂ ਪੁੱਛਣ ਤੇ ਪਤਾ ਲੱਗਾ ਕਿ ਇਨ੍ਹਾਂ ਉਪਰ ਕਿਸੇ ਦੋਖੀ ਨੇ ਅਣਹੋਈ ਊਜ ਲਾਈ ਹੋਈ ਹੈ। ਇਸ ਕਰਕੇ ਇਹ ਗਮਗੀਨ ਹਨ।

ਤਦ ਪਸਚਾਤ ਫੇਰ ਬਹੁਤ ਚਕੋਰਨੇ ਦਰਸ਼ਨ ਹੋਏ। 1930 ਵਿਚ ਮੈਂ ਨਾਗਪੁਰ ਜ਼ੇਲ੍ਹ ਤੋਂ ਤਬਦੀਲ ਹੋ ਕੇ ਲਾਹੌਰ ਆ ਰਿਹਾ ਸੀ ਕਿ ਅਟਾਰਸੀ ਸਟੇਸ਼ਨ ਤੇ ਜਦੋਂ ਮੈਂ ਹਦਵਾਣੇ ਖਰੀਦਣ ਲਈ ਪਲੇਟਫਾਰਮ ਤੇ ਉਤਰਿਆ ਤਾਂ ਮੈਨੂੰ ਉਦੋਂ ਹੀ ਪਤਾ ਲੱਗਾ ਕਿ ਮੈਨੂੰ ਘੁੱਟ ਕੇ ਜੱਫੀ ਪਈ ਹੋਈ ਹੈ। ਬੜੀ ਪਿਆਰਾ ਮਲ੍ਹਾਰਾਂ ਭਰੀ ਜੱਫੀ ਸੀ। ਜਦੋਂ ਜੱਫੀ ਪਾਵਨਹਾਰੇ ਗੁਰਮੁਖ ਜਨ ਵੱਲ ਵੇਖਿਆ ਤਾਂ ਇਕ ਚਿੱਟ ਦਾੜ੍ਹੇ ਵਾਲਾ ਗੁਰਮੁਖ ਅਕਾਲੀ ਬਾਣੇ ਵਿਚ ਮੈਨੂੰ ਐਸੀ ਚਿਮੜਨੀ ਚਿਮੜਿਆ ਹੋਇਆ ਸੀ ਕਿ ਛੱਡੇ ਨਾ, ਮੈਂ ਆਖਿਆ ਬੋਲੋ ਤਾਂ ਸਹੀ? ਬੋਲੇ ਤਾਂ ਝਟ ਪਛਾਣ ਆ ਗਈ ਕਿ ਇਹ ਅਕਾਲੀ ਕੌਰ ਸਿੰਘ ਹਨ, ਜਿਹਨਾਂ ਨੇ ਸਾਲਾਂ ਬੱਧੀ ਮਿਲਣ ਦੀ ਤੜਪ ਲਾਈ ਰੱਖੀ ਸੀ, ਬਸ ਫੇਰ ਕੀ ਸੀ ਘਿਉ ਖਿੱਚੜੀ ਹੋ ਗਏ। ਅਸੀਂ ਛੁੱਟ ਕੇ ਰਿਹਾ ਹੋ ਕੇ ਘਰ ਆ ਗਏ। ਕੁਝ ਅਰਸੇ ਬਾਅਦ ਚਕਾਰ (ਕਸ਼ਮੀਰ) ਤੋਂ ਇਕ ਸੱਦ ਆਈ ਕਿ ਆਓ ਕਸ਼ਮੀਰ ਫੇਰੀ ਪਾਉ? ਸੱਦਾ-ਪੱਤਰ ਦੇ ਉਪਰ ਇਕ-ਤੁੱਕੀ ਗੁਰਵਾਕ ਇਹ ਅੰਕਤ ਸੀ।

**"ਆਇ ਬਸਹੁ ਘਰ ਘਰਿ ਦੇਸ ਮਹਿ ਇਹ ਭਲੇ ਸੰਜੋਗ"** ਗਲ ਕੀ ਪਹਿਲੀ ਫੇਰੀ ਮੇਰੀ ਕਸ਼ਮੀਰ ਵਿਖੇ, ਸੰਨ 1938 ਵਿਚ ਇਸ ਪ੍ਰੇਮ ਪਿਆਰੇ ਅਕਾਲੀ ਕੋਰ ਸਿੰਘ ਦੇ ਤੁਫੈਲ ਪਈ, ਜਿਸ ਹਾਵ ਭਾਵ ਨਾਲ ਸਾਨੂੰ ਬੁਲਾਇਆ, ਜਿਸ ਪ੍ਰੇਮ ਪਿਆਰ ਨਾਲ ਮਹੀਨਾ ਭਰ ਆਪਣੇ ਪਾਸ ਚਕਾਰ ਵਿਚ ਹੀ ਸਾਨੂੰ (ਜਥੇ ਨੂੰ) ਰਖਿਆ ਉਹ ਅਕੱਥਨੀਯ ਹੈ।

ਉਸ ਚਕਾਰ ਆਸ਼ਰਮ ਦੀ ਸਿਖਰਲੀ ਗੈਲਰੀ ਵਿਚ ਬਿਠਾ ਕੇ ਦਾਸ ਪਾਸੋਂ ਸਤਿਗੁਰੂ ਨੇ ਅਨਹਦ ਸ਼ਬਦ ਦਸਮ ਦਵਾਰ ਨਾਮੇ ਪੁਸਤਕ ਲਿਖਣ ਦੀ ਸੇਵਾ ਲਈ। ਆਪਣਾ ਰਚਿਤ ਗੁਰਬਾਣੀ ਦਾ ਇੰਡੈਕਸ ਉਹਨਾਂ ਨੇ ਉਥੇ ਹੀ ਮੈਨੂੰ ਅਤਾ ਕੀਤਾ। ਚਕਾਰ ਆਸ਼ਰਮ ਦੀ ਟੀਸੀ ਤੇ ਰਾਤ ਦਿਨੇ ਉਹ ਆਤਮ ਰੰਗ ਮਾਣਿਆ ਜੋ ਵਰਨਣ ਨਹੀਂ ਕੀਤਾ ਜਾ ਸਕਦਾ। ਚਾਰ ਚੁਫੇਰੇ ਕੁਦਰਤ ਤੇ ਅਦਭੁਤ ਨਜ਼ਾਰੇ, ਗਿਰਦੋ-ਨਿਵਾਹ ਦੀਆਂ ਪਹਾੜੀਆਂ ਦੀਆਂ ਤੇ ਦਿਲ ਖਿੱਚਵੇਂ ਦਿਸ਼੍ਰ, ਠੰਢੀਆਂ ਮਿੱਠੀਆਂ ਪੌਣਾਂ ਦੇ ਵੇਗ ਹੁਲਾਰੇ ਅਭਿਆਸ ਲਿਵਤਾਰਨੀ ਸੁਰਤੀ ਨੂੰ ਉਡਾਈ ਲਈ ਜਾਂਦੇ ਸਨ।

**'ਅਨਹਦ ਸਬਦ ਦਸਮ ਦੁਆਰ'** ਨਾਮੇ ਪੁਸਤਕ ਲਿਖਣ ਦਾ ਇਹ ਬੜਾ ਹੀ ਭਲਾ ਸਮਾਂ ਸੁਆਓ ਅਉਸਰ ਜੁੜਿਆ। ਅਭਿਆਸ ਵਿਚ ਜੁੱਟੇ ਰਹਿਣਾ, ਆਬਸ਼ਾਰਾਂ ਦੀਆਂ ਅਨੂਪਮ ਗਮਕ ਗੂੰਜਾਰਾਂ ਸੁਰਤੀ ਜੋੜਨ ਵਿਚ ਬੜੀ ਸਹਾਇਤਾ ਦਿੰਦੀਆਂ ਸਨ। ਇਹਨਾਂ ਸਭ ਪ੍ਰਮਾਰਥੀ ਗੂੰਜਾਓ ਦੀਆਂ ਬਰਕਤਾਂ ਨੂੰ ਮਾਨਿ ਮਾਨਿ ਸ੍ਰੀ ਅਕਾਲੀ ਕੌਰ ਸਿੰਘ ਜੀ ਨੂੰ ਉਦੋਂ ਵੀ ਆਪ ਮੁਹਾਰੀਆਂ ਅਸੀਸਾਂ ਅੰਦਰੋਂ ਨਿਕਲਦੀਆ ਸਨ ਤੇ ਹੁਣ ਵੀ ਉਹ ਅਨੰਦ ਸਮੇਂ ਯਾਦ ਕਰ ਕਰ ਉਹਨਾਂ ਨੂੰ ਹੀ ਅਸੀਸਾਂ ਦੇਈ ਦੀਆਂ ਹਨ। ਫੇਰ ਉਦਾਰਤਾ ਪ੍ਰਾਇਣ ਹੋਏ ਸ੍ਰੀ ਅਕਾਲੀ ਜੀ ਨੇ ਸਾਨੂੰ 'ਕਲਿਆਨ ਸਰ' ਦੀ ਦਰਸ਼ਨ ਯਾਤਰਾ ਕਰਵਾਈ ਜੋ ਚਕਾਰ ਤੋਂ ਸਤ ਅੱਠ ਮੀਲ ਦੇ ਫਾਸਲੇ ਤੇ ਸੀ। ਲਗਭਗ ਬਰਾਬਰ ਦੀ ਪੱਧਰ ਤੇ ਇਹ ਰਮਣੀਕ ਅਸਥਾਨ ਹੈ, ਉਥੋਂ ਮੁੜਨ ਨੂੰ ਜੀ ਨਾ ਕਰੇ। ਅਸਾਡੀ ਰੁਚੀ ਦੇਖ ਕੇ ਸ੍ਰੀ ਅਕਾਲੀ ਜੀ ਨੇ ਉਥੇ ਹੀ ਸਾਡੇ ਬਿਸਰਾਮ ਲਈ ਤੰਬੂ ਕਨਾਤਾਂ ਮੰਗਵਾਈਆਂ ਤੇ ਲਵਾਣੀਆਂ ਮਿੱਥ ਲਈਆਂ। ਬੜੇ ਹੀ ਖਹਿੜੇ ਪੈ ਗਏ, ਪਰ ਅਸਾਂ ਤੋਂ ਇਤਨੀਆਂ ਖੇਚਲਾਂ ਉਹਨਾਂ ਨੂੰ ਦੇਣੀਆਂ ਕਦੋਂ ਝਲੀਆਂ ਜਾਂਦੀਆਂ ਸਨ? ਅਕਾਲੀ ਜੀ ਨੇ ਅੱਗੇ ਹੀ ਅਸਾਡੀ ਖਾਤਰ ਬਥੇਰੀਆਂ ਘਾਲਾਂ ਘਾਲੀਆਂ ਸਨ, ਅਧਿਕ ਝਾਲਾਂ ਹੁਣ ਕੌਣ ਝਲੇ? ਅਸਾਂ ਮਸਾਂ ਮਸਾਂ ਪੈਰੀਂ ਪੈ ਪੈ ਮਨਾਏ ਅਤੇ ਉਹਨਾਂ ਨੂੰ ਮੋੜਨ ਵਿਚ ਇਹ ਕਹਿ ਕੇ ਇਕ ਰਾਤ ਔਖੇ ਸੌਖੇ ਇਥੇ ਕੱਟ ਕੇ ਚਕਾਰ ਨੂੰ ਮੁੜ ਆਵਾਂਗੇ, ਵਾਪਸ ਤੋਰਿਆ।

'ਕਲਿਆਨ ਸਰ' ਦਾ ਸੋਮਾਂ ਇਕ ਵੱਡਾ ਜ਼ਮੀਨ ਅਦੋਣ ਸਫੁਟ ਹੁੰਦਾ ਸੀ। ਇਹ ਜਲ ਧਾਰਾ ਹਰ ਮੌਸਮ ਵਿਖੇ ਅੱਠੇ ਪਹਿਰ ਮੋਟੇ ਪੱਟ ਜਿਡੀ ਮੋਟੀ ਵਹਿੰਦੀ ਰਹਿੰਦੀ ਸੀ। ਪਾਸ ਹੀ ਕੱਚੀਆਂ ਦੀਵਾਰਾਂ ਦਾ ਇਕ ਛੋਟਾ ਜਿਹਾ ਗੁਰਦੁਆਰਾ



www.AKJ.Org

ਸੀ, ਜਿਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪ੍ਰਕਾਸ਼ ਸਨ। ਸਾਰੀ ਧਰਤੀ ਸਿਲਾਬੀ ਹੋਈ, ਗਿਜ ਮਿਜ ਕਰਦੀ ਸੀ। ਉਥੇ ਦਿਨੇ ਵੀ ਕੋਈ ਭੂਮ ਆਸਨ ਨਹੀਂ ਸੀ ਹੋ ਸਕਦਾ। ਰਾਤ ਨੂੰ ਕਿਸੇ ਨੇ ਕੀ ਰਹਿ ਸਕਣਾ ਸੀ?

ਰਹਿਰਾਸ ਸਾਹਿਬ ਦਾ ਪਾਠ ਕਰਕੇ ਤੇ ਗੁਰਵਾਕ ਲੈ ਕੇ ਦਿਨ ਛਿਪਣ ਸਾਰ ਹੀ ਸਾਨੂੰ ਕਿਸੇ ਕੋਠੇ ਦਾ ਆਸਰਾ ਤੱਕਣਾ ਪਿਆ। ਰੈਨ ਬਸੇਰੇ ਦਾ ਗੁਜ਼ਾਰਾ ਕਰਨ ਲਈ ਫਰਲਾਂਗ ਭਰ ਤੇ ਇਕ ਕੋਠਾ ਪਸੰਦ ਆਇਆ, ਚਾਹੇ ਡਿਗਾ ਢੱਠਾ ਹੀ ਸੀ, ਹੈਸੀ ਬੜਾ ਅਕਾਂਤੇ। ਉਸ ਨੂੰ ਸੰਬਰ ਸੂਹਰ ਕੇ ਸੰਵਾਰ ਲਿਆ, ਰਾਤ ਕਟਨ ਲਈ ਅਤੇ ਭੁੰਜੇ ਹੀ ਵਿਛਾਈ ਕਰਨ ਲੱਗੇ, ਭੁੱਖ ਸਾਰਿਆਂ ਨੂੰ ਲੱਗੀ ਹੋਈ ਸੀ, ਸਭਨਾਂ ਦੀਆਂ ਆਂਦਰਾਂ ਕਲਹਵਲਾ ਪੜ੍ਹਨ, ਉਹੜ ਪੋਹੜ ਕਰਕੇ ਅਤੇ ਉੱਦਮ ਕਰਕੇ ਰੁੱਖੇ ਸੁਕੇ ਗੱਫੇ ਸਜਾਏ, ਛੱਕ ਕੇ ਉਹ ਅਨੰਦ ਆਇਆ ਕਿ ਕਦੇ ਨਾਨ੍ਹਾ ਪ੍ਰਕਾਰ ਦੇ ਬਿੰਜਨ ਭੋਜਨ ਛੱਕ ਕੇ ਵੀ ਨਹੀਂ ਆਇਆ ਹੋਣਾ।

**"ਰੂਖੋ ਭੋਜਨ ਭੂਮਿ ਸੈਨ ਸਖੀ ਪ੍ਰਿਅ ਸੰਗਿ ਸੂਖ ਬਿਹਾਤ।"** ਵਾਲੀ ਵਰਤੋਂ ਪ੍ਰਤੱਖ ਵਰਤੀ। ਅੰਮ੍ਰਿਤ ਵੇਲੇ ਵੱਡੇ ਤੜਕੇ ਉਠ ਕੇ ਕਲਿਆਣ ਸਰ ਦੀ ਜਲ-ਧਾਰਾ ਹੇਠਾਂ ਇਸ਼ਨਾਨ ਕੀਤਾ। ਜਲ ਇਤਨਾ ਠੰਡਾ ਸੀ ਕਿ ਮਸਾਂ ਅੱਧਾ ਮਿੰਟ ਹੀ ਹੇਠਾਂ ਬਹਿ ਸਕਦਾ ਸੀ। ਅਤਿ ਮੋਟੀ ਜਲ-ਧਾਰਾ ਸਹਾਰੀ ਨਹੀਂ ਜਾ ਸਕਦੀ। ਪਾਸ ਹੀ ਛੋਟੀ ਜਿਹੀ ਟੈਂਕੀ ਸੀ, ਜਿਹਦੇ ਵਿੱਚੋਂ ਜਲ ਫੁਹਾਰੇ ਮਾਰ ਕੇ ਨਿਕਲਦਾ ਸੀ, ਪਰ ਉਸ ਟੈਂਕੀ ਦੀ ਗਹਿਰਾਈ ਦੀ ਥਾਹ ਕੁਛ ਨਹੀਂ ਸੀ, ਜਿਸ ਕਰਕੇ ਉਸ ਵਿਚ ਵੜਨ ਦਾ ਹੀਆ ਕੋਈ ਨਹੀਂ ਸੀ ਕਰਦਾ।

ਅਕਾਲੀ ਕੌਰ ਸਿੰਘ ਜੀ ਦੱਸਦੇ ਸਨ ਕਿ ਇਥੇ ਕਿਸੇ ਸਮੇਂ ਗੁਰੂ ਸਾਹਿਬ ਦੇ ਚਰਨ ਪਏ ਸਨ। ਇਸ ਸੰਬੰਧੀ ਉਹਨਾਂ ਸਾਨੂੰ ਲੰਮੀ ਚੌੜੀ ਇਤਿਹਾਸਕ ਵਾਰਤਾ ਸੁਣਾਈ ਜੋ ਕਿਸੇ ਇਤਿਹਾਸ ਵਿਚ ਲਿਖਤਕਾਰ ਨਹੀਂ ਹੋਈ। ਖੈਰ ਪੁਰਾਣੇ ਬਜ਼ੁਰਤਾਂ ਦੇ ਸੀਨੇ ਬਸੀਨੇ ਚਲੀ ਆਵਨ ਕਰਕੇ ਇਹ ਇਤਿਹਾਸਕ ਕਥਾ ਇਤਿਹਾਸ ਨਾਲੋਂ ਵੀ ਅਧਿਕ ਮੰਨਣ ਯੋਗ ਸੀ। ਇਸ਼ਨਾਨ ਕਰਕੇ ਨਾਮ ਅਭਿਆਸ ਵਿਚ ਸਾਵਧਾਨ ਹੁੰਦੇ ਹੋਏ ਨਿਤਨੇਮ ਬਾਣੀ ਦਾ ਪਾਠ ਕਰਕੇ ਸਵੇਰ ਸਾਰ ਹੀ ਅਸੀਂ ਵਾਪਸ ਚਕਾਰ ਨੂੰ ਤੁਰ ਪਏ। ਰਸਤਾ ਤਾਂ ਬੜਾ ਬਿਖੜਾ ਸੀ, ਪਰ ਚਾਰੋਂ ਓਰ ਨਜ਼ਾਰਾ ਬੜਾ ਦਿਲਚਸਪ ਸੀ। ਠਉਰ ਠਉਰ ਤੇ ਭਜਨ ਕਰਨ ਨੂੰ ਚਿਤ ਕਰੇ। ਅਕਾਲੀ ਕੌਰ ਸਿੰਘ ਜੀ ਨੇ ਸਾਡੇ ਲਈ ਖਚਰਾਂ ਭੀ ਸਵਾਰੀ ਨਮਿਤ ਨਾਲ ਲੈ ਦਿੱਤੀਆਂ ਸਨ। ਜਿਸ ਕਰਕੇ ਰਾਹ ਬਹੁਤਾ ਬਿਖੜਾ ਪ੍ਰਤੀਤ ਨਾ ਹੋਇਆ, ਨਾ ਹੀ ਇਹ ਕਾਰਨ ਸੀ ਅਟਕਾਰ ਦਾ, ਅਟਕਾਰ ਤਾਂ ਨਜ਼ਾਰਿਆਂ ਦੀ ਭਰਮਾਰ ਨੇ ਪਾਈ। ਥਾਓ ਥਾਂਈ ਬੈਠ ਭਜਨ ਅਨੰਦ ਮਾਣਨ ਨੂੰ ਖਚਰਾਂ ਤੋਂ ਉਤਰਨਾ ਪੈਂਦਾ ਸੀ ਅਤੇ ਮਖਮਲੀ ਘਾਹ ਤੇ ਵਾਓ ਭਖਣ ਨੂੰ ਉਮਾਹੇ ਉੱਠਦੇ ਸਨ।

**"ਨਾਨਕ ਬੈਠਾ ਭਖੇ ਵਾਓ ਲੰਮੇ ਸੇਵੇ ਦਰਿ ਖੜਾ।"**

ਵਾਲੀ ਵਿਉਂਤ ਬਝ ਰਹੀ ਸੀ, ਓਥੇ ਤਾਂ ਖੜੇ ਹੋ ਕੇ, ਲੰਮੇ ਪੈ ਕੇ, ਬਹਿਕੇ, ਨਾਮ ਦਾ ਖੰਡਾ ਖੜਕਾਈ ਜਾਣ ਨੂੰ ਉਠਾਓ ਉਠਦੇ ਸਨ। ਓੜਕ ਅਤਿ ਸੁਹਾਵਣੀ ਜਗ੍ਹਾ ਤੇ ਬੈਠ ਕੇ ਮੈਥੋਂ ਤਾਂ ਫਿਰ ਉਠਿਆ ਨਾ ਗਿਆ। ਮਗਨ ਅਨੰਦ ਬੈਠੇ ਨੂੰ ਸਭੇ ਸਾਥੀ ਛੱਡ ਗਏ। ਇਕ ਪਿਆਰਾ ਡਾਕਟਰ ਬਸੰਤ ਸਿੰਘ ਸਾਡੇ ਪਾਸ ਹੀ ਡੱਟ ਗਿਆ। ਉਹ ਜਾਵਣ ਹਾਰੇ ਸਾਥ ਨੇ ਚਕਾਰ ਪੁੱਜ ਕੇ ਬਿਬੇਕ ਸਰਬ ਲੋਹ ਦੇ ਪ੍ਰਸ਼ਾਦੇ ਸਜਾਏ। ਛਕ ਛਕਾ ਕੇ ਸਾਨੂੰ ਭੀ ਗੱਫੇ ਭੇਜ ਦਿੱਤੇ। ਓਥੇ ਹੀ ਜਿਥੇ ਸਾਨੂੰ ਛੱਡ ਗਏ ਸਨ। ਇੱਕ ਪਰਉਪਕਾਰੀ ਸੱਜਣ ਭਾਈ ਨਰੈਣ ਸਿੰਘ ਨਾਮੇ ਗੱਫੇ ਲੈ ਕੇ ਸਾਡੇ ਪਾਸ ਪੁੱਜ ਗਏ ਅਤੇ ਸਾਨੂੰ ਆ ਕੇ ਟੁੰਬ ਉਠਾਇਆ। ਜਦੋਂ ਇਸ ਪ੍ਰੇਮ ਛਾਂਦਿਆ ਦੀ ਵਾਰਤਾ ਆ ਕੇ ਅਕਾਲੀ ਜੀ ਨੂੰ ਸੁਣਾਈ ਤਾਂ ਉਹ ਬੜੇ ਹੀ ਪ੍ਰਸੰਨ ਹੋਏ।

ਰੈਣ ਸਬਾਈ ਦਾ ਸਮਾਚਾਰ ਸੁਣ ਕੇ ਉਹ ਗਦ ਗਦ ਹੋ ਗਏ। ਸਾਡਾ ਰੋਮ ਰੋਮ ਹੀ ਅਕਾਲੀ ਜੀ ਨੂੰ ਅਸੀਸਾਂ ਦੇਵੇ। ਜਿਹਨਾਂ ਦੀ ਤੁਫੈਲ ਅਸਾਂ ਇਹ ਅਨੰਦ ਮਾਣਿਆ। ਉਘੇ ਹੋ ਕੇ ਤਾਂ ਅਸੀਂ ਧੰਨਵਾਦ ਦੀ ਆਵਾਜ਼ ਨਹੀਂ ਕੱਢ ਸਕਦੇ ਸੀ, ਕਿਉਂਕਿ ਇਸ ਨੂੰ ਸੁਣ ਕੇ ਅਕਾਲੀ ਜੀ ਨਰਾਜ਼ ਹੁੰਦੇ ਸਨ। ਆਪਣੀ ਤਾਰੀਫ ਆਪਣੇ ਕੰਨੀਂ ਸੁਣਨੀ ਉਹਨਾਂ ਲਈ ਅਤੀ ਦੁਖਦਾਈ ਹੁੰਦੀ ਸੀ।



www.AKJ.Org

ਅਕਾਲੀ ਕੌਰ ਸਿੰਘ ਜੀ ਨੇ ਅਸਾਡੀ ਯਾਤਰਾ ਗਮਨੀ ਰੁਚੀ ਬੁਝ ਬੁਝਾਰਕੇ ਫੇਰ ਸਾਨੂੰ ਉਬਾਰਿਆ ਕਿ ਚਲੋ ! ਕਸ਼ਮੀਰ ਦੇ ਹੋਰ ਗੁਰਦੁਆਰਿਆਂ ਦੀ ਯਾਤਰਾ ਕਰਵਾਈਏ, ਖਾਸ ਕਰ ਜਿਥੇ ਜਿਥੇ ਗੁਰੂ ਸਾਹਿਬ ਨੇ ਚਰਨ ਪਾਏ ਸਨ। ਉਥੇ ਉਥੇ ਲੈ ਕੇ ਸਾਨੂੰ ਉਹ ਜ਼ਰੂਰ ਪੁੱਜੇ। ਇਹਨਾਂ ਗੁਰਦੁਆਰਿਆਂ ਦੀ ਯਾਤਰਾ ਸੰਬੰਧੀ ਵਰਤਾਂਤ ਵਰਣਨ ਕਰਨ ਹਿਤ ਇਕ ਜ਼ਖੀਮ ਪੁਸਤਕ ਬਣਦੀ ਹੈ, ਸੋ ਅਸੀਂ ਸੰਖੇਪ ਮਾਤਰ ਹੀ ਅਕਾਲੀ ਜੀ ਦਾ ਇਹ ਉਪਕਾਰ ਵਰਣਨ ਕਰਦੇ ਹਾਂ। ਚਕੋਠੀ, ਉੜੀ ਆਦਿਕ ਅਸਥਾਨਾਂ ਦੀ ਯਾਤਰਾ ਕਰਵਾਉਂਦੇ ਹੋਏ ਅਕਾਲੀ ਜੀ ਸਾਨੂੰ ਬਾਰਾਂਮੂਲੇ ਲੈ ਗਏ। ਆਹ ! ਜੇਹਲਮ ਦੇ ਕਿਨਾਰੇ ਇਹ ਗੁਰਦੁਆਰਾ ਛੇਵੀਂ ਪਾਤਸ਼ਾਹੀ ਦਾ ਸਜਿਆ ਹੋਇਆ ਹੈ। ਮੰਜੀ ਸਾਹਿਬ, ਮੰਜੀ ਅਸਥਾਨ ਦੀ ਪਵਿੱਤਰ ਧੂੜੀ ਬਾਂਛ ਕੇ ਇਸ ਸੰਬੰਧੀ ਬਣੇ ਦਰਬਾਰ ਦਿਖਾਏ। ਹੋਰ ਸੰਗਤ ਲਈ ਵੱਖਰਾ ਉਤਾਰਾ ਦੇ ਦਿੱਤਾ। ਦਾਸ ਲਈ ਦਰਿਆ ਵਿਚਕਾਰ ਇਕ ਲੱਕੜੀ ਦਾ ਬਣਿਆ ਹੋਇਆ ਭਜਨ ਬੁੰਗਾ ਅਰਪਨ ਕਰਵਾ ਦਿੱਤਾ। ਜੋ ਕਦੇ ਸੰਤ ਅਤਰ ਸਿੰਘ ਜੀ ਦੇ ਨਮਿੱਤ ਬਣਵਾਇਆ ਗਿਆ ਸੀ। ਉਥੇ ਸਾਡਾ ਸੰਕਲਪ ਕੁਛ ਦਿਨ ਠਹਿਰਨ ਦਾ ਬਣ ਗਿਆ। ਕਈ ਉਘੇ ਸਿੰਘਾਂ ਸਰਦਾਰਾਂ ਦੇ ਦਰਸ਼ਨ ਮੇਲੇ ਅਕਾਲੀ ਜੀ ਨੇ ਕਰਵਾਏ। ਨਿਤਾ ਪ੍ਰਤੀ ਮੰਜੀ ਸਾਹਿਬ ਜੀ ਦੀ ਹਜ਼ੂਰੀ ਦਾ ਅਨੰਦ ਮਾਣਦੇ ਰਹੇ। ਸ਼ਬਦ ਭੇਟਾ ਕਰ ਕਰ ਅਦੁਤੀ ਅਨੰਦ ਆਵੇ। ਫਿਰ ਉਥੋਂ ਅਕਾਲੀ ਕੌਰ ਸਿੰਘ ਜੀ ਸ੍ਰੀਨਗਰ ਲੈ ਗਏ। ਛੇਵੀਂ ਪਾਤਸ਼ਾਹੀ ਜੀ ਦੇ ਗੁਰਦੁਆਰੇ ਦੀ ਯਾਤਰਾ ਕਰਵਾਈ ਅਤੇ ਫਿਰ ਮੀਰਾਂ ਕਤਲ ਗੁਰਦੁਆਰੇ ਦੀ ਆਲੀਸ਼ਾਨ ਇਮਾਰਤ ਦਿਖਾਈ। ਅਕਸਰ ਸੰਗਤ, ਆਏ ਗਏ ਮੁਸਾਫਰ ਉਥੇ ਹੀ ਠਹਿਰਦੇ ਸਨ। ਸਾਡਾ ਜੀਉ ਉਸ ਠਾਠ ਬਾਠ ਇਕੱਠ ਵਿਚ ਠਹਿਰਣ ਨੂੰ ਨਾ ਕਰੇ। ਅਕਾਲੀ ਜੀ ਅੱਗੇ ਹੀ ਅਸਾਡੇ ਦਿਲ ਬੁਝ ਗਏ ਸਨ। ਉਹਨਾਂ ਨੇ ਸਾਡੀ ਰਿਹਾਇਸ਼ ਦਾ ਪ੍ਰਬੰਧ ਅਤਿ ਪ੍ਰੇਮੀ ਘਰਾਣੇ ਵਿਚ ਪਹਿਲਾਂ ਹੀ ਠਾਣ ਛਡਿਆ ਸੀ। ਉਹਨਾਂ ਦੀ ਪਰਉਪਕਾਰੀ ਉਦਾਰਤਾ ਦੇ ਤੁਫੈਲ, ਸਾਨੂੰ ਉਥੇ ਇਕ ਚਮਤਕਾਰੀ ਦਰਸ਼ਨ ਮੇਲੇ ਹੋਏ, ਗੁਰਸਿੱਖ ਪਰਿਵਾਰ ਦੇ ਇਸ ਚਮਤਕਾਰੀ ਦਰਸ਼ਨਾਂ ਦਾ ਮੋਘਾ ਖੁਲ੍ਹਣ ਦਾ ਪੂਰਬ ਅੰਕਰੀ ਸਮਾਂ ਠੀਕ ਆ ਗਿਆ ਹੋਇਆ ਸੀ ਅਤੇ ਖੁੱਲ੍ਹਣਾ ਇਸ ਸਮੇਂ ਹੀ ਪੂਰਬ ਪ੍ਰੇਮੀ ਲਿਖਤ ਵਿਚ ਲਿਖਿਆ ਸੀ। ਇਸ ਪਰਉਪਕਾਰੀ ਅਕਾਲੀ ਬੀਰ ਸ੍ਰੀ ਮਾਨ ਅਕਾਲੀ ਕੌਰ ਸਿੰਘ ਜੀ ਦੀ ਬਰਕਤ ਫੇਜ਼ ਰਾਹੀਂ ਏਥੋਂ ਇਕ ਨਵਾਂ ਚਿੱਠਾ ਚਲਦਾ ਹੈ। ਜਿਸ ਨੂੰ ਏਥੇ ਹੀ ਛੱਡਿਆ ਜਾਂਦਾ ਹੈ ਨਹੀਂ ਤਾਂ ਬੜਾ ਵਿਸਥਾਰ ਵੱਧ ਜਾਏਗਾ ਇਸ ਲੇਖ ਦਾ। ਇਸ ਚਮਤਕਾਰੀ ਮਿਲਾਓ ਦਾ ਬਣਾਓ ਕੌਤਕ ਪੂਰਬਲੇ ਲਿਖਤਕਾਰ ਦੇ ਸਨ, ਜੋ ਐਨ ਸਮੇਂ ਦੀ ਚਾਦਰ ਨੇ ਐਸਾ ਲਪੇਟਿਆ ਕਿ ਮੁੜ ਸੰਜੋਗ ਜੋੜਨ ਦੀ ਸਾਡੀ ਜੋਗ ਸੰਜੋਗੀ ਉਪਕਾਰ ਆਸ ਅਕਾਲੀ ਕੌਰ ਸਿੰਘ ਜੀ ਮੁੜ ਕੇ ਆਉਣੇ ਨਹੀਂ ਅਤੇ ਨਾ ਇਹ ਸੰਜੋਗ ਜੁੜਨਾ ਹੈ। ਏਥੇ ਸਾਲਾਂ ਬਧੀ ਅਸੀਂ ਆਉਂਦੇ ਰਹੇ ਅਤੇ ਫੇਰੀਆਂ ਪਾਉਂਦੇ ਰਹੇ। ਅਕਾਲੀ ਜੀ ਭੀ ਏਥੇ ਹੀ ਦਰਸ਼ਨ ਦੇਂਦੇ ਰਹੇ।

ਓੜਕ ਉਹ ਸਮਾਂ ਆਇਆ ਕਿ ਸਾਡਾ ਦੋਹਾਂ ਦਾ (ਮੇਰਾ ਅਤੇ ਅਕਾਲੀ ਜੀ ਦਾ) ਪਰਸਪਰ ਕਿਸੇ ਗੁਰਮਤ ਨੁੱਕਤੇ ਤੇ ਮਤ ਭੇਦ ਹੋ ਗਿਆ। ਐਸਾ ਹੋਇਆ ਕਿ ਰੰਜ਼ ਤਾਈਂ ਨੌਬਤ ਅਪੜ ਗਈ। ਇਤਨਾਂ ਹੁੰਦਿਆਂ ਹੋਇਆਂ ਭੀ ਮੈਂਡੇ ਅੰਦਰ ਖਾਨਿਓਂ ਅਕਾਲੀ ਜੀ ਦੀ ਹਸਤੀ ਦਾ ਪਿਆਰ ਸਤਿਕਾਰ ਨਹੀਂ ਗਿਆ। ਭਾਵੇਂ ਇਸ ਘਟਨਾ ਪਸਚਾਤ ਕਸ਼ਮੀਰ ਫੇਰੀ ਤੇ ਦਰਸ਼ਨ ਕਰਨੇ ਹਟ ਗਏ, ਪਰੰਤੂ ਅੰਦਰਲੀ ਪਰੀਤ ਨਹੀਂ ਟੁੱਟੀ। ਫਿਰ ਛੇਕੜਲੀ ਦਰਸ਼ਨ ਮਿਲਾਉਣੀ ਓਦੋਂ ਹੋਈ ਜਦੋਂ ਉਹਨਾਂ ਦੇ ਆਸ਼ਰਮ ਆਲਣੇ ਜਰਵਾਣਿਆਂ ਨੇ ਉਜਾੜ ਕੇ ਮਿਸਮਾਰ ਕਰ ਦਿੱਤੇ ਸਨ। ਇਹ ਸੋਆਂ ਸੁਣੀਆਂ ਸਨ ਕਿ ਚਕਾਰ ਆਸ਼ਰਮ ਨਿਵਾਸੀ ਵਿਦਿਆਰਥੀ ਅਤੇ ਅਧਿਆਪਕ ਸਭ ਕਤਲ ਕੀਤੇ ਗਏ ਹਨ ਪਰ ਇਹ ਪਤਾ ਨਹੀਂ ਚਲਿਆ ਕਿ ਅਕਾਲੀ ਕੌਰ ਸਿੰਘ ਜੀ ਦਾ ਕੀ ਹਸ਼ਰ ਹੋਇਆ? ਅਚਾਨਕ ਇਕ ਦਿਨ ਪੰਜਾਬ ਦੇ ਕਿਸੇ ਟਿਕਾਣੇ ਤੇ ਬਿਚਰਦੇ ਬਿਚਰਦੇ ਆ ਨਮੂਦਾਰ ਹੋਏ, ਦੇਖ ਕੇ ਮੇਰੀਆਂ ਭੁੱਬਾਂ ਨਿਕਲ ਗਈਆਂ। ਉਹਨਾਂ ਦੀ ਜ਼ੁਬਾਨੀ ਸਾਰਾ ਹਾਲ ਸੁਣ ਕੇ ਚਿਤ ਨੂੰ ਬੜਾ ਖੇਦ ਪਹੁੰਚਿਆ ਪਰ ਸ਼ੁਕਰ ਕੀਤਾ ਕਿ ਅਕਾਲੀ ਕੌਰ ਸਿੰਘ ਉਸ ਫੇਟ ਅੰਦਰ ਨਹੀਂ ਆਏ।



www.AKJ.Org

ਕਾਲ ਦੇ ਅਕਾਲ ਚੱਕਰ ਅੰਦਰ ਅਜ ਉਹਨਾਂ ਦਾ ਇਸ ਸੰਸਾਰ ਤੋਂ ਕੂਚ ਕਰ ਜਾਣਾ ਚਾਹੇ ਬੜਾ ਹੀ ਦੁਖਦਾਈ ਹੈ ਪਰ ਇਹ ਚਿਤਾਰ ਕੇ ਕਿ ਆਪਣੀ ਪੂਰੀ ਨਿਬਾਹ ਗਏ, ਚਿਤ ਬੜਾ ਤਸਕੀਨ ਅੰਦਰ ਹੈ।

ਚਲਿਆਂ ਤਾਂ ਸਭ ਨੇ ਹੀ ਜਾਣਾ ਹੈ ਪਰ ਅਕਾਲੀ ਕੌਰ ਸਿੰਘ ਜੀ ਵਰਗੇ ਗੁਰਮੁਖਾਂ ਦੇ ਚਲਾਣੇ ਬੜੇ ਹੀ ਕੌਤਕ ਹਾਰੇ ਹਨ। ਮੈਥੋਂ ਸਤਿਗੁਰੂ ਜੀ ਨੇ ਜਿਤਨੀਆਂ ਭੀ ਪੁਸਤਕਾਂ ਲਿਖਾਣ ਦੀ ਸੇਵਾ ਲਈ ਹੈ, ਉਹਨਾਂ ਨੂੰ ਲਿਖਦਿਆਂ ਹੋਇਆਂ, ਗੁਰਬਾਣੀ ਦੇ ਪ੍ਰਮਾਣ ਅੰਕਤ ਕਰਨ ਦੀ ਸੁਗਮਤ ਅਕਾਲੀ ਕੌਰ ਸਿੰਘ ਜੀ ਦਾ ਲਿਖਿਆ ਹੋਇਆ 'ਸ਼ਬਦ ਰਤਨਾਵਲੀ ਇੰਡਕੈਸ' ਦੇਂਦਾ ਰਿਹਾ ਹੈ। ਉਹ ਅਦੁੱਤੀ ਯਾਦਗਾਰ ਉਹਨਾਂ ਦੇ ਉਪਕਾਰ ਦੀ ਖਿਨ-ਖਿਨ ਯਾਦ ਕਰਵਾਉਂਦਾ ਰਿਹਾ ਹੈ ਅਤੇ ਕਰਵਾਉਂਦਾ ਰਹੇਗਾ।

ਜੇਲ ਯਾਤਰਾ ਤੋਂ ਵਾਪਸ ਆ ਕੇ ਅਕਾਲੀ ਜੀ ਦੇ ਦਰਸ਼ਨ ਉਨ੍ਹਾਂ ਸਮਿਆਂ ਤੇ ਵੀ ਹੁੰਦੇ ਰਹੇ ਜਦੋਂ ਪੰਥ ਗੁਰੂ ਦੇ ਹੁਕਮ ਅਨੁਸਾਰ ਇਤਿਹਾਸਕ ਇਮਾਰਤਾਂ ਦੀ ਬੁਨਿਆਦ ਰੱਖਣ ਸਮੇਂ ਪੰਜਾਂ ਪਿਆਰਿਆਂ ਵਿੱਚ ਮੇਰੇ ਸੰਗ ਸਾਥ ਉਹਨਾਂ ਨੂੰ ਵੀ ਲਿਆ ਗਿਆ।

ਅਕਾਲੀ ਕੌਰ ਸਿੰਘ ਜੀ ਦਾ ਰੁਹਜਾਨ ਮੁੱਢ ਤੋਂ ਹੀ ਉਪਕਾਰ ਅਨਸਰ ਵਾਲਾ ਸੀ। ਦੱਖਣ ਵਿਚ ਸ੍ਰੀ ਹਜ਼ੂਰ ਸਾਹਿਬ ਵਿਖੇ ਤਕੜਾ ਚਿਰ ਰਹਿਣ ਕਰਕੇ ਆਮ ਨਿਹੰਗ ਪੁਜਾਰੀਆਂ ਵਾਲੇ ਸੰਸਕਾਰ ਉਹਨਾਂ ਵਿੱਚ ਬੜੀ ਬਹੁਲਤਾ ਨਾਲ ਘਰ ਕਰ ਗਏ ਸਨ, ਪਰ ਮੁੜ ਪੰਜਾਬ ਆਉਣ ਅਤੇ ਸਿੰਘ ਸਭਾ ਦੇ ਨਾਲ ਮੇਲ ਜੋਲ ਕਰਕੇ ਅਤੇ ਖਾਸ ਕਰਕੇ ਪੰਚ ਖਾਲਸਾ ਦੀਵਾਨ ਦੇ ਅਸੂਲਾਂ ਨਾਲ ਪ੍ਰਭਾਵਤ ਹੋ ਕੇ ਉਹ ਨਿਹੰਗ, ਪੁਜਾਰੀ ਸੰਸਥਾਵਾਂ ਤੋਂ ਖਾਸਾ ਮੋੜਾ ਖਾ ਗਏ ਸਨ। ਫੇਰ ਵੀ ਦੋ ਚਾਰ ਗੁਰਮਤਿ ਅਸੂਲ ਉਨ੍ਹਾਂ ਅੰਦਰ ਨਿਹੰਗ ਪੁਜਾਰਕੀ ਸੰਸਕਾਰਾਂ ਵਾਲੇ ਗਡ-ਮਡ ਹੋ ਗਏ ਸਨ।

ਸਾਡੇ ਅੰਦਰ ਖਾਨੇਂ ਉਹਨਾਂ ਦੇ ਅਨੇਕ ਗੁਰਮਤਿ ਗੁਣਾਂ ਦਾ ਬੜਾ ਪਿਆਰ ਹੈ ਅਤੇ ਸਦਾ ਹੀ ਰਹੇਗਾ। ਮੈਥੋਂ ਚਾਰ ਸਾਲ ਆਯੂ ਵਿੱਚ ਛੋਟੇ ਸਨ, ਪਰ ਪਹਿਲਾਂ ਹੀ ਪਧਾਰ ਗਏ। ਅਸਾਡੀ ਵਾਰੀ ਆਉਣੀ ਹੀ ਨਹੀਂ ਪਾਈ।

"**ਵਾਰੀ ਆਪੋ ਆਪਣੀ ਕੋਇ ਨਾ ਬੰਧੈ ਧੀਰ ॥**" ਗੁਰਵਾਕ ਅਨੁਸਾਰ ਅਸਾਨੂੰ ਸਦੜਾ ਪਰਲੋਕ ਗਮਨ ਨੇੜੇ ਹੀ ਆਇਆ ਖੜਾ ਹੈ।

**"ਸਭਨਾ ਸਹੁਰੇ ਵੰਞਣਾ ਸਭਿ ਮੁਕਲਾਵਣ ਹਾਰ ॥**
**ਨਾਨਕ ਧੰਨ ਸੋਹਾਗਣੀ ਜਿਨ ਸਹੁ ਨਾਲ ਪਿਆਰ ॥"**

(ਅਖੰਡ ਕੀਰਤਨੀ ਜਥਾ ਬੁਲਿਟਨ ਦਸੰਬਰ 2005 ਵਿਚੋਂ ਧੰਨਵਾਦ ਸਹਿਤ)

**ਇਕ ਵਿਦਵਾਨ ਮਹਾਂਪੁਰਖ : ਵਲੋਂ ਪ੍ਰੋਫੈਸਰ ਪਿਆਰਾ ਸਿੰਘ ਜੀ ਪਦਮ ਪਟਿਆਲਾ**

ਕਸ਼ਮੀਰ ਹਿੰਦੁਸਤਾਨ ਦਾ ਬਗੀਚਾ ਹੈ ਤੇ ਇਸ ਬਗੀਚੇ ਦੀ ਸਭ ਤੋਂ ਵੱਧ ਮਸ਼ਹੂਰ ਚੀਜ਼ ਕੇਸਰ ਹੈ। ਕੇਸਰ ਦਾ ਨਾਂ ਲੈਂਦਿਆਂ ਹੀ ਕਸ਼ਮੀਰ ਚੇਤੇ ਆ ਜਾਂਦਾ ਹੈ ਤੇ ਕਸ਼ਮੀਰ ਦਾ ਨਾਂ ਲੈਂਦਿਆਂ ਕੇਸਰ। ਜਿਵੇਂ ਉਥੋਂ ਦੀ ਬਨਸਪਤੀ ਨੇ, ਆਪਣੀ ਸਾਰੀ ਸੁਗੰਧ ਤੇ ਸਰੂਰ ਨੂੰ ਕੇਸਰ ਬਣਾ ਕੇ ਪ੍ਰਕਾਸ਼ਮਾਨ ਕੀਤਾ, ਤਿਵੇਂ ਕਸ਼ਮੀਰ ਦੀ ਹੁਸੀਨ ਮਾਨਵਤਾ ਨੇ ਕੁਦਰਤ ਦਾ ਸਾਰਾ ਹੁਨਰ ਤੇ ਕਲਾ ਕੌਸ਼ਨ ਲਗਾ ਕੇ ਇਕ ਪਰਮ ਮਨੋਹਰ, ਮਿੱਠੀ, ਮੁਸਕਰਾਉਂਦੀ ਮਨੁੱਖੀ ਸ਼ਖ਼ਸੀਅਤ ਪ੍ਰਗਟਾਈ। ਉਹ ਕੇਸਰੀ ਸ਼ਖਸੀਅਤ ਸੀ ਅਕਾਲੀ ਕੌਰ ਸਿੰਘ।

ਜਿਨ੍ਹਾਂ ਨੇ ਉਨ੍ਹਾਂ ਨੂੰ ਤੱਕਿਆ ਹੈ, ਉਹ ਖ਼ੁਦ ਅਨੁਭਵ ਕਰ ਸਕਦੇ ਹਨ ਕਿ ਅਕਾਲੀ ਕੌਰ ਸਿੰਘ ਜਿਹੇ ਅੰਦਰੋਂ ਬਾਹਰੋਂ ਸੋਹਣੇ, ਮਹਾਨ ਵਿਅਕਤੀ ਵਿਚ ਕਸ਼ਮੀਰ ਦੀਆਂ ਸਾਰੀਆਂ ਖ਼ੂਬੀਆਂ ਜਾਂ ਜੁੜੀਆਂ ਸਨ। ਉਨ੍ਹਾਂ ਦਾ ਕਸ਼ਮੀਰੀ ਸੇਬ ਵਾਂਗ ਲਾਲੀ ਦੀ ਭਾਅ ਮਾਰਦਾ ਗੋਰਾ 'ਨਛੋਹ ਚੇਹਰਾ, ਫੁੱਲਾਂ ਵਾਂਗ ਮੁਸਕਰਾਉਂਦਾ ਮਧੁਰ ਮੁਖੜਾ, ਬਰਫ਼ ਵਰਗਾ ਉਜਲ ਸਫ਼ੈਦ ਸੀਤਲ ਸੀਨਾ, ਸੋਮਿਆਂ ਦੇ ਵੱਗਦੇ ਪਾਣੀ ਵਰਗੀ ਮਾਨਸਿਕ ਨਿਰਮਲਤਾ, ਪਰਬਤ



www.AKJ.Org

ਜਿਹੀ ਅਚੱਲ ਅਡੋਲ ਉਚੱਤਾ ਤੇ ਕੇਸਰ ਵਾਂਗੂ ਖ਼ੁਸ਼ਬੋ ਖਿਲਾਰਦੀ ਉਪਕਾਰੀ ਜ਼ਿੰਦਗੀ ਕਦੀ ਵੀ ਭੁਲਾਈ ਜਾ ਸਕਣ ਵਾਲੀ ਨਹੀਂ। ਇਉਂ ਮਾਲੂਮ ਹੁੰਦਾ ਸੀ ਜਿਵੇਂ ਕੁਦਰਤ ਨੇ ਉਨ੍ਹਾਂ ਦੀ ਹਸਤੀ ਵਿਚ ਕਸ਼ਮੀਰ ਦਾ ਤੱਤਸਾਰ ਕੱਢ ਰਖਿਆ ਹੋਵੇ।'

ਪੁਰਾਣੇ ਜ਼ਮਾਨੇ ਵਿਚ ਕਸ਼ਮੀਰ ਨੂੰ ਰਿਸ਼ੀਆਂ ਦੀ ਧਰਤੀ ਆਖਿਆ ਗਿਆ ਹੈ। ਅਕਾਲੀ ਕੌਰ ਸਿੰਘ ਸੱਚਮੁੱਚ ਨਵੇਂ ਕਸ਼ਮੀਰ ਦਾ ਪੂਰਨ ਰਾਜਰਿਸ਼ੀ ਸੀ। ਬ੍ਰਹਮ ਗਿਆਨੀ, ਤਪੱਸਵੀ, ਤਿਆਗੀ, ਵੈਰਾਗੀ, ਸੂਰਬੀਰ, ਸੰਤ ਸਿਪਾਹੀ, ਲੋਕ ਸੇਵਕ ਤੇ ਵਿਦਵਾਨ ਲੇਖਕ, ਇਹ ਸਭ ਕੁਝ ਉਸ ਦੇ ਦਰਸ਼ਨ ਮਾਤਰ ਤੇ ਸਹਿਜੇ ਤਕਿਆ ਜਾ ਸਕਦਾ ਸੀ। ਉਹ ਸਦਾ ਕਾਲੀ ਪੱਗ ਬੰਨ੍ਹਣ ਤੇ ਸੀਸ ਉਤੇ ਚੱਕਰ ਸਜਾਵਣ ਕਰਕੇ ਹੀ ਅਕਾਲੀ ਯਾ ਨਿਹੰਗ ਨਹੀਂ ਸੀ ਕਹੇ ਜਾਂਦੇ, ਸਗੋਂ ਉਨ੍ਹਾਂ ਦਾ ਅਟੁੱਟ ਅਕਾਲੀ ਵਿਸ਼ਵਾਸ, ਦ੍ਰਿੜ੍ਹਤਾ, ਧੀਰਜ ਤੇ ਨਿਸੰਗ ਬਿਰੱਕਤ ਸੁਭਾਉ ਆਪ ਨੂੰ ਪੂਰਨ ਭਾਂਤ ਪੂਰਨ ਸੰਤ ਸਿਪਾਹੀ ਪ੍ਰਗਟਾਉਂਦਾ ਸੀ। ਸਿੱਖ ਕੌਮ ਰੋਜ਼ਾਨਾ ਅਰਦਾਸ ਰਾਹੀਂ 'ਸੇਈ ਪਿਆਰੇ ਮੇਲੀਂ' ਯਾ 'ਗੁਰਮੁਖਾ ਦਾ ਮੇਲ' ਆਖ ਕੇ ਜਿਨ੍ਹਾਂ ਦਾ ਦਰਸ਼ਨ ਲੋਚਦੀ ਹੈ, ਸੱਚ-ਮੁੱਚ ਅਕਾਲੀ ਜੀ ਉਨ੍ਹਾਂ ਚੋਟੀ ਦੇ ਗੁਰਮੁਖ ਵਿਅਕਤੀਆਂ ਵਿਚੋਂ ਸਨ, ਜਿਨ੍ਹਾਂ ਉਤੇ ਸਭਯ ਮਨੁੱਖਤਾ ਸਦਾ ਮਾਣ ਕਰ ਸਕਦੀ ਹੈ।

ਆਪ ਦਾ ਜਨਮ ਪਿੰਡ ਪੱਧਰ (ਚਕਾਰ ਲਾਗੇ) ਤਸੀਲ ਉੜੀ ਜ਼ਿਲਾ ਮੁਜੱਫਰਾਬਾਦ (ਕਸ਼ਮੀਰ) ਹੁਣ ਪਾਕਿਸਤਾਨ ਵਿਚ ਭਾਈ ਮਹਾਰੀ ਸਿੰਘ ਜੀ ਦੇ ਘਰ ਮਾਤਾ ਮਲਕਰਮ ਕੌਰ ਜੀ ਦੀ ਕੁਖੋਂ ਫ਼ਰਵਰੀ 1886 ਈ: (11 ਫੱਗਣ 1943 ਬਿ:) ਵਿਖੇ ਹੋਇਆ ਪਿਤਾ ਮਹਾਰੀ ਸਿੰਘ ਜੀ ਦੀ ਅਗਵਾਈ ਹੇਠ ਆਪ ਨੇ ਸਿੱਖ ਇਤਿਹਾਸ ਦੇ ਪੁਰਾਤਨ ਖਰੜਿਆਂ, ਸੰਸਕ੍ਰਿਤ, ਬ੍ਰਿਜ ਅਤੇ ਆਯੁਰਵੈਦਿਕ ਦਾ ਅਧਿਐਨ ਕੀਤਾ। ਫਿਰ 1904 ਵਿਚ ਪੇਸ਼ਾਵਰ ਦੇ ਪ੍ਰਸਿੱਧ ਵਿਦਵਾਨ ਗਿਆਨੀ ਬਾਘ ਸਿੰਘ ਜੀ ਤੋਂ ਗੁਰਮਤਿ ਦੀ ਸਿੱਖਿਆ ਲਈ। ਉਹ ਆਰੀਆ ਸਮਾਜ ਵਲੋਂ ਕੀਤੀਆਂ ਜਾਂਦੀਆਂ ਬਹਿਸ ਗੋਸ਼ਟੀਆਂ ਵਿਚ ਵੀ ਭਾਗ ਲੈਂਦੇ ਰਹੇ। ਉਨ੍ਹਾਂ ਸ੍ਰੀ ਹਜ਼ੂਰ ਸਾਹਿਬ ਜਾ ਕੇ ਨਿਹੰਗੀ ਬਾਣਾ ਧਾਰਨ ਕੀਤਾ। ਆਪਣੀ ਜ਼ਿੰਦਗੀ ਦੇ 66-67 ਵਰ੍ਹਿਆਂ ਵਿਚ ਅਕਾਲੀ ਜੀ ਨੇ **'ਬ੍ਰਹਮ ਗਿਆਨੀ ਪਰਉਪਕਾਰ ਉਮਾਹਾ'** ਦੇ ਮਹਾਂਵਾਕ ਅਨੁਸਾਰ ਲੋਕ ਸੇਵਾ ਤੇ ਪਰਉਪਕਾਰ ਲਈ ਅਣਥੱਕ ਘਾਲਾਂ ਘਾਲੀਆਂ। ਕਸ਼ਮੀਰ ਤੋਂ ਕਾਬੁਲ ਕਲਕੱਤੇ ਤੱਕ ਉਨ੍ਹਾਂ ਦਾ ਕਰਮ-ਖੇਤਰ ਪਸਰਿਆ ਹੋਇਆ ਸੀ। ਉਹ ਜਿਥੇ ਜਾਂਦੇ, ਆਪਣੀ ਵਿਦਿਅਕ ਯੋਗਤਾ, ਆਚਰਣਕ ਉਚੱਤਾ ਤੇ ਨਿੰਮ੍ਰਤਾ ਕਾਰਣ ਸਤਿਕਾਰੇ ਜਾਂਦੇ ਰਹੇ ਹਨ। ਹਿੰਦੂ ਉਨ੍ਹਾਂ ਨੂੰ ਰਿਸ਼ੀਆਂ ਦਾ ਰਿਸ਼ੀ ਤੇ ਮੁਸਲਮਾਨ ਸ਼ਰਧਾਲੂ ਰੱਬੀ ਦਰਵੇਸ਼ ਅਤੇ 'ਵਲੀਉਲਾ' ਕਹਿ ਕੇ ਸਲਾਮ ਕਰਦੇ। ਪ੍ਰਚਾਰ ਲਈ ਲੰਮੇ ਲੰਮੇ ਸਫ਼ਰ ਝਾਗਣੇ ਤੇ ਹਰ ਕਿਸਮ ਦੀ ਸੇਵਾ ਟਹਿਲ ਲਈ ਤਤਪਰ ਰਹਿਣਾ, ਉਨ੍ਹਾਂ ਦਾ ਸੁਭਾਅ ਬਣ ਗਿਆ ਸੀ। ਉਹਨਾਂ ਉਮਰ ਭਰ ਕਿਤਨੇ ਸਕੂਲ ਤੇ ਅਨਾਥ ਆਸ਼ਰਮ ਚਲਾਏ, ਇਹ ਇਕ ਲੰਮੀ ਵਿਥਿਆ ਹੈ। ਖ਼ਾਸ ਕਰਕੇ ਗਰੀਬ ਤੇ ਯਤੀਮ ਬੱਚਿਆਂ ਦੀ ਸੇਵਾ-ਸੰਭਾਲ ਲਈ ਜਿਤਨਾ ਉਦਮ ਉਹਨਾਂ ਇਕੱਲਿਆ ਨੇ ਕੀਤਾ ਹੈ, ਉਹ ਕੋਈ ਸੰਸਥਾ ਵੀ ਨਹੀਂ ਕਰ ਸਕਦੀ ਹੈ।

ਇਸ ਲੋਕ-ਕਲਿਆਣਕਾਰੀ-ਘਾਲ ਤੋਂ ਇਲਾਵਾ ਆਪ ਦੀ ਸਾਹਿਤ ਘਾਲਣਾ ਸੱਚ-ਮੁੱਚ ਬੇ-ਮਿਸਾਲ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਤੁਕ-ਤਤਕਰਾ 'ਸ੍ਰੀ ਗੁਰ ਸ਼ਬਦ ਰਤਨ ਪ੍ਰਕਾਸ਼ ਆਪ ਦੀ ਅਮਰ ਯਾਦਗਾਰ ਹੈ, ਜੋ ਆਪ ਨੇ 15-16 ਵਰ੍ਹਿਆਂ ਦੀ ਘਾਲ ਉਪਰੰਤ 1923 ਈ: ਵਿਚ ਸੰਪੂਰਨ ਕੀਤਾ। ਇਹ ਹਵਾਲਾ ਗ੍ਰੰਥ ਐਸਾ ਹੈ, ਜਿਸ ਤੋਂ ਗੁਰਬਾਣੀ ਦੀ ਕਿਸੇ ਤੁੱਕ ਦਾ ਵੀ ਸਫ਼ਾ ਦੇਖ ਕੇ ਪੂਰੀ ਤੁਕ ਜਾਂ ਪੂਰਾ ਸ਼ਬਦ ਸੌਖਿਆਂ ਲਭਿਆ ਜਾ ਸਕਦਾ ਹੈ। ਫਿਰ ਕਮਾਲ ਇਹ ਕਿ ਇਤਨਾ ਵੱਡਾ ਕਾਰਨਾਮਾ ਕਰਕੇ ਅਕਾਲੀ ਜੀ ਨੇ ਕਿਤੇ ਆਪਣਾ ਨਾਮ ਦੇਣਾ ਯੋਗ ਨਹੀਂ ਸਮਝਿਆ, ਸਗੋਂ ਆਪਣੇ ਆਪ ਨੂੰ 'ਕੀਟ' ਦੱਸਿਆ ਹੈ।

ਇਸੇ ਤਰ੍ਹਾਂ ਭਾਈ ਗੁਰਦਾਸ ਜੀ ਦੇ ਕਬਿੱਤ ਸਵੱਈਆ ਤੇ ਵਾਰਾਂ ਦਾ ਤੁੱਕ-ਤਤਕਰਾ ਵੀ ਆਪ ਨੇ 1929 ਈ: ਵਿਚ ਛਾਪਿਆ। ਇਸ ਤੋਂ ਇਲਾਵਾ ਇਤਿਹਾਸਕ ਖੋਜ ਦੀ ਆਪ ਨੂੰ ਡਾਢੀ ਲਗਨ ਸੀ, ਜਿਸ ਕਾਰਨ 'ਸ੍ਰੀ ਗੁਰ ਸੋਭਾ'



www.AKJ.Org

ਪੁਸਤਕ ਨੂੰ 1925 ਈ ਵਿਚ ਪਹਿਲੀ ਵਾਰ ਪ੍ਰਕਾਸਤ ਕੀਤਾ ਤੇ 'ਹਜ਼ੂਰੀ ਸਾਥੀ' (1934) ਪੁਸਤਕ ਵਿਚ ਸ੍ਰੀ ਹਜ਼ੂਰ ਸਾਹਿਬ ਬਾਰੇ ਅਮੁੱਲੇ ਤਵਾਰੀਖੀ ਹਾਲਾਤ ਸੰਚਿਤ ਕੀਤੇ। ਆਪ ਦੀਆਂ ਹੋਰ ਰਚਨਾਵਾ ਸ੍ਰੀ ਗੁਰੂ ਸ਼ੋਭਾ - ਕਵੀ ਸੈਨਾਪਤੀ, ਪਰਮਾਣੀਕ ਨਿਤਨੇਮ ਗੁਟਕਾ, ਬੁਧੀ ਬਾਰਧਿ, ਹਿਤੋਪਦੇਸ਼ ਰਤਨਾਕਰ ਗੁਰਮੁਖੀ ਵਿਚ ਪੰਚ ਤਾਂਤਰਾ ਤੇ ਇਸਤ੍ਰੀ ਸੰਕਟ ਮੋਚਨ ਆਦਿ ਤੋਂ ਪਤਾ ਲੱਗਦਾ ਹੈ ਕਿ ਆਪ ਕਿਸ ਤਰ੍ਹਾਂ ਸਮਾਜਿਕ ਸੁਧਾਰ ਤੇ ਉੱਚੇ ਵਿਚਾਰਾਂ ਦੇ ਪ੍ਰਚਾਰ ਲਈ ਸਦਾ ਤਿਆਰ-ਬਰ-ਤਿਆਰ ਰਹਿੰਦੇ ਸਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਆਤਮਿਕ ਸਾਹਿਤ ਦਾ ਭੰਡਾਰ ਹੈ, ਜੋ ਕੇਵਲ ਧਾਰਮਿਕ ਜਗਿਆਸੂਆਂ ਲਈ ਹੀ ਨਹੀਂ, ਬਲਕਿ ਭਾਰਤੀ ਪਰੰਪਰਾ ਦੇ ਸਮਾਜਿਕ ਤੇ ਸਾਂਸਕ੍ਰਿਤਕ ਅਧਿਐਨ ਲਈ ਵੀ ਬੜਾ ਮਹੱਤਵਪੂਰਨ ਅਦੁੱਤੀ ਖ਼ਜ਼ਾਨਾ ਹੈ। ਇਸ ਦੇ ਸਰਬ-ਪੱਖੀ ਅਧਿਐਨ ਲਈ ਤਰ੍ਹਾਂ ਤਰ੍ਹਾਂ ਦੀਆਂ ਹਵਾਲਾ-ਪੁਸਤਕਾਂ ਦੀ ਜ਼ਰੂਰਤ ਹੈ, ਜੋ ਖੋਜੀਆਂ ਲਈ ਸਹਾਈ ਹੋ ਸਕਣ ਤੇ ਇਹ 'ਤੁੱਕ ਤਤਕਰਾ' ਹਰ ਅਭਿਲਾਸ਼ੀ ਦੀ ਪਹਿਲੀ ਲੋੜ ਪੂਰੀ ਕਰਨ ਵਾਲਾ ਹੈ।

ਇਸ ਸਦੀ ਦੇ ਮੁੱਢ ਵਿਚ ਜਦੋਂ ਅਕਾਲੀ ਜੀ ਨੇ ਇਕੱਲਿਆਂ ਇਹ ਕਾਰਜ ਅਰੰਭਿਆ, ਉਸ ਸਮੇਂ ਅੱਜ ਵਰਗੇ ਸਾਧਨ ਪ੍ਰਾਪਤ ਨਹੀਂ ਸਨ। ਇਸ ਕਰਕੇ ਇਸ ਕੰਮ ਵਿਚ ਜ਼ਰਾ ਮਾਸਾ ਊਣਤਾਈ ਰਹਿ ਜਾਣਾ ਸੁਭਾਵਕ ਸੀ। ਭਾਸ਼ਾ ਵਿਭਾਗ ਨੇ ਇਸ ਦੀ ਸੋਧੀ ਐਡੀਸ਼ਨ ਛਾਪੀ ਹੈ, ਜੋ ਵਿਦਵਾਨ ਖੋਜੀਆਂ ਦੇ ਕੰਮ ਆਉਣ ਲਾਇਕ ਹੈ।

ਮੈਂ ਜਾਤੀ ਤਜਰਬੇ ਦੇ ਆਧਾਰ ਤੇ ਕਹਿ ਸਕਦਾ ਹਾਂ ਕਿ ਮੈਂ ਗੁਰੂ ਗ੍ਰੰਥ ਸਾਹਿਬ ਦੇ ਚਾਰ ਕੋਸ਼ (ਗੁਰਬਾਣੀ ਕੋਸ਼, ਸ੍ਰੀ ਗੁਰੂ ਗ੍ਰੰਥ ਵਿਚਾਰ ਕੋਸ਼, ਸ੍ਰੀ ਗੁਰੂ ਗ੍ਰੰਥ ਸੰਕੇਤ ਕੋਸ਼, ਤੇ ਸ੍ਰੀ ਗੁਰੂ ਗ੍ਰੰਥ ਮਹਿਮਾ ਕੋਸ਼) ਤਿਆਰ ਕੀਤੇ, ਸਭਨਾਂ ਦੀ ਤਿਆਰੀ ਵਿਚ ਇਹ ਤੁਕ ਤਤਕਰਾ ਸਦਾ ਸਹਾਈ ਹੁੰਦਾ ਰਿਹਾ ਹੈ, ਇਸ ਕਰਕੇ ਮੈਂ ਇਸ ਦੇ ਮਹੱਤਵ ਨੂੰ ਨਜ਼ਰ-ਅੰਦਾਜ਼ ਨਹੀਂ ਕਰ ਸਕਦਾ। ਇਸ ਕਲਮੀ ਸੇਵਾ ਤੋਂ ਇਲਾਵਾ ਅਕਾਲੀ ਜੀ ਨੇ ਅਨਾਥ ਕਸ਼ਮੀਰੀ ਬੱਚਿਆਂ ਲਈ ਚਕਾਰ ਨਾਮੀ ਪਹਾੜੀ ਇਲਾਕੇ ਤੇ ਇਕ ਵਿਦਿਆਲਾ ਵੀ ਸਥਾਪਿਤ ਕੀਤਾ ਸੀ, ਜਿਸ ਵਿਚ ਸੈਂਕੜੇ ਬੱਚੇ ਪੜ੍ਹਦੇ ਸਨ। ਅਜੇ ਪੰਥਕ ਕਾਰਜਾਂ ਵਿਚ ਵੱਧ ਚੜ੍ਹ ਕੇ ਹਿੱਸਾ ਲੇ ਰਹੇ ਸਨ ਤੇ ਪਰ ਉਪਕਾਰੀ ਕਾਰਜਾਂ ਵਿਚ ਵੀ ਯੋਗਦਾਨ ਪਾ ਰਹੇ ਸਨ ਕਿ ਧੁਰੋਂ ਜਲਦੀ ਹੀ ਸੱਦੇ ਆ ਗਏ। ਪਹਿਲਾਂ ਉਨ੍ਹਾਂ ਨੂੰ 1952 ਵਿਚ ਦਿਲ ਦਾ ਦੌਰਾ ਪਇਆ ਅਤੇ ਫਿਰ ਦੁਬਾਰਾ ਇਸੇ ਬੀਮਾਰੀ ਕਾਰਨ 23 ਜਨਵਰੀ 1953 ਨੂੰ ਪਟਿਆਲੇ ਰਹਿੰਦਿਆਂ ਆਪ ਜੀਵਨ ਯਾਤਰਾ ਸਫਲ ਕਰਦੇ ਹੋਏ ਗੁਰੂ ਚਰਨਾਂ ਵਿਚ ਜਾ ਬਿਰਾਜੇ। ਅੱਜ ਲੋੜ ਹੈ ਕਿ ਉਨ੍ਹਾਂ ਦੇ ਇਸ ਉਪਕਾਰ ਦੀ ਯਾਦਗਾਰ ਨੂੰ ਸੁਰਜੀਤ ਕੀਤਾ ਜਾਵੇ ਤੇ ਕਸ਼ਮੀਰ ਸਰਕਾਰ ਅਤੇ ਸ੍ਰੋ.ਗੁ. ਪ੍ਰਬੰਧਕ ਕਮੇਟੀ ਇਸ ਲਈ ਯੋਗ ਉਪਰਾਲਾ ਕਰੇ।

*(ਸੂਰਾ ਮਾਸਿਕ ਪੱਤਰ ਅਕਤੂਬਰ 1990 ਵਿਚੋਂ ਧੰਨਵਾਦ ਸਹਿਤ)*

# ਸ੍ਰੀ ਮੁਨਸ਼ਾ ਸਿੰਘ ਜੀ 'ਦੁਖੀ' ਗਦਰੀ ਬਾਬਾ

ਸ. ਸਵਰਨ ਸਿੰਘ ਸਨੇਹੀ ਫਿਲੌਰ

ਭਾਰਤ ਦੇਸ਼ ਨੂੰ ਵਿਦੇਸ਼ੀਆਂ ਦੇ ਬੰਧਨਾਂ ਤੋਂ ਮੁਕਤ ਕਰਵਾਉਣ ਹਿੱਤ ਅਤੇ ਅਜ਼ਾਦੀ ਦਿਵਾਉਣ ਲਈ ਆਪਣੀਆਂ ਕੀਮਤੀ ਜਾਨਾਂ ਦੀ ਹੱਸਦਿਆਂ ਹੱਸਦਿਆਂ ਭੇਟ ਚਾੜ੍ਹਨ ਖਾਤਰ, ਪੰਜਾਬ ਦੇ ਜਿੰਨ੍ਹਾਂ ਬੀਰਾਂ ਬੀਰਾਂਗਣਾਂ ਤੇ, ਕੌਮ ਨੂੰ ਮਾਣ ਹੈ, ਸ੍ਰੀ ਮੁਨਸ਼ਾ ਸਿੰਘ ਜੀ 'ਦੁਖੀ' ਉਨ੍ਹਾਂ ਪੰਜਾਬੀ ਸਪੂਤਾਂ ਵਿੱਚੋਂ ਇਕ ਸਨ। 'ਦੁਖੀ' ਭਾਵੇਂ ਸੀ ਤਾਂ ਇਕ ਕਵੀ ਹੋਣ ਕਾਰਨ ਉਨ੍ਹਾਂ ਦਾ ਉਪਨਾਮ ਜਾਂ ਤਖ਼ੱਲਸ, ਪਰ ਇਹ ਉਨ੍ਹਾਂ ਦੀ ਜ਼ਿੰਦਗੀ ਤੇ ਬੜਾ ਢੁਕਿਆ, ਕਿਉਂਕਿ ਉਹ ਸਾਰੀ ਉਮਰ ਦੁੱਖਾਂ, ਕਲੇਸ਼ਾਂ, ਕਸ਼ਟਾਂ ਨਾਲ ਹੀ ਜੂਝਦੇ ਰਹੇ।



www.AKJ.Org

ਮੁਨਸ਼ਾ ਸਿੰਘ ਜੀ 'ਦੁਖੀ' ਜੀ ਦਾ ਜਨਮ ਪੰਜਾਬ ਦੇ ਦੁਆਬਾ ਇਲਾਕੇ ਦੇ ਪ੍ਰਸਿੱਧ ਕਸਬੇ ਜੰਡਿਆਲਾ ਮੰਜਕੀ (ਜ਼ਿਲ੍ਹਾ ਜਲੰਧਰ) ਵਿੱਚ ਪਹਿਲੀ ਜੁਲਾਈ 1890 ਨੂੰ ਹੋਇਆ। ਆਪ ਦੇ ਪਿਤਾ ਸਰਦਾਰ ਨਿਹਾਲ ਸਿੰਘ ਜੀ 32 ਨੰਬਰ ਪਾਇਉਨੀਅਰ ਪਲਟਣ ਵਿੱਚ ਸੂਬੇਦਾਰ ਸਨ ਜਿਸ ਕਰਕੇ ਪੰਜਾਂ ਪੁੱਤਾਂ ਦੇ ਪਾਲਣ ਪੋਸ਼ਣ ਦਾ ਭਾਰ ਮਾਤਾ ਮਹਿਤਾਬ ਕੌਰ ਤੇ ਪਿਆ। 'ਦੁਖੀ' ਜੀ ਦੋਂਹ ਭਰਾਵਾਂ ਤੋਂ ਛੋਟੇ ਤੇ ਦੋਂਹ ਤੋਂ ਵੱਡੇ ਸਨ।

'ਦੁਖੀ' ਜੀ ਦੇ ਭਾਗਾਂ ਵਿੱਚ ਪਾਠਸ਼ਾਲੀ ਵਿਦਿਆ ਬਹੁਤ ਘੱਟ ਹੋਈ। ਪ੍ਰਾਇਮਰੀ ਤੱਕ ਦੀ ਪੜ੍ਹਾਈ ਉਨ੍ਹਾਂ ਪਿੰਡ ਦੇ ਸਕੂਲ ਵਿੱਚ ਕੀਤੀ। ਉਨ੍ਹਾਂ ਦਿਨਾਂ ਵਿੱਚ ਸਕੂਲਾਂ ਵਿੱਚ ਪੰਜਾਬੀ ਨਹੀਂ ਸੀ ਪੜ੍ਹਾਈ ਜਾਂਦੀ, ਸਗੋਂ ਫਾਰਸੀ ਵਿਚਲੀਆਂ ਪ੍ਰਸਿੱਧ ਰਚਨਾਵਾਂ ਗੁਲਸਿਤਾਂ ਬੋਸਤਾਂ ਪੰਜਵੀਂ ਵਿੱਚ ਪੜ੍ਹਾ ਦਿੱਤੀਆਂ ਜਾਂਦੀਆਂ ਸਨ। ਪੰਜਾਬੀ ਦਾ ਮੁੱਢਲਾ ਗਿਆਨ ਆਪ ਨੇ ਉਸ ਭਾਈ ਸੋਭਾ ਸਿੰਘ ਜੀ ਤੋਂ ਪ੍ਰਾਪਤ ਕੀਤਾ, ਜਿਹੜੇ ਅੰਗਰੇਜ਼ ਸਿੱਖ ਯੁਧਾਂ ਦੌਰਾਨ ਸਭਰਾਵਾਂ ਦੇ ਮੈਦਾਨ ਵਿੱਚ ਸਰਦਾਰ ਸ਼ਾਮ ਸਿੰਘ ਅਟਾਰੀ ਦੇ ਅੰਗ ਰਖਿਅਕ ਵਜੋਂ ਲੜ ਚੁੱਕੇ ਸਨ। ਪੰਜਾਬ ਉੱਪਰ ਅੰਗਰੇਜ਼ਾਂ ਦਾ ਕਬਜ਼ਾ ਹੋ ਜਾਣ ਪਿੱਛੋਂ, ਉਹ ਪੁਲਸੀਏ ਸੂਹੀਆਂ ਤੇ ਮੁਖਬਰਾਂ ਤੋਂ ਬਚਣ ਲਈ ਸਾਧੂ ਭੇਸ ਵਿੱਚ ਜੰਡਿਆਲੇ ਦੀ ਗਗੜਾਂ ਦੀ ਧਰਮਸਾਲਾ ਵਿੱਚ ਟਿਕੇ ਹੋਏ ਸਨ। ਇਉਂ ਦੇਸ਼ ਭਗਤੀ ਦਾ ਪਹਿਲਾ ਸਬਕ, ਭਾਈ ਸਾਹਿਬ ਦੀ ਸੰਗਤ ਕਰ ਕੇ ਸਿਖਣਾ 'ਦੁਖੀ' ਜੀ ਦੇ ਜੀਵਨ ਦੀ ਇਕ ਸੁਭਾਗੀ ਘਟਨਾ ਸੀ।

ਭਾਈ ਸਾਹਿਬ ਜੀ ਪ੍ਰਤੀ 'ਦੁਖੀ' ਜੀ ਬੜੇ ਕਿਰਤੱਗ ਸਨ। ਆਪ ਅਕਸਰ ਦਸਿਆ ਕਰਦੇ ਸਨ ਕਿ ਇਹ ਮਹਾਂਪੁਰਸ਼ ਨਿਰੇ ਜੋਧੇ ਹੀ ਨਹੀਂ ਸਗੋਂ ਪੁਜ ਕੇ ਵਿਦਵਾਨ ਵੀ ਸਨ। ਦੇਸ਼ ਭਗਤੀ ਦੀ ਪਹਿਲੀ ਰੰਗਣ ਆਪ ਨੂੰ ਇਨ੍ਹਾਂ ਵੱਲੋਂ ਹੀ ਚਾੜ੍ਹੀ ਗਈ ਸੀ। ਇਹ ਗੱਲ ਸਵੀਕਾਰ ਕਰਦਿਆਂ 'ਦੁਖੀ' ਜੀ ਮਾਣ ਮਹਿਸੂਸ ਕਰਿਆ ਕਰਦੇ ਕਿਹਾ ਕਰਦੇ ਸਨ, "ਮੇਰੇ ਮਾਤਾ ਪਿਤਾ ਤੋਂ ਉਤਰ ਕੇ ਮੇਰੇ ਜੀਵਨ ਉੱਤੇ ਉਨ੍ਹਾਂ ਮਹਾਂਪੁਰਖਾਂ ਦੀ ਸਿਖਿਆ ਤੇ ਸੰਗਤ ਦਾ ਬਹੁਤ ਅਸਰ ਹੈ। ਇਨ੍ਹਾਂ ਨੇ ਮੇਰੇ ਜੀਵਨ ਨੂੰ ਅਕੰਟਕ ਬਣਾਇਆ ਅਤੇ ਭਵਿੱਖ ਦਰਸਾ, ਉਤਸ਼ਾਹਤ ਕਰ ਕੇ ਨਿਡਰਤਾ ਅਤੇ ਨਿਧੜਕਤਾ ਦਾ ਜਾਮ ਪਿਲਾਇਆ।" ਭਾਈ ਸੋਭਾ ਸਿੰਘ ਜੀ ਨੇ 'ਦੁਖੀ' ਨੂੰ ਸਾਵਧਾਨ ਕੀਤਾ ਸੀ ਕਿ ਉਨ੍ਹਾਂ ਉਪਰ ਜ਼ਿੰਦਗੀ ਭਰ ਮੁਸ਼ਕਲਾਂ/ਮੁਸੀਬਤਾਂ ਬਹੁਤ ਪੈਣਗੀਆਂ ਪਰ ਉਹ ਹੌਸਲਾ ਰਖ ਕੇ ਆਪਣੀ ਮੰਜ਼ਿਲ ਵੱਲ ਵਧੀ ਜਾਣ, ਸਭ ਮੁਸ਼ਕਲਾਂ ਵਿਚੋਂ ਨਿਕਲ ਜਾਣਗੇ।

'ਦੁਖੀ' ਜੀ ਦਾ ਝੁਕਾਉ 1905 ਈ: ਵਿੱਚ ਹੀ ਕੌਮੀ ਰਾਜਨੀਤੀ ਵਲ ਨੂੰ ਹੋਣਾ ਸ਼ੁਰੂ ਹੋ ਗਿਆ ਸੀ। ਸੰਨ 1907 ਵਿੱਚ ਨਹਿਰੀ ਪਾਣੀ ਦੇ ਮਾਮਲੇ ਬਾਰੇ ਬਣਾਏ ਗਏ ਕਿਸਾਨ ਵਿਰੋਧੀ ਕਾਲੇ ਕਾਨੂੰਨ ਦੇ ਵਿਰੋਧ ਵਿੱਚ, ਸ਼ਹੀਦ ਭਗਤ ਸਿੰਘ ਦੇ ਚਾਚੇ ਸਰਦਾਰ ਅਜੀਤ ਸਿੰਘ ਤੇ ਲਾਲਾ ਲਾਜਪਤ ਰਾਇ ਵੱਲੋਂ ਚਲਾਏ ਗਏ ਅੰਦੋਲਨ ਦੇ ਸਿੱਟੇ ਵਜੋਂ, ਦੋਹਾਂ ਨੇਤਾਵਾਂ ਦੀ ਬਰਮਾ ਵਿੱਚ ਕੀਤੀ ਗਈ ਜਲਾਵਤਨੀ ਦੀ ਘਟਨਾ, ਆਪ ਦੇ ਜੀਵਨ ਵਿੱਚ ਇੱਕ ਮਹੱਤਵਪੂਰਨ ਮੋੜ ਸਾਬਤ ਹੋਈ, ਹਾਲਾਂਕਿ ਆਪ ਆਪਣਾ ਰਾਜਸੀ ਗੁਰੂ ਬਾਲ ਗੰਗਾਧਰ ਤਿਲਕ ਨੂੰ ਮੰਨਦੇ ਸਨ।

'ਦੁਖੀ' ਜੀ ਪੜ੍ਹਾਈ ਵੱਲੋਂ ਵਿਹਲੇ ਹੋ ਜਾਣ ਕਾਰਨ, ਆਪਣੇ ਦੋ ਵੱਡੇ ਭਰਾਵਾਂ ਕੋਲ ਕਲਕੱਤੇ ਚਲੇ ਗਏ। ਬੰਗਾਲ ਉਦੋਂ ਵਿਦੇਸ਼ੀ ਰਾਜ ਵਿਰੁੱਧ ਬਹੁਤ ਸਰਗਰਮ ਸੀ ਤੇ ਬੰਗਾਲੀ ਕ੍ਰਾਂਤੀਕਾਰੀਆਂ ਨੇ ਕਈ ਸਭਾਵਾਂ ਸੰਗਠਿਤ ਕੀਤੀਆਂ ਹੋਈਆਂ ਸਨ। 'ਦੁਖੀ' ਜੀ ਵੀ, ਅਰਵਿੰਦ ਘੋਸ਼ ਵੱਲੋਂ ਸਥਾਪਤ ਅਜਿਹੀ ਸੰਸਥਾ ਵਿੱਚ ਸ਼ਾਮਲ ਹੋ ਗਏ। ਇੱਥੋਂ ਆਪ ਨੂੰ ਉਨ੍ਹਾਂ ਅਕਹਿ ਤੇ ਅਸਹਿ ਕਸ਼ਟਾਂ ਦੀ ਜਾਣਕਾਰੀ ਪ੍ਰਾਪਤ ਹੋਈ ਜੋ ਉਨ੍ਹਾਂ ਦਿਨਾਂ ਵਿੱਚ ਵਤਨ ਦੇ ਆਸ਼ਕ ਕਿਸੇ ਹਿੰਦੀ ਨੂੰ ਦਿੱਤੇ ਜਾ ਸਕਦੇ ਸਨ। ਇਨ੍ਹਾਂ ਨੂੰ ਦਸਿਆ ਗਿਆ ਕਿ ਸਰਕਾਰੀ ਅਧਿਕਾਰੀਆਂ ਵੱਲੋਂ ਦੇਸ਼ ਭਗਤਾਂ ਦਾ ਸਿਰ ਮੁੰਨ ਕੇ ਉਸ ਵਿੱਚ ਉਸਤਰੇ ਨਾਲ ਲਾਏ ਗਏ ਪੱਛਾਂ ਵਿੱਚ ਲੂਣ ਭੁਕਿਆ ਜਾਂਦਾ ਹੈ। ਹੱਥਾਂ ਪੈਰਾਂ ਵਿੱਚ ਕਿਲ ਠੋਕ ਕੇ ਕਾਠ ਮਾਰਿਆ ਜਾਂਦਾ ਹੈ। ਲੱਤਾਂ ਨੂੰ ਰੱਸਾ ਪਾ ਕੇ ਪੁੱਠੇ ਲਟਕਾਇਆ ਜਾਂਦਾ ਹੈ। ਸਲ੍ਹਾਬੇ ਵਾਲੇ ਹਨ੍ਹੇਰ ਘੁਪ ਕੋਠਿਆਂ ਵਿੱਚ ਸਾਲਾਂ ਬੱਧੀ ਰਖਿਆ ਜਾਦਾ ਹੈ। ਭੁੱਖੇ ਪਿਆਸੇ ਰਹਿ ਕੇ ਲੂਣ ਵਾਂਗ ਖੁਰ ਖੁਰ ਕੇ ਮਰਨਾ ਪੈਂਦਾ ਹੈ।[3]


www.AKJ.Org

ਸਿੱਖ ਇਤਿਹਸ ਵਿੱਚਲੀਆਂ ਰੌਂਗਟੇ ਖੜ੍ਹੇ ਕਰਨ ਵਾਲੀਆਂ ਸਾਖੀਆਂ ਆਪ ਨੇ ਸੁਣੀਆਂ ਹੀ ਹੋਈਆਂ ਸਨ, ਜਿਨ੍ਹਾਂ ਵਿੱਚ ਭਾਈ ਤਾਰੂ ਸਿੰਘ ਦੀ ਖੋਪਰੀ ਲਾਹੇ ਜਾਣ, ਸੁਬੇਗ ਸਿੰਘ ਸ਼ਾਹਬਾਜ਼ ਸਿੰਘ ਨੂੰ ਚਰਖੜੀ ਤੇ ਚਾੜ੍ਹੇ ਜਾਣ, ਭਾਈ ਤਾਰਾ ਸਿੰਘ ਜੀ ਦਾ ਗਲ ਕੱਟ ਕੇ ਉੱਪਰ ਤਾਂਡਵ ਨਾਚ ਨੱਚਣ ਦੀ ਸਾਖੀ ਤੇ ਦਸਮੇਸ਼ ਦੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੀ ਸਾਖੀ, ਜਿਨ੍ਹਾਂ ਇੰਨੀ ਛੋਟੀ ਉਮਰ ਵਿੱਚ ਵੀ ਆਪਣੇ ਆਦਰਸ਼ ਤੋਂ ਪਿੱਛੇ ਪੈਣ ਨਾਲੋਂ ਸ਼ਹੀਦੀ ਪ੍ਰਾਪਤ ਕਰਨ ਨੂੰ ਪਹਿਲ ਦਿੱਤੀ ਸੀ, ਸ਼ਾਮਲ ਸਨ। ਇਨ੍ਹਾਂ ਨੇ 'ਦੁਖੀ' ਜੀ ਦਾ ਮਨ ਪਹਿਲਾਂ ਹੀ ਕਾਫੀ ਤਿਆਰ ਕੀਤਾ ਹੋਇਆ ਸੀ। ਹੁਣ ਬੰਗਾਲ ਵਿੱਚ ਹੀ ਉਲਾਸਕਰ ਦੱਤ, ਨਰਿੰਦਰੋ ਨਾਥ ਗੁਸਾਂਈਂ, ਖੁਦੀਰਾਮ ਬੋਸ, ਕਨ੍ਹਈਆ ਲਾਲ ਦੱਤ, ਬੀਰੇਂਦਰ ਘੋਸ਼ ਤੇ ਅਰਵਿੰਦ ਘੋਸ਼ ਆਦਿ ਦੀਆਂ ਬਹਾਦਰੀ ਦੀਆਂ ਕਥਾਵਾਂ ਵੀ ਆਪ ਦੇ ਮਨ ਤੇ ਉਕਰੀਆਂ ਗਈਆਂ ਜਿਨ੍ਹਾਂ ਨੇ ਸੋਨੇ ਤੇ ਸੁਹਾਗੇ ਦਾ ਕੰਮ ਕੀਤਾ।

ਭਰਾ ਵਲ ਦੇਖ ਕੇ 'ਦੁਖੀ' ਜੀ ਦਾ ਮਨ ਵੀ ਪ੍ਰਦੇਸ਼ ਜਾਣ ਲਈ ਉਗਮ ਪਿਆ ਤੇ ਉਹ ਵੀ ਵਿਦੇਸ਼ ਯਾਤਰਾ ਤੇ ਨਿਕਲ ਪਏ। ਹਾਂਗਕਾਂਗ ਪੁੱਜ ਕੇ ਉਨ੍ਹਾਂ ਨੂੰ ਪਤਾ ਲਗਾ ਕਿ ਉਨ੍ਹਾਂ ਦੇ ਮਨਪਸੰਦ ਸ਼ਹਿਰ ਸਨਫਰਾਂਸਿਸਿਕੋ ਵਿੱਚ ਉਤਰਨ ਤੇ ਪ੍ਰਵਾਸੀਆਂ ਨੂੰ ਕਈ ਮੁਸ਼ਕਲਾਂ ਪੇਸ਼ ਆਉਂਦੀਆਂ ਹਨ, ਜਦ ਕਿ ਹੋਨੋਲੂਲੂ ਜਾਣ ਵਿੱਚ ਕੋਈ ਅਜਿਹੀ ਸਮੱਸਿਆ ਨਹੀਂ ਹੈ। ਇਸ ਲਈ ਹੋਨੋਲੂਲੂ ਉਤਰਨ ਵਾਲੇ ਆਪ ਪਹਿਲੇ ਭਾਰਤੀ ਪ੍ਰਵਾਸੀ ਸਨ। ਇੱਥੇ ਕੁਛ ਚਿਰ ਰਹਿਣ ਪਿਛੋਂ, ਆਪ ਜਨਵਰੀ 1910 ਵਿੱਚ ਸਨਫਰਾਂਸਿਸਕੋ ਪੁੱਜਣ ਵਿੱਚ ਕਾਮਯਾਬ ਹੋ ਗਏ। ਇਹ ਸ਼ਹਿਰ ਵਿਸ਼ਵ ਭਰ ਦੇ ਕ੍ਰਾਂਤੀਕਾਰੀਆਂ ਦਾ ਅੱਡਾ ਹੋਣ ਕਰ ਕੇ ਆਪ ਨੂੰ ਇੱਥੋਂ ਦਾ ਵਾਤਾਵਰਣ ਬਹੁਤ ਰਾਸ ਬੈਠਣਾ ਸੁਭਾਵਕ ਗੱਲ ਸੀ।

ਹਿੰਦੀਆਂ ਵਿਸ਼ੇਸ਼ ਕਰ ਕੇ ਪੰਜਾਬੀ ਪ੍ਰਵਾਸੀਆਂ ਨੂੰ, ਹਿੰਦ ਵਿੱਚ ਵਿਦੇਸ਼ੀ ਰਾਜ ਵਿਰੁੱਧ ਉੱਠਣ ਲਈ ਗਰਮਾਉਣ ਵਾਲੇ ਕਈ ਕਾਰਨ ਸਨ ਜਿਸ ਵਿੱਚ, 'ਦੁਖੀ' ਜੀ ਅਨੁਸਾਰ ਕਿਸੇ ਪਰਵਾਸੀ ਦੀ ਉਮਰ ਦਾ ਬਹੁਤ ਵੱਡਾ ਹਿੱਸਾ ਸੀ। ਜਵਾਨੀ ਵਿੱਚ ਹੋਸ਼ ਉਪਰ ਜੋਸ਼ ਭਾਰੂ ਹੁੰਦਾ ਹੈ। 'ਦੁਖੀ' ਜੀ ਆਪ ਵੀ ਭਰ ਜੁਆਨੀ ਵਿੱਚ ਸਨ। ਇਕ ਜਵਾਨੀ, ਉਪਰੋਂ ਸੁਤੰਤਰ ਦੇਸ਼ਾਂ ਦਾ ਵਾਤਾਵਰਣ, ਜਿਸਨੇ ਗੁਲਾਮਾਂ ਤੇ ਸੁਤੰਤਰਾਂ ਵਿਚਕਾਰਲਾ ਫਰਕ ਦਿਮਾਗੇ ਪਾ ਦਿੱਤਾ, ਤੀਜੇ ਕ੍ਰਾਂਤੀਕਾਰੀਆਂ ਦੀ ਸੰਗਤ, ਚੌਥੇ ਅੰਗਰੇਜ਼ ਮਾਲਕਾਂ ਵੱਲੋਂ ਆਪਣੇ ਨੌਕਰਾਂ ਨਾਲ ਅਪਮਾਨਜਨਕ, ਦੁਖਦਾਈ ਤੇ ਅਤਿਆਚਾਰੀ ਵਿਵਹਾਰ ਤੇ ਪੰਜਵਾਂ-ਸੁਤੰਤਰ ਦੇਸ਼ਾਂ ਦੇ ਸ਼ਹਿਰੀਆਂ ਵੱਲੋਂ ਭਾਰਤੀਆਂ ਜਾਂ ਪੰਜਾਬੀਆਂ ਨੂੰ ਮਾਰੇ ਜਾਂਦੇ ਮਿਹਣਿਆਂ ਦਾ ਵੀ ਪ੍ਰਵਾਸੀਆਂ ਨੂੰ ਉਭਾਰਨ ਵਿੱਚ ਆਪੋ-ਆਪਣਾ ਯੋਗਦਾਨ ਸੀ। ਦੋ ਸਾਲ ਅਮਰੀਕਾ ਰਹਿਣ ਪਿਛੋਂ 'ਦੁਖੀ' ਜੀ ਕੈਨੇਡਾ ਵਿੱਚ ਆਪਣੇ ਭਰਾ ਕੋਲ ਚਲੇ ਗਏ।

ਪ੍ਰਸਿੱਧ ਦੇਸ਼ ਭਗਤ ਤੇ ਕ੍ਰਾਂਤੀਕਾਰੀ ਲਾਲਾ ਹਰਦਿਆਲ ਦੀ ਅਮਰੀਕਾ ਯਾਤਰਾ ਦਾ ਜੋ ਸਿੱਟਾ ਨਿਕਲਿਆ, ਉਹ ਅਮਰੀਕਾ ਵਿੱਚ ਅਪਰੈਲ 1913 ਵਿੱਚ ਗਦਰ ਪਾਰਟੀ ਦੇ ਮੁੱਢ ਬਝਣ ਦੇ ਰੂਪ ਵਿੱਚ ਸੀ। ਪਹਿਲੀ ਨਵੰਬਰ ਨੂੰ ਇਨਕਲਾਬ ਦੇ ਪ੍ਰਚਾਰ ਲਈ ਇਸ ਪਾਰਟੀ ਵਲੋਂ 'ਗਦਰ' ਨਾਂ ਦਾ ਅਖ਼ਬਾਰ ਜਾਰੀ ਕੀਤਾ ਗਿਆ, ਜਿਹੜਾ ਪਹਿਲਾਂ ਉਰਦੂ ਵਿੱਚ ਛਾਪਿਆ ਗਿਆ, ਪਰ ਪਿੱਛੋਂ ਪੰਜਾਬੀ ਵਿੱਚ ਵੀ ਛਪਣਾ ਆਰੰਭ ਹੋ ਗਿਆ। ਇਸ ਨੇ ਕ੍ਰਾਂਤੀ ਦਾ ਪ੍ਰਚਾਰ ਆਂਕੜਿਆਂ ਦੇ ਆਧਾਰ ਤੇ ਆਰੰਭਿਆ। ਇਹ ਪਰਚਾ ਇੰਨਾਂ ਹਰਮਨ ਪਿਆਰਾ ਹੋ ਗਿਆ ਕਿ ਸੰਨ 1916 ਤਕ ਇਸ ਦੀ ਛੱਪਣ ਗਿਣਤੀ ਦਸ ਲਖ ਤਕ ਪੁੱਜ ਗਈ ਦੱਸੀ ਜਾਂਦੀ ਹੈ ਹਾਲਾਂਕਿ ਇਹ ਪਰਚਾ ਸਭ ਥਾਈਂ ਮੁਫਤ ਵੰਡਿਆ-ਭੇਜਿਆ ਜਾਂਦਾ ਸੀ।

'ਦੁਖੀ' ਜੀ ਗ਼ਦਰ ਪਾਰਟੀ ਦੇ ਸਰਗਰਮ ਤੇ ਜੋਸ਼ੀਲੇ ਕਾਰਕੁਨ ਬਣ ਗਏ। ਉਹ ਜਿੰਨਾਂ ਚਿਰ ਕੈਨੇਡਾ ਰਹੇ, ਹਰ ਸ਼ਨੀਵਾਰ ਗੁਰਦੁਆਰੇ ਦੇ ਤਹਿਖਾਨੇ ਵਿੱਚ ਗੁਪਤ ਕ੍ਰਾਂਤੀਕਾਰੀ ਭਾਸ਼ਣ ਦੇਣਾ ਤੇ ਐਤਵਾਰ ਸਵੇਰੇ ਖੁਲ੍ਹੇ ਤੌਰ 'ਤੇ ਗੁਰਦੁਆਰੇ ਵਿੱਚ ਸਤਸੰਗ ਕਰਨਾ, ਉਨ੍ਹਾਂ ਦੇ ਜੀਵਨ ਦਾ ਵਿਸ਼ੇਸ਼ ਹਿੱਸਾ ਬਣਿਆ ਰਿਹਾ। ਛੇਤੀ ਹੀ ਉਹ ਹਰ ਹਫਤੇ ਅੱਗ ਉਗਲਦੀਆਂ ਦੋ ਤਰ੍ਹਾਂ ਦੀਆਂ ਕਵਿਤਾਵਾਂ ਰਚਣ ਲਗ ਪਏ ਜਿਨ੍ਹਾਂ ਵਿਚੋਂ ਇਕ ਤਾਂ ਜਨਤਕ ਇਕੱਠ ਵਿੱਚ ਪੜ੍ਹੇ



www.AKJ.Org

ਜਾਣ ਲਈ ਤੇ ਦੂਜੀ 'ਗਦਰ' ਵਿੱਚ ਛਪਣ ਵਾਸਤੇ ਹੁੰਦੀ। ਇਹ ਕਵਿਤਾਵਾਂ ਸ੍ਰੋਤਿਆਂ ਤੇ ਪਾਠਕਾਂ ਲਈ ਇਨਕਲਾਬ ਲਈ ਪ੍ਰੇਰਨਾ ਸ੍ਰੋਤ ਹੁੰਦੀਆਂ।

ਸੰਨ 1914 ਵਿੱਚ ਪਹਿਲਾਂ ਵਿਸ਼ਵ ਯੁੱਧ ਛਿੜ ਪਿਆ, ਜਿਸ ਵਿੱਚ ਬਰਤਾਨੀਆਂ ਬੁਰੀ ਤਰ੍ਹਾਂ ਫਸਿਆ ਹੋਇਆ ਸੀ। ਮੁਸੀਬਤ ਵਿੱਚ ਫਸੇ ਦੁਸ਼ਮਣ ਦੀ ਮਜ਼ਬੂਰੀ ਦਾ ਲਾਹਾ ਲੈਣ ਦੇ ਖਿਆਲ ਨਾਲ ਗਦਰ ਪਾਰਟੀ ਨੇ ਸਭ ਹਿੰਦੁਸਤਾਨੀ ਪਰਵਾਸੀਆਂ ਨੂੰ ਦੇਸ਼ ਵਾਪਸ ਜਾ ਕੇ ਫੌਜੀ ਛਾਉਣੀਆਂ ਵਿੱਚ ਤੋੜ ਭੰਨ ਕਰ ਕੇ, ਹਥਿਆਰਬੰਦ ਇਨਕਲਾਬ ਦੀ ਤਿਆਰੀ ਕਰਨ ਦਾ ਆਦੇਸ਼ ਦਿੱਤਾ, ਜਿਸ ਤੇ ਫੁਲ ਚਾੜ੍ਹ ਕੇ ਹਿੰਦੀਆਂ ਨੇ ਦੇਸ਼ ਵੱਲ ਵਹੀਰਾਂ ਘੱਤ ਦਿੱਤੀਆਂ। ਇਨ੍ਹਾਂ ਵਿੱਚ ਹੀ "ਕਾਮਾਗਾਟਾ ਮਾਰੂ' ਜਹਾਜ਼ ਦੀ ਦੁਖਦਾਈ ਘਟਨਾ ਵਾਪਰ ਗਈ।

'ਕਾਮਾਗਾਟਾ ਮਾਰੂ' ਇਕ ਜਾਪਾਨੀ ਜਹਾਜ਼ ਦਾ ਨਾਂ ਸੀ, ਜਿਹੜਾ ਸਰਹਾਲੀ (ਜ਼ਿਲ੍ਹਾ ਅੰਮ੍ਰਿਤਸਰ) ਵਾਲੇ ਬਾਬਾ ਗੁਰਦਿਤ ਸਿੰਘ ਨੇ ਸਭ ਸਰਕਾਰੀ ਸ਼ਰਤਾਂ ਪੂਰੀਆਂ ਕਰਦਿਆਂ ਪੰਜਾਬੀਆਂ ਨੂੰ ਕੈਨੇਡਾ ਲੈ ਜਾਣ ਵਾਸਤੇ ਖਰੀਦਿਆ ਸੀ। ਸਾਰੀਆਂ ਸੰਬੰਧਿਤ ਧਿਰਾਂ ਉਦੋਂ ਬੇਗ਼ਾਰ ਹੋ ਗਈਆਂ, ਜਦੋਂ ਸਾਰੀਆਂ ਹੀ ਸਰਕਾਰੀ ਸ਼ਰਤਾਂ ਪੂਰੀਆਂ ਕੀਤੀਆਂ ਹੋਣ ਦੇ ਬਾਵਜੂਦ, ਨਾ ਤਾਂ ਇਸ ਜਹਾਜ਼ ਨੂੰ ਵੈਨਕੂਵਰ ਬੰਦਰਗਾਹ ਵਿੱਚ ਜਾਣ ਦਿੱਤਾ ਗਿਆ ਤੇ ਨਾ ਹੀ ਇਸ ਦੇ ਦੁਖਿਆਰੇ ਮੁਸਾਫਰਾਂ ਨੂੰ ਉਤਰਨ ਦੀ ਆਗਿਆ ਦਿੱਤੀ ਗਈ। ਸਗੋਂ ਇਸ ਦੇ ਉਲਟ ਮੁਸਾਫਰਾਂ ਨੂੰ ਬਿਨਾਂ ਰਾਸ਼ਨ ਪਾਣੀ ਦਿੱਤਿਆਂ ਹੀ ਜਹਾਜ਼ ਵਿੱਚ ਤੇ ਜਹਾਜ਼ ਨੂੰ ਸਮੁੰਦਰ ਵਿੱਚ ਖੜ੍ਹਾ ਕਰੀ ਰਖਿਆ। ਸਥਿਤੀ ਦਿਨੋਂ ਦਿਨ ਵਿਗੜਦੀ ਗਈ। ਅੰਤ ਸਰਕਾਰ ਨੇ ਜਹਾਜ਼ ਨੂੰ ਮੁਸਾਫਰਾਂ ਸਮੇਤ ਸਮੁੰਦਰ ਵਿੱਚ ਹੀ ਤਬਾਹ ਕਰ ਦੇਣ ਦੀ ਗੁਪਤ ਵਿਉਂਤਬੰਦੀ ਕਰ ਲਈ, ਜਿਸ ਦੀ ਕਿਸੇ ਤਰ੍ਹਾਂ ਪੰਜਾਬੀ ਪਰਵਾਸੀਆਂ ਨੂੰ ਸੂਹ ਲਗ ਗਈ। ਉਨ੍ਹਾਂ ਨੇ ਆਪਣੇ ਵਤਨੀ ਭਰਾਵਾਂ ਦੇ ਇਸ ਦੁਖਦਾਈ ਅੰਤ ਦਾ ਬਦਲਾ ਲੈਣ ਲਈ, ਸ਼ਹਿਰ ਵਿਚੋਂ ਰੂੰ ਤੇ ਮਿੱਟੀ ਦਾ ਤੇਲ ਇਕੱਠਾ ਕਰਨਾ ਸ਼ੁਰੂ ਕਰ ਦਿੱਤਾ ਤਾਂ ਕਿ ਜਹਾਜ਼ ਨੂੰ ਤਬਾਹ ਕੀਤੇ ਜਾਣ ਸਮੇਂ ਹੀ ਵੈਨਕੂਵਰ ਸ਼ਹਿਰ ਨੂੰ ਵੀ ਸਾੜ ਫੂਕ ਦਿੱਤਾ ਜਾਵੇ। ਇਸ ਯੋਜਨਾ ਦੀ ਭਿਣਕ ਸਰਕਾਰ ਨੂੰ ਪੈ ਜਾਣ ਤੇ ਹੀ ਮੁਸਾਫਰਾਂ ਨੂੰ ਕੁਛ ਰਾਸ਼ਨ ਪਾਣੀ ਦੇ ਕੇ ਜਹਾਜ਼ ਨੂੰ ਵਾਪਸ ਹਿੰਦੁਸਤਾਨ ਜਾਣ ਦੀ ਆਗਿਆ ਦਿੱਤੀ ਗਈ ਸੀ। ਇਸ ਸੰਕਟ ਦੌਰਾਨ 'ਦੁਖੀ' ਜੀ ਨੇ ਝੰਡੀ-ਇਸ਼ਾਰਿਆਂ ਰਾਹੀਂ ਮੁਸਾਫਰਾਂ ਤੇ ਕੈਨੇਡੀਅਨ ਪੰਜਾਬੀਆਂ ਵਿਚਕਾਰ ਸੰਪਰਕ ਬਣਾਈ ਰੱਖਣ ਵਿੱਚ ਬਹੁਤ ਵੱਡਾ ਯੋਗਦਾਨ ਪਾਇਆ ਸੀ। 'ਕਾਮਾਗਾਟਾ ਮਾਰੂ' ਘਟਨਾ ਨੇ ਬਲਦੀ ਤੇ ਤੇਲ ਦਾ ਕੰਮ ਕੀਤਾ।

ਆਪਣੀਆਂ ਦੇਸ਼ ਭਗਤਕ ਕਾਰਵਾਈਆਂ ਕਾਰਨ 'ਦੁਖੀ' ਜੀ ਕੈਨੇਡਾ ਸਰਕਾਰ ਦੀ ਅੱਖ ਦਾ ਰੋੜਾ ਬਣ ਚੁੱਕੇ ਸਨ। ਉਹ ਕੁਛ ਚਿਰ ਭੇਸ ਬਦਲ ਕੇ ਅਬਦੁਲਾ ਨਾਂ ਦੇ ਹੇਠ ਮੁਸਲਮਾਨ ਪ੍ਰਚਾਰਕ ਵੀ ਬਣੇ ਰਹੇ। ਗਦਰ ਪਾਰਟੀ ਦੀਆਂ ਹਦਾਇਤਾਂ ਤੇ ਫੁਲ ਚਾੜ੍ਹਦਿਆਂ ਉਹ ਵੀ ਭੇਸ ਬਦਲ ਕੇ 'ਬਾਬੂ' ਦੇ ਫਰਜ਼ੀ ਨਾਂ ਹੇਠ 6 ਅਗਸਤ 1914 ਨੂੰ 'ਐਂਪ੍ਰੈਸ ਆਫ਼ ਰਸ਼ੀਆ' ਜਹਾਜ਼ ਰਾਹੀਂ ਹਿੰਦ ਨੂੰ ਚਲ ਪਏ। ਕਾਮਾਗਾਟਾ ਮਾਰੂ ਤੋਂ ਪਿਛੋਂ ਹਿੰਦ ਨੂੰ ਤੁਰਨ ਵਾਲਾ ਇਹ ਪਹਿਲਾ ਜਹਾਜ਼ ਸੀ।

ਕੈਨੇਡਾ ਵਿੱਚ ਆਪ ਦੀ ਭਾਲ ਵਿੱਚ ਪੁਲਸ ਸਰਗਰਮ ਸੀ। ਜਦੋਂ ਕੁਛ ਪਿੜ ਪਲੇ ਨਾ ਪਿਆ, ਤਦ ਬਦਨਾਮ ਪੁਲਸ ਅਫਸਰ ਹਾਪਕਿੰਨਸਨ ਨੇ, ਜਿਆਣ ਜ਼ਿਲਾ ਹੁਸ਼ਿਆਰਪੁਰ ਦੇ ਮੰਗਲ ਸਿੰਘ ਗਦਾਰ ਨੂੰ ਆਪ ਦੀ ਭਾਲ ਲਈ, ਇਸੇ ਜਹਾਜ਼ ਤੇ ਚਾੜ੍ਹ ਦਿੱਤਾ। 'ਦੁਖੀ' ਜੀ ਅੱਗੋਂ ਇੰਨੇ ਭੋਲੇ ਨਹੀਂ ਸਨ ਕਿ ਉਹ ਮੰਗਲ ਸਿੰਘ ਜਿਹੇ ਦੇ ਚੱਕਰ ਵਿੱਚ ਫਸ ਜਾਂਦੇ। ਉਨ੍ਹਾਂ ਨੇ ਉਲਟਾ ਮੰਗਲ ਸਿੰਘ ਦੀ ਅੱਖੀਂ ਘੱਟਾ ਪਾ ਕੇ ਉਸ ਨੂੰ ਵਿਸ਼ਵਾਸ ਦੁਆ ਦਿੱਤਾ ਕਿ ਮੈਨੂੰ ਵੀ ਸਰਕਾਰੀ ਸੂਹੀਆ ਵਿਭਾਗ ਵੱਲੋਂ 'ਦੁਖੀ' ਨੂੰ ਲੱਭਣ ਲਈ ਹੀ ਭੇਜਿਆ ਗਿਆ ਹੈ। ਇਸ ਕਰ ਕੇ ਦੋਵੇਂ ਸਿੱਖ ਪੱਗ ਵਟ ਭਰਾ ਬਣ ਗਏ।

ਜਦ ਜਹਾਜ਼ ਹਾਂਗਕਾਂਗ ਦੀ ਬੰਦਰਗਾਹ ਵਿੱਚ ਪੁੱਜਾ, ਤਦ ਕ੍ਰਾਂਤੀਕਾਰੀਆਂ ਦੀ ਇਸ ਜਹਾਜ਼ ਰਾਹੀਂ ਹਿੰਦ ਪਰਤਣ ਦੀ ਸ਼ੱਕ ਕਾਰਨ "ਪੁਲਿਸ ਗਿੱਟੀਂ ਚੜ੍ਹੀ ਹੋਈ ਸੀ। ਜਮਾਂਦਾਰ ਲਾਲ ਸਿੰਘ, ਮੋਟੀਆਂ ਮੋਟੀਆਂ ਅੱਖਾਂ, ਪਾ ਪਾ


www.AKJ.Org

ਪੱਕਾ ਤੇਲ ਜੀਰਨ ਜੋਗੀਆਂ ਮੁੱਛਾਂ, ਦੇਓ ਵਰਗਾ ਕੱਦ-ਕਾਠ ਅਤੇ ਡਰਾਉਣਾ ਚਿਹਰਾ, ਉਹ ਬੁਰਿਆਂ ਪਾਪਾਂ ਵਾਂਗ ਦੁਖੀ ਜੀ ਨੂੰ ਚਿੰਬੜ ਗਿਆ। ਧਮਕੀਆਂ ਦਿੱਤੀਆਂ ਰਗੜ ਕੇ ਰੱਖ ਦੇਣ ਦੀਆਂ।" ਉਹਨੇ ਫੜ ਕੇ ਆਪ ਨੂੰ ਪੁਲਸ ਕਪਤਾਨ ਦੇ ਜਾ ਪੇਸ਼ ਕੀਤਾ। ਆਪ ਨੇ ਉੱਥੇ ਪਾਗਲਾਂ ਵਾਲਾ ਉਹ ਨਾਟਕ ਖੇਡਿਆ ਕਿ ਪੁਲਸ ਕਪਤਾਨ ਨੇ ਖਿਝ ਕੇ ਆਪ ਨੂੰ ਦਫਤਰੋਂ ਬਾਹਰ ਕੱਢ ਦਿੱਤਾ।

14 ਸਤੰਬਰ 1914 ਨੂੰ ਜਹਾਜ਼ ਕਲਕੱਤੇ ਹੁਗਲੀ ਨਦੀ ਵਿੱਚ ਵੀ ਨਹੀਂ ਸੀ ਪੁੱਜਾ ਕਿ ਜਹਾਜ਼ ਵਿੱਚ ਇਕ ਸਿੱਖ ਇਨਸਪੈਕਟਰ ਸੁੱਚਾ ਸਿੰਘ ਆ ਧਮਕਿਆ ਤੇ ਲੱਗਾ ਮੁਸਾਫਰਾਂ ਦੀ ਪੁਣ ਛਾਣ ਕਰਨ। ਪਹਿਲਾ ਗੁਣਾ 'ਦੁਖੀ' ਜੀ ਤੇ ਹੀ ਪੈ ਗਿਆ। ਉਹ ਇਨ੍ਹਾਂ ਨੂੰ ਜਹਾਜ਼ ਦੀ ਇਕ ਨੁਕਰੇ ਲਿਜਾ ਕੇ ਤਫਤੀਸ਼ ਕਰਨ ਲਗਾ ਪਰ 'ਦੁਖੀ' ਜੀ ਨੇ ਹਾਂਗਕਾਂਗ ਵਾਲਾ ਨਾਟਕ ਹੀ ਇਥੇ ਦੁਹਰਾ ਦਿੱਤਾ ਜਿਸ ਤੇ ਇਨਸਪੈਕਟਰ ਨੇ ਕੜਕ ਕੇ ਕਿਹਾ "ਕੱਢੋ ਇਸ ਕੰਬਖਤ ਨੂੰ ਬਾਹਰ।" ਆਪ ਨੂੰ ਧੱਕੇ ਮਾਰ ਕੇ ਜਹਾਜ਼ੋਂ ਬਾਹਰ ਕੱਢ ਦਿੱਤਾ ਗਿਆ। ਕੁੱਬੇ ਨੂੰ ਲੱਤ ਕਾਰੀ ਆ ਗਈ। ਆਪ ਆਪਣਾ ਬਿਸਤਰਾ ਆਦਿ ਜਹਾਜ਼ ਵਿੱਚ ਮੰਗਲ ਸਿੰਘ ਕੋਲ ਹੀ ਛੱਡ ਕੇ ਉੱਥੋਂ ਭੱਜ ਨਿਕਲੇ।

ਮੰਦਭਾਗੇ ਮੁਸਾਫਰਾਂ ਨਾਲ ਲੱਦਿਆ 'ਕਾਮਾਗਾਟਾ ਮਾਰੂ' ਵੀ 29 ਸਤੰਬਰ ਨੂੰ ਕਲਕੱਤੇ ਆ ਪੁੱਜਾ, ਪਰ ਇਸ ਨੂੰ ਵੀ ਬੰਦਰਗਾਹ ਤੋਂ ਬਾਹਰ ਬਜਬਜ ਘਾਟ ਤੇ ਰੋਕ ਕੇ ਮੁਸਾਫਰਾਂ ਨੂੰ ਉਤਰਨ ਦਾ ਆਦੇਸ਼ ਦਿੱਤਾ ਗਿਆ। ਮੁਸਾਫਰਾਂ ਦੇ ਸੁਆਗਤ ਲਈ 'ਦੁਖੀ' ਜੀ ਵੀ ਬਜਬਜ ਪੁੱਜ ਗਏ। ਮੁਸਾਫਰਾਂ ਦਾ ਸੁਆਗਤ ਗੋਲੀਆਂ ਨਾਲ ਕੀਤਾ ਗਿਆ। ਭੁਖਣਭਾਣੇ ਨਿਹੱਥੇ ਮੁਸਾਫਰਾਂ ਨੂੰ ਪੁਲਿਸ ਨੇ ਦਾਣਿਆਂ ਵਾਂਗ ਭੁੰਨ ਦਿੱਤਾ। ਘਟਨਾ ਸਥਾਨ ਤੋਂ ਕੁਛ ਭਾਗਵਾਨ ਭੱਜ ਨਿਕਲਣ ਵਿੱਚ ਸਫਲ ਵੀ ਹੋ ਗਏ ਜਿਨ੍ਹਾਂ ਵਿੱਚ ਬਾਬਾ ਗੁਰਦਿੱਤ ਸਿੰਘ ਤੇ 'ਦੁਖੀ' ਜੀ ਵੀ ਸਨ। ਇਸ ਘਟਨਾ ਦੇ ਇਕ ਤਰ੍ਹਾਂ ਨਾਲ ਉਹ ਮੌਕੇ ਦੇ ਗਵਾਹ ਸਨ। ਉਨ੍ਹਾਂ ਦੀ ਇਕ ਕਵਿਤਾ ਬਜਬਜ ਘਾਟ ਇਸੇ ਗੱਲ ਦੀ ਪੁਸ਼ਟੀ ਕਰਦੀ ਹੈ।

'ਦੁਖੀ' ਜੀ ਦੇ ਦੋ ਵੱਡੇ ਭਰਾ ਇਨ੍ਹਾਂ ਦੇ ਵਿਦੇਸ਼ ਜਾਣ ਤੋਂ ਪਹਿਲਾਂ ਹੀ ਕਲਕੱਤੇ ਰਹਿੰਦੇ ਸਨ ਪਰ ਉਹ ਬਜਬਜ ਤੋਂ ਕਾਫੀ ਦੂਰ ਸਨ। 'ਦੁਖੀ' ਜੀ ਭਜ ਭਜਾ ਕੇ ਉਨ੍ਹਾਂ ਕੋਲ ਇਸ ਖਿਆਲ ਨਾਲ ਆਏ ਕਿ ਉਨ੍ਹਾਂ ਨੂੰ ਪੰਜਾਬ ਜਾਣ ਤੇ ਗਦਰ ਵਿੱਚ ਹਿੱਸਾ ਲੈਣ ਲਈ ਪ੍ਰੇਰਿਆ ਜਾ ਸਕੇ। ਪਰ ਗੱਲ ਵਿਗੜ ਗਈ। ਭਰਾ, 'ਦੁਖੀ' ਜੀ ਦੇ ਕਲਕੱਤੇ ਪੁੱਜਣ ਦੀ ਖ਼ਬਰ ਦੀ ਚਿੱਠੀ, ਮਾਤਾ ਵੱਲ ਲਿਖਣ ਦੀ ਵੱਡੀ ਗਲਤੀ ਕਰ ਬੈਠੇ। ਚਿੱਠੀ ਪੰਜਾਬ ਪੁਲਸ ਦੇ ਹੱਥ ਆ ਗਈ ਤੇ ਫਿਰ 'ਦੁਖੀ' ਜੀ ਬਾਰੇ ਬੈਰਕਪੁਰ ਛਾਉਣੀ (ਕਲਕੱਤਾ) ਨੂੰ ਤਾਰਾਂ ਖੜਕ ਗਈਆਂ।

ਇਕ ਰਾਤੇ 200-250 ਗੋਰੇ ਸਿਪਾਹੀਆਂ ਨੇ ਬਲਾਕ ਨੰਬਰ 23 ਵਿੱਚ ਛਾਪਾ ਮਾਰਿਆ ਤੇ ਪੁਛਦੇ ਫਿਰਨ 'ਮੂਨਸ਼ਾ ਸੀਂਗ ਕਊਨ ਹੈ? ਘੰਟਾ ਡੇੜ੍ਹ ਘੰਟਾ ਮੱਥਾ ਮਾਰ ਚੁਕਣ ਪਿਛੋਂ ਉਨ੍ਹਾਂ 'ਦੁਖੀ' ਜੀ ਨੂੰ ਆ ਦਬੋਚਿਆ। ਬੜੀ ਹੁਸ਼ਿਆਰੀ ਤੋਂ ਕੰਮ ਲੈਂਦਿਆਂ, ਉਨ੍ਹਾਂ ਨੂੰ ਕਿਸੇ ਹੋਰ ਮੁਨਸ਼ਾ ਸਿੰਘ ਦਾ ਘਰ ਦਸ ਕੇ 'ਦੁਖੀ' ਜੀ ਉਥੋਂ ਹਰਨ ਹੋ ਗਏ। ਦੌੜਦੇ ਦੌੜਦੇ ਡਿਊਰੈਂਡ ਲਾਈਨ ਤਕ ਆਏ। ਕਿਸੇ ਤਰ੍ਹਾਂ ਗੱਡੀ ਵਿੱਚ ਸਵਾਰ ਹੋਏ ਤੇ ਬਚਦੇ ਬਚਾਉਂਦੇ ਜਲੰਧਰ ਰੇਲਵੇ ਸਟੇਸਨ ਤੇ ਪਹੁੰਚ ਗਏ। ਪੁਲਿਸ ਦਾ ਜ਼ੋਰ ਉੱਥੇ ਵੀ ਬਹੁਤ ਸੀ, ਪਰ ਸਟੇਸ਼ਨ ਮਾਸਟਰ ਨਾਲ ਖੇਡੀ ਇਕ ਚਲਾਕੀ ਕੰਮ ਕਰ ਗਈ, ਜਿਸ ਕਰਕੇ ਆਪ ਪਿੰਡ ਪਹੁੰਚਣ ਵਿੱਚ ਸਫ਼ਲ ਹੋ ਗਏ। ਘਰ ਵੱਲ ਨੂੰ ਮੂੰਹ ਕੀਤਾ ਤਾਂ ਘਰ ਅੱਗੇ ਇਕ ਪੁਲਸੀਆ ਖੜ੍ਹਾ ਦੇਖਿਆ। ਮਾਤਾ ਨੂੰ ਦੂਰੋਂ ਹੀ ਨਮਸਕਾਰ ਕਰ ਕੇ ਲਾਗਲੇ ਪਿੰਡ ਬੁੰਡਾਲੇ ਵੱਲ ਨੂੰ ਹੋ ਗਏ। ਦੇਵਨੇਤ ਰਸਤੇ ਵਿੱਚ ਭਾਈ ਸੋਭਾ ਸਿੰਘ ਮਿਲ ਗਏ ਜਿਨ੍ਹਾਂ ਨੇ ਇਨ੍ਹਾਂ ਫਿਰ ਹੌਂਸਲਾ ਦਿੰਦਿਆਂ ਭਵਿੱਖ ਲਈ ਸਾਵਧਾਨ ਕਰਦਿਆਂ ਕਿਹਾ ਕਿ 'ਅਹੁਲੀਆਂ ਬਹੁਤ ਆਉਣਗੀਆਂ ਪਰ ਉਨ੍ਹਾਂ ਦਾ ਮੁਕਾਬਲਾ ਹੌਂਸਲੇ ਨਾਲ ਕਰਨਾ, ਬਚਦਾ ਰਹੇਂਗਾ।' ਦੁਖੀ ਜੀ ਫਿਰ ਭਗੌੜੇ ਹੋ ਗਏ।

ਮਫਰੂਰੀ ਦੌਰਾਨ ਵੀ 'ਦੁਖੀ' ਜੀ ਨੇ ਆਪਣੇ ਕ੍ਰਾਂਤੀਕਾਰੀ ਸਾਥੀਆਂ ਨਾਲ ਸੰਪਰਕ ਬਣਾਈ ਰਖਿਆ। ਕਰਤਾਰ



www.AKJ.Org

ਸਿੰਘ ਸਰਾਭਾ ਦਾ ਇਨ੍ਹਾਂ ਦੇ ਘਰ ਅਕਸਰ ਜਾਣ ਆਉਣ ਸੀ। ਆਪ ਇਹ ਬੰਤਾ ਸਿੰਘ ਸੰਘਵਾਲ (ਜ਼ਿਲ੍ਹਾ ਜਲੰਧਰ) ਦੇ ਬਹੁਤ ਨੇੜੇ ਸਨ। ਮਫਰੂਰੀ ਦੇ ਦਿਨਾਂ ਵਿੱਚ ਉਸ ਨੇ ਹੀ ਆਪ ਨੂੰ ਪਨਾਹ ਦਿੱਤੀ। ਆਮ ਲੋਕਾਂ ਨੂੰ ਇਨਕਲਾਬ ਦੀ ਲੋੜ ਸਮਝਾਉਣ ਲਈ ਆਪ ਇਸ ਪਿੰਡ ਬਹੁਤ ਭਾਸ਼ਣ ਦਿੰਦੇ ਰਹੇ। ਆਪ ਉੱਤੇ ਥੱਪੇ ਗਏ ਸਰਕਾਰੀ ਦੋਸ਼ਾਂ ਵਿੱਚ ਇਕ ਦੋਸ਼ ਸੰਘਵਾਲ ਵਿਚਲੇ ਭਾਸ਼ਣਾਂ ਦਾ ਵੀ ਸ਼ਾਮਲ ਹੈ।

ਸੰਨ 1915 ਦੇ ਸਾਲ ਦਾ ਪਹਿਲਾਂ ਦਿਨ ਸੀ। 'ਦੁਖੀ' ਜੀ ਦਾ ਮਾਤਾ ਨੂੰ ਮਿਲਣ ਨੂੰ ਜੀਅ ਕੀਤਾ। ਪਿੰਡ ਪੁੱਜੇ ਤਾਂ ਅੱਗੇ ਦਲੀਪ ਸਿੰਘ ਇਨਸਪੈਕਟਰ ਵਾਇਸਰਾਇ ਦੀ ਕੌਂਸਲ ਵੱਲੋਂ ਜਾਰੀ ਹੋਏ ਗ੍ਰਿਫਤਾਰੀ ਵਾਰੰਟ ਲੈ ਕੇ ਪਹਿਲਾਂ ਹੀ ਉਡੀਕ ਵਿੱਚ ਬੈਠਾ ਸੀ। ਇਹ ਗੱਲ 'ਦੁਖੀ' ਜੀ ਬਹੁਤ ਮਾਣ ਨਾਲ ਦਸਿਆ ਕਰਦੇ ਸਨ ਕਿ ਅਜਿਹੇ ਵਾਰੰਟਾਂ ਅਧੀਨ ਗ੍ਰਿਫਤਾਰ ਹੋਣ ਵਾਲੇ ਵੀ ਉਹ ਪਹਿਲੇ ਗਦਰੀ ਸਨ। ਅਗਲੇ ਦਿਨ ਆਪ ਨੂੰ ਮੁਲਤਾਨ ਦੀ ਕੇਂਦਰੀ ਜ਼ੇਲ੍ਹ ਵਿੱਚ ਭੇਜ ਦਿੱਤਾ ਗਿਆ ਜਿੱਥੇ 'ਦੁਖੀ' ਜੀ ਨੂੰ ਕੋਠੀ ਬੰਦ ਕਰ ਦਿੱਤਾ ਗਿਆ। ਉਨ੍ਹਾਂ ਦੀ ਹਨ੍ਹੇਰ ਕੋਠੜੀ ਦੇ ਰੌਸ਼ਨਦਾਨ ਵੀ ਬੰਦ ਕਰ ਦਿੱਤੇ ਗਏ ਤੇ ਸੱਜੇ ਖੱਬੇ ਦੋ ਦੋ ਕੋਠੀਆਂ ਵੀ ਖਾਲੀ ਰਖੀਆਂ ਗਈਆਂ ਤਾਂ ਕਿ ਬਾਹਰਲੀ ਦੁਨੀਆਂ ਨਾਲ ਉਨ੍ਹਾਂ ਦੇ ਹਰ ਸੰਪਰਕ ਦੀ ਸੰਭਾਵਨਾ ਖ਼ਤਮ ਕੀਤੀ ਜਾ ਸਕੇ। ਆਪ ਨੂੰ ਹਫਤੇ ਵਿੱਚ, ਇਕ ਵਾਰ ਰਾਤ ਦੇ ਸਮੇਂ, ਬਾਹਰ ਕੱਢ ਕੇ ਹਵਾ ਲੁਆਈ ਜਾਂਦੀ ਸੀ ਜਾਂ ਜਦੋਂ ਕੋਠੜੀ ਦੀ ਸਫਾਈ ਕਰਨੀ ਹੁੰਦੀ ਸੀ। ਹਨ੍ਹੇਰੇ ਵਿੱਚ ਰਹਿਣ ਕਾਰਨ ਆਪ ਦੀਆਂ ਅੱਖਾਂ ਦੀਆਂ ਪੁਤਲੀਆਂ ਬਦਲ ਗਈਆਂ ਸਨ ਜਿਸ ਕਰਕੇ ਆਪ ਨੂੰ ਬਿਲੀ ਵਾਂਗ ਰਾਤ ਦੇ ਹਨ੍ਹੇਰੇ ਵਿੱਚ ਦਿਸਣ ਲਗ ਪਿਆ ਸੀ। ਲਗਪਗ ਇਕ ਸਾਲ ਪਿਛੋਂ ਕਰੀਬ 300 ਕੈਦੀਆਂ ਦੀ ਬਦਲੀ ਕੈਂਬਲਪੁਰ ਜੇਲ੍ਹ ਦੀ ਕਰ ਦਿੱਤੀ ਗਈ। 'ਦੁਖੀ' ਜੀ ਵੀ ਇਨ੍ਹਾਂ ਵਿੱਚ ਸ਼ਾਮਲ ਸਨ।

'ਦੁਖੀ' ਜੀ ਨੂੰ ਲਾਹੌਰ ਸਾਜ਼ਸ਼ ਸੈਕੰਡ ਸਪਲੀਮੈਂਟਰੀ ਕੇਸ ਵਿੱਚ ਫਸਾਇਆ ਗਿਆ। ਆਮ ਕਰਕੇ ਹੁੰਦਾ ਇਹ ਸੀ ਕਿ ਦੇਸ਼ ਭਗਤਾਂ ਤੇ ਰਾਜ ਵਿਦਰੋਹ ਦਾ ਮੁਕੱਦਮਾ ਚਲਾਇਆ ਜਾਂਦਾ ਸੀ, ਪਰ 'ਦੁਖੀ' ਜੀ ਦਾ ਮਾਮਲਾ ਇਸ ਦੇ ਉਲਟ ਸੀ। ਸਰਕਾਰ ਅਨੁਸਾਰ ਇਨ੍ਹਾਂ ਦਾ ਗੁਨਾਹ ਸੀ ਕਿ ਅੱਗ ਉਗਲਦੀਆਂ ਕਵਿਤਾਵਾਂ ਲਿਖਣਾ, ਬਾਗੀਆਨਾਂ ਤਕਰੀਰਾਂ ਕਰਨਾ ਤੇ (ਪਹਿਲੇ ਵਿਸ਼ਵ ਯੁੱਧ) ਯੁੱਧ ਦਾ ਪ੍ਰਚਾਰ ਕਰਨਾ। ਗਦਰੀ ਅਕਸਰ ਬਰਤਾਨੀਆਂ ਦੇ ਮੁਕਾਬਲੇ ਜਰਮਨ ਦੀ ਜਿੱਤ ਦਾ ਪ੍ਰਚਾਰ ਕਰਿਆ ਕਰਦੇ ਸਨ। 'ਦੁਖੀ' ਜੀ ਤੇ ਵੀ ਇਸ ਪ੍ਰਚਾਰ ਦਾ ਦੋਸ਼ ਸੀ। ਇਸ ਭਾਵ ਦੀਆਂ ਕਈ ਕਵਿਤਾਵਾਂ ਗਦਰ ਗੂੰਜਾਂ ਵਿੱਚ ਮਿਲਦੀਆਂ ਹਨ :

**ਦੁਸ਼ਮਣ ਸਾਡਾ ਯੂਰਪ ਦੇ ਵਿੱਚ ਫਸਿਆ ਫਾਹੀ ਡਾਡੀ ਹੈ।**
**ਜਰਮਨ ਸ਼ੇਰ ਖੜ੍ਹਾ ਹੈ ਘੇਰੀ ਹੁਣ ਤਾਂ ਢਿਲ ਅਸਾਡੀ ਹੈ।**

ਮੁਕਦਮੇ ਦੇ ਫੈਸਲੇ ਵਿੱਚ ਸੁਣਾਈ ਜਾਣ ਵਾਲੀ ਸਜ਼ਾ ਨੂੰ ਹੋਰ ਵਜ਼ਨਦਾਰ ਬਣਾਉਣ ਲਈ ਆਪ ਦੀ ਇਕ ਕਵਿਤਾ ਵਿਚੋਂ ਅੰਗਰੇਜ਼ਾਂ ਵਿਰੋਧੀ ਇਕ ਸਤਰ ਦਾ ਹਵਾਲਾ ਵੀ ਦਿੱਤਾ ਗਿਆ ਹੈ :

**ਬੇਈਮਾਨ ਫਰੰਗੀ ਨੂੰ ਦੂਰ ਕਰ ਕੇ,**
**ਹਿੰਦੁਸਤਾਨ ਦੇ ਖੁਦ ਮੁਖਤਿਆਰ ਹੋ ਜਾਓ।**
**ਕਾਫਰ ਕੌਮ ਅੰਗਰੇਜ਼ਾਂ ਦੀ ਰੱਤ ਪੀ ਕੇ,**
**ਭਰ ਪੇਟ ਸੀਨੇ ਠੰਢੇ ਠਾਰ ਹੋ ਜਾਓ।**

ਮੁਕਦਮੇ ਦੇ ਫੈਸਲੇ ਵਿਚ ਦਰਜ ਹੈ ਕਿ "ਅਸੀਂ ਉਸ ਨੂੰ ਦੋਸ਼ੀ ਕਰਾਰ ਦਿੰਦੇ ਹਾਂ," ਫੈਸਲੇ ਵਿੱਚ ਲਿਖਿਆ ਗਿਆ, "ਪਰ ਇਸ ਸਚਾਈ ਦੇ ਦ੍ਰਿਸ਼ਟੀਕੋਣ ਤੋਂ ਕਿ ਉਹ ਸ਼ਾਂਤ ਰਿਹਾ ਤੇ ਜਿਥੋਂ ਤਕ ਸਾਨੂੰ ਪਤਾ ਹੈ, ਕੈਨੇਡਾ ਵਿੱਚ ਉਹ ਆਗੂਆਂ ਵਿਚੋਂ ਨਹੀਂ ਸੀ, ਇਸ ਲਈ ਅਸੀਂ ਨਹੀਂ ਚਾਹੁੰਦੇ ਕਿ ਉਸ ਨੂੰ ਬਹੁਤੀ ਸਖ਼ਤ ਸਜ਼ਾ ਦਿੱਤੀ ਜਾਵੇ। ਇਸ ਲਈ ਉਸ ਨੂੰ ਜੀਵਨ ਭਰ ਤੱਕ ਲਈ, ਦੇਸ਼ ਨਿਕਾਲੇ ਦੀ ਸਜ਼ਾ ਸੁਣਾਉਂਦੇ ਤੇ ਹਦਾਇਤ ਕਰਦੇ ਹਾਂ ਕਿ ਉਸ ਦੀ ਕੁਰਕ ਕੀਤੇ



www.AKJ.Org

ਜਾਣ ਯੋਗ ਜਾਇਦਾਦ ਸਰਕਾਰ ਜ਼ਬਤ ਕਰ ਲਵੇ।" 'ਦੁਖੀ' ਜੀ ਅਨੁਸਾਰ ਉਨ੍ਹੀਂ ਦਿਨੀਂ ਦੇਸ਼ ਨਿਕਾਲੇ ਦੀ ਸਜ਼ਾ ਬੰਦ ਸੀ ਜਿਸ ਕਰਕੇ ਆਪ ਨੂੰ ਆਖ਼ਰੀ ਦਮ ਤਕ ਦੀ ਕੈਦ ਦੀ ਸਜ਼ਾ ਦਿੱਤੀ ਗਈ।

ਕੁਛ ਚਿਰ ਪਿਛੋਂ ਕਰੀਬ 50 ਕੈਦੀਆਂ ਦੀ ਬਦਲੀ ਹਜ਼ਾਰੀਬਾਗ ਜੇਲ੍ਹ ਦੀ ਕਰ ਦਿੱਤੀ ਗਈ। ਇਨ੍ਹਾਂ ਵਿੱਚ 'ਦੁਖੀ' ਜੀ ਵੀ ਸਨ। ਭਾਈ ਸੋਭਾ ਸਿੰਘ ਦੀ ਚਿਰ ਪਹਿਲਾਂ ਕੀਤੀ ਭਵਿੱਖ ਬਾਣੀ ਉਸ ਦਿਨ ਸੱਚੀ ਹੋ ਗਈ, ਜਦੋਂ ਬਰਤਾਨੀਆ ਦੀ ਵਿਸ਼ਵ ਯੁੱਧ ਵਿੱਚ ਹੋਈ ਜਿੱਤ ਦੀ ਖੁਸ਼ੀ ਵਿੱਚ ਸਰਕਾਰ ਨੇ ਇਕ ਸ਼ਾਹੀ ਐਲਾਨ ਰਾਹੀਂ ਕੁਛ ਕੈਦੀ ਮਾਰਚ 1920 ਵਿੱਚ ਰਿਹਾ ਕਰ ਦਿੱਤੇ। ਜੇਲ੍ਹ ਦਾ ਮਾਹੌਲ ਇਕ ਦਮ ਖ਼ੁਸ਼ਗਵਾਰ ਹੋ ਗਿਆ। ਇਸ ਮੌਕੇ ਕੈਦੀਆਂ ਵਿਚਕਾਰ ਦੌੜੀ ਖੁਸ਼ੀ ਦੀ ਲਹਿਰ ਨੂੰ ਦੁਖੀ ਜੀ ਨੇ ਇਕ ਕਵਿਤਾ 'ਜੁਬਲੀ ਦੀ ਗੱਪ ਸ਼ੱਪ' ਵਿੱਚ ਬੜੇ ਰੌਚਿਕ ਢੰਗ ਨਾਲ ਬਿਆਨ ਕੀਤਾ ਹੈ। ਇਹ ਖਰੜਾ ਇਸ ਲੇਖਕ ਨੇ ਬੜੀ ਮਿਹਨਤ ਨਾਲ ਲੱਭਿਆ ਹੈ। ਭਾਈ ਰਣਧੀਰ ਸਿੰਘ ਹੋਰੀ ਰਿਹਾ ਹੋਣੋਂ ਰਹਿ ਗਏ। ਉਨ੍ਹਾਂ ਮੁਤਾਬਿਕ 'ਸਤਾਰਾਂ ਸਜਣ ਤਾਂ ਸ਼ਾਹੀ ਐਲਾਨ ਅਨੁਸਾਰ ਛੁੱਟ ਗਏ ਬਾਕੀ ਅਸੀਂ 23 ਸਾਥੀ ਰਹਿ ਗਏ। ਅਸੀਂ ਅੱਠ ਸਾਥੀ ਸਾਂ। ਅਠਾਂ ਵਿਚੋਂ ਦਾਸ ਤਾਂ ਇਉਂ ਛੁਟਣੋਂ ਰਹਿ ਗਿਆ ਆਖਦੇ ਹਨ ਕਿ ਮੇਰੇ ਉੱਤੇ ਭਗੌੜਿਆਂ ਨੂੰ ਭਜਾਉਣ ਦਾ ਇਲਜ਼ਾਮ ਲੱਗਾ ਸੀ।

'ਦੁਖੀ' ਜੀ ਨੇ ਇਕ ਪੁਸਤਕ 'ਪ੍ਰੇਮ ਤਾਂਘਾਂ' ਸੰਨ 1922 ਵਿੱਚ ਪ੍ਰਕਾਸ਼ਤ ਕੀਤੀ ਜਿਸ ਵਿੱਚ ਹਜ਼ਾਰੀ ਬਾਗ ਜੇਲ੍ਹ ਵਿੱਚ ਲਿਖੀਆਂ ਕਵਿਤਾਵਾਂ ਅੰਕਤ ਹਨ। ਪੁਸਤਕ 'ਪ੍ਰੇਮ ਤਾਂਘਾਂ' ਪੁਸਤਕ ਆਪ ਨੇ ਸਮਰਪਣ ਵੀ ਭਾਈ ਸਾਹਿਬ ਜੀ ਨੂੰ ਹੀ ਕੀਤੀ ਸੀ।

'ਅਸਮਾਨੋਂ ਡਿਗਿਆਂ ਤੇ ਖਜੂਰੇ ਲਟਕਿਆ' ਦੀ ਕਹਾਵਤ ਅਨੁਸਾਰ 'ਦੁਖੀ' ਜੀ ਨੂੰ ਰਿਹਾ ਹੋਣ ਪਿਛੋਂ ਵੀ ਸੁੱਖ ਪ੍ਰਾਪਤ ਨਾ ਹੋਇਆ। ਪੰਜਾਬ ਪੁਲਿਸ ਫਿਰ ਵੀ ਉਨ੍ਹਾਂ ਦਾ ਪਰਛਾਵਾਂ ਬਣੀ ਰਹੀ। ਇਸ ਤੋਂ ਖਹਿੜਾ ਛੁਡਾਉਣ ਦੀ ਉਨ੍ਹਾਂ ਦੀ ਰਾਮ ਕਹਾਣੀ ਲੰਬੀ ਵੀ ਹੈ ਤੇ ਤਰਸਯੋਗ ਵੀ। ਜਿਵੇਂ ਕਿਵੇਂ ਉਹ ਬੰਗਾਲ ਪਹੁੰਚਣ ਵਿੱਚ ਕਾਮਯਾਬ ਹੋ ਗਏ ਪਰ ਉਹ ਪੁਲਸ ਨਾਲ ਲੁਕਣ ਮੀਚੀ ਇਥੇ ਵੀ ਖੇਡਦੇ ਹੀ ਰਹੇ।

ਦੇਸ਼ ਭਗਤੀ 'ਦੁਖੀ' ਜੀ ਅੰਦਰ ਕੁਟ-ਕੁਟ ਕੇ ਨਹੀਂ ਸੀ ਭਰੀ ਹੋਈ ਸੀ ਸਗੋਂ ਖ਼ੂਨ ਵਿੱਚ ਹੀ ਰਚੀ ਹੋਈ ਸੀ। 'ਵਾਦੜੀਆਂ ਸਜਾਦੜੀਆਂ ਨਿਭਣ ਸਿਰਾਂ ਦੇ ਨਾਲ' ਦੀ ਪੰਜਾਬੀ ਕਹਾਵਤ ਪ੍ਰਸਿੱਧ ਹੈ। 'ਦੁਖੀ' ਜੀ ਨੇ ਇਕ ਕਵਿਤਾ ਸਰਕਾਰ ਨੂੰ ਸੰਬੋਧਨ ਕਰ ਕੇ ਲਿਖੀ ਸੀ ਜਿਸ ਵਿੱਚ ਉਨ੍ਹਾਂ ਨੇ ਇਸੇ ਕਹਾਵਤ ਨੂੰ ਆਪਣੇ ਤੇ ਲਾਗੂ ਕਰਕੇ ਸਰਕਾਰ ਨੂੰ ਇਸ ਦਾ ਅਰਥ ਸਮਝਾਉਣ ਦਾ ਯਤਨ ਕੀਤਾ ਸੀ। ਕਵਿਤਾ ਦਾ ਸਿਰਲੇਖ ਸੀ 'ਚਸਕਾ ਛੁਟਣਾ ਨਹੀਂ ਸਰਕਾਰ ਮੇਰਾ'।

ਅੰਤ 'ਦੁਖੀ' ਜੀ ਨੇ ਇਸ ਸੰਸਾਰ ਨੂੰ ਅਲਵਿਦਾ ਕਹਿਣ ਲਈ ਵੀ 1971 ਦਾ ਗਣਤੰਤਰ ਦਿਵਸ ਹੀ ਚੁਣਿਆ।

ਹਜ਼ਾਰੀ ਬਾਗ ਜੇਲ੍ਹ ਵਿੱਚ ਰਚੀਆਂ ਗਈਆਂ ਬਹੁਤੀਆਂ ਕਵਿਤਾਵਾਂ ਪ੍ਰਸਿੱਧ ਗੁਰਮਤਿ ਪ੍ਰਚਾਰਕ ਤੇ ਵਿਦਵਾਨ ਗਦਰੀ ਭਾਈ ਰਣਧੀਰ ਸਿੰਘ ਨਾਰੰਗਵਾਲ ਜ਼ਿਲ੍ਹਾ ਲੁਧਿਆਣਾ ਨਾਲ ਸੰਬੰਧਿਤ ਹਨ। 'ਦੁਖੀ' ਜੀ ਤੇ ਭਾਈ ਸਾਹਿਬ ਜੀ ਪਹਿਲਾਂ ਮੁਲਤਾਨ ਦੀ ਜੇਲ੍ਹ ਵਿੱਚ ਇਕੱਠੇ ਰਹਿ ਚੁੱਕੇ ਸਨ। ਫਿਰ ਮੁਲਤਾਨ ਤੋਂ 'ਦੁਖੀ' ਜੀ ਕੈਂਬਲਪੁਰ ਬਦਲੇ ਗਏ ਤੇ ਉਥੋਂ ਹਜ਼ਾਰੀ ਬਾਗ। ਭਾਈ ਰਣਧੀਰ ਸਿੰਘ ਹੋਰਾਂ ਦਾ ਵੀ 32 ਸਾਥੀਆਂ ਸਮੇਤ ਹਜ਼ਾਰੀ ਬਾਗ਼ ਜੇਲ੍ਹ ਦਾ ਚਲਾਣ ਹੋ ਗਿਆ ਸੀ। ਇਹ ਜੇਲ੍ਹ ਬਹੁਤ ਵੱਡੀ ਹੈ।

ਭਾਈ ਰਣਧੀਰ ਸਿੰਘ ਜੀ ਤੇ ਉਨ੍ਹਾਂ ਦੇ ਸਾਥੀ ਕੈਦੀ 16 ਕੋਠੀਆਂ ਦੇ ਤਿੰਨ ਬਲਾਕਾਂ ਵਿੱਚ ਵੰਡੇ ਗਏ। ਇਨ੍ਹਾਂ ਤੋਂ ਕਰੀਬ ਛੇ ਮਹੀਨੇ ਪਿਛੋਂ ਬਾਰਾਂ ਰਾਜਸੀ ਕੈਦੀ ਹੋਰ ਹਜ਼ਾਰੀ ਬਾਗ਼ ਭੇਜੇ ਗਏ। ਇਹ ਜਥਾ ਜਨਵਰੀ 1918 ਵਿੱਚ ਹਜ਼ਾਰੀ ਬਾਗ਼ ਪਹੁੰਚਿਆ ਜਿਸ ਵਿੱਚ ਮੁਨਸ਼ਾ ਸਿੰਘ ਜੀ 'ਦੁਖੀ' ਤੇ ਉਨ੍ਹਾਂ ਦੇ ਸਾਥੀ ਭਾਈ ਕਰਤਾਰ ਸਿੰਘ ਚੰਦ ਪੁਰਾਣਾ ਵੀ ਸ਼ਾਮਲ ਸਨ। ਚੰਦ ਹੋਰਾਂ ਨਾਲ ਰਲ ਕੇ 'ਦੁਖੀ' ਜੀ ਨੇ ਇਕ ਪੁਸਤਕ ਲਿਖੀ ਸੀ 'ਦੁਸ਼ਮਣ ਦੀ ਖੋਜ ਭਾਲ।' ਇਸ



www.AKJ.Org

ਜੱਥੇ ਬਾਰੇ ਭਾਈ ਰਣਧੀਰ ਸਿੰਘ ਜੀ ਲਿਖਦੇ ਹਨ : 'ਸਾਰੇ ਅਸੀਂ ਪੰਤਾਲੀ ਸਜਣ ਸਾਥੀਅੜੇ ਹੋ ਗਏ। ਪ੍ਰੰਤੂ ਏਨ੍ਹਾਂ ਨਵਲ ਆਗਮਨੀ ਸਜਣਾਂ ਨੂੰ ਸਾਥੋਂ ਵੱਖਰੇ ਸੈਲ ਬਲਾਕਾਂ ਵਿੱਚ ਰਖਿਆ ਗਿਆ, ਜਿਸ ਵਿੱਚ ਬਾਰਾਂ ਤੇਰਾਂ ਹੀ ਕੋਠੀਆਂ ਸਨ। ਇਹ ਬਲਾਕ ਭੀ ਅਸਾਡੇ ਬਲਾਕ ਦੇ ਪਿਛਵਾੜੇ ਜਿਹੇ ਆਵਾਜ਼ ਮਾਰ ਫਾਸਲੇ ਤੋਂ ਨੇੜੇ ਹੀ ਸੀ। ਦੋਹਾਂ ਬਲਾਕਾਂ ਵਿਚੋਂ ਪ੍ਰਸਪਰ ਆਵਾਜ਼ ਮਾਰ ਕੇ ਗਲਬਾਤ ਸੁਖੈਨ ਹੀ ਹੋ ਸਕਦੀ ਸੀ।"

### ਭਾਈ ਰਣਧੀਰ ਸਿੰਘ ਜੀ ਨਾਲ ਮੁਲਾਕਾਤ : ਵਲੋਂ ਮੁਨਸ਼ਾ ਸਿੰਘ ਦੁਖੀ

ਭਾਈ ਸਾਹਿਬ ਰਣਧੀਰ ਸਿੰਘ ਜੀ ਨਾਲ ਮੇਰੀ ਪਹਿਲੀ ਮੁਲਾਕਾਤ ਪਹਿਲੋਂ ਪਹਿਲ ਮੁਲਤਾਨ ਸੈਂਟਰਲ ਜੇਲ੍ਹ ਵਿੱਚ ਹੋਈ ਸੀ।

ਮੁਲਤਾਨ ਜੇਲ੍ਹ ਤੋਂ ਆਪ ਨੂੰ ਹੋਰ ਤਿੰਨ ਸੌ ਸਾਥੀਆਂ ਸਮੇਤ ਕੈਂਬਲਪੁਰ ਜੇਲ੍ਹ ਵਿੱਚ ਤਬਦੀਲ ਕੀਤਾ ਗਿਆ। ਉਥੋਂ ਬਾਰਾਂ ਸਾਥੀਆਂ ਸਮੇਤ, ਜਿਨ੍ਹਾਂ ਵਿਚ ਭਾਈ ਕਰਤਾਰ ਸਿੰਘ ਚੰਦ ਪੁਰਾਣਾ ਵੀ ਸ਼ਾਮਲ ਸਨ, ਹਜਾਰੀ ਬਾਗ ਜੇਲ੍ਹ ਵਿੱਚ ਜਨਵਰੀ 1918 ਭੇਜ ਦਿੱਤਾ ਗਿਆ। ਇਸ ਜੇਲ੍ਹ ਵਿੱਚ ਭਾਈ ਸਾਹਿਬ ਜੀ ਦੇ ਨੇੜੇ ਰਹਿ ਕੇ ਸੰਗਤ ਕਰਨ ਅਤੇ ਆਪ ਨੂੰ ਉਨ੍ਹਾਂ ਤੋਂ ਪਿਆਰ ਅਸੀਸਾਂ ਮਿਲਦੀਆਂ ਰਹੀਆਂ। ਹੇਠਾਂ ਇਸ ਜੇਲ੍ਹ ਵਿੱਚ ਰਹਿਣ ਸਮੇਂ ਉਨ੍ਹਾਂ ਨਾਲ ਆਪ ਦੀ ਇਕ ਹੋਈ ਮੁਲਾਕਾਤ ਦਾ ਜ਼ਿਕਰ ਹੈ:-

ਖ਼ਤਰਨਾਕ ਕੈਦੀ ਸਮਝ ਕੇ ਮੇਰੇ ਉੱਤੇ ਸਪੈਸ਼ਲ ਇਕ ਕੈਦੀ ਸਿਪਾਹੀ ਲੱਗਾ ਰਹਿੰਦਾ ਸੀ, ਤਾਂਕਿ ਮੈਂ ਕਿਸੇ ਨਾਲ ਗੱਲ ਬਾਤ ਵੀ ਨਾ ਕਰ ਸਕਾਂ। ਇਕ ਦਿਨ ਅਚਨਚੇਤ ਜਦ ਜੇਲ੍ਹ ਦੇ ਸਾਰੇ ਕੈਦੀ ਬੰਦ ਹੋ ਚੁੱਕੇ ਸਨ, ਜੇਲ੍ਹ ਦੇ ਚੀਫ਼ ਵਾਰਡਰ ਨੇ ਮੈਨੂੰ ਕੋਠੜੀ ਵਿੱਚੋਂ ਚੁੱਪ ਚਾਪ ਕੱਢਿਆ ਤੇ ਮਲਕੜੇ ਜਿਹੇ ਇਕ ਹੋਰ ਵਾਰਡ ਵੱਲ ਨੂੰ ਲੈ ਤੁਰਿਆ। ਰਸਤੇ ਵਿੱਚ ਮੈਨੂੰ ਕਿਹਾ ਕਿ "ਸਾਧੂ ਬਾਵਾ ਜੀ (ਭਾਈ ਰਣਧੀਰ ਸਿੰਘ ਜੀ ਨੂੰ ਜੇਲ੍ਹ ਵਿਚ ਸਾਧੂ ਬਾਵਾ ਆਖਦੇ ਸਨ) ਤੁਹਾਨੂੰ ਬਹੁਤ ਦਿਨਾਂ ਤੋਂ ਯਾਦ ਕਰ ਰਹੇ ਹਨ। ਉਨ੍ਹਾਂ ਦਾ ਹੁਕਮ ਮੰਨ ਕੇ ਹੀ ਤੁਹਾਨੂੰ ਉਨ੍ਹਾਂ ਨਾਲ ਮਿਲਾਣ ਲਈ ਲੈ ਜਾ ਰਿਹਾ ਹਾਂ।"

ਸ਼ਾਮ ਦਾ ਵੇਲਾ ਸੀ। ਭਾਈ ਸਾਹਿਬ ਇਕ ਕੋਠੀ ਵਿੱਚ ਦਰਵਾਜ਼ੇ ਦੇ ਜੰਗਲੇ ਦੀਆਂ ਸੀਖਾਂ ਨੂੰ ਫੜੀ ਮੇਰੀ ਉਡੀਕ ਵਿੱਚ ਮਸਤਾਨੇ ਖੜ੍ਹੇ ਝੂਲ ਰਹੇ ਸਨ। ਮੈਂ ਜਦ ਫ਼ਤਹ ਗਜਾਈ, ਤਦ ਆਪ ਜੀ ਨੇ ਅੱਖਾਂ ਪੱਟੀਆਂ। ਜੰਗਲਿਆਂ ਵਿੱਚ ਹੀ ਜੱਫੀ ਪਾ ਲਈ ਤੇ ਮਾਨੋ ਮਸਤੀ ਵਿੱਚ ਬੁੜ-ਬੁੜਾਉਂਦੇ ਹੋਏ ਬੋਲਣ ਲੱਗ ਪਏ, "ਹੁਣ ਆਏ ਹੋ! ਕਈ ਵਰ੍ਹੇ ਲੰਘ ਗਏ, ਇਕਰਾਰ ਹੀ ਕਰੀ ਗਏ, 'ਹੁਣ ਮਿਲਦੇ ਹਾਂ, ਹੁਣ ਮਿਲਦੇ ਹਾਂ', ਪਰ ਆਏ ਨਾ। ਐਨਾ ਚਿਰ? ਐਨਾ ਚਿਰ ਕਿਉਂ ਲਾਇਆ? ਸਾਥੀ ਨੂੰ ਇਉਂ ਭੁਲਾ ਛਡੀਦਾ ਹੈ। ਆਓ, ਆਓ? ਜੀਉ ਆਇਆਂ! ਧੰਨ ਭਾਗ, ਤੁਸੀਂ ਆਏ! ਡਾਢੀ ਉਡੀਕ ਸੀ, ਆਓ! ਮੇਰੇ ਸਜਣ ਜੀ ਆਓ! ਧੰਨ ਭਾਗ! ਜੀਉ ਆਇਆਂ।" ਆਦਿਕ।

ਮੁਸ਼ਕਲ ਨਾਲ ਚਾਰ ਪੰਜ ਮਿੰਟ ਮੁਲਾਕਾਤ ਹੋਈ, ਭਾਈ ਸਾਹਿਬ ਜੀ ਨੈ ਮੈਨੂੰ ਜੱਫੀ ਹੀ ਪਾਈ ਰੱਖੀ, ਮਸਤੀ ਵਿਚ ਅੱਖਾਂ ਮੀਟੀ ਹੀ ਰੱਖੀਆਂ, 'ਗੁਣ ਗੁਣ' ਕਰਕੇ ਆਪਣੇ ਆਪ ਨਾਲ ਬੋਲੀ ਹੀ ਗਏ। ਅੰਤ ਸਜਲ ਅੱਖਾਂ ਪੱਟੀਆਂ। ਵਹਿੰਦੀਆਂ ਅੱਖੀਆਂ ਵਿੱਚ ਹੀ ਜੁਦਾ ਹੋਏ।

### ਹੁਲੀਆ

ਆਪ ਇਕ ਮਧਰੇ ਜਿਹੇ, ਦਰਮਿਆਨੇ ਜਿਹੇ ਕੱਦ ਦੇ ਗੁਰਮੁਖ ਸਿੰਘ ਸਨ। ਦੋਹਰੀ ਦਸਤਾਰ ਰੱਖਦੇ ਸਨ (ਜੇਲ੍ਹ ਵਿੱਚ ਤਾਂ ਸਿਰ ਸਾਫ਼ਾ ਹੀ ਹੁੰਦਾ ਸੀ) ਸਿਰ ਕੁਛ ਮਾਮੂਲ ਤੋਂ ਵੱਡਾ ਸੀ। ਅੱਖਾਂ ਨਾਮ-ਖ਼ੁਮਾਰੀ ਵਿੱਚ ਉਪਰ ਨੂੰ ਚੜ੍ਹੀਆਂ ਹੋਈਆਂ। ਆਪ ਅੱਠੋ ਪਹਿਰ ਹਰਿ ਨਾਮ ਵਿੱਚ ਲਿਵਲੀਨ ਹੀ ਰਹਿੰਦੇ ਸਨ।...

ਪਿਆਰੇ ਭਾਈ ਰਣਧੀਰ ਸਿੰਘ ਜੀ ਨਾਲ ਮੈਂ ਚਾਰ ਸਾਲ ਤੋਂ ਉਪਰ ਜੇਲ੍ਹ ਯਾਤਰਾ ਦਾ ਸਮਾਂ ਬਿਤਾਇਆ।



www.AKJ.Org

ਭਗਤੀ, ਪ੍ਰੇਮ ਤੇ ਹਰਿ ਰੰਗ ਦੀਆਂ ਉਹ ਪੀਂਘਾਂ ਝੂਟੀਆਂ, ਜੋ ਮੇਰੀ ਰੂਹ ਕਦੀ ਭੀ ਨਹੀਂ ਭੁਲ ਸਕਦੀ। ਪਰ ਅੱਜ ਸਮਾਂ ਬਦਲ ਚੁੱਕਾ ਹੈ, ਖ਼ਿਆਲ ਬਦਲ ਚੁੱਕੇ ਹਨ, ਵਿਚਾਰ ਬਦਲ ਚੁੱਕੇ ਹਨ ਤੇ ਸਮੇਂ ਦੀ ਹਵਾ ਉੱਕੀ ਹੀ ਬਦਲ ਚੁੱਕੀ ਹੈ। ਦੂਜੇ ਬੰਨੇ ਸੰਤ, ਮਹੰਤ, ਸਾਧ ਤੇ ਸੰਨਿਆਸੀ ਗੁਰਮੁਖ ਭੀ ਕੋਈ ਟਾਵਾਂ ਟਾਵਾਂ ਹੋਵੇ ਤਾਂ ਹੋਵੇ, ਨਹੀਂ ਤਾਂ ਜਿੰਨੇ ਭੀ ਹਨ, ਸਾਰੇ ਭੇਖਧਾਰੀ, ਲੋਭੀ, ਲਾਲਚੀ, ਪਾਖੰਡੀ ਤੇ ਫ਼ਿਰਕਾ-ਪ੍ਰਸਤ ਹੀ ਹਨ। ਪਤਾ ਨਹੀਂ ਮੇਰੀਆਂ ਇਹ ਸਤਰਾਂ ਕਿਸੇ ਨੂੰ ਭਾਉਣਗੀਆਂ ਭੀ ਕਿ ਨਹੀਂ, ਪਰ ਮੇਰੀ ਹਾਲਤ ਤਾਂ ਇਹ ਹੈ :

**ਪ੍ਰੀਤਮ ਦੇ ਪ੍ਰੇਮ ਦਾ ਜਾਂ ਵਜਦਾ ਹੁਲਾਰਾ ਜ਼ਰਾ,**
**ਭੁਲ ਜਾਣ ਕਾਰਾਂ ਤੇ ਵਿਚਾਰਾਂ, ਨਾ ਰਹਾਨੀਆਂ।**
**ਸੁਧਿ ਬੁਧਿ ਅਕਲ ਦੀ ਸ਼ਕਲ ਬਿਕਲ ਹੋਇ,**
**ਮਾਨ ਤੇ ਮਹੱਤ ਮਤਿ ਛੱਪ ਛੁਪ ਜਾਨੀਆਂ।**
**ਝਲੀਆਂ ਨਾ ਜਾਣ ਜਿਨ੍ਹੀ ਝਲੀਆਂ ਸੁ ਝੱਲਦੇ ਨਾ,**
**ਝਲੀਆਂ ਵਲੱਲੀਆਂ ਚੜ੍ਹੀਆਂ ਪ੍ਰੇਮ-ਕਾਨੀਆਂ।**
**ਜਾਨੀਆਂ ਨੂੰ ਜਾਨਣੇ ਨੂੰ ਜਾਨੀਆਂ ਨ ਜਾਣ ਜਿਵੇਂ,**
**ਥੰਮੀਆਂ ਨ ਜਾਣ, ਅਖੀਂ ਜਾਨੀਆਂ ਨੂੰ ਜਾਨੀਆਂ।**

ਭਾਈ ਸਾਹਿਬ ਜੀ ਦੀਆਂ ਮੇਰੇ ਨਾਲ ਹੱਡ-ਬੀਤੀਆਂ ਕਥਾਵਾਂ ਜੇ ਕੋਈ ਸੁਣ ਕੇ ਲਿਖਣਾ ਚਾਹੇ ਤਾਂ ਭਾਵੇਂ ਇੱਕ ਵੱਡਾ ਗ੍ਰੰਥ ਲਿਖ ਸਕਦਾ ਹੈ, ਪਰ ਕੌਣ ਸੁਣੇ ਤੇ ਕੌਣ ਲਿਖੇ? ਤੇ ਕਿਸੇ ਨੂੰ ਕੀ ਗ਼ਰਜ਼ ਹੈ? ਇਸ਼ਕ-ਮਜ਼ਾਜੀ ਵਿੱਚ ਰੁੜ੍ਹੇ ਜਾ ਰਹਿਆਂ ਨੂੰ, ਵਿਸ਼ੇ-ਵਿਕਾਰਾਂ ਵਿੱਚ ਬਹੇ ਜਾ ਰਹਿਆਂ ਨੂੰ ਵਾਹਿਗੁਰੂ-ਪ੍ਰੇਮ-ਰੰਗ ਦੀ ਕੀ ਸਾਰ? ਤੇ ਕੀ ਚਾਹ? ਇਹ ਤਾਂ ਭਾਈ :

**ਝੱਲਿਆਂ ਨੂੰ ਝੱਲੀਆਂ ਹੀ ਆਂਦੀਆਂ ਤੇ ਭਾਂਦੀਆਂ ਨੇ,**
**ਝਲੜੇ ਹੀ ਝਲਦੇ ਨੇ ਝਲਿਆਂ ਦੇ ਝੱਲ ਨੂੰ।**
**ਰੋਂਦੇ ਕਦੇ ਹੱਸਦੇ ਨੇ, ਬੈਠੇ ਕਦੇ ਟੱਪਦੇ ਨੇ,**
**ਗਾਂਦੇ ਕਦੇ ਨਚਦੇ ਬਜਾਂਦੇ ਕਦੇ ਗਲ੍ਹ ਨੂੰ।**
**ਝੂਮਦੇ ਨੇ ਘੂਮਦੇ ਨੇ, ਬੋਕਦੇ ਨੇ ਹੋਕਦੇ ਨੇ,**
**ਸੂਕਦੇ ਨੇ ਕੂਕਦੇ, ਜਗਾਣ ਸੁਤੇ ਦਲ ਨੂੰ।**
**'ਝੱਲਾ ਭਾਈ ਝੱਲਾ!' ਆਖਿ ਲੋਕ ਗੱਲਾਂ ਮਾਰਦੇ ਨੇ,**
**ਸੱਲਿਆ ਹੀ ਜਾਣੇ ਕੋਈ ਸੱਲਿਆ ਦੇ ਸੱਲ ਨੂੰ।**

(ਪੰਜਾਬੀ ਰਤਨ, 24 ਅਗਸਤ 1961 ਵਿਚੋਂ)

'ਦੁਖੀ' ਜੀ ਭਾਈ ਸਾਹਿਬ ਜੀ ਦੇ ਗੁਰਮਤਿ ਗਿਆਨ ਤੇ ਅਧਿਆਤਮਵਾਦ ਤੋਂ ਪ੍ਰਭਾਵਤ ਹੋਣ ਕਾਰਨ ਇਨ੍ਹਾਂ ਨੂੰ ਪਵਿੱਤਰ ਆਤਮਾ ਮੰਨ ਕੇ ਸਤਿਕਾਰਦੇ ਸਨ। ਇਕ ਵਾਰ ਭਾਈ ਸਾਹਿਬ ਨਾਲ ਗਿਆਨ ਚਰਚਾ ਦੌਰਾਨ ਭਾਈ ਸਾਹਿਬ ਦੇ ਮੂੰਹੋਂ ਅਚਾਨਕ 'ਅਸਾਂ ਕੀ ਖਟਣਾ? ਦੇ ਸ਼ਬਦ ਨਿਕਲ ਗਏ। ਇਸ ਨੂੰ ਕਾਵਿ ਸਮੱਸਿਆ ਮੰਨ ਕੇ 'ਦੁਖੀ' ਜੀ ਨੇ ਸਮੱਸਿਆ ਪੂਰਤੀ ਕਰਦਿਆਂ ਕਾਫ਼ੀ ਲੰਬੀ ਕਵਿਤਾ ਲਿਖੀ।

ਭਾਈ ਸਾਹਿਬ ਦਾ ਅਸੂਲ ਸੀ ਆਪਣੇ ਬਸਤਰ ਆਪ ਧੋਣ ਦਾ ਪਰ ਉਨ੍ਹਾਂ ਨੂੰ ਪਵਿਤਰ ਆਤਮਾ ਸਮਝ ਕੇ ਸਾਥੀ ਇਸ ਤਾਕ ਵਿੱਚ ਰਹਿੰਦੇ ਸਨ ਕਿ ਉਨ੍ਹਾਂ ਦੇ ਬਸਤਰ ਧੋਣ ਦਾ ਸਮਾਂ ਉਨ੍ਹਾਂ ਨੂੰ ਕਦੋਂ ਨਸੀਬ ਹੁੰਦਾ ਹੈ? ਇਕ ਵਾਰ ਭਾਈ ਸਾਹਿਬ ਬੁਖਾਰ ਦੇ ਇੰਨੇ ਸ਼ਿਕਾਰ ਹੋ ਗਏ ਕਿ ਜਾਪਦਾ ਸੀ ਕਿ ਉਨ੍ਹਾਂ ਵਿੱਚ ਆਪਣਾ ਨਿਯਮ ਨਿਭਾਉਣ ਜੋਗੀ ਸਮਰਥਾ



www.AKJ.Org

ਨਹੀਂ ਸੀ ਰਹੀ। 'ਦੁਖੀ' ਜੀ ਲਿਖਦੇ ਹਨ "ਹਜ਼ਾਰੀ ਬਾਗ ਸੈਂਟ੍ਰਲ ਜੇਲ੍ਹ ਵਿੱਚ ਦੇਸ਼ ਧਰਮ ਖਾਤਰ ਸੜ ਰਹੇ ਵੀਰਾਂ ਦਾ ਨਜ਼ਾਮ ਭੀ ਦੇਖਣ ਯੋਗ ਹੀ ਸੀ। ਭਾਈ ਰਣਧੀਰ ਸਿੰਘ ਜੀ ਬੁਖਾਰ ਨਾਲ ਬੀਮਾਰ ਸਨ ਤੇ ਸਾਰੇ ਸਾਥੀ ਆਪੋ ਆਪਣੀ ਕੋਠੀ ਵਿੱਚ ਬੈਠੇ ਵਾਹਿਗੁਰੂ ਅੱਗੇ ਅਰਦਾਸੇ ਕਰ ਰਹੇ ਸਨ, ਭਾਈ ਸਾਹਿਬ ਲਈ ਪ੍ਰੇਮ ਦੀਆਂ ਲਹਿਰਾਂ ਹਰ ਇਕ ਮਨ ਵਿੱਚ ਉਛਾਲੇ ਮਾਰ ਰਹੀਆਂ ਸਨ। ਐਤਵਾਰ ਦਾ ਦਿਨ ਹੋਣ ਕਰ ਕੇ ਕੁਝ ਕੁ ਸਮੇਂ ਦੀ ਕਪੜੇ ਧੋਣ ਲਈ ਛੁੱਟੀ ਸੀ।"

"ਮੇਰੇ ਦਿਲ ਵਿੱਚ ਵੀ ਉਮੰਗ ਉਠੀ ਕਿ ਸ੍ਰੀਮਾਨ ਜੀ ਦੇ ਬਸਤਰ ਵਿੱਚੋਂ ਕੁਝ ਧੋ ਕੇ (ਕਿਉਂਕਿ ਉਹ ਬੀਮਾਰ ਹੋਣ ਕਰ ਕੇ ਧੋ ਨਹੀਂ ਸਨ ਸਕਦੇ) ਸੇਵਾ ਦਾ ਲਾਹਾ ਲਈਏ ਤੇ ਹੱਥਾਂ ਨੂੰ ਪਵਿੱਤਰ ਕਰੀਏ, ਪਰ ਮੰਗੀਏ ਕਿੰਕੂ? ਭਾਈ ਸਾਹਿਬ ਜੀ ਤੇ ਸੇਵਾ ਕਰਵਾਉਂਦੇ ਹੀ ਬਹੁਤ ਘੱਟ ਸਨ। ਤਦ ਇਕ ਕਬਿੱਤ ਲਿਖਿਆ ਤੇ ਕਛਹਿਰਾ ਧੋਣ ਦੀ ਸੇਵਾ ਲਈ ਬੇਨਤੀ ਦਿਲ ਹੀ ਦਿਲ ਵਿੱਚ ਕੀਤੀ।"

ਪਰ ਬਸਤਰ ਧੋਣ ਦੀ ਸੇਵਾ ਦੀ ਮੱਲ ਬਤਨ ਸਿੰਘ ਕਾਹਰੀ ਵਾਲੇ ਪਹਿਲਾਂ ਹੀ ਮਾਰ ਗਏ ਸਨ। "ਉਕਤ ਦਿਹਾੜੇ ਜਦ ਭਾਈ ਰਣਧੀਰ ਸਿੰਘ ਜੀ ਬੀਮਾਰ ਸਨ ਤਾਂ ਦਾਸ ਵਾਂਗੂ ਭਾਈ ਬਤਨ ਸਿੰਘ ਜੀ ਨੇ ਵੀ ਭਾਈ ਰਣਧੀਰ ਸਿੰਘ ਜੀ ਪਾਸੋਂ ਕੁੜਤਾ ਤੇ ਕਛਹਿਰਾ ਧੋਣ ਲਈ ਮੰਗਿਆ ਸੀ, ਉਨ੍ਹਾਂ ਨੇ ਮੇਰੇ ਪਹਿਲੋਂ ਬੇਨਤੀ ਕੀਤੀ ਸੀ ਜੋ ਭਾਈ ਰਣਧੀਰ ਸਿੰਘ ਜੀ ਨੇ ਪ੍ਰੇਮ ਸਮਝ ਕੇ ਪ੍ਰਵਾਨ ਕਰ ਲਈ ਸੀ। ਹੁਣ ਜਦ ਮੈਂ ਉਪਰ ਲਿਖਿਆ ਕਬਿਤ ਵਿਖਾਇਆ, ਤਾਂ ਸ੍ਰੀ ਮਾਨ ਜੀ ਨੇ ਇਸ਼ਾਰੇ ਨਾਲ ਹੀ ਸਮਝਾ ਦਿੱਤਾ ਕਿ 'ਕਪੜੇ ਧੋਣ ਲਈ ਤਾਂ ਭਾਈ ਬਤਨ ਸਿੰਘ ਜੀ ਨਾਲ ਇਕਰਾਰ ਹੋ ਚੁੱਕਾ ਹੈ।"

*(ਪੁਸਤਕ ਗਦਰੀ ਯੋਧੇ ਵਿਚੋਂ ਧੰਨਵਾਦ ਸਹਿਤ)*

# ਬਾਬਾ ਗੁਰਦਿੱਤ ਸਿੰਘ ਜੀ ਅਕਾਲੀ, ਪ੍ਰਤਾਬਪੁਰਾ, ਜ਼ਿਲ੍ਹਾ ਜਲੰਧਰ

ਭਾਈ ਗੁਰਦੀਪ ਸਿੰਘ ਸ੍ਰੀ ਅੰਮ੍ਰਿਤਸਰ

ਸਿੰਘ ਸਭਾ ਲਹਿਰ ਦੇ ਪ੍ਰਚਾਰਕ, ਸਮਾਜ ਸੁਧਾਰਕ ਅਤੇ ਗੁਰਸਿਖਾਂ ਦੀ ਤਨ ਮਨ ਧਨ ਨਾਲ ਸੇਵਾ ਕਰਨ ਵਾਲੇ ਬਾਬਾ ਗੁਰਦਿੱਤ ਸਿੰਘ ਜੀ ਦਾ ਜਨਮ ਸੰਨ 1892 ਈ. ਪਿੰਡ ਪ੍ਰਤਾਬਪੁਰਾ, ਜ਼ਿਲ੍ਹਾ ਜਲੰਧਰ ਪਿਤਾ ਸ. ਪੰਜਾਬ ਸਿੰਘ ਅਤੇ ਮਾਤਾ ਰਲੀ ਜੀ ਦੀ ਕੁਖੋਂ ਹੋਇਆ। ਉਸ ਵੇਲੇ ਵਿਦਿਆ ਦਾ ਕੋਈ ਖ਼ਾਸ ਸਾਧਨ ਨਹੀਂ ਸਨ ਤੇ ਆਪ ਜੀ ਨੇ ਪਿੰਡ ਦੇ ਗੁਰਦੁਆਰੇ ਦੀ ਸੇਵਾ ਕਰਨ ਵਾਲੇ ਮਹਾਂਪੁਰਖ ਬਾਬਾ ਬਿਸ਼ਨ ਸਿੰਘ ਜੀ ਪਾਸੋਂ ਗੁਰਮੁਖੀ ਪੜ੍ਹੀ ਤੇ ਨਾਲ ਹੀ ਪਾਠ ਦੀ ਸੰਥਿਆ ਲਈ। ਬਾਣੀ ਦਾ ਅਭਿਆਸ ਕਰਨ ਕਰਕੇ ਇਨ੍ਹਾਂ ਨੂੰ ਜਪੁਜੀ ਸਾਹਿਬ, ਸ੍ਰੀ ਆਸਾ ਕੀ ਵਾਰ, ਸੋਦਰੁ, ਸੋਹਿਲਾ ਦੀਆਂ ਬਾਣੀਆਂ ਕੰਠ ਹੋ ਗਈਆਂ ਸਨ ਤੇ ਹੋਰ ਵੀ ਬਹੁਤ ਸਾਰੇ ਸ਼ਬਦ ਕੰਠ ਸਨ, ਜਿਨ੍ਹਾਂ ਦਾ ਆਪ ਹਰ ਵੇਲੇ ਗੁਰਮੰਤਰ/ਮੂਲ ਮੰਤਰ ਦੇ ਜਾਪ ਨਾਲ ਨਾਲ ਗੁਰਬਾਣੀ ਦਾ ਪਾਠ ਕਰਦੇ ਰਹਿੰਦੇ ਸਨ।

ਆਪ ਜੀ ਬਜਪਨ ਤੋਂ ਹੀ ਆਪਣੇ ਪਿਤਾ ਨਾਲ ਖੇਤੀਬਾੜੀ ਦਾ ਪਿਤਾ ਪੁਰਖੀ ਧੰਧਾ ਕਰਨ ਲੱਗ ਪਏ। ਇਨ੍ਹਾਂ ਕੋਲ ਜ਼ਮੀਨ ਗੁਜ਼ਾਰੇ ਜੋਗੀ ਸੀ ਤੇ ਘਰ ਦਾ ਗੁਜ਼ਾਰਾ ਠੀਕ-ਠਾਕ ਹੀ ਚੱਲਦਾ ਸੀ। ਇਨ੍ਹਾਂ ਦਾ ਅਨੰਦ ਕਾਰਜ ਮਾਤਾ ਇੰਦ ਕੌਰ ਜੀ ਪਿੰਡ ਵੇਂਡਲ ਚੱਕ ਨੇੜੇ ਨਕੋਦਰ ਨਾਲ ਹੋਇਆ ਜੋ ਕਿ ਕੋਰੇ ਅਨਪੜ੍ਹ ਸਨ। ਇਨ੍ਹਾਂ ਦੇ ਘਰ ਪੰਜ ਪੁੱਤਰਾਂ ਤੇ ਦੋ ਪੁੱਤਰੀਆਂ ਨੇ ਜਨਮ ਲਿਆ। ਬੇਸ਼ੱਕ ਆਪ ਅਨਪੜ੍ਹ ਸਨ ਤੇ ਮਾਇਕ ਹਾਲਤ ਵੀ ਚੰਗੀ ਨਹੀਂ ਸੀ ਪਰ ਇਨ੍ਹਾਂ ਨੇ ਆਪਣੇ ਬੱਚਿਆਂ ਖ਼ਾਸ ਕਰ ਵੱਡੇ ਦੋ ਸਪੁਤਰਾਂ ਨੂੰ ਦਸਵੀਂ ਤਕ ਵਿਦਿਆ ਦਿਵਾਈ ਜੋ ਕਿ ਮਗਰੋਂ ਸਾਰੇ ਹੀ ਵਿਦੇਸ਼ਾਂ ਦੇ ਪੱਕੇ ਨਿਵਾਸੀ ਬਣ ਗਏ।



www.AKJ.Org

ਬਾਬਾ ਜੀ ਦੀ ਚੜ੍ਹਦੀ ਜਵਾਨੀ ਵੇਲੇ ਪਿੰਡਾਂ ਵਿਚ ਸਨਾਤਨੀ ਰਸਮਾਂ-ਰਿਵਾਜਾਂ ਦਾ ਬੋਲਬਾਲਾ ਸੀ। ਆਮ ਸਿੱਖ ਬ੍ਰਾਹਮਣੀ ਰੀਤਾਂ ਦੇ ਸ਼ਿਕੰਜੇ ਵਿਚ ਫਸਿਆ ਹੋਇਆ ਸੀ। ਜਿਵੇਂ ਨੀਵੀਂ ਜਾਤ ਵਾਲਿਆ ਨੂੰ ਖੂਹਾਂ ਤੋਂ ਪਾਣੀ ਭਰਨ ਦੀ ਮਨਾਹੀ, ਗੁਰਦੁਆਰੇ ਲੰਗਰ ਵਿਚ ਵੱਖਰੀ ਪੰਗਤ ਲਗਾਉਣ ਅਤੇ ਲੰਗਰ/ਦੇਗ ਦੀ ਸੇਵਾ ਤੋਂ ਮਨਾਹੀ ਆਦਿ। ਇਨ੍ਹਾਂ ਨੀਵੀਂ ਜਾਤ ਵਾਲਿਆਂ ਲਈ ਅੰਮ੍ਰਿਤ ਦਾ ਬਾਟਾ ਵੀ ਵੱਖਰਾ ਤਿਆਰ ਕੀਤਾ ਜਾਂਦਾ ਸੀ ਤੇ ਉੱਚੀਆਂ ਜਾਤਾਂ ਵਾਲਿਆਂ ਤੋਂ ਵੱਖਰਾ ਹੀ ਅੰਮ੍ਰਿਤ ਛਕਾਇਆ ਜਾਂਦਾ ਸੀ। ਇਸ ਤੋਂ ਇਲਾਵਾ ਜਾਤ-ਪਾਤ, ਛੂਤ-ਛਾਤ, ਵਿਆਹ ਸ਼ਾਦੀਆਂ ਤੇ ਮਰਨੇ ਧਰਨੇ ਵੇਲੇ ਹਿੰਦੂ ਰੀਤੀਆਂ ਆਮ ਸਿੱਖਾਂ ਦੇ ਘਰਾਂ ਵਿਚ ਵੀ ਪ੍ਰਚੱਲਤ ਸਨ। ਇਹ ਸਭ ਕੁਝ ਗੁਰਮਤਿ ਦੇ ਅਸੂਲਾਂ ਦੇ ਵਿਰੁਧ ਹੋਣ ਕਾਰਨ, ਇਨ੍ਹਾਂ ਦੇ ਸੁਧਾਰ ਵਾਸਤੇ ਸਿੰਘ ਸਭਾ ਲਹਿਰ ਦਾ ਆਗਾਜ਼ ਹੋਇਆ, ਜਿਸ ਦਾ ਇਸ ਇਲਾਕਾ ਵਿਚ ਵੀ ਪ੍ਰਭਾਵ ਵੱਧਣਾ ਸ਼ੁਰੂ ਹੋ ਗਿਆ। ਬਾਬਾ ਜੀ ਦੇ ਪਿੰਡ ਦੇ ਨੇੜੇ ਹੀ ਪਿੰਡ ਬਕਾਪੁਰ ਪੈਂਦਾ ਹੈ ਜਿਥੇ ਇਕ ਅੰਮ੍ਰਿਤ ਸੰਚਾਰ ਸਮਾਗਮ ਸਿੰਘ ਸਭਾ ਵਲੋਂ ਆਯੋਜਿਤ ਕੀਤਾ ਗਿਆ ਸੀ ਤੇ ਜਿਸ ਵਿਚ ਭਾਈ ਰਣਧੀਰ ਸਿੰਘ ਜੀ ਨੇ ਇਕ ਮੁਸਲਮਾਨ ਪਰਿਵਾਰ ਨਾਲ ਇਕੋ ਬਾਟੇ ਵਿਚ ਅੰਮ੍ਰਿਤ ਛੱਕਿਆ ਸੀ। ਇਸ ਤਰ੍ਹਾਂ ਆਪ ਜੀ ਨੇ ਵੀ ਆਪਣੇ ਚਚੇਰੇ ਵੱਡੇ ਭਰਾ ਸਮੇਤ ਇਕ ਅੰਮ੍ਰਿਤ ਸੰਚਾਰ ਸਮਾਗਮ ਵਿੱਚ ਅੰਮ੍ਰਿਤ ਛੱਕ ਲਿਆ। ਕਿਉਂਕਿ ਆਪ ਅੰਮ੍ਰਿਤ ਛੱਕਣ ਤੋਂ ਬਾਅਦ ਨੀਵੀਆਂ ਜਾਤੀਆਂ ਦੇ ਸਿੱਖਾਂ ਨਾਲ ਵਰਤ ਵਰਤਾਓ ਰੱਖਦੇ ਸਨ ਤੇ ਕੋਈ ਛੂਤ-ਛਾਤ ਦਾ ਵਹਿਮ ਨਹੀਂ ਸੀ ਕਰਦੇ ਜਿਸ ਕਰਕੇ ਪਿੰਡ ਵਾਸੀਆਂ ਨੇ ਇਨ੍ਹਾਂ ਨੂੰ ਪਿੰਡ ਵਿੱਚ ਲੱਗੇ ਖੂਹ ਤੋਂ ਪਾਣੀ ਲੈਣ ਤੋਂ ਮਨ੍ਹਾ ਕਰ ਦਿੱਤਾ। ਪਰ ਇਹ ਆਪਣੀ ਧੁੰਨ ਦੇ ਪੱਕੇ ਰਹੇ ਅਤੇ ਆਪਣੀ ਜ਼ਮੀਨ ਵਿਚ ਲੱਗੇ ਹਰਹਟ ਤੋਂ ਪਾਣੀ ਲੈ ਕੇ ਗੁਜ਼ਾਰਾ ਕਰਦੇ ਰਹੇ।

ਇਨ੍ਹਾਂ ਦੀ ਇੱਕ ਹੀ ਭੈਣ ਬੀਬੀ ਧੰਨ ਕੌਰ ਸੀ ਜੋ ਕਿ ਬੁੰਡਾਲੇ ਪਿੰਡ, ਜ਼ਿਲਾ ਜਲੰਧਰ ਦੇ ਸ. ਧਰਮ ਸਿੰਘ ਜੀ ਨਾਲ ਵਿਆਹੀ ਹੋਈ ਸੀ। ਇਨ੍ਹਾਂ ਦੋਹਾਂ ਭੈਣ-ਭਰਾਵਾਂ ਦਾ ਆਪਸੀ ਪਿਆਰ ਵੀ ਆਪਣੇ ਆਪ ਵਿਚ ਇਕ ਮਿਸਾਲ ਸੀ। ਇਸੇ ਤਰ੍ਹਾਂ ਇਨ੍ਹਾਂ ਦੇ ਭਣਵਈਏ ਬਾਬਾ ਧਰਮ ਸਿੰਘ ਜੀ ਵੀ ਅੰਮ੍ਰਿਤਧਾਰੀ ਸਨ ਤੇ ਸਿੰਘ ਸਭਾ ਲਹਿਰ ਨਾਲ ਜੁੜੇ ਹੋਏ ਸਨ। ਇਨ੍ਹਾਂ ਦੀ ਆਪਸੀ ਰਿਸ਼ਤੇਦਾਰੀ ਦੇ ਨਾਲ ਨਾਲ ਗੁਰਸਿੱਖੀ ਦਾ ਵੀ ਗੂੜ੍ਹਾ ਰਿਸ਼ਤਾ ਬਣ ਗਿਆ। ਸਿੰਘ ਸਭਾ ਦੇ ਹਰ ਦੀਵਾਨ ਤੇ ਇਕੱਠੇ ਜਾਂਦੇ ਸਨ ਤੇ ਇਨ੍ਹਾਂ ਦਾ ਰੋਜ਼ਾਨਾ ਨੇਮ ਇਕ-ਦੂਜੇ ਨੂੰ ਮਿਲਣ ਦਾ ਬਣਿਆ ਹੋਇਆ ਸੀ, ਬੁੰਡਾਲਾ ਪਿੰਡ ਇਨ੍ਹਾਂ ਦੇ ਪਿੰਡ ਤੋਂ ਤਕਰੀਬਨ 10 ਕੁ ਮੀਲ 'ਤੇ ਹੈ। ਇਹ ਵਾਰੀ ਅਨੁਸਾਰ ਪੈਦਲ ਚੱਲ ਕੇ ਇਕ-ਦੂਸਰੇ ਦੇ ਪਿੰਡ ਪਹੁੰਚ ਜਾਂਦੇ ਸਨ। ਗੁਰਮਤਿ ਵੀਚਾਰਾਂ, ਗੁਰਬਾਦੀ ਦੇ ਪਾਠ ਤੋਂ ਇਲਾਵਾ ਖੇਤੀਬਾੜੀ ਦਾ ਕੰਮ ਵੀ ਰਲ ਕੇ ਕਰਦੇ ਸਨ ਕਿਉਂਕਿ ਦੋਹਾਂ ਪਰਿਵਾਰਾਂ ਵਿਚ ਇਹ ਇਕੱਲੇ-ਇਕੱਲੇ ਹੀ ਹਾਲੀ ਸਨ। ਇਸ ਤਰ੍ਹਾਂ ਇਕ-ਦੂਸਰੇ ਨਾਲ ਕੰਮ ਕਾਰ ਵਿਚ ਵੀ ਹੱਥ ਵਟਾ ਲੈਂਦੇ ਸਨ।

ਜਦੋਂ ਇਨ੍ਹਾਂ ਦੇ ਦੋ ਵੱਡੇ ਸਪੁੱਤਰ ਜਵਾਨ ਹੋਏ ਤੇ ਉਨ੍ਹਾਂ ਦਾ ਮੰਗਣੀ ਪਿੰਡ ਮਨਸੂਰਪੁਰ ਨੇੜੇ ਗੁਰਾਇਆ ਦੇ ਨਿਵਾਸੀ ਸ. ਦਿਲਬਾਗ ਸਿੰਘ ਦੀਆਂ ਦੋ ਪੁੱਤਰੀਆਂ ਨਾਲ ਹੋਈ। ਸ. ਦਿਲਬਾਗ ਸਿੰਘ ਜੀ ਇਕ ਤਕੜੇ ਜ਼ਿਮੀਂਦਾਰ ਤੇ ਮਾਇਆ ਪਖੋਂ ਬਹੁਤ ਸੌਖੇ ਸਨ। ਜਦੋਂ ਉਹ ਮੰਗਣੀ ਕਰਨ ਆਏ ਤੇ ਇਨ੍ਹਾਂ ਦੇ ਘਰ ਵਿਚ ਛੱਤ ਨੂੰ ਡਿੱਗਣ ਤੋਂ ਬਚਾਉਣ ਲਈ 19 ਥੰਮੀਆਂ ਦਿੱਤੀਆਂ ਹੋਈਆਂ ਸਨ ਜੋ ਇਨ੍ਹਾਂ ਦੀ ਅਤਿ ਗਰੀਬੀ ਦਾ ਨਮੂਨਾ ਸੀ। ਸ. ਦਿਲਬਾਗ ਸਿੰਘ ਜੀ ਦੇ ਵੀ ਸਿੰਘ ਸਭਾ ਲਹਿਰ ਨਾਲ ਜੁੜੇ ਹੋਣ ਕਾਰਨ, ਇਨ੍ਹਾਂ ਦੇ ਗੁਰਸਿੱਖੀ ਜੀਵਨ, ਲਗਨ, ਪ੍ਰੇਮ ਤੇ ਦ੍ਰਿੜਤਾ ਦੇਖ ਕੇ, ਉਨ੍ਹਾਂ ਆਪਣੀਆਂ ਪੁੱਤਰੀਆਂ ਦੇ ਰਿਸ਼ਤੇ, ਬਿਨਾਂ ਕਿਸੇ ਸੰਕੋਚ ਅਤੇ ਇਨ੍ਹਾਂ ਦੀ ਗਰੀਬੀ ਨੂੰ ਨਜ਼ਰ ਅੰਦਾਜ਼ ਕਰਦੇ ਹੋਏ, ਗੁਰੂ ਦੇ ਆਸਰੇ ਇਨ੍ਹਾਂ ਦੇ ਪੁੱਤਰਾਂ ਨਾਲ ਕਰ ਦਿੱਤੇ। ਵਿਆਹ ਵੇਲੇ ਵੀ ਬਰਾਤ ਵਿਚ ਕੇਵਲ ਪੰਜ ਸਿੰਘ (ਬਾਬਾ ਜੀ ਆਪ ਖੁਦ ਨਹੀਂ ਸਨ ਗਏ ਅਤੇ ਆਪਣੀ ਜਗ੍ਹਾ ਆਪਣੇ ਭਣਵਈਏ ਬਾਬਾ ਧਰਮ ਸਿੰਘ ਨੂੰ ਲੜਕਿਆਂ ਦੇ ਪਿਤਾ ਬਣਾ ਕੇ ਭੇਜ ਦਿੱਤਾ ਸੀ) ਜੋ ਪੈਦਲ ਹੀ ਗਏ ਸਨ। ਇਨ੍ਹਾਂ ਸਿੰਘਾਂ ਨੂੰ ਸ. ਦਿਲਬਾਗ ਸਿੰਘ ਜੀ ਨੇ ਆਪਣੇ ਘਰ ਹੀ ਰਾਤ ਨੂੰ



www.AKJ.Org

ਠਹਿਰਾਇਆ। ਸਾਦੇ ਮੱਕੀ ਦੇ ਪ੍ਰਸ਼ਾਦੇ ਸਾਗ ਨਾਲ ਛਕਾ ਦਿੱਤੇ ਅਤੇ ਕੋਈ ਉਚੇਚ ਨਾ ਕੀਤੀ। ਅੰਮ੍ਰਿਤ ਵੇਲੇ ਉਠ ਕੇ ਨਿਤੇਨਮ ਤੋਂ ਬਾਅਦ ਪਹਿਲਾਂ ਆਸਾ ਕੀ ਵਾਰ ਦਾ ਕੀਰਤਨ ਗੁਰਦੁਆਰੇ ਹੋਇਆ। ਉਥੇ ਹੀ ਦੋਵੇਂ ਅਨੰਦ ਕਾਰਜ ਗੁਰਮਤਿ ਅਨੁਸਾਰ ਕੀਤੇ ਤਾਂ ਫਿਰ ਸ਼ਾਹ (ਸਵੇਰ) ਵੇਲੇ (ਨਾਸ਼ਤਾ) ਸਾਦੇ ਪ੍ਰਸ਼ਾਦੇ ਦਹੀਂ ਮੱਖਣ ਆਚਾਰ ਨਾਲ ਛਕਾ ਕੇ ਆਪਣੀਆਂ ਬੱਚੀਆਂ ਦੀਆਂ ਡੋਲੀਆਂ ਤੋਰ ਦਿੱਤੀਆਂ। ਇਕ ਇਕ ਸੂਟ ਉਨ੍ਹਾਂ ਦੇ ਗੱਲ ਵਿਚ ਪਾ ਦਿੱਤਾ ਤੇ ਇਕ ਇਕ ਸੂਟ ਥੈਲੇ ਵਿਚ ਪਾ ਦਿੱਤਾ। ਹੋਰ ਕੋਈ ਸ਼ਗਨ, ਦਾਜ-ਦਹੇਜ, ਮੰਨ ਮਨਾਉਤ ਨਹੀਂ ਕੀਤੀ। ਇਹ ਸਾਰੇ ਵਾਪਸ ਪੈਦਲ ਹੀ ਆਏ। ਇਸ ਸਮੇਂ, ਇਨ੍ਹਾਂ ਨਵੀਆਂ ਵਿਆਹੀਆਂ ਬੀਬੀਆਂ ਦੇ ਕੋਈ ਹਾਰ-ਸ਼ਿੰਗਾਰ, ਉਸ ਵੇਲੇ ਦੇ ਰਿਵਾਜ ਮੁਤਾਬਿਕ ਕੋਈ ਘੁੰਡ ਜਾਂ ਤੇੜ ਘੱਗਰਾ ਨਹੀਂ ਪਾਇਆ ਹੋਇਆ ਸੀ। ਸਾਰੇ ਪਿੰਡ ਨਿਵਾਸੀ ਇਕੱਠੇ ਹੋ ਕੇ ਪਿੰਡ ਬਾਹਰੋਂ ਇਨ੍ਹਾਂ ਬੀਬੀਆਂ ਨੂੰ ਇਸ ਗੁਰਮੁਖੀ ਤੇ ਸਾਦੇ ਲਿਬਾਸ ਵਿਚ ਆਉਂਦੇ ਤੱਕਣ ਲਈ ਉਮੱਡ ਪਏ। ਇਹ ਅਨੰਦ ਕਾਰਜ ਆਪਣੇ ਆਪ ਵਿਚ ਇਕ ਅਲੌਕਿਕ ਅਨੰਦ ਕਾਰਜ ਸੀ ਜੋ ਸਾਡੇ ਲਈ ਅੱਜ ਵੀ ਇਕ ਚਾਨਣ ਮੁਨਾਰਾ ਹੈ। ਇਨ੍ਹਾਂ ਬੀਬੀਆਂ ਦੀ ਕਿਸਮਤ ਦੇਖੋ, ਜਿਸ ਘਰ ਵਿਚ 19 ਥੰਮੀਆਂ ਦਿੱਤੀਆਂ ਹੋਈਆਂ ਸਨ, ਥੋੜ੍ਹੇ ਸਮੇਂ ਵਿਚ ਹੀ ਬਾਬਾ ਜੀ ਦੇ ਇਨ੍ਹਾਂ ਪੁੱਤਰਾਂ ਵਲੋਂ ਬ੍ਰਹਮਾ ਵਿਚ ਜਾ ਕੇ ਕੀਤੀ ਕ੍ਰਿਤ ਕਮਾਈ ਸਦਕਾ, ਉਸੇ ਥਾਂ ਤੇ ਸਾਰੇ ਪਿੰਡ ਵਿਚ ਸਭ ਤੋਂ ਪਹਿਲਾ ਤਿੰਨ ਮੰਜ਼ਲਾਂ ਮਕਾਨ ਉਸਾਰਿਆ ਗਿਆ। ਇਹ ਦਾਜ ਦਹੇਜ ਮੰਗਣ ਵਾਲਿਆਂ ਦੇ 'ਤੇ ਮੂੰਹ 'ਤੇ ਇਕ ਚਪੇੜ ਹੈ ਜੋ ਕਿ ਗੁਰੂ ਦਾ ਆਸਰਾ ਤੇ ਭਰੋਸਾ ਛੱਡ ਕੇ ਦੁਨੀਆਂਦਾਰਾਂ ਅਗੇ ਹੱਥ ਅੱਡਦੇ ਹਨ।

1923 ਵਿਚ ਗੁਰਦੁਆਰਾ ਗੰਗਸਰ ਜੈਤੋ ਵਿਖੇ, ਸ੍ਰੀ ਅਖੰਡ ਪਾਠ ਸਾਹਿਬ ਦੇ ਭੰਗ ਹੋਣ ਕਰਕੇ ਪੰਥ ਵਲੋਂ ਮੋਰਚਾ ਲਾਇਆ ਗਿਆ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਤੋਂ ਜਥੇ ਭੇਜਣੇ ਸ਼ੁਰੂ ਕੀਤੇ ਗਏ। ਉਸ ਵੇਲੇ ਸਤਲੁਜ ਦਰਿਆ ਤੇ ਦੋ ਪੁਲ ਹਰੀਕੇ ਪੱਤਣ ਤੇ ਫਿਲੌਰ ਕੋਲ ਹੀ ਸਨ ਤੇ ਉਥੇ ਪੁਲਿਸ ਦਾ ਪਹਿਰਾ ਹੋਣ ਕਰਕੇ ਜੈਤੋ ਜਾਣ ਵਾਲੇ ਜੱਥਿਆਂ ਨੂੰ ਦਰਿਆ ਪਾਰ ਕਰਨਾ ਮੁਸ਼ਕਲ ਹੁੰਦਾ ਸੀ। ਜੈਤੋ ਜਾਣ ਵੇਲੇ ਜਥੇ, ਤਲਵਣ ਪਿੰਡ ਲਾਗੇ ਪੱਤਣ, ਜੋ ਕਿ ਦਿੱਲੀ ਲਾਹੌਰ ਸ਼ਾਹ ਮਾਰਗ 'ਤੇ ਪੈਂਦਾ ਹੈ, ਤੋਂ ਦਰਿਆ ਪਾਰ ਕਰਦੇ ਸਨ। ਸਿੰਘ ਤਾਂ ਪੈਦਲ ਪਾਰ ਕਰ ਜਾਂਦੇ ਸਨ ਪਰੰਤੂ ਉਨ੍ਹਾਂ ਦਾ ਸਮਾਨ ਪਾਣੀ ਵਿਚੋਂ ਲੰਘਾਉਣਾ ਔਖਾ ਹੁੰਦਾ ਸੀ। ਬਾਬਾ ਜੀ ਦਾ ਪਿੰਡ ਇਥੋਂ ਨੇੜੇ ਹੀ ਪੈਂਦਾ ਸੀ ਅਤੇ ਉਹ ਪਿੰਡ ਦੇ ਇਕ ਹੋਰ ਗੁਰਸਿਖ ਬਾਬਾ ਪ੍ਰੀਤਮ ਸਿੰਘ ਜੀ ਨਾਲ ਰਲ ਕੇ ਆਪਣਾ ਗੱਡਾ ਜੋੜ ਕੇ ਜਥੇ ਨੂੰ ਦਰਿਆ ਪਾਰ ਕਰਨ ਵਿਚ ਮਦਦ ਕਰਨ ਲੱਗ ਪਏ। ਪਿਛੋਂ ਪਿੰਡ ਦੇ ਹੀ ਕਿਸੇ ਮੁਖਬਰ ਨੇ ਪੁਲਿਸ ਨੂੰ ਇਤਲਾਹ ਦੇ ਕੇ ਇਨ੍ਹਾਂ ਨੂੰ ਗ੍ਰਿਫਤਾਰ ਕਰਵਾ ਦਿੱਤਾ। ਇਨ੍ਹਾਂ 'ਤੇ ਪੁਲਿਸ ਵਲੋਂ ਸਰਕਾਰ ਵਿਰੋਧੀ ਕਾਰਵਾਈ ਕਰਨ ਕਰਕੇ ਮੁਕੱਦਮਾ ਚਲਾਇਆ ਤੇ ਫੈਸਲੇ ਵਿਚ 6 ਮਹੀਨੇ ਕੈਦ ਅਤੇ 200 ਰੁਪਏ ਜਰਮਾਨਾ ਕੀਤਾ ਗਿਆ। ਘਰ ਦੀ ਮਾਲੀ ਹਾਲਤ ਤਾਂ ਪਹਿਲਾਂ ਹੀ ਮਾੜੀ ਸੀ ਤੇ ਪਰਿਵਾਰ ਦੇ ਬੱਚੇ ਵੀ ਛੋਟੇ ਛੋਟੇ ਸਨ ਜਿਸ ਨਾਲ ਖੇਤੀਬਾੜੀ ਦਾ ਕੰਮ ਔਖਾ ਹੋ ਗਿਆ। ਉਸ ਵੇਲੇ 200 ਰੁਪਏ ਜਰਮਾਨੇ ਦੀ ਰਕਮ ਵੀ ਅੱਜ ਕਲ ਦੇ ਦੋ ਲੱਖ ਰੁਪਏ ਦੇ ਬਰਾਬਰ ਬਣਦੀ ਹੈ। ਪਰੰਤੂ ਇਸ ਬਿਖੜੇ ਸਮੇਂ ਇਨ੍ਹਾਂ ਦੇ ਗੁਰਸਿਖ ਮੀਤ ਅਤੇ ਰਿਸ਼ਤੇਦਾਰ ਬਾਬਾ ਧਰਮ ਸਿੰਘ ਜੀ ਤੇ ਆਪ ਜੀ ਦੇ ਸਹੁਰਾ ਪਰਿਵਾਰ ਨੇ ਪੂਰਾ ਸਾਥ ਦਿੱਤਾ ਅਤੇ ਬੱਚਿਆਂ ਤੇ ਸਿੰਘਣੀ ਨੂੰ ਡੋਲਣ ਨਹੀਂ ਦਿੱਤਾ।

ਇਨ੍ਹਾਂ ਦੀ ਜੇਲ ਯਾਤਰਾ ਦੌਰਾਨ ਹੀ ਇਨ੍ਹਾਂ ਨੂੰ ਸੰਗਰੈਣੀ ਦਾ ਨਾ-ਮੁਰਾਦ ਬੀਮਾਰੀ ਲੱਗ ਗਈ। ਉਸ ਵੇਲੇ ਇਲਾਜ ਤਾਂ ਹੁੰਦੇ ਨਹੀਂ ਸਨ ਤੇ ਹੌਲੀ-ਹੌਲੀ ਇਨ੍ਹਾਂ ਦੀ ਸਿਹਤ ਵਿਗੜਨ ਲੱਗ ਪਈ। ਅਖ਼ੀਰ 1946 ਵਿਚ ਇਹ ਆਪਣੇ ਜੀਵਨ ਨੂੰ ਗੁਰੂ ਪੰਥ ਲਾਉਂਦੇ ਹੋਏ ਪਿੰਡ ਪ੍ਰਤਾਬਪੁਰਾ ਵਿਚ ਰਹਿੰਦੇ ਹੋਏ ਗੁਰੂ ਚਰਨਾਂ ਵਿਚ ਜਾ ਬਿਰਾਜੇ। ਇਨ੍ਹਾਂ ਦੇ ਪਿਛੋਂ, ਇਨ੍ਹਾਂ ਦੇ ਭਣਵਈਏ ਬਾਬਾ ਧਰਮ ਸਿੰਘ ਜੀ, ਇਕ ਸਪੁੱਤਰ ਸ. ਤੇਜਾ ਸਿੰਘ ਅਤੇ ਪੋਤਰਾ ਸ. ਦਵਿੰਦਰ ਸਿੰਘ ਵੀ ਪੰਥਕ ਮੋਰਚਿਆਂ ਵਿੱਚ ਹਿੱਸਾ ਲੈਂਦੇ ਰਹੇ ਅਤੇ ਹਮੇਸ਼ਾ ਇਨ੍ਹਾਂ ਵਾਂਗ ਪੰਥ ਨੂੰ ਹੀ ਸਮਰਪਿਤ ਰਹੇ ਹਨ। ਇਨ੍ਹਾਂ ਦੀ ਕੁਰਬਾਨੀ ਕਰਕੇ, ਗੁਰਦੁਆਰਾ ਸੁਧਾਰ ਅਤੇ ਅਕਾਲੀ ਲਹਿਰ ਨਾਲ ਜੁੜੇ ਹੋਣ ਕਰਕੇ ਅੱਜ ਵੀ ਇਨ੍ਹਾਂ ਦਾ ਪਰਿਵਾਰ



www.AKJ.Org

ਪਿੰਡ ਵਿਚ ਅਕਾਲੀਆਂ ਦਾ ਪਰਿਵਾਰ ਕਰਕੇ ਜਾਣਿਆ ਜਾਂਦਾ ਹੈ ਅਤੇ ਇਨ੍ਹਾਂ ਦੀ ਯਾਦ ਵਿਚ ਸਮੁੱਚੇ ਪਰਿਵਾਰਕ ਮੈਂਬਰਾਂ ਵੱਲੋਂ ਗਰੀਬ ਲੋਕਾਂ ਦੀ ਸਹੂਲਤ ਲਈ ਇਕ ਕਮਿਊਨਿਟੀ ਹਾਲ ਸਥਾਪਿਤ ਕੀਤਾ ਗਿਆ ਹੈ ਜਿਥੇ ਗਰੀਬ ਲੋਕ ਆਪਣੇ ਧਾਰਮਿਕ ਅਤੇ ਸਮਾਜਿਕ ਕਾਰਜ ਬਿਨਾਂ ਕਿਸੇ ਜਾਤ ਪਾਤ, ਧਰਮ ਨਸਲ ਦੇ ਵਿਤਕਰੇ ਤੋਂ ਕਰਦੇ ਹਨ।

ਅੱਜ ਵੀ ਇਨ੍ਹਾਂ ਦੇ ਪਰਿਵਾਰ ਵਿਚੋਂ ਪਿੰਡ ਰਹਿੰਦੇ ਪੋਤਰੇ ਤੇ ਪੜਪੋਤੇ ਹਮੇਸ਼ਾ ਪੰਥਕ ਸੇਵਾ ਲਈ ਤਤਪਰ ਰਹਿੰਦੇ ਹਨ ਅਤੇ ਗੁਰੂ ਗ੍ਰੰਥ ਅਤੇ ਗੁਰੂ ਪੰਥ ਨੂੰ ਸਮਰਪਿਤ ਹਨ।

# ਬਾਬਾ ਵਿਸਾਖਾ ਸਿੰਘ ਦਦੇਹਰ, ਗਦਰੀ ਬਾਬਾ

**(ਅਖੰਡ ਕੀਰਤਨੀ ਜਥਾ ਬੁਲੇਟਿਨ ਦੇ ਅੰਕ ਅਗਸਤ 2005 ਵਿਚੋਂ)**

ਸ. ਬਲਜੀਤ ਸਿੰਘ ਖਾਲਸਾ

ਨੋਟ : ਬਾਬਾ ਵਿਸਾਖਾ ਸਿੰਘ ਦਦੇਹਰ, ਦੇਸ਼ ਭਗਤ ਤੇ ਗ਼ਦਰੀ ਬਾਬੇ ਦੇ ਜੀਵਨ ਬਿਰਤਾਂਤ ਦੀ ਵਿਸਥਾਰਿਤ ਜਾਣਕਾਰੀ ਪੁਸਤਕ ਗਦਰੀ ਯੋਧੇ ਸੰਪਾਦਿਤ ਸ. ਜੈਤੇਗ ਸਿੰਘ ਅਨੰਤ ਵਿਚ ਦਿੱਤੀ ਹੋਈ ਹੈ।

ਬਾਬਾ ਵਿਸਾਖਾ ਸਿੰਘ ਇਕ ਅਜਿਹਾ ਇਨਕਲਾਬੀ ਸੂਰਮਾ ਸੀ ਜੋ ਗੁਰਮਤਿ ਵਿਚਾਰਧਾਰਾ ਦਾ ਤੇਜ਼ ਆਪਣੀ ਛਾਤੀ ਵਿੱਚ ਲੈ ਕੇ ਸਾਰੀ ਜ਼ਿੰਦਗੀ ਹੀ ਜ਼ੁਲਮ-ਜ਼ਬਰ, ਲੁੱਟ-ਖਸੁੱਟ, ਬੇਇਨਸਾਫੀ ਅਤੇ ਗ਼ੁਲਾਮੀ ਵਿਰੁੱਧ ਜੂਝਦਾ ਰਿਹਾ। ਆਪ ਦਾ ਜਨਮ ਅੰਮ੍ਰਿਤਸਰ ਜ਼ਿਲ੍ਹੇ ਦੀ ਤਰਨਤਾਰਨ ਤਹਿਸੀਲ ਅਧੀਨ ਪੈਂਦੇ ਪਿੰਡ ਦਦਹੇਰ ਵਿਖੇ, ਸ. ਦਿਆਲ ਸਿੰਘ ਦੇ ਘਰ, ਮਾਤਾ ਇੰਦ ਕੌਰ ਦੀ ਕੁੱਖੋਂ ਸੰਨ 1877 ਈ. ਦੇ ਵਿਸਾਖੀ ਵਾਲੇ ਦਿਨ ਹੋਇਆ। 12 ਸਾਲ ਦੀ ਉਮਰ ਵਿੱਚ ਹੀ ਵਿਸਾਖਾ ਸਿੰਘ ਅੰਮ੍ਰਿਤ ਛੱਕ ਕੇ ਰਹਿਤ ਮਰਯਾਦਾ ਦੇ ਧਾਰਨੀ ਹੋ ਗਏ।

ਸੰਨ 1896 ਨੂੰ ਬਾਬਾ ਵਿਸਾਖਾ ਸਿੰਘ ਜਿਹਲਮ ਛਾਉਣੀ ਵਿੱਚ ਜਾ ਕੇ ਭਰਤੀ ਹੋ ਗਏ। ਫੌਜ ਵਿੱਚ ਆਪ ਨੇ ਅੰਮ੍ਰਿਤ ਵੇਲੇ ਉੱਠ ਕੇ ਨਿਤਨੇਮ ਅਤੇ ਨਾਮ ਸਿਮਰਨ ਦੀ ਕਾਰ ਜਾਰੀ ਰੱਖੀ। ਫੌਜ ਵਿੱਚ ਆਪ ਦੇ ਧਾਰਮਿਕ ਜੀਵਨ ਤੋਂ ਪ੍ਰਭਾਵਤ ਹੋ ਕੇ ਆਪ ਦੇ ਕਈ ਸਾਥੀ ਵੀ ਗੁਰਮਤਿ ਵੱਲ ਆਕਰਸ਼ਿਤ ਹੋਏ। ਫੌਜ ਵਿਚ ਆਪਣੀ ਡਿਊਟੀ ਤਨ-ਦੇਹੀ ਨਾਲ ਨਿਬਾਹੀ।

ਪੰਜਾਬ ਦੀ ਫ਼ਿਜ਼ਾ ਵਿੱਚ ਜਦ, 'ਪੱਗੜੀ ਸੰਭਾਲ ਜੱਟਾ, ਪੱਗੜੀ ਸੰਭਾਲ ਓਇ' ਦੇ ਤਰਾਨਿਆ ਨੇ ਲੋਕ ਮਾਨਸਿਕਤਾ ਵਿਚੋਂ ਅੰਗਰੇਜ਼ ਭਗਤੀ ਦਾ ਗੰਦ ਧੋ ਕੇ ਉਸ ਨੂੰ ਦੇਸ਼ ਭਗਤੀ ਦੇ ਰੰਗ ਵਿੱਚ ਰੰਗਣਾ ਸ਼ੁਰੂ ਕੀਤਾ ਤਾਂ ਪਹਿਲਾਂ ਹੀ ਗੁਰਮਤਿ ਵਿਚਾਰਧਾਰਾ ਦੇ ਰੰਗ ਵਿੱਚ ਰੰਗੇ ਵਿਸਾਖਾ ਸਿੰਘ ਮੂਕ ਦਰਸ਼ਕ ਬਣ ਕੇ ਕਿਵੇਂ ਬੈਠੇ ਰਹਿੰਦੇ? ਆਪ ਨੇ ਆਪਣੇ ਸਾਥੀ ਫੌਜੀਆਂ ਵਿੱਚ ਅੰਗਰੇਜ਼ ਹਕੂਮਤ ਵਿਰੁੱਧ ਪ੍ਰਚਾਰ ਕਰਨਾ ਆਰੰਭ ਕਰ ਦਿੱਤਾ। ਇਹ ਸੋਆਂ ਵੱਡੇ ਅਫ਼ਸਰਾਂ ਤੱਕ ਜਾ ਪੁੱਜੀਆਂ ਤੇ ਆਪ ਦੀ ਨਿਗਰਾਨੀ ਆਰੰਭ ਹੋ ਗਈ। 21 ਅਪ੍ਰੈਲ 1907 ਨੂੰ ਗੰਜ ਮੰਡੀ, ਰਾਵਲਪਿੰਡੀ ਵਿੱਚ ਦੇਸ਼ ਭਗਤਾਂ ਨੇ ਜਲਸਾ ਕੀਤਾ। ਵਿਸਾਖਾ ਸਿੰਘ ਵੀ ਚੋਰੀ-ਛਿਪੇ ਜਲਸੇ ਵਿੱਚ ਜਾ ਸ਼ਾਮਲ ਹੋਏ। ਅਫ਼ਸਰਾਂ ਵੱਲੋਂ ਇਤਰਾਜ਼ ਕਰਨ ਤੇ ਆਪ ਨੇ ਅਸਤੀਫਾ ਦੇ ਦਿੱਤਾ।

ਇਥੋਂ ਨੌਕਰੀ ਛੱਡ ਕੇ ਵਿਸਾਖਾ ਸਿੰਘ ਨੇ ਅਮਰੀਕਾ ਵੱਲ ਜਾਣ ਦਾ ਫੈਸਲਾ ਕੀਤਾ। ਕਈ ਵਾਕਫਦਾਰਾਂ ਦੀ ਮਦਦ ਨਾਲ ਵਿਸਾਖਾ ਸਿੰਘ ਸਾਨਫਰਾਂਸਿਸਕੋ ਵਿੱਚ ਬਾਗਾਂ ਵਿੱਚ ਫਲ ਤੋੜਨ ਦੇ ਕੰਮ ਜਾ ਲੱਗੇ। ਇਨ੍ਹਾਂ ਹੀ ਦਿਨਾਂ ਵਿੱਚ ਆਪ ਦੀ ਮੁਲਾਕਾਤ ਜਵਾਲਾ ਸਿੰਘ ਪਿੰਡ ਠੱਠੀਆਂ (ਅੰਮ੍ਰਿਤਸਰ) ਨਾਲ ਹੋਈ ਜੋ ਛੇਤੀ ਹੀ ਇਕ ਗੂੜ੍ਹੀ ਦੋਸਤੀ



www.AKJ.Org

ਵਿੱਚ ਬਦਲ ਗਈ। ਆਪ ਨੇ ਰਲ ਕੇ ਕੰਮ ਕਰਨਾ ਆਰੰਭ ਕੀਤਾ। ਇਸ ਤੋਂ ਕੁਝ ਚਿਰ ਬਾਅਦ ਸਟਾਕਟਨ ਸ਼ਹਿਰ ਦੇ ਨੇੜੇ ਹੋਲਟਵਿਲ ਦਰਿਆ ਦੇ ਕੰਢੇ ਆਪਣਾ ਫਾਰਮ ਸਥਾਪਿਤ ਕਰ ਲਿਆ। ਇਹ ਫਾਰਮ ਦੇਸ਼-ਭਗਤਾਂ ਦੀਆਂ ਇਨਕਲਾਬੀ ਸਰਗਰਮੀਆਂ ਦਾ ਕੇਂਦਰ ਬਣ ਗਿਆ।

ਇਸ ਵੇਲੇ ਜਵਾਲਾ ਸਿੰਘ ਨੇ ਵਿਸਾਖਾ ਸਿੰਘ ਅੱਗੇ ਤਜਵੀਜ਼ ਰੱਖੀ ਕਿ ਸਾਨੂੰ ਹਥਿਆਰਬੰਦ ਜਦੋ-ਜਹਿਦ ਰਾਹੀਂ ਅੰਗਰੇਜ਼ਾਂ ਤੋਂ ਆਜ਼ਾਦੀ ਹਾਸਲ ਕਰਨ ਲਈ ਸਰਗਰਮ ਹੋਣਾ ਚਾਹੀਦਾ ਹੈ। ਪਰ ਵਿਸਾਖਾ ਸਿੰਘ ਨਾਮ ਸਿਮਰਨ ਰਾਹੀਂ ਵਿਅਕਤੀਗਤ ਤੌਰ 'ਤੇ ਆਜ਼ਾਦ ਸ਼ਖ਼ਸੀਅਤ ਦੀ ਉਸਾਰੀ ਕਰਨ ਦੇ ਖਿਆਲ ਦੇ ਸਨ। ਕਾਫੀ ਦਿਨਾਂ ਦੀ ਬਹਿਸ ਉਪਰੰਤ ਅਖੀਰ ਫੈਸਲਾ ਗੁਰੂ ਦੇ ਹੁਕਮ 'ਤੇ ਛੱਡ ਦਿੱਤਾ ਗਿਆ। ਬਾਬਾ ਵਿਸਾਖਾ ਸਿੰਘ ਨੇ ਅਰਦਾਸ ਕਰਨ ਉਪਰੰਤ ਅੰਤਰ ਧਿਆਨ ਹੋ ਕੇ ਜਦੋਂ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਤਾਂ ਅੱਖਾਂ ਖੋਹਲਦਿਆਂ ਹੀ ਆਪ ਦੀ ਨਜ਼ਰ ਉਸ ਪਾਵਨ ਗੁਰਵਾਕ 'ਤੇ ਪਈ ਜੋ ਕਹਿ ਰਿਹਾ ਸੀ :

**ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥**

ਇਸ 'ਤੇ ਜੁਆਲਾ ਸਿੰਘ ਖ਼ੁਸ਼ੀ ਵਿੱਚ ਅਤੇ ਵਿਸਾਖਾ ਸਿੰਘ ਵੈਰਾਗ ਵਿੱਚ ਝੂਮ ਉੱਠੇ। ਵਿਸਾਖਾ ਸਿੰਘ ਕਹਿਣ ਲੱਗੇ: "ਮੈਨੂੰ ਅੱਜ ਇਸ ਸਿਧਾਂਤ 'ਤੇ ਨਿਸ਼ਚਾ ਹੋ ਗਿਆ ਹੈ ਕਿ ਸੱਚਾ ਸਿਮਰਨ ਜਾਂ ਭਗਤੀ ਉਹੀ ਹੈ ਜੋ ਗ਼ੁਲਾਮੀ ਨੂੰ ਇਕ ਪਲ ਲਈ ਵੀ ਪ੍ਰਵਾਨ ਕਰਨ ਨੂੰ ਤਿਆਰ ਨਾ ਹੋਵੇ।

ਬਾਬਾ ਵਿਸਾਖਾ ਸਿੰਘ ਕਿਤਨੋਮਾਰੂ ਜਹਾਜ਼ ਰਾਹੀਂ ਕੋਲੰਬੋ ਤੋਂ ਹੁੰਦੇ ਹੋਏ 7 ਜਨਵਰੀ 1915 ਨੂੰ ਮਦਰਾਸ ਬੰਦਰਗਾਹ 'ਤੇ ਪੁੱਜੇ। ਜਹਾਜ਼ ਬੰਦਰਗਾਹ 'ਤੇ ਲੱਗਦਿਆਂ ਹੀ ਪੁਲਿਸ ਦਗੜ-ਦਗੜ ਕਰਦੀ ਜਹਾਜ਼ 'ਤੇ ਆ ਚੜ੍ਹੀ। ਸਭ ਯਾਤਰੂਆਂ ਦੀਆਂ ਸੂਚੀਆਂ ਤਿਆਰ ਕਰਕੇ ਪੁਲੀਸ ਦੇ ਸਖ਼ਤ ਪਹਿਰੇ ਹੇਠ ਪੰਜਾਬ ਭੇਜਿਆ ਗਿਆ। ਲੁਧਿਆਣਾ ਜੇਲ੍ਹ ਵਿੱਚ ਸਭ ਦੀ ਤਫਤੀਸ਼ ਕਾਰਵਾਈ ਕੀਤੀ ਗਈ। ਬਾਬਾ ਵਿਸਾਖਾ ਸਿੰਘ ਕੋਲੋਂ ਕੋਈ ਇਤਰਾਜ਼ਯੋਗ ਚੀਜ਼ ਨਹੀਂ ਸੀ ਫੜੀ ਗਈ, ਜਿਸ ਲਈ ਆਪ ਨੂੰ ਕੇਵਲ ਜੂਹਬੰਦੀ ਦਾ ਹੁਕਮ ਹੋਇਆ ਅਤੇ ਹਦਾਇਤ ਕੀਤੀ ਗਈ ਕਿ ਬਿਨ੍ਹਾਂ ਇਜਾਜ਼ਤ ਬਾਹਰ ਨਹੀਂ ਨਿਕਲਣਾ। ਬਾਬਾ ਵਿਸਾਖਾ ਸਿੰਘ ਨੇ ਫੌਜ ਵਿਚਲੇ ਆਪਣੇ ਮਿੱਤਰਾਂ ਨੂੰ ਗ਼ਦਰ ਲਈ ਤਿਆਰ ਕਰਕੇ, ਅੱਗੋਂ ਬਾਕੀ ਫੌਜੀਆਂ ਵਿੱਚ ਪ੍ਰਚਾਰ ਕਰਨ ਲਈ ਲਾ ਦਿੱਤਾ।

ਚੰਗੀ ਤਿਆਰੀ ਅਤੇ ਪੂਰੀ ਤਰ੍ਹਾਂ ਸਲਾਹ-ਮਸ਼ਵਰੇ ਉਪਰੰਤ 19 ਫ਼ਰਵਰੀ 1915 ਦਾ ਦਿਨ ਗ਼ਦਰ ਮਚਾਉਣ ਲਈ ਨਿਰਧਾਰਤ ਕਰ ਲਿਆ ਗਿਆ। ਆਪ ਦੀ ਡਿਊਟੀ ਮੀਆਂ ਮੀਰ ਛਾਉਣੀ ਤੇ ਹਮਲਾ ਕਰਨ ਦੀ ਲਾਈ ਗਈ। ਉਸ ਤੋਂ ਇਕ ਦਿਨ ਪਹਿਲਾਂ ਲੋਪੋਕੇ ਥਾਣੇ ਤੇ ਹਮਲਾ ਕਰਕੇ ਹਥਿਆਰ ਖੋਹਣੇ ਸਨ। ਇਸ ਦੀ ਸੂਹ ਸਰਕਾਰ ਨੂੰ ਸ. ਕਿਰਪਾਲ ਸਿੰਘ ਮਾਦੋਕੇ ਬਰਾੜ ਮੁਖਬਰ ਰਾਹੀਂ ਮਿਲ ਗਈ ਅਤੇ ਨਿਰਧਾਰਤ ਸਮੇਂ ਬਹੁਦੇ ਗਦਰੀ ਖੁਦ ਹੀ ਸਰਕਾਰ ਦੇ ਵਿਛਾਏ ਜਾਲ ਵਿੱਚ ਜਾ ਫਸੇ; ਜਿਹੜੇ ਬਚ ਗਏ ਉਹਨਾਂ ਨੂੰ ਬੜੇ ਹੀ ਫੁਰਤੀਲੇ ਐਕਸ਼ਨ ਰਾਹੀਂ ਕਾਬੂ ਕਰ ਲਿਆ ਗਿਆ।

ਆਪ ਨੂੰ ਆਪ ਦੇ ਪਿੰਡੋਂ ਗ੍ਰਿਫਤਾਰ ਕਰਕੇ ਲਾਹੌਰ ਸੈਂਟਰਲ ਜੇਲ੍ਹ ਵਿਚ ਰੱਖਿਆ ਗਿਆ ਅਤੇ ਪਹਿਲੇ ਲਾਹੌਰ ਸਾਜਿਸ ਕੇਸ ਵਿਚ ਆਪ ਨੂੰ ਉਮਰ ਕੈਦ, ਕਾਲੇ ਪਾਣੀ ਅਤੇ ਜਾਇਦਾਦ ਜ਼ਬਤੀ ਦੀ ਸਜ਼ਾ ਹੋਈ। ਮੁਲਤਾਨ ਜੇਲ੍ਹ ਵਿੱਚ ਇਨ੍ਹਾਂ ਨੂੰ ਜਾਂਦਿਆਂ ਹੀ ਕੈਦੀਆਂ ਵਾਲੀਆਂ ਵਰਦੀਆਂ ਦਿੱਤੀਆਂ ਗਈਆਂ। ਜਿਸ ਤੋਂ ਪਤਾ ਲੱਗਾ ਕਿ ਇਸ ਵਰਦੀ ਅਨੁਸਾਰ ਹਰ ਕੈਦੀ ਨੂੰ ਟੋਪੀ ਪਾਉਣੀ ਪੈਂਦੀ ਹੈ। ਇੱਥੇ ਹੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਵੀ ਆਪਣੇ ਕੁਝ ਸਾਥੀਆਂ ਨਾਲ ਜੇਲ ਵਿਚ ਬੰਦ ਰਹੇ ਹਨ। ਕਕਾਰਾਂ ਤੇ ਅਪਣੇ ਹੱਥੀ ਪ੍ਰਸ਼ਾਦਾ ਬਣਾਉਣ ਦੀ ਪ੍ਰਵਾਨਗੀ ਲਈ ਉਹ 40 ਦਿਨ ਭੁੱਖ ਹੜਤਾਲ ਤੇ ਰਹੇ ਅਤੇ ਉਨ੍ਹਾਂ ਨੂੰ ਧੁੱਪ ਵਿਚ ਖੜ੍ਹੇ ਕਰਕੇ ਟਾਟ ਵਰਦੀ ਪਹਿਨਾ ਕੇ ਹੱਥ ਕੜੀਆਂ ਤੇ ਪੈਰਾਂ ਵਿਚ ਡੰਡਾ ਬੇੜੀਆਂ ਨਾਲ ਜਕੜਿਆ ਜਾਂਦਾ ਸੀ ਤੇ ਅਤਿ ਦੀ ਗਰਮੀ ਕਾਰਨ ਨੱਕ ਵਿਚੋਂ ਨਕਸੀਰਾਂ ਵੀ ਫੁੱਟ ਪੈਂਦੀਆਂ ਸਨ।



www.AKJ.Org

ਭਾਈ ਸਾਹਿਬ ਜੀ ਤੇ ਬਾਬਾ ਜੀ ਦੀਆਂ ਕਰੜੀਆਂ ਘਾਲਾਂ ਕਰਕੇ ਜੇਲ੍ਹ ਵਿਚ ਸਿੱਖ ਕੈਦੀਆਂ ਨੂੰ ਦਸਤਾਰ ਤੇ ਕਕਾਰ ਪਹਿਨਣ ਦੀ ਇਜ਼ਾਜਤ ਮਿਲੀ। ਬਾਕੀ ਗਦਰੀ ਵੀ ਬਾਬਾ ਜੀ ਨਾਲ ਹੀ ਦਸਤਾਰ ਦੇ ਹੱਕ ਲਈ ਅੜ ਖਲੋਤੇ। ਬਾਬਾ ਜੀ ਅਤੇ ਸਾਥੀਆਂ ਨੂੰ ਡੰਡਾ ਬੇੜੀ ਦੀ ਕਰੜੀ ਸਜ਼ਾ ਦਿੱਤੀ ਗਈ ਪਰ ਆਪ ਡਟੇ ਰਹੇ। ਤਕੜੀ ਜਦੋ-ਜਹਿਦ ਉਪਰੰਤ ਟੋਪੀ ਦੀ ਥਾਂ ਦਸਤਾਰ ਸਜਾਉਣ ਦੀ ਪ੍ਰਵਾਨਗੀ ਨਾਲ ਜੇਲ੍ਹ ਅੰਦਰ ਗਦਰੀ ਸੂਰਬੀਰਾਂ ਦੀ ਸਰਕਾਰ ’ਤੇ ਪਹਿਲੀ ਜਿੱਤ ਹੋਈ।

ਮੁਲਤਾਨ ਜੇਲ੍ਹ ਤੋਂ ਬਦਲ ਕੇ ਕਾਲੇ ਪਾਣੀ ਦੀ ਸਜ਼ਾ ਭੁਗਤਣ ਲਈ ਇਨ੍ਹਾਂ ਸੂਰਬੀਰਾਂ ਨੂੰ ਅੰਡੇਮਾਨ ਵੱਲ ਤੋਰਿਆ ਗਿਆ। ਰਾਹ ਵਿੱਚ ਹੀ ਇਨ੍ਹਾਂ ਨੇ ਮਤਾ ਪਕਾ ਲਿਆ ਕਿ ਇਕਮੁੱਠ ਹੋ ਕੇ ਬੇਇਨਸਾਫ਼ੀ ਦਾ ਵਿਰੋਧ ਕਰਨਾ ਹੈ। ਇਨ੍ਹਾਂ ਸੂਰਬੀਰਾਂ ਨੇ ਇੱਕ ਮੁੱਠ ਹੋ ਕੇ ਪਸ਼ੂਆਂ ਵਾਲੀ ਮੁਸ਼ੱਕਤ ਕਰਨ ਤੋਂ ਨਾਂਹ ਕਰ ਦਿੱਤੀ ਤੇ ਟਕਰਾਅ ਆਰੰਭ ਹੋ ਗਿਆ। ਜੇਲ ਅਧਿਕਾਰੀਆਂ ਵੱਲੋਂ ਸਖ਼ਤੀ ਹੱਦੋਂ ਵੱਧ ਹੋਣ ਦੇ ਨਾਲ ਇਨ੍ਹਾਂ ਵੱਲੋਂ ਭੁੱਖ-ਹੜਤਾਲ ਦਾ ਸਿਲਸਿਲਾ ਸ਼ੁਰੂ ਹੋ ਗਿਆ ਜਿਸ ਨੇ ਪਹਿਲਾਂ ਹੀ ਤਸੀਹਿਆਂ ਅਤੇ ਕੈਦਾਂ ਦੇ ਭੰਨੇ ਇੰਨ੍ਹਾਂ ਗਦਰੀਆਂ ਦੇ ਸਰੀਰਾਂ ’ਤੇ ਬੜਾ ਮਾਰੂ ਅਸਰ ਪਾਇਆ। ਇਸ ਅਣਮਨੁੱਖੀ ਵਰਤਾਉ ਨੇ ਗਦਰੀਆਂ ਦੇ ਸਰੀਰਾਂ ਵਿਚਲੀ ਬਿਮਾਰੀਆਂ ਨਾਲ ਲੜਨ ਦੀ ਸਮਰੱਥਾ ਨੂੰ ਕਮਜ਼ੋਰ ਕਰ ਦਿੱਤਾ ਤੇ ਉਹ ਕਈ ਰੋਗਾਂ ਦੇ ਸ਼ਿਕਾਰ ਹੋ ਗਏ। ਬਾਬਾ ਵਿਸਾਖਾ ਸਿੰਘ ਦੀ ਖਰਾਬ ਸਿਹਤ ਨੂੰ ਧਿਆਨ ਵਿਚ ਰੱਖਦਿਆਂ ਅਤੇ ਸਰਕਾਰ ਵਲੋਂ ਕੀਤੇ ਸ਼ਾਹੀ ਐਲਾਨ ਅਨੁਸਾਰ ਆਪ ਨੂੰ 14 ਅਪ੍ਰੈਲ 1920 ਨੂੰ ਰਿਹਾਅ ਕਰਕੇ ਪੁਲੀਸ ਦੀ ਨਿਗਰਾਨੀ ਹੇਠ ਪੰਜਾਬ ਪਹੁੰਚਾ ਦਿੱਤਾ ਗਿਆ।

ਇਸ ਗੰਭੀਰ ਹਾਲਤ ਵਿੱਚ ਵੀ ਬਾਬਾ ਵਿਸਾਖਾ ਸਿੰਘ ਨਾਂ ਦੇ ਇਸ ਅਦੁੱਤੀ ਜਰਨੈਲ ਨੇ ਇੱਕ ਸੰਸਥਾ ਦਾ ਕੰਮ ਇਕੱਲਿਆਂ ਹੀ ਆਰੰਭ ਦਿੱਤਾ। ਇਹ ਮਹਾਨ ਅਤੇ ਅਤੀ ਜ਼ਰੂਰੀ ਮਿਸ਼ਨ ਸੀ, ਦਰ-ਦਰ ’ਤੇ ਰੁਲਦੇ-ਫਿਰਦੇ ਗਦਰੀਆਂ ਦੇ ਪਰਵਾਰਾਂ ਦੀ ਸਾਂਭ-ਸੰਭਾਲ। ਵੇਖਦੇ ਹੀ ਵੇਖਦੇ ਇਸ ਮਿਸ਼ਨ ਲਈ ਆਪ ਦੇ ਪਿੱਛੇ ਇਕ ਵੱਡਾ ਕਾਫਲਾ ਤੁਰ ਪਿਆ ਅਤੇ ਇਸ ਲਈ ਬਾਬਾ ਜੀ ਦੀ ਸਰਪ੍ਰਸਤੀ ਵਿੱਚ ਸਿੱਖ ਦੇਸ਼ ਭਗਤ ਕਮੇਟੀ ਕਾਇਮ ਹੋ ਗਈ। ਆਪ ਨੇ ਗਦਰੀਆਂ ਦੇ ਪਰਵਾਰਾਂ ਦੀ ਸਾਂਭ-ਸੰਭਾਲ ਨਾਲ ਹੀ ਗਦਰੀ ਸੂਰਬੀਰਾਂ ਦੀਆਂ ਯਾਦਾਂ ਨੂੰ ਸੰਭਾਲਣ ਦਾ ਕੰਮ ਵੀ ਆਪਣੇ ਹੱਥ ਵਿੱਚ ਲੈ ਲਿਆ। ਜਲੰਧਰ ਵਿਚਲੇ ਦੇਸ਼-ਭਗਤ ਯਾਦਗਾਰ ਹਾਲ ਦੇ ਦਰਸ਼ਨ ਕਰਕੇ ਜਿੱਥੇ ਹਰ ਇੱਕ ਨਾਗਰਿਕ ਇਨ੍ਹਾਂ ਦੇਸ਼-ਭਗਤਾਂ ਦਾ ਸ਼ੁੱਕਰ ਗੁਜ਼ਾਰ ਹੁੰਦਾ ਹੈ, ਉੱਥੇ ਇਹ ਹਾਲ ਖੁਦ ਬਾਬਾ ਵਿਸਾਖਾ ਸਿੰਘ ਦਾ ਸ਼ੁੱਕਰ-ਗੁਜ਼ਾਰ ਹੁੰਦਾ ਪ੍ਰਤੀਤ ਹੁੰਦਾ ਹੈ।

ਆਪ ਜੀ ਦੇ ਉੱਚੇ ਸੁੱਚੇ ਧਾਰਮਿਕ ਜੀਵਨ ਕਾਰਨ ਹੀ 21 ਅਕਤੂਬਰ 1934 ਨੂੰ ਸ਼੍ਰੋ. ਕਮੇਟੀ ਦੀ ਜਨਰਲ ਇਕੱਤਰਤਾ ਨੇ ਆਪ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਜਥੇਦਾਰ ਨਿਯੁਕਤ ਕੀਤਾ। ਆਪ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਜਥੇਦਾਰੀ ਕੇਵਲ ਦੋ ਕੁ ਮਹੀਨੇ ਹੀ ਸੰਭਾਲੀ। ਅਖ਼ੀਰ ਇਸੇ ਤਰ੍ਹਾਂ ਹੀ ਗੁਰਮਤਿ ਦਾ ਪ੍ਰਚਾਰ ਕਰਦਿਆਂ ਅਤੇ ਸ਼ਹੀਦ ਪ੍ਰੀਵਾਰਾਂ ਦੀ ਦੇਖ ਭਾਲ ਕਰਦਿਆਂ ਇਹ ਇਨਕਲਾਬੀ ਯੋਧਾ 5 ਦਸੰਬਰ 1957 ਨੂੰ ਅੰਮ੍ਰਿਤ ਵੇਲੇ ਅਕਾਲ ਚਲਾਣਾ ਕਰ ਗਿਆ।

**ਬਾਬਾ ਜੀ ਦੇ ਜੀਵਨ ਦੇ ਕੁਝ ਹੋਰ ਪਹਿਲੂ** ਜੋ ਉਪਰੋਕਤ ਲੇਖ ਵਿਚ ਵਰਣਨ ਨਹੀਂ ਹਨ : ਜੋ ਪ੍ਰੋ. ਬਿਕਰਮ ਸਿੰਘ ਘੁੰਮਣ ਵਲੋਂ ਪੁਸਤਕ ਗਦਰੀ ਯੋਧੇ (ਸੰਪਾਦਿਤ ਸ. ਜੈਤੇਗ ਸਿੰਘ ਅਨੰਤ) ਵਿਚ ਦਿੱਤੇ ਲੇਖ ’ਤੇ ਅਧਾਰਿਤ ਹਨ।

1. ਆਪ ਜੀ ਦੇ ਪਿਤਾ ਜੀ ਜ਼ਿਮੀਂਦਾਰਾ (ਖੇਤੀਬਾੜੀ) ਦਾ ਕੰਮ ਕਰਦੇ ਸਨ।
2. ਆਪ ਜੀ ਦੇ ਮਾਤਾ ਜੀ ਦੇ ਪੜਦਾਦਾ ਬਾਬਾ ਮੇਹਰ ਸਿੰਘ ਜੀ ਨੇ ਦਸ਼ਮੇਸ਼ ਪਿਤਾ ਵੱਲੋਂ 1699 ਈਸਵੀਂ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਏ ਅੰਮ੍ਰਿਤ ਸੰਚਾਰ ਵਿਚ ਅੰਮ੍ਰਿਤ ਛੱਕਿਆ ਸੀ ਅਤੇ ਮਾਤਾ ਜੀ ਦੇ ਪੂਰਵਜ ਗੁਰੂ ਘਰ ਦੇ ਪ੍ਰੇਮੀ ਤੇ ਸ਼ਰਧਾਲੂ ਸਨ।
3. ਬਾਬਾ ਜੀ ਨੇ ਗੁਰਮੁਖੀ ਆਪਣੇ ਪਿੰਡ ਹੀ ਸੰਤ ਈਸ਼ਰ ਦਾਸ ਜੀ ਕੋਲੋਂ ਪੜਨੀ-ਲਿਖਣੀ ਸਿਖੀ। ਇਨ੍ਹਾਂ ਦੇ


www.AKJ.Org

ਤਾਇਆ ਸ. ਖੁਸ਼ਹਾਲ ਸਿੰਘ ਚੰਗੇ ਹੰਢੇ ਹੋਏ ਵਿਦਵਾਨ ਸਨ ਤੇ ਉਨ੍ਹਾਂ ਦੀ ਸੰਗਤ ਨਾਲ ਨਿਤਨੇਮ, ਪੰਜ ਗ੍ਰੰਥੀ ਪੜਨੀ ਸਿਖ ਲਈ ਤੇ ਨਿਤਨੇਮ ਕੰਠ ਕਰ ਲਿਆ। ਫਿਰ ਬਾਣੀ ਸਰਲ ਕਰਕੇ ਅਖੰਡ ਪਾਠੀ ਵੀ ਬਣ ਗਏ।

4. ਪੇਂਡੂ ਸਾਫ ਸੁਥਰੇ ਵਾਤਾਵਰਣ ਅਤੇ ਖੁਲ੍ਹੀ ਡੁੱਲੀ ਖੁਰਾਕ ਕਰਕੇ ਕੱਦ ਕਾਠ ਲੰਬਾ ਹੋ ਗਿਆ ਤੇ ਸਿਹਤ ਵੀ ਬਹੁਤ ਨਰੋਈ ਸੀ।
5. ਛੋਟੀ ਉਮਰੇ ਹੀ ਮਾਤਾ ਰਾਮ ਕੌਰ ਸਪੁੱਤਰੀ ਸ. ਕਾਲਾ ਸਿੰਘ ਜੀ ਪਿੰਡ ਨਿਵਾਸੀ ਪਿੰਡ ਲੁਹਾਰਾ ਜ਼ਿਲ੍ਹਾ ਮੋਗਾ ਨਾਲ ਅਨੰਦ ਕਾਰਜ ਹੋਇਆ। ਪਰ ਸਾਥ ਜ਼ਿਆਦਾ ਚਿਰ ਨਹੀਂ ਨਿਭਿਆ। ਵਿਆਹ ਤੋਂ ਚਾਰ ਸਾਲ ਬਾਅਦ ਹੀ ਮਾਤਾ ਜੀ ਚੜ੍ਹਾਈ ਕਰ ਗਏ।
6. ਫੌਜ ਵਿਚ ਨੌਕਰੀ ਕਰਦੇ ਸਮੇਂ ਆਪ ਖੇਡਾਂ ਵਿਚ ਤੇ ਨਿਸ਼ਾਨੇ ਬਾਜ਼ੀ ਵਿਚ ਭਾਗ ਲੈਂਦੇ ਰਹੇ ਤੇ ਹਮੇਸ਼ਾਂ ਅੱਵਲ ਰਹਿੰਦੇ ਰਹੇ। ਇਸ ਸਮੇਂ ਮਿਲਟਰੀ ਇਨਾਮ ਦੀ ਰਕਮ ਨੂੰ ਲੋੜਵੰਦਾਂ ਤੇ ਦੂਜਿਆਂ ਦੇ ਭਲੇ ਦੇ ਕਾਰਜਾਂ ਤੇ ਖਰਚਦੇ ਸਨ।
7. ਰਸਾਲੇ ਵਿਚ ਨੌਕਰੀ ਕਰਦਿਆਂ, ਹੋਲੀ ਦੀ ਬਜਾਏ, ਹੋਲਾ ਮਹੱਲਾ ਮਨਾਉਣ ਦੀ ਪਿਰਤ ਪਾਈ ਜੋ ਮਗਰੋਂ ਦੂਸਰਿਆਂ ਰਸਾਲਿਆਂ ਵਿਚ ਵੀ ਚਲ ਪਈ।
8. ਇਕ ਵਾਰ ਰਸਾਲਾ ਕਸ਼ਮੀਰ ਬਦਲ ਕੇ ਜਾ ਰਿਹਾ ਸੀ ਰਸਤੇ ਵਿਚ ਸ੍ਰੀ ਅਖੰਡ ਪਾਠ ਸਾਹਿਬ ਕਰਨ ਦਾ ਪ੍ਰੋਗਰਾਮ ਬਣ ਗਿਆ ਜੋ ਆਪਨੇ ਸੋਲਾਂ ਪਹਿਰ ਇਕੋ ਚੌਂਕੜੇ ਵਿਚ ਬੈਠ ਕੇ ਸੁਣਿਆ।
9. ਫੌਜ ਵਿਚ ਦਸ ਸਾਲ ਨੌਕਰੀ ਕਰਨ ਤੋਂ ਬਾਅਦ, ਉੱਥੇ ਚਾਪਲੂਸੀ ਅਤੇ ਖੁਸ਼ਾਮਦ ਦਾ ਮਾਹੌਲ ਆਪ ਦੀ ਸੁਤੰਤਰ ਸੋਚ ਦੇ ਉਲਟ ਹੋਣ ਕਾਰਨ ਅਤੇ ਰਾਵਲ ਪਿੰਡੀ ਦੇਸ਼ ਭਗਤਾਂ ਦੇ ਹੋਏ ਜਲਸੇ ਵਿਚ ਸ਼ਾਮਿਲ ਹੋਣ ਦੀ ਸ਼ਕਾਇਤ ਤੇ ਫੌਜ ਦੀ ਨੌਕਰੀ ਛੱਡ ਦਿੱਤੀ ਤੇ ਅਜਾਦੀ ਦੀ ਲਹਿਰ ਵਿਚ ਸ਼ਾਮਿਲ ਹੋ ਗਏ, ਜੋ ਉਸ ਵੇਲੇ ਬਾਰ ਦੀਆਂ ਜ਼ਮੀਨਾਂ ਤੇ ਨਹਿਰੀ ਪਾਣੀ ਸੰਬੰਧੀ ਬਣੇ ਕਾਨੂੰਨ ਦਾ ਵਿਰੋਧ ਕਰਕੇ ਹੋਰ ਤੇਜ਼ ਹੋ ਗਈ ਸੀ।
10. ਅਮਰੀਕਾ ਰਹਿੰਦੇ ਸਮੇਂ ਉੱਥੇ ਹੋਰ ਪ੍ਰਵਾਸੀ ਪੰਜਾਬੀਆਂ ਨਾਲ ਮਿਲ ਕੇ ਦਸਮੇਸ਼ ਜੀ ਦਾ ਅਵਤਾਰ ਪੁਰਬ ਮਨਾਇਆ ਤੇ ਸਟਾਕਟਿਨ ਸ਼ਹਿਰ ਵਿਚ ਮਕਾਨ ਲੈ ਕੇ ਗੁਰਦੁਆਰਾ ਬਣਾਇਆ।
11. 1912 ਵਿਚ ਭਾਰਤ ਤੋਂ ਵਿਦਿਆਰਥੀ ਮੰਗਵਾ ਕੇ ਉਨ੍ਹਾਂ ਨੂੰ ਉੱਚ ਵਿਦਿਆ ਦੇਣ ਲਈ ਗੁਰੂ ਨਾਨਕ ਐਜੂਕੇਸ਼ਨ ਸੁਸਾਇਟੀ ਬਣਾਈ।
12. 7 ਜਨਵਰੀ 1915 ਨੂੰ ਅਮਰੀਕਾ ਤੋਂ ਵਾਪਿਸ ਚਲ ਕੇ ਭਾਰਤ ਮਦਰਾਸ ਦੀ ਬੰਦਰਗਾਹ 'ਤੇ ਪਹੁੰਚੇ। ਗ੍ਰਿਫਤਾਰ ਕਰਕੇ ਲੁਧਿਆਣੇ ਲਿਆਂਦਾ ਗਿਆ। ਪਰ ਘਰ ਨਜ਼ਰਬੰਦ ਰਹਿਣ ਦੀ ਸੂਰਤ ਤੇ ਪਿੰਡ ਭੇਜ ਦਿੱਤਾ ਗਿਆ। 11 ਜਨਵਰੀ 1915 ਨੂੰ ਸ੍ਰੀ ਅੰਮ੍ਰਿਤਸਰ ਸ. ਨਾਨਕ ਸਿੰਘ ਜੀ ਦੀ ਕੋਠੀ 'ਤੇ ਬਿਤਾਈ। ਉੱਥੇ ਇਕੱਠੇ ਹੋਏ ਹੋਰ ਦੇਸ਼ ਭਗਤਾਂ ਵੱਲੋਂ ਗਦਰ ਲਹਿਰ ਲਈ ਚੰਦਾ ਇਕੱਠਾ ਕੀਤਾ ਗਿਆ। ਜਿਸ ਵਿਚ ਆਪ ਜੀ ਦਾ ਸਭ ਤੋਂ ਵੱਡਾ ਯੋਗਦਾਨ ਸੀ। 12 ਜਨਵਰੀ 1915 ਨੂੰ ਪਿੰਡ ਦਦੇਹਰ ਪਹੁੰਚ ਗਏ।
13. ਪਿੰਡ ਆ ਕੇ ਸੀ.ਆਈ.ਡੀ. ਪਿੱਛੇ ਲੱਗੀ ਹੋਣ ਦੇ ਬਾਵਜੂਦ ਚੁੱਪ ਕਰਕੇ ਨਹੀਂ ਬੈਠੇ। ਉਨ੍ਹਾਂ ਕੋਲ ਹੋਰ ਦੇਸ਼ ਭਗਤ ਆਉਂਦੇ ਜਾਂਦੇ ਸਨ ਤੇ ਉਨ੍ਹਾਂ ਦੇ ਲੰਗਰ ਪਾਣੀ ਦੀ ਸੇਵਾ ਵੀ ਕਰਦੇ ਰਹਿੰਦੇ ਸਨ, ਨਾਲ ਹੀ ਗਦਰ ਲਹਿਰ ਦਾ ਲਿਟਰੇਚਰ ਛਪਾਉਣ ਤੇ ਵੰਡਣ ਦਾ ਕੰਮ ਵੀ ਕਰਦੇ ਸਨ। ਹਨ੍ਹੇਰੇ ਸਵੇਰੇ ਲੁੱਕ ਛਿੱਪ ਕੇ ਝਾੜ ਸਾਹਿਬ, ਸੁਰ ਸਿੰਘ, ਵਲਟੋਹਾ ਆਦਿ ਪਿੰਡਾਂ ਵਿਚ ਹੋਈਆਂ ਗੁਪਤ ਮੀਟਿੰਗਾਂ ਵਿਚ ਵੀ ਭਾਗ ਲੈਂਦੇ ਰਹੇ ਹਨ। ਆਪ ਪਿਸ਼ਾਵਰ, ਰਾਵਲਪਿੰਡੀ ਜਿਹਲਮ, ਮੀਆਂ ਮੀਰ, ਫਿਰੋਜ਼ਪੁਰ, ਬਨਾਰਸ, ਸ਼ਹਿਰ ਛਾਉਣੀਆਂ ਵਿਚ ਵੀ ਜਾ ਕੇ ਗਦਰ ਲਹਿਰ ਵਾਸਤੇ ਪ੍ਰਚਾਰ ਕਰਦੇ ਰਹੇ।

ਉਸ ਸਮੇਂ ਗ਼ਦਰ ਲਹਿਰ ਫੇਲ ਹੋਣ ਤੋਂ ਬਾਅਦ, ਗਦਰੀਆਂ ਦੀਆਂ ਸੀ.ਆਈ.ਡੀ ਅਤੇ ਮੁਖਬਰਾਂ ਦੀ ਸੂਹ ਤੇ



www.AKJ.Org

ਗ੍ਰਿਫਤਾਰੀਆਂ ਹੋਈਆਂ, ਜਿਸ ਵਿਚ ਆਪ ਵੀ ਪਿੰਡੋਂ ਹੀ ਗ੍ਰਿਫਤਾਰ ਕੀਤੇ ਗਏ। ਉਸ ਸਮੇਂ ਗਦਰੀਆਂ ਵੱਲੋਂ ਅਮੀਰਾਂ ਦੇ ਘਰਾਂ ਦੇ ਡਾਕੇ ਮਾਰਨ ਦੀ ਸਕੀਮ ਬਾਰੇ ਆਪ ਜੀ ਨੇ ਅਸਹਿਮਤੀ ਪ੍ਰਗਟ ਕੀਤੀ।

14. ਲਾਹੌਰ ਸਾਜਿਸ਼ ਕੇਸ 26 ਅਪ੍ਰੈਲ 1915 ਨੂੰ ਚੱਲਿਆ ਸੀ ਅਤੇ 13 ਸਤੰਬਰ 1915 ਨੂੰ ਸਜ਼ਾ ਦਾ ਐਲਾਨ ਹੋਇਆ, ਜਿਸ ਵਿਚ 24 ਨੂੰ ਫਾਸੀ, 27 ਨੂੰ ਉਮਰ ਕੈਦ, ਕਾਲੇ ਪਾਣੀ, ਜਾਇਦਾਦ ਜਬਤੀ ਅਤੇ 6 ਨੂੰ ਉਮਰ ਕੈਦ ਤੋਂ ਘੱਟ ਦੀ ਸਜ਼ਾ ਹੋਈ। ਆਪ ਜੀ ਨੂੰ ਵੀ ਉਮਰ ਕੈਦ, ਕਾਲੇ ਪਾਣੀ ਤੇ ਜਾਇਦਾਦ ਜਬਤੀ ਦੀ ਸਜ਼ਾ ਹੋਈ ਸੀ। ਇਹ ਸਜ਼ਾ ਨਜ਼ਾਇਜ ਪਿਸਤੌਲ ਰੱਖਣ ਕਾਰਨ ਹੋਈ ਸੀ ਜੋ ਕਿ ਝੂਠਾ ਕੇਸ ਸੀ। ਸਰਕਾਰ ਦੇ ਦਬਾਅ ਦੇ ਬਾਵਜੂਦ ਪਿੰਡ ਤੋਂ ਕੋਈ ਵੀ ਵਿਅਕਤੀ ਨੰਬਰਦਾਰ, ਜੈਲਦਾਰ ਅਤੇ ਚੌਂਕੀਦਾਰ ਆਦਿ ਆਪ ਦੇ ਖਿਲਾਫ ਗਵਾਹੀਆਂ ਦੇਣ ਲਈ ਤਿਆਰ ਨਹੀਂ ਹੋਏ ਪਰ ਫਿਰ ਵੀ ਸੀ.ਆਈ.ਡੀ ਰਿਪੋਰਟ ਤੇ ਹੀ ਸਜ਼ਾ ਸੁਣਾ ਦਿੱਤੀ ਗਈ।

15. ਪਹਿਲਾਂ ਆਪ ਜੀ ਨੂੰ ਮੁਲਤਾਨ ਜੇਲ੍ਹ ਵਿਚ ਰੱਖਿਆ ਗਿਆ ਜਿੱਥੇ ਕਰੜੀ ਮੁਸ਼ਕੱਤ ਕਕਾਰਾਂ ਦੀ ਆਜ਼ਾਦੀ ਵਾਸਤੇ ਘਾਲਣੀ ਪਈ। ਫਿਰ ਕਾਲੇ ਪਾਣੀ ਅੰਡੇਮਾਨ ਨਿਕੋਬਾਰ ਭੇਜ ਦਿੱਤਾ ਗਿਆ। ਉੱਥੇ ਦਾ ਜੇਲਰ ਮਿਸਟਰ ਬੇਰੀ ਜੋ ਕਿ ਇਕ ਨਿਰਦਈ ਜ਼ਾਲਮ ਅਫਸਰ ਸੀ, ਉਸ ਨੇ ਕੈਦੀਆਂ ਨਾਲ ਬਹੁਤ ਮਾੜਾ ਸਲੂਕ ਕੀਤਾ। ਕੈਦੀਆਂ ਨੂੰ ਨਾਰੀਅਲ ਦੇ ਛਿਲਕੇ ਪੀਸਣ ਦੀ ਸਖ਼ਤ ਮੁਸ਼ਕੱਤ ਦਿੱਤੀ ਗਈ ਪਰ ਕੈਦੀਆਂ ਨੇ ਉਸ ਦਾ ਹੁਕਮ ਮੰਨਣ ਤੋਂ ਇਨਕਾਰ ਕਰ ਦਿੱਤਾ। ਬਾਬਾ ਜੀ ਨੂੰ ਇਥੋਂ ਦਾ ਪਾਣੀ ਮੁਨਾਸਿਬ ਨਹੀਂ ਬੈਠਾ ਅਤੇ ਆਪ ਬਿਮਾਰ ਰਹਿਣ ਲਗ ਪਏ। ਭਾਰ ਬਹੁਤ ਘੱਟ ਗਿਆ। ਇਥੋਂ ਹੀ ਆਪ ਜੀ ਨੂੰ ਤਪਦਿਕ ਤੇ ਫੇਫੜੇ ਦੀ ਬੀਮਾਰੀ ਲਗ ਗਈ। ਜਿਸ ਨਾਲ ਸਰੀਰ ਬਹੁਤ ਨਿਰਬਲ ਹੋ ਗਿਆ।

16. 14 ਅਪ੍ਰੈਲ 1920 ਨੂੰ ਸ਼ਾਹੀ ਐਲਾਨ ਮੁਤਾਬਕ ਆਪ ਨੂੰ ਰਿਹਾਅ ਕਰ ਦਿੱਤਾ ਗਿਆ। ਆਪ ਜੀ ਨੇ ਹਸਪਤਾਲ ਵਿਚ ਸਰਕਾਰੀ ਖਰਚੇ 'ਤੇ ਇਲਾਜ ਕਰਾਉਣ ਦੀ ਬਜਾਏ, ਲਾਹੌਰ ਦੇ ਪ੍ਰਸਿੱਧ ਡਾਕਟਰ ਬੇਲੀ ਰਾਮ ਤੋਂ ਇਲਾਜ ਕਰਵਾਇਆ ਤੇ ਜਲਦੀ ਹੀ ਠੀਕ ਹੋ ਗਏ।

17. ਰਿਹਾਈ ਤੋਂ ਬਾਅਦ ਆਪ ਨੇ ਦੇਸ਼ ਭਗਤਾਂ ਦੇ ਪ੍ਰੀਵਾਰਾਂ ਦੀ ਸੇਵਾ ਸੰਭਾਲ ਵੱਲ ਧਿਆਨ ਦੇਣਾ ਸ਼ੁਰੂ ਕਰ ਦਿੱਤਾ, ਜੋ ਕਿ ਅਜੇ ਉਮਰ ਕੈਦ ਭੋਗ ਰਹੇ ਸਨ। ਇਸ ਮਕਸਦ ਲਈ ਰਾਜਸੀ ਕੈਦੀ ਪ੍ਰੀਵਾਰ ਸਹਾਇਤਾ ਫੰਡ ਕਾਇਮ ਕੀਤਾ।

18. ਅਕਤੂਬਰ 1920 ਨੂੰ ਸਿਖ ਲੀਗ ਦਾ ਦੂਜਾ ਸਮਾਗਮ ਬਾਬਾ ਖੜਕ ਸਿੰਘ ਜੀ ਅਗਵਾਈ ਹੇਠ ਲਾਹੌਰ ਵਿਚ ਹੋਇਆ ਜਿੱਥੇ ਆਪ ਨੇ ਬੜੀ ਪ੍ਰਭਾਵਸ਼ਾਲੀ ਤਕਰੀਰ ਕੀਤੀ ਤੇ ਪੰਥਕ ਲੀਡਰਾਂ ਦਾ ਧਿਆਨ ਦੇਸ਼ ਭਗਤਾਂ ਦੇ ਪ੍ਰੀਵਾਰਾਂ ਦੀ ਸੇਵਾ ਸੰਭਾਲ ਪਾਸੇ ਖਿੱਚਿਆ। ਸ਼੍ਰੋ. ਕਮੇਟੀ ਦੇ ਸੀਮਤ ਵਸੀਲੇ ਹੋਣ ਕਾਰਨ, ਅਕਾਲੀ ਲੀਡਰਾਂ ਸ. ਹਰਚੰਦ ਸਿੰਘ ਲਾਇਲਪੁਰੀ, ਸ. ਤੇਜਾ ਸਿੰਘ ਸਮੁੰਦਰੀ ਆਦਿ ਦੀ ਸਲਾਹ ਤੇ ਦੇਸ਼ ਭਗਤ ਪ੍ਰੀਵਾਰ ਸਹਾਇਤਾ ਕਮੇਟੀ ਕਾਇਮ ਕੀਤੀ ਤਾਂ ਕਿ ਲੋੜਵੰਦ ਦੇਸ਼ ਭਗਤ ਪ੍ਰੀਵਾਰਾਂ ਦੀ ਸਹਾਇਤਾ ਕੀਤੀ ਜਾ ਸਕੇ, ਜਿਨ੍ਹਾਂ ਨੇ ਗਦਰ ਲਹਿਰ ਤੇ ਅਕਾਲੀ ਲਹਿਰ ਵਿਚ ਕੁਰਬਾਨੀਆਂ ਕੀਤੀਆਂ ਸਨ।

19. 17 ਸਤੰਬਰ 1931 ਨੂੰ ਸ਼੍ਰੋ. ਗੁ. ਪ੍ਰਬੰਧਕ ਕਮੇਟੀ ਵਲੋਂ ਗੁ. ਤਰਨ ਤਾਰਨ ਸਾਹਿਬ ਜੀ ਦੇ ਸਰੋਵਰ ਦੀ ਕਾਰ ਸੇਵਾ ਆਪ ਨੇ ਪੰਜ ਪਿਆਰਿਆਂ ਵਿਚ ਸ਼ਾਮਿਲ ਹੋ ਕੇ ਆਰੰਭ ਕੀਤੀ, ਜਿਸ ਵਿਚ ਪੰਥ ਦੀ ਸੋਨ ਚਿੜੀ, ਗਦਰ ਲਹਿਰ ਦਾ ਪ੍ਰਮੁੱਖ ਮੋਢੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਵੀ ਪੰਜ ਪਿਆਰਿਆਂ ਵਿਚ ਸ਼ਾਮਿਲ ਸਨ।

20. 21 ਅਕਤੂਬਰ 1934 ਨੂੰ ਆਪ ਜੀ ਦੀ ਧਾਰਮਿਕ ਬਿਰਤੀ ਅਤੇ ਦੇਸ਼ ਕੌਮ ਖਾਤਰ ਕੀਤੀ ਕੁਰਬਾਨੀ ਨੂੰ ਮੁੱਖ ਰੱਖ ਕੇ ਆਪ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਜਥੇਦਾਰੀ ਦੀ ਸੇਵਾ ਸੌਂਪੀਂ ਗਈ। ਪਰ ਦਸੰਬਰ 1934 ਵਿਚ



www.AKJ.Org

ਆਪ ਜੀ ਦੀ ਗੈਰ-ਹਾਜ਼ਰੀ ਵਿਚ, ਇਕ ਸਰਕਾਰੀ ਅਫਸਰ, ਪੰਜਾਬ ਦੇ ਰੀਟਾਰਇਰ ਕਮਿਸ਼ਨਰ ਖਾਨ ਬਹਾਦਰ ਨਵਾਬ ਮੁਜੱਫਰ ਖਾਨ ਨੂੰ ਸਿਰੋਪਾ ਦਿੱਤੇ ਜਾਣ ਕਾਰਨ, ਆਪ ਜੀ ਨੇ ਇਸ ਸੇਵਾ ਤੋਂ ਤਿਆਗ ਪੱਤਰ ਦੇ ਦਿੱਤਾ।

21. ਦੂਸਰੀ ਸੰਸਾਰ ਯੁੱਧ ਵੇਲੇ 26 ਜੂਨ 1940 ਨੂੰ ਅੱਧੀ ਰਾਤ ਵੇਲੇ ਪਿੰਡ ਦਦੇਹਰ ਤੋਂ ਫਿਰ ਗ੍ਰਿਫਤਾਰ ਕਰ ਲਿਆ ਗਿਆ। ਆਪ ਨੂੰ ਪਹਿਲਾ ਅੰਗਰੇਜੀ ਸਰਕਾਰ ਵਲੋਂ ਰਾਜਨਪੁਰ ਤੇ ਦਿਓਲਾਲੀ ਕੈਂਪਾਂ ਵਿਚ ਰੱਖਿਆ ਗਿਆ। ਉੱਥੇ ਹੋਰ ਦੇਸ਼ ਭਗਤ ਵੀ ਸਨ ਜੋ ਸਾਰਾ ਦਿਨ ਮੀਟਿੰਗਾਂ ਕਰਦੇ ਰਹਿੰਦੇ ਸੀ। ਤਿੰਨ ਚਾਰ ਦਿਨਾਂ ਤੋਂ ਬਾਅਦ ਆਪ ਨੇ ਮੀਟਿੰਗਾਂ ਵਿੱਚ ਜਾਣਾ ਬੰਦ ਕਰ ਦਿੱਤਾ ਤੇ ਜੇਲ੍ਹ ਵਿਚ ਆਪਣਾ ਸਾਰਾ ਸਮਾਂ ਨਾਮ ਬਾਣੀ ਦੇ ਸਿਮਰਨ ਵਿਚ ਬਿਤਾਉਣਾ ਸ਼ੁਰੂ ਕਰ ਦਿੱਤਾ। ਦੇਸ਼ ਭਗਤਾਂ ਨੂੰ ਕਹਿ ਦਿੱਤਾ ਕਿ ਜਦੋਂ ਕੋਈ ਕੁਰਬਾਨੀ ਕਰਨੀ ਹੋਵੇ ਤਾਂ ਮੈਨੂੰ ਬੁਲਾ ਲੈਣਾ। ਆਪ ਜੀ ਨੂੰ ਨਵੰਬਰ 1941 ਵਿਚ ਜੇਲ੍ਹ ਤੋਂ ਰਿਹਾਅ ਕਰ ਦਿੱਤਾ ਗਿਆ।

22. ਫਰਵਰੀ 1942 ਆਪ ਜੀ ਨੂੰ ਫਿਰ ਨਜ਼ਰਬੰਦ ਕਰਕੇ ਮੁਲਤਾਨ ਜੇਲ੍ਹ ਵਿਚ ਭੇਜ ਦਿੱਤਾ ਗਿਆ। ਉੱਥੇ ਡਾਕਟਰ ਨੇ ਪਤਾ ਨਹੀਂ ਕਿਹੜੀ ਦਵਾਈ ਦਿੱਤੀ, ਜਿਸ ਨਾਲ ਆਪ ਦਾ ਸਾਰਾ ਸਰੀਰ ਗਰਮਾਇਸ਼ ਨਾਲ ਭੁੱਜਣ ਲੱਗ ਪਿਆ। ਇੱਥੋਂ ਲੱਗੀ ਬੀਮਾਰੀ ਨਾਲ ਆਪ ਬਾਕੀ ਆਯੂ ਠੀਕ ਨਹੀਂ ਹੋਏ। ਇਥੋਂ ਆਪ ਜੀ ਨੂੰ ਧਰਮਸ਼ਾਲਾ ਭੇਜ ਦਿੱਤਾ ਗਿਆ ਪਰ ਉਥੋਂ ਦਾ ਠੰਡਾ ਮੌਸਮ ਵੀ ਆਪ ਨੂੰ ਮੁਨਾਸਿਬ ਨਹੀਂ ਬੈਠਾ। ਅਖੀਰ ਆਪ ਨੂੰ ਬਹੁਤ ਖਰਾਬ ਹਾਲਤ ਵਿਚ 14 ਜੁਲਾਈ 1942 ਨੂੰ ਰਿਹਾਅ ਕਰ ਦਿੱਤਾ ਗਿਆ। ਉਸ ਸਮੇਂ ਆਪ ਦੋ ਕਦਮ ਵੀ ਨਹੀਂ ਸੀ ਤੁਰ ਸਕਦੇ ਅਤੇ ਜੇਲ ਦੇ ਬਾਹਰ ਹੀ ਲੇਟ ਗਏ। ਉਥੋਂ ਦੇ ਕੁਝ ਕਾਂਗਰਸੀ ਦੇਸ਼ ਭਗਤਾਂ ਨੇ ਆਪ ਜੀ ਨੂੰ ਕਾਂਗੜੇ ਤੋਂ ਦਵਾਈ ਦਿਵਾ ਕੇ ਟੈਕਸੀ ਰਾਹੀਂ ਪਿੰਡ ਭੇਜਣ ਦਾ ਪ੍ਰਬੰਧ ਕੀਤਾ।

23. 15 ਅਗਸਤ 1947 ਨੂੰ ਦੇਸ਼ ਆਜ਼ਾਦ ਤਾਂ ਹੋ ਗਿਆ ਪਰ ਦੇਸ਼ ਦੀ ਵੰਡ ਕਾਰਨ ਫਿਰਕੂ ਫਸਾਦ ਆਰੰਭ ਹੋ ਗਏ। ਬਾਬਾ ਜੀ ਫਿਰ ਮੈਦਾਨ ਵਿਚ ਕੁੱਦ ਪਏ ਅਤੇ ਫਸਾਦ ਰੋਕਣ ਲਈ ਆਪਣਾ ਪੂਰਾ ਤਾਣ ਲਾ ਦਿੱਤਾ। ਆਪਣੇ ਇਲਾਕੇ ਵਿਚ ਮੁਸਲਮਾਨਾਂ ਉੱਪਰ ਕੋਈ ਸਖ਼ਤੀ ਨਾ ਹੋਣ ਦਿੱਤੀ ਅਤੇ ਉਨ੍ਹਾਂ ਦੇ ਜਾਨ ਮਾਲ ਦੀ ਰਾਖੀ ਕੀਤੀ। 1948 ਵਿਚ ਕਾਗਰਸ ਸਰਕਾਰ ਨੇ ਕਮਿਊਨਿਸਟ ਲੀਡਰਾਂ ਬਾਬਾ ਸੋਹਣ ਸਿੰਘ ਭਕਨਾ, ਸੋਹਣ ਸਿੰਘ ਜੋਸ਼ ਕਾਮਰੇਡ ਹਰਿਕਿਸ਼ਨ ਸਿੰਘ ਸੁਰਜੀਤ, ਬਾਬਾ ਭਗਤ ਸਿੰਘ ਬਿਲਗਾ ਆਦਿ ਨੂੰ ਗ੍ਰਿਫਤਾਰ ਕਰਕੇ ਯੋਲ ਕੈਂਪ ਜੇਲ੍ਹ ਭੇਜ ਦਿੱਤਾ। ਉੱਥੇ ਜੇਲ੍ਹ ਅਧਿਕਾਰੀਆਂ ਦਾ ਵਰਤਾਓ ਤੇ ਖਾਣ ਪੀਣ ਦਾ ਪ੍ਰਬੰਧ ਅਗਰੇਜ਼ਾਂ ਨਾਲੋਂ ਵੀ ਨਿਕੰਮਾ ਸੀ। ਉਨ੍ਹਾਂ ਨੇ ਭੁੱਖ ਹੜਤਾਲ ਕਰ ਦਿੱਤੀ ਜੋ 27-28 ਦਿਨ ਚਲਦੀ ਰਹੀ। ਜਦੋਂ ਆਪ ਜੀ ਨੂੰ ਪਤਾ ਲੱਗਾ ਤਾ ਸਿੱਧਾਂ ਹੀ ਪੰਡਿਤ ਨਹਿਰੂ ਨੂੰ ਜਾ ਮਿਲੇ। ਉਸਨੂੰ ਸਾਰੇ ਵਾਕਿਆਤ ਬਾਰੇ ਜਾਣੂ ਕਰਾਇਆ ਤੇ ਕਿਹਾ ਕਿ ਜਿਨ੍ਹਾਂ ਨੇ ਦੇਸ਼ ਖਾਤਰ ਸਭ ਕੁਝ ਕੁਰਬਾਨ ਕੀਤਾ ਹੈ, ਉਨ੍ਹਾਂ ਦੇ ਹੀ ਜੇਲ੍ਹਾਂ ਵਿਚ ਹੱਡ ਰੋਲੇ ਜਾ ਰਹੇ ਹਨ। ਇਹ ਕੀ ਇਨਸਾਫ ਹੈ ਤੁਹਾਡੀ ਹਕੂਮਤ ਦਾ? ਪੰਡਿਤ ਨਹਿਰੂ ਨੇ ਇਸ ਬਾਰੇ ਨਾ ਜਾਣਕਾਰੀ ਹੋਣ ਦੀ ਗੱਲ ਕਰਕੇ, ਬਾਬਾ ਜੀ ਤੋਂ ਸਾਰੀ ਗੱਲ ਪੁੱਛੀ ਤੇ ਤਿੰਨ ਚਾਰ ਦਿਨ ਬਾਅਦ ਹੀ ਸਾਰੇ ਨੇਤਾ ਰਿਹਾਅ ਕਰ ਦਿੱਤੇ।

24. ਦੇਸ਼ ਭਗਤ ਯਾਦਗਾਰ ਬਨਾਉਣ ਦਾ ਫੈਸਲਾ ਸਭ ਤੋਂ ਪਹਿਲਾਂ 2 ਜੂਨ 1938 ਵਿਚ ਹੋਇਆ ਸੀ ਤੇ ਇਕ ਯਾਦਗਾਰ ਬੋਰਡ ਬਣਾਇਆ ਗਿਆ ਸੀ, ਜਿਸ ਵਿਚ ਆਪ ਨੂੰ ਪ੍ਰਧਾਨ ਬਣਾਇਆ ਗਿਆ ਸੀ। ਇਸ ਕਾਰਜ ਨੂੰ ਤੇਜ਼ ਕਰਨ ਲਈ 9 ਦਸੰਬਰ 1948 ਨੂੰ ਦੇਸ਼ ਭਗਤ ਯਾਦਗਾਰ ਕਮੇਟੀ ਬਣਾਈ ਗਈ। ਪਹਿਲਾਂ ਇਹ ਯਾਦਗਾਰ ਸ੍ਰੀ ਅੰਮ੍ਰਿਤਸਰ ਬਣਾਉਣ ਦਾ ਵੀਚਾਰ ਸੀ, ਪਰ ਬਾਅਦ ਵਿਚ ਜਲੰਧਰ ਕੇਂਦਰੀ ਜਗ੍ਹਾ ਤੇ ਹੋਣ ਕਰਕੇ, ਉੱਥੇ ਬਣਾਉਣ ਦਾ ਫੈਸਲਾ ਹੋਇਆ। ਹੁਣ ਇਥੇ ਦੇਸ਼ ਭਗਤ ਯਾਦਗਾਰ ਹਾਲ ਕਾਇਮ ਹੋ ਚੁੱਕਾ ਹੈ।

25. ਲੰਬੀ ਬੀਮਾਰੀ ਕਾਰਨ ਆਪ ਦੀ ਸਿਹਤ ਦਿਨੋ ਦਿਨ ਕਮਜ਼ੋਰ ਹੁੰਦੀ ਗਈ। ਬਾਹਰ ਅੰਦਰ ਜਾਣ 'ਤੇ ਵਧੇਰੇ


www.AKJ.Org

ਤੁਰਨ ਫਿਰਨ ਤੋਂ ਡਾਕਟਰਾਂ ਨੇ ਮਨਾਂ ਕਰ ਦਿੱਤਾ। ਆਪ ਜ਼ਿਆਦਾ ਸਮਾਂ ਪਿੰਡ ਦਦੇਹਰ ਜਾ ਤਰਨ-ਤਾਰਨ ਮਾਸਟਰ ਈਸ਼ਰ ਸਿੰਘ ਕੋਲ ਹੀ ਰਹਿੰਦੇ ਸਨ। ਗਰਮੀਆਂ ਦੇ ਮੌਸਮ ਵਿਚ ਨੈਨੀਤਾਲ ਜਾਂ ਡਲਹੌਜੀ ਵੀ ਚਲੇ ਜਾਂਦੇ ਸਨ। ਵਧੇਰੇ ਸਮਾਂ ਭਜਨ ਬੰਦਗੀ ਵਿਚ ਹੀ ਲਗਾਉਂਦੇ ਸਨ। ਫਿਰ ਬਾਬਾ ਜੀ ਦੇ ਪੈਰ ਦਾ ਜ਼ਖ਼ਮ ਵੀ ਬਹੁਤ ਖਰਾਬ ਹੋ ਗਿਆ। ਇਸ ਸਮੇਂ ਸ. ਜੋਗਿੰਦਰ ਸਿੰਘ ਜੋਗੀ ਤੇ ਹੋਰ ਪ੍ਰੇਮੀਆਂ ਨੇ ਆਪ ਜੀ ਦੀ ਖੂਬ ਸੇਵਾ ਕੀਤੀ।

26. ਅੰਤ ਬੀਮਾਰੀ ਦਾ ਬਹੁਤ ਜ਼ੋਰ ਪੈ ਜਾਣ ਕਾਰਨ ਮਿਤੀ 5 ਦਸੰਬਰ 1957 ਨੂੰ ਅੰਮ੍ਰਿਤ ਵੇਲੇ ਤਰਨ-ਤਾਰਨ ਵਿਚ ਹੀ ਆਪ ਜੀ ਸਵਾਸਾਂ ਦੀ ਪੂੰਜੀ ਭੋਗ ਕੇ ਗੁਰੂ-ਗੁਰੂ ਜਪਦੇ ਗੁਰੂ ਚਰਨਾਂ ਵਿਚ ਜਾ ਬਿਰਾਜੇ। ਆਪ ਜੀ ਅਕਸਰ ਹੀ ਆਪਣੇ ਪ੍ਰੇਮੀਆਂ ਨੂੰ ਕਿਹਾ ਕਰਦੇ ਸੀ।

"ਭਾਈ ! ਨਾਮ ਸਿਮਰਨ ਦਾ ਬਹੁਤ ਪ੍ਰਤਾਪ ਹੈ। ਨਾਮ ਜੱਪਣ ਵਿਚ ਮਹਾਂ ਸੁਖ ਮਿਲਦਾ ਹੈ। ਨਾਮ ਜਪਿਆ ਕਰੋ। ਸਤਿਗੁਰੂ ਸੱਚੇ ਪਾਤਸ਼ਾਹ ਭਲਾ ਕਰਨਗੇ।"

ਗੁਰਦੀਪ ਸਿੰਘ, ਸੰਪਾਦਕ

# ਗਿਆਨੀ ਹਰਿਭਗਤ ਸਿੰਘ ਜੀ ਨਾਰੰਗਵਾਲ

ਹੈੱਡਮਾਸਟਰ ਅਜਮੇਰ ਸਿੰਘ

ਪਿੰਡ ਨਾਰੰਗਵਾਲ ਜ਼ਿਲ੍ਹਾ ਲੁਧਿਆਣਾ ਇਕ ਅਜਿਹਾ ਖ਼ਾਸ ਨਗਰ ਹੈ ਜਿੱਥੇ ਸਿੱਖ ਪੰਥ ਦੀ ਮਹਾਨ ਹਸਤੀ, ਗਦਰ ਅਤੇ ਗੁਰਦੁਆਰਾ ਸੁਧਾਰ ਲਹਿਰ ਦੇ ਮੋਢੀ, ਨਾਮ ਬਾਣੀ ਦੇ ਰਸੀਏ ਅਤੇ ਅਖੰਡ ਕੀਰਤਨੀ ਜਥੇ ਦੇ ਸੰਚਾਲਕ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨਿਵਾਸੀ ਹੋਏ ਹਨ ਜਿਨ੍ਹਾਂ ਨੇ ਇਸ ਨਗਰ ਨੂੰ ਵਿਸ਼ਵ ਪ੍ਰਸਿੱਧ ਕੀਤਾ। ਇਸੇ ਪਿੰਡ ਵਿਚ ਹੀ ਗਿਆਨੀ ਹਰਿਭਗਤ ਸਿੰਘ ਜੀ ਦਾ ਜਨਮ 21 ਫਰਵਰੀ 1900 ਨੂੰ ਬਾਬਾ ਇੰਦਰ ਸਿੰਘ ਦੇ ਘਰ ਮਾਤਾ ਰਾਮ ਕੌਰ ਜੀ ਦੀ ਕੁਖੋ ਹੋਇਆ। ਬਾਲ ਅਵਸਥਾ ਹਾਣੀ ਮੁੰਡਿਆਂ ਨਾਲ ਖੇਡਣਾ, ਹੱਸਣਾ, ਨੱਚਣਾ, ਟੱਪਣਾ, ਕੁੱਦਣਾ ਅਤੇ ਛਾਲਾਂ ਆਦਿ ਮਾਰ ਕੇ ਗੁਜ਼ਾਰੀ। ਸੱਤ ਸਾਲ ਦੀ ਉਮਰ ਵਿਚ ਪਿੰਡ ਦੇ ਸਕੂਲ ਵਿਚ ਪੜ੍ਹਾਈ ਸ਼ੁਰੂ ਕੀਤੀ। ਉਸ ਵੇਲੇ ਅੰਗਰੇਜ਼ਾਂ ਦਾ ਰਾਜ ਸੀ ਤੇ ਸਕੂਲਾਂ ਵਿਚ ਉਰਦੂ ਹੀ ਪੜ੍ਹਾਇਆ ਜਾਂਦਾ ਸੀ। ਪੰਜਾਬੀ ਦਾ ਨਾਮ ਨਿਸ਼ਾਨ ਵੀ ਨਹੀਂ ਸੀ। ਛੇਵੀਂ ਜਮਾਤ ਤੋਂ ਪੰਜਾਬੀ ਦੀ ਥੋੜ੍ਹੀ ਜਾਣਕਾਰੀ ਦਿੱਤੀ ਜਾਂਦੀ ਸੀ। ਪ੍ਰਾਇਮਰੀ ਪਾਸ ਕਰਨ ਤੋਂ ਬਾਅਦ ਹਾਈ ਸਕੂਲ ਵਿਚ ਦਾਖਲ ਹੋ ਗਏ। ਬਚਪਨ ਤੋਂ ਹੀ ਗੁਰਮਤਿ ਦੀ ਲਗਨ ਅਤੇ ਪ੍ਰੇਮ ਲੱਗ ਗਿਆ ਸੀ ਅਤੇ ਨਿਤਨੇਮ ਕਰਨ ਦੀ ਆਦਤ ਬਣ ਗਈ ਸੀ। ਪੜ੍ਹਾਈ ਵਿਚ ਉਹ ਬਾਕੀ ਵਿਦਿਆਰਥੀਆਂ ਤੋਂ ਅੱਗੇ ਰਹਿੰਦੇ ਅਤੇ ਪੜ੍ਹਾਉਣ ਵਾਲਾ ਅਧਿਆਪਕ ਵੀ ਇੰਨ੍ਹਾਂ ਦੀ ਹੁਸ਼ਿਆਰੀ ਅਤੇ ਹੋਰ ਗੁਣਾਂ ਦੀ ਸ਼ਲਾਘਾ ਕਰਦਾ ਨਾ ਥੱਕਦਾ।

ਆਪ ਜੀ ਨੇ ਤਾਅ ਜ਼ਿੰਦਗੀ ਸਾਦਾ ਲਿਬਾਸ ਤੇ ਸਾਦੀ ਖੁਰਾਕ ਹੀ ਰੱਖੀ। ਉਹੀ ਕਪੜੇ, ਓਹੀ ਤਰਜ਼, ਓਹੀ ਤਰੀਕਾ ਤੇ ਓਹੀ ਤਰਕੀਬ ਰੱਖੀ। ਸਾਰੀ ਉਮਰ ਦੇਸੀ ਖੱਦਰ ਦਾ ਕੁੜਤਾ, ਪਜਾਮਾ ਤੇ ਪੱਗੜੀ ਰੱਖੀ। ਕੋਈ ਮਸ਼ੀਨੀ ਕਪੜਾ ਨਹੀਂ ਪਹਿਨਿਆ। ਸਾਰੇ ਕਪੜੇ ਸਮੇਤ ਪੱਗੜੀ ਸਫੈਦ ਹੁੰਦੀ ਸੀ। ਫੇਰ ਜਦੋਂ ਸ਼੍ਰੋਮਣੀ ਅਕਾਲੀ ਦਲ ਨੇ ਨੀਲੀ ਪਗੜੀ ਬੰਨਣ ਦੀ ਅਪੀਲ ਕੀਤੀ ਤਾਂ ਆਪ ਨੇ ਪੱਗ ਦੀ ਰੰਗ ਨੀਲਾ ਕਰ ਲਿਆ। ਦਸਤਾਰ ਉੱਪਰ ਚੱਕਰ ਵੀ ਸਜਾਂਦੇ ਸਨ। ਪਜਾਮਾ ਵੀ ਇਕ ਖਾਸ ਕਿਸਮ ਰੇਬ ਦਾ ਹੀ ਪਹਿਨਿਆ। ਕਦੇ ਖੁੱਲ੍ਹੇ ਪੌਂਚੇ ਵਾਲਾ ਪਜਾਮਾ ਨਹੀਂ ਪਹਿਨਿਆ/ਭਰ ਸਰਦੀ ਵਿਚ ਠੰਡ ਤੋਂ ਬੱਚਣ ਲਈ ਭੂਰੇ ਕਾਲੇ ਰੰਗ ਦਾ ਕੋਟ ਜ਼ਰੂਰ ਪਹਿਨ ਲੈਂਦੇ ਸਨ। ਉਹ ਹਮੇਸ਼ਾਂ ਖੱਦਰ ਦੇ ਗਾਤਰੇ ਵਿਚ ਲੰਮੀ ਕ੍ਰਿਪਾਨ ਕੋਲ ਰੱਖਦੇ ਸਨ ਤੇ ਖੂੰਡੀ ਵੀ ਹੱਥ ਵਿਚ ਹੰਦੀ ਸੀ। ਪਿੰਡ ਜਸੋਵਾਲ ਦੇ ਕਾਰੀਗਰ ਦੀ ਬਣਾਈ



www.AKJ.Org

ਹੋਈ ਦੇਸੀ ਧੌੜੀ ਦੀ ਜੁੱਤੀ ਹੀ ਪਹਿਨੀ ਰੱਖੀ। ਉਨ੍ਹਾਂ ਦਾ ਵਿਚਾਰ ਸੀ ਕਿ ਸਾਦਾ ਲਿਬਾਸ ਜੀਵਨ ਦਾ ਇਕ ਸੁਆਦ ਹੈ। ਸਾਦਗੀ ਵਿਚ ਬੜਾ ਆਨੰਦ ਹੈ। ਸਾਦੀ ਖੁਰਾਕ ਖਾਣ ਨਾਲ ਸਰੀਰ ਆਰੋਗ ਰਹਿੰਦਾ ਹੈ ਅਤੇ ਕੋਈ ਮਾੜੀ ਮੋਟੀ ਬੀਮਾਰੀ ਵੀ ਨੇੜੇ ਨਹੀਂ ਫਟਕਦੀ।" ਉਨ੍ਹਾਂ ਸਾਰੀ ਉਮਰ ਚਾਹ ਵੀ ਨਹੀਂ ਪੀਤੀ। ਚਾਹ ਦੀ ਜਗ੍ਹਾ ਬਨਫਸ਼ੇ ਦੇ ਪੱਤੇ ਉਬਾਲ ਕੇ ਪੀਂਦੇ ਸਨ। ਪਰ ਗੰਨੇ ਦੇ ਰਸ ਦੇ ਸ਼ੌਕੀਨ ਸਨ। ਹੋਰ ਅਲਸੂ ਬਲਸਾ ਸਾਰਾ ਦਿਨ ਮੂੰਹ ਮਾਰਨਾ ਨਹੀਂ ਜਾਣਦੇ ਸਨ। ਸਵੇਰੇ ਸ਼ਾਮ ਸਾਦਾ ਖੁਰਾਕ ਸਮੇਂ ਅਨੁਸਾਰ ਖਾਂਦੇ ਸਨ। ਪਿੰਡ ਨਾਰੰਗਵਾਲ ਦੇ ਨੇੜੇ ਲੰਘਦੀ ਸਰਹੰਦ ਨਹਿਰ ਤੇ ਸਵੇਰੇ ਸ਼ਾਮ 2-3 ਦਿਨ ਕਿਲੋਮੀਟਰ ਤਾਜ਼ੀ ਹਵਾ ਵਿਚ ਸੈਰ ਕਰਦੇ ਸਨ ਜਿਹੜੀ ਉਨ੍ਹਾਂ ਦੀ ਸਰੀਰ ਨੂੰ ਰਿਸ਼ਟ-ਪੁਸ਼ਟ ਰੱਖਦੀ ਸੀ। ਉਹ ਹਰ ਰੋਜ਼ ਸਰੋਂ ਦੇ ਤੇਲ ਨਾਲ ਸਰੀਰ ਦੀ ਮਾਲਿਸ਼ ਵੀ ਕਰਦੇ ਸਨ ਜੋ ਕਿ ਸਰੀਰ ਤੇ ਝੁਰੜੀਆਂ ਨਹੀਂ ਪੈਣ ਦਿੰਦੀ।

ਦਸਵੀਂ ਦਾ ਇਮਤਿਹਾਨ ਪਾਸ ਕਰਨ ਮਗਰੋਂ ਗਿਆਨੀ ਦਾ ਕੋਰਸ ਪਾਸ ਕਰ ਲਿਆ। ਇਸ ਪਿਛੋਂ ਟਰੇਂਡ ਗਿਆਨੀ ਦਾ ਛੋਟਾ ਜਿਹਾ ਕੋਰਸ ਵੀ ਕਰ ਲਿਆ। ਜੀਵਨ ਦੇ ਨਿਰਬਾਹ ਲਈ ਪਹਿਲਾਂ ਰਾਵਲਪਿੰਡੀ ਦੇ ਸਕੂਲ ਵਿਚ ਨੌਕਰੀ ਕੀਤੀ। ਫਿਰ ਅੰਬਾਲਾ ਛਾਉਣੀ ਦੇ ਸਕੂਲ ਵਿਚ ਪੰਜਾਬੀ ਅਧਿਆਪਕ ਆ ਲੱਗੇ। ਉਸ ਤੋਂ ਬਾਅਦ ਮਾਲਵਾ ਖਾਲਸਾ ਹਾਈ ਸਕੂਲ ਵਿਚ ਟੀਚਰ ਲੱਗ ਗਏ। ਉਸ ਵੇਲੇ ਤਨਖਾਹ 25 ਰੁਪਏ ਹੁੰਦੇ ਸੀ ਜਿਸ ਨਾਲ ਗੁਜ਼ਾਰਾ ਚੰਗਾ ਹੋ ਜਾਂਦਾ ਸੀ। ਆਪਣੇ ਛੋਟੇ ਭਰਾ ਦੀ ਪੜ੍ਹਾਈ ਦਾ ਖਰਚਾ ਵੀ ਆਪਣੀ ਤਨਖਾਹ ਵਿਚੋਂ ਦਿੰਦੇ ਰਹੇ। ਪੜ੍ਹਾਈ ਕਰਾਉਣ ਦੇ ਨਾਲ-ਨਾਲ ਵਿਦਿਆਰਥੀਆਂ ਨੂੰ ਧਰਮ ਦੀ ਸਿੱਖਿਆ ਵੀ ਦਿੰਦੇ ਸਨ। ਸੱਚ ਬੋਲਣ, ਨੇਕੀ ਕਮਾਉਣ, ਬਾਣੀ ਪੜ੍ਹ ਕੇ ਉਸ ਉਪਰ ਅਮਲ ਕਰਨ ਦਾ ਉਪਦੇਸ਼ ਦਿੰਦੇ। ਕਿਸੇ ਪਾਖੰਡੀ ਅਤੇ ਦੇਹਧਾਰੀ ਗੁਰੂ ਦੇ ਪਿੱਛੇ ਲੱਗਣ ਦੀ ਬਜਾਏ ਸ਼ਬਦ ਗੁਰੂ ਉੱਪਰ ਹੀ ਟੇਕ ਰੱਖਣ ਦੀ ਸਿੱਖਿਆ ਦਿੰਦੇ। ਉਨ੍ਹਾਂ ਦਾ ਲੈਕਚਰ ਬਹੁਤ ਧੜੱਲੇਦਾਰ ਅਤੇ ਪ੍ਰਭਾਵਸ਼ਾਲੀ ਹੁੰਦਾ ਸੀ ਜਿਸ ਵਿਚ ਯਾਦੂ ਵਰਗਾ ਅਸਰ ਸਰੋਤਿਆਂ ਤੇ ਪੈਂਦਾ ਸੀ ਖਾਸ ਕਰਕੇ ਹਿੰਦੂ ਬ੍ਰਾਹਮਣਵਾਦ ਤੇ ਸਨਾਤਨੀ ਫਜ਼ੂਲ ਰਸਮਾਂ ਰਿਵਾਜਾਂ ਦੇ ਕੱਟੜ ਵਿਰੋਧੀ ਸਨ ਤੇ ਤੱਤ ਗੁਰਮਤਿ ਅਸੂਲਾਂ ਦੇ ਅਲੰਬਰਦਾਰ ਸਨ। ਆਪ ਹਮੇਸ਼ਾਂ ਚੜ੍ਹਦੀਆਂ ਕਲਾ ਵਿਚ ਰਹਿੰਦੇ ਸਨ।

1947 ਵਿਚ ਮਾਲਵਾ ਖਾਲਸਾ ਹਾਈ ਸਕੂਲ ਦੀ ਪ੍ਰਬੰਧਕ ਕਮੇਟੀ ਤੇ ਸਿੱਖੀ ਰਹਿਤ ਰਹਿਣੀ ਤੋਂ ਸੱਖਣੇ, ਸੱਜਣਾ ਦਾ ਕਬਜ਼ਾ ਹੋ ਗਿਆ, ਜਿਨ੍ਹਾਂ ਦੀਆਂ ਹਰਕਤਾਂ ਦਾ ਵਿਦਿਆਰਥੀਆਂ ਅਤੇ ਅਧਿਆਪਕਾਂ ਤੇ ਭੈੜਾ ਅਸਰ ਪੈਂਦਾ ਸੀ। ਗਿਆਨੀ ਜੀ ਨੇ ਆਪਣੇ ਸਾਥੀਆਂ ਨਾਲ ਮਿਲ ਕੇ ਆਪ ਹੁਦਰੇ ਪ੍ਰਬੰਧਕਾਂ ਖਿਲਾਫ ਪ੍ਰੋਟੈਸਟ ਕੀਤਾ, ਜਿਸ ਕਾਰਨ ਕਮੇਟੀ ਨੇ ਆਪ ਨੂੰ ਨੌਕਰੀ ਤੋਂ ਕੱਢ ਦਿੱਤਾ। ਇਨ੍ਹਾਂ ਨਾਲ ਹਮਦਰਦੀ ਰੱਖਣ ਵਾਲੇ ਸੱਜਣਾ ਜਿਵੇਂ ਕਿ ਸ. ਲਾਲ ਸਿੰਘ ਬੀ.ਏ.ਬੀ.ਟੀ. ਸ. ਸੁਚੇਤ ਸਿੰਘ, ਸ. ਨਿਰੰਜਣ ਸਿੰਘ, ਸ. ਪ੍ਰਤਾਪ ਸਿੰਘ ਅਤੇ ਇਕ ਮੌਲਵੀ ਜੀ ਨੇ ਵੀ ਰੋਸ ਵਜੋਂ ਅਸਤੀਫੇ ਦੇ ਦਿੱਤੇ। ਗਿਆਨੀ ਜੀ ਨੇ ਇਨ੍ਹਾਂ ਸਾਥੀਆਂ ਨਾਲ ਮਿਲ ਕੇ ਖ਼ਾਲਸਾ ਨੈਸ਼ਨਲ ਹਾਈ ਸਕੂਲ ਖੋਲ੍ਹ ਲਿਆ। ਸਾਰੇ ਵਿਦਿਆਰਥੀਆਂ ਨੇ ਵੀ ਆਪਣੇ ਅਧਿਆਪਕਾਂ ਦੇ ਨਾਲ ਹੀ ਉਥੋਂ ਸਰਟੀਫਿਕੇਟ ਲੈ ਕੇ ਨਵੇਂ ਸਕੂਲ ਵਿਚ ਦਾਖਲਾ ਲੈ ਲਿਆ। ਆਪ ਇਸ ਸਕੂਲ ਦੇ ਰੂਹੇ ਰਵਾਂ ਸਨ। ਫਿਰ ਆਪਣੇ ਪਿੰਡ ਨਾਰੰਗਵਾਲ ਵਿਚ ਆਪਣੇ ਹਮ ਉੱਮਰ ਸੱਜਣ ਸ. ਜੋਗਿੰਦਰ ਸਿੰਘ ਨੂੰ ਪ੍ਰੇਰ ਕੇ ਪੇਂਡੂ ਬੱਚਿਆਂ ਨੂੰ ਉੱਚ ਪੱਧਰੀ ਵਿਦਿਆ ਪ੍ਰਦਾਨ ਕਰਨ ਲਈ ਸਿੱਖ ਨੈਸ਼ਨਲ ਕਾਲਜ ਦੀ ਸਥਾਪਨਾ ਕਰਵਾਈ ਜਿਸ ਨੇ ਇਲਾਕੇ ਦੇ ਬੱਚਿਆਂ ਨੂੰ ਦੇਸ਼ਾਂ ਵਿਦੇਸ਼ਾਂ ਵਿਚ ਜਾ ਕੇ ਰੁਜਗਾਰ ਕਮਾਉਣ ਦੇ ਯੋਗ ਬਣਾਇਆ। ਇਸ ਕਾਲਜ ਦਾ ਪ੍ਰਸ਼ਾਸ਼ਕੀ ਪ੍ਰਬੰਧ ਆਪ ਕੋਲ 10-12 ਸਾਲ ਰਿਹਾ ਤੇ ਅੱਜ ਵੀ ਇਹ ਕਾਲਜ ਇਸ ਪੇਂਡੂ ਇਲਾਕੇ ਵਿਚ ਸਫਲਤਾ ਪੂਰਵਕ ਚੱਲ ਰਿਹਾ ਹੈ।

18 ਅਪ੍ਰੈਲ 1941 ਈ: ਨੂੰ ਰਾਵਲਪਿੰਡੀ ਵਿਚ ਨਾਮਧਾਰੀ ਆਗੂ ਪ੍ਰਤਾਪ ਸਿੰਘ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਦੀ ਜਿਲਦ ਵਿਚੋਂ ਇਕ-ਇਕ ਪੱਤਰਾ ਅੱਡ ਕਰਕੇ ਸੰਗਤਾਂ ਵਿਚ ਪਾਠ ਕਰਨ ਲਈ ਵੰਡ ਦਿੱਤਾ ਗਿਆ।



www.AKJ.Org

ਪੰਥਕ ਹਲਕਿਆਂ ਵਿਚ ਇਸ ਦਾ ਬਹੁਤ ਵਿਰੋਧ ਹੋਇਆ ਕਿ ਇਨ੍ਹਾਂ ਕੂਕ ਪੰਥੀਆਂ ਨੇ ਗੁਰੂ ਸਾਹਿਬ ਜੀ ਦੀ ਘੋਰ ਬੇਅਦਬੀ ਕੀਤੀ ਹੈ। 27 ਅਪ੍ਰੈਲ 1941 ਨੂੰ ਘੁੰਗਰਾਣੇ ਪੰਥਕ ਇਕੱਠ ਹੋਇਆ ਜਿਸ ਵਿਚ ਆਪ ਨੇ ਸਲਾਹ ਦਿੱਤੀ ਕਿ ਵੱਡੀ ਕਾਨਫਰੰਸ ਕਰਕੇ ਸੰਗਤਾਂ ਨੂੰ ਜਾਣੂ ਕੀਤਾ ਜਾਵੇ। ਸ਼੍ਰੋਮਣੀ ਕਮੇਟੀ ਵੱਲੋਂ ਵੋਟਾਂ ਖਾਤਰ ਕੂਕਿਆਂ ਦੀ ਮਦਦ ਕੀਤੀ ਜਾ ਰਹੀ ਸੀ ਤੇ ਪਰਦਾ ਪੋਸ਼ੀ ਕਰਨ ਦੀ ਵੀ ਕੋਸ਼ਿਸ਼ ਕੀਤੀ ਜਾ ਰਹੀ ਸੀ। ਆਪ ਅਜਿਹੀ ਹਾਲਤ ਵਿਚ ਕਦੋਂ ਚੁਪ ਬੈਠਣ ਵਾਲੇ ਸਨ। ਹੋਰ ਪੰਥਕ ਦਰਦੀਆਂ ਨਾਲ ਰਲ ਕੇ ਲੁਧਿਆਣੇ ਇਕੱਠ ਕਰਨ ਦਾ ਫੈਸਲਾ ਹੋਇਆ ਅਤੇ ਇਸ ਦਾ ਨਾਮ ਕੂਕਾ ਕੁਫਰ ਤੋੜ ਅਕਾਲੀ ਕਾਨਫਰੰਸ ਰੱਖਿਆ ਗਿਆ ਜੋ 21 ਤੋਂ 22 ਫਰਵਰੀ 1942 ਨੂੰ ਅੱਡਾ ਮੁੱਲਾ ਪੁਰ ਦਾਖਾ ਜ਼ਿਲ੍ਹਾ ਲੁਧਿਆਣਾ ਵਿਚ ਪੰਜਾਂ ਪਿਆਰਿਆਂ ਦੀ ਪ੍ਰਧਾਨਗੀ ਹੇਠ ਹੋਈ। ਇਸ ਵਿਚ ਬਾਬਾ ਖੜਕ ਸਿੰਘ ਜੀ, ਭਾਈ ਰਣਧੀਰ ਸਿੰਘ ਜੀ, ਅਕਾਲੀ ਕੌਰ ਸਿੰਘ ਜੀ, ਬਾਬਾ ਵਿਸਾਖਾ ਸਿੰਘ, ਕਿਸ਼ਨਪੁਰ ਜ਼ਿਲ੍ਹਾ ਫਿਰੋਜਪੁਰ ਆਦਿ ਸ਼ਾਮਿਲ ਸਨ। ਇਸ ਕਾਨਫਰੰਸ ਤੋਂ ਬਾਅਦ ਤਿੰਨ ਹੋਰ ਕਾਨਫਰੰਸਾਂ ਪਿੰਡ ਧਾਂਦਰਾ, ਬੀਜਾ ਅਤੇ ਸੇਖਾ ਵਿਚ ਹੋਈਆਂ ਜਿੰਨ੍ਹਾਂ ਵਿਚ ਆਪ ਜੀ ਸਟੇਜ ਸਕੱਤਰ ਦੀ ਸੇਵਾ ਕਰਦੇ ਰਹੇ ਅਤੇ ਪੰਜਾਂ ਪਿਆਰਿਆਂ ਵਲੋਂ ਪ੍ਰਧਾਨਗੀ ਐਡਰੈੱਸ ਵੀ ਆਪ ਹੀ ਪੜ੍ਹਦੇ ਸਨ। ਇੰਨ੍ਹਾਂ ਕਾਨਫਰੰਸਾਂ ਨੇ ਸਿੱਖਾਂ ਅੰਦਰ ਐਸਾ ਰੋਹ ਜਗਾਇਆ ਕਿ ਚੌਥੀ ਕਾਨਫਰੰਸ ਤੋਂ ਬਾਅਦ ਕੂਕਿਆਂ ਨੇ ਆਪਣੇ ਗੁਨਾਹਾਂ ਦੀ ਮੁਆਫ਼ੀ ਮੰਗ ਕੇ ਇਹ ਮਨਮਤ ਬੰਦ ਕਰ ਦਿੱਤੀ। ਸੰਨ 1975 ਵਿਚ ਫਿਰ ਇਹੋ ਜਿਹੀ ਘਿਨਾਉਣੀ ਸਾਜਿਸ਼ ਰਚੀ ਗਈ ਸੀ ਪ੍ਰੰਤੂ ਪੰਥਕ ਰੋਹ ਅੱਗੇ ਕੂਕੇ ਮੈਦਾਨ ਛੱਡ ਕੇ ਭੱਜ ਗਏ। ਇਹ ਸਭ ਆਪ ਜੈਸੇ ਪੰਥ ਦਰਦੀਆਂ ਦੀਆਂ ਘਾਲਣਾ ਦਾ ਹੀ ਸਿੱਟਾ ਸੀ।

1952 ਦੀਆਂ ਅਸੈਂਬਲੀ ਚੋਣਾਂ ਵਿਚ ਮਾਸਟਰ ਤਾਰਾ ਸਿੰਘ ਨੇ ਕੁਝ ਗ਼ੈਰ-ਪੰਥਕ ਅਤੇ ਢਿੱਲੜ ਉਮੀਦਵਾਰਾਂ ਨੂੰ ਟਿਕਟਾ ਦਿੱਤੀਆਂ ਜਿਸ ਦਾ ਪੰਥਕ ਲੀਡਰਾਂ ਵਲੋਂ ਪੁਰਜੋਰ ਵਿਰੋਧ ਹੋਇਆ। ਆਪ ਨੂੰ ਮਾਸਟਰ ਤਾਰਾ ਸਿੰਘ ਨੇ ਮਿਲਣ ਲਈ ਸੱਦਾ ਭੇਜਿਆ। ਕਈ ਸੱਜਣਾ ਦੇ ਕਹਿਣ ਤੇ ਆਪ ਉਨ੍ਹਾਂ ਨੂੰ ਘੰਟਾ ਘਰ ਲੁਧਿਆਣਾ ਮਿਲਣ ਚਲੇ ਗਏ ਤੇ ਮਾਸਟਰ ਜੀ ਨੂੰ ਉਮੀਦਵਾਰਾਂ ਦੀ ਗਲਤ ਚੋਣ ਕਰਨ ਤੇ ਵੰਗਾਰਦੇ ਹੋਏ ਖਰੀਆਂ-ਖਰੀਆਂ ਸੁਣਾ ਕੇ ਆ ਗਏ। ਕੁਝ ਚਿਰ ਬਾਅਦ ਸੰਨ 1953 ਵਿਚ ਮਾਸਟਰ ਜੀ ਵਲੋਂ ਆਪ ਜੀ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਜਥੇਦਾਰੀ ਦੀ ਪੇਸ਼ਕਸ਼ ਕੀਤੀ ਗਈ। ਆਪ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਪ੍ਰੰਪਰਾ ਅਨੁਸਾਰ ਮਾਨ ਮਰਿਯਾਦਾ ਅਤੇ ਆਜ਼ਾਦ ਹਸਤੀ ਕਾਇਮ ਰੱਖਣ ਲਈ ਕਮੇਟੀ ਕੋਲੋਂ ਕੁਝ ਵੱਖਰੇ ਪ੍ਰਬੰਧਕੀ ਇੰਤਜ਼ਾਮ ਲੋੜਦੇ ਸਨ ਜਿਸ ਪਰ ਕਮੇਟੀ ਦੇ ਮੁੱਖ ਨੇਤਾਵਾਂ ਵਲੋਂ ਸਹੀ ਹੁੰਗਾਰਾ ਨਾ ਮਿਲਣ ਕਰਕੇ, ਆਪ ਨੇ ਜਥੇਦਾਰ ਬਣਨਾ ਪ੍ਰਵਾਨ ਨਾ ਕੀਤਾ। ਇਸ ਤਰ੍ਹਾਂ ਦੀ ਇਕ ਪੇਸ਼ਕਸ਼ 1980 ਵਿਚ ਵੀ ਹੋਈ ਸੀ, ਪਰ ਆਪ ਨੇ ਉਹ ਵੀ ਨਹੀਂ ਸੀ ਕਬੂਲੀ। ਆਪ ਸ਼੍ਰੋਮਣੀ ਕਮੇਟੀ ਦੇ ਅਧੀਨ ਕੰਮ ਕਰਦੀ ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਵੀ ਰਹੇ ਹਨ।

**ਅੱਜ ਕੱਲ੍ਹ ਸਿਆਸਤ ਮਾਇਆ ਇਕੱਠੀ ਕਰਨ ਦਾ ਸਾਧਨ ਬਣ ਗਿਆ ਹੈ ਅਤੇ ਹਰ ਇਕ ਇਨਸਾਨ, ਹਰ ਹੀਲਾ ਵਸੀਲਾ ਵਰਤ ਕੇ ਮਾਇਆ ਇਕੱਠੀ ਕਰਨ ਦੀ ਦੌੜ ਵਿਚ ਲੱਗਾ ਹੋਇਆ ਹੈ। ਖ਼ਾਸ ਕਰਕੇ ਸੰਨ 1970 ਤੋਂ ਤਾਂ ਇਹ ਹਨ੍ਹੇਰੀ ਬਹੁਤ ਤੇਜੀ ਨਾਲ ਚੱਲੀ ਹੈ। ਇਖਲਾਕੀ ਕਦਰਾਂ ਕੀਮਤਾਂ ਨੂੰ ਛਿੱਕੇ ਟੰਗ ਦਿੱਤਾ ਗਿਆ ਹੈ। ਦੇਸ਼ ਪਿਆਰ ਤੇ ਦੇਸ਼ ਭਗਤੀ ਬਹੁਤ ਪੁਰਾਣੀ ਗੱਲ ਹੋ ਚੁੱਕੀ ਹੈ। ਪਰ ਆਪ ਇਸ ਮਾਇਆ ਤੋਂ ਸਦਾ ਨਿਰਲੇਪ ਰਹੇ। ਸਿਆਸਤ ਵਿਚ ਰਹਿ ਕੇ ਭੀ ਮਨੁੱਖੀ ਕਦਰਾਂ ਕੀਮਤਾਂ ਤੋਂ ਨਹੀਂ ਥਿੜਕੇ। ਆਪ ਅਫਰੀਕਾ, ਕੈਨੇਡਾ, ਅਮਰੀਕਾ, ਇੰਗਲੈਂਡ ਆਦਿ ਦੇਸ਼ਾਂ ਵਿਚ ਵੀ ਗਏ ਜਿੱਥੇ ਗੁਰਮਤਿ ਵਿਸ਼ਿਆਂ ਤੇ ਧੜਲੇਦਾਰ ਲੈਕਚਰ ਦਿੱਤੇ, ਪਰ ਕਿਸੇ ਕੋਲੋਂ ਇਕ ਕੌਡੀ ਵੀ ਸਵੀਕਾਰ ਨਹੀਂ ਕੀਤੀ। ਵਿਦੇਸ਼ਾਂ ਦੇ ਗੁਰੂ ਘਰਾਂ ਵਿਚ ਗਏ ਕੀਰਤਨੀਆਂ, ਕਥਾਕਾਰਾਂ, ਵਿਦਵਾਨਾਂ ਨੂੰ ਪੌਂਡਾਂ, ਡਾਲਰਾਂ ਦੇ ਬੰਦ ਲਿਫਾਫੇ ਦੇ ਕੇ ਨਿਵਾਜਿਆ ਜਾਂਦਾ ਹੈ ਅਤੇ ਹੋਰ ਵੀ ਕਈ ਪ੍ਰਕਾਰ ਦੇ ਤੋਹਫੇ, ਬਸਤਰ ਆਦਿ ਦਿੱਤੇ ਜਾਂਦੇ ਹਨ। ਆਪ ਨੇ ਕਿਸੇ ਕੋਲੋਂ ਕੋਈ ਵੀ ਅਜਿਹੀ ਵਸਤੂ ਅੰਗੀਕਾਰ ਨਹੀਂ ਕੀਤੀ, ਇੱਥੋਂ ਤੱਕ ਕਿ ਇਕ ਪੁਰਾਣੇ ਹਮ ਜਮਾਤੀ ਇਲਾਕੇ ਦੇ ਸੱਜਣ ਵੱਲੋਂ ਪੇਸ਼**



www.AKJ.Org

**ਕੀਤੀ ਗੁਟ ਘੜੀ ਵੀ ਧੰਨਵਾਦ ਸਹਿਤ ਵਾਪਿਸ ਕਰ ਦਿੱਤੀ। ਸੰਨ 1960 ਵਿਚ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਵਿਚ ਆਪ ਨੂੰ ਹਲਕਾ ਦਾਖਾ ਤੋਂ ਸ਼੍ਰੋਮਣੀ ਅਕਾਲੀ ਦਲ ਵਲੋਂ ਟਿਕਟ ਦਿੱਤੀ ਗਈ ਅਤੇ 2000 ਰੁਪਏ ਖਰਚੇ ਲਈ ਦਿੱਤੇ। ਆਪ ਨੇ ਘੱਟ ਤੋਂ ਘੱਟ ਖਰਚੇ ਨਾਲ ਚੋਣ ਲੜੀ ਤੇ ਇਸ ਵਿਚ ਜਿੱਤ ਵੀ ਪ੍ਰਾਪਤ ਕੀਤੀ। 2000 ਰੁਪਏ ਵਿਚੋਂ ਬਚੇ 800 ਰੁਪਏ ਮਾਸਟਰ ਤਾਰਾ ਸਿੰਘ ਜੀ ਨੂੰ ਵਾਪਿਸ ਕਰ ਦਿੱਤੇ। ਮਾਸਟਰ ਜੀ ਇੰਨ੍ਹਾਂ ਦੀ ਈਮਾਨਦਾਰੀ, ਨੇਕ ਦਿਲੀ ਤੇ ਸਾਫ ਬਿਆਨੀ ਦੇਖ ਕੇ ਹੈਰਾਨ ਤੇ ਪ੍ਰਸੰਨ ਭੀ ਹੋਏ ਕਿ ਪੰਥ ਵਿਚ ਅਜੇ ਇਹੋ ਜਿਹੇ ਨੇਤਾ ਮੌਜੂਦ ਹਨ। ਸਾਰੀ ਉਮਰ ਗਿਆਨੀ ਜੀ ਨੇ ਆਪਣੀ ਤਨਖਾਹ ਤੋਂ ਬਿਨ੍ਹਾਂ, ਇਕ ਪੈਸਾ ਵੀ ਕਿਸੇ ਤੋਂ ਨਹੀਂ ਲਿਆ।**

ਜਦੋਂ ਆਪ ਇੰਗਲੈਂਡ ਗਏ ਤੇ ਉੱਥੇ 86 ਗੁਰਦੁਆਰੇ ਸਨ ਤੇ ਇਕੱਲੇ ਲੰਡਨ ਸ਼ਹਿਰ ਵਿਚ 28 ਗੁਰਦੁਆਰੇ ਸਨ ਜੋ ਕਿ ਵੱਖ-ਵੱਖ ਜਾਤਾਂ ਅਤੇ ਬਿਰਾਦਰੀਆਂ ਦੇ ਨਾਮ ਤੇ ਬਣਾਏ ਹੋਏ ਸਨ। ਆਪ ਨੂੰ ਇਹ ਦੇਖ ਕੇ ਬਹੁਤ ਦੁੱਖ ਲੱਗਾ ਕਿ ਗੁਰੂ ਸਾਹਿਬ ਜੀ ਨੇ ਸਾਨੂੰ ਜਾਤ-ਪਾਤ ਤੋਂ ਮੁਕਤ ਕੀਤਾ ਹੈ ਅਤੇ ਜਦੋਂ ਕੋਈ ਵੀ ਅੰਮ੍ਰਿਤ ਛੱਕ ਕੇ ਸਿੰਘ ਸਜ ਗਿਆ ਤਾਂ ਉਸ ਦੀ ਕਿਸੇ ਕਿਸਮ ਦੀ ਜਾਤ-ਪਾਤ ਨਹੀਂ ਰਹਿੰਦੀ। ਆਪ ਸੱਚੀ ਅਤੇ ਅਸਲੀਅਤ ਦੱਸਣ ਤੋਂ ਕਦੇ ਵੀ ਨਹੀਂ ਸਨ ਝਿਜਕਦੇ ਤੇ ਨਾ ਹੀ ਕਿਸੇ ਦੀ ਕਨੌਂਡ ਥੱਲੇ ਆਉਂਦੇ ਸਨ। ਲੰਡਨ ਦੇ ਸਾਊਥਹਾਲ ਵੱਡੇ ਗੁਰਦੁਆਰੇ ਵਿਚ ਖੂਬ ਖੜਕੇ ਦੜਕੇ ਵਾਲਾ ਲੈਕਚਰ ਦਿੱਤਾ। ਉਨ੍ਹਾਂ ਦੇ ਲੈਕਚਰ ਬੜੇ ਅਸਰਦਾਇਕ ਸਾਬਿਤ ਹੋਏ। ਸਿਰੋਪਾਉ ਵਿਚ ਇਕ ਗੁਰਦੁਆਰੇ ਦੇ ਪ੍ਰਬੰਧਕਾਂ ਵਲੋਂ ਆਪ ਨੂੰ ਰੇਸ਼ਮੀ ਦਸਤਾਰ ਭੇਟ ਕੀਤੀ ਗਈ। ਕਿਉਂਕਿ ਆਪ ਹਮੇਸ਼ਾਂ ਖੱਦਰ ਦੀ ਦਸਤਾਰ ਪਹਿਨਦੇ ਸਨ ਤੇ ਉਨ੍ਹਾਂ ਉਹ ਦਸਤਾਰ ਉੱਥੇ ਹੀ ਕਿਸੇ ਲੋੜਵੰਦ ਨੂੰ ਦੇ ਦਿੱਤੀ। ਉਨ੍ਹਾਂ ਨੇ ਵਿਦੇਸ਼ੀ ਦੌਰਿਆਂ ਦੌਰਾਨ ਨਾ ਹੀ ਕੋਈ ਚੀਜ਼ ਖਰੀਦੀ ਤੇ ਨਾ ਹੀ ਕੁਝ ਨਾਲ ਲਿਆਂਦਾ।

ਆਪ ਪੰਥਕ ਸਿਆਸਤ ਵਿਚ ਸਰਗਰਮ ਹਿੱਸਾ ਲੈਂਦੇ ਰਹੇ ਅਤੇ ਗੁਰਮਤਿ ਵਿਰੋਧੀ ਮਸਲਿਆਂ ਦੇ ਖਿਲਾਫ ਸੰਗਤਾਂ ਨੂੰ ਲਾਮਬੰਦ ਕਰਨ ਲਈ ਸਮੇਂ-ਸਮੇਂ ਪੰਥਕ ਕਾਨਫਰੰਸਾਂ ਵੀ ਆਯੋਜਿਤ ਕਰਦੇ ਰਹੇ। ਪੰਥਕ ਕਾਨਫਰੰਸਾਂ ਵਿਚ ਆਪ ਸਟੇਜ ਸਕੱਤਰ ਦੀ ਸੇਵਾ ਬੜੀ ਨਿਪੁੰਨਤਾ ਨਾਲ ਨਿੱਡਰ ਹੋ ਕੇ ਨਿਭਾਉਂਦੇ ਸਨ।

ਇਸ ਕਾਰਜ ਲਈ, ਉਨ੍ਹਾਂ ਗੁਰਦੁਆਰਾ ਫਲਾਹੀ ਸਾਹਿਬ ਪਾਤਸ਼ਾਹੀ ਦਸਵੀਂ ਪਿੰਡ ਦੁਲੇਅ ਜ਼ਿਲ੍ਹਾ ਲੁਧਿਆਣਾ ਆਪਣਾ ਹੈੱਡ ਕੁਆਟਰ ਬਣਾਇਆ ਹੋਇਆ ਸੀ ਤੇ ਉੱਥੇ ਹੀ ਨਿਵਾਸ ਰੱਖਦੇ ਸਨ। ਪੰਥਕ ਕੁਰਬਾਨੀ ਦਾ ਜਜ਼ਬਾ ਆਪ ਦੇ ਰੋਮ-ਰੋਮ ਵਿਚ ਭਰਿਆ ਹੋਇਆ ਸੀ। ਆਪ ਨੇ ਆਪਣੀ ਜ਼ਿੰਦਗੀ ਵਿਚ 14 ਸਾਲ ਜੇਲ੍ਹ ਯਾਤਰਾ ਕੀਤੀ ਤੇ ਕੈਦ ਕੱਟੀ। ਬੜੀ ਚੜ੍ਹਦੀ ਕਲਾ ਵਿਚ ਰਹਿ ਕੇ ਤਕਲੀਫਾਂ ਝੱਲਦੇ ਰਹੇ, ਜੁਰਮਾਨੇ ਭਰਦੇ ਰਹੇ ਅਤੇ ਹਰ ਮੁਸੀਬਤ ਨੂੰ ਜੀਓ ਆਇਆ ਕਹਿੰਦੇ ਰਹੇ। ਪੈਪਸੂ ਦੇ ਮੋਰਚੇ, ਫਿਰ ਪੰਜਾਬੀ ਸੂਬੇ ਦੇ ਮੋਰਚੇ, ਧਰਮ ਯੁੱਧ ਮੋਰਚੇ, ਸੰਤ ਫਤਹਿ ਸਿੰਘ ਵੱਲੋਂ ਬਣਾਏ ਅਗਨ ਕੁੰਡਾਂ ਦੇ ਖਿਲਾਫ ਅਤੇ ਹੋਰ ਕਈ ਐਜੀਟੇਸ਼ਨਾ ਵਿਚ ਮੂਹਰੇ ਹੋ ਕੇ ਕੁਰਬਾਨੀ ਦਿੱਤੀ। ਹਾਸੇ ਵਿਚ ਕਿਹਾ ਕਰਦੇ ਸਨ ਕਿ ਮੈਂ ਹਮੇਸ਼ਾਂ ਤਿਆਰ ਰਹਿੰਦਾ ਹਾਂ ਪਤਾ ਨਹੀਂ ਕਿਹੜੇ ਮੋਰਚੇ ਵਿਚ ਕਦੋਂ ਜਾਣਾ ਪਵੇ? ਖਾਲਸੇ ਨੂੰ ਹਰ ਸਮੇਂ ਤਿਆਰ ਰਹਿਣਾ ਚਾਹੀਦਾ ਹੈ। ਆਪ ਆਪਣੀ ਤਕਰੀਰਾਂ ਨਾਲ ਸੰਗਤਾਂ ਵਿਚ ਅਜਿਹਾ ਜੋਸ਼ ਭਰ ਦਿੰਦੇ ਸਨ ਕਿ ਆਮ ਵਿਅਕਤੀ ਵੀ ਪੰਥ ਤੋਂ ਜਾਨ ਵਾਰਨ ਲਈ ਤਿਆਰ ਹੋ ਜਾਂਦਾ ਸੀ।

ਸੰਨ 1951 ਵਿੱਚ 3 ਜੂਨ ਤੋਂ 17 ਜੂਨ ਤੱਕ ਬੀਰ ਖ਼ਾਲਸਾ ਦਲ ਦਾ ਟਰੇਨਿੰਗ ਕੈਂਪ ਆਪ ਜੀ ਦੀ ਨਿਗਰਾਨੀ ਹੇਠ ਗੁਰਦੁਆਰਾ ਫਲਾਹੀ ਸਾਹਿਬ ਵਿਖੇ ਲੱਗਾ ਜਿਸ ਵਿਚ ਸ਼ਾਮਿਲ ਸਿੰਘ ਪੀ.ਟੀ.ਵੀ ਕਰਦੇ ਸਨ। ਆਪ ਜੀ ਤੋਂ ਸਕੂਲਾਂ ਵਿਚ ਪੜ੍ਹੇ, ਬਹੁਤ ਸਾਰੇ ਸਿੱਖ ਵਿਦਿਆਰਥੀ, ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਅਹੁਦੇਦਾਰ ਬਣੇ। ਆਪ ਜੀ ਨੂੰ ਫੈਡਰੇਸ਼ਨ ਵਲੋਂ ਲਗਾਏ ਜਾਂਦੇ ਕੈਂਪਾਂ ਵਿਚ ਵਿਦਿਆਰਥੀਆਂ ਨੂੰ ਗੁਰਮਤਿ ਜੀਵਨ ਜਾਂਚ ਸਿਖਾਉਣ ਲਈ ਲੈਕਚਰ ਕਰਨ ਵਾਸਤੇ ਖ਼ਾਸ ਤੌਰ 'ਤੇ ਬੁਲਾਇਆ ਜਾਂਦਾ ਸੀ। ਆਪ ਜੀ ਵਲੋਂ ਗੁਰਮਤਿ ਵਿਸ਼ਿਆਂ ਤੇ ਲਿਖੇ ਲੇਖ ਵੀ ਸਮੇਂ-ਸਮੇਂ ਗੁਰਮਤਿ ਪ੍ਰਕਾਸ਼ ਰਾਸਲੇ ਵਿਚ ਛੱਪਦੇ ਰਹੇ। ਆਪ ਜੀ ਨੂੰ ਕਵਿਤਾ ਅਤੇ ਪੁਸਤਕਾਂ ਪੜ੍ਹਨ ਦਾ ਵੀ ਬਹੁਤ ਸ਼ੌਂਕ ਸੀ।



www.AKJ.Org

ਤਖ਼ਤ ਸ੍ਰੀ ਦਮਦਮਾ ਸਾਹਿਬ ਜੀ ਨੂੰ ਸਿੱਖਾਂ ਦੇ ਪੰਜਵੇਂ ਤਖ਼ਤ ਹੋਣ ਸੰਬੰਧੀ ਕਾਫੀ ਸਮੇਂ ਤੋਂ ਖੋਜ ਪੜਤਾਲ ਕਰਵਾਈ ਜਾ ਰਹੀ ਸੀ। ਇਸ ਖੋਜ ਪੜਤਾਲ ਤੇ ਅੰਤਮ ਫੈਸਲਾ ਕਰਨ ਲਈ ਗਿਆਨੀ ਗੁਰਦਿੱਤ ਸਿੰਘ ਜੀ ਦੀ ਅਗਵਾਈ ਹੇਠ ਪੜਤਾਲੀਆ ਕਮੇਟੀ ਬਣਾਈ ਗਈ ਜਿਸ ਦੇ ਆਪ ਜੀ ਨੂੰ ਵੀ ਮੈਂਬਰ ਬਣਾਇਆ ਗਿਆ। ਪ੍ਰਿੰਸੀਪਲ ਸਤਿਬੀਰ ਸਿੰਘ ਤੇ ਗਿਆਨੀ ਪ੍ਰਤਾਪ ਸਿੰਘ ਵੀ ਇਸ ਕਮੇਟੀ ਦੇ ਮੈਂਬਰ ਸਨ। ਇਸ ਕਮੇਟੀ ਦੀ ਰਿਪੋਰਟ ਤੇ ਹੀ ਸ਼੍ਰੋਮਣੀ ਕਮੇਟੀ ਵਲੋਂ ਜਨਰਲ ਇਜਲਾਸ ਬੁਲਾ ਕੇ ਸ੍ਰੀ ਦਮਦਮਾ ਸਾਹਿਬ ਜੀ ਨੂੰ ਪੰਜਵਾਂ ਤਖ਼ਤ ਪ੍ਰਵਾਨ ਕੀਤਾ ਗਿਆ। ਇਸ ਕਾਰਜ ਵਿਚ ਆਪ ਨੇ ਵਿਸ਼ੇਸ਼ ਭੂਮਿਕਾ ਨਿਭਾਈ।

ਦੇਸ਼ ਦੀ ਵੰਡ ਤੋਂ ਬਾਅਦ ਸੰਨ 1948 ਵਿਚ ਸ਼੍ਰੋਮਣੀ ਕਮੇਟੀ ਅਤੇ ਅਕਾਲੀ ਲੀਡਰਸ਼ਿੱਪ ਬਿਲਕੁਲ ਨਿੱਸਲ ਹੋਈ ਪਈ ਸੀ ਤੇ ਕੁਝ ਵੀ ਨਹੀਂ ਸੀ ਸੁੱਝ ਰਿਹਾ। ਸਿੱਖ ਰਿਆਸਤਾਂ ਦਾ ਮਾਮਲਾ ਵਿਚਾਰ ਅਧੀਨ ਸੀ ਕਿ ਹਿੰਦੁਸਤਾਨ ਨਾਲ ਰਲਿਆ ਜਾਵੇ ਜਾਂ ਸੁਤੰਤਰ ਹੋਂਦ ਰੱਖੀ ਜਾਵੇ। ਪਾਕਿਸਤਾਨ ਤੋਂ ਉੱਜੜ ਕੇ ਆਏ ਸਿੱਖ ਪ੍ਰੀਵਾਰਾਂ ਦੀ ਯੋਗ ਮਦਦ ਕਰਨ ਅਤੇ ਪਾਕਿਸਤਾਨ ਵਿੱਚ ਰਹਿ ਚੁੱਕੇ ਗੁਰਧਾਮਾ ਦੀ ਆਜ਼ਾਦੀ ਖਾਤਰ ਮਹਾਰਾਜਾ ਪਟਿਆਲਾ ਦੀ ਅਗਵਾਈ ਹੇਠ ਪੰਥਕ ਦਰਬਾਰ ਨਾਮ ਦੀ ਜਥੇਬੰਦੀ ਬਣਾਈ ਗਈ। ਜਿਸ ਦੀਆਂ ਕਈ ਇਕੱਤਰਤਾਵਾਂ ਹੋਈਆਂ ਜਿਸ ਵਿਚ ਆਪ ਸਰਗਰਮੀ ਨਾਲ ਭਾਗ ਲੈਂਦੇ ਰਹੇ। ਇਸ ਤਰ੍ਹਾਂ ਇਕ ਕਾਨਫਰੰਸ 22-23 ਅਕਤੂਬਰ 1948 ਨੂੰ ਗੁਰਦੁਆਰਾ ਟਾਹਲੀ ਸਾਹਿਬ ਜੋਧਾਂ ਮਨਸੂਰਾ ਭਾਈ ਸਾਹਿਬ ਰਣਧੀਰ ਸਿੰਘ ਜੀ ਦੀ ਪ੍ਰਧਾਨਗੀ ਹੇਠ ਰੱਖੀ ਗਈ। ਉਸ ਕਾਨਫਰੰਸ ਵਿਚ ਭਾਈ ਸਾਹਿਬ ਵਜੋਂ ਤਿਆਰ ਕੀਤੇ ਗਏ ਪ੍ਰਧਾਨਗੀ ਐਂਡਰੈਸ ਵਿਚ ਮਹਾਰਾਜਾ ਪਟਿਆਲਾ ਤੇ ਅਕਾਲੀ ਨੇਤਾਵਾਂ ਨੂੰ ਖਰੀਆਂ-ਖਰੀਆਂ ਸੁਣਾਈਆਂ ਗਈਆਂ ਜੋ ਆਪ ਨੇ ਸਟੇਜ ਸਕੱਤਰ ਦੀ ਹੈਸੀਅਤ ਵਿੱਚ ਪੜ੍ਹ ਕੇ ਸੰਗਤਾਂ ਨੂੰ ਸੁਣਾਇਆ। ਜਥੇਦਾਰ ਊਧਮ ਸਿੰਘ ਨਾਗੋ ਕੇ ਉੱਠ ਕੇ ਟੋਕਾ ਟਾਕੀ ਕਰਨ ਲੱਗਿਆ ਤਾਂ ਭਾਈ ਸਾਹਿਬ ਜੀ ਨੇ ਉਸ ਨੂੰ ਘੂਰ ਦਿੱਤਾ। ਖਬਰਦਾਰ! ਮੇਰੀ ਪ੍ਰਧਾਨਗੀ ਹੇਠ ਕਾਨਫਰੰਸ ਹੋ ਰਹੀ ਹੈ ਤੇ ਤੂੰ ਬੋਲ ਨਹੀਂ ਸਕਦਾ। ਗਿਆਨੀ ਜੀ ਵਲੋਂ ਇਹ ਐਡਰੈੱਸ ਪੜੇ ਜਾਣ ਤੋਂ ਬਾਅਦ, ਸੰਗਤਾਂ ਵਲੋਂ ਸਤਿ ਸ੍ਰੀ ਅਕਾਲ ਦੇ ਜੈਕਾਰਿਆਂ ਦੀ ਗੂੰਜ ਨਾਲ ਇਸ ਦੀ ਪ੍ਰਵਾਨਗੀ ਦਿੱਤੀ ਗਈ। ਸਿੱਟੇ ਵਜੋਂ ਇਸ ਨਵੀਂ ਜਥੇਬੰਦੀ ਪੰਥਕ ਦਰਬਾਰ ਦਾ ਭੋਗ ਹੀ ਪੈ ਗਿਆ।

ਸਾਰਾ ਜੀਵਨ ਉਨ੍ਹਾਂ ਦੀਆਂ ਰਾਜਨੀਤਕ ਅਤੇ ਧਾਰਮਿਕ ਸਰਗਰਮੀਆਂ ਦਾ ਕੇਂਦਰ ਗੁਰਦੁਆਰਾ ਫਲਾਹੀ ਸਾਹਿਬ ਪਾਤਸ਼ਾਹੀ ਦਸਵੀਂ ਪਿੰਡ ਦੁਲੇਅ ਜ਼ਿਲ੍ਹਾ ਲੁਧਿਆਣਾ ਬਣਿਆ ਰਿਹਾ। ਇਨ੍ਹਾਂ ਨੇ ਆਪਣੇ ਨੇੜਲੇ ਸਾਥੀ ਜਥੇਦਾਰ ਸੰਤੋਖ ਸਿੰਘ ਮ੍ਰਿਗਿੰਦ ਦੇ ਸਹਿਯੋਗ ਨਾਲ, ਗੁਰਦੁਆਰਾ ਸਾਹਿਬ ਜੀ ਦੀ ਆਲੀਸ਼ਾਨ ਇਮਾਰਤ ਬਣਵਾਈ, ਭਾਵੇਂ ਆਪ ਜੀ ਅਤੇ ਜਥੇਦਾਰ ਮ੍ਰਿਗਿੰਦ ਨੂੰ ਬਹੁਤ ਔਕੜਾਂ ਤੇ ਤਕਲੀਫਾਂ ਵੀ ਸਹਿਣੀਆਂ ਪਈਆਂ। ਇਹ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਚਰਨ ਛੋਹ ਪ੍ਰਾਪਤ ਅਸਥਾਨ ਹੈ। ਦੇਸ਼ ਦੀ ਵੰਡ ਵੇਲੇ ਅਤੇ ਬਾਅਦ ਵਿਚ ਵੀ ਪੰਥਕ ਰਾਜਨੀਤੀ ਅਤੇ ਸਿੱਖੀ ਪ੍ਰਚਾਰ ਦਾ ਕੇਂਦਰ ਬਣਿਆ ਰਿਹਾ ਹੈ। ਕਈ ਵੱਡੇ-ਵੱਡੇ ਪੰਥਕ ਅੰਦੋਲਨ ਇਥੋਂ ਹੀ ਆਰੰਭ ਕੀਤੇ ਜਾਂਦੇ ਰਹੇ, ਜਿਸ ਨਾਲ ਆਪ ਜੀ ਦਾ ਵਿਸ਼ੇਸ਼ ਸੰਬੰਧ ਰਿਹਾ ਹੈ। ਦੇਸ਼ ਦੀ ਵੰਡ ਤੋਂ ਬਾਅਦ ਸੰਨ 1947 ਵਿਚ ਸ਼ਹੀਦੀ ਦਲ ਵੀ ਇੱਥੇ ਹੀ ਕਾਇਮ ਕੀਤਾ ਗਿਆ ਸੀ ਜਿਸ ਦੇ ਭਾਈ ਸਾਹਿਬ ਰਣਧੀਰ ਸਿੰਘ ਜੀ ਨੂੰ ਜ਼ਿਲ੍ਹਾ ਲੁਧਿਆਣਾ ਦਾ ਪ੍ਰਧਾਨ ਥਾਪਿਆ ਗਿਆ ਸੀ। ਕੂਕਿਆਂ ਵਿਰੁੱਧ ਪੰਥਕ ਇਕੱਤਰਤਾਵਾਂ, 1949 ਵਿਚ ਪੈਪਸੂ ਦਾ ਮੋਰਚਾ ਇੱਥੋਂ ਹੀ ਆਰੰਭ ਕੀਤਾ ਗਿਆ ਸੀ। ਅਕਾਲੀ ਜੱਥੇ ਪੰਜਾਬੀ ਸੂਬੇ ਅਤੇ ਧਰਮ ਯੁੱਧ ਮੋਰਚਿਆਂ ਵੇਲੇ ਵੀ ਇੱਥੋਂ ਹੀ ਗ੍ਰਿਫਤਾਰੀਆਂ ਲਈ ਜਾਂਦੇ ਸਨ। ਕਈ ਅਕਾਲੀ ਨੇਤਾ ਇੱਥੇ ਹੀ ਰੂਪੋਸ਼ ਹੋ ਕੇ ਰਹਿੰਦੇ ਰਹੇ ਹਨ। ਇਸ ਅਸਥਾਨ ਤੇ ਹੋਈਆਂ ਹੇਠ ਲਿਖੀਆਂ ਪੰਥਕ ਕਾਨਫਰੰਸਾਂ ਵਰਣਨ ਯੋਗ ਹਨ :

1) 4-5-6 ਜੂਨ 1971 ਨੂੰ ਗੁਰਬਾਣੀ ਸਤਿਕਾਰ, ਸਿੱਖੀ ਸਰੂਪ ਸੰਭਾਲ ਅਤੇ ਗੁਰੂ ਡੰਮ ਰੋਕੂ ਕਾਨਫਰੰਸ।
2) 29-30-31 ਮਈ 1975 ਨੂੰ ਕੇਂਦਰੀ ਸਿੰਘ ਸਭਾ ਵਲੋਂ ਸਿੰਘ ਸਭਾ ਲਹਿਰ ਨੂੰ ਪਿੰਡਾਂ ਵਿਚ ਸੁਰਜੀਤ ਕਰਨ ਲਈ ਹੋਈ ਕਾਨਫਰੰਸ।



www.AKJ.Org

3) 2 ਅਪ੍ਰੈਲ 1978 ਨੂੰ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਦੇ ਆਲੇ-ਦੁਆਲੇ ਤੋਂ ਸ਼ਰਾਬ, ਮੀਟ-ਮਾਸ ਅਤੇ ਤੰਬਾਕੂ ਦੀਆਂ ਦੁਕਾਨਾਂ ਹਟਾਉਣ ਸੰਬੰਧੀ ਕਾਨਫਰੰਸ ਹੋਈ ਜਿਸ ਵਿਚ ਸ਼ਹੀਦ ਭਾਈ ਫੌਜਾ ਸਿੰਘ ਜੀ ਤੇ ਉਨ੍ਹਾਂ ਦੇ ਸਾਥੀ, ਸ. ਕਪੂਰ ਸਿੰਘ ਆਈ.ਏ.ਐੱਸ, ਡਾਕਟਰ ਜਗਜੀਤ ਸਿੰਘ ਅਤੇ ਕਈ ਹੋਰ ਅਕਾਲੀ ਲੀਡਰਾਂ ਨੇ ਹਿੱਸਾ ਲਿਆ।

ਗਿਆਨੀ ਜੀ ਸਖ਼ਸ਼ੀ ਪੂਜਾ ਦੇ ਕੱਟੜ ਵਿਰੋਧੀ ਸਨ। ਗੁਰੂ ਡੰਮ ਫੈਲਾਉਣ ਵਾਲੇ ਡੇਰੇਦਾਰਾਂ, ਸਾਧਾਂ ਮਹੰਤਾਂ ਦੇ ਵਿਰੁੱਧ, ਉਹ ਸਟੇਜਾਂ ਤੋਂ ਡੱਟ ਕੇ ਵਿਰੋਧਤਾ ਕਰਦੇ ਸਨ। ਉਨ੍ਹਾਂ ਦਾ ਵਿਚਾਰ ਸੀ ਕਿ ਸਿੱਖਾਂ ਵਿੱਚ, ਆਰੰਭ ਤੋਂ ਹੀ, ਕਦੀ ਭੀ ਕਿਸੇ ਸਮੇਂ ਵੀ, ਮਨੁੱਖ ਗੁਰੂ ਹੋਣ ਦੀ ਗੱਲ ਕਦੀ ਚੱਲੀ ਹੀ ਨਹੀਂ, ਨਾ ਹੀ ਚੱਲ ਸਕਦੀ ਹੈ। ਸਿੱਖਾਂ ਵਿਚ ਮਨੁੱਖ ਗੁਰੂ ਤੋਂ ਝਾਕ, ਸਦਾ ਤੋਂ ਮਨਮਤਿ ਕਰਾਰ ਦਿੱਤੀ ਜਾਂਦੀ ਰਹੀ ਹੈ। ਇਸ ਤੋਂ ਇਲਾਵਾ ਨਿਰਮਲੇ, ਉਦਾਸੀਆਂ, ਮਹੰਤਾਂ, ਡੇਰੇਦਾਰਾਂ ਸੰਪਰਦਾਵਾਂ ਦੁਆਰਾ ਪੰਥ ਅੰਦਰ ਪ੍ਰਵੇਸ਼ ਕੀਤੀਆਂ ਹਿੰਦੂ ਬ੍ਰਾਹਮਣੀ ਅਤੇ ਸਨਾਤਨੀ ਰਸਮਾਂ ਰਿਵਾਜਾਂ ਦੇ ਵੀ ਕੱਟੜ ਵਿਰੋਧੀ ਸਨ ਅਤੇ ਹਮੇਸ਼ਾਂ ਤੱਤ ਗੁਰਮਤਿ ਦੀ ਰਹਿਣੀ ਬਹਿਣੀ ਅਤੇ ਸਿਧਾਂਤਾਂ ਨੂੰ ਮੰਨਣ ਵਾਲੇ ਗੁਰਮਤਿ ਸੁਧਾਰਕਾਂ ਖਾਸ ਕਰ ਸਿੰਘ ਸਭਾ ਦੇ ਮੋਢੀਆਂ ਨਾਲ ਖੜਦੇ ਸਨ। ਇਸ ਮਕਸਦ ਲਈ ਉਨ੍ਹਾਂ ਹੋਰ ਸਾਥੀਆਂ ਨਾਲ ਮਿਲ ਕੇ ਸ਼ਬਦ ਗੁਰੂ ਟਰੱਸਟ ਦੀ ਸਥਾਪਨਾ ਗੁਰੂ ਤੇਗ ਬਹਾਦਰ ਨੈਸ਼ਨਲ ਕਾਲਜ ਦਾਖਾ ਲੁਧਿਆਣਾ ਵਿਖੇ ਕੀਤੀ। ਆਪਣੀ ਜਿੰਦਗੀ ਦੀ ਇਕੱਠੀ ਕੀਤੀ ਪੂੰਜੀ ਵਿਚੋਂ ਆਪ ਨੇ 15000 ਰੁਪਏ ਦਿੱਤੇ ਅਤੇ ਪੰਜ-ਪੰਜ ਸੌ ਰੁਪਏ ਫਾਊਡਰ ਮੈਂਬਰਾਂ ਨੇ ਦਿੱਤੇ। ਆਪ ਜੀ ਨੂੰ ਟਰੱਸਟ ਦਾ ਪ੍ਰਧਾਨ ਥਾਪਿਆ ਗਿਆ ਅਤੇ ਬਾਕੀ ਟਰੱਸਟੀ ਜਿੰਨ੍ਹਾਂ ਵਿਚੋਂ ਜਥੇਦਾਰ ਗੁਰਦੇਵ ਸਿੰਘ ਜੀ ਦਾਖਾ, ਪ੍ਰੋ. ਰਣਜੀਤ ਸਿੰਘ ਠੱਕਰਵਾਲ, ਕਿਰਪਾਲ ਸਿੰਘ ਐੱਫ.ਏ.ਐੱਸ. ਮਹਿਮੂਦਪੁਰਾ, ਗਿਆਨੀ ਗੁਰਬਖਸ਼ ਸਿੰਘ ਨਾਰੰਗਵਾਲ, ਸੁਰਿੰਦਰ ਸਿੰਘ ਜੀ ਕਲਕੱਤਾ (ਨਾਰੰਗਵਾਲ) ਵਰਣਨਯੋਗ ਹਨ। ਸ਼ਬਦ ਗੁਰੂ ਦੇ ਸਿਧਾਂਤ ਤੇ ਕਾਲਜ ਦੇ ਵਿਦਿਆਰਥੀਆਂ ਨੇ ਪੇਪਰ ਪੜੇ। ਇਸ ਟਰੱਸਟ ਦੇ ਪ੍ਰਬੰਧਕ ਗੁਰਮਤਿ ਦੇ ਸਹੀ ਆਸ਼ੇ ਅਨੁਸਾਰ ਇਸ ਨੂੰ ਲਗਨ ਅਤੇ ਦ੍ਰਿੜ੍ਹਤਾ ਨਾਲ ਚਲਾ ਰਹੇ ਹਨ ਅਤੇ ਸ਼ਬਦ ਗੁਰੂ ਦੇ ਆਸ਼ੇ ਨੂੰ ਦ੍ਰਿੜ ਕਰਵਾ ਰਹੇ ਹਨ।

ਅਪ੍ਰੈਲ 1990 ਨੂੰ ਉਹ ਆਪਣੇ ਲੜਕੇ ਕੋਲ ਪਟਿਆਲੇ ਚਲੇ ਗਏ। ਤਿੰਨ ਸਾਲ ਇੱਥੇ ਰਹੇ। ਫਿਰ ਇੰਨ੍ਹਾਂ ਨੂੰ 1993 ਵਿਚ ਪਿਸ਼ਾਬ ਦੀ ਤਕਲੀਫ ਹੋ ਗਈ ਤੇ ਇੰਨ੍ਹਾਂ ਦੇ ਦਾਮਾਦ ਸ. ਟਹਿਲ ਸਿੰਘ (ਪੁਲਿਸ ਅਫਸਰ) ਅਤੇ ਲੜਕੀ ਬੀਬੀ ਅਰਿਗੰਜਨ ਕੌਰ (ਟੀਚਰ) ਆਪਣੇ ਕੋਲ ਅਕਤੂਬਰ 1993 ਵਿਚ ਫਿਲੌਰ ਪੁਲਿਸ ਟਰੇਨਿੰਗ ਕਾਲਜ ਵਿਚ ਲੈ ਆਏ। ਉਥੇ ਡਾਕਟਰਾਂ ਕੋਲੋਂ ਚੈੱਕ ਅਪ ਕਰਨ ਤੇ Prostrate ਦੀ ਤਕਲੀਫ ਨਿਕਲ ਆਈ। ਇੱਥੇ ਰਹਿੰਦਿਆਂ ਹੀ ਆਪ ਦਾ ਡਿੱਗ ਕੇ ਚੁਲਾ ਵੀ ਤਿੜਕ ਗਿਆ ਜਿਸ ਦਾ ਅਪ੍ਰੈਸ਼ਨ ਸ੍ਰੀ ਅੰਮ੍ਰਿਤਸਰ ਵਿਖੇ ਹੱਡੀਆਂ ਦੇ ਮਸ਼ਹੂਰ ਡਾਕਟਰ ਹਰਦਾਸ ਸਿੰਘ ਕੋਲੋਂ ਕਰਵਾਇਆ ਗਿਆ। ਪਿਸ਼ਾਬ ਦੀ ਸਮੱਸਿਆ ਵੀ ਜਿਉਂ ਦੀ ਤਿਉਂ ਹੀ ਰਹੀ। ਇਕ ਆਦਮੀ ਸਰੀਰ ਦੀ ਹਰ ਰੋਜ਼ ਮਾਲਿਸ਼ ਤੇ ਕਸਰਤ ਕਰਾਉਂਦਾ ਰਿਹਾ ਅਤੇ ਫਿਰ ਸਹਾਰੇ ਨਾਲ ਚੱਲਣ ਵੀ ਲੱਗ ਪਏ। ਇਸ ਸਮੇਂ ਦੌਰਾਨ ਕੁਝ ਸਮਾਂ ਗੁਰੂ ਤੇਗ ਬਹਾਦਰ ਹਸਪਤਾਲ ਲੁਧਿਆਣੇ ਵੀ ਰਹੇ।

ਫਿਰ ਆਪ ਨੂੰ Prostrate ਦੇ ਅਪ੍ਰੇਸ਼ਨ ਲਈ ਪੀ.ਜੀ ਆਈ ਚੰਡੀਗੜ੍ਹ ਲਈ ਲਿਜਾਇਆ ਗਿਆ। ਅਪ੍ਰੇਸ਼ਨ ਤਾਂ ਭਾਵੇਂ ਛੋਟਾ ਹੀ ਸੀ ਜੋ ਆਮ ਤੌਰ 'ਤੇ ਸਫਲ ਰਹਿੰਦਾ ਹੈ, ਪਰ ਭਾਣੇ ਅੰਦਰ 29 ਅਪ੍ਰੈਲ 1994 ਨੂੰ ਰਾਤ 10 ਵਜੇ ਆਪਣੇ ਦਾਮਾਦ ਅਤੇ ਸ. ਮਾਨ ਸਿੰਘ ਕਿਲਾ ਰਾਏਪੁਰ ਨੂੰ ਫਤਹਿ ਬੁਲਾਈ ਅਤੇ ਸਦਾ ਚੜਦੀਆਂ ਕਲਾ ਵਿਚ ਰਹਿਣ ਦੀ ਅਸੀਸ ਦਿੱਤੀ। 30 ਅਪ੍ਰੈਲ 1994 ਨੂੰ ਇਹ ਗੁਰਮੁਖ ਰੂਹ ਅੰਮ੍ਰਿਤ ਵੇਲੇ ਗੁਰੂ ਚਰਨਾਂ ਵਿਚ ਜਾ ਬਿਰਾਜੀ। ਉਨ੍ਹਾਂ ਦੀ ਅੰਤਿਮ ਇੱਛਾ ਅਨੁਸਾਰ ਅੰਤਿਮ ਸਸਕਾਰ ਤੇ ਭੋਗ ਦੀ ਰਸਮ ਗੁਰਦੁਆਰਾ ਫਲਾਹੀ ਸਾਹਿਬ ਪਿੰਡ ਦੁਲੇਅ, ਜਿਥੇ ਉਨ੍ਹਾਂ ਆਪਣੀ ਜ਼ਿੰਦਗੀ ਦੀਆਂ ਢਲਦੀਆਂ ਸ਼ਾਮਾਂ ਬਤੀਤ ਕੀਤੀਆਂ, ਵਿਖੇ ਹੀ ਕੀਤੀ ਗਈ।

*(ਗਿਆਨੀ ਹਰਿਭਗਤ ਸਿੰਘ ਨਾਰੰਗਵਾਲ ਦੇ ਜੀਵਨ ਸੰਬੰਧੀ ਗਿਆਨੀ ਬਚਿੱਤਰ ਸਿੰਘ ਐਡਵੋਕੇਟ ਚੰਡੀਗੜ੍ਹ ਵੱਲੋਂ ਸੰਪਾਦਿਤ ਕੀਤੀ ਪੁਸਤਕ ਦੇ ਆਧਾਰ ਤੇ)*



www.AKJ.Org

# ਗੁਰਮੁਖ ਪਿਆਰੇ ਸੰਤ ਗੁਰਮੁਖ ਸਿੰਘ ਜੀ, ਪਟਿਆਲਾ

ਗੁਰਪੁਰ ਵਾਸੀ ਪ੍ਰਿੰਸੀਪਲ ਗੁਰਮੁਖ ਸਿੰਘ ਜੀ ਪਟਿਆਲਾ

ਇਸ ਪੁਸਤਕ ਵਿਚ ਸੰਤ ਗੁਰਮੁਖ ਸਿੰਘ ਜੀ ਨੂੰ ਇਸ ਲਈ ਸ਼ਾਮਿਲ ਕੀਤਾ ਹੈ ਕਿਉਂਕਿ ਆਪ ਸਾਰੀ ਉਮਰ ਡੇਰੇ ਵਾਲੇ ਸੰਤ ਨਾ ਬਣ ਕੇ ਕੇਵਲ ਇਕ ਸਿੱਖ ਦਾ ਜੀਵਨ ਜੀਵੇ। ਆਪ ਨੇ ਡੇਰੇ ਦੀ ਸਾਰੀ ਜ਼ਮੀਨ ਗੁਰਮਤਿ ਕਾਲਜ ਪਟਿਆਲਾ ਨੂੰ ਦੇ ਦਿੱਤੀ। ਇਥੋਂ ਤੀਕ ਕਿ ਆਪਣੀ ਨਿੱਜੀ ਰਿਹਾਇਸ਼ ਵਾਲੇ ਨਿਵਾਸ ਅਸਥਾਨ ਨੂੰ ਭੀ ਸਟਾਫ਼ ਲਈ ਦੇ ਦਿੱਤਾ। ਇਹ 1970-72 ਦੀਆਂ ਗੱਲਾਂ ਹਨ। ਡੇਰੇ ਬਿਨਾਂ ਸੰਤ ਕਾਹਦਾ ? 1947 ਵਿਚ ਜਦੋਂ ਦੇਸ਼ ਦੀ ਵੰਡ ਹੋਈ ਤਾਂ ਪਾਕਿਸਤਾਨ ਤੋਂ ਪਟਿਆਲੇ ਪੁੱਜੀਆਂ ਹਿੰਦੂ ਸਿੱਖ ਸੰਗਤਾਂ ਨੂੰ, ਆਪ ਨੇ ਆਪਣੇ ਡੇਰੇ ਵਿਖੇ ਕੈਂਪ ਲਗਵਾ ਕੇ ਠਹਿਰਾਇਆ। 100 ਬਿਘੇ ਜ਼ਮੀਨ ਉੱਤੇ ਕੈਂਪ ਹੀ ਕੈਂਪ ਲਗ ਗਏ। ਸ਼ਰਨ ਆਇਆਂ ਨੂੰ ਸੰਤ ਜੀ ਨੇ ਸ਼ਰਨ ਦਿੱਤੀ।

ਆਪ ਦਾ ਜਨਮ ਮਾਲਵੇ ਦੇ ਪਿੰਡ ਦਲੇਲ ਸਿੰਘ ਵਾਲਾ ਤਹਿਸੀਲ ਮਾਨਸਾ ਰਿਆਸਤ ਪਟਿਆਲਾ ਵਿਖੇ 6 ਜਨਵਰੀ ਸੰਨ 1895 ਨੂੰ ਹੋਇਆ। ਆਪ ਦੇ ਪਿਤਾ ਸ੍ਰੀ ਕਾਲੂ ਰਾਮ ਇਥੇ ਜ਼ਿਮੀਂਦਾਰੀ ਕਰਦੇ ਸੀ। ਇਲਾਕਾ ਬਹੁਤ ਹੀ ਪਛੜਿਆ ਹੋਇਆ ਸੀ। ਅੰਗਰੇਜ਼ੀ ਰਾਜ ਦੇ ਉਨ੍ਹਾਂ ਸਮਿਆਂ ਵਿਚ, 'ਬਾਬੂ' ਭਾਵੇਂ ਅੱਠ ਜਾਂ ਦਸ ਜਮਾਤਾਂ ਪੜ੍ਹੇ ਹੋਏ ਕਲਰਕ ਨੂੰ ਕਿਹਾ ਜਾਂਦਾ ਸੀ, ਪਰ ਇਹੋ ਜਿਹੇ ਸਮਿਆਂ ਵਿਚ ਬਾਬੂ ਅਖਵਾਉਣਾ ਬੜੇ ਮਾਣ ਸਤਿਕਾਰ ਦੀ ਗੱਲ ਹੋਇਆ ਕਰਦੀ ਸੀ। ਸ੍ਰੀ ਕਾਲੂ ਰਾਮ ਨੇ ਭੀ ਬੜੇ ਚਾਉ ਨਾਲ ਆਪਣੇ ਪੁੱਤਰ ਦਾ ਨਾਮ ਬਾਬੂ ਰਾਮ ਰੱਖ ਦਿੱਤਾ। ਉਹਨਾਂ ਨੂੰ ਕੀ ਪਤਾ ਕਿ ਬਾਬੂ ਰਾਮ ਕਦੀ ਸੰਤ ਗੁਰਮੁਖ ਸਿੰਘ ਹੋ ਕੇ ਖਾਲਸਾ ਪੰਥ ਵਿਚ ਇਕ ਪ੍ਰਚੰਡ ਪ੍ਰਚਾਰਕ ਹੋ ਕੇ ਉਭਰੇਗਾ। ਜਿਸ ਸਟੇਜ ਉਤੇ ਪ੍ਰਿੰਸੀਪਲ ਗੰਗਾ ਸਿੰਘ ਜੀ ਦਾ ਲੈਕਚਰ ਹੁੰਦਾ ਉਸੇ ਸਟੇਜ ਉਤੇ ਸੰਤ ਗੁਰਮੁਖ ਸਿੰਘ ਜੀ ਭੀ ਆਪਣੇ ਜੱਥੇ ਸਮੇਤ ਖੜੇ ਹੋ ਕੇ ਕੀਰਤਨ ਕਰਦੇ ਹੁੰਦੇ। ਮੈਂ ਉਹਨਾਂ ਨੂੰ 1962 ਤੋਂ ਪਟਿਆਲੇ ਵਿਖੇ ਦੀਵਾਨਾਂ ਵਿਚ ਕੀਰਤਨ ਵਖਿਆਨ ਕਰਦਿਆਂ ਸੁਣਦਾ ਆਇਆ ਹਾਂ।

ਪਛੜੇ ਹੋਏ ਇਲਾਕੇ ਦੇ ਬਾਬੂ ਰਾਮ (ਉਹਨਾਂ ਦੀ ਖੱਬੀ ਬਾਂਹ ਉਤੇ ਉਕਰਿਆ ਹੋਇਆ ਦਾਸ ਨੇ ਦੇਖਿਆ ਸੀ) ਨੂੰ ਗੁਆਂਢ ਦੇ ਪਿੰਡ ਦੇ ਸੰਤ ਅਤਰ ਸਿੰਘ ਜੀ ਮਸਤੂਆਣਾ ਸਾਹਿਬ ਵਾਲਿਆਂ ਦੀ ਸੰਗਤ ਪ੍ਰਾਪਤ ਹੋਈ। ਨਿਰੰਕਾਰ ਦੀ ਖੇਡ ਨਿਰਾਲੀ ਹੈ। ਇਸ ਪਛੜੇ ਹੋਏ ਇਲਾਕੇ ਵਿਚ ਦੋ ਸੰਤ ਹੋਏ, ਜਿਨ੍ਹਾਂ ਨੇ ਖ਼ਾਲਸਾ ਪੰਥ ਦੀ ਉਸ ਵੇਲੇ ਸੇਵਾ ਸੰਭਾਲੀ ਜਦੋਂ ਮਹਾਰਾਜਾ ਰਣਜੀਤ ਸਿੰਘ ਦੇ ਖਾਲਸਾ ਰਾਜ ਉਤੇ ਅੰਗਰੇਜ਼ਾਂ ਨੇ 1850 ਤਕ ਕਬਜਾ ਕਰ ਲਿਆ ਸੀ ਅਤੇ ਸਿੱਖਾਂ ਦੀ ਧਾਰਮਿਕ ਹਾਲਤ ਇਤਨੀ ਨਿਘਰ ਗਈ ਸੀ ਕਿ ਉਹਨਾਂ ਨੂੰ ਕਿਰਪਾਨ ਪਹਿਨਣ ਦੀ ਆਗਿਆ ਵੀ ਨਹੀਂ ਸੀ। ਗੁਰਧਾਮਾਂ ਉਤੇ ਨਿਰਮਲੇ ਸਾਧਾਂ ਅਤੇ ਮਹੰਤਾਂ ਦੇ ਕਬਜੇ ਸਨ। ਇਨ੍ਹਾਂ ਗੁਰਧਾਮਾਂ ਵਿਚ ਬ੍ਰਾਹਮਣੀ ਮਰਯਾਦਾ ਦਾ ਹੀ ਬੋਲ ਬਾਲਾ ਹੁੰਦਾ ਸੀ। ਐਸੇ ਸਮਿਆਂ ਵਿਚ ਸੰਤ ਅਤਰ ਸਿੰਘ ਜੀ, ਬਾਬੂ ਤੇਜਾ ਸਿੰਘ ਭਸੌੜ (ਧੂਰੀ ਲਾਗੇ), ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਅਤੇ ਸੰਤ ਗੁਰਮੁਖ ਸਿੰਘ ਜੀ ਮਾਲਵੇ ਦੇ ਇਲਾਕੇ ਵਿਚ ਸਿਖ ਧਰਮ ਦਾ ਪ੍ਰਚਾਰ ਕਰਨ ਹਿੱਤ, ਮੈਦਾਨ ਵਿਚ ਉਤਰੇ ਹੋਏ ਸਨ। ਇਸ ਬਾਬੂ ਰਾਮ ਨੇ ਸੰਤ ਅਤਰ ਸਿੰਘ ਜੀ ਦੇ ਕਿਸੇ ਅੰਮ੍ਰਿਤ ਸੰਚਾਰ ਸਮਾਗਮ ਵਿਚ (ਅੰਮ੍ਰਿਤ) ਗੁਰੂ ਕੀ ਪਾਹੁਲ ਛੱਕੀ ਅਤੇ ਬਾਬੂ ਰਾਮ ਤੋਂ ਗੁਰਮੁਖ ਸਿੰਘ ਹੋ ਕੇ ਗੁਰੂ ਕੀ ਸੇਵਾ ਲਈ ਜੀਵਨ ਸਮਰਪਿਤ ਕੀਤਾ। ਆਪ ਦੇ ਪਿਤਾ ਇਹ ਆਸ ਲਾਈ ਬੈਠੇ ਹੋਣਗੇ ਕਿ ਪੁੱਤਰ ਬਾਬੂ ਰਾਮ ਵੱਡਾ ਹੋ ਕੇ ਆਪਣੀ ਜ਼ਮੀਨ ਵਿਚ ਕਿਰਸਾਨੀ ਦਾ ਕੰਮ ਸੰਭਾਲੇਗਾ ਪਰ ਨਿਰੰਕਾਰ ਨੇ ਉਸ ਭਾਗਾਂ ਵਾਲੇ ਪਿਤਾ ਦੇ ਪੁੱਤਰ ਨੂੰ ਖ਼ਾਲਸਾ ਪੰਥ ਦੀ ਖੇਤੀ ਦੀ ਸੰਭਾਲ ਕਰਨ ਦੀ ਸੇਵਾ ਸੌਂਪਣ ਦਾ ਮਨ ਬਣਾਇਆ ਹੋਇਆ ਸੀ। ਇਹ ਘਟਨਾ ਸੰਨ 1911 ਦੀ ਹੈ। ਇਸ ਮਗਰੋਂ



www.AKJ.Org

ਆਪ ਪੰਚ ਖ਼ਾਲਸਾ ਦੀਵਾਨ ਭਸੌੜ ਦੇ ਸਰਗਰਮ ਮੈਂਬਰ ਬਣ ਗਏ। 16 ਸਾਲ ਦੀ ਉਮਰ ਵਿਚ ਪਿੰਡਾਂ ਵਿਚ, ਜਾ ਜਾ ਕੇ ਆਪ ਨੇ ਕੀਰਤਨ ਕਰਨਾ ਅਤੇ ਨੌਜਵਾਨਾਂ ਨੂੰ ਅੰਮ੍ਰਿਤ ਛਕਣ ਦੀ ਪ੍ਰੇਰਨਾ ਕਰਨੀ। ਮੈਨੂੰ ਇਕ ਵਾਰੀ ਆਪ ਨੇ ਸੁਣਾਇਆ ਕਿ ਪਿੰਡਾਂ ਵਿਚ ਜੱਟਾਂ ਨੂੰ ਆਰ ਲਾ ਕੇ ਸਾਵਧਾਨ ਕਰਨ ਲਈ ਇਉਂ ਧਾਰਨਾ ਲਾ ਕੇ ਸ਼ਬਦ ਪੜ੍ਹਦੇ ਹੁੰਦੇ ਸਨ, "ਸੁਤੇ ਪਏ ਜੱਟੋ ਜਾਗੋ ਜਾਗੋ, ਓਇ ਲਾਗੀਆਂ ਨੇ ਰੱਬ ਲੈ ਲਿਆ।" ਅਤੇ ਸ਼ਬਦ ਲਾਉਣਾਂ "**ਗੋਬਿੰਦ ਗੋਬਿੰਦ ਗੋਬਿੰਦ ਸੰਗਿ ਨਾਮਦੇਉ ਮਨ ਲੀਣਾ॥**" (੪੮੯)

ਭਾਰਤੀ ਫ਼ੌਜ ਦੇ ਇਕ ਯੂਨਿਟ ਵਿਚ ਆਪ ਸੰਨ 1917 ਵਿਚ ਗ੍ਰੰਥੀ ਲਗ ਗਏ ਪਰ ਸੰਨ 1921-22 ਵਿਚ ਜਦੋਂ ਗੁਰਦੁਆਰਾ ਸੁਧਾਰ ਲਹਿਰ ਆਰੰਭ ਹੋਈ ਤਾਂ ਆਪ ਨੌਕਰੀ ਛੱਡ ਕੇ ਇਸ ਲਹਿਰ ਵਿਚ ਕੁੱਦ ਪਏ। 20 ਫ਼ਰਵਰੀ ਸੰਨ 1921 ਵਾਲੇ ਦਿਨ ਜਨਮ ਅਸਥਾਨ ਨਨਕਾਣਾ ਸਾਹਿਬ ਵਿਖੇ ਮਹੰਤ ਨਰੈਣੂ ਦੇ ਪਾਲੇ ਹੋਏ ਗੁੰਡਿਆਂ ਨੇ ਭਾਈ ਲਛਮਣ ਸਿੰਘ ਜੀ ਸਮੇਤ 156 ਸਿੰਘਾਂ ਦੇ ਜਥੇ ਨੂੰ ਸ਼ਹੀਦ ਕਰ ਦਿੱਤਾ ਜੋ ਮਹੰਤ ਤੋਂ ਸ਼ਾਂਤਮਈ ਢੰਗ ਨਾਲ ਗੁਰਦੁਆਰਾ ਜਨਮ-ਅਸਥਾਨ ਆਜ਼ਾਦ ਕਰਵਾਉਣ ਗਏ ਸੀ। ਇਸ ਘਟਨਾ ਨੇ ਸਮੁੱਚੇ ਸਿੱਖ ਪੰਥ ਵਿਚ ਅਥਾਹ ਜੋਸ਼ ਭਰ ਦਿੱਤਾ ਜੋ ਠਲਿਆ ਨਾ ਜਾਵੇ। 21 ਫ਼ਰਵਰੀ 1921 ਨੂੰ ਜਦੋਂ ਜਥੇਦਾਰ ਕਰਤਾਰ ਸਿੰਘ ਝੱਬਰ ਦਾ ਜੱਥਾ ਅਤੇ ਹੋਰ ਅਨੇਕਾਂ ਦੂਰੋਂ ਨੇੜਿਉਂ ਦੀਆਂ ਸੰਗਤਾਂ ਉਥੇ ਪੁੱਜੀਆ ਤਾਂ ਜਨਮ-ਅਸਥਾਨ ਨੂੰ ਤਾਲਾ ਲੱਗਾ ਹੋਇਆ ਸੀ। ਉਦੋਂ ਅੰਗਰੇਜ਼ ਸਰਕਾਰ ਨੂੰ ਸਿੱਖਾਂ ਦੀ ਮੰਗ ਅਗੇ ਝੁਕਣਾ ਪਿਆ ਤੇ ਗੁ. ਸ੍ਰੀ ਨਨਕਾਣਾ ਸਾਹਿਬ ਆਜ਼ਾਦ ਹੋਇਆ। ਅੰਦਰ ਜਾ ਕੇ ਸਾਰੀ ਸੰਗਤ ਨੇ ਭਾਣਾ ਮਿੱਠਾ ਕਰਕੇ ਮੰਨਦਿਆਂ, ਸਤਿਨਾਮ ਵਾਹਿਗੁਰੂ ਦਾ ਜਾਪ ਕਰਦਿਆਂ ਸ਼ਹੀਦ ਹੋਏ ਸਿੰਘਾਂ ਲਈ ਸਮੂਹਕ ਚਿਖਾ ਤਿਆਰ ਕੀਤੀ ਗਈ। ਸੰਤ ਗੁਰਮੁਖ ਸਿੰਘ ਜੀ ਉਸ ਮੌਕੇ ਉਥੇ ਹੀ ਸਨ। ਇਹ ਹੱਡ ਬੀਤੀ ਉਹਨਾਂ ਦਾਸ ਨੂੰ ਆਪ ਸੁਣਾਈ, ਸੁਣਾਉਂਦੇ ਸੁਣਾਉਂਦੇ ਸੱਜਲ ਨੇਤਰੀਂ ਹੋ ਜਾਂਦੇ।

ਇਸੇ ਤਰ੍ਹਾਂ 21 ਅਕਤੂਬਰ ਸੰਨ 1920 ਵਾਲੇ ਦਿਨ ਮੌਲਵੀ-ਕਰੀਮ ਬਖ਼ਸ਼ (ਜੋ ਅੰਮ੍ਰਿਤਪਾਨ ਕਰਕੇ ਸੰਤ ਲਖਮੀਰ ਸਿੰਘ ਕਹਿਲਾਏ ਅਤੇ ਭਾਈ ਸਾਹਿਬ ਰਣਧੀਰ ਸਿੰਘ ਜੀ ਨਾਲ ਇਕੋ ਬਾਟੇ ਵਿਚ ਅੰਮ੍ਰਿਤ ਛਕਿਆ ਸੀ) ਦੇ ਸਪੁੱਤਰ ਭਾਈ ਮਹਿਤਾਬ ਸਿੰਘ ਨੇ ਸਿੰਘ ਸਭਾ ਦੇ ਉਦਮ ਨਾਲ ਜਲ੍ਹਿਆਂਵਾਲਾ ਬਾਗ ਸ੍ਰੀ ਅੰਮਿਤਸਰ ਵਿਖੇ ਅੰਮ੍ਰਿਤ ਪਾਨ ਕੀਤਾ। ਉਥੇ ਉਹਨਾਂ ਜੁੜੀ ਹੋਈ ਸੰਗਤ ਸਾਹਮਣੇ ਇਹ ਸਵਾਲ ਪੇਸ਼ ਕੀਤਾ ਕਿ ਦਲਿਤਾਂ ਨੂੰ ਆਪ ਅੰਮ੍ਰਿਤ ਛਕਾਅ ਕੇ ਖ਼ਾਲਸਾ ਪੰਥ ਵਿਚ ਸ਼ਾਮਲ ਤਾਂ ਕਰ ਲੈਂਦੇ ਹੋ ਪਰ ਉਹਨਾਂ ਦੀ ਦੇਗ ਪੁਜਾਰੀ ਸਿੰਘ ਸ੍ਰੀ ਦਰਬਾਰ ਸਾਹਿਬ ਵਿਖੇ ਪ੍ਰਵਾਨ ਕਿਉਂ ਨਹੀਂ ਕਰਦੇ ? ਉਥੇ ਹਾਜ਼ਰ ਸਿੰਘ ਸਭਾ ਦੇ ਸੇਵਕ ਭਾਈ ਜੋਧ ਸਿੰਘ ਪ੍ਰਿੰਸੀਪਲ ਖ਼ਾਲਸਾ ਕਾਲਜ ਅਤੇ ਹੋਰ ਸਾਰੇ ਸਟਾਫ, ਨੇ ਕਿਹਾ ਕਿ ਇਹ ਪਰੰਪਰਾ ਗੁਰਮਤਿ ਸਿਧਾਂਤ ਦੇ ਉਲਟ ਹੈ। ਦੇਗ ਦਾ ਥਾਲ ਭਾਈ ਮਹਿਤਾਬ ਸਿੰਘ ਦੇ ਸੀਸ ਉਤੇ ਸਜਾਇਆ ਗਿਆ ਤੇ ਸਾਰੀ ਸੰਗਤ ਸਤਿਨਾਮ ਵਾਹਿਗੁਰੂ ਦਾ ਜਾਪ ਕਰਦੀ ਉਹਨਾਂ ਦੇ ਨਾਲ ਸ੍ਰੀ ਦਰਬਾਰ ਸਾਹਿਬ ਵਿਖੇ ਦੇਗ ਚੜ੍ਹਾਉਣ ਲਈ ਨਾਲ ਹੋ ਤੁਰੀ। ਲਾਗੇ ਦੇ ਬਾਜ਼ਾਰਾਂ ਵਿਚ ਭੀ ਇਸ ਗੱਲ ਦਾ ਰੌਲਾ ਪੈ ਗਿਆ। ਸੰਗਤਾਂ ਦੀ ਇਕ ਤਕੜੀ ਭੀੜ ਪਰਿਕਰਮਾ ਵਿਚ ਸਤਿਨਾਮ ਵਾਹਿਗੁਰੂ ਦਾ ਜਾਪ ਕਰਦੀ ਜਾ ਰਹੀ ਸੀ। ਸੰਤ ਗੁਰਮੁਖ ਸਿੰਘ, ਜਥੇਦਾਰ ਕਰਤਾਰ ਸਿੰਘ ਝੱਬਰ ਅਤੇ ਹੋਰ ਸਾਥੀ ਭੀ ਨਾਲ ਹੀ ਸਨ। ਜਦੋਂ ਸ੍ਰੀ ਦਰਬਾਰ ਸਾਹਿਬ ਕੜਾਹ ਪ੍ਰਸ਼ਾਦ ਦਾ ਥਾਲ ਹਜ਼ੂਰੀ ਵਿਚ ਭੇਟ ਕੀਤਾ ਗਿਆ ਤਾਂ ਪੁਜਾਰੀਆਂ ਨੇ ਇਹ ਕਹਿ ਕੇ ਅਰਦਾਸ ਕਰਨ ਤੋਂ ਨਾਂਹ ਕਰ ਦਿੱਤੀ ਕਿ ਸਿੰਘ ਸਭੀਏ ਤਾਂ ਨੀਵੀਆਂ ਜਾਤਾਂ ਦੇ ਲੋਕਾਂ ਨੂੰ ਅੰਮ੍ਰਿਤ ਪਾਨ ਕਰਾ ਕੇ ਖ਼ਾਲਸਾ ਪੰਥ ਨੂੰ ਭ੍ਰਿਸ਼ਟ ਕਰ ਰਹੇ ਹਨ। ਖ਼ੈਰ ਅਰਦਾਸ ਭਾਈ ਜੋਧ ਸਿੰਘ ਨੇ ਕੀਤੀ ਅਤੇ ਸਭ ਸੰਗਤਾਂ ਨੂੰ ਦੇਗ ਵਰਤਾਈ ਗਈ, ਪਰ ਸਾਰੇ ਪੁਜਾਰੀ ਉਥੋਂ ਪ੍ਰੋਟੈਸਟ ਵਿਚ ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਨੂੰ ਸੁੰਨਾ ਛੱਡ ਕੇ ਚਲੇ ਗਏ। ਸੰਤ ਜੀ ਕਹਿੰਦੇ "ਮੈਂ ਭਾਈ ਕਰਤਾਰ ਸਿੰਘ ਝੱਬਰ ਨੂੰ ਕਿਹਾ "ਇਕ ਦੇਗ ਦਾ ਹੋਰ ਥਾਲ ਸ੍ਰੀ ਅਕਾਲ ਤਖ਼ਤ ਉਤੇ ਭੀ ਭੇਟ ਕਰਕੇ ਸਦਾ ਲਈ ਝਗੜਾ ਹੀ ਨਿਬੇੜ ਦਿਉ।" ਉਸੇ ਵੇਲੇ ਦਲਿਤ ਸਿੰਘਾਂ ਨੇ ਇਕ ਥਾਲ ਦੇਗ ਦਾ ਹੋਰ ਤਿਆਰ ਕਰਕੇ ਲਿਆਂਦਾ ਤੇ ਸ੍ਰੀ ਅਕਾਲ



www.AKJ.Org

ਤਖ਼ਤ ਸਾਹਿਬ ਉਤੇ ਭੀ ਪਰਵਾਨ ਕਰਵਾਇਆ। ਸਿੱਟੇ ਵਜੋਂ ਅੱਜ ਦੋਵੇਂ ਥਾਈ ਕੋਈ ਉਚੀ ਜਾਂ ਨੀਵੀਂ ਜ਼ਾਤ ਦਾ ਪ੍ਰੇਮੀ ਦੇਗ ਲਿਆਏ ਸਭ ਦੀਆਂ ਦੇਗਾਂ ਪ੍ਰਵਾਨ ਹੁੰਦੀਆਂ ਹਨ।

ਸੰਨ 1921 ਵਿੱਚ ਐਸੇ ਇਨਕਲਾਬੀ ਸਮੇਂ, ਭਲਾ ਭਰ ਜਵਾਨੀ ਵਿਚ ਸੰਤ ਗੁਰਮੁਖ ਸਿੰਘ ਜੀ ਗੁਰਦੁਆਰਿਆਂ ਦੀ ਆਜ਼ਾਦੀ ਦੀ ਲਹਿਰ ਵਿਚ ਕੁਦਣ ਤੋਂ ਕਿਵੇਂ ਰੁਕ ਸਕਦੇ ਸਨ ? ਦਾਸ ਨੂੰ ਦੱਸਦੇ ਹੁੰਦੇ ਕਿ ਗੁ. ਗੰਗਸਰ ਦੇ ਮੋਰਚੇ ਸਮੇਂ ਅੰਗਰੇਜ਼ੀ ਪੁਲਸ ਦੀਆਂ ਲਾਠੀਆਂ ਦੀਆਂ ਮਾਰਾਂ ਸਦਕਾ ਹੁਣ ਬਿਰਧ ਅਵਸਥਾ ਵਿਚ ਵੀ ਸਰੀਰ ਵਿਚ ਦਰਦਾਂ ਹੁੰਦੀਆਂ ਹਨ। ਜੇਲ੍ਹ ਵੀ ਕਈ ਵਾਰੀ ਕੱਟੀ।

ਪੰਥਕ ਰੁਝੇਵਿਆਂ ਕਾਰਣ ਘਰ ਦੀਆਂ ਜ਼ਿੰਮੇਵਾਰੀਆਂ ਵਿਚ ਪੂਰੀ ਤਰ੍ਹਾਂ ਹਿੱਸਾ ਪਾਉਣਾ ਆਪ ਦੀ ਲਈ ਔਖਾ ਹੋ ਗਿਆ। ਪਰ ਅਕਾਲ ਪੁਰਖ ਨੇ ਆਪ ਦੇ ਛੋਟੇ ਜਿਹੇ ਪਰਿਵਾਰ-ਇਕ ਲੜਕਾ ਅਤੇ ਸਿੰਘਣੀ ਨੂੰ ਅਕਤੂਬਰ 1928 ਵਿਚ ਫੈਲੀ ਪਲੇਗ ਦੀ ਲਪੇਟ ਵਿਚ ਲੈ ਲਿਆ ਤੇ ਸੰਤ ਜੀ ਨੂੰ ਸਦਾ ਲਈ ਪੰਥ ਦੀ ਸੇਵਾ ਲਈ ਆਜ਼ਾਦ ਕਰ ਦਿੱਤਾ।

ਇਥੇ ਇਕ ਹੋਰ ਗੱਲ ਦੱਸਣੀ ਲਾਹੇਵੰਦ ਹੋਵੇਗੀ। ਪਟਿਆਲੇ ਆਪ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਗੁਰ-ਗੱਦੀ ਨਸ਼ੀਨੀ ਗੁਰਪੁਰਬ ਪਟਿਆਲਾ ਦੀ ਲੋਕਲ ਸੰਗਤ, ਖ਼ਾਸ ਕਰਕੇ ਸ਼ੇਰੇ ਪੰਜਾਬ ਮਾਰਕੀਟ ਦੀਆਂ ਸਿੱਖ ਸੰਗਤਾਂ ਦੇ ਉਦਮ ਨਾਲ 1964-65 ਤੋਂ ਮਨਾਉਣਾ ਅਰੰਭ ਕਰ ਦਿੱਤਾ ਸੀ। ਇਸ ਨੂੰ ਤਾਜ-ਪੋਸ਼ੀ ਦਾ ਗੁਰਪੁਰਬ ਕਹਿੰਦੇ ਹੁੰਦੇ ਸਨ। ਕਈ ਵਾਰੀ ਆਪਣੇ ਵਖਿਆਨਾਂ ਵਿਚ ਬੜੇ ਅਨੋਖੇ ਅੰਦਾਜ਼ ਵਿਚ ਖਾਸ ਕਰਕੇ ਕਵੀ ਸੱਜਣਾ ਨੂੰ ਸੁਣਾਉਂਦੇ ਹੋਏ ਕਿਹਾ ਕਰਦੇ ਸਨ, "ਤੁਸੀਂ ਗੁਰੂ ਗੋਬਿੰਦ ਸਿੰਘ ਜੀ ਨੂੰ, ਆਪਣੇ ਕਾਵ-ਅੰਦਾਜ਼ ਵਿਚ ਆਵਾਜ਼ ਮਾਰ ਕੇ ਸੱਦੇ ਦਿੰਦੇ ਹੋ 'ਆ ਜਾ ਕਲਗੀਆਂ ਵਾਲੇ ਫੇਰਾ ਪਾ ਜਾ। ਜੇ ਭਲਾ ! ਕਲਗੀਆਂ ਵਾਲੇ ਤੁਹਾਡੀ ਫਰਿਯਾਦ ਸੁਣ ਕੇ ਇਥੇ ਆ ਵੀ ਜਾਣ ਤਾਂ ਤੁਸੀਂ ਉਹਨਾਂ ਨੂੰ ਕਿਥੇ ਬਿਠਾਉਗੇ ? ਗੁਰਗੱਦੀ ਦੇ ਮਾਲਕ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ। ਕਲਗੀਆਂ ਵਾਲੇ ਬਰਾਬਰ ਤਾਂ ਬੈਠ ਨਹੀਂ ਸਕਣਗੇ। ਉਹਨਾਂ ਨੂੰ ਕਿਥੇ ਬਿਠਾਉਗੇ ? ਐਵੇਂ ਨਾ ਕਮਲ ਕੁਟੀ ਜਾਇਆ ਕਰੋ।" ਇਉਂ ਸਿੱਖ ਸੰਗਤਾਂ ਵਿਚ ਸਾਧਾਂ ਸੰਤਾਂ (ਡੇਰੇਦਾਰਾਂ) ਤੋਂ ਭੀ ਸੰਗਤਾਂ ਨੂੰ ਖ਼ਬਰਦਾਰ ਕਰਨਾ, ਮਤ ! ਕਿਸੇ ਸਾਧ ਸੰਤ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਅਸਥਾਨ ਦੇਣਾ। ਗੁਰ ਫ਼ੁਰਮਾਨ ਭੀ ਹੈ :

**ਗੁਰਮੁਖ ਸਉ ਕਰਿ ਦੋਸਤੀ ਸਤਿਗੁਰ ਸਉ ਲਾਇ ਚਿਤੁ ॥**

(ਅੰਗ ੧੪੨੧)

ਸਾਰੇ ਸਿਖ, ਸੰਤ, ਮਹਾਪੁਰਖ, ਸਾਡੇ ਗੁਰ-ਭਾਈ ਤਾਂ ਹੋ ਸਕਦੇ ਹਨ। ਅਸੀਂ ਉਹਨਾਂ ਨਾਲ ਦੋਸਤੀ ਰਖਣੀ ਹੈ, ਆਦਰ ਪਿਆਰ ਦੇਣਾ ਅਤੇ ਲੈਣਾ ਹੈ, ਪਰ ਸੇਵਾ ਅਤੇ ਪੂਜਾ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹੀ ਕਰਨੀ ਹੈ। ਆਪਣਾ ਤਨ ਮਨ ਧਨ ਕੇਵਲ ਸਤਿਗੁਰਾਂ ਲਈ ਰਾਖਵਾਂ ਰੱਖਣਾ ਹੀ ਉਚਿਤ ਹੈ।

ਆਪ ਦਾ ਪ੍ਰਚਾਰ ਸਿੰਧੀ ਸੰਗਤਾਂ ਵਿਚ ਪਾਕਿਸਤਾਨ ਬਣਨ ਤੋਂ ਢੇਰ ਚਿਰ ਪਹਿਲਾਂ ਤੋਂ ਸੀ। ਸਿੰਧੀ ਸੰਗਤਾਂ ਦੇਸ਼ ਦੀ ਵੰਡ ਤੋਂ ਮਗਰੋਂ ਬੰਬਈ ਆ ਵਸੀਆਂ। ਸੋ ਸੰਤ ਜੀ ਉਹਨਾਂ ਦੇ ਸੱਦੇ ਤੇ ਉਥੇ ਕਈ ਵਾਰੀ ਜਾਇਆ ਕਰਦੇ ਸਨ। ਆਪ ਸੰਨ 1984 ਵਿਚ ਅਮਰੀਕਾ ਨਿਊਯਾਰਕ ਵਿਖੇ ਇਕ ਸਿੰਧੀ ਪਰਿਵਾਰ ਦੇ ਸੱਦੇ ਉਤੇ ਗਏ ਹੋਏ ਸਨ। ਉਥੇ ਪਰਿਵਾਰ ਨੇ ਕੁਝ ਚਿਰ ਤਾਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜੂਨ 84 ਵਿਚ ਢਹਿ ਢੇਰੀ ਹੋਣ ਦੀ ਖ਼ਬਰ ਲੁਕਾਈ ਰੱਖੀ ਪਰ ਜਦੋਂ ਆਪ ਜੀ ਨੂੰ ਸਾਰੀ ਘਟਨਾ ਤੋਂ ਜਾਣੂ ਕਰਵਾਇਆ ਗਿਆ ਤਾਂ ਆਪ ਸੋਫ਼ੇ ਤੋਂ ਉਤਰ ਕੇ ਹੇਠਾਂ ਫ਼ਰਸ਼ ਉਤੇ ਬੈਠ ਗਏ ਤੇ ਭੁੱਬਾਂ ਮਾਰ ਕੇ ਬੈਰਾਗ ਵਿਚ ਆ ਗਏ। ਮਨ ਸੰਸਾਰ ਤੋਂ ਉਪਰਾਮ ਜਿਹਾ ਹੋ ਗਿਆ। 89 ਬਰਸ ਦੇ ਸੰਤ ਜੀ ਫਿਰ ਬਹੁਤਾ ਚਿਰ ਨਹੀਂ ਜੀਵੇ, 22 ਜੁਲਾਈ 1984 ਵਿਚ ਗੁਰਪੁਰੀ ਪਿਆਨੇ ਕਰ ਗਏ। ਅੱਜ ਸੰਗਤਾਂ ਸੰਤ ਜੀ ਵਲੋਂ ਚਲਾਈ ਲਹਿਰ ਤਾਜਪੋਸ਼ੀ ਦਿਵਸ ਅਕਤੂਬਰ-ਨਵੰਬਰ ਵਿਚ ਹਰ ਸਾਲ ਮਨਾਉਂਦੀਆਂ ਹਨ। ਤਿੰਨ



www.AKJ.Org

ਦਿਨ ਦੀਵਾਨ ਹੁੰਦਾ ਹੈ। ਕਥਾ ਕੀਰਤਨ ਅਤੇ ਲੈਕਚਰ ਹੁੰਦੇ ਹਨ। ਦੂਰੋਂ ਨੇੜਿਓਂ ਕੀਰਤਨੀ ਜਥੇ, ਕਥਾਕਾਰ, ਲੈਕਚਰਾਰ ਆਦਿ ਪਟਿਆਲੇ ਦੇ ਇਸ ਗੁਰਪੁਰਬ ਉਤੇ ਹਾਜ਼ਰੀ ਭਰਦੇ ਹਨ। ਮੌਜੂਦਾ ਸ਼ਬਦ-ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਤਾਜ-ਪੋਸ਼ ਦਿਨ ਦੇਸ਼ ਅਤੇ ਵਿਦੇਸ਼ਾਂ ਵਿਚ ਅਜੇ ਰਿਵਾਜ ਨਹੀਂ ਪਿਆ, ਪਰ ਇਸ ਗੁਰਪੁਰਬ ਦੀ ਸਭ ਤੋਂ ਜ਼ਿਆਦਾ ਮਹੱਤਤਾ ਹੋਣੀ ਚਾਹੀਦੀ ਹੈ।

*(ਪੁਸਤਕ ਸੇਈ ਪਿਆਰੇ ਮੇਲਿ ਵਿਚੋਂ ਧੰਨਵਾਦ ਸਹਿਤ)*

**ਕੁਝ ਅਭੁੱਲ ਯਾਦਾਂ : ਵਲੋਂ ਪ੍ਰਿੰ. ਗੁਰਮੁਖ ਸਿੰਘ ਜੀ ਪਟਿਆਲਾ**

ਡੇਰਾ ਬਾਬਾ ਜੱਸਾ ਸਿੰਘ ਪਟਿਆਲਾ ਦੇ ਸੰਤ ਗੁਰਮੁਖ ਸਿੰਘ ਜੀ ਜਿਥੇ ਉਪਰੋਕਤ ਡੇਰੇ ਦੇ ਮਹੰਤ ਸਨ, ਉਥੇ ਉਹ ਸਿੰਘ ਸਭਾ ਲਹਿਰ ਦੇ ਪ੍ਰਸਿੱਧ ਪ੍ਰਚਾਰਕਾਂ ਵਿਚੋਂ ਭੀ ਇਕ ਸਨ। ਆਪ ਕਰੀਬ 89 ਸਾਲ ਇਸ ਸੰਸਾਰ ਦੀ ਯਾਤਰਾ ਕਰਨ ਉਪਰੰਤ ਸੰਨ 1984 ਵਿਚ ਹਰਿਮੰਦਰ ਸਾਹਿਬ ਤੇ ਹੋਏ ਨੀਲਾ ਤਾਰਾ ਦੇ ਸਾਕਾ ਦੇ ਸਦਮੇ ਕਾਰਨ ਅਕਾਲ ਚਲਾਣਾ ਕਰ ਗਏ। ਉਸ ਸਮੇਂ ਆਪ ਨਿਊਯਾਰਕ (ਅਮਰੀਕਾ) ਵਿਚ ਸਨ। ਗੁਰਮਤਿ ਕਾਲਜ ਦੀ ਚਾਰ ਸਾਲ ਸੇਵਾ ਦੇ ਦੌਰਾਨ ਦਾਸ ਨੂੰ ਉਹਨਾਂ ਨੂੰ ਨੇੜਿਓਂ ਵੇਖਣ ਅਤੇ ਪਹਿਚਾਨਣ ਦਾ ਸੁਭਾਗ ਪ੍ਰਾਪਤ ਹੋਇਆ। ਆਪ ਬੜੇ ਹਸਮੁਖ, ਪਰ ਡੂੰਘੇ ਗੁਰਮਤਿ ਚਿੰਤਕ ਸਨ। ਆਪਣੇ ਵਖਿਆਨ ਦੌਰਾਨ ਭੀ ਕਈ ਵਾਰੀ ਹਾਸ ਵਿਅੰਗ ਨਾਲ ਸੰਗਤਾਂ ਨੂੰ ਹਸਾ ਕੇ ਪ੍ਰਸੰਨ ਕਰ ਦਿੰਦੇ ਸਨ। ਵਿਅੰਗ ਕਰਨ ਲਗਿਆਂ ਤਾਂ ਉਹ ਆਪਣੇ ਸਮਕਾਲੀ ਹਮ-ਉਮਰ ਸੰਤਾਂ ਮਹਾਂਪੁਰਖਾਂ ਨੂੰ ਭੀ ਨਹੀਂ ਸੀ ਬਖ਼ਸ਼ਦੇ। ਉਹਨਾਂ ਆਪ ਦਸਿਆ, "ਇਕ ਵਾਰੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਲੁਧਿਆਣੇ ਸਟੇਸ਼ਨ 'ਤੇ ਗੱਡੀ ਦੀ ਉਡੀਕ ਕਰ ਰਹੇ ਸਨ। ਮੈਂ ਭੀ ਉਸੇ ਗੱਡੀ ਜਾਣਾ ਸੀ। ਕੁਦਰਤੀ ਸਟੇਸ਼ਨ 'ਤੇ ਮੇਲ ਹੋ ਗਿਆ। ਮੈਨੂੰ ਆਉਂਦਿਆਂ ਨੂੰ ਭਾਈ ਸਾਹਿਬ ਨੇ ਉੱਚੀ ਆਵਾਜ਼ ਮਾਰ ਕੇ ਕਿਹਾ, "ਆ ਜਾ ਸਾਧਾ, ਜਲ ਛੱਕ ਲੈ।" ਮੈਂ ਕੋਲ ਜਾ ਕੇ ਕਿਹਾ, "ਤੁਹਾਡਾ ਸਰਬ-ਲੋਹ ਦਾ ਜਲ ਖ਼ਬਰੇ ਮੇਰੇ ਹਜ਼ਮ ਹੋਵੇ ਕਿ ਨਾ, ਮੈਂ ਤਾਂ ਟੂਟੀ ਦਾ ਜਲ ਹੀ ਛਕਦਾ ਹੁੰਦਾ ਹਾਂ।" ਭਾਈ ਸਾਹਿਬ ਜੀ ਇਹ ਉਤਰ ਸੁਣ ਕੇ ਬਹੁਤ ਹੱਸੇ "ਵਾਹੁ ਓਇ ਸਾਧਾ, ਕਮਾਲ ਕਰ ਦਿੱਤੀ ਆ।"

ਇਕ ਵਾਰੀ ਭਾਈ ਸਾਹਿਬ ਡਾਕਟਰ ਵੀਰ ਸਿੰਘ ਜੀ ਨੇ ਸੰਤਾਂ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਦੇ ਦੀਵਾਨ ਉਤੇ ਸ੍ਰੀ ਅੰਮ੍ਰਿਤਸਰ ਦੇ ਯਤੀਮਖ਼ਾਨੇ ਵਿਚ ਕੀਰਤਨ ਕਰਨ ਲਈ ਸੱਦਾ ਦਿੱਤਾ। ਕਹਿੰਦੇ, ਜਾਣਾ ਤਾਂ ਅਸੀਂ ਸ੍ਰੀ ਨਗਰ ਸੀ, ਪਰ ਭਾਈ ਸਾਹਿਬ ਦਾ ਹੁਕਮ ਭੀ ਕੌਣ ਮੋੜੇ। ਆਪਣੇ ਪੂਰੇ ਜੱਥੇ ਸਮੇਤ (ਜੋ ਕਈ ਵਾਰੀ 20-30 ਸਿੰਘਾਂ ਦਾ ਹੁੰਦਾ ਸੀ) ਦੀਵਾਨ ਵਿਚ ਹਾਜ਼ਰੀ ਭਰੀ। ਕੀਰਤਨ ਵਿਚ ਵਖਿਆਨ ਦੌਰਾਨ ਜਿਹਾ ਕਿ ਉਹਨਾਂ ਦਾ ਤਰੀਕਾ ਸੀ, ਆਪ ਨੇ ਸਮੂਹ ਸੰਗਤ ਨੂੰ ਇਕ ਸਵਾਲ ਪੁਛਿਆ, (ਭਾਈ ਸਾਹਿਬ ਵੀਰ ਸਿੰਘ ਜੀ ਅਤੇ ਹੋਰ ਬਹੁਤ ਸਾਰੇ ਵਿਦਵਾਨ ਅਤੇ ਚੀਫ਼ ਖ਼ਾਲਸਾ ਦੀਵਾਨ ਦੇ ਮੁਖੀ ਬੈਠੇ ਹੋਏ ਸਨ।) ਸਵਾਲ ਇਹ ਸੀ ਕਿ ਜਦੋਂ ਅੰਮ੍ਰਿਤ ਛਕਾਇਆ ਜਾਂਦਾ ਹੈ ਤਾਂ ਹਰ ਅੰਮ੍ਰਿਤਧਾਰੀ ਨੂੰ ਇਹ ਦ੍ਰਿੜ੍ਹ ਕਰਾਇਆ ਜਾਂਦਾ ਹੈ ਕਿ ਅੱਜ ਤੋਂ ਤੇਰੇ ਪਿਤਾ ਗੁਰੂ ਗੋਬਿੰਦ ਸਿੰਘ ਜੀ ਅਤੇ ਮਾਤਾ ਸਾਹਿਬ ਕੌਰ ਜੀ ਹਨ, ਅਤੇ ਤੂੰ ਵਾਸੀ ਕੇਸਗੜ੍ਹ ਸਾਹਿਬ ਅਨੰਦਪੁਰ ਸਾਹਿਬ ਦਾ ਹੈਂ। ਸਵਾਲ ਇਹ ਹੈ ਕਿ ਸਿੱਖ ਕੌਮ ਨੇ ਇਸ ਆਸ਼ਰਮ ਦਾ ਨਾਮ ਯਤੀਮਘਰ ਕਿਉਂ ਚੁਣਿਐ, ਜਦੋਂ ਕਿ ਖ਼ਾਲਸਾ ਪੰਥ ਵਿਚ ਕੋਈ ਯਤੀਮ ਨਹੀਂ ਹੁੰਦਾ?

ਆਪ ਸ਼ਾਮ ਨੂੰ ਜਦੋਂ ਭਾਈ ਸਾਹਿਬ ਵੀਰ ਸਿੰਘ ਜੀ ਨੂੰ ਮਿਲਣ ਗਏ ਤਾਂ ਭਾਈ ਸਾਹਿਬ ਨੇ ਬਹੁਤ ਪਿਆਰ ਦਿੱਤਾ ਤੇ ਉਠਾਏ ਗਏ ਗੁਰਮਤਿ ਸਿਧਾਂਤ ਦੇ ਨੁਕਤੇ ਦੀ ਭਰਪੂਰ ਸ਼ਲਾਘਾ ਕੀਤੀ ਕਿ ਵਾਕਈ ਅੰਮ੍ਰਿਤਧਾਰੀ ਬੱਚੇ ਕਦੀ ਯਤੀਮ ਨਹੀਂ ਹੁੰਦੇ। ਪਰ ਚੀਫ਼ ਖ਼ਾਲਸਾ ਦੀਵਾਨ ਨੂੰ ਅਜੇ ਤਕ ਕੋਈ ਯੋਗ ਨਾਂ ਨਹੀਂ ਲੱਭਾ।

ਦਾਸ ਨੂੰ ਇਕ ਵਾਰੀ ਬਚਨ ਬਿਲਾਸ ਕਰਦਿਆਂ ਪ੍ਰਸ਼ਨ ਪੁਛ ਲਿਆ, 'ਤੁਸੀਂ ਗੁਰਮਤਿ ਕਾਲਜ ਦੇ ਮੁਖੀ ਹੋ, ਪੜ੍ਹੇ



www.AKJ.Org

ਲਿਖੇ ਹੋ, ਫਿਰ ਕੀ ਕਾਰਨ ਹੈ ਤੁਹਾਡੇ ਵਰਗੇ ਪੜ੍ਹੇ ਲਿਖੇ ਪ੍ਰਿੰਸੀਪਲਾਂ ਜਾਂ ਪ੍ਰੋਫ਼ੈਸਰਾਂ ਦੀ ਕੋਈ ਸਿੱਖੀ ਸੇਵਕੀ ਨਹੀਂ, ਜਦ ਕਿ ਇਕ ਅਨਪੜ੍ਹ ਸਾਧ ਦੇ ਮਗਰ ਹਜ਼ਾਰਾਂ ਸ਼ਰਧਾਲੂ ਲੱਗ ਜਾਂਦੇ ਹਨ ? ਸੰਤ ਜੀ ਬਹਿਸ ਵਿਚ ਹਾਰ ਘੱਟ ਹੀ ਮੰਨਦੇ ਸਨ ਅਤੇ ਦਾਸ ਇਸ ਪ੍ਰਕਾਰ ਦੇ ਸਵਾਲ ਦੇ ਤਰਕ-ਸੰਗਤ ਵਿਸ਼ਲੇਸ਼ਣ ਵਿਚ ਪੈਣ ਤੋਂ ਸੰਕੋਚ ਕਰਨਾ ਚਾਹੁੰਦਾ ਸੀ। ਮੇਰਾ ਵਕਤੀ ਉਤਰ ਇਹ ਸੀ ਕਿ ਸਾਡੇ ਵਰਗੇ ਪੜ੍ਹੇ-ਲਿਖੇ ਸਿੱਖਾਂ ਵਿਚ ਪ੍ਰੇਮਾ ਭਗਤੀ ਤੇ ਸਿਦਕ ਦੀ ਦ੍ਰਿੜ੍ਹਤਾ ਕਿਸੇ ਆਪ ਜੀ ਵਰਗੇ ਸੰਤ ਦੇ ਮੁਕਾਬਲੇ ਘੱਟ ਹੁੰਦੀ ਹੈ, ਇਸ ਲਈ ਲੋਕੀ ਸੰਤਾਂ ਨੂੰ ਰੱਬ ਦੇ ਨੇੜੇ ਸਮਝ ਕੇ ਉਹਨਾਂ ਦੇ ਸ਼ਰਧਾਲੂ ਬਣ ਜਾਂਦੇ ਹਨ। ਪਰ ਵਿਚੋਂ ਕਈ ਵਾਰ ਪਖੰਡੀ ਸਾਧ ਵੀ ਲਾਭ ਉਠਾ ਜਾਂਦੇ ਹਨ। ਸੰਤ ਜੀ ਬੜੇ ਖ਼ੁਸ਼ ਹੋਏ।

ਇਸੇ ਡੇਰੇ ਦੇ ਮੁਖ ਅਸਥਾਨ ਗੁਰਦੁਆਰਾ ਸਾਹਿਬ ਵਿਖੇ ਇਕ ਵਾਰੀ ਭਾਈ ਮਹਿੰਦਰ ਸਿੰਘ ਜੀ ਐਸ.ਡੀ.ਓ. ਪਟਿਆਲੇ ਦੇ ਕੁਝ ਸਿੰਘਾਂ ਸਮੇਤ ਕੀਰਤਨ ਆਸਾ ਦੀ ਵਾਰ ਵਿਚ ਹਾਜ਼ਰੀ ਭਰਨ ਆਏ। ਵਾਹ ਵਾਹ ਆਨੰਦ ਬਣਿਆ। ਕੀਰਤਨ ਦੀ ਸਮਾਪਤੀ ਤੇ ਸੰਤ ਜੀ ਭਾਈ ਮਹਿੰਦਰ ਸਿੰਘ ਨੂੰ ਆਪਣੇ ਕਮਰੇ ਵਿਚ ਲੈ ਗਏ। ਦਾਸ ਭੀ ਨਾਲ ਹੀ ਸੀ। ਪੁਛਣ ਲੱਗੇ, "ਭਾਈ ਸਾਹਿਬ, ਦੁਨੀਆ ਦਾ ਅਸੂਲ ਚਲਿਆ ਆ ਰਿਹਾ ਹੈ ਕਿ ਹਮੇਸ਼ਾ ਮੂਲ ਉਤੇ ਵਿਆਜ ਲੱਗਦਾ ਹੈ, ਪਰ ਤੁਸੀਂ ਅੱਜ ਵਿਆਜ ਉਤੇ ਮੂਲ ਨੂੰ ਕਿਵੇਂ ਲਾਉਣ ਲੱਗੇ ਪਏ।

ਅਸੀਂ ਉਹਨਾਂ ਦੇ ਇਸ ਡੂੰਘੇ ਸਵਾਲ ਨੂੰ ਸਮਝ ਨਹੀਂ ਸਕੇ। ਭਾਈ ਮਹਿੰਦਰ ਸਿੰਘ ਜੀ ਨੇ ਇਸ ਪ੍ਰਸ਼ਨ ਨੂੰ ਵਿਸਥਾਰ ਨਾਲ ਦੱਸਣ ਲਈ ਬੇਨਤੀ ਕੀਤੀ।ਸੰਤ ਜੀ ਕਹਿਣ ਲੱਗੇ-ਗੁਰਬਾਣੀ ਮੂਲ ਹੈ, ਭਾਈ ਗੁਰਦਾਸ ਦੀਆਂ ਵਾਰਾਂ ਵਿਆਜ ਬਰਾਬਰ ਹਨ। ਗੁਰਬਾਣੀ ਦੇ ਕਿਸੇ ਨੁਕਤੇ ਨੂੰ ਸਪੱਸ਼ਟ ਕਰਨ ਲਈ ਭਾਈ ਗੁਰਦਾਸ ਦੀਆਂ ਵਾਰਾਂ ਨੂੰ ਹਵਾਲੇ ਵਜੋਂ ਵਰਤਣਾ ਉਚਿਤ ਹੈ, ਪਰ ਭਾਈ ਗੁਰਦਾਸ ਜੀ ਦੀਆਂ ਵਾਰਾਂ ਦੀ ਪੁਸ਼ਟੀ ਲਈ ਗੁਰਬਾਣੀ ਨੂੰ ਹਵਾਲੇ ਵਜੋਂ ਵਰਤਣਾ, ਗੁਰਬਾਣੀ ਦਾ ਨਿਰਾਦਰ ਕਰਨਾ ਹੈ। ਸੱਚਮੁਚ ਭਾਈ ਮਹਿੰਦਰ ਸਿੰਘ ਜੀ ਭਾਈ ਗੁਰਦਾਸ ਜੀ ਦੀ ਬਾਣੀ ਬਹੁਤ ਪੜ੍ਹਦੇ ਸਨ ਤੇ ਕਈ ਵਾਰੀ ਉਹ ਗੁਰਬਾਣੀ ਦਾ ਪ੍ਰਮਾਣ ਭੀ ਦੇ ਜਾਂਦੇ ਸਨ। ਇਕ ਵਾਰੀ ਦਾਸ ਨੇ ਭੀ ਉਹਨਾਂ ਤੋਂ ਸਪੱਸ਼ਟੀਕਰਨ ਮੰਗਿਆ ਸੀ ਕਿ ਕੀ ਭਾਈ ਗੁਰਦਾਸ ਦੀਆਂ ਵਾਰਾਂ ਦਾ ਗਾਇਨ ਕੀਰਤਨ ਮੰਨਿਆ ਜਾ ਸਕਦਾ ਹੈ ? ਉਹ ਮੰਨ ਗਏ ਸਨ ਕਿ ਕੀਰਤਨ ਤਾਂ ਕੇਵਲ ਗੁਰਬਾਣੀ ਦਾ ਹੀ ਹੋ ਸਕਦਾ ਹੈ, ਭਾਈ ਗੁਰਦਾਸ ਜੀ ਦੀਆਂ ਵਾਰਾਂ ਨੂੰ ਹਵਾਲੇ ਵਜੋਂ ਦਿੱਤਾ ਜਾ ਸਕਦਾ ਹੈ।

ਸਤੰਬਰ 1974 ਵਿਚ ਸਿੰਘ ਸਭਾ ਸ਼ਤਾਬਦੀ ਕਮੇਟੀ ਦੀ ਪ੍ਰੇਰਨਾ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪੰਥ ਦੀਆਂ ਮਹਾਨ ਸ਼ਖ਼ਸੀਅਤਾਂ ਨੂੰ ਸਨਮਾਨਤ ਕੀਤਾ ਗਿਆ। ਉਦੋਂ ਭਾਰੀ ਇਕੱਠ ਸੀ। ਉਹਨਾਂ ਤਿੰਨ ਹਸਤੀਆਂ ਵਿਚ ਇਕ ਸੰਤ ਗੁਰਮੁਖ ਸਿੰਘ ਜੀ ਭੀ ਸਨ। ਜਦੋਂ ਉਹਨਾਂ ਨੂੰ ਹੁਕਮਨਾਮੇ ਅਤੇ ਸਿਰੋਪਾਉ ਦੀ ਤਖ਼ਤ ਸਾਹਿਬ ਤੋਂ ਬਖ਼ਸ਼ਸ਼ ਹੋਈ ਤਾਂ ਜੋ ਸ਼ਬਦ ਉਹਨਾਂ ਉਸ ਸਮੇਂ ਕਹੇ ਉਸ ਤੋਂ ਉਹਨਾਂ ਦੇ ਅੰਤਰ-ਆਤਮੇ ਦੀਆਂ ਰੀਝਾਂ ਦੇ ਦਰਸ਼ਨ ਹੁੰਦੇ ਹਨ। ਉਹ ਕਹਿਣ ਲੱਗੇ :

'ਹੇ ਸੱਚੇ ਪਾਤਸ਼ਾਹ ! ਆਪ ਨੇ ਇਸ ਨਾਚੀਜ਼ ਪਾਸੋਂ ਜੋ ਸੇਵਾ ਲਈ ਹੈ, ਉਸ ਲਈ ਆਪ ਦਾ ਕੋਟਾਨ ਕੋਟ ਸ਼ੁਕਰ ਹੈ। ਮੇਰਾ ਜਨਮ ਇਕ ਹਿੰਦੂ ਘਰਾਣੇ ਵਿਚ ਹੋਇਆ ਸੀ, ਜਿਸ ਕਰਕੇ ਮੈਂ ਇਕ ਹਿੰਦੂ ਮਾਂ ਦਾ ਦੁਧ ਚੁੰਘਿਆ। ਮੇਰੀ ਰੀਝ ਹੈ, ਪਾਤਸ਼ਾਹ ! ਮੈਨੂੰ ਮੁੜ ਕੇ ਜੇ ਮਨੁਖਾ ਜਨਮ ਬਖ਼ਸ਼ਿਸ਼ ਹੋਵੇ ਤਾਂ ਮੇਰਾ ਜਨਮ ਕਿਸੇ ਅੰਮ੍ਰਿਤਧਾਰੀ ਮਾਂ ਦੀ ਕੁਖੋਂ ਹੋਵੇ ਤਾਂ ਕਿ ਮੈਂ ਆਪ ਦੇ ਪੰਥ ਦੀ ਹੋਰ ਵਧੇਰੀ ਲਗਨ ਨਾਲ ਸੇਵਾ ਕਰਾਂ।'



www.AKJ.Org

# ਗਿਆਨੀ ਗੁਰਦਿੱਤ ਸਿੰਘ ਜੀ, ਚੰਡੀਗੜ੍ਹ

ਭਾਈ ਗੁਰਦੀਪ ਸਿੰਘ, ਸ੍ਰੀ ਅੰਮ੍ਰਿਤਸਰ

ਪੰਥ ਦੇ ਮਹਾਨ ਵਿਦਵਾਨ, ਪ੍ਰਸਿੱਧ ਲੇਖਕ, ਗੁਰਮਤਿ ਆਚਾਰੀਆ ਦੀ ਉਪਾਧੀ ਨਾਲ ਸਨਮਾਨਿਤ ਗਿਆਨੀ ਗੁਰਦਿੱਤ ਸਿੰਘ ਜੀ ਦਾ ਜਨਮ ਪਿਤਾ ਹੀਰਾ ਸਿੰਘ ਜੀ ਦੇ ਘਰ ਮਾਤਾ ਨਿਹਾਲ ਕੌਰ ਜੀ ਦੀ ਕੁੱਖੋਂ ਮਿਤੀ 24 ਫ਼ਰਵਰੀ 1923 ਨੂੰ ਪਿੰਡ ਮਿੱਠੇਵਾਲ ਜ਼ਿਲ੍ਹਾ ਸੰਗਰੂਰ ਵਿਚ ਹੋਇਆ। ਆਪ ਜੀ ਪੰਜ ਭੈਣਾਂ ਦੇ ਇਕਲੌਤੇ ਭਰਾ ਸਨ। ਇੰਨ੍ਹਾਂ ਦੇ ਪਿਤਾ ਜੀ ਨੇ ਪਾਕਿਸਤਾਨ ਦੇ ਦੁਲਹਾ ਇਲਾਕੇ ਵਿੱਚ, ਨਹਿਰਾਂ ਅਤੇ ਰੇਲ ਪੱਟੜੀਆਂ ਵਿਛਾਉਣ ਅਤੇ ਉਨ੍ਹਾਂ ਦੇ ਉਪਰ ਪੁੱਲ ਬਣਾਉਣ ਦੀ ਠੇਕੇਦਾਰੀ ਦਾ 12 ਸਾਲ ਕੰਮ ਕੀਤਾ। ਰੱਬੀ ਹੁਕਮ ਅਨੁਸਾਰ ਆਪਣੀ ਜਵਾਨੀ ਦੀ ਉਮਰ ਵਿਚ ਹੀ ਆਪ ਦੇ ਪਿਤਾ ਜੀ ਆਪਣੇ ਪਿੱਛੇ ਸਿੰਘਣੀ ਅਤੇ 6 ਬੱਚੇ ਛੱਡ ਕੇ ਅਕਾਲ ਚਲਾਣਾ ਕਰ ਗਏ। ਪਿਤਾ ਜੀ ਦੇ ਚੜ੍ਹਾਈ ਕਰ ਜਾਣ ਤੋਂ ਬਾਅਦ ਪ੍ਰੀਵਾਰ ਦੇ ਸੇਵਾ ਸੰਭਾਲ ਦੀ ਜਿਮੇਵਾਰੀ ਨੌਜੁਆਨ ਗੁਰਦਿੱਤ ਸਿੰਘ ਉੱਪਰ ਆ ਪਈ। ਇਸ ਸਮੇਂ ਆਪ ਜੀ ਨੂੰ ਖੇਤੀਬਾੜੀ ਦੇ ਨਾਲ-ਨਾਲ ਹੋਰ ਛੋਟੇ-ਮੋਟੇ ਧੰਧੇ ਵੀ ਕਰਨੇ ਪਏ। ਪੇਂਡੂ ਰਹਿਣ ਸਹਿਣ ਤੇ ਚੰਗੀ ਖ਼ੁਰਾਕ ਕਰਕੇ ਆਪ ਜੀ ਦਾ ਸਰੀਰ ਬਹੁਤ ਗੰਠਿਆ ਹੋਇਆ ਸੀ। ਜਿੱਥੇ ਆਪ ਖੇਤੀਬਾੜੀ ਵਿਚ ਦਾਤਰੀ ਨਾਲ ਕੰਮ ਕਰਨ ਵਿਚ ਫੁਰਤੀਲੇ ਸਨ ਉੱਥੇ ਪਹਿਲਵਾਨੀ ਵਿੱਚ ਵੀ ਭਾਗ ਲੈਂਦੇ ਰਹੇ ਹਨ।

ਪਿੰਡ ਵਿਚ ਸਕੂਲ ਨਾ ਹੋਣ ਕਾਰਨ ਆਪ ਕੋਈ ਸੰਸਾਰਕ ਵਿਦਿਆ ਨਹੀਂ ਲੈ ਸਕੇ। ਪਿੰਡ ਦੇ ਗੁਰਦੁਆਰੇ ਦੇ ਗ੍ਰੰਥੀ ਕੋਲੋਂ ਹੀ ਗੁਰਮੁਖੀ, ਪੰਜਾਬੀ ਅਤੇ ਗੁਰਬਾਣੀ ਦੀ ਸੰਥਿਆ ਲਈ। ਆਪ ਜੀ ਨੂੰ ਪੜਨ ਲਿਖਣ ਦਾ ਬਹੁਤ ਸ਼ੌਂਕ ਸੀ। ਉਹ ਪਿੰਡ ਤੋਂ ਮੰਡੀ ਅਹਿਮਦਗੜ੍ਹ ਹਰ ਰੋਜ਼ ਅਖ਼ਬਾਰ ਪੜਨ ਜਾਂਦੇ ਸਨ। ਛੇਤੀ ਹੀ ਉਨ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦੀ ਸੰਥਿਆ ਵੀ ਲੈ ਲਈ। ਮਾਤਾ ਜੀ ਦੇ ਜੀਵਨ ਤੋਂ ਪ੍ਰਭਾਵਿਤ ਹੋ ਕੇ ਉਨ੍ਹਾਂ ਵਿੱਚ ਧਾਰਮਿਕ ਰੁੱਚੀਆਂ ਦੀ ਲਗਨ ਪੈਦਾ ਹੋ ਗਈ। ਉਹ ਧਾਰਮਿਕ ਦੀਵਾਨਾਂ ਵਿਚ ਜਾ ਕੇ ਗੁਰਮਤਿ ਦੇ ਵਿਸ਼ਿਆਂ ਤੇ ਵਿਖਿਆਨ ਸੁਣਦੇ ਤੇ ਗੋਸ਼ਟੀਆਂ ਵਿਚ ਵੀ ਭਾਗ ਲੈਂਦੇ ਸਨ। ਖਾਲਸਾ ਅਖ਼ਬਾਰ ਵਿਚੋਂ ਪੰਥਕ ਗਤੀਵਿਧੀਆਂ ਦੀ ਜਾਣਕਾਰੀ ਲੈਂਦੇ ਸਨ। ਸੰਨ 1945 ਵਿਚ 22 ਸਾਲ ਦੀ ਉਮਰ ਵਿਚ ਹੀ ਉਨ੍ਹਾਂ ਨੇ ਤੇਜਾ ਸਿੰਘ ਸਮੁੰਦਰੀ ਹਾਲ ਸ੍ਰੀ ਅੰਮ੍ਰਿਤਸਰ ਵਿਖੇ ਹੋਈ ਇਕ ਪੰਥਕ ਇਕੱਤਰਤਾ ਵਿਚ ਸ਼ਮੂਲੀਅਤ ਕੀਤੀ। ਪੰਥਕ ਵਿਦਵਾਨਾਂ ਦੀ ਇਸ ਇਕਤਰਤਾ ਵਿਚ ਰਾਗਮਾਲਾ ਬਾਰੇ ਗੁਰਬਾਣੀ ਹੋਣ ਜਾਂ ਨਾ ਹੋਣ ਬਾਰੇ ਵਿਚਾਰ ਹੋਈ ਸੀ। ਉਸ ਵਿਚੋਂ ਆਪ ਵਲੋਂ ਰਾਗਮਾਲਾ ਗੁਰਬਾਣੀ ਨਾ ਹੋਣ ਬਾਰੇ ਦਿੱਤੀਆਂ ਅਕੱਟ ਅਤੇ ਠੋਸ ਦਲੀਲਾਂ ਕਾਰਨ ਵਿਰੋਧੀ ਨਿਰ-ਉਤਰ ਹੋ ਗਏ ਅਤੇ ਸ਼੍ਰੋ.ਕਮੇਟੀ ਨੇ ਆਪ ਜੀ ਦੀ ਰੀਸਰਚ ਸਕਾਲਰ ਵਜੋਂ ਨਿਯੁਕਤੀ ਕਰ ਦਿੱਤੀ, ਪ੍ਰੰਤੂ ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਆਦੇਸ਼ ਤੇ ਆਪ ਨੇ ਇਸ ਨਿਯੁਕਤੀ ਤੇ ਕੰਮ ਕਰਨ ਤੋਂ ਨਾਂਹ ਕਰ ਦਿੱਤੀ। ਆਪ ਜੀ ਨੂੰ ਅਸੀਸ ਦਿੱਤੀ ਸੀ ਕਿ ਤੁਹਾਨੂੰ ਬਿਨ੍ਹਾਂ ਨੌਕਰੀ ਤੋਂ ਹੀ ਸਤਿਗੁਰੂ ਸਭ ਕੁੱਝ ਬਖਸ਼ਣਗੇ। ਇਸ ਅਸੀਸ ਸਦਕਾ ਆਪ ਜੀ ਨੇ ਕਿਤੇ ਵੀ ਨੌਕਰੀ ਨਹੀਂ ਕੀਤੀ ਪ੍ਰੰਤੂ ਵੱਡੀਆਂ-ਵੱਡੀਆਂ ਪੰਥਕ ਸੰਸਥਾਵਾਂ ਵਿਚ ਉੱਚ ਅਹੁਦਿਆਂ ਤੇ ਕੰਮ ਕਰਦੇ ਰਹੇ ਤੇ ਨਾ ਹੀ ਕਦੇ ਮਾਇਆ ਦੀ ਤੋਟ ਆਈ। ਇਸ ਤੋਂ ਬਾਅਦ ਆਪ ਜੀ ਨੇ ਰਾਗਮਾਲਾ ਦੀ ਅਸਲੀਅਤ ਬਾਰੇ ਇਕ ਛੋਟੀ ਜਿਹੀ ਪੁਸਤਕ ਲਿਖੀ ਸੀ। ਭਾਈ ਸਾਹਿਬ ਜੀ ਨਾਲ ਆਪ ਦਾ ਮੇਲ ਬਚਪਨ ਤੋਂ ਹੀ ਹੋ ਗਿਆ ਸੀ ਅਤੇ ਆਪ ਉਨ੍ਹਾਂ ਕੋਲ ਨਾਰੰਗਵਾਲ ਪਿੰਡ ਵਿਚ ਹੁੰਦੇ ਸਮਾਗਮਾਂ ਦੀ ਹਾਜ਼ਰੀ ਵੀ ਭਰਦੇ ਹੁੰਦੇ ਸਨ। ਆਪ ਢੋਲਕੀ ਵਜਾਉਣੀ ਜਾਣਦੇ ਸਨ ਤੇ ਇਹ ਸੇਵਾ ਭਾਈ ਸਾਹਿਬ ਜੀ ਦੇ ਸੰਗ ਸਾਥ ਨਿਭਾਉਂਦੇ ਰਹੇ।

ਆਪ ਜੀ ਦਾ ਆਨੰਦ ਕਾਰਜ ਬੀਬੀ ਇੰਦਰਜੀਤ ਕੌਰ ਜੀ ਸੰਧੂ ਨਾਲ ਹੋਇਆ। ਬੀਬੀ ਜੀ ਪਟਿਆਲਾ ਨਿਵਾਸੀ ਇਕ ਉੱਘੇ ਘਰਾਣੇ ਨਾਲ ਸੰਬੰਧਿਤ ਸਨ। ਇਨ੍ਹਾਂ ਦੇ ਦਾਦਾ ਜੀ ਮਹਾਰਾਜਾ ਪਟਿਆਲਾ ਦੇ ਕਰੋੜਾ



www.AKJ.Org

(ਕੰਮਪਟਰੋਲਰ) ਅਰਥਾਤ ਘਰੇਲੂ ਕੰਮਾਂ ਦੀ ਦੇਖ ਭਾਲ ਦੇ ਅਹੁਦੇ ਤੇ ਕੰਮ ਕਰਦੇ ਰਹੇ ਹਨ। ਪਿਤਾ ਜੀ ਮਹਾਰਾਜਾ ਪਟਿਆਲਾ ਦੀ ਫੌਜ ਵਿਚ ਕਰਨਲ ਸਨ। ਬੀਬੀ ਜੀ ਨੇ ਮੁੱਢਲੀ ਵਿਦਿਆ ਪਟਿਆਲੇ ਲਈ। ਫਿਰ ਲਾਹੌਰ ਦੇ ਗੌਰਮਿੰਟ ਕਾਲਜ ਤੋਂ ਐਮ.ਏ. ਫਿਲਾਸਫੀ ਵਿਚ ਪਾਸ ਕੀਤੀ। ਦੇਸ਼ ਦੀ ਵੰਡ ਤੋਂ ਬਾਅਦ ਮਹਿੰਦਰਾ ਕਾਲਜ ਪਟਿਆਲਾ ਤੋਂ ਐਮ.ਏ. ਪੰਜਾਬੀ ਕੀਤੀ। ਦੇਸ਼ ਦੀ ਵੰਡ ਵੇਲੇ ਪਾਕਿਸਤਾਨ ਤੋਂ ਉੱਜੜ ਕੇ ਆਏ ਸਿੱਖਾਂ ਅਤੇ ਹਿੰਦੂਆਂ ਦੀ, ਮਾਤਾ ਸਾਹਿਬ ਕੌਰ ਦਲ (ਜਿਸ ਦੀ ਸਰਦਾਰਨੀ ਮਨਮੋਹਨ ਕੌਰ ਰਾੜੇ ਵਾਲਾ ਪ੍ਰਧਾਨ ਸੀ) ਬਣਾ ਕੇ, ਅਣਥੱਕ ਸੇਵਾ ਕੀਤੀ। ਬੀਬੀ ਜੀ ਨੇ ਆਪਣੀ ਜਿੰਦਗੀ ਦਾ ਵਿਦਿਅਕ ਕੈਰੀਅਰ ਲੈਕਚਰ ਵਜੋਂ ਗੌਰਮਿੰਟ ਕਾਲਜ ਫਰ ਵੂਮੈਨ ਪਟਿਆਲਾ ਤੋਂ ਸ਼ੁਰੂ ਕੀਤਾ। ਇਸ ਤੋਂ ਬਾਅਦ ਗੌਰਮਿੰਟ ਬੇਸਿਕ ਟਰੇਨਿੰਗ ਕਾਲਜ ਚੰਡੀਗੜ੍ਹ ਵਿਚ ਵਾਈਸ ਪ੍ਰਿੰਸੀਪਲ, ਗੌਰਮਿੰਟ ਕਾਲਜ ਫਾਰ ਵੂਮੈਨ ਅੰਮ੍ਰਿਤਸਰ ਵਿਚ ਪ੍ਰਿੰਸੀਪਲ, ਬਾਅਦ ਵਿਚ ਵਾਈਸ ਚਾਂਸਲਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਉੱਚ ਅਹੁੱਦਿਆਂ ਤੇ ਕੰਮ ਕੀਤਾ। ਸਾਰੇ ਉੱਤਰੀ ਭਾਰਤ ਵਿਚ ਬੀਬੀ ਜੀ ਨੂੰ ਸਭ ਤੋਂ ਪਹਿਲੀ ਔਰਤ ਵਜੋਂ ਇਸ ਉੱਚ ਅਹੁਦੇ ਤੇ ਕੰਮ ਕਰਨ ਦਾ ਮਾਣ ਪ੍ਰਾਪਤ ਹੋਇਆ। ਸੰਨ 1980 ਵਿਚ ਆਪ ਜੀ ਨੂੰ ਭਾਰਤ ਸਰਕਾਰ ਵਲੋਂ ਪੰਜ ਸਾਲ ਲਈ ਸਟਾਫ ਸਿਲੇਕਸ਼ਨ ਕਮੇਟੀ ਦੀ ਚੇਅਰ ਪਰਸਨ ਦੇ ਅਹੁਦੇ ਨਾਲ ਨਿਵਾਜਿਆ ਗਿਆ। ਆਪ ਜੀ ਦੇ ਘਰ ਦੋ ਸਪੁੱਤਰਾਂ ਨੇ ਜਨਮ ਲਿਆ ਜੋ ਕਿ ਉੱਚ ਵਿਦਿਆ ਪ੍ਰਾਪਤ ਕਰਕੇ ਸੁੱਖੀ ਜੀਵਨ ਬਤੀਤ ਕਰ ਰਹੇ ਹਨ। ਸ. ਰੁਪਿੰਦਰ ਸਿੰਘ ਆਪ ਜੀ ਦੇ ਵੱਡੇ ਸਪੁੱਤਰ ਆਪ ਜੀ ਦੇ ਪੂਰਨਿਆਂ ਤੇ ਚੱਲਦੇ ਹੋਏ ਪੰਜਾਬੀ ਟ੍ਰਿਬੀਊਨ ਅਖ਼ਬਾਰ ਦੇ ਸਬ-ਐਡੀਟਰ ਹਨ ਤੇ ਪੱਤਰਕਾਰੀ ਨਾਲ ਸੰਬੰਧਿਤ ਕਿੱਤੇ ਨਾਲ ਜੁੜੇ ਹੋਏ ਹਨ।

ਆਪ ਜੀ ਨੇ ਸੰਨ 1945-46 ਦੇ ਨੇੜੇ-ਤੇੜੇ ਪੰਜਾਬ ਯੂਨੀਵਰਸਿਟੀ ਲਾਹੌਰ ਤੋਂ ਗਿਆਨੀ ਦਾ ਕੋਰਸ ਪਾਸ ਕਰ ਲਿਆ ਤੇ ਗਿਆਨੀ ਦਾ ਤਖੱਲਸ ਆਪ ਨਾਲ ਜੁੜ ਗਿਆ ਜੋ ਤਾਅ ਜ਼ਿੰਦਗੀ ਰਿਹਾ।

ਪੇਂਡੂ ਜੀਵਨ ਛੱਡ ਕੇ ਸਭ ਤੋਂ ਪਹਿਲਾਂ ਆਪ ਪਟਿਆਲਾ ਸ਼ਹਿਰ ਵਿਚ ਆਏ ਤੇ ਇੱਥੇ ਪੱਤਰਕਾਰੀ ਦੇ ਕੰਮ ਵਿਚ ਪੈਰ ਧਰਿਆ। ਸੰਨ 1947 ਵਿਚ ਰੋਜ਼ਾਨਾ ਪ੍ਰਕਾਸ਼ ਪਟਿਆਲਾ ਅਖ਼ਬਾਰ ਕੱਢਣਾ ਸ਼ੁਰੂ ਕੀਤਾ। ਮੋਤੀ ਬਾਗ਼ ਪੈਲੇਸ ਜਿੱਥੇ ਮਹਾਰਾਜਾ ਪਟਿਆਲਾ ਦੀ ਰਿਹਾਇਸ਼ ਸੀ, ਦੇ ਨੇੜੇ ਇਕ ਪ੍ਰਿਟਿੰਗ ਪ੍ਰੈੱਸ ਵੀ ਲਗਾਈ। ਇਹ ਅਖ਼ਬਾਰ ਪੈਪਸੂ ਇਲਾਕੇ ਦਾ ਮੁੱਖ ਅਖ਼ਬਾਰ ਬਣ ਗਿਆ। ਇਹ ਜਗ੍ਹਾ ਤੇ ਪ੍ਰਸਿੱਧ ਵਿਦਵਾਨ ਅਤੇ ਲੇਖਕ ਜਿਵੇਂ ਪ੍ਰੋ. ਗੰਡਾ ਸਿੰਘ ਅਤੇ ਪ੍ਰੋ. ਪ੍ਰੀਤਮ ਸਿੰਘ ਆਦਿ ਇਕੱਠੇ ਹੋ ਕੇ ਇਤਿਹਾਸ, ਗੁਰਬਾਣੀ ਦੇ ਵਿਸ਼ਿਆਂ ਤੇ ਵਿਚਾਰ-ਵਿਟਾਂਦਰੇ ਕਰਦੇ ਰਹਿੰਦੇ ਸਨ। ਪੱਤਰਕਾਰੀ ਦੇ ਨਾਲ-ਨਾਲ ਆਪ ਜੀ ਨੇ ਸੰਨ 1950 ਵਿਚ ਭਾਵਾਂ ਦੇ ਦੇਸ਼ ਅਤੇ ਸੰਨ 1955 ਵਿਚ ਅਛੋਹ ਸਿੱਖਰਾਂ ਨਾਮ ਦੀਆਂ ਦੋ ਕਿਤਾਬਾਂ (ਕਾਵਿ ਰੂਪ) ਵੀ ਛਾਪੀਆਂ। ਸੰਨ 1948 ਵਿਚ ਹੀ ਆਪ ਜੀ ਵਲੋਂ ਧਾਰਮਿਕ ਮਾਮਲਿਆਂ ਦੇ ਵਿੱਚ ਰੁੱਚੀ ਲੈਣ ਕਾਰਨ ਪੈਪਸੂ ਦੇ ਧਰਮ ਅਰਥ ਬੋਰਡ ਦੇ ਸਕੱਤਰ ਵਜੋਂ ਨਿਯੁਕਤ ਕੀਤਾ ਗਿਆ। ਸੰਨ 1953 ਵਿਚ ਆਪ ਜੀ ਨੇ ਜੀਵਨ ਸੰਦੇਸ਼ ਨਾਂ ਦਾ ਮਾਸਿਕ ਪੱਤਰ ਸ਼ੁਰੂ ਕੀਤਾ। ਇਸ ਸਮੇਂ ਆਪ ਜੀ ਪ੍ਰੋ. ਤੇਜਾ ਸਿੰਘ ਵਲੋਂ ਪਹਿਲੀ ਪੰਜਾਬੀ ਦੀ ਡਿਕਸ਼ਨਰੀ ਬਣਾਉਣ ਵਿਚ ਵੀ ਮਦਦ ਕਰਦੇ ਰਹੇ ਜਿਸ ਦਾ ਜ਼ਿਕਰ ਉਨ੍ਹਾਂ ਨੇ ਆਰਸੀ ਰਸਾਲੇ ਵਿਚ ਇਸ ਨੌਜਵਾਨ ਦੀ ਪ੍ਰਸੰਸਾ ਕਰਦਿਆਂ ਕੀਤਾ ਹੈ। ਪਟਿਆਲੇ ਰਹਿ ਕੇ ਆਪ ਨੇ ਬਹੁਤ ਨਾਮਣਾ ਖੱਟਿਆ। ਆਪ ਜੀ ਦੇ ਗਿਆਨ ਸਿੰਘ ਰਾੜੇਵਾਲਾ ਮੁੱਖ ਮੰਤਰੀ ਪੈਪਸੂ ਸਟੇਟ ਤੇ ਬਾਅਦ ਵਿਚ ਸ. ਪ੍ਰਤਾਪ ਸਿੰਘ ਕੈਰੋਂ ਅਤੇ ਗਿਆਨੀ ਕਰਤਾਰ ਸਿੰਘ ਨਾਲ ਵੀ ਚੰਗੇ ਸੰਬੰਧ ਬਣ ਗਏ। ਆਪ ਜੀ ਸੰਨ 1956 ਤੋਂ 1962 ਤੱਕ 6 ਸਾਲ ਪੰਜਾਬ ਲੈਜਿਸਲੇਟਿਵ ਕੌਂਸਲ ਦੇ ਮੈਂਬਰ ਵੀ ਰਹੇ। ਰੋਜ਼ਾਨਾ ਪ੍ਰਕਾਸ਼ ਅਖਬਾਰ ਸੰਨ 1961 ਤਾਈਂ ਪਟਿਆਲਾ ਚਲਦਾ ਰਿਹਾ। ਫਿਰ ਚੰਡੀਗੜ੍ਹ ਸ਼ਹਿਰ ਬਣਨ ਤੇ ਅਤੇ ਆਪ ਜੀ ਦੀ ਧਰਮਪਤਨੀ ਦੀ ਨੌਕਰੀ ਚੰਡੀਗੜ੍ਹ ਹੋਣ ਕਰਕੇ ਰਿਹਾਇਸ਼ ਚੰਡੀਗੜ੍ਹ ਰੱਖ ਲਈ ਅਤੇ ਅਖ਼ਬਾਰ ਪ੍ਰਕਾਸ਼ ਨੂੰ ਰੋਜ਼ਾਨਾ ਤੋਂ ਹਫਤਾਵਾਰ ਕਰਕੇ ਇਹ ਰਸਾਲਾ 1978 ਤਾਈਂ ਚਲਦਾ ਰੱਖਿਆ ਬਾਅਦ ਵਿਚ ਇਹ ਰਸਾਲਾ ਬੰਦ ਹੋ ਗਿਆ, ਕਿਉਂਕਿ ਆਪ ਸਿੰਘ



www.AKJ.Org

ਸਭਾ ਪਤੱਰਿਕਾ ਦੇ ਸੰਪਾਦਕ ਅਤੇ ਕੇਂਦਰੀ ਸਿੰਘ ਸਭਾ ਸ਼ਤਾਬਦੀ ਕਮੇਟੀ ਦੇ ਜਨਰਲ ਸਕੱਤਰ ਦੇ ਬਹੁਤ ਰੁਝੇਵੇਂ ਵਾਲੇ ਅਹੁਦੇ ਵਿਚ ਰੁੱਝ ਗਏ ਸਨ।

ਚੰਡੀਗੜ੍ਹ ਵਿਚ ਰਹਿ ਕੇ ਸੰਨ 1956 ਵਿਚ ਉਨ੍ਹਾਂ ਸਾਹਿਤ ਸਭਾ ਚੰਡੀਗੜ੍ਹ ਦੀ ਸਥਾਪਨਾ ਕੀਤੀ ਅਤੇ ਪਹਿਲੇ ਪ੍ਰਧਾਨ ਵਜੋਂ ਕੰਮ ਕਰਦੇ ਰਹੇ। ਸੰਨ 1961 ਵਿਚ ਉਨ੍ਹਾਂ ਨੇ ਮੇਰਾ ਪਿੰਡ ਨਾਂ ਦੀ ਪੁਸਤਕ ਸ੍ਰੀ ਬਲਰਾਜ ਸਾਹਨੀ ਦੇ ਸਹਿਯੋਗ ਨਾਲ ਲਿਖੀ ਜੋ ਕਿ ਪੇਂਡੂ ਜੀਵਨ ਦਾ ਅਸਲੀ ਦ੍ਰਿਸ਼ ਦ੍ਰਿਸ਼ਟਾਉਂਦੀ ਹੈ। ਇਹ ਪੁਸਤਕ ਨੂੰ ਸੰਸਾਰ ਭਰ ਵਿਚ ਪ੍ਰਸਿੱਧੀ ਪ੍ਰਾਪਤ ਹੋਈ ਜਿਸ ਨੇ ਗਿਆਨੀ ਜੀ ਦਾ ਨਾਮ ਸਾਹਿਤਕ ਖੇਤਰ ਵਿਚ ਬੁਲੰਦੀਆਂ ਤੇ ਪਹੁੰਚਾ ਦਿੱਤਾ। ਫਿਰ ਇਸ ਦੇ ਨਾਲ ਹੀ ਸੰਬੰਧਤ ਪੁਸਤਕਾਂ 'ਮੇਰੇ ਪਿੰਡ ਦਾ ਜੀਵਨ' ਤਿੱਥ ਤਿਉਹਾਰ, ਗੀਤਾਂ ਤੇ ਰਿਵਾਜ 'ਮੇਰੇ ਪਿੰਡ ਦੀ ਰੂਪ ਰੇਖਾ' ਅਤੇ ਵਿਆਹ ਦੀਆਂ ਰਸਮਾਂ ਲਿਖੀਆਂ। ਇਸ ਦੌਰਾਨ ਆਪ ਜੀ ਨੇ ਆਪਣੀਆ ਸਾਰੀਆਂ ਭੈਣਾਂ ਦਾ ਅਨੰਦ ਕਾਰਜ ਕਰਕੇ ਆਪਣੇ ਪਿਤਾ ਦੀਆਂ ਜ਼ਿੰਮੇਵਾਰੀਆਂ ਵੀ ਨਿਭਾਈਆਂ।

ਸੰਨ 1955-60 ਵਿਚ ਪੰਜਾਬੀ ਸੂਬੇ ਦੇ ਮੋਰਚੇ ਵੇਲੇ ਪੰਜਾਬੀ ਯੂਨੀਵਰਸਿਟੀ ਦੀ ਸਥਾਪਨਾ ਦੀ ਮੰਗ ਵੀ ਉੱਭਰੀ ਜਿਸ ਵਾਸਤੇ ਆਪ ਨੇ ਇਕ ਵੱਡੀ ਭੂਮਿਕਾ ਨਿਭਾਈ। ਇਸ ਵੇਲੇ ਤੱਕ ਤਖ਼ਤ ਸ੍ਰੀ ਦਮਦਮਾ ਸਾਹਿਬ ਨੂੰ ਤਖ਼ਤ ਦਾ ਦਰਜਾ ਪ੍ਰਾਪਤ ਨਹੀਂ ਸੀ। ਆਪ ਜੀ ਨੇ ਇਤਿਹਾਸਕ ਤਥਾਂ ਤੇ ਆਧਰਿਤ ਵਿਸਥਾਰਿਤ ਰੀਪੋਰਟ ਤਿਆਰ ਕੀਤੀ ਜਿਸ ਨੂੰ ਆਧਾਰ ਮੰਨ ਕੇ ਸ਼੍ਰੋ. ਕਮੇਟੀ ਅਤੇ ਪੰਜਾਬ ਸਰਕਾਰ ਨੇ ਇਸ ਅਸਥਾਨ ਨੂੰ ਸਿੱਖਾਂ ਦੇ ਪੰਜਵੇਂ ਤਖ਼ਤ ਵਜੋਂ ਮਾਨਤਾ ਦਿੱਤੀ। ਸ਼੍ਰੋ. ਕਮੇਟੀ ਵਲੋਂ ਸੰਨ 1991 ਵਿਚ ਆਪ ਵਲੋਂ ਨਿਭਾਈ ਗਈ ਇਸ ਸੇਵਾ ਲਈ ਸਨਮਾਨਿਤ ਕੀਤਾ ਗਿਆ ਸੀ।

ਸੰਨ 1967 ਵਿਚ ਆਪ ਜੀ ਨੇ ਆਪਣੀ ਪੁਸਤਕ 'ਮੇਰੇ ਪਿੰਡ ਦਾ ਜੀਵਨ' ਲਈ ਯੂਨੈਸਕੋ ਇਨਾਮ ਜਿੱਤਿਆ। ਇਸ ਸਮੇਂ ਆਪਣੀ ਧਰਮ ਪਤਨੀ ਦੀ ਪਟਿਆਲਾ ਨੌਕਰੀ ਲੱਗਣ ਕਰਕੇ ਮੁੜ ਪਟਿਆਲੇ ਵਾਪਿਸ ਆ ਗਏ ਤੇ ਰਾਜਬਾਹਾ ਰੋਡ ਤੇ ਪ੍ਰਿੰਟਿੰਗ ਪ੍ਰੈੱਸ ਲਾ ਲਈ, ਜਿੱਥੇ ਹਫਤਾਵਾਰੀ ਪ੍ਰਕਾਸ਼ ਅਖ਼ਬਾਰ ਛਾਪਦੇ ਰਹੇ। ਇੱਥੇ ਹੀ ਆਪ ਨੇ ਆਪਣੇ ਸਿਆਸੀ ਤਜ਼ਰਬਿਆਂ ਆਧਾਰਿਤ 'ਰਾਜਨੀਤਕ ਕੁੰਡਲੀਆਂ' ਪੁਸਤਕ ਵੀ ਲਿਖੀ।

ਸੰਨ 1969 ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪੰਜ ਸੋ ਸਾਲਾ ਸ਼ਤਾਬਦੀ ਵੇਲੇ ਗੋਰਮਿੰਟ ਕਾਲਜ ਫਾਰ ਵੂਮੈਨ ਪਟਿਆਲਾ ਵਿਚ ਗੁਰੂ ਨਾਨਕ ਮਹਿਮਾ ਕੀਰਤਨ ਦਰਬਾਰ ਪ੍ਰਿੰਸੀਪਲ ਬੀਬੀ ਇੰਦਰਜੀਤ ਕੌਰ ਸੰਧੂ ਵਲੋਂ ਇੰਨ੍ਹਾਂ ਦੇ ਸਹਿਯੋਗ ਨਾਲ ਆਯੋਜਿਤ ਕੀਤਾ ਗਿਆ। ਜਿਸ ਨੇ ਸਰੋਤਿਆਂ ਖਾਸਕਰ ਵਿਦੇਸ਼ੀ ਵਿਦਵਾਨਾਂ ਨੂੰ ਕੀਲ ਕਰ ਦਿੱਤਾ। ਇਕ ਸਾਲ ਬਾਅਦ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ ਆਪ ਜੀ ਨੂੰ ਆਨਰੇਰੀ ਸਕਾਲਰਸ਼ਿਪ ਤਾਅ ਜਿੰਦਗੀ ਲਈ ਦੇ ਦਿੱਤੀ।

ਮੁਗਲ ਰਾਜ ਸਮੇਂ ਖਾਲਸੇ ਦੇ ਜੰਗਲਾਂ ਵਿਚ ਨਿਵਾਸ ਵੇਲੇ ਗੁਰਦੁਆਰਿਆਂ ਦੀ ਸੇਵਾ ਸੰਭਾਲ ਨਿਰਮਲੇ, ਉਦਾਸੀਆਂ ਮਹੰਤਾਂ ਹੱਥ ਆਉਣ ਕਰਕੇ ਬ੍ਰਾਹਮਣੀ ਅਤੇ ਸਨਾਤਨੀ ਹਿੰਦੂ ਰੀਤਾਂ ਰਸਮਾਂ ਵੀ ਸਿੱਖ ਧਰਮ ਅੰਦਰ ਪ੍ਰਚੱਲਤ ਹੋ ਗਈਆਂ ਸਨ। ਸਿੱਖ ਰਾਜ ਵੇਲੇ ਇੰਨ੍ਹਾਂ ਨੂੰ ਹੋਰ ਵੀ ਬੜਾਵਾ ਮਿਲਿਆ। ਇਨ੍ਹਾਂ ਪੁਜਾਰੀਆ ਵੱਲੋਂ ਗੁਰਦੁਆਰਿਆਂ ਨੂੰ ਨਿੱਜੀ ਜਾਇਦਾਦਾਂ ਬਣਾਉਣ ਕਰਕੇ ਅਤੇ ਉਨ੍ਹਾਂ ਦੇ ਕਿਰਦਾਰ ਵਿਚ ਗਿਰਾਵਟ ਆਉਣ ਕਰਕੇ ਗੁਰਦੁਆਰਿਆਂ ਵਿਚ ਵੀ ਕੁਰੀਤੀਆਂ ਆਣ ਵੜੀਆਂ। ਸੰਨ 1873 ਵਿਚ ਸਿੱਖ ਧਰਮ ਵਿਚ ਪ੍ਰਚਲੱਤ ਹਿੰਦੂ ਬਾਹਮਣੀ ਰਸਮਾਂ ਰਿਵਾਜਾਂ ਨੂੰ ਕੱਢਣ ਅਤੇ ਗੁਰਦੁਆਰਾ ਪ੍ਰਬੰਧ ਅੰਦਰ ਗੁਰਮਤਿ ਰਹਿਤ ਮਰਿਯਾਦਾ ਦੀ ਬਹਾਲੀ ਲਈ ਗਿਆਨੀ ਦਿੱਤ ਸਿੰਘ ਜੀ ਤੇ ਪ੍ਰੋ. ਗੁਰਮੁਖ ਸਿੰਘ ਆਦਿ ਪੰਥਕ ਸੁਧਾਰਕਾਂ ਨੇ ਸਿੰਘ ਸਭਾ ਲਹਿਰ ਆਰੰਭੀ ਜਿਸ ਨੂੰ ਪੜੇ ਲਿਖੇ ਨੌਜਵਾਨਾਂ ਤੇ ਸੰਗਤਾਂ ਵਲੋਂ ਭਰਪੂਰ ਹੁੰਗਾਰਾ ਮਿਲਿਆ। ਇਹ ਸਿੰਘ ਸਭਾ ਲਹਿਰ ਬਾਅਦ ਵਿਚ ਅਕਾਲੀ ਲਹਿਰ ਵਿਚ ਬਦਲ ਗਈ ਜਿਸ ਨੇ ਗੁਰਦੁਆਰਿਆਂ ਨੂੰ ਮਹੰਤਾਂ ਦੇ ਕਬਜ਼ੇ ਵਿਚੋਂ ਆਜ਼ਾਦ ਕਰਵਾ ਕੇ ਪੰਥਕ ਪ੍ਰਬੰਧ ਅੰਦਰ ਲਿਆਂਦਾ।



www.AKJ.Org

ਸੰਨ 1973 ਵਿਚ ਉਸ ਵੇਲੇ ਸ੍ਰੋ. ਕਮੇਟੀ ਦੇ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਵਲੋਂ ਸਿੰਘ ਸਭਾ ਦੀ ਜਨਮ ਸ਼ਤਾਬਦੀ ਮਨਾਉਣ ਲਈ ਇਕ ਸ਼ਤਾਬਦੀ ਕਮੇਟੀ ਸਥਾਪਤ ਕੀਤੀ ਗਈ, ਜਿਸ ਦੇ ਸ. ਹੁਕਮ ਸਿੰਘ ਸਾਬਕਾ ਸਪੀਕਰ ਲੋਕ ਸਭਾ ਨੂੰ ਪ੍ਰਧਾਨ ਅਤੇ ਗਿਆਨੀ ਜੀ ਨੂੰ ਜਨਰਲ ਸਕੱਤਰ ਥਾਪਿਆ ਗਿਆ। ਇਸ ਨਿਯੁਕਤੀ ਨਾਲ ਆਪ ਉਪਰ, ਇਕ ਬਹੁਤ ਵੱਡੀ ਜਿਮੇਵਾਰੀ ਆ ਪਈ, ਜਿਸ ਨੂੰ ਆਪ ਨੇ ਆਪਣੀ ਲਿਆਕਤ ਨਾਲ ਬਾਖੂਬੀ ਨਿਭਾਇਆ। ਜ਼ਿੰਦਗੀ ਦੇ ਅਖ਼ੀਰ ਤਾਈਂ ਉਹ ਇਸ ਕਾਰਜ ਨੂੰ ਅੱਗੇ ਵਧਾਉਂਦੇ ਰਹੇ। ਸਭ ਤੋਂ ਪਹਿਲਾਂ ਉਨ੍ਹਾਂ ਨੇ ਇਕ ਮਾਸਿਕ ਰਸਾਲਾ ਸਿੰਘ ਸਭਾ ਪੱਤ੍ਰਿਕਾ ਸ਼ੁਰੂ ਕੀਤਾ। ਜਿਸ ਦੇ ਵਿਸ਼ੇਸ਼ ਅੰਕ ਕੱਢੇ ਗਏ ਜਿਵੇਂ ਕਿ ਸ਼ਬਦ ਗੁਰੂ ਅੰਕ, ਸ਼ੁੱਧ ਗੁਰਬਾਣੀ ਉਚਾਰਣ ਅੰਕ, ਕੇਸ ਪਰਮਾਰਥ ਅੰਕ, ਰਾਗੀ ਹੀਰਾ ਸਿੰਘ ਅੰਕ, ਗਿਆਨੀ ਦਿੱਤ ਸਿੰਘ ਅੰਕ, 1978 ਵਿਚ ਸ਼ਹੀਦੀ ਅੰਕ, ਆਦਿ। ਇਸ ਪੱਤ੍ਰਿਕਾ ਵਿਚ ਪੰਥ ਦੇ ਪੁਰਾਤਨ ਅਤੇ ਨਵੀਨ ਵਿਦਵਾਨਾਂ ਦੇ ਖੋਜ ਭਰੇ ਲੇਖ ਛਾਪ ਕੇ ਇਸ ਰਸਾਲੇ ਦਾ ਪੱਧਰ ਬਹੁਤ ਉੱਚਾ ਕੀਤਾ। ਇਸ ਦੇ ਨਾਲ ਹੀ ਦੇਸ਼ ਦੇ ਵੱਖ-ਵੱਖ ਸ਼ਹਿਰਾਂ ਵਿਚ ਗੁਰਮਤਿ ਪ੍ਰਚਾਰ ਲਹਿਰ ਆਰੰਭ ਕੀਤੀ। ਗਿਆਨੀ ਜੀ ਨੇ ਆਪਣੀ ਧਰਮ ਪਤਨੀ ਦੀ ਬਦਲੀ ਗੋਰਮਿੰਟ ਕਾਲਜ ਫਾਰ ਵੂਮੈਨ ਅੰਮ੍ਰਿਤਸਰ ਕਰਵਾ ਕੇ ਪੱਕੀ ਰਿਹਾਇਸ਼ ਸ੍ਰੀ ਅੰਮ੍ਰਿਤਸਰ ਲੈ ਆਂਦੀ। ਆਪ ਜੀ ਨੇ ਅਖੰਡ ਕੀਰਤਨ ਜਥੇ ਦੇ ਸਿੰਘਾਂ ਖਾਸ ਕਰ ਭਾਈ ਮਹਿੰਦਰ ਸਿੰਘ ਜੀ ਐੱਸ.ਡੀ.ਓ., ਭਾਈ ਜੋਗਿੰਦਰ ਸਿੰਘ ਜੀ ਤਲਵਾੜਾ ਬੀਬੀ ਹਰਸ਼ਰਨ ਕੌਰ ਜੀ ਜਲੰਧਰ (ਜਿੰਨ੍ਹਾਂ ਨੂੰ ਇਸ ਕਮੇਟੀ ਦਾ ਆਨਰੇਰੀ ਸਕੱਤਰ ਵੀ ਨਿਯੁਕਤ ਕੀਤਾ ਗਿਆ ਸੀ) ਦੇ ਸਹਿਯੋਗ ਨਾਲ ਅਤੇ ਹੋਰ ਕਥਾਕਾਰਾਂ ਅਤੇ ਵਿਦਵਾਨਾਂ ਨੂੰ ਨਾਲ ਲੈ ਕੇ ਖਾਸ ਕਰ ਗਿਆਨੀ ਮੇਵਾ ਸਿੰਘ ਜੀ ਜਥਾ ਭਿੰਡਰਾਂ, ਦੇਸ਼ ਦੇ ਕੋਨੇ-ਕੋਨੇ ਵਿਚ ਗੁਰਮਤਿ ਸਮਾਗਮ ਆਯੋਜਿਤ ਕੀਤੇ। ਇੰਨ੍ਹਾਂ ਸਮਾਗਮਾਂ ਵਿਚ ਸਿੱਖ ਸੰਗਤਾਂ ਨੂੰ ਹਿੰਦੂ ਆਨਮਤੀ ਰਸਮਾਂ, ਰਿਵਾਜਾਂ, ਗੀਤਾਂ ਨੂੰ ਤਿਆਗ ਕੇ ਸ਼ਬਦ ਗੁਰੂ ਨਾਲ ਜੁੜ ਕੇ ਅੰਮ੍ਰਿਤ ਛੱਕ ਕੇ, ਰਹਿਤ ਬਹਿਤ ਦੇ ਧਾਰਨੀ ਹੋਣ ਦੀ ਪ੍ਰੇਰਨਾ ਦਿੰਦੇ ਰਹੇ। ਇਸ ਤੋਂ ਉਪਰੰਤ ਇਸ ਸ਼ਤਾਬਦੀ ਕਮੇਟੀ, ਵੱਲੋਂ ਖਾਸ ਕਰ ਗਿਆਨੀ ਜੀ ਦੀ ਪ੍ਰੇਰਨਾ ਤੇ ਗ੍ਰੰਥੀ ਸਿੰਘਾਂ ਵਾਸਤੇ ਪਾਠ ਬੋਧ ਸਮਾਗਮਾਂ ਦੀ ਲੜੀ ਸ਼ੁਰੂ ਕੀਤੀ ਜੋ ਕਿ ਸ੍ਰੀ ਅੰਮ੍ਰਿਤਸਰ, ਲੁਧਿਆਣਾ, ਨਵੀਂ ਦਿੱਲੀ, ਬੰਬਈ, ਸ੍ਰੀ ਅਨੰਦਪੁਰ ਸਾਹਿਬ, ਤਲਵੰਡੀ ਸਾਬੋ ਅਤੇ ਹੋਰ ਸਥਾਨਾਂ ਤੇ ਹੁੰਦੇ ਰਹੇ। ਇਹ ਪਾਠ ਬੋਧ ਸਮਾਗਮਾਂ ਦੀ ਲੜੀ ਅਜੇ ਤਾਈਂ ਜਾਰੀ ਹੈ। ਇੰਨ੍ਹਾਂ ਪਾਠ ਬੋਧ ਸਮਾਗਮਾਂ ਵਿਚ ਗ੍ਰੰਥੀ ਸਿੰਘਾਂ ਅਤੇ ਪਾਠੀਆਂ ਨੂੰ ਗੁਰਬਾਨੀ ਦੇ ਵਿਆਕਰਣਕ ਨਿਯਮਾਂ, ਸ਼ੁੱਧ ਉਚਾਰਣ ਸੰਬੰਧੀ ਵੱਖ-ਵੱਖ ਵਿਦਵਾਨਾਂ ਖਾਸ ਕਰ ਸਿੰਘ ਸਾਹਿਬ ਜੋਗਿੰਦਰ ਸਿੰਘ ਜੀ ਵੇਦਾਂਤੀ ਅਤੇ ਭਾਈ ਜੋਗਿੰਦਰ ਸਿੰਘ ਜੀ ਤਲਵਾੜਾ ਵਲੋਂ ਸੇਧ ਦਿੱਤੀ ਜਾਂਦੀ ਸੀ।

ਸੰਨ 1980 ਵਿਚ ਇੰਨ੍ਹਾਂ ਦੀ ਧਰਮਪਤਨੀ ਬੀਬੀ ਇੰਦਰਜੀਤ ਕੌਰ ਜੀ ਦੀ ਸਟਾਫ ਸਲੈਕਸ਼ਨ ਕਮੇਟੀ ਨਵੀਂ ਦਿੱਲੀ ਦੇ ਚੇਅਰ ਪਰਸਨ ਵਜੋਂ ਪੰਜ ਸਾਲ ਲਈ ਨਿਯੁਕਤੀ ਹੋਣ ਕਾਰਨ, ਆਪ ਜੀ ਦੀਆਂ ਸਰਗਰਮੀਆਂ ਦਾ ਕੇਂਦਰ ਨਵੀਂ ਦਿੱਲੀ ਬਣ ਗਿਆ। ਉੱਥੇ ਸ. ਹੁਕਮ ਸਿੰਘ ਜੀ ਪਹਿਲਾਂ ਹੀ ਰਹਿੰਦੇ ਸਨ ਤੇ ਗੁਰਦੁਆਰਾ ਰਕਾਬ ਗੰਜ ਵਿਚ ਸ਼ਤਾਬਦੀ ਕਮੇਟੀ ਦਾ ਸਬ ਦਫਤਰ ਸਥਾਪਿਤ ਕਰ ਲਿਆ। ਫਿਰ ਇਕ ਦਾਨੀ ਸਿੱਖ, ਫਕੀਰ ਸਿੰਘ ਨੇ ਪੰਜ ਏਕੜ ਜ਼ਮੀਨ ਮਹਿਰੋਲੀ ਵਿਖੇ ਸਿੰਘ ਸਭਾ ਕਮੇਟੀ ਨੂੰ ਦਾਨ ਕਰ ਦਿੱਤੀ, ਜਿੱਥੇ ਗਰੀਬ ਬੱਚਿਆਂ ਨੂੰ ਗੁਰਬਾਣੀ ਦੀ ਸੰਥਿਆ ਦੇਣ ਅਤੇ ਕੀਰਤਨ ਸਿਖਲਾਈ ਲਈ ਗੁਰਮਤਿ ਵਿਦਿਆ ਕੇਂਦਰ ਸਥਾਪਿਤ ਕੀਤਾ ਗਿਆ ਜੋ ਹੁਣ ਵੀ ਸ. ਬਲਦੇਵ ਸਿੰਘ ਜੀ ਕਾਨਪੁਰ ਦੀ ਦੇਖ ਰੇਖ ਹੇਠ ਸਫਲਤਾ ਪੂਰਵਕ ਚਲ ਰਿਹਾ ਹੈ। ਇਸ ਸ਼ਤਾਬਦੀ ਕਮੇਟੀ ਨੂੰ ਬਾਅਦ ਵਿਚ ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਵਿਚ ਤਬਦੀਲ ਕਰ ਦਿੱਤਾ ਗਿਆ। ਸ. ਹੁਕਮ ਸਿੰਘ ਜੀ ਦੇ ਚੜ੍ਹਾਈ ਕਰਨ ਤੋਂ ਬਾਅਦ ਆਪ ਇਸ ਕਮੇਟੀ ਦੇ ਪ੍ਰਧਾਨ ਥਾਪੇ ਗਏ, ਪ੍ਰੰਤੂ ਅਫਸੋਸ ਆਪ ਜੀ ਦੇ ਵੀ ਇਸ ਸੰਸਾਰ ਤੋਂ ਕੂਚ ਕਰ ਜਾਣ ਤੋਂ ਬਾਅਦ ਇਸ ਸਿੰਘ ਸਭਾ ਦੀਆਂ ਗਤੀਵਿਧੀਆਂ ਦਾ ਭੋਗ ਹੀ ਪੈ ਗਿਆ ਹੈ।



www.AKJ.Org

ਸੰਨ ਸਤੰਬਰ 1974 ਵਿਚ ਆਪ ਜੀ ਦੀ ਪ੍ਰੇਰਨਾ ਕਰਕੇ ਸਿੰਘ ਸਭਾ ਸ਼ਤਾਬਦੀ ਕਮੇਟੀ ਦੀ ਸਿਫਾਰਸ਼ ਤੇ ਤਿੰਨ ਪੰਥਕ ਹਸਤੀਆਂ, ਅਖੰਡ ਕੀਰਤਨੀ ਜਥੇ ਦੇ ਉਸ ਵੇਲੇ ਦੇ ਮੁਖੀ ਬਾਊ ਮਲ ਸਿੰਘ ਜੀ, ਸੰਤ ਗੁਰਮੁਖ ਸਿੰਘ ਜੀ ਪਟਿਆਲਾ ਅਤੇ ਬਾਵਾ ਹਰਿਕਿਸ਼ਨ ਸਿੰਘ ਜੀ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਵਲੋਂ ਸਨਮਾਨਿਤ ਕੀਤਾ ਗਿਆ। ਇਸ ਤੋਂ ਉਪਰੰਤ ਆਪ ਜੀ ਦੇ ਉਦਮ ਸਦਕਾ ਸਮੇਂ-ਸਮੇਂ ਜਥੇਦਾਰ ਅੱਛਰ ਸਿੰਘ ਜੀ, ਗਿਆਨੀ ਪ੍ਰਤਾਪ ਸਿੰਘ ਜੀ, ਗਿਆਨੀ ਹਰਭਗਤ ਸਿੰਘ ਜੀ ਨਾਰੰਗਵਾਲ, ਬੀਬੀ ਭਗਵੰਤ ਕੌਰ ਜੀ ਨੂੰ ਵੀ ਸਨਮਾਨਿਤ ਕੀਤਾ ਗਿਆ ਸੀ।

ਜੂਨ 1984 ਵਿਚ ਸ੍ਰੀ ਦਰਬਾਰ ਸਾਹਿਬ ਜੀ ਉੱਪਰ ਫੌਜੀ ਹਮਲੇ ਸਮੇਂ ਸਿੱਖ ਰੈਫਰੈਂਸ ਲਾਇਬਰੇਰੀ ਵਿਖੇ ਪੁਰਾਤਨ ਹੱਥ ਲਿਖਤ ਬੀੜਾ ਅਤੇ ਹੋਰ ਇਤਿਹਾਸਕ ਦਸਤਾਵੇਜ ਦੇ ਤਬਾਹ ਹੋਣ ਦੇ ਸਦਮੇ ਕਾਰਨ ਆਪ ਜੀ ਨੂੰ ਦਿਲ ਦਾ ਦੌਰਾ ਪੈ ਗਿਆ ਅਤੇ ਇਸ ਕਰਕੇ ਕਈ ਰਾਜਸੀ ਨੇਤਾਵਾਂ ਨਾਲ ਆਪ ਜੀ ਦੇ ਸੰਬੰਧਾਂ ਤੇ ਅਸਰ ਵੀ ਪਿਆ। ਆਪ ਜੀ 31 ਅਕਤੂਬਰ 1984 ਨੂੰ ਉਸ ਵੇਲੇ ਦੇਸ਼ ਦੇ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਵੇਲੇ ਆਪ ਜੀ ਆਲ ਇੰਡੀਆ ਮੈਡੀਕਲ ਇੰਸਟੀਚਿਊਟ ਨਵੀਂ ਦਿੱਲੀ ਵਿਚ ਦਿੱਲ ਦੀ ਬੀਮਾਰੀ ਕਾਰਨ ਦਾਖਲ ਸਨ। ਪਰ ਜਿਉਂ ਹੀ ਸਿੱਖਾਂ ਦਾ ਕਤਲੇਆਮ ਸ਼ੁਰੂ ਹੋਇਆ, ਆਪ ਜੀ ਹਸਪਤਾਲ ਤੋਂ ਛੁੱਟੀ ਲੈ ਕੇ ਗੁਰਮਤਿ ਵਿਦਿਆ ਕੇਂਦਰ ਪਹੁੰਚੇ ਤੇ ਉੱਥੇ ਰਹਿ ਰਹੇ ਸਿੱਖ ਵਿਦਿਆਰਥੀਆਂ ਨੂੰ ਸੁਰੱਖਿਅਤ ਜਗ੍ਹਾ ’ਤੇ ਪਹੁੰਚਾਉਣ ਦਾ ਯੋਗ ਪ੍ਰਬੰਧ ਕੀਤਾ ਅਤੇ ਆਪਣੇ ਜਾਨ ਦੀ ਵੀ ਪ੍ਰਵਾਹ ਨਹੀਂ ਕੀਤੀ।

ਜਿੱਥੇ, ਆਪ ਪੰਜਾਬੀ ਸਾਹਿਤ ਨੂੰ ਆਪਣੀ ਲਿਖਤਾਂ ਤੇ ਪੱਤਰਕਾਰੀ ਰਾਹੀਂ ਅਮੀਰ ਬਣਾਉਂਦੇ ਰਹੇ ਉੱਥੇ ਉਹ ਗੁਰਬਾਣੀ ਦੀ ਖੋਜ ਵਿੱਚ ਵੀ ਲੱਗੇ ਰਹੇ। ਉਨ੍ਹਾਂ ਨੂੰ ਪੁਰਾਤਨ ਹੱਥ ਲਿਖਤ ਬੀੜਾਂ, ਪੁਰਾਤਨ ਇਤਿਹਾਸਕ ਦਸਤਾਵੇਜਾਂ ਨੂੰ ਵਾਚਣ ਘੋਖਣ ਅਧਿਐਨ ਦੀ ਬਹੁਤ ਤਾਂਘ ਲੱਗੀ ਰਹਿੰਦੀ ਸੀ ਤਾਂ ਕਿ ਉਹ ਗੁਰਮਤਿ ਦੇ ਗੂੜ੍ਹ ਵਿਸ਼ਿਆਂ ਤੇ ਡੂੰਘੀ ਖੋਜ ਕਰਕੇ ਉਸ ਦੇ ਸਾਰਥਿਕ ਸਿੱਟੇ ਕੱਢ ਕੇ, ਪੰਥ ਦੀ ਝੋਲੀ ਪਾਉਣ। ਇਸ ਕਾਰਜ ਲਈ ਉਹ ਦੇਸ਼ ਭਰ ਦੀਆਂ ਵੱਖ-ਵੱਖ ਯੂਨੀਵਰਸਿਟੀਆਂ ਦੀਆਂ ਲਾਇਬਰੇਰੀਆਂ ਅਤੇ ਇਤਿਹਾਸਕ ਸਥਾਨਾਂ ਜਿੱਥੇ ਵੀ ਪੁਰਾਤਨ ਹੱਥ ਲਿਖਤ ਬੀੜਾਂ ਜਾਂ ਦਸਤਾਵੇਜ ਹੁੰਦੇ ਸਨ, ਉਥੇ ਆਪਣੇ ਖਰਚ ਤੇ ਜਾ ਕੇ ਖੋਜ ਕਰਕੇ, ਉਸ ਦੀਆਂ ਫੋਟੋ ਕਾਪੀਆਂ ਜਾਂ ਫੋਟੋ ਲੈ ਕੇ ਆਉਂਦੇ ਰਹੇ। ਇਨ੍ਹਾਂ ਦਸਤਾਵੇਜ਼ਾਂ ਦੇ ਆਧਾਰ ਉੱਪਰ ਪਹਿਲਾਂ ਆਪ ਜੀ ਨੇ ਤਖ਼ਤ ਸ੍ਰੀ ਦਮਦਮਾ ਸਾਹਿਬ ਸੰਬੰਧੀ ਰਿਪੋਰਟ ਤਿਆਰ ਕਰਕੇ ਉਸ ਅਸਥਾਨ ਨੂੰ ਤਖ਼ਤ ਦਾ ਦਰਜਾ ਦਿਵਾਇਆ, ਫਿਰ ਸੰਨ 1990 ਵਿਚ ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ (ਭਗਤ ਬਾਣੀ ਭਾਗ) ਇਕ ਵੱਡ ਆਕਾਰੀ ਪੁਸਤਕ ਪੰਥ ਦੀ ਝੋਲੀ ਵਿਚ ਪਾਈ। ਇਹ ਪੁਸਤਕ ਲਿਖਣ ਲਈ ਉਨ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਪੰਦਰਾਂ ਭਗਤਾਂ ਦੀ ਬਾਣੀ ਸੰਬੰਧੀ ਜ਼ਰੂਰੀ ਜਾਣਕਾਰੀ ਇਕੱਠੀ ਕਰਨ ਅਤੇ ਬਾਣੀ, ਉਚਾਰਨ ਬਾਰੇ, ਉਨ੍ਹਾਂ ਭਗਤਾਂ ਦੇ ਦੂਰ-ਦੁਰੇਡੇ ਜਨਮ ਸਥਾਨਾਂ ਤੇ ਜਾ ਕੇ ਹਿੰਦੂ ਵਿਦਵਾਨਾਂ ਦੇ ਹੱਥ ਲਿਖਤ ਪੁਰਾਤਨ ਗ੍ਰੰਥਾਂ ਵਿਚੋਂ ਸਮੱਗਰੀ ਇਕੱਠੀ ਕੀਤੀ।

ਰਾਗਮਾਲਾ ਗੁਰਬਾਣੀ ਹੋਣ ਜਾਂ ਨਾ ਹੋਣ ਦਾ ਮਸਲਾ ਪੰਥ ਅੰਦਰ ਸੰਨ 1900 ਤੋਂ ਲੈ ਕੇ 1945 ਤੱਕ ਬਹੁਤ ਭੱਖਿਆ ਰਿਹਾ। ਇਸ ਖੰਡਨ ਅਤੇ ਮੰਡਨ ਸੰਬੰਧੀ ਵੱਖ-ਵੱਖ ਪੰਥਕ ਵਿਦਵਾਨਾਂ ਅਤੇ ਸੰਸਥਾਵਾਂ ਵਲੋਂ ਅਖਬਾਰਾਂ ਰਸਾਲਿਆਂ ਵਿਚ ਚਰਚਾ ਚਲਦੀ ਰਿਹਾ, ਪਰ ਕੋਈ ਸਰਬ-ਸੰਮਤੀ ਨਹੀਂ ਬਣੀ ਅਤੇ ਪੰਥ ਦੇ ਮੁਹਾਣਿਆਂ ਨੂੰ ਇਸ ਸੰਬੰਧੀ ਸਟੇਟਸ-ਕੋ ਦਾ ਫੈਸਲਾ ਕਰਨਾ ਪਿਆ। ਗਿਆਨੀ ਜੀ ਵੀ ਬਚਪਨ ਤੋਂ ਇਸ ਮਸਲੇ ਨਾਲ ਜੁੜੇ ਰਹੇ ਹਨ ਤੇ ਉਨ੍ਹਾਂ ਦੀ ਪੰਥਕ ਪੱਧਰ ਤੇ ਪਛਾਣ ਵੀ ਇਸ ਮਸਲੇ ਕਾਰਨ ਸੰਨ 1945 ਵਿਚ ਹੀ ਬਣੀ। ਆਪ ਜੀ ਨੇ ਇਸ ਮਸਲੇ ਤੇ ਬਹੁਤ ਡੂੰਘਾ ਅਧਿਐਨ ਕੀਤਾ। ਸਭ ਤੋਂ ਪਹਿਲਾਂ ਉਨ੍ਹਾਂ ਨੇ ਇਸ ਮਸਲੇ ਤੇ “ਰਾਗਮਾਲਾ ਦੀ ਅਸਲੀਅਤ” ਨਾਮੀ ਇਕ ਛੋਟੀ ਪੁਸਤਕ ਲਿਖ ਕੇ ਛਾਪੀ। ਵੱਖ-ਵੱਖ ਗੁਰ ਅਸਥਾਨਾਂ ਤੇ ਯੂਨੀਵਰਸਿਟੀਆਂ ਵਿਚੋਂ ਰਾਗਮਾਲਾ ਸੰਬੰਧੀ ਜਾਣਕਾਰੀ ਇਕੱਠੀ ਕੀਤੀ ਅਤੇ ਜਿੰਨ੍ਹਾਂ ਪੁਰਾਤਨ ਬੀੜਾਂ ਵਿਚ ਰਾਗਮਾਲਾ ਦਰਜ ਨਹੀਂ ਸੀ, ਉਨ੍ਹਾਂ ਦੀਆਂ ਫੋਟੋ ਵੀ ਲਈਆਂ।


www.AKJ.Org

ਇਸ ਸਾਰੀ ਲੰਬੀ ਚੌੜੀ ਖੋਜ ਦੇ ਅਧਾਰ 'ਤੇ ਉਨ੍ਹਾਂ ਨੇ ਮੁੰਦਾਵਣੀ ਨਾਂ ਦੀ ਇਕ ਪੁਸਤਕ ਤਿਆਰ ਕੀਤੀ, ਜਿਸ ਵਿਚ ਰਾਗਮਾਲਾ ਗੁਰਬਾਣੀ ਨਾ ਹੋਣ ਬਾਰੇ ਅਕੱਟ ਦਲੀਲਾਂ ਅਤੇ ਠੋਸ ਸਬੂਤ ਦਿੱਤੇ ਹੋਏ ਹਨ ਜੋ ਕੇ ਇਸ ਵਿਸ਼ੇ 'ਤੇ ਖੋਜੀ ਵਿਦਵਾਨਾਂ ਲਈ ਬਹੁਤ ਲਾਭਦਾਇਕ ਹੈ। ਭਾਈ ਮੋਹਨ ਸਿੰਘ ਜੀ ਗਾਰਡ ਕਾਨਪੁਰ (ਮੁਹਾਲੀ) ਵਲੋਂ ਵੀ ਆਪ ਜੀ ਨੂੰ ਇਸ ਪੁਸਤਕ ਦੀ ਤਿਆਰੀ ਲਈ ਪ੍ਰੇਰਨਾ ਤੇ ਪੂਰਾ ਸਹਿਯੋਗ ਦਿੱਤਾ ਗਿਆ।

ਆਪ ਜੀ ਵਲੋਂ ਪੰਜਾਬੀ ਸਾਹਿਤ ਦੇ ਵਿਦਵਾਨ ਲੇਖਕ, ਗੁਰਬਾਣੀ ਦੇ ਖੋਜੀ, ਪੱਤਰਕਾਰ ਅਤੇ ਗੁਰਮਤਿ ਪ੍ਰਚਾਰਕ ਵਜੋਂ ਨਿਭਾਈਆਂ ਸੇਵਾਵਾਂ ਕਰਕੇ ਵੱਖ-ਵੱਖ ਸੰਸਥਾਵਾਂ ਵਲੋਂ ਸਮੇਂ-ਸਮੇਂ ਸਨਮਾਨਿਤ ਕੀਤਾ ਗਿਆ, ਜਿਵੇਂ ਸੰਨ 1967 ਵਿਚ ਯੂਨੈਸਕੋ ਇਨਾਮ, ਸੰਨ 1991 ਵਿਚ ਸ਼੍ਰੋਮਣੀ ਕਮੇਟੀ ਵਲੋਂ ਗੁਰਮਤਿ ਆਚਾਰੀਆ, ਸੰਨ 2002 ਵਿਚ ਸਿੱਖ ਐਜੂਕੇਸ਼ਨਲ ਸੁਸਾਇਟੀ, ਚੰਡੀਗੜ੍ਹ ਅਤੇ 1 ਨਵੰਬਰ 1906 ਨੂੰ ਪੰਜਾਬੀ ਸਾਹਿਤ ਸ੍ਰੋਮਣੀ ਅਵਾਰਡ ਪੰਜਾਬ ਸਰਕਾਰ ਵਲੋਂ ਦਿੱਤਾ ਗਿਆ। ਜਿੱਥੇ ਉਨ੍ਹਾਂ ਨੇ ਪੰਜਾਬੀ ਸਭਿਆਚਾਰ ਅਤੇ ਗੁਰਮਤਿ ਦੇ ਵੱਖ-ਵੱਖ ਵਿਸ਼ਿਆਂ ਤੇ ਵੱਡ ਆਕਾਰੀ ਖੋਜ ਭਰਪੂਰ ਪੁਸਤਕਾਂ ਲਿਖੀਆਂ, ਉੱਥੇ ਤਕਰੀਬਨ ਵੀਹ ਧਾਰਮਿਕ ਹਸਤੀਆਂ ਅਤੇ ਵਿਦਵਾਨਾਂ ਦੀਆਂ ਸ੍ਵੈ-ਜੀਵਨੀਆਂ ਵੀ ਲਿਖੀਆਂ। ਜਿੰਨ੍ਹਾਂ ਵਿੱਚੋਂ ਗਿਆਨੀ ਦਿੱਤ ਸਿੰਘ, ਭਾਈ ਸਾਹਿਬ ਰਣਧੀਰ ਸਿੰਘ ਜੀ, ਅਕਾਲੀ ਕੌਰ ਸਿੰਘ ਜੀ, ਬਾਵਾ ਹਰਿਕਿਸ਼ਨ ਸਿੰਘ ਜੀ, ਪ੍ਰਿੰਸੀਪਲ ਤੇਜਾ ਸਿੰਘ ਦੇ ਨਾਮ ਵਰਣਨਯੋਗ ਹਨ।

1984 ਤੋਂ ਹੀ ਆਪ ਜੀ ਦਿੱਲ ਦੀ ਬੀਮਾਰੀ ਦੇ ਸ਼ਿਕਾਰ ਹੋ ਗਏ ਸਨ। ਹੌਲੀ-ਹੌਲੀ ਇਹ ਬੀਮਾਰੀ ਵੱਧਦੀ ਗਈ। ਇਸ ਬੀਮਾਰੀ ਕਾਰਨ ਹੀ ਚੜ੍ਹਾਈ ਕਰਨ ਤੋਂ ਕੁਝ ਚਿਰ ਪਹਿਲਾਂ ਤਕਰੀਬਨ ਇਕ ਹਫਤਾ, ਫੋਰਟਿਸ ਹਸਪਤਾਲ ਮੋਹਾਲੀ ਦਾਖਲ ਰਹੇ ਪ੍ਰੰਤੂ ਡਾਕਟਰਾਂ ਨੇ ਕਮਜ਼ੋਰੀ ਅਤੇ ਦਿਲ ਦੀ ਖਰਾਬੀ ਕਾਰਨ ਸਫਰ ਕਰਨ ਤੋਂ ਮਨ੍ਹਾਂ ਕਰ ਦਿੱਤਾ। ਆਪ ਨੇ ਇਸ ਦੇ ਬਾਵਜੂਦ ਵੀ ਲਿਖਤ ਪੜਨ ਦਾ ਕੰਮ ਜਾਰੀ ਰੱਖਿਆ। ਉਨ੍ਹਾਂ ਦੀ ਸੁਰਤੀ ਬਿਰਤੀ ਅਖ਼ੀਰ ਤਾਈਂ ਕਾਇਮ ਰਹੀ। ਅਖ਼ੀਰ ਮਿਤੀ 17 ਜਨਵਰੀ 2007 ਨੂੰ ਇਹ ਪੰਥ ਦੀ ਨਿਆਜ਼ ਹਸਤੀ ਧੁਰੋਂ ਬਖਸ਼ੀ ਸਵਾਸਾਂ ਦੀ ਪੂੰਜੀ ਭੋਗ ਕੇ ਗੁਰੂ ਚਰਨਾਂ ਵਿੱਚ ਜਾ ਬਿਰਾਜੀ।

## ਭਾਈ ਦਲਜੀਤ ਸਿੰਘ ਜੀ ਤਲਵਾੜੇ ਵਾਲੇ

ਭਾਈ ਗੁਰਦੀਪ ਸਿੰਘ ਸ੍ਰੀ ਅੰਮ੍ਰਿਤਸਰ

ਆਪ ਜੀ ਬਹੁਤ ਨਿਮਾਣੇ, ਦਰਵੇਸ਼, ਗੁਰਮਤਿ ਅਸੂਲਾਂ ਦੇ ਧਾਰਨੀ ਸਿੱਖ ਹੋਏ ਹਨ ਜਿਨ੍ਹਾਂ ਦੀ ਉੱਤਮ ਗੁਣਾਂ ਭਰਪੂਰ ਸਖ਼ਸ਼ੀਅਤ ਬਾਰੇ ਬਹੁਤ ਘੱਟ ਸਿੰਘ ਜਾਣਦੇ ਹਨ। ਆਪ ਜੀ ਦਾ ਜਨਮ ਸੰਨ 1941 ਵਿਚ ਚੱਕ ਨੰ: 123 ਤਹਿਸੀਲ ਸਰਗੋਧਾ ਜ਼ਿਲ੍ਹਾ ਮਿੰਟਗੁਮਰੀ ਪਾਕਿਸਤਾਨ ਵਿਚ ਸ. ਕਰਤਾਰ ਸਿੰਘ ਜੀ ਅਤੇ ਮਾਤਾ ਬੀਬੀ ਹਰਨਾਮ ਕੌਰ ਉਰਫ ਦੇਵਾ ਬਾਈ ਜੀ ਦੇ ਘਰ ਹੋਇਆ। ਪਿਤਾ ਜੀ ਪਾਕਿਸਤਾਨ ਵਿਚ ਖੇਤੀਬਾੜੀ ਦਾ ਕੰਮ ਕਰਦੇ ਸਨ ਅਤੇ ਪਾਕਿਸਤਾਨ ਬਣਨ ਤੋਂ ਬਾਅਦ ਪਿੰਡ ਕੁਲਚੰਦੂ ਥਾਣਾ ਛੱਪਰ ਤਹਿ: ਜਗਾਧਰੀ ਜ਼ਿਲ੍ਹਾ ਅੰਬਾਲਾ ਵਿਚ ਆ ਕੇ ਆਬਾਦ ਹੋਏ। ਮੁੱਢਲੀ ਵਿਦਿਆ ਪੰਜਵੀਂ ਤਾਈਂ ਪਿੰਡ ਦੇ ਸਕੂਲ ਤੋਂ ਪਾਸ ਕੀਤੀ ਅਤੇ ਫਿਰ ਮੈਟਰਿਕ ਪ੍ਰਾਈਵੇਟ ਤੌਰ ਤੇ ਦਿੱਲੀ ਆ ਕੇ ਆਪਣੇ ਵੱਡੇ ਭਰਾ ਕੋਲ ਰਹਿੰਦਿਆਂ ਪਾਸ ਕੀਤੀ। ਆਪ ਜੀ ਦੇ ਵੱਡੇ ਭਰਾਤਾ ਭਾਈ ਦਇਆ ਸਿੰਘ ਜੀ ਏਅਰ ਫੋਰਸ ਵਿਚ ਨਵੀਂ ਦਿੱਲੀ ਤਾਇਨਾਤ ਸਨ। ਉੱਥੇ ਉਨ੍ਹਾਂ ਦਾ ਏਅਰ ਫੋਰਸ ਵਿਚ ਕੰਮ ਕਰਦੇ ਜਥੇ ਦੇ ਸਿੰਘਾਂ ਨਾਲ ਮਿਲਾਪ ਹੋ ਗਿਆ ਤੇ ਉਨ੍ਹਾਂ ਰਾਹੀਂ ਹੀ ਆਪ 1960-62 ਸਮੇਂ ਦੌਰਾਨ ਦਿੱਲੀ ਨਿਵਾਸੀ ਸਿੰਘਾਂ ਦੀ ਸੰਗਤ ਕਰਦੇ ਹੋਏ ਅੰਮ੍ਰਿਤ ਛੱਕ ਕੇ ਤਿਆਰ-ਬਰ-ਤਿਆਰ ਸਿੰਘ ਸੱਜ ਗਏ ਅਤੇ ਬਿਬੇਕ ਰਹਿਤ ਦੇ ਪੱਕੇ ਧਾਰਨੀ ਬਣ ਗਏ।



www.AKJ.Org

ਸੰਨ 1962 ਵਿਚ ਆਪ ਜੀ ਦਾ ਅਨੰਦ ਕਾਰਜ ਬੀਬੀ ਹਰਜੀਤ ਕੌਰ ਜੀ ਪੁੱਤਰੀ ਮਾਸਟਰ ਅਵਤਾਰ ਸਿੰਘ ਜੀ ਨਾਲ ਹੋਇਆ। ਬੀਬੀ ਜੀ ਦੇ ਪਿਤਾ ਜੀ ਇਕ ਅੰਮ੍ਰਿਤਧਾਰੀ ਗੁਰਸਿਖ ਸਨ ਤੇ ਉਨ੍ਹਾ ਨੇ ਗੁਰੂ ਕੇ ਬਾਗ ਮੋਰਚੇ ਸਮੇਂ ਗ੍ਰਿਫਤਾਰੀ ਦੇ ਕੇ ਪੰਥ ਲਈ ਕੁਰਬਾਨੀ ਵੀ ਕੀਤੀ ਸੀ। ਬੀਬੀ ਜੀ ਵੀ ਪੜੇ ਲਿਖੇ ਸਨ ਤੇ ਗਿਆਨੀ ਦੇ ਨਾਲ-ਨਾਲ JBT ਦਾ ਕੋਰਸ ਵੀ ਪਾਸ ਕੀਤਾ ਹੋਇਆ ਸੀ, ਪ੍ਰੰਤੂ ਆਪ ਨੇ ਆਪਣੀ ਸਿੰਘਣੀ ਨੂੰ ਪਿਤਾ ਜੀ ਅਤੇ ਪ੍ਰੀਵਾਰ ਦੀ ਸੰਭਾਲ ਵਾਸਤੇ ਕੋਈ ਸਰਕਾਰੀ ਨੌਕਰੀ ਨਹੀਂ ਕਰਨ ਦਿੱਤੀ। ਆਪ ਜੀ ਦੇ ਘਰ ਦੋ ਪੁੱਤਰਾਂ ਅਤੇ ਪੰਜ ਪੁੱਤਰੀਆਂ ਨੇ ਜਨਮ ਲਿਆ। ਇੰਨ੍ਹਾਂ ਦੀ ਉੱਚੀ ਸੁੱਚੀ ਕਰਣੀ ਕਰਕੇ ਸਾਰੇ ਬੱਚੇ ਬੱਚੀਆਂ, ਅਗੋਂ ਪੋਤਰੇ ਪੋਤਰੀਆਂ ਦੋਹਤੇ ਦੋਹਤਰੀਆਂ ਸਭ ਅੰਮ੍ਰਿਤਧਾਰੀ ਅਤੇ ਰਹਿਤ ਬਹਿਤ ਦੇ ਪੱਕੇ ਧਾਰਨੀ ਹਨ। ਸਾਰੇ ਬੱਚਿਆਂ ਨੂੰ ਗੁਰਬਾਣੀ ਦੀ ਸੰਥਿਆ ਨਾਲ ਕੀਰਤਨ ਦਾ ਗੁਣ ਵੀ ਦਿੱਤਾ, ਜਿਸ ਕਰਕੇ ਸਾਰਾ ਪ੍ਰੀਵਾਰ ਹੀ ਕੀਰਤਨੀ ਅਤੇ ਅਖੰਡਪਾਠੀ ਹੈ। ਸਾਰੇ ਬੱਚੇ ਬੱਚੀਆਂ ਇਕ ਦੂ ਇਕ ਚੜ੍ਹੰਦੇ ਗੁਰਸਿੱਖੀ ਦੇ ਨਮੂਨੇ ਹਨ ਅਤੇ ਆਪ ਜੀ ਦੇ ਪਾਏ ਹੋਏ ਪੂਰਨਿਆਂ ’ਤੇ ਚੱਲ ਰਹੇ ਹਨ।

ਦਿੱਲੀ ਰਿਹਾਇਸ਼ ਸਮੇਂ ਆਪ ਜੀ ਨੂੰ ਦਿੱਲੀ ਨਿਵਾਸੀ ਪੁਰਾਤਨ ਗੁਰਸਿੱਖਾਂ ਦੀ ਸੰਗਤ ਕਰਨ ਦਾ ਸੁਭਾਗ ਪ੍ਰਾਪਤ ਰਿਹਾ ਹੈ। ਉੱਥੇ ਹੀ ਆਪ ਜੀ ਨੇ ਭਾਈ ਦਰਸ਼ਨ ਸਿੰਘ ਜੀ ਦਿਲਰੁੱਬਾ ‘ਵੀਰਾ ਜੀ’ ਤੋਂ ਕੀਰਤਨ ਸਿਖਿਆ ਅਤੇ ਬੜੇ ਸਹਿਜ ਬੈਰਾਗ ਵਿਚ ਹਿਰਦੇ ਵੇਧਕ ਧੁੰਨੀਆਂ ਨਾਲ ਕੀਰਤਨ ਕਰਦੇ ਸਨ। ਇਕ ਵਾਰ ਆਪ ਜੀ ਦੇ ਉਸਤਾਦ ਵੀਰਾ (ਦਿਲਰੁਬਾ) ਜੀ ਸਖ਼ਤ ਬੀਮਾਰ ਹੋ ਗਏ ਤੇ ਕਾਫ਼ੀ ਚਿਰ ਹਸਪਤਾਲ ਵੀ ਰਹੇ। ਉਸ ਸਮੇਂ ਆਪ ਜੀ ਨੇ ਆਪਣੇ ਵੱਡੇ ਭਰਾਤਾ ਸਮੇਤ ਉਨ੍ਹਾਂ ਦੀ ਦਿਨ ਰਾਤ ਅਣਥੱਕ ਸੇਵਾ ਕੀਤੀ। ਫਿਰ ਆਪ ਜੀ ਗੁਰਬਾਣੀ ਦੇ ਪਾਠ ਦੀ ਸੰਥਿਆ ਲੈ ਕੇ ਇਕ ਤਕੜੇ ਅਖੰਡ ਪਾਠੀ ਬਣ ਗਏ। ਆਪ ਜੀ ਕਈ-ਕਈ ਘੰਟੇ ਪੰਚਮ ਦੀ ਉੱਚੀਆਂ ਸੁਰਾਂ ਵਿਚ ਬਹੁਤ ਵੈਰਾਗ ਵਿਚ ਪਾਠ ਕਰਦੇ ਸਨ। ਇਹ ਇਸ ਤਰ੍ਹਾਂ ਅੰਦਰੋਂ ਦਿਲ ਟੁੰਬਵੀ ਅਤੇ ਹਿਰਦੇ ਵੇਧਵੀਂ ਆਵਾਜ਼ ਕੱਢਦੇ ਸਨ ਜਿਵੇਂ ਪਿੰਡਾਂ ਵਿਚ ਕਿਸੇ ਪ੍ਰਾਣੀ ਦੇ ਮਰਨ ਸਮੇਂ ਆਉਣ ਵਾਲੀਆਂ ਮਕਾਣਾਂ ਵਿਚ ਨੈਣ (ਨਾਈ ਦੀ ਪਤਨੀ) ਵਲੋਂ ਕੀਰਨੇ ਪਾਏ ਜਾਂਦੇ ਹਨ। ਨਿਤਨੇਮ ਦੀਆਂ ਬਾਣੀਆਂ ਦਾ ਪਾਠ ਵੀ ਆਪ ਬਹੁਤ ਸਹਿਜ, ਟਿਕਾਅ ਤੇ ਬਿਰਹੋਂ ਅੰਦਰ ਹੇਕਾਂ ਲਾ ਕੇ ਕਰਦੇ ਸਨ ਤੇ ਸਰੋਤੇ ਵੀ ਵੈਰਾਗ ਵਿਚ ਆ ਕੇ ਮੁਗਧ ਹੋ ਜਾਂਦੇ ਸਨ।

ਦੁਨਿਆਵੀਂ ਕ੍ਰਿਤ ਉਨ੍ਹਾਂ ਸੰਨ 1963 ਵਿਚ ਜੋਧਪੁਰ ਤੋਂ ਟਾਈਪ ਰਾਈਟਰ ਦੇ ਇੰਸਟਰੈਕਟਰ ਅਤੇ ਮਕੈਨਿਕ ਵਜੋਂ ONGC ਵਿਚ ਸ਼ੁਰੂ ਕੀਤੀ। ਫਿਰ ਸੰਨ 1967 ਵਿਚ ਆਪ ਜੀ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਵਲੋਂ ਤਲਵਾੜਾ ਵਿਖੇ ਟਾਈਪ ਰਾਇਟਰ ਰਿਪੇਅਰ ਮਕੈਨਿਕ ਦੀ ਇਕੋ ਹੀ ਨਿਕਲੀ ਪੋਸਟ ਦੀ ਇੰਟਰਵਿਊ ਲਈ ਆਏ। ਆਪ ਬਿਬੇਕ ਰਹਿਤ ਨਿਭਾਉਣ ਲਈ ਹਮੇਸ਼ਾਂ ਆਪਣੇ ਕੋਲੋਂ ਇਕ ਗੜਵਾ ਤੇ ਬਾਟਾ ਕੋਲ ਰੱਖਦੇ ਸਨ। ਜੋਧਪੁਰ ਤੋਂ ਤਲਵਾੜੇ ਦੇ ਰੇਲ ਸਫਰ ਦੌਰਾਨ ਆਪ ਜੀ ਨੇ ਕੁਝ ਵੀ ਨਹੀਂ ਛੱਕਿਆ ਤੇ ਨਾਮ ਬਾਣੀ ਦੇ ਆਸਰੇ ਹੀ ਤਲਵਾੜੇ ਪਹੁੰਚ ਗਏ। ਇੱਥੇ ਗੁਰਦੁਆਰੇ ਆ ਕੇ ਭਾਈ ਨਰਿੰਦਰ ਸਿੰਘ ਜੀ S.D.E ਰਾਹੀਂ ਆਪ ਜੀ ਦਾ ਮੇਲ ਭਾਈ ਜੋਗਿੰਦਰ ਸਿੰਘ ਜੀ ਤਲਵਾੜਾ ਨਾਲ ਹੋਇਆ। ਤਲਵਾੜਾ ਜੀ ਨੇ ਆਪਣੇ ਸਪੁੱਤਰ ਭਾਈ ਦੂਲਾ ਜੀ ਦੀ ਆਪ ਨੂੰ ਪ੍ਰਸ਼ਾਦਾ ਛਕਾਉਣ ਦੀ ਸੇਵਾ ਲਾਈ। ਦੋ ਦਿਨ ਭੁੱਖ ਰਹਿਣ ਕਰਕੇ ਆਪ ਜੀ ਨੇ ਤਕਰੀਬਨ ਜਦ 20 ਪ੍ਰਸ਼ਾਦੇ ਛੱਕ ਲਏ ਤਾਂ ਦੂਲਾ ਜੀ ਬਹੁਤ ਹੈਰਾਨ ਹੋ ਗਏ। ਇੰਟਰਵਿਊ ਵਾਸਤੇ ਤਿੰਨ ਉਮੀਦਵਾਰ ਬੁਲਾਏ ਗਏ ਸਨ। ਪਹਿਲਾਂ ਪ੍ਰੈਕਟੀਕਲ ਦਾ ਟੈਸਟ ਸੀ, ਜਿਸ ਵਿਚ ਇਕ ਸਿਫਾਰਸ਼ੀ ਨੂੰ ਰੱਖਣ ਵਾਸਤੇ ਆਪ ਨੂੰ ਪਹਿਲਾਂ ਫੇਲ੍ਹ ਕਰ ਦਿੱਤਾ ਗਿਆ। ਫਿਰ ਭਾਈ ਸਰਦਾਰਾ ਸਿੰਘ ਜੀ S.D.O ਅਤੇ ਭਾਈ ਅਜੀਤ ਸਿੰਘ ਜੀ ਦੇ ਕਹਿਣ ’ਤੇ ਦੁਬਾਰਾ ਟੈਸਟ ਲਿਆ ਗਿਆ ਤੇ ਆਪ ਟਾਈਪ ਰਾਈਟਰ ਰਿਪੇਅਰ ਦੇ ਚੰਗੇ ਮਾਹਰ ਹੋਣ ਕਾਰਨ ਟੈਸਟ ਪਾਸ ਕਰ ਗਏ। ਫਿਰ ਇੰਟਰਵਿਊ ਵਾਸਤੇ ਬੁਲਾਇਆ ਗਿਆ। ਦੋ ਉਮੀਦਵਾਰ ਹੀ ਟੈਸਟ ਪਾਸ ਕੀਤੇ ਸਨ। ਦੂਸਰੇ ਉਮੀਦਵਾਰ ਕੋਲ ਮੁੱਖ ਮੰਤਰੀ ਪੰਜਾਬ ਦੀ ਸਿਫਾਰਸ਼ ਸੀ, ਪ੍ਰੰਤੂ ਆਪ ਜੀ ਪ੍ਰਤੀ ਪੰਜ ਸਿੰਘਾਂ ਨੇ ਗੁਰੂ ਚਰਨ ਵਿਚ ਆਪਣੇ ਸੇਵਕ ਦੇ ਪੈਜ ਰੱਖਣ ਲਈ ਅਰਦਾਸ ਕੀਤੀ। ਦੂਸਰੇ ਉਮੀਦਵਾਰ ਕੋਲ



www.AKJ.Org

ਵੱਡੀ ਦੁਨੀਆਵੀਂ ਸਿਫਾਰਸ਼ ਹੋਣ ਦੇ ਬਾਵਜੂਦ, ਆਪ ਜੀ ਸੱਚੇ ਪਾਤਸ਼ਾਹ ਦੀ ਸਿਫਾਰਸ਼ (ਟੇਕ) ਹੋਣ ਕਾਰਨ ਨਿਯੁਕਤ ਹੋਣ ਵਿਚ ਕਾਮਯਾਬ ਹੋ ਗਏ।

ਉਸ ਵੇਲੇ ਤਲਵਾੜਾ ਟਾਊਨਸ਼ਿਪ ਵਿਚ ਸਰਕਾਰੀ ਮਕਾਨਾਂ ਦੀ ਕਾਫੀ ਘਾਟ ਸੀ ਤੇ ਦੋ-ਦੋ ਮੁਲਾਜਮਾਂ ਨੂੰ ਇਕ ਕੁਆਟਰ ਵਿਚ ਹੀ ਇਕੱਠੇ ਰਹਿਣਾ ਪੈਂਦਾ ਸੀ। ਆਪ ਜੀ ਵਡ ਪ੍ਰੀਵਾਰੀ ਅਤੇ ਪਿਤਾ ਜੀ ਨਾਲ ਹੋਣ ਕਾਰਨ ਆਪ ਜੀ ਦਾ ਇਕ ਕਮਰੇ ਵਿਚ ਗੁਜ਼ਾਰਾ ਮੁਸ਼ਕਲ ਸੀ। ਆਪ ਜੀ, ਜਦੋਂ ਸੰਬੰਧਿਤ ਅਧਿਕਾਰੀ ਕੋਲ ਪੂਰਾ ਮਕਾਨ ਅਲਾਟ ਕਰਵਾਉਣ ਗਏ ਤੇ ਉਸ ਨੇ ਇਕ ਮਕਾਨ ਜੋ ਕਿ ਆਮ ਤੌਰ 'ਤੇ ਖਾਲੀ ਰਹਿੰਦਾ ਸੀ, ਆਪ ਨੂੰ ਅਲਾਟ ਕਰ ਦਿੱਤਾ। ਉੱਥੇ ਇਹ ਮੰਨਿਆ ਜਾਂਦਾ ਸੀ ਕਿ ਇਸ ਕੁਆਰਟਰ ਵਿਚ ਭੂਤਾਂ ਪ੍ਰੇਤਾਂ ਦਾ ਨਿਵਾਸ ਹੈ ਅਤੇ ਉਹ ਉੱਥੇ ਰਹਿਣ ਵਾਲੇ ਆਮ ਵਿਅਕਤੀ ਨੂੰ ਡਰਾ ਕੇ ਭਜਾ ਦਿੰਦੇ ਹਨ। ਉਸ ਮਕਾਨ ਨੂੰ ਲੈਣ ਲਈ ਛੇਤੀ ਕੀਤੇ ਕੋਈ ਵੀ ਰਜ਼ਾਮੰਦ ਨਾ ਹੁੰਦਾ। ਆਪ ਜੀ ਨੇ ਇਹ ਮਕਾਨ ਅਲਾਟ ਕਰਵਾਉਣ ਉਪਰੰਤ ਉਸ ਮਕਾਨ ਦੀ ਪੂਰੀ ਸਫਾਈ ਕਰਕੇ ਗੁਰੂ ਸਾਹਿਬ ਜੀ ਦੀ ਸਵਾਰੀ ਲੈ ਕੇ ਤਲਵਾੜੇ ਨਿਵਾਸੀ ਸਿੰਘਾਂ ਨਾਲ ਮਿਲ ਕੇ ਸ੍ਰੀ ਅਖੰਡ ਪਾਠ ਆਰੰਭ ਕਰ ਦਿੱਤਾ। ਭੋਗ ਉਪਰੰਤ ਕੀਰਤਨ ਅਖਾੜੇ ਵੀ ਸਜਾਏ ਗਏ ਤਾਂ ਉਸ ਉਪਰੰਤ ਆਪ ਜੀ ਨੇ ਉਸ ਮਕਾਨ ਵਿਚ ਨਿਵਾਸ ਰੱਖ ਲਿਆ ਤੇ ਇਕ ਕਮਰੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਵੀ ਕਰ ਲਿਆ। ਆਪ ਜੀ ਹਰ ਰੋਜ਼ ਅੰਮ੍ਰਿਤ ਵੇਲੇ ਨਾਮ ਅਭਿਆਸ, ਨਿਤਨੇਮ ਉਪਰੰਤ ਸ੍ਰੀ ਆਸਾ ਜੀ ਕੀ ਵਾਰ ਦਾ ਕੀਰਤਨ ਰੋਜ਼ਾਨਾ ਕਰਦੇ ਸਨ ਤੇ ਦੇਗ ਵੀ ਹਰ ਰੋਜ਼ ਸਜਾ ਕੇ ਗੁਰੂ ਸਾਹਿਬ ਜੀ ਨੂੰ ਭੋਗ ਲੁਆਉਂਦੇ ਸਨ। ਸ਼ਾਮ ਨੂੰ ਫਿਰ ਇਕ ਘੰਟਾ ਕੀਰਤਨ ਅਤੇ ਸੋਦਰੁ ਦਾ ਪਾਠ ਕਰਦੇ। ਇਸ ਤਰ੍ਹਾਂ ਨਾਮ ਬਾਣੀ ਦੇ ਪ੍ਰਵਾਹ ਅਤੇ ਗੁਰੂ ਜਸ ਗਾਉਣ ਕਰਕੇ, ਕੋਈ ਵੀ ਭੂਤ ਪ੍ਰੇਤ ਜਾਂ ਡਰਾਉਣੀ ਸ਼ਕਲ ਨੇੜੇ ਨਹੀਂ ਫੱਟਕੀ। ਸਭ ਡਰ ਕੇ ਭੱਜ ਗਈਆਂ।

ਤਲਵਾੜਾ ਆਉਣ ਤੋਂ ਬਾਅਦ ਆਪ ਅੱਠ ਸਾਲ ਇਕੱਲੇ ਹੀ ਰਹੇ। ਸਿੰਘਣੀ ਅਤੇ ਬੱਚੇ ਬਾਪੂ ਜੀ ਦੀ ਸੇਵਾ ਅਤੇ ਖੇਤੀਬਾੜੀ ਦੀ ਸੰਭਾਲ ਲਈ ਪਿੰਡ ਵਿਚ ਹੀ ਰਖੇ। ਇਸ ਦੌਰਾਨ ਆਪ ਜੀ ਘਰ ਵਿਚ, ਪੱਖੇ ਤੋਂ ਬਿਨਾ ਭੂਮ-ਆਸਣ ਹੀ ਕਰਦੇ ਸਨ। ਪੰਜ ਸਾਲ ਬਿਨ੍ਹਾਂ ਸ਼ਬਜੀ ਤੋਂ ਪ੍ਰਸ਼ਾਦਾ ਆਪਣੇ ਹੱਥੀਂ ਬਣਾ ਕੇ ਛਕਿਆ। ਜੇ ਸ਼ਬਜੀ ਬਣਾਉਣੀ ਵੀ ਤਾਂ ਉਹ ਪ੍ਰਸ਼ਾਦੇ ਤੋਂ ਬਾਅਦ ਹੀ ਛੱਕਣੀ। ਇਸ ਦੌਰਾਨ ਇੰਨ੍ਹਾਂ ਨੇ ਇਕ ਸਿੰਘ ਭਾਈ ਟਹਿਲ ਸਿੰਘ ਜੀ ਪਿੰਡ ਮਨਸੂਰ ਪੁਰ ਨੇੜੇ ਮੁਕੇਰੀਆ ਆਪਣੇ ਕੋਲ ਰੱਖਿਆ, ਪਰ ਉਸ ਕੋਲੋਂ ਕੋਈ ਕਿਰਾਇਆ ਨਹੀਂ ਲਿਆ। ਕਿਰਾਏ ਦੀ ਬਜਾਏ, ਉਸ ਸਿੰਘ ਦੀ ਸੇਵਾ, ਆਪ ਨੂੰ ਕੇਵਲ ਗੁਰਬਾਣੀ ਦਾ ਪਾਠ ਸੁਣਾਉਣ ਦੀ ਲਾਈ। ਦੋਹਾਂ ਵਿਚ ਇਹ ਸਮਝੌਤਾ ਸੀ ਕਿ ਜਿਹੜਾ ਸਿੰਘ ਪ੍ਰਸ਼ਾਦਾ ਬਣਾਵੇ, ਦੂਸਰਾ ਉਸ ਨੂੰ ਗੁਰਬਾਣੀ ਦਾ ਪਾਠ ਸੁਣਾਵੇ।

ਆਪ ਜੀ ਨੂੰ ਖੇਤੀਬਾੜੀ ਤੇ ਦੁੱਧ ਵਾਲੇ ਪਸ਼ੂ ਰੱਖਣ ਦੀ ਬਹੁਤ ਸ਼ੌਂਕ ਸੀ। ਤਲਵਾੜੇ ਲਾਗੇ ਥੋੜੀ ਜਮੀਨ ਲੈ ਲਈ ਜਿਸ ਵਿਚ ਗੁਜਾਰੇ ਜੋਗਾ ਅਨਾਜ, ਸਬਜੀਆਂ ਅਤੇ ਪਸ਼ੂਆਂ ਲਈ ਚਾਰਾ ਬੀਜ ਲੈਂਦੇ ਸਨ। ਕਣਕ ਦੀ ਵਾਢੀ ਸਾਰੇ ਪ੍ਰੀਵਾਰ ਨੂੰ ਨਾਲ ਲੈ ਕੇ ਆਪਣੇ ਹੱਥੀ ਕਰਦੇ ਸਨ। ਪਸ਼ੂਆਂ ਨੂੰ ਵੀ ਬਾਣੀ ਸੁਣਾਉਣ ਲਈ, ਇਕ ਸਪੀਕਰ ਉਨ੍ਹਾਂ ਕੋਲ ਰੱਖ ਕੇ ਬਾਣੀ ਦੇ ਸ਼ਬਦ ਲਾ ਦਿੰਦੇ ਸਨ। ਰੱਖੀਆਂ ਹੋਈਆਂ ਗਾਈਆਂ, ਮੱਝਾਂ ਵੀ ਇਸ ਤਰ੍ਹਾਂ ਗਿੱਝ ਗਈਆਂ ਕਿ ਉਹ ਬਾਣੀ ਸੁਣ ਕੇ ਹੀ ਦੁੱਧ ਦਿੰਦੀਆਂ ਸਨ। ਜੇ ਕੋਈ ਹੋਰ ਲੈ ਕੇ ਚਲਾ ਜਾਵੇ ਤਾਂ ਉੱਥੇ ਦੁੱਧ ਨਹੀਂ ਸਨ ਦਿੰਦੀਆਂ। ਜਦੋਂ ਪਸ਼ੂ ਦੁਧ ਦੇਣਾ ਬੰਦ ਕਰ ਦਿੰਦੇ ਸਨ ਤਾਂ ਆਪ ਉਸ ਤੋਂ ਬਾਅਦ ਵੀ ਉਨ੍ਹਾਂ ਨੂੰ ਆਪਣੇ ਕੋਲ ਰੱਖ ਕੇ ਸੇਵਾ ਕਰਦੇ ਰਹਿੰਦੇ ਸਨ। ਇਹ ਗੁਰਬਾਣੀ ਦੀ ਪਾਰਸ ਕਲਾ ਵਰਤਣ ਦਾ ਇਕ ਪ੍ਰਤੱਖ ਨਮੂਨਾ ਸੀ।

ਆਪਣੇ ਬੱਚਿਆਂ ਨੂੰ ਗੁਰਸਿੱਖੀ ਰਹਿਤ ਬਹਿਤ ਰੱਖਣ ਲਈ ਬਹੁਤ ਚੰਡ ਕੇ ਰੱਖਿਆ ਹੋਇਆ ਸੀ। ਕੋਈ ਵੀ ਬੱਚਾ ਨਿਤਨੇਮ ਕਰਨ ਤੋਂ ਬਗੈਰ ਨਾਸ਼ਤਾ ਨਹੀਂ ਸੀ ਕਰ ਸਕਦਾ। ਸਵੇਰੇ ਸ਼ਾਮ ਨਿਤਨੇਮ ਤੇ ਕੀਰਤਨ ਦੀ ਹਾਜ਼ਰੀ ਬੱਚਿਆਂ ਲਈ ਲਾਜਮੀ ਸੀ। ਗੁਰਦੁਆਰੇ ਜਾਣ ਲੱਗੇ ਬੱਚੇ ਇਕੱਠੇ ਤੁਰ ਨਹੀਂ ਸੀ ਸਕਦੇ। ਦੋ ਲਾਈਨਾਂ ਬਣਾ ਕੇ ਥੋੜੀ



www.AKJ.Org

ਦੂਰੀ ਰੱਖ ਕੇ ਬਾਣੀ ਦਾ ਪਾਠ ਕਰਾਉਂਦੇ ਲੈ ਕੇ ਜਾਣਾ। ਆਪ ਬੱਚਿਆਂ ਨੂੰ ਕਹਿੰਦੇ ਹੁੰਦੇ ਸਨ ਕਿ ਨਾਮ ਜਾਂ ਬਾਣੀ ਨਾ ਵਿਸਾਰਨਾ ਭਾਵੇਂ ਕਿਤਨਾ ਵੀ ਆਰਥਿਕ ਨੁਕਸਾਨ ਹੋ ਜਾਵੇ, ਕੋਈ ਪ੍ਰਵਾਹ ਨਹੀਂ ਕਰਨੀ। ਕਿਸੇ ਨੁਕਸਾਨ ਹੋਣ ਤੇ ਬੱਚਿਆਂ ਨੂੰ ਕਦੇ ਝਿੜਕਦੇ ਨਹੀਂ ਸਨ। ਪਰ ਨਾਮ ਬਾਣੀ ਵਲੋਂ ਕੋਈ ਆਈ ਢਿੱਲ ਜਾਂ ਆਲਸ ਨੂੰ ਬਰਦਾਸ਼ਤ ਨਹੀਂ ਸਨ ਕਰਦੇ। ਵਿਆਹ ਸ਼ਾਦੀਆਂ ਵਿਚ ਵੀ ਕੋਈ ਸ਼ਗਨ ਜਾਂ ਦਾਜ ਦੇਣ ਦੀ ਬਜਾਏ, ਗੁਰਬਾਣੀ ਦਾ ਪਾਠ ਕਰਕੇ ਅਰਦਾਸ ਕਰਕੇ, ਅਸੀਸਾਂ ਦਿੰਦੇ ਸਨ। ਬੱਚਿਆਂ ਨੂੰ ਹਮੇਸ਼ਾਂ ਗੁਰੂ ਦੀ ਪੜ੍ਹਾਈ ਕਰਨ ਤੇ ਹੀ ਜੋਰ ਦਿੰਦੇ। ਇਸੇ ਕਰਕੇ ਕਿਸੇ ਵੀ ਬੱਚੀ ਨੂੰ ਉਨ੍ਹਾਂ ਕਿੱਤਾ ਮੁਖੀ ਸਿਖਿਆ ਨਹੀਂ ਦਿਵਾਈ, ਸਿਰਫ ਗੁਰੂ ਘਰ ਦੀ ਸੇਵਾ ਵਿਚ ਹੀ ਨਿਪੁੰਨ ਕੀਤਾ। ਇਕ ਬੱਚੀ ਜਦੋਂ ਗਿਆਨੀ ਦੇ ਇਮਤਿਹਾਨ ਵਿਚੋਂ ਸੈਂਕੰਡ ਆਈ ਤੇ ਆਪ ਨੇ ਕਿਹਾ ਕਿ ਜੇ ਤੂੰ ਫੇਲ ਹੋ ਜਾਂਦੀ ਤਾਂ ਮੈਂ ਜਲੇਬੀਆਂ ਵੰਡਣੀਆਂ ਸਨ।

ਸੰਨ 2001 ਵਿਚ ਆਪ ਸਪੈਸ਼ਲ ਗਰੇਡ-I ਵਿਚ ਇੰਸਟਰੈਕਟਰ ਰਿਪੇਅਰ ਦੀ ਪੋਸਟ ਤੋਂ ਸੇਵਾ ਮੁਕਤ ਹੋਏ। ਇਸ ਤੋਂ ਬਾਅਦ ਆਪ ਜੀ ਨੇ ਆਪਣਾ ਪੱਕਾ ਟਿਕਾਣਾ ਰੱਖਣ ਲਈ ਗੁਰੂ ਕੀ ਨਗਰੀ ਸ੍ਰੀ ਅੰਮ੍ਰਿਤਸਰ ਆ ਗਏ। ਪਹਿਲਾਂ ਸੁਲਤਾਨਵਿੰਡ ਪਿੰਡ ਰਿਹਾਇਸ਼ ਰੱਖੀ ਅਤੇ ਆਪਣੀ ਜਾਨ ਤੋਂ ਪਿਆਰੀਆਂ ਗਊਆਂ ਮੱਝਾਂ ਵੀ ਨਾਲ ਹੀ ਰੱਖੀਆਂ। ਸੰਨ 2003 ਵਿਚ ਆਪ ਦੀ ਸਿੰਘਣੀ ਜਦੋਂ ਫਗਵਾੜੇ ਆਪਣੀਆਂ ਬੱਚੀਆਂ ਕੋਲ ਗਈ ਹੋਈ ਸੀ ਤੇ ਅੰਮ੍ਰਿਤ ਵੇਲੇ ਗਰਮੀਆਂ ਵਿਚ ਮਕਾਨ ਦੀ ਛੱਤ ਤੋਂ ਉਤਰਨ ਸਮੇਂ, ਡਿਗਣ ਕਰਕੇ ਦਿਮਾਗ ਵਿਚ ਲੱਗੀ ਸੱਟ ਕਾਰਨ, ਬੇਸੁਧ ਹੋ ਗਈ। ਜਲੰਧਰ ਦੇ ਇਕ ਹਸਪਤਾਲ ਵਿਚ ਦੋ ਤਿੰਨ ਦਿਨ ਰੱਖਣ ਬਾਅਦ ਡਾਕਟਰਾਂ ਨੇ ਜੁਆਬ ਦੇ ਦਿੱਤਾ। ਗੁਰੂ ਸਾਹਿਬ ਜੀ ਤੇ ਭਰੋਸਾ ਰੱਖ ਕੇ ਪ੍ਰੀਵਾਰ ਨੇ ਬੀਬੀ ਜੀ ਨੂੰ ਸ੍ਰੀ ਅੰਮ੍ਰਿਤਸਰ ਲੈ ਆਂਦਾ। ਅੰਤਮ ਸਮਾਂ ਨੇੜੇ ਸਮਝ ਕੇ, ਸਾਰੇ ਪ੍ਰੀਵਾਰ ਨੇ ਸ੍ਰੀ ਅੰਮ੍ਰਿਤਸਰ ਦੀ ਸੰਗਤ ਦੇ ਸਹਿਯੋਗ ਨਾਲ, ਨਾਮ ਬਾਣੀ ਦੇ ਪ੍ਰਵਾਹ ਚਲਾ ਦਿੱਤੇ। ਮੁੱਢਲੀ ਡਾਕਟਰੀ ਸਹਾਇਤਾ ਲਈ ਇਕ ਗੁਰਸਿੱਖ ਦੇ ਨਰਸਿੰਗ ਹੋਮ ਵਿਚ ਦਾਖਲ ਕਰਵਾ ਕੇ ਉੱਥੇ ਭੀ ਸੈਂਚੀਆਂ ਸਹਿਜ ਦੇ ਪਾਠ ਦੇ ਪ੍ਰਵਾਹ ਚਲਾ ਦਿੱਤੇ। ਗੁਰੂ ਤੇ ਰੱਖੇ ਭਰੋਸੇ ਤੇ ਨਾਮ ਬਾਣੀ ਦੀ ਪਾਰਸ ਕਲਾ ਸਦਕਾ, ਕੁਝ ਦਿਨਾਂ ਪਿਛੋਂ ਬੀਬੀ ਜੀ ਦੇ ਸਰੀਰ ਵਿਚ ਥੋੜੀ ਜਿਹੀ ਹਲਚਲ ਸ਼ੁਰੂ ਹੋ ਗਈ। ਜਿਹੜੇ ਡਾਕਟਰ ਨੇ ਸਕੈਨ ਕਰਕੇ ਬੀਬੀ ਜੀ ਦੇ ਨਾ ਬਚਣ ਦਾ ਫਤਵਾ ਲਾਇਆ ਸੀ, ਉਹ ਡਾਕਟਰ ਦੁਬਾਰਾ ਰੀਪੋਰਟ ਦੇਖ ਕੇ ਹੈਰਾਨ ਹੋ ਗਿਆ ਕਿ ਇਹ ਕੀ ਕਲਾ ਵਰਤੀ ਹੈ? ਪ੍ਰੀਵਾਰ ਵਲੋਂ ਲਗਾਤਾਰ ਚਲਾਏ ਨਾਮ ਬਾਣੀ ਦੇ ਪ੍ਰਵਾਹ ਸਦਕਾ ਬੀਬੀ ਜੀ ਕੁਝ ਮਹੀਨਿਆਂ ਬਾਅਦ ਹੌਲੀ-ਹੌਲੀ ਠੀਕ ਹੋ ਗਏ ਅਤੇ ਉਨ੍ਹਾਂ ਦੀ ਯਾਦਦਾਸ਼ਤ ਵੀ ਮੁੜ ਕਾਇਮ ਹੋ ਗਈ ਹੈ। ਬੀਬੀ ਜੀ ਹੁਣ ਨਾਮ ਬਾਣੀ ਨਾਲ ਜੁੜ ਕੇ ਬਾਕੀ ਜੀਵਨ ਬਤੀਤ ਕਰ ਰਹੇ ਹਨ। ਇਹ ਅਜਕਲ ਕਲਯੁਗ ਦੇ ਸਮੇਂ ਵਿਚ ਗੁਰਬਾਣੀ ਦੀ ਪਾਰਸ ਕਲਾ ਵਰਤਣ ਦੀ ਜਾਗਦੀ ਜਿਉਂਦੀ ਉਦਾਹਰਣ ਹੈ।

ਆਪ ਜੀ ਸਰਕਾਰੀ ਉੱਚ ਅਹੁਦੇ ਤੇ ਤਾਇਨਾਤ ਹੋਣ ਦੇ ਬਾਵਜੂਦ, ਬੜੀ ਸਾਦੀ ਪੁਸ਼ਾਕ ਪਹਿਨਦੇ ਸਨ ਤੇ ਸਾਰੀ ਆਯੂ ਆਪਣੀ ਦਸਤਾਰ, ਬਿਨਾ ਸ਼ੀਸ਼ਾ ਦੇਖੇ ਸਜਾਉਂਦੇ ਰਹੇ। ਉਨ੍ਹਾਂ ਦੇ ਪਹਿਰਾਵੇ ਵੱਲ ਦੇਖ ਕੇ ਕੋਈ ਨਹੀਂ ਸੀ ਕਹਿ ਸਕਦਾ ਕਿ ਆਪ ਕਲਾਸ-I ਸਰਕਾਰੀ ਗਜ਼ਟਿਡ ਅਫਸਰ ਸਨ। ਗੁਰੂ ਦੇ ਭਾਣੇ ਅੰਦਰ ਸੰਨ 2004 ਵਿਚ ਆਪ ਜੀ ਦੀਆਂ ਅੱਖਾ ਦੀ ਜੋਤ ਚਲੀ ਗਈ। ਵਧੀਆ ਤੋਂ ਵਧੀਆ ਇਲਾਜ ਦੇ ਬਾਵਜੂਦ ਇਹ ਮੁੜ ਕੇ ਨਹੀਂ ਆ ਸਕੀ, ਪਰ ਆਪ ਜੀ ਨੇ ਇਸ ਭਾਣੇ ਨੂੰ ਮਿੱਠਾ ਕਰਕੇ ਮੰਨਿਆ। ਉਹ ਕਹਿੰਦੇ ਸਨ ਕਿ ਸਾਰੀ ਉਮਰ ਬਾਹਰੋਂ ਦੇਖਦਿਆਂ ਗੁਜ਼ਰ ਗਈ, ਹੁਣ ਗੁਰੂ ਸਾਹਿਬ ਨੇ ਅੰਦਰਲੀ ਪਹਿਚਾਣ ਦਾ ਮੌਕਾ ਬਖਸ਼ਿਆ ਹੈ। ਇਸ ਦੇ ਬਾਵਜੂਦ ਵੀ ਆਪ ਦੇ ਅੰਮ੍ਰਿਤ ਵੇਲੇ ਦੀ ਸੰਭਾਲ, ਨਾਮ ਬਾਣੀ ਦੇ ਅਤੁੱਟ ਕਮਾਈ ਤੇ ਸੰਗਤ ਵਿਚ ਪਹਿਲੇ ਦੀ ਤਰ੍ਹਾਂ ਹੀ ਵਿਚਰਨ ਵਿਚ, ਕੋਈ ਫਰਕ ਨਹੀਂ ਪਿਆ। ਸਾਲ 2017 ਦੇ ਅਖੀਰ ਵਿਚ ਫਿਰ ਆਪ ਜੀ ਨੂੰ ਅਧਰੰਗ ਦਾ ਦੌਰਾ ਪੈ ਗਿਆ ਜਿਸ ਨਾਲ ਇਕ ਪਾਸਾ ਕੰਮ ਕਰਨੋਂ ਹੱਟ ਗਿਆ। ਇਸ ਸਮੇਂ ਆਪ ਦੇ ਸਮੂਹ ਪ੍ਰੀਵਾਰ ਨੇ ਆਪ ਦੀ ਅਣਥੱਕ ਸੇਵਾ ਕੀਤੀ। ਆਪ ਜੀ ਨੂੰ



www.AKJ.Org

ਅਧਰੰਗ ਦੇ ਅਟੈਕ ਹੋਣ ਦੇ ਬਾਵਜੂਦ ਵੀ, ਆਪ ਗੁਰਬਾਣੀ ਦਾ ਅਦਬ ਸਤਿਕਾਰ ਕਰਦੇ ਹੋਏ, ਰੇਡੀਓ ਜਾ ਟੀ.ਵੀ. ਤੋਂ ਗੁਰਬਾਣੀ ਦਾ ਪਾਠ ਜਾਂ ਕੀਰਤਨ ਹੇਠਾਂ ਬੈਠ ਕੇ ਸ੍ਰਵਣ ਕਰਦੇ ਸਨ। ਇਸ ਦੌਰਾਨ ਆਪ ਨੂੰ ਕਈ ਵਾਰ ਹਸਪਤਾਲ ਵੀ ਲਿਜਾਣਾ ਪਿਆ। ਜ਼ਿਆਦਾ ਸਿਹਤ ਖਰਾਬ ਹੋਣ ਤੇ ਪ੍ਰੀਵਾਰ ਦੇ ਮੈਂਬਰਾ ਨੇ ਤਿੰਨ ਸ੍ਰੀ ਅਖੰਡ ਪਾਠ ਸਾਹਿਬ ਆਪ ਜੀ ਦੀ ਚੜਦੀ ਕਲਾ ਵਾਸਤੇ ਕੀਤੇ। ਅੰਤ ਇਹ ਗੁਰਮੁਖ ਰੂਪ ਮਿਤੀ 6 ਅਪ੍ਰੈਲ 2019 ਨੂੰ ਗੁਰੂ-ਗੁਰੂ ਜਪਦੀ ਗੁਰੂ ਚਰਨਾਂ ਵਿਚ ਜਾ ਬਿਰਾਜੀ।

# ਭਾਈ ਪ੍ਰੀਤ ਸਿੰਘ ਜੀ ਦਿੱਲੀ

ਭਾਈ ਗੁਰਦੀਪ ਸਿੰਘ, ਸ੍ਰੀ ਅੰਮ੍ਰਿਤਸਰ

ਜਥੇ ਦੇ ਕੇਂਦਰੀ ਸਮਾਗਮਾਂ ਦੀ ਸਟੇਜ ਦਾ ਸਿੰਗਾਰ, ਨਾਮ ਰੰਗਾਂ ਵਿਚ ਮਸਤਾਨੇ ਰਹਿਣ ਵਾਲੇ, ਨਿਰਬਾਣ ਕੀਰਤਨੀਏ ਭਾਈ ਪ੍ਰੀਤ ਸਿੰਘ ਜੀ ਦਾ ਜਨਮ 15 ਅਗਸਤ 1938 ਨੂੰ ਪਿੰਡ ਜਨਕਪੁਰ ਤਹਿਸੀਲ ਖਾਨੇਵਾਲਾ ਜ਼ਿਲ੍ਹਾ ਮੁਲਤਾਨ ਪਾਕਿਸਤਾਨ ਵਿਚ ਹੋਇਆ। ਆਪ ਜੀ ਦੇ ਪਿਤਾ ਜੀ ਦਾ ਨਾਮ ਸ. ਹਰਨਾਮ ਸਿੰਘ ਅਤੇ ਮਾਤਾ ਸੀਤਾ ਬਾਈ ਸੀ। ਆਪ ਜੀ ਭਾਈ ਜੋਧ ਰਾਇ ਜੀ ਜੋ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਦੇ ਅਨਿੰਨ ਸਿੱਖ ਸਨ ਦੀ ਅੰਸ਼ ਵਿਚੋਂ ਸਨ। ਇਸ ਵੰਸ਼ ਨੂੰ ਗੁਰੂ ਸਾਹਿਬ ਵਲੋਂ ਵਰ ਮਿਲਿਆ ਹੋਇਆ ਸੀ ਕਿ ਪ੍ਰਵਾਰ ਵਿਚ ਸਿੱਖੀ ਰਹੇਗੀ। ਆਪ ਜੀ ਛੇ ਭਰਾਵਾਂ ਅਤੇ ਇਕ ਭੈਣ ਵਿਚੋਂ ਇਕੱਲੇ ਹੀ ਅੰਮ੍ਰਿਤ ਛੱਕ ਕੇ ਸਿੰਘ ਸਜੇ। ਮਾਤਾ ਜੀ ਹਿੰਦੂ ਪ੍ਰੀਵਾਰ ਵਿਚੋਂ ਹੋਣ ਕਰਕੇ ਸਾਰੇ ਪ੍ਰੀਵਾਰ ਤੇ ਹਿੰਦੂ ਰਹੁ-ਰੀਤਾਂ ਦਾ ਬਹੁਤ ਅਸਰ ਸੀ। ਬੇਸ਼ਕ ਪਿਤਾ ਜੀ ਸਿੱਖ ਸਨ ਪਰ ਦੇਸ਼ ਦੀ ਵੰਡ ਵੇਲੇ ਜਾਨਾਂ ਬਚਾਉਣ ਦੀ ਖਾਤਰ ਮਾਤਾ ਜੀ ਨੇ ਛੋਟੇ ਬੱਚਿਆਂ ਦੇ ਕੇਸ ਕਤਲ ਕਰਵਾ ਦਿੱਤੇ।

ਆਪ ਜੀ ਨੇ ਮੁੱਢਲੀ ਪੜ੍ਹਾਈ ਤਾਂ ਪਾਕਿਸਤਾਨ ਰਹਿੰਦੇ ਸਮੇਂ ਪਿੰਡ ਦੇ ਸਕੂਲ ਵਿਚ ਸ਼ੁਰੂ ਕੀਤੀ ਸੀ ਪ੍ਰੰਤੂ ਦੇਸ਼ ਦੀ ਵੰਡ ਤੋਂ ਬਾਅਦ ਮੈਟਰਿਕ ਦਿੱਲੀ ਆ ਕੇ ਪਾਸ ਕੀਤੀ ਅਤੇ ਉਸ ਤੋਂ ਬਾਅਦ ਐਫ.ਏ (ਇੰਟਰ) ਵੀ ਪਾਸ ਕਰ ਲਈ। ਇਸ ਤੋਂ ਬਾਅਦ ਆਪ ਜੀ ਨੇ ਭਾਰਤੀ ਫੌਜ ਵਿਚ ਨੌਕਰੀ ਕਰ ਲਈ। ਇਸ ਨੌਕਰੀ ਦੌਰਾਨ ਪਹਿਲਾਂ ਆਪ ਨੇ ਕੇਸ ਰੱਖੇ। ਫਿਰ ਆਪ ਜੀ ਦੇ ਪਿਤਾ ਜੀ ਨੇ ਆਪ ਨੂੰ ਗੁਰੂ ਸਾਹਿਬ ਜੀ ਦੀ ਚਰਨੀ ਲਾਇਆ ਅਤੇ ਆਪ ਨੇ ਸਹਿਜ ਪਾਠ ਕਰਨੇ ਸ਼ੁਰੂ ਕਰ ਦਿੱਤੇ। ਇਸ ਵੇਲੇ ਆਪ ਦੀ ਪੋਸਟਿੰਗ ਰੇਸ ਕੋਰਸ ਵਿਚ ਸੀ। ਉਥੋਂ ਤਿਲਕ ਨਗਰ ਆਪਣੇ ਘਰ ਪਾਠ ਕਰਨ ਜਾਇਆ ਕਰਦੇ ਸਨ ਅਤੇ ਹੌਲੀ-ਹੌਲੀ ਗੁਰਬਾਣੀ ਦੇ ਪਾਠ ਦਾ ਅਨੰਦ ਆਉਣ ਲੱਗ ਪਿਆ। ਦਿੱਲੀ ਤੋਂ ਆਪ ਦੀ ਬਦਲੀ ਨੇਫਾ (NEFA) ਬਾਰਡਰ ਆਸਾਮ ਦੀ ਹੋ ਗਈ। ਨੌਕਰੀ ਕਰਦੇ ਸਮੇਂ 1961-62 ਵਿਚ ਆਪ ਜੀ ਦਾ ਮਿਲਾਪ ਭਾਈ ਤੇਜਿੰਦਰ ਸਿੰਘ ਜੀ ਉਰਫ ਜਗਤ ਸਿੰਘ ਜੀ ਨਾਲ ਹੋ ਗਿਆ ਤੇ ਉਨ੍ਹਾਂ ਦੀ ਪ੍ਰੇਰਨਾ ਤੇ ਉਸ ਸਮੇਂ ਲੁਧਿਆਣੇ ਵੈਸਾਖੀ ਸਮਾਗਮ ਤੇ ਨਾਮ ਬਾਣੀ ਦੇ ਲਾਹੇ ਲੈਣ ਲਈ ਪੁੱਜ ਗਏ। ਸ੍ਰੀ ਅਖੰਡ ਪਾਠ ਸਾਹਿਬ ਚਲ ਰਹੇ ਸਨ। ਜਦੋਂ ਮੱਥਾ ਟੇਕ ਕੇ ਬੈਠੇ ਤਾਂ ਮਾਸਟਰ ਜੋਗਿੰਦਰ ਸਿੰਘ ਜੀ ਬੜੂੰਦੀ ਵਾਲੇ ਪਾਠ ਦੀ ਸੇਵਾ ਕਰ ਰਹੇ ਸਨ। ਪਾਠ ਸੁਣਦਿਆਂ ਇਕ ਪ੍ਰਤੱਖ ਨਜ਼ਾਰਾ ਦੇਖਿਆ ਕਿ ਜਿਹੜੀ ਬਾਣੀ ਉਹ ਪੜ੍ਹ ਰਹੇ ਸਨ, ਉਹ ਸਾਰੀ ਬਾਣੀ ਲਾਗੇ ਰੱਖੇ ਕੁੰਭ ਦੇ ਜਲ ਵਿਚ ਸਮਾਂ ਰਹੀ ਸੀ। ਆਪ ਜੀ ਨੇ ਜਲ ਛੱਕਣ ਦੀ ਇੱਛਾ ਜ਼ਾਹਰ ਕੀਤੀ ਤਾਂ ਸਿੰਘਾਂ ਨੇ ਦੱਸਿਆ ਕਿ ਇਸ ਜਲ ਨਾਲ ਅੰਮ੍ਰਿਤ ਦਾ ਬਾਟਾ ਤਿਆਰ ਹੋਣਾ ਹੈ। ਇਹ ਜਲ ਅੰਮ੍ਰਿਤ ਛੱਕਣ ਤੇ ਹੀ ਮਿਲ ਸਕਦਾ ਹੈ। ਬਸ ਆਪ ਜੀ ਉਸੇ ਵੇਲੇ ਅੰਮ੍ਰਿਤ ਛੱਕਣ ਲਈ ਤਿਆਰ ਹੋ ਗਏ। ਉਸੇ ਸਮਾਗਮ ਤੇ ਹੀ ਅੰਮ੍ਰਿਤ ਛੱਕ ਕੇ ਤਿਆਰ-ਬਰ-ਤਿਆਰ



www.AKJ.Org

ਸਿੰਘ ਸਜ ਗਏ ਤੇ ਸਰਬ ਲੋਹ ਬਿਬੇਕ ਰਹਿਤ ਦੇ ਧਾਰਨੀ ਹੋ ਗਏ। ਇਸ ਤੋਂ ਬਾਅਦ ਆਪ ਜਥੇ ਦੇ ਲੋਕਲ ਹਫਤਾਵਾਰੀ ਸਮਾਗਮਾਂ ਅਤੇ ਕੇਂਦਰੀ ਸਮਾਗਮਾਂ ਦੀ ਹਾਜ਼ਰੀ ਭਰਨ ਲੱਗ ਪਏ ਅਤੇ ਤਾਅ ਜ਼ਿੰਦਗੀ ਨਾਮ ਬਾਣੀ ਦੇ ਲਾਹੇ ਲੈਂਦੇ ਰਹੇ।

ਸੰਨ 1967 ਵਿਚ ਆਪ ਜੀ ਦਾ ਅਨੰਦ ਕਾਰਜ ਬੀਬੀ ਰਾਜਿੰਦਰ ਕੌਰ ਸਪੁੱਤਰੀ ਬਾਬਾ ਕਰਮ ਸਿੰਘ ਬੇਦੀ ਵਾਸੀ ਡੇਰਾ ਬਾਬਾ ਨਾਨਕ ਜ਼ਿਲ੍ਹਾ ਗੁਰਦਾਸਪੁਰ ਨਾਲ ਹੋਇਆ। ਬੀਬੀ ਜੀ ਦੇ ਪਿਤਾ ਜੀ ਰਿਟਾਇਰਮੈਂਟ ਤੋਂ ਬਾਅਦ ਦਿੱਲੀ ਆ ਗਏ ਸਨ। ਬੀਬੀ ਜੀ ਨੇ ਅਨੰਦ ਕਾਰਜ ਤੋਂ ਕੁਝ ਦਿਨ ਪਹਿਲਾਂ ਹੀ ਅੰਮ੍ਰਿਤ ਛੱਕ ਕੇ ਦਸਤਾਰ (ਕੇਸਕੀ) ਸਜਾਈ ਸੀ। ਆਪ ਜੀ ਦੇ ਘਰ ਦੋ ਪੁੱਤਰ ਅਤੇ ਤਿੰਨ ਪੁੱਤਰੀਆਂ ਨੇ ਜਨਮ ਲਿਆ ਜੋ ਕਿ ਸਾਰੇ ਹੀ ਅੰਮ੍ਰਿਤਧਾਰੀ ਅਤੇ ਗੁਰਸਿਖੀ ਰਹਿਤ ਬਹਿਤ ਦੇ ਧਾਰਨੀ ਹਨ। ਅੱਜ ਕਲ ਇਨ੍ਹਾਂ ਦੀ ਸਿੰਘਣੀ ਆਪਣੇ ਬੱਚਿਆਂ ਨਾਲ ਸ੍ਰੀ ਅਨੰਦਪੁਰ ਸਾਹਿਬ ਨਿਵਾਸ ਰੱਖ ਰਹੀ ਹੈ।

ਆਪ ਜੀ ਏਅਰ ਫੋਰਸ ਵਿਚ ਨੌਕਰੀ ਕਰਦਿਆਂ ਭਾਰਤ ਦੇ ਵੱਖ-ਵੱਖ ਸ਼ਹਿਰਾਂ ਵਿਚ ਵਿਚਰਦੇ ਰਹੇ ਜਿਵੇਂ ਕਿ ਦਿੱਲੀ, ਨੇਫਾ (ਆਸਾਮ), ਬੰਗਲੌਰ, ਗਵਾਲੀਅਰ, ਬੀਕਾਨੇਰ ਅਤੇ ਕਾਨਪੁਰ ਆਦਿ। ਆਪ ਜੀ ਦਾ ਗੁਰਮਤਿ ਰਹਿਤ ਬਹਿਤ ਦੇ ਅਸੂਲਾਂ ਦੇ ਧਾਰਨੀ ਹੋਣ ਕਾਰਨ ਅਤੇ ਹਰ ਸਮਾਗਮ ਤੇ ਪਹੁੰਚਣ ਲਈ ਛੁੱਟੀ ਆਦਿ ਦਾ ਰੇੜਕਾ ਚਲਦਾ ਹੀ ਰਹਿੰਦਾ ਸੀ। ਇਸੇ ਤਰ੍ਹਾਂ ਦਾੜ੍ਹਾ ਪ੍ਰਕਾਸ਼ ਰੱਖਣ ਤੇ ਵੀ ਆਪ ਨੂੰ ਕਈ ਵਾਰ ਅਫਸਰਾਂ ਦੀਆਂ ਸਖ਼ਤੀਆਂ ਝਲਣੀਆਂ ਪਈਆਂ। ਇਸ ਕਾਰਨ ਆਪ ਜੀ ਨੇ ਸਾਰਜੈਂਟ ਭਰਤੀ ਹੋ ਕੇ ਇਸ ਅਹੁਦੇ ਤੇ ਹੀ ਸੰਨ 1975 ਵਿਚ ਜ਼ਬਰਦਸਤੀ ਦਾੜ੍ਹੇ ਬੰਨਣ ਦੇ ਹੁਕਮ ਕਾਰਨ, ਏਅਰ ਫੋਰਸ ਦੀ ਨੌਕਰੀ ਤੋਂ ਫਾਰਗੀ ਲੈ ਲਈ। ਕਈ ਵਾਰ ਸਮਾਗਮਾਂ ਦੀ ਹਾਜ਼ਰੀ ਭਰਨ ਲਈ ਛੁੱਟੀ ਨਾ ਮਨਜ਼ੂਰ ਹੋਣ ਤੇ ਵੀ, ਆਪ ਅਫਸਰਾਂ ਨੂੰ ਬਿਨ੍ਹਾਂ ਦਸੇ ਪੁੱਛੇ ਨੌਕਰੀ ਦੀ ਪ੍ਰਵਾਹ ਨਾ ਕਰਦੇ ਹੋਏ, ਸਮਾਗਮਾਂ ਵਿਚ ਨਾਮ ਬਾਣੀ ਦੇ ਲਾਹੇ ਲੈਣ ਲਈ ਪਹੁੰਚ ਜਾਂਦੇ ਸਨ। ਕਈ ਵਾਰ ਸਜਾਵਾਂ ਵੀ ਹੋਈਆਂ, ਪਰ ਆਪ ਹਮੇਸ਼ਾਂ ਬੇ ਪਰਵਾਹ ਹੀ ਰਹੇ।

ਜਥੇਦਾਰ ਭਾਈ ਰਾਮ ਸਿੰਘ ਜੀ ਅਤੇ ਬੀਬੀ ਬਲਵੰਤ ਕੌਰ ਜੀ ਨਾਲ ਆਪ ਦਾ ਬਹੁਤ ਗੂੜਾ ਸੰਬੰਧ ਅਤੇ ਨਿੱਘਾ ਸਨੇਹ ਸੀ। ਜਥੇਦਾਰ ਸਾਹਿਬ ਜੀ ਦੀ ਕਾਨਪੁਰ ਹਿੰਦੁਸਤਾਨ ਏਰੋਨੋਟਿਨਸ ਲਿਮਟਿਡ (HAL) ਵਿਚ ਨੌਕਰੀ ਸਮੇਂ ਆਪ ਜੀ ਦੀ ਵੀ ਪੋਸਟਿੰਗ ਕਾਨਪੁਰ ਹੋ ਗਈ। ਕਾਨਪੁਰ ਉਸ ਵੇਲੇ ਪੁਰਾਤਨ ਗੁਰਸਿੱਖਾਂ ਦਾ ਗੜ੍ਹ ਸੀ ਅਤੇ ਸ੍ਰੀ ਮਾਨ ਬਾਊ ਮਲ ਸਿੰਘ ਜੀ ਵੀ ਕਈ ਕਈ ਮਹੀਨੇ ਜਥੇਦਾਰ ਸਾਹਿਬ ਕੋਲ ਆ ਕੇ ਠਹਿਰਦੇ ਸਨ। ਜਥੇਦਾਰ ਸਾਹਿਬ ਜੀ ਆਪਣੀ ਸਿੰਘਣੀ ਬਲਵੰਤ ਕੌਰ ਜੀ ਨਾਲ ਮਿਲ ਕੇ ਆਮ ਤੌਰ 'ਤੇ ਦਰਵਾਜ਼ਾ ਬਾਹਰੋਂ ਬੰਦ ਕਰਵਾ ਕੇ ਸ੍ਰੀ ਅਖੰਡ ਪਾਠ ਸਾਹਿਬ ਕਰਦੇ ਰਹਿੰਦੇ ਸਨ ਤੇ ਕਿਸੇ ਨੂੰ ਭਿਣਕ ਵੀ ਨਹੀਂ ਸਨ ਪੈਣ ਦਿੰਦੇ। ਹੌਲੀ-ਹੌਲੀ ਇਹ ਖਬਰ ਆਪ ਜੀ ਸਮੇਤ ਕੁਝ ਸਿੰਘਾਂ ਨੂੰ ਮਿਲ ਗਈ ਤੇ ਸਿੰਘ ਕੰਧਾਂ ਟੱਪ ਕੇ ਘਰ ਆ ਜਾਂਦੇ ਸਨ ਤੇ ਰਲ ਮਿਲ ਕੇ ਲਗਾਤਾਰ ਨਾਮ ਬਾਣੀ ਦੇ ਲਾਹੇ ਲੈਂਦੇ ਸਨ। ਇਕ ਵਾਰ ਆਪ ਜੀ ਨੇ ਤਿੰਨ ਸਹਿਜ ਪਾਠਾਂ ਦੇ ਭੋਗ ਪਾ ਕੇ ਸਮਾਗਮ ਕਰਨਾਂ ਸੀ। ਸਮਾਗਮ ਤੋਂ ਇਕ ਦਿਨ ਪਹਿਲਾਂ ਲੰਗਰ ਦੀ ਰਸਦ ਤੇ ਹੋਰ ਪ੍ਰਬੰਧ ਕਰਨ ਵਿਚ ਸਾਰਾ ਦਿਨ ਰੁੱਝ ਰਹੇ। ਤੀਜੇ ਸਹਿਜ ਪਾਠ ਦੇ ਭੋਗ ਲਈ ਅਜੇ ਤਕਰੀਬਨ ਸੌ ਤੋਂ ਉਪਰ ਅੰਗਾਂ ਦਾ ਪਾਠ ਰਹਿੰਦਾ ਸੀ। ਰੁਝੇਵੇਂ ਕਾਰਨ ਦਿਨੇ ਸਿੰਘਣੀ ਅਤੇ ਆਪ ਪਾਠ ਨਾ ਕਰ ਸਕੇ ਤੇ ਭੋਗ ਤਿਆਰ ਕਰਨ ਲਈ, ਰਾਤ ਨੂੰ ਦੇਰ ਗਈ ਤੇ ਪਾਠ ਸ਼ੁਰੂ ਕੀਤਾ। ਥਕੇਵੇਂ ਅਤੇ ਨੀਂਦਰ ਦੇ ਜ਼ੋਰ ਪਾਉਣ 'ਤੇ ਆਪ ਜੀ ਅੱਖਾਂ ਦੀਆਂ ਦੋਵੇਂ ਪਲਕਾਂ ਹੱਥ ਵਿਚ ਫੜ ਕੇ ਪਾਠ ਕਰਨ ਲੱਗ ਪਏ ਅਤੇ ਅੰਮ੍ਰਿਤ ਵੇਲਾ ਵੀ ਹੋ ਗਿਆ। ਇਸ ਸਮੇਂ ਜਥੇਦਾਰ ਸਾਹਿਬ ਜੀ ਨੂੰ ਅੰਤਰ-ਆਤਮੇ ਖਿੱਚ ਪਈ। ਉਨ੍ਹਾਂ ਨੇ ਕਾਹਲੀ ਨਾਲ ਆਪਣਾ ਨਿਤਨੇਮ ਪੂਰਾ ਕਰਕੇ ਆਪ ਜੀ ਦੇ ਘਰ ਜਾ ਕੇ ਆਪ ਜੀ ਨੂੰ ਪਾਠ ਦੀ ਸੇਵਾ ਤੋਂ ਉਠਾਇਆ ਤੇ ਨਾਲ ਹੀ ਬਚਨ ਕੀਤਾ ਕਿ ਸਿੰਘ ਨੂੰ ਹੱਠ ਨਹੀਂ ਕਰਨਾ ਚਾਹੀਦਾ। ਭਾਣੇ ਵਿਚ ਰਹਿ ਕੇ ਹੀ ਨਾਮ ਬਾਣੀ ਦੇ ਲਾਹੇ ਲੈ ਕੇ ਜੀਵਨ ਬਤੀਤ ਕਰਨਾ ਚਾਹੀਦਾ ਹੈ। ਆਪ ਜੀ ਦਾ ਜਥੇ ਪੁਰਾਤਨ ਸਿੰਘਾਂ ਬਾਊ ਮਲ ਸਿੰਘ ਜੀ, ਜਥੇਦਾਰ ਭਾਈ ਰਾਮ ਸਿੰਘ ਜੀ, ਡਾਕਟਰ ਸੁਰਿੰਦਰ



www.AKJ.Org

ਸਿੰਘ ਜੀ, ਚਾਨੀ ਜੀ, ਗਾਰਡ ਸਾਹਿਬ ਨਾਲ ਬਹੁਤ ਪਿਆਰ ਸੀ। ਆਪ ਸਿੰਘਾਂ ਤੋਂ ਵਾਰਨੇ ਘੋਲੇ ਜਾਣ ਨੂੰ ਹਰ ਵੇਲੇ ਤਿਆਰ ਰਹਿੰਦੇ ਸਨ ਤੇ ਗੁਰਸਿੱਖਾਂ ਨੂੰ ਦੇਖ ਕੇ ਮਨ ਖਿੜ ਜਾਂਦਾ ਸੀ ਤੇ ਉਨ੍ਹਾਂ ਦੀ ਹਰ ਤਰ੍ਹਾਂ ਦੀ ਸੇਵਾ ਕਰਨ ਨੂੰ ਤਤਪਰ ਹੋ ਜਾਂਦੇ ਸਨ। ਭਾਵੇਂ ਤਨਖਾਹ ਥੋੜ੍ਹੀ ਹੀ ਸੀ ਤੇ ਪ੍ਰੀਵਾਰ ਵੀ ਵੱਡਾ ਸੀ ਪਰ ਆਪ ਕਦੇ ਵੀ ਸੇਵਾ ਤੋਂ ਕਤਰਾਉਂਦੇ ਨਹੀਂ ਸਨ। ਇਕ ਵਾਰ ਸਿੰਘਾਂ ਨਾਲ ਯਾਤਰਾ ਕਰਦੇ ਹੋਏ ਜਥੇਦਾਰ ਸਾਹਿਬ ਜੀ ਆਪ ਨੂੰ ਗੁਰਦੁਆਰਾ ਬੰਗਲਾ ਸਾਹਿਬ ਮਿਲ ਪਏ। ਆਪ ਖੁਸ਼ੀ ਵਿਚ ਖੀਵੇ ਹੋਏ ਇਤਨੀ ਫੁਰਤੀ ਨਾਲ ਘਰ ਨੂੰ ਭੱਜੇ ਅਤੇ ਬਹੁਤ ਥੋੜੇ ਸਮੇਂ ਵਿਚ ਹੀ ਸੰਗਤਾਂ ਲਈ ਲੰਗਰ ਲੈ ਕੇ ਵਾਪਿਸ ਗੁਰਦੁਆਰਾ ਸਾਹਿਬ ਆ ਪਹੁੰਚੇ।

ਆਪ ਜੀ ਉੱਚ ਆਤਮਿਕ ਅਵਸਥਾ, ਧਰਮ ਦੀ ਕਿਰਤ ਵਿਰਤ, ਨਾਮ ਬਾਣੀ ਦੀ ਕਮਾਈ ਅਤੇ ਰਹਿਤ ਬਹਿਤ ਦੇ ਧਾਰਨੀ ਹੋਣ ਕਰਕੇ ਪੰਚਾਂ ਦੀ ਸੇਵਾ ਵਿਚ ਵੀ ਸ਼ਾਮਿਲ ਹੁੰਦੇ ਰਹੇ ਹਨ। ਜਿੱਥੇ ਆਪ ਅਖੰਡ ਪਾਠੀ ਸਨ, ਉੱਥੇ ਸਿੰਘਣੀ ਸਮੇਤ ਸਾਰੇ ਬੱਚੇ ਬੱਚੀਆਂ ਨੂੰ ਇਹ ਦਾਤ ਬਖਸ਼ੀ। ਆਪ ਜੀ ਹਰ ਰੋਜ਼ ਅੰਮ੍ਰਿਤ ਵੇਲੇ ਘਰ ਵਿਚ ਹੀ ਸਿੱਧੀਆਂ ਧਾਰਨਾਂ ਤੇ ਕੀਰਤਨ ਕਰਦੇ ਹੁੰਦੇ ਸਨ। ਚਾਹੇ ਆਪ ਨੂੰ ਹਰਮੋਨੀਅਮ ਵਜਾਉਣ ਦੀ ਮੁਹਾਰਤ ਨਹੀਂ ਸੀ ਪ੍ਰੰਤੂ ਆਪ ਸਿਰਫ ਦੋ ਉਂਗਲਾਂ ਨਾਲ ਹੀ ਵਾਜਾ ਵਜਾ ਕੇ ਕੰਮ ਸਾਰ ਲੈਂਦੇ ਸਨ ਤੇ ਬਹੁਤ ਹੀ ਪ੍ਰੇਮ ਵੈਰਾਗ ਵਿਚ ਸ਼ਬਦ ਪੜ੍ਹਦੇ ਹੁੰਦੇ ਸਨ। ਸਟੇਜ ਤੇ ਆਪ ਹਮੇਸ਼ਾਂ, ਤਬਲੇ ਵਾਲੇ ਕੋਲ ਕੀਰਤਨ ਸੁਣਨ ਤੇ ਬੋਲਣ ਲਈ ਸਜਦੇ ਸਨ। ਕਈ ਵਾਰ ਨਾਮ ਰੰਗਾਂ ਅਤੇ ਆਪਣੀ ਮਸਤੀ ਵਿਚ ਐਸੀ ਕਿਲਕਾਰੀ ਮਾਰਦੇ ਸਨ ਕਿ ਕੀਰਤਨੀਏ ਨੂੰ ਵੀ ਬੇਤਾਲਾ ਕਰ ਦਿੰਦੇ ਸਨ ਕਈ ਵਾਰ ਭਾਈ ਮਿਹਰ ਸਿੰਘ ਜੀ ਆਪ ਤੋਂ ਬਹੁਤ ਔਖੇ ਹੋ ਜਾਂਦੇ ਸਨ ਪਰ ਫਿਰ ਆਪ ਜੀ ਦੀ ਮਸਤੀ ਦੇਖ ਕੇ ਚੁੱਪ ਹੋ ਜਾਂਦੇ ਸਨ।

ਸੰਨ 1975 ਵਿਚ ਏਅਰ ਫੋਰਸ ਵਿਚ ਨੌਕਰੀ ਕਰਦੇ ਸਿੰਘਾਂ ਤੇ ਦਾੜ੍ਹਾ ਪ੍ਰਕਾਸ਼ ਰੱਖਣ ਦੀ ਪਾਬੰਦੀ, ਸਖ਼ਤੀ ਨਾਲ ਲਾਗੂ ਕਰਨ ਤੇ ਆਪ ਜੀ ਨੇ ਇਹ ਨੌਕਰੀ ਛੱਡ ਦਿੱਤੀ। ਇਸ ਵੇਲੇ ਆਪ ਜੀ ਦੇ ਵੱਡੇ ਭਾਈ ਸਾਹਿਬ ਜੀ ਜੋ ਹਿੰਦੂ ਸਹਿਜਧਾਰੀ ਸਨ, ਨੇ ਕਿਹਾ ਕਿ ਜੇ ਹੁਣ ਤੈਨੂੰ ਕੋਈ ਨੌਕਰੀ ਮਿਲ ਗਈ ਤਾਂ ਮੈਂ ਸਮਝਾ ਕਿ ਤੈਨੂੰ ਰੱਬ ਮਿਲ ਗਿਆ ਹੈ। ਗੁਰੂ ਸਾਹਿਬ ਜੀ ਨੇ ਆਪਣੇ ਸੇਵਕ ਦੀ ਐਸੀ ਪੈਜ ਰੱਖੀ ਕਿ ਆਪ ਜੀ ਨੂੰ ਪੰਜਾਬ ਐਂਡ ਸਿੰਧ ਬੈਂਕ ਵਿਚ ਕੈਸ਼ੀਅਰ ਦੀ ਨੌਕਰੀ 6 ਮਹੀਨੇ ਬਾਅਦ ਹੀ ਮਿਲ ਗਈ। ਇਸ ਤੋਂ ਬਾਅਦ ਆਪ ਬੈਂਕ ਤੋਂ ਰਿਟਾਇਰ ਹੋਣ ਤੱਕ ਦਿੱਲੀ ਵਿਚ ਹੀ ਨੌਕਰੀ ਕਰਦੇ ਰਹੇ। ਮੁੜ ਦਾੜ੍ਹਾ ਬੰਨਣ ਦਾ ਕੋਈ ਝੰਜਟ ਨਹੀਂ ਪਿਆ ਤੇ ਸਮਾਗਮਾਂ ਦੀ ਹਾਜ਼ਰੀ ਭਰਨ ਵਾਸਤੇ ਛੁੱਟੀ ਆਦਿ ਦਾ ਵੀ ਕੋਈ ਰੁਕਾਵਟ ਨਹੀਂ ਪਈ। ਆਪ ਬਿਨਾਂ ਕਿਸੇ ਰੋਕ ਟੋਕ ਲੋਕਲ ਅਤੇ ਕੇਂਦਰੀ ਸਮਾਗਮਾਂ ਦੀ ਪ੍ਰੀਵਾਰ ਸਮੇਤ ਹਾਜ਼ਰੀ ਭਰਦੇ ਰਹੇ। ਬੈਂਕ ਤੋਂ L.T.C. ਦੀ ਸਹੂਲਤ ਨਾਲ ਹਰ ਦੋ ਸਾਲ ਬਾਅਦ ਗੁਰਧਾਮਾਂ ਦੀ ਯਾਤਰਾ ਵੀ ਕਰਦੇ ਰਹੇ।

ਬੈਂਕ ਦੀ ਨੌਕਰੀ ਕਰਨ ਸਮੇਂ ਆਪ ਨੇ ਉੱਤਮ ਨਗਰ ਵਿਖੇ ਆਪਣਾ ਮਕਾਨ ਬਣਾ ਲਿਆ ਜੋ ਡਾਕਟਰ ਦਲਬੀਰ ਸਿੰਘ ਜੀ ਦੇ ਮਕਾਨ ਨਾਲ ਹੀ ਲੱਗਦਾ ਸੀ। ਇੱਥੇ ਪ੍ਰੀਵਾਰ ਸਮੇਤ ਸ੍ਰੀ ਅਖੰਡ ਪਾਠ ਕਰਕੇ ਨਾਮ ਬਾਣੀ ਦੇ ਲਾਹੇ ਲੈਂਦੇ ਰਹੇ ਹਨ। ਸੰਨ 1984 ਵਿਚ ਉਦੋਂ ਦੀ ਪ੍ਰਧਾਨ ਮੰਤਰੀ ਦੇ ਕਤਲ ਤੋਂ ਬਾਅਦ ਦਿੱਲੀ ਦੇ ਉੱਤਮ ਨਗਰ, ਜਿੱਥੇ ਸਿੱਖਾਂ ਦੀ ਕਾਫੀ ਗਿਣਤੀ ਸੀ, ਕਲੌਨੀ ਤੋਂ ਬਾਹਰੋਂ ਆਏ ਲੋਕਾਂ ਨੇ ਬਹੁਤ ਜ਼ਿਆਦਾ ਨੁਕਸਾਨ ਕੀਤਾ। ਕੁਝ ਗਿਣਤੀ ਦੇ ਸਿੱਖ ਛੱਡ ਕੇ ਬਾਕੀ ਸਭ ਸ਼ਹੀਦ ਕਰ ਦਿੱਤੇ ਗਏ। ਇਕ ਗੁਰਮੁਖ ਪਿਆਰੇ ਭਾਈ ਦਰਸ਼ਨ ਸਿੰਘ ਜੀ, ਜੋ ਦਿੱਲੀ ਪੁਲਿਸ ਦੇ ਸੀ.ਆਈ.ਡੀ ਮਹਿਕਮੇ ਵਿਚ ਨੌਕਰੀ ਕਰਦੇ ਸਨ ਤੇ ਆਬਾਦੀ ਦੇ ਗੁਰਦੁਆਰੇ ਦੇ ਸੈਕਟਰੀ ਵੀ ਸਨ, ਨਾਲ ਮਿਲ ਕੇ ਇੱਕ ਨਵੰਬਰ ਨੂੰ ਆਪ ਜੀ ਨੇ ਘਰ ਵਿਚ ਸ੍ਰੀ ਅਖੰਡ ਪਾਠ ਆਰੰਭ ਕਰ ਲਿਆ। ਦੁਪਹਿਰ ਤਾਈਂ ਸਾਰੇ ਪਾਸੇ ਰੌਲਾ ਪੈਣਾ ਸ਼ੁਰੂ ਹੋ ਗਿਆ ਤੇ ਦੰਗਾਦਾਰੀ ਸਿੱਖਾਂ ਨੂੰ ਘਰਾਂ ਵਿਚੋਂ ਕੱਢ ਕੱਢ ਕੇ ਕਤਲ ਕਰਨ ਲਗ ਪਏ। ਉਸ ਵੇਲੇ ਭਾਈ ਦਰਸ਼ਨ ਸਿੰਘ ਜੀ, ਜਿਨਾਂ ਨੂੰ ਸ੍ਰੀ ਦਰਬਾਰ ਸਾਹਿਬ ਜੀ ਅੰਮ੍ਰਿਤਸਰ ਤੇ ਜੂਨ 1984 ਵਿਚ ਹੋਏ ਹਮਲੇ ਤੋਂ ਬਾਅਦ ਸ਼ਹੀਦੀ ਲਈ ਦਿਨ ਰਾਤ ਚਾਓ ਸੀ, ਆਪਣੇ ਘਰ ਚਲੇ ਗਏ ਅਤੇ ਉਥੋਂ ਸ੍ਰੀ ਸਾਹਿਬ ਜੀ ਲੈ ਕੇ ਗੁਰਦੁਆਰੇ ਸਾਹਿਬ ਜਾ ਕੇ ਗੁਰੂ ਘਰ



www.AKJ.Org

ਦੀ ਰੱਖਿਆ ਕਰਦੇ ਸ਼ਹੀਦ ਹੋ ਗਏ। ਉਸ ਵੇਲੇ ਆਪ ਜੀ ਸਿੰਘਣੀ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਸੇਵਾ ਕਰ ਰਹੀ ਸੀ। ਆਪ ਜੀ ਨੇ ਬੱਚਿਆਂ ਨੂੰ ਇਕੱਠਿਆਂ ਕਰਕੇ ਇਹ ਸਿੱਖਿਆ ਦਿੱਤੀ ਕਿ ਦੁਸ਼ਮਣ ਦੇ ਹੱਥ ਨਹੀਂ ਆਉਣਾ। ਸਸ਼ਤਰਾਂ ਨਾਲ ਜੂਝ ਕੇ ਸ਼ਹੀਦੀ ਪਾਉਣੀ ਹੈ ਤੇ ਡਰਨਾ ਨਹੀਂ। ਫਿਰ ਆਪ ਪਾਠ ਦੀ ਸੇਵਾ ਲਈ ਸਜ ਗਏ। ਜਦੋਂ ਹੋਰ ਰੌਲਾ-ਗੌਲਾ ਵੱਧ ਗਿਆ ਤਾਂ ਆਪ ਦੀ ਸਿੰਘਣੀ ਘਬਰਾ ਗਈ। ਉਸ ਵੇਲੇ ਆਪ ਜੀ ਨੂੰ ਮਜਬੂਰਨ ਪਾਠ ਦੀ ਸਮਾਪਤੀ ਕਰਨੀ ਪਈ ਅਤੇ ਆਪ ਦੋ ਸ੍ਰੀ ਸਾਹਿਬਾਂ ਲੈ ਕੇ ਸ੍ਵੈ ਰੱਖਿਆ ਲਈ ਤਿਆਰ ਹੋ ਗਏ ਪਰ ਕੋਈ ਦੰਗਾਕਾਰੀ ਡਰਦਾ ਨੇੜੇ ਨਹੀਂ ਆਇਆ। ਆਪ ਜੀ ਦੇ ਮਿਲਾਪੜੇ ਅਤੇ ਮਿੱਠ ਬੋਲੜੇ ਸੁਭਾਅ ਕਰਕੇ ਇਲਾਕੇ ਦੇ ਸਾਰੇ ਹਿੰਦੂ ਸਹਿਜਧਾਰੀ ਆਪ ਜੀ ਦਾ ਬਹੁਤ ਸਤਿਕਾਰ ਕਰਦੇ ਸਨ ਅਤੇ ਉਨ੍ਹਾਂ ਵਿਚ ਆਪ ਜੀ ਦੀ ਕਾਫ਼ੀ ਲੋਕ ਪ੍ਰਿਅਤਾ ਸੀ। ਕੁਝ ਗੁਆਂਢੀ ਹਿੰਦੂ ਆਪ ਦੇ ਬੱਚਿਆਂ ਤੇ ਸਿੰਘਣੀ ਨੂੰ ਆਪਣੇ ਘਰ ਲੈ ਗਏ। ਪ੍ਰੰਤੂ ਆਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਨੂੰ ਛੱਡ ਕੇ ਜਾਣ ਲਈ ਤਿਆਰ ਨਹੀਂ ਸਨ। ਫਿਰ ਗੁਆਂਢੀਆਂ ਨੇ ਆਪਣੇ ਘਰ ਇਕ ਕਮਰੇ ਵਿਚ ਗੁਰੂ ਸਾਹਿਬ ਜੀ ਦੇ ਸੁਖ ਆਸਨ ਦਾ ਪ੍ਰਬੰਧ ਕੀਤਾ ਅਤੇ ਆਪ ਗੁਰੂ ਸਾਹਿਬ ਸਮੇਤ ਗੁਆਂਢੀਆਂ ਦੇ ਘਰ ਚਲੇ ਗਏ ਅਤੇ ਉੱਥੇ ਹੀ ਰਾਤ ਕਟੀ ਪਰ ਆਪ ਅੰਦਰੋਂ ਅੰਦਰ ਲੂਹਰੀਆਂ ਲੈ ਰਹੇ ਸਨ ਕਿ ਮੈਨੂੰ ਤੁਸੀਂ ਬੰਨ ਕੇ ਬਿਠਾਇਆ ਹੈ ਤੇ ਗਿੱਦੜਾਂ ਵਾਂਗ ਅੰਦਰ ਡੱਕਿਆ ਹੋਇਆ ਹੈ।

ਦੂਸਰੇ ਦਿਨ, ਆਪ ਜੀ ਦੇ ਦੋ ਹਿੰਦੂ ਭਰਾ (ਜੋ ਤਿਲਕ ਨਗਰ ਰਹਿੰਦੇ ਸਨ ਤੇ ਗੁਰਮਤਿ ਦੀ ਸਾਂਝ ਨਾ ਹੋਣ ਕਾਰਨ, ਆਪ ਜੀ ਦੀ ਉਨ੍ਹਾਂ ਨਾਲ ਮਿਲਵਰਤਨ ਵੀ ਨਹੀਂ ਸੀ) ਸਕੂਟਰਾਂ ਤੇ ਆਪ ਜੀ ਦੇ ਘਰ ਆਏ। ਉਸ ਵੇਲੇ ਆਪ ਜੀ ਦੀ ਸਿੰਘਣੀ ਅਤੇ ਇਕ ਬੱਚੀ ਪ੍ਰਸ਼ਾਦਾ ਤਿਆਰ ਕਰਨ ਲਈ ਘਰ ਆਈ ਹੋਈ ਸੀ। ਉਨ੍ਹਾਂ ਨੂੰ ਦੇਖ ਕੇ ਸਿੰਘਣੀ ਰੋਣ ਲੱਗ ਪਈ ਤੇ ਉਹ ਡਰ ਗਏ ਕਿ ਸ਼ਾਇਦ ਕੋਈ ਭਾਣਾ ਵਰਤ ਗਿਆ ਹੈ। ਪਰ ਉਨ੍ਹਾਂ ਨੂੰ ਦੱਸਣ ਤੇ ਕਿ ਸਭ ਕੁਝ ਠੀਕ ਹੈ, ਉਹ ਜੀਪ ਲੈਣ ਚਲੇ ਗਏ। ਜਾਂਦੇ ਸਮੇਂ ਦੋ ਬੱਚਿਆਂ ਨੂੰ ਸਕੂਟਰਾਂ ਤੇ ਬਿਠਾ ਕੇ ਆਪਣੇ ਘਰ ਲੈ ਗਏ। ਫਿਰ ਜੀਪ ਲਿਆ ਕੇ ਆਪ ਜੀ, ਸਿੰਘਣੀ ਅਤੇ ਬਾਕੀ ਬੱਚਿਆਂ ਨੂੰ ਸਮੇਤ ਗੁਰੂ ਸਾਹਿਬ ਜੀ ਦੇ ਸਰੂਪ ਨੂੰ ਆਪਣੇ ਘਰ ਸਰੁੱਖਿਅਤ ਲੈ ਗਏ। ਫਿਰ ਉਨ੍ਹਾਂ ਨੇ ਪੁੱਛਿਆ ਕਿ ਕਿਸੇ ਹੋਰ ਸਿੱਖ ਨੂੰ ਤਾਂ ਨਹੀਂ ਲਿਆਉਣਾ। ਆਪ ਜੀ ਨੇ ਉਸੇ ਵੇਲੇ ਡਾਕਟਰ ਦਲਬੀਰ ਸਿੰਘ ਜੀ ਜੋ ਕਿਸੇ ਗੁਆਂਢੀ ਹਿੰਦੂ ਦੇ ਘਰ ਬੈਠੇ ਸਨ ਨੂੰ ਲਿਆਉਣ ਵਾਸਤੇ ਕਿਹਾ। ਉਹ ਦੋਵੇਂ ਪਰ ਉਪਕਾਰੀ ਭਰਾ ਡਾਕਟਰ ਸਾਹਿਬ, ਉਨ੍ਹਾਂ ਦੀ ਸਿੰਘਣੀ ਤੇ ਬੱਚੀ ਨੂੰ ਆਪਣੇ ਘਰ ਲੈ ਆਏ। ਇੱਥੇ ਆ ਕੇ ਆਪ ਜੀ ਨੇ ਇਕ ਕਮਰੇ ਵਿਚ ਗੁਰੂ ਸਾਹਿਬ ਜੀ ਦਾ ਪ੍ਰਕਾਸ਼ ਕਰ ਲਿਆ ਤੇ ਭਾਈ ਦਰਸ਼ਨ ਸਿੰਘ ਜੀ ਜੋ ਦੰਗਾਕਾਰੀਆਂ ਹੱਥੋਂ ਸ਼ਹੀਦ ਹੋ ਗਏ ਸਨ ਨਮਿੱਤ ਸਹਿਜ ਪਾਠ ਆਰੰਭ ਕਰ ਲਿਆ। ਸਿੰਘਾਂ ਨੂੰ ਕਈ ਦਿਨ ਇੰਨ੍ਹਾਂ ਦੋਹਾਂ ਪ੍ਰੀਵਾਰਾਂ ਦੀ ਕੋਈ ਉੱਘ ਸੁੱਘ ਨਹੀਂ ਮਿਲੀ ਪਰ ਬਾਅਦ ਵਿਚ ਪਤਾ ਲੱਗਣ ਤੇ ਸਿੰਘ ਆ ਕੇ ਪਤਾ ਕਰਦੇ ਰਹੇ। ਡਾਕਟਰ ਦਲਬੀਰ ਸਿੰਘ ਜੀ ਨਾਲ ਕਾਫੀ ਸਮੇਂ ਤੋਂ ਕੁਝ ਕਾਰਨਾਂ ਕਰਕੇ ਬਚਨ ਬਿਲਾਸ ਨਹੀਂ ਸੀ ਹੁੰਦਾ। ਜਦੋਂ ਇਹ ਪ੍ਰੀਵਾਰ ਇੱਥੇ ਇਕੱਠੇ ਹੋਏ ਤਾਂ ਡਾਕਟਰ ਸਾਹਿਬ ਜੀ ਨੇ ਅੰਮ੍ਰਿਤ ਵੇਲੇ ਤੋਂ ਬਾਅਦ ਗੱਜ ਕੇ ਫਤਹਿ ਬੁਲਾ ਕੇ ਕਿਹਾ ਕਿ ਪ੍ਰੀਤ ਸਿੰਘ, ਹੁਣ ਆਪਣਾ ਦੋਹਾਂ ਦਾ ਨਵਾਂ ਜਨਮ ਹੋਇਆ। ਅੱਜ ਤੋਂ ਬਾਅਦ ਆਪਾਂ ਪਿਛਲੇ ਗਿੱਲੇ ਛਿਕਵੇ ਭੁਲਾ ਕੇ ਸਕੇ ਭਰਾਵਾਂ ਵਾਂਗ ਰਲ ਮਿਲ ਕੇ ਰਿਹਾ ਕਰਾਂਗੇ। ਭਾਈ ਦਰਸ਼ਨ ਸਿੰਘ ਜੀ (ਭਰਾ ਜੀ) ਨੇ ਇੰਨ੍ਹਾਂ ਦੋਹਾਂ ਹਿੰਦੂ ਭਰਾਵਾਂ ਦੇ ਘਰ ਉਚੇਚੇ ਆ ਕੇ ਧੰਨਵਾਦ ਕੀਤਾ ਕਿ ਤੁਸੀਂ ਆਪਣੀਆਂ ਜਾਨਾਂ ਦੀ ਪ੍ਰਵਾਹ ਨਾ ਕਰਦੇ ਹੋਏ, ਸਾਡੇ ਦੋ ਗੁਰਸਿੱਖ ਪ੍ਰੀਵਾਰਾਂ ਦੀਆਂ ਜਾਨਾਂ ਬਚਾਈਆਂ ਹਨ।

ਆਪਣੇ ਜੀਵਨ ਦੇ ਅਖੀਰਲੇ ਸਾਲਾਂ ਵਿਚ ਡਾਕਟਰ ਉੱਤਮ ਸਿੰਘ ਜੀ ਦੇ ਪ੍ਰੇਰਨਾ ਕਰਕੇ ਆਪ ਜੀ ਨੇ ਨੇਚੁਰਪੇਥੀ ਨੂੰ ਅਪਨਾਉਣਾ ਸ਼ੁਰੂ ਕਰ ਦਿੱਤਾ ਸੀ। ਇਸ ਕਾਰਨ ਖੁਰਾਕ ਵਿਚ ਕਾਫੀ ਤਬਦੀਲੀ ਲੈ ਆਂਦੀ। ਇਸ ਤੋਂ ਬਾਅਦ ਆਪ ਜੀ ਦਾ ਸਰੀਰ ਕਾਫੀ ਚੁਸਤ ਤੇ ਫੁਰਤੀਲਾ ਹੋ ਗਿਆ ਅਤੇ ਗੁ. ਬੰਗਲਾ ਸਾਹਿਬ ਜਾਂ ਰਕਾਬ ਗੰਜ ਸਾਹਿਬ ਘਰੋਂ ਪੈਦਲ



www.AKJ.Org

ਚੱਲ ਕੇ ਹੀ ਪਹੁੰਚ ਜਾਂਦੇ ਸਨ ਤੇ ਦੂਰ ਨੇੜੇ ਸਮਾਗਮਾਂ ਤੇ ਵੀ ਪੈਦਲ ਹੀ ਚਲੇ ਜਾਂਦੇ ਸਨ। ਆਪ ਜੀ ਨੇ ਜੀਵਨ ਦੇ ਆਖਰੀ ਪਲ ਤਾਈਂ ਸਮਾਗਮਾਂ ਦੀ ਹਾਜ਼ਰੀ ਭਰਨੀ ਨਹੀਂ ਛੱਡੀ ਅਤੇ ਔਖੇ ਸੌਖੇ ਲੋਕਲ ਅਤੇ ਕੇਂਦਰੀ ਸਮਾਗਮਾਂ 'ਤੇ ਪਹੁੰਚ ਹੀ ਜਾਂਦੇ ਸਨ ਤੇ ਕਈ ਵਾਰ ਪ੍ਰੀਵਾਰਕ ਮੈਂਬਰਾਂ ਨੂੰ ਵੀ ਨਹੀਂ ਸਨ ਸੂਚਿਤ ਕਰਦੇ। ਚਾਹੇ ਆਪ ਜੀ ਦੀ ਉਮਰ ਵਡੇਰੀ ਨਹੀਂ ਸਨ ਪਰ ਆਪ ਜੀ ਗੁਰੂ ਗੁਰੂ ਜਪਦੇ ਮਿਤੀ 12 ਫਰਵਰੀ 2014 ਨੂੰ 76 ਸਾਲ ਦੀ ਆਯੂ ਭੋਗ ਕੇ ਗੁਰੂ ਚਰਨਾਂ ਵਿਚ ਜਾ ਬਿਰਾਜੇ।

## ਭਾਈ ਦਲਜਿੰਦਰ ਸਿੰਘ ਜੀ ਪਟਿਆਲਾ

ਭਾਈ ਗੁਰਦੀਪ ਸਿੰਘ ਸ੍ਰੀ ਅੰਮ੍ਰਿਤਸਰ

ਗੁਰੂ ਘਰ ਦੇ ਅਣਥੱਕ, ਨਿਸ਼ਕਾਮ, ਕੰਠਾਗਰ ਬਾਣੀ ਦੇ ਕੀਰਤਨੀਏ, ਪਰਉਪਕਾਰੀ ਜੀਉੜੇ ਭਾਈ ਦਲਜਿੰਦਰ ਸਿੰਘ ਜੀ ਦਾ ਜਨਮ 19 ਜਨਵਰੀ 1947 ਈ. ਪਿੰਡ ਮੰਜਾਲੀ ਕਲਾਂ, ਜ਼ਿਲ੍ਹਾ ਲੁਧਿਆਣਾ, ਮਾਸਟਰ ਮਹਿੰਦਰ ਸਿੰਘ ਜੀ ਦੇ ਘਰ ਮਾਤਾ ਇੰਦਰ ਕੌਰ ਦੀ ਕੁਖੋਂ ਹੋਇਆ। ਇਨ੍ਹਾਂ ਦੇ ਮਾਤਾ-ਪਿਤਾ ਪੂਰਨ ਗੁਰਸਿੱਖ ਅਤੇ ਪੜ੍ਹੇ-ਲਿਖੇ ਪਰਿਵਾਰ ਵਿਚੋਂ ਸਨ। ਪਿਤਾ ਜੀ ਤਾਂ ਹਿਸਾਬ ਅਤੇ ਅੰਗਰੇਜ਼ੀ ਦੇ ਅਧਿਆਪਕ ਸਨ, ਜਿਥੇ ਕਿ ਉਹ ਬੱਚਿਆਂ ਨੂੰ ਕਠਿਨ ਪਉਣੇ, ਸਵਾਇਆ, ਡੇਢਾ, ਢਾਇਆ ਦੇ ਪਹਾੜੇ ਦ੍ਰਿੜ ਕਰਾਉਂਦੇ ਸਨ, ਉਥੇ ਬਹੁਤ ਸਾਰੇ ਸੁਆਲ ਜ਼ਬਾਨੀ ਹੱਲ ਕਰ ਦੇਂਦੇ ਸਨ। ਦਿਨ ਵਿਚ ਕਈ ਵਾਰ ਨਿਤਨੇਮ ਕਰਦੇ ਤੇ ਹੋਰ ਬਾਣੀਆਂ ਦਾ ਪਾਠ ਕਰਦੇ ਉਹ 107 ਸਾਲ ਦੀ ਲੰਮੇਰੀ ਆਯੂ ਭੋਗ ਕੇ ਗੁਰਪੁਰੀ ਸਿਧਾਰੇ ਸਨ। ਇਨ੍ਹਾਂ ਦੇ ਮਾਤਾ ਜੀ ਵੀ ਖ਼ਾਲਸਾ ਹਾਈ ਸਕੂਲ ਜਸਪਾਲੋਂ ਬੋਰਡਿੰਗ ਵਿਚ ਰਹਿ ਕੇ ਪੜ੍ਹੇ (ਕਿਉਂਕਿ ਉਨ੍ਹਾਂ ਦੇ ਮਾਤਾ-ਪਿਤਾ ਦਾ ਉਨ੍ਹਾਂ ਦੇ ਬਚਪਨ ਵਿਚ ਹੀ ਦੇਹਾਂਤ ਹੋ ਗਿਆ ਸੀ) ਅਤੇ ਉਥੇ ਹੀ ਅਧਿਆਪਕ ਦੀ ਨੌਕਰੀ ਕੀਤੀ। ਉਸ ਵੇਲੇ ਕੈਰੋਂ ਅਤੇ ਜਸਪਾਲੋਂ ਸਕੂਲ ਦੀਆਂ ਬੱਚੀਆਂ ਨੂੰ ਕੇਸਕੀ (ਦਸਤਾਰ) ਲਾਜ਼ਮੀ ਸਜਾਣੀ ਪੈਂਦੀ ਸੀ ਅਤੇ ਕਕਾਰ ਦੀ ਚੈਕਿੰਗ ਤੋਂ ਬਾਅਦ ਹੀ ਹੋਸਟਲ ਵਿਚ ਖਾਣਾ ਮਿਲਦਾ ਸੀ। ਇਹ ਬੜ੍ਹੀ ਬੁਲੰਦ ਆਵਾਜ਼ ਵਿਚ ਲੜੀਵਾਰ ਸਰੂਪ ਤੋਂ ਅਖੰਡ ਪਾਠ ਕਰਦੇ ਸਨ ਅਤੇ ਕਲਾਸੀਕਲ ਕੀਰਤਨ ਕਰਦੇ ਸਨ। ਸਕੂਲ ਦਾ ਜੱਥਾ ਲਾਹੌਰ ਅਤੇ ਪਿਸ਼ਾਵਰ ਤੱਕ ਵੀ ਕੀਰਤਨ ਕਰਨ ਜਾਂਦਾ ਸੀ। ਇਹ ਜੱਥੇ ਸਮੇਤ ਭਾਈ ਸਾਹਿਬ ਜੀ ਕੋਲ ਨਾਰੰਗਵਾਲ ਵੀ ਜਾਂਦੇ ਸਨ ਤੇ ਹਫਤਾ-ਹਫਤਾ ਉਥੇ ਰਹਿ ਕੇ ਕੀਰਤਨ ਦੀ ਸੇਵਾ ਕਰਕੇ ਆਉਂਦੇ ਸਨ। ਇਹ ਵੀ 103 ਸਾਲ ਦੀ ਲੰਬੀ ਆਯੂ ਭੋਗ ਕੇ ਚਲਾਣਾ ਕੀਤੇ ਸਨ। ਇਹੋ ਜਿਹੇ ਦੈਵੀ ਗੁਣਾਂ ਨਾਲ ਭਰਪੂਰ ਮਾਪਿਆਂ ਦੀ ਔਲਾਦ ਕਿਵੇਂ ਗੁਰਸਿੱਖੀ ਤੋਂ ਵਿਰਵੀ ਰਹਿ ਸਕਦੀ ਹੈ ? ਇਨ੍ਹਾਂ ਦੇ ਘਰ ਛੇ ਲੜਕੇ ਤੇ ਤਿੰਨ ਲੜਕੀਆਂ ਨੇ ਜਨਮ ਲਿਆ। ਬੀਬੀ ਸੁਰਿੰਦਰ ਕੌਰ ਯੂ.ਕੇ. ਇਨ੍ਹਾਂ ਦੀ ਸਭ ਤੋਂ ਵੱਡੀ ਲੜਕੀ ਸੀ ਜੋ ਕਿ ਬਚਪਨ ਤੋਂ ਹੀ ਕੇਸਕੀ ਸੰਯੁਕਤ ਅੰਮ੍ਰਿਤਧਾਰੀ ਬਣ ਗਏ ਸਨ ਤੇ ਅਧਿਆਪਕਾ ਦੀ ਨੌਕਰੀ ਕਰਦੇ ਰਹੇ ਹਨ ਅਤੇ ਅੱਜ-ਕਲ੍ਹ ਇੰਗਲੈਂਡ ਵਿੱਚ ਰਹਿੰਦੇ ਹਨ।

ਆਪ ਜੀ ਨੇ ਆਪਣੀ ਮੁੱਢਲੀ ਵਿਦਿਆ ਪੰਜਵੀਂ ਤਾਈਂ ਜਸਪਾਲੋਂ ਪ੍ਰਾਇਮਰੀ ਸਕੂਲ ਤੋਂ ਲਈ। ਫਿਰ ਮਾਲਵਾ ਖ਼ਾਲਸਾ ਹਾਈ ਸਕੂਲ ਲੁਧਿਆਣੇ ਤੋਂ ਦਸਵੀਂ ਪਾਸ ਕੀਤੀ। ਲੁਧਿਆਣੇ ਹੀ ਗੁਰੂ ਨਾਨਕ ਦੇਵ ਪੋਲੀਟੈਕਨਿਕ ਕਾਲਜ ਤੋਂ ਇਲੀਕਟ੍ਰੀਕੈਲ ਇੰਜੀਨੀਅਰਿੰਗ ਦਾ ਡਿਪਲੋਮਾ ਕਰਨ ਤੋਂ ਬਾਅਦ ਐਮ.ਆਈ.ਈ. ਦਾ ਕੌਰਸ ਵੀ ਪਾਸ ਕੀਤਾ। ਸਕੂਲੀ ਵਿਦਿਆ ਵੇਲੇ ਆਪ ਹਾਕੀ ਦੇ ਖਿਡਾਰੀ ਵੀ ਸਨ ਅਤੇ ਤੈਰਾਕੀ ਵੀ ਜਾਣਦੇ ਸਨ।

ਵਿਦਿਆ ਸਮਾਪਤੀ ਬਾਅਦ, ਆਪ ਨੇ ਦੁਨਿਆਵੀ ਕ੍ਰਿਤ ਪੰਜਾਬ ਰਾਜ ਬਿਜਲੀ ਬੋਰਡ ਦੀ ਮਾਡਲ ਟਾਊਨ ਸਬ


www.AKJ.Org

ਡਵੀਜ਼ਨ ਲੁਧਿਆਣਾ ਵਿੱਚ ਐਲ.ਐਸ.ਸੀ. ਦੇ ਅਹੁਦੇ 'ਤੇ ਤੋਂ ਸ਼ੁਰੂ ਕੀਤੀ। ਫਿਰ ਤਰੱਕੀ ਕਰਦੇ ਕਰਦੇ ਜੂਨੀਅਰ ਇੰਜੀਨੀਅਰ, ਐਸ.ਡੀ.ਓ., ਐਕਸੀਅਨ ਤੇ ਅਖ਼ੀਰ ਸੀਨੀਅਰ ਐਕਸੀਅਨ ਦੇ ਉੱਚ ਅਹੁਦੇ ਤੋਂ ਸੇਵਾ ਮੁਕਤ ਹੋਏ। ਇਨ੍ਹਾਂ ਨੇ ਤਾਅ ਜ਼ਿੰਦਗੀ ਆਪਣੀ ਨੌਕਰੀ ਸਖ਼ਤ ਮਿਹਨਤ, ਦਿਆਨਤਦਾਰੀ, ਇਮਾਨਦਾਰੀ ਨਾਲ ਨਿਭਾਈ। ਮਿੱਠ ਬੋਲੜੇ, ਮਿਲਾਪੜੇ ਸੁਭਾਅ ਕਾਰਨ ਇਨ੍ਹਾਂ ਦੇ ਹੇਠਲੇ ਅਤੇ ਉਪਰਲੇ ਅਫ਼ਸਰ ਕਰਮਚਾਰੀ ਇਨ੍ਹਾਂ ਦਾ ਬਹੁਤ ਸਤਿਕਾਰ ਅਤੇ ਮਾਣ ਕਰਦੇ ਸਨ।

ਗੁਰਸਿੱਖੀ ਦਾ ਬੀਜ ਤਾਂ ਬਚਪਨ ਤੋਂ ਹੀ ਮਾਤਾ-ਪਿਤਾ ਦੀ ਸੰਗਤ ਨਾਲ ਬੀਜਿਆ ਗਿਆ ਸੀ। ਇਨ੍ਹਾਂ ਦੇ ਵੱਡੇ ਭੈਣ ਜੀ ਲੁਧਿਆਣੇ ਨੌਕਰੀ ਕਰਦੇ ਸਨ। ਉਨ੍ਹਾਂ ਦੇ ਲੁਧਿਆਣੇ ਰਿਹਾਇਸ਼ ਰੱਖਣ ਕਰਕੇ, ਮਾਡਲ ਟਾਊਨ ਗੁਰਦੁਆਰੇ, ਜੋ ਕਿ ਜਥੇ ਦੇ ਗੜ੍ਹ ਸੀ, ਉਥੇ ਪੁਰਾਤਨ ਗੁਰਸਿੱਖਾਂ ਭਾਈ ਜੀਵਨ ਸਿੰਘ ਜੀ, ਭਾਈ ਹਰਨਾਮ ਸਿੰਘ ਕੋਮਲ ਜੀ, ਡਾਕਟਰ ਦਰਸ਼ਨ ਸਿੰਘ ਹਰਦਿਆਲ ਸਿੰਘ ਜੀ, ਭਾਈ ਬਲਬੀਰ ਸਿੰਘ ਜੀ ਆਦਿ ਦੀ ਸੰਗਤ ਮਿਲ ਗਈ ਅਤੇ ਉਹ ਗੁਰਮਤਿ ਰਹਿਤ-ਬਹਿਤ ਦੇ ਪੱਕੇ ਧਾਰਨੀ ਹੋ ਗਏ ਤੇ ਸਮਾਗਮਾਂ ਦੀ ਹਾਜ਼ਰੀ ਭਰਨੀ ਸ਼ੁਰੂ ਕੀਤੀ। ਭੈਣ ਜੀ ਦੀ ਪ੍ਰੇਰਨਾ ਤੇ ਲੁਧਿਆਣੇ ਨੌਕਰੀ ਲੱਗਣ ਕਰਕੇ ਆਪ ਜੀ ਵੀ ਸਿੰਘਾਂ ਦੀ ਸੰਗਤ ਕਰਨ ਲੱਗ ਪਏ ਅਤੇ ਆਪ ਜੀ ਅੰਦਰ ਅੰਮ੍ਰਿਤ ਛੱਕਣ ਦੀ ਬਿਹਬਲਤਾ ਵੱਧਦੀ ਗਈ।

ਉਨੀਂ ਦਿਨੀਂ ਹੋਲਾ ਮਹੱਲਾ ਸਮਾਗਮ ਚੰਡੀਗੜ੍ਹ ਦੀ ਸੰਗਤ ਵੱਲੋਂ 19-ਡੀ ਸੈਕਟਰ ਦੇ ਗੁਰਦੁਆਰਾ ਵਿਚ ਰਚਿਆ ਜਾਂਦਾ ਸੀ। ਇਨ੍ਹਾਂ ਦੇ ਪੂਰਬਲੇ ਅੰਕੁਰ ਫੁਟ ਹੋਣ ਦਾ ਸਮਾਂ ਆਇਆ ਤੇ ਸੰਨ 1962 ਵਿਚ ਚੰਡੀਗੜ੍ਹ ਸਮਾਗਮ ਸਮੇਂ ਅੰਮ੍ਰਿਤ ਸੰਚਾਰ ਵਿਚ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਕੇ ਤਿਆਰ-ਬਰ-ਤਿਆਰ ਹੋ ਗਏ। ਲੁਧਿਆਣਾ ਬੱਸ ਸਟੈਂਡ ਤੋਂ ਦੋਨੋਂ ਡਾਕਟਰ ਭਰਾ ਚੰਡੀਗੜ੍ਹ ਸਮਾਗਮ ਜਾਣ ਲਈ ਬੱਸ ਤੇ ਸਵਾਰ ਹੋਏ। ਉਸੇ ਬੱਸ ਵਿਚ ਆਪ ਵੀ ਜਾ ਚੜੇ। ਕੰਡਕਟਰ ਦੇ ਪੁਛੱਣ 'ਤੇ ਕਿਥੋਂ ਦੀ ਟਿਕਟ ਲੈਣੀ ਹੈ ਤਾਂ ਜਵਾਬ ਦਿੱਤਾ ਕਿ ਜਿਥੇ ਦੀ ਉਹ ਦੋ ਸਿੰਘਾਂ ਨੇ ਟਿਕਟ ਲਈ ਹੈ, ਉਥੋਂ ਦੀ ਮੈਨੂੰ ਵੀ ਦੇ ਦਿਉ। ਚੰਡਗੜ੍ਹ ਬੱਸ ਸਟੈਂਡ ਉਤਰ ਕੇ ਡਾਕਟਰ ਸਾਹਿਬਾਨ ਨੇ ਤਾਂ ਗੁਰਦੁਆਰੇ ਜਾਣ ਲਈ ਰਿਕਸ਼ਾ ਕਰ ਲਿਆ ਅਤੇ ਆਪ ਉਨ੍ਹਾਂ ਦੇ ਪਿੱਛੇ ਤੇਜ ਰਫਤਾਰ ਚੱਲਣ ਲੱਗ ਪਏ ਅਤੇ ਗੁਰਦੁਆਰਾ ਸਾਹਿਬ ਜਾ ਪਹੁੰਚੇ। ਦਿਵਸ ਸੁਹੇਲੇ ਦੇ ਕੀਰਤਨ ਚੱਲ ਰਹੇ ਸਨ, ਸਮਾਪਤੀ ਤੇ ਇਕ ਗੁਰਮੁਖ ਪਿਆਰੇ ਨੇ ਬੜੇ ਵਜਦ ਅਤੇ ਹਿਰਦੇ ਵੇਧਕ ਅਨਾਉਸਮੈਂਟ ਕੀਤੀ ਕਿ ਜੋ ਅਜੇ ਤੱਕ ਨਿਗੁਰੇ ਹਨ, ਗੁਰੂ ਵਾਲੇ ਨਹੀਂ ਬਣੇ ਉਨ੍ਹਾਂ ਦਾ ਜਨਮ ਧ੍ਰਿਗ ਹੈ। ਇਹ ਸੁਣ ਕੇ ਆਪ ਜੀ ਨੂੰ ਲੱਗਿਆ ਕਿ ਇਹ ਮੈਨੂੰ ਹੀ ਸੰਬੋਧਨ ਕਰਕੇ ਕਿਹਾ ਜਾ ਰਿਹਾ ਹੈ ਕਿਉਂਕਿ ਮੈਂ ਹੀ ਨਿਗਰਾ ਹਾਂ। ਉਸ ਵੇਲੇ ਕਕਾਰ ਖਰੀਦਣ ਜੋਗੇ ਪੈਸੇ ਵੀ ਨਹੀਂ ਸੀ, ਪਰੰਤੂ ਡਾਕਟਰ ਹਰਦਿਆਲ ਸਿੰਘ ਜੀ ਨੇ ਕਕਾਰ ਖਰੀਦ ਕੇ ਲੈ ਦਿੱਤੇ। ਲੁਧਿਆਣੇ ਰਹਿੰਦੇ ਹੀ ਇਨ੍ਹਾਂ ਨੇ ਡਾਕਟਰ ਸਾਹਿਬਾਨ ਕੋਲੋਂ ਕੀਰਤਨ ਸਿੱਖਣਾ ਆਰੰਭ ਕੀਤਾ ਅਤੇ ਇਥੇ ਹੀ ਇਨ੍ਹਾਂ ਦੀ ਭਾਈ ਦਇਆ ਸਿੰਘ ਜੀ ਵੀਰ ਪਰਿਵਾਰ ਵਾਲੇ ਨਾਲ ਜੋਟੀ ਬਣ ਗਈ ਕਿਉਂਕਿ ਉਹ ਤਬਲੇ ਦੀ ਸੇਵਾ ਕਰਦੇ ਸਨ।

ਆਪ ਜੀ ਦਾ ਅਨੰਦ 22 ਅਕਤੂਬਰ 1972 ਨੂੰ ਕਾਰਜ ਪਟਿਆਲਾ ਨਿਵਾਸੀ ਬੀਬੀ ਜਸਬੀਰ ਕੌਰ ਜੀ ਨਾਲ ਹੋਇਆ ਜੋ ਕਿ ਕ੍ਰਿਤ ਵਜੋਂ ਅਧਿਆਪਕਾ ਦੀ ਨੌਕਰੀ ਕਰਦੇ ਸਨ ਤੇ ਗੁਰੂ ਘਰ ਦੇ ਨਿਸ਼ਕਾਮ ਕੀਰਤਨੀਏ ਵੀ ਸਨ। ਬੀਬੀ ਜੀ ਬਹੁਤ ਵੈਰਾਗ ਅਤੇ ਹਿਰਦੇ ਵੇਧਵੀਂ ਆਵਾਜ਼ ਵਿਚ ਕੀਰਤਨ ਕਰਦੇ ਹੁੰਦੇ ਸਨ। ਉਨ੍ਹਾਂ ਨੇ ਆਪਣੇ ਮਾਤਾ-ਪਿਤਾ ਸਮੇਤ 1965 ਵਿਚ ਅਮਰ ਆਸ਼ਰਮ ਪਟਿਆਲਾ ਵਿਖੇ ਹੋਏ ਅੰਮ੍ਰਿਤ ਸੰਚਾਰ ਸਮਾਗਮ ਵਿਚ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ ਸੀ। ਉਨ੍ਹਾਂ ਦੇ ਪਰਿਵਾਰ ਦਾ ਜਥੇ ਦੇ ਪਟਿਆਲਾ ਨਿਵਾਸੀ ਸਾਰੇ ਸਿੰਘਾਂ ਨਾਲ ਬਹੁਤ ਪਰਸਪਰ ਮਿਆਰ ਸੀ। ਭਾਈ ਸੁਰਜੀਤ ਸਿੰਘ ਜੀ ਟਰੱਕਾਂ ਵਾਲੇ, ਭਾਈ ਮਹਿੰਦਰ ਸਿੰਘ ਜੀ ਐਸ.ਡੀ.ਓ. ਬੀਬੀ ਕ੍ਰਿਪਾਲ ਕੌਰ ਜੀ ਤੇ ਥਾਣੇਦਾਰ ਬਚਨ ਸਿੰਘ ਮਸੀਂਗਣ ਵਾਲੇ, ਭਾਈ ਜਸਬੀਰ ਸਿੰਘ ਜੀ ਹਾਲ ਯੂ.ਕੇ., ਭਾਈ ਹਾਕਮ ਸਿੰਘ ਜੀ ਰਸੂਲਪੁਰ, ਭਾਈ ਪ੍ਰੇਮ ਸਿੰਘ ਜੀ ਗੰਡਾਸੇ ਵਾਲੇ, ਬਾਪੂ ਸੋਹਣ ਸਿੰਘ ਜੀ ਸਾਰੇ ਇਕ ਪਰਿਵਾਰ ਵਾਂਗ ਘਰ ਦੇ ਹੀ ਮੈਂਬਰ



www.AKJ.Org

ਬਣ ਗਏ ਅਤੇ ਬੀਬੀ ਜੀ ਨੇ ਇਨ੍ਹਾਂ ਦੀ ਸੰਗਤ ਦਾ ਖ਼ੂਬ ਆਨੰਦ ਮਾਣਿਆ ਅਤੇ ਇਨ੍ਹਾਂ ਕੋਲੋਂ ਹੀ ਕੀਰਤਨ ਦੀ ਦਾਤ ਪ੍ਰਾਪਤ ਕੀਤੀ। ਇਨ੍ਹਾਂ ਦਾ ਅਨੰਦ ਕਾਰਜ ਪਟਿਆਲੇ ਵਿਖੇ ਹੀ ਹੋਇਆ। ਉਸ ਵੇਲੇ ਭਾਈ ਮਹਿੰਦਰ ਸਿੰਘ ਜੀ ਐਸ.ਡੀ.ਓ. ਹੁਸ਼ਿਆਰਪੁਰ ਵਿਖੇ ਤਾਇਨਾਤ ਸਨ। ਅਨੰਦ ਕਾਰਜ ਸਮਾਗਮ ਤੇ ਜਾਣ ਲਈ ਦਿਨੇ ਉਹ ਭੁਲ ਗਏ। ਰਾਤ ਨੂੰ ਯਾਦ ਆਉਣ ਤੇ ਉਹ ਬੱਜਰੀ ਦੇ ਟਰੱਕ 'ਤੇ ਚੜ੍ਹ ਗਏ ਅਤੇ ਸਰਹੰਦ ਤੱਕ ਪਹੁੰਚ ਗਏ। ਫਿਰ ਕੁਝ ਪੈਦਲ ਅਤੇ ਕੁਝ ਕਿਸੇ ਦੇ ਸਾਈਕਲ ਰਾਹੀਂ ਚੱਲ ਕੇ ਸਵੇਰੇ ਅਨੰਦ ਕਾਰਜ ਤੋਂ ਪਹਿਲਾਂ ਪਟਿਆਲਾ ਪਹੁੰਚ ਗਏ। ਉਸ ਵੇਲੇ ਸਿੰਘਾ ਦਾ ਇਹੋ ਜਿਹਾ ਪਿਆਰ ਸਤਿਕਾਰ ਹੁੰਦਾ ਸੀ ਅਤੇ ਇਕ-ਦੂਜੇ ਉੱਪਰ ਉਹ ਵਾਰਨੇ ਘੋਲੇ ਜਾਂਦੇ ਸਨ।

ਆਪ ਜਿਥੇ ਇਕ ਨਿਸ਼ਕਾਮ ਕੀਰਤਨੀਏ ਸਨ, ਉਥੇ ਗੁਰਬਾਣੀ ਦਾ ਅਭਿਆਸ ਹੋਣ ਕਰਕੇ ਸੁੱਧ ਅਤੇ ਸਪੱਸ਼ਟ ਪਾਠ ਕਰਨ ਵਾਲੇ ਤਕੜੇ ਅਖੰਡ ਪਾਠੀ ਵੀ ਸਨ। ਆਨੰਦ ਕਾਰਜ ਤੋਂ ਬਾਅਦ, ਇਨ੍ਹਾਂ ਦੀ ਸਿੰਘਣੀ ਦੀ ਨੌਕਰੀ ਪਟਿਆਲਾ ਹੋਣ ਕਾਰਨ, ਇਨ੍ਹਾਂ ਨੇ ਵੀ ਪਟਿਆਲੇ ਹੀ ਬਦਲੀ ਕਰਵਾ ਲਈ ਤੇ ਬਾਕੀ ਸਾਰੀ ਆਯੂ ਇਥੇ ਰਹਿ ਕੇ ਹੀ ਸੰਗਤਾਂ ਦੀ ਕੀਰਤਨ ਰਾਹੀਂ ਸੇਵਾ ਕਰਦਿਆਂ ਗੁਜ਼ਾਰੀ। ਪਟਿਆਲਾ ਨਿਵਾਸ ਵੇਲੇ ਇਨ੍ਹਾਂ ਨੂੰ ਭਾਈ ਆਤਮਾ ਸਿੰਘ ਜੀ ਪੰਜੋਖਰਾ ਸਾਹਿਬ, ਭਾਈ ਸੰਤ ਕ੍ਰਿਪਾਲ ਸਿੰਘ ਜੀ ਨੰਦ ਪੁਰ ਕਲੌੜ, ਭਾਈ ਰਤਨ ਸਿੰਘ ਜੀ ਮਸਤਾਨਾ, ਭਾਈ ਹਰਭਜਨ ਸਿੰਘ ਜੀ ਸ਼ਤਰਾਣਾ ਆਦਿ ਗੁਰਸਿਖਾਂ ਦੀ ਸੰਗਤ ਮਿਲ ਗਈ। ਮਸਤਾਨਾ ਜੀ ਦੀ ਕੀਰਤਨੀ ਬੱਚੀ ਬੀਬੀ ਮਹਿੰਦਰ ਕੌਰ ਅਤੇ ਉਨ੍ਹਾਂ ਦੀ ਸਹੇਲੀ ਬੀਬੀ ਜਗਦੀਸ਼ ਕੌਰ ਨਾਲ, ਇਨ੍ਹਾਂ ਦਾ ਡੂੰਘਾ ਸਨੇਹ ਬਣ ਗਿਆ। ਇਨ੍ਹਾਂ ਗੁਰਸਿੱਖਾਂ ਦੀ ਸੰਗਤ ਕਰਕੇ ਆਪ ਜੀ ਕੰਠਾਗਰ ਕੀਰਤਨ ਵਾਲੇ ਪਾਸੇ ਪ੍ਰੇਰੇ ਗਏ। ਇਨ੍ਹਾਂ ਨੇ ਬਹੁਤ ਸਾਰੀ ਬਾਣੀ ਕੰਠ ਕਰ ਲਈ ਅਤੇ ਬਾਕੀ ਸਾਰੀ ਆਯੂ ਕੰਠਾਗਰ ਬਾਣੀ ਦਾ ਹੀ ਕੀਰਤਨ ਕਰਦੇ ਰਹੇ। ਇਸ ਨੇਮ ਨੂੰ ਉਨ੍ਹਾਂ ਨੇ ਬੜੀ ਦ੍ਰਿੜ੍ਹਤਾ ਅਤੇ ਲਗਨ ਨਾਲ ਨਿਭਾਇਆ।

ਕੀਰਤਨ ਤਾਂ ਆਪ ਦੀ ਰੂਹ ਦੀ ਖੁਰਾਕ ਸੀ। ਜਥੇ ਦੇ ਲੋਕਲ ਅਤੇ ਸੈਂਟਰਲ ਸਮਾਗਮਾਂ ਤੋਂ ਇਲਾਵਾ ਆਪ ਰੋਜ਼ਾਨਾ (ਪਟਿਆਲਾ ਹੋਣ ਸਮੇਂ) ਗੁਰਦੁਆਰਾ ਨਵੀਨ ਸਿੰਘ ਸਭਾ ਪਟਿਆਲਾ ਵਿਖੇ ਅੰਮ੍ਰਿਤ ਵੇਲੇ ਢਾਈ ਵਜੇ ਤੋਂ 4 ਵਜੇ ਤੱਕ ਕੀਰਤਨ ਦੀ ਸੇਵਾ ਨਿਭਾਉਂਦੇ ਰਹੇ। ਆਪ ਜੀ ਸ੍ਰੀ ਦਰਬਾਰ ਸਾਹਿਬ ਜੀ ਸ੍ਰੀ ਅੰਮ੍ਰਿਤਸਰ ਦੀ ਅਕਸਰ ਯਾਤਰਾ ਕਰਦੇ ਰਹਿੰਦੇ ਸਨ। ਖ਼ਾਸ ਕਰ ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਪੁਰਬ ਸਮੇਂ ਲਗਾਤਾਰ ਕਈ ਦਿਨ ਸ੍ਰੀ ਅੰਮ੍ਰਿਤਸਰ ਠਹਿਰਦੇ ਸਨ। ਉਨ੍ਹਾਂ ਨੂੰ ਭੱਟਾਂ ਦੇ ਸਾਰੇ ਸਵੱਯੀਏ ਕੰਠ ਸਨ ਅਤੇ ਅੰਮ੍ਰਿਤ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਵੇਲੇ ਸਵੱਯੀਏ ਪੜ੍ਹਨ ਦੀ ਸੇਵਾ ਕਰਦੇ ਹੁੰਦੇ ਸਨ। ਇਸ ਦੇ ਨਾਲ ਹੀ ਅੰਮ੍ਰਿਤ ਵੇਲੇ ਤ੍ਰਿਪਹਿਰੇ ਦੇ ਕੀਰਤਨ ਦੀ ਚੌਂਕੀ ਭਰਦੇ ਸਨ। ਉਹ ਇਤਿਹਾਸਕ ਗੁਰਦੁਆਰਿਆਂ ਦੀ ਯਾਤਰਾ ਦੌਰਾਨ, ਉਥੋਂ ਦੀ ਮਰਿਯਾਦਾ ਮੁਤਾਬਿਕ ਸ੍ਰੀ ਆਸਾ ਦੀ ਵਾਰ ਦੇ ਕੀਰਤਨ ਦੀ ਚੌਂਕੀ ਜ਼ਰੂਰ ਭਰਦੇ ਸਨ, ਖ਼ਾਸ ਕਰ ਸਚਖੰਡ ਤਖ਼ਤ ਸ੍ਰੀ ਹਜ਼ੂਰ ਸਾਹਿਬ (5 ਦਿਨ ਲਗਾਤਾਰ) ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ, ਤਖ਼ਤ ਸ੍ਰੀ ਅਕਾਲ ਤਖ਼ਤ ਸਾਹਿਬ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਅਨੰਦਪੁਰ ਸਾਹਿਬ (ਹੋਲੇ ਮਹੱਲੇ ਸਮਾਗਮ ਵੇਲੇ) ਗੁਰਦੁਆਰਾ ਫ਼ਤਹਿਗੜ੍ਹ ਸਾਹਿਬ ਸਰਹੰਦ ਗੁ. ਦੂਖ ਨਿਵਾਰਨ ਸਾਹਿਬ ਪਟਿਆਲਾ ਆਦਿ ਵਰਨਣਯੋਗ ਹਨ। ਆਪ ਜੱਥੇ ਦੇ ਵਿਰਲੇ ਕੀਰਤਨੀਆਂ ਵਿਚੋਂ ਸਨ, ਜਿਨ੍ਹਾਂ ਇਨ੍ਹਾਂ ਇਤਿਹਾਸਕ ਸਥਾਨਾਂ 'ਤੇ ਕੀਰਤਨ ਦੀ ਹਾਜ਼ਰੀ ਭਰੀ ਹੋਵੇਗੀ। ਆਪ ਜੀ ਦਾ ਹਜ਼ੂਰੀ ਰਾਗੀ ਭਾਈ ਗੁਰਮੇਜ ਸਿੰਘ ਜੀ ਨਾਲ ਵੀ ਅਥਾਹ ਪਿਆਰ ਅਤੇ ਨਿੱਘਾ ਸਨੇਹ ਸੀ। ਚੜ੍ਹਾਈ ਕਰਨ ਉਪਰੰਤ ਆਪ ਦੇ ਨਮਿੱਤ ਹੋਏ ਅਰਦਾਸ ਸਮਾਗਮ ਵੇਲੇ ਭਾਈ ਸਾਹਿਬ ਜੀ ਨੇ ਉਚੇਚੇ ਤੌਰ 'ਤੇ ਪਟਿਆਲੇ ਪਹੁੰਚ ਕੇ ਕੀਰਤਨ ਰਾਹੀਂ ਆਪ ਦੀ ਵਿਛੜੀ ਰੂਹ ਨੂੰ ਅਸੀਸਾਂ ਬਖ਼ਸ਼ੀਆਂ।

ਆਪ ਦੀ ਸਰਕਾਰੀ ਦਰਬਾਰੇ ਖ਼ਾਸ ਕਰ ਉੱਚ ਅਹੁਦਿਆਂ 'ਤੇ ਬੈਠੇ ਸਰਕਾਰੀ ਅਫ਼ਸਰਾਂ ਨਾਲ ਕਾਫੀ ਵਾਕਫੀਅਤ ਅਤੇ ਪਹੁੰਚ ਸੀ, ਕਿਉਂਕਿ ਪੰਜਾਬ ਸਰਕਾਰ ਦੇ ਬਹੁਤ ਸਾਰੇ ਮਹਿਕਮਿਆਂ ਦੇ ਹੈੱਡ ਕੁਆਰਟਰ ਪਟਿਆਲਾ ਵਿਚ ਸਥਿਤ ਹਨ। ਇਸ ਕਰਕੇ ਆਪ ਬਹੁਤ ਸਾਰੇ ਨੌਜਵਾਨ ਗੁਰਸਿੱਖਾਂ ਨੂੰ ਨੌਕਰੀ ਦਿਵਾਉਣ ਤੇ ਬਦਲੀ ਕਰਵਾਉਣ ਆਦਿ



www.AKJ.Org

ਕਾਰਜਾਂ ਵਿਚ ਸਹਾਇਤਾ ਕਰਦੇ ਰਹਿੰਦੇ ਸਨ। ਉਨ੍ਹਾਂ ਦੇ ਮਹਿਕਮੇ (ਪੰਜਾਬ ਰਾਜ ਬਿਜਲੀ ਬੋਰਡ) ਜਾਂ ਕਿਸੇ ਹੋਰ ਮਹਿਕਮੇ ਦਾ ਕੋਈ ਵੀ ਕੰਮ ਉਹ ਆਪਣੀ ਵਾਕਫੀਅਤ ਨਾਲ ਸੁਖਾਲਾ ਹੀ ਕਰਵਾ ਦਿੰਦੇ ਸਨ।

ਉਹ ਆਪਣੇ ਪਿੱਛੇ ਗੁਰਸਿੱਖ ਪਰਿਵਾਰ ਦੀ ਮਹਿਕਦੀ ਫੁਲਵਾੜੀ ਛੱਡ ਗਏ। ਉਨ੍ਹਾਂ ਦਾ ਸਪੁੱਤਰ ਭਾਈ ਦੀਪਿੰਦਰ ਸਿੰਘ ਗੁਰੂ ਨਾਨਕ ਇੰਜੀਨਅਰਿੰਗ ਕਾਲਜ ਲੁਧਿਆਣਾ ਵਿਚ ਪ੍ਰੋਫ਼ੈਸਰ ਦੇ ਅਹੁਦੇ 'ਤੇ ਨਿਯੁਕਤ ਹੈ ਅਤੇ ਅਖੰਡ ਪਾਠ ਦੀ ਸੇਵਾ ਨਾਲ ਨਾਲ ਕੰਠਾਗਰ ਕੀਰਤਨ ਕਰਕੇ ਉਨ੍ਹਾਂ ਦੇ ਪਾਏ ਹੋਏ ਪੈਰ ਚਿੰਨ੍ਹਾਂ 'ਤੇ ਚੱਲ ਰਿਹਾ ਹੈ। ਉਹਨ੍ਹਾਂ ਦੀ ਨੂੰਹ ਮਨਿੰਦਰ ਕੌਰ ਵੀ ਕਾਮਰਸ ਦੀ ਲੈਕਚਰਾਰ ਅਤੇ ਸਪੁੱਤਰੀ ਬੀਬੀ ਸਵਿੰਦਰ ਕੌਰ ਯੂ.ਕੇ. ਗੁਰਮਤਿ ਰਹਿਤ ਬਹਿਤ ਦੀ ਧਾਰਨੀ ਹੈ। ਇਸ ਤੋਂ ਇਲਾਵਾ ਇਨ੍ਹਾਂ ਦੇ ਅਗੋਂ ਪੋਤਰੇ ਦੋਹਤਰੇ, ਪੋਤਰੀਆਂ ਦੋਹਤਰੀਆਂ ਵੀ ਉੱਚ ਵਿਦਿਆ ਪ੍ਰਾਪਤ ਕਰਨ ਦੇ ਨਾਲ-ਨਾਲ, ਗੁਰਸਿੱਖੀ ਮਾਰਗ 'ਤੇ ਚੱਲ ਰਹੇ ਹਨ।

ਭਾਈ ਸਾਹਿਬ ਜੀ ਦੀ ਸਿਹਤ ਸਾਰੀ ਉਮਰ ਠੀਕ ਰਹੀ ਹੈ। ਪਰੰਤੂ ਇਸ ਸੰਸਾਰ ਤੋਂ ਜਾਣ ਦਾ ਕੋਈ ਨਾ ਕੋਈ ਬਹਾਨਾ ਬਣ ਜਾਂਦਾ ਹੈ। ਪਹਿਲਾਂ ਉਨ੍ਹਾਂ ਦੀ ਸਿੰਘਣੀ ਕਾਫੀ ਚਿਰ ਪਹਿਲਾਂ ਕੈਂਸਰ ਦੀ ਨਾ-ਮੁਰਾਦ ਬੀਮਾਰੀ ਨਾਲ ਚੜ੍ਹਾਈ ਕਰ ਗਈ ਸੀ। ਫਿਰ ਇਹ ਬੀਮਾਰੀ ਆਪ ਜੀ ਨੂੰ ਵੀ ਚਿੰਬੜ ਗਈ। 5-6 ਮਹੀਨਾ ਇਸ ਬੀਮਾਰੀ ਨਾਲ ਜੂਝਣ ਤੋਂ ਬਾਅਦ ਅਖ਼ੀਰ ਮਿਤੀ 15 ਜੁਲਾਈ 2018 ਨੂੰ ਆਪਣੇ ਸਪੁੱਤਰ ਕੋਲ ਲੁਧਿਆਣੇ ਵਿਖੇ ਹੀ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿੰਦੇ ਹੋਏ ਗੁਰਪੁਰੀ ਜਾ ਬਿਰਾਜੇ। ਅੰਤਮ ਸਮੇਂ ਉਨ੍ਹਾਂ ਦੀ ਆਤਮਿਕ ਸਹਾਇਤਾ ਲਈ ਹੋਏ ਸ੍ਰੀ ਅਖੰਡ ਪਾਠ ਸਾਹਿਬ ਅਤੇ ਕੀਰਤਨ ਸਮਾਗਮ ਵੇਲੇ ਸੰਗਤਾਂ ਦਾ ਠਾਠਾਂ ਮਾਰਦਾ ਸਮੁੰਦਰ ਆਪ ਦੀ ਸੰਗਤਾਂ ਵਿਚ ਹਰਮਨ ਪਿਆਰੇ ਹੋਣ ਦਾ ਸਬੂਤ ਦੇ ਰਿਹਾ ਸੀ। ਇਨ੍ਹਾਂ ਸਮਾਗਮਾਂ ਵਿਚ ਦੂਰੋਂ-ਦੂਰੋਂ ਸ਼ਹਿਰਾਂ, ਸ੍ਰੀ ਅੰਮ੍ਰਿਤਸਰ, ਲੁਧਿਆਣਾ, ਦਿੱਲੀ, ਚੰਡੀਗੜ੍ਹ ਅਤੇ ਹੋਰ ਬੇਅੰਤ ਲੋਕਲਾਂ ਸੰਗਤਾਂ ਨੇ ਹਾਜ਼ਰੀਆਂ ਭਰੀਆਂ।

**ਭਲੋ ਭਲੋ ਰੇ ਕੀਰਤਨੀਆ : ਵਲੋਂ ਕੁਲਦੀਪ ਸਿੰਘ ਮਤਵਾਲਾ**

ਭਾ – ਭਾਉ ਤੇ ਭਗਤਿ ਵਿੱਚ, ਕੀਰਤੀ ਕਰਤ ਰਹਿਆ, ਐਸਾ ਭਾਗਵਾਨ, ਦਾਨ ਕੀਰਤੀ ਦਾ ਪਾਇਆ ਸੀ।
ਭਾਰੀ ਭੁਜਾਂ ਵਾਲੇ ਤੇ, ਭਰੋਸੇ ਦਾ ਸਿਦਕਵਾਨ, ਭਉ ਅਤੇ ਭਾਉ, ਸਦਾ ਰਿਦੇ 'ਚ ਵਸਾਇਆ ਸੀ।

ਈ – ਈਤ ਊਤ ਜੋ ਸਹਾਈ, ਡੋਰੀ ਓਸ ਸੰਗ ਲਾਈ, ਦੂਜੀ ਆਸ ਨਾ ਤਕਾਈ ਪ੍ਰੀਤਿ ਰੀਤ ਨੂੰ ਨਿਭਾਇਆ ਸੀ।
ਈਖੋਂ ਵੱਧ ਮਿੱਠੇ ਬੋਲ, ਜੈਸੇ ਮਿਸ਼ਰੀ ਦਾ ਘੋਲ, ਉਹਦਾ ਇਸ਼ਕ ਹਕੀਕੀ, ਕਦੇ ਘਟੇ ਨਾ ਘਟਾਇਆ ਸੀ।

ਦ – ਦਇਆ ਕੇ ਦਇਆਲ ਗੁਰਾਂ, ਦਇਆ ਰਿਦੇ ਵਿੱਚ ਪਾਈ, ਪਰਉਪਕਾਰ ਦੇ ਵਿਹਾਰ ਨੂੰ, ਨਿਭਾਇਆ ਸੀ।
ਦਰਦੀ ਤੇ ਦਇਆਵਾਨ, ਮਿੱਠੀ-ਮਿੱਠੀ ਮੁਸਕਾਨ, ਸ਼ੁਭ ਗੁਣਾਂ ਦੀ ਸੀ ਖਾਣ, ਇਉਂ ਪ੍ਰਭੂ ਨੂੰ ਰਿਝਾਇਆ ਸੀ।

ਲ – ਲਬ ਲੋਭ ਨਿੰਦਾ ਤਜ, ਹਉਮੈ ਦਾ ਤਿਆਗ ਕੀਤਾ, ਰਿਦੇ 'ਚ ਵਸਾਈ ਬਾਣੀ, ਬਾਣੀ 'ਚ ਸਮਾਇਆ ਸੀ।
ਲਗਿਆ ਪ੍ਰੇਮ ਐਸਾ, ਭਵਰੇ ਨੂੰ ਫੁਲ ਜੈਸਾ, ਮਛੁਲੀ ਨੂੰ ਨੀਰ, ਕਦੇ ਘੱਟੇ ਨਾ ਘਟਾਇਆ ਸੀ।

ਜਿੰ – ਜ਼ਿੰਦਗੀ ਨੂੰ ਬੰਦਗੀ ਦੇ ਰਾਹ ਉੱਤੇ, ਐਸਾ ਪਾਇਆ, ਚਾਤ੍ਰਿਕ ਜੁਗਤ ਸ੍ਵਾਂਤਿ ਬੂੰਦ ਪੀ ਅਘਾਇਆ ਸੀ।
ਜ਼ਿੰਦਗੀ ਹੀ ਬੰਦਗੀ ਸੀ, ਬੰਦਗੀ ਹੀ ਜ਼ਿੰਦਗੀ ਸੀ, ਜ਼ਿੰਦਗੀ ਬੇ-ਬੰਦਗੀ ਨੂੰ, ਚੋਗਾ ਨਹੀਂ ਪਾਇਆ ਸੀ।

ਦ – ਦਇਆ ਕੇ ਦਇਆਲ ਜੀ ਦੇ ਦਰ ਉੱਤੇ ਸਦਾ ਸੋਹਿਆ, ਜਦੋਂ ਜਿੱਥੇ-ਜਿੱਥੇ, ਕੀਰਤੀ ਨੂੰ ਗਾਇਆ ਸੀ।
ਦਿਲੋਂ, ਕੀਰਤੀ ਸੀ ਗਾਉਂਦਾ, ਬਾਣੀ ਬਿਸਮ ਹੋਇ ਸੁਣਾਉਂਦਾ, ਸੰਗੀ ਸਾਥੀਆਂ ਨੂੰ ਭਾਉਂਦਾ, ਗੁਰ ਸੰਗਤਾਂ ਨੂੰ ਭਾਇਆ ਸੀ।

ਰ – ਰਸਿਕ ਰਸਾਕ ਹੋਇ, ਰਿਦੇ 'ਚ ਵਸਾਈ ਬਾਣੀ, ਚੁਣ-ਚੁਣ ਕੰਠ ਕੀਤੀ, ਰੀਝ-ਰੀਝ ਗਾਇਆ ਸੀ।



www.AKJ.Org

ਰਸਨਾ ਰਸੀਲੀ ਭਈ, ਬਾਣੀ ਨੂੰ ਪਰਸ ਕਰ, ਚਾਤ੍ਰਿਕ ਜੁਗਤ, ਪ੍ਰਿਉ ਪ੍ਰਿਉ ਹੀ ਅਲਾਇਆ ਸੀ।

ਸਿੰ – ਸਿੰਮ੍ਰਤੀ ਵਿਸ਼ਾਲ, ਅਤਿ ਉੱਤਮ ਖਿਆਲ, ਜਪ ਬਾਣੀ ਨੂੰ ਨਿਹਾਲ, ਸ਼ੁਭ ਖੇਲ ਬਣ ਆਇਆ ਸੀ।
ਸੰਗਮ ਸਫਲ, ਸਾਧ ਸੰਗ 'ਚ ਬਿਤਾਏ ਪਲ, ਹਿਰਦਾ ਸਫਲ, ਜਿੱਥੇ ਬਾਣੀ ਨੂੰ ਵਸਾਇਆ ਸੀ।

ਘ – ਘਟ ਘਟ ਜੋ ਗੁਸਾਈ, ਆਸ ਓਸ ਦੀ ਤਕਾਈ, ਫਤਿਹ ਸਭ ਪਾਸੇ ਪਾਈ, ਜਸ ਸਭ ਪਾਸੇ ਛਾਇਆ ਸੀ।
ਘਾਲ ਤੇ ਸਿਆਣਪ ਦਾ ਮਾਨ ਨ ਗੁਮਾਨ ਕੀਤਾ, ਰਹਿਤ ਬਹਿਤ ਤਾਈ ਦ੍ਰਿੜ ਹੋਇ ਕੇ ਨਿਭਾਇਆ ਸੀ।

ਜੀ – ਜੀਵਿਆ ਪਿਆਰ ਵਿੱਚ, ਸੱਚੀ ਸੁੱਚੀ ਕਾਰ ਵਿੱਚ, ਬੁਧਿ ਦਾ ਬਿਬੇਕੀ ਹੋਇ ਮਨ ਨਿਰਮਲਾਇਆ ਸੀ।
ਜੀਵਨ ਸਫਲ, 'ਮਤਵਾਲਾ' ਹੋਇਆ ਕੀਰਤੀ ਕੈ, ਆਇਆ ਸੱਦਾ, ਉੱਠ ਸਚਖੰਡਿ ਨੂੰ ਸਿਧਾਇਆ ਸੀ।

# ਡਾ. ਭਾਈ ਅਰਜਨ ਸਿੰਘ ਫਗਵਾੜਾ

ਭਾਈ ਗੁਰਦੀਪ ਸਿੰਘ ਸ੍ਰੀ ਅੰਮ੍ਰਿਤਸਰ

ਅਖੰਡ ਕੀਰਤਨੀ ਜੱਥੇ ਦੀ ਤੀਜੀ ਪੀੜ੍ਹੀ ਦੇ ਰੂਹੇ ਰਵਾਂ ਬਹੁਪੱਖੀ ਦੈਵੀ ਗੁਣਾਂ ਨਾਲ ਭਰਪੂਰ ਸ਼ਖ਼ਸੀਅਤ ਭਾਈ ਅਰਜਨ ਸਿੰਘ ਜੀ ਦਾ ਜਨਮ ਮਿਤੀ 4 ਸਤੰਬਰ 1954 ਨੂੰ ਪਿੰਡ ਪੰਡੋਰੀ (ਜਮਾਲੇ ਦੀ) ਨੇੜੇ ਫਗਵਾੜਾ ਗੁਰਮੁੱਖ ਪਿਤਾ ਡਾ ਭਾਈ ਚਰਨ ਸਿੰਘ ਦੇ ਘਰ ਗੁਰਮੁਖ ਮਾਤਾ ਬੀਬੀ ਪਿਆਰ ਕੌਰ ਜੀ ਦੀ ਕੁੱਖੋਂ ਹੋਇਆ। ਆਪ ਜੀ ਦੇ ਪਿਤਾ ਜੀ ਦੇ ਪੂਰਵਜ ਪਾਕਿਸਤਾਨ ਦੇ ਜ਼ਿਲ੍ਹਾ ਸਿਆਲਕੋਟ ਦੀ ਬੇਗੋਵਾਲਾ ਤਹਿਸੀਲ ਦੇ ਪਿੰਡ ਭਾਢੇ ਚੱਕ ਵਿਚ ਰਹਿੰਦੇ ਸਨ ਤੇ ਖੇਤੀਬਾੜੀ ਦਾ ਕੰਮ ਕਰਦੇ ਸਨ। ਉਹ ਆਮ ਸਿੱਖਾਂ ਵਾਂਗ ਗੁਰੂ ਘਰ ਦੇ ਸ਼ਰਧਾਲੂ ਅਤੇ ਪ੍ਰੇਮੀ ਜਨ ਸਨ, ਪਰ ਅੰਮ੍ਰਿਤਧਾਰੀ ਨਹੀਂ ਸਨ। ਮਿਸਤਰੀ ਗੋਪਾਲ ਸਿੰਘ ਜੀ ਸ੍ਰੀ ਅੰਮ੍ਰਿਤਸਰ (ਪਿਤਾ ਭਾਈ ਇੰਜਰਜੀਤ ਸਿੰਘ ਜੀ ਕ੍ਰਿਪਾਨਾਂ ਵਾਲੇ) ਆਪ ਦੇ ਪਿਤਾ ਜੀ ਦੇ ਫੁੱਫੜ ਲੱਗਦੇ ਸਨ। ਇਨ੍ਹਾਂ ਦੇ ਪਿਤਾ ਜੀ ਨੇ ਉਨ੍ਹਾਂ ਕੋਲੋਂ ਹੀ ਬਚਪਨ ਵਿੱਚ ਹੀ ਰਾਜਗਿਰੀ ਤੇ ਲੱਕੜੀ ਦਾ ਕੰਮ ਸਿੱਖਿਆ ਸੀ, ਜੋ ਪਹਿਲਾਂ ਪਾਕਿਸਤਾਨ ਅਤੇ ਫਿਰ ਭਾਰਤ ਵਿੱਚ ਆ ਕੇ ਸੰਨ 1956 ਤਾਈਂ ਕਰਦੇ ਰਹੇ ਅਤੇ ਪਰਿਵਾਰ ਦਾ ਗੁਜ਼ਾਰਾ ਚਲਾਉਂਦੇ ਰਹੇ।

ਦੇਸ਼ ਦੀ ਵੰਡ ਤੋਂ ਬਾਅਦ ਇਨ੍ਹਾਂ ਦੇ ਦਾਦਾ ਜੀ ਸ. ਭਗਤ ਸਿੰਘ, ਆਪਣੇ ਬਾਕੀ ਭਰਾਵਾਂ ਨਾਲ ਸਭ ਤੋਂ ਪਹਿਲਾਂ ਸ੍ਰੀ ਅੰਮ੍ਰਿਤਸਰ ਸ਼ਰਨਾਰਥੀ ਕੈਂਪ ਵਿੱਚ ਠਹਿਰੇ। ਕੈਂਪ ਵਿੱਚ ਹੈਜ਼ਾ ਫੈਲਣ ਕਾਰਨ ਆਪ ਦੇ ਦਾਦਾ ਜੀ ਅੰਮ੍ਰਿਤਸਰ ਵਿੱਚ ਹੀ ਚੜ੍ਹਾਈ ਕਰ ਗਏ ਤੇ ਬਾਕੀ ਸਾਰਾ ਪਰਿਵਾਰ ਪਿੰਡ ਫ਼ਰੌਰ ਤਹਿਸੀਲ ਸਮਰਾਲਾ ਜ਼ਿਲ੍ਹਾ ਲੁਧਿਆਣਾ ਵਿੱਚ ਚਲਿਆ ਗਿਆ ਸੀ, ਜਿੱਥੇ ਉਨ੍ਹਾਂ ਨੂੰ ਆਰਜ਼ੀ ਤੌਰ ਤੇ ਜ਼ਮੀਨ ਅਲਾਟ ਹੋਈ। ਸੰਨ 1950 ਵਿਚ ਇਸ ਪਰਿਵਾਰ ਨੂੰ ਪਿੰਡ ਪੰਡੋਰੀ ਨੇੜੇ ਫਗਵਾੜਾ ਵਿੱਚ ਪੱਕੇ ਤੌਰ ਤੇ ਜ਼ਮੀਨ ਅਲਾਟ ਹੋ ਗਈ। ਇਸ ਤਰ੍ਹਾਂ ਇਸ ਪਰਿਵਾਰ ਦੀ ਪੱਕੀ ਰਿਹਾਇਸ਼ ਵੀ ਇਸ ਪਿੰਡ ਵਿੱਚ ਹੀ ਬਣ ਗਈ ਅਤੇ ਇੱਥੇ ਹੀ ਆਪ ਜੀ ਦਾ ਜਨਮ ਹੋਇਆ।

ਪਾਕਿਸਤਾਨ ਰਹਿੰਦੇ ਸਮੇਂ ਹੀ ਇਨ੍ਹਾਂ ਦੇ ਪਿਤਾ ਜੀ ਦਾ ਆਨੰਦ ਕਾਰਜ ਬੀਬੀ ਪਿਆਰ ਕੌਰ ਜੀ ਸਪੁੱਤਰੀ ਸ. ਕਰਮ ਸਿੰਘ ਜੀ ਨਾਲ ਹੋ ਗਿਆ ਸੀ। ਆਪ ਜੀ ਤਿੰਨ ਭਰਾ ਅਤੇ ਦੋ ਭੈਣਾਂ ਸਨ। ਆਪ ਜੀ ਦੇ ਮਾਤਾ ਪਿਤਾ ਜੀ ਨੇ ਪਹਿਲਾਂ ਸ੍ਰੀ ਅਕਾਲ ਤਖਤ ਸਾਹਿਬ ਜੀ ਤੋਂ ਅੰਮ੍ਰਿਤ ਛਕਿਆ ਸੀ। ਫੇਰ ਮਿਸਤਰੀ ਗੋਪਾਲ ਸਿੰਘ ਜੀ ਦੀ ਪ੍ਰੇਰਨਾ ਨਾਲ ਸੰਨ 1962 ਲੁਧਿਆਣੇ ਪੋਹ ਸੁਦੀ ਸਮਾਗਮ ਤੇ ਜਥੇ ਦੇ ਸਿੰਘਾਂ ਦੀ ਸੰਗਤ ਕੀਤੀ। ਉਸ ਤੋਂ ਅਗਲੇ ਸਾਲ ਹੀ ਸਾਰਾ ਪਰਿਵਾਰ ਅੰਮ੍ਰਿਤ ਛਕ ਕੇ ਰਹਿਤ ਬਹਿਤ ਦਾ ਪੱਕਾ ਧਾਰਨੀ ਹੋ ਗਿਆ ਅਤੇ ਇਹ ਪਰਿਵਾਰ ਫਗਵਾੜੇ ਜਥੇ ਦੇ ਮੋਢੀ ਪਰਿਵਾਰਾਂ ਵਿਚੋਂ ਇਕ ਸੀ। ਇਨ੍ਹਾਂ ਦੇ ਮਾਤਾ ਪਿਤਾ ਨੇ ਦੁਨਿਆਵੀਂ ਕਿਰਤ ਅਤੇ ਪਰਿਵਾਰਕ ਜ਼ਿਮੇਵਾਰੀਆਂ



www.AKJ.Org

ਨਿਭਾਉਂਦੇ ਹੋਏ ਨਾਮ ਅਤੇ ਬਾਣੀ ਦੀ ਅਤੁੱਟ ਕਮਾਈ ਕੀਤੀ ਅਤੇ ਅਖੀਰਲੇ ਸਵਾਸਾਂ ਤਾਈਂ ਸਿੱਖੀ ਸਿਦਕ ਤੋੜ ਨਿਭਾਇਆ। ਪਿਤਾ ਜੀ ਫਗਵਾੜੇ ਜਥੇ ਦੇ ਮੁਖੀ ਵਜੋਂ ਕਾਫ਼ੀ ਸਮਾਂ ਸੇਵਾ ਵੀ ਕਰਦੇ ਰਹੇ ਅਤੇ ਉਹ ਬਹੁਤ ਪਰ ਉਪਕਾਰੀ ਜੀਉੜੇ ਸਨ।

ਪਿੰਡ ਵਿੱਚ ਥੋੜ੍ਹੀ ਜ਼ਮੀਨ ਹੋਣ ਅਤੇ ਰਾਜਗਿਰੀ/ਲੱਕੜੀ ਦੇ ਕੰਮ ਨਾਲ ਗੁਜ਼ਾਰਾ ਨਾ ਚੱਲਣ ਕਰਕੇ ਆਪ ਜੀ ਦੇ ਪਿਤਾ ਜੀ ਨੇ ਸੰਨ 1956 ਵਿੱਚ ਦੋਰਾਹੇ ਆਪਣੇ ਨਜ਼ਦੀਕੀ ਰਿਸ਼ਤੇਦਾਰ (ਆਪ ਜੀ ਦੇ ਮਾਮਾ ਜੀ) ਡਾ. ਦਿਆਲ ਸਿੰਘ ਜੀ, ਜੋ ਕਿ ਦੰਦਾਂ ਦੇ ਡਾਕਟਰ ਸਨ, ਕੋਲ ਜਾ ਕੇ ਇਸ ਕਿਤੇ ਦਾ ਕੰਮ ਸਿਖਣਾ ਸ਼ੁਰੂ ਕਰ ਦਿੱਤਾ ਤੇ ਨਾਲ ਹੀ ਘਰ ਦੇ ਗੁਜ਼ਾਰੇ ਲਈ ਰਾਜਗਿਰੀ ਅਤੇ ਲੱਕੜੀ ਦਾ ਕੰਮ ਠੇਕੇ ਤੇ ਲੈ ਕੇ ਕਰਦੇ ਰਹੇ। ਬੱਚਿਆਂ ਦੀ ਸੇਵਾ ਸੰਭਾਲ ਦੇ ਨਾਲ ਨਾਲ ਮਾਤਾ ਜੀ ਵੀ ਕਪੜੇ ਸਿਉਂ ਕਿ ਪ੍ਰੀਰ ਦਾ ਗੁਜ਼ਾਰਾ ਚਲਾਉਣ ਵਿੱਚ ਮਦਦ ਕਰਦੇ ਰਹੇ। ਇਸ ਸਮੇਂ ਆਪ ਦੇ ਪਿਤਾ ਜੀ ਨੂੰ ਕਾਫ਼ੀ ਮਾਇਕ ਔਕੜਾਂ ਦਾ ਸਾਹਮਣਾ ਵੀ ਕਰਨਾ ਪਿਆ। ਪਿਤਾ ਜੀ ਉੱਥੋਂ ਦੰਦਾਂ ਦਾ ਕੰਮ ਸਿੱਖ ਕੇ ਇਕ ਰਜਿਸਟਰਡ ਮੈਡੀਕਲ ਪ੍ਰੈਕਟੀਸ਼ਨਰ ਬਣ ਗਏ। ਇਸ ਸਮੇਂ ਉੱਥੇ ਰਹਿੰਦਿਆਂ ਆਪ ਜੀ ਨੇ ਸੰਨ 1963 ਵਿਚ ਮਾਤਾ ਪਿਤਾ ਜੀ ਦੀ ਨਾਲ ਹੀ ਅੰਮ੍ਰਿਤ ਛਕਣ ਤੋਂ ਬਾਅਦ ਪੰਜ ਕਕਾਰੀ ਰਹਿਤ ਧਾਰਨ ਕਰ ਲਈ ਅਤੇ ਛੋਟੀ ਉਮਰ ਵਿੱਚ ਹੀ ਵੱਡੀ ਦਸਤਾਰ ਸਜਾ ਕੇ ਸ੍ਰੀ ਸਾਹਿਬ ਬਸਤਰਾਂ ਉੱਪਰ ਪਾਉਣ ਲੱਗ ਪਏ। ਇਸ ਪਰਿਵਾਰ ਨੂੰ ਦੋਰਾਹੇ ਭਾਈ ਰਾਮ ਸਿੰਘ ਜੀ ਹੱਲਾਂ ਵਾਲੇ ਅਤੇ ਹੋਰ ਪਿੰਡਾਂ ਵਿੱਚ ਇਰਦ ਗਿਰਦ ਰਹਿੰਦੇ ਸਿੰਘਾਂ ਦੀ ਸੰਗਤ ਪ੍ਰਾਪਤ ਹੋਣ ਲੱਗ ਪਈ। ਬਾਕੀ ਸਿੰਘਾਂ ਦੇ ਨਾਲ ਇਹ ਪ੍ਰੀਵਾਰ ਵੀ ਪਿੰਡਾਂ ਵਿੱਚ ਹੋਣ ਵਾਲੇ ਮਾਸਿਕ ਰੈਣ ਸਬਾਈ ਕੀਰਤਨਾਂ ਦੀ ਹਾਜਰੀ ਸਾਇਕਲਾਂ ਉਪਰ ਜਾ ਕੇ ਭਰਨ ਲੱਗ ਪਿਆ। ਭਾਵੇਂ ਆਮਦਨ ਗੁਜ਼ਾਰੇ ਮਾਤਰ ਹੀ ਸੀ, ਪਰ ਨੇੜੇ ਤੇੜੇ ਦੇ ਹਰ ਸਮਾਗਮ ਤੇ ਇਹ ਪਰਿਵਾਰ ਪਹੁੰਚ ਜਾਂਦਾ ਸੀ। ਆਪ ਜੀ ਨੂੰ ਇਸ ਇਲਾਕੇ ਦੇ ਸਿੰਘ ਜਥੇਦਾਰ ਕਹਿ ਕੇ ਬੁਲਾਉਂਦੇ ਸਨ।

ਪਿਤਾ ਜੀ ਮਾਰਚ 1966 ਤੋਂ ਸਤੰਬਰ 1966 ਤਾਈਂ ਕੁਝ ਸਮਾਂ ਲੁਧਿਆਣੇ ਰਹੇ ਤੇ ਸੰਨ 1966 ਵਿੱਚ ਆਪਣੇ ਪਿੰਡ ਆ ਕੇ ਫਗਵਾੜੇ ਮੇਹਲੀ ਗੇਟ ਵਿਖੇ ਦੁਕਾਨ ਕਿਰਾਏ ਤੇ ਲੈ ਕੇ ਆਪਣੀ ਪ੍ਰੈਕਟਿਸ ਸ਼ੁਰੂ ਕਰ ਦਿੱਤੀ। ਗੁਰੂ ਸਾਹਿਬ ਨੇ ਆਪ ਦੇ ਪਿਤਾ ਜੀ ਦੀ ਮਿਹਨਤ ਨੂੰ ਐਸੇ ਭਾਗ ਲਾਏ ਕਿ ਉਨ੍ਹਾਂ ਦਾ ਕੰਮ ਦਿਨੋ ਦਿਨ ਚੜ੍ਹਦੀ ਕਲਾ ਵਿੱਚ ਜਾਣ ਲੱਗ ਪਿਆ ਅਤੇ ਥੋੜ੍ਹੇ ਹੀ ਸਮੇਂ ਵਿੱਚ ਫਗਵਾੜਾ ਅਤੇ ਆਲੇ ਦੁਆਲੇ ਪਿੰਡਾਂ ਵਿਚ ਦੰਦਾਂ ਦੇ ਮਸ਼ਹੂਰ ਡਾਕਟਰ ਵਜੋਂ ਪ੍ਰਸਿੱਧ ਹੋ ਗਏ। ਉਨ੍ਹਾਂ ਦੇ ਸਪੁੱਤਰਾਂ ਵੱਲੋਂ ਪਹਿਲਾਂ ਬੰਗਾ ਰੋਡ ਅਤੇ ਹੁਣ ਹੁਸ਼ਿਆਰਪੁਰ ਰੋਡ ਤੇ ਉਨ੍ਹਾਂ ਦੇ ਨਾਮ ਤੇ ਸਥਾਪਤ ਕੀਤੀ ਡਾ ਚਰਨ ਸਿੰਘ ਡੈਂਟਲ ਕਲੀਨਕ ਫਗਵਾੜੇ ਦੇ ਇਲਾਕੇ ਵਿਚ ਇਕ ਉੱਘੀ ਅਤੇ ਨਾਮਵਰ ਕਲਿਨਕ ਵਜੋਂ ਬਾਹਰਲੇ ਦੇਸ਼ਾਂ ਵਿੱਚ ਵਸੇ ਅਤੇ ਇਲਾਕੇ ਦੇ ਲੋਕਾਂ ਦੀ ਸੇਵਾ ਕਰ ਰਹੀ ਹੈ। ਦੋਰਾਹੇ ਰਹਿੰਦੇ ਹੀ ਆਪ ਜੀ ਨੇ ਆਪਣੀ ਮੁੱਢਲੀ ਵਿੱਦਿਆ ਪ੍ਰਾਇਮਰੀ ਤਾਈਂ ਉੱਥੋਂ ਦੇ ਗੌਰਮਿੰਟ ਸਕੂਲ ਚੋਂ ਲਈ ਅਤੇ ਦਸਵੀਂ ਗੌਰਮਿੰਟ ਹਾਈ ਸਕੂਲ ਫਗਵਾੜਾ ਤੋਂ ਸੰਨ 1970 ਵਿੱਚ ਪਾਸ ਕੀਤੀ।

ਫਗਵਾੜੇ ਆ ਕੇ ਇਸ ਪਰਿਵਾਰ ਨੇ ਉਸ ਵੇਲੇ ਉਥੇ ਰਹਿ ਰਹੇ ਸਿੰਘਾਂ ਦੀ ਸੰਗਤ ਕਰਨੀ ਸ਼ੁਰੂ ਕਰ ਦਿੱਤੀ ਅਤੇ ਸਮਾਗਮਾਂ ਦੀ ਵੀ ਹਾਜਰੀ ਭਰਨ ਲੱਗ ਪਏ। ਭਾਈ ਸੇਵਾ ਸਿੰਘ ਗੁਰਾਇਆਂ ਵਾਲੇ ਇਸ ਇਲਾਕੇ ਦੇ ਪ੍ਰਮੁੱਖ ਕੀਰਤਨੀਏ ਸਨ, ਜੋ ਸਾਰੀ ਰਾਤ ਇਕੱਲੇ ਹੀ ਕੀਰਤਨ ਦੀ ਹਾਜਰੀ ਭਰ ਕੇ ਗੁਰੂ ਸਾਹਿਬ ਜੀ ਦੀਆਂ ਖੁਸ਼ੀਆਂ ਲੈਂਦੇ ਸਨ। ਨਵੰਬਰ 1969 ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪੰਜ ਸੌ ਸਾਲਾ ਸ਼ਤਾਬਦੀ ਸਮੇਂ ਜਲੰਧਰ ਵਿਚ ਹੋਏ ਕੇਂਦਰੀ ਸਮਾਗਮ ਤੇ ਆਪ ਜੀ ਦੇ ਵੱਡੇ ਭਾਈ ਸਾਹਿਬ ਡਾ.ਤਰਲੋਚਨ ਸਿੰਘ ਜੀ ਦਾ ਆਨੰਦ ਕਾਰਜ ਭਾਈ ਸੇਵਾ ਸਿੰਘ ਜੀ ਗੁਰਾਇਆਂ ਵਾਲੇ ਜੀ ਦੀ ਸਪੁੱਤਰੀ ਬੀਬੀ ਰਾਜਿੰਦਰ ਕੌਰ ਜੀ ਨਾਲ ਹੋਇਆ। ਇਸ ਆਨੰਦ ਕਾਰਜ ਨਾਲ ਇਨ੍ਹਾਂ ਦੋਹਾਂ ਪਰਿਵਾਰਾਂ ਦੀ ਮਿੱਤਰਤਾ ਹੋਰ ਵੀ ਗੂੜ੍ਹੀ ਹੋ ਗਈ।

ਆਪ ਜੀ ਨੇ ਛੋਟੀ ਉਮਰ ਵਿੱਚ ਹੀ ਨਿਤਨੇਮ ਦੀਆਂ ਬਾਣੀਆਂ ਦੇ ਪਾਠ ਤੋਂ ਇਲਾਵਾ ਕੀਰਤਨ ਅਤੇ ਤਬਲਾ



www.AKJ.Org

ਬਜਾਉਣ ਦੀ ਸੰਥਿਆ ਲੈਣੀ ਸ਼ੁਰੂ ਕਰ ਦਿੱਤੀ ਸੀ। ਪਹਿਲਾਂ ਆਪ ਜੀ ਭਾਈ ਇੰਦਰਜੀਤ ਸਿੰਘ ਜੀ ਕ੍ਰਿਪਾਨਾਂ ਵਾਲੇ ਸ੍ਰੀ ਅੰਮ੍ਰਿਤਸਰ ਕੋਲੋਂ ਸਕੂਲ ਵਿੱਚ ਛੁੱਟੀਆਂ ਸਮੇਂ ਕਾਫ਼ੀ ਸਮਾਂ ਉੱਥੇ ਠਹਿਰ ਕੇ ਕੀਰਤਨ ਅਤੇ ਤਬਲਾ ਸਿਖਦੇ ਰਹੇ। ਫਿਰ ਭਾਈ ਸੇਵਾ ਸਿੰਘ ਜੀ ਕੋਲੋਂ ਸਕੂਲ ਅਤੇ ਕਾਲਜ ਦੇ ਵਿਹਲੇ ਸਮੇਂ ਫਗਵਾੜੇ ਤੋਂ ਗੁਰਾਇਆ ਸਾਈਕਲ ਤੇ ਜਾ ਕੇ ਕੀਰਤਨ ਦੀ ਸਿਖਲਾਈ ਲੈਂਦੇ ਰਹੇ। ਇਸ ਤਰਾਂ ਆਪ ਜੀ ਨੇ ਬਚਪਨ ਵਿੱਚ ਹੀ ਕੀਰਤਨ ਕਰਨ ਅਤੇ ਤਬਲਾ ਬਜਾਉਣ ਦੇ ਗੁਣ ਗ੍ਰਹਿਣ ਕਰ ਲਏ ਸਨ। ਉਨ੍ਹਾਂ ਨੇ ਕੀਰਤਨ ਦੇ ਗੁਣ ਨੂੰ ਆਪਣੇ ਮਨ ਪ੍ਰਬੋਧਣ ਅਤੇ ਆਤਮਿਕ ਲਾਹੇ ਲਈ ਹੀ ਵਰਤਿਆ, ਨਾ ਕਿ ਦੂਜਿਆਂ ਨੂੰ ਸੁਣਾਉਣ ਅਤੇ ਪਰਚਾਉਣ ਲਈ। ਲੋਕਲ ਸਮਾਗਮਾਂ ਤੇ ਵੀ ਆਪ ਜੀ ਨੂੰ ਜਦੋਂ ਵੀ ਕੀਰਤਨ ਜਾਂ ਤਬਲੇ ਦੀ ਸੇਵਾ ਮਿਲਦੀ ਸੀ ਤਾਂ ਉਹ ਨਿਰਬਾਣ ਅਤੇ ਨਿਸ਼ਕਾਮ ਹੋ ਕੇ ਨਿਬਾਉਂਦੇ ਰਹੇ। ਆਪ ਨੇ ਹੌਲੀ ਹੌਲੀ ਗੁਰਬਾਣੀ ਦੇ ਪਾਠ ਦਾ ਅਭਿਆਸ ਕਰ ਕੇ ਲੜੀਦਾਰ ਸਰੂਪ ਤੋਂ ਪਾਠ ਦੀ ਮੁਹਾਰਤ ਵੀ ਹਾਸਲ ਕਰ ਲਈ ਸੀ, ਭਾਵੇਂ ਆਪ ਪਾਠ ਸਹਿਜ ਵਿੱਚ ਹੀ ਕਰਦੇ ਸਨ ਅਤੇ ਪਾਠ ਦੀ ਚਾਲ ਵੀ ਬਹੁਤੀ ਤੇਜ਼ ਨਹੀਂ ਸੀ ਹੁੰਦੀ। ਪਰ ਆਪ ਜੀ ਨੂੰ ਗੁਰਬਾਣੀ ਦੇ ਸ਼ਬਦ ਜੋੜ ਨਿਖੇੜ, ਉਚਾਰਨ, ਬਿਸਰਾਮ ਲਾਉਣ ਤੇ ਗੁਹਜ ਭਾਵ ਅਰਥਾਂ ਦਾ ਪੂਰਾ ਗਿਆਨ ਸੀ। ਇਸ ਤੋਂ ਇਲਾਵਾ ਆਪ ਜੀ ਨੂੰ ਗੁਰਮਤਿ ਦੇ ਗੂੜ੍ਹ ਵਿਸ਼ਿਆਂ ਅਤੇ ਸਿਧਾਂਤਾਂ ਦੀ ਵੀ ਪੂਰੀ ਜਾਣਕਾਰੀ ਸੀ।

ਆਪ ਪੜ੍ਹਨ ਵਿੱਚ ਕਾਫ਼ੀ ਹੁਸ਼ਿਆਰ ਸਨ ਤੇ ਹਮੇਸ਼ਾ ਫਸਟ ਡਿਵੀਜ਼ਨ ਵਿੱਚ ਹੀ ਪ੍ਰੀਖਿਆ ਪਾਸ ਕਰਦੇ ਸਨ। ਸੰਨ1970 ਵਿੱਚ ਆਪ ਨੇ ਉਚੇਰੀ ਵਿਦਿਆ ਲਈ ਰਾਮਗੜ੍ਹੀਆ ਕਾਲਜ ਫਗਵਾੜਾ ਵਿੱਚ ਮੈਡੀਕਲ ਦੇ ਵਿਸ਼ਿਆਂ ਨਾਲ ਦਾਖਲਾ ਲੈ ਲਿਆ। ਇੱਥੇ ਹੀ ਦਾਸ ਦਾ ਆਪ ਜੀ ਨਾਲ ਮੇਲ ਹੋਇਆ, ਕਿਉਂਕਿ ਅਸੀਂ ਦੋਵੇਂ ਹਮ ਜਮਾਤੀ ਸਾਂ। ਰੋਲ ਨੰਬਰ ਵੀ 34 ਅਤੇ 35 ਨਾਲ ਨਾਲ ਹੋਣ ਕਰ ਕੇ ਇਕੱਠੇ ਹੀ ਇੱਕ ਬੈਂਚ ਤੇ ਬੈਠਦੇ ਸਾਂ। ਇਸ ਤੋਂ ਪਹਿਲਾਂ ਦਾਸ ਨੇ ਸ੍ਰੀ ਅਕਾਲ ਤਖਤ ਸਾਹਿਬ ਜੀ ਤੋਂ ਅੰਮ੍ਰਿਤ ਛਕਿਆ ਹੋਇਆ ਸੀ ਪਰ ਨਿਤਨੇਮ ਤੇ ਪੰਜ ਕਕਾਰੀ ਰਹਿਤ ਰੱਖਣ ਵਿੱਚ ਢਿੱਲਾ ਸੀ। ਆਪਣੇ ਪਿੰਡ ਰਹਿੰਦਿਆਂ ਗਿਆਨੀ ਅਮਰਜੀਤ ਸਿੰਘ ਜੀ (ਵੱਡੇ ਭਰਾਤਾ ਭਾਈ ਕੁਲਵੰਤ ਸਿੰਘ ਜੀ ਕਾਕੀ ਪਿੰਡ) ਦੀ ਪ੍ਰੇਰਨਾ ਨਾਲ ਫਿਲੌਰ, ਲੁਧਿਆਣਾ, ਜਲੰਧਰ ਵਿਖੇ ਹੋਏ ਰੈਣ ਸਬਾਈ ਕੀਰਤਨਾ ਦੀ ਹਾਜ਼ਰੀ ਭਰਨ ਕਰਕੇ, ਜੱਥੇ ਦੇ ਸਿੰਘਾਂ ਬਾਰੇ ਕੁਝ ਜਾਣੂ ਸੀ। ਕਾਲਜ ਵਿਚ ਦਾਖਲਾ ਲੈਣ ਸਮੇਂ ਅਸੀਂ ਦੋਨੋ ਇੱਕੋ ਲਾਈਨ ਵਿੱਚ ਖੜ੍ਹੇ ਸਾਂ। ਆਪ ਜੀ ਦਾ ਗੁਰਮੁਖੀ ਪਹਿਰਾਵਾ (ਕਾਲੀ ਦਸਤਾਰ, ਹੇਠਾਂ ਬਸੰਤੀ ਕੇਸਕੀ, ਪ੍ਰਕਾਸ਼ ਕੀਤਾ ਹੋਇਆ ਖੁੱਲ੍ਹਾ ਦਾਹੜਾ, ਅਤੇ ਸ੍ਰੀ ਸਾਹਿਬ ਬਸਤਰਾਂ ਦੇ ਉੱਪਰ ਦੀ ਸਜਾਈ ਹੋਈ, ਜੋ ਉਸ ਵੇਲੇ ਜੱਥੇ ਦੇ ਸਿੰਘਾਂ ਦਾ ਆਮ ਪਹਿਰਾਵਾ ਸੀ) ਦੇਖ ਕੇ ਦਾਸ ਨੂੰ ਹਿਰਦੇ ਅੰਦਰੋਂ ਆਵਾਜ਼ ਆਈ ਕਿ ਇਹ ਵੀ ਉਹੀ ਹੈ, ਭਾਵ ਕਿ ਜਥੇ ਦੇ ਸਿੰਘਾਂ ਵਿੱਚੋਂ ਹੀ ਹੈ। ਦੋ ਚਾਰ ਦਿਨ ਬਾਅਦ ਹੀ ਕਾਲਜ ਦੀ ਕੰਟੀਨ ਵਿੱਚ ਵਿਹਲੇ ਪੀਰੀਅਡ ਸਮੇਂ ਬੈਠਿਆਂ ਸਾਡਾ ਆਪਸ ਵਿੱਚ ਮੇਲ ਮਿਲਾਪ ਹੋ ਗਿਆ। ਦਾਸ ਨੇ ਅਖਬਾਰ ਵਿੱਚ ਪੜ੍ਹਿਆ ਕਿ ਅਗਲੇ ਸ਼ਨਿੱਚਰਵਾਰ ਜਲੰਧਰ ਵਿਖੇ ਰੈਣ ਸਬਾਈ ਕੀਰਤਨ ਹੈ। ਦਾਸ ਆਪਣੇ ਇਲਾਕੇ ਵਿੱਚੋਂ ਇਕੱਲਾ ਹੀ ਇਸ ਕਲਾਸ ਵਿੱਚ ਦਾਖਿਲ ਹੋਇਆ ਸੀ। ਆਪ ਜੀ ਦੇ ਨਾਲ ਚਾਰ ਪੰਜ ਹੋਰ ਦੋਸਤ ਸਨ, ਜੋ ਕਿ ਪਿਛਲੇ ਸਕੂਲ ਵਿੱਚ ਆਪ ਦੇ ਹਮ ਜਮਾਤੀ ਸਨ। ਆਪ ਜੀ ਉਨ੍ਹਾਂ ਨਾਲ ਬੈਠੇ ਵਿਚਾਰ ਵਟਾਂਦਰਾ ਕਰ ਰਹੇ ਸਨ। ਜਦ ਦਾਸ ਨੇ ਆਪ ਜੀ ਨੂੰ ਰੈਣ ਸਬਾਈ ਕੀਰਤਨ ਤੇ ਜਾਣ ਬਾਰੇ ਪੁੱਛਿਆ ਤਾਂ ਦਾਸ ਵੱਲ ਦੇਖ ਕੇ ਹੈਰਾਨ ਹੋ ਗਏ ਕਿ ਇਹ ਰੰਗ ਬਿਰੰਗੀ ਢਿੱਲੀ ਜਿਹੀ ਪੱਗ ਬੰਨ੍ਹੀ ਵਾਲਾ, ਜੋ ਕਕਾਰਾਂ ਤੋਂ ਵੀ ਰਹਿਤ ਹੈ, ਕੀਰਤਨ ਤੇ ਜਾਣ ਬਾਰੇ ਕਿਉਂ ਪੁੱਛ ਰਿਹਾ ਹੈ? ਖ਼ੈਰ ਆਪ ਜੀ ਨੇ ਪਿਆਰ ਨਾਲ ਬਿਠਾਇਆ ਤੇ ਦੱਸਿਆ ਕਿ ਅਸੀਂ ਜਲੰਧਰ ਨਹੀਂ ਜਾਣਾ। ਇੱਥੇ ਫਗਵਾੜੇ ਵਿਚ ਹੀ ਹਫ਼ਤਾਵਾਰੀ ਕੀਰਤਨ ਸਮਾਗਮ ਹੈ। ਬਸ ਉਸ ਦਿਨ ਤੋਂ ਦਾਸ ਨਾਲ ਐਸੀ ਪੀਢੀ ਪ੍ਰੇਮ ਗੰਢ ਪਈ ਕਿ ਹੁਣ ਤਾਈਂ ਤੋੜ ਨਿਭੀ ਹੈ। ਦਾਸ ਉਸ ਵੇਲੇ ਕਾਲਜ ਦੇ ਹੋਸਟਲ ਵਿੱਚ ਰਹਿੰਦਾ ਸੀ।


www.AKJ.Org

ਅਤੇ ਆਪ ਜੀ ਪਿੰਡ ਤੋਂ ਸਾਈਕਲ ਤੇ ਹੀ ਪੜ੍ਹਨ ਆਉਂਦੇ ਸਨ। ਸਾਈਕਲ ਹਰ ਰੋਜ਼ ਦਾਸ ਦੇ ਕਮਰੇ ਵਿੱਚ ਹੀ ਖੜ੍ਹਾ ਕਰਨਾ ਤੇ ਅਸੀਂ ਕਾਲਜ ਵਿੱਚ ਸ਼ਾਮ ਨੂੰ ਵਿਦਾ ਹੋਣ ਤਾਈਂ ਹਰ ਪਲ ਇਕੱਠੇ ਹੀ ਵਿਚਰਨਾ। ਕਾਲਜ ਵਿੱਚ ਸਾਰੇ ਸਾਨੂੰ ਸਕੇ ਭਰਾ ਕਰਕੇ ਹੀ ਜਾਣਦੇ ਸਨ। ਬੀ.ਐੱਸ.ਸੀ.ਦੀ ਡਿਗਰੀ ਪਾਸ ਕਰਨ ਤਾਈਂ ਇਹ ਸਿਲਸਿਲਾ ਜਾਰੀ ਰਿਹਾ। ਦਾਸ ਦੇ ਛਕਣ ਲਈ ਇਕ ਬੋਤਲ ਲੱਸੀ ਦੀ ਭਰ ਕੇ ਰੋਜ਼ਾਨਾ ਲਿਆਉਂਦੇ ਸਨ, ਜੋ ਅਸੀਂ ਰਲ਼ ਮਿਲ਼ ਕੇ ਛਕ ਲੈਂਦੇ ਸਾਂ। ਦਾਸ ਨੇ ਸਭ ਤੋਂ ਪਹਿਲਾਂ ਫਿਲੌਰ ਵਿਖੇ ਹੋਏ ਰੈਣ ਸਬਾਈ ਕੀਰਤਨ ਦੀ ਹਾਜ਼ਰੀ ਭਰੀ ਸੀ, ਜਿੱਥੇ ਭਾਈ ਸੇਵਾ ਸਿੰਘ ਗੁਰਾਇਆ ਵਾਲਿਆਂ ਨੇ ਸਾਰੀ ਰਾਤ ਇਕੱਲਿਆਂ ਹੀ ਕੀਰਤਨ ਕੀਤਾ ਸੀ। ਇਸ ਤੋਂ ਬਾਅਦ ਆਪ ਜੀ ਨੇ ਦਾਸ ਦਾ ਭਾਈ ਗੁਰਦੀਪ ਸਿੰਘ ਜੀ ਬੁਨੈਣਾਂ ਵਾਲਿਆਂ ਨਾਲ ਮੇਲ ਕਰਾ ਦਿੱਤਾ ਅਤੇ ਉਨ੍ਹਾਂ ਦੀ ਪ੍ਰੇਰਨਾ ਨਾਲ ਦਾਸ ਨੇ ਕਾਲਜ ਦੇ ਕੁਝ ਸਾਥੀਆਂ ਨਾਲ, ਹਰ ਬੁੱਧਵਾਰ ਨਿੰਮਾਂ ਵਾਲੇ ਗੁਰਦੁਆਰੇ ਹੋਣ ਬਾਰੇ ਹਫ਼ਤਾਵਾਰੀ ਸ਼ਾਮ ਦੇ ਕੀਰਤਨ ਦੀ ਹਾਜ਼ਰੀ ਭਰਨੀ ਸ਼ੁਰੂ ਕਰ ਦਿੱਤੀ। ਇਸ ਸਮੇਂ ਫਗਵਾੜਾ ਅਤੇ ਇਰਦ ਗਿਰਦ ਇਲਾਕਿਆਂ ਬੰਗਾ, ਹੁਸ਼ਿਆਰਪੁਰ, ਫਿਲੌਰ ,ਬਿਲਗਾ ਜਾਂ ਹੋਰ ਕਸਬਿਆਂ ਅਤੇ ਪਿੰਡਾਂ ਵਿੱਚ ਹਰ ਮਹੀਨੇ ਜਾਂ ਵੱਧ ਵਾਰੀ ਵੀ ਰੈਣ ਸਬਾਈ ਕੀਰਤਨ ਹੁੰਦੇ ਰਹਿੰਦੇ ਸਨ ਜਿਸ ਵਿਚ ਭਾਈ ਸੇਵਾ ਸਿੰਘ ਜੀ ਸਾਰੀ ਰਾਤ ਇਕੱਲੇ ਹੀ ਕੀਰਤਨ ਕਰਦੇ ਹੁੰਦੇ ਸਨ। ਬਾਕੀ ਫਗਵਾੜਾ ਅਤੇ ਬੰਗਾ ਨਿਵਾਸੀ ਸਿੰਘ ਉਨ੍ਹਾਂ ਨਾਲ ਬੋਲ ਕੇ ਪੂਰਾ ਸਾਥ ਦਿੰਦੇ ਅਤੇ ਨਾਮ ਬਾਣੀ ਦੇ ਲਾਹੇ ਲੈਂਦੇ ਸਨ। ਦਾਸ ਨੂੰ ਵੀ ਕਾਲਜ ਦੀ ਪੜ੍ਹਾਈ ਸਮੇਂ ਆਪ ਜੀ ਦੀ ਪ੍ਰੇਰਨਾ ਨਾਲ ਇਹ ਸਾਰੇ ਸਮਾਗਮਾਂ ਦੀ ਹਾਜ਼ਰੀ ਭਰ ਕੇ ਸਿੰਘਾਂ ਦੀ ਸੰਗਤ ਕਰਨ ਅਤੇ ਨਾਮ ਬਾਣੀ ਨਾਲ ਜੁੜਨ ਦਾ ਸੁਭਾਗ ਸਮਾਂ ਮਿਲਦਾ ਰਿਹਾ। ਅਸੀਂ ਦੋਨੋਂ ਕਾਲਜ ਵਿੱਚ ਅਤੇ ਸਮਾਗਮਾਂ ਤੇ ਲਗਾਤਾਰ ਪੰਜ ਸਾਲ ਇਕੱਠੇ ਹੀ ਵਿੱਚਰਦੇ ਰਹੇ ਤੇ ਸਾਡਾ ਆਪਸ ਵਿੱਚ ਸਕੇ ਭਰਾਵਾਂ ਨਾਲੋਂ ਵੀ ਵੱਧ ਪਿਆਰ ਸੀ। ਦਾਸ ਆਪ ਜੀ ਦੀ ਸੰਗਤ ਅਤੇ ਪ੍ਰੇਰਨਾ ਸਦਕਾ ਹੀ ਆਪ ਜੀ ਦੇ ਸੰਗ ਸਾਥ (ਕਿਉਂਕਿ ਆਪ ਜੀ ਵੀ ਕਿਸੇ ਅਣਭੋਲ ਮਾਮੂਲੀ ਗਲਤੀ ਕਰਨ ਕਰਕੇ ਪੰਚਾਂ ਦੇ ਪੇਸ਼ ਹੋਏ ਸਨ) ਜਲੰਧਰ ਕੈਂਟ ਵਿਖੇ ਹੋਏ ਸਮਾਗਮ ਤੇ ਪੰਚਾਂ ਦੇ ਪੇਸ਼ ਹੋ ਕੇ ਕਕਾਰਾਂ ਦੀ ਹੋਈ ਢਿੱਲਤਾ ਦੀ ਭੁੱਲ ਬਖਸ਼ਾ ਅਤੇ ਨਾਮ ਦ੍ਰਿੜ੍ਹ ਕਰਵਾ ਕੇ ਤਿਆਰ ਬਰ ਤਿਆਰ ਹੋਇਆ ਸੀ। ਇਸ ਸਮੇਂ ਦੌਰਾਨ ਆਪ ਜੀ ਦੇ ਪਰਿਵਾਰ ਵੱਲੋਂ ਪਿੰਡ ਪੰਡੋਰੀ ਹਰ ਐਤਵਾਰ ਸ਼ਾਮ ਦਾ ਕੀਰਤਨ ਵੀ ਰੱਖਿਆ ਜਾਂਦਾ ਸੀ, ਜਿੱਥੇ ਫਗਵਾੜੇ ਦੇ ਸਿੰਘ ਸਾਈਕਲਾਂ ਤੇ ਜਾ ਕੇ ਹਾਜਰੀ ਭਰਦੇ ਸਨ। ਦਾਸ ਵੀ ਕਾਲਜ ਦੇ ਕੁਝ ਸਾਥੀਆਂ ਨਾਲ ਸਾਈਕਲਾਂ ਤੇ ਜਾ ਕੇ ਇਨ੍ਹਾਂ ਸਮਾਗਮਾਂ ਦੇ ਲਾਹੇ ਲੈਂਦਾ ਰਿਹਾ। ਦਾਸ ਨਾਲ ਮੇਲ ਮਿਲਾਪ ਹੋਣ ਤੋਂ ਬਾਅਦ ਆਪ ਜੀ ਦਾਸ ਦੇ ਪਿੰਡ ਅਤੇ ਹੋਰ ਰਿਸ਼ਤੇਦਾਰਾਂ ਦੇ ਘਰੀਂ ਪਾਠ ਦੇ ਭੋਗ ਸਮਾਗਮਾਂ ਸਮੇਂ ਕੀਰਤਨ ਦੀ ਸੇਵਾ ਨਿਭਾਉਂਦੇ ਰਹੇ। ਇੱਕ ਵਾਰੀ ਆਪ ਜੀ ਨੇ ਦਾਸ ਦੇ ਅਤਿ ਸਤਿਕਾਰ ਯੋਗ ਪੁਰਾਤਨ ਗੁਰਸਿੱਖ ਰਿਸ਼ਤੇਦਾਰ ਦੇ ਘਰ ਜਾ ਕੇ ਲਗਾਤਾਰ ਤਿੰਨ ਘੰਟੇ ਕੀਰਤਨ ਦੀ ਛਹਿਬਰ ਲਾਈ, ਭਾਵੇਂ ਉਥੇ ਆਪ ਜੀ ਨਾਲ ਬੋਲਣ ਵਾਲੇ ਅਸੀਂ ਦੋ ਤਿੰਨ ਕਾਲਜ ਦੇ ਸਾਥੀ ਹੀ ਸਾਂ। ਇਸ ਤੋਂ ਬਾਅਦ ਦਾਸ ਦੇ ਪਰਿਵਾਰ ਅਤੇ ਆਪ ਜੀ ਦੇ ਪਰਿਵਾਰ ਦਾ ਆਪਸ ਵਿੱਚ ਡੂੰਘਾ ਪਿਆਰ ਬਣ ਗਿਆ। ਆਪ ਜੀ ਦੇ ਮਾਤਾ ਪਿਤਾ ਦਾਸ ਨੂੰ ਆਪਣੇ ਬੱਚਿਆਂ ਵਾਂਗ ਹੀ ਪਿਆਰ ਕਰਦੇ ਸਨ। ਸੰਨ 1975 ਵਿੱਚ ਸ੍ਰੀ ਅੰਮ੍ਰਿਤਸਰ ਆਉਣ ਤੇ ਆਪ ਜੀ ਨੇ ਹੀ ਭਾਈ ਇੰਦਰਜੀਤ ਸਿੰਘ ਜੀ ਰਾਹੀਂ ਦਾਸ ਦੀ ਅਜੀਤ ਨਗਰ ਵਿਖੇ ਰਿਹਾਇਸ਼ ਦਾ ਪ੍ਰਬੰਧ ਕੀਤਾ ਸੀ। ਇਸ ਤੋਂ ਬਾਅਦ ਜਦੋਂ ਵੀ ਦਾਸ ਨੇ ਆਪਣੇ ਪਿੰਡ ਪ੍ਰਤਾਬਪੁਰਾ ਵਿਖੇ ਮਾਤਾ ਪਿਤਾ ਜੀ ਨੂੰ ਮਿਲਣ ਜਾਂ ਹੋਰ ਪਰਿਵਾਰਕ ਰਿਸ਼ਤੇਦਾਰੀਆਂ ਵਿੱਚ ਦੁੱਖ ਸੁੱਖ ਵੇਲੇ ਜਾਣਾ ਤਾਂ ਇਸ ਪਰਿਵਾਰ ਨੂੰ ਮਿਲੇ ਬਿਨਾਂ ਕਦੇ ਵਾਪਸ ਨਾ ਆਉਣਾ। ਭਾਵੇਂ ਸਰੀਰਕ ਦੂਰੀ ਬਣ ਗਈ ਸੀ, ਪਰ ਆਤਮਕ ਮੇਲ ਬਣਿਆ ਰਿਹਾ। ਦਾਸ ਆਪ ਜੀ ਨਾਲ ਇਕ ਸੱਚੇ ਦੋਸਤ ਵਾਂਗ ਆਪਣੀ ਜ਼ਿੰਦਗੀ ਦਾ ਹਰ ਦੁਖ ਸੁਖ ਸਾਂਝਾ ਕਰ ਲੈਂਦਾ ਸੀ। ਦਾਸ ਤੇ ਆਈ ਕਿਸੇ ਵੀ ਔਕੜ ਵੇਲੇ ਹਰ ਤਰ੍ਹਾਂ ਦੀ ਸਹਾਇਤਾ ਅਤੇ ਯੋਗ ਸਲਾਹ ਮਸ਼ਵਰਾ ਵੀ ਦਿੰਦੇ ਰਹਿੰਦੇ ਸਨ। ਦਾਸ ਨਾਲ ਹਰ ਵੇਲੇ ਭਰਾਵਾਂ ਵਾਂਗ ਨਾਲ ਖਲੋਂਦੇ ਸਨ। ਆਪ ਜੀ ਦੇ ਮਾਤਾ ਪਿਤਾ, ਭੈਣ ਭਰਾਵਾਂ ਅਤੇ ਸਮੂਹ ਪਰਿਵਾਰ ਦੇ ਬੱਚਿਆਂ ਨੇ,



www.AKJ.Org

ਦਾਸ ਨੂੰ ਆਪਣੇ ਘਰ ਦੇ ਮੈਂਬਰ ਵਾਂਗ, ਹੁਣ ਤਾਈਂ ਜੋ ਪਿਆਰ ਤੇ ਸਤਿਕਾਰ ਦਿੱਤਾ ਹੈ, ਦਾਸ ਉਸ ਨੂੰ ਤਾਅ ਜ਼ਿੰਦਗੀ ਨਹੀਂ ਭੁੱਲ ਸਕਦਾ।

ਪਿਤਾ ਜੀ ਦੀ ਇੱਛਾ ਅਨੁਸਾਰ ਆਪ ਜੀ ਨੇ ਡਾਕਟਰ ਬਣਨ ਲਈ ਕਾਲਜ ਵਿੱਚ ਮੈਡੀਕਲ ਵਿੱਦਿਆ ਦੇ ਵਿਸ਼ੇ ਲਏ ਸਨ, ਪਰ ਹੁਸ਼ਿਆਰ ਹੋਣ ਅਤੇ ਚੰਗੇ ਨੰਬਰ ਲੈਣ ਦੇ ਬਾਵਜੂਦ ਵੀ, ਸਰਕਾਰ ਦੀਆਂ ਨੀਤੀਆਂ ਕਾਰਨ ਮੈਡੀਕਲ ਕੋਰਸ ਵਿੱਚ ਦਾਖ਼ਲਾ ਨਾ ਮਿਲ ਸਕਿਆ। ਸੰਨ 1976 ਵਿੱਚ ਬੀ ਐੱਡ ਦਾ ਕੋਰਸ ਕਰ ਕੇ ਕੁਝ ਸਮਾਂ ਸਰਕਾਰੀ ਮਿਡਲ ਸਕੂਲ ਸੁੰਨੜਾਂ ਨੇੜੇ ਨੂਰਮਹਿਲ ਨੌਕਰੀ ਕੀਤੀ। ਫਿਰ ਡਾਕਟਰ ਬਣਨ ਲਈ, ਸੰਨ 1977 ਵਿਚ ਮਹਾਂਵੀਰ ਹੋਮੋਓਪੈਥੀ ਕਾਲਜ ਲੁਧਿਆਣਾ ਖੁੱਲ੍ਹਣ ਤੇ, ਹੋਮੋਓਪੈਥੀ ਡਾਕਟਰੀ ਦੀ ਡਿਗਰੀ ਲਈ ਉਥੇ ਦਾਖਲਾ ਲੈ ਲਿਆ। ਡਾ ਤੇਜਿੰਦਰਪਾਲ ਸਿੰਘ ਦੂਲਾ ਜੀ (ਸਪੁੱਤਰ ਗੁਰਪੁਰਵਾਸੀ ਭਾਈ ਜੋਗਿੰਦਰ ਸਿੰਘ ਤਲਵਾੜਾ) ਆਪ ਜੀ ਦੇ ਹਮ ਜਮਾਤੀ ਸਨ। ਇਹ ਕੋਰਸ ਕਰਨ ਤੋਂ ਬਾਅਦ, ਕੁਝ ਸਮਾਂ ਹੋਮਿਓਪੈਥੀ ਦੀ ਪ੍ਰੈਕਟਿਸ ਸ਼ੁਰੂ ਕੀਤੀ ਤੇ ਨਾਲ ਨਾਲ ਪਿਤਾ ਜੀ ਅਤੇ ਦੂਸਰੇ ਭਰਾਵਾਂ ਤੋਂ ਦੰਦਾਂ ਦੀ ਡਾਕਟਰੀ ਦਾ ਕੰਮ ਵੀ ਸਿੱਖ ਲਿਆ। ਆਪ ਨੇ ਇਹ ਦੋਨੋ ਸੇਵਾਵਾਂ ਨਾਲ ਨਾਲ ਕਰਨੀਆਂ ਸ਼ੁਰੂ ਕਰ ਦਿੱਤੀਆਂ। ਬਾਅਦ ਵਿੱਚ ਹੋਮਿਓਪੈਥੀ ਦਾ ਕੰਮ ਘਟਾ ਕੇ, ਦੰਦਾਂ ਦੀ ਡਾਕਟਰੀ ਦਾ ਕੰਮ ਹੀ ਆਪਣੀ ਆਯੂ ਦੇ ਅਖ਼ੀਰ ਤਾਈਂ ਦੂਸਰੇ ਭਰਾਵਾਂ ਨਾਲ ਮਿਲ ਕੇ ਕਰਦੇ ਰਹੇ। ਆਪ ਜੀ ਦੇ ਮਿੱਠ ਬੋਲੜੇ ਤੇ ਮਿਲਾਪੜੇ ਸੁਭਾਅ ਕਰਕੇ ਕਲੀਨਕ ਤੇ ਆਇਆ ਹਰ ਮਰੀਜ ਪੂਰੀ ਤਰ੍ਹਾਂ ਸੰਤੁਸ਼ਟ ਹੋ ਕੇ ਜਾਂਦਾ ਸੀ। ਆਪ ਜੀ ਨੇ ਇਸ ਕਿੱਤੇ ਨੂੰ ਮਾਇਆ ਇਕੱਤਰ ਕਰਨ ਦੀ ਬਜਾਏ, ਲੋਕ ਸੇਵਾ ਦੀ ਭਾਵਨਾ ਨੂੰ ਮੁੱਖ ਰੱਖ ਕੇ ਕੀਤਾ। ਜਿੱਥੇ ਆਪ ਗੁਰਸਿੱਖਾਂ ਦੇ ਦੰਦ ਕੱਢਣ ਜਾਂ ਹੋਰ ਬਿਮਾਰੀਆਂ ਦੇ ਇਲਾਜ ਸਮੇਂ ਸੁੱਚਮ ਦਾ ਪੂਰਾ ਧਿਆਨ ਰੱਖਦੇ ਸਨ ਤੇ ਇਲਾਜ ਵੀ ਮੁਫ਼ਤ ਹੀ ਕਰ ਦਿੰਦੇ ਸਨ ਉੱਥੇ ਕਲੀਨਿਕ ਤੇ ਆਏ ਹੋਰ ਲੋੜਵੰਦ ਗ਼ਰੀਬ ਮਰੀਜ਼ਾਂ ਦੀ ਜਾਤ ਧਰਮ ਅਤੇ ਨਸਲ ਤੋਂ ਉੱਪਰ ਉੱਠ ਕੇ ਸੇਵਾ ਕਰਦੇ ਸਨ। ਕਈ ਵਾਰੀ ਜੇ ਕੋਈ ਗਰੀਬ ਮਰੀਜ਼ ਘੱਟ ਵੀ ਮਾਇਆ ਦਿੰਦਾ ਸੀ ਤਾਂ ਉਹ ਸਵੀਕਾਰ ਕਰ ਲੈਂਦੇ ਸਨ ਅਤੇ ਦਵਾਈ ਵੀ ਕੋਲੋਂ ਮੁਫ਼ਤ ਹੀ ਦੇ ਦਿੰਦੇ ਸਨ। ਖਲਕਤ ਦੀ ਸੇਵਾ ਕਰਨ ਵਾਲੀ ਬਿਰਤੀ ਕਰ ਕੇ, ਗੁਰੂ ਸਾਹਿਬ ਜੀ ਨੇ ਇਨ੍ਹਾਂ ਦੇ ਕਾਰੋਬਾਰ ਵਿਚ ਇਤਨੀ ਵੱਡੀ ਬਰਕਤ ਪਾਈ ਕਿ ਮਾਇਆ ਦੀ ਕਦੇ ਤੋਟ ਨਹੀਂ ਆਈ ਭਾਵੇਂ ਵੱਡੀਆਂ ਮਾਇਕ ਔਕੜਾਂ ਵੀ ਸਾਹਮਣੇ ਆਈਆਂ। ਆਪਣੀ ਕਿਰਤ ਦੀ ਕਮਾਈ ਵਿਚੋਂ ਪੂਰਾ ਦਸਵੰਧ ਕੱਢ ਕੇ ਲੋੜਵੰਦਾਂ, ਗ਼ਰੀਬ ਗੁਰਬਿਆਂ ਅਤੇ ਪੰਥਕ ਕਾਰਜਾਂ ਉਪਰ ਖਰਚਦੇ ਸਨ। ਇਸ ਦੀ ਵੱਡੀ ਮਿਸਾਲ ਆਪ ਜੀ ਦੇ ਛੋਟੇ ਵੀਰ ਡਾ ਸਤਨਾਮ ਸਿੰਘ ਜੀ ਵੱਲੋਂ ਮੱਧ ਪ੍ਰਦੇਸ਼,ਮਹਾਰਾਸ਼ਟਰਾ ਅਤੇ ਹੋਰ ਨੇੜੇ ਤੇੜੇ ਦੇ ਇਲਾਕਿਆਂ ਵਿੱਚ ਰਹਿ ਰਹੇ ਕਬੀਰ ਪੰਥੀ, ਸਿਕਲੀਗਰਾਂ ਅਤੇ ਵਣਜਾਰੇ ਸਿੱਖਾਂ ਵਾਸਤੇ ਸੰਗਤਾਂ ਦੇ ਸਹਿਯੋਗ ਨਾਲ ਚਲਾਏ ਜਾ ਰਹੇ ਧਰਮ ਕਾਰਜਾਂ ਵਿਚ ਇਸ ਪਰਿਵਾਰ ਵੱਲੋਂ ਵੱਡੀ ਪੱਧਰ ਤੇ ਮਾਇਆ ਦਾ ਹਿੱਸਾ ਪਾਉਣਾ ਹੈ।

ਆਪ ਜੀ ਦੇ ਆਨੰਦ ਕਾਰਜ, ਪਿੰਡ ਮੂਸਾ ਪੁਰ, ਨੇੜੇ ਬੰਗਾ ਦੇ ਨਿਵਾਸੀ, ਭਾਈ ਮਹਾਂ ਸਿੰਘ ਜੀ ਅਤੇ ਬੀਬੀ ਗਿਆਨ ਕੌਰ ਜੀ ਦੀ ਸਪੁੱਤਰੀ ਬੀਬੀ ਜਸਵਿੰਦਰ ਕੌਰ, ਨਾਲ ਹੋਣ ਬਾਰੇ ਗਲਬਾਤ ਪੱਕੀ ਹੋ ਚੁੱਕੀ ਸੀ, ਪ੍ਰੰਤੂ ਨਾ ਅਜੇ ਕੋਈ ਤਾਰੀਖ ਪੱਕੀ ਕੀਤੀ ਗਈ ਸੀ ਅਤੇ ਨਾ ਹੀ ਕੋਈ ਤਿਆਰੀ ਕੀਤੀ ਗਈ ਸੀ। ਮਿਤੀ 14 ਸਤੰਬਰ 1982 ਨੂੰ ਜਥੇਦਾਰ ਭਾਈ ਰਾਮ ਸਿੰਘ ਜੀ ਦੀ ਅਗਵਾਈ ਹੇਠ ਸ਼੍ਰੋਮਣੀ ਅਕਾਲੀ ਦਲ ਵੱਲੋਂ ਆਰੰਭੇ ਧਰਮ ਯੁੱਧ ਮੋਰਚੇ ਵਿੱਚ ਜਥੇ ਦੇ ਸਿੰਘਾਂ ਨੇ ਗ੍ਰਿਫ਼ਤਾਰੀ ਦੇਣੀ ਸੀ, ਜਿਸ ਵਿੱਚ ਆਪ ਦੇ ਵੱਡੇ ਭਾਈ ਸਾਹਿਬ ਡਾ ਤਰਲੋਚਨ ਸਿੰਘ ਜੀ, ਭਰਜਾਈ ਬੀਬੀ ਰਾਜਿੰਦਰ ਕੌਰ ਅਤੇ ਭਤੀਜੇ ਅਮਰਜੀਤ ਸਿੰਘ ਨੇ ਵੀ ਸ਼ਾਮਲ ਹੋਣਾ ਸੀ। ਇਸ ਸੋਚ ਵਿਚਾਰ ਤੋਂ ਬਾਅਦ ਕਿ ਮੋਰਚਾ ਪਤਾ ਨਹੀਂ ਕਿਤਨਾ ਚਿਰ ਚੱਲਣਾ ਹੈ ? ਆਪ ਜੀ ਦੇ ਆਨੰਦ ਕਾਰਜ ਦੀ ਤੱਟ ਫੱਟ ਤਿਆਰੀ ਹੋ ਗਈ। ਦੋਹਾਂ ਪਰਿਵਾਰਾਂ ਦੇ ਕੁਝ ਨਜ਼ਦੀਕੀ ਰਿਸ਼ਤੇਦਾਰਾਂ ਅਤੇ ਫਗਵਾੜਾ/ ਬੰਗਾ ਇਲਾਕੇ ਦੇ ਗੁਰਸਿੱਖਾਂ ਦੀ ਹਾਜ਼ਰੀ ਵਿੱਚ 12 ਸਤੰਬਰ1982 ਨੂੰ ਇਹ ਆਨੰਦ ਕਾਰਜ ਬਹੁਤ ਸਾਦਗੀ ਨਾਲ ਅਤੇ ਗੁਰਮਤਿ ਮਰਿਆਦਾ ਅਨੁਸਾਰ ਬਿਨਾਂ ਕਿਸੇ ਧੂਮ



www.AKJ.Org

ਧਮੱਕੇ ਅਤੇ ਦਾਜ ਦਹੇਜ ਦੇ ਲੈਣ ਦੇਣ ਤੋਂ ਬਿਨਾਂ, ਸੰਪੰਨ ਕੀਤਾ ਗਿਆ। ਆਪ ਜੀ ਦੀ ਸਿੰਘਣੀ ਦੇ ਮਾਤਾ ਪਿਤਾ ਨੂੰ, ਭਾਈ ਸੰਤਾ ਸਿੰਘ ਦੁਆਬੀਆ, ਜਿਨਾਂ ਮਾਲਵਾ ਖ਼ਾਲਸਾ ਹਾਈ ਸਕੂਲ ਦੇ ਵਿਦਿਆਰਥੀ ਹੁੰਦੇ ਹੋਏ, ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਸੰਗਤ ਕੀਤੀ ਸੀ , ਦੀ ਸੰਗਤ ਪ੍ਰਾਪਤ ਹੋਣ ਕਰ ਕੇ ਉਹ ਅੰਮ੍ਰਿਤ ਛਕ ਕੇ ਰਹਿਤ ਬਹਿਤ ਦੇ ਪੱਕੇ ਧਾਰਨੀ ਹੋ ਗਏ ਸਨ। ਸਿੰਘਣੀ ਦੇ ਦੂਸਰੇ ਭੈਣ ਭਰਾ ਵੀ ਅੰਮ੍ਰਿਤਧਾਰੀ ਤੇ ਗੁਰਮਤਿ ਮਾਰਗ ਦੇ ਪਾਂਧੀ ਹਨ। ਇਨ੍ਹਾਂ ਦੀ ਸਿੰਘਣੀ ਦੇ ਤਾਇਆ ਜੀ, ਭਾਈ ਸਵਰਨ ਸਿੰਘ ਜੀ ਵੀ ਅੰਮ੍ਰਿਤਧਾਰੀ ਅਤੇ ਰਹਿਤ ਬਹਿਤ ਦੇ ਧਾਰਨੀ ਸਨ ਤੇ ਜਥੇ ਦੀ ਦੂਸਰੀ ਪੀੜ੍ਹੀ ਦੇ ਪੁਰਾਤਨ ਸਿੰਘ ਭਾਈ ਕੁਲਦੀਪ ਸਿੰਘ ਜੀ ਮਤਵਾਲਾ ਚੰਡੀਗੜ੍ਹ ਦੇ ਪਿਤਾ ਜੀ ਸਨ। ਇਸ ਤਰ੍ਹਾਂ ਇਨ੍ਹਾਂ ਦੀ ਸਿੰਘਣੀ ਨੂੰ ਬਚਪਨ ਤੋਂ ਹੀ ਗੁਰਸਿੱਖੀ ਦੀ ਗੁੜ੍ਹਤੀ ਮਿਲੀ ਹੋਈ ਸੀ। ਉਸ ਵਿਚ ਇਕ ਸੁਘੜ, ਸੁਜਾਨ, ਪਤੀਬਰਤਾ ਤੇ ਆਗਿਆਕਾਰੀ ਸੁਆਣੀ ਦੇ ਸਾਰੇ ਗੁਣ ਮੌਜੂਦ ਹਨ। ਜਿੱਥੇ ਉਹ ਨਾਮ ਗੁਰਬਾਣੀ ਦੇ ਅਭਿਆਸੀ ਅਤੇ ਕੀਰਤਨੀ ਹਨ, ਉਥੇ ਸੇਵਾ ਭਾਵ ਅਤੇ ਨਿਮਰਤਾ ਦੇ ਪੁੰਜ ਵੀ ਹਨ। ਇਹ ਜੋੜੀ ਧੁਰੋ ਹੀ ਦੈਵੀ ਗੁਣਾਂ ਨਾਲ ਸ਼ਿੰਗਾਰੀ ਹੋਈ ਸੀ ਅਤੇ ਪੂਰਬਲੇ ਜਨਮ ਦੇ ਭਗਤ ਜਨ ਸਨ। ਜਿੱਥੇ ਆਪ ਜੀ ਵਿੱਚ ਸਬਰ ਸ਼ੁਕਰ, ਸਤ ਸੰਤੋਖ, ਦਇਆ ਧਰਮ, ਨਿਮਰਤਾ, ਗ਼ਰੀਬੀ, ਹਲੀਮੀ, ਨਿਵਣਾ, ਖਵਣਾ, ਮਿੱਠਾ ਬੋਲਣਾ ਵਾਲੇ ਸਾਰੇ ਗੁਣ ਸਨ ਉਥੇ ਆਪ ਜੀ ਦੀ ਸਿੰਘਣੀ ਵੀ ਕਿਸੇ ਗੱਲੋਂ ਘੱਟ ਨਹੀਂ ਹੈ। ਇਸ ਗੁਰਮੁਖ ਦੰਪਤੀ ਨੂੰ ਕਦੇ ਵੀ ਆਪਸ ਵਿੱਚ ਗੁੱਸੇ ਗਿਲੇ ਜਾਂ ਇਕ ਦੂਜੇ ਪ੍ਰਤੀ ਰੰਜਿਸ਼ ਕਰਦਿਆਂ ਨਹੀਂ ਦੇਖਿਆ ਗਿਆ। ਇਨ੍ਹਾਂ ਦੀ ਸਿੰਘਣੀ ਨੇ ਬੱਚਿਆਂ ਦੀਆਂ ਪਰਿਵਾਰਕ ਜ਼ਿੰਮੇਵਾਰੀਆਂ ਤੋਂ ਇਲਾਵਾ ਆਪਣੇ ਧਰਮ ਮਾਤਾ ਪਿਤਾ (ਸੱਸ ਸਹੁਰਾ) ਅਤੇ ਆਪ ਜੀ ਤਾਅ ਜ਼ਿੰਦਗੀ, ਖਾਸ ਕਰਕੇ ਅੰਤਲੇ ਬਿਮਾਰੀ ਦੇ ਸਮੇਂ, ਜੋ ਸੇਵਾ ਨਿਬਾਹੀ, ਉਹ ਅੱਜ ਕੱਲ੍ਹ ਦੇ ਨੌਜਵਾਨ ਬੱਚਿਆਂ, ਖਾਸਕਰ ਬੱਚੀਆਂ ਲਈ ਇਕ ਨਮੂਨਾ ਹੈ। ਇਹ ਬੀਬੀ ਵਿਹਲੇ ਸਮੇਂ ਗੁਰਬਾਣੀ ਦੇ ਸਹਿਜ ਪਾਠ ਕਰਨ ਦੇ ਨਾਲ ਨਾਲ, ਹਰ ਰੋਜ਼ ਸ਼ਾਮ ਨੂੰ ਆਪ ਜੀ ਨਾਲ ਮਿਲ ਕੇ, ਗੁਰੂ ਸਾਹਿਬ ਦੀ ਹਜ਼ੂਰੀ ਵਿੱਚ ਗੁਰਬਾਣੀ ਦੇ ਕੀਰਤਨ ਰਾਹੀਂ ਆਤਮਿਕ ਲਾਹੇ ਲੈਂਦੀ ਰਹੀ ਹੈ। ਇਸ ਬੀਬੀ ਨੂੰ ਆਪਣੇ ਜੀਜੇ ਭਾਈ ਹਰਦੀਪ ਸਿੰਘ ਜੀ ਹੁਸ਼ਿਆਰਪੁਰ (ਜੋ ਕਿ ਭਾਈ ਦਰਸ਼ਨ ਸਿੰਘ ਜੀ (ਦਿਲ ਰੁਬਾ) ਵੀਰਾ ਜੀ ਦੇ ਸਪੁੱਤਰ ਹਨ) ਦੀ ਪ੍ਰੇਰਨਾ ਨਾਲ ਰਾਗਾਂ ਵਿਚ ਕੀਰਤਨ ਸਿੱਖਣ ਤੇ ਕਰਨ ਦਾ ਸ਼ੌਂਕ ਹੈ। ਇਸ ਨੇ ਆਪਣੇ ਸਿੰਘ ਸਾਹਿਬ ਤੋਂ ਜਿਸ ਰਾਗ ਵਿੱਚ ਬਾਣੀ ਉਚਾਰੀ ਹੈ, ਉਸੇ ਰਾਗ ਵਿੱਚ ਗਾਉਣ ਦੀ ਸੰਥਿਆ ਲਈ। ਇਸ ਦੰਪਤੀ ਨੇ ਚਾਰ ਸਾਲ ਦਾ ਸਮਾਂ ਲਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪੂਰਨ ਬਾਣੀ ਦਾ ਕੀਰਤਨ ਉਸੇ ਰਾਗ ਵਿੱਚ ਕੀਤਾ, ਜਿਸ ਵਿੱਚ ਬਾਣੀ ਉਚਾਰੀ ਗਈ ਹੈ। ਇਕ ਵਾਰੀ ਭੋਗ ਪਾਉਣ ਤੋਂ ਬਾਅਦ, ਹੁਣ ਦੂਸਰੀ ਵਾਰੀ ਮੱਧ ਤੋਂ ਅੱਗੇ ਤਾਈ ਕੀਰਤਨ ਕਰ ਚੁੱਕੇ ਸਨ ਕਿ ਆਪ ਜੀ ਨੂੰ ਧੁਰੋ ਸੱਦੜੇ ਆ ਗਏ। ਆਪ ਜੀ ਦੇ ਘਰ ਦੋ ਸਪੁੱਤਰਾਂ ਤੇ ਦੋ ਸਪੁੱਤਰੀਆਂ ਨੇ ਜਨਮ ਲਿਆ, ਜੋ ਆਪ ਜੀ ਦੇ ਪਾਏ ਹੋਏ ਪੂਰਨਿਆਂ ਤੇ ਚੱਲ ਕੇ, ਗੁਰਸਿੱਖੀ ਰਹਿਤ ਬਹਿਤ ਦੇ ਧਾਰਨੀ ਅਤੇ ਗੁਰਮਤਿ ਮਾਰਗ ਦੇ ਪਾਂਧੀ ਹਨ। ਦੋਨੋਂ ਸਪੁੱਤਰ ਸੰਸਾਰਕ ਉੱਚ ਵਿੱਦਿਆ ਲੈ ਕੇ ਆਪਣੇ ਪਿਤਾ ਪੁਰਖੀ ਦੰਦਾਂ ਦੀ ਡਾਕਟਰੀ ਦੇ ਧੰਦੇ ਰਾਹੀਂ ਲੋਕ ਸੇਵਾ ਕਰ ਰਹੇ ਹਨ। ਦੋਨੋਂ ਸਪੁੱਤਰੀਆਂ ਵੀ ਉੱਚ ਵਿਦਿਆ ਲੈ ਕੇ ਕਿਰਤ ਕਰਨ ਦੇ ਨਾਲ ਨਾਲ ਵਿਦੇਸ਼ ਵਿੱਚ ਸੁਖੀ ਗ੍ਰਹਿਸਥ ਜੀਵਨ ਬਿਤਾ ਰਹੀਆਂ ਹਨ।

ਆਪ ਜੀ ਛੋਟੀ ਉਮਰ ਤੋਂ ਹੀ ਬਿਬੇਕ ਰਹਿਤ ਦੇ ਧਾਰਨੀ ਹੋ ਗਏ ਸਨ। ਇਹ ਬਿਬੇਕ ਰਹਿਤ ਭਰ ਜੁਆਨੀ ਵੇਲੇ ਕਾਲਜ ਦੀ ਪੜ੍ਹਾਈ ਸਮੇਂ ਵੀ ਨਿਬਾਹੀ,ਜਦੋਂ ਕਿ ਉੱਥੇ ਅਨਮਤੀਆਂ ਅਤੇ ਨਾਸਤਿਕਾ ਦਾ ਹੀ ਬੋਲਬਾਲਾ ਸੀ। ਸੰਨ 1983 ਵਿੱਚ ਇਨ੍ਹਾਂ ਦੇ ਛੋਟੇ ਵੀਰ ਡਾ ਸਤਨਾਮ ਸਿੰਘ ਜੀ ਦਾ ਆਨੰਦ ਕਾਰਜ, ਭਾਈ ਮਹਿੰਦਰ ਸਿੰਘ ਜੀ ਕਾਲਾ ਸੰਘਾ ਦੀ ਛੋਟੀ ਭਰਜਾਈ ਦੀ ਭੈਣ ਨਾਲ ਹੋਣ ਕਰ ਕੇ, ਇਨ੍ਹਾਂ ਦੇ ਸਬੰਧ ਉਨ੍ਹਾਂ ਨਾਲ ਜੁੜ ਗਏ ਤੇ ਗੁਰਸਿਖਾਂ ਵਾਲਾ ਗੂੜ੍ਹਾ ਪਿਆਰ ਬਣ ਗਿਆ। ਉਨ੍ਹਾਂ ਦੀ ਸੰਗਤ ਅਤੇ ਪ੍ਰੇਰਨਾ ਨਾਲ ਇਹ ਸਾਰਾ ਪਰਿਵਾਰ ਤੱਤ ਗੁਰਮਤਿ ਰਹਿਣੀ ਵਿੱਚ ਹੋਰ ਪ੍ਰਪੱਕ ਹੋ ਗਿਆ। ਗੁਰੂ ਸਾਹਿਬ ਜੀ ਦੀ ਬਖਸ਼ਿਸ਼ ਨਾਲ ਇਹ ਰਹਿਤ ਤਾਅ ਜ਼ਿੰਦਗੀ ਨਿਭਾਈ। ਸਿਹਤ



www.AKJ.Org

ਠੀਕ ਰਹਿਣ ਤਕ, ਆਪ ਜੀ ਰੋਜ਼ ਸ਼ਾਮ ਨੂੰ ਆਪਣੇ ਹੱਥੀਂ, ਲਾਗਲੇ ਪਿੰਡ ਚੋਂ ਮੱਝਾਂ ਦਾ ਦੁੱਧ ਚੋਅ ਕੇ ਲਿਆਉਂਦੇ ਰਹੇ ਅਤੇ ਤਿੰਨੇ ਭਰਾਵਾਂ ਦੇ ਪਰਿਵਾਰ ਰਲ ਮਿਲ ਕੇ ਛਕਦੇ ਰਹੇ। ਪ੍ਰੰਤੂ ਆਪ ਬਿਬੇਕ ਰਹਿਤ ਰੱਖਣ ਕਰਕੇ ਨਾ ਤਾਂ ਕਿਸੇ ਨਾਲ ਨਫ਼ਰਤ ਕਰਦੇ ਸਨ ਤੇ ਨਾ ਹੀ ਕਿਸੇ ਨੂੰ ਆਪਣਾ ਆਪ ਜਣਾਉਂਦੇ ਸਨ ਤੇ ਨਾ ਹੀ ਕਿਸੇ ਬੱਚੇ ਜਾਂ ਹੋਰ ਕਿਸੇ ਨੂੰ ਇਹ ਰਹਿਤ ਰੱਖਣ ਲਈ ਮਜਬੂਰ ਕਰਦੇ ਸਨ।

ਪਿਛਲੇ ਪਹਿਰ ਰਾਤ ਦਾ ਅੰਮ੍ਰਿਤ ਵੇਲਾ ਆਪ ਜੀ ਦਾ ਸ਼ੁਰੂ ਤੋਂ ਹੀ ਪੱਕਾ ਸੀ। ਆਪਣੀ ਸਿੰਘਣੀ ਨਾਲ ਘਰ ਵਿਚ ਹੀ ਰੋਜ਼ਾਨਾ ਨਾਮ ਅਭਿਆਸ ਅਤੇ ਨਿਤਨੇਮ ਦੀਆਂ ਬਾਣੀਆਂ ਦਾ ਪਾਠ ਕਰਕੇ, ਗੁਰੂ ਸਾਹਿਬ ਜੀ ਦਾ ਪ੍ਰਕਾਸ਼ ਕਰਨਾ ਅਤੇ ਹੁਕਮਨਾਮਾ ਲੈ ਕੇ ਦਰਸ਼ਨ ਕਰਨੇ। ਫਿਰ ਕੁਝ ਸਮਾਂ ਸਹਿਜ ਪਾਠ ਕਰਨਾ। ਆਪ ਜੀ ਨੂੰ ਨਿਤਨੇਮ ਤੋਂ ਇਲਾਵਾ ਬੇਅੰਤ ਬਾਣੀਆਂ ਜਿਵੇਂ ਸੁਖਮਨੀ ਸਾਹਿਬ, ਸ੍ਰੀ ਆਸਾ ਕੀ ਵਾਰ, ਰਾਮਕਲੀ ਕੀ ਵਾਰ, ਬਾਰਹ ਮਾਹ, ਸ਼ਬਦ ਹਜ਼ਾਰੇ ਮਾਝ ਮਹਲਾ ਪੰਜਵਾਂ ਅਤੇ ਪਾਤਸ਼ਾਹੀ ਦਸਵੀਂ, ਤਵ ਪ੍ਰਸਾਦ ਸਵੱਈਏ, ਭੱਟਾਂ ਦੇ ਸਵੱਈਏ, ਸਿੱਧ ਗੋਸ਼ਟਿ, ਸਹਸਕ੍ਰਿਤੀ ਦੇ ਸਲੋਕ ਅਤੇ ਬਹੁਤ ਸਾਰੇ ਸ਼ਬਦ ਕੰਠ ਸਨ, ਜਿਨ੍ਹਾਂ ਦਾ ਪਾਠ ਆਪ ਜੀ ਦਿਨ ਵੇਲੇ ਕਰਦੇ ਰਹਿੰਦੇ ਸਨ। ਆਪ ਜੀ ਦੀ ਉਤੱਮ ਸੁਕ੍ਰਿਤ ਕਰਣੀ, ਬਿਬੇਕ ਰਹਿਤ ਦੀ ਦ੍ਰਿੜ੍ਹਤਾ, ਨਾਮ ਅਭਿਆਸ ਅਤੇ ਉੱਚੇ ਸੁੱਚੇ ਜੀਵਨ ਕਰਕੇ, ਆਪ ਜੀ ਨੂੰ ਅੰਮ੍ਰਿਤ ਸੰਚਾਰ ਵੇਲੇ ਪੰਚਾਂ ਦੀ ਸੇਵਾ ਵਿੱਚ ਵੀ ਸ਼ਾਮਿਲ ਕੀਤਾ ਜਾਂਦਾ ਸੀ। ਇਹ ਸੇਵਾ ਆਪ ਜੀ ਨੇ ਭਾਈ ਮਹਿੰਦਰ ਸਿੰਘ ਜੀ ਦੇ ਸੰਗ ਸਾਥ ਕਾਫ਼ੀ ਲੰਬਾ ਸਮਾਂ ਨਿਭਾਈ।

ਇਸ ਗੁਰਮੁਖ ਪਰਵਾਰ ਵਿੱਚ ਗੁਰਸਿਖਾਂ ਦੀ ਸੇਵਾ ਅਤੇ ਪੰਥਕ ਕੁਰਬਾਨੀ ਦਾ ਜਜ਼ਬਾ ਕੁੱਟ ਕੁੱਟ ਕੇ ਭਰਿਆ ਹੋਇਆ ਸੀ। ਸੰਨ 1982 ਵਿੱਚ ਲੱਗੇ ਧਰਮ ਯੁੱਧ ਵਿਚ ਆਪ ਜੀ ਦੇ ਵੱਡੇ ਭਾਈ ਸਾਹਿਬ, ਵੱਡੀ ਭਰਜਾਈ ਜੀ ਅਤੇ ਛੋਟੇ ਭਤੀਜੇ ਨੇ ਗ੍ਰਿਫ਼ਤਾਰੀ ਦਿੱਤੀ ਅਤੇ ਡੇਢ ਮਹੀਨੇ ਤੋਂ ਵੱਧ ਸਮਾਂ ਕੈਦ ਕੱਟੀ। ਜੂਨ 1984 ਵਿਚ ਸ੍ਰੀ ਦਰਬਾਰ ਸਾਹਿਬ ਉੱਪਰ ਹੋਈ ਫੌਜੀ ਕਾਰਵਾਈ ਤੋਂ ਬਾਅਦ, ਪੰਜਾਬ ਵਿੱਚ ਚੱਲੇ ਸਿੱਖ ਸੰਘਰਸ਼ ਦੌਰਾਨ,ਜਥੇ ਦੇ ਕੁਝ ਸਿੰਘ ਘਰ ਬਾਰ ਛੱਡ ਕੇ ਪੰਥਕ ਹਿਤਾਂ ਲਈ ਜੂਝਦੇ ਰਹੇ। ਪਿਤਾ ਜੀ ਜਥੇ ਦੇ ਫਗਵਾੜੇ ਇਲਾਕੇ ਦੇ ਮੁਖੀ ਹੋਣ ਕਾਰਨ ਇਸ ਪਰਿਵਾਰ ਨੂੰ ਵੀ ਇਸ ਸਮੇਂ ਪੁਲਿਸ ਵਧੀਕੀਆਂ ਦਾ ਸੰਤਾਪ ਭੋਗਣਾ ਪਿਆ। ਖਾੜਕੂ ਸਿੰਘਾਂ ਦੀ ਮੱਦਦ ਕਰਨ ਦੀ ਸ਼ੱਕ ਦੇ ਆਧਾਰ ਤੇ ਆਪ ਜੀ ਦੇ ਵੱਡੇ ਭਾਈ ਸਾਹਿਬ ਨੂੰ ਪੁਲੀਸ ਨੇ ਦੁਕਾਨ ਤੋਂ ਚੁੱਕ ਕੇ, ਅਣਦੱਸੀ ਥਾਂ ਤੇ ਲਿਜਾ ਕੇ ਅਣਮਨੁੱਖੀ ਤਸ਼ੱਦਦ ਢਾਹਿਆ। ਉਸ ਵੇਲੇ ਪੁਲਿਸ ਚੁੱਕਣ ਤਾਂ ਆਪ ਨੂੰ ਆਈ ਸੀ, ਪਰ ਭੁਲੇਖੇ ਨਾਲ ਵੱਡੇ ਭਾਈ ਸਾਹਿਬ ਜੀ ਨੂੰ ਲੈ ਗਈ। ਉਨ੍ਹਾਂ ਨੂੰ ਤਕਰੀਬਨ ਇਕ ਸਾਲ ਦਾ ਸਮਾਂ ਜੇਲ੍ਹ ਵਿੱਚ ਰਹਿਣਾ ਪਿਆ, ਪ੍ਰੰਤੂ ਪੁਲਸ ਵੱਲੋਂ ਕੋਈ ਠੋਸ ਸਬੂਤ ਨਾ ਪੇਸ਼ ਕਰਨ ਕਰਕੇ ਅਦਾਲਤ ਵੱਲੋਂ ਬਾ ਇੱਜ਼ਤ ਬਰੀ ਕਰ ਦਿੱਤਾ ਗਿਆ। ਪਰ ਪੁਲਿਸ ਨੇ ਫੇਰ ਵੀ ਪਿੱਛਾ ਨਹੀਂ ਛੱਡਿਆ। ਫਗਵਾੜੇ ਵਿੱਚ ਜਦੋਂ ਵੀ ਕੋਈ ਵਾਰਦਾਤ ਹੁੰਦੀ ਤਾਂ ਸਭ ਤੋਂ ਪਹਿਲਾਂ ਇਸ ਪ੍ਰਵਾਰ ਨੂੰ ਹੀ ਨਿਸ਼ਾਨਾ ਬਣਾਇਆ ਜਾਂਦਾ ਸੀ। ਇਸ ਤੋਂ ਬਾਅਦ ਪੁਲੀਸ ਵੱਲੋਂ ਇਸ ਪਰਿਵਾਰ ਦੀਆਂ ਗਤੀ ਵਿਧੀਆਂ ਦੀ ਲਗਾਤਾਰ ਨਿਗਰਾਨੀ ਹੋਣ ਲੱਗ ਪਈ। ਇਸ ਦੌਰਾਨ ਆਪ ਜੀ ਨੂੰ ਵੀ ਥਾਣੇ ਵਿੱਚ ਕਈ ਵਾਰੀ ਬੁਲਾ ਕੇ ਪੁੱਛਗਿੱਛ ਕੀਤੀ ਜਾਂਦੀ ਰਹੀ ਤੇ ਇਕ ਦੋ ਵਾਰ ਹਵਾਲਾਤ ਵਿੱਚ ਹੀ ਰਾਤ ਕੱਟਣੀ ਪਈ। ਇਨ੍ਹਾਂ ਹਾਲਤਾਂ ਕਰਕੇ ਆਪ ਜੀ ਦੇ ਪਿਤਾ ਜੀ ਦੀ ਸਿਹਤ ਉਪਰ ਮਾਨਸਿਕ ਦਬਾਅ ਵਧਦਾ ਗਿਆ ਤੇ ਸੰਨ1991 ਵਿੱਚ ਉਹ ਅਚਾਨਕ ਹੀ ਦਿਲ ਦਾ ਦੌਰਾ ਪੈਣ ਕਰਕੇ ਪਿੰਡ ਪੰਡੋਰੀ ਵਿੱਚ ਹੀ ਚੜ੍ਹਾਈ ਕਰ ਗਏ। ਸੰਨ1992 ਵਿਚ ਆਪ ਜੀ ਦੇ ਭਾਈ ਸਾਹਿਬ ਨੂੰ ਦੁਬਾਰਾ ਫਿਰ ਪੁਲੀਸ ਵੱਲੋਂ ਫੜ ਕੇ ਇੱਕ ਮਹੀਨੇ ਤੋਂ ਵਧ ਸਮਾਂ ਵੱਖ ਵੱਖ ਥਾਣਿਆਂ ਵਿਚ ਰੱਖ ਕੇ ਪਹਿਲਾਂ ਨਾਲੋਂ ਵੀ ਜ਼ਿਆਦਾ ਤਸ਼ਦਦ ਕੀਤਾ ਗਿਆ। ਇਸ ਤਰ੍ਹਾਂ ਉਨ੍ਹਾਂ ਨੂੰ ਕਈ ਵਾਰ ਪੁਲੀਸ ਦੀਆਂ ਜ਼ਿਆਦਤੀਆਂ ਸਹਿਣੀਆਂ ਪਈਆਂ ਅਤੇ ਜ਼ਲੀਲ ਵੀ ਹੋਣਾ ਪਿਆ।

ਭਾਵੇਂ ਆਪ ਤਿੰਨਾਂ ਭਰਾਵਾਂ ਵਿੱਚੋਂ ਦੂਜੇ ਨੰਬਰ ਤੇ ਸਨ, ਪਰ ਆਪ ਜੀ ਜ਼ਿਆਦਾ ਪੜ੍ਹੇ ਲਿਖੇ ਅਤੇ ਹਰ ਕਾਰਜ



www.AKJ.Org

ਵਿੱਚ ਮੋਹਰੀ ਰਹਿਣ ਕਾਰਨ, ਪਿਤਾ ਜੀ ਦੇ ਚੜ੍ਹਾਈ ਕਰ ਜਾਣ ਕਰਕੇ, ਪਰਿਵਾਰ ਦੀ ਸਾਰੀ ਜ਼ਿੰਮੇਵਾਰੀ ਆਪ ਜੀ ਦੇ ਮੋਢਿਆਂ ਤੇ ਆ ਪਈ, ਜੋ ਆਪ ਜੀ ਨੇ ਬਾਖ਼ੂਬੀ ਨਿਭਾਈ, ਕਿਉਂਕਿ ਜੱਥੇਦਾਰੀ ਦਾ ਖਿਤਾਬ ਤਾਂ ਆਪ ਜੀ ਨੂੰ ਬਚਪਨ ਤੋਂ ਹੀ ਮਿਲਿਆ ਹੋਇਆ ਸੀ। ਸਭ ਤੋਂ ਪਹਿਲਾਂ ਆਪਣੀ ਛੋਟੀ ਭੈਣ ਬੀਬੀ ਉਪਦੇਸ਼ ਕੌਰ ਦਾ ਆਨੰਦ ਕਾਰਜ, ਲੁਧਿਆਣਾ ਨਿਵਾਸੀ ਗੁਰਮੁੱਖ ਪਿਆਰੇ ਭਾਈ ਹਰਿੰਦਰਪਾਲ ਸਿੰਘ ਜੀ ਨਾਲ, ਜਨਵਰੀ 1993 ਵਿੱਚ ਪੋਹ ਸੁਦੀ ਸਮਾਗਮ ਸਮੇਂ ਕੀਤਾ। ਸਾਰੇ ਪਰਿਵਾਰ ਦੇ ਬੱਚੇ ਵੱਡੇ ਹੋਣ ਕਾਰਨ ਅਤੇ ਪਿੰਡ ਵਿੱਚ ਵਿੱਦਿਅਕ ਅਤੇ ਸਿਹਤ ਸਹੂਲਤਾਂ ਦੀ ਘਾਟ ਕਾਰਨ, ਫਗਵਾੜੇ ਸ਼ਹਿਰ ਵਿੱਚ ਰਿਹਾਇਸ਼ ਰੱਖਣ ਲਈ ਤਿੰਨਾਂ ਪਰਿਵਾਰਾਂ ਲਈ ਇਕੋ ਜਿਹੇ ਮਕਾਨ ਉਸਾਰੇ। ਫਿਰ ਸਾਰੇ ਪਰਿਵਾਰ ਦੇ ਬੱਚਿਆਂ ਦੇ ਕਾਰੋਬਾਰ ਸਥਾਪਤ ਕਰਨ ਅਤੇ ਉੱਚ ਵਿੱਦਿਆ ਪ੍ਰਾਪਤੀ ਲਈ ਬਿਨਾਂ ਕਿਸੇ ਵਿਤਕਰੇ ਤੋਂ ਦਿਲ ਖੋਲ੍ਹ ਕੇ ਮਾਇਆ ਖਰਚੀ। ਚਾਹੇ ਤਿੰਨ੍ਹਾਂ ਪਰਿਵਾਰਾਂ ਦੇ ਤਿੰਨ ਮਕਾਨ ਬਣਨ ਕਰਕੇ ਲੰਗਰ ਪਾਣੀ ਆਪੋ ਆਪਣਾ ਹੋ ਗਿਆ ਸੀ ਪ੍ਰੰਤੂ ਕਾਰੋਬਾਰ ਹੁਣ ਤਾਈਂ ਸਾਂਝਾ ਹੀ ਚਲਿਆ ਆ ਰਿਹਾ ਹੈ। ਕਾਰੋਬਾਰ ਅਤੇ ਬੱਚਿਆਂ ਦੀਆਂ ਫੀਸਾਂ ਆਦਿ ਜਰੂਰੀ ਖ਼ਰਚਾ ਕੱਢ ਕੇ, ਬਾਕੀ ਬਚੀ ਮਾਇਆ ਤਿੰਨੇ ਭਰਾ ਇਕੋ ਜਿਹੀ ਆਪਸ ਵਿੱਚ ਵੰਡ ਲੈਂਦੇ ਸਨ, ਜਿਸ ਦਾ ਸਾਰਾ ਹਿਸਾਬ ਕਿਤਾਬ ਆਪ ਜੀ ਹੀ ਰੱਖਦੇ ਸਨ। ਇਹ ਸਭ ਕੁਝ ਆਪ ਜੀ ਦੀ ਸਿਆਣਪ, ਦੂਰ ਅੰਦੇਸ਼ੀ, ਨਿਰ ਸਵਾਰਥ ਅਤੇ ਦਵੈਤ ਭਾਵ ਤੋਂ ਉੱਪਰ ਉੱਠੇ ਹੋਣ ਕਰਕੇ ਹੁੰਦਾ ਰਿਹਾ। ਪਰਿਵਾਰ ਦੇ ਸਾਰੇ ਬੱਚਿਆਂ ਨੂੰ ਯੋਗ ਅਗਵਾਈ ਅਤੇ ਨੇਕ ਸਲਾਹ ਮਸ਼ਵਰਾ ਵੀ ਦਿੰਦੇ ਰਹੇ। ਆਪ ਜੀ ਦੀ ਇਸ ਘਾਲਣਾ ਕਰਕੇ ਹੀ ਪਰਿਵਾਰ ਦੇ ਸਾਰੇ ਬੱਚੇ, ਉੱਚ ਵਿੱਦਿਆ ਪ੍ਰਾਪਤ ਕਰਕੇ, ਆਪਣੀ ਦੁਕਾਨ ਜਾਂ ਵਿਦੇਸ਼ਾਂ ਵਿਚ ਉੱਚ ਅਹੁਦਿਆਂ ਤੇ ਕੰਮ ਕਰਦੇ ਹਨ ਜਾਂ ਆਪੋ ਆਪਣੇ ਕਾਰੋਬਾਰ ਸਥਾਪਤ ਕੀਤੇ ਹੋਏ ਹਨ। ਕੁੱਝ ਬੱਚਿਆਂ ਵਿੱਚ ਤਜਰਬੇ ਦੀ ਘਾਟ ਕਾਰਨ ਇਸ ਪਰਿਵਾਰ ਨੂੰ ਬਹੁਤ ਵੱਡੀਆਂ ਮਾਇਕ ਔਕੜਾਂ ਦਾ ਵੀ ਸਾਹਮਣਾ ਕਰਨਾ ਪਿਆ, ਪਰ ਆਪ ਜੀ ਨੇ ਅਪਣਾ ਨਿੱਜ ਸਵਾਰਥ ਛੱਡ ਕੇ, ਉਨ੍ਹਾਂ ਔਕੜਾਂ ਵੇਲੇ ਪਰਿਵਾਰ ਦੀ ਅਗਵਾਈ ਕੀਤੀ ਅਤੇ ਕਿਸੇ ਵੀ ਸੱਜਣ ਦਾ ਇੱਕ ਪੈਸਾ ਵੀ ਨਹੀਂ ਮਰਨ ਦਿੱਤਾ ਅਤੇ ਇਨ੍ਹਾਂ ਨੇ ਗੁਰਸਿੱਖੀ ਬਾਣੇ ਨੂੰ ਲਾਜ ਨਹੀਂ ਲੱਗਣ ਦਿੱਤੀ।

ਪਿੰਡ ਵਿੱਚ ਰਹਿਣ ਸਮੇਂ, ਉੱਥੇ ਨੇੜੇ ਤੇੜੇ ਕੋਈ ਹੋਰ ਡਾਕਟਰ ਜਾਂ ਸਿਹਤ ਸਹੂਲਤ ਨਾ ਹੋਣ ਕਾਰਨ, ਇਲਾਕੇ ਦੇ ਮਰੀਜ ਰਾਤੇ ਬ੍ਰਾਤੇ ਆਪ ਜੀ ਕੋਲ ਦਵਾਈ ਜਾਂ ਮੁੱਢਲੀ ਡਾਕਟਰੀ ਸਹਾਇਤਾ ਲਈ ਆ ਜਾਂਦੇ ਸਨ। ਆਪ ਬਿਨਾਂ ਕਿਸੇ ਭੇਦ ਭਾਵ ਤੋਂ ਹਰ ਮਰੀਜ਼ ਨੂੰ ਮੁਫ਼ਤ ਦਵਾਈ ਦੇ ਕੇ ਉਨ੍ਹਾਂ ਦੇ ਦੁੱਖ ਤਕਲੀਫ਼ ਵਡਾਉਂਦੇ ਸਨ ਭਾਵੇਂ ਰਾਤ ਦੇ ਕਿੰਨੇ ਵੱਜੇ ਹੋਣ। ਇਹ ਸਭ ਕੁਝ ਆਪ ਜੀ ਦੇ ਪਰਉਪਕਾਰੀ ਅਤੇ ਦਇਆਵਾਨ ਸੁਭਾਅ ਕਰਕੇ ਹੀ ਸੀ। ਇਸੇ ਤਰ੍ਹਾਂ ਇਕ ਵਾਰੀ ਇਕ ਵਿਅਕਤੀ, ਜੋ ਆਪ ਜੀ ਦੀ ਸਿੰਘਣੀ ਦੇ ਪਿੰਡ ਮੂਸਾਪੁਰ ਦਾ ਨਿਵਾਸੀ ਸੀ ਅਤੇ ਬਹਿਰਾਮ ਪਟਵਾਰੀ ਲੱਗਾ ਹੋਇਆ ਸੀ,ਉਹ ਕਿਸੇ ਕੰਮ ਫਗਵਾੜੇ ਆਇਆ, ਇਕ ਸੜਕ ਦੁਰਘਟਨਾ ਵਿੱਚ ਗੰਭੀਰ ਜ਼ਖ਼ਮੀ ਹੋ ਕੇ ਬੇਸੁੱਧ ਹੋ ਗਿਆ। ਦੇਵ ਨੈਤ ਆਪ ਜੀ ਉਥੋਂ ਸਕੂਟਰ ਤੇ ਲੰਘ ਰਹੇ ਸੀ ਤੇ ਉਸ ਨੂੰ ਆਪ ਨੇ ਪਛਾਣ ਲਿਆ। ਫਟਾ ਫਟ ਘਰੋਂ ਕਾਰ ਲਿਆ ਕੇ, ਉਸ ਨੂੰ ਆਪਣੀ ਜ਼ਿੰਮੇਵਾਰੀ ਤੇ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਅਤੇ ਉਸ ਨੂੰ ਡਾਕਟਰੀ ਸਹਾਇਤਾ ਦਿਵਾਈ। ਫੇਰ ਉਸ ਦੇ ਘਰਦਿਆਂ ਨੂੰ ਫੋਨ ਤੇ ਸੂਚਿਤ ਕੀਤਾ। ਜਦ ਤਾਈਂ ਉਹ ਫਗਵਾੜੇ ਨਹੀਂ ਪਹੁੰਚੇ, ਉਤਨਾ ਚਿਰ ਉਸ ਕੋਲ ਹਸਪਤਾਲ ਹੀ ਰਹੇ ਤੇ ਇਲਾਜ ਦਾ ਸਾਰਾ ਖ਼ਰਚ ਵੀ ਕੀਤਾ। ਆਪ ਜੀ ਵਲੋਂ ਸਮੇਂ ਸਿਰ ਸਹਾਇਤਾ ਕਰਨ ਕਰਕੇ ਉਸ ਦੀ ਜਾਨ ਬੱਚ ਗਈ। ਇਸੇ ਤਰ੍ਹਾਂ ਜਦੋਂ ਭਾਈ ਕਰਨੈਲ ਸਿੰਘ ਜੀ ਬੰਗਾ, ਜੋ ਆਪ ਜੀ ਦੀ ਵੱਡੀ ਭਰਜਾਈ ਦੀ ਭੂਆ ਦੇ ਪੁੱਤਰ ਸਨ, ਐਕਸੀਡੈਂਟ ਹੋਣ ਕਾਰਨ ਉਹ ਲੁਧਿਆਣੇ ਹਸਪਤਾਲ ਵਿਚ ਲੰਬਾ ਸਮਾਂ ਦਾਖਲ ਰਹੇ ਸਨ। ਉਸ ਵੇਲੇ ਵੀ ਆਪ ਜੀ ਨੇ ਆਪਣੀ ਮਾਤਾ ਜੀ ਸਮੇਤ ਉਨ੍ਹਾਂ ਕੋਲ ਰਹਿ ਕੇ ਸੇਵਾ ਕੀਤੀ, ਕਿਉਂਕਿ ਉਨ੍ਹਾਂ ਦਾ ਸਪੁੱਤਰ ਉਸ ਵੇਲੇ ਇੰਗਲੈਂਡ ਵਿੱਚ ਸੀ ਅਤੇ ਨੂੰਹ ਕੋਲ ਛੋਟੇ ਛੋਟੇ ਬੱਚੇ ਸਨ, ਜਿਸ ਦੀ ਸਹਾਇਤਾ ਲਈ


www.AKJ.Org

ਆਪ ਜੀ ਦੀ ਭਰਜਾਈ ਬੀਬੀ ਰਾਜਿੰਦਰ ਕੌਰ ਉਸ ਕੋਲ ਰਹੀ। ਇਸ ਤਰ੍ਹਾਂ ਸਾਰੇ ਪਰਿਵਾਰ ਨੇ ਇਸ ਬਿਖੜੇ ਸਮੇਂ ਉਸ ਗੁਰਸਿੱਖ ਪਰਿਵਾਰ ਦੀ ਮਦਦ ਕੀਤੀ।

ਜਿੱਥੇ ਆਪ ਪਰਿਵਾਰਕ ਜ਼ਿੰਮੇਵਾਰੀਆਂ ਅੱਗੇ ਹੋ ਕੇ ਨਿਭਾਉਂਦੇ ਰਹੇ, ਉਥੇ ਸਮਾਜ ਭਲਾਈ ਦੇ ਕਾਰਜਾ ਅਤੇ ਜਥੇਬੰਦੀ ਦੇ ਪ੍ਰਬੰਧਕ ਮਸਲਿਆਂ ਨੂੰ ਹੱਲ ਕਰਨ ਵਿੱਚ ਵੀ ਹਮੇਸ਼ਾ ਮੋਹਰੀ ਰਹੇ। ਜੱਥੇ ਦੇ ਲੋਕਲ ਅਤੇ ਕੇਂਦਰੀ ਸਮਾਗਮਾਂ ਦੀ ਹਾਜ਼ਰੀ ਤਾਂ ਆਪ ਬਚਪਨ ਤੋਂ ਹੀ ਭਰਦੇ ਅਤੇ ਜਥੇ ਨਾਲ ਜੁੜੇ ਰਹੇ ਹਨ। ਜੱਥੇ ਵਿੱਚ ਲੰਬਾ ਸਮਾਂ ਵਿਚਰਨ ਕਰਕੇ, ਜੱਥੇ ਦੇ ਅਸੂਲਾਂ/ ਸਿਧਾਂਤਾਂ ਦੇ ਪੂਰੇ ਜਾਣਕਾਰ ਹੋਣ ਕਾਰਨ, ਪਹਿਲਾਂ ਫਗਵਾੜੇ ਦੇ ਲੋਕਲ ਜੱਥੇ ਦੇ ਪ੍ਰਬੰਧਕੀ ਮਸਲਿਆਂ ਦੇ ਹੱਲ ਲਈ ਆਪ ਜੀ ਆਪਣੇ ਨੇਕ ਸੁਝਾਅ ਦਿੰਦੇ ਰਹੇ। ਆਪ ਜੀ ਦੇ ਲੰਬੇ ਸਮੇਂ ਦੇ ਤਜਰਬੇ ਅਤੇ ਗੁਰਮਤਿ ਅਸੂਲਾਂ ਦੇ ਧਾਰਨੀ ਹੋਣ ਕਾਰਨ, ਸੰਨ 2005 ਵਿਚ ਜੱਥੇਦਾਰ ਭਾਈ ਰਾਮ ਸਿੰਘ ਜੀ ਵੱਲੋਂ ਜੱਥੇ ਦੇ ਪ੍ਰਬੰਧ ਚਲਾਉਣ ਲਈ ਨਿਯੁਕਤ ਕੀਤੀ ਗਈ ਗਿਆਰਾਂ ਮੈਂਬਰੀ ਕਮੇਟੀ ਵਿੱਚ ਆਪ ਜੀ ਨੂੰ ਸ਼ਾਮਲ ਕੀਤਾ ਗਿਆ। ਆਪ ਜੀ ਨੇ ਇਹ ਸੇਵਾ ਲੰਬਾ ਸਮਾਂ ਆਪਣੀ ਸਿਹਤ ਠੀਕ ਰਹਿਣ ਤਾਈਂ ਨਿਭਾਈ। ਆਪ ਜੀ ਹਮੇਸ਼ਾ ਸਿਆਸਤ ਅਤੇ ਧੜੇਬੰਦੀ ਤੋਂ ਉਪਰ ਉੱਠ ਕੇ, ਬਿਨਾਂ ਕਿਸੇ ਪੱਖ ਪਾਤ ਤੋਂ, ਗੁਰਮਤਿ ਦੀ ਰੌਸ਼ਨੀ ਵਿੱਚ, ਗੁਰਬਾਣੀ ਦੀ ਕਸਵੱਟੀ ਉਪਰ ਖਰੇ ਉੱਤਰਦੇ ਫ਼ੈਸਲੇ ਲੈਣ ਵਿੱਚ ਸਹਾਇਤਾ ਕਰਦੇ ਸਨ। ਕਿਸੇ ਦੀ ਨਿੰਦਿਆ, ਚੁਗਲੀ, ਈਰਖਾ, ਦਵੈਤ ਭਾਵ ਰੱਖਣ ਜਾਂ ਕਰਨ ਦੀ ਬਜਾਏ ਆਪਣੇ ਵਿਚਾਰ ਅਤੇ ਅਕੱਟ ਦਲੀਲਾਂ ਬੜੇ ਹੀ ਧੀਰਜ ਅਤੇ ਠਰ੍ਹੰਮੇ ਨਾਲ ਦਿੰਦੇ ਸਨ। ਭਾਵੇਂ ਆਪ ਦੇ ਦੈਵੀ ਗੁਣਾਂ ਕਰਕੇ ਸੱਚੇ ਪਾਤਸ਼ਾਹ ਜੀ ਨੇ ਆਪ ਜੀ ਨੂੰ ਇਹ ਵਡਿਆਈ ਬਖ਼ਸ਼ੀ ਹੋਈ ਸੀ, ਪਰ ਆਪ ਜੀ ਨੇ ਕਦੇ ਵੀ ਕਿਸੇ ਅਹੁਦੇ ਨਾਲ ਪਕੜ ਨਹੀਂ ਰੱਖੀ ਅਤੇ ਹਮੇਸ਼ਾ ਹੀ ਅਹੁਦਾ ਛੱਡ ਕੇ ਤਿਆਗ ਦੀ ਭਾਵਨਾ ਨੂੰ ਮੁੱਖ ਰੱਖਿਆ ਜੋ ਕਿ ਆਮ ਤੌਰ ਤੇ ਜੱਥੇ ਦੇ ਮੌਜੂਦਾ ਮੁਖੀਆਂ ਵਿੱਚ ਘੱਟ ਵੱਧ ਹੀ ਦੇਖਣ ਨੂੰ ਮਿਲਦੀ ਹੈ।

ਗੁਰਬਾਣੀ ਅਨੁਸਾਰ ਸਾਰੇ ਸੰਸਾਰ ਦੇ ਜੀਅ ਆਪਣੇ ਪੂਰਬਲੇ ਜਨਮਾਂ ਦੇ ਕਰਮਾਂ ਕਰਕੇ ਹੀ ਦੁੱਖ ਸੁੱਖ ਭੋਗਦੇ ਹਨ। ਗੁਰੂ ਚਰਨਾ ਨਾਲ ਜੁੜੇ, ਗੁਰੂ ਘਰ ਦੇ ਸੇਵਕ, ਆਪਣੀ ਸੁਕਿਰਤ ਕਰਣੀ ਅਤੇ ਉੱਚੇ ਸੁੱਚੇ ਜੀਵਨ ਕਰਕੇ ਇਸ ਜਨਮ ਵਿਚ ਤਾਂ ਨਵੇਂ ਲੇਖੇ ਪੈਣ ਨਹੀਂ ਦਿੰਦੇ, ਪਰ ਪਿਛਲੇ ਜਨਮਾਂ ਦੇ ਕਰਮਾਂ ਦਾ ਲੇਖਾ ਇਸੇ ਜਨਮ ਵਿੱਚ ਹੀ ਨਿਬੇੜਨ ਲਈ, ਉਨ੍ਹਾਂ ਨੂੰ ਸਰੀਰਕ ਦੁਖ ਸੁੱਖ ਭੋਗਣੇ ਪੈਂਦੇ ਹਨ ਤਾਂ ਕਿ ਉਹ ਸੱਚੀ ਦਰਗਾਹ ਵਿੱਚ ਸੁਰਖ਼ਰੂ ਹੋ ਸਕਣ ਤੇ ਆਵਾਗਵਣ ਦੇ ਚੱਕਰ ਵਿੱਚੋਂ ਨਿੱਕਲ ਕੇ ਸਤਿ ਸੰਗ ਮੰਡਲਾਂ ਵਿੱਚ ਸਦੀਵੀ ਨਿਵਾਸ ਰੱਖ ਸਕਣ। ਇਸੇ ਤਰਾਂ ਇਸ ਗੁਰਮੁਖ ਪਿਆਰੇ ਵੀਰ ਨੂੰ ਵੀ ਆਪਣੇ ਪੂਰਬਲੇ ਕਰਮਾਂ ਦਾ ਲੇਖਾ ਨਿਬੇੜਨ ਲਈ ਤਕਰੀਬਨ ਪੰਜ ਕੁ ਸਾਲ ਪਹਿਲਾਂ ਫੇਫੜਿਆਂ ਦੀ ਇਕ ਨਾ ਮੁਰਾਦ ਬਿਮਾਰੀ ਨੇ ਆਣ ਘੇਰਿਆ। ਇਹ ਲਾ ਇਲਾਜ ਬੀਮਾਰੀ ਵਧਦੀ ਹੀ ਗਈ ਤੇ ਆਪ ਇਸ ਨਾਲ ਨਾਮ ਗੁਰਬਾਣੀ ਦੇ ਆਸਰੇ ਜੂਝਦੇ ਰਹੇ। ਇਸ ਦੌਰਾਨ ਆਪ ਜੀ ਨੂੰ ਪੰਜ ਵਾਰ ਦਿਲ ਦਾ ਆਪ੍ਰੇਸ਼ਨ ਵੀ ਕਰਵਾਉਣਾ ਪਿਆ ਜੋ ਕਿ ਸਫ਼ਲ ਹੁੰਦਾ ਰਿਹਾ। ਪਰ ਇਸ ਬੀਮਾਰੀ ਦਾ ਕੋਈ ਇਲਾਜ ਨਾ ਹੋਣ ਕਾਰਨ, ਇਹ ਆਪ ਜੀ ਲਈ ਜਾਨ ਲੇਵਾ ਸਾਬਤ ਹੋਈ। ਜਲੰਧਰ ਹਸਪਤਾਲ ਵਿਚ ਵਾਰ ਵਾਰ ਦਾਖਲ ਹੋਣ ਸਮੇਂ ਆਪ ਜੀ ਦੇ ਨਜ਼ਦੀਕੀ ਰਿਸ਼ਤੇਦਾਰ ਡਾ ਬਲਵਿੰਦਰ ਸਿੰਘ ਜੀ ਅਤੇ ਸਾਰੇ ਪਰਿਵਾਰਕ ਮੈਂਬਰਾਂ ਨੇ ਖ਼ੂਬ ਸੇਵਾ ਕੀਤੀ। ਆਪ ਜੀ ਦੀ ਸਿੰਘਣੀ ਨੇ ਜਿੱਥੇ ਸਰੀਰਕ ਕਮਜ਼ੋਰੀ ਅਤੇ ਸਾਹ ਲੈਣ ਦੀ ਤਕਲੀਫ ਸਮੇਂ ਦਵਾਈਆਂ ਅਤੇ ਹੋਰ ਹਰ ਤਰਾਂ ਦੀ ਸਹੂਲਤ ਦਾ ਪ੍ਰਬੰਧ ਕਰ ਕੇ ਦਿਨ ਰਾਤ ਅਣਥੱਕ ਸੇਵਾ ਕੀਤੀ, ਉੱਥੇ ਨਾਮ ਬਾਣੀ ਦਾ ਅਖੰਡ ਪ੍ਰਵਾਹ ਚਲਾ ਕੇ ਉਨ੍ਹਾਂ ਦੇ ਆਤਮਿਕ ਬਲ ਨੂੰ ਕਾਇਮ ਰੱਖਿਆ। ਸਾਹ ਦੀ ਤਕਲੀਫ ਅਤੇ ਸਰੀਰਕ ਕਮਜ਼ੋਰੀ ਬਹੁਤ ਵੱਧ ਜਾਣ ਕਰਕੇ, ਆਪ ਜੀ ਨੂੰ ਮਿਤੀ 4 ਮਈ 2021 ਸਵੇਰੇ ਫਿਰ ਹਸਪਤਾਲ ਦਾਖ਼ਲ ਕਰਵਾਉਣਾ ਪਿਆ, ਪਰ ਇਸ ਵਾਰ ਆਪ ਜੀ ਨੇ ਪਰਿਵਾਰਕ ਮੈਂਬਰਾਂ ਨੂੰ ਪਹਿਲਾਂ ਹੀ ਇਸ਼ਾਰਾ ਕਰ ਦਿੱਤਾ ਸੀ ਕਿ ਹੁਣ ਜਾਣ ਦਾ ਸਮਾਂ ਆ ਗਿਆ ਹੈ। ਕੇਵਲ ਨਾਮ ਬਾਣੀ ਦਾ ਹੀ ਪਰਵਾਹ ਚਲਾਓ। ਸਰੀਰਕ ਕਮਜ਼ੋਰੀ ਦੇ ਬਾਵਜੂਦ, ਆਪ ਜੀ ਦੀ ਸੁਰਤੀ ਬਿਰਤੀ ਅਖੀਰ ਤਾਈਂ ਕਾਇਮ ਰਹੀ ਅਤੇ ਸਵਾਸ



www.AKJ.Org

ਗਿਰਾਸੀ ਨਾਮ ਅਭਿਆਸ ਦਾ ਖੰਡਾ ਹੌਲੀ ਹੌਲੀ ਖੜਕਾਉਂਦੇ ਰਹੇ। ਮਿਤੀ 7 ਮਈ 2021 ਰਾਤ ਨੂੰ ਅੱਠ ਵਜੇ ਇਹ ਗੁਰਮਖ ਰੂਹ ਗੁਰੂ ਗੁਰੂ ਜਪਦੀ, ਸੰਗੀ ਸਾਥੀਆਂ ਤੇ ਪਰਿਵਾਰਕ ਮੈਂਬਰਾਂ ਨੂੰ ਵਿਛੋੜਾ ਦੇ ਕੇ ਗੁਰੂ ਚਰਨਾਂ ਵਿਚ ਜਾ ਬਿਰਾਜੀ। ਕੁੱਜੇ ਵਿੱਚ ਸਮੁੰਦਰ ਬੰਦ ਕਰਨ ਵਾਂਗ ਉਨ੍ਹਾਂ ਦੀ ਸਪੁੱਤਰੀ ਡਾ ਪ੍ਰ ਮਜੋਤ ਕੌਰ ਜੀ ਕੈਨੇਡਾ ਵੱਲੋਂ ਉਨ੍ਹਾਂ ਦੀ ਬਹੁ ਪੱਖੀ ਸ਼ਖ਼ਸੀਅਤ ਨੂੰ ਹੇਠ ਲਿਖੇ ਬਹੁਤ ਸੋਹਣੇ ਅੱਖਰਾਂ ਵਿਚ ਵਰਣਨ ਕੀਤਾ ਗਿਆ ਹੈ:-

"ਮੇਰੇ ਪਿਆਰੇ ਡੈਡੀ ਜੀ, ਇਕ ਬਹੁਤ ਵਧੀਆ ਗੁਰਸਿੱਖ, ਇਕ ਬਹੁਤ ਵਧੀਆ ਪੁੱਤਰ,ਇਕ ਬਹੁਤ ਵਧੀਆ ਭਰਾ, ਇਕ ਬਹੁਤ ਵਧੀਆ ਪਿਤਾ,ਇਕ ਬਹੁਤ ਵਧੀਆ ਪਤੀ, ਇਕ ਬਹੁਤ ਵਧੀਆ ਸਹੁਰਾ ਸਾਹਿਬ, ਇਕ ਬਹੁਤ ਵਧੀਆ ਦੋਸਤ, ਇੱਕ ਬਹੁਤ ਵਧੀਆ ਡਾਕਟਰ, ਇਕ ਬਹੁਤ ਵਧੀਆ ਸ਼ੁਭ ਚਿੰਤਕ, ਇਕ ਬਹੁਤ ਵਧੀਆ ਮਦਦਗਾਰ, ਅਤੇ ਇਕ ਬਹੁਤ ਵਧੀਆ ਇਨਸਾਨ ਸਨ। ਕੋਈ ਇਸ ਤਰ੍ਹਾਂ ਦਾ ਰਿਸ਼ਤਾ ਨਹੀਂ ਸੀ, ਜਿਸ ਨੂੰ ਉਨ੍ਹਾਂ ਨੇ ਦਿਲੋਂ ਨਾ ਨਿਭਾਇਆ ਹੋਵੇ। ਕਿਸੇ ਨਾਲ ਕੋਈ ਗੁੱਸਾ ਨਹੀਂ, ਕਿਸੇ ਨਾਲ ਕੋਈ ਨਫਰਤ ਨਹੀਂ, ਕਿਸੇ ਨਾਲ ਕੋਈ ਈਰਖਾ ਨਹੀਂ। ਔਖੇ ਸਮੇਂ ਵੀ ਆਪਣੇ ਨਿੱਤ ਨੇਮ ਨੂੰ ਨਹੀਂ ਛੱਡਿਆ। ਇਕ ਗੁਰਸਿੱਖ ਕਿੱਦਾਂ ਦਾ ਹੋਣਾ ਚਾਹੀਦਾ ਹੈ, ਉਹ ਉਸ ਦੀ ਇਕ ਉਦਾਹਰਣ ਸਨ। ਅਸੀਂ ਹਮੇਸ਼ਾ ਕੋਸ਼ਿਸ਼ ਕਰਾਂਗੇ ਕਿ ਉਨ੍ਹਾਂ ਦੀਆਂ ਦਿੱਤੀਆਂ ਸਿੱਖਿਆਵਾਂ ਤੇ ਚਲਦੇ ਰਹੀਏ।

## ਭਾਈ ਕੁਲਦੀਪ ਸਿੰਘ ਜੀ ਮਤਵਾਲਾ, ਚੰਡੀਗੜ੍ਹ

ਭਾਈ ਗੁਰਦੀਪ ਸਿੰਘ ਸ੍ਰੀ ਅੰਮ੍ਰਿਤਸਰ

ਦੈਵੀ ਗੁਣਾਂ ਭਰਪੂਰ ਬਹੁ-ਪੱਖੀ ਸਖਸ਼ੀਅਤ, ਕਵੀ, ਲੇਖਕ, ਕੀਰਤਨੀ, ਅਖੰਡਪਾਠੀ, ਗੁਰਬਾਣੀ ਵਿਆਕਰਣ ਦੇ ਵਖਿਆਤਾ, ਮਤਵਾਲਾ ਜੀ ਦੇ ਨਾਮ ਨਾਲ ਮਸ਼ਹੂਰ, ਭਾਈ ਕੁਲਦੀਪ ਸਿੰਘ ਜੀ ਦਾ ਜਨਮ ਮਿਤੀ 15 ਜੂਨ 1943 (ਸਰਕਾਰੀ ਰਿਕਾਰਡ ਮੁਤਾਬਕ 12 ਅਕਤੂਬਰ 1943) ਹਾੜ ਮਹੀਨੇ ਦੇ ਸੰਗਰਾਂਦ ਨੂੰ ਪਿੰਡ ਮੂਸਾ ਪੁਰ ਤਹਿਸੀਲ ਬੰਗਾ ਜ਼ਿਲ੍ਹਾ ਨਵਾਂ ਸ਼ਹਿਰ ਵਿਚ ਪਿਤਾ ਸ. ਸਵਰਨ ਸਿੰਘ ਅਤੇ ਮਾਤਾ ਅਮਰ ਕੌਰ ਜੀ ਦੇ ਘਰ ਹੋਇਆ। ਇਨ੍ਹਾਂ ਦੇ ਪਿੰਡ ਦੇ ਭਾਈ ਸੰਤਾ ਸਿੰਘ ਦੁਆਬੀਆ ਜੋ ਕਿ ਮਾਲਵਾ ਖਾਲਸਾ ਹਾਈ ਸਕੂਲ ਦੇ ਵਿਦਿਆਰਥੀ ਅਤੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਜੇਲ ਜਾਣ ਤੋਂ ਪਹਿਲਾਂ ਦੇ ਸੰਗੀ ਸਾਥੀ ਸਨ, ਉਨ੍ਹਾਂ ਦੀ ਆਪ ਦੇ ਮਾਤਾ ਪਿਤਾ ਜੀ ਨੂੰ ਸੰਗਤ ਪ੍ਰਾਪਤ ਰਹੀ ਹੈ। ਉਨ੍ਹਾਂ ਦੀ ਪ੍ਰੇਰਨਾ ਨਾਲ ਹੀ ਅੰਮ੍ਰਿਤ ਛੱਕ ਕੇ ਤਿਆਰ-ਬਰ-ਤਿਆਰ ਰਹਿਤ ਬਹਿਤ ਦੇ ਧਾਰਨੀ ਗੁਰਸਿੱਖ ਸਨ ਅਤੇ ਲਕੜੀ ਦੇ ਮਿਸਤਰੀ ਵਜੋਂ ਹੱਥੀ ਕ੍ਰਿਤ ਕਰਦੇ ਸਨ। ਆਪ ਜੀ ਦੇ ਦਾਦੀ ਜੀ ਵੀ ਬਚਪਨ ਤੋਂ ਹੀ ਗੁਰੂ ਘਰ ਦੇ ਪ੍ਰੇਮੀ ਅਤੇ ਸ਼ਰਧਾਲੂ ਸਨ। ਉਹ ਭਾਈ ਸਾਹਿਬ ਜੋਧ ਸਿੰਘ ਜੀ ਦਿੱਲੀ ਵਾਲਿਆਂ ਦੇ ਪਿਤਾ ਸ. ਬਸੰਤ ਸਿੰਘ ਦੇ ਚਾਚੇ ਤਾਏ ਦੀ ਭੈਣ ਸੀ। ਬਚਪਨ ਵਿਚ ਹੀ ਆਪਣੀ ਦਾਦੀ ਤੋਂ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਸੰਥਿਆ ਲੈ ਕੇ ਉਸ ਨੂੰ ਕੰਠ ਕਰ ਲਿਆ ਸੀ। ਆਪ ਜੀ ਛੋਟੇ ਹੁੰਦੇ ਆਪਣੀ ਦਾਦੀ ਦੇ ਨਾਲ ਭਾਈ ਜੋਧ ਸਿੰਘ ਜੀ ਦੇ ਅਨੰਦ ਕਾਰਜ ਵਿਚ ਪਿੰਡ ਸਰਹਾਲ ਕਾਜ਼ੀਆਂ ਗਏ ਸਨ। ਉਥੇ ਦਸਤਾਰ ਧਾਰੀ ਬੀਬੀਆਂ ਦੇਖ ਕੇ ਪੁੱਛਣ ਲੱਗੇ ਕਿ ਇਨ੍ਹਾਂ ਪੱਗਾਂ ਕਿਉਂ ਬੰਨੀਆਂ ਹਨ? ਦਾਦੀ ਜੀ ਨੇ ਦੱਸਿਆ ਕਿ ਇਨ੍ਹਾਂ ਨੇ ਪੱਕਾ ਅੰਮ੍ਰਿਤ ਛਕਿਆ ਹੋਇਆ ਹੈ ਅਤੇ ਰਹਿਤ ਬਹਿਤ ਦੀਆਂ ਪੂਰਨੀ ਧਾਰਨੀ ਹਨ। ਉਸ ਦਿਨ ਤੋਂ ਆਪ ਦਾ ਮਨ ਵੀ ਇਸ ਗੱਲ 'ਤੇ ਪੱਕਾ ਹੋ ਗਿਆ ਕਿ ਜਦੋਂ ਮੈਂ ਅੰਮ੍ਰਿਤ ਛਕਾਂਗਾ ਤਾਂ ਪੱਕਾ ਅੰਮ੍ਰਿਤ ਹੀ ਛਕਾਂਗਾ। ਇਸ ਤਰ੍ਹਾਂ ਆਪ ਜੀ ਬਚਪਨ ਤੋਂ ਹੀ ਗੁਰੂ ਘਰ ਦੇ ਪ੍ਰੇਮੀ ਅਤੇ ਸ਼ਰਧਾਲੂ ਬਣ ਗਏ।

ਆਪ ਨੇ ਸੰਸਾਰਕ ਵਿੱਦਿਆ ਪ੍ਰਾਇਮਰੀ ਤਾਈ ਪਿੰਡ ਦੇ ਸਕੂਲ ਤੋਂ ਲਈ ਤੇ ਦਸਵੀਂ ਸ੍ਰੀ ਗੁਰੂ ਹਰਿ ਗੋਬਿੰਦ



www.AKJ.Org

ਖਾਲਸਾ ਨੈਸ਼ਨਲ ਸਕੂਲ ਬੰਗਾ ਤੋ ਪਾਸ ਕੀਤੀ। ਆਪ ਜੀ ਨੂੰ ਸਕੂਲ ਪੜ੍ਹਦੇ ਸਮੇਂ ਕਵਿਤਾ ਜੋੜ ਕੇ ਲਿਖਣ ਅਤੇ ਸ਼ਾਇਰੀ ਕਰਨ ਦਾ ਵੀ ਸ਼ੌਕ ਸੀ। ਦਸਵੀਂ ਕਲਾਸ ਵਿਚ ਪੜ੍ਹਦੇ ਸਮੇਂ, ਆਪ ਨੇ ਇਕ ਕਵਿਤਾ ਲਿਖ ਕੇ ਜ਼ਬਾਨੀ ਕਿਸੇ ਸਮਾਗਮ ਤੇ ਸਟੇਜ ਤੇ ਪੜੀ ਤਾਂ ਸਕੂਲ ਦੇ ਹੈੱਡ ਮਾਸਟਰ ਨੇ ਆਪ ਦਾ ਨਾਮ ਮਤਵਾਲਾ ਪਾ ਦਿੱਤਾ, ਜਿਸ ਨਾਮ ਨਾਲ ਆਪ ਤਾਅ ਜ਼ਿੰਦਗੀ ਜਾਣੇ ਜਾਂਦੇ ਰਹੇ। ਏਅਰ ਫੋਰਸ ਦੇ ਕਾਨੂੰਨ ਮੁਤਾਬਕ ਉਥੋਂ ਸੇਵਾ ਮੁਕਤ ਹੋਣ ਸਮੇਂ ਆਪ ਜੀ ਨੂੰ ਬੀ.ਈ. ਦੀ ਆਨਰੇਰੀ ਡਿਗਰੀ ਵੀ ਦਿੱਤੀ ਗਈ ਅਤੇ ਸੇਵਾ ਮੁਕਤ ਹੋਣ ਤੋਂ ਇਕ ਸਾਲ ਪਹਿਲਾਂ ਆਈ. ਟੀ. ਆਈ ਦਾ ਕੋਰਸ ਵੀ ਚੰਡੀਗੜ੍ਹ ਦੀ ਸੰਸਥਾ ਤੋਂ ਕਰਵਾਇਆ ਗਿਆ।

ਆਪ ਜੀ ਨੇ ਸੰਨ 1960 ਵਿਚ ਕਾਨਪੁਰ ਵਿਚ ਏਅਰ ਫੋਰਸ ਦੀ ਨੌਕਰੀ ਪ੍ਰਾਪਤ ਕਰ ਲਈ। ਭਰਤੀ ਤੋਂ ਬਾਅਦ ਆਪ ਜੀ ਨੂੰ ਬੰਗਲੋਰ ਟਰੇਨਿੰਗ ਲਈ ਭੇਜਿਆ ਗਿਆ। ਫਿਰ ਆਪ ਜੀ ਤਿੰਨ ਸਾਲ ਮਦਰਾਸ ਰਹੇ। ਉਥੇ ਆਪ ਜੀ ਦਾ ਮਿਲਾਪ ਗੁਰਮੁਖ ਪਿਆਰੇ ਭਾਈ ਹਰਭਜਨ ਸਿੰਘ ਜੀ ਨਾਲ ਹੋ ਗਿਆ। ਫਿਰ ਉਨ੍ਹਾਂ ਦੀ ਸੰਗਤ ਨਾਲ ਅੰਮ੍ਰਿਤ ਛੱਕਣ ਦੀ ਤਾਂਘ ਪੈਦਾ ਹੋ ਗਈ। ਸੰਨ 1964 ਵਿਚ ਆਪ ਜੀ ਦੀ ਬਦਲੀ ਫਿਰ ਕਾਨਪੁਰ ਹੋ ਗਈ ਅਤੇ ਉਥੇ ਨੌਕਰੀ ਸ਼ੁਰੂ ਕਰਨ ਤੋਂ ਪਹਿਲਾਂ ਹੀ, ਦੁਸਹਿਰਾ ਸਮਾਗਮ ਤੇ ਆਪਣੇ ਮਾਮਾ ਜੀ ਭਾਈ ਜੋਧ ਸਿਘ ਕੋਲ ਆ ਕੇ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਕੇ ਤਿਆਰ ਬਰ ਤਿਆਰ ਸਿੰਘ ਸਜ ਗਏ। ਆਪ ਕਾਨਪੁਰ ਵਿਚ ਸੰਨ 1968 ਤਾਈ ਰਹੇ। ਇਸੇ ਸਮੇਂ ਦੌਰਾਨ ਫਰਵਰੀ 1968 ਵਿਚ ਆਪ ਜੀ ਦਾ ਆਨੰਦ ਕਾਰਜ ਗੁਰਸਿੱਖ ਬੀਬੀ ਪਰਮਜੀਤ ਕੌਰ ਸਪੁੱਤਰੀ ਭਾਈ ਹਰਬੰਸ ਸਿੰਘ ਅਤੇ ਬੀਬੀ ਸੁਰਜੀਤ ਕੌਰ ਵਾਸੀ ਦਕੋਹੇ ਨਾਲ ਹੋ ਗਿਆ। ਬੀਬੀ ਜੀ ਦੇ ਮਾਤਾ ਪਿਤਾ ਵੀ ਜਥੇ ਦੇ ਪੁਰਾਤਨ ਸਿੰਘ ਸਨ ਤੇ ਬੀਬੀ ਜੀ ਵੀ ਬਚਪਨ ਤੋਂ ਹੀ ਗੁਰਸਿੱਖੀ ਰਹਿਤ ਬਹਿਤ ਦੀ ਧਾਰਨੀ ਅਤੇ ਦੈਵੀ ਗੁਣਾਂ ਨਾਲ ਸ਼ਿੰਗਾਰੀ ਹੋਈ ਸੀ। ਬੀਬੀ ਜੀ ਜਿਥੇ ਸਿੰਘਾਂ ਦੇ ਕਛਹਿਰੇ ਆਦਿ ਤਿਆਰ ਕਰਨ ਵਿਚ ਮਾਹਰ ਸਨ ਉਥੇ ਲੰਗਰ ਦੀ ਸੇਵਾ ਖਾਸ ਕਰ ਮਠਿਆਈਆਂ ਬਣਾਉਣ ਵਿਚ ਖਾਸ ਮੁਹਾਰਤ ਰੱਖਦੇ ਸਨ। ਆਪ ਜੀ ਦੇ ਘਰ ਇਕ ਸਪੁੱਤਰ ਅਤੇ ਤਿੰਨ ਸਪੁਤਰੀਆਂ ਨੇ ਜਨਮ ਲਿਆ ਜੋ ਕਿ ਸਾਰੇ ਅੰਮ੍ਰਿਤਧਾਰੀ ਗੁਰਸਿੱਖੀ ਰਹਿਤ ਬਹਿਤ ਦੇ ਧਾਰਨੀ ਹੋ ਕੇ ਸਫਲ ਜੀਵਨ ਬਿਤਾਅ ਰਹੇ ਹਨ।

ਕਾਨਪੁਰ ਰਹਿੰਦਿਆਂ ਆਪ ਜੀ ਨੂੰ ਬਾਊ ਮਲ ਸਿੰਘ ਜੀ, ਜਥੇਦਾਰ ਭਾਈ ਰਾਮ ਸਿੰਘ, ਭਾਈ ਮੋਹਨ ਸਿੰਘ ਜੀ ਗਾਰਡ ਅਤੇ ਉਥੇ ਹੋਰ ਪੁਰਾਤਨ ਗੁਰਸਿੱਖਾਂ ਦੀ ਸੰਗਤ ਪ੍ਰਾਪਤ ਰਹੀ। ਇਥੇ ਰਹਿੰਦਿਆਂ ਆਪ ਗੁਰਬਾਣੀ ਦੇ ਪਾਠ ਦੀ ਸੰਥਿਆ ਲੈ ਕੇ ਅਖੰਡ ਪਾਠੀ ਬਣੇ ਤੇ ਕੀਰਤਨ ਕਰਨਾ ਵੀ ਸਿੱਖ ਲਿਆ। ਫਿਰ ਆਪ ਜੀ ਦੀ ਬਦਲੀ 1968 ਵਿਚ ਚੰਡੀਗੜ੍ਹ ਹੋ ਗਈ। ਉਥੇ ਆਪ ਜੀ ਨੂੰ ਭਾਈ ਆਤਮਾ ਸਿੰਘ ਜੀ ਪੰਜੋਖਰਾ ਸਾਹਿਬ, ਭਾਈ ਬਾਵਾ ਸਿੰਘ ਜੀ ਕੁਮਾਰ ਹੱਟੀ, ਭਾਈ ਰਤਨ ਸਿੰਘ ਮਸਤਾਨਾ, ਭਾਈ ਸੰਤਾ ਸਿੰਘ ਜੀ, ਭਾਈ ਹਰਚਰਨ ਸਿੰਘ ਜੀ, ਸੰਤ ਕ੍ਰਿਪਾਲ ਸਿੰਘ ਜੀ ਨੰਦਪੁਰ ਕਲੌੜ, ਭਾਈ ਪ੍ਰੀਤਮ ਸਿੰਘ ਅੱਧੋਮਾਜਰਾ, ਮਾਸਟਰ ਭੁਪਿੰਦਰ ਸਿੰਘ ਜੀ, ਬੀਬੀ ਮਹਿੰਦਰ ਕੌਰ ਅਤੇ ਬੀਬੀ ਜਗਦੀਸ਼ ਕੌਰ ਜੀ ਦੀ ਸੰਗਤ ਪ੍ਰਾਪਤ ਹੁੰਦੀ ਰਹੀ। ਇਥੇ ਰਹਿੰਦਿਆਂ ਆਪ ਜੀ ਹਫਤਾਵਾਰੀ/ਰੈਣ ਸਬਾਈ ਕੀਰਤਨ ਸਮਾਗਮਾਂ ਦੇ ਨਾਲ ਨਾਲ ਸ੍ਰੀ ਅਖੰਡ ਪਾਠ ਸਮਾਗਮਾਂ ਦੀ ਹਾਜਰੀ ਵੀ ਭਰਦੇ ਰਹੇ। ਗਰਮੀਆਂ ਵਿਚ ਆਪ ਜੀ ਕੁਮਾਰ ਹੱਟੀ ਸਮਾਗਮ 'ਤੇ ਵੀ ਹਾਜਰੀ ਭਰਦੇ ਸਨ।

ਆਪ ਜੀ ਦਾ ਇਕ ਕੰਨ ਨੌਕਰੀ ਲੱਗਣ ਸਮੇਂ ਤੋਂ ਹੀ ਖਰਾਬ ਰਹਿੰਦਾ ਸੀ ਤੇ ਪੀਕ ਵਗਦੀ ਰਹਿੰਦੀ ਸੀ। ਨੌਕਰੀ ਦੌਰਾਨ ਚੰਗੇ ਚੰਗੇ ਡਾਕਟਰਾਂ ਨੂੰ ਦਿਖਾਇਆ, ਪਰ ਕੋਈ ਇਲਾਜ ਕਾਰਗਰ ਨਹੀਂ ਆਇਆ ਤੇ ਦਰਦ ਵੀ ਕਾਫੀ ਵਧਦੀ ਗਈ। ਇਕ ਵਾਰ ਆਪ ਜੀ ਸਿੰਘਾਂ ਸਮੇਤ ਕੁਮਾਰ ਹੱਟੀ ਸਮਾਗਮ ਤੇ ਗਏ ਹੋਏ ਸਨ ਤੇ ਉਥੇ ਚਲ ਰਹੇ ਅਖੰਡਪਾਠ ਦੀ ਇਕ ਰੋਲ ਦੀ ਸੇਵਾ ਕੀਤੀ। ਦਰਦ ਬਹੁਤ ਸੀ ਅਤੇ ਆਪ ਕੁਝ ਆਰਾਮ ਕਰਨ ਲਈ ਨੇੜੇ ਪਹਾੜੀ ਉੱਪਰ ਇਕਾਂਤ ਵਿਚ ਜਾ ਬੈਠੇ। ਉਥੇ ਹੀ ਭਾਈ ਸੰਤਾ ਸਿੰਘ ਜੀ ਆ ਗਏ ਤੇ ਕਿਹਾ ਕਿ ਰਾਤ ਫਿਰ ਪਾਠ ਦੀ ਰੌਲ ਦੇਣੀ



www.AKJ.Org

ਹੈ। ਆਪ ਨੇ ਕਿਹਾ ਕਿ ਮੇਰੇ ਕੰਨ ਵਿਚ ਬਹੁਤ ਦਰਦ ਹੈ ਅਤੇ ਮੈਂ ਤਾਂ ਹੁਣ ਵੀ ਬੜੀ ਮੁਸ਼ਕਲ ਨਾਲ ਸੇਵਾ ਨਿਬਾਹੀ ਹੈ ਅਤੇ ਹੋਰ ਰੌਲ ਦੇਣੀ ਮੁਸ਼ਕਲ ਹੈ। ਉਨ੍ਹਾਂ ਪੁੱਛਿਆ ਕਿ ਕੋਈ ਇਲਾਜ ਕਰਵਾਇਆ ਹੈ ? ਆਪ ਜੀ ਨੇ ਕਿਹਾ ਕਿ ਡਾਕਟਰ ਅਪਰੇਸ਼ਨ ਕਰਨ ਨੂੰ ਕਹਿੰਦੇ ਹਨ, ਪਰ ਮੈਂ ਰੋਮਾਂ ਦੀ ਬੇਅਦਬੀ ਤੋਂ ਡਰਦਾ ਇਹ ਨਹੀਂ ਕਰਵਾ ਰਿਹਾ। ਭਾਈ ਸੰਤਾ ਸਿੰਘ ਜੀ ਨੇ ਇਨ੍ਹਾਂ ਦੇ ਨਿਕਟਵਰਤੀ ਭਾਈ ਬਾਵਾ ਸਿੰਘ ਜੀ ਨੂੰ ਕਿਹਾ ਕਿ ਤੁਹਾਨੂੰ ਪਤਾ ਹੈ ਕਿ ਇਹ ਕੰਨ ਦੇ ਦਰਦ ਤੋਂ ਕਿਤਨਾ ਔਖਾ ਹੈ ? ਅਜੇ ਬਚਨ ਹੀ ਕਰ ਰਹੇ ਸਨ ਕਿ ਉਥੇ ਅਚਾਨਕ ਹੀ ਸ੍ਰੀ ਬਾਊ ਜੀ ਵੀ ਆ ਗਏ। ਭਾਈ ਸੰਤਾ ਸਿੰਘ ਜੀ ਨੇ ਬਾਊ ਜੀ ਨੂੰ ਕਿਹਾ ਕਿ ਆਓ ਤੁਹਾਨੂੰ ਇਕ ਪੱਕੇ ਸਿੱਖ ਦੇ ਦਰਸ਼ਨ ਕਰਵਾਈਏ (ਜਿਸ ਨੂੰ ਸੁਣ ਕੇ ਆਪ ਨੇ ਕਾਫੀ ਸ਼ਰਮਿੰਦਗੀ ਮਹਿਸੂਸ ਕੀਤੀ) ਜੋ ਦਰਦ ਤਾਂ ਸਹਾਰ ਰਿਹਾ ਹੈ ਪਰ ਅਪਰੇਸ਼ਨ ਨਹੀਂ ਕਰਵਾ ਰਿਹਾ। ਸ੍ਰੀ ਬਾਊ ਜੀ ਨੇ ਆਪਣੇ ਸੁਭਾਅ ਮੁਤਾਬਿਕ ਗੜਕ ਕੇ ਕਿਹਾ ਕਿ ਸਿੰਘਾ, ਬੀਬੀਆਂ ਨੂੰ ਜਣੇਪੇ ਵੇਲੇ ਅਪਰੇਸ਼ਨ ਕਰਵਾਉਣਾ ਪੈਂਦਾ ਹੈ, ਇਹ ਉਨ੍ਹਾਂ ਦੀ ਮਜ਼ਬੂਰੀ ਹੈ, ਪਰ ਉਹ ਪੰਚਾਂ ਦੇ ਪੇਸ਼ ਹੋ ਕੇ ਦੁਬਾਰਾ ਅੰਮ੍ਰਿਤ ਛੱਕ ਲੈਂਦੀਆਂ ਹਨ। ਇਸ ਲਈ ਨਾਮ ਬਾਣੀ ਦੇ ਨਾਲ ਨਿਰੰਤਰ ਜੁੜਨ ਲਈ, ਕਿਸੇ ਬੀਮਾਰੀ ਕਾਰਨ ਮਜ਼ਬੂਰੀ ਵਿਚ ਅਪਰੇਸ਼ਨ ਕਰਵਾਉਣਾ ਗਲਤ ਨਹੀਂ ਹੈ। ਜੇ ਮਜ਼ਬੂਰੀ ਕਾਰਨ ਰੋਮਾਂ ਦੀ ਬੇਅਦਬੀ ਹੋ ਵੀ ਜਾਵੇ ਤਾਂ ਪੰਚਾਂ ਦੇ ਪੇਸ਼ ਹੋ ਕੇ ਭੁਲ ਬਖਸ਼ਾਈ ਜਾ ਸਕਦੀ ਹੈ। ਸੋ ਇਥੋਂ ਜਾ ਕੇ ਸਭ ਤੋਂ ਪਹਿਲਾਂ ਇਸ ਦਾ ਆਪਰੇਸ਼ਨ ਕਰਵਾ। ਸਮਾਗਮਾਂ 'ਤੇ ਲਗਾਤਾਰ ਹਾਜ਼ਰੀਆਂ ਭਰਨ ਕਰਕੇ, ਆਪ ਜੀ ਦੀਆਂ ਛੁੱਟੀਆਂ ਵੀ ਖਤਮ ਸਨ, ਪਰ ਆਪ ਜੀ ਦੇ ਮਿਲਾਪੜੇ ਅਤੇ ਆਪਣੇ ਕੰਮ ਨੂੰ ਕੁਸ਼ਲਤਾ ਸਹਿਤ ਕਰਨ ਕਰਕੇ, ਆਪ ਦੇ ਉੱਚ ਅਧਿਕਾਰੀ ਆਪ ਦਾ ਬਹੁਤ ਸਤਿਕਾਰ ਕਰਦੇ ਸਨ। ਆਪ ਦੇ ਕਮਾਂਡਿੰਗ ਅਫ਼ਸਰ ਨੇ ਉਸੇ ਵੇਲੇ ਛੁੱਟੀ ਦੀ ਅਰਜ਼ੀ ਲੈ ਕੇ ਆਪਰੇਸ਼ਨ ਕਰਵਾਉਣ ਦੀ ਮਨਜ਼ੂਰੀ ਦੇ ਦਿੱਤੀ। ਜਦੋਂ ਆਪ ਜੀ ਨੇ ਪੀ.ਜੀ.ਆਈ. ਚੰਡੀਗੜ੍ਹ ਵਿਚ ਡਾਕਟਰ ਤੋਂ ਮੁਆਇਨਾ ਕਰਵਾਇਆ ਤਾਂ ਡਾਕਟਰ ਕੰਨ ਦੀ ਹਾਲਤ ਦੇਖ ਕੇ ਦੰਗ ਰਹਿ ਗਿਆ। ਉਸ ਨੇ ਉਸੇ ਵੇਲੇ ਹੀ ਐਕਸ-ਰੇ. ਦੀ ਗਿੱਲੀ ਰਿਪੋਰਟ ਲਿਆਉਣ ਨੂੰ ਕਿਹਾ ਅਤੇ ਦੱਸਿਆ ਕਿ ਜੇ ਤੁਸੀਂ ਇਹ ਆਪਰੇਸ਼ਨ ਨਾ ਕਰਵਾਇਆ ਤਾਂ ਆਪ ਨੂੰ ਪਾਗਲਪਨ ਜਾਂ ਮੌਤ ਹੋ ਜਾਣ ਦਾ ਭਾਰੀ ਖਤਰਾ ਹੈ। ਆਪ ਜੀ ਨੇ ਫਿਰ ਆਪਰੇਸ਼ਨ ਕਰਵਾ ਲਿਆ ਤੇ ਆਪ ਦਾ ਕੰਨ ਦਾ ਦਰਦ ਵੀ ਗੁਰਸਿੱਖਾਂ ਦੀ ਪ੍ਰੇਰਨਾ ਅਤੇ ਅਸੀਸਾਂ ਸਦਕਾ ਹਮੇਸ਼ਾਂ ਲਈ ਠੀਕ ਹੋ ਗਿਆ। ਇਨ੍ਹਾਂ ਦੇ ਜਿੱਗਰੀ ਦੋਸਤ ਭਾਈ ਮਿਲਖਾ ਸਿੰਘ ਜੀ ਏਅਰ ਫੋਰਸ ਵਾਲੇ ਇਸ ਸਮੇਂ ਇਨ੍ਹਾਂ ਕੋਲ ਰਹੇ ਤੇ ਜਦ ਹੋਸ਼ ਵਿਚ ਆਏ ਤਾਂ ਆਪ ਨੇ ਸ਼ਬਦ ਪੜ੍ਹਿਆ **"ਦਯਾ ਕੇ ਦਇਆਲ ਮੋਹਿ ਪਤਿਤ ਉਧਾਰੀਐ ॥"**

ਸੰਨ 1973 ਵਿਚ ਆਪ ਜੀ ਦੇ ਚੰਡੀਗੜ੍ਹ ਤੋਂ ਜਾਮਨਗਰ (ਗੁਜਰਾਤ) ਦੇ ਬਦਲੀ ਦੇ ਆਰਡਰ ਆ ਗਏ। ਆਪ ਜੀ ਨੇ ਘਰ ਦਾ ਸਾਰਾ ਸਮਾਨ ਰੇਲਵੇ ਗੱਡੀ ਵਿਚ ਬੁੱਕ ਕਰਾ ਦਿੱਤਾ ਤੇ ਉਥੇ ਜਾਣ ਲਈ ਤਿਆਰੀ ਵਿਚ ਹੀ ਸਨ ਇੱਕ ਦਿਨ ਆਪਣੇ ਜੱਦੀ ਪਿੰਡ ਵਿੱਚ ਹੀ ਘਰ ਦੀ ਮੁਰੰਮਤ ਲਈ ਸੀਮਿੰਟ ਲੈਣ ਲਈ ਨੇੜੇ ਦੇ ਸ਼ਹਿਰ ਜਾ ਰਹੇ ਸਨ। ਰਸਤੇ ਵਿਚ ਇਕ ਨਿਹੰਗ ਸਿੰਘਾਂ ਦੀ ਛਾਉਣੀ ਸੀ। ਆਪ ਉੱਥੇ ਇੱਕ ਨਿਹੰਗ ਸਿੰਘ ਨੂੰ ਫਤਿਹ ਬੁਲਾ ਕੇ ਅੱਗੇ ਲੰਘ ਗਏ। ਫਿਰ ਮਨ ਵਿੱਚ ਆਇਆ ਕਿ ਉਹ ਸਿੰਘ ਨੂੰ ਸਤਿਕਾਰ ਵਜੋਂ ਸਾਈਕਲ ਤੋਂ ਹੇਠਾਂ ਉੱਤਰ ਕੇ ਫਤਹਿ ਬੁਲਾਉਣੀ ਚਾਹੀਦੀ ਸੀ ਤੇ ਉਸਦੀ ਛਾਉਣੀ ਵਿੱਚ ਵਾਪਸ ਆ ਗਏ। ਅੱਗੋਂ ਨਿਹੰਗ ਸਿੰਘ ਜੀ ਨੇ ਆਪ ਦੇ ਕਾਰੋਬਾਰ ਅਤੇ ਥਾਂ ਟਿਕਾਣੇ ਬਾਰੇ ਪੁੱਛਿਆ। ਆਪ ਜੀ ਨੇ ਦੱਸਿਆ ਕਿ ਦਾਸ ਪਿੰਡ ਮੂਸਾ ਪੁਰ ਦਾ ਨਿਵਾਸੀ ਹੈ ਅਤੇ ਭਾਰਤੀ ਹਵਾਈ ਫੌਜ ਵਿਚ ਕੰਮ ਕਰਦਾ ਹੈ। ਹੁਣ ਮੇਰੇ ਜਾਮ ਨਗਰ ਦੀ ਤਬਦੀਲੀ ਤੇ ਆਰਡਰ ਆਏ ਹਨ ਅਤੇ ਉਥੇ ਜਾ ਰਹੇ ਹਾਂ। ਉਸ ਨੇ ਅਗੋਂ ਬਚਨ ਕੀਤਾ ਕਿ ਸਿੰਘਾਂ ਦਾ ਜਾਮ ਨਗਰੀ ਜਾਣ ਦਾ ਕੀ ਕੰਮ ਹੈ ? ਉਸੇ ਵਕਤ ਆਪ ਜੀ ਨੂੰ ਪਿਛੋਂ ਸੁਨੇਹਾ ਮਿਲ ਗਿਆ ਕਿ ਆਪ ਦੀ ਬਦਲੀ ਜਾਮ ਨਗਰ ਤੋਂ ਬਦਲ ਕੇ ਆਗਰੇ ਕਰ ਦਿੱਤੀ ਗਈ ਹੈ ਉਥੇ ਹਾਜ਼ਰ ਹੋਵੋ। ਪਰ ਮੁੜ ਕੇ ਉਸ ਨਿਹੰਗ ਸਿੰਘ ਜੀ ਦੇ ਦਰਸ਼ਨ ਨਹੀਂ ਹੋਏ, ਉਹ ਪਤਾ ਨਹੀਂ ਉਸ ਛਾਉਣੀ ਵਿਚੋਂ ਕਿੱਥੇ ਚਲੇ ਗਏ। ਆਗਰੇ ਆਪ



www.AKJ.Org

ਸੰਨ 1976 ਤਾਈ ਰਹੇ। ਉਥੇ ਆਪ ਜੀ ਦੀ ਪ੍ਰੇਰਨਾ ਨਾਲ ਭਾਈ ਗੁਰਮੇਲ ਸਿੰਘ ਜੀ (RBI) ਵਾਲੇ ਜਥੇ ਦੀ ਸੰਗਤ ਨਾਲ ਜੁੜੇ ਅਤੇ ਅੰਮ੍ਰਿਤ ਛੱਕ ਕੇ ਤਿਆਰ ਬਰ ਤਿਆਰ ਹੋ ਗਏ। ਇਸੇ ਤਰ੍ਹਾਂ ਉੱਥੇ ਇਕ ਭਈਏ ਦੇ ਪ੍ਰੀਵਾਰ ਸਮੇਤ ਹੋਰ ਵੀ ਕਈ ਪ੍ਰੀਵਾਰ ਗੁਰੂ ਚਰਨਾਂ ਨਾਲ ਜੋੜੇ। ਉਥੇ ਹਫ਼ਤੇ ਵਿਚ ਦੋ ਵਾਰੀ ਅਖੰਡ ਕੀਰਤਨ ਸਮਾਗਮ ਹੁੰਦਾ ਸੀ ਜਿਸ ਦਾ ਖੂਬ ਆਨੰਦ ਮਾਣਦੇ ਰਹੇ।

ਸੰਨ 1976 ਵਿਚ ਆਪ ਜੀ ਦੀ ਬਦਲੀ ਬੰਗਲੌਰ ਦੀ ਹੋ ਗਈ। ਉਥੇ ਆਪ ਜੀ ਦਾ ਮਿਲਾਪ ਭਾਈ ਪ੍ਰਦੁਮਨ ਸਿੰਘ ਜੀ ਨਾਗਪੁਰ ਨਾਲ ਹੋਇਆ। ਆਪ ਜੀ, ਪ੍ਰੀਵਾਰ ਅਤੇ ਸਿੰਘਾਂ ਸਮੇਤ ਬੰਗਲੌਰ ਸ਼ਹਿਰ ਦੇ ਵੱਖ-ਵੱਖ ਗੁਰਦੁਆਰਿਆਂ ਵਿਚ ਅੰਮ੍ਰਿਤ ਵੇਲੇ ਸ੍ਰੀ ਆਸਾ ਦੀ ਵਾਰ ਦਾ ਪੂਰਾ ਕੀਰਤਨ ਕਰਦੇ ਰਹੇ। ਇਤਿਹਾਸਿਕ ਗੁਰਦੁਆਰਿਆਂ ਨੂੰ ਛੱਡ ਕੇ ਆਮ ਗੁਰੂ ਘਰਾਂ ਵਿਚ ਚਾਰ ਜਾਂ ਛੇ ਡੱਕੇ ਹੀ ਸ੍ਰੀ ਆਸਾ ਦੀ ਵਾਰ ਦੇ ਲਗਾਏ ਜਾਂਦੇ ਹਨ, ਪਰ ਆਪ ਜੀ, ਪੂਰੀ ਸ੍ਰੀ ਆਸਾ ਕੀ ਵਾਰ ਦਾ ਕੀਰਤਨ ਕਰਦੇ ਰਹੇ। ਸੰਨ 1981 ਵਿਚ ਆਪ ਉਥੋਂ ਬਦਲ ਕੇ ਨਵੇਂ ਬਣੇ ਏਅਰ ਫੋਰਸ ਸਟੇਸ਼ਨ ਬਿਦਰ ਆ ਗਏ ਤੇ ਉੱਥੇ ਗੁ: ਸ੍ਰੀ ਨਾਨਕ ਝੀਰਾ ਦੇ ਦਰਸ਼ਨ ਮੇਲੇ ਕਰਕੇ ਖੂਬ ਆਨੰਦ ਮਾਣਦੇ ਰਹੇ। ਆਪ ਹਰ ਰੋਜ਼ ਸਵੇਰੇ ਸ਼ਾਮ ਸਾਈਕਲ ਤੇ ਸਿੰਘਣੀ ਅਤੇ ਛੋਟੇ ਬੱਚਿਆਂ ਸਮੇਤ ਗੁਰਦੁਆਰੇ ਦੀ ਹਾਜਰੀ ਭਰਦੇ ਅਤੇ ਨਾਲ ਹੀ ਝੀਰੇ ਦੇ ਜਲ ਦੀਆਂ ਕੈਨੀਆਂ ਭਰ ਕੇ, ਘਰ ਵਿਚ ਲੰਗਰ ਦੀ ਵਰਤੋਂ ਲਈ ਲੈ ਆਉਂਦੇ ਸਨ। ਮਾਰਚ 1982 ਵਿਚ ਜਥੇਦਾਰ ਭਾਈ ਰਾਮ ਸਿੰਘ ਜੀ ਸੰਗਤਾਂ ਸਮੇਤ ਜਦੋਂ ਇਥੇ ਯਾਤਰਾ ਲਈ ਆਏ ਤਾਂ ਆਪ ਸੰਗਤਾਂ ਦੇ ਲਈ ਚਾਹ/ਗਰਮ ਜਲ ਦੀ ਸੇਵਾ ਵਾਸਤੇ ਸਾਈਕਲ 'ਤੇ ਹੀ ਗੈਸ ਚੁੱਲਾ ਤੇ ਸਿਲੰਡਰ ਰੱਖ ਕੇ ਗੁਰਦੁਆਰੇ ਦੇ ਇਕ ਕਮਰੇ ਵਿਚ ਲੈ ਆਏ ਤੇ ਲੰਗਰ ਚਾਲੂ ਕਰ ਦਿੱਤਾ। ਆਪ ਸਿੰਘਣੀ ਸਮੇਤ ਸਾਰੀ ਰਾਤ ਸੰਗਤਾਂ ਲਈ ਬੇਸਣ ਤੇ ਹੋਰ ਮਿਠਿਆਈ ਤਿਆਰ ਕਰਦੇ ਰਹੇ ਤਾਂ ਜੋ ਅਗਲੇ ਰਸਤੇ ਵਿੱਚ ਛੱਕਣ ਦੇ ਕੰਮ ਆ ਸਕੇ। ਉਸ ਵੇਲੇ ਸਿੰਘਾਂ ਦਾ ਇਹੋ ਜਿਹਾ ਆਪਸੀ ਪਿਆਰ ਆਪਣੇ ਆਪ ਵਿੱਚ ਇੱਕ ਮਿਸਾਲ ਹੁੰਦਾ ਸੀ। ਸੰਨ 1983 ਵਿੱਚ ਭਾਈ ਦਲਵਿੰਦਰ ਸਿੰਘ ਜੀ ਯੂ.ਐਸ.ਏ. ਵਾਲੇ ਵੀ ਬਦਲ ਕੇ ਇਥੇ ਆ ਗਏ ਤੇ ਖੂਬ ਕੀਰਤਨ ਦੇ ਅਖਾੜੇ ਸੱਜਣ ਲੱਗੇ ਤੇ ਸ੍ਰੀ ਅਖੰਡ ਪਾਠਾਂ ਦੇ ਪ੍ਰਵਾਹ ਵੀ ਚੱਲਦੇ ਰਹੇ। ਇਥੋਂ ਆਪ ਕਈ ਵਾਰ ਹੈਦਰਾਬਾਦ ਨਿਵਾਸੀ ਸਿੰਘਾਂ ਦੇ ਸੱਦੇ ਤੇ ਸ੍ਰੀ ਅਖੰਡ ਪਾਠ ਸਮਾਗਮਾਂ ਤੇ ਰੈਣ ਸਬਾਈ ਕੀਰਤਨਾਂ ਦੀ ਹਾਜ਼ਰੀ ਵੀ ਭਰਦੇ ਰਹੇ। ਸੰਨ 1985 ਵਿੱਚ ਆਪ ਉਤਰਲਾਈ ਬਾੜਮੇਰ ਇਲਾਕੇ ਵਿੱਚ ਬਦਲ ਕੇ ਚਲੇ ਗਏ। ਸੰਨ 1987 ਵਿੱਚ ਫਿਰ ਚੰਡੀਗੜ੍ਹ ਬਦਲ ਕੇ ਆ ਗਏ ਤੇ ਸੰਨ 1992 ਤਾਈਂ ਇਥੇ ਰਹੇ। ਫਿਰ ਇਨ੍ਹਾਂ ਦੀ ਬਦਲੀ ਤੇਜਪੁਰ ਆਸਾਮ ਤੇ ਸੰਨ 1993 ਵਿੱਚ ਕਲਕੱਤੇ ਦੀ ਹੋ ਗਈ। ਸੰਨ 1996 ਵਿੱਚ ਰਿਟਾਇਰਮੈਂਟ ਨੇੜੇ ਹੋਣ ਕਰਕੇ ਆਪ ਨੂੰ Home Station ਚੰਡੀਗੜ੍ਹ ਬਦਲ ਦਿੱਤਾ ਗਿਆ। ਜਿਥੋਂ ਆਪ ਮਿਤੀ 31 ਅਕਤੂਬਰ 1998 ਵਿੱਚ ਫਲਾਇੰਗ ਅਫ਼ਸਰ ਦੇ ਅਹੁਦੇ ਤੋਂ ਸੇਵਾ ਮੁਕਤ ਹੋ ਗਏ। ਆਪ ਇੱਕ ਸਿਪਾਹੀ ਵੱਲੋਂ ਭਰਤੀ ਹੋਏ ਸਨ ਤੇ ਫਿਰ ਵੱਖ-ਵੱਖ ਅਹੁਦਿਆਂ ਤੇ ਤਰੱਕੀ ਕਰਦੇ ਹੋਏ ਇਸ ਉੱਚ ਅਹੁਦੇ ਤੋਂ ਰਿਟਾਇਰ ਹੋਏ। ਆਪ ਨੇ ਆਪਣੀ ਸਾਰੀ ਨੌਕਰੀ ਬਹੁਤ ਇਮਾਨਦਾਰੀ, ਸਖ਼ਤ ਮਿਹਨਤ, ਦਿਆਨਤਦਾਰੀ ਤੇ ਕੁਸ਼ਲਤਾ ਸਹਿਤ ਕੀਤੀ। ਆਪ ਏਅਰ ਫੋਰਸ ਦੇ Accounts Department ਵਿੱਚ ਕੰਮ ਕਰਦੇ ਸਨ। ਆਪ ਜੀ ਦੀ ਬੋਲ ਚਾਲ, ਮਿਲਾਪੜੇ ਤੇ ਮਿੱਠੇ ਸੁਭਾਅ ਅਤੇ ਕੰਮ ਵਿੱਚ ਨਿਪੰਨਤਾ ਕਾਰਨ ਸਾਰੇ ਉੱਚ ਅਧਿਕਾਰੀਆਂ ਨਾਲ ਮੇਲ ਜੋਲ ਬਣਿਆ ਹੋਇਆ ਸੀ ਤੇ ਸਾਰੇ ਅਫ਼ਸਰ ਆਪ ਦੇ ਕੰਮ ਦੀ ਤਾਰੀਫ ਕਰਦੇ ਸਨ। ਆਪ ਹੇਠਲੇ ਜਾਂ ਉੱਚ ਅਧਿਕਾਰੀ ਨੂੰ ਕਦੇ ਵੀ ਸ਼ਿਕਾਇਤ ਕਰਨ ਦਾ ਮੌਕਾ ਨਹੀ ਸਨ ਦਿੰਦੇ।

ਏਅਰ ਫੋਰਸ ਵਿੱਚ ਇੱਕ ਰਾਮਲੂ ਨਾਂ ਦਾ ਮਦਰਾਸੀ, ਸਾਰਜੈਂਟ ਦੇ ਅਹੁਦੇ ਤੇ ਕੰਮ ਕਰਦਾ ਸੀ। ਉਹ ਪਿਛਲੇ ਜਨਮ ਦਾ ਤਪੱਸਵੀ ਸੀ ਤੇ ਉਸ ਨੇ ਨੌਕਰੀ ਦੇ ਦੌਰਾਨ ਹੀ ਦੇਵੀ ਦੀ ਉਪਾਸ਼ਨਾ ਇਤਨੀ ਲਗਨ ਅਤੇ ਦ੍ਰਿੜਤਾ ਨਾਲ ਕੀਤੀ ਕਿ ਇੱਕ ਦਿਨ ਦੇਵੀ ਪ੍ਰਗਟ ਹੋ ਗਈ। ਦੇਵੀ ਨੇ ਖੁਸ਼ ਹੋ ਕੇ ਉਸਨੂੰ ਮਨ ਦੀ ਮੁਰਾਦ ਪੂਰੀ ਕਰਵਾਉਣ ਲਈ ਕਿਹਾ। ਉਸ



www.AKJ.Org

ਭਗਤ ਨੇ ਦੇਵੀ ਕੋਲੋਂ ਮੁਕਤੀ ਕਰਾਉਣ ਦੀ ਮੁਰਾਦ ਮੰਗੀ। ਦੇਵੀ ਨੇ ਉਸ ਨੂੰ ਕਿਹਾ ਕਿ ਉਹ, ਉਸ ਦੀ ਹਰ ਤਰ੍ਹਾਂ ਦੀ ਸੰਸਾਰਕ ਮੁਰਾਦ, (ਧੰਨ ਦੌਲਤ, ਸੁੱਖ ਅਰਾਮ, ਪ੍ਰਸਿੱਧੀ) ਪੂਰੀ ਕਰ ਸਕਦੀ ਹੈ ਪਰ ਮੁਕਤੀ ਦੇਣਾ ਉਸ ਦੇ ਵੱਸ ਨਹੀਂ। ਉਹ ਤਾਂ ਕੇਵਲ ਕਲਜੁਗ ਵਿੱਚ ਗੁਰੂ ਨਾਨਕ ਦੇ ਦਰ ਤੋਂ ਹੀ ਮਿਲਦੀ ਹੈ। ਉਸ ਨੇ ਪੁਛਿਆ ਕਿ ਗੁਰੂ ਨਾਨਕ ਦਾ ਦਰ ਕਿਵੇਂ ਮਿਲੇਗਾ? ਇਸ ਤੇ ਉਸ ਦੇਵੀ ਨੇ ਕਿਹਾ ਕਿ ਤੇਰੀ ਬਦਲੀ ਹੁਣ ਮਦਰਾਸ ਦੀ ਹੋਵੇਗੀ, ਉਥੇ ਇਕ ਗੁਰੂ ਕਾ ਸਿੱਖ ਮਿਲੇਗਾ, ਜਿਸ ਤਰ੍ਹਾਂ ਤੈਨੂੰ ਉਹ ਕਹੇ, ਉਸੇ ਤਰ੍ਹਾਂ ਕਰਦਾ ਜਾਵੀਂ ਤੇ ਤੈਨੂੰ ਗੁਰੂ ਨਾਨਕ ਦਾ ਦਰ ਮਿਲ ਜਾਵੇਗਾ। ਕੁਝ ਸਮੇਂ ਬਾਅਦ ਉਸ ਦੀ ਬਦਲੀ ਮਦਰਾਸ ਦੀ ਹੋ ਗਈ ਤੇ ਉਥੇ ਗੁਰਦੁਆਰੇ ਉਸ ਦਾ ਮਿਲਾਪ ਭਾਈ ਤਰਲੋਚਨ ਸਿੰਘ ਜੀ ਨਾਲ ਹੋ ਗਿਆ। ਉਸ ਸਿੰਘ ਨੂੰ ਇਸ ਮਦਰਾਸੀ ਨੇ ਆਪਣੀ ਸਾਰੀ ਵਿਥਿਆ ਸੁਣਾਈ ਤੇ ਗੁਰੂ ਨਾਨਕ ਦੇ ਦਰ ਦੀ ਪੁੱਛ ਗਿੱਛ ਕੀਤੀ। ਉਸ ਸਿੰਘ ਨੇ ਉਸ ਨੂੰ ਸਿੱਖ ਧਰਮ ਦੀ ਮੁੱਢਲੀ ਜਾਣਕਾਰੀ ਦੇ ਕੇ ਦੱਸਿਆ ਕਿ ਮੁਕਤੀ ਲਈ ਤੈਨੂੰ ਅੰਮ੍ਰਿਤ ਛਕਣਾ ਪਵੇਗਾ ਅਤੇ ਪੰਜਾਂ ਪਿਆਰਿਆਂ ਕੋਲੋਂ ਨਾਮ ਦੀ ਦਾਤ ਪ੍ਰਾਪਤ ਕਰਕੇ, ਉਸ ਦੀ ਅਤੁੱਟ ਕਮਾਈ ਕਰਕੇ ਹੀ ਮੁਕਤੀ ਪ੍ਰਾਪਤ ਹੋਵੇਗੀ। ਉਸ ਪ੍ਰੇਮੀ ਨੇ ਪ੍ਰੀਵਾਰ ਸਮੇਤ ਉਸੇ ਸਾਲ ਹੀ ਦਿੱਲੀ ਦੁਸਹਿਰੇ ਸਮਾਗਮ 'ਤੇ ਆ ਕੇ ਅੰਮ੍ਰਿਤ ਛੱਕ ਲਿਆ ਅਤੇ ਤਿਆਰ ਬਰ ਤਿਆਰ ਹੋ ਗਿਆ। ਅੰਮ੍ਰਿਤ ਛੱਕਣ ਤੋਂ ਬਾਅਦ ਉਹ ਰਾਮਲੂ ਤੋਂ ਭਾਈ ਹਰਭਜਨ ਸਿੰਘ ਬਣ ਗਿਆ ਤੇ ਉਸ ਦੀ ਘਰ ਵਾਲੀ ਦਾ ਨਾਂ ਅਮਰ ਕੌਰ ਰੱਖਿਆ ਗਿਆ। ਉਸ ਮਦਰਾਸੀ ਭਾਈ ਨੇ ਭਗਤੀ ਅਤੇ ਕਠਨ ਤਪੱਸਿਆ ਤਾਂ ਪਹਿਲਾਂ ਹੀ ਸਾਧੀ ਹੋਈ ਸੀ ਸਿਰਫ ਅੰਮ੍ਰਿਤ ਦੀ ਦਾਤ ਦੀ ਹੀ ਲੋੜ ਸੀ, ਜੋ ਉਹ ਮਿਲਣ ਤੋਂ ਕੁਝ ਚਿਰ ਬਾਅਦ ਚੜਾਈ ਕਰ ਗਿਆ। ਉਸ ਦੇ ਚੜਾਈ ਕਰ ਜਾਣ ਤੋਂ ਬਾਅਦ, ਉਸ ਦੇ ਪ੍ਰੀਵਾਰ ਦੀ ਮਾਇਕ ਸਹਾਇਤਾ ਵਾਸਤੇ, ਆਪ ਜੀ ਨੇ ਸਿੰਘਾਂ ਦੇ ਸਹਿਯੋਗ ਨਾਲ ਇਕ ਫੰਡ ਬਣਾ ਕੇ ਪ੍ਰੀਵਾਰ ਦੀ ਦੇਖ ਭਾਲ ਅਤੇ ਸੰਭਾਲ ਕੀਤੀ। ਉਸ ਦੇ ਬੱਚਿਆਂ ਦੀ ਪੜ੍ਹਾਈ ਅਤੇ ਇਕ ਬੱਚੀ ਦਾ ਆਨੰਦ ਕਾਰਜ ਵੀ ਕੀਤਾ। ਉਸ ਦੇ ਪਿੰਡ ਗੁਰਦੁਆਰੇ ਦੀ ਉਸਾਰੀ ਵੀ ਕਰਵਾਈ। ਆਪ ਜੀ ਹਮੇਸ਼ਾ ਲੋੜਵੰਦ ਗਰੀਬਾਂ ਦੇ ਹਮਦਰਦ ਅਤੇ ਮਦਦਗਾਰ ਸਨ। ਸੀਮਤ ਮਾਇਕ ਵਸੀਲਿਆਂ ਦੇ ਬਾਵਜੂਦ, ਲੋੜਵੰਦਾਂ ਦੀ ਸਹਾਇਤਾ ਤੋਂ ਕਦੇ ਪਿੱਛੇ ਨਹੀਂ ਸਨ ਹੱਟਦੇ।

ਆਪ ਜੀ ਦੀ ਸਾਰੀ ਜ਼ਿੰਦਗੀ ਮਾਇਕ ਤੌਰ ਤੇ ਸੰਘਰਸ਼ਸ਼ੀਲ ਹੀ ਰਹੀ ਹੈ। ਪਰਿਵਾਰ ਵਿੱਚ ਸਭ ਤੋਂ ਵੱਡੇ ਹੋਣ ਕਰਕੇ ਪਹਿਲਾਂ ਆਪਣੀਆਂ ਛੋਟੀਆਂ ਭੈਣਾਂ ਦੇ ਅਨੰਦ ਕਾਰਜ ਕੀਤੇ। ਫਿਰ ਆਪਣੀਆਂ ਬੱਚੀਆਂ ਦੇ ਅਨੰਦ ਕਾਰਜ ਵੀ ਕੀਤੇ। ਆਪ ਹਮੇਸ਼ਾ ਦੁੱਖ ਨੂੰ ਸੁੱਖ ਕਰਕੇ ਜਾਣਦੇ ਰਹੇ। ਸਾਰੀ ਉਮਰ ਸਬਰ ਸ਼ੁਕਰ ਅਤੇ ਭਾਣੇ ਵਿੱਚ ਹੀ ਗੁਜਾਰੀ। ਕਈ ਵਾਰ ਸਿੰਘਾ ਪਾਸੋਂ ਮਕਾਨ ਬਣਾਉਣ ਜਾਂ ਹੋਰ ਕਾਰਜਾਂ ਲਈ ਮਾਇਆ ਵੀ ਉਧਾਰੀ ਲੈਣੀ ਪੈਂਦੀ ਰਹੀ ਪਰ ਆਪ ਨੇ ਆਪਣਾ ਵਿਹਾਰ ਹਮੇਸ਼ਾ ਸਾਫ ਸੁਥਰਾ ਰੱਖਿਆ। ਚੜਾਈ ਕਰਨ ਤੋਂ ਕੁਝ ਚਿਰ ਪਹਿਲਾਂ ਹੀ, ਕਿਸੇ ਸਿੰਘ ਕੋਲੋਂ ਲਈ ਮਾਇਆ ਦੀ ਆਖਰੀ ਕਿਸ਼ਤ ਵਾਪਿਸ ਕਰਕੇ, ਆਪਣਾ ਲੈਣ ਦੇਣ ਦਾ ਲੇਖਾ ਨਿਬੇੜ ਦਿੱਤਾ। ਆਪ ਜੀ ਨੂੰ ਗੁਰੂ ਭਾਣੇ ਅੰਦਰ ਕਈ ਸੰਸਾਰਿਕ ਦੁਖ ਅਤੇ ਸਦਮੇ ਵੀ ਸਹਿਣੇ ਪਏ ਪਰ ਸਭ ਕੁਝ ਨੂੰ ਗੁਰੂ ਦੀ ਰਜ਼ਾ ਮੰਨਕੇ, ਨਾਮ ਬਾਣੀ ਦੇ ਆਸਰੇ ਅਡੋਲ ਰਹਿ ਕੇ ਸਹਿਆ ਅਤੇ ਕਦੇ ਕੋਈ ਗਿੱਲਾ ਸ਼ਿੱਕਵਾ ਮਨ ਵਿੱਚ ਨਹੀਂ ਲਿਆਂਦਾ।

ਆਪ ਜੀ ਨੂੰ ਲਿਖਣ ਪੜਣ ਅਤੇ ਕਵਿਤਾ ਰਚਣ ਦਾ ਸ਼ੌਕ ਬਚਪਨ ਤੋਂ ਹੀ ਸੀ। ਆਪ ਵੇਹਲੇ ਸਮੇਂ ਕੋਈ ਨਾ ਕੋਈ ਕਵਿਤਾ ਲਿਖਦੇ ਰਹਿੰਦੇ ਸਨ। ਜਦੋਂ ਅੰਦਰੋਂ ਲਿਖਣ ਦਾ ਵੇਗ ਤੁਰੇ ਤਾਂ ਕਿਸੇ ਤਰ੍ਹਾਂ ਦੇ ਵੀ ਕਾਗਜ਼, ਪੁਸਤਕ ਜਾਂ ਡਾਇਰੀ ਦੇ ਹਾਸ਼ੀਆ ਉਪਰ ਕਵਿਤਾ ਲਿਖ ਲੈਂਦੇ ਸਨ। ਉਹਨਾਂ ਦੀਆਂ ਕਾਫੀ ਕਵਿਤਾਵਾਂ ਸੂਰੇ ਮਾਸਿਕ ਪੱਤਰ ਜਾਂ ਆਤਮ ਰੰਗ ਵਿੱਚ ਛਪਦੀਆਂ ਰਹੀਆਂ ਹਨ ਅਤੇ ਅਜੇ ਵੀ ਬਹੁਤ ਸਾਰੀਆਂ ਉਨ੍ਹਾਂ ਦੀ ਡਾਇਰੀ ਵਿੱਚ ਲਿਖੀਆਂ, ਅਣਛੱਪੀਆਂ ਪਈਆਂ ਹਨ। ਆਪ ਜੀ ਸਮੇਂ ਸਮੇਂ ਜਥੇ ਦੇ ਮਾਸਿਕ ਪੱਤਰ ਵਿੱਚ ਲੇਖ ਵੀ ਲਿਖਦੇ ਰਹਿੰਦੇ ਸਨ। ਗੁਰਬਾਣੀ ਦੇ ਕੰਠਾਗਰ ਕੀਰਤਨ ਸਬੰਧੀ ਆਪ ਜੀ ਨੇ ਇੱਕ ਪੁਸਤਕ **"ਭਗਤਿ ਭਾਇ ਹਰਿ ਕੀਰਤਨ ਕਰੀਐ"** ਵੀ ਲਿਖੀ ਸੀ। ਇਸ ਤੋਂ ਇਲਾਵਾ ਆਪ ਬੱਚਿਆਂ ਨੂੰ ਗੁਰਬਾਣੀ ਦੇ ਪਾਠ ਦੇ ਸੰਥਿਆ ਦਿੰਦੇ ਰਹਿੰਦੇ ਸਨ। ਆਪ ਜੀ ਨੂੰ



www.AKJ.Org

ਗੁਰਬਾਣੀ ਦੇ ਵਿਆਕਰਣਕ ਨਿਯਮਾਂ, ਲਗਾਂ-ਮਾਤਰਾਂ, ਗੁਰਬਾਣੀ ਦੇ ਸ਼ੁੱਧ ਉਚਾਰਨ ਅਤੇ ਬਿਸਰਾਮ ਦੇਣ ਦਾ ਵੀ ਬੋਧ ਸੀ। ਸੇਵਾ ਮੁਕਤੀ ਤੋਂ ਬਾਅਦ ਆਪ ਨੌਜਵਾਨ ਬੱਚਿਆਂ ਨੂੰ ਇੱਕ ਸਫਲ ਅਧਿਆਪਨ ਵਾਂਗ ਗੁਰਬਾਣੀ ਪੜ੍ਹਨ, ਸ਼ੁਧ ਪਾਠ ਦੀ ਸੰਥਿਆ ਅਤੇ ਸ਼ੁੱਧ ਉਚਾਰਨ ਦੇ ਨਾਲ ਨਾਲ, ਬਾਣੀ ਕੰਠ ਕਰਨ ਲਈ ਪ੍ਰੇਰਦੇ ਰਹਿੰਦੇ ਸਨ। ਆਪ ਜੀ ਨੇ ਆਪਣੀ ਬੱਚੀ ਕਮਲਜੀਤ ਕੌਰ ਨੂੰ ਪ੍ਰੇਰਨਾ ਦੇ ਕੇ ਲੜੀਵਾਰ ਹੱਥ ਲਿਖਤ ਸਰੂਪ ਲਿਖਣ ਦੀ ਸੇਵਾ ਵੀ ਕਰਵਾਈ ਅਤੇ ਉਸ ਵਿਚ ਲਗ-ਮਾਤਰ, ਅੱਖਰ ਵਾਧੇ ਘਾਟੇ ਦੀ ਸੁਧਾਈ ਖ਼ੁਦ ਕੀਤੀ। ਇਹ ਸੁਧਾਈ ਦੀ ਸੇਵਾ ਆਪ ਨੇ ਕਈ ਹੋਰ ਗੁਰਸਿੱਖਾਂ ਵੱਲੋਂ ਹੱਥ ਲਿਖੇ ਸਰੂਪਾਂ ਅਤੇ ਗੁਟਕਿਆਂ ਦੀ ਵੀ ਕੀਤੀ।

ਆਪ ਜੀ ਨੂੰ ਗੁਰਬਾਣੀ ਕੰਠ ਕਰਨ ਦਾ ਬਹੁਤ ਸ਼ੌਂਕ ਸੀ ਤੇ ਕੀਰਤਨ ਵੀ ਹਮੇਸ਼ਾ ਗੁਰਬਾਣੀ ਕੰਠ ਕਰਕੇ ਹੀ ਕਰਦੇ ਸਨ, ਪਰ ਇਸ ਮਸਲੇ ਤੇ ਕਿਸੇ ਨਾਲ ਫਜ਼ੂਲ ਬਹਿਸ ਨਹੀ ਸੀ ਕਰਦੇ ਤੇ ਨਾ ਹੀ ਕਿਸੇ ਨੂੰ ਮਜਬੂਰ ਕਰਦੇ ਸਨ। ਆਪਣੀ ਜ਼ਿੰਦਗੀ ਦੇ ਅਖੀਰ ਤਾਈਂ ਸ਼੍ਰੀ ਅਖੰਡ ਪਾਠ ਸਾਹਿਬ ਜੀ ਅਤੇ ਸਹਿਜ ਪਾਠ ਦੀ ਸੇਵਾ ਕਰਦੇ ਰਹੇ। ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਸੇਵਾ ਵੇਲੇ ਆਪਣੀ ਸਿੰਘਣੀ ਨੂੰ ਹਮੇਸ਼ਾਂ ਨਾਲ ਲੈ ਕੇ ਜਾਂਦੇ ਸਨ ਤੇ ਕਿਹਾ ਕਰਦੇ ਸਨ ਕਿ ਮੈਂ ਤਾਂ ਪਾਠ ਦਾ ਸਰੋਤਾ ਵੀ ਨਾਲ ਲੈ ਕੇ ਆਉਂਦਾ ਹਾਂ। ਆਪ ਜੀ ਦੀ ਸਿਹਤ ਸਾਰੀ ਉਮਰ ਰਿਸ਼ਟ ਪੁਸ਼ਟ ਰਹੀ, ਭਾਵੇਂ ਸਮੇਂ ਸਮੇਂ ਥੋੜੇ ਬਹੁਤ ਸਰੀਰਕ ਕਸ਼ਟ ਆਉਂਦੇ ਰਹੇ। ਚੜਾਈ ਕਰਨ ਤੋਂ ਕੁਝ ਦਿਨ ਪਹਿਲਾਂ ਆਪ ਖਾਂਸੀ ਅਤੇ ਗਲੇ ਦੀ ਖਰਾਬੀ ਕਰਕੇ, ਬੋਲਣ ਵਿੱਚ ਔਖਿਆਈ ਮਹਿਸੂਸ ਕਰਦੇ ਸਨ ਪਰ ਅਚਾਨਕ 5 ਸਤੰਬਰ 2020 ਅੰਮ੍ਰਿਤ ਵੇਲੇ ਆਪ ਨੂੰ ਸਾਹ ਲੈਣ ਵਿੱਚ ਤਕਲੀਫ ਮਹਿਸੂਸ ਹੋਣ ਲੱਗੀ। ਸ੍ਰੀ ਜਪੁਜੀ ਸਾਹਿਬ ਜੀ ਦਾ ਪਾਠ ਸੰਪੂਰਨ ਕਰਕੇ ਸ੍ਰੀ ਜਾਪੁ ਸਾਹਿਬ ਜੀ ਦਾ ਪਾਠ ਕਰਦਿਆਂ ਹੀ ਸਵਾਸਾਂ ਦੀ ਪੂੰਜੀ ਪੂਰੀ ਕਰਕੇ ਗੁਰੂ ਚਰਨਾਂ ਵਿਚ ਜਾ ਬਿਰਾਜੇ।

## ਭਾਈ ਹਰਦੀਸ਼ ਸਿੰਘ ਜੀ ਸੰਗਰ (ਖਰੜ)

ਗੁਰਪੁਰ ਵਾਸੀ ਭਾਈ ਕੁਲਦੀਪ ਸਿੰਘ ਜੀ ਮਤਵਾਲਾ, ਚੰਡੀਗੜ੍ਹ

ਦੈਵੀ ਗੁਣਾਂ ਨਾਲ ਭਰਪੂਰ, ਗੁਰਮਤਿ ਰਹਿਤ-ਬਹਿਤ ਦੇ ਧਾਰਨੀ, ਗੁਰਸਿੱਖਾਂ ਲਈ ਤਨ ਮਨ ਧਨ ਅਰਪਨ ਕਰਨ ਵਾਲੇ ਭਾਈ ਹਰਦੀਸ਼ ਸਿੰਘ ਸੰਗਰ ਜੀ ਦਾ ਜਨਮ ਮਿਤੀ 15 ਜੁਲਾਈ 1941 ਨੂੰ ਪਿੰਡ ਰੁਪਾਲਹੇੜੀ ਜ਼ਿਲ੍ਹਾ ਪਟਿਆਲਾ (ਹੁਣ ਫਤਹਿਗੜ੍ਹ ਸਾਹਿਬ) ਗਿਆਨੀ ਗੁਰਬਖਸ਼ ਜੀ ਦੇ ਘਰ ਮਾਤਾ ਬਚਨ ਕੌਰ ਜੀ ਦੀ ਕੁਖੋਂ ਹੋਇਆ। ਆਪ ਜੀ ਦਾ ਪ੍ਰੀਵਾਰ ਪੁਸ਼ਤਾਂ ਤੋਂ ਹੀ ਗੁਰਸਿਖੀ ਮਾਰਗ ਦਾ ਪਾਂਧੀ ਸੀ। ਆਪ ਜੀ ਦੇ ਦਾਦਾ ਜੀ ਗੁਰਬਾਣੀ ਦਾ ਪਾਠ ਕਰਦੇ ਹੋਏ ਹੀ ਚੜ੍ਹਾਈ ਕੀਤੇ ਸਨ। ਪਿਤਾ ਜੀ ਵੀ ਬਚਪਨ ਤੋਂ ਹੀ ਅਖੰਡ ਪਾਠੀ ਸਨ ਅਤੇ ਇੰਨ੍ਹਾਂ ਦਾ ਪ੍ਰੀਵਾਰ ਕਾਫ਼ੀ ਵੱਡਾ ਸੀ। ਜਿਸ ਵਿਚ ਛੇ ਲੜਕੇ ਤੇ ਚਾਰ ਲੜਕੀਆਂ ਸਨ ਮਾਇਕ ਹਾਲਤ ਗੁਜ਼ਾਰੇ ਜੋਗੀ ਹੀ ਸੀ। ਪਿਤਾ ਜੀ ਅਖੰਡ ਪਾਠ ਅਤੇ ਕੀਰਤਨ ਦੀ ਸੇਵਾ ਕਰਕੇ ਹੀ ਨਿਰਬਾਹ ਕਰਦੇ ਸਨ।

ਆਪ ਜੀ ਨੇ ਮੁੱਢਲੀ ਵਿਦਿਆ ਪਿੰਡ ਦੇ ਸਕੂਲ ਤੋਂ ਲਈ। ਫਿਰ ਦਸਵੀਂ ਗੋਰਮਿੰਟ ਹਾਈ ਸਕੂਲ ਗੜਾਂਗਾ ਜ਼ਿਲ੍ਹਾ ਪਟਿਆਲਾ (ਪੰਜਾਬ ਯੂਨੀਵਰਸਿਟੀ) ਤੋਂ 1958 ਵਿਚ ਕਰਕੇ ਅਗਲੀ ਪੜ੍ਹਾਈ ਲਈ ਡੀ.ਏ.ਵੀ. ਕਾਲਜ ਅੰਬਾਲਾ ਵਿਚ ਦਾਖਲਾ ਲੈ ਲਿਆ ਪ੍ਰੰਤੂ ਘਰ ਦੀ ਮਾਇਕ ਹਾਲਤ ਚੰਗੀ ਨਾ ਹੋਣ ਕਰਕੇ ਪੜ੍ਹਾਈ ਵਿਚੇ ਛੱਡ ਕੇ 5 ਮਈ 1961 ਨੂੰ ਭਾਰਤੀ ਹਵਾਈ ਫੌਜ ਵਿਚ ਭਰਤੀ ਹੋ ਗਏ।

ਪੂਰਬਲੇ ਸੰਜੋਗਾਂ ਅਨੁਸਾਰ ਆਪ ਨੂੰ ਮਾਤਾ-ਪਿਤਾ ਤੋਂ ਬਚਪਨ ਤੋਂ ਹੀ ਗੁਰਸਿਖੀ ਦੀ ਲਗਨ ਅਤੇ ਪ੍ਰੇਮ ਲੱਗ ਗਿਆ ਸੀ। ਛੋਟੀ ਉਮਰ ਵਿੱਚ ਹੀ ਘੰਟਿਆਂ ਬੱਧੀ ਇਕਾਂਤ ਵਿਚ ਬੈਠੇ ਰਹਿਣਾ। ਨਾ ਧੁਪ, ਨਾ ਠੰਢ ਤੇ ਨਾ ਤੱਪਦੀ ਰੇਤ



www.AKJ.Org

ਦੀ ਪ੍ਰਵਾਹ ਹੋਣੀ ਤੇ, ਨਾ ਹੀ ਖਾਣ ਪੀਣ ਅਤੇ ਸੌਣ ਦਾ ਕੋਈ ਖਿਆਲ ਰਹਿਣਾ। ਐਸੀ ਮਸਤਾਨੀ ਅਵਸਥਾ ਦੇਖ ਕੇ ਮਾਤਾ ਪਿਤਾ ਜੀ ਨੇ ਘਰ ਨਿਹੰਗ ਸਿੰਘਾਂ ਨੂੰ ਸੱਦ ਕੇ ਅਰਦਾਸ ਕਰਾਈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਾ ਦਿੱਤਾ। ਪਿਤਾ ਜੀ ਤੋਂ ਸੰਥਿਆ ਲੈ ਕੇ ਬਚਪਨ ਤੋਂ ਹੀ ਅਖੰਡ ਪਾਠਾਂ ਦੀ ਸੇਵਾ ਕਰਨ ਲਗ ਪਏ ਅਤੇ ਅੱਠ ਸਾਲ ਦੀ ਉਮਰ ਵਿਚ ਹੀ ਪੰਜ ਗ੍ਰੰਥੀ ਤੋਂ ਪਾਠ ਕਰਨਾ ਸਿੱਖ ਲਿਆ।

ਆਪ ਜੀ ਦੇ ਏਅਰ ਫੋਰਸ ਵਿਚ ਭਰਤੀ ਹੋਣ ਤੋਂ ਬਾਅਦ, ਪਹਿਲਾਂ ਇਕ ਸਾਲ ਅੰਬਾਲੇ ਟਰੇਨਿੰਗ ਹੋਈ, ਫਿਰ ਢਾਈ ਸਾਲ ਕਾਨਪੁਰ ਰਹੇ। ਉੱਥੇ ਏ.ਸੀ. ਰੈਂਕ ਤੋਂ ਐਲ.ਏ.ਸੀ. ਬਣ ਗਏ। ਉਥੋਂ ਮਦਰਾਸ ਟਰੇਨਿੰਗ ’ਤੇ ਗਏ, ਜਿੱਥੇ ਅਖੰਡ ਕੀਰਤਨੀ ਜਥੇ ਦੇ ਸਿੰਘਾਂ ਦੀ ਸੰਗਤ ਮਿਲ ਗਈ ਅਤੇ ਸੰਨ 1964 ਵਿਚ ਦਿੱਲੀ ਦੁਸਹਿਰੇ ਸਮਾਗਮ ਤੇ ਅੰਮ੍ਰਿਤ ਛੱਕ ਕੇ ਤਿਆਰ-ਬਰ-ਤਿਆਰ ਸਿੰਘ ਸੱਜ ਗਏ। ਜਲਦੀ ਹੀ ਜੱਥੇ ਦੇ ਪੁਰਾਤਨ ਨਾਮ ਰਸੀਏ ਸਿੰਘਾਂ ਨਾਲ ਮੇਲ ਜੋਲ ਤੇ ਸੰਗਤ ਪ੍ਰਾਪਤ ਹੋ ਗਈ। ਬਾਊ ਮਲ ਸਿੰਘ ਜੀ, ਭਾਈ ਹਰਨਾਮ ਸਿੰਘ ਕੋਮਲ ਜੀ, ਮਾਸਟਰ ਭੁਪਿੰਦਰ ਸਿੰਘ ਜੀ, ਭਾਈ ਪ੍ਰੀਤ ਸਿੰਘ ਜੀ ਦਿੱਲੀ, ਭਾਈ ਮੋਹਨ ਸਿੰਘ ਜੀ ਗਾਰਡ, ਭਾਈ ਜਗਤ ਸਿੰਘ ਜੀ ਅਤੇ ਭਾਈ ਰਾਮ ਸਿੰਘ ਜੀ ਜਥੇਦਾਰ ਅਤੇ ਅਨੇਕ ਸਿੰਘਾਂ ਦੇ ਨਿਕਟਵਰਤੀ ਹੋ ਗਏ।

ਮਿਤੀ 9 ਫ਼ਰਵਰੀ 1966 ਨੂੰ ਆਪ ਜੀ ਦਾ ਅਨੰਦ ਕਾਰਜ ਬੀਬੀ ਹਰਪਾਲ ਕੌਰ ਜੀ ਪੁੱਤਰੀ ਸ. ਜੁਮਾ ਸਿੰਘ ਅਤੇ ਬੀਬੀ ਮਾਤਾ ਪ੍ਰਮੇਸ਼ਵਰ ਕੌਰ ਵਾਸੀ ਪਿੰਡ ਭਗੜਾਣਾਂ ਜ਼ਿਲ੍ਹਾ ਪਟਿਆਲਾ ਨਾਲ ਹੋਇਆ। ਬੀਬੀ ਜੀ ਦੇ ਪਿਤਾ ਜੀ ਖੇਤੀਬਾੜੀ ਦਾ ਕੰਮ ਕਰਦੇ ਸੀ ਤੇ ਗੁਜਾਰਾ ਚੰਗਾ ਸੀ। ਬੀਬੀ ਜੀ ਦੇ ਪ੍ਰੀਵਾਰ ਵਿਚ ਕੋਈ ਅੰਮ੍ਰਿਤਧਾਰੀ ਨਹੀਂ ਸੀ। ਅਨੰਦ ਕਾਰਜ ਤੋਂ 13 ਦਿਨ ਪਹਿਲਾਂ ਬੀਬੀ ਹਰਪਾਲ ਕੌਰ ਅਤੇ ਇਕ ਹੋਰ ਬੀਬੀ ਨੂੰ ਪਿੰਡ ਵਿਚ ਹੀ ਅੰਮ੍ਰਿਤ ਛਕਾਉਣ ਲਈ ਵਿਸ਼ੇਸ਼ ਅੰਮ੍ਰਿਤ ਸੰਚਾਰ ਸਮਾਗਮ ਕੀਤਾ ਗਿਆ ਜਿਸ ਵਿਚ ਬੀਬੀ ਜੀ ਅੰਮ੍ਰਿਤ ਛੱਕ ਕੇ ਰਹਿਤ ਬਹਿਤ ਦੀ ਧਾਰਨੀ ਹੋ ਗਈ। ਇੰਨ੍ਹਾਂ ਦੇ ਘਰ ਇਕ ਸਪੁੱਤਰ ਤੇ ਚਾਰ ਸਪੁੱਤਰੀਆਂ ਨੇ ਜਨਮ ਲਿਆ। ਸਾਰੇ ਬੱਚੇ ਅਤੇ ਅਗੋਂ ਉਨ੍ਹਾਂ ਦੇ ਬੱਚੇ ਵੀ ਅੰਮ੍ਰਿਤਧਾਰੀ ਤੇ ਗੁਰਸਿੱਖੀ ਵਿਚ ਆਪ ਵਾਂਗ ਪ੍ਰਪੱਕ ਹਨ ਅਤੇ ਆਪ ਦੇ ਪਾਏ ਹੋਏ ਪੂਰਨਿਆਂ ’ਤੇ ਚਲ ਰਹੇ ਹਨ।

ਸੰਨ 1965 ਵਿਚ ਮਦਰਾਸ ਤੋਂ ਕਾਰਪੋਲ ਦੇ ਰੈਂਕ ਤੇ ਤਰੱਕੀ ਪਾ ਕੇ ਚੰਡੀਗੜ੍ਹ ਆ ਕੇ 1970 ਤਾਈਂ ਇੱਥੇ ਰਹੇ। ਇੱਥੇ ਪੁਰਾਤਨ ਗੁਰਸਿੱਖਾਂ ਦੀ ਸੰਗਤ ਦਾ ਖੂਬ ਅਨੰਦ ਮਾਣਿਆ। ਚੰਡੀਗੜ੍ਹ ਦੇ ਨੇੜੇ ਇਕ ਅੰਬਾਂ ਦਾ ਬਾਗ ਸੀ, ਜਿਸ ਨੂੰ ਸਿੰਘ ਤਪੋਬਨ ਕਹਿੰਦੇ ਸਨ ਅਤੇ ਕਾਫੀ ਸਿੰਘ ਖਾਸ ਕਰ ਕੋਮਲ ਜੀ, ਮਾਸਟਰ ਭੁਪਿੰਦਰ ਸਿੰਘ ਜੀ, ਭਾਈ ਜਗਤ ਸਿੰਘ ਜੀ ਅਤੇ ਆਪ ਜੀ ਇਕਾਂਤ ਵਿਚ ਜਾ ਕੇ ਨਾਮ ਅਭਿਆਸ ਦੇ ਖੰਡੇ ਖੜਕਾਉਂਦੇ ਹੁੰਦੇ ਸਨ। ਇਹ ਵਾਰ ਬਹੁਤ ਤੇਜ਼ ਹਨ੍ਹੇਰੀ ਆ ਗਈ। ਸਾਈਕਲ ਨਾ ਚਲਣ ਕਰਕੇ ਜਾਣਾ ਮੁਸ਼ਕਲ ਹੋ ਗਿਆ, ਪਰ ਸਿੰਘ ਪੈਦਲ ਹੀ ਉੱਥੇ ਪਹੁੰਚ ਗਏ ਅਤੇ ਨੇਮ ਨਹੀਂ ਟੁੱਟਣ ਦਿੱਤਾ। ਸਿੰਘਾਂ ਨੇ ਹਨ੍ਹੇਰੀ ਝੱਖੜ ਵਿਚ ਹੀ ਨਾਮ ਦੀ ਐਸੀਆਂ ਗੂੰਜਾਂ ਪਾਈਆਂ ਕਿ ਹਨ੍ਹੇਰੀ ਇਕ ਦਮ ਥੰਮ ਗਈ।

ਫਿਰ ਆਪ ਜੀ ਦੀ ਬਦਲੀ ਕਾਨਪੁਰ ਹੋ ਗਈ। ਇੱਥੇ ਵੀ ਉਸ ਵੇਲੇ ਪੁਰਾਤਨ ਸਿੰਘਾਂ ਦਾ ਗੜ੍ਹ ਸੀ। ਜਥੇਦਾਰ ਭਾਈ ਰਾਮ ਸਿੰਘ ਜੀ, ਉਸ ਵੇਲੇ ਇੱਥੇ ਹੀ ਹਿੰਦੋਸਤਾਨ ਐਰੋਨੌਟਿਕਸ ਲਿਮਟਿਡ (H.A.L) ਵਿਚ ਪੋਸਟਿਡ ਸਨ ਤੇ ਬਾਊ ਜੀ ਦੀ ਫੇਰੀਆਂ ਇੱਥੇ ਪੈਂਦੀਆਂ ਹੀ ਰਹਿੰਦੀਆਂ ਸਨ। ਭਾਈ ਮੋਹਨ ਸਿੰਘ ਜੀ ਗਾਰਡ, ਭਾਈ ਹਰਸ਼ਾ ਸਿੰਘ, ਭਾਈ ਕਿਸ਼ਨ ਸਿੰਘ, ਭਾਈ ਰਣਜੀਤ ਸਿੰਘ ਅਤੇ ਅਨੇਕਾਂ ਹੋਰ ਪੁਰਾਤਨ ਗੁਰਸਿੱਖ ਇੱਥੇ ਰਹਿੰਦੇ ਸਨ। ਆਪ ਨੇ ਹਫਤਾਵਾਰੀ ਸਮਾਗਮਾਂ ਤੇ ਰੈਣ ਸਬਾਈ ਕੀਰਤਨਾਂ ਦੇ ਲਾਹੇ ਲੈਣੇ ਸ਼ੁਰੂ ਕਰ ਦਿੱਤੇ। ਇੱਥੇ ਹੀ ਆਪ ਜੀ ਨੂੰ ਅੰਮ੍ਰਿਤ ਸੰਚਾਰ ਵੇਲੇ ਪੰਚਾਂ ਦੇ ਸੇਵਾ ਲਈ ਸ਼ਾਮਿਲ ਕਰਨਾ ਸ਼ੁਰੂ ਕੀਤਾ ਗਿਆ ਸੀ। ਇੱਥੇ ਭਾਈ ਪ੍ਰੀਤ ਸਿੰਘ ਜੀ ਨੇ ਆਪ ਜੀ ਨੂੰ ਇਕ ਲੜੀਦਾਰ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਦਿੱਤਾ, ਜਿਸ ਦੀ ਆਪ ਤਾਅ ਜ਼ਿੰਦਗੀ ਸੇਵਾ ਕਰਦੇ ਰਹੇ।



www.AKJ.Org

ਕਈ ਜਗ੍ਹਾ ਸਰਕਾਰੀ ਰਿਹਾਇਸ਼ ਨਾ ਮਿਲਣ ਕਰਕੇ, ਘਰ ਵਿਚ ਜਗ੍ਹਾ ਦੀ ਵੀ ਤੰਗੀ ਹੁੰਦੀ ਸੀ ਅਤੇ ਪ੍ਰੀਵਾਰ ਵੀ ਵੱਡਾ ਸੀ, ਪਰ ਫਿਰ ਵੀ ਆਪ ਜੀ ਨੇ ਗੁਰੂ ਸਾਹਿਬ ਜੀ ਦਾ ਸਰੂਪ ਹਮੇਸ਼ਾ ਆਪਣੇ ਨਾਲ ਰੱਖਿਆ ਅਤੇ ਅਦਬ ਸਤਿਕਾਰ ਸਹਿਤ ਸੇਵਾ ਕਰਦੇ ਰਹੇ ਅਤੇ ਹੁਣ ਵੀ ਇਨ੍ਹਾਂ ਦਾ ਪ੍ਰੀਵਾਰ ਇਹ ਸੇਵਾ ਕਰ ਰਿਹਾ ਹੈ।

ਕਾਨਪੁਰ ਰਹਿਣ ਵੇਲੇ ਸੰਨ 1971 ਵਿਚ ਆਪ ਜੀ ਦੇ ਪੇਟ ਵਿਚ ਅਲਸਰ ਹੋ ਗਿਆ। ਉਸ ਵੇਲੇ ਡਾਕਟਰੀ ਇਲਾਜ ਤੇ ਸਹੂਲਤਾਂ ਘੱਟ ਸਨ। ਆਪ ਜੀ ਨੂੰ ਇਸ ਦਾ ਇਲਾਜ ਸਿਰਫ ਆਪਰੇਸ਼ਨ ਹੀ ਦੱਸਿਆ ਗਿਆ ਪਰ ਰੋਮਾਂ ਦੇ ਬੇਅਦਬੀ ਦੇ ਡਰ ਤੋਂ ਆਪ ਅਪਰੇਸ਼ਨ ਕਰਾਉਣਾ ਨਹੀਂ ਸੀ ਚਾਹੁੰਦੇ। 13 ਅਕਤੂਬਰ 1971 ਰਾਤ ਨੂੰ ਸੁਪਨੇ ਵਿਚ ਹੀ ਆਪ ਜੀ ਦਾ ਆਪਰੇਸ਼ਨ ਹੋ ਗਿਆ ਅਤੇ ਅੰਮ੍ਰਿਤ ਵੇਲੇ ਸਿੰਘਣੀ ਨੂੰ ਕਿਹਾ ਕਿ ਆਪਰੇਸ਼ਨ ਕਰਕੇ ਕੁਰਹਿਤ ਹੋ ਗਈ ਹੈ। ਪਰ ਸਰੀਰ ਤੇ ਕੋਈ ਨਿਸ਼ਾਨ ਨਹੀਂ ਸੀ। ਇਹ ਗੱਲ ਬਾਊ ਜੀ ਨੂੰ ਦੱਸੀ ਗਈ ਤਾਂ ਉਨ੍ਹਾਂ ਕਿਹਾ ਕਿ ਤੇਰਾ ਕਸ਼ਟ ਕੱਟਿਆ ਗਿਆ ਹੈ, ਕੋਈ ਪੇਸ਼ ਹੋਣ ਦੀ ਲੋੜ ਨਹੀਂ, ਪਰ ਨਾਲ ਹੀ ਤਾੜਨਾ ਕੀਤੀ ਕਿ ਇਹੋ ਜਿਹੀ ਗੱਲ ਕਿਸੇ ਨੂੰ ਨਹੀਂ ਦੱਸੀਦੀ।

ਕਾਨਪੁਰ ਵਿਚ ਸਿੰਘਾਂ ਦਾ ਇਤਨਾ ਪਿਆਰ ਸੀ ਕਿ ਇਕ ਦਿਨ ਵੀ ਇਕ ਦੂਜੇ ਨੂੰ ਮਿਲੇ ਬਿਨ੍ਹਾਂ, ਨਹੀਂ ਸੀ ਰਹਿ ਸਕਦੇ। ਇਕ ਦਿਨ ਆਪ ਜੀ ਭਾਈ ਜੋਗਿੰਦਰ ਸਿੰਘ ਜੀ (ਜਿੰਨ੍ਹਾਂ ਨੂੰ ਆਮ ਤੌਰ 'ਤੇ ਸਿੰਘ, ਸੂਬੇਦਾਰ ਕਹਿ ਕੇ ਸੰਬੋਧਨ ਕਰਦੇ ਸਨ) ਦੇ ਘਰ ਗਏ। ਰਹਿਰਾਸ ਦੇ ਪਾਠ ਤੋਂ ਬਾਅਦ ਸੂਬੇਦਾਰ ਜੀ ਨੇ ਕਿਹਾ ਕਿ ਇਕ ਕੁੰਦਨ ਸਿੰਘ ਨਾਂ ਦਾ ਵਿਅਕਤੀ, ਜੋ ਕਿ ਕਾਲਾ ਇਲਮ ਜਾਣਦਾ ਹੈ, ਇਕ ਗੁਰਸਿਖ ਦੇ ਘਰ ਆਉਂਦਾ ਹੈ ਅਤੇ ਉਸ ਦੀ ਸਿੰਘਣੀ ਨੂੰ ਕੋਈ ਓਪਰੀ ਕਸਰ ਦੱਸਦਾ ਹੈ। ਆਪ ਜੀ ਸੂਬੇਦਾਰ ਸਾਹਿਬ ਨਾਲ ਉਸ ਗੁਰਸਿੱਖ ਦੇ ਘਰ ਚਲੇ ਗਏ ਅਤੇ ਅੱਗੇ ਕੁੰਦਨ ਸਿੰਘ ਵੀ ਆਇਆ ਬੈਠਾ ਸੀ। ਆਪ ਜੀ ਦੇ ਪੁੱਛਣ ਤੇ ਕੁੰਦਨ ਸਿੰਘ ਬੋਲਿਆ ਕਿ ਬੀਬੀ ਵਿਚ ਕੋਈ ਗੈਬੀ ਰੂਹ ਆਉਂਦੀ ਹੈ। ਆਪ ਜੀ ਨੇ ਉਸ ਨੂੰ ਕਿਹਾ ਕਿ ਜਿੱਥੇ ਸਿਮਰਨ ਅਤੇ ਬਾਣੀ ਹੈ, ਉੱਥੇ ਇਹ ਨਹੀਂ ਹੋ ਸਕਦਾ। ਜਾਂ ਇਸ ਦੇ ਘਰ ਸਿਮਰਨ ਤੇ ਬਾਣੀ ਨਹੀਂ ਜਾਂ ਫਿਰ ਸਭ ਪਾਖੰਡ ਹੈ। ਜਦ ਬੀਬੀ ਨੂੰ ਪਾਠ ਕਰਨ ਲਈ ਕਿਹਾ ਤਾਂ ਬੀਬੀ ਪਾਠ ਨਹੀਂ ਕਰ ਸਕੀ। ਫਿਰ ਕੁੰਦਨ ਸਿੰਘ ਨੇ ਆਪਣੇ ਇਲਮ ਨਾਲ ਉਸ ਬੀਬੀ ਅੰਦਰੋਂ ਗੈਬੀ ਰੂਹ ਨੂੰ ਬੁਲਵਾਇਆ। ਇਹ ਦੇਖ ਕੇ ਆਪ ਜੀ ਰੋਹ ਵਿਚ ਆ ਗਏ ਤੇ ਕੁੰਦਨ ਸਿੰਘ ਨੂੰ ਵੰਗਾਰਿਆ ਕਿ ਜੇ ਤੇਰੇ ਵਿਚ ਕੋਈ ਤਾਕਤ ਹੈ ਤਾਂ ਮੇਰੇ ਨਾਲ ਟੱਕਰ ਲੈ। ਤੂੰ ਮੈਨੂੰ ਇਕ ਇੰਚ ਵੀ ਪਰੇ ਕਰਕੇ ਦਿਖਾ ਅਤੇ ਆਪ ਉੱਥੇ ਹੀ ਚਓਕੜਾ ਮਾਰ ਕੇ ਬਹਿ ਗਏ, ਪਰ ਕੁੰਦਨ ਸਿੰਘ ਕੁਝ ਨਹੀਂ ਕਰ ਸਕਿਆ। ਉਸ ਨੂੰ ਤਾੜਨਾ ਕੀਤੀ ਕਿ ਮੁੜ ਇੱਥੇ ਨਹੀਂ ਆਉਣਾ। ਫਿਰ ਆਪ ਜੀ ਦੇ ਘਰ, ਕੁਝ ਦਿਨਾਂ ਵਿਚ ਖ਼ੂਨ ਦੇ ਛਿੱਟੇ ਵੇਖੇ ਗਏ ਪਰ ਕੋਈ ਚੂਹਾ ਜਾਂ ਹੋਰ ਜਾਨਵਰ ਜ਼ਖ਼ਮੀ ਹੋਇਆ ਸਮਝ ਕੇ ਸੌਣ ਵੇਲੇ ਬੂਹੇ ਬੰਦ ਕਰਨੇ ਸ਼ੁਰੂ ਕਰ ਦਿੱਤੇ, ਜੋ ਪਹਿਲਾਂ ਖੁੱਲੇ ਰੱਖੇ ਜਾਂਦੇ ਸਨ। ਪਰ ਉੱਥੇ ਗਰਮੀ ਬਹੁਤ ਸੀ ਤੇ ਸਾਰਾ ਪ੍ਰੀਵਾਰ ਵਿਹੜੇ ਵਿਚ ਸੌਂਦਾ ਸੀ। ਗੁਰੂ ਸਾਹਿਬ ਜੀ ਦੇ ਕਮਰੇ ਨੂੰ ਛੱਡ ਕੇ, ਇਕ ਹਫਤਾ ਇਹੋ ਪ੍ਰੀਕਿਰਿਆ ਬਾਕੀ ਘਰ ਵਿੱਚ ਜਾਰੀ ਰਹੀ। ਫਿਰ ਇਕ ਰਾਤ ਆਪ ਜੀ ਤੇ ਸਿੰਘਣੀ ਦੇ ਸਿਰਹਾਣੇ ਵੱਡੇ ਮਾਸ ਦੇ ਟੁਕੜੇ ਡਿੱਗੇ। ਕੋਈ ਵੱਡਾ ਜਾਨਵਰ ਮਰਿਆ ਡਿੱਗਾ ਸਮਝ ਕੇ ਉਹ ਮਾਸ ਨਾਲੀ ਵਿਚ ਰੋੜ ਦਿੱਤਾ। ਆਪ ਹਮੇਸ਼ਾਂ ਵੱਡੀ ਸ੍ਰੀ ਸਾਹਿਬ ਸੌਣ ਵੇਲੇ ਕੋਲ ਰੱਖ ਕੇ ਸੌਂਦੇ ਸਨ। ਕੁਝ ਦਿਨਾਂ ਤੋਂ ਬਾਅਦ ਇਹ ਸਭ ਕੁਝ ਬੰਦ ਹੋ ਗਿਆ। ਇਕ ਦਿਨ ਕੁੰਦਨ ਸਿੰਘ ਡਿਊਟੀ ਤੋਂ ਸਾਈਕਲ ਵਾਪਿਸ ਆਉਣ ਵੇਲੇ ਮਿਲਿਆ ਅਤੇ ਮੁਆਫੀ ਮੰਗਣ ਲੱਗ ਪਿਆ। ਆਪ ਹੈਰਾਨ ਸਨ ਕਿ ਇਹ ਮੁਆਫੀ ਕਿਉਂ ਮੰਗ ਰਿਹਾ ਹੈ। ਫਿਰ ਉਸ ਨੇ ਦੱਸਿਆ ਕਿ ਖ਼ੂਨ ਦੇ ਛਿੱਟੇ ਅਤੇ ਮਾਸ ਸੁੱਟਣ ਦਾ ਸਾਰਾ ਕੰਮ ਉਸੇ ਦਾ ਹੀ ਹੈ। ਜਦੋਂ ਇਨ੍ਹਾਂ ਦਾ ਕੋਈ ਅਸਰ ਨਾ ਹੋਇਆ ਤਾਂ ਕਾਲਾ ਇਲਮ ਕਰਕੇ ਇਕ ਤੌੜੀ ਤੁਹਾਡੇ ਘਰ ਵੱਲ ਭੇਜੀ ਸੀ, ਪਰ ਉਹ ਵਾਪਿਸ ਆ ਕੇ ਮੇਰੇ ਘਰ ਹੀ ਡਿੱਗ ਪਈ ਅਤੇ ਘਰ ਵਿਚ ਵੱਡਾ ਟੋਆ ਪੈ ਗਿਆ। ਮੈਂ ਦੇਖ ਲਿਆ ਹੈ ਕਿ ਗੁਰਬਾਣੀ ਤੋਂ ਵੱਧ ਕੋਈ ਮੰਤ੍ਰ ਨਹੀਂ ਹੈ। ਆਪ ਜੀ ਨੇ ਉਸ ਨੂੰ ਗੁਰਬਾਣੀ ਦੀਆਂ ਪੰਕਤੀਆਂ ਸੁਣਾ ਕੇ ਇਹ ਕੰਮ ਛੱਡ ਦੇਣ ਲਈ ਕਿਹਾ।

ਫਿਰ ਆਪ ਜੀ ਦੀ ਬਦਲੀ ਜਨਵਰੀ 1976 ਵਿਚ ਮਦਰਾਸ ਹੋ ਗਈ। ਆਪ ਜਾਣਾ ਨਹੀਂ ਸੀ ਚਾਹੁੰਦੇ, ਪਰ



www.AKJ.Org

ਸਿੰਘਾਂ ਨੇ ਕਿਹਾ ਕਿ ਸੱਚੇ ਪਾਤਸ਼ਾਹ ਜੀ ਨੇ ਆਪ ਕੋਲੋਂ ਕੋਈ ਉੱਥੇ ਸੇਵਾ ਲੈਣੀ ਹੈ, ਇਸ ਲਈ ਉਥੇ ਭਾਣੇ ਵਿਚ ਰਹਿ ਕੇ ਜਾਓ। ਮਦਰਾਸ ਸਿੱਖਾਂ ਦੀ ਬਹੁਤ ਘੱਟ ਵਸੋਂ ਸੀ। ਜਥੇ ਦੇ ਇਕ ਪੁਰਾਤਨ ਸਿੱਖ ਭਾਈ ਇੰਦਰ ਸਿੰਘ ਜੀ ਅਨੰਦ ਹੀ ਸ਼ਹਿਰ ਵਿਚ ਰਹਿੰਦੇ ਸਨ ਜੋ ਕਿ ਏਅਰ ਫੋਰਸ ਸਟੇਸ਼ਨ ਤਾਂਬਰਮ ਤੋਂ 60 ਕਿਲੋਮੀਟਰ ਦੂਰ ਸੀ। ਇਕ ਸਿੰਘ ਹੋਰ ਏਅਰ ਫੋਰਸ ਵਿਚ ਸੀ। ਆਪ ਜੀ ਘਰ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਕੇ, ਹੋਰ ਸਿੱਖਾਂ ਖਾਸ ਕਰ ਪੰਜਾਬੀਆਂ ਨਾਲ ਮਿਲ ਕੇ, ਕੀਰਤਨ ਅਖਾੜਾ ਸਜ਼ਾ ਲੈਂਦੇ ਸਨ। ਕਾਨਪੁਰ ਰਹਿੰਦਿਆਂ ਆਪ ਨੇ ਕੀਰਤਨ ਕਰਨਾ ਸਿੱਖ ਲਿਆ ਸੀ ਅਤੇ ਰੰਗਾਂ ਵਿਚ ਪੰਚਮ ਦੀਆਂ ਸੁਰਾਂ ਤੇ ਕੀਰਤਨ ਕਰਿਆ ਕਰਦੇ ਸਨ। ਕਦੇ-ਕਦੇ ਕੋਈ ਸਿੰਘ ਟਰੇਨਿੰਗ ਤੇ ਆ ਜਾਂਦਾ ਤਾਂ ਰੈਣ ਸਬਾਈ ਕੀਰਤਨ ਵੀ ਹੋ ਜਾਂਦਾ।

ਮਦਰਾਸ ਵਿਖੇ ਏਅਰ ਫੋਰਸ ਦਾ ਸਕਿਉਰਟੀ ਅਫਸਰ ਆਪ ਜੀ ਦਾ ਬਹੁਤ ਸਤਿਕਾਰ ਕਰਦਾ ਸੀ ਅਤੇ ਅਕਸਰ ਘਰ ਆਉਣ ਲਈ ਕਹਿੰਦਾ ਰਹਿੰਦਾ ਸੀ, ਪਰ ਆਪ ਜੀ ਜਾਣ ਤੋਂ ਹਮੇਸ਼ਾਂ ਗੁਰੇਜ਼ ਹੀ ਕਰਦੇ ਸਨ। ਆਪ ਜੀ ਅੰਮ੍ਰਿਤ ਛੱਕਣ ਵੇਲੇ ਤੋਂ ਹੀ ਬਿਬੇਕ ਰਹਿਤ ਦੇ ਧਾਰਨੀ ਹੋ ਗਏ ਸਨ। ਦੂਰ-ਦੁਰੇਡੇ ਸ਼ਹਿਰਾਂ ਦੀ ਪੋਸਟਿੰਗ ਵੇਲੇ ਗੱਡੀ ਦੇ ਲੰਬੇ ਸਫਰ ਦੌਰਾਨ ਵੀ ਭੁੱਖੇ ਭਾਣੇ ਹੀ ਨਾਮ ਬਾਣੀ ਦਾ ਆਸਰੇ ਰਹਿੰਦੇ ਸਨ। ਇਕ ਦਿਨ ਉਸ ਅਫ਼ਸਰ ਦੀ ਪਤਨੀ ਦੇ ਜ਼ੋਰ ਪਾਉਣ ਤੇ ਆਪ ਉਨ੍ਹਾਂ ਦੇ ਘਰ ਚਲੇ ਗਏ। ਉਨ੍ਹਾਂ ਕੁਝ ਛੱਕਣ ਲਈ ਕਿਹਾ, ਪਰ ਆਪ ਨੇ ਪਹਿਲਾਂ ਮਨ੍ਹਾਂ ਕਰ ਦਿੱਤਾ। ਫਿਰ ਉਨ੍ਹਾਂ ਨੇ ਕਿਹਾ ਕਿ ਤੁਸੀਂ ਆਪ ਹੀ ਦੁੱਧ ਗਰਮ ਕਰ ਲਵੋ। ਇੰਨ੍ਹਾਂ ਦੀ ਸਿੰਘਣੀ ਨੇ ਦੁੱਧ ਗਰਮ ਕਰ ਲਿਆ। ਛੱਕਣ ਤੋਂ ਪਹਿਲਾਂ ਆਪ ਨੇ ਆਪਣੀ ਸ੍ਰੀ ਸਾਹਿਬ ਕੱਢ ਕੇ ਦੁੱਧ ਵਿਚ ਫੇਰ ਕੇ ਬਾਣੀ ਪੜਨੀ ਸ਼ੁਰੂ ਕਰ ਦਿੱਤੀ। ਭਾਣਾ ਐਸਾ ਵਰਤਿਆ ਕਿ ਦੁੱਧ ਫੱਟ ਗਿਆ ਤੇ ਸਤਿਗੁਰੂ ਨੇ ਸੇਵਕ ਦੀ ਪੈਜ ਰੱਖ ਲਈ।

ਮਦਰਾਸ ਏਅਰ ਫੋਰਸ ਸਟੇਸ਼ਨ ਵਿਚ ਕੋਈ ਗੁਰਦੁਆਰਾ ਨਹੀਂ ਸੀ ਤੇ ਸੰਗਤਾਂ ਆਰਮੀ ਦੇ ਗੁਰਦੁਆਰੇ ਵਿਚ ਹੀ ਜਾਇਆ ਕਰਦੀਆਂ ਸਨ ਜੋ ਕਿ ਕਾਫੀ ਦੂਰ ਸੀ। ਉੱਥੇ ਸੰਗਤਾਂ ਨੇ ਇਕ ਲੋਕਲ ਸਿੱਖ ਨਾਲ ਗੱਲ ਕਰਕੇ ਏਅਰ ਫੋਰਸ ਸਟੇਸ਼ਨ ਨੇੜੇ ਹੀ ਗੁਰਦੁਆਰਾ ਉਸਾਰਨ ਦੀ ਵਿਉਂਤ ਬਣਾਈ, ਜਿਸ ਬਾਰੇ ਆਪ ਜੀ ਨੂੰ ਕੁਝ ਵੀ ਨਹੀਂ ਸੀ ਦੱਸਿਆ ਗਿਆ। ਆਪ ਦੇ ਦੋਸਤ ਸਿਕਊਰਟੀ ਅਫਸਰ ਨੇ ਆਪ ਜੀ ਨੂੰ ਇਸ ਮਾਮਲੇ ਵਿਚ ਕੋਈ ਦਖਲ ਨਾ ਦੇਣ ਦੀ ਸਲਾਹ ਦਿੱਤੀ, ਕਿਉਂਕਿ ਉਹ ਆਪ ਆਰਮੀ ਗੁਰਦੁਆਰੇ ਦਾ ਪ੍ਰਧਾਨ ਸੀ ਅਤੇ ਵੱਡੇ ਅਫਸਰ ਹੋਣ ਕਰਕੇ ਸਾਰੇ ਗੁਰੂ ਘਰਾਂ ਦੇ ਪ੍ਰਬੰਧਕਾਂ ਨੂੰ ਗੁਮਰਾਹ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਨਾ ਦੇਣ ਬਾਰੇ ਕਹਿ ਰਿਹਾ ਸੀ। ਉਹ ਏਅਰ ਫੋਰਸ ਸਟੇਸ਼ਨ ਲਾਗੇ ਗੁਰਦੁਆਰਾ ਉਸਾਰਨ ਦੇ ਹੱਕ ਵਿਚ ਨਹੀਂ ਸੀ। ਜਿਸ ਦਿਨ ਗੁਰਦੁਆਰੇ ਦਾ ਨੀਂਹ ਪੱਥਰ ਰੱਖਣਾ ਸੀ, ਉਸ ਦਿਨ ਸੰਗਤਾਂ ਨੂੰ ਕਿਤੋਂ ਵੀ ਸਰੂਪ ਨਾ ਮਿਲਣ ਕਰਕੇ, ਸੰਗਤ ਇਕੱਠੀ ਹੋ ਕੇ ਆਪ ਜੀ ਦੇ ਘਰੋਂ ਗੁਰੂ ਸਾਹਿਬ ਜੀ ਦੀ ਬੀੜ ਲੈਣ ਆ ਗਈ। ਆਪ ਨੇ ਕਿਹਾ ਕਿ ਗੁਰੂ ਸਭ ਦਾ ਸਾਂਝਾ ਹੈ ਤੁਸੀਂ ਲੈ ਜਾਵੋ। ਅਰਦਾਸ ਕਰਨ ਤੋਂ ਬਾਅਦ ਜਦੋਂ ਆਪ ਨੇ ਸਰੂਪ ਲਿਜਾਣ ਵਾਲੇ ਨੂੰ ਸੀਸ ਪਰ ਰੱਖਣ ਕਿਹਾ ਤੇ ਸਾਰੇ ਚੁੱਪ ਕਰ ਗਏ। ਜਦੋਂ ਇਸ ਦਾ ਕਾਰਨ ਪੁੱਛਿਆ ਤਾਂ ਉਨ੍ਹਾਂ ਦੱਸਿਆ ਕਿ ਸਕਿਉਰਟੀ ਅਫ਼ਸਰ ਨੇ ਗੇਟ ਬੰਦ ਕਰਵਾ ਦਿੱਤੇ ਹਨ ਤਾਂ ਕਿ ਕੋਈ ਬਾਹਰ ਨਾ ਜਾ ਸਕੇ। ਤੁਸੀਂ ਗੁਰੂ ਕੇ ਸਿੰਘ ਹੋ, ਤੁਹਾਡਾਂ ਤਾਂ ਗੁਰੂ ਸਹਾਈ ਹੋਵੇਗਾ, ਅਸੀਂ ਗੁਰੂ ਵਾਲੇ ਨਹੀਂ। ਇਸ ਕਰਕੇ ਤੁਸੀਂ ਗੁਰੂ ਸਾਹਿਬ ਜੀ ਦਾ ਸਰੂਪ ਆਪਣੇ ਸੀਸ ਤੇ ਰੱਖ ਲਵੋ ਅਸੀਂ ਤੁਹਾਡੇ ਨਾਲ ਹੀ ਰਹਾਂਗੇ। ਆਪ ਜੀ ਨੇ ਕਿਹਾ, ਠੀਕ ਹੈ! ਪਰ ਮੇਰੀ ਵੀ ਇਕ ਗੱਲ ਤੁਸੀਂ ਮੰਨਣੀ ਹੈ। ਜਿਹੜਾ ਨਿਸ਼ਾਨ ਸਾਹਿਬ ਤੁਸੀਂ ਲੈ ਕੇ ਆਏ ਹੋ, ਉਹ ਗੁਰੂ ਸਾਹਿਬ ਅੱਗੇ ਇਥੋਂ ਹੀ ਝੁਲਾ ਕੇ ਜਾਣਾ ਹੈ। ਇਕ ਨੇਜਾ ਜੋ ਘਰ ਵਿਚ ਪਿਆ ਸੀ, ਉਸ ਉਪਰ ਨਿਸ਼ਾਨ ਸਾਹਿਬ ਚੜ੍ਹਾ ਕੇ ਬਾਣੀ ਪੜ੍ਹਦੇ ਹੋਏ ਸੰਗਤਾਂ ਸਮੇਤ ਚੱਲ ਪਏ। ਗੁਰੂ ਸਾਹਿਬ ਨੇ ਐਸੀ ਕਲਾ ਵਰਤਾਈ ਕਿ ਗੇਟ ਕੀਪਰ ਨੇ ਬਿਨ੍ਹਾਂ ਕਿਸੇ ਹੁੱਜਤ ਦੇ ਗੇਟ ਖੋਲ੍ਹ ਦਿੱਤਾ। ਇੰਝ ਗੁਰੂ ਸਾਹਿਬ ਜੀ ਨੇ ਨਵੇਂ ਗੁਰਦੁਆਰੇ ਸਾਹਿਬ ਉਸਾਰਨ ਦੀ ਸੇਵਾ ਆਪ ਪਾਸੋਂ ਲਈ ਜਿਸ ਬਾਰੇ ਬਚਨ ਸਿੰਘਾਂ ਨੇ ਕਾਨਪੁਰ ਕੀਤਾ ਸੀ।



www.AKJ.Org

ਮਦਰਾਸ ਸਮੁੰਦਰੀ ਇਲਾਕਾ ਹੋਣ ਕਰਕੇ, ਇਥੋਂ ਦਾ ਸਿੱਲਾ ਵਾਤਾਵਰਣ ਆਪ ਨੂੰ ਮਾਫਿਕ ਨਹੀਂ ਬੈਠਿਆ। ਇੱਥੇ ਸੰਨ 1978 ਤੋਂ ਆਪ ਜੀ ਦੀ ਸਿਹਤ ਢਿੱਲੀ ਰਹਿਣ ਲੱਗ ਪਈ ਅਤੇ ਦਮੇ ਦੀ ਸ਼ਿਕਾਇਤ ਹੋ ਗਈ। ਇਕ ਵਾਰ ਆਪ ਲੰਬਾ ਸਮਾਂ ਹਸਪਤਾਲ ਰਹੇ ਅਤੇ ਸਿਹਤ ਇਤਨੀ ਵਿਗੜ ਗਈ ਕਿ ਡਾਕਟਰਾਂ ਨੇ ਮ੍ਰਿਤਕ ਐਲਾਨ ਕਰ ਦਿੱਤਾ। ਆਪ ਦੀ ਸਿੰਘਣੀ ਨੂੰ ਬੁਲਾਇਆ ਗਿਆ। ਲੋਕਲ ਸਿੱਖ ਅਤੇ ਆਪ ਜੀ ਨੂੰ ਪਿਆਰ ਕਰਨ ਵਾਲੇ ਬਿਹਾਰ ਦੇ ਰਹਿਣ ਵੇਲੇ ਸਾਥੀ ਵੀ ਹਸਪਤਾਲ ਪਹੁੰਚ ਗਏ। ਪਰ ਗੁਰੂ ਦੀ ਐਸੀ ਕਲਾ ਵਰਤੀ ਕਿ ਆਪ ਜੀ ਦੇ ਸਵਾਸ ਦੁਬਾਰਾ ਚੱਲਣ ਲੱਗ ਪਏ। ਫਿਰ ਇਥੋਂ ਮੈਡੀਕਲ ਅਧਾਰ 'ਤੇ ਆਪ ਜੀ ਦੀ ਬਦਲੀ ਜੋਧ ਪੁਰ ਹੋ ਗਈ। ਉੱਥੇ ਵੀ ਸਿੱਖ ਸੰਗਤਾਂ ਤੇ ਜਥੇ ਦੇ ਸਿੰਘ ਘੱਟ ਹੀ ਸਨ ਪਰ ਆਪ ਪ੍ਰੀਵਾਰ ਸਮੇਤ ਗੁਰਦੁਆਰੇ ਜਾ ਕੇ ਹਰ ਹਫਤੇ ਕੀਰਤਨ ਦੇ ਅਖਾੜੇ ਸਜਾਉਂਦੇ ਰਹੇ। ਇੱਥੇ ਆਪ ਸੰਨ 1978 ਤੋਂ ਲੈ ਕੇ 1982 ਤਾਈਂ ਰਹੇ ਤੇ ਸਾਰਜੈਂਟ ਦੀ ਤਰੱਕੀ ਵੀ ਇੱਥੇ ਹੀ ਹੋਈ। ਫਿਰ ਮਈ 1982 ਤੋਂ ਮਈ 1987 ਤੱਕ 5 ਸਾਲ ਸਿਕੰਦਰਾਬਾਦ ਰਹੇ। ਇੱਥੇ ਏਅਰ ਫੋਰਸ ਦੇ ਤਿੰਨ ਯੂਨਿਟ ਹਨ ਤੇ ਫੌਜ ਦਾ ਤੋਪਖਾਨਾ, EMC ਕਾਲਜ ਤੇ ਹੋਰ ਯੂਨਿਟਾਂ ਦੀ ਵੱਡੀ ਛਾਉਣੀ ਹੈ। ਫੌਜ ਤੇ ਏਅਰ ਫੋਰਸ ਰਲਾ ਕੇ ਇੱਥੇ 10-12 ਪ੍ਰੀਵਾਰ ਜਥੇ ਦੇ ਸਨ ਤੇ ਲੋਕਲ ਪੰਜਾਬੀ ਅਤੇ ਦੱਖਣੀ ਸਿੱਖਾਂ ਦੀ ਵਸੋਂ ਵੀ ਕਾਫੀ ਹੈ। ਸਾਰੇ ਹੈਦਰਾਬਾਦ/ਸਿਕੰਦਰਾਬਾਦ ਵਿਚ ਕੋਈ 15-20 ਗੁਰਦੁਆਰੇ ਹਨ। ਇੱਥੇ ਬੜੇ ਹੀ ਅਖੰਡ ਪਾਠ ਸਾਹਿਬ ਅਤੇ ਰੈਣ ਸਬਾਈ ਕੀਰਤਨ ਅਖਾੜੇ ਸਜਦੇ ਰਹੇ। ਫੌਜ ਤੇ ਏਅਰ ਫੋਰਸ ਦੇ ਤਿੰਨਾਂ ਯੂਨਿਟਾਂ ਦੇ ਜਥੇ ਦੇ ਸਾਰੇ ਪ੍ਰੀਵਾਰ ਇਕੱਠੇ ਹੋ ਜਾਂਦੇ ਸਨ। ਪਹਿਲਾਂ ਨੇੜੇ ਦੇ ਕਿਸੇ ਗੁਰਦੁਆਰੇ ਹਰ ਐਤਵਾਰ ਸ੍ਰੀ ਆਸਾ ਜੀ ਦਾ ਵਾਰ ਦਾ ਕੀਰਤਨ 10 ਵਜੇ ਤਾਈਂ ਹੋਣਾ। ਫਿਰ ਕਿਸੇ ਨੇੜਲੇ ਸਿੰਘ ਦੇ ਘਰ ਜਾ ਕੇ ਸਿੰਘਾਂ ਨੇ ਕੀਰਤਨ ਅਖਾੜਾ ਸਜਾ ਲੈਣਾ ਤੇ ਬੀਬੀਆਂ ਨੇ ਲੰਗਰ ਤਿਆਰ ਕਰ ਲੈਣਾ। ਇਸ ਤਰ੍ਹਾਂ ਹਰ ਹਫਤੇ ਸੰਗਤਾਂ ਰਲ ਮਿਲ ਕੇ ਨਾਮ ਬਾਣੀ ਦੇ ਖੂਬ ਲਾਹੇ ਲੈਂਦੇ। ਉਸ ਵੇਲੇ ਸਿੰਘਾਂ ਦਾ ਪਿਆਰ 'ਤੇ ਗੁਰਬਾਣੀ ਕੀਰਤਨ ਲਈ ਤੜਫ ਦੇਖਣ ਵਾਲੀ ਹੁੰਦੀ ਸੀ। 40-40 ਕਿਲੋਮੀਟਰ ਤੋਂ ਸਿੰਘਾਂ ਨੇ ਬੱਚਿਆਂ ਨੂੰ ਸਾਇਕਲਾਂ ਦੇ ਡੰਡਿਆਂ ਤੇ ਬਿਠਾ ਕੇ ਤੇ ਬੀਬੀਆਂ ਨੂੰ ਪਿਛਲੀ ਕਾਠੀਆਂ ਤੇ ਬਿਠਾ ਕੇ ਕੀਰਤਨ ਸਮਾਗਮ ਲਈ ਪਹੁੰਚਣਾ। ਭਾਈ ਕੁਲਦੀਪ ਸਿੰਘ ਜੀ ਮਤਵਾਲਾ ਅਤੇ ਭਾਈ ਦਲਵਿੰਦਰ ਸਿੰਘ ਜੀ ਬਿਦਰ ਤੋਂ 150 ਕਿਲੋ ਮੀਟਰ ਦਾ ਸਫਰ ਤਹਿ ਕਰਕੇ ਰੈਣ ਸਬਾਈ ਕੀਰਤਨ ਵਾਸਤੇ ਆਉਂਦੇ ਸਨ। ਇਸੇ ਤਰ੍ਹਾਂ ਭਾਈ ਮੋਹਨ ਸਿੰਘ ਜੀ ਗਾਰਡ ਕਾਨਪੁਰ ਤੋਂ ਇੱਥੇ ਰਹਿੰਦੇ ਆਪਣੇ ਲੜਕੇ ਕੋਲ ਆ ਕੇ ਕਾਫੀ ਸਮਾਂ ਰਹਿੰਦੇ ਸਨ ਤੇ ਉਨ੍ਹਾਂ ਦੀ ਆਮਦ ਨਾਲ ਇਹ ਕੀਰਤਨ ਅਖਾੜੇ, ਅੰਮ੍ਰਿਤ ਵੇਲੇ ਦੇ ਪ੍ਰੋਗਰਾਮ ਤੇ ਸ੍ਰੀ ਅਖੰਡ ਪਾਠ ਹੋਰ ਵੀ ਚੜ੍ਹਦੀ ਕਲਾ ਹੁੰਦੇ ਰਹੇ। ਪੰਜਾਬ ਤੋਂ ਸ੍ਰੀ ਹਜ਼ੂਰ ਸਾਹਿਬ ਅਤੇ ਨਾਨਕ ਝੀਰਾ ਦਰਸ਼ਨ ਕਰਨ ਆਈਆਂ ਸੰਗਤਾਂ ਵੀ ਇਥੇ ਆ ਕੇ, ਇਕ ਦੋ ਦਿਨ ਰੁਕ ਕੇ ਜਾਂਦੀਆਂ ਸਨ ਤੇ ਇਥੋਂ ਦੇ ਸਾਰੇ ਸਿੰਘ ਸਟੇਸ਼ਨ ਤੇ ਪ੍ਰਸ਼ਾਦੇ ਪਾਣੀ ਲੈ ਕੇ ਪਹੁੰਚ ਜਾਂਦੇ ਸਨ। ਭਾਈ ਅਮੋਲਕ ਸਿੰਘ ਅਸਟਰੇਲੀਆ ਵੀ ਉਸ ਵੇਲੇ ਬੰਗਲੌਰ ਪੋਸਟਿਡ ਸਨ। ਉਹ ਵੀ ਆਉਂਦੇ ਜਾਂਦੇ ਇੱਥੇ ਰੁਕ ਕੇ ਜਾਂਦੇ ਸਨ। ਭਾਈ ਗੁਰਦੀਪ ਸਿੰਘ ਜੀ ਤੇ ਬੀਬੀ ਸਤਵੰਤ ਕੌਰ (ਕੀਰਤਨੀ ਬੀਬੀ) ਵੀ ਤਕਰੀਬਨ ਚਾਰ ਸਾਲ ਉਸ ਸਮੇਂ ਇੱਥੇ ਰਹੇ। ਹੈਦਰਾਬਾਦ/ਸਿਕੰਦਰਾਬਾਦ ਵਿੱਚ ਸਾਰੇ ਗੁਰਪੁਰਬ ਵਾਰੀ ਵਾਰੀ ਸਾਰੇ ਗੁਰਦੁਆਰਿਆਂ ਵਿਚ ਰਲ ਮਿਲ ਕੇ ਮਨਾਏ ਜਾਂਦੇ ਸਨ ਤੇ ਜਥੇ ਨੂੰ ਇੰਨ੍ਹਾਂ ਗੁਰਪੁਰਬਾਂ ਤੇ ਸ੍ਰੀ ਆਸਾ ਕੀ ਵਾਰ ਦੇ ਕੀਰਤਨ ਦੀ ਸੇਵਾ ਦਿੱਤੀ ਜਾਂਦੀ ਸੀ। ਉਸ ਵੇਲੇ ਕਿਸੇ ਵੀ ਗੁਰਦੁਆਰੇ ਵਿਚ ਕੋਈ ਵੀ ਰਾਗੀ ਜਥਾ ਪੂਰੀ ਆਸਾ ਕੀ ਵਾਰ ਦਾ ਕੀਰਤਨ ਨਹੀਂ ਸੀ ਕਰਦਾ। ਸਿਰਫ 4 ਜਾਂ 6 ਛੱਕੇ ਪੜ ਕੇ ਸਮਾਪਤੀ ਕੀਤੀ ਜਾਂਦੀ ਸੀ। ਇਹ ਸੇਵਾ ਸਿਰਫ ਜਥੇ ਦੇ ਹਿੱਸੇ ਇਸ ਕਰਕੇ ਆਉਂਦੀ ਸੀ ਕਿ ਜਥੇ ਵਲੋਂ ਹਰ ਐਤਵਾਰ ਜਾਂ ਗੁਰਪੁਰਬ ਤੇ ਪੂਰੀ ਆਸਾ ਦੀ ਵਾਰ ਦਾ ਕੀਰਤਨ ਕੀਤਾ ਜਾਂਦਾ ਸੀ। ਇਸ ਤੋਂ ਇਲਾਵਾ ਪ੍ਰਬੰਧਕ ਅਤੇ ਸੰਗਤਾਂ, ਜਥੇ ਵਲੋਂ ਨਿਸ਼ਕਾਮ ਸੇਵਾ ਨਿਬਾਹੁਣ ਕਰਕੇ ਵੀ ਬਹੁਤ ਸਤਿਕਾਰ ਕਰਦੀਆਂ ਸਨ। ਇੱਥੇ ਦੇ ਪ੍ਰਬੰਧਕਾਂ ਤੇ ਸੰਗਤਾਂ ਨੇ ਪਹਿਲੀ ਵਾਰ ਕੋਈ ਕੀਰਤਨੀ ਜਥਾ, ਨਿਸ਼ਕਾਮ ਸੇਵਾ ਕਰਦਾ ਦੇਖਿਆ ਜੋ ਉਨ੍ਹਾਂ ਲਈ ਬਹੁਤ ਅਚੰਭੇ ਦੀ ਗੱਲ ਸੀ।

ਇਸ ਤੋਂ ਬਾਅਦ ਆਪ ਫਿਰ ਮਈ 1987 ਵਿਚ ਬਦਲ ਕੇ ਕਾਨਪੁਰ ਆ ਗਏ। ਇੱਥੇ ਆਪ ਜੂਨ 1991 ਤਾਈਂ



www.AKJ.Org

ਰਹੇ ਤੇ ਜੂਨੀਅਰ ਵਰੰਟ ਅਫਸਰ ਦੀ ਤਰੱਕੀ ਵੀ ਪਾਈ। ਸੰਨ 1984 ਦੇ ਕਤਲੇਆਮ ਤੋਂ ਬਾਅਦ ਅਤੇ ਏਅਰ ਫੋਰਸ ਸਿੰਘਾਂ ਦੇ ਰੀਟਾਇਰ/ਬਦਲ ਜਾਣ ਕਰਕੇ ਸਿੰਘਾਂ ਦੀ ਗਿਣਤੀ ਬਹੁਤ ਘੱਟ ਗਈ ਸੀ ਪਰ ਪੁਰਾਣਾ ਪ੍ਰਭਾਵ ਅਜੇ ਵੀ ਕਾਇਮ ਸੀ। ਆਪ ਜੀ ਉਸ ਵੇਲੇ ਕਾਨਪੁਰ ਵਿਚ ਰਹਿ ਰਹੇ ਸਿੰਘਾਂ ਭਾਈ ਹਰਸ਼ਾ ਸਿੰਘ, ਭਾਈ ਅਮਰਜੀਤ ਸਿੰਘ (ਕੀਰਤਨੀਏ) ਭਾਈ ਹਰਜਿੰਦਰ ਸਿੰਘ ਨਾਲ ਮਿਲ ਕੇ ਕੀਰਤਨ ਅਖਾੜੇ ਸਜਾਉਂਦੇ ਰਹੇ ਤੇ ਨਾਮ ਬਾਣੀ ਦਾ ਅਨੰਦ ਲੈਂਦੇ ਰਹੇ। ਆਪ ਜੀ ਦੇ ਬੱਚੇ ਹੁਣ ਜਵਾਨ ਹੋ ਗਏ ਸਨ ਤੇ ਉਹ ਵੀ ਇਸ ਸੇਵਾ ਵਿਚ ਹੱਥ ਵਟਾਂਉਂਦੇ ਰਹੇ। ਖਾਸ ਕਰ ਆਪ ਦਾ ਭੁਜੰਗੀ ਭਾਈ ਬਲਬੀਰ ਸਿੰਘ ਤਬਲੇ ਤੇ ਕੀਰਤਨ ਸੇਵਾ ਕਰਦਾ ਰਿਹਾ। ਫਿਰ ਆਪ ਜੂਨ 1991 ਵਿਚ ਚੰਡੀਗੜ੍ਹ ਬਦਲ ਕੇ ਆ ਗਏ। ਇਸ ਸਮੇਂ ਆਪ ਨੇ ਖਰੜ ਵਿਖੇ (ਪਲਾਟ ਪਹਿਲਾ ਹੀ ਲਿਆ ਹੋਇਆ ਸੀ) ਇਕ ਆਪਣਾ ਮਕਾਨ ਉਸਾਰ ਲਿਆ ਤੇ ਜੂਨ 1996 ਵਿਚ ਬਤੌਰ ਵਰੰਟ ਆਫੀਸਰ ਰਿਟਾਇਰ ਹੋ ਕੇ ਇੱਥੇ ਪੱਕੀ ਰਿਹਾਇਸ਼ ਰੱਖ ਲਈ। ਏਅਰ ਫੋਰਸ ਨੌਕਰੀ ਦੌਰਾਨ ਆਪ ਅਕਸਰ ਸ਼ਸਤਰ ਬਸਤਰ ਨਾਲ ਹੀ ਰੱਖਦੇ ਸਨ ਤੇ ਤਿੰਨ ਫੁੱਟੀ ਸ੍ਰੀ ਸਾਹਿਬ ਦਾ ਕਦੇ ਵੀ ਵਿਸਾਹ ਨਹੀਂ ਸੀ ਕਰਦੇ।

ਆਪ ਜੀ ਗੁਰਮਤਿ ਤੋਂ ਉਲਟ ਕੋਈ ਵੀ ਗੱਲ ਨਹੀਂ ਸੀ ਬਰਦਾਸ਼ਤ ਕਰਦੇ। ਗੁਰਦੁਆਰਿਆਂ ਦੇ ਪ੍ਰਬੰਧਕ, ਸਿੱਖ ਅਫਸਰ ਜਾਂ ਕੋਈ ਹੋਰ ਪ੍ਰਤਿਸ਼ਟ ਵਿਅਕਤੀ ਭਾਵੇਂ ਕਿਤਨਾ ਵੀ ਵੱਡਾ ਹੋਵੇ, ਜੇਕਰ ਕੋਈ ਗੁਰਮਤਿ ਤੋਂ ਉਲਟ ਗੱਲ ਕਰਦਾ ਸੀ ਤਾਂ ਆਪ ਗੁਰਮਤਿ ਦੀ ਰੋਸ਼ਨੀ ਵਿੱਚ ਗੁਰਬਾਣੀ ਦੀਆਂ ਤੁਕਾਂ ਦੀਆਂ ਉਦਾਹਰਨਾ ਦੇ ਕੇ ਨਿਡਰਤਾ ਨਾਲ ਆਪਣੀ ਗੱਲ ਕਹਿੰਦੇ ਸਨ, ਕਿਸੇ ਦੀ ਕਨੌਡ ਨਹੀਂ ਸੀ ਮੰਨਦੇ। ਉਹ ਤੱਤ ਗੁਰਮਤਿ ਸਿਧਾਂਤਾਂ ਦੇ ਤਕੜੇ ਪਹਿਰੇਦਾਰ ਸਨ। ਸਾਰੀ ਉਮਰ ਗਰੀਬੀ ਕੱਟੀ ਪਰ ਕਦੇ ਵੀ ਸਿੱਖੀ ਸਿਦਕ ਤੋਂ ਨਹੀਂ ਡੋਲੇ। ਬੇਸ਼ਕ ਸਿਹਤ ਆਪ ਦਾ ਸਾਥ ਨਹੀਂ ਸੀ ਦਿੰਦੀ, ਪਰ ਆਪਣਾ ਨੇਮ ਕਦੇ ਵੀ ਨਹੀਂ ਟੁੱਟਣ ਦਿੱਤਾ।

ਭਾਵੇਂ ਆਪ ਜੀ ਦੀ ਤਨਖਾਹ ਗੁਜ਼ਾਰੇ ਮਾਤਰ ਸੀ ਤੇ ਪ੍ਰੀਵਾਰ ਵੀ ਵੱਡਾ ਸੀ, ਬੱਚਿਆ ਦੇ ਪੜ੍ਹਾਈ ਦੇ ਖਰਚੇ ਅਤੇ ਖਰਾਬ ਸਿਹਤ ਕਾਰਨ ਦਵਾਈਆਂ ਦੇ ਖਰਚੇ ਵੀ ਬਹੁਤ ਸਨ ਪਰ ਗੁਰਸਿੱਖਾਂ ਦੀ ਸੇਵਾ ਆਪ ਭੱਜ-ਭੱਜ ਕੇ ਕਰਦੇ ਸਨ ਤੇ ਆਪਣਾ ਤਨ ਮਨ ਧਨ ਵੀ ਗੁਰਸਿੱਖਾਂ ਉਪਰੋਂ ਵਾਰਨ ਨੂੰ ਹਰ ਵੇਲੇ ਤਿਆਰ ਰਹਿੰਦੇ ਸਨ। ਆਪ ਜੀ ਦੇ ਘਰ ਗੁਰਸਿਖਾਂ ਦਾ ਆਉਣਾ ਜਾਣਾ ਬਣਿਆ ਰਹਿੰਦਾ ਸੀ। ਇਕ ਵਾਰੀ ਇਕ ਗੁਰਸਿੱਖ ਨੇ ਆਪ ਨੂੰ ਕਿਹਾ ਕਿ ਮੈਂ ਤੇਰੇ ਤੋਂ ਵੱਡੇ ਰੈਂਕ ਤੇ ਹਾਂ, ਤਨਖਾਹ ਵੀ ਜ਼ਿਆਦਾ ਹੈ, ਪਰ ਤੂੰ ਇਤਨੇ ਛੋਟੇ ਰੈਂਕ ਤੇ ਹੈਂ ਤੇ ਤੇਰਾ ਪ੍ਰੀਵਾਰ ਵੀ ਵੱਡਾ ਹੈ ਘਰ ਸਮਾਗਮ ਵੀ ਕਰਾਉਂਦਾ ਰਹਿੰਦਾ ਹੈ ਤੇ ਸੰਗਤਾਂ ਵੀ ਆਉਂਦੀਆਂ ਰਹਿੰਦਿਆਂ ਹਨ। ਫਿਰ ਕਿਵੇਂ ਇਤਨੇ ਗੁਰਸਿੱਖਾਂ ਦੀ ਸੇਵਾ ਕਰਦਾ ਹੈ? ਕੀ ਗੁਰੂ ਨਾਨਕ ਤੇਰੀ ਜੇਬ ਵਿਚ ਰਾਤ ਨੂੰ ਪੈਸੇ ਪਾ ਜਾਂਦਾ ਹੈ। ਆਪ ਨੇ ਕਹਿਣਾ ਕਿ ਇਹ ਸਭ ਉਸ ਦੀ ਕ੍ਰਿਪਾ ਹੈ। ਆਪ ਹੀ ਸਭ ਕੁਝ ਦੇਈ ਜਾਂਦਾ ਹੈ, ਕੋਈ ਥੁੜ ਨਹੀਂ ਆਉਣ ਦਿੰਦਾ। ਸਿਰਫ ਦਸਵੰਧ ਕੱਢਣ ਤੇ ਸਬਰ ਸੰਤੋਖੀ ਬਣਨ ਦੀ ਲੋੜ ਹੈ। ਆਪ ਹਮੇਸ਼ਾਂ ਘਰ ਵਿਚ ਸ਼ਹੀਦਾ ਸਿੰਘਾਂ ਤੇ ਗੁਰੂ ਪੰਥ ਦੀ ਚੜਦੀ ਕਲਾ ਬਾਰੇ ਗੱਲਾਂ ਕਰਦੇ ਰਹਿੰਦੇ ਸਨ।

ਸੰਨ 1978 ਤੋਂ ਦਮੇ ਦੀ ਬੀਮਾਰੀ ਕਾਰਨ ਆਪ ਨੂੰ ਅਕਸਰ ਕਈ ਵਾਰ ਹਸਪਤਾਲ ਦਾਖਲ ਕਰਾਉਣਾ ਪੈ ਜਾਂਦਾ ਸੀ ਪਰ ਫਿਰ ਵੀ ਨਾਮ ਬਾਣੀ ਅਤੇ ਦਵਾਈਆਂ ਦੇ ਆਸਰੇ ਆਪਣਾ ਕੰਮ ਚਲਾਈ ਹੀ ਗਏ। ਹੌਲੀ-ਹੌਲੀ ਸਿਹਤ ਦੀ ਕਮਜੋਰੀ ਵੱਧਦੀ ਗਈ। ਮਿਤੀ 31 ਦਸੰਬਰ 2017 ਨੂੰ ਅੰਮ੍ਰਿਤ ਵੇਲੇ ਇਸ਼ਨਾਨ ਕਰ ਲਿਆ ਪਰ ਅਜੇ ਕਪੜੇ ਪਾਉਂਦੇ ਸੀ ਕਿ ਅਚਾਨਕ ਆਪ ਨੇ ਸਿੰਘਣੀ ਨੂੰ ਆਵਾਜ਼ ਮਾਰੀ। ਜਦੋਂ ਸਿੰਘਣੀ ਗੁਸਲਖਾਨੇ ਵਿਚ ਗਈ ਤਾਂ ਆਪ ਵਾਸ਼ਬੇਸਨ ਦੇ ਸਹਾਰੇ ਖੜੇ ਸਨ, ਪਰ ਬੋਲਣੋ ਬੰਦ ਹੋ ਗਏ ਸਨ। ਹਸਪਤਾਲ ਲਿਜਾਣ ਤੇ ਡਾਕਟਰਾ ਨੇ ਦਿਮਾਗ ਦੀ ਨਾੜੀ ਫਟਣ ਬਾਰੇ ਦੱਸਿਆ ਅਤੇ ਇਕ ਦਿਨ ਹਸਪਤਾਲ ਰਹਿ ਕੇ 1 ਜਨਵਰੀ 2018 ਨੂੰ ਸਵਾਸਾਂ ਦੀ ਪੂੰਜੀ ਪੂਰੀ ਕਰਕੇ ਗੁਰੂ ਚਰਨਾਂ ਵਿਚ ਜਾ ਬਿਰਾਜੇ। ਸਾਨੂੰ ਅਜਿਹੇ ਗੁਰਸਿਖਾਂ ਦੇ ਜੀਵਨ ਤੋਂ ਸੇਧ ਲੈਣ ਦੀ ਲੋੜ ਹੈ ਤਾਂ ਕਿ ਅਸੀਂ ਵੀ ਆਪਣਾ ਲੋਕ-ਪਰਲੋਕ ਸਵਾਰ ਸਕੀਏ।



www.AKJ.Org

**ਭਾਈ ਹਰਦੀਸ਼ ਸਿੰਘ ਜੀ ਸੰਗਰ ਦੀ ਯਾਦ ਵਿਚ ਕਵਿਤਾ : ਵਲੋਂ ਲੇਖਕ**

ਭ- ਭਾਗ ਵਡੇ ਗੁਰਸਿੱਖ ਹੋਇ, ਗੁਰ ਸ਼ਰਣੀ ਆਇਆ ॥ ਭਾਇ ਭਗਤਿ ਵਿੱਚ ਚਲਕੇ, ਸਦ ਸ਼ੁਕਰ ਮਨਾਇਆ ॥
ਭਾਵਨ ਦੁਬਿਧਾ ਤਿਆਗ ਕੇ, ਭਾਣਾ ਹੀ ਭਾਇਆ ॥ ਭਾਖ-ਸੁਭਾਖ, ਨ ਤੰਤ ਮੰਤ, ਨਾ ਛਿਕ ਮਨਾਇਆ ॥

ੲ- ਈਂਘੈ ਊਂਘੇ ਜਾਣ ਤੋਂ, ਮਨ ਵਰਜ ਰਹਾਇਆ ॥ ਇਸ਼ਕ ਮੁਹੱਬਤ ਸਾਧ ਸੰਗ, ਵਿਉਹਾਰ ਬਣਾਇਆ ॥
ਈਰਖ ਮਦ, ਪਰਪੰਚ ਤਜ, ਜੀਵਨ ਸਫਲਾਇਆ ॥ ਈਖੋਂ ਵਧ ਮਿੱਠ ਬੋਲਣਾ, ਆਚਾਰ ਬਣਾਇਆ ॥

ਹ- ਹਰਿ ਹੀਰਾ ਜਨ ਜੌਹਰੀ, ਹਰਿ ਸਿਉਂ ਬਣ ਆਈ ॥ ਹਰਿ ਹਰਿ ਨਾਮ ਜਪੰਤਿਆਂ, ਸੁਖ ਅਉਧ ਬਿਤਾਈ ॥
"ਹਸਤ ਅਲੰਬਨ ਦੇਹਿ ਪ੍ਰਭੁ", ਇਉਂ ਬਿਨਉ ਅਲਾਈ ॥ ਹੱਥੀ ਦਿੱਤੀ ਪ੍ਰਭ ਮਿਹਰ ਕਰ, ਹਰ ਬਾਬ ਸਹਾਈ ॥

ਰ- "ਰਖ ਲੇਵਹੁ ਦੀਨ ਦਇਆ" ਜੀ, ਕਹਿ ਓਟ ਤਕਾਈ ॥ ਰਹਣੀ ਸ਼ਬਦ ਆਧਾਰ ਕਰ, ਗੁਰ ਰਹਤ ਨਿਭਾਈ ॥
ਰਸਨਾ ਅਨਰਸ ਸਾਦ ਤਜ, ਗੁਰ ਸ਼ਬਦ ਰਿਸਾਈ ॥ ਰਸਿਕ ਰਸਾਲੂ ਪ੍ਰਭੂ ਤੇ, ਇੱਕ ਟੇਕ ਟਿਕਾਈ ॥

ਦ- ਦੀਖਿਆ ਗੁਰੂ ਹਜੂਰ ਚਲ, ਪੰਚਨ ਤੋਂ ਪਾਈ ॥ ਦੀਵਾ ਬਲਿਆ ਦੀਵਿਓਂ, ਗੁਰਮਤਿ ਬੁਧਿ ਪਾਈ ॥
ਦੀਆ ਆਦਰ ਗੁਰਮੁਖਾਂ, ਬਹੁ ਸੇਵ ਕਮਾਈ ॥ ਦੀਰਘ ਦਰਸ਼ੀ ਸੋਚ ਵਿੱਚ, ਸਭ ਕਾਜ ਕਰਾਹੀ ॥

ਸ- ਸਉਂਦੇ ਵਾਹੁ ਵਾਹੁ ਉਚਰੈ, ਉਠ ਬਿਧਿ ਸਾਈ ॥ ਸਚਾ ਵਣਜ ਵਣੰਜਿਆ, ਵਡੀ ਵਡਿਆਈ ॥
ਸਖੇ ਸਹੋਦਰ ਗੁਰਮੁਖਾਂ, ਸੰਗਿ ਪ੍ਰੀਤ ਲਗਾਈ ॥ ਸਚੀ ਸਿਫਤ ਸਾਲਾਹ ਕਰ, ਸਦ ਰਹਿਆ ਆਘਾਈ ॥

ਸਿ- ਸਿੰਘ ਦ੍ਰਿਸ਼ਟਿ ਵਿੱਚ ਵਰਤਦਾ, ਕੂਕਰ ਵਤ ਨਾਹੀਂ ॥ ਸਿੰਘਨ ਸਿਉਂ ਕਰ ਲੈਣ ਦੇਣ, ਪੀਡੀ ਗੰਢ ਪਾਈ ॥
ਸ਼ਿੰਗਾਰ ਕੀਆ ਗੁਰ ਰਹਤ ਦਾ, ਬਹੁ ਹਿੱਤ ਚਿੱਤ ਲਾਈ ॥ ਸਿੰਘ ਸਭਾ ਚਲ ਬੈਸਣਾ, ਗੁਰਮਤਿ ਬੁਧਿ ਪਾਈ ॥॥

ਘ- ਘਰ ਮੰਦਰ ਖੁਸ਼ੀਆਂ ਘਣੀਂ ਚਿੱਤ ਸਚਾ ਸਾਂਈ ॥ ਘਣੋ ਘਣੋ ਸਦ ਲੋਚਦਾ, ਰਖ ਆਸ ਇਲਾਹੀ ॥
ਘਰ ਗ੍ਰਿਹਸਥੀ ਦਾ ਮਾਹਰੋਂ, ਢਿਲਮਠ ਕਿਛ ਨਾਹੀ ॥ ਘਰ ਮਹਿ ਪਾਏ ਸਰਬ ਸੁਖ, ਚਲ ਹੁਕਮ ਰਜ਼ਾਈ ॥

ਜ- ਜੀਉ ਪਿੰਡ ਸਭ ਗੁਰੂ ਦਾ, ਕਹਿ ਸ਼ੁਕਰ ਮਨਾਈ ॥ ਜੀਅ ਦਾਨ 'ਮਤਵਾਲਿਆ', ਜਾਚਕ ਬਣ ਪਾਈ ॥
ਜੀਵਨ ਜੀ ਕੇ ਤੁਰ ਗਿਆ, ਉਹ ਸਹਜ ਸੁਭਾਈ ॥ "ਜੀਅ ਪ੍ਰਾਣ ਸੁਖਦਾਤਿਆ", ਰਾਖਹੁ ਸ਼ਰਣਾਈ ॥



www.AKJ.Org

# ਭਾਈ ਸਾਵਣ ਸਿੰਘ ਜੀ ਚੰਡੀਗੜ੍ਹ

ਭਾਈ ਸੁਰਿੰਦਰ ਸਿੰਘ ਜੀ ਮੋਹਾਲੀ (ਸਪੁੱਤਰ)

ਗੁਰੂ ਘਰ ਦੇ ਲੰਗਰ ਦੇ ਅਣਥੱਕ ਸੇਵਾਦਾਰ ਅਤੇ ਇਕੋ ਚੌਂਕੜੇ ਵਿਚ ਰੈਣ-ਸਬਾਈ ਕੀਰਤਨ ਸ੍ਰਵਣ ਕਰਨ ਵਾਲੇ ਭਾਈ ਸਾਵਣ ਸਿੰਘ ਦਾ ਜਨਮ ਮਿਤੀ 22 ਨਵੰਬਰ 1928 ਨੂੰ ਪਿੰਡ ਡਰੋਲੀ ਸਮਾਣਾ, ਜ਼ਿਲ੍ਹਾਂ ਪਟਿਆਲਾ, ਸ. ਗੋਬਿੰਦ ਸਿੰਘ ਜੀ ਦੇ ਘਰ ਮਾਤਾ ਕਰਤੀ ਕੌਰ ਜੀ ਦੇ ਕੁਖੋਂ ਹੋਇਆ। ਮਾਤਾ ਜੀ ਇਨ੍ਹਾਂ ਦੀ ਛੋਟੀ ਆਯੂ ਵਿਚ ਹੀ ਚੜ੍ਹਾਈ ਕਰ ਗਏ ਜਦ ਕਿ ਇਨ੍ਹਾਂ ਦੀ ਛੋਟੀ ਭੈਣ ਅਜੇ ਤਿੰਨ ਮਹੀਨੇ ਦੀ ਹੀ ਸੀ। ਇਨ੍ਹਾਂ ਦੇ ਪਿਤਾ ਜੀ ਪਿੰਡ ਵਿਚ ਹਕੀਮੀ ਦੇ ਨਾਲ-ਨਾਲ ਖੇਤੀਬਾੜੀ ਦਾ ਕੰਮ ਵੀ ਕਰਦੇ ਸਨ ਅਤੇ ਮੱਧ ਵਰਗੀ ਕਿਸਾਨ ਸਨ। ਇਨ੍ਹਾਂ ਦੇ ਪਿਤਾ ਜੀ ਅੰਮ੍ਰਿਤਧਾਰੀ ਤੇ ਗੁਰੂ ਘਰ 'ਤੇ ਸ਼ਰਧਾ ਰੱਖਣ ਵਾਲੇ ਗੁਰਸਿੱਖ ਸਨ। ਪਿੰਡਾਂ ਵਿਚ ਉਸ ਵੇਲੇ ਵਿਦਿਅਕ ਸਹੂਲਤਾਂ ਨਾ ਹੋਣ ਕਾਰਨ ਆਪ ਕੋਈ ਸੰਸਾਰਕ ਵਿਦਿਆ ਨਹੀਂ ਲੈ ਸਕੇ ਤੇ ਕੋਰੇ ਅਨਪੜ੍ਹ ਸਨ। ਬਾਅਦ ਵਿਚ ਇਨ੍ਹਾਂ ਨੇ ਸੰਤ ਨਿਰੰਜਨ ਸਿੰਘ ਪਟਿਆਲਾ ਜੀ ਦੀ ਸੰਗਤ ਵਿਚ ਗੁਰਮੁਖੀ (ਪੰਜਾਬੀ) ਸਿਖੀ। ਹੌਲੀ-ਹੌਲੀ ਨਿਤਨੇਮ ਦਾ ਪਾਠ ਕਰਨ ਲੱਗ ਪਏ। ਬਾਅਦ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਦਸਮ ਬਾਣੀ ਅਤੇ ਭਾਈ ਗੁਰਦਾਸ ਜੀ ਦੀਆਂ ਵਾਰਾਂ ਦੇ ਪਾਠ ਦੀ ਸੰਥਿਆ ਉਨ੍ਹਾਂ ਦੇ ਡੇਰੇ ਵਿਚੋਂ ਹੀ ਲਈ। ਇਨ੍ਹਾਂ ਦੇ ਪਿਤਾ ਜੀ ਦੇ ਧਾਰਮਿਕ ਵਿਅਕਤੀ ਹੋਣ ਕਾਰਨ, ਗੁਰਸਿੱਖੀ ਦੀ ਲਗਨ ਅਤੇ ਪ੍ਰੇਮ ਇਨ੍ਹਾਂ ਨੂੰ ਬਚਪਨ ਵਿੱਚ ਹੀ ਲੱਗ ਗਿਆ ਸੀ ਅਤੇ ਸੰਨ 1945-46 ਵਿਚ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਕੇ, ਗੁਰੂ ਵਾਲੇ ਬਣ ਗਏ।

ਆਪ ਦਾ ਅਨੰਦ ਕਾਰਜ ਸੰਨ 1938 ਵਿਚ, ਜਦੋਂ ਉਮਰ ਅਜੇ 10 ਸਾਲ ਦੀ ਹੀ ਸੀ, ਬੀਬੀ ਗੁਰਨਾਮ ਕੌਰ ਜੀ ਵਾਸੀ ਸਨੌਰ ਨਾਲ ਹੋ ਗਿਆ। ਉਦੋਂ ਬੀਬੀ ਜੀ ਦੀ ਉਮਰ ਉਸ ਵੇਲੇ 7 ਸਾਲ ਦੀ ਸੀ। ਸੰਨ 1946 ਵਿਚ ਉਸ ਵੇਲੇ ਦੇ ਰਿਵਾਜ਼ ਮੁਤਾਬਿਕ ਮੁਕਲਾਵਾ ਲਿਆਂਦਾ ਗਿਆ। ਬੀਬੀ ਜੀ ਦੇ ਮਾਤਾ ਜੀ ਵੀ ਸਰਕਾਰੀ ਨੌਕਰੀ ਕਰਦੇ ਸਨ ਅਤੇ ਬੀਬੀ ਜੀ ਸਿਹਤ ਮਹਿਕਮੇ ਵਿਚ ਮਿਡ-ਵਾਈਫ ਦੀ ਨੌਕਰੀ ਕਰਦੇ ਸਨ। ਬੀਬੀ ਜੀ ਦਾ ਪਰਿਵਾਰ ਵੀ ਗੁਰਸਿੱਖੀ ਦਾ ਧਾਰਨੀ ਸੀ। ਇਨ੍ਹਾਂ ਦੇ ਘਰ ਤਿੰਨ ਪੁੱਤਰੀਆਂ ਤੇ ਇਕ ਪੁੱਤਰ ਨੇ ਜਨਮ ਲਿਆ ਜੋ ਕਿ ਸਾਰੇ ਕੇਸਕੀ ਸਮੇਤ ਰਹਿਤ-ਬਹਿਤ ਦੇ ਧਾਰਨੀ ਹਨ। ਅਗੋਂ ਉਨ੍ਹਾਂ ਦੇ ਬੱਚੇ ਵੀ ਸਾਰੇ ਅੰਮ੍ਰਿਤਧਾਰੀ ਅਤੇ ਗੁਰਸਿੱਖੀ ਮਾਰਗ 'ਤੇ ਚਲ ਕੇ ਆਪਣਾ ਜੀਵਨ ਸਫਲਾ ਕਰ ਰਹੇ ਹਨ। ਇਨ੍ਹਾਂ ਦੀ ਇਕ ਸਪੁੱਤਰੀ (ਬੀਬੀ ਰਾਜਿੰਦਰ ਕੌਰ) ਕੀਰਤਨ ਦੀ ਸੇਵਾ ਵੀ ਕਰਦੀ ਰਹੀ ਹੈ।

ਆਪ ਜੀ ਦੇ ਇਕ ਵਡੇ ਭਰਾ ਮਿਲਟਰੀ ਵਿਚੋਂ ਸੂਬੇਦਾਰ ਅਹੁਦੇ ਤੋਂ ਰਿਟਾਇਰ ਹੋਏ ਹਨ। ਸਾਰੇ ਭੈਣ-ਭਰਾ ਗੁਰੂ ਘਰ ਦੇ ਸ਼ਰਧਾਲੂ ਪ੍ਰੇਮੀ ਸਨ ਚਾਹੇ ਅੰਮ੍ਰਿਤਧਾਰੀ ਕੇਵਲ ਆਪ ਹੀ ਸਨ। ਇਹ ਸਾਰੇ ਪਰਿਵਾਰ ਨੇ ਸੰਨ 1947 ਵਿਚ ਪਾਕਿਸਤਾਨ ਤੋਂ ਉੱਜੜ ਕੇ ਆਏ, ਸਿਖ ਪਰਿਵਾਰਾਂ ਦੀ ਯਥਾਸ਼ਕਤ ਮਦਦ ਕੀਤੀ ਅਤੇ ਪੰਥ ਵਲੋਂ ਲਗੇ ਮੋਰਚਿਆਂ ਵਿਚ ਵੀ ਵੱਧ ਤੋਂ ਵੱਧ ਹਿੱਸਾ ਪਾਇਆ ਅਤੇ ਜੇਲ੍ਹਾਂ ਵੀ ਕੱਟੀਆਂ।

ਇਨ੍ਹਾਂ ਨੇ ਸੰਨ 1948 ਵਿਚ ਆਪਣੀ ਦੁਨਿਆਵੀ ਕਿਰਤ ਸਟੋਰ ਕੀਪਰ ਵਜੋਂ ਮੁਖ ਇੰਜੀਨੀਅਰ ਸਿੰਚਾਈ ਵਿਭਾਗ ਪਟਿਆਲਾ ਦੇ ਦਫ਼ਤਰ ਤੋਂ ਸ਼ੁਰੂ ਕੀਤੀ। ਸੰਨ 1956 ਵਿਚ ਚੰਡੀਗੜ੍ਹ ਬਣਨ ਤੇ ਇਹ ਦਫ਼ਤਰ ਚੰਡੀਗੜ੍ਹ ਤਬਦੀਲ ਹੋ ਗਿਆ ਤੇ ਆਪ ਵੀ ਪਰਿਵਾਰ ਸਮੇਤ ਚੰਡੀਗੜ੍ਹ ਆ ਗਏ। ਇਥੇ ਨੌਕਰੀ ਕਰਦਿਆਂ ਇਨ੍ਹਾਂ ਨੇ ਥੋੜ੍ਹੀ ਬਹੁਤੀ ਗੁਜ਼ਾਰੇ ਜੋਗੀ ਅੰਗਰੇਜ਼ੀ ਵੀ ਸਿੱਖ ਲਈ ਅਤੇ ਗੁਰਮੁਖੀ ਦੀ ਸੰਥਿਆ ਪਹਿਲਾਂ ਹੀ ਲੈਣ ਕਰਕੇ ਪੰਜਾਬੀ ਵੀ ਚੰਗੀ ਤਰ੍ਹਾਂ ਪੜ੍ਹ ਲਿਖ ਲੈਂਦੇ ਸਨ।

ਪੂਰਬਲੇ ਕਰਮ ਅੰਕੁਰ ਹੋਣ ਤੇ ਇਨ੍ਹਾਂ ਦੇ ਚੰਡੀਗੜ੍ਹ ਵਿਚ ਨੌਕਰੀ ਕਰਦਿਆਂ, ਭਾਈ ਹਰਚਰਨ ਸਿੰਘ ਜੀ ਜੋ



www.AKJ.Org

ਪੰਜਾਬ ਸਕਤਰੇਤ ਵਿਚ ਸੁਪਰਟੈਂਡੈਂਟ ਸਨ, ਨਾਲ ਮਿਲਾਪ ਹੋ ਗਿਆ, ਕਿਉਂਕਿ ਇਨ੍ਹਾਂ ਨੂੰ ਸਰਕਾਰੀ ਕੰਮ ਵਾਸਤੇ ਉਥੇ ਆਉਣਾ ਜਾਣਾ ਪੈਂਦਾ ਸੀ। ਉਨ੍ਹਾਂ ਹੀ ਪ੍ਰੇਰਨਾ ਨਾਲ ਹੀ ਜਥੇ ਵਲੋਂ ਹੋਣ ਵਾਲੇ ਹਫਤਾਵਾਰੀ ਅਤੇ ਰੈਣ ਸਬਾਈ ਕੀਰਤਨਾਂ ਦੀ ਹਾਜ਼ਰੀ ਭਰਨੀ ਸ਼ੁਰੂ ਕਰ ਦਿੱਤੀ। ਫਿਰ ਜਲਦੀ ਹੀ ਜਥੇ ਵਲੋਂ ਹੋਏ ਇਕ ਅੰਮ੍ਰਿਤ ਸੰਚਾਰ ਸਮਾਗਮ ਵਿਚ ਪੇਸ਼ ਹੋ ਕੇ ਪਰਿਵਾਰ ਸਮੇਤ ਤਿਆਰ-ਬਰ-ਤਿਆਰ ਹੋ ਗਏ ਅਤੇ ਗੁਰੂ ਘਰ ਨਾਲ ਪੂਰੀ ਤਰ੍ਹਾਂ ਜੁੜ ਗਏ।

ਜਦੋਂ ਆਪ ਜੀ ਨੇ ਅੰਮ੍ਰਿਤ ਛਕਿਆ ਤਾਂ ਉਸ ਅੰਮ੍ਰਿਤ ਸੰਚਾਰ ਸਮਾਗਮ ਵਿਚ ਪ੍ਰਿੰਸੀਪਲ ਲਖਦੇਵ ਸਿੰਘ ਜੀ ਹੁਸ਼ਿਆਰਪੁਰ ਵੀ ਸਿੰਘਣੀ ਸਮੇਤ ਪੰਚਾਂ ਕੋਲ ਅੰਮ੍ਰਿਤ ਛਕਣ ਲਈ ਪੇਸ਼ ਹੋਏ ਸਨ। ਭਾਈ ਸਾਹਿਬ ਜੀ ਤੇ ਨਾਮ ਬਾਣੀ ਦੀ ਐਸੀ ਕਲਾ ਵਰਤੀ, ਜਿਸ ਨੂੰ ਦੇਖ ਕੇ ਉਨ੍ਹਾਂ ਦੀ ਸਿੰਘਣੀ ਘਬਰਾ ਗਈ ਤੇ ਬਾਹਰ ਭੱਜਣ ਦੀ ਕੋਸ਼ਿਸ਼ ਕਰਦੀ ਰਹੀ। ਭਾਈ ਸਾਹਿਬ ਜੀ ਲਗਾਤਾਰ 18-19 ਘੰਟੇ ਬੇਸੁਧ ਰਹੇ ਅਤੇ ਇਸ ਸਮੇਂ ਉਨ੍ਹਾਂ ਦੀ ਸਿੰਘਣੀ ਪੰਚਾਂ ਨੂੰ ਮੰਦਾ-ਚੰਗਾ ਬੋਲਦੀ ਰਹੀ ਕਿ ਮੇਰੇ ਸਿੰਘ ਨੂੰ ਕੁਝ ਕਰ ਦਿੱਤਾ ਹੈ ਉਸ ਨੂੰ ਜਲਦੀ ਠੀਕ ਕਰੋ। (ਇਹ ਵਾਰਤਾ ਭਾਈ ਸਾਹਿਬ ਜੀ ਦੀ ਲੜਕੀ ਬੀਬੀ ਰਾਜਿੰਦਰ ਕੌਰ ਨੇ ਦਸੀ ਹੈ ਜੋ ਉਸ ਸਮਾਗਮ ਵਿਚ ਆਪਣੇ ਹੋਰ ਪਰਿਵਾਰਕ ਮੈਂਬਰਾਂ ਨਾਲ ਅੰਮ੍ਰਿਤ ਛੱਕਣ ਗਈ ਸੀ)

ਇਸ ਪਰਿਵਾਰ ਦੀਆਂ ਬੱਚੀਆਂ (ਖਾਸ ਕਰ ਬੀਬੀ ਰਾਜਿੰਦਰ ਕੌਰ ਜੋ ਕੀਰਤਨੀ ਸਨ) ਨੇ ਮਾਤਾ-ਪਿਤਾ ਨਾਲ ਸਮਾਗਮ ਦੇ ਆਰੰਭ ਵਿਚ ਪਹੁੰਚ ਕੇ ਕੀਰਤਨ ਦੀ ਆਰੰਭਤਾ ਕਰ ਦੇਣੀ। ਸਾਰੇ ਪਰਿਵਾਰ ਨੇ ਚੰਡੀਗੜ੍ਹ ਵਿਚ ਉਸ ਵੇਲੇ ਹੋਣ ਵਾਲੇ ਹੋਲਾ-ਮਹੱਲਾ ਸਮਾਗਮ ਵਿਚ ਲੰਗਰ ਦੀ ਦਿਨ-ਰਾਤ ਹੱਥੀਂ ਸੇਵਾ ਕਰਨੀ। ਭਾਈ ਸਾਹਿਬ ਜੀ ਤੇ ਐਸੀ ਬਖਸ਼ਿਸ਼ ਹੋਈ ਕਿ ਉਹ ਸਾਰੀ-ਸਾਰੀ ਰਾਤ ਇਕੋ ਚੌਂਕੜੇ ਵਿਚ ਹੀ ਬੈਠ ਕੇ ਰੈਣ-ਸਬਾਈ ਕੀਰਤਨ ਸ੍ਰਵਣ ਕਰਦੇ ਸਨ ਅਤੇ ਹਰ ਵੇਲੇ ਨਾਮ ਬਾਣੀ ਵਿਚ ਗੜੂੰਦ ਰਹਿੰਦੇ ਸਨ।

ਭਾਈ ਸਾਹਿਬ ਹਰਚਰਨ ਸਿੰਘ ਜੀ ਚੰਡੀਗੜ੍ਹ ਦੇ ਉੱਦਮ ਨਾਲ ਸੰਨ 1967 ਵਿਚ ਦੋ ਬੱਸਾਂ ਰਾਹੀਂ ਸਰਬ ਹਿੰਦ ਗੁਰਧਾਮ ਯਾਤਰਾ ਦਾ ਪ੍ਰਬੰਧ ਕੀਤਾ ਗਿਆ ਜਿਸ ਵਿਚ ਜਥੇ ਦੇ ਮੁਖੀ ਕੀਰਤਨੀ ਸਿੰਘ/ਬੀਬੀਆਂ ਸ਼ਾਮਿਲ ਹੋਏ ਸਨ। ਵੱਖ-ਵੱਖ ਸ਼ਹਿਰਾਂ/ਇਤਿਹਾਸਕ ਗੁਰਦੁਆਰਿਆਂ ਵਿਚ ਕੀਰਤਨ ਸਮਾਗਮ ਦੇ ਨਾਲ ਅੰਮ੍ਰਿਤ ਸੰਚਾਰ ਸਮਾਗਮ ਵੀ ਰਚੇ ਗਏ ਤੇ ਬਾਹਰਲੇ ਸੂਬਿਆਂ ਦੀ ਬੇਅੰਤ ਸੰਗਤਾਂ ਗੁਰੂ ਚਰਨਾਂ ਨਾਲ ਜੁੜੀਆਂ। ਆਪ ਜੀ ਵੀ ਇਸ ਯਾਤਰਾ ਵਿਚ ਸ਼ਾਮਿਲ ਹੋਏ ਤੇ ਲੰਗਰ ਸਜਾਉਣ ਵਰਤਾਉਣ ਦੀ ਸੇਵਾ ਨਿਭਾਉਂਦੇ ਰਹੇ।

ਚੰਡੀਗੜ੍ਹ ਨਿਵਾਸ ਰੱਖਣ ਵੇਲੇ, ਜਥੇ ਵਿਚ ਸ਼ਾਮਿਲ ਹੋਣ ਤੋਂ ਬਾਅਦ, ਇਨ੍ਹਾਂ ਨੂੰ ਬਾਪੂ ਆਤਮਾ ਸਿੰਘ ਜੀ ਪੰਜੋਖਰਾ ਸਾਹਿਬ, ਭਾਈ ਬਾਵਾ ਸਿੰਘ ਜੀ ਕੁਮਾਰਹਟੀ, ਬਾਬਾ ਸੁਰਜਨ ਸਿੰਘ ਗੁਜਰਵਾਲ, ਭਾਈ ਰਤਨ ਸਿੰਘ ਜੀ ਮਸਤਾਨਾ, ਮਾਸਟਰ ਭੁਪਿੰਦਰ ਸਿੰਘ ਜੀ ਆਦਿ ਗੁਰਸਿੱਖਾਂ ਦੀ ਸੰਗਤ ਮਾਨਣ ਦਾ ਸੁਭਾਗ ਸਮਾਂ ਵੀ ਮਿਲਦਾ ਰਿਹਾ ਹੈ।

ਸਾਦਾ ਖਾਣਾ ਤੇ ਸਾਦਾ ਪਹਿਨਣਾ ਇਨ੍ਹਾਂ ਦੇ ਜੀਵਨ ਦੀ ਖ਼ਾਸ਼ ਵਿਸ਼ੇਸ਼ਤਾਈ ਸੀ। ਕਰਮ ਕਾਂਡ ਤੋਂ ਉਪਰ ਉੱਠ ਕੇ ਆਪਣੇ ਬੱਚਿਆਂ ਦੇ ਅਨੰਦ ਕਾਰਜ ਵੀ ਫਜ਼ੂਲ ਰਸਮਾਂ ਤੋਂ ਬਿਨਾਂ, ਪੂਰਨ ਗੁਰਮਤਿ ਮਰਿਯਾਦਾ ਅਨੁਸਾਰ ਕੀਤੇ। ਅੰਮ੍ਰਿਤ ਵੇਲੇ ਦੀ ਸੰਭਾਲ ਵਿਚ ਬਹੁਤ ਪ੍ਰਪੱਕ ਸਨ। ਨਾਮ ਅਭਿਆਸ ਨਿਤਨੇਮ ਤੋਂ ਬਾਅਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਹਿਜ ਪਾਠ ਨੇਮ ਨਾਲ ਕਰਦੇ ਸਨ। ਉਨ੍ਹਾਂ ਦੀ ਡਾਇਰੀ ਮੁਤਾਬਕ ਅਜਿਹੇ ਪਾਠਾਂ ਦੀ ਗਿਣਤੀ ਸੈਂਕੜਿਆਂ ਵਿਚ ਬਣਦੀ ਹੈ।

ਆਪ ਜੀ ਜਥੇ ਵਲੋਂ ਹੋਣ ਵਾਲੇ ਸਾਰੇ ਹਫਤਾਵਰੀ ਅਤੇ ਕੇਂਦਰੀ ਸਮਾਗਮ ਦੀ ਹਾਜ਼ਰੀ ਅਖ਼ੀਰਲੇ ਸਮੇਂ ਤਾਈ ਭਰਦੇ ਰਹੇ ਹਨ, ਚਾਹੇ ਉਨ੍ਹਾਂ ਦੀ ਸਿਹਤ ਕਾਫੀ ਕਮਜ਼ੋਰ ਹੋ ਗਈ ਸੀ। ਇਸ ਤੋਂ ਇਲਾਵਾ ਸ੍ਰੀ ਪੂਰਨ ਜੀ ਵਲੋਂ ਆਰੰਭ



www.AKJ.Org

ਕੀਤੀਆਂ ਪਟਨਾ ਸਾਹਿਬ ਅਤੇ ਹੋਰ ਗੁਰਧਾਮਾਂ ਦੀ ਯਾਤਰਾਵਾਂ ਵਿਚ ਵੀ ਉਹ ਹਮੇਸ਼ਾ ਨਾਲ ਰਹਿੰਦੇ ਸਨ ਅਤੇ ਲੰਗਰ ਆਦਿ ਦੀ ਯਥਾਸਕਤ ਸੇਵਾ ਕਰਦੇ ਰਹਿੰਦੇ ਸਨ।

ਹੌਲੀ-ਹੌਲੀ ਉਨ੍ਹਾਂ ਦਾ ਪੰਜ ਭੂਤਕ ਸਰੀਰ ਖੀਣ ਹੋਣਾ ਆਰੰਭ ਹੋ ਗਿਆ ਅਤੇ ਉਨ੍ਹਾਂ ਨੂੰ ਕੈਂਸਰ ਦੀ ਨਾ ਮੁਰਾਦ ਬੀਮਾਰੀ ਨੇ ਆ ਘੇਰਿਆ। ਡਾਕਟਰਾਂ ਵਲੋਂ ਅਪਰੇਸ਼ਨ ਦੀ ਸਲਾਹ ਨੂੰ ਉਨ੍ਹਾਂ ਨੇ ਰੋਮਾਂ ਦੀ ਬੇਅਦਬੀ ਹੋਣ ਦੇ ਡਰ ਕਰਕੇ ਸਾਫ ਨਾਂਹ ਕਰ ਦਿੱਤੀ। ਆਈ.ਸੀ.ਯੂ. ਵਿਚ ਵੀ ਦਾਖਲ ਹੋਣ ਵਾਲੇ ਉਹ ਆਪਣੇ ਕਕਾਰਾਂ ਦਾ ਹਰ ਵੇਲੇ ਧਿਆਨ ਰਖਦੇ ਸਨ। ਅਖੀਰਲੇ ਸੁਆਸ ਤਾਈਂ ਉਨ੍ਹਾਂ ਦੀ ਸੁਰਤੀ ਬਿਰਤੀ ਕਾਇਮ ਰਹੀ ਤੇ ਉਹ ਨਾਮ ਬਾਣੀ ਨਾਲ ਜੁੜੇ ਰਹੇ। ਅਖੀਰ ਮਿਤੀ 14 ਨਵੰਬਰ 2019 ਸ਼ਾਮ ਨੂੰ ਪਰਿਵਾਰ ਅਤੇ ਸਿੱਖ ਸੰਗਤਾਂ ਦੀ ਮੌਜੂਦਗੀ ਵਿਚ ਸੋਦਰ ਦੇ ਪਾਠ ਉਪਰੰਤ ਸ਼ਬਦ ਕੀਰਤਨ ਦੀ ਸਮਾਪਤੀ ਦੇ ਨਾਲ ਹੀ, ਸਹਿਜੇ ਹੀ ਪੰਜ ਭੂਤਕ ਚੋਲਾ ਛੱਡ ਕੇ, ਆਪਣਾ ਜੀਵਨ ਸਫਲ ਕਰਦੇ ਹੋਏ ਗੁਰੂ ਚਰਨਾਂ ਵਿਚ ਜਾ ਬਿਰਾਜੇ। ਉਨ੍ਹਾਂ ਦੇ ਸਿਦਕ ਅਤੇ ਦ੍ਰਿੜ੍ਹਤਾ ਅਗੇ ਹਮੇਸ਼ਾ ਸੀਸ ਨਿਵਦਾ ਰਹੇਗਾ।

## ਭਾਈ ਜਗਜੀਤ ਸਿੰਘ ਜੀ, ਮੁ਼ਗਲ ਸਰਾਏ

ਭਾਈ ਗੁਰਦੀਪ ਸਿੰਘ ਸ੍ਰੀ ਅੰਮ੍ਰਿਤਸਰ

ਭਾਈ ਜਗਜੀਤ ਸਿੰਘ ਜੀ ਜੋ ਕਿ ਇਕ ਕਿਰਤੀ ਸਿੱਖ, ਸਬਰ ਸੰਤੋਖੀ ਅਤੇ ਚਲਦੀ-ਫਿਰਦੀ ਟਕਸਾਲ ਸੀ, ਦਾ ਜਨਮ ਪਿਤਾ ਕਰਤਾਰ ਸਿੰਘ ਜੀ ਅਤੇ ਮਾਤਾ ਪ੍ਰਕਾਸ਼ ਕੌਰ ਜੀ ਦੇ ਘਰ ਮਿਤੀ 19 ਅਕਤੂਬਰ 1927 ਨੂੰ ਪਿੰਡ ਢੱਕ ਕੱਲਾ, ਜ਼ਿਲ੍ਹਾ ਗੁਜਰਾਤ ਪਾਕਿਸਤਾਨ ਵਿਚ ਹੋਇਆ। ਇਨ੍ਹਾਂ ਦੇ ਮਾਤਾ-ਪਿਤਾ ਭਾਵੇਂ ਸਿੱਖ ਪਰਿਵਾਰ ਵਿਚੋਂ ਸਨ ਪਰੰਤੂ ਗੁਰਮਤਿ ਦੇ ਧਾਰਨੀ ਨਹੀਂ ਸਨ। ਉਸ ਇਲਾਕੇ ਵਿਚ ਮਾਸ ਦਾ ਸੇਵਨ ਬਹੁਤ ਜ਼ਿਆਦਾ ਸੀ ਅਤੇ ਆਪ ਜੀ ਦੇ ਪਰਿਵਾਰ ਵੀ ਇਸ ਲਾਹਨਤ ਤੋਂ ਨਹੀਂ ਸੀ ਬਚਿਆ ਹੋਇਆ। ਆਪ ਜੀ ਦੀ ਆਯੂ ਅਜੇ 13 ਸਾਲ ਦੀ ਹੀ ਸੀ ਕਿ ਆਪ ਆਪਣੇ ਦੋਸਤਾਂ-ਮਿਤਰਾਂ ਨਾਲ ਪਿੰਡ ਵਿਚ ਚਲ ਰਹੇ ਆਰੀਆ ਸਮਾਜ ਦੇ ਸਤਸੰਗਿ ਵਿਚ ਚਲੇ ਗਏ। ਉਸ ਵੇਲੇ ਮਾਸ ਖਾਣ ਦੇ ਵਿਸ਼ੇ ਤੇ ਕਥਾ ਵੀਚਾਰ ਹੋ ਰਹੀ ਸੀ। ਕਥਾ ਕਰਨ ਵਾਲੇ ਸੱਜਣ ਨੇ ਆਪ ਜੀ ਦੇ ਸਿੱਖੀ ਸਰੂਪ ਵਲ ਇਸ਼ਾਰਾ ਕਰਕੇ ਕਿਹਾ, ਦੇਖੋ ! ਕਿਤਨਾ ਸੁਹਣਾ ਸਰੂਪ ਹੈ? ਇਹ ਤਾਂ ਮਾਸ ਵੀ ਨਹੀਂ ਖਾਦੇ ਹੋਣੇ। ਇਨ੍ਹਾਂ ਦੇ ਇਕ ਮਿੱਤਰ ਨੇ ਕਥਾ ਕਰਨ ਵਾਲੇ ਨੂੰ ਜੁਆਬ ਦਿੱਤਾ ਕਿ ਇਨ੍ਹਾਂ ਦੇ ਘਰ ਤਾਂ ਹਰ ਰੋਜ਼ ਸ਼ਾਮ ਨੂੰ ਮਾਸ ਰਿੱਝਦਾ ਹੈ ਅਤੇ ਇਹ ਖੁਦ ਸ਼ਿਕਾਰ ਕਰਕੇ ਝਟਕੇ ਦਾ ਮਾਸ ਖਾਂਦੇ ਹਨ। ਆਰੀਆ ਸਮਾਜੀਆਂ ਵਲੋਂ ਸਿੱਖੀ ਸਰੂਪ ਦੀ ਕੀਤੀ ਉਟੰਕਣ ਤੋ ਪ੍ਰੇਰਿਤ ਹੋ ਕੇ ਇਨ੍ਹਾਂ ਨੇ ਮਾਸ ਨਾ ਖਾਣ ਦਾ ਪੱਕਾ ਪ੍ਰਣ ਕਰ ਲਿਆ। ਘਰ ਵਿਚ ਮਾਸ ਬਣਿਆ ਹੋਣ ਕਰਕੇ, ਆਪ ਜੀ ਨੇ ਦੋ ਦਿਨ ਘਰ ਵਿਚ ਕੋਈ ਭੋਜਨ ਵੀ ਨਹੀਂ ਖਾਧਾ ਅਤੇ ਭੁੱਖੇ ਹੀ ਰਹੇ। ਇਸ ਤਰ੍ਹਾਂ ਆਪ ਜੀ ਮਾਸ ਦੇ ਪੱਕੇ ਤਿਆਰੀ ਬਣ ਗਏ।

ਆਪ ਜੀ ਨੇ ਆਪਣੀ ਮੁੱਢਲੀ ਵਿਦਿਆ ਪੰਜਵੀਂ ਤਾਈਂ ਪਿੰਡ ਦੇ ਸਕੂਲ ਤੋਂ ਹੀ ਲਈ ਅਤੇ ਘਰ ਦੀ ਮਾਇਕ ਹਾਲਤ ਕਮਜ਼ੋਰ ਹੋਣ ਕਾਰਨ ਉਚੇਰੀ ਵਿਦਿਆ ਨਹੀਂ ਲੈ ਸਕੇ। ਆਪ ਨੇ ਪਿਤਾ ਜੀ ਦੇ ਨਾਲ ਹੀ ਦੁਕਾਨ 'ਤੇ ਕੰਮ ਕਰਨਾ ਸ਼ੁਰੂ ਕਰ ਦਿੱਤਾ।

ਆਪ ਜੀ ਦੇ ਚਾਚਾ ਜੀ ਦੀ ਘਰ ਵਿਚ ਹੀ ਕਰਿਆਨੇ ਦੀ ਦੁਕਾਨ ਸੀ। ਉਹ ਕਰਿਆਨੇ ਦੇ ਨਾਲ ਨਾਲ ਸਿਗਰਟਾਂ-ਬੀੜੀਆਂ ਵੀ ਰੱਖ ਕੇ ਵੇਚਦੇ ਸਨ। ਅਜੇ ਉਮਰ ਘੱਟ ਅਤੇ ਬੇ-ਸਮਝੀ ਕਾਰਨ ਕਿਸੇ ਗਾਹਕ ਦੀ ਮੰਗ 'ਤੇ ਉੱਠ ਕੇ ਉਸ ਨੂੰ ਬੀੜੀਆਂ ਦਾ ਪੈਕਟ ਫੜਾ ਦਿੱਤਾ। ਉਸੇ ਰਾਤ ਸੁਪਨੇ ਵਿਚ ਸਫੈਦ ਕਪੜਿਆਂ ਵਿਚ ਆਪ ਨੂੰ ਗੁਰੂ



www.AKJ.Org

ਸਾਹਿਬ ਜੀ ਦੇ ਸਰੂਪ ਵਰਗੇ ਇਕ ਸਿੰਘ ਦੇ ਦਰਸ਼ਨ ਹੋਏ ਜਿਸ ਨੇ ਆਪ ਜੀ ਨੂੰ ਕੇਸਾਂ ਤੋਂ ਫੜ੍ਹ ਕੇ ਐਸਾ ਝੰਜੋੜਿਆ ਕਿ ਤਕਲੀਫ ਨਾਲ ਆਪ ਦੀਆਂ ਚੀਕਾਂ ਨਿਕਲ ਗਈਆਂ। ਆਪ ਜੀ ਨੇ ਆਪਣੀ ਗ਼ਲਤੀ ਮੰਨਦੇ ਹੋਏ ਮੁਆਫੀ ਮੰਗ ਕੇ ਜਾਨ ਛੁਡਾਈ ਅਤੇ ਅਗੋਂ ਤਮਾਕੂ ਨੂੰ ਹੱਥ ਨਾ ਲਾਉਣ ਦਾ ਪ੍ਰਣ ਕੀਤਾ।

ਆਪ ਜੀ ਦਾ ਅਨੰਦ ਕਾਰਜ 1946 ਵਿਚ ਬੀਬੀ ਰਾਮ ਪਿਆਰੀ ਜੋ ਕਿ ਸਹਿਜਧਾਰੀ ਪਰਿਵਾਰ ਵਿਚੋਂ ਸੀ, ਪਾਕਿਸਤਾਨ ਵਿਚ ਰਹਿੰਦੇ ਸਮੇਂ ਹੀ ਹੋ ਗਿਆ ਸੀ। ਇਸ ਬੀਬੀ ਜੀ ਦਾ ਅੰਮ੍ਰਿਤ ਛਕਣ ਤੋਂ ਬਾਅਦ ਨਾਮ ਇੰਦਰਜੀਤ ਕੌਰ ਰੱਖਿਆ ਗਿਆ ਜੋ ਸਾਰੀ ਉਮਰ ਆਪ ਜੀ ਦੀ ਆਗਿਆਕਾਰ, ਸੁਘੜ ਸੁਆਣੀ, ਸੇਵਾ ਸਿਮਰਨ ਦੀ ਪੁੰਜ, ਗੁਰੂ ਘਰ ਦੀ ਅਣਥੱਕ ਸੇਵਾਦਾਰ ਤੇ ਸ਼ਰਧਾਲੂ ਰਹੀ।

ਦੇਸ਼ ਦੀ ਵੰਡ ਤੋਂ ਬਾਅਦ ਆਪ ਪਰਿਵਾਰ ਸਮੇਤ ਬ੍ਰੇਲੀ (ਯੂ.ਪੀ.) ਆ ਗਏ ਤੇ ਖੇਤੀਬਾੜੀ ਦੇ ਨਾਲ-ਨਾਲ ਪਿੰਡਾਂ ਵਿਚ ਕਪੜੇ ਵੇਚਣ ਦਾ ਕੰਮ ਵੀ ਕਰਦੇ ਰਹੇ। ਇਥੇ ਇਨ੍ਹਾਂ ਨੂੰ ਪਾਕਿਸਤਾਨ ਤੋਂ ਉਝੜ ਕੇ ਆਏ ਕੁਝ ਗੁਰਸਿਖਾਂ ਦੀ ਸੰਗਤ ਪ੍ਰਾਪਤ ਹੋ ਗਈ ਅਤੇ ਆਪ ਜੀ ਗੁਰੂ ਰੂਪ ਪੰਜਾਂ ਪਿਆਰਿਆਂ ਕੋਲੋਂ ਅੰਮ੍ਰਿਤ ਛੱਕ ਕੇ ਗੁਰੂ ਵਾਲੇ ਬਣ ਗਏ। ਪਰ ਰਹਿਤ-ਬਹਿਤ ਵਿਚ ਪੂਰੀ ਦ੍ਰਿੜ੍ਹਤਾ ਨਾ ਰਖੀ।

ਬ੍ਰੇਲੀ ਕੰਮ ਕਾਰ ਨਾ ਚਲਣ ਕਰਕੇ ਆਪ ਜੀ ਮੁਗਲਸਰਾਏ ਆ ਗਏ ਅਤੇ ਘਰ ਵਿਚ ਹੀ ਖੋਏ ਦੇ ਪੇੜੇ ਅਤੇ ਛੋਲਿਆਂ ਦੀਆਂ ਘੁੰਘਣੀਆਂ ਬਣਾ ਕੇ ਰੇਲ ਗੱਡੀ ਵਿਚ ਫੇਰੀ ਲਾ ਕੇ ਵੇਚਣੀਆਂ ਸ਼ੁਰੂ ਕਰ ਦਿੱਤੀਆਂ। ਆਪ ਜੀ ਮੁਗਲਸਰਾਏ ਤੋਂ ਸਵੇਰੇ ਚਲ ਕੇ ਧੰਨਵਾਦ ਤਾਈ ਜਾਂਦੇ ਤੇ ਵਾਪਸ ਰਾਤ ਨੂੰ ਆ ਜਾਂਦੇ। ਇਸ ਤਰ੍ਹਾਂ ਪਰਿਵਾਰ ਦਾ ਗੁਜ਼ਾਰਾ ਚਲ ਪਿਆ। ਪਹਿਲਾਂ ਆਪ ਧੰਨਬਾਦ ਜਾਂਦੇ ਸਨ ਫਿਰ ਡੇਰੀ-ਔਨ-ਸੋਨ ਤਾਈਂ ਹੀ ਜਾਣਾ ਸ਼ੁਰੂ ਕਰ ਦਿੱਤਾ ਅਤੇ ਉਥੇ ਦੋ-ਤਿੰਨ ਘੰਟੇ ਵਾਪਸੀ ਗੱਡੀ ਆਉਣ ਤੱਕ, ਗੁਰਦੁਆਰਾ ਜੋ ਕਿ ਸਟੇਸ਼ਨ ਦੇ ਨੇੜੇ ਹੀ ਸੀ, ਜਾ ਕੇ ਅਰਾਮ ਕਰ ਲੈਂਦੇ।

ਮੁਗਲਸਰਾਏ ਆਉਣ ਤੋਂ ਪਹਿਲਾਂ ਆਪ ਜੀ ਨੂੰ ਗੁਰਸਿੱਖੀ ਦੀ ਲਗਨ ਤਾਂ ਲੱਗ ਚੁਕੀ ਸੀ ਅਤੇ ਪਰਿਵਾਰ ਸਮੇਤ ਗੁਰਦੁਆਰੇ ਸਵੇਰੇ ਸ਼ਾਮ ਹਾਜ਼ਰੀ ਭਰਦੇ ਸਨ। ਇਥੇ ਆਪ ਜੀ ਨੇ ਕੀਰਤਨ ਕਰਨਾ ਵੀ ਸਿਖ ਲਿਆ। ਮੁਗਲਸਰਾਏ ਸ਼ਹਿਰ ਵਿਚ ਰੇਲਵੇ ਦੀ ਇਕ ਵੱਡੀ ਵਰਕਸ਼ਾਪ ਹੈ ਅਤੇ ਉਸ ਵਿਚ ਬਹੁਤ ਸਾਰੇ ਗੁਰਸਿਖ ਨੌਕਰੀ ਕਰਦੇ ਸਨ। ਇਸ ਤਰ੍ਹਾਂ ਇਕ ਗੁਰਦੁਆਰਾ ਰੇਲਵੇ ਕੋਲੋਨੀ ਵਿਚ ਵੀ ਸੀ, ਜਿਥੇ ਜਥੇ ਦੇ ਇਕ ਪੁਰਾਤਨ ਗੁਰਸਿਖ ਭਾਈ ਅਵਤਾਰ ਸਿੰਘ ਜੀ, ਜੋ ਕਿ ਭਾਈ ਮੋਹਨ ਸਿੰਘ ਜੀ ਗਾਰਡ ਕਾਨਪੁਰ ਦੇ ਸੰਗੀ ਸਾਥੀ ਸਨ, ਰਹਿੰਦੇ ਸਨ। ਉਹ ਇਸ ਗੁਰਦੁਆਰੇ ਕਾਨਪੁਰ, ਬਨਾਰਸ ਤੇ ਹੋਰ ਲਾਗਲੇ ਸ਼ਹਿਰਾਂ ਦੇ ਸਿੰਘਾਂ ਨੂੰ ਬੁਲਾ ਕੇ, ਲੋਕਲ ਸੰਗਤਾਂ ਦੇ ਸਹਿਯੋਗ ਨਾਲ ਰੈਣ ਸਬਾਈ ਕੀਰਤਨ ਕਰਵਾਉਂਦੇ ਰਹਿੰਦੇ ਸਨ। ਮੁਗਲਸਰਾਏ ਸਿੱਖ ਵਸੋਂ ਘੱਟ ਹੋਣ ਕਰਕੇ 2-3 ਹੀ ਗੁਰਦੁਆਰੇ ਸਨ। ਸਾਰੀ ਸੰਗਤ ਰਲ ਮਿਲ ਕੇ, ਇਸ ਤਰ੍ਹਾਂ ਦੇ ਰੈਣ ਸਬਾਈ ਕੀਰਤਨ ਜਾਂ ਗੁਰਪੁਰਬਾਂ ਦੇ ਸਮੇਂ ਸਮਾਗਮ ਰੱਚਦੇ ਰਹਿੰਦੇ ਸਨ। ਸੋ ਆਪ ਜੀ ਨੇ ਵੀ ਰੇਲਵੇ ਕੋਲੋਨੀ ਦੇ ਗੁਰਦੁਆਰੇ ਵਿਚ ਹੋਣ ਵਾਲੇ ਰੈਣ ਸਬਾਈ ਕੀਰਤਨ ਦੀ ਹਾਜਰੀ ਭਰਨੀ ਸ਼ੁਰੂ ਕਰ ਦਿੱਤੀ। ਫਿਰ ਸਿੰਘਾਂ ਦੀ ਪ੍ਰੇਰਨਾ ਨਾਲ ਦੁਬਾਰਾ ਅੰਮ੍ਰਿਤ ਛਕ ਕੇ ਪਰਿਵਾਰ ਸਹਿਤ ਤਿਆਰ-ਬਰ-ਤਿਆਰ ਹੋ ਕੇ ਗੁਰਮਤਿ ਰਹਿਤ ਬਹਿਤ ਦੇ ਧਾਰਨੀ ਹੋ ਗਏ ਤੇ ਨਾਮ ਬਾਣੀ ਦੇ ਚਲੂਲੇ ਰੰਗ ਮਾਣਨੇ ਸ਼ੁਰੂ ਕਰ ਦਿੱਤੇ।

ਜਿਥੇ ਆਪ ਖ਼ੁਦ ਕੀਰਤਨ ਕਰਦੇ ਸਨ ਉੱਥੇ ਉਨ੍ਹਾਂ ਬੱਚਿਆਂ ਨੂੰ ਵੀ ਗੁਰਬਾਣੀ ਦੇ ਪਾਠ ਦੀ ਸੰਥਿਆ ਦੇ ਨਾਲ-ਨਾਲ ਕੀਰਤਨ ਸਿਖਾਉਣਾ ਸ਼ੁਰੂ ਕਰ ਦਿੱਤਾ। ਹਰ ਰੋਜ਼ ਸਵੇਰੇ ਆਪਣੇ ਬੱਚਿਆਂ ਨੂੰ ਨਾਲ ਲੈ ਕੇ ਨੇੜਲੇ ਗੁਰਦੁਆਰੇ ਵਿਚ ਸ੍ਰੀ ਆਸਾ ਕੀ ਵਾਰ ਦੇ ਕੀਰਤਨ ਦੀ ਸੇਵਾ ਵੀ ਆਰੰਭ ਕਰ ਦਿੱਤੀ ਤੇ ਬੱਚੇ ਕੀਰਤਨ ਦੀ ਸਮਾਪਤੀ ਤੋਂ ਬਾਅਦ ਹੀ ਸਕੂਲ ਜਾਂਦੇ ਸਨ। ਸ਼ਾਮ ਨੂੰ ਫਿਰ ਇਸੇ ਤਰ੍ਹਾਂ ਪਰਿਵਾਰ ਸਮੇਤ ਗੁਰਦੁਆਰੇ ਹਾਜ਼ਰੀ ਭਰਨੀ। ਇਨ੍ਹਾਂ ਦੀ ਇਸ ਗੁਰਮਤਿ ਰਹਿਣੀ-ਬਹਿਣੀ ਅਤੇ ਗੁਰੂ ਘਰ ਵਿਚ ਨਿਸ਼ਕਾਮ ਕੀਰਤਨ ਦੇ ਫਲਸਰੂਪ, ਇਨ੍ਹਾਂ ਦੇ ਬੱਚੇ ਵੀ ਗੁਰਮਤਿ



www.AKJ.Org

ਰਹਿਤ ਬਹਿਤ ਦੇ ਪੱਕੇ ਧਾਰਨੀ ਹੋ ਗਏ। ਇਥੋਂ ਤਕ ਇਨ੍ਹਾਂ ਦੇ ਘਰ ਕੰਮ ਕਰਨ ਵਾਲੇ ਦੋ ਨੌਕਰ ਵੀ ਹੌਲੀ-ਹੌਲੀ ਗੁਰਸਿੱਖੀ ਧਾਰਨ ਕਰ ਗਏ। ਇਕ ਦਾ ਨਾਮ ਹਰੀਆ ਸੀ, ਜੋ ਅੰਮ੍ਰਿਤ ਛਕ ਕੇ ਹਰੀ ਸਿੰਘ ਬਣਿਆ ਅਤੇ ਗੁਰਬਾਣੀ ਦਾ ਪਾਠ ਅਤੇ ਆਸਾ ਜੀ ਦੀ ਵਾਰ ਦਾ ਕੀਰਤਨ ਸਿੱਖ ਕੇ ਰਾਗੀ ਸਿੰਘ ਬਣ ਗਿਆ। ਦੂਸਰਾ ਨੌਕਰ ਹਰਦੀਪ ਸਿੰਘ ਸੀ ਜਿਸ ਨੂੰ ਸਕੂਲੀ ਵਿਦਿਆ ਦੇ ਨਾਲ ਨਾਲ ਪਾਠ ਕਰਨਾ ਵੀ ਸਿਖਾਇਆ। ਉਹ ਅਖੰਡ ਪਾਠੀ ਬਣ ਕੇ ਪਹਿਲਾਂ ਰਾੜਾ ਸਾਹਿਬ ਅਤੇ ਫਿਰ ਬਾਅਦ ਵਿਚ ਦਿੱਲੀ ਜਾ ਕੇ ਅਖੰਡ ਪਾਠੀ ਦੇ ਤੌਰ ’ਤੇ ਸੇਵਾ ਕਰਨ ਲਗ ਪਿਆ।

ਗੱਡੀ ਵਿਚ ਪੇੜੇ ਤੇ ਨਮਕੀਨ ਛੋਲੇ ਵੇਚਣ ਲਈ ਧੰਨਬਾਦ ਜਾਣ ਕਰਕੇ ਪਹਿਲਾਂ ਇਨ੍ਹਾਂ ਦਾ ਸੰਬੰਧ ਧੰਨਬਾਦ ਨਿਵਾਸੀ ਸਿੰਘਾਂ ਭਾਈ ਗੁਲਾਬ ਸਿੰਘ ਜੀ (ਪਿਤਾ ਭਾਈ ਮਾਨ ਸਿੰਘ ਜੀ) ਭਾਈ ਲਾਭ ਸਿੰਘ, (ਪਿਤਾ ਭਾਈ ਕਿਸ਼ਨ ਸਿੰਘ ਜੀ ਅੰਮ੍ਰਿਤਸਰ) ਭਾਈ ਗਿਆਨ ਸਿੰਘ ਜੀ ਸਿੰਧਰੀ ਵਾਲੇ ਅਤੇ ਹੋਰ ਸੰਗਤਾਂ ਨਾਲ ਬਣਿਆ। ਫਿਰ ਡੇਰੀ ਔਨ ਸੋਨ ਸਟੇਸ਼ਨ ਦੇ ਗੁਰਦੁਆਰੇ ਰੁਕਣ ਵੇਲੇ ਭਾਈ ਰਵਿੰਦਰ ਸਿੰਘ ਜੀ ਸ੍ਰੀ ਅੰਮ੍ਰਿਤਸਰ, ਗੁਰਪੁਰ ਵਾਸੀ ਭਾਈ ਮਘਰ ਸਿੰਘ ਜੀ ਸ੍ਰੀ ਅੰਮ੍ਰਿਤਸਰ ਅਤੇ ਗੁਰ ਪੁਰ ਵਾਸੀ ਭਾਈ ਹਰਬੰਸ ਸਿੰਘ ਜੀ ਸਾਸਾਰਾਮ ਵਾਲੇ ਪਰਿਵਾਰ ਨਾਲ ਬਣਿਆ। ਭਾਈ ਮੱਘਰ ਸਿੰਘ ਜੀ ਅਤੇ ਭਾਈ ਰਵਿੰਦਰ ਸਿੰਘ ਜੀ ਦੇ ਇਨ੍ਹਾਂ ਦੀ ਪ੍ਰੇਰਨਾ ਕਰਕੇ ਹੀ, ਜਥੇ ਨਾਲ ਸੰਬੰਧ ਬਣੇ ਸਨ। ਭਾਈ ਜੀਵਨ ਸਿੰਘ ਜੀ ਦੇ ਸ੍ਰੀ ਪਟਨਾ ਸਾਹਿਬ ਆਉਣ ’ਤੇ ਆਪ ਜੀ ਨੇ ਉਨ੍ਹਾਂ ਦੀ ਸੰਗਤ ਦਾ ਆਨੰਦ ਵੀ ਮਾਣਿਆ। ਆਪ ਹਰ ਸਾਲ ਦੁਸਹਿਰਾ ਸਮਾਗਮ ’ਤੇ ਪਰਿਵਾਰ ਅਤੇ ਹੋਰ ਸੰਗੀ ਸਾਥੀਆਂ ਨਾਲ ਦਿਲੀ ਜਾ ਕੇ ਵੀ ਕੀਰਤਨ ਸਮਾਗਮ ਦੀਆਂ ਹਾਜ਼ਰੀਆਂ ਭਰਿਆ ਕਰਦੇ ਸਨ। ਲੋੜਵੰਦਾਂ ਦਾ ਕੋਲੋਂ ਕਿਰਾਇਆ ਖਰਚ ਕੇ ਅਤੇ ਦਸਵੰਧ ਕੱਢ ਕੇ ਆਪਣੀ ਕਿਰਤ ਕਮਾਈ ਨੂੰ ਸਫਲਾ ਕਰਦੇ ਸਨ। ਜਿਹੜੀਆਂ ਸੰਗਤਾਂ ਸ੍ਰੀ ਪਟਨਾ ਸਾਹਿਬ ਯਾਤਰਾ ਤੇ ਜਾਂਦੀਆਂ ਸਨ, ਉਨ੍ਹਾਂ ਦੀ ਲੋੜ ਅਨੁਸਾਰ ਸਟੇਸ਼ਨ ’ਤੇ ਜਾ ਕੇ ਲੰਗਰ ਜਾਂ ਜਲ ਪਾਣੀ ਦੀ ਸੇਵਾ ਵੀ ਕਰਿਆ ਕਰਦੇ ਸਨ।

ਆਪ ਜੀ ਗਤਕੇ ਦੇ ਵੀ ਤਕੜੇ ਖਿਡਾਰੀ ਸਨ ਤੇ ਘੋੜ ਸਵਾਰੀ ਦਾ ਵੀ ਸ਼ੌਕ ਰਖਦੇ ਸਨ। ਆਪਣੇ ਘਰ ਵਿਚ ਹੀ ਘੋੜੇ ਰਖੇ ਹੋਏ ਸਨ। ਦੋ ਹੱਥਾਂ ਵਿਚ ਸ੍ਰੀ ਸਾਹਿਬ ਫੜ ਕੇ ਅਤੇ ਘੋੜੇ ਦੀ ਲਗਾਮ ਮੂੰਹ ਵਿਚ ਪਾ ਕੇ ਉਹ ਇਕ ਤਕੜੇ ਜੰਗਜੂ ਵਾਂਗ ਗਤਕਾ ਖੇਡਦੇ ਸਨ ਅਤੇ ਪੁਰਾਤਨ ਸ਼ਹੀਦ ਸਿੰਘਾਂ ਦੀ ਯਾਦ ਦਿਵਾ ਦਿੰਦੇ ਸਨ।

ਆਪ ਜੀ ਦਾ ਸਰੀਰ ਪਹਿਲਾਂ ਚੁਸਤ-ਫੁਰਤ ਸੀ ਤੇ ਸਿਹਤ ਵੀ ਠੀਕ ਰਹੀ ਪਰੰਤੂ 1983 ਵਿਚ ਆਪ ਜੀ ਗੰਠੀਏ ਦੀ ਬੀਮਾਰੀ ਦਾ ਸ਼ਿਕਾਰ ਹੋ ਗਏ, ਜਿਸ ਨਾਲ ਤੁਰਨ-ਫਿਰਨ ਘੱਟਣ ਕਰਕੇ ਸਰੀਰ ਵੀ ਭਾਰਾ ਹੋ ਗਿਆ ਸੀ।

ਸੰਨ 1984 ਵਿਚ ਦੇਸ਼ ਭਰ ਵਿਚ ਹੋਏ ਦੰਗਿਆਂ ਤੋਂ ਬਾਅਦ ਆਪ ਜੀ ਪਰਿਵਾਰ ਸਮੇਤ ਲੁਧਿਆਣਾ ਆ ਗਏ। ਇਨ੍ਹਾਂ ਦੇ ਘਰ ਚਾਰ ਸਪੁੱਤਰ ਅਤੇ ਦੋ ਸਪੁੱਤਰੀਆਂ ਪੈਦਾ ਹੋਈਆਂ ਜੋ ਸਾਰੇ ਹੀ ਗੁਰਮਤਿ ਵਿਚ ਪ੍ਰਪੱਕ ਹਨ। ਇਨ੍ਹਾਂ ਦਾ ਵੱਡਾ ਲੜਕਾ ਸ. ਹਰਵਿੰਦਰ ਸਿੰਘ ਪਹਿਲਾਂ ਵੱਖ-ਵੱਖ ਗੁਰੂ ਘਰਾਂ ਵਿਚ ਰਾਗੀ ਸਿੰਘ ਦੀ ਡਿਊਟੀ ਕਰਦਾ ਸੀ ਤੇ ਫਿਰ ਉਹ ਅਮਰੀਕਾ ਚਲਾ ਗਿਆ। ਕੁਝ ਸਮਾਂ ਉਸਨੇ ਭਾਈ ਜੀਵਨ ਸਿੰਘ ਜੀ ਨਾਲ ਵੀ ਤਬਲੇ ਦੀ ਸੇਵਾ ਨਿਭਾਈ ਹੈ। ਆਪ ਅੰਮ੍ਰਿਤ ਵੇਲੇ ਦੀ ਸੰਭਾਲ ਵਿਚ ਵੀ ਪ੍ਰਪੱਕ ਸਨ ਤੇ ਲੁਧਿਆਣੇ ਬਿਨਾਂ ਨਾਗਾ ਸੰਗਤੀ ਅੰਮ੍ਰਿਤ ਵੇਲੇ ਸਮਾਗਮ ਦੀ ਹਾਜ਼ਰੀ ਭਰਦੇ ਰਹੇ ਹਨ। ਜਦੋਂ ਕੋਈ ਵੀ ਪ੍ਰਾਣੀ ਘਰ ਵਿਚ ਆਉਂਦਾ, ਉਸ ਨੂੰ ਬਾਣੀ ਨਾਲ ਜੁੜਨ ਦੀ ਪ੍ਰੇਰਨਾ ਦਿੰਦੇ। ਖ਼ਾਸ ਕਰ, ਜੇ ਕਰ ਸੰਧਿਆ ਵੇਲੇ ਘਰ ਆਉਂਦਾ ਤਾਂ ਉਸ ਨਾਲ ਬੈਠ ਕੇ ਸੋਦਰੁ ਰਹਰਾਸਿ ਦਾ ਪਾਠ ਜ਼ਰੂਰ ਕਰਦੇ। ਸੰਨ 2008 ਵਿਚ ਉਹ ਪਰਿਵਾਰ ਸਮੇਤ ਆਪਣੇ ਬੇਟੇ ਹਰਵਿੰਦਰ ਸਿੰਘ ਕੋਲ ਅਮਰੀਕਾ ਚਲੇ ਗਏ ਤੇ ਘਰ ਵਿਚ ਹੀ ਨਾਮ ਬਾਣੀ ਨਾਲ ਜੁੜੇ ਰਹਿੰਦੇ ਸਨ।

ਚੜਾਈ ਕਰਨ ਤੋਂ 15 ਕੁ ਦਿਨ ਪਹਿਲਾਂ ਉਨ੍ਹਾਂ ਦੀ ਸਿਹਤ ਬੁਢੇਪੇ ਅਤੇ ਕਮਜ਼ੋਰੀ ਕਾਰਨ ਢਿੱਲੀ ਰਹਿਣ ਲਗ ਪਈ, ਪਰ ਮੰਜੇ ’ਤੇ ਪਏ-ਪਏ ਹੀ ਬੱਚਿਆਂ ਕੋਲੋਂ ਗੁਰਬਾਣੀ ਦਾ ਪਾਠ ਸੁਣਦੇ ਰਹਿੰਦੇ ਸਨ। ਅੰਤਮ ਦਿਨ ਮਿਤੀ 15 ਜੂਨ 2015 ਨੂੰ ਸਾਰੇ ਪਰਿਵਾਰ ਨੇ ਰਲ ਮਿਲ ਕੇ ਕੀਰਤਨ ਕੀਤਾ ਅਤੇ ਆਪ ਜੀ ਨੇ ਸਾਰਾ ਕੀਰਤਨ ਲੰਮੇ ਪਿਆਂ ਹੀ


www.AKJ.Org

ਸੁਣਿਆ। ਉਸ ਦਿਨ ਦੇਗ ਵੀ ਸਜਾਈ ਗਈ ਅਤੇ ਆਪ ਜੀ ਦੇ ਮੁਖ ਵਿਚ ਪਾਈ ਗਈ। ਭੋਗ ਪੈਣ ਤੋਂ ਬਾਅਦ ਸਾਰੇ ਪਰਿਵਾਰ ਨੇ ਪ੍ਰਸ਼ਾਦਾ ਛਕਣ ਤੋਂ ਬਾਅਦ ਜਦ ਆਪ ਜੀ ਨੂੰ ਦੇਖਿਆ ਤਾਂ ਦੇਗ ਅਜੇ ਮੂੰਹ ਵਿਚ ਹੀ ਪਈ ਸੀ ਅਤੇ ਅੰਦਰ ਨਹੀਂ ਲੰਘਾਈ ਸੀ। ਜਦੋਂ ਹਿਲਾ ਕੇ ਦੇਖਿਆ ਤਾਂ ਭੌਰ ਉਡਾਰੀ ਮਾਰ ਚੁੱਕਾ ਸੀ। ਇਸ ਤਰ੍ਹਾਂ ਇਹ ਗੁਰਮੁਖ ਰੂਹ ਅੰਤਲੇ ਸੁਆਸ ਤਾਈਂ ਨਾਮ ਬਾਣੀ ਨਾਲ ਜੁੜੀ ਰਹੀ ਅਤੇ ਮਨੁੱਖਾ ਜੀਵਨ ਸਫਲਾ ਕਰਕੇ ਗੁਰੂ ਚਰਨਾਂ ਵਿਚ ਜਾ ਬਿਰਾਜੀ।

# ਭਾਈ ਸੁਰਜੀਤ ਸਿੰਘ ਜੀ, ਟਰੱਕਾਂ ਵਾਲੇ (ਪਟਿਆਲਾ)

ਭਾਈ ਅਮਰੀਕ ਸਿੰਘ ਜੀ ਅੰਬਾਲਾ

ਨਾਮ ਬਾਣੀ ਰੰਗਾਂ ਵਿਚ ਲਿਵਲੀਨ, ਨਿਮਰਤਾ ਦੀ ਮੂਰਤ, ਸੁਘੜ, ਸੁਜਾਨ, ਪਰਮ ਬੈਰਾਗੀ ਗੁਰਮੁਖ ਜਿਓੜੇ ਭਾਈ ਸੁਰਜੀਤ ਸਿੰਘ ਜੀ ਦਾ ਜਨਮ ਮਿਤੀ 13 ਫਰਵਰੀ 1933 ਨੂੰ ਪਿੰਡ ਖੇਹਲ ਕਲਾਂ (ਪਾਕਿਸਤਾਨ) ਵਿਚ ਪਿਤਾ ਸ. ਮਹਿਤਾਬ ਸਿੰਘ ਅਤੇ ਮਾਤਾ ਸ੍ਰੀ ਮਤੀ ਤੁਲਸੀ ਦੇਵੀ ਜੀ ਦੇ ਘਰ ਹੋਇਆ। ਆਪ ਜੀ ਦੇ ਪਿਤਾ ਜੀ ਆਮ ਸਿੱਖ ਸ਼ਰਧਾਲੂ ਸਨ। ਆਪ ਜੀ ਨੇ ਮੁੱਢਲੀ ਵਿਦਿਆ ਪੰਜਵੀਂ ਤਾਈਂ ਪਾਕਿਸਤਾਨ ਰਹਿੰਦੇ ਸਮੇਂ ਹੀ ਲਈ ਤੇ ਉਰਦੂ ਪੜ੍ਹ ਲਿਖ ਲੈਂਦੇ ਸਨ। ਫਿਰ ਆਪ ਨੇ ਗੁਰਦੁਆਰੇ ਦੇ ਗ੍ਰੰਥੀ ਕੋਲੋਂ ਗੁਰਮੁਖੀ (ਪੰਜਾਬੀ) ਪੜਨੀ ਸਿੱਖੀ, ਪਰ ਲਿਖਣੀ ਨਹੀਂ ਸੀ ਆਉਂਦੀ। ਗੁਰੂ ਸਾਹਿਬ ਜੀ ਦੀ ਬਖਸ਼ਿਸ਼ ਨਾਲ ਆਪ ਲੜੀਦਾਰ ਸਰੂਪ ਤੋਂ ਗੁਰਬਾਣੀ ਦਾ ਪਾਠ ਕਰ ਲੈਂਦੇ ਸਨ ਤੇ ਸਮਾਗਮਾਂ ਤੇ ਅਖੰਡ ਪਾਠ ਦੀ ਸੇਵਾ ਕਰਦੇ ਰਹੇ ਹਨ।

ਆਪ ਜੀ ਦਾ ਅਨੰਦ ਕਾਰਜ ਸੰਨ 1954 ਵਿਚ ਸਹਾਰਨਪੁਰ ਵਾਸੀ ਸ. ਅਵਤਾਰ ਸਿੰਘ ਤੇ ਮਾਤਾ ਰਾਜਕੌਰ ਦੀ ਪੁੱਤਰੀ ਬੀਬੀ ਜੋਗਿੰਦਰ ਕੌਰ ਨਾਲ ਹੋਇਆ। ਇਹ ਪ੍ਰੀਵਾਰ ਵੀ ਪਾਕਿਸਤਾਨ ਸਥਿਤ ਪੰਜ ਗਰਾਈ ਪਿੰਡ ਤੋਂ ਉਜੜ ਕੇ ਆਇਆ ਸੀ। ਆਪ ਜੀ ਦੇ ਘਰ 6 ਲੜਕੇ ਤੇ ਇਕ ਲੜਕੀ ਨੇ ਜਨਮ ਲਿਆ। ਆਪ ਜੀ ਨੇ ਦੇਸ਼ ਦੀ ਵੰਡ ਤੋਂ ਬਾਅਦ ਪਟਿਆਲੇ ਆ ਕੇ ਟਰੱਕਾਂ ਦੀ ਟਰਾਂਸਪੋਰਟ ਦਾ ਕੰਮ ਸ਼ੁਰੂ ਕੀਤਾ। ਜਥੇ ਵਿਚ ਅੰਮ੍ਰਿਤ ਛੱਕਣ ਤੋਂ ਬਾਅਦ ਆਪ ਜੀ ਸੰਗਤਾਂ ਨੂੰ ਲੋਕਲ, ਕੇਂਦਰੀ ਅਤੇ ਪਿੰਡਾਂ ਵਿਚ ਰੈਣ ਸਬਾਈ ਕੀਰਤਨ ਸਮਾਗਮਾਂ ਤੇ ਟਰੱਕਾਂ ਰਾਹੀਂ ਲਿਜਾਣ/ਆਉਣ ਦੀ ਫਰੀ ਸੇਵਾ ਕਰਦੇ ਰਹੇ। ਇਸ ਕਾਰਨ ਆਪ ਪਟਿਆਲੇ ਦੀ ਸੰਗਤ ਵਿਚ ਟਰੱਕਾਂ ਵਾਲੇ ਕਰਕੇ ਮਸ਼ਹੂਰ ਸਨ।

ਆਪ ਜੀ ਪਹਿਲਾਂ ਨਿਰਮਲੇ ਜਥੇ ਪਾਸੋਂ ਦੀਖਸ਼ਤ ਹੋਏ ਸਨ। ਉਨ੍ਹਾਂ ਵਲੋਂ ਦੱਸੀ ਮਰਿਯਾਦਾ ਮੁਤਾਬਿਕ, ਦੋ ਸਾਲ ਦੇ ਕਰੀਬ ਪੂਰੀ ਮਿਹਨਤ ਕੀਤੀ। ਅੰਮ੍ਰਿਤ ਵੇਲੇ ਇਕ ਵਜੇ ਉੱਠ ਕੇ ਕਾਫੀ ਲੰਬਾ ਨਿਤਨੇਮ ਕਰਦੇ ਰਹੇ। ਇਸ ਕਰੜੀ ਘਾਲਣਾ ਦੇ ਬਾਵਜੂਦ ਤਸੱਲੀ ਨਹੀਂ ਹੋਈ ਤੇ ਨਾ ਹੀ ਤੱਤ ਵਸਤੂ ਪ੍ਰਾਪਤ ਹੋਈ। ਪਰ ਫਿਰ ਵੀ ਨਿਰਾਸ਼ ਨਹੀਂ ਹੋਏ, ਭਾਲ ਜਾਰੀ ਰੱਖੀ। ਕਿਸੇ ਗੁਰਮੁਖ ਪਿਆਰੇ ਨੇ ਇਕ ਦਿਨ ਆਪ ਨੂੰ ਆਖਿਆ ਕਿ ਜੋ ਅਵਸਥਾ ਭਾਲਦਾ ਹੈਂ, ਉਹ ਅਖੰਡ ਕੀਰਤਨੀ ਜਥੇ ਵਿਚ ਜਾ ਕੇ ਮਿਲ ਸਕਦੀ ਹੈ।

ਸੰਨ 1966-67 ਵਿਚ ਆਪ ਜੀ ਜਥੇ ਦੇ ਕਿਸੇ ਸਮਾਗਮ ਤੇ ਅੰਮ੍ਰਿਤ ਦੀ ਦਾਤ ਲੈਣ ਵਾਸਤੇ ਪੰਚਾਂ ਦੇ ਪੇਸ਼ ਹੋ ਗਏ। ਉਨ੍ਹਾਂ ਦਿਨਾਂ ਵਿਚ ਅੰਮ੍ਰਿਤ ਅਭਿਲਾਖੀਆਂ ਦੀ ਕਰੜੀ ਪ੍ਰੀਖਿਆ ਲਈ ਜਾਂਦੀ ਸੀ। ਨਿਤਨੇਮ ਕੰਠ ਹੋਣ ਅਤੇ ਅੰਮ੍ਰਿਤ ਵੇਲੇ ਦੀ ਸੰਭਾਲ ਦੀ ਪ੍ਰਪੱਕਤਾ ਦੇ ਬਾਵਜੂਦ ਵੀ, ਪੰਚਾਂ ਨੇ ਹੋਰ ਪ੍ਰਪੱਕ ਹੋਣ ਦੀ ਤਾਕੀਦ ਕਰਕੇ ਅਗਲੇ ਸਮਾਗਮ ਤੇ ਪੇਸ਼ ਹੋਣ ਲਈ ਹੁਕਮ ਕਰ ਦਿੱਤਾ। ਬਾਹਰ ਆ ਕੇ ਬਹੁਤ ਬੇਚੈਨੀ ਤੇ ਬੈਰਾਗਮਈ ਦਸ਼ਾ ਵਿਚ ਬੈਠ ਗਏ। ਭਾਈ ਹਰਭਜਨ ਸਿੰਘ ਜੀ ਬੱਸੀ ਪਠਾਣਾਂ ਵਾਲਿਆਂ (ਜੋ ਸਾਰੀ ਸਾਰੀ ਰਾਤ ਇਕ ਚੌਂਕੜੇ ਵਿਚ ਕੀਰਤਨ ਦੌਰਾਨ



www.AKJ.Org

ਲਿਵਲੀਨ ਹੋਏ ਬੈਠੇ ਰਹਿੰਦੇ ਸਨ) ਨੂੰ ਆਪ ਜੀ ਤੇ ਤਰਸ ਆਇਆ ਅਤੇ ਖੁਦ ਪੰਚਾਂ ਦੇ ਪੇਸ਼ ਹੋ ਕੇ ਬੇਨਤੀ ਕੀਤੀ ਕਿ ਇਕ ਜਗਿਆਸੂ ਬਾਹਰ ਬੈਠਾ ਅੰਮ੍ਰਿਤ ਛੱਕਣ ਲਈ ਬਿਹਬਲ ਹੋ ਕੇ ਵਿਰਲਾਪ ਕਰ ਰਿਹਾ ਹੈ। ਉਸ ਨੂੰ ਅੱਜ ਹੀ ਅੰਮ੍ਰਿਤ ਦੀ ਦਾਤ ਬਖਸ਼ਣ ਦੀ ਕ੍ਰਿਪਾਲਤਾ ਕਰੋ। ਉਨ੍ਹਾਂ ਦੀ ਬੇਨਤੀ ਮੰਨ ਕੇ, ਪੰਚਾਂ ਨੇ ਆਪ ਜੀ ਨੂੰ ਅੰਦਰ ਸੱਦ ਕੇ ਅੰਮ੍ਰਿਤ ਦੀ ਦਾਤ ਬਖਸ਼ ਦਿੱਤੀ। ਕਿਉਂਕਿ ਖੇਤ ਤਾਂ ਪਹਿਲਾਂ ਹੀ ਵੱਤਰ ਆਇਆ ਹੋਇਆ ਸੀ ਕੇਵਲ ਬੀਜ ਬੀਜਣ ਦੀ ਹੀ ਕਸਰ ਸੀ। ਥੋੜ੍ਹੇ ਸਮੇਂ ਵਿਚ ਹੀ ਆਪ ਉੱਚ ਉਡਾਰੀਆਂ ਵਾਲੀ ਅਵਸਥਾ ਵਿਚ ਪਹੁੰਚ ਕੇ ਅਗੰਮੀ ਖੇਡਾਂ ਖੇਡਣ ਲੱਗ ਪਏ। ਆਪ ਦੀ ਇਸ ਉੱਚ ਆਤਮਿਕ ਅਵਸਥਾ ਤੇ ਰਹਿਣੀ ਬਹਿਣੀ ਦੇਖ ਕੇ ਆਪ ਜੀ ਨੂੰ ਅਗਲੇ ਸਮਾਗਮ ਵਿਚ ਹੀ ਪੰਚਾਂ ਦੀ ਸੇਵਾ ਦੇ ਯੋਗ ਸਮਝ ਕੇ ਸੇਵਾ ਵਿਚ ਸ਼ਾਮਿਲ ਕਰ ਲਿਆ ਗਿਆ। ਇਸ ਤੋਂ ਬਾਅਦ ਆਪ ਜੀ ਨੇ ਪੰਚਾਂ ਦੀ ਸੇਵਾ ਤਾਅ ਜ਼ਿੰਦਗੀ ਨਿਬਾਹੀ ਤੇ ਬੇਅੰਤ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ।

ਅੰਮ੍ਰਿਤ ਛੱਕਣ ਤੋਂ ਬਾਅਦ ਕੁਝ ਮਹੀਨੇ ਬਾਅਦ ਆਪ ਜੀ ਇਕ ਰੈਣ ਸਬਾਈ ਕੀਰਤਨ ਸਮਾਗਮ ਵਿਚ, ਅੱਧੀ ਰਾਤ ਵੇਲੇ ਲਾਂਗਰੀ ਨਾਲ ਬੈਠੇ ਜਲੇਬੀਆਂ ਤਿਆਰ ਕਰਨ ਵਿਚ ਮਦਦ ਕਰ ਰਹੇ ਸਨ। ਕੁਝ ਥਕਾਵਟ ਮਹਿਸੂਸ ਹੋਈ ਤਾਂ ਸੋਚਿਆਂ ਕਿ ਕੁਝ ਮਿੰਟ ਲਈ ਕੋਲ ਪਏ ਮੰਜੇ 'ਤੇ ਲੰਬਾ ਪੈ ਲਵਾਂ। ਮੰਜੇ ਤੇ ਲੇਟਣ ਦੀ ਹਾਲਤ ਵਿਚ ਪਿੱਠ ਅਜੇ ਮੰਜੇ ਨੂੰ ਲਗਾਉਣ ਹੀ ਲੱਗੇ ਸਨ ਕਿ ਕਿਸੇ ਗੁਪਤ ਰੂਹ ਨੇ ਕੋਈ ਦੈਵੀ/ਅਗੰਮੀ ਚਾਬੀ ਨਾਭੀ ਤੇ ਲਗਾ ਕੇ ਘੁੰਮਾ ਦਿੱਤੀ ਕਿ ਆਪ ਜੀ ਬੇਹੋਸ਼ ਹੋ ਗਏ, ਜਦੋਂ ਸਾਵਧਾਨ ਹੋਏ ਤਾਂ ਦੇਖਿਆ ਕਿ ਜੋਰਦਾਰ ਸਿਮਰਨ ਆਪ ਮੁਹਾਰੇ ਚੱਲ ਰਿਹਾ ਸੀ ਤੇ ਚਾਰੇ ਪਾਸੇ ਗੁਰਮੁਖ ਪਿਆਰੇ ਖੜੇ ਸਨ। ਉਦੋਂ ਤੋਂ ਆਪ ਜੀ ਦੇ ਦੱਸਣ ਮੁਤਾਬਕ ਇਹ ਖੇਡ ਵਰਤ ਚੁੱਕੀ ਸੀ :-

**ਤ੍ਰਿਕੁਟੀ ਛੂਟੈ ਦਸਵਾ ਦਰੁ ਖੂਲੈ ਤਾਂ ਮਨੁ ਖੀਵਾ ਭਾਈ ॥** *(ਅੰਗ : ੧੧੨੩)*

ਆਪ ਜੀ ਨੂੰ ਸਖੋਪਤੀ ਅਵਸਥਾ ਵਿਚ ਗੁਰਬਾਣੀ ਕੀਰਤਨ ਗਗਨੰਤਰੋਂ ਸੁਣਾਈ ਦਿੰਦਾ ਸੀ। ਕਦੇ-ਕਦੇ ਰੰਗਾਂ ਵਿਚ ਆ ਕੇ ਸ਼ਬਦ ਵੀ ਦੱਸ ਦਿੰਦੇ ਸਨ ਕਿ ਕਿਹੜਾ ਸ਼ਬਦ ਚਲ ਰਿਹਾ ਹੈ। ਇਸੇ ਤਰ੍ਹਾਂ ਇਕ ਵਾਰ ਉਨ੍ਹਾਂ ਨੂੰ ਇਕ ਸ਼ਬਦ ਦੇ ਕੀਰਤਨ ਦੀ ਅਨਹਦ ਧੁਨੀ ਸੁਣ ਰਹੀ ਸੀ। ਜਦੋਂ ਅੰਮ੍ਰਿਤ ਵੇਲੇ ਇਕ ਵਜੇ ਉੱਠਣ ਲਈ ਸਾਵਧਾਨ ਹੋਏ (ਆਪ ਜੀ ਜੀਵਨ ਪ੍ਰਯੰਤ ਹਰ ਰੋਜ਼ ਬਿਨਾਂ ਨਾਗਾ ਰਾਤ ਇਕ ਵਜੇ ਉੱਠਦੇ ਸਨ) ਅਤੇ ਜੰਗਲ ਪਾਣੀ ਜਾਣ ਲਈ ਜਦੋਂ ਡੋਲੂ ਨੂੰ ਹੱਥ ਪਾਇਆ ਤਾਂ ਉਸੇ ਸ਼ਬਦ ਦੀ ਧੁੰਨੀ ਫਿਰ ਕੰਨੀ ਪਈ। ਵਿਸਮਾਦ ਹੋਏ ਬੈਰਾਗੀਅੜੀ ਦਸ਼ਾ ਵਿਚ ਚੀਖ ਨਿਕਲ ਗਈ, ਡਿੱਗ ਕੇ ਬੇਹੋਸ਼ ਹੋ ਗਏ। ਹੋਸ਼ ਆਉਣ ਤੇ ਦੇਖਿਆ ਤਾਂ ਘਰ ਵਾਲੇ ਤਲੀਆਂ ਝੱਸ ਰਹੇ ਸਨ।

ਆਪ ਜੀ ਰੋਜ਼ਾਨਾ ਅੰਮ੍ਰਿਤ ਵੇਲੇ ਦੀ ਸੁਕ੍ਰਿਤ ਕਰਣੀ ਲਈ ਇਕ ਵਜੇ ਸੁਚੇਤ ਹੋ ਕੇ, ਪਹਿਲਾਂ ਸਕੇਸ਼ ਇਸ਼ਨਾਨ ਕਰਦੇ ਸਨ। ਫਿਰ ਇਸ਼ਨਾਨ ਕਰਦਿਆਂ ਮੂਲ ਮੰਤਰ ਦਾ ਜਾਪ ਕਰਦੇ ਰਹਿੰਦੇ ਅਤੇ ਸ਼ੌਚ ਇਸ਼ਨਾਨ ਦੀ ਕਿਰਿਆ ਤੋਂ ਬਾਅਦ ਆਸਣ 'ਤੇ ਬੈਠ ਕੇ ਗੁਰਮੰਤਰ ਦਾ ਜਾਪ ਕਾਫੀ ਲੰਬੇ ਸਮੇਂ ਲਈ ਕਰਦੇ। ਉਪਰੰਤ ਨਿਤਨੇਮ ਦੀਆਂ ਪੰਜ ਬਾਣੀਆਂ ਦਾ ਪਾਠ ਕਰਕੇ, ਸੀਸ ਉੱਪਰ ਵੱਡੀ ਦਸਤਾਰ ਸਜਾ ਕੇ ਗੁਰਦੁਆਰੇ ਸਾਹਿਬ ਜਾ ਕੇ ਗੁਰੂ ਸਾਹਿਬ ਜੀ ਦੇ ਦਰਸ਼ਨ ਪਰਸਦੇ ਤੇ ਹੁਕਮਨਾਮਾ ਸੁਣ ਕੇ ਘਰ ਵਾਪਿਸ ਆ ਕੇ ਨਾਸ਼ਤਾ ਕਰਦੇ। ਇਸ ਰੋਜ਼ਾਨਮਚੇ ਵਿਚ ਕੋਈ ਢਿੱਲ ਨਹੀਂ ਆਉਣ ਦਿੰਦੇ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਜਾਣ ਸਮੇਂ ਵੱਡੀ ਦਸਤਾਰ ਸਜਾਉਣ ਦੇ ਪੱਕੇ ਮੁੱਦਈ ਸਨ। ਉਨ੍ਹਾਂ ਦਾ ਕਹਿਣਾ ਸੀ ਕਿ ਜਿਵੇਂ ਅਸੀਂ ਕਿਸੇ ਵੱਡੇ ਅਫਸਰ ਕੋਲ ਜਾਣ ਵੇਲੇ ਪੂਰੇ ਤਿਆਰ ਹੋ ਕੇ ਵੱਡੀ ਦਸਤਾਰ ਸਜਾਉਂਦੇ ਹਾਂ ਤਾਂ ਫਿਰ ਅਸੀਂ ਸਗਲ ਬ੍ਰਹਮੰਡਾਂ ਦੇ ਸੱਚੇ ਅਫਸਰ ਕੋਲ ਜਾਣ ਸਮੇਂ ਕਿਉਂ ਇਸ ਤਰ੍ਹਾਂ ਨਹੀਂ ਕਰਦੇ? ਹਮੇਸ਼ਾਂ ਸਾਦੇ ਗੁਰਮੁਖ ਪਹਿਰਾਵੇ ਵਿਚ ਹੀ ਵਿਚਰਦੇ ਸਨ ਤੇ ਦਸਤਾਰ ਵੀ ਸਾਦਗੀ ਨਾਲ ਬਿਨਾ ਸ਼ੀਸ਼ਾ ਦੇਖੇ ਹੀ ਸਜਾਉਂਦੇ ਸਨ। ਉਹ ਬਿਬੇਕ ਰਹਿਤ ਦੇ ਪੱਕੇ ਧਾਰਨੀ ਸਨ। ਕੇਵਲ ਅੰਮ੍ਰਿਤਧਾਰੀ ਤਿਆਰ-ਬਰ-ਤਿਆਰ ਸਿੰਘ ਹਥੋਂ ਸਜਾਇਆ ਪ੍ਰਸ਼ਾਦਾ ਛੱਕਦੇ ਸਨ ਤੇ ਦੁਧ ਵੀ ਅੰਮ੍ਰਿਤਧਾਰੀ ਸਿੰਘ ਹੱਥੋਂ ਚੋਇਆ ਹੀ ਵਰਤਦੇ ਸਨ **"ਵੇਦੀਨਾ ਕੀ ਦੋਸਤੀ ਵੇਦੀਨਾ ਕਾ ਖਾਣੁ ॥ ਸਿਫਤੀ ਸਾਰ ਨ ਜਾਣਨੀ ਸਦਾ ਵਸੈ ਸੈਤਾਨੁ ॥"** (ਅੰਗ : ੧੯੦) ਦੇ ਗੁਰਵਾਕ ਤੇ ਪੱਕਾ ਪਹਿਰਾ ਦਿੰਦੇ


www.AKJ.Org

ਸਨ। ਆਪ ਜੀ, ਸਾਦਾ ਭੋਜਨ ਬਿਨ੍ਹਾਂ ਕਿਸੇ ਨੋਕ ਝੋਕ ਜਾਂ ਨੱਖਰੇ ਦੇ, ਛੱਕ ਲਿਆ ਕਰਦੇ ਸਨ। ਇਵੇਂ ਹੀ ਬਸਤਰਾਂ ਬਾਰੇ ਵੀ ਆਪ ਇਹ ਗੁਰਵਾਕ ਉਚਾਰਦੇ ਸਨ। **"ਛਾਦਨ ਭੋਜਨ ਕੀ ਆਸ ਨ ਕਰਈ ਅਚਿੰਤੁ ਮਿਲੈ ਸੋ ਪਾਏ॥"** (ਅੰਗ : ੧੦੧੨) ਪ੍ਰਸ਼ਾਦਾ ਛਕਣ ਤੋਂ ਬਾਅਦ ਸ਼ੁਕਰਾਨੇ ਦੀ ਅਰਦਾਸ ਜ਼ਰੂਰ ਕਰਦੇ ਸਨ ਭਾਵੇਂ ਆਪਣੇ ਘਰ ਹੀ ਪ੍ਰਸ਼ਾਦਾ ਛੱਕਿਆ ਹੋਵੇ। ਜਦੋਂ ਵੀ ਕੋਈ ਗੱਲਬਾਤ ਕਰਦੇ ਤਾਂ ਸੰਬੰਧਿਤ ਗੁਰਬਾਣੀ ਦੇ ਪ੍ਰਮਾਣ ਜ਼ਰੂਰ ਦਿੰਦੇ ਸਨ। ਉਨ੍ਹਾਂ ਨਾਲ ਬਚਨ ਕਰਦਿਆਂ ਕੀਰਤਨ ਕਰਨ ਵਾਸਤੇ ਪ੍ਰਕਰਣ ਬਣਾਉਣ ਲਈ ਬਹੁਤ ਸਾਰੇ ਸ਼ਬਦ ਮਿਲ ਜਾਂਦੇ ਸਨ।

ਸੰਗਤ ਵਿਚ ਬੈਠਿਆਂ ਉਨ੍ਹਾਂ ਦਾ ਖਿੜਿਆ ਚਿਹਰਾ ਅਕਸਰ ਦਰਸਾਉਂਦਾ ਸੀ। ਜਿਵੇਂ ਕੋਈ ਚਾਤ੍ਰਿਕ ਗਗਨੰਤਰੋ ਸਵਾਂਤੀ ਬੂੰਦਾਂ ਦੀ ਚੋ ਰਹੀ ਮਿੱਠੀ ਮਿੱਠੀ ਅੰਮ੍ਰਿਤ ਧਾਰਾ ਨੂੰ ਰਸਕ ਰਸਕ ਪੀਂਦਿਆਂ ਅਲਮਸਤ ਮਤਵਾਰਾ ਹੋ ਰਿਹਾ ਹੋਵੇ। ਅੰਮ੍ਰਿਤ ਵੇਲੇ ਸਿਮਰਨ ਅਭਿਆਸ ਵਿਚ ਵੀ ਇਕ ਟਿੱਕ ਸਹਿਜ ਸਮਾਧਿ ਜੁੜਿਆ, ਦਗ ਦਗ ਕਰਦਾ ਬੈਰਾਗੀਅੜਾ ਚਿਹਰਾ, ਸੱਜਲ ਨੇਤਰ ਹੰਝੂਆਂ ਦੇ ਹੜ੍ਹ ਨਾਲ ਭਰਿਆ ਦਾਹੜਾ, ਦਸਮ ਦੁਆਰ ਉਘਾੜ ਦਾ ਪ੍ਰਤੱਖ ਪ੍ਰਤੀਕ ਅਨੁਭਵ ਹੁੰਦਾ ਸੀ। ਅੱਜ ਤੋਂ ਕਰੀਬ ਤਿੰਨ ਚਾਰ ਦਹਾਕੇ ਪਿੱਛੇ ਝਾਤ ਮਾਰੀਏ ਤਾਂ ਅਖੰਡ ਕੀਰਤਨ ਸਮਾਗਮਾਂ ਵਿੱਚ ਅਕਸਰ ਕੁਝ ਅਜਿਹੀਆਂ ਪੁੱਗ ਖਲੋਤੀਆਂ ਰੂਹਾਂ ਉਤੇ ਦੈਵੀ ਕਲਾ ਪ੍ਰਤੱਖ ਵਰਤਦੀ ਸੀ, ਜੋ ਹੁਣ ਸਹਿਜੇ ਸਹਿਜ ਘਟਦਿਆਂ ਘਟਦਿਆਂ ਗਾਇਬ ਹੋ ਰਹੀ ਭਾਸਦੀ ਹੈ। ਮਠਿਆਈ ਚੱਖਦਿਆਂ ਗੂੰਗਿਆਂ ਦੀ ਦੈਵੀ ਮੁਸਕੁਰਾਹਟ ਨੂੰ ਪੇਖਣ ਹਾਰੇ ਵੀ ਵਿਸਮਾਦ ਹੋ ਜਾਂਦੇ ਸਨ। ਅੰਮ੍ਰਿਤ ਸੰਚਾਰ ਦੀ ਸੇਵਾ ਵੇਲੇ ਵੀ ਇੰਨ੍ਹਾਂ ਉੱਪਰ ਸਾਖਸ਼ਾਤ ਦੈਵੀ ਕਲਾ ਵਰਤਦੀ ਸੀ। ਹਮੇਸ਼ਾਂ ਬੇਲੋੜੇ ਵਾਦ ਵਿਵਾਦ ਅਤੇ ਸਵਾਰਥ ਦੀ ਰਾਜਨੀਤੀ ਤੋਂ ਦੂਰ ਰਹਿਣ ਦੀ ਤਾਕੀਦ ਕਰਦੇ ਸਨ। ਉਦੋਂ ਕੰਪਿਊਟਰ ਜਾਂ ਮੋਬਾਈਲ ਅਜੇ ਨਹੀਂ ਸਨ ਆਏ। ਆਪ ਜੀ ਗੁਰਬਾਣੀ ਦੇ ਸ਼ਬਦ ਖੋਜਣ ਲਈ ਤੁਕ ਤਤਕਰਾ ਰਚਿਤ ਅਕਾਲੀ ਕੌਰ ਸਿੰਘ ਜੀ ਦੀ ਮਦਦ ਲੈਂਦੇ ਸਨ। ਗੁਰਬਾਣੀ ਦੇ ਮੁੱਢਲੇ ਭਾਵਾਂ ਨੂੰ ਸਮਝਣ ਲਈ, ਸ਼ਬਦਾਰਥ ਦੀਆਂ ਸੈਂਚੀਆਂ ਅਤੇ ਭਾਈ ਕਾਹਨ ਸਿੰਘ ਨਾਭਾ ਰਚਿਤ ਮਹਾਨ ਕੋਸ਼ ਤੋਂ ਸਹਾਇਤਾ ਲੈਣ ਦੀ ਤਾਕੀਦ ਕਰਦੇ ਸਨ।

ਇਕ ਵਾਰ ਇਕ ਸੱਜਣ ਨੇ ਸੰਗਤ ਵਿਚ ਸੰਤ ਬਾਬਾ ਅਤਰ ਸਿੰਘ ਜੀ ਮਸਤੂਆਣੇ ਵਾਲਿਆਂ ਅਤੇ ਭਾਈ ਕਰਮ ਸਿੰਘ ਜੀ ਹੋਤੀ ਮਰਦਾਨ ਵਾਲਿਆਂ ਦੀ ਨਿੰਦਾ ਕਰਦਿਆਂ ਕੁਝ ਅਪਮਾਨਜਨਕ ਸ਼ਬਦ ਬੋਲੇ ਕਿ ਲੋਕ ਐਵੇਂ ਹੀ ਸਿਫਤਾਂ ਕਰਦੇ ਰਹਿੰਦੇ ਹਨ ਕਿ ਉਨ੍ਹਾਂ ਦੇ ਕਪਾਟ ਖੁੱਲ੍ਹੇ ਹੋਏ ਸਨ। ਐਸੀ ਉੱਚ ਹਸਤੀਆਂ ਦੇ ਪ੍ਰਤੀ ਘਿਨਾਉਣੇ ਲਫਜ਼ ਆਪ ਜੀ ਨੂੰ ਬਰਦਾਸ਼ਤ ਨਹੀਂ ਹੋਏ। ਬੜੇ ਵੱਜਦ ਵਿਚ ਆ ਕੇ ਉਸ ਸੱਜਣ ਨੂੰ ਕਹਿਣ ਲੱਗੇ ਕਿ ਪੂਰਾ ਪੰਥ ਉਨ੍ਹਾਂ ਦੀ ਸਖ਼ਸ਼ੀਅਤ ਅੱਗੇ ਝੁੱਕਦਾ ਹੈ। ਜਿਥੋਂ ਤਾਈਂ ਦੈਵੀ ਬਖਸ਼ਿਸ਼ਾਂ ਦੀ ਗਲ ਹੈ, ਇਹ ਜੁ ਠੀਕਰਾ (ਆਪਣੇ ਆਪ ਨੂੰ) ਤੇਰੇ ਸਾਹਮਣੇ ਬੈਠਾ ਹੈ, ਤਿੰਨ ਅਵਸਥਾਵਾਂ ਅੰਮ੍ਰਿਤਧਾਰ, ਅਨਹਦ ਨਾਦ ਤੇ ਅੰਮ੍ਰਿਤ ਰਸ ਤਾਂ ਇਸ ਨੂੰ ਵੀ ਸਤਿਗੁਰੂ ਪਾਤਸ਼ਾਹ ਨੇ ਬਖਸ਼ੀਆਂ ਹੋਈਆਂ ਹਨ, ਉਨ੍ਹਾਂ ਮਹਾਂਪੁਰਖਾਂ ਦਾ ਤਾਂ ਕੀ ਕਹਿਣਾ। ਅਸਲ ਵਿਚ ਉਹ ਸਜਣ ਭਾਈ ਸਾਹਿਬ ਰਣਧੀਰ ਸਿੰਘ ਜੀ ਰਚਿਤ ਪੁਸਤਕ ਅਨਹਦ ਸ਼ਬਦ ਦਸਮ ਦੁਆਰ ਦੇ ਪਹਿਲੇ ਅਧਿਆਇ ਵਿਚ ਦਰਸਾਈਆਂ ਦਸਮ ਦੁਆਰ ਖੁੱਲਣ ਦੀਆਂ ਤਿੰਨ ਨੀਸ਼ਾਨੀਆਂ, ਦਰਸ਼ਨ ਝਲਕ, ਅੰਮ੍ਰਿਤ ਰਸ ਅਤੇ ਅਨਹਦ ਸ਼ਬਦ ਉਪਰ ਵਾਰਤਾਲਾਪ ਕਰ ਰਿਹਾ ਸੀ। ਗੁਰਬਾਣੀ ਦੇ ਅਥਾਹ ਸਮੁੰਦਰ ਵਿਚ ਲੁਪਤ, ਬੇਅੰਤ ਰਮਜਾਂ ਦਾ ਪ੍ਰਗਟਾਵਾ ਉਨ੍ਹਾਂ ਨਾਲ ਕੀਤੀ ਜਾਂਦੀ ਗੁਰਮਤਿ ਵੀਚਾਰ ਗੋਸ਼ਟ ਦੌਰਾਨ, ਸਹਿਜੇ ਹੀ ਸਮਝ ਬੂਝ ਵਿਚ ਆ ਕੇ, ਚਾਨਣ ਮੁਨਾਰੇ ਦਾ ਕੰਮ ਕਰਦਾ ਸੀ।

ਆਪ ਜੀ ਦਾ ਪਹਿਲਾ ਦਰਸ ਮਿਲਾਪ ਦਾਸਰੇ ਨੂੰ 1992-93 ਵਿਚ ਅੰਬਾਲਾ ਛਾਉਣੀ ਦੇ ਸਾਲਾਨਾ ਸਮਾਗਮ ਤੇ ਹੋਇਆ। ਦਿਵਸ ਸੁਹੇਲੇ ਕੀਰਤਨ ਦੀ ਸਮਾਪਤੀ ਉਪਰੰਤ ਦਾਸ ਪੰਡਾਲ ਤੋਂ ਬਾਹਰ ਜਾਣ ਲੱਗਿਆਂ ਤਾਂ ਸਾਹਮਣੇ ਹੀ ਮਿਲ ਪਏ। ਗੁਰੂ ਫਤਿਹ ਦੀ ਸਾਂਝ ਹੁੰਦਿਆਂ ਹੀ ਉਨ੍ਹਾਂ ਨੇ ਦਾਸ ਨੂੰ ਪੁੱਛਿਆ ਕਿ ਤੁਸੀਂ ਜੋ ਅਜ ਸ਼ਬਦ ਪੜ੍ਹਿਆ ਹੈ। **"ਨਉ ਦਰਵਾਜ ਨਵੇ ਦਰ ਫੀਕੇ ਰਸੁ ਅੰਮ੍ਰਿਤੁ ਦਸਵੇ ਚੁਈਜੈ॥"** (ਅੰਗ : ੧੩੨੩) ਇਸ ਬਾਰੇ ਅੰਤਰ ਆਤਮੇ ਕੁਝ ਅਵਸਥਾ ਜਾ ਸੋਝੀ ਵੀ ਹੈ ਜਾਂ ਕਿ ਸ਼ਬਦ ਹੀ ਪੜਿਆ ਹੈ। ਇਤਨਾ ਆਖਦਿਆਂ, ਉਨ੍ਹਾਂ ਦੀਆਂ ਅੱਖਾਂ ਵਿਚੋਂ ਬੈਰਾਗ



www.AKJ.Org

ਨਾਲ ਇਤਨਾ ਜਲ ਵਹਿ ਤੁਰਿਆ ਕਿ ਉਨ੍ਹਾਂ ਦਾ ਸਾਰਾ ਦਾੜ੍ਹਾ ਭਿੱਜ ਗਿਆ। ਦਾਸ ਨੇ ਜੁਆਬ ਦਿੱਤਾ ਕਿ "ਕੇਵਲ ਪੜ੍ਹਦਾ ਹੀ ਹਾਂ, ਅਜੇ ਕੋਈ ਗਲ ਬਣੀ ਨਹੀਂ। ਦਾਸ ਨੇ ਸੋਚਿਆ ਕਿ ਕੋਈ ਸਧਾਰਣ ਸਿੰਘ ਬੈਰਾਗ ਕਰ ਰਿਹਾ ਹੈ। ਦਰਸ਼ਨ ਕਰਨ ਤੋਂ ਬਾਅਦ, ਦਾਸ ਨੇ ਉਨ੍ਹਾਂ ਨੂੰ ਗੁਰਮਤਿ ਅਸੂਲਾਂ ਦਾ ਨੇਮ ਪਾਲਣ ਬਾਰੇ ਕਈ ਸਵਾਲ ਪੁੱਛੇ ਜਿਵੇਂ ਕਿ ਨਿਤਨੇਮ, ਸਿਮਰਨ, ਅੰਮ੍ਰਿਤ ਵੇਲਾ, ਸੁੱਚਮਤਾ ਆਦਿ। ਹਰ ਇਕ ਸਵਾਲ ਦੇ ਜੁਆਬ ਵਿਚ ਉਨ੍ਹਾਂ ਵਲੋਂ ਨਿਮਰਤਾ ਸਹਿਤ ਉੱਤਰ ਸੁਣ ਕੇ ਦਾਸ ਨੇ ਆਖਿਆ ਕਿ ਤੁਸੀਂ ਮੇਰੇ ਤੋਂ ਬਹੁਤ ਅੱਗੇ ਹੋ। ਮੈਂ ਤਾਂ ਇੰਨ੍ਹਾਂ ਅਸੂਲਾਂ ਤੇ ਅਜੇ ਪਰਪੱਕ ਨਹੀਂ। ਇਸ ਤੋਂ ਬਾਅਦ ਆਪ ਜੀ ਨੇ ਆਪਸ ਵਿਚ ਮਿਲਦੇ ਰਹਿਣ ਦਾ ਵਾਅਦਾ ਕੀਤਾ।

ਉਸੇ ਰਾਤ ਹੀ ਉੱਥੇ ਰੈਣ ਸਬਾਈ ਕੀਰਤਨ ਸਮਾਗਮ ਸੀ। ਪੰਜ ਪਿਆਰੇ ਅੱਧੀ ਰਾਤ ਤੋਂ ਬਾਅਦ ਨਵੇਂ ਦੀਖਸ਼ਤ ਅੰਮ੍ਰਿਤ ਅਭਿਲਾਖੀਆਂ ਨਾਲ ਸੰਗਤ ਵਿਚ ਆ ਕੇ ਸਟੇਜ ਤੇ ਬਿਰਾਜਮਾਨ ਹੋ ਗਏ। ਜਦੋਂ ਗਹੁ ਨਾਲ ਪੰਚਾਂ ਦੇ ਦਰਸ਼ਨ ਕੀਤੇ ਤਾਂ ਦੇਖਿਆ ਕਿ ਪੰਚਾਂ ਵਿਚ ਉਹੋ ਹੀ ਭਾਈ ਸਾਹਿਬ ਜੀ ਦਗ-ਦਗ ਕਰਦੇ ਚਿਹਰੇ ਅਤੇ ਉੱਪਰ ਵਲ ਨੂੰ ਇਉਂ ਸਮਾਧੀ ਲਗਾ ਕੇ ਬੈਠੇ ਸਨ ਕਿ ਸਾਖਸ਼ਾਤ **"ਰਸਕਿ ਰਸਕਿ ਗੁਨ ਗਾਵਹ ਗੁਰਮਤਿ ਲਿਵਿ ਉਨਮਨਿ ਨਾਮਿ ਲਗਾਨ ॥"** (ਅੰਗ : ੧੩੩੫) ਦਾ ਪ੍ਰਤੱਖ ਨਜ਼ਾਰਾ ਸੀ। ਦੇਖਦਿਆਂ ਹੀ ਮਨ ਸ਼ਰਮਸਾਰ ਵੀ ਹੋਇਆ ਕਿ ਮੈਂ ਤਾਂ ਅਨਜਾਣੇ ਵਿਚ ਹੀ ਇਨ੍ਹਾਂ ਨੂੰ ਦਿਨੇ ਦਸਮ ਦੁਆਰ ਬਾਰੇ ਕੁਝ ਨੁੱਕਤੇ ਦਸ ਰਿਹਾ ਸੀ, ਇਹ ਤਾਂ ਪੁਗ ਖਲੋਤੇ ਗੁਰਮੁਖ ਜਨ ਹਨ। ਇਸ ਤੋਂ ਬਾਅਦ ਭਾਈ ਸਾਹਿਬ ਜੀ ਦੇ ਘਰ ਆਉਣਾ ਜਾਣਾ ਬਣ ਗਿਆ। ਬਹੁਤੀਆਂ ਗੁਰਮਤਿ ਰਮਜ਼ਾਂ ਤਾਂ ਉਨ੍ਹਾਂ ਦੀ ਰਹਿਤ ਰਹਿਣੀ, ਜੀਵਨ ਜੁਗਤੀ ਨੂੰ ਪੇਖਦਿਆਂ ਅਤੇ ਉਨ੍ਹਾਂ ਨਾਲ ਵਿਚਰਦਿਆਂ ਆਪਣੇ ਆਪ ਸਮਝ ਆ ਗਈਆਂ। ਕੁਝ ਗੱਲਾਂ ਅਤੇ ਘਟਨਾਵਾਂ ਜੋ ਸਮੇਂ-ਸਮੇਂ ਉਨ੍ਹਾਂ ਨੇ ਦੱਸੀਆਂ ਉਹ ਗੁਰਮਤਿ ਜੀਵਨ ਜਾਂਚ ਲਈ ਬਹੁਤ ਲਾਭਦਾਇਕ ਸਾਬਤ ਹੋਈਆਂ।

**ਆਪ ਜੀ ਮੁਤਾਬਕ, ਕੀਰਤਨ ਸੁਰਤਿ ਨਾਲ ਸੁਨਣ/ਕਰਨ ਦਾ ਵਿਸ਼ਾ ਹੈ ਦੇਖਣ ਦਾ ਨਹੀਂ। ਇਸ ਕਰਕੇ ਸੰਗਤ ਵਿਚ ਆਪ ਕੀਰਤਨੀਆਂ ਸਾਹਮਣੇ ਜਾਂ ਨਜ਼ਦੀਕ ਬੈਠਣ ਲਈ ਹੱਠ ਜਾਂ ਕੋਸ਼ਿਸ਼ ਨਹੀਂ ਕਰਦੇ ਸੀ। ਕੀਰਤਨ ਕੰਠਾਗਰ ਦੇ ਹੱਕ ਵਿਚ ਸਨ ਪਰ ਫਾਲਤੂ ਬਹਿਸ ਵਿਚ ਨਹੀਂ ਸੀ ਪੈਂਦੇ। ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਚ ਚਲ ਰਹੀ ਪੁਰਾਤਨ ਕੀਰਤਨ ਦੀ ਮਰਯਾਦਾ ਨੂੰ ਅਪਨਾਉਣ ਲਈ ਕਹਿੰਦੇ ਸਨ।** ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਨਾਮ ਲੈਣ ਵੇਲੇ 'ਧੰਨ' ਜ਼ਰੂਰ ਆਖਦੇ ਸਨ। ਆਪ ਜੀ ਮੁਤਾਬਕ ਜਦੋਂ ਵਕਤੇ ਅਤੇ ਸ੍ਰੋਤਿਆਂ ਤੇ ਗੁਰੂ ਸਾਹਿਬ ਜੀ ਦੀ ਖੁਸ਼ੀ ਹੁੰਦੀ ਹੈ ਤਾਂ ਦੈਵੀ, ਅਗੰਮੀ ਕਲਾ ਵਰਤਦੀ ਹੈ ਅਤੇ ਉਦੋਂ ਹੀ ਅਨੰਦ ਜਾ ਰਸ ਆਉਂਦਾ ਹੈ। ਜੇ ਸਾਡਾ ਜੀਵਨ ਆਮ ਲੋਕਾਂ ਵਾਂਗ ਹੀ ਹੈ ਤਾਂ ਕੀਰਤਨ ਸਿਰਫ ਸੰਗੀਤ ਕਲਾ ਹੀ ਹੈ। ਜੋ ਕੋਈ ਪ੍ਰਾਣੀ ਰੋਮਾਂ ਦੀ ਬੇਅਦਬੀ ਕਰਕੇ ਜਾਂ ਹੋਰ ਪਤਿਤ ਕਰਮ ਕਰ ਲੈਂਦਾ ਸੀ ਤਾਂ ਆਪ ਹਉਕਾ ਲੈ ਕੇ ਆਖਦੇ ਸਨ ਕਿ ਇਸ ਤੇ ਨਦਰ ਉਪੱਠੀ ਹੋ ਗਈ ਹੈ। ਆਪ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਇਤਨਾ ਸਤਿਕਾਰ ਕਰਦੇ ਸਨ ਕਿ ਸਮਾਪਤੀ ਤੋਂ ਬਾਅਦ, ਸੁਖ ਆਸਣ ਦੀ ਸੇਵਾ ਕਰਵਾ ਕੇ, ਗੁਰੂ ਸਾਹਿਬ ਜੀ ਨੂੰ ਨਿੱਜ ਆਸਣ ਤੇ ਬਿਰਾਜਮਾਨ ਕਰਾ ਕੇ ਹੀ ਘਰ ਲਈ ਤੁਰਦੇ ਸਨ। ਭੈ ਭਾਵਨੀ ਅਧੀਨ ਆਖਿਆ ਕਰਦੇ ਸੀ ਕਿ ਜਦੋਂ ਤੱਕ ਅਫਸਰ ਆਪਣੇ ਦਫਤਰ ਵਿਚ ਕੁਰਸੀ ਤੇ ਬੈਠਾ ਹੋਵੇ ਤਾਂ ਮੁਲਾਜ਼ਮ ਕਿਵੇਂ ਬਾਹਰ ਜਾ ਸਕਦਾ ਹੈ? ਇਸੇ ਤਰ੍ਹਾਂ ਕਈ ਪ੍ਰਾਣੀ ਸਤਿਗੁਰਾਂ ਉੱਪਰ ਛੋਟਾ ਜਿਹਾ ਚੰਦੋਆ ਹੀ ਲਗਾਉਂਦੇ ਹਨ, ਆਪ ਉਸ ਬਾਰੇ ਵੀ ਸਹਿਮਤ ਨਹੀਂ ਸਨ। ਉਹ ਸ੍ਰੀ ਦਰਬਾਰ ਸਾਹਿਬ ਵਾਂਗ ਹੀ ਵੱਡਾ ਚੰਦੋਆ ਲਾਉਣ ਦੇ ਮੁੱਦਈ ਸਨ। ਉਨ੍ਹਾਂ ਦੇ ਜੀਵਨ ਦੀਆਂ ਕੁਝ ਖਾਸ ਗੱਲਾਂ ਹੇਠਾਂ ਦਰਜ ਹਨ :

1) ਇਤਿਹਾਸਕ ਗੁਰਧਾਮਾਂ ਦੀ ਯਾਤਰਾ ਵੇਲੇ ਉਥੋਂ ਦੇ ਸਰੋਵਰ ਵਿਚ ਸਕੇਸੀ ਇਸ਼ਨਾਨ ਕਰਕੇ ਸਿਮਰਨ ਵਿਚ ਜੁੜਨ ਨੂੰ ਅਹਿਮੀਅਤ ਦਿੰਦੇ ਸਨ।

2) ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਪ੍ਰਤੱਖ ਪਾਰਬ੍ਰਹਮ ਪ੍ਰਮੇਸਰ ਅਤੇ ਅਕਾਲ ਪੁਰਖ ਦੀ ਨਿਰੰਜਨੀ ਜੋਤ ਕਰਕੇ ਸੇਵਣਾ ਅਤੇ ਅਦਬ ਸਤਿਕਾਰ ਕਰਨਾ ਅਤਿ ਜ਼ਰੂਰੀ ਹੈ।



www.AKJ.Org

3) ਅਸੀਂ ਜਿਤਨੀ ਸਾਵਧਾਨਤਾ ਆਪਣੇ ਪ੍ਰੀਵਾਰ, ਬੱਚਿਆਂ, ਦਫਤਰ ਤੇ ਰੁਜਗਾਰ ਸੰਬੰਧੀ ਕੰਮ ਕਾਰਾਂ ਪ੍ਰਤੀ ਦਿਖਾਉਂਦੇ ਹਾਂ ਉਤਨੀ ਹੀ ਪ੍ਰਮਾਰਥ ਪ੍ਰਤੀ ਢਿੱਲ, ਕਮਜ਼ੋਰੀ, ਗ਼ਫਲਤ ਤੇ ਲਾਪ੍ਰਵਾਹੀ ਕਰਦੇ ਹਾਂ। ਅਸਲੀ ਕਾਰ ਵਿਚ ਜੁੱਟਣ ਲਈ ਕੋਈ ਸੰਜੀਦਗੀ ਨਹੀਂ ਦਿਖਾਉਂਦੇ।

4) ਕੂੜੀ ਰਾਜਨੀਤੀ ਤੋਂ ਦੂਰ ਰਹਿਣ ਲਈ ਤਾਕੀਦ ਕਰਦੇ ਸਨ ਤੇ ਗੁਰਮਤਿ ਮਾਰਗ ਦੇ ਪਾਂਧੀ ਬਣਨ ਤੇ ਜ਼ੋਰ ਦਿੰਦੇ ਸਨ। ਬੇਗਮਪੁਰੇ ਦਾ ਮਾਰਗ ਹੋਰ ਹੈ ਅਤੇ ਰਾਜਨੀਤੀ ਦਾ ਹੋਰ ਹੈ।

5) ਸੀਨਾ ਬਸੀਨਾ ਚੱਲੀ ਆ ਰਹੀ ਧੁਰ ਦਰਗਾਹੀ ਪ੍ਰੰਪਰਾ ਮੁਤਾਬਕ ਗੁਰੂ ਸਾਹਿਬ ਜੀ ਦੀ ਤਾਬਿਆ ਸਜੇ ਪੰਚਾਂ ਸਨਮੁਖ ਜਾਹਰ ਇਕਬਾਲ ਕੀਤੀ, ਕਿਸੇ ਵੀ ਭੁੱਲ ਜਾਂ ਬੱਜਰ ਕੁਰਹਿਤ ਦਾ ਭੇਦ ਜਾਂ ਜ਼ਿਕਰ ਅੰਮ੍ਰਿਤ ਸੰਚਾਰ ਅਸਥਾਨ ਅੰਦਰ ਤਕ ਹੀ ਸੀਮਤ ਰਹਿੰਦਾ ਹੈ ਭਾਵ ਕਿ ਪੰਚਾ ਦੀ ਸੇਵਾ ਨਿਭਾਉਣ ਵਾਲਾ ਕੋਈ ਵੀ ਸੱਜਣ ਸੇਵਾ ਤੋਂ ਉਪਰੰਤ ਇਕੱਲਿਆਂ ਕਦੇ ਵੀ ਕਿਸੇ ਹੋਰ ਵਿਅਕਤੀ ਨੂੰ ਬਾਹਰ ਆ ਕੇ ਇਸ ਭੇਦ ਬਾਰੇ ਨਹੀਂ ਦੱਸਦਾ ਜਾਂ ਸੁਣਾਉਂਦਾ।

20ਵੀਂ ਸਦੀ ਦੇ ਨੌਂਵੇਂ ਦਹਾਕੇ ਦੌਰਾਨ ਪੰਜਾਬ ਅੰਦਰ ਚਲੇ ਖਾੜਕੂ ਸੰਘਰਸ਼ ਦੌਰਾਨ ਘਰ ਆਏ ਸਿੰਘਾਂ ਨੂੰ ਪ੍ਰਸ਼ਾਦਾ ਛਕਾਉਣ ਦੀ ਸੇਵਾ ਕਰਨ ਕਰਕੇ ਆਪ ਜੀ ਨੂੰ ਕਈ ਵਾਰ ਪੁਲਿਸ ਤਸ਼ਦੱਦ ਵੀ ਸਹਿਣਾ ਪਿਆ ਤੇ ਕੁਝ ਸਮਾਂ ਜੇਲ੍ਹ ਵੀ ਕੱਟੀ, ਪਰ ਬਾਅਦ ਵਿਚ ਬਾ-ਇੱਜਤ ਰਿਹਾਅ ਹੋ ਗਏ।

ਆਪਣੇ ਜੀਵਨ ਦੀ ਇਕ ਹੋਰ ਘਟਨਾ ਵਰਣਨ ਕਰਦਿਆਂ ਦੱਸਿਆ ਕਿ ਆਪ ਨੂੰ ਸੁਪਨੇ ਵਿੱਚ ਦਿਸਿਆ ਕਿ ਇਕ ਰਿਆਸਤ ਦਾ ਰਾਜਾ ਮਰ ਗਿਆ ਹੈ ਤੇ ਉਸਨੂੰ ਇਕ ਰੱਥ ਵਿਚ ਬਿਠਾ ਕੇ ਲਿਜਾ ਰਹੇ ਹਨ। ਰਸਤੇ ਵਿਚ ਕੁਝ ਦਲਦਲ ਵਿਚ ਉਹ ਰੱਥ ਫਸ ਗਈ, ਪਰ ਪਿਛੋਂ ਆਏ ਬੰਦਿਆਂ ਨੇ ਧੱਕਾ ਮਾਰਿਆ ਤੇ ਉਹ ਰੱਥ ਨਿਕਲ ਕੇ ਅਗੇ ਚਲੀ ਗਈ। ਉਸ ਦੀ ਧਰਮ ਰਾਜ ਅੱਗੇ ਪੇਸ਼ੀ ਹੋਈ। ਅਗੋਂ ਇਕ ਅਜਗੈਬੀ ਆਵਾਜ਼ ਗੂੰਜੀ। ਪੁੰਨ ਦਾਨ ਬਹੁਤ ਹੈ, ਬਹੁਤ ਹੈ, ਪਰ, **"ਸਤਜੁਗਿ ਸਤੁ ਤੇਤਾ ਜਗੀ ਦੁਆਪਰਿ ਪੂਜਾਚਾਰ ॥ ਤੀਨੌ ਜੁਗ ਤੀਨੌ ਦਿੜੇ ਕਲਿ ਕੇਵਲ ਨਾਮ ਅਧਾਰ ॥"** (ਅੰਗ : ੩੪੬) ਇਸ ਨੇ ਨਾਮ ਨਹੀਂ ਜਪਿਆ। ਆਪ ਜੀ ਦੱਸਦੇ ਸਨ ਕਿ ਆਪ ਨੇ ਇਹ ਗੁਰਵਾਕ ਪਹਿਲਾਂ ਕਦੇ ਨਹੀਂ ਸੀ ਸੁਣਿਆ। ਉਪਰੋਂ ਫਿਰ ਕੜਕਦੀ ਆਵਾਜ਼ ਆਈ, ਇਕ ਗੇੜਾ ਹੋਰ ਦੇ ਦਿਓ। ਉਹ ਰਾਜਾ ਕੰਬ ਉੱਠਿਆ ਅਤੇ ਹੱਥ ਜੋੜ ਕੇ ਮਿੰਨਤਾਂ ਕਰਨ ਲਗ ਪਿਆ। ਇਤਨੇ ਨੂੰ ਇਕ ਤਕੜਾ ਜਿਹਾ ਬੰਦਾ ਆਇਆ ਤੇ ਘਸੀਟ ਕੇ ਲੈ ਗਿਆ। ਉਸ ਨੂੰ ਪੁੰਨ ਦਾਨ ਕਰਨ ਕਰਕੇ, ਇਕ ਵਾਰ ਦੁਬਾਰਾ ਮਨੁੱਖਾ ਜਨਮ ਮਿਲ ਗਿਆ। ਭਾਈ ਸਾਹਿਬ ਜੀ ਸਵੇਰੇ ਹੀ ਕਿਸੇ ਗੁਆਂਢੀ ਗੁਰਸਿੱਖ ਦੇ ਘਰ ਗਏ ਤੇ ਉਪਰੋਕਤ ਗੁਰਵਾਕ ਦੇ ਕੁਝ ਅੱਖਰ ਯਾਦ ਸਨ, ਉਹ ਪੁੱਛੇ। ਉਸ ਗੁਰਸਿੱਖ ਨੇ ਦੱਸਿਆ ਕਿ ਇਹ ਰਵਿਦਾਸ ਭਗਤ ਜੀ ਦਾ ਸ਼ਬਦ ਹੈ। ਅਸਲ ਵਿਚ ਉਨੀਂ ਦਿਨ ਨੇੜੇ ਦੀ ਰਿਆਸਤ ਦਾ ਇਕ ਰਾਜਾ ਵਾਕਈ ਹੀ ਗੁਜ਼ਰਿਆ ਸੀ ਜੋ ਬੇਅੰਤ ਪੁੰਨ ਦਾਨ ਕਰਦਾ ਸੀ ਪਰ ਅੰਮ੍ਰਿਤ ਨਹੀਂ ਸੀ ਛਕਿਆ।

ਆਪ ਜੀ ਨੂੰ ਗੁਰਬਾਣੀ ਦਾ ਅਭਿਆਸ ਬਹੁਤ ਸੀ। ਬਚਨ ਕਰਦੇ ਗੁਰਬਾਣੀ ਦੀਆਂ ਤੁਕਾਂ ਰਾਹੀਂ ਹੀ ਗੱਲਾਂ ਕਰਦੇ ਸਨ। ਬੈਰਾਗ ਤਾਂ ਹਰ ਵੇਲੇ ਛਿੜਿਆ ਰਹਿੰਦਾ ਸੀ ਅਤੇ ਅੱਖਾਂ ਹਮੇਸ਼ਾਂ ਵੈਰਾਗ ਦੇ ਹੰਝੂਆਂ ਨਾਲ ਭਰੀਆਂ ਰਹਿੰਦੀਆਂ ਸਨ। ਆਪ ਸੇਵਾ ਤੇ ਨਿਮਰਤਾ ਦੇ ਪੁੰਜ ਸਨ ਅਤੇ ਸੁਭਾਅ ਬਹੁਤ ਮਿਲਾਪੜਾ ਤੇ ਮਿੱਠ ਬੋਲੜਾ ਸੀ। ਅਕਸਰ ਸਮਝਾਇਆ ਕਰਦੇ ਸੀ ਕਿ ਗੁਰਮਤਿ ਮਾਰਗ ਤੇ ਤੁਰਦਿਆਂ, ਨਾਮ ਤੇ ਗੁਰਬਾਣੀ ਵਿਚ ਹਮੇਸ਼ਾਂ ਲੀਨ ਰਹਿਣਾ ਚਾਹੀਦਾ ਹੈ। ਦੈਵੀ ਬਖਸ਼ਿਸ਼ਾਂ ਜਿਵੇਂ ਕਿ ਅਜ਼ਲੀ ਦਰਸ਼ਨ, ਵਧੀਆ ਨਜ਼ਾਰੇ ਪੇਖਣੇ, ਉਪਰ ਦੀ ਸੈਰ ਕਰਨੀ ਆਦਿ ਵਿਚ ਸੁਰਤ ਨਾ ਲਿਜਾਈਏ। ਰਿਧੀਆਂ ਸਿਧੀਆਂ ਤੋਂ ਬੱਚ ਕੇ ਕੇਵਲ ਨਾਮ ਆਹਾਰੀ ਨਾਮ ਅਧਾਰੀ ਬਣਨਾ ਚਾਹੀਦਾ ਹੈ।

ਆਪ ਜੀ ਦਾ ਕਾਫੀ ਸਮਾਂ ਪਹਿਲਾਂ ਗਦੂਦਾਂ ਦਾ ਅਪਰੇਸ਼ਨ ਹੋਇਆ ਸੀ, ਪਰ ਪਿਸ਼ਾਬ ਦੀ ਤਕਲੀਫ ਕਾਰਨ ਇਹ



www.AKJ.Org

ਅਪਰੇਸ਼ਨ ਦੁਬਾਰਾ ਕਰਵਾਉਣਾ ਪਿਆ। ਆਪ ਜੀ ਨੇ ਡਾਕਟਰਾਂ ਨੂੰ ਖਾਸ ਹਿਦਾਇਤ ਦਿੱਤੀ ਕਿ ਕਿਸੇ ਵੀ ਹਾਲਤ ਵਿਚ ਰੋਮਾਂ ਦੀ ਬੇਅਦਬੀ ਨਹੀਂ ਹੋਣੀ ਚਾਹੀਦੀ। ਲੁਧਿਆਣੇ ਦਾ ਸਪੈਸ਼ਲਿਸਟ ਸਰਜਨ ਸੀ, ਜਿਸ ਨੇ ਇਹ ਅਪਰੇਸ਼ਨ ਕਰਨਾ ਸੀ। ਆਪ ਜੀ ਕਹਿੰਦੇ ਸੀ ਕਿ ਜੇਕਰ ਇਕ ਵਾਰੀ ਰੋਮਾਂ ਦੀ ਬੇਅਦਬੀ ਹੋ ਗਈ ਤਾਂ ਦੁਬਾਰਾ ਟਾਂਕਾ ਲਾਉਣਾ ਪੈਣਾ ਹੈ (ਭਾਵ ਦੁਬਾਰਾ ਅੰਮ੍ਰਿਤ ਛੱਕਣਾ ਪੈਣਾ ਹੈ) ਜਿਸ ਤੋਂ ਬੱਚਣ ਲਈ ਸਿਰੜੀ ਗੁਰਸਿੱਖ ਹਮੇਸ਼ਾ ਪੂਰੀ ਵਾਹ ਲਾਉਂਦੇ ਸੀ, ਭਾਵੇਂ ਮੌਤ ਆ ਜਾਵੇ, ਪਰ ਫਿਰ ਵੀ ਰੋਮਾਂ ਦੀ ਬੇਅਦਬੀ ਨਹੀਂ ਸਨ ਹੋਣ ਦਿੰਦੇ। ਖੈਰ ਇਹ ਦੁਬਾਰਾ ਅਪਰੇਸ਼ਨ ਸਫਲ ਨਹੀਂ ਹੋ ਸਕਿਆ ਤੇ ਖੂਨ ਆਉਂਦਾ ਰਿਹਾ। ਫਿਰ ਇਹ ਖੇਚਲ ਵੱਧ ਕੇ ਕੈਂਸਰ ਦੀ ਬੀਮਾਰੀ ਬਣ ਗਈ। ਕਾਫੀ ਲੰਬਾ ਸਮਾਂ ਸਰੀਰ ਕਾਫੀ ਕਸ਼ਟ ਵਿਚ ਰਿਹਾ। ਪ੍ਰੀਵਾਰ ਤੇ ਗੁਰਸਿੱਖ ਪਿਆਰਿਆਂ, ਪ੍ਰੇਮੀ ਸਤਿਸੰਗੀਆਂ ਨੇ ਰੱਜ ਕੇ ਸੇਵਾ ਕੀਤੀ। ਇਸ ਸਮੇਂ ਉਨ੍ਹਾਂ ਕੋਲ ਨਾਮ ਬਾਣੀ ਦੇ ਅਤੁੱਟ ਪ੍ਰਵਾਹ ਚਲਦੇ ਰਹੇ। ਅਖ਼ੀਰ ਪਟਿਆਲੇ ਵਿਖੇ ਹੀ ਮਿਤੀ 12 ਜੂਨ 2016 ਨੂੰ ਪ੍ਰੇਮੀਆਂ ਅਤੇ ਗੁਰਸਿਖਾਂ ਦੀ ਮੌਜੂਦਗੀ ਵਿਚ ਹੀ ਪੰਜ ਭੂਤਕ ਚੋਲਾ ਤਿਆਗ ਕੇ ਅਕਾਲ ਪੁਰਖ ਵਲੋਂ ਬਖਸ਼ੀ ਹੋਈ ਸਵਾਸਾਂ ਦੀ ਪੂੰਜੀ ਨੂੰ ਸਫਲਾਅ ਕੇ ਗੁਰੂ ਚਰਨਾਂ ਵਿਚ ਜਾ ਬਿਰਾਜੇ। ਹੇਠਾਂ ਦਾਸ ਵਲੋਂ ਮਿਤੀ ਸਤੰਬਰ 2016 ਦੇ ਸੋ ਕਹੀਅਤ ਹੈ "ਸੂਰਾ" ਰਸਾਲੇ ਵਿਚ ਛਪੀ, ਉਨ੍ਹਾਂ ਨੂੰ ਸਮਰਪਿਤ ਲਿਖੀ ਇਕ ਕਵਿਤਾ ਦਿੱਤੀ ਜਾ ਰਹੀ ਹੈ।

**ਹਮਰੀ ਪ੍ਰਿਅ ਸੁਹਾਗਣ ਸਖੀ : ਵਲੋਂ ਭਾਈ ਅਮਰੀਕ ਸਿੰਘ ਜੀ ਅੰਬਾਲਾ**

ਹਮਰੀ ਪ੍ਰਿਅ ਸੁਹਾਗਣ ਸਖੀ, ਨਿੱਤ ਪ੍ਰਭ ਗੁਨ ਗਾਵੈ।
ਪ੍ਰਭ ਗੁਨ ਗਾਵੈ ਪ੍ਰਿਅ ਸਖੀ, ਮਨ ਬਹੁ ਭਾਵੈ।
ਮਨ ਬਹੁ ਭਾਵੈ ਪ੍ਰਿਅ ਸਖੀ, ਪਿਛਲ ਰਾਤੀਂ ਉੱਠ ਜਾਵੈ।
ਕੇਸ ਸਣੇ ਨਿੱਤ ਮਜਨ ਕਰੈ, ਮੂਲ ਮੰਤ੍ਰ ਕਾ ਜਾਪ ਅਲਾਵੈ।
ਆਸਣ ਬੈਸ ਪ੍ਰਿਉ ਪ੍ਰਿਉ ਉਚਾਰੈ, ਉਨਮਨ ਲਿਵ ਲਾਵੈ।
ਅਗੰਮ ਤਰੰਗੀ ਵੇਗ ਉਠਹਿ, ਦਿਬ ਨੈਣੀ ਦਰਸ਼ਨ ਪਾਵੈ।
ਦਿਬ ਸ੍ਰਵਣਿ ਅਨਹਦ ਨਾਦ ਸੁਣੈ, ਲਿਵਲੀਨ ਹੋਇ ਜਾਵੈ।
"ਪਾਰਸ ਪਰਸਿ ਪਰਸੁ ਪਰਸਿ" ਪਾਰਸ ਹੁਇ ਜਾਵੈ।
ਖਟ ਚਕ੍ਰ ਭੇਦਿ, ਤ੍ਰਿਕੁਟਿ ਉਲੰਘਿ, ਸਹਜ ਸੁਭਾਇ ਗਗਨ ਫਰਫਰਾਵੈ।
ਗਗਨ ਰਸਾਲ ਅਮਿਉ ਚੋਵੈ, ਪੀ ਅੰਮ੍ਰਿਤ-ਰਸ ਤ੍ਰਿਪਤ ਆਘਾਵੈ।
ਚੜ੍ਹੇ ਦਿਵਸ ਗੁਰਬਾਣੀ ਪੜ੍ਹੈ, 'ਇਕ ਮਨ ਚਿਤ' ਲਾਵੈ।
ਗੁਰਦੁਆਰੇ ਜਾਇ ਹਮਰੀ ਪ੍ਰਿਅ, ਸਤਿਗੁਰ ਆਗੈ ਸੀਸ ਝੁਕਾਵੈ।
ਕੀਰਤਨ ਸੁਣੈ ਲਿਵਲੀਨ ਹੋਇ, ਨਿੱਤ ਭੋਜਨ ਇਹੋ ਪਾਵੈ।
ਤਨ ਮਨ ਧਨ ਸਭ ਅਰਪਿ ਗੁਰ ਕਉ, ਗੁਰ ਉਪਦੇਸ਼ ਕਮਾਵੈ।
ਪੰਚ ਜਨਾ ਸਿਉਂ ਕਰੈ ਗੋਸਟ, ਬੇਗ਼ਮਪੁਰ ਸਿਉਂ ਸੰਪਰਕ ਬਣਾਵੈ।
ਨਿਮਰ ਸੁਭਾਅ ਸਦ ਮਿਸਟ ਅਲਾਵੈ, 'ਸਗਲ ਰੇਨ' ਹੁਇ ਜਾਵੈ।
ਕੜਿਆਲ ਮੁਖੇ ਗੁਰਿ ਗਿਆਨ ਜੁ ਪਾਇਆ, ਤਿਸ ਸਿਓਂ ਕਾਰ ਕਮਾਵੈ।
ਗਿਆਨ ਖੜਗ ਲੈ ਪੰਚ ਦੂਤ ਉਨ ਕੋਪੇ, ਮਾਈ ਤਿਸ ਕੇ ਨਿਕਟ ਨ ਪੋਹੈ।
ਹਰਖ ਸੋਗ ਮਹਿ ਰਹੈ ਨਿਰਲੇਪਾ, ਮੋਹਨੀ ਸਿਉਂ ਰੁਚ ਨ ਲਾਵੈ।



www.AKJ.Org

ਸਖੀ ਮੇਰੀ ਕੀ ਭਈ ਉਹ ਦਾਸੀ, ਜੋ ਸਗਲ ਜਗਤ ਕਉ ਜੋਹੈ।
ਕਾਜਰ ਕੋਠ ਉਸ ਲਗੈ ਨ ਕਾਲਖ, ਸੀਤਲ ਸ਼ਾਂਤ ਸਦ ਉਹ ਸੋਹੈ।
ਧਨ ਪਿਰ ਮਿਲ ਇਕ ਜੋਤ ਹੋਈ, ਜਿਉਂ ਬੂੰਦ ਸਾਗਰ ਇਕ ਹੋਵੈ।
ਭੈ-ਭਾਵਨੀ ਮਹਿ ਸਦ ਵਿਚਰੈ, ਗੁਰਮਤਿ ਅਨੁਸਾਰੀ ਕਾਰ ਕਮਾਵੈ।
ਅਲਪ ਅਹਾਰ ਬਿਬੇਕ ਆਹਾਰ ਜੋ ਅਚਿੰਤੇ ਮਿਲੈ, ਪਾਇ ਤ੍ਰਿਪਤਾਵੈ।
ਬੈਰਾਗ ਰਿਦੈ ਉਚਰੈ ਗੁਰਬਾਣੀ, ਅਮਿਉ ਝਰਨੇ ਸਫੁੱਟ ਹੋਇ ਆਵੈ।
ਜੀਵਨ ਮੁਕਤ ਸਖੀ ਪ੍ਰਿਅ ਹਮਰੀ, ਨਿੱਤ ਗੁਰਉਪਦੇਸ਼ ਕਮਾਵੈ।
ਅੰਮ੍ਰਿਤ ਸੰਚਾਰ ਸਮਾਗਮ ਜਹ ਹੋਵੈ, ਮਿਲਿ ਪੰਚਾਂ ਮੁਖਿ ਅੰਮ੍ਰਿਤ ਚੋਵੈ।
ਤੋਹਿ ਚਰਿਤ ਪੇਖ ਹੇ ਪ੍ਰਿਅ ਸਖੀ, 'ਗਰੀਬ' ਹਿਰਦਾ ਇਹ ਅਲਾਵੈ।
ਦੇਹੀ ਛਾਡਿ ਐਸੀ ਸਖੀ, ਬੇਗ਼ਮਪੁਰ ਜਾਇ ਪ੍ਰਭ ਅੰਕ ਸਮਾਵੈ।
ਸਦ ਬਲਿਹਾਰ ! ਸਦ ਕੁਰਬਾਨ ! ਐਸੋ ਸੇਵਕ ਬਿਰਲੋ ਹੀ ਆਵੈ।

## ਜਥੇਦਾਰ ਭਾਈ ਰਾਮਾ ਸਿੰਘ ਜੀ ਯੂ.ਕੇ.

ਭਾਈ ਗੁਰਦੀਪ ਸਿੰਘ, ਸ੍ਰੀ ਅੰਮ੍ਰਿਤਸਰ

ਹਿੰਦੂ ਘਰਾਣੇ ਵਿਚ ਜਨਮੇ, ਹਿੰਦੂ ਕਰਮ ਕਾਂਡ ਦੀਆਂ ਰਸਮਾਂ ਨੂੰ ਆਪਣੇ ਪਿੰਡੇ ਤੇ ਹੰਢਾਉਣ ਵਾਲੇ, ਸਿੱਖ ਧਰਮ ਗ੍ਰਹਿਣ ਕਰਕੇ ਬਣੀ ਇਕ ਉੱਚ ਹਸਤੀ, ਵਿਦੇਸ਼ਾਂ ਵਿਚ ਅਨੇਕਾਂ ਪ੍ਰਾਣੀਆਂ ਨੂੰ ਗੁਰੂ ਚਰਨਾਂ ਨਾਲ ਜੋੜਨ ਵਾਲੇ, ਭਾਈ ਰਾਮਾ ਸਿੰਘ ਜੀ ਦਾ ਜਨਮ ਇਕ ਬ੍ਰਾਹਮਣ ਹਿੰਦੂ ਘਰਾਣੇ ਵਿਚ ਸੰਨ 1930 ਵਿਚ ਮਾਤਾ ਲੱਛਮੀ ਦੇਵੀ ਅਤੇ ਪਿਤਾ ਵੈਦ ਚੰਦਰ ਪਾਲ ਜੀ ਦੇ ਘਰ ਪਿੰਡ ਛੜਿਆਵਲੀ ਜਿਲ੍ਹਾ ਅਲੀਗੜ੍ਹ (ਯੂ.ਪੀ.) ਵਿਚ ਹੋਇਆ। ਇਨ੍ਹਾਂ ਦੇ ਪਿਤਾ ਜੀ ਪਿੰਡ ਦੇ ਥੜ੍ਹੇ ਤੇ ਬੈਠ ਕੇ ਹੋਮਿਓਪੈਥਿਕ ਦਵਾਈਆਂ ਦਿੰਦੇ ਹੁੰਦੇ ਸਨ ਅਤੇ ਉੱਥੇ ਆ ਕੇ ਸਾਧੂ ਸੰਤ, ਗੀਤਾ ਅਤੇ ਰਮਾਇਣ ਦਾ ਪ੍ਰਚਾਰ ਕਰਦੇ ਸਨ। ਆਪ ਜੀ ਨੂੰ ਇਹ ਕਥਾਵਾਂ ਸੁਣਨ ਦਾ ਬਹੁਤ ਸ਼ੌਂਕ ਸੀ ਜੋ ਆਪ ਪ੍ਰੇਮ ਨਾਲ ਸੁਣਦੇ। ਆਪ ਨੇ ਸੰਸਾਰਕ ਵਿਦਿਆ ਆਪਣੇ ਪਿੰਡ ਤੋਂ ਹੀ ਅੱਠਵੀਂ ਤਾਈਂ ਲਈ। ਅਜੇ ਆਪ 6 ਕੁ ਸਾਲ ਦੀ ਉਮਰ ਦੇ ਹੀ ਸਨ ਕਿ ਮਾਤਾ ਨੇ, ਕਪੜਿਆਂ ਨੂੰ ਲੱਗੀ ਮੈਲ ਕੁੱਟ ਕੇ ਲਾਹੁਣ ਬਾਰੇ ਪੁੱਛਣ ਤੇ ਉਪਦੇਸ਼ ਦਿੱਤਾ ਕਿ ਜੋ ਧਰਤੀ ਤੇ ਜਨਮ ਲੈ ਕੇ ਪ੍ਰਮਾਤਮਾ ਦਾ ਸਿਮਰਨ ਨਹੀਂ ਕਰਦੇ, ਉਨ੍ਹਾਂ ਨੂੰ ਇਸੇ ਤਰ੍ਹਾਂ ਜਮਾਂ ਦੀ ਮਾਰ ਪੈਂਦੀ ਹੈ। ਇਹ ਸੁਣ ਕੇ ਆਪ ਡਰ ਗਏ ਤੇ ਹਰੇ ਰਾਮਾ ਹਰੇ ਰਾਮਾ ਦਾ ਜਾਪ ਕਰਨ ਲੱਗ ਪਏ। ਇਸੇ ਤਰ੍ਹਾਂ ਅਠ ਸਾਲ ਦੀ ਉਮਰ ਵਿਚ ਬਾਬਾ ਰਤਨ ਦਾਸ ਕੋਲੋਂ ਕਥਾ ਸੁਣੀ, ਜਿਸ ਨੇ ਚੌਰਾਸੀ ਲੱਖ ਜੂਨਾਂ ਬਾਰੇ ਜਾਣਕਾਰੀ ਦਿੱਤੀ ਤੇ ਕਿਹਾ, ਜਿਹੜੇ ਰਾਮ ਦਾ ਨਾਮ ਨਹੀਂ ਲੈਂਦੇ, ਉਨ੍ਹਾਂ ਨੂੰ ਚੌਰਾਸੀ ਦਾ ਦੁੱਖ ਭੋਗਣਾ ਪੈਂਦਾ ਹੈ। ਇਨ੍ਹਾਂ ਜੂਨਾਂ ਵਿਚ ਦੁੱਖ ਹੀ ਦੁੱਖ ਹਨ, ਸੁੱਖ ਕਿਤੇ ਨਹੀਂ। ਇਸ ਤਰ੍ਹਾਂ ਆਪ ਦੇ ਮਨ ਵਿਚ ਵੀ ਭਗਤੀ ਕਰਕੇ ਮੁਕਤੀ ਪ੍ਰਾਪਤ ਕਰਨ ਦੀ ਇੱਛਾ ਪੈਦਾ ਹੋ ਗਈ। ਇਸੇ ਤਰ੍ਹਾਂ ਨੌ ਸਾਲ ਦੀ ਉਮਰ ਵਿਚ ਇਕ ਸਮਾਨ ਨਾਲ ਲੱਦੇ ਰੇੜੇ ਉੱਤੇ ਜ਼ਿਆਦਾ ਭਾਰ ਹੋਣ ਕਰਕੇ, ਘੋੜੇ ਨੂੰ ਮਾਲਕ ਵਲੋਂ ਪੈਂਦੀ ਕੁੱਟ ਵੇਖ ਕੇ ਵੀ ਆਪ ਦੇ ਮਨ ਨੂੰ ਬਹੁਤ ਉਦਾਸੀ ਹੋਈ। ਇਕ ਹੋਰ ਘਟਨਾ ਆਪਣੇ ਬਚਪਨ ਵਿਚ ਦੇਖੀ ਕਿ ਖੇਤਾਂ ਵਿਚ ਕੰਮ ਕਰਦੇ ਬਲਦਾਂ ਨੂੰ ਨੌਕਰ ਵਲੋਂ ਕੁੱਟਣ ਕਰਕੇ ਉਨ੍ਹਾਂ ਦੀ ਪਿੱਠ ਵਿਚੋਂ ਖੂਨ ਸਿੰਮ ਰਿਹਾ ਸੀ ਅਤੇ ਮੱਖੀਆ ਵੀ ਤੰਗ ਕਰ ਰਹੀਆਂ ਸਨ। ਇਹ ਬੇਜੁਬਾਨ ਪਸ਼ੂ ਘੋੜੇ ਖੋਤੇ ਬਲਦ ਆਦਿਕ ਆਪਣਾ ਦੁੱਖ ਵੀ ਕਿਸੇ ਨੂੰ ਨਹੀਂ ਦਸ ਸਕਦੇ ਅਤੇ ਪਿਛਲੇ ਜਨਮਾਂ ਦੇ ਕਰਮ ਕਰਕੇ ਹੁਣ ਦੁੱਖ ਭੁਗਤ ਰਹੇ ਹਨ।


www.AKJ.Org

ਇਸ ਤਰ੍ਹਾਂ ਪਸ਼ੂਆਂ ਦੀ ਭਿਆਨਕ ਦਸ਼ਾ ਦੇਖ ਕੇ, ਇਸ ਤੋਂ ਬਚਣ ਲਈ ਆਪ ਨੇ ਪਹਿਲਾਂ ਪੰਜ ਮਿੰਟ ਸਿਮਰਨ ਆਰੰਭ ਕੀਤਾ, ਜੋ ਬਾਅਦ ਵਿਚ ਪੰਜੇ ਘੰਟੇ ਦਾ ਹੋ ਗਿਆ। ਦੁੱਖੀ ਜਾਨਵਰਾਂ ਦਾ ਇਹ ਹਾਲ ਦੇਖ ਕੇ, ਆਪ ਬਿਨ੍ਹਾਂ ਕਿਸੇ ਨੂੰ ਦੱਸੇ, ਘਰ ਛੱਡ ਕੇ ਜੰਗਲ ਵਿਚ ਚਲੇ ਗਏ। ਰਾਤ ਭਿਆਨਕ ਜੰਗਲ ਵਿਚ ਹੀ ਕੱਟੀ। ਦੂਸਰੇ ਦਿਨ ਭੁੱਖ ਦੇ ਸਤਾਉਣ ਕਰਕੇ ਘਰ ਵਾਪਿਸ ਆ ਗਏ, ਜਿਸ ਲਈ ਪਿਤਾ ਜੀ ਗੁੱਸੇ ਵੀ ਹੋਏ। ਪਰ ਆਪ ਦੇ ਮਨ ਵਿਚ ਉਦਾਸੀ ਹੋਣ ਕਰਕੇ ਜੰਗਲ ਵਿਚ ਸਿਮਰਨ ਕਰਨ ਲਈ ਗਿਆ ਸੀ, ਸੁਣ ਕੇ ਸ਼ਾਂਤ ਹੋ ਗਏ ਤੇ ਕਿਹਾ ਕਿ ਰਾਮ ਦਾ ਨਾਮ ਬੁਢੇਪੇ ਵਿਚ ਜਪੀਦਾ ਹੈ। ਇਸ ਤੋਂ ਬਾਅਦ ਆਪ ਪਿੰਡ ਵਿਚ ਹੀ ਆਏ ਨਗਨ ਤੇ ਮੋਨਧਾਰੀ ਸਾਧੂਆਂ ਵਲੋਂ ਕੀਤੇ ਜਾ ਰਹੇ ਕਰਮ ਕਾਂਡਾਂ ਤੋਂ ਉਪਰਾਮ ਹੋ ਗਏ, ਕਿਉਂਕਿ ਉਹ ਪ੍ਰਭੂ ਦਾ ਸਿਮਰਨ ਤਾਂ ਕਰਦੇ ਹੀ ਨਹੀਂ ਸਨ, ਜਿਸ ਦਾ ਆਪ ਨੂੰ ਮਾਤਾ ਜੀ ਕੋਲੋਂ ਬਚਪਨ ਵਿਚ ਹੀ ਉਪਦੇਸ਼ ਮਿਲ ਗਿਆ ਸੀ। ਫਿਰ ਆਪ ਨੇ ਹਿੰਦੂ ਕਰਮ ਕਾਂਡਾਂ ਵਿਚ ਫਸੇ, ਪਹਿਲਾਂ ਠੱਗੀ ਮਾਰਨ ਵਾਲੇ ਸਾਧੂ ਦੇਖੇ। ਉਸ ਤੋਂ ਬਾਅਦ, ਜੈਨੀ, ਬ੍ਰਹਮਚਾਰੀ, ਸ਼ਿਵ ਲਿੰਗ ਅਤੇ ਸਯਦ ਦੀ ਪੂਜਾ, ਮੁਕਤੀ ਵਾਸਤੇ ਬਨਾਰਸ ਵਿਚ ਲਾਏ ਗਏ ਆਰੇ ਦੁਆਰਾ ਪੰਡਿਤਾਂ ਵੱਲੋਂ ਮਾਰੀ ਜਾਂਦੀ ਠੱਗੀ, ਲੁੱਟ ਖਸੁੱਟ, ਗਊ ਦਾਨ, ਮੁਕਤੀ ਕਰਾਉਣ ਦੇ ਬਹਾਨੇ ਮਹਾਂਦੇਵ ਦੀ ਮੂਰਤੀ ਦਾ ਇਸ਼ਨਾਨ, ਗਜਾ ਦਾਨ, ਸਰਾਧ ਰੱਖਣੇ, ਨਾਗ ਪੰਚਮੀ, ਕਾਲੀ ਮਾਈ ਦੀ ਪੂਜਾ, ਮੱਥਾ ਟੇਕਣ ਦਾ ਫਲ ਅਤੇ ਅੰਤ ਸਮੇਂ ਦਾ ਨਜ਼ਾਰਾ ਆਦਿ ਦਰਸਾਉਣ ਵਾਲੇ ਸਭ ਕਰਮ ਕਾਂਡੀ ਲੋਕ, ਜੋ ਆਪ ਤਾਂ ਭਰਮਾਂ ਵਿਚ ਫਸੇ ਹੋਏ ਸਨ, ਪ੍ਰੰਤੂ ਭੋਲੀ ਭਾਲੀ ਜਨਤਾ ਨੂੰ ਵੀ ਫਸਾਉਂਦੇ ਅਤੇ ਠੱਗਦੇ ਹਨ, ਵੇਖੇ। ਇਹ ਸਭ ਕੁਝ ਦੇਖ ਕੇ ਆਪ ਜੀ ਬਹੁਤ ਉਪਰਾਮ ਹੋ ਗਏ ਤੇ ਕਿਸੇ ਸੱਚੇ ਤੇ ਪੂਰੇ ਗੁਰੂ ਦੀ ਭਾਲ ਵਿਚ ਲੱਗ ਪਏ।

ਪੂਰੇ ਗੁਰੂ ਦੀ ਭਾਲ ਵਿਚ ਪਹਿਲਾਂ ਹਰਦੁਆਰ (ਜੋ ਆਪ ਦੇ ਪਿੰਡ ਤੋਂ 30 ਮੀਲ ਦੂਰ ਹੈ) ਜਾ ਕੇ ਹਰਿ ਕੀ ਪਉੜੀ ਉੱਪਰ ਇਸ਼ਨਾਨ ਕੀਤਾ। ਉਥੋਂ ਰਿਸ਼ੀਆਂ ਦੀ ਧਰਤੀ ਰਿਸ਼ੀਕੇਸ ਚਲੇ ਗਏ। ਉੱਥੇ ਘਣੇ ਜੰਗਲ ਵਿਚ 2-3 ਦਿਨ ਭੁੱਖੇ ਰਹਿ ਕੇ ਹਰੇ ਰਾਮਾ ਹਰੇ ਰਾਮਾ ਦਾ ਸਿਮਰਨ ਕੀਤਾ ਪਰ ਫਿਰ ਸੋਚਿਆ ਕਿ ਪਹਿਲਾਂ ਕੋਈ ਗੁਰੂ ਲੱਭਿਆ ਜਾਵੇ। ਪਿਤਾ ਦੀ ਨਰਾਜ਼ਗੀ ਕਾਰਨ ਪਿੰਡ ਜਾਣ ਦੀ ਬਜਾਏ, ਆਪਣੇ ਚਾਚੇ ਕੋਲ ਦਿੱਲੀ ਉਸ ਦੇ ਹੋਟਲ ਵਿਚ ਜਾ ਕੇ ਕੰਮ ਕਰਨ ਲੱਗ ਪਏ। ਇਹ ਹੋਟਲ ਸੀਸ ਗੰਜ ਗੁਰਦੁਆਰੇ ਦੇ ਸਾਹਮਣੇ ਸੀ। ਪਰ ਸਿੱਖ ਧਰਮ ਅਤੇ ਮੱਥਾ ਆਦਿ ਟੇਕਣ ਦਾ ਆਪ ਨੂੰ ਅਜੇ ਤਾਈਂ ਕੋਈ ਗਿਆਨ ਨਹੀਂ ਸੀ। ਇੱਥੇ ਆ ਕੇ ਪਤਾ ਲੱਗਾ ਕਿ ਮਸਜਿਦਾਂ ਅਤੇ ਮੰਦਰਾਂ ਦੇ ਉਲਟ, ਗੁਰਦੁਆਰੇ ਸਭ ਦੇ ਸਾਂਝੇ ਹੁੰਦੇ ਹਨ। ਹਰ ਧਰਮ ਦਾ ਵਿਅਕਤੀ ਉੱਥੇ ਜਾ ਸਕਦਾ ਹੈ।

ਹੋਟਲ ਵਿਚ ਕੰਮ ਕਰਦੇ ਸਮੇਂ ਅਖਬਾਰ ਵਿਚ ਇਕ ਇਸ਼ਤਿਹਾਰ ਤੇ ਨਜ਼ਰ ਪਈ। ਉਸ ਵਿਚ ਪਾਰਟੀ ਦਾ ਇੰਤਜਾਮ ਤੇ ਖਾਣਾ ਬਣਾਉਣ ਵਾਲੇ ਆਦਮੀ ਦੀ ਲੋੜ ਵਾਸਤੇ ਲਿਖਿਆ ਸੀ, ਜੋ ਵਿਦੇਸ਼ ਜਾਣ ਲਈ ਤਿਆਰ ਹੋਵੇ। ਸ਼ਾਮ ਨੂੰ ਕੰਮ ਤੋਂ ਵਿਹਲੇ ਹੋ ਕੇ ਆਪ ਨੇ ਉਸ ਇਸ਼ਤਿਹਾਰ ਦੇਣ ਵਾਲੇ ਅਫ਼ਸਰ ਨੂੰ ਮਿਲ ਕੇ ਆਪ ਦੀ ਜਾਣਕਾਰੀ ਦਿੱਤੀ ਤੇ ਉਸ ਨੇ ਦੂਸਰੇ ਦਿਨ ਹੋਟਲ ਵਿਚ ਆ ਕੇ ਜ਼ਰੂਰੀ ਕਾਗਜ਼ਾਤ ਤੇ ਤਿੰਨ ਫੋਟੋ ਲੈ ਕੇ ਪਾਸਪੋਰਟ ਬਣਵਾ ਦਿੱਤਾ।

20 ਜੁਲਾਈ 1957 ਨੂੰ ਉਸ ਅਫ਼ਸਰ ਨਾਲ ਇੰਡੋਨੇਸ਼ੀਆ ਜਾਣਾ ਸੀ। ਬਿਨ੍ਹਾਂ ਕਿਸੇ ਨੂੰ ਦੱਸੇ ਆਪ ਉਸ ਦੇ ਹੋਟਲ ਵਿਚ ਪਹੁੰਚ ਗਏ, ਪਰ ਉਹ ਅਫਸਰ ਉਸ ਵੇਲੇ ਕਮਰੇ ਵਿਚ ਨਹੀਂ ਸੀ। ਉੱਥੇ ਦੋ ਗੁਟਕੇ ਹਿੰਦੀ ਤੇ ਪੰਜਾਬੀ ਵਿਚ ਸੁਖਮਨੀ ਸਾਹਿਬ ਦੇ ਪਏ ਸਨ। ਆਪ ਹਿੰਦੀ ਦਾ ਗੁਟਕਾ ਚੁੱਕ ਕੇ ਪੜ੍ਹਨ ਲੱਗ ਪਏ ਅਤੇ ਆਤਮਿਕ ਸ਼ਾਂਤੀ ਮਹਿਸੂਸ ਕੀਤੀ। ਜਦੋਂ ਅਫਸਰ ਆਇਆ ਤਾਂ ਉਸ ਨੇ ਕਿਹਾ ਕਿ ਇਹ ਤੇਰੇ ਵਾਸਤੇ ਖਰੀਦ ਕੇ ਰੱਖੇ ਹਨ। ਜਦੋਂ ਮੈਂ ਬੀਮਾਰ ਹੋਇਆ ਤਾਂ ਮੈਨੂੰ ਪੜ੍ਹ ਕੇ ਸੁਣਾਈਂ। ਉਹ ਅਫ਼ਸਰ ਸੁਖਮਨੀ ਸਾਹਿਬ ਦਾ ਨਿਤਨੇਮੀ ਸੀ ਅਤੇ ਉਸ ਨੇ ਦੱਸਿਆ ਕਿ ਇਸ ਦਾ ਪਾਠ ਕਰਨ ਨਾਲ ਸਰੀਰਕ ਅਤੇ ਆਤਮਿਕ ਸੁੱਖ ਮਿਲਦੇ ਹਨ। ਉਹ ਅਫਸਰ ਪਾਠ ਕਰਕੇ ਹੀ ਟੀਚਰ ਤੋਂ ਹਾਈ ਕਮਿਸ਼ਨਰ ਬਣਿਆ ਸੀ। ਉਸ ਅਫ਼ਸਰ ਦਾ ਕੁਝ ਸਮਾਨ ਸੀ ਲਿਜਾਣ ਵਾਲਾ ਅਤੇ ਕੁਝ ਆਪ ਦਾ ਸੀ। ਆਪ ਨੂੰ ਸਮੁੰਦਰੀ ਜ਼ਹਾਜ ਵਿਚ ਚੜ੍ਹਾ ਦਿੱਤਾ ਜੋ 21 ਦਿਨ ਬਾਅਦ ਇੰਡੋਨੇਸ਼ੀਆ ਪਹੁੰਚ ਗਿਆ। ਇਕ ਦਿਨ ਆਪ ਸੁਖਮਨੀ



www.AKJ.Org

ਸਾਹਿਬ ਦਾ ਗੁਟਕੇ ਤੋਂ ਪਾਠ ਕਰ ਰਹੇ ਸਨ ਤੇ ਅਫ਼ਸਰ ਪਿਛੇ ਆ ਕੇ ਖੜੋ ਗਿਆ। ਪਾਠ ਕਰਦਾ ਵੇਖ, ਉਹ ਆਪ ਦਾ ਹੋਰ ਸਤਿਕਾਰ ਕਰਨ ਲੱਗ ਪਿਆ ਅਤੇ ਰਿਸ਼ਤਾ ਮਾਲਕ-ਨੌਕਰ ਦੀ ਬਜਾਏ ਸਤਿਸੰਗੀ ਦੋਸਤਾਂ ਵਾਲਾ ਬਣ ਗਿਆ। ਆਪ ਨੂੰ ਖੁਦ ਕੰਮ ਕਰਨ ਦੀ ਬਜਾਏ, ਨੌਕਰਾਂ ਕੋਲੋਂ ਕੰਮ ਕਰਵਾਉਣ ਤੇ ਲਾ ਦਿੱਤਾ। ਅਫ਼ਸਰ ਦਾ ਇਕ ਲੜਕਾ ਤੇ ਲੜਕੀ ਸੀ। ਲੜਕੀ ਦੀ ਸ਼ਾਦੀ ਹੋ ਗਈ ਤੇ ਲੜਕੇ ਦੀ ਅਚਾਨਕ ਮੌਤ ਹੋ ਗਈ ਸੀ। ਅਫ਼ਸਰ ਤੇ ਉਸਦੀ ਪਤਨੀ ਲੜਕੇ ਦੇ ਵੈਰਾਗ ਵਿਚ ਦੁਖੀ ਰਹਿੰਦੇ ਸਨ। ਆਪ ਦੇ ਉਨ੍ਹਾਂ ਨਾਲ ਰਹਿਣ ਅਤੇ ਸੁਖਮਨੀ ਸਾਹਿਬ ਦਾ ਪਾਠ ਕਰਨ ਕਰਕੇ, ਉਨ੍ਹਾਂ ਦਾ ਮਨ ਸ਼ਾਂਤ ਹੋ ਗਿਆ। ਡੇਢ ਸਾਲ ਸੁਖਮਨੀ ਦਾ ਪਾਠ ਤੇ ਹਰੇ ਰਾਮਾ ਦਾ ਸਿਮਰਨ ਕਰਕੇ ਆਪ ਨੂੰ ਅਨੰਦ ਆਉਣ ਲੱਗ ਪਿਆ।

ਫਿਰ ਭਾਰਤੀ ਅੰਬੈਸੀ ਵਿਚ ਇਕ ਨੌਕਰੀ ਨਿਕਲੀ, ਜਿਸ ਵਿਚ ਅਫਸਰ ਨੇ ਆਪ ਨੂੰ ਲਗਵਾ ਦਿੱਤਾ। ਪਰ ਇੱਥੇ ਵੱਡੇ-ਵੱਡੇ ਹੋਟਲਾਂ 'ਤੇ ਕਲੱਬਾਂ ਵਿਚ ਜਾ ਕੇ, ਜਿੱਥੇ ਅਫਸਰਾਂ ਦੀਆਂ ਮੀਟਿੰਗਾਂ ਹੁੰਦੀਆਂ ਸਨ, ਉੱਥੇ ਫਿਲਮਾਂ ਦਿਖਾਉਣੀਆਂ ਹੁੰਦੀਆਂ ਸਨ। ਇੱਥੇ ਤਨਖਾਹ ਚੰਗੀ ਮਿਲਦੀ ਸੀ, ਜਿਸ ਤੋਂ ਆਪ ਨੂੰ ਵਿਸ਼ਵਾਸ ਹੋ ਗਿਆ ਕਿ ਇਹ ਸੁਖਮਨੀ ਸਾਹਿਬ ਦੇ ਪਾਠ ਦਾ ਫਲ ਹੈ। ਨੌਕਰ ਤੋਂ ਮਾਲਕ ਬਣ ਗਿਆ ਹਾਂ। ਦੋ ਕਾਰਾਂ ਤੇ ਤਿੰਨ ਨੌਕਰ ਮਿਲੇ ਹਨ। ਫਿਰ ਇੱਥੇ ਭੈੜੀ ਸੰਗਤ ਕਰਕੇ ਕਲਯੁਗ ਨੇ ਆਣ ਘੇਰਿਆ। ਪੰਜੇ ਚੋਰ ਜਿਨ੍ਹਾਂ ਵਿਚ ਕਾਮ ਮਹਾਂਬਲੀ ਹੈ, ਨੇ ਆ ਕੇ ਘੇਰ ਲਿਆ। ਕਲੱਬਾ ਵਿਚ ਜਾਣ ਕਰਕੇ ਮਨ ਮੈਲਾ ਹੋਣ ਲਗ ਪਿਆ। ਲੜਕੀਆਂ ਨਾਲ ਸੰਬੰਧ ਜੁੜ ਗਏ। ਬੱਚਣ ਦੀ ਕੋਸ਼ਿਸ਼ ਵੀ ਕੀਤੀ, ਪਰ ਬੱਚ ਨਹੀਂ ਸਕੇ ਅਤੇ ਪਰਾਈ ਇਸਤਰੀ ਦਾ ਸੰਗ ਕਰ ਬੈਠੇ। ਪਹਿਲਾਂ ਜਿਹੜਾ ਦਿਨ ਵਿਚ ਕਈ ਸੁਖਮਨੀ ਸਾਹਿਬ ਦੇ ਪਾਠ ਕਰਦੇ ਸੀ ਅਤੇ ਵਿਹਲੇ ਸਮੇਂ ਸਿਮਰਨ ਕਰਦੇ ਸੀ, ਕੁਸੰਗਤ ਕਰਕੇ ਉਸ ਦਾ ਅਨੰਦ ਘਟਣ ਕਰਕੇ ਬਿਰਤੀ ਉਖੜ ਗਈ ਤੇ ਉਪਰਾਮ ਰਹਿਣ ਲੱਗ ਪਏ। ਪਰਮਾਤਮਾ ਅੱਗੇ ਬੇਨਤੀਆਂ ਵੀ ਕਰਦੇ ਰਹੇ ਪਰ ਫਿਰ ਵੀ ਮਨ ਨਹੀਂ ਲੱਗਿਆ। ਕਲੱਬਾਂ, ਸਿਨਮੇ, ਹੋਟਲ, ਕਾਜਲ ਦੀ ਕੋਠੜੀ ਵਾਂਗ ਹਨ ਜਿਹੜਾ ਇਕ ਵਾਰੀ ਵੜ ਜਾਵੇ ਮੂੰਹ ਸਿਰ ਕਾਲਾ ਕਰਾ ਕੇ ਹੀ ਨਿਕਲੇਗਾ। ਇੱਥੇ ਇਹ ਨੌਕਰੀ 6 ਸਾਲ ਲਈ ਸੀ ਤੇ ਉਹ ਪੂਰੀ ਕਰਕੇ ਇੰਡੀਆ ਵਾਪਿਸ ਪਿੰਡ ਆ ਗਏ। ਮਾਤਾ-ਪਿਤਾ ਮਿਲ ਕੇ ਖੁਸ਼ ਹੋਏ। ਜਦੋਂ ਸੁਖਮਨੀ ਸਾਹਿਬ ਦੇ ਪਾਠ ਕਰਨ ਤਾਂ ਭਰਾ ਨੇ ਪੁੱਛਿਆ ਕਿ ਇਹ ਕੀ ਪੜ੍ਹਦਾ ਹੈ? ਜਦੋਂ ਆਪ ਨੇ ਗੁਰਬਾਨੀ ਦੇ ਪਾਠ ਬਾਰੇ ਦਸਿਆ ਤਾਂ ਭਰਾ ਬਹੁਤ ਗੁੱਸੇ ਹੋਇਆ ਤੇ ਕਿਹਾ ਗੀਤਾ ਜਾਂ ਰਮਾਇਣ ਦਾ ਪਾਠ ਕਰਨਾ ਚਾਹੀਦਾ ਹੈ। ਪ੍ਰੰਤੂ ਆਪ ਦਾ ਨਿਸਚਾ ਬਣ ਚੁੱਕਾ ਸੀ ਕਿ ਇਹ ਪਾਠ ਕਰਨ ਕਰਕੇ ਹੀ ਨੌਕਰ ਤੋਂ ਮਾਲਿਕ ਬਣਿਆ ਸਾਂ, ਬੇਅੰਤ ਮਾਇਆ ਇਕੱਠੀ ਕੀਤੀ ਅਤੇ ਸਾਰੇ ਸੁੱਖ ਪ੍ਰਾਪਤ ਹੋਏ ਸਨ। ਆਪ ਇਹ ਪਾਠ ਕਿਵੇਂ ਛੱਡ ਸਕਦੇ ਸਨ ? ਜਿਸ ਨੂੰ ਕਿਸੇ ਵੀ ਧਰਮ ਦਾ ਕੋਈ ਵੀ ਇਨਸਾਨ ਪੜ੍ਹ ਸਕਦਾ ਹੈ। ਇਹ ਬਾਣੀ ਦੁਖ, ਦਰਦ, ਕਲੇਸ਼ਾਂ ਦਾ ਨਾਸ ਕਰਦੀ ਹੈ। ਜਿਸ ਬਾਰੇ ਆਉਂਦੀਆਂ ਇਤਿਹਾਸਕ ਸਾਖੀਆਂ, ਆਪ ਜੀ ਦਾ ਅਫਸਰ, ਇਕੱਠੇ ਪਾਠ ਕਰਨ ਵੇਲੇ ਸੁਣਾਇਆ ਕਰਦਾ ਸੀ।

ਪਿੰਡ ਵਿਚ ਕੁਝ ਚਿਰ ਰਹਿ ਕੇ, ਭਰਾ ਦੀ ਗਲ ਸੁਣ ਕੇ ਮਨ ਫਿਰ ਉਪਰਾਮ ਹੋ ਗਿਆ ਤੇ ਕਿਸੇ ਇਕਾਂਤ ਜਗ੍ਹਾ ਤੇ ਸਿਮਰਨ ਕਰਨ ਲਈ ਮਾਤਾ ਪਿਤਾ ਤੋਂ ਅਸੀਸ ਲੈ ਕੇ ਨਿਕਲ ਪਏ। ਗੁਰਬਾਣੀ ਦੇ ਪਾਠ ਵਿਚ ਮਿਲੀ ਸੇਧ ਮੁਤਾਬਕ ਵਿਚਾਰ ਬਣਿਆ ਕਿ ਕਿਸੇ ਮਹਾਂਪੁਰਖ ਤੋਂ ਗੁਰਮੰਤਰ ਲੈ ਕੇ, ਫਿਰ ਇਕਾਂਤ ਤੇ ਜਗਾ ਬੈਠ ਕੇ ਸਿਮਰਨ ਕਰਾਂ। ਪਹਿਲਾਂ ਆਪ ਦਿੱਲੀ ਨੂੰ ਰਵਾਨਾ ਹੋਏ। ਫਿਰ ਕੋਈ ਜਾਣ ਪਹਿਚਾਣ ਵਾਲਾ ਮਿਲ ਜਾਣ ਜਾਂ ਘਰ ਦਾ ਮੋਹ ਜਾਗਣ ਦੇ ਡਰ ਤੋਂ ਬੰਬਈ ਵਾਲੀ ਗੱਡੀ ਚੜ੍ਹ ਪਏ। ਬੰਬਈ ਪਹੁੰਚ ਕੇ ਪਹਿਲਾਂ ਇਕ ਦਿਨ ਹੋਟਲ ਠਹਿਰੇ, ਫਿਰ ਪੰਜਾਬੀ ਕਲੋਨੀ ਵਿਚ ਕਮਰਾ ਲੈ ਲਿਆ। ਪੂਰੇ ਗੁਰੂ ਦੀ ਤਲਾਸ਼ ਵਿਚ ਪਹਿਲਾ ਇਕ ਚਰਚ ਵਿਚ ਗਏ, ਉੱਥੇ ਲੋਕ ਕੁਰਸੀਆਂ ਤੇ ਜੁੱਤੀਆਂ ਪਾ ਕੇ ਬੈਠੇ ਸਨ ਜਦ ਕਿ ਹਿੰਦੂ ਮੰਦਰਾਂ ਵਿਚ ਜੁੱਤੀ ਲਾਹ ਕੇ ਜਮੀਨ ਤੇ ਬੈਠਦੇ ਹਨ। ਫਿਰ ਅਗਲੇ ਦਿਨ ਮੰਦਰ ਵਿਚ ਜਾ ਵੜੇ। ਉਸ ਵੇਲੇ ਉੱਥੇ ਬੀਬੀਆਂ ਦਾ ਸਤਿਸੰਗ ਸੀ। ਭੋਗ ਤੋਂ ਬਾਅਦ ਪੰਡਿਤ ਨੇ ਪ੍ਰਸ਼ਾਦਿ ਲੈ ਕੇ ਜਾਣ ਬਾਰੇ ਕਿਹਾ, ਪਰ



www.AKJ.Org

ਦੋ-ਦੋ ਪੱਤੇ ਤੁਲਸੀ ਦੇ ਫੜਾ ਦਿੱਤੇ। ਉੱਥੇ ਵੀ ਆਪ ਦੀ ਭਾਵਨਾ ਪੂਰੀ ਨਹੀਂ ਹੋਈ। ਸੁਖਮਨੀ ਸਾਹਿਬ ਦਾ ਪਾਠ ਅਤੇ ਸਿਮਰਨ ਪਾਰਕ ਵਿਚ ਜਾ ਕੇ ਕਰਨਾ ਜਾਰੀ ਰੱਖਿਆ, ਦੋ ਤਿੰਨ ਮਹੀਨੇ ਬਾਅਦ ਕਲਯੁਗ ਫਿਰ ਸਤਾਉਣ ਲੱਗਾ ਅਤੇ ਥਿਰਤੀ ਉਖੜਨ ਲੱਗੀ।

ਖੈਰ ਭਾਣੇਂ ਅੰਦਰ ਪੂਰਬਲੇ ਕਰਮ ਅੰਕੁਰ ਹੋਏ। ਜਦੋਂ ਪਾਰਕ ਜਾਂਦੇ ਸਨ ਤਾਂ ਰਸਤੇ ਵਿਚ ਗੁਰਦੁਆਰਾ ਆਉਂਦਾ ਸੀ। ਕਈ ਲੋਕ ਮੱਥਾ ਟੇਕਣ ਅੰਦਰ ਜਾ ਰਹੇ ਹੁੰਦੇ ਤੇ ਕਈ ਬਾਹਰ ਆ ਰਹੇ ਹੁੰਦੇ ਸਨ। ਜਿੰਨ੍ਹਾਂ ਦੇ ਕੇਸ ਨਹੀਂ ਸਨ, ਉਨ੍ਹਾਂ ਨੇ ਰੁਮਾਲ ਨਾਲ ਸਿਰ ਢੱਕਿਆ ਹੁੰਦਾ ਹੋਇਆ ਸੀ। ਆਪ ਨੇ ਉਨ੍ਹਾਂ ਨੂੰ ਪੁੱਛਿਆ ਕਿ ਮੈਂ ਵੀ ਅੰਦਰ ਜਾ ਸਕਦਾ ਹਾਂ। ਜਦੋਂ ਜਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥਾ ਟੇਕਿਆ ਤਾਂ ਕਿਸੇ ਸ਼ਕਤੀ ਨੇ ਇਤਨਾ ਭਾਰ ਪਾਇਆ ਕਿ ਮੱਥਾ ਨਹੀਂ ਚੁੱਕ ਸਕੇ। ਕੁਝ ਦੇਰ-ਬਾਅਦ ਉੱਠ ਕੇ ਸੰਗਤ ਵਿਚ ਬਹਿ ਗਏ। ਸ਼ਾਮ ਦਾ ਵੇਲਾ ਸੀ। ਗ੍ਰੰਥੀ ਸਿੰਘ ਨੇ ਰਹਿਰਾਸ ਦਾ ਪਾਠ ਕੀਤਾ ਅਤੇ ਆਪ ਦਾ ਮਨ ਬਾਣੀ ਸੁਣ ਕੇ ਸੁੰਨ ਹੋ ਗਿਆ। ਸੇਵਾਦਾਰ ਨੇ ਇਸੇ ਤਰ੍ਹਾਂ ਬੈਠੇ ਦੇਖ ਕੇ ਚਾਹ ਪੀਣ ਨੂੰ ਦੇ ਕੇ ਸਮਝਾਇਆ ਕਿ ਸੰਗਤ ਵਿਚ ਸਾਵਧਾਨ ਹੋ ਕੇ ਬੈਠੀਦਾ ਹੈ। ਫਿਰ ਕਥਾ ਸ਼ੁਰੂ ਹੋਈ, ਜਿਸ ਵਿਚ ਗ੍ਰੰਥੀ ਸਿੰਘ ਨੇ ਦੱਸਿਆ ਕਿ ਕਲਯੁੱਗ ਵਿਚ ਪੂਰੇ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ। ਇਹ ਸੁਣ ਕੇ ਆਪ ਦਾ ਮਨ ਖਿੜ ਗਿਆ ਕਿ ਮੈਨੂੰ ਪੂਰਾ ਗੁਰੂ ਮਿਲ ਗਿਆ ਤੇ ਆਸਾ ਪੂਰੀ ਹੋ ਗਈ ਹੈ।

ਉਸੇ ਰਾਤ ਸੁਪਨੇ ਵਿਚ ਦੇਖਿਆ ਕਿ ਜਮਦੂਤ ਆਪ ਦੀ ਆਤਮਾ ਨੂੰ ਲੈ ਕੇ ਜਾ ਰਹੇ ਹਨ ਅਤੇ ਹੋਰ ਰੂਹਾਂ ਨੂੰ ਵੀ ਤਸੀਹੇ ਦਿੰਦੇ ਲਿਜਾ ਰਹੇ ਹਨ। ਅੱਗੇ ਪਿੱਛੇ ਬਹੁਤ ਲੰਬੀ ਕਤਾਰ ਸੀ, ਪਰ ਆਪ ਨੂੰ ਤਸੀਹੇ ਨਹੀਂ ਦਿੱਤੇ ਗਏ, ਕਿਉਂ ਕਿ ਆਪ ਨੇ ਗੁਰਬਾਣੀ ਦਾ ਪਾਠ ਕੀਤਾ ਸੀ। "**ਜਹ ਮਹਾ ਭਇਆਨ ਦੂਤ ਜਮ ਦਲੈ ॥ ਤਹਿ ਕੇਵਲ ਨਾਮ ਸੰਗਿ ਤੇਰੈ ਚਲੈ ॥**" ਤੁਰਦੇ-ਤੁਰਦੇ ਇਕ ਜਗ੍ਹਾ ਪਹੁੰਚੇ ਜਿੱਥੇ ਹਨੇਰਾ ਹੀ ਹਨੇਰਾ ਸੀ ਅਤੇ ਉਸ ਵਿਚ ਭਿਆਨਕ ਦ੍ਰਿਸ਼ ਇਤਨੇ ਡਰਾਉਣੇ ਸਨ ਕਿ ਇਕਸਾਨ ਡਰ ਕੇ ਬੇਹੋਸ਼ ਹੋ ਜਾਵੇ। ਅੱਗੇ ਗਏ ਤਾਂ ਸੂਰਜ ਵਰਗੀ ਤੱਪਦੀ ਲੋਅ ਆ ਗਈ। ਇਸ ਤਰ੍ਹਾਂ ਲੱਗਦਾ ਸੀ ਜਿਵੇਂ ਪੈਰਾਂ ਥੱਲੇ ਅੱਗ ਬਾਲੀ ਹੋਵੇ। ਫਿਰ ਜਮਦੂਤਾਂ ਨੇ ਇਕ ਪਹਾੜੀ ਚੜਨ ਵਾਸਤੇ ਕਿਹਾ। ਜਿਨ੍ਹਾਂ ਦੀ ਆਤਮਾ ਮਲੀਨ ਸੀ, ਉਨ੍ਹਾਂ ਵਾਸਤੇ ਚੜ੍ਹਨਾ ਮੁਸ਼ਕਲ ਸੀ ਤੇ ਜਮਦੂਤ ਕੁੱਟਦੇ ਸਨ ਕਿ ਪਹਾੜੀ ਚੜਨੀ ਹੀ ਪਵੇਗੀ। ਸਾਫ ਆਤਮਾ ਵਾਲਿਆਂ ਨੂੰ ਕੋਈ ਤਕਲੀਫ ਨਹੀਂ ਸੀ। ਹਿੰਦੂ ਧਰਮ ਅਨੁਸਾਰ ਧਰਮਰਾਜ ਦੀ ਕਚਹਿਰੀ ਤਾਈਂ ਪਹੁੰਚਣ ਲਈ ਕਈ ਸਾਲ ਲੱਗਦੇ ਹਨ ਪਰ ਆਪ ਗੁਰਬਾਣੀ ਦਾ ਪਾਠ ਕਰਨ ਕਰਨੇ ਬੜੀ ਤੇਜੀ ਨਾਲ ਉੱਥੇ ਪਹੁੰਚ ਗਏ, ਜਿੱਥੇ ਜੀਅ ਦੇ ਕਰਮਾ ਦਾ ਲੇਖਾ ਹੁੰਦਾ ਹੈ। ਇਕ ਮਾਈ ਨੂੰ ਦਾਨ ਪੁੰਨ ਤੇ ਸੰਤਾਂ-ਮਹਾਂਪੁਰਸ਼ਾ ਦੀ ਸੇਵਾ ਕਰਨ ਕਰਕੇ ਛੱਤੀ ਪ੍ਰਕਾਰ ਦੇ ਭੋਜਨ ਛੱਕਣ ਨੂੰ ਦਿੱਤੇ, ਪਰ ਨਾਮ ਨਾ ਜਪਣ ਕਰਕੇ ਦੁਬਾਰਾ ਮਨੁੱਖਾ ਜਨਮ ਦੇ ਦਿੱਤਾ। ਇਸੇ ਤਰ੍ਹਾਂ ਇਕ ਹੋਰ ਬੰਦੇ ਨੂੰ ਮਾੜੇ ਕੰਮ ਕਰਨ ਕਰਕੇ ਨਰਕ ਕੁੰਡ ਵਿਚ ਸੁੱਟਣ ਤੇ ਚੌਰਾਸੀ ਲੱਖ ਜੂਨ ਭੋਗਣ ਦੀ ਸਜਾ ਦਿੱਤੀ। ਫਿਰ ਆਪ ਦੀ ਵਾਰੀ ਆਈ। ਧਰਮਰਾਜ ਨੇ ਕਿਹਾ ਕਿ ਤੂੰ ਬਾਣੀ ਬਹੁਤ ਪੜੀ ਹੈ ਪਰ ਇਸ ਜਨਮ ਵਿਚ ਮਨ ਮਲੀਨ ਹੋਣ ਕਾਰਨ ਸਜਾ ਭੁਗਤਣੀ ਪਵੇਗੀ। ਜਮਦੂਤਾਂ ਨੇ ਮਾੜੇ ਕਰਮ ਕਰਨ ਕਰਕੇ ਸਜ਼ਾ ਭੁਗਤਣ ਵਾਲਿਆਂ ਕੋਲ ਲਿਜਾ ਕੇ ਖੜਾ ਕਰ ਦਿੱਤਾ। ਮਾੜੇ ਕੰਮਾਂ ਦੇ ਵੱਖਰੇ ਵੱਖਰੇ ਰਸਤੇ ਸਨ। ਕਾਮੀ ਪੁਰਸ਼ਾਂ ਨੂੰ ਅਗਨੀ ਕੁੰਡ ਵਿਚ ਸੁੱਟਿਆ ਜਾਂਦਾ ਸੀ। ਨਿੰਦਾ ਕਰਨ ਵਾਲਿਆਂ ਨੂੰ, ਲੋਹਾ ਗਰਮ ਕਰਕੇ ਕੰਨਾਂ ਵਿਚ ਪਾਇਆ ਜਾਂਦਾ ਸੀ। ਚੋਰੀ ਕਰਨ ਵਾਲਿਆਂ ਦੇ ਹੱਥ ਕੱਟੇ ਜਾ ਰਹੇ ਸਨ। ਪਰਾਈ ਇਸਤਰੀ ਗਮਨ ਕਰਨ ਕਰਕੇ ਆਪ ਨੂੰ ਅਗਨੀ ਕੁੰਡ ਦੇ ਦਰਵਾਜ਼ੇ ਅੰਦਰ ਧੱਕ ਦਿੱਤਾ ਗਿਆ ਜਿੱਥੇ ਭਿਆਨਕ ਨਜ਼ਾਰੇ ਦੇਖਣ ਨੂੰ ਮਿਲੇ। ਇਹ ਕੁੰਭੀ ਨਰਕ ਜੈਸਾ ਸੀ। ਇੱਥੇ ਬਹੁਤ ਵੱਡੇ ਤਲਾਬ ਦਾ ਪਾਣੀ ਜੁਆਲਾਮੁਖੀ ਦੀ ਤਰ੍ਹਾਂ ਉੱਬਲ ਰਿਹਾ ਸੀ। ਛੋਟੇ-ਛੋਟੇ ਜੀਵ ਡੰਗ ਮਾਰ ਰਹੇ ਸਨ ਅਤੇ ਲੋਕ ਹਾਏ-ਹਾਏ ਕਰ ਰਹੇ ਸਨ ਪਰ ਸੁਣਨ ਵਾਲਾ ਕੋਈ ਨਹੀਂ ਸੀ। ਆਪ ਹਰ ਰੋਜ਼ ਜਿਸ ਵੇਲੇ ਉੱਠ ਕੇ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਕਰਦੇ ਸਨ, ਉਹ ਵੇਲਾ ਆ ਗਿਆ। ਜਦੋਂ ਅਜੇ ਪਹਿਲਾਂ ਸਲੋਕ ਹੀ ਉਚਾਰਿਆ ਸੀ ਤਾਂ ਆਪ ਦੀ ਆਤਮਾ ਨਰਕ ਕੁੰਡ ਵਿਚੋਂ ਸਰੀਰ ਵਿਚ ਆ



www.AKJ.Org

ਗਈ। ਪਰ ਸਾਰਾ ਸਰੀਰ ਪਸੀਨੇ ਨਾਲ ਭਿੱਜਿਆ ਹੋਇਆ ਤੇ ਸਰੀਰ ਉੱਤੇ ਜਾਨਵਰਾਂ ਦੇ ਡੰਗਾਂ ਦੇ ਛੋਟੇ-ਛੋਟੇ ਜ਼ਖ਼ਮ ਦਿਖਾਈ ਦਿੱਤੇ। ਆਪ ਗੁਰੂ ਸਾਹਿਬ ਅਤੇ ਪ੍ਰਮਾਤਮਾ ਦੇ ਸ਼ੁਕਰ ਵਿਚ ਜੁੜ ਗਏ ਕਿ ਮੇਰੇ ਉਪਰ ਪਰਉਪਕਾਰ ਕਰਕੇ ਮੈਨੂੰ ਕੁੰਭੀ ਨਰਕ ਵਿਚੋਂ ਕੱਢ ਲਿਆ। ਨਿਮਖ ਕਾਮ ਸੁਆਦ ਕਾਰਣ ਹੀ ਕੁੰਭੀ ਨਰਕ ਦਾ ਦੁੱਖ ਭੋਗਣਾ ਪੈਂਦਾ ਹੈ। ਇਸ ਤੋਂ ਬਾਅਦ ਆਪ ਨੇਮ ਨਾਲ ਰੋਜ਼ਾਨਾ ਗੁਰਦੁਆਰੇ ਜਾਣ ਲੱਗ ਪਏ ਤੇ ਲੋੜ ਅਨੁਸਾਰ ਪੰਗਤ ਵਿਚ ਬੈਠ ਕੇ ਲੰਗਰ ਵੀ ਛੱਕ ਆਉਂਦੇ, ਜਿੱਥੇ ਕੋਈ ਉਚ ਨੀਚ, ਜਾਤ-ਪਾਤ, ਧਰਮ ਆਦਿ ਦਾ ਭੇਦ-ਭਾਵ ਨਹੀਂ ਸੀ।

ਆਪ ਦਾ ਇਕ ਦੋਸਤ ਅਸ਼ੋਕ ਕੁਮਾਰ, ਸਕੂਲ ਦੀ ਪੜਾਈ ਵੇਲੇ ਹੀ ਆਪ ਦਾ ਜਮਾਤੀ ਸੀ। ਉਹ ਪਹਿਲਾਂ ਆਪਣੇ ਮਾਤਾ-ਪਿਤਾ ਨਾਲ ਅਫਰੀਕਾ ਗਿਆ ਤੇ ਫਿਰ ਪੜ੍ਹਨ ਵਾਸਤੇ ਇੰਗਲੈਂਡ ਚਲਾ ਗਿਆ। ਉਸ ਨਾਲ ਚਿੱਠੀ ਪੱਤਰ ਹੁੰਦਾ ਰਹਿੰਦਾ ਸੀ। ਉਸ ਨੇ ਆਪ ਨੂੰ ਪਰਮਿਟ (ਵਾਉਚਰ) ਭੇਜ ਕੇ ਆਪਦੇ ਕੋਲ ਇੰਗਲੈਂਡ ਸੱਦ ਲਿਆ। ਆਪ ਸਮੁੰਦਰੀ ਜਹਾਜ ਰਾਹੀਂ 19 ਜਨਵਰੀ 1964 ਨੂੰ ਅਠਾਰਾਂ ਦਿਨ ਦੇ ਸਫਰ ਤੋਂ ਬਾਅਦ ਇੰਗਲੈਂਡ ਪਹੁੰਚ ਗਏ। ਉੱਥੇ ਦੋਸਤ ਦੇ ਘਰ ਪਹੁੰਚ ਕੇ ਕਿਸੇ ਗੁਰਦੁਆਰੇ ਦੇ ਬਾਰੇ ਪੁੱਛਿਆ। ਦੋਸਤ ਨੇ ਸ਼ੈਪਰਡਜਬੁਸ਼ ਗੁਰਦੁਆਰੇ ਬਾਰੇ ਦੱਸਿਆ ਜੋ ਘਰ ਦੇ ਨੇੜੇ ਹੀ ਸੀ। ਇਹ ਸੁਣ ਕੇ ਆਪ ਦੀ ਖੁਸ਼ੀ ਦੀ ਹੱਦ ਨਾ ਰਹੀ ਅਤੇ ਉੱਥੋਂ ਹੀ ਨਿਤਨੇਮ ਦੀਆਂ ਬਾਣੀਆਂ ਦਾ ਗੁਟਕਾ ਲੈ ਕੇ ਪਾਠ ਕਰਨ ਲਗ ਪਏ।

ਇੱਥੇ ਆ ਕੇ ਦੋਸਤ ਦੀ ਮਦਦ ਨਾਲ ਇੰਡੀਆ ਹਾਊਸ ਵਿਚ ਨੌਕਰੀ ਸ਼ੁਰੂ ਕਰ ਲਈ। ਇਹ ਨੌਕਰੀ ਆਪ ਨੂੰ ਭਾਰਤ ਦੇ ਰਾਸ਼ਟਰਪਤੀ ਦੇ ਪੱਤਰ ਕਾਰਨ ਮਿਲੀ ਜੋ ਕਿ ਉਸ ਦੇ ਇੰਡੋਨੇਸ਼ੀਆ ਦੌਰੇ ਵੇਲੇ, ਉਸ ਦੀ ਕੀਤੀ ਦੇਖ ਭਾਲ ਕਾਰਨ ਮਿਲਿਆ ਸੀ। ਭਾਵੇਂ ਆਪ ਨੂੰ ਅਜੇ ਅੰਗਰੇਜ਼ੀ ਨਹੀਂ ਸੀ ਆਉਂਦੀ ਪਰ ਉੱਥੇ ਭਾਰਤੀ ਅਫਸਰ ਹੋਣ ਕਰਕੇ ਕੰਮ ਚੱਲ ਗਿਆ। ਫਿਰ ਭਾਰਤੀ ਰਾਜਦੂਤ ਦੀ ਬਦਲੀ ਹੋਣ ਕਰਕੇ ਉਸ ਦਾ ਘਰ ਖਾਲੀ ਹੋ ਗਿਆ ਤੇ ਭਾਰਤੀ ਐਮਬੈਸੀ ਵਿਚ ਕੰਮ ਕਰਦੇ ਆਪ ਜੀ ਸਮੇਤ ਦੋ ਆਦਮੀਆਂ ਦੀ ਡਿਊਟੀ ਉੱਥੇ ਦੇਖ ਭਾਲ ਵਾਸਤੇ ਲਗਾਈ ਗਈ। ਪਰਮਾਤਮਾ ਨੇ ਆਪ ਹੀ ਨਾਮ ਬਾਣੀ ਦਾ ਮੌਕਾ ਬਖਸ਼ ਦਿੱਤਾ ਤੇ ਆਪ ਉੱਥੇ ਹੀ ਦਿਨ ਰਾਤ ਬਾਣੀ ਨਾਲ ਜੁੜਨ ਲਗ ਪਏ। ਇੱਥੇ ਹੀ ਮੂਲ ਮੰਤਰ ਦਾ ਅਭਿਆਸ ਸ਼ੁਰੂ ਕੀਤਾ, ਜਿਸ ਦਾ ਆਪ ਨੂੰ ਬਹੁਤ ਅਨੰਦ ਆਇਆ। ਹਰ ਰੋਜ਼ 12-13 ਘੰਟੇ ਮੂਲ ਮੰਤਰ ਦਾ ਅਭਿਆਸ ਕਰਨਾ। ਇਸ ਪਾਠ ਦੇ ਫਲ ਕਾਰਨ ਰਿੱਧੀਆ-ਸਿੱਧੀਆਂ ਵੀ ਸਫੁਰਨ ਹੋਣ ਲੱਗ ਪਈਆਂ। ਸਤ-ਮਹੀਨੇ ਇਹ ਕਾਰ ਚਲਦੀ ਰਹੀ ਅਤੇ ਦੂਸਰਾ ਰਾਜਦੂਤ ਆਉਣ ਤੇ ਫਿਰ ਵਾਪਿਸ ਇੰਡੀਆ ਹਾਊਸ ਆ ਗਏ। ਇਥੇ ਕੰਮ ਜ਼ਿਆਦਾ ਹੋਣ ਕਰਕੇ ਪਾਠ ਵੀ ਪੂਰਾ ਨਹੀਂ ਸੀ ਹੁੰਦਾ ਅਤੇ ਇਕਾਂਤ ਵੀ ਨਹੀਂ ਸੀ, ਮੂਲ ਮੰਤਰ ਦਾ ਜਾਪ ਵੀ ਘੱਟ ਗਿਆ, ਬਿਰਤੀ ਉਖੜਨ ਲੱਗ ਪਈ ਤੇ ਰਿੱਧੀਆਂ-ਸਿੱਧੀਆਂ ਵੀ ਜਾਂਦੀਆਂ ਰਹੀਆਂ। ਫਿਰ ਆਪ ਨੂੰ ਅੰਗਰੇਜ਼ੀ ਸਿੱਖਣ ਦਾ ਸ਼ੌਂਕ ਜਾਗ ਪਿਆ ਅਤੇ ਕੰਮ ਤੋਂ ਬਾਅਦ ਸ਼ਾਮ ਨੂੰ ਅੰਗਰੇਜ਼ੀ ਦੀ ਕਲਾਸ ਵਿਚ ਜਾਣਾ ਸ਼ੁਰੂ ਕਰ ਦਿੱਤਾ।

ਇਕ ਵਾਰ ਦੋਸਤਾਂ ਨੇ ਮਿਲ ਕੇ ਛੁੱਟੀਆਂ ਵਿਚ ਯੂਰਪੀਨ ਦੇਸ਼ਾਂ ਦੀ ਸੈਰ ਕਰਨ ਦਾ ਪ੍ਰੋਗਰਾਮ ਬਣਾਇਆ। ਆਪ ਰਸਤੇ ਵਿੱਚ ਜਪੁਜੀ ਸਾਹਿਬ ਤੇ ਚੌਪਈ ਦੇ ਪਾਠ ਕਰਦੇ ਰਹੇ। ਇੰਨ੍ਹਾਂ ਦੇ ਨਾਲ ਇਕ ਈਸਾਈ ਭੈਣ ਭਰਾ ਤੇ ਇਕ ਇਜ਼ਰਾਈਲ ਤੋਂ ਆਈ ਲੜਕੀ ਸੀ ਅਤੇ ਇਕ ਪੰਜਾਬੀ ਦੋਸਤ ਵੀ ਸੀ। ਇਨ੍ਹਾਂ ਵਿਚ ਇਕ ਲੜਕੀ ਬੀਮਾਰ ਹੋ ਗਈ। ਜਰਮਨੀ ਵਿਚ ਰਾਤ ਪਹੁੰਚਣ ਵੇਲੇ ਗਿਆਰਾਂ ਵੱਜ ਗਏ। ਹੋਟਲ ਵੀ ਸਾਰੇ ਬੁੱਕ ਸਨ। ਕੇਵਲ ਇਕ ਹੋਟਲ ਵਿਚ ਦੋ ਕਮਰੇ ਮਿਲੇ, ਜਿਨ੍ਹਾਂ ਵਿਚ ਸਿਰਫ਼ ਇਕ ਇਕ ਡਬਲ ਬੈੱਡ ਹੀ ਸੀ। ਫਿਰ ਦੋਸਤਾਂ ਨੇ ਸੋਚਿਆ ਕਿ ਲੜਕੀ ਕਿੱਥੇ ਸੌਵੇਂਗੀ ? ਸਾਰਿਆਂ ਨੇ ਕਿਹਾ ਕਿ ਰਾਮ ਬਾਣੀ ਪੜਨ ਵਾਲਾ ਧਾਰਮਿਕ ਬੰਦਾ ਹੈ, ਲੜਕੀ ਉਸ ਦੇ ਕਮਰੇ ਵਿਚ ਸੌਂ ਜਾਵੇਗੀ। ਲੜਕੀ ਨੇ ਵੀ ਹਾਂ ਭਰ ਦਿੱਤੀ। ਉਹ ਨਾਲ ਹੀ ਆਪ ਦੇ ਬੈੱਡ ਤੇ ਸੌਂ ਗਈ। ਉਸ ਵੇਲੇ ਆਪ ਜੀ ਨੂੰ ਦਸਮੇਸ਼ ਪਿਤਾ ਜੀ ਦੀ ਯਾਦ ਆਈ ਤੇ ਅਰਦਾਸ ਕੀਤੀ ਕਿ ਭਾਵੇਂ ਮੈਂ ਅਜੇ ਤੇਰਾ ਸਿੰਘ ਨਹੀਂ ਸਜਿਆ, ਪਰ ਲੜਕੀ ਸਿੱਖ ਸਮਝ ਰਹੀ ਹੈ, ਆਪਣੀ ਸਿੱਖੀ ਦੀ ਲਾਜ ਰੱਖਣੀ। ਆਪ ਦਾ ਮਨ ਡਰਦਾ ਸੀ ਕਿ ਲੜਕੀ ਦਾ ਮਨ ਨਾ ਡੋਲ ਜਾਵੇ ਅਤੇ



www.AKJ.Org

ਆਪ ਦੀਆਂ ਅੱਖਾਂ ਅੱਗੇ ਨਰਕ ਕੁੰਡ ਦਾ ਸੀਨ ਵੀ ਯਾਦ ਆ ਗਿਆ। ਆਪ ਨੂੰ ਥਕਾਵਟ ਕਰਕੇ ਗੂੜ੍ਹੀ ਨੀਂਦ ਆ ਗਈ। ਲੜਕੀ ਉਸੇ ਵੇਲੇ ਬਾਥਰੂਮ ਗਈ ਹੋਈ ਸੀ ਅਤੇ ਆਪ ਨੂੰ ਭੁੱਲ ਗਿਆ ਕਿ ਲੜਕੀ ਵੀ ਆਪ ਦੇ ਨਾਲ ਹੀ ਸੁੱਤੀ ਪਈ ਹੈ। ਅੰਮ੍ਰਿਤ ਵੇਲੇ ਇਕ ਦੋ ਵਜੇ ਦੇ ਕਰੀਬ ਅਤੇ ਕਮਰੇ ਵਿਚ ਚਾਨਣ ਹੀ ਚਾਨਣ ਹੋ ਗਿਆ। ਇਸ ਤਰ੍ਹਾਂ ਲੱਗਾ ਕਿ ਆਪ ਦਾ ਭਾਰ ਹੀ ਨਹੀਂ ਹੈ ਅਤੇ ਸਰੀਰ ਫੁੱਲ ਵਾਂਗ ਹਲਕਾ ਹੈ। ਕੰਨਾਂ ਵਿਚ ਮਿੱਠੀ ਰਸੀਲੀ ਧੁੰਨ ਵੱਜਣ ਲੱਗੀ ਅਤੇ ਉਸ ਦੇ ਨਾਲ ਸੁਆਸ-ਸੁਆਸ ਸਿਮਰਨ ਚੱਲਣ ਲੱਗ ਪਿਆ। ਆਪ ਕੋਲੋਂ ਇਹ ਨਜ਼ਾਰਾ ਝੱਲਿਆ ਨਾ ਜਾਵੇ। ਉਸ ਵੇਲੇ ਕਲਗੀਧਰ ਪਿਤਾ ਦਸਮੇਸ਼ ਜੀ ਨੇ ਆਪ ਨੂੰ ਪ੍ਰਤੱਖ ਦਰਸ਼ਨ ਦਿੱਤੇ ਅਤੇ ਆਪ ਨੂੰ ਲੱਗਾ ਕਿ ਮਹਾਰਾਜ ਦੇ ਸਮੇਂ ਆਪ ਨੇ ਇਸ ਸਰੂਪ ਦੇ ਦਰਸ਼ਨ ਕੀਤੇ ਹੋਏ ਹਨ। ਮਹਾਰਾਜ ਨੇ ਉਸ ਵੇਲੇ ਪਹਿਲਾ ਬਚਨ ਅੰਮ੍ਰਿਤ ਛੱਕ ਕੇ ਤਿਆਰ-ਬਰ-ਤਿਆਰ ਹੋਣ ਦਾ ਕੀਤਾ, ਕਿਉਂਕਿ ਆਪ ਜੀ ਕੋਲੋਂ ਦੇਸ਼ਾਂ ਬਿਦੇਸ਼ਾਂ ਵਿਚ ਅੰਮ੍ਰਿਤ ਸੰਚਾਰ ਦੀ ਲਹਿਰ ਸ਼ੁਰੂ ਕਰਵਾਉਣੀ ਸੀ। ਦੂਸਰਾ ਬਚਨ ਕੀਤਾ ਕਿ ਮੈਂ ਖਾਲਸੇ ਨੂੰ ਪੰਜ ਕਕਾਰ ਬਖਸ਼ੇ ਸਨ ਪਰ ਪੰਥ ਨੇ ਪੰਜਵਾਂ ਕਕਾਰ ਕੇਸਕੀ ਨਾ ਮੰਨ ਕੇ ਹੁਕਮ ਨਹੀਂ ਮੰਨਿਆ। ਤੀਸਰਾ ਬਚਨ ਇਹ ਕੀਤਾ ਕਿ ਖਾਲਸੇ ਦਾ ਰਾਜ ਦਾ ਉਦੋਂ ਹੋਵੇਗਾ ਜਦੋਂ ਖ਼ਾਲਸਾ ਮੇਰਾ ਬਚਨ ਮੰਨੇਗਾ। ਮੈਨੂੰ ਰਹਿਤ ਪਿਆਰੀ ਹੈ ਸਿੱਖ ਪਿਆਰਾ ਨਹੀਂ। ਪੰਥ ਦੇ ਸਿਰਫ਼ ਪੰਜ ਪਿਆਰੇ ਹੀ ਮੋਹਰੀ ਹੋਣਗੇ। ਇਹ ਸੁਣ ਕੇ ਆਪ ਸੰਭਲ ਨਹੀਂ ਸਕੇ ਤੇ ਬੇਸੁਧ ਹੋ ਗਏ। ਜਦੋਂ ਨੈਣ ਖੁੱਲੇ ਮਹਾਰਾਜ ਅਲੋਪ ਸਨ। ਇਸ ਦਿਨ ਤੋਂ ਬਾਅਦ ਆਪ ਨੇ ਦਾੜ੍ਹੀ ਕੇਸ ਕੱਟਣੇ ਬੰਦ ਕਰ ਦਿੱਤੇ ਤੇ ਅੰਮ੍ਰਿਤ ਛੱਕਣ ਦੀ ਤਿਆਰੀ ਆਰੰਭ ਕਰ ਦਿੱਤੀ।

ਜਰਮਨੀ ਤੋਂ ਵਾਪਿਸ ਆ ਕੇ ਆਪ ਸ਼ੈਪਰਡਜ਼ਬੁਸ਼ ਗੁਰਦੁਆਰੇ ਗਏ ਤੇ ਭਾਈ ਅਮਰੀਕ ਸਿੰਘ ਨੂੰ ਮਿਲੇ। ਉਨ੍ਹਾਂ ਨੇ ਹੀ ਪ੍ਰੇਰਨਾ ਦੇ ਕੇ ਗੁਰੂ ਘਰ ਦੀ ਸੇਵਾ ਵਿਚ ਲਾਇਆ ਸੀ। ਉਨ੍ਹਾਂ ਨੇ ਗੁਰੂ ਘਰ ਵਿਚ ਜਨਮ ਲੈਣ ਲਈ ਅੰਮ੍ਰਿਤ ਛੱਕਣ ਲਈ ਕਿਹਾ, ਜੋ ਗੁਰੂ ਰੂਪ ਪੰਜ ਪਿਆਰਿਆਂ ਰਾਹੀਂ ਮਿਲਦਾ ਹੈ ਤੇ ਨਾਮ ਦੀ ਦਾਤ ਪ੍ਰਾਪਤ ਹੁੰਦੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਬਾਬਾ ਪੂਰਨ ਸਿੰਘ ਕਰੀਚੋ ਵਾਲੇ ਆਏ ਹੋਏ ਹਨ, ਆਪਾਂ ਦੋਵੇਂ ਅੰਮ੍ਰਿਤ ਛੱਕ ਲਈਏ। ਅਗਲੇ ਦਿਨ ਗੁਰਦੁਆਰੇ ਗਏ ਤੇ ਗਿਆਨੀ ਅਮੋਲਕ ਸਿੰਘ ਜੀ ਰਸ ਭਿੰਨਾ ਕੀਰਤਨ ਕਰ ਰਹੇ ਸਨ, ਜਿਸ ਨੂੰ ਸੁਣ ਕੇ ਆਪ ਨੂੰ ਬਹੁਤ ਅਨੰਦ ਆਇਆ। ਭਾਈ ਅਮਰੀਕ ਸਿੰਘ ਜੀ ਨੇ ਗਿਆਨੀ ਅਮੋਲਕ ਸਿੰਘ ਜੀ ਨਾਲ ਮੁਲਾਕਾਤ ਕਰਾਈ ਤੇ ਕਿਹਾ ਕਿ ਇਹ ਸਹਿਜਧਾਰੀ ਸਿੰਘ ਹਨ, ਇਨ੍ਹਾਂ ਨੂੰ ਗੁਰੂ ਸਾਹਿਬ ਵਲੋਂ ਅੰਮ੍ਰਿਤ ਛੱਕਣ ਦਾ ਹੁਕਮ ਹੋਇਆ ਹੈ। ਉਸ ਵੇਲੇ 25 ਕੁ ਪ੍ਰਾਣੀ ਅੰਮ੍ਰਿਤ ਛੱਕਣ ਨੂੰ ਤਿਆਰ ਸਨ। ਬਾਬਾ ਜੀ ਨਾਲ ਉਸ ਵੇਲੇ ਕੋਈ ਹੋਰ ਸਿੰਘ ਨਹੀਂ ਸੀ। ਉਨ੍ਹਾਂ ਨੇ ਪੰਜ ਸਿੰਘ ਜੋ ਨਾਮ ਬਾਣੀ ਦੇ ਅਭਿਆਸੀ ਤੇ ਮੀਟ ਸ਼ਰਾਬ ਨਾ ਖਾਣ ਵਾਲੇ ਹੋਣ, ਲੱਭਣ ਲਈ ਕਿਹਾ। ਪ੍ਰੰਤੂ ਭਾਲ ਕਰਨ ਤੇ ਵੀ ਅਜਿਹੇ ਪੰਜ ਸਿੰਘ ਨਾ ਮਿਲੇ ਤੇ ਅੰਮ੍ਰਿਤ ਸੰਚਾਰ ਦਾ ਪ੍ਰਬੰਧ ਨਾ ਹੋ ਸਕਿਆ। ਇਸੇ ਤਰ੍ਹਾਂ 6 ਮਹੀਨੇ ਹੋਰ ਲੰਘ ਗਏ।

ਪੋਹ ਸੁਦੀ ਸਮਾਗਮ ਤੇ ਸਾਊਥ ਹਾਲ ਦੇ ਗਰੀਨ ਗੁਰਦੁਆਰੇ ਵਿਖੇ 1968 ਈਸਵੀ ਨੂੰ ਰੈਣ ਸਬਾਈ ਕੀਰਤਨ ਹੋਇਆ, ਜਿਸ ਦਾ ਪ੍ਰਬੰਧ ਗਿਆਨੀ ਅਮੋਲਕ ਸਿੰਘ ਜੀ ਨੇ ਕੀਤਾ ਸੀ, ਜਿਸ ਦਾ ਆਪ ਨੇ ਸਾਰੀ ਰਾਤ ਅਨੰਦ ਮਾਣਿਆ। ਉਸ ਤੋਂ ਥੋੜ੍ਹੀ ਦੇਰ ਬਾਅਦ ਅਫਰੀਕਾ ਤੋਂ ਇੱਥੇ ਸਿੰਘ ਆਉਣ ਲੱਗ ਪਏ। ਗਿਆਨੀ ਜੀ ਨੇ ਪੰਜਾਂ ਸਿੰਘਾਂ ਦਾ ਪ੍ਰਬੰਧ ਕੀਤਾ। 13 ਅਪਰੈਲ 1969 ਨੂੰ ਵੈਸਾਖੀ ਵਾਲੇ ਦਿਨ 11 ਬਿਕਨਸ ਫੀਲਡ ਰੋਡ ਗੁਰਦੁਆਰੇ ਅੰਮ੍ਰਿਤ ਸੰਚਾਰ ਦਾ ਸਮਾਗਮ ਆਯੋਜਿਤ ਕੀਤਾ ਗਿਆ। ਪੂਰੀ ਮਰਿਯਾਦਾ ਨਾਲ ਅੰਮ੍ਰਿਤ ਛਕਾਇਆ ਗਿਆ। ਬੀਬੀਆਂ ਨੂੰ ਵੀ ਦਸਤਾਰਾਂ ਸਜਾਈਆਂ ਗਈਆਂ। ਉਸ ਵੇਲੇ 25 ਪ੍ਰਾਣੀ ਜ਼ਹਾਜੇ ਚੜ੍ਹੇ, ਜਿਨ੍ਹਾਂ ਵਿਚ ਆਪ ਜੀ ਵੀ ਇਕ ਸਨ। ਉਨ੍ਹਾਂ ਸਾਰਿਆਂ ਤੇ ਨਾਮ ਦਾ ਰੰਗ ਇਤਨਾ ਚੜ੍ਹਿਆ ਕਿ ਜਿਸ ਨੂੰ ਦੇਖ ਕੇ ਗਿਆਨੀ ਅਮੋਲਕ ਸਿੰਘ ਜੀ ਨੇ ਕਿਹਾ ਕਿ ਐਸੇ ਰੰਗ ਭਾਈ ਸਾਹਿਬ ਜੀ ਦੇ ਵੇਲੇ ਅੰਮ੍ਰਿਤ ਸੰਚਾਰ ਸਮੇਂ ਚੜ੍ਹਦੇ ਹੁੰਦੇ ਸਨ। ਅੰਮ੍ਰਿਤ ਛੱਕਣ ਸਮੇਂ ਆਪ ਤੇ ਅਨੂਠਾ ਰੰਗ ਚੜ੍ਹਿਆ, ਕੋਈ ਸੁੱਧ ਬੁੱਧ ਨਾ ਰਹੀ ਅੱਖਾਂ ਬੰਦ ਹੋਣ ਤੇ ਵੀ ਸਾਰਾ ਨਜ਼ਾਰਾ ਦਿਸ ਰਿਹਾ ਸੀ।



www.AKJ.Org

ਉਸੇ ਰਾਤ ਘਰ ਜਾ ਕੇ ਸਿਮਰਨ ਕਰਦਿਆਂ ਜੋਤ ਦਾ ਪ੍ਰਕਾਸ਼ ਹੋ ਗਿਆ, ਜਿਸ ਦਾ ਨਜ਼ਾਰਾ ਵਰਣਨ ਕਰਨਾ ਆਪ ਲਈ ਮੁਸ਼ਕਲ ਸੀ।

ਜਦੋਂ ਅੰਮ੍ਰਿਤ ਛੱਕੇ ਨੂੰ ਅਜੇ ਇਕ ਹਫਤਾ ਹੀ ਹੋਇਆ ਸੀ ਕਿ ਅਮਰੀਕਾ ਤੋਂ ਗੋਰੇ ਸਿੰਘ ਸਿੰਘਣੀਆਂ ਅੰਮ੍ਰਿਤ ਛੱਕਣ ਲਈ ਆ ਗਏ। ਗਿਆਨੀ ਜੀ ਕੇ ਆਪ ਜੀ ਨੂੰ ਪੰਜਾਂ ਪਿਆਰਿਆਂ ਦੇ ਸੇਵਾ ਨਿਬਾਉਣ ਲਈ ਕਿਹਾ। ਭਾਵੇਂ ਆਪ ਇਸ ਸੇਵਾ ਦੇ ਯੋਗ ਨਹੀਂ ਸੀ ਸਮਝਦੇ, ਪਰ ਗੁਰੂ ਸਾਹਿਬ ਨੇ ਜਿਸ ਤਰ੍ਹਾਂ ਛੱਜੂ ਦੇ ਸਿਰ 'ਤੇ ਛੜੀ ਰੱਖ ਕੇ ਗੀਤਾ ਦੇ ਅਰਥ ਕਰਵਾਏ ਸਨ, ਇਸੇ ਤਰ੍ਹਾਂ ਗੁਰੂ ਸਾਹਿਬ ਨੇ ਕ੍ਰਿਪਾ ਕਰਕੇ ਪੰਜਾਂ ਦੀ ਸੇਵਾ ਆਪ ਜੀ ਕੋਲੋਂ ਲਈ। ਫਿਰ ਇਸ ਤੋਂ ਤੀਸਰੇ ਹਫਤੇ ਲੈਸਟਰ ਵਿਚ ਰੈਣ ਸਬਾਈ ਕੀਰਤਨ ਤੇ ਅੰਮ੍ਰਿਤ ਸੰਚਾਰ ਸਮਾਗਮ ਕੀਤਾ ਗਿਆ, ਜਿਸ ਵਿਚ ਬੇਅੰਤ ਸੰਗਤਾ ਅੰਮ੍ਰਿਤ ਪਾਨ ਕਰਕੇ ਗੁਰੂ ਵਾਲੀਆਂ ਬਣੀਆਂ। ਸਾਰੀਆਂ ਬੀਬੀਆਂ ਨੂੰ ਗੁਰੂ ਸਾਹਿਬ ਜੀ ਦੇ ਕੀਤੇ ਹੁਕਮ ਅਨੁਸਾਰ ਕੇਸਕੀ ਦਸਤਾਰ ਸਜਾ ਕੇ ਹੀ ਪੂਰਨ ਗੁਰ ਮਰਿਯਾਦਾ ਨਾਲ ਅੰਮ੍ਰਿਤ ਛਕਾਇਆ ਗਿਆ। ਇਸ ਤਰ੍ਹਾਂ ਇੰਗਲੈਂਡ ਵਿਚ ਅੰਮ੍ਰਿਤ ਸੰਚਾਰ ਦੀ ਲਹਿਰ ਚੱਲ ਪਈ, ਜਿਸ ਦੀ ਆਪ ਤਾਅ ਜ਼ਿੰਦਗੀ ਸੇਵਾ ਕਰਦੇ ਰਹੇ। ਇੰਗਲੈਂਡ ਵਿਚ ਅਖੰਡ ਕੀਰਤਨ ਤੇ ਅੰਮ੍ਰਿਤ ਸੰਚਾਰ ਲਹਿਰ ਸ਼ੁਰੂ ਕਰਨ ਵਿਚ ਗਿਆਨੀ ਅਮੋਲਕ ਸਿੰਘ ਜੀ, ਭਾਈ ਮਦਨ ਸਿੰਘ ਅਤੇ ਉਨ੍ਹਾ ਦੀ ਸਿੰਘਣੀ ਬੀਬੀ ਕ੍ਰਿਪਾਲ ਕੌਰ, ਭਾਈ ਬੰਤਾ ਸਿੰਘ, ਭਾਈ ਸ਼ਿੰਗਾਰਾ ਸਿੰਘ, ਭਾਈ ਗੁਰਨਾਮ ਸਿੰਘ ਜੀ, ਭਾਈ ਅਜੀਤ ਸਿੰਘ ਜੀ ਭੋਗਲ ਦਾ ਖਾਸ ਯੋਗਦਾਨ ਰਿਹਾ ਹੈ। ਇਹ ਸਿੰਘਾਂ ਨੇ ਗੁਰਬਾਣੀ ਦੇ ਪਾਠ ਦੀ ਸੰਥਿਆ ਦੀ ਸੇਵਾ ਸ਼ੁਰੂ ਕੀਤੀ ਤੇ ਨਾਲ ਹੀ ਗਿਆਨੀ ਜੀ ਤੇ ਭਾਈ ਬੰਤਾ ਸਿੰਘ ਜੀ ਨੇ ਹਰਮੋਨੀਅਮ, ਤਬਲਾ ਸਿਖਾਉਣ ਦੀ ਸੇਵਾ ਸ਼ੁਰੂ ਕਰ ਦਿੱਤੀ। ਇਸ ਤੋਂ ਬਾਅਦ ਭਾਈ ਜੀਵਨ ਸਿੰਘ ਜੀ, ਭਾਈ ਸੂਰਤ ਸਿੰਘ ਪੂਰਨ ਜੀ, ਉਨ੍ਹਾਂ ਦੀ ਸਿੰਘਣੀ ਬੀਬੀ ਭੁਪਿੰਦਰ ਕੌਰ ਜੀ ਉਨ੍ਹਾਂ ਦੇ ਕੀਰਤਨੀ ਬੱਚੇ ਕਾਕਾ ਵਰਿੰਦਰ ਸਿੰਘ ਰੁਪਿੰਦਰ ਸਿੰਘ, ਭਾਈ ਮਿਹਰ ਸਿੰਘ ਜੀ, ਭਾਈ ਪ੍ਰੀਤਮ ਸਿੰਘ ਚਾਨੀ ਜੀ, ਬੀਬੀ ਹਰਜੀਤ ਕੌਰ ਅਤੇ ਅਖੰਡ ਕੀਰਤਨੀ ਜਥੇ ਦੇ ਹੋਰ ਪ੍ਰਮੁੱਖ ਕੀਰਤਨੀਏ ਸਮੇਂ-ਸਮੇਂ ਆ ਕੇ ਇਸ ਅਖੰਡ ਕੀਰਤਨ ਤੇ ਅੰਮ੍ਰਿਤ ਸੰਚਾਰ ਦੀ ਲਹਿਰ ਨੂੰ ਪ੍ਰਚੰਡ ਕਰਦੇ ਰਹੇ।

ਆਪ ਜੀ ਨੇ ਨਵੰਬਰ 1969 ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪੰਜ ਸੌ ਸਾਲਾ ਪ੍ਰਕਾਸ਼ ਉਤਸਵ ਸਮੇਂ ਸ੍ਰੀ ਨਨਕਾਣਾ ਸਾਹਿਬ ਅਤੇ ਹੋਰ ਇਤਿਹਾਸਕ ਗੁਰਦੁਆਰਿਆਂ ਦੀ ਯਾਤਰਾ ਕੀਤੀ। ਫਿਰ ਆਪ ਜੀ ਨੇ ਬਾਬਾ ਸੇਵਾ ਸਿੰਘ ਜੀ ਕਿਲ੍ਹਾ ਅਨੰਦਗੜ੍ਹ ਵਾਲਿਆਂ ਦੀ ਪ੍ਰੇਰਨਾ ਨਾਲ ਇੰਗਲੈਂਡ ਵਿਚ ਹੀ ਅਖੰਡ ਪਾਠਾਂ ਦੀ ਲੜੀ ਜਾਰੀ ਕੀਤੀ। ਜਿਥੇ ਆਪ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜੀਵਾਰ ਸਰੂਪ ਤੋਂ ਪਾਠ ਕਰਨ ਸਿੱਖਿਆ, ਉਥੇ ਹੋਰ ਬੇਅੰਤ ਨੌਜੁਆਨ ਬੱਚਿਆਂ ਨੂੰ ਪ੍ਰੇਰ ਕੇ ਇਸ ਸੇਵਾ ਵਾਸਤੇ ਤਿਆਰ ਕੀਤਾ। ਸੰਨ 1977 ਵਿਚ ਆਪ ਜੀ ਭਾਈ ਜੀਵਨ ਸਿੰਘ ਜੀ ਦੇ ਸੱਦੇ ਤੇ ਪਹਿਲੀ ਵਾਰ ਭਾਈ ਅਮਰੀਕ ਸਿੰਘ ਜੀ ਨਾਲ ਅੰਮ੍ਰਿਤ ਸੰਚਾਰ ਦੀ ਸੇਵਾ ਲਈ ਕੈਨੇਡਾ ਗਏ ਜਿਥੇ 40 ਪ੍ਰਾਣੀ ਅੰਮ੍ਰਿਤ ਛੱਕ ਕੇ ਤਿਆਰ-ਬਰ-ਤਿਆਰ ਹੋਏ। ਹੁਣ ਤਾਈਂ ਆਪ ਨੇ ਕੀਰਤਨ ਕਰਨਾ ਵੀ ਸਿੱਖ ਲਿਆ ਸੀ ਤੇ ਇੱਥੇ, ਜਦੋਂ ਪੰਜ ਪਿਆਰੇ ਸੰਗਤ ਵਿਚ ਆਏ ਤੇ ਆਪ ਨੇ ਇਕ ਸ਼ਬਦ ਦਾ ਕੀਰਤਨ ਕੀਤਾ ਸੀ। ਦੂਸਰਾ ਅੰਮ੍ਰਿਤ ਸੰਚਾਰ ਟਰਾਂਟੋ ਵਿਚ ਹੋਇਆ। ਜਿੱਥੇ 16 ਪ੍ਰਾਣੀ ਤਿਆਰ-ਬਰ-ਤਿਆਰ ਸਿੰਘ ਸਜੇ। ਇਸ ਅੰਮ੍ਰਿਤ ਸੰਚਾਰ ਦੌਰਾਨ ਆਪ ਜੀ ਨੂੰ ਬਾਟੇ ਉੱਪਰ ਦਸ਼ਮੇਸ ਪਿਤਾ ਜੀ ਦਾ ਹੱਥ ਵੀ ਪ੍ਰਤੱਖ ਤੌਰ 'ਤੇ ਨਜ਼ਰ ਆਇਆ। ਅੰਮ੍ਰਿਤ ਕਲਾ ਇਹੋ ਜਿਹੀ ਵਰਤੀ ਕਿ ਕਈ ਪ੍ਰਾਣੀ ਬੇਸੁੱਧ ਹੋ ਗਏ। ਭਾਈ ਜੀਵਨ ਸਿੰਘ ਜੀ ਨੇ ਅਮਰੀਕਾ ਅਤੇ ਕੈਨੇਡਾ ਵਿਚ ਅਖੰਡ ਕੀਰਤਨ ਤੇ ਅੰਮ੍ਰਿਤ ਸੰਚਾਰ ਦੀ ਲਹਿਰ ਨੂੰ ਹੋਰ ਪ੍ਰਚੰਡ ਕੀਤਾ।

ਬਾਬਾ ਸੇਵਾ ਸਿੰਘ ਜੀ ਕਾਰ ਸੇਵਾ ਕਿਲ੍ਹਾ ਅਨੰਦਗੜ੍ਹ ਸ੍ਰੀ ਅਨੰਦਪੁਰ ਸਾਹਿਬ ਵਾਲੇ ਚਲ ਰਹੀਆਂ ਸੇਵਾਵਾਂ ਵਾਸਤੇ ਮਾਇਆ ਇਕੱਠੀ ਕਰਨ ਵਾਸਤੇ ਇੰਗਲੈਂਡ ਆਏ ਤੇ ਇੱਥੇ ਚਾਚਾ ਦਰਸ਼ਨ ਸਿੰਘ ਜੀ ਰਾਹੀਂ ਆਪ ਦਾ ਮਿਲਾਪ ਉਨ੍ਹਾਂ ਨਾਲ ਹੋਇਆ। ਕਾਰ ਸੇਵਾ ਦੇ ਉੱਤਮ ਕਾਰਜ ਲਈ ਆਪ ਵੀ ਉਨ੍ਹਾਂ ਦੇ ਸਹਿਯੋਗੀ ਬਣ ਗਏ। ਸ੍ਰੀ ਅਖੰਡ ਪਾਠਾਂ



www.AKJ.Org

ਅਤੇ ਕੀਰਤਨ ਸਮਾਗਮਾਂ ਦੀ ਭੇਟਾ ਅਤੇ ਹੋਰ ਸੰਗਤਾਂ ਤੋਂ ਮਾਇਆ ਇਕੱਤਰ ਕਰਕੇ ਉਨ੍ਹਾਂ ਨੂੰ ਦਿੱਤੀ ਜਾਂਦੀ ਸੀ। ਇਸ ਤਰ੍ਹਾਂ ਉਹ ਤਿੰਨ ਵਾਰੀ ਇੰਗਲੈਂਡ ਆਏ। ਤੀਜੀ ਫੇਰੀ ਵੇਲੇ ਯੋਗੀ ਹਰਭਜਨ ਸਿੰਘ ਜੀ ਦੇ ਸੱਦੇ ਤੇ ਉਨ੍ਹਾਂ ਨਾਲ ਅਮਰੀਕਾ ਵੀ ਗਏ ਤੇ ਉਨ੍ਹਾਂ ਦੇ ਪੈਰੋਕਾਰਾਂ ਗੋਰੇ ਸਿੰਘ-ਸਿੰਘਣੀਆਂ ਵਿਚ ਗੁਰਮਤਿ ਦਾ ਪ੍ਰਚਾਰ ਕੀਤਾ। ਬਹੁਤ ਸਾਰੇ ਗੋਰੇ ਅੰਮ੍ਰਿਤ ਛਕਣ ਲਈ ਤਿਆਰ ਹੋ ਗਏ। ਉੱਥੇ ਅੰਮ੍ਰਿਤ ਸੰਚਾਰ ਕਰਕੇ ਉਨ੍ਹਾਂ ਨੂੰ ਗੁਰਮਤਿ ਗਾਡੀ ਰਾਹ ਦਾ ਪਾਂਧੀ ਬਣਾਇਆ।

30 ਮਈ 1978 ਨੂੰ ਆਪ ਨੇ 85 ਸਿੰਘ-ਸਿੰਘਣੀਆਂ ਨਾਲ ਸ੍ਰੀ ਹੇਮਕੁੰਟ ਸਾਹਿਬ ਜੀ ਦਾ ਯਾਤਰਾ ਦਾ ਪ੍ਰੋਗਰਾਮ ਬਣਾਇਆ। ਦਿੱਲੀ ਹਵਾਈ ਅੱਡੇ ਤੇ ਸ. ਇੰਦਰਜੀਤ ਸਿੰਘ ਚੇਅਰਮੈਨ ਪੰਜਾਬ ਐਂਡ ਸਿੰਧ ਬੈਂਕ ਨੇ ਜਥੇ ਦਾ ਸੁਆਗਤ ਕੀਤਾ। ਦਿੱਲੀ ਵਿਚ ਇਤਿਹਾਸਕ ਗੁਰਦੁਆਰਿਆਂ ਦੇ ਦਰਸ਼ਨ ਕਰਕੇ ਇਕ ਦਿਨ ਆਗਰੇ ਜਾ ਕੇ ਤਾਜਮਹਲ ਤੇ ਇਤਿਹਾਸਕ ਗੁਰਦੁਆਰੇ ਦੇ ਦਰਸ਼ਨ ਕੀਤੇ। ਫਿਰ ਸੰਗਤਾਂ ਇਕ ਦਿਨ ਹਰਦੁਆਰ ਠਹਿਰੀਆਂ, ਜਿੱਥੇ ਸੰਤ ਰਾਮ ਸਿੰਘ ਝਾੜੂ ਵਾਲਿਆਂ ਨੇ ਜੱਥੇ ਦੀ ਦੇਖ ਭਾਲ ਤੇ ਸੇਵਾ ਕੀਤੀ। ਅਗਲੇ ਦਿਨ ਰਿਸ਼ੀਕੇਸ਼ ਪਹੁੰਚ ਕਿ ਗੁਰਦੁਆਰੇ ਸ਼ਾਮ ਦਾ ਦੀਵਾਨ ਸਜਾਇਆ। ਇੱਥੇ ਕਾਨਪੁਰ ਤੋਂ ਵੀ ਇਕ ਜੱਥਾ ਵੀ ਆਣ ਰਲਿਆ ਤੇ ਸੰਗਤਾਂ ਦੀ ਗਿਣਤੀ 180 ਦੇ ਕਰੀਬ ਹੋ ਗਈ। ਇਥੇ ਦੋ ਦਿਨ ਰੁਕ ਕੇ ਸ੍ਰੀ ਨਗਰ, ਜੋਸ਼ੀਮਠ ਗੁਰਦੁਆਰੇ ਹੁੰਦੇ ਹੋਏ ਗੋਬਿੰਦ ਘਾਟ ਪਹੁੰਚ ਗਏ। ਉੱਥੋਂ ਗੋਬਿੰਦ ਧਾਮ ਲਈ ਚੱਲਣ ਤੋਂ ਪਹਿਲਾਂ ਪ੍ਰਬੰਧਕਾ ਨੇ ਅੰਮ੍ਰਿਤ ਸੰਚਾਰ ਦਾ ਪ੍ਰਬੰਧ ਕੀਤਾ, ਜੋ ਆਪ ਜੀ ਅਗਵਾਈ ਵਿਚ ਹੋਇਆ, ਜਿਸ ਵਿਚ 40 ਸਿੰਘ ਅੰਮ੍ਰਿਤ ਛੱਕ ਕੇ ਗੁਰੂ ਵਾਲੇ ਬਣੇ। ਇਥੋਂ ਸੰਗਤਾਂ ਚਲ ਕੇ ਗੋਬਿੰਦ ਧਾਮ ਜਾ ਟਿਕੀਆਂ ਅਤੇ ਅਗਲੇ ਦਿਨ ਸ੍ਰੀ ਹੇਮਕੁੰਟ ਜਾ ਦਰਸ਼ਨ ਦੀਦਾਰੇ ਕੀਤੇ। ਉੱਥੇ ਤਿੰਨ ਦਿਨ ਰੁੱਕ ਕੇ ਸ੍ਰੀ ਅਖੰਡ ਪਾਠ ਦੀ ਸੇਵਾ ਕੀਤੀ। ਵਾਪਸੀ ਤੇ ਗੋਬਿੰਦ ਧਾਮ, ਗੋਬਿੰਦ ਘਾਟ, ਰਿਸ਼ੀਕੇਸ਼, ਪਾਉਂਟਾ ਸਾਹਿਬ, ਫਤਹਿਗੜ੍ਹ ਸਾਹਿਬ, ਸ੍ਰੀ ਅਨੰਦਪੁਰ ਸਾਹਿਬ ਤੇ ਸ੍ਰੀ ਅੰਮ੍ਰਿਤਸਰ ਵਿਖੇ ਇਤਿਹਾਸਕ ਗੁਰਧਾਮਾਂ ਦੇ ਦਰਸ਼ਨ ਦੀਦਾਰੇ ਕਰਦੇ ਵਾਪਿਸ ਇੰਗਲੈਂਡ ਪੁੱਜ ਗਏ।

ਪਹਿਲਾਂ ਆਪ 5-6 ਸਾਲ ਸ੍ਰੀ ਅਖੰਡ ਪਾਠਾਂ ਅਤੇ ਅੰਮ੍ਰਿਤ ਸੰਚਾਰ ਦੇ ਸੇਵਾ ਇੰਗਲੈਂਡ ਦੇ ਵੱਖ-ਵੱਖ ਸ਼ਹਿਰਾਂ ਵਿਚ ਕਰਦੇ ਰਹੇ। ਫਿਰ ਭਾਈ ਰਾਜਿੰਦਰ ਸਿੰਘ ਡਡਲੀ ਨਾਲ ਰਲ ਕੇ ਚਲਦਾ ਵਹੀਰ ਬਣਾਇਆ, ਜਿਸ ਨੇ ਯੂਰਪ ਦੇ ਸਾਰੇ ਦੇਸ਼ਾਂ ਨਾਰਵੇ, ਸਵੀਡਨ, ਜਰਮਨੀ, ਡੈਨਮਾਰਨ, ਇਟਲੀ, ਫਰਾਂਸ ਜਾ ਕੇ ਕੀਰਤਨ ਤੇ ਅੰਮ੍ਰਿਤ ਸੰਚਾਰ ਸਮਾਗਮ ਰੱਚ ਕੇ ਸੰਗਤਾਂ ਨੂੰ ਗੁਰੂ ਨਾਲ ਜੋੜਿਆਂ। ਉਸ ਤੋਂ ਬਾਅਦ ਭਾਈ ਸੁਬੇਗ ਸਿੰਘ ਜੀ ਅਸਟਰੇਲੀਆ ਦੇ ਸੱਦੇ ਤੇ ਆਸਟਰੇਲੀਆ, ਨਿਊਜੀਲੈਂਡ, ਸਿੰਗਾਪੁਰ, ਮਲੇਸ਼ੀਆ, ਅਮਰੀਕਾ, ਕੈਨੇਡਾ ਆਦਿ ਦੇਸ਼ਾਂ ਦੇ ਵੱਖ-ਵੱਖ ਸ਼ਹਿਰਾਂ ਵਿਚ ਅਖੰਡ ਕੀਰਤਨ ਸਮਾਗਮ ਤੇ ਅੰਮ੍ਰਿਤ ਸੰਚਾਰ ਕਰਕੇ ਗੁਰਮਤਿ ਪ੍ਰਚਾਰ ਦੀ ਲਹਿਰ ਨੂੰ ਸਿਖਰਾਂ 'ਤੇ ਪਹੁੰਚਾਇਆ। ਇਹ ਸੇਵਾ ਆਪ ਜੀ ਤਾਅ ਜ਼ਿੰਦਗੀ ਗੁਰੂ ਸਾਹਿਬ ਜੀ ਦੀ ਬਖਸ਼ਿਸ਼ ਨਾਲ ਨਿਭਾਉਂਦੇ ਰਹੇ। ਆਪ ਜੀ ਨੇ ਕਾਫੀ ਲੰਮਾ ਸਮਾਂ ਅਖੰਡ ਕੀਰਤਨੀ ਜਥਾ ਯੂ.ਕੇ. ਦੇ ਮੁਖੀ ਦੀ ਸੇਵਾ ਬਾ-ਖੂਬੀ ਨਿਬਾਹੀ। ਫਿਰ ਆਪ ਜੀ ਨੇ ਸਾਊਸਹਾਲ ਗੁਰਦੁਆਰੇ ਵਿਖੇ ਰੋਜ਼ਾਨਾ ਸਵੇਰੇ 4 ਤੋਂ 5 ਵਜੇ ਤੱਕ ਸੰਗਤੀ ਅਭਿਆਸ ਸ਼ੁਰੂ ਕੀਤਾ ਜੋ ਆਪ ਜੀ ਦੇ ਚੜ੍ਹਾਈ ਕਰਨ ਤੋਂ ਬਾਅਦ ਵੀ ਜਾਰੀ ਰਿਹਾ। ਅਖੀਰ ਇਹ ਗੁਰਮੁਖ ਰੂਹ ਗਰਮਤਿ ਦਾ ਪ੍ਰਚਾਰ ਕਰਦੀ ਹੋਈ, ਬੇਅੰਤ ਸੰਗਤਾ ਨੂੰ ਗੁਰੂ ਦੇ ਲੜ ਲਾ ਕੇ 72 ਸਾਲ ਦੀ ਉਮਰ ਵਿਚ 1 ਅਗਸਤ 2002 ਨੂੰ ਅੰਮ੍ਰਿਤ ਵੇਲੇ ਪੰਜ ਭੂਤਕ ਚੋਲਾ ਤਿਆਗ ਕੇ ਗੁਰੂ ਚਰਨਾਂ ਵਿਚ ਜਾ ਬਿਰਾਜੀ।

*(ਉਨ੍ਹਾਂ ਦੀ ਸ੍ਵੈ-ਜੀਵਨੀ ਸੰਬੰਧੀ ਲਿਖੀ ਪੁਸਤਕ ਰੂਪ ਗੋਬਿੰਦ ਕਾ,*
*ਰਾਜ ਖਾਲਸੇ ਕਾ, ਸਿੱਕਾ ਸੋਨੇ ਕਾ ਦੇ ਅਧਾਰ ਤੇ)-ਲੇਖਕ*



www.AKJ.Org

# ਭਾਈ ਬਾਲਾ ਸਿੰਘ ਜੀ ਗੁਰੂ ਕੀ ਵਡਾਲੀ

ਗੁਰਪੁਰ ਵਾਸੀ ਭਾਈ ਬਲਦੇਵ ਸਿੰਘ ਜੀ ਸ੍ਰੀ ਅੰਮ੍ਰਿਤਸਰ

ਗੁਰੂ ਸੰਵਾਰੇ, ਗੁਪਤ ਨਾਮ ਅਭਿਆਸੀ, ਭਾਈ ਬਾਲਾ ਸਿੰਘ ਜੀ ਦਾ ਜਨਮ ਸੰਨ 1921 ਵਿਚ ਜੰਮੂ ਕਸ਼ਮੀਰ ਦੇ ਪੁੰਛ ਇਲਾਕੇ ਵਿਚ ਸ. ਸਾਵਣ ਸਿੰਘ ਦੇ ਘਰ ਹੋਇਆ।

ਬਚਪਨ ਵਿੱਚ ਹੀ ਮਾਤਾ ਪਿਤਾ ਦੇ ਵਿਛੜ ਜਾਣ ਕਰਕੇ ਭਾਈ ਬਾਲਾ ਸਿੰਘ ਜੀ ਸੰਤ ਬਾਬਾ ਸੁੰਦਰ ਸਿੰਘ ਜੀ ਕੀਰਤਨ ਗੜ੍ਹ ਦੀ ਸਪੁਰਦਗੀ ਵਿੱਚ ਪਲੇ ਅਤੇ ਵਿਦਿਆ ਦੀ ਪ੍ਰਾਪਤੀ ਕੀਤੀ। ਇਸ ਬਚਪਨ ਦੇ ਸਮੇਂ ਵਿੱਚ ਉੱਥੋਂ ਇਤਨਾ ਪਿਆਰ ਮਿਲਦਾ ਰਿਹਾ ਕਿ ਮਾਪਿਆਂ ਦਾ ਵਿਛੋੜਾ ਮਹਿਸੂਸ ਹੀ ਨਾ ਹੋਇਆ। ਬਾਬਾ ਜੀ ਨੇ ਆਪ ਨੂੰ ਹਰ ਤਰ੍ਹਾਂ ਨਾਲ ਸੁਖ ਅਰਾਮ ਵਿੱਚ ਰੱਖਿਆ ਅਤੇ ਜਵਾਨ ਹੋਣ ਤੇ ਭਾਰਤ ਸਰਕਾਰ ਦੇ ਪੋਸਟਲ ਅਤੇ ਤਾਰ ਵਿਭਾਗ ਵਿਚ ਸਰਕਾਰੀ ਨੌਕਰੀ ਵੀ ਲੈ ਦਿੱਤੀ।

ਆਪ ਜੀ ਨੇ ਸੰਸਾਰਕ ਵਿਦਿਆ ਦਸਵੀਂ ਤੱਕ ਬਾਬਾ ਜੀ ਦੀ ਸੰਗਤ ਵਿਚ ਹੀ ਰਹਿੰਦਿਆਂ ਲਈ ਸੀ। ਆਪ ਜੀ ਦਾ ਅਨੰਦ ਕਾਰਜ ਬੀਬੀ ਬਲਵੰਤ ਕੌਰ ਜੀ ਜੋ ਕਿ ਪੁੰਛ ਇਲਾਕੇ ਦੇ ਹੀ ਜੰਮ ਪਲ ਸਨ, ਨਾਲ ਹੋਇਆ। ਬੀਬੀ ਜੀ ਬਚਪਨ ਤੋਂ ਹੀ ਗੁਰੂ ਘਰ ਦੀ ਪ੍ਰੀਤਵਾਨ ਅਤੇ ਸ਼ਰਧਾਲੂ ਸੀ। ਉਹ ਆਏ ਗਏ ਗੁਰਸਿੱਖਾਂ ਦੀ ਸੇਵਾ ਬੜੇ ਚਾਅ ਨਾਲ ਕਰਦੇ ਸਨ ਤੇ ਆਪਣੇ ਪਤੀ ਦੇ ਹਮੇਸ਼ਾਂ ਆਗਿਆਕਾਰ ਰਹੇ ਹਨ। ਮਾਤਾ ਜੀ ਮਿਤੀ 25 ਮਾਰਚ 2020 ਨੂੰ ਚੜ੍ਹਾਈ ਕੀਤੇ ਸਨ।

ਨੌਕਰੀ ਲਗਣ ਪਿੱਛੋਂ ਗੁਰਸਿੱਖ ਬਾਬਾ ਜੀ ਦੀ ਸੰਗਤ ਤੋਂ ਵਿਛੜ ਗਏ ਅਤੇ ਕੁਸੰਗਤ ਵਿੱਚ ਘਿਰ ਜਾਣ ਕਰਕੇ ਮਨੋ-ਬ੍ਰਿਤੀ ਦਾ ਰੁਝਾਣ ਮਾਇਆਵੀ ਹੁੰਦਾ ਗਿਆ। ਕੁਸੰਗਤ ਕਾਰਨ ਗੁਰਸਿਖੀ ਜੀਵਨ ਵੱਲੋਂ ਦੂਰ ਹੁੰਦੇ ਗਏ। ਪਰ ਇਸ ਦੇ ਬਾਵਜੂਦ ਵੀ ਸੰਤ-ਬਾਬਿਆਂ ਦੀ ਬਚਪਨ ਤੋਂ ਹੋਈ ਸੰਗਤ ਸਦਕਾ ਅੰਦਰ ਸਿੱਖੀ ਦੀ ਚਿਣਗ ਮੌਜੂਦ ਸੀ, ਜੋ ਮਾਇਆਵੀ ਪ੍ਰਭਾਵ ਹੇਠ ਦਬੀ ਹੋਈ ਵੀ ਅੰਦਰੋਂ ਫੁਟ ਫੁਟ ਪੈਂਦੀ ਅਤੇ ਕਦੀ-ਕਦੀ ਹੂਕ ਉਠਦੀ-

**ਕੋਈ ਜਨੁ ਹਰਿ ਸਿਉ ਦੇਵੈ ਜੋਰਿ ॥**

(ਅੰਗ ੭੦੧)

ਗੁਰੂ ਨੇਤ ਅਨੁਸਾਰ ਕੁਝ ਸਮੇਂ ਬਾਅਦ ਆਪ ਦੀ ਬਦਲੀ ਰੇਲਵੇ ਮੇਲ ਸਰਵਿਸ ਵਿੱਚ ਸ੍ਰੀ ਅੰਮ੍ਰਿਤਸਰ ਦੀ ਹੋ ਗਈ। ਅੰਦਰ ਵਸ ਰਹੀ ਪਿਆਰ-ਕਣੀ ਸਦਕਾ, ਦਫ਼ਤਰ ਵਿਚ ਬੈਠਿਆਂ ਵੀ ਵੈਰਾਗ ਦੀਆਂ ਕਾਂਗਾਂ ਉਠ-ਉਠ ਪੈਂਦੀਆਂ ਅਤੇ ਕਿਸੇ ਪੁਜੇ ਹੋਏ ਸਤ-ਪੁਰਖ ਦੀ ਭਾਲ ਬਣੀ ਰਹਿੰਦੀ। ਇਥੇ ਦਫ਼ਤਰ ਵਿਚ ਕੰਮ-ਕਰਦੇ ਆਪਣੇ ਸਾਥੀ ਵਰਕਰ ਭਾਈ ਮਨਜੀਤ ਸਿੰਘ ਕ੍ਰਿਪਾਨਾਂ ਵਾਲੇ ਜੀ ਦੇ ਤਰਲੇ ਲਏ ਕਿ ਕਿਸੇ ਗੁਰੂ-ਸਵਾਰੇ ਮਹਾਂਪੁਰਖ ਦੇ ਦਰਸ਼ਨ ਕਰਾਓ।

ਮਿਲਾਪ ਦਾ ਉਹ ਅਉਸਰ ਆ ਬਣਿਆ। ਭਾਈ ਮਨਜੀਤ ਸਿੰਘ ਨੇ ਗਿਆਨੀ ਭਗਵਾਨ ਸਿੰਘ ਜੀ ਦੇ ਗ੍ਰਿਹਿ ਗੁਰੂ ਨਾਨਕਪੁਰਾ ਦਾ ਟਿਕਾਣਾ ਦਸਦਿਆਂ ਭਾਈ ਬਾਲਾ ਸਿੰਘ ਜੀ ਨੂੰ ਦੱਸ ਪਾਈ ਕਿ ਇਨ੍ਹਾਂ ਦੇ ਸਮਾਗਮ ਵਿਚ ਡਾ. ਸੁਰਿੰਦਰ ਸਿੰਘ ਜੀ ਜ਼ਰੂਰ ਪੁੱਜਣਗੇ, ਜੋ ਬੜੀ ਉਚ ਕਰਣੀ ਵਾਲੇ ਸੰਤ-ਪੁਰਸ਼ ਹਨ ਅਤੇ ਇਨ੍ਹਾਂ ਨੂੰ ਮਿਲ ਕੇ ਅੰਦਰ ਠੰਢ ਤੇ ਸ਼ਾਂਤੀ ਵਰਤਦੀ ਹੈ।

ਭਾਈ ਬਾਲਾ ਸਿੰਘ ਜੀ ਜਥੇ ਵਲੋਂ ਹੋਣ ਵਾਲੇ ਹਫਤਾਵਾਰੀ ਐਤਵਾਰ ਦੇ ਉਸ ਸਮਾਗਮ ਵਿਚ ਅੰਮ੍ਰਿਤ ਵੇਲੇ ਹੀ ਪੁੱਜ ਗਏ। ਕੀਰਤਨ ਦੀ ਸਮਾਪਤੀ ਪਿਛੋਂ ਡਾਕਟਰ ਜੀ ਆਪਣੀ ਮਸਤੀ ਵਿਚ ਪਿਆਰ-ਖੇਡਾਂ ਰਚਾਂਦੇ, ਬਾਹਰ ਖਲੋਤੇ ਸਿੰਘਾਂ ਦੀ ਦਰੁੱਸਤੀ ਕਰਨ ਲਈ ਕੁਝ ਡਾਂਟ ਕਰ ਰਹੇ ਸਨ ਕਿ ਭਾਈ ਮਨਜੀਤ ਸਿੰਘ ਜੀ ਭਾਈ ਬਾਲਾ ਸਿੰਘ ਦੇ ਨਾਲ ਉਥੇ ਆ ਪੁੱਜੇ ਅਤੇ ਦੱਸਿਆ ਕਿ ਇਹ ਹਨ ਉਹ ਗੁਰੂ ਸੰਵਾਰੇ ਡਾ. ਸੁਰਿੰਦਰ ਸਿੰਘ ਜੀ, ਜਿਨ੍ਹਾਂ ਦੇ ਦਰਸ਼ਨਾਂ ਲਈ ਆਪ



www.AKJ.Org

ਨੂੰ ਬੇਨਤੀ ਕੀਤੀ ਸੀ। ਡਾਕਟਰ ਜੀ ਨੇ ਭਾਈ ਬਾਲਾ ਸਿੰਘ ਜੀ ਵਲ ਇਕ ਝਾਤ ਪਾਈ ਅਤੇ ਇਉਂ ਪ੍ਰਤੀਤ ਹੋਇਆ ਜਿਵੇਂ ਕਿ ਉਹ ਇਕੋ ਤੱਕਣੀ ਵਿਚ ਹੀ ਸਭ ਕੁਝ ਬੁੱਝ ਗਏ ਹੋਣ। ਭਾਈ ਬਾਲਾ ਸਿੰਘ ਜੀ ਦਰਸ਼ਨ ਕਰ ਕੇ ਠਰ ਗਏ ਅਤੇ ਘਰ ਚਰਨ ਪਾਉਣ ਲਈ ਬੇਨਤੀ ਕੀਤੀ, ਜੋ ਪਰਵਾਨ ਹੋ ਗਈ।

ਡਾਕਟਰ ਜੀ ਨੀਯਤ ਤ੍ਰੀਕ ਤੇ ਦਸੇ ਟਿਕਾਣੇ ਅਨੁਸਾਰ ਇਨ੍ਹਾਂ ਦੇ ਗ੍ਰਹਿ ਵਿਖੇ ਪੁਜੇ। ਭਾਈ ਬਾਲਾ ਸਿੰਘ ਜੀ ਦੀ ਸੁਪਤਨੀ ਨੂੰ ਤਾਂ ਚਾਅ ਚੜ੍ਹ ਗਿਆ ਅਤੇ ਬੜੇ ਪਿਆਰ ਨਾਲ ਸੇਵਾ ਕੀਤੀ। ਡਾਕਟਰ ਜੀ ਇਨ੍ਹਾਂ ਪਾਸ ਗੁਰਮਤਿ ਅਨੁਸਾਰ ਕਈ ਮਿਠੇ ਮਿਠੇ ਬਚਨ ਕਰਦੇ ਰਹੇ ਅਤੇ ਫਿਰ ਕੁੱਝ ਛਕ-ਛਕਾ ਕੇ ਤੁਰ ਪਏ। ਤੁਰਨ ਲਗਿਆਂ ਦੰਪਤੀ ਨੇ ਫਿਰ ਗ੍ਰਹਿ ਵਿਖੇ ਦਰਸ਼ਨ ਦੇਣ ਲਈ ਬੇਨਤੀ ਕੀਤੀ। ਡਾਕਟਰ ਜੀ ਪ੍ਰੇਮੀ-ਜੀਊੜਿਆਂ ਦੀ ਖਿੱਚ ਦਾ ਬੜਾ ਸਤਿਕਾਰ ਕਰਦੇ ਸਨ ਅਤੇ ਮੀਲਾਂ ਦਾ ਪੰਧ ਕਟ ਕੇ ਵੀ ਪ੍ਰੇਮੀ-ਹਿਰਦਿਆਂ ਦੀ ਸਿੱਕ ਪੂਰੀ ਕਰਦੇ ਹੋਏ, ਗੁਰਸਿੱਖੀ ਦੀ ਸਾਂਝ ਪੀਡੀ ਕਰਨ ਲਈ, ਉਨ੍ਹਾਂ ਪਾਸ ਪੁੱਜਦੇ ਸਨ।

**ਪ੍ਰਭ ਮਿਲਬੇ ਕਉ ਪ੍ਰੀਤਿ ਮਨਿ ਲਾਗੀ ॥**
**ਪਾਇ ਲਗਉ ਮੋਹਿ ਕਰਉ ਬੇਨਤੀ ਕੋਊ ਸੰਤੁ ਮਿਲੈ ਬਡਭਾਗੀ ॥੧॥ ਰਹਾਉ ॥**
**ਮਨੁ ਅਰਪਉ ਧਨੁ ਰਾਖਉ ਆਗੈ ਮਨ ਕੀ ਮਤਿ ਮੋਹਿ ਸਗਲ ਤਿਆਗੀ ॥**
**ਜੋ ਪ੍ਰਭ ਕੀ ਹਰਿ ਕਥਾ ਸੁਨਾਵੈ ਅਨਦਿਨੁ ਫਿਰਉ ਤਿਸੁ ਪਿਛੈ ਵਿਰਾਗੀ ॥੧॥**
**ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ ॥**
**ਮਿਟਿਓ ਅੰਧੇਰੁ ਮਿਲਤ ਹਰਿ ਨਾਨਕ ਜਨਮ ਜਨਮ ਕੀ ਸੋਈ ਜਾਗੀ ॥੨॥੨॥੧੧੯॥**

(ਅੰਗ : 204)

ਡਾ. ਸੁਰਿੰਦਰ ਸਿੰਘ ਜੀ ਦਾ ਭਾਈ ਬਾਲਾ ਸਿੰਘ ਜੀ ਨਾਲ ਕੋਈ ਪਰਾ-ਪੂਰਬਲਾ ਸੰਯੋਗ ਸੀ। ਇਸ ਧੁਰ-ਸੰਯੋਗੀ ਸਾਂਝ ਦਾ ਪ੍ਰਗਟਾਵਾ ਭਾਵੇਂ ਦੇਰ ਨਾਲ ਹੋਇਆ, ਪਰ ਇਹ ਐਸੀ ਸਾਂਝ ਬਣੀ ਕਿ ਪਿਆਰ-ਮਿਲਣੀ ਦੀਆਂ ਇਹ ਗੰਢਾਂ ਹੋਰ ਪੀਡੀਆਂ ਹੋ ਗਈਆਂ।

ਭਾਈ ਬਾਲਾ ਸਿੰਘ ਜੀ ਜਦੋਂ ਵੀ ਖਿੱਚ ਕਰਦੇ, ਡਾਕਟਰ ਜੀ ਨੇ ਉਨ੍ਹਾਂ ਦੇ ਗ੍ਰਹਿ ਵਿਚ ਪੁੱਜ ਜਾਣਾ। ਭਾਈ ਬਾਲਾ ਸਿੰਘ ਜੀ ਦਾ ਬਚਪਨ ਮਾਪਿਆਂ ਦੇ ਵਿਛੋੜੇ ਪਿਛੋਂ, ਜਿਵੇਂ ਸੰਤ-ਬਾਬਿਆਂ ਪਾਸ ਪਿਆਰ ਨਾਲ ਬੀਤਿਆ ਸੀ, ਉਸ ਵਿਥਿਆ ਨੂੰ ਸੁਣ ਕੇ ਤਾਂ ਡਾਕਟਰ ਜੀ ਬੜੇ ਹੀ ਪ੍ਰਸੰਨ ਹੋਏ ਅਤੇ ਖੁਸ਼ੀਆਂ ਵਿਚ ਆ ਕੇ ਅੰਮ੍ਰਿਤ-ਭਿੰਨੇ ਲੋਇਣਾਂ ਨਾਲ ਡਾਢੇ ਪਿਆਰ ਵਿੱਚ ਉਨ੍ਹਾਂ ਵਲ ਤੱਕੇ ਤੇ ਫਿਰ ਕਿਹਾ, ਤੁਸੀਂ ਅਖੰਡ ਕੀਰਤਨੀ ਜਥੇ ਦੇ ਅੰਮ੍ਰਿਤ-ਸੰਚਾਰ ਸਮਾਗਮ ਵਿਚ ਪੇਸ਼ ਹੋ ਕੇ ਪਿਛਲੀਆਂ ਤਰੁਟੀਆਂ ਦੀ ਦਰੁਸਤੀ ਕਰਵਾ ਕੇ ਅੰਮ੍ਰਿਤ ਪਾਨ ਕਰੋ, ਫਿਰ ਗੱਲ ਬਣੇਗੀ। ਸਮਾਂ ਢੁੱਕਣ ਤੇ ਦੰਪਤੀ ਨੇ ਜਥੇ ਦੇ ਅੰਮ੍ਰਿਤ-ਸਮਾਗਮ ਵਿਚ ਪੇਸ਼ ਹੋ ਕੇ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ ਅਤੇ ਗੁਰਸਿਖੀ ਰਹਿਤ-ਰਹਿਣੀ ਵਿਚ ਪ੍ਰਪੱਕ ਹੋ ਗਏ। ਬੀਬੀ ਜੀ ਵੀ ਕੇਸਕੀ ਸਜਾ ਕੇ ਤਿਆਰ-ਬਰ-ਤਿਆਰ ਹੋ ਗਏ। ਇਸ ਤੋਂ ਪਿਛੋਂ ਜਦੋਂ ਵੀ ਡਾਕਟਰ ਜੀ ਸ੍ਰੀ ਅੰਮ੍ਰਿਤਸਰ ਆਉਂਦੇ, ਇਨ੍ਹਾਂ ਦੇ ਜ਼ਰੂਰ ਹੋ ਕੇ ਜਾਂਦੇ।

ਭਾਈ ਬਾਲਾ ਸਿੰਘ ਜੀ ਦੇ ਗ੍ਰਹਿ ਸਤਿਗੁਰੂ ਜੀ ਦਾ ਬਖਸ਼ਿਆ ਸਭ ਕੁਝ ਸੀ, ਪਰ ਇਕ ਭੁਜੰਗੀ ਦੀ ਥੁੜ ਜ਼ਰੂਰ ਮਹਿਸੂਸ ਹੁੰਦੀ ਸੀ। ਇਸੇ ਥੁੜ ਨੂੰ ਪੂਰਾ ਕਰਨ ਲਈ ਆਪ ਜੀ ਨੇ ਰਿਸ਼ਤੇਦਾਰੀ ਚੋਂ ਇਕ ਬੱਚਾ ਲੈ ਕੇ ਪਾਲਿਆ ਸੀ, ਪਰ ਉਹ ਸੁਖ ਦੇਣ ਦੀ ਥਾਂ ਇਨ੍ਹਾਂ ਨੂੰ ਤੰਗ ਹੀ ਕਰਦਾ ਰਹਿੰਦਾ ਸੀ। ਆਪ ਜੀ ਦੇ ਅੰਮ੍ਰਿਤ ਛਕਣ ਤੋਂ ਬਾਅਦ ਗੁਰਸਿੱਖੀ ਰਹਿਤ-ਬਹਿਤ ਵਿਚ ਆਉਣ ਨਾਲ ਤਾਂ ਉਹ ਬਹੁਤ ਹੀ ਤੰਗ ਕਰਨ ਲੱਗ ਪਿਆ, ਕਿਉਂਕਿ ਉਸ ਦੀਆਂ ਸਵਾਦ-ਪ੍ਰਤਿਸ਼ਟੀਆਂ ਹੋਰ ਤਰ੍ਹਾਂ ਦੀਆਂ ਸਨ।

ਇਕ ਦਿਨ ਡਾਕਟਰ ਜੀ ਆਏ ਅਤੇ ਬੜੇ ਹੀ ਰੰਗਾਂ ਵਿਚ ਸੱਜ ਗਏ। ਉਹ ਬੜੇ ਖੁਸ਼-ਖੁਸ਼ ਪ੍ਰਤੀਤ ਹੋ ਰਹੇ ਸਨ।



www.AKJ.Org

ਡਾਕਟਰ ਜੀ, ਬੀਬੀ ਜੀ ਵਲੋਂ ਕੀਤੀ ਜਾਂਦੀ ਸੇਵਾ ਕਰਕੇ, ਉਨ੍ਹਾਂ ਤੇ ਤਾਂ ਬਹੁਤ ਪ੍ਰਸੰਨ ਸਨ। ਇਸ ਸਮੇਂ ਭਾਈ ਬਾਲਾ ਸਿੰਘ ਜੀ ਨੇ ਬੇਨਤੀ ਕੀਤੀ ਕਿ ਪੰਜਾਂ ਪਿਆਰਿਆਂ ਤੋਂ ਨਾਮ-ਅੰਮ੍ਰਿਤ ਦੀ ਦਾਤ ਤਾਂ ਪ੍ਰਾਪਤ ਹੋ ਗਈ ਹੈ, ਪਰ ਨਾਮ ਦੀ ਚੜ੍ਹਦੀ ਕਲਾ ਲਈ ਜਾਚਨਾ ਹੈ, ਉਸ ਲਈ ਕੋਈ ਬਖ਼ਸ਼ਸ਼ ਕਰੋ। ਡਾਕਟਰ ਜੀ ਮੁਸਕਰਾਏ ਤੇ ਕਿਹਾ—

**ਰਾਮ ਜਪਉ ਜੀਅ ਐਸੇ ਐਸੇ ॥ ਧ੍ਰੂ ਪ੍ਰਹਿਲਾਦ ਜਪਿਓ ਹਰਿ ਜੈਸੇ ॥੧॥**

(ਅੰਗ ੩੩੭)

ਕੁਝ ਦਿਨਾਂ ਬਾਅਦ ਫਿਰ ਬਾਲਾ ਸਿੰਘ ਜੀ ਨੇ ਨਾਮ ਦੀ ਚੜ੍ਹਦੀ ਕਲਾ ਦੀ ਬਖਸ਼ਸ਼ ਪ੍ਰਾਪਤ ਕਰਨ ਦੀ ਚਾਹਨਾ ਪ੍ਰਗਟ ਕੀਤੀ ਤਾਂ ਆਪ ਜੀ ਬੋਲੇ ਭਾਈ, ਨਾਮ ਜਪਣਾ ਬੜਾ ਔਖਾ ਹੈ। ਹਾਂ ਜੇ ਤੁਹਾਨੂੰ ਪੁੱਤਰ ਦੀ ਕੋਈ ਇੱਛਾ ਹੋਵੇ ਤਾਂ ਗੁਰੂ ਘਰ ਵਿਚ ਕਿਸੇ ਗੱਲ ਦੀ ਕਮੀ ਨਹੀਂ। ਘਰ ਵਿਚ ਸਲਾਹ ਕਰ ਲਵੋ।

ਡਾਕਟਰ ਜੀ ਦੇ ਜਾਣ ਪਿਛੋਂ ਵਿਚਾਰਾਂ ਹੁੰਦੀਆਂ ਰਹੀਆਂ। ਅਖ਼ੀਰ ਸਿੰਘਣੀ ਕਹਿਣ ਲੱਗੀ, ਉਮਰ ਵਡੇਰੀ ਹੋ ਗਈ ਹੈ, ਬੱਚਾ ਪਾਲਦਿਆਂ ਪਾਲਦਿਆਂ ਅੱਗਾ ਨੇੜੇ ਆ ਜਾਣਾ ਹੈ ਅਤੇ ਜ਼ਿੰਦਗੀ ਨਾਮ ਤੋਂ ਖਾਲੀ ਹੀ ਬੀਤ ਜਾਣੀ ਹੈ। ਸੋ ਨਾਮ ਦੀ ਬਖ਼ਸ਼ਿਸ਼ ਪ੍ਰਾਪਤ ਕਰਨੀ ਚਾਹੀਦੀ ਹੈ। ਇਹ ਵਿਚਾਰ ਬਣਾ ਕੇ ਹਟੇ ਹੀ ਸਨ ਕਿ ਡਾਕਟਰ ਜੀ ਆ ਪੁੱਜੇ। ਜਲ ਪਾਣੀ ਛਕਾਉਣ ਤੋਂ ਬਾਅਦ ਫਿਰ ਉਹੋ ਜੋਦੜੀ ਕੀਤੀ ਕਿ ਜੇ ਪ੍ਰਸੰਨ ਹੋਏ ਹੋ ਤਾਂ ਨਾਮ ਦੀ ਚੜ੍ਹਦੀ ਕਲਾ ਦੀ ਹੀ ਬਖਸ਼ਿਸ ਕਰੋ ਜੀ। ਆਪ ਨੇ ਫਿਰ ਕਿਹਾ, "ਭਾਈ ਨਾਮ ਜਪਣਾ ਬੜਾ ਹੀ ਔਖਾ ਹੈ, ਬੜਾ ਕੁਝ ਛੱਡਣਾ ਪੈਂਦਾ ਹੈ। ਅੱਛਾ ਇਉਂ ਕਰੋ ਕਿ ਪਹਿਲਾਂ ਤੁਸੀਂ ਸੰਸਾਰਿਕ ਧੰਧੇ ਛੱਡੋ।" ਇਹ ਸੁਣ ਕੇ ਭਾਈ ਬਾਲਾ ਸਿੰਘ ਕਹਿਣ ਲੱਗੇ, "ਡਾਕਟਰ ਜੀ, ਕੰਮ ਧੰਧਾ ਛੱਡ ਕੇ ਭੁੱਖੇ ਮਰ ਜਾਵਾਂਗੇ। ਸਾਡਾ ਤੇ ਗੁਜ਼ਾਰਾ ਹੀ ਤਨਖ਼ਾਹ 'ਤੇ ਹੈ, ਖਾਵਾਂਗੇ ਕਿਥੋਂ ? ਡਾਕਟਰ ਜੀ ਨੇ ਕਿਹਾ, ਕੁਝ ਦਿਨ ਹੋਰ ਸੋਚ ਲਓ। ਡਾਕਟਰ ਜੀ ਚਲੇ ਗਏ ਤੇ ਇਹ ਦੋਵੇਂ ਜੀਅ ਦੁਚਿੱਤੀ ਵਿਚ ਫਸ ਗਏ। ਪੈਨਸ਼ਨ ਦਾ ਹਿਸਾਬ ਕਿਤਾਬ ਲਾਇਆ ਤਾਂ ਉਹ ਪੈਸੇ ਥੋੜੇ ਅਤੇ ਖ਼ਰਚਾ ਬਹੁਤਾ। ਕਈ ਦਿਨ ਸੋਚਦੇ ਰਹੇ। ਡਾਕਟਰ ਜੀ ਨੇ ਪ੍ਰੇਮ-ਖਿਚ ਵਿਚ ਫਿਰ ਇਧਰ ਨੂੰ ਆ ਮੋਹਾਰਾਂ ਮੋੜੀਆਂ। ਆ ਕੇ ਪੁਛਿਆ ਕਿ ਸੁਣਾਓ, ਕੀ ਸੋਚਿਆ ਜੇ ? ਦੋਵੇਂ ਜੀਅ ਬੋਲੇ, ਖਾਵਾਂਗੇ ਕਿਥੋਂ, ਪੈਨਸ਼ਨ ਦੇ ਪੈਸੇ ਤਾਂ ਬੜੇ ਥੋੜ੍ਹੇ ਬਣਦੇ ਹਨ ?" ਤਾਂ ਆਪ ਜੀ ਡਾਢੇ ਹੀ ਪਿਆਰ ਰੰਗਾਂ ਵਿਚ ਬੋਲੇ, "ਭਰੋਸਾ ਕਰੋ, ਪ੍ਰਭੂ ਸਭ ਦੀ ਸਾਰ ਸੰਭਾਲ ਕਰਦਾ ਹੈ, ਤੁਹਾਡੀ ਵੀ ਪ੍ਰਤਿਪਾਲਣਾ ਕਰੇਗਾ।"

ਭਾਈ ਬਾਲਾ ਸਿੰਘ ਜੀ ਆਪਣੇ ਆਪ ਵਿਚ ਕਾਇਮ ਹੋ ਗਏ। ਉਸੇ ਵੇਲੇ ਡਾਕਟਰ ਜੀ ਦੇ ਬੈਠਿਆਂ ਹੀ ਸੰਸਾਰੀ ਧੰਧਾ ਛੱਡਣ ਲਈ ਮਨ ਬਣਾ ਲਿਆ। ਡਾਕਟਰ ਜੀ ਨੇ ਫਿਰ ਪਿਆਰ ਵਿੱਚ ਪ੍ਰਸੰਨ ਹੋ ਕੇ ਕਿਹਾ, ਭਾਈ ਨਾਮ ਜਪਣ ਦੀ ਚੜ੍ਹਦੀ ਕਲਾ ਲਈ ਕੁਝ ਹੋਰ ਵੀ ਦੁਨਿਆਵੀ, ਕੂੜਾਵੀਆਂ ਤੇ ਹਉਮੈ-ਭਰਪੂਰ ਗੱਲਾਂ ਤੋਂ ਦੂਰ ਰਹਿਣਾ ਹੋਵੇਗਾ—

1) ਕਿਸੇ ਵੀ ਦੁਨਿਆਵੀ ਰਿਸ਼ਤੇਦਾਰੀ ਵਿਚ ਨਹੀਂ ਖੁੱਭਣਾ। ਜਦੋਂ ਤੁਸੀਂ ਕਿਸੇ ਦੇ ਨਹੀਂ ਜਾਉਗੇ, ਕੋਈ ਤੁਹਾਡੇ ਨਹੀਂ ਆਵੇਗਾ ਅਤੇ ਖੁਸ਼ ਰਹੋਗੇ। ਇਹ ਸੰਸਾਰੀ ਲੋਕ ਕੂੜਾਵੀਆਂ ਵਡਿਆਈਆਂ ਅਧੀਨ ਬਹੁਤ ਕੁਝ ਲੋਚਦੇ ਹਨ ਅਤੇ ਨਾਮ ਤੋਂ ਦੂਰ ਲਿਜਾਂਦੇ ਹਨ। ਇਨ੍ਹਾਂ ਨਾਲ ਵਰਤੋਂ-ਵਿਹਾਰ ਕਰਨ ਲਈ ਮਨ ਦੇ ਫੁਰਨਿਆਂ ਦੀ ਦੌੜ ਹੋਰ ਤਰ੍ਹਾਂ ਦੀ ਹੋ ਜਾਂਦੀ ਹੈ।

2) ਆਪਣਾ ਪਹਿਰਾਵਾ ਗੁਰਮੁਖੀ ਸਾਦਾ ਰੱਖਣਾ। ਖੱਦਰ ਦਾ ਪਹਿਰਾਵਾ ਬਹੁਤ ਠੀਕ ਰਹਿੰਦਾ ਹੈ, ਸਰਦੀਆਂ ਵਿਚ ਗਰਮ ਅਤੇ ਗਰਮੀਆਂ ਵਿਚ ਠੰਢਾ। ਵੈਸੇ ਵੀ ਸਸਤਾ ਹੈ। ਜਿਥੇ ਸਾਦਾ ਹੈ ਉਥੇ ਅਹੰਗਤਾ ਤੋਂ ਦੂਰ ਰੱਖਦਾ ਹੈ। ਪੈਂਟਾਂ-ਬੁਸ਼ਰਟਾਂ ਤੇ ਸੂਟ-ਬੂਟ ਸਭ ਤਰ੍ਹਾਂ ਲਈ ਮਾਰੂ ਹਨ। ਪੈਂਟ ਬੁਸ਼ਰਟ ਦੇ ਉਪਰ ਦੀ ਸਿਰੀ ਸਾਹਿਬ ਵੀ ਵਿਖਾਵਾ ਹੀ ਲਗਦੀ ਹੈ। ਗੁਰਸਿੱਖੀ ਦਾ ਨਿਆਰਾਪਣ ਪੰਜ-ਕਕਾਰੀ ਰਹਿਤ ਦੀ ਵਿਲੱਖਣਤਾ ਹੈ ਅਤੇ ਸਾਦੇ ਬਾਣੇ ਤੇ ਹੀ ਪੂਰਨ ਸੁਸ਼ੋਭਿਤ ਹੁੰਦਾ ਹੈ।



www.AKJ.Org

3) ਫਿਰ ਡਾਕਟਰ ਜੀ ਨੇ **'ਵੇਦੀਨਾ ਕੀ ਦੋਸਤੀ ਵੇਦੀਨਾ ਕਾ ਖਾਣ'** ਤੋਂ ਬਚਣ ਲਈ, ਸ਼ੁਧ ਅੰਨ ਖਾਣ ਦੀਆਂ ਬਰਕਤਾਂ ਬਾਰੇ ਦਸਿਆ। ਰੋਟੀ-ਬੇਟੀ ਦੀ ਸਾਂਝ ਗੁਰਮੁਖ ਅੰਮ੍ਰਿਤਧਾਰੀ ਸਿੱਖ ਨਾਲ ਹੀ ਰੱਖਣੀ ਬਣਦੀ ਹੈ। ਸ਼ੁਧ ਅੰਨ ਮਿਲਣਾ ਔਖਾ ਹੈ, ਕਿਉਂਕਿ ਆਮ ਕਿਰਤੀਆਂ ਖਾਸ ਕਰ ਵਾਪਾਰੀ ਲੋਕਾਂ ਦਾ ਵਿਹਾਰ ਸ਼ੁਧ ਨਹੀਂ ਹੁੰਦਾ। ਦਸਾਂ ਨਹੁੰਆਂ ਦੀ ਕਮਾਈ ਦਾ ਭੋਜਣ ਛੱਕਣ ਨਾਲ ਭਜਨ ਬੰਦਗੀ ਦਾ ਖ਼ੂਬ ਅਨੰਦ ਬਝਦਾ ਹੈ। ਭੋਜਨ ਬੜੇ ਸੰਕੋਚ ਨਾਲ ਛਕਣਾ, ਐਵੇਂ ਹਰ ਜਗ੍ਹਾ ਤੋਂ ਨਹੀਂ ਛਕਣਾ। ਸ਼ੁਧ ਭੋਜਨ ਬਾਰੇ ਡਾਕਟਰ ਜੀ ਨੇ ਕਈ ਕਥਾਵਾਂ ਭਾਈ ਬਾਲਾ ਸਿੰਘ ਜੀ ਨੂੰ ਸੁਣਾਈਆਂ, ਜੋ ਕਿਤੇ ਵਖਰੇ ਤੌਰ 'ਤੇ ਲਿਖੀਆਂ ਜਾ ਸਕਦੀਆਂ ਹਨ। ਉਨ੍ਹਾਂ ਦਸਿਆ ਕਿ ਸ਼ੁਧ ਆਹਾਰ ਕਰਨ ਨਾਲ ਹੀ ਮਨੁਖ ਦਾ ਵਿਉਹਾਰ ਵੀ ਸ਼ੁਧ ਹੁੰਦਾ ਹੈ। ਮਿਰਚ-ਮਸਾਲੇ ਤੇ ਖੱਟੇ-ਮਿੱਠੇ ਰਸਾਂ ਤੋਂ ਵੀ ਪ੍ਰਹੇਜ਼ ਹੀ ਕਰਨਾ ਚਾਹੀਦਾ ਹੈ।

4) ਗੁਪਤ ਰਹਿਣਾ, ਆਪਣੇ ਆਪ ਨੂੰ ਗੁਪਤ ਹੀ ਰਖਣਾ। ਨਿਮਰਤਾ ਵਿਚ ਰਹਿਣਾ ਬਹੁਤ ਹੀ ਜ਼ਰੂਰੀ ਹੈ। ਸੰਗਤ ਵਿਚ ਇਵੇਂ ਬੈਠਣਾ ਕਿ ਸੰਗਤ ਰੂਪ ਹੀ ਹੋ ਜਾਣਾ/ਕੋਈ ਵਿਖਾਵਾ ਜਾਂ ਵਖਰਾਪਣ ਨਹੀਂ ਦਸਣਾ ਅਤੇ ਆਪਣੇ ਆਪ ਨੂੰ ਸਭ ਤੋਂ ਨੀਵਾਂ ਜਾਣਨਾ। ਸੰਗਤ ਦਾ ਪਰਚਾ ਘਰ ਵਿਚ ਆਪਣੀ ਸਿੰਘਣੀ ਨਾਲ ਹੀ ਰੱਖਣਾ। ਬਹੁਤੀ ਭੱਜ-ਨੱਸ ਦੀ ਲੋੜ ਨਹੀਂ, ਘਰ ਵਿਚ ਹੀ ਅਨੰਦ ਮਗਨ ਰਹਿਣਾ। ਗ੍ਰਿਹਸਤੀ ਜੀਵਨ ਸੁਖੀ ਹੈ ਤਾਂ ਨਾਮ ਦੀ ਚੜ੍ਹਦੀ ਕਲਾ ਹੈ। ਸਿੰਘਣੀ ਨਾਲ ਕਿਤੇ ਭੁਲ ਕੇ ਵੀ ਝਗੜਾ ਨਹੀਂ ਕਰਨਾ । ਤੁਹਾਡਾ ਸਿੰਘ ਸਿੰਘਣੀ ਦਾ ਆਪੋ ਵਿਚ ਗੁਰਸਿੱਖਾਂ ਗੁਰਮੁਖਾਂ ਵਾਲਾ ਅਥਾਹ ਪਿਆਰ ਹੋਵੇ ਤਦ ਹੀ ਭਲਾ ਹੈ।

ਭਾਈ ਬਾਲਾ ਸਿੰਘ ਜੀ ਦਸਦੇ ਸਨ ਕਿ ਡਾਕਟਰ ਜੀ ਨੇ ਹੋਰ ਬੇਅੰਤ ਗੁਰਸਿਖੀ ਜੀਵਨ ਵਿਚ ਰੰਗਣ ਵਾਲੀਆਂ ਰੱਬ ਦੇ ਘਰ ਦੀਆਂ ਬਾਤਾਂ ਦੱਸੀਆਂ। ਗੁਰਮਤਿ ਦੇ ਇਸ ਮਾਰਗ ਤੇ ਤੁਰ ਕੇ ਭਾਈ ਬਾਲਾ ਸਿੰਘ ਜੀ ਨੇ ਖ਼ੂਬ ਸੱਚੇ-ਸੁੱਚੇ ਲਾਹੇ ਪ੍ਰਾਪਤ ਕੀਤੇ ਅਤੇ ਉੱਚ ਆਤਮਿਕ ਅਵਸਥਾ ਪ੍ਰਾਪਤ ਕੀਤੀ।

ਭਾਈ ਬਾਲਾ ਸਿੰਘ ਜੀ ਦਸਦੇ ਸਨ ਕਿ ਇਥੇ ਟਿਕਿਆਂ ਹੀ ਇਕੇਰਾਂ, ਆਪ ਡਾਕਟਰ ਜੀ ਨਾਲ ਪਾਉਂਟਾ ਸਾਹਿਬ ਦਰਸ਼ਨਾਂ ਨੂੰ ਗਏ। ਉਥੇ ਇਕ ਰੁਖ਼ ਦੀ ਘਣੀ ਛਾਂ ਹੇਠ ਬੈਠੇ ਹੋਏ ਸਾਂ ਕਿ ਇਕ ਬਜ਼ੁਰਗ ਮਾਤਾ ਆਈ ਅਤੇ ਇਕ ਅਸਾਧ ਰੋਗ ਦੇ ਇਲਾਜ ਲਈ ਬੇਨਤੀ ਕੀਤੀ। ਡਾਕਟਰ ਜੀ ਨੇ ਕੁਝ ਦਵਾਈਆਂ ਦਸੀਆਂ ਕਿ ਇਨ੍ਹਾਂ ਦੇ ਵਰਤਣ ਨਾਲ ਠੀਕ ਹੋ ਜਾਉਗੇ। ਬਜ਼ੁਰਗ ਮਾਤਾ ਕਹਿਣ ਲੱਗੀ, ਪੁੱਤਰ, ਮੇਰੇ ਪਾਸ ਤਾਂ ਦਵਾਈਆਂ ਲਈ ਪੈਸੇ ਨਹੀਂ ਹਨ। ਮਾਇਆ ਡਾਕਟਰ ਜੀ ਪਾਸ ਵੀ ਨਹੀਂ ਸੀ, ਪਰ ਮਾਤਾ ਦਾ ਦੁੱਖ ਨਵਿਰਤ ਕਰਨਾ ਵੀ ਜ਼ਰੂਰੀ ਸਮਝਿਆ। ਮੇਹਰ ਵਿੱਚ ਤੱਕੇ ਅਤੇ ਰੁਖ ਦੇ ਕੁਝ ਸੁੱਕੇ ਪੱਤਰ ਇਕੱਠੇ ਕੀਤੇ ਤੇ ਆਖਿਆ, "ਮਾਤਾ, ਇਨ੍ਹਾਂ ਪੱਤਿਆਂ ਨੂੰ ਕੁਟ ਕੇ ਪਾਣੀ ਨਾਲ ਛਕ ਲਓ, ਸਤਿਗੁਰੂ ਮੇਹਰ ਕਰਨਗੇ।" ਦੂਜੇ ਤੀਜੇ ਦਿਨ ਮਾਤਾ ਭਾਈ ਬਾਲਾ ਸਿੰਘ ਜੀ ਨੂੰ ਮਿਲੀ ਅਤੇ ਕਹਿਣ ਲੱਗੀ, "ਮੈਂ ਹੁਣ ਬਿਲਕੁਲ ਠੀਕ ਹਾਂ।"

ਡਾਕਟਰ ਸਾਹਿਬ ਜੀ ਨੇ ਆਉਣ ਵੇਲੇ ਭਵਿੱਖ ਬਾਰੇ ਸੋਚ ਕੇ ਆਪਣੇ ਕੁਝ ਨਿਕਟਵਰਤੀ ਸਿੰਘਾਂ ਨੂੰ ਸ੍ਰੀ ਪਾਉਂਟਾ ਸਾਹਿਬ, ਸ੍ਰੀ ਅਨੰਦਪੁਰ ਸਾਹਿਬ ਅਤੇ ਗੁਰੂ ਕੀ ਵਡਾਲੀ ਨਗਰਾਂ ਵਿਚ ਰਿਹਾਇਸ਼ ਰੱਖਣ ਲਈ ਪ੍ਰੇਰਨਾ ਕੀਤੀ, ਜਿਸ ਅਧੀਨ ਆਪ ਜੀ ਦੇ ਪਰਮ ਪਿਆਰੇ ਮਿੱਤਰ ਭਾਈ ਬਾਲਾ ਸਿੰਘ ਜੀ ਨੇ ਵੀ ਆਪਣੀ ਗੁਜ਼ਾਰੇ ਜੋਗੀ ਰਿਹਾਇਸ਼ ਗੁਰੂ ਕੀ ਵਡਾਲੀ ਵਿਖੇ ਉਸਾਰ ਲਈ। ਅਖੀਰਲੇ ਸਮੇਂ ਵਿਚ ਉਹਨਾਂ ਇੱਥੇ ਰਹਿ ਕੇ ਗੁਪਤ ਤੌਰ 'ਤੇ ਨਾਮ ਅਭਿਆਸ ਦੀਆਂ ਅਤੁੱਟ ਕਮਾਈਆਂ ਕੀਤੀਆਂ। ਉਹ ਬਾਹਰ ਬਹੁਤ ਹੀ ਘੱਟ ਜਾਂਦੇ ਸਨ। **ਘਰ ਬੈਠੇ ਗੁਰੂ ਧਿਆਇਹੁ** ਦੇ ਮਹਾਂ ਮੁਖਵਾਕ ਅਨੁਸਾਰ ਹੀ ਜੀਵਨ ਜੀਵਿਆ। ਇਹ ਗੁਰਮੁਖ ਰੂਹ ਮਿਤੀ 24 ਦਸੰਬਰ 2012 ਨੂੰ ਆਪਣੇ ਨਿਵਾਸ ਗੁਰੂ ਕੀ ਵਡਾਲੀ ਵਿਚ ਜਨਮ ਸਫਲਾ ਕਰਦੀ ਹੋਈ ਗੁਰੂ ਚਰਨਾਂ ਵਿਚ ਜਾ ਬਿਰਾਜੀ।

ਆਪ ਜੀ ਦਾ ਭਾਈ ਪ੍ਰੀਤਮ ਸਿੰਘ ਅੰਬੋ ਮਾਜਰੇ ਵਾਲਿਆਂ ਨਾਲ ਗੂੜ੍ਹਾ ਪ੍ਰੇਮ ਅਤੇ ਆਤਮਿਕ ਸਾਂਝ ਸੀ। ਅਕਾਲ


www.AKJ.Org

ਚਲਾਣਾ ਕਰਨ ਤੋਂ ਕੁਝ ਮਹੀਨੇ ਪਹਿਲਾਂ ਆਪ ਅੰਬੋ ਮਾਜਰੇ ਬਾਬਾ ਜੀ ਨੂੰ ਮਿਲਣ ਗਏ। ਉਸ ਵੇਲੇ ਬਾਬਾ ਜੀ ਨੇ ਆਪ ਜੀ ਨੂੰ ਦਸ ਦਿੱਤਾ ਸੀ ਕਿ ਤੁਹਾਡਾ ਇਸ ਸੰਸਾਰ ਤੋਂ ਜਾਣ ਦਾ ਸਮਾਂ ਆ ਗਿਆ ਅਤੇ ਆਪ ਜੀ ਦੇ ਤੁਰ ਜਾਣ ਤੋਂ ਕੁਝ ਸਮਾਂ ਬਾਅਦ, ਮੈਂ ਵੀ ਤੁਰ ਜਾਵਾਂਗਾ। ਆਪ ਜੀ ਦੇ ਦਸੰਬਰ 2012 ਵਿਚ ਚੜ੍ਹਾਈ ਕਰਨ ਜਾਣ ਤੋਂ ਸਾਢੇ ਪੰਜ ਮਹੀਨੇ ਬਾਅਦ ਹੀ ਬਾਬਾ ਜੀ ਮਈ 2013 ਨੂੰ ਆਪ ਦੇ ਪਿੱਛੇ ਤੁਰ ਗਏ।

## ਭਾਈ ਗੋਪਾਲ ਸਿੰਘ ਜੀ ਬਟਾਲਾ

ਭਾਈ ਸੁਖਰਾਜ ਸਿੰਘ ਜੀ ਬਟਾਲਾ

ਭਾਈ ਗੋਪਾਲ ਸਿੰਘ ਜੀ ਬਟਾਲੇ ਵਾਲੇ ਅਖੰਡ ਕੀਰਤਨੀ ਜੱਥੇ ਦੇ ਉਨ੍ਹਾਂ ਰੰਗ-ਰੱਤੜੇ, ਰਸਿਕ ਬੈਰਾਗੀ, ਜੀਵਨੀ ਸਿੰਘਾਂ ਵਿੱਚੋਂ ਸਨ, ਜਿਨ੍ਹਾਂ ਨੂੰ ਆਪਣੇ ਅੰਤਮ ਸੁਆਸਾਂ ਤੱਕ ਪੂਰੇ ਜਾਹੋ-ਜਲਾਲ ਨਾਲ ਸਿੱਖੀ ਸੇਵਾ ਨਿਭਾਉਣ ਦਾ ਸੁਭਾਗ ਹਾਸਲ ਹੋਇਆ ਹੈ। ਭਾਈ ਗੋਪਾਲ ਸਿੰਘ ਜੀ ਅਖੰਡ ਕੀਰਤਨੀ ਜੱਥੇ ਦੇ ਰੰਗ-ਰੱਤੜੇ ਕੀਰਤਨੀਏ ਸਨ, ਜਿਨ੍ਹਾਂ ਦੇ ਕੰਠ ਵਿੱਚ ਅੰਤਾਂ ਦਾ ਬੈਰਾਗ, ਕਸ਼ਿਸ਼ ਅਤੇ ਪ੍ਰੇਮ ਸੀ। ਆਪ ਜੀ ਕੰਠਾਗਰ ਕੀਰਤਨੀਏ ਸਨ ਅਤੇ ਜੱਥੇ ਦੇ ਕੇਂਦਰੀ ਸਮਾਗਮਾਂ ਵਿੱਚ ਕੀਰਤਨ ਦੀ ਹਾਜ਼ਰੀ ਭਰਨ ਤੋਂ ਇਲਾਵਾ 'ਪੰਜ ਪਿਆਰਿਆਂ' ਦੀ ਸੇਵਾ ਵੀ ਨਿਬਾਉਂਦੇ ਰਹੇ ਹਨ। ਭਾਈ ਗੋਪਾਲ ਸਿੰਘ ਜੀ ਦਾ ਜਨਮ 1938 ਈਸਵੀ ਵਿੱਚ ਪਿਤਾ ਸਰਦਾਰ ਊਧਮ ਸਿੰਘ ਅਤੇ ਮਾਤਾ ਸਰਵਨ ਕੌਰ ਦੀ ਕੁੱਖੋਂ ਪਿੰਡ ਡੁੱਲਟ, ਜ਼ਿਲ੍ਹਾ ਗੁਰਦਾਸਪੁਰ ਵਿਖੇ ਹੋਇਆ। ਆਪ ਜੀ ਦੇ ਪਿਤਾ ਜੀ ਪਿੰਡ ਵਿਚ ਹੀ ਸਿਲਾਈ-ਕਢਾਈ ਦਾ ਕੰਮ ਕਰਦੇ ਸਨ ਅਤੇ ਆਮ ਸਧਾਰਨ ਸਿੱਖ ਪ੍ਰੀਵਾਰ ਵਿਚੋਂ ਸਨ। ਆਪ ਜੀ ਨੇ ਮੁੱਢਲੀ ਸਿਖਿਆ ਦਸਵੀਂ ਜਮਾਤ ਤਕ ਕਾਲਾ ਅਫਗਾਨਾ ਜ਼ਿਲ੍ਹਾ ਗੁਰਦਾਸਪੁਰ ਤੋਂ ਲਈ। ਆਪ ਦੇ ਦਾਦਾ ਜੀ ਸਹਿਜ ਪਾਠ ਕਰਨਾ ਚਾਹੁੰਦੇ ਸਨ ਤੇ ਇਨ੍ਹਾਂ ਦੇ ਦਾਦੀ ਜੀ ਨੇ ਪਾਠ ਕਰਨ ਲਈ ਆਪਣੇ ਘਰ ਗੁਰੂ ਸਾਹਿਬ ਜੀ ਦਾ ਪ੍ਰਕਾਸ਼ ਕਰ ਲਿਆ ਤੇ ਆਪ ਜੀ ਨੂੰ ਵੀ ਦਾਦਾ-ਦਾਦੀ ਜੀ ਤੋਂ ਗੁਰਸਿੱਖੀ ਦੀ ਲਗਨ ਲਗ ਗਈ। ਆਪ ਜੀ ਨੇ ਬਚਪਨ ਵਿਚ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਤੋਂ ਅੰਮ੍ਰਿਤ ਛੱਕ ਲਿਆ ਸੀ ਤੇ ਗੁਰੂ ਵਾਲੇ ਬਣ ਗਏ ਸਨ। ਭਾਈ ਸਾਹਿਬ ਨੂੰ ਬਚਪਨ ਤੋਂ ਹੀ ਕੀਰਤਨ ਕਰਨ ਦਾ ਬੜਾ ਸ਼ੌਂਕ ਸੀ ਪਰ ਘਰ ਵਿੱਚ ਗਰੀਬੀ ਹੋਣ ਕਾਰਨ ਹਾਰਮੋਨੀਅਮ (ਵਾਜਾ) ਲੈਣ ਦੀ ਹਿੰਮਤ ਨਹੀਂ ਸੀ। ਆਪ ਜੀ ਬਚਪਨ ਵਿੱਚ ਮਿੱਟੀ ਦੀ ਤੂੰਬੀ ਲੈ ਕੇ ਵੱਖ-ਵੱਖ ਧਾਰਨਾਂ ਤੇ ਤਰਜ਼ਾਂ ਕੱਢ ਕੇ ਧਾਰਮਿਕ ਗੀਤ ਗਾਉਂਦੇ ਅਤੇ ਨਾਲ ਦੇ ਸਾਥੀ ਖਾਲੀ ਡੱਬੇ ਨਾਲ ਤਬਲਾ ਵਜਾ ਕੇ ਆਪਣੇ ਮਨ ਦੀ ਮੌਜ ਨੂੰ ਪੂਰਾ ਕਰਦੇ। ਭਾਈ ਗੋਪਾਲ ਸਿੰਘ ਜੀ ਨੇ ਬਹੁਤ ਸਮਾਂ ਬਾਅਦ ਹਰਮੋਨੀਅਮ ਖਰੀਦਿਆ ਅਤੇ ਉਸ ਨਾਲ ਕੀਰਤਨ ਸਿੱਖਣਾ ਸ਼ੁਰੂ ਕੀਤਾ। ਉਨ੍ਹਾਂ ਨੇ ਸੰਗੀਤ ਦੇ ਪ੍ਰਸਿੱਧ ਉਸਤਾਦ ਵਿਸ਼ਵਾ ਮਿੱਤਰ ਪਾਸੋਂ ਵੀ ਕੁਝ ਸਮਾਂ ਸੰਗੀਤ ਦੀ ਸਿਖਲਾਈ ਹਾਸਲ ਕੀਤੀ।

ਆਪ ਜੀ ਦਾ ਅਨੰਦ ਕਾਰਜ ਬੀ. ਸਤਵੰਤ ਕੌਰ ਪੁੱਤਰੀ ਸ. ਸੋਹਣ ਸਿੰਘ ਜੀ ਡੇਰਾ ਬਾਬਾ ਨਾਨਕ ਨਿਵਾਸੀ ਨਾਲ ਸੰਨ 1962 ਵਿਚ ਹੋਇਆ ਆਪ ਦੇ ਘਰ ਦੋ ਸਪੁੱਤਰਾਂ ਤੇ ਤਿੰਨ ਸਪੁੱਤਰੀਆਂ ਨੇ ਜਨਮ ਲਿਆ ਜੋ ਕਿ ਸਾਰੇ ਹੀ ਅੰਮ੍ਰਿਤਧਾਰੀ ਰਹਿਤ ਬਹਿਤ ਦੇ ਧਾਰਨੀ ਕੀਰਤਨੀ ਅਤੇ ਆਪ ਦੇ ਪਾਏ ਹੋਏ ਪੂਰਨਿਆਂ ਤੇ ਚਲਦੇ ਹਨ।

ਅਨੰਦ ਕਾਰਜ ਤੋਂ ਬਾਅਦ ਆਪ ਬਟਾਲੇ ਆ ਗਏ ਤੇ ਇੱਥੇ ਵੀ ਪਿਤਾ ਪੁਰਖੀ ਕੰਮ ਸਿਲਾਈ-ਕਢਾਈ ਦਾ ਸ਼ੁਰੂ ਕਰ ਦਿੱਤਾ। ਕੁਝ ਸਮੇਂ ਬਾਅਦ ਭਾਈ ਸਾਹਿਬ ਦਾ ਮੇਲ ਭਾਈ ਇੰਦਰ ਸਿੰਘ ਅਤੇ ਭੈਣ ਕੁਲਦੀਪ ਕੌਰ ਨਾਲ ਹੋਇਆ, ਜਿੰਨ੍ਹਾਂ ਦੀ ਸੰਗਤ ਨਾਲ ਆਪ ਨੂੰ ਅਖੰਡ ਕੀਰਤਨੀ ਜੱਥੇ ਦੀ ਸੰਗਤ ਹਾਸਲ ਕਰਨ ਦਾ ਸੁਭਾਗ ਮਿਲਿਆ। ਬਾਅਦ



www.AKJ.Org

ਵਿਚ ਮਾਸਟਰ ਨਿਰੰਜਨ ਸਿੰਘ, ਗੁਰਦਾਸ ਪੁਰ ਅਤੇ ਜਥੇ ਦੇ ਹੋਰ ਪੁਰਾਤਨ ਸਿੰਘਾਂ ਨਾਲ ਮੇਲ ਮਿਲਾਪ ਹੋ ਗਿਆ। ਆਪ ਜੀ ਅਖੰਡ ਕੀਰਤਨੀ ਜੱਥੇ 'ਚ ਸੰਨ 1968 ਵਿੱਚ ਸ਼ਾਮਿਲ ਹੋਏ ਅਤੇ ਪ੍ਰੀਵਾਰ ਸਮੇਤ ਅੰਮ੍ਰਿਤ ਦੀ ਦਾਤ ਲੁਧਿਆਣੇ ਪੋਹ ਸੁਦੀ ਸਮਾਗਮ 'ਤੇ ਪ੍ਰਾਪਤ ਕਰਕੇ ਗੁਰੂ ਵਾਲੇ ਬਣੇ। ਇਸ ਤੋਂ ਬਾਅਦ ਆਪਣਾ ਸਾਰਾ ਜੀਵਨ ਗੁਰੂ ਲੇਖੇ ਹੀ ਲਗਾ ਦਿੱਤਾ। ਸੰਨ 1976 ਵਿਚ ਸ਼ਹੀਦ ਭਾਈ ਫੌਜਾ ਸਿੰਘ ਵੱਲੋਂ ਚਲਾਈ ਵਹੀਰ ਵਿਚ ਵੀ ਹਿੱਸਾ ਲੈਂਦੇ ਰਹੇ। ਸ਼ਹੀਦ ਭਾਈ ਫੌਜਾ ਸਿੰਘ ਜੀ ਅਤੇ ਸਾਥੀ ਸਿੰਘਾਂ ਦੀ ਪ੍ਰੇਰਨਾ ਸਦਕਾ ਆਪ ਜੀ ਨੇ ਦੇਸੀ ਘਿਓ ਦਾ ਕੰਮ ਸ਼ੁਰੂ ਕੀਤਾ ਅਤੇ ਸਿੰਘਾਂ ਨੂੰ ਸ਼ੁੱਧ ਅਤੇ ਬਿਬੇਕ ਦਾ ਦੇਸੀ ਘਿਓ ਮਿਲਣਾ ਸ਼ੁਰੂ ਹੋਇਆ। ਭਾਈ ਸਾਹਿਬ ਹੁਣ ਤੱਕ ਦੇਸੀ ਘਿਓ ਦਾ ਹੀ ਕੰਮ ਕਰਦੇ ਸਨ।

ਆਪ ਜੀ ਨੂੰ ਬੇਅੰਤ ਬਾਣੀਆਂ ਕੰਠ ਸਨ। ਆਪ ਨੇ ਆਪਣੇ ਜੀਵਨ ਦੇ ਅੰਤ ਤੱਕ ਕੰਠ ਕੀਰਤਨ ਹੀ ਕੀਤਾ। ਇਸ ਸੰਬੰਧੀ ਵੀ ਇਕ ਘਟਨਾ ਦਾ ਜ਼ਿਕਰ ਕਰਨਾ ਬਣਦਾ ਹੈ, ਜਿਹੜੀ ਕਿ ਅਜੋਕੇ ਕੀਰਤਨੀਆਂ ਲਈ ਮਿਸਾਲ ਹੋਵੇਗੀ। ਇਕ ਵਾਰ ਸ੍ਰੀ ਆਨੰਦਪੁਰ ਸਾਹਿਬ ਵਿਖੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੀ ਹਜ਼ੂਰੀ 'ਚ ਅਖੰਡ ਕੀਰਤਨ ਚੱਲ ਰਿਹਾ ਸੀ ਅਤੇ ਆਪ ਜੀ ਸ੍ਰੀ ਆਸਾ ਜੀ ਦੀ ਵਾਰ ਦਾ ਕੀਰਤਨ ਕਰ ਰਹੇ ਸਨ। ਭਾਈ ਸਾਹਿਬ ਨੂੰ ਆਸਾ ਜੀ ਦੀ ਵਾਰ ਵਿੱਚੋਂ ਭੁੱਲ ਗਈ। ਸਤਿਕਾਰਯੋਗ ਬਾਪੂ ਆਤਮਾ ਸਿੰਘ ਜੀ ਪੰਜੋਖਰੇ ਵਾਲਿਆਂ ਨੇ ਬਾਣੀ ਭੁੱਲਣ 'ਤੇ ਭਾਈ ਗੋਪਾਲ ਸਿੰਘ ਨੂੰ ਕਿਹਾ ਕਿ, "ਅਫ਼ਸੋਸ ਹੈ ਕਿ ਤੁਹਾਨੂੰ ਆਸਾ ਦੀ ਵਾਰ ਵੀ ਕੰਠ ਨਹੀਂ।" ਉਸ ਦਿਨ ਤੋਂ ਬਾਅਦ ਆਪ ਜੀ ਨੇ ਕੇਵਲ ਆਸਾ ਜੀ ਦੀ ਵਾਰ ਹੀ ਨਹੀਂ, ਸਗੋਂ ਬੇਅੰਤ ਬਾਣੀਆਂ ਕੰਠ ਕਰ ਲਈਆਂ। ਕਾਰ ਵਿਹਾਰ ਕਰਦੇ, ਚੱਲਦੇ ਫਿਰਦੇ, ਬਾਣੀ ਪੜ੍ਹਨ ਦੇ ਨਾਲ-ਨਾਲ ਸ਼ੁੱਧ ਗੁਰਬਾਣੀ ਨੂੰ ਕੰਠ ਕਰਦੇ ਰਹਿੰਦੇ ਸਨ। ਆਪ ਜੀ ਇਕ ਨਿਰਬਾਣ ਤੇ ਨਿਸ਼ਕਾਮ ਕੀਰਤਨੀਏ ਸਨ। ਮਾਇਕ ਹਾਲਤ ਚੰਗੀ ਨਾ ਹੋਣ ਦੇ ਬਾਵਜੂਦ ਵੀ ਦੂਰ ਨੇੜੇ ਸਮਾਗਮਾਂ ਤੇ ਕੋਲੋਂ ਕਿਰਾਇਆ ਖਰਚ ਕੇ ਪ੍ਰੀਵਾਰ ਸਮੇਤ ਪਹੁੰਚਦੇ ਸਨ ਤੇ ਕੀਰਤਨ ਭੇਟਾ ਦੇ ਨੇੜੇ ਵੀ ਸਨ ਨਹੀਂ ਜਾਂਦੇ। ਉਨ੍ਹਾਂ ਨੂੰ ਕੀਰਤਨ ਕਰਨ ਨਾਲੋਂ, ਸੁਣਨ ਨੂੰ ਹੀ ਤਰਜੀਹ ਹੀ ਦਿੰਦੇ ਸਨ ਤੇ ਅੱਜ ਕੱਲ੍ਹ ਦੇ ਕੀਰਤਨੀਆਂ ਵਾਂਗ ਕੀਰਤਨ ਦੀ ਸੇਵਾ ਲਈ ਸਮੇਂ ਬਾਰੇ ਤਰਲੋ ਮੱਛੀ ਨਹੀਂ ਸੀ ਹੁੰਦੇ, ਸਗੋਂ ਸਾਰੀ-ਸਾਰੀ ਰਾਤ ਕੀਰਤਨ ਵਿਚ ਅਟੰਕ ਸਮਾਧੀ ਲਾ ਕੇ ਨਾਮ ਬਾਣੀ ਦੇ ਲਾਹੇ ਲੈਂਦੇ ਸਨ। ਉਹਨਾਂ ਕੀਰਤਨ ਕਰਨ ਤੋਂ ਇਲਾਵਾ ਬੇਅੰਤ ਬੱਚੇ/ਬੱਚਿਆਂ ਨੂੰ ਕੀਰਤਨ ਦੀ ਸਿਖਲਾਈ ਵੀ ਦਿੱਤੀ। ਉਹ ਸ਼ੁੱਧ ਪਾਠ ਦੇ ਅਖੰਡ-ਪਾਠੀ ਵੀ ਸਨ ਤੇ ਪਾਠ ਦੀ ਸੰਥਿਆ ਵੀ ਦਿੰਦੇ ਰਹਿੰਦੇ ਸਨ। ਆਪ ਜੀ ਇਕ ਚਲਦੀ ਫਿਰਦੀ ਟਕਸਾਲ ਸੀ।

ਬਟਾਲਾ ਸ਼ਹਿਰ ਵਿਚ ਰਿਹਾਇਸ਼ ਰੱਖਣ ਕਰਕੇ ਬਾਹਰੋਂ ਪਿੰਡਾਂ ਤੋਂ ਆਮ ਤੌਰ 'ਤੇ ਗੁਰਸਿੱਖ ਸੰਗਤਾਂ ਉਨ੍ਹਾਂ ਦੇ ਘਰ ਆਉਂਦੀਆਂ ਜਾਂਦੀਆਂ ਰਹਿੰਦੀਆਂ ਸਨ। ਖਾਸ ਕਰ ਬਾਬਾ ਸੁਰੈਣ ਸਿੰਘ ਸਰਬਲੋਹੀ 'ਤੇ ਲੰਘਦੇ ਵੜਦੇ ਆਪ ਦੇ ਘਰ ਠਹਿਰਦੇ ਸਨ ਤੇ ਪ੍ਰਸ਼ਾਦਾ ਛੱਕ ਕੇ ਤੇ ਸਫਰ ਵਾਸਤੇ ਲੰਗਰ ਵੀ ਨਾਲ ਲੈ ਜਾਂਦੇ ਸਨ।

ਇਕ ਵਾਰ ਆਪ ਜੀ ਦੀ ਸਿੰਘਣੀ ਦੇ ਭਤੀਜੇ ਦਾ ਵਿਆਹ ਸੀ। ਬਟਾਲੇ ਦੀਆਂ ਸੰਗਤਾਂ ਨੇ ਰੇਲ ਗੱਡੀ ਰਾਹੀਂ ਗੁਨਾ ਐੱਮ.ਪੀ. ਵਿਚ ਸਮਾਗਮ ਤੇ ਜਾਣ ਲਈ ਸੀਟਾਂ ਬੁੱਕ ਕਰਵਾਈਆਂ ਹੋਈਆਂ ਸਨ। ਨਜ਼ਦੀਕੀ ਰਿਸ਼ਤੇਦਾਰੀ ਕਾਰਨ ਆਪ ਜੀ ਨੇ ਜਾਣ ਤੋਂ ਅਸਮਰਥਾ ਪ੍ਰਗਟਾਈ। ਆਪ ਜੀ ਸੰਗਤ ਦੇ ਦਰਸ਼ਨ ਕਰਨ ਤੇ ਵਿਦਾ ਕਰਨ ਲਈ ਸਟੇਸ਼ਨ ਤੇ ਪਹੁੰਚ ਗਏ। ਸੰਗਤਾਂ ਆਪ ਜੀ ਨੂੰ ਬਿਨਾਂ ਕਿਸੇ ਤਿਆਰੀ ਦੇ, ਸਟੇਸ਼ਨ ਤੋਂ ਨਾਲ ਲੈ ਕੇ ਚੱਲ ਪਈਆਂ।

ਆਪ ਜੀ ਬਿਰਧ ਅਵਸਥਾ ਵਿੱਚ ਹੋਣ ਦੇ ਬਾਵਜੂਦ ਗੁਰਬਾਣੀ ਦੇ ਗੁਰਵਾਕ **'ਗੁਰਮੁਖਿ ਬੁਢੇ ਕਦੇ ਨਾਹੀ ਜਿਨ੍ਾ ਅੰਤਰਿ ਸੁਰਤਿ ਗਿਆਨੁ ॥'** ਅਨੁਸਾਰ ਨਾਮ, ਬਾਣੀ ਦੇ ਰੰਗ ਨਾਲ ਹਮੇਸ਼ਾ ਚੜ੍ਹਦੀ ਕਲਾ ਵਿੱਚ ਰਹੇ। ਆਪ ਨੇ ਆਪਣੇ ਅੰਤਲੇ ਸੁਆਸਾਂ ਤੱਕ ਸੰਗਤ ਕਰਨੀ ਨਹੀਂ ਛੱਡੀ ਅਤੇ ਸੰਗਤ ਕਰਨ ਦੇ ਚਾਅ ਵਿੱਚ ਆਪ ਬੀਮਾਰ ਅਵਸਥਾ ਵਿੱਚ ਵੀ ਪੂਰੇ ਜਾਹੋ-ਜਲਾਲ ਵਿੱਚ ਆ ਜਾਂਦੇ ਸਨ। 5 ਨਵੰਬਰ 2014 ਨੂੰ ਆਪ ਸ੍ਰੀ ਅਨੰਦਪੁਰ ਸਾਹਿਬ ਜਾ ਕੇ ਰੈਣ ਸਬਾਈ

ਕੀਰਤਨ ਦੀ ਹਾਜ਼ਰੀ ਭਰ ਕੇ ਆਏ। ਪਿਛਲੇ ਕੁਝ ਸਮੇਂ ਤੋਂ ਸਿਹਤ ਲਗਾਤਾਰ ਵਿਗੜਦੀ ਜਾ ਰਹੀ ਸੀ ਪਰ ਇਸ ਦੇ ਬਾਵਜੂਦ ਅੰਮ੍ਰਿਤ ਵੇਲੇ ਦੀ ਸੰਭਾਲ ਅਤੇ ਨਿੱਤਨੇਮ ਨਹੀਂ ਛੱਡਿਆ। ਕੁਝ ਚਿਰ ਪਹਿਲਾਂ ਹੀ ਗਦੂਦਾਂ ਦਾ ਕੈਂਸਰ ਹੋਣ ਦਾ ਪਤਾ ਲੱਗਾ ਪਰ ਆਪ ਜੀ ਨੇ ਰੋਮਾਂ ਦੀ ਬੇਅਦਬੀ ਹੋਣ ਦੇ ਡਰੋਂ ਅਪਰੇਸ਼ਨ ਕਰਵਾਉਣ ਤੋਂ ਸਾਫ਼ ਨਾਂਹ ਕਰ ਦਿੱਤੀ ਸੀ। ਜ਼ਿਆਦਾ ਸਿਹਤ ਵਿਗੜਨ ਕਾਰਨ ਆਪ ਜੀ ਸ੍ਰੀ ਅੰਮ੍ਰਿਤਸਰ ਦੇ ਸ੍ਰੀ ਗੁਰੂ ਰਾਮਦਾਸ ਹਸਪਤਾਲ ਵਿੱਚ ਜ਼ੇਰੇ-ਇਲਾਜ ਰਹੇ। ਉੱਥੇ ਵੀ ਉਹ ਸਖ਼ਤ ਬਿਮਾਰੀ ਦੀ ਹਾਲਤ ਵਿੱਚ ਵੀ, ਗੁਰਬਾਣੀ ਪਾਠ ਦੇ ਨੇਮ ਕਾਰਨ ਬਾਕੀ ਮਰੀਜ਼ਾਂ ਲਈ ਵੀ ਪ੍ਰੇਰਨਾ ਦੇ ਸਰੋਤ ਬਣੇ ਰਹੇ। ਆਪਰੇਸ਼ਨ ਨਾ ਕਰਾਉਣ ਕਰਕੇ ਹਸਪਤਾਲ ਤੋਂ ਜਬਰਦਸਤੀ ਛੁੱਟੀ ਲੈ ਲਈ। ਆਪ ਜੀ ਨੇ ਸ੍ਰੀ ਦਰਬਾਰ ਸਾਹਿਬ ਜਾ ਕੇ ਇਸ਼ਨਾਨ ਕਰਨ ਉਪਰੰਤ ਦਰਸ਼ਨ ਕਰਕੇ ਅਰਦਾਸ ਕੀਤੀ ਅਤੇ ਵਾਪਿਸ ਘਰ ਆ ਗਏ 12 ਨਵੰਬਰ 2014 ਨੂੰ ਰੈਣ ਸਬਾਈ ਕੀਰਤਨ ਤੋਂ ਬਾਅਦ ਸੰਗਤ ਆਪ ਦੇ ਘਰ ਦਰਸ਼ਨ ਕਰਨ ਆਈ, ਉਨ੍ਹਾਂ ਨੂੰ ਫਲ ਆਦਿ ਛਕਾਇਆ। ਫਿਰ ਸਿਹਤ ਹੋਰ ਵਿਗੜਨ ਕਰਕੇ ਦੁਬਾਰਾ ਹਸਪਤਾਲ ਵਿਚ ਦਾਖ਼ਲ ਕਰਨਾ ਪਿਆ। ਜਿੱਥੇ ਉਹ 16 ਨਵੰਬਰ 2014 ਨੂੰ ਸੁਆਸਾਂ ਦੀ ਪੂੰਜੀ ਨੂੰ ਭੋਗਦਿਆਂ ਧੁਰੋਂ ਆਏ ਸੱਦੇ ਮੁਤਾਬਕ ਅਕਾਲ ਪੁਰਖ ਦੇ ਚਰਨਾਂ ਵਿੱਚ ਜਾ ਬਿਰਾਜੇ।

## ਗਿਆਨੀ ਅਮਰਜੀਤ ਸਿੰਘ ਜੀ ਪ੍ਰਤਾਬਪੁਰਾ (ਜ਼ਿਲ੍ਹਾ ਜਲੰਧਰ)

ਭਾਈ ਗੁਰਦੀਪ ਸਿੰਘ ਸ੍ਰੀ ਅੰਮ੍ਰਿਤਸਰ

ਸਿੱਖ ਧਰਮ ਦੇ ਗੁਰਮਤਿ ਅਸੂਲਾਂ ਨੂੰ ਪ੍ਰਚਾਰਨ ਵਾਲੇ ਅਸਲੀ ਮਿਸ਼ਨਰੀ, ਬੱਚਿਆਂ ਨੂੰ ਗੁਰੂ ਚਰਨਾਂ ਨਾਲ ਜੋੜਨ ਵਾਲੇ ਗਿਆਨੀ ਅਮਰਜੀਤ ਸਿੰਘ ਜੀ ਦਾ ਜਨਮ ਪਾਕਿਸਤਾਨ ਦੇ ਜ਼ਿਲ੍ਹਾ ਲਾਇਲਪੁਰ ਦੇ ਸਮੁੰਦਰੀ ਕਸਬੇ ਵਿਚ ਪਿਤਾ ਸ. ਲਾਲ ਸਿੰਘ ਜੀ ਅਤੇ ਮਾਤਾ ਹਰਨਾਮ ਕੌਰ ਜੀ ਦੀ ਕੁਖੋਂ ਹੋਇਆ। ਇਨ੍ਹਾਂ ਦੇ ਮਾਤਾ-ਪਿਤਾ ਅੰਮ੍ਰਿਤਧਾਰੀ ਤੇ ਗੁਰਸਿਖ ਅਤੇ ਗੁਰੂ ਘਰ ਦੇ ਵਜ਼ੀਰ ਸਨ। ਇਨ੍ਹਾਂ ਦੇ ਮਾਤਾ ਜੀ ਦੀ ਪਾਠ ਇਤਨੇ ਸਹਿਜ ਤੇ ਪ੍ਰੇਮ ਨਾਲ ਕਰਦੇ ਸਨ ਕਿ ਹਰ ਆਮ ਵਿਅਕਤੀ ਵੀ ਕਾਰੋਬਾਰ ਛੱਡ ਕੇ ਪਾਠ ਸੁਣਨ ਲਈ ਤਿਆਰ ਹੋ ਜਾਂਦਾ ਸੀ। ਮਾਤਾ ਜੀ ਦੀ ਆਵਾਜ਼ ਕੋਇਲ ਵਰਗੀ ਸੀ, ਅਤੇ ਉਨ੍ਹਾਂ ਦੇ ਮੁਖੋਂ ਉਚਰੀ ਬਾਣੀ ਸੁਣ ਕੇ ਅਨਪੜ੍ਹ ਪੇਂਡੂ ਲੋਕ ਅਤੇ ਪਸ਼ੂ ਪੰਖੀ ਵੀ ਮੁਗਧ ਹੋ ਜਾਂਦੇ ਸਨ। ਇਹੋ ਜਿਹੀ ਗੁਰਮੁਖ ਰੂਹ ਕੋਈ ਵਿਰਲੀ ਹੀ ਹੁੰਦੀ ਹੈ। ਆਪ ਜੀ ਜਥੇ ਦੇ ਪ੍ਰਮੁੱਖ ਕੀਰਤਨੀਏ ਭਾਈ ਕੁਲਵੰਤ ਸਿੰਘ ਕਾਕੀ ਪਿੰਡ ਵਾਲਿਆਂ ਦੇ ਵੱਡੇ ਭਰਾਤਾ ਸਨ। ਆਪ ਜੀ ਦੇ ਪਿਤਾ ਜੀ ਪਾਕਿਸਤਾਨ ਵਿਚ ਖੇਤੀਬਾੜੀ ਦਾ ਕੰਮ ਕਰਦੇ ਸਨ ਤੇ ਗੁਜ਼ਾਰੇ ਜੋਗੀ ਚੰਗੀ ਆਮਦਨ ਹੋ ਜਾਂਦੀ ਸੀ। ਪਾਕਿਸਤਾਨ ਬਣਨ ਤੋਂ ਬਾਅਦ ਆਪ ਲੁਧਿਆਣੇ ਆ ਗਏ ਤੇ ਪਹਿਲਾਂ ਕਰੀਮਪੁਰਾ ਵਿਚ ਸਥਿਤ ਮਸੀਤ ਵਿਚ ਬਣੇ ਗੁਰਦੁਆਰੇ ਦੇ ਗ੍ਰੰਥੀ ਲੱਗ ਗਏ। ਇਸ ਤੋਂ ਬਾਅਦ ਇਹ ਫਿਲੌਰ ਲਾਗੇ ਪਿੰਡ ਭੈਣੀ ਅਤੇ ਸੰਨ 1961 ਵਿਚ ਉਥੋਂ 2 ਕਿਲੋਮੀਟਰ ਦੂਰ ਪਿੰਡ ਪ੍ਰਤਾਬਪੁਰਾ ਜ਼ਿਲ੍ਹਾ ਜਲੰਧਰ ਦੀ ਲੋਦੀ ਪੱਤੀ ਦੇ ਗੁਰਦੁਆਰੇ ਵਿਚ ਆ ਕੇ ਇਹ ਸੇਵਾ ਸੰਭਾਲ ਲਈ। ਪਹਿਲਾਂ ਇਨ੍ਹਾਂ ਦੇ ਪਿਤਾ ਜੀ ਪਿੰਡ ਦੇ ਗੁਰਦੁਆਰੇ ਦੇ ਵਜ਼ੀਰ ਸਨ ਅਤੇ ਆਪ ਉਨ੍ਹਾਂ ਦੀ ਸਹਾਇਤਾ ਕਰਦੇ ਰਹਿੰਦੇ ਸਨ। ਫਿਰ ਉਨ੍ਹਾਂ ਦੀ ਚੜ੍ਹਾਈ ਕਰਨ ਤੋਂ ਬਾਅਦ ਇਹ ਸੇਵਾ ਪਿੰਡ ਦੀ ਸੰਗਤ ਵਲੋਂ ਆਪ ਜੀ ਨੂੰ ਸੌਂਪੀ ਜੋ ਕਿ ਆਪ ਚੜ੍ਹਾਈ ਕਰਨ ਤਾਈਂ ਨਿਭਾਉਂਦੇ ਰਹੇ। ਇਸ ਤਰ੍ਹਾਂ ਦਾ ਕੋਈ ਘੱਟ ਹੀ ਗ੍ਰੰਥੀ ਸਿੰਘ ਹੋਵੇਗਾ ਜਿਸ ਨੇ ਲਗਾਤਾਰ ਤਕਰੀਬਨ 45 ਸਾਲ ਕਿਸੇ ਇਕ ਗੁਰਦੁਆਰੇ ਦੀ ਸੇਵਾ ਕੀਤੀ ਹੋਵੇ। ਇਨ੍ਹਾਂ ਤੋਂ ਬਾਅਦ ਪਿੰਡ ਦੇ ਇਸ ਗੁਰਦੁਆਰੇ ਕੋਈ ਵੀ ਗ੍ਰੰਥੀ 2-3 ਸਾਲ ਤੋਂ ਜ਼ਿਆਦਾ ਸਮਾਂ ਨਹੀਂ ਟਿਕਿਆ।

ਇਨ੍ਹਾਂ ਆਪਣੀ ਮੁੱਢਲੀ ਵਿਦਿਆ ਸਮੁੰਦਰੀ ਦੇ ਪ੍ਰਾਇਮਰੀ ਸਕੂਲ ਤੋਂ ਲਈ ਅਤੇ ਦਸਵੀਂ ਜਮਾਤ ਲੁਧਿਆਣੇ



www.AKJ.Org

ਆ ਕੇ ਪਾਸ ਕੀਤੀ। ਫਿਰ ਇਨ੍ਹਾਂ ਨੇ ਗਿਆਨੀ ਦਾ ਕੋਰਸ ਵੀ ਲੁਧਿਆਣੇ ਰਹਿ ਕੇ ਕੀਤਾ। ਸੰਨ 1961-62 ਵਿਚ ਇਨ੍ਹਾਂ ਸਿੱਖੀ ਮਿਸ਼ਨਰੀ ਦਾ ਕੋਰਸ ਸ੍ਰੀ ਅੰਮ੍ਰਿਤਸਰ ਵਿਚ ਸ਼੍ਰੋਮਣੀ ਕਮੇਟੀ ਵਲੋਂ ਸਥਾਪਿਤ ਗੁਰਮਤਿ ਮਿਸ਼ਨਰੀ ਕਾਲਜ ਤੋਂ ਕੀਤਾ। ਜਿਥੇ ਇਨ੍ਹਾਂ ਨੇ ਪ੍ਰਚਾਰਕ ਵਜੋਂ ਕਥਾ-ਵਖਿਆਨ ਆਦਿ ਵਿਚ ਮੁਹਾਰਤ ਹਾਸਲ ਕੀਤੀ ਤੇ ਨਾਲ ਹੀ ਤਬਲਾ ਵੀ ਸਿੱਖ ਲਿਆ। ਉਸ ਤੋਂ ਬਾਅਦ ਆਪਣੇ ਮਾਮਾ ਜੀ (ਜੋ ਲੁਧਿਆਣੇ ਕਿਸੇ ਗੁਰਦੁਆਰੇ ਵਿਚ ਰਾਗੀ ਵਜੋਂ ਸੇਵਾ ਕਰਦੇ ਸਨ) ਤੋਂ ਹਰਮੋਨੀਅਮ ਵਜਾਉਣਾ ਤੇ ਰਾਗ ਵਿਦਿਆ ਵੀ ਸਿੱਖੀ।

ਆਪ ਜੀ ਦਾ ਅਨੰਦ ਕਾਰਜ ਸੰਨ 1962 ਵਿਚ ਬੀਬੀ ਜੀਤ ਕੌਰ ਜੋ ਕਿ ਖ਼ੈਰਾ ਬੇਟ, ਜ਼ਿਲ੍ਹਾ ਲੁਧਿਆਣੇ ਦੇ ਨਿਵਾਸੀ ਸਨ, ਨਾਲ ਹੋਇਆ ਅਤੇ ਇਨ੍ਹਾਂ ਦੇ ਘਰ ਦੋ ਸਪੁੱਤਰ ਅਤੇ ਚਾਰ ਸਪੁਤੱਰੀਆਂ ਨੇ ਜਨਮ ਲਿਆ। ਇਨ੍ਹਾਂ ਦਾ ਵੱਡਾ ਸਪੁੱਤਰ ਅੱਜਕਲ੍ਹ ਇੰਗਲੈਂਡ ਦੇ ਕਿਸੇ ਗੁਰਦੁਆਰੇ ਵਿਚ ਗ੍ਰੰਥੀ ਦੇ ਸੇਵਾ ਨਿਭਾਅ ਰਿਹਾ ਹੈ ਅਤੇ ਇਕ ਚੰਗਾ ਪ੍ਰਚਾਰਕ ਵੀ ਹੈ।

ਆਪ ਜੀ ਨੂੰ ਗੁਰਸਿੱਖੀ ਦੀ ਲਗਨ ਤਾਂ ਮਾਤਾ ਪਿਤਾ ਤੋਂ ਬਚਪਨ ਤੋਂ ਹੀ ਲੱਗ ਚੁੱਕੀ ਸੀ ਅਤੇ ਇਨ੍ਹਾਂ ਨੇ ਬਚਪਨ ਵਿਚ ਹੀ ਅੰਮ੍ਰਿਤ ਛਕ ਲਿਆ ਸੀ ਤੇ ਗੁਰਮਤਿ ਰਹਿਤ ਬਹਿਤ ਦੇ ਧਾਰਨੀ ਸਨ। ਆਮ ਤੌਰ 'ਤੇ ਪਿੰਡਾਂ ਦੇ ਗ੍ਰੰਥੀ ਅਤੇ ਪਾਕਿਸਤਾਨ ਤੋਂ ਆਏ ਜ਼ਿਆਦਾ ਅੰਮ੍ਰਿਤਧਾਰੀ ਸਿੱਖ ਮਾਸ ਅੰਡਾ ਆਦਿ ਦਾ ਸੇਵਨ ਕਰ ਲੈਂਦੇ ਸਨ ਪਰ ਇਹ ਸਾਰਾ ਪਰਿਵਾਰ ਸ਼ੁਰੂ ਤੋਂ ਸ਼ਾਕਾ ਹਾਰੀ ਹੀ ਸੀ। ਮਾਤਾ ਪਿਤਾ ਜੀ ਤੋਂ ਹੀ ਆਪ ਨੇ ਗੁਰਬਾਣੀ ਦੇ ਪਾਠ ਦੀ ਸੰਥਿਆ ਲੈ ਲਈ ਸੀ ਅਤੇ ਸ੍ਰੀ ਅਖੰਡ ਪਾਠ ਦੀ ਸੇਵਾ ਵਿਚ ਵੀ ਨਿਪੁੰਨ ਸਨ।

ਆਪ ਜੀ ਆਪਣੇ ਬਚਪਨ ਦੇ ਸਮੇਂ ਤੋਂ ਹੀ ਸਿੱਖ ਸਿਆਸਤ ਵਿਚ ਰੁਚੀ ਰਖਦੇ ਸਨ ਤੇ ਮਾਸਟਰ ਤਾਰਾ ਸਿੰਘ ਜੀ ਦੀ ਵਿਚਾਰਧਾਰਾ ਨਾਲ ਜੁੜੇ ਹੋਏ ਸਨ। ਆਪ ਪੰਥਕ ਪੱਧਰ ਤੇ ਹੋਣ ਵਾਲੀਆਂ ਕਾਨਫਰੰਸਾਂ/ਇਕੱਠਾਂ ਆਦਿ ਵਿਚ ਸਰਗਰਮੀ ਨਾਲ ਭਾਗ ਲੈਂਦੇ ਸਨ। ਪੰਜਾਬੀ ਸੂਬੇ ਮੋਰਚਿਆਂ ਵੇਲੇ ਆਪ 2-3 ਵਾਰੀ ਜੇਲ੍ਹ ਗਏ ਤੇ ਕਈ ਮਹੀਨੇ ਕੈਦ ਵੀ ਕੱਟੀ। ਪਰ ਇਸ ਕੁਰਬਾਨੀ ਦੇ ਇਵਜ਼ ਵਜੋਂ ਕੋਈ ਸਰਕਾਰੀ ਤੌਰ 'ਤੇ ਪੈਨਸਨ ਜਾਂ ਮਾਇਕ ਫਾਇਦਾ ਨਹੀਂ ਉਠਾਇਆ ਅਤੇ ਨਾਹੀ ਕਿਸੇ ਅਹੁਦੇ ਦੀ ਝਾਕ ਰੱਖੀ। ਆਪ ਜੀ ਨੇ ਸ. ਦਰਸ਼ਨ ਸਿੰਘ ਸਰਪੰਚ ਜਿਨ੍ਹਾਂ ਪਿੰਡ ਦੇ ਸਰਪੰਚ ਵਜੋਂ ਤਕਰੀਬਨ 25 ਸਾਲ ਸੇਵਾ ਕੀਤੀ ਅਤੇ ਗੁਰਦੁਆਰਾ ਮੌ ਸਾਹਿਬ (ਜਿਥੇ ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਮਾਤਾ ਗੰਗਾ ਜੀ ਨੂੰ ਵਿਆਹੁਣ ਆਏ ਸੀ) ਦੇ ਗੁਰਦੁਆਰੇ ਦੇ ਪ੍ਰਧਾਨ ਦੀ ਵੀ ਲੰਬਾ ਸਮਾਂ ਨਿਸ਼ਕਾਮ ਸੇਵਾ ਕੀਤੀ ਹੈ, ਨਾਲ ਰਲ ਕੇ ਪਿੰਡ ਦੇ ਗੁਰਦੁਆਰੇ ਦੀ ਨਵੀਂ ਇਮਾਰਤ ਦੀ ਉਸਾਰੀ ਅਤੇ ਗੁਰਮਤਿ ਪ੍ਰਚਾਰ ਵਿਚ ਸ਼ਲਾਘਾ ਯੋਗ ਕੰਮ ਕੀਤਾ। ਉਹ ਪੰਥਕ ਰਹਿਤ ਮਰਯਾਦਾ ਤੇ ਗੁਰਮਤਿ ਸਿਧਾਂਤਾਂ ਦੇ ਅਸਲੀ ਪਹਿਰੇਦਾਰ ਸਨ। ਉਸ ਵੇਲੇ ਪਿੰਡਾਂ ਵਿਚ ਵਿਆਹ-ਸ਼ਾਦੀਆਂ, ਮਰਨੇ-ਪਰਨੇ 'ਤੇ ਸ੍ਰੀ ਅਖੰਡ ਪਾਠ ਕਰਾਉਣ ਵੇਲੇ ਆਨਮਤੀ ਰਸਮਾਂ ਦਾ ਬੋਲਬਾਲਾ ਸੀ। ਮਿਸ਼ਨਰੀ ਸੁਭਾਅ ਵਾਲੇ ਹੋਣ ਕਰਕੇ, ਪਿੰਡ ਦੇ ਮਾਇਆਧਾਰੀ ਲੋਕਾਂ ਦੀ ਨਰਾਜ਼ਗੀ ਦੀ ਪ੍ਰਵਾਹ ਨਾ ਕਰਦੇ ਹੋਏ ਵੀ, ਉਹ ਸਾਰੇ ਕਾਰਜ ਗੁਰਮਤਿ ਅਸੂਲਾਂ ਮੁਤਾਬਿਕ ਕਰਨ ਲਈ ਡੱਟ ਜਾਂਦੇ ਸਨ, ਭਾਵੇਂ ਇਸ ਕਰਕੇ ਕਈ ਵਾਰੀ ਉਨ੍ਹਾਂ ਨੂੰ ਮਾਇਕ ਤੰਗੀ ਅਤੇ ਅਨਮਤੀ ਲੋਕਾਂ ਦੇ ਗੁੱਸੇ ਦਾ ਸ਼ਿਕਾਰ ਵੀ ਹੋਣਾ ਪਿਆ।

ਆਪ ਸਿੱਖ ਧਰਮ ਦੇ ਅਸਲੀ ਪ੍ਰਚਾਰਕ ਸਨ। ਲੁਧਿਆਣੇ ਨਿਵਾਸ ਵੇਲੇ ਗੁਰਦੁਆਰਾ ਕਲਗੀਧਾਰ ਵਿਖੇ ਸ਼ਾਮ ਨੂੰ ਕੁਝ ਵਿਦਵਾਨ ਗੁਰਸਿੱਖਾਂ ਵਿਚਕਾਰ ਵੀਚਾਰ ਗੋਸ਼ਟੀ ਹੁੰਦੀ ਰਹਿੰਦੀ ਸੀ ਜਿਸ ਵਿਚ ਆਪ ਵੀ ਸ਼ਾਮਿਲ ਹੋਇਆ ਕਰਦੇ ਸਨ। ਕਿਸੇ ਖ਼ਾਸ ਕਾਰਨ ਸਿੰਘ ਸਾਹਿਬ ਗਿਆਨੀ ਜਸਵੰਤ ਸਿੰਘ ਜੀ (ਜਿਹੜੇ ਲੰਬਾ ਸਮਾਂ ਗੁਰਦੁਆਰਾ ਮੰਜੀ ਸਾਹਿਬ ਵਿਚ ਰੋਜ਼ਾਨਾ, ਸ੍ਰੀ ਦਰਬਾਰ ਸਾਹਿਬ ਅੰਦਰ ਆਏ ਹੁਕਮਨਾਮੇ ਦੀ ਕਥਾ ਕਰਦੇ ਰਹੇ ਹਨ) ਉਸ ਵੇਲੇ ਲੁਧਿਆਣੇ ਵਿਚ ਕਲਗੀਧਰ ਗੁਰਦੁਆਰੇ ਦੇ ਨੇੜੇ ਰਹਿੰਦੇ ਸਨ ਤੇ ਕੁਸੰਗਤ ਕਰਕੇ ਗੁਰਮਤਿ ਦੇ ਰਾਹ ਤੋਂ ਖੁੰਝ ਗਏ ਸਨ। ਆਪ ਜੀ ਦਾ ਉਨ੍ਹਾਂ ਨਾਲ ਮੇਲ ਮਿਲਾਪ ਤੇ ਪਿਆਰ ਹੋ ਗਿਆ ਤੇ ਇਥੇ ਹੀ ਆਪ ਨੇ ਉਨ੍ਹਾਂ ਨੂੰ ਗੁਰਸਿੱਖੀ ਮੁੜ ਧਾਰਨ ਕਰਨ ਲਈ ਪ੍ਰੇਰ ਲਿਆ। ਉਹ ਇਸ ਵੇਲੇ ਪੰਥ ਦੇ ਪ੍ਰਸਿੱਧ ਕਥਾ ਵਾਚਕਾਂ ਵਿਚੋਂ ਇਕ ਸਿਰਕੱਢ ਕਥਾ ਵਾਚਕ ਹਨ।



www.AKJ.Org

ਭਾਈ ਸਾਹਿਬ ਜੀ ਨੂੰ ਜਥੇ ਦਾ ਸਿੰਘਾਂ ਨਾਲ ਵੀ ਬਹੁਤ ਪਿਆਰ ਸੀ ਜੋ ਕਿ ਲੁਧਿਆਣੇ ਤੋਂ ਹੀ ਸ਼ੁਰੂ ਹੋ ਗਿਆ ਸੀ। ਉਹ ਇਸ ਇਲਾਕੇ ਅਤੇ ਲੁਧਿਆਣੇ ਵਿਚ ਹੋਣ ਵਾਲੇ ਰੈਣ ਸਬਾਈ ਕੀਰਤਨਾਂ ਵਿਚ ਹਾਜ਼ਰੀ ਭਰਦੇ ਰਹਿੰਦੇ ਸਨ ਤੇ ਕਈ ਵਾਰੀ ਤਬਲੇ ਦੀ ਸੇਵਾ, ਜਿਸ ਦਾ ਆਪ ਜੀ ਨੂੰ ਬਹੁਤ ਸ਼ੌਂਕ ਸੀ, ਵੀ ਨਿਭਾਉਂਦੇ ਸਨ। ਇਨ੍ਹਾਂ ਦੀ ਵੱਡੀ ਭੈਣ ਬੀਬੀ ਸੁਰਿੰਦਰ ਕੌਰ ਜਲੰਧਰ ਕੈਂਟ ਨੇੜੇ ਕਾਕੀ ਪਿੰਡ ਵਿਚ ਵਿਆਹੀ ਹੋਈ ਸੀ, ਜਿਥੇ ਉਨ੍ਹਾ ਦੇ ਪਤੀ ਸ. ਅਰਜਨ ਸਿੰਘ ਟਰਾਂਸਪੋਰਟ ਦਾ ਕਾਰੋਬਾਰ ਕਰਦੇ ਸਨ। ਉਹ ਬੀਬੀ ਨੂੰ ਵੀ ਗੁਰਸਿੱਖੀ ਦੀ ਲਗਨ ਬਚਪਨ ਤੋਂ ਹੀ ਲੱਗੀ ਹੋਈ ਸੀ ਤੇ ਹਰ ਰੋਜ਼ ਗੁਰਦੁਆਰੇ ਹਾਜ਼ਰੀ ਭਰਦੀ ਸੀ, ਜਿਥੇ ਭਾਈ ਸੰਤੋਖ ਸਿੰਘ ਜੀ ਬੈਂਕ ਵਾਲੇ, ਜਥੇ ਦੇ ਪੁਰਾਤਨ ਕੀਰਤਨੀ ਸਿੰਘ ਹਰ ਰੋਜ਼ ਅੰਮ੍ਰਿਤ ਵੇਲੇ, ਸ੍ਰੀ ਆਸਾ ਕੀ ਵਾਰ ਦੇ ਕੀਰਤਨ ਦੀ ਸੇਵਾ ਨਿਭਾਉਂਦੇ ਸਨ। ਇਸ ਬੀਬੀ ਰਾਹੀਂ ਆਪ ਜੀ ਦਾ ਮਿਲਾਪ ਵੀ ਭਾਈ ਸੰਤੋਖ ਸਿੰਘ ਜੀ ਨਾਲ ਹੋ ਗਿਆ। ਫਿਰ ਇਨ੍ਹਾਂ ਤੋਂ ਛੋਟੇ ਭਰਾ ਭਾਈ ਸੁਰਜੀਤ ਸਿੰਘ ਜੀ ਨੇ ਵੀ ਇਥੇ ਆਪਣਾ ਕਾਰੋਬਾਰ ਸ਼ੁਰੂ ਕਰ ਦਿੱਤਾ ਅਤੇ ਉਹ ਵੀ ਸ਼੍ਰੋਮਣੀ ਅਕਾਲੀ ਦਲ ਨਾਲ ਸਬੰਧਤ ਰਹੇ ਹਨ ਤੇ ਪੰਥਕ ਮੋਰਚਿਆਂ ਵਿਚ ਕੁਰਬਾਨੀਆਂ ਕਰਨ ਲਈ ਹਰ ਵੇਲੇ ਮੋਹਰਲੀ ਕਤਾਰ ਵਿਚ ਖੜੇ ਹੁੰਦੇ ਰਹੇ ਹਨ। ਇਨ੍ਹਾਂ ਦੇ ਸਭ ਤੋਂ ਛੋਟੇ ਵੀਰ ਭਾਈ ਕੁਲਵੰਤ ਸਿੰਘ ਜੀ ਨੇ ਪਿੰਡ ਪ੍ਰਤਾਬਪੁਰੇ ਰਹਿੰਦਿਆਂ, ਫਿਲੌਰ ਸਰਕਾਰੀ ਹਾਇਰ ਸੈਕੰਡਰੀ ਸਕੂਲ ਤੋਂ ਗਿਆਰਵੀਂ ਜਮਾਤ ਪਾਸ ਕੀਤੀ। ਆਪ ਜੀ ਨੇ ਭਾਈ ਕੁਲਵੰਤ ਸਿੰਘ ਜੀ ਨੂੰ ਜਲੰਧਰ ਪੀ.ਏ.ਪੀ. ਵਿਚ ਨੌਕਰੀ ’ਤੇ ਲਗਵਾ ਦਿੱਤਾ। ਉਨ੍ਹਾਂ ਦੇ ਆਪਣੀ ਭੈਣ ਕੋਲ ਰਿਹਾਇਸ਼ ਰੱਖਣ ਕਰਕੇ, ਉਨ੍ਹਾਂ ਦਾ ਮਿਲਾਪ ਵੀ ਭਾਈ ਸੰਤੋਖ ਸਿੰਘ ਕਾਕੀ ਪਿੰਡ ਜੀ ਨਾਲ ਹੋ ਗਿਆ। ਭਾਈ ਕੁਲਵੰਤ ਸਿੰਘ ਜੀ ਉਨ੍ਹਾਂ ਦੀ ਪ੍ਰੇਰਨਾ ’ਤੇ ਜਥੇ ਕੋਲੋਂ ਅੰਮ੍ਰਿਤ ਛੱਕ ਕੇ ਤਿਆਰ ਬਰ ਤਿਆਰ ਸਿੰਘ ਸੱਜ ਗਏ। ਇਥੇ ਹੀ ਭਾਈ ਕੁਲਵੰਤ ਸਿੰਘ ਜੀ ਦਾ ਮਿਲਾਪ ਮਾਸਟਰ ਗੁਰਬਚਨ ਸਿੰਘ ਜੀ ਦਿਆਲਪੁਰ ਨਾਲ ਹੋਇਆ। ਇਨ੍ਹਾਂ ਦੋਹਾਂ ਨੇ ਸ਼ੁਰੂ ਵਿਚ ਕੀਰਤਨ ਭਾਈ ਸੰਤੋਖ ਸਿੰਘ ਜੀ ਹੀ ਤੋਂ ਸਿਖਿਆ ਸੀ।

ਪਿੰਡ ਵਿਚ ਰਿਹਾਇਸ਼ ਵੇਲੇ ਭਾਈ ਕੁਲਵੰਤ ਸਿੰਘ ਜੀ ਵੀ ਰੋਜ਼ਾਨਾ ਗੁਰਦੁਆਰਾ ਸਾਹਿਬ ਵਿਚ ਅੰਮ੍ਰਿਤ ਵੇਲੇ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕਰਦੇ ਸਨ। ਮਾਤਾ ਜੀ ਵਾਂਗ ਇਨ੍ਹਾਂ ਦੀ ਆਵਾਜ਼ ਵੀ ਬਹੁਤ ਸੁਰੀਲੀ ਤੇ ਦਿਲ ਖਿਚਵੀਂ ਸੀ ਤੇ ਬਹੁਤ ਬੁਲੰਦ ਵੀ ਸੀ। ਇਸ ਗੁਰਦੁਆਰੇ ਵਿਚ ਪਿੰਡ ਦੇ ਬਜ਼ੁਰਗ ਹਰ ਰੋਜ਼ ਸ੍ਰੀ ਆਸਾ ਦੀ ਵਾਰ ਦਾ ਕੀਰਤਨ ਸਿੱਧੀਆਂ ਧਾਰਨਾ ’ਤੇ ਕਰਿਆ ਕਰਦੇ ਸਨ ਜੋ ਕਿ ਪਿੰਡ ਦੇ ਹੀ ਬਾਬਾ ਗੁਰਦਿੱਤ ਸਿੰਘ ਜੀ ਅਕਾਲੀ (ਜਿਨ੍ਹਾਂ ਦਾ ਜੀਵਨ ਬਿਰਤਾਂਤ ਇਸ ਪੁਸਤਕ ਵਿਚ ਪਹਿਲਾਂ ਆ ਚੁੱਕਾ ਹੈ।) ਦੇ ਸੰਗੀ ਸਾਥੀ ਸਨ। ਫਿਰ ਇਕ ਮਿਸਤਰੀ ਸਿੰਘ ਭਾਈ ਸਵਰਨ ਸਿੰਘ ਜੀ ਅਫਰੀਕਾ ਤੋਂ ਪਿੰਡ ਵਾਪਸ ਆ ਗਏ। ਉਹ ਰਾਗਾਂ ਵਿਚ ਕੀਰਤਨ ਕਰਦੇ ਸਨ। ਭਾਈ ਸਵਰਨ ਸਿੰਘ ਜੀ ਵਾਜੇ ਦੀ ਅਤੇ ਆਪ ਉਨ੍ਹਾਂ ਨਾਲ ਤਬਲੇ ਦੀ ਸੇਵਾ ਕਰਦੇ ਹੁੰਦੇ ਸਨ। ਇਸ ਤਰ੍ਹਾਂ ਪਿੰਡ ਦਾ ਹੀ ਰਾਗੀ ਜਥਾ ਬਣ ਗਿਆ ਜਿਨ੍ਹਾਂ ਨੇ ਬਹੁਤ ਲੰਬਾ ਸਮਾਂ ਰੋਜ਼ਾਨਾ ਗੁਰਦੁਆਰੇ ਕੀਰਤਨ ਦੀ ਸੇਵਾ ਨਿਭਾਈ ਪਰੰਤੂ ਅਫਸੋਸ ਹੈ ਕਿ ਇਨ੍ਹਾਂ ਦੋਹਾਂ ਗੁਰਮੁਖਾਂ ਦੇ ਚੜਾਈ ਕਰ ਜਾਣ ਤੋਂ ਬਾਅਦ ਗੁਰਦੁਆਰਾ ਸਾਹਿਬ ਇਹ ਰੋਜ਼ਾਨਾ ਕੀਰਤਨ ਵੀ ਬੰਦ ਹੋ ਗਿਆ।

ਇਸ ਪਿੰਡ ਦੇ ਗੁਰਦੁਆਰੇ ਹਰ ਸਾਲ ਕਲਗੀਧਰ ਪਿਤਾ ਦਾ ਪ੍ਰਕਾਸ਼ ਦਿਹਾੜਾ ਪੋਹ ਸੁਦੀ ਸਪਤਮੀ ਹਰ ਸਾਲ ਬੜੀ ਸ਼ਰਧਾ ਤੇ ਧੂਮ-ਧਾਮ ਨਾਲ ਮਨਾਇਆ ਜਾਂਦਾ ਹੈ। ਜਿਥੇ ਕਿ ਇਸ ਸਮੇਂ, ਪਿੰਡ ਵਾਲੇ ਢਾਡੀ ਜਥੇ ਬੁਲਾਉਂਦੇ ਸਨ ਪਰ ਆਪ ਜੀ ਇਸ ਸਮੇਂ ਭਾਈ ਸੰਤੋਖ ਸਿੰਘ ਕਾਕੀ ਪਿੰਡ ਅਤੇ ਭਾਈ ਕੁਲਵੰਤ ਸਿੰਘ ਜੀ ਨੂੰ ਬੁਲਾ ਕੇ ਕੀਰਤਨ ਸਮਾਗਮ ਕਰਵਾਉਂਦੇ ਸਨ। ਇਸੇ ਪਿੰਡ ਵਿਚ ਆਪ ਜੀ ਦੇ ਉੱਦਮ ਨਾਲ ਬੜੇ ਰੈਣ ਸਬਾਈ ਕੀਰਤਨ ਸਮਾਗਮ ਹੋਏ ਜਿਸ ਵਿਚ ਉਹ ਲੁਧਿਆਣਾ, ਫਗਵਾੜਾ, ਗੁਰਾਇਆ, ਜਲੰਧਰ ਦੇ ਇਲਾਕੇ ਦੇ ਹੋਰ ਸਿੰਘਾਂ ਨੂੰ ਬੁਲਾ ਕੇ ਹਾਜ਼ਰੀਆਂ ਭਰਵਾਉਂਦੇ ਸਨ। ਆਪ ਜੀ ਦੇ ਉੱਦਮ ਨਾਲ ਸਾਰੇ ਛੋਟੇ ਭੈਣ-ਭਰਾ ਭਰਜਾਈਆਂ ਅੰਮ੍ਰਿਤਧਾਰੀ ਤੇ ਰਹਿਤ-ਬਹਿਤ ਦੇ ਪੱਕੇ ਧਾਰਨੀ ਤੇ ਸਾਰੀਆਂ ਬੀਬੀਆਂ ਕੇਸਕੀਧਾਰੀ ਬਣ ਗਈਆਂ। ਆਪ ਪਿੰਡ ਦੇ ਨੌਜਵਾਨਾਂ ਨੂੰ ਪ੍ਰੇਰ ਕੇ ਲੁਧਿਆਣਾ ਫਿਲੌਰ,



www.AKJ.Org

ਫਗਵਾੜਾ, ਜਲੰਧਰ, ਲੁਧਿਆਣਾ ਆਦਿ ਸ਼ਹਿਰਾਂ ਅਤੇ ਪਿੰਡਾਂ ਵਿਚ ਹੋਣ ਵਾਲੇ ਕੇਂਦਰੀ ਸਮਾਗਮਾਂ ਜਾਂ ਰੈਣ ਸਬਾਈ ਕੀਰਤਨਾਂ ਦੀ ਹਾਜ਼ਰੀਆਂ ਭਰਵਾਉਂਦੇ ਸਨ। ਉਨ੍ਹਾਂ ਅੰਦਰ ਗੁਰਸਿਖੀ ਦੇ ਪ੍ਰਚਾਰ ਖਾਸਕਰ ਜਥੇ ਵਿਚੋਂ ਅੰਮ੍ਰਿਤ ਛਕਾਉਣ ਦਾ ਇਤਨਾ ਚਾਅ ਹੁੰਦਾ ਸੀ ਕਿ ਆਮਦਨ ਦੇ ਸੀਮਤ ਵਸੀਲੇ ਹੋਣ ਦੇ ਬਾਵਜੂਦ, ਕੋਲੋਂ ਕਿਰਾਏ ਖ਼ਰਚ ਕੇ ਪਿੰਡ ਦੇ ਨੌਜਵਾਨਾਂ ਅਤੇ ਸੰਗਤਾਂ ਨੂੰ ਸਮਾਗਮਾਂ 'ਤੇ ਲੈ ਕੇ ਜਾਂਦੇ ਸਨ। ਇਨ੍ਹਾਂ ਦੀ ਪ੍ਰੇਰਨਾ ਸਦਕਾ ਪਿੰਡ ਦੇ ਕਈ ਨੌਜਵਾਨ ਅਤੇ ਪਰਿਵਾਰ ਜਥੇ ਤੋਂ ਅੰਮ੍ਰਿਤ ਛੱਕ ਕੇ ਤਿਆਰ ਬਰ ਤਿਆਰ ਹੋਏ ਤੇ ਇਸ ਵੇਲੇ ਉੱਚ ਸਰਕਾਰੀ ਅਹੁਦਿਆਂ ਅਤੇ ਭਾਰਤੀ ਫੌਜ ਵਿਚ ਗ੍ਰੰਥੀ ਦੀ ਸੇਵਾ ਨਿਭਾਅ ਰਹੇ ਹਨ। ਆਪ ਪੜ੍ਹੇ-ਲਿਖੇ ਹੋਣ ਕਰਕੇ ਬੱਚਿਆਂ ਨੂੰ ਉਚੇਰੀ ਵਿਦਿਆ ਦੇ ਕੋਰਸ ਚੁਣਨ ਅਤੇ ਨੌਕਰੀਆ ਲੈਣ ਵਿਚ ਵੀ ਸਹਾਇਤਾ ਕਰਦੇ ਰਹੇ ਹਨ। ਕਈ ਵਾਰੀ ਦੇਖਿਆ ਕਿ ਉਹ ਕਿਸੇ ਭਲੇ ਦੇ ਕੰਮ ਲਈ ਉਚ ਅਧਿਕਾਰੀਆਂ ਦੇ ਦਫ਼ਤਰਾਂ ਵਿਚ ਸਿੱਧੇ ਹੀ ਚਲੇ ਜਾਂਦੇ ਸਨ ਅਤੇ ਰੁਕੇ ਹੋਏ ਹੋਣ ਵਾਲੇ ਕੰਮ ਬਾਰੇ ਅਸਲੀਅਤ ਦੱਸ ਕੇ, ਬਿਨਾਂ ਕਿਸੇ ਸਿਫ਼ਾਰਸ਼ ਜਾਂ ਵੱਢੀ ਦੇਣ ਤੋਂ ਪੂਰਾ ਕਰਵਾ ਦਿੰਦੇ ਸਨ।

ਆਪ ਜੀ ਦੀ ਆਯੂ ਭਾਵੇਂ ਅਜੇ ਵਡੇਰੀ ਨਹੀਂ ਸਨ ਪਰੰਤੂ ਅਖ਼ੀਰਲੇ ਸਮੇਂ ਉਨ੍ਹਾਂ ਨੂੰ ਕੁਝ ਸਰੀਰਕ ਬੀਮਾਰੀਆਂ ਨੇ ਆ ਘੇਰਿਆ। ਕੁਝ ਘਰੇਲੂ ਹਾਲਤਾਂ ਕਰਕੇ ਉਹ ਪ੍ਰੇਸ਼ਾਨ ਵੀ ਰਹਿਣ ਲੱਗ ਪਏ ਸਨ ਤੇ ਗੁਰਦੁਆਰੇ ਦੀ ਸੇਵਾ ਵੀ ਪੂਰੀ ਤਰ੍ਹਾਂ ਨਹੀਂ ਸਨ ਨਿਭਾਅ ਸਕਦੇ ਜੋ ਉਨ੍ਹਾਂ ਦੀ ਧਰਮ ਪਤਨੀ ਨੇ ਨਿਭਾਉਣੀ ਜਾਰੀ ਰੱਖੀ। ਅਖ਼ੀਰ ਦੋ ਮਹੀਨੇ ਬੀਮਾਰ ਰਹਿਣ ਤੋਂ ਬਾਅਦ ਉਹ ਮਿਤੀ 9 ਜੁਲਾਈ 2004 ਨੂੰ ਸੰਗੀਆ ਸਾਥੀਆਂ ਅਤੇ ਸੰਗਤਾਂ ਨੂੰ ਵਿਛੋੜਾ ਦੇ ਕੇ ਗੁਰੂ ਚਰਨਾਂ ਵਿਚ ਜਾ ਬਿਰਾਜੇ। ਇਨ੍ਹਾਂ ਦੇ ਭੋਗ ਸਮੇਂ ਜਿਥੇ ਕਿ ਅਖੰਡ ਕੀਰਤਨੀ ਜਥੇ ਵਲੋਂ ਕੀਰਤਨ ਰਾਹੀਂ ਵਿਛੜੀ ਰੂਹ ਨੂੰ ਅਸੀਸਾਂ ਦਿੱਤੀਆਂ ਗਈਆਂ ਉਥੇ ਸਿੰਘ ਸਾਹਿਬ ਗਿਆਨੀ ਜਸਵੰਤ ਸਿੰਘ ਜੀ ਵੀ ਆਪਣੇ ਪ੍ਰਮ ਪਿਆਰੇ ਮਿੱਤਰ ਦੀ ਅਰਦਾਸ ਵਿਚ ਸ਼ਾਮਿਲ ਹੋਏ ਅਤੇ ਆਪਣੀ ਹੱਡ ਬੀਤੀ ਵੀ ਸੰਗਤਾਂ ਨੂੰ ਸੁਣਾਈ ਕਿ ਆਪ ਜੀ ਦੀ ਪ੍ਰੇਰਨਾ ਨਾਲ ਕਿਵੇਂ ਉਨ੍ਹਾਂ ਨੇ ਗੁਰਸਿੱਖੀ ਧਾਰਨ ਕੀਤੀ।

## ਭਾਈ ਮਾਨ ਸਿੰਘ ਜੀ ਧੰਨਬਾਦ (ਸ੍ਰੀ ਅੰਮ੍ਰਿਤਸਰ)

ਭਾਈ ਗੁਰਦੀਪ ਸਿੰਘ ਸ੍ਰੀ ਅੰਮ੍ਰਿਤਸਰ

ਸਤਿਕਾਰ ਯੋਗ ਪੂਰਨ ਦਾਰ ਜੀ ਦੇ ਅਤਿ ਨਿਕਟਵਰਤੀ, ਪੂਰਬ ਜਨਮ ਕੇ ਮਿਲੇ ਸੰਜੋਗੀ, ਪਰਉਪਕਾਰੀ, ਨਾਮ ਰਸੀਏ ਭਾਈ ਮਾਨ ਸਿੰਘ ਜੀ ਦਾ ਜਨਮ ਪਿੰਡ ਠੱਟਾ ਪੋੜ ਜ਼ਿਲ੍ਹਾ ਗੁਜਰਾਤ (ਪਾਕਿਸਤਾਨ) ਵਿਚ ਮਿਤੀ 10 ਜੂਨ 1931 ਨੂੰ ਪਿਤਾ ਸ. ਗੁਲਾਬ ਸਿੰਘ ਜੀ ਅਤੇ ਮਾਤਾ ਕਰਤਾਰ ਕੌਰ ਜੀ ਦੀ ਕੁਖੋਂ ਹੋਇਆ। ਆਪ ਜੀ ਦੇ ਦਾਦਾ ਜੀ ਬ੍ਰਿਟਿਸ਼ ਆਰਮੀ ਵਿਚ ਫੌਜ ਦੀ ਨੌਕਰੀ ਕਰਦੇ ਸਨ। ਪਹਿਲੀ ਸੰਸਾਰ ਜੰਗ ਵਿਚ ਭਾਗ ਲੈਣ ਕਾਰਨ ਮਹਾਰਾਣੀ ਵਿਕਟੋਰੀਆ ਵਲੋਂ ਸ੍ਰੀ ਸਾਹਿਬ ਅਤੇ ਪ੍ਰਸੰਸਾ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ ਸੀ। ਆਪ ਜੀ ਦੇ ਪਿਤਾ ਜੀ ਵੀ ਅੰਮ੍ਰਿਤਧਾਰੀ ਗੁਰਸਿਖ ਸਨ ਤੇ ਪਹਿਲਾਂ ਕਪੜੇ ਦੀ ਫੇਰੀ ਤੇ ਫੇਰ ਕੰਟਰੋਲ ਵਾਲੇ ਕਪੜੇ ਦਾ ਡਿਪੂ ਲੈ ਕੇ ਕਾਰੋਬਾਰ ਕਰਦੇ ਰਹੇ ਹਨ। ਗੁਰਸਿੱਖੀ ਦਾ ਪ੍ਰੇਮ, ਲਗਨ ਅਤੇ ਉਤਸ਼ਾਹ ਬਚਪਨ ਵਿਚ ਹੀ ਮਾਤਾ-ਪਿਤਾ ਤੋਂ ਲੱਗ ਗਿਆ ਸੀ।

ਆਪ ਜੀ ਨੇ ਪਾਕਿਸਤਾਨ ਰਹਿੰਦਿਆਂ ਹੀ ਦਸਵੀਂ ਤੱਕ ਪੜ੍ਹਾਈ ਜਿਲ੍ਹਾ ਗੁਜਰਾਤ ਦੇ ਗੋਰਮਿੰਟ ਹਾਈ ਸਕੂਲ ਕੁੰਜਾਹ ਤੋਂ ਕੀਤੀ। ਆਪ ਪੰਜਾਬੀ, ਹਿੰਦੀ, ਫਾਰਸੀ, ਉਰਦੂ ਅਤੇ ਅੰਗਰੇਜ਼ੀ ਭਾਸ਼ਾਵਾਂ ਦੇ ਜਾਣਕਾਰ ਸਨ। ਦੇਸ਼ ਦੀ ਵੰਡ ਤੋਂ ਬਾਅਦ ਆਪ ਜੀ ਦੇ ਪਿਤਾ ਜੀ ਪ੍ਰੀਵਾਰ ਸਮੇਤ ਧੰਨਵਾਦ (ਬਿਹਾਰ) ਜਾ ਕੇ ਵੱਸ ਗਏ ਤੇ ਉੱਥੇ ਵੀ ਕਪੜੇ ਦਾ ਹੀ ਕਾਰੋਬਾਰ ਸ਼ੁਰੂ ਕਰ ਦਿੱਤਾ। ਪਾਕਿਸਤਾਨ ਤੋਂ ਚੱਲਣ ਸਮੇਂ ਸਮੇਂ ਸੰਤ ਨਿਹਾਲ ਸਿੰਘ ਜੀ ਲਾਲਾ ਮੂਸੇ ਵਾਲੇ ਆਪ ਜੀ



www.AKJ.Org

ਦੇ ਪਿਤਾ ਨੂੰ ਸਟੇਸ਼ਨ 'ਤੇ ਮਿਲੇ ਅਤੇ ਪ੍ਰਸ਼ਾਦਿ ਦੇ ਕੇ ਕਿਹਾ "**ਤੇਗ ਬਹਾਦਰ ਸਿਮਰਿਐ ਘਰ ਨਉ ਨਿਧਿ ਆਵੈ ਧਾਇ ॥**" ਅਗੇ ਬਹੁਤ ਬਰਕਤਾਂ ਪੈਣਗੀਆਂ। ਆਪ ਜੀ ਪਹਿਲਾਂ ਜੀਵਨ ਨਿਰਬਾਹ ਵਾਸਤੇ, ਕੋਲੇ ਦੀਆਂ ਖਾਨਾਂ ਵਿਚ ਨੌਕਰੀ ਤੇ ਲਗ ਗਏ ਤੇ ਕਾਫੀ ਸਮਾਂ ਆਸਨਸੌਲ ਪੱਛਮੀ ਬੰਗਾਲ ਵਿਚ ਨਿਯੁਕਤ ਰਹੇ। ਆਪ ਜੀ ਨੇ ਨੌਕਰੀ ਸਖ਼ਤ ਮਿਹਨਤ, ਈਮਾਨਦਾਰੀ ਤੇ ਦਿਆਨਤਦਾਰੀ ਅਤੇ ਬੜੀ ਕੁਸ਼ਲਤਾ ਕੀਤੀ ਤੇ ਉੱਚ ਅਧਿਕਾਰੀ ਜੋ ਰਿਸ਼ਵਤ ਖਾਣ ਦੇ ਆਦੀ ਸਨ, ਦੀ ਚਾਪਲੂਸੀ ਨਹੀਂ ਸਨ ਕਰਦੇ। ਇਸ ਕਰਕੇ ਆਪ ਜੀ ਦੇ ਮਹਿਕਮੇ ਦੇ ਸੁਪਰਵਾਈਜ਼ਰ/ਸਪਲਾਈ ਅਫਸਰ ਨੇ ਆਪ ਦੇ ਵਿਰੁੱਧ ਸ਼ਿਕਾਇਤ ਕਰ ਦਿੱਤੀ ਜੋ ਪੜਤਾਲ ਕਰਨ ਤੇ ਝੂਠੀ ਸਾਬਿਤ ਹੋ ਗਈ। ਇਸ ਕਾਰਨ ਆਪ ਨੌਕਰੀ ਕਰਨ ਤੋਂ ਉਪਰਾਮ ਹੋ ਗਏ ਤੇ ਆਪਣੇ ਪਿਤਾ-ਪੁਰਖੀ ਕਪੜੇ ਦਾ ਕਾਰੋਬਾਰ ਹੀ ਸ਼ੁਰੂ ਕਰ ਲਿਆ। ਆਪ ਜੀ ਕੋਲ ਕੰਟਰੋਲ ਦੇ ਕਪੜੇ ਦਾ ਸਰਕਾਰੀ ਡਿਪੂ ਵੀ ਸੀ ਤੇ ਨਾਲ ਹੀ ਆਪ ਨੇ ਵੱਡੀਆਂ ਮਿੱਲਾਂ ਖਾਸਕਰ ਆਧੁਨਿਕ ਮਿਲ ਬੰਬਈ ਦੇ ਥੋਕ ਵਿਕਰੈਤਾ ਦੀ ਏਜੰਸੀ ਵੀ ਲੈ ਲਈ। ਇਸ ਥੋਕ ਦੇ ਕਾਰੋਬਾਰ ਵਿਚ ਮੁਨਾਫਾ ਭਾਵੇਂ ਘੱਟ ਹੁੰਦਾ ਸੀ, ਪਰ ਰੇਟ ਬੱਝੇ ਹੋਣ ਕਾਰਨ ਝੂਠ ਆਦਿ ਨਹੀਂ ਸੀ ਬੋਲਣਾ ਪੈਂਦਾ। ਇਸ ਕਾਰੋਬਾਰ ਵਿਚ ਕਾਫੀ ਤਰੱਕੀ ਕੀਤੀ ਤੇ ਡਿਗਵਡੀ (ਝਰੀਆ) ਦੇ ਇਲਾਕੇ ਦੇ ਆਪ ਪ੍ਰਮੁੱਖ ਥੋਕ ਕਪੜਾ ਵਿਕਰੇਤਾ ਸਨ। ਬਿਹਾਰ ਵਿਚ ਫਿਰੌਤੀ ਦਾ ਬਹੁਤ ਰਿਵਾਜ਼ ਸੀ, ਪਰ ਗੁਰੂ ਨੇਤ ਅਨੁਸਾਰ ਆਪ ਨਾਮ ਬਾਣੀ ਦੇ ਆਸਰੇ ਆਪਣਾ ਕਾਰੋਬਾਰ ਬਿਨਾਂ ਕਿਸੇ ਭੈ ਤੋਂ ਕਰਦੇ ਰਹੇ। ਕੁਝ ਚਿਰ ਬਾਅਦ ਫਿਰੌਤੀ ਮੰਗਣ ਵਾਲੇ ਉਹ ਬਦਮਾਸ਼ ਆਪਸੀ ਲੜਾਈ ਵਿਚ ਮਾਰੇ ਗਏ। ਦੁਕਾਨ ਤੇ ਕਈ ਵਾਰ ਚੋਰੀਆਂ ਵੀ ਹੋਈਆਂ, ਕਈ ਛੋਟੇ ਦੁਕਾਨਦਾਰਾਂ ਨੇ ਪੈਸੇ ਵੀ ਮਾਰ ਲਏ, ਪਰ ਆਪ ਨੇ ਕਦੇ ਵੀ ਕੋਈ ਪੁਲਿਸ ਰਿਪੋਰਟ ਨਹੀਂ ਲਿਖਾਈ ਤੇ ਨਾ ਹੀ ਕਦੇ ਕਚਹਿਰੀਆਂ ਦੇ ਚੱਕਰ ਵਿਚ ਪਏ। ਮਾਇਆ ਖਾਤਰ ਕਿਸੇ ਨਾਲ ਕੋਈ ਝਗੜਾ ਜਾਂ ਵੈਰ ਵਿਰੋਧ ਨਹੀਂ ਰੱਖਿਆ।

ਮਿਤੀ 21 ਅਕਤੂਬਰ 1951 ਨੂੰ ਆਪ ਜੀ ਦਾ ਅਨੰਦ ਕਾਰਜ ਬੀਬੀ ਆਗਿਆ ਕੌਰ ਜੀ ਪਟਿਆਲਾ ਨਿਵਾਸੀ ਨਾਲ ਹੋਇਆ। ਆਪ ਜੀ ਦੇ ਮਾਤਾ ਜੀ, ਜੋ ਆਪ ਦੀ ਛੋਟੀ ਉਮਰ ਵਿਚ ਚੜ੍ਹਾਈ ਕਰ ਗਏ ਸਨ, ਦੇ ਕਾਰਨ ਇਹ ਸ਼ਾਦੀ ਰਿਸ਼ਤੇਦਾਰੀ ਵਿਚੋਂ ਹੀ ਹੋਈ। ਬੀਬੀ ਜੀ ਜਿੱਥੇ ਨਾਮ ਗੁਰਬਾਣੀ ਦੇ ਰਸੀਏ, ਰਹਿਤ-ਬਹਿਤ ਦੇ ਧਾਰਨੀ, ਸੇਵਾ ਤੇ ਨਿਮਰਤਾ ਦੇ ਪੁੰਜ ਸਨ ਉੱਥੇ ਗੁਰੂ ਕੇ ਲੰਗਰਾਂ ਦੇ ਅਣਥੱਕ ਸੇਵਾਦਾਰ ਸਨ। ਉਹ ਪਕੌੜੇ ਤੇ ਡੋਸੇ ਤਿਆਰ ਕਰਨ ਦੀ ਖਾਸ ਮੁਹਾਰਤ ਰੱਖਦੇ ਸਨ। ਆਪ ਜੀ ਦੇ ਘਰ ਸੱਤ ਸਪੁੱਤਰੀਆਂ ਤੇ ਇਕ ਸਪੁੱਤਰ ਨੇ ਜਨਮ ਲਿਆ। ਆਪ ਜੀ ਦੀ ਉੱਚੀ-ਸੁੱਚੀ ਰਹਿਣੀ ਕਾਰਨ ਸਾਰੇ ਬੱਚੇ ਹੀ ਗੁਰਮਤਿ ਮਾਰਗ ਦੇ ਪਾਂਧੀ ਅਤੇ ਅੰਮ੍ਰਿਤਧਾਰੀ ਹਨ। ਅਗੋਂ ਉਨ੍ਹਾਂ ਦੇ ਬੱਚਿਆਂ ਨੇ ਵੀ ਬਚਪਨ ਤੋਂ ਹੀ ਗੁਰਸਿੱਖੀ ਧਾਰਨ ਕੀਤੀ ਹੋਈ ਹੈ। ਆਪ ਜੀ, ਬੱਚੀਆਂ ਨੂੰ ਆਨੰਦ ਕਾਰਜ ਵੇਲੇ, ਇਕ ਹਰਮੋਨੀਅਮ ਤੇ ਅੰਮ੍ਰਿਤ ਕੀਰਤਨ ਪੋਥੀ ਜ਼ਰੂਰ ਭੇਟ ਕਰਦੇ ਸਨ ਤਾਂ ਕਿ ਗੁਰਬਾਣੀ ਕੀਰਤਨ ਸਿੱਖ ਕੇ ਗੁਰੂ ਚਰਨਾਂ ਨਾਲ ਜੁੜੀਆਂ ਰਹਿਣ।

ਆਪ ਜੀ ਨੂੰ ਬਚਪਨ ਤੋਂ ਹੀ ਸੰਤਾਂ ਮਹਾਂਪੁਰਖਾਂ ਦੀ ਸੰਗਤ ਪ੍ਰਾਪਤ ਰਹੀ ਹੈ ਅਤੇ ਆਪ ਪਹਿਲਾਂ ਇੰਨ੍ਹਾਂ ਸੰਤਾਂ ਦੇ ਹੀ ਸ਼ਰਧਾਲੂ ਸਨ। ਬਚਪਨ ਵਿਚ ਪਾਕਿਸਤਾਨ ਰਹਿੰਦੇ ਸਮੇਂ, ਸਭ ਤੋਂ ਪਹਿਲਾਂ ਆਪ ਜੀ ਨੂੰ ਸੰਤ ਨਿਹਾਲ ਸਿੰਘ ਜੀ ਲਾਲਾ ਮੂਸੇ ਵਾਲਿਆਂ ਨਾਲ ਦੇਸ਼ ਦੀ ਵੰਡ ਵੇਲੇ, ਸਟੇਸ਼ਨ 'ਤੇ ਰੇਲ ਗੱਡੀ ਵਿਚ ਮਿਲਾਪ ਹੋਇਆ। ਫਿਰ ਆਪ ਸੰਤ ਨਿਸਚਲ ਸਿੰਘ ਜੀ ਯਮੁਨਾ ਨਗਰ ਵਾਲਿਆਂ ਦੀ ਸੰਗਤ ਵਿਚ ਗਏ। ਨੌਕਰੀ ਦੌਰਾਨ ਆਪ ਜੀ ਦਾ ਸ੍ਰੀ ਪਟਨਾ ਸਾਹਿਬ ਵਿਖੇ ਸੰਤ ਰਾਮ ਸਿੰਘ ਜੀ ਝਾੜੂ ਵਾਲਿਆਂ ਨਾਲ ਮੇਲ ਹੋਇਆ। ਇੰਨ੍ਹਾਂ ਮਹਾਂਪੁਰਖਾਂ ਦੀ ਸੰਗਤ ਸਦਕਾ ਆਪ ਜੀ ਨੇ ਬਚਪਨ ਤੋਂ ਹੀ ਅੰਮ੍ਰਿਤ ਛੱਕ ਲਿਆ ਸੀ ਪਰ ਤਸੱਲੀ ਨਹੀਂ ਸੀ ਹੋਈ। ਪੂਰਬਲੇ ਕਰਮਾਂ ਕਰਕੇ ਆਪ ਕਿਸੇ ਗੁਰਮੁਖ ਜਥੇ ਦੀ ਭਾਲ ਵਿਚ ਸਨ, ਜਿਸ ਰਾਹੀਂ ਨਾਮ ਦੀ ਪ੍ਰਾਪਤੀ ਹੋ ਸਕੇ ਤੇ ਨਾਮ ਜਪ ਕੇ ਜਨਮ ਸਫਲਾ ਹੋ ਸਕੇ।

ਆਪ ਜੀ ਦੀ ਸਿੰਘਣੀ ਦਾ ਪਿਛੋਕੜ ਗੁਰਸਿੱਖ ਘਰਾਣੇ ਨਾਲ ਸੀ। ਉਨ੍ਹਾਂ ਦਾ ਇਕ ਨਜ਼ਦੀਕੀ ਰਿਸ਼ਤੇਦਾਰ



www.AKJ.Org

ਭਾਈ ਬੇਅੰਤ ਸਿੰਘ ਜੀ, ਜੋ ਪਟਿਆਲੇ ਨਾਲ ਸੰਬੰਧਿਤ ਸਨ, ਆਪਣੀ ਨੌਕਰੀ ਦੌਰਾਨ ਕਾਨਪੁਰ ਵੀ ਨਿਯੁਕਤ ਰਹੇ ਹਨ। ਉੱਥੇ ਉਨ੍ਹਾਂ ਦਾ ਜਥੇਦਾਰ ਭਾਈ ਰਾਮ ਸਿੰਘ ਜੀ ਨਾਲ ਮੇਲ ਮਿਲਾਪ ਹੋ ਗਿਆ ਸੀ ਅਤੇ ਜਥੇ ਦੀ ਸੰਗਤ ਨਾਲ ਜੁੜ ਗਏ ਸਨ। ਕਾਨਪੁਰ ਰਹਿੰਦਿਆਂ ਉਨ੍ਹਾਂ ਨੂੰ ਬਾਊ ਮਲ ਸਿੰਘ ਜੀ ਤੇ ਹੋਰ ਪੁਰਾਤਨ ਗੁਰਸਿੱਖਾਂ ਦੀ ਸੰਗਤ ਵੀ ਪ੍ਰਾਪਤ ਹੁੰਦੀ ਰਹੀ। ਆਪ ਜਥੇਦਾਰ ਸਾਹਿਬ ਜੀ ਵਲੋਂ ਕੀਤੇ ਜਾਂਦੇ ਗੁਪਤ ਅਖੰਡ ਪਾਠਾਂ ਦੀ ਸੇਵਾ ਵਿਚ ਵੀ ਸ਼ਾਮਿਲ ਹੁੰਦੇ ਰਹੇ। ਉਨ੍ਹਾਂ ਨੇ ਆਪ ਜੀ ਨੂੰ ਜੇਲ੍ਹ ਚਿੱਠੀਆਂ ਪੁਸਤਕ ਪੜ੍ਹਨ ਲਈ ਦਿੱਤੀ। ਉਹ ਪੁਸਤਕ ਪੜ੍ਹ ਕੇ, ਆਪ ਜੀ ਨੂੰ ਚਿਰਾਂ ਤੋਂ ਉਪਜੀ ਜਗਿਆਸਾ ਪੂਰੀ ਹੋਣ ਦੇ ਆਸਾਰ ਨੇੜੇ ਜਾਪਣ ਲੱਗ ਪਏ। ਉਨ੍ਹਾਂ ਦੀ ਸੰਗਤ ਅਤੇ ਪ੍ਰੇਰਨਾ ਸਦਕਾ ਹੀ ਆਪ ਜੀ ਅਕਤੂਬਰ 1971 ਦਿੱਲੀ ਦੁਸ਼ਹਿਰਾ ਸਮਾਗਮ ਤੇ ਸਿੰਘਣੀ ਸਮੇਤ ਅੰਮ੍ਰਿਤ ਛੱਕ ਕੇ ਤਿਆਰ-ਬਰ-ਤਿਆਰ ਹੋ ਗਏ ਤੇ ਗੁਰਸਿਖੀ ਰਹਿਤ ਬਹਿਤ ਦੇ ਪੱਕੇ ਧਾਰਨੀ ਬਣ ਗਏ।

ਜਥੇ ਦੇ ਅਤਿ ਸਤਿਕਾਰਯੋਗ, ਨਿਮਰਤਾ ਦੀ ਮੂਰਤ, ਕੀਰਤਨੀਏ, ਭਾਈ ਜੀਵਨ ਸਿੰਘ ਜੀ ਸੰਨ 1972 ਵਿਚ ਤਖ਼ਤ ਸ੍ਰੀ ਪਟਨਾ ਸਾਹਿਬ ਵਿਖੇ ਹਜ਼ੂਰੀ ਰਾਗੀ ਦੀ ਸੇਵਾ 'ਤੇ ਨਿਯੁਕਤ ਹੋ ਗਏ। ਉਨ੍ਹਾਂ ਉੱਥੇ ਜਾ ਕੇ ਗੁਰਮਤਿ ਪ੍ਰਚਾਰ ਹਿੱਤ ਸ੍ਰੀ ਪਟਨਾ ਸਾਹਿਬ ਤੋਂ ਇਲਾਵਾ ਪੂਰਬੀ ਭਾਰਤ ਦੇ ਵੱਡੇ-ਵੱਡੇ ਸ਼ਹਿਰਾਂ ਵਿਚ ਜਾ ਕੇ, ਰੈਣ ਸਬਾਈ ਕੀਰਤਨ ਆਰੰਭ ਕਰ ਦਿੱਤੇ। ਹਰ ਮਹੀਨੇ ਕਿਸੇ ਨਾ ਕਿਸੇ ਸ਼ਹਿਰ ਰੈਣ ਸਬਾਈ ਕੀਰਤਨ ਹੁੰਦਾ ਸੀ ਅਤੇ ਸਾਰੇ ਦੂਰ ਨੇੜੇ ਦੀਆਂ ਸੰਗਤਾਂ ਤੇ ਕੀਰਤਨੀਏ ਉੱਥੇ ਪਹੁੰਚ ਜਾਂਦੇ ਸਨ। ਇਸ ਤਰ੍ਹਾਂ ਧੰਨਬਾਦ ਵੀ ਕਈ ਰੈਣ ਸਬਾਈ ਕੀਰਤਨ ਹੋਏ, ਜਿੰਨ੍ਹਾਂ ਵਿਚ ਭਾਈ ਜੀਵਨ ਸਿੰਘ ਜੀ ਤੋਂ ਇਲਾਵਾ ਭਾਈ ਤਾਰਾ ਸਿੰਘ ਲੁਧਿਆਣਾ, ਭਾਈ ਗੁਰਦੇਵ ਸਿੰਘ ਟਾਟਾਨਗਰ ਭਾਈ ਜਗਜੀਤ ਸਿੰਘ ਮੁਗਲਸਰਾਏ ਤੋਂ ਪ੍ਰੀਵਾਰ ਸਮੇਤ ਭਾਗ ਲੈਂਦੇ ਰਹੇ। ਭਾਈ ਜਗਜੀਤ ਸਿੰਘ ਜੀ ਮੁਗਲਸਰਾਏ ਤੋਂ ਧੰਨਬਾਦ ਤਾਈਂ ਰੇਲ ਗੱਡੀ ਵਿਚ ਉਬਲੇ ਹੋਏ ਛੋਲੇ ਤੇ ਬਰਫੀ ਦੇ ਪੇੜੇ ਵੇਚਦੇ ਹੁੰਦੇ ਸਨ ਤੇ ਇਕ ਰਾਤ ਧੰਨਬਾਦ ਜਾ ਕੇ ਠਹਿਰਦੇ ਸਨ। ਭਾਈ ਗਿਆਨ ਜੀ ਅਤੇ ਭਾਈ ਗੁਰਬਖਸ਼ ਸਿੰਘ ਜੀ ਸਿੰਧਰੀ ਖਾਦ ਕਾਰਖਾਨੇ ਵਿਚ ਨੌਕਰੀ ਕਰਦੇ ਸਨ ਤੇ ਉਹ ਵੀ ਜਥੇ ਦੀ ਸੰਗਤ ਨਾਲ ਜੁੜੇ ਹੋਏ ਸਨ। ਆਪ ਜੀ ਨੇ ਇੰਨ੍ਹਾਂ ਗੁਰਸਿਖਾਂ ਦੇ ਸਹਿਯੋਗ ਨਾਲ ਸੰਗਤੀ ਅੰਮ੍ਰਿਤ ਵੇਲਾ ਆਰੰਭ ਕਰ ਦਿੱਤਾ। ਪਿਛੋਂ ਭਾਈ ਹਰਬੰਸ ਸਿੰਘ ਸਾਸਾਰਾਮ, ਭਾਈ ਇਕਬਾਲ ਸਿੰਘ ਜੀ ਸ੍ਰੀ ਪਟਨਾ ਸਾਹਿਬ, ਭਾਈ ਰਵਿੰਦਰ ਸਿੰਘ ਡੇਅਰੀ ਆਨ ਸੋਨ (ਸਾਸਾਰਾਮ) ਹਾਲ ਸ੍ਰੀ ਅੰਮ੍ਰਿਤਸਰ, ਭਾਈ ਮੱਘਰ ਸਿੰਘ ਜੀ (ਜੋ ਡਾਲਮੀਆ ਬਿਸਕੁਟ ਫੈਕਟਰੀ ਵਿਚ ਕੰਮ ਕਰਦੇ ਸਨ) ਅਤੇ ਭਾਈ ਲਾਭ ਸਿੰਘ ਜੀ ਧੰਨਬਾਦ ਪਿਤਾ ਭਾਈ ਕਿਸ਼ਨ ਸਿੰਘ ਜੀ (ਸ੍ਰੀ ਅੰਮ੍ਰਿਤਸਰ) ਆਪ ਜੀ ਦੀ ਪ੍ਰੇਰਨਾ ਨਾਲ ਅੰਮ੍ਰਿਤ ਵੇਲੇ ਦੀ ਸੰਗਤ ਨਾਲ ਜੁੜ ਗਏ। ਇਸ ਤਰ੍ਹਾਂ ਇਸ ਸਾਰੇ ਇਲਾਕੇ ਵਿਚ ਸੰਗਤੀ ਅੰਮ੍ਰਿਤ ਵੇਲਾ, ਰੈਣ-ਸਬਾਈ ਕੀਰਤਨਾਂ ਤੇ ਸ੍ਰੀ ਅਖੰਡ ਪਾਠਾਂ ਦੀ ਲਹਿਰ ਚੱਲ ਪਈ।

ਜੂਨ/ਜੁਲਾਈ 1973 ਵਿਚ ਆਪ ਜੀ ਪਹਿਲੀ ਵਾਰੀ ਸੰਗਤਾਂ ਨਾਲ ਸ੍ਰੀ ਹੇਮਕੁੰਟ ਸਾਹਿਬ ਜੀ ਦੀ ਯਾਤਰਾ ਤੇ ਗਏ। ਉੱਥੇ ਵਾਪਸੀ ਤੇ ਗੋਬਿੰਦਧਾਮ ਤੋਂ ਦੂਸਰੇ ਦਿਨ, ਫਿਰ ਉਪਰ ਦਰਸ਼ਨ ਕਰਨ ਚਲੇ ਗਏ। ਇਸ ਸਮੇਂ ਆਪ ਜੀ ਨੂੰ ਜ਼ਿਆਦਾ ਆੜੂ ਖਾਣ ਕਾਰਨ, ਗਰਮੀ ਹੋ ਕੇ ਮਰੋੜ ਵੀ ਲਗ ਗਏ ਪਰ ਗੁਰੂ ਸਾਹਿਬ ਜੀ ਦੀ ਕ੍ਰਿਪਾ ਨਾਲ ਜਲਦੀ ਅਰੋਗ ਹੋ ਗਏ।

ਸੰਨ 1975 ਵਿਚ ਆਪ ਜੀ ਦੇ ਪੂਰਬ ਜਨਮ ਦੇ ਸੰਜੋਗੀ ਸਤਿਕਾਰਯੋਗ ਪੂਰਨ ਦਾਰ ਜੀ ਵੀ ਦਿੱਲੀ ਤੋਂ ਬਦਲ ਕੇ ਕਲਕੱਤੇ ਆ ਨਿਯੁਕਤ ਹੋਏ। ਉਨ੍ਹਾਂ ਦੇ ਆਪ ਜੀ ਨੂੰ ਦੂਰੋਂ ਨੇੜਿਉਂ ਸਮਾਗਮਾਂ ਤੇ ਦਰਸ਼ਨ ਤਾਂ ਹੁੰਦੇ ਰਹਿੰਦੇ ਸੀ, ਪਰ ਨੇੜੇ ਹੋ ਕੇ ਵਿਚਰਨ ਦਾ ਮੌਕਾ ਕਦੇ ਨਹੀਂ ਸੀ ਮਿਲਿਆ। ਆਪ ਜੀ ਆਪਣੇ ਕਪੜੇ ਦੇ ਕਾਰੋਬਾਰ ਦੇ ਸਿਲਸਿਲੇ ਵਿਚ ਹਰ ਸਨਿਚਰਵਾਰ ਕਲਕੱਤੇ ਜਾਂਦੇ ਸਨ। ਸ੍ਰੀ ਪੂਰਨ ਜੀ ਜਿਸ ਸ਼ਹਿਰ ਵਿਚ ਜਾਂਦੇ ਸਨ, ਉੱਥੇ ਸੰਗਤਾਂ ਨੂੰ ਪ੍ਰੇਰ ਕੇ ਸੰਗਤੀ ਅੰਮ੍ਰਿਤ ਵੇਲਾ ਆਰੰਭ ਕਰ ਦਿੰਦੇ ਸਨ। ਆਪ ਜੀ ਪਹਿਲਾਂ ਹੀ ਇਹ ਸੇਵਾ ਇਸ ਇਲਾਕੇ ਵਿਚ ਕਰ ਰਹੇ ਸੀ। ਸ੍ਰੀ ਪੂਰਨ ਜੀ ਦੇ ਕਲਕੱਤਾ ਆਉਣ ਤੇ ਸੋਨੇ ਤੇ ਸੁਹਾਗੇ ਵਾਲਾ ਕੰਮ ਹੋ ਗਿਆ। ਆਪ ਜੀ ਨੇ ਵੀ ਕਲਕੱਤੇ ਹਰ ਹਫਤੇ ਜਾ ਕੇ



www.AKJ.Org

ਉਨ੍ਹਾਂ ਦੀ ਸੰਗਤ ਨਾਲ ਅੰਮ੍ਰਿਤ ਵੇਲਾ ਜਾ ਉਨ੍ਹਾਂ ਵਲੋਂ ਕੀਤੇ ਜਾ ਰਹੇ ਰੈਣ ਸਬਾਈ ਕੀਰਤਨ ਸਮਾਗਮਾਂ ਦੀ ਹਾਜ਼ਰੀ ਭਰਨੀ ਸ਼ੁਰੂ ਕਰ ਦਿੱਤੀ। ਆਪ ਜੀ ਦੀ ਸ੍ਰੀ ਪੂਰਨ ਜੀ ਨਾਲ ਇਤਨੀ ਨੇੜਤਾ ਵੱਧ ਗਈ ਅਤੇ ਸੰਤ ਮਿਤ੍ਰਾਈ ਹੋ ਗਈ ਜੋ ਆਖਰੀ ਸਵਾਸਾਂ ਤਾਈਂ ਤੋੜ ਨਿਬਹੀ ਤੇ ਦੁਨੀਆਦਾਰੀ ਤੌਰ 'ਤੇ ਰਿਸ਼ਤੇਦਾਰੀ ਵੀ ਕਾਇਮ ਹੋ ਗਈ। ਆਪ ਜੀ ਦੀ ਪ੍ਰੇਰਨਾ ਤੇ ਸ੍ਰੀ ਪੂਰਨ ਜੀ ਵਲੋਂ ਕਲਕੱਤੇ, ਧੰਨਬਾਦ, ਸਾਸਾਰਾਮ, ਆਸਨਸੋਲ, ਜਮਸ਼ੇਦਪੁਰ, ਸ੍ਰੀ ਪਟਨਾ ਸਾਹਿਬ ਆਦਿ ਵੱਖ-ਵੱਖ ਸ਼ਹਿਰਾਂ ਵਿਚ ਸ੍ਰੀ ਅਖੰਡ ਪਾਠ ਸਾਹਿਬ, ਰੈਣ ਸਬਾਈ ਕੀਰਤਨਾਂ ਅਤੇ ਸੰਗਤੀ ਅੰਮ੍ਰਿਤ ਵੇਲੇ ਦੇ ਸਮਾਗਮ ਕੀਤੇ ਗਏ ਜਿਸ ਨਾਲ ਬੇਅੰਤ ਸੰਗਤਾਂ ਗੁਰੂ ਚਰਨਾਂ ਨਾਲ ਜੁੜੀਆਂ। ਸੰਨ 1977 ਵਿਚ ਭਾਈ ਸੰਤੋਖ ਸਿੰਘ ਜੀ ਕਾਕੀ ਪਿੰਡ ਜਲੰਧਰ ਅਤੇ ਭਾਈ ਫੌਜਿੰਦਰ ਸਿੰਘ ਜੀ ਮੁਹਾਲੀ ਜੋ ਪੰਜਾਬ ਐਂਡ ਸਿੰਧ ਬੈਂਕ ਵਿਚ ਨੌਕਰੀ ਕਰਦੇ ਸਨ, ਸ੍ਰੀ ਪਟਨਾ ਸਾਹਿਬ ਆ ਨਿਯੁਕਤ ਹੋਏ। ਇੰਨ੍ਹਾਂ ਦੋਹਾਂ ਕੀਰਤਨੀ ਵੀਰਾਂ ਦੇ ਆਉਣ ਨਾਲ, ਇਸ ਇਲਾਕੇ ਵਿਚ ਗੁਰਮਤਿ ਪ੍ਰਚਾਰ ਦੀ ਲਹਿਰ ਹੋਰ ਪ੍ਰਚੰਡ ਹੋ ਗਈ। ਦਸੰਬਰ 1980 ਵਿਚ ਜਦੋਂ ਸ੍ਰੀ ਪੂਰਨ ਜੀ, ਜੈਪੁਰ ਨਿਯੁਕਤ ਸਨ ਤੇ ਆਪ ਜੀ ਨੇ ਉਨ੍ਹਾਂ ਦੀ ਅਗਵਾਈ ਹੇਠ ਕਲਕੱਤਾ, ਧੰਨਬਾਦ, ਸ੍ਰੀ ਪਟਨਾ ਸਾਹਿਬ, ਕਾਨਪੁਰ ਬਰੇਲੀ ਦੀਆਂ ਸੰਗਤਾਂ ਨਾਲ ਬੱਸਾਂ ਤੇ ਟਰੱਕਾਂ ਰਾਹੀਂ ਪਹਿਲੀ ਗੁਰਧਾਮ ਯਾਤਰਾ ਦਾ ਆਯੋਜਨ ਕੀਤਾ ਜੋ ਕਲਕੱਤਾ, ਧੰਨਬਾਦ, ਦੁਰਗ, ਨਾਗਪੁਰ ਹੁੰਦੀ ਹੋਈ ਸ੍ਰੀ ਹਜ਼ੂਰ ਸਾਹਿਬ ਪਹੁੰਚੀ ਤੇ ਉਥੋਂ ਬਿਦਰ, ਪੂਨਾ, ਬੰਬਈ ਆਦਿ ਸ਼ਹਿਰਾਂ ਵਿਚ ਹੋ ਕੇ ਵਾਪਿਸ ਪੁੱਜੀ। ਇਸ ਵਿਚ ਸਾਰੀਆਂ ਸੰਗਤਾਂ ਨੇ ਖ਼ੂਬ ਨਾਮ ਬਾਣੀ ਦੇ ਲਾਹੇ ਲਏ ਤੇ ਜਿੰਨ੍ਹਾਂ-ਜਿੰਨ੍ਹਾਂ ਸ਼ਹਿਰਾਂ ਵਿਚ ਇਹ ਯਾਤਰਾ ਗਈ, ਉੱਥੇ ਦੀਆਂ ਸੰਗਤਾਂ ਨੇ ਵੀ ਲੰਗਰ ਜਲ ਪਾਣੀ ਨਾਲ ਸੰਗਤਾਂ ਦੀ ਖ਼ੂਬ ਸੇਵਾ ਕੀਤੀ। ਸ੍ਰੀ ਪੂਰਨ ਜੀ ਦੇ ਕਲਕੱਤੇ ਤੋਂ ਬਦਲੀ ਹੋ ਕੇ ਚੰਡੀਗੜ੍ਹ, ਜੈਪੁਰ, ਦਿੱਲੀ ਆਉਣ ਤੇ ਆਪ ਲਗਾਤਾਰ ਉਨ੍ਹਾਂ ਦੇ ਨਾਲ ਜੁੜੇ ਰਹੇ। ਜਦੋਂ ਵੀ ਸ੍ਰੀ ਪੂਰਨ ਜੀ ਯਾਦ ਕਰਦੇ ਜਾਂ ਸੱਦਾ ਭੇਜਦੇ ਤਾਂ ਆਪ ਸਾਰਾ ਧੰਧਾ ਛੱਡ ਕੇ ਉਨ੍ਹਾਂ ਕੋਲ ਪਹੁੰਚ ਜਾਂਦੇ ਤੇ ਸ੍ਰੀ ਅਖੰਡ ਪਾਠ ਸਾਹਿਬ ਅਤੇ ਅੰਮ੍ਰਿਤ ਵੇਲੇ ਦੀ ਸੰਭਾਲ ਉਨ੍ਹਾਂ ਨਾਲ ਰੱਲ ਕੇ ਕਰਦੇ। ਸ੍ਰੀ ਪੂਰਨ ਜੀ ਦੀ ਸੰਗਤ ਦਾ ਉਨ੍ਹਾਂ ਖ਼ੂਬ ਲਾਹਾ ਉਠਾਇਆ ਅਤੇ ਆਪ ਦੇ ਪਰਮਾਰਥੀ ਜੀਵਨ ਵਿਚ ਬਹੁਤ ਤਰੱਕੀ ਕੀਤੀ।

ਆਪ ਜੀ ਨੇ ਸੰਨ 1972 ਤੋਂ 1984 ਤਾਈਂ ਭਾਰਤ ਦੇ ਪੂਰਬੀ ਸੂਬਿਆਂ ਦੇ ਅਨੇਕਾਂ ਸ਼ਹਿਰਾਂ ਬਨਾਰਸ ਤੋਂ ਕਲਕੱਤੇ ਤਾਈਂ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਨ ਦੀ ਸੇਵਾ ਕੀਤੀ। ਇਕ ਵਾਰ ਬਨਾਰਸ ਯੂਨੀਵਰਸਿਟੀ ਵਿਚ ਵੀ ਰੈਣ ਸਬਾਈ ਕੀਰਤਨ ਆਪ ਦੇ ਸਹਿਯੋਗ ਅਤੇ ਰਹਿਨੁਮਾਈ ਹੇਠ ਹੋਇਆ। ਜਿੱਥੇ, ਆਪ ਸੰਗਤਾਂ ਸਮੇਤ ਕੇਂਦਰੀ ਸਮਾਗਮਾਂ ਖ਼ਾਸ ਕਰ ਦਿੱਲੀ, ਲੁਧਿਆਣਾ, ਸ੍ਰੀ ਅੰਮ੍ਰਿਤਸਰ ਜਾ ਕੇ ਨਾਮ ਬਾਣੇ ਦੇ ਲਾਹੇ ਲੈਂਦੇ ਸਨ ਉੱਥੇ ਇਤਿਹਾਸਿਕ ਸਥਾਨਾਂ ਦੀ ਯਾਤਰਾ ਖਾਸ ਕਰ ਸ੍ਰੀ ਪਟਨਾ ਸਾਹਿਬ ਵੀ ਜਾ ਕੇ ਕਰਦੇ ਰਹੇ। ਸੰਨ 1975 ਤੋਂ ਸੰਨ 1985 ਵਿਚ ਸ੍ਰੀ ਅੰਮ੍ਰਿਤਸਰ ਆਉਣ ਤਾਈਂ ਹਰ ਸਾਲ ਸ੍ਰੀ ਪਟਨਾ ਸਾਹਿਬ ਵਿਖੇ ਹਰ ਸਾਲ ਹੋਲੇ ਮਹੱਲੇ ਦਾ ਸਮਾਗਮ ਆਯੋਜਨ ਕਰਦੇ ਰਹੇ, ਜਿਸ ਵਿਚ ਸਾਰੇ ਪੂਰਬੀ ਭਾਰਤ ਦੇ ਸ਼ਹਿਰਾਂ ਦੀਆਂ ਸੰਗਤਾਂ ਆਪ ਜੀ ਦੀ ਪ੍ਰੇਰਨਾ ਨਾਲ ਸ਼ਾਮਿਲ ਹੁੰਦੀਆਂ ਰਹੀਆਂ ਹਨ।

ਅਪ੍ਰੈਲ 1982 ਵਿਚ ਸ੍ਰੀ ਪੂਰਨ ਜੀ ਦੇ ਦੋਨੋਂ ਭੁਜੰਗੀਆਂ ਦੇ ਚੜ੍ਹਾਈ ਕਰਨ ਵੇਲੇ ਆਪ ਜੀ ਨੇ 10-12 ਦਿਨ ਉੱਥੇ ਰਹਿ ਕੇ ਇਸ ਪ੍ਰੀਵਾਰ ਦੇ ਇਸ ਬਿਖਮ ਭਾਣੇ ਮੰਨਣ ਵਿਚ ਸਹਾਇਤਾ ਕੀਤੀ। ਉਸ ਤੋਂ ਅਗਲੇ ਸਾਲ ਫਰੀਦਾਬਾਦ ਅਤੇ ਬਰੇਲੀ ਸਮਾਗਮ ਤੇ ਵੀ ਆਪ ਜੀ ਨੇ ਕਾਰੋਬਾਰ ਛੱਡ ਕੇ ਪੂਰੀ ਹਾਜ਼ਰੀ ਭਰੀ। ਮਾਰਚ 1984 ਵਿਚ ਸ੍ਰੀ ਪੂਰਨ ਜੀ ਦੇ ਬੱਚਿਆਂ ਦੀ ਮਿੱਠੀ ਯਾਦ ਵਿਚ ਦੂਸਰਾ ਸਮਾਗਮ ਸ੍ਰੀ ਅੰਮ੍ਰਿਤਸਰ ਹੋਇਆ। ਉਸ ਤੋਂ ਬਾਅਦ ਆਪ ਜੀ ਨੇ ਸ੍ਰੀ ਪੂਰਨ ਜੀ ਨੂੰ ਧੰਨਬਾਦ ਤੇ ਪੂਰਬੀ ਭਾਰਤ ਦੇ ਹੋਰ ਸ਼ਹਿਰਾਂ ਵਿਚ ਸਮਾਗਮ ਕਰਨ ਲਈ ਪ੍ਰੇਰਿਆ। 4 ਮਈ 1984 ਤੋਂ ਜੁਲਾਈ ਦੇ ਅੱਧ ਤਾਈਂ ਆਪ ਜੀ ਨੇ ਪੂਰਨ ਜੀ, ਉਨ੍ਹਾਂ ਦੇ ਪ੍ਰੀਵਾਰ ਅਤੇ ਸੰਗਤਾਂ ਨੂੰ ਆਪਣੇ ਕੋਲ ਰੱਖਿਆ। ਇਸ ਸਮੇਂ ਦੌਰਾਨ ਧੰਨਬਾਦ ਤੋਂ ਇਲਾਵਾ ਬੋਧ ਗਯਾ, ਡੇਅਰੀ ਆਨ ਸੋਨ, ਸਾਸਾਰਾਮ, ਸ੍ਰੀ ਪਟਨਾ ਸਾਹਿਬ



www.AKJ.Org

ਵਿਖੇ ਸੰਗਤੀ ਅੰਮ੍ਰਿਤ ਵੇਲੇ, ਸ੍ਰੀ ਅਖੰਡ ਪਾਠ ਸਾਹਿਬ, ਸਵੇਰੇ ਸ਼ਾਮ ਦੇ ਕੀਰਤਨ/ਰੈਣ ਸਬਾਈ ਕੀਰਤਨ ਦੇ ਲਗਾਤਾਰ ਪ੍ਰੋਗਰਾਮ ਚਲਦੇ ਰਹੇ। ਪੰਚਮ ਪਾਤਸ਼ਾਹ ਜੀ ਦੇ ਸ਼ਹੀਦੀ ਪੁਰਬ ਦਾ ਸਮਾਗਮ ਕਲਕੱਤੇ ਵਿਚ ਹੋਇਆ। ਉਥੋਂ ਸ੍ਰੀ ਅੰਮ੍ਰਿਤਸਰ ਵਾਸਤੇ ਵਾਪਸੀ ਦਾ ਪ੍ਰੋਗਰਾਮ ਸੀ ਪ੍ਰੰਤੂ ਸ੍ਰੀ ਦਰਬਾਰ ਸਾਹਿਬ ਵਿਖੇ ਹੋਈ ਫੌਜੀ ਕਾਰਵਾਈ ਕਾਰਨ ਸੰਗਤਾਂ ਨੂੰ ਇਕ ਮਹੀਨਾ ਹੋਰ ਆਪ ਜੀ ਕੋਲ ਰੁਕਣਾ ਪਿਆ।

ਨਵੰਬਰ 1984 ਵਿਚ ਦੇਸ਼ ਦੀ ਪ੍ਰਧਾਨ ਮੰਤਰੀ ਦੇ ਹੋਏ ਕਤਲ ਤੋਂ ਬਾਅਦ ਸਾਰੇ ਭਾਰਤ ਵਿਚ ਸਿੱਖਾਂ ਦੇ ਕਤਲੇਆਮ ਵੇਲੇ ਧੰਨਬਾਦ ਵੀ ਇਸ ਅਸਰ ਤੋਂ ਨਾ ਬੱਚ ਸਕਿਆ। ਹਾਲਾਤ ਵਿਗੜਦੇ ਦੇਖਦੇ ਹੋਏ ਅਤੇ ਕਾਰੋਬਾਰ ਵਿਚ ਆ ਰਹੀਆਂ ਮੁਸ਼ਕਲਾਂ ਨੂੰ ਮੁੱਖ ਰੱਖ ਕੇ, ਆਪ ਜੀ ਨੇ ਸ੍ਰੀ ਪੂਰਨ ਜੀ ਦੀ ਸੰਗਤ ਦੇ ਲਾਹੇ ਲੈਣ ਲਈ ਸ੍ਰੀ ਅੰਮ੍ਰਿਤਸਰ ਤਬਦੀਲ ਹੋਣ ਦਾ ਵਿਚਾਰ ਬਣਾ ਲਿਆ। ਆਪ ਜੀ ਨੇ ਸੰਨ 1985 ਦੇ ਸ਼ੁਰੂ ਵਿਚ ਹੀ ਸ੍ਰੀ ਅੰਮ੍ਰਿਤਸਰ ਵਿਖੇ ਟਾਹਲੀ ਸਾਹਿਬ ਬਾਜ਼ਾਰ ਵਿਚ ਦੁਕਾਨ ਕਿਰਾਏ ਤੇ ਲੈ ਲਈ ਅਤੇ ਆਪਣੀ ਪੁਰਾਣੀ ਮਿੱਲ ਆਧੁਨਿਕ ਸਿੰਥੈਟਕਸ ਦੇ ਮਾਲਕਾਂ ਨਾਲ ਗੱਲ ਕਰਕੇ ਸਾਰੇ ਪੰਜਾਬ ਦੇ ਥੋਕ ਵਿਕਰੇਤਾ ਦੀ ਏਜੰਸੀ ਵੀ ਲੈ ਲਈ। ਫਿਰ ਅਜੀਤ ਨਗਰ ਵਿਚ ਰਿਹਾਇਸ਼ੀ ਮਕਾਨ ਲੈ ਕੇ ਸਾਰੇ ਪ੍ਰੀਵਾਰ ਸਮੇਤ ਸ੍ਰੀ ਅੰਮ੍ਰਿਤਸਰ ਆ ਵੱਸੇ। ਸ੍ਰੀ ਗੁਰੂ ਰਾਮਦਾਸ ਜੀ ਦੀ ਬਖਸ਼ਿਸ਼ ਨਾਲ ਇੰਨ੍ਹਾਂ ਦਾ ਕਾਰੋਬਾਰ ਧੰਨਬਾਦ ਨਾਲੋਂ ਵੀ ਇੱਥੇ ਵੱਧ ਚਲ ਪਿਆ ਤੇ ਨਾਲ ਹੀ ਸ੍ਰੀ ਪੂਰਨ ਜੀ ਦੇ ਸੰਗ ਸਾਥ ਸੰਗਤੀ ਅੰਮ੍ਰਿਤ ਵੇਲਾ ਅਤੇ ਸ੍ਰੀ ਦਰਬਾਰ ਸਾਬਿ ਜੀ ਦੀਆਂ ਹਾਜਰੀਆਂ ਭਰਨੀਆਂ ਸ਼ੁਰੂ ਕਰ ਦਿੱਤੀਆਂ। ਜੂਨ 1984 ਦੇ ਸਮੇਂ ਸ੍ਰੀ ਪੂਰਨ ਜੀ ਦੇ ਧੰਨਬਾਦ ਰੁਕਣ ਵੇਲੇ ਇੰਨ੍ਹਾਂ ਦੀ ਸੰਤ ਮਿਤ੍ਰਾਈ ਰਿਸ਼ਤੇਦਾਰੀ ਵਿਚ ਬਦਲ ਗਈ ਜਦੋਂ ਇੰਨ੍ਹਾਂ ਦੇ ਇਕਲੌਤੇ ਪੁੱਤਰ ਭਾਈ ਕੁਲਜੀਤ ਸਿੰਘ ਜੀ ਦੀ ਮੰਗਣੀ ਸ੍ਰੀ ਪੂਰਨ ਜੀ ਦੀ ਛੋਟੀ ਬੱਚੀ ਬੀਬੀ ਸਿਮਰਨ ਕੌਰ ਜੀ ਨਾਲ ਹੋ ਗਈ। ਉਸ ਸਮੇਂ ਦੋ ਹੋਰ ਰਿਸ਼ਤੇ ਵੀ ਪੱਕੇ ਹੋਏ ਸਨ, ਜਿਸ ਵਿਚ ਭਾਈ ਤੇਜਿੰਦਰ ਸਿੰਘ ਬੱਗਾ ਸ੍ਰੀ ਪਟਨਾ ਸਾਹਿਬ ਜੀ ਦਾ ਬੀਬੀ ਸਤਨਾਮ ਕੌਰ ਬਰੇਲੀ ਨਾਲ ਅਤੇ ਭਾਈ ਲਾਟ ਸਿੰਘ ਜੀ ਸਪੁੱਤਰ ਭਾਈ ਹਰਬੰਸ ਸਿੰਘ ਸਾਸਾਰਾਮ ਦਾ ਬੀਬੀ ਗੁਰਮੀਤ ਕੌਰ ਜੀ ਸਪੁੱਤਰੀ ਬੀਬੀ ਹਰਨਾਮ ਕੌਰ ਜੀ (ਗੋਲ ਹੱਟੀ) ਸ੍ਰੀ ਅੰਮ੍ਰਿਤਸਰ ਸ਼ਾਮਿਲ ਸਨ। ਸ੍ਰੀ ਅੰਮ੍ਰਿਤਸਰ ਆਉਣ ਤੋਂ ਬਾਅਦ ਆਪ ਜੀ ਸ੍ਰੀ ਪੂਰਨ ਜੀ ਦੇ ਮੋਢੇ ਨਾਲ ਮੋਢਾ ਡਾਹ ਕੇ ਸੰਗਤ ਦੀ ਸੇਵਾ ਵਿਚ ਜੁੱਟ ਗਏ। ਸ੍ਰੀ ਪੂਰਨ ਜੀ ਖੁਦ ਆਪ ਕਿਸੇ ਵੀ ਪ੍ਰਬੰਧ, ਚਾਹੇ ਮਾਇਕੀ ਹੋਵੇ ਜਾਂ ਦੁਨਿਆਵੀ ਵਿਚ ਗਲਤਾਨ ਨਹੀਂ ਹੁੰਦੇ ਸਨ। ਸਭ ਕੁਝ ਆਪਣੀ ਸਿੰਘਣੀ ਜਾ ਆਪ ’ਤੇ ਹੀ ਸੁੱਟਿਆ ਹੋਇਆ ਸੀ। ਜਿੱਥੇ ਕਿ ਘਰੇਲੂ ਸਾਰੇ ਪ੍ਰਬੰਧ ਉਨ੍ਹਾਂ ਦੀ ਜੀਵਨ ਸਾਥਣ ਬੀਬੀ ਭੁਪਿੰਦਰ ਕੌਰ ਜੀ ਕਰਦੇ ਸਨ, ਉੱਥੇ ਸ੍ਰੀ ਪੂਰਨ ਜੀ ਦੀ ਅਗਵਾਈ ਹੇਠ ਹੋਣ ਵਾਲੇ, ਬਾਹਰਲੇ ਸ਼ਹਿਰਾਂ ਦੇ ਸਮਾਗਮ ਜਾਂ ਇਤਿਹਾਸਿਕ ਗੁਰਦੁਆਰਿਆਂ ਦੀ ਯਾਤਰਾ ਦੇ ਸਾਰੇ ਪ੍ਰਬੰਧ, ਆਪ ਜੀ ਕੁਝ ਹੋਰ ਸਿੰਘਾਂ ਦੇ ਸਹਿਯੋਗ ਨਾਲ ਕਰਦੇ ਸਨ। ਕੋਈ ਵੀ ਅੰਮ੍ਰਿਤ ਵੇਲੇ ਦਾ ਸਮਾਗਮ, ਸ੍ਰੀ ਦਰਬਾਰ ਸਾਹਿਬ ਜੀ ਦੀ ਹਾਜ਼ਰੀ, ਲੋਕਲ ਹਫਤਾਵਾਰੀ ਜਾਂ ਕੇਂਦਰੀ ਸਮਾਗਮ ਅਜਿਹਾ ਨਹੀਂ ਸੀ ਜਿਸ ਵਿਚ ਆਪ ਜੀ ਨੇ ਸ੍ਰੀ ਪੂਰਨ ਜੀ ਨਾਲ ਸਾਥ ਨਾ ਦਿੱਤਾ ਹੋਵੇ। ਸ੍ਰੀ ਪੂਰਨ ਜੀ ਅਤੇ ਆਪ ਜੀ ਦੀ ਪ੍ਰੇਰਨਾ ਸਦਕਾ ਲੁਧਿਆਣਾ, ਦਿੱਲੀ, ਦੁਰਗ, ਸ੍ਰੀ ਪਟਨਾ ਸਾਹਿਬ ਵਿਖੇ ਸੰਗਤੀ ਅੰਮ੍ਰਿਤ ਵੇਲੇ ਦੇ ਸਮਾਗਮ ਸ਼ੁਰੂ ਹੋਏ। ਜੇਕਰ ਇਹ ਸਾਰੇ ਸ਼ਹਿਰਾਂ ਦੇ ਸਮਾਗਮਾਂ ਅਤੇ ਇਤਿਹਾਸਿਕ ਗੁਰ ਅਸਥਾਨਾਂ ਦੀ ਯਾਤਰਾ ਦਾ ਵੇਰਵਾ ਲਿਖਣਾ ਸ਼ੁਰੂ ਕੀਤਾ ਜਾਵੇ ਤਾਂ ਇਹ ਇਕ ਵੱਡੀ ਪੁਸਤਕ ਬਣ ਜਾਵੇਗੀ।

ਆਪ ਜੀ ਆਪਣੇ ਪਰ-ਉਪਕਾਰੀ ਸੁਭਾਅ ਕਾਰਨ ਲੋੜਵੰਦਾਂ ਗਰੀਬਾਂ ਦੀ ਹਰ ਤਰ੍ਹਾਂ ਦੀ ਮਦਦ ਲਈ ਹਰ ਵੇਲੇ ਤਤਪਰ ਰਹਿੰਦੇ ਸਨ। ਦਸਵੰਧ ਦੀ ਮਾਇਆ ਨੂੰ ਬਹੁਤ ਸੰਕੋਚ ਨਾਲ ਵਰਤਦੇ ਸਨ ਕਿਉਂਕਿ ਕਈ ਗੁਰਸਿਖ ਆਪ ਜੀ ਨੂੰ ਸੰਗਤਾਂ ਦੇ ਸੇਵਾ ਲਈ ਮਾਇਆ ਦੇ ਖੁੱਲ੍ਹੇ ਗੱਫੇ ਦੇ ਜਾਂਦੇ ਸਨ। ਆਪ ਜੀ ਕਿਹਾ ਕਰਦੇ ਸਨ ਕਿ ਮਾਇਆ ਦੀ ਸੇਵਾ ਇਤਨੀ ਗੁਪਤ ਹੋਣੀ ਚਾਹੀਦੀ ਹੈ ਕਿ ਇਕ ਹੱਥ ਨਾਲ ਮਾਇਆ ਰਾਹੀਂ ਕੀਤੀ ਸੇਵਾ ਦਾ, ਦੂਜੇ ਹੱਥ ਨੂੰ ਨਾ ਪਤਾ ਲੱਗੇ। ਆਪ ਜੀ ਨੂੰ ਮਾਇਆ ਵਲੋਂ ਗੁਰੂ ਸਾਹਿਬ ਜੀ ਦੀ ਬਖਸ਼ਿਸ਼ ਨਾਲ ਕੋਈ ਤੋਟ ਨਹੀਂ ਸੀ। ਪਰ



www.AKJ.Org

ਜਦੋਂ ਕੋਈ ਸੇਵਾ ਕਰਨੀ ਹੁੰਦੀ ਸੀ ਤਾਂ ਹਉਮੈ ਤੋਂ ਬਚਣ ਲਈ ਕਿ ਮੈਂ ਇਕਲਿਆਂ ਇਹ ਸੇਵਾ ਕੀਤੀ ਹੈ, ਉਸ ਵਿਚ ਥੋੜਾ ਜਿਹਾ ਹਿੱਸਾ ਕਿਸੇ ਹੋਰ ਗੁਰਸਿਖ ਕੋਲੋਂ ਪਵਾ ਕੇ ਉਸ ਸੇਵਾ ਨੂੰ ਨਿੱਜ ਤੋਂ ਸੰਗਤੀ ਰੂਪ ਦੇ ਦਿੰਦੇ ਸਨ। ਇਸੇ ਤਰ੍ਹਾਂ ਕਿਸੇ ਕਾਰਜ, ਖਾਸ ਕਰ ਯਾਤਰਾ ਦੀ ਸਫਲਤਾ ਲਈ ਕੀਤੇ ਜਾਂਦੇ ਸਹਿਜ ਪਾਠ ਵੇਲੇ ਆਪ ਸਾਰਾ ਪਾਠ ਕਰਕੇ ਅਖੀਰਲੇ 10-15 ਅੰਗ ਕਿਸੇ ਗੁਰਸਿੱਖ ਕੋਲੋ ਕਰਵਾ ਕੇ ਉਸ ਨੂੰ ਵੀ ਸੰਗਤੀ ਰੂਪ ਦੇ ਦਿੰਦੇ ਸਨ ਤਾਂ ਕਿ ਅਰਦਾਸ ਵਿਚ ਅਪਣਾ ਨਾਮ ਆਉਣ ਤੋਂ ਬਚਣ ਲਈ, ਉਹ ਸੇਵਾ, ਸੰਗਤ ਵਲੋਂ ਹੋਈ ਸਮਝੀ ਜਾਣ ਕੇ ਸਮੁੱਚੀ ਸੰਗਤ ਦੀ ਅਰਦਾਸ ਕੀਤੀ ਜਾਵੇ। ਉਨ੍ਹਾਂ ਵਿਚ ਨਿਰਮਾਣਤਾ ਅਤਿ ਦਰਜੇ ਦੀ ਸੀ ਅਤੇ ਆਪਣਾ ਆਪ ਜਣਾਵਣ ਤੋਂ ਹਰ ਵੇਲੇ ਸੰਕੋਚ ਕਰਦੇ ਸਨ। ਕਿਸੇ ਵੇਲੇ ਜੇ ਅੰਮ੍ਰਿਤ ਵੇਲੇ ਆਪਣੇ ਆਪ ਤੋਂ ਬਾਹਰ ਹੋਣ ਲੱਗਦੇ ਤਾਂ ਸ੍ਰੀ ਪੂਰਨ ਜੀ ਉਸੇ ਵੇਲੇ ਡਾਂਟ ਵੀ ਦਿੰਦੇ ਸਨ ਕਿ ਅਜਰ ਨੂੰ ਜਰ ਕੇ ਰੱਖੋ। ਭਾਵੇਂ ਆਪ ਜੀ ਦੀ ਸ੍ਰੀ ਪੂਰਨ ਜੀ ਨਾਲ ਕੁੜਮਾਚਾਰੀ ਸੀ, ਪਰ ਉਹ ਇਸ ਦੁਨੀਆਵੀ ਰਿਸ਼ਤੇਦਾਰੀ ਨਾਲੋਂ ਗੁਰਸਿਖੀ ਦੀ ਸਾਂਝ ਨੂੰ ਜ਼ਿਆਦਾ ਪਹਿਲ ਦਿੰਦੇ ਸਨ। ਉਨ੍ਹਾਂ ਵਲੋਂ ਕੀਤੇ ਆਦੇਸ਼ਾਂ ਦੀ ਹਿਤੋ ਚਿਤੋ ਪਾਲਣਾ ਕਰਦੇ ਸਨ ਅਤੇ ਜਿੱਥੇ ਕਹਿਣ ਉੱਥੇ ਹੀ ਖੜੋ ਜਾਂਦੇ ਸਨ। ਕਦੇ ਵੀ ਉਨ੍ਹਾਂ ਦੇ ਬਰਾਬਰ ਨਾ ਹੀ ਬੈਠਦੇ ਸਨ ਅਤੇ ਨਾ ਹੀ ਕਦੇ ਬਰਾਬਰ ਤੁਰਦੇ ਸਨ। ਉਨ੍ਹਾਂ ਵਲੋਂ ਕਦੇ ਕਦਾਈਂ ਮਾਰੀ ਝਿੜਕ ਦਾ ਗੁੱਸਾ ਵੀ ਨਹੀਂ ਸਨ ਕਰਦੇ।

ਆਪ ਜੀ ਗੁਰਮਤਿ ਦੇ ਪ੍ਰਚਾਰ ਲਈ ਜਿੱਥੇ ਨਿੱਜੀ ਜੀਵਨ ਨੂੰ ਉੱਚਾ ਕਰਨ ਤੇ ਜ਼ੋਰ ਦਿੰਦੇ ਸਨ, ਉੱਥੇ ਗੁਰਮਤਿ ਦੇ ਗਿਆਨ ਦੀ ਸੋਝੀ 'ਤੇ ਵੀ ਜ਼ੋਰ ਦਿੰਦੇ ਸਨ। ਗੁਰਮਤਿ ਦੇ ਗਿਆਨ ਵਿਚ ਵਾਧੇ ਅਤੇ ਸੰਗਤਾਂ ਨੂੰ ਗੁਰਮਤਿ ਮਾਰਗ ਦੀ ਸੇਧ ਦੇਣ ਵਾਸਤੇ, ਗੁਰਮਤਿ ਸਾਹਿਤ ਨੂੰ ਸੰਗਤਾਂ ਵਿਚ ਵੰਡਣ ਦਾ ਉਪਰਾਲਾ ਵੀ ਕਰਦੇ ਰਹਿੰਦੇ ਸਨ। ਪੇਟ ਪੂਰਤੀ ਵਾਲੇ ਲੰਗਰ ਨਾਲੋਂ, ਆਤਮਾ ਦੀ ਖੁਰਾਕ ਰੂਪੀ ਗੁਰਸ਼ਬਦ ਦੇ ਲੰਗਰ ਨੂੰ ਪਹਿਲ ਦਿੰਦੇ ਸਨ। ਆਪ ਦੇ ਦਸਵੰਧ ਦਾ ਵੱਡਾ ਹਿੱਸਾ ਗੁਰਮਤਿ ਸਾਹਿਤ ਦੀ ਪੁਸਤਕਾਂ ਮੁਫਤ ਵੰਡਣ ਤੇ ਖਰਚ ਕਰਦੇ ਸਨ। ਆਪ ਦੀ ਅਗਵਾਈ ਹੇਠ, ਕੁਝ ਗੁਰਸਿੱਖਾਂ ਨੂੰ ਪ੍ਰੇਰ ਕੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀਆਂ ਰਚਿਤ ਪੁਸਤਕਾਂ ਅਤੇ ਹੋਰ ਗੁਰਮਤਿ ਸਾਹਿਤ ਨੂੰ ਸੰਗਤਾਂ ਤਾਈਂ ਅੱਧੇ ਮੁੱਲ 'ਤੇ ਉਪਲਬੱਧ ਕਰਨ ਲਈ, ਇਕ ਸੁਸਾਇਟੀ ਦਾ ਗਠਨ ਵੀ ਕੀਤਾ ਜੋ ਹੁਣ ਤਾਈਂ ਇਹ ਸੇਵਾ ਕਰ ਰਹੀ ਹੈ।

ਆਪ ਜੀ ਨੂੰ ਗੁਰਬਾਣੀ ਦੇ ਪਾਠ ਦੀ ਲਗਨ ਤਾਂ ਬਚਪਨ ਤੋਂ ਹੀ ਲੱਗ ਚੁੱਕੀ ਸੀ। ਹੌਲੀ-ਹੌਲੀ ਬਾਣੀ ਦਾ ਅਭਿਆਸ ਕਰਕੇ, ਸ੍ਰੀ ਪੂਰਨ ਜੀ ਦੀ ਸੰਗਤ ਵਿਚ ਰਹਿ ਕੇ, ਆਪ ਚੰਗੇ ਅਖੰਡ ਪਾਠੀ ਬਣ ਗਏ ਸਨ। ਆਪ ਜੀ ਬੜੀ ਉੱਚੀ ਸੁਰ ਵਿਚ ਵੈਰਾਗ ਤੇ ਮਸਤੀ ਵਿਚ ਪਾਠ ਦੀ ਸੇਵਾ ਕਰਦੇ ਸਨ। ਜਦੋਂ ਉਨ੍ਹਾਂ ਦੇ ਬਰਖੁਰਦਾਰ ਨੇ ਸਾਰੇ ਕਾਰੋਬਾਰ ਦਾ ਕੰਮ ਸੰਭਾਲ ਲਿਆ ਤਾਂ ਆਪ ਨੇ ਸਾਰੀਆਂ ਘਰੇਲੂ ਅਤੇ ਵਪਾਰਕ ਜਿੰਮੇਵਾਰੀਆਂ ਉਸ ਨੂੰ ਦੇ ਕੇ ਦਿਨੇ ਰਾਤ ਨਾਮ ਬਾਣੀ ਦੀ ਕਮਾਈ ਵਿਚ ਜੁੱਟ ਗਏ। ਆਪ ਕਿਹਾ ਕਰਦੇ ਸਨ ਕਿ ਬੱਚੇ ਜਿਤਨੇ ਮਰਜ਼ੀ ਵੱਡੇ ਹੋ ਜਾਣ ਪਰ ਉਨ੍ਹਾਂ ਨੂੰ Supervise ਅਤੇ Guide ਕਰਨਾ ਮਾਪਿਆਂ ਦਾ ਫਰਜ਼ ਹੈ। ਬੱਚਿਆਂ ਦੀਆਂ ਨਿੱਜੀ ਕਾਰਵਾਈਆਂ ਤੇ ਨਜ਼ਰ ਰੱਖਣੀ ਜ਼ਰੂਰੀ ਹੈ ਕਿ ਉਹ ਕਿਸ ਪਾਸੇ ਜਾ ਰਹੇ ਹਨ ? ਕਿਤੇ ਮਾਇਆ ਦੇ ਪ੍ਰਭਾਵ ਹੇਠ ਗੁਰਮਤਿ ਮਾਰਗ ਛੱਡ ਕੇ ਮਨਮੁੱਖਾਂ ਦੀ ਸੰਗਤ ਦਾ ਅਸਰ ਤਾਂ ਨਹੀਂ ਕਬੂਲ ਰਹੇ।

ਜਥੇ ਦੀ ਮੁੱਢ ਤੋਂ ਇਹ ਪ੍ਰੰਪਰਾ ਰਹੀ ਹੈ ਕਿ ਅੰਮ੍ਰਿਤ ਸੰਚਾਰ ਦੀ ਸੇਵਾ ਵਿਚ ਜੋਤਿ ਵਿਗਾਸੀ, ਉੱਚੀ ਸੁੱਚੀ ਕਰਣੀ ਵਾਲੇ ਰਹਿਤ-ਬਹਿਤ ਦੇ ਪੱਕੇ ਧਾਰਨੀ, ਨਾਮ ਅਭਿਆਸੀ ਤੇ ਸੱਚੀ ਸੁੱਚੀ ਧਰਮ ਦੀ ਕਿਰਤ ਕਰਨ ਵਾਲਿਆਂ ਨੂੰ ਪੰਚਾਂ ਦੀ ਸੇਵਾ ਵਿਚ ਲਿਆ ਜਾਂਦਾ ਸੀ। ਇਸੇ ਕਰਕੇ ਪੰਚਾਂ ਦੇ ਸੇਵਾ ਵਿਚ ਜ਼ਿਆਦਾ ਤਰ ਫੌਜੀ, ਨੌਕਰੀ ਪੇਸ਼ਾ, ਪਿੰਡਾਂ ਵਿਚ ਖੇਤੀ ਦਾ ਧੰਧਾ ਕਰਨ ਵਾਲੇ ਸਿੰਘ ਸ਼ਾਮਿਲ ਕੀਤੇ ਜਾਂਦੇ ਸਨ। ਸੰਗਤਾਂ ਦੇ ਦਸਵੰਧ ਰੂਪੀ ਪੂਜਾ ਦਾ ਧਾਨ-ਖਾਣ ਅਤੇ ਪਰ-ਧਨ ਤੇ ਟੇਕ ਰੱਖਣ ਵਾਲੇ ਇਸ ਸੇਵਾ ਦੇ ਯੋਗ ਨਹੀਂ ਸਨ ਸਮਝੇ ਜਾਂਦੇ। ਵਪਾਰੀ ਜਾਂ ਕਾਰੋਬਾਰ ਕਰਨ ਵਾਲੇ ਗੁਰਮੁਖ ਭਾਵੇਂ ਜਿਤਨੀ ਮਰਜ਼ੀ ਉੱਚੀ ਅਵਸਥਾ ਵਾਲੇ ਹੋਣ ਪਰ ਉਨ੍ਹਾਂ ਦੀ ਕ੍ਰਿਤ ਸੱਚੀ ਸੁੱਚੀ ਨਾ ਹੋਣ ਕਾਰਨ ਉਨ੍ਹਾਂ ਨੂੰ



www.AKJ.Org

ਇਸ ਸੇਵਾ ਵਿਚ ਸ਼ਾਮਿਲ ਕਰਨ ਤੋਂ ਸੰਕੋਚ ਕੀਤਾ ਜਾਂਦਾ ਸੀ ਕਿਉਂਕਿ ਵਾਪਾਰ ਦਾ ਕਾਰੋਬਾਰ ਝੂਠ ਅਤੇ ਟੈਕਸ ਤੋਂ ਚੋਰੀ ਤੋਂ ਬਿਨ੍ਹਾਂ ਨਹੀਂ ਚਲ ਸਕਦਾ। ਪਰ ਕਿਸੇ ਖਾਸ ਮਜ਼ਬੂਰੀ ਕਾਰਨ ਜਦੋਂ ਅੰਮ੍ਰਿਤ ਸੰਚਾਰ ਵਾਸਤੇ ਹੋਰ ਯੋਗ ਸਿੰਘ ਨਾ ਮਿਲਣ ਤਾਂ ਬੀਬੀਆਂ ਜਾਂ ਕਾਰੋਬਾਰੀ ਸਿੰਘਾਂ ਨੂੰ ਵੀ ਸ਼ਾਮਿਲ ਕਰ ਲਿਆ ਜਾਂਦਾ ਸੀ। ਸ੍ਰੀ ਪੂਰਨ ਜੀ ਦੀ ਹਿਦਾਇਤ ਤੇ ਆਪ ਕਾਰੋਬਾਰ ਇਕ ਪੱਕੇ ਬੰਨੇ ਰੇਟ 'ਤੇ ਹੀ ਕਰਦੇ ਸਨ ਅਤੇ ਆਮ ਵਾਪਾਰੀਆਂ ਵਾਂਗ ਘੱਟ ਵੱਧ ਨਹੀਂ ਸੀ ਕਰਦੇ। ਸਾਰਾ ਕਾਰੋਬਾਰ ਵੀ ਪਾਰਦਰਸ਼ੀ ਤਰੀਕੇ ਨਾਲ ਕਰਦੇ ਸਨ ਤੇ ਸਰਕਾਰ ਨੂੰ ਪੂਰਾ ਟੈਕਸ ਭਰਦੇ ਸਨ। ਇਸੇ ਕਾਰਨ ਸ੍ਰੀ ਪੂਰਨ ਦਾਰ ਜੀ ਆਪ ਜੀ ਨੂੰ ਪੰਚਾਂ ਦੀ ਸੇਵਾ ਵਿਚ ਸ਼ਾਮਿਲ ਕਰ ਲੈਂਦੇ ਸਨ ਅਤੇ ਇਹ ਸੇਵਾ ਆਪ ਜੀ ਨੇ ਆਪਣੀ ਆਯੂ ਦੇ ਅਖੀਰ ਤਾਈਂ ਨਿਬਾਹੀ। ਸ੍ਰੀ ਪੂਰਨ ਜੀ ਦੀ ਚੜ੍ਹਾਈ ਕਰਨ ਤੋਂ ਬਾਅਦ ਆਪ ਨੇ ਜਿੱਥੇ ਸੰਗਤੀ ਅੰਮ੍ਰਿਤ ਵੇਲੇ ਸਮਾਗਮਾਂ, ਯਾਤਰਾਵਾਂ ਦੀ ਅਗਵਾਈ ਕੀਤੀ, ਉੱਥੇ ਅੰਮ੍ਰਿਤ ਸੰਚਾਰ ਸਮੇਂ ਜਥੇਦਾਰੀ ਦੀ ਸੇਵਾ ਵੀ ਨਿਭਾਉਂਦੇ ਰਹੇ।

ਆਪ ਜੀ, ਰੋਜ਼ਾਨਾ ਰਾਤ ਨੂੰ ਕੁਝ ਸਮਾਂ ਆਰਾਮ ਕਰਕੇ ਇਸ਼ਨਾਨ ਅਤੇ ਸਰੀਰਕ ਕਿਰਿਆ ਸੋਧ ਕੇ, ਸ੍ਰੀ ਪੂਰਨ ਜੀ ਦੇ ਤਿਆਰ ਹੋਣ ਤੋਂ ਪਹਿਲਾਂ ਉਨ੍ਹਾਂ ਦੇ ਘਰ ਅੱਗੇ ਪਹੁੰਚ ਜਾਂਦੇ ਸਨ। ਫਿਰ ਉਨ੍ਹਾਂ ਦੇ ਸੰਗ ਸਾਥ, ਸੰਗਤੀ ਅੰਮ੍ਰਿਤ ਵੇਲੇ ਤੋਂ ਬਾਅਦ ਸ੍ਰੀ ਦਰਬਾਰ ਸਾਹਿਬ ਜੀ ਦੀ ਰੋਜ਼ਾਨਾ ਹਾਜ਼ਰੀ ਭਰਦੇ ਤੇ ਉਨ੍ਹਾਂ ਦੇ ਨਾਲ ਹੀ ਉਨ੍ਹਾਂ ਦੇ ਗ੍ਰਹਿ ਵਿਖੇ ਪਹੁੰਚ ਜਾਂਦੇ। ਜੇ ਅੰਮ੍ਰਿਤ ਵੇਲਾ ਸ੍ਰੀ ਦਰਬਾਰ ਸਾਹਿਬ ਜੀ ਤੋਂ ਬਾਹਰ ਹੋਵੇ ਤਾਂ ਪੂਰੀ ਸਮਾਪਤੀ ਤੋਂ ਬਾਅਦ ਉਨ੍ਹਾਂ ਦੇ ਨਾਲ ਹੀ ਘਰ ਤਾਈਂ ਜਾਂਦੇ। ਉੱਥੇ ਕੁਝ ਸਮਾਂ ਪੰਥਕ, ਜਥੇ ਜਾਂ ਸਮਾਗਮਾਂ ਅਤੇ ਪ੍ਰੀਵਾਰਕ ਮਸਲਿਆਂ ਸੰਬੰਧੀ ਵਿਚਾਰ ਕਰਕੇ ਘਰ ਆ ਕੇ ਗੁਰੂ ਸਾਹਿਬ ਜੀ ਦੇ ਪ੍ਰਕਾਸ਼ ਕਰਦੇ। ਫਿਰ ਸ੍ਰੀ ਦਰਬਾਰ ਸਾਹਿਬ ਜੀ ਤੋਂ ਆ ਰਹੇ ਹੁਕਮਨਾਮੇ ਨੂੰ ਰੇਡੀਓ ਜਾਂ ਟੀ.ਵੀ. ਰਾਹੀਂ ਸੁਣਦੇ। ਕੁਝ ਹਲਕਾ ਨਾਸ਼ਤਾ ਕਰਨ ਤੋਂ ਬਾਅਦ ਆਰਾਮ ਕਰਦੇ। ਫਿਰ ਦਿਨ ਦੇ ਵੇਲੇ ਸਹਿਜ ਪਾਠ ਅਤੇ ਗੁਰਮਤਿ ਸਾਹਿਤ ਦੀਆਂ ਪੁਸਤਕਾਂ ਪੜਦੇ ਜਾਂ ਸਮਾਗਮਾਂ/ਸ੍ਰੀ ਅਖੰਡ ਪਾਠ ਸੰਬੰਧੀ ਕੁਝ ਗੁਰਸਿਖਾਂ ਨਾਲ ਵਿਚਾਰ ਵਟਾਂਦਰਾ ਕਰਦੇ। ਅੰਮ੍ਰਿਤ ਵੇਲੇ ਦੀ ਸੰਭਾਲ ਨੂੰ ਮੁੱਖ ਰੱਖ ਕੇ ਰਾਤ ਨੂੰ ਜਲਦੀ ਆਰਾਮ ਕਰਨ ਲੱਗ ਪੈਂਦੇ। ਫਾਲਤੂ ਸੰਸਾਰਕ ਗੱਲਾਂ ਤੋਂ ਹਮੇਸ਼ਾਂ ਸੰਕੋਚ ਕਰਦੇ ਸਨ।

ਆਪ ਜੀ ਨੂੰ ਆਮ ਤੌਰ ਤੇ ਕਬਜ਼ੀ ਅਤੇ ਪੇਟ ਦੀਆਂ ਬੀਮਾਰੀਆਂ ਦਾ ਸਾਹਮਣਾ ਕਰਨਾ ਪੈਂਦਾ ਰਿਹਾ ਹੈ। ਆਖਰੀ ਆਯੂ ਵਿਚ ਗੋਡਿਆਂ ਦੀ ਦਰਦ ਵੀ ਤੰਗ ਕਰਨ ਲੱਗ ਪਈ ਸੀ। ਆਪ ਜੀ ਨੂੰ ਆਪਣੇ ਹੋਣਹਾਰ ਨੌਜਵਾਨ ਸਪੁੱਤਰ ਭਾਈ ਕੁਲਜੀਤ ਸਿੰਘ ਜੀ ਦੇ ਜੁਲਾਈ 2012 ਵਿਚ ਅਚਨਚੇਤ ਚੜ੍ਹਾਈ ਕਰਨ ਦਾ ਸਦਮਾ ਵੀ ਸਹਿਣਾ ਪਿਆ। ਪਰ ਆਪ ਜੀ ਨਾਮ ਬਾਣੀ ਦੇ ਆਸਰੇ ਇਸ ਬਿਖਮ ਸਮੇਂ ਨਹੀਂ ਡੋਲੇ ਅਤੇ ਗੁਰੂ ਭਾਣੇ ਵਿਚ ਹੀ ਰਹੇ। ਫਿਰ ਜੁਲਾਈ/ਅਗਸਤ 2013 ਵਿਚ ਆਪ ਜੀ ਨੂੰ ਕੈਂਸਰ ਦੀ ਨਾ ਮੁਰਾਦ ਬੀਮਾਰੀ ਨੇ ਆ ਘੇਰਿਆ। ਪਰ ਫਿਰ ਵੀ ਆਪ ਜੀ ਆਯੂ ਦੇ ਅਖ਼ੀਰਲੇ ਦਿਨ ਤਾਈਂ ਰੋਜ਼ਾਨਾ ਅੰਮ੍ਰਿਤ ਵੇਲੇ ਦੀ ਸੰਭਾਲ ਕਰਦੇ ਰਹੇ ਅਤੇ ਸਰੀਰਕ ਕਮਜੋਰੀ ਹੋਣ ਦੇ ਬਾਵਜੂਦ ਬਰੇਲੀ ਅਤੇ ਦਿੱਲੀ ਸਮਾਗਮਾਂ ਤੇ ਪਹੁੰਚ ਕੇ ਨਾਮ ਬਾਣੀ ਦੇ ਲਾਹੇ ਲੈਂਦੇ ਰਹੇ। ਬੀਮਾਰੀ ਦੌਰਾਨ ਸੰਗਤਾਂ ਵਲੋਂ ਨਿਰੰਤਰ ਗੁਰਬਾਣੀ ਦੇ ਪਾਠ ਤੇ ਸ੍ਰੀ ਅਖੰਡ ਪਾਠ ਸਮਾਗਮ ਆਪਦੀ ਚੜਦੀ ਕਲਾ ਲਈ ਆਪ ਦੇ ਗ੍ਰਹਿ ਵਿਖੇ ਹੀ ਹੁੰਦੇ ਰਹੇ। ਆਪ ਜੀ ਨੇ ਚੜ੍ਹਾਈ ਕਰਨ ਵਾਲੀ ਰਾਤ ਤੋਂ ਇਕ ਦਿਨ ਪਹਿਲਾਂ ਹੀ ਘਰ ਵਿਚ ਚਲ ਰਹੇ ਸ੍ਰੀ ਅਖੰਡ ਪਾਠ ਤੇ ਅੰਮ੍ਰਿਤ ਵੇਲੇ ਦੀ ਹਾਜ਼ਰੀ ਭਰੀ, ਭਾਵੇਂ ਸੰਗਤ ਵਿਚ ਲੰਮੇ ਹੀ ਪਏ ਰਹੇ। ਮਿਤੀ 3 ਨਵੰਬਰ 2013 ਨੂੰ ਇਹ ਗੁਰਮੁਖ ਪਿਆਰੀ ਰੂਹ, ਰਾਤ 10 ਵਜੇ ਅੰਮ੍ਰਿਤ ਵੇਲੇ ਜਾਣ ਦੀ ਤਿਆਰੀ ਵੇਲੇ ਗੁਰੂ ਚਰਨਾਂ ਵਿਚ ਜਾ ਬਿਰਾਜੀ।



www.AKJ.Org

# ਭਾਈ ਹਰਬੰਸ ਸਿੰਘ ਜੀ, ਸਾਸਾਰਾਮ (ਸ੍ਰੀ ਅੰਮ੍ਰਿਤਸਰ)

ਭਾਈ ਗੁਰਦੀਪ ਸਿੰਘ ਸ੍ਰੀ ਅੰਮ੍ਰਿਤਸਰ

ਭਾਈ ਮਾਨ ਸਿੰਘ ਜੀ ਤੋਂ ਬਾਅਦ, ਸ੍ਰੀ ਪੂਰਨ ਜੀ ਦੇ ਦੂਸਰੇ ਅਤਿ ਨਿਕਟਵਰਤੀ ਗੁਰਸਿੱਖ, ਸੇਵਾ ਤੇ ਨਿਮਰਤਾ ਦੇ ਪੁੰਜ, ਦਾਸਨ ਦਾਸ ਹੋ ਕੇ ਵਿਚਰੇ ਭਾਈ ਹਰਬੰਸ ਸਿੰਘ ਜੀ ਦਾ ਜਨਮ ਸੰਨ 1940 ਵਿਚ ਜੰਮੂ-ਕਸ਼ਮੀਰ ਦੀ ਪੁਨਛ ਰਿਆਸਤ ਦੇ ਪਿੰਡ ਸ਼ੰਭ ਵਿਚ ਪਿਤਾ ਸ. ਨਾਨਕ ਸਿੰਘ ਦੇ ਘਰ ਮਾਤਾ ਮਾਇਆ ਕੌਰ ਜੀ ਦੀ ਕੁਖੋਂ ਹੋਇਆ। ਆਪ ਅਜੇ 7 ਕੁ ਸਾਲ ਦੀ ਉਮਰ ਦੇ ਹੀ ਸਨ ਕਿ ਪਾਕਿਸਤਾਨ ਬਣਨ ਵੇਲੇ ਹੋਏ ਘਲੂਘਾਰੇ ਦੌਰਾਨ, ਆਪ ਜੀ ਦੇ ਪਿਤਾ ਜੀ ਚੜ੍ਹਾਈ ਕਰ ਗਏ। ਆਪ ਜੀ ਅੱਠ ਭਰਾ ਅਤੇ ਇਕ ਭੈਣ ਸਨ। ਪਹਿਲਾਂ ਇਹ ਪ੍ਰੀਵਾਰ ਪਾਕਿਸਤਾਨ ਤੋਂ ਉੱਜੜ ਕੇ ਕਾਨਪੁਰ ਯੂ.ਪੀ. ਵਿਚ ਆ ਕੇ ਵੱਸਿਆ ਤੇ ਫਿਰ ਸਾਸਾਰਾਮ (ਬਿਹਾਰ) ਵਿਚ ਚਲੇ ਗਏ। ਉੱਥੇ ਹੀ ਆਪ ਜੀ ਨੇ ਪੰਜਵੀਂ ਜਮਾਤ ਤਾਈਂ ਸੰਸਾਰਕ ਵਿਦਿਆ ਲਈ। ਗੁਰਮੁਖੀ ਤੇ ਗੁਰਬਾਣੀ ਦਾ ਪਾਠ ਗੁਰਦੁਆਰੇ ਦੇ ਗ੍ਰੰਥੀ ਤੋਂ ਸਿੱਖਿਆ। ਆਪ ਜੀ ਨੂੰ ਗੁਰਸਿਖੀ ਦੀ ਲਗਨ ਅਤੇ ਪ੍ਰੇਮ ਆਪਣੀ ਦਾਦੀ ਤੋਂ ਲੱਗਾ ਜੋ ਹਰ ਰੋਜ਼ ਆਪ ਵੀ ਗੁਰਦੁਆਰੇ ਦੀ ਹਾਜ਼ਰੀ ਭਰਦੇ ਸਨ ਤੇ ਆਪ ਜੀ ਨੂੰ ਵੀ ਨਾਲ ਲੈ ਕੇ ਜਾਂਦੇ ਸਨ। ਸਾਸਾਰਾਮ ਵਿਚ ਹੀ ਆਪ ਜੀ ਨੇ, ਥੋੜ੍ਹੀ ਹੋਸ਼ ਸੰਭਾਲਣ ਤੇ, ਵੱਡੇ ਭਰਾਵਾਂ ਨਾਲ, ਛੋਟੀ ਜਿਹੀ ਕਰਿਆਨੇ ਦੀ ਦੁਕਾਨ ਦਾ ਕੰਮ ਸ਼ੁਰੂ ਕਰ ਲਿਆ ਤਾਂ ਕਿ ਰੋਜ਼ੀ ਰੋਟੀ ਦਾ ਕੋਈ ਸਾਧਨ ਬਣ ਸਕੇ। ਆਪ ਜੀ ਨੇ ਦੁਕਾਨਦਾਰੀ ਦਾ ਕਾਰੋਬਾਰ ਬਹੁਤ ਈਮਾਨਦਾਰੀ ਤੇ ਝੂਠ ਤੋਂ ਬੱਚ ਕੇ ਕੀਤਾ। ਹੱਕ ਹਲਾਲ ਦੀ ਹੀ ਕਿਰਤ ਕਮਾਈ ਕੀਤੀ ਅਤੇ ਪ੍ਰੀਵਾਰ ਦੀ ਪਾਲਣਾ ਪੋਸ਼ਣਾ ਗਰੀਬੀ ਹਲੀਮੀ ਵਿਚ ਰਹਿ ਕੇ ਕੀਤੀ।

ਸੰਨ 1957 ਵਿਚ ਆਪ ਜੀ ਦਾ ਅਨੰਦ-ਕਾਰਜ ਬੀਬੀ ਹਰਨਾਮ ਕੌਰ ਜੀ ਕਾਨਪੁਰ ਨਿਵਾਸੀ ਨਾਲ ਹੋਇਆ। ਬੀਬੀ ਜੀ ਦਾ ਪ੍ਰੀਵਾਰ ਵੀ ਗੁਰੂ ਘਰ ਦਾ ਸ਼ਰਧਾਲੂ ਅਤੇ ਪ੍ਰੇਮੀ ਸੀ। ਉਨ੍ਹਾਂ ਨੂੰ ਵੀ ਗੁਰਸਿੱਖੀ ਦਾ ਪਿਆਰ, ਲਗਨ ਬਚਪਨ ਤੋਂ ਹੀ ਮਾਤਾ-ਪਿਤਾ ਤੋਂ ਮਿਲਿਆ ਹੋਇਆ ਸੀ ਅਤੇ ਆਪ ਨਾਮ ਗੁਰਬਾਣੀ ਨਾਲ ਰੰਗੇ ਹੋਏ ਸਨ। ਆਪ ਜੀ ਨੂੰ ਗੁਰਬਾਣੀ ਦੇ ਪਾਠ ਦਾ ਬੋਧ ਸੀ ਅਤੇ ਅਖੰਡ-ਪਾਠੀ ਵੀ ਸਨ। ਆਪ ਜੀ ਨੂੰ ਨਿਤਨੇਮ ਦੀਆਂ ਬਾਣੀਆਂ ਤੋਂ ਇਲਾਵਾ ਸ੍ਰੀ ਸੁਖਮਨੀ ਸਾਹਿਬ, ਬਾਰਹਮਾਹਾ ਤੁਖਾਰੀ ਛੰਤ ਅਤੇ ਹੋਰ ਬੇਅੰਤ ਬਾਣੀਆਂ ਕੰਠ ਸਨ। ਆਪ ਜੀ ਦੀ ਆਵਾਜ਼ ਵੀ ਬਹੁਤ ਸੁਰੀਲੀ ਸੀ ਅਤੇ ਬੜੀ ਤੇਜ਼ ਚਾਲ ਵਿਚ ਬਾਣੀਆਂ ਦੇ ਪਾਠ ਦੇ ਅੱਖਰ-ਅੱਖਰ ਨੂੰ ਸਪੱਸ਼ਟ ਕਰਕੇ ਬਿਰਹੋਂ-ਵੈਰਾਗ ਅਤੇ ਰੰਗਾਂ ਵਿਚ ਪਾਠ ਕਰਦੇ ਸਨ। ਸੰਗਤੀ ਅੰਮ੍ਰਿਤ ਵੇਲੇ ਵਿਚ ਸ੍ਰੀ ਪੂਰਨ ਜੀ ਦੇ ਸਾਥ ਜਦੋਂ ਇਹ ਬੀਬੀ ਪਾਠ ਕਰਦੀ ਸੀ ਤਾਂ ਸਰੋਤੇ ਪਾਠ ਸੁਣ ਕੇ ਮੁਗਧ ਮੰਤ੍ਰ ਹੋ ਜਾਂਦੇ ਸਨ। ਸਿਹਤ ਠੀਕ ਰਹਿਣ ਤਾਈਂ ਸ੍ਰੀ ਅਖੰਡ ਪਾਠ ਦੀ ਸੇਵਾ ਚਲੰਤ ਚਾਲ ਵਿਚ ਸਾਫ ਤੇ ਸਪੱਸ਼ਟ ਕਰਕੇ ਕਰਦੇ ਰਹੇ ਹਨ। ਆਪ ਜੀ ਦੇ ਘਰ ਚਾਰ ਸਪੁੱਤਰਾਂ ਤੇ ਤਿੰਨ ਸਪੁੱਤਰੀਆਂ ਨੇ ਜਨਮ ਲਿਆ। ਆਪ ਜੀ ਦੇ ਸਾਰੇ ਬੱਚੇ ਬੱਚੀਆਂ ਨੂੰਹਾਂ/ਧੀਆਂ ਅਤੇ ਅਗੋਂ ਉਨ੍ਹਾਂ ਦੇ ਬੱਚੇ/ਬੱਚੀਆਂ ਅੰਮ੍ਰਿਤਧਾਰੀ, ਕੇਸਕੀ ਰਹਿਤ-ਬਹਿਤ ਦੇ ਧਾਰਨੀ, ਕੀਰਤਨੀ, ਅਖੰਡ-ਪਾਠੀ ਤੇ ਨਾਮ ਬਾਣੀ ਦੇ ਰਸੀਏ ਹਨ। ਸ੍ਰੀ ਪੂਰਨ ਜੀ ਦੀ ਸੰਗਤ ਅਤੇ ਪ੍ਰੇਰਨਾ ਸਦਕਾ ਸਾਰਾ ਪ੍ਰੀਵਾਰ ਅੰਮ੍ਰਿਤ ਵੇਲੇ ਦੀ ਸੰਭਾਲ ਦਾ ਪੱਕਾ ਨੇਮੀ ਹੈ। ਇਸ ਸਾਰੇ ਪ੍ਰੀਵਾਰ ਨੇ ਸ੍ਰੀ ਪੂਰਨ ਜੀ ਦੇ ਭੁਜੰਗੀਆਂ ਦੇ ਚੜ੍ਹਾਈ ਕਰਨ ਤੋਂ ਬਾਅਦ, ਉਨ੍ਹਾਂ ਦੀ ਰੱਜ ਕੇ ਅਣਥੱਕ ਸੇਵਾ ਕੀਤੀ।

ਦਾਦੀ ਜੀ ਸੰਗਤ ਕਰਕੇ ਗੁਰਸਿੱਖੀ ਦਾ ਪ੍ਰੇਮ ਤੇ ਲਗਨ ਬਚਪਨ ਵਿਚ ਹੀ ਲੱਗ ਗਿਆ ਸੀ ਅਤੇ ਆਪ ਜੀ ਨੇ ਅੰਮ੍ਰਿਤ ਦੀ ਦਾਤ ਵੀ ਪ੍ਰਾਪਤ ਕਰ ਲਈ ਸੀ। ਭਾਈ ਜਗਜੀਤ ਸਿੰਘ ਦੀ ਮੁਗਲ ਸਰਾਏ ਵਾਲੇ ਰੇਲ ਗੱਡੀ ਵਿਚ ਛੋਲਿਆਂ ਦੀ ਘੁੰਗਣੀਆਂ ਅਤੇ ਬਰਫੀ ਦੇ ਪੇੜੇ ਵੇਚਦੇ ਹੁੰਦੇ ਸਨ। ਪਹਿਲਾਂ ਉਹ ਮੁਗਲਸਰਾਏ ਤੇ ਧੰਨਬਾਦ ਦੇ ਵਿਚਕਾਰ ਆਉਂਦੇ ਜਾਂਦੇ ਸਨ ਤੇ ਬਾਅਦ ਵਿਚ ਮੁਗਲਸਰਾਏ ਤੋਂ ਡੇਅਰੀ ਆਨ ਸੋਨ ਦੇ ਵਿਚਕਾਰ ਹੀ ਰੋਜ਼ਾਨਾ ਆਪਣੇ ਕਾਰੋਬਾਰ ਦੇ ਸਿਲਸਿਲੇ ਵਿਚ ਆਉਣ ਜਾਣ ਲੱਗ ਪਏ। ਆਪ ਜੀ ਵੀ ਦੁਕਾਨਦਾਰੀ ਦੇ ਸਮਾਨ ਦੀ ਖਰੀਦ ਵਾਸਤੇ ਮੁਗਲਸਰਾਏ ਜਾਂ



www.AKJ.Org

ਡੇਅਰੀ ਆਨ ਸੋਨ ਜਾਂਦੇ ਰਹਿੰਦੇ ਸਨ। ਇਸ ਤਰ੍ਹਾਂ ਆਪ ਜੀ ਦਾ ਮੇਲ ਉਨ੍ਹਾਂ ਨਾਲ ਰੇਲ ਗੱਡੀ ਵਿਚ ਹੀ ਹੋ ਗਿਆ ਤੇ ਫਿਰ ਘਰ ਆਉਣਾ ਜਾਣਾ ਸ਼ੁਰੂ ਹੋ ਗਿਆ। ਉਨ੍ਹਾਂ ਦੀ ਸੰਗਤ ਕਰਕੇ ਆਪ ਜੀ ਦਾ ਮੇਲ ਭਾਈ ਮਾਨ ਸਿੰਘ ਜੀ ਧੰਨਬਾਦ ਅਤੇ ਉਸ ਇਲਾਕੇ ਦੇ ਹੋਰ ਸਿੰਘਾਂ ਨਾਲ ਹੋ ਗਿਆ। ਇਸ ਤਰ੍ਹਾਂ ਆਪ ਜੀ ਨੂੰ ਸੰਗਤੀ ਅੰਮ੍ਰਿਤ ਵੇਲੇ ਦੇ ਸਮਾਗਮਾਂ ਅਤੇ ਰੈਣ ਸਬਾਈ ਕੀਰਤਨਾਂ ਦੀ ਹਾਜ਼ਰੀ ਭਰਨ ਦਾ ਸੁਭਾਗ ਪ੍ਰਾਪਤ ਹੋ ਗਿਆ। ਸੰਗਤ ਵਿਚ ਵਿਚਰਨ ਤੋਂ ਜਲਦੀ ਹੀ ਬਾਅਦ ਸੰਨ 1976 ਵਿਚ ਆਪ ਜੀ ਸਿੰਘਣੀ ਸਮੇਤ ਪੰਚਾਂ ਕੋਲੋਂ ਨਾਮ ਦ੍ਰਿੜ ਕਰਵਾ ਕੇ ਰਹਿਤ-ਬਹਿਤ ਦੇ ਪੱਕੀ ਧਾਰਨੀ ਹੋ ਗਏ ਅਤੇ ਨਾਮ ਬਾਣੀ ਦੇ ਲਾਹੇ ਪ੍ਰਾਪਤ ਕਰਨੇ ਸ਼ੁਰੂ ਕਰ ਦਿੱਤੇ। ਭਾਈ ਮਾਨ ਸਿੰਘ ਜੀ ਅਤੇ ਸੰਗਤਾਂ ਨੂੰ ਸੱਦੇ ਭੇਜ ਕੇ ਸਾਸਾਰਾਮ ਵਿਚ ਹੀ ਸ੍ਰੀ ਅਖੰਡ-ਪਾਠ, ਕੀਰਤਨ ਅਤੇ ਅੰਮ੍ਰਿਤ ਵੇਲੇ ਦੇ ਸਮਾਗਮ ਰਚਾਉਣ ਲੱਗ ਪਏ।

ਸੰਨ 1975 ਵਿਚ ਸ੍ਰੀ ਪੂਰਨ ਜੀ ਦੀ ਬਦਲੀ ਕਲਕੱਤੇ ਹੋ ਗਈ ਅਤੇ ਉੱਥੇ ਵੀ ਅੰਮ੍ਰਿਤ ਵੇਲੇ ਦਿਵਸ ਸੁਹੇਲੇ, ਅਤੇ ਰੈਣ ਸਬਾਈ ਕੀਰਤਨ ਹੋਣੇ ਸ਼ੁਰੂ ਹੋ ਗਏ। ਭਾਈ ਮਾਨ ਸਿੰਘ ਜੀ ਦੀ ਸੰਗਤ ਨਾਲ ਆਪ ਜੀ ਦਾ ਮੇਲ ਸ੍ਰੀ ਪੂਰਨ ਜੀ ਨਾਲ ਹੋ ਗਿਆ। ਸ੍ਰੀ ਪੂਰਨ ਜੀ ਵਲੋਂ ਕਲਕੱਤੇ ਤੋਂ ਇਲਾਵਾ ਪੂਰਬੀ ਭਾਰਤ ਦੇ ਸ਼ਹਿਰਾਂ ਵਿਚ ਵੀ ਸੰਗਤੀ ਅੰਮ੍ਰਿਤ ਵੇਲੇ, ਸ੍ਰੀ ਅਖੰਡ ਪਾਠ ਅਤੇ ਰੈਣ ਸਬਾਈ ਕੀਰਤਨ ਸਮਾਗਮ ਆਰੰਭ ਹੋ ਗਏ ਅਤੇ ਆਪ ਜੀ ਪ੍ਰੀਵਾਰ ਸਮੇਤ ਹਰ ਥਾਂ ਇੰਨ੍ਹਾਂ ਸਮਾਗਮਾਂ ਦੇ ਪਹੁੰਚ ਕੇ ਨਾਮ ਬਾਣੀ ਦੇ ਲਾਹੇ ਲੈਂਦੇ ਰਹੇ। ਇਸ ਦੇ ਨਾਲ ਹੀ ਦੇਗ ਸਜਾਉਣ ਤੇ ਲੰਗਰ ਦੀ ਸੇਵਾ ਵੀ ਸਿੰਘਣੀ ਨਾਲ ਮਿਲ ਕੇ ਸੁਚੱਜੇ ਢੰਗ ਨਾਲ ਨਿਭਾਉਂਦੇ ਤੇ ਸੰਗਤ ਦੀਆਂ ਖੁਸ਼ੀਆਂ ਲੈਂਦੇ। ਇਸ ਤੋਂ ਬਾਅਦ ਆਪ ਸ੍ਰੀ ਪੂਰਨ ਜੀ ਨਾਲ ਇਸ ਤਰ੍ਹਾਂ ਜੁੜ ਗਏ ਕਿ ਹਰ ਸਮਾਗਮ, ਯਾਤਰਾ ਤੇ ਹਾਜ਼ਰੀ ਭਰ ਕੇ ਆਖਰੀ ਸਵਾਸ ਤਾਈਂ ਉਨ੍ਹਾਂ ਦਾ ਸਾਥ ਨਿਭਾਇਆ। ਸੰਨ 1980 ਵਿਚ ਕਲਕੱਤੇ ਤੋਂ ਸ੍ਰੀ ਹਜ਼ੂਰ ਸਾਹਿਬ ਅਤੇ ਬੰਬਈ ਯਾਤਰਾ ਤੇ ਵੀ ਉਨ੍ਹਾਂ ਨਾਲ ਰਹੇ। ਉਨ੍ਹਾਂ ਦੇ ਕਲਕੱਤੇ ਤੋਂ ਬਦਲੀ ਹੋਣ ਤੋਂ ਬਾਅਦ ਵੀ, ਭਾਈ ਮਾਨ ਸਿੰਘ ਜੀ ਨਾਲ ਮਿਲ ਕੇ ਉਨ੍ਹਾਂ ਨਾਲ ਜੁੜੇ ਰਹੇ। ਅਪ੍ਰੈਲ 1982 ਵਿਚ ਉਨ੍ਹਾਂ ਦੇ ਭੁਜੰਗੀਆਂ ਦੇ ਚੜ੍ਹਾਈ ਕਰ ਜਾਣ ਤੇ 10-12 ਦਿਨ ਸਿੰਘਣੀ ਸਮੇਤ ਫਰੀਦਾਬਾਦ ਰਹੇ ਅਤੇ ਉੱਥੇ ਹਰ ਤਰ੍ਹਾਂ ਦੇ ਪ੍ਰਬੰਧ ਵਿਚ ਸਹਿਯੋਗ ਦਿੱਤਾ। ਸ੍ਰੀ ਪੂਰਨ ਜੀ ਦੀ ਮਈ 1984 ਤੋਂ ਅੱਧ ਜੁਲਾਈ ਤੱਕ ਪੂਰਬੀ ਭਾਰਤ ਦੀ ਯਾਤਰਾ ਵੇਲੇ ਵੀ ਆਪ ਹਰ ਸਮਾਗਮ 'ਤੇ ਪਹੁੰਚਦੇ ਰਹੇ। ਉਸ ਯਾਤਰਾ ਵੇਲੇ ਸ੍ਰੀ ਪੂਰਨ ਜੀ ਆਪ ਦੇ ਗ੍ਰਿਹ ਵਿਖੇ ਸੰਗਤਾਂ ਸਮੇਤ ਇਕ ਹਫਤੇ ਰਹੇ। ਉਥੇ ਦੋ ਸ੍ਰੀ ਅਖੰਡ ਪਾਠ, ਸੰਗਤੀ ਅੰਮ੍ਰਿਤ ਵੇਲਾ ਤੋਂ ਇਲਾਵਾ ਪਹਿਲੀ ਪਾਤਸ਼ਾਹੀ ਤੇ ਨੌਵੀਂ ਪਾਤਸ਼ਾਹੀ ਦੇ ਇਤਿਹਾਸਕ ਗੁਰ ਅਸਥਾਨਾਂ ਤੇ ਕੀਰਤਨ ਸਮਾਗਮ ਵੀ ਹੋਏ।

ਨਵੰਬਰ 1984 ਵਿਚ ਦੇਸ਼ ਭਰ ਵਿਚ ਹੋਏ ਸਿੱਖਾਂ ਦੇ ਕਤਲੇਆਮ ਤੋਂ ਬਾਅਦ ਆਪ ਜੀ ਪ੍ਰੀਵਾਰ ਸਮੇਤ, ਸ੍ਰੀ ਪੂਰਨ ਜੀ ਦੇ ਪ੍ਰੇਮ ਸਦਕਾ ਅਤੇ ਉਨ੍ਹਾਂ ਦੀ ਸੰਗਤ ਦਾ ਲਾਹਾ ਲੈਣ ਖਾਤਰ, ਸ੍ਰੀ ਅੰਮ੍ਰਿਤਸਰ ਆ ਕੇ ਵੱਸ ਗਏ। ਇੱਥੇ ਛੋਟੀ ਜਿਹੀ ਕਰਿਆਨੇ ਦੀ ਦੁਕਾਨ ਖੋਲ੍ਹ ਲਈ ਤੇ ਕਿਰਾਏ ਤੇ ਮਕਾਨ ਲੈ ਕੇ ਰਹਿਣ ਲੱਗ ਪਏ। ਧੰਨ ਸ੍ਰੀ ਗੁਰੂ ਰਾਮਦਾਸ ਜੀ ਨੇ ਇਤਨੀ ਬਖਸ਼ਿਸ਼ ਕੀਤੀ ਕਿ ਇੰਨ੍ਹਾਂ ਦੇ ਬੱਚਿਆਂ ਦਾ ਕਾਰੋਬਾਰ ਇਤਨਾ ਵਧਿਆ ਕਿ ਜਿੱਥੇ ਉਨ੍ਹਾਂ ਦਾ ਇਕ ਵੱਡਾ ਸ਼ੋ ਰੂਮ ਹੈ ਉੱਥੇ ਆਪਣਾ ਕਾਰਖਾਨਾ ਵੀ ਲਾਇਆ ਹੋਇਆ ਹੈ। ਉਸ ਦੇ ਨਾਲ ਹੀ ਚਾਰੇ ਸਪੁੱਤਰਾਂ ਕੋਲ ਸ਼ਹਿਰ ਦੀਆਂ ਮਸ਼ਹੂਰ ਆਬਾਦੀਆਂ ਵਿਚ ਆਪੋ ਆਪਣੀਆਂ ਅਲੀਸ਼ਾਨ ਕੋਠੀਆਂ ਹਨ ਤੇ ਹਰ ਸੰਸਾਰਿਕ ਸੁੱਖ ਸਹੂਲਤ ਪ੍ਰਾਪਤ ਹੈ।

ਆਪ ਜੀ ਅੰਮ੍ਰਿਤ ਵੇਲੇ ਦੀ ਸੰਭਾਲ ਦੇ ਸੱਚੇ ਸੁੱਚੇ ਆਸ਼ਕ ਸਨ। ਹੋਰ ਸੰਗਤਾਂ ਨੂੰ ਅੰਮ੍ਰਿਤ ਵੇਲੇ ਦੀ ਹਾਜ਼ਰੀ ਲਈ ਪ੍ਰੇਰਨਾ ਦਿੰਦੇ ਰਹਿੰਦੇ ਸਨ ਤੇ ਅੰਮ੍ਰਿਤ ਵੇਲੇ ਦੀ ਸੰਭਾਲ ਲਈ, ਆਰਾਮ ਕਰ ਰਹੀਆਂ ਸੰਗਤਾਂ ਨੂੰ ਚਰਨਾਂ ਤੋਂ ਫੜ ਕੇ ਜਾਂ ਘਰੋ ਘਰੀ ਜਾ ਕੇ ਜਗਾਉਂਦੇ ਸਨ। ਸ੍ਰੀ ਅੰਮ੍ਰਿਤਸਰ ਆਉਣ ਤੋਂ ਬਾਅਦ ਆਪ ਜੀ ਨੇ ਕਦੇ ਵੀ ਸੰਗਤੀ ਅੰਮ੍ਰਿਤ ਵੇਲੇ ਦੀ ਹਾਜ਼ਰੀ ਵਿਚ ਨਾਗਾ ਨਹੀਂ ਪੈਣ ਦਿੱਤਾ। ਬਾਹਰਲੇ ਸ਼ਹਿਰਾਂ ਅਤੇ ਇਤਿਹਾਸਿਕ ਗੁਰਦੁਆਰਿਆਂ ਵਿਚ ਪੂਰਨ ਜੀ



www.AKJ.Org

ਦੀ ਦੇਖ ਰੇਖ ਹੇਠ ਹੋਣ ਵਾਲਾ ਕੋਈ ਵੀ ਐਸਾ ਸਮਾਗਮ ਜਾਂ ਯਾਤਰਾ ਨਹੀਂ ਸੀ ਜਿਸ ਵਿਚ ਆਪ, ਆਪਣੀ ਸਿੰਘਣੀ ਸਮੇਤ ਸ਼ਾਮਿਲ ਨਾ ਹੋਏ ਹੋਣ। ਭਾਈ ਮਾਨ ਸਿੰਘ ਜੀ ਤਰ੍ਹਾਂ ਆਪ ਵੀ ਹਮੇਸ਼ਾਂ ਹੀ ਪੂਰਨ ਜੀ ਦੇ ਸੰਗ ਸਾਥ ਰਹੇ ਅਤੇ ਇਹ ਮ੍ਰਿਤਾਈ ਆਖਰੀ ਸਵਾਸ ਤਾਈਂ ਨਿਬਾਹੀ। ਆਪ ਜੀ ਸ੍ਰੀ ਅੰਮ੍ਰਿਤਸਰ ਵਿਚ ਹੋਣ ਵਾਲੇ ਲੋਕਲ ਹਫਤਾਵਾਰੀ ਸਮਾਗਮਾਂ, ਸ੍ਰੀ ਅਖੰਡ ਪਾਠਾਂ ਅਤੇ ਕੇਂਦਰੀ ਸਾਲਾਨਾ ਸਮਾਗਮਾਂ ’ਤੇ ਵੀ ਹਾਜ਼ਰੀਆਂ ਭਰ ਕੇ ਲਾਹੇ ਲੈਂਦੇ ਰਹੇ।

ਜੇ ਕਿਸੇ ਨੇ ਇਕ ਦਾਸਨ-ਦਾਸ ਦੀ ਜਿਉਂਦੀ ਜਾਗਦੀ ਮਿਸਾਲ ਦੇਖਣੀ ਹੋਵੇ ਤਾਂ ਉਹ ਆਪ ਵਿਚ ਸੀ। ਸ੍ਰੀ ਪੂਰਨ ਜੀ ਜਿਤਨਾ ਮਰਜ਼ੀ ਪਿਆਰ ਨਾਲ ਝਿੜਕ ਮਾਰ ਦੇਣ, ਆਪ ਕਦੇ ਵੀ ਉੱਫ ਨਹੀਂ ਸਨ ਕਰਦੇ। ਉਨ੍ਹਾਂ ਦੇ ਪਰਿਵਾਰ ਦੀ ਹਰ ਤਰ੍ਹਾਂ ਦੀ ਸੇਵਾ ਬੜੇ ਚਾਅ ਉਮਾਹ ਨਾਲ ਕਰਦੇ ਸਨ ਤੇ ਆਪਣੇ ਪ੍ਰੀਵਾਰ ਦੇ ਬੱਚਿਆਂ ਨੂੰ ਸੇਵਾ ਲਈ ਪ੍ਰੇਰਦੇ ਰਹਿੰਦੇ ਸਨ। ਆਪ ਸੇਵਾ, ਸਿਮਰਨ, ਤਿਆਗ ਦੀ ਮੂਰਤੀ ਸਨ ਤੇ ਪਰਉਪਕਾਰੀ ਵੀ ਸਨ। ਦੂਜਿਆਂ ਦੇ ਭਲੇ, ਗਰੀਬ ਲੋੜਵੰਦਾਂ ਦੀ ਸਹਾਇਤਾ ਲਈ ਹਰ ਵੇਲੇ ਤਤਪਰ ਰਹਿੰਦੇ ਸਨ। ਭਾਵੇਂ ਪਹਿਲਾਂ ਮਾਇਕ ਹਾਲਤ ਕਮਜ਼ੋਰ ਸੀ ਪਰ ਦਸਵੰਧ ਕੱਢਣ ਵਿਚ ਕਦੇ ਢਿੱਲ ਨਹੀਂ ਦਿਖਾਈ। ਬਾਅਦ ਵਿਚ ਤਾਂ ਚੋਖੀ ਮਾਇਆ ਗੁਰਸਿਖਾਂ ਅਤੇ ਸੰਗਤਾਂ ਦੀ ਸੇਵਾ ਤੇ ਖਰਚ ਦਿੰਦੇ ਸਨ।

ਥੋੜਾ ਪੜ੍ਹੇ ਹੋਣ ਕਾਰਨ ਭਾਵੇਂ ਆਪ ਲੜੀਦਾਰ ਸਰੂਪ ਗੁਰਬਾਣੀ ਦੇ ਸਹਿਜ ਜਾਂ ਅਖੰਡ ਪਾਠ ਤਾਂ ਨਹੀਂ ਸਨ ਕਰ ਸਕਦੇ, ਪਰ ਆਪ ਨੂੰ ਨਿਤਨੇਮ ਤੋਂ ਇਲਾਵਾ ਸ੍ਰੀ ਸੁਖਮਨੀ ਸਾਹਿਬ ਅਤੇ ਹੋਰ ਬੇਅੰਤ ਬਾਣੀਆਂ ਕੰਠ ਸਨ। ਸ੍ਰੀ ਅਖੰਡ ਪਾਠ ਸਾਹਿਬ ਨਾਲ ਰੱਖੇ ਜਪੁਜੀ ਸਾਹਿਬ ਜੀ ਦੇ ਪਾਠ ਦੀਆਂ ਰੋਲਾਂ ਲਾਉਂਦੇ ਸਨ ਤੇ ਅੰਮ੍ਰਿਤ ਸੰਚਾਰ ਵੇਲੇ ਦੇਗ ਸਜਾਉਣ ਤੇ ਨਾਮ ਦ੍ਰਿੜ ਕਰਵਾਉਣ ਦੀ ਸੇਵਾ ਵੀ ਨਿਬਾਹੁੰਦੇ ਸਨ। ਜਦੋਂ ਦੁਨਿਆਵੀ ਕਾਰੋਬਾਰ ਬੱਚਿਆਂ ਨੇ ਸੰਭਾਲ ਲਿਆ ਤਾਂ ਆਪ ਦਿਨ ਵੇਲੇ ਗੁਰਸਿਖਾਂ ਦੇ ਘਰਾਂ ਵਿਚ ਜਾ ਕੇ, ਬੀਬੀਆਂ ਬੱਚਿਆਂ ਨੂੰ ਪ੍ਰੇਰ ਕੇ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਸੁਣਦੇ ਰਹਿੰਦੇ ਸਨ ਤੇ ਸ਼ਾਮ ਨੂੰ ਸੋਦਰੁ ਅਤੇ ਹੋਰ ਬਾਣੀਆਂ ਦੇ ਪਾਠ ਵੀ ਗੁਰਸਿੱਖਾਂ ਦੇ ਘਰਾਂ ਵਿਚ ਜਾ ਕੇ ਸੰਗਤੀ ਰੂਪ ਵਿਚ ਕਰਦੇ ਸਨ। ਸ੍ਰੀ ਦਰਬਾਰ ਸਾਬਿਬ ਵਿਚ ਵੀ ਹੋਰ ਨੌਜਵਾਨ ਬੱਚਿਆਂ ਨੂੰ ਪ੍ਰੇਰ ਕੇ ਨਿਤਨੇਮ ਦੀਆਂ ਬਾਣੀਆਂ ਦਾ ਪਾਠ ਦੁਬਾਰਾ ਸੁਣਦੇ ਸਨ। ਉਹ ਆਪਣੀ ਜ਼ਿੰਦਗੀ ਦਾ ਇਕ ਇਕ ਪਲ ਨਾਮ ਸਿਮਰਨ ਗੁਰਬਾਣੀ ਦੇ ਪਾਠ ਵਿਚ ਗੁਜ਼ਾਰਦੇ ਰਹੇ ਹਨ।

ਉਨ੍ਹਾਂ ਦਾ ਸਰੀਰ ਪਤਲਾ-ਦੁਬਲਾ ਤੇ ਚੁਸਤ ਫਰੁਸਤ ਸੀ। ਸ੍ਰੀ ਪੂਰਨ ਜੀ ਦੀ ਚੜਾਈ ਕਰਨ ਤੋਂ ਬਾਅਦ ਉਹ ਉਨ੍ਹਾਂ ਦੇ ਵਿਯੋਗ ਵਿਚ ਹੀ ਉਦਾਸ ਤੇ ਉਪਰਾਮ ਰਹਿਣ ਲਗ ਪਏ। ਭਾਵੇਂ ਉਮਰ ਜਿਆਦਾ ਨਹੀਂ ਸੀ ਪਰ ਦਿਨੋ ਦਿਨ ਸਿਹਤ ਵਿਗੜਦੀ ਤੇ ਕਮਜ਼ੋਰ ਹੁੰਦੀ ਗਈ। ਅਮੀਰ ਮਿਤੀ 19 ਜਨਵਰੀ 2010 ਨੂੰ ਸਿਰਫ ਇਕ ਦਿਨ ਹਸਪਤਾਲ ਵਿਚ ਰਹਿ ਕੇ ਹੀ ਗੁਰੂ ਗੁਰੂ ਜਪਦੇ ਗੁਰੂ ਚਰਨਾਂ ਵਿਚ ਜਾ ਬਿਰਾਜੇ।

# ਸ਼ਹੀਦ ਭਾਈ ਅਵਤਾਰ ਸਿੰਘ ਜੀ ਪਾਰੋਵਾਲ

ਭਾਈ ਗੁਰਦੀਪ ਸਿੰਘ ਜੀ ਸ੍ਰੀ ਅੰਮ੍ਰਿਤਸਰ

ਜੂਨ 1984 ਦੇ ਸ੍ਰੀ ਦਰਬਾਰ ਸਾਹਿਬ ਜੀ ਉੱਪਰ ਫ਼ੌਜੀ ਹਮਲੇ ਦੌਰਾਨ ਸੈਂਕੜੇ ਮਰਜੀਵੜਿਆਂ ਅਤੇ ਮਹਾਂਬਲੀ ਸਿੱਖ ਯੋਧਿਆਂ ਨੇ ਆਪਣੇ ਪਵਿੱਤਰ ਗੁਰਧਾਮਾਂ ਦੀ ਅਜਮਤ ਖਾਤਰ ਜ਼ਾਲਮ ਫ਼ੌਜਾਂ ਨਾਲ ਮੁਕਾਬਲਾ ਕਰਦਿਆਂ ਆਪਣੇ ਪਰਾਣਾਂ ਦੀਆਂ ਆਹੂਤੀਆਂ ਦਿੱਤੀਆਂ। ਇਸ ਘੱਲੂਘਾਰੇ ਦੌਰਾਨ ਹੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਦੇ



www.AKJ.Org

ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਸ਼ਹੀਦੀ ਪਾਉਣ ਵਾਲੇ ਅਖੰਡ ਕੀਰਤਨੀ ਜਥੇ ਦੇ ਇੱਕ ਸਿੰਘ ਸਨ, ਭਾਈ ਅਵਤਾਰ ਸਿੰਘ ਜੀ ਪਾਰੋਵਾਲ (ਜ਼ਿਲ੍ਹਾ ਗੁਰਦਾਸਪੁਰ)।

ਭਾਈ ਸਾਹਿਬ ਜੀ ਦਾ ਜਨਮ 1 ਅਪਰੈਲ 1950 ਨੂੰ ਪਿੰਡ ਪਾਰੋਵਾਲ, ਬਟਾਲਾ ਦੇ ਨੇੜੇ ਜ਼ਿਲਾ ਗੁਰਦਾਸਪੁਰ ਵਿੱਚ ਪਿਤਾ ਸਰਦਾਰ ਗੁਰਬਖਸ਼ ਸਿੰਘ ਜੀ ਦੇ ਗ੍ਰਹਿ ਮਾਤਾ ਭਗਵੰਤ ਕੌਰ ਜੀ ਦੀ ਕੁੱਖੋਂ ਹੋਇਆ। ਆਪ ਜੀ ਅੱਠ ਭੈਣ ਭਰਾਵਾਂ ਵਿੱਚੋਂ ਪੰਜਵੀਂ ਥਾਂ ਤੇ ਸਨ। ਛੋਟੀ ਉਮਰੇ ਹੀ ਲਿਵ ਗੁਰ-ਭਗਤੀ ਵਾਲੇ ਪਾਸੇ ਲੱਗ ਗਈ। ਅੱਠਵੀਂ ਜਮਾਤ ਵਿੱਚ ਪੜ੍ਹਦੇ ਸਨ ਕਿ ਘਰ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਕੇ ਦੋਵੇਂ ਵੇਲੇ ਸੇਵਾ ਕਰਨ ਲੱਗ ਪਏ ਅਤੇ ਪਾਠ ਕਰਨਾ ਸ਼ੁਰੂ ਕਰ ਦਿੱਤਾ। ਦਸਵੀਂ ਜਮਾਤ ਵਿੱਚ ਪੜ੍ਹਦਿਆਂ ਉਮਰ ਦੇ ਲਿਹਾਜ਼ ਨਾਲ ਛੇਤੀ ਦਾੜ੍ਹੀ ਆ ਗਈ ਤਾਂ ਹਮ-ਜਮਾਤੀ ਮੁੰਡੇ ਮਖੌਲ ਨਾਲ ਗਿਆਨੀ ਜੀ ਆਖ ਕੇ ਛੇੜਣ ਲੱਗ ਪਏ। ਇੱਕ ਦਿਨ ਭਾਈ ਅਵਤਾਰ ਸਿੰਘ ਜੀ ਸ਼ਿਕਾਇਤ ਲੈ ਕੇ ਅਧਿਆਪਕ ਕੋਲ ਗਏ ਤਾਂ ਅੱਗੋਂ ਅਧਿਆਪਕ ਨੇ ਆਖਿਆ ਕਿ ਜੇ ਉਹ ਤੈਨੂੰ ਗਿਆਨੀ ਆਖਦੇ ਹੈਨ ਤਾਂ ਤੂੰ ਇਨ੍ਹਾਂ ਨੂੰ ਗਿਆਨੀ ਬਣ ਕੇ ਦਿਖਾ। ਭਾਈ ਸਾਹਿਬ ਜੀ ਨੇ ਮਨ ਵਿੱਚ ਉਸੇ ਵੇਲੇ ਹੀ ਇਹ ਗੱਲ ਪੱਕੀ ਧਾਰ ਲਈ ਕਿ ਗੁਰਸਿੱਖੀ ਮਾਰਗ ਦੇ ਪਾਂਧੀ ਬਣ ਕੇ ਦੁਨੀਆਂ ਤੋਂ ਬੇ ਖ਼ਬਰ ਰਹਿ ਕੇ ਗੁਰੂ ਦੀਆਂ ਖੁਸ਼ੀਆਂ ਦੇ ਭਾਗੀ ਬਣਨਾ ਹੈ। ਆਪ ਜੀ ਨੇ ਆਪਣੀ ਮੁੱਢਲੀ ਪੜ੍ਹਾਈ ਪ੍ਰਾਇਮਰੀ ਤੱਕ, ਗੌਰਮਿੰਟ ਪ੍ਰਾਇਮਰੀ ਸਕੂਲ ਪਾਰੋਵਾਲ ਤੋਂ ਲਈ। ਸੰਨ 1966 ਵਿੱਚ ਲਾਲਾ ਮੂਸਾ ਹਾਇਰ ਸੈਕੰਡਰੀ ਸਕੂਲ ਫਤਿਹਗੜ੍ਹ ਚੂੜੀਆਂ ਤੋਂ ਦਸਵੀਂ ਪਾਸ ਕਰਨ ਤੋਂ ਬਾਅਦ, ਪਿੰਡ ਵਿੱਚ ਹੀ ਦੁਕਾਨਦਾਰੀ ਦੀ ਕਿਰਤ ਕਰਨੀ ਸ਼ੁਰੂ ਕਰ ਦਿੱਤੀ। ਕਾਰੋਬਾਰ ਦੇ ਸਿਲਸਿਲੇ ਵਿੱਚ ਉਹ ਅੰਮ੍ਰਿਤਸਰ ਆਉਂਦੇ ਜਾਂਦੇ ਸਨ। ਇਸੇ ਦੌਰਾਨ ਗੁਟਕੇ, ਗੁਰਮਤਿ ਸਾਹਿਤ ਦੀਆਂ ਕਿਤਾਬਾਂ ਅਤੇ ਕਕਾਰਾਂ ਦੀ ਖਰੀਦੋ ਫਿਰੋਸਤ ਲਈ ਬਾਜ਼ਾਰ ਮਾਈ ਸੇਵਾਂ ਵਿੱਚ ਸਿੰਘ ਬ੍ਰਦਰਜ਼ ਦੀ ਦੁਕਾਨ ਤੇ ਵੀ ਆਉਂਦੇ ਰਹਿੰਦੇ ਸਨ। ਇਸ ਤਰ੍ਹਾਂ ਇਹਨਾਂ ਦਾ ਮੇਲ ਭਾਈ ਸੇਵਾ ਸਿੰਘ ਜੀ, ਭਾਈ ਸਤਨਾਮ ਸਿੰਘ ਜੀ ਅਤੇ ਭਾਈ ਇੰਦਰਜੀਤ ਸਿੰਘ ਜੀ ਕਿਰਪਾਨਾਂ ਵਾਲਿਆਂ ਨਾਲ ਹੋ ਗਿਆ। ਉਨ੍ਹਾਂ ਦੀ ਪ੍ਰੇਰਨਾ ਨਾਲ, ਅਖੰਡ ਕੀਰਤਨੀ ਜਥੇ ਦੇ ਸਮਾਗਮਾਂ ਦੀ ਹਾਜ਼ਰੀ ਭਰਨੀ ਸ਼ੁਰੂ ਕਰ ਦਿੱਤੀ। ਸੰਨ 1972 ਦੌਰਾਨ ਸ੍ਰੀ ਅੰਮ੍ਰਿਤਸਰ ਵਿਖੇ ਪਹਿਲੀ ਵਾਰ ਹੋਏ ਵਿਸਾਖੀ ਅਖੰਡ ਕੀਰਤਨ ਸਮਾਗਮ ਵਿੱਚ ਅੰਮ੍ਰਿਤ ਛਕ ਕੇ ਸਿੰਘ ਸਜ ਗਏ।

ਗੁਰਸਿੱਖਾਂ ਪ੍ਰਤੀ ਪ੍ਰੇਮ ਅਤੇ ਸਤਿਕਾਰ ਉਨ੍ਹਾਂ ਦੇ ਰੋਮ ਰੋਮ ਵਿੱਚ ਰਚਿਆ ਹੋਇਆ ਸੀ। ਉਨ੍ਹਾਂ ਦੀ ਪ੍ਰੇਰਨਾ ਨਾਲ ਹੌਲੀ-ਹੌਲੀ ਸਾਰਾ ਪ੍ਰੀਵਾਰ ਵੀ ਅੰਮ੍ਰਿਤਧਾਰੀ ਹੋ ਗਿਆ, ਜਿਹੜੇ ਕਿ ਅੱਜ ਤਾਂਈ, ਗੁਰਸਿੱਖਾਂ ਅਤੇ ਸੰਗਤਾਂ ਦੀ ਸੇਵਾ ਵਿਚ ਹਰ ਵੇਲੇ ਤੱਤਪਰ ਰਹਿੰਦੇ ਹਨ। ਭਾਈ ਸਾਹਿਬ ਜੀ, ਬਾਕੀ ਪਰਿਵਾਰਕ ਮੈਂਬਰਾਂ ਦੇ ਨਾਲ ਬਟਾਲਾ, ਗੁਰਦਾਸਪੁਰ, ਸ੍ਰੀ ਅੰਮ੍ਰਿਤਸਰ ਅਤੇ ਜਲੰਧਰ ਵਿੱਚ ਗੁਰਪੁਰਬਾਂ ਤੇ ਹੋਣ ਵਾਲੇ ਕੇਂਦਰੀ ਕੀਰਤਨ ਸਮਾਗਮਾਂ ਦੀ ਵੀ ਹਾਜ਼ਰੀ ਭਰਨ ਲੱਗ ਪਏ। ਉਨ੍ਹਾਂ ਨੇ ਪਿੰਡ ਅਤੇ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਹਰ ਸਾਲ ਸੀ ਅਖੰਡ ਪਾਠ ਸਾਹਿਬ ਅਤੇ ਰੈਣ ਸਬਾਈ ਕੀਰਤਨ ਸਮਾਗਮ ਕਰਾਉਣੇ ਸ਼ੁਰੂ ਕੀਤੇ ਜੋ ਕਿ ਆਪ ਜੀ ਦੇ ਸ਼ਹੀਦ ਹੋਣ ਤਾਈਂ ਹਰ ਸਾਲ ਹੁੰਦੇ ਰਹੇ। ਹੋਰ ਸ਼ਹਿਰਾਂ ਦੇ ਗੁਰਸਿੱਖਾਂ ਖਾਸਕਰ ਕੀਰਤਨੀ ਸਿੰਘਾਂ ਦੇ ਘਰ ਖੁਦ ਚੱਲ ਕੇ ਸਮਾਗਮ ਦੀ ਹਾਜ਼ਰੀ ਭਰਨ ਅਤੇ ਕੀਰਤਨ ਦੀ ਸੇਵਾ ਵਾਸਤੇ ਜੋਦੜੀਆਂ ਕਰਦੇ ਰਹਿੰਦੇ ਸਨ। ਸੰਨ 1974 ਵਿੱਚ ਭਾਈ ਜੋਗਿੰਦਰ ਸਿੰਘ ਜੀ ਤਲਵਾੜਾ ਦੇ ਸ੍ਰੀ ਅੰਮ੍ਰਿਤਸਰ ਆਉਣ ਤੇ ਆਪ ਜੀ ਨੇ, ਉਨ੍ਹਾਂ ਨੂੰ ਸੇਵਾ ਵਾਲੇ ਕਮਰੇ ਵਿੱਚ ਸ਼ਾਮ ਨੂੰ ਜਾ ਕੇ ਪਿੰਡ ਵਿਚ ਹੋਣ ਵਾਲੇ ਸਮਾਗਮੀ ਦੀ ਹਾਜ਼ਰੀ ਭਰਨ ਵਾਸਤੇ ਜੋਦੜੀ ਕਰਨਾ ਆਰੰਭਣਾ। ਭਾਈ ਸਾਹਿਬ ਜੀ ਨੇ ਆਪਣੀ ਸਿਹਤ ਅਤੇ ਹੋਰ ਰੁਝੇਵਿਆਂ ਕਾਰਨ, ਸਮਾਗਮ ਤੇ ਪਹੁੰਚਣ ਤੋਂ ਅਸਮਰੱਥਾ ਪ੍ਰਗਟਾਉਣੀ, ਪਰ ਉਨ੍ਹਾਂ ਨੇ ਬਾਰ ਬਾਰ, ਉਨ੍ਹਾਂ ਨੂੰ ਜੋਦੜੀ ਕਰੀ ਜਾਣੀ। ਕਈ ਵਾਰੀ, ਸੇਵਾ ਦੀ ਸਮਾਪਤੀ ਤੋਂ ਬਾਅਦ, ਭਾਈ ਸਾਹਿਬ ਜੀ ਦੇ ਮੋਹਨ ਨਗਰ ਸੁਲਤਾਨਵਿੰਡ ਰੋਡ ’ਤੇ ਸਥਿਤ ਰਿਹਾਇਸ਼ ਤੇ ਪਹੁੰਚਣ ਤੱਕ ਆਪ ਜੀ ਨੇ ਭਾਈ ਸਾਹਿਬ ਜੀ ਦੇ ਮਗਰ ਮਗਰ ਤੁਰੇ ਜਾਂਦੇ ਲਗਾਤਾਰ



www.AKJ.Org

ਬੇਨਤੀਆਂ ਕਰੀ ਜਾਣੀਆਂ। ਅਖੀਰ ਤੇ, ਭਾਈ ਸਾਹਿਬ ਜੀ ਤੋਂ ਪ੍ਰਵਾਨਗੀ ਲੈ ਕੇ ਹੀ ਵਾਪਸ ਮੁੜਨਾ। ਭਾਈ ਸਾਹਿਬ ਜੀ ਦੀ ਸਿਹਤ ਨੂੰ ਮੁੱਖ ਰੱਖ ਕੇ ਇਨ੍ਹਾਂ ਨੇ ਕਹਿਣਾ ਕਿ ਅਸੀਂ ਤੁਹਾਡੇ ਵਾਸਤੇ ਕਾਰ ਦਾ ਪ੍ਰਬੰਧ ਕਰ ਦਿਆਂਗੇ ਤਾਂ ਭਾਈ ਸਾਹਿਬ ਜੀ ਨੇ ਆਪ ਜੀ ਨੂੰ ਕਹਿਣਾ ਕਿ ਜਿਸ ਤਰ੍ਹਾਂ ਸੰਗਤ ਆਵੇਗੀ, ਮੈਂ ਉਸੇ ਤਰਾ ਹੀ ਸੰਗਤ ਨਾਲ ਆ ਜਾਵਾਂਗਾ।

ਆਪ ਬਹੁਤ ਦਿਆਲੂ ਅਤੇ ਰਹਿਮ ਦਿਲ ਦੇ ਮਾਲਕ ਸਨ। ਇੱਕ ਵਾਰੀ, ਇਨ੍ਹਾਂ ਦੇ ਦੁਕਾਨ ਦੇ ਨੌਕਰ ਨੂੰ ਹਰਨੀਆਂ ਦੀ ਸ਼ਿਕਾਇਤ ਹੋ ਗਈ ਅਤੇ ਜਿਸ ਲਈ ਉਸ ਨੂੰ ਆਪਰੇਸ਼ਨ ਕਰਵਾਉਣਾ ਪੈਣਾ ਸੀ ਪਰ ਉਸ ਕੋਲ ਕੋਈ ਮਾਇਆ ਨਹੀਂ ਸੀ। ਆਪ ਜੀ ਨੇ ਉਸ ਨੂੰ ਤਸੱਲੀ ਦੇ ਕੇ, ਸਾਰਾ ਖਰਚਾ ਆਪਣੇ ਉੱਪਰ ਲੈ ਲਿਆ। ਉਹ ਲੋੜਵੰਦਾਂ ਅਤੇ ਗਰੀਬ ਲੋਕਾਂ ਦੀ ਮਾਇਕ ਤੌਰ ’ਤੇ ਮਦਦ ਕਰਦੇ ਰਹਿੰਦੇ ਸਨ ਅਤੇ ਗ਼ਰੀਬ ਲੋਕਾਂ ਦੇ ਪੂਰੇ ਹਮਦਰਦ ਸਨ। ਸੰਨ 1976-77 ਵਿੱਚ ਭਾਈ ਫੌਜਾ ਸਿੰਘ ਜੀ ਅਤੇ ਉਨ੍ਹਾਂ ਦੇ ਸਾਥੀਆਂ ਵੱਲੋਂ ਗੁਰਦਾਸਪੁਰ ਦੇ ਇਲਾਕੇ ਵਿੱਚ ਗੁਰਮਤਿ ਪ੍ਰਚਾਰ ਲਈ ਚਲਾਏ ਗਏ ਚੱਲਦੇ ਵਹੀਰ ਵਿੱਚ ਵੀ ਉਹ ਪੂਰਾ ਹਿੱਸਾ ਲੈਂਦੇ ਰਹੇ ਅਤੇ ਸੰਗਤਾਂ ਦੀ ਸੇਵਾ ਵੀ ਕਰਦੇ ਰਹੇ। ਬੜੂ ਸਾਹਿਬ ਵਿੱਚ ਚੱਲ ਰਹੀ ਅਕਾਲ ਅਕੈਡਮੀ ਦੀ ਤਰਜ਼ ’ਤੇ ਉਨ੍ਹਾਂ ਨੇ ਆਪਣੇ ਪਿੰਡ ਵਿੱਚ ਹੀ ਸੰਸਾਰਕ ਵਿਦਿਆ ਦੇ ਨਾਲ ਨਾਲ ਗੁਰਮਤਿ ਦੀ ਸਿਖਲਾਈ ਵਾਸਤੇ ਇੱਕ ਦਸਮੇਸ਼ ਪਬਲਿਕ ਸਕੂਲ ਦੀ ਸਥਾਪਨਾ ਕੀਤੀ ਜੋ ਕਿ ਹੁਣ ਤਾਈਂ ਸਫਲਤਾ ਪੂਰਵਕ ਚੱਲ ਰਿਹਾ ਹੈ ਅਤੇ ਇਲਾਕੇ ਦੇ ਲੋਕਾਂ ਦੀ ਸੇਵਾ ਕਰ ਰਿਹਾ ਹੈ।

ਭਾਈ ਸਾਹਿਬ ਜੀ ਵਿੱਚ ਪੰਥਕ ਕੁਰਬਾਨੀ ਲਈ ਵੀ ਜਜ਼ਬਾ ਕੁੱਟ ਕੁੱਟ ਕੇ ਭਰਿਆ ਪਿਆ ਸੀ। ਸੰਨ 1982 ਵਿੱਚ ਸ਼੍ਰੋਮਣੀ ਅਕਾਲੀ ਦਲ ਵੱਲੋਂ ਪੰਜਾਬ ਦੀਆਂ ਸਿਆਸੀ ਅਤੇ ਧਾਰਮਿਕ ਮੰਗਾਂ ਮਨਾਉਣ ਵਾਸਤੇ ਦਿੱਲੀ ਦੀ ਕੇਂਦਰੀ ਸਰਕਾਰ ਵਿਰੁੱਧ ਲਗਾਏ ਗਏ ਧਰਮ ਯੁੱਧ ਮੋਰਚੇ ਵਿੱਚ ਵੀ ਉਨ੍ਹਾਂ ਨੇ ਵੱਧ-ਚੜ੍ਹ ਕੇ ਹਿੱਸਾ ਪਾਇਆ। ਜਥੇਦਾਰ ਭਾਈ ਰਾਮ ਸਿੰਘ ਜੀ ਦੀ ਅਗਵਾਈ ਹੇਠ, ਜਥੇ ਦੇ ਸਿੰਘਾਂ ਵਲੋਂ ਦਿੱਤੀ ਗ੍ਰਿਫ਼ਤਾਰੀ ਵਿੱਚ, ਆਪ ਵੀ ਸ਼ਾਮਲ ਹੋਏ ਤੇ ਤਕਰੀਬਨ ਡੇਢ ਮਹੀਨਾ ਜੇਲ੍ਹ ਕੱਟੀ। ਇਸ ਦੌਰਾਨ, ਉਨ੍ਹਾਂ ਨੇ ਸਿੰਘਾਂ ਦੇ ਲੰਗਰ ਪਾਣੀ ਦੀ ਸੇਵਾ ਦੇ ਨਾਲ-ਨਾਲ ਨਾਮ ਬਾਣੀ ਦੇ ਵੀ ਖ਼ੂਬ ਲਾਹੇ ਲਏ।

ਇਸੇ ਤਰ੍ਹਾਂ ਸਮਾਂ ਬੀਤਦਿਆਂ, ਉਹ ਦਿਨ ਵੀ ਆ ਗਿਆ ਜਦੋਂ ਸੱਚਖੰਡ ਸ੍ਰੀ ਦਰਬਾਰ ਸਾਹਿਬ ਜੀ ਵਿਖੇ ਆਪਣੀ ਸੰਸਾਰਕ ਯਾਤਰਾ ਨੂੰ ਪੂਰੀ ਕਰਕੇ ਗੁਰੂ ਚਰਨਾਂ ਵਿੱਚ ਸਦਾ ਲਈ ਸਮਾਉਣ ਦਾ ਸੁਨਹਿਰੀ ਅਵਸਰ ਆ ਬਣਿਆ। ਇੱਕ ਜੂਨ 1984 ਨੂੰ ਭਾਰਤ ਦੀ ਕੇਂਦਰ ਵਿਚ ਬੈਠੀ ਹਕੂਮਤ ਨੇ ਸ੍ਰੀ ਦਰਬਾਰ ਸਾਹਿਬ ਜੀ ਉੱਪਰ ਹਮਲੇ ਲਈ ਫ਼ੌਜਾਂ ਭੇਜ ਦਿੱਤੀਆਂ। ਭਾਈ ਅਵਤਾਰ ਸਿੰਘ ਜੀ ਦੇ ਪਿਤਾ ਜੀ ਉਸ ਦਿਨ ਸ੍ਰੀ ਦਰਬਾਰ ਸਾਹਿਬ ਜੀ ਦੇ ਦਰਸ਼ਨਾਂ ਲਈ ਗਏ ਹੋਏ ਸਨ। ਕਿਸੇ ਪਾਸੋਂ, ਦੋ ਜੂਨ ਨੂੰ ਪਤਾ ਲੱਗਾ ਕਿ ਕੋਈ ਬਜ਼ੁਰਗ ਸ੍ਰੀ ਦਰਬਾਰ ਸਾਹਿਬ ਜੀ ਵਿਖੇ ਸ਼ਹੀਦ ਹੋ ਗਿਆ ਹੈ ਤਾਂ ਆਪ ਜੀ ਆਪਣੇ ਪਿਤਾ ਜੀ ਦੀ ਭਾਲ ਲਈ, ਸ੍ਰੀ ਅੰਮ੍ਰਿਤਸਰ ਜੀ ਲਈ ਰਵਾਨਾ ਹੋ ਗਏ। ਉਸ ਦਿਨ ਤਾਂ ਕਰਫਿਊ ਕਾਰਨ, ਸ੍ਰੀ ਦਰਬਾਰ ਸਾਹਿਬ ਜੀ ਦੇ ਅੰਦਰ ਨਾ ਜਾ ਸਕੇ, ਪਰ ਅਗਲੇ ਦਿਨ, ਪੰਚਮ ਪਾਤਸ਼ਾਹ ਜੀ ਦਾ ਸ਼ਹੀਦੀ ਗੁਰਪੁਰਬ ਹੋਣ ਕਰਕੇ, ਕਰਫਿਊ ਵਿੱਚ ਦਿੱਤੀ ਥੋੜ੍ਹੀ ਢਿੱਲ ਦੌਰਾਨ, ਆਪ ਜੀ ਸ੍ਰੀ ਦਰਬਾਰ ਸਾਹਿਬ ਜੀ ਦੇ ਅੰਦਰ ਜਾਣ ਵਿੱਚ ਸਫ਼ਲ ਹੋ ਗਏ। ਆਪ ਜੀ ਦਾ, ਪਿਤਾ ਜੀ ਨਾਲ ਮਿਲਾਪ ਹੋ ਗਿਆ ਅਤੇ ਦੋਵੇਂ ਸ੍ਰੀ ਅਕਾਲ ਤਖਤ ਸਾਹਿਬ ਜੀ ਦੇ ਨੇੜੇ ਬੀਬੀ ਅਮਰਜੀਤ ਕੌਰ ਜੀ ਜੇ ਕਮਰੇ ਵਿੱਚ ਚਲੇ ਗਏ। ਚਾਰ ਜੂਨ ਸਵੇਰੇ, ਅੰਮ੍ਰਿਤ ਵੇਲੇ, ਫੌਜ ਵੱਲੋਂ ਸ੍ਰੀ ਦਰਬਾਰ ਸਾਹਿਬ ਜੀ ਉੱਪਰ ਤੋਪਾਂ ਅਤੇ ਮਸ਼ੀਨ ਗੰਨਾਂ ਨਾਲ ਹਮਲਾ ਕਰ ਦਿੱਤਾ ਗਿਆ। ਸਾਰੇ ਪਾਸੇ ਤੋਂ ਮੀਂਹ ਵਾਂਗ ਗੋਲੀ ਵਰਨ ਲੱਗੀ। ਚਾਰ ਜੂਨ ਨੂੰ ਆਪ ਜੀ, ਲੁੱਕ ਛਿਪ ਕੇ, ਸ੍ਰੀ ਦਰਬਾਰ ਸਾਹਿਬ ਜੀ ਅੰਦਰ ਚਲੇ ਗਏ ਅਤੇ ਸ਼ਾਮ ਨੂੰ ਬਾਕੀ ਸੰਗਤਾਂ ਨਾਲ ਬਾਹਰ ਆ ਗਏ। ਇਸੇ ਰਾਤ ਨੂੰ, ਇਨ੍ਹਾਂ ਦਾ ਮੇਲ ਭਾਈ ਗੁਰਦਿਆਲ ਸਿੰਘ ਜੀ ਸੁਪਰਡੈਂਟ ਪੰਜਾਬ ਰਾਜ ਬਿਜਲੀ ਬੋਰਡ, ਜੋ ਜੋੜਾ ਫਾਟਕ ਨੇੜੇ ਰਹਿੰਦੇ ਹਨ, ਨਾਲ ਹੋ ਗਿਆ। ਪੰਜ ਜੂਨ ਨੂੰ



www.AKJ.Org

ਸਵੇਰੇ, ਅੰਮ੍ਰਿਤ ਵੇਲੇ, ਇਹ ਭਾਈ ਗੁਰਦਿਆਲ ਸਿੰਘ ਜੀ ਨਾਲ ਵਰਦੀਆਂ ਗੋਲੀਆਂ ਦੀ ਬੁਛਾੜ ਵਿੱਚ, ਲੰਮੇ ਪੈ ਕੇ, ਫਿਰ ਸ੍ਰੀ ਦਰਬਾਰ ਸਾਹਿਬ ਜੀ ਦੇ ਅੰਦਰ ਚਲੇ ਗਏ। ਆਪ ਜੀ ਦੇ ਸ੍ਰੀ ਦਰਬਾਰ ਸਾਹਿਬ ਜੀ ਦੇ ਜਾਣ ਤੋਂ ਬਾਅਦ, ਉਨ੍ਹਾਂ ਦੇ ਪਿਤਾ ਜੀ, ਸ਼ਹੀਦੀ ਗੁਰਪੁਰਬ ਤੇ ਆਈ ਸੰਗਤ, ਜੋ ਪ੍ਰਕਰਮਾ ਅਤੇ ਨਾਲ ਲੱਗਦੇ ਕਮਰਿਆਂ ਵਿੱਚ ਰੁਕੀ ਹੋਈ ਸੀ, ਦੇ ਨਾਲ ਸ੍ਰੀ ਗੁਰੂ ਰਾਮਦਾਸ ਜੀ ਦੀ ਸਰਾਂ ਵਿੱਚ ਚਲੇ ਗਏ, ਜਿੱਥੇ ਉਨ੍ਹਾਂ ਨੇ ਰਾਤ ਕੱਟੀ ਅਤੇ ਛੇ ਜੂਨ ਸਵੇਰੇ ਬਾਕੀ ਸੰਗਤ ਦੇ ਨਾਲ ਕੈਦ ਕਰਕੇ, ਕੈਂਪ ਵਿੱਚ ਪਹੁੰਚਾ ਦਿੱਤੇ ਗਏ। ਉੱਥੋਂ ਉਨ੍ਹਾਂ ਨੂੰ ਗੁਰਦਾਸਪੁਰ ਜੇਲ੍ਹ ਵਿਚ ਭੇਜ ਦਿੱਤਾ ਗਿਆ ਅਤੇ ਵਡੇਰੀ ਉਮਰ ਹੋਣ ਕਰਕੇ, ਕੁਝ ਦਿਨਾਂ ਬਾਅਦ ਪੁੱਛ ਪੜਤਾਲ ਕਰਕੇ, ਰਿਹਾਅ ਕਰ ਦਿੱਤਾ ਗਿਆ।

5 ਜੂਨ 1984 ਨੂੰ ਭਾਈ ਅਮਰੀਕ ਸਿੰਘ ਜੀ ਹਜ਼ੂਰੀ ਰਾਗੀ, ਸ੍ਰੀ ਆਸਾ ਕੀ ਵਾਰ ਦੀ ਸਮਾਪਤੀ ਉੱਪਰ ਵਾਪਸ ਬਾਹਰ ਆਉਂਦੇ ਲਾਚੀ ਬੇਰੀ ਕੋਲ ਸ਼ਹੀਦ ਹੋ ਗਏ ਅਤੇ ਕਈ ਹੋਰ ਰਾਗੀ ਜਥੇ ਵੀ, ਅੰਦਰ ਕੀਰਤਨ ਦੀ ਸੇਵਾ ਲਈ ਨਾ ਪਹੁੰਚ ਸਕੇ। ਇਸ ਸਮੇਂ ਦੌਰਾਨ, ਰਾਗੀ ਜਥਾ, ਜਿਹੜਾ ਅੰਦਰ ਮੌਜੂਦ ਸੀ ਜਾਂ ਭਾਈ ਗੁਰਦਿਆਲ ਸਿੰਘ ਜੀ ਅਤੇ ਹੋਰ ਪ੍ਰੇਮੀ ਰਲ ਮਿਲ ਕੇ ਕੀਰਤਨ ਦੀ ਸੇਵਾ ਕਰਕੇ, ਮਰਿਆਦਾ ਨਿਭਾਉਂਦੇ ਰਹੇ ਅਤੇ ਆਪ ਜੀ ਉਨ੍ਹਾਂ ਦਾ ਸਾਥ ਦਿੰਦੇ ਰਹੇ। ਇੱਕ ਸਿੰਘ, ਸੰਗਤ ਨੂੰ ਥੋੜ੍ਹਾ ਬਹੁਤ ਲੰਗਰ, ਵਰਦੀ ਗੋਲੀ ਵਿੱਚ ਆ ਕੇ ਛਕਾ ਗਿਆ ਸੀ। ਸ਼ਾਮ ਨੂੰ ਗੋਲੀਬਾਰੀ ਬਹੁਤ ਜ਼ਿਆਦਾ ਵੱਧ ਜਾਣ ਕਰਕੇ, ਇਹ ਅੰਦਰੋਂ ਬਾਹਰ ਨਹੀਂ ਸਨ ਆ ਸਕੇ। ਸੋਦਰੁ ਦੇ ਪਾਠ ਤੋਂ ਬਾਅਦ ਰਾਗੀ ਸਿੰਘ ਤਾਂ ਚਲੇ ਗਏ ਪ੍ਰੰਤੂ ਆਰਤੀ ਦੀ ਚੌਕੀ ਵਾਲਾ ਰਾਗੀ ਜਥਾ ਨਾ ਪਹੁੰਚ ਸਕਿਆ। ਉਸ ਦੀ ਜਗ੍ਹਾ, ਭਾਈ ਗੁਰਦਿਆਲ ਸਿੰਘ ਜੀ ਨੇ ਆਰਤੀ ਦੀ ਚੌਂਕੀ ਦੀ ਸੇਵਾ ਨਿਬਾਹੀ। ਉਸ ਤੋਂ ਬਾਅਦ ਹੁਕਮਨਾਮਾ ਲੈ ਕੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੁੱਖ ਆਸਨ, ਹਰਿ ਕੀ ਪੌੜੀ ਉੱਪਰ ਹੀ ਕਰ ਦਿੱਤਾ ਗਿਆ। ਸਿੰਘ ਸਾਹਿਬ ਗਿਆਨੀ ਪੂਰਨ ਸਿੰਘ ਜੀ ਦੀ ਪ੍ਰੇਰਨਾ ਤੇ, ਪੰਜਾਂ ਸਿੰਘਾਂ ਵੱਲੋਂ ਪੰਥ ’ਤੇ ਬਣੀ ਭੀੜ ਸਮੇਂ, ਪੰਥ ਦੀ ਲਾਜ ਰੱਖਣ ਤੇ ਹਰ ਪ੍ਰਕਾਰ ਦੀ ਸਹਾਇਤਾ ਵਾਸਤੇ, ਗੁਰੂ ਸਾਹਿਬ ਜੀ ਦੇ ਚਰਨਾਂ ਵਿੱਚ ਅਰਦਾਸ ਕੀਤੀ ਗਈ। ਗੋਲੀ ਬਾਰੀ ਹੋਰ ਤੇਜ਼ ਹੋ ਜਾਣ ਕਰਕੇ, ਸ੍ਰੀ ਦਰਬਾਰ ਸਾਹਿਬ ਜੀ ਤੋਂ ਬਾਹਰ ਨਿੱਕਲਣਾ ਬਹੁਤ ਔਖਾ ਹੋ ਗਿਆ ਸੀ। ਸ੍ਰੀ ਦਰਬਾਰ ਸਾਹਿਬ ਜੀ ਦੇ ਚਾਰੇ ਦਰਵਾਜ਼ੇ ਬੰਦ ਕਰਕੇ, ਸਿੰਘ ਸਾਹਿਬ ਭਾਈ ਮੋਹਨ ਸਿੰਘ ਜੀ ਅਤੇ ਸਿੰਘ ਸਾਹਿਬ ਗਿਆਨੀ ਪੂਰਨ ਸਿੰਘ ਜੀ ਸਮੇਤ 25-26 ਦੇ ਕਰੀਬ ਪ੍ਰਾਣੀਆਂ ਨੂੰ ਸ੍ਰੀ ਦਰਬਾਰ ਸਾਹਿਬ ਜੀ ਦੇ ਅੰਦਰ ਹੀ ਰੁਕਣਾ ਪਿਆ। ਸਿੰਘਾਂ ਨੇ ਕੁਝ ਪਾਠ ਜਪੁ ਜੀ ਸਾਹਿਬ ਅਤੇ ਚੌਪਈ ਸਾਹਿਬ ਜੀ ਦੇ ਕੀਤੇ। ਦਰਵਾਜ਼ੇ ਅਤੇ ਬਿਜਲੀ ਬੰਦ ਹੋਣ ਕਰਕੇ ਗਰਮੀ ਅਤੇ ਪਿਆਸ ਬਹੁਤ ਸਤਾ ਰਹੀ ਸੀ ਅਤੇ ਸਰੀਰ ਥੱਕ ਟੁੱਟ ਗਏ ਸਨ। ਇਸ ਸਮੇਂ ਭਾਈ ਅਵਤਾਰ ਸਿੰਘ ਜੀ ਨੇ, ਇੱਕ ਸਾਥੀ ਨੂੰ ਨਾਲ ਲੈ ਕੇ, ਸਰੋਵਰ ਵਿੱਚੋਂ ਜਲ ਦੀਆਂ ਦੋ ਕੁ ਬਾਲਟੀਆਂ ਭਰ ਕੇ ਰੱਖ ਲਈਆਂ। ਥੋੜ੍ਹੇ ਥੋੜ੍ਹੇ ਪਾਣੀ ਨਾਲ ਗੁਜ਼ਾਰਾ ਕੀਤਾ।

ਪੰਜ ਜੂਨ ਰਾਤ ਨੂੰ ਨੌਂ ਵਜੇ ਤੋਂ ਬਾਅਦ ਅੰਦਰੋਂ ਬਾਹਰੋਂ ਰੌਲਾ, ਚੀਖ ਚਿਹਾੜਾ ਅਤੇ ਰੋਣ ਦੀਆਂ ਆਵਾਜ਼ਾਂ ਸੁਣਾਈ ਦਿੱਤੀਆਂ, ਜਿਸ ਤੋਂ ਅੰਦਾਜ਼ਾ ਲਗਾਇਆ ਗਿਆ ਕਿ ਫੌਜ ਪਰਕਰਮਾ ਵਿੱਚ ਦਾਖ਼ਲ ਹੋ ਗਈ ਹੈ। ਇਸ ਤੋਂ ਬਾਅਦ ਟੈਂਕ ਆ ਗਏ। ਇੱਕ ਟੈਂਕ ਦੀ ਫਲੈਸ਼ (ਤੇਜ਼ ਲਾਈਟ) ਹਰਿ ਕੀ ਪੌੜੀ ਦੇ ਦਰਵਾਜ਼ੇ ਵੱਲ ਨੂੰ ਸਿੱਧੀ ਪੈਂਦੀ ਸੀ। ਇਸ ਵਾਸਤੇ, ਹੁਣ ਸਰੋਵਰ ਵਿੱਚੋਂ ਜਲ ਲੈਣਾ ਹੋਰ ਵੀ ਔਖਾ ਹੋ ਗਿਆ। ਇਸ ਤਰ੍ਹਾਂ ਸੰਗਤਾਂ ਨੇ ਸਾਰੀ ਰਾਤ ਜਾਗਦਿਆਂ ਕੱਟੀ ਅਤੇ ਛੇ ਜੂਨ ਦਾ ਅੰਮ੍ਰਿਤ ਵੇਲਾ ਹੋ ਗਿਆ। ਅੰਮ੍ਰਿਤ ਵੇਲੇ, ਇੱਕ ਪ੍ਰੇਮੀ ਬਜ਼ੁਰਗ, ਭਾਈ ਸਰਦਾਰਾ ਸਿੰਘ ਜੀ (ਜੋ ਸਰੀਰ ਦੇ ਭਾਰੇ ਸਨ) ਨੇ ਬਾਕੀ ਪ੍ਰੇਮੀਆਂ ਨੂੰ ਨਾਲ ਲੈ ਕੇ ਗੁਰੂ ਮਹਾਰਾਜ ਦਾ ਪ੍ਰਕਾਸ਼ ਅਸਥਾਨ ਤਿਆਰ ਕੀਤਾ ਅਤੇ ਵਿਛਾਈ ਕੀਤੀ। ਗੁਰੂ ਮਹਾਰਾਜ ਦਾ ਪ੍ਰਕਾਸ਼ ਹੋਇਆ, ਮੁੱਖ ਵਾਕ ਲਿਆ ਗਿਆ,ਪਰ ਅੰਦਰ ਹਜ਼ੂਰੀ ਰਾਗੀ ਜਥਾ ਨਾ ਪਹੁੰਚਣ ਕਰਕੇ, ਭਾਈ ਗੁਰਦਿਆਲ ਸਿੰਘ ਜੀ, ਇੱਕ ਸੂਰਮਾ ਸਿੰਘ (ਭਾਈ ਚਰਨਜੀਤ ਸਿੰਘ ਜੀ) ਅਤੇ ਇੱਕ ਟਕਸਾਲੀ ਸਿੰਘ, ਜੋ ਜੋੜੀ ਵਜਾਉਣੀ ਜਾਣਦਾ ਸੀ, ਨੇ ਸ੍ਰੀ ਆਸਾ ਕੀ ਵਾਰ ਜੀ ਦੇ ਕੀਰਤਨ ਦੀ ਸੇਵਾ ਰਲ-ਮਿਲ ਕੇ ਨਿਬਾਹੀ। ਆਪ ਜੀ ਨੇ ਪਿੱਛੇ ਬੋਲ ਕੇ ਪੂਰਾ ਸਾਥ ਦਿੱਤਾ। ਟੈਂਕਾਂ ਦੇ ਗੋਲੇ ਇਤਨੇ ਜ਼ੋਰ ਨਾਲ ਵਰਨ ਲੱਗੇ



www.AKJ.Org

ਕਿ ਸਿੰਘਾਂ ਨੂੰ ਆਪਣੀ ਆਵਾਜ਼ ਹੀ ਨਹੀਂ ਸੀ ਸੁਣਾਈ ਦਿੰਦੀ। ਸ੍ਰੀ ਆਸਾ ਜੀ ਕੀ ਵਾਰ ਦਾ ਕੀਰਤਨ ਨਿਰਵਿਘਨ ਸਮਾਪਤ ਹੋ ਗਿਆ। ਅਰਦਾਸ ਹੋਈ, ਹੁਕਮਨਾਮਾ ਲੈਣ ਤੋਂ ਬਾਦ ਸਿੰਘ ਅੱਗੇ ਕੀਰਤਨ ਜਾਰੀ ਰੱਖਣਾ ਚਾਹੁੰਦੇ ਸਨ, ਪ੍ਰੰਤੂ ਇੱਕ ਸ਼ਬਦ ਦੀ ਸੇਵਾ ਤੋਂ ਬਾਅਦ, ਗਰਮੀ ਕਾਰਨ ਗਲਾ ਸੁੱਕਣ ਅਤੇ ਤ੍ਰੇ-ਭੁੱਖ ਨਾਲ ਆਂਦਰਾਂ ਨੂੰ ਖਿੱਚ ਪੈ ਜਾਣ ਕਰਕੇ, ਅੱਗੋਂ ਕੀਰਤਨ ਜਾਰੀ ਰੱਖਣਾ ਮੁਸ਼ਕਿਲ ਹੋ ਗਿਆ। ਸਿੰਘ ਸਾਹਿਬ ਗਿਆਨੀ ਮੋਹਨ ਸਿੰਘ ਜੀ ਦੀ ਆਗਿਆ ਨਾਲ ਕੀਰਤਨ ਦੀ ਸਮਾਪਤੀ ਕਰ ਦਿੱਤੀ ਗਈ ।ਸਾਰੇ ਸਿੰਘ ਪਿਛਾਂਹ ਹਟ ਕੇ ਕੰਧ ਨਾਲ ਢੋਅ ਲਾ ਕੇ ਬੈਠ ਗਏ। ਫਾਇਰਿੰਗ ਤੇਜ ਹੋਣ ਕਰਕੇ, ਗੋਲੀਆਂ ਤੇ ਗੋਲਿਆਂ ਦੀ ਧਮਕ ਨਾਲ ਉੱਪਰਲੀ ਛੱਤ ਦੇ ਸ਼ੀਸ਼ੇ ਟੁੱਟ ਕੇ ਹੇਠਾਂ ਡਿੱਗਣੇ ਸ਼ੁਰੂ ਹੋ ਗਏ। ਸੰਗਤਾਂ ਕੋਨਿਆਂ ਵਿੱਚ ਹੋਰ ਪਿੱਛੇ ਹੋ ਕੇ ਬੈਠ ਗਈਆਂ ਅਤੇ ਜਿਤਨਾ ਕਿਸੇ ਨੂੰ ਪਾਠ ਕੰਠ ਸੀ, ਉਹ ਕਰੀ ਗਿਆ।

ਕੋਈ ਦਸ ਤੋਂ ਗਿਆਰਾਂ ਵਜੇ ਦੇ ਵਿਚਕਾਰ, ਇੱਕ ਦਮ ਇੱਕ ਗੋਲੀ, ਆਪ ਜੀ ਦੇ ਲੱਗੀ। ਆਪ ਉਸੇ ਵੇਲੇ ਤਕਲੀਫ ਜ਼ਿਆਦਾ ਹੋਣ ਕਾਰਨ, ਵਾਹਿਗੁਰੂ ਵਾਹਿਗੁਰੂ ਕਰਨ ਲੱਗ ਪਏ ਤੇ ਕਹਿਣ ਲੱਗੇ ਕਿ ਮੇਰੇ ਨਮਿੱਤ ਕੀਰਤਨ ਸੋਹਿਲਾ ਦਾ ਪਾਠ ਕਰ ਦਿਓ। ਇਹ ਨਹੀਂ ਪਤਾ ਲੱਗ ਸਕਿਆ ਕਿ ਗੋਲੀ ਕਿਧਰੋਂ ਆਈ ਸੀ। ਭਾਈ ਗੁਰਦਿਆਲ ਸਿੰਘ ਜੀ ਨੇ ਆਪ ਨੂੰ ਹੌਂਸਲਾ ਦਿੱਤਾ ਪਰ ਜਿਸ ਤਨ ਲਾਗੇ ਸੋਈ ਜਾਣੇ। ਖ਼ੂਨ ਬਹੁਤ ਜ਼ਿਆਦਾ ਵੱਗ ਰਿਹਾ ਸੀ। ਕੀਰਤਨੀਆਂ ਦੇ ਪਿੱਛੇ, ਜਿੱਥੇ ਸੰਗਤ ਬੈਠਦੀ ਹੈ, ਉੱਥੋਂ ਤੱਕ ਖ਼ੂਨ ਵਹਿ ਗਿਆ ਸੀ। ਇਕ ਗੋਲੀ ਆਪ ਦੇ ਗਿੱਟੇ ਦੇ ਉੱਪਰ ਲੱਤ ਵਿੱਚੋਂ ਦੀ ਅਤੇ ਇੱਕ ਪੱਟ ਵਿੱਚੋਂ ਗੋਡੇ ਤੋਂ ਉੱਪਰ ਦੀ ਆਰ ਪਾਰ ਹੋ ਗਈ ਸੀ। ਕਾਫੀ ਜਗ੍ਹਾ ਖ਼ੂਨ ਦੀਆਂ ਬੋਟੀਆਂ ਨਾਲ ਭਰੀ ਹੋਈ ਸੀ। ਇਸ ਲਈ ਸਮੇਂ ਨੂੰ ਪਛਾਣ ਕੇ, ਭਾਈ ਚਰਨਜੀਤ ਸਿੰਘ ਤਬਲਾ ਮਾਸਟਰ ਨੇ ਕੀਰਤਨ ਸੋਹਿਲਾ ਦਾ ਪਾਠ ਸੁਣਾ ਦਿੱਤਾ। ਇੱਕ ਗੋਲੀ ਭਾਈ ਤਰਲੋਕ ਸਿੰਘ ਜੀ (ਚੋਬਦਾਰ ਦਰਸ਼ਨੀ ਡਿਓਢੀ) ਦੇ ਵੀ ਲੱਗੀ ਸੀ ਤੇ ਉਹ ਵੀ ਕਾਫੀ ਤੰਗ ਸਨ। ਇਸ ਤਰਾਂ ਇਕ ਗੋਲੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਨੂੰ ਵੀ ਲੱਗੀ ਸੀ। ਭਾਈ ਗੁਰਦਿਆਲ ਸਿੰਘ ਜੀ ਨੇ ਆਪਣੀ ਦਸਤਾਰ ਉਤਾਰ ਕੇ ਉਸ ਨੂੰ ਦੋ ਹਿੱਸਿਆਂ ਵਿੱਚ ਵੰਡ ਕੇ, ਦੋਵੇਂ ਜ਼ਖ਼ਮੀ ਸਿੰਘਾਂ ਦੇ ਬੰਨ ਦਿੱਤੀ। ਖ਼ੂਨ ਬੰਦ ਨਹੀਂ ਸੀ ਹੋ ਰਿਹਾ। ਫਿਰ ਪੀਲੇ ਪਟਕੇ, ਜੋ ਸਿਰੋਪਿਆ ਵਾਸਤੇ ਰੱਖੇ ਹੋਏ ਸਨ, ਉਹ ਉੱਪਰ ਹੋਰ ਘੁੱਟ ਕੇ ਬੰਨ ਦਿੱਤੇ। ਕੋਈ ਮੁੱਢਲੀ ਸਹਾਇਤਾ ਦਾ ਪ੍ਰਬੰਧ ਤਾਂ ਹੈ ਨਹੀਂ ਸੀ। ਇਸ ਲਈ ਆਪ ਜੀ ਬਹੁਤ ਨਿਢਾਲ ਹੋ ਗਏ। ਪਾਣੀ ਵੀ ਕੋਲ ਹੈ ਨਹੀਂ ਸੀ। ਆਪ ਨੇ ਫੇਰ ਵੀ ਕਿਹਾ ਕਿ ਜੇ ਮੈਂ ਠੀਕ ਹੁੰਦਾ ਤਾਂ ਮੈਂ ਸਿੰਘਾਂ ਨੂੰ ਸਰੋਵਰ ਵਿੱਚੋਂ ਜਲ ਲਿਆ ਕੇ ਪਿਆ ਹੀ ਦਿੰਦਾ, ਭਾਵੇਂ ਮੈਂ ਮਰ ਹੀ ਜਾਂਦਾ। ਇਹ ਸੁਣਕੇ ਇੱਕ ਪ੍ਰੇਮੀ ਸਿੰਘ ਨੇ ਹੌਂਸਲਾ ਕਰਕੇ ਕਿਹਾ ਕਿ ਮੈਂ ਪਾਣੀ ਪਿਲਾਉਂਦਾ ਹਾਂ। ਸੰਗਤ ਨੇ ਅੰਦਰੋਂ ਅੰਦਰੀ, ਉਸ ਨੂੰ ਉੱਪਰ ਦੂਜੀ ਮੰਜ਼ਲ ਤੇ ਚੜ੍ਹਾ ਦਿੱਤਾ ਤੇ ਉਸ ਸਿੰਘ ਨੇ ਹਰਿ ਕੀ ਪੌੜੀ ਵਾਲੇ ਪਾਸੇ ਤੋਂ ਬਾਲਟੀ ਲਮਕਾ ਕੇ ਜਲ ਦੀ ਭਰ ਲਿਆਂਦੀ। ਇਸ ਤਰ੍ਹਾਂ ਉਸ ਸਿੰਘ ਨੇ ਜਾਨ ਨੂੰ ਖ਼ਤਰੇ ਵਿੱਚ ਪਾ ਕੇ ਦੋ ਵਾਰੀ ਸੰਗਤ ਨੂੰ ਪਾਣੀ ਪਿਲਾਇਆ। ਫੌਜ ਨੇ ਨਿਸ਼ਾਨਾ ਬੰਨ ਕੇ ਉਸ ਉੱਪਰ ਗੋਲੀ ਚਲਾਈ, ਪਰ ਉਹ ਲੰਮਾ ਪੈ ਕੇ ਬਚ ਗਿਆ ਤੇ ਉਸ ਨੂੰ ਸੰਗਤ ਨੇ ਹੇਠਾਂ ਉਤਾਰ ਲਿਆ। ਇੱਕ ਸਿੰਘ ਪਤਾ ਨਹੀਂ, ਕਿੱਥੋਂ ਆਇਆ ਅਤੇ ਕਿਸ ਤਰ੍ਹਾਂ ਆਇਆ ? ਸੰਗਤ ਵਿੱਚੋਂ ਉਸ ਨੂੰ ਕੁਝ ਪ੍ਰੇਮੀ ਜਾਣਦੇ ਸਨ, ਉਸ ਨੇ ਆਪ ਜੀ ਅਤੇ ਦੂਜੇ ਜ਼ਖਮੀ ਸਿੰਘ ਦੇ ਮਲ੍ਹਮ-ਪੱਟੀ ਕੀਤੀ ਤੇ ਦਵਾਈ ਦਿੱਤੀ। ਮਲ੍ਹਮ-ਪੱਟੀ ਕਾਰਨ, ਆਪ ਜੀ ਨੂੰ ਕੁਝ ਆਰਾਮ ਮਹਿਸੂਸ ਹੋਣ ਲੱਗ ਪਿਆ। ਸਿੰਘਾਂ ਨੇ ਥੋੜ੍ਹਾ ਪਾਣੀ, ਜ਼ਖ਼ਮੀ ਸਿੰਘਾਂ ਨੂੰ ਪਿਲਾਉਣ ਲਈ, ਛੋਟੀ ਬਾਲਟੀ (ਡੋਲੂ) ਵਿੱਚ ਰੱਖ ਲਿਆ ਸੀ ਅਤੇ ਚਮਚਾ ਚਮਚਾ ਪਾਣੀ ਦਿੰਦੇ ਰਹੇ। ਇਸ ਤਰ੍ਹਾਂ ਕਰਦਿਆਂ ਤਕਰੀਬਨ ਸ਼ਾਮ ਦੇ ਚਾਰ-ਸਾਢੇ ਚਾਰ ਦਾ ਸਮਾਂ ਹੋ ਗਿਆ ਸੀ। ਫਾਇਰਿੰਗ ਬੰਦ ਹੋ ਗਈ ਸੀ। ਦਰਵਾਜ਼ਿਆਂ ਦੀਆਂ ਝੀਤਾਂ ਰਾਹੀਂ ਕੁੱਝ ਆਦਮੀ ਸਰਾਂ ਵਾਲੇ ਪਾਸੇ ਫਿਰਦੇ ਹੋਏ ਦੇਖੇ ਅਤੇ ਲੱਗ ਰਿਹਾ ਸੀ ਕਿ ਫੌਜ ਆਪਣਾ ਕੰਮ ਕਰ ਕੇ ਵਾਪਸ ਜਾ ਰਹੀ ਹੈ, ਪ੍ਰੰਤੂ ਜਲਦੀ ਹੀ ਲਾਊਡ ਸਪੀਕਰ ਰਾਹੀਂ ਆਵਾਜ਼ ਸੁਣੀ ਕਿ, ਸ੍ਰੀ ਦਰਬਾਰ ਸਾਹਿਬ ਦੇ ਕੰਪਲੈਕਸ ਤੇ ਫੌਜ ਦਾ ਕਬਜ਼ਾ ਹੋ ਗਿਆ ਹੈ। ਇਸ ਲਈ



www.AKJ.Org

ਜੋ ਵੀ ਲੋਕ, ਕਿਸੇ ਵੀ ਪਾਸੇ ਲੁਕੇ ਹੋਏ ਹਨ, ਉਹ ਬਾਹਰ ਆ ਜਾਣ ਅਤੇ ਉਨ੍ਹਾਂ ਨੂੰ ਬਾ-ਇੱਜ਼ਤ ਕੈਦੀ ਬਣਾ ਲਿਆ ਜਾਵੇਗਾ। ਇਹ ਸੁਣਕੇ ਵੀਹ ਕੁ ਪ੍ਰਾਣੀ ਬਾਹਰ ਚਲੇ ਗਏ।

ਹੁਣ, ਸ੍ਰੀ ਦਰਬਾਰ ਸਾਹਿਬ ਜੀ ਦੇ ਅੰਦਰ ਕੇਵਲ ਦੋ ਸਿੰਘ ਸਾਹਿਬਾਨ ਤੋਂ ਇਲਾਵਾ ਆਪ ਜੀ, ਭਾਈ ਚਰਨਜੀਤ ਸਿੰਘ ਜੀ (ਸੂਰਮਾ ਸਿੰਘ, ਜੋੜੀ ਮਾਸਟਰ) ਇੱਕ ਬਜ਼ੁਰਗ ਤੇ ਭਾਈ ਗੁਰਦਿਆਲ ਸਿੰਘ ਜੀ ਹੀ ਰਹਿ ਗਏ ਸਨ। ਪਾਣੀ ਦੀਆਂ ਦੋ ਬਾਲਟੀਆਂ ਭਰ ਕੇ ਸਿੰਘਾਂ ਲਈ ਰੱਖ ਦਿੱਤੀਆਂ ਸਨ, ਥੋੜ੍ਹੀ ਦੇਰ ਬਾਅਦ, ਸਿੰਘ ਸਾਹਿਬਾਨ ਅਤੇ ਆਪ ਜੀ ਤੋਂ ਇਲਾਵਾ, ਬਾਕੀ ਸਿੰਘ ਵੀ ਬਾਹਰ ਆ ਗਏ। ਸਿੰਘ ਸਾਹਿਬਾਨ ਜੀ ਨੇ ਬਾਹਰ ਸੁਨੇਹਾ ਭਿਜਵਾਇਆ ਕਿ ਅਸੀਂ ਗੁਰੂ ਸਾਹਿਬ ਜੀ ਦੀ ਤਾਬਿਆ ਛੱਡ ਕੇ ਬਾਹਰ ਨਹੀਂ ਆ ਸਕਦੇ, ਜੋ ਕਿ ਫੌਜ ਦੇ ਅਫਸਰਾਂ ਨੂੰ ਦੇ ਦਿੱਤਾ ਗਿਆ। ਸਾਰੀ ਸੰਗਤ ਦੇ ਬਾਹਰ ਆਉਣ ਤੋਂ ਕੁਝ ਸਮਾਂ ਪਹਿਲਾਂ, ਆਪ ਜੀ ਨੂੰ ਹਰਿ ਕੀ ਪੌੜੀ ਵਾਲੀ ਡਿਓੜੀ ਦੇ ਨਾਲ ਦੀ ਕੰਧ ਨਾਲ ਢੋਅ ਲੁਆ ਕੇ ਬਿਠਾ ਦਿੱਤਾ ਗਿਆ ਸੀ। ਉਸੇ ਹੀ ਸ਼ਾਮ ਨੂੰ, ਗਿਆਨੀ ਪੂਰਨ ਸਿੰਘ ਜੀ ਨੇ ਜਦੋਂ ਚੌਂਕੜਾ ਲਗਾ ਕੇ, ਅਹਿਲ ਬੈਠਿਆਂ, ਆਪ ਜੀ ਨੂੰ ਹੱਥ ਲਗਾ ਕੇ ਟੋਹਿਆ ਤਾਂ ਪਤਾ ਲੱਗਾ ਕਿ ਆਪ ਜੀ ਸੱਚ ਖੰਡ ਸ੍ਰੀ ਦਰਬਾਰ ਸਾਹਿਬ ਜੀ ਦੀ ਪਵਿੱਤਰਤਾ ਖਾਤਰ ਸ਼ਹਾਦਤ ਦਾ ਜਾਮ ਪੀ ਚੁੱਕੇ ਹਨ। ਸਿੰਘ ਸਾਹਿਬ ਗਿਆਨੀ ਪੂਰਨ ਸਿੰਘ ਜੀ ਨੇ ਆਪ ਦੀ ਮ੍ਰਿਤਕ ਦੇਹ ਨੂੰ ਚਾਦਰ ਵਿੱਚ ਲਪੇਟ ਕੇ ਸ੍ਰੀ ਅਕਾਲ ਤਕ ਸਾਹਿਬ ਜੀ ਵਿਖੇ ਲਿਆਂਦਾ। ਆਪ ਇਸ ਸਾਕੇ ਵਿੱਚ ਸ਼ਹੀਦ ਹੋਏ ਕੁੱਝ ਕੁ ਉਨ੍ਹਾਂ ਸਿੰਘਾਂ ਵਿੱਚੋਂ ਸਨ, ਜਿਨ੍ਹਾਂ ਨੂੰ ਅੰਤ ਵੇਲੇ ਕੱਫ਼ਣ ਨਸੀਬ ਹੋਇਆ। ਆਪ ਜੀ ਦੇ ਪਰਿਵਾਰਕ ਮੈਂਬਰ ਦੱਸਦੇ ਹਨ ਕਿ ਆਪ ਦੀ ਇੱਕ ਭੈਣ ਬੀਬੀ ਨਰਿੰਦਰ ਕੌਰ ਜੀ ਨੂੰ ਇਸ ਘੱਲੂਘਾਰੇ ਤੋਂ ਕੁਝ ਮਹੀਨੇ ਪਹਿਲਾਂ ਸੁਪਨੇ ਵਿੱਚ ਇੱਕ ਬਜ਼ੁਰਗ ਗੁਰਸਿੱਖ ਆ ਕੇ ਪੁੱਛਣ ਲੱਗੇ ਕਿ ਜੇ ਤੇਰਾ ਭਰਾ ਸੱਚਖੰਡ ਸ੍ਰੀ ਦਰਬਾਰ ਸਾਹਿਬ ਜੀ ਵਿਖੇ ਸ਼ਹੀਦੀ ਪਾਵੇ ਤਾਂ ਤੂੰ ਭਾਣਾ ਮੰਨੇਂਗੀ ਜਾ ਨਹੀਂ। ਬੀਬੀ ਪਹਿਲਾਂ ਤਾਂ ਚੁੱਪ ਰਹੀ। ਲਗਾਤਾਰ ਤੀਜੀ ਵਾਰ ਜਦੋਂ ਬਜ਼ੁਰਗ ਨੇ ਸਵਾਲ ਕੀਤਾ ਤਾਂ ਬੀਬੀ ਜੀ ਨੇ ਜੁਆਬ ਦਿੱਤਾ ਕਿ ਜੇਕਰ ਮੇਰਾ ਪੁੱਤਰ ਵੀ ਸੱਚਖੰਡ ਸ੍ਰੀ ਦਰਬਾਰ ਸਾਹਿਬ ਜੀ ਦੀ ਪਵਿੱਤਰਤਾ ਖ਼ਾਤਰ ਸ਼ਹੀਦ ਹੋ ਜਾਵੇ ਤਾਂ ਵੀ ਮੈਂ ਭਾਣਾ ਮੰਨਾਂਗੀ। ਇਹ ਬਿਰਤਾਂਤ ਸ੍ਰੀ ਗੁਰੂ ਰਾਮ ਜੀ ਦਾ ਵਰਤਾਇਆ ਕੌਤਕ ਹੀ ਆਖਿਆ ਜਾ ਸਕਦਾ ਹੈ ਕਿ ਜਿਸ ਰਾਹੀਂ ਉਨ੍ਹਾਂ ਨੇ ਆਪ ਦੀ ਭੈਣ ਨੂੰ ਪਹਿਲਾਂ ਹੀ ਆਪ ਦੀ ਸ਼ਹੀਦੀ ਬਾਰੇ ਜਾਣੂੰ ਕਰਵਾ ਦਿੱਤਾ ਸੀ।

# ਸ਼ਹੀਦ ਬੀਬੀ ਪਰਮਜੀਤ ਕੌਰ ਜੀ, ਸ੍ਰੀ ਅੰਮ੍ਰਿਤਸਰ

ਭਾਈ ਗੁਰਦੀਪ ਸਿੰਘ ਸ੍ਰੀ ਅੰਮ੍ਰਿਤਸਰ

ਜੂਨ 1984 ਵਿਚ ਸਾਕਾ ਨੀਲਾ ਤਾਰਾ ਕਾਰਵਾਈ ਦੌਰਾਨ, ਸ੍ਰੀ ਦਰਬਾਰ ਸਾਹਿਬ ਜੀ ਵਿਖੇ ਹੋਏ ਫ਼ੌਜੀ ਹਮਲੇ ਵਿਚ ਸ਼ਹੀਦੀ ਦਾ ਜਾਮ ਪੀਣ ਵਾਲੀ, ਸੇਵਾ ਦੀ ਪੁੰਜ, ਨਾਮ ਬਾਣੀ ਵਿੱਚ ਭਿੱਜੀ ਹੋਈ ਇਸ ਗੁਰਮੁਖ ਰੂਹ ਦਾ ਜਨਮ, 1944 ਵਿਚ ਬੀਬੀ ਦਲਜੀਤ ਕੌਰ ਜੀ ਦੀ ਕੁੱਖੋਂ ਪਿਤਾ ਸਰਦਾਰ ਕਿਰਪਾਲ ਸਿੰਘ ਜੀ ਦੇ ਘਰ ਗਲੀ ਅਰੋੜਿਆਂ ਹਾਲ ਬਾਜ਼ਾਰ ਸ੍ਰੀ ਅੰਮ੍ਰਿਤਸਰ ਵਿਖੇ ਹੋਇਆ। ਬੀਬੀ ਜੀ ਨੌਂ ਭੈਣਾਂ ਅਤੇ ਦੋ ਭਰਾ ਵਾਲੇ ਵੱਡ ਪਰਿਵਾਰ ਵਿੱਚੋਂ ਸਨ। ਬੀਬੀ ਅਮਰਜੀਤ ਕੌਰ (ਸਿੰਘਣੀ ਸ਼ਹੀਦ ਭਾਈ ਫ਼ੌਜਾ ਸਿੰਘ ਜੀ) ਆਪ ਦੀ ਵੱਡੀ ਭੈਣ ਹੈ। ਆਪ ਦੇ ਮਾਤਾ ਪਿਤਾ, ਆਮ ਸਿੱਖਾਂ ਦੀ ਤਰ੍ਹਾਂ ਗੁਰੂ ਘਰ ਦੇ ਸ਼ਰਧਾਲੂ ਸਨ ਪਰ ਅੰਮ੍ਰਿਤਧਾਰੀ ਨਹੀਂ ਸਨ। ਉਹ ਉੱਨ ਦੇ ਥੋਕ ਵਪਾਰ ਦਾ ਕੰਮ ਕਰਦੇ ਸਨ ਤੇ ਮਾਇਆ ਪੱਖੋਂ ਕੋਈ ਤੋਟ ਨਹੀਂ ਸੀ। ਬੀਬੀ ਜੀ ਨੇ ਸੰਸਾਰਕ ਵਿਦਿਆ, ਦਸਵੀਂ ਤਾਈ ਗੁਰੂ ਨਾਨਕ ਗਰਲਜ਼



www.AKJ.Org

ਹਾਈ ਸਕੂਲ ਟਾਊਨ ਹਾਲ ਤੋਂ ਲਈ ਅਤੇ ਬੀ.ਏ. ਖਾਲਸਾ ਕਾਲਜ ਤੋਂ ਪਾਸ ਕੀਤੀ ਪ੍ਰੰਤੂ ਗੁਰੂ ਘਰ ਦੀਆਂ ਸੰਗਤਾਂ ਅਤੇ ਪਰਿਵਾਰਕ ਸੇਵਾ ਤੋਂ ਬਿਨਾਂ, ਹੋਰ ਕੋਈ ਵਿਡਾਣੀ ਚਾਕਰੀ ਨਹੀਂ ਕੀਤੀ।

ਪੂਰਬਲੇ ਕਰਮਾਂ ਸਦਕਾ, ਬੀਬੀ ਬਚਪਨ ਤੋਂ ਹੀ ਗੁਰੂ ਘਰ ਦੀ ਪ੍ਰੇਮਣ ਸੀ। ਨਾਮ ਬਾਣੀ ਨਾਲ ਜੁੜੀ ਰਹਿੰਦੀ ਸੀ। ਸੰਗਤਾਂ ਦੀ ਤਨ ਮਨ ਧਨ ਨਾਲ ਸੇਵਾ ਕਰਨ ਲਈ ਹਰ ਵੇਲੇ ਤਤਪਰ ਰਹਿੰਦੀ ਸੀ। ਰੋਜ਼ਾਨਾ ਸ੍ਰੀ ਦਰਬਾਰ ਸਾਹਿਬ ਅਤੇ ਗੁਰਦੁਆਰਾ ਰਾਮਸਰ ਦੀ ਹਾਜਰੀ ਨੇਮ ਨਾਲ ਭਰਦੀ ਸੀ। ਬਚਪਨ ਵਿੱਚ, ਇੱਕ ਵਾਰ ਬੀਬੀ ਜੀ ਹਰ ਮੱਸਿਆ ਤੇ ਜਾਣ ਵਾਲੇ ਸ਼ਬਦ ਚੌਂਕੀ ਜੱਥੇ ਨਾਲ ਤਰਨ ਤਾਰਨ ਜਾ ਰਹੀ ਸੀ। ਰਸਤੇ ਵਿੱਚ ਇਸ ਨੂੰ ਫੁਰਨਾ ਫੁਰਿਆ ਕਿ ਜੇ ਮੈਂ ਸਰੋਵਰ ਵਿੱਚ ਡਿੱਗ ਪਈ ਤੇ ਉੱਪਰੋਂ ਠੰਡ ਦੇ ਦਿਨ ਹਨ, ਤਾਂ ਫਿਰ ਕੀ ਬਣੇਗਾ? ਭਾਣੇ ਅੰਦਰ ਉਸੇ ਦਿਨ ਹੀ, ਸਰੋਵਰ ਵਿੱਚ ਇਸ਼ਨਾਨ ਕਰਨ ਸਮੇਂ ਬੀਬੀ ਪੈਰ ਤਿਲਕਣ ਕਾਰਨ ਸਰੋਵਰ ਵਿੱਚ ਜਾ ਡਿੱਗੀ ਤੇ ਬੱਚਣ ਦੀ ਵੀ ਕੋਈ ਉਮੀਦ ਨਹੀਂ ਸੀ। ਉਸੇ ਵੇਲੇ ਪੰਚਮ ਪਾਤਸ਼ਾਹ, ਚਿੱਟੇ ਕੱਪੜਿਆਂ ਵਾਲੇ ਜਾਮੇ ਵਿੱਚ ਪ੍ਰਗਟ ਹੋ ਕੇ ਬੀਬੀ ਨੂੰ ਆਪਣੀ ਬਾਂਹ ਫੜਾ ਕੇ ਕੱਢ ਲਿਆਏ।

1966 ਵਿੱਚ ਬੀਬੀ ਦਾ ਆਨੰਦ ਕਾਰਜ ਸਰਦਾਰ ਹਰਬੰਸ ਸਿੰਘ, ਜੋ ਕਿ ਮਿਸ਼ਰੀ ਬਾਜ਼ਾਰ ਵਿੱਚ ਖੰਡ ਅਤੇ ਪਤਾਸਿਆ ਦਾ ਵਪਾਰ ਕਰਦੇ ਸਨ, ਨਾਲ ਹੋਇਆ। ਇਨ੍ਹਾਂ ਦੇ ਪਤੀ ਅਜੇ ਗੁਰਸਿੱਖੀ ਮੰਡਲ ਵਿੱਚ ਨਹੀਂ ਸਨ ਆਏ। ਦੋਸਤ ਮਿੱਤਰਾਂ ਨਾਲ ਜਵਾਨੀ ਦੇ ਨਸ਼ੇ ਵਿੱਚ ਮਸਤ, ਮਾਸਾਹਾਰੀ ਭੋਜਨ ਖਾਣ ਪੀਣ, ਐਸ਼ੋ ਇਸ਼ਰਤ ਕਰਨ ਅਤੇ ਸਿਨਮਾ ਦੇਖਣ ਆਦਿ ਵਿੱਚ ਗਲਤਾਨ ਰਹਿੰਦੇ ਸਨ। ਇਹ ਗੁਰਮੁਖ ਬੀਬੀ ਇਸ ਗੱਲੋਂ ਬਹੁਤ ਪ੍ਰੇਸ਼ਾਨ ਰਹਿੰਦੀ ਸੀ, ਪਰ ਉਸ ਨੇ ਸਬਰ, ਸੰਤੋਖ, ਧੀਰਜ ਤੋਂ ਕੰਮ ਲਿਆ। ਬੀਬੀ ਜੀ ਨੂੰ ਸ਼ਹੀਦ ਭਾਈ ਫੌਜਾ ਸਿੰਘ ਜੀ ਅਤੇ ਬੀਬੀ ਅਮਰਜੀਤ ਕੌਰ ਦੀ ਉੱਚੀ ਸੁੱਚੀ ਸੰਗਤ ਵੀ ਪ੍ਰਾਪਤ ਸੀ ਅਤੇ ਇਨ੍ਹਾਂ ਦੇ ਮਿਲਾਪ ਨਾਲ, ਇਹ ਬੀਬੀ ਜੀ ਜਥੇ ਦੇ ਹੋਰ ਸਿੰਘਾਂ ਦੇ ਪਿਆਰ ਦੀ ਪਾਤਰ ਵੀ ਬਣ ਚੁੱਕੀ ਸੀ। ਅੰਮ੍ਰਿਤ ਵੇਲੇ ਦੀ ਸੰਭਾਲ, ਸ੍ਰੀ ਦਰਬਾਰ ਸਾਹਿਬ ਜੀ ਵਿੱਚ ਤ੍ਰਿਪਹਿਰੇ ਦੇ ਕੀਰਤਨ ਦੀ ਹਾਜ਼ਰੀ ਭਰਨਾ, ਬੀਬੀ ਜੀ ਦਾ ਨੇਮ ਬਣ ਚੁੱਕਾ ਸੀ। ਪਰ ਇਨ੍ਹਾਂ ਦੇ ਪਤੀ ਦਾ ਰਸਤਾ ਅਜੇ ਵੱਖਰਾ ਹੀ ਸੀ। ਬੀਬੀ ਨੇ ਹਰ ਰੋਜ਼ ਅੰਮ੍ਰਿਤ ਵੇਲੇ ਉੱਠ ਕੇ ਇਸ਼ਨਾਨਾ ਸੋਧ ਕੇ ਤਿਪਹਿਰੇ ਦੇ ਸਮੇਂ, ਆਪਣੇ ਪਤੀ ਦੇ ਸਿਰਹਾਣੇ ਬੈਠ ਕੇ, ਉਸ ਦੇ ਸਿਰ ਤੇ ਹੱਥ ਰੱਖ ਕੇ, ਸ੍ਰੀ ਸੁਖਮਨੀ ਸਾਹਿਬ ਜੀ ਦਾ ਪਾਠ ਕਰਨਾ ਸ਼ੁਰੂ ਕਰ ਦਿੱਤਾ ਤੇ ਨਾਲ ਹੀ ਗੁਰੂ ਸਾਹਿਬ ਜੀ ਦੇ ਚਰਨਾਂ ਵਿੱਚ ਲੇਲੜੀਆਂ ਕੱਢਣੀਆਂ ਸ਼ੁਰੂ ਕਰ ਦਿੱਤੀਆਂ ਕਿ ਇਸ ਨੂੰ ਸੁਮੱਤ ਬਖਸ਼ ਕੇ ਗੁਰਮਤਿ ਦੇ ਪਾਂਧੀ ਬਣਾਉਣ ਦੀ ਕਿਰਪਾਲਤਾ ਕਰੋ। ਇਸ ਤਰ੍ਹਾਂ ਬੀਬੀ ਨੇ ਦੋ ਸਾਲ ਇਹ ਘਾਲਣਾ ਘਾਲੀ। ਬੀਬੀ ਜੀ ਦੇ ਹਿਰਦੇ ਦੀ ਵੇਦਨਾ ਸੁਣ ਕੇ, ਗੁਰੂ ਸਾਹਿਬ ਜੀ ਨੇ ਆਪਣੀ ਕਲਾ ਵਰਤਾਈ। ਇੱਕ ਵਾਰ ਬੀਬੀ ਜੀ ਦੇ ਪਤੀ ਜੀ ਦੋਸਤਾਂ ਮਿੱਤਰਾਂ ਨਾਲ ਬੈਠੇ ਖਾ ਪੀ ਰਹੇ ਸਨ ਕਿ ਐਸੀ ਘਟਨਾ ਵਾਪਰੀ ਕਿ ਇਨ੍ਹਾਂ ਦੇ ਪਤੀ ਨੂੰ ਕਿਸੇ ਨੇ ਧੋਖੇ ਨਾਲ ਪਾਰਾ (ਜ਼ਹਿਰ) ਖੁਆ ਦਿੱਤਾ ਤੇ ਉਨ੍ਹਾਂ ਦੀ ਤਬੀਅਤ ਬਹੁਤ ਖਰਾਬ ਹੋ ਗਈ। ਕਿਸੇ ਸਿਆਣੇ ਵੈਦ ਕੋਲ ਲੈ ਕੇ ਗਏ ਤਾਂ ਉਸ ਨੇ ਉਲਟੀਆਂ ਦੀ ਦਵਾਈ ਦੇ ਕੇ ਜ਼ਹਿਰ ਬਾਹਰ ਕੱਢ ਦਿੱਤਾ ਅਤੇ ਦੱਸਿਆ ਕਿ ਕਿਸੇ ਨੇ ਇਸ ਨੂੰ ਜ਼ਹਿਰ ਦਿੱਤੀ ਹੈ ਅਤੇ ਬੱਚਣ ਦੀ ਉਮੀਦ ਵੀ ਘੱਟ ਹੀ ਸੀ। ਬੀਬੀ ਦਾ ਨਾਮ ਬਾਣੀ ਤੇ ਭਰੋਸਾ ਦੇਖ ਕੇ, ਉਸ ਨੇ ਕਿਹਾ ਕਿ ਇਸ ਬੀਬੀ ਸਦਕਾ ਇਹ ਬਚ ਗਿਆ ਹੈ। ਇਸ ਘਟਨਾ ਤੋਂ ਬਾਅਦ, ਇਨ੍ਹਾਂ ਦੇ ਪਤੀ ਨੇ ਆਪਣੇ ਦੋਸਤਾਂ ਮਿੱਤਰਾਂ ਦਾ ਸਾਥ ਛੱਡ ਦਿੱਤਾ। ਉਨ੍ਹਾਂ ਨਾਲ ਬੈਠ ਕੇ ਖਾਣ ਪੀਣ ਤੋਂ ਤੋਬਾ ਕਰ ਦਿੱਤੀ ਅਤੇ ਬਚਨ ਦੇ ਦਿੱਤਾ ਕਿ ਅੱਜ ਤੋਂ ਬਾਅਦ, ਉਹ ਕਬਾਬ ਨੂੰ ਹੱਥ ਨਹੀਂ ਲਗਾਏਗਾ। ਬੀਬੀ ਇਹ ਸੁਣ ਕੇ ਬਾਗੋ ਬਾਗ ਹੋ ਗਈ ਅਤੇ ਗੁਰੂ ਸਾਹਿਬ ਜੀ ਦੇ ਸ਼ੁਕਰਾਨੇ ਵਿਚ ਖੀਵੀ ਹੋਈ ਦੇ ਜ਼ਮੀਨ ਨਾਲ ਪੈਰ ਹੀ ਨਾ ਲੱਗਣ। ਬੀਬੀ ਜੀ ਦਾ ਬਾਬਾ ਹਰਨਾਮ ਸਿੰਘ ਜੀ ਰਾਮਪੁਰ ਖੇੜੇ ਵਾਲਿਆਂ ਨਾਲ ਵੀ ਬਹੁਤ ਪ੍ਰੇਮ ਸੀ। ਆਪਣੇ ਪਤੀ ਤੇ ਬੱਚਿਆਂ ਸਮੇਤ ਰਾਮਪੁਰ ਖੇੜੇ ਸਾਲਾਨਾ ਜਪ ਤਪ ਸਮਾਗਮਾਂ ਦੀ ਹਾਜ਼ਰੀ ਵੀ ਭਰਨੀ ਸ਼ੁਰੂ ਕਰ ਦਿੱਤੀ। ਗੁਰੂ ਸਾਹਿਬ ਜੀ ਨੇ ਬਖਸ਼ਿਸ਼ ਕਰਕੇ, ਇਸ ਦੰਪਤੀ ਨੂੰ ਅੰਮ੍ਰਿਤ ਦੀ ਦਾਤ ਬਖਸ਼ ਕੇ, **'ਏਕ ਜੋਤਿ ਦੁਇ ਮੂਰਤੀ'** ਵਾਲੀ ਗੱਲ ਬਣਾ ਦਿੱਤੀ।



www.AKJ.Org

ਬੀਬੀ ਜੀ, ਘਰ ਦੀਆਂ ਜ਼ਿੰਮੇਵਾਰੀਆਂ, ਖਾਣਾ ਤਿਆਰ ਕਰਨਾ, ਬੱਚਿਆਂ ਨੂੰ ਸਕੂਲ ਭੇਜਣਾ, ਸਿੰਘ ਸਾਹਿਬ ਨੂੰ ਦੁਕਾਨ ਤੇ ਭੇਜਣਾ ਤੇ ਘਰ ਦੀ ਸਫਾਈ ਦੇ ਕਾਰਜ ਆਦਿ ਫਟਾ ਫੱਟ ਨਿਬੇੜ ਕੇ ਗੁਰੂ ਘਰ ਦੀ ਸੇਵਾ ਲਈ ਅਰੰਭੇ ਕਾਰਜਾਂ ਵਿਚ ਜਾ ਸ਼ਾਮਲ ਹੁੰਦੇ ਸਨ। ਬਾਬਾ ਅਟੱਲ ਸਾਹਿਬ ਗੁਰਦੁਆਰੇ ਰੋਜ਼ਾਨਾ ਜਾ ਕੇ ਛੋਟੇ ਬੱਚਿਆਂ ਦੀਆਂ ਗੁਰਮਤਿ ਦੀਆਂ ਕਲਾਸਾਂ ਲੈਣੀਆਂ ਅਤੇ ਫਿਰ ਉਨ੍ਹਾਂ ਨੂੰ ਗੁਰਮਤਿ ਦੇ ਪਾਂਧੀ ਬਣਾਉਣਾ। ਉਨ੍ਹਾਂ ਵਿੱਚੋਂ ਕਈ ਬੱਚੇ ਅੰਮ੍ਰਿਤ ਛੱਕ ਕੇ ਗੁਰਸਿੱਖੀ ਜੀਵਨ ਦੇ ਧਾਰਨੀ ਬਣ ਗਏ। ਆਪਣੇ ਦੋਵਾਂ ਬੱਚਿਆਂ ਨੂੰ ਵੀ ਨਾਮ ਬਾਣੀ ਦੀਆਂ ਲੋਰੀਆਂ ਰਾਹੀਂ, ਗੁਰਮਤਿ ਦੀ ਘਰ ਵਿਚ ਹੀ ਸਿਖਲਾਈ ਦੇ ਕੇ, ਗੁਰਮਤਿ ਮਾਰਗ ਦੇ ਪਾਂਧੀ ਅਤੇ ਅੰਮ੍ਰਿਤਧਾਰੀ ਬਣਾਇਆ। ਇਸੇ ਤਰ੍ਹਾ, ਬੀਬੀ ਜੀ ਨੇ ਬਾਬਾ ਬੁੱਢਾ ਜੀ ਦੀ ਬੇਰ ਲਾਗੇ ਇੱਕ ਲਾਇਬ੍ਰੇਰੀ ਵੀ ਬਣਾਈ ਹੋਈ ਸੀ। ਇਸ ਲਾਇਬਰੇਰੀ ਵਿੱਚ ਗੁਰਮਤਿ ਸਾਹਿਤ ਦੀਆਂ ਕਾਫੀ ਵੱਡੀ ਗਿਣਤੀ ਵਿੱਚ ਕਿਤਾਬਾਂ, ਰਸਾਲੇ ਅਤੇ ਅਖਬਾਰਾਂ ਰੱਖੇ ਹੋਏ ਸਨ, ਜਿਹੜੇ ਕਿ ਸੰਗਤਾਂ ਨੂੰ ਪੜ੍ਹਨ ਲਈ ਦਿੱਤੇ ਜਾਂਦੇ ਸਨ। ਬੀਬੀ ਹਰ ਰੋਜ਼ ਕਈ ਕਈ ਘੰਟੇ, ਸ੍ਰੀ ਦਰਬਾਰ ਸਾਹਿਬ ਜੀ ਦੀ ਪ੍ਰਕਰਮਾਂ ਸਥਿਤ ਛਬੀਲ ਤੇ ਸੰਗਤਾਂ ਦੀ ਜਲ ਦੀ ਸੇਵਾ ਵੀ ਕਰਦੀ ਰਹਿੰਦੀ ਸੀ।

ਅਖੰਡ ਕੀਰਤਨੀ ਜਥੇ ਦੇ ਸਿੰਘਾਂ ਨਾਲ ਵੀ ਬੀਬੀ ਦਾ ਬਹੁਤ ਸਨੇਹ ਸੀ ਅਤੇ ਹਰ ਹਫ਼ਤੇ ਹੋਣ ਵਾਲੇ ਕੀਰਤਨ ਸਮਾਗਮਾਂ ਅਤੇ ਰੈਣ ਸਬਾਈ ਕੀਰਤਨਾਂ ਦੀ ਹਾਜ਼ਰੀ ਭਰਦੀ ਰਹਿੰਦੀ ਸੀ। ਸ਼ਹੀਦ ਭਾਈ ਫੌਜਾ ਸਿੰਘ ਜੀ ਅਤੇ ਬੀਬੀ ਅਮਰਜੀਤ ਕੌਰ ਨਾਲ ਨੇੜੇ ਦੀ ਰਿਸ਼ਤੇਦਾਰੀ ਹੋਣ ਦੇ ਨਾਤੇ ਅਤੇ ਆਪ ਜੀ ਦਾ ਘਰ ਸ੍ਰੀ ਦਰਬਾਰ ਸਾਹਿਬ ਜੀ ਦੇ ਲਾਗੇ ਹੋਣ ਕਰਕੇ, ਬਾਹਰੋਂ ਆਏ ਸਿੰਘਾਂ ਦਾ ਇੱਥੇ ਆਉਣਾ-ਜਾਣਾ ਬਣਿਆ ਰਹਿੰਦਾ ਸੀ। ਇਹ ਬੀਬੀ ਉਨ੍ਹਾਂ ਦੀ ਸੇਵਾ ਕਰਕੇ ਬਹੁਤ ਪ੍ਰਸੰਨ ਹੁੰਦੀ ਸੀ। ਕੰਮ ਕਾਰਜ ਵਿੱਚ ਇਹ ਬੀਬੀ ਬਹੁਤ ਫੁਰਤੀਲੀ ਸੀ। ਕਿਤਨੇ ਵੀ ਸਿੰਘ ਆ ਜਾਣ ਇਸ ਨੇ ਕਦੇ ਵੀ ਮੱਥੇ ਵੱਟ ਨਹੀਂ ਪਾਇਆ। ਭਾਈ ਫੌਜਾ ਸਿੰਘ ਜੀ, ਬੀਬੀ ਜੀ ਦੀ ਲੰਗਰ ਬਣਾਉਣ ਦੀ ਚੁਸਤੀ ਫੁਰਤੀ ਨੂੰ ਦੇਖ ਕੇ ਕਿਹਾ ਕਰਦੇ ਸੀ ਕਿ ਇਹ ਤਾਂ ਮਸ਼ੀਨ ਹੈ। ਭਾਈ ਜੋਗਿੰਦਰ ਸਿੰਘ ਤਲਵਾੜਾ ਜੀ ਵੱਲੋਂ ਸ੍ਰੀ ਦਰਬਾਰ ਸਾਹਿਬ ਜੀ ਦੀ ਪ੍ਰਕਰਮਾਂ ਦੇ ਬਾਹਰ ਸੇਵਾ ਵਾਲੇ ਕਮਰੇ ਵਿੱਚ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਪੁਰਾਤਨ ਬੀੜਾਂ ਦੀ ਸਫਾਈ ਦੀ ਸੇਵਾ ਅਤੇ ਕੀਰਤਨ ਸਿੱਖਣ ਦੇ ਲਈ ਆਈਆਂ ਸੰਗਤਾਂ ਦੀ ਸੇਵਾ ਵਿੱਚ ਇਹ ਵੱਧ ਤੋਂ ਵੱਧ ਹਿੱਸਾ ਪਾਉਂਦੀ ਸੀ। ਬੀਬੀ ਤਰ੍ਹਾਂ ਤਰ੍ਹਾਂ ਦੇ ਸੁਆਦਲੇ ਭੋਜਨ ਬਣਾਉਣ ਵਿੱਚ ਵੀ ਮਾਹਰ ਸੀ। ਹਰ ਰੋਜ਼ ਕੋਈ ਨਾ ਕੋਈ ਨਵੀਂ ਚੀਜ਼ ਬਣਾ ਕੇ ਤਲਵਾੜਾ ਜੀ ਦੇ ਕਮਰੇ ਵਿੱਚ ਲਿਆ ਕੇ ਸੰਗਤਾਂ ਨੂੰ ਛਕਾਉਂਦੀ ਸੀ।

ਸੇਵਾ ਦੇ ਨਾਲ-ਨਾਲ ਬੀਬੀ ਜੀ ਨੇ ਤਲਵਾੜਾ ਜੀ ਕੋਲੋਂ ਕੀਰਤਨ ਵੀ ਸਿੱਖਣਾ ਸ਼ੁਰੂ ਕਰ ਦਿੱਤਾ ਸੀ ਪਰ ਉਹ ਹਮੇਸ਼ਾ ਬੈਰਾਗ ਮਈ, ਬੀਰ ਰਸੀ ਸ਼ਬਦਾਂ ਨੂੰ ਸਿੱਖਣ ਲਈ ਤਰਜੀਹ ਦਿੰਦੇ ਸੀ। ਬੀਬੀ ਜੀ ਸਾਕੇ ਤੋਂ ਕੁਝ ਚਿਰ ਪਹਿਲਾਂ ਬੈਰਾਗੀ ਤਿਆਗੀ ਦਸ਼ਾ ਵਿੱਚ ਵਿਚਰਨ ਲੱਗ ਪਈ ਸੀ। ਬੱਸ ਹਰ ਵੇਲੇ ਉਸ ਨੂੰ **'ਮਰਉ ਤ ਹਰਿ ਕੈ ਦੁਆਰ'** ਦੀ ਲਿੱਲ ਲੱਗੀ ਰਹਿੰਦੀ ਸੀ। ਉਸ ਨੇ ਇਸ ਸਾਕੇ ਤੋਂ ਇੱਕ ਮਹੀਨਾ ਪਹਿਲਾਂ ਹੀ ਤਲਵਾੜਾ ਜੀ ਨੂੰ ਵਰਤਣ ਵਾਲੇ ਭਾਣੇ ਬਾਰੇ ਦੱਸ ਦਿੱਤਾ ਸੀ ਤੇ ਕਿਹਾ ਸੀ ਕਿ ਮੈਂ ਸ਼ਹੀਦ ਹੋ ਜਾਣਾ ਹੈ। ਭਾਈ ਸਾਹਿਬ ਜੀ ਨੇ ਕਹਿਣਾ ਕਿ ਤੂੰ ਕੀ ਝੱਲੀਆਂ ਮਾਰਦੀ ਹੈ, ਅਜੇ ਤੇਰੀ ਉਮਰ ਹੀ ਕੀ ਹੈ? ਇਸੇ ਤਰ੍ਹਾਂ ਉਸ ਨੇ ਆਪਣੇ ਸਿੰਘ ਸਾਹਿਬ ਨੂੰ ਵੀ ਦੱਸ ਦਿੱਤਾ ਸੀ ਕਿ ਉਸ ਨੇ ਸ਼ਹੀਦ ਹੋ ਜਾਣਾ ਹੈ। ਹੁਣ ਤੁਸੀਂ ਹੀ ਬੱਚਿਆਂ ਦੀ ਸੰਭਾਲ ਕਰਨੀ ਹੈ ਅਤੇ ਘਰ ਸੰਭਾਲਣ ਲਈ ਦੂਜਾ ਵਿਆਹ ਕਰਵਾ ਲੈਣਾ। ਸ਼ਹੀਦ ਭਾਈ ਫੌਜਾ ਸਿੰਘ ਜੀ ਵੀ ਕਈ ਵਾਰੀ ਇਸ ਬੀਬੀ ਨੂੰ ਕਿਹਾ ਕਰਦੇ ਸੀ ਕਿ ਆਪਾਂ ਪਿਛਲੇ ਜਨਮ ਦੇ ਸ਼ਹੀਦ ਹਾਂ। ਇਸ ਜਨਮ ਵਿਚ ਵੀ ਗੁਰੂ ਘਰ ਦੀ ਆਨ ਸ਼ਾਨ ਲਈ ਸ਼ਹੀਦੀ ਪਾਉਣੀ ਹੈ, ਤਿਆਰੀ ਰੱਖੋ।

ਅੰਤ ਉਸ ਦੀ ਭਾਵਨਾ ਪੂਰੀ ਹੋਣ ਦੇ ਦਿਨ ਨੇੜੇ ਆ ਪਹੁੰਚੇ। ਵੈਸਾਖੀ 1978 ਦੇ ਸਾਕੇ ਤੋਂ ਬਾਅਦ ਹੌਲੀ ਹੌਲੀ ਪੰਜਾਬ ਦੇ ਹਾਲਤ ਵਿਗੜਨੇ ਸ਼ੁਰੂ ਹੋ ਕੇ 1984 ਤਾਈਂ ਭਿਆਨਕ ਰੂਪ ਧਾਰਨ ਕਰ ਗਏ। ਸੀ.ਆਰ.ਪੀ.ਐੱਫ. ਨੇ ਸ੍ਰੀ ਅੰਮ੍ਰਿਤਸਰ ਅਤੇ ਸ੍ਰੀ ਦਰਬਾਰ ਸਾਹਿਬ ਦੇ ਆਲੇ ਦੁਆਲੇ ਘੇਰਾ ਪਾ ਕੇ ਆ ਡੇਰੇ ਮੱਲੇ। ਕਰਫ਼ਿਊ ਲੱਗੇ ਹੋਣ ਜਾਂ ਹੋਰ ਕਈ



www.AKJ.Org

ਤਰ੍ਹਾਂ ਦੀਆਂ ਪਾਬੰਦੀਆਂ ਲੱਗੀਆਂ ਹੋਣ ਦੇ ਬਾਵਜੂਦ ਵੀ ਬੀਬੀ ਜੀ, ਸਿਪਾਹੀਆਂ ਨੂੰ ਚਾਹ ਆਦਿ ਪਿਆ ਕੇ, ਸ੍ਰੀ ਦਰਬਾਰ ਸਾਹਿਬ ਜਾਣ ਦਾ ਨੇਮ ਨਿਭਾਉਂਦੇ ਰਹੇ। ਇੱਕ ਜੂਨ 1984 ਨੂੰ ਸੀ.ਆਰ.ਪੀ.ਐੱਫ. ਇਨ੍ਹਾਂ ਦੇ ਮਕਾਨ ਦੀ ਛੱਤ ਉੱਪਰ ਚੜ ਕੇ ਬੈਠ ਗਈ। ਉਥੋਂ ਸ੍ਰੀ ਦਰਬਾਰ ਸਾਹਿਬ ਸਾਹਮਣੇ ਦਿੱਸਦਾ ਸੀ ਅਤੇ ਅੰਦਰਲੀਆਂ ਕਾਰਵਾਈਆਂ ਤੇ ਨਜ਼ਰ ਰੱਖਣਾ ਸੌਖਾ ਸੀ। 4 ਜੂਨ ਸਵੇਰੇ, ਅੰਮ੍ਰਿਤ ਵੇਲੇ ਇਹ ਬੀਬੀ ਜੀ, ਆਪਣੀ ਗੁਆਂਢਣ ਬੀਬੀ ਇੰਦਰਜੀਤ ਕੌਰ ਨਾਲ ਸੀ.ਆਰ.ਪੀ.ਐੱਫ਼. ਦੇ ਸਿਪਾਹੀਆਂ ਨੂੰ ਚਾਹ ਦੇ ਕੇ ਸ੍ਰੀ ਦਰਬਾਰ ਸਾਹਿਬ ਜਾਣ ਲੱਗੀ ਤਾਂ ਉਨ੍ਹਾਂ ਨੇ ਬਹੁਤ ਰੋਕਿਆ ਅਤੇ ਕਿਹਾ ਕਿ ਬੀਬੀ ਜੀ ਅੱਜ ਨਾ ਜਾਓ, ਹਾਲਤ ਬਹੁਤ ਖਰਾਬ ਹਨ। ਬੀਬੀ ਜੀ ਨੇ ਉਨ੍ਹਾਂ ਨੂੰ ਕਿਹਾ ਕਿ ਤੁਸੀਂ ਚਾਹ ਪੀਓ, ਅਸੀਂ ਹੁਣੇ ਹੀ ਸ੍ਰੀ ਦਰਬਾਰ ਸਾਹਿਬ ਮੱਥਾ ਟੇਕ ਕੇ ਵਾਪਸ ਆਈਆਂ, ਪਰ ਗੁਰੂ ਸਾਹਿਬ ਜੀ ਦਾ ਭਾਣਾ ਹੋਰ ਹੀ ਸੀ। ਬੀਬੀ ਜੀ ਦੇ ਦਰਬਾਰ ਸਾਹਿਬ ਪਹੁੰਚਦਿਆਂ ਹੀ, ਪਹਿਲਾ ਹੁਕਮਨਾਮਾ ਹੋਣ ਤੋਂ ਬਾਅਦ, ਤੋਪਾਂ ਤੇ ਟੈਂਕਾਂ ਨਾਲ ਹਮਲਾ ਕਰ ਦਿੱਤਾ ਗਿਆ। ਬੀਬੀ ਜੀ ਅਤੇ ਉਸਦੀ ਸਹੇਲੀ ਘਰ ਆਉਣ ਦੀ ਬਜਾਏ, ਸ਼ਹੀਦੀ ਪਾਉਣ ਦਾ ਇਹ ਸੁਨਹਿਰੀ ਮੌਕਾ ਦੇਖ ਕੇ, ਉਥੇ ਹੀ ਛਬੀਲ ਤੇ ਜਲ ਦੀ ਸੇਵਾ ਤੇ ਡਟ ਗਈਆਂ। ਛੇ ਜੂਨ ਤਾਈਂ, ਇਨ੍ਹਾਂ ਦੋਹਾਂ ਬੀਬੀਆਂ ਨੇ ਸੇਵਾ ਜਾਰੀ ਰੱਖੀ। ਜਲ ਦੀ ਬਾਲਟੀ ਭਰ ਕੇ, ਹੱਥ ਵਿੱਚ ਬਾਟਾ ਫੜ੍ਹ ਕੇ, ਮੋਰਚਿਆਂ ਤੇ ਬੈਠੇ ਸਿੰਘਾਂ ਨੂੰ ਜਾ ਕੇ ਜਲ ਛਕਾਉਣ ਦੀ ਸੇਵਾ ਵੀ ਕਰਦੀਆਂ ਰਹੀਆਂ। ਇਸ ਮੌਕੇ ਤੇ ਇਨ੍ਹਾਂ ਦੇ ਸਿੰਘ ਸਾਹਿਬ ਦੇ ਇਕ ਬਹੁਤ ਨਜ਼ਦੀਕੀ ਰਿਸ਼ਤੇਦਾਰ, ਜੋ ਕਿ ਗੁਪਤ ਰਸਤਿਆਂ ਦਾ ਵਾਕਿਫ ਸੀ, ਨੇ ਇਹਨਾਂ ਨੂੰ ਬਾਹਰ ਜਾਣ ਲਈ ਆਖਿਆ ਅਤੇ ਕਿਹਾ ਕਿ ਮੈਂ ਤੁਹਾਨੂੰ ਘਰ ਛੱਡ ਆਉਂਦਾ ਹਾਂ, ਪਰ ਇਨ੍ਹਾਂ ਬੀਬੀਆਂ ਨੇ ਗੁਰੂ ਘਰ ਵਿੱਚ ਰਹਿੰਦਿਆਂ ਹੀ ਸੇਵਾ ਕਰਦਿਆਂ ਸ਼ਹੀਦੀ ਪਾਉਣ ਨੂੰ ਤਰਜੀਹੀ ਦਿੱਤੀ ਕਿਉਂਕਿ ਇਸ ਤੋਂ ਚੰਗਾ ਹੋਰ ਕੋਈ ਮੌਕਾ ਨਹੀਂ ਸੀ ਹੋ ਸਕਦਾ। ਜਥੇਦਾਰ ਗੁਰਚਰਨ ਸਿੰਘ ਟੌਹੜਾ ਅਤੇ ਸੰਤ ਹਰਚੰਦ ਸਿੰਘ ਲੌਂਗੋਵਾਲ ਵਲੋਂ ਆਤਮ ਸਮਰਪਣ ਤੋਂ ਪਹਿਲਾਂ, ਇੱਕ ਸਿੰਘ ਬੀਬੀ ਅਮਰਜੀਤ ਕੌਰ ਨੂੰ ਤੇਜਾ ਸਿੰਘ ਸਮੁੰਦਰੀ ਹਾਲ ਵਿੱਚ ਲਿਆਉਣ ਵਾਸਤੇ ਭੇਜਿਆ ਗਿਆ। ਬੀਬੀ ਅਮਰਜੀਤ ਕੌਰ ਨੇ ਵੀ ਛਬੀਲ ਤੇ ਆ ਕੇ ਆਪਣੀ ਛੋਟੀ ਭੈਣ ਨੂੰ ਕਿਹਾ ਕਿ ਆ, ਆਪਾਂ ਬਾਹਰ ਚੱਲ ਚੱਲੀਏ, ਪਰ ਬੀਬੀ ਜੀ ਨੇ ਸਾਫ਼ ਸ਼ਬਦਾਂ ਵਿੱਚ ਆਪਣੀ ਵੱਡੀ ਭੈਣ ਨੂੰ ਨਾਂਹ ਕਰਦੇ ਹੋਏ ਕਿਹਾ ਕਿ ਮੈਂ ਤਾਂ ਹੁਣ ਇਥੇ ਹੀ ਸ਼ਹੀਦੀ ਪਾਵਾਂਗੀ। ਜੋ ਹੁਣ ਗੁਰੂ ਘਰ ਦੀ ਸੇਵਾ ਕਰਦਾ ਸ਼ਹੀਦੀ ਪਾਵੇਗਾ, ਉਹ ਸਿੱਧਾ ਹੀ ਸੱਚਖੰਡ ਜਾਵੇਗਾ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਗੋਦ ਵਿਚ ਜਾ ਕੇ ਬੈਠੇਗਾ। ਬੀਬੀ ਜੀ ਦੀ ਇਹ ਹੁੱਬ ਪੂਰੀ ਹੋਈ। ਛੇ ਜੂਨ ਦੁਪਹਿਰ ਨੂੰ ਫੌਜ ਨੇ ਇੱਕ ਗੋਲਾ ਛਬੀਲ ਤੇ ਮਾਰਿਆ ਜਿਸ ਨਾਲ ਬੀਬੀ ਸ਼ਹੀਦ ਹੋ ਗਈ ਤੇ ਇਸ ਦੀ ਸਾਥਣ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਈ ਅਤੇ ਉਸ ਦੀ ਇੱਕ ਅੱਖ ਨਿਕਲ ਗਈ। ਉਸ ਬੀਬੀ ਨੂੰ ਫ਼ੌਜ ਨੇ ਫੜ ਕੇ ਜੋਧਪੁਰ ਜੇਲ੍ਹ ਵਿਚ ਭੇਜ ਦਿੱਤਾ, ਜਿੱਥੋਂ ਉਹ ਪੰਜ ਸਾਲ ਬਾਅਦ ਰਿਹਾਅ ਹੋ ਕੇ ਘਰ ਪਹੁੰਚੀ। ਇਸ ਤਰ੍ਹਾਂ ਇਹ ਬੀਬੀ ਆਪਣਾ ਜਨਮ ਸਵਾਰ ਕੇ ਗੁਰੂ ਘਰ ਦੀ ਸੇਵਾ ਕਰਦੀ, ਸੱਚ ਖੰਡ ਵਿਖੇ ਗੁਰੂ ਦੀ ਗੋਦ ਵਿੱਚ ਜਾ ਬਿਰਾਜੀ।



www.AKJ.Org

# ਸੂਚੀ ਪਤਰ ਪੁਸਤਕਾਂ ਅਤੇ ਟ੍ਰੈਕਟ ਲਿਖਤ
# ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

੧. ਜੇਲ੍ਹ ਚਿੱਠੀਆਂ
੨. ਰੰਗਲੇ ਸੱਜਣ
੩. ਅਣਡਿੱਠੀ ਦੁਨੀਆ
੪. ਗੁਰਮਤਿ ਬਿਬੇਕ
੫. ਗੁਰਮਤਿ ਲੇਖ
੬. ਗੁਰਮਤਿ ਪ੍ਰਕਾਸ਼
੭. ਗੁਰਮਤਿ ਵਿਚਾਰ
੮. ਗੁਰਮਤਿ ਗੌਰਵਤਾ
੯. ਸੰਤ ਪਦ ਨਿਰਣੈ
੧੦. ਕਥਾ ਕੀਰਤਨ
੧੧. ਸਚਖੰਡ ਦਰਸ਼ਨ
੧੨. ਗੁਰਮਤਿ ਸਚ ਨਿਰਣੈ
੧੩. ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁੱਤ ਪ੍ਰਸਤੀ ਹੈ
੧੪. ਗੁਰਮਤਿ ਨਾਮ ਅਭਿਆਸ ਕਮਾਈ
੧੫. ਨਾਮ ਤੇ ਨਾਮ ਦਾ ਦਾਤਾ ਸਤਿਗੁਰੂ
੧੬. ਗੁਰਮਤਿ ਅਧਿਆਤਮ ਕਰਮ ਫ਼ਿਲਾਸਫ਼ੀ
੧੭. ਚਰਨ ਕਮਲ ਕੀ ਮਉਜ
੧੮. ਝਟਕਾ ਮਾਸ ਪ੍ਰਥਾਇ ਤੱਤ ਗੁਰਮਤਿ ਨਿਰਣੈ
੧੯. ਅਨਹਦ ਸ਼ਬਦ ਦਸਮ ਦੁਆਰ
੨੦. ਗੁਰਬਾਣੀ ਦੀਆਂ ਲਗਾਂ ਮਾਤ੍ਰਾਂ ਦੀ ਵਿਲੱਖਣਤਾ
੨੧. ਜੋਤਿ ਵਿਗਾਸ (ਮਹਾਂ ਕਾਵਿ)
੨੨. ਦਰਸ਼ਨ ਝਲਕਾਂ (ਕਾਵਿ-ਉਡਾਰੀਆਂ)
੨੩. Autobiograph of Bhai Sahib Randhir Singh
੨੪. Meaning of Sikh Baptism
੨੫. ਅੰਮ੍ਰਿਤ ਕੀ ਹੈ?
੨੬. ਅੰਮ੍ਰਿਤ ਕਲਾ
੨੭. ਗੁਰਮਤਿ ਰਮਜ਼ਾਂ
੨੮. ਸਿੱਖ ਕੌਣ ਹੈ?
੨੯. ਸੱਚੀਆਂ ਦਾੜ੍ਹੀਆਂ
੩੦. ਵਾਹਿਗੁਰੂ ਸਿਮਰਨ
੩੧. ਉਮਰ ਕੈਦੀ ਦਾ ਸੁਪਨਾ
੩੨. ਆਸਤਕ ਤੇ ਨਾਸਤਕ
੩੩. ਸ਼ੰਕਿਆ ਦੇ ਉੱਤਰ
੩੪. ਨਾਮ ਸਬੰਧੀ ਵਿਚਾਰ
੩੫. ਪ੍ਰਗਟੀ ਜੋਤ ਮਿਲੇ ਰਾਮ ਪਿਆਰੇ
੩੬. ਭਗਤ ਸਿੰਘ ਨਾਲ ਮੁਲਾਕਾਤ
੩੭. ਤਿਮਰ ਅਗਿਆਨ ਤੋਂ ਉਜਿਆਰਾ
੩੮. ਅਦ੍ਰਿਸ਼ਟ ਵਾਹਿਗੁਰੂ ਦੇ ਪਰਤੱਖ ਦਰਸ਼ਨ
੩੯. ਸਿੰਘਾਂ ਦਾ ਪੰਥ ਨਿਰਾਲਾ
੪੦. ਬਾਬਾ ਵੈਦ ਰੋਗੀਆਂ ਦਾ
੪੧. ਕੋ ਵਿਰਲਾ ਗੁਰਮਤਿ ਚਲੈ ਜੀਉ
੪੨. ਹਉਮੈ ਨਾਵੈ ਨਾਲਿ ਵਿਰੋਧੁ ਹੈ
੪੩. ਨਾਮ ਦਾ ਦਾਤਾ ਸਤਿਗੁਰੂ
੪੪. ਜ਼ਾਹਰਾ ਜ਼ਹੂਰ ਗੁਰੂ ਗੋਬਿੰਦ ਸਿੰਘ ਜੀ
੪੫. ਸਿੱਖੀ ਸਿਦਕ ਤੇ ਧਰਮ ਰੱਖਿਆ
੪੬. ਕੀਰਤਨੀ ਜਥੇ ਦੇ ਸਿੰਘਾਂ ਦੀ ਦਾਸਤਾਨ
੪੭. ਖਾਲਸਾ ਜੀ ਦਾ ਗੁਰਮਤ ਆਦਰਸ਼
੪੮. ਸੰਖੇਪ ਜੀਵਨ ਭਾਈ ਸਾਹਿਬ ਭਾਈ ਰਣਧੀਰ ਸਿੰਘ

**ਭਾਈ ਸਾਹਿਬ ਰਣਧੀਰ ਸਿੰਘ ਟ੍ਰੱਸਟ**
ਐਫ-ਬਲਾਕ, ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ
www.AKJ.Org